☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਛੇਵਾਂ ਭਾਗ







http://nehklankharshabad.com/

## ✪ ਤਤਕਰਾ ✪





| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੦੧ ਸਾਵਣ ੨੦੧੩ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੦੧ |
| ੦੧ ਸਾਵਣ ੨੦੧੩ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ ਤੋਂ | | |
| | ਰਜਿੰਦਰ ਪ੍ਰਸ਼ਾਦ ਨੂੰ ਸ਼ਬਦ ਭੇਜਿਆ | | | ੦੦੩ |
| ੧੭ ਸਾਵਣ ੨੦੧੩ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਿਹਿ | ਤਰਨਤਾਰਨ | ਅੰਮ੍ਰਿਤਸਰ | ੦੦੮ |
| ੧੭ ਸਾਵਣ ੨੦੧੩ ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਿਹਿ | ਤਰਨਤਾਰਨ | ਅੰਮ੍ਰਿਤਸਰ | ੦੨੦ |
| ੧੭ ਸਾਵਣ ੨੦੧੩ ਬਿਕ੍ਰਮੀ | ਮਸਾ ਸਿੰਘ ਦੇ ਗ੍ਰਿਹਿ | ਨੌਰੰਗਾਬਾਦ | ਅੰਮ੍ਰਿਤਸਰ | ੦੨੧ |
| ੦੧ ਭਾਦਰੋਂ ੨੦੧੩ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੦੩੦ |
| ੦੧ ਭਾਦਰੋਂ ੨੦੧੩ ਬਿਕ੍ਰਮੀ | ਪ੍ਰਤਾਪ ਸਿੰਘ ਨਾਮਧਾਰੀਏ ਨੂੰ ਸ਼ਬਦ | ਜੇਠੂਵਾਲ | ਅੰਮ੍ਰਿਤਸਰ | ੦੩੪ |
| ੦੧ ਭਾਦਰੋਂ ੨੦੧੩ ਬਿਕ੍ਰਮੀ | ਅਕਾਲ ਤਖਤ ਦੇ ਪ੍ਰਧਾਨ ਨੂੰ ਸ਼ਬਦ | ਜੇਠੂਵਾਲ | ਅੰਮ੍ਰਿਤਸਰ | ੦੩੮ |
| ੧੨ ਭਾਦਰੋਂ ੨੦੧੩ ਬਿਕ੍ਰਮੀ | ਡਾ: ਰਜਿੰਦਰ ਪ੍ਰਸ਼ਾਦ ਨੂੰ ਸ਼ਬਦ | ਜੇਠੂਵਾਲ | ਅੰਮ੍ਰਿਤਸਰ | ੦੪੪ |
| ੧੯ ਭਾਦਰੋਂ ੨੦੧੩ ਬਿਕ੍ਰਮੀ | ਆਤਮਾ ਸਿੰਘ ਨੂੰ ਵਰ ਦਿਤਾ | ਜੇਠੂਵਾਲ | ਅੰਮ੍ਰਿਤਸਰ | ੦੪੭ |
| ੦੧ ਅੱਸੂ ੨੦੧੩ ਬਿਕ੍ਰਮੀ | ਦਿੱਲੀ ਜਾਣ ਸਮੇ | ਜੇਠੂਵਾਲ | ਅੰਮ੍ਰਿਤਸਰ | ੦੪੮ |
| | ਸਿੰਘਾਸਣ ਵਾਲੇ ਪਲੰਘ ਹਿਲਾਉਣਾ ਤੇ ਲਿਖਤ | | | ੦੪੯ |
| ੦੧ ਅੱਸੂ ੨੦੧੩ ਬਿਕ੍ਰਮੀ | ਬਾਬਾ ਪ੍ਰਤਾਪ ਸਿੰਘ ਦੇ ਡੇਰੇ | ਭੈਣੀ ਸਾਹਿਬ | ਲੁਧਿਆਣਾ | ੦੫੬ |
| ੦੨ ਅੱਸੂ ੨੦੧੩ ਬਿਕ੍ਰਮੀ | ਗੱਜਣ ਸਿੰਘ ਦੇ ਗ੍ਰਿਹਿ | ਅੰਬਾਲਾ ਛਾਉਣੀ | | ੦੫੮ |
| ੦੨ ਅੱਸੂ ੨੦੧੩ ਬਿਕ੍ਰਮੀ | ਸੰਤ ਕ੍ਰਿਪਾਲ ਸਿੰਘ ਨੇ ਡੇਰੇ ਸੱਦਿਆ . . . | ਦਿੱਲੀ | | ੦੬੨ |
| ੦੨ ਅੱਸੂ ੨੦੧੩ ਬਿਕ੍ਰਮੀ | ਸੰਤ ਸੁਜਾਨ ਸਿੰਘ ਦੇ ਗੁਰਦਵਾਰੇ | ਦਿੱਲੀ | | ੦੬੫ |
| ੦੩ ਅੱਸੂ ੨੦੧੩ ਬਿਕ੍ਰਮੀ | ਪਹਾੜ ਗੰਜ ਦਰਬਾਰ | ਦਿੱਲੀ | | ੦੬੯ |
| ੦੩ ਅੱਸੂ ੨੦੧੩ ਬਿਕ੍ਰਮੀ | ਰਾਸ਼ਟਰਪਤੀ ਭਵਨ | ਦਿੱਲੀ | | ੦੮੧ |
| ੦੩ ਅੱਸੂ ੨੦੧੩ ਬਿਕ੍ਰਮੀ | ਡਾ: ਰੂਪ ਲਾਲ ਬਤਰਾ | ਦਿੱਲੀ | | ੦੮੨ |







1 ੦੬






| | | | |
|---|---|---|---|
| ੦੪ ਅੱਸੂ ੨੦੧੩ ਬਿਕ੍ਰਮ ਮਲ ਸਿੰਘ ਦੇ ਗ੍ਰਿਹ | ਦਿੱਲੀ | | ੦੯੪ |
| ੦੪ ਅੱਸੂ ੨੦੧੩ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ | ਗੁੜਗਾਓ | | ੦੯੫ |
| ੦੫ ਅੱਸੂ ੨੦੧੩ ਬਿਕ੍ਰਮੀ ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨਾਲ ਰਾਸ਼ਟਰਪਤੀ ਹਾਊਸ | | ਦਿਲੀ | ੧੦੧ |
| ੦੫ ਅੱਸੂ ੨੦੧੩ ਬਿਕ੍ਰਮੀ ੧੧:੪੫ ਤੇ ਰਾਸ਼ਟਰਪਤੀ ਨੂੰ ਸ਼ਬਦ ਲਿਖ ਕੇ ਦਿੱਤਾ | | | ੧੦੧ |
| ੦੫ ਅੱਸੂ ੨੦੧੩ ਬਿਕ੍ਰਮੀ ਦਿਲੀ ਦਰਬਾਰ ਹਰਿ ਸੰਗਤ ਨੂੰ ਵਡਿਆਈ | | ਦਿੱਲੀ | ੧੦੩ |
| ੦੫ ਅੱਸੂ ੨੦੧੩ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ | ਕਰੋਲਬਾਗ | ਦਿੱਲੀ | ੧੦੩ |
| ੦੫ ਅੱਸੂ ੨੦੧੩ ਬਿਕ੍ਰਮੀ ਬੂਆ ਸਿੰਘ ਦੇ ਗ੍ਰਿਹ | ਮੁਰਾਦ ਨਗਰ | ਮੇਰਠ | ੧੦੪ |
| ੦੫ ਅੱਸੂ ੨੦੧੩ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹ | ਮੇਰਠ ਛਾਉਣੀ | | ੧੦੪ |
| ੦੬ ਅੱਸੂ ੨੦੧੩ ਬਿਕ੍ਰਮੀ ਗੱਜਣ ਸਿੰਘ ਦੇ ਗ੍ਰਿਹ | ਅੰਬਾਲਾ ਛਾਉਣੀ | | ੧੧੧ |
| ੦੧ ਕਤਕ ੨੦੧੩ ਬਿਕ੍ਰਮੀ ਨਿਰਮਲਾ ਸੰਮੇਲਨ ਵਿਚ | ਅੰਮ੍ਰਿਤਸਰ | | ੧੧੯ |
| ੦੧ ਕਤਕ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੨੦ |
| ੦੧ ਕਤਕ ੨੦੧੩ ਬਿਕ੍ਰਮੀ ਈਰਾਨ ਦੇ ਬਾਦਸ਼ਾਹ ਨੂੰ ਸ਼ਬਦ ਭੇਜਿਆ ਜੇਠੂਵਾਲ | | ਅੰਮ੍ਰਿਤਸਰ | ੧੨੬ |
| ੧੪ ਕਤਕ ੨੦੧੩ ਬਿਕ੍ਰਮੀ ਸ਼ਾਹ ਈਰਾਨ ਨੂੰ ਸ਼ਬਦ ਭੇਜਿਆ | ਜੇਠੂਵਾਲ | ਅੰਮ੍ਰਿਤਸਰ | ੧੨੭ |
| ੧੪ ਕਤਕ ੨੦੧੩ ਬਿਕ੍ਰਮੀ ਸੰਤ ਕ੍ਰਿਪਾਲ ਸਿੰਘ ਨੂੰ ਦਿਲੀ ਸ਼ਬਦ ਭੇਜਿਆ | | | ੧੩੦ |
| ੦੧ ਮਘਰ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੩੭ |
| ੧੬ ਮਘਰ ੨੦੧੩ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹ | ਦਿਲੀ | | ੧੫੨ |
| ੧੭ ਮਘਰ ੨੦੧੩ ਬਿਕ੍ਰਮੀ ਕੁਰਕਸ਼ੇਤਰ ਵਿਚ ਪੰਡਤਾਂ ਨੂੰ ਮਿਲੇ | | | ੧੫੯ |
| ੧੭ ਮਘਰ ੨੦੧੩ ਬਿਕ੍ਰਮੀ ਕੁਰਕਸ਼ੇਤਰ | | | ੧੬੨ |
| ੨੧ ਮਘਰ ੨੦੧੩ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹ | ਸ਼ਾਹਵਾਲਾ | ਫਿਰੋਜ਼ਪੁਰ | ੧੬੫ |
| ੨੩ ਮਘਰ ੨੦੧੩ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ | ਮਨਾਲਾ | ਫਿਰੋਜ਼ਪੁਰ | ੧੯੧ |
| ੨੩ ਮਘਰ ੨੦੧੩ ਬਿਕ੍ਰਮੀ ਹਰਿ ਗੋਬਿੰਦ ਸਾਹਿਬ ਦੇ ਗੁਰਦਵਾਰੇ ਮਨਾਲਾ | | ਫਿਰੋਜ਼ਪੁਰ | ੨੦੪ |
| ੨੫ ਮਘਰ ੨੦੧੩ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਿਹ | ਚੰਬਲ | ਅੰਮ੍ਰਿਤਸਰ | ੨੦੬ |







2
੦੬




| | | | |
|---|---|---|---|
| ੦੧ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੧੩ |
| ੨੫ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੨੯ |
| ੨੬ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੩੫ |
| ੨੭ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੨੬੮ |
| ੨੮ ਪੋਹ ੨੦੧੩ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਿਹਿ | ਗੁਮਾਨਪੁਰ | ਅੰਮ੍ਰਿਤਸਰ | ੨੯੨ |
| ੨੯ ਪੋਹ ੨੦੧੩ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹਿ | ਕਾਉਕੇ | ਅੰਮ੍ਰਿਤਸਰ | ੩੧੪ |
| ੦੧ ਮਾਘ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੩੦ |
| ੦੧ ਫਗਣ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੩੬ |
| ੨੪ ਫਗਣ ੨੦੧੩ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ | ਭਲਾਈਪੁਰ | ਅੰਮ੍ਰਿਤਸਰ | ੩੪੭ |
| ੨੪ ਫਗਣ ੨੦੧੩ ਬਿਕ੍ਰਮੀ ਡਾ: ਪਾਲ ਸਿੰਘ ਦੇ ਗ੍ਰਿਹਿ | ਭਲਾਈਪੁਰ | ਅੰਮ੍ਰਿਤਸਰ | ੩੫੨ |
| ੦੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ੨੧ ਪ੍ਰਵਾਰਾਂ ਦਾ ਇਕੱਠ ਹੋਇਆ ਇੱਕੀ ਦਿਨ ਤੱਕ ਇਕੀ ਇੱਕੀ ਪਰਿਵਾਰ ਇਕੱਠੇ ਹੋਏ ਅਤੇ ਸਭ ਦਾ ਸਾਂਝਾ ਲੰਗਰ ਚਲਾਇਆ ਗਿਆ ਅਤੇ ਸਵਾ ਪੰਜ ਰੁਪਏ | | | ੩੫੩ |
| ੦੧ ਚੇਤ ੨੦੧੪ ਬਿਕ੍ਰਮੀ ਸਵੇਰ ਦੇ ਸਮੇ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੫੪ |
| ੦੧ ਚੇਤ ੨੦੧੪ ਬਿਕ੍ਰਮੀ ਸਵੇਰੇ ਪੰਜ ਵਜੇ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੫੮ |
| ੦੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਤੋਂ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੂੰ ਸ਼ਬਦ | | | ੩੬੩ |
| ੦੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਅਕਾਲ ਤਖ਼ਤ ਅੰਮ੍ਰਿਤਸਰ ਖਾਲਸਾ ਪੰਥ ਦੇ ਪ੍ਰਧਾਨ ਨੂੰ ਸ਼ਬਦ ਲਿਖਿਆ | | | ੩੬੭ |
| ੦੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਡੇਰਾ ਬਾਬਾ ਜੈਮਲ ਸਿੰਘ ਸੰਤ ਚਰਨ ਸਿੰਘ ਨੂੰ ਸ਼ਬਦ ਭੇਜਿਆ | | | ੩੭੧ |
| ੦੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੩੭੨ |
| ੦੧ ਚੇਤ ੨੦੧੪ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹਿ ਗਗੋਬੂਆ ੨੧ ਪ੍ਰਵਾਰਾਂ ਦਾ ਇਕੱਠ | | | ੩੭੬ |




3 ੦੬ 3 ੦੬




੦੨ ਚੇਤ ੨੦੧੪ ਬਿਕ੍ਰਮੀ ਮਨੀ ਰਾਮ ਦੇ ਗ੍ਰਹਿ ਸਿਧਮ ੨੧ ਪ੍ਰਵਾਰਾਂ ਦਾ ਇਕੱਠ ਹੋਇਆ ੩੯੩
੦੩ ਚੇਤ ੨੦੧੪ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਹਿ ਬੰਡਾਲਾ ੨੧ ਪ੍ਰਵਾਰਾਂ ਦਾ ਇਕੱਠ ੪੦੬
੦੪ ਚੇਤ ੨੦੧੪ ਬਿਕ੍ਰਮੀ ਮਸਾ ਸਿੰਘ ਦੇ ਗ੍ਰਹਿ ਨੌਰੰਗਾਬਾਦ ੨੧ ਪ੍ਰਵਾਰਾਂ ਦਾ ਇਕੱਠ ੪੧੬
੦੪ ਚੇਤ ੨੦੧੪ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਹਿ ਚੰਬਲ ਅੰਮ੍ਰਿਤਸਰ ੪੧੮
੦੫ ਚੇਤ ੨੦੧੪ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਹਿ ਰੱਜੀਵਾਲ ਫਿਰੋਜ਼ਪੁਰ ੪੨੩
੦੫ ਚੇਤ ੨੦੧੪ ਬਿਕ੍ਰਮੀ ਮਲ ਸਿੰਘ ਦੇ ਗ੍ਰਹਿ ਰੱਜੀਵਾਲ ਫਿਰੋਜ਼ਪੁਰ ੪੨੫
੦੫ ਚੇਤ ੨੦੧੪ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਹਿ ਰਾਮੂਵਾਲਾ ੨੧ ਪ੍ਰਵਾਰਾਂ ਦਾ ਇਕੱਠ ੪੨੫
੦੬ ਚੇਤ ੨੦੧੪ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਹਿ ਰਾਮੂ ਵਾਲਾ ਫਿਰੋਜ਼ਪੁਰ ੪੪੮
੦੬ ਚੇਤ ੨੦੧੪ ਬਿਕ੍ਰਮੀ ਸ਼ਾਮ ਸਿੰਘ ਦੇ ਗ੍ਰਹਿ ਰਾਮੂ ਵਾਲਾ ਫਿਰੋਜ਼ਪੁਰ ੪੫੦
੦੬ ਚੇਤ ੨੦੧੪ ਬਿਕ੍ਰਮੀ ਰਾਮ ਸਿੰਘ ਦੇ ਗ੍ਰਹਿ ੨੧ ਪ੍ਰਵਾਰਾਂ ਦਾ ਇਕੱਠ
ਮਕਾਨ ਨੰ: ੩੮੬ ਗਵਾਲ ਟੋਲੀ ਫਿਰੋਜ਼ਪੁਰ ੪੫੩
੦੭ ਚੇਤ ੨੦੧੪ ਬਿਕ੍ਰਮੀ ਨਾਜਰ ਸਿੰਘ ਦੇ ਗ੍ਰਹਿ ਨਾਥੇਵਾਲ ੨੧ ਪ੍ਰਵਾਰਾਂ ਦਾ ਇਕੱਠ ੪੮੬
੦੮ ਚੇਤ ੨੦੧੪ ਬਿਕ੍ਰਮੀ ਬੂੜ ਸਿੰਘ ਦੇ ਗ੍ਰਹਿ ਨਾਥੇਵਾਲ ਫਿਰੋਜ਼ਪੁਰ ੪੮੯
੦੯ ਚੇਤ ੨੦੧੪ ਬਿਕ੍ਰਮੀ ਬੱਗਾ ਸਿੰਘ ਦੇ ਗ੍ਰਹਿ ਨੱਤ ੨੧ ਪ੍ਰਵਾਰਾਂ ਦਾ ਇਕੱਠ ਲੁਧਿਆਣਾ ੫੦੩
੧੦ ਚੇਤ ੨੦੧੪ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਹਿ ਅਜਨੌਧ ੨੧ ਪ੍ਰਵਾਰਾਂ ਦਾ ਇਕੱਠ ੫੧੬
੧੧ ਚੇਤ ੨੦੧੪ ਬਿਕ੍ਰਮੀ ਬਚਨ ਸਿੰਘ ਦੇ ਗ੍ਰਹਿ ਧਿਆਨਪੁਰ ਅੰਬਾਲਾ ੫੨੬
੧੧ ਚੇਤ ੨੦੧੪ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਹਿ ਰੰਗੀਲਪੁਰ ੨੧ ਪ੍ਰਵਾਰਾਂ ਦਾ ਇਕੱਠ ੫੨੭
੧੨ ਚੇਤ ੨੦੧੪ ਬਿਕ੍ਰਮੀ ਸੁਰਜੀਤ ਸਿੰਘ ਦੇ ਗ੍ਰਹਿ ਰਾਜੋਮਾਜਰਾ ਅੰਬਾਲਾ ੫੩੯
੧੨ ਚੇਤ ੨੦੧੪ ਬਿਕ੍ਰਮੀ ਗਿਆਨ ਚੰਦ ਦੇ ਗ੍ਰਹਿ ਮਿਰਜਾਪੁਰ ੨੧ ਪ੍ਰਵਾਰਾਂ ਦਾ ਇਕੱਠ ਹੋਇਆ ੫੪੦
੧੩ ਚੇਤ ੨੦੧੪ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਹਿ ਆਲੋਵਾਲ ਹੁਸ਼ਿਆਰ ਪੁਰ ੫੫੫
੧੩ ਚੇਤ ੨੦੧੪ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਹਿ ਮੁਧ ੨੧ ਪ੍ਰਵਾਰਾਂ ਦਾ ਇਕੱਠ ਹੋਇਆ ੫੫੬
੧੪ ਚੇਤ ੨੦੧੪ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਹਿ ਬੋਪਾਰਾਏ ਜਲੰਧਰ ੫੭੨




4
੦੬





੧੪ ਚੇਤ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਹਿ ਨੂਰਪੁਰ ੨੧ ਪ੍ਰਵਾਰਾਂ ਦਾ ਇਕੱਠ ਹੋਇਆ ੫੭੭

੧੫ ਚੇਤ ੨੦੧੪ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਹਿ ਖਹਿਰਾ ਮਜਾ ਜਲੰਧਰ ੫੮੫

੧੫ ਚੇਤ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਭਲਾਈਪੁਰ<br>੨੧ ਪ੍ਰਵਾਰਾਂ ਦਾ ਇਕੱਠ ਹੋਇਆ ੫੮੮

੧੬ ਚੇਤ ੨੦੧੪ ਬਿਕ੍ਰਮੀ ਕੈਪਟਨ ਬੰਤਾ ਸਿੰਘ ਦੇ ਗ੍ਰਹਿ ਪੰਜ ਗਰਾਈਆਂ<br>੨੧ ਪ੍ਰਵਾਰਾਂ ਦਾ ਇਕੱਠ ਹੋਇਆ ੬੦੫

੧੭ ਚੇਤ ੨੦੧੪ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਹਿ ਬਟਾਲਾ ੨੧ ਪ੍ਰਵਾਰਾਂ ਦਾ ਇਕੱਠ ਹੋਇਆ ੬੨੪

੧੮ ਚੇਤ ੨੦੧੪ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ ਭੂਮਲੀ ੨੧ ਪ੍ਰਵਾਰਾਂ ਦਾ ਇਕੱਠ ਹੋਇਆ ੬੪੭

੧੯ ਚੇਤ ੨੦੧੪ ਬਿਕ੍ਰਮੀ ਗਿਰਧਾਰਾ ਸਿੰਘ ਦੇ ਗ੍ਰਹਿ ਬਲੋਵਾਲੀ ੨੧ ਪ੍ਰਵਾਰਾਂ ਦਾ ਇਕੱਠ ੬੫੯

੨੦ ਚੇਤ ੨੦੧੪ ਬਿਕ੍ਰਮੀ ਬਖਸ਼ੀਸ਼ ਸਿੰਘ ਦੇ ਗ੍ਰਹਿ ਕਾਦਰਾਬਾਦ ੨੧ ਪ੍ਰਵਾਰਾਂ ਦਾ ਇਕੱਠ ੬੬੯

੨੦ ਚੇਤ ੨੦੧੪ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਹਿ ਕਾਦਰਾਬਾਦ ਅੰਮ੍ਰਿਤਸਰ ੬੭੭

੨੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ੨੧ ਪ੍ਰਵਾਰਾਂ ਦਾ ਇਕੱਠ ੬੭੮

੦੧ ਵਿਸਾਖ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੬੯੨

੨੫ ਵਿਸਾਖ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੀ ਮਾਤਾ ਤਾਬੋ ਦੇ ਅੰਤਮ ਸਸਕਾਰ ਦੇ ਸਮੇ ੭੦੦

੦੧ ਜੇਠ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਅੰਮ੍ਰਿਤਸਰ ੭੦੧





੦੫ ਜੇਠ ੨੦੧੪ ਬਿਕ੍ਰਮੀ ਹਰਿ ਮੰਦਰ ਸਾਹਿਬ ਵਿਖੇ ਗ੍ਰੰਥੀ ਭੁਪਿੰਦਰ ਸਿੰਘ ਨਾਲ ਅੰਮ੍ਰਿਤਸਰ ੭੧੫

੦੫ ਜੇਠ ੨੦੧੪ ਬਿਕ੍ਰਮੀ ਮੋਤਾ ਸਿੰਘ ਦੇ ਘਰ ਸਚੇ ਪਾਤਸ਼ਾਹ ਜੀ ਨੇ ਸਿੰਘਾਸਣ ਉਲਟਾ<br>ਕਲਸੀਆਂ ਅੰਮ੍ਰਿਤਸਰ ੭੧੮

੦੫ ਜੇਠ ੨੦੧੪ ਬਿਕ੍ਰਮੀ ਸੈਨਾਪਤੀ ਕ੍ਰਿਸ਼ਨਾ ਮੈਨਨ ਤੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਨੂੰ<br>ਸ਼ਬਦ ਭੇਜਿਆ ਕਲਸੀਆਂ ਅੰਮ੍ਰਿਤਸਰ ੭੨੪

੨੦ ਜੇਠ ੨੦੧੪ ਬਿਕ੍ਰਮੀ ਸੋਹਣ ਸਿੰਘ ਦੇ ਗ੍ਰਹਿ ਮੁੰਡੀ ਜਮਾਲ ਫਿਰੋਜ਼ਪੁਰ ੭੨੬

੨੧ ਜੇਠ ੨੦੧੪ ਬਿਕ੍ਰਮੀ ਬਗੀਚਾ ਸਿੰਘ ਦੇ ਗ੍ਰਹਿ ਮੁੰਡੀ ਜਮਾਲ ਫਿਰੋਜ਼ਪੁਰ ੭੩੩

| | | | |
|---|---|---|---|
| ੨੧ ਜੇਠ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਹਿ | ਕਾਦਰਾਬਾਦ | ਫਿਰੋਜ਼ਪੁਰ | ੭੩੫ |
| ੨੧ ਜੇਠ ੨੦੧੪ ਬਿਕ੍ਰਮੀ ਨਾਜਰ ਸਿੰਘ ਦੇ ਗ੍ਰਹਿ ਤ੍ਰੈਗੁਣ ਮਾਇਆ ਦੇ ਅੰਤ ਕਰਨ ਬਾਰੇ | ਨਾਥੇਵਾਲ | ਫਿਰੋਜ਼ਪੁਰ | ੭੩੬ |
| ੨੨ ਜੇਠ ੨੦੧੪ ਬਿਕ੍ਰਮੀ ਜੁਗਿੰਦਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੭੫੪ |
| ੨੨ ਜੇਠ ੨੦੧੪ ਬਿਕ੍ਰਮੀ ਬਗਾ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੭੫੫ |
| ੨੨ ਜੇਠ ੨੦੧੪ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੭੫੭ |
| ੨੨ ਜੇਠ ੨੦੧੪ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੭੫੯ |
| ੨੨ ਜੇਠ ੨੦੧੪ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੭੬੧ |
| ੨੨ ਜੇਠ ੨੦੧੪ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੭੬੨ |
| ੨੨ ਜੇਠ ੨੦੧੪ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਹਿ | ਰੋਡੇਵਾਲ | ਫਿਰੋਜ਼ਪੁਰ | ੭੬੨ |
| ੨੨ ਜੇਠ ੨੦੧੪ ਬ੍ਰਿਕਮੀ ਮਾਲਾ ਸਿੰਘ ਦੇ ਘਰ | ਸਮਾਲਸਰ | ਫਿਰੋਜ਼ਪੁਰ | ੭੬੫ |
| ੦੧ ਹਾੜ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੬੮ |
| ੧੭ ਹਾੜ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੭੭੯ |
| ੧੮ ਹਾੜ ੨੦੧੪ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਹਿ | ਮਲੂਵਾਲ | ਅੰਮ੍ਰਿਤਸਰ | ੮੦੭ |
| ੦੧ ਸਾਵਣ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੨੫ |
| ੦੧ ਭਾਦਰੋਂ ੨੦੧੪ ਬਿਕ੍ਰਮੀਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੮੩੫ |
| ੧੯ ਭਾਦਰੋਂ ੨੦੧੪ ਬਿਕ੍ਰਮੀ ਲਛਮਣ ਸਿੰਘ, ਦਰਸ਼ਨ ਸਿੰਘ | ਪਹਾੜ ਗੰਜ | ਦਿੱਲੀ | ੮੫੦ |
| ੨੦ ਭਾਦਰੋਂ ੨੦੧੪ ਬਿਕ੍ਰਮੀ ਡੀਫੈਂਸ ਮਨਿਸਟਰ ਕ੍ਰਿਸ਼ਨਾ ਮੈਨਨ ਨੂੰ ਸ਼ਬਦ ਭੇਜਿਆ | | ਦਿੱਲੀ | ੮੫੫ |
| ੨੦ ਭਾਦਰੋਂ ੨੦੧੪ ਬਿਕ੍ਰਮੀ ਜੁਗਲ ਕਿਸ਼ੋਰ ਬਿਰਲਾ ਨਾਲ | ਬਿਰਲਾ ਮੰਦਰ | ਦਿੱਲੀ | ੮੫੭ |
| ੧੯ ਭਾਦਰੋਂ ੨੦੧੪ ਬਿਕ੍ਰਮੀ ਲਛਮਣ ਸਿੰਘ, ਦਰਸ਼ਨ ਸਿੰਘ ਪਹਾੜ ਗੰਜ | ਸਿੰਘਾਸਣ ਉਤੇ | ਦਿੱਲੀ | ੮੫੯ |
| ੨੦ ਭਾਦਰੋਂ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਹਿ | ਗੁੜਗਾਉਂ | | ੮੬੫ |


6
੦੬

| | | | | |
|---|---|---|---|---|
| ੨੨ ਭਾਦਰੋਂ ੨੦੧੪ ਬਿਕ੍ਰਮੀ | ਕਰਤਾਰ ਸਿੰਘ, ਅਰਜਨ ਸਿੰਘ | ਪੁਰਾਬਾੜੀ | ਭਰਤਪੁਰ | ੮੬੭ |
| ੨੩ ਭਾਦਰੋਂ ੨੦੧੪ ਬਿਕ੍ਰਮੀ | ਇੰਦਰ ਸਿੰਘ ਦੇ ਘਰ ਕੋਲ | ਕਰੋਲ ਬਾਗ | ਨਵੀਂ ਦਿਲੀ | ੮੭੭ |
| ੨੪ ਭਾਦਰੋਂ ੨੦੧੪ ਬਿਕ੍ਰਮੀ | ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | | ੮੮੩ |
| ੦੧ ਅੱਸੂ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੯੯ |
| ੦੩ ਅੱਸੂ ੨੦੧੪ ਬਿਕ੍ਰਮੀ | ਰਾਸ਼ਟਰਪਤੀ ਰਾਜਿੰਦਰ ਪ੍ਰਸਾਦ, ਪੰਡਤ ਜਵਾਹਰ ਲਾਲ ਨਹਿਰੂ, ਮੌਲਾਨਾ ਅਬਦੁਲ ਕਲਾਮ ਅਜਾਦ, ਕ੍ਰਿਸ਼ਨਾ ਮੈਨਨ, ਗੋਬਿੰਦ ਵਲਬ ਪੰਤ ਨੂੰ ਸ਼ਬਦ ਭੇਜਿਆ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੧੦ |
| ੦੩ ਅੱਸੂ ੨੦੧੪ ਬਿਕ੍ਰਮੀ | ਦਿਆਲ ਬਾਗ ਮਹਿਤਾ ਦੀ ਰਾਧਾ ਸੁਵਾਮੀ ਡੇਰਾ ਬਾਬਾ ਜੈਮਲ ਸਿੰਘ ਚਰਨ ਸਿੰਘ ਨੂੰ ਸ਼ਬਦ ਭੇਜਿਆ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੧੪ |
| ੧੫ ਅੱਸੂ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੧੬ |
| ੦੧ ਕੱਤਕ ੨੦੧੪ ਬਿਕ੍ਰਮੀ | ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੨੦ |
| ੧੦ ਕੱਤਕ ੨੦੧੪ ਬਿਕ੍ਰਮੀ | ਚਰਨ ਸਿੰਘ ਦੇ ਗ੍ਰਿਹਿ | ਹੇਮਰਾਜ ਪੁਰ | ਗੁਰਦਾਸਪੁਰ | ੯੨੭ |
| ੧੦ ਕੱਤਕ ੨੦੧੪ ਬਿਕ੍ਰਮੀ | ਬਚਨ ਸਿੰਘ ਦੇ ਗ੍ਰਿਹਿ | ਕਾਣਾ ਕੌਟਾ | ਗੁਰਦਾਸਪੁਰ | ੯੩੦ |
| ੧੦ ਕੱਤਕ ੨੦੧੪ ਬਿਕ੍ਰਮੀ | ਕਿਸ਼ਨ ਸਿੰਘ ਦੇ ਗ੍ਰਿਹਿ | ਅੱਲੜ ਪਿੰਡੀ | ਗੁਰਦਾਸਪੁਰ | ੯੩੫ |
| ੧੧ ਕੱਤਕ ੨੦੧੪ ਬਿਕ੍ਰਮੀ | ਤੇਜ ਭਾਨ ਦੇ ਗ੍ਰਿਹਿ | ਸ਼ੇਖ਼ਸਰ ਅਖਨੂਰ | ਜੰਮੂ | ੯੪੩ |
| ੧੧ ਕੱਤਕ ੨੦੧੪ ਬਿਕ੍ਰਮੀ | ਸੰਸਾਰ ਸਿੰਘ ਦੇ ਗ੍ਰਿਹਿ | ਛੰਬ | ਜੰਮੂ | ੯੬੬ |
| ੧੪ ਕੱਤਕ ੨੦੧੪ ਬਿਕ੍ਰਮੀ | ਸ੍ਰੀ ਗੁਰੂ ਗੋਬਿੰਦ ਸਿੰਘ ਦੇ ਗੁਰਦਵਾਰੇ | ਮੰਡੀ ਸ਼ਹਿਰ | ਹਿਮਾਚਲ ਪ੍ਰਦੇਸ਼ | ੯੬੯ |
| ੧੪ ਕੱਤਕ ੨੦੧੪ ਬਿਕ੍ਰਮੀ | ਮਹਾਰਾਜਾ ਜੋਗਿੰਦਰ ਸੈਨ ਨੂੰ ਸ਼ਬਦ ਭੇਜਿਆ | ਮੰਡੀ ਸ਼ਹਿਰ | ਹਿਮਾਚਲ ਪ੍ਰਦੇਸ਼ | ੯੭੫ |


7
੦੬

| | | | | |
|---|---|---|---|---|
| ੧੫ ਕੱਤਕ ੨੦੧੪ ਬਿਕ੍ਰਮੀ | ਗੁਰਦਵਾਰੇ ਲਿਖਤ ਕਰਵਾਈ | ਸਕੇਤ | ਹਿਮਾਚਲ ਪ੍ਰਦੇਸ਼, | ੯੭੫ |
| ੧੬ ਕੱਤਕ ੨੦੧੪ ਬਿਕ੍ਰਮੀ | ਗੁਰਦਵਾਰੇ ਲਿਖਤ ਕਰਵਾਈ | ਰਵਾਲਸਰ | ਹਿਮਾਚਲ ਪ੍ਰਦੇਸ਼ | ੯੭੭ |
| ੧੬ ਕੱਤਕ ੨੦੧੪ ਬਿਕ੍ਰਮੀ | ਰਵਾਲਸਰ ਗੁਰਦਵਾਰਾ | ਮੰਡੀ ਸਕੇਤ | ਹਿਮਾਚਲ ਪ੍ਰਦੇਸ਼ | ੯੮੨ |
| ੧੬ ਕੱਤਕ ੨੦੧੪ ਬਿਕ੍ਰਮੀ | | ਜਗਿੰਦਰ ਨਗਰ | ਕਾਂਗੜਾ | ੯੮੩ |
| ੦੧ ਮੱਘਰ ੨੦੧੪ ਬਿਕ੍ਰਮੀ | ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੯੮੫ |
| ੦੧ ਮੱਘਰ ੨੦੧੪ ਬਿਕ੍ਰਮੀ | ਹਰਿ ਭਗਤ ਦਵਾਰ ਤੋਂ ਪਟਨਾ ਸਾਹਿਬ ਸ਼ਬਦ ਭੇਜਿਆ | | | ੯੯੨ |
| ੦੨ ਮੱਘਰ ੨੦੧੪ ਬਿਕ੍ਰਮੀ | ਮੋਹਣ ਸਿੰਘ ਦੇ ਗ੍ਰਹਿ | ਤਾਰਾ ਚੱਕ | ਗੁਰਦਾਸਪੁਰ | ੯੯੪ |
| ੧੧ ਮੱਘਰ ੨੦੧੪ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਭਲਾਈ ਪੁਰ ਡੋਗਰਾਂ | ਅੰਮ੍ਰਿਤਸਰ | ੧੦੦੭ |
| ੧੧ ਮੱਘਰ ੨੦੧੪ ਬਿਕ੍ਰਮੀ | ਗੁਰਬਖ਼ਸ ਸਿੰਘ ਦੀ ਸ਼ਾਦੀ ਵਾਸਤੇ | ਭਲਾਈ ਪੁਰ ਡੋਗਰਾਂ | ਅੰਮ੍ਰਿਤਸਰ | ੧੦੧੨ |
| ੧੧ ਮੱਘਰ ੨੦੧੪ ਬਿਕ੍ਰਮੀ | ਗੁਰਮੁਖ ਸਿੰਘ ਦੀ ਸਪੁੱਤਰੀ ਜਗੀਰ ਕੌਰ ਦੀ ਗੁਰਬਖ਼ਸ਼ ਸਿੰਘ ਨਾਲ ਸ਼ਾਦੀ ਸਮੇਂ | ਭਲਾਈ ਪੁਰ ਡੋਗਰਾਂ | ਅੰਮ੍ਰਿਤਸਰ | ੧੦੧੫ |
| ੨੦ ਮੱਘਰ ੨੦੧੪ ਬਿਕ੍ਰਮੀ | ਬਲਵੰਤ ਸਿੰਘ, ਹਰਬੰਸ ਸਿੰਘ ਦੇ ਗ੍ਰਹਿ | ਮਾਹਲ | ਅੰਮ੍ਰਿਤਸਰ | ੧੦੧੭ |
| ੨੦ ਮੱਘਰ ੨੦੧੪ ਬਿਕ੍ਰਮੀ | ਖ਼ੁਸ਼ਹਾਲ ਸਿੰਘ ਦੇ ਗ੍ਰਹਿ | ਮਾਨਾਵਾਲਾ | ਅੰਮ੍ਰਿਤਸਰ | ੧੦੨੦ |
| ੨੧ ਮੱਘਰ ੨੦੧੪ ਬਿਕ੍ਰਮੀ | ਸੁਰਮਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੦੩੦ |
| ੨੧ ਮੱਘਰ ੨੦੧੪ ਬਿਕ੍ਰਮੀ | ਸੁਖਦੇਵ ਰਾਜ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੧੦੩੫ |
| ੨੨ ਮੱਘਰ ੨੦੧੪ ਬਿਕ੍ਰਮੀ | ਬੂੜ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੧੦੩੭ |
| ੨੩ ਮੱਘਰ ੨੦੧੪ ਬਿਕ੍ਰਮੀ | ਗੁਲਜਾਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੧੦੪੧ |
| ੨੩ ਮੱਘਰ ੨੦੧੪ ਬਿਕ੍ਰਮੀ | ਨਾਜ਼ਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਿਰੋਜ਼ਪੁਰ | ੧੦੪੭ |
| ੨੪ ਮੱਘਰ ੨੦੧੪ ਬਿਕ੍ਰਮੀ | ਕਰਮ ਸਿੰਘ ਦੇ ਗ੍ਰਹਿ | ਪਿਪਲੀ | ਫਿਰੋਜ਼ਪੁਰ | ੧੦੪੯ |
| ੨੪ ਮੱਘਰ ੨੦੧੪ ਬਿਕ੍ਰਮੀ | ਰਾਮ ਸਿੰਘ ਦੇ ਗ੍ਰਹਿ | ਫਿਰੋਜ਼ਪੁਰ ਛਾਉਣੀ | | ੧੦੫੪ |
| ੨੫ ਮੱਘਰ ੨੦੧੪ ਬਿਕ੍ਰਮੀ | ਸੀਤਲ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੧੦੬੪ |
| ੨੫ ਮੱਘਰ ੨੦੧੪ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਹਿ | ਸਦਾ ਸਿੰਘ ਵਾਲਾ | ਫਿਰੋਜ਼ਪੁਰ | ੧੦੭੧ |


8 ੦੬

| | | | |
|---|---|---|---|
| ੨੬ ਮੱਘਰ ੨੦੧੪ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ | ਮਨਾਵਾ | ਫਿਰੋਜ਼ਪੁਰ | ੧੦੮੬ |
| ੨੭ ਮੱਘਰ ੨੦੧੪ ਬਿਕ੍ਰਮੀ ਹੀਰਾ ਨੰਦ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੧੦੯੩ |
| ੨੮ ਮੱਘਰ ੨੦੧੪ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ | ਚੰਬਲ | ਅੰਮ੍ਰਿਤਸਰ | ੧੦੯੯ |
| ੦੧ ਪੋਹ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੧੦੬ |


9
੦੬



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ





## ❊ ਪਹਿਲੀ ਸਾਵਣ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਹਰਿ ਜੋਤੀ ਨੂਰ ਅਗੰਮ, ਅਗੰਮ ਸਮਾਇਆ । ਆਦਿ ਅੰਤ ਨਾ ਮਰੇ ਨਾ ਪਏ ਜੰਮ, ਆਪ ਆਪਣੇ ਵਿਚ ਸਮਾਇਆ । ਪਵਣ ਸਵਾਸੀ ਨਾ ਲਏ ਦਮ, ਆਲਸ ਨਿੰਦਰਾ ਵਿਚ ਨਾ ਆਇਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਜਲ ਧਾਰਾ ਦਿਸ ਨਾ ਆਇਆ । ਗਗਨ ਪਤਾਲ ਰੱਖੇ ਬਿਨਾ ਥੰਮ, ਸ਼ਬਦ ਜਾਲ ਇਕ ਵਿਛਾਇਆ । ਆਪ ਰਖਾਏ ਆਪਣਾ ਨਾਮ, ਨਾ ਕੋਈ ਹੱਡ ਮਾਸ ਨਾ ਨਾੜੀ ਚੰਮ, ਮਾਤ ਪਿਤ ਨਾ ਕਿਸੇ ਗੋਦ ਉਠਾਇਆ । ਜੁਗ ਜੁਗ ਆਦਿ ਪੁਰਖ ਅਪਰੰਪਰ ਸੁਆਮੀ ਆਪੇ ਆਪ ਪਏ ਜੰਮ, ਸ਼ਬਦ ਸਾਚਾ ਨਾਮ ਰਖਾਇਆ । ਲੋਆਂ ਪੁਰੀਆਂ ਆਪੇ ਜਾਣੇ ਆਪਣਾ ਕੰਮ, ਮਾਤ ਪਤਾਲ ਆਕਾਸ਼ ਪਰਕਾਸ਼ ਏਕਾ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਆਪ ਆਪਣੀ ਰਚਨ ਰਚਾਏ, ਅਕਲ ਕਲਾ ਭਰਪੂਰਾ । ਨਿਹਚਲ ਧਾਮ ਅਟੱਲ ਸੁਹਾਏ, ਹਰਿ ਦਾਤਾ ਜੋਧਾ ਸੂਰਾ । ਜਲ ਥਲ ਕੋਈ ਦਿਸ ਨਾ ਆਏ, ਨੇਰਨ ਨੇਰ ਦੂਰਨ ਦੂਰਾ । ਵਲ ਛਲ ਇਕ ਖੇਲ ਰਚਾਏ, ਅਕਲ ਕਲਾ ਭਰਪੂਰਾ । ਨਿਹਚਲ ਧਾਮ ਅਟੱਲ ਸੁਹਾਏ, ਸ਼ਬਦ ਵਜਾਏ ਸਾਚੀ ਤੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਸਤਿ ਸਰੂਰਾ । ਆਪਣਾ ਆਪ ਆਪੇ ਮੰਨੇ, ਹਰਿ ਆਪਣੀ ਬਣਤ ਬਣਾਇੰਦਾ । ਕਿਸੇ ਨਾ ਦਿਸੇ ਛੱਪਰੀ ਛੰਨੇ, ਭੇਵ ਅਭੇਦਾ ਭੇਵ ਕੋਈ ਨਾ ਪਾਇੰਦਾ । ਜੁਗ ਜੁਗ ਆਪਣਾ ਬੇੜਾ ਆਪੇ ਬੰਨ੍ਹੇ, ਵੇਦ ਕਿਤੇਬਾਂ ਦਿਸ ਨਾ ਆਇੰਦਾ । ਜੋ ਘੜਿਆ ਸੋ ਅੰਤਮ ਭੰਨੇ, ਭਾਣਾ ਆਪਣੇ ਹੱਥ ਰਖਾਇੰਦਾ । ਰਵ ਸਸ ਉਪਾਏ ਸੂਰਜ ਚੰਨੇ, ਸਾਚੀ ਸੇਵਾ ਲਾਇੰਦਾ । ਅਗਾਧ ਬੋਧ ਸ਼ਬਦ ਜਣਾਏ ਕੰਨੇ, ਸੁਣਾਵਣਹਾਰਾ ਦਿਸ ਨਾ ਆਇੰਦਾ । ਪੰਚਮ ਤਤ ਨਾ ਦਿਸੇ ਚੰਨੇ, ਪੰਚਮ ਮੀਤਾ ਪੰਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਇੰਦਾ । ਆਪ ਆਪਣਾ ਰੰਗ ਵਟਾਏ, ਜੋਤੀ ਨੂਰ ਕਰਾਈਆ । ਪੁਰਖ ਅਬਿਨਾਸ਼ ਜੋਤ ਜਗਾਏ, ਏਕਾ ਨਾਦ ਤੂਰ ਵਜਾਈਆ । ਵਰਨ ਗੋਤ ਕੋਈ ਦਿਸ ਨਾ ਆਏ, ਨਾ ਕੋਈ ਨਾਤਾ ਦਿਸੇ ਮਾਤ ਪਿਤ ਭੈਣ ਭਾਈਆ । ਆਦਿ ਅੰਤ ਜੁਗਾ ਜੁਗੰਤ ਹਾਜ਼ਰ ਹਜ਼ੂਰਾ ਆਪ ਅਖਵਾਏ, ਭੇਦ ਅਭੇਦ ਅਖਵਾਈਆ । ਪੂਰਨ ਭਗਵੰਤ ਸੰਤ ਕੰਤ ਜੀਵ ਜੰਤ ਮੇਲ ਮਿਲਾਏ, ਏਕਾ ਪੱਲਾ ਨਾਮ ਫੜਾਈਆ । ਸ਼ਿਵ ਸ਼ੰਕਰ ਗਣਪਤ ਗਣੇਸ਼ ਕੋਈ ਭੇਵ ਨਾ ਪਾਏ, ਬ੍ਰਹਮਾ ਚਾਰੇ ਮੁਖ ਚਾਰੇ ਰਸਨਾ

ਰਿਹਾ ਧਿਆਈਆ । ਆਪੇ ਜਾਣੇ ਆਪਣਾ ਵੇਸਾ, ਪੁਰਖ ਅਬਿਨਾਸ਼ੀ ਨਰ ਨਰੇਸ਼ਾ, ਮੁੰਡ ਮੁੰਡਾਏ ਨਾ ਧਾਰੀ ਕੇਸਾ, ਸੀਸ ਧੜ ਕੋਈ ਦਿਸ ਨਾ ਆਈਆ । ਆਪ ਆਪਣੇ ਵਿਚ ਪਰਵੇਸ਼ਾ, ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਚੋਟੀ ਚੜ੍ਹ ਕਿਸੇ ਦਿਸ ਨਾ ਆਈਆ । ਆਪੇ ਜਾਣੇ ਆਪਣਾ ਲੇਖਾ, ਲੋਆਂ ਪੁਰੀਆਂ ਭਰਮ ਭੁਲੇਖਾ, ਚਿਤਰ ਗੁਪਤ ਰਾਏ ਧਰਮ ਦੋਵੇਂ ਬੈਠੇ ਸੀਸ ਝੁਕਾਈਆ । ਸ੍ਰਿਸ਼ਟ ਸਬਾਈ ਜੋਤ ਨਿਰੰਜਣ ਏਕਾ ਨੇਤਰ ਸਾਚੇ ਪੇਖਾ, ਆਪ ਆਪਣਾ ਭੇਵ ਛੁਪਾਈਆ । ਆਪ ਉਪਾਏ ਆਪਣੀ ਰੇਖਾ, ਅੰਤਮ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਨੂਰ ਕਰਾਈਆ । ਨੂਰ ਉਜਾਲਾ ਸਚ ਘਰ, ਨਾ ਕੋਈ ਚਾਰ ਦਿਵਾਰੀ । ਗੁਰ ਗੋਪਾਲਾ ਇਕ ਕਰ, ਨਾ ਕੋਈ ਲਿਖੇ ਲੇਖ ਲਿਖਾਰੀ । ਆਪੇ ਮੰਗੇ ਆਪੇ ਦੇਵਣਹਾਰਾ ਵਰ, ਕਰੇ ਖੇਲ ਅਪਰ ਅਪਾਰੀ । ਸ਼ਬਦ ਖੁਲ੍ਹਾਏ ਸਾਚਾ ਦਰ, ਹਰਿ ਦਾਤਾ ਵਡ ਭੰਡਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਰਵੇ ਮੁਰਾਰੀ । ਹਰਿ ਜੋਤੀ ਨਿਰੰਕਾਰ, ਨਾਉਂ ਧਰਾਇਆ । ਸਾਚਾ ਨੂਰ ਅਪਰ ਅਪਾਰ, ਦਿਸ ਕਿਸੇ ਨਾ ਆਇਆ । ਆਪੇ ਬੰਨ੍ਹੇ ਆਪਣੀ ਧਾਰ, ਜੋਤੀ ਵਰ ਇਕ ਰਖਾਇਆ । ਆਪੇ ਪੁਰਖ ਆਪੇ ਨਾਰ, ਸੁਰਤੀ ਸ਼ਬਦ ਗੋਦ ਉਠਾਇਆ । ਏਕਾ ਖੋਲ੍ਹੇ ਬੰਦ ਕਿਵਾੜ, ਪੰਚਮ ਧਾੜ ਦਿਸ ਨਾ ਆਇਆ । ਪੰਚਮ ਅੰਦਰ ਰਿਹਾ ਵਾੜ, ਪੰਚਮ ਏਕਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਵਣ ਪਵਣੀ ਲਏ ਉਪਾਇਆ । ਹਰਿ ਜੋਤੀ ਨੂਰ ਅਗੰਮ, ਸ਼ਬਦ ਸਪੂਤ ਜੰਮਿਆ । ਪ੍ਰਭ ਚਾੜ੍ਹੇ ਸਾਚਾ ਰੰਗ, ਨਾਮ ਰੰਗੇ ਚਾਰੇ ਕੰਨੀਆਂ । ਨਿਰਗੁਣ ਡੋਰੀ ਇਕ ਪਤੰਗ, ਮਸਤਕ ਟਿੱਕਾ ਕੌਸਤਕ ਮਨੀਆ । ਨਾ ਕੋਈ ਕਾਇਆ ਦੀਸੇ ਕਾਚੀ ਵੰਗ, ਨਾਮ ਖਜਾਨਾ ਵਡ ਧਨ ਧਨਿਆ । ਨਾਦ ਅਨਾਦੀ ਵੱਜੇ ਮਰਦੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰਾਗ ਸੁਣਾਏ ਕੰਨਿਆ । ਨਾਮ ਅਗੰਮ ਅਗਾਧ ਬੋਧ, ਹਰਿ ਸ਼ਬਦੀ ਸ਼ਬਦ ਜਣਾਈ । ਦੇਵੇ ਵਰ ਜੋਧਨ ਜੋਧ, ਆਪਣੇ ਹੱਥ ਰੱਖੇ ਵਡਿਆਈ । ਦਰ ਦਵਾਰਾ ਆਪਣਾ ਸੋਧ, ਨੂਰੋ ਨੂਰ ਕਰਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸ਼ਬਦ ਵਰ, ਪਵਣ ਪਵਣੀ ਨਾਲ ਰਲਾਈ । ਜੋਤੀ ਸ਼ਬਦੀ ਪਵਣ ਪਿਆਰ, ਏਕਾ ਰੰਗ ਸਮਾਇਆ । ਆਪੇ ਬੰਨ੍ਹੇ ਆਪਣੀ ਧਾਰ, ਭੇਵ ਨਾ ਜਾਣੇ ਕੋਈ ਰਾਇਆ । ਚੌਥੇ ਦਰ ਖੋਲ੍ਹੇ ਬੰਦ ਕਿਵਾੜ, ਤ੍ਰੈਗੁਣ ਮਾਇਆ ਤਤ ਉਪਾਇਆ । ਲੱਖ ਚੁਰਾਸੀ ਕਰ ਤਿਆਰ, ਬ੍ਰਹਮਾ ਰੂਪ ਵਟਾਇਆ । ਕਵਲ ਨਾਭੀ ਕਰ ਉਜਿਆਰ, ਪੂਤ ਸਪੂਤਾ ਮਾਤ ਟਿਕਾਇਆ । ਚਾਰੇ ਮੁਖ ਜਗਤ ਉਪਾਇਆ । ਅੱਠੇ ਨੇਤਰ ਰਾਹ ਤਕਾਇਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਸਾਚਾ ਲੇਖਾ ਰਿਹਾ ਲਿਖਾਇਆ । ਵਿਸ਼ਨੂੰ ਵੰਸੀ ਕਰ ਅਕਾਰ, ਆਪ ਆਪਣਾ ਭੇਖ ਵਟਾਇਆ । ਸ਼ਿਵ ਸ਼ੰਕਰ ਨਾਲ ਕਰ ਤਿਆਰ, ਆਪ ਆਪਣੀ ਸੇਵਾ ਲਾਇਆ । ਆਪੇ ਵਸੇ ਸਭ ਤੋਂ ਬਾਹਰ, ਅੰਦਰ ਭੀਤਰ ਵਿਚ ਸਮਾਇਆ । ਆਪੇ ਗੁਪਤ ਆਪੇ ਜਾਹਿਰ, ਵੇਸ ਅਨੇਕਾਂ ਵੇਸ ਵਟਾਇਆ । ਸ਼ਬਦ ਘੋੜਾ ਕਰ ਤਿਆਰ, ਕਲਗੀ ਤੋੜਾ ਨਾਮ ਲਗਾਇਆ । ਜੋਤ ਸਰੂਪੀ ਕਰ ਆਕਾਰ, ਸ਼ਬਦ ਸਰੂਪੀ ਹੁਕਮ ਸੁਣਾਇਆ । ਬ੍ਰਹਮਾ ਮੁਖ ਲਏ ਉਘਾੜ, ਪਾਰਬ੍ਰਹਮ ਵਿਚ ਸਮਾਇਆ । ਚਾਰੇ ਵੇਦ ਰਸਨ ਉਚਾਰ, ਚਾਰੇ ਜੁਗਾਂ ਲੇਖ ਲਿਖਾਇਆ । ਸਤਿਜੁਗ ਦੁਆਪਰ ਤ੍ਰੇਤਾ ਗਏ ਹਾਰ, ਕਲਜੁਗ ਵੇਲਾ ਅੰਤਮ ਆਇਆ । ਲੱਖ ਚੁਰਾਸੀ ਹੋਏ ਖੁਆਰ, ਲੋਕਮਾਤ ਨਾ ਧੀਰ ਧਰਾਇਆ । ਨਾ ਕੋਈ ਦਿਸੇ ਮੀਤ ਮੁਰਾਰ, ਮਾਤ ਪਿਤ ਨਾ ਕੋਈ ਅਖਵਾਇਆ । ਨਾਰ ਦੁਹਾਗਣ

ਹੋਈ ਵਿਭਚਾਰ, ਸਾਚਾ ਕੰਤ ਸੰਤ ਨਾ ਕਿਸੇ ਹੰਢਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਜੀਵਾਂ ਜੰਤਾਂ ਦਏ ਸਜ਼ਾਇਆ । ਸ਼ਬਦ ਖੰਡਾ ਫੜ ਦੋ ਧਾਰ, ਚਿੱਟੇ ਅਸਵ ਤੰਗ ਕਸਾਇਆ । ਨੀਲੀ ਛੱਤੋਂ ਆਏ ਬਾਹਰ, ਆਪ ਆਪਣਾ ਰਾਹ ਤਕਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇਆ । ਬ੍ਰਹਮਾ ਰੋਵੇ ਧਾਹਾਂ ਮਾਰ, ਵੇਲਾ ਅੰਤ ਨਾ ਕੋਇ ਸਹਾਇਆ । ਸ਼ਿਵ ਸ਼ੰਕਰ ਬੈਠਾ ਕਰੇ ਵਿਚਾਰ, ਧੀਰਜ ਧੀਰ ਨਾ ਕੋਇ ਧਰਾਇਆ । ਕਰੋੜ ਤੇਤੀਸਾ ਸੁਣ ਪੁਕਾਰ, ਸੁਰਪਤ ਰਾਜਾ ਇੰਦ ਬਿਲਲਾਇਆ । ਗਗਨ ਪਤਾਲੀ ਹਾਹਾਕਾਰ, ਰਵ ਸਸ ਬੈਠੇ ਮੁਖ ਛੁਪਾਇਆ । ਲੋਕਮਾਤ ਮਾਰ ਝਾਤ, ਕਰਮ ਕੁਕਰਮ ਕਰ ਵਿਚਾਰ, ਪੁਰਖ ਅਬਿਨਾਸ਼ੀ ਜਾਮਾ ਪਾਇਆ । ਜਨ ਭਗਤਾਂ ਦੇਵੇ ਸਾਚੀ ਦਾਤ, ਸੋਹੰ ਸਾਚਾ ਨਾਉਂ ਜਪਾਇਆ । ਕਲਜੁਗ ਮਿਟੇ ਅੰਧੇਰੀ ਰਾਤ, ਏਕਾ ਦੂਜਾ ਭਉ ਚੁਕਾਇਆ । ਆਪ ਚਲਾਏ ਆਪਣੀ ਗਾਥ, ਮਾਤ ਚਲਾਏ । ਪਰਗਟ ਹੋਏ ਤ੍ਰੈਲੋਕੀ ਨਾਥ, ਸਗਲਾ ਸਾਥ ਦਏ ਨਿਭਾਇਆ । ਲੇਖ ਚੁਕਾਏ ਸੀਆਂ ਸਾਢੇ ਤਿੰਨ ਹਾਥ, ਜੋ ਜਨ ਸਰਨ ਸਰਨਾਈ ਸਾਚੀ ਆਇਆ । ਸਗਲ ਵਸੂਰੇ ਜਾਇਣ ਲਾਥ, ਪਾਰਬ੍ਰਹਮ ਬ੍ਰਹਮ ਦਰਸ਼ਨ ਪਾਇਆ । ਹੋਏ ਜਣਾਈ ਬੋਧ ਅਗਾਧ, ਕਥਨੀ ਕਥ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਅੰਤ ਜੁਗਾ ਜੁਗੰਤ ਆਪਣੇ ਰੰਗ ਸਮਾਇਆ । ਹਰਿ ਰੰਗ ਅਪਾਰ, ਰੂਪ ਅਭੇਦਿਆ । ਸਤਿਜੁਗ ਸਾਚੇ ਬੰਨ੍ਹੇ ਧਾਰ, ਭੇਵ ਨਾ ਪਾਇਣ ਚਾਰੇ ਵੇਦਿਆ । ਸ੍ਰਿਸ਼ਟ ਸਬਾਈ ਏਕਾ ਬੰਨ੍ਹੇ ਧਾਰ, ਏਕਾ ਨਾਤਾ ਭਈਆ ਬੇਬਿਆ । ਊਚਾਂ ਨੀਚਾਂ ਕਰ ਪਿਆਰ, ਮੇਟ ਮਿਟਾਏ ਦੇਵੀ ਦੇਵਿਆ । ਭਾਂਡਾ ਭਰਮ ਭਓ ਨਿਵਾਰ, ਹਰਿਜਨ ਲਗਾਏ ਸਾਚੀ ਸੇਵਿਆ । ਜੋਤੀ ਨੂਰ ਸ਼ਬਦ ਭੰਡਾਰ, ਮਸਤਕ ਲਾਏ ਸਾਚਾ ਥੇਵਿਆ । ਦੇਵਣਹਾਰ ਸਰਬ ਸੰਸਾਰ, ਨਾ ਕੋਈ ਗਾਏ ਜਿਹਵਾ ਜਿਹਵਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਵੇਖੇ ਇਕ ਦਵਾਰ, ਹਰਿ ਜੋਤੀ ਸ਼ਬਦੀ ਸੇਵਿਆ । ਹਰਿ ਜੋਤੀ ਸਾਚਾ ਪਿਤਾ ਹੈ, ਪੂਤ ਸ਼ਬਦ ਗੋਬਿੰਦ । ਜੁਗ ਜੁਗ ਸਾਚੀ ਮਈਆ ਹੈ, ਨੂਰ ਨੁਰਾਨੀ ਏਕਾ ਬਿੰਦ । ਆਪੇ ਬਣੇ ਸਾਚਾ ਮਿਤਾ ਹੈ, ਧਾਰ ਵਹਾਏ ਸਾਚੀ ਸਿੰਧ । ਨਾ ਕੋਈ ਜਾਣੇ ਵਾਰ ਥਿਤ ਹੈ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਆਪ ਵਡ ਮਰਗਿੰਦ । ਗੁਰ ਗੋਬਿੰਦੇ ਸ਼ਬਦ ਜਣਾਈ, ਜੋਤੀ ਦਇਆ ਕਮਾਈਆ । ਘਰ ਮੰਦਰ ਅੰਦਰ ਵੱਜੀ ਵਧਾਈ, ਪੰਚਮ ਮੰਗਲ ਗਾਈਆ । ਦੀਪਕ ਜੋਤ ਕਰੇ ਰੁਸ਼ਨਾਈ, ਅੰਧ ਅੰਧੇਰ ਰਹਿਣ ਨਾ ਪਾਈਆ । ਸਾਚੇ ਮੰਦਰ ਆਪੇ ਕੁੰਡਾ ਲਾਹੀ, ਸਚ ਮਹੱਲਾ ਰਿਹਾ ਵਖਾਈਆ । ਸ਼ਬਦ ਡੰਡਾ ਹੱਥ ਉਠਾਈ, ਚਾਰ ਕੁੰਟਾਂ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਕਰੇ ਸੱਚੀ ਕੁੜਮਾਈਆ ।



### ✻ ਪਹਿਲੀ ਸਾਵਣ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਰਾਸ਼ਟਰਪਤੀ ਰਾਜਿੰਦਰ ਪ੍ਰਸ਼ਾਦ ਨੂੰ ਸ਼ਬਦ ਭੇਜਿਆ ✻

ਰਾਸ਼ਟਰਪਤ ਮਿਲੇ ਵਧਾਈ, ਨੌ ਖੰਡ ਪ੍ਰਿਥਮੀ ਗੇੜਾ । ਗੁਰ ਗੋਬਿੰਦੇ ਜੋਤ ਜਗਾਈ, ਸੰਬਲ ਨਗਰੀ ਕਾਇਆ ਖੇੜਾ । ਵਾਲੀ ਹਿੰਦੇ ਸ਼ਬਦ ਜਣਾਈ, ਪ੍ਰਭ ਬੰਨ੍ਹਣ ਆਇਆ ਬੇੜਾ । ਵਡ ਮਰਗਿੰਦੇ ਜੋਤ ਪਰਗਟਾਈ, ਖੁਲ੍ਹਾ ਕਰਾਏ ਧਰਤ ਮਾਤ ਵਿਹੜਾ । ਚਾਰੋਂ ਕੁੰਟ ਪਏ ਦੁਹਾਈ, ਲੱਖ

ਚੁਰਾਸੀ ਚੁੱਕੇ ਝੇੜਾ । ਗੁਰਮੁਖ ਵਿਰਲੇ ਹੋਏ ਸ਼ਬਦ ਕੁੜਮਾਈ, ਪੁਰਖ ਅਬਿਨਾਸ਼ੀ ਨਾਮ ਬੰਨ੍ਹੇ ਸੀਸ ਸਾਚਾ ਸਿਹਰਾ । ਰਾਜ ਰਾਜਾਨਾ ਸ਼ਾਹ ਸੁਲਤਾਨਾ ਤਖ਼ਤ ਤਾਜ ਜੁਦਾਈ, ਕਰੇ ਅੰਤਮ ਹੱਕ ਨਿਬੇੜਾ । ਚਾਰ ਵਰਨ ਬਣਾਏ ਨਾਤਾ ਭੈਣਾ ਭਾਈ, ਆਪੇ ਬੰਨ੍ਹਣਹਾਰਾ ਬੇੜਾ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਰਿਹਾ ਉਪਾਈ, ਕਲਜੁਗ ਵਕਤ ਲਿਆਏ ਨੇੜਾ । ਸੰਬਲ ਨਗਰ ਮਾਤ ਉਜਾਗਰ, ਹਰਿ ਹਰਿ ਸ਼ਬਦ ਜੋਤ ਵਸਾਈਆ । ਅੰਮ੍ਰਿਤ ਤਾਲ ਸੁਹਾਇਆ ਕਾਇਆ ਗਾਗਰ, ਸਚ ਉਛਾਲ ਰਿਹਾ ਲਗਾਈਆ । ਦਰ ਦਵਾਰੇ ਬਣਨਾ ਇਕ ਸ਼ਬਦ ਸੌਦਾਗਰ, ਕਾਲ ਮਹਾਂਕਾਲ ਦਰ ਦਵਾਰੇ ਆਪ ਰਖਾਈਆ । ਅੱਸੂ ਤਿੰਨ ਸੁਹਾਏ ਬੰਕ ਦਵਾਰ, ਭੇਖਾਧਾਰੀ ਭੇਖ ਅਪਾਰ, ਦਰ ਦਰਵੇਸ਼ਾ ਦਰਸ ਦਿਖਾਈਆ । ਧਾਰੀ ਕੇਸਾ ਰੂਪ ਅਪਾਰ, ਜੋਤ ਪਰਵੇਸ਼ਾ ਹਰਿ ਨਿਰੰਕਾਰ, ਬ੍ਰਹਮਾ ਸ਼ਿਵ ਗਣੇਸ਼ਾ ਦਰ ਆਏ ਸੀਸ ਰਹੇ ਝੁਕਾਈਆ । ਰਾਜ ਰਾਜਾਨਾਂ ਦਰ ਦਰਬਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਚਲੇ ਪੇਸ਼ਾ, ਸ਼ਬਦ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸੰਬਲ ਨਗਰੀ ਜੋਤ ਧਰ, ਬ੍ਰਹਿਮੰਡਾਂ ਖੋਜ ਖੁਜਾਈਆ । ਅੱਸੂ ਤਿੰਨ ਚਿਤ ਚਿਤਾਵਨੀ, ਦੇਵਣਹਾਰ ਭਗਵਾਨ । ਕਰੇ ਕਰਾਏ ਪੂਰ ਭਾਵਨੀ, ਜਨ ਮੰਗੇ ਦਰ ਦਵਾਰ । ਕਲਜੁਗ ਮਿਟੇ ਅੰਤਮ ਰੈਣ ਅੰਧੇਰੀ ਸ਼ਾਮਨੀ, ਹਰਿ ਜੋਤੀ ਨੂਰ ਹੋਏ ਉਜਿਆਰ । ਚੰਡੀ ਚਮਕੇ ਤੇਜ਼ ਦਮਕ ਦਾਮਨੀ, ਨਾ ਕੋਈ ਸੁਣੇ ਸੁਣਾਏ ਪੁਕਾਰ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਮਣੀ, ਭਗਤ ਭਬੀਖਣ ਰਹਿਣਾ ਖ਼ਬਰਦਾਰ । ਨਾ ਕੋਈ ਦੇਵੇ ਧੁਰਦਰਗਾਹੀ ਸੱਚੀ ਜਾਮਨੀ, ਜੂਠੇ ਝੂਠੇ ਮੀਤ ਮੁਰਾਰ । ਨਾ ਕੋਈ ਮਿਟਾਏ ਕਲਜੁਗ ਤ੍ਰਿਸ਼ਨਾ ਤਾਮਨੀ, ਕਾਮ ਕਰੋਧ ਮੋਹ ਲੋਭ ਤਨ ਹੰਕਾਰ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰ ਵੇਸ ਕਰ, ਆਏ ਦਰ ਦਿੱਲੀ ਦਰਬਾਰ । ਦਿੱਲੀ ਦਰਬਾਰ ਸ਼ਬਦ ਸਿੰਘਾਸਣ, ਬੀਸ ਬੀਸਾ ਇਕ ਰਖਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼ਨ, ਜਗਤ ਜਗਦੀਸਾ ਜੋਤ ਜਗਾਈਆ । ਕਰੋੜ ਤੇਤੀਸਾ ਦਾਸੀ ਦਾਸਨ, ਇੰਦਲੋਕ ਰਿਹਾ ਕਰਾਈਆ । ਬ੍ਰਹਮਾ ਸ਼ਿਵ ਸਵਾਸ ਸਵਾਸਨ, ਦਿਵਸ ਰੈਣ ਰਹੇ ਗਾਈਆ । ਪਰਗਟ ਹੋਇਆ ਸ਼ਾਹੋ ਸ਼ਾਬਾਸਨ, ਨਿਹਕਲੰਕ ਨਾਉਂ ਰਖਾਈਆ । ਸਾਚੇ ਮੰਡਲ ਪਾਵੇ ਰਾਸਨ, ਦਵਾਰ ਬੰਕਾ ਦਏ ਸੁਹਾਈਆ । ਨਾ ਕੋਈ ਖਾਏ ਮਦਿਰਾ ਮਾਸਨ, ਹਰਿ ਸ਼ਬਦ ਮਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰੀ ਵੇਸ ਧਰ, ਪੰਚਮ ਮੀਤਾ ਪੰਚਮ ਰਿਹਾ ਮੋਖ ਦਵਾਈਆ । ਪੰਚਮ ਮੁਖ ਪੰਚਮ ਤਾਜ, ਹਰਿ ਸਾਚੀ ਬਣਤ ਬਣਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਰਾਜ, ਰਾਜ ਰਾਜਾਨਾ ਆਪ ਅਖਵਾਇੰਦਾ । ਸ਼ਬਦ ਘੋੜੇ ਪਕੜੇ ਵਾਗ, ਜੋਤੀ ਜੋੜੇ ਮੇਲ ਮਿਲਾਇੰਦਾ । ਸਾਚੇ ਪੌੜੇ ਚੜ੍ਹਿਆ ਦੇਸ ਮਾਝ, ਸ਼ਬਦ ਸਿੰਘਾਸਣ ਇਕ ਰਖਾਇੰਦਾ । ਲੱਖ ਚੁਰਾਸੀ ਰਚਿਆ ਕਾਜ, ਨੌ ਦਵਾਰੇ ਖੋਲ੍ਹ ਵਖਾਇੰਦਾ । ਜਨ ਭਗਤਾਂ ਰੱਖੇ ਅੰਤਮ ਲਾਜ, ਦਸਮ ਦਵਾਰੀ ਕੁੰਡਾ ਲਾਹਿੰਦਾ । ਜੋਤ ਸਰੂਪੀ ਮਾਰੇ ਆਵਾਜ਼, ਸੁਰਤ ਸਵਾਣੀ ਸੁੱਤੀ ਆਪ ਜਗਾਇੰਦਾ । ਬੀਸ ਇਕੀਸਾ ਸਿਰ ਸੋਹੇ ਤਾਜ, ਭਾਰਤ ਖੰਡ ਤੇਰੀ ਰੱਖੇ ਲਾਜ, ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਸ਼ਬਦ ਤਾਜ ਜਗਤ ਜਗਦੀਸ, ਬਣਾਏ ਬਣਤ ਬਨਵਾਰੀ । ਸ੍ਰਿਸ਼ਟ ਸਬਾਈ ਜਾਏ ਪੀਸ, ਨਾ ਕੋਈ ਦੀਸੇ ਜੀਵ ਹੰਕਾਰੀ । ਨਾ ਕੋਈ ਗਾਏ ਰਾਗ ਛਤੀਸ, ਵੇਦ ਪੁਰਾਨ ਨਾ ਰਸਨ ਉਚਾਰੀ । ਕੁਰਾਨ ਹਦੀਸ ਸੰਗ ਮੁਹੰਮਦ ਤੁਟੀ ਯਾਰੀ । ਹਰਿ ਵੇਖੇ ਖੇਲ ਬੀਸ ਇਕੀਸ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸ, ਸ੍ਰਿਸ਼ਟ ਸਬਾਈ ਹੋਏ ਚਰਨ ਪਨਿਹਾਰੀ । ਜੋਤੀ ਜੋਤ ਸਰੂਪ ਹਰਿ,

ਸੰਬਲ ਨਗਰੀ ਵੇਸ ਕਰ, ਪੰਚਮ ਤਾਜ ਮਾਤ ਬਣਾਏ, ਅੱਸੂ ਤਿੰਨ ਲਿਆਏ ਬੰਕ ਦਵਾਰੀ । ਮੁਖ ਪੰਚਮ ਤਾਜ ਸੰਗ ਪੰਚ ਕਰਾਉਣਾ ਸਚ ਨਿਸ਼ਾਨ ਬਣਾਇਆ । ਆਪੇ ਜਾਣੇ ਆਪਣਾ ਕਾਜ, ਜਗਤ ਨਾਦਾਨ ਭੇਵ ਨਾ ਰਾਇਆ । ਸਾਚੀ ਸਾਜਣ ਰਿਹਾ ਸਾਜ, ਸਤ ਰੰਗ ਨਿਸ਼ਾਨ ਉਪਾਇਆ । ਕਰੇ ਖੇਲ ਦੇਸ ਮਾਝ, ਬੀਸ ਬੀਸਾ ਅਵਤਾਰ ਚੌਬੀਸਾ ਆਇਆ । ਜਗਤ ਨਾਤਾ ਤੁੱਟੇ ਸਾਂਝ, ਇਕ ਇਕੀਸਾ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰ ਵੇਸ ਕਰ, ਦਰ ਦਵਾਰੇ ਅੱਗੇ ਖੜ੍ਹ, ਅੱਸੂ ਤਿੰਨ ਦੇਵੇ ਦਿਵਸ ਸੁਹਾਇਆ । ਸ਼ਬਦ ਸੋਟੀ ਜਗਤ ਸਹਾਰ, ਪ੍ਰਭ ਵਾਲੀ ਹਿੰਦ ਫੜਾਇੰਦਾ । ਕਰੇ ਕਰਾਏ ਖ਼ਬਰਦਾਰ, ਭੇਦ ਅਭੇਦ ਚੁਕਾਇੰਦਾ । ਸਰਬ ਜੀਆਂ ਪ੍ਰਭ ਸਾਂਝਾ ਯਾਰ, ਵੇਦ ਕਿਤੇਬਾਂ ਦਿਸ ਨਾ ਆਇੰਦਾ । ਭਰਮੇ ਭੁੱਲਾ ਭਰਮ ਸੰਸਾਰ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਮਾਇਆ ਮੋਹ ਆਤਮ ਹੰਕਾਰ, ਉਪਰ ਚੜ੍ਹ ਮਹੱਲ ਅਟਾਰੀ, ਅੰਦਰ ਵੜ ਦਰਸ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰੀ ਵੇਸ ਕਰ, ਦਰ ਦਵਾਰੇ ਅੱਗੇ ਖੜ, ਏਕਾ ਪੱਲਾ ਨਾਮ ਫੜਾਇੰਦਾ । ਪੰਚਮ ਜੋੜਾ ਚਰਨ ਕਵਲ, ਚਰਨ ਧੂੜ ਇਸ਼ਨਾਨ । ਸ਼ਬਦ ਘੋੜਾ ਉਪਰ ਧਵਲ, ਮਿਲੇ ਮੇਲ ਸ੍ਰੀ ਭਗਵਾਨ । ਪ੍ਰਭ ਉਲਟੀ ਕਰੇ ਨਾਭ ਕਵਲ, ਉਪਜੇ ਆਤਮ ਬ੍ਰਹਮ ਗਿਆਨ । ਦਰਸ ਦਿਖਾਏ ਸਾਵਲ ਸਵਲ, ਕਾਹਨ ਘਨਈਆ ਕ੍ਰਿਸ਼ਨਾ ਕਾਹਨ । ਸ੍ਰਿਸ਼ਟ ਸਬਾਈ ਆਪੇ ਰਿਹਾ ਮਵਲ, ਜੋਤੀ ਸ਼ਬਦ ਮਾਤ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਵਡ ਜੋਧਾ ਸੂਰ ਬਲੀ ਬਲਵਾਨ । ਅੱਸੂ ਤਿੰਨ ਜਗਤ ਵਿਹਾਰ, ਦਰ ਦਿੱਲੀ ਦਰਬਾਰਿਆ । ਮਿਲਿਆ ਵਰ ਭਬੀਖਣ ਯਾਰ, ਪਰਗਟ ਹੋਏ ਰਾਮ ਰਾਮਾ ਅਵਤਾਰਿਆ । ਲੰਕਾ ਤੁੱਟਾ ਗੜ੍ਹ ਹੰਕਾਰ, ਕੰਚਨ ਗੜ੍ਹ ਮਹੱਲ ਉਸਾਰਿਆ । ਦੁਆਪਰ ਅੰਤਮ ਆਈ ਹਾਰ, ਦੁਰਯੋਧਨ ਖਾਲੀ ਹੋਏ ਦਵਾਰਿਆ । ਕਲਜੁਗ ਅੰਤਮ ਵੇਖ ਵਿਚਾਰ, ਚਾਰੋਂ ਕੁੰਟ ਅੰਧੇਰ ਪਸਾਰਿਆ । ਜਗਤ ਸਿਆਸਤ ਆਈ ਹਾਰ, ਨਾ ਕੋਈ ਦਿਸੇ ਕਿਸੇ ਵਿਰਾਸਤ, ਨਾ ਕੋਈ ਮਾਤ ਸਹਾਰਿਆ । ਪਰਗਟ ਹੋਏ ਨਿਹਕਲੰਕ ਨਰ ਅਵਤਾਰ, ਲੱਖ ਚੁਰਾਸੀ ਧਰਤ ਮਾਤ ਤੇਰੀ ਵੇਖੇ ਕਾਸ਼ਤ, ਸੋਲਾਂ ਸੋਲਾਂ ਸੋਲਾਂ ਬੀਸ ਦੋ ਹਜ਼ਾਰਿਆ । ਆਪੇ ਹੋਏ ਆਸਤਕ ਨਾਸਤਕ ਆਪੇ ਵਣਜ ਕਰੇ ਵਪਾਰਿਆ । ਆਪੇ ਬ੍ਰਹਮ ਜੋਤ ਵੇਦ ਪਰਕਾਸ਼ਤ, ਆਪੇ ਸ਼ਬਦ ਸ਼ਸਤਰ ਬਣਤ ਬਣਾ ਰਿਹਾ । ਆਪੇ ਵਾਸ ਦੇਵ ਆਤਮ ਵਾਸਤਕ, ਆਪੇ ਵਿਸ਼ਨ ਰੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰ ਜੋਤ ਧਰ, ਏਕਾ ਸ਼ਬਦ ਸੁਨੇਹੜਾ ਦਰ ਦਵਾਰੇ ਆਪ ਘਲਾ ਰਿਹਾ । ਅੱਸੂ ਤਿੰਨ ਸਾਢੇ ਦਸ, ਜੋਤੀ ਨੂਰ ਸਵਾਈਆ । ਜਗਤ ਸ਼ਾਹ ਮਿਲਣਾ ਹੱਸ ਹੱਸ, ਪ੍ਰਭ ਦੇਵੇ ਮਾਤ ਵਡਿਆਈਆ । ਮੁਖ ਛੁਪਾ ਜੇ ਜਾਏਂ ਨੱਸ, ਨਾ ਹੋਏ ਕੋਈ ਸਹਾਈਆ । ਸੋਹੰ ਤੀਰ ਵੱਜੇ ਕਸ, ਤਖ਼ਤ ਤਾਜ ਦਏ ਉਲਟਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਚਰਨਾਂ ਹੇਠ ਰਿਹਾ ਝੱਸ, ਲੁਕਿਆ ਰਹਿਣ ਕੋਈ ਨਾ ਪਾਈਆ । ਸ਼ਾਹ ਸ਼ਹਾਨਾ ਸਾਚਾ ਰਾਹ ਰਿਹਾ ਦੱਸ, ਨਿਹਕਲੰਕ ਚਰਨ ਸਰਨ ਸੱਚੀ ਸਰਨਾਈਆ । ਕਲਜੁਗ ਰੈਣ ਅੰਧੇਰੀ ਮਿਟੇ ਮੱਸ, ਸਤਿਜੁਗ ਸਾਚਾ ਚੰਨ ਚੜ੍ਹਾਈਆ । ਕੋਈ ਨਾ ਚਲੇ ਕਿਸੇ ਦਾ ਵਸ, ਜੋ ਘੜਿਆ ਭੰਨ ਸੋ ਵਖਾਈਆ । ਦੂਰ ਦੁਰਾਡੇ ਤੱਕਣ ਰਵ ਸਸ, ਪ੍ਰਭ ਜੋਤੀ ਨੂਰ ਸਵਾਈਆ । ਸੰਮਤ ਸੰਮਤੀ ਹੋਏ ਬਸ, ਲਹਿਣਾ ਦੇਣਾ ਮੂਲ ਚੁਕਾਈਆ । ਅਗੰਮ ਅਗੰਮਾ ਆਏ ਨੱਸ, ਲੋਕਮਾਤੀ ਮਾਰ ਝਾਤੀ, ਗੁਰਮੁਖਾਂ ਦੇਵੇ ਲਹਿਣਾ ਦੇਣਾ ਬਾਕੀ, ਸ਼ਬਦ ਗਹਿਣਾ ਤਨ ਪਹਿਨਾਈਆ । ਨਾ ਕੋਈ ਜਾਣੇ ਬੰਦਾ ਖ਼ਾਕੀ, ਪੁਰਖ ਅਬਿਨਾਸ਼ੀ ਸ਼ਬਦ

ਘੋੜੇ ਸਾਚੇ ਚੜ੍ਹਿਆ ਰਾਕੀ, ਨਾਮ ਤੋੜਾ ਜੋਤੀ ਜੋੜਾ, ਸਾਚੀ ਕਲਗੀ ਜਗਤ ਜਗਦੀਸ਼ ਆਪਣੇ ਸੀਸ ਟਿਕਾਈਆ । ਕਲਜੁਗ ਵੇਲੇ ਅੰਤਮ ਬਹੁੜਾ, ਵੇਖੇ ਪਰਖੇ ਮਿੱਠਾ ਕੌੜਾ, ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਦ ਵਿਆਸਾ ਗਿਆ ਲਿਖਾਈਆ । ਸੰਬਲ ਨਗਰ ਸਾਢੇ ਤਿੰਨ ਹੱਥ ਲੰਮਾ ਚੌੜਾ, ਉਚਾ ਪਰਬਤ ਉਚਾ ਟਿੱਲਾ ਬਜਰ ਕਪਾਟੀ ਲਾਏ ਸਿਲ੍ਹਾ, ਅੰਦਰ ਮੰਦਰ ਬੰਦ ਕਰਾਈਆ । ਕਲਜੁਗ ਅੰਤਮ ਕੱਟਿਆ ਸ਼ਿਲਾ, ਵੇਖੇ ਖੇਲ ਸ਼ਬਦ ਘੋੜਾ ਨੀਲਾ, ਵਾਗ ਆਪਣੇ ਹੱਥ ਰਖਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਕਰਨਾ ਆਪਣਾ ਹੀਲਾ, ਦਰ ਦਵਾਰੇ ਆਏ ਜੋਤ ਸਰੂਪੀ ਛੈਲ ਛਬੀਲਾ, ਸੰਮਤ ਤੇਰਾਂ ਤੇਰੀ ਰੁੱਤ ਸੁਹਾਈਆ । ਤਨ ਬਸਤਰ ਪਾਏ ਚੋਲਾ ਪੀਲਾ, ਰੰਗ ਬਸੰਤੀ ਇਕ ਚੜ੍ਹਾਈਆ । ਰਾਜ ਮੰਤਰੀ ਵੇਖੇ ਜਗਤ ਕਬੀਲਾ, ਪੰਡਤ ਨਹਿਰੂ ਨਾਲ ਰਲਾਈਆ । ਮੌਲਾਨਾ ਆਜਾਦ ਪ੍ਰਭ ਵੇਖੇ ਦਾਦ, ਨੂਰ ਅਲਾਹੀ ਕਵਣ ਝੋਲੀ ਪਾਈਆ । ਦੇਸ ਪਰਦੇਸਾਂ ਸੁਣੇ ਫਰਿਆਦ, ਸ਼ਬਦ ਪਰਮੁਖ ਰਾਜ ਦਵਾਰੇ ਆਈਆ । ਧਰਤਮਾਤ ਤੇਰੀ ਸੁਫਲ ਕਰਾਏ ਕੁੱਖ, ਜਨ ਭਗਤਾਂ ਲਏ ਉਠਾਈਆ । ਗਊ ਗਰੀਬ ਨਿਮਾਣਿਆਂ ਆਤਮ ਕਟੇ ਦੁੱਖ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਊਚਾਂ ਨੀਚਾਂ ਏਕਾ ਥਾਂ ਬਹਾਈਆ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਗੋਪੀ ਕਾਹਨਾ ਕ੍ਰਿਸ਼ਨਾ ਰੂਪ ਅਨੂਪਾ, ਸਤਿ ਸਰੂਪਾ ਭੇਖਾਧਾਰੀ ਭੇਖ ਵਟਾਈਆ । ਬਿਰਲਾ ਸੇਠ ਵੇਖੇ ਕਵਣ ਦਵਾਰੇ ਧੁੱਖੇ ਧੂਪਾ, ਕਵਣ ਹਵਨ ਕਰਾਈਆ । ਅੰਤਮ ਲਹਿਣਾ ਦੇਣਾ ਚੁਕਣਾ ਮਹੀਨਾ ਜੇਠਾ, ਹਾੜ ਸਤਾਰਾਂ ਵਾਹੋ ਦਾਹੀਆ । ਭਰੇ ਰਹਿਣ ਜਗਤ ਭੰਡਾਰਾ, ਖਾਣਾ ਪੀਣਾ ਹੱਥ ਨਾ ਆਈਆ । ਜੋ ਜਨ ਹੋਏ ਭਿਖਾਰਾ ਚਰਨ ਦਵਾਰਾ, ਪ੍ਰਭ ਰੱਖੇ ਗੋਦ ਉਠਾਈਆ । ਅੱਸੂ ਤਿੰਨ ਰੱਖਣਾ ਯਾਦ ਦਿਵਸ ਦਿਹਾੜਾ, ਸੰਮਤ ਤੇਰਾਂ ਦਿੱਲੀ ਦਰਬਾਰ, ਨਰ ਨਿਰੰਕਾਰ ਆਵੇ ਜਾਵੇ ਫੇਰਾ ਪਾਈਆ । ਰਾਸ਼ਟਰਪਤ ਜੁਗਾਂ ਜੁਗਾਂ ਦਾ ਵਿਛਿੜਿਆ ਯਾਰ, ਜੁਗ ਤ੍ਰੇਤਾ ਯਾਦ ਕਰਾਈਆ । ਲਹਿਣਾ ਦੇਣਾ ਕਰਜ ਉਤਾਰ, ਅੰਤਮ ਆਪਣਾ ਮੇਲ ਮਿਲਾਈਆ । ਭਾਣਾ ਸਹਿਣਾ ਵਿਚ ਸੰਸਾਰ, ਨੇਤਰ ਨੈਣਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਵੇਖ ਘਰ, ਘਰ ਸਾਚੇ ਬੈਠਾ ਆਸਣ ਲਾਈਆ । ਘਰ ਮੰਦਰ ਸਾਚਾ ਮੀਤ, ਬੈਠਾ ਆਸਣ ਲਾਈਆ । ਇਕ ਸੁਣਾਏ ਸੁਹਾਗੀ ਗੀਤ, ਰਾਗ ਅਨਾਦਾ ਭੇਵ ਨਾ ਰਾਈਆ । ਚਰਨ ਕਵਲ ਜਨ ਰਾਖੋ ਚੀਤ, ਬ੍ਰਹਮ ਬ੍ਰਹਿਮਾਦਾ ਪਾਰਬ੍ਰਹਮ ਮੇਲ ਮਿਲਾਈਆ । ਕਾਇਆ ਕਰੇ ਠੰਢੀ ਸੀਤ, ਆਦਿ ਜੁਗਾਦਿ ਵਿਛੜ ਨਾ ਜਾਈਆ । ਦਰਸ ਦਿਖਾਏ ਇਕ ਅਤੀਤ, ਵਾਦ ਵਿਵਾਦਾ ਤਨ ਗਵਾਈਆ । ਨਾ ਕੋਈ ਜਾਣੇ ਹਸਤ ਕੀਟ, ਆਪਣੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਚਰਨ ਕਵਲ ਬਖ਼ਸ਼ੇ ਇਕ ਪਿਆਰ, ਸਾਚੀ ਰੀਤ ਮਾਤ ਚਲਾਈਆ । ਆਤਮ ਸੇਜਾ ਸਚ ਘਰ, ਦਿਵਸ ਰੈਣ ਵਸੇਰਾ । ਸਦ ਖੁੱਲ੍ਹਾ ਰਹੇ ਦਰ, ਚੁੱਕੇ ਮੇਰਾ ਤੇਰਾ । ਧੁਰ ਦਰਗਾਹੀ ਮਿਲੇ ਵਰ, ਲੋਕਮਾਤ ਰੈਣ ਵਸੇਰਾ । ਨਾ ਜਨਮੇ ਨਾ ਜਾਏ ਮਰ, ਸਾਚਾ ਮੇਲਾ ਗੁਰੂ ਗੁਰ ਚੇਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਚ ਘਰ, ਅੱਠੇ ਪਹਿਰ ਏਕਾ ਹਰਿ, ਨਾ ਸੰਞ ਸਵੇਰ ਨਾ ਦੂਸਰ ਰਾਤ । ਗੁਰਮੁਖ ਅੰਦਰ ਮੰਦਰ ਵੇਖ ਮਾਰ ਝਾਤ । ਮਿਲੇ ਮੇਲ ਪਰਮ ਪਰਮਾਤਮ, ਸ਼ਬਦ ਦੇਵੇ ਸਾਚੀ ਦਾਤ । ਆਤਮ ਛੁਟੇ ਜ਼ਾਤੀ ਜ਼ਾਤਮ, ਮਿਲੇ ਮੇਲ ਕਮਲਾਪਾਤ । ਨਾ ਕੋਈ ਜਾਣੇ ਧਰਮ ਸਨਾਤਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਰੱਖੇ ਸਦ ਪਰਭਾਤ । ਦਿਵਸ ਰੈਣ ਏਕਾ ਰੰਗ, ਗੁਰਚਰਨ ਚਿਤ ਲਾਇਆ ।

ਸਤਿਗੁਰ ਸਾਚਾ ਹੋਏ ਸੰਗ, ਮੀਤ ਮੀਤਾ ਆਪ ਅਖਵਾਇਆ । ਚਿੱਟੇ ਅਸਵ ਕਸੇ ਤੰਗ, ਨਾਮ ਪਲਾਣਾ ਪਾਇਆ । ਨੌ ਦਵਾਰੇ ਆਪੇ ਲੰਘ, ਦਸਵੇਂ ਕੁੰਡਾ ਆਪੇ ਲਾਹਿਆ । ਸ਼ਬਦ ਰੰਗੀਲਾ ਵੇਖ ਪਲੰਘ, ਸੋਹੰ ਡੰਡਾ ਹਰਿ ਟਿਕਾਇਆ । ਆਪ ਰਖਾਏ ਆਪਣੇ ਅੰਗ, ਪਾਰ ਕੰਢਾ ਨਾ ਕਿਸੇ ਵਖਾਇਆ । ਪੰਚ ਵਜਾਇਣ ਸਚ ਮਰਦੰਗ, ਰਾਗ ਰਾਗਨੀ ਰਹੇ ਅਲਾਇਆ । ਅੰਮ੍ਰਿਤ ਆਤਮ ਵਗੇ ਗੰਗ, ਸਤਿ ਸਰੋਵਰ ਨੀਰ ਵਹਾਇਆ । ਗੁਰਮੁਖ ਮੰਗ ਸਾਚੀ ਮੰਗ, ਆਪੇ ਕਟੇ ਭੁੱਖ ਨੰਗ, ਜੋਤੀ ਨੂਰ ਹਰਿ ਹਜ਼ੂਰ, ਆਸਾ ਮਨਸਾ ਭਗਤ ਪੂਰ, ਤਾਮਸ ਤ੍ਰਿਸ਼ਨਾ ਦਏ ਗਵਾਇਆ । ਵਸਿਆ ਘਰ ਹਰਿ ਧਨ ਪਾਇਆ, ਹੋਈ ਬੁਧ ਬਿਬੇਕਾ । ਚੁੱਕਿਆ ਡਰ ਤਨ ਮਨ ਵਸਾਇਆ, ਚਰਨ ਓਟ ਰਖਾਇਆ ਏਕਾ । ਹਰਿ ਹਰਿ ਭਾਣਾ ਰਿਹਾ ਜਰ, ਮਸਤਕ ਲਾਏ ਸਾਚੀ ਰੇਖਾ । ਸਾਚਾ ਮਾਰਗ ਰਿਹਾ ਵਖਾਇਆ, ਧੁਰ ਦਰਗਾਹੀ ਏਕਾ ਵਰ, ਆਪ ਚੁਕਾਏ ਅਗਲਾ ਪਿਛਲਾ ਲੇਖਾ । ਸ਼ਬਦ ਘੋੜੇ ਰਿਹਾ ਚੜ੍ਹਾਇਆ । ਇਕ ਸੁਹਾਏ ਬੰਕ ਦਵਾਰ, ਲਹਿਣਾ ਦੇਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਗੀ ਅੰਗ ਏਕਾ ਨਾਮ ਅਨਾਮੀ ਰਿਹਾ ਚੜ੍ਹਾਇਆ ।

ਹਰਿ ਜੋਤ ਸਰੂਪ ਸਮਾਇਆ, ਸ਼ਬਦੀ ਸ਼ਬਦ ਪਰਤੱਖ । ਵਡ ਸ਼ਾਹੋ ਭੂਪ ਦਿਸ ਕਿਸੇ ਨਾ ਆਇਆ, ਸੰਤ ਸੁਹੇਲੇ ਕਰੇ ਵੱਖ । ਅੰਧਕੂਪ ਚਾਰੋਂ ਕੁੰਟ ਅੰਧੇਰਿਆ, ਨਰ ਨਰਾਇਣ ਕਿਸੇ ਹੱਥ ਨਾ ਆਇਆ, ਮਾਇਆ ਮਮਤਾ ਕਰੋੜੀ ਲੱਖ । ਨੇਤਰ ਲੋਚਨ ਨੈਣ ਦਰਸ ਕਿਸੇ ਨਾ ਪਾਇਆ, ਜਗਤ ਵਸੂਰਾ ਨਾ ਗਿਆ ਲੱਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਰੁੱਲਾ ਸ਼ਬਦ ਚੜ੍ਹਾਏ ਸਾਚੇ ਰਥ । ਸ਼ਬਦ ਰਥ ਹਰਿ ਦਾਤਾਰ, ਕਲਜੁਗ ਮਾਤ ਚਲਾਇਆ । ਸਰਬ ਕਲਾ ਸਮਰਥ ਸਿਰਜਣਹਾਰ, ਇਕ ਇਕਾਂਤ ਰੂਪ ਸਮਾਇਆ । ਆਪੇ ਰੱਖੇ ਦੇ ਕਰ ਹੱਥ, ਗੁਰਮੁਖ ਸਾਚੇ ਪਿਤਾ ਪੂਤ ਗੋਦ ਉਠਾਇਆ । ਮਸਤਕ ਲਹਿਣਾ ਵੇਖੇ ਮੱਥ, ਸ਼ਬਦ ਸੂਤ ਸਾਚਾ ਤੰਦ ਬਣਾਇਆ । ਪਰਗਟ ਹੋਏ ਤ੍ਰੈਲੋਕੀ ਨਾਥ, ਨਾਥ ਅਨਾਥਾਂ ਦਇਆ ਕਮਾਇਆ । ਜਗਤ ਸੁਣਾਏ ਸਾਚੀ ਗਾਥ, ਸ਼ਬਦ ਸੰਦੇਸ਼ਾ ਇਕ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਸਾਚਾ ਮੀਤ, ਆਪ ਆਪਣੇ ਰੰਗ ਰੰਗਾਇਆ । ਰੰਗ ਗੁਲਾਲਾ ਰੰਗੇ ਚੋਲੀ, ਤਨ ਬਸਤਰ ਆਪ ਰੰਗਾਇਆ । ਹਰਿਜਨ ਉਠਾਏ ਸਾਚੀ ਡੋਲੀ, ਅਸਤਰ ਬਸਤਰ ਸਾਚਾ ਸ਼ਬਦ ਤਨ ਪਹਿਨਾਇਆ । ਪੰਚ ਆਤਮ ਬੋਲੇ ਹੌਲੀ ਹੌਲੀ, ਦਿਵਸ ਰੈਣ ਰੈਣ ਦਿਵਸ ਏਕਾ ਧਾਰ ਵਹਾਇਆ । ਅੰਦਰ ਮੰਦਰ ਪਰਦੇ ਖੋਲ੍ਹੀ, ਡੂੰਘੀ ਕੰਦਰ ਦੀਪਕ ਜੋਤ ਜਗਾਇਆ । ਜਗਤ ਮਾਇਆ ਜਗਤ ਵਿਚੋਲੀ, ਭਗਤਾਂ ਦਰ ਦਰ ਗਾਇਆ । ਨੌ ਦਵਾਰੇ ਹੋਈ ਗੋਲੀ, ਦਸਵੇਂ ਮੁਖ ਛੁਪਾਇਆ । ਸ਼ਬਦ ਸ਼ਬਦੀ ਲੇਖਨੇ ਜੋਤੀ, ਰੰਗ ਬਸੰਤੀ ਇਕ ਚੜ੍ਹਾਇਆ । ਪੂਰੇ ਤੋਲ ਆਪੇ ਤੋਲੀ, ਦਸਵੇਂ ਦਿਸ ਨਾ ਆਇਆ । ਜਗਤ ਭਿਛਿਆ ਪਾਏ ਝੋਲੀ, ਹਰਿ ਜਨ ਜਨ ਹਰਿ ਚਰਨ ਦਵਾਰੇ ਗੋਲੀ, ਸਗਲੀ ਚਿੰਤ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੰਦਕ ਦੁਸ਼ਟ ਦੁਰਾਚਾਰ ਦੋਏ ਲਏ ਤਰਾਇਆ । ਦਰ ਘਰ ਹਰਿ ਨਿਰੰਕਾਰ, ਦਰ ਦਰਵਾਜ਼ਾ ਦਿਸ ਨਾ ਆਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਗਰੀਬ ਨਿਵਾਜ਼ਾ ਆਸਣ ਲਾਇਆ । ਜੋਤੀ ਨੂਰ ਕਰ ਆਕਾਰ, ਸੁਰਤ ਸਵਾਣੀ ਸਾਜਨ

ਸਾਜਾ, ਆਪ ਆਪਣਾ ਵਿਚ ਵਸਾਇਆ । ਸ਼ਬਦ ਜਣਾਈ ਸੱਚੇ ਨਿਰੰਕਾਰ, ਅਨਹਦ ਰਾਗ ਵੱਜੇ ਵਧਾਈ, ਪੰਚਮ ਪੰਚਾਂ ਸੰਗ ਮਿਲਾਇਆ । ਗੁਰਮੁਖ ਸਾਚਾ ਸੰਗੀ ਸਾਥੀ, ਸਾਚਾ ਮੇਲ ਕਰਾਇਆ । ਅੰਦਰ ਮੰਦਰ ਰਿਹਾ ਸੁਣਾਈ । ਸਚ ਮਰਦੰਗਾ ਹਰਿ ਹਰਿ ਰੰਗਾ ਅੰਤ ਤਰੰਗਾ ਆਤਮਕ ਧੁਨ ਰਿਹਾ ਉਪਜਾਈ । ਵਡ ਦਾਤਾ ਸੂਰਾ ਸਰਬੰਗਾ, ਚਰਨ ਧੂੜ ਆਤਮ ਅੰਦਰ ਇਸ਼ਨਾਨ ਗੰਗਾ, ਦੁਰਮਤ ਮੈਲ ਰਿਹਾ ਗਵਾਈ । ਗੁਰਸਿਖ ਤ੍ਰਿਸ਼ਨਾ ਚਰਨ ਪਿਆਸ ਭੁੱਖਾ ਨੰਗਾ, ਅੰਮ੍ਰਿਤ ਆਤਮ ਮੇਘ ਰਿਹਾ ਮੁਖ ਚੁਆਈ । ਆਪੇ ਜਾਣੇ ਆਪਣਾ ਸੰਗਾ, ਪੰਚ ਵਿਕਾਰਾ ਤੋੜੇ ਕਾਚੀ ਵੰਗਾ, ਸ਼ਬਦ ਸ਼ਿੰਗਾਰ ਤਨ ਕਰਾਈ । ਆਤਮ ਅੰਤਰ ਹੋਏ ਅਨੰਦਾ, ਜੋਗ ਜੁਗਤ ਰੰਗ ਰਖੰਦਾ, ਸੋਹੰ ਢੋਲਾ ਰਸਨਾ ਗਾਈ । ਜੋਗ ਜੁਗਤ ਹਰਿ ਆਪ ਬਖ਼ਸ਼ਿੰਦਾ, ਹਰਿਜਨ ਉਪਜਾਏ ਸਾਚੀ ਬਿੰਦਾ, ਜਗਤ ਮਿਟਾਏ ਝੂਠੀ ਚਿੰਦਾ, ਅੰਮ੍ਰਿਤ ਆਤਮ ਧਾਰ ਵਹਾਏ ਸਾਗਰ ਸਿੰਧਾ, ਨੀਰ ਸੀਰ ਮੁਖ ਚੁਆਈ । ਜੋਤੀ ਜੋਤ ਸਰੂਪ ਹਰਿ, ਵਡ ਦਾਤਾ ਗੁਣੀ ਗਹਿੰਦਾ, ਤਨ ਪਹਿਨਾਏ ਬਸਤਰ ਚੀਰ, ਹਉਮੇ ਕੱਢੇ ਵਿਚੋਂ ਪੀੜ, ਸਾਚਾ ਮਾਰਗ ਇਕ ਰਖਾਈ । ਸਾਚ ਮਾਰਗ ਜਗਤ ਮਲਾਹ, ਧੁਰ ਦਰਗਾਹ ਰਖਾਇਆ । ਧਰਮ ਰਾਏ ਪਾਏ ਫਾਹ, ਲੱਖ ਚੁਰਾਸੀ ਫੰਦ ਕਟਾਇਆ । ਪ੍ਰਭ ਮਿਲਣ ਦਾ ਸਾਚਾ ਲਾਹ, ਮਾਨਸ ਦੇਹੀ ਲੇਖੇ ਲਾਇਆ । ਹੰਸ ਬਣਾਏ ਫੜ ਫੜ ਕਾਂ, ਜੁਗ ਜੁਗ ਵਿਛੜੇ ਮੇਲ ਮਿਲਾਇਆ । ਦਰਸ ਦਿਖਾਏ ਸਭਨੀ ਥਾਂ, ਆਪ ਆਪਣਾ ਰੂਪ ਵਟਾਇਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚਾ ਬਾਲ ਅੰਞਾਣਾ, ਆਪ ਆਪਣੀ ਗੋਦ ਉਠਾਇਆ । ਦੋ ਜਹਾਨੀ ਦੇਵੇ ਠੰਡੀ ਛਾਂ, ਅਗਾਧ ਬੋਧ ਸ਼ਬਦ ਜਣਾਇਆ । ਸੋਹੰ ਸੋ ਸਾਚਾ ਨਾਂ, ਸਤਿਜੁਗ ਸਾਚਾ ਮਾਰਗ ਲਾਇਆ । ਚਾਰ ਵਰਨ ਰਖਾਏ ਫੜ ਫੜ ਬਾਂਹ, ਊਚਾਂ ਨੀਚਾਂ ਭੇਵ ਮਿਟਾਇਆ । ਪੁਰਖ ਅਬਿਨਾਸ਼ੀ ਅਗੰਮ ਅਥਾਹ, ਰਾਜ ਰਾਜਾਨਾ ਸ਼ਾਹ ਸੁਲਤਾਨ ਰਿਹਾ ਜਣਾਇਆ । ਢਾਹੇ ਵਸਾਏ ਬੇਪਰਵਾਹ, ਭੇਵ ਅਭੇਦਾ ਅੰਤ ਕਲ ਵੇਦ ਕਿਤੇਬਾਂ ਸਾਰ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਸਿਰ ਹੱਥ ਟਿਕਾਇਆ ।

### ✻ ੧੭ ਸਾਵਣ ੨੦੧੩ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ✻

ਸ਼ਬਦ ਸਿੰਘਾਸਣ ਇਕ ਆਕਾਸ਼ੀ, ਪ੍ਰਭ ਅਬਿਨਾਸੀ ਡੇਰਾ ਲਾਇਆ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤੀ, ਇੰਦ ਇੰਦਰਾਸਣ ਸੇਵਾ ਲਾਇਆ । ਦੇਵੇ ਦਰਸ ਬਹੁ ਬਹੁ ਭਾਂਤੀ, ਭੇਵ ਅਭੇਦਾ ਭੇਵ ਨਾ ਰਾਇਆ । ਹਰਿਜਨ ਆਤਮ ਕਰੇ ਰਾਸੀ, ਚਾਰ ਵੇਦਾਂ ਦਿਸ ਨਾ ਆਇਆ । ਧੁਰ ਦਰਗਾਹੀ ਏਕਾ ਦਾਤੀ, ਆਤਮ ਝੋਲੀ ਸ਼ਬਦ ਭਰਾਇਆ । ਆਪੇ ਪਿਤਾ ਆਪੇ ਮਾਤੀ, ਆਪ ਆਪਣੀ ਗੋਦ ਉਠਾਇਆ । ਮੇਟ ਮਿਟਾਏ ਅੰਧੇਰੀ ਰਾਤੀ, ਦੀਪਕ ਜੋਤੀ ਚੰਦ ਚੜ੍ਹਾਇਆ । ਨਿਰਮਲ ਦੀਵਾ ਜਗੇ ਬਾਤੀ, ਹਰ ਘਟ ਵਾਸੀ ਰਿਹਾ ਜਗਾਇਆ । ਆਤਮ ਅੰਦਰ ਵੇਖੇ ਤਾਕੀ, ਬੰਦ ਕਿਵਾੜਾ ਆਪ ਕਰਾਇਆ । ਅੰਤਮ ਲਹਿਣਾ ਦੇਣਾ ਦੇਵੇ ਬਾਕੀ, ਸਿੰਘ ਬੱਗਾ ਹਿਸਾਬ ਮੁਕਾਇਆ । ਨਾ ਕੋਈ ਜਾਣੇ ਬੰਦਾ ਖ਼ਾਕੀ, ਸਾਧ ਸੰਤ ਸਾਰ ਨਾ ਰਾਇਆ । ਆਪੇ ਚੜ੍ਹਿਆ ਚਿੱਟੇ ਅਸਵ ਸਾਚੇ ਰਾਕੀ, ਲੋਆਂ ਪੁਰੀਆਂ ਵੇਖ ਵਖਾਇਆ । ਬੱਗਾ ਰੱਖੇ ਚਾਲ ਬਾਂਕੀ, ਅੱਠੇ ਪਹਿਰ ਹਰਿ ਰਘੁਰਾਇਆ । ਆਪ ਲਿਖਾਏ ਭਵਿਖਤ ਬਾਕੀ, ਕਲਜੁਗ ਮਿਟੇ ਅੰਧੇਰੀ ਰਾਤੀ, ਨਾ ਕੋਈ ਸਕੇ ਮੇਟ ਮਿਟਾਇਆ । ਅੰਤਮ ਢਹਿ ਢਹਿ


੮ ੦੬

ਢੇਰੀ ਹੋਏ ਖ਼ਾਕੀ, ਸੰਮਤ ਸੰਮਤੀ ਨੇੜੇ ਆਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਮਾਰਗ ਰਿਹਾ ਬਤਾਇਆ । ਹਰਿ ਪੁਰਖ ਅਥਾਹ ਬੇਪਰਵਾਹੀਆ । ਸੰਤ ਬਣਾਏ ਜਗਤ ਮਲਾਹ, ਵੇਖ ਵਖਾਣੇ ਥਾਉਂ ਥਾਈਆ । ਇਕ ਜਪਾਏ ਆਪਣਾ ਨਾਂ, ਨੌ ਦਵਾਰੇ ਬੰਦ ਕਰਾਈਆ । ਸ਼ਬਦ ਸੁਹੇਲਾ ਦੇਵੇ ਠੰਢੀ ਛਾਂ, ਆਤਮ ਤ੍ਰਿਸ਼ਨਾ ਅਗਨ ਮਿਟਾਈਆ । ਫੜ ਫੜ ਹੰਸ ਬਣਾਏ ਕਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਖ ਵਟਾਈਆ । ਹਰਿ ਦੁਲਾਰਾ ਸੰਤ, ਸੰਤ ਉਪਨਿਆ । ਹਰਿ ਬਖ਼ਸ਼ੇ ਚਰਨ ਪਿਆਰ, ਭਰਮ ਭੁਲੇਖਾ ਕੱਢੇ ਜਨਿਆ । ਅੰਮ੍ਰਿਤ ਆਤਮ ਠੰਢੀ ਧਾਰ, ਕਾਇਆ ਮੰਦਰ ਆਪੇ ਬੰਨ੍ਹਿਆ । ਜੋਤੀ ਨੂਰ ਅਪਰ ਅਪਾਰ, ਦਰ ਦਵਾਰੇ ਏਕਾ ਚੰਨਿਆ । ਹਰਿ ਸ਼ਬਦੀ ਸ਼ਬਦ ਭੰਡਾਰ, ਨਾ ਕੋਈ ਲਾਏ ਡੰਨਿਆ । ਗੁਰਮੁਖ ਵਿਰਲਾ ਕਰੇ ਵਣਜ ਵਪਾਰ, ਹੱਥ ਆਵੇ ਨਾ ਜੀਵ ਅੰਨ੍ਹਿਆ । ਜੁਗ ਜੁਗ ਮੇਲ ਮਿਲਾਏ ਵਿਛੜੇ ਯਾਰ, ਕਿਲ੍ਹਾ ਗੜ੍ਹ ਹੰਕਾਰੀ ਭੰਨਿਆ । ਪਰਗਟ ਹੋਏ ਨਰ ਹਰਿ ਸੱਚੀ ਸਰਕਾਰ, ਲੱਖ ਚੁਰਾਸੀ ਬੇੜਾ ਬੰਨ੍ਹਿਆ । ਕਲਜੁਗ ਅੰਤਮ ਵੇਖ ਵਿਚਾਰ, ਲੋਆਂ ਪੁਰੀਆਂ ਦੇਵੇ ਡੰਨਿਆ । ਬ੍ਰਹਮਾ ਬ੍ਰਹਮ ਕਰੇ ਵਿਚਾਰ, ਅੰਤਮ ਭਾਣਾ ਏਕਾ ਮੰਨਿਆ । ਸ਼ਿਵ ਸ਼ੰਕਰ ਹਾਹਾਕਾਰ, ਲੱਗੀ ਬਸੰਤਰ ਏਕਾ ਤਨਿਆ । ਕਰੋੜ ਤੇਤੀਸ ਕਰੇ ਨਿਮਸਕਾਰ, ਸੁਰਪਤ ਰਾਜਾ ਇੰਦ ਜਾਵੇ ਡੰਨਿਆ । ਰਵ ਸਸ ਧੁੰਦੂਕਾਰ, ਜੋ ਘੜਿਆ ਸੋ ਅੰਤਮ ਭੰਨਿਆ । ਲੱਖ ਚੁਰਾਸੀ ਉਤਰੇ ਪਾਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਦੇਵੇ ਡੰਨਿਆ । ਗੁਰਮੁਖ ਵਿਰਲਾ ਉਤਰੇ ਪਾਰ, ਜਿਸ ਭਾਣਾ ਹਰਿ ਹਰਿ ਮੰਨਿਆ । ਦੇਵੇ ਦਰਸ ਅਗੰਮ ਅਪਾਰ, ਏਕਾ ਰਾਗ ਸੁਣਾਏ ਕੰਨਿਆ । ਖੋਲ੍ਹੇ ਆਤਮ ਬੰਦ ਕਿਵਾੜ, ਸਾਚਾ ਘਰ ਇਕ ਵਖਾਏ ਦਇਆ ਕਮਾਏ ਨਾ ਕੋਈ ਛੱਪਰ ਛੰਨਿਆ । ਨਾ ਕੋਈ ਦੀਸੇ ਚਾਰ ਦਿਵਾਰ, ਨਾ ਕੋਈ ਸਾਂਝਾ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਬੇੜਾ ਆਪੇ ਬੰਨ੍ਹਿਆ । ਹਰਿ ਸੰਤ ਦੁਲਾਰਾ ਸੁਤ, ਮਾਤ ਉਪਾਇਆ । ਕਲਜੁਗ ਸੁਹਾਈ ਰੁੱਤ, ਕਾਇਆ ਖੇੜਾ ਇਕ ਵਸਾਇਆ । ਮਿਲਿਆ ਮੇਲ ਪੁਰਖ ਅਬਿਨਾਸ਼ੀ ਅਚੁੱਤ, ਪੰਚਾਂ ਝੇੜਾ ਆਪ ਮੁਕਾਇਆ । ਅੰਮ੍ਰਿਤ ਆਤਮ ਪੀਣਾ ਘੁੱਟ, ਖੁਲ੍ਹਾ ਵਿਹੜਾ ਇਕ ਰਖਾਇਆ । ਆਵਣ ਜਾਵਣ ਗਿਆ ਛੁੱਟ, ਸਾਚੇ ਪੌੜੇ ਸ਼ਬਦ ਚੜ੍ਹਾਇਆ । ਨਾਮ ਖਜ਼ਾਨਾ ਲਿਆ ਲੁਟ, ਆਤਮ ਪੱਲੂ ਅੱਗੇ ਡਾਹਿਆ । ਪੰਚ ਵਿਕਾਰਾ ਜੜ੍ਹ ਪੁੱਟ, ਸਚ ਦਵਾਰਾ ਇਕ ਵਸਾਇਆ । ਮਨਮੁਖ ਜੀਵਾਂ ਕੱਢੇ ਕੁੱਟ, ਹਰਿ ਹਰਿ ਸਾਚਾ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗ ਜੁਗ ਆਪਣਾ ਭੇਖ ਵਟਾਇਆ । ਹਰਿ ਸੰਤ ਪਿਆਰਾ ਮੀਤ, ਸਾਚਾ ਸੱਜਣਾ । ਆਪ ਚਲਾਏ ਸਾਚੀ ਰੀਤ, ਆਪੇ ਹੋਏ ਪੜਦਾ ਕੱਜਣਾ । ਕਾਇਆ ਦਿਹੁਰਾ ਗੁਰੂਦਵਾਰਾ ਮੰਦਰ ਮਸੀਤ, ਗੁਰਮੁਖ ਸਾਚੇ ਹਰਿ ਹਰਿ ਸਜਨਾ । ਇਕ ਸੁਣਾਏ ਅਨਾਦੀ ਗੀਤ, ਰਾਗ ਅਨਾਦਾ ਏਕਾ ਵੱਜਣਾ । ਦਿਵਸ ਰੈਣ ਪਰਖੇ ਨੀਤ, ਮਦਿਰਾ ਮਾਸ ਰਸਨਾ ਤਜਨਾ । ਚਰਨ ਕਵਲ ਉਪਰ ਧਵਲ ਸਾਚੀ ਪ੍ਰੀਤ, ਚਰਨ ਧੂੜੀ ਸਾਚਾ ਮਜਨਾ । ਕਾਇਆ ਕਰੇ ਠੰਡੀ ਸੀਤ, ਵੇਲੇ ਅੰਤਮ ਰੱਖੇ ਲਜਨਾ । ਆਪੇ ਹਸਤ ਆਪੇ ਕੀਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਕਾਇਆ ਘਰ ਆਪੇ ਚੋਲਾ ਤਜਨਾ । ਆਤਮ ਸੱਜਣ ਸਾਚਾ ਮੀਤੜਾ, ਪ੍ਰਭ ਸਾਚਾ ਮਾਤ ਬਣਾਇੰਦਾ । ਕਾਇਆ ਚੋਲੀ ਰੰਗੇ ਚੀਥੜਾ, ਏਕਾ ਰੰਗਣ ਨਾਮ ਚੜ੍ਹਾਇੰਦਾ । ਮੇਲ ਮਿਲਾਵਾ ਹਰਿ ਹਰਿ ਸਾਚੇ ਮੀਤੜਾ, ਹਰਿ ਸੰਜੋਗੀ ਮੇਲ ਮਿਲਾਇੰਦਾ ।

ਪੰਚਮ ਤਤ ਕੌੜਾ ਰੀਠੜਾ, ਆਪਣੀ ਹੱਥੀਂ ਭੰਨ ਵਖਾਇੰਦਾ । ਨਿਝ ਘਰ ਨਿਝ ਆਤਮ ਨਿਝ ਪਤ ਪਤਵੰਤਾ ਡੀਠੜਾ, ਨਿਝ ਆਸਣ ਆਪ ਸੁਹਾਇੰਦਾ ।
ਏਕਾ ਏਕ ਸੁਣਾਏ ਸੁਹਾਗੀ ਗੀਤੜਾ, ਸਾਚਾ ਮੰਗਲ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਅੰਤ ਕੰਤ
ਪਿਤਾ ਪੂਤ ਸੁਤ ਭਗਵੰਤ, ਭਗਵਾਨ ਮੇਲ ਮਿਲਾਇੰਦਾ । ਹਰਿ ਧਾਮ ਅਪਾਰ ਆਪ ਉਪਾਇਆ । ਜੋਤੀ ਜੋਤ ਕਰ ਆਕਾਰ, ਪਰਕਾਸ਼ ਪਰਕਾਸ਼
ਸਵਾਇਆ । ਚਾਰੋਂ ਕੁੰਟ ਏਕਾ ਧਾਰ, ਵਡ ਦਾਤਾ ਆਪ ਵਹਾਇਆ । ਅੰਦਰ ਬਾਹਰ ਗੁਪਤ ਜਾਹਰ, ਆਪ ਆਪਣਾ ਰੂਪ ਵਟਾਇਆ । ਆਪੇ
ਪੁਰਖ ਆਪੇ ਨਾਰ, ਆਪੇ ਪਿਤਾ ਪੂਤ ਅਖਵਾਇਆ । ਆਪੇ ਜਨਣੀ ਜਣ ਸੰਸਾਰ, ਆਪੇ ਆਪਣੀ ਗੋਦ ਉਠਾਇਆ । ਆਪੇ ਆਪਣਾ ਕਰ ਅਧਾਰ,
ਆਪ ਆਪਣੇ ਬਲ ਜਿਵਾਇਆ । ਆਪੇ ਜਾਣੇ ਆਪਣੀ ਕਾਰ, ਆਪ ਆਪਣੇ ਧੰਦੇ ਲਾਇਆ । ਸਾਚੀ ਚੋਲੀ ਹਰਿ ਕਰਤਾਰ, ਏਕਾ ਏਕ ਆਪ
ਸੁਹਾਇਆ । ਆਪੇ ਬੈਠ ਸੱਚੀ ਸਰਕਾਰ, ਆਪ ਆਪਣਾ ਮਤਾ ਪਕਾਇਆ । ਨਾ ਕੋਈ ਦੀਸੇ ਮੀਤ ਮੁਰਾਰ, ਭੈਣਾ ਭਾਈ ਨਾ ਕੋਈ ਅਖਵਾਇਆ ।
ਬਸਤਰ ਸ਼ਸਤਰ ਨਾ ਕੋਈ ਕਟਾਰ, ਤੀਰ ਤਲਵਾਰ ਨਾ ਕੋਈ ਰਖਾਇਆ । ਜਲ ਥਲ ਨਾ ਕੋਈ ਪਹਾੜ, ਉਚਾ ਪਰਬਤ ਦਿਸ ਨਾ ਆਇਆ ।
ਜੰਗਲ ਜੂਹ ਨਾ ਕੋਈ ਉਜਾੜ, ਨਗਰ ਖੇੜਾ ਨਾ ਬਣਤ ਬਣਾਇਆ । ਨਾ ਕੋਈ ਦੀਸੇ ਪੰਚਮ ਧਾੜ, ਪੰਚਮ ਤਤ ਨਾ ਕੋਈ ਉਪਾਇਆ । ਪੰਝੀ
ਪ੍ਰਕਿਰਤੀ ਨਾ ਲਾੜੀ ਲਾੜ, ਅੱਠਾਂ ਅੱਠਾਂ ਵੱਖ ਰਖਾਇਆ । ਨਾ ਕੋਈ ਦੀਸੇ ਨੌਂ ਦਵਾਰ, ਪੈਰ ਹੱਥ ਨਾ ਮੁਖ ਰਖਾਇਆ । ਨਾ ਕੋਈ ਦਿਸੇ
੧੦ ਧੁੰਦੂਕਾਰ, ਸੂਰਜ ਚੰਦ ਨਾ ਕੋਈ ਚੜ੍ਹਾਇਆ । ਨਾ ਕੋਈ ਦੀਪ ਲੋਅ ਪਤਾਲ, ਧਰਤ ਧਵਲ ਨਾ ਕੋਈ ਸਹਾਇਆ । ਨਾ ਕੋਈ ਕਾਲ ਨਾ ਮਹਾਂਕਾਲ, ੧੦
੦੬ ਜਗਤ ਜੰਜਾਲ ਨਾ ਕੋਈ ਰਖਾਇਆ । ਨਾ ਕੋਈ ਤੀਰਥ ਨਾ ਕੋਈ ਤਾਲ, ਨਾ ਕੋਈ ਸ਼ਬਦ ਤਾਲ ਵਜਾਇਆ । ਨਾ ਕੋਈ ਪਵਣ ਪਾਣੀ ਮਸਾਨ, ੦੬
ਨਾ ਕੋਈ ਅਗਨੀ ਹਵਨ ਕਰਾਇਆ । ਨਾ ਕੋਈ ਖਾਣੀ ਬਾਣੀ ਵੇਦ ਪੁਰਾਨ, ਅੰਜੀਲ ਕੁਰਾਨ ਨਾ ਕੋਈ ਗਾਇਆ । ਨਾ ਕੋਈ ਵੇਖੇ ਮਾਰ ਧਿਆਨ,
ਪੁਰਖ ਅਗੰਮਾ ਕਵਣ ਕੂਟੇ ਡੇਰਾ ਲਾਇਆ । ਨਾ ਕੋਈ ਚਤਰ ਸੁਘੜ ਸਿਆਣ, ਗਿਆਨੀ ਧਿਆਨੀ ਨਾ ਕੋਇ ਰਖਾਇਆ । ਨਾ ਕੋਈ ਵੇਦ ਕਤੇਬ
ਸੁਜਾਨ, ਕਾਇਆ ਮਾਟੀ ਨਾ ਹੱਟ ਵਿਕਾਇਆ । ਨਾ ਕੋਈ ਮੱਕਾ ਕਾਅਬਾ ਦੋ ਦੋ ਆਬਾ ਪੀਣ ਖਾਣ, ਪੀਰ ਪੈਗ਼ੰਬਰ ਨਾ ਕੋਈ ਰਖਾਇਆ । ਗੁਰਦਵਾਰਾ
ਮੰਦਰ ਨਾ ਦੀਸੇ ਕੋਈ ਕਵਲ ਨਾਭਾ, ਅੰਮ੍ਰਿਤ ਆਤਮ ਨਾ ਮੁਖ ਚੁਆਇਆ । ਨਾ ਕੋਈ ਪੁੰਨ ਨਾ ਸਵਾਬਾ, ਨਾ ਕੋਈ ਦੇਵੇ ਅੰਤ ਅਜਾਬਾ, ਨਾ
ਕੋਈ ਸ਼ਾਹ ਨਾ ਨਵਾਬਾ, ਰਾਜ ਰਾਜਾਨਾ ਕੋਈ ਦਿਸ ਨਾ ਆਇਆ । ਨਾ ਕੋਈ ਘੋੜਾ ਜੋੜਾ ਚਰਨ ਰਕਾਬਾ, ਸ਼ਾਹ ਸੁਲਤਾਨ ਨਾ ਨਜ਼ਰੀ ਆਇਆ ।
ਨਾ ਕੋਈ ਮਹੀਨਾ ਜੇਠ ਨਾ ਮਜਨ ਮਾਘਾ, ਸਾਧ ਸੰਤ ਨਾ ਨਜ਼ਰੀ ਆਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ, ਆਪਣੇ ਘਰ ਆਪੇ ਵੱਡੇ ਭਾਗਾ,
ਦੂਸਰ ਕੋਇ ਨਾ ਸੰਗ ਰਲਾਇਆ । ਆਪੇ ਸੁਰਤ ਸਵਾਣੀ ਆਪੇ ਕੰਤ ਭਤਾਰ ਸੁਹਾਗਾ, ਆਪ ਆਪਣੀ ਸੇਜ ਹੰਡਾਇਆ । ਆਪੇ ਸੋਇਆ ਆਪੇ
ਜਾਗਾ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਹੱਥੀਂ ਬੰਨ੍ਹੇ ਤਾਗਾ, ਆਪ ਆਪਣਾ ਸਗਨ ਮਨਾਇਆ । ਆਪੇ ਮਿਲ ਮਿਲ ਗਾਏ ਰਾਗਾ,
ਆਪ ਆਪਣਾ ਗੀਤ ਅਲਾਇਆ । ਆਪੇ ਹੰਸ ਆਪੇ ਕਾਗਾ, ਆਪੇ ਪੰਖੀ ਪੰਛੀ ਸਰਵਰ ਆਪ ਆਪਣਾ ਰੂਪ ਵਟਾਇਆ । ਆਪ ਆਪਣੀ ਸਰਨੀ
ਲਾਗਾ, ਆਪ ਆਪਣਾ ਨਾਉਂ ਰਖਾਇਆ । ਆਪ ਆਪਣੀ ਪਕੜੇ ਵਾਗਾ, ਡੋਰੀ ਆਪਣੇ ਹੱਥ ਰਖਾਇਆ । ਆਪੇ ਬਾਸ਼ਕ ਸੇਜ ਮਾਣੇ ਨਾਗਾ,

ਸਾਗੋਂ ਪਾਂਗ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸੇ ਘਰ, ਸਦ ਆਪਣਾ ਥਾਂ ਸੁਹਾਇਆ । ਹਰਿ ਸੁਹਾਏ ਥਾਂ ਅਗੰਮ ਅਗੋਚਰਾ, ਨਜ਼ਰ ਕਿਸੇ ਨਾ ਆਇਆ । ਸ੍ਰਿਸ਼ਟ ਸਬਾਈ ਕਰੇ ਸੋਚ, ਸੰਤ ਸਾਧ ਚੜ੍ਹ ਚੜ੍ਹ ਥੱਕੇ ਭੇਵ ਕਿਸੇ ਨਾ ਪਾਇਆ । ਪ੍ਰਭ ਦਰਸ਼ਨ ਕੋ ਸ੍ਰਿਸ਼ਟ ਸਬਾਈ ਰਹੀ ਲੋਚ, ਵਿਰਲੇ ਗੁਰਮੁਖ ਪਾਇਆ । ਘਰ ਘਰ ਬੈਠੇ ਸਾਰੇ ਕਹਿਣ, ਅੱਗੇ ਹੋ ਨਾ ਕੋਇ ਅਲਾਇਆ । ਖੱਬੇ ਖੜੀ ਮੌਤ ਲਾੜੀ ਡੈਣ, ਸੱਜੇ ਕਾਲ ਰਿਹਾ ਡਰਾਇਆ । ਮਾਇਆ ਮਮਤਾ ਰੁੜ੍ਹੇ ਝੂਠੇ ਵਹਿਣ, ਗੁਰ ਪੂਰਾ ਅੰਤਮ ਲੈਣ ਨਾ ਆਇਆ । ਜਗਤ ਨਾਤਾ ਝੂਠਾ ਬਣਾਇਆ ਭਾਈ ਭੈਣ, ਸੰਗਤ ਤੇਰਾ ਲਹਿਣਾ ਦੇਣ ਕਿਸੇ ਨਾ ਮੂਲ ਚੁਕਾਇਆ । ਬਿਨ ਗੁਰ ਪੂਰੇ ਨੌਂ ਦਵਾਰੇ ਸਾਰੇ ਰਹਿਣ, ਦਸਵਾਂ ਘਰ ਨਾ ਕਿਸੇ ਵਖਾਇਆ । ਨਾ ਕੋਈ ਸਾਕ ਸੱਜਣ ਸੈਣ, ਪ੍ਰਭ ਲੇਖਾ ਆਪਣੇ ਹੱਥ ਰਖਾਇਆ । ਜਨ ਭਗਤਾਂ ਚੁਕਾਏ ਲਹਿਣ ਦੇਣ, ਦੇਵਣਹਾਰ ਆਪ ਅਖਵਾਇਆ । ਸ਼ਬਦ ਪਹਿਨਾਏ ਗਹਿਣਾ ਗਹਿਣ, ਤਨ ਬਸਤਰ ਇਕ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਸਚ ਘਰ, ਸਾਚਾ ਆਪਣਾ ਧਾਮ ਸੁਹਾਇਆ । ਸਚ ਸੁਹਾਏ ਧਾਮ, ਹਰਿ ਬਨਵਾਰੀਆ । ਜੋਤੀ ਨੂਰ ਰਮਈਆ ਰਾਮ, ਹਰਿ ਜੋਤੀ ਕ੍ਰਿਸ਼ਨ ਮੁਰਾਰੀਆ । ਆਪੇ ਆਪ ਘਨਈਆ ਸ਼ਾਮ, ਭੇਖਧਾਰੀ ਭੇਖ ਅਪਾਰੀਆ । ਆਪੇ ਅੰਮ੍ਰਿਤ ਆਤਮ ਜਾਮ, ਆਪੇ ਭਰਿਆ ਸ਼ਬਦ ਭੰਡਾਰੀਆ । ਆਪ ਜਪਾਏ ਆਪਣਾ ਨਾਮ, ਆਪੇ ਦੇਵੇ ਚਰਨ ਪਿਆਰੀਆ । ਆਪ ਮਿਟਾਏ ਅੰਧੇਰੀ ਸ਼ਾਮ, ਦੀਪਕ ਜੋਤ ਕਰੇ ਉਜਿਆਰੀਆ । ਅੰਮ੍ਰਿਤ ਆਤਮ ਪਿਆਏ ਜਾਮ, ਦਿਵਸ ਰੈਣ ਰਹੇ ਖੁਮਾਰੀਆ । ਪੰਚਾਂ ਤਤਾਂ ਕਰੇ ਏਕਾ ਤਾਮ, ਤਨ ਲਾਹੇ ਦੂਈ ਦਵੈਤ ਬੀਮਾਰੀਆ । ਲੇਖੇ ਲੱਗੇ ਕਾਇਆ ਚਾਮ,

੧੧ ਜੋ ਜਨ ਆਏ ਬੰਕ ਦਵਾਰੀਆ । ਅੱਗੇ ਕੋਈ ਨਾ ਲਾਏ ਦਾਮ, ਸ਼ਬਦ ਦੇਵੇ ਜਗਤ ਸਹਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ੧੧

੦੬ ਧਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਪੇ ਅੰਦਰ ਆਪੇ ਬਾਹਰੀਆ । ਆਪ ਆਪਣਾ ਘਰ ਵਸਾਇਆ, ਚਾਰੇ ਕੁੰਟ ਵਖਾਨੀਆ । ਦਹਿ ੦੬

ਦਹਿ ਦਿਸ਼ਾ ਪ੍ਰਭ ਡੇਰਾ ਲਾਇਆ, ਸਭ ਘਟ ਜਾਣੀ ਜਾਨੀਆ । ਸੰਞ ਸਵੇਰਾ ਇਕ ਕਰਾਇਆ, ਏਕਾ ਸ਼ਬਦ ਏਕਾ ਬਾਣੀਆ । ਸਪਤਮ ਘਰ ਉਠ ਉਠ ਧਾਇਆ, ਛੇਵੇਂ ਵੇਖੇ ਗੁਣ ਨਿਧਾਨੀਆ । ਜੋਤੀ ਨਾਰੀ ਦਇਆ ਕਮਾਇਆ, ਸ਼ਬਦ ਸੁਤ ਪ੍ਰਭ ਝੋਲੀ ਪਾਇਆ, ਛੇਵੇਂ ਅੰਦਰ ਬੰਦ ਕਰਾਇਆ, ਅੰਮ੍ਰਿਤ ਦੇਵੇ ਠੰਢਾ ਪਾਣੀਆ । ਬੱਤੀ ਦੰਦ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਆਪਣਾ ਘਰ, ਜੋਤੀ ਸ਼ਬਦੀ ਏਕਾ ਵਰ, ਸਾਚਾ ਮੇਲਾ ਹਾਣੀ ਹਾਣੀਆ । ਸ਼ਬਦ ਜੋਤੀ ਇਕ ਸਲਾਹ, ਘਰ ਸਾਚੇ ਮਤਾ ਪਕਾਇਆ । ਪੁਰਖ ਅਬਿਨਾਸ਼ੀ ਇਕ ਮਲਾਹ, ਗਤਮਿਤ ਨਾ ਕੋਇ ਜਣਾਇਆ । ਨਾ ਕੋਈ ਜਾਣੇ ਸਾਚਾ ਰਾਹ, ਥਿਰ ਘਰ ਦਿਸ ਕਿਸੇ ਨਾ ਆਇਆ । ਸ਼ਬਦ ਸਿੰਘਾਸਣ ਬੈਠਾ ਬੇਪਰਵਾਹ, ਜੋਤੀ ਨੂਰ ਸਵਾਇਆ । ਸਾਚਾ ਆਸਣ ਏਕਾ ਥਾਂ, ਲੋਕਮਾਤੀ ਦਿਸ ਨਾ ਆਇਆ । ਆਪੇ ਪਕੜਨਹਾਰਾ ਬਾਂਹ, ਆਪ ਆਪਣੀ ਗੋਦ ਉਠਾਇਆ । ਦਰ ਦਵਾਰੇ ਦੇਵੇ ਠੰਡੀ ਛਾਂ, ਸਤਿ ਸ਼ਬਦੀ ਹੁਕਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਵਖਾਏ ਇਕ ਘਰ, ਸਚ ਮੇਲਾ ਮੇਲ ਮਿਲਾਇਆ । ਜੋਤੀ ਸ਼ਬਦ ਇਕ ਦਵਾਰ, ਘਰ ਸਾਚੇ ਮੇਲ ਮਿਲਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਪੰਚਮ ਕੁੰਡਾ ਲਾਹਿੰਦਾ । ਪਵਣ ਸਵਾਸੀ ਕਰ ਤਿਆਰ, ਸ਼ਬਦੀ ਰੂਪ ਚੜ੍ਹਾਇੰਦਾ । ਤਿੰਨਾਂ ਮੇਲਾ ਇਕ ਦਵਾਰ, ਪੁਰਖ ਅਬਿਨਾਸ਼ੀ ਬਣਤ ਬਣਾਇੰਦਾ ।

ਆਪੇ ਜਾਣੇ ਆਪਣੀ ਧਾਰ, ਆਪ ਆਪਣੀ ਕਰ ਵਿਚਾਰ, ਦੂਸਰ ਕੋਈ ਭੇਵ ਨਾ ਪਾਇੰਦਾ । ਤਿੰਨਾਂ ਨਾਤਾ ਇਕ ਪਿਆਰ, ਪਵਣ ਜੋਤੀ ਸ਼ਬਦ ਅਧਾਰ, ਏਕਾ ਰੂਪ ਸਮਾਇੰਦਾ । ਨਿਰਗੁਣ ਰੂਪ ਅਗੰਮ ਅਪਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਚੌਥਾ ਘਰ, ਸਾਚਾ ਮੰਡਲ ਫੋਲ ਫੁਲਾਇੰਦਾ । ਚੌਥੇ ਘਰ ਸਾਚੀ ਰਾਸ, ਪ੍ਰਭ ਆਪਣੀ ਆਪ ਪਾਈਆ । ਨਾ ਕੋਈ ਦੀਸੇ ਹੱਡ ਨਾੜੀ ਮਾਸ, ਨਾ ਕੋਈ ਅੰਡਜ ਜੇਰਜ ਉਤਭੁਜ ਸੇਤਜ ਖਾਣੀਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਨਾ ਕੋਈ ਰਾਗ ਨਾਦ ਗਾਏ ਕੋਈ ਬਾਣੀਆ । ਨਾ ਕੋਈ ਚਲੇ ਪਵਣ ਸਵਾਸ, ਨਾ ਕੋਈ ਮੇਲੇ ਹਾਣੀ ਹਾਣੀਆ । ਨਾ ਕੋਈ ਜੰਗਲ ਨਾ ਪਰਭਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰੇ ਆਪ ਪਛਾਣੀਆ । ਚੌਥੇ ਘਰ ਖੇਲ ਨਿਆਰਾ, ਹਰਿ ਸਾਚਾ ਆਪ ਰਚਾਇੰਦਾ । ਦਰ ਘਰ ਸਾਚੇ ਬੈਠ ਸੱਚੀ ਸਰਕਾਰਾ, ਆਪਣੀ ਬਣਤ ਬਣਾਇੰਦਾ । ਨੂਰ ਅਗੰਮੀ ਸ਼ਬਦੀ ਧਾਰਾ, ਪਵਣੀ ਦੇਵੇ ਇਕ ਹੁਲਾਰਾ, ਸਾਚਾ ਝੂਲਾ ਆਪ ਝੁਲਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਆਪ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣਾ ਘਰ, ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਅਗਣਤ ਨਾ ਗਣਿਆ ਜਾਏ, ਭੇਵ ਨਾ ਭੇਵਿਆ । ਦੇਵ ਦੰਤ ਨਾ ਜਾਣੇ ਰਾਏ, ਰਸਨਾ ਕੋਇ ਨਾ ਕਿਸੇ ਸੇਵਿਆ । ਜੀਵ ਜੰਤ ਫਿਰੇ ਹਲਕਾਏ, ਗੁਰਮੁਖ ਵਿਰਲੇ ਸਾਚੇ ਸੰਤ ਮੇਲ ਮਿਲਾਏ, ਮਸਤਕ ਲਾਏ ਸਾਚਾ ਥੇਵਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਤਤ, ਸਾਚੀ ਬਣਤ ਬਣਾਈਆ । ਤ੍ਰੈਗੁਣ ਮਾਇਆ ਤਖ਼ਤ ਰਚਾਇਆ, ਪ੍ਰਭ ਸਾਚੇ ਸੇਜ ਵਿਛਾਈਆ । ਆਪ ਆਪਣਾ ਰਾਜ ਕਮਾਇਆ, ਰਾਜ ਦੂਤ ਆਪ ਅਖਵਾਈਆ । ਲੱਖ ਚੁਰਾਸੀ ਕਾਜ ਰਚਾਇਆ, ਆਪ ਆਪੇ ਲਏ ਉਪਾਈਆ । ਕਵਲ ਨਾਭੀ ਆਵਾਜ਼ ਲਗਾਇਆ, ਅੰਮ੍ਰਿਤ ਮੁਖ ਚੁਆਇਆ, ਬ੍ਰਹਮਾ ਬ੍ਰਹਮ ਉਪਾਈਆ । ਸਾਜਨ ਸਾਜ ਆਪ ਅਖਵਾਇਆ, ਗਰੀਬ ਨਿਵਾਜ ਹਰ ਹਰ ਥਾਂਇਆ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਦਵਾਰ ਬੰਕ, ਆਪ ਆਪਣੇ ਧਾਮ ਸੁਹਾਈਆ । ਸਚ ਦਵਾਰਾ ਬੰਕ, ਹਰਿ ਸੁਹਾਨਿਆ । ਨਾ ਕੋਈ ਰਾਓ ਨਾ ਕੋਈ ਰੰਕ, ਨਾ ਕੋਈ ਰਾਜ ਸ਼ਾਹ ਸੁਲਤਾਨਿਆ । ਏਕਾ ਜੋਤੀ ਨੂਰ ਸ਼ਬਦ ਤਨਕ, ਆਪ ਲਗਾਏ ਵਾਲੀ ਦੋ ਜਹਾਨਿਆ । ਜੋਤੀ ਭੇਖਾ ਬਾਰ ਅਨਕ, ਅੰਕ ਅਨਕ ਕਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਦਿਸਾਏ ਸਚ ਘਰ, ਜੋਤੀ ਨੂਰ ਸ੍ਰੀ ਭਗਵਾਨਿਆ । ਕਵਣ ਘਾਟ ਜਨ ਉਤਰੇ ਪਾਰ, ਕਵਣ ਮਲਾਹ ਬਣਾਈਆ । ਕਵਣ ਵਖਾਏ ਇਕ ਲਿਲਾਟ, ਜੋਤ ਨਿਰੰਜਣ ਇਕ ਜਗਾਈਆ । ਕਵਣ ਮਾਰ ਸ਼ਬਦ ਸਾਟ, ਓਅੰਕਾਰਾ ਰੂਪ ਵਟਾਈਆ । ਕਵਣ ਵਖਾਏ ਤੀਰਥ ਤਾਟ, ਅੰਮ੍ਰਿਤ ਆਤਮ ਜਾਮ ਪਿਆਈਆ । ਕਵਣ ਪਾੜੇ ਬਜਰ ਕਪਾਟ, ਤੀਰ ਨਿਰਾਲਾ ਸ਼ਬਦ ਚਲਾਈਆ । ਕਵਣ ਵਣਜ ਕਰਾਏ ਸਾਚਾ ਹਾਟ, ਸਾਚਾ ਨਾਮ ਝੋਲੀ ਪਾਈਆ । ਕਵਣ ਦੁਰਮਤ ਮੈਲ ਦੇਵੇ ਕਾਟ, ਕਾਗ ਹੰਸ ਉਡਾਈਆ । ਕਵਣ ਬਹਾਏ ਸਾਚੀ ਖਾਟ, ਪਾਵਾ ਚੂਲ ਨਾ ਕੋਈ ਰਖਾਈਆ । ਕਵਣ ਰਸ ਹਰਿਜਨ ਲਏ ਚਾਟ, ਆਤਮ ਰਸ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਥਾਉਂ ਥਾਈਆ । ਕਵਣ ਆਤਮ ਰਸ ਰਸ, ਕਵਣ ਮੁਖ ਚਵੀਜੇ । ਕਵਣ ਰਾਗ ਸੁਣਾਏ ਹੱਸ ਹੱਸ, ਕਵਣ ਨਾਦ ਸੁਣੀਜੇ । ਕਵਣ ਮੇਲ


੧੨
੦੬

ਮਿਲਾਏ ਰਾਹ ਦੱਸ ਦੱਸ, ਸੁਰਤ ਸ਼ਬਦੀ ਬੀਜ ਬੀਜੇ । ਕਵਣ ਪਰਕਾਸ਼ ਕਰਾਏ ਕੋਟਨ ਰਵ ਸਸ, ਕਵਣ ਕਾਰਜ ਕੀਜੇ । ਕਵਣ ਪੰਜ ਵਿਕਾਰਾ
ਦੇਵੇ ਭੱਸ, ਕਵਣ ਪੱਲੂ ਨਾਮ ਫੜਾਏ ਖੜ ਦਰ ਦਹਿਲੀਜੇ । ਕਵਣ ਮੇਟੇ ਰੈਣ ਅੰਧੇਰੀ ਮੱਸ, ਤਨ ਮਨ ਆਤਮ ਏਕਾ ਸੀਜੇ । ਕਵਣ ਸ਼ਬਦ
ਜਨ ਕਰੇ ਵਸ, ਮਨ ਮੰਦਰ ਇਕ ਗਵੀਜੇ । ਕਵਣ ਨੌਂ ਦਵਾਰੇ ਕਰੇ ਵਸ, ਕਵਣ ਦਸਵਾਂ ਦਰ ਖੁਲ੍ਹੀਜੇ । ਕਵਣ ਦੇਵੇ ਸਾਚਾ ਵਰ, ਦਰਸ
ਦਿਖਾਏ ਨੈਣ ਤੀਜੇ । ਕਵਣ ਚੁਕਾਏ ਜਮ ਦਾ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਘਰ, ਕਵਣ ਦਵਾਰਾ
ਹਰਿ ਨਿਰੰਕਾਰਾ, ਸ਼ਬਦ ਭੰਡਾਰਾ ਸੰਤ ਦਵਾਰਾ ਗੁਰਮੁਖਾਂ ਕਰੇ ਸਾਚੀ ਰੀਝੇ । ਕਵਣ ਅੰਧ ਕਵਣ ਅੰਧੇਰਾ, ਕਵਣ ਗੁਫਾ ਸੁਹਾਈਆ । ਕਵਣ
ਪੰਧ ਆਵਣ ਜਾਵਣ ਗੇੜਾ, ਕਵਣ ਲੱਖ ਚੁਰਾਸੀ ਵਿਚ ਭਵਾਈਆ । ਕਵਣ ਬੰਨ੍ਹਣਹਾਰਾ ਬੇੜਾ, ਕਵਣ ਆਪਣੇ ਕੰਧ ਉਠਾਈਆ । ਕਵਣ ਵਸਾਏ
ਕਾਇਆ ਨਗਰ ਖੇੜਾ, ਪੰਚਮ ਝੇੜਾ ਦਏ ਚੁਕਾਈਆ । ਕਵਣ ਕਰਾਏ ਕਾਇਆ ਖੁਲ੍ਹਾ ਵੇਹੜਾ, ਦੂਈ ਦਵੈਤੀ ਭਰਮਾਂ ਕੰਧ ਰਿਹਾ ਹੱਥੀਂ ਢਾਹੀਆ ।
ਕਵਣ ਕਰੇ ਹੱਕ ਨਬੇੜਾ, ਕਵਣ ਤੋੜੇ ਜਮ ਕੀ ਫਾਹੀਆ । ਕਵਣ ਬੰਨੇ ਸੀਸ ਸਾਚਾ ਸਿਹਰਾ, ਕਵਣ ਮਸਤਕ ਤਿਲਕ ਲਗਾਈਆ । ਕਵਣ
ਪਾਏ ਸ਼ਬਦ ਘੇਰਾ, ਸਾਚਾ ਰਾਹ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਵੇਖੇ ਸਚ ਘਰ, ਸੰਤ ਦਵਾਰਾ ਇਕ ਵਰ, ਨਾਰੀ ਨਾਰਾ
ਰੂਪ ਵਟਾਈਆ । ਕਵਣ ਰਾਗ ਕਵਣ ਕੰਨ, ਕਵਣ ਜਨ ਸੁਣਾਇੰਦਾ । ਕਵਣ ਮਾਲ ਕਵਣ ਧਨ, ਕਵਣ ਝੋਲੀ ਪਾਇੰਦਾ । ਕਵਣ ਵਸੇ ਛੱਪਰੀ
ਛੰਨ, ਕਵਣ ਮਹੱਲ ਅਟੱਲ ਬਣਾਇੰਦਾ । ਕਵਣ ਜੋਤ ਜਗਾਏ ਤਨ, ਕਵਣ ਰੂਪ ਸ਼ਾਹੋ ਭੂਪ ਭੇਖੀ ਭੇਖ ਵਟਾਇੰਦਾ । ਕਵਣ ਮਨ ਪ੍ਰਭ ਦੇਵੇ
੧੩ ਬੰਨ੍ਹ, ਸਾਚੇ ਮੰਦਰ ਨਾ ਲਾਏ ਸੰਨ੍ਹ, ਦਰ ਦਵਾਰ ਦੁਰਕਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਸੰਤ ਦਵਾਰਾ ਵਸਿਆ ਘਰ, ੧੩
੦੬ ਹਰੀ ਹਰਿ ਕਵਣ ਮਿਲਾਇੰਦਾ । ਕਵਣ ਹਰਿ ਕਵਣ ਮਿਲਾਵਾ, ਕਵਣ ਸੰਗ ਰਖਾਈਆ । ਕਵਣ ਘਰ ਕਵਣ ਥਾਉਂ, ਕਵਣ ਗੜ੍ਹ ਤੁੜਾਈਆ । ੦੬
ਕਵਣ ਪਕੜੇ ਆਪਣੇ ਹੱਥੀਂ ਬਾਹੋਂ, ਉਪਰ ਚੜ੍ਹ ਹੋਏ ਸਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਸਭ ਦੇ ਅੰਦਰ ਬੈਠਾ ਵੜ, ਦਿਵਸ ਰੈਣ
ਰਿਹਾ ਲੜ, ਜੀਵ ਜੰਤ ਭੇਵ ਨਾ ਜਾਣੇ ਰਾਈਆ । ਜਿਸ ਫੜਾਏ ਆਪਣਾ ਲੜ, ਪੌੜੇ ਪੌੜੇ ਜਾਏ ਚੜ੍ਹ, ਏਕਾ ਅੱਖਰ ਜਾਏ ਪੜ੍ਹ, ਸਾਚੀ ਧਾਰਾ
ਸ਼ਬਦ ਚਲਾਏ, ਦਰਸ ਦਿਖਾਏ ਅੱਗੇ ਖੜ੍ਹ, ਜੋਤ ਜਗਾਏ ਬਹੱਤਰ ਨੜ, ਆਪ ਆਪਣਾ ਪਰਕਾਸ਼ ਵਖਾਈਆ । ਮਨਮਤੀ ਜੀਵ ਰਹੇ ਸੜ, ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਦਵਾਰਾ ਵੇਖੇ ਸਚ ਘਰ, ਕਵਣ ਸਾਜਣ ਮਿਲਿਆ ਸਾਜ, ਸੱਜਣ ਸਾਚੀ ਬਣਤ ਬਣਾਈਆ ।
ਕਵਣ ਰਾਜ ਕਵਣ ਜੋਗ, ਕਵਣ ਸ਼ਾਹ ਕਵਣ ਸੁਲਤਾਨ । ਕਵਣ ਰਸ ਆਤਮ ਭੋਗ, ਕਵਣ ਹੋਏ ਵਸ ਮੇਲਾ ਧੁਰ ਸੰਜੋਗ, ਕਵਣ ਮੀਠਾ ਪੀਣ
ਖਾਣ । ਕਵਣ ਕਟੇ ਹਉਮੇ ਰੋਗ, ਦੇਵੇ ਦਰਸ ਇਕ ਅਮੋਘ, ਸ਼ਬਦ ਚੁਗਾਏ ਇਕ ਚੋਗ, ਗੁਣਵੰਤਾ ਹਰਿ ਗੁਣ ਨਿਧਾਨ । ਨਾ ਕੋਈ ਹਰਖ
ਨਾ ਕੋਈ ਸੋਗ, ਆਦਿ ਅੰਤ ਨਾ ਜਗਤ ਵਿਯੋਗ, ਏਕਾ ਏਕ ਜਨ ਭਗਤ ਟੇਕ, ਸਾਚਾ ਬਖ਼ਸ਼ੇ ਚਰਨ ਧਿਆਨ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਸੰਤਨ ਵੇਖੇ ਸਚ ਦਰ, ਕਵਣ ਸ਼ਬਦ ਕਵਣ ਬਾਣੀ ਕਵਣ ਲਾਇਆ ਆਤਮ ਬਾਣ । ਕਵਣ ਸ਼ਬਦ ਕਵਣ ਸੁਰਤ, ਕਵਣ
ਮੇਲ ਮਿਲਾਇੰਦਾ । ਕਵਣ ਅਕਾਲ ਕਵਣ ਮੂਰਤ, ਕਵਣ ਨਾਦ ਕਵਣ ਤੂਰਤ, ਕਵਣ ਰੂਪ ਕਵਣ ਸੂਰਤ, ਕਵਣ ਆਸਾ ਮਨਸਾ ਪੂਰਤ, ਕਵਣ

ਜੋਤੀ ਮੇਲ ਮਿਲਾਇੰਦਾ । ਕਵਣ ਨੇੜੇ ਕਵਣ ਦੂਰਤ, ਕਵਣ ਸਵਣ ਭਵਣ ਅਵਣ ਗਵਣ ਕਵਣ ਬੈਠਾ ਰਿਹਾ ਝੂਰਤ, ਕਵਣ ਰੋਗ ਸੋਗ ਚਿੰਤ ਮਿਟਾਇੰਦਾ । ਕਵਣ ਨਾਤਾ ਦੀਸੇ ਕੂੜਤ, ਕਵਣ ਬਿਧਾਤਾ ਬਖ਼ਸ਼ੇ ਚਰਨ ਧੂੜਤ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਕਵਣ ਮੂਰਖ ਕਵਣ ਮੂੜ੍ਹਤ, ਕਵਣ ਰੰਗ ਚੜ੍ਹਾਏ ਗੂੜ੍ਹਤ, ਕਵਣ ਗਿਆਨ ਕਵਣ ਧਿਆਨ ਕਵਣ ਇਸ਼ਨਾਨ ਕਵਣ ਸਰ ਕਵਣ ਅੰਮ੍ਰਿਤ ਆਤਮ ਤਾਲ ਸੁਹਾਇੰਦਾ । ਕਵਣ ਘਰ ਕਵਣ ਦਰ ਕਵਣ ਦੇਵੇ ਸਾਚਾ ਵਰ, ਆਦਿ ਅੰਤ ਚੁੱਕੇ ਡਰ, ਨਾ ਜਨਮੇ ਨਾ ਜਾਏ ਮਰ, ਏਕਾ ਰੰਗ ਸਮਾਇੰਦਾ । ਕਵਣ ਰੂਪ ਕਵਣ ਰੰਗ, ਕਵਣ ਸ਼ਾਹੋ ਭੂਪ ਕਵਣ ਸਾਚਾ ਸੰਗ ਨਿਭਾਇੰਦਾ । ਕਵਣ ਘੋੜਾ ਕਵਣ ਜੋੜਾ ਕਵਣ ਕਸੇ ਤੰਗ, ਕਵਣ ਵਜਾਏ ਨਾਮ ਮਰਦੰਗ, ਕਵਣ ਕੂਟ ਕਵਣ ਦਿਸ਼ਾ, ਕਵਣ ਪਾਏ ਸਾਚਾ ਹਿੱਸਾ, ਕਵਣ ਸਾਚੀ ਵੰਡ ਵੰਡਾਇੰਦਾ । ਕਵਣ ਈਸਾ ਕਵਣ ਮੂਸਾ, ਕਵਣ ਗਾਏ ਰਾਗ ਛਤੀਸਾ, ਕਵਣ ਅੰਜੀਲ ਕੁਰਾਨ ਹਦੀਸਾ, ਕਵਣ ਪਦ ਬੀਸ ਬੀਸਾ, ਕਵਣ ਘਰ ਸਦ ਲੇਖ ਚੁਕਾਏ ਦੰਦ ਬਤੀਸਾ । ਕਵਣ ਬ੍ਰਹਮ ਕਵਣ ਬ੍ਰਹਿਮਾਦ, ਕਵਣ ਖੇਲ ਇਕ ਇਕੀਸਾ । ਕਵਣ ਬੰਸ ਕਵਣ ਯਦ, ਦਸਮ ਦਵਾਰੀ ਅੱਧ ਵਿਚ ਹੱਦ, ਛਤਰ ਝੁੱਲੇ ਪ੍ਰਭ ਸਾਚੇ ਸੀਸਾ । ਲੱਖ ਚੁਰਾਸੀ ਜਾਂਦਾ ਲੱਦ, ਨਾ ਕੋਈ ਮਦਿਰਾ ਮਦਿ, ਕਲਜੁਗ ਤੇਰੀ ਅੰਤਮ ਹੋਈ ਹੱਦ, ਨਾ ਕੋਈ ਦੀਸੇ ਸੂਰਬੀਰ ਬਲਵਾਨ ਸ਼ਾਹ ਸੁਲਤਾਨ ਨਾ ਕੋਈ ਊਚ ਨੀਚ ਵੱਡਾ ਛੋਟਾ ਦਿਸੇ ਕੱਦ, ਨਾ ਕੋਈ ਦੀਸੇ ਮੰਦਰ ਮਕਾਨ, ਏਕਾ ਸ਼ਬਦ ਏਕਾ ਧਾਰ, ਆਪ ਕਰਾਏ ਵਣਜ ਵਪਾਰ, ਪੁਰਖ ਅਬਿਨਾਸ਼ੀ ਜਾਮਾ ਧਾਰ, ਨਿਹਕਲੰਕ ਨਰ ਅਵਤਾਰ ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਰੋਵੇ ਧਾਂਹਾ ਮਾਰ, ਸ਼ਿਵਦਵਾਰੇ ਹਾਹਾਕਾਰ, ਕਰੋੜ ਤੇਤੀਸਾ ਇੰਦ ਕਰੇ ਪੁਕਾਰ, ਮਾਤਲੋਕ ਪ੍ਰਭ ਕਰਾਏ ਜੈ ਜੈਕਾਰ, ਜਨ ਭਗਤਾਂ ਦਰ ਸੁਹਾਈਆ । ਆਪੇ ਜਾਣੇ ਆਪਣੀ ਕਾਰ, ਸ਼ਬਦ ਘੋੜੇ ਹੋ ਅਸਵਾਰ, ਬਸਤਰ ਭੂਸ਼ਨ ਲਾਲ ਧਾਰ, ਲਛਮੀ ਵੇਖੇ ਦਰ ਦਵਾਰ, ਕੰਚਨ ਰੂਪ ਨਿਰੰਕਾਰ, ਨੀਲੀ ਧਾਰੋਂ ਆਏ ਬਾਹਰ, ਚਿੱਟਾ ਕਰ ਆਕਾਰ ਸੂਹਾ ਵੇਸ ਪਸਰ ਪਸਾਰ, ਪੀਲਾ ਬਸਤਰ ਵਿਚ ਸੰਸਾਰ, ਕਾਲਾ ਕਾਲੀ ਘਟਾ ਅੰਧ ਅੰਧਿਆਰ, ਕਲਜੁਗ ਰੈਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਇਕ ਦਰ, ਕਵਣ ਸੰਤ ਕਵਣ ਕੰਤ ਕਵਣ ਸਾਚਾ ਮੇਲ ਮਿਲਾਈਆ । ਕਵਣ ਰਾਗ ਕੰਨ ਸੁਣਾਏ, ਕਵਣ ਦਰਸ ਦਿਖਾਇੰਦਾ । ਕਵਣ ਦਾਗ਼ ਕਲ ਮਿਟਾਏ, ਆਪ ਆਪਣਾ ਤਰਸ ਕਮਾਇੰਦਾ । ਕਵਣ ਦੀਪਕ ਜੋਤੀ ਚਿਰਾਗ ਤਨ ਜਗਾਏ, ਆਪਣੀ ਦਇਆ ਕਮਾਇੰਦਾ । ਕਵਣ ਵਾਗ ਆਪਣੇ ਹੱਥ ਰਖਾਏ, ਕਵਣ ਸਿੱਧੇ ਰਾਹੇ ਪਾਇੰਦਾ । ਕਵਣ ਹੰਸ ਦਰ ਕਾਗ ਬਣਾਏ, ਸੋਹੰ ਮੋਤੀ ਚੋਗ ਚੁਗਾਇੰਦਾ । ਚਰਨ ਲਾਗ ਜੋ ਜਨ ਭੁੱਲ ਬਖ਼ਸ਼ਾਏ, ਕੰਤ ਸੁਹਾਗ ਇਕ ਹੰਢਾਏ, ਆਤਮ ਸਾਚੀ ਸੇਜ ਇਕ ਵਖਾਇੰਦਾ । ਵਡ ਵਡ ਭਾਗ ਪ੍ਰਭ ਦਰਸ਼ਨ ਪਾਏ, ਦੁਰਮਤ ਮੈਲ ਧੋਇਆ ਝੂਠਾ ਦਾਗ਼, ਆਪ ਆਪਣੀ ਬਣਤ ਬਣਾਏ, ਸਰਨ ਸਰਨਾਈ ਹਰਿ ਰਘੁਰਾਏ ਜੋ ਜਨ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਸਾਚਾ ਰਾਹ, ਕਵਣ ਦਵਾਰੇ ਉਡੇ ਕਾਂ, ਕਵਣ ਕਾਗੀ ਕਾਗ ਸੁਹਾਇੰਦਾ । ਕਵਣ ਕਾਗ ਕਾਗੀ ਰਲਿਆ, ਕਵਣ ਹੰਸ ਹੰਸਾ । ਕਵਣ ਸੁਹਾਗੀ ਕੰਤ ਵਰਿਆ, ਕਵਣ ਮਾਣੀ ਸਾਚੀ ਸੇਜਾ । ਕਵਣ ਨੀਰ ਜਲ ਅੰਮ੍ਰਿਤ ਪਾਣੀ ਭਰਿਆ, ਕਵਣ ਦਵਾਰੇ ਵੇਖੇ ਨੌ ਨੌ ਨੇਜਾ । ਕਵਣ ਰੂਪ ਅਗੰਮਾ, ਜਨ ਵੇਖੇ ਏਕਾ ਦੂਜਾ । ਕਵਣ ਦਵਾਰੇ ਅੱਗੇ ਖੜਿਆ, ਲਹਿਣ ਦੇਣ ਮੁਕਾਏ ਜਿਉਂ ਜਨਮੇਜਾ । ਭੇਵ ਨਾ ਜਾਣੇ ਲੇਹਜਾ ਫੇਹਜਾ ।

ਕਵਣ ਮਹੱਲਾ ਉਪਰ ਚੜ੍ਹਿਆ, ਕਵਣ ਨੂਰ ਹਰਿ ਹਜ਼ੂਰ ਕਵਣ ਵਖਾਏ ਤੀਜਾ । ਕਵਣ ਦਵਾਰੇ ਅੱਗੇ ਖੜਿਆ, ਕਵਣ ਸ਼ਬਦ ਸੁਨੇਹੜਾ ਭੇਜਾ । ਕਵਣ ਪੱਲੂ ਮਾਤ ਫੜਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਇਕ ਘਰ, ਸ਼ਬਦ ਸਿੰਘਾਸਣ ਵਿਛੀ ਸੇਜਾ ।

ਹਰਿ ਅਭੇਦ ਅਪਾਰ ਭੇਵ ਨਾ ਰਾਇਆ । ਚਾਰੇ ਵੇਦ ਲਿਖਾਰ, ਮੁਖ ਚਾਰੇ ਰਸਨਾ ਗਾਇਆ । ਪੁਰਾਨ ਅਠਾਰ ਕਿਤੇਬ ਅਧਾਰ, ਵੇਦ ਵਿਆਸਾ ਗਿਆ ਜਣਾਇਆ । ਪ੍ਰਿਥਮੀ ਆਕਾਸ਼ਾ ਸਾਚੀ ਧਾਰ, ਸਾਚਾ ਮਾਰਗ ਇਕ ਰਖਾਇਆ । ਸਰਬ ਭਰਵਾਸਾ ਹਰਿ ਨਿਰੰਕਾਰ, ਆਸਾ ਮਨਸਾ ਪੂਰ ਕਰਾਇਆ । ਕਾਇਆ ਕਾਸਾ ਕਰ ਤਿਆਰ, ਸਾਚੀ ਵਸਤ ਇਕ ਟਿਕਾਇਆ । ਨੌ ਦਵਾਰੇ ਖੋਲ੍ਹ ਦਵਾਰ, ਜਗਤ ਗਿਆਨ ਰਿਹਾ ਦਵਾਇਆ । ਆਪਣਾ ਕਰ ਬੰਦ ਕਿਵਾੜ, ਮੋਹਣ ਮੁਖੜਾ ਰਿਹਾ ਛੁਪਾਇਆ । ਤ੍ਰੈਗੁਣ ਅਗਨੀ ਤਤੀ ਹਾੜ, ਵਿਸ਼ਨਾ ਰੂਪ ਰਹੀ ਜਣਾਇਆ । ਬ੍ਰਹਮਾ ਉਪਾਏ ਪੰਜੇ ਲਾੜ, ਪੰਜਾਂ ਚੋਰਾਂ ਸੰਗ ਰਲਾਇਆ । ਸ਼ਿਵ ਚਬਾਏ ਆਪਣੀ ਦਾੜ੍ਹ, ਲਹਿਣਾ ਦੇਣਾ ਦਏ ਮੁਕਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਵਸੇ ਦਰ ਦਵਾਰੇ ਹੱਸੇ ਜੋਤ ਨੂਰ ਬਹੱਤਰ ਨਾੜ, ਆਪ ਆਪਣਾ ਰੂਪ ਵਖਾਇਆ । ਸਚ ਦਵਾਰ ਸ਼ਬਦ ਅਖਾੜ, ਰਾਗ ਰਾਗਨੀ ਆਪਣਾ ਤਾਲ ਵਜਾਇਆ । ਆਪੇ ਘੜਿਆ ਸਾਚਾ ਘਾੜ, ਤਾਲ ਤਲਵਾੜਾ ਅਨਹਦ ਰਖਾਇਆ । ਆਪੇ ਪਿੱਛੇ ਆਪੇ ਅਗਾੜ, ਪੰਚਮ ਪੰਚਾਂ ਦਏ ਬਹਾਇਆ । ਦਰ ਦਵਾਰੇ ਪੰਚਮ ਵਾੜ, ਸਾਚਾ ਪੌੜਾ ਇਕ ਰਖਾਇਆ । ਆਪੇ ਵੇਖੇ ਸ਼ਬਦ ਘੋੜੇ ਚੜ੍ਹ ਕੇ ਸਾਚਾ ਲਾੜ, ਪੰਚਮ ਨਾਤਾ ਕਵਣ ਨਾਰੀ ਸਾਚੇ ਕੰਤ ਰਖਾਇਆ । ਪੰਚਮ ਮੀਤਾ ਆਪੇ ਲਏ ਬਾਹੋਂ ਫੜ, ਸੁਹਾਗੀ ਗੀਤਾ ਛੰਤ ਸੁਣਾਇਆ । ਨਿਸ਼ਅੱਖਰ ਵੱਖਰ ਰਿਹਾ ਪੜ੍ਹ, ਪਰਾ ਪਸੰਤੀ ਮਧਮ ਬੈਖਰੀ ਭੇਵ ਜਰਾ ਨਾ ਆਇਆ । ਸਚ ਮਹੱਲੇ ਬੈਠਾ ਅੜ, ਦੇਵੀ ਦੇਵ ਨਾ ਕੋਇ ਮਿਲਾਇਆ । ਜਿਸ ਜਨ ਫੜਾਏ ਆਪਣਾ ਲੜ, ਦਰ ਦਰਵਾਜ਼ਾ ਦਏ ਖੁਲ੍ਹਾਇਆ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਕਾਇਆ ਮੰਦਰ ਜੋਤ ਅਕਾਰ, ਦੀਪਕ ਨੂਰੀ ਇਕ ਜਗਾਇਆ । ਨੂਰੀ ਦੀਪ ਸਚ ਉਜਾਲਾ, ਸਚ ਪਰਕਾਸ਼ ਕਰਾਈਆ । ਸਾਚਾ ਮੇਲਾ ਗੁਰ ਗੋਪਾਲਾ, ਪ੍ਰਿਥਮੀ ਆਕਾਸ਼ ਇਕ ਵਖਾਈਆ । ਗੁਰ ਸ਼ਬਦ ਬਣਾਇਆ ਜਗਤ ਦਲਾਲਾ, ਹਰਿ ਰਸਨਾ ਹਰਿ ਗੁਣ ਗਾਈਆ । ਲਹਿਣਾ ਦੇਣ ਚੁਕਾਏ ਕਾਲ ਮਹਾਂਕਾਲਾ, ਦੀਨ ਦਿਆਲਾ ਦਇਆ ਕਮਾਈਆ । ਦਰਸ ਦਿਖਾਏ ਸੱਚੀ ਧਰਮਸਾਲਾ, ਤਨ ਮੰਦਰ ਇਕ ਸੁਹਾਈਆ । ਮਾਰੇ ਸ਼ਬਦ ਸੱਚੀ ਉਛਾਲਾ, ਮਾਣਕ ਮੋਤੀ ਬਾਹਰ ਕਢਾਈਆ । ਚਲੇ ਚਲਾਏ ਅਵੱਲੜੀ ਚਾਲਾ, ਜੁਗ ਜੁਗ ਜੋਤੀ ਨੂਰ ਉਪਾਈਆ । ਕਲਜੁਗ ਅੰਤਮ ਵੇਖੇ ਸ੍ਰਿਸ਼ਟ ਸਬਾਈ ਭਰਮ ਭੁਲੇਖੇ, ਲੱਖ ਚੁਰਾਸੀ ਭਰਮੀ ਭਰਮ ਭੁਲਾਈਆ । ਸੰਗ ਮੁਹੰਮਦ ਚੁੱਕੇ ਲੇਖੇ, ਚਾਰ ਯਾਰੀ ਨੇਤਰ ਪੇਖੇ, ਸਚ ਹਦੀਸ ਨਾ ਕੋਈ ਪੜ੍ਹਾਈਆ । ਮੇਟ ਮਿਟਾਏ ਔਲੀਏ ਪੀਰ ਸ਼ੇਖ਼ੇ, ਅੰਤਮ ਲਹਿਣਾ ਦੇਣਾ ਮਿਟੇ ਕਾਲੀ ਧਾਰ ਕਲਜੁਗ ਵੇਖੇ, ਪ੍ਰਭ ਸਾਚਾ ਆਪ ਮਿਟਾਈਆ । ਸੰਮਤ ਉਨੀਸਾ ਇਕ ਕਰਾਏ, ਮੂਸਾ ਈਸਾ ਚਰਨ ਛੁਹਾਏ, ਮੱਕਾ ਮਦੀਨਾ ਕਾਲਾ ਸੂਸਾ ਤਨ ਛੁਹਾਈਆ । ਸੰਮਤ ਉਨੀ ਚਰਨ ਲਗਾਏ, ਚੀਨਾ ਰੂਸਾ ਇਕ ਕਰਾਏ, ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵੇਖੇ ਲੋਕਮਾਤ ਹੁੰਦੀ ਜੁਦਾਈਆ ।

੧੫
੦੬

ਲੋਕਮਾਤ ਅੰਤ ਜੁਦਾਈ, ਕਲਜੁਗ ਵਹਿਣ ਵਹਾਇੰਦਾ । ਲਾੜੀ ਮੌਤ ਕਰੇ ਕੁੜਮਾਈ, ਲੱਖ ਚੁਰਾਸੀ ਬਣਤ ਬਣਾਇੰਦਾ । ਧਰਮ ਰਾਏ ਦਰ ਇਕੱਠੇ ਧੀ ਜਵਾਈ, ਏਕਾ ਨਾਤਾ ਜੋੜ ਜੁੜਾਇੰਦਾ । ਲੇਖਾ ਚੁੱਕਣਾ ਭਾਈ ਭਾਈ, ਲੁਕਿਆ ਕੋਈ ਰਹਿਣ ਨਾ ਪਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਥਾਉਂ ਥਾਈਂ, ਸੱਤਾਂ ਦੀਪਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਘਰ, ਕਰੇ ਖੇਲ ਅਗੰਮ ਅਥਾਹੀ । ਕਲਜੁਗ ਅੰਤਮ ਨਾਤਾ ਗੂੜ੍ਹ, ਹੋਣੀ ਮਾਤ ਜੁਦਾਈਆ । ਲੱਖ ਚੁਰਾਸੀ ਜਾਣਾ ਛੋੜ, ਘਰ ਸਾਚੇ ਮਿਲੇ ਵਧਾਈਆ । ਪੂਤ ਸਪੂਤਾ ਬ੍ਰਹਿਮਣ ਗੌੜ, ਧੁਰਦਰਗਾਹੀ ਆਇਆ ਦੌੜ, ਵੇਖੇ ਪਰਖੇ ਮਿੱਠਾ ਕੌੜ, ਸ਼ਬਦ ਹਥੌੜਾ ਹੱਥ ਰਖਾਈਆ । ਸੰਬਲ ਨਗਰੀ ਏਕਾ ਪੌੜ, ਸਾਢੇ ਤਿੰਨ ਹੱਥ ਰਖਾਏ ਸਾਚੀ ਡੋਰ, ਆਪੇ ਜਾਣੇ ਲੰਮਾ ਚੌੜ, ਨੌ ਦਵਾਰੇ ਜਗਤ ਡੰਡਾ ਬ੍ਰਹਿਮੰਡਾਂ ਭੇਵ ਨਾ ਰਾਈਆ । ਕਲਜੁਗ ਤੇਰਾ ਅੰਤਮ ਕੰਡਾ, ਪ੍ਰਭ ਮੇਟ ਮਿਟਾਏ ਭੇਖ ਪਖੰਡਾ, ਗੁਰ ਸ਼ਬਦੀ ਜਾਣੇ ਸਾਚੀ ਵੰਡਾ, ਫੜੇ ਨਾਮ ਕਲ ਚੰਡ ਪਰਚੰਡਾ, ਚਾਰੋਂ ਕੁੰਟ ਖੋਜ ਖੁਜਾਈਆ । ਮਨਮੁਖ ਜੀਵਾਂ ਵੱਢੇ ਕੰਡਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਸਾਚੀ ਰਚਨਾ ਰਿਹਾ ਰਚਾਈਆ । ਕਲਜੁਗ ਤੇਰਾ ਰਚਿਆ ਕਾਜ, ਸਾਚਾ ਵਕਤ ਸੁਹਾਇਆ ਏ । ਲੱਖ ਚੁਰਾਸੀ ਪੱਲੇ ਬੰਨ੍ਹੇ ਦਾਜ, ਮਾਇਆ ਮਮਤਾ ਮੋਹ ਵਿਕਾਰਾ ਸੰਗ ਰਖਾਇਆ ਏ । ਸੰਬਲ ਨਗਰੀ ਵੱਜੇ ਸਾਜ, ਅਨਹਦ ਰਾਗੀ ਨਾਦ ਅਨਾਦਾ ਇਕ ਵਜਾਇਆ ਏ । ਮਾਤਲੋਕ ਅੰਤ ਜਾਣਾ ਤਿਆਗ, ਏਕਾ ਉਪਜੇ ਮਨ ਵੈਰਾਗ, ਜੂਠਾ ਝੂਠਾ ਨਾਤ ਤੁੜਾਇਆ ਏ । ਚਾਰੇ ਕੁੰਟਾਂ ਕਾਲਾ ਦਾਗ਼, ਮਿਲਿਆ ਮੇਲ ਨਾ ਕੰਤ ਸੁਹਾਗ, ਸਾਚਾ ਰੰਗ ਪ੍ਰਭ ਸਾਚੇ ਸੰਗ ਲੱਗ ਸਾਚੇ ਅੰਗ ਨਾ ਕੋਈ ਮਿਟਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੇਖੇ ਗੰਗ, ਕਵਣ ਧਾਰਾ ਰਿਹਾ ਵਹਾਇਆ ਏ । ਕਲਜੁਗ ਲਹਿਣਾ ਦੇਣਾ ਚੁੱਕਣਾ ਬਾਕੀ, ਪ੍ਰਭ ਸਾਚਾ ਆਪ ਮੁਕਾਇੰਦਾ । ਨਾ ਕੋਈ ਜਾਣੇ ਬੰਦਾ ਖ਼ਾਕੀ, ਪਾਕੀ ਪਾਕ ਆਪ ਅਖਵਾਇੰਦਾ । ਨਾ ਕੋਈ ਮੀਤ ਮੁਰਾਰਾ ਸਾਕੀ, ਅੰਮ੍ਰਿਤ ਜਾਮ ਨਾ ਕੋਈ ਪਿਲਾਇੰਦਾ । ਨਾ ਕੋਈ ਖੋਲ੍ਹੇ ਬੰਦ ਤਾਕੀ, ਤਾਕੀ ਤਾਕ ਨਾ ਖੋਲ੍ਹ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਦਰ, ਦਰ ਦਰਵਾਜ਼ਾ ਬੰਦ ਕਰਾਇੰਦਾ । ਦਰ ਦਰਵਾਜ਼ਾ ਬੰਦ ਕਿਵਾੜ, ਪ੍ਰਭ ਸਾਚੇ ਆਪ ਕਰਾਵਣਾ । ਸੰਮਤ ਬੀਸ ਸਤਾਰਾਂ ਹਾੜ, ਲਹਿਣਾ ਦੇਣ ਚੁਕਾਵਣਾ । ਨੌ ਖੰਡ ਪ੍ਰਿਥਮੀ ਇਕ ਅਖਾੜ, ਸ਼ਬਦ ਅਖਾੜਾ ਮਾਤ ਲਗਾਵਣਾ । ਜਗਤ ਵਿਕਾਰਾ ਆਤਮ ਤ੍ਰਿਸ਼ਨਾ ਸ਼ਕਤੀ ਭੁਗਤੀ ਜੋਤੀ ਜੁਗਤੀ ਦੇਵੇ ਸਾੜ, ਸਾਚਾ ਰਾਹ ਚਲਾਵਣਾ । ਲੇਖਾ ਚੁੱਕੇ ਪੰਚਮ ਧਾੜ, ਤ੍ਰੈਗੁਣ ਤਤ ਦੇਵੇ ਸਾੜ, ਹੱਡ ਮਾਸ ਨਾੜੀ ਨਾ ਉਬਲੇ ਰੱਤ, ਪਤ ਪਤਵੰਤਾ ਪਤ ਰਖਾਵਣਾ । ਸ਼ਬਦ ਚਲਾਏ ਏਕਾ ਰਥ, ਜੋਤ ਸਰੂਪੀ ਹਰਿ ਸਮਰਥ, ਲੱਖ ਚੁਰਾਸੀ ਪਾਵੇ ਨੱਥ, ਵਾਗ ਆਪਣੇ ਹੱਥ ਰਖਾਵਣਾ । ਸ਼ਬਦ ਚਲਾਏ ਇਕ ਅਕੱਥ, ਸਗਲ ਵਸੂਰੇ ਜਾਇਣ ਲੱਥ, ਲੇਖਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਜਿਸ ਜਨ ਦਰਸ਼ਨ ਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਖੰਡ ਪ੍ਰਿਥਮੀ ਏਕਾ ਰਾਜ, ਸ਼ਬਦ ਸਰੂਪੀ ਸਾਚਾ ਤਾਜ, ਪੰਚਮ ਮੁਖ ਰਖਾਵਣਾ । ਪੰਚਮ ਮੁਖ ਸਾਚਾ ਤਾਜ, ਪ੍ਰਭ ਸਾਚੇ ਮਾਤ ਬਣਾਵਣਾ । ਸ੍ਰਿਸ਼ਟ ਸਬਾਈ ਮੇਟੇ ਦੁੱਖ, ਪੂਰ ਕਰਾਏ ਆਤਮ ਭਾਵਨਾ । ਸੁਫਲ ਕਰਾਏ ਮਾਤ ਕੁੱਖ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਵਣਾ । ਗਰਭਵਾਸ ਨਾ ਉਲਟਾ ਰੁੱਖ, ਲੱਖ ਚੁਰਾਸੀ

੧੬ ੦੬

੧੭ ੦੬

ਫੰਦ ਕਟਾਵਣਾ । ਮਾਨਸ ਦੇਹੀ ਮਿਲੇ ਮਨੁਖ, ਆਪ ਆਪਣਾ ਦਰਸ ਦਿਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਧਾਰ, ਸਤਿ ਸਰੂਪੀ ਰੂਪ ਵਟਾਵਣਾ । ਸੰਮਤ ਤੇਰਾਂ ਸਾਚੀ ਧਾਰ, ਗੁਰਮੁਖ ਸ਼ਬਦ ਜਣਾਈਆ । ਭਰਿਆ ਰਹੇ ਭੰਡਾਰ, ਦੇਵਣਹਾਰ ਆਪ ਅਖਵਾਈਆ । ਇਕ ਕਰਾਏ ਵਣਜ ਵਪਾਰ, ਨਾਮ ਵਣਜਾਰਾ ਹਰਿ ਰਘੁਰਾਈਆ । ਜੁਗ ਜੁਗ ਜਾਣੇ ਆਪਣੀ ਕਾਰ, ਕਰਨ ਕਰਾਵਣਹਾਰ ਆਪ ਅਖਵਾਈਆ । ਕਲਜੁਗ ਅੰਤਮ ਜਾਮਾ ਧਾਰ, ਨਿਹਕਲੰਕਾ ਡੰਕ ਵਜਾਈਆ । ਪਰਗਟ ਹੋਏ ਵਿਚ ਸੰਸਾਰ, ਰਾਓ ਰੰਕਾਂ ਰਿਹਾ ਜਗਾਈਆ । ਸ਼ਬਦ ਖੰਡਾ ਹੱਥ ਕਟਾਰ, ਮਾਰੀ ਜਾਏ ਵਾਹੋ ਦਾਹੀਆ । ਜੋਧਾ ਸੂਰਾ ਹਰਿ ਬਲਕਾਰ, ਸ਼ਬਦ ਸ਼ਸਤਰ ਤੀਰ ਰਖਾਈਆ । ਚਰਨ ਛੁਹਾਏ ਦਿੱਲੀ ਦਰਬਾਰ, ਅੱਸੂ ਤਿੰਨ ਰੁੱਤ ਸੁਹਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਵਾਲੀ ਹਿੰਦ ਆਪ ਉਠਾਈਆ । ਅੰਤਮ ਆਉਣਾ ਚਰਨ ਦਵਾਰ, ਰਾਜ ਮੰਤਰੀ ਹੋਏ ਭਿਖਾਰ, ਬੀਸ ਬੀਸਾ ਦਏ ਦੁਹਾਈਆ । ਸ਼ਬਦੀ ਜੋਤੀ ਇਕ ਅਧਾਰ, ਵਰਨ ਗੋਤੀ ਵਸੇ ਬਾਹਰ, ਇਕ ਇਕਲੌਤੀ ਨੂਰ ਸਵਾਈਆ । ਟਿੱਕਾ ਧੋਤੀ ਨਾ ਸੀਸ ਦਸਤਾਰ, ਮੁੱਛ ਦਾਹੜੀ ਨਾ ਕੇਸ ਕੋਈ ਰਖਾਈਆ । ਆਪੇ ਚੜ੍ਹਿਆ ਸਾਚੀ ਚੋਟੀ, ਫੜ ਫੜ ਥੱਕੇ ਕੋਟਨ ਕੋਟੀ, ਸਾਧਾਂ ਸੰਤਾਂ ਹੱਥ ਨਾ ਆਈਆ । ਕਲਜੁਗ ਮੰਗੇ ਬੋਟੀ ਬੋਟੀ, ਲੱਖ ਚੁਰਾਸੀ ਨੀਤੀ ਖੋਟੀ, ਸਾਚਾ ਨਾਉਂ ਨਾ ਕੋਈ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਏਕਾ ਰਾਹ, ਸ਼ਬਦ ਸਰੂਪੀ ਬਣ ਮਲਾਹ, ਨੌ ਖੰਡ ਪ੍ਰਿਥਮੀ ਰਿਹਾ ਚਲਾਈਆ । ਨੌ ਖੰਡ ਪ੍ਰਿਥਮੀ ਏਕਾ ਰਾਹ, ਪ੍ਰਭ ਸਾਚੇ ਮਾਤ ਚਲਾਵਣਾ । ਅੱਸੂ ਤਿੰਨ ਜਣਾਏ ਸਾਚੇ ਸ਼ਾਹ, ਵਾਲੀ ਹਿੰਦ ਉਠਾਵਣਾ । ਦੇਸ ਪਰਦੇਸਾਂ ਬੇਪਰਵਾਹ, ਆਪਣਾ ਗੀਤ ਗਵਾਵਣਾ । ਵੇਖ ਵਖਾਣੇ ਸਾਰੇ ਥਾਂ, ਨਾਉਂ ਨਿਰੰਕਾਰਾ ਇਕ ਜਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁਖ ਏਕਾ ਤਾਜ, ਧੁਰ ਦਰਗਾਹੀ ਏਕਾ ਰਾਜ, ਸ਼ਬਦ ਪ੍ਰਮੁਖ ਆਪੇ ਆਪ ਬਣਾਵਣਾ । ਸ਼ਬਦ ਪ੍ਰਮੁਖ ਹਰਿ ਨਿਰੰਕਾਰਾ, ਸਾਚੀ ਬਣਤ ਬਣਾਇੰਦਾ । ਜਾਏ ਦਰ ਦਿੱਲੀ ਦਰਬਾਰਾ, ਅੱਸੂ ਤਿੰਨ ਵਕਤ ਸੁਹਾਇੰਦਾ । ਪੰਚਮ ਮੁਖ ਤਾਜ ਨਿਆਰਾ, ਆਪਣੇ ਹੱਥ ਟਿਕਾਇੰਦਾ । ਵਾਲੀ ਹਿੰਦ ਰਹਿਣਾ ਖ਼ਬਰਦਾਰਾ, ਬੀਸ ਬੀਸਾ ਵੇਖ ਵਖਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਮਤ ਸੋਲਾਂ ਯਾਦ ਕਰਾਇੰਦਾ । ਰਾਜ ਰਾਜਾਨਾ ਛੱਡਣਾ ਬੰਕ ਦਵਾਰਾ, ਭਿੱਛਿਆ ਕੋਇ ਨਾ ਦਰ ਤੇ ਪਾਇੰਦਾ । ਚਾਰੋਂ ਕੁੰਟ ਹਾਹਾਕਾਰਾ, ਸਾਧ ਸੰਤ ਨਾ ਕੋਈ ਛੁਡਾਇੰਦਾ । ਪੰਚਮ ਮਾਰੇ ਤੇਜ ਕਟਾਰਾ, ਸ਼ਬਦ ਸ਼ਸਤਰ ਦਿਸ ਨਾ ਆਇੰਦਾ । ਨਾ ਕੋਈ ਕਰੇ ਬ੍ਰਹਮ ਵਿਚਾਰਾ, ਜਗਤ ਦੂਜਾ ਭਰਮ ਭੁਲਾਇੰਦਾ । ਜੋਤ ਸਰੂਪੀ ਹਰਿ ਨਿਰੰਕਾਰਾ, ਕਲਜੁਗ ਤੇਰੀ ਅੰਤਮ ਵਾਰਾ, ਸੰਬਲ ਨਗਰੀ ਖੇਲ ਅਪਾਰਾ, ਜੋਤੀ ਨੂਰ ਕਰਾਇੰਦਾ । ਗੁਰ ਗੋਬਿੰਦਾ ਮੀਤ ਮੁਰਾਰਾ, ਸਰਬ ਬਖ਼ਸ਼ਿੰਦਾ ਹਰਿ ਗਿਰਧਾਰਾ, ਲੱਖ ਚੁਰਾਸੀ ਕਰੇ ਨਿੰਦਾ ਭੇਵ ਕੋਈ ਨਾ ਪਾਇੰਦਾ । ਕਾਮੀ ਕਰੋਧੀ ਵੱਜਾ ਜਿੰਦਾ, ਘਰ ਸਾਚੇ ਨਾ ਉਪਜੇ ਸਾਚੀ ਬਿੰਦਾ, ਮਾਤ ਕੁੱਖ ਨਾ ਸੁਫਲ ਕੋਈ ਕਰਾਇੰਦਾ । ਭਾਗ ਲਗਾਏ ਭਾਰਤ ਖੰਡੀ ਸਾਚੀ ਹਿੰਦਾ, ਪੰਚਮ ਖੰਡਾ ਲੇਖ ਲਿਖਾਇੰਦਾ । ਪੁਰਖ ਅਬਿਨਾਸ਼ੀ ਵਡ ਮਰਗਿੰਦਾ, ਪੀਰ ਪੀਰਾਂ ਅਖਵਾਇੰਦਾ । ਕਲਜੁਗ ਤੇਰੀ ਧਾਰ ਵਹਾਏ ਸਾਗਰ ਸਿੰਧਾ, ਨਾ ਕੋਈ ਮਾਤ ਅਟਕਾਇੰਦਾ । ਭਗਤ ਜਨਾਂ ਸਦਾ ਸਦ ਬਖ਼ਸ਼ਿੰਦਾ, ਆਪ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਬਣਤ ਬਣਾਇੰਦਾ ਪੰਚਮ ਤਾਜ ਪੰਚ ਪਰਵਾਨ, ਪੰਚਮ ਰੂਪ ਵਟਾਇਆ । ਪੰਚਮ

ਫੜ ਤੀਰ ਕਮਾਨ, ਪੰਚਮ ਘੋੜੇ ਚੜ੍ਹ ਬਲਵਾਨ, ਪੰਚਮ ਜੋੜੇ ਮੇਲ ਮਿਲਾਇਆ । ਪੰਚਮ ਬਹੁੜੇ ਹਰਿ ਸੁਲਤਾਨ, ਪੰਚਮ ਕੌੜੇ ਵਿਚ ਜਹਾਨ, ਪੰਚਮ
ਪੰਚਾਂ ਭੰਨ ਵਖਾਇਆ । ਪੰਚਮ ਪੌੜੇ ਕਾਇਆ ਮੰਦਰ ਸਚ ਮਕਾਨ, ਪੰਚਮ ਗੌੜੇ ਰਾਗ ਸੁਣਾਇਆ । ਪੰਚਮ ਲੱਗੀ ਔੜੇ ਆਤਮ ਬ੍ਰਹਮ ਧਿਆਨ,
ਪੰਚਮ ਬ੍ਰਹਮ ਗਿਆਨ ਵਖਾਇਆ । ਪੰਚਮ ਵਖਾਏ ਪੰਚ ਨਿਧਾਨ, ਸੱਤ ਨਿਸ਼ਾਨਾ ਸੰਗ ਰਲਾਇਆ । ਵੇਖੇ ਖੇਲ ਸ੍ਰੀ ਭਗਵਾਨ, ਗੋਪੀ ਕਾਹਨਾ
ਕ੍ਰਿਸ਼ਨਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਸਾਚੀ ਸੇਵਾ, ਸੇਵਕ ਸੇਵਾ ਲਾਇਆ । ਠਾਕਰ
ਸਿੰਘ ਠਾਕਰ ਅਰਦਾਸ, ਪੈਜ ਸਵਾਰੇ ਤੇਰੀ । ਸਤਿ ਪੁਰਖ ਨਿਰੰਜਣ ਵਸੇ ਪਾਸ, ਕਰ ਕਰ ਆਪਣੀ ਮਿਹਰੀ । ਸ਼ਬਦ ਉਡਾਨ ਪ੍ਰਿਥਮੀ ਆਕਾਸ਼,
ਕਰੇ ਕਰਾਏ ਨਾ ਲਾਏ ਦੇਰੀ । ਨਿਝ ਘਰ ਆਤਮ ਰੱਖੇ ਵਾਸ, ਗੁਰ ਪਾਰਬ੍ਰਹਮ ਗੁਰਮੁਖ ਸਾਚੀ ਚੇਰੀ । ਸ਼ਬਦ ਜਣਾਈ ਸਵਾਸ ਸਵਾਸ, ਕਾਇਆ
ਮੰਡਲ ਵੇਖੇ ਰਾਸ, ਭਰਮਾਂ ਢਾਹੇ ਢੇਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸੇਵਾ ਲਾਏ ਤੇਰੀ । ਪਹਿਲੀ ਸੇਵਾ
ਹਰਿ ਭਗਵਾਨ, ਆਪਣੀ ਆਪ ਲਾਈਆ । ਸਵਾ ਪੰਝੀ ਕਰੇ ਦਾਨ, ਸੱਤ ਰੰਗ ਨਿਸ਼ਾਨ ਬਣਾਈਆ । ਦੂਜੀ ਭੇਟਾ ਸ਼ਬਦ ਮਹਾਨ, ਸਿੰਘ ਠਾਕਰ
ਆਪ ਕਰਾਈਆ । ਸਿੰਘ ਪ੍ਰੀਤਮ ਬਣਨਾ ਨਾਲ ਜਵਾਨ, ਦਸ ਦਸਵਾਂ ਰਿਹਾ ਜਗਾਈਆ । ਗੁਰਮੁਖ ਤੇਰੀ ਵਧਦੀ ਸ਼ਾਨ, ਅੱਠ ਅਠਾਰਵਾਂ ਹਿੱਸਾ
ਪਾਈਆ । ਸਿੰਘ ਪਾਲ ਤੇਰੀ ਨਾਮ ਦੁਕਾਨ, ਚਲਦੀ ਵਾਹੋ ਦਾਹੀਆ । ਸਿੰਘ ਇੰਦਰ ਬਖ਼ਸ਼ੇ ਚਰਨ ਧਿਆਨ, ਸ਼ਬਦ ਸਹਾਰਾ ਡੰਡਾ ਹੱਥ ਫੜਾਈਆ ।
੧੮ ਸਿੰਘ ਬਿਸ਼ਨ ਤੇਰਾ ਰੱਖੇ ਮਾਣ, ਕਲਜੁਗ ਅੰਤਮ ਕੰਢਾ ਨੇੜੇ ਆਈਆ । ਪੁਰਖ ਅਬਿਨਾਸ਼ੀ ਚਤਰ ਸੁਜਾਨ, ਸਾਚੀ ਵੰਡਾ ਮਾਤ ਵੰਡਾਈਆ । ਨੌ ੧੮
੦੬ ਖੰਡ ਪ੍ਰਿਥਮੀ ਦੇਵੇ ਦੰਡਾ, ਏਕਾ ਡੰਡਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਲੇਖਾ ਪੰਚਮ ਲੇਖ, ਜੋਤੀ ੦੬
ਜਾਮਾ ਧਰ ਧਰ ਭੇਖ, ਲਹਿਣਾ ਦੇਣਾ ਰਿਹਾ ਮੂਲ ਚੁਕਾਈਆ । ਆਪਣੀ ਸੇਵਾ ਆਪੇ ਲਾਏ, ਸਰਬ ਜੀਆਂ ਜਗ ਦਾਤਾ । ਗੁਰਮੁਖ ਸਾਚੇ ਸੰਗ
ਰਲਾਏ, ਆਪ ਪਿਤਾ ਪਿਤ ਮਾਤਾ । ਕਾਇਆ ਚੋਲੀ ਰੰਗ ਚੜ੍ਹਾਏ, ਬਖ਼ਸ਼ੇ ਸਾਚੀ ਦਾਤਾ । ਸ਼ਬਦ ਡੋਲੀ ਵਿਚ ਬਿਠਾਏ, ਨਾ ਕੋਈ ਪੁੱਛੇ ਜ਼ਾਤਾ
ਪਾਤਾ । ਦਰ ਦਵਾਰੇ ਗੋਲੀ ਇਕ ਰਖਾਏ, ਏਕਾ ਇਕ ਇਕਾਂਤਾ । ਹੌਲੀ ਹੌਲੀ ਸ਼ਬਦ ਜਣਾਏ, ਅੰਮ੍ਰਿਤ ਬੂੰਦ ਪਿਆਏ ਸਵਾਂਤਾ । ਆਤਮ
ਗੰਢ ਆਪਣੀ ਹੱਥੀਂ ਖੋਲ੍ਹੇ ਖੋਲ੍ਹ ਵਖਾਏ, ਮੇਲ ਮਿਲਾਏ ਕਮਲਾਪਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ
ਦੇਣਾ, ਗੁਰਮੁਖਾਂ ਪਹਿਨਾਏ ਸ਼ਬਦ ਗਹਿਣਾ, ਸਾਚੀ ਬਣਤ ਬਣਾਤਾ । ਪੰਚਮ ਤਾਜ ਜਗਤ ਜਗਦੀਸ਼, ਏਕਾ ਇਕ ਸੁਹਾਇੰਦਾ । ਛਤਰ ਝੁੱਲੇ
ਪ੍ਰਭ ਸਾਚੇ ਸੀਸ, ਸ਼ਾਹ ਸ਼ਹਾਨਾ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਗਾਏ ਦੰਦ ਬਤੀਸ, ਇਕ ਹਦੀਸ ਸੁਣਾਇੰਦਾ । ਲਹਿਣਾ ਦੇਣਾ ਬੀਸ
ਇਕੀਸ, ਕਲਜੁਗ ਕਲ ਮੁਕਾਇੰਦਾ । ਵੇਖ ਵਖਾਣੇ ਰਾਗ ਛਤੀਸ, ਰਾਗ ਰਾਗਣੀ ਸੰਗ ਮਿਲਾਇੰਦਾ । ਆਪੇ ਜਾਣੇ ਕੁਰਾਨ ਹਦੀਸ, ਵੇਦ ਪੁਰਾਨਾ
ਫੋਲ ਫੁਲਾਇੰਦਾ । ਪਰਗਟ ਹੋਵੇ ਅਵਤਾਰ ਚੌਬੀਸ, ਨਰ ਨਰਾਇਣ ਆਪ ਅਖਵਾਇੰਦਾ । ਨਾ ਕੋਈ ਧੜ ਨਾ ਕੋਈ ਸੀਸ, ਤਨ ਬਸਤਰ ਨਾ
ਕੋਈ ਸਜਾਇੰਦਾ । ਲੱਖ ਚੁਰਾਸੀ ਪੀਸਣ ਰਿਹਾ ਪੀਸ, ਕਲਜੁਗ ਚੱਕੀ ਆਪਣੀ ਹੱਥੀਂ ਆਪ ਚਲਾਇੰਦਾ । ਅੰਤਮ ਵੇਲਾ ਵਿਚ ਉਨੀਸ, ਅਲ੍ਹਾ
ਰਾਣੀ ਆਪ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੌਲਾਨਾ ਆਜ਼ਾਦ ਵੇਖੇ ਆਤਮ ਸਵਾਦ, ਨੂਰ ਅਲਾਹੀ ਕਵਣ

ਦਵਾਰੇ ਝੋਲੀ ਪਾਇੰਦਾ । ਮੌਲਾਨਾ ਆਜ਼ਾਦ ਮੌਲਾ ਆਇਆ, ਅੱਸੂ ਆਸ ਰਖਾਈਆ । ਕਵਲ ਕੌਲ ਇਕ ਕਰਾਇਆ, ਸੰਗ ਮੁਹੰਮਦ ਚਾਰ ਯਾਰ ਦਏ ਗਵਾਹੀਆ । ਉਪਰ ਧਵਲ ਡੇਰਾ ਲਾਇਆ, ਬਸਤਰ ਅਸਤਰ ਸ਼ਸਤਰ ਬਸਤਰ ਨੀਲ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਸੂ ਤਿੰਨ ਆਏ ਦਰ ਦਿੱਲੀ ਦਰਬਾਰ, ਭਰਮ ਭੁਲੇਖਾ ਦੇਵੇ ਮਾਤ ਕਢਾਈਆ । ਭਗਤ ਭੰਡਾਰ ਹਰਿ ਅਤੋਲ, ਹਰਿ ਰਖਾਇਆ । ਆਪੇ ਤੋਲੇ ਸਾਚਾ ਤੋਲ, ਤੋਲਣਹਾਰ ਸ੍ਰਿਸ਼ਟ ਸਬਾਇਆ । ਸਚ ਦਵਾਰਾ ਏਕਾ ਖੋਲ੍ਹ, ਚਾਰ ਵਰਨਾਂ ਰਿਹਾ ਜਣਾਇਆ । ਸ਼ਬਦ ਦੋ ਅੱਖਰ ਏਕਾ ਬੋਲ, ਚੌਹ ਅੱਖਰ ਭੇਵ ਮਿਟਾਇਆ । ਆਪੇ ਵਸੇ ਸਦਾ ਕੋਲ, ਆਪ ਆਪਣਾ ਭੇਵ ਛੁਪਾਇਆ । ਨਾਮ ਮਰਦੰਗਾ ਵਜਾਏ ਸਾਚਾ ਢੋਲ, ਤਾਲ ਆਪਣੇ ਹੱਥ ਰਖਾਇਆ । ਸ਼ਬਦ ਭੰਡਾਰਾ ਏਕਾ ਖੋਲ੍ਹ, ਜਗਤ ਦਵਾਰਾ ਬੰਦ ਕਰਾਇਆ । ਪਰਗਟ ਹੋਇਆ ਸੋਲਾਂ ਸੋਲ, ਨਾਉਂ ਨਿਰੰਕਾਰਾ ਆਪ ਅਖਵਾਇਆ । ਜਨ ਭਗਤਾਂ ਕਰੇ ਆਤਮ ਚੋਲ੍ਹ, ਸਾਚੀ ਬੋਲੀ ਆਪ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਨਾਮ ਵਣਜਾਰਾ, ਸਾਚਾ ਵਣਜ ਨਾਮ ਕਰਾਇਆ । ਨਾਮ ਵਸਤ ਵਣਜ ਸੱਚ, ਹਰਿ ਦਰ ਸਾਚੇ ਪਾਵਣੀ । ਦੇਵਣਹਾਰਾ ਦਸਤ ਦਸਤ, ਪੂਰ ਕਰਾਏ ਭਾਵਨੀ । ਅੱਠੇ ਪਹਿਰ ਰਹਿਣਾ ਮਸਤ, ਸੁਰਤ ਸੁਰਤੀ ਸ਼ਬਦ ਮਿਲਾਵਣੀ । ਤਨ ਪਹਿਨਾਏ ਬਸਤ ਸ਼ਸਤ, ਤਿੱਖੀ ਧਾਰਾ ਆਪ ਰਖਾਵਣੀ । ਆਪੇ ਕੀਟ ਆਪੇ ਹਸਤ, ਆਪੇ ਰਾਮ ਰਾਮਾ ਰਾਵਣ ਰਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵਖਾਏ ਇਕ ਘਰ, ਸ਼ਬਦ ਭੰਡਾਰ ਹਰਿ ਨਿਰੰਕਾਰ, ਵਣਜ ਕਰਾਏ ਜਗਤ ਵਪਾਰ, ਅੰਤਮ ਦੇਵੇ ਧੁਰਦਰਗਾਹੀ ਸਾਚੀ ਜਾਮਨੀ । ਹਰਿ ਸੰਗਤ ਹਰਿ ਰੰਗ ਮਾਣਿਆ,
੧੯ ੦੬ ਆਈ ਚਰਨ ਦਵਾਰ । ਪ੍ਰਭ ਲੇਖੇ ਲਾਏ ਬਿਰਧ ਬਾਲ ਅੰਞਾਣਿਆਂ, ਪਾਰ ਉਤਾਰੇ ਨਾਰੀ ਨਾਰ । ਹਉਮੇ ਹੰਗਤਾ ਰੋਗ ਨਿਵਾਰਿਆ, ਜਗਤ ਸਹਿੰਸਾ ੧੯ ੦੬
ਦੁੱਖ ਨਿਵਾਰ । ਦਰਸ ਅਮੋਘ ਇਕ ਵਖਾ ਲਿਆ, ਆਪ ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਇਕ ਵਰ, ਖਾਲੀ ਭਰੇ ਭੰਡਾਰ । ਆਤਮ ਰੋਗ ਚਿੰਤ ਮਿਟਾਏ, ਰੋਗ ਸੋਗ ਜਨ ਕੱਟ । ਸਾਚਾ ਸੁਖ ਇਕ ਉਪਜਾਏ, ਦੂਈ ਦਵੈਤੀ ਮੇਟੇ ਫੱਟ । ਤ੍ਰਿਸ਼ਨਾ ਭੁੱਖ ਮਾਤ ਗਵਾਏ, ਸ਼ਬਦ ਰਖਾਏ ਸਾਚਾ ਹੱਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸ਼ਬਦ ਦੇਵੇ ਸਾਚਾ ਵਰ, ਤਨ ਪਹਿਨਾਏ ਸਾਚਾ ਪਟ । ਬਿਰਧ ਬਾਲ ਨੌਜਵਾਨ, ਦਰ ਆਏ ਆਸ ਰਖਾਈਆ । ਆਪੇ ਬਖ਼ਸ਼ੇ ਜੀਆਂ ਦਾਨ, ਜਗਤ ਪਿਆਸ ਮਿਟਾਈਆ । ਆਵਣ ਜਾਵਣ ਚੁੱਕੇ ਕਾਨ, ਜੋ ਜਨ ਰਸਨਾ ਸਾਚੀ ਗਾਣ, ਢੋਲਾ ਸੋਹਲਾ ਇਕ ਸੁਣਾਈਆ । ਸ਼ਬਦੀ ਜੋਤੀ ਮੇਲਾ ਵਿਚ ਜਹਾਨ, ਕਾਇਆ ਚੋਲੀ ਰੰਗ ਰੰਗਾਈਆ । ਮਨਮੁਖ ਜੀਵ ਆਪਣਾ ਕੀਤਾ ਆਪੇ ਪਾਣ, ਅੰਤਮ ਮਿਟੇ ਜਗਤ ਨਿਸ਼ਾਨ, ਧੂੰਆਂਧਾਰ ਸ੍ਰਿਸ਼ਟ ਸਬਾਈਆ । ਗੁਰਮੁਖ ਸਾਚੇ ਕਰ ਪਛਾਨ, ਆਪੇ ਹੋਏ ਨਿਗਾਹਬਾਨ, ਪਹਿਰੇਦਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਇਕ ਵਰ, ਦਰ ਦਵਾਰੇ ਆਈਆ । ਆਤਮ ਤ੍ਰਿਸ਼ਨ ਬੁਝਾਈ, ਸ਼ਬਦ ਦਾਤ ਪ੍ਰਭ ਝੋਲੀ ਪਾਈ, ਮਿਲੇ ਮਾਤ ਵਡਿਆਈਆ । ਬਾਲਕ ਸੀਰ ਰਸਨ ਮੁਖ । ਦਰਸ ਲੋਚਨ ਨੈਣ, ਜਗਤ ਵਸੂਰਾ ਉਤਰੇ ਦੁੱਖ । ਰਸਨਾ ਸਕੇ ਨਾ ਕਹਿਣ, ਪਿਤਾ ਪੂਤ ਘਰ ਸਾਚਾ ਸੁਖ । ਆਪ ਚੁਕਾਏ ਲਹਿਣ ਦੇਣ, ਜੋਤੀ ਜੋਤ ਸਰੂਪ ਹਰਿ, ਦਰ ਦਵਾਰੇ ਦੇਵੇ ਇਕ ਵਰ, ਚਰਨ ਧੂੜ ਜੋ ਜਨ ਨਹਾਤਾ ਸਾਚੇ ਸਰ, ਉਜਲ ਕਰੇ ਮਾਤ ਮੁਖ ।

### ੧੭ ਸਾਵਣ ੨੦੧੩ ਬਿਕ੍ਰਮੀ ਡਾਕਟਰ ਤੇਜਾ ਸਿੰਘ ਦੇ ਗ੍ਰਿਹ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ

ਘਰ ਸ਼ਬਦ ਅਪਾਰ, ਘਰ ਜਣਾਈਆ । ਘਰ ਰੰਗ ਅਪਾਰ, ਰੰਗ ਮਹੱਲ ਇਕ ਟਿਕਾਈਆ । ਘਰ ਸੰਗ ਗਿਰਧਾਰ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਤਮ ਘਰ, ਦਰ ਦਰਵਾਜ਼ਾ ਇਕ ਰਖਾਈਆ । ਦਰ ਦਰਵਾਜ਼ਾ ਇਕ ਦਰ, ਚਾਰੇ ਮੁਖ ਖੁਲ੍ਹਾਇੰਦਾ । ਆਪੇ ਬੈਠਾ ਅੰਦਰ ਵੜ, ਦਿਸ ਕਿਸੇ ਨਾ ਆਇੰਦਾ । ਸ਼ਬਦ ਸਿੰਘਾਸਣ ਸਾਚੀ ਖਾਟ, ਸਾਚੀ ਸੇਜ ਵਿਛਾਇੰਦਾ । ਜੋਤ ਪਰਕਾਸ਼ ਏਕਾ ਕਰ, ਦੀਪਕ ਜੋਤ ਜਗਾਇੰਦਾ । ਰਵ ਸਸ ਹੇਠਾਂ ਜੜ੍ਹ, ਉਪਰ ਚਰਨ ਛੁਹਾਇੰਦਾ । ਮੰਡਲ ਰਾਸੀ ਘਾੜਨ ਘੜ, ਆਕਾਸ਼ ਆਕਾਸ਼ ਭੇਵ ਨਾ ਪਾਇੰਦਾ । ਸਚ ਮਹੱਲੇ ਆਪੇ ਖੜ, ਗੁਰਮੁਖ ਸਾਚੇ ਮਾਤ ਜਗਾਇੰਦਾ । ਆਪੇ ਲਾਏ ਆਪਣੀ ਜੜ੍ਹ, ਸੀਸ ਧੜ ਨਾ ਕੋਇ ਰਖਾਇੰਦਾ । ਪੰਚਾਂ ਵੱਜੇ ਸਾਚਾ ਤੜ, ਤਾਲ ਤਲਵਾੜਾ ਇਕ ਰਖਾਇੰਦਾ । ਕਿਲ੍ਹਾ ਕੋਟ ਹੰਕਾਰੀ ਗੜ੍ਹ, ਗੜ੍ਹ ਕੰਚਨ ਇਕ ਵਖਾਇੰਦਾ । ਡੂੰਘੀ ਭਵਰੇ ਆਪੇ ਵੜ, ਸਰ ਸਰੋਵਰ ਵੇਖ ਵਖਾਇੰਦਾ । ਕਾਇਆ ਕਵਰੀ ਰਿਹਾ ਸੜ, ਜੀਵ ਅੰਵਾਣਾ ਭੇਵ ਨਾ ਪਾਇੰਦਾ । ਗੁਰ ਸ਼ਬਦ ਅੱਖਰ ਏਕਾ ਪੜ੍ਹ, ਚਰਨ ਧਿਆਨ ਮਾਤ ਰਖਾਇੰਦਾ । ਨੇਤਨ ਨੇਤਾ ਬਾਹੋਂ ਫੜ, ਸਾਚਾ ਆਪਣਾ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੰਗ ਨਿਭਾਇੰਦਾ । ਸਾਚਾ ਸੰਗ ਸਗਲਾ ਸਾਥੀ, ਸਤਿਗੁਰ ਸ੍ਰਿਸ਼ਟ ਸਬਾਈਆ । ਲਹਿਣਾ ਦੇਣਾ ਲੋਕਮਾਤ ਮਾਤੀ, ਕਮਲਾਪਾਤੀ ਆਪ ਚੁਕਾਈਆ । ਹਰਿਜਨ ਤੇਰੀ ਉਤਮ ਜ਼ਾਤੀ, ਅੰਮ੍ਰਿਤ ਮਿਲੀ ਬੂੰਦ ਸਵਾਂਤੀ, ਧਾਰੀ ਧਾਰ ਆਪ ਵਹਾਈਆ । ਵਣਜ ਵਣਜਾਰਾ ਸਾਚੀ ਹਾਟੀ, ਜੋਤ ਨਿਰੰਜਣ ਇਕ ਲਿਲਾਟੀ, ਔਖੀ ਘਾਟੀ ਆਪ ਚੜ੍ਹਾਈਆ । ਵੇਖ ਵਖਾਣੇ ਕਾਇਆ ਮਾਟੀ, ਬਜਰ ਕਪਾਟੀ ਜਿਸ ਜਨ ਪਾਟੀ, ਤੀਰਥ ਤਾਟੀ ਤੱਟ ਕਿਨਾਰਾ ਇਕ ਵਖਾਈਆ । ਨੌਂ ਦਵਾਰੇ ਖੇਲ ਬਾਜੀਗਰ ਨਾਟੀ, ਨਟ ਨਟੂਆ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲਾ ਸਤਿਗੁਰ ਮੀਤਾ, ਵੇਖ ਵਖਾਣੇ ਇਕ ਅਤੀਤਾ, ਪੱਤਤ ਪੁਨੀਤਾ ਕਵਣ ਅਖਵਾਈਆ । ਸੰਤ ਸਤਿਗੁਰ ਸਚ ਘਰ, ਸਚ ਸ਼ਬਦ ਪਰਨਾਈਆ । ਪੁਰਖ ਅਬਿਨਾਸ਼ੀ ਏਕਾ ਵਰ, ਏਕਾ ਨਾਰੀ ਕੰਤ ਸੁਹਾਈਆ । ਆਪੇ ਹੋਏ ਧਰਨੀ ਧਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਇਕ ਨੁਹਾਏ ਸਾਚੇ ਸਰ, ਸਰ ਸਰੋਵਰ ਚਰਨ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਅੰਤਰ ਖੋਜ ਖੁਜਾਈਆ । ਆਤਮ ਅੰਤਰ ਖੋਜ ਖੋਜੀਨਾ, ਨਿਝ ਘਰ ਆਤਮ ਵਸਿਆ । ਆਪੇ ਹੋਏ ਦਾਨਾ ਬੀਨਾ, ਆਪੇ ਦਰ ਤੋਂ ਜਾਏ ਨੱਸਿਆ । ਆਪੇ ਹੋਏ ਭਿੰਨੜਾ ਭੀਨਾ, ਆਪੇ ਆਪ ਦੂਰ ਦੁਰਾਡਾ ਵਸਿਆ । ਆਪੇ ਕਰੇ ਠੰਡਾ ਸੀਨਾ, ਆਪੇ ਦੂਈ ਦਵੈਤੀ ਤੀਰ ਕਸਿਆ । ਆਪੇ ਦਾਨਾ ਆਪੇ ਬੀਨਾ, ਆਪੇ ਮਰਨਾ ਆਪੇ ਜੀਣਾ, ਆਪੇ ਰੋਵੇ ਆਪੇ ਬਹਿ ਬਹਿ ਹੱਸਿਆ । ਆਪੇ ਦਾਣਾ ਪਾਣੀ ਖਾਣਾ ਪੀਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਘਰ ਸਚ ਦਵਾਰੇ ਕੌਣ ਵਸਿਆ । ਕਵਣ ਦਵਾਰਾ ਸਚ, ਸਚ ਵਣਜਾਰਿਆ । ਕਾਇਆ ਮਾਟੀ ਭਾਂਡਾ ਕੱਚ, ਅੰਤਮ ਭੰਨੇ ਭੰਨਣਹਾਰਿਆ । ਨੌਂ ਦਵਾਰੇ ਜੋ ਜਨ ਰਿਹਾ ਨੱਚ, ਸੁਣੇ ਸੁਣਾਏ ਨਾ ਹਰਿ ਪੁਕਾਰਿਆ । ਗੁਰ ਸ਼ਬਦ ਜਣਾਏ ਸਾਚੋ ਸਚ, ਚਰਨ ਕਵਲ ਇਕ ਪਿਆਰਿਆ । ਤ੍ਰਿਸ਼ਨਾ ਅਗਨੀ ਜਾਏ ਮੱਚ, ਕਾਮ ਕਰੋਧ ਲੋਭ ਮੋਹ ਜਾਏ ਹੰਕਾਰਿਆ । ਹਰਿ ਨਾਉਂ ਅੰਦਰ ਜਾਏ ਪਚ, ਕਾਇਆ ਹਰੀ ਹੋਏ ਕਿਆਰਿਆ । ਨਾੜ ਬਹੱਤਰ

ਜਾਏ ਰਚ, ਦੇਵੇ ਦਰਸ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸਚ ਘਰ, ਕਵਣ ਵਣਜ ਕਰੇ ਵਪਾਰਿਆ । ਕਵਣ ਵਣਜ ਨਾਮ ਵਾਪਾਰ, ਕਵਣ ਲਾਹਾ ਖੱਟਿਆ । ਕਵਣ ਮਿਲਿਆ ਸ਼ਬਦ ਅਧਾਰ, ਕਵਣ ਜੋਤੀ ਜਗੇ ਲਟ ਲਟਿਆ । ਕਵਣ ਦੀਪਕ ਹੋਏ ਉਜਿਆਰ, ਸਚ ਤਤ ਕਾਇਆ ਮੱਟਿਆ । ਕਵਣ ਗੋਤੀ ਖ਼ਬਰਦਾਰ, ਕਵਣ ਕਿਨਾਰਾ ਤੀਰਥ ਤੱਟਿਆ । ਕਵਣ ਸੋਟੀ ਸ਼ਬਦ ਅਧਾਰ, ਕਵਣ ਅੰਮ੍ਰਿਤ ਆਤਮ ਰਸ ਸਾਚਾ ਚੱਟਿਆ । ਕਵਣ ਜੋਤੀ ਵਿਚ ਸੰਸਾਰ, ਚੜ੍ਹ ਚੜ੍ਹ ਵੇਖੇ ਔਖੀ ਘਾਟੀਆ । ਗੁਰ ਸਤਿਗੁਰ ਮਿਲਿਆ ਕਵਣ ਬਜਾਰ, ਕਵਣ ਖੋਲ੍ਹੇ ਸਾਚੀ ਹਾਟੀਆ । ਕਵਣ ਫਲ ਫੁਲਵਾੜੀ ਖਿੜੇ ਗੁਲਜ਼ਾਰ, ਕਵਣ ਪੱਤੀ ਕਵਣ ਪਾਤੀਆ । ਕਵਣ ਪੁਰਖ ਕਵਣ ਨਾਰ, ਕਵਣ ਰੰਗ ਰੱਤੀ ਸਾਚੀ ਰਾਤੀਆ । ਕਵਣ ਸੇਜਾ ਮੀਤ ਮੁਰਾਰ, ਕਵਣ ਦੇ ਸਮਝਾਵੇ ਮਤੀਆ । ਕਵਣ ਕਰੇ ਸ਼ਬਦ ਸ਼ਿੰਗਾਰ, ਵਾ ਨਾ ਲੱਗੇ ਤਤੀਆ । ਕਵਣ ਕਰਾਏ ਨਾਮ ਆਹਾਰ, ਏਕਾ ਬਖ਼ਸ਼ੇ ਧੀਰਜ ਸਤੀਆ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਕਵਣ ਰਸਨਾ ਰਸਨ ਭੋਗ ਪਦਾਰਥ ਵੇਖੇ ਛੱਤੀਆ । ਕਵਣ ਰਸ ਰਸਨਾ ਚੋਗ, ਕਵਣ ਮੁਖ ਚੁਗਾਇੰਦਾ । ਕਵਣ ਮੇਟੇ ਜਗਤ ਦੋਖ, ਤ੍ਰਿਸ਼ਨਾ ਦੁੱਖ ਗਵਾਇੰਦਾ । ਕਵਣ ਦੇਵੇ ਅੰਤਮ ਮੋਖ, ਸੁਫਲ ਕੁੱਖ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਘਰ, ਕਵਣ ਕੰਤ ਕਵਣ ਸੰਤ ਕਵਣ ਨਾਰੀ ਹਰਿ ਭਤਾਰੀ, ਸਾਚੀ ਸੇਜ ਹੰਢਾਇੰਦਾ । ਆਤਮ ਸੇਜਾ ਫੂਲ ਕਿਆਰੀ, ਗੁਰ ਪੂਰੇ ਮਾਤ ਲਗਾਈਆ । ਗੁਰਮੁਖਾਂ ਵੇਖੇ ਵਾਰੋ ਵਾਰੀ, ਰੁੱਤ ਬਸੰਤੀ ਇਕ ਕਰਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸਾਂਤਕ ਸੀਤਲ ਸਤਿ ਕਰਾਈਆ । ਸੁਰਤ ਸ਼ਬਦ ਮੇਲ ਮਿਲਾਏ ਸਾਚੇ ਹਾਣੀ, ਪੱਲੂ ਏਕਾ ਨਾਮ ਫੜਾਈਆ । ਆਪ ਜਪਾਏ ਆਪਣੀ ਬਾਣੀ, ਪੰਚਮ ਦਰ ਰਾਗ ਅਲਾਈਆ । ਭੇਵ ਨਾ ਜਾਣੇ ਜੇਰਜ ਖਾਣੀ, ਲੱਖ ਚੁਰਾਸੀ ਬਣਤ ਬਣਾਈਆ । ਹਰਿਜਨ ਸਾਚਾ ਸੁਘੜ ਸਿਆਣ ਸਵਾਣੀ, ਪ੍ਰਭ ਪੂਰਨ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਨਿਧਾਨੀ ਨਾਮ ਸਿੰਘਾਸਣ ਵੇਖ ਵਖਾਈਆ । ਨਾਮ ਸਿੰਘਾਸਣ ਸ਼ਬਦ ਭੰਡਾਰ, ਜਗਤ ਗੁਰ ਵਰਤਾਇੰਦਾ । ਦੇਵਣਹਾਰ ਵਿਚ ਸੰਸਾਰ, ਲੇਖਾ ਧੁਰ ਚੁਕਾਇੰਦਾ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਆਤਮ ਸੁਰ ਇਕ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਕਵਣ ਵੰਡ ਜੀਓ ਪਿੰਡ ਵਿਚ ਬ੍ਰਹਿਮੰਡ, ਹਰਿਜਨ ਮਾਤ ਕਰਾਇੰਦਾ ।

### ✻ ੧੭ ਸਾਵਣ ੨੦੧੩ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਹਿ ਪਿੰਡ ਨੌਰੰਗਾਬਾਦ ✻

ਵੀਹ ਸੌ ਤੇਰਾਂ ਤੇਰੀ ਧਾਰ, ਨਾਨਕ ਰਸਨਾ ਗਾਈਆ । ਤੇਰਾਂ ਤੇਰਾਂ ਕਰ ਵਿਚਾਰ, ਤੇਰਾਂ ਧਾਰ ਬੰਧਾਈਆ । ਤੇਰਾਂ ਤੇਰਾਂ ਏਕਾ ਧਾਰ, ਪ੍ਰਭ ਸਾਚੇ ਹੱਥ ਫੜਾਈਆ । ਪ੍ਰਭ ਤੋਲਣਹਾਰਾ ਸਰਬ ਸੰਸਾਰ, ਨਾਮ ਕੰਡਾ ਏਕਾ ਲਾਈਆ । ਨਾਮ ਕੰਡਾ ਅਪਰ ਅਪਾਰ, ਸੋਹੰ ਡੰਡਾ ਨਾਲ ਲਟਕਾਈਆ । ਵੇਖੇ ਖੇਲ ਵਿਚ ਬ੍ਰਹਿਮੰਡਾਂ, ਜੇਰਜ ਅੰਡਾਂ ਨਾਲ ਚੜ੍ਹਾਈਆ । ਉਤਭੁਜ ਸੇਤਜ ਪਾਏ ਵੰਡਾਂ, ਖਾਣੀ ਬਾਣੀ ਨਾਲ ਉਠਾਈਆ । ਝੋਲੀ ਪਾਏ ਨੌ ਦਵਾਰੇ ਭੇਖ ਪਖੰਡਾ, ਵੇਖ ਵਖਾਣੇ ਥਾਉਂ ਥਾਈਂਆ । ਮਨਮੁਖ ਹੰਕਾਰੀ ਵੇਖ ਘਮੰਡਾ, ਝੂਠਾ ਪਾਸਾ ਰਿਹਾ ਭਰਾਈਆ । ਵਰਤੇ ਖੇਲ ਵਿਚ ਵਰਭੰਡਾ,

ਹਰਿ ਸਾਚੀ ਬਣਤ ਬਣਾਈਆ । ਕਲਜੁਗ ਅੰਤਮ ਆਇਆ ਕੰਢਾ, ਧਰਤ ਮਾਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਤੇਰਾਂ ਤੇਰਾਂ ਰਿਹਾ ਤੁਲਾਈਆ । ਤੇਰਾਂ ਨਾਨਕ ਗਾਇਆ, ਰਸਨਾ ਮੁਖ ਉਚਾਰ, ਕਲਜੁਗ ਜੀਵਾਂ ਭੇਵ ਨਾ ਪਾਇਆ, ਹੱਟ ਹਟਵਾਣਾ ਆਪ ਅਖਵਾਇਆ, ਜੂਠਾ ਝੂਠਾ ਹੱਟ ਪਸਾਰ । ਜਰ ਜਰਵਾਣਾ ਜੋਤ ਜਗਾਇਆ, ਆਪ ਆਪਣਾ ਭੇਖ ਵਟਾਇਆ । ਰੂਪ ਰੰਗ ਕਿਸੇ ਦਿਸ ਨਾ ਆਇਆ, ਕਲਜੁਗ ਤੇਰੀ ਕਾਲੀ ਧਾਰ । ਸੋਹੰ ਵੱਟਾ ਇਕ ਲਿਆਇਆ । ਸ੍ਰਿਸ਼ਟ ਸਬਾਈ ਛਾਣੇ ਘੱਟਾ, ਮਨਮੁਖ ਜੀਵ ਵਰੋਲ ਵਖਾਇਆ । ਆਪੇ ਵੇਖੇ ਤੀਰਥ ਤੱਟਾਂ, ਤਟ ਕਿਨਾਰਾ ਕੋਈ ਦਿਸ ਨਾ ਆਇਆ । ਸਚ ਸਰੋਵਰ ਕਾਇਆ ਮੱਟਾ, ਗੁਰਮੁਖ ਵਿਰਲੇ ਨਹਾਵਣ ਸਾਚਾ ਨੁਹਾਇਆ । ਆਪੇ ਮੇਟੇ ਦੂਈ ਦਵੈਤੀ ਫਟਾ, ਚਾਰ ਵਰਨਾਂ ਏਕਾ ਸਰਨਾ ਏਕਾ ਰਾਹੇ ਪਾਇਆ । ਆਪੇ ਗੇੜੇ ਉਲਟੀ ਲੱਠਾ, ਕਲਜੁਗ ਅੰਤਮ ਜਾਏ ਨੱਠਾ, ਚਾਰੋਂ ਕੁੰਟ ਪਏ ਦੁਹਾਇਆ । ਨਾ ਕੋਈ ਦੀਸੇ ਤੀਰਥ ਅੱਠ ਸੱਠਾ, ਗੰਗਾ ਗੋਦਾਵਰੀ ਮੁਖ ਛੁਪਾਇਆ । ਵਰਤੇ ਕਹਿਰ ਮਹੀਨਾ ਜੇਠ, ਜੇਠਾ ਸੁਤ ਹਰਿ ਉਪਜਾਇਆ । ਲੱਖ ਚੁਰਾਸੀ ਵੇਖੇ ਪਰਖੇ ਕੌੜਾ ਰੀਠਾ, ਸ਼ਬਦ ਹਥੌੜਾ ਇਕ ਰਖਾਇਆ । ਨਾਮ ਜਪਾਏ ਇਕ ਅਨਡੀਠਾ, ਨੇਤਰ ਲੋਚਨ ਨੈਣ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰਾਂ ਤੇਰੀ ਧਾਰ, ਤੇਰਾਂ ਤੇਰਾਂ ਦਏ ਵਹਾਇਆ । ਤੇਰਾਂ ਤੇਰਾਂ ਤੋਲਣਹਾਰਾ, ਜੋਤ ਸਰੂਪੀ ਆਇਆ ਏ । ਸ਼ਬਦ ਸਰੂਪੀ ਪਾਵੇ ਘੇਰਾ, ਸ੍ਰਿਸ਼ਟ ਸਬਾਈ ਵੇਖ ਵਖਾਇਆ ਏ । ਕਰੇ ਕਰਾਏ ਹੱਕ ਨਿਬੇੜਾ, ਕਾਇਆ ਖੇੜਾ ਫੋਲ ਵਖਾਇਆ ਏ । ਪੰਚਮ ਮੁਕਾਏ ਪੰਚ ਝੇੜਾ, ਪੰਚ ਪੰਚਾਂ ਸੰਗ ਰਲਾਇਆ ਏ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਆਪਣੀ ਹੱਥੀਂ ਰਿਹਾ ਕਰਾਇਆ ਏ । ਜਨ ਭਗਤਾਂ ਬੰਨ੍ਹਣ ਆਇਆ ਬੇੜਾ, ਆਪ ਆਪਣੇ ਕੰਧ ਉਠਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਕਾਲੀ ਧਾਰ, ਤੇਰਾਂ ਤੇਰਾਂ ਵਿਚ ਸੰਸਾਰ, ਤੇਰਾ ਮੇਰਾ ਭੇਵ ਚੁਕਾਇਆ ਏ । ਤੇਰਾਂ ਤੇਰਾਂ ਹਰਿ ਗੁਣ ਗਾਇਆ, ਦਰ ਘਰ ਵੱਜੀ ਵਧਾਈਆ । ਨਾਮ ਵਣਜਾਰਾ ਵਣਜ ਕਰਾਇਆ, ਸਾਚਾ ਹੱਟ ਚਲਾਈਆ । ਅੰਤਮ ਲਹਿਣਾ ਦੇਣਾ ਰਿਹਾ ਚੁਕਾਇਆ, ਮੂਲ ਮੂਲਾ ਰਹਿਣ ਨਾ ਪਾਈਆ । ਦੁਰਮਤ ਮੈਲ ਕੱਟ ਵਖਾਇਆ, ਸ਼ਬਦ ਝੂਲਾ ਰਿਹਾ ਝੁਲਾਈਆ । ਦੀਪਕ ਜੋਤੀ ਲਟ ਲਟ ਜਗਾਇਆ, ਕੰਤ ਕੰਤੂਹਲਾ ਮੇਲ ਮਿਲਾਈਆ । ਦੂਈ ਦਵੈਤੀ ਭਰਮਾਂ ਵੱਟ ਗਵਾਇਆ, ਦੂਲੋ ਦੂਲਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਿਹਾ ਬਣਤ ਬਣਾਈਆ । ਤੇਰਾਂ ਤੇਰੀ ਸਾਚੀ ਧਾਰ, ਪ੍ਰਭ ਸਾਚਾ ਮਾਤ ਚਲਾਇੰਦਾ । ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਰਾਜ ਰਾਜਾਨਾਂ ਆਪ ਉਠਾਇੰਦਾ । ਤੀਰ ਕਮਾਨਾ ਸ਼ਬਦ ਕਟਾਰ, ਆਪ ਆਪਣੇ ਤਨ ਸਜਾਇੰਦਾ । ਬਲੀ ਬਲਵਾਨਾ ਜੋਧਾ ਬਲਕਾਰ, ਜੋਤ ਸਰੂਪੀ ਹਰਿ ਅਖਵਾਇੰਦਾ । ਨਾਮ ਨਿਸ਼ਾਨਾ ਮਾਰੇ ਮਾਰ, ਚਾਰੇ ਕੁੰਟਾਂ ਵੇਖ ਵਖਾਇੰਦਾ । ਵੇਖੇ ਖੇਲ ਸ੍ਰੀ ਭਗਵਾਨ, ਜੀਵ ਜੰਤ ਨਾ ਕੋਈ ਜਣਾਇੰਦਾ । ਜਨ ਭਗਤਾਂ ਦੇਵੇ ਜੀਆ ਦਾਨ, ਆਤਮ ਬ੍ਰਹਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾਂ ਤੇਰੀ ਸਾਚੀ ਧਾਰ, ਏਕਾ ਧਰਮ ਚਲਾਇੰਦਾ । ਤੇਰਾਂ ਤੇਰਾਂ ਤੋਲਣਹਾਰਾ, ਤੇਰਾਂ ਤੇਲ ਚੜ੍ਹਾਇੰਦਾ । ਸ਼ਬਦ ਜੈਕਾਰਾ ਬੋਲਣਹਾਰਾ, ਕਲ ਸਾਚਾ ਮੇਲ ਮਿਲਾਇੰਦਾ । ਮੇਟ ਮਿਟਾਏ ਧੁੰਦੂਕਾਰਾ, ਦੀਪਕ ਜੋਤੀ ਇਕ ਜਗਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਨਾਨਕ

ਨਾਨਕ ਬਣ ਲਿਖਾਰਾ, ਗੁਰ ਗੋਬਿੰਦਾ ਗੋਦ ਉਠਾਇੰਦਾ । ਭਰਮੇ ਭੁੱਲਾ ਭਰਮ ਸੰਸਾਰਾ, ਸਰਬ ਬਖ਼ਸ਼ਿੰਦਾ ਦਿਸ ਨਾ ਆਇੰਦਾ । ਰੂਪ ਅਨੂਪ ਅਗੰਮ ਅਪਾਰਾ, ਦੇਵਤ ਸੁਰ ਨਾ ਦਰਸ਼ਨ ਪਾਇੰਦਾ । ਆਪੇ ਜਾਣੇ ਆਪਣੀ ਧਾਰਾ, ਆਪੇ ਗੁਰ ਪੀਰ ਅਖਵਾਇੰਦਾ । ਕਲਗੀ ਤੋੜਾ ਸੀਸ ਅਪਾਰਾ, ਜੋਤੀ ਜੋੜਾ ਮੇਲ ਮਿਲਾਇੰਦਾ । ਸ਼ਬਦੀ ਘੋੜਾ ਚਿੱਟੀ ਧਾਰਾ, ਵਾਗ ਆਪਣੇ ਹੱਥ ਰਖਾਇੰਦਾ । ਲੋਆਂ ਪੁਰੀਆਂ ਵੇਖੇ ਪਾਰ ਕਿਨਾਰਾ, ਗਗਨ ਪਤਾਲ ਪਤਾਲ ਅਕਾਸ਼ਾਂ ਏਕਾ ਰਾਹ ਵਖਾਇੰਦਾ । ਆਦਿ ਅੰਤ ਨਾ ਕਦੇ ਵਿਨਾਸ਼ਾ, ਪਾਰਬ੍ਰਹਮ ਪੁਰਖ ਅਬਿਨਾਸ਼ਾ, ਲੱਖ ਚੁਰਾਸੀ ਤੇਰਾ ਵੇਖੇ ਅੰਤ ਤਮਾਸ਼ਾ, ਵੇਖਣਹਾਰ ਆਪ ਅਖਵਾਇੰਦਾ । ਨਾ ਕੋਈ ਖਾਏ ਮਦਿਰਾ ਮਾਸਾ, ਸ਼ਬਦ ਜਪਾਏ ਸਵਾਸ ਸਵਾਸਾ, ਵੇਖ ਵਖਾਣੇ ਕਾਇਆ ਕਾਸਾ, ਨਾਮ ਰੰਗਣ ਰੰਗ ਰੰਗਾਇੰਦਾ । ਭਗਤ ਜਨਾਂ ਹਰਿ ਦਾਸਨ ਦਾਸਾ, ਨਿਝ ਘਰ ਆਤਮ ਰੱਖੇ ਵਾਸਾ, ਸ਼ਬਦ ਸਰੂਪੀ ਦੇ ਭਰਵਾਸਾ, ਆਤਮ ਬ੍ਰਹਮ ਗਿਆਨ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਕਾਲੀ ਧਾਰ, ਤੇਰਾਂ ਤੇਰਾਂ ਵਿਚ ਸੰਸਾਰ, ਤੇਰਾਂ ਤੇਰਾਂ ਨਾਮ ਵਡਿਆਇੰਦਾ । ਤੇਰਾਂ ਤੇਰਾਂ ਤੇਰਾ ਬੋਲ, ਕਲਜੁਗ ਅੰਤ ਵਿਆਹਿਆ । ਹਰਿ ਸ਼ਬਦ ਭੰਡਾਰਾ ਰਿਹਾ ਖੋਲ੍ਹ, ਵਰਨ ਅਵਰਨੀ ਇਕ ਅਖਵਾਇਆ । ਪਰਗਟ ਹੋਏ ਕਲਾ ਸੋਲ, ਏਕਾ ਕਲ ਰਿਹਾ ਵਰਤਾਇਆ । ਭਗਤ ਸੁਹੇਲਾ ਕਰੇ ਚੋਹਲ, ਜਲ ਥਲ ਵਿਚ ਸਮਾਇਆ । ਨਾਮ ਮਰਦੰਗਾ ਵਜਾਏ ਢੋਲ, ਡੂੰਘੀ ਡਲ ਡੇਰਾ ਲਾਇਆ । ਲੋਆਂ ਪੁਰੀਆਂ ਜਾਏ ਲੰਘ ਸਦਾ ਸੁਹੇਲਾ ਵਸੇ ਕੋਲ, ਸ਼ਬਦ ਘੋੜੇ ਤੰਗ ਕਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾਂ ਤੇਰਾਂ ਤੇਰੀ ਧਾਰ, ਤੇਰਾਂ ਰੂਪ ਰਿਹਾ ਵਟਾਇਆ । ਤੇਰਾਂ ਤੇਰਾਂ ਨਾਨਕ ਗਾਇਆ, ਘਰ ਸਾਚੇ ਵੱਜੀ ਵਧਾਈਆ । ਹੇਰਾ ਫੇਰਾ ਰਿਹਾ ਚੁਕਾਇਆ, ਪ੍ਰਭ ਜੋਤੀ ਨੂਰ ਸਵਾਈਆ । ਸੰਞ ਸਵੇਰਾ ਇਕ ਕਰਾਇਆ, ਕਲਜੁਗ ਰੈਣ ਅੰਧੇਰੀ ਛਾਈਆ । ਪੰਚਮ ਘੇਰਾ ਪੰਚਮ ਪਾਇਆ, ਪੰਚਮ ਮੋਹ ਚੁਕਾਈਆ । ਸਚ ਸਿੰਘਾਸਣ ਡੇਰਾ ਲਾਇਆ, ਸ਼ਬਦ ਸਿੰਘਾਸਣ ਨਾਉਂ ਰਖਾਈਆ । ਨੌਂ ਦਵਾਰੇ ਖੋਲ੍ਹ ਵਖਾਇਆ, ਸ੍ਰਿਸ਼ਟ ਸਬਾਈ ਕਰੇ ਕੁੜਮਾਈਆ । ਪੰਜਾਂ ਤਤਾਂ ਨਾਲ ਉਪਾਇਆ, ਪੰਚਮ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਤੇਰਾਂ ਧਾਰ, ਆਪਣੀ ਹੱਥੀਂ ਰਿਹਾ ਤੁਲਾਈਆ । ਨੌਂ ਦਰਵਾਜ਼ੇ ਚਾਰ ਕੁੰਟ, ਤੇਰਾ ਤੋਲਣ ਆਇਆ । ਗਰੀਬ ਨਿਵਾਜ਼ੇ ਵੇਖ ਬੈਕੁੰਠ, ਸ਼ਬਦ ਸੁਨੇਹੜਾ ਬੋਲਣ ਆਇਆ । ਜੁਗਾਂ ਜੁਗਾਂ ਦੇ ਵਿਛੜੇ ਜੋ ਜਨ ਗਏ ਰੁੱਠ, ਪ੍ਰਭ ਸਾਚਾ ਮੇਲੀ ਮੇਲਾ ਮੇਲਣ ਆਇਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠ, ਮੀਤ ਮੁਰਾਰਾ ਗਿਆ ਤੁੱਠ, ਸੱਜਣ ਸੁਹੇਲਾ ਆਪ ਅਖਵਾਇਆ । ਤੀਰ ਨਿਰਾਲਾ ਰਿਹਾ ਛੁੱਟ, ਲੱਖ ਚੁਰਾਸੀ ਰਿਹਾ ਕੁੱਟ, ਭਾਗ ਨਿਮਾਣੇ ਗਏ ਨਿਖੁਟ, ਕਲਜੁਗ ਅੰਤਮ ਦਏ ਦੁਹਾਇਆ । ਘਰ ਘਰ ਅੰਦਰ ਦਿਸੇ ਫੁੱਟ, ਆਪ ਆਪਣੀ ਜੜ੍ਹ ਰਹੇ ਪੁੱਟ, ਅੰਮ੍ਰਿਤ ਆਤਮ ਮਿਲੇ ਨਾ ਘੁੱਟ, ਜਗਤ ਤ੍ਰਿਸ਼ਨਾ ਨਾ ਕੋਇ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਤੇਰਾਂ ਤੇਰਾਂ ਬੋਲਣ ਆਇਆ । ਤੇਰਾਂ ਬੋਲ ਸ਼ਬਦ ਜੈਕਾਰਾ, ਤੇਰਾਂ ਭੇਵ ਚੁਕਾਇੰਦਾ । ਨੌਂ ਦਵਾਰੇ ਖੋਲ੍ਹ ਕਿਵਾੜਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਚਾਰੇ ਕੁੰਟਾਂ ਵੇਖੇ ਦਿਨ ਦਿਹਾੜਾ, ਦਹਿ ਦਿਸ਼ਾ ਫੋਲ ਵਖਾਇੰਦਾ । ਪੰਚਮ ਲਾਏ ਮਗਰ ਧਾੜਾ, ਨਾ ਕੋਈ ਕਿਸੇ ਛੁਡਾਇੰਦਾ । ਗੁਰਮੁਖ ਵਿਰਲਾ ਸਾਚਾ ਲਾੜਾ, ਪ੍ਰਭ ਸਾਚੀ ਘੋੜੀ ਸ਼ਬਦ ਚੜ੍ਹਾਇੰਦਾ । ਲੱਖ ਚੁਰਾਸੀ ਵੱਜੇ ਤਾੜਾ, ਬਹੱਤਰ ਨਾੜੀ ਆਪ ਵਜਾਇੰਦਾ । ਧਰਮ ਰਾਏ ਦਾ

ਇਕ ਅਖਾੜਾ, ਲਾੜੀ ਮੌਤ ਵਿਚ ਨਚਾਇੰਦਾ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿਲੇ ਪਰਬਤ ਫੋਲ ਫੁਲਾਇੰਦਾ । ਆਪ ਚਬਾਏ ਆਪਣੀ ਦਾੜ੍ਹਾ, ਭੇਖਾਧਾਰੀ ਭੇਖ ਵਟਾਇੰਦਾ । ਕਲਜੁਗ ਅੰਤਮ ਕੱਢੇ ਹਾੜਾ, ਜੂਠ ਝੂਠ ਮੁਖ ਸ਼ਰਮਾਇੰਦਾ । ਮਾਇਆ ਮਮਤਾ ਤਨ ਮਨ ਸਾੜਾ, ਅਗਨੀ ਅੱਗ ਨਾ ਕੋਈ ਬੁਝਾਇੰਦਾ । ਧੁਰ ਦਰਗਾਹੀ ਪੈਣੀਆਂ ਝਾੜਾਂ, ਅੱਗੇ ਹੋ ਨਾ ਕੋਈ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਤੇਰਾਂ ਤੇਰਾਂ ਨਾਮ ਜਪਾਇੰਦਾ । ਤੇਰਾਂ ਧਾਰ ਨਾਮ ਬੋਦੀ, ਪ੍ਰਭ ਆਪਣੀ ਮੁੱਠ ਵਖਾਈਆ । ਗੁਰਮੁਖ ਬਿਠਾਏ ਸਾਚੀ ਗੋਦੀ, ਸ਼ਬਦੀ ਲਾਡ ਲਡਾਈਆ । ਸੁਰਤ ਸਵਾਣੀ ਆਪੇ ਸੋਧੀ, ਵਾਹਿਦ ਗਾਡ ਮੇਲ ਮਿਲਾਈਆ । ਸ਼ਬਦ ਗਿਆਨੀ ਆਤਮ ਬੋਧੀ, ਦੇਵੇ ਬ੍ਰਹਮ ਜਣਾਈਆ । ਗੁਰਮੁਖਾਂ ਹਿਰਦੇ ਰਿਹਾ ਸੋਧੀ, ਸਾਚਾ ਧਰਮ ਇਕ ਰਖਾਈਆ । ਦਾਤਾ ਸੂਰਾ ਵਡ ਜੋਧਨ ਜੋਧੀ, ਜਗ ਜੁਗ ਕਰਦਾ ਰਿਹਾ ਲੜਾਈਆ । ਆਪੇ ਬੈਠਾ ਖਾਨੇ ਮੋਦੀ, ਤੱਕੜੀ ਆਪਣੇ ਹੱਥ ਰਖਾਈਆ । ਕਲਜੁਗ ਤੋਲੇ ਵੈਰ ਕਰੋਧੀ, ਤੋਲਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਤੇਰੇ ਹੱਥ ਰੱਖੇ ਵਡਿਆਈਆ । ਤੇਰਾਂ ਹੱਥ ਵਡਿਆਈ, ਤ੍ਰੈਗੁਣ ਤੋਲਿਆ । ਕਿਸੇ ਜੀਵ ਨਾ ਚਲੇ ਚਤੁਰਾਈ, ਪ੍ਰਭ ਸਾਚੇ ਸ਼ਬਦ ਰਸਨਾ ਬੋਲਿਆ । ਚਾਰ ਵਰਨ ਕਰੇ ਕੁੜਮਾਈ, ਸੋਹੰ ਸਾਚੇ ਢੋਲਿਆ । ਨੌ ਖੰਡ ਪ੍ਰਿਥਮੀ ਵੱਜੇ ਵਧਾਈ, ਸੱਤਾਂ ਦੀਪਾਂ ਚਰਨ ਦਵਾਰੇ ਕਰੇ ਗੋਲਿਆ । ਲੋਆਂ ਪੁਰੀਆਂ ਰਿਹਾ ਜਗਾਈ, ਬ੍ਰਹਮਾ ਉਠੇ ਨੇਤਰ ਵੇਖੇ ਖੋਲ੍ਹਿਆ । ਸ਼ਿਵ ਸ਼ੰਕਰ ਲਏ ਇਕ ਅੰਗੜਾਈ, ਕਵਣ ਕੂਟੇ ਹਰਿ ਹਰਿ ਬੋਲਿਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਵੇਖੇ ਜਗਤ ਜਗਦੀਸਾ, ਸ਼ਬਦ ਸੁਨੇਹੜਾ ਰਿਹਾ ਘਲਾਈ । ਹੋਏ ਸਹਾਈ ਬੀਸ ਇਕੀਸਾ, ਸੰਮਤ ਸੰਮਤੀ ਦਏ ਮਿਟਾਈ । ਨਾ ਕੋਈ ਗਾਏ ਰਾਗ ਛਤੀਸਾ, ਵੇਦ ਪੁਰਾਨਾਂ ਅੰਤ ਕਰਾਈ । ਨਾ ਕੋਈ ਪੜ੍ਹੇ ਕੁਰਾਨ ਹਦੀਸਾ, ਅੰਜੀਲ ਅੰਜੀਲ ਰਹਿਣ ਨਾ ਪਾਈ । ਪਰਗਟ ਹੋਏ ਬੀਸ ਬੀਸਾ, ਏਕਾ ਧਾਰ ਰਿਹਾ ਚਲਾਈ । ਛਤਰ ਝੁਲਾਏ ਸਾਚੇ ਸੀਸਾ, ਜਗਤ ਜਗਦੀਸਾ ਨਾਉਂ ਰਖਾਈ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨਾ ਖਾਲੀ ਕਰੇ ਖੀਸਾ, ਮਾਇਆ ਰਾਣੀ ਬੈਠੇ ਮੁਖ ਛੁਪਾਈ । ਹਰਿ ਮਿਹਰਵਾਨਾ ਇਕ ਚਲਾਏ ਸ਼ਬਦ ਤਰਾਨਾ, ਰਾਗ ਅਨਾਦੀ ਹਰਿ ਭਗਵਾਨਾ, ਵੇਖੇ ਥਾਉਂ ਥਾਈਂ । ਪਾਰਬ੍ਰਹਮ ਬ੍ਰਹਮ ਬ੍ਰਹਿਮਾਦੀ, ਖੇਲੇ ਖੇਲ ਆਦਿ ਜੁਗਾਦੀ, ਜੁਗ ਜੁਗ ਬਣਤ ਰਿਹਾ ਬਣਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਧਾਰ, ਤੇਰਾ ਮੇਰਾ ਰਿਹਾ ਚੁਕਾਈ । ਤੇਰਾਂ ਤੇਰਾਂ ਸਾਚਾ ਰੰਗ, ਸਚ ਤਖ਼ਤ ਸੁਲਤਾਨਿਆ । ਭਗਤ ਜਨਾਂ ਪ੍ਰਭ ਸਾਚਾ ਸੰਗ, ਜਿਉਂ ਨਾਨਕ ਸੰਗ ਮਰਦਾਨਿਆ । ਮਾਨਸ ਜਨਮ ਨਾ ਹੋਏ ਭੰਗ, ਗੁਰ ਅੰਗਦ ਅੰਗ ਲਗਾਨਿਆ । ਸ਼ਬਦ ਘੋੜੇ ਕਸੇ ਤੰਗ, ਅਮਰ ਅਮਰਾਪਦ ਪਾਨਿਆ । ਸਚ ਦਵਾਰਾ ਜਾਏ ਲੰਘ, ਰਾਮਦਾਸ ਵੇਖ ਵਖਾਨਿਆ । ਗੁਰ ਅਰਜਨ ਮੰਗੀ ਸਾਚੀ ਮੰਗ, ਪ੍ਰਭ ਬਖ਼ਸ਼ੇ ਚਰਨ ਧਿਆਨਿਆ । ਹਰਿ ਗੋਬਿੰਦ ਕਟਾਈ ਭੁੱਖ ਨੰਗ, ਚਰਨ ਪ੍ਰੀਤੀ ਮਾਤ ਨਿਸ਼ਾਨਿਆ । ਹਰਿਰਾਏ ਵਹਾਏ ਸਾਚੀ ਗੰਗ, ਸਾਚਾ ਤੀਰਥ ਇਕ ਇਸ਼ਨਾਨਿਆ । ਹਰਿਕ੍ਰਿਸ਼ਨ ਕਰਾਇਆ ਸਾਚਾ ਜੰਗ, ਬਾਲ ਅਵਸਥਾ ਮੇਲ ਮਿਲਾਨਿਆ । ਤੇਗ ਬਹਾਦਰ ਵੱਜੇ ਮਰਦੰਗ, ਕਲਜੁਗ ਵੇਖੇ ਅੰਤ ਜਹਾਨਿਆ । ਗੁਰ ਗੋਬਿੰਦਾ ਬੈਠਾ ਸ਼ਬਦ ਰੰਗੀਲੇ ਪਲੰਘ, ਸਾਚਾ ਮੇਲਾ ਸ੍ਰੀ ਭਗਵਾਨਿਆ । ਸ਼ਬਦ ਡੋਰੀ ਇਕ ਪਤੰਗ, ਪ੍ਰਭ ਆਪ ਚੜ੍ਹਾਏ ਜੁਗ ਜੁਗ ਵਾਲੀ ਦੋ ਜਹਾਨਿਆ । ਵਡ ਦਾਤਾ ਸੂਰਾ ਸਰਬੰਗ, ਹਰਿ


੨੪
੦੬

ਸ਼ਾਹੋ ਸ਼ਾਹ ਸ਼ਹਾਨਿਆ । ਆਦਿ ਸ਼ਕਤ ਹੱਥ ਤੇਜ ਕਟਾਰੀ, ਸ਼ਬਦ ਭਗੌਤੀ ਨਾਮ ਰਖਾਨਿਆ । ਪੰਥੀ ਪੰਥਾਂ ਪਾਵੇ ਸਾਰੀ, ਗ੍ਰੰਥੀ ਗ੍ਰੰਥਾਂ ਨਾ ਕੋਈ
ਜਾਣੇ ਵੇਦ ਪੁਰਾਨਿਆ । ਜੁਗ ਜੁਗ ਲੈ ਮਾਤ ਹਰਿ ਅਵਤਾਰੀ, ਆਪ ਰਹੀਮ ਕ੍ਰਿਸ਼ਨਾ ਕਾਨ੍ਹਿਆ । ਕਲਜੁਗ ਤੇਰੀ ਅੰਤਮ ਵਾਰੀ, ਧਾਰੇ ਭੇਖ
ਹਰਿ ਬਨਵਾਰੀ, ਵਿਸ਼ਨੂੰ ਨਾਉਂ ਹਰਿ ਭਗਵਾਨਿਆ । ਭਰਮੇਂ ਭੁੱਲੇ ਜੀਵ ਗਵਾਰੀ, ਸਾਧਾਂ ਸੰਤਾਂ ਆਈ ਹਾਰੀ, ਮਗਰ ਲੱਗੇ ਪੰਜ ਸ਼ੈਤਾਨਿਆ ।
ਦਰ ਘਰ ਬੈਠਾ ਹਰਿ ਸੁਲਤਾਨਾ, ਵੇਖੇ ਖੇਲ ਸੱਚੀ ਸਰਕਾਰੀ, ਆਪੇ ਜਾਣੇ ਆਪਣੇ ਭਾਣਿਆ । ਲੱਖ ਚੁਰਾਸੀ ਬਾਜੀ ਹਾਰੀ, ਨਾ ਕੋਈ ਦੇਵੇ ਮਾਤ
ਸਹਾਰੀ, ਵੱਜੇ ਤੀਰ ਜਗਤ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰਾਂ ਤੇਰੀ ਧਾਰ, ਆਪ ਆਪਣੇ ਹੱਥ
ਰਖਾਨਿਆ । ਤੇਰਾਂ ਤੇਰਾਂ ਰੱਖਣਹਾਰਾ, ਤੇਰਾ ਰੂਪ ਵਟਾਇੰਦਾ । ਸ੍ਰਿਸ਼ਟ ਸਬਾਈ ਪਰਖਣਹਾਰਾ, ਸ਼ਾਹੋ ਭੂਪ ਅਖਵਾਇੰਦਾ । ਲੱਖਣ ਦੀਪ ਕਰ
ਵਿਚਾਰਾ, ਕਰੋਚ ਫੇਰਾ ਪਾਇੰਦਾ । ਪੁਸ਼ਕਰ ਹਾਹਾਕਾਰਾ, ਜੰਬੂ ਨਾਲ ਰਲਾਇੰਦਾ । ਸਲਮਲ ਹੋਏ ਧੁੰਦੂਕਾਰਾ, ਸਾਨ ਨਾ ਕੋਇ ਛੁਡਾਇੰਦਾ ।
ਕੁਸ਼ਾ ਨਾ ਪਾਵੇ ਕੋਈ ਸਾਰਾ, ਭਰਮੇ ਭੁੱਲੇ ਜੀਵ ਗਵਾਰਾ, ਸਾਧ ਸੰਤ ਨਾ ਦੇਵੇ ਕੋਈ ਸਹਾਰਾ, ਅੰਤਮ ਵੇਲੇ ਮੁਖ ਛੁਪਾਇੰਦਾ । ਕੁਲਾਖੰਡ ਪ੍ਰਭ
ਸ਼ਬਦ ਹੁਲਾਰਾ, ਇਲਾਬ੍ਰਤ ਕਰ ਚਰਨ ਪਿਆਰਾ, ਕੇਤਮਾਲ ਹਰਿ ਸ਼ਬਦ ਜੈਕਾਰਾ, ਕਿੰਪੁਰਖ ਤੇਰੀ ਸਾਚੀ ਧਾਰਾ, ਹਰਿਵਰਖ ਤੇਰਾ ਹਰਿ ਵਰਤਾਰਾ,
ਭਾਰਤ ਖੰਡੀ ਜੋਤ ਜਗਾਇੰਦਾ । ਹਰਣਮਯਹ ਤੇਰਾ ਸਗਲ ਪਸਾਰਾ, ਰਮਕ ਚਲੇ ਏਕਾ ਧਾਰਾ, ਹਰਿਭਦਰ ਗੋਦ ਉਠਾਇੰਦਾ । ਜੋਤ ਸਰੂਪੀ ਕਰ
੨੫ ਅਕਾਰਾ, ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਬਲ ਨਗਰੀ ਪਾਵੇ ਸਾਰਾ, ਗੁਰ ਗੋਬਿੰਦਾ ਸਾਚਾ ਪੂਤ ਏਕਾ ਧਾਗਾ ਏਕਾ ਸੂਤ, ਆਪਣੀ ਹੱਥੀਂ ੨੫
੦੬ ਆਪ ਪੁਰਾਇੰਦਾ । ਸ਼ਬਦ ਜਣਾਏ ਸਾਚਾ ਦੂਤ, ਆਪ ਘਲਾਏ ਚਾਰੇ ਕੂਟ, ਲੋਆਂ ਪੁਰੀਆਂ ਆਪ ਜਣਾਇੰਦਾ । ਸਚ ਪੰਘੂੜਾ ਰਿਹਾ ਝੂਟ, ਜੋਤੀ ੦੬
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਤੇਰਾ ਪੱਲੂ ਨਾਮ ਫੜਾਇੰਦਾ । ਤੇਰਾਂ ਤੇਰਾਂ ਤ੍ਰੈਗੁਣ ਜਾਲ, ਪ੍ਰਭ ਮਾਤੀ
ਮਾਤ ਚੁਕਾਇੰਦਾ । ਸ੍ਰਿਸ਼ਟ ਸਬਾਈ ਖਾਏ ਕਾਲ, ਮਾਰ ਝਾਤੀ ਵੇਖ ਵਖਾਇੰਦਾ । ਲੱਖ ਚੁਰਾਸੀ ਹਾਲ ਬੇਹਾਲ, ਨਾ ਕੋਈ ਕਿਸੇ ਬਚਾਇੰਦਾ ।
ਗੁਰਮੁਖ ਵਿਰਲਾ ਮਸਤਕ ਜੋਤੀ ਸਾਚੇ ਥਾਲ, ਜੋਤ ਨਿਰੰਜਣ ਡਗਮਗਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਆਪੇ ਕਰੇ ਸਰਬ ਪ੍ਰਿਤਪਾਲ, ਆਪੇ
ਬਣਤ ਬਣਾਇੰਦਾ । ਆਪੇ ਸ਼ਬਦ ਧੁਰ ਦਲਾਲ, ਆਪੇ ਅੰਮ੍ਰਿਤ ਆਤਮ ਦਏ ਪਿਆਲ, ਆਪੇ ਜਗਤ ਤ੍ਰਿਸ਼ਨਾ ਅਗਨ ਮਾਤ ਜਲਾਇੰਦਾ । ਆਪੇ
ਦੀਪਕ ਜੋਤੀ ਦੇਵੇ ਬਾਲ, ਆਪੇ ਬ੍ਰਹਮਾ ਆਪੇ ਸ਼ਿਵ ਆਪੇ ਵਿਸ਼ਨ ਰੂਪ ਵਟਾਇੰਦਾ । ਜੁਗਾ ਜੁਗੰਤਰ ਚਲੇ ਅਵੱਲੜੀ ਚਾਲ, ਭੇਵ ਅਭੇਦਾ ਭੇਵ
ਕੋਈ ਨਾ ਪਾਇੰਦਾ । ਆਪੇ ਮਾਰੇ ਇਕ ਉਛਾਲ, ਸ਼ਬਦ ਸੁਹਾਏ ਸਾਚਾ ਤਾਲ, ਮੁਖ ਚਾਰੇ ਖੋਲ੍ਹ ਵਖਾਇੰਦਾ । ਫਲ ਲਗਾਏ ਸਾਚੇ ਡਾਲ੍ਹ, ਤ੍ਰੈਗੁਣ
ਮਾਇਆ ਤੋੜ ਜੰਜਾਲ, ਬ੍ਰਹਮਾ ਵੇਤਾ ਸਾਚਾ ਨੇਤਾ, ਚਾਰੇ ਵੇਦ ਚਾਰੇ ਮੁਖ ਚਾਰੇ ਰਸਨ ਚਲਾਇੰਦਾ । ਆਪ ਉਠਾਇਆ ਆਪਣੀ ਕੁੱਖ, ਕਵਲ
ਨਾਭੀ ਸਾਚਾ ਮੁਖ, ਸਾਚਾ ਮੇਲਾ ਉਤਰੇ ਦੁੱਖ, ਏਕਾ ਰੰਗ ਸਮਾਇੰਦਾ । ਕਲਜੁਗ ਅੰਤਮ ਵੇਲਾ ਗਿਆ ਢੁਕ, ਹਰਿ ਹਰਿ ਭਾਣਾ ਜਾਏ ਨਾ ਰੁਕ,
ਲੱਖ ਚੁਰਾਸੀ ਜੀਵਾਂ ਜੰਤਾਂ ਦਾਣਾ ਪਾਣੀ ਗਿਆ ਮੁੱਕ, ਲੇਖਾ ਰਿਹਾ ਲੇਖ ਮੁਕਾਇੰਦਾ । ਹਰਿਆ ਬੂਟਾ ਜਾਣਾ ਸੁੱਕ, ਜੀਵ ਹੰਕਾਰੀ ਜਾਣਾ ਚੁੱਕ,
ਮਨਮੁਖਾਂ ਪਿਆ ਮੂੰਹ ਵਿਚ ਥੁੱਕ, ਰਾਏ ਧਰਮ ਦਏ ਸਜਾਇਆ । ਲਾੜੀ ਮੌਤ ਆਪਣੀ ਗੋਦੀ ਲਏ ਚੁੱਕ, ਕਾਲ ਦਵਾਰੇ ਰਿਹਾ ਬੁੱਕ, ਵੇਲਾ ਕਲਜੁਗ

ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਆਪਣੀ ਹੱਥੀਂ ਤੋਲਣ ਆਇਆ । ਤੋਲਣਹਾਰਾ ਹਰਿ ਜਗਦੀਸ਼, ਆਪੇ ਸ੍ਰਿਸ਼ਟ ਸਬਾਈਆ । ਲੱਖ ਚੁਰਾਸੀ ਪੀਸਣ ਰਿਹਾ ਪੀਸ, ਕਲਜੁਗ ਚੱਕੀ ਮਾਤ ਚਲਾਈਆ । ਵੇਖੇ ਖੇਲ ਬੀਸ ਇਕੀਸ, ਸਤਿਜੁਗ ਸਾਚਾ ਜਨਮ ਦਵਾਈਆ । ਕਵਣ ਕਰੇ ਪ੍ਰਭ ਤੇਰੀ ਰੀਸ, ਤੇਰੀ ਮਹਿੰਮਾ ਅਗਣਤ ਗਣੀ ਨਾ ਜਾਈਆ । ਆਪੇ ਜਾਣੇ ਹਸਤ ਕੀਟ, ਕੀਟ ਕੀਟਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਇਕ ਵਰ, ਏਕਾ ਛਾਬੇ ਰਿਹਾ ਪਾਈਆ । ਸ੍ਰਿਸ਼ਟ ਸਬਾਈ ਏਕਾ ਪੱਲਾ, ਏਕਾ ਲੜ ਫੜਾਇਆ । ਪੰਚ ਵਿਕਾਰਾ ਕਰੇ ਹੱਲਾ, ਵਿਸ਼ੇ ਵਿਕਾਰਾ ਹੜ ਵਹਾਇਆ । ਚਾਰੋਂ ਕੁੰਟ ਪਏ ਤਰਥੱਲਾ, ਸਭ ਦੀ ਜੜ੍ਹ ਰਿਹਾ ਉਖੜਾਇਆ । ਵੇਖੇ ਖੇਲ ਘੜੀ ਘੜੀ ਪਲਾ ਪਲਾ, ਨਾੜ ਬਹੱਤਰ ਵਿਚ ਸਮਾਇਆ । ਆਪੇ ਵਸਿਆ ਜਲ ਥਲਾ, ਡੂੰਘੀ ਕੰਦਰ ਡੇਰਾ ਲਾਇਆ । ਆਪ ਵਸਾਇਆ ਇਕ ਮਹੱਲਾ, ਰੰਗ ਮਹੱਲ ਸਜਾਇਆ । ਹਰਿ ਜੀ ਬੈਠਾ ਇਕ ਇਕੱਲਾ, ਸ਼ਬਦ ਭੱਲਾ ਹੱਥ ਫੜਾਇਆ । ਦੂਈ ਦਵੈਤੀ ਮੇਟੇ ਸੱਲਾ, ਸਾਚਾ ਭਾਣਾ ਹੁਕਮ ਜਣਾਇਆ । ਕਲਜੁਗ ਤੇਰਾ ਅੰਤਮ ਸ਼ਿਲਾ, ਬੀਸ ਬੀਸੇ ਦਏ ਕਰਾਇਆ । ਨਾ ਕੋਈ ਦੀਸੇ ਬੂਰਾ ਕੱਕਾ ਬਿਲਾ, ਚੀਨਾ ਰੂਸ ਦਏ ਮਿਟਾਇਆ । ਰਸਨਾ ਚੜ੍ਹਾਏ ਸਾਚਾ ਚਿੱਲਾ, ਸ਼ਬਦ ਰਖਾਏ ਘੋੜਾ ਨੀਲਾ, ਕਲਗੀ ਤੋੜਾ ਸੀਸ ਲਗਾਇਆ । ਬਸਤਰ ਪਹਿਨੇ ਤਨ ਪੀਲਾ, ਗੁਰ ਗੋਬਿੰਦੇ ਭੇਖ ਵਟਾਇੰਦਾ । ਸਾਲ ਤੇਰਵਾਂ ਛੈਲ ਛਬੀਲਾ, ਨੌਜਵਾਨਾ ਹੋ ਹੋ ਆਇਆ । ਭਾਰਤ ਖੰਡ ਤੇਰਾ ਇਕ ਕਬੀਲਾ, ਸ੍ਰਿਸ਼ਟ ਸਬਾਈ ਦਏ ਬਣਾਇਆ । ਜ਼ਾਤ ਅਜ਼ਾਤੀ ਮਿਟੇ ਮੇਲਾ, ਵਰਨ ਅਵਰਨੀ ਗੋਤ ਚਲਾਇਆ । ਗੁਰਮੁਖਾਂ ਲਾਹੇ ਬਜਰ ਕਪਾਟੀ ਸਿਲਾ, ਅੰਦਰੋਂ ਕੁੰਡਾ ਲਾਹਿਆ । ਆਪ ਹਿਲਾਏ ਉਚਾ ਟਿੱਲਾ, ਗੋਰਖ ਮਛੰਦਰ ਰਹਿਣ ਨਾ ਪਾਇਆ । ਵੇਖ ਵਖਾਣੇ ਸਾਗਰ ਝੀਲਾਂ, ਉਲਟੇ ਨਦੀਆਂ ਵਹਿਣ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦੀ ਬੀਸ ਤੇਰਾਂ ਤੇਰੀ ਝੋਲੀ ਪਾਈਆ । ਝੋਲੀ ਤੇਰਾਂ ਤੇਰੀ ਪਾਈ, ਤੇਰਾ ਲਹਿਣਾ ਮੁੱਕਿਆ । ਕਾਇਆ ਡੋਲੀ ਇਕ ਉਠਾਈ, ਹਰਿਆ ਕਾਸ਼ਟ ਸੁਕਿਆ । ਗੁਰਮੁਖ ਵਿਰਲੇ ਚੋਲੀ ਰੰਗ ਰੰਗਾਈ, ਦਰ ਦਵਾਰੇ ਆਏ ਝੁਕਿਆ । ਪੁਰਖ ਅਬਿਨਾਸ਼ੀ ਦਏ ਵਧਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਇਕ ਵਰ, ਹਰਿ ਭਾਣਾ ਮਾਤ ਨਾ ਰੁਕਿਆ । ਸਗਲ ਰੂਪ ਕਰਤਾਰ, ਸਗਲ ਸਮਾਇਆ । ਅੰਧ ਕੂਪ ਸੰਸਾਰ, ਦਿਸ ਕਿਸੇ ਨਾ ਆਇਆ । ਦਰ ਮੰਦਰ ਅੰਦਰ ਧੁਖਦੇ ਧੂਪ, ਸਾਚਾ ਹਵਨ ਨਾ ਕਿਸੇ ਕਰਾਇਆ । ਰਸਨਾ ਗਾਉਂਦੇ ਚਾਰੇ ਕੂਟ, ਅੰਦਰ ਵੜ ਕਿਸੇ ਨਾ ਪਾਇਆ । ਕਲਜੁਗ ਪਾਇਆ ਜੂਠ ਝੂਠ, ਭੇਖ ਪਖੰਡਾ ਨਾਲ ਰਲਾਇਆ । ਅੰਤਮ ਖਾਲੀ ਹੋਏ ਠੂਠ, ਸਾਚੀ ਭਿਛਿਆ ਕੋਇ ਨਾ ਪਾਇਆ । ਇਕ ਇਕੱਲਾ ਗਿਆ ਤੁਠ, ਰਾਏ ਧਰਮ ਦਏ ਵਡਿਆਇਆ । ਗੁਰਮੁਖ ਰੱਖੇ ਏਕਾ ਮੁਠ, ਲੱਖ ਚੁਰਾਸੀ ਹਰਿ ਜੀ ਝੋਲੀ ਪਾਇਆ । ਅਗੰਮ ਅਗੰਮਾ ਰਿਹਾ ਰੁੱਠ, ਪੁਰੀਆਂ ਲੋਆਂ ਮੁਖ ਭਵਾਇਆ । ਤੀਰ ਨਿਰਾਲਾ ਰਿਹਾ ਛੁੱਟ, ਸੋਹੰ ਮੁਖੀ ਮੁਖ ਰਖਾਇਆ । ਜਨ ਭਗਤਾਂ ਨਾਮ ਹਲੂਣਾ ਦੇਵੇ ਝੂਟ, ਸਹਿੰਸਾ ਦੁਖੀ ਰੋਗ ਗਵਾਇਆ । ਨੌ ਖੰਡ ਪ੍ਰਿਥਮੀ ਦੂਈ ਦਵੈਤੀ ਕੱਢੇ ਫੂਟ, ਭਾਂਡਾ ਭਰਮ ਗੜ੍ਹ ਤੁੜਾਇਆ । ਬਸਤਰ ਸ਼ਸਤਰ ਵੇਖੇ ਪਹਿਨ ਬੂਟ ਸੂਟ, ਕਵਣ ਕੱਪੜ ਤਨ ਰੰਗਾਇਆ । ਪੰਚ ਵਿਕਾਰਾ ਰਿਹਾ ਲੂਟ, ਜਗਤ ਛੱਪੜ ਨਹਾਵਣ ਨਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸ੍ਰਿਸ਼ਟ ਸਬਾਇਆ ।


੨੬
੦੬

ਸਰਬ ਕਲਾ ਸਮਰਥ, ਸਰਬ ਕਲਾ ਕਲ ਧਾਰਿਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਨਰ ਨਿਰੰਕਾਰਿਆ । ਸ੍ਰਿਸ਼ਟ ਸਬਾਈ ਰਿਹਾ ਮੱਥ, ਹਰਿ ਸਾਚਾ ਸ਼ਾਹ ਸਵਾਰਿਆ । ਜੀਵ ਜੰਤਾਂ ਪਾਏ ਨੱਥ, ਨੱਥੀ ਜਾਏ ਵਾਰੋ ਵਾਰਿਆ । ਕਲਜੁਗ ਲਹਿਣਾ ਲੈਣ ਚੁਕਾਏ ਸੀਆਂ ਸਾਢੇ ਤਿੰਨ ਹੱਥ, ਉਚੇ ਮੰਦਰ ਅਟੱਲ ਢਾਹੇ ਅਟਾਰਿਆ । ਮਹਿੰਮਾ ਜਗਤ ਚਲਾਏ ਅਕੱਥ, ਸੋਹੰ ਸ਼ਬਦ ਜੈ ਜੈਕਾਰਿਆ । ਹਰਿ ਹਰਿ ਰਾਮਾ ਜਿਉਂ ਘਰ ਦਸਰਥ, ਰਾਵਣ ਮਾਰੇ ਦੁਸ਼ਟ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰਤੇ ਖੇਲ ਅਪਰ ਅਪਾਰਿਆ । ਅਪਰ ਅਪਾਰਾ ਕਲਜੁਗ ਖੇਲ, ਖੇਲਣਹਾਰ ਖਿਲੰਦੜਾ । ਲੱਖ ਚੁਰਾਸੀ ਚੜ੍ਹਿਆ ਤੇਲ, ਘਰ ਸਾਚਾ ਇਕ ਵਖੰਦੜਾ । ਧਰਮ ਰਾਏ ਦੀ ਵੇਖੇ ਜੇਲ, ਅਠਾਈ ਕੁੰਡਾਂ ਭਾਰ ਰਖੰਦੜਾ । ਲਾੜੀ ਮੌਤ ਕਰੇ ਮੇਲ, ਕਲਜੁਗ ਗੀਤ ਸੁਹਾਗ ਗਵੰਦੜਾ । ਨਾ ਕੋਈ ਗੁਰ ਨਾ ਕੋਈ ਚੇਲ, ਮਾਇਆ ਵਾਹ ਇਕ ਵਹੰਦੜਾ । ਕੋਈ ਨਾ ਦੀਸੇ ਸੱਜਣ ਸੁਹੇਲ, ਸਾਧ ਸੰਤ ਜੰਤ ਮਸ਼ਟੰਡੜਾ । ਕਵਣ ਸਹਾਈ ਅੰਤਮ ਵੇਲ, ਸਦਾ ਸਦਾ ਕਵਣ ਬਖ਼ਸ਼ੰਦੜਾ । ਲੱਖ ਚੁਰਾਸੀ ਬੇੜਾ ਰਿਹਾ ਠੇਲ, ਪਾਰ ਕਿਨਾਰਾ ਕਵਣ ਵਖੰਦੜਾ । ਕਵਣ ਵਧਾਵੇ ਸਾਚੀ ਵੇਲ, ਸਤਿਜੁਗ ਸਾਚਾ ਰਾਹ ਵਖੰਦੜਾ । ਬੀਸ ਇਕੀਸਾ ਵਸੇ ਰੰਗ ਨਵੇਲ, ਭਗਤ ਮਲਾਹ ਆਪ ਅਖਵੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟੰਦੜਾ । ਭੇਖ ਵਟਾਏ ਜਗਤ ਰੇਖ, ਰਿਖੀ ਕੇਸ਼ ਗਿਰਧਾਰੀਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਰ ਦਰਵੇਸ਼ ਬਨਵਾਰੀਆ । ਲੇਖਾ ਲੇਖ ਚੁਕਾਏ ਔਲੀਆ ਪੀਰ
੨੧ ਸ਼ੇਖ਼, ਲਹਿਣਾ ਦੇਣਾ ਮੂਲ ਚੁਕਾਏ, ਜੀਵ ਜੰਤ ਦੁਸ਼ਟ ਦੁਰਾਚਾਰੀਆ । ਗੁਰਮੁਖਾਂ ਮਸਤਕ ਮੇਖ ਲਗਾਏ, ਦੇਵੇ ਨਾਮ ਸ਼ਬਦ ਖੁਮਾਰੀਆ । ਸਾਚਾ ੨੧
੦੬ ਵਣਜ ਮਾਤ ਕਰਾਏ, ਅੰਤਮ ਆਏ ਨਾ ਪਾਸਾ ਹਾਰੀਆ । ਸ਼ਬਦ ਵਸਤ ਪ੍ਰਭ ਝੋਲੀ ਪਾਏ, ਹਉਮੇ ਤ੍ਰਿਸ਼ਨਾ ਲਾਹੇ ਤਨ ਬਿਮਾਰੀਆ । ਕਾਇਆ ੦੬
ਚੋਲੀ ਰੰਗ ਵਖਾਏ, ਕਾਗ ਹੰਸ ਲਗਾਏ ਸਚ ਉਡਾਰੀਆ । ਸ੍ਰਿਸ਼ਟੀ ਨਾਤਾ ਭੁੱਖ ਨੰਗ ਕਟਾਏ, ਆਤਮ ਘਰ ਸੁਹਾਏ ਬੰਕ ਦਵਾਰੀਆ । ਪੁਰਖ ਬਿਧਾਤਾ ਖ਼ੁਸ਼ੀ ਪ੍ਰਭ ਮਨਾਏ, ਗੁਰਮੁਖ ਜਨਮੇ ਏਕਾ ਘਰ ਸੌ ਸੌ ਵਾਰੀਆ । ਧੁਰ ਦਰਗਾਹੀ ਗਹਿਣਾ ਤਨ ਪਹਿਨਾਏ, ਸੋਲਾਂ ਸੋਲਾਂ ਸੋਲਾਂ ਕਰ ਤਨ ਸ਼ਿੰਗਾਰੀਆ । ਭਾਣਾ ਸਹਿਣਾ ਹੁਕਮ ਸੁਣਾਏ, ਕਲਜੁਗ ਤੇਰੀ ਅੰਤਮ ਵਾਰੀਆ । ਨੇਤਰ ਲੋਚਣ ਨੈਣਾ ਦਰਸ ਦਿਖਾਏ, ਆਤਮ ਖੋਲ੍ਹੇ ਬੰਦ ਕਿਵਾੜੀਆ । ਗੁਰ ਸੰਗਤ ਬਹਿਣਾ ਦੇ ਮਤ ਸਮਝਾਏ, ਸਤਿਜੁਗ ਸਾਚੀ ਸਚ ਫੁਲਵਾੜੀਆ । ਆਤਮ ਵੱਤ ਸਾਚਾ ਬੀਜ ਬਿਜਾਏ, ਸਿੰਚ ਕਾਇਆ ਨਾਮ ਕਿਆਰੀਆ । ਜਨ ਭਗਤਾਂ ਆਪਣੀ ਹੱਥੀਂ ਰੀਝ ਕਰਾਏ, ਸੋਹੰ ਬੰਨ੍ਹੇ ਸੀਸ ਦਸਤਾਰੀਆ । ਏਕਾ ਦੂਜਾ ਤੀਜ ਮੁਕਾਏ, ਚੌਥੇ ਘਰ ਇਕ ਅਧਾਰੀਆ । ਪੰਚਮ ਕੁੰਡਾ ਆਪੇ ਲਾਹੇ, ਵੇਖੇ ਖੇਲ ਨਰ ਨਿਰੰਕਾਰੀਆ । ਛੇਵੇਂ ਮੁੰਡਾ ਗੋਦ ਉਠਾਏ, ਸ਼ਬਦ ਬਾਲਾ ਹਰਿ ਖਿਲਾਰੀਆ । ਸਤਵੇਂ ਜੋਤੀ ਨੂਰ ਰਖਾਏ, ਨੂਰੋ ਨੂਰ ਹੋਏ ਉਜਿਆਰੀਆ । ਸਰਬ ਕਲ ਭਰਪੂਰ ਆਪ ਅਖਵਾਏ, ਆਪੇ ਰਹੇ ਵਿਚ ਸੰਸਾਰੀਆ । ਦੂਰੋ ਦੂਰ ਆਪ ਹੋ ਜਾਏ, ਨੇਰਨ ਨੇਰ ਸਰਬ ਜਣਾ ਰਿਹਾ । ਕੂੜੋ ਕੂੜ ਸ੍ਰਿਸ਼ਟ ਅਖਵਾਏ, ਮਸਤਕ ਧੂੜ ਗੁਰਮੁਖ ਵਿਰਲਾ ਲਾ ਰਿਹਾ । ਕਾਇਆ ਰੰਗਣ ਰੰਗ ਗੂੜ੍ਹ ਚੜ੍ਹਾਏ, ਦਰ ਘਰ ਸਾਚੇ ਦਰਸ਼ਨ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਦੇਵੇ ਵਰ, ਨੌ ਦਵਾਰੇ ਬੰਦ ਰਖਾ ਰਿਹਾ । ਨੌ ਦਵਾਰੇ ਬੰਦ ਦਰਵਾਜ਼ਾ, ਦਰ ਦਸਵਾਂ ਇਕ ਖੁਲ੍ਹਾਈਆ । ਆਪ ਆਪਣਾ ਸਾਜਣ ਸਾਜਾ, ਆਪ ਆਪਣੀ ਬਣਤ

ਬਣਾਈਆ । ਚੋਬਦਾਰ ਦਰ ਮਾਰੇ ਅਵਾਜਾ, ਸ਼ਬਦ ਪਹਿਰੇਦਾਰ ਅਖਵਾਈਆ । ਸ਼ਬਦ ਸਿੰਘਾਸਣ ਗਰੀਬ ਨਿਵਾਜਾ, ਸਾਚਾ ਆਸਣ ਬੈਠਾ ਲਾਈਆ । ਚਿੱਟਾ ਅਸਵ ਸੋਹੇ ਤਾਜਾ, ਚੌਥਾ ਪੌੜਾ ਰਿਹਾ ਉਠਾਈਆ । ਅੰਦਰੇ ਅੰਦਰ ਮਾਰੇ ਅਵਾਜਾ, ਸ਼ਬਦ ਪਹਿਰੇਦਾਰ ਅਖਵਾਈਆ । ਸ਼ਬਦ ਸਿੰਘਾਸਣ ਗਰੀਬ ਨਿਵਾਜਾ, ਸਾਚਾ ਆਸਣ ਬੈਠਾ ਲਾਈਆ । ਕਲਜੁਗ ਅੰਤਮ ਰਚਿਆ ਕਾਜਾ, ਆਪਣੀ ਹੱਥੀਂ ਸਗਨ ਮਨਾਈਆ । ਧਰਤੀ ਸੋਹੇ ਦੇਸ ਮਾਝਾ, ਹਰਿ ਜੋਤੀ ਨੂਰ ਸਵਾਈਆ । ਭਗਤਾਂ ਦੇਵੇ ਨਾਮ ਦਾਜਾ, ਧੁਰਦਰਗਾਹੀ ਇਕ ਵਡਿਆਈਆ । ਨੌਂ ਦਵਾਰੇ ਸਾਜਣ ਸਾਜਾ, ਸ੍ਰਿਸ਼ਟ ਸਬਾਈ ਹੋਏ ਹਲਕਾਈਆ । ਚਾਰੋਂ ਕੁੰਟ ਪਏ ਭਾਜਾ, ਨਾਤਾ ਤੁੱਟੇ ਭੈਣਾ ਭਾਈਆ । ਨਾ ਕੋਈ ਰੱਖੇ ਕਿਸੇ ਲਾਜਾ, ਅੰਤ ਵਿਛੋੜਾ ਧੀ ਜਵਾਈਆ । ਨਾ ਕੋਈ ਮੱਕਾ ਕਾਅਬਾ ਹਾਜੀ ਹਾਜਾ, ਸ਼ਾਹ ਨਵਾਬਾ ਨਾ ਕੋਈ ਅਖਵਾਈਆ । ਨਾ ਕੋਈ ਅਸਤਰ ਸ਼ਸਤਰ ਘੋੜਾ ਤਾਜਾ, ਮਹਾਂਸਾਰਥੀ ਸਾਰ ਨਾ ਪਾਈਆ । ਨਾ ਕੋਈ ਰੇਲ ਗਾੜੀ ਨਾ ਦਿਸੇ ਜਹਾਜਾ, ਪ੍ਰਭ ਅੰਤਮ ਮੇਟ ਮਿਟਾਈਆ । ਸ਼ਬਦ ਉਡਾਏ ਸਾਚਾ ਬਾਜਾ, ਚਾਰੋਂ ਕੁੰਟ ਆਪ ਉਡਾਈਆ । ਅੰਦਰ ਮੰਦਰ ਬਹਿ ਬਹਿ ਮਾਰੇ ਆਵਾਜਾ, ਨੌਂ ਖੰਡ ਪ੍ਰਿਥਮੀ ਰਿਹਾ ਜਗਾਈਆ । ਸ਼ਾਹ ਭੀਖਮ ਤੇਰੀ ਰੱਖੇ ਲਾਜਾ, ਹਾੜ ਸਤਾਰਾਂ ਜਨਮ ਦਵਾਈਆ । ਗੁਰ ਗੋਬਿੰਦੇ ਸਾਜਨ ਸਾਜਾ, ਪ੍ਰਭ ਜੋਤੀ ਲਾੜੀ ਨਾਲ ਪਰਨਾਈਆ । ਮਾਝੇ ਦੇਸ ਪਾਇਆ ਅੰਤਮ ਮਾਝਾ, ਨਾ ਸਕੇ ਕੋਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦਰ ਦਵਾਰਾ ਬੰਕ ਸੁਹਾਈਆ । ਮਾਝੇ ਦੇਸ ਪਾਇਆ ਮਾਝਾ, ਗੋਬਿੰਦ
੨੮ ਗੁਰ ਗੁਰ ਗੋਬਿੰਦ ਆਪਣੀ ਹੱਥੀਂ ਜੋੜਾ । ਸੰਮਤ ਤੇਰਾਂ ਹਾੜ ਸਤਾਰਾਂ ਰਚਿਆ ਕਾਜਾ, ਚਰਨ ਛੁਹਾਏ ਚਿੱਟਾ ਜੋੜਾ । ਬਸਤਰ ਪੀਲਾ ਤਨ ਰਖਾਏ, ੨੮
੦੬ ਸੋਹੰ ਚਲਾਏ ਨੀਲਾ ਘੋੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਹੱਥ ਵਾਗ ਰਖਾਏ, ਲੱਖ ਚੁਰਾਸੀ ਮਾਰੇ ਪਹਿਲਾ ਪੌੜਾ । ਨੀਲਾ ਘੋੜਾ ੦੬
ਨੌਂ ਦਰ, ਨੌਂ ਘਰ ਸ਼ੋਰ ਮਚਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਆਸਣ ਸਿੰਘਾਸਣ ਇਕ ਰਖਾਇੰਦਾ । ਚਰਨ ਰਕਾਬੇ ਸਾਚਾ ਧਰ, ਪ੍ਰਿਥਮੀ ਆਕਾਸ਼ਨ ਵੇਖ ਵਖਾਇੰਦਾ । ਲੱਖ ਚੁਰਾਸੀ ਆਵੇ ਡਰ, ਸਵਾਸ ਸਵਾਸਨ ਆਪ ਬਚਾਇੰਦਾ । ਧਰਮ ਰਾਏ ਦਰ ਮੰਗੇ ਵਰ, ਕਲਜੁਗ ਕਾਲ ਨਾਲ ਰਲਾਇੰਦਾ । ਏਕਾ ਭਾਣਾ ਰਿਹਾ ਜਰ, ਆਪਣੀ ਝੋਲੀ ਅੱਗੇ ਡਾਹਿੰਦਾ । ਨਰ ਨਿਰੰਕਾਰ ਦੇਣੀ ਭਰ, ਲੱਖ ਚੁਰਾਸੀ ਏਕਾ ਘਰ, ਗੋਲੀ ਆਪਣੀ ਆਪ ਬਣਾਇੰਦਾ । ਗੁਰਮੁਖਾਂ ਚਰਨ ਦਵਾਰ ਰਖਾਏ ਸਾਚਾ ਸਰ, ਅੰਮ੍ਰਿਤ ਆਤਮ ਇਕ ਇਸ਼ਨਾਨ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਸਰਬ ਸਮਾਇੰਦਾ । ਜੀਵ ਜੰਤ ਉਪਾਏ, ਜੁਗਤ ਆਪਣੇ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਵਿਚ ਸਮਾਏ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਆਪਣੀ ਦਇਆ ਕਮਾਏ, ਪੂਰਨ ਬੂਝ ਬੁਝਾਇੰਦਾ । ਸ਼ਬਦ ਜਣਾਈ ਇਕ ਕਰਾਏ, ਅਗਾਧ ਬੋਧ ਭੇਵ ਖੁਲ੍ਹਾਇੰਦਾ । ਨਾਮ ਵਣਜ ਮਾਤ ਕਰਾਏ, ਵਣਜ ਵਪਾਰਾ ਆਪ ਅਖਵਾਇੰਦਾ । ਸ਼ਬਦ ਭੰਡਾਰਾ ਇਕ ਰਖਾਏ, ਲੱਖ ਚੁਰਾਸੀ ਆਪ ਵਰਤਾਇੰਦਾ । ਨਰ ਨਿਰੰਕਾਰਾ ਰੂਪ ਵਟਾਏ, ਜੁਗ ਜੁਗ ਭੇਵ ਵਟਾਇੰਦਾ । ਬੰਕ ਦਵਾਰਾ ਇਕ ਸੁਹਾਏ, ਸੰਤਨ ਸਤਿ ਰੂਪ ਸਮਾਇੰਦਾ । ਸਚ ਅਖਾੜਾ ਇਕ ਲਗਾਏ, ਗੁਰਸਿਖ ਗੁਰਮੁਖ ਹਰਿਭਗਤ ਹਰਿਜਨ ਹਰਿ ਸੰਗਤ ਮੇਲ ਮਿਲਾਇੰਦਾ । ਦਿਵਸ ਦਿਹਾੜਾ ਇਕ ਜਣਾਏ, ਲਹਿਣਾ ਦੇਣ ਮੂਲ ਚੁਕਾਇੰਦਾ । ਦੂਈ ਦਵੈਤੀ ਪਾੜਾ ਮੇਟ ਮਿਟਾਏ, ਆਪ ਆਪਣੇ ਰੰਗ ਰੰਗਾਇੰਦਾ । ਪੰਚਮ ਧਾੜਾ ਪਰੇ ਹਟਾਏ, ਸ਼ਬਦ ਬਾਣਾ ਤਨ ਪਹਿਨਾਇੰਦਾ । ਜੰਗਲ

ਜੂਹ ਉਜਾੜ ਪਹਾੜਾਂ ਪੰਖੀ ਪੰਛੀ ਤਰਵਰ ਸਰਵਰ ਏਕਾ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਆਪਣੀ ਜੋਤ ਧਰ, ਜੋਗ ਜੁਗਤੀ ਆਪਣੇ ਹੱਥ ਰਖਾਇੰਦਾ । ਜੋਗ ਜੁਗਤ ਜਗਤ ਅਭਿਆਸ, ਹਰਿ ਆਪਣੇ ਹੱਥ ਰਖਾਈਆ । ਜਿਸ ਜਨ ਅੰਦਰ ਕਰੇ ਵਾਸ, ਹਉਮੇ ਹੰਗਤਾ ਰੋਗ ਗਵਾਈਆ । ਆਏ ਜਾਏ ਸਵਾਸ ਸਵਾਸ, ਆਪ ਆਪਣਾ ਜਾਪ ਜਪਾਈਆ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਪੁਰੀਆਂ ਲੋਆਂ ਵਿਚ ਸਮਾਈਆ । ਜਿਸ ਜਨ ਹੋਇਆ ਦਾਸੀ ਦਾਸ, ਸੇਵਕ ਸੇਵਾ ਰਿਹਾ ਕਮਾਈਆ । ਕਲਜੁਗ ਅੰਤਮ ਵੇਲਾ ਜੋ ਜਨ ਤਜਾਏ ਮਦਿਰਾ ਮਾਸ, ਅੰਮ੍ਰਿਤ ਫਲ ਮੇਵਾ ਮੁਖ ਲਗਾਈਆ । ਸ਼ਬਦ ਵਸਤ ਗੁਰ ਸਾਚੇ ਪਾਸ, ਕਲਜੁਗ ਜੀਵਾਂ ਰਿਹਾ ਵਰਤਾਈਆ । ਜਗਤ ਵਿਕਾਰਾ ਕਰੇ ਨਾਸ, ਪੰਚ ਵਿਕਾਰਾ ਤਤ ਰਹਿਣ ਨਾ ਪਾਈਆ । ਸ਼ਬਦ ਜੈਕਾਰਾ ਕਾਇਆ ਵਿਚ ਪਰਭਾਸ, ਮਨ ਅਧਾਰਾ ਇਕ ਵਖਾਈਆ । ਮੇਲ ਮਿਲਾਏ ਸ਼ਾਹੋ ਸ਼ਾਬਾਸ, ਸ਼ਬਦ ਸਿੰਘਾਸਣ ਇਕ ਵਖਾਈਆ । ਸਾਚੇ ਮੰਡਲ ਪਾਵੇ ਰਾਸ, ਪੰਚਮ ਪੰਚਾਂ ਮੇਲ ਮਿਲਾਈਆ । ਵਰਤੇ ਵਰਤਾਵੇ ਸਰਬ ਗੁਣਤਾਸ, ਆਪਣੀ ਰਚਨਾ ਰਿਹਾ ਰਚਾਈਆ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਮਾਤ ਵਡਿਆਈਆ । ਜੁਗ ਜੁਗ ਧਾਰੇ ਭੇਖ, ਭੇਖ ਵਟਾਇੰਦਾ । ਸ੍ਰਿਸ਼ਟ ਸਬਾਈ ਲਿਖੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਰਿਹਾ ਵੇਖ, ਪੁਰੀਆਂ ਲੋਆਂ ਰਾਹ ਤਕਾਇੰਦਾ । ਬ੍ਰਹਮਾ ਸ਼ਿਵ ਦਰ ਗਨੇਸ਼, ਅੱਠੇ ਪਹਿਰ ਸੀਸ ਝੁਕਾਇੰਦਾ । ਇੰਦ ਇੰਦਰਾਸਣ ਕਰੇ ਵੇਸ, ਕਰੋੜ ਤੇਤੀਸਾ ਸੰਗ ਰਲਾਇੰਦਾ । ਨਾ ਕੋਈ ਜਾਣੇ ਧਾਰੀ ਕੇਸ, ਮੂੰਡ ਮੁੰਡਾਇਆ ਭੇਵ ਨਾ ਪਾਇੰਦਾ । ਜੋਤੀ ਨੂਰ ਸਰਬ ਪਰਵੇਸ਼, ਹਰ ਘਟ ਮੇਂ ਆਪ ਸਮਾਇੰਦਾ । ਮੁੱਛ ਦਾਹੜੀ ਨਾ ਦੀਸੇ ਕੇਸ, ਹੱਡ ਮਾਸ ਨਾੜੀ ਨਾ ਕੋਇ ਰਖਾਇੰਦਾ । ਬਾਲ ਬਿਰਧ ਜਵਾਨ ਨਾ ਕੋਇ ਵਰੇਸ, ਏਕਾ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਕਲਜੁਗ ਕਾਲੀ ਧਾਰ, ਬਣਤ ਬਣਾਈਆ । ਮਾਇਆ ਮਮਤਾ ਭੁੱਲਾ ਸੰਸਾਰ, ਜੂਠਾ ਝੂਠਾ ਖੇਲ ਰਚਾਈਆ । ਸਾਧ ਸੰਤ ਹੋਏ ਗਵਾਰ, ਆਤਮ ਅਗਨੀ ਤ੍ਰਿਸ਼ਨ ਵਸਾਈਆ । ਦਰ ਦਰ ਘਰ ਘਰ ਭਰਿਆ ਇਕ ਹੰਕਾਰ, ਝੂਠੀ ਵੰਡਣ ਇਕ ਵੰਡਾਈਆ । ਨਾ ਕੋਈ ਦੀਸੇ ਕਿਸੇ ਸਹਾਰ, ਅੰਤਮ ਬੈਠੇ ਕੰਡ ਵਖਾਈਆ । ਬਿਨ ਗੁਰ ਪੂਰੇ ਕੋਇ ਨਾ ਉਤਰੇ ਪਾਰ, ਧਰਮ ਰਾਏ ਡੰਡ ਲਗਾਈਆ । ਪ੍ਰਭ ਅਬਿਨਾਸ਼ੀ ਬਖ਼ਸ਼ਣਹਾਰ, ਜਨ ਭਗਤਾਂ ਸਾਚੀ ਵੰਡ ਰਿਹਾ ਵੰਡਾਈਆ । ਆਪੇ ਬਖ਼ਸ਼ੇ ਚਰਨ ਪਿਆਰ, ਜੇਰਜ ਅੰਡਜ ਵੇਖ ਵਖਾਈਆ । ਸ੍ਰਿਸ਼ਟ ਸਬਾਈ ਧੁੰਦੂਕਾਰ, ਬ੍ਰਹਿਮੰਡਾਂ ਖੋਜ ਖੁਜਾਈਆ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜਾਹਿਰ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਸੁਣੇ ਪੁਕਾਰ, ਜੋਤੀ ਜੋਤੀ ਜਾਮਾ ਪਾਈਆ । ਗਊ ਗਰੀਬਾਂ ਫੜ ਫੜ ਬਾਹੋਂ ਲਾਏ ਪਾਰ, ਸੰਮਤ ਸੋਲਾਂ ਰੁੱਤ ਸੁਹਾਈਆ । ਏਕਾ ਬਖ਼ਸ਼ੇ ਸ਼ਬਦ ਅਧਾਰ, ਚਾਰ ਵਰਨਾਂ ਇਕ ਜਣਾਈਆ । ਰਾਓ ਰੰਕ ਰਾਜਾਨ ਸ਼ਾਹ ਸੁਲਤਾਨ ਦਰ ਦਰਬਾਰ, ਇਕ ਦਰ ਦਏ ਬਹਾਈਆ । ਇਕ ਝੁਲਾਏ ਧਰਮ ਨਿਸ਼ਾਨ, ਭੇਖ ਪਖੰਡਾ ਦਏ ਮਿਟਾਈਆ । ਜੋਤ ਨਿਰੰਜਣ ਪਾਵੇ ਆਣ, ਸੋਹੰ ਡੰਡਾ ਹੱਥ ਉਠਾਈਆ । ਤੀਰ ਨਿਰਾਲਾ ਵੱਜੇ ਬਾਣ, ਕਲਜੁਗ ਅੰਤਮ ਕੰਢਾ ਨੇੜੇ ਆਈਆ । ਗੋਬਿੰਦ ਗੋਬਿੰਦ ਸਾਰੇ ਗਾਣ, ਸ੍ਰਿਸ਼ਟ ਸਬਾਈ ਏਕਾ ਰਾਹ ਵਖਾਈਆ । ਵਾਲੀ ਹਿੰਦ ਕਰੇ ਪਛਾਣ, ਪ੍ਰਭ ਸਾਚਾ ਭਾਰਤ ਖੰਡੀ ਬੈਠਾ ਜੋਤ ਜਗਾਈਆ । ਮੇਟ ਮਿਟਾਏ ਕਲਜੁਗ ਤੇਰੀ ਟੇਢੀ ਡੰਡੀ, ਸਾਚਾ ਮਾਰਗ ਏਕਾ ਲਾਈਆ । ਨਾ ਕੋਈ ਦੀਸੇ

ਨਾਰ ਦੁਹਾਗਣ ਰੰਡੀ, ਕੰਤ ਸੰਤ ਇਕ ਹੰਢਾਈਆ । ਫੜੇ ਸ਼ਬਦ ਪ੍ਰਭ ਸਾਚੀ ਚੰਡੀ, ਪੰਚਾਂ ਦੂਤਾ ਨਸ਼ਟ ਕਰਾਈਆ । ਗਰੀਬ ਨਿਮਾਣਿਆਂ ਪਾਏ ਵੰਡੀ, ਚਾਰੇ ਕੂਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਅਲਪਗ ਚਰਨ ਲਗਾਏ ਸੂਰਾ ਸਰਬੱਗ, ਏਕਾ ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਸਰਨ ਸਰਨਾ ਸਤਿਗੁਰ ਸਾਚੇ, ਸਚ ਸੱਚੀ ਸਰਨਾਈਆ । ਜੀਓ ਪਿੰਡ ਜਨ ਭਾਂਡੇ ਕਾਚੇ, ਸਾਜਨ ਸਾਜ ਆਪ ਅਖਵਾਈਆ । ਨੌ ਦਵਾਰੇ ਜੋ ਜਨ ਆਪਣੇ ਨਾਚੇ, ਨਟ ਨਟੂਆ ਖੇਲ ਕਰਾਈਆ । ਮਾਇਆ ਅਗਨ ਤ੍ਰਿਸ਼ਨ ਤਮਾਚੇ, ਮਨਮੁਖ ਜੀਵਾਂ ਰਹੀ ਲਗਾਈਆ । ਹਰਿ ਹਰਿ ਸ਼ਬਦ ਜੋ ਜਨ ਵਾਚੇ, ਚਰਨ ਸਰਨ ਸਰਨ ਚਰਨ ਮਿਲੇ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਵਾਂ ਜੰਤਾਂ ਆਦਿਨ ਅੰਤਾ ਏਕਾ ਰੰਗਣ ਸਾਚੀ ਨਾਮ ਰੰਗਾਈਆ । ਕਾਇਆ ਰੰਗਣ ਰੰਗੇ ਚੋਲਾ, ਪ੍ਰਭ ਸਾਚਾ ਜਗਤ ਲਲਾਰੀ । ਸ਼ਬਦ ਚਲਾਏ ਸੁਣਾਏ ਏਕਾ ਢੋਲਾ, ਕਰਾਏ ਵਣਜ ਸੱਚਾ ਵਪਾਰੀ । ਜੁਗਾ ਜੁਗੰਤਰ ਹਾਰਾ ਤੋਲਾ, ਤੋਲਣਹਾਰ ਸੰਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਪਰ ਅਪਾਰੀ ।

### ❊ ਪਹਿਲੀ ਭਾਦਰੋਂ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊



ਸਗਲ ਪਸਾਰਾ ਵੇਖ, ਸਰਬ ਸਮਾਇਆ । ਜੁਗ ਜੁਗ ਧਾਰੇ ਭੇਖ, ਭੇਖਾਧਾਰੀ ਭੇਖ ਵਟਾਇਆ । ਲੱਖ ਚੁਰਾਸੀ ਲਿਖੇ ਲੇਖ, ਲਿਖਣਹਾਰਾ ਦਿਸ ਨਾ ਆਇਆ । ਆਪੇ ਬੈਠਾ ਰਿਹਾ ਵੇਖ, ਆਪ ਆਪਣਾ ਮੁਖ ਛੁਪਾਇਆ । ਬਾਲ ਅਵਸਥਾ ਅੱਲੜ੍ਹ ਵਰੇਸ, ਤੇਰਾਂ ਤੇਰਾਂ ਧਾਰ ਵਹਾਇਆ । ਵੇਖ ਵਖਾਣੇ ਧਾਰੀ ਕੇਸ, ਗੁਰ ਗੋਬਿੰਦਾ ਸੰਗ ਰਲਾਇਆ । ਆਪੇ ਬ੍ਰਹਮਾ ਵਿਸ਼ਨ ਮਹੇਸ਼, ਦਰ ਦਰਵੇਸ਼ ਫੇਰਾ ਪਾਇਆ । ਸ਼ਿਵ ਸ਼ੰਕਰ ਬਣ ਗਣੇਸ਼, ਜਟਾ ਜੂਟ ਆਪ ਅਖਵਾਇਆ । ਆਪੇ ਦਾਤਾ ਨਰ ਨਰੇਸ਼, ਨਿਰਵੈਰ ਰੂਪ ਸਮਾਇਆ । ਕਰੇ ਖੇਲ ਮਾਝੇ ਦੇਸ, ਦੇਸ ਪਰਦੇਸਾਂ ਦਿਸ ਨਾ ਆਇਆ । ਜੋਤੀ ਜਾਮਾ ਹਰਿ ਭਗਵਾਨਾ ਭੇਖਧਾਰੀ ਗੁਰ ਦਸਮੇਸ਼, ਦਿਸ ਕਿਸੇ ਨਾ ਆਇਆ । ਰੂਪ ਅਗੰਮ ਅਪਾਰ ਹਰਿ ਰਘੁਰਾਇਆ । ਆਪੇ ਜਾਣੇ ਆਪਣਾ ਕੰਮ, ਜੁਗ ਜੁਗ ਆਪਣਾ ਭੇਖ ਵਟਾਇਆ । ਕਲਜੁਗ ਨੇਤਰ ਨੀਰ ਵਹਾਏ ਰੋਵੇ ਛੰਮ ਛੰਮ, ਵੇਲਾ ਅੰਤਮ ਆਇਆ । ਹਰਿ ਦਵਾਰਾ ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਸਦ ਏਕਾ ਰੰਗ ਸਮਾਇਆ । ਲੱਖ ਚੁਰਾਸੀ ਨਾਤਾ ਹੱਡ ਮਾਸ ਨਾੜੀ ਚੰਮ, ਜੀਵਾਂ ਜੰਤਾਂ ਬਣਤ ਬਣਾਇਆ । ਪਵਣ ਸਵਾਸੀ ਦੇਵੇ ਦਮ, ਆਦਿ ਅੰਤਾ ਖੇਲ ਰਚਾਇਆ । ਆਪੇ ਅੰਦਰ ਪਏ ਜੰਮ, ਆਪ ਆਪਣੇ ਵਿਚ ਸਮਾਇਆ । ਲੱਖ ਚੁਰਾਸੀ ਤੇਰਾ ਏਕਾ ਤਮ, ਵੇਲੇ ਅੰਤਮ ਦਏ ਪਕਾਇਆ । ਗਗਨ ਪਤਾਲਾਂ ਹਿੱਲੇ ਥੰਮ੍ਹ, ਰਾਏ ਧਰਮ ਦਰ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਰੂਪ ਵਟਾਇਆ । ਜੁਗ ਜੁਗ ਧਾਰੇ ਭੇਖ, ਰੰਗ ਅਪਾਰਿਆ । ਕਲਜੁਗ ਮੇਟੇ ਅੰਤਮ ਰੇਖ, ਰਿਖੀ ਰਿਖੇਸ਼ਰ ਨਾ ਪਾਏ ਸਾਰਿਆ । ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਕੁਰਾਨ ਹਦੀਸ ਨਾ ਕੋਈ ਸੁਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕਾਇਆ ਰੂਪ ਆਪਣਾ ਆਪ ਵਟਾ ਰਿਹਾ । ਕਾਇਆ ਰੂਪ ਅਪਾਰ, ਗੋਬਿੰਦ ਸ਼ਬਦ ਜਣਾਈਆ । ਹਰਿ ਜੋਤੀ ਨੂਰ ਅਪਾਰ,

੩੦
੦੬

ਘਰ ਮੰਦਰ ਇਕ ਟਿਕਾਈਆ । ਦੋਹਾਂ ਮੇਲਾ ਇਕ ਦਵਾਰ, ਪਵਣ ਪਵਣ ਵਿਚ ਸਮਾਈਆ । ਛੱਤੀ ਰਾਗ ਨਾ ਪਾਇਣ ਸਾਰ, ਨਾਰ ਸੁਰਸਤੀ ਰਹੇ ਗਾਈਆ । ਬ੍ਰਹਮਾ ਲਿਖ ਲਿਖ ਥੱਕਿਆ ਚਾਰੇ ਵੇਦਾਂ, ਵੇਦ ਕਿਤੇਬਾਂ ਭੇਵ ਨਾ ਰਾਈਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਜੋਤ ਜਗਾਈਆ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰ, ਅਰਜਨ ਰੀਤਾ ਇਕ ਵਖਾਈਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਰਿਹਾ ਆਪ ਸਮਾਈਆ । ਆਪੇ ਗੁਪਤ ਆਪੇ ਜਾਹਿਰ, ਅਠਾਰਾਂ ਧਿਆਏ ਗੀਤਾ ਸ਼ਬਦ ਜਣਾਈਆ । ਕਲਜੁਗ ਤੇਰੀ ਵੇਖ ਵਿਚਾਰ, ਪ੍ਰਭ ਸਾਚੀ ਬਣਤ ਬਣਾਈਆ । ਸੰਗ ਰਲਾਇਆ ਮੁਹੰਮਦ ਯਾਰ, ਚਾਰ ਯਾਰਾਂ ਮਤਾ ਪਕਾਈਆ । ਮਿਲਿਆ ਵਰ ਸੱਚੇ ਦਰਬਾਰ, ਚੌਦਾਂ ਚੌਦਾਂ ਲੇਖ ਲਿਖਾਈਆ । ਨਾਨਕ ਆਇਆ ਦਰ ਦਵਾਰ, ਪ੍ਰਭ ਸਾਚੀ ਭਿਛਿਆ ਪਾਈਆ । ਏਕਾ ਰਸਨਾ ਰਿਹਾ ਉਚਾਰ, ਸਭ ਥਾਈਂ ਹੋਏ ਸਹਾਈਆ । ਗੁਣਵੰਤਾ ਗੁਣ ਰਿਹਾ ਵਿਚਾਰ, ਪੂਰਨ ਭਗਵੰਤਾ ਭੇਵ ਨਾ ਰਾਈਆ । ਸਾਧਾਂ ਸੰਤਾਂ ਦੇਵਣਹਾਰ, ਸ਼ਬਦ ਭੰਡਾਰਾ ਰਿਹਾ ਭਰਾਈਆ । ਪਾਇਆ ਦਰ ਨਰ ਨਿਰੰਕਾਰ, ਪਤ ਪਤਵੰਤਾ ਆਪ ਅਖਵਾਈਆ । ਸਾਚੀ ਸੇਜਾ ਸੁੱਤਾ ਨਾਲ ਪਿਆਰ, ਨਾਰੀ ਰੂਪ ਆਪ ਵਟਾਈਆ । ਸ਼ਾਹੋ ਭੂਪਾ ਸੁਹਾਏ ਬੰਕ ਦਵਾਰ, ਨਾਨਕ ਨਾਨਕ ਵਿਚ ਸਮਾਈਆ । ਬਿਨ ਰੰਗ ਰੂਪਾ ਆਪ ਕਰਤਾਰ, ਵੇਖ ਵਖਾਣੇ ਥਾਉਂ ਥਾਈਂਆ । ਧੁਨ ਨਾਦ ਨਾਦ ਧੁਨ ਪੰਚਮ ਘਰ ਪੰਚਮ ਬੋਲੇ, ਪੰਚਮ ਸ਼ਬਦ ਜਣਾਈਆ । ਆਦਿ ਅੰਤ ਕਦੇ ਨਾ ਡੋਲੇ, ਕੀਰਤਨ ਗਾਏ ਸਾਚੇ ਰਾਗ ਮਹੱਲੇ ਸੋਹਲੇ, ਗੌੜੀ ਪੌੜੀ ਆਪ ਗਵਾਈਆ । ਲੋਆਂ ਪੁਰੀਆਂ ਆਪੇ ਫੋਲੇ, ਨਰ ਹਰਿ ਵਸੇ ਸਦਾ ਕੋਲੇ, ਰਵ ਸਸ ਹੋਏ ਦਰ ਦਵਾਰੇ ਗੋਲੇ, ਬ੍ਰਹਮਾ ਸ਼ਿਵ ਦੇਵਤ ਸੁਰ ਦਰਸ਼ਨ ਰਹੇ ਪਾਈਆ । ਚਰਨ ਪ੍ਰੀਤੀ ਗਈ ਜੁੜ ਪ੍ਰਭ ਆਪ ਸੁਣਾਏ ਸਾਚੇ ਸੋਹਲੇ, ਤਾਰ ਸਿਤਾਰਾ ਰਿਹਾ ਵਜਾਈਆ । ਆਪੇ ਅੰਦਰ ਆਪੇ ਬਾਹਰ ਆਪੇ ਹਰਿ ਹਰਿ ਸ਼ਬਦੀ ਬੋਲੇ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਏਕਾ ਵਰ, ਸਾਚਾ ਨਾਉਂ ਜਗਤ ਗੁਰ ਮੰਤਰ ਨਾਮ ਸਤਿ ਵਰੋਲੇ, ਪੰਜ ਤਤ ਸ੍ਰਿਸ਼ਟੀ ਸਬਾਈ ਦੇਵੇ ਮਤ, ਏਕਾ ਰਾਹ ਜਣਾਈਆ । ਆਪੇ ਰੱਖਣਹਾਰਾ ਪੁਰਖ ਅਬਿਨਾਸ਼ੀ ਤੇਰੀ ਪੱਤ, ਆਤਮ ਬੀਜੇ ਬੀਜ ਏਕਾ ਵਤ, ਰਸਨਾ ਸੋਹੰ ਧਾਰਾ ਆਪ ਵਹਾਈਆ । ਕਲਜੁਗ ਅੰਤਮ ਲੱਖ ਚੁਰਾਸੀ ਬੰਨ੍ਹੇ ਨੱਤ, ਸਾਧਾਂ ਸੰਤਾਂ ਜੀਆਂ ਜੰਤਾਂ ਧੀਰਜ ਟੁੱਟੇ ਯਤ, ਆਪੇ ਜਾਣੇ ਮਿਤ ਗੱਤ, ਸਾਚਾ ਰਥ ਇਕ ਚਲਾਈਆ । ਜਗਤ ਚਲਾਏ ਮਹਿੰਮਾ ਅਕੱਥ, ਪਰਗਟ ਹੋਏ ਹਰਿ ਸਮਰਥ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਸ੍ਰਿਸ਼ਟ ਸਬਾਈ ਪਾਏ ਨੱਥ, ਡੋਰੀ ਆਪਣੇ ਹੱਥ ਰਖਾਈਆ । ਲੋਆਂ ਪੁਰੀਆਂ ਰਿਹਾ ਮਥ, ਗਗਨ ਪਤਾਲਾਂ ਕਰੇ ਸੱਥ, ਨਾ ਕੋਈ ਕਿਸੇ ਸਹਾਈਆ । ਗੁਰਮੁਖ ਵਿਰਲੇ ਜਗਤ ਵਸੂਰੇ ਜਾਇਣ ਲੱਥ, ਜੋ ਜਨ ਦਰ ਆਏ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰ, ਸੰਮਤ ਤੇਰਾਂ ਰਿਹਾ ਚਲਾਈਆ । ਸੰਮਤ ਤੇਰਾਂ ਤੋਲਣ ਆਇਆ, ਹਰਿ ਸਾਚਾ ਤੋਲਣਹਾਰਾ । ਜਗਤ ਭੰਡਾਰਾ ਖੋਲ੍ਹਣ ਆਇਆ, ਆਦਿ ਅੰਤ ਏਕਾ ਏਕ ਏਕੰਕਾਰਾ । ਸ਼ਬਦ ਦੋ ਅੱਖਰ ਬੋਲਣ ਆਇਆ, ਚਹੁ ਅੱਖਰ ਤੇਰਾ ਪਾਰ ਕਿਨਾਰਾ । ਰੋੜੀ ਸੱਖਰ ਫੋਲਣ ਆਇਆ, ਸੰਗ ਰਲਾਇਆ ਮੁਹੰਮਦੀ ਯਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਅਗੰਮ ਅਪਾਰਾ । ਨਾਨਕ ਤੇਰਾ ਬੋਲ ਬੁਲਾਰਾ, ਰਸਨਾ ਤੋਲ ਤੁਲਾਇੰਦਾ । ਸ੍ਰਿਸ਼ਟ ਸਬਾਈ ਇਕ ਹੁਲਾਰਾ, ਆਪਣੀ ਹੱਥੀਂ ਆਪ ਦਵਾਇੰਦਾ ।


੩੧ ੦੬

ਲੱਖ ਚੁਰਾਸੀ ਡੋਲੇ ਵਿਚ ਮੰਝਧਾਰਾ, ਗੁਰਮੁਖ ਵਿਰਲੇ ਪਾਰ ਕਰਾਇੰਦਾ । ਧਰਤ ਮਾਤ ਤੇਰਾ ਇਕ ਅਖਾੜਾ, ਸੰਮਤ ਪੰਦਰਾਂ ਨੀਂਹ ਰਖਾਇੰਦਾ । ਸੰਮਤ ਸੋਲਾਂ ਅਗੰਮੀ ਧਾੜਾ, ਚਾਰ ਕੁੰਟ ਆਪ ਉਠਾਇੰਦਾ । ਸੰਮਤ ਸਤਾਰਾਂ ਕੱਢੇ ਹਾੜਾ, ਸਰ ਅੰਮ੍ਰਿਤ ਬੇਹ ਕਰਾਇੰਦਾ । ਸੰਮਤ ਅਠਾਰਾਂ ਹੋਏ ਉਜਾੜਾ, ਜਲ ਧਾਰਾ ਰੂਪ ਸਮਾਇੰਦਾ । ਸੰਮਤ ਉਨੀਂ ਚੋਟੀ ਜਾਏ ਮੁੰਨੀ, ਨਾ ਕੋਈ ਦੀਸੇ ਮੁਸਲਮ ਸੁੰਨੀ, ਚਾਰ ਯਾਰਾਂ ਵਕਤ ਚੁਕਾਇੰਦਾ । ਬੀਸ ਬੀਸਾ ਵਡ ਗੁਣ ਗੁਣੀ, ਮੇਟ ਮਿਟਾਏ ਰਾਗ ਛਤੀਸਾ, ਨਾ ਕੋਈ ਗਾਏ ਕੁਰਾਨ ਹਦੀਸਾ, ਅੰਜ਼ੀਲ ਕੁਰਾਨ ਪੁਕਾਰ ਕਿਸੇ ਨਾ ਸੁਣੀ, ਬੀਸ ਇਕ ਇਕੀਸ ਛਤਰ ਝੁੱਲੇ ਪ੍ਰਭ ਸਾਚੇ ਸੀਸ, ਸ੍ਰਿਸ਼ਟ ਸਬਾਈ ਜਾਏ ਪੀਸ, ਆਪਣੇ ਰੰਗ ਸਮਾਇੰਦਾ । ਬੀਸ ਇਕ ਇਕੀਸਾ, ਹਰਿ ਜਗਦੀਸ਼ਾ ਵਿਚ ਸੰਸਾਰਿਆ । ਛਤਰ ਝੁਲਾਏ ਸਾਚੇ ਸੀਸਾ, ਨਰ ਨਰਾਇਣ ਹਰਿ ਅਵਤਾਰਿਆ । ਬੀਸ ਬੀਸਾ ਰਾਜ ਰਾਜਾਨਾ ਖਾਲੀ ਖੀਸਾ, ਦਰ ਦਰ ਫਿਰਨ ਹੋਏ ਭਿਖਾਰਿਆ । ਸੰਮਤ ਉਨੀ ਸ੍ਰਿਸ਼ਟ ਸਬਾਈ ਛਾਣੀ ਪੁਣੀ, ਚਾਰੋਂ ਕੁੰਟ ਹਾਹਾਕਾਰਿਆ । ਸੰਮਤ ਅਠਾਰਾਂ ਨਾਰੀ ਕੰਤ ਨਾ ਕੋਈ ਬਹਾਰਾ, ਮਾਵਾਂ ਪੁੱਤਰਾਂ ਸੰਗ ਤੁੜਾ ਲਿਆ । ਸੰਮਤ ਸਤਾਰਾਂ ਮਾਰਨ ਧਾਹਾਂ, ਕਲੂ ਕਾਲ ਕਸਾਈ ਰੂਪ ਵਟਾ ਰਿਹਾ । ਸੰਮਤ ਸੋਲਾਂ ਪ੍ਰਭ ਬਦਲੇ ਚੋਲਾ, ਚੋਜੀ ਆਪਣਾ ਚੋਜ ਵਰਤਾ ਰਿਹਾ । ਸੰਮਤ ਪੰਦਰਾਂ ਪ੍ਰਭ ਵੇਖੇ ਗੁਰਦਵਾਰੇ ਮੰਦਰ ਮਸੀਤਾਂ ਕਾਜੀ ਮੁਲਾ ਪੰਡਤ ਪਾਂਧੇ ਫੜ ਫੜ ਆਪ ਹਿਲਾ ਰਿਹਾ । ਸੰਮਤ ਚੌਦਾਂ ਚੌਦਾਂ ਹੱਟ ਗੁਰਮੁਖਾਂ ਪਹਿਨਾਏ ਤਨ ਸਾਚਾ ਪੱਟ, ਏਕਾ ਲਾਹਾ ਲੈਣ ਖੱਟ, ਦਰ ਦਵਾਰੇ ਦਰਸ਼ਨ ਪਾ ਰਿਹਾ । ਸੰਮਤ ਤੇਰਾਂ ਵੱਜਾ ਫੱਟ, ਸ੍ਰਿਸ਼ਟ ਸਬਾਈ ਖੇਲ ਬਾਜੀਗਰ ਨਟ, ਲੱਖ ਚੁਰਾਸੀ ਝੂਠੀ ਰਚਨ ਰਚਾ ਰਿਹਾ । ਕਲਜੁਗ ਤੇਰੀ ਅੰਤਮ ਚੱਠ, ਹਾੜ ਸਤਾਰਾਂ ਤਪਣਾ ਮੱਠ, ਵੇਲਾ ਅੰਤਮ ਅੰਤ ਲਿਖਾ ਰਿਹਾ । ਪੰਚਮ ਜੇਠ ਕਰੇ ਇਕੱਠ, ਗੁਰ ਸੰਗਤ ਦਰ ਦਵਾਰੇ ਆਏ ਨੱਠ, ਸੋਲਾਂ ਤੇਰੀ ਧਾਰ ਵਹਾ ਰਿਹਾ । ਉਚੇ ਮੰਦਰ ਜਾਣੇ ਢੱਠ, ਨਾ ਕੋਈ ਸ਼ਿਵਦਵਾਲਾ ਮੱਠ, ਗੁਰ ਪੀਰ ਨਾ ਕੋਇ ਬਚਾ ਰਿਹਾ । ਭੇਵ ਚੁੱਕੇ ਤੀਰਥ ਅਠ ਸਠ, ਗੰਗਾ ਗੋਦਾਵਰੀ ਕੋਇ ਨਾ ਨਹਾਵਣ ਨੁਹਾ ਰਿਹਾ । ਗੁਰਮੁਖ ਤੇਰਾ ਸਾਚਾ ਹੱਠ, ਗੁਰ ਚਰਨ ਪ੍ਰੀਤੀ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਦੇਵੇ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਕਲਜੁਗ ਲਹਿਣਾ ਸਾਚਾ ਲੈਣਾ, ਆਏ ਬੰਕ ਦਵਾਰਿਆ । ਜੂਠ ਝੂਠ ਪ੍ਰਭ ਪਾਏ ਗਹਿਣਾ, ਮਾਇਆ ਮਮਤਾ ਤਨ ਸ਼ਿੰਗਾਰਿਆ । ਖਾਲੀ ਠੂਠਾ ਅੰਤਮ ਰਹਿਣਾ, ਤਨ ਭਰਿਆ ਇਕ ਹੰਕਾਰਿਆ । ਦਰ ਦਵਾਰਿਉਂ ਰੁਠੇ ਰਹਿਣਾ, ਮਿਲਿਆ ਮੇਲ ਨਾ ਪੁਰਖ ਭਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੇਖੇ ਖੇਲ ਅਪਰ ਅਪਾਰਿਆ । ਕਲਜੁਗ ਬੰਕ ਦਵਾਰ, ਦਏ ਦੁਹਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਵੇਲਾ ਅੰਤਮ ਆਈਆ । ਗੁਰ ਗੋਬਿੰਦਾ ਬਣਿਆ ਲੇਖ ਲਿਖਾਰ, ਲੱਖ ਚਾਰ ਹਜ਼ਾਰ ਬੱਤੀ ਮੇਰਾ ਮੇਟ ਮਿਟਾਈਆ । ਨਾਤਾ ਤੁੱਟੇ ਜਗਤ ਯਾਰ, ਜੂਠਾ ਝੂਠਾ ਕੋਇ ਨਾ ਸੰਗ ਨਿਭਾਈਆ । ਏਕਾ ਮੇਲਾ ਮੁਹੰਮਦੀ ਯਾਰ, ਨਬੀ ਰਸੂਲਾਂ ਮਤਾ ਪਕਾਈਆ । ਸਦੀ ਚੌਧਵੀਂ ਖ਼ਬਰਦਾਰ, ਚੌਦਾਂ ਚੌਦਾਂ ਧਾਰ ਵਹਾਈਆ । ਚਾਰੋਂ ਕੁੰਟ ਹਾਹਾਕਾਰ, ਈਸਾ ਮੂਸਾ ਰਿਹਾ ਕੁਰਲਾਈਆ । ਆਪੇ ਕਰਨਹਾਰ ਕਰਤਾਰ, ਕਲਜੁਗ ਤੇਰੀ ਧਾਰ ਬੰਨ੍ਹਾਈਆ । ਲੱਖ ਚੁਰਾਸੀ ਛੱਡਣਾ ਪਏ ਪਿਆਰ, ਹੋਣੀ ਅੰਤ ਜੁਦਾਈਆ । ਰਾਏ ਧਰਮ ਹੋਇਆ ਖ਼ਬਰਦਾਰ, ਪ੍ਰਭ ਅੱਗੇ ਬੈਠਾ ਸੀਸ ਸੀਸ ਝੁਕਾਈਆ । ਚਿਤਰ ਗੁਪਤ ਵੇਖੇ ਖੋਲ੍ਹ ਹਿਸਾਬ, ਲਹਿਣਾ ਦੇਣਾ ਮੂਲ ਚੁਕਾਈਆ । ਪਰਗਟ ਹੋਏ ਹੱਕ

੩੨
੦੬

ਜ਼ਨਾਬ, ਦੋ ਦੋ ਆਬਾ ਫੋਲ ਫੁਲਾਈਆ । ਆਪੇ ਜਾਣੇ ਪੁੰਨ ਸਵਾਬਾ, ਜੀਵ ਜੰਤ ਭੇਵ ਨਾ ਪਾਈਆ । ਸ੍ਰਿਸ਼ਟ ਸਬਾਈ ਏਕਾ ਖਵਾਬਾ, ਸੁਫਨੇ ਰੈਣ ਵਿਹਾਈਆ । ਸ਼ਬਦ ਘੋੜੇ ਦੇ ਰਕਾਬਾ, ਪ੍ਰਭ ਸੋਲਾਂ ਕਲੀਆਂ ਆਸਣ ਪਾਈਆ । ਕੋਈ ਨਾ ਝੱਲੇ ਮਾਤ ਤਾਬਾ, ਸ਼ਬਦ ਖੰਡਾ ਹੱਥ ਉਠਾਈਆ । ਗੁਰਮੁਖਾਂ ਅੰਮ੍ਰਿਤ ਬਖ਼ਸ਼ੇ ਨਾਭਾ, ਸਾਚੀ ਧਾਰਾ ਮੁਖ ਚੁਆਈਆ । ਮਨਮੁਖ ਜੀਵਾਂ ਦਏ ਅਜ਼ਾਬਾ, ਦੇਵਣਹਾਰ ਸਜ਼ਾਈਆ । ਵੇਖ ਵਖਾਣੇ ਮੱਕਾ ਕਾਅਬਾ, ਕੋਨਾ ਗੋਸ਼ਾ ਫੋਲ ਫੁਲਾਈਆ । ਮੁਖ ਰਖਾਏ ਇਕ ਨਕਾਬਾ, ਕਾਲਾ ਬਸਤਰ ਤਨ ਪਹਿਨਾਈਆ । ਨੂਰ ਅਲਾਹੀ ਬੇਪਰਵਾਹੀ ਪਰਗਟ ਹੋਵੇ ਸਚ ਨਵਾਬਾ, ਆਪੇ ਜਾਣੇ ਆਪਣੀ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਤੇਰਾ ਰੂਪ ਵਟਾਈਆ । ਕਲਜੁਗ ਸੋਹੇ ਬੰਕ ਦਵਾਰ, ਆਏ ਦਰ ਪਰਵਾਨਿਆ । ਪ੍ਰਭ ਪਾਏ ਫੁਲਣਹਾਰ, ਅੰਤਮ ਇਹ ਨਿਸ਼ਾਨੀਆ । ਚਾਰੋ ਕੁੰਟ ਹਾਹਾਕਾਰ, ਸ੍ਰਿਸ਼ਟ ਸਬਾਈ ਹੋਏ ਦੀਵਾਨਿਆ । ਘਰ ਘਰ ਰੋਵਣ ਧਾਹਾਂ ਮਾਰ, ਨਾ ਕੋਈ ਕਰੇ ਕਿਸੇ ਪਛਾਣਿਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਮਾਰ ਝਾਤ ਇਕ ਇਕਾਂਤ, ਏਕਾ ਤੀਰ ਮਾਰੇ ਸ਼ਬਦ ਸੱਚੀ ਕਾਨੀਆ । ਕਲਜੁਗ ਅੰਤਮ ਵਾਰ, ਅੰਤ ਉਦਾਸਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਅੰਤ ਵਸੇਰਾ ਦਿਸੇ ਪ੍ਰਭਾਸਿਆ । ਏਕਾ ਬਖ਼ਸ਼ੇ ਚਰਨ ਪਿਆਰ, ਘਰ ਸਾਚੇ ਕਰਨਾ ਵਾਸਿਆ । ਮਾਇਆ ਮਮਤਾ ਕਰੇ ਖੁਆਰ, ਜੀਵ ਜੰਤ ਮਦਿਰਾ ਮਾਸਿਆ । ਕੋਈ ਨਾ ਦੀਸੇ ਮਾਤ ਸਹਾਰ, ਭਰਮੇ ਭੁੱਲੇ ਪੰਡਤ ਕਾਸ਼ੀਆ । ਗ੍ਰੰਥੀ ਪੰਥੀ ਗਏ ਹਾਰ, ਦਸ ਦਸਮੇਸ਼ ਨਾ ਗਾਇਆ ਸਵਾਸਿਆ । ਮੁੱਲਾ ਸ਼ੇਖ਼ਾਂ ਪਏ ਮਾਰ, ਵੇਖ ਵਖਾਣੇ ਪ੍ਰਿਥਮੀ ਆਕਾਸ਼ਿਆ । ਪੰਚਾਂ ਤਤਾਂ ਜਗਤ ਪਿਆਰ, ਲੋਭ ਮੋਹ ਪਈ ਗਲ ਫਾਸਿਆ । ਗੁਰ ਪੀਰ ਨਾ ਦੇਵੇ ਕੋਈ ਸਹਾਰ, ਗੁਰ ਮੰਦਰ ਅੰਦਰ ਘਰ ਘਰ ਕਰੇ ਹਾਸਿਆ । ਧਰਤ ਮਾਤ ਦਰ ਕਰੇ ਪਿਆਰ, ਹਰਿ ਸਾਜਨ ਸਾਚਾ ਸ਼ਾਹੋ ਸ਼ਾਬਾਸਿਆ । ਲਜ ਪਤ ਤੇਰੀ ਹੋਏ ਖੁਆਰ, ਘਰ ਸਾਚੇ ਕੋਈ ਨਾ ਦਿਸੇ ਦਾਸਿਆ । ਵੇਲਾ ਅੰਤਮ ਲਏ ਅਵਤਾਰ, ਕਿਰਪਾ ਕਰ ਘਨਕ ਪੁਰ ਵਾਸਿਆ । ਸ਼ਬਦ ਖੰਡਾ ਫੜ ਕਟਾਰ, ਮਾਰੀ ਜਾਏ ਵਾਰੋ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਿਰਲੇ ਚਰਨ ਲਗਾਏ, ਅੰਤ ਚਲਾਏ ਸ਼ਬਦ ਸਵਾਸਿਆ । ਖੰਡ ਬ੍ਰਹਿਮੰਡ ਸ਼ਬਦ ਪ੍ਰਭ ਧਾਰ, ਜੁਗ ਜੁਗ ਆਪ ਰਖਾਈਆ । ਲੱਖ ਚੁਰਾਸੀ ਵੰਡ ਜੇਰਜ ਅੰਡ, ਉਤਭੁਜ ਸੇਤਜ ਆਪ ਕਰਾਈਆ । ਨੌ ਦਵਾਰੇ ਖੰਡ ਖੰਡ, ਪੰਚਮ ਪੰਚਾਂ ਵੱਢੇ ਕੰਡ, ਨਾਮ ਗੰਢ ਪੱਲੇ ਹਰਿ ਬੰਧਾਈਆ । ਆਪਣੀ ਹੱਥੀਂ ਰਿਹਾ ਵੰਡ, ਦੇਵੇ ਸ਼ਬਦ ਸਚ ਪਰਚੰਡ, ਨਾਮ ਗਾਤਰਾ ਤਨ ਮਿਆਨ ਟਿਕਾਈਆ । ਕਲਜੁਗ ਔਧ ਗਈ ਹੰਢ, ਕੋਈ ਭੇਵ ਨਾ ਪਾਏ ਵੇਦ ਸ਼ਾਸਤਰਾਂ ਪੜ੍ਹ ਪੜ੍ਹ ਥੱਕੀ ਲੋਕਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਜੋਤੀ ਨੂਰ ਹਰਿ ਵਰਭੰਡ, ਲੇਖ ਚੁਕਾਏ ਅਠ ਸਠ ਤੀਰਥ ਯਾਤਰਾ ਚਰਨ ਨਾਤਰਾ ਇਕ ਬੰਧਾਈਆ । ਉਲਟੀ ਗੇੜੇ ਆਪੇ ਲੱਠ, ਕਲਜੁਗ ਮਾਇਆ ਪਾਏ ਭੱਠ, ਅਗਨੀ ਜੋਤੀ ਤਾਏ ਮੱਠ, ਮੋਹ ਮਮਤਾ ਲੰਬੂ ਆਪਣੀ ਹੱਥੀਂ ਲਾਈਆ । ਜੋਤੀ ਸ਼ਬਦੀ ਇਕ ਇਕੱਠ, ਸਤਿ ਸੰਤੋਖੀ ਨਾਲ ਰਲਾਏ ਹੱਠ, ਸੰਮਤ ਪੰਦਰਾਂ ਆਪੇ ਵੇਖੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰਾ, ਕੋਲੰਬੂ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦੀਪ ਜੰਬੂ ਕਰੇ ਰੁਸ਼ਨਾਈਆ । ਚਰਨ ਛੁਹਾਏ ਹਰਿ ਕੋਲੰਬੂ, ਰਾਵਣ ਗੜ੍ਹ ਅਪਾਰਿਆ । ਲੇਖ ਚੁਕਾਏ ਸ਼ੰਕਰ ਸ਼ਿਵ ਸ਼ੰਭੂ, ਗਣੇਸ਼ ਗਣੇਸ਼ਾ ਪੂਤ ਸਪੂਤਾ ਵਾਰਿਆ । ਚਾਰ ਦਿਵਾਰੀ

੩੩
੦੬

੩੪
੦੬

ਸ਼ਬਦ ਕਨਾਤ ਸੋਹੰ ਲਾਏ ਏਕਾ ਤੰਬੂ, ਦਰ ਦਰਵਾਜ਼ਾ ਇਕ ਖੁਲ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾ ਰਿਹਾ । ਪੰਦਰਾਂ ਪੰਧ ਮੁਕਾਵਣ ਆਇਆ, ਕਲਜੁਗ ਕਲ ਦੁਹਾਈ । ਮਦਿਰਾ ਮਾਸ ਗੰਦ ਗਵਾਵਣ ਆਇਆ, ਕਲਜੁਗ ਝੂਠੀ ਮਿਟੇ ਸ਼ਾਹੀ । ਸਤਿਜੁਗ ਸਾਚਾ ਚੰਦ ਚੜ੍ਹਾਵਣ ਆਇਆ, ਹਰਿ ਦਾਤਾ ਬੇਪਰਵਾਹੀ । ਜਗਤ ਨਾਤਾ ਤੋੜ ਤੁੜਾਵਣ ਆਇਆ, ਮਨਮੁਖ ਭੁੱਲੇ ਝੂਠੇ ਰਾਹੀ । ਗੁਰਮੁਖ ਸਾਚੇ ਜੋੜ ਜੁੜਾਵਣ ਆਇਆ, ਗਲੋਂ ਕਟੇ ਜਮ ਕੀ ਫਾਹੀ । ਸ਼ਬਦ ਘੋੜੇ ਤੋੜ ਚੜ੍ਹਾਵਣ ਆਇਆ, ਹੋਏ ਸਹਾਏ ਥਾਉਂ ਥਾਈਂ । ਵਾਗਾਂ ਮੋੜ ਗੁਰਸਿਖ ਸੁਹੇਲੇ ਲੋਕਮਾਤ ਮੁੜਾਵਣ ਆਇਆ, ਦੂਸਰ ਕੋਇ ਜਾਣੇ ਨਾਹੀ । ਜਗਤ ਵਿਛੋੜਾ ਆਪ ਵਿਛੋੜਨ ਆਇਆ, ਦਰ ਘਰ ਸਾਚੇ ਆਪ ਬਹਾਏ ਫੜ ਫੜ ਬਾਂਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦਾ ਸੁਹੇਲਾ ਦੇਵੇ ਠੰਡੀਆਂ ਛਾਂਈ । ਪੰਦਰਾਂ ਪੰਧ ਕਰੇ ਪਾਂਧੀ, ਦਿਵਸ ਰੈਣ ਇਕੱਲਾ । ਜਗਤ ਘੋੜਾ ਬਣਿਆ ਗਾਂਧੀ, ਪੁਰੀ ਇੰਦ ਮਿਲਿਆ ਇਕ ਮਹੱਲਾ । ਕਰੋੜ ਤੇਤੀਸ ਚਰਨ ਬਾਂਧੀ, ਹਰਿ ਸ਼ਬਦ ਫੜਾਏ ਪੱਲਾ । ਸ੍ਰਿਸ਼ਟ ਸਬਾਈ ਕਲਜੁਗ ਆਂਧੀ, ਅੰਤਮ ਵਹਿਣ ਵਹਾਏ ਜਲ ਥਲਾ । ਕਿਸੇ ਹੱਥ ਨਾ ਆਏ ਸੋਨਾ ਚਾਂਦੀ, ਨਾ ਕੋਈ ਪੀਵੇ ਠੰਡਾ ਜਲਾ । ਜੋਤੀ ਜੋਤ ਸਰੂਪ ਹਰਿ, ਇਕ ਚਲਾਏ ਸ਼ਬਦ ਆਂਧੀ, ਕਲਜੁਗ ਵਰਤੇ ਆਪਣੀ ਕਲਾ । ਕਲਜੁਗ ਤੇਰੀ ਕਲ, ਲੇਖ ਕਿਸੇ ਨਾ ਲਿਖਿਆ । ਲੱਖ ਚੁਰਾਸੀ ਵਲ ਛਲ, ਸਾਚੀ ਮਿਲੇ ਨਾ ਨਾਮ ਭਿਖਿਆ । ਸਾਚਾ ਮੇਲਾ ਗੋਬਿੰਦ ਡਲ ਡੱਲਾ, ਗੋਬਿੰਦ ਸਾਚਾ ਲੇਖ ਲਿਖਿਆ । ਸ਼ਬਦ ਸੁਨੇਹੜਾ ਰਿਹਾ ਘਲ, ਸ੍ਰਿਸ਼ਟ ਸਬਾਈ ਅੰਤਮ ਮਿਥਿਆ । ਚਰਨ ਛੁਹਾਏ ਉਪਰ ਥਲ, ਲੋਕਮਾਤ ਲਗਾਏ ਸਾਚੀ ਮੇਖਿਆ । ਸੰਮਤ ਚੌਦਾਂ ਆਪ ਬਣਾਏ ਨਿਹਚਲ ਧਾਮ ਅਟੱਲ, ਤ੍ਰੈਗੁਣ ਮਾਇਆ ਤੇਰਾ ਮਿਟੇ ਸੱਲਿਆ । ਸ਼ਬਦ ਸਰੂਪੀ ਸ੍ਰਿਸ਼ਟ ਸਬਾਈ ਆਪ ਚਲਾਏ ਏਕਾ ਹੱਲ, ਗੁਰਮੁਖ ਚੜ੍ਹਾਏ ਸੋਹੰ ਸਾਚੇ ਰਥਿਆ । ਲੱਖ ਚੁਰਾਸੀ ਮਨਮੁਖ ਜੀਵਾਂ ਲਾਹੇ ਖੱਲ, ਨਾਮ ਮਧਾਣੀ ਆਪੇ ਮਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਚਲਾਏ ਆਪਣੀ ਗਾਥਿਆ ।

❊ ਪਹਿਲੀ ਭਾਦਰੋਂ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਪਰਤਾਪ ਸਿੰਘ ਨਾਮ ਧਾਰੀਏ ਨੂੰ
ਚਚਿਆਲ ਕੋਠੀ ਜ਼ਿਲਾ ਹਿਸਾਰ ਸ਼ਬਦ ਭੇਜਿਆ ਅਤੇ ਉਤਰ ਦੀ ਮੰਗ ਕੀਤੀ,
ਉਸ ਨੇ ਕੋਈ ਉਤਰ ਨਾ ਦਿਤਾ ❊

ਹਰਿ ਗੋਬਿੰਦ ਗੋਬਿੰਦ, ਹਰਿ ਗੋਬਿੰਦ ਸਮਾਇਆ । ਹਰਿ ਗੋਬਿੰਦ ਬਿੰਦ, ਹਰਿ ਬਿੰਦ ਗੋਬਿੰਦ ਹਰਿ ਰਘੁਰਾਇਆ । ਹਰਿ ਗੋਬਿੰਦ ਮਿਟੇ ਚਿੰਦ, ਗੋਬਿੰਦ ਹਰਿ ਦਰਸ਼ਨ ਪਾਇਆ । ਹਰਿ ਗੋਬਿੰਦ ਅੰਮ੍ਰਿਤ ਧਾਰਾ ਸਾਗਰ ਸਿੰਧ, ਗੋਬਿੰਦ ਹਰਿ ਸਾਚਾ ਨੁਹਾਵਨ ਨੁਹਾਇਆ । ਹਰਿ ਗੋਬਿੰਦ ਸਚ ਨਰਿੰਦ, ਗੋਬਿੰਦ ਹਰਿ ਸਾਚਾ ਤਖ਼ਤ ਸੁਹਾਇਆ । ਹਰਿ ਗੋਬਿੰਦ ਗੋਬਿੰਦ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਇਆ । ਹਰਿ ਗੋਬਿੰਦ ਸ੍ਰਿਸ਼ਟ ਸਬਾਈ ਕਰਾਏ ਨਿੰਦ, ਹਰਿ ਗੋਬਿੰਦ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਲੇਖਾ ਲੇਖ ਲਿਖਾਇਆ ।

ਸ਼ਬਦ ਲਿਖਾਰੀ ਲੇਖ, ਲੇਖ ਲਿਖਾਰਿਆ । ਸਾਚੇ ਲੋਚਨ ਆਪੇ ਪੇਖ, ਆਪ ਆਪਣੇ ਰੰਗ ਸਮਾ ਰਿਹਾ । ਆਪੇ ਲਿਖਣਹਾਰਾ ਲੇਖ, ਅੰਤਮ ਆਪੇ ਆਪ ਮਿਟਾ ਰਿਹਾ । ਗੁਰ ਗੋਬਿੰਦਾ ਸਾਚੀ ਨਾਰੀ, ਹਰਿ ਹਰਿ ਸਾਚਾ ਕੰਤਾ । ਆਪੇ ਬਖ਼ਸ਼ੇ ਚਰਨ ਪਿਆਰੀ, ਆਪ ਬਣਾਏ ਸਾਚੀ ਬਣਤਾ । ਸ਼ਬਦ ਪਹਿਨਾਏ ਤਨ ਕਟਾਰੀ, ਪਾਰ ਕਰਾਏ ਜੀਆਂ ਜੰਤਾਂ । ਪੰਚਮ ਪੈਜ ਰਿਹਾ ਸਵਾਰੀ, ਪੰਚਮ ਚਾੜ੍ਹੇ ਰੰਗ ਬਸੰਤਾ । ਪੰਚਮ ਘੋੜੇ ਕਰ ਅਸਵਾਰੀ, ਪੰਚ ਸੰਘਾਰੇ ਦੇਵ ਦੰਤਾਂ । ਪੰਚਾਂ ਵੇਖੇ ਵਾਰੋ ਵਾਰੀ, ਪੰਚਾਂ ਅੰਮ੍ਰਿਤ ਆਤਮ ਰਸ ਮੁਖ ਚਵੰਤਾ । ਪੰਚਾਂ ਦੇਵੇ ਸ਼ਬਦ ਉਡਾਰੀ, ਧੁਨ ਆਤਮਕ ਨਾਦ ਇਕ ਵਜੰਤਾ । ਪੰਚਾਂ ਦੇਵੇ ਸ਼ਬਦ ਖੁਮਾਰੀ, ਘਰ ਸਾਚਾ ਧਾਮ ਇਕ ਸੁਹੰਤਾ । ਪੰਚ ਬਣਾਏ ਦਰ ਦਰਬਾਰੀ, ਪੰਚਮ ਆਸਣ ਜੋਗ ਵਖੰਤਾ । ਪੰਚਮ ਹੋਵੇ ਪਹਿਰੇਦਾਰੀ, ਨਾਮ ਧਨ ਧੰਨ ਧੰਨਵੰਤਾ । ਪੰਚਾਂ ਬਣਿਆ ਮੀਤ ਮੁਰਾਰੀ, ਪੰਚਾਂ ਸੁਹਾਏ ਦਵਾਰ ਬੰਕਾ । ਪੰਚਾਂ ਗੀਤ ਸੁਣਾਏ ਅਪਰ ਅਪਾਰੀ, ਏਕਾ ਨਾਉਂ ਏਕਾ ਅੰਕਾ । ਪੰਚਾਂ ਖੇਲੇ ਖੇਲ ਖਿਲਾਰੀ, ਹੱਥ ਫੜਾਏ ਸੋਹੰ ਸਾਚਾ ਧਨਖਾ । ਪੰਚਾਂ ਦੇਵੇ ਸ਼ਬਦ ਉਡਾਰੀ, ਪੰਚਾਂ ਮਾਣ ਜਿਉਂ ਜਨ ਜਨਕਾ । ਪੰਚਾਂ ਕਰੇ ਧਰਮ ਜੈਕਾਰੀ, ਪਰਗਟ ਹੋਏ ਬਾਰ ਅਨਕਾ । ਪੰਚਾਂ ਪੈਜ ਰਿਹਾ ਸਵਾਰੀ, ਪੁਰਖ ਅਬਿਨਾਸ਼ੀ ਵਾਸੀ ਪੁਰੀ ਘਨਕਾ । ਰਾਮ ਸਿੰਘ ਕਰ ਘਰ ਤਿਆਰੀ, ਸਿੰਘ ਪਰਤਾਪ ਪ੍ਰਭ ਲਾਹੁਣ ਆਏ ਸ਼ੰਕਾ । ਨਿਰਮਲ ਜੋਤ ਹੋਈ ਉਜਿਆਰੀ, ਇਕ ਵਜਾਏ ਸਾਚਾ ਡੰਕਾ । ਲੋਆਂ ਪੁਰੀਆਂ ਕਰੇ ਖ਼ਬਰਦਾਰੀ, ਸ਼ਬਦ ਸਤਾਰੀ ਲਾਏ ਤਨਕਾ । ਲੱਖ ਚੁਰਾਸੀ ਪਾਵੇ ਸਾਰੀ, ਪਾਵੇ ਭੇਵ ਜੀਅ ਜੀਅ ਜਨ ਕਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਵੇਖੇ ਖੇਲ ਬਨ ਬਨ ਕਾ । ਫੜ ਸ਼ਬਦ ਤੇਜ ਕਟਾਰੀ, ਵਾਸ ਮਿਟਾਏ ਛੱਪਰੀ ਛੰਨ ਕਾ । ਚਾਰੋਂ ਕੁੰਟ ਹਾਹਾਕਾਰੀ, ਨਾਤਾ ਤੁੱਟੇ ਸਰੀਰ ਤਨ ਕਾ । ਕਰਮ ਕੁਕਰਮਾਂ ਰਿਹਾ ਵਿਚਾਰੀ, ਆਪ ਫਿਰਾਏ ਮਨ ਕਾ ਮਣਕਾ । ਤੋੜੇ ਗੜ੍ਹ ਕਾਇਆ ਕੋਟ ਹੰਕਾਰੀ, ਭਾਂਡਾ ਭਰਮ ਆਪੇ ਭੰਨ ਕਾ । ਪਹਿਲੀ ਅੱਸੂ ਆਏ ਵਾਰੀ, ਸ਼ਬਦ ਸਿੰਘਾਸਣ ਪੈਜ ਸਵਾਰੀ, ਜੋਤੀ ਆਸਣ ਮੀਤ ਮੁਰਾਰੀ, ਮੰਡਲ ਰਾਸਨ ਸ਼ਬਦ ਉਡਾਰੀ, ਸਾਚਾ ਮੇਲਾ ਅਨਨ ਅਨਨਕਾ । ਅਨਨ ਜਨਨ ਜਨ ਦਰ ਘਰ ਆਏ, ਪਤਤ ਪੁਨੀਤ ਪੁਨੀਤਾ । ਨਨਨ ਨਨਨ ਮਨ ਭਰਮ ਚੁਕਾਏ, ਕਾਇਆ ਰਸ ਵਖਾਏ ਫੀਕਾ । ਕਵਣ ਜਨਨ ਕਵਣ ਗਨਨ ਦਵਾਰ ਬੰਕ ਸੁਹਾਏ, ਜੋਤੀ ਨੂਰ ਸਮਾਏ, ਦਿਸ ਨਾ ਆਏ ਨੀਕਨ ਨੀਕਾ । ਗੁਰ ਸਤਿਗੁਰ ਸ਼ਬਦ ਸਿੰਘਾਸਣ ਵੇਖ ਵਖਾਏ, ਨੇਤਰ ਲੋਚਣ ਕਵਣ ਰੁਸ਼ਨਾਏ, ਕਵਣ ਨੈਣ ਵੇਖੇ ਹਰਿ ਸਾਕ ਸੱਜਣ ਸੈਣ ਕਵਣ ਜਗਤ ਸ਼ਰੀਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਸੂ ਤਿੰਨ ਪਾਏ ਪਹਿਲੀ ਇਕ ਤਰੀਕਾ । ਇਕ ਤਾਰੀਖ ਇਕ ਤਿੰਨ, ਨੌਂ ਦਰ ਵੇਖ ਵਖਾਈਆ । ਅੰਤਮ ਲੇਖ ਚੁਕਾਏ ਗਿਣ ਗਿਣ, ਜੋਤੀ ਜਾਮਾ ਭੇਖ ਵਟਾਈਆ । ਪਰਗਟਾਏ ਜੋਤ ਜੋਤ ਛਿੰਨ੍ਹ ਛਿੰਨ੍ਹ, ਸਿੰਘ ਰਾਮ ਰਾਮ ਰੂਪ ਸਮਾਈਆ । ਅੰਤਮ ਮੇਲਾ ਪਹਿਲੇ ਤਿੰਨ ਦਿਨ, ਥਿਤ ਵਾਰ ਆਪਣੇ ਹੱਥ ਰਖਾਈਆ । ਕਰੇ ਖੇਲ ਪ੍ਰਭ ਭਿੰਨ ਭਿੰਨ, ਗੁਰਮੁਖਾਂ ਆਤਮ ਵਿੰਨ ਵਿੰਨ, ਸ਼ਬਦ ਨਿਰਾਲਾ ਤੀਰ ਚਲਾਈਆ । ਗੁਰ ਪੂਰਾ ਹਾਜ਼ਰ ਹਜ਼ੂਰਾ, ਦਰ ਦਵਾਰੇ ਦਰਸ਼ਨ ਪਾਈਆ । ਗਿਣ ਗਿਣ, ਮੁਖ ਰਸਨਾ ਪੁੱਛ ਪੁਛਾਈਆ । ਕਵਣ ਭੂਤ ਪ੍ਰੇਤ ਹੋਏ ਜਿੰਨ, ਕਵਣ ਗੁਰ ਸਤਿਗੁਰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਵੇਸ ਧਾਮ ਅਵਲੜਾ ਇਕ ਇਕੱਲੜਾ ਆਪ ਵਸਾਈਆ । ਸਚ ਮਹੱਲੜਾ ਦਸਮ ਦਵਾਰੀ, ਸ਼ਬਦ ਸਰੂਪੀ ਚਾਰ ਦਵਾਰੀ, ਨਾਮ ਦਰਵਾਜ਼ਾ ਗਰੀਬ ਨਿਵਾਜ਼ਾ, ਆਪ ਆਪਣਾ

੩੬
੦੬

ਸਾਜਨ ਸਾਜਾ, ਬਾਡੀ ਕੋਈ ਦਿਸ ਨਾ ਆਈਆ । ਪਰਗਟੇ ਜੋਤ ਦੇਸ ਮਾਝਾ, ਜਨ ਭਗਤਾਂ ਰੱਖੇ ਲਾਜਾ, ਕਲਜੁਗ ਸਤਿਜੁਗ ਰਚਿਆ ਕਾਜਾ, ਲਾੜੀ ਮੌਤ ਮੰਗੇ ਦਾਜਾ, ਧਰਮ ਰਾਏ ਦਾ ਖੁਲ੍ਹਾ ਦਰਵਾਜ਼ਾ, ਪੰਚ ਵਿਕਾਰਾ ਜਗਤ ਡੋਲੀ । ਮਨਮੁਖਾਂ ਸੁਰਤ ਸਵਾਣੀ ਹੋਈ ਗੋਲੀ । ਜੂਠ ਝੂਠ ਕਾਇਆ ਰੰਗਣ ਰੰਗੀ ਚੋਲੀ । ਲੱਖ ਚੁਰਾਸੀ ਘਟ ਘਟ ਵਾਸੀ, ਆਪਣੀ ਹੱਥੀਂ ਡੋਲੀ ਪਾਈਆ । ਪਰਗਟ ਹੋਇਆ ਸ਼ਾਹੋ ਸ਼ਾਬਾਸੀ, ਗੁਰਮੁਖ ਵੇਖੇ ਸ਼ਬਦ ਸਵਾਸੀ, ਮਾਤ ਪਾਤਾਲ ਆਕਾਸ਼ ਪ੍ਰਿਥਮੀ ਆਕਾਸ਼ੀ, ਪੁਰੀਆਂ ਲੋਆਂ ਮੰਡਲ ਰਾਸੀ, ਰਵ ਸਸ ਨੱਸ ਨੱਸ ਰੈਣ ਦਿਵਸ ਦਿਵਸ ਰੈਣ ਰਹੇ ਪੰਧ ਮੁਕਾਈਆ । ਪੁਰਖ ਪੁਰਖੋਤਮ ਬ੍ਰਹਿਮੰਡ ਖੰਡ ਚਰਨਾਂ ਹੇਠਾਂ ਰਿਹਾ ਝੱਸ, ਜੋਤ ਨਿਰੰਜਣ ਜਨ ਭਗਤਾਂ ਪਾਏ ਨੇਤਰ ਅੰਜਨ, ਸ਼ਬਦ ਸੁਨੇਹੜਾ ਰਾਹ ਸਾਚਾ ਰਿਹਾ ਦੱਸ, ਕਲਜੁਗ ਵੇਲਾ ਅੰਤ ਸੁਹਾਈਆ । ਚਰਨ ਧੂੜ ਸਾਚਾ ਮਜਨ, ਵੇਲੇ ਅੰਤਮ ਰੱਖੇ ਲਜਨ, ਪੁਰਖ ਅਬਿਨਾਸ਼ੀ ਆਇਆ ਪਰਦੇ ਕੱਜਨ, ਧੁਰਦਰਗਾਹੀ ਸਾਚਾ ਸੱਜਣ, ਜੋ ਘੜੇ ਸੋ ਅੰਤਮ ਭੱਜਣ, ਨਾ ਸਕੇ ਕੋਈ ਬਚਾਈਆ । ਕਲਜੁਗ ਤਾਲ ਝੂਠੇ ਵੱਜਣ, ਮਨ ਮਤੀ ਜੀਵ ਮਾਇਆ ਦਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਮੰਤਰ ਅੰਤਰ ਜਗਤ ਦਵਾਰਾ ਵੇਖੇ ਪੰਚ ਬਸੰਤਰ, ਸ਼ਬਦ ਨਾਦ ਧੁਨ ਆਤਮ ਧਾਮ ਧਾਮਾ ਰਾਮ ਰਾਮਾ ਆਪੇ ਜਾਣੇ ਆਪਣਾ ਕਾਮਾ ਕਵਣ ਦਵਾਰ ਹਰਿ ਨਿਰੰਕਾਰ ਗੁਰ ਪੀਰ ਸਾਧ ਸੰਤ ਅਵਤਾਰ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਪ੍ਰਤਾਪ ਦੋ ਜਹਾਨੀ ਵੇਖ ਆਪ ਹਿਸਾਬ, ਕਾਇਆ ਬਸਤਰ ਖੋਲ੍ਹ ਕਿਤਾਬ, ਅੱਖਰ ਵੱਖਰ ਬਜਰ ਕਪਾਟੀ ਪਾੜ ਪੱਥਰ, ਆਪੇ ਫੋਲ ਫੁਲਾਈਆ । ਵਡ ਪਰਤਾਪ ਪਰਤਾਪ ਕਵਣ ਜਗ ਰੀਤੀ, ਕਵਣ ਸ਼ਬਦ ਜਣਾਈਆ । ਕਵਣ ਰੂਪ ਕਾਇਆ ਅਤੀਤੀ, ਕਵਣ ਸਤਿ ਸਰੂਪ ਸਮਾਈਆ । ਕਵਣ ਧਾਮ ਗੁਰ ਚਰਨ ਪ੍ਰੀਤੀ, ਗੁਰ ਸ਼ਬਦੀ ਰੂਪ ਵਟਾਈਆ । ਕਵਣ ਘਰ ਸਿੰਘ ਰਾਮ ਕਰੇ ਕਾਇਆ ਸੀਤਲ ਸੀਤੀ, ਨੂਰੀ ਜੋਤ ਸ਼ਬਦੀ ਮੇਲ ਮਿਲਾਈਆ । ਕਵਣ ਵਜਾਏ ਨਾਦ ਸੁਣਾਏ ਸਾਚਾ ਕੰਨ, ਤਨ ਮੰਦਰ ਅੰਦਰ ਰਾਗ ਅਲਾਈਆ । ਕਵਣ ਜਾਣੇ ਮਿਤੀ ਮੀਤੀ, ਸੰਮਤ ਸੰਮਤੀ ਮਾਸ ਦਿਵਸ ਘੜੀ ਪਲ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਨੌ ਦਵਾਰੇ ਛੱਡ ਦਰ, ਦਸਮ ਦਵਾਰ ਹਰਿ ਨਿਰੰਕਾਰ ਜੋਤ ਉਜਿਆਰ ਸ਼ਬਦ ਭੰਡਾਰ ਸੁਣਨੇਹਾਰ, ਕਵਣ ਰੂਪ ਵਟਾਈਆ । ਕਵਣ ਧਾਮ ਸਤਿ ਪੁਰਖ ਹੈ, ਦੀਸੇ ਹਰਿ ਅਬਿਨਾਸ਼ । ਨਾ ਸੋਗ ਨਾ ਕਦੇ ਹਰਖ ਹੈ, ਹਰ ਘਟ ਰੱਖੇ ਵਾਸ । ਜੁਗ ਜੁਗ ਜਨ ਭਗਤਾਂ ਕਰੇ ਪਰਖ ਹੈ, ਨਿਰਮਲ ਜੋਤ ਕਰੇ ਪਰਕਾਸ਼ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਏ ਜਾਏ ਦਰ ਦਵਾਰ, ਦਰ ਦਵਾਰੇ ਵੇਖੇ ਮੰਡਲ ਰਾਸ । ਆਏ ਦਰ ਸ਼ਬਦ ਪਰਵਾਨਾ, ਗੁਰ ਗੋਬਿੰਦ ਇਕ ਨਿਸ਼ਾਨੀ । ਮਿਲੇ ਮੇਲ ਹਰਿ ਭਗਵਾਨਾ, ਗੁਣ ਗਹਿੰਦੇ ਖੇਲ ਨਿਰਾਲੀ । ਪਰਗਟ ਹੋਏ ਵਾਲੀ ਦੋ ਜਹਾਨਾ, ਕਲਜੁਗ ਚਲੇ ਅਵੱਲੜੀ ਚਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਦਰ ਦਵਾਰ ਕਵਣ ਭਰਿਆ ਕਵਣ ਖਾਲੀ । ਸੰਬਲ ਨਗਰੀ ਕਵਣ ਗੜ੍ਹ, ਕਵਣ ਕੂਟ ਵਸਾਈਆ । ਕਵਣ ਵੇਖੇ ਉਪਰ ਚੜ੍ਹ, ਕਵਣ ਰਾਹ ਤਕਾਈਆ । ਕਵਣ ਵੇਖੇ ਦਰ ਦਵਾਰੇ ਅੱਗੇ ਖੜ੍ਹ, ਕਵਣ ਮਲਾਹ ਬਣਾਈਆ । ਕਵਣ ਚੋਟੀ ਕਵਣ ਜੜ੍ਹ, ਕਵਣ ਨਾਂ ਰਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਗੋਬਿੰਦ ਗੋਬਿੰਦ ਰੂਪ ਸਮਾਈਆ । ਸੰਤ ਸੁਹੇਲੇ ਆਪੇ ਰਿਹਾ ਫੜ, ਸਗਲੀ ਚਿੰਦ ਮਿਟਾਈਆ । ਕੋਈ ਨਾ ਸਕੇ ਅੱਗੇ ਅੜ, ਵਿਚ ਹਿੰਦ ਜੋਤ ਜਗਾਈਆ । ਸੰਮਤ

ਸੋਲਾਂ ਜੂਠੇ ਝੂਠੇ ਪੱਤ ਡਾਲੀ ਜਾਏ ਝੱੜ, ਬਿਰਖਾ ਬਿਰਖਾ ਕੋਇ ਰਹਿਣ ਨਾ ਪਾਈਆ । ਮਾਇਆ ਮਮਤਾ ਬਸਤਰ ਜਾਣੇ ਸੜ, ਨਾ ਕੋਈ ਸਕੇ ਤਨ
ਛੁਹਾਈਆ । ਏਕਾ ਅੱਖਰ ਗੁਰ ਪੀਰ ਸਾਧ ਸੰਤ ਜਾਣੇ ਪੜ੍ਹ, ਪੁਰਖ ਅਬਿਨਾਸ਼ੀ ਆਪੇ ਰਿਹਾ ਅਲਾਈਆ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ
ਮਾਸ ਰਸਨ ਤਜਾਈਆ । ਏਕਾ ਪੱਲੂ ਨਾਮ ਫੜਾਏ ਸਾਚਾ ਲੜ, ਚਾਰ ਵਰਨਾਂ ਇਕ ਸਰਨਾਈਆ । ਸ਼ਬਦ ਧਾਰ ਵਹਾਏ ਸਾਚਾ ਹੜ੍ਹ, ਮਨਮੁਖਾਂ
ਰਿਹਾ ਰੁੜ੍ਹਾਈਆ । ਬੰਕ ਦਵਾਰ ਕਿਲ੍ਹਾ ਕੋਟ ਨਾ ਦੀਸੇ ਗੜ੍ਹ, ਉਚੇ ਮੰਦਰ ਆਪੇ ਢਾਹੀਆ । ਆਪੇ ਘਾੜਨ ਆਪੇ ਘੜ, ਆਪੇ ਲਏ ਮਿਟਾਈਆ ।
ਵੇਖ ਵਖਾਏ ਪ੍ਰਿਥਮੀ ਆਕਾਸ਼ ਪਹਾੜ ਉਜਾੜ, ਜਲਾਂ ਥਲਾਂ ਵਿਚ ਸਮਾਈਆ । ਗੁਰਮੁਖਾਂ ਜੋਤ ਪਰਕਾਸ਼ ਬਹੱਤਰ ਨੜ, ਅੰਧ ਅਗਿਆਨ ਅੰਧੇਰ
ਮਿਟਾਈਆ । ਸਾਚੇ ਪੌੜੇ ਜਾਣਾ ਚੜ੍ਹ, ਨਿਹਕਲੰਕ ਸੱਚੀ ਸਰਨਾਈਆ । ਜਗਤ ਵਿਕਾਰਾ ਜਾਏ ਝੜ, ਵੱਜੇ ਸ਼ਬਦ ਧੁਰ ਡੰਕ ਸੱਚੀ ਸ਼ਨਵਾਈਆ ।
ਅੰਦਰ ਮੰਦਰ ਆਪੇ ਬਾਂਹ ਲਏ ਫੜ, ਦੋਵੇਂ ਭੁਜਾ ਅੱਗੇ ਉਠਾਈਆ । ਜਗਤ ਚਤਰਾਈ ਮਾਤ ਵਡਿਆਈ ਨਾ ਕੋਈ ਸਕੇ ਲੜ, ਸ਼ਬਦ ਧੁਜਾ ਇਕ
ਉਠਾਈਆ । ਨਾ ਕੋਈ ਪੂਜੇ ਮੜ੍ਹੀ ਗੋਰ ਮੜ੍ਹ, ਦਰਸ ਦਿਖਾਏ ਪ੍ਰਭ ਅੱਗੇ ਖੜ੍ਹ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਸੰਬਲ ਨਗਰ ਇਕ ਘਰ, ਸ਼ਬਦ ਦਿਵਾਰੀ ਚਾਰ ਕੁੰਟ, ਮਹੱਲ ਅਟੱਲ ਇਕ ਸੁਹਾਈਆ । ਮਹੱਲ ਅਟੱਲ ਉਚਾ ਮੰਦਰ,
ਪ੍ਰਭ ਆਪਣਾ ਆਪ ਸੁਹਾਇੰਦਾ । ਆਪੇ ਵਸਿਆ ਆਪਣੇ ਅੰਦਰ, ਦੂਸਰ ਕੋਇ ਦਿਸ ਨਾ ਆਇੰਦਾ । ਸ਼ਬਦ ਸਰੂਪੀ ਲਾਇਆ ਜੰਦਰ, ਨਾ ਕੋਈ
ਤੋੜ ਤੁੜਾਇੰਦਾ । ਸਦਾ ਵਸੇਰਾ ਡੂੰਘੀ ਕੰਦਰ, ਨਾ ਕੋਈ ਵੇਖ ਵਖਾਇੰਦਾ । ਲੱਖ ਚੁਰਾਸੀ ਭੌਂਦੀ ਬੰਦਰ, ਗੁਰ ਪੂਰਾ ਹੱਥ ਨਾ ਆਇੰਦਾ । ਜੋਤੀ
੩੭ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਸਾਚਾ ਵਾਸਾ, ਆਪੇ ਕਰੇ ਪੁਰਖ ਅਬਿਨਾਸ਼ਾ, ਸਚ ਦਵਾਰੇ ਆਸਣ ਲਾਇੰਦਾ । ਸੰਬਲ ੩੭
੦੬ ਨਗਰੀ ਸ਼ਬਦ ਸਿੰਘਾਸਣ, ਪ੍ਰਭ ਸਾਚੀ ਸੇਜ ਵਿਛਾਈਆ । ਜੋਤੀ ਨੂਰ ਹੋਏ ਪਰਕਾਸ਼ਨ, ਦੀਵਾ ਬੱਤੀ ਨਾ ਕੋਈ ਰਖਾਈਆ । ਸਾਚੇ ਮੰਡਲ ਪਾਵੇ ੦੬
ਰਾਸਨ, ਗੋਪੀ ਕਾਹਨਾ ਆਪ ਅਖਵਾਈਆ । ਆਪੇ ਹੋਏ ਦਾਸੀ ਦਾਸਨ, ਜਨ ਭਗਤਾਂ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਸੰਬਲ ਨਗਰੀ ਵੇਸ ਕਰ, ਘਰ ਸਾਚੇ ਬੈਠਾ ਮੁਖ ਛੁਪਾਈਆ । ਸੰਬਲ ਨਗਰੀ ਸਾਢੇ ਤਿੰਨ ਹੱਥ, ਗੋਬਿੰਦ ਆਪ ਰਚਾਇਆ । ਅੰਦਰ
ਬੈਠਾ ਹਰਿ ਸਮਰਥ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਪਾਏ ਨੱਥ, ਸ਼ਬਦ ਡੋਰੀ ਹੱਥ ਰਖਾਇਆ । ਨੌ ਖੰਡ ਪ੍ਰਿਥਮੀ ਰਿਹਾ ਮੱਥ, ਸੱਤਾਂ
ਦੀਪਾਂ ਲੇਖ ਚੁਕਾਇਆ । ਜਗਤ ਚਲਾਏ ਮਹਿੰਮਾ ਅਕੱਥ, ਸਤਿਜੁਗ ਸਾਚਾ ਮਾਰਗ ਲਾਇਆ । ਸਤਿਜੁਗ ਤੇਰਾ ਸਾਚਾ ਰਥ, ਸੋਹੰ ਨਾਉਂ ਧਰਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਵੇਸ ਕਰ, ਵੇਸ ਅਵੱਲੜਾ ਆਪ ਕਰਾਇਆ । ਗੁਰ ਗੋਬਿੰਦ ਜੋਤ ਪਰਗਟਾਈ,
ਹਰਿ ਚਰਨ ਸੱਚੀ ਸਰਨਾਈਆ । ਪਾਰਬ੍ਰਹਮ ਸ਼ਬਦ ਕੁੜਮਾਈ, ਮੁਖ ਸਾਚਾ ਸਗਨ ਲਗਾਈਆ । ਦਰ ਮੰਦਰ ਅੰਦਰ ਵੱਜੀ ਵਧਾਈ, ਮੰਗਲਾਚਾਰ
ਇਕ ਕਰਾਈਆ । ਪੰਚਮ ਗਾਇਣ ਚਾਈਂ ਚਾਈਂ, ਪੰਚਮ ਤਾਲ ਰਿਹਾ ਵਜਾਈਆ । ਸਾਚਾ ਮੇਲਾ ਸਹਿਜ ਸੁਭਾਈ, ਕਲਜੁਗ ਵੇਲਾ ਅੰਤਮ ਦਏ
ਸੁਹਾਈਆ । ਲਹਿਣਾ ਦੇਣਾ ਚੁਕਾਏ ਥਾਉਂ ਥਾਈਂ, ਬਸਤਰ ਗਹਿਣਾ ਗੁਰਮੁਖਾਂ ਸ਼ਬਦ ਤਨ ਪਹਿਨਾਈਆ । ਨੇਤਰ ਲੋਚਨ ਦਰਸ਼ਨ ਸਾਚੇ ਨੈਣਾ,
ਜਨਮ ਜਨਮ ਮੈਲ ਗਵਾਈਆ । ਅੰਤਮ ਭਾਣਾ ਸਭ ਨੇ ਸਹਿਣਾ, ਨਿਹਕਲੰਕ ਸੱਚੀ ਸਰਨਾਈਆ । ਏਕਾ ਏਕ ਪੁਰਖ ਅਬਿਨਾਸ਼ੀ ਜੋਤ ਸਰੂਪੀ ਮਾਤ

ਰਹਿਣਾ, ਸ਼ਬਦ ਵੱਜੇ ਸੱਚੀ ਵਧਾਈਆ । ਨਾਤਾ ਤੁੱਟੇ ਭਾਈ ਭੈਣਾਂ, ਨਾ ਕੋਈ ਦੀਸੇ ਸਾਕ ਸੱਜਣ ਸੈਣਾ, ਕਲਜੁਗ ਚੁੱਕੇ ਲਹਿਣਾ ਦੇਣਾ, ਸਤਿਜੁਗ ਸਾਚੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਸਾਚਾ ਮੇਲਾ ਇਕ ਦਰ, ਦਰ ਦਵਾਰੇ ਆਵੇ ਜਾਵੇ ਫੇਰਾ ਪਾਈਆ ।

❊ ਪਹਿਲੀ ਭਾਦਰੋਂ ੨੦੧੩ ਬਿਕ੍ਰਮੀ ਜੇਠੂਵਾਲ ਤੋਂ ਅੰਮ੍ਰਿਤਸਰ ਅਕਾਲ ਤਖ਼ਤ ਦੇ ਪ੍ਰਧਾਨ ਨੂੰ ਸ਼ਬਦ ਭੇਜਿਆ ਅਤੇ ਉਤਰ ਮੰਗਿਆ, ਪ੍ਰੰਤੂ ਉਸ ਕੋਈ ਜਵਾਬ ਨਾ ਦਿਤਾ ❊

ਸਰ ਅੰਮ੍ਰਿਤ ਸਚ ਤਖ਼ਤ ਹੈ, ਕਵਣ ਤਖ਼ਤ ਅਕਾਲ । ਆਪੇ ਲਿਖਣਹਾਰਾ ਲੇਖ ਲਿਖਤ ਹੈ, ਦੀਨਾ ਬੰਧਪ ਦੀਨ ਦਿਆਲ । ਕਵਣ ਵੇਲਾ ਕਵਣ ਵਕਤ ਹੈ, ਪ੍ਰਭ ਸਾਚਾ ਹੋਏ ਕਿਰਪਾਲ । ਅੰਤ ਵਿਛੋੜਾ ਦੁਨੀ ਜਗਤ ਹੈ, ਨਾ ਕੋਈ ਸ਼ਾਹ ਨਾ ਕੰਗਾਲ । ਕਵਣ ਗੁਰ ਗੋਬਿੰਦ ਕਵਣ ਸਾਚਾ ਭਗਤ ਹੈ, ਲੋਕਮਾਤ ਚਲੇ ਨਾਲ ਨਾਲ । ਕਵਣ ਬੂੰਦ ਕਵਣ ਰਕਤ ਹੈ, ਕਵਣ ਕਾਇਆ ਮਾਟੀ ਹਾਟੀ ਜੀਵ ਖਾਲ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਜਗਤ ਵਰ, ਵੇਲੇ ਅੰਤਮ ਹੋਏ ਕਵਣ ਦਲਾਲ । ਕਵਣ ਦਲਾਲ ਅੰਤ ਕਲ, ਕਵਣ ਦਏ ਸਹਾਰਾ । ਕਵਣ ਕਰੇ ਵਲ ਛਲ, ਖੇਲੇ ਖੇਲ ਅਪਰ ਅਪਾਰਾ । ਕਵਣ ਮੇਟੇ ਦੂਈ ਦਵੈਤੀ ਸਲ, ਏਕਾ ਏਕ ਵਖਾਏ ਏਕੰਕਾਰਾ । ਅੰਮ੍ਰਿਤ ਆਤਮ ਕਵਣ ਦਵਾਰੇ ਮਿਲੇ ਸਾਚਾ ਜਲ, ਸਰ ਅੰਮ੍ਰਿਤ ਆਤਮ ਧਾਰਾ । ਦੀਪਕ ਜੋਤੀ ਕਵਣ ਦਵਾਰ ਰਹੀ ਬਲ, ਕਵਣ ਸ਼ਬਦ ਵੱਜੇ ਨਾਦ ਸੁਣੇ ਧੁਨਕਾਰਾ । ਕਵਣ ਤਖ਼ਤ ਅਕਾਲ ਪ੍ਰਭ ਬੈਠਾ ਮੱਲ, ਕਵਣ ਕਰੇ ਤਨ ਸ਼ਿੰਗਾਰਾ । ਕਵਣ ਬਸਤਰ ਪਹਿਨੇ ਤਨ, ਫੜੇ ਤੇਜ ਕਟਾਰਾ । ਕਵਣ ਘੋੜ ਹੋਏ ਅਸਵਾਰਾ । ਗੁਰ ਗੋਬਿੰਦ ਕਵਣ ਕੂਟੇ ਚੜ੍ਹਿਆ ਚੰਨ, ਨੀਲਾ ਘੋੜਾ ਮਾਰੇ ਪੌੜ, ਧਰਤ ਮਾਤ ਵੇਖੇ ਇਕ ਅਖਾੜਾ । ਕਵਣ ਕੂਟ ਸੰਬਲ ਨਗਰ ਲੰਮਾ ਚੌੜ, ਪਰਗਟ ਹੋਏ ਧੁਰਦਰਗਾਹੀ ਸਾਚਾ ਲਾੜਾ । ਕਵਣ ਪੂਤ ਸਪੂਤਾ ਬ੍ਰਹਿਮਣ ਗੌੜ, ਵੇਦ ਵਿਆਸਾ ਹੋਏ ਲਿਖਾਰਾ । ਕਵਣ ਵੇਖੇ ਪਰਖੇ ਮਿੱਠਾ ਕੌੜ, ਘਰ ਘਰ ਦਰ ਦਰ ਗੁਰ ਪੀਰ ਭਰੇ ਹੰਕਾਰਾ । ਵੇਲੇ ਅੰਤਮ ਕਵਣ ਜਾਏ ਬਹੁੜ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਧੁਰ ਦਰਗਾਹੀ ਲਾਏ ਏਕਾ ਪੌੜ, ਦੋ ਜਹਾਨੀ ਵਖਾਏ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਖ਼ਤ ਅਕਾਲ ਅਕਾਲ ਤਖ਼ਤ ਵੇਖੇ ਸਚ ਦਵਾਰਾ । ਕਵਣ ਗਿਆਨੀ ਗਿਆਨ ਜਣਾਈ, ਗੁਣ ਗੋਬਿੰਦ ਗਾਇਆ । ਕਵਣ ਘਰ ਵੱਜੀ ਵਧਾਈ, ਤਨ ਸ਼ਬਦ ਹਰਿ ਰਘੁਰਾਇਆ । ਕਵਣ ਸ਼ਬਦ ਹੋਈ ਕੁੜਮਾਈ, ਪੰਚਮ ਸਿਖਾਂ ਮੰਗਲ ਗਾਇਆ । ਕਵਣ ਦਰ ਮਿਲੇ ਵਧਾਈ, ਰਾਗ ਰਾਗਣੀ ਰਹੇ ਅਲਾਇਆ । ਕਵਣ ਹਰਿ ਲਏ ਪਰਨਾਈ, ਨਾਰੀ ਕੰਤ ਏਕਾ ਰੂਪ ਸਮਾਇਆ । ਕਵਣ ਅੰਮ੍ਰਿਤ ਆਤਮ ਨਹਾਤਾ ਸਰ, ਕਾਗ ਹੰਸ ਹੰਸ ਕਾਗ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਚ ਘਰ, ਕਵਣ ਗਿਆਨੀ ਗੁਰ ਕਾ ਗਿਆਨ, ਕਵਣ ਰੂਪ ਪ੍ਰਭ ਚਰਨ ਧਿਆਨ, ਕਵਣ ਸਰੂਪ ਨਜ਼ਰੀ ਆਇਆ । ਜਗਤ ਵਿਦਿਆ ਮਾਤ ਵਿਦਿਆਰਥੀ, ਪੜ੍ਹੇ ਵੇਦ ਕਿਤੇਬਾ । ਕਵਣ ਬਣੇ ਜਗਤ ਮਹਾਂਸਾਰਥੀ, ਲੇਖ ਚੁਕਾਏ ਕਰੋੜ ਤੇਤੀਸ ਦੇਵੀ ਦੇਵਾ । ਕਵਣ ਹਿੰਦੀ ਉਰਦੂ ਗੁਰਮੁਖੀ ਫਾਰਸੀ, ਕਵਣ ਜਿਹਵਾ ਰਸਨਾ ਗਾਏ ਅਲਖ ਅਭੇਵਾ । ਕਵਣ ਸ਼ਬਦ ਗੁਰ ਮੰਤਰ ਅੰਤਰ ਤਾਰਸੀ, ਕੌਸਤਕ ਮਨੀਆ


੩੮
੦੬

ਮਸਤਕ ਲਾਏ ਥੇਵਾ । ਕਵਣ ਵਾਰਸ ਅੰਤਮ ਵਾਰਸੀ, ਮੁਖ ਲਗਾਏ ਅੰਮ੍ਰਿਤ ਆਤਮ ਸਾਚਾ ਮੇਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਪੁੱਛੇ ਸਚ ਘਰ, ਕਵਣ ਧਾਮ ਵਸੇ ਨਿਹਕਾਮ ਨਿਹਚਲ ਨਿਹਕੇਵਾ ।

ਗੁਰਦੇਵ ਗੁਰ ਸ਼ਬਦ ਮੰਤਰਾ, ਗੁਰ ਮੂਰਤ ਅਕਾਲ । ਗੁਰ ਬਣਾਏ ਮਾਤ ਬਣਤਰਾ, ਗੁਰਮੁਖ ਉਪਜਾਏ ਸਾਚੇ ਲਾਲ । ਆਪੇ ਜਾਣੇ ਆਤਮ ਅੰਤਰਾ, ਫਲ ਵੇਖੇ ਕਾਇਆ ਡਾਲ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਕਵਣ ਗੁਰ ਹੋਏ ਰਖਵਾਲ । ਗੁਰ ਸਾਖੀ ਗੁਰ ਸਾਖਿਆਤ, ਸਗਲਾ ਸੰਗ ਨਿਭਾਏ । ਗੁਰਮੁਖ ਬਣਾਏ ਪਾਰਜ਼ਾਤ, ਮਸਤਕ ਚਰਨ ਛੁਹਾਏ । ਮੇਟ ਮਿਟਾਏ ਅੰਧੇਰੀ ਰਾਤ, ਅਗਿਆਨ ਅੰਧੇਰ ਮਿਟਾਏ । ਅੰਮ੍ਰਿਤ ਪਿਆਏ ਬੂੰਦ ਸਵਾਂਤ, ਸਾਚੀ ਧਾਰ ਇਕ ਵਹਾਏ । ਵੇਖੇ ਖੇਲ ਬਾਤਨ ਬਾਤ, ਜਮਾਲ ਬਾਤਨੀ ਆਪ ਵਖਾਏ । ਜਿਸ ਜਨ ਦੇਵੇ ਪੂਰੀ ਦਾਤ, ਸਿਰ ਆਪਣਾ ਹੱਥ ਟਿਕਾਏ । ਗੁਰ ਪੂਰਾ ਪੁੱਛੇ ਆਪੇ ਵਾਤ, ਰਾਹ ਵਿਚ ਨਾ ਕੋਈ ਅਟਕਾਏ । ਦੂਰ ਦੁਰਾਡਾ ਬੈਠਾ ਆਪੇ ਵੇਖੇ ਮਾਰ ਝਾਤ, ਨੌਂ ਅਠਾਰਾਂ ਦਰ ਦੁਰਕਾਏ । ਆਪ ਚੜ੍ਹਾਏ ਔਖੇ ਘਾਟ, ਏਕਾ ਪੱਲਾ ਨਾਮ ਫੜਾਏ । ਬਜਰ ਕਪਾਟੀ ਜਾਏ ਪਾਟ, ਜਿਸ ਜਨ ਨਾਮ ਭੱਲਾ ਹੱਥ ਫੜਾਏ । ਅੰਮ੍ਰਿਤ ਧਾਰਾ ਮਾਰੇ ਠਾਠ, ਏਕਾ ਹੱਲਾ ਆਪ ਕਰਾਏ । ਗੁਰ ਸਾਖਤ ਜਲਿਆ ਲੱਕੜੀ ਕਾਠ, ਗੁਰਸਿਖ ਕਵਣ ਪਾਰ ਕਰਾਏ । ਆਤਮ ਅੰਤਰ ਔਖੀ ਘਾਟ, ਦੂਰਨ ਦੂਰ ਕਿਨਾਰਾ । ਦੀਪਕ ਜੋਤ ਨਾ ਜਗੇ ਲਿਲਾਟੀ, ਨਾ ਕੋਈ ਮੇਟੇ ਅੰਧ ਅੰਧਿਆਰਾ । ਨਾਮ ਵਿਕਾਏ ਸਾਚੀ ਹਾਟੀ, ਹਰਿਜਨ ਜਨ ਹਰਿ ਕਰੇ ਵਣਜ ਸੱਚਾ ਵਪਾਰਾ । ਦੁਰਮਤ ਮੈਲ ਦਰ ਦਵਾਰੇ ਕਾਟੀ, ਦੇਵੇ ਏਕਾ ਸ਼ਬਦ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਦੇਵੇ ਸ਼ਬਦ ਵਰ, ਆਪ ਕਰਾਏ ਨੌਂ ਦਵਾਰੇ ਪਾਰ ਕਿਨਾਰਾ । ਸੋਹੰ ਸ਼ਬਦ ਸਾਚਾ ਵਰ, ਜੋਤ ਨਿਰੰਜਣ ਸੰਗ ਰਲਾਇੰਦਾ । ਆਪ ਦਿਸਾਏ ਕਾਇਆ ਘਰ, ਨੇਤਰ ਅੰਜਨ ਏਕਾ ਪਾਇੰਦਾ । ਕਾਮਨ ਤ੍ਰਿਸ਼ਨਾ ਜਾਏ ਹਰ, ਭਾਂਡਾ ਭਰਮ ਭੰਨਾਇੰਦਾ । ਮਨ ਸੁਰਤੀ ਘਾੜਨ ਆਪੇ ਘੜ, ਸ਼ਬਦ ਕੁਠਾਲੀ ਏਕਾ ਪਾਇੰਦਾ । ਕੰਚਨ ਰੂਪ ਬਣਾਏ ਕਾਇਆ ਗੜ੍ਹ, ਨਾਮ ਸੁਹਾਗਾ ਨਾਲ ਰਲਾਇੰਦਾ । ਸਾਚੇ ਅੰਦਰ ਜਾਏ ਵੜ, ਜਗਤ ਦਾਗਾ ਆਪ ਮਿਟਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਚਰਨ ਕਵਲ ਜਨ ਜਾਣਾ ਪੜ, ਬਾਤਨੀ ਬਾਤਨ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਡਲ ਆਕਾਸ਼ ਆਕਾਸ਼ਨ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਸ਼ਬਦ ਸੁਰਤ ਜਗਤ ਮਲਾਹ, ਹਰਿ ਏਕਾ ਏਕ ਬਣਾਇਆ । ਫੜ ਫੜ ਬਾਹੋਂ ਰਾਹੇ ਦੇਵੇ ਪਾ, ਜਿਸ ਜਨ ਆਪਣੀ ਦਇਆ ਕਮਾਇਆ । ਗੁਰਮੁਖ ਵਿਰਲਾ ਵੇਖੇ ਸਾਚਾ ਥਾਂ, ਕੋਟੀ ਕੋਟ ਚੜ੍ਹ ਚੜ੍ਹ ਥੱਕੇ, ਹੱਥ ਕਿਸੇ ਨਾ ਆਇਆ । ਸੋਹੰ ਗਾਉਣਾ ਸਾਚਾ ਨਾਉਂ ਭਗਤੀ ਬੋਏ ਅੰਤਮ ਪੱਕੇ, ਸਾਚਾ ਫਲ ਦਏ ਖਵਾਇਆ । ਆਪੇ ਪਿਤਾ ਆਪੇ ਮਾਂ, ਸਦਾ ਸੁਹੇਲਾ ਦੇਵੇ ਠੰਡੀ ਛਾਂ, ਮੰਦਰ ਅੰਦਰ ਦਏ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਰਿਹਾ ਜਗਾਇਆ । ਏਕਾ ਪੁਰਖ ਏਕਾ ਨਾਰੀ, ਏਕਾ ਕੰਤ ਸੁਹਾਗੀਆ । ਇਕ ਸ਼ਬਦ ਇਕ ਭੰਡਾਰੀ, ਏਕਾ ਦੇਵਣਹਾਰ ਸੰਸਾਰੀ, ਏਕਾ ਜੋਗ ਜੁਗੰਤਰ ਜਾਗੀਆ । ਏਕਾ ਵਣਜ ਇਕ ਵਪਾਰੀ, ਸ੍ਰਿਸ਼ਟ ਸਬਾਈ ਹੋਏ ਪਨਿਹਾਰੀ, ਕਲਜੁਗ ਤੇਰੀ ਅੰਤਮ ਵਾਰੀ, ਚਰਨ ਧੂੜ ਕਰਾਏ


੩੯
੦੬

ਮਜਨਾ ਸਾਚਾ ਮਾਘੀਆ । ਆਪ ਬਹਾਏ ਬੰਕ ਦਵਾਰੀ, ਅੱਸੂ ਤਿੰਨ ਦਿਵਸ ਵਿਚਾਰੀ, ਜਮਨ ਕਿਨਾਰਾ ਢਹਿ ਉਚਾਰੀ, ਜੁਗ ਜੁਗ ਧੋਵੇ ਦਾਗ਼ੀਆ । ਬਿਆਸ ਕਿਨਾਰਾ ਪਹਿਲੀ ਵਾਰੀ, ਪੁਰਖ ਅਬਿਨਾਸ਼ੀ ਬੰਨ੍ਹੀ ਧਾਰੀ, ਹਾੜ ਸਤਾਰਾਂ ਦਿਵਸ ਵਿਚਾਰੀ, ਸੰਮਤ ਸੋਲਾਂ ਲੇਖ ਲਿਖਾਸੀਆ । ਸਿੰਘ ਜੈਮਲ ਤੇਰੀ ਸ਼ਬਦ ਉਡਾਰੀ, ਪੰਚਾਂ ਕਰੇ ਚਰਨ ਪਿਆਰੀ, ਬਾਵਨ ਬਾਵਨ ਭੇਖਾਧਾਰੀ ਰੂਪ ਵਟਾਸੀਆ । ਭੇਖ ਪਖੰਡਾ ਕਰੇ ਖ਼ੁਆਰੀ, ਸ਼ਬਦ ਡੰਡਾ ਹਰਿ ਕਰਤਾਰੀ, ਸਿੰਘ ਚਰਨ ਰਹਿਣਾ ਖ਼ਬਰਦਾਰੀ, ਪਰਗਟ ਹੋਏ ਘਨਕਪੁਰ ਵਾਸੀਆ । ਚਰਨ ਸਿੰਘ ਪ੍ਰਭ ਚਰਨ ਧਿਆਨ, ਏਕਾ ਓਟ ਰਖਾਵਣੀ । ਪਰਗਟ ਹੋਏ ਹਰਿ ਭਗਵਾਨ, ਏਕਾ ਰੁੱਤ ਸੁਹਾਵਣੀ । ਧਰਮ ਝੁਲਾਏ ਇਕ ਨਿਸ਼ਾਨ, ਗੁਰਮੁਖਾਂ ਪੂਰ ਕਰਾਏ ਭਾਵਨੀ । ਨਾ ਕੋਈ ਦੀਸੇ ਜੀਵ ਨਿਧਾਨ, ਮੇਟ ਮਿਟਾਏ ਦੁਸ਼ਟ ਦੁਰਾਚਾਰ ਕਾਮਨ ਕਾਮਨੀ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਏਕਾ ਦੇਵੇ ਵਰ, ਸੋਹੰ ਸ਼ਬਦ ਸੱਚੀ ਜਾਮਨੀ । ਸੰਮਤ ਸੋਲਾਂ ਰੱਖਣਾ ਯਾਦ, ਲੋਕਮਾਤ ਕਲ ਆਇਆ ਏ । ਸਚ ਦਵਾਰ ਸੁਣੇ ਫਰਿਆਦ, ਡੇਰਾ ਡੇਰੇ ਲਾਇਆ ਏ । ਧੁਰ ਦਰਗਾਹੀ ਦੇਵੇ ਦਾਦ, ਚਾਰੋਂ ਕੁੰਟ ਘੇਰਾ ਰਿਹਾ ਪਾਇਆ ਏ । ਸੱਤਰ ਲੱਖ ਰਹੇ ਅਰਾਧ, ਹੂ ਹੂ ਅੱਲਾ ਨਾਅਰਾ ਲਾਇਆ ਏ । ਦੇਵੇ ਵਰ ਪ੍ਰਭ ਮਾਧਵ ਮਾਧ, ਹਰਿ ਮੋਹਣੀ ਰੂਪ ਵਟਾਇਆ ਏ । ਨਾ ਕੋਈ ਦੀਸੇ ਸੰਤ ਸਾਧ, ਬੋਧ ਅਗਾਧ ਨਾ ਕਿਸੇ ਜਣਾਇਆ ਏ । ਆਪਣਾ ਭਾਰ ਰਹੇ ਲਾਧ, ਮਾਇਆ ਮਮਤਾ ਸਿਰ ਉਠਾਇਆ ਏ । ਏਕਾ ਵੱਜਣਾ ਸਾਚਾ ਨਾਦ, ਲੋਆਂ ਪੁਰੀਆਂ ਦਏ ਸੁਣਾਇਆ ਏ । ਸ਼ਬਦ ਜਣਾਈ ਹਰਿ ਬ੍ਰਹਿਮਾਦ, ਨੌਵਾਂ ਖੰਡਾਂ ਆਪ ਉਠਾਇਆ ਏ । ਆਪੇ ਜਾਣੇ ਆਦਿ ਜੁਗਾਦਿ, ਆਪ ਆਪਣੇ ਵਿਚ ਸਮਾਇਆ ਏ । ਕਲਜੁਗ ਬਖ਼ਸ਼ੀ ਸਾਚੀ ਦਾਦ, ਪੰਚ ਵਿਕਾਰਾਂ ਸੰਗ ਰਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਮਿਲਿਆ ਵਰ, ਸੰਬਲ ਨਗਰੀ ਧਾਮ ਸੁਹਾਇਆ ਏ । ਸੰਮਤ ਸੋਲਾਂ ਸੋਲਾਂ ਕਲ ਧਾਰ, ਲੋਕਮਾਤ ਵਡਿਆਈਆ । ਜੋਤੀ ਨੂਰ ਕਰ ਉਜਿਆਰ, ਸ਼ਬਦ ਕਟਾਰ ਚਲਾਈਆ । ਖਾਲੀ ਕਰੇ ਭਰੇ ਭੰਡਾਰ, ਰਾਜ ਰਾਜਾਨਾਂ ਖ਼ਾਕ ਰੁਲਾਈਆ । ਨਾ ਕੋਈ ਦੀਸੇ ਬੰਕ ਦਵਾਰ, ਘਰ ਘਰ ਚਾਰੋਂ ਕੁੰਟ ਪਏ ਦੁਹਾਈਆ । ਲਹਿਣਾ ਦੇਣਾ ਮੁਹੰਮਦ ਯਾਰ, ਵੇਲੇ ਅੰਤਮ ਰਿਹਾ ਚੁਕਾਈਆ । ਵੇਖ ਵਖਾਣੇ ਬਿਆਸ ਕਿਨਾਰ, ਆਪ ਆਪਣਾ ਚਰਨ ਛੁਹਾਈਆ । ਗੁਰਮੁਖ ਸਾਚੇ ਕਰ ਤਿਆਰ, ਸ਼ਬਦ ਸੁਨੇਹੜਾ ਇਕ ਘਲਾਈਆ । ਆਪੇ ਹੋਏ ਪਹਿਰੇਦਾਰ, ਨਾਮ ਖੰਡਾ ਹੱਥ ਉਠਾਈਆ । ਫੜ ਫੜ ਬੇੜਾ ਲਾਏ ਪਾਰ, ਸੋਹੰ ਡੰਡਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਲ ਕਪੂਰ ਰਾਜ ਰਾਜਾਨਾ ਆਪ ਰਖਾਏ ਏਕਾ ਆਣਿਆ । ਸੰਮਤ ਸੋਲਾਂ ਚਰਨ ਛੁਹਾਏ, ਹਰਿ ਗੋਬਿੰਦ ਰੂਪ ਸਮਾਇਆ । ਸ਼ਬਦ ਭੰਡਾਰਾ ਖੋਲ੍ਹ ਵਖਾਏ, ਵਰਨ ਅਵਰਨਾਂ ਆਪ ਅਖਵਾਇਆ । ਜਗਤ ਵਣਜਾਰਾ ਆਪ ਅਖਵਾਏ, ਸਾਚਾ ਮਾਰਗ ਰਿਹਾ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਸੁਹਾਇਆ । ਸੰਮਤ ਸੋਲਾਂ ਸੋਲਾਂ ਧਾਰ, ਪੰਦਰਾਂ ਕੱਤਕ ਰੁੱਤ ਸੁਹਾਈਆ । ਪਰਗਟ ਹੋਏ ਨਰ ਅਵਤਾਰ, ਵਾਸੀ ਪੁਰੀ ਘਨਕ ਮਿਲੇ ਵਡਿਆਈਆ । ਗੁਰਮੁਖ ਸਾਚੇ ਸੰਤ ਦੁਲਾਰ, ਆਪ ਆਪਣੇ ਅੰਗ ਲਗਾਈਆ । ਸ਼ਬਦ ਸਰੂਪੀ ਦਏ ਪਿਆਰ, ਜਿਉਂ ਨਾਨਕ ਅੰਗਦ ਅੰਗ ਲਗਾਈਆ । ਇਕ ਵਖਾਏ ਦਰ ਦਰਬਾਰ, ਚਾਰ ਵਰਨਾਂ ਸਾਚਾ ਪਿਆਰ, ਊਚਾਂ ਨੀਚਾਂ ਭੇਵ ਮਿਟਾਈਆ । ਰਾਜਾ ਰਾਣਾ ਹੋਏ ਖੁਆਰ, ਸ਼ਾਹ ਸ਼ਹਾਨ ਦਏ ਹੁਲਾਰ, ਮਸਤੂਆਣਾ


੪੦ ੦੬

ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਸੰਗਰੂਰ ਬਖ਼ਸ਼ੇ ਜੋਤੀ ਨੂਰ, ਆਤਮ ਤੂਰ ਸ਼ਬਦ ਜਣਾਈਆ । ਸ਼ਬਦ ਵਖਾਏ ਸਾਚੇ ਘਰ, ਹਰਿ ਹਰਿ ਆਪੇ ਵਸਿਆ । ਸਚ ਦਵਾਰਾ ਵੇਖ ਦਰ, ਧੁਰ ਦਰਗਾਹੀ ਆਇਆ ਨੱਸਿਆ । ਅੰਮ੍ਰਿਤ ਆਤਮ ਵੇਖੇ ਸਰ, ਕਲਜੁਗ ਰੈਣ ਅੰਧੇਰੀ ਮੱਸਿਆ । ਚਾਰ ਵਰਨ ਆਵੇ ਡਰ, ਮਾਇਆ ਨਾਗਨੀ ਮਨਮੁਖ ਜੀਵਾਂ ਡੱਸਿਆ । ਗੁਰਮੁਖ ਵਿਰਲਾ ਭਾਣਾ ਰਿਹਾ ਜਰ, ਗੁਰ ਚਰਨ ਕਵਲ ਸਾਜਣ ਬਹਿ ਬਹਿ ਹੱਸਿਆ । ਨਾ ਜਨਮੇ ਨਾ ਜਾਏ ਮਰ, ਜੁਗਾਂ ਜੁਗੰਤਰ ਦੇਵੇ ਵਰ, ਆਪੇ ਪੁਰਖ ਨਾਰੀ ਨਰ, ਹਰ ਘਟ ਘਟ ਅੰਦਰ ਵਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਜਗਤ ਵਰ, ਪੰਚ ਵਿਕਾਰਾ ਚਰਨਾਂ ਹੇਠ ਝੱਸਿਆ । ਗੁਰਮੁਖ ਸਦਾ ਅਡੋਲ, ਆਪ ਰਖਾਇਆ । ਚਾਰ ਵਰਨਾਂ ਇਕ ਦਵਾਰਾ ਖੋਲ੍ਹ, ਊਚਾਂ ਨੀਚਾਂ ਭੇਵ ਮਿਟਾਇਆ । ਸ਼ਬਦ ਸਰੂਪੀ ਕਰੇ ਚੋਲ੍ਹ, ਕਲ ਸੋਲਾਂ ਸੰਮਤ ਸੋਲਾਂ ਸੋਲਾਂ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੁਖ ਸ਼ਬਦ ਸਿੰਘਾਸਣ, ਪਰਗਟ ਹੋਏ ਪੁਰਖ ਅਬਿਨਾਸ਼ਣ, ਸਚ ਸਮਗਰੀ ਸਾਚੀ ਰਾਸਨ, ਸਾਚਾ ਧਾਮ ਸੁਹਾਇਆ । ਸੰਮਤ ਚੌਦਾਂ ਪਹਿਲੀ ਚੇਤ, ਗੁਰਮੁਖ ਚਿਤ ਚਿਤਾਰਨਾ । ਪ੍ਰਭ ਵਸੇ ਹਰਿਜਨ ਕਾਇਆ ਖੇਤ, ਰਸਨਾ ਰਸਨ ਉਚਾਰਨਾ । ਦਰਸ ਦਿਖਾਏ ਨੇਤਨ ਨੇਤ, ਨਿੱਤ ਨਿੱਤ ਰੂਪ ਵਟਾਵਣਾ । ਅੰਤਮ ਲਹਿਣਾ ਦੇਣ ਚੁਕਾਏ ਮਹੀਨਾ ਜੇਠ, ਹਾੜ ਸਤਾਰਾਂ ਮੇਲ ਮਿਲਾਵਣਾ । ਨਾ ਕੋਈ ਦੀਸੇ ਰਾਜ ਰਾਜਾਨ ਸ਼ਾਹ ਸੁਲਤਾਨ ਸੇਠ, ਪ੍ਰਭ ਖ਼ਾਕੀ ਖ਼ਾਕ ਮਿਲਾਵਣਾ । ਗੁਰਮੁਖਾਂ

੪੧ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਵਣਾ । ਕਲਜੁਗ ਜੀਵ ਭੰਨੇ ਕੌੜੇ ਰੇਠ, ਸ਼ਬਦ ਡੰਡਾ ਹੱਥ ਉਠਾਵਣਾ । ਜੋਤੀ ਜੋਤ ਸਰੂਪ ਹਰਿ, ੪੧

੦੬ ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਇਕ ਵਰ, ਦਰ ਦਵਾਰਾ ਬੰਕ ਸੁਹਾਵਣਾ । ਪਹਿਲੀ ਚੇਤ ਹੋਏ ਦਾਸ, ਜੋਤ ਨਿਰੰਜਣ ਭੇਖ ਵਟਾਈਆ । ੦੬

ਫਿਰੇ ਫਿਰਾਏ ਪ੍ਰਿਥਮੀ ਆਕਾਸ਼, ਪੁਰੀਆਂ ਲੋਆਂ ਫੇਰਾ ਪਾਈਆ । ਕਲਜੁਗ ਅੰਤਮ ਬ੍ਰਹਮੇ ਮੁਖ ਹੋਏ ਉਦਾਸ, ਅੱਠੇ ਨੇਤਰ ਵੇਖੇ ਆਪ ਉਠਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲ ਵੇਖ ਕਰੇ ਹਾਸੀ, ਅੰਤਮ ਪੈਣੀ ਕਲਜੁਗ ਫਾਹੀਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਵੇਖੇ ਮਾਰ ਝਾਕੀ, ਕਵਣ ਜੋਤ ਲੋਕਮਾਤ ਕਰੇ ਰੁਸ਼ਨਾਈਆ । ਧਰਮ ਰਾਏ ਲਹਿਣਾ ਦੇਣਾ ਵੇਖੇ ਬਾਕੀ, ਕਲਜੁਗ ਅੰਤਮ ਹਿਸਾਬ ਮੁਕਾਈਆ । ਲਾੜੀ ਮੌਤ ਬਣੇ ਸਾਕੀ, ਲੱਖ ਚੁਰਾਸੀ ਏਕਾ ਜਾਮ ਪਿਆਈਆ । ਨਾ ਕੋਈ ਜਾਣੇ ਬੰਦਾ ਖ਼ਾਕੀ, ਆਪਣੇ ਹੱਥ ਰੱਖੀ ਵਡਿਆਈਆ । ਗੁਰਮੁਖਾਂ ਖੋਲ੍ਹੇ ਬੰਦ ਤਾਕੀ, ਨਾਮ ਕੁੰਜੀ ਆਪਣੀ ਹੱਥੀਂ ਲਾਈਆ । ਜਾਣੇ ਜਣਾਏ ਭਵਿਖਤ ਵਾਕੀ, ਲੇਖ ਲਿਖਤ ਨਾ ਸਕੇ ਕੋਈ ਜਣਾਈਆ । ਆਪੇ ਹੋਏ ਪਾਕ ਪਾਕੀ, ਪਤਤ ਪੁਨੀਤ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤ ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਤ ਵਡਿਆਈਆ । ਸੰਮਤ ਚੌਦਾਂ ਗੁਰਮੁਖ ਘਰ ਘਰ, ਗੁਰਸਿਖ ਵੱਜੇ ਵਧਾਈਆ । ਅਠ ਸਠ ਤੀਰਥ ਨੁਹਾਏ ਸਾਚੇ ਸਰ, ਜਿਸ ਦਰ ਚਰਨ ਛੁਹਾਈਆ । ਸਤਿਜੁਗ ਸਾਚੇ ਮਿਲੇ ਵਰ, ਹੋਏ ਮਾਤ ਰੁਸ਼ਨਾਈਆ । ਆਪਣੀ ਕਰਨੀ ਰਿਹਾ ਕਰ, ਜੀਵ ਜੰਤ ਸਾਧ ਸੰਤ ਭੇਵ ਨਾ ਰਾਈਆ । ਜੋ ਜਨ ਸਰਨੀ ਜਾਏ ਪੜ੍ਹ, ਆਦਿ ਅੰਤ ਹੋਏ ਸਹਾਈਆ । ਏਕਾ ਅੱਖਰ ਮਾਤ ਪੜ੍ਹ, ਲੋਚਨ ਤੀਜਾ ਇਕ ਖੁਲ੍ਹਾਈਆ । ਕਾਇਆ ਕੋਟ ਤੋੜ ਕਿਲ੍ਹਾ ਹੰਕਾਰੀ ਗੜ੍ਹ, ਸਾਚਾ ਘਰ ਇਕ ਵਸਾਈਆ । ਹੌਲੀ ਹੌਲੀ ਅੰਦਰ ਮੰਦਰ ਆਪੇ ਚੜ੍ਹ, ਆਪੇ ਕੁੰਡਾ ਦੇਵੇ ਲਾਹੀਆ । ਦਰ ਦਵਾਰੇ ਅੱਗੇ ਖੜ੍ਹ, ਛੋਟਾ ਮੁੰਡਾ ਸਾਧਾਂ

ਸੰਤਾਂ ਦੇਵੇ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਰੀ ਨਰ ਏਕਾ ਧਾਮ ਸੁਹਾਈਆ ।
ਨਾਰੀ ਪੁਰਖ ਭਤਾਰ, ਕੰਤ ਕੰਤੂਲ੍ਹਿਆ । ਸ਼ਬਦ ਘੋੜਾ ਭਗਤ ਅਸਵਾਰ, ਝੂਲੇ ਸਾਚਾ ਝੂਲਿਆ । ਦੋ ਜਹਾਨਾਂ ਉਤਰੇ ਪਾਰ, ਆਦਿ ਅੰਤ ਚੁਕਾਏ
ਲਹਿਣਾ ਦੇਣਾ ਮੂਲਿਆ । ਸਚ ਕਰਾਏ ਵਣਜ ਵਪਾਰ, ਫਲ ਲਗਾਏ ਕਾਇਆ ਡਾਲ੍ਹ, ਗੁਰਮੁਖ ਸਾਚਾ ਫਲਿਆ ਫੂਲਿਆ । ਸ਼ਬਦ ਜੋਗ ਇਕ
ਅਪਾਰ, ਦਰਸ ਅਮੋਘ ਵਿਚ ਸੰਸਾਰ, ਧੁਰ ਸੰਜੋਗ ਕਲਜੁਗ ਤੇਰੀ ਅੰਤਮ ਵਾਰ, ਸ਼ਬਦ ਸਿੰਘਾਸਣ ਇਕ ਵਖਾਏ, ਨਾ ਕੋਈ ਪਾਵਾ ਨਾ ਕੋਈ
ਚੂਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਗੁਰਸਿਖ ਤੇਰੀ ਆਤਮ ਅੰਦਰ ਡਾਹੇ, ਜੋ ਜਨ ਦਰ ਦਵਾਰੇ
ਆਏ ਭੂਲਿਆ । ਗੁਰਮੁਖਾਂ ਰੁੱਤ ਸੁਹਾਏ, ਚਾੜ੍ਹ ਰੰਗ ਬਸੰਤੀਆ । ਆਪ ਆਪਣੇ ਸੁਤ ਬਣਾਏ, ਦਿਵਸ ਰੈਣ ਸੁਣੇ ਬੇਨੰਤੀਆ । ਪਾਰਬ੍ਰਹਮ
ਅਬਿਨਾਸ਼ੀ ਅਚੁਤ ਆਪ ਅਖਵਾਏ, ਮਹਿੰਮਾ ਅਗਣਤ ਗਣਤ ਗਣੰਤੀਆ । ਚਾਰੇ ਕੁੰਟ ਜੈ ਜੈਕਾਰ ਕਰਾਏ, ਸੁਰ ਨਰ ਦੇਵ ਦੰਤੀਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਰੀ ਪੁਰਖ ਇਕ ਘਰ, ਏਕਾ ਧਾਮ ਸੁਹੰਤੀਆ । ਨਾਰੀ ਪੁਰਖ ਸ਼ਬਦ ਵਰਨ, ਗੋਤ ਕਿਸੇ ਨਾ
ਜਾਣੀਆ । ਜੋ ਜਨ ਆਏ ਸਰਨਾਈ ਸਾਚੀ ਸਰਨ, ਸ਼ਬਦ ਜਣਾਏ ਧੁਰ ਫ਼ਰਮਾਣੀਆ । ਲੇਖ ਚੁਕਾਏ ਮਰਨ ਡਰਨ, ਅੰਤਮ ਚੁੱਕੇ ਜਮ ਕੀ ਕਾਣੀਆ ।
ਮਨਮੁਖ ਜੀਵ ਆਪਣਾ ਕੀਤਾ ਆਪੇ ਭਰਨ, ਨਾ ਕੋਈ ਜਾਣੇ ਪਵਣ ਮਸਾਣੀਆ । ਗੁਰਮੁਖਾਂ ਨੇਤਰ ਖੋਲ੍ਹੇ ਹਰਨ ਫਰਨ, ਦਿਵਸ ਰੈਣ ਦੇਵੇ ਚਰਨ
ਧਿਆਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਪੁਰਖ ਪੁਰਖ ਨਾਰੀ, ਏਕਾ ਦਰ ਦਵਾਰਾ ਬੰਕ ਸੁਹਾਈਆ । ਦਰ
੪੨ ਦਵਾਰ ਆਏ ਜਨ, ਆਤਮ ਆਸ ਰਖਾਈਆ । ਜਗ ਰੰਗ ਲੱਗਾ ਤਨ, ਤ੍ਰਿਸ਼ਨ ਪਿਆਸ ਤੜਫਾਈਆ । ਕਿਸੇ ਦਿਸ ਨਾ ਆਵੇ ਆਪਣਾ ਮਨ, ੪੨
੦੬ ਚਾਰੋਂ ਕੁੰਟ ਦਹਿ ਦਿਸ਼ਾ ਫਿਰੇ ਹਲਕਾਈਆ । ਸਾਚਾ ਰਾਗ ਨਾ ਸੁਣਨ ਪਾਏ ਕੰਨ, ਆਲਸ ਨਿੰਦਰਾ ਧੀ ਜਵਾਈਆ । ਦਰ ਘਰ ਵਸੇਰਾ ਨਾ ਭਾਏ ੦੬
ਛੱਪਰੀ ਛੰਨ, ਮਹੱਲ ਅਟੱਲ ਆਸ ਰਖਾਈਆ । ਭਾਂਡਾ ਭਰਮ ਦਰ ਦੇਵੇ ਭੰਨ, ਜੋ ਜਨ ਆਪਣਾ ਜਨ ਕਢਾਈਆ । ਸਾਚਾ ਰਾਗ ਸੁਣਾਏ ਕੰਨ,
ਨਾਦ ਅਨਾਦਾ ਗੀਤ ਸੁਹਾਈਆ । ਆਪੇ ਕਰੇ ਪੁਣ ਛਾਣ, ਸ਼ਬਦ ਮਧਾਣਾ ਹੱਥ ਰਖਾਈਆ । ਗੁਰਮੁਖ ਵਿਰਲੇ ਆਤਮ ਲਾਏ ਬਿਰਹੋਂ ਬਾਣ, ਆਰ
ਪਾਰ ਆਪ ਕਰਾਈਆ । ਆਪੇ ਬਖ਼ਸ਼ੇ ਚਰਨ ਧਿਆਨ, ਅੰਦਰ ਬਾਹਰ ਦਰਸ ਦਿਖਾਈਆ । ਸ਼ਬਦ ਬਿਠਾਏ ਇਕ ਬਿਬਾਣ, ਲੋਆਂ ਪੁਰੀਆਂ ਪਾਰ
ਕਰਾਈਆ । ਦਰ ਘਰ ਸਾਚਾ ਵੇਖ ਮਾਰ ਧਿਆਨ, ਮਤ ਮਨ ਬੁਧ ਸੁਰਤ ਸੰਗ ਵਸਾਈਆ । ਆਪੇ ਚਤਰ ਸੁਘੜ ਸਿਆਣ, ਅਕਾਲ ਮੂਰਤ
ਰੂਪ ਵਟਾਈਆ । ਆਪੇ ਬ੍ਰਹਮ ਸ਼ਬਦ ਗਿਆਨ, ਨਾਦ ਤੂਰਤ ਆਪ ਵਜਾਈਆ । ਆਪੇ ਗੋਪੀ ਆਪੇ ਕਾਹਨ, ਸ਼ਬਦ ਬੰਸਰੀ ਰਿਹਾ ਵਜਾਈਆ ।
ਆਪੇ ਸੀਤਾ ਆਪੇ ਰਾਮ, ਆਪ ਆਪਣਾ ਕਾਰਜ ਰਚਾਈਆ । ਆਪੇ ਮੋਹਣ ਮਾਧਵ ਸ਼ਾਮ, ਆਪੇ ਰਾਧਾ ਕ੍ਰਿਸ਼ਨ ਸਮਾਈਆ । ਆਪੇ ਨਾਨਕ ਨਾਮ
ਨਿਧਾਨ, ਨਿਰਗੁਣ ਰੂਪ ਵਟਾਈਆ । ਆਪੇ ਗੋਬਿੰਦ ਸ਼ਬਦ ਖੰਡਾ ਕ੍ਰਿਪਾਨ, ਆਪ ਆਪਣੇ ਹੱਥ ਉਠਾਈਆ । ਆਪੇ ਜੋਧਾ ਸੂਰ ਬਲੀ ਬਲਵਾਨ,
ਸ਼ਾਹ ਸੁਲਤਾਨ ਆਪ ਅਖਵਾਈਆ । ਆਪੇ ਦਾਤਾ ਹਰਿ ਮਿਹਰਵਾਨ, ਜਗਤ ਜਗਦੀਸ਼ਾ ਆਪ ਹੋ ਆਈਆ । ਆਪੇ ਦੇਵੇ ਧੁਰ ਫ਼ਰਮਾਣ, ਲੇਖਾ
ਲਿਖਣਹਾਰ ਆਪ ਅਖਵਾਈਆ । ਆਪੇ ਸੁਣੇ ਸੁਣਾਏ ਕਾਨ, ਰਸਨਾ ਜਿਹਵਾ ਕੋਇ ਨਾ ਗਾਈਆ । ਕਾਇਆ ਮੰਦਰ ਬੈਠ ਸਚ ਮਕਾਨ, ਦਸਮ

ਦਵਾਰੀ ਨਾਉਂ ਰਖਾਈਆ । ਨੌ ਦਵਾਰੇ ਜਗਤ ਨਿਸ਼ਾਨ, ਜਗਤ ਵਾਸਨਾ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਏਕਾ ਵਰ, ਨਾਰੀ ਨਰ ਸਾਚੇ ਵਰ, ਸੰਮਤ ਚੌਦਾਂ ਇੱਕੀ ਇੱਕੀ ਰਿਹਾ ਪਾਈਆ । ਏਕਾ ਇੱਕੀ ਇਕ ਘਰ, ਏਕਾ ਏਕ ਓਅੰਕਾਰਿਆ । ਸ਼ਬਦ ਧਾਰ ਤਿੱਖੀ ਜਗਤ ਧਰ, ਵੇਖੇ ਖੇਲ ਸਰਬ ਪਸਾਰਿਆ । ਸ਼ਬਦ ਸਿੱਖੀ ਸਾਚੇ ਵਰ, ਸੋਹੰ ਜੈ ਜੈਕਾਰਿਆ । ਪੁਰਖ ਅਗੰਮਾ ਦੇਵੇ ਵਰ, ਆਪ ਆਪਣਾ ਕਾਜ ਸਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜਾਮਾ ਭੇਖ ਧਰ, ਜੋਤੀ ਨੂਰ ਕਰੇ ਉਜਿਆਰਿਆ । ਰੋਗ ਸੋਗ ਪ੍ਰਭ ਕੱਟ, ਆਏ ਚਰਨ ਦਵਾਰਿਆ । ਸਾਚੀ ਵਸਤ ਮਿਲੇ ਸਾਚੇ ਹੱਟ, ਖਾਲੀ ਭਰੇ ਭੰਡਾਰਿਆ । ਸ਼ਬਦ ਪਾਏ ਸਾਚਾ ਪੱਟ, ਅੰਗੀ ਅੰਗ ਕਰੇ ਅੰਗਕਾਰਿਆ । ਦੂਈ ਦਵੈਤੀ ਮੇਟੇ ਫੱਟ, ਤੁੱਟੇ ਮਾਣ ਮੋਹ ਹੰਕਾਰਿਆ । ਆਪਣੀ ਕਿਰਪਾ ਕਰਨੀ ਝੱਟ, ਮਿਟੇ ਦੁੱਖ ਭੁੱਖ ਸੰਸਾਰਿਆ । ਸਾਚਾ ਰਸ ਰਸਨਾ ਲਈਏ ਚੱਟ, ਸਾਂਤਕ ਸੁਖ ਮਿਲੇ ਦਵਾਰਿਆ । ਮਿਟੇ ਤ੍ਰਿਸ਼ਨਾ ਕਾਇਆ ਮੱਟ, ਆਏ ਤੋਟ ਨਾ ਦੂਜੀ ਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਰੀਬ ਨਿਮਾਣੇ ਰੱਖੇ ਪਤ, ਪਤ ਪਤਵੰਤਾ ਆਪ ਅਖਵਾ ਰਿਹਾ । ਪੰਚ ਤਤ ਜਗਤ ਅਕਾਰ, ਪ੍ਰਭ ਸਾਚੇ ਸਾਜਣ ਸਾਜਿਆ । ਕਰਮ ਜਰਮ ਹੱਥ ਕਰਤਾਰ, ਲੇਖਾ ਜਾਣੇ ਗਰੀਬ ਨਿਵਾਜਿਆ । ਰੋਗ ਸੋਗ ਚਿੰਤ ਵਿਚ ਸੰਸਾਰ, ਮਾਇਆ ਮਮਤਾ ਜੀਵ ਜੰਤ ਦਾਝਿਆ । ਰੋਗ ਸੋਗ ਭਰੇ ਭੰਡਾਰ, ਨਾ ਕੋਈ ਸਵਾਰੇ ਆਪਣਾ ਕਾਜਿਆ । ਸ਼ਬਦ ਜੋਗ ਅਪਰ ਅਪਾਰ, ਆਪ ਚੁਕਾਏ ਦਇਆ ਕਮਾਏ ਜੋ ਜਨ ਦਰ ਦਵਾਰੇ ਆਏ ਭਾਜਿਆ । ਸੋਹੰ ਨਾਉਂ ਰਸਨਾ ਗਾਏ, ਤਾਪਦਿਕ ਕੋਈ ਰਹਿਣ ਨਾ ਪਾਏ, ਨਾੜ ਬਹੱਤਰ ਤਿੰਨ ਸੌ ਸੱਠ ਹਾਡੀ ਜੋੜੀ ਜੋੜ ਪੀੜ ਮਿਟਾਏ, ਸ਼ਬਦ ਲਡਾਏ ਸਾਚਾ ਲਾਡਿਆ । ਸਾਚੀ ਘੋੜੀ ਆਪ ਚੜ੍ਹਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦੇਵੇ ਵਰ, ਗਰੀਬ ਨਿਮਾਣੇ ਗਲੇ ਲਗਾਏ, ਦਰ ਦਵਾਰ ਢਹਿ ਢਹਿ ਢੇਰਿਆ । ਹੋਏ ਜਗਤ ਖੁਆਰ, ਨਾ ਕੋਈ ਦੇਵੇ ਮਾਤ ਦਲੇਰੀਆ । ਸੁਖਲਾ ਕਿਸ਼ਨਾ ਪੱਖ ਅੰਧ ਅੰਧਿਆਰ, ਚਾਰੋਂ ਕੁੰਟ ਫਿਰੇ ਅੰਧੇਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦੇਵੇ ਵਰ, ਕਰ ਕਰ ਆਪਣੀ ਮਿਹਰੀਆ । ਸਿਰ ਮੁਖ ਕੰਨ, ਨੱਕ ਹੱਥ ਪੈਰ ਜਨ ਅਟਿਆ । ਆਪੇ ਬੇੜਾ ਦੇਵੇ ਬੰਨ੍ਹ, ਲੱਗੀ ਅੱਗ ਬੁਝਾਏ ਕਾਇਆ ਭੱਠਿਆ । ਪਵਣ ਮਸਾਣੀ ਦੇਵੇ ਡੰਨ, ਧੁਰਦਰਗਾਹੀ ਆਇਆ ਨੱਠਿਆ । ਗੁਰਮੁਖ ਕਾਇਆ ਆਪ ਚੜ੍ਹਾਏ ਸਾਚਾ ਚੰਨ, ਚਰਨ ਪ੍ਰੀਤ ਜੋ ਜਨ ਰਖਾਏ ਸਾਚਾ ਹੱਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੋਗ ਸੋਗ ਚਿੰਤ ਮਿਟਾਏ, ਤਾਪ ਰਹਿਣ ਨਾ ਪਾਏ ਮੱਠਿਆ । ਮਿਟੇ ਰੋਗ ਸੋਗ, ਰਖਾਏ ਆਪਣੇ ਅੰਗ । ਰਸਨਾ ਚੁਗਾਏ ਸ਼ਬਦ ਚੋਗ, ਮੁਖ ਰਹਿਣ ਨਾ ਪਾਏ ਜਗਤ ਖੰਘ । ਸਾਚਾ ਮੇਲਾ ਧੁਰ ਸੰਜੋਗ, ਮਾਨਸ ਜਨਮ ਨਾ ਹੋਏ ਭੰਗ । ਆਪੇ ਕੱਟਣਹਾਰਾ ਰੋਗ, ਵਡ ਦਾਤਾ ਸੂਰਾ ਸਰਬੰਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਕ ਦਵਾਰੇ ਦੇਵੇ ਵਰ, ਕਟੇ ਭੁੱਖ ਨੰਗ । ਸੰਮਤ ਚੌਦਾਂ ਰੱਖਣੀ ਆਸ, ਪ੍ਰਭ ਘਰ ਘਰ ਪੂਰ ਕਰਾਈਆ । ਜੋ ਜਨ ਤਜਾਏ ਮਦਿਰਾ ਮਾਸ, ਮੰਗੇ ਸਰਨ ਸੱਚੀ ਸਰਨਾਈਆ । ਪੂਤ ਸਪੂਤਾ ਕੁੱਖ ਕਰੇ ਨਿਵਾਸ, ਫਲ ਕਾਇਆ ਡਾਲ੍ਹ ਲਗਾਈਆ । ਏਕਾ ਦੇਵੇ ਸ਼ਬਦ ਧਰਵਾਸ, ਅਵੱਲੜੀ ਚਾਲ ਚਲਾਈਆ । ਰਸਨਾ ਗਾਉਣਾ ਸਵਾਸ ਸਵਾਸ, ਸੁਫਲ ਕੁਖ ਮਾਤ ਕਰਾਈਆ । ਗੁਰਸਿਖ ਨਾ ਹੋਏ ਕਦੇ ਉਦਾਸ,

ਗੁਰ ਪੂਰਾ ਦਏ ਮਾਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਵਰ, ਸਾਚੇ ਘਰ ਵੱਜੇ ਵਧਾਈਆ । ਮਨਮਤ ਮਾਤ ਹਲਕਾਈ, ਘਰ ਸਾਚਾ ਮਾਤ ਨਾ ਦੱਸਿਆ । ਗੁਰ ਪੂਰੇ ਹੋਈ ਜਗਤ ਜੁਦਾਈ, ਸਾਚਾ ਰਾਹ ਕਿਸੇ ਨਾ ਦੱਸਿਆ । ਝੂਠੀ ਝੂਠੀ ਜਗਤ ਕੁੜਮਾਈ, ਵੇਲਾ ਅੰਤਮ ਆਏ ਨੱਸਿਆ । ਰਾਏ ਧਰਮ ਪਾਏ ਫਾਹੀ, ਦਰ ਦਵਾਰੇ ਬਹਿ ਬਹਿ ਹੱਸਿਆ । ਨਾ ਕੋਈ ਹੋਏ ਜਗਤ ਸਹਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸ਼ਬਦ ਵਰ, ਰਾਹ ਸਾਚਾ ਏਕਾ ਦੱਸਿਆ ।

✻ ੧੨ ਭਾਦਰੋਂ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਰਾਸ਼ਟਰਪਤੀ ਡਾ੦ ਰਾਜਿੰਦਰ ਪ੍ਰਸ਼ਾਦ ਨੂੰ ਦਿੱਲੀ ਵਿਖੇ ਸ਼ਬਦ ਭੇਜਿਆ ✻

ਰਾਸ਼ਟਰਪਤ ਪਤ ਕਰ ਧਿਆਨ । ਪਰਗਟ ਹੋਏ ਹਰਿ ਸਮਰਥ, ਸਮਰਥ ਪੁਰਖ ਵਿਚ ਜਹਾਨ । ਸ਼ਬਦ ਚਲਾਏ ਸਾਚਾ ਰਥ, ਨੌ ਖੰਡ ਪ੍ਰਿਥਮੀ ਇਕ ਧਿਆਨ । ਮਹਿੰਮਾ ਜਗਤ ਚਲਾਏ ਅਕੱਥ, ਨਾ ਕੋਈ ਜਾਣੇ ਜੀਵ ਜੰਤ ਨਾਦਾਨ । ਅੰਤਮ ਸੀਆਂ ਸਾਢੇ ਤਿੰਨ ਹੱਥ, ਕਲਜੁਗ ਕਾਇਆ ਸੁੰਞ ਮਸਾਣ । ਸਗਲ ਵਸੂਰਾ ਜਾਏ ਲੱਥ, ਜੋ ਜਨ ਪ੍ਰਭ ਅਬਿਨਾਸ਼ੀ ਦਰਸ਼ਨ ਪਾਨ । ਜੋਤੀ ਜੋਤ ਸਰੂਪ ਹਰਿ, ਅੱਸੂ ਤਿੰਨ ਦਇਆ ਕਮਾਏ, ਦਵਾਰ ਬੰਕ ਸੁਹਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਉਠ ਜਾਗ, ਪ੍ਰਭ ਸਾਚੇ ਸ਼ਬਦ ਜਣਾਈਆ । ਸਾਚਾ ਮੇਲਾ ਕੰਤ ਸੁਹਾਗ, ਨਾਰੀ ਕੰਤਾ ਆਪ ਅਖਵਾਈਆ । ਜੁਗ ਜੁਗ ਧੋਵੇ ਕਾਇਆ ਦਾਗ਼, ਜਨ ਭਗਤਾਂ ਹੋਏ ਸਹਾਈਆ । ਪਕੜਨ ਆਵੇ ਤੇਰੀ ਵਾਗ, ਨੌ ਖੰਡ ਪ੍ਰਿਥਮੀ
੪੪ ੦੬ ਦਏ ਦੁਹਾਈਆ । ਸੱਤਾਂ ਦੀਪਾਂ ਦੀਪਕ ਜੋਤੀ ਬੁਝੇ ਚਿਰਾਗ, ਕਲਜੁਗ ਕਾਇਆ ਆਪਣਾ ਰੰਗ ਵਟਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਸ਼ਬਦ ਹਲੂਣੇ ਰਿਹਾ ਜਗਾਈਆ । ਸਤ ਦੀਪ ਨੌ ਖੰਡ, ਪ੍ਰਭ ਖੰਡ ਖੰਡ ਕਰਾਵਣਾ । ਆਪੇ ਕਰੇ ਆਪਣੀ ਵੰਡ, ਭੇਦ ਅਭੇਦਾ ਭੇਵ ਛੁਪਾਵਣਾ । ਸੋਹੰ ਸ਼ਬਦ ਚੰਡ ਪਰਚੰਡ, ਸ੍ਰਿਸ਼ਟ ਸਬਾਈ ਕਰੇ ਖੰਡ, ਵਡ ਦਾਤਾ ਖੇਲ ਕਰੇ ਜੇਰਜ ਅੰਡ, ਉਤਭੁਜ ਸੇਤਜ ਆਪ ਸਮਾਵਣਾ । ਨਾਰ ਦੁਹਾਗਣ ਦਿਸੇ ਰੰਡ, ਸੰਤ ਕੰਤ ਭਗਵੰਤ ਨਾ ਕਿਸੇ ਹੰਢਾਵਣਾ । ਅੰਤਮ ਤੁੱਟੇ ਮਾਤ ਘਮੰਡ, ਜੀਵ ਜੰਤ ਨਾ ਸੀਸ ਝੁਕਾਵਣਾ । ਪ੍ਰਭ ਚਰਨ ਦਵਾਰੇ ਸਾਚੀ ਠੰਢ, ਜਗਤ ਜਗਦੀਸ਼ਾ ਹਰਿ ਆਪ ਅਖਵਾਵਣਾ । ਸਾਚੀ ਦਾਤ ਪ੍ਰਭ ਦੇਵੇ ਵੰਡ, ਬੀਸ ਇਕੀਸ ਮੁਖ ਸਾਚਾ ਸਗਨ ਲਗਾਵਣਾ । ਵੇਖੇ ਖੇਲ ਵਿਚ ਬ੍ਰਹਿਮੰਡ, ਬ੍ਰਹਮਾ ਸ਼ਿਵ ਕਰੋੜ ਤੇਤੀਸ ਦੇਵੀ ਦੇਵ ਭੇਵ ਨਾ ਪਾਵਣਾ । ਚਰਨ ਕਵਲ ਜੋ ਜਨ ਜਾਏ ਮਾਤ ਸਰਨ, ਸ਼ਬਦ ਛਤਰ ਪ੍ਰਭ ਸਾਚੇ ਸੀਸ ਝੁਲਾਵਣਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਣਾ, ਨਿਹਕਲੰਕ ਨਰਾਇਣ ਨਰ ਅਵਤਾਰ, ਜੋਤੀ ਸ਼ਬਦੀ ਸ਼ਬਦੀ ਜੋਤੀ ਵਿਚ ਸਮਾਵਣਾ । ਅੱਸੂ ਤਿੰਨ ਰੱਖਣਾ ਯਾਦ, ਧੁਰਦਰਗਾਹੀ ਆਪ ਜਣਾਇੰਦਾ । ਆਪੇ ਜਾਣੇ ਜੁਗਾਦਿ ਆਦਿ, ਆਦਿ ਅੰਤ ਆਪਣਾ ਹੱਥ ਰਖਾਇੰਦਾ । ਸ਼ਬਦੀ ਸ਼ਬਦ ਜਣਾਏ ਬੋਧ ਅਗਾਧ, ਸ੍ਰਿਸ਼ਟ ਸਬਾਈ ਅਗਨੀ ਅਗਨ ਜਲਾਇੰਦਾ । ਸੋਹੰ ਸ਼ਬਦ ਵਜਾਏ ਸਾਚਾ ਨਾਦ, ਧੁਨ ਆਪਣੇ ਹੱਥ ਰਖਾਇੰਦਾ । ਪਰਗਟ ਹੋਇਆ ਮਾਧਵ ਮਾਧ, ਸਾਚਾ ਕੰਤ ਕੰਤੂਹਲ ਮਾਤ ਅਖਵਾਇੰਦਾ । ਸ੍ਰਿਸ਼ਟ ਸਬਾਈ ਛਾਣ ਪੁਣ, ਭਾਰਤ ਖੰਡ ਪੁਕਾਰ ਰਿਹਾ ਸੁਣ, ਆਪੇ ਜਾਣੇ ਗੁਣ ਅਵਗੁਣ, ਗੁਣਵੰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ੪੪ ੦੬

ਆਪਣੀ ਜੋਤ ਧਰ, ਹਰਿਜਨ ਸਾਚੇ ਮਾਤ ਚੁਣ, ਆਪ ਆਪਣਾ ਮੇਲ ਮਿਲਾਇੰਦਾ । ਅੱਸੂ ਤਿੰਨ ਸਾਢੇ ਦਸ, ਪ੍ਰਭ ਧਰਮ ਨਿਸ਼ਾਨ ਲਗਾਵਣਾ । ਸ੍ਰਿਸ਼ਟ ਸਬਾਈ ਕਰੇ ਵਸ, ਆਪਣਾ ਕਰਮ ਕਮਾਵਣਾ । ਨੇਤਰ ਮੁਖ ਮਿਲਣਾ ਹੱਸ, ਹਰਿ ਸਾਚਾ ਸੁਖ ਉਪਜਾਵਣਾ । ਆਤਮ ਹੰਕਾਰ ਜਾਏ ਨੱਸ, ਆਤਮ ਰਸ ਗਵਾਵਣਾ । ਸਦੀ ਬੀਸਵੀਂ ਹੋਏ ਬਸ, ਬੀਸ ਬੀਸਾ ਹੱਥ ਨਾ ਆਵਣਾ । ਏਕਾ ਰਾਹ ਸਾਚਾ ਰਿਹਾ ਦੱਸ, ਪੁਰਖ ਅਬਿਨਾਸ਼ੀ ਚਰਨ ਧਿਆਨ ਲਗਾਵਣਾ । ਤੀਰ ਨਿਰਾਲਾ ਮਾਰੇ ਕਸ, ਹਰਿ ਸ਼ਬਦ ਕਮਾਨ ਉਠਾਵਣਾ । ਰਾਮ ਰਾਮਾ ਹੋਇਆ ਵਸ, ਭਬੀਖਣ ਭੇਖਾ ਭੇਖਾਧਾਰੀ ਅਖਵਾਵਣਾ । ਜੋਤੀ ਜੋਤ ਸਰੂਪ ਹਰਿ, ਸਚ ਸੁਨੇਹੜਾ ਦੇਵੇ ਵਰ, ਚਰਨ ਸਰਨ ਪ੍ਰਭ ਜਾਣਾ ਤਰ, ਦਰ ਦਰਵਾਜ਼ਾ ਗਰੀਬ ਨਿਵਾਜਾ ਚਾਰ ਵਰਨ ਇਕ ਖੁਲ੍ਹਾਵਣਾ । ਚਾਰ ਵਰਨ ਇਕ ਧਾਰ, ਏਕਾ ਰੰਗ ਰੰਗਾਵਣਾ । ਸਾਚੀ ਸਰਨ ਹਰਿ ਨਿਰੰਕਾਰ, ਊਚ ਨੀਚ ਭੇਵ ਮਿਟਾਵਣਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਮਲਾਪਾਤੀ ਮੇਲ ਮਿਲਾਵਣਾ । ਅੰਦਰ ਵੇਖ ਮਾਰ ਝਾਤੀ ਹਰਿ ਸਾਚਾ ਮੀਤ ਮੁਰਾਰ, ਵੇਲੇ ਅੰਤਮ ਜਿਸ ਬਚਾਵਣਾ । ਦਰਸ ਦਿਖਾਏ ਅਗੰਮ ਅਪਾਰ, ਬੂੰਦ ਸਵਾਂਤੀ ਅੰਮ੍ਰਿਤ ਆਤਮ ਜਾਮ ਪਿਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣ ਆਏ ਜਗਤ ਦਾਨ, ਪੰਚਮ ਪੰਚਾਂ ਹੱਥ ਫੜਾਵਣਾ । ਸ਼ਬਦ ਸੁਨੇਹੜਾ ਮੋੜ । ਪ੍ਰਭ ਵੇਖੇ ਚੜ੍ਹ ਚੜ੍ਹ ਸ਼ਬਦ ਘੋੜ । ਜੋਤੀ ਸ਼ਬਦੀ ਦੋ ਜਹਾਨੀ ਜੁੜਿਆ ਜੋੜ । ਜੀਵ ਨਾ ਜਾਣੇ ਮਾਤ ਅਨਭੋਲ, ਅੰਤਮ ਪੈਣੀ ਲੋੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਵੇਖੇ ਪਰਖੇ ਮਿੱਠੇ ਕੌੜ । ਜੋਤ ਸਰੂਪੀ ਹਰਿ ਨਿਰੰਕਾਰ, ਸ਼ਬਦੀ ਬਣਤ ਬਣਾਈਆ । ਮੇਲ ਮਿਲਾਏ ਸੱਚੀ ਸਰਕਾਰ, ਆਦਿ ਅੰਤ ਨਾ ਹੋਏ ਜੁਦਾਈਆ । ਕਲਜੁਗ ਕਰਮਾਂ ਪੈਣੀ ਮਾਰ, ਨਾ ਸਕੇ ਕੋਈ ਬਚਾਈਆ । ਰਾਜ ਰਾਜਾਨਾ ਦਰ ਦਰਬਾਨਾ ਸ਼ਾਹ ਸੁਲਤਾਨਾਂ ਤਖ਼ਤ ਜੁਦਾਈਆ । ਗੋਪੀ ਕਾਹਨਾ ਕ੍ਰਿਸ਼ਨ ਪ੍ਰਭ ਰਮਈਆ ਰਾਮਾ, ਜੋਤੀ ਨੂਰ ਕਰੇ ਰੁਸ਼ਨਾਈਆ । ਚਾਰ ਵਰਨਾਂ ਜੀਆਂ ਜੰਤਾਂ ਸੋਹੰ ਮਿਲੇ ਸਾਚੀ ਨਈਆ, ਲੱਖ ਚੁਰਾਸੀ ਉਤਰੇ ਪਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਆਏ ਦਰ ਦਿੱਲੀ ਦਰਬਾਰ । ਦਰ ਦਵਾਰਕਾ ਜਾਏ ਬਣ, ਮਿਲੇ ਮੇਲ ਭਗਵੰਤਾ । ਜੋਤ ਰਾਧਕਾ ਨਾਮ ਧਰ, ਸੁਰਤੀ ਮੇਲਾ ਸਾਚੇ ਕੰਤਾ । ਰਾਮ ਰਾਮਾ ਮਿਲੇ ਵਰ, ਮੇਲੇ ਆਦਿਨ ਅੰਤਾ । ਸੀਤਾ ਸੀਤਲ ਸਚ ਘਰ, ਮਿਲੇ ਵਡਿਆਈ ਜੀਵ ਜੰਤਾਂ । ਕਲਜੁਗ ਅੰਤਮ ਮਿਲੇ ਵਰ, ਪਰਗਟ ਹੋਏ ਹਰਿ ਭਗਵੰਤਾ । ਰਾਸ਼ਟਰਪਤ ਚਰਨ ਧੂੜ ਨਹਾਉਣਾ ਸਾਚੇ ਸਰ, ਪ੍ਰਭ ਸਾਚਾ ਲੇਖ ਲਿਖੰਤਾ । ਸ਼ਬਦ ਭੰਡਾਰਾ ਆਤਮ ਘਰ ਦੇਵੇ ਭਰ, ਰੱਖੇ ਪਤ ਅੰਤ ਪਤਵੰਤਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਜੁਗ ਜੁਗ ਮੇਲਾ ਆਪ ਮਿਲਾਏ, ਜੁਗ ਜੁਗ ਵਿਛੜੇ ਸੰਤਾ ।

ਹਰਿ ਪ੍ਰਭ ਰਚਿਆ ਕਾਜ, ਜੋਤ ਜਗਾਈਆ । ਆਪਣਾ ਸਾਜਣ ਸਾਜ, ਬਣਤ ਬਣਾਈਆ । ਸ਼ਬਦ ਸਿੰਘਾਸਣ ਸੀਸ ਤਾਜ, ਸਾਧ ਸੰਤ ਸੁਣਾਈਆ । ਕਲਜੁਗ ਅੰਤਮ ਰੱਖਣ ਆਇਆ ਲਾਜ, ਆਪਣਾ ਭੇਵ ਛੁਪਾਈਆ । ਸ਼ਬਦ ਉਡਾਏ ਸਾਚਾ ਬਾਜ, ਡੋਰੀ ਆਪਣੇ ਹੱਥ ਰਖਾਈਆ । ਨਾਮ ਚਲਾਏ ਇਕ ਜਹਾਜ਼, ਹਰਿਜਨ ਸਾਚੇ ਸੰਗ ਰਲਾਈਆ । ਸੋਹੰ ਮਾਰੇ ਇਕ ਆਵਾਜ਼, ਸੋਈ ਸੁਰਤੀ ਆਪ ਜਗਾਈਆ । ਸਚ ਕਰਾਏ ਏਕਾ

੪੬ ੦੬

ਕਾਜ, ਕਾਅਬਾ ਕਾਇਆ ਇਕ ਵਖਾਈਆ । ਧੁਰ ਦਰਗਾਹੀ ਸਾਚਾ ਰਾਜ, ਮਸਤਕ ਚਰਨ ਧੂੜੀ ਲਗਾਈਆ । ਮਨਮਤੀ ਖੋਲ੍ਹੇ ਪਾਜ, ਗੁਰਮਤੀ ਜਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਜੇਠ ਵੀਹ ਸੌ ਬਾਰਾਂ ਬਿਕ੍ਰਮੀ ਆਪ ਆਪਣੀ ਰਚਨ ਰਚਾਈਆ । ਨੌ ਜੇਠ ਵੀਹ ਸਦ, ਹਰਿ ਸਾਚੇ ਰੰਗ ਰੰਗਾਇਆ । ਸ਼ਾਹ ਰੂਮਾ ਸੰਗ ਈਸ ਮੂਸ, ਫੂਲਨ ਸਿਹਰਾ ਸੀਸ ਗੁੰਦਾਇਆ । ਆਪਣੀ ਹੱਥੀਂ ਪੀਸਣ ਪੀਸ, ਸੇਵਕ ਸੇਵ ਰਿਹਾ ਕਮਾਇਆ । ਲਹਿਣਾ ਦੇਣਾ ਬੀਸ ਇਕੀਸ, ਦੇਵੀ ਦੇਵਾ ਆਪ ਜਗਾਇਆ । ਛਤਰ ਬੰਨ੍ਹੇ ਸਾਚੇ ਸੀਸ, ਤੇਰਾਂ ਤੇਰੀ ਰੁੱਤ ਸੁਹਾਇਆ । ਗੁਰ ਸੰਗਤ ਤੇਰੀ ਨਾ ਕੋਈ ਕਰੇ ਰੀਸ, ਵੀਹ ਸਦ ਗਿਆਰਾਂ ਅੱਸੂ ਤਿੰਨ ਤੇਲ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਹਾਰਾ ਆਪਣੇ ਹੱਥ ਰਖਾਇਆ । ਗੁਰ ਸੰਗਤ ਤੇਰੀ ਸੇਵ ਕਮਾਈ, ਸਦ ਇਕ ਇਕ ਸਦ ਅਰਦਾਸ ਕਰਾਈ । ਪੁਰਖ ਅਬਿਨਾਸ਼ੀ ਕਿਰਪਾ ਕਰ, ਕਿਲ੍ਹਾ ਲਾਲ ਵੰਡ ਕਰਾਈ । ਸਵਾ ਪੰਝੀ ਵੱਖ ਕਰ, ਮਾਇਆਧਾਰੀ ਮਾਇਆ ਵਹਿਣ ਵਹਾਈ । ਅੱਗ ਆਗਰੇ ਆਪੇ ਧਰ, ਸ਼ਬਦ ਫੁਕਾਰਾ ਲਾਈ । ਮਨੀ ਸਿੰਘ ਪ੍ਰਭ ਦਿਤਾ ਵਰ, ਆਪੇ ਲਏ ਮਿਟਾਈ । ਸਵਾ ਪੰਝੀ ਝੋਲੀ ਭਰ, ਪਹਿਲੀ ਬਣਤ ਬਣਾਈ । ਲਹਿਣਾ ਦੇਣਾ ਚੁੱਕੇ ਡਰ, ਰਿਹਾ ਹਿਸਾਬ ਮੁਕਾਈ । ਆਪੇ ਲਾਏ ਸਾਚੇ ਘਰ, ਸਾਚਾ ਹੁਕਮ ਜਣਾਈ । ਜਗਤ ਬਣਾਏ ਸਾਚਾ ਘਰ, ਨੌ ਦਵਾਰ ਖੁਲ੍ਹਾਈ । ਸਿੰਘ ਜਗਦੀਸ਼ੇ ਅੱਗੇ ਧਰ, ਅਚਰਜ ਰੀਤ ਚਲਾਈ । ਸਵਾ ਪੰਝੀ ਮਿਲਿਆ ਵਰ, ਪ੍ਰਭ ਨੀਹਾਂ ਹੇਠ ਦਬਾਈ । ਭਰਿਆ ਹੋਇਆ ਖਾਲੀ ਘਰ, ਪ੍ਰਭ ਸਾਚੇ ਦੀ ਸਚ ਵਡਿਆਈ । ਸਾਧਾਂ ਸੰਤਾਂ ਆਵੇ ਡਰ, ਵੇਖ ਵੇਖ ਨੌ ਦਰ ਦੇਣ ਦੁਹਾਈ । ਅੱਗੇ ਬੈਠਾ ਸਾਚਾ ਹਰਿ, ਸ਼ਬਦ ਸਿੰਘਾਸਣ ਡੇਰਾ ਲਾਈ । ਪੁਰੀਆਂ ਲੋਆਂ ਚਰਨਾਂ ਹੇਠ ਧਰ, ਉਪਰ ਬੈਠਾ ਆਸਣ ਲਾਈ । ਚੰਦ ਸੂਰਜ ਰੋਵਣ ਘਰ ਘਰ, ਪੁਰਖ ਅਬਿਨਾਸ਼ੀ ਦਿਸ ਨਾ ਆਈ । ਬ੍ਰਹਮਾ ਸ਼ਿਵ ਮੰਗੇ ਵਰ, ਦੋਏ ਜੋੜ ਸੀਸ ਝੁਕਾਈ । ਕਰੋੜ ਤੇਤੀਸਾ ਗਿਆ ਹਰ, ਸੁਰਪਤ ਰਾਜਾ ਇੰਦ ਦਏ ਦੁਹਾਈ । ਗੁਰਮੁਖ ਸਾਚੇ ਮਿਲਿਆ ਵਰ, ਮਿਲੇ ਮਾਤ ਵਡਿਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਈ । ਹਰਿ ਭਾਣਾ ਬਲਵਾਨ, ਕਿਸੇ ਨਾ ਜਾਣਿਆ । ਧਰਮ ਝੁਲਾਏ ਇਕ ਨਿਸ਼ਾਨ, ਵਾਲੀ ਦੋ ਜਹਾਨਿਆ । ਸੱਤਾਂ ਰੰਗਾਂ ਦੇਵੇ ਦਾਨ, ਸਿੰਘ ਮਨਜੀਤਾ ਕਰ ਪਰਵਾਨਿਆਂ । ਕਰੋੜ ਤੇਤੀਸਾ ਚਰਨ ਕਰੇ ਇਸ਼ਨਾਨ, ਪ੍ਰਭ ਸਾਚੇ ਧਾਮ ਸੁਹਾਨਿਆਂ । ਪਰਗਟ ਹੋਇਆ ਵਿਚ ਜਹਾਨ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਮਾਰੇ ਕਾਨਿਆ । ਪੁਰਖ ਅਬਿਨਾਸ਼ੀ ਖੇਲੇ ਖੇਲ ਮਹਾਨ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਵਖਾਵਣ ਜਾਏ ਕਲਜੁਗ ਤੇਰੀਆਂ ਅੰਤ ਨਿਸ਼ਾਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਪਾਏ ਰਾਸ, ਅੱਠੇ ਪਹਿਰ ਹੋਏ ਦਾਸ, ਗੁਣਵੰਤਾ ਗੁਣ ਨਿਧਾਨਿਆ । ਗੁਰ ਸੰਗਤ ਤੇਰਾ ਸਾਚਾ ਘਰ, ਪ੍ਰਭ ਸਾਚੀ ਵਸਤ ਟਿਕਾਈ । ਸਵਾ ਪੰਝੀ ਸੇਵਾ ਕਰ, ਸਚ ਨਿਸ਼ਾਨਾ ਆਪ ਬਣਾਈ । ਚਵੀ ਹੱਥ ਧਰਤ ਮਾਤ ਤੋਂ ਉਚਾ ਧਰ, ਸਾਢੇ ਤਿੰਨ ਹੱਥ ਸ੍ਰਿਸ਼ਟ ਵਖਾਈ । ਚਾਰੋਂ ਕੁੰਟਾਂ ਆਉਣਾ ਡਰ, ਨਾ ਹੋਵੇ ਕੋਇ ਕਿਸੇ ਸਹਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛੋਟੇ ਬਾਲੇ ਜਗਤ ਨਿਧਾਨੇ ਚਲਿਆ ਕਰਨ ਤੇਰੀ ਕੁੜਮਾਈ । ਸਵਾ ਪੰਝੀ ਤੀਜੀ ਵੰਡ । ਪੁਰਖ ਅਬਿਨਾਸ਼ੀ ਗੁਰਮੁਖਾਂ ਆਤਮ ਪਾਈ ਠੰਢ । ਅਸੂ ਤਿੰਨ ਅੰਮ੍ਰਿਤ ਵੇਲਾ ਸਵਾ ਪੰਜ । ਆਪਣੀ ਹੱਥੀਂ ਖੋਲ੍ਹੇ ਗੰਢ । ਗੁਰ ਸੰਗਤ ਮੇਲਾ ਸੱਜਣ ਸੁਹੇਲਾ, ਭਾਗ ਲਗਾਏ

ਪਹਾੜ ਗੰਜ । ਆਪੇ ਗੁਰ ਆਪੇ ਚੇਲਾ, ਆਪੇ ਵਸੇ ਰੰਗ ਨਵੇਲਾ, ਮਾਇਆਧਾਰੀ ਮੇਟ ਮਿਟਾਏ ਕੋਈ ਨਾ ਦਿਸੇ ਕਿਸੇ ਕਾਰੂ ਗੰਜ । ਸ਼ਬਦ ਸਿੰਘਾਸਣ ਲਾਏ ਆਸਣ, ਪੁਰਖ ਅਬਿਨਾਸ਼ੀ ਦਾਸੀ ਦਾਸਨ, ਗੁਰਸਿਖ ਦਇਆ ਕਮਾਏ ਸੇਵਾ ਲਾਏ ਜਿਉਂ ਭਾਈ ਮੰਝ । ਸ਼ਬਦ ਤਾਜ ਪ੍ਰਭ ਸੀਸ ਟਿਕਾਏ, ਪੰਚਮ ਪੰਚਾਂ ਹੁਕਮ ਸੁਣਾਏ, ਸ਼ਬਦ ਸਿਹਰਾ ਸੀਸ ਬੰਧਾਏ, ਸ੍ਰਿਸ਼ਟ ਸਬਾਈ ਨੇਤਰ ਵਹਾਏ ਅੰਝ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਕਤ ਸੁਹਾਏ ਸਵੇਰ ਸੰਞ । ਅੱਸੂ ਤਿੰਨ ਅੰਮ੍ਰਿਤ ਵੇਲਾ, ਵਕਤ ਸੁਹਾਉਣਾ ਸਵਾ ਪੰਜ । ਗੁਰਮੁਖ ਸਾਚੇ ਸਾਚਾ ਮੇਲਾ, ਮੇਲ ਮਿਲਾਏ ਪਿਆਰੇ ਪੰਜ । ਜੋਤ ਨਿਰੰਜਣ ਚਾੜ੍ਹੇ ਤੇਲਾ, ਮੇਟ ਮਿਟਾਏ ਜਗਤ ਵਿਛੋੜਾ ਗ਼ਮੀ ਗ਼ਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਰਤੀ ਸ਼ਬਦੀ ਦਰ ਸਾਚੇ ਮੇਲਾ, ਨਾਦ ਅਨਾਦੀ ਹੀਰ ਰੰਝ । ਗੁਰ ਸੰਗਤ ਹਰਿ ਸ਼ਬਦ ਜਣਾਈ । ਸਵਾ ਪੰਜ, ਪੰਜ ਸ਼ਬਦ ਹਰਿ ਭੇਟ ਚੜ੍ਹਾਈ । ਪੰਜ ਮੁਖ ਪੰਜ ਸੁੱਖ ਪੰਜ ਭੁੱਖ ਪ੍ਰਭ ਦਏ ਗਵਾਈ । ਪੰਚ ਲੇਖਾ ਮਿਟੇ ਉਲਟਾ ਰੁੱਖ, ਸਾਚਾ ਮੇਲਾ ਸਹਿਜ ਸੁਭਾਈ । ਸ਼ਬਦ ਸਿੰਘਾਸਣ ਉਜਲ ਮੁਖ, ਗੁਰ ਚੇਲਾ ਰੂਪ ਹਰਿ ਦਿਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੇਵਾ ਤੀਜੀ ਭੇਟ ਅੱਸੂ ਤਿੰਨ ਆਪਣੀ ਹੱਥੀਂ ਸ਼ਬਦ ਸਿੰਘਾਸਣ ਦੇਵੇ ਅਰਦਾਸ ਕਰਾਈ । ਤੀਜਾ ਲਹਿਣਾ ਜਾਏ ਮੁੱਕ । ਅੱਗਾ ਨੇੜੇ ਆਏ ਢੁੱਕ । ਪਹਿਲੀ ਚੇਤ ਪਹਿਲਾ ਵੇਖ ਕਾਇਆ ਖੇਤ, ਗੁਰਮੁਖਾਂ ਉਤਾਰੇ ਤਨ ਮਨ ਕਾਇਆ ਭੁੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਭੇਖ ।



### ✻ ੧੯ ਭਾਦਰੋਂ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਆਤਮਾ ਸਿੰਘ ਨੂੰ ਵਰ ਦਿਤਾ ਗਿਆ ✻

ਧਰਮ ਦਵਾਰੇ ਪ੍ਰਭ ਅਬਿਨਾਸ਼ੀ ਸਰਬ ਘਟ ਘਟ, ਪ੍ਰਭ ਰਿਹਾ ਵਿਚਾਰ । ਨਾ ਕੋਈ ਸਹਾਈ ਤੀਰਥ ਤੱਟ, ਤੱਟ ਤੀਰਥ ਆਈ ਹਾਰ । ਲੇਖਾ ਮੁਕਿਆ ਕਾਇਆ ਹੱਟ, ਸਿੰਘ ਬਲਜੀਤਾ ਵਿਚ ਸੰਸਾਰ । ਆਤਮ ਜੋਤੀ ਬੁਝੇ ਝੱਟ, ਨਾ ਕੋਈ ਦੇਵੇ ਮਾਤ ਉਭਾਰ । ਬਿਰਧ ਅਵਸਥਾ ਲੱਗੀ ਸੱਟ, ਨਾ ਕੋਈ ਦੀਸੇ ਹੋਰ ਸਹਾਰ । ਪੁਰਖ ਅਬਿਨਾਸ਼ੀ ਖੋਲ੍ਹਿਆ ਬਜਰ ਕਪਾਟ, ਸ਼ਬਦ ਜਣਾਇਆ ਅਪਰ ਅਪਾਰ । ਨੂਰੀ ਦਰਸ ਲਟ ਲਟ, ਚਰਨ ਸਰਨ ਸੱਚੀ ਸਰਕਾਰ । ਲੇਖ ਚੁਕਾਏ ਜਗਤ ਮੱਠ, ਮੜ੍ਹੀ ਗੋਰ ਸੁੰਞ ਮਸਾਣ । ਚਰਨ ਕਵਲ ਜਨ ਜਾਏ ਢੱਠ, ਪ੍ਰਭ ਮੋੜੇ ਮੋੜ ਪਵਣ ਮਸਾਣ । ਉਲਟੀ ਗੇੜਨਹਾਰਾ ਲੱਠ, ਧੁਰਦਰਗਾਹੀ ਧੁਰ ਦੀ ਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ੇ ਬਖ਼ਸ਼ਣਹਾਰ ਨਿਸ਼ਾਨ । ਬਿਰਧ ਅਵਸਥਾ ਸ਼ਬਦ ਜਣਾਈ, ਜਗਤ ਵਿਛੋੜਾ ਕੱਟਿਆ । ਚਰਨ ਸਰਨ ਸਰਨ ਚਰਨ ਸੱਚੀ ਸਰਨਾਈ, ਮਿਲੇ ਵਸਤ ਘਰ ਸਾਚੇ ਹੱਟਿਆ । ਪੰਚਮ ਨਾਤਾ ਤਤ ਹਰਿ ਹਰਿ ਤਤ ਰਿਹਾ ਜੁੜਾਈ, ਅੰਮ੍ਰਿਤ ਆਤਮ ਕਾਇਆ ਛੱਟਿਆ । ਸ਼ਬਦੀ ਜੋਤੀ ਪਵਣ ਟਿਕਾਈ, ਸਵਾਸ ਸਵਾਸੀ ਆਪੇ ਰਟਿਆ । ਕਾਇਆ ਮਾਟੀ ਕਰੇ ਕੁੜਮਾਈ, ਸੁਰਤੀ ਲਾਹਾ ਏਕਾ ਖੱਟਿਆ । ਤਿੰਨ ਸੌ ਸੱਠ ਹਾਡੀ ਵੱਜੇ ਵਧਾਈ, ਖੇਲੇ ਖੇਲ ਬਾਜ਼ੀਗਰ ਨਟਿਆ । ਪੂਰਬ ਲਹਿਣਾ ਪ੍ਰਭ ਝੋਲੀ ਪਾਈ, ਚਰਨ ਸੇਵ ਸਾਚੀ ਖੱਟੀ ਖੱਟਿਆ । ਪੂਤ ਸਪੂਤਾ ਮਿਲੇ ਵਧਾਈ, ਲੇਖ ਚੁਕਾਏ ਆਨ ਬਾਟਿਆ ।

ਨਿਰਮਲ ਜੋਤੀ ਦਏ ਜਗਾਈ, ਲੇਖ ਮੁਕਾਏ ਸਾਢੇ ਤਿੰਨ ਤਿੰਨ ਹਾਥਿਆ । ਉਨੀ ਅਸੂ ਪ੍ਰਭ ਪਤ ਰਖਾਈ, ਸਗਲ ਵਸੂਰਾ ਲੱਥਿਆ । ਰੋਗ ਸੋਗ ਚਿੰਤ ਨਾ ਲੱਗੇ ਰਾਈ, ਸ਼ਬਦ ਡੋਰੀ ਪ੍ਰਭ ਸਾਚੇ ਨੱਥਿਆ । ਸਚ ਵਸਤ ਹਰਿ ਝੋਲੀ ਪਾਈ, ਆਪ ਜਣਾਈ ਆਪਣੀ ਗਾਥਿਆ । ਗੁਰਸਿਖ ਧੰਨ ਧੰਨ ਤੇਰੀ ਕਮਾਈ, ਪ੍ਰਭ ਸਾਚੇ ਭਾਣਾ ਤੇਰੇ ਹੱਥ ਰੱਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਜੀਆ ਦਾਨ, ਉਨੀ ਅੱਸੂ ਨਾ ਬਣੇ ਤੇਰੇ ਘਰ ਕੋਈ ਸਥਿਆ ।

❊ ਪਹਿਲੀ ਅੱਸੂ ੨੦੧੩ ਬਿਕ੍ਰਮੀ ਦਿੱਲੀ ਜਾਣ ਸਮੇਂ ਹਰਿ ਭਗਤ ਦਵਾਰ ਜੇਠੂਵਾਲ ਵਿਚ ਸ਼ਬਦ ਉਚਾਰਿਆ ਗਿਆ ❊

ਇਕ ਇਕੱਲਾ ਕਰ ਆਕਾਰ, ਏਕਾ ਏਕੰਕਾਰਿਆ । ਦੂਜੀ ਬੰਨ੍ਹੇ ਸ਼ਬਦ ਧਾਰ, ਪਰਗਟ ਹੋ ਵਿਚ ਸੰਸਾਰਿਆ । ਤੀਜੇ ਖੇਲ ਅਪਰ ਅਪਾਰ, ਜੋਤੀ ਜਾਮਾ ਭੇਖ ਨਿਆਰਿਆ । ਚੌਥੇ ਘਰ ਰਿਹਾ ਵੇਖ, ਸਾਧ ਸੰਤ ਗੁਰ ਪੀਰ ਅਵਤਾਰਿਆ । ਪੰਚਮ ਲਾਵਣ ਆਇਆ ਮੇਖ, ਪੰਚਮ ਮੀਤਾ ਪੰਚ ਪਿਆਰਿਆ । ਛੇਵੇਂ ਮੇਟ ਮਿਟਾਏ ਔਲੀਏ ਪੀਰ ਸ਼ੇਖ਼, ਕਲਜੁਗ ਮਿਟੇ ਰੈਣ ਅੰਧ ਅੰਧਿਆਰਿਆ । ਸਤਵੇਂ ਸੱਤਾਂ ਦੀਪਾਂ ਰਿਹਾ ਵੇਖ, ਸੱਤ ਰੰਗ ਨਿਸ਼ਾਨ ਆਪ ਬਣਾ ਰਿਹਾ । ਅੱਠਵੇਂ ਅੱਠਾਂ ਤਤਾਂ ਲਿਖੇ ਲੇਖ, ਲੱਖ ਚੁਰਾਸੀ ਜੂਨ ਉਪਾ ਰਿਹਾ । ਨਾਵੇਂ ਨੌ ਖੰਡ ਨੌ ਦਰ ਜੂਠਾ ਝੂਠਾ ਭੇਖ, ਭੇਖਾਧਾਰੀ ਭਰਮ ਭੁਲਾ ਰਿਹਾ । ਦਸਵੇਂ ਵੇਖੇ ਦਸ ਦਸਮੇਸ਼, ਗੋਬਿੰਦ ਕਾਇਆ ਜੋਤ ਸਮਾ ਰਿਹਾ । ਗਿਆਰਵੇਂ ਗੁਪਤ ਰਖਾਇਆ ਆਪਣਾ ਏਕਾ ਏਕ, ਨੌ ਦਵਾਰੇ ਮਾਤ ਦਿਸਾ ਰਿਹਾ । ਸੰਮਤ ਬਾਰਾਂ ਸੰਤ ਸੁਹੇਲੇ ਆਪੇ ਵੇਖ, ਸਤਾਰਾਂ ਹਾੜੀ ਜੋੜ ਜੁੜਾ ਰਿਹਾ । ਸੰਮਤ ਤੇਰਾਂ ਨੇਤਰ ਲੋਚਨ ਲੈਣਾ ਪੇਖ, ਨਾਨਕ ਤੇਰੀ ਤੇਰਾਂ ਧਾਰ, ਆਪਣੀ ਹੱਥੀਂ ਕੁੰਡਾ ਲਾ ਰਿਹਾ । ਚੌਦਵੇਂ ਗੁਰਮੁਖਾਂ ਲਾਏ ਮਸਤਕ ਮੇਖ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਪੰਦਰਵੇਂ ਵਸੇ ਆਪ ਵਿਸੇਖ, ਅਭੇਵ ਭੇਦਾ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਸੋਲਾਂ ਕਲ ਆਪ ਆਪਣਾ ਭੇਖ ਧਰ, ਸ੍ਰਿਸ਼ਟ ਸਬਾਈ ਕਲਜੁਗ ਝੋਲੀ ਪਾ ਰਿਹਾ । ਨਾਨਕ ਤੇਰੀ ਤੇਰਾਂ ਧਾਰ, ਪ੍ਰਭ ਤੇਰਾਂ ਲਏ ਤੁਲਾਈਆ । ਪਰਗਟ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਕੰਡਾ ਅਪਰ ਅਪਾਰ, ਸੋਹੰ ਡੰਡਾ ਨਾਲ ਲਗਾਈਆ । ਲੱਖ ਚੁਰਾਸੀ ਪਾਵੇ ਵੰਡਾਂ, ਨੌ ਖੰਡਾਂ ਥਾਉਂ ਥਾਈਆ । ਵੇਖ ਵਖਾਣੇ ਜੇਰਜ ਅੰਡਾਂ, ਉਤਭੁਜ ਸੇਤਜ ਫੋਲ ਫੁਲਾਈਆ । ਭੇਵ ਚੁਕਾਏ ਵਿਚ ਬ੍ਰਹਿਮੰਡਾਂ, ਰੂਪ ਅਨੂਪਾ ਹਰਿ ਰਘੁਰਾਈਆ । ਜੋਤ ਨਿਰੰਜਣ ਏਕਾ ਫੜਿਆ ਕੰਡਾ, ਕਲਜੁਗ ਅੰਤਮ ਦਏ ਦੁਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਅੰਤਮ ਵੱਢਣ ਚਲਿਆ ਕੰਡਾਂ, ਆਪ ਆਪਣਾ ਭੇਵ ਚੁਕਾਈਆ । ਗੁਰਮੁਖ ਸਾਚੇ ਸੰਤ ਜਨਾਂ ਆਤਮ ਦਰ ਪਾਵੇ ਠੰਢਾਂ, ਅੰਮ੍ਰਿਤ ਧਾਰ ਸ਼ਬਦ ਜਣਾਈਆ । ਆਪਣੀ ਹੱਥੀਂ ਦੇਵੇ ਗੰਢਾਂ, ਸਚ ਵਸਤ ਹਰਿ ਝੋਲੀ ਪਾਈਆ । ਮਨਮੁਖਾਂ ਆਤਮ ਹੋਈ ਰੰਡਾ, ਕੰਤ ਸੁਹਾਗ ਨਾ ਕੋਈ ਹੰਢਾਈਆ । ਦਰ ਦਰ ਘਰ ਘਰ ਭੇਖ ਪਖੰਡਾ, ਗੁਰ ਪੀਰਾਂ ਸਾਰ ਨਾ ਰਾਈਆ । ਲੋਕਮਾਤ ਪਾਇਣ ਵੰਡਾਂ, ਝੂਠੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਵੇਖੇ ਥਿਤ, ਭਗਤ ਸੁਹੇਲਾ ਨਿਤ ਨਵਿਤ, ਸੰਮਤ ਤੇਰਾਂ ਤੇਰੀ ਰੁੱਤ ਸੁਹਾਈਆ । ਰਸਨਾ ਗਾਇਆ ਨਾਨਕ

ਗੁਰ, ਹਰਿ ਹਰਿ ਸਾਜਨ ਮੀਤਾ । ਮਿਲਿਆ ਮੇਲ ਗੋਬਿੰਦ ਧੁਰ, ਅਚਰਜ ਕਲਜੁਗ ਰੀਤਾ । ਸ਼ਬਦ ਜੋਤੀ ਜੋੜੀ ਗਈ ਜੁੜ, ਸ੍ਰਿਸ਼ਟ ਸਬਾਈ ਆਪੇ ਜੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਵੇਖ ਵਖਾਣੇ ਗੁਰ ਦਰ ਮੰਦਰ ਅੰਦਰ ਜਗਤ ਮਸੀਤਾ । ਪਹਿਲੀ ਅੱਸੂ ਭਗਤ ਵਿਹਾਰ, ਜਗਤ ਕਰੇ ਰਘੁਰਾਈਆ । ਅੰਮ੍ਰਿਤ ਵੇਲਾ ਸਵਾ ਚਾਰ, ਨੌਂ ਖੰਡ ਪ੍ਰਿਥਮੀ ਲੇਖ ਲਿਖਾਈਆ । ਖੇਲੇ ਖੇਲ ਖੇਲਣਹਾਰ, ਜੀਵ ਜੰਤ ਭੇਵ ਨਾ ਰਾਈਆ । ਸ਼ਬਦ ਸੁਨੇਹੜਾ ਭਗਤ ਦਵਾਰ, ਦੇਵਣਹਾਰ ਆਪ ਅਖਵਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜਾਹਿਰ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਆਸਣ ਆਸ ਪੁਜਾਈਆ ।

### ✲ ਸਿੰਘਾਸਣ ਵਾਲੇ ਪਲੰਘ ਨੂੰ ਹਿਲਾਉਣਾ ਤੇ ਫੇਰ ਲਿਖਤ ਕਰਾਉਣੀ ✲

ਸ਼ਬਦ ਸਿੰਘਾਸਣ ਹਰਿ ਹਿਲਾਇਆ, ਕਲਜੁਗ ਜੋਤ ਜਗਾਈਆ । ਗੁਰਮੁਖਾਂ ਦੇ ਨੇੜੇ ਆਇਆ, ਮਨਮੁਖਾਂ ਰਿਹਾ ਡਰਾਈਆ । ਲੱਖ ਚੁਰਾਸੀ ਗੇੜ ਰਿਹਾ ਕਟਾਇਆ, ਚਰਨ ਪ੍ਰੀਤ ਇਕ ਵਖਾਈਆ । ਮਨਮੁਖ ਜੀਵਾਂ ਰਿਹਾ ਦਬਾਇਆ, ਜੋਤ ਸਰੂਪੀ ਭਾਰ ਪਾਈਆ । ਆਪ ਆਪਣਾ ਰਿਹਾ ਛੁਪਾਇਆ, ਦਿਸ ਕਿਸੇ ਨਾ ਆਈਆ । ਕਰਨਹਾਰ ਸਦਾ ਅਖਵਾਇਆ, ਕਰਤਾ ਕਾਦਰ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਰਚਨ ਰਚਾਈਆ । ਚਾਰ ਕੁੰਟ ਚਾਰ ਦੀਵਾਰ, ਚਾਰੇ ਜੁਗ ਹਿਲਾਇੰਦਾ । ਜੁਗ ਜੁਗ ਮਾਤ ਲਏ ਅਵਤਾਰ, ਜੁਗ ਜੁਗ ਭੇਖ ਵਟਾਇੰਦਾ । ਜੁਗ ਜੁਗ ਖੇਲੇ ਖੇਲ ਅਪਾਰ, ਜੁਗ ਜੁਗ ਬਣਤ ਬਣਾਇੰਦਾ । ਜੁਗ ਜੁਗ ਸੰਤ ਸੁਹੇਲੇ ਲਏ ਅਧਾਰ, ਜੁਗ ਜੁਗ ਮਨਮੁਖਾਂ ਆਪ ਖਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਵਕਤ ਸੁਹਾਇੰਦਾ । ਈਸਾ ਮੂਸਾ ਮੁਹੰਮਦੀ ਯਾਰ, ਯਾਰ ਯਾਰੀ ਤੋੜ ਨਿਭਾਇੰਦਾ । ਨਾਨਕ ਜੋਤੀ ਦਸ ਅਵਤਾਰ, ਆਪ ਆਪਣੇ ਵਿਚ ਸਮਾਇੰਦਾ । ਗੁਰ ਗੋਬਿੰਦਾ ਕਰ ਲਿਖਾਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਪਰਗਟ ਹੋਵੇ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਘੋੜਾ ਅਪਰ ਅਪਾਰ, ਨੀਲੀ ਛੱਤੋਂ ਪਾਰ ਕਰਾਇੰਦਾ । ਨਾਮ ਤੇੜਾ ਸੀਸ ਦਸਤਾਰ, ਨਾਮ ਕਟਾਰ ਤਨ ਸਜਾਇੰਦਾ । ਲੋਆਂ ਪੁਰੀਆਂ ਕਰੇ ਖਬਰਦਾਰ, ਬ੍ਰਹਮਾ ਸ਼ਿਵ ਦੇਵ ਹਿਲਾਇੰਦਾ । ਮਾਤਲੋਕ ਕਰ ਵਿਚਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਗੁਰਮੁਖਾਂ ਕਰੇ ਖ਼ਬਰਦਾਰ, ਮਨਮੁਖਾਂ ਗੂੜ੍ਹੀ ਨੀਂਦ ਸਵਾਇੰਦਾ । ਜੁਗ ਜੁਗ ਲਹਿਣਾ ਦੇਣਾ ਕਰਜ਼ ਉਤਾਰ, ਆਪੇ ਭਾਣੇ ਵਿਚ ਰਖਾਇੰਦਾ । ਆਤਮ ਜੋਤੀ ਸ਼ਬਦ ਅਧਾਰ, ਵਰਨ ਗੋਤੀ ਭੇਵ ਮਿਟਾਇੰਦਾ । ਜਗਤ ਵਾਸਨਾ ਕੱਢੇ ਖੋਟੀ, ਆਪ ਚੜ੍ਹਾਏ ਸਾਚੀ ਚੋਟੀ, ਬੰਦ ਕਿਵਾੜਾ ਆਪ ਖੁਲ੍ਹਾਇੰਦਾ । ਨਾਮ ਫੜਾਏ ਸਾਚੀ ਸੋਟੀ, ਮਨਮੁਖ ਭੁੱਲੇ ਜੀਵ ਕੋਟਨ ਕੋਟੀ, ਗੁਰਮੁਖ ਵਿਰਲੇ ਚਰਨ ਲਗਾਇੰਦਾ । ਕਲਜੁਗ ਔਧ ਹੋਈ ਛੋਟੀ, ਗੁਰ ਗੋਬਿੰਦਾ ਲੇਖ ਲਿਖਾਇੰਦਾ । ਮਾਇਆਧਾਰੀ ਹੱਥ ਨਾ ਆਵੇ ਰੋਟੀ, ਸੰਮਤ ਸਤਾਰਾਂ ਰੁੱਤ ਸੁਹਾਇੰਦਾ । ਸੰਮਤ ਅਠਾਰਾਂ ਬੋਟੀ ਬੋਟੀ, ਏਕਾ ਨਾਅਰਾ ਅੱਲਾ ਹੂ ਲਗਾਇੰਦਾ । ਸੰਮਤ ਉਨੀ ਨਾ ਕੋਈ ਹੁੱਕਾ ਨਾ ਕੋਈ ਲੋਟੀ, ਮਸਤਕ ਤਿਲਕ ਨਾ ਕੋਈ ਲਗਾਇੰਦਾ । ਬੀਸ ਬੀਸਾ ਹਰਿ ਜਗਦੀਸ਼ਾ ਪਰਗਟ ਹੋਏ ਬਜਰ ਕਪਾਟਾ ਸਾਚਾ ਪੱਥਰ ਚੋਟੀ, ਦਸਮ ਦਵਾਰਾ ਹਰਿ ਨਿਰੰਕਾਰਾ ਏਕਾ ਦਰ ਖੁਲ੍ਹਾਇੰਦਾ । ਇਕ

ਇਕੀਸਾ ਛਤਰ ਝੁਲਾਏ ਆਪਣੇ ਸੀਸਾ, ਚਰਨ ਲਗਾਏ ਚੀਨਾ ਰੂਸਾ, ਈਸਾ ਮੂਸਾ ਰਹਿਣ ਨਾ ਪਾਇੰਦਾ । ਮੇਟ ਮਿਟਾਏ ਅੰਜੀਲ ਕੁਰਾਨ ਨਾ ਕੋਈ ਪੜ੍ਹੇ ਜਗਤ ਹਦੀਸਾ, ਖਾਣੀ ਬਾਣੀ ਵੇਦ ਪੁਰਾਨ ਅੰਤ ਕਰਾਇੰਦਾ । ਸੋਹੰ ਤੇਰੀ ਇਕ ਨਿਸ਼ਾਨੀ, ਸਤਿਜੁਗ ਤੇਰੀ ਸਾਚੀ ਬਾਣੀ, ਜਨ ਭਗਤ ਵੇਖੇ ਸਾਚੇ ਹਾਣੀ, ਜੋਤੀ ਸ਼ਬਦੀ ਏਕਾ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸੁਰਤ ਸਵਾਣੀ ਸੁਘੜ ਸਿਆਣੀ, ਦਰ ਮੰਦਰ ਅੰਦਰ ਇਕ ਸੁਹਾਇੰਦਾ । ਇਕ ਵਰਨ ਕਰਾਏ ਜੇਰਜ ਖਾਣੀ, ਰਾਓ ਰੰਕਾਂ ਏਕਾ ਡੰਕਾ ਸ਼ਬਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਵਾਰ ਬੰਕ ਸੁਹਾਇੰਦਾ । ਦਵਾਰ ਬੰਕ ਇਕ ਸੁਹਾਉਣਾ । ਹਰਿ ਹਰਿ ਹਰਿ ਆਪੇ ਵਿਚ ਵਸਾਉਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗਣ ਰੰਗ ਚੜ੍ਹਾਉਣਾ । ਸਾਢੇ ਤਿੰਨ ਹੱਥ ਕਲ ਕਾਇਆ ਢੇਰ, ਧਰਤ ਮਾਤ ਟਿਕਾਈਆ । ਆਪੇ ਚਲਾਏ ਉਲਟਾ ਗੇੜ, ਧੁਰ ਦੀ ਬਾਣ ਹਰਿ ਰਘੁਰਾਈਆ । ਤੀਰਥ ਤੱਟਾਂ ਦਏ ਉਖੇੜ, ਮੰਦਰ ਗੁਰੂਦਵਾਰਾ ਕੋਈ ਰਹਿਣ ਨਾ ਪਾਈਆ । ਅੰਤਮ ਕਰੇ ਹੱਕ ਨਿਬੇੜ, ਪ੍ਰਭ ਜੋਤੀ ਜੋਤ ਜਗਾਈਆ । ਲੇਖਾ ਚੁੱਕੇ ਨਗਰ ਖੇੜ, ਸ਼ਹਿਰ ਗਰਾਂ ਰਹਿਣ ਨਾ ਪਾਈਆ । ਖੁਲ੍ਹਾ ਕਰੇ ਧਰਤ ਮਾਤ ਤੇਰਾ ਕੱਲਾ ਵਿਹੜ, ਕਾਲਾ ਸੂਸਾ ਤਨ ਛੁਹਾਈਆ । ਲੱਖ ਚੁਰਾਸੀ ਦਏ ਨਿਬੇੜ, ਗੁਰਮੁਖ ਸਾਚੇ ਲਏ ਬਚਾਈਆ । ਨੌਂ ਖੰਡ ਪ੍ਰਿਥਮੀ ਮਾਰੇ ਭੇੜ ਭੇੜ, ਚਾਰੋਂ ਕੁੰਟਾਂ ਆਪ ਉਠਾਈਆ । ਆਪੇ ਜਾਣੇ ਆਪਣਾ ਗੇੜ, ਸੱਤਾਂ ਦੀਪਾਂ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਹਿਲੀ ਵੇਰ ਰਚਨ ਰਚਾਈਆ । ਸਾਢੇ ਤਿੰਨ ਹੱਥ ਕਲ ਤੇਰੀ ਧਾਰ, ਪ੍ਰਭ ਅੰਤਮ ਅੰਤ ਕਰਾਇੰਦਾ । ਵੇਖ ਵਖਾਣੇ ਮੁਹੰਮਦੀ ਯਾਰ, ਨਬੀ ਰਸੂਲਾਂ ਫੜ ਹਿਲਾਇੰਦਾ । ਦਰ ਦਵਾਰੇ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਈਸਾ ਈਸ਼ਵਰ ਇਕ ਪੁਕਾਰ, ਜਗਦੀਸ਼ ਜੋਤ ਜਗਾਇੰਦਾ । ਲਹਿੰਦੀ ਦਿਸ਼ਾ ਪਾਵੇ ਸਾਰ, ਸ਼ਬਦ ਕਟਾਰ ਹੱਥ ਉਠਾਇੰਦਾ । ਘੜੀ ਘੜੀ ਪਲ ਪਲ ਰਿਹਾ ਵਿਚਾਰ, ਦਿਵਸ ਰੈਣ ਲੇਖ ਲਿਖਾਇੰਦਾ । ਕਲਜੁਗ ਕਰਮਾਂ ਆਪ ਨਿਤਾਰ, ਛਾਛ ਵਰੋਲੇ ਮੱਖਣ ਕੱਢੇ ਬਾਹਰ, ਜਗਤ ਸੁਹੇਲੇ ਆਪ ਉਠਾਇੰਦਾ । ਸ਼ਾਹ ਇਰਾਨ ਹੋ ਤਿਆਰ, ਪ੍ਰਭ ਪਰਗਟ ਹੋਏ ਵਿਚ ਸੰਸਾਰ, ਅਹਿਨਲ ਹੱਕ ਅਲਾਹੀ ਨੂਰ ਸਰਬ ਕਲ ਆਪੇ ਭਰਪੂਰ, ਅੱਲਾ ਅਲਾਹ ਨਾਮ ਰਖਾਇੰਦਾ । ਦਹਿ ਦਿਸ਼ਾ ਕਰੇ ਚੂਰੋ ਚੂਰ, ਮੁੱਲਾ ਸ਼ੇਖ਼ ਮਿਟਾਏ, ਜੋਤੀ ਜੋਤ ਜਗਾਏ, ਕਾਇਆ ਮੰਦਰ ਸਚ ਕੋਹਤੂਰ, ਨਿਰਮਲ ਆਕਾਰ ਕਰਾਇੰਦਾ । ਵੇਲਾ ਨੇੜ ਨਾ ਜਾਣੋ ਦੂਰ, ਇਰਾਕ ਕਲ ਤੁੱਟੇ ਗਰੂਰ, ਸੰਮਤ ਸੋਲਾਂ ਪਹਿਲੀ ਚੇਤਰ ਪ੍ਰਭ ਸਾਚਾ ਚਰਨ ਉਠਾਇੰਦਾ । ਵੇਖਣ ਜਾਏ ਸਾਚਾ ਖੇਤਰ, ਪੰਚਮ ਜੇਠੀ ਸਾਚੀ ਹਾੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਚਰਨ ਛੁਹਾਇੰਦਾ । ਪਹਿਲੀ ਚੇਤਰ ਚਿਤ ਠਗੋਰ । ਪ੍ਰਭ ਚਰਨ ਛੁਹਾਏ ਵਿਚ ਲਾਹੌਰ । ਭਾਗ ਲਗਾਏ ਧਰਤ ਮਾਤ ਤੇਰੀ ਗੋਦ ਸਜਾਏ, ਚਾਰੋਂ ਕੁੰਟ ਬਣਾਏ ਤੇਰੀ ਮੜ੍ਹੀ ਗੋਰ । ਗੁਰਮੁਖ ਸਾਚੇ ਲਏ ਤਰਾਏ, ਆਪ ਆਪਣਾ ਸੰਗ ਨਿਭਾਏ, ਸ਼ਬਦ ਰਖਾਏ ਸਾਚੀ ਡੋਰ । ਚਾਰ ਯਾਰਾਂ ਸੰਗ ਰਲਾਏ, ਐਲੀਸ਼ਾਹ ਮਰਦੰਗ ਵਜਾਏ । ਮੁਹੰਮਦ ਅਹਿਮਦ ਸੀਸ ਝੁਕਾਏ । ਮੱਕਾ ਕਾਅਬਾ ਰਾਹ ਤਕਾਏ । ਚਰਨ ਘੋੜੇ ਦੇ ਰਕਾਬਾ, ਦੁਲਦੁਲ ਤੇਰੀ ਵਾਗ ਗੁੰਦਾਏ । ਪਰਗਟ ਹੋਏ ਹੱਕ ਜ਼ਨਾਬਾ, ਅਹਿਨਲ ਹੱਕ ਆਪ ਅਖਵਾਏ । ਮਨਮੁਖ ਜੀਆਂ ਦਏ ਅਜ਼ਾਬਾ, ਸ਼ਬਦ ਖੰਡਾ ਹੱਥ ਉਠਾਏ । ਨਾ ਕੋਈ ਪੁੰਨ ਨਾ

ਕੋਈ ਪਾਪਾ, ਜੁਗ ਜੁਗ ਆਪਣੀ ਬਣਤ ਬਣਾਏ । ਕੋਇ ਨਾ ਝੱਲੇ ਹਰਿ ਹਰਿ ਤਾਬਾ, ਅਰਸ਼ੀ ਪ੍ਰੀਤਮ ਜੋਤ ਪਰਗਟਾਏ । ਗੁਰਮੁਖਾਂ ਅੰਮ੍ਰਿਤ ਧਾਰ ਵਹਾਏ ਕਵਲ ਨਾਭਾ, ਸ਼ਾਸਤਰ ਸਿਮਰਤ ਅੰਜ਼ੀਲ ਕੁਰਾਨ ਵੇਦ ਪੁਰਾਨ ਕੋਈ ਭੇਵ ਨਾ ਪਾਏ । ਇਕ ਵਖਾਏ ਹਯਾਤ ਆਬਾ, ਚਰਨ ਕਵਲ ਪ੍ਰਭ ਨੀਰ ਛੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਢੇ ਤਿੰਨ ਹੱਥ ਤੇਰਾ ਲੇਖ ਆਪਣੇ ਹੱਥ ਰਖਾਏ । ਸਾਢੇ ਤਿੰਨ ਹੱਥ ਪ੍ਰਭ ਰਚਨ ਰਚਾਈ, ਸ਼ਬਦ ਸਿੰਘਾਸਣ ਇਕ ਸਜਾਇੰਦਾ । ਕਲਜੁਗ ਤੇਰੀ ਬਣਤ ਬਣਾਈ, ਨੌ ਦਵਾਰੇ ਮੁਖ ਖੁਲ੍ਹਾਇੰਦਾ । ਸ਼ਬਦ ਦੁਸ਼ਾਲਨ ਇਕ ਵਿਛਾਈ, ਜੋਤੀ ਨੂਰ ਜਗਾਇੰਦਾ । ਜੋਤ ਆਕਾਲ ਅਕਾਲਨ ਮਾਤ ਪਰਗਟਾਈ, ਨਾਮ ਮਰਦੰਗ ਢੋਲ ਵਜਾਇੰਦਾ । ਸਰਬ ਜੀਆਂ ਪ੍ਰਿਤਪਾਲਨ ਆਪ ਅਖਵਾਈ, ਆਪ ਉਪਾਏ ਆਪੇ ਢਾਹਿੰਦਾ । ਜੋਤ ਜਵਾਲਾ ਆਪ ਖਿਚਾਈ, ਉਚੇ ਟਿੱਲੇ ਪਰਬਤ ਪਹਾੜ ਹਰਿ ਆਪ ਹਿਲਾਇੰਦਾ । ਅਠ ਸਠ ਤੀਰਥ ਮੇਟ ਮਿਟਾਈ, ਗੰਗਾ ਗੋਦਾਵਰੀ ਨੀਰ ਵਹਾਇੰਦਾ । ਮੰਦਰ ਮਸਜਿਦ ਪਹੇ ਦੁਹਾਈ, ਗੁਰ ਦਰ ਨਾ ਹੋਏ ਕੋਈ ਸਹਾਈ, ਕਲਜੁਗ ਅੰਤ ਨਾ ਕੋਈ ਛੁਡਾਇੰਦਾ । ਪਰਗਟ ਹੋਵੇ ਹਰਿ ਰਘੁਰਾਈ, ਲੋਕਮਾਤ ਕਲ ਕਲ ਵੱਜੇ ਵਧਾਈ, ਬ੍ਰਹਮਾ ਸ਼ਿਵ ਦੇਵਤ ਸੁਰ ਫੜ ਫੜ ਬਾਹੋਂ ਆਪ ਹਿਲਾਇੰਦਾ । ਗੁਰਮੁਖ ਵਿਰਲੇ ਚਰਨ ਪ੍ਰੀਤੀ ਗਈ ਜੁੜ, ਜਿਸ ਆਪਣੀ ਦਇਆ ਕਮਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਢੇ ਤਿੰਨ ਹੱਥ ਲੇਖ ਮਿਟਾਇੰਦਾ । ਅੰਤਮ ਵੇਲੇ ਜਾਏ ਬਹੁੜ, ਸ਼ਬਦ ਜਣਾਈ ਆਪ ਕਰਾਇੰਦਾ । ਧੁਰਦਰਗਾਹੀ ਏਕਾ ਲਾਇਆ ਪੌੜ, ਰਾਹ ਵਿਚ ਨਾ ਕੋਈ ਅਟਕਾਇੰਦਾ । ਪਰਗਟ ਜੋਤ ਬ੍ਰਾਹਮਣ ਗੌੜ, ਪੂਤ ਸਪੂਤਾ ਆਪ ਅਖਵਾਇੰਦਾ । ਸੰਬਲ ਨਗਰ ਵੇਖੇ ਲੰਮਾ ਚੌੜ, ਸਾਢੇ ਤਿੰਨ ਹੱਥ ਬੰਦ ਰਖਾਇੰਦਾ । ਧੁਰਦਰਗਾਹੀ ਆਇਆ ਦੌੜ, ਜੋਤ ਸਰੂਪੀ ਆਸਣ ਲਾਇੰਦਾ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜ, ਸਤਿਜੁਗ ਸਾਚਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਮਿਟਿਆ ਵਰ, ਸਤਿਜੁਗ ਸਾਚੇ ਖੁਲ੍ਹਾ ਦਰ, ਲਹਿਣਾ ਦੇਣਾ ਆਪਣੀ ਹੱਥੀਂ ਆਪ ਚੁਕਾਇੰਦਾ । ਗੋਬਿੰਦ ਰੂਪ ਅਪਾਰ, ਹਰਿ ਹਰਿ ਵਿਚ ਸਮਾਇਆ । ਗੋਬਿੰਦ ਚਰਨ ਕਵਲ ਪਨਿਹਾਰ, ਹਰਿ ਹਰਿ ਦਇਆ ਕਮਾਇਆ । ਹਰਿ ਹਰਿ ਜੋਤ ਆਕਾਰ, ਗੋਬਿੰਦ ਰਿਹਾ ਜਗਾਇਆ । ਗੋਬਿੰਦ ਜਗਤ ਜੈਕਾਰ, ਹਰਿ ਹਰਿ ਆਪ ਕਰਾਇਆ । ਹਰਿ ਹਰਿ ਖੰਡਾ ਦੋ ਦੋ ਧਾਰ, ਗੋਬਿੰਦ ਤਨ ਪਹਿਨਾਇਆ । ਗੋਬਿੰਦ ਹੋਇਆ ਪਹਿਰੇਦਾਰ, ਪ੍ਰਭ ਸਾਚੀ ਸੇਵਾ ਲਾਇਆ । ਸਾਚਾ ਮੇਲਾ ਵਿਚ ਸੰਸਾਰ, ਕਲਜੁਗ ਲੇਖ ਚੁਕਾਇਆ । ਜੋਤੀ ਸ਼ਬਦੀ ਇਕ ਪਿਆਰ, ਏਕਾ ਰਾਹ ਚਲਾਇਆ । ਫਿਰ ਫਿਰ ਥੱਕੇ ਜੀਵ ਗਵਾਰ, ਕਲਜੁਗ ਜੀਵਾਂ ਭੇਵ ਨਾ ਪਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਗੋਬਿੰਦ ਗੋਬਿੰਦ ਲੇਖ ਲਿਖਾਇਆ । ਸ੍ਰਿਸ਼ਟ ਸਬਾਈ ਮਾਰੇ ਮਾਰ, ਮਨਮੁਖਾਂ ਦਏ ਮਿਟਾਇਆ । ਗੁਰਮੁਖ ਸਾਚੇ ਲਏ ਅਧਾਰ, ਨੇਤਰ ਨੈਣ ਦਰਸ ਦਿਖਾਇਆ । ਕਲਜੁਗ ਸਤਿਜੁਗ ਦੋਵੇਂ ਦਰ ਦਵਾਰ, ਦੋਹਾਂ ਲੇਖਾ ਰਿਹਾ ਚੁਕਾਇਆ । ਕਲਜੁਗ ਕਾਲਾ ਵੇਸ ਹਾਹਾਕਾਰ, ਦੋਏ ਜੋੜ ਸੀਸ ਰਿਹਾ ਝੁਕਾਇਆ । ਸੰਗ ਮੁਹੰਮਦ ਸਾਚਾ ਯਾਰ, ਚਾਰ ਯਾਰਾਂ ਲੜ ਫੜਾਇਆ । ਨਾਨਕ ਬੈਠਾ ਨੈਣ ਮੁੰਧਾਰ, ਆਤਮ ਧਿਆਨ ਲਗਾਇਆ । ਗੁਰ ਗੋਬਿੰਦਾ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਇਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵੇਖ ਵਿਚਾਰ, ਜੁਗ ਜੁਗ ਆਪਣਾ ਭੇਖ ਵਟਾਇਆ । ਕਲਜੁਗ ਅੰਤਮ ਆਈ ਹਾਰ, ਕਾਇਆ ਕੁਕਰਮਾਂ ਕਰਮ ਕਮਾਇਆ । ਪੁਰਖ ਅਬਿਨਾਸ਼ੀ ਸਦ ਸੁਣੇ ਪੁਕਾਰ, ਚਿਤਰ ਗੁਪਤ

੫੧ ੦੬

ਆਪਣਾ ਲੇਖਾ ਰਿਹਾ ਵਖਾਇਆ । ਰਾਏ ਧਰਮ ਖੋਲ੍ਹੇ ਬੰਦ ਕਿਵਾੜ, ਲਾੜੀ ਮੌਤ ਹੱਥੀਂ ਮਹਿੰਦੀ ਲਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਵੇਲਾ ਅੰਤਮ ਅੰਤ ਦਿਸ ਆਇਆ । ਧਰਤ ਮਾਤ ਕਰੇ ਹਾਹਾਕਾਰ, ਗਊ ਗਰੀਬ ਨਿਮਾਣਿਆਂ ਮੈਨੂੰ ਨਿਤ ਸਤਾਇਆ । ਦੁੱਖਾਂ ਭੁੱਖਾਂ ਕੋਈ ਨਾ ਪਾਵੇ ਸਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪਣਾ ਵਿਕਾਰ ਵਧਾਇਆ । ਆਵੇ ਹੱਥ ਨਾ ਪੀਣਾ ਖਾਣਾ, ਬਸਤਰ ਨਾ ਤਨ ਛੁਹਾਇਆ । ਪਰਗਟ ਹੋਏ ਪ੍ਰਭ ਬੀਨਾ ਦਾਨਾ, ਗਰੀਬ ਨਿਮਾਣਿਆਂ ਗਲੇ ਲਏ ਲਗਾਇਆ । ਆਪ ਕਰਾਏ ਠਾਂਢਾ ਸੀਨਾ, ਸਤਿਜੁਗ ਸਾਚਾ ਨਾਲ ਜਗਾਇਆ । ਬਖ਼ਸ਼ੇ ਰਾਜ ਲੋਕ ਤੀਨਾ, ਆਪਣੀ ਹੱਥੀਂ ਤਿਲਕ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਖ ਵਟਾਇਆ । ਰਾਜ ਤਿਲਕ ਪ੍ਰਭ ਦੇਵਣਹਾਰਾ, ਜੁਗ ਜੁਗ ਬਣਤ ਬਣਾਇੰਦਾ । ਸਤਿਜੁਗ ਸਾਚਾ ਸੇਵਣਹਾਰਾ, ਏਕਾ ਨਾਮ ਧਿਆਇੰਦਾ । ਦੋਏ ਜੋੜ ਦਰ ਦੇਵਣਹਾਰਾ, ਨਿਉਂ ਨਿਉਂ ਸੀਸ ਝੁਕਾਇੰਦਾ । ਆਪੇ ਬਖ਼ਸ਼ੇ ਬਖ਼ਸ਼ਣਹਾਰਾ, ਬਖ਼ਸ਼ਣਹਾਰ ਆਪ ਅਖਵਾਇੰਦਾ । ਸੋਹੰ ਬੰਨ੍ਹੇ ਸੀਸ ਦਸਤਾਰਾ, ਸਾਚਾ ਤੋੜਾ ਨਾਮ ਸਜਾਇੰਦਾ । ਪਰਗਟ ਹੋਏ ਨਰ ਅਵਤਾਰਾ, ਸਾਚਾ ਜੋੜਾ ਜੋੜ ਜੁੜਾਇੰਦਾ । ਸਤਿਜੁਗ ਸਾਚੀ ਬੰਨ੍ਹੇ ਧਾਰਾ, ਧਰਤੀ ਧਵਲ ਆਕਾਸ਼ ਸਮਾਇੰਦਾ । ਲੋਆਂ ਪੁਰੀਆਂ ਇਕ ਹੁਲਾਰਾ, ਧਰੂ ਦਰਬਾਨੀ ਵਕਤ ਚੁਕਾਇੰਦਾ । ਗੁਰਮੁਖ ਸਾਚੇ ਕਰ ਪਿਆਰਾ, ਆਪਣਾ ਸ਼ਬਦ ਜਣਾਇੰਦਾ । ਬ੍ਰਹਮਾ ਬ੍ਰਹਮ ਰੂਪ ਅਪਾਰਾ, ਸਰਬ ਕਲਾ ਅਖਵਾਇੰਦਾ । ਸ਼ਿਵ ਜੀ ਦੇਵੇ ਜੋਤ ਅਧਾਰਾ, ਆਪ ਆਪਣੇ ਵਿਚ ਟਿਕਾਇੰਦਾ । ਗੁਰਮੁਖ ਸਾਚਾ ਸਾਚਾ ਲਾੜਾ, ਹਰਿ ਸਾਚਾ ਧਾਮ ਸੁਹਾਇੰਦਾ । ਕਰੋੜ ਤੇਤੀਸ ਤੇਰਾ ਵੇਖੇ ਅਖਾੜਾ, ਸੁਰਪਤ ਰਾਜਾ ਇੰਦ ਤਾਲ ਵਜਾਇੰਦਾ । ਅੰਮ੍ਰਿਤ ਬਰਖੇ ਸਤਾਰਾਂ ਹਾੜਾ, ਮੇਘ ਮੇਘਣੀ ਸੇਵਾ ਲਾਇੰਦਾ । ਮਨਮੁਖਾਂ ਦਿਸੇ ਨਾ ਪਿੱਛਾ ਅਗਾੜਾ, ਗੁਰਮੁਖਾਂ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਰ ਦਵਾਰਾ ਇਕ ਸੁਹਾਇੰਦਾ । ਸਤਿਜੁਗ ਸਾਚੇ ਸਾਚੀ ਦਾਤ, ਪ੍ਰਭ ਸਾਚੇ ਝੋਲੀ ਪਾਈਆ । ਕਲਜੁਗ ਤੇਰੀ ਕੋਈ ਨਾ ਪੁੱਛੇ ਵਾਤ, ਅੰਤ ਰੈਣ ਅੰਧੇਰੀ ਛਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਨਾ ਕੋਈ ਬਾਲਕ ਗੋਦ ਉਠਾਈਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਝਾਤ, ਜੇਰਜ ਅੰਡ ਫੋਲ ਫੁਲਾਈਆ । ਨਾ ਕੋਈ ਪਲੰਘ ਗ਼ਲੀਚਾ ਦਿਸੇ ਖਾਟ, ਨਾ ਕੋਈ ਫੂਲਨ ਸੇਜ ਹੰਢਾਈਆ । ਨਾ ਕੋਈ ਤੀਰਥ ਤਟ ਦਿਸੇ ਘਾਟ, ਸਰ ਸਰੋਵਰ ਕੋਈ ਰਹਿਣ ਨਾ ਪਾਈਆ । ਕਲਜੁਗ ਬਸਤਰ ਗਿਆ ਪਾਟ, ਲੱਥੇ ਚੀਰ ਰਿਹਾ ਸ਼ਰਮਾਈਆ । ਕੋਈ ਨਾ ਪੂਰੀ ਕਰੇ ਘਾਟ, ਮਦਿਰਾ ਮਾਸੀ ਬੈਠਣ ਮੁਖ ਛੁਪਾਈਆ । ਗੁਰਮੁਖ ਵਿਰਲੇ ਆਪ ਜਗਾਏ ਮਸਤਕ ਦੀਪਕ ਆਪ ਲਿਲਾਟ, ਜੋਤੀ ਨੂਰ ਸਵਾਈਆ । ਅੰਮ੍ਰਿਤ ਆਤਮ ਰਸ ਲੈਣਾ ਚਾਟ, ਨਿਝਰ ਧਾਰਾ ਰਿਹਾ ਵਹਾਈਆ । ਦੁਰਮਤ ਮੈਲ ਰਿਹਾ ਕਾਟ, ਸੋਹੰ ਸਾਚਾ ਨਾਮ ਜਪਾਈਆ । ਲੇਖਾ ਚੁੱਕੇ ਆਣ ਬਾਟ, ਗਰਭਵਾਸ ਫੰਦ ਕਟਾਈਆ । ਏਕਾ ਸੌਦਾ ਸਾਚੇ ਹਾਟ, ਪ੍ਰਭ ਸਾਚਾ ਹੱਟ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਣਜ ਕਰੇ ਵਣਜਾਰਾ, ਘਾਟ ਰਹੇ ਨਾ ਰਾਈਆ । ਸਤਿਜੁਗ ਤੇਰਾ ਸਾਚਾ ਰੰਗ, ਪ੍ਰਭ ਸਾਚਾ ਮਾਤ ਰੰਗਾਇੰਦਾ । ਆਪੇ ਹੋਇਆ ਅੰਗ ਸੰਗ, ਅੰਗੀਕਾਰ ਆਪ ਅਖਵਾਇੰਦਾ । ਨਾਮ ਵਜਾਏ ਇਕ ਮਰਦੰਗ, ਚਾਰੇ ਕੁੰਟ ਸੁਣਾਇੰਦਾ । ਚਰਨ ਕਵਲ ਧਾਰਾ ਗੰਗ, ਆਪਣੇ ਆਪ ਵਹਾਇੰਦਾ । ਸ਼ਬਦ ਘੋੜੇ ਕਸੇ ਤੰਗ, ਮਾਤ ਪਤਾਲ ਆਕਾਸ਼ ਵਿਚ ਫਿਰਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਜੰਗ, ਸ਼ਬਦ ਖੰਡਾ ਗਲ ਲਟਕਾਇੰਦਾ ।

੫੨
੦੬

ਮਾਇਆ ਡੱਸਣੀ ਮਾਰੇ ਡੰਗ, ਰਾਜ ਰਾਜਾਨਾ ਆਪ ਉਠਾਇੰਦਾ । ਲੱਖ ਚੁਰਾਸੀ ਭੰਨੇ ਕਾਚੀ ਵੰਗ, ਕੋਈ ਨਾ ਕਿਸੇ ਬਚਾਇੰਦਾ । ਜਨ ਭਗਤਾਂ ਕਟੇ ਭੁੱਖ ਨੰਗ, ਨਾਮ ਵਸਤ ਹਰਿ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਰੀਤੀ ਸਾਚਾ ਰਾਹ ਚਲਾਇੰਦਾ । ਸਤਿਜੁਗ ਤੇਰਾ ਸਾਚਾ ਰਾਹ, ਪ੍ਰਭ ਸਾਚੇ ਮਾਤ ਚਲਾਵਣਾ । ਆਪੇ ਬਣੇ ਜਗਤ ਮਲਾਹ, ਚੱਪੂ ਨਾਮ ਲਗਾਵਣਾ । ਉਪਰ ਬੈਠੇ ਬੇਪਰਵਾਹ, ਦਿਸ ਕਿਸੇ ਨਾ ਆਵਣਾ । ਆਪ ਉਠਾਏ ਥਾਉਂ ਥਾਂ, ਗੁਰਮੁਖ ਸੋਇਆ ਕੋਇ ਰਹਿਣ ਨਾ ਪਾਵਣਾ । ਆਪਣੀ ਹੱਥੀਂ ਪਕੜੇ ਬਾਂਹ, ਚਰਨ ਕਵਲ ਚਰਨ ਪ੍ਰਭ ਆਪਣਾ ਦਰ ਸੁਹਾਵਣਾ । ਆਪੇ ਬਣੇ ਪਿਤਾ ਮਾਂ, ਬਾਲ ਅੰਵਾਣੇ ਗੋਦ ਉਠਾਵਣਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਦੇ ਮਤ ਤਤ ਸਮਝਾਵਣਾ । ਘਰ ਘਰ ਅੰਤਮ ਉਡਣੇ ਕਾਂ, ਲਜ ਪਤ ਨਾ ਕਿਸੇ ਰਖਾਵਣਾ । ਇਕ ਜਪਾਏ ਸਾਚਾ ਨਾਂ, ਪ੍ਰਭ ਸੋਹੰ ਧਾਰ ਵਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਤੇਰੀ ਬਣਤ ਬਣਾਵਣਾ । ਸਤਿਜੁਗ ਸਾਚੇ ਸਚ ਸੁਲਤਾਨ, ਸਾਚੀ ਸੇਵ ਕਮਾਈਆ । ਆਪੇ ਹੋਇਆ ਹਰਿ ਮਿਹਰਵਾਨ, ਹਰਿ ਜੋਤੀ ਮਾਤ ਪਰਗਟਾਈਆ । ਰਾਮ ਰਮਈਆ ਕ੍ਰਿਸ਼ਨ ਕਾਹਨ, ਭੇਖਾਧਾਰੀ ਭੇਖ ਨਾ ਰਾਈਆ । ਨਾਨਕ ਗੁਰ ਗੋਬਿੰਦ ਚਰਨ ਧਿਆਨ, ਰਸ ਰਸਨਾ ਰਹੇ ਗਾਈਆ । ਪਰਗਟ ਹੋਇਆ ਜੋਧਾ ਸੂਰ ਬਲੀ ਬਲਵਾਨ, ਨਿਹਕਲੰਕ ਨਾਉਂ ਰਖਾਈਆ । ਵਾਲੀ ਹਿੰਦ ਉਠ ਨਿਧਾਨ, ਪ੍ਰਭ ਸੋਇਆ ਰਿਹਾ ਜਗਾਈਆ । ਅੰਤਮ ਮੇਟੇ ਪੰਚ ਨਿਸ਼ਾਨ, ਪੰਚਾਂ ਡੋਰੀ ਹੱਥ ਫੜਾਈਆ । ਪੰਚਾਂ ਚਾੜ੍ਹੇ ਇਕ ਬਿਬਾਣ, ਪੰਚਾਂ ਮਾਤ ਵਧਾਈਆ । ਪੰਚ ਮੁਖ ਏਕਾ ਗਾਣ, ਪ੍ਰਭ ਸਾਚਾ ਇਕ ਜਣਾਈਆ । ਸੀਸ ਮੁਕਟ ਸ੍ਰੀ ਭਗਵਾਨ, ਬੀਸ ਬੀਸਾ ਰਿਹਾ ਆਪਣੇ ਸੀਸ ਟਿਕਾਈਆ । ਪੰਚਾਂ ਚਾੜ੍ਹੇ ਰੰਗ ਮਹਾਨ, ਉਤਰ ਕਦੇ ਨਾ ਜਾਈਆ । ਸੱਤਾਂ ਦੀਪਾਂ ਇਕ ਗਿਆਨ, ਵਰਭੰਡੀ ਆਪ ਰਖਾਈਆ । ਸਿੱਧੀ ਡੰਡੀ ਸ਼ਬਦ ਨਿਸ਼ਾਨ, ਸਾਚੀ ਝੰਡੀ ਮਾਤ ਚੜ੍ਹਾਈਆ । ਧਰਤ ਮਾਤ ਪ੍ਰਭ ਦੇਵੇ ਦਾਨ, ਸਾਢੇ ਤਿੰਨ ਹੱਥ ਬਣਤ ਬਣਾਈਆ । ਬਾਲ ਅੰਵਾਣੇ ਤੇਰਾ ਝੁੱਲੇ ਇਕ ਨਿਸ਼ਾਨ, ਪ੍ਰਭ ਅਬਿਨਾਸ਼ੀ ਆਪਣੀਂ ਹੱਥੀਂ ਦਏ ਚੜ੍ਹਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਜੁਗ ਜੁਗ ਆਪਣੀ ਰੀਤ ਚਲਾਈਆ । ਗੁਰਮੁਖ ਸਾਚੇ ਚਤਰ ਸੁਜਾਨ, ਆਪਣੇ ਸੰਗ ਰਲਾਈਆ । ਪੰਚਾਂ ਮੇਲਾ ਧੁਰ ਫ਼ਰਮਾਣ, ਕਲ ਅੰਤਮ ਜਨਮ ਦਵਾਈਆ । ਤ੍ਰੇਤਾ ਦੁਆਪਰ ਵਿਛੜੇ ਵਿਚ ਜਹਾਨ, ਕਲਜੁਗ ਮਿਲੇ ਮਾਤ ਵਡਿਆਈਆ । ਸੋਹੰ ਮਿਲਿਆ ਪੀਣ ਖਾਣ, ਸਤਿਜੁਗ ਸਾਚੀ ਰੁੱਤ ਸੁਹਾਈਆ । ਅੱਸੂ ਤਿੰਨ ਪ੍ਰਭ ਮਸਤਕ ਬਣੇ ਇਕ ਨਿਸ਼ਾਨ, ਜੋਤੀ ਨੂਰ ਇਕ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਸ਼ਬਦ ਸੋਟੀ ਹੱਥ ਕਰਤਾਰ, ਆਪਣੀ ਆਪ ਉਠਾਇੰਦਾ । ਤ੍ਰੈਲੋਕ ਪ੍ਰਭ ਪਾਵੇ ਸਾਰ, ਧਾਮ ਭੂਮਿਕਾ ਵੇਖ ਵਖਾਇੰਦਾ । ਲੋਕ ਪਰਲੋਕ ਪ੍ਰਭ ਰਿਹਾ ਸਵਾਰ, ਗੁਰਮੁਖ ਸਾਚੇ ਪਾਰ ਕਰਾਇੰਦਾ । ਚਰਨ ਜੋੜਾ ਅਪਰ ਅਪਾਰ, ਸ਼ਬਦ ਘੋੜਾ ਸੰਗ ਰਲਾਇੰਦਾ । ਵੇਖ ਨਾ ਸਕੇ ਕੋਈ ਵਿਚ ਸੰਸਾਰ, ਆਪਣੀ ਹੱਥੀਂ ਵਾਗ ਗੁੰਦਾਇੰਦਾ । ਚੌਥਾ ਪੌੜਾ ਕਰੇ ਤਿਆਰ, ਕਲਜੁਗ ਅੱਗੇ ਸੀਸ ਝੁਕਾਇੰਦਾ । ਸੰਮਤ ਸੋਲਾਂ ਮਾਰੇ ਪਹਿਲੀ ਵਾਰ, ਮੂੰਹ ਦੇ ਭਾਰ ਸੁਟਾਇੰਦਾ । ਪੁਰਖ ਅਬਿਨਾਸ਼ੀ ਹੋ ਤਿਆਰ, ਗੁਰ ਸੰਗਤ ਹੁਕਮ ਜਣਾਇੰਦਾ । ਸਾਚਾ ਮੇਲਾ ਚਰਨ ਦਵਾਰ, ਵੇਲਾ ਗਿਆ ਹੱਥ ਨਾ ਆਇੰਦਾ । ਨਾਰੀ ਨਰ ਹੋਏ ਖੁਆਰ, ਨਾ ਕੋਈ ਕਿਸੇ ਬਚਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸੋਲਾਂ ਸੋਲਾਂ ਕਲ ਵਰਤਾਇੰਦਾ ।

੫੩
੦੬

ਭੇਖ ਪਖੰਡਾ ਵਹਾਏ ਵਹਿੰਦੀ ਧਾਰ, ਏਕਾ ਧਾਰ ਵਹਾਇੰਦਾ । ਸ਼ਬਦ ਸਿੰਘਾਸਣ ਬੈਠ ਸੱਚੀ ਸਰਕਾਰ, ਸਾਚਾ ਮਾਰਗ ਇਕ ਵਖਾਇੰਦਾ । ਵਰਨ ਗੋਤ ਸਦ ਵਸੇ ਬਾਹਰ, ਮਾਤ ਗਰਭ ਕਦੇ ਨਾ ਆਇੰਦਾ । ਆਪੇ ਗੁਪਤ ਆਪੇ ਜ਼ਾਹਿਰ, ਸਰਬ ਘਟਾ ਆਪ ਸਮਾਇੰਦਾ । ਜਨ ਭਗਤਾਂ ਕਰੇ ਮਾਤ ਪਿਆਰ, ਤੀਰਥ ਤਟ ਵੇਖ ਵਖਾਇੰਦਾ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਮਤ ਤੇਰਾਂ ਨਾਨਕ ਧਾਰ, ਤੇਰੀ ਆਸ ਪੁਚਾਇੰਦਾ । ਨਾਨਕ ਤੇਰਾਂ ਤੇਰਾਂ ਗਾਇਆ । ਮੋਦੀ ਖਾਨਾ ਮਾਤ ਚਲਾਇਆ । ਪੁਰਖ ਅਬਿਨਾਸ਼ੀ ਦਇਆ ਕਮਾਇਆ । ਆਪ ਆਪਣੀ ਜੋਤ ਜਗਾਇਆ । ਸੋਹੰ ਕੰਡਾ ਨਾਲ ਲਿਆਇਆ । ਸਾਚਾ ਤੋਲਾ ਆਪ ਅਖਵਾਇਆ । ਲੱਖ ਚੁਰਾਸੀ ਤੇਰਾ ਮਾਇਆ ਡੋਲਾ, ਖੱਬੇ ਰਿਹਾ ਚੜ੍ਹਾਇਆ । ਗੁਰਸਿਖ ਤੇਰਾ ਰਸਨਾ ਗਾਇਆ ਸੋਹੰ ਢੋਲਾ, ਸੱਜੇ ਛਾਬੇ ਆਪ ਟਿਕਾਇਆ । ਦੋਹਾਂ ਬਣਿਆ ਆਪ ਵਿਚੋਲਾ, ਇਕ ਹੁਲਾਰਾ ਦਏ ਲਗਾਇਆ । ਤ੍ਰੈਗੁਣ ਮਾਇਆ ਸਤਿ ਤਤ ਤੇਰਾ ਭਾਰ ਰਤੀ ਹੋਏ ਸੋਲਾਂ, ਸੰਮਤ ਸੋਲਾਂ ਕਲ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਬਣਿਆ ਆਪੇ ਗੋਲਾ, ਦਰ ਦਰ ਘਰ ਘਰ ਜਾਏ ਲਏ ਜਗਾਇਆ ।

੫੪
੦੬

ਗੁਰਮੁਖ ਸਾਚੇ ਮਾਤ ਜਗਾਏ, ਦਿਵਸ ਰੈਣ ਵੈਰਾਗੀ । ਆਪ ਆਪਣੀ ਸੇਵਾ ਲਾਏ, ਸ੍ਰਿਸ਼ਟ ਸਬਾਈ ਰਿਹਾ ਤਿਆਗੀ । ਅੰਮ੍ਰਿਤ ਆਤਮ ਮੇਵਾ ਇਕ ਖਵਾਏ, ਹੰਸ ਬਣਾਏ ਕਾਗੀ । ਕੌਸਤਕ ਮਣੀਆ ਮਸਤਕ ਤਿਲਕ ਇਕ ਲਗਾਏ, ਸੁਰਤ ਸਵਾਣੀ ਸੋਈ ਜਿਸ ਜਨ ਜਾਗੀ । ਵਡ ਦੇਵੀ ਦੇਵ ਆਪ ਅਖਵਾਏ, ਹਰਿ ਸੰਗਤ ਸਾਚਾ ਮੇਲ ਮਿਲਾਏ, ਗੁਰਮੁਖਾਂ ਹੋਏ ਵਡ ਵਡ ਭਾਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਵਰਤੇ ਖੇਲ, ਨੌ ਖੰਡ ਪ੍ਰਿਥਮੀ ਚੜ੍ਹੇ ਤੇਲ, ਕਰੇ ਸਵਾਂਗ ਵਡ ਸਵਾਂਗੀ । ਪਹਿਲੀ ਅੱਸੂ ਪੰਜ ਤੀਸ, ਪੰਚਾਂ ਮਿਲੇ ਵਧਾਈਆ । ਪੰਚਮ ਜੋਤੀ ਬੀਸ ਇਕੀਸ, ਹਰਿ ਜਗਦੀਸ਼ ਵਿਚ ਸਮਾਈਆ । ਧੁਨ ਨਾਦ ਆਤਮਕ ਵੱਜੇ ਰਾਗ ਰਾਗ ਸੁਣਾਏ ਛਤੀਸ, ਸੁਣਾਵਣਹਾਰ ਆਪ ਅਖਵਾਈਆ । ਸ਼ਬਦ ਛਤਰ ਪ੍ਰਭ ਸਾਚੇ ਸੀਸ, ਪੰਚਮ ਮੁਖ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦਏ ਵਧਾਈਆ । ਪੰਜ ਤੀਸ ਹਰਿ ਚਰਨ ਉਠਾਉਣਾ, ਸ਼ਬਦੀ ਲੇਖ ਲਿਖਾਇੰਦਾ । ਆਉਂਦਾ ਜਾਂਦਾ ਕਿਸੇ ਦਿਸ ਨਾ ਆਉਣਾ, ਗੁਰਮੁਖ ਸਾਚੇ ਵਿਚ ਸਮਾਇੰਦਾ । ਨੇਤਰ ਨੈਣ ਜਿਸ ਜਨ ਦਰਸ਼ਨ ਪਾਉਣਾ, ਚਰਨ ਕਵਲ ਧਿਆਨ ਲਗਾਇੰਦਾ । ਸ਼ਬਦ ਸੁਨੇਹੜਾ ਦੇਵੇ ਪਵਣੀ ਪੌਣਾ, ਉਨੰਜਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲ ਸਮਰਥ, ਕਲਜੁਗ ਤੇਰਾ ਬੱਧਾ ਭਾਰ ਤੇਰੇ ਸੀਸ ਟਿਕਾਇੰਦਾ । ਪੰਜ ਤੀਸ ਕਰ ਤਿਆਰੀ, ਸ਼ਬਦ ਸਿੰਘਾਸਣ ਵੇਖ ਵਖਾਇੰਦਾ । ਗੁਰ ਸੰਗਤ ਕਰੇ ਨਿਮਸਕਾਰੀ, ਪ੍ਰਭ ਸਾਚਾ ਕਾਜ ਰਚਾਇੰਦਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਉਣਾ ਇਕ ਜੈਕਾਰੀ, ਏਕਾ ਤਾਜ ਆਪ ਭਵਾਇੰਦਾ । ਭਗਤ ਵਛਲ ਆਪ ਗਿਰਧਾਰੀ, ਕਲਜੁਗ ਮਾਇਆ ਜੂਠ ਝੂਠ ਗਵਰਧਨ ਆਪਣੇ ਹੱਥ ਟਿਕਾਇੰਦਾ । ਹਰਿ ਭਗਤਾਂ ਪੈਜ ਰਿਹਾ ਸਵਾਰੀ, ਧੰਨ ਧੰਨ ਜੋ ਜਨ ਰਸਨਾ

ਗਾਇੰਦਾ । ਮੋਰ ਮੁਕਟ ਹਰਿ ਛਤਰ ਝੁਲਾਰੀ, ਸਤਿਜੁਗ ਸਾਚਾ ਚੰਨ ਚੜ੍ਹਾਇੰਦਾ । ਚਾਰ ਵਰਨਾਂ ਇਕ ਦਵਾਰੀ, ਬੇੜਾ ਬੰਨ੍ਹ ਵਖਾਇੰਦਾ । ਏਕਾ ਸ਼ਬਦ ਹੋਏ ਜੈਕਾਰੀ, ਜੈ ਜੈਕਾਰ ਆਪ ਕਰਾਇੰਦਾ । ਦਾਤਾ ਜੋਧਾ ਹਰਿ ਭੰਡਾਰੀ, ਸ਼ਬਦ ਭੰਡਾਰਾ ਆਪ ਵਰਤਾਇੰਦਾ । ਗੁਰਮੁਖਾਂ ਆਈ ਕਲਜੁਗ ਅੰਤਮ ਵਾਰੀ, ਮਨਮੁਖ ਮੁਖ ਛੁਪਾਇੰਦਾ । ਦੋਹਾਂ ਪਾਵੇ ਆਤਮ ਸਾਰੀ, ਲਹਿਣਾ ਦੇਣਾ ਮੂਲ ਚੁਕਾਇੰਦਾ । ਮੜ੍ਹੀ ਗੋਰ ਮਨਮੁਖ ਸੁੱਤੇ ਪੈਰ ਪਸਾਰੀ, ਗੁਰਮੁਖ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤੀਸ ਆਪਣਾ ਕਰਮ ਕਮਾਇੰਦਾ । ਗੁਰ ਸੰਗਤ ਪ੍ਰਭ ਦਾਸੀ ਦਾਸ, ਸੇਵ ਕਮਾਈਆ । ਘਟ ਘਟ ਅੰਦਰ ਰੱਖੇ ਵਾਸ, ਭੇਵ ਕੋਈ ਨਾ ਪਾਈਆ । ਆਪੇ ਜੋਤੀ ਨੂਰ ਕਰੇ ਪਰਕਾਸ਼, ਆਪੇ ਸ਼ਬਦ ਧੁਨ ਉਪਜਾਈਆ । ਆਪ ਚਲਾਏ ਪਵਣ ਸਵਾਸ, ਪੰਜਾਂ ਤਤਾਂ ਵਿਚ ਟਿਕਾਈਆ । ਪੰਚਮ ਪੰਚਾਂ ਪਾਏ ਰਾਸ, ਦਹਿ ਦਿਸ਼ਾ ਵੇਖ ਵਖਾਈਆ । ਬਣਤ ਬਣਾਈ ਹੱਡ ਨਾੜੀ ਮਾਸ, ਪ੍ਰਭ ਸਾਚਾ ਜੋੜ ਜੁੜਾਈਆ । ਸਾਢੇ ਤਿੰਨ ਹੱਥ ਸੀਆਂ ਪ੍ਰਿਥਮੀ ਆਕਾਸ਼, ਚੌਦਾਂ ਹੱਟ ਵਿਚ ਰਖਾਈਆ । ਚੌਦਾਂ ਲੋਕ ਰੱਖੇ ਵਾਸ, ਅੰਦਰ ਬੈਠਾ ਕੁੰਡਾ ਲਾਈਆ । ਜੋ ਜਨ ਹੋਏ ਦਾਸੀ ਦਾਸ, ਦਾਸੀ ਦਾਸ ਵਿਚ ਸਮਾਈਆ । ਮੰਡਲ ਮੰਡਪ ਪ੍ਰਿਥਮੀ ਆਕਾਸ਼ ਵੇਖੇ ਰਾਸ, ਗੋਪੀ ਕਾਹਨ ਆਪ ਅਖਵਾਈਆ । ਲੇਖ ਚੁਕਾਏ ਦਸ ਦਸ ਮਾਸ, ਉਲਟਾ ਰੁੱਖ ਬਿਰਖ ਗਰਭਵਾਸ ਕਟਾਈਆ । ਗੁਰ ਪੂਰੇ ਗੁਰ ਸੰਗਤ ਬਲ ਬਲ ਜਾਸ, ਦੋਹਾਂ ਏਕਾ ਬਣਤ ਬਣਾਈਆ । ਹਰਿ ਸੰਗਤ ਹਰਿ ਦਾਸ, ਚਰਨ ਧਿਆਨ ਲਗਾਈਆ । ਸੰਗਤ ਹਰਿ ਹੋਵੇ ਪਾਸ, ਆਤਮ ਬ੍ਰਹਮ ਜਣਾਈਆ । ਸਾਚਾ ਮੇਲਾ ਵਿਚ ਪਰਭਾਸ, ਭੈਣ ਭਾਈ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੀ ਹੱਥੀਂ ਸੇਵ ਕਮਾਈਆ । ਸੇਵਾ ਕਰੇ ਚਾਰ ਜੁਗ, ਜੁਗ ਜੁਗ ਭੇਖ ਅਵੱਲਾ । ਕਲਜੁਗ ਔਧ ਗਈ ਪੁਗ, ਸੁੰਵਾ ਦਿਸਿਆ ਜਗਤ ਮਹੱਲਾ । ਮਾਇਆ ਮਮਤਾ ਗਈ ਝੁਕ, ਜੂਠਾ ਝੂਠਾ ਫਲ ਲੱਗਾ ਕਾਇਆ ਡੱਲਾ । ਧਰਤ ਮਾਤ ਤਨ ਗਿਆ ਸੁੱਕ, ਰੋ ਰੋ ਨੇਤਰ ਨੀਰ ਉਛਲਾ । ਯਤ ਸਤਿ ਕਲ ਗਿਆ ਮੁੱਕ, ਪੰਜ ਤਤ ਫੜਿਆ ਹੱਥ ਵਿਚ ਭੱਲਾ । ਜੀਵ ਜੰਤ ਸਾਧ ਸੰਤ ਮਦਿਰਾ ਮਾਸ ਪੀਂਦੇ ਹੁੱਕ, ਦੂਈ ਦਵੈਤ ਕਾਇਆ ਸੱਲਾ । ਜੰਗਲ ਜੂਹ ਉਜਾੜ ਪਹਾੜ ਮੰਦਰ ਅੰਦਰ ਬੈਠੇ ਲੁੱਕ, ਪ੍ਰਭ ਵੇਖ ਵਖਾਣੇ ਜਲ ਥਲਾ । ਸਤਿਜੁਗ ਸਾਚਾ ਵੇਲਾ ਗਿਆ ਢੁੱਕ, ਪ੍ਰਭ ਕਾ ਭਾਣਾ ਨਾ ਜਾਏ ਰੁਕ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਸੇਵਾ ਆਪ ਕਮਾਏ, ਸ੍ਰਿਸ਼ਟ ਸਬਾਈ ਪਏ ਤ੍ਰਥੱਲਾ । ਗੁਰ ਸੰਗਤ ਹਰਿ ਪਰਨਾਮ, ਆਈ ਚਰਨ ਦਵਾਰਿਆ । ਸਚ ਸੱਚਾ ਨਾਮ ਦਾਨ, ਸਚ ਕਰਾਏ ਵਣਜ ਵਪਾਰਿਆ । ਲੇਖੇ ਲਾਏ ਕਾਇਆ ਚਾਮ, ਪਹਿਲੀ ਅੱਸੂ ਦਇਆ ਕਮਾ ਰਿਹਾ । ਮਿਟੇ ਰੈਣ ਅੰਧੇਰੀ ਸ਼ਾਮ, ਪ੍ਰਭ ਦੀਪਕ ਜੋਤੀ ਆਪ ਜਗਾ ਰਿਹਾ । ਏਕਾ ਏਕ ਹਰੀ ਹਰਿ ਨਾਮ, ਦੂਸਰ ਕਾਮ ਨਾ ਕੋਈ ਛੁਡਾ ਰਿਹਾ । ਅੰਮ੍ਰਿਤ ਆਤਮ ਪੀਣਾ ਜਾਮ, ਦਸਮ ਦਵਾਰੀ ਆਪ ਪਿਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਆਉਣਾ ਜਾਣਾ ਲੇਖੇ ਲਾ ਰਿਹਾ । ਘਰ ਬਾਹਰ ਕਾਮ ਕਲ ਤੱਜ । ਕਲ ਚਰਨ ਦਵਾਰੇ ਆਏ ਭੱਜ । ਪ੍ਰਭ ਅਬਿਨਾਸ਼ੀ ਕਿਰਪਾ ਕਰੇ, ਅੰਮ੍ਰਿਤ ਆਤਮ ਭੰਡਾਰ ਭਰੇ ਦਿਵਸ ਰੈਣ ਪੀਣਾ ਰੱਜ । ਦੋਹਾਂ ਕਾਰਜ ਸਰਬ ਸਰੇ, ਪ੍ਰਭ ਪੜਦੇ ਦੇਵੇ ਕੱਜ । ਰਸਨਾ ਗਾਉਣਾ ਸੋਹੰ ਨਰ

ਹਰੇ, ਕਲਜੁਗ ਪ੍ਰਭ ਰੱਖਣਹਾਰਾ ਲਜ । ਗੋਬਿੰਦ ਹਰਿ ਏਕਾ ਦਰ ਦਵਾਰ ਖੜੇ, ਸਿੰਘ ਰੂਪ ਖੱਬੇ ਸੱਜੇ । ਸੰਬਲ ਨਗਰੀ ਨੌ ਦਰੇ, ਸ਼ਬਦ ਤਾਲ ਏਕਾ ਵੱਜੇ । ਪੁਰਖ ਅਬਿਨਾਸ਼ੀ ਗੁਰ ਗੋਬਿੰਦਾ ਆਪੇ ਵਰੇ, ਲੋਆਂ ਪੁਰੀਆਂ ਖੰਡ ਮੰਡਲ ਵਰਭੰਡ ਬ੍ਰਹਿਮੰਡ ਸ੍ਰਿਸ਼ਟ ਸਬਾਈ ਆਪ ਤਜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਸੇਵਾ ਆਪ ਕਮਾਏ, ਗੁਰ ਸੰਗਤ ਹੋਏ ਪਿੱਛੇ ਅੱਗੇ ।

ਚਤੁਰਭੁਜ ਅਨ ਰੰਗ, ਰੂਪ ਰੰਗ ਅਪਾਰਿਆ । ਸਰਬ ਜੀਆਂ ਪ੍ਰਭ ਸਾਚਾ ਸੰਗ, ਦਿਸ ਕਿਸੇ ਨਾ ਆ ਰਿਹਾ । ਜਨ ਭਗਤਾਂ ਤਨ ਮੰਦਰ ਵਜਾਏ ਇਕ ਮਰਦੰਗ, ਦਿਵਸ ਰੈਣ ਵਜਾ ਰਿਹਾ । ਅੰਮ੍ਰਿਤ ਆਤਮ ਨੁਹਾਏ ਸਾਚੀ ਗੰਗ, ਸਰ ਸਰੋਵਰ ਇਕ ਵਖਾ ਰਿਹਾ । ਕਲਜੁਗ ਔਧ ਗਈ ਲੰਘ, ਭੇਖਾਧਾਰੀ ਭੇਖ ਵਟਾ ਰਿਹਾ । ਸ੍ਰਿਸ਼ਟ ਸਬਾਈ ਭੁੱਖ ਨੰਗ, ਨਾਮ ਦਾਨ ਨਾ ਕੋਇ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਵਾਲੀ ਹਿੰਦ ਆਪ ਉਠਾ ਰਿਹਾ । ਵਾਲੀ ਹਿੰਦ ਭਗਤ ਨਿਸ਼ਾਨ ਜਗਤ ਨਾਦਾਨ, ਪ੍ਰਭ ਸੋਇਆ ਮਾਤ ਜਗਾਇੰਦਾ । ਅੱਸੂ ਤਿੰਨ ਥਿਤ ਵਖਾਣ, ਜੋਤ ਸਰੂਪੀ ਦਰਸ ਵਖਾਇੰਦਾ । ਪਰਗਟ ਹੋਏ ਕ੍ਰਿਸ਼ਨਾ ਕਾਹਨ, ਰਾਮ ਰਮਈਆ ਆਪ ਅਖਵਾਇੰਦਾ । ਧਰਮ ਝੁਲਾਏ ਇਕ ਨਿਸ਼ਾਨ, ਸੱਤਾਂ ਦੀਪਾਂ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਇਕ ਗਿਆਨ, ਸੋਹੰ ਸਾਚਾ ਜਾਪ ਜਪਾਇੰਦਾ । ਸੰਮਤ ਸੋਲਾਂ ਮੇਟ ਮਿਟਾਏ ਤਟ ਤੀਰਥ ਜਗਤ ਇਸ਼ਨਾਨ, ਗੁਰ ਦਰ ਮੰਦਰ ਅੰਦਰ ਮੱਕਾ ਕਾਅਬਾ ਫੋਲ ਫੁਲਾਇੰਦਾ । ਸਰਬ ਜੀਆਂ ਪ੍ਰਭ ਜਾਣੀ ਜਾਣ, ਆਦਿ ਅੰਤ ਇਕ ਭਗਵਾਨ, ਲੋਕਮਾਤ ਮਾਰ ਝਾਤ, ਜੁਗ ਜੁਗ ਭੇਖ ਵਟਾਇੰਦਾ । ਚਾਰ ਵਰਨ ਕਰਾਏ ਇਕ ਜਮਾਤ, ਨਾਤਾ ਬੰਨ੍ਹੇ ਭੈਣ ਭਰਾਤ, ਸਤਿਜੁਗ ਸਾਚਾ ਰਾਹ ਵਖਾਇੰਦਾ । ਇਕ ਚਲਾਏ ਸਾਚੀ ਗਾਥ, ਪਰਗਟ ਹੋਏ ਹਰਿ ਤ੍ਰੈਲੋਕੀ ਨਾਥ, ਸਗਲਾ ਸਾਥ ਨਿਭਾਇੰਦਾ । ਲਹਿਣਾ ਦੇਣਾ ਚੁੱਕੇ ਜੀਵ ਜੰਤ ਸਾਧ ਸੰਤ ਗੁਰ ਪੀਰ ਸਾਢੇ ਤਿੰਨ ਤਿੰਨ ਹਾਥ, ਅੰਤਮ ਅੰਤ ਹਰਿ ਸਾਚਾ ਕੰਤ ਪੂਰਨ ਭਗਵੰਤ ਲਹਿਣਾ ਦੇਣਾ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਖੰਡਾ ਵਿਚ ਬ੍ਰਹਿਮੰਡਾਂ ਵੇਖ ਵਖਾਣੇ ਜੇਰਜ ਅੰਡਾਂ ਅਕਾਸ਼ ਪਰਕਾਸ਼ ਪੁਰਖ ਅਬਿਨਾਸ਼ੀ ਭਗਤ ਜਨਾਂ ਹੋਏ ਦਾਸੀ ਦਾਸ, ਸਾਚੇ ਮੰਡਲ ਪਾਵੇ ਰਾਸ, ਜੋਤ ਨਿਰੰਜਣ ਨੇਤਰ ਅੰਜਨ ਸ਼ਬਦ ਚਲਾਏ ਸਵਾਸ ਸਵਾਸ, ਲੇਖੇ ਲਾਏ ਹੱਡ ਨਾੜੀ ਮਾਸ, ਜਿਸ ਜਨ ਅਪਣੀ ਦਇਆ ਕਮਾਇੰਦਾ ।

❊ ਪਹਿਲੀ ਅੱਸੂ ੨੦੧੩ ਬਿਕ੍ਰਮੀ ਬਾਬਾ ਪਰਤਾਪ ਸਿੰਘ ਦੇ ਡੇਰੇ ਜਾ ਕੇ ਸ਼ਬਦ ਉਚਾਰਿਆ ਭੈਣੀ ਸਾਹਿਬ ਜ਼ਿਲਾ ਲੁਧਿਆਣਾ ❊

ਰਾਮ ਸਿੰਘ ਗੁਰ ਰਾਮ ਗੜ੍ਹ । ਪ੍ਰਭ ਅਬਿਨਾਸ਼ੀ ਵੇਖੇ ਅੰਦਰ ਵੜ । ਜੋਤ ਸਰੂਪ ਨਾ ਕੋਈ ਸੀਸ ਨਾ ਕੋਈ ਧੜ । ਨਾ ਕੋਈ ਮਾਤ ਪਤਾਲ ਆਕਾਸ਼ ਵੇਖ ਸਕੇ ਲੱਗੀ ਜੜ੍ਹ । ਸੰਤ ਜਨਾਂ ਸਦ ਵਸੇ ਅੰਦਰ, ਭਾਗ ਲਗਾਏ ਸਾਚੇ ਮੰਦਰ, ਜੋ ਜਨ ਸ਼ਬਦ ਚਹੁ ਅੱਖਰ ਜਾਇਣ ਪੜ੍ਹ । ਪੰਚਾਂ ਨਾਲ ਰਿਹਾ ਲੜ । ਪੰਚਾਂ ਜੋੜ ਜੁੜਾਏ, ਜੋਤ ਜਗਾਏ ਬਹੱਤਰ ਨੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤ ਸੁਹੇਲੇ

੫੭ ੦੬

ਆਪ ਬੰਨ੍ਹਾਏ ਆਪਣੇ ਲੜ । ਆਪਣੇ ਲੜ ਬੰਨ੍ਹਣਹਾਰ, ਜੁਗ ਜੁਗ ਹਰਿ ਭਗਵੰਤਾ । ਸੰਤ ਸੁਹੇਲੇ ਮੇਲਣਹਾਰਾ, ਦੇਵੇ ਦਾਨ ਜੀਆਂ ਜੰਤਾਂ । ਕਰਮ ਕੁਕਰਮਾਂ ਪਰਖਣਹਾਰਾ, ਭੇਖਾਧਾਰੀ ਭੇਖ ਵਟੰਤਾ । ਨਾਨਕ ਗੋਬਿੰਦ ਸ਼ਬਦ ਧਾਰ ਲਿਖਣਹਾਰਾ, ਸ੍ਰਿਸ਼ਟ ਸਬਾਈ ਸਾਚਾ ਕੰਤਾ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਜੋਤੀ ਜਾਮਾ ਭੇਖ ਧਰ, ਵੇਸ ਅਨੇਕ ਏਕ ਕਰ, ਕਰੇ ਖੇਲ ਆਦਿਨ ਅੰਤਾ । ਆਦਿ ਅੰਤ ਜਗਤ ਪ੍ਰਭ ਰੀਤੀ, ਜੁਗ ਜੁਗ ਕਰਦਾ ਆਇਆ । ਗੁਰਮੁਖਾਂ ਕਰੇ ਕਾਇਆ ਪਤਤ ਪੁਨੀਤੀ, ਆਪ ਆਪਣਾ ਦਰਸ ਦਿਖਾਇਆ । ਮਾਨਸ ਦੇਹੀ ਹਰਿਜਨ ਜੀਤੀ, ਰਸਨਾ ਹਰਿ ਹਰਿ ਗੁਣ ਗਾਇਆ । ਕਾਇਆ ਹੋਏ ਸੀਤਲ ਸੀਤੀ, ਗੋਬਿੰਦ ਗੋਬਿੰਦ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜੋਤੀ ਭੇਖ ਧਰ, ਸਤਿਜੁਗ ਸਾਚੇ ਜੀਵ ਜੰਤ ਸਭ ਭਾਂਡੇ ਕਾਚੇ, ਸਾਚੀ ਸਰਨ ਲਗਾਏ ਲਏ ਤਰਾਇਆ । ਸਤਿਗੁਰ ਸਾਚਾ ਹੱਟ ਹੈ, ਖੋਲ੍ਹੇ ਵਿਚ ਸੰਸਾਰ । ਨਾਮ ਰਖਾਏ ਸਾਚਾ ਪੱਟ ਹੈ, ਗੁਰਮੁਖਾਂ ਕਰੇ ਤਨ ਸ਼ਿੰਗਾਰ । ਗੁਰ ਚਰਨ ਤੀਰਥ ਸਾਚਾ ਤੱਟ ਹੈ, ਗੁਰਮੁਖ ਨੁਹਾਵਣ ਉਤਰਨ ਪਾਰ । ਆਪੇ ਜਾਣੇ ਘਟ ਘਟ ਹੈ, ਆਪੇ ਅੰਦਰ ਆਪੇ ਬਾਹਰ । ਆਪੇ ਜੋਤ ਜਗਾਏ ਲਟ ਲਟ ਹੈ, ਆਪੇ ਦੇਵੇ ਸ਼ਬਦ ਧੁਨਕਾਰ । ਭਾਗ ਲਗਾਏ ਕਾਇਆ ਮੱਟ ਹੈ, ਜਿਸ ਜਨ ਕਿਰਪਾ ਦੇਵੇ ਧਾਰ । ਦੁਰਮਤ ਮੈਲ ਦੇਵੇ ਕੱਟ ਹੈ, ਜਿਸ ਜਨ ਦੇਵੇ ਚਰਨ ਪਿਆਰ । ਸ਼ਬਦ ਮਾਰੇ ਏਕਾ ਸੱਟ ਹੈ, ਬਜਰ ਕਪਾਟੀ ਪੱਥਰ ਦੇਵੇ ਪਾੜ । ਸਿੰਘ ਰਾਮ ਕਲਜੁਗ ਜੀਆਂ ਕੱਢੇ ਭਰਮਾਂ ਵੱਟ ਹੈ, ਪਰਗਟ ਹੋਏ ਵਿਚ ਸੰਸਾਰ । ਸੰਤ ਸੁਹੇਲੇ ਲਾਹਾ ਰਹੇ ਖੱਟ ਹੈ, ਕਲਜੁਗ ਤੇਰੀ ਅੰਤਮ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਧਾਮ ਅਪਾਰ । ਧਾਮ ਅਵੱਲਾ, ਪ੍ਰਭ ਸਾਚੀ ਜੋਤ ਜਗਾਇੰਦਾ । ਗੁਰਮੁਖ ਵਸਾਏ ਇਕ ਮਹੱਲਾ, ਹਰਿ ਹਰਿ ਸੇਵਾ ਲਾਇੰਦਾ । ਆਪੇ ਜਾਣੇ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਇੰਦਾ । ਲੱਖ ਚੁਰਾਸੀ ਆਪੇ ਚਬਾਏ ਆਪਣੀ ਦਾੜ੍ਹਾ, ਵਰਤੇ ਖੇਲ ਸਤਾਰਾਂ ਹਾੜਾ, ਸੰਮਤ ਸੋਲਾਂ ਹਾਹਾਕਾਰ ਸ੍ਰਿਸ਼ਟ ਮਾਤ ਕਰਾਇੰਦਾ । ਗੁਰਮੁਖ ਸਾਚਾ ਸਾਚਾ ਲਾੜਾ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਗੁਰ ਗੋਬਿੰਦਾ ਸਗਲੀ ਲਾਹੇ ਚਿੰਦਾ, ਆਪ ਆਪਣੀ ਸੇਵ ਕਮਾਇੰਦਾ । ਸਿੰਘ ਪਰਤਾਪ ਹਰਿ ਸਾਚਾ ਜਾਪ, ਆਪ ਪਛਾਣੇ ਆਪਾ ਆਪ, ਨਾ ਭੇਵ ਕੋਈ ਛੁਪਾਇੰਦਾ । ਲੋਕਮਾਤ ਵਡ ਪਰਤਾਪ, ਜਿਸ ਜਨ ਸੀਸ ਆਪਣਾ ਹੱਥ ਟਿਕਾਇੰਦਾ । ਤ੍ਰੈਗੁਣ ਮਾਇਆ ਰਹੀ ਕਾਂਪ, ਬ੍ਰਹਮਾ ਵਿਸ਼ਨ ਮਹੇਸ਼ ਸੀਸ ਦਰ ਝੁਕਾਇੰਦਾ । ਮਾਇਆ ਡੱਸਣੀ ਨਾ ਡੱਸੇ ਸਾਂਪ, ਏਕਾ ਸ਼ਬਦ ਸਾਚੀ ਵਸਤ ਆਤਮ ਝੋਲੀ ਪਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਹੰਸ ਬਣਾਏ ਫੜ ਫੜ ਕਾਗ, ਆਤਮ ਜੋਤੀ ਜਗੇ ਚਿਰਾਗ, ਧੁਨ ਅਨਾਦੀ ਬੋਧ ਅਗਾਧੀ ਸ਼ਬਦੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਸਿੰਘ ਗੁਰ ਸਾਚਾ ਗੜ੍ਹ, ਸ਼ਬਦ ਸਰੂਪੀ ਵੇਖੇ ਅੰਦਰ ਵੜ, ਜਗਤ ਵਿਕਾਰਾ ਜਾਏ ਸੜ, ਸਾਂਤਕ ਸਤਿ ਜੋ ਵਰਤਾਇੰਦਾ । ਸਤਿ ਸਤਿ ਵਰਤੇ, ਹਰਿ ਵਰਤਾਵਣਹਾਰਾ । ਜਨ ਭਗਤਾਂ ਰੱਖੇ ਪਤ ਉਪਰ ਧਰਤੇ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਸਤਿਗੁਰ ਸਾਚੇ ਸਰਨ ਸਰਨਾਈ ਪਰਤੇ, ਜੀਵ ਜੰਤ ਜਗ ਉਤਰੇ ਪਾਰਾ । ਗੁਰਮੁਖ ਸਾਚੇ ਸੰਤ ਜਨ ਪ੍ਰਭ ਭਾਣਾ ਸਿਰ ਤੇ ਜਰਤੇ, ਆਦਿ ਅੰਤ ਜੁਗਾ ਜੁਗੰਤ ਪੂਰਨ ਭਗਵੰਤ ਸਾਧ ਸੰਤ ਕਰੇ ਸ਼ਬਦ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਵੇਖੇ ਸਚ ਘਰ, ਸਾਚਾ ਵਣਜ ਕਰੇ ਕਰਾਏ ਨਾਮ ਅਪਾਰਾ । ਆਉਣਾ ਜਾਣਾ ਵਲ

ਛਲ, ਅਚਰਜ ਰੀਤ ਚਲਾਈਆ । ਖੇਲੇ ਖੇਲ ਘੜੀ ਘੜੀ ਪਲ ਪਲ, ਸ਼ਬਦ ਸਿੰਘਾਸਣ ਡੇਰਾ ਲਾਈਆ । ਜੋਤ ਨਿਰੰਜਣ ਰਹੀ ਬਲ, ਅਗਿਆਨ ਅੰਧੇਰ ਮਿਟਾਈਆ । ਗੁਰ ਸੰਗਤ ਜੋ ਜਾਏ ਰਲ, ਗੁਰ ਪੂਰਾ ਸਾਚੀ ਨਈਆ ਨਾਮ ਚੜ੍ਹਾਈਆ । ਸਾਚੇ ਸੰਤ ਹਰਿ ਜਾਏ ਬਲ ਬਲ, ਏਕਾ ਟੇਕ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸਚ ਘਰ, ਬੰਦ ਕਿਵਾੜ ਕਵਣ ਕਰਾਈਆ । ਸਤਿਗੁਰ ਸਾਚਾ ਧੰਨ ਹੈ, ਹੋਏ ਸ਼ਬਦ ਜੈਕਾਰ । ਜਿਸ ਜਨ ਆਤਮ ਗਿਆ ਮੰਨ ਹੈ, ਦੋ ਜਹਾਨਾਂ ਬੇੜਾ ਪਾਰ । ਚੇਲਾ ਗੁਰੂ ਧੰਨ ਹੈ, ਮੇਲਾ ਇਕ ਦਵਾਰ । ਨਾ ਵਸੇਰਾ ਛੱਪਰੀ ਛੰਨ ਹੈ, ਨਾ ਕੋਈ ਬੰਕ ਦਵਾਰ । ਸੱਚਾ ਦੇਵੇ ਨਾਮ ਧਨ ਹੈ, ਕੋਈ ਲੁੱਟੇ ਨਾ ਚੋਰ ਯਾਰ । ਰਾਗ ਸੁਣੇ ਸੁਣਾਏ ਸਾਚਾ ਕੰਨ ਹੈ, ਧੁਨ ਅਨਾਦੀ ਅਗੰਮ ਅਪਾਰ । ਸਭ ਦਾ ਬੇੜਾ ਰਿਹਾ ਬੰਨ੍ਹ ਹੈ, ਭੇਖਾਧਾਰੀ ਭੇਖ ਅਪਾਰ । ਜੋਤੀ ਜੋਤ ਸਰੂਪ ਹਰਿ, ਆਏ ਦਰ ਵੇਖੇ ਸਰ, ਚੁੱਕੇ ਡਰ ਨੌ ਦਵਾਰੇ ਵਸੇ ਬਾਹਰ । ਪਹਿਲੀ ਅੱਸੂ ਵੀਹ ਸੌ ਤੇਰਾਂ, ਤੇਰੀ ਰੁਤ ਸੁਹਾਈਆ । ਸਾਧ ਭੈਣੀ ਦਰ ਸਾਚਾ ਫੇਰਾ, ਹਰਿ ਹਰਿ ਆਪੇ ਪਾਈਆ । ਗਊ ਗਰੀਬ ਨਿਮਾਣਿਆਂ ਕਟੇ ਜਮ ਕਾ ਜੇੜਾ, ਫੜ ਫੜ ਰਾਹੇ ਪਾਈਆ । ਅੰਤਮ ਕਰੇ ਸਚ ਨਿਬੇੜਾ, ਸਾਚਾ ਪੱਲਾ ਨਾਮ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਮੇਲਾ ਲਏ ਮਿਲਾਇਆ ।



### ❊ ੨ ਅਸੂ ੨੦੧੩ ਬਿਕ੍ਰਮੀ ਗੱਜਣ ਸਿੰਘ ਦੇ ਗ੍ਰਿਹਿ ਅੰਬਾਲਾ ਛਾਉਣੀ ❊

੫੮
੦੬

ਹਰਿ ਸਾਜਣ ਜਗ ਮੀਤ, ਜੁਗ ਜੁਗ ਕਰਮ ਕਮਾਇੰਦਾ । ਜਨ ਭਗਤਾਂ ਦੱਸੇ ਸਾਚੀ ਰੀਤ, ਮਨਮੁਖ ਭਰਮ ਭੁਲਾਇੰਦਾ । ਸ਼ਬਦ ਸੁਣਾਏ ਸੁਹਾਗੀ ਗੀਤ, ਗੋਬਿੰਦ ਕਾਇਆ ਰੂਪ ਸਮਾਇੰਦਾ । ਆਪੇ ਕਰੇ ਪਤਤ ਪੁਨੀਤ, ਨੀਤ ਅਨੀਤੀ ਵੇਖ ਵਖਾਇੰਦਾ । ਅੰਮ੍ਰਿਤ ਧਾਰਾ ਕਾਇਆ ਕਰੇ ਠੰਢੀ ਸੀਤ, ਨਿਝਰ ਝਿਰਨਾ ਆਪ ਝਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਜਾਮਾ ਭੇਖ ਧਰ, ਹਰਿਜਨ ਸੋਏ ਆਪ ਜਗਾਇੰਦਾ । ਗੁਰਮੁਖ ਸੋਏ ਮਾਤ ਜਗਾਏ, ਬਖ਼ਸ਼ੇ ਚਰਨ ਪਿਆਰਾ । ਏਕਾ ਏਕ ਨਾਮ ਜਪਾਏ, ਕਾਇਆ ਤਨ ਭਰੇ ਭੰਡਾਰਾ । ਜਨਮ ਕਰਮ ਪ੍ਰਭ ਆਪਣੇ ਲੇਖੇ ਲਾਏ, ਦਰਸ ਦਿਖਾਏ ਅਗੰਮ ਅਪਾਰਾ । ਨੇਤਰ ਪੇਖੇ ਜੋ ਜਨ ਦਰਸ਼ਨ ਪਾਏ, ਲੱਖ ਚੁਰਾਸੀ ਉਤਰੇ ਪਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਲੋਕਮਾਤ ਲਏ ਅਵਤਾਰਾ । ਲੋਕਮਾਤ ਪ੍ਰਭ ਜਾਮਾ ਧਾਰ, ਨੂਰੀ ਜੋਤ ਜਗਾਈਆ । ਸ਼ਬਦ ਭਰਿਆ ਇਕ ਭੰਡਾਰ, ਗੁਰਮੁਖਾਂ ਰਿਹਾ ਵਰਤਾਈਆ । ਦੇਵਣਹਾਰਾ ਵਾਰੋ ਵਾਰ, ਆਪਣੀ ਰੀਤੀ ਆਪਣੇ ਹੱਥ ਰਖਾਈਆ । ਭਰਮੇ ਭੁੱਲੇ ਜੀਵ ਗਵਾਰ, ਪੁਰਖ ਅਬਿਨਾਸ਼ੀ ਸਾਰ ਨਾ ਪਾਈਆ । ਮਾਇਆ ਰੁੱਲੇ ਤਨ ਹੰਕਾਰ, ਕਾਮ ਕਰੋਧ ਅਗਨ ਜਲਾਈਆ । ਦਰ ਦਵਾਰਾ ਏਕਾ ਭੁੱਲੇ, ਪਰਗਟ ਹੋਏ ਹਰਿ ਗਿਰਧਾਰ, ਸ਼ਬਦ ਖੰਡਾ ਹੱਥ ਉਠਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਬ੍ਰਹਿਮੰਡਾਂ ਖੋਜ ਖੁਜਾਈਆ । ਕਰੋੜ ਤੇਤੀਸਾ ਦੇਵਤ ਸੁਰ ਕਰੇ ਪੁਕਾਰ, ਦੋਏ ਜੋੜ ਸਰਨ ਸਰਨਾਈਆ । ਬ੍ਰਹਮਾ ਸ਼ਿਵ ਰਹੇ ਵਿਚਾਰ, ਪ੍ਰਭ ਅਚਰਜ ਬਣਤ ਬਣਾਈਆ । ਅੰਤਮ ਵੇਲੇ ਆਏ ਹਾਰ, ਹਰਿ ਹਰਿ ਭੇਵ ਅਭੇਦ ਭੇਵ ਨਾ ਰਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਅਛਲ ਅਛੇਦ ਇਕ ਕਰਾਈਆ । ਲੱਖ ਚੁਰਾਸੀ ਮਾਰੇ ਮਾਰ, ਗੁਰਮੁਖ ਸਾਚੇ ਲਏ ਤਰਾਈਆ ।

ਕਲਜੁਗ ਅੰਤਮ ਕਰੇ ਵਿਹਾਰ, ਸੰਮਤ ਤੇਰਾਂ ਰੁੱਤ ਸੁਹਾਈਆ । ਨਾਨਕ ਤੇਰੀ ਤੇਰਾਂ ਧਾਰ, ਪਹਿਲੀ ਅੱਸੂ ਆਪ ਲਿਖਾਈਆ । ਸਿੰਘ ਰਾਮ ਤੇਰਾ ਵੇਖੇ ਦਰ ਦਰਬਾਰ, ਅੰਦਰ ਮੰਦਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਸਰੂਪੀ ਸਾਚੇ ਮੇਲੇ ਜੋਤੀ ਜੋਤ ਮਿਲਾਈਆ । ਸ਼ਬਦ ਮੇਲਾ ਸਚ ਦਵਾਰ, ਕਰੇ ਕਰਾਏ ਹਰਿ ਨਿਰੰਕਾਰਿਆ । ਗੁਰਮੁਖ ਵਿਰਲਾ ਹੋਵੇ ਸੇਵਾਦਾਰ, ਸੇਵਕ ਸੇਵਾ ਰਸਨ ਲਗਾ ਰਿਹਾ । ਸਾਚੀ ਸੇਵਾ ਦਰ ਦਰਬਾਰ, ਰਸਨਾ ਭੇਵ ਅਭੇਵ ਗਾ ਰਿਹਾ । ਮਿਲੇ ਮੇਲ ਹਰਿ ਪੁਰਖ ਭਤਾਰ, ਗੁਰਮੁਖ ਨਾਰੀ ਆਪ ਪਰਨਾ ਰਿਹਾ । ਆਤਮ ਸੇਜਾ ਸੁੱਤਾ ਪੈਰ ਪਸਾਰ, ਆਪ ਆਪਣਾ ਮੁਖ ਛੁਪਾ ਰਿਹਾ । ਗੁਰਮੁਖਾਂ ਸੁਹਾਏ ਸਾਚੀ ਰੁੱਤਾ, ਹਉਮੇ ਦੁੱਖਾਂ ਰੋਗ ਮਿਟਾ ਰਿਹਾ । ਸੁਫਲ ਕਰਾਏ ਮਾਤ ਕੁੱਖਾ, ਜਿਸ ਜਨ ਆਪਣੀ ਸਰਨ ਲਗਾ ਰਿਹਾ । ਦਰ ਦਵਾਰੇ ਜੋ ਜਨ ਆਏ ਦਰਸ਼ਨ ਭੁੱਖਾ, ਨੇਤਰ ਲੋਚਨ ਨੈਣ ਤੀਜੇ ਦਰਸ ਦਿਖਾ ਰਿਹਾ । ਮਾਤ ਗਰਭ ਨਾ ਆਏ ਉਲਟਾ ਰੁੱਖਾ, ਲੱਖ ਚੁਰਾਸੀ ਫੰਦ ਕਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਘਰ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਹਰਿਜਨ ਸਾਚਾ ਇਕ ਹੈ, ਜੁਗ ਜੁਗ ਅਵੱਲੜੀ ਕਾਰ । ਗੁਰਮੁਖਾਂ ਕਾਇਆ ਕਰੇ ਸਦਾ ਬਿਬੇਕ ਹੈ, ਦੇਵੇ ਸ਼ਬਦ ਅਧਾਰ । ਏਕਾ ਏਕ ਸਰਨ ਸਰਨਾਈ ਸਾਚੀ ਟੇਕ ਹੈ, ਚਰਨ ਕਵਲ ਅਧਾਰ । ਮਨਮੁਖ ਰਹੇ ਵੇਖੀ ਵੇਖ ਹੈ, ਕਲਜੁਗ ਅੰਤਮ ਆਈ ਹਾਰ । ਅੰਤਮ ਮਿਟਣੀ ਸਭ ਦੀ ਰੇਖ ਹੈ, ਨਾ ਕੋਈ ਦੀਸੇ ਵਿਚ ਸੰਸਾਰ । ਜੋਤੀ ਜਾਮਾ ਹਰਿ ਹਰਿ ਭੇਖ ਹੈ, ਗੁਰ ਗੋਬਿੰਦਾ ਪਾਵੇ ਸਾਰ । ਗੁਰਮੁਖ ਵਿਰਲਾ ਨੇਤਰ ਲਏ ਪੇਖ ਹੈ, ਜਿਸ ਜਨ ਆਪਣੀ ਕਿਰਪਾ ਦੇਵੇ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਇਕ ਦਰ, ਪੂਰਬ ਕਰਮਾਂ ਰਿਹਾ ਵਿਚਾਰ । ਜਨਮ ਕਰਮ ਪ੍ਰਭ ਹੱਥ, ਪੂਰਬ ਲਹਿਣਾ ਚੁਕਾਇੰਦਾ । ਸਰਬ ਕਲ ਸਮਰਥ, ਸਗਲ ਵਸੂਰੇ ਜਾਇਣ ਲੱਥ, ਜੋ ਜਨ ਆਤਮ ਦਰਸ਼ਨ ਪਾਇੰਦਾ । ਨਾਦ ਅਨਾਦਾ ਸ਼ਬਦ ਅਕੱਥ, ਪੰਚਮ ਪੰਚਾਂ ਰਾਗ ਅਲਾਇੰਦਾ । ਪੰਚ ਵਿਕਾਰਾ ਦੇਵੇ ਮਥ, ਸਾਚਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਆਪਣੇ ਰੰਗ ਰੰਗਾਇੰਦਾ । ਸ਼ਬਦ ਰੰਗ ਗੁਰਮੁਖ ਮੰਗ, ਅੰਤਮ ਅੰਤ ਰੰਗਾਇੰਦਾ । ਸ਼ਬਦ ਘੋੜੇ ਕਸ ਤੰਗ, ਸਾਧ ਸੰਤ ਗੁਰ ਪੀਰ ਦਰ ਦਰ ਵੇਖ ਵਖਾਇੰਦਾ । ਦਸਮ ਦਵਾਰੀ ਕੋਈ ਨਾ ਬੈਠਾ ਅੱਗੇ ਲੰਘ, ਮਾਇਆ ਭਰਮੇ ਭਰਮ ਭੁਲਾਇੰਦਾ । ਸ਼ਬਦ ਸਰੂਪੀ ਇਕ ਪਲੰਘ, ਪ੍ਰਭ ਸਾਚੀ ਸੇਜ ਵਿਛਾਇੰਦਾ । ਨਾ ਕੋਈ ਭੁੱਖ ਨਾ ਕੋਈ ਨੰਗ, ਆਲਸ ਨਿੰਦਰਾ ਤ੍ਰਿਸ਼ਨਾ ਤ੍ਰਿਖ ਮਿਟਾਇੰਦਾ । ਸ਼ਬਦ ਵੱਜੇ ਇਕ ਮਰਦੰਗ, ਨਾਦ ਅਨਾਦਾ ਆਪ ਵਜਾਇੰਦਾ । ਗੁਰਮੁਖ ਵਿਰਲਾ ਹਰਿ ਸੰਤ ਸੁਹੇਲਾ ਚਰਨ ਦਵਾਰ ਪਾਰ ਜਾਏ ਲੰਘ, ਏਕਾ ਦਰ ਏਕਾ ਘਰ ਅੰਮ੍ਰਿਤ ਆਤਮ ਸਾਚਾ ਸਰ ਸਾਚੇ ਨੁਹਾਵਣ ਤੀਰਥ ਆਪ ਨੁਹਾਇੰਦਾ । ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਚੁੱਕੇ ਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਾਇਆ ਮਨ ਦੇਵੇ ਨਾਮ ਧਨ, ਭਰਮ ਭਉ ਕੱਢੇ ਜਨ, ਦਰਸ ਦਰਸੀ ਆਪ ਵਖਾਇੰਦਾ । ਦਰਸ ਅਮੋਘ ਧੁਰ ਸੰਜੋਗ, ਜੁਗ ਜੁਗ ਮੇਲ ਮਿਲਾਇੰਦਾ । ਰਸਨਾ ਦੇਵੇ ਸਾਚੀ ਚੋਗ, ਆਤਮ ਰਸ ਵਖਾਇੰਦਾ । ਨਾ ਕੋਈ ਹਰਖ ਨਾ ਕੋਈ ਸੋਗ, ਏਕਾ ਰੰਗ ਰੰਗਾਇੰਦਾ । ਧੁਰਦਰਗਾਹੀ ਬਖਸ਼ੇ ਸਾਚਾ ਜੋਗ, ਜੁਗਤ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਵਾਰੇ ਆਪੇ ਭੁਗਤ, ਭਗਤ ਭਗਵੰਤ

੫੯
੦੬

ਕੰਤ ਸੰਤ ਏਕਾ ਸੇਜ ਹੰਢਾਇੰਦਾ । ਸੰਤ ਕੰਤ ਸ਼ਬਦੀ ਨਾਤਾ, ਜੋਤੀ ਮੇਲ ਮਿਲਾਈਆ । ਮਿਲੇ ਮੇਲ ਹਰਿ ਪੁਰਖ ਬਿਧਾਤਾ, ਜੋਤ ਨਿਰੰਜਣ ਤੇਲ ਚੜ੍ਹਾਈਆ । ਏਕਾ ਪਿਤਾ ਏਕਾ ਮਾਤਾ, ਜਨ ਭਗਤਾਂ ਦੇਵੇ ਸਾਚੀ ਦਾਤਾ, ਜੁਗ ਜੁਗ ਆਪਣਾ ਭੇਖ ਵਟਾਈਆ । ਕਲਜੁਗ ਵੇਖੇ ਰੈਣ ਅੰਧੇਰੀ ਰਾਤਾ, ਮਾਇਆ ਮਮਤਾ ਝੂਠਾ ਨਾਤਾ, ਭੁੱਲੀ ਸਰਬ ਲੁਕਾਈਆ । ਚਾਰ ਵਰਨ ਸੁਣਾਏ ਏਕਾ ਗਾਥਾ, ਪਰਗਟ ਹੋਏ ਤ੍ਰੈਲੋਕੀ ਨਾਥਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਾਏ ਜੋਤ ਸਭਨੀਂ ਥਾਈਂਆ । ਗੁਰਮੁਖ ਵਡਿਆਈ ਧੰਨ ਹੈ, ਧੰਨ ਪਾਇਆ ਹਰਿ ਹਰਿ ਨਾਮਾ । ਹਰਿ ਭਗਤ ਵਡਿਆਈ ਧੰਨ ਹੈ, ਜਨ ਮਿਲਿਆ ਗੋਬਿੰਦ ਰਾਮਾ । ਸਾਚਾ ਰਾਗ ਸੁਣਨਾ ਕੰਨ ਹੈ, ਮਿਟੇ ਰੈਣ ਅੰਧੇਰੀ ਸ਼ਾਮਾ । ਜਗੇ ਜੋਤ ਕਾਇਆ ਤਨ ਹੈ, ਵੱਜੇ ਅਨਹਦ ਸ਼ਬਦ ਦਮਾਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰਮੁਖ ਬਾਲ ਅੰਞਾਣਿਆ । ਦੇਵੇ ਨਾਮ ਅੰਮ੍ਰਿਤ ਆਤਮ ਸੱਚਾ ਜਾਮ ਧੁਰ ਦਰਗਾਹੀ ਸੱਚਾ ਤਾਮਾ । ਨਾਮ ਤਾਮ ਜਗਤ ਧਰਵਾਸ, ਦੇਵਣਹਾਰ ਦਾਤਾਰਾ । ਨਿਝ ਘਰ ਆਤਮ ਰੱਖੇ ਵਾਸ, ਹਰ ਘਟ ਰੂਪ ਪਸਾਰਾ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਪੁਰਖ ਅਗੰਮ ਅਗੰਮੜੀ ਕਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਖੇਲੇ ਖੇਲ ਨਿਹਕਲੰਕ ਨਰਾਇਣ ਨਰ ਅਵਤਾਰਾ ।



ਚਾਰ ਕੁੰਟ ਦਹਿ ਦਿਸ਼ਾ, ਹਰਿ ਸਾਚਾ ਵੇਖ ਵਖਾਇੰਦਾ । ਕਲਜੁਗ ਅੰਤਮ ਪਾਏ ਹਿੱਸਾ, ਨੌ ਖੰਡ ਪ੍ਰਿਥਮੀ ਵੰਡ ਵੰਡਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਾਲੀ ਦੋ ਜਹਾਨਾਂ ਖਾਲੀ ਕਰੇ ਖੀਸਾ, ਦਰ ਦਰ ਘਰ ਘਰ ਅੰਤ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਲੋਕਮਾਤ ਕਿਸੇ ਨਾ ਦਿਸਾ, ਆਪ ਆਪਣੇ ਰੰਗ ਸਮਾਇੰਦਾ । ਆਪ ਆਪਣੇ ਰੰਗ ਸਮਾਇਆ, ਗੋਬਿੰਦ ਰੂਪ ਅਕਾਲੀ । ਗੁਰਮੁਖ ਸਾਚਾ ਸੰਤ ਜਗਾਏ, ਦੇਵੇ ਸ਼ਬਦ ਦਲਾਲੀ । ਪਾਰਬ੍ਰਹਮ ਬ੍ਰਹਮ ਮੇਲ ਮਿਲਾਏ, ਦੀਪਕ ਜੋਤ ਜਗੇ ਮਸਤਕ ਗਗਨ ਸਾਚੀ ਥਾਲੀ । ਵਰਨ ਗੋਤ ਗੋਤ ਵਰਨ ਕਲ ਮੇਟ ਮਿਟਾਏ ਜਗਤ ਅਵੱਲੜੀ ਚਾਲੀ । ਏਕਾ ਓਟ ਹਰਿ ਰਘੁਰਾਏ, ਫਲ ਲਗਾਏ ਕਾਇਆ ਡਾਲ੍ਹੀ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਲ੍ਹਣਿਓ ਡਿੱਗੇ ਬੋਟ, ਲੋਕਮਾਤ ਨਾ ਕੋਇ ਉਠਾਏ । ਤੀਰਥ ਤੱਟਾਂ ਭੇਖਾਧਾਰੀ ਫਿਰਦੇ ਕੋਟਨ ਕੋਟ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਾਚੇ ਮੰਦਰ ਅੰਦਰ ਕਿਸੇ ਦਿਸ ਨਾ ਆਏ । ਜੋਤੀ ਜਗੇ ਬੈਰਾਗ ਉਦਾਸੀ ਰਮਤਾ ਰਮਤਾ ਮਾਇਆ ਮਮਤਾ ਪੀਸਣ ਪੀਸ ਪਿਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਰੂਪ ਸਮਾਏ । ਗੋਬਿੰਦ ਕਾਇਆ ਸਚ ਘਰ, ਹਰਿ ਸਾਚੀ ਜੋਤ ਜਗਾਈਆ । ਆਪ ਖੁਲ੍ਹਾਇਆ ਆਤਮ ਦਰ, ਦਸਮ ਦਵਾਰੀ ਭੇਵ ਚੁਕਾਈਆ । ਜੋਤ ਅਕਾਰੀ ਇਕ ਕਰ, ਸ਼ਬਦ ਧਾਰਾ ਧਾਰ ਵਹਾਈਆ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਦਿਵਸ ਰੈਣ ਇਸ਼ਨਾਨ ਕਰਾਈਆ । ਪੰਚਾਂ ਤੋੜੇ ਹੰਕਾਰੀ ਗੜ੍ਹ, ਜੀਆ ਦਾਨ ਝੋਲੀ ਪਾਈਆ । ਸ਼ਬਦ ਸਰੂਪੀ ਅੰਦਰ ਵੜ, ਪੰਜ ਸ਼ੈਤਾਨਾਂ ਬੰਨ੍ਹ ਬੰਨ੍ਹਾਈਆ । ਦਰ ਦਵਾਰੇ ਅੱਗੇ ਖੜ੍ਹ, ਆਤਮ ਬ੍ਰਹਮ ਗਿਆਨ ਜਣਾਈਆ । ਸ਼ਬਦ ਘੋੜੇ ਸਾਚੇ ਚੜ੍ਹ, ਖੰਡ ਮੰਡਲ ਬ੍ਰਹਿਮੰਡ ਵਰਭੰਡ ਲੋਆਂ ਪੁਰੀਆਂ ਪਾਰ ਕਰਾਈਆ । ਆਪੇ ਵੇਖ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਈਆ । ਲੱਖ ਚੁਰਾਸੀ ਤੇਰੀ ਵੰਡ,

ਪ੍ਰਭ ਆਪੇ ਰਿਹਾ ਵੰਡਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਦੇਵੇ ਵੰਡ, ਸੋਹੰ ਖੰਡਾ ਹੱਥ ਉਠਾਈਆ । ਸ੍ਰਿਸ਼ਟ ਸਬਾਈ ਨਾਰ ਦੁਹਾਗਣ ਹੋਈ ਰੰਡ, ਸੰਤ ਕੰਤ ਨਾ ਕੋਈ ਹੰਢਾਈਆ । ਜਨ ਭਗਤਾਂ ਪੱਲੇ ਬੰਨ੍ਹੇ ਨਾਮ ਗੰਢ, ਦੋ ਜਹਾਨਾਂ ਸਦਾ ਸਹਾਈਆ । ਮੇਟ ਮਿਟਾਏ ਭੇਖ ਪਖੰਡ, ਸੰਮਤ ਤੇਰਾਂ ਵੀਹ ਸਦ ਅੱਸੂ ਤਿੰਨ ਵਾਲੀ ਹਿੰਦ ਕਰੇ ਜਣਾਈਆ । ਹੱਥ ਫੜੇ ਪ੍ਰਭ ਚੰਡ ਪਰਚੰਡ, ਨੌ ਖੰਡ ਪ੍ਰਿਥਮੀ ਖੰਡ ਖੰਡ, ਚਾਰੇ ਕੁੰਟਾਂ ਫਿਰੇ ਦੁਹਾਈਆ । ਰਾਜ ਰਾਜਾਨਾਂ ਲਾਹੇ ਘਮੰਡ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਅਚਰਜ ਰੀਤੀ ਮਾਤ ਚਲਾਈਆ । ਵਾਲੀ ਹਿੰਦ ਸ਼ਬਦ ਜਣਾਈ, ਹਰਿ ਸਾਚੇ ਚਰਨ ਧਿਆਨਾ । ਅੰਤਮ ਵੇਲੇ ਹੋਏ ਜੁਦਾਈ, ਗੁਰਮੁਖ ਵਿਰਲੇ ਮੇਲ ਸ੍ਰੀ ਭਗਵਾਨਾ । ਮਾਇਆ ਮਮਤਾ ਰਾਜ ਜੋਗ ਕੁੜਮਾਈ, ਸਤਿ ਸੰਤੋਖੀ ਕੋਈ ਨਾ ਬੰਨ੍ਹੇ ਹੱਥੀਂ ਗਾਨਾ । ਨੌ ਦਰ ਵੱਜਦੀ ਰਹੇ ਵਧਾਈ, ਦਸਵੇਂ ਰਾਗ ਨਾ ਕੋਈ ਸੁਣਾਨਾ । ਪੰਡਤ ਪਾਂਧੇ ਰਹੇ ਭੁਲਾਈ, ਪੜ੍ਹ ਪੜ੍ਹ ਵਿਦਿਆ ਵੇਦ ਵਿਦਾਨਾ । ਹਰਿ ਅੰਤਰ ਬੁਝਾਏ ਬਸੰਤਰ ਸ਼ਬਦ ਜੋਤ ਪਰਗਟਾਈ, ਦੇਵੇ ਨਾਮ ਨਿਸ਼ਾਨਾ । ਆਵੇ ਜਾਵੇ ਫੇਰਾ ਪਾਈ, ਰਾਮ ਰਮਈਆ ਗੋਪੀ ਕਾਹਨਾ । ਸੰਬਲ ਨਗਰੀ ਧਰਮ ਸਨਵਾਈ, ਪਰਗਟ ਹੋਏ ਹਰਿ ਜਾਣੀ ਜਾਣਾ । ਗਊ ਗਰੀਬਾਂ ਪਕੜੇ ਬਾਂਹੀ, ਅਠ ਸਠ ਤੀਰਥ ਮੇਟ ਮਿਟਾਨਾ । ਚਾਰ ਵਰਨ ਦੇਵੇ ਠੰਢੀਆਂ ਛਾਈਂ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਇਕ ਝੁਲਾਏ ਧਰਮ ਨਿਸ਼ਾਨਾ । ਗੁਰਮੁਖਾਂ ਨੇਤਰ ਪਾਏ ਅੰਜਨ, ਦਰ ਦਵਾਰੇ ਦੇਵੇ ਮਾਣਾ । ਚਰਨ ਧੂੜ ਕਲ ਸਾਚਾ ਮਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰਾਗ ਜਗਤ ਹਦੀਸ ਭਗਤ ਸੁਣਾਏ ਸਾਚਾ ਗਾਨਾ । ਰਾਗ ਛਤੀਸ ਏਕਾ ਰੰਗ, ਏਕਾ ਸ਼ਬਦ ਜਣਾਈਆ । ਸਪਾਰਾ ਤੀਸ ਵੱਜੇ ਮਰਦੰਗ, ਬੀਸ ਇਕੀਸ ਮੁਖ ਛੁਪਾਈਆ । ਗੰਗਾ ਗੋਦਾਵਰੀ ਹੋਏ ਨੰਗ, ਤੀਰਥ ਤਟ ਕੋਈ ਰਹਿਣ ਨਾ ਪਾਈਆ । ਮੰਦਰ ਮਸਜਿਦ ਗੁਰਦਰ ਹੋਇਣ ਭੰਗ, ਕਲਜੁਗ ਅੰਗ ਅੰਗ ਭੰਨਾਈਆ । ਗੁਰਮੁਖ ਵਿਰਲਾ ਪਾਰ ਜਾਏ ਲੰਘ, ਜਿਸ ਪ੍ਰਭ ਸਾਚਾ ਸਰਨ ਲਗਾਈਆ । ਸ਼ਬਦ ਘੋੜੇ ਕਸ ਤੰਗ, ਨਾਮ ਮਰਦੰਗ ਇਕ ਵਜਾਈਆ । ਸੰਮਤ ਚੌਦਾਂ ਮਾਰੇ ਡੰਗ, ਮਨਮੁਖਾਂ ਕਾਇਆ ਦਏ ਜਲਾਈਆ । ਗੁਰਮੁਖਾਂ ਆਤਮ ਚਾੜ੍ਹੇ ਰੰਗ, ਵੱਜੇ ਨਾਮ ਵਧਾਈਆ । ਸਦਾ ਸੁਹੇਲਾ ਹੋਏ ਸੰਗ, ਜੋਤ ਨਿਰੰਜਣ ਨਾਉਂ ਰਖਾਈਆ । ਸ਼ਬਦ ਬੈਠ ਸਚ ਪਲੰਘ, ਦਸਮ ਦਵਾਰੀ ਨਰ ਨਿਰੰਕਾਰੀ ਆਤਮ ਸੇਜਾ ਆਸਣ ਲਾਈਆ । ਏਕਾ ਮੰਗੇ ਸਾਚੀ ਮੰਗ, ਚਰਨ ਪ੍ਰੀਤੀ ਸਾਚੀ ਨੀਤੀ ਜਨ ਭਗਤਾਂ ਝੋਲੀ ਪਾਈਆ । ਜੁਗ ਜੁਗ ਕਰਦਾ ਆਇਆ ਆਪਣੀ ਰੀਤੀ, ਜੁਗ ਜੁਗ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਚਰਨਾਂ ਹੇਠ ਰਿਹਾ ਪਿਸਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ, ਲੱਖ ਚੁਰਾਸੀ ਗੇੜਾ । ਮਾਇਆ ਮਮਤਾ ਪੀਸਣ ਰਿਹਾ ਪੀਸ, ਨਾ ਕੋਈ ਕਰੇ ਹੱਕ ਨਿਬੇੜਾ । ਅੰਤਮ ਲੇਖਾ ਚੁੱਕੇ ਬੀਸ ਇਕੀਸ, ਖੁੱਲ੍ਹਾ ਹੋਵੇ ਧਰਤ ਮਾਤ ਤੇਰਾ ਵਿਹੜਾ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸ, ਜ਼ਾਤ ਪਾਤੀ ਵਰਨ ਬਰਨ ਊਚ ਨੀਚ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਾਲੀ ਦੋ ਜਹਾਨਾਂ ਕਰੇ ਨਿਬੇੜਾ । ਜਗੇ ਜੋਤ ਜਗਤ ਜਗਦੀਸ਼, ਆਪ ਚੁਕਾਏ ਚੌਥੇ ਜੁਗ ਕਲਜੁਗ ਤੇਰਾ ਗੇੜਾ । ਹਰਿ ਸੰਗਤ ਸੇਵਾ ਪਰਵਾਨ, ਦਰ ਦਵਾਰ ਕਮਾਈਆ । ਅੰਮ੍ਰਿਤ ਆਤਮ ਮੇਵਾ ਸਾਚਾ ਖਾਣ, ਤੋਟ ਰਹੇ ਨਾ ਰਾਈਆ । ਰਸਨਾ ਜਿਹਵਾ ਸਾਚੀ ਗਾਣ, ਗੋਬਿੰਦ ਗੋਬਿੰਦ ਗੋਬਿੰਦ ਹਰਿ ਹਰਿ ਹਰਿ ਦਰਸ ਦਿਖਾਈਆ । ਬਜਰ ਕਪਟੀ ਵੱਜੇ ਬਾਣ, ਤੀਰ ਨਿਰਾਲਾ ਆਪ ਚਲਾਈਆ ।

ਔਖੀ ਘਾਟੀ ਮਾਤ ਚੜ੍ਹ ਜਾਣ, ਪ੍ਰਭ ਸਾਚਾ ਹੋਏ ਸਹਾਈਆ । ਸਾਚੇ ਮੰਦਰ ਅੰਦਰ ਅੰਤ ਵੜ ਜਾਣ, ਧਰਮ ਰਾਏ ਬੈਠਾ ਮੁਖ ਛੁਪਾਈਆ । ਪੁਰਖ ਅਬਿਨਾਸ਼ੀ ਕਰੇ ਪਛਾਣ, ਚਿਤਰ ਗੁਪਤ ਨਾ ਲੇਖ ਵਖਾਈਆ । ਦਰ ਦਵਾਰਾ ਏਕਾ ਪਾਣ, ਅੱਠੇ ਪਹਿਰ ਨੇਤਰ ਲੋਚਨ ਦਰਸ ਪੁਰਖ ਅਬਿਨਾਸ਼ੀ ਬੈਠਾ ਜੋਤ ਜਗਾਈਆ । ਏਕਾ ਰਾਗ ਜਗਤ ਤਿਆਗ ਸਾਚਾ ਨਾਦ ਧੁਨ ਧੁਨ ਨਾਦ ਤੇਰੀ ਵਡਿਆਈਆ । ਆਤਮ ਦੇਵੇ ਅੰਮ੍ਰਿਤ ਸਾਚਾ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਰਬ ਘਟਾਂ ਹਰਿ ਜਾਣੀ ਜਾਣ, ਨਾਮ ਚੋਗ ਸਾਚੀ ਮੁਖ ਰਖਾਈਆ । ਅੰਤਮ ਚੁੱਕੇ ਜਮ ਕੀ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਸ਼ਬਦ ਪੰਘੂੜਾ ਸਚ ਬਿਬਾਣ, ਪਾਰਖ ਪਾਰਖੀ ਆਪ ਉਠਾਈਆ । ਦਰਗਾਹ ਸਾਚੀ ਦੇਵੇ ਮਾਣ, ਮਹਾਂਸਾਰਥੀ ਨਾਮ ਰਖਾਈਆ । ਲੇਖਾ ਚੁੱਕੇ ਆਵਣ ਜਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਸੇਵਕ ਸੇਵਾ ਲੇਖੇ ਲਾਈਆ ।

### * ੨ ਅਸੂ ੨੦੧੩ ਬਿਕ੍ਰਮੀ ਦਿੱਲੀ ਸੰਤ ਕ੍ਰਿਪਾਲ ਸਿੰਘ ਨੇ ਡੇਰੇ ਸੱਦਿਆ ਤੇ ਫਿਰ ਆਪ ਡੇਰਾ ਛੱਡ ਕੇ ਬਾਹਰ ਚਲਾ ਗਿਆ ਤੇ ਸੰਗਤ ਤੋਂ ਮੁਖ ਭਵਾ ਗਿਆ *

ਸਤਿ ਪੁਰਖ ਨਿਰੰਜਣ ਏਕ ਹੈ, ਸ੍ਰਿਸ਼ਟ ਸਬਾਈ ਟੇਕ । ਸ੍ਰਿਸ਼ਟ ਸਬਾਈ ਰਿਹਾ ਵੇਖ ਹੈ, ਕਵਣ ਘਰ ਮਾਤ ਬਿਬੇਕ । ਆਪੇ ਲਿਖਣਹਾਰਾ ਲੇਖ ਹੈ, ਨੌ ਖੰਡ ਪ੍ਰਿਥਮੀ ਨੇਤਰ ਪੇਖ । ਕਲਜੁਗ ਤੇਰਾ ਕਾਲਾ ਭੇਖ ਹੈ, ਜੂਠੀ ਝੂਠੀ ਲੱਗੀ ਮੇਖ । ਅੰਤਮ ਨਾ ਕੋਈ ਰਹਿਣਾ ਔਲੀਆ ਪੀਰ ਸ਼ੇਖ਼ ਹੈ, ਜੀਵ ਜੰਤ ਸਾਧ ਸੰਤ ਪ੍ਰਭ ਰੱਖੇ ਚਰਨਾਂ ਹੇਠ । ਕਲਜੁਗ ਮਾਇਆ ਮਮਤਾ ਭਰਮੇ ਭੁੱਲੇ ਵਡ ਵਡ ਸੇਠ । ਦਰ ਮੇਲਾ ਨਾ ਸਾਚੇ ਕੰਤ ਹੈ, ਹੋਏ ਝੂਠੇ ਕੌੜੇ ਰੇਠ । ਮਮਤਾ ਅਗਨੀ ਮਹੀਨਾ ਜੇਠ ਹੈ, ਹਉਮੇ ਤਤੀ ਸੀਸ ਰੇਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਲੇਖ । ਆਪ ਆਪਣਾ ਲੇਖ ਲਿਖਾਇਆ, ਲੇਖਾ ਧੁਰ ਦਰਗਾਹੀ ਦਾ । ਸੰਤ ਕਿਰਪਾਲ ਪ੍ਰਭ ਹੁਕਮ ਜਣਾਇਆ, ਅੱਸੂ ਦੋ ਵੇਲਾ ਸਾਚੇ ਮਾਹੀ ਦਾ । ਅੱਸੂ ਤਿੰਨ ਵੇਖ ਵਖਾਇਆ, ਦਰ ਘਰ ਟਿਕਾਣਾ ਸਾਚੇ ਸ਼ਾਹੀ ਦਾ । ਆਪ ਆਪਣਾ ਭੇਖ ਵਟਾਇਆ, ਖੇਲੇ ਖੇਲ ਬੇਪਰਵਾਹੀ ਦਾ । ਸਾਧਾਂ ਸੰਤਾਂ ਬਹਿ ਬਹਿ ਆਸਣ ਲਾਇਆ, ਪੁਰਖ ਅਬਿਨਾਸ਼ੀ ਦਿਸ ਨਾ ਆਇਆ, ਕਵਣ ਦਵਾਰੇ ਬਹਿ ਬਹਿ ਗਾਈ ਦਾ । ਰਸਨਾ ਢੋਲ ਮਰਦੰਗ ਵਜਾਇਆ, ਨੌ ਦਵਾਰੇ ਨਾ ਲੰਘ ਵਖਾਇਆ, ਲੇਖਾ ਚੁੱਕੇ ਆਵਣ ਜਾਵਣ ਝੂਠੀ ਫਾਹੀ ਦਾ । ਮਾਨਸ ਜਨਮ ਭੰਗ ਕਰਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਜਗਤ ਮੂਲ ਆਪਣੀ ਹੱਥੀਂ ਰਿਹਾ ਚੁਕਾਇਆ । ਸੰਤ ਕਿਰਪਾਲ ਤੇਰਾ ਕੌਲ ਇਕਰਾਰ, ਘਰ ਸਾਚੇ ਇਕ ਨਿਭਾਇੰਦਾ । ਆਪਣਾ ਛੱਡਿਆ ਦਰ ਦਰਬਾਰ, ਪੰਚਮ ਸਾਵਣ ਵਕਤ ਭੁਲਾਇੰਦਾ । ਸਾਚਾ ਮੀਤਾ ਮੀਤ ਮੁਰਾਰ, ਸਾਵਣ ਸਾਵਣ ਸਾਵਣ ਰਸਨਾ ਗਾਇੰਦਾ । ਅਚਰਜ ਰੀਤਾ ਵੇਖ ਵਿਚ ਸੰਸਾਰ, ਸਾਧ ਸੰਤ ਨਾ ਕੋਈ ਬਚਨ ਨਿਭਾਇੰਦਾ । ਅੰਮ੍ਰਿਤ ਨਾਮ ਨਿਧਾਨ ਮਾਤ ਕਿਸੇ ਨਾ ਪੀਤਾ, ਸਾਚਾ ਧਾਮ ਨਾ ਕੋਈ ਵਸਾਇੰਦਾ । ਕਲ ਕੋਇ ਨਾ ਪਤਤ ਪੁਨੀਤਾ, ਪੱਲੇ ਦਾਮ ਨਾ ਨਾਮ ਕੋਈ ਰਖਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਅੱਸੂ ਦੋ ਆਏ ਦਰ, ਵੇਖ ਵਖਾਣੇ ਘਰ ਘਰ ਸਾਚਾ ਸਾਜਣ ਦਿਸ ਨਾ ਆਇੰਦਾ । ਸਾਚੇ ਸਾਜਣ ਛੱਡਿਆ ਘਰ, ਉਲਟੀ ਰੀਤ ਚਲਾਇੰਦਾ । ਆਪਣੀ ਰਸਨਾ ਮੰਗਿਆ ਵਰ, ਸਾਚੀ ਲੱਗੀ ਤੋੜ ਨਿਭਾਇੰਦਾ । ਆਪਣੀ ਕਰਨੀ ਰਿਹਾ ਕਰ, ਭਰਮ ਭੁਲੇਖਾ ਬੇਪਰਵਾਹੀ ਦਾ । ਅੰਤਮ ਬੰਦ ਕਰਾਏ ਸਾਰੇ ਦਰ, ਚਾਰ ਵਰਨਾਂ ਏਕਾ ਸਰਨਾਂ ਏਕਾ ਰਾਹ ਜਣਾਈ ਦਾ । ਸੰਮਤ ਸੋਲਾਂ ਚੁੱਕੇ ਡਰ, ਦੋਏ ਦੋਏ ਜੋੜ ਨਾ ਸੀਸ ਕਿਸੇ ਝੁਕਾਈ ਦਾ । ਸੰਤ ਸੁਹੇਲੇ ਗੁਰ ਗੁਰ ਚੇਲੇ ਪ੍ਰਭ ਅਬਿਨਾਸ਼ੀ ਲਏ ਫੜ, ਜੋਤੀ ਸ਼ਬਦੀ ਮੇਲ ਮਿਲਾਈ ਦਾ । ਪੰਚਮ ਅੰਦਰ ਰਿਹਾ ਸੜ, ਪੰਚਮ ਜੋੜ ਜੁੜਾਈ ਦਾ । ਨਾ ਕੋਈ ਸੀਸ ਨਾ ਕੋਈ ਧੜ, ਸਾਚੇ ਮੰਦਰ ਬਹਿਣਾ ਵੜ, ਅੱਠੇ ਪਹਿਰ ਦਰਸ਼ਨ ਮਾਹੀ ਦਾ । ਕਦੇ ਨਾ ਕਰੇ ਬੰਦ ਦਰ, ਗੁਰ ਸੰਗਤ ਕੋਲੋਂ ਨਾ ਆਏ ਡਰ, ਸਤਿਗੁਰ ਸਾਚਾ ਵਸੇ ਸਾਚੇ ਘਰ, ਨਾ ਕੋਈ ਨਾਰੀ ਨਾ ਕੋਈ ਨਰ, ਏਕਾ ਅੰਕ ਸਮਾਈ ਦਾ । ਅੰਮ੍ਰਿਤ ਨੁਹਾਏ ਸਾਚੇ ਸਰ, ਆਪ ਆਪਣੀ ਕਿਰਪਾ ਕਰ, ਦਰਸ ਕਰਾਏ ਦਇਆ ਕਮਾਏ, ਹਰਿਜਨ ਆਪਣੇ ਰੰਗ ਰੰਗਾਈ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਸੂ ਦੋ ਵੇਖੇ ਘਰ, ਮਸਤਕ ਲੇਖ ਲਿਖਿਆ ਕਿਹੜੀ ਸ਼ਾਹੀ ਦਾ । ਆਪਣੀ ਹੱਥੀਂ ਲਿਖਿਆ ਲੇਖ, ਕਵਣ ਦਿਵਸ ਸੁਹਾਵਣਾ । ਉਤਰ ਦਿਤਾ ਸਭ ਘਟ ਵੇਖ, ਵਾਰ ਥਿਤ ਆਪ ਸਮਝਾਵਣਾ । ਮਸਤਕ ਵੇਖੇ ਲੱਗੀ ਮੇਖ, ਬਜਰ ਕਪਾਟੀ ਖੋਲ੍ਹ ਖੁਲ੍ਹਾਵਣਾ । ਨਾ ਕੋਈ ਜਾਣੇ ਧਾਰੀ ਭੇਖ, ਜੋਤ ਸਰੂਪੀ ਹਰਿ ਭਗਵਾਨਣਾ । ਨਾ ਕੋਈ ਮੁੱਛ ਦਾਹੜੀ ਨਾ ਕੇਸ, ਨਾ ਕੋਈ ਦਿਸੇ ਮੂੰਡ ਮੁੰਡਾਵਣਾ । ਸਭ ਘਟ ਆਪੇ ਹੋਏ ਪਰਵੇਸ਼, ਸ਼ਬਦੀ ਆਪ ਫੜਾਏ ਦਾਮਨਾ । ਵੇਖ ਵਖਾਣੇ ਨਰ ਨਰੇਸ਼, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇ ਮਤ ਆਪ ਸਮਝਾਵਣਾ । ਅੱਸੂ ਤਿੰਨ ਪ੍ਰਭ ਸਾਚੇ ਵੇਸ, ਪ੍ਰਭ ਆਪਣਾ ਆਪ ਵਟਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਕਤ ਵਿਚਾਰੇ ਸਾਢੇ ਦਸ, ਵਾਲੀ ਹਿੰਦ ਆਪ ਉਠਾਵਣਾ । ਵਾਲੀ ਹਿੰਦ ਜਾਣਾ ਜਾਗ, ਪ੍ਰਭ ਦਿੱਲੀ ਚਰਨ ਛੁਹਾਇੰਦਾ । ਸੰਤ ਸੁਹੇਲੇ ਗਏ ਭਾਗ, ਇਕ ਇਕੱਲਾ ਜੋਤ ਪਰਗਟਾਇੰਦਾ । ਮਾਇਆ ਡੱਸੇ ਨਾ ਡੱਸਣੀ ਨਾਗ, ਸ਼ਬਦ ਵੈਰਾਗ ਇਕ ਉਪਜਾਇੰਦਾ । ਚਰਨ ਧੂੜੀ ਬਖ਼ਸ਼ੇ ਸਾਚਾ ਮਜਨ ਮਾਘ, ਗੁਰਮੁਖ ਦਿਵਸ ਰੈਣ ਨੁਹਾਇੰਦਾ । ਕਲਜੁਗ ਕਾਇਆ ਲੱਗੇ ਭਾਗ, ਲੱਖ ਚੁਰਾਸੀ ਫੰਦ ਕਟਾਇੰਦਾ । ਫੜ ਫੜ ਹੰਸ ਬਣਾਏ ਕਾਗ, ਕਾਗੋਂ ਹੰਸ ਬਣਾਇੰਦਾ । ਜਗਤ ਤ੍ਰਿਸ਼ਨਾ ਬੁਝਾਏ ਆਗ, ਏਕਾ ਅੰਮ੍ਰਿਤ ਜਾਮ ਪਿਆਇੰਦਾ । ਸ੍ਰਿਸ਼ਟ ਸਬਾਈ ਪਕੜੀ ਬੈਠਾ ਵਾਗ, ਨੌ ਖੰਡ ਸੱਤ ਦੀਪ ਆਪੇ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਵੇਖਣ ਆਇਆ ਦਰ, ਕਵਣ ਸੁਹੇਲਾ ਰਸਨਾ ਬੋਲੇ ਕਰੇ ਮੇਲਾ, ਗੁਰ ਪੂਰਾ ਬਚਨ ਨਿਭਾਇੰਦਾ । ਅੱਸੂ ਤਿੰਨ ਦਿਵਸ ਵਿਚਾਰ । ਦੋ ਦੋ ਪ੍ਰਭ ਮੇਟੇ ਧਾਰ । ਏਕਾ ਏਕ ਏਕੰਕਾਰ । ਸ੍ਰਿਸ਼ਟ ਸਬਾਈ ਏਕਾ ਬੰਨ੍ਹੇ ਧਾਰ । ਵਰਨ ਬਰਨ ਨਿਹਕਲੰਕ ਕਲ ਸਾਚੀ ਸਰਨ, ਕਲਜੁਗ ਤੇਰੀ ਅੰਤਮ ਵਾਰ । ਰਾਜ ਰਾਜਾਨ ਸ਼ਾਹ ਸੁਲਤਾਨ ਵਿਚ ਜਹਾਨ । ਸ੍ਰਿਸ਼ਟ ਸਬਾਈ ਸਾਚੀ ਕਰੇ ਪਛਾਨ । ਸੰਮਤ ਸੋਲਾਂ ਪੰਦਰਾਂ ਕੱਤਕ ਵੇਖ ਵਖਾਨ । ਇਕ ਹਦੀਸ ਊਚ ਨੀਚ ਸਾਰੇ ਪੜ੍ਹਨ, ਸੋਹੰ ਅੱਖਰ ਮਾਤ ਮਹਾਨ । ਗੁਰ ਪੀਰ ਸਾਧ ਸੰਤ ਦਰ ਦਰ ਘਰ ਘਰ ਬੈਠੇ ਲੜਨ, ਖਾਲੀ ਦਿਸਣ ਅੰਦਰ ਮੰਦਰ ਸੁੰਞ ਮਸਾਣ । ਜੂਠੇ ਝੂਠੇ ਮਾਤ ਸੜਨ, ਅੰਤਮ ਤੁੱਟੇ ਹੰਕਾਰੀ ਜੰਦਰ, ਮੇਟ ਮਿਟਾਏ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਖੇਲੇ ਖੇਲ ਸ੍ਰੀ ਭਗਵਾਨ ।

ਪੰਚਮ ਸਾਵਣ ਪੰਚਮ ਗਾਇਆ, ਪੰਚਮ ਰੁੱਤ ਸੁਹਾਈਆ । ਸਤਿਗੁਰ ਸਾਵਣ ਦਿਵਸ ਮਨਾਇਆ, ਸ਼ਬਦ ਹੋਈ ਕੁੜਮਾਈਆ । ਅੰਦਰ ਬੈਠ ਹਰਿ ਸੰਤ ਇਹ ਮਤਾ ਪਕਾਇਆ, ਅੱਸੂ ਦੋ ਰੁੱਤ ਸੁਹਾਈਆ । ਆਪ ਆਪਣਾ ਹੱਥ ਮਿਲਾਇਆ, ਭੁੱਲ ਭੁੱਲ ਰਹੀ ਨਾ ਰਾਈਆ । ਸ੍ਰਿਸ਼ਟ ਸਬਾਈ ਜਗਤ ਕਾਜ ਦਏ ਤਜਾਇਆ, ਏਕਾ ਮੇਲਾ ਮੇਲ ਮਿਲਾਈਆ । ਸ਼ਬਦ ਵਿਚੋਲਾ ਨਾਲ ਰਲਾਇਆ, ਵੇਖੇ ਖਾਨਾ ਦਫ਼ਤਰ ਸ਼ਾਹੀਆ । ਮਾਣ ਤਾਣ ਪ੍ਰਭ ਅਬਿਨਾਸ਼ੀ ਆਪਣੇ ਹੱਥ ਰਖਾਇਆ, ਨਾ ਕੋਈ ਜਾਣੇ ਜੀਵ ਵਡਿਆਈਆ । ਸੰਤ ਭਗਵਾਨ ਮੇਲ ਮਿਲਾਇਆ, ਲਹਿਣਾ ਦੇਣਾ ਮੂਲ ਚੁਕਾਈਆ । ਸੱਜਣ ਸੁਹੇਲ ਕਵਣ ਅਖਵਾਇਆ, ਇਕ ਨਰੇਲ ਸੰਗ ਲਿਆਈਆ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਣੇ ਸਚ ਘਰ, ਸੰਤ ਕਿਰਪਾਲ ਦਿਸ ਨਾ ਆਇਆ, ਹਰਿਦਵਾਰ ਜਾ ਡੇਰਾ ਲਾਇਆ, ਹਰਿ ਦਵਾਰ ਨਜ਼ਰ ਨਾ ਆਈਆ । ਹਰਿ ਦਵਾਰ ਜਿਸ ਜਨ ਜਾਣਿਆ, ਮਿਟਿਆ ਭਰਮ ਅੰਦੇਸਾ । ਸੋ ਜਨ ਹੋਏ ਪੁਰਖ ਸੁਜਾਨਿਆ, ਸਾਚਾ ਮੇਲਾ ਨਰ ਨਰੇਸ਼ਾ । ਏਕਾ ਏਕ ਘਰ ਪਛਾਣਿਆ, ਨਾ ਕੋਈ ਵੇਖੇ ਦੂਜਾ ਵੇਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਲਾਂ ਕਲ ਜਗਤ ਭੁਲਾਏ ਕਰ ਕਰ ਵਲ ਛਲ, ਆਪੇ ਵਸੇ ਨਿਹਚਲ ਧਾਮ ਅਟੱਲ, ਚਲੇ ਚਲਾਏ ਆਪਣੇ ਭਾਣਿਆ । ਹਰਿ ਰੂਪ ਮਹਾਨ, ਕਿਸੇ ਹੱਥ ਨਾ ਆਇਆ । ਭਰਮੇ ਭੁੱਲੇ ਜੀਵ ਨਾਦਾਨ, ਹਉਮੇ ਵਿਚ ਫਸਾਇਆ । ਗੋਬਿੰਦ ਗੀਤਾ ਸਾਰੇ ਗਾਣ, ਗੋਬਿੰਦ ਕਿਸੇ ਨਾ ਗਾਇਆ । ਜਿਸ ਜਨ ਕਿਰਪਾ ਕਰੇ ਆਪ ਭਗਵਾਨ, ਆਪਣੀ ਸਰਨੀ ਲਏ ਲਗਾਇਆ । ਆਤਮ ਦੇਵੇ ਸ਼ਬਦ ਸਾਚਾ ਦਾਨ, ਗੁਰਮੁਖਾਂ ਝੋਲੀ ਰਿਹਾ ਭਰਾਇਆ । ਜੁਗੋ ਜੁਗ ਹਰਿ ਸਾਚਾ ਮਿਹਰਵਾਨ, ਜਨ ਭਗਤਾਂ ਪੈਜ ਰੱਖਦਾ ਆਇਆ । ਝੂਠਾ ਘਰ ਝੂਠਾ ਦਰ ਝੂਠੇ ਸੰਤ ਸੁਹੇਲੇ ਲਏ ਸੱਦ, ਜਗਤ ਟਿੱਕਾ ਤਿਲਕ ਦਏ ਲਗਾਇਆ । ਨਾ ਕੋਈ ਵੇਖੇ ਵੱਡਾ ਨਿੱਕਾ, ਜਿਸ ਜਨ ਸਿਰ ਆਪਣਾ ਹੱਥ ਦਏ ਟਿਕਾਇਆ । ਜਗਤ ਰਸ ਰਸਨਾ ਸ੍ਰਿਸ਼ਟ ਸਬਾਈ ਜਾਣੋ ਫਿੱਕਾ, ਜਗ ਰਸ ਫਿਰੇ ਸਰਬ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਸੂ ਦੋ ਆਏ ਦਰ, ਆਪੇ ਆਇਆ ਗਿਆ ਫੇਰਾ ਪਾਇਆ । ਸੰਮਤ ਸੋਲਾਂ ਰੱਖਣਾ ਯਾਦ । ਜਮਨ ਕਿਨਾਰੇ ਪ੍ਰਭ ਸੁਣੇ ਫਰਿਆਦ । ਨਾ ਕੋਈ ਜਣਾਈ ਨਾ ਕੋਈ ਵਡਿਆਈ, ਨਾ ਹੋਵੇ ਸ਼ਬਦ ਬੋਧ ਅਗਾਧ । ਤਨ ਬਸਤਰ ਏਕਾ ਸ਼ਬਦ ਸ਼ਸਤਰ, ਸਾਚਾ ਮੇਲਾ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਆਵੇ ਜਾਵੇ ਆਦਿ ਜੁਗਾਦਿ । ਆਦਿ ਅੰਤ ਏਕਾ ਏਕੰਕਾਰਾ । ਜੁਗ ਜੁਗ ਵਰਤੇ ਆਪਣਾ ਵਰਤਾਰਾ । ਵੇਖੇ ਖੇਲ ਉਪਰ ਧਰਤੇ, ਪੁਰੀਆਂ ਲੋਆਂ ਪਾਵੇ ਸਾਰਾ । ਕਰਨੀ ਖੇਲ ਪ੍ਰਭ ਕਾਦਰ ਕਰਤੇ, ਕਲਜੁਗ ਅੰਤਮ ਕਰੇ ਵਿਹਾਰਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੱਸੂ ਤਿੰਨ ਚਰਨ ਛੁਹਾਏ ਜਾਏ ਦਿੱਲੀ ਦਰਬਾਰਾ । ਆਪੇ ਕਰਨ ਕਰਾਵਣਹਾਰ, ਆਪੇ ਸ੍ਰਿਸ਼ਟ ਉਪਾਇੰਦਾ । ਆਪੇ ਜਾਣੇ ਜਾਣਨਹਾਰ, ਆਪੇ ਭਰਮ ਭੁਲੇਖੇ ਵਿਚ ਰਖਾਇੰਦਾ । ਅਗਲਾ ਲੇਖਾ ਲਿਖਣਹਾਰ, ਪਿਛਲਾ ਲੇਖ ਮੂਲ ਚੁਕਾਇੰਦਾ । ਨੌਂ ਦਵਾਰਿਉਂ ਵਸਣਾ ਬਾਹਰ, ਸੁਖਮਨ ਨਾੜੀ ਪੈਂਡਾ ਡੂੰਘਾ ਕਵਣ ਮਲਾਹ ਬਣਾਇੰਦਾ । ਕਵਣ ਦੇਵੇ ਸਾਚਾ ਨਾਂ, ਸਚ ਸੁੱਚ ਰਸਨਾ ਬਹਿ ਬਹਿ ਗਾਇੰਦਾ । ਤਨ ਕੱਚਾ ਕਿਸੇ ਰਹਿਣਾ ਨਾ, ਨੌਂ ਦਵਾਰ ਲੇਖਾ ਆਵਣ ਜਾਵਣ ਝੂਠੀ ਫਾਹੀ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮੰਗੇ ਸ਼ਬਦ ਵਰ, ਕਵਣ ਦਵਾਰੇ

ਮੇਲਾ ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਸਾਚੇ ਮਾਹੀ ਦਾ । ਗੁਰ ਸੰਗਤ ਧੰਨ ਕਮਾਈਆ । ਦਿਵਸ ਰੈਣ ਰਸਨਾ ਗਾਏ, ਗੁਰਮੁਖ ਵਿਰਲੇ ਸ਼ਬਦ ਜਣਾਈਆ । ਵਿਰਲੇ ਪੰਚ ਧਾਮ ਸੁਹਾਏ, ਗੁਰ ਪੂਰਾ ਹਾਜ਼ਰ ਹਜ਼ੂਰਾ ਅੰਦਰ ਬੈਠਾ ਸਦਾ ਸਦਾ ਪਕੜੇ ਬਾਹੀਆ । ਨਾ ਕੋਈ ਜਾਣੇ ਨਾ ਜਾਣੇ ਦੂਰਾ, ਦੋ ਜਹਾਨੀ ਦੇਵੇ ਠੰਢੀਆਂ ਛਾਈਆ । ਸਰਬ ਕਲ ਆਪੇ ਭਰਪੂਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਇਆ ਗਿਆ ਗਿਆ ਆਇਆ ਆਪਣਾ ਬਚਨ ਕਰਾਇਆ ਪੂਰਾ ।

੬੫ ੦੬

✻ ੨ ਅਸੂ ੨੦੧੩ ਬਿਕ੍ਰਮੀ ਸੰਤ ਸੁਜਾਨ ਸਿੰਘ ਦੇ ਗੁਰਦਵਾਰੇ ਗਏ, ਉਨ੍ਹਾਂ ਨੇ ਨਿਹਕਲੰਕ ਦੀ ਬਾਬਤ ਪੁਛਿਆ ਤੇ ਹਜ਼ੂਰ ਨੇ ਉਤਰ ਦਿਤਾ ਦਿੱਲੀ ✻

ਨਿਹਕਲੰਕ ਹਰਿ ਸ਼ਬਦ ਹੈ, ਜੁਗ ਜੁਗ ਭੇਖ ਵਟਾਏ । ਇਕ ਸੁਹਾਏ ਦਵਾਰ ਬੰਕ ਹੈ, ਬੰਕ ਦਵਾਰੀ ਆਪ ਅਖਵਾਏ । ਆਪੇ ਰਾਓ ਰੰਕ ਹੈ, ਊਚਾਂ ਨੀਚਾਂ ਵਿਚ ਸਮਾਏ । ਜਨ ਭਗਤਾਂ ਲਾਏ ਜੋਤੀ ਤਨਕ ਹੈ, ਸ਼ਬਦੀ ਵਾਜਾ ਪਵਣ ਵਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਏ । ਨਿਹਕਲੰਕ ਨਰ ਨਿਰੰਕਾਰ ਹੈ, ਸਾਚਾ ਸਤਿ ਸਰੂਪ । ਲੱਖ ਚੁਰਾਸੀ ਆਤਮ ਘਰ ਵਸਾਏ ਦਵਾਰ ਬੰਕ ਹੈ, ਹਰਿ ਹਰਿ ਵੱਡਾ ਸ਼ਾਹੋ ਭੂਪ । ਨੂਰ ਉਜਾਲਾ ਜੋਤੀ ਕਣਕ ਹੈ, ਪ੍ਰਿਥਮੀ ਆਕਾਸ਼ ਅੰਧ ਕੂਪ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਮਾਤ ਭੇਖ ਧਰ, ਕਰੇ ਖੇਲ ਅਨੂਪ ਸਰੂਪ । ਨਿਹਕਲੰਕ ਨਰ ਨਿਰੰਕਾਰ ਹੈ, ਨਿਰਗੁਣ ਰੂਪ ਸਮਾਏ । ਪੰਜ ਤਤ ਨਾ ਕੋਈ ਆਕਾਰ ਹੈ, ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸਾਏ । ਏਕਾ ਸ਼ਬਦ ਸਾਚੀ ਧਾਰ ਹੈ, ਲੋਆਂ ਪੁਰੀਆਂ ਵਿਚ ਸਮਾਏ । ਤ੍ਰੈਗੁਣ ਮਾਇਆ ਸ੍ਰਿਸ਼ਟ ਅਪਾਰ ਹੈ, ਪ੍ਰਭ ਆਪਣਾ ਰਥ ਚਲਾਏ । ਆਪੇ ਵਸੇ ਸਭ ਤੋਂ ਬਾਹਰ ਹੈ, ਹਰ ਘਟ ਮੇਂ ਆਪ ਸਮਾਏ । ਆਪੇ ਗੁਪਤ ਆਪੇ ਜਾਹਿਰ ਹੈ, ਆਪੇ ਅੰਦਰ ਮੰਦਰ ਡੇਰਾ ਲਾਏ । ਆਪੇ ਜੋਤ ਨਿਰੰਜਣ ਕਰ ਆਕਾਰ ਹੈ, ਸ਼ਬਦ ਅਨਾਦੀ ਧੁਨ ਵਜਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗ ਜੁਗ ਭੇਖ ਵਟਾਏ । ਨਿਹਕਲੰਕ ਨਰ ਨਰਾਇਣ ਹੈ, ਵਸੇ ਧਾਮ ਅਗੰਮ । ਭਗਤ ਸੁਹੇਲਾ ਵੇਖੇ ਤੀਜੇ ਨੈਣ ਹੈ, ਨਾ ਮਰੇ ਨਾ ਪਏ ਜੰਮ । ਰਸਨਾ ਕਿਸੇ ਨਾ ਸਕੇ ਕਹਿਣ ਹੈ, ਆਪੇ ਜਾਣੇ ਆਪਣਾ ਨਮ । ਜੁਗ ਜੁਗ ਜਗਤ ਵਹਾਏ ਏਕਾ ਵਹਿਣ ਹੈ, ਸ਼ਬਦ ਬਣਾਏ ਸਾਚਾ ਥੰਮ੍ਹ । ਜਨ ਭਗਤਾਂ ਚੁਕਾਏ ਲਹਿਣਾ ਦੇਣ ਹੈ, ਪਵਣ ਸਵਾਸੀ ਸ਼ਬਦ ਚਲਾਏ ਦਮ । ਸੰਤ ਸੁਹੇਲੇ ਵਿਰਲੇ ਗੁਰਮੁਖ ਲੈਣ ਹੈ, ਮਨਮੁਖ ਰੋਵਣ ਛੰਮ ਛੰਮ । ਧੰਨ ਧੰਨ ਜੋ ਜਨ ਰਸਨਾ ਕਹਿਣ ਹੈ, ਏਕਾ ਏਕ ਪਾਰਬ੍ਰਹਮ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਆਪਣਾ ਕੰਮ । ਨਿਹਕਲੰਕ ਨਿਹਕਲੰਕ ਨਿਹਕਲੰਕ, ਜੋਤੀ ਹਰਿ ਅਕਾਲ ਹੈ । ਸ਼ਬਦ ਵਜਾਏ ਸਾਚਾ ਡੰਕ, ਜੁਗ ਜੁਗ ਅਵੱਲੜੀ ਚਾਲ ਹੈ । ਆਪ ਰਖਾਏ ਏਕਾ ਅੰਕ, ਸੰਤ ਸੁਹੇਲੇ ਸਾਚੇ ਲੋਕਮਾਤ ਆਪੇ ਭਾਲ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਦੀਨ ਦਿਆਲ ਹੈ । ਦੀਨ ਦਿਆਲ ਕਿਰਪਾਲ, ਜੁਗ ਜੁਗ ਭੇਖ ਵਟਾਇੰਦਾ । ਜਨ ਭਗਤਾਂ ਭਰੇ ਸ਼ਬਦ ਭੰਡਾਰ, ਸਾਚੇ ਘਰ ਦਰ ਆਪ ਸੁਹਾਇੰਦਾ । ਆਤਮ ਖੋਲ੍ਹੇ ਬੰਦ ਕਿਵਾੜ,

ਆਪੇ ਹੱਥੀਂ ਕੁੰਡਾ ਲਾਹਿੰਦਾ । ਨੇੜ ਨਾ ਆਏ ਪੰਚਮ ਧਾੜ, ਕਾਲ ਮਹਾਂਕਾਲ ਮੁਖ ਛੁਪਾਇੰਦਾ । ਵੱਜੇ ਸ਼ਬਦ ਤਾਲ ਬਹੱਤਰ ਨਾੜ, ਧੁਨ ਅਨਾਦੀ ਆਪ ਉਪਜਾਇੰਦਾ । ਕਰੇ ਜਣਾਈ ਬੋਧ ਅਗਾਧ, ਸਾਚਾ ਮੰਦਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਸ਼ਬਦ ਸਿੰਘਾਸਣ ਹਰਿ ਕਰਤਾਰ, ਆਪਣੀ ਬਣਤ ਬਣਾਈਆ । ਨਾ ਕੋਈ ਦੀਸੇ ਚਾਰ ਦਿਵਾਰ, ਦੀਵਾ ਬੱਤੀ ਨਾ ਕੋਈ ਜਗਾਈਆ । ਨਿਰਮਲ ਜੋਤੀ ਇਕ ਆਕਾਰ, ਸਾਚੇ ਮੰਦਰ ਰਿਹਾ ਟਿਕਾਈਆ । ਸੰਤ ਸੁਹੇਲੇ ਕਰੇ ਖ਼ਬਰਦਾਰ, ਦੇਵੇ ਮਾਤ ਸ਼ਬਦ ਜਣਾਈਆ । ਆਪੇ ਵਸੇ ਸਭ ਤੋਂ ਬਾਹਰ, ਸਭ ਘਟ ਮੇਂ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਰਿਹਾ ਆਪ ਜਗਾਈਆ ।

ਗੁਰ ਨਾਨਕ ਦਰਸ ਕਵਣ ਘਰ, ਦੇਵੇ ਸਹਿਜ ਸੁਭਾਏ । ਆਵਣ ਜਾਵਣ ਚੁੱਕੇ ਡਰ, ਲੇਖਾ ਲੇਖੇ ਲਏ ਲਾਏ । ਆਤਮ ਸਰ ਸਰੋਵਰ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਏ । ਨੌਂ ਦਵਾਰੇ ਪਾਰ ਕਰ, ਬਜਰ ਕਪਾਟੀ ਤੋੜ ਤੁੜਾਏ । ਸਾਚੇ ਮੰਦਰ ਆਪੇ ਵੜ, ਆਪੇ ਕੁੰਡਾ ਲਾਹੇ । ਸ਼ਬਦ ਸਿੰਘਾਸਣ ਉਪਰ ਚੜ੍ਹ, ਦਸਮ ਦਵਾਰੀ ਵੇਖ ਵਖਾਏ । ਸ਼ਬਦ ਸਰੂਪੀ ਘਾੜਨ ਘੜ, ਨਾਮ ਪਲੰਘ ਰੰਗੀਲਾ ਇਕ ਵਿਛਾਏ । ਨਾਰੀ ਕੰਤ ਆਪੇ ਬਣ, ਸਾਚੀ ਸੇਜ ਹੰਢਾਏ । ਸੰਤ ਸੁਹੇਲੇ ਸਾਚੇ ਜਨ, ਸ਼ਬਦੀ ਜੋਤੀ ਜੋਤ ਜਗਾਏ । ਨਿਹਕਲੰਕ ਸ਼ਬਦ ਅਨਾਦ, ਅਨਾਦੀ ਰਾਗ ਸੁਣਾਏ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਆਪਣੀ ਕਿਰਪਾ ਦੇਵੇ ਕਰ, ਨਾਨਕ ਗੁਰ ਵਖਾਏ ਸਾਚਾ ਘਰ, ਮੇਰੀ ਤੇਰੀ ਨਾ ਕੋਇ ਦਿਸਾਏ । ਸਾਚਾ ਘਰ ਸਚ ਮਹੱਲ, ਗੁਰ ਪੂਰੇ ਆਪ ਬਣਾਇਆ । ਜੁਗੋ ਜੁਗ ਰਹੇ ਅਟੱਲ, ਨਾ ਕੋਈ ਮੇਟੇ ਮੇਟ ਮਿਟਾਇਆ । ਕਿਸੇ ਦਿਸ ਨਾ ਆਏ ਜੰਗਲ ਜੂਹ ਉਜਾੜ ਪਹਾੜ ਜਲ ਥਲ, ਕਾਇਆ ਮੰਦਰ ਡੂੰਘੀ ਕੰਦਰ ਆਪ ਰਚਾਇਆ । ਸੰਤ ਸੁਹੇਲਾ ਗੁਰਮੁਖ ਵਿਰਲਾ ਲਏ ਮੱਲ, ਜਿਸ ਜਨ ਗੁਰ ਪੂਰੇ ਸ਼ਬਦੀ ਆਪਣਾ ਲੜ ਫੜਾਇਆ । ਪੌੜੀ ਪੌੜੀ ਜਾਏ ਚੜ੍ਹ, ਪੰਚ ਵਿਕਾਰਾ ਨਾ ਸਕੇ ਅੜ, ਏਕਾ ਸ਼ਬਦ ਖੰਡਾ ਹੱਥ ਲਏ ਫੜ, ਸਾਚਾ ਮਾਰਗ ਇਕ ਵਖਾਇਆ । ਪ੍ਰਭ ਅਬਿਨਾਸ਼ੀ ਸਤਿ ਸਤਿਵਾਦੀ ਦਰਸ ਦੇਵੇ ਅੱਗੇ ਖੜ, ਨਾ ਕੋਈ ਸੀਸ ਨਾ ਕੋਈ ਧੜ, ਜੋਤੀ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਨਾਮ ਧਨ, ਦੋ ਜਹਾਨੀ ਪਾਰ ਕਰਾਇਆ । ਸੰਤ ਜਨਾਂ ਘਰ ਹੋਇਆ ਮੇਲਾ, ਆਤਮ ਵੱਜੀ ਵਧਾਈਆ । ਆਪੇ ਵਸੇ ਸਭ ਤੋਂ ਬਾਹਰ, ਆਪੇ ਆਪਣਾ ਰੰਗ ਵਟਾਈਆ । ਜੂਠਾ ਝੂਠਾ ਜਗਤ ਧਰਵਾਸ, ਸ਼ਬਦ ਸ਼ਬਦੀ ਰਿਹਾ ਜਣਾਈਆ । ਆਪੇ ਗੁਰੂ ਆਪੇ ਚੇਲਾ, ਗੋਬਿੰਦ ਰੂਪ ਵਟਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਨੇਤਰ ਅੰਜਨ ਸਾਚਾ ਪਾਈਆ । ਚਰਨ ਧੂੜੀ ਬਖ਼ਸ਼ੇ ਸਾਚਾ ਮਜਨ, ਭਾਂਡੇ ਭਰਮ ਸੰਤ ਦਵਾਰੇ ਭੱਜਣ, ਭਰਮ ਭੁਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਆਪਣੀ ਕਿਰਪਾ ਦੇਵੇ ਕਰ, ਭਰਮੇ ਤੋੜ ਗੜ੍ਹ, ਗੁਰ ਪੂਰੇ ਸ਼ਬਦ ਵਡਿਆਈਆ । ਦੇਵੇ ਸ਼ਬਦ ਨਿਸ਼ਾਨ, ਜੁਗ ਜੁਗ ਭੇਖ ਵਟਾਇੰਦਾ । ਸੰਤ ਸੁਹੇਲੇ ਦਿਵਸ ਰੈਣ ਰਸਨਾ ਗਾਣ, ਸਾਚਾ ਕੰਤ ਸਾਚਾ ਰਾਗ ਸੁਣਾਇੰਦਾ । ਆਪ ਆਪਣਾ ਵੇਸ ਕਰ, ਸੰਤ ਸਾਜਣ ਸਾਚੇ ਦੇਸ ਧਰ, ਆਪਣੇ ਸੰਗ ਮਿਲਾਇੰਦਾ । ਸਾਚਾ ਸੰਤ ਸੁਘੜ ਸਿਆਣ, ਸੁਰਤੀ ਸ਼ਬਦ ਜਗਾਈਆ । ਸੁਰਤ ਸ਼ਬਦ ਇਕ ਧਿਆਨ, ਏਕਾ ਬ੍ਰਹਮ ਜਣਾਈਆ । ਆਤਮ ਬ੍ਰਹਮ ਜੋਤ ਮਹਾਨ, ਮਿਲੇ ਮੇਲ ਹਰਿ ਰਘੁਰਾਈਆ ।

ਏਕਾ ਜੋਤੀ ਏਕਾ ਨੂਰ, ਸ਼ਬਦ ਧਾਰਾ ਰਿਹਾ ਚਲਾਈਆ । ਸ਼ਬਦ ਧਾਰ ਹਰਿ ਕਰਤਾਰ, ਲੱਖ ਚੁਰਾਸੀ ਵਿਚ ਸਮਾਈਆ । ਆਪੇ ਵਸੇ ਅੰਦਰ ਆਪੇ ਹੋਇਆ ਬਾਹਰ, ਗੁਪਤ ਜ਼ਾਹਿਰ ਆਪ ਅਖਵਾਈਆ । ਖਾਲੀ ਭਰੇ ਸ਼ਬਦ ਭੰਡਾਰ, ਭਰੇ ਖਾਲੀ ਰਿਹਾ ਕਰਾਈਆ । ਪੁਰਖ ਅਬਿਨਾਸ਼ੀ ਅਵੱਲੜੀ ਕਾਰ, ਜੁਗ ਜੁਗ ਆਪ ਆਪਣੀ ਰੀਤ ਚਲਾਈਆ । ਗੁਰ ਪੀਰ ਸਾਧ ਸੰਤ ਜੀਵ ਜੰਤ ਆਪ ਲਏ ਉਭਾਰ, ਆਪ ਆਪਣੇ ਵਿਚ ਮਿਲਾਈਆ । ਜਨ ਭਗਤਾਂ ਦੇਵੇ ਸ਼ਬਦ ਅਧਾਰ, ਇਕ ਕਰਾਏ ਵਣਜ ਵਪਾਰ, ਰਸਨਾ ਜਿਹਵਾ ਏਕਾ ਸੇਵਾ ਲਾਈਆ । ਰਸਨਾ ਗਾਇਆ ਨਾਨਕ ਗੁਰ ਗੁਰ ਨਾਨਕ ਨਿਰੰਕਾਰ, ਕਵਣ ਸਿਤਾਰ ਕਾਇਆ ਮੰਦਰ ਆਪ ਵਜਾਈਆ । ਕਿਰਪਾ ਕਰ ਆਏ ਦਰ ਬਖ਼ਸ਼ੇ ਧਾਰ, ਮਿਲੇ ਮੇਲ ਸੱਚੇ ਮਾਹੀਆ । ਗੁਰੂਦਵਾਰਾ ਕਾਇਆ ਅੰਦਰ, ਗੁਰ ਨਾਨਕ ਆਸਣ ਲਾਇਆ । ਆਪ ਸੁਹਾਇਆ ਸਾਚਾ ਮੰਦਰ, ਸ਼ਬਦ ਸਿੰਘਾਸਣ ਇਕ ਵਿਛਾਇਆ । ਜਗਤ ਵਿਕਾਰ ਹੰਕਾਰੀ ਤੁੱਟਾ ਜੰਦਰ, ਸਤਿ ਸਰੂਪ ਸਮਾਇਆ । ਹੋਏ ਰੁਸ਼ਨਾਈ ਡੂੰਘੀ ਕੰਦਰ, ਅਗਿਆਨ ਅੰਧੇਰ ਮਿਟਾਇਆ । ਉਚੇ ਟਿੱਲੇ ਚੜ੍ਹ ਚੜ੍ਹ ਥੱਕੇ ਗੋਰਖ ਮਛੰਦਰ, ਹੱਥ ਕਿਸੇ ਨਾ ਆਇਆ । ਸਤਿਗੁਰ ਸਾਚਾ ਸਦਾ ਸਦਾ ਜਨ ਤੇਰੇ ਅੰਦਰ, ਤੇਰਾ ਰੂਪ ਵਟਾਇਆ । ਸਚ ਦਵਾਰਾ ਸਚਖੰਡ, ਕਵਣ ਬਣਤ ਬਣਾਈਆ । ਪੁਰਖ ਅਬਿਨਾਸ਼ੀ ਕੀਨੀ ਵੰਡ, ਸਾਧਾਂ ਸੰਤਾਂ ਰਿਹਾ ਜਣਾਈਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਈਆ । ਵੇਖ ਵਖਾਣੇ ਹਰਿ ਬ੍ਰਹਿਮੰਡ, ਜੇਰਜ ਅੰਡ ਉਤਭੁਜ ਸੇਤਜ ਖੋਜ ਖੁਜਾਈਆ । ਨੌ ਖੰਡ ਪ੍ਰਿਥਮੀ ਪਾਵੇ ਵੰਡ, ਸੱਤਾਂ ਦੀਪਾਂ ਲੇਖ ਲਿਖਾਈਆ । ਕਲਜੁਗ ਔਧ ਗਈ ਹੰਢ, ਗੁਰ ਗੋਬਿੰਦਾ ਕਲਜੁਗ ਅੰਤਮ ਦਏ ਜੋਤ ਜਗਾਈਆ । ਹੱਥ ਫੜੇ ਸ਼ਬਦ ਚੰਡ ਪਰਚੰਡ, ਮਨਮੁਖਾਂ ਦਏ ਸਜ਼ਾਈਆ । ਮਨਮਤੀ ਜੀਵਾਂ ਕੰਡਾਂ ਦੇਵੇ ਵੱਢ, ਗੁਰਮੁਖ ਸਾਚੇ ਸੰਤ ਜਨਾਂ ਸਿਰ ਆਪਣਾ ਹੱਥ ਟਿਕਾਈਆ । ਸੰਤ ਸਾਜਨਾ ਪਾਏ ਸਾਚੀ ਵੰਡ, ਸੰਬਲ ਨਗਰੀ ਭਾਗ ਲਗਾਈਆ । ਸ੍ਰਿਸ਼ਟ ਸਬਾਈ ਨਾਰ ਦੁਹਾਗਣ ਹੋਈ ਰੰਡ, ਸਾਚਾ ਕੰਤ ਨਾ ਕੋਈ ਹੰਢਾਈਆ । ਗੁਰਮੁਖ ਵਿਰਲੇ ਬੱਧੀ ਨਾਮ ਗੰਢ, ਗੁਰ ਨਾਨਕ ਆਪਣੀ ਹੱਥੀਂ ਝੋਲੀ ਪਾਈਆ । ਵਾਲੀ ਹਿੰਦਾ ਆਪੇ ਦਏ ਵੰਡ, ਗਊ ਗਰੀਬਾਂ ਹੋਏ ਸਹਾਈਆ । ਲੋਆਂ ਪੁਰੀਆਂ ਕਰੇ ਖੰਡ ਖੰਡ, ਬ੍ਰਹਮਾ ਸ਼ਿਵ ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਰਿਹਾ ਜਗਾਈਆ । ਅੰਤਮ ਜੋਤ ਜਗੇ ਵਿਚ ਬ੍ਰਹਿਮੰਡ, ਆਤਮ ਪੜਦੇ ਦੇਵੇ ਲਾਹੀਆ । ਸਤਿਗੁਰ ਸਾਚਾ ਸਦਾ ਸਦਾ ਕਿਰਪਾਲ, ਭਗਤ ਵਛਲ ਦੀਨ ਦਿਆਲ, ਜਨ ਭਗਤਾਂ ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਸੰਤ ਸੁਜਾਨ ਘਰ ਸਾਚਾ ਪਾਇਆ, ਆਤਮ ਬ੍ਰਹਮ ਜਣਾਈਆ । ਜੀਓ ਪਿੰਡ ਤਨ ਕਾਚਾ ਜਗਤ ਤਜਾਇਆ, ਸ਼ਬਦ ਵੱਜੀ ਵਧਾਈਆ । ਏਕਾ ਨਾਮ ਸਾਚੋ ਸਾਚਾ ਗਾਇਆ । ਦਿਵਸ ਰੈਣ ਨਾ ਹੋਏ ਜੁਦਾਈ, ਸਤਿਗੁਰ ਸਾਚੇ ਨਾਨਕ ਗੁਰ ਗੁਰ ਸ਼ਬਦ ਜਣਾਇਆ, ਲੋਕਮਾਤ ਮਾਰ ਝਾਤ ਬੈਠ ਇਕਾਂਤ, ਅੰਮ੍ਰਿਤ ਦੇਵੇ ਬੂੰਦ ਸਵਾਂਤ, ਆਤਮ ਤ੍ਰਿਖਾ ਰਿਹਾ ਬੁਝਾਈਆ । ਕਵਣ ਸਿੰਘਾਸਣ ਹਰਿ ਬਿਰਾਜੇ, ਆਪਣੀ ਸੇਜ ਵਿਛਾਇੰਦਾ । ਕਵਣ ਘੋੜਾ ਰੱਖੇ ਤਾਜੇ, ਕਵਣ ਚਰਨ ਟਿਕਾਇੰਦਾ । ਕਵਣ ਸਵੇਲਾ ਅੰਮ੍ਰਿਤ ਸ਼ਬਦ ਸਰੂਪੀ ਗਾਜੇ, ਆਲਸ ਨਿੰਦਰਾ ਮਗਰੋਂ ਲਾਹਿੰਦਾ । ਕਵਣ ਵਜਾਏ ਨਾਦ ਅਨਾਦੀ ਅਨਹਦ ਵਾਜੇ, ਤਾਲ ਤਲਵਾੜਾ ਆਪਣੇ ਹੱਥ ਰਖਾਇੰਦਾ । ਕਵਣ ਸਾਜਣ ਸਾਚਾ ਸਾਜੇ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਗੁਰ ਪੂਰਾ ਦਿਵਸ ਰੈਣ ਗੁਰਮੁਖਾਂ ਮਾਰੇ ਅਵਾਜ਼ੇ, ਆਪ ਆਪਣੀ ਸ਼ਰਨ ਲਗਾਇੰਦਾ । ਦਰ ਦਵਾਰੇ ਆਇਣ ਭਾਜੇ, ਵੇਲੇ ਅੰਤਮ ਰੱਖੇ ਲਾਜੇ, ਆਪ ਆਪਣੇ ਰੰਗ ਸਮਾਇੰਦਾ । ਸਤਿਗੁਰ ਸਾਚਾ ਸਚ ਵਡਿਆਈ, ਪਾਰਬ੍ਰਹਮ ਬ੍ਰਹਮ

ਭੇਵ ਨਾ ਰਾਈ, ਏਕਾ ਰੰਗ ਰੰਗਾਈਆ । ਰੰਗ ਰੰਗਾਇਆ ਸ਼ਬਦ ਲਾਲ, ਏਕਾ ਚੋਲੀ ਰਤੀਆ । ਮਿਲਿਆ ਮੇਲ ਗੁਰ ਗੋਪਾਲ, ਵਾ ਨਾ ਲੱਗੇ ਤਤੀਆ । ਸ਼ਬਦ ਮਾਰੇ ਇਕ ਉਛਾਲ, ਸਤਿ ਸੰਤੋਖੀ ਦੇਵੇ ਮਤੀਆ । ਸਾਚਾ ਸੰਤ ਨਾ ਸ਼ਾਹ ਨਾ ਕੰਗਾਲ, ਸ਼ਾਹੋ ਆਪਣੇ ਨਾਲ ਰਤਿਆ । ਗੁਰ ਪੂਰਾ ਜਿਸ ਜਨ ਹੋਏ ਦਲਾਲ, ਘਰ ਆਪਣੇ ਜਾਏ ਵੱਤਿਆ । ਸੰਤ ਸਾਜਣ ਫਲ ਲਗਾਏ ਕਾਇਆ ਡਾਲ੍ਹ, ਆਤਮ ਬੀਜ ਸਾਚਾ ਘੱਤਿਆ । ਦਰ ਦਵਾਰਾ ਆਏ ਭਾਲ, ਸਤਿਗੁਰ ਨਾਨਕ ਦਰਸ ਦਏ ਦਿਖਾਲ, ਦਰ ਦਵਾਰੇ ਦੇ ਸਮਝਾਵੇ ਮੱਤਿਆ । ਮਿਲੇ ਮੇਲ ਦੀਨ ਦਿਆਲ, ਜੋਤੀ ਜਗੇ ਇਕ ਅਕਾਲ, ਭੇਵ ਖੁਲ੍ਹੇ ਰਾਗ ਛੱਤੀਆ । ਸਾਚੀ ਵੇਖ ਸੱਚੀ ਧਰਮਸਾਲ, ਅੰਮ੍ਰਿਤ ਆਤਮ ਸੁਹਾਏ ਸਾਚਾ ਤਾਲ । ਦੀਪਕ ਜੋਤੀ ਨੂਰ, ਹਰਿ ਦਿਸੇ ਹਾਜ਼ਰ ਹਜ਼ੂਰ, ਸਰਬ ਕਲਾ ਭਰਪੂਰ, ਨਾ ਨੇੜੇ ਨਾ ਦੂਰ, ਸੰਤ ਜਨਾਂ ਕੁੰਜੀ ਆਪਣੇ ਹੱਥ ਰੱਖੀਆ । ਸੰਤਨ ਹੱਥ ਸਾਚੀ ਕੁੰਜੀ, ਪ੍ਰਭ ਸ਼ਬਦ ਖਜ਼ਾਨਾ ਦਿਤਾ । ਮੰਗਣਹਾਰਾ ਮੰਗੇ ਸਾਚੀ ਪੂੰਜੀ, ਏਕਾ ਮਿਲੇ ਸਾਚਾ ਨਾਮ, ਲੇਖਾ ਚੁੱਕੇ ਅਠਾਰਾਂ ਧਿਆਏ ਗੀਤਾ । ਰੋਗ ਜਾਏ ਏਕਾ ਦੂਜਾ ਤੀਜੇ ਨੇਤਰ ਤੀਜੀ ਧਾਰ, ਦਰਸ ਦਿਖਾਏ ਹਰਿ ਨਿਰੰਕਾਰ, ਕਾਇਆ ਹੋਏ ਪਤਤ ਪੁਨੀਤਾ । ਆਏ ਦਰ ਬਣ ਭਿਖਾਰ, ਸੰਤ ਸੁਹੇਲੇ ਦੇਣਾ ਤਾਰ, ਮਿਲੇ ਮੇਲਾ ਸੱਜਣ ਸਾਚੇ ਮੀਤ ਮੁਰਾਰ, ਪੰਜ ਤਤ ਰਹੇ ਸੀਤਲ ਸੀਤਾ । ਗੁਰ ਪੂਰੇ ਭਰਿਆ ਇਕ ਭੰਡਾਰ, ਹਰਿਜਨ ਵਰਿਆ ਵਿਚ ਸੰਸਾਰ, ਜੁਗ ਜੁਗ ਅਵੱਲੜੀ ਰੀਤਾ । ਸਤਿਗੁਰ ਸਾਚਾ ਸਚ ਵਡਿਆਈਆ । ਆਤਮ ਜੋਤੀ ਜਿਸ ਟਿਕਾਈਆ । ਸਦ ਵਜਦੀ ਰਹੇ ਵਧਾਈਆ । ਦਿਵਸ ਰੈਣ ਗਾਏ ਚਾਈਂ ਚਾਈਂਆ । ਜ਼ਾਤ ਪਾਤੀ ਆਤਮ ਕਮਲਾਪਾਤੀ ਚਰਨ ਕਵਲ ਸੱਚੀ ਸਰਨਾਈਆ । ਚਰਨ ਕਵਲ ਮਸਤਕ ਧੂੜ, ਨੈਣੀ ਦਰਸ ਨਿਰਾਲਾ । ਸੁਘੜ ਬਣਾਏ ਮਨਮੁਖ ਮੂੜ੍ਹ, ਸਾਧ ਸੰਤ ਜੀਵ ਜੰਤ ਕਰੇ ਪ੍ਰਿਤਪਾਲਾ । ਸ੍ਰਿਸ਼ਟ ਸਬਾਈ ਨਾਤਾ ਕੂੜੋ ਕੂੜ, ਏਕਾ ਏਕ ਸਾਚਾ ਸਰ ਸੱਚੀ ਧਰਮਸਾਲਾ । ਲੱਖ ਚੁਰਾਸੀ ਆਵਣ ਜਾਵਣ ਕਟੇ ਜੂੜ, ਸ਼ਬਦ ਸਾਜਨ ਹੋਏ ਕਿਰਪਾਲਾ । ਸੰਤ ਸੁਜਾਨ ਮੇਲ ਮਿਲਾਉਣਾ ਨਾਨਕ ਰੂਪ ਭਗਵਾਨ, ਹੱਥ ਫੜਾਉਣੀ ਸਾਚੀ ਮਾਲਾ । ਨਾਮ ਮਾਲਾ ਮਨ ਨਾਮ ਡੋਰ । ਬੰਨ੍ਹ ਵਖਾਏ ਪੰਜੇ ਚੋਰ । ਜੋਤ ਜਗਾਏ ਅੰਧੇਰ ਘੋਰ । ਸਾਚੇ ਮਾਰਗ ਦੇਵੇ ਤੋਰ । ਅੱਗੇ ਮਿਲੇ ਨਾ ਕੋਈ ਹੋਰ । ਗੁਰ ਨਾਨਕ ਪਕੜੇ ਆਪੇ ਡੋਰ ।



ਪੰਜ ਤਤ ਤਨ ਰਤ ਹੈ, ਮਾਨਸ ਰਸਨ ਫਿਰੇ ਹਲਕਾਏ । ਸਤਿਗੁਰ ਸਾਚਾ ਬੀਜ ਬੀਜੇ ਆਤਮ ਅੰਮ੍ਰਿਤ ਸਾਚੇ ਵੱਤ ਹੈ, ਅੰਮ੍ਰਿਤ ਫਲ ਲਗਾਏ । ਚਰਨ ਪ੍ਰੀਤ ਸਾਚਾ ਨੱਤ ਹੈ, ਜੋ ਜਨ ਸਰਨ ਸਰਨਾਈ ਆਏ । ਬਹੱਤਰ ਨਾੜੀ ਨਾ ਉਬਲੇ ਰੱਤ ਹੈ, ਜਿਸ ਜਨ ਸੀਸ ਆਪਣਾ ਹੱਥ ਟਿਕਾਏ । ਆਪੇ ਦੇ ਸਮਝਾਵੇ ਮਤ ਹੈ, ਗੁਣ ਅਵਗੁਣ ਏਕਾ ਰੰਗ ਸਮਾਏ । ਦੁਰਮਤ ਮੈਲ ਦੇਵੇ ਕੱਟ ਹੈ, ਹਉਮੇ ਹੰਗਤਾ ਦਏ ਜਲਾਏ । ਦੂਈ ਦਵੈਤੀ ਮੇਟੇ ਫੱਟ ਹੈ, ਅੰਮ੍ਰਿਤ ਆਤਮ ਜਾਮ ਪਿਆਏ । ਇਕ ਵਖਾਏ ਕਾਅਬਾ ਸਾਚਾ ਹੱਟ ਹੈ, ਗੁਰ ਨਾਨਕ ਤੇਰਾਂ ਸੰਮਤ ਤੇਰਾਂ ਤੇਰੀ ਧਾਰ ਮੋਦੀਖਾਨੇ ਗਾਏ । ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਮਸਤੂਆਣੇ ਜੋਤ ਜਗਾਏ । ਪੰਦਰਾਂ ਕੱਤਕ ਦਿਵਸ ਵਿਚਾਰ, ਰਾਣਾ ਸੰਗਰੂਰ ਸ਼ਬਦ ਜਣਾਏ । ਗੁਰਮੁਖਾਂ ਦੇਵੇ ਸ਼ਬਦ ਹੁਲਾਰ, ਸੰਤ ਸੁਹੇਲੇ ਫੜ ਫੜ ਬਾਹੋਂ ਲਏ ਤਾਰ, ਸਾਚੇ ਸੰਤ ਨੰਦ ਸਿੰਘ ਤੇਰੇ ਸਾਚੇ ਸੁਤ ਆਪੇ ਪਾਰ

ਕਰਾਏ । ਮਨਮੁਖਾਂ ਵੱਢੇ ਕਾਇਆ ਜੁਠੇ ਝੂਠੇ ਪੱਤ, ਸ਼ਬਦ ਖੰਡਾ ਏਕਾ ਵਾਹੇ । ਜੋ ਜਨ ਨਾਨਕ ਗੁਰ ਗੋਬਿੰਦ ਦਰ ਦਵਾਰਿਉਂ ਤੇਰੇ ਗਏ ਰੁੱਠ, ਫੜ ਫੜ ਬਾਹੋਂ ਫੇਰ ਮਨਾਏ । ਸਤਿਗੁਰ ਪੂਰਾ ਜਾਏ ਤੁੱਠ, ਲੁਕਿਆ ਰਹਿਣ ਨਾ ਪਾਏ ਗੁੱਠ, ਤੀਰ ਨਿਰਾਲਾ ਜਾਏ ਛੁੱਟ, ਨੀਲਾ ਘੋੜਾ ਪਹਿਲਾ ਪੌੜਾ ਉਠਾਏ । ਗੁਰਮੁਖ ਸੰਤ ਸੁਹੇਲੇ ਆਪ ਕਰਾਏ ਏਕਾ ਮੁੱਠ, ਦੂਜੀ ਧਾਰ ਵਿਚ ਸੰਸਾਰ ਰਹਿਣ ਨਾ ਪਾਏ । ਪੁਰਖ ਅਕਾਲ ਹੋਏ ਦੀਨ ਦਿਆਲ, ਏਕਾ ਨਾਮ ਰਖਾਏ । ਸਾਚਾ ਸੁਤ ਸਾਚਾ ਹੱਟ ਖੁਲ੍ਹਾਏ । ਨਾਨਕ ਗੁਰ ਤੇਰਾ ਸਾਚਾ ਘਰ, ਗੁਰ ਗੋਬਿੰਦੇ ਮਿਲਿਆ ਵਰ, ਸੰਬਲ ਨਗਰੀ ਜਾਏ ਤਰ, ਚਾਰ ਵਰਨ ਖੁਲ੍ਹਾਏ ਇਕ ਦਰ, ਸਾਚਾ ਮਾਰਗ ਇਕ ਵਖਾਏ । ਪੰਚਮ ਪਾਇਆ ਪੰਚਮ ਗਵਾਇਆ, ਸੰਤ ਘਰ ਵਡਿਆਈ । ਪੰਚਮ ਸਾਚਾ ਭੋਗ ਲਗਾਇਆ, ਗੁਰਮੁਖ ਸਾਚੇ ਦਰ ਘਰ ਸਾਚੇ ਮੇਲਾ ਮੇਲ ਕਰਾਇਆ, ਵਿਛੜ ਕਦੇ ਨਾ ਜਾਈਆ । ਦਰ ਦਵਾਰੇ ਦਰਸ ਅਮੋਘ ਦਿਖਾਇਆ, ਜਗਤ ਦੁਖੜਾ ਰੋਗ ਮਿਟਾਈਆ । ਗੁਰ ਸ਼ਬਦ ਗੁਰ ਸੰਗਤ ਸਾਚੀ ਚੋਗ ਚੁਗਾਇਆ, ਕਾਇਆ ਤ੍ਰਿਪਤ ਕਰਾਈਆ । ਹਉਮੇ ਹੰਗਤ ਦੂਈ ਦਵੈਤੀ ਮੇਟ ਮਿਟਾਇਆ, ਸਾਚੀ ਸੰਗਤਾ ਸੰਗ ਨਿਭਾਈਆ । ਆਪੇ ਕੱਟਣਹਾਰਾ ਭੁੱਖ ਨੰਗਤਾ, ਪ੍ਰਭ ਹੱਥ ਸੱਚੀ ਵਡਿਆਈਆ । ਏਕਾ ਦਰ ਏਕਾ ਘਰ ਏਕਾ ਸਰ ਹਰਿਜਨ ਸਦਾ ਸਦਾ ਸਦਾ ਰਹੇ ਮੰਗਤਾ, ਗੁਰ ਪੂਰਾ ਆਤਮ ਝੋਲੀ ਰਿਹਾ ਭਰਾਈਆ । ਕਾਇਆ ਚੋਲੀ ਨਾਮ ਰੰਗਤਾ, ਰੰਗਣ ਰੰਗ ਮਜੀਠੀ ਇਕ ਚੜ੍ਹਾਈਆ । ਮਾਨਸ ਜਨਮ ਨਾ ਹੋਏ ਭੰਗਤਾ, ਲੱਖ ਚੁਰਾਸੀ ਫੰਦ ਕਟਾਈਆ । ਅੰਤਮ ਤੁੱਟੀ ਆਪਣੀ ਹੱਥੀਂ ਗੰਢਤਾ, ਨਾਮ ਡੋਰੀ ਵਿਚ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਲੋਕਮਾਤ ਰਿਹਾ ਰਚਾਈਆ ।

❋ ੩ ਅੱਸੂ ੨੦੧੩ ਬਿਕ੍ਰਮੀ ਦਿੱਲੀ ਦਰਬਾਰ ਪਹਾੜ ਗੰਜ ਗਲੀ ਨੰ੦ ੭ ਮਕਾਨ ਨੰ੦ ੮੬੯੭ ❋

ਸੰਮਤ ਬੀਸ ਤੇਰਾ ਸਾਚਾ ਰੰਗ, ਪ੍ਰਭ ਸਾਚਾ ਆਪ ਰੰਗਾਇੰਦਾ । ਗੁਰ ਸੰਗਤ ਲਗਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਹੋਏ ਭੰਗ, ਗੁਰਮੁਖ ਵਿਰਲਾ ਮਾਤ ਰਹਿ ਜਾਇੰਦਾ । ਚਾਰੋਂ ਕੁੰਟ ਦਿਸੇ ਭੁੱਖ ਨੰਗ, ਕੋਈ ਨਾ ਕਿਸੇ ਬਚਾਇੰਦਾ । ਜਮਨ ਕਿਨਾਰਾ ਪ੍ਰਭ ਆਏ ਲੰਘ, ਅੱਸੂ ਤਿੰਨ ਥਿਤ ਵਖਾਇੰਦਾ । ਚਰਨ ਛੁਹਾਏ ਸ਼ਹੀਦ ਗੰਜ, ਤੇਗ ਬਹਾਦਰ ਤੇਰਾ ਦਰ ਵਸਾਇੰਦਾ । ਵਾਲੀ ਹਿੰਦ ਸੌਣਾ ਮਿਲੇ ਨਾ ਉਪਰ ਪਲੰਘ, ਦਰ ਦਰਬਾਨ ਰਖਾਇੰਦਾ । ਜਗਤ ਕਾਇਆ ਤ੍ਰਿਸ਼ਨਾ ਖੰਘ, ਮਾਇਆ ਮਮਤਾ ਬਲਗਮ ਚਲਾਇੰਦਾ । ਨੌ ਖੰਡ ਪ੍ਰਿਥਮੀ ਵੱਜੇ ਮਰਦੰਗ, ਪ੍ਰਭ ਸਾਚਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸੌ ਤੇਰਾਂ ਤੇਰੀ ਬਣਤ ਬਣਾਇੰਦਾ । ਬੀਸ ਬੀਸ ਵੱਜੀ ਵਧਾਈ, ਅੱਸੂ ਤਿੰਨ ਵਡਿਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਆਇਣ ਚਲ ਸਰਨਾਈ, ਮਾਣ ਤਾਣ ਸਰਬ ਮਿਟ ਜਾਈਆ । ਜਗੇ ਜੋਤ ਇਕ ਰਘੁਰਾਈ, ਦੂਸਰ ਕੋਈ ਦਿਸ ਨਾ ਆਈਆ । ਨਾ ਕੋਈ ਦਿਸੇ ਭੈਣ ਭਾਈ, ਮਾਤ ਪਿਤ ਨਾ ਕੋਈ ਸੰਗ ਰਖਾਈਆ । ਗੁਰਮੁਖ ਸਾਚੇ ਗਾਇਣ ਚਾਈਂ ਚਾਈਂ, ਪੰਚਮ ਮੀਤਾ ਮਿਲੇ ਕਰ ਕਰ ਲੰਮੀਆਂ ਬਾਂਹੀ, ਆਪ ਆਪਣਾ ਲੜ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਬੈਠਾ ਚੜ੍ਹ, ਦਿਸ ਕਿਸੇ ਨਾ ਆਈਆ । ਸ਼ਬਦ ਸਿੰਘਾਸਣ ਹਰਿ ਨਿਰੰਕਾਰ, ਰੰਗਣ ਨਾਮ ਰੰਗਾਇਆ ।

ਗੁਰਮੁਖਾਂ ਕਰੇ ਮਾਤ ਪਿਆਰ, ਸਾਚਾ ਸੰਗ ਨਿਭਾਇਆ । ਚਰਨ ਛੁਹਾਏ ਦਿੱਲੀ ਦਰਬਾਰ, ਦਵਾਰਕਾ ਰੂਪ ਵਟਾਇਆ । ਗਊ ਗਰੀਬ ਨਿਮਾਣਿਆਂ ਜਾਏ ਤਾਰ, ਸਾਚੀ ਸੇਵਾ ਆਪਣੀ ਆਪ ਲਗਾਇਆ । ਕਲਜੁਗ ਵੇਲਾ ਅੰਤ ਵਿਚਾਰ, ਚਾਰੇ ਜੁਗ ਚਾਰੇ ਹਿੱਸੇ ਲੇਖ ਲੇਖਣੀ ਰਿਹਾ ਵੰਡਾਇਆ । ਪਹਿਲਾ ਹਿੱਸਾ ਕਿਸੇ ਨਾ ਦਿਸਾ, ਮਾਇਆ ਮਧੀ ਕਰੇ ਖੁਆਰ । ਗੁਰ ਪੀਰ ਸਾਧ ਸੰਤ ਕੋਈ ਰਹਿਣ ਨਾ ਪਾਇਆ, ਦੂਜਾ ਹਿੱਸਾ ਧਰਮ ਜੈਕਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਮਿਟੇ ਨਿਸ਼ਾਨਾਂ ਜਗਤ ਝੰਡਾ, ਵਿਚ ਬ੍ਰਹਿਮੰਡਾਂ ਕੋਈ ਰਹਿਣ ਨਾ ਪਾਇਆ । ਪੁਰਖ ਅਬਿਨਾਸ਼ੀ ਸੋਹੰ ਫੜੇ ਹੱਥ ਵਿਚ ਖੰਡਾ, ਨੌ ਖੰਡ ਪ੍ਰਿਥਮੀ ਦੇਵੇ ਦੰਡਾ, ਆਪਣੇ ਭਾਣੇ ਵਿਚ ਸਮਾਈਆ । ਤੀਜੀ ਵੰਡ ਹਰਿ ਵਿਚਾਰੀ । ਗੁਰ ਸੰਗਤ ਲੱਗੀ ਮਾਤ ਪਿਆਰੀ । ਕਰੇ ਵਿਹਾਰ ਪਹਿਲੀ ਵਾਰੀ । ਜਨ ਭਗਤਾਂ ਭਰੇ ਸ਼ਬਦ ਭੰਡਾਰੀ । ਕਲਜੁਗ ਜੀਆਂ ਆਈ ਹਾਰੀ । ਸੰਮਤ ਚੌਦਾਂ ਪਹਿਲੀ ਚੇਤਰ ਕਰ ਤਿਆਰੀ । ਦਰ ਦਵਾਰੇ ਸਾਚੇ ਜਾਏ, ਇੱਕੀ ਇੱਕੀ ਇੱਕੀ ਪਾਏ, ਖੇਲੇ ਖੇਲ ਹਰਿ ਗਿਰਧਾਰੀ । ਗੁਰ ਸੰਗਤ ਸੰਗਤ ਗੁਰ ਛੋਟੀ ਸਿਖੀ, ਸ੍ਰਿਸ਼ਟ ਸਬਾਈ ਦੁਸ਼ਟ ਦੁਰਾਚਾਰੀ । ਖੰਡੇ ਧਾਰ ਰੱਖੀ ਤਿੱਖੀ, ਗੁਰ ਗੋਬਿੰਦ ਖੇਲ ਨਿਆਰੀ । ਗੁਰ ਗੋਬਿੰਦੇ ਮੰਗੀ ਭਿਖੀ, ਦੋਵੇਂ ਚਰਨ ਸਰਨ ਸੱਚੀ ਨਿਮਸਕਾਰੀ । ਅੰਤਮ ਲਜ ਪਤ ਪ੍ਰਭ ਮੇਰੀ ਰੱਖੀ, ਹਉਂ ਦਾਸਨ ਦਾਸ ਤੁਹਾਰੀ । ਆਪਣੀ ਹੱਥੀਂ ਰੇਖ ਆਪੇ ਲਿਖੀ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੀਜੀ ਭੇਟ ਗੁਰ ਸੰਗਤ ਚੜ੍ਹਾਏ, ਆਪ ਆਪਣੀ ਸੇਵਾ ਲਾਏ, ਸੇਵਕ ਸੇਵਾਦਾਰੀ । ਅੱਸੂ ਤਿੰਨ ਸਵਾ ਪੰਜ । ਹੋਏ ਵਕਤ ਸੁਹੇਲਾ, ਪ੍ਰਭ ਚਰਨ ਛੁਹਾਇਆ ਪਹਾੜ ਗੰਜ । ਗੁਰਮੁਖ ਵਿਰਲੇ ਮਾਤ ਮੇਲਾ, ਸ੍ਰਿਸ਼ਟ ਸਬਾਈ ਨਾਰ ਬੰਝ । ਨਾ ਕੋਈ ਗੁਰ ਨਾ ਕੋਈ ਚੇਲਾ, ਮਾਇਆਧਾਰੀ ਅੰਤਮ ਮਿਟਣੇ ਜਿਉਂ ਕਾਰੂ ਗੰਜ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਸੁਹਾਏ ਅੰਮ੍ਰਿਤ ਵੇਲਾ । ਸ਼ਬਦ ਸਿੰਘਾਸਣ ਹਰਿ ਕਰਤਾਰ, ਵੇਲਾ ਅੰਮ੍ਰਿਤ ਆਪ ਸੁਹਾਇੰਦਾ । ਗੁਰ ਸੰਗਤ ਤੇਰਾ ਸਚ ਵਿਹਾਰ, ਲੋਕਮਾਤ ਆਪ ਕਰਾਇੰਦਾ । ਸਿੰਘ ਬਿਸ਼ਨ ਖੋਲ੍ਹੇ ਬੰਦ ਕਿਵਾੜ, ਆਪਣੀ ਹੱਥੀਂ ਸੇਵਾ ਲਾਇੰਦਾ । ਪਾਰਬ੍ਰਹਮ ਬ੍ਰਹਮ ਰੂਪ ਅਪਾਰ, ਸਤਿ ਸਰੂਪ ਸਮਾਇੰਦਾ । ਵਾਲੀ ਹਿੰਦ ਕਰੇ ਖ਼ਬਰਦਾਰ, ਸਾਚਾ ਸ਼ਾਹ ਸੁਲਤਾਨ ਆਪ ਅਖਵਾਇੰਦਾ । ਨਾ ਕੋਈ ਦੀਸੇ ਦਰ ਦਰਬਾਨ, ਸੇਵਕ ਸੇਵਾ ਆਪ ਲਗਾਇੰਦਾ । ਤੀਜੇ ਮੰਨਿਆ ਹਰਿ ਭਗਵਾਨ, ਜੁਗ ਜੁਗ ਆਪਣੀ ਰੀਤਾ ਆਪ ਚਲਾਇੰਦਾ । ਆਪੇ ਕਰੇ ਪਤਤ ਪੁਨੀਤਾ, ਜਿਸ ਜਨ ਦਇਆ ਕਮਾਇੰਦਾ । ਸੰਮਤ ਅਠਾਰਾਂ ਇਕ ਵਹਾਏ ਜਲ ਜਲ ਧਾਰਾ ਨਾ ਕੋਈ ਦਿਸੇ ਗੁਰਦਵਾਰਾ ਮਸਜਿਦ ਮੰਦਰ ਮਸੀਤਾ, ਸ਼ਿਵਦਵਾਲਾ ਠਾਕਰ ਗਣੇਸ਼ ਗਣਪਤ ਨਾ ਕੋਇ ਰਸਨ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤਖ਼ਤ ਨਿਵਾਸੀ ਘਨਕਪੁਰ ਵਾਸੀ, ਹਰਿ ਹਰਿ ਸਾਚਾ ਸ਼ਾਹੋ ਸ਼ਾਬਾਸੀ, ਪਾਰਬ੍ਰਹਮ ਰੂਪ ਅਗੰਮਾ ਹਰ ਘਟ ਆਪ ਸਮਾਇੰਦਾ । ਤਖ਼ਤ ਬਿਰਾਜੇ ਸਾਚਾ ਕਾਹਨਾ, ਸਾਚਾ ਸਈਆ ਆਪ ਅਖਵਾਇੰਦਾ । ਜੋਤ ਸਰੂਪੀ ਪਹਰਿਆ ਬਾਣਾ, ਸੋਹੰ ਨਈਆ ਇਕ ਚਲਾਇੰਦਾ । ਏਕਾ ਫੜ ਸ਼ਬਦ ਤੀਰ ਕਮਾਨਾ, ਲਹਿਣਾ ਦੇਣਾ ਮੂਲ ਚੁਕਾਇੰਦਾ । ਪਰਗਟ ਹੋਏ ਵਾਲੀ ਦੋ ਜਹਾਨਾ, ਭਾਣਾ ਸਹਿਣਾ ਹੁਕਮ ਜਣਾਇੰਦਾ । ਅੰਤਮ ਛੱਡਣਾ ਪੈਣਾ ਪੀਣਾ ਖਾਣਾ, ਸੁੰਞ ਮਸਾਣਾ ਮਾਤ ਕਰਾਇੰਦਾ । ਇਕ ਨਿਸ਼ਾਨ ਸਾਚਾ ਰਹਿਣਾ, ਗੁਰਮੁਖ ਵਿਰਲਾ ਵੇਖੇ ਸਾਚੇ ਨੈਣਾ, ਪ੍ਰਭ ਸਾਚਾ ਮਾਤ ਝੁਲਾਇੰਦਾ । ਸਾਢੇ ਤਿੰਨ ਹੱਥ ਸੀਆਂ

ਸਭ ਨੇ ਬਹਿਣਾ, ਮੌਤ ਲਾੜੀ ਵਹਿਣ ਵਹਿਣਾ, ਮਾਇਆ ਮਮਤਾ ਤਨ ਪਾਏ ਗਹਿਣਾ, ਸਾਚੀ ਡੋਲੀ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰੰਗੀ ਚੋਲੀ, ਗੁਰਮੁਖਾਂ ਰੰਗ ਚੜ੍ਹਾਇੰਦਾ । ਕਾਇਆ ਚੋਲੀ ਰੰਗ ਬਸੰਤ, ਪ੍ਰਭ ਸਾਚਾ ਇਕ ਚੜ੍ਹਨਿਆ । ਹਰਿਜਨ ਮੇਲਾ ਸਾਚੇ ਕੰਤ, ਆਦਿ ਅੰਤ ਨਾ ਕਦੇ ਵਿਛੁੜਿਆ । ਆਪ ਬਣਾਏ ਸਾਚੀ ਬਣਤ, ਵਡ ਦਾਤਾ ਹਰਿ ਗੁਣ ਗੁਣਿਆ । ਭਰਮੇ ਭੁੱਲੇ ਜੀਵ ਜੰਤ, ਖਾਣੀ ਬਾਣੀ ਵੇਦ ਪੁਰਾਨੀ ਅੰਜੀਲ ਕੁਰਾਨੀ ਸਾਚਾ ਹਾਣੀ, ਕੋਈ ਨਾ ਦੇਵੇ ਅੰਮ੍ਰਿਤ ਆਤਮ ਠੰਢਾ ਪਾਣੀ, ਰਾਗ ਨਾਦ ਨਾ ਧੁਨ ਉਪਜਾਏ ਸਾਚੀ ਧੁਨਿਆ । ਮਾਇਆ ਮਮਤਾ ਚਾਦਰ ਬੈਠੇ ਤਾਣੀ, ਗੁਰ ਗੋਬਿੰਦ ਨਾ ਕੋਇ ਪਛਾਣੀ, ਤਨ ਮਿਆਨਾ ਸ਼ਬਦ ਗਾਤਰਾ, ਨਾ ਕੋਈ ਜਾਣੇ ਵੇਦ ਸ਼ਾਸਤਰਾ, ਪੜ੍ਹ ਪੜ੍ਹ ਥੱਕੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸੰਬਲ ਨਗਰੀ ਵੇਸ ਕਰ, ਆਪਣੀ ਬਣਤ ਬਣਾਈਆ । ਗੁਰ ਗੋਬਿੰਦ ਤੇਰਾ ਸਾਚਾ ਘਰ, ਹਰਿ ਸਾਚਾ ਆਪ ਵਸਾਇੰਦਾ । ਅੰਦਰ ਬੈਠਾ ਹਰੀ ਹਰਿ, ਹਰਿ ਹਰਿ ਰੂਪ ਵਟਾਇੰਦਾ । ਸ੍ਰਿਸ਼ਟ ਸਬਾਈ ਆਏ ਡਰ, ਪੰਜ ਤਤ ਵੇਖ ਸ਼ਰਮਾਇੰਦਾ । ਜਗਤ ਘਾੜਨ ਰਿਹਾ ਘੜ, ਆਪਣਾ ਘਾੜ ਨਾ ਕਿਸੇ ਜਣਾਇੰਦਾ । ਸਭ ਦੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਜਗਾਏ ਦਸਮ ਦਵਾਰੀ ਚੋਟੀ ਚੜ੍ਹ, ਸ਼ਬਦ ਸਰੂਪੀ ਦਰਸ ਦਿਖਾਇੰਦਾ । ਲੱਖ ਚੁਰਾਸੀ ਨੌ ਖੰਡ ਪ੍ਰਿਥਮੀ ਲੋਆਂ ਪੁਰੀਆਂ ਰਿਹਾ ਲੜ, ਦਿਵਸ ਰੈਣਾ ਖੰਡਾ ਵਾਹਿੰਦਾ । ਦੋਏ ਦੋਏ ਕਰੇ ਸੀਸ ਧੜ, ਲੱਗੀ ਰਹਿਣ ਨਾ ਦੇਵੇ ਕਿਸੇ ਦੀ ਜੜ੍ਹ, ਸੰਮਤ ਉਨੀ ਸਭ ਦੀ ਚੋਟੀ ਜਾਏ ਮੁੰਨੀ, ਨਾ ਕੋਈ ਦਿਸੇ ਗਿਆਨੀ ਧਿਆਨੀ ਪੰਡਤ ਪਾਂਧਾ ਮੁਸਲਿਮ ਸੁੰਨੀ, ਸਾਧ ਸੰਤ ਨਾ ਕੋਈ ਵਖਾਇੰਦਾ ।

੭੧ ੦੬

ਏਕਾ ਏਕ ਹਰਿ ਸੰਗਤ ਪ੍ਰਭ ਸਾਚੇ ਚੁਣੀ, ਦੇਵੇ ਸ਼ਬਦ ਦਰ ਨਾਦ ਵਜਾਏ ਸਾਚੀ ਧੁਨੀ, ਆਤਮ ਬ੍ਰਹਮ ਗਿਆਨ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਪੰਚਮ ਰੀਤਾ ਪੰਚਮ ਮਾਤ ਚਲਾਇੰਦਾ । ਪੰਚਮ ਰੀਤ ਚਲਾਵਣ ਆਇਆ, ਪੰਚਾਂ ਮੇਲ ਮਿਲਾਇੰਦਾ ਪੰਚਮ ਗੀਤ ਸੁਨਾਵਣ ਆਇਆ, ਪੰਚਾਂ ਤੇਲ ਚੜ੍ਹਾਇੰਦਾ । ਪੰਚਾਂ ਜਗਤ ਵਸਾਵਣ ਆਇਆ, ਪੰਚਾਂ ਮਾਰ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਾਂ ਸੰਗ ਨਿਭਾਇੰਦਾ । ਪੰਚ ਪਰਧਾਨ ਪ੍ਰਭ ਮਾਤ ਬਣਾਏ । ਸ਼ਬਦ ਨਿਸ਼ਾਨ ਹੱਥ ਫੜਾਏ । ਚਰਨ ਰਖਾਏ ਏਕਾ ਆਣ, ਸੋਹੰ ਸਾਚੇ ਰਥ ਚੜ੍ਹਾਏ । ਬ੍ਰਹਮਾ ਸ਼ਿਵ ਦੇਵਤ ਸੁਰ ਅੰਤ ਮਿਟ ਜਾਣ, ਭਾਣਾ ਸਮਰਥ ਆਪ ਵਰਤਾਏ । ਗੁਰਮੁਖ ਸਾਚੇ ਚਤਰ ਸੁਜਾਨ, ਦਰਸ ਦਿਖਾਏ ਵਿਚ ਜਹਾਨ, ਸਗਲ ਵਸੂਰੇ ਜਾਇਣ ਲੱਥ, ਨੇਤਰ ਲੋਚਨ ਦਰਸ਼ਨ ਪਾਇਣ, ਆਤਮ ਜੋਤੀ ਬ੍ਰਹਮ ਗਿਆਨ ਸਾਢੇ ਤਿੰਨ ਹੱਥ ਰਖਾਏ ਇਕ ਨਿਸ਼ਾਨ, ਸੱਤਾਂ ਦੀਪਾਂ ਰਿਹਾ ਚੜ੍ਹਾਏ । ਵਾਲੀ ਹਿੰਦ ਨਾ ਸੌਣਾ ਬਣ ਨਾਦਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਥਾ ਅਕੱਥ ਰਖਾਏ ।

ਪ੍ਰਭ ਅਬਿਨਾਸ਼ੀ ਕਾਜ ਰਚਾਇਆ, ਤ੍ਰੈਲੋਕ ਵੱਜੇ ਵਧਾਈਆ । ਬ੍ਰਹਮਾ ਬ੍ਰਹਮਲੋਕ ਤਿਆਗ ਦਰ ਸਾਚੇ ਆਇਆ, ਦੋਏ ਜੋੜ ਪੜੇ ਸਰਨਾਈਆ । ਸ਼ਿਵ ਸ਼ੰਕਰ ਨੇਤਰ ਜਾਗ ਖੁਲ੍ਹਾਇਆ, ਬਾਸ਼ਕ ਤਸ਼ਕਾ ਗਲ ਲਟਕਾਈਆ । ਸੁਰਪਤ ਰਾਜਾ ਕਰੋੜ ਤੇਤੀਸਾ ਨਾਲ ਰਲਾਇਆ, ਚਰਨ ਧੂੜ ਮਸਤਕ

ਲਾਵੇ, ਨੇਤਰ ਚਰਨ ਟਿਕਾਈਆ । ਸੂਰਜ ਚੰਦ ਰਸਨਾ ਗਾਇਣ ਆਪਣੇ ਦੰਦ, ਮਿਟਾਵਣ ਆਏ ਜਗਤ ਅੰਧ, ਦਰ ਦਵਾਰ ਰਹੇ ਤਕਾਈਆ । ਵਰਤੇ ਖੇਲ ਪ੍ਰਭ ਵਿਚ ਵਰਭੰਡ, ਨੌਂ ਖੰਡ ਪ੍ਰਿਥਮੀ ਮਿਟੇ ਭੇਖ ਪਖੰਡ, ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਈਆ । ਸੱਤਾਂ ਦੀਪਾਂ ਰਿਹਾ ਵੰਡ, ਅਚਰਜ ਖੇਲੇ ਖੇਲ ਵਿਚ ਬ੍ਰਹਿਮੰਡ, ਸਾਚੀ ਰੰਗਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਰਿਹਾ ਲਿਖਾਈਆ । ਲੇਖਾ ਲਿਖਣਹਾਰ ਦਾਤਾਰ, ਕਲਜੁਗ ਅੰਤ ਲਿਖਾਇੰਦਾ । ਨੌਂ ਖੰਡ ਪ੍ਰਿਥਮੀ ਇਕ ਦਰਬਾਰ, ਇਕ ਦਵਾਰ ਵਖਾਇੰਦਾ । ਇਕ ਬਣਾਏ ਸੱਚੀ ਸਰਕਾਰ, ਸਚ ਸੁੱਚ ਵਰਤਾਰ ਚਲਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਬੀਸ ਬੀਸਾ ਰੁੱਤ ਸੁਹਾਇੰਦਾ । ਕਲਗੀ ਤੋੜਾ ਨਾਮ ਅਪਾਰ, ਪੰਚਮ ਜੋੜਾ ਜੋੜ ਜੁੜਾਇੰਦਾ । ਸੋਹੰ ਲੇਖਾ ਅਪਰ ਅਪਾਰ, ਸਾਚੇ ਘੋੜੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਲੇਖਾ ਲਿਖਣਹਾਰ ਆਪ ਅਖਵਾਇੰਦਾ । ਸਚ ਸਰਕਾਰ ਸਚ ਸੁਲਤਾਨ, ਸਾਚੇ ਤਖ਼ਤ ਬਰਾਜਿਆ । ਇਕ ਰਖਾਏ ਆਪਣੀ ਆਣ, ਨਾ ਕੋਈ ਸਕੇ ਮਾਤ ਪਛਾਣ, ਨਾ ਕੋਈ ਜਾਣੇ ਰਾਜਨ ਰਾਜਿਆ । ਨਾਮ ਚਲਾਏ ਸਾਚਾ ਬਾਣ, ਸੋਹੰ ਰੱਖੇ ਤੀਰ ਕਮਾਨ, ਸ੍ਰਿਸ਼ਟ ਸਬਾਈ ਮਿਟੇ ਨਿਸ਼ਾਨ, ਲਾੜੀ ਮੌਤ ਮੰਗੇ ਦਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਜਗਤ ਸਵਾਰੇ ਭਗਤ ਕਾਜਿਆ । ਸਾਚਾ ਵੇਸ ਆਪ ਕਰਾਇਆ, ਮਾਝੇ ਜੋਤ ਜਗਾਈਆ । ਮਾਝਾ ਦੇਸ ਦਏ ਮਿਟਾਇਆ, ਘਰ ਘਰ ਖ਼ਾਕ ਉਡਾਈਆ । ਬੇਮੁਖ ਜੀਵਾਂ ਦਿਸ ਨਾ ਆਇਆ, ਅੰਤਮ ਰੋ ਰੋ ਦਏ ਦੁਹਾਈਆ । ਸਾਢੇ ਤਿੰਨ ਹੱਥ ਸੀਆਂ ਧਾਮ ਸੁਹਾਇਆ, ਸਾਚੀ ਸੇਵਾ ਆਪਣੀ ਆਪੇ ਲਾਈਆ । ਜਗਤ ਜਗਦੀਸ਼ਾ ਨੀਹਾਂ ਹੇਠ ਦਬਾਇਆ, ਰਾਜ ਰਾਜਾਨਾਂ ਰਿਹਾ ਜਗਾਈਆ । ਅੰਤਮ ਵੇਲਾ ਨੇੜੇ ਆਇਆ, ਨਾ ਹੋਏ ਕੋਈ ਸਹਾਈਆ । ਨਗਰ ਖੇੜੇ ਰਿਹਾ ਢਾਇਆ, ਸਾਧਾਂ ਸੰਤਾਂ ਦਿਸ ਨਾ ਆਈਆ । ਆਪਣਾ ਆਪਣਾ ਰਾਹ ਚਲਾਇਆ, ਪ੍ਰਭ ਅਬਿਨਾਸ਼ੀ ਦਿਸ ਨਾ ਆਇਆ, ਗਾ ਗਾ ਥੱਕੀ ਸਰਬ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਇਕ ਮਲਾਹ ਬਣ ਕੇ ਆਇਆ, ਸਾਚੀ ਨਈਆ ਨਾਮ ਚਲਾਈਆ । ਸਾਚੀ ਨਈਆ ਨਾਮ ਚਲਾਏ, ਵਾਲੀ ਦੋ ਜਹਾਨਿਆ । ਸਾਚਾ ਸਈਆ ਆਪ ਅਖਵਾਏ, ਦੇਵੇ ਦਾਨ ਸਾਚਾ ਦਾਨਿਆ । ਭੈਣਾ ਭਈਆ ਚਾਰ ਵਰਨ ਬਣਾਏ, ਚਰਨ ਧੂੜ ਕਰਾਏ ਸੱਚਾ ਇਸ਼ਨਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਸਾਚਾ ਸਮਾਂ ਸੁਹਾਨਿਆਂ । ਸੰਮਤ ਤੇਰਾਂ ਲੱਗੇ ਭਾਗ, ਵਡਭਾਗੀ ਹਰਿ ਹਰਿ ਪਾਇਆ । ਗੁਰ ਸੰਗਤ ਮਨ ਰਹੇ ਵੈਰਾਗ, ਪ੍ਰਭ ਸਾਚੀ ਦਇਆ ਕਮਾਇਆ । ਸੁਰਤ ਸਵਾਣੀ ਜਾਏ ਜਾਗ, ਕਾਗੀ ਹੰਸ ਬਣਾਇਆ । ਆਪ ਬੁਝਾਏ ਤ੍ਰਿਸ਼ਨਾ ਆਗ, ਦੁਰਮਤ ਦਾਗ਼ ਧਵਾਇਆ । ਆਪਣੇ ਹੱਥ ਪਕੜੇ ਵਾਗ, ਦਿੱਲੀ ਤਖ਼ਤ ਚਰਨ ਛੁਹਾਇਆ । ਮਾਇਆ ਡੱਸੇ ਨਾ ਡੱਸਣੀ ਨਾਗ, ਆਤਮ ਤ੍ਰਿਪਤ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹਰਿ ਰਘੁਰਾਇਆ । ਸ਼ਬਦ ਤਾਜ ਜੋਗ ਰਾਜ, ਨਾਮ ਸੁਲਤਾਨ ਭਗਤ ਦਰਬਾਨ ਸਾਚਾ ਦਰ ਸੁਹੰਜਣਾ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਆਤਮ ਜੋਤੀ ਬ੍ਰਹਮ ਗਿਆਨ, ਸ਼ਬਦ ਜਣਾਏ ਧੁਰ ਫ਼ਰਮਾਣ, ਹਰਿ ਹਰਿ ਭਾਣੇ ਚਲਣਾ । ਨਾਮ ਦਾਨ ਪੀਣ ਖਾਣ, ਚਰਨ ਧੂੜ ਸੱਚਾ ਇਸ਼ਨਾਨ, ਬੀਸ ਬੀਸਾ ਕਰ ਪਛਾਣ, ਦਰ ਘਰ ਸਾਚੇ ਮੰਨਣਾ । ਸਾਧ ਸੰਤ ਜੰਤ ਨਾਦਾਨ, ਮੰਦਰ ਬਹਿ ਬਹਿ ਸਾਰੇ ਗਾਣ, ਮਦਿਰਾ ਮਾਸ ਰਸਨਾ ਪਾਨ, ਭਾਂਡਾ ਭਰਮ ਨਾ


੭੨
੦੬

ਕਿਸੇ ਭੰਨਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਕਰੇ ਸੱਚਾ ਚਾਨਣਾ । ਸਚ ਤਖ਼ਤ ਸੱਚਾ ਸ਼ਾਹ, ਜਗਤ ਮਲਾਹ ਆਪ ਬਿਰਾਜਿਆ । ਸ੍ਰਿਸ਼ਟ ਸਬਾਈ ਦੱਸੇ ਰਾਹ, ਅੰਤਮ ਕੋਈ ਰਹਿਣਾ ਨਾ, ਨਾ ਕੋਈ ਰੱਖੇ ਲਾਜਿਆ । ਨਾ ਕੋਈ ਪਿਤਾ ਨਾ ਕੋਈ ਮਾਂ, ਭਈਆ ਭੈਣ ਨਾ ਦੇਵੇ ਠੰਡੀ ਛਾਂ, ਜੂਠਾ ਝੂਠਾ ਸਾਜਣ ਸਾਜਿਆ । ਪੁਰਖ ਅਬਿਨਾਸ਼ੀ ਏਕਾ ਏਕ ਪਕੜੇ ਬਾਂਹ, ਜੋ ਜਨ ਦਰ ਦਵਾਰੇ ਆਏ ਭਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਸੋਹੰ ਸੱਚਾ ਦਾਜਿਆ । ਸੋਹੰ ਸ਼ਬਦ ਸ੍ਰਿਸ਼ਟ ਕੁੜਮਾਈ, ਪ੍ਰਭ ਆਪਣੀ ਹੱਥੀਂ ਆਪ ਕਰਾਉਣੀ । ਘਰ ਘਰ ਦਰ ਦਰ ਵੱਜੇ ਵਧਾਈ, ਸਾਚੀ ਬਣਤ ਬਣਾਉਣੀ । ਅੰਜ਼ੀਲ ਕੁਰਾਨ ਹੋਏ ਜੁਦਾਈ, ਪ੍ਰਭ ਸਾਚੀ ਖੇਲ ਰਚਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਲਿਖਤ ਲੇਖ ਭਵਿਖਤ ਆਪਣੀ ਆਪੇ ਆਪ ਕਰਾਉਣੀ । ਹਰਿ ਹਰਿ ਹਰਿ ਸਾਚੀ ਕਾਰ, ਸਚ ਸੁੱਚ ਵਰਤਾਈਆ । ਧਰਮ ਖੰਡਾ ਇਕ ਜੈਕਾਰ, ਜਗਤ ਜੋਗ ਦਵਾਈਆ । ਪਾਏ ਵੰਡਾਂ ਕਰਮ ਵਿਚਾਰ, ਬ੍ਰਹਿਮੰਡਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਜਗਾਈਆ । ਜਗੇ ਜੋਤ ਹੋਏ ਪਰਕਾਸ਼, ਮਿਟੇ ਅੰਧ ਅੰਧੇਰਿਆ । ਗੋਬਿੰਦ ਗਾਇਆ ਘਨਕਪੁਰ ਵਾਸ, ਕਲਜੁਗ ਅੰਤਮ ਪਾਏ ਫੇਰਿਆ । ਹਰਿ ਹਰਿ ਸਾਚਾ ਦਾਸਨ ਦਾਸ, ਸਦ ਵਸੇ ਨੇਰਨ ਨੇਰਿਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਰਿਹਾ ਘੇਰਿਆ । ਕਲਜੁਗ ਸੰਤਾਂ ਲੱਗੀ ਅਗਨ ਖੈ ਖੈ ਜਲਨ ਬਾਂਸ, ਅੰਤਮ ਭਸਮੀ ਭਸਮ ਢੇਰਿਆ । ਗੁਰਮੁਖ ਵਿਰਲੇ ਲੇਖੇ ਲੱਗੇ ਹੱਡ ਨਾੜੀ ਮਾਸ, ਚੁੱਕੇ ਮੇਰਾ ਤੇਰਿਆ । ਸਾਚੇ ਮੰਡਲ ਵੇਖੇ ਰਾਸ, ਹਰਿ ਸ਼ਾਮਾ ਚਾਓ ਘਨੇਰਿਆ । ਸਰਬ ਗੁਣਾ ਗੁਣ ਆਪੇ ਤਾਸ, ਗੁਣਵੰਤਾ ਕਰੇ ਮਿਹਰਿਆ । ਕੱਟਣਹਾਰਾ ਜੁਗ ਜੁਗ ਫਾਸ, ਆਵੇ ਜਾਵੇ ਪਾਵੇ ਫੇਰਿਆ । ਗਊ ਗਰੀਬ ਨਿਮਾਣੇ ਮੁਖ ਵਿਚ ਰੱਖੀ ਬੈਠੇ ਘਾਸ, ਸਾਧ ਸੰਤ ਬਣਾਈ ਬੈਠੇ ਵਡ ਵਡ ਡੇਰਿਆ । ਸ਼ਬਦ ਸਰੂਪੀ ਕੋਈ ਨਾ ਵਸੇ ਕਿਸੇ ਪਾਸ, ਰਸਨਾ ਕਹਿਣ ਮੈਂ ਤੇਰਾ ਤੂੰ ਮੇਰਿਆ । ਅੰਤਮ ਹੋਣਾ ਸਭ ਨੇ ਨਾਸ, ਰਾਏ ਧਰਮ ਪਾਏ ਘੇਰਿਆ । ਗੁਰ ਪੂਰੇ ਗੁਰਸਿਖ ਸਾਚੇ ਸਦ ਬਲ ਬਲ ਜਾਸ, ਇਕ ਕਰਾਇਆ ਸੰਞ ਸਵੇਰਿਆ । ਗੁਰ ਸੰਗਤ ਸਾਚੀ ਰੱਖਣੀ ਆਸ, ਵੇਲਾ ਅੰਤਮ ਨੇੜੇ ਆ ਰਿਹਾ । ਬੀਸ ਬੀਸੇ ਅੱਸੂ ਤਿੰਨ ਬੁਝੇ ਪਿਆਸ, ਤਟ ਕਿਨਾਰਾ ਚਰਨ ਛੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਟ ਘਟ ਰੂਪ ਵਟਾ ਰਿਹਾ । ਜਮਨ ਕਿਨਾਰਾ ਵੱਜੇ ਨਾਦ, ਹਰਿ ਸਾਚੇ ਆਪ ਵਜਾਵਣਾ । ਭਗਤ ਭਗਵੰਤ ਲਏ ਲਾਧ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਵਣਾ । ਵੇਖ ਵਖਾਣੇ ਆਤਮ ਰਸੀਏ ਸਾਧ, ਰਸ ਨਿਝਰ ਇਕ ਚੁਆਵਣਾ । ਦਿਵਸ ਰੈਣ ਗੁਪਤ ਗੁਪਤੀ ਰਹੇ ਅਰਾਧ, ਗੋਬਿੰਦ ਨਜ਼ਰ ਕਿਸੇ ਨਾ ਆਵਣਾ । ਰਸਨਾ ਕਹਿ ਕਹਿ ਕਰਨ ਵਿਵਾਦ, ਵਾਹਵਾ ਸਤਿਗੁਰ ਸਾਚਾ ਕਿਸੇ ਨਾ ਪਾਵਣਾ । ਜਿਸ ਜਨ ਕਿਰਪਾ ਕਰ ਆਪੇ ਮੇਲ ਮਿਲਾਏ ਮਾਧਵ ਮਾਧ, ਸੋ ਜਨ ਦਰ ਦਵਾਰ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੂਪ ਵਟਾਵਣਾ । ਪੰਚ ਰੰਗ ਪ੍ਰਭ ਰੂਪ ਵਟਾਏ, ਪੰਚਮ ਖੇਲੇ ਖੇਲਾ । ਰਾਮ ਕ੍ਰਿਸ਼ਨ ਕ੍ਰਿਸ਼ਨ ਰਾਮ ਰੂਪ ਆਪ ਹੋ ਜਾਏ, ਸੀਸ ਮੁਕਟ ਬੈਨ ਸਾਚੇ ਨੈਣਾ । ਗੋਬਿੰਦ ਧਾਰਾ ਸ਼ਬਦ ਜਣਾਏ, ਦਰਸ ਦਿਖਾਵੇ ਦੇਵੀ ਨੈਣਾ । ਅਮਾਮ ਮਹਿੰਦੀ ਹੱਥ ਮਹਿੰਦੀ ਲਾਏ, ਸ੍ਰਿਸ਼ਟ ਸਬਾਈ ਆਪ ਵਹਾਏ ਵਹਿੰਦੇ ਵਹਿਣਾ । ਮੁਹੰਮਦ


੭੩
੦੬

ਮੁਹੰਮਦੀ ਸੰਗ ਰਲਾਏ ਕਲਜੁਗ ਅੰਤ ਵਖਾਏ ਨੇਤਰ ਨੈਣਾ । ਉਮਤ ਨਬੀ ਰਸੂਲ ਦੀ ਨਿਜ ਮੇਰੇ ਘਰ ਜੰਮਦੀ, ਧਰਤ ਮਾਤ ਨੇ ਰੋ ਰੋ ਕਹਿਣਾ । ਕੋਇ ਨਾ ਜਾਣੇ ਖੇਲ ਅਗੰਮ ਦੀ, ਸਾਧਾਂ ਸੰਤਾਂ ਢਹਿ ਢਹਿ ਚਰਨੀ ਪੈਣਾ । ਕਾਇਆ ਖੇਲ ਹੱਡ ਮਾਸ ਨਾੜੀ ਚੰਮ ਦੀ, ਪ੍ਰਭ ਸਾਚੇ ਅੰਦਰ ਮੰਦਰ ਸਾਚੇ ਰਹਿਣਾ । ਨਾ ਭਰਵਾਸਾ ਦਮ ਦਮ ਦੀ, ਬੀਸ ਬੀਸੇ ਕਿੰਨ ਕਿੰਨ ਰਹਿਣਾ । ਗੁਰਮੁਖਾਂ ਆਤਮ ਨੀਰ ਵਹਾਏ ਛੰਮ ਛੰਮ ਦੀ, ਪ੍ਰਭ ਦਰਸ਼ਨ ਲੋਚਨ ਨੈਣਾ । ਤ੍ਰਿਸ਼ਨਾ ਰਹੇ ਨਾ ਭੁੱਖ ਤਮ ਦੀ, ਚੌਥੀ ਕੂਟੇ ਦਿੱਲੀ ਆਪੇ ਬਹਿਣਾ । ਘਾਟ ਰਹੇ ਨਾ ਪ੍ਰਭ ਤੇਰੇ ਨਾਮ ਦੀ, ਆਪ ਚੁਕਾਏ ਲਹਿਣਾ ਦੇਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਧੂੜ ਨੇਤਰ ਕੱਜਲ ਪਾਏ, ਖੋਲ੍ਹ ਦਿਖਾਵੇ ਤੀਜੇ ਨੈਣਾ । ਪਾਰ ਕਿਨਾਰ ਕਰ ਕਰ ਤਟ, ਪ੍ਰਭ ਪਰਗਟ ਹੋਵੇ ਝਟ ਪਟ, ਜੋਤੀ ਨੂਰ ਹੋਏ ਪਰਕਾਸ਼ । ਸ਼ਬਦ ਸਰੂਪੀ ਨਿਕਲੇ ਲਾਟ, ਪੰਜ ਗਜ ਨਾ ਕੋਈ ਆਵੇ ਪਾਸ । ਕਾਇਆ ਅਗਨੀ ਲੱਗੇ ਮੱਟ, ਰਸਨਾ ਗਾਏ ਇਕ ਸਵਾਸ । ਆਤਮ ਖੁਲ੍ਹੇ ਸ਼ਬਦ ਸਾਚਾ ਹਟ, ਸਤਿਗੁਰ ਪੂਰਾ ਹੋਵੇ ਸਦਾ ਪਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਸਾਚਾ ਵਰ, ਤਨ ਪਹਿਨਾਏ ਸੋਹੰ ਸਾਚਾ ਪੱਟ । ਨੌਂ ਜੇਠ ਪ੍ਰਭ ਨੀਂਹ ਰਖਾਈ, ਨੌ ਖੰਡ ਵੇਖ ਵਖਾਣਿਆ । ਨੌ ਖੰਡ ਸਾਢੇ ਤਿੰਨ ਹੱਥ ਸੀਂ ਵਖਾਈ, ਲਿਖਿਆ ਲੇਖ ਨਾ ਮਿਟੇ ਭਗਵਾਨਿਆ । ਗੁਰਮੁਖਾਂ ਅੰਮ੍ਰਿਤ ਆਤਮ ਮੀਂਹ ਬਰਸਾਈ, ਮੇਘ ਮੇਘਲਾ ਆਪ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਸਿੰਘਾਸਣ ਇਕ ਪਛਾਣਿਆ । ਸ਼ਬਦ ਸਿੰਘਾਸਣ ਹਰਿ ਕਰਤਾਰ, ਆਪਣਾ ਆਪੇ ਸਾਜਿਆ । ਸ੍ਰਿਸ਼ਟ ਸਬਾਈ ਰਿਹਾ ਪੁਕਾਰ, ਪ੍ਰਭ ਪਰਗਟ ਹੋਏ ਦੇਸ ਮਾਝਿਆ । ਨੌ ਖੰਡ ਪ੍ਰਿਥਮੀ ਬੰਨ੍ਹੇ ਧਾਰ, ਪਕੜ ਉਠਾਏ ਰਾਜਨ ਰਾਜਿਆ । ਵਾਲੀ ਹਿੰਦ ਕਰਾਏ ਖ਼ਬਰਦਾਰ, ਸ਼ਬਦ ਸਰੂਪੀ ਸਾਚੇ ਮੰਦਰ ਬਹਿ ਬਹਿ ਗਾਜਿਆ । ਸਾਢੇ ਤਿੰਨ ਹੱਥ ਹਰਿ ਸਮਰਥ ਫੜੇ ਨਿਸ਼ਾਨ ਅਪਰ ਅਪਾਰ, ਸ੍ਰਿਸ਼ਟ ਸਬਾਈ ਰੱਖੇ ਲਾਜਿਆ । ਗੁਰਮੁਖਾਂ ਹੋਏ ਪਹਿਰੇਦਾਰ, ਘਰ ਘਰ ਬੈਠਾ ਮਾਰੇ ਆਵਾਜ਼ਿਆ । ਜੋਤ ਸਰੂਪੀ ਪਹਿਰੇਦਾਰ, ਸਭ ਦੇ ਪੜਦੇ ਰਿਹਾ ਕਾਜਿਆ । ਕਲਜੁਗ ਅੰਤਮ ਅੰਤ ਨਾ ਆਏ ਹਾਰ, ਜੋ ਜਨ ਚਰਨ ਦਵਾਰ ਆਏ ਭਾਜਿਆ । ਪੰਚਮ ਜੇਠ ਕਰੇ ਪਿਆਰ, ਲੱਖ ਚੁਰਾਸੀ ਦੇਵੇ ਦਾਜਿਆ । ਹਾੜ ਸਤਾਰਾਂ ਮਾਰੇ ਇਕ ਅਵਾਜ਼, ਦਰਸ ਦਿਖਾਏ ਦਇਆ ਕਮਾਏ ਤ੍ਰਿਪਤ ਬੁਝਾਏ, ਬਿਆਸ ਕਿਨਾਰਾ ਖਿਜ਼ਰ ਖਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਚੜ੍ਹਾਏ ਸ਼ਬਦ ਸਚ ਜ਼ਹਾਜਿਆ । ਪੰਚ ਨਿਸ਼ਾਨਾ ਪੰਚਮ ਧਾਰ, ਪੰਚਮ ਸੀਸ ਬੰਧਾਈਆ । ਗੁਰਮੁਖਾਂ ਰਹਿਣਾ ਖ਼ਬਰਦਾਰ, ਜਗਤ ਜਗਦੀਸ ਰਿਹਾ ਕਰਾਈਆ । ਨੌ ਖੰਡ ਪ੍ਰਿਥਮੀ ਪੈਣੀ ਮਾਰ, ਬੀਸ ਬਤੀਸ ਛਤੀਸ ਨਾ ਕੋਈ ਗਾਈਆ । ਸਤਿਜੁਗ ਤੇਰਾ ਸਚ ਵਿਹਾਰ, ਇਕ ਇਕੀਸ ਕਰਾਈਆ । ਇੱਕੀ ਇੱਕੀ ਚਾਰੇ ਮੇਲ ਵਾਰ, ਇਕ ਇਕ ਰੂਪ ਵਟਾਈਆ । ਏਕੰਕਾਰਾ ਕਰ ਅਕਾਰ, ਏਕਾ ਦਰ ਖੁਲ੍ਹਾਈਆ । ਸ਼ਬਦ ਭਰੇ ਨਾਮ ਭੰਡਾਰ, ਦਿਵਸ ਰੈਣ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਪੰਚਾਂ ਮੇਲ ਮਿਲਾਈਆ । ਸ਼ਬਦ ਸੋਟੀ ਜਗਤ ਹੁਲਾਰਾ, ਆਪਣੇ ਹੱਥ ਰਖਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਉਲਟੀ ਲੱਠ ਗਿੜਾਇੰਦਾ । ਅੰਤ ਵਿਛੋੜਾ ਨਾਰੀ ਨਾਰਾ, ਨਾਰੀ ਕੰਤ ਨਾ ਕੋਇ ਹੰਢਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰਾ, ਸਾਚੀ ਸੁਰਤ ਦਵਾਇੰਦਾ । ਧੁਰਦਰਗਾਹੀ ਏਕਾ ਲਾੜਾ, ਲੱਖ ਚੁਰਾਸੀ ਆਪ ਪਰਨਾਇੰਦਾ । ਧਰਤ ਮਾਤ

ਏਕਾ ਵੇਖ ਅਖਾੜਾ, ਰਾਏ ਧਰਮ ਖ਼ੁਸ਼ੀ ਮਨਾਇੰਦਾ । ਲੱਗੇ ਅੱਗ ਸਤਾਰਾਂ ਹਾੜਾ, ਸੋਲਾਂ ਸੋਲਾਂ ਤੇਰੀ ਧਾਰ ਬੰਨ੍ਹਾਇੰਦਾ । ਲੁੱਕਿਆ ਰਹਿਣ ਨਾ ਪਾਏ ਕੋਈ ਜੰਗਲ ਜੂਹ ਉਜਾੜ ਪਹਾੜਾ, ਮਸਜਿਦ ਮੰਦਰ ਗੁਰੂਦਵਾਰਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਡਾ ਚਾਰੋਂ ਕੁੰਟ ਅਗੰਮੀ ਧਾੜਾ ਆਪ ਉਠਾਇੰਦਾ । ਅਗੰਮੀ ਧਾੜ ਆਏ ਚੜ੍ਹ, ਦਿਸ ਕਿਸੇ ਨਾ ਆਈਆ । ਸ਼ਬਦ ਡੰਡਾ ਪ੍ਰਭ ਲਿਆ ਫੜ, ਅਚਰਜ ਰੀਤ ਬਣਾਈਆ । ਤਿੰਨਾਂ ਲੋਆਂ ਰਿਹਾ ਲੜ, ਦਿਵਸ ਰੈਣ ਲੜਾਈਆ । ਆਪ ਉਖਾੜੇ ਸਭ ਦੀ ਜੜ੍ਹ, ਆਪਣੀ ਮਾਤ ਲਗਾਈਆ । ਕਲਜੁਗ ਮਮਤਾ ਲਏ ਫੜ, ਸੰਮਤੀ ਸੰਮਤਾ ਵਕਤ ਚੁਕਾਈਆ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਅਗੰਮਾ ਸ਼ਬਦ ਜਣਾਈਆ । ਦਰ ਦਰ ਘਰ ਘਰ ਸੀਸ ਧੜ, ਚਾਰੋਂ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੱਸੂ ਤਿੰਨ ਸ਼ਬਦ ਸੋਟੀ ਕਰ ਤਿਆਰ, ਵੇਖੇ ਖੇਲ ਦਿੱਲੀ ਦਰਬਾਰ, ਵਾਲੀ ਹਿੰਦ ਰਿਹਾ ਜਗਾਈਆ । ਵਾਲੀ ਹਿੰਦ ਰਿਹਾ ਸੌਂ, ਅੰਤਮ ਅੰਤ ਜੁਦਾਈਆ । ਉਚੇ ਮੰਦਰ ਨਾ ਵੇਖਣੇ ਭੌਂ, ਦਿਵਸ ਰੈਣ ਜੁਦਾਈਆ । ਸੰਮਤ ਇੱਕੀ ਪ੍ਰਭ ਭਾਗ ਲਗਾਏ, ਚਰਨ ਛੁਹਾਏ ਵਿਚ ਗੁੜਗਾਉਂ, ਸਾਚਾ ਧਾਮ ਬਣਾਈਆ । ਗੁਰ ਪੂਰਾ ਦੇਵੇ ਗੁਰਸਿਖ ਤੇਰੇ ਨਾਮ ਵਡਿਆਈ, ਸਾਚਾ ਦਵਾਰ ਬੰਕ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੋਟੀ ਫੜ ਆਪ ਜਾਏ ਚੜ੍ਹ ਉਪਰ ਚੋਟੀ, ਸ੍ਰਿਸ਼ਟ ਸਬਾਈ ਰਿਹਾ ਜਗਾਈਆ । ਪੰਚਮ ਜੋੜਾ ਹਰਿ ਭਗਵਾਨ, ਆਪਣੇ ਚਰਨ ਛੁਹਾਇੰਦਾ । ਗੁਰਮੁਖਾਂ ਦੇਵੇ ਚਰਨ ਧਿਆਨ, ਧੂੜੀ ਮਸਤਕ ਲਾਇੰਦਾ । ਮਨਮੁਖਾਂ ਮੇਟੇ ਮਾਤ ਨਿਸ਼ਾਨ, ਬੀਸ ਬੀਸ ਬੀਸ ਇਕੀਸ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਪੰਚਮ ਪੰਚਾਂ ਰੰਗ ਵਟਾਇੰਦਾ । ਪੰਚਮ ਤਾਜ ਜਗਤ ਜਗਦੀਸ਼, ਆਪਣੀ ਬਣਤ ਬਣਾਈਆ । ਸ੍ਰਿਸ਼ਟ ਸਬਾਈ ਜਾਏ ਪੀਸ, ਵਰਨ ਗੋਤ ਰਹਿਣ ਨਾ ਪਾਈਆ । ਨਾ ਕੋਈ ਪੜ੍ਹਾਏ ਕੁਰਾਨ ਹਦੀਸ, ਅੰਜ਼ੀਲ ਅੰਜ਼ੀਲਾਂ ਵਕਤ ਚੁਕਾਈਆ । ਰਸਨਾ ਗਾਏ ਨਾ ਰਾਗ ਛਤੀਸ, ਰਾਗ ਰਾਗਨੀ ਮੁਖ ਛੁਪਾਈਆ । ਬੰਦ ਕਰਾਏ ਦੰਦ ਬਤੀਸ, ਬੱਤੀ ਧਾਰਾ ਮਾਤ ਬਖ਼ਸ਼ਾਈਆ । ਪ੍ਰਭ ਸਾਚੇ ਤੇਰੀ ਸਾਚੀ ਰੀਤ, ਸਤਿਜੁਗ ਸਾਚੇ ਮੰਗੀ ਵਧਾਈਆ । ਲੇਖ ਲਿਖਾਏ ਬੀਸ ਇਕੀਸ ਸਾਚੇ ਸ਼ਬਦ ਮਾਤ ਕੁੜਮਾਈਆ । ਸੋਹੰ ਸ਼ਬਦ ਗੁਰਮੁਖਾਂ ਝੁੱਲੇ ਸਾਚੇ ਸੀਸ, ਚੌਥੇ ਘਰ ਆਪੇ ਝੁਲਾਈਆ । ਸਾਚੇ ਦਰ ਆਪੇ ਖੜ, ਆਪਣੀ ਹੱਥੀਂ ਬੂਹਾ ਲਾਹੀਆ । ਕੰਤਾ ਨਾਰੀ ਲਏ ਵਰ, ਤਨ ਵੇਸ ਕਰੇਂਦੀ ਆਈਆ । ਆਪ ਨੁਹਾਏ ਸਾਚੇ ਸਰ, ਕਾਗ ਹੰਸ ਬਣਾਈਆ । ਮੇਲਾ ਮੇਲਾ ਮੇਲ ਕਰ, ਮਿਲਿਆ ਵਿਛੜ ਨਾ ਜਾਈਆ । ਗੁਰਮੁਖ ਸਾਚੇ ਸੱਜਣ ਸੁਹੇਲ ਮਾਤ ਧਰ, ਦਰ ਦਰਬਾਨ ਆਪ ਅਖਵਾਈਆ । ਆਪ ਚੁਕਾਏ ਜਗਤ ਡਰ, ਘਰ ਸਾਚੇ ਇਕ ਵਡਿਆਈਆ । ਸ੍ਰਿਸ਼ਟ ਸਬਾਈ ਵੇਖੇ ਨੌ ਦਰ, ਦਸਵਾਂ ਬੰਦ ਰਖਾਈਆ । ਗੁਰਮੁਖਾਂ ਆਪਣੀ ਕਿਰਪਾ ਦੇਵੇ ਕਰ, ਆਪਣੇ ਰੂਪ ਸਮਾਈਆ । ਜੋਤ ਨਿਰੰਜਣ ਸਾਚਾ ਦੀਪਕ ਬਾਤੀ ਸਾਚੀ ਧਰ, ਪਹਿਲੀ ਇਕ ਕਰੇ ਰੁਸ਼ਨਾਈਆ । ਪੌੜੀ ਪੌੜੀ ਜਾਣਾ ਚੜ੍ਹ, ਸਾਚਾ ਡੰਡਾ ਸ਼ਬਦ ਹੱਥ ਫੜਾਈਆ । ਜਗਤ ਵਿਕਾਰਾ ਜੂਠ ਝੂਠ ਅੰਤਮ ਜਾਏ ਸੜ, ਪ੍ਰਭ ਜੋਤੀ ਲੰਬੂ ਲਾਈਆ । ਨਾ ਕੋਈ ਦਿਸੇ ਕਿਲ੍ਹਾ ਗੜ੍ਹ, ਤਖ਼ਤ ਤਾਜ ਕਿਸੇ ਰਹਿਣ ਨਾ ਪਾਈਆ । ਸਤਿ ਸਤਿਵਾਦੀ ਪ੍ਰਭ ਲਾਵਣ ਆਇਆ ਸਤਿਜੁਗ ਤੇਰੀ ਸਾਚੀ ਜੜ੍ਹ, ਅੱਸੂ ਤਿੰਨ ਰੁੱਤ ਸੁਹਾਈਆ । ਦਿੱਲੀ ਦਵਾਰ ਅੱਗੇ ਆਪੇ ਖੜ੍ਹ, ਹਰਿ ਹਰਿ ਭੇਵ ਕਿਸੇ ਨਾ ਰਾਈਆ ।

੮੫ ੦੬

ਅੰਤਮ ਸਰਨੀ ਜਾਏ ਪੜ, ਪ੍ਰਭ ਦੇਵੇ ਦਰਸ ਆਪਣਾ ਰੂਪ ਵਟਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਏਕਾ ਅੱਖਰ ਜਾਇਣ ਪੜ੍ਹ, ਸੁਰਤੀ ਸ਼ਬਦ ਜਣਾਈਆ । ਸਾਚਾ ਘਾੜਨ ਆਪੇ ਲਿਆ ਘੜ, ਘੜਨਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੀਤੀ ਰਿਹਾ ਚਲਾਈਆ । ਪੰਚਮ ਮੁਖ ਪੰਚਮ ਤਾਜਾ । ਪੁਰਖ ਅਬਿਨਾਸ਼ੀ ਧੁਰ ਦਰਗਾਹੀ ਸਾਚਾ ਰਾਜਾ । ਕਲਜੁਗ ਤੇਰਾ ਅੰਤਮ ਅੰਤ, ਲੋਕਮਾਤ ਮਾਰ ਝਾਤ ਕਰਾਵਣ ਆਇਆ ਸਤਿਜੁਗ ਸਵਾਰੇ ਸਾਚਾ ਕਾਜਾ । ਗਊ ਗਰੀਬ ਨਿਮਾਣਿਆਂ ਬਾਹੋਂ ਪਕੜ ਮਾਤ ਉਠਾਏ, ਦੇਵੇ ਸ਼ਬਦ ਸਾਚਾ ਦਾਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਗਰੀਬ ਨਿਵਾਜਾ । ਇਕ ਇੱਕੀ ਏਕਾ ਧਾਰ, ਹਰਿ ਸਾਚੇ ਆਪ ਚਲਾਈਆ । ਸੇਵ ਲਗਾਏ ਸਾਚੀ ਸਿੱਖੀ, ਸਾਚਾ ਸੁਖ ਉਪਜਾਈਆ । ਚਾਰ ਲੱਖ ਬੱਤੀ ਹਜਾਰ ਮੰਗੇ ਭਿੱਖੀ, ਕਲਜੁਗ ਆਯੂ ਔਧ ਮਿਟਾਈਆ । ਗੁਰ ਗੋਬਿੰਦੇ ਰੇਖ ਲਿਖੀ, ਹਰਿ ਪੂਰ ਕਰਾਏ ਧੁਰਦਰਗਾਹੀਆ । ਸ਼ਬਦ ਧਾਰ ਰੱਖੇ ਤਿੱਖੀ, ਖੰਡਾ ਚਲਾਏ ਵਾਹੋ ਦਾਹੀਆ । ਨਾ ਕੋਈ ਜਾਣੇ ਮੁਨੀ ਰਿਖੀ, ਪੰਡਤ ਪਾਂਧੇ ਭੇਵ ਨਾ ਪਾਈਆ । ਨਾ ਕੋਈ ਜਾਣੇ ਸਾਚੀ ਸਿਖੀ, ਸਿਖਿਆ ਕਵਣ ਦਵਾਰੇ ਆਈਆ । ਵਰਨ ਗੋਤ ਗੋਤ ਵਰਨ ਭੇਖਾ ਭੇਖੀ, ਭੇਖਾਧਾਰੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪਣੀ ਜੋਤ ਜਗਾਈਆ । ਸਾਚੀ ਸਿਖਿਆ ਸਿੱਖ ਵਿਚਾਰ, ਸਤਿ ਸਰੂਪ ਸਮਾਵਣਾ । ਵਰਨ ਗੋਤ ਤੋਂ ਵਸਣਾ ਬਾਹਰ, ਏਕਾ ਹਰਿ ਪਛਾਨਣਾ । ਦੇਵੇ ਦਰਸ ਗੁਪਤ ਜ਼ਾਹਿਰ, ਦਰ ਦਵਾਰਾ ਸਾਚਾ ਮਾਨਣਾ । ਫੜ ਫੜ ਬਾਹੋਂ ਕਰੇ ਪਾਰ, ਜਮਨ ਕਿਨਾਰਾ ਇਕ ਵਖਾਵਣਾ । ਸ੍ਰਿਸ਼ਟ ਸਬਾਈ ਵਹਿੰਦੀ ਧਾਰ, ਅੱਗੇ ਹੋ ਨਾ ਕਿਸੇ ਬਚਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸ਼ਬਦ ਫੜਾਏ ਸਾਚਾ ਦਾਮਨਾ । ਦਾਮਨ ਫੜਾਏ ਦਾਮਨਗੀਰ, ਦਮ ਦਮ ਰਸਨ ਧਿਆਵਣਾ । ਤਨ ਬਸਤਰ ਪਹਿਨਾਏ ਸ਼ਬਦ ਚੀਰ, ਨਾਮ ਪੜਦਾ ਉਪਰ ਪਾਵਣਾ । ਸੋਹੰ ਗਾਤਰਾ ਰਸਨਾ ਤੀਰ, ਏਕਾ ਏਕ ਚਲਾਵਣਾ । ਨੌ ਖੰਡ ਪ੍ਰਿਥਮੀ ਪੈਂਡਾ ਚੀਰ, ਬ੍ਰਹਿਮੰਡ ਖੋਜ ਖੁਜਾਵਣਾ । ਅੰਤਮ ਪੀਣਾ ਸਾਚਾ ਸੀਰ, ਸੀਰ ਮੁਖ ਚਵਾਵਣਾ । ਨੇਤਰ ਦਰਸ਼ਨ ਸਾਚੇ ਗੁਰ, ਤ੍ਰਿਸ਼ਨਾ ਭੁੱਖ ਮਿਟਾਵਣਾ । ਸਾਚਾ ਮੇਲ ਮਿਲਾਵਣ ਆਇਆ ਧੁਰ, ਧੁਰ ਦਾ ਮੇਲ ਮਿਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਸੇਵਾ ਰਿਹਾ ਕਰ, ਸਵਾ ਪੰਝੀ ਸਾਧ ਸੰਗਤ ਤੇਰੀ ਭੇਟ ਚੜ੍ਹਾਵਣਾ । ਤੇਰੀ ਭੇਟ ਆਪ ਚੜ੍ਹਾਏ ਆਪਣੀ ਸੇਵਾ ਲਾਏ, ਦਰ ਦਰ ਘਰ ਘਰ ਗੁਰਸਿਖਾਂ ਕੋਲੋਂ ਮੰਗੇ ਅੱਗੇ ਖੜ੍ਹ, ਨਾਮ ਪ੍ਰੀਤੀ ਝੋਲੀ ਪਾਵਣਾ । ਗਲੇ ਲਗਾਏ ਬਾਹੋਂ ਫੜ, ਜਿਉਂ ਸੁਦਾਮਾ ਹਰਿ ਰਘੁਰਾਈਆ । ਬੰਨ੍ਹੀ ਜਾਏ ਆਪਣੇ ਲੜ, ਏਕਾ ਗੰਢ ਦਵਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਸੰਤ ਜਨਾਂ ਆਤਮ ਠੰਢਾ ਰਖਾਈਆ । ਸਵਾ ਪੰਝੀ ਕਰ ਅਰਦਾਸ, ਤੀਜੀ ਵੰਡ ਵੰਡਾਇੰਦਾ । ਸਵਾ ਪੰਝੀ ਰੱਖੇ ਪਾਸ, ਸੰਮਤ ਸੋਲਾਂ ਵਕਤ ਸੁਹਾਇੰਦਾ । ਬਿਆਸ ਕਿਨਾਰਾ ਪਾਏ ਦਸ, ਜੈਮਲ ਸਾਵਣ ਸੰਗ ਰਲਾਇੰਦਾ । ਆਪੇ ਵਸੇ ਆਸ ਪਾਸ, ਦਿਸ ਕਿਸੇ ਨਾ ਆਇੰਦਾ । ਲੇਖੇ ਲਾਏ ਸਾਸ ਗਰਾਸ, ਜੋ ਜਨ ਮਦਿਰਾ ਮਾਸ ਤਜਾਇੰਦਾ । ਵੇਖਣਹਾਰਾ ਪ੍ਰਿਥਮੀ ਆਕਾਸ਼, ਆਂਕਾਸ਼ ਅਕਾਸ਼ਾਂ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸਰਬ ਘਰ, ਆਪਣੇ ਰੂਪ ਸਮਾਇੰਦਾ । ਨਾਮ ਧਾਰ ਹਰਿ ਪਾਇਆ, ਨਾਮੇ ਬਣਤ ਬਣਾਈਆ । ਕਰਮ ਵਿਚਾਰ ਪ੍ਰਭ

ਕਰਮ ਕਮਾਇਆ, ਮਾਟੀ ਜਾਮੇ ਲਿਖਤ ਲਿਖਾਈਆ । ਅੰਮ੍ਰਿਤ ਆਤਮ ਸਾਚੇ ਜਾਮੇ, ਸਾਚੀ ਧਾਰ ਚਵਾਈਆ । ਸਾਚੀ ਸਵਾਂਤੀ ਬੂੰਦ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਅੰਮ੍ਰਿਤ ਮੇਘ ਏਕਾ ਬਰਸਾਈਆ । ਸੰਮਤ ਪੰਦਰ੍ਹਾਂ ਵੱਜੇ ਸੱਟ, ਪ੍ਰਭ ਸਾਚੇ ਆਪ ਲਗਾਵਣੀ । ਸਿੰਘ ਪਰਤਾਪ ਉਠੇ ਝੱਟ, ਕਵਣ ਵੇਖੇ ਦਾਮਨ ਦਾਮਨੀ । ਅੰਦਰ ਕੀਤਾ ਬੰਦ ਹੱਟ, ਰਾਮ ਰਾਮਾ ਰੂਪ ਰਮਾਵਣੀ । ਮਾਇਆ ਮਮਤਾ ਪਾਈ ਤਨ ਛੱਟ, ਛੁੱਟ ਜਾਏ ਤਨ ਮਿਟੇ ਤ੍ਰਿਸ਼ਨਾ ਤਾਮਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਪੂਰ ਕਰਾਏ ਘਰ ਘਰ ਭਾਵਨੀ । ਪੂਰ ਕਰਾਏ ਘਰ ਘਰ ਆਸਾ, ਆਤਮ ਤ੍ਰਿਖਾ ਬੁਝਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਭਰਵਾਸਾ, ਦਾਸੀ ਦਾਸਾ ਆਪ ਅਖਵਾਇੰਦਾ । ਮੰਡਪ ਮਾੜੀ ਪਾਏ ਰਾਸਾ, ਕਾਇਆ ਮੰਡਲ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਸਦ ਰੱਖੇ ਵਾਸਾ, ਆਸ ਪਿਆਸ ਬੁਝਾਇੰਦਾ । ਅੱਸੂ ਤਿੰਨ ਸਵਾ ਪੰਜ, ਪ੍ਰਭ ਤਾਜ ਸੀਸ ਟਿਕਾਇਆ । ਤਾਜ ਸੀਸ ਜਗਤ ਜਗਦੀਸ਼, ਬੀਸ ਇਕੀਸ ਹੋਏ ਸਹਾਇਆ । ਛਤਰ ਝੁੱਲੇ ਪ੍ਰਭ ਸਾਚੇ ਸੀਸ, ਦੂਸਰ ਕੋਈ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਾਰਾਂ ਹਾੜ ਵੀਹ ਸਦ ਆਇਆ । ਸਤਿਜੁਗ ਤੇਰੀ ਸਾਚੀ ਲਿਖਤ, ਸੋਲਾਂ ਵਿਦਿਆ ਵਿਚ ਦਏ ਲਿਖਾਈਆ । ਸੋਲਾਂ ਵਿਦਿਆ ਏਕਾ ਧਾਰ, ਏਕਾ ਰਸਨ ਚਲਾਈਆ । ਸਤ ਦੀਪ ਨੌ ਖੰਡ ਇਕ ਪਿਆਰ, ਏਕਾ ਪੱਲੇ ਨਾਮ ਗੰਢ ਬੰਧਾਈਆ । ਨਾ ਕੋਈ ਦਿਸੇ ਨਾਰ ਦੁਹਾਗਣ ਰੰਡ, ਬ੍ਰਹਿਮੰਡ ਖ਼ੁਸ਼ੀ ਮਨਾਈਆ । ਸਤਿਜੁਗ ਸਾਚਾ ਗੁਰਮੁਖਾਂ ਘਰ ਘਰ ਸਾਚਾ ਜਾਏ ਨਾਮ ਆਏ ਵੰਡ, ਪ੍ਰਭ ਸਾਚੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਰਿਹਾ ਛੁਪਾਈਆ ।


੭੭
੦੬

ਇੱਕੀ ਏਕ ਏਕੰਕਾਰ, ਏਕਾ ਰੂਪ ਸਮਾਵਣਾ । ਜਗਤ ਮਿਟਾਏ ਧੁੰਦੂਕਾਰ, ਸਤਿਜੁਗ ਸਾਚਾ ਚੰਦ ਚੜ੍ਹਾਵਣਾ । ਸੁਹਾਏ ਬੰਕ ਦਰ ਦਵਾਰ, ਰਾਓ ਰੰਕ ਏਕਾ ਧਾਮ ਸੁਹਾਵਣਾ । ਸਾਚਾ ਹੁਕਮ ਧੁਰ ਫ਼ਰਮਾਣ, ਪੰਚਮ ਆਪ ਅਖਵਾਵਣਾ । ਸਤਿ ਸੰਤੋਖੀ ਵਰਤੇ ਕਾਰ, ਨਾਮ ਅਧਾਰ ਆਪ ਰਖਾਵਣਾ । ਬੀਜ ਬੀਜੇ ਅਪਰ ਅਪਾਰ, ਆਪਣੀ ਹੱਥੀਂ ਬੂਟਾ ਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਕਰਮ ਕਮਾਵਣਾ । ਇਕੀਸ ਇਕੀਸ ਇੱਕੀ ਇਕ ਅਕੱਲਿਆ । ਕਰੇ ਖੇਲ ਹਰਿ ਜਗਦੀਸ, ਵਸਾਏ ਇਕ ਮਹੱਲਿਆ । ਸੰਮਤ ਸੰਮਤੀ ਲਹਿਣਾ ਦੇਣਾ ਚੁੱਕੇ ਵਿਚ ਬੀਸ, ਕਲਜੁਗ ਅੰਤ ਪਰਛਾਵਾਂ ਢਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚੱਲੇ ਚਾਲ ਇਕ ਅਵੱਲਿਆ । ਚਾਲ ਅਵੱਲੜੀ ਇਕ ਚਲਾਏ । ਕਰਨ ਕਰਾਵਣਹਾਰਾ, ਇਕ ਅਕਲੜੀ ਜੋਤ ਜਗਾਏ । ਖੇਲ ਖਿਲਾਏ ਖੇਲਣਹਾਰਾ, ਧਰਤ ਧਵਲ ਸਾਰੀ ਹਲੜੀ, ਨਾ ਕੋਈ ਦਿਸੇ ਹੋਰ ਸਹਾਏ । ਗੁਰਮੁਖਾਂ ਵਖਾਏ ਏਕਾ ਘਰ ਏਕਾ ਹਰਿ, ਅਗੰਮ ਅਗੰਮੜੀ ਜੋਤ ਜਗਾਏ । ਨਾ ਕੋਈ ਮੰਗੇ ਪੈਸਾ ਧੇਲਾ ਦਮੜੀ, ਰੂਪਾ ਸੋਨਾ ਨਾ ਤਨ ਸ਼ਿੰਗਾਰ ਕਰਾਏ । ਪੁੱਤਰ ਧੀਆਂ ਨਾ ਕੋਈ ਲੋਚੇ ਮਾਤਾ ਅੰਮੜੀ, ਪਿਤਾ ਪੂਤ ਨਾ ਕੋਇ

ਤਰਸਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਇਛਿਆ ਭਗਤ ਕਰਾਏ । ਸਤਾਰਾਂ ਹਾੜ ਸੰਮਤ ਇੱਕੀ, ਸਤਿਜੁਗ ਤੇਰੀ ਧਾਰ ਚਲਾਵਣੀ । ਨੌ ਖੰਡ ਪ੍ਰਿਥਮੀ ਬਣਾਏ ਲੱਖ ਗਿਆਰਾਂ ਮੁਨੀ ਰਿਖੀ, ਸਾਚੀ ਸਿੱਖੀ ਆਪ ਸੁਹਾਵਣੀ । ਮਸਤਕ ਲੇਖ ਆਪਣੀ ਹੱਥੀਂ ਜਾਏ ਲਿਖੀ, ਲਿਖੀ ਰੇਖ ਨਾ ਕਿਸੇ ਮਿਟਾਵਣੀ । ਸਤਿਜੁਗ ਮੰਗੀ ਸਾਚੀ ਭਿਖੀ, ਪ੍ਰਭ ਆਪਣੀ ਹੱਥੀਂ ਝੋਲੀ ਪਾਵਣੀ । ਸੋਹੰ ਧਾਰਾ ਰੱਖੀਂ ਤਿੱਖੀ, ਸੱਸਾ ਹੋੜਾ ਦੋਵੇਂ ਮੁਖ ਨਿਰਗੁਣ ਸਰਗੁਣ ਰੂਪ ਸੁਹਾਵਣੀ । ਸੁਖਮਨ ਟੇਡੀ ਰੱਖੀ, ਭੀੜੀ ਗਲੀ ਇਕ ਤਕਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਸਿਖਿਆ ਇਕ ਸਿਖਾਵਣੀ ।

ਸਚ ਘਰ ਵਸਿਆ ਆਪ, ਸਾਚੇ ਰੂਪ ਸਮਾਇਆ । ਹਰਿ ਹਰਿ ਸਾਚਾ ਸ਼ਾਹੋ ਭੂਪ, ਸਾਚਾ ਤਖ਼ਤ ਰਿਹਾ ਸੁਹਾਇਆ । ਲੱਖ ਚੁਰਾਸੀ ਅੰਧ ਕੂਪ, ਨਿਰਮਲ ਜੋਤ ਨਾ ਜਗਾਇਆ । ਕਲਜੁਗ ਰੈਣ ਅੰਧੇਰੀ ਚਾਰੋਂ ਕੂਟ, ਦਹਿ ਦਿਸ਼ਾ ਅੰਧੇਰਾ ਛਾਇਆ । ਤੀਰ ਨਿਰਾਲਾ ਰਿਹਾ ਛੂਟ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮਾ ਅਗੰਮੜਾ ਰੂਪ ਵਟਾਇਆ । ਤੀਰ ਨਿਰਾਲਾ ਸ਼ਬਦ ਮੁਖ, ਰਸਨ ਕਮਾਨ ਚਲਾਇੰਦਾ । ਜਨ ਭਗਤਾਂ ਮੇਟਣ ਆਇਆ ਦੁੱਖ, ਮਨਮੁਖਾਂ ਨਸ਼ਟ ਕਰਾਇੰਦਾ । ਧਰਤ ਮਾਤ ਤੇਰੀ ਸੁਫਲ ਕਰਾਏ ਕੁੱਖ, ਗੌੜ ਬ੍ਰਹਿਮਣ ਪੂਤ ਸਪੂਤਾ ਲੋਕਮਾਤ ਚਰਨ ਛੁਹਾਇੰਦਾ । ਉਜਲ ਕਰੇ ਸਤਿਜੁਗ ਸਾਚੇ ਮੁਖ, ਮਸਤਕ ਸਾਚੀ ਰੇਖ ਲਿਖਾਇੰਦਾ । ਗਊ ਗਰੀਬਾਂ ਕਟੇ ਭੁੱਖ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਫਿਰਾਇੰਦਾ । ਜਨ ਭਗਤਾਂ ਗੇੜ ਕਟਾਏ ਗਰਭਵਾਸ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਇੰਦਾ । ਘਰ ਘਰ ਧੂੰਏ ਰਹੇ ਧੁੱਖ, ਕਿਸੇ ਨਾ ਮਿਲੇ ਆਤਮ ਸੁੱਖ, ਸਾਚਾ ਮੰਦਰ ਕਾਇਆ ਅੰਦਰ ਕੋਇ ਨਾ ਮਾਤ ਵਖਾਇੰਦਾ । ਸਾਧਾਂ ਸੰਤਾਂ ਵਧਾਈ ਤ੍ਰਿਸ਼ਨਾ ਭੁੱਖ, ਅਗਨੀ ਅਗਨ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਮੇਟੇ ਭੇਖ ਪਖੰਡਾ, ਸੋਹੰ ਫੜਿਆ ਹੱਥ ਵਿਚ ਡੰਡਾ, ਨੌ ਖੰਡ ਪ੍ਰਿਥਮੀ ਪਾਵੇ ਵੰਡਾ, ਵੇਖ ਵਖਾਏ ਜੇਰਜ ਅੰਡਾਂ, ਵੇਖ ਵਖਾਏ ਚਾਰੇ ਵੇਦ ਕੁਰਾਨ ਪੁਰਾਨ ਗਿਆਨ ਧਿਆਨ ਜਗਤ ਵਿਦਿਆ ਬ੍ਰਹਮ ਵਿਚਾਰ, ਗ੍ਰੰਥ ਪੰਥ ਸਾਚੇ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਏਕੰਕਾਰਾ । ਏਕਾ ਏਕ ਸ਼ਬਦ ਜੈਕਾਰਾ, ਧੁਰਦਰਗਾਹੀ ਲੇਖ ਸਾਚਾ ਲਿਖਿਆ ਪਰਗਟ ਹੋਏ ਨਰ ਨਿਰੰਕਾਰਾ, ਨਾਨਕ ਗਾਈ ਸ੍ਰਿਸ਼ਟ ਸਬਾਈ ਮਿਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਚਲਾਏ ਸਾਚਾ ਰਥਿਆ । ਸਤਿਜੁਗ ਸਾਚਾ ਰਥ ਚਲਾਏ, ਸਾਚਾ ਹਰਿ ਰਥਵਾਹੀਆ । ਕਲਜੁਗ ਕਾਲਾ ਮਥ ਵਖਾਏ, ਚਾਰੋਂ ਕੁੰਟ ਪਏ ਦੁਹਾਈਆ । ਮਹਿੰਮਾ ਜਗਤ ਅਕੱਥ ਅਕੱਥ ਆਪ ਰਖਾਏ, ਕਥਨੀ ਅਕੱਥ ਕਥ ਨਾ ਸਕੇ ਰਾਈਆ । ਮਨਮੁਖ ਜੀਵਾਂ ਧਰਮ ਰਾਏ ਦਰ ਸੱਥ ਵਛਾਏ, ਲਾੜੀ ਮੌਤ ਖ਼ੁਸ਼ੀ ਮਨਾਈਆ । ਅੰਤਮ ਲੇਖਾ ਸੀਆਂ ਸਾਢੇ ਤਿੰਨ ਹੱਥ ਵਖਾਏ, ਦੂਸਰ ਵਸਤ ਕੋਇ ਨਾਲ ਨਾ ਜਾਈਆ । ਗੁਰਮੁਖ ਸਾਚੇ ਸੰਤ ਸੁਹੇਲੇ ਸਿਰ ਦੇ ਕਰ ਹੱਥ ਰੱਖ ਵਖਾਏ, ਸਾਚੇ ਸ਼ਬਦ ਕਰੇ ਕੁੜਮਾਈਆ । ਤ੍ਰੈਲੋਕੀ ਨਾਥ ਸਗਲਾ ਸਾਥ ਆਪਣਾ ਆਪ ਨਿਭਾਏ, ਪਾਰਬ੍ਰਹਮ ਬ੍ਰਹਮ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਲੋਆਂ ਪੁਰੀਆਂ ਰਿਹਾ ਜਣਾਈਆ ।

ਲੋਆਂ ਪੁਰੀਆਂ ਸ਼ਬਦ ਹੁਲਾਰ ਦੇਵਣਹਾਰ ਏਕੰਕਾਰ । ਵੇਖੇ ਖੇਲ ਵਿਚ ਸੰਸਾਰ । ਬ੍ਰਹਮਾ ਬ੍ਰਹਮ ਵੇਤਾ ਰਸਨਾ ਗਾਏ, ਚਾਰੇ ਵੇਦ ਭੇਵ ਨਾ ਪਾਏ, ਅਛਲ ਅਛੇਦ ਵੇਦ ਵਿਆਸਾ ਬਣ ਲਿਖਾਰ । ਅਠਾਰਾਂ ਪੁਰਾਨ ਗਾਏ ਸਲੋਕ ਇਕ ਲੱਖ ਹਜ਼ਾਰ ਸਤਾਰਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਲੋਕਮਾਤ ਅੰਤਮ ਕਲ ਵਿਚ ਸੰਸਾਰਾ । ਰਸਨਾ ਗਾਇਆ ਗੌੜ ਬ੍ਰਹਿਮਣ ਸਾਚਾ ਪੂਤਾ, ਨਾਲ ਰਲਾਏ ਸ਼ਬਦ ਸਾਚਾ ਦੂਤਾ, ਚਾਰੋਂ ਕੁੰਟ ਰਿਹਾ ਦੁੜਾਈਆ । ਮੇਟੇ ਜੂਠ ਝੂਠਾ, ਜਗ ਸਚ ਸੁੱਚ ਵਰਤਾਈਆ । ਮਨਮੁਖਾਂ ਫੜਾਏ ਹੱਥ ਖਾਲੀ ਠੂਠਾ, ਚਾਰੋਂ ਦਰ ਰਿਹਾ ਫਿਰਾਈਆ । ਗੁਰਮੁਖ ਸਾਚਾ ਸੰਤ ਸੁਹੇਲਾ ਦਰ ਦਵਾਰਿਉਂ ਜੋ ਗਿਆ ਰੂਠਾ, ਦਰਸ ਅਮੋਘ ਹਰਿ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਸੰਗ ਆਪ ਰਖਾਈਆ । ਆਤਮ ਸੰਗੀ ਸ਼ਬਦ ਸੁਰੰਗੀ, ਨਾਦ ਅਨਾਦੀ ਨਾਦ ਵਜਾਈਆ । ਵੱਜੇ ਤਨ ਸੱਚਾ ਮਰਦੰਗੀ, ਨੌ ਦਵਾਰੇ ਵੇਖੇ ਲੰਘੀ, ਸਾਚਾ ਮਾਰਗ ਇਕ ਵਖਾਈਆ । ਵਡ ਦਾਤਾ ਸੂਰਾ ਸਰਬੰਗੀ, ਦਿਵਸ ਰੈਣ ਅੰਗੀ ਸੰਗੀ, ਆਪ ਆਪਣਾ ਸੰਗ ਨਿਭਾਈਆ । ਗੁਰਸਿਖ ਪਿਠ ਨਾ ਹੋਵੇ ਨੰਗੀ, ਪ੍ਰਭ ਬੈਠਾ ਸੀਸ ਆਪਣਾ ਹੱਥ ਟਿਕਾਈਆ । ਦੇਵੇ ਵਸਤ ਜੋ ਦਰ ਆਏ ਮੂੰਹੋਂ ਮੰਗੀ, ਬ੍ਰਹਮ ਰੂਪ ਸਮਾਈਆ । ਆਤਮ ਧਾਰਾ ਇਕ ਵਹਾਏ ਅੰਮ੍ਰਿਤ ਸਾਚਾ ਗੰਗੀ, ਸ਼ਿਵ ਸ਼ੰਕਰ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਗਤ ਜਗਦੀਸ਼ ਤੇਰੀ ਕਰੀ ਘਰ ਸਾਚੇ ਕੁੜਮਾਈਆ । ਜਗਤ ਜਗਦੀਸ਼ ਘਰ ਸਾਚਾ ਪਾਇਆ, ਤ੍ਰੈਲੋਕ ਵੱਜੀ ਵਧਾਈਆ । ਜੀਓ ਪਿੰਡ ਕਾਚਾ ਮਾਤ ਤਜਾਇਆ, ਨਾਮ ਦਰਵਾਜ਼ਾ ਇਕ ਖੁਲ੍ਹਾਈਆ । ਗਰੀਬ ਨਿਵਾਜ਼ਾ ਦਰਸ਼ਨ ਪਾਇਆ, ਸਗਲੀ ਚਿੰਤ ਮਿਟਾਈਆ । ਹਰਿਜਨ ਜਨ ਹਰਿ ਤੇਰਾ ਸਾਜਨ ਸਾਜਾ, ਅੱਗੇ ਬੈਠਾ ਦੋਵੇਂ ਭੁਜਾ ਉਠਾਈਆ । ਚਤਰਭੁਜ ਹਰਿ ਰੱਖੇ ਲਾਜਾ, ਭੇਖਾਧਾਰੀ ਭੇਖ ਵਟਾਈਆ । ਪਰਗਟ ਹੋਏ ਦੇਸ ਮਾਝਾ, ਸੰਮਤ ਸੰਮਤੀ ਰਿਹਾ ਮਿਟਾਈਆ । ਹਰਿਜਨ ਜਨ ਹਰਿ ਤੇਰੀ ਰੱਖੇ ਲਾਜਾ, ਆਪ ਕਰਾਏ ਤੇਰਾ ਕਾਜਾ, ਸਾਚੀ ਸੇਵਾ ਰਿਹਾ ਕਮਾਈਆ । ਮਨਮੁਖ ਜੀਵਾਂ ਵਿਕਾਰ ਹੰਕਾਰ ਕਾਇਆ ਡੋਲੀ ਦੇਵੇ ਦਾਜਾ, ਅੰਤਮ ਏਕਾ ਧੱਕਾ ਲਾਈਆ । ਕਲਜੁਗ ਮਾਤਲੋਕ ਵਿਚੋਂ ਜਾਏ ਭਾਜਾ, ਧੁਰਦਰਗਾਹੋਂ ਆਏ ਭਾਜਾ, ਸੰਗ ਮੁਹੰਮਦ ਮੁਖ ਛੁਪਾਈਆ । ਸਤਿਜੁਗ ਸਾਚਾ ਧੁਰਦਰਗਾਹੋਂ ਆਏ ਭਾਗਾ, ਦੋਏ ਜੋੜ ਪ੍ਰਭ ਅੱਗੇ ਸੀਸ ਝੁਕਾਈਆ । ਧਰਤਮਾਤ ਦੂਰ ਦੁਰਾਡੀ ਉਠ ਉਠ ਮਾਰੇ ਆਵਾਜ਼ਾ, ਆ ਸਪੂਤਾ ਸਾਚੀ ਗੋਦ ਮੈਂ ਆਪਣੀ ਆਪ ਸੁਹਾਈਆ । ਭਗਤ ਜਨਾਂ ਦੀ ਰੱਖੇ ਲਾਜਾ, ਸੋਹੰ ਮੁੰਮਾ ਸਾਚਾ ਸੀਰ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਤੇਰਾਂ ਤੇਰੀ ਬੰਨ੍ਹੇ ਧਾਰ, ਅੱਸੂ ਤਿੰਨ ਦਿਵਸ ਵਿਚਾਰ, ਬੀਸ ਬੀਸੇ ਹੋਏ ਜਗਤ ਜੈਕਾਰ, ਇਕ ਇਕੀਸੇ ਸਾਰੀ ਸ੍ਰਿਸ਼ਟ ਏਕਾ ਇਸ਼ਟ ਏਕਾ ਦ੍ਰਿਸ਼ਟ ਏਕਾ ਰੂਪ ਸਮਾਈਆ । ਏਕਾ ਰੂਪ ਰੰਗ ਰੰਗਾਵਣਾ । ਕਾਇਆ ਸਾਚੀ ਚੋਲੀ, ਸ਼ਬਦ ਘੋੜੇ ਤੰਗ ਕਸਾਵਣਾ । ਚਾਰ ਕੁੰਟ ਦਹਿ ਦਿਸ਼ਾ ਵੇਖ ਵਖਾਵਣਾ । ਜਨ ਭਗਤਾਂ ਪੂਰ ਕਰਾਏ ਭਾਵਨਾ । ਲਹਿਣਾ ਦੇਣਾ ਪਿਛਲਾ ਲੇਖ ਚੁਕਾਵਣਾ । ਸੰਮਤ ਸਤਾਰਾਂ ਸਾਚਾ ਵੇਖ, ਗੁਰਮੁਖ ਸਾਚੇ ਸੰਗ ਨਿਭਾਵਣਾ । ਸੰਮਤ ਪੰਦਰਾਂ ਧਾਰੇ ਭੇਖ, ਤਟ ਤੀਰਥਾਂ ਖਿਚ ਵਖਾਵਣਾ । ਸੰਮਤ ਸੋਲਾਂ ਲਾਏ ਮੇਖ, ਦਰ ਦਰ ਘਰ ਘਰ ਹਾਹਾਕਾਰ ਕਰਾਵਣਾ । ਸੰਮਤ ਸਤਾਰਾਂ ਰਿਹਾ ਵੇਖ, ਜੰਗਲ ਜੂਹ ਉਜਾੜ ਪਹਾੜ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਆਸਣ ਵਿਛਾਵਣਾ । ਸੰਮਤ ਅਠਾਰਾਂ ਨਾ ਕੋਈ ਦਿਸੇ ਔਲੀਏ ਪੀਰ ਸ਼ੇਖ਼, ਸੇਠ ਸਿਠਾਨ

ਵਿਚ ਜਹਾਨ ਕੋਈ ਰਹਿਣ ਨਾ ਪਾਵਣਾ । ਸੰਮਤ ਉਨੀ ਸੰਤ ਸੁਹੇਲੇ ਜਾਏ ਚੁਣੀ, ਕਲਜੁਗ ਮਿਟਦੀ ਜਾਏ ਰੇਖ, ਬੀਸ ਬੀਸੇ ਉਪਜੇ ਰਾਗ ਸਾਚੀ ਧੁਨੀ, ਮਿਲੇ ਮੇਲ ਹਰਿ ਜਗਦੀਸ । ਜੋਤੀ ਜੋਤ ਸਰੂਪ ਹਰਿ, ਇਕ ਇਕੀਸਾ ਹਰਿ ਜਗਦੀਸਾ ਛਤਰ ਝੁਲਾਏ ਸਾਚੇ ਸੀਸ । ਰਥ ਰਥਵਾਹੀ ਬਣ ਕੇ ਆਇਆ, ਸ੍ਰਿਸ਼ਟ ਸਬਾਈ ਹਰਿ ਰਘੁਨਾਥ । ਦੋ ਜਹਾਨਾਂ ਖੇਲ ਆਪਣੇ ਹੱਥ ਰਖਾਇਆ, ਪਰਗਟ ਹੋਏ ਤ੍ਰਲੋਕੀ ਨਾਥ । ਭਗਤ ਜਨਾਂ ਹਰਿ ਰਿਹਾ ਜਗਾਇਆ, ਲਹਿਣਾ ਆਪਣਾ ਮੂਲ ਚੁਕਾਏ ਮਸਤਕ ਲਿਖਿਆ ਧੁਰ ਧੁਰ ਮਾਥ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗ ਜੁਗ ਆਪ ਨਿਭਾਏ ਆਪਣਾ ਸਾਥ ।

ਰਥ ਰਥਵਾਹੀ ਠਾਕਰ ਦਾਤਾ, ਸਰਬ ਕਲਾ ਭਰਪੂਰਾ । ਗਿਆਨੀ ਸ਼ਬਦੀ ਬ੍ਰਹਮ ਗਿਆਤਾ, ਸਦ ਸਦ ਹਾਜ਼ਰ ਹਜ਼ੂਰਾ । ਜਨ ਭਗਤਾਂ ਰੱਖੇ ਉਤਮ ਜ਼ਾਤਾ, ਸ਼ਬਦ ਰਖਾਏ ਸਾਚੀ ਤੂਰਾ । ਪਰਗਟ ਹੋਏ ਕਮਲਾਪਾਤਾ, ਕਲਜੁਗ ਕੂੜ ਮਿਟਾਏ ਕੂੜਾ । ਮਿਟੇ ਰੈਣ ਅੰਧੇਰੀ ਰਾਤਾ, ਮਾਇਆ ਮਮਤਾ ਜੂਠੀ ਝੂਠੀ ਮਿਟੇ ਧੂੜਾ । ਜਨ ਭਗਤਾਂ ਪੁੱਛੇ ਅੰਤਮ ਵਾਤਾ, ਕਰੇ ਪ੍ਰਕਾਸ਼ ਦੀਵਾ ਬਾਤੀ ਸਾਚੀ ਜੋਤੀ ਨੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਦ ਵਿਆਸਾ ਲੇਖ ਲਿਖਾਇਆ ਕਰੇ ਕਰਾਏ ਪੂਰਾ । ਬ੍ਰਹਮ ਗੌੜ ਗੌੜ ਸਪੂਤ, ਜੋਤੀ ਮਾਤ ਜਣਾਈਆ । ਗੋਦ ਉਠਾਇਆ ਸਾਚਾ ਪੂਤ, ਸ਼ਬਦੀ ਨਾਉਂ ਰਖਾਈਆ । ਸੋਹੰ ਧਾਗਾ ਸਾਚਾ ਸੂਤ, ਹੱਥੀਂ ਗਾਨਾ ਬੰਨ੍ਹ ਵਖਾਈਆ । ਲੋਆਂ ਪੁਰੀਆਂ ਫੇਰ ਫਿਰਾਏ ਸਾਚਾ ਦੂਤ, ਸਾਚਾ ਹੁਕਮ ਜਣਾਈਆ । ਨੌ ਖੰਡ ਪ੍ਰਿਥਮੀ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵਕਤ ਸੁਹਾਈਆ । ਕਲਜੁਗ ਅੰਤਮ ਅੰਤ ਆਇਆ, ਹਰਿ ਜੋਤੀ ਨੂਰ ਉਪਾਇੰਦਾ । ਭਗਤ ਸੁਹੇਲੇ ਸਾਚੇ ਸੰਤ ਰਿਹਾ ਜਗਾਇਆ, ਰਾਮ ਰਾਮ ਆਪ ਅਖਵਾਇੰਦਾ । ਸ਼ਾਹ ਭਬੀਖਣ ਅੰਤ ਕਲ ਨਾ ਮਿਲੇ ਸਜ਼ਾਇਆ, ਜੁਗ ਤ੍ਰੇਤਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਂ ਪਿਓ ਬੇਟਾ ਅਖਵਾਇੰਦਾ । ਮਾਤ ਪਿਤ ਹਰਿ ਜਗਦੀਸ਼ਰ, ਸ੍ਰਿਸ਼ਟ ਸਬਾਈ ਉਪਾਇਆ । ਆਪੇ ਜੋਗੀ ਮੁਨੀ ਮੁਨੀਸ਼ਰ, ਤਪੀ ਤਪੀਸ਼ਰ ਰਿਖ ਮੁਨ ਆਪ ਅਖਵਾਇਆ । ਸੰਗ ਰਖਾਏ ਸਵਾ ਰੱਤੀ ਮਸਤਕ ਟਿੱਕਾ ਸਾਚਾ ਕੇਸਰ, ਨਾਮ ਤਿਲਕ ਤ੍ਰਿਸੂਲ ਧਾਰ ਲਗਾਇਆ । ਅੰਤਮ ਵੇਲਾ ਜਗਤ ਥਨੇਸਰ, ਥਿਰ ਘਰ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜਗਿਆਸੂ ਵੇਖਣ ਆਇਆ । ਇਕ ਨਰੇਲ ਨਾਰਦ ਮੁਨ, ਬ੍ਰਹਮਾ ਪੂਤ ਉਠਾਇੰਦਾ । ਭਗਤ ਸੁਹੇਲੇ ਸਾਚੇ ਚੁਣ, ਸੋਏ ਮਾਤ ਜਗਾਇੰਦਾ । ਦੇਵਣਹਾਰਾ ਸਾਚਾ ਗੁਣ, ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਨਾਦੀ ਸਾਚੀ ਧੁਨ ਆਪਣੇ ਹੱਥ ਰਖਾਇੰਦਾ । ਨਾਦ ਧੁਨ ਤਨ ਕਾਇਆ ਮੰਦਰ, ਪ੍ਰਭ ਆਪਣੇ ਹੱਥ ਰਖਾਈਆ । ਬਜਰ ਕਪਾਟੀ ਲਾਇਆ ਜੰਦਰ, ਨਾ ਕੋਈ ਤੋੜ ਤੁੜਾਈਆ । ਰੈਣ ਅੰਧੇਰੀ ਡੂੰਘੀ ਕੰਦਰ, ਦੀਪਕ ਜੋਤ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਤਮ ਵਰ, ਨੇਤਰ ਨੈਣੀ ਦਰਸ ਦਿਖਾਈਆ । ਦਰਸ਼ਨ ਨੈਣ ਸਾਚੇ ਘਰ, ਜਗਤ ਤ੍ਰਿਸ਼ਨਾ ਬੁਝਾਈਆ । ਹਰਿ ਚਰਨ ਬਹਿਣ ਸਾਚਾ ਵਰ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਦਰ

੮੦
੦੬

ਬੈਠੇ ਸੀਸ ਝੁਕਾਈਆ । ਭਗਤ ਜਨਾਂ ਹਰਿ ਦਰ ਦਰਵੇਸ਼, ਲੋਕਮਾਤ ਆਵੇ ਜਾਵੇ ਫੇਰਾ ਪਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਸਦਾ ਆਦੇਸ, ਵੇਸ ਅਵੇਸਾ ਅਨਨ ਅਨੇਕਾ ਆਪ ਕਰਾਈਆ । ਨਾ ਕੋਈ ਜਾਣੇ ਧਾਰੀ ਕੇਸਾ, ਮੂੰਡ ਮੁੰਡਾਇਆ ਸੂਝ ਨਾ ਪਾਈਆ । ਹਰਿਜਨ ਸਾਚੇ ਵਿਚ ਪਰਵੇਸਾ, ਸ਼ਬਦ ਧਾਰ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਦਸ ਤੀਸ, ਤੀਜੀ ਅੱਸੂ ਥਿਤ ਲਿਖਾਈਆ । ਅੱਸੂ ਤਿੰਨ ਸਾਢੇ ਦਸ ਦਾਸਾ ਦਾਸ ਆਇਆ । ਕਰੇ ਖੇਲ ਬੀਸ ਬੀਸ, ਭੇਵ ਕਿਸੇ ਨਾ ਪਾਇਆ । ਨੌ ਖੰਡ ਪ੍ਰਿਥਮੀ ਚਰਨ ਹੇਠ ਝੱਸ, ਲੋਆਂ ਪੁਰੀਆਂ ਪਾਰ ਕਰਾਇਆ । ਆਪ ਆਪਣੇ ਘਰ ਰਿਹਾ ਵਸ, ਮਹੱਲ ਅਟੱਲ ਇਕ ਰਖਾਇਆ । ਹਰਿਜਨ ਸਾਚੇ ਰਾਹ ਸਾਚਾ ਰਿਹਾ ਦੱਸ, ਚਾਰ ਵਰਨ ਸਾਚੀ ਸਰਨ ਇਕ ਸਰਨਾਇਆ । ਅੰਤਮ ਮੇਲਾ ਹੋਣਾ ਨੱਸ ਨੱਸ, ਸ਼ਬਦ ਤੀਰ ਚਲਾਏ ਕਸ ਕਸ, ਭਰਮਾਂ ਡੇਰਾ ਦੇਵੇ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਭਗਤੀ ਵਰ, ਸਾਚੀ ਸੇਵਾ ਰਿਹਾ ਲਗਾਇਆ । ਭਗਤ ਭਗਵੰਤ ਸਾਚਾ ਮੀਤ, ਦਇਆਨਿਧ ਅਖਵਾਇੰਦਾ । ਏਕਾ ਰਾਗ ਸੁਣਾਏ ਸਾਚਾ ਗੀਤ, ਕਾਰਜ ਸਿਧ ਕਰਾਇੰਦਾ । ਕਾਇਆ ਕਰੇ ਪਤਤ ਪੁਨੀਤ, ਆਪ ਆਪਣੀ ਬਣਤ ਬਣਾਇੰਦਾ । ਨੇਤਰ ਦਰਸ਼ਨ ਸੀਤਲ ਸੀਤ, ਸਾਂਤਕ ਰੂਪ ਸਮਾਇੰਦਾ । ਆਪੇ ਵਸੇ ਆਤਮ ਚੀਤ, ਚਿਤ ਵਿਤ ਨਾ ਕੋਈ ਠਗੋਰੀ ਪਾਇੰਦਾ । ਸਦੀ ਬੀਸਵੀਂ ਰਹੀ ਬੀਤ, ਬੀਸ ਬੀਸਾ ਹਰਿ ਅਖਵਾਇੰਦਾ । ਨਾ ਕੋਈ ਹਸਤ ਸ਼ਾਹ ਕੀਟ, ਮਾਇਆ ਚੱਕੀ ਰਹੀ ਪੀਸ, ਕਲਜੁਗ ਸਾਚਾ ਪੀਸਣ ਪਾਇੰਦਾ । ਮਾਇਆ ਮਮਤਾ ਕੌੜੇ ਰੀਠ, ਨਾ ਕੋਈ ਚਾੜ੍ਹੇ ਕਾਇਆ ਚੋਲੀ ਰੰਗ ਮਜੀਠ, ਰੰਗਣ ਨਾਮ ਨਾ ਕੋਈ ਰੰਗਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਭਗਵਾਨ ਬੀਠਲਾ ਬੀਠ, ਜੋਤ ਸਰੂਪੀ ਸਦਾ ਅਨਡੀਠ, ਅਨਡਿਠਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਚਰਨ ਪ੍ਰੀਤੀ ਦਰ ਸੋ ਜਨ ਸਰਨ ਸਰਨਾਈ ਆਇੰਦਾ ।

### ❊ ੩ ਅੱਸੂ ੨੦੧੩ ਬਿਕ੍ਰਮੀ ਦਿੱਲੀ ਰਾਸ਼ਟਰਪਤੀ ਭਵਨ ਵਿਚ ਸ਼ਬਦ ਉਚਾਰਿਆ ❊

ਅੱਸੂ ਤਿੰਨ ਸਾਢੇ ਦਸ ਅੰਦਰ ਵੜਿਆ, ਸਰਬ ਕਲਾ ਭਰਪੂਰਾ । ਰਾਸ਼ਟਰਪਤ ਤੁੱਟਾ ਧਤ ਸ਼ਬਦ ਸਰੂਪੀ ਜਾਏ ਫੜਿਆ, ਵੇਖੇ ਖੇਲ ਨੂਰੀ ਨੂਰਾ । ਜਗਤ ਵਿਕਾਰਾ ਮਾਇਆ ਮਮਤਾ ਮਥਿਆ, ਹਰਿ ਹਰਿ ਨਾਤਾ ਦੂਰਨ ਦੂਰਾ । ਲੋਕਮਾਤ ਅੱਗੇ ਹੋਏ ਨਾ ਅੜਿਆ, ਸ਼ਬਦ ਖੰਡਾ ਕਰੇ ਚੂਰ ਚੂਰਾ । ਆਤਮ ਅੱਖਰ ਨਾ ਪੜ੍ਹਿਆ, ਅੰਮ੍ਰਿਤ ਮਿਲਿਆ ਨਾ ਸਤਿ ਸਰੋਵਰਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਲੇਖਾ ਰਿਹਾ ਭੇਜ, ਅੰਤਮ ਛੱਡਣੀ ਫੁਲਾਂ ਸੇਜ, ਜੋਤ ਜ਼ਾਤੀ ਜਾਏ ਜੜਿਆ । ਫੁਲਨ ਸੇਜ ਜਾਏ ਛੁੱਟ, ਨਾ ਰਹੇ ਰੁੱਤ ਬਸੰਤਾ । ਭਾਗ ਭਾਗਨੀ ਗਏ ਨਿਖੁੱਟ, ਮੇਲ ਵਿਛੋੜਾ ਸਾਚੇ ਕੰਤਾ । ਅੰਤਮ ਪੈਣੀ ਦਰ ਦਵਾਰੇ ਲੁੱਟ, ਮਿਲੇ ਨਾ ਹਾਥੀ ਘੋੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਬੈਠੇ ਰਥ ਜਗਤ ਰਥਿਆ । ਮੁਖ ਛੁਪਾਇਆ ਮਸਤਕ ਲੇਖ ਅਪਾਰਾ, ਆਪ ਆਪਣਾ ਪਰਦਾ ਪਾਇਆ । ਭਰਮੀ ਭਰਮ ਨਿਆਰਾ, ਲੇਖਾ ਜਾਣੇ ਅਸਥੂਲ ਜੜ੍ਹ ਦਾ । ਅਗੰਮ ਰੂਪ ਅਪਾਰਾ, ਸ਼ਬਦ ਸਰੂਪੀ ਆਪੇ ਫੜਦਾ । ਅੰਦਰ ਬਾਹਰ ਗੁਪਤ ਜ਼ਾਹਿਰਾ, ਮਾਇਆ ਮਮਤਾ ਵਿਚ ਨਾ ਸੜਦਾ ।

ਜੋਤ ਸਰੂਪੀ ਹਰਿ ਨਿਰੰਕਾਰਾ, ਤੋੜੇ ਮਾਣ ਕਿਲ੍ਹਾ ਹੰਕਾਰੀ ਗੜ੍ਹ ਦਾ । ਖੇਲੇ ਖੇਲ ਵਿਚ ਸੰਸਾਰਾ, ਦਸਮ ਦਵਾਰੀ ਸਾਚੇ ਮੰਦਰ ਹਰਿ ਭਗਤ ਸੁਹੇਲੇ ਆਪੇ ਵੜਦਾ । ਏਕਾ ਏਕ ਏਕੰਕਾਰਾ, ਕਾਲੀ ਧਾਰ ਵਹੇ ਵਹਿਣ ਜੂਠੇ ਝੂਠੇ ਹੜ੍ਹ ਦਾ । ਸਚ ਸੁੱਚ ਨਾ ਕੋਈ ਵਰਤਾਰਾ, ਹਰਿਜਨ ਸਾਚਾ ਏਕਾ ਅੱਖਰ ਪੜ੍ਹਦਾ । ਦੋ ਜਹਾਨੀ ਉਤਰੇ ਪਾਰਾ, ਲੇਖਾ ਚੁੱਕੇ ਸੀਸ ਧੜ ਦਾ । ਅੰਤਮ ਮੇਲਾ ਜਮਨ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਗੰਮ ਅਗੰਮ ਅਪਾਰਾ ।

✻ ੩ ਅਸੂ ੨੦੧੩ ਡਾ੦ ਰੂਪ ਲਾਲ ਬੱਤਰੇ ਨਾਲ ਬਚਨ ਹੋਏ ਦਿੱਲੀ ✻

ਨਿਰਮਲ ਜੀਆ ਆਪ ਕਰੇ, ਆਪਣੀ ਕਿਰਪਾ ਧਾਰ । ਦੀਪਕ ਦੇਵੇ ਇਕ ਦੀਆ, ਜੋਤੀ ਨੂਰ ਅਪਾਰ । ਆਤਮ ਬੀਜ ਬੀਜੇ ਸ਼ਬਦ ਬੀਆ, ਫਲ ਲਾਏ ਕਾਇਆ ਡਾਲ੍ਹ । ਨਾਮ ਨਿਧਾਨ ਗੁਰਮੁਖ ਵਿਰਲੇ ਮਾਤ ਪੀਆ, ਤੋੜੇ ਜਗਤ ਜੰਜਾਲ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਜੋਤੀ ਭੇਖ ਧਰ, ਜਨ ਭਗਤਾਂ ਹੋਏ ਆਪ ਦਲਾਲ । ਜਗਤ ਦਲਾਲ ਭਗਤ ਵਣਜਾਰਾ, ਸ਼ਬਦ ਹੱਟ ਖੁਲ੍ਹਾਇੰਦਾ । ਕਾਇਆ ਮੰਦਰ ਵੇਖੇ ਤੀਰਥ ਪਾਰ ਕਿਨਾਰਾ, ਅੰਮ੍ਰਿਤ ਆਤਮ ਤਾਲ ਸੁਹਾਇੰਦਾ । ਕਾਇਆ ਮਾਟੀ ਸ਼ਬਦ ਵਜਾਏ ਸਚ ਨਗਾਰਾ, ਤਾਲ ਆਪਣੇ ਹੱਥ ਰਖਾਇੰਦਾ । ਕਰੇ ਪਰਕਾਸ਼ ਏਕਾ ਏਕ ਏਕੰਕਾਰਾ, ਅਗਿਆਨ ਅੰਧੇਰ ਮਿਟਾਇੰਦਾ । ਨਾਦ ਧੁਨ ਉਪਜੇ ਸੁਣਾਏ ਰਾਗ ਹਰਿ ਸੁਣਨੇਹਾਰਾ, ਮੁਨ ਸੁਨ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਭਗਤ ਭਗਤੀ ਮਾਰਗ ਲਾਇੰਦਾ । ਭਗਤ ਭਗਵੰਤ ਸੰਤ ਕੰਤ ਏਕਾ ਸਚ ਹੰਢਾਈਆ । ਦਰ ਘਰ ਸਾਚੇ ਆਪ ਬਣਾਏ ਸਾਚੀ ਬਣਤ, ਸ਼ਬਦ ਸਿੰਘਾਸਣ ਫੂਲਨ ਸੇਜਾ, ਦਸਮ ਦਵਾਰੀ ਸਾਚੇ ਅੰਦਰ ਆਪ ਵਿਛਾਈਆ । ਜੋਤ ਨਿਰੰਜਣ ਸ਼ਬਦ ਸੁਨੇਹੜਾ ਭੇਜਾ, ਹਰਿਜਨ ਸਾਚੇ ਮਾਤ ਜਗਾਈਆ । ਹੱਥ ਫੜਾਏ ਨਾਮ ਸ਼ਸਤਰ ਨੇਜਾ, ਪੰਜਾਂ ਚੋਰਾਂ ਰਿਹਾ ਡਰਾਈਆ । ਨੈਣ ਖੁਲ੍ਹਾਏ ਆਪੇ ਤੀਜਾ, ਜਿਸ ਜਨ ਆਪਣੀ ਦਇਆ ਕਮਾਈਆ । ਹਰਿ ਭਗਤਾਂ ਕਰੇ ਆਪੇ ਰੀਝਾ, ਤਨ ਸ਼ਬਦ ਸ਼ਿੰਗਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਜੋਤੀ ਜਾਮਾ ਭੇਖ ਧਰ, ਵੇਖ ਵਖਾਏ ਸ੍ਰਿਸ਼ਟ ਦ੍ਰਿਸ਼ਟ ਇਸ਼ਟ ਇਸ਼ਟ ਕਵਣ ਰਘੁਰਾਈਆ । ਆਸਤਕ ਨਾਸਤਕ ਦੋਵੇਂ ਧਾਰ, ਜੁਗ ਜੁਗ ਮਾਤ ਚਲਾਇੰਦਾ । ਹਰਿ ਕਾ ਰੂਪ ਅਗੰਮ, ਭੇਵ ਅਪਾਰਿਆ । ਹੱਡ ਮਾਸ ਨਾੜੀ ਨਾ ਕੋਈ ਚੰਮ, ਦਿਸ ਕਿਸੇ ਨਾ ਆ ਰਿਹਾ । ਪਵਣ ਸਵਾਸੀ ਨਾ ਕੋਈ ਲਏ ਦਮ, ਪੰਚ ਤਤ ਨਾ ਸੰਗ ਰਲਾ ਰਿਹਾ । ਨੇਤਰ ਨੀਰ ਨਾ ਦਿਸੇ ਛੰਮ ਛੰਮ, ਬਸਤਰ ਸ਼ਸਤਰ ਨਾ ਕੋਈ ਲਟਕਾ ਰਿਹਾ । ਨਾ ਮਰੇ ਨਾ ਪਏ ਜੰਮ, ਸਾਚੇ ਧਾਮ ਸੁਹਾ ਰਿਹਾ । ਆਪੇ ਜਾਣੇ ਆਪਣਾ ਕੰਮ, ਕਰਨ ਕਰਾਵਣਹਾਰ ਆਪ ਅਖਵਾ ਰਿਹਾ । ਆਪੇ ਰਾਮ ਰਮਈਆ ਰਾਮ, ਰਾਮ ਰਾਮਾ ਆਪ ਅਖਵਾ ਰਿਹਾ । ਆਪੇ ਗਗਨ ਪਤਾਲਾਂ ਦੇਵੇ ਥੰਮ, ਲੋਆਂ ਪੁਰੀਆਂ ਆਪ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਪਣੇ ਘਰ, ਜੋਤੀ ਨੂਰ ਉਪਾ ਰਿਹਾ । ਜੋਤੀ ਨੂਰ ਹਰਿ ਭਗਵਾਨ, ਦਿਵਸ ਰੈਣ ਸਵਾਈਆ । ਸ਼ਬਦ ਰੱਖੇ ਇਕ ਨਿਸ਼ਾਨ, ਜੁਗ ਜੁਗ ਮਾਤ ਝੁਲਾਈਆ । ਜਿਸ ਜਨ ਕਿਰਪਾ ਕਰ ਦੇਵੇ ਸਾਚਾ ਦਾਨ, ਆਪਣੀ ਬੂਝ ਬੁਝਾਈਆ । ਆਤਮ ਬਖ਼ਸ਼ੇ ਬ੍ਰਹਮ ਗਿਆਨ, ਬ੍ਰਹਮ ਪਾਰਬ੍ਰਹਮ ਮਿਲਾਈਆ । ਦਰਸ


੮੨
੦੬

ਅਮੋਘਾ ਦੇਵੇ ਜੀਆ ਦਾਨ, ਧੁਰ ਸੰਜੋਗਾ ਮੇਲ ਮਿਲਾਈਆ । ਰਸਨਾ ਰਸ ਨਾ ਕੋਈ ਭੋਗਾ, ਆਤਮ ਰਸ ਨਿਝਰ ਧਾਰ ਇਕ ਵਹਾਈਆ । ਨਾ ਕੋਈ ਰਾਗ ਸੁਣਾਏ ਜਗਤ ਸਲੋਕਾ, ਪੜ੍ਹ ਪੜ੍ਹ ਨਾ ਕੋਇ ਵਖਾਨ ਕਰਾਈਆ । ਆਤਮ ਅੰਤਰ ਏਕਾ ਏਕ ਸੱਚਾ ਗੁਰ ਮੰਤਰ, ਪੰਚ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਆਪਣੇ ਵਸਿਆ ਘਰ, ਜੋਤੀ ਨੂਰ ਕਰਾਈਆ । ਜੋਤੀ ਨੂਰ ਹਰਿ ਅਗੰਮਾ, ਅਗੰਮਾ ਧਾਮ ਸੁਹਾਇੰਦਾ । ਨਿਰਗੁਣ ਰੂਪ ਨਰ ਆਕਾਰ, ਨਿਝ ਘਰ ਵਾਸ ਰਖਾਇੰਦਾ । ਸਰਗੁਣ ਰੂਪ ਵਿਚ ਸੰਸਾਰ, ਹਰਿ ਆਪਣੀ ਬਣਤ ਬਣਾਇੰਦਾ । ਗੁਰਮੁਖ ਸਾਚੇ ਸੰਤ ਸੁਹੇਲੇ ਮੀਤ ਮੁਰਾਰ, ਆਪਣੀ ਗਣਤ ਗਿਣਾਇੰਦਾ । ਆਪਣਾ ਬਖ਼ਸ਼ੇ ਚਰਨ ਪਿਆਰ, ਸਾਚੀ ਰੀਤ ਵਖਾਇੰਦਾ । ਦੇਵੇ ਸ਼ਬਦ ਨਾਮ ਧੁਨ ਸੱਚੀ ਧੁਨਕਾਰ, ਕਾਇਆ ਮੰਦਰ ਮਸੀਤ ਗੁਰੂਦਵਾਰਾ ਇਕ ਜਣਾਇੰਦਾ । ਗੁਣ ਅਵਗੁਣ ਪ੍ਰਭ ਰਿਹਾ ਵਿਚਾਰ, ਮੀਤ ਮੀਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਹਰਿਜਨ ਸੋਏ ਆਪ ਜਗਾਇੰਦਾ । ਸੋ ਜਨ ਉਧਰੇ ਪਾਰ, ਜਿਸ ਜਨ ਜੋਤ ਜਗਾਈਆ । ਸਾਚੀ ਜੋਤ ਕਰ ਅਕਾਰ, ਸ਼ਬਦ ਧਾਰ ਵਹਾਈਆ । ਸ਼ਬਦ ਧਾਰ ਅਪਰ ਅਪਾਰ, ਬਜਰ ਕਪਾਟ ਖੁਲ੍ਹਾਈਆ । ਬਜਰ ਕਪਾਟੀ ਔਖਾ ਘਾਟ, ਆਪੇ ਆਪ ਚੜ੍ਹਾਈਆ । ਇਕ ਵਖਾਏ ਸਾਚਾ ਹਾਟ, ਸਤੋ ਗੁਣ ਸਤਿ ਵਸਤੂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਮਸਤਕ ਲੇਖ ਲਿਖਾਏ ਲਿਲਾਟ, ਲਿਖਣਹਾਰ ਆਪ ਅਖਵਾਈਆ । ਨਾਮ ਜੋਤੀ ਕਾਇਆ ਧਰ, ਸਾਚਾ ਸ਼ਬਦ ਜਣਾਇੰਦਾ । ਇਕ ਵਖਾਏ ਸਾਚਾ ਸਰ, ਅੰਮ੍ਰਿਤ ਆਤਮ ਸਚ ਸਰੋਵਰ ਤੀਰਥ ਇਸ਼ਨਾਨ ਕਰਾਇੰਦਾ । ਜਗਤ ਚੁਕਾਏ ਝੂਠਾ ਡਰ, ਸਾਚੇ ਮਾਰਗ ਲਾਇੰਦਾ । ਜੀਆ ਦਾਨ ਭਗਤੀ ਦੇਵੇ ਵਰ, ਸਾਰੰਗ ਧਰ ਭਗਵਾਨ ਬੀਠਲਾ ਆਪ ਅਖਵਾਇੰਦਾ । ਆਪ ਆਪਣੇ ਜਿਹਾ ਕਰ, ਰੂਪ ਅਨੂਪਾ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਆਪਣਾ ਸ਼ਬਦ ਜਣਾਇੰਦਾ । ਹਰਿ ਮੂਰਤ ਅਕਾਲ, ਜੋਤੀ ਨੂਰ ਸਵਾਈਆ । ਜੋਤੀ ਨੂਰ ਦੀਨ ਦਿਆਲ, ਦਿਸ ਕਿਸੇ ਨਾ ਆਈਆ । ਆਪਣੀ ਆਪ ਕਰੇ ਪ੍ਰਿਤਪਾਲ, ਆਪਣੇ ਰੰਗ ਸਮਾਈਆ । ਆਪੇ ਚਲੇ ਅਵਲੜੀ ਚਾਲ, ਆਪਣੀ ਬਣਤ ਬਣਾਈਆ । ਜੋਤੀ ਸੁਤ ਉਪਾਇਆ ਸ਼ਬਦ ਰਖਾਇਆ ਸਾਚਾ ਲਾਲ, ਹਰਿ ਆਪਣੀ ਗੋਦ ਉਠਾਈਆ । ਤ੍ਰੈਲੋਕਾਂ ਬਣਾਇਆ ਆਪ ਦਲਾਲ, ਬ੍ਰਹਿਮੰਡ ਵਿਚ ਟਿਕਾਈਆ । ਖੋਜਨ ਖੋਜ ਖੋਜ ਜੁਗ ਜੁਗ ਥੱਕੇ ਭਾਲ, ਹਰਿ ਸ਼ਬਦ ਹੱਥ ਨਾ ਆਈਆ । ਪੁਰਖ ਅਬਿਨਾਸ਼ੀ ਆਪੇ ਚਲੇ ਅਵਲੜੀ ਚਾਲ, ਆਪ ਆਪਣਾ ਰੂਪ ਮਾਤ ਵਟਾਈਆ । ਆਪੇ ਮਾਰ ਸ਼ਬਦ ਉਛਾਲ, ਪੰਜ ਤਤ ਰਸਨਾ ਬਾਹਰ ਕਢਾਈਆ । ਸ੍ਰਿਸ਼ਟ ਬਣਾਏ ਜਗਤ ਦਲਾਲ, ਰਸਨਾ ਗਾ ਗਾ ਤਰੇ ਲੁਕਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਅਕਾਲ ਅਕਾਲਾ ਦੋਵੇਂ ਰਾਹ ਚਲਾਈਆ । ਹਰਿ ਸ਼ਬਦ ਅਨਮੁਲੜਾ ਲਾਲ, ਹਰਿ ਦਰ ਰੱਖਿਆ ਆਪ ਸੰਭਾਲ, ਸਭ ਘਟ ਮੇਂ ਆਪ ਟਿਕਾਈਆ ।

ਮਾਨਸ ਜਨਮ ਪਾਇਆ, ਵੱਜੀ ਮਾਤ ਵਧਾਈਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਲੱਖ ਚੁਰਾਸੀ ਹੋਈ ਕੁੜਮਾਈਆ । ਸਾਚਾ ਧਰਮ ਆਪ ਰਖਾਇਆ, ਭਰਮੇ ਭੁੱਲੀ ਸਰਬ ਲੁਕਾਈਆ । ਗੁਰ ਗੋਬਿੰਦ ਹਰਿ ਹਰਿ ਹਰਿ ਨਰਾਇਣ ਨਰਾਇਣ ਜਿਸ ਜਨ ਰਸਨਾ ਗਾਇਆ, ਕਟੇ ਜਮ

ਕੀ ਫਾਹੀਆ । ਆਪ ਆਪਣੀ ਸ਼ਰਨ ਲਗਾਇਆ, ਮਸਤਕ ਟਿੱਕਾ ਲਾਹੇ ਲੱਗੀ ਕਾਲੀ ਛਾਹੀਆ । ਜਿਸ ਜਨ ਹੋ ਪਰਤੱਖ ਦਰਸ ਦਿਖਾਇਆ, ਕਰਮ ਕੁਕਰਮ ਏਕਾ ਰੰਗ ਸਮਾਈਆ । ਅੰਤ ਅੰਤ ਹਰਿ ਲਏ ਰੱਖ, ਆਪ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਲਹਿਣਾ ਦੇਣਾ ਪਿਛਲਾ ਰਿਹਾ ਮੂਲ ਚੁਕਾਈਆ । ਬੈਠਤ ਬੈਠਤ ਜਗ ਗਏ, ਚਾਰ ਚੁਫੇਰੇ ਸੰਗੀ ਯਾਰ । ਬੈਠਤ ਬੈਠਤ ਬੈਠਤ ਹੰਕਾਰ ਹੰਗਤਾ ਤਨ ਝੂਠੀ ਚੋਲੀ ਰੰਗ ਗਏ, ਨਾ ਮਿਲਿਆ ਮੀਤ ਮੁਰਾਰ । ਬੈਠਤ ਬੈਠਤ ਬੈਠਤ ਤਪੀ ਤਪੀਸ਼ਰਾਂ ਬਰਸ ਮਹੀਨੇ ਲੰਘ ਗਏ, ਨਾ ਹੋਇਆ ਮਾਤ ਅਧਾਰ । ਗੁਰਮੁਖ ਸਾਚੇ ਸੰਤ ਸੁਹੇਲੇ ਅੰਤਮ ਵੇਲੇ ਸੰਗ ਗਏ, ਦੋਏ ਜੋੜ ਕਰਨ ਨਿਮਸਕਾਰ । ਹਰਿ ਹਿਰਦੇ ਅੰਦਰ ਵਸ ਜਾਏ, ਜਗਤ ਵਿਕਾਰਾ ਵਿਚੋਂ ਨੱਸ ਜਾਏ, ਸਾਚੇ ਅੰਦਰ ਨਰ ਹਰਿ ਸਾਚਾ ਬਹਿ ਬਹਿ ਹੱਸ ਜਾਏ, ਦੇਵੇ ਦਰਸ ਅਪਾਰ । ਅੰਮ੍ਰਿਤ ਆਤਮ ਮੇਘ ਸੀਤਲ ਧਾਰਾ ਵਸ ਜਾਏ, ਕਾਇਆ ਕਰੇ ਠੰਢੀ ਠਾਰ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਤਮ ਖੋਲ੍ਹੇ ਬੰਦ ਕਿਵਾੜ । ਜਨਮ ਕਰਮ ਪ੍ਰਭ ਹੱਥ, ਆਪਣੀ ਰੀਤ ਚਲਾਈਆ । ਸ੍ਰਿਸ਼ਟ ਸਬਾਈ ਚਲਾਏ ਰਥ, ਰਥ ਰਥਵਾਹੀ ਆਪ ਅਖਵਾਈਆ । ਲੱਖ ਚੁਰਾਸੀ ਆਪੇ ਰਿਹਾ ਮੱਥ, ਆਪ ਆਪਣੀ ਰਚਨ ਰਚਾਈਆ । ਜੀਵਾਂ ਜੰਤਾਂ ਆਤਮ ਅੰਦਰ ਪਾਈ ਬੈਠਾ ਨੱਥ, ਡੋਰੀ ਆਪਣੇ ਹੱਥ ਰਖਾਈਆ । ਜਿਸ ਜਨ ਕਿਰਪਾ ਕਰ ਆਪਣੀ ਕਥਾ ਸੁਣਾਏ ਅਕੱਥ, ਸਾਚਾ ਮਾਰਗ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਰਿਹਾ ਕਰਮ ਕਮਾਈਆ । ਜਨਮ ਕਰਮ ਹੱਥ ਕਰਤਾਰ, ਕਰਨ ਕਰਾਵਣਹਾਰਾ । ਨਾ ਕੋਈ ਜਾਣੇ ਜੀਵ ਜੰਤ ਗਵਾਰ, ਪ੍ਰਭ ਖੇਲ ਖਿਲਾਏ ਖਿਲਾਵਣਹਾਰਾ । ਲੱਖ ਚੁਰਾਸੀ ਮਾਤ ਵਿਹਾਰ, ਉਪਜਾਵੇ ਮਿਟਾਵੇ ਮਿਟਾਵਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖੇ ਲਿਖਿਆ ਲੇਖ ਧੁਰ, ਘਰ ਮੰਦਰ ਲੇਖ ਅਪਾਰਾ । ਲਿਖਿਆ ਮੰਦਰ ਮਸਤਕ ਲੇਖਾ, ਆਪੇ ਆਪ ਲਿਖਾਇੰਦਾ । ਜੀਵ ਜੰਤ ਰਿਹਾ ਭਰਮ ਭੁਲੇਖਾ, ਭਰਮ ਨਾ ਕੋਇ ਚੁਕਾਇੰਦਾ । ਧੁਰ ਦੀ ਬਾਣ ਲੱਗੀ ਮੇਖਾ, ਨਾ ਕੋਈ ਵੇਖ ਵਖਾਇੰਦਾ । ਜਿਸ ਨੇਤਰ ਲੋਚਨ ਨੈਣ ਸਾਚੇ ਪੇਖਾ, ਦ੍ਰਿਸ਼ਟ ਇਸ਼ਟ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਹ ਚਲਾਇੰਦਾ । ਸਚ ਭੂਪ ਹਰਿ ਸਾਚਾ ਰਾਜਾ, ਸਚ ਤਖ਼ਤ ਸੁਹਾਇੰਦਾ । ਉਪਰ ਬੈਠ ਗਰੀਬ ਨਿਵਾਜ਼ਾ, ਲੇਖਾ ਲਿਖਤ ਲਿਖਾਇੰਦਾ । ਸ਼ਬਦ ਸਰੂਪੀ ਮਾਰੇ ਆਵਾਜ਼ਾ, ਪਵਣ ਪਵਣੀ ਸੇਵ ਲਗਾਇੰਦਾ । ਸੀਸ ਨਾ ਦਿਸੇ ਕੋਇ ਤਾਜਾ, ਸਾਚਾ ਤਾਜ ਇਕ ਸੁਹਾਇੰਦਾ । ਅੰਤਮ ਰੱਖਣਹਾਰਾ ਲਾਜਾ, ਕਵਣ ਘਰ ਵਸਾਇੰਦਾ । ਕਵਣ ਕਰੇ ਗੁਰਮੁਖਾਂ ਕਾਜਾ, ਸੁਰਤੀ ਨਾਰੀ ਆਪ ਪਰਨਾਇੰਦਾ । ਕਵਣ ਦਵਾਰੇ ਵੱਜੇ ਵਾਜਾ, ਅਨਹਦ ਰਾਗ ਸੁਣਾਇੰਦਾ । ਕਵਲ ਦਵਾਰੇ ਫਿਰੇ ਭਾਗਾ, ਸੰਤ ਸੁਹੇਲੇ ਗੋਦ ਉਠਾਇੰਦਾ । ਕਵਣ ਨਿਰੰਕਾਰੇ ਇਕ ਕਰਾਏ ਸਾਚਾ ਹਾਜਾ, ਮੱਕਾ ਕਾਅਬਾ ਆਪ ਵਖਾਇੰਦਾ । ਮੇਲ ਮਿਲਾਏ ਦੋ ਦੋ ਆਬਾ, ਸੂਰਜ ਚੰਦ ਨਾ ਝੱਲੇ ਤਾਬਾ, ਤਾਰਾ ਮੰਡਲ ਮੁਖ ਸ਼ਰਮਾਇੰਦਾ । ਸ਼ਬਦ ਘੋੜਾ ਹਰਿ ਚਰਨ ਰਕਾਬਾ, ਅੰਮ੍ਰਿਤ ਧਾਰ ਵਹਾਏ ਕਵਲ ਨਾਭਾ, ਸਾਚਾ ਸੀਰ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਹਰ ਘਟ ਅੰਦਰ ਵੇਖੇ ਦਰ, ਨੌਂ ਦਰ ਖੋਜ ਖੁਜਾਇੰਦਾ । ਨੌ ਦਰ ਮਾਇਆ ਖੇਲ ਹੈ, ਵਰਤੇ ਵਿਚ ਸੰਸਾਰ । ਦਸਮ ਦਵਾਰੀ ਘਰ ਨਵੇਲ ਹੈ, ਵਸੇ ਏਕਾ ਏਕੰਕਾਰ । ਸ੍ਰਿਸ਼ਟ ਸਬਾਈ ਸੱਜਣ ਸੁਹੇਲ ਹੈ, ਦਿਵਸ ਰੈਣ ਸੁਣੇ ਪੁਕਾਰ । ਜਿਸ ਜਨ ਜੋਤ ਨਿਰੰਜਣ ਚਾੜ੍ਹੇ ਸਾਚਾ

ਤੇਲ ਹੈ, ਮਿਲੇ ਮੇਲਾ ਕੰਤ ਭਤਾਰ । ਗੁਰ ਸ਼ਬਦੀ ਪਵਣੀ ਸਾਚੀ ਵੇਲ ਹੈ, ਦੇਵੇ ਨਾਮ ਭੰਡਾਰ । ਅਚਰਜ ਪਾਰਬ੍ਰਹਮ ਬ੍ਰਹਮ ਖੇਲ ਹੈ, ਮੇਲ ਵਿਛੋੜੇ ਵਿਛੜੇ ਮੇਲੇ ਮੇਲ ਮੇਲਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਵੇਖੇ ਸਚ ਘਰ, ਕਵਣ ਖੋਲ੍ਹੇ ਕਵਣ ਰੱਖੇ ਬੰਦ ਕਿਵਾੜ । ਬੰਦ ਕਿਵਾੜਾ ਕਾਇਆ ਹੱਟ, ਗੁਰਮੁਖਾਂ ਮਾਤ ਖੁਲ੍ਹਾਇੰਦਾ । ਜੀਵ ਜੰਤ ਫਿਰ ਫਿਰ ਥੱਕੇ ਤੀਰਥ ਤੱਟ, ਅੱਠ ਸੱਠ ਨਾ ਕੋਈ ਵਖਾਇੰਦਾ । ਜੋਤ ਜਵਾਲਾ ਜਗੇ ਲਟ ਲਟ, ਆਦਿ ਸ਼ਕਤ ਆਦਿ ਭਵਾਨੀ ਨੂਰ ਨੁਰਾਨੀ ਨਾ ਕੋਈ ਤਨ ਉਪਾਇੰਦਾ । ਦੁਰਮਤ ਮੈਲ ਨਾ ਦੇਵੇ ਕੱਟ, ਸ਼ਬਦ ਨਾ ਲਾਏ ਸਾਚੀ ਹਟ, ਪੰਚ ਸ਼ੈਤਾਨੀ ਨਾ ਕੋਇ ਮਿਟਾਇੰਦਾ । ਭਰਮਾ ਢਾਹੇ ਨਾ ਦੂਜੀ ਵਟ, ਦੂਈ ਦਵੈਤੀ ਨਾ ਮੇਟੇ ਫਟ, ਜੋਤੀ ਜੋਤ ਸਰੂਪ ਹਰਿ, ਸਭ ਘਟ ਅੰਦਰ ਵੇਖੇ ਘਰ, ਕਵਣ ਬੰਦ ਕਵਣ ਖੁਲ੍ਹਾਇੰਦਾ । ਸਾਚਾ ਮੰਦਰ ਕਾਇਆ ਖੇੜਾ, ਪ੍ਰਭ ਸਾਚੇ ਆਪ ਵਸਾਇਆ । ਅੰਦਰ ਬਹਿ ਬਹਿ ਕਰੇ ਨਿਬੇੜਾ, ਰਾਏ ਧਰਮ ਚਿਤਰ ਗੁਪਤ ਆਪਣੇ ਸੰਗ ਰਖਾਇਆ । ਕਾਲ ਮਹਾਂਕਾਲ ਮੰਗੇ ਮੰਗ, ਪ੍ਰਭ ਸਾਚੇ ਹੁਕਮ ਜਣਾਇਆ । ਲਾੜੀ ਮੌਤ ਵਜਾਏ ਦਰ ਦਰ ਘਰ ਘਰ ਮਰਦੰਗ, ਜੋ ਘੜਿਆ ਸੋ ਭੰਨ ਵਖਾਇਆ । ਗੁਰਮੁਖ ਵਿਰਲੇ ਕਾਇਆ ਚੋਲੀ ਚੜ੍ਹਿਆ ਰੰਗ, ਜਿਸ ਜਨ ਪ੍ਰਭ ਆਪਣਾ ਲੜ ਫੜਾਇਆ । ਦਰ ਦਵਾਰਾ ਪਾਰ ਜਾਏ ਲੰਘ, ਅੱਗੇ ਨਾ ਸਕੇ ਕੋਈ ਅਟਕਾਇਆ । ਜੋਤ ਸਰੂਪੀ ਹੋਏ ਸੰਗ, ਸ਼ਬਦੀ ਪਹਿਰੇਦਾਰ ਅਖਵਾਇਆ । ਸ਼ਬਦ ਸਿੰਘਾਸਣ ਵੇਖੇ ਇਕ ਪਲੰਘ, ਪੁਰਖ ਅਬਿਨਾਸ਼ੀ ਆਪਣੀ ਹੱਥੀਂ ਆਪੇ ਡਾਹਿਆ । ਉਪਰ ਵਿਛਾਇਆ ਲਾਲ ਰੰਗ, ਲੱਛਮੀ ਚਰਨ ਝੱਸਣ ਲਾਇਆ । ਚਤੁਰਭੁਜ ਸੂਰਾ ਸਰਬੰਗ, ਸਾਂਗੋ ਪਾਂਗ ਸੇਜ ਹੰਢਾਇਆ । ਸਰਬ ਜੀਆਂ ਸਦਾ ਅੰਗ ਸੰਗ, ਵਿਸਰ ਕਦੇ ਨਾ ਜਾਇਆ । ਆਪੇ ਕਟੇ ਜਗਤ ਮਾਇਆ ਤ੍ਰਿਸ਼ਨਾ ਭੁੱਖ ਨੰਗ, ਨਾਮ ਵਸਤ ਝੋਲੀ ਪਾਇਆ । ਦਰ ਦਵਾਰੇ ਜੋ ਜਨ ਮੰਗੇ ਸਾਚੀ ਮੰਗ, ਪ੍ਰਭ ਦੇਵੇ ਦੇਵਣਹਾਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਅੰਤ ਤੇਰਾ ਖੇਲ ਵੇਖਣ ਆਇਆ । ਮਨ ਚੈਂਚਲ ਚਤੁਰਾਈ, ਕਿਸੇ ਨਾ ਜਾਣਿਆ । ਹਰਿ ਰਚਨਾ ਆਪ ਬਣਾਈ, ਨਾਲ ਰਲਾਈ ਬੁਧ ਮਤ ਸੁਘੜ ਸਿਆਣਿਆ । ਤਿੰਨਾਂ ਸਾਚਾ ਮੇਲ ਮਿਲਾਈ, ਪੰਚਾਂ ਤਤਾਂ ਆਖ ਵਖਾਣਿਆ । ਤਿੰਨ ਸੌ ਸੱਠ ਹਾਡੀ ਜੋੜ ਜੁੜਾਈ, ਬਹੱਤਰ ਨਾੜੀ ਤਣਿਆਂ ਤਾਣਿਆ । ਮਨ ਇਛਿਆ ਆਪ ਕਰਾਈ, ਸਾਚਾ ਰੂਪ ਵਖਾਣਿਆ । ਜੋਤੀ ਜੋਤ ਸਰੂਪ ਹਰਿ, ਪੰਚਾਂ ਤਤਾਂ ਪਾਈ ਭਿਛਿਆ, ਪੰਚਾਂ ਰਿੜਕੇ ਵਾਂਗ ਮਧਾਣਿਆ । ਹਰਿ ਡੋਰੀ ਸ਼ਬਦ ਅਪਾਰ, ਆਤਮ ਪਰਮਾਤਮ ਪਾਈਆ । ਨਾ ਕੋਈ ਵੇਖੇ ਵਿਚ ਸੰਸਾਰ, ਦਿਸ ਕਿਸੇ ਨਾ ਆਈਆ । ਆਪ ਲਾਏ ਧੁਨ ਸੱਚੀ ਧੁਨਕਾਰ, ਖਿੱਚੇ ਵਾਹੋ ਦਾਹੀਆ । ਸਰਬ ਜੀਆਂ ਰਿਹਾ ਸੁਣ ਪੁਕਾਰ, ਸੁਣਨੇਹਾਰ ਆਪ ਅਖਵਾਈਆ । ਅੰਦਰ ਬਾਹਰ ਗੁਪਤ ਜ਼ਾਹਿਰ, ਰੂਪ ਅਨੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਏਕਾ ਰੰਗ ਸਮਾਈਆ ।

ਹਰਿ ਨਾਮਾ ਹਰਿ ਦਾਨ ਹੈ, ਉਤਮ ਵਿਚ ਸੰਸਾਰ । ਲੇਖੇ ਲਾਏ ਹੱਡ ਨਾੜੀ ਮਾਸ ਚਾਮਾ, ਜੋਤ ਜਗਾਏ ਅਗੰਮ ਅਪਾਰ । ਕਾਇਆ ਵਜਾਏ ਸਚ ਦਮਾਮਾ, ਉਪਜੇ ਧੁਨ ਸੱਚੀ ਧੁਨਕਾਰ । ਮਿਟੇ ਰੈਣ ਅੰਧੇਰੀ ਸ਼ਾਮਾ, ਆਕਾਸ਼ ਪਰਕਾਸ਼ ਅਪਰ ਅਪਾਰ । ਏਕਾ ਦੇਵੇ ਸਾਚਾ ਦਾਮਾ, ਦੋ

ਜਹਾਨੀ ਪਾਵੇ ਸਾਰ । ਮਿਲੇ ਮੇਲ ਰਮਈਆ ਰਾਮਾ, ਗੋਪੀ ਕਾਹਨਾ ਕ੍ਰਿਸ਼ਨ ਮੁਰਾਰ । ਅੰਮ੍ਰਿਤ ਪਿਆਏ ਸਾਚਾ ਜਾਮਾ, ਦਿਵਸ ਰੈਣ ਰਹੇ ਖੁਮਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗੇ ਰੰਗ ਇਕ ਅਪਾਰ । ਨਾਮ ਦਾਤ ਵਸਤ ਅਮੋਲ, ਗੁਰਮੁਖ ਵਿਰਲੇ ਪਾਈਆ । ਆਪੇ ਤੋਲਣਹਾਰਾ ਤੋਲ, ਸ਼ਬਦ ਖੰਡਾ ਹੱਥ ਉਠਾਈਆ । ਤਨ ਨਗਾਰਾ ਵੱਜੇ ਢੋਲ, ਬ੍ਰਹਿਮੰਡ ਖੋਜ ਖੁਜਾਈਆ । ਨੌਂ ਦਵਾਰੇ ਕੱਢੇ ਪੋਲ, ਦਸਵੇਂ ਬੂਝ ਬੁਝਾਈਆ । ਦਸਮ ਦਵਾਰੀ ਕੁੰਡਾ ਖੋਲ੍ਹ, ਘਰ ਮੰਦਰ ਇਕ ਵਖਾਈਆ । ਸ਼ਬਦ ਡੰਡਾ ਫੜੇ ਹੱਥ ਅਡੋਲ, ਹਰਿਜਨ ਡੋਲ ਕਦੇ ਨਾ ਜਾਈਆ । ਪੰਚਮ ਮੀਤਾ ਪਏ ਬੋਲ, ਕਾਇਆ ਮੰਦਰ ਅੰਦਰ ਸਾਚਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸਾਚਾ ਨਾਮ ਦੇਵੇ ਵਰ, ਮੇਲਾ ਸਾਚੇ ਮਾਹੀਆ । ਨਾਮ ਧਾਰਾ ਵੱਖਰੀ ਕਲ, ਆਪਣੀ ਆਪ ਚਲਾਈਆ । ਪੁਰਖ ਅਬਿਨਾਸ਼ੀ ਹਰਿ ਪਰਬਲ, ਜੁਗ ਜੁਗ ਭੇਖ ਵਟਾਈਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ ਜਲ ਥਲ, ਥਲ ਜਲ ਵਿਚ ਸਮਾਈਆ । ਸਾਚੇ ਮੰਦਰ ਦੀਪਕ ਰਿਹਾ ਬਲ, ਕੋਟਨ ਕੋਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਧਾਰਾ ਇਕ ਛੁਹਾਈਆ । ਸ਼ਬਦ ਧਾਰ ਵਹੇ ਗੰਗ, ਆਤਮ ਨਾਲ ਸੁਹਾਇੰਦਾ । ਵੱਜੇ ਨਾਮ ਸੱਚਾ ਮਰਦੰਗ, ਕਾਲ ਜੰਜਾਲ ਤੁੜਾਇੰਦਾ । ਨੌਂ ਦਵਾਰੇ ਜੋ ਜਨ ਪਾਰ ਜਾਏ ਲੰਘ, ਹਰਿ ਸਾਚਾ ਦਇਆ ਕਮਾਇੰਦਾ । ਆਪੇ ਹੋਏ ਅੰਗ ਸੰਗ, ਸੋਹੰ ਖੰਡਾ ਹੱਥ ਫੜਾਇੰਦਾ । ਪੰਚ ਵਿਕਾਰਾ ਭੰਨੇ ਕਾਚੀ ਵੰਗ, ਦੂਸਰ ਕੋਈ ਦਿਸ ਨਾ ਆਇੰਦਾ । ਸ਼ਬਦ ਘੋੜੇ ਕਸੇ ਤੰਗ, ਸ਼ਾਹ ਸਵਾਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਆਤਮ ਦਰ ਪੂਰੀ ਕਰੇ ਮੰਗ, ਨਾਮ ਭਿਛਿਆ ਸਾਚੀ ਪਾਇੰਦਾ ।



ਆਦਿ ਪੁਰਖ ਆਦਿ ਸ਼ਕਤ, ਆਦਿ ਜੁਗਾਦਿ ਸਮਾਈਆ । ਨਾ ਕੋਈ ਬੂੰਦ ਨਾ ਕੋਈ ਰਕਤ, ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸਾਈਆ । ਪੰਚਮ ਪੰਚਾਂ ਨਾ ਕੋਈ ਦਿਸੇ ਕਟਕ, ਨਾ ਕੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਉਪਾਈਆ । ਆਦਿ ਪੁਰਖ ਅਪਰੰਪਰਾ, ਅਕਲ ਕਲਾ ਭਰਪੂਰ । ਆਪਣਾ ਖੇਲ ਆਪ ਵਰਛਤਰਾ, ਨੂਰ ਨੁਰਾਨੀ ਨੂਰੋ ਨੂਰ । ਆਪ ਬਣਾਏ ਆਪਣੀ ਬਣਤਰਾ, ਨਾ ਕੋਈ ਬਾਡੀ ਲਾਏ ਮਜ਼ਦੂਰ । ਆਪ ਆਪਣਾ ਘਰ ਵਸੰਤਰਾ, ਨੂਰ ਨੁਰਾਨੀ ਨੂਰੋ ਨੂਰ । ਆਪ ਬਣਾਏ ਆਪਣਾ ਬਣਤਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਨੇੜਾ ਦੂਰ । ਆਦਿ ਪੁਰਖ ਅਗੰਮ, ਅਗੰਮ ਅਗੰਮ ਸਮਾਇਆ । ਅਗੰਮ ਅਗੰਮੋ ਪਏ ਜੰਮ, ਜੋਤੀ ਨੂਰ ਕਰਾਇਆ । ਜੋਤੀ ਨੂਰ ਦੇਵੇ ਦਮ, ਸ਼ਬਦੀ ਸਚ ਉਪਾਇਆ । ਸ਼ਬਦ ਸਪੂਤਾ ਪਏ ਜੰਮ, ਬ੍ਰਹਿਮੰਡੀ ਵਿਚ ਸਮਾਇਆ । ਗਗਨ ਪਤਾਲਾਂ ਦੇਵੇ ਥੰਮ੍ਹ, ਦਿਸ ਕਿਸੇ ਨਾ ਆਇਆ । ਆਪ ਆਪਣੇ ਜਾਣੇ ਕੰਮ, ਆਪ ਆਪਣੇ ਰੰਗ ਸਮਾਇਆ । ਆਦਿ ਪੁਰਖ ਅਨਾਦਿਆ । ਏਕਾ ਏਕ ਇਕੱਲਾ, ਸਦ ਵਸੇ ਵਿਚ ਬ੍ਰਹਿਮਾਦਿਆ । ਧਾਮ ਸੁਹਾਏ ਸਚ ਮਹਲਿਆ, ਸ਼ਬਦ ਜਣਾਏ ਬੋਧ ਅਗਾਧਿਆ । ਸਦ ਵਸੇ ਜਲ ਥਲਾ, ਆਪਣਾ ਆਪ ਅਰਾਧਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਕ ਉਪਾਈਆ । ਆਪ ਆਪਣਾ ਅੰਕ ਉਪਾਇਆ, ਨਾਉਂ ਨਰ ਨਿਰੰਕਾਰਿਆ ।

ਸ਼ਬਦ ਡੰਕ ਇਕ ਵਜਾਇਆ, ਧੁਨੀ ਨਾਦ ਅਪਰ ਅਪਾਰਿਆ । ਦਵਾਰ ਬੰਕ ਇਕ ਸੁਹਾਇਆ, ਸਤਿ ਪੁਰਖ ਨਿਰੰਜਨ ਅਪਰ ਅਪਾਰਿਆ । ਰਾਓ ਰੰਕ ਨਾ ਕੋਈ ਵਖਾਇਆ, ਰਾਜ ਰਾਜਾਨਾ ਸ਼ਾਹ ਸੁਲਤਾਨਾ ਕੋਈ ਦਿਸ ਨਾ ਆ ਰਿਹਾ । ਦਰ ਦਰਬਾਨ ਨਾ ਕੋਈ ਰਖਾਇਆ, ਨਿਰਮਲ ਜੋਤ ਅਕਾਰ ਕਰਾ ਰਿਹਾ । ਅੰਧ ਅੰਧੇਰ ਦਿਸ ਨਾ ਆਇਆ, ਵਰਨ ਗੋਤ ਨਾ ਰੂਪ ਵਟਾ ਰਿਹਾ । ਏਕਾ ਰੰਗ ਰੰਗਾਇਆ, ਸ਼ਬਦ ਚੋਟ ਇਕ ਲਗਾ ਰਿਹਾ । ਨਾ ਕੋਈ ਦਿਸੇ ਕੋਟੀ ਕੋਟਨ ਕੋਟ, ਕੋਟੀ ਕੋਟਾਂ ਵਿਚ ਆਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਆਪ ਰਖਾ ਰਿਹਾ । ਆਪ ਆਪਣੀ ਜੋਤ ਜਗਾਏ, ਆਤਮ ਕਰੇ ਵਿਚਾਰਾ । ਪੁਰਖ ਅਬਿਨਾਸ਼ੀ ਵੇਖ ਵਖਾਏ, ਕਿਹੜੀ ਬੰਨ੍ਹੇ ਆਪਣੀ ਧਾਰਾ । ਆਪਣਾ ਲੇਖਾ ਆਪੇ ਆਪ ਲਿਖਾਏ, ਦੂਸਰ ਕਿਸੇ ਦਿਸ ਨਾ ਆਏ, ਬ੍ਰਹਮਾ ਵੇਤਾ ਭੇਵ ਨਾ ਪਾਏ, ਨਾਉਂ ਰਖਾਏ ਇਕ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਕਰੇ ਸਰਬ ਪਸਾਰਾ । ਹਰਿ ਰੂਪ ਨਾਉਂ ਨਿਰੰਕਾਰ ਹੈ, ਹਰਿ ਹਰਿ ਰੰਗ ਸਮਾਇਆ । ਆਪੇ ਵੱਡਾ ਸ਼ਾਹੋ ਭੂਪ ਹੈ, ਗਰੀਬ ਨਿਮਾਣਾ ਆਪ ਅਖਵਾਇਆ । ਆਪੇ ਵਸਿਆ ਅੰਧ ਕੂਪ ਹੈ, ਆਪੇ ਸਤਿ ਪਰਕਾਸ਼ ਕਰਾਇਆ । ਆਪੇ ਦੇਵੇ ਜੋਤੀ ਸਾਚੀ ਤੂਰ ਹੈ, ਨਾਮ ਸੁਗੰਧੀ ਇਕ ਰਖਾਇਆ । ਆਪੇ ਵਸਿਆ ਦਹਿ ਦਿਸ਼ਾ ਚਾਰੇ ਕੂਟ ਹੈ, ਆਪੇ ਆਪਣਾ ਮੁਖ ਛੁਪਾਇਆ । ਆਪੇ ਹਰ ਘਟ ਰਿਹਾ ਝੂਟ ਹੈ, ਆਪ ਆਪਣਾ ਰਾਹ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਏਕਾ ਕੂਟ, ਆਪਣਾ ਧਾਮ ਸੁਹਾਇਆ । ਏਕਾ ਕੂਟੇ ਇਕ ਮਹੱਲਾ, ਵਸੇ ਨਰ ਨਿਰੰਕਾਰਿਆ । ਸ਼ਬਦ ਰੱਖੇ ਹੱਥ ਵਿਚ ਭੱਲਾ, ਆਪੇ ਹੋਏ ਪਹਿਰੇਦਾਰਿਆ । ਪਵਣੀ ਜੋਤੀ ਸ਼ਬਦੀ ਆਪੇ ਰਲਾ, ਤ੍ਰੈਗੁਣ ਮਾਇਆ ਨਾ ਤਤ ਵਿਚਾਰਿਆ । ਸਦਾ ਸਦਾ ਸਦਾ ਅਲੇਪ ਨਿਰਲੇਪ ਵਸੇ ਇਕੱਲਾ, ਕਾਇਆ ਖੇਤ ਨਾ ਕੋਈ ਰਚਾ ਲਿਆ । ਆਪੇ ਭਾਗ ਲਗਾਏ ਆਪਣੇ ਡਾਲਾ, ਅੰਮ੍ਰਿਤ ਫਲ ਆਪਣਾ ਆਪ ਉਗਾ ਲਿਆ । ਆਪੇ ਕਰੇ ਵਲ ਛਲਾ, ਵਲ ਛਲਧਾਰੀ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਉਂ ਨਿਰੰਕਾਰ ਅਪਰ ਅਪਾਰ ਵਰਨ ਗੋਤ ਵਸੇ ਬਾਹਰ, ਇਕ ਸੁਹਾਏ ਬੰਕ ਦਵਾਰ, ਚਾਰ ਦਿਵਾਰ ਨਾ ਕੋਈ ਰਖਾ ਲਿਆ । ਚਾਰ ਦਿਵਾਰ ਨਾ ਕੋਈ ਦਰਵਾਜ਼ਾ, ਪ੍ਰਭ ਜੋਤ ਜਗਾਇੰਦਾ । ਜੋਤ ਸਰੂਪੀ ਆਪ ਬਿਰਾਜਾ, ਆਪ ਆਪਣਾ ਪਲੰਘ ਵਿਛਾਇੰਦਾ । ਆਪ ਸੁਹਾਏ ਸੀਸ ਆਪਣੇ ਤਾਜਾ, ਆਪਣੇ ਮਸਤਕ ਆਪੇ ਟਿੱਕਾ ਲਾਇੰਦਾ । ਆਪੇ ਰੱਖੇ ਆਪਣੀ ਲਾਜਾ, ਦੂਸਰ ਕੋਈ ਨਾ ਸੰਗ ਰਖਾਇੰਦਾ । ਆਪੇ ਚੜ੍ਹੇ ਸਾਚਾ ਤਾਜਾ, ਡੋਰੀ ਆਪਣੇ ਹੱਥ ਰਖਾਇੰਦਾ । ਆਪੇ ਪਾਏ ਜੁਗ ਜੁਗ ਭਾਜਾ, ਆਪ ਆਪਣੇ ਵਿਚ ਸਮਾਇੰਦਾ । ਆਪੇ ਮਾਰੇ ਆਪ ਅਵਾਜ਼ਾ, ਆਪ ਆਪਣਾ ਆਪ ਉਠਾਇੰਦਾ । ਆਪ ਆਪਣਾ ਰਚਿਆ ਕਾਜਾ, ਆਪ ਆਪਣਾ ਕਾਜ ਰਚਾਇੰਦਾ । ਸ਼ਬਦ ਪਰਗਟਾਏ ਜੋਤ ਜਗਾਏ ਨਾਲ ਰਖਾਇਆ ਵਾਜਾ, ਅਨਹਦ ਸਾਜ ਵੱਜੇ ਵਾਜਾ, ਸੁਣੇ ਸੁਣਾਏ ਗਰੀਬ ਨਿਵਾਜ਼ਾ, ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰੋ ਨੂਰ ਕਰ, ਸਰਬ ਕਲਾ ਭਰਪੂਰ ਦਰ, ਨਰ ਨਿਰੰਕਾਰ ਆਪ ਅਖਵਾਇੰਦਾ । ਨਿਰੰਕਾਰ ਨਿਰਵੈਰ ਨਿਝ ਘਰ ਆਪ ਸਮਾਇਆ । ਘਰ ਸਾਚੇ ਕਦੇ ਨਾ ਵਰਤੇ ਕਹਿਰ, ਏਕਾ ਰੰਗ ਰੰਗਾਇਆ । ਦਿਆਲ ਦਿਆਲ ਦਿਆਲ ਕਿਰਪਾਲ ਸਦ ਰੱਖੇ ਮਿਹਰ, ਮਿਹਰਵਾਨ ਆਪ ਅਖਵਾਇਆ । ਇਕ ਚਲਾਏ ਸਾਚੀ ਲਹਿਰ, ਨਾਮ ਉਛਾਲ ਇਕ ਲਗਾਇਆ । ਆਪੇ ਕਰੇ ਘਰ ਆਪਣੇ ਸਾਚੀ ਸੈਰ, ਦਿਵਸ ਰੈਣ ਨਾ

੮੭
੦੬

ਕੋਈ ਰਖਾਇਆ । ਨਾ ਕੋਈ ਆਵੇ ਐਰ ਗੈਰ, ਸੂਰਜ ਚੰਦ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਹੱਡ ਮਾਸ ਨਾੜੀ ਨਾ ਕੋਈ ਦਿਸੇ ਬੰਦ ਨਾ ਕੋਈ ਕਾਇਆ ਘਾੜਨ ਘੜਾਇਆ । ਨਿਰੰਕਾਰ ਨਿਰਗੁਣ ਰੂਪ ਹੈ, ਨਿਰਗੁਣ ਹਰਿ ਰਘੁਰਾਏ । ਆਪੇ ਆਪ ਸਤਿ ਸਰੂਪ ਹੈ, ਸਤਿ ਸਤਿਵਾਦੀ ਆਪ ਅਖਵਾਏ । ਪ੍ਰਭ ਹੱਥ ਵਡਿਆਈਆ, ਜੁਗ ਜੁਗ ਕਰਦਾ ਆਏ । ਜੁਗ ਜੁਗ ਆਪਣੀ ਬਣਤ ਬਣਾਈਆ, ਜਨ ਭਗਤ ਮਾਤ ਉਪਾਏ । ਜਨ ਭਗਤਾਂ ਸੇਵਾ ਲਾਈਆ, ਪੂਰਬ ਲਹਿਣਾ ਝੋਲੀ ਪਾਏ । ਜੋ ਜਨ ਰਸਨਾ ਗਾਈਆ, ਨੇਤਰ ਨੈਣਾ ਦਰਸ਼ਨ ਪਾਏ । ਨੇਤਰ ਨੈਣਾ ਦਰਸ ਦਿਖਾਈਆ, ਜੀਵਾਂ ਜੰਤਾਂ ਭਾਰ ਵੰਡਾਏ । ਜੀਵਾਂ ਜੰਤਾਂ ਭਾਰ ਵੰਡਾਈਆ, ਸਾਧਾਂ ਸੰਤਾਂ ਮਿਲੇ ਗਲ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਹਰਿ ਭਗਤੀ ਮਾਰਗ ਲਾਏ । ਕਰਮ ਚੰਦ ਨਰਾਇਣ ਗਾਂਧੀ, ਪ੍ਰਭ ਆਪਣੀ ਦਇਆ ਕਮਾਈਆ । ਭਾਰਤ ਖੰਡ ਕਲਜੁਗ ਰੈਣ ਅੰਧੇਰੀ ਵਗੇ ਆਂਧੀ, ਨਿਰਮਲ ਰੂਪ ਵਖਾਈਆ । ਜੀਵ ਜੰਤ ਗਊ ਗਰੀਬ ਨਿਮਾਣੇ ਜਗਤ ਫਿਰੰਗੀਆਂ ਹੋਏ ਬਾਂਧੀ, ਆਪੇ ਲਏ ਛੁਡਾਈਆ । ਨਾ ਕੋਈ ਰੱਖੇ ਸੋਨਾ ਰੂਪਾ ਚਾਂਦੀ, ਤਨ ਮਨ ਆਪਣਾ ਭੇਟ ਚੜ੍ਹਾਈਆ । ਦਿਵਸ ਰੈਣ ਆਤਮਾ ਰੋ ਰੋ ਗਾਂਦੀ, ਪ੍ਰਭ ਕਿਰਪਾ ਕਰ ਹਰਿ ਰਘੁਰਾਈਆ । ਹਰਿ ਭਗਤੀ ਭਗਤ ਜਨਾਂ ਦੀ ਦੁਸ਼ਟ ਦੁਰਾਚਾਰਾਂ ਆਪ ਬਖ਼ਸ਼ਾਂਦੀ, ਦੋਏ ਜੋੜ ਸੀਸ ਝੁਕਾਂਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸੇਵਾ ਇਕ ਲਗਾਈਆ । ਸੇਵਾ ਲਾਈ ਸੇਵਾਦਾਰ, ਹਰਿ ਭਗਤੀ ਕਰਮ ਪਛਾਨਿਆ । ਪਰਗਟ ਹੋਇਆ ਵਿਚ ਸੰਸਾਰ, ਆਪਣਾ ਆਪ ਜਾਨਿਆ । ਮਿਲੀ ਵਸਤ ਇਕ ਅਪਾਰ, ਤੁੱਟਾ ਮਾਣ ਤਾਨਿਆ । ਛੱਡਿਆ ਘਰ ਰਾਜ ਦਰਬਾਰ, ਮੇਲ ਵਿਛੋੜਾ ਹਾਣੀ ਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦਿਤਾ ਵਰ, ਭਾਰਤ ਖੰਡੀ ਪਾਈ ਵੰਡੀ, ਜਗਤ ਜੁਦਾਈ ਸਾਚੀ ਡੰਡੀ, ਏਕਾ ਮੰਨਿਆ ਪ੍ਰਭੂ ਭਾਨਿਆ । ਪ੍ਰਭ ਭਾਣਾ ਮੰਨ, ਦਿਵਸ ਰੈਣ ਸੇਵ ਕਮਾਇੰਦਾ । ਉਪਜੇ ਸ਼ਬਦ ਧੁਨ ਸਾਚੇ ਕੰਨ, ਹਰਿ ਸਾਚਾ ਆਪ ਸੁਣਾਇੰਦਾ । ਗਊ ਗਰੀਬਾਂ ਬੇੜਾ ਬੰਨ੍ਹ, ਊਚਾਂ ਨੀਚਾਂ ਮਗਰ ਲਾਇੰਦਾ । ਛੱਡਿਆ ਵਸੇਰਾ ਛੱਪਰੀ ਛੰਨ, ਡੇਰਾ ਹਰਿ ਹਰਿ ਚਰਨ ਟਿਕਾਇੰਦਾ । ਲੋਕਮਾਤ ਚੜ੍ਹਿਆ ਸਾਚਾ ਚੰਨ, ਹਰਿ ਸਾਚਾ ਆਪ ਚੜ੍ਹਾਇੰਦਾ । ਅੰਤਮ ਝੂਠੀ ਮਾਟੀ ਹੋਣੀ ਖੰਨ ਖੰਨ, ਧਰਮ ਰਾਏ ਨਾ ਦਿਤਾ ਡੰਨ, ਪੁਰੀ ਇੰਦਰ ਸ਼ਬਦ ਮਿਲਾਇੰਦਾ । ਪੁਰਖ ਅਬਿਨਾਸ਼ੀ ਬੇੜਾ ਲਿਆ ਬੰਨ੍ਹ, ਏਕਾ ਰਾਗ ਸੁਣਾਇਆ ਕੰਨ, ਲੋਕਮਾਤ ਜਨਮ ਦਵਾਇੰਦਾ । ਲੋਕਮਾਤ ਪ੍ਰਭ ਜਨਮ ਦਵਾਇਆ, ਸਾਚੀ ਬਣਤ ਬਣਾਈਆ । ਅਠਾਰਾਂ ਮਾਘ ਦੇਹ ਛੁਡਾਇਆ, ਸਾਚੀ ਰਚਨ ਰਚਾਈਆ । ਆਪ ਆਪਣਾ ਨੇਹੁੰ ਲਗਾਇਆ, ਸਾਚੀ ਸੇਵ ਕਮਾਈਆ । ਆਤਮ ਅੰਮ੍ਰਿਤ ਪੀਵ ਸਾਚਾ ਮੀਂਹ ਬਰਸਾਇਆ, ਮੇਘ ਮਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਇਕ ਵਖਾਈਆ । ਅਠਾਰਾਂ ਮਾਘ ਦੇਹ ਤੱਜ । ਸਚ ਸਿੰਘਾਸਣ ਚੜ੍ਹਿਆ ਭੱਜ । ਪ੍ਰਭ ਅਬਿਨਾਸ਼ੀ ਪੜਦਾ ਲਿਆ ਕੱਜ । ਦਰ ਦਵਾਰੇ ਅੰਮ੍ਰਿਤ ਪੀਤਾ ਰੱਜ । ਧੁਰਦਰਗਾਹੀ ਏਕਾ ਕਰੇ ਸ਼ਬਦ ਜਣਾਈ, ਮਾਤਲੋਕ ਵਿਚ ਜਾਣਾ ਸਜ । ਸ਼ਬਦ ਘੋੜਾ ਜੋਤੀ ਜੋੜਾ ਆਪ ਆਪਣੀ ਦੇਹੀ ਤਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਖੋਲ੍ਹੇ ਤੇਰਾ ਦਰ, ਤੇਰੇ ਪੜਦੇ ਲਏ ਕੱਜ । ਕਾਇਆ ਮਾਟੀ ਝੂਠੀ ਖੇਹ, ਅੰਤਮ ਖਾਕ ਰੁਲਾਈਆ । ਚਰਨ ਕਵਲ ਪ੍ਰਭ ਲੱਗਾ ਨੇਹ, ਸਚ ਪ੍ਰੀਤ ਕਮਾਈਆ । ਜੋਤੀ

੮੮ ੦੬

੮੮ ੦੬

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇੰਦ ਇੰਦਰਾਸਨ ਸ਼ਬਦ ਸਿੰਘਾਸਣ, ਵੇਖ ਵਖਾਏ ਪ੍ਰਿਥਮੀ ਆਕਾਸ਼ਨ, ਸਾਚੇ ਘੋੜੇ ਜੋਤੀ ਜੋੜੇ ਮੇਲ ਮਿਲਾਈਆ ।

ਹਰਿ ਭੰਡਾਰ ਅਤੋਲ, ਸਦਾ ਸਦਾ ਰਖਾਇੰਦਾ । ਦਰ ਦਰਵਾਜ਼ਾ ਏਕਾ ਖੋਲ੍ਹ, ਜਨ ਭਗਤਾਂ ਝੋਲੀ ਪਾਇੰਦਾ । ਮੰਦਰ ਅੰਦਰ ਸਾਚੇ ਬੋਲ, ਸ਼ਬਦ ਮਰਦੰਗ ਵਜਾਇੰਦਾ । ਬਜਰ ਕਪਾਟੀ ਪੜਦਾ ਖੋਲ੍ਹ, ਆਪਣਾ ਰੰਗ ਵਖਾਇੰਦਾ । ਨਿਝ ਘਰ ਵਾਸੀ ਸਦਾ ਵਸੇ ਕੋਲ, ਕਲਜੁਗ ਜੀਆਂ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਖੇਤਰ ਰਿਹਾ ਮੌਲ, ਤਨ ਮਨ ਹਰਾ ਕਰਾਇੰਦਾ । ਭਗਤ ਭੰਡਾਰੀ ਹਰਿ ਦਾਤਾਰ, ਦੇਵੇ ਜੀਆ ਦਾਨਾ । ਜਗਤ ਸੰਸਾਰੀ ਨਰ ਨਿਰੰਕਾਰ, ਖੇਲੇ ਖੇਲ ਮਹਾਨਾ । ਹਰਿਜਨ ਮੰਗੇ ਦਰ ਬਣ ਭਿਖਾਰ, ਆਤਮ ਉਪਜੇ ਬ੍ਰਹਮ ਗਿਆਨਾ । ਮਾਂਗਤ ਮੰਗੇ ਏਕਾ ਵਾਰ, ਗੁਰ ਪੂਰਾ ਸਾਚਾ ਬੰਨ੍ਹੇ ਹੱਥੀਂ ਗਾਨਾ । ਤਨ ਕਰੇ ਸੋਲਾਂ ਸ਼ਿੰਗਾਰ, ਸਾਚਾ ਮੇਲਾ ਸਾਚੇ ਕਾਹਨਾ । ਲਜ ਪਤ ਰੱਖੇ ਵਿਚ ਸੰਸਾਰ, ਪਾਰ ਕਰਾਏ ਦੋ ਜਹਾਨਾਂ । ਅੰਤਮ ਵੇਲੇ ਪਾਵੇ ਸਾਰ, ਆਪੇ ਹੋਏ ਬੀਨਾ ਦਾਨਾ । ਆਪ ਸੁਹਾਏ ਬੰਕ ਦਵਾਰ, ਸ਼ਬਦ ਜਣਾਏ ਸਚ ਤਰਾਨਾ । ਮੇਲ ਮਿਲਾਏ ਏਕਾ ਏਕੰਕਾਰ, ਨਿਰਗੁਣ ਸਰਗੁਣ ਲੇਖ ਮਹਾਨਾ । ਸਰਗੁਣ ਸਾਖਤ ਬੰਨ੍ਹੇ ਧਾਰ, ਨਿਰਗੁਣ ਰੂਪ ਵਟਾਨਾ । ਦੋਹਾਂ ਮੇਲਾ ਇਕ ਦਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਮਿਲਾਨਾ । ਸ਼ਬਦ ਨਿਸ਼ਾਨ ਸਤਿ ਹੈ, ਝੁੱਲੇ ਵਿਚ ਜਹਾਨ । ਸ੍ਰਿਸ਼ਟ ਸਬਾਈ ਦੇ ਸਮਝਾਵੇ ਮਤ ਹੈ, ਭਰਮੇ ਭੁੱਲੇ ਨਾ ਜੀਵ ਨਾਦਾਨ । ਇਕ ਰਖਾਏ ਧੀਰਜ ਯਤ ਹੈ, ਧੁਰਦਰਗਾਹੀ ਮਾਰੇ ਸਾਚਾ ਬਾਣ । ਨਾਮ ਦਿਸੇ ਸਾਚਾ ਰਥ ਹੈ, ਆਦਿ ਅੰਤ ਇਕ ਭਗਵਾਨ । ਸਰਬ ਕਲਾ ਆਪੇ ਸਮਰਥ ਹੈ, ਸ੍ਰਿਸ਼ਟ ਸਬਾਈ ਕਰੇ ਪਛਾਣ । ਕਲਜੁਗ ਮਾਇਆ ਲੱਖ ਚੁਰਾਸੀ ਪਾਈ ਨੱਥ ਹੈ, ਨਾ ਕੋਈ ਕਰੇ ਕਿਸੇ ਕਲਿਆਣ । ਸਾਧ ਸੰਤ ਮਾਇਆ ਮਮਤਾ ਰਹੀ ਮਥ ਹੈ, ਦਰ ਦਰ ਘਰ ਘਰ ਰਸਨਾ ਕਰਨ ਵਖਿਆਨ । ਹਰਿ ਮਹਿੰਮਾ ਜਗਤ ਅਕੱਥ ਹੈ, ਕਥਨੀ ਕਥੇ ਨਾ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਵੇ ਵਿਚ ਜਹਾਨ । ਪੁਰਖ ਅਬਿਨਾਸ਼ੀ ਜਾਮਾ ਪਾਇਆ, ਜੋਤੀ ਨੂਰ ਜਗਾਈਆ । ਏਕਾ ਏਕ ਆਪ ਅਖਵਾਇਆ, ਤ੍ਰੇਤਾ ਤ੍ਰਿਪਤ ਕਰਾਈਆ । ਕ੍ਰਿਸ਼ਨਾ ਕਾਹਨਾ ਭੇਵ ਨਾ ਰਾਇਆ, ਅਰਜਨ ਰਥ ਰਥਵਾਹੀਆ । ਅਠਾਰਾਂ ਧਿਆਏ ਸ਼ਬਦ ਜਣਾਇਆ, ਭੇਵ ਅਭੇਦਾ ਭੇਵ ਖੁਲ੍ਹਾਈਆ । ਚਾਰ ਵੇਦਾਂ ਭੇਵ ਨਾ ਪਾਇਆ, ਪੁਰਾਨ ਅਠਾਰਾਂ ਰਹੇ ਗਾਈਆ । ਵੇਦ ਵਿਆਸੇ ਲੇਖ ਲਿਖਾਇਆ, ਲੱਖ ਇਕ ਹਜ਼ਾਰ ਸਤਾਰਾਂ ਸਲੋਕ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖ ਵਟਾਈਆ । ਭੇਖਾਧਾਰੀ ਭੇਖ ਧਰੇ, ਜੁਗ ਜੁਗ ਬਣਤ ਬਣਾਇੰਦਾ । ਸ੍ਰਿਸ਼ਟ ਸਬਾਈ ਆਪੇ ਵਰੇ, ਆਪੇ ਪਰੇ ਹਟਾਇੰਦਾ । ਧਰਨੀ ਧਰ ਧਰਤੀ ਧਵਲ ਜੋਤ ਏਕਾ ਘਰੇ, ਏਕਾ ਘਰ ਵਸਾਇੰਦਾ । ਨੌ ਖੰਡ ਪ੍ਰਿਥਮੀ ਆਵੇ ਡਰੇ, ਸੱਤਾਂ ਦੀਪਾਂ ਆਪ ਹਿਲਾਇੰਦਾ । ਬ੍ਰਹਮਾ ਸ਼ਿਵ ਦਵਾਰ ਖੜ੍ਹੇ, ਦੋਏ ਜੋੜ ਸੀਸ ਝੁਕਾਇੰਦਾ । ਸੁਰਪਤ ਰਾਜਾ ਕਰੋੜ ਤੇਤੀਸਾ ਮੰਗੇ ਦਾਨ ਹਰਿ ਹਰੇ, ਹਰਿ ਹਰਿ ਝੋਲੀ ਆਪ ਭਰਾਇੰਦਾ । ਕਲਜੁਗ ਕਾਲਾ ਕਾਲਾ ਰੂਪ ਮਾਤ ਧਰੇ, ਨਾ ਕੋਇ

੮੯
੦੬

ਕਿਸੇ ਮਿਟਾਇੰਦਾ । ਪਰਗਟ ਹੋਏ ਨਿਹਕਲੰਕ ਅਵਤਾਰ ਨਰੇ, ਸ਼ਬਦ ਖੰਡਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਪਾਵੇ ਵੰਡ, ਮੇਟ ਮਿਟਾਏ ਭੇਖ ਪਖੰਡ, ਹੱਥ ਫੜੇ ਸ਼ਬਦ ਡੰਡਾ, ਸਾਚਾ ਨਾਉਂ ਰਖਾਇੰਦਾ । ਸ਼ਬਦ ਡੰਡਾ ਹਰਿ ਬਲਕਾਰ, ਆਪਣੇ ਹੱਥ ਉਠਾਇੰਦਾ । ਰਸਨ ਕਮਾਨ ਤੇਜ ਕਟਾਰ, ਸ਼ਬਦੀ ਸ਼ਬਦ ਇਕ ਰਖਾਇੰਦਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਨਾ ਕੋਈ ਕਿਸੇ ਬਚਾਇੰਦਾ । ਲੱਖ ਚੁਰਾਸੀ ਆਈ ਹਾਰ, ਸ੍ਰਿਸ਼ਟ ਸਬਾਈ ਹੋਏ ਖੁਆਰ, ਪ੍ਰਭ ਸਾਚੀ ਬਣਤ ਬਣਾਇੰਦਾ । ਰਾਏ ਧਰਮ ਦੋਏ ਜੋੜ ਪੁਰਖ ਅਬਿਨਾਸ਼ੀ ਅੱਗੇ ਕਰੇ ਪੁਕਾਰ, ਅਠਾਈ ਕੁੰਡਾਂ ਬੂਹਾ ਲਾਹਿੰਦਾ । ਲਾੜੀ ਮੌਤ ਕਰੇ ਸ਼ਿੰਗਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮਾਤਲੋਕੀ ਰਾਹ ਤਕਾਇੰਦਾ । ਧਰਤਮਾਤ ਰੋ ਰੋ ਰਹੀ ਧਾਹਾਂ ਮਾਰ, ਕਲਜੁਗ ਜੀਵਾਂ ਮਾਇਆ ਲੁੱਠਿਆ, ਘਰ ਘਰ ਦਰ ਦਰ ਗਊ ਗਰੀਬਾਂ ਕੁੱਠਿਆ, ਚੁੱਕਿਆ ਨਾ ਜਾਏ ਅੰਤਮ ਭਾਰ । ਗਰੀਬ ਨਿਵਾਜ਼ਾ ਕਿਉਂ ਬੈਠਾ ਰੁੱਠਿਆ, ਸੁਣੀ ਜਾਏ ਮੈਥੋਂ ਪੁਕਾਰ । ਪੁਰਖ ਅਬਿਨਾਸ਼ੀ ਏਕਾ ਤੁੱਠਿਆ, ਪਰਗਟ ਹੋਏ ਵਿਚ ਸੰਸਾਰ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਲੁਕਿਆ ਰਹਿਣ ਨਾ ਦੇਵੇ ਗੁੱਠਿਆ, ਕਰੇ ਖੇਲ ਅਪਰ ਅਪਾਰ । ਹੱਥ ਫੜਾਏ ਖਾਲੀ ਠੂਠਿਆ, ਈਸਾ ਮੂਸਾ ਰੋਵਣ ਧਾਹਾਂ ਮਾਰ । ਸੰਗ ਮੁਹੰਮਦ ਹੋਇਆ ਝੂਠਿਆ, ਅਲ੍ਹਾ ਰਾਣੀ ਹੋਏ ਖੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਧਾਰ, ਸ੍ਰਿਸ਼ਟ ਸਬਾਈ ਰਿਹਾ ਵਿਚਾਰ । ਅੱਸੂ ਤਿੰਨ ਦਿਵਸ ਵਿਚਾਰ । ਪਾਇਆ ਫੇਰਾ ਦਿੱਲੀ ਦਰਬਾਰ । ਆਪਣੀ ਖੇਲ ਆਪੇ ਖੇਲੇ, ਜਗਤ ਖਿਲਾਵਣਹਾਰ । ਪ੍ਰਭ ਅਬਿਨਾਸ਼ੀ ਕਿਸੇ ਨਾ ਦਿਸੇ, ਆਤਮ ਅੰਧ ਅੰਧਿਆਰ । ਜਿਸ ਜਨ ਕਿਰਪਾ ਕਰ ਪਾਏ ਸਾਚੇ ਹਿਸੇ, ਦੇਵੇ ਸ਼ਬਦ ਅਧਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਸ਼ਬਦ ਸਰੂਪੀ ਕਰਾਏ ਜੈ ਜੈ ਜੈਕਾਰ । ਜੈ ਜੈ ਜੈਕਾਰ ਕਰਾਏ, ਹਰਿ ਹਰਿ ਭਗਵਾਨੀਆ । ਆਦਿ ਅੰਤ ਏਕੰਕਾਰ, ਜੁਗ ਜੁਗ ਜਾਣੇ ਆਪਣੀ ਕਾਰ ਵਿਚ ਜਹਾਨਿਆ । ਮਾਇਆ ਪਾਏ ਬੇਅੰਤ, ਗੁਣਵੰਤਾ ਗੁਣ ਨਿਧਾਨਿਆ । ਗੁਣ ਅਵਗੁਣ ਕਰਮ ਕੁਕਰਮ ਰਿਹਾ ਵਿਚਾਰ, ਸਾਧਾਂ ਸੰਤਾਂ ਹੋਏ ਅੰਤ, ਨਾ ਕੋਈ ਦਿਸੇ ਧਰਮ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੇ ਭਾਣਿਆ । ਸਾਧਾਂ ਸੰਤਾਂ ਹੋਇਆ ਅੰਤ ਹੈ । ਨਾ ਕੋਈ ਦਿਸੇ ਧਰਮ ਦਵਾਰ, ਮਾਇਆ ਪਾਈ ਸ੍ਰਿਸ਼ਟ ਬੇਅੰਤ ਹੈ । ਜੂਠਾ ਝੂਠਾ ਧੁੰਦੂਕਾਰ, ਸਚ ਦਿਸੇ ਨਾ ਕੋਈ ਸੁਗੰਧਤਾ ਹੈ । ਲੇਖਾ ਲਿਖਿਆ ਹਰਿ ਕਰਤਾਰ, ਸ਼ਬਦ ਨਿਸ਼ਾਨਾ ਅਪਰ ਅਪਾਰ, ਸੱਤਾਂ ਦੀਪਾਂ ਲੇਖ ਲਿਖਾਏ ਨਾ ਕੋਈ ਮੇਟੇ ਮੇਟਤ ਹੈ । ਸੰਮਤ ਬੀਸ ਰਹਿਣਾ ਖ਼ਬਰਦਾਰ, ਚੜ੍ਹੇ ਚੜ੍ਹਾਏ ਦਿੱਲੀ ਦਰਬਾਰ, ਨੌ ਖੰਡ ਪ੍ਰਿਥਮੀ ਮੇਲਾ ਏਕਾ ਕੰਤ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰੇ ਖੇਲ ਬੇਅੰਤ ਹੈ । ਰਾਸ਼ਟਰਪਤ ਜੋਗ ਰਖੀਸ਼ਰ, ਆਤਮ ਬ੍ਰਹਮ ਜਣਾਈਆ । ਭਗਤੀ ਭਗਤ ਭੁਗਤ ਸੱਚਾ ਤਪੀਸ਼ਰ, ਆਤਮ ਤ੍ਰਿਪਤ ਕਰਾਈਆ । ਮਿਲੇ ਮੇਲ ਜਗਤ ਜੁਗੀਸ਼ਰ, ਸਾਚਾ ਸੀਸ ਤਾਜ ਭੇਟ ਚੜ੍ਹਾਈਆ । ਮਸਤਕ ਟਿੱਕਾ ਲਾਏ ਕੇਸਰ, ਸਵਾ ਰੱਤੀ ਨਾਲ ਰਖਾਈਆ । ਜੁਗ ਜੁਗ ਵਿਛੜਿਆ ਵਿਚ ਥਨੇਸਰ, ਅੰਤਮ ਕਲਜੁਗ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਰਿਹਾ ਛੁਪਾਈਆ । ਜੁਗ ਜੁਗ ਵਿਛੜੇ ਮੇਲ ਮਿਲਾਵਣਹਾਰ ਦਾਤਾਰਾ । ਸ਼ਾਹ ਭਬੀਖਣ ਜੁਗ ਤ੍ਰੇਤਾ ਪਾਰ ਕਰਾਏ, ਮਿਲਿਆ ਮੇਲ ਰਾਮ ਅਵਤਾਰਾ । ਭਗਤ ਸਹੇਟਾ ਆਪ ਅਖਵਾਏ, ਮਾਂ ਪਿਓ ਬੇਟਾ ਆਪ ਕਰਤਾਰਾ । ਖੇਵਟ ਖੇਟਾ ਆਪ ਹੋ ਜਾਏ, ਕਲਜੁਗ ਪਾਰ ਕਰਾਏ ਕਿਨਾਰਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਲੈ ਕੇ ਆਇਆ, ਸ਼ਬਦ ਸਰੂਪੀ ਪੰਚਮ ਮੁਖੀਆ ਸਾਚਾ ਸੁਖੀਆ ਨਾਮ ਸੱਚਾ ਦਸਤਾਰਾ । ਸ਼ਬਦ ਨਾਮ ਸੀਸ ਜਗਦੀਸ, ਆਪਣਾ ਆਪ ਰਖਾਈਆ । ਸ੍ਰਿਸ਼ਟ ਸਬਾਈ ਜਾਏ ਪੀਸ, ਨਾ ਕੋਈ ਹੋਏ ਕਿਸੇ ਸਹਾਈਆ । ਇਕ ਚਲਾਏ ਸ਼ਬਦ ਹਦੀਸ, ਅੰਜ਼ੀਲ ਕੁਰਾਨ ਵੇਦ ਪੁਰਾਨ ਖਾਣੀ ਬਾਣੀ ਏਕਾ ਰੰਗ ਸਮਾਈਆ । ਆਪੇ ਜਾਣੇ ਰਾਗ ਛਤੀਸ ਸਪਾਰੇ ਤੀਸ ਦੰਦ ਬਤੀਸ, ਆਪੇ ਰਿਹਾ ਜਣਾਈਆ । ਲਹਿਣਾ ਚੁੱਕੇ ਬੀਸ ਇਕੀਸ, ਪ੍ਰਭ ਸਾਚੀ ਬਣਤ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਭਬੀਖਣ ਦੇਵੇ ਮਾਤ ਵਡਿਆਈਆ । ਮਾਤ ਵਡਿਆਈ ਜੁਗੋ ਜੁਗ, ਹਰਿ ਹਰਿ ਭਗਤਾਂ ਆਪ ਰਖਾਇੰਦਾ । ਲਹਿਣਾ ਦੇਣਾ ਜੁਗੋ ਜੁਗ, ਜੁਗ ਜੁਗ ਮੂਲ ਚੁਕਾਇੰਦਾ । ਭਾਣਾ ਸਹਿਣਾ ਜੁਗੋ ਜੁਗ, ਜੁਗ ਜੁਗ ਹੁਕਮ ਸੁਣਾਇੰਦਾ । ਦਰਸ਼ਨ ਨੈਣਾ ਜੁਗੋ ਜੁਗ, ਕਲਜੁਗ ਰੂਪ ਵਟਾਇੰਦਾ । ਸਾਚੇ ਮੰਦਰ ਅੰਦਰ ਬਹਿਣਾ ਜੁਗੋ ਜੁਗ, ਰਾਮ ਰਾਮਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਦਵਾਰੇ ਸਾਚੇ ਬਹਿਣਾ, ਏਕਾ ਰਾਹ ਵਖਾਇੰਦਾ । ਪੰਚਮ ਮੀਤਾ ਪੰਚਮ ਚੀਤਾ, ਪੰਚਮ ਜੋਤ ਜਗਾਇੰਦਾ । ਪੰਚਮ ਕਰੇ ਪਤਤ ਪੁਨੀਤਾ, ਪੰਚਮ ਪੰਚਾਂ ਠੰਢਾ ਸੀਤਾ, ਪੰਚਾਂ ਖੋਟ ਕਢਾਇੰਦਾ । ਪੰਚਾਂ ਪੰਚਾਂ ਕਰੇ ਅਤੀਤਾ, ਪੰਚਮ ਬਖ਼ਸ਼ੇ ਚਰਨ ਪ੍ਰੀਤਾ, ਪੰਚਮ ਕੂਟ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਸਚ ਨਿਸ਼ਾਨਾ ਧੁਰ ਫ਼ਰਮਾਣਾ, ਸੋਹੰ ਅੱਖਰ ਲੇਖ ਲਿਖਾਨਾ, ਅਚਰਜ ਰੀਤ ਚਲਾਇੰਦਾ । ਸ਼ਬਦ ਸੋਟੀ ਜਗਤ ਸਹਾਰਾ, ਧੁਰਦਰਗਾਹੀ ਦਾਤਾ । ਹਰਿ ਹਰਿ ਸਾਚਾ ਕਰ ਪਿਆਰਾ, ਦੇਵਣ ਆਇਆ ਮਾਤ ਸੁਗਾਤਾ । ਗੁਰਮੁਖ ਵਿਰਲਾ ਕਰੇ ਵਣਜ ਵਪਾਰਾ, ਜਿਸ ਜਨ ਬੰਧਾਏ ਸਾਚਾ ਨਾਤਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਧਾਰਾ, ਆਪ ਆਪਣੇ ਰੰਗ ਸਮਾਤਾ । ਚਰਨ ਜੋੜਾ ਜਗਤ ਵਿਛੋੜਾ, ਭਗਤੀ ਮਾਰਗ ਲਾਇੰਦਾ । ਨਾਮ ਮਿਲੇ ਸੱਚਾ ਘੋੜਾ, ਧੁਰਦਰਗਾਹੀ ਆਇਆ ਦੌੜਾ, ਵੇਖੇ ਪਰਖੇ ਮਿੱਠਾ ਕੌੜਾ, ਨੌ ਦਵਾਰੇ ਵੇਖ ਵਖਾਇੰਦਾ । ਪਰਗਟ ਹੋਏ ਬ੍ਰਹਿਮਣ ਗੌੜਾ, ਪੂਤ ਸਪੂਤਾ ਜੋਤੀ ਜੋੜਾ, ਆਪਣਾ ਰੂਪ ਵਟਾਇੰਦਾ । ਨੌ ਖੰਡ ਪ੍ਰਿਥਮੀ ਵੇਖੇ ਰਾਹ ਲੰਬਾ ਚੌੜਾ, ਉਚਾ ਟਿੱਲਾ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਆਪੇ ਬਹੁੜਾ, ਆਪ ਆਪਣਾ ਮੁਖ ਛੁਪਾਇੰਦਾ । ਭਿੰਨੀ ਰੈਨੜੀਏ ਤੇਰੀ ਰੁੱਤ ਸੁਹਾਈ, ਸੰਤ ਜਨਾਂ ਘਰ ਪਾਇਆ । ਭਿੰਨੀ ਰੈਨੜੀਏ ਕਲ ਮਿਲੇ ਵਧਾਈ, ਹਰਿ ਹਰਿ ਮੰਗਲ ਗਾਇਆ । ਭਿੰਨੀ ਰੈਨੜੀਏ ਤੇਰੇ ਨਾਮ ਵਡਿਆਈ, ਗੁਰਮੁਖਾਂ ਰੰਗ ਰੰਗਾਇਆ । ਭਿੰਨੀ ਰੈਨੜੀਏ ਲੋਕਮਾਤ ਹੋਏ ਜੁਦਾਈ, ਹਰਿ ਹਰਿ ਚਰਨੀ ਚਿਤ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਜਨ ਭਗਤਾਂ ਦਰ ਸਾਚੇ ਦਏ ਦੁਹਾਇਆ । ਭਿੰਨੜੀ ਰੈਣ ਮੰਗੀ ਮੰਗ, ਆਏ ਚਰਨ ਦਵਾਰੇ । ਭਗਤ ਜਨਾਂ ਦਾ ਸਾਚਾ ਸੰਗ, ਸੋਹਣ ਬੰਕ ਦਵਾਰੇ । ਸ਼ਬਦ ਉਡਾਰੀ ਸੁਰਤੀ ਚੜ੍ਹੇ ਪਤੰਗ, ਜਾਏ ਪਾਰ ਕਿਨਾਰੇ । ਅੰਮ੍ਰਿਤ ਧਾਰਾ ਵਹਾਏ ਸਾਚੀ ਗੰਗ, ਛੋਹੇ ਚਰਨ ਕਵਲਾਰੇ । ਹੋਏ ਸਹਾਈ ਅੰਗ ਸੰਗ, ਸਰਬ ਜੀਆਂ ਦਾ ਦਾਤਾਰੇ । ਮਾਨਸ ਜਨਮ ਨਾ ਹੋਏ ਭੰਗ, ਮਿਲੇ ਮੇਲ ਕੰਤ ਪੁਰਖ ਭਤਾਰੇ । ਦਰ ਘਰ ਸਾਚੇ ਮੰਗੀ ਏਕਾ ਮੰਗ, ਸਤਵੰਤੀ ਸਾਚੀ ਨਾਰੇ । ਆਤਮ ਸੇਜਾ ਸ਼ਬਦ ਰੰਗੀਲਾ ਪਲੰਘ, ਦਸਮ ਦਵਾਰੀ ਡੱਠਾ ਅਟੱਲ ਮਹੱਲ ਉਤਮ ਚੁਬਾਰੇ । ਗੁਰ ਕਿਰਪਾ ਪਾਰ ਜਾਣਾ ਲੰਘ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਬੈਠਾ ਭੁਜਾ ਪਸਾਰੇ । ਇਕ ਵਜਾਏ ਨਾਮ ਮਰਦੰਗ, ਸੁਣਾਏ

ਰਾਗ ਅਪਰ ਅਪਾਰੇ । ਆਪ ਲਗਾਏ ਆਪਣੇ ਅੰਗ, ਏਕਾ ਸੇਜਾ ਸੁੱਤੇ ਪੈਰ ਪਸਾਰੇ । ਜੁਗ ਜੁਗ ਜੁਗ ਜੁਗ ਪਾਰ ਜਾਇਣ ਲੰਘ, ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਮਾਤ ਵਰ, ਆਦਿ ਅੰਤ ਏਕਾ ਘਰ ਸੁਰਤ ਸਵਾਣੀ ਮਾਤ ਸੁਹਾਗਣ ਮਿਲਿਆ ਹਰਿ ਹਰਿ ਕੰਤਾ । ਦਿਵਸ ਰੈਣ ਲੱਭੇ ਸਾਚਾ ਹਾਣੀ, ਪੁਰਖ ਅਬਿਨਾਸ਼ੀ ਵਡ ਵਡ ਬਲਵੰਤਾ । ਮਨਮੁਖਾਂ ਅੰਦਰ ਸੁੱਤੀ ਕਾਲੀ ਚੁੰਨੀ ਉਤੇ ਤਾਣੀ, ਭਰਮ ਭੁਲੇਖਾ ਜੀਵਾਂ ਜੰਤਾਂ । ਕੋਈ ਨਾ ਦੇਵੇ ਅੰਮ੍ਰਿਤ ਆਤਮ ਠੰਢਾ ਪਾਣੀ, ਨਾ ਕੋਈ ਵਖਾਏ ਰੁੱਤ ਬਸੰਤਾ । ਗੁਰਮੁਖ ਵਿਰਲਾ ਨਿਸ਼ਅੱਖਰ ਵੱਖਰ ਪੜ੍ਹੇ ਏਕਾ ਬਾਣੀ, ਬਣਾਏ ਆਪਣੀ ਬਣਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸਾਚਾ ਰੰਗ ਦਿਖੰਤਾ । ਸਾਚਾ ਰੰਗ ਸਾਚੀ ਸੇਜ, ਪ੍ਰਭ ਫੂਲਨ ਆਪ ਵਿਛਾਈਆ । ਗੁਰਮੁਖਾਂ ਸ਼ਬਦ ਸੁਨੇਹੜਾ ਰਿਹਾ ਭੇਜ, ਕੰਤ ਕੰਤੂਹਲਾ ਦਇਆ ਕਮਾਈਆ । ਸੰਮਤ ਅਠਾਰਾਂ ਨੌ ਨੌ ਖੰਡ ਪ੍ਰਿਥਮੀ ਪਾਣੀ ਨੌ ਨੌ ਨੇਜ਼, ਜਲ ਧਾਰਾ ਆਪ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਪਾਵੇ ਦੂਸਰ ਕੋਇ ਸਾਰ ਨਾ ਪਾਈਆ ।

ਸ਼ਬਦ ਹਾਰ ਤਨ ਸ਼ਿੰਗਾਰ, ਹਰਿ ਭਗਤਾਂ ਆਪ ਕਰਾਇੰਦਾ । ਪੂਰਬ ਲਹਿਣਾ ਕਰਮ ਵਿਚਾਰ, ਆਪਣਾ ਕਰਜ਼ਾ ਲਾਹਿੰਦਾ । ਦਰਸ਼ਨ ਨੈਣਾਂ ਅਪਰ ਅਪਾਰ, ਦਰ ਦਵਾਰਾ ਇਕ ਵਖਾਇੰਦਾ । ਪੰਚਾਂ ਤਤਾਂ ਖੋਲ੍ਹ ਕਿਵਾੜ, ਜੋਤ ਆਕਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾਨਿਧ ਇਕ ਅਖਵਾਇੰਦਾ । ਕਿਰਪਾਨਿਧ ਅਪਾਰ ਰੂਪ, ਸਤਿ ਸੰਤੋਖ ਸਮਾਇਆ । ਜੋਤ ਜਗਾਏ ਅੰਧ ਕੂਪ, ਅੰਧ ਅੰਧੇਰ ਮਿਟਾਇਆ । ਕਰੇ ਪਰਕਾਸ਼ ਚਾਰੇ ਕੂਟ, ਕਾਇਆ ਮੰਦਰ ਦਏ ਸੁਹਾਇਆ । ਨਾਮ ਧੁਖਾਏ ਸਾਚਾ ਧੂਪ, ਪਵਣ ਸੁਗੰਧੀ ਰਖਾਇਆ । ਆਪ ਸਮਾਏ ਵਿਚ ਆਪਣਾ ਰੂਪ, ਰੂਪ ਅਨੂਪਾ ਵਿਚ ਸਮਾਇਆ । ਸਾਚਾ ਧਾਗਾ ਨਾਮ ਸੂਤ, ਪ੍ਰੇਮ ਵੱਟ ਚੜ੍ਹਾਇਆ । ਦੂਈ ਦਵੈਤੀ ਮਿਟੇ ਫੂਟ, ਏਕਾ ਬੰਨ੍ਹਣ ਪਾਇਆ । ਰਸਨਾ ਤੀਰ ਰਿਹਾ ਛੂਟ, ਚੰਦਨ ਦੇਹੀ ਵਿਚ ਲਗਾਇਆ । ਪਾਰ ਕਰਾਏ ਜੂਠ ਝੂਠ, ਪੰਚ ਵਿਕਾਰਾ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਨ ਸ਼ਿੰਗਾਰ ਹਾਰ ਕਰਾਇਆ । ਸ਼ਬਦ ਹਾਰ ਸਾਚਾ ਫੁੱਲ, ਗੁਰਮੁਖ ਰੰਗ ਚੜ੍ਹਾਇੰਦਾ । ਦਰ ਦਵਾਰੇ ਕੋਈ ਨਾ ਲੱਗੇ ਮੁੱਲ, ਚਰਨ ਪ੍ਰੀਤ ਜੋ ਕਮਾਇੰਦਾ । ਸ਼ਬਦ ਭੰਡਾਰਾ ਜਾਏ ਖੁਲ੍ਹ, ਮਿਲੇ ਵਸਤ ਇਕ ਅਨਮੁਲ, ਦੂਸਰ ਨਾ ਕੋਈ ਦਿਸੇ ਤੁਲ, ਗਾਉਂਦੇ ਰਹਿਣ ਸਦਾ ਸਾਚੇ ਬੁਲ੍ਹ, ਜਾਪ ਅਜਪਾ ਆਪ ਚਲਾਇੰਦਾ । ਮਾਨਸ ਦੇਹੀ ਨਾ ਜਾਏ ਹੁੱਲ, ਭਾਗ ਲੱਗੇ ਸਾਚੀ ਕੁੱਲ, ਫਲ ਫੁਲਵਾੜੀ ਜਾਏ ਫੁੱਲ, ਰੁੱਤ ਬਸੰਤ ਸੁਹਾਇੰਦਾ । ਹਰਿਜਨ ਸਾਚਾ ਨਾ ਜਾਏ ਰੁਲ, ਏਕਾ ਏਕ ਆਪ ਅਭੁੱਲ, ਸ੍ਰਿਸ਼ਟ ਸਬਾਈ ਆਪ ਭੁਲਾਇੰਦਾ । ਲੱਖ ਚੁਰਾਸੀ ਕਰਮ ਕੁਕਰਮਾਂ ਅੰਤਮ ਪਾਵਣ ਆਇਆ ਮੁੱਲ, ਸਾਚੇ ਕੰਡੇ ਪੂਰੇ ਤੋਲ ਰਿਹਾ ਤੁਲ, ਧੜਾ ਏਕਾ ਨਾਉਂ ਰਖਾਇੰਦਾ । ਮਨਮਤੀ ਜੀਵ ਰਹੇ ਰੁੱਲ, ਕਲਜੁਗ ਕਾਲਖ ਲੱਗੀ ਕੁੱਲ, ਕਾਲਾ ਦਾਗ਼ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਤ ਦੁਲਾਰ, ਆਪੇ ਬਖ਼ਸ਼ੇ ਬਖ਼ਸ਼ਣਹਾਰ, ਫੂਲਨ ਤਨ ਸ਼ਿੰਗਾਰ ਕਰਾਇੰਦਾ । ਫੂਲਨ ਫੂਲ ਰੰਗ ਅਪਾਰ, ਵੇਖੇ ਆਪ ਦਵਾਰਿਆ । ਕਲਜੁਗ

ਅੰਤਮ ਆਈ ਵਾਰ, ਖਾਲੀ ਭਰੇ ਰਹਿਣ ਭੰਡਾਰਿਆ । ਖਾਲੀ ਭਰੇ ਹੋਣ ਭੰਡਾਰ, ਚਾਰੋਂ ਕੁੰਟ ਹਾਹਾਕਾਰਿਆ । ਗੁਰਮੁਖ ਸਾਚਾ ਸਾਚੀ ਸੇਜਾ ਸੁੱਤਾ ਪੈਰ ਪਸਾਰ, ਪ੍ਰਭ ਅਬਿਨਾਸ਼ੀ ਰਸਨਾ ਗਾ ਰਿਹਾ । ਆਪ ਸੁਹਾਏ ਸਾਚੀ ਰੁੱਤਾ, ਅੰਮ੍ਰਿਤ ਧਾਰਾ ਮੇਘ ਬਰਸਾ ਰਿਹਾ । ਸਾਚਾ ਸੋਮਾ ਕਾਇਆ ਮੰਦਰ ਅੰਦਰ ਫੁੱਟਾ, ਗੁਰਮੁਖ ਨ੍ਹਾਵਣ ਨ੍ਹਾਵਣੀ ਸਾਚੇ ਤੀਰਥ ਨੁਹਾ ਰਿਹਾ । ਆਵਣ ਜਾਵਣ ਗੇੜ ਛੁੱਟਾ, ਪਤਤ ਪਾਵਨ ਆਪਣਾ ਦਾਮਨ ਆਪ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਮਿਟੇ ਰੈਣ ਅੰਧੇਰੀ ਸ਼ਾਮਨ, ਸੱਚਾ ਏਕਾ ਚੰਦ ਚੜ੍ਹਾ ਰਿਹਾ । ਸਾਚਾ ਚੰਦ ਮਾਤ ਬਲੋਏ, ਹੋਏ ਸਰਬ ਪਰਕਾਸ਼ਿਆ । ਵੇਖੇ ਖੇਲ ਹਰਿ ਤ੍ਰੈ ਤ੍ਰੈ ਲੋਏ, ਮਾਤ ਪਾਤਾਲ ਪ੍ਰਿਥਮੀ ਆਕਾਸ਼ਿਆ । ਦਿਵਸ ਰੈਣ ਰੈਣ ਦਿਵਸ ਕਦੇ ਨਾ ਸੋਏ, ਸ਼ਬਦ ਚਲਾਏ ਸਾਚਾ ਰਾਥਿਆ । ਜੋਤੀ ਨੂਰ ਸਰਬ ਕਲਾ ਭਰਪੂਰ ਅੱਠੇ ਪਹਿਰ ਜਨ ਭਗਤਾਂ ਦਰ ਦਵਾਰ ਰਿਹਾ ਖਲੋਏ, ਮਸਤਕ ਲਹਿਣਾ ਮੂਲ ਚੁਕਾਏ, ਲਿਖਿਆ ਸਾਚੇ ਮਾਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਮੇਲ ਮਿਲਾਏ, ਜਨ ਹਰਿ ਤ੍ਰੈਲੋਕੀ ਨਾਥਿਆ । ਸਾਚਾ ਭੋਗ ਹਰਿ ਭਗਵਾਨ, ਸ਼ਬਦ ਮੁਖ ਲਗਾਇੰਦਾ । ਹਰਿ ਸੰਗਤ ਦੇਵੇ ਜੀਆ ਦਾਨ, ਸਗਲੇ ਦੁੱਖ ਮਿਟਾਇੰਦਾ । ਆਤਮ ਦਰਸੀ ਦਰਸ ਘਰ ਆਤਮ ਪਾਣ, ਆਪਣਾ ਮੁਖ ਵਖਾਇੰਦਾ । ਮਿਟੇ ਹਰਸ ਰਸਨਾ ਭੋਗ ਸ਼ਬਦ ਚੋਗ ਸਾਚੀ ਧਰ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਲੱਗੇ ਭੋਗ ਭਗਤ ਭਗਵਾਨਾ, ਆਤਮ ਉਪਜੇ ਬ੍ਰਹਮ ਗਿਆਨਾ, ਵੱਜੇ ਨਾਮ ਤੀਰ ਨਿਸ਼ਾਨਾ, ਦਿਵਸ ਰੈਣ ਨਾ ਸੁਝੇ, ਨਾ ਕੋਈ ਬੁਝਾਇੰਦਾ । ਦਰ ਦਵਾਰਾ ਏਕਾ ਬੁੱਝੇ, ਜੋਤ ਦਵਾਰੇ ਹਰਿ ਹਰਿ ਲੁੱਝੇ, ਤ੍ਰਿਸ਼ਨਾ ਅਗਨੀ ਬੁੱਝੇ, ਭੌ ਚੁਕਾਏ ਏਕਾ ਦੂਜੇ, ਤੀਜੇ ਦਰਸ਼ਨ ਦਰਸ ਮਹਾਨਾ । ਤੀਜੇ ਨੈਣ ਸਚ ਬਲੋਇਣ, ਕਲ ਸਰੂਪ ਸਮਾਈਆ । ਸੰਤ ਸੁਹੇਲੇ ਆਤਮ ਸੇਜਾ ਸਾਚੀ ਸੋਇਨ, ਕਵਲ ਫੂਲ ਕੰਤ ਕੰਤੂਹਲ ਸਾਚੀ ਭੇਟ ਚੜ੍ਹਾਈਆ । ਅੰਮ੍ਰਿਤ ਧਾਰਾ ਨਿਝਰ ਰਸ ਅੰਤਮ ਮੁਖ ਚੋਇਨ, ਸਾਂਤਕ ਸਤਿ ਵਰਤਾਈਆ । ਬੁੱਝੇ ਬਸੰਤਰ ਮਿਟੇ ਦੁੱਖ, ਸਹਿਜ ਧੁਨ ਧੁਨ ਸਹਿਜ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਗਿਆਨ ਗੋਝ ਗੋਝ ਗਿਆਨ ਮਾਰ ਧਿਆਨਾ ਜੀਆ ਦਾਨਾ ਝੋਲੀ ਪਾਈਆ । ਜੀਆ ਦਾਨ ਭਗਤ ਗੁਰ ਦੀਆ, ਦੇਵਣਹਾਰ ਸਵਾਮੀ । ਆਪ ਰਖਾਈ ਸਾਚੀ ਨੀਹਾ, ਥਿਰ ਘਰ ਨਰ ਵਸੇ ਨਿਹਚਲ ਧਾਮ ਅਟੱਲ ਸ਼ਬਦ ਨਿਹਕਾਮੀ । ਆਪੇ ਜਾਣੇ ਆਪਣਾ ਦਰ, ਕਿਲ੍ਹਾ ਕੋਟ ਪ੍ਰਭ ਰਿਹਾ ਵੇਖ, ਆਪੇ ਵਸੇ ਨਗਰ ਸ਼ਹਿਰ ਸਚ ਗਰਾਮੀ । ਆਪੇ ਅੰਦਰ ਜਾਏ ਵੜ, ਸਾਚੀ ਚੋਟੀ ਵੇਖੇ ਜਾਏ ਚੜ੍ਹ, ਕਿਲ੍ਹਾ ਤੋੜ ਹੰਕਾਰੀ ਗੜ੍ਹ, ਸ਼ਬਦ ਡੰਡਾ ਸਾਚਾ ਫੜ, ਪੰਚਾਂ ਨਾਲ ਜਾਏ ਲੜ, ਪੰਚਾਂ ਰਿਹਾ ਜਗਾਈਆ । ਜੋਤ ਨਿਰੰਜਣ ਅੱਗੇ ਖੜ੍ਹ, ਭਗਤ ਜਨਾਂ ਦਾ ਪਕੜੇ ਲੜ, ਸਾਚੀ ਲਾਏ ਆਪੇ ਜੜ੍ਹ, ਸਾਚਾ ਮਾਰਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਧਰ, ਸ਼ਬਦੀ ਗੁਰ ਵੇਖ ਘਰ, ਮੰਦਰ ਅੰਦਰ ਡੂੰਘੀ ਕੰਦਰ ਹੋਏ ਆਪ ਸਹਾਈਆ ।

੯੩
੦੬

## ❊ ੪ ਅੱਸੂ ੨੦੧੩ ਬਿਕ੍ਰਮੀ ਮਲ ਸਿੰਘ ਦੇ ਗ੍ਰਿਹ ਦਿੱਲੀ ❊

ਮੂਰਤ ਅਕਾਲ ਸਦਾ ਦਿਆਲ, ਸਦਾ ਸਦਾ ਪ੍ਰਿਤਪਾਲੀਆ । ਬਣੇ ਬਣਾਏ ਮਾਤ ਦਲਾਲ, ਦੋਵੇਂ ਹੱਥਾਂ ਰਹੇ ਖਾਲੀਆ । ਦੇਵੇ ਸ਼ਬਦ ਸੱਚਾ ਧਨ ਮਾਲ, ਧੁਰਦਰਗਾਹੀ ਵਾਲੀਆ । ਸਾਚਾ ਮੰਦਰ ਆਪ ਸੁਹਾਏ ਕਾਇਆ ਸੱਚੀ ਧਰਮਸਾਲ, ਜੋਤੀ ਦੀਪਕ ਏਕਾ ਬਾਲੀਆ । ਫਲ ਲਗਾਏ ਕਾਇਆ ਡਾਲ੍ਹ, ਤੋੜੇ ਜਗਤ ਜੰਜਾਲੀਆ । ਇਕ ਸੁਹਾਏ ਆਤਮ ਤਾਲ, ਅੰਮ੍ਰਿਤ ਧਾਰ ਨਿਰਾਲੀਆ । ਆਪੇ ਚਲੇ ਆਪਣੀ ਚਾਲ, ਬੇਹੰਗਮ ਰੂਪ ਵਟਾਲੀਆ । ਸੰਤ ਸੁਹੇਲੇ ਆਪੇ ਭਾਲ, ਗੋਦ ਉਠਾਏ ਸਾਚੇ ਲਾਲ, ਧੁਰਦਰਗਾਹੀ ਵਾਲੀਆ । ਸ਼ਬਦ ਵਜਾਏ ਸਾਚਾ ਤਾਲ, ਅਨਾਦੀ ਨਾਦ ਹਰਿ ਬਨਵਾਲੀਆ । ਨੇੜ ਨਾ ਆਏ ਕਾਲ ਮਹਾਂਕਾਲ, ਕਲਜੁਗ ਰੈਣ ਵਿਹਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਖ਼ਸ਼ੇ ਨਾਮ ਸੱਚਾ ਧਨ ਮਾਲੀਆ । ਨਾਮ ਖ਼ਜ਼ਾਨਾ ਸਦਾ ਅਤੁੱਟ, ਭਰਿਆ ਰਹੇ ਭੰਡਾਰ । ਪੁਰਖ ਅਬਿਨਾਸ਼ੀ ਆਪ ਨਿਖੁੱਟ, ਖੁੱਟ ਨਾ ਜਾਏ ਵਿਚ ਸੰਸਾਰ । ਹਰਿਜਨ ਲਾਹਾ ਲਏ ਲੁੱਟ, ਚਰਨ ਕਵਲ ਕਲ ਕਰ ਪਿਆਰ । ਨਿਰਮਲ ਜੀਆ ਆਤਮ ਪੀਏ ਘੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਨਾਲ ਨਾਲ । ਚਲਣਹਾਰਾ ਚਾਲ ਅਵੱਲੀ, ਜੁਗ ਜੁਗ ਚਲਾਇਆ । ਸ੍ਰਿਸ਼ਟ ਸਬਾਈ ਇਕ ਇਕੱਲੀ, ਦੂਜਾ ਸੰਗ ਨਾ ਕਿਸੇ ਨਿਭਾਇਆ । ਕਲਜੁਗ ਮਾਇਆ ਅੰਦਰ ਪਲੀ, ਮੋਹ ਮਮਤਾ ਪਿਆਰ ਰਖਾਇਆ । ਜੰਗਲ ਜੂਹ ਉਜਾੜ ਡੂੰਘੀ ਕੰਦਰ ਕਾਇਆ ਫਿਰੇ ਝੱਲੀ, ਸਾਚਾ ਰਾਹ ਦਿਸ ਨਾ ਆਇਆ । ਗੁਰ ਚਰਨ ਦਵਾਰ ਸਾਚੀ ਭੂਮਿਕਾ ਏਕਾ ਮੱਲੀ, ਪ੍ਰਭ ਹਉਮੇ ਪਰਦਾ ਲਾਹਿਆ । ਦੀਪਕ ਜੋਤ ਨਿਰਾਲੀ ਨਿਰੰਜਣ ਸਾਚੀ ਬਲੀ, ਅਗਿਆਨ ਅੰਧੇਰ ਮਿਟਾਇਆ । ਵੇਖਿਆ ਰਾਮ ਦੇਵੇ ਨਾਮ ਵਸੇ ਨਿਹਚਲ ਧਾਮ ਅਟੱਲੀ, ਮਹੱਲ ਅਟੱਲ ਇਕ ਰਖਾਇਆ । ਪਾਰ ਕਰਾਏ ਫੜ ਫੜ ਭੀੜੀ ਗਲੀ, ਸ਼ਬਦੀ ਰੂਪ ਵਟਾਇਆ । ਆਤਮ ਵਿਛੜੀ ਅੰਤ ਪਰਮਾਤਮਾ ਰਲੀ, ਸ਼ਬਦ ਦੂਤ ਨਾਲ ਰਲਾਇਆ । ਨਾ ਕੋਈ ਜਾਣੇ ਜਗਤ ਵਲੀ, ਪ੍ਰਭ ਅਬਿਨਾਸ਼ੀ ਭਾਣਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੋਗ ਰਿਹਾ ਕਮਾਇਆ । ਸੰਤਨ ਘਰ ਸਚ ਵਸੇਰਾ, ਸਾਚਾ ਥਾਨ ਸੁਹਾਇੰਦਾ । ਪੁਰਖ ਅਬਿਨਾਸ਼ੀ ਲੱਗਾ ਡੇਰਾ, ਜਾਣ ਪਛਾਣ ਕਰਾਇੰਦਾ । ਨੌ ਖੰਡ ਪ੍ਰਿਥਮੀ ਏਕਾ ਗੇੜਾ, ਜੀਆਂ ਜੰਤਾਂ ਦਾਨ ਦਵਾਇੰਦਾ । ਪੰਚ ਵਸਾਏ ਏਕਾ ਖੇੜਾ, ਪੰਚਾਂ ਮਾਣ ਦਵਾਇੰਦਾ । ਪੰਚਾਂ ਬੰਨ੍ਹਣਹਾਰਾ ਬੇੜਾ, ਪੰਚਾਂ ਆਪ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਗਰੀਬ ਨਿਵਾਜਿਆ । ਚਾਰੋਂ ਕੁੰਟ ਆਵੇ ਡਰ, ਮੱਕਾ ਕਾਅਬਾ ਛੁੱਟੇ ਨਾ ਕੋਈ ਹਾਜੀ ਕਰੇ ਹਾਜਿਆ । ਤੀਰ ਨਿਰਾਲਾ ਏਕਾ ਛੁੱਟੇ, ਵੇਖ ਵਖਾਣੇ ਸ਼ੇਖ਼ ਪੰਡਤ ਮੁੱਲਾਂ ਕਾਜੀਆ । ਮਨਮੁਖ ਜੀਵ ਕਲਜੁਗ ਮਾਇਆ ਰੁੱਲੇ, ਹਰਿ ਨਰ ਸੱਚਾ ਨਾ ਕਿਸੇ ਪਛਾਨਿਆਂ । ਜੋਤ ਸਰੂਪ ਹਰਿ ਸਾਚਾ ਤੁੱਠੇ, ਜਗ ਦੇਵੇ ਜੀਆ ਦਾਨਿਆ । ਪੰਚ ਵਿਕਾਰਾ ਫੜ ਫੜ ਕੁੱਠੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਰੇ ਸ਼ਬਦ ਤੀਰ ਕਮਾਨਿਆਂ । ਸ਼ਬਦ ਤੀਰ ਆਤਮ ਕਾਨੀ, ਗੁਰਮੁਖਾਂ ਪਾਰ ਕਰਾਇੰਦਾ । ਅੱਖਰ ਦੋ ਅੱਖਰ ਸਾਚੀ ਬਾਣੀ, ਸੋਹੰ ਨਾਮ ਧਰਾਇੰਦਾ । ਕਲਜੁਗ ਤੇਰੀ ਅੰਤਮ ਬਾਣੀ, ਸੋਹੰ ਸੋ ਗੁਰਮੁਖ ਵਿਰਲਾ ਗਾਇੰਦਾ । ਆਤਮ ਲੱਭਣਾ ਘਰ ਘਰ ਪਾਣੀ, ਪ੍ਰਭ ਘਰ ਘਰ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਆਪਣੀ ਸਰਨ

ਲਗਾਇੰਦਾ । ਸਰਨ ਲਾਗ ਮਿਲੇ ਵਡਿਆਈ, ਦਰਸ ਨੈਣ ਕਵਲਾ । ਚਤਰਭੁਜ ਪ੍ਰਭ ਦਇਆ ਕਮਾਈ, ਮਾਣ ਰਖਾਏ ਉਪਰ ਧਵਲਾ । ਆਤਮ ਘਰ ਵੱਜੇ ਵਧਾਈ, ਪਰਗਟ ਹੋਏ ਸਾਵਲ ਸਵਲਾ । ਗੁਰਮੁਖ ਸਦ ਗਾਉਂਦੇ ਚਾਈਂ ਚਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਭ ਘਟ ਅੰਦਰ ਆਪੇ ਮਵਲਾ । ਸਰਬ ਘਟਾਂ ਘਟ ਆਪ ਆਪੇ, ਆਪਣਾ ਕਰਮ ਕਮਾਇੰਦਾ । ਸਦਾ ਸਦਾ ਸਦ ਵਡ ਪਰਤਾਪੇ, ਜਨਮ ਮਰਨ ਗੇੜ ਕਟਾਇੰਦਾ । ਮੇਟ ਮਿਟਾਏ ਤੀਨੋ ਤਾਪੇ, ਅਗਨੀ ਆਪ ਬੁਝਾਇੰਦਾ । ਨਾ ਕੋਈ ਪੁੰਨ ਨਾ ਕੋਈ ਪਾਪੇ, ਸ੍ਰਿਸ਼ਟ ਸਬਾਈ ਮਾਈ ਬਾਪੇ, ਗੁਰਮੁਖ ਸਾਚੇ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਜਾਣੇ ਵਡ ਪਰਤਾਪੇ, ਵਡ ਪਰਤਾਪੀ ਆਪ ਅਖਵਾਇੰਦਾ । ਮੱਲ ਸਿੰਘ ਦਰ ਲੈਣਾ ਮਲ, ਪ੍ਰਭ ਚਰਨ ਸੱਚਾ ਦਵਾਰਾ । ਕਲਜੁਗ ਲੇਖਾ ਚੁੱਕਣਾ ਅੱਜ ਕੱਲ, ਢਹਿਣਾ ਮੰਦਰ ਮੁਨਾਰਾ । ਸਾਚਾ ਖੇਲ ਜਲ ਥਲ, ਉਪਰ ਜਮਨ ਕਿਨਾਰਾ । ਸਰਬ ਭੁਲਾਏ ਵਲ ਛਲ, ਵਸੇ ਸਭ ਤੋਂ ਬਾਹਰਾ । ਗੁਰਮੁਖਾਂ ਦਰਸ ਦਿਖਾਏ ਘੜੀ ਘੜੀ ਪਲ ਪਲ, ਪ੍ਰਭ ਸਾਚੇ ਦੀ ਸਾਚੀ ਧਾਰਾ । ਗੁਰ ਸੰਗਤ ਸੰਗ ਰਿਹਾ ਰਲ, ਮਿਲਿਆ ਮੇਲ ਏਕਾ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਜੋਤ ਨਿਰੰਜਣ ਵਿਚ ਸੰਸਾਰਾ । ਜੋਤ ਨਿਰੰਜਣ ਮਾਤ ਪਰਧਾਨ, ਪ੍ਰਭ ਸਾਚੇ ਆਪ ਰਖਾਈਆ । ਪਹਿਲਾ ਦੇਵੇ ਭੂਮਿਕਾ ਅਸਥਾਨ, ਸਾਚੀ ਜੋਤ ਜਗਾਈਆ । ਮਾਰਗ ਪਾਏ ਸਾਚੇ ਕਾਹਨ, ਸੱਜਾ ਹੱਥ ਉਠਾਈਆ । ਦਿਸ ਨਾ ਆਏ ਕੋਇ ਨਿਸ਼ਾਨ, ਸੱਜਾ ਖੱਬਾ ਅੱਗਾ ਪਿੱਛਾ ਰੂਪ ਅਨੂਪਾ ਨਾ ਕੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਦਰਸ ਦਾਤ ਜਗਤ ਵਡਿਆਈਆ ।

### ❊ ੪ ਅੱਸੂ ੨੦੧੩ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ ਗੁੜਗਾਉਂ ❊

ਘਰ ਮੰਦਰ ਅਪਾਰ ਹਰਿ ਉਪਾਇਆ । ਸ਼ਬਦ ਸਰੂਪੀ ਲਾਇਆ ਜੰਦਰ, ਦਿਵਸ ਰੈਣ ਬੰਦ ਕਰਾਇਆ । ਖੇਲ ਖੇਲੇ ਕਾਇਆ ਅੰਦਰ, ਰੂਪ ਅਨੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਰੰਗਾਇਆ । ਗੁਰ ਮੰਦਰ ਅਪਾਰ, ਕਾਇਆ ਕੋਟ ਉਸਾਰਿਆ । ਹੱਡ ਮਾਸ ਨਾੜੀ ਚੰਮ ਚਾਰ ਦਵਾਰ, ਚਾਰੋਂ ਕੁੰਟ ਕਰਾ ਰਿਹਾ । ਨੌ ਦਵਾਰੇ ਰੱਖੇ ਬਾਹਰ, ਦਸਵਾਂ ਗੁਪਤ ਰਖਾ ਰਿਹਾ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰ, ਸਾਚੀ ਸੇਵਾ ਲਾ ਰਿਹਾ । ਆਪ ਆਪਣੀ ਕਿਰਪਾ ਧਾਰ, ਸ਼ਬਦ ਮੇਵਾ ਮੁਖ ਖਵਾ ਰਿਹਾ । ਸ਼ਬਦ ਮੇਵਾ ਵਿਚ ਸੰਸਾਰ, ਰਸਨਾ ਜਿਹਵਾ ਰਸ ਚਖਾ ਰਿਹਾ । ਰਸਨਾ ਗਾਏ ਹਰਿ ਨਿਰੰਕਾਰ, ਅਗੰਮੀ ਤਾਰ ਹਿਲਾ ਰਿਹਾ । ਅਗੰਮ ਰੂਪ ਨਰ ਨਿਰੰਕਾਰ, ਨਿਰਗੁਣ ਰੂਪ ਵਟਾ ਰਿਹਾ । ਨਿਰਗੁਣ ਰੂਪ ਜੋਤ ਅਕਾਰ, ਸਰਗੁਣ ਵਿਚ ਸਮਾ ਰਿਹਾ । ਸਰਗੁਣ ਬੰਨ੍ਹੇ ਸਾਚੀ ਧਾਰ, ਆਪਣੀ ਦਇਆ ਕਮਾ ਰਿਹਾ । ਆਪੇ ਖੋਲ੍ਹੇ ਬੰਦ ਕਿਵਾੜ, ਸਾਚਾ ਰਾਹ ਵਖਾ ਰਿਹਾ । ਪੰਚਮ ਲੇਖਾ ਪਏ ਝੂਠੀ ਧਾੜ, ਸੀਸ ਖੰਡਾ ਇਕ ਲਗਾ ਰਿਹਾ । ਜੋਤ ਪਰਕਾਸ਼ ਬਹੱਤਰ ਨਾੜ, ਆਪਣੀ ਆਪ ਕਰਾ ਲਿਆ । ਕਾਇਆ ਲੇਖ ਕਰਾਏ ਪ੍ਰਿਥਮੀ ਆਕਾਸ਼, ਗਗਨ ਪਤਾਲਾਂ ਆਪ ਵਖਾ ਰਿਹਾ । ਚੌਦਾਂ ਲੋਕ ਤਨ ਪਰਭਾਸ, ਹੱਟ

੯੫
੦੬

ਵਿਕਾ ਰਿਹਾ । ਮੰਡਪ ਮੰਡਲ ਪਾਵੇ ਰਾਸ, ਕਾਹਨਾ ਕ੍ਰਿਸ਼ਨਾ ਰੂਪ ਵਟਾ ਰਿਹਾ । ਪਵਣੀ ਪਵਣ ਚਲਾਏ ਸਵਾਸ, ਸ਼ਬਦੀ ਸੰਗ ਰਲਾ ਰਿਹਾ । ਸ਼ਬਦ ਸ਼ਬਦੀ ਸਾਚਾ ਵਾਸ, ਜੋਤੀ ਨੂਰ ਉਪਾ ਰਿਹਾ । ਆਦਿ ਅੰਤ ਨਾ ਜਾਏ ਵਿਨਾਸ, ਆਦਿ ਪੁਰਖ ਅਗੰਮ ਅਪਾਰਿਆ । ਜਨ ਭਗਤਾਂ ਹੋਇਆ ਰਹੇ ਦਾਸ, ਲੋਕਮਾਤ ਆਵੇ ਜਾਵੇ ਵਾਰੋ ਵਾਰਿਆ । ਲੇਖੇ ਲਾਏ ਹੱਡ ਨਾੜੀ ਮਾਸ, ਪੰਚਮ ਤਤ ਜੀਵ ਮਤ ਆਪ ਸਮਝਾ ਰਿਹਾ । ਗੁਰ ਪੂਰੇ ਸਦ ਬਲ ਬਲ ਜਾਸ, ਬ੍ਰਹਮ ਪਾਰਬ੍ਰਹਮ ਜਣਾ ਰਿਹਾ । ਸਦਾ ਸਦਾ ਸੰਗ ਵਸੇ ਵਾਸ, ਬੱਤੀ ਦੰਦ ਜੋ ਜਨ ਗਾ ਰਿਹਾ । ਸਾਚਾ ਮੇਲਾ ਸਰਬ ਗੁਣਤਾਸ, ਦੀਪਕ ਜੋਤੀ ਸਾਚਾ ਚੰਦ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਖੋਲ੍ਹੇ ਇਕ ਦਰ, ਕਾਇਆ ਭਾਗ ਲਗਾ ਰਿਹਾ । ਘਰ ਮੰਦਰ ਅਗੰਮ, ਭੇਵ ਨਾ ਰਾਈਆ । ਚਾਰ ਦਵਾਰੀ ਨਾ ਕੋਈ ਦਿਸੇ ਥੰਮ੍ਹ, ਪ੍ਰਭ ਸਾਚੇ ਧਾਮ ਉਪਾਈਆ । ਹੱਡ ਮਾਸ ਨਾੜੀ ਨਾ ਕੋਈ ਚੰਮ, ਨਾ ਕੋਈ ਬਣਤ ਬਣਾਈਆ । ਨਾ ਮਰੇ ਨਾ ਪਏ ਜੰਮ, ਆਪਣੀ ਰਚਨਾ ਰਿਹਾ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਵਸਾਏ ਇਕ ਘਰ, ਮੰਦਰ ਰੂਪ ਵਟਾਈਆ । ਕਾਇਆ ਮੰਦਰ ਸਚ ਮਕਾਨ, ਪ੍ਰਭ ਸਾਚਾ ਆਪ ਬਣਾਇੰਦਾ । ਸ਼ਬਦ ਸਰੂਪੀ ਵੇਖੇ ਮਾਰ ਧਿਆਨ, ਲੇਖਾ ਆਪਣੇ ਹੱਥ ਰਖਾਇੰਦਾ । ਪਾਣੀ ਪਵਣ ਪਵਣ ਪਾਣੀ ਮਸਾਨ, ਆਪੇ ਜਾਣੇ ਪੀਣ ਖਾਣ, ਜੀਆਂ ਦਾਨ ਸਰਬ ਦਵਾਇੰਦਾ । ਖਾਣੀ ਬਾਣੀ ਰਸਨਾ ਗਾਣ । ਵੇਦ ਪੁਰਾਨ ਜਸ ਭਗਵਾਨ ਅੰਜੀਲ ਕੁਰਾਨੀ ਨੂਰ ਅਲਾਹੀ ਇਕ ਪਛਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਵੇਖੇ ਇਕ ਘਰ, ਕਵਣ ਕਰੇ ਸੁੰਞ ਮਸਾਣ । ਕਾਇਆ ਮੰਦਰ ਸਾਚਾ ਹੱਟ, ਪ੍ਰਭ ਸਾਚੀ ਵਸਤ ਟਿਕਾਈਆ । ਕਿਸੇ ਹੱਥ ਨਾ ਆਵੇ ਤੀਰਥ ਤਟ, ਰੋਵੇ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਵਸੇ ਘਟ ਘਟ, ਗੁਰਮੁਖ ਵਿਰਲੇ ਬੂਝ ਬੁਝਾਈਆ । ਹਰਿਜਨ ਲਪੇਟੇ ਸਾਚੇ ਪਟ, ਦੁਰਮਤ ਮੈਲ ਧਵਾਈਆ । ਦੁਰਮਤ ਮੈਲ ਦੇਵੇ ਕੱਟ, ਮਸਤਕ ਧੂੜੀ ਕੌਸਤਕ ਮਣੀਆਂ ਟਿੱਕਾ ਲਾਈਆ । ਦੀਪਕ ਜੋਤ ਜਗਾਏ ਲਟ ਲਟ, ਅੰਧ ਅਗਿਆਨ ਅੰਧੇਰ ਮਿਟਾਈਆ । ਦੂਈ ਦਵੈਤੀ ਮੇਟੇ ਫੱਟ, ਨਾਮ ਪੱਟੀ ਇਕ ਬੰਧਾਈਆ । ਸ਼ਬਦ ਚੋਟ ਕਾਇਆ ਤਨ ਨਗਾਰੇ ਲਾਏ ਜੱਟ, ਅਨਹਦ ਧੁਨ ਵਜਾਈਆ । ਭਰਮ ਭੁਲੇਖਾ ਕੱਢੇ ਵੱਟ, ਭਰਮਾਂ ਕੰਧ ਢਾਹੀਆ । ਗੁਰਮੁਖ ਸਾਚੇ ਸੰਤ ਸੁਹੇਲੇ ਗਊ ਗਰੀਬ ਨਿਮਾਣੇ ਤਾਰੇ ਜਿਉਂ ਧੰਨਾ ਜੱਟ, ਆਪ ਆਪਣੀ ਦਇਆ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਕਰੇ ਖੇਲ ਰਘੁਰਾਈਆ । ਘਰ ਮੰਦਰ ਅਥਾਹ, ਵਸਿਆ ਹਰਿ ਨਿਰੰਕਾਰਿਆ । ਆਪੇ ਹੋਏ ਬੇਪਰਵਾਹ, ਸ੍ਰਿਸ਼ਟ ਸਬਾਈ ਪਾਵੇ ਸਾਰਿਆ । ਆਪੇ ਜਾਣੇ ਆਪਣਾ ਨਾਂ, ਆਪਣੀ ਰਸਨਾ ਰਿਹਾ ਉਚਾਰਿਆ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾ ਰਿਹਾ । ਆਪੇ ਦੇਵੇ ਠੰਢੀ ਛਾਂ, ਰਸਨਾ ਸੀਰ ਮੁਖ ਚੁਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਅੰਦਰ ਸਚ ਅਸਥਾਨ, ਜੋਤੀ ਨੂਰ ਜੋਤ ਭਗਵਾਨ, ਸ਼ਬਦ ਤੂਰ ਇਕ ਮਹਾਨ, ਦੂਸਰ ਕੋਈ ਭੇਵ ਨਾ ਪਾ ਰਿਹਾ । ਤਨ ਮੰਦਰ ਅਪਾਰ, ਸੰਗੀਤ ਸੁਣਾਇੰਦਾ । ਜਨ ਭਗਤਾਂ ਦੇਵੇ ਨਾਮ ਅਧਾਰ, ਜੁਗ ਜੁਗ ਰੀਤ ਚਲਾਇੰਦਾ । ਪਾਰਬ੍ਰਹਮ ਬ੍ਰਹਮ ਪਾਵੇ ਸਾਰ, ਕਾਇਆ ਮੰਦਰ ਦਿਹੁਰਾ ਸਚ ਮਸੀਤ ਗੁਰਦਵਾਰਾ ਆਪ ਵਖਾਇੰਦਾ । ਸਚ ਸਚ ਜਗ ਸਾਚਾ ਧਰਮ, ਸਾਚਾ ਨਾਅਰਾ ਕਰਮ ਕਮਾਇੰਦਾ । ਵੇਖੇ ਪਰਖੇ ਕਾਇਆ ਚਰਮ, ਏਕਾ ਏਕ ਚਰਨ ਟੇਕ ਪ੍ਰਭ ਸਾਚਾ ਵਣਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੯੬
੦੬

ਜੋਤ ਧਰ, ਘਰ ਮੰਦਰ ਵੇਖੇ ਇਕ ਬਿਬੇਕ, ਕਲਜੁਗ ਮਾਇਆ ਨਾ ਲੱਗੇ ਸੇਕ, ਤ੍ਰੈਗੁਣ ਮਾਇਆ ਰਹੇ ਨਿਰਲੇਪ, ਆਪਣਾ ਰੂਪ ਵਟਾਇੰਦਾ । ਘਰ ਮੰਦਰ ਅਡੋਲ, ਹਰਿ ਰਖਾਇਆ । ਸ਼ਬਦ ਸਰੂਪੀ ਰਿਹਾ ਬੋਲ, ਅੰਦਰ ਬੈਠਾ ਦਿਸ ਨਾ ਆਇਆ । ਦਿਵਸ ਰੈਣ ਤੋਲੇ ਪੂਰੇ ਤੋਲ, ਦੋ ਜਹਾਨੀ ਹਿਸਾ ਰਿਹਾ ਵੰਡਾਇਆ । ਨਾਮ ਵਣਜਾਰਾ ਹੱਟ ਸਾਚਾ ਖੋਲ੍ਹ, ਸਾਚਾ ਵਣਜ ਰਿਹਾ ਕਰਾਇਆ । ਭਗਤ ਪਿਆਰਾ ਜਨ ਭਗਤਾਂ ਹਿਰਦੇ ਅੰਦਰ ਰਿਹਾ ਮਵਲ, ਅੱਠੇ ਪਹਿਰ ਰਹੇ ਦਰ ਦਵਾਰਾ । ਉਲਟੀ ਕਰੇ ਨਾਭ ਕਵਲ, ਅੰਮ੍ਰਿਤ ਝਿਰਨਾ ਝਿਰੇ ਅਪਰ ਅਪਾਰਾ । ਮਿਲੇ ਵਡਿਆਈ ਉਪਰ ਧਵਲ, ਜਿਸ ਜਨ ਬਖ਼ਸ਼ੇ ਚਰਨ ਪਿਆਰਾ । ਸਾਚਾ ਮੇਲਾ ਕ੍ਰਿਸ਼ਨਾ ਸਾਵਲ ਸਵਲ, ਸੁੰਦਰ ਰੂਪ ਅਪਾਰਾ । ਲੱਖ ਚੁਰਾਸੀ ਹੋਈ ਬਵਲ, ਏਕਾ ਭੁੱਲਿਆ ਹਰਿ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਲੱਖ ਚੁਰਾਸੀ ਵੇਖੇ ਕਾਇਆ ਮੰਦਰ ਸਾਚੇ ਅੰਦਰ ਕਵਣ ਵਜਾਏ ਨਾਦ ਅਨਾਦੀ ਸਾਚਾ ਢੋਲ । ਘਰ ਮੰਦਰ ਅਪਾਰ ਹਰਿ ਸੁਹਾਇਆ । ਦੀਪਕ ਜੋਤੀ ਰੱਖੇ ਅੰਦਰ, ਆਪਣੀ ਹੱਥੀਂ ਕੁੰਡਾ ਲਾਇਆ । ਲੱਖ ਚੁਰਾਸੀ ਭੌਂਦੀ ਬੰਦਰ, ਪੁਰਖ ਅਬਿਨਾਸ਼ੀ ਕਿਸੇ ਨਾ ਪਾਇਆ । ਮਨਮਤੀ ਜੀਵ ਗਾਏ ਮੰਦਰ, ਪੰਡਤ ਕਾਂਸ਼ੀ ਪੜ੍ਹ ਪੜ੍ਹ ਵਾਦ ਵਧਾਇਆ । ਗ੍ਰੰਥੀ ਪੰਥੀ ਆਤਮ ਅੰਧੇਰ, ਨਿਰਗੁਣ ਰੇਖ ਲੇਖ ਨਾ ਜਾਣੇ ਰਾਇਆ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਆਪੇ ਬਖ਼ਸ਼ਿੰਦ, ਬਖ਼ਸ਼ਣਹਾਰ ਸਦਾ ਅਖਵਾਇਆ । ਘਰ ਮੰਦਰ ਅਨਾਦ, ਹਰਿ ਅਨਾਦਿਆ । ਸਾਚਾ ਮੇਲਾ ਮਾਧਵ ਮਾਧ, ਸ਼ਬਦ ਜਣਾਏ ਬੋਧ ਅਗਾਧਿਆ । ਦੋ ਜਹਾਨੀ ਦੇਵੇ ਦਾਦ, ਦਿਵਸ ਰੈਣ ਜੋ ਜਨ ਮੰਨੇ ਦੇਵੇ ਧੁਰਦਰਗਾਹੀ ਸਚ ਨਿਸ਼ਾਨਿਆ । ਸੋਹੰ ਅੱਖਰ ਰੱਖਣਾ ਯਾਦ, ਵੇਲੇ ਅੰਤਮ ਸੁਣੇ ਫਰਿਆਦ, ਨਾ ਕੋਈ ਵਜਾਏ ਝੂਠਾ ਨਾਦ, ਸ੍ਰਿਸ਼ਟ ਸਬਾਈ ਅੰਤਮ ਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਦਰ, ਮੰਦਰ ਗਵਾਏ ਗਾਏ ਸਾਚੀ ਬਾਣੀਆ । ਘਰ ਮੰਦਰ ਸਚ ਦਰਬਾਰ, ਪ੍ਰਭ ਆਪਣਾ ਆਪ ਲਗਾਇੰਦਾ । ਨਾ ਕੋਈ ਰੱਖੇ ਜੰਮ ਜੰਦਾਰ, ਨਾ ਕੋਈ ਬਣਤ ਬਣਾਇੰਦਾ । ਸ਼ਬਦ ਸਿੰਘਾਸਣ ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਆਪਣੀ ਰੀਤ ਚਲਾਇੰਦਾ । ਜਨ ਭਗਤਾਂ ਕਰੇ ਖ਼ਬਰਦਾਰ, ਸ਼ਬਦ ਭੰਡਾਰਾ ਮਾਤ ਖੁਲਾਇੰਦਾ । ਲੱਖ ਚੁਰਾਸੀ ਅੰਤਮ ਕਲ ਪੈਣੀ ਮਾਰ, ਧਰਮ ਰਾਏ ਵੰਡ ਵੰਡਾਇੰਦਾ । ਚਿਤਰ ਗੁਪਤ ਲੇਖਾ ਲਿਖੇ ਅਪਰ ਅਪਾਰ, ਅੰਤ ਹਿਸਾਬ ਮੁਕਾਇੰਦਾ । ਲਾੜੀ ਮੌਤ ਹੋਏ ਤਿਆਰ, ਹੱਥੀਂ ਬੰਨੇ ਗਾਨਾ ਬਸਤਰ ਚੀਰ ਲਾਲ, ਕਲਜੁਗ ਮਾਤ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਘਰ, ਮੰਦਰ ਕਵਣ ਸੁਹਾਇੰਦਾ । ਘਰ ਮੰਦਰ ਅਮੋਘ, ਹਰਿ ਹਰਿ ਆਪ ਬਣਾਇਆ । ਗੁਰਮੁਖ ਮੇਲਾ ਧੁਰ ਸੰਜੋਗ, ਵਿਛੜ ਕਦੇ ਨਾ ਜਾਇਆ । ਪ੍ਰਭ ਕੱਟਣ ਆਇਆ ਦੂਈ ਦਵੈਤੀ ਰੋਗ, ਅੰਮ੍ਰਿਤ ਆਤਮ ਜਾਮ ਪਿਆਇਆ । ਆਤਮ ਰਸ ਰਸਨਾ ਦੇਵੇ ਭੋਗ, ਸਾਚਾ ਭੋਗੀ ਭੋਗ ਕਰਾਇਆ । ਦਿਵਸ ਰੈਣ ਨਾ ਹੋਏ ਵਿਯੋਗ, ਏਕਾ ਪੱਲਾ ਨਾਮ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਚ ਘਰ ਮਹੱਲਾ, ਸਾਚੀ ਕੂਟੇ ਆਪ ਵਸਾਇਆ । ਘਰ ਮੰਦਰ ਸਚ ਮਹੱਲ, ਪ੍ਰਭ ਸਾਚਾ ਧਾਮ ਸੁਹਾਇੰਦਾ । ਗੁਰਮੁਖ ਸਾਚਾ ਰਿਹਾ ਮੱਲ, ਦਿਸ ਕਿਸੇ ਨਾ ਆਇੰਦਾ । ਆਪੇ ਵਸਿਆ ਜਲ ਥਲ, ਲੋਆਂ ਪੁਰੀਆਂ ਆਪ ਸਮਾਇੰਦਾ । ਸ੍ਰਿਸ਼ਟ ਸਬਾਈ ਆਪੇ ਕਰੇ ਵਲ ਛਲ, ਜੀਆਂ ਜੰਤਾਂ ਆਪ ਭੁਲਾਇੰਦਾ । ਆਪੇ ਜਨ ਭਗਤਾਂ ਫਲ ਲਗਾਏ ਕਾਇਆ ਡਲ, ਅੰਮ੍ਰਿਤ ਮੇਵਾ ਆਪ ਖਵਾਇੰਦਾ । ਆਪੇ

ਦੀਵਾ ਆਪੇ ਬੱਤੀ ਆਪੇ ਜੋਤ ਨਿਰਾਲੀ ਜਾਏ ਬਲ, ਆਪੇ ਅੰਧ ਅੰਧੇਰ ਰਖਾਇੰਦਾ । ਆਪੇ ਰੱਖੇ ਵਾ ਤਤੀ ਵੇਖ ਵਖਾਏ ਸਾਚੀ ਆਲਮ, ਭੇਵ ਅਭੇਦਾ ਅਛਲ ਅਛੇਦਾ ਭੇਵ ਨਾ ਕੋਈ ਛੁਪਾਇੰਦਾ । ਆਪੇ ਦਾਤਾ ਦੁਸ਼ਟ ਸੰਘਾਰੇ ਜਾਲਮ, ਜਿਉਂ ਕਾਹਨਾ ਕ੍ਰਿਸ਼ਨਾ ਰਾਮਾ ਰਾਵਣ ਜੁਗ ਜੁਗ ਬਣਤ ਬਣਾਇੰਦਾ । ਅੰਤਮ ਮੇਲਾ ਹੋਣਾ ਪਾਲਮ, ਅੱਧ ਵਿਚਕਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਘਰ, ਆਪਣਾ ਰੰਗ ਰੰਗਾਇੰਦਾ । ਘਰ ਮੰਦਰ ਅਤੋਟ, ਆਪ ਬਣਾਇਆ । ਲੱਭ ਲੱਭ ਥੱਕੇ ਕੋਟੀ ਕੋਟ, ਦਿਸ ਕਿਸੇ ਨਾ ਆਇਆ । ਜੀਵ ਜੰਤ ਆਲ੍ਹਣਿਉਂ ਡਿਗੇ ਬੋਟ, ਸਾਚੀ ਚੋਗ ਨਾ ਕੋਇ ਚੁਗਾਇਆ । ਮਾਇਆ ਮਮਤਾ ਤ੍ਰਿਸ਼ਨਾ ਜਗਤ ਵਿਕਾਰੇ ਕਲਜੁਗ ਭਰੀ ਨਾ ਪੇਟ, ਰੋਗ ਸੋਗ ਚਿੰਤਾ ਨਾ ਕੋਈ ਦੇਵੇ ਭੁੱਖ ਮਿਟਾਇਆ । ਜਨ ਭਗਤਾਂ ਲੱਗਾ ਏਕਾ ਅੰਕ ਨੇਤਰ ਦਰਸ਼ਨ ਹਰਿ ਅਮੋਘ, ਦਿਵਸ ਰੈਣ ਰਹੇ ਬਿਲਲਾਇਆ । ਅੰਤਮ ਮੇਲਾ ਧੁਰ ਸੰਯੋਗ, ਪੁਰਖ ਅਬਿਨਾਸ਼ੀ ਰਿਹਾ ਲਿਖਾਇਆ । ਸਾਚਾ ਦੇਵੇ ਸੋਹੰ ਜੋਗ, ਜਮਨ ਕਿਨਾਰਾ ਇਕ ਵਸਾਇਆ । ਭਗਤ ਜਨਾਂ ਦਰ ਆਤਮ ਭੋਗ, ਸ਼ਬਦ ਸਰੂਪੀ ਦਏ ਲਗਾਇਆ । ਜਗਤ ਵਿਛੋੜਾ ਹੋਏ ਵਿਯੋਗ, ਪ੍ਰਭ ਚਰਨੀ ਲਏ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਵੇਖੇ ਇਕ ਦਵਾਰ, ਆਪ ਆਪਣਾ ਆਸਣ ਲਾਇਆ । ਘਰ ਮੰਦਰ ਆਪ ਸੇਜ ਸੁਹੰਜਣੀ, ਪ੍ਰਭ ਅਬਿਨਾਸ਼ੀ ਕੀਤੀ ਆਪ ਤਿਆਰ । ਜੋਤ ਜਗਾਈ ਇਕ ਨਿਰੰਜਣੀ, ਪ੍ਰੇਮ ਵਿਛੋੜਾ ਫੂਲਨ ਬਰਖਾ ਆਪਣੀ ਹੱਥੀਂ ਲਾਇਆ । ਨਾਮ ਰਖਾਇਆ ਦਰਦ ਦੁੱਖ ਭੈ ਭੰਜਨੀ, ਗੀਤ ਸੰਗੀਤ ਏਕਾ ਏਕ ਸੁਣਾਇਆ । ਚਰਨ ਧੂੜ ਕਰਾਇਆ ਸਾਚਾ ਮਜਨੀ, ਸਚ ਪ੍ਰੀਤ ਇਕ ਵਖਾਇਆ । ਕਲਜੁਗ ਤੇਰੀ ਜੂਠੀ ਝੂਠੀ ਰੈਣੀ, ਸਤਿਜੁਗ ਸਾਚਾ ਵਕਤ ਸੁਹਾਇਆ । ਨਾ ਕੋਈ ਦੀਸੇ ਦਿਹੁਰਾ ਮੰਦਰ ਮਸੀਤ, ਚਾਰੋਂ ਕੁੰਟ ਦਏ ਦੁਹਾਇਆ । ਬੀਸ ਬੀਸਾ ਏਕਾ ਗਾਏ ਸੁਹਾਗੀ ਗੀਤ, ਸੋਹੰ ਸਾਚਾ ਨਾਉਂ ਰਖਾਇਆ । ਆਪੇ ਵੇਖੇ ਹਸਤ ਕੀਟ, ਊਚਾਂ ਨੀਚਾਂ ਵਿਚ ਸਮਾਇਆ । ਲੱਖ ਚੁਰਾਸੀ ਰਿਹਾ ਪੀਠ, ਕਲਜੁਗ ਚੱਕੀ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਖੇ ਇਕ ਘਰ, ਅਨਡਿਠ ਅਨਡਿਠ ਦਿਸ ਕਿਸੇ ਨਾ ਆਇਆ । ਘਰ ਮੰਦਰ ਅਬਿਨਾਸ਼, ਹਰਿ ਸੁਹਾਇੰਦਾ । ਜਨ ਭਗਤਾਂ ਹੋਇਆ ਦਾਸ, ਜੋਤ ਸਰੂਪੀ ਦਰਸ ਦਿਖਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਵਿਚ ਰਹਾਇੰਦਾ । ਬ੍ਰਹਮਾ ਸ਼ਿਵ ਸ਼ੰਕਰ ਹੋਏ ਦਾਸ, ਦਾਸ ਸਾਚੀ ਸੇਵਾ ਆਪ ਲਗਾਇੰਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਚਰਨ ਦਵਾਰੇ ਰੱਖੇ ਵਾਸ, ਦੋਏ ਜੋੜ ਸੀਸ ਝੁਕਾਇੰਦਾ । ਸੂਰਜ ਚੰਦ ਮੰਡਲ ਮੰਡਪ ਪਾਇਣ ਰਾਸ, ਦਿਵਸ ਰੈਣ ਸੇਵ ਕਮਾਇੰਦਾ । ਲੋਕਮਾਤ ਪ੍ਰਭ ਮਾਰ ਝਾਤ, ਜਨ ਭਗਤਾਂ ਪੁੱਛੇ ਅੰਤਮ ਬਾਤ, ਧਰਤਮਾਤ ਪ੍ਰਭ ਦੇਵੇ ਦਾਤ, ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਨ ਚੜ੍ਹਾਇੰਦਾ । ਆਪੇ ਵੇਖੇ ਬੈਠ ਇਕਾਂਤ, ਗੁਰਮੁਖ ਸਾਚੇ ਸੰਤ ਜਨਾਂ ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ, ਕਾਇਆ ਠੰਢੀ ਠਾਰ ਕਰਾਇੰਦਾ । ਆਪੇ ਪਿਤਾ ਆਪੇ ਮਾਤ, ਦਰ ਦਰ ਘਰ ਘਰ ਪੁੱਛੇ ਬਾਤ, ਸੋਹੰ ਦੇਵੇ ਸ਼ਬਦ ਸੁਗਾਤ, ਆਤਮ ਝੋਲੀ ਆਪ ਭਰਾਇੰਦਾ । ਮੇਰੀ ਤੇਰੀ ਬੰਨ੍ਹੇ ਨਾਤ, ਨਾ ਕੋਈ ਵੇਖੇ ਜ਼ਾਤ ਪਾਤ, ਊਚਾਂ ਨੀਚਾਂ ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਸੁਹਾਇੰਦਾ । ਸਰਬ ਜੀਆਂ ਪ੍ਰਭ ਕਮਲਾਪਾਤ, ਜਨ ਭਗਤਾਂ ਕਰੇ ਸੀਤਲ ਸ਼ਾਂਤ ਕਰਾਏ ਆਤਮ ਸੀਨਾ, ਮੇਟ ਮਿਟਾਏ ਮੁਹੰਮਦੀ ਦੀਨਾਂ, ਸਾਚਾ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ

ਨਰ, ਗੁਰਮੁਖ ਤੇਰਾ ਵੇਖੇ ਇਕ ਘਰ, ਨਗਰ ਖੇੜਾ ਇਕ ਵਸਾਇੰਦਾ । ਹਰਿ ਮੰਦਰ ਹਰਿ ਸਾਚਾ ਪਾਇਆ, ਗੁਰਮੁਖ ਕਾਇਆ ਖੇੜਾ । ਅੰਤਮ ਸੱਚਾ ਡੇਰਾ ਲਾਇਆ, ਖੁੱਲ੍ਹਾ ਰਖਾਇਆ ਵਿਹੜਾ । ਸ਼ਬਦ ਘੇਰਾ ਚੌਗਿਰਦ ਰਖਾਇਆ, ਆਪ ਬੰਨ੍ਹਿਆ ਆਪਣਾ ਬੇੜਾ । ਕਾਰਜ ਸਿਧ ਲੋਕਮਾਤ ਕਰਾਇਆ, ਕਰਿਆ ਸੱਚੋ ਸਚ ਨਿਬੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਜਨ ਭਗਤਾਂ ਬੰਨ੍ਹੇ ਮਾਤ ਬੇੜਾ । ਨੈਣ ਮੂਰਤ ਹਰਿ ਪ੍ਰਭ ਗੋਬਿੰਦ ਗੁਰ ਗੋਪਾਲ । ਭਗਤ ਭਗਵੰਤ ਹਰਿ ਬਖ਼ਸ਼ਿੰਦ, ਦੀਨਾਂ ਬੰਧਪ ਦੀਨ ਦਿਆਲ । ਗਹਿਰ ਗੰਭੀਰ ਸਾਗਰ ਸਿੰਧ, ਸਦਾ ਸਦਾ ਸਦਾ ਵਸਾਲ । ਮੇਟ ਮਿਟਾਏ ਸਗਲੀ ਚਿੰਦ, ਫਲ ਲਗਾਏ ਕਾਇਆ ਡਾਲ । ਅੰਤਮ ਵੇਲੇ ਹੋਏ ਵਿਛੋੜਾ ਨਿਮਾਣੀ ਜਿੰਦ, ਮੁਕਟ ਬੈਨਾ ਕਵਲ ਨੈਣਾਂ ਮੁਕੰਦ ਮਨੋਹਰ ਲਖਮੀ ਨਰਾਇਣ ਦਰਸ ਦਏ ਦਿਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਏ ਦਰ ਦੇਵੇ ਵਰ, ਦਿਵਸ ਰੈਣ ਕਰੇ ਪ੍ਰਿਤਪਾਲ । ਚਰਨ ਧੂੜ ਮਸਤਕ ਰੇਖ, ਦੁਰਮਤ ਮੈਲ ਗਵਾਈਆ । ਨੇਤਰ ਲੋਚਨ ਨੈਣ ਦਰਸ਼ਨ ਪੇਖ, ਆਪਣਾ ਭਰਮ ਮਿਟਾਈਆ । ਧੁਰਦਰਗਾਹੀ ਲਾਏ ਸਾਚੀ ਮੇਖ, ਨਾ ਕੋਈ ਸਕੇ ਮਾਤ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਏ ਦਰ ਦੇਵੇ ਵਰ, ਏਕਾ ਆਪਣਾ ਕਾਇਆ ਰੰਗ ਚੋਲੀ ਆਪ ਚੜ੍ਹਾਈਆ । ਸ਼ਬਦ ਚੋਲੀ ਕਾਰ ਅੰਗੀ, ਅੰਗ ਅੰਗ ਕਰਾਇੰਦਾ । ਜਗਤ ਜੋੜੀ ਸਾਚਾ ਸੰਗੀ, ਸਗਲਾ ਸੰਗੀ ਸੰਗ ਨਿਭਾਇੰਦਾ । ਦਰ ਦਵਾਰੇ ਆਏ ਮੰਗ ਮੰਗੀ, ਕਾਇਆ ਤੰਗੀ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਇਕ ਸੁਣਾਏ ਸੁਹਾਗੀ ਛੰਦੀ, ਸੋਹੰ ਸਾਚਾ ਨਾਉਂ ਰਖਾਇੰਦਾ ।



ਜੋਤ ਸਰੂਪ ਸ਼ਬਦ ਜੈਕਾਰ, ਬ੍ਰਹਿਮੰਡ ਵਿਚ ਸਮਾਇਆ । ਲੱਖ ਚੁਰਾਸੀ ਅਪਰ ਅਪਾਰ, ਆਪਣੀ ਰਚਨ ਰਚਾਇਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਸਾਚੀ ਸੇਵਾ ਲਾਇਆ । ਲੋਆਂ ਪੁਰੀਆਂ ਪਸਰ ਪਸਾਰ, ਧਰਤ ਧਵਲ ਆਕਾਸ਼ ਸੁਹਾਇਆ । ਆਪੇ ਵਸਿਆ ਸਭ ਤੋਂ ਬਾਹਰ, ਸਭ ਘਟ ਆਪ ਸਮਾਇਆ । ਲੋਕਮਾਤੀ ਵੇਖ ਵਿਚਾਰ, ਸਾਚੀ ਵੰਡ ਵੰਡਾਇਆ । ਬ੍ਰਹਮਾ ਵੇਤਾ ਲੇਖ ਲਿਖਾਰ, ਸ਼ਬਦੀ ਸ਼ਬਦ ਜਣਾਇਆ । ਚਾਰੇ ਹਿੱਸੇ ਜਗਤ ਧਾਰ, ਚਾਰੇ ਜੁਗ ਲਿਖਾਇਆ । ਸਤਿਜੁਗ ਦੁਆਪਰ ਤ੍ਰੇਤਾ ਉਤਰੇ ਪਾਰ, ਕਲਜੁਗ ਅੰਤਮ ਆਇਆ । ਜੀਵ ਜੰਤ ਸਾਧ ਸੰਤ ਚਾਰੋਂ ਕੁੰਟ ਰਸਨ ਵਿਕਾਰ, ਪੁਰਖ ਭਤਾਰ ਕਿਸੇ ਦਿਸ ਨਾ ਆਇਆ । ਜੂਠਾ ਝੂਠਾ ਅੰਧ ਅੰਧਿਆਰ, ਸੰਞ ਸਵੇਰ ਨਾ ਕੋਈ ਰਖਾਇਆ । ਧਰਤ ਮਾਤ ਰੋਵੇ ਧਾਹਾਂ ਮਾਰ, ਪਾਪ ਪੁੰਨ ਨਾ ਕੋਇ ਗਵਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਵੇਲਾ ਅੰਤਮ ਆਇਆ । ਵੇਦ ਵਿਆਸਾ ਬਣ ਭਿਖਾਰ, ਸਾਚਾ ਲੇਖਾ ਲੇਖ ਲਿਖਾਇਆ । ਗੁਰ ਨਾਨਕ ਗਾਈ ਤੇਰਾਂ ਧਾਰ, ਤੇਰਾਂ ਸੰਮਤ ਆਇਆ । ਸਰਬ ਜੀਆਂ ਪ੍ਰਭ ਕਰਮ ਵਿਚਾਰ, ਲੋਕਮਾਤੀ ਜੋਤ ਜਗਾਇਆ । ਗੋਬਿੰਦ ਡੱਲਾ ਲਏ ਉਭਾਰ, ਆਪਣਾ ਰੂਪ ਵਟਾਇਆ । ਜਲਾਂ ਥਲਾਂ ਪਾਵੇ ਸਾਰ, ਦਿਸ ਕਿਸੇ ਨਾ ਆਇਆ । ਸੰਬਲ ਨਗਰੀ ਵੇਖ ਵਿਚਾਰ, ਸ਼ਬਦੀ ਧਾਰ ਚਲਾਇਆ । ਸ਼ਬਦੀ ਧਾਰ ਹਰਿ ਕਰਤਾਰ, ਜੋਤੀ ਨੂਰ ਉਪਾਇਆ । ਜੋਤੀ ਨੂਰ ਇਕ ਆਕਾਰ, ਜੁਗ ਜੁਗ ਕਰਦਾ ਆਇਆ । ਕਲਜੁਗ ਤੇਰਾ ਕੂੜ ਪਸਾਰ, ਅੰਤਮ ਦਏ ਮਿਟਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਸ਼ਿਵ ਦੇਵਤ ਸੁਰ

ਰਿਹਾ ਹਿਲਾਇਆ । ਸ਼ਬਦ ਖੰਡਾ ਫੜ ਕਟਾਰ, ਤਿੱਖੀ ਦੋਵੇਂ ਧਾਰ ਕਰਾਇਆ । ਸ਼ਬਦ ਘੋੜੇ ਹੋ ਅਸਵਾਰ, ਨੀਲੀ ਛੱਤੋਂ ਬਾਹਰ ਕਰਾਇਆ । ਪਵਣ ਉਨੰਜਾ ਛਤਰ ਝੁਲਾਰ, ਸਾਚਾ ਹਵਣ ਰਖਾਇਆ । ਅਵਣੀ ਗਵਣੀ ਪਾਰ ਕਿਨਾਰ, ਏਕਾ ਰਾਹ ਤਕਾਇਆ । ਮਾਤਲੋਕ ਪ੍ਰਭ ਜਾਮਾ ਧਾਰ, ਜੋਤੀ ਭੇਖ ਵਟਾਇਆ । ਨਾ ਕੋਈ ਜਾਣੇ ਜੀਵ ਗਵਾਰ, ਪੜ੍ਹ ਪੜ੍ਹ ਥੱਕੀ ਸ੍ਰਿਸ਼ਟ ਸਬਾਇਆ । ਵੇਦ ਪੁਰਾਨ ਕਰਨ ਵਿਚਾਰ, ਪੁਰਖ ਅਬਿਨਾਸ਼ੀ ਨਾ ਮਰੇ ਨਾ ਜਾਇਆ । ਅੰਜ਼ੀਲ ਕੁਰਾਨਾ ਆਈ ਹਾਰ, ਮੁੱਲਾ ਕਾਜ਼ੀ ਸ਼ੇਖ਼ ਮੁਸਾਇਕ ਸਾਚਾ ਨਾਇਕ ਦਿਸ ਨਾ ਆਇਆ । ਗ੍ਰੰਥੀ ਪੰਥੀ ਵਾਰੋ ਵਾਰ, ਦਿਵਸ ਰੈਣ ਰਹੇ ਕੁਰਲਾਇਆ । ਪੁਰਖ ਅਬਿਨਾਸ਼ੀ ਅਗੰਮ ਅਗੰਮੜੀ ਕਾਰ, ਜੁਗ ਜੁਗ ਆਪਣੇ ਹੱਥ ਰਖਾਇਆ । ਲੱਖ ਚੁਰਾਸੀ ਕਰਮ ਵਿਚਾਰ, ਸਰਬ ਕਲਾ ਸਮਰਥ ਆਪਣੀ ਬਣਤ ਬਣਾਇਆ । ਪਰਗਟ ਹੋਏ ਵਿਚ ਸੰਸਾਰ, ਸਾਢੇ ਤਿੰਨ ਹੱਥ ਕਲਜੁਗ ਤੇਰਾ ਰਥ ਆਪਣੀ ਹੱਥੀਂ ਰਿਹਾ ਚਲਾਇਆ । ਜਗਤ ਵਿਕਾਰਾ ਦੇਵੇ ਮਥ, ਰਾਜਾਨਾਂ ਸ਼ਾਹ ਸੁਲਤਾਨਾਂ ਊਚਾਂ ਨੀਚਾਂ ਏਕਾ ਰੰਗ ਸਮਾਇਆ । ਸ਼ਬਦ ਚਲਾਏ ਮਹਿੰਮਾ ਅਕੱਥ, ਭੇਵ ਕੋਇ ਨਾ ਪਾਇਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਸ਼ਬਦ ਡੋਰੀ ਪਾਏ ਨੱਥ, ਚਾਰੋਂ ਕੁੰਟ ਆਪ ਭਵਾਇਆ । ਗੁਰਮੁਖ ਸਾਚੇ ਸੰਤ ਜਨਾਂ ਸਗਲ ਵਸੂਰੇ ਜਾਇਣ ਲੱਥ, ਜੋ ਜਨ ਦਰ ਆਏ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਬਲ ਨਗਰੀ ਸਾਚਾ ਵਾਸ, ਵੇਖ ਵਖਾਏ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਆਪੇ ਆਪ ਸਮਾਇਆ । ਆਪ ਸਮਾਇਆ ਸਰਬ ਘਟ, ਦਿਸ ਕਿਸੇ ਨਾ ਆਇੰਦਾ । ਵੇਖ ਵਖਾਏ ਤੀਰਥ ਤੱਟ, ਗੁਰਦਰ ਮੰਦਰ ਫੋਲ ਫੁਲਾਇੰਦਾ । ਲੱਖ ਚੁਰਾਸੀ ਜੀਵਾਂ ਜੰਤਾਂ ਦੂਈ ਦਵੈਤੀ ਲੱਗਾ ਫੱਟ, ਏਕਾ ਰੰਗ

੧੦੦

੦੬

ਨਾ ਕੋਈ ਚੜ੍ਹਾਇੰਦਾ । ਗੁਰਮੁਖ ਵਿਰਲੇ ਪ੍ਰਭ ਤਨ ਲਪੇਟੇ ਸ਼ਬਦ ਪੱਟ, ਆਤਮ ਸੇਜਾ ਇਕ ਵਖਾਇੰਦਾ । ਨਾਮ ਲਗਾਏ ਕਾਇਆ ਨਗਾਰੇ ਸਾਚੀ ਸੱਟ, ਬਜਰ ਕਪਾਟੀ ਤੋੜ ਤੁੜਾਇੰਦਾ । ਇਕ ਵਖਾਏ ਸਾਚਾ ਹਟ, ਸਾਚਾ ਨਾਮ ਵਿਕਾਇੰਦਾ । ਗੁਰਮੁਖ ਸਾਚੇ ਸਾਚਾ ਲਾਹਾ ਲੈਣ ਖੱਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਨਮੁਖਾਂ ਆਤਮ ਘਰ ਆਈ ਭਰਮਾਂ ਵੱਟ, ਨਾ ਕੋਈ ਪਰ੍ਹੇ ਹਟਾਇੰਦਾ । ਅੰਤਮ ਲੇਖਾ ਚੁੱਕੇ ਤੀਰਥ ਅਠ ਸਠ, ਗੰਗਾ ਗੋਦਾਵਰੀ ਸੀਸ ਝੁਕਾਇੰਦਾ । ਬ੍ਰਹਮਾ ਸ਼ਿਵ ਸੁਰ ਦਰ ਆਇਣ ਨੱਠ, ਲਹਿਣਾ ਦੇਣਾ ਹਿਸਾਬ ਮੁਕਾਇੰਦਾ । ਕਰੋੜ ਤੇਤੀਸਾ ਤੁਟੇ ਹੱਠ, ਸੁਰਪਤ ਰਾਜਾ ਇੰਦ ਦਿਵਸ ਰੈਣ ਰਸਨਾ ਗਾਇੰਦਾ । ਲੱਖ ਚੁਰਾਸੀ ਤੇਰਾ ਇਕ ਬਣਾਏ ਮੱਠ, ਜੋਤੀ ਅਗਨੀ ਲਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਚਰਨ ਦਵਾਰੇ ਇਕ ਇਕੱਠ, ਗੋਬਿੰਦ ਗੋਬਿੰਦ ਗੋਬਿੰਦ ਹਰਿ ਗੋਬਿੰਦ ਰੂਪ ਸਮਾਇੰਦਾ । ਮੰਦਰ ਮੰਡਪ ਮਾੜੀ ਜਾਣੇ ਢੱਠ, ਜੰਗਲ ਜੂਹ ਉਜਾੜ ਪਹਾੜ ਕੋਇ ਦਿਸ ਨਾ ਆਇੰਦਾ । ਕਲਜੁਗ ਗੇੜੇ ਉਲਟੀ ਲੱਠ, ਸੰਗ ਮੁਹੰਮਦ ਚਾਰ ਯਾਰ ਸਾਚਾ ਸੰਗ ਨਿਭਾਇੰਦਾ । ਪੰਚਮ ਜੇਠੀ ਕਰੇ ਚੱਠ, ਚਾਰੋਂ ਕੁੰਟ ਹਾਹਾਕਾਰ ਵਖਾਇੰਦਾ । ਹਾੜ ਸਤਾਰਾਂ ਕਿਸੇ ਨਾ ਦਿਸੇ ਦਰ ਦਵਾਰਾ ਪੁਰਖ ਅਬਿਨਾਸ਼ੀ ਮਿਲਣ ਨੱਠ ਨੱਠ, ਰਾਹ ਖੈੜਾ ਦਿਸ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰਾ ਅੰਤਮ ਵੇਖੇ ਜੂਠਾ ਝੂਠਾ ਮੱਠ, ਸਤਿਜੁਗ ਸੋਇਆ ਆਪ ਜਗਾਇੰਦਾ । ਸਤਿਜੁਗ ਜਗਾਏ ਏਕਾ ਗਾਏ, ਧਰਤਮਾਤ ਤੇਰੀ ਗੋਦ ਬਿਠਾਏ, ਆਪਣੀ ਕਿਰਪਾ ਧਾਰਿਆ । ਗੁਰਮੁਖ ਸਾਚੇ ਸੰਗ ਰਲਾਏ, ਅੰਗ ਸੰਗ ਆਪ ਹੋ ਜਾਏ, ਸ਼ਬਦ ਮਰਦੰਗ ਇਕ ਵਜਾਏ, ਨਾ ਕੋਈ ਜਾਣੇ ਪੂਜਾ ਪਾਠਿਆ । ਮਨ ਮਤ ਵਿਕਾਰਾ ਕਾਚੀ ਵੰਗ ਬਣਾਏ, ਧੀਰਜ ਯਤ ਆਤਮ ਸਤਿ ਇਕ ਰਖਾਏ,

੧੦੦

੦੬

ਕਮਲਾਪਤ ਪਰਗਟ ਹੋਏ ਨੈਣ ਮੁੰਧਾਰਾ, ਦਰਸ ਦਿਖਾਏ ਸ਼ਬਦ ਉਛਾਲ ਮਾਰੇ ਏਕਾ ਠਾਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਏਕਾ ਦੇਵੇ ਸ਼ਬਦ ਸਾਚਾ ਵਰ, ਸਗਲ ਸਗਲ ਸਗਲ ਚਿੰਤ ਵਸੂਰਾ ਲਾਥਿਆ ।

### ❋ ੫ ਅੱਸੂ ੨੦੧੩ ਬਿਕ੍ਰਮੀ ਨਵੀਂ ਦਿੱਲੀ ਰਾਸ਼ਟਰਪਤੀ ਹਾਊਸ ਵਿਚ ਡਾ੦ ਰਾਜਿੰਦਰ ਪ੍ਰਸ਼ਾਦ ਨਾਲ ਬਚਨ ਹੋਏ ❋

ਅੱਸੂ ਪੰਜ ਵੀਹ ਸੌ ਤੇਰਾਂ ਬਿਕ੍ਰਮੀ ਘਰ ਸਾਚੇ ਵੱਜੀ ਵਧਾਈਆ । ਰਾਸ਼ਟਰਪਤ ਪਤੀ ਪਤਵੰਤ, ਸ੍ਰਿਸ਼ਟ ਸਬਾਈ ਏਕਾ ਰਾਹ ਵਖਾਈਆ । ਜੁਗ ਜੁਗ ਹਰਿ ਸੰਗ ਰਹੇ ਕੁੜਮਾਈ, ਨਾ ਕੋਈ ਛੋੜ ਛੁੜਾਈਆ । ਸਚ ਵਸਤ ਹਰਿ ਭੇਟ ਚੜ੍ਹਾਈ, ਅੰਗੀਕਾਰ ਆਪ ਅਖਵਾਈਆ । ਦਰ ਦਵਾਰਾ ਬੰਕ ਸੁਹਾਏ, ਲਹਿਣਾ ਦੇਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਧੁਰ ਫ਼ਰਮਾਣ ਏਕਾ ਏਕ ਜਣਾਈਆ । ਆਏ ਦਵਾਰ ਦਰ ਮਿਹਰਵਾਨ, ਮਿਲਿਆ ਮੇਲ ਮੀਤਾ । ਆਤਮ ਜੋਤੀ ਬ੍ਰਹਮ ਗਿਆਨ, ਸ਼ਬਦ ਸੁਣਾਈ ਸਾਚੀ ਰੀਤਾ । ਸੱਤ ਰੰਗ ਝੁੱਲੇ ਧਰਮ ਨਿਸ਼ਾਨ, ਭਾਰਤ ਖੰਡ ਸ੍ਰਿਸ਼ਟ ਸਬਾਈ ਜੀਤਾ । ਤਾਜ ਮੋਰ ਮੁਕਟ ਭਗਵਾਨ, ਏਕਾ ਰੰਗ ਰੰਗਾਏ ਹਸਤ ਕੀਟਾ । ਪੰਚ ਨਿਸ਼ਾਨ ਰਾਜ ਜੋਗ ਜਗਤ ਮੰਤਰੀ ਇਕ ਵਖਾਏ ਸਾਚੀ ਰੀਤਾ । ਸ਼ਬਦ ਸੋਟੀ ਜਗਤ ਬਲਵਾਨ, ਏਕਾ ਏਕ ਕਰਾਏ ਹਸਤ ਕੀਟਾ । ਚਰਨ ਜੋੜਾ ਚਰਨ ਕਵਲ ਧਿਆਨ, ਸ੍ਰੀ ਭਗਵਾਨ ਆਪ ਆਪ ਆਪ ਪ੍ਰਭ ਆਪਣਾ ਦੀਤਾ । ਰਾਸ਼ਟਰਪਤ ਜਗਤ ਸੰਦੇਸ਼ ਰਿਹਾ ਸੁਣਾਇਆ । ਭਾਰਤ ਖੰਡ ਬਾਲ ਅਵਸਥਾ, ਵਡ ਵਡ ਕਰਮ ਕਮਾਇਆ । ਈਸਾ ਮੂਸਾ ਮਸਤਕ ਲਾਗੇ ਮੱਥਾ, ਜਗਤ ਵਿਚੋਲਾ ਆਪ ਅਖਵਾਇਆ । ਪਾਰਬ੍ਰਹਮ ਸਰਬ ਕਲਾ ਸਮਰਥਾ, ਜਨ ਭਗਤਾਂ ਰਥ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਸਾਚੀ ਸੇਵਾ ਭੇਟ ਧਰ, ਧੰਨ ਧੰਨ ਧੰਨਵਾਦ ਰਿਹਾ ਕਰਾਇਆ ।



### ❋ ੫ ਅਸੂ ੨੦੧੩ ਬਿਕ੍ਰਮੀ ਨਵੀਂ ਦਿੱਲੀ ੧੧ : ੪੫ ਤੇ ਜੋ ਸ਼ਬਦ ਲਿਖ ਕੇ ਰਾਸ਼ਟਰਪਤੀ ਨੂੰ ਦਿਤਾ ਗਿਆ ❋

ਵੀਹ ਸੌ ਤੇਰਾਂ ਸਚ ਵਿਹਾਰ, ਸਾਚਾ ਮਾਤ ਕਰਾਇਆ । ਦਰ ਦਵਾਰ ਦਿੱਲੀ ਦਰਬਾਰ, ਪੰਚਮ ਭੇਟ ਚੜ੍ਹਾਇਆ । ਧਰਮ ਜੜ੍ਹ ਦੀ ਸੱਚੀ ਸਰਕਾਰ, ਸਾਚਾ ਰਾਹ ਰਹੀ ਜਗਤ ਵਖਾਇਆ । ਸੰਮਤ ਚੌਦਾਂ ਹਰਿ ਵੇਖੇ ਅਖਾੜ, ਤ੍ਰੈ ਦੇਸ਼ਾਂ ਭੇੜ ਭਿੜਾਇਆ । ਸੰਮਤ ਪੰਦਰਾਂ ਅੰਦਰ ਵੜ, ਜੀਵ ਜੰਤ ਦਏ ਹਿਲਾਇਆ । ਸੰਮਤ ਸੋਲਾਂ ਆਪਣਾ ਘਾੜਨ ਘੜ, ਚਾਰੋਂ ਕੁੰਟ ਪਏ ਦੁਹਾਇਆ । ਸੰਮਤ ਸਤਾਰਾਂ ਸਾਚੇ ਪੌੜੇ ਆਪੇ ਚੜ੍ਹ, ਦੂਰ ਦੁਰਾਡੇ ਲਏ ਉਠਾਇਆ । ਸੰਮਤ ਅਠਾਰਾਂ ਇਕ ਵਹਾਏ ਪਾਣੀ ਹੜ੍ਹ, ਜਲਧਾਰਾ ਨਾਮ ਰਖਾਇਆ । ਸੰਮਤ ਉਨੀ ਈਸਾ ਮੂਸਾ ਜਾਇਣ ਝੜ, ਕੋਈ ਨਾ ਹੋਏ ਸਹਾਇਆ । ਸੰਮਤ ਬੀਸ ਹਰਿ ਜਗਦੀਸ਼ ਭਗਤ ਸੁਹੇਲੇ ਲਏ ਫੜ, ਜਮਨ ਕਿਨਾਰਾ ਸਾਚਾ ਧਾਮ ਸੁਹਾਇਆ । ਬੀਸ ਇਕੀਸ ਸਾਚਾ ਘਾੜਨ ਆਪੇ ਘੜ, ਸਾਚਾ ਮਾਰਗ ਦਏ ਲਗਾਇਆ । ਸੱਤ ਰੰਗ ਨਿਸ਼ਾਨਾ ਜਾਏ ਚੜ੍ਹ, ਸੱਤਾਂ ਦੀਪਾਂ ਇਕ ਸੰਦੇਸ਼ ਸੁਣਾਇਆ । ਸਾਚਾ ਤਾਜ ਸ਼ਬਦ ਸੀਸ ਸਾਚੇ ਧਰ, ਧਰਮੀ ਧਰਮ ਕਮਾਇਆ । ਨਾਮ ਸੋਟੀ ਹੱਥ ਫੜ, ਕੋਟੀ ਕੋਟ ਜੀਵ ਤਰਾਇਆ । ਪੰਚ ਪੰਚਾਇਣ ਲਾਏ ਜੜ੍ਹ, ਪੰਚ

ਪ੍ਰਮੁਖ ਸਾਚਾ ਰਾਜ ਚਲਾਇਆ । ਸਾਚਾ ਜੋੜਾ ਵੇਖੇ ਚਰਨ ਸ਼ਬਦ ਘੋੜਾ, ਅਗੰਮ ਅਗੰਮਾ ਚੜ੍ਹ ਕੇ ਆਇਆ । ਜੋਤੀ ਸ਼ਬਦੀ ਜੁੜਿਆ ਜੋੜਾ, ਦੋਹਾਂ ਮੇਲ ਮਿਲਾਇਆ । ਲੱਖ ਚੁਰਾਸੀ ਜੀਵ ਜੰਤ ਵੇਖੇ ਪਰਖੇ ਮਿੱਠਾ ਕੌੜਾ, ਖੇਲ ਆਪਣੇ ਹੱਥ ਰਖਾਇਆ । ਲਿਖਿਆ ਲੇਖ ਵੇਦ ਵਿਆਸ ਪੂਤ ਸਪੂਤਾ ਪਰਗਟ ਹੋਏ ਬ੍ਰਹਿਮਣ ਗੌੜਾ, ਨਿਹਕਲੰਕ ਨਾਉਂ ਰਖਾਇਆ । ਜਗਤ ਨਿਸ਼ਾਨਾ ਧਰਾਇਆ ਸਾਢੇ ਤਿੰਨ ਹੱਥ ਲੰਮਾ ਚੌੜਾ, ਕਲਜੁਗ ਜੀਆਂ ਸੀਆਂ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੰਦੇਸ਼ ਹੋ ਮਾਤ ਪਰਵੇਸ਼, ਰਾਸ਼ਟਰਪਤ ਸਾਚਾ ਰਿਹਾ ਜਣਾਇਆ । ਰਾਸ਼ਟਰਪਤ ਜਗਤ ਜੁਗੀਸ਼ਰ, ਧੰਨ ਤੇਰੀ ਕਮਾਈਆ । ਸਾਚਾ ਮੇਲਾ ਸ਼ਾਹ ਭਬੀਖਣ, ਰਾਮ ਰਾਮਾ ਜੋਤ ਜਗਾਈਆ । ਸ੍ਰਿਸ਼ਟ ਸਬਾਈ ਕਰੇ ਪਰੀਖਨ, ਪ੍ਰਭ ਪਰੀਖਿਆ ਕਿਸੇ ਨਾ ਆਈਆ । ਭਗਤ ਸੁਹੇਲਾ ਏਕਾ ਸਿਖੇ ਸਿਖਿਆ, ਸਾਚੀ ਸਿਖਿਆ ਹਰਿ ਮਨ ਭਾਈਆ । ਨੇਤਰ ਨੈਣ ਲੋਚਨ ਜਿਸ ਜਨ ਵੇਖਿਆ, ਪ੍ਰਭ ਆਤਮ ਤ੍ਰਿਸ਼ਨਾ ਭੁੱਖ ਮਿਟਾਈਆ । ਦੋ ਜਹਾਨ ਲਿਖਣਹਾਰਾ ਲੇਖਿਆ, ਜੁਗ ਜੁਗ ਪੈਜ ਰਖਾਈਆ । ਕਲਜੁਗ ਜੋਤੀ ਜਾਮਾ ਧਾਰੇ ਭੇਖਿਆ, ਸ਼ਬਦੀ ਬਣਤ ਬਣਾਈਆ । ਮਸਤਕ ਲਾਏ ਸਾਚੀ ਮੇਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਸ਼ਬਦ ਵਰ, ਰਾਸ਼ਟਰਪਤ ਜਗਤ ਦਰ ਸਾਚੇ ਰਿਹਾ ਸੇਵ ਕਮਾਈਆ । ਰਾਸ਼ਟਰਪਤ ਭਗਤ ਗਿਆਨ, ਜਗਤ ਹੋਏ ਸਹਾਰਾ । ਬੀਸ ਬੀਸੇ ਬਣੇ ਇਕ ਵਿਧਾਨ, ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਸੋਹਣ ਇਕ ਦਵਾਰਾ । ਪਰਗਟ ਹੋਏ ਸ੍ਰੀ ਭਗਵਾਨ, ਏਕਾ ਰੂਪ ਏਕਾ ਭੂਪ ਸ਼ਾਹ ਸੱਚਾ ਨਿਰੰਕਾਰਾ । ਗਊ ਗਰੀਬ ਨਿਮਾਣਿਆਂ ਦੇਵੇ ਜੀਆਂ ਦਾਨ, ਇਕ ਸਿਖਾਏ ਚਰਨ ਪਿਆਰਾ । ਸਚ ਧਰਮ ਦਾ ਝੁੱਲਾਏ ਇਕ ਨਿਸ਼ਾਨ, ਜੂਠ ਝੂਠ ਕਰਾਏ ਪਾਰ ਕਿਨਾਰਾ । ਜਨ ਭਗਤਾਂ ਆਤਮ ਜੋਤੀ ਦੇਵੇ ਬ੍ਰਹਮ ਗਿਆਨ, ਪਾਰਬ੍ਰਹਮ ਕਲ ਖੇਲ ਨਿਆਰਾ । ਜੋਤੀ ਜੋਤ ਸਰੂਪ ਹਰਿ, ਭਗਤ ਸੁਨੇਹੜਾ ਸ਼ਬਦ ਵਰ, ਆਏ ਜਾਏ ਦੇਵੇ ਦਰ ਦਵਾਰਾ । ਦਰ ਦਵਾਰੇ ਸਾਚਾ ਮਾਣਾ, ਸ਼ਬਦ ਸੰਦੇਸ਼ ਧੁਰ ਫ਼ਰਮਾਣਾ, ਆਦਿ ਜੁਗਾਦੀ ਵਸਿਆ । ਪਰਗਟ ਹੋਏ ਹਰਿ ਭਗਵਾਨਾ, ਕਲਜੁਗ ਅੰਧੇਰ ਮਿਟੇ ਅੰਧੇਰੀ ਮੱਸਿਆ । ਜਨ ਭਗਤਾ ਬੰਨੇ ਹੱਥੀਂ ਗਾਨਾ, ਤੀਰ ਨਿਰਾਲਾ ਸ਼ਬਦ ਸਾਚਾ ਕਸਿਆ । ਸੋਹੰ ਆਤਮ ਬ੍ਰਹਮ ਸਾਚੀ ਮਾਲਾ, ਹਰਿ ਹਿਰਦੇ ਅੰਦਰ ਵਸਿਆ । ਦੋ ਜਹਾਨੀ ਦੇਵੇ ਸੱਚਾ ਧਨ ਮਾਲਾ, ਰਸਨਾ ਰਸ ਏਕਾ ਰਸਿਆ । ਆਪੇ ਸ਼ਾਹ ਆਪੇ ਕੰਗਾਲਾ, ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਸ਼ਬਦ ਵਰ, ਧੁਰਦਰਗਾਹੀ ਆਏ ਨੱਸਿਆ । ਰਾਸ਼ਟਰਪਤ ਸ਼ਬਦ ਉਜਾਗਰ, ਨਿਰਮਲ ਇਕ ਰਖਾਈਆ । ਸ੍ਰਿਸ਼ਟ ਸਬਾਈ ਕਰਾਉਣੀ ਆਪ ਸੁਦਾਗਰ, ਸਾਚਾ ਨਾਮ ਜਪਾਈਆ । ਭਾਗ ਲੱਗੇ ਕਾਇਆ ਗਾਗਰ, ਡੂੰਘੇ ਸਾਗਰ ਅੰਮ੍ਰਿਤ ਆਤਮ ਤਾਲ ਸਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਨੇਹੜਾ ਦੇਵੇ ਵਰ, ਜੁਗ ਜੁਗ ਮੇਲਾ ਮੇਲ ਮਿਲਾਈਆ । ਰਾਸ਼ਟਰਪਤ ਹਰਿ ਰੱਖੇ ਜਗਤ ਸੱਚੀ ਸਰਨਾਈਆ ।

੧੦੨ ੦੬

### ❋ ੫ ਅੱਸੂ ੨੦੧੩ ਬਿਕ੍ਰਮੀ ਦਿੱਲੀ ਦਰਬਾਰ ਵਿਚ ਹਰਿ ਸੰਗਤ ਨੂੰ ਵਡਿਆਈ ਦਿਤੀ ❋

ਹਰਿ ਸੰਗਤ ਤੇਰੀ ਸਾਚੀ ਭੇਟ, ਪ੍ਰਭ ਆਪਣਾ ਸੀਸ ਲਗਾਇਆ । ਸ਼ਬਦ ਸਰੂਪੀ ਬਣਿਆ ਖੇਵਟ ਖੇਟ, ਜਗਤ ਜਗਦੀਸ ਅਖਵਾਇਆ । ਮਾਤ ਪਿਤ ਜਨ ਬਣਾਏ ਸਾਚੇ ਬੇਟ, ਤ੍ਰਿਸ਼ਨਾ ਪਿਆਸ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਸ਼ਬਦੀ ਰੰਗ ਰੰਗਾਇਆ । ਸੀਸ ਭੇਟ ਅਗਨੀ ਧਰ, ਅਗਨੀ ਵਿਚ ਸਮਾਈਆ । ਅਗਨੀ ਜੋਤੀ ਨੂਰ ਕਰ, ਸ਼ਬਦੀ ਬਣਤ ਬਣਾਈਆ । ਸ਼ਬਦ ਸਰਬ ਭਰਪੂਰ ਕਰ, ਕਲ ਆਪਣੇ ਹੱਥ ਰਖਾਈਆ । ਆਪ ਆਪਣਾ ਹਰਿ ਹਜ਼ੂਰ ਕਰ, ਹਰਿ ਕੀ ਪੌੜੀ ਇਕ ਵਖਾਈਆ । ਆਉਣਾ ਜਾਣਾ ਦਰ ਦਵਾਰ ਮਨਜ਼ੂਰ ਕਰ, ਦਿੱਲੀ ਤਖ਼ਤ ਤੇਰੀ ਮੇਟੇ ਮਾਤ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰੀ ਤੀਜੀ ਭੇਟ, ਆਪਣੀ ਹੱਥੀਂ ਆਪ ਭੇਟ ਕਰਾਈਆ । ਚੌਥੀ ਵਾਰ ਕਰ ਅਰਦਾਸ, ਦਾਸ ਦਾਸਾਂ ਦਏ ਉਠਾਇਆ । ਆਪੇ ਵਸੇ ਰਸਨ ਸਵਾਸ, ਆਪਣਾ ਰੂਪ ਦਏ ਵਖਾਇਆ । ਕਾਇਆ ਮੰਡਲ ਵਖਾਏ ਪ੍ਰਿਥਮੀ ਆਕਾਸ਼, ਬਰਾਟ ਬਰਾਟੀ ਰੂਪ ਸਮਾਇਆ । ਹਰਿ ਸਾਜਣ ਦਾਤਾ ਸ਼ਾਹੋ ਸ਼ਾਬਾਸ, ਗੁਰਮੁਖ ਸਾਚਾ ਸਾਚੇ ਹਟ ਵਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸੇਵਾ ਆਪੇ ਲਾਇਆ ।

### ❋ ੫ ਅੱਸੂ ੨੦੧੩ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਕਰੋਲ ਬਾਗ ਨਵੀਂ ਦਿੱਲੀ ❋

ਆਪੇ ਪਿਤਾ ਆਪੇ ਮਾਤਾ, ਆਪੇ ਬਾਲ ਸਖਾਈਆ । ਆਪੇ ਦੇਵੇ ਸਾਚੀ ਦਾਤਾ, ਦਾਤਾਰ ਆਪ ਅਖਵਾਈਆ । ਆਪੇ ਮੇਟੇ ਅੰਧੇਰੀ ਰਾਤਾ, ਅਗਿਆਨ ਅੰਧੇਰ ਮਿਟਾਈਆ । ਆਪ ਬੰਧਾਏ ਚਰਨੀ ਨਾਤਾ, ਚਰਨ ਕਵਲ ਸੱਚੀ ਸਰਨਾਈਆ । ਆਪੇ ਦੇਵੇ ਬੂੰਦ ਸਵਾਂਤਾ, ਅੰਮ੍ਰਿਤ ਰਸ ਚੁਆਈਆ । ਆਪੇ ਵਸੇ ਇਕ ਇਕਾਂਤਾ, ਇਕ ਇਕੱਲਾ ਘਰ ਵਸਾਈਆ । ਆਪੇ ਪੁੱਛੇ ਜਨ ਭਗਤਾਂ ਵਾਤਾਂ, ਜੁਗ ਜੁਗ ਰੀਤ ਚਲਾਈਆ । ਦਰਸ ਦਿਖਾਏ ਬਹੁ ਬਹੁ ਭਾਂਤਾ, ਭਰਮੇ ਗੜ੍ਹ ਤੁੜਾਈਆ । ਜੋਤ ਸਰੂਪੀ ਹਰਿ ਬਿਧਾਤਾ, ਬਿਧਨਾ ਆਪਣੇ ਚਰਨ ਲਗਾਈਆ । ਲਿਖਿਆ ਲੇਖ ਆਪ ਪਛਾਤਾ, ਪਿਛਲਾ ਲਹਿਣ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਨਸ ਦੇਹੀ ਮਾਨਸ ਆਪ ਬਣਾਈਆ । ਮਾਨਸ ਦੇਹੀ ਆਤਮ ਮਾਣ, ਦੇਵਣਹਾਰ ਦਾਤਾਰਾ । ਸੁਰਤ ਸ਼ਬਦ ਇਕ ਗਿਆਨ, ਕਰਮ ਧਰਮ ਜੈਕਾਰਾ । ਪੰਚਮ ਤਟ ਮਿਟੇ ਨਿਸ਼ਾਨ, ਬਖ਼ਸ਼ੇ ਚਰਨ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਾਏ ਪਾਰ ਕਿਨਾਰਾ । ਪਾਰ ਕਿਨਾਰਾ ਦੋ ਜਹਾਨ, ਆਪਣਾ ਆਪ ਕਰਾਇੰਦਾ । ਸ਼ਬਦ ਫੜਾਏ ਹੱਥ ਨਿਸ਼ਾਨ, ਕਲਜੁਗ ਅੰਤ ਝੁਲਾਇੰਦਾ । ਆਪੇ ਹੋਏ ਜਾਣੀ ਜਾਣ, ਜਾਣਨਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਕਰ ਕਿਰਪਾ ਪਾਰ ਕਰਾਇੰਦਾ । ਕਿਰਪਾ ਕਰ ਆਪ ਗਿਰਧਾਰ, ਨਿਰਧਨ ਸੰਗ ਸਮਾਇਆ । ਨਿਰਧਨ ਸਰਧਨ ਮੇਲ ਦਰ, ਸਾਚਾ ਮੀਤ ਅਖਵਾਇਆ । ਦਰਦ ਦੁੱਖ ਭੰਜਨ ਜਗਤ ਭਾਰ ਉਠਾਏ ਗਵਰਧਨ, ਪ੍ਰਭ ਕਾਹਨਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸੰਤੋਖ ਸ਼ਬਦ ਮੋਖ ਸਾਚੀ ਭੇਟ ਚੜ੍ਹਾਇਆ । ਸਾਚਾ ਘਰ ਚਰਨ ਦਵਾਰ, ਚਰਨ ਦਵਾਰ

ਘਰ ਵਸਾਇੰਦਾ । ਸਾਚਾ ਸਰ ਮਿਲੇ ਵਰ ਜਾਏ ਤਰ, ਤਾਰਨਹਾਰ ਦਇਆ ਕਮਾਇੰਦਾ । ਆਪ ਆਪਣਾ ਰੰਗ ਰਿਹਾ ਕਰ, ਦੂਸਰ ਕੋਈ ਨਾ ਰੱਖੇ ਸੰਗ, ਲੱਖ ਚੁਰਾਸੀ ਜਮ ਕੀ ਫਾਸੀ ਡਰ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਮੀਤਾ ਆਪ ਕਰਾਏ ਦਾਸਨ ਦਾਸੀ, ਆਪ ਆਪਣਾ ਦਰਸ ਦਿਖਾਇੰਦਾ ।

### ❋ ੫ ਅੱਸੂ ੨੦੧੩ ਬਿਕ੍ਰਮੀ ਬੂਆ ਸਿੰਘ ਦੇ ਗ੍ਰਿਹਿ ਮੁਰਾਦ ਨਗਰ ਜ਼ਿਲਾ ਮੇਰਠ ❋

ਸਾਜਨ ਸਾਹਿਬ ਸਾਖਿਆਤ, ਸਰਬ ਕਲ ਭਰਪੂਰਾ । ਗੁਰਸਿਖ ਬਣਾਏ ਪਾਰਜ਼ਾਤ, ਨਿਰਮਲ ਜੋਤੀ ਬਖ਼ਸ਼ੇ ਨੂਰਾ । ਮਿਟੇ ਰੈਣ ਅੰਧੇਰੀ ਰਾਤ, ਜਗਤ ਵਿਕਾਰਾ ਕਰੇ ਦੂਰਾ । ਚਰਨ ਪ੍ਰੀਤੀ ਬਖ਼ਸ਼ੇ ਦਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਹਾਜ਼ਰ ਹਜ਼ੂਰਾ । ਹਰਿ ਦਰਸ਼ਨ ਜਨ ਸ਼ਾਂਤ, ਤ੍ਰਿਖਾ ਅਗਨ ਬੁਝਾਈਆ । ਨੇਤਰ ਪਰਸ ਇਕ ਇਕਾਂਤ, ਸੋਈ ਸੁਰਤ ਜਗਾਈਆ । ਆਤਮ ਦੇਵੇ ਬੂੰਦ ਸਵਾਂਤ, ਸੀਤਲ ਧਾਰ ਵਹਾਈਆ । ਸਾਚਾ ਮੇਲਾ ਕਮਲਾਪਾਤ, ਕਮਲੀ ਵਾਲਾ ਆਪ ਅਖਵਾਈਆ । ਗੁਰ ਸੰਗਤ ਬਣਾਏ ਸਚ ਬਰਾਤ, ਦਰ ਸਾਚੇ ਮੰਗਲ ਗਾਈਆ । ਗਊ ਗਰੀਬਾਂ ਆਪੇ ਪੁੱਛੇ ਵਾਤ, ਘਰ ਘਰ ਫੇਰਾ ਪਾਈਆ । ਆਪ ਨਿਭਾਏ ਆਪਣਾ ਸਾਥ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਆਏ ਬੇੜਾ ਪਾਰ ਕਰਾਈਆ । ਬੇੜਾ ਬੰਨੇ ਲਾਵਣਹਾਰ, ਸਰਬ ਜੀਆਂ ਪ੍ਰਭ ਦਾਤਾ । ਸਾਚੀ ਦਾਤ ਦੇਵੇ ਵਿਚ ਸੰਸਾਰ, ਚਰਨ ਪ੍ਰੀਤੀ ਨਾਤਾ । ਚਰਨ ਪ੍ਰੀਤੀ ਚਰਨ ਕਵਲ ਪਿਆਰ, ਉਤਮ ਹੋਏ ਜ਼ਾਤਾ । ਉਤਮ ਜ਼ਾਤਾ ਹਰਿ ਦਵਾਰ, ਹਰਿ ਹਰਿ ਆਪ ਪਛਾਤਾ । ਹਰਿ ਹਰਿ ਰਾਮ ਪਸਰ ਪਸਾਰ, ਸਰਬ ਜੀਆਂ ਕਾ ਗਿਆਤਾ । ਸਰਬ ਜੀਆਂ ਪ੍ਰਭ ਜਾਨਣਹਾਰ, ਜਨ ਭਗਤਾਂ ਦੇਵੇ ਸ਼ਬਦ ਸੁਗ਼ਾਤਾ । ਸ਼ਬਦ ਸੁਗ਼ਾਤੀ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਗ ਲਗਾਏ ਸਾਚੇ ਡਾਲ੍ਹ, ਮਿਟੇ ਰੈਣ ਅੰਧੇਰੀ ਰਾਤਾ ।

### ❋ ੫ ਅੱਸੂ ੨੦੧੩ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ❋

ਜਗਤ ਜੁਗ ਜੋਗ ਪ੍ਰਭ ਹੱਥ, ਵਡ ਵਡਿਆਈਆ । ਆਪੇ ਆਪ ਚਲਾਏ ਰਥ, ਦਿਸ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਲਿਆ ਮਥ, ਕਲਜੁਗ ਵਾਰੀ ਆਈਆ । ਜੂਠ ਝੂਠ ਖੁਲ੍ਹਿਆ ਹਟ, ਸਚ ਵਸਤ ਹੱਥ ਨਾ ਆਈਆ । ਔਖੀ ਘਾਟੀ ਤੀਰਥ ਤਟ, ਸਚ ਕਿਨਾਰਾ ਨਾ ਕੋਈ ਵਖਾਈਆ । ਸਾਧਾਂ ਸੰਤਾਂ ਮਮਤਾ ਫਟ, ਪਟੀ ਨਾਮ ਨਾ ਕੋਈ ਬੰਧਾਈਆ । ਮਾਇਆ ਖੇਲ ਬਾਜ਼ੀਗਰ ਨਟ, ਚੰਚਲ ਰੂਪ ਵਖਾਈਆ । ਧਰਮ ਕਰਮ ਹੋਇਆ ਭੱਠ, ਨਾ ਕੋਈ ਕਿਸੇ ਸਹਾਈਆ । ਯਤ ਸਤਿ ਗਿਆ ਨੱਠ, ਆਤਮ ਧੀਰ ਰਹੀ ਨਾ ਰਾਈਆ । ਸਾਚਾ ਮੰਦਰ ਗਿਆ ਢੱਠ, ਸਤਿ ਸੰਤੋਖ ਦਿੱਸ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਇਕੱਠ, ਪੰਚਮ ਮਤਾ ਪਕਾਈਆ । ਕਲਜੁਗ ਅਗਨੀ ਲਾਏ ਮੱਠ, ਤਤੀ ਪਵਣ ਰਖਾਈਆ । ਜਗਤ ਵਿਕਾਰਾ ਮਾਰੇ ਸੱਟ, ਹਾਹਾਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ

ਤਤ ਵਿਚਾਰ, ਤ੍ਰੈਗੁਣ ਮਾਇਆ ਰੂਪ ਵਟਾਈਆ । ਤ੍ਰੈਗੁਣ ਮਾਇਆ ਤੇਰਾ ਸੰਗ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਚੜ੍ਹਿਆ ਰੰਗ, ਸਾਚਾ ਹਿਸਾ ਮਾਤ ਵੰਡਾਇਆ । ਅੰਤਮ ਕਰੇ ਮਾਤ ਭੰਗ, ਭਰਮ ਗੜ੍ਹ ਤੁੜਾਇਆ । ਪਰਗਟ ਹੋਏ ਹਰਿ ਸੂਰਾ ਸਰਬੰਗ, ਅੰਦਰ ਵੜ ਸਾਚੇ ਮੰਦਰ ਆਪੇ ਚੜ੍ਹ ਦਰ ਦਵਾਰਿਓ ਦੇਵੇ ਬਾਹਰ ਕਰਾਇਆ । ਨੌ ਖੰਡ ਪ੍ਰਿਥਮੀ ਲੱਗੀ ਜੜ੍ਹ, ਸੱਤਾਂ ਦੀਪਾਂ ਰਹੀ ਲੜ, ਪ੍ਰਭ ਸਾਚਾ ਦਏ ਤੁੜਾਇਆ । ਜਗਤ ਵਿਸਿਆ ਜਾਏ ਝੜ, ਹਰਿ ਦਸਮੇਸਾ ਰਿਹਾ ਲੜ, ਕੋਈ ਨਾ ਸਕੇ ਮਾਤ ਫੜ, ਪ੍ਰਭ ਆਪਣਾ ਮੁਖ ਛੁਪਾਇਆ । ਜੂਠ ਝੂਠ ਜਾਏ ਝੜ, ਨਾ ਕੋਈ ਪੀਏ ਹੁੱਕਾ ਨੜ, ਮਦਿਰਾ ਮਾਸ ਨਾ ਮੁਖ ਰਖਾਇਆ । ਸ੍ਰਿਸ਼ਟ ਸਬਾਈ ਏਕਾ ਅੱਖਰ ਜਾਏ ਪੜ੍ਹ, ਪੁਰਖ ਅਬਿਨਾਸ਼ੀ ਆਪ ਫੜਾਏ ਆਪਣਾ ਲੜ, ਦੂਸਰ ਕੋਇ ਰਹਿਣ ਨਾ ਪਾਇਆ । ਨਾ ਕੋਈ ਪੂਜੇ ਗੌਰ ਮੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਰਿਹਾ ਕਮਾਇਆ । ਕਰਨੀ ਕਿਰਤ ਕਮਾਏ, ਕਰਨਹਾਰ ਕਰਤਾਰਾ । ਧਰਨ ਧਰਤ ਧਵਲ ਹਿਲਾਏ, ਨਾ ਝੱਲੇ ਮਾਤ ਭਾਰਾ । ਗੁਰਮੁਖ ਸਾਚੇ ਸਰਨੀ ਸਰਨ ਲਗਾਏ, ਦਰਸ ਦਿਖਾਏ ਏਕਾ ਏਕੰਕਾਰਾ । ਹਰਨੀ ਫਰਨੀ ਨੈਣ ਖੁਲ੍ਹਾਏ, ਭੇਵ ਚੁਕਾਏ ਗੁਪਤ ਜ਼ਾਹਿਰਾ । ਸਾਚੀ ਚਰਨੀ ਜਿਸ ਜਨ ਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦ ਦੇਵੇ ਨਾਮ ਭੰਡਾਰਾ । ਕੰਚਨ ਕਾਇਆ ਰੂਪ, ਕਾਇਆ ਗੜ੍ਹ ਅਪਾਰ । ਹਰਿ ਸਾਚਾ ਸ਼ਾਹੋ ਭੂਪ, ਬੈਠੇ ਸਚ ਦਵਾਰ । ਨਾ ਕੋਈ ਰੰਗ ਨਾ ਕੋਈ ਰੂਪ, ਸਤਿ ਸਰੂਪ ਅਧਾਰ । ਵੇਖ ਵਖਾਣੇ ਦਹਿ ਦਿਸ਼ਾ ਚਾਰੇ ਕੂਟ, ਪੁਰੀਆਂ ਲੋਆਂ ਪਾਵੇ ਸਾਰ । ਤੀਰ ਨਿਰਾਲਾ ਰਿਹਾ ਛੂਟ, ਲੱਖ ਚੁਰਾਸੀ ਆਰ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਤ ਮਾਤ ਤੇਰਾ ਲਾਹਵਣ ਆਇਆ ਭਾਰ । ਧਰਤ ਨਿਮਾਣੀ ਚਰਨ ਦਾਸੀ, ਦਿਵਸ ਰੈਣ ਕੁਰਲਾਈਆ । ਕਲਜੁਗ ਜੀਵ ਮਦਿਰਾ ਮਾਸੀ, ਰਸਨ ਹੋਈ ਹਲਕਾਈਆ । ਕੋਈ ਨਾ ਗਾਏ ਸਵਾਸ ਸਵਾਸੀ, ਮਾਨਸ ਗਏ ਭੁਲਾਈਆ । ਧਰਮ ਰਾਏ ਹੱਥ ਫੜੇ ਫਾਸੀ, ਚਾਰੋਂ ਕੁੰਟ ਰਿਹਾ ਵਖਾਈਆ । ਲਾੜੀ ਮੌਤ ਕਰੇ ਹਾਸੀ, ਅੰਤਮ ਵਾਰੀ ਮੇਰੀ ਆਈਆ । ਪੜ੍ਹ ਪੜ੍ਹ ਥੱਕੇ ਪੰਡਤ ਕਾਸ਼ੀ, ਪਰਾਗ ਅਯੁਧਿਆ ਪਏ ਦੁਹਾਈਆ । ਪਰਗਟ ਹੋਏ ਘਨਕਪੁਰ ਵਾਸੀ, ਕੰਤ ਸੁਹਾਗ ਨਾ ਕੋਈ ਹੰਢਾਈਆ । ਜਨਮ ਦਵਾਏ ਰਾਣੀ ਝਾਂਸੀ, ਗੀਤਾ ਬਾਈ ਨਾਮ ਰਖਾਈਆ । ਬੀਸ ਬੀਸਾ ਕਰੇ ਦਾਸੀ, ਆਗਰਾ ਲਏ ਜਗਾਈਆ । ਤੀਜੀ ਕੂਟ ਰੱਖੀ ਵਾਸੀ, ਗਲੀ ਮਹੱਲਾ ਲੇਖ ਲਿਖਾਈਆ । ਘਟ ਘਟ ਜਾਣੇ ਪੁਰਖ ਅਬਿਨਾਸ਼ੀ, ਭਾਰਤ ਖੰਡ ਲਾਡ ਲਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨ ਜਗਤ ਰਚਾਈਆ । ਜਾਗਣਹਾਰਾ ਹਰਿ ਦਾਤਾਰ, ਸ੍ਰਿਸ਼ਟ ਸਬਾਈ ਜਗਾਇੰਦਾ । ਦਾਗਣਹਾਰਾ ਸਰਬ ਸੰਸਾਰ, ਕਲਜੁਗ ਦਾਗ਼ ਮਿਟਾਇੰਦਾ । ਮੇਟਣਹਾਰਾ ਤ੍ਰਿਸ਼ਨਾ ਆਗ, ਸਤਿਜੁਗ ਸਤਿ ਰਖਾਇੰਦਾ । ਲਪੇਟਣਹਾਰਾ ਸਾਚੇ ਤਾਗ, ਸਾਚੇ ਤਨ ਪਹਿਨਾਇੰਦਾ । ਲੱਖ ਚੁਰਾਸੀ ਹੱਥ ਪਕੜੇ ਵਾਗ, ਸਾਚਾ ਸ਼ਬਦ ਜਣਾਇੰਦਾ । ਚਰਨ ਧੂੜ ਮਜਨ ਸਾਚਾ ਮਾਘ, ਸਰ ਸਰੋਵਰ ਇਕ ਵਖਾਇੰਦਾ । ਹੰਸ ਬਣਾਏ ਫੜ ਫੜ ਕਾਗ, ਦੁਰਮਤ ਮੈਲ ਗਵਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਅੰਧ ਅਗਿਆਨ ਮਿਟਾਇੰਦਾ । ਸਰਨ ਸਰਨਾਈ ਜੋ ਜਨ ਜਾਏ ਲਾਗ, ਜਨਣੀ ਜਨ ਰੂਪ ਵਟਾਇੰਦਾ । ਆਤਮ ਦੇਵੇ ਇਕ ਵੈਰਾਗ, ਭੈ ਭੰਜਨੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗ ਜੁਗਤ ਜਗਤ ਆਪਣੇ ਹੱਥ ਰਖਾਇੰਦਾ । ਜਗਤ ਫੰਦਨ ਕਲਜੁਗ ਬਾਂਧਾ, ਨਾ ਹੋਏ ਮਾਤ ਛੁਟਕਾਰਾ ।

ਸਾਧ ਸੰਤ ਆਤਮ ਆਂਧਾ, ਭਰਿਆ ਤਨ ਹੰਕਾਰਾ । ਦਿਵਸ ਰੈਣ ਪੰਜਾਂ ਚੋਰਾਂ ਬਾਂਧਾ, ਰਸਨਾ ਬੋਲੇ ਬੋਲੇ ਕਰੇ ਬੁਲਾਰਾ । ਨਾ ਕੋਈ ਜਾਣੇ ਪੰਡਤ ਪਾਂਧਾ, ਗ੍ਰੰਥੀ ਗਾਥਾ ਹਾਹਾਕਾਰਾ । ਕਲਜੁਗ ਅੰਤਮ ਥੱਕਾ ਮਾਂਦਾ, ਪ੍ਰਭ ਚਰਨੀ ਡਿੱਗੇ ਵੇਖੇ ਸਚ ਦਵਾਰਾ । ਕਰਮ ਕੁਕਰਮਾਂ ਵੇਖ ਸ਼ਰਮਾਂਦਾ, ਨਾ ਕੋਈ ਦੇਵੇ ਅੰਤ ਸਹਾਰਾ । ਖਾਲੀ ਹੱਥੀਂ ਦੋਵੇਂ ਜਾਂਦਾ, ਨਾਮ ਸੀਸ ਨਾ ਮਿਲਿਆ ਸੱਚਾ ਦਸਤਾਰਾ । ਦਿਵਸ ਰੈਣ ਰਹੇ ਕੁਰਲਾਂਦਾ, ਜੂਠ ਝੂਠ ਮਾਰੇ ਨਾਅਰਾ । ਆਪਣੀ ਭੁੱਲ ਅੰਤ ਬਖ਼ਸ਼ਾਂਦਾ, ਦੋਵੇਂ ਭੁਜਾ ਪਸਾਰਾ । ਜੋਤ ਸਰੂਪੀ ਵੇਖ ਵਖਾਂਦਾ, ਕਲਜੁਗ ਤੇਰਾ ਅੰਤ ਕਿਨਾਰਾ । ਸਤਿਜੁਗ ਸਾਚਾ ਦਿਵਸ ਰੈਣ ਧਿਆਂਦਾ, ਕਿਰਪਾ ਕਰ ਗਿਰਧਾਰਾ । ਮਾਤਲੋਕ ਤੇਰਾ ਦਰਸ਼ਨ ਪਾਂਦਾ, ਸੋਂਹਦਾ ਸਚ ਦਵਾਰਾ । ਭਗਤ ਜਨਾਂ ਨੂੰ ਰਾਹ ਵਖਾਂਦਾ, ਸੋਹੰ ਗਾਉਂਦਾ ਗੀਤ ਅਪਾਰਾ । ਏਕਾ ਢੋਲਾ ਨਾਮ ਅਨਾਦੀ ਜਗਤ ਵਜਾਉਂਦਾ, ਚਾਰ ਕੁੰਟ ਕਰਾਏ ਜੈ ਜੈਕਾਰਾ । ਗੁਰਮੁਖ ਸਾਚਾ ਸੰਤ ਸੁਹੇਲਾ ਆਤਮ ਮੰਦਰ ਜੋ ਜਨ ਧਿਆਉਂਦਾ, ਦੇਵੇ ਸ਼ਬਦ ਹੁਲਾਰਾ । ਸਾਚੀ ਇੱਕੀ ਕਲਜੁਗ ਤੇਰੀ ਅੰਤਮ ਵਾਰ ਏਕਾ ਪਾਉਂਦਾ, ਗੁਰਮੁਖਾਂ ਦਰ ਜਾਏ ਬਣ ਭਿਖਾਰਾ । ਰਸਨਾ ਗੁਰਮੁਖ ਗੋਬਿੰਦ ਸਾਚੇ ਗਾਉਂਦਾ, ਭਰਦਾ ਜਾਏ ਭੰਡਾਰਾ । ਮਨਮੁਖ ਜੀਵ ਅੰਤ ਖਪਾਉਂਦਾ, ਮੇਟ ਮਿਟਾਏ ਦੁਸ਼ਟ ਦੁਰਾਚਾਰਾ । ਊਚ ਨੀਚ ਜ਼ਾਤ ਪਾਤੀ ਵਕਤ ਚੁਕਾਉਂਦਾ, ਚਾਰ ਵਰਨ ਏਕਾ ਘਰ ਬਹੌਂਦਾ, ਦਰ ਸੱਚੇ ਦਰਬਾਰਾ । ਪੁਰਖ ਅਬਿਨਾਸ਼ੀ ਮੇਲ ਮਿਲਾਉਂਦਾ, ਲੱਖ ਚੁਰਾਸੀ ਫੰਦ ਕਟਾਉਂਦਾ, ਦੇਵੇ ਨਾਮ ਅਧਾਰਾ । ਘਨਕਪੁਰ ਵਾਸੀ ਜੋਤ ਜਗਾਉਂਦਾ, ਸ਼ਾਹੋ ਭੂਪ ਆਪ ਅਖਵੌਂਦਾ, ਚਰਨ ਛੁਹਾਏ ਦਿੱਲੀ ਦਰਬਾਰਾ । ਰਾਸ਼ਟਰਪਤ ਦੇ ਮਤ ਆਪ ਸਮਝਾਉਂਦਾ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਲੇਖਾ ਚੁੱਕੇ ਨਗਰ ਸ਼ਹਿਰ ਕਾਇਆ ਗੜ੍ਹ ਗਰਾਉਂ ਦਾ, ਅੰਤਮ ਮੇਲਾ ਜਮਨ ਕਿਨਾਰਾ । ਲਹਿਣਾ ਦੇਣ ਵੇਖ ਵਖਾਏ ਗੁਰਮੁਖਾਂ ਸਾਚਾ ਲੇਖ ਚੁਕਾਏ ਥਾਉਂ ਥਾਉਂ ਦਾ, ਜੋਤੀ ਸ਼ਬਦੀ ਪਾਵੇ ਸਾਰਾ । ਸਾਚਾ ਨਾਤਾ ਜੋੜ ਜੁੜਾਏ ਪਿਤਾ ਪੂਤ ਮਾਉਂ ਦਾ, ਸਾਚੀ ਗੋਦੀ ਕਰੇ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਕਰੇ ਪਾਰ ਕਿਨਾਰਾ । ਪਾਰ ਕਿਨਾਰੇ ਇਕ ਵਖਾਏ, ਦੋ ਜਹਾਨੀ ਕੰਢਾ । ਨੌ ਖੰਡ ਪ੍ਰਿਥਮੀ ਆਪ ਉਠਾਏ, ਖੇਲ ਖਿਲਾਏ ਵਿਚ ਬ੍ਰਹਿਮੰਡਾਂ । ਸੱਤਾਂ ਦੀਪਾਂ ਵੰਡ ਵੰਡਾਏ, ਭੇਵ ਚੁਕਾਏ ਜੇਰਜ ਅੰਡਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਮੇਟੇ ਮੇਟ ਮਿਟਾਏ ਕਲਜੁਗ ਭੇਖ ਪਖੰਡਾ । ਕਲਜੁਗ ਭੇਖ ਪਖੰਡ ਅੰਧੇਰੀ ਰੈਣ, ਚਾਰੋਂ ਕੁੰਟ ਛਾਇਆ । ਜੂਠਾ ਝੂਠਾ ਵਹੇ ਵਹਿਣ, ਮਾਇਆ ਮਮਤਾ ਪਰਦਾ ਪਾਇਆ । ਅੰਤਮ ਅੰਤ ਖਾਏ ਡੈਣ, ਸਹਿੰਸਾ ਰੋਗ ਨਾ ਕੋਇ ਚੁਕਾਇਆ । ਹਰਿ ਦਰਸ ਨਾ ਪੇਖੇ ਤੀਜੇ ਨੈਣ, ਦੋਏ ਮੂੰਦ ਰਸਨ ਵਿਕਾਰ ਚਲਾਇਆ । ਨਾ ਕੋਈ ਚੁਕਾਏ ਲਹਿਣ ਦੇਣ, ਅੰਮ੍ਰਿਤ ਸਵਾਂਤ ਬੂੰਦ ਨਾ ਕੋਈ ਪਿਆਇਆ । ਝੂਠਾ ਨਾਤਾ ਭਾਈ ਭੈਣ, ਅੰਤਮ ਅੰਤ ਨਾ ਕੋਇ ਸਹਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਸਦਾ ਸਦਾ ਮਾਤ ਵਿਚ ਰਹਿਣ, ਪ੍ਰਭ ਲੇਖਾ ਰਿਹਾ ਲਿਖਾਇਆ । ਧੰਨ ਗੁਰਦੇਵ ਧੰਨ ਗੁਰਸਿਖ, ਸਾਚੀ ਸੇਵਾ ਸੇਵਕ ਰਿਹਾ ਲਗਾਇਆ । ਧੁਰ ਦਰਗਾਹੀ ਸ਼ਬਦ ਸਿੰਘਾਸਣ ਬੈਠਾ ਲੇਖ ਰਿਹਾ ਲਿਖ, ਲੇਖਾ ਆਪਣੇ ਹੱਥ ਰਖਾਇਆ । ਬ੍ਰਹਮਾ ਸ਼ਿਵ ਮੰਗੇ ਭਿਖ, ਹਰਿ ਭਿਖਕ ਭਿਖਿਆ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਉਪਜਾਏ ਮੁਨ ਰਿਖ, ਰਿਖ ਮੁਨ ਆਪ ਉਪਾਇਆ । ਮੁਨੀ ਰਿਖੀ ਆਤਮ ਸੁਨੀ ਜੋਗ ਅਭਿਆਸੀ, ਦਾਸਨ ਦਾਸ ਸਨਿਆਸ ਵੈਰਾਗ ਜਣਾਈਆ । ਪਕੜ ਉਠਾਏ ਪੰਡਤ ਕਾਸ਼ੀ, ਡੂੰਘੀ ਕੰਦਰ ਸ਼ਬਦ

੧੦੬
੦੬

ਸਵਾਸੀ, ਉਚੇ ਮੰਦਰ ਕਰਨ ਹਾਸੀ, ਸਵਾਂਗੀ ਸਵਾਂਗ ਰਹਿਣ ਨਾ ਪਾਈਆ । ਸੰਧਿਆ ਵੇਖੇ ਸਾਚੀ ਰਾਸੀ, ਅੰਮ੍ਰਿਤ ਵੇਲਾ ਹਰਿ ਪਰਭਾਤੀ, ਨਾ ਕੋਈ ਦੀਵਾ ਨਾ ਕੋਈ ਬਾਤੀ, ਅਗਿਆਨ ਅੰਧੇਰ ਸੰਞ ਸਵੇਰ ਆਪੇ ਰਿਹਾ ਕਰਾਈਆ । ਪੰਜ ਤਤ ਤਨ ਕਾਇਆ ਮਾਟੀ, ਨੌ ਦਵਾਰੇ ਔਖੀ ਘਾਟੀ, ਜੀਵ ਜੰਤ ਨਾ ਕੋਇ ਪਾਰ ਕਰਾਇਆ । ਨਹਾ ਨਹਾ ਥੱਕੇ ਤੀਰਥ ਤਾਟੀ, ਦੁਰਮਤ ਮੈਲ ਨਾ ਕਿਸੇ ਕਾਟੀ, ਸ਼ਬਦ ਸ਼ਿੰਗਾਰ ਨਾ ਕੋਇ ਕਰਾਇਆ । ਬਜਰ ਕਪਾਟ ਨਾ ਕਿਸੇ ਪਾਟੀ, ਨਾਮ ਨਾ ਮਿਲਿਆ ਸਾਚੀ ਹਾਟੀ, ਵਣਜ ਵਣਜਾਰਾ ਕੋਈ ਦਿਸ ਨਾ ਆਈਆ । ਪੜ੍ਹ ਪੜ੍ਹ ਥੱਕੇ ਪੂਜਾ ਪਾਠੀ, ਸ਼ਬਦ ਨਾ ਮਿਲੀ ਸਾਚੀ ਲਾਠੀ, ਦੁਬਦਾ ਮੈਂ ਨਾ ਦਰ ਤੋਂ ਨਾਠੀ, ਰੰਗ ਮਜੀਠ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਦਰ, ਦਰ ਦਰਵਾਜ਼ਾ ਇਕ ਖੜਕਾਈਆ । ਦਰ ਦਰਵਾਜ਼ਾ ਏਕਾ ਖੜਕੇ, ਹਰਿ ਜੋਤੀ ਜੋਤ ਜਗਾਇੰਦਾ । ਲੱਖ ਚੁਰਾਸੀ ਕਾਲਜਾ ਧੜਕੇ, ਧੀਰਜ ਧੀਰ ਨਾ ਕੋਈ ਧਰਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਅਧਵਿਚਕਾਰਾ ਅਟਕੇ, ਸਾਂਤਕ ਸਤਿ ਨਾ ਕੋਈ ਵਰਤਾਇੰਦਾ । ਚਿੰਤਾ ਅਗਨੀ ਲੱਗੇ ਕਾਇਆ ਮਟਕੇ, ਅੰਮ੍ਰਿਤ ਧਾਰ ਨਾ ਕੋਈ ਵਹਾਇੰਦਾ । ਸ਼ਬਦ ਅਗੰਮਾ ਚੜ੍ਹਿਆ ਕਟਕੇ, ਨਾ ਕੋਈ ਵੇਖ ਵਖਾਇੰਦਾ । ਲੱਖ ਚੁਰਾਸੀ ਧਰਤ ਮਾਤ ਦੀ ਗੋਦੀ ਹਟਕੇ, ਏਕਾ ਵਾਰ ਕਰਾਇੰਦਾ । ਪ੍ਰਭ ਅਬਿਨਾਸ਼ੀ ਦੂਰ ਦੁਰਾਡਾ ਬੈਠਾ ਹੱਟ ਕੇ, ਸ਼ਬਦ ਸਰੂਪੀ ਰਚਨ ਰਚਾਇੰਦਾ । ਨਾ ਕੋਈ ਖਾਏ ਹਲਾਲੀ ਝਟਕੇ, ਪ੍ਰਭ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਨੇਤਰ ਵੇਖ ਲਾੜੀ ਮੌਤ ਭਟਕੇ, ਹਰਿ ਸਾਚਾ ਹੁਕਮ ਜਣਾਇੰਦਾ । ਲੱਖ ਚੁਰਾਸੀ ਕਲਜੁਗ ਦਾਤ, ਅੰਤਮ ਮੰਗੇ ਮੰਗ ਸਵਾਲੀਆ । ਪੁਰਖ ਅਬਿਨਾਸ਼ੀ ਵੇਖੇ ਮਾਰ ਝਾਤ, ਕਵਣ ਸ਼ਾਹ ਕਵਣ ਕੰਗਾਲੀਆ । ਕਵਣ ਬੈਠਾ ਇਕ ਇਕਾਂਤ, ਪ੍ਰਭ ਚਰਨ ਧਿਆਨ ਇਕ ਰਖਾਲੀਆ । ਵਰਨ ਬਰਨ ਖੇਲ ਖੇਲੇ ਬਹੁ ਬਹੁ ਭਾਂਤ, ਖਿਚੇ ਜੋਤੀ ਜੋਤ ਜਵਾਲਿਆ । ਤੀਰਥ ਤੱਟਾਂ ਨਾਤਾ ਤੁੱਟੇ ਪੁਰਖ ਅਬਿਨਾਸ਼ੀ ਤੇਰਾ ਨਾਤ, ਕਲਜੁਗ ਅੰਤਮ ਕਰੇ ਖਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਅੰਤਮ ਜਾਣਾ ਹੱਥੀਂ ਖਾਲੀਆ । ਗਾਵਤ ਗਾਵਤ ਗਾ ਰਹੇ, ਗਹਿਰ ਗੰਭੀਰ ਅਨਾਦ । ਧਿਆਵਤ ਧਿਆਵਤ ਧਿਆ ਰਹੇ, ਪਾਰਬ੍ਰਹਮ ਬ੍ਰਹਿਮਾਦ । ਸੁਣਾਵਤ ਸੁਣਾਵਤ ਸੁਣਾ ਰਹੇ, ਆਦਿ ਜੁਗਾਦਿ ਆਦਿ । ਪਾਵਤ ਪਾਵਤ ਪਾ ਰਹੇ, ਰਸਨਾ ਨਾਮ ਸਵਾਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਤ ਦੇਵ ਸਾਚੀ ਦਾਦ । ਗਾਇਣ ਗੁਣ ਗੋਬਿੰਦ, ਹਰਿ ਗੋਬਿੰਦ ਰੂਪ ਸਮਾਇਆ । ਸਰਬ ਜੀਆਂ ਬਖ਼ਸ਼ਿੰਦ, ਦਰ ਸਗਲੀ ਚਿੰਦ ਮਿਟਾਇਆ । ਧਾਰ ਵਹਾਏ ਅੰਮ੍ਰਿਤ ਸਾਗਰ ਸਿੰਧ, ਹਰਿ ਸਾਚਾ ਤਾਲ ਸੁਹਾਇਆ । ਸ੍ਰਿਸ਼ਟ ਸਬਾਈ ਨਿੰਦ, ਨਿੰਦਕ ਨਿੰਦਿਆ ਆਪ ਲਗਾਇਆ । ਹਰਿਜਨ ਸਾਚਾ ਸਾਚੀ ਬਿੰਦ, ਕਰ ਤਨ ਬਿੰਦਰਾਬਨ ਬਣਾਇਆ । ਸਰਬ ਜੀਆਂ ਬਖ਼ਸ਼ਿੰਦ, ਹਰਿ ਗੋਪੀ ਕਾਹਨਾ ਆਪ ਅਖਵਾਇਆ । ਸਰਨ ਸਰਨਾਈ ਜੋ ਜਨ ਜਾਏ ਪੜ, ਕਾਰਜ ਰਾਸ ਦੁੱਖ ਰਹੇ ਨਾ ਰਾਇਆ । ਆਤਮ ਤ੍ਰਿਖਾ ਬੁਝਾਏ ਪਿਆਸ, ਨੇਤਰ ਲੋਚਨ ਦਰਸ਼ਨ ਪਾਇਆ । ਆਪੇ ਕੱਟਣਹਾਰਾ ਜਮ ਕਾ ਫਾਸ, ਲੱਖ ਚੁਰਾਸੀ ਗੇੜ ਕਟਾਇਆ । ਲੇਖੇ ਲਾਏ ਦਸ ਦਸ ਮਾਸ, ਬੱਤੀ ਧਾਰ ਦਏ ਬਖ਼ਸ਼ਾਇਆ । ਸਦਾ ਸੁਹੇਲਾ ਵਸੇ ਪਾਸ, ਸਾਸ ਗਰਾਸ ਨਾਮ ਰਖਾਇਆ । ਗੁਰ ਪੂਰੇ ਸਦ ਸਦ ਬਲ ਬਲ ਜਾਸ, ਬਲਿਹਾਰੀ ਗੁਰ ਚਰਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਕਰ, ਗੁਰਮੁਖ

੧੦੭
੦੬

ਸਾਚੇ ਲਏ ਜਗਾਇਆ । ਸਾਜਨ ਸਾਚਾ ਮੀਤ ਹਰਿ, ਸੁਤਿਆਂ ਰਿਹਾ ਜਗਾਏ । ਅਚਰਜ ਆਪਣੀ ਰੀਤ ਕਰ, ਨਾਮ ਰੁੱਠਿਆਂ ਜਾਮ ਪਿਲਾਏ । ਕਾਇਆ ਮੰਦਰ ਸਚ ਮਸੀਤ ਕਰ, ਨਾਮ ਤੁੱਠਿਆਂ ਝੋਲੀ ਪਾਏ । ਏਕਾ ਰੰਗ ਹਸਤ ਕੀਟ ਕਰ, ਰਾਜ ਰਾਜਾਨਾਂ ਪੁੱਠਿਆਂ ਆਪ ਟੰਗਾਏ । ਸ਼ਬਦ ਖੇਲ ਜਗਤ ਅਨਡੀਠ ਕਰ, ਅਨਡਿਠੇ ਰੂਪ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੇ ਲੇਖੇ ਛੁੱਟੇ ਧਰਮ ਰਾਏ ਹੱਥ ਫੜਾਏ । ਧਰਮ ਰਾਏ ਸ਼ਬਦ ਸੰਦੇਸਾ, ਦਰ ਦਵਾਰੇ ਸੁਣਨੇ ਆਇਆ । ਦੋਏ ਜੋੜ ਚਰਨ ਕਰੇ ਆਦੇਸਾ, ਆਪਣਾ ਪੱਲੂ ਅੱਗੇ ਡਾਹਿਆ । ਪੁਰਖ ਅਬਿਨਾਸ਼ੀ ਆਪ ਜਣਾਏ ਬ੍ਰਹਮਾ ਸ਼ਿਵ ਗਣੇਸ਼ਾ, ਕਲਜੁਗ ਰਹਿਣਾ ਨਾਹੀ । ਸੁਰਪਤ ਰਾਜਾ ਇੰਦ ਦਰ ਦਰਵੇਸ਼ਾ, ਮੰਗੇ ਭਿਛਿਆ ਕਰ ਕਰ ਲੰਮੀਆਂ ਬਾਹੀਂ । ਜੋਤੀ ਜਾਮਾ ਹਰਿ ਜੀ ਧਰਿਆ ਭੇਸਾ, ਸੂਰਜ ਚੰਨ ਦੋਨੋਂ ਰਹੇ ਸ਼ਰਮਾਈ । ਮਾਝੇ ਦੇਸ ਕਰਿਆ ਵੇਸਾ, ਜੋਤੀ ਸ਼ਬਦ ਹੋਈ ਕੁੜਮਾਈ । ਬਾਲ ਅਵਸਥਾ ਅੱਲੜ੍ਹ ਵਰੇਸਾ, ਸੰਮਤ ਤੇਰਾਂ ਰੁੱਤ ਸੁਹਾਈ । ਗੁਰਮੁਖ ਸਾਚੇ ਵਿਚ ਪ੍ਰਵੇਸ਼ਾ, ਜੋਤੀ ਨਾਰੀ ਇਕ ਪਰਨਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਅੰਤ ਵੱਜੇ ਵਧਾਈ । ਕਲਜੁਗ ਤੇਰਾ ਅੰਤਮ ਡੰਕ, ਹਰਿ ਆਪਣੇ ਹੱਥ ਵਜਾਇੰਦਾ । ਪਕੜ ਉਠਾਏ ਰਾਓ ਰੰਕ, ਸੋਲਾਂ ਕਲ ਵਰਤਾਇੰਦਾ । ਇਕ ਸੁਹਾਏ ਦਵਾਰ ਬੰਕ, ਮਹਿੰਮਾ ਅਕਥ ਜਣਾਇੰਦਾ । ਹਰਿਜਨ ਵਡਿਆਈ ਜਿਉਂ ਰਾਜਾ ਜਨਕ, ਕਲਜੁਗ ਖਾਲੀ ਕੁੰਡ ਕਰਾਇੰਦਾ । ਧਰਮ ਰਾਏ ਤੇਰੀ ਮਿਟੇ ਸ਼ੰਕ, ਖਾਲੀ ਫੇਰ ਭਰਾਇੰਦਾ । ਪਰਗਟੇ ਜੋਤ ਵਾਰ ਅਨਕ, ਕਲਜੁਗ ਵੇਲਾ ਵਕਤ ਸੁਹਾਇੰਦਾ । ਸੋਹੰ ਸ਼ਬਦ ਰਖਾਏ ਸਾਚਾ ਧਨੁੱਖ, ਚਿਲ੍ਹੇ ਕਮਾਨ ਤੀਰ ਇਕ ਚੜ੍ਹਾਇੰਦਾ । ਗੁਰਮੁਖਾਂ ਆਤਮ ਸੇਜ ਸਪੁਤਰੀ ਵਿਆਹੇ ਜਨਕ, ਰਾਮ ਰਾਮਾ ਆਪ ਅਖਵਾਇੰਦਾ । ਸਾਚਾ ਲਾੜਾ ਵਸਿਆ ਪੁਰੀ ਘਨਕ, ਦਿਸ ਕਿਸੇ ਨਾ ਆਇੰਦਾ । ਵਾਲੀ ਹਿੰਦ ਵਜਾਏ ਡੰਕ, ਨੈਣ ਨਾਈ ਨਾ ਢੋਲ ਕੋਇ ਖੜਕਾਇੰਦਾ । ਨੌਂ ਖੰਡ ਪ੍ਰਿਥਮੀ ਸੁਹਾਏ ਦਵਾਰ ਬੰਕ, ਬੰਕ ਦਵਾਰਾ ਇਕ ਵਖਾਇੰਦਾ । ਪ੍ਰੇਮ ਡੋਰੀ ਜੋਤੀ ਦੇਵੇ ਤਨਕ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਮੁਖ ਉਠਾਇਣ ਚਾਰ ਭਾਈ ਵੇਖਣ ਬ੍ਰਹਮਾ ਸੁੱਤ, ਕਵਣ ਕੂਟ ਪ੍ਰਭ ਸਾਚੀ ਰਚਨ ਰਚਾਇੰਦਾ । ਅਗੰਮ ਅਗੰਮਾ ਪੁਰਖ ਅਬਿਨਾਸ਼ੀ ਪੰਥ, ਆਦਿ ਅੰਤ ਏਕਾ ਰੰਗ ਸਮਾਇੰਦਾ । ਗਗਨ ਪਾਤਾਲ ਹਿਲਾਏ ਰੋਵਣ ਛੰਮ ਛੰਮਾ, ਪੁਰੀਆਂ ਲੋਆਂ ਕੋਏ ਨਾ ਧੀਰ ਧਰਾਇੰਦਾ । ਲਾੜੀ ਮੌਤ ਤੇਰਾ ਇਕੋ ਤਾਮਾ, ਲੱਖ ਚੁਰਾਸੀ ਆਪ ਬਣਾਇੰਦਾ । ਧਰਮ ਰਾਏ ਤੇਰਾ ਏਕਾ ਜਾਮਾ, ਭਰ ਪਿਆਲਾ ਆਪ ਪਿਆਇੰਦਾ । ਚਿਤਰ ਗੁਪਤ ਤੇਰਾ ਹੋਏ ਦਲਾਲਾ, ਲਹਿਣਾ ਦੇਣਾ ਹਿਸਾਬ ਮੁਕਾਇੰਦਾ । ਪਰਗਟ ਜੋਤ ਹਰਿ ਗੋਪਾਲਾ, ਗੋਪੀਆਂ ਕਾਹਨ ਸੁਹਾਇੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਅੰਧ ਅੰਧੇਰੀ ਸ਼ਾਮ ਮਿਟਾਇੰਦਾ । ਚਰਨ ਦਵਾਰੇ ਰਖਾਏ ਸੱਚੀ ਧਰਮਸਾਲਾ, ਧਰਮ ਵਿਦਿਆ ਇਕ ਪੜ੍ਹਾਇੰਦਾ । ਏਕਾ ਰੰਗ ਰੰਗਾਏ ਸਮਾਏ ਜਵਾਨ ਬਿਰਧ ਬਿਰਧ ਬਾਲਾਂ, ਆਪਣੀ ਦਇਆ ਕਮਾਇੰਦਾ । ਅੰਮ੍ਰਿਤ ਆਤਮ ਸੁਹਾਏ ਸਾਚਾ ਤਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤੀਰਥ ਨੁਹਾਵਣ ਇਕ ਨੁਹਾਇੰਦਾ । ਕਲਜੁਗ ਅੰਤਮ ਨੁਹਾਵਣ ਆਇਆ, ਪ੍ਰਭ ਮੰਗੇ ਚਰਨ ਧੂੜੀ । ਆਪਣਾ ਦਾਗ਼ ਮਿਟਾਵਣ ਆਇਆ, ਰੰਗ ਕਾਲਾ ਚੜ੍ਹਿਆ ਗੂੜ੍ਹੀ । ਜੂਠਾ ਝੂਠਾ ਤਾਗ ਤੁੜਾਵਣ ਆਇਆ, ਭਾਗਾਂ ਮੰਦਾ ਮੂਰਖ ਮੂੜ੍ਹੀ । ਕੰਤ ਸੁਹਾਗ ਹੰਢਾਵਣ ਆਇਆ, ਪ੍ਰਭ ਸਾਚਾ ਦਏ ਘੂਰੀ । ਸਤਿਜੁਗ ਸਾਚਾ ਗੁਰਮੁਖ ਸਾਚੇ ਸੰਤ ਜਨਾਂ ਲੋਕਮਾਤ ਅੱਗ ਬੁਝਾਵਣ ਆਇਆ, ਪ੍ਰਭ ਆਸਾ ਕਰੇ


੧੦੮
੦੬

ਪੂਰੀ । ਦੀਪਕ ਜੋਤੀ ਸਚ ਚਰਾਗ ਹਰਿਜਨ ਕਾਇਆ ਮੰਦਰ ਆਪ ਜਗਾਵਣ ਆਇਆ, ਜਗਤ ਬੁਝਾਏ ਤ੍ਰਿਸ਼ਨਾ ਪਿਆਸ । ਹੰਸ ਕਾਗ ਬਣਾਵਣ ਆਇਆ, ਸੋਹੰ ਮੋਤੀ ਚੋਗ ਚੁਗਾਏ ਸਾਚੀ ਵੇਖੇ ਆਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਬੰਦ ਖੁਲਾਸ । ਬੰਧੀ ਤੋੜ ਬੰਧੀ ਪਾ ਬੰਧਨ ਬੰਧ ਬੰਧਾਇਆ । ਦਰ ਦਵਾਰੇ ਆਇਆ ਦੌੜ, ਆਤਮ ਅੰਧੀ ਅੰਧ ਅਗਿਆਨ ਵਧਾਇਆ । ਕਰਮਾਂ ਕਾਇਆ ਕੀਤੀ ਕੌੜ, ਮਿੱਠਾ ਰਸ ਕੋਈ ਨਜ਼ਰ ਨਾ ਆਇਆ । ਪਰਗਟ ਹੋਏ ਪੂਤ ਸਪੂਤਾ ਬ੍ਰਹਿਮਣ ਗੌੜ, ਸ਼ਬਦ ਖੰਡਾ ਹੱਥ ਉਠਾਇਆ । ਤੇਰੀ ਸੀਆਂ ਅੰਤਮ ਅੰਤਮ ਆਇਆ ਕੰਢੇ ਲੇਖ ਲਿਖਾਏ ਸਾਢੇ ਤਿੰਨ ਤਿੰਨ ਹੱਥ ਲੰਮਾ ਚੌੜ, ਦੂਸਰ ਧਾਮ ਨਾ ਕੋਇ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵੇਲਾ ਮਿਲਣ ਆਇਆ । ਨੈਣ ਮੰਧਾਰੇ ਮਾਤਲੋਕ ਵਿਚੋਂ ਹਿਲਣੇ ਆਇਆ, ਬੰਨ੍ਹੇ ਜੂਠੇ ਝੂਠੇ ਭਾਰੀ । ਸੰਗੀ ਸਾਥੀ ਜਗ ਛਲਨੇ ਆਇਆ, ਨਾ ਕੋਈ ਪਾਵੇ ਸਾਰੀ । ਦਰ ਦਰਵਾਜ਼ਾ ਪ੍ਰਭ ਅਬਿਨਾਸ਼ੀ ਏਕਾ ਮੱਲਣੇ ਆਇਆ, ਬਣੇ ਦਰ ਭਿਖਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤ ਕਰਾਏ, ਅੰਤ ਆਪਣੇ ਚਰਨ ਦਵਾਰੀ । ਕਲਜੁਗ ਅੰਤਮ ਅੰਤ ਕਰਾਉਣਾ, ਸੇਵਕ ਸੇਵਾ ਲੇਖੇ ਲਾਈਆ । ਲੋਆਂ ਪੁਰੀਆਂ ਆਪ ਉਲਟਾਉਣਾ, ਬ੍ਰਹਿਮੰਡ ਖੋਜ ਖੁਜਾਈਆ । ਸਾਚਾ ਮਾਰਗ ਇਕ ਰਖਾਉਣਾ, ਜੇਰਜ ਅੰਡ ਵੇਖ ਵਖਾਈਆ । ਸੋਹੰ ਸਾਚਾ ਸ਼ਬਦ ਚਲਾਉਣਾ, ਸਤਿਜੁਗ ਸਾਚੀ ਵੰਡ ਵੰਡਾਈਆ । ਪਾਰਬ੍ਰਹਮ ਸਿਰ ਹੱਥ ਟਿਕਾਉਣਾ, ਸਮਰਥ ਕਲਾ ਅਖਵਾਈਆ । ਜੀਵ ਜੰਤ ਰਸਨਾ ਗਾਉਣਾ, ਸਾਧ ਸੰਤ ਬੀਸ ਬੀਸਾ ਝੋਲੀ ਪਾਉਣਾ, ਦੋਏ ਜੋੜ ਸੀਸ ਝੁਕਾਈਆ । ਛਤਰ ਝੁਲਾਏ ਉਨੰਜਾ ਪਵਣਾ, ਕਰੋੜ ਤੇਤੀਸਾ ਸੇਵਾ ਲਾਈਆ । ਸ਼ਿਵ ਸ਼ੰਕਰ ਇਕ ਧਿਆਨ ਲਗਾਉਣਾ, ਬ੍ਰਹਮਾ ਦੋਏ ਜੋੜ ਸੀਸ ਝੁਕਾਈਆ । ਅੱਠੇ ਪਹਿਰ ਪੁਰਖ ਅਬਿਨਾਸ਼ੀ ਤੇਰਾ ਰਾਹ ਤਕਾਉਣਾ, ਲੋਕਮਾਤੀ ਜੋਤ ਜਗਾਈਆ । ਆਦਿ ਪੁਰਖ ਅਸੁੱਤੇ ਪਰਕਾਸ਼ ਇਕ ਕਰਾਉਣਾ, ਸ਼ਬਦ ਜਣਾਈ ਆਪਣੀ ਆਪ ਇਕ ਰਖਾਈਆ । ਸੋਏ ਮਾਤ ਆਪ ਜਗਾਉਣਾ, ਏਕਾ ਜੋਗ ਨਾਮ ਦਵਾਈਆ । ਦਰਸ ਅਮੋਘ ਦਰ ਵਖਾਉਣਾ, ਸਹਿੰਸਾ ਰੋਗ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕਾਈਆ । ਲਹਿਣਾ ਦੇਣਾ ਅੰਤਮ ਮੂਲ, ਸੰਗ ਮੁਹੰਮਦ ਚਾਰ ਯਾਰ ਚੁੱਕਣਾ । ਸ਼ਬਦ ਫੜੇ ਪ੍ਰਭ ਹੱਥ ਤ੍ਰਿਸੂਲ, ਚਾਰੋਂ ਕੁੰਟ ਕਰੇ ਖੁਆਰ, ਹਰਿਆ ਬੂਟਾ ਮਾਤ ਸੁਕਣਾ । ਪਰਗਟ ਹੋਏ ਕੰਤ ਕੰਤੂਹਲ, ਸ਼ਬਦ ਸਰੂਪੀ ਮਾਰੇ ਮਾਰ, ਹਰਿ ਕਾ ਭਾਣਾ ਮਾਤ ਨਾ ਰੁਕਣਾ । ਗੁਰਮੁਖ ਸਾਚੇ ਸ਼ਬਦ ਪੰਘੂੜਾ ਸਾਚਾ ਝੂਲ, ਚਰਨ ਦਵਾਰੇ ਬਹਿ ਬਹਿ ਝੂਟਣਾ । ਸ਼ਬਦ ਸਿੰਘਾਸਣ ਆਪ ਬਹਾਏ ਨਾ ਕੋਈ ਪਾਵਾ ਨਾ ਕੋਈ ਚੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਪੈਂਡਾ ਮੁੱਕਣਾ । ਕੋਈ ਨਾ ਰਹੇ ਬਾਕੀ ਮੂਲ ਪਿਛਲਾ ਲੇਖਾ ਦਏ ਮੁਕਾ, ਅੱਗੇ ਸੇਜ ਵਿਛਾਈਆ । ਆਪਣੀ ਹੱਥੀਂ ਦਏ ਸਵਾ, ਤਿੰਨ ਜੁਗ ਨਾ ਕੋਈ ਉਠਾਈਆ । ਉਤੇ ਪੜਦਾ ਦੇਵੇ ਪਾ, ਕਾਲਾ ਸੂਸਾ ਇਕ ਰੰਗਾਈਆ । ਈਸਾ ਮੂਸਾ ਤੇਰੀ ਸੇਵਾ ਦਏ ਲਾ, ਬਚਿਆ ਕੋਈ ਰਹਿਣ ਨਾ ਪਾਈਆ । ਸੰਗ ਮੁਹੰਮਦ ਚਾਰ ਯਾਰ ਨੂਰ ਇਲਾਹੀ ਮੰਗਣ ਇਕ ਦੁਆ, ਅਲ੍ਹਾ ਹੂ ਨਾਅਰਾ ਲਾਈਆ । ਸਾਚਾ ਰਾਹ ਤੱਕੇ ਐਲੀ ਸ਼ਾਹ, ਸ਼ਸਤਰ ਬਸਤਰ ਤਨ ਸਜਾਈਆ । ਕਵਣ ਹੋਵੇ ਅੰਤ ਮਲਾਹ, ਸਦੀ ਚੌਧਵੀਂ ਰਹੀ ਤਕਾਈਆ । ਪੀਰ ਦਸਤਗੀਰ ਕੋਈ ਨਾ ਪਕੜੇ ਬਾਂਹ, ਸ਼ਾਹ ਹਕੀਰ ਰਹੇ ਕੁਰਲਾਈਆ । ਦਰ

੧੧੦ ੦੬

ਦਰ ਘਰ ਘਰ ਵੇਖਣ ਅਮਾਮ ਮਹਿੰਦੀ ਕਿਹੜੀ ਥਾਂ, ਮੁਹੰਮਦ ਅਹਿਮਦ ਗਿਆ ਲਿਖਾਈਆ । ਅੰਤਮ ਉਡਣੇ ਘਰ ਘਰ ਕਾਂ, ਮੱਕਾ ਮਦੀਨਾ ਖ਼ਾਕ ਮਿਲਾਈਆ । ਕੋਈ ਨਾ ਖਾਏ ਮਾਤਾ ਗਊ ਗਾਂ, ਨਗਰ ਗਰਾਂ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਮੰਗ ਪੂਰੀ ਰਿਹਾ ਕਰਾਈਆ । ਕਲਜੁਗ ਤੇਰੀ ਅੰਤਮ ਸੁਣ ਫਰਿਆਦ, ਪ੍ਰਭ ਸਾਚਾ ਦਇਆ ਕਮਾਇੰਦਾ । ਸ਼ਬਦ ਵਜਾਏ ਸਾਚਾ ਨਾਦ, ਰਾਜ ਰਾਜਾਨਾ ਆਪ ਸੁਣਾਇੰਦਾ । ਹੋਏ ਜਣਾਈ ਬੋਧ ਅਗਾਧ, ਸ਼ਾਹ ਸ਼ਹਾਨਾ ਤਖ਼ਤ ਸਜਾਇੰਦਾ । ਸ੍ਰਿਸ਼ਟ ਸਬਾਈ ਦੇਵੇ ਸਾਧ, ਹਰਿ ਦਾਤਾ ਇਕ ਅਖਵਾਇੰਦਾ । ਹਰਿ ਪਰਗਟ ਹੋਵੇ ਮਾਧਵ ਮਾਧ, ਤੀਰ ਨਿਰਾਲਾ ਇਕ ਚਲਾਇੰਦਾ । ਆਦਿ ਸ਼ਕਤ ਪ੍ਰਭ ਆਦਿ ਜੁਗਾਦਿ, ਜੁਗ ਜੁਗ ਵੇਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ ਮੂਲ ਚੁਕਾਇੰਦਾ । ਕਲਜੁਗ ਰਹਿਣਾ ਖ਼ਬਰਦਾਰ, ਪ੍ਰਭ ਸਾਚਾ ਆਪ ਕਰਾਇੰਦਾ । ਅੰਤਮ ਮੇਲਾ ਸੰਗ ਮੁਹੰਮਦ ਚਾਰ ਯਾਰ, ਸਾਚਾ ਰਾਹ ਵਖਾਇੰਦਾ । ਵਰਭੰਡੀ ਨਾਰੀ ਨਾਰ, ਚੰਡ ਪਰਚੰਡ ਚਲਾਇੰਦਾ । ਬ੍ਰਹਿਮੰਡੀ ਹੋਵੇ ਹਾਹਾਕਾਰ, ਆਕਾਸ਼ ਪਰਕਾਸ਼ ਧੁੰਦੂਕਾਰ ਵਖਾਇੰਦਾ । ਭੇਖ ਪਖੰਡੀ ਧੂੰਆਂਧਾਰ, ਅਗਨੀ ਜੋਤ ਲਗਾਇੰਦਾ । ਵੱਢੇ ਕੰਡੀ ਵਿਚ ਸੰਸਾਰ, ਮਨਮੁਖਾਂ ਮੇਟ ਮਿਟਾਇੰਦਾ । ਸਾਚੀ ਵੰਡੀ ਅਪਰ ਅਪਾਰ, ਗੁਰਮੁਖ ਸਾਚੇ ਆਪ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਮੇਲ ਮਿਲਾਏ ਪਰਤੱਖ, ਤੇਰੀ ਪਤ ਲਏ ਰੱਖ, ਸ੍ਰਿਸ਼ਟ ਸਬਾਈ ਪਤ ਰਖਾਇੰਦਾ । ਕਲਜੁਗ ਕਾਲਾ ਖ਼ੁਸ਼ੀ ਮਨਾਏ, ਪ੍ਰਭ ਦਰ ਵੱਜੀ ਵਧਾਈਆ । ਅੱਲਾ ਰਾਣੀ ਮੂੰਹ ਤਕਾਏ, ਆਪਣਾ ਪੜਦਾ ਲਾਹੀਆ । ਖਵਾਜ਼ਾ ਖਿਜ਼ਰ ਨਦੀ ਨੂਹ ਚੜ੍ਹਾਏ, ਪ੍ਰਭ ਸਾਚਾ ਹੁਕਮ ਜਣਾਈਆ । ਕਲਜੁਗ ਅਕਸ਼ੂਣੀਆਂ ਨੌ ਖੰਡ ਬਣਾਏ, ਸੱਤਾਂ ਦੀਪਾਂ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਪੂਰੀ ਆਸ ਕਰਾਈਆ । ਨੌ ਖੰਡ ਸਤ ਦੀਪ ਕਲਜੁਗ ਤੇਰੀ ਬਣੇ ਬਰਾਤ, ਪ੍ਰਭ ਜਗਤ ਕਰੇ ਤੇਰੀ ਕੁੜਮਾਈਆ । ਮੇਟੇ ਰੈਣ ਅੰਧੇਰੀ ਰਾਤ, ਜੂਠੀ ਝੂਠੀ ਡੋਲੀ ਇਕ ਬਣਾਈਆ । ਅੰਤਮ ਲੇਖਾ ਚੁੱਕੇ ਦਿਵਸ ਸਾਤ, ਸਤਿ ਪੁਰਖ ਨਿਰੰਜਣ ਸਾਚੀ ਸੇਵਾ ਲਾਈਆ । ਧਰਤ ਮਾਤ ਪਾਣੀ ਵਾਰੇ ਸਾਚੀ ਮਾਤ, ਮਾਇਆ ਕੱਜਲ ਸੁਰਮਾ ਨੇਤਰ ਪਾਏ ਤੇਰੀ ਭਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੂਠੀ ਝੂਠੀ ਮਾਤ ਘੋੜੀ ਕਲਜੁਗ ਦਿਤਾ ਚੜ੍ਹਾਈਆ । ਕਲਜੁਗ ਅੰਤਮ ਬੱਧਾ ਗਾਨਾ, ਮੌਲੀ ਤੰਦ ਰੰਗਾਇਆ । ਲਾੜੀ ਮੌਤ ਗਾਏ ਖ਼ੁਸ਼ੀ ਤਰਾਨਾ, ਲੱਖ ਚੁਰਾਸੀ ਆਪਣੇ ਫੰਦ ਫੰਦਾਇਆ । ਪੁਰਖ ਅਬਿਨਾਸ਼ੀ ਪਹਰਿਆ ਬਾਣਾ, ਬੱਤੀ ਦੰਦ ਮੇਰਾ ਸਾਸ ਗਰਾਸ ਦਰ ਦਵਾਰੇ ਲੇਖੇ ਲਾਇਆ । ਚਾਰ ਕੁੰਟ ਚਲਾਏ ਤੀਰ ਨਿਸ਼ਾਨਾ, ਮਦਿਰਾ ਮਾਸ ਜਿਸ ਰਸਨ ਲਗਾਇਆ । ਅੰਤਮ ਵੇਲੇ ਮੇਟ ਮਿਟਾਏ ਸ੍ਰੀ ਭਗਵਾਨਾ, ਨਾ ਕੋਈ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਵਸਾਇਆ ਘਰ, ਅੰਤਮ ਹੋਏ ਵੈਰਾਨਾ । ਅੰਤਮ ਹੋਏ ਵੈਰਾਨ, ਸ਼ਬਦ ਜਣਾਈਆ । ਪ੍ਰਭ ਪਕੜ ਉਠਾਏ ਸ਼ਾਹ ਈਰਾਨ, ਸੰਮਤ ਚੌਦਾਂ ਨੇੜੇ ਆਈਆ । ਪੰਦਰਾਂ ਚੇਤਰ ਵੇਖੇ ਮਾਰ ਧਿਆਨ, ਲਿਖਿਆ ਲੇਖ ਦਏ ਪੁਜਾਈਆ । ਸੂਰਬੀਰ ਵਿਚ ਮੈਦਾਨ, ਆਪਣੀ ਹੱਥੀਂ ਖਿੱਚ ਲਿਆਈਆ । ਨਾਲ ਰਲਾਏ ਪੰਜ ਸ਼ੈਤਾਨ, ਸਾਚਾ ਹੁਕਮ ਜਣਾਈਆ । ਚਿਲ੍ਹੇ ਚਾੜ੍ਹੇ ਨਾਮ ਨਿਸ਼ਾਨ, ਤੀਰ ਨਿਰਾਲਾ ਇਕ ਚਲਾਈਆ । ਆਪੇ ਹੋਇਆ ਬੇਪਛਾਣ, ਦਿਸ ਕਿਸੇ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਮਾਇਆ ਜਗਤ ਵਰਤਾਈਆ ।

੧੧੦ ੦੬

੧੧੧
੦੬

### ❊ ੬ ਅੱਸੂ ੨੦੧੩ ਬਿਕ੍ਰਮੀ ਗੱਜਣ ਸਿੰਘ ਦੇ ਗ੍ਰਿਹਿ ਅੰਬਾਲਾ ਛਾਉਣੀ ❊

ਹਰਿ ਸਾਜਨ ਘਰ ਵਸਿਆ, ਮੇਲਾ ਸਚ ਦਵਾਰ । ਦਸਮ ਦਵਾਰੀ ਬਹਿ ਬਹਿ ਹੱਸਿਆ, ਮੰਦਰ ਕੋਟ ਅਪਰ ਅਪਾਰ । ਕੋਟਨ ਕੋਟ ਪਰਕਾਸ਼ ਰਵ ਸੱਸਿਆ, ਜੋਤੀ ਨੂਰ ਆਕਾਰ । ਧੁਰਦਰਗਾਹੀ ਆਵੇ ਨੱਸਿਆ, ਪਾਰਬ੍ਰਹਮ ਰੂਪ ਅਪਾਰ । ਜਨ ਭਗਤਾਂ ਦਰ ਏਕਾ ਸਾਚਾ ਦੱਸਿਆ, ਗੁਰ ਚਰਨ ਪ੍ਰੀਤੀ ਸਾਚੀ ਕਾਰ । ਮਨਮੁਖ ਦਰ ਤੋਂ ਜਾਏ ਨੱਸਿਆ, ਸ਼ਬਦ ਖੰਡਾ ਮਾਰੇ ਤੇਜ ਕਟਾਰ । ਲੱਖ ਚੁਰਾਸੀ ਚਰਨਾਂ ਹੇਠ ਝੱਸਿਆ, ਲੋਆਂ ਪੁਰੀਆਂ ਕਰੇ ਖ਼ਬਰਦਾਰ । ਕਲਜੁਗ ਮੇਟੇ ਰੈਣ ਅੰਧੇਰੀ ਮੱਸਿਆ, ਸਤਿਜੁਗ ਸਾਚਾ ਕਰ ਉਜਿਆਰ । ਤੀਰ ਨਿਰਾਲਾ ਏਕ ਕੱਸਿਆ, ਨੌ ਖੰਡ ਪ੍ਰਿਥਮੀ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਨਿਰਗੁਣ ਰੂਪ ਹਰਿ ਕਰਤਾਰ । ਨਿਰਗੁਣ ਰੂਪ ਸਮਾਏ, ਸਰਗੁਣ ਜਗਾਇਆ । ਸਰਗੁਣ ਦਰਸ ਦਿਖਾਏ, ਦਇਆ ਕਮਾਇਆ । ਆਪ ਆਪਣਾ ਰੂਪ ਵਟਾਏ, ਦਿਸ ਨਾ ਆਇਆ । ਔਲੀਏ ਪੀਰ ਸ਼ੇਖ਼ ਮੁਸਾਇਕ, ਰਾਣੀ ਅਲ੍ਹਾ ਸਾਰ ਨਾ ਰਾਇਆ । ਸਰਬ ਜੀਆਂ ਪ੍ਰਭ ਨਾਇਕ, ਜੋਤੀ ਸ਼ਬਦੀ ਧਾਰ ਚਲਾਇਆ । ਭਗਤ ਸੁਹੇਲਾ ਸਦਾ ਸਹਾਇਕ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਜੁਗੋ ਜੁਗ ਜੋਤੀ ਭੇਖ ਧਰ, ਲੋਕਮਾਤੀ ਭੇਖ ਵਟਾਇਆ । ਲੋਕਮਾਤ ਲੱਖ ਚੁਰਾਸੀ ਤੇਰਾ ਘਰ, ਪ੍ਰਭ ਆਪੇ ਆਪ ਬਣਾਇੰਦਾ । ਆਪੇ ਵੇਖੇ ਮਾਰ ਝਾਤ ਚਾਰੋਂ ਕੁੰਟ ਆਏ ਡਰ, ਕਲਜੁਗ ਕਾਲਾ ਰੂਪ ਵਟਾਇੰਦਾ । ਗੁਰਮੁਖ ਵਿਰਲੇ ਅੰਮ੍ਰਿਤ ਦੇਵੇ ਬੂੰਦ ਸਵਾਂਤ ਇਕ ਨੁਹਾਏ ਸਾਚੇ ਸਰ, ਦੁਰਮਤ ਮੈਲ ਗਵਾਇੰਦਾ । ਭਗਤ ਭੰਡਾਰਾ ਦੇਵੇ ਭਰ, ਇਕ ਇਕਾਂਤ ਦਰਸ ਅਮੋਘ ਧੁਰ ਸੰਜੋਗ ਆਪਣਾ ਆਪ ਕਰਾਇੰਦਾ । ਆਪਣੀ ਕਰਨੀ ਰਿਹਾ ਕਰ, ਦੂਸਰ ਕੋਈ ਨਾ ਦੀਸੇ ਦਰ, ਚਿੰਤਾ ਰੋਗ ਜਗਤ ਵਿਜੋਗ ਜਨ ਹਰਿ ਮੇਟ ਮਿਟਾਇੰਦਾ । ਪਾਰਬ੍ਰਹਮ ਪ੍ਰਭ ਰੂਪ ਅਪਾਰ ਸਦਾ ਸੁਹੇਲਾ ਦੇਵੇ ਵਰ, ਨਾ ਜਨਮੇ ਨਾ ਜਾਏ ਮਰ, ਰੂਪ ਅਨਰੰਗਾ ਸ਼ਬਦ ਤਰੰਗਾ ਵੇਖੇ ਖੇਲ ਸੂਰਾ ਸਰਬੰਗਾ, ਦਾਤਾ ਜੋਧਾ ਆਪ ਅਖਵਾਇੰਦਾ । ਦਾਤਾ ਜੋਧਾ ਹਰਿ ਬਲਕਾਰੀ, ਸ਼ਬਦ ਖੰਡਾ ਉਠਾਇਆ । ਵੇਖ ਵਖਾਣੇ ਲੋਆਂ ਪੁਰੀਆਂ ਪਾਵੇ ਸਾਰੀ, ਸੱਤਾਂ ਦੀਪਾਂ ਰਿਹਾ ਹਿਲਾਇਆ । ਲੱਖ ਚੁਰਾਸੀ ਵੇਖ ਵਿਚਾਰੀ, ਕਲਜੁਗ ਬਾਜੀ ਅੰਤਮ ਹਾਰੀ, ਭੇਖ ਪਖੰਡਾ ਪਾਏ ਵੰਡਾ, ਚਾਰੋਂ ਕੁੰਟ ਹਾਹਾਕਾਰੀ, ਵੇਖੇ ਖੇਲ ਹਰਿ ਵਿਚ ਬ੍ਰਹਿਮੰਡਾ, ਉਤਭੁਜ ਸੇਤਜ ਜੇਰਜ ਅੰਡਾ ਖਾਣੀ ਬਾਣੀ ਗਗਨ ਪਤਾਲੀ ਸਾਚੀ ਕਾਰ ਕਰਾਈਆ । ਜਨ ਭਗਤਾਂ ਦੀਪਕ ਜੋਤ ਜਗਾਏ ਮਸਤਕ ਸਾਚੀ ਥਾਲੀ, ਅਗਿਆਨ ਅੰਧੇਰ ਮਿਟਾਈਆ । ਅਨਹਦ ਅਨਾਹਦ ਸ਼ਬਦ ਵਜਾਏ ਸਾਚਾ ਤਾਲੀ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਧੁਰ ਨਾਮ ਦੇਵੇ ਜਗਤ ਦਲਾਲੀ, ਦੋ ਜਹਾਨਾਂ ਪਾਰ ਕਰਾਈਆ । ਆਪੇ ਵਸੇ ਸਦਾ ਹੱਥਾਂ ਖਾਲੀ, ਜਨ ਭਗਤਾਂ ਆਤਮ ਘਰ ਭੰਡਾਰ ਰਿਹਾ ਭਰਾਈਆ । ਜੁਗ ਜੁਗ ਚਲੇ ਅਵੱਲੜੀ ਚਾਲੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਵੇਖ ਵਖਾਈਆ । ਸਾਚਾ ਮਾਲੀ ਸੱਤਾਂ ਵੇਖ ਪਰਖੇ ਫਲ ਲੱਗਾ ਕਵਣ ਡਾਲ੍ਹੀ, ਕਵਣ ਰੰਗ ਰੰਗਾਈਆ । ਮਾਇਆ ਮਮਤਾ ਮੋਹ ਜਗਤ ਜੰਜ਼ਾਲੀ, ਕਾਮ ਕਰੋਧ ਸੁਰਤ ਭਵਾਈਆ । ਪ੍ਰਭ ਅਬਿਨਾਸ਼ੀ ਭਗਤ ਜਨਾਂ ਦਰ ਬਣਿਆ ਪਾਲੀ, ਦਰ ਦਰਵਾਜ਼ੇ ਗਰੀਬ ਨਿਵਾਜ਼ੇ ਸਾਜਨ ਸਾਜੇ, ਨਿਜ ਘਰ ਆਤਮ ਸ਼ਬਦ ਸਰੂਪ ਅਨਰੰਗ ਰੂਪ ਅਗੰਮ ਅਗੰਮਾ ਬੈਠਾ ਆਸਣ ਲਾਈਆ । ਲੇਖੇ ਲਾਏ ਕਾਇਆ ਚੰਮਾ, ਪਵਣ ਸਵਾਸੀ ਗਾਇਆ ਦਮਾ, ਨੇਤਰ ਨੀਰ ਵਹਾਇਆ ਛਮਾ, ਪ੍ਰਭ ਚਰਨ

੧੧੨ ੦੬

ਕਵਲ ਧਿਆਨ ਲਗਾਈਆ । । ਗਗਨ ਪਤਾਲੀ ਦੇਵੇ ਥੰਮ੍ਹਾ, ਸੇਵ ਲਗਾਏ ਸ਼ਿਵ ਬ੍ਰਹਮਾ ਕਰੋੜ ਤੇਤੀਸਾ ਬੈਠਾ ਸੀਸ ਝੁਕਾਈਆ । ਜੋਤ ਨਿਰੰਜਣ ਜੋਤ ਸਰੂਪ ਲੋਕਮਾਤ ਘਰ ਸਾਚੇ ਜੰਮਾ, ਮਾਤ ਪਿਤ ਨਾ ਕੋਈ ਅਖਵਾਈਆ । ਆਪੇ ਜਾਣੇ ਆਪਣਾ ਕੰਮਾ, ਰਾਮ ਰਹੀਮ ਕਰੀਮ ਰਮਈਆ ਰਾਮਾ, ਗੋਬਿੰਦ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਸੰਬਲ ਨਗਰ ਸਚ ਗਰਾਂ, ਸਦਾ ਸਦਾ ਸਦ ਠੰਢੀ ਛਾਂ, ਏਕਾ ਰੰਗ ਸਮਾਈਆ । ਗੋਬਿੰਦ ਰੂਪ ਅਪਾਰ, ਹਰਿ ਹਰਿ ਆਪ ਵਟਾਇਆ । ਹਰਿ ਹਰਿ ਖੇਲ ਅਪਾਰ, ਗੋਬਿੰਦ ਵਿਚ ਸਮਾਇਆ । ਗੋਬਿੰਦ ਮੇਲ ਕਰਤਾਰ, ਹਰਿ ਹਰਿ ਨਾਮ ਧਿਆਇਆ । ਹਰਿ ਹਰਿ ਸੱਜਣ ਸੁਹੇਲ, ਗੁਰ ਚੇਲ ਆਪ ਅਖਵਾਇਆ । ਸਾਚਾ ਚੇਲਾ ਚਰਨ ਦਵਾਰ, ਗੁਰ ਗੋਬਿੰਦਾ ਸੀਸ ਝੁਕਾਇਆ । ਹਰਿ ਹਰਿ ਹਰਿ ਸਦਾ ਸਦ ਬਖ਼ਸ਼ਣਹਾਰ, ਬਖ਼ਸ਼ਿਸ਼ ਆਪਣੀ ਝੋਲੀ ਪਾਇਆ । ਗੁਰ ਗੋਬਿੰਦਾ ਕਰ ਨਿਮਸਕਾਰ, ਦੋਏ ਜੋੜ ਸੀਸ ਝੁਕਾਇਆ । ਦਰ ਵੇਖ ਸੱਚੀ ਸਰਕਾਰ, ਸ਼ਬਦ ਬੋਲ ਬੁਲਾਇਆ । ਕਿਰਪਾ ਕਰ ਹਰਿ ਕਰਤਾਰ, ਮਾਤਲੋਕ ਜਗਤ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਸ਼ਬਦ ਜਣਾਏ, ਗੋਬਿੰਦ ਤੇਰੀ ਸਾਚੀ ਕਾਰ, ਹਰਿ ਸਾਚੇ ਮਨ ਭਾਇਆ । ਦਿਵਸ ਰੈਣ ਰਸਨ ਉਚਾਰ, ਚਰਨ ਕਵਲ ਮਿਲੀ ਵਡਿਆਈਆ । ਪਾਰਬ੍ਰਹਮ ਕਲ ਪਾਵੇ ਸਾਰ, ਲੋਕਮਾਤੀ ਜਨਮ ਦਵਾਈਆ । ਸ਼ਬਦ ਦੇਵੇ ਸਚ ਕਟਾਰ, ਤਨ ਗਾਤਰੇ ਆਪ ਸਜਾਈਆ । ਪੰਚਮ ਕਰਨਾ ਖ਼ਬਰਦਾਰ, ਪੰਚਮ ਮੇਟ ਮਿਟਾਈਆ । ਪੰਚਮ ਮੇਲਾ ਸਚ ਦਰਬਾਰ, ਪੰਚਮ ਬੈਠਾ ਮੁਖ ਛੁਪਾਈਆ । ਪੰਚਮ ਰੋਵੇ ਧਾਹਾਂ ਮਾਰ, ਪੰਚਮ ਹਰਿ ਹਰਿ ਹਰਿ ਗੁਣ ਗਾਈਆ । ਪੰਚਮ ਪੰਚਾਂ ਏਕਾ ਧਾਰ, ਹਰਿ ਪੰਚਮ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਮਾਤ ਲਗਾਈਆ । ਸਾਚੀ ਸੇਵਾ ਮਾਤ ਲਗਾਈ, ਆਦਿ ਪੁਰਖ ਅਨਾਦੀ । ਆਤਮ ਮੇਵਾ ਇਕ ਖਵਾਈ, ਸ਼ਬਦ ਬੋਧ ਅਗਾਧੀ । ਦੇਵੀ ਦੇਵਾ ਦੇਵ ਸਮਾਈ, ਰਸਨ ਸ਼ਕਤ ਪ੍ਰਭ ਅਰਾਧੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਨੂਰ ਵਿਸਮਾਦੀ । ਚਾਰ ਵਰਨ ਦਰ ਘਰ ਵੱਜੀ ਵਧਾਈਆ । ਮਾਤਲੋਕ ਚੁੱਕਿਆ ਡਰ, ਆਪਣੀ ਕਰਨੀ ਰਿਹਾ ਕਰ, ਕਰ ਕਰ ਵੇਖੇ ਸ੍ਰਿਸ਼ਟ ਸਬਾਈਆ । ਹਰਿ ਭਾਣਾ ਅੰਤਮ ਹਰਿ ਹਰਿ ਜਰ, ਏਕਾ ਏਕ ਟੇਕ ਚਰਨ ਸਰਨ ਸੱਚੀ ਸਰਨਾਈਆ । ਲੱਖ ਚੁਰਾਸੀ ਲਹਿਣਾ ਦੇਣਾ ਲਏ ਭਰ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਦੇਵੇ ਸ਼ਬਦ ਜਣਾਈਆ । ਗੋਬਿੰਦ ਰੂਪ ਹਰਿ ਧਰਨੀ ਧਰ, ਧਰਤ ਧਵਲ ਆਕਾਸ਼ ਸਮਾਈਆ । ਬੰਦ ਕਿਵਾੜਾ ਖੋਲ੍ਹੇ ਦਰ, ਅੰਦਰ ਵੜ ਨੂਰੀ ਦਰਸ਼ਨ ਪਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਕਿਲ੍ਹਾ ਕੋਟ ਨਾ ਦੀਸੇ ਗੜ੍ਹ, ਸਚ ਦਵਾਰੇ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਆਪੇ ਬੈਠਾ ਚੜ੍ਹ, ਸ਼ਬਦ ਸਿੰਘਾਸਣ ਆਤਮ ਸੇਜਾ ਪੰਚਮ ਰਾਗਾ ਸ਼ਬਦ ਅਨਾਦਾ ਧੁਨ ਆਤਮਕ ਸਚ ਸੰਗੀਤ, ਇਕ ਵਖਾਏ ਚਰਨ ਪ੍ਰੀਤ, ਕਾਇਆ ਕਰੇ ਸੀਤਲ ਸੀਤ, ਸਤਿ ਸੰਤੋਖ ਆਤਮ ਬ੍ਰਹਮ ਸਾਂਤਕ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਧੁਰ ਫ਼ਰਮਾਣ, ਜੋਤ ਸਰੂਪੀ ਹਰਿ ਭਗਵਾਨ, ਗੁਰ ਗੋਬਿੰਦੇ ਰਿਹਾ ਜਣਾਈਆ । ਗੋਬਿੰਦ ਸੁਣਿਆ ਸਾਚੇ ਕਾਨ, ਹਰਿ ਸ਼ਬਦੀ ਸ਼ਬਦ ਜਣਾਇਆ । ਅੰਤਮ ਛੱਡੇ ਤਨ ਮਕਾਨ, ਰਹਿਣ ਕੋਈ ਨਾ ਪਾਇਆ । ਸਰਸਾ ਭੇਟਾ ਨੌਜਵਾਨ, ਤਨ ਸਾਚਾ ਆਪ ਰੁੜ੍ਹਾਇਆ । ਜੀਵ ਜੰਤ ਸਰਬ ਪਛਤਾਣ,

ਗੁਰ ਪੂਰਾ ਖ਼ੁਸ਼ੀ ਮਨਾਇਆ । ਪ੍ਰਭ ਅਬਿਨਾਸ਼ੀ ਏਕਾ ਰੱਖੇ ਚਰਨ ਧਿਆਨ, ਦਿਵਸ ਰੈਣ ਸਦ ਰਿਹਾ ਚਿਤ ਲਾਇਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਆਪਣਾ ਆਪ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਾਣਾ ਸਹਿਣਾ ਹੁਕਮ ਜਣਾਇਆ । ਗੁਰ ਗੋਬਿੰਦ ਸ਼ਬਦ ਜਣਾਈ, ਹਰਿ ਹਰਿ ਭੇਖ ਅਵੱਲਾ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਇਕ ਵਸਾਇਆ ਕਾਇਆ ਮਾਤ ਮਹੱਲਾ । ਗੋਬਿੰਦ ਧਾਰ ਮਾਤ ਚਲਾਈ, ਇਕ ਵਖਾਏ ਨਿਹਚਲ ਧਾਮ ਅਟੱਲਾ । ਅੰਤਮ ਵੇਲੇ ਹੋਏ ਜੁਦਾਈ, ਹਰਿ ਵੇਖੇ ਖੇਲ ਕਰ ਕਰ ਵਲ ਛਲਾ । ਪਿਤਾ ਪੂਤ ਹਰਿ ਸਚ ਸਰਨਾਈ, ਸੇਵਾ ਲਾਈ ਜਲ ਥਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਫੜਾਇਆ ਹੱਥ ਵਿਚ ਸਾਚਾ ਭੱਲਾ । ਗੁਰ ਗੋਬਿੰਦ ਖ਼ੁਸ਼ੀ ਮਨਾਈ, ਪ੍ਰਭ ਸਾਚੇ ਮਾਰਗ ਲਾਇਆ । ਆਤਮ ਘਰ ਵੱਜੀ ਵਧਾਈ, ਦੋਏ ਜੋੜ ਸੀਸ ਝੁਕਾਇਆ । ਦਿਵਸ ਰੈਣ ਨਾ ਹੋਏ ਜੁਦਾਈ, ਸਾਚੀ ਮੰਗ ਮੰਗਾਇਆ । ਪੂਤ ਸਪੂਤਾ ਕਰੇ ਕੁੜਮਾਈ, ਚੌਥੇ ਜੁਗ ਚਾਰੇ ਭੇਟ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਵਟ ਖੇਟ ਮਾਂ ਪਿਓ ਬੇਟ ਪਿਤਾ ਪੂਤ ਪਤ ਪਤਵੰਤਾ, ਸਾਚਾ ਕੰਤਾ ਆਤਮ ਸੇਜਾ ਨਾਰੀ ਕੰਤਾ, ਗੁਰ ਪੀਰ ਔਲੀਆ ਸਾਧ ਸੰਤ ਪਾਰਬ੍ਰਹਮ ਰੂਪ ਸਮਾਇਆ । ਗੁਰ ਗੋਬਿੰਦ ਕਰੇ ਅਰਦਾਸ । ਪੁਰਖ ਅਬਿਨਾਸ਼ੀ ਹੋਵੇ ਪਾਸ । ਵੇਖ ਵਖਾਣੇ ਪ੍ਰਿਥਮੀ ਆਕਾਸ਼ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵਿਚ ਪਰਭਾਸ । ਉਚੇ ਮੰਦਰ ਹਰਿ ਨਰ ਨਰ ਹਰਿ ਕਿਤੇ ਨਾ ਰੱਖੇ ਵਾਸ । ਗੁਰਮੁਖ ਸਾਚੇ ਸੰਤ ਸੁਹੇਲੇ ਜਾਇਣ ਤਰ, ਜੋ ਜਨ ਪ੍ਰਭ ਮਿਲਣ ਦੀ ਰੱਖਣ ਆਸ । ਆਤਮ ਨੁਹਾਏ ਸਾਚੇ ਸਰ, ਅੰਮ੍ਰਿਤ ਸਤਿ ਸਰੋਵਰ ਹਉਮੇ ਦੁਖੜਾ ਕਰੇ ਨਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰੇ ਪੁਰਖ ਅਬਿਨਾਸ਼ । ਪੁਰਖ ਅਬਿਨਾਸ਼ੀ ਜਗਤ ਮਲਾਹ, ਗੁਰ ਪੀਰ ਆਪ ਅਖਵਾਇੰਦਾ । ਸ਼ਬਦ ਜਣਾਏ ਸਾਚਾ ਰਾਹ, ਧੁਰ ਫ਼ਰਮਾਣ ਜਣਾਇੰਦਾ । ਅਗੰਮ ਅਗੰਮਾ ਪਕੜੇ ਬਾਂਹ, ਦਿਸ ਕਿਸੇ ਨਾ ਆਇੰਦਾ । ਨਾ ਮਰੇ ਨਾ ਕਦੇ ਜੰਮਾ, ਜੁਗ ਜੁਗ ਹਿੱਸੇ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਕਾਇਆ ਰੂਪ ਆਪਣੇ ਵਿਚ ਸਮਾਇੰਦਾ । ਗੋਬਿੰਦ ਕਾਇਆ ਸਾਚਾ ਹੱਟ, ਪ੍ਰਭ ਸਾਚੇ ਆਪ ਖੁਲ੍ਹਾਇਆ । ਆਪੇ ਜਾਣੇ ਘਟ ਘਟ, ਘਟ ਘਟ ਮੰਦਰ ਡੇਰਾ ਲਾਇਆ । ਨਾ ਕੋਈ ਤੀਰਥ ਨਾ ਕੋਈ ਤਟ, ਸਚ ਸਰੋਵਰ ਕਿਸੇ ਦਿਸ ਨਾ ਆਇਆ । ਕਲਜੁਗ ਮਾਇਆ ਖੇਲ ਬਾਜ਼ੀਗਰ ਨਟ, ਜੂਠਾ ਝੂਠਾ ਸਵਾਂਗ ਕਰਾਇਆ । ਸੰਤ ਸੁਹੇਲੇ ਲਾਹਾ ਜਾਣ ਖਟ, ਪ੍ਰਭ ਚਰਨ ਕਵਲ ਚਿੱਤ ਲਾਇਆ । ਮੰਡਪ ਮਾੜੀ ਜਾਇਣ ਢੱਠ, ਗੁਰ ਗੋਬਿੰਦੇ ਲੇਖ ਲਿਖਾਇਆ । ਨਾ ਕੋਈ ਦੀਸੇ ਮੰਦਰ ਮਸਜਿਦ ਕਾਅਬਾ ਮੱਠ, ਦਿਹੁਰਾ ਮਸੀਤ ਪਤਤ ਪੁਨੀਤ ਕੋਈ ਦਿਸ ਨਾ ਆਇਆ । ਅੰਤਮ ਲੇਖਾ ਚੁੱਕੇ ਅੱਠ ਸੱਠ, ਗੰਗਾ ਗੋਦਾਵਰੀ ਰੋ ਰੋ ਰਹੀ ਨੀਰ ਵਹਾਇਆ । ਤ੍ਰੈਗੁਣ ਮਾਇਆ ਪਏ ਭੱਠ, ਬ੍ਰਹਮਾ ਸ਼ਿਵ ਵਿਸ਼ਨ ਦਿਵਸ ਰੈਣ ਰਹੇ ਕੁਰਲਾਇਆ । ਕਲਜੁਗ ਤੇਰੀ ਅੰਤਮ ਚੱਠ, ਗੋਬਿੰਦ ਸਾਚਾ ਲੇਖ ਲਿਖਾਇਆ । ਧੁਰਦਰਗਾਹੀ ਬੇਪਰਵਾਹੀ ਸਾਚਾ ਮਾਹੀ ਜੋਤ ਸਰੂਪੀ ਆਏ ਨੱਠ, ਸ਼ਬਦ ਖੰਡਾ ਹੱਥ ਰਖਾਇਆ । ਲੱਖ ਚੁਰਾਸੀ ਗੇੜੇ ਉਲਟੀ ਲੱਠ, ਭੇਵ ਅਭੇਦਾ ਅਛਲ ਅਛੇਦਾ ਚਾਰੇ ਵੇਦਾਂ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਤੇਰਾ ਕਾਇਆ ਰੂਪ ਆਪਣੇ ਵਿਚ ਸਮਾਇਆ । ਗੋਬਿੰਦ ਆਤਮ ਅੰਤਰ ਕਰ ਧਿਆਨ । ਏਕਾ ਮੰਗੇ ਜੀਆ ਦਾਨ । ਪੁਰਖ ਅਬਿਨਾਸ਼ੀ ਕਿਰਪਾ ਕਰ


੧੧੩
੦੬

ਸਾਚੇ ਹਰਿ, ਸਰਬ ਜੀਆਂ ਦਾ ਜਾਣੀ ਜਾਣ । ਚਾਰ ਵਰਨ ਏਕਾ ਦਰ, ਰਾਓ ਰੰਕ ਚੁੱਕੇ ਡਰ, ਊਚ ਨੀਚ ਸਰਬ ਮਿਟ ਜਾਣ । ਪੁਰਖ ਅਕਾਲ ਤੇਰਾ ਸਾਚਾ ਸਰ, ਨੌ ਖੰਡ ਪ੍ਰਿਥਮੀ ਮਿਲੇ ਵਰ, ਸੱਤਾਂ ਦੀਪਾਂ ਏਕਾ ਰੰਗ ਰੰਗਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗੇ ਮੰਗ ਵਾਲੀ ਦੋ ਜਹਾਨ । ਪ੍ਰਭ ਅਬਿਨਾਸ਼ੀ ਸ਼ਬਦ ਜਣਾਈ, ਗੁਰ ਗੋਬਿੰਦੇ ਰੀਤੀ । ਮਾਨਸ ਜਨਮ ਹੋਏ ਜੁਦਾਈ, ਜੋਤੀ ਜੋਤ ਸਦਾ ਅਤੀਤੀ । ਪਾਰਬ੍ਰਹਮ ਆਪਣੇ ਹੱਥ ਰੱਖੇ ਵਡਿਆਈ, ਆਪੇ ਜਾਣੇ ਆਪਣੀ ਰੀਤੀ । ਕਲਜੁਗ ਅੰਤਮ ਦਏ ਮਿਟਾਈ, ਲੇਖ ਲਿਖਾਏ ਸੀਆਂ ਸਾਢੇ ਤਿੰਨ ਹੱਥ ਸੀਤੀ । ਬ੍ਰਹਿਮੰਡ ਵਰਭੰਡ ਨੌ ਖੰਡ ਜੇਰਜ ਅੰਡ ਵੇਖ ਵਖਾਏ ਊਚ ਨੀਚ ਰੰਕ ਰਾਜਾਨ, ਸ਼ਾਹ ਸੁਲਤਾਨ ਹਸਤ ਕੀਟੀ । ਸ੍ਰਿਸ਼ਟ ਸਬਾਈ ਭੰਗ ਕਰਾਏ, ਨਾਮ ਮਰਦੰਗ ਇਕ ਵਜਾਏ, ਸ਼ਬਦ ਘੋੜੇ ਤੰਗ ਕਸਾਏ, ਆਤਮ ਮਧ ਅੰਮ੍ਰਿਤ ਏਕਾ ਪੀਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦੇਵੇ ਵਰ, ਹਰਿ ਸਾਜਨ ਮੀਤਾ ਖੇਲੇ ਖੇਲ ਨੀਕਨ ਨੀਕੀ । ਨੀਕਨ ਨੀਕਾ ਹਰਿ ਅਖਵਾਇਆ । ਮਨਮੁਖ ਜੀਵਾਂ ਦਿਸ ਨਾ ਆਇਆ । ਗੁਰਮੁਖਾਂ ਪ੍ਰਭ ਪਰਦਾ ਲਾਹਿਆ । ਆਤਮ ਜੋਤੀ ਨੂਰ ਸਵਾਇਆ । ਸ਼ਬਦ ਸਿੰਘਾਸਣ ਹਰਿ ਹਰਿ ਘਾੜਨ ਘੜਦਾ, ਦਰ ਦੂਸਰ ਬਾਡੀ ਕੋਇ ਨਾ ਲਾਇਆ । ਲੱਖ ਚੁਰਾਸੀ ਅੰਦਰ ਵੜਦਾ, ਦਿਵਸ ਰੈਣ ਆਪੇ ਲੜਦਾ, ਸ਼ਬਦ ਖੰਡਾ ਹੱਥ ਉਠਾਇਆ । ਲੇਖਾ ਚੁੱਕੇ ਅਸਬੂਲ ਜੜ੍ਹ ਦਾ, ਸੂਖਮ ਮੂਰਤ ਹਰਿ ਰਘੁਰਾਇਆ । ਕਲਜੁਗ ਮਾਇਆ ਅਗਨੀ ਜੂਠੀ ਝੂਠੀ ਜੀਵ ਜੰਤ ਸਾਧ ਸੰਤ ਸੜਦਾ, ਨਾ ਕੋਈ ਹੋਏ ਸਹਾਇਆ । ਲਹਿਣਾ ਦੇਣਾ ਸੀਸ ਧੜ ਦਾ, ਜਗਤ ਜਗਦੀਸ਼ ਅੰਤਮ ਕਲਜੁਗ ਦਏ ਚੁਕਾਇਆ । ਗੁਰਮੁਖ ਸਾਚੇ ਸ਼ਬਦ ਸਰੂਪੀ ਆਪੇ ਫੜਦਾ, ਚਰਨ ਦਵਾਰਾ ਹਰਿ ਨਿਰੰਕਾਰਾ ਏਕਾ ਸਾਚਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਬਹੱਤਰ ਨਾੜ ਦਾ, ਅੰਧ ਅਗਿਆਨ ਮਾਰ ਧਿਆਨ ਸ੍ਰੀ ਭਗਵਾਨ ਗੁਰਮੁਖ ਸਾਚੇ ਦਏ ਮਿਟਾਇਆ । ਮਨਮੁਖ ਜੀਵਾਂ ਅੰਤਮ ਅੰਧ, ਦਿਵਸ ਰੈਣ ਅੰਧੇਰਾ । ਦੂਈ ਦਵੈਤੀ ਭਰਮਾਂ ਕੰਧ, ਮਾਇਆ ਮਮਤਾ ਘੇਰਾ । ਨਾ ਕੋਈ ਸੁਣਾਏ ਸੁਹਾਗੀ ਛੰਦ, ਸ੍ਰਿਸ਼ਟ ਸਬਾਈ ਹੇਰਾ ਫੇਰਾ । ਹਰਿ ਕਾ ਨਾਉਂ ਨਾ ਮਿਲਿਆ ਬੱਤੀ ਦੰਦ, ਨਾ ਕਟਿਆ ਜਮ ਕਾ ਜੇੜਾ । ਰਸਨਾ ਲਾਏ ਮਦਿਰਾ ਮਾਸ ਗੰਦ, ਲੱਗੇ ਭਾਗ ਨਾ ਕਾਇਆ ਖੇੜਾ । ਆਪ ਗਵਾਇਆ ਪਰਮਾਨੰਦ, ਨਿਜਾਨੰਦ ਨਾ ਵੇਖ ਵਖਾਇਆ । ਹਉਮੇ ਰੋਗ ਰੋਗ ਬੰਦ ਬੰਦ, ਕਾਮ ਕਰੋਧ ਫਿਰੇ ਹਲਕਾਇਆ । ਸਤਿਗੁਰ ਸਾਚਾ ਸਦਾ ਸਦਾ ਸਦ ਬਖ਼ਸ਼ੰਦ, ਗੁਰਮੁਖ ਸਾਚੇ ਲਏ ਤਰਾਇਆ । ਕਲਜੁਗ ਤੇਰਾ ਅੰਤਮ ਪੰਧ, ਬੀਸ ਬੀਸਾ ਦਏ ਮੁਕਾਇਆ । ਸਤਿਜੁਗ ਚਾੜ੍ਹੇ ਸਾਚਾ ਚੰਦ, ਸਤਿ ਸਤਿਵਾਦੀ ਨਾਉਂ ਰਖਾਇਆ । ਸ੍ਰਿਸ਼ਟ ਸਬਾਈ ਕਰੇ ਖੰਡ, ਵਰਨ ਬਰਨ ਕੋਈ ਰਹਿਣ ਨਾ ਪਾਇਆ । ਸ਼ਬਦ ਚਲੇ ਇਕ ਪਰਚੰਡ, ਚੰਡ ਚੰਡੂਲ ਰਹਿਣ ਨਾ ਪਾਇਆ । ਸੋਲਾਂ ਸੋਲਾਂ ਸੋਲਾਂ ਆਪੇ ਵੰਡ, ਸੋਲਾਂ ਤੇਰੀ ਧਾਰ ਵਿਚ ਸੰਸਾਰ ਦਏ ਚਲਾਇਆ । ਵੇਖ ਵਖਾਣੇ ਹਰਿ ਬ੍ਰਹਿਮੰਡ, ਪੁਰੀਆਂ ਲੋਆਂ ਵਿਚ ਸਮਾਇਆ । ਆਪੇ ਸੁੱਤਾ ਦੇ ਕਰ ਕੰਡ, ਮਨਮੁਖ ਜੀਵਾਂ ਦਿਸ ਨਾ ਆਇਆ । ਨਾਰ ਦੁਹਾਗਣ ਹੋਈ ਰੰਡ, ਕੰਤ ਸੁਹਾਗ ਨਾ ਕੋਇ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਰੂਪ ਆਪਣੇ ਰੰਗ ਰੰਗਾਇਆ । ਰੰਗ ਚਲੂਲ ਸ਼ਬਦ ਭੱਠੀ, ਪ੍ਰਭ ਸਾਚੀ ਮਾਤ ਚੜ੍ਹਾਇੰਦਾ । ਹਰਿਜਨ ਨਾ ਜਾਏ ਭੂਲ, ਆਤਮ ਰੱਖੇ ਹੱਥੀ, ਸੱਚੀ ਦਾਤ ਝੋਲੀ ਪਾਇੰਦਾ । ਆਪੇ ਆਪ ਕੰਤ ਕੰਤੂਹਲ ਭੇਵ ਚੁਕਾਏ ਅੱਠ ਸੱਠੀ,


੧੧੪
੦੬

ਚਰਨ ਧੂੜ ਮਸਤਕ ਲਾਇੰਦਾ । ਨਾਭੀ ਕਵਲੀ ਸਾਚਾ ਫੂਲ ਉਲਟੀ ਕਰੇ ਲੱਠੀ, ਅੰਮ੍ਰਿਤ ਬੂੰਦ ਮੁਖ ਚੁਆਇੰਦਾ । ਆਪ ਚੁਕਾਏ ਪਿਛਲਾ ਮੂਲ ਪੰਚਮ ਜੇਠੀ, ਲੇਖਾ ਲੇਖ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਵੇਖੇ ਘਰ, ਸਾਧ ਸੰਤ ਜੀਵ ਜੰਤ ਔਲੀਆ ਪੀਰ ਸ਼ੇਖ਼ ਮੁਸਾਇਕ ਕੋਇ ਰਹਿਣ ਨਾ ਪਾਇੰਦਾ । ਨਾਮ ਰਸ ਜਗਤ ਅਤ ਮੀਠਾ, ਗੁਰਮੁਖ ਵਿਰਲੇ ਪਾਇਆ । ਰੂਪ ਰੰਗ ਪ੍ਰਭ ਕਿਸੇ ਨਾ ਡੀਠਾ, ਹਰਿ ਜੀ ਹਿਰਦੇ ਵਿਚ ਸਮਾਇਆ । ਲੱਖ ਚੁਰਾਸੀ ਜੂਠ ਝੂਠ ਪੀਸਣ ਪੀਠਾ, ਰਸਨਾ ਸ਼ਬਦ ਨਾ ਸਾਚਾ ਗਾਇਆ । ਮਨ ਮਤੀ ਕੌੜਾ ਹੋਇਆ ਰੀਠਾ, ਗੁਰ ਮਤੀ ਗੁਰ ਰਾਹ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸ਼ਬਦ ਵਰ, ਦੇ ਮਤ ਆਪ ਸਮਝਾਇਆ । ਗੁਰ ਮਤ ਜਗਤ ਬਲਵਾਨ, ਜੁਗ ਜੁਗ ਆਪ ਰਖਾਈਆ । ਪੰਚਮ ਮਿਟਾਏ ਤਨ ਸ਼ੈਤਾਨ, ਪੰਜੇ ਸ਼ਬਦ ਜਣਾਈਆ । ਸਾਚਾ ਮੇਲਾ ਹਰਿ ਭਗਵਾਨ, ਆਤਮ ਜੋਤੀ ਨੂਰ ਸਵਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਸ਼ਾਹੋ ਭੂਪ ਆਪ ਅਖਵਾਈਆ । ਜਿਸ ਜਨ ਦੇਵੇ ਜੀਆ ਦਾਨ, ਚਾਰੋਂ ਕੁੰਟ ਹੋਏ ਸਹਾਈਆ । ਮਦਿਰਾ ਮਾਸ ਤਜਣਾ ਪੀਣ ਖਾਣ, ਆਤਮ ਰਸ ਘਰ ਸਾਚੇ ਪਾਈਆ । ਦਰ ਦਵਾਰੇ ਸਾਚਾ ਮਾਣ, ਦਿਵਸ ਰੈਣ ਹਰਿ ਸਾਚਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਮੇਘ ਕਾਇਆ ਬਰਸ, ਠੰਢੀ ਠਾਰ ਰਖਾਈਆ । ਦਇਆਨਿਧ ਦਿਆਲ ਗੁਰ ਮੀਤਾ, ਨਿਤ ਨਿਤ ਦਇਆ ਕਮਾਇੰਦਾ । ਜਨ ਭਗਤਾਂ ਪਰਖਣਹਾਰਾ ਨੀਤਾ, ਦਿਵਸ ਰੈਣ ਸੇਵ ਕਮਾਇੰਦਾ । ਨਾਮ ਨਿਧਾਨ ਜਿਸ ਜਨ ਪੀਤਾ, ਦੇਵੀ ਦੇਵਾ ਅਲਖ ਅਭੇਵ ਜੋਤ ਨਿਰੰਜਣ ਸ਼ਬਦ ਪਾਏ ਨੇਤਰ ਅੰਜਨ ਜਗਤ ਅੰਧੇਰ ਮਿਟਾਇੰਦਾ ।

੧੧੫ ੦੬ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਜਗਤ ਵਰ, ਭਗਤ ਭਗਵੰਤ ਏਕਾ ਰੂਪ ਸਮਾਇੰਦਾ । ਸੰਬਲ ਨਗਰ ਸਾਚਾ ਗੜ੍ਹ, ਪ੍ਰਭ ਸਾਚੇ ਮਾਤ ਬਣਾਇਆ । ਆਪੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇਆ । ਸਾਚੇ ਪੌੜੇ ਗਿਆ ਚੜ੍ਹ, ਦਸਮ ਦਵਾਰੀ ਕੁੰਡਾ ਲਾਹਿਆ । ਆਪ ਆਪਣਾ ਘਾੜਨ ਘੜ, ਮਹੱਲ ਅਟੱਲ ਇਕ ਸੁਹਾਇਆ । ਨਾ ਕੋਈ ਸਕੇ ਜੀਵ ਜੰਤ ਸਾਧ ਸੰਤ ਫੜ, ਲੱਖ ਚੁਰਾਸੀ ਫਿਰੇ ਹਲਕਾਇਆ । ਪੁਰਖ ਅਗੰਮਾ ਆਪੇ ਵੇਖੇ ਖੜ੍ਹ, ਨੌ ਖੰਡ ਪ੍ਰਿਥਮੀ ਵਹਿੰਦੀ ਧਾਰ ਵਹਾਇਆ । ਪੰਚ ਵਿਕਾਰਾ ਰਿਹਾ ਲੜ, ਜੀਵਾਂ ਜੰਤਾਂ ਮਾਇਆ ਮਮਤਾ ਮੋਹ ਵਧਾਇਆ । ਕਲਜੁਗ ਅਗਨੀ ਰਿਹਾ ਸੜ, ਅੰਮ੍ਰਿਤ ਧਾਰ ਨਾ ਕੋਇ ਮੁਖ ਚੁਆਇਆ । ਜੂਠ ਝੂਠ ਬਣਾਇਆ ਹੰਕਾਰ ਗੜ੍ਹ, ਜਗਤ ਵਿਕਾਰਾ ਵਿਚ ਵਸਾਇਆ । ਕਰਮ ਕੁਕਰਮ ਰਹੇ ਲੜ, ਧਰਮ ਅਧਰਮੀ ਝਗੜਾ ਪਾਇਆ । ਦੋਹਾਂ ਮਿਲਿਆ ਜਗਤ ਵਰ, ਕਲਜੁਗ ਵੇਲਾ ਅੰਤ ਸੁਹਾਇਆ । ਚਾਰ ਯਾਰ ਸੰਗ ਮੁਹੰਮਦ ਆਪਣੀ ਕਰਨੀ ਰਿਹਾ ਕਰ, ਪ੍ਰਭ ਸਾਚੀ ਰਚਨ ਰਚਾਇਆ । ਗੋਬਿੰਦ ਰੂਪ ਮਾਤ ਧਰ, ਸੰਬਲ ਨਗਰੀ ਡੰਕ ਵਜਾਇਆ । ਗੌੜ ਬ੍ਰਹਿਮਣ ਆਪ ਹਰਿ, ਪੂਤ ਸਪੂਤਾ ਸ਼ਬਦ ਉਪਾਇਆ । ਤਿੰਨਾਂ ਲੇਖਾ ਇਕ ਘਰ, ਲਹਿਣਾ ਦੇਣਾ ਮੂਲ ਚੁਕਾਇਆ । ਕਲਜੁਗ ਕਰਨੀ ਰਿਹਾ ਕਰ, ਧਰਮਰਾਏ ਸੰਗ ਰਲਾਇਆ । ਚਿਤਰ ਗੁਪਤ ਲੇਖਾ ਰਿਹਾ ਪੜ੍ਹ, ਲਾੜੀ ਮੌਤ ਹੁਕਮ ਜਣਾਇਆ । ਲੱਖ ਚੁਰਾਸੀ ਵੇਖੇ ਸੀਸ ਧੜ, ਸੀਸ ਧੜ ਕੋਈ ਦਿਸ ਨਾ ਆਇਆ । ਹਰਿਜਨ ਸੰਤ ਸੁਹੇਲੇ ਏਕਾ ਅੱਖਰ ਜਾਇਣ ਪੜ੍ਹ, ਬ੍ਰਹਮ ਵਿਦਿਆ ਨਾਉਂ ਉਪਾਇਆ । ਜਗਤ ਵਿਦਿਆ ਵਹਿਣ ਡੂਠਾ ਹੜ੍ਹ, ਜੋਗ ਜੁਗਤ ਕਿਸੇ ਹੱਥ ਨਾ ਆਇਆ । ਨਾ ਕੋਈ ਗੋਰ ਨਾ ਕੋਈ ਮੜ, ਪਵਣ ਮਸਾਣ ਸਰਬ ਸਮਾਇਆ ।

ਪੁਰਖ ਅਬਿਨਾਸ਼ੀ ਜੋਤੀ ਜਾਮਾ ਭੇਖ ਧਰ, ਅਵਣ ਗਵਣ ਪ੍ਰਿਥਮੀ ਆਕਾਸ਼ ਪਰਭਾਸ ਵੇਖ ਵਖਾਇਆ। ਤੀਰਥ ਤਟ ਵੇਖੇ ਸਰ, ਮੰਦਰ ਟਿਲੇ ਉਚੇ ਕਿਲ੍ਹੇ ਆਪ ਫੋਲ ਫੁਲਾਇਆ। ਧਰਤ ਮਾਤ ਦਰ ਮੰਗੇ ਵਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਕਲਜੁਗ ਮਿਟੇ ਰੈਣ ਅੰਧੇਰੀ ਛਾਇਆ। ਸਤਿਜੁਗ ਸਾਚਾ ਸੋਹੇ ਦਰ, ਚਰਨ ਸਰਨ ਪ੍ਰਭ ਜਾਏ ਪੜ, ਪੁਰਖ ਅਬਿਨਾਸ਼ੀ ਫੜ ਲੜ, ਲੱਗੀ ਅੱਗ ਬਹੱਤਰ ਨੜ, ਤਿੰਨ ਸੌ ਸੱਠ ਹਾਡੀ ਤਨ ਜਲਾਇਆ। ਸਤਿਜੁਗ ਸਾਚਾ ਭਗਤ ਜਨਾਂ ਦੇ ਅੰਦਰ ਜਾਏ ਵੜ, ਸਚ ਸੁੱਚ ਦੀ ਲਾਏ ਜੜ੍ਹ, ਸਤਿ ਸੰਤੋਖ ਧਰਮ ਨਿਸ਼ਾਨ ਉਗਾਇਆ। ਕਲਜੁਗ ਫਲ ਜਾਇਣ ਝੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਗ ਮੁਹੰਮਦ ਚਾਰ ਯਾਰ, ਗੋਬਿੰਦ ਤੇਰੀ ਏਕਾ ਧਾਰ, ਬ੍ਰਹਿਮਣ ਗੌੜ ਰੂਪ ਅਪਾਰ, ਸਾਚਾ ਮੇਲ ਮਿਲਾਇਆ। ਸਾਚਾ ਮੇਲਾ ਇਕ ਘਰ, ਨੌ ਦਰ ਦਿਸ ਨਾ ਆਈਆ। ਪੁਰਖ ਅਬਿਨਾਸ਼ੀ ਦਿਤਾ ਵਰ, ਸਾਚਾ ਹਿੱਸਾ ਮਾਤ ਵੰਡਾਈਆ। ਅਗੰਮ ਅਗੰਮਾ ਜੋਤ ਧਰ, ਜੋਤੀ ਸ਼ਬਦ ਜਣਾਈਆ। ਵਡ ਸ਼ਾਹੋ ਭੂਪ ਨਰ, ਨਰ ਨਰੇਸ਼ਾ ਆਪ ਅਖਵਾਈਆ। ਚਾਰ ਵਰਨ ਸੁਹਾਏ ਬੰਕ ਦਵਾਰ, ਦਰ ਦਰਵੇਸ਼ਾ ਲੋਕਮਾਤ ਫੇਰਾ ਪਾਈਆ। ਪਕੜ ਉਠਾਏ ਬ੍ਰਹਮਾ ਵਿਸ਼ਨ ਮਹੇਸ਼ ਸੁਰਪਤ ਰਾਜਾ ਇੰਦ ਕਰੋੜ ਤੇਤੀਸਾ, ਆਪਣੀ ਸੇਵ ਲਗਾਈਆ। ਭਾਗ ਲਗਾਏ ਮਾਝੇ ਦੇਸਾ, ਗੁਰਮੁਖ ਸਾਚੇ ਵਿਚ ਪਰਵੇਸ਼ਾ, ਵੇਖ ਵਖਾਣੇ ਧਾਰੀ ਕੇਸਾ, ਮੂੰਡ ਮੁੰਡਾਈ ਹਰਿ ਰਘੁਰਾਈ ਆਪਣੀ ਬਣਤ ਬਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰੀ ਧਾਰ ਸੰਗ ਮੁਹੰਮਦ ਸੁਣ ਪੁਕਾਰ, ਪੂਤ ਸਪੂਤਾ ਧਰਤ ਮਾਤ ਤੇਰੀ ਗੋਦ ਬਿਠਾਈਆ। ਧਰਤ ਮਾਤ ਦਏ ਹੁਲਾਰਾ, ਹਰਿ ਸਾਚਾ ਸ਼ਬਦ ਜਣਾਈਆ। ਨੌ ਖੰਡ ਪ੍ਰਿਥਮੀ ਪਾਰ ਕਿਨਾਰਾ, ਏਕਾ ਵਾਰ ਕਰਾਈਆ। ਮਨਮੁਖ ਡੋਬੇ ਵਹਿੰਦੀ

੧੧੬ ੦੬ ਧਾਰਾ, ਸੰਮਤ ਅਠਾਰਾਂ ਅੱਠ ਤਤ ਮਾਤ ਦਿਸ ਨਾ ਆਈਆ। ਨੌ ਦਰ ਵੇਖੇ ਵੇਖ ਵਿਚਾਰਾ, ਦਸਵਾਂ ਵੇਖ ਵਖਾਈਆ। ਇਕ ਇਕੱਲਾ ਹਰਿ ੧੧੬ ੦੬

ਕਰਤਾਰਾ, ਸਚ ਸਿੰਘਾਸਣ ਡੇਰਾ ਲਾਈਆ। ਸ਼ਬਦ ਖੰਡਾ ਹੱਥ ਦੋ ਧਾਰਾ, ਦੋ ਜਹਾਨੀ ਰਿਹਾ ਚਲਾਈਆ। ਗੁਰਮੁਖਾਂ ਦੇਵੇ ਸ਼ਬਦ ਅਧਾਰਾ, ਜੋਤੀ ਦੀਪਕ ਨੂਰ ਉਜਿਆਰਾ, ਪਵਣ ਉਨੰਜਾ ਛਤਰ ਝੁਲਾਰਾ, ਸਾਸ ਗਰਾਸ ਆਤਮ ਤ੍ਰਿਖਾ ਪਿਆਸ ਦਰਸ ਨੇਤਰ ਨੈਣ ਲੋਚਨ ਸਾਂਤਕ ਸਤਿ ਵਰਤਾਈਆ। ਸਾਂਤਕ ਸਤਿ ਸਰੂਪ, ਹਰਿ ਹਰਿ ਰੰਗਿਆ। ਸ੍ਰਿਸ਼ਟ ਸਬਾਈ ਵੇਖੇ ਦਹਿ ਦਿਸ਼ਾ ਚਾਰ ਕੂਟ, ਲੋਆਂ ਪੁਰੀਆਂ ਆਪੇ ਲੰਘਿਆ। ਕਲਜੁਗ ਮਿਟਾਏ ਜੂਠ ਝੂਠ, ਮਾਇਆ ਮਮਤਾ ਤਨ ਸ਼ਿੰਗਾਰ ਏਕਾ ਰੰਗਿਆ। ਸਚ ਸੁੱਚ ਦਰ ਦਰਵਾਜ਼ਿਉਂ ਗਈ ਰੂਠ, ਜੀਵ ਜੰਤ ਸਾਧ ਸੰਤ ਕਾਇਆ ਤਨ ਫਿਰੇ ਨਾਮ ਨੰਗਿਆ। ਖਾਲੀ ਦਿਸੇ ਘਰ ਘਰ ਠੂਠ, ਮਿਲੇ ਦਾਨ ਨਾ ਕਿਸੇ ਕੋਲੋਂ ਮੰਗਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਕੁੱਠ, ਜਗਤ ਡੋਰੀ ਆਪ ਬੰਧਾਏ, ਲੱਖ ਚੁਰਾਸੀ ਪਾਵੇ ਫੰਦਿਆ। ਲੱਖ ਚੁਰਾਸੀ ਫੰਦੀ ਫਾਸ, ਪ੍ਰਭ ਆਪਣੀ ਹੱਥੀਂ ਆਪ ਪਾਇੰਦਾ। ਅੰਤਮ ਵੇਲਾ ਵਿਚ ਪਰਭਾਸ, ਹੋਏ ਦਾਸ ਨਾ ਕੋਇ ਸੇਵ ਕਮਾਇੰਦਾ। ਕਾਇਆ ਮੰਡਲ ਝੂਠੀ ਰਾਸ, ਸਾਚਾ ਕਾਹਨ ਹਰਿ ਭਗਵਾਨ ਦਿਸ ਕਿਸੇ ਨਾ ਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਤੀਰ ਤੀਰ ਤੁਫੰਗ, ਮਨਮੁਖ ਜੀਵਾਂ ਕਰੇ ਭੰਗ, ਰਸਨਾ ਚਿਲੇ ਆਪ ਚੜ੍ਹਾਇੰਦਾ। ਰਸਨਾ ਚਿਲਾ ਸ਼ਬਦ ਕਮਾਨ, ਗੁਰ ਗੋਬਿੰਦਾ ਆਪ ਚੜ੍ਹਾਈਆ। ਇਕ ਇਕੱਲਾ ਵਿਚ ਮੈਦਾਨ, ਸੋਹੰ ਕਟਾਰ ਤਨ ਮਿਆਨ, ਨੌ ਖੰਡ ਪ੍ਰਿਥਮੀ ਪਾਵੇ ਤਰਥੱਲਾ, ਨਾਲ ਰਲਾਏ ਗੋਬਿੰਦ ਡੱਲਾ, ਜਲਾਂ ਥਲਾਂ ਆਪ ਹਿਲਾਈਆ। ਸ੍ਰਿਸ਼ਟ ਸਬਾਈ ਦੂਈ ਦਵੈਤੀ ਸੱਲਾ, ਏਕਾ ਦੂਜਾ

ਦੂਜਾ ਏਕਾ ਏਕਾ ਭਾਓ ਚਲਾਈਆ । ਗੁਰਮੁਖ ਵਿਰਲੇ ਵਸੇ ਕਾਇਆ ਮੰਦਰ ਸਚ ਮਹੱਲਾ, ਪ੍ਰਭ ਆਤਮਕ ਦੀਪਕ ਜੋਤੀ ਨੂਰ ਸਵਾਈਆ । ਦਰ ਦਵਾਰਾ ਏਕਾ ਮੱਲਾ, ਪਾਰਬ੍ਰਹਮ ਪ੍ਰਭ ਅੱਗੇ ਖਲਾ, ਚਤੁਰਭੁਜ ਆਪਣੀ ਭੁਜਾਂ ਉਠਾਈਆ । ਲੋਕਮਾਤ ਜਨ ਫਲਾ ਫੁਲਾ, ਮਾਇਆ ਮਮਤਾ ਵਿਚ ਨਾ ਰੁਲਾ, ਲੱਗੀ ਅੱਗ ਨਾ ਕਾਇਆ ਝੱਲਾ, ਹਰਿ ਦਰਸ ਨੇਤਰ ਨੈਣ ਦਿਖਾਈਆ । ਦਰ ਦਵਾਰੇ ਜੋ ਜਨ ਆਏ ਭੁੱਲਾ, ਭਾਗ ਲਗਾਏ ਆਪਣੀ ਕੁੱਲਾ, ਚਰਨ ਸਰਨ ਘੋਲੀ ਘੁੱਲਾ, ਲੱਖ ਚੁਰਾਸੀ ਫੰਦ ਕਟਾਈਆ । ਕਲਜੁਗ ਫਲ ਅੰਤਮ ਹੁੱਲਾ, ਲੱਖ ਚੁਰਾਸੀ ਕੋਈ ਨਾ ਪੈਣਾ ਮੁੱਲਾ, ਅੰਮ੍ਰਿਤ ਆਤਮ ਸਭ ਦਾ ਡੁੱਲ੍ਹਾ, ਨਿਝਰ ਧਾਰ ਸਾਚਾ ਰਸ ਸਰ ਸਰੋਵਰ ਦਰ ਆਤਮ ਘਰ ਕੋਇ ਨਾ ਮੁਖ ਚੁਆਈਆ । ਨੌ ਦਵਾਰੇ ਮਿਲਿਆ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਕਰੇ ਜੁਦਾਈਆ । ਕਲਜੁਗ ਅੰਤਮ ਅੰਤ ਕਰ, ਸਤਿਜੁਗ ਸੁਰਤ ਦਵਾਈਆ । ਆਪ ਆਪਣੀ ਜੋਤ ਧਰ, ਅਕਾਲ ਮੂਰਤ ਇਕ ਵਟਾਈਆ । ਚਾਰ ਵਰਨ ਇਕ ਦਰ, ਨਾਦ ਤੂਰਤ ਰਿਹਾ ਵਜਾਈਆ । ਸ਼ਬਦੀ ਜੋਤੀ ਪਵਣੀ ਇਕ ਵਰ, ਤ੍ਰੈ ਲੋਆਂ ਰਿਹਾ ਦਵਾਈਆ । ਭਗਤ ਭੰਡਾਰੇ ਆਪੇ ਭਰ, ਭਗਤ ਭਾਗਵਤ ਭਗਵੰਤ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੁਹੰਮਦ ਅਹਿਮਦ ਗੋਬਿੰਦ ਧਾਰ, ਰੂਪ ਅਨੂਪ ਸਤਿ ਸਰੂਪ ਹਰਿ ਦਾਤਾਰ, ਪੂਤ ਸਪੂਤ ਬ੍ਰਹਿਮਣ ਗੌੜ ਏਕਾ ਏਕ ਓਅੰਕਾਰ ਏਕਾ ਰੰਗ ਵਖਾਈਆ । ਇਕ ਓਅੰਕਾਰ ਇਕ ਇਕੱਲਾ, ਏਕਾ ਧਾਮ ਵਸੰਦੜਾ । ਸ਼ਬਦ ਰੱਖੇ ਤੇਜ ਕਟਾਰਾ, ਨਾਮ ਖੰਡਾ ਹੱਥ ਉਠੰਦੜਾ । ਤਿੰਨਾਂ ਲੋਆਂ ਪਾਵੇ ਸਾਰਾ, ਇਕ ਜੈਕਾਰ ਕਰੰਦੜਾ । ਚੌਥੇ ਘਰ ਕਰ ਪਿਆਰਾ, ਸੰਤ ਸੁਹੇਲੇ ਕਰ ਕਰ ਮੇਲੇ ਨਿਹਚਲ ਧਾਮ ਸੁਹੰਦੜਾ । ਪੰਚਮ ਮੇਲਾ ਮੀਤ ਮੁਰਾਰਾ, ਪੰਜਾਂ ਬਖ਼ਸ਼ੇ ਚਰਨ ਪਿਆਰਾ, ਪੰਚਮ ਜੋਤੀ ਨੂਰ ਉਜਿਆਰਾ, ਸਚ ਰੰਗ ਸੁਹੰਦੜਾ । ਛੇਵੇਂ ਛੱਪਰ ਛੰਨ ਅਪਾਰਾ, ਨਾ ਕੋਈ ਦੀਸੇ ਚਾਰ ਦਿਵਾਰਾ, ਊਚ ਨੀਚ ਪ੍ਰਭ ਅਗੰਮ ਅਪਾਰਾ, ਘਰ ਸਾਚੇ ਆਪ ਵਸੰਦੜਾ । ਸਤਵੇਂ ਸਤਿ ਪੁਰਖ ਨਿਰੰਜਣ ਪ੍ਰਭ ਤੇਰੀ ਧਾਰਾ, ਆਦਿ ਅੰਤ ਜੁਗਾ ਜੁਗੰਤ ਲੋਕਮਾਤ ਲਏ ਅਵਤਾਰਾ, ਆਪਣੀ ਧਾਰਾ ਆਪਣੇ ਹੱਥ ਰਖੰਦੜਾ । ਅੱਠਵੇਂ ਅੱਠਾਂ ਤਤਾਂ ਕਰ ਵਿਚਾਰਾ, ਮਤ ਮਨ ਬੁੱਧ ਕਰੇ ਅੰਤ ਖੁਆਰਾ, ਸ਼ਬਦ ਖੰਡਾ ਤੇਜ ਕਟਾਰਾ, ਸੀਸ ਆਰਾ ਆਪ ਰਖੰਦੜਾ । ਨੌ ਦਰ ਭੁੱਲੇ ਜੀਵ ਗਵਾਰਾ, ਮਾਨਸ ਦੇਹੀ ਆਈ ਹਾਰਾ, ਨਾ ਕੋਈ ਦੀਸੇ ਪਾਰ ਕਿਨਾਰਾ, ਲੱਖ ਚੁਰਾਸੀ ਫਾਹੀ ਫੰਦੜਾ । ਦਸਵਾਂ ਘਰ ਹਰਿ ਕਰਤਾਰਾ, ਜੋਤ ਸਰੂਪੀ ਕਰ ਅਕਾਰਾ । ਸ਼ਾਹੋ ਭੂਪੀ ਬੈਠ ਦਰ ਸੱਚੇ ਦਰਬਾਰਾ, ਸਾਚਾ ਤਾਜ ਏਕਾ ਸੀਸ ਸੁਹੰਦੜਾ । ਏਕਾ ਤਾਜ ਏਕਾ ਕਾਜ ਏਕਾ ਰਾਜ ਸ੍ਰਿਸ਼ਟ ਸਬਾਈ ਸਾਜਨ ਸਾਜ, ਸਾਚੇ ਹੁਕਮ ਜਣਾਈਆ । ਸ਼ਬਦ ਘੋੜੇ ਚਰਨ ਦੇ ਰਕਾਬ, ਪਰਗਟ ਹੋਏ ਹੱਕ ਜ਼ਨਾਬ, ਵੇਖ ਵਖਾਣੇ ਦੋ ਦੋ ਆਬ, ਕਵਲ ਨਾਭ ਫੋਲ ਫੁਲਾਈਆ । ਪੁਰਖ ਅਬਿਨਾਸ਼ੀ ਕੋਈ ਨਾ ਝੱਲੇ ਤੇਰੀ ਤਾਬ, ਲੱਖ ਚੁਰਾਸੀ ਦਏ ਅਜ਼ਾਬ, ਲਹਿਣਾ ਦੇਣਾ ਹਿਸਾਬ ਮੁਕਾਈਆ । ਸਾਚਾ ਨਾਮ ਜਗਤ ਖਿਤਾਬ, ਸਾਚਾ ਮੇਲਾ ਇਕ ਅਹਿਬਾਬ, ਨਾਮ ਵਜਾਏ ਤਨ ਰਬਾਬ, ਸਾਰੰਗ ਧਰ ਭਗਵਾਨ ਬੀਠਲਾ ਸੁਰਤੀ ਕਿੰਗੀ ਆਪ ਵਜਾਈਆ । ਕਾਇਆ ਕਾਅਬਾ ਕਾਅਬਾ ਕਾਅਬ, ਹਰਿ ਹਰਿ ਸਾਚਾ ਸ਼ਾਹ ਨਵਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਪਤ ਸਰਿੰਗ ਪੰਚਮ ਧੁਨ ਜੋਤ ਨਿਰੰਜਣ ਆਪੇ ਚੁਣ, ਨਾਮ ਸਤਿ ਸਾਚਾ ਤਤ ਵਜਾਈਆ । ਨਾਮ ਸਿਤਾਰ ਦਰ ਦਰ ਵੱਜੇ, ਵਜਾਵਣਹਾਰ ਦਿਸ ਨਾ ਆਇਆ । ਸਰਬ ਜੀਆਂ ਪ੍ਰਭ ਪਰਦੇ


੧੧੭ ੦੬

ਕੱਜੇ, ਗੁਰਮੁਖਾਂ ਪਰਦਾ ਆਪੇ ਲਾਹਿਆ । ਅਨਹਦ ਮਾਰੇ ਸਾਚੀ ਆਵਾਜੇ, ਰਾਗ ਰਾਗਣੀ ਰਿਹਾ ਅਲਾਇਆ । ਚਿੱਟੇ ਅਸਵ ਸ਼ਬਦ ਘੋੜੇ ਚੜ੍ਹਿਆ
ਸਾਚੇ ਤਾਜੇ, ਦੇਸ ਮਾਝੇ ਭੇਸ ਵਟਾਇਆ । ਪਕੜ ਉਠਾਏ ਰਾਜਨ ਰਾਜੇ, ਸ਼ਬਦ ਸਰੂਪੀ ਸਾਚਾ ਗਾਜੇ, ਵਾਲੀ ਹਿੰਦ ਦਏ ਜਗਾਇਆ । ਸੰਮਤ
ਸੋਲਾਂ ਪੈਣੀ ਭਾਜੇ, ਕੋਈ ਨਾ ਕਿਸੇ ਰਖੇ ਲਾਜੇ, ਸ਼ਾਹ ਸੁਲਤਾਨਾ ਵਾਲੀ ਦੋ ਜਹਾਨਾਂ ਰਾਜ ਰਾਜਾਨਾਂ ਦਰ ਦਰ ਫਿਰਾਇਆ । ਆਪ ਰਚਾਏ ਆਪਣਾ
ਕਾਜੇ, ਲਾੜੀ ਮੌਤ ਮੰਗੇ ਦਾਜੇ, ਲੱਖ ਚੁਰਾਸੀ ਘਨਕਪੁਰ ਵਾਸੀ ਕਰਾਏ ਦਾਸੀ, ਕਲਜੁਗ ਦੇਵੇ ਅੰਤ ਪਰਨਾਇਆ । ਕੋਈ ਨਾ ਦੀਸੇ ਮਦਿਰਾ
ਮਾਸੀ, ਨਾ ਕੋਈ ਪੰਡਤ ਪੜ੍ਹੇ ਕਾਂਸ਼ੀ, ਵੇਦ ਪੁਰਾਨ ਅੰਜੀਲ ਕੁਰਾਨ ਮੁੱਲਾ ਕਾਜੀ ਸ਼ੇਖ਼ ਮੁਸਾਇਕ ਅੰਤਮ ਰੋ ਰੋ ਚੜ੍ਹਨ ਫਾਸੀ, ਪ੍ਰਭ ਸਾਚਾ ਦਏ
ਸਜ਼ਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ੀ, ਭਗਤ ਜਨਾਂ ਦਾਸਨ ਦਾਸੀ ਸਾਚੇ ਮੰਡਲ ਪਾਵੇ ਰਾਸੀ, ਮੇਲ ਮਿਲਾਏ ਸ਼ਬਦ ਸਵਾਸੀ, ਸੁਰਤ ਗਿਆਨਨ
ਇਕ ਧਿਆਨਨ ਦਰਸ ਦਿਖਾਏ ਸ੍ਰੀ ਭਗਵਾਨ, ਨੇਤਰ ਅੰਜਨ ਚਰਨ ਧੂੜ ਮਜਨ ਸਚ ਇਸ਼ਨਾਨ ਕਰਾਇਆ । ਭਾਂਡੇ ਭਰਮ ਭਉ ਪ੍ਰਭ ਦਰ ਭੱਜਣ,
ਸ਼ਬਦ ਤਾਲ ਸਾਚੇ ਵੱਜਣ, ਮਿਲਿਆ ਮੇਲ ਸਾਚੇ ਸੱਜਣ, ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ
ਭਗਤਾਂ ਆਇਆ ਪੜਦੇ ਕੱਜਣ, ਸ਼ਬਦ ਦੁਸ਼ਾਲਾ ਉਪਰ ਪਾਇਆ । ਸ਼ਬਦ ਦੁਸਾਲਾ ਰੰਗ ਲਾਲ, ਪ੍ਰਭ ਆਪਣੇ ਹੱਥ ਰਖਾਇੰਦਾ । ਪਰਗਟ ਹੋਏ
ਦੀਨ ਦਿਆਲ, ਸਰਬ ਕਲਾ ਸਮਰਥ ਆਪ ਅਖਵਾਇੰਦਾ । ਜਨ ਭਗਤਾਂ ਸੁਹਾਏ ਅੰਮ੍ਰਿਤ ਆਤਮ ਤਾਲ, ਸਰ ਸਚ ਨੁਹਾਵਣ ਇਕ ਨੁਹਾਇੰਦਾ ।
ਅੰਤਮ ਤੋੜ ਜਗਤ ਜਮ ਕਾਲ, ਕਾਲ ਮਹਾਂਕਾਲ ਨੇੜ ਨਾ ਆਇੰਦਾ । ਸ਼ਬਦ ਬਣਾਏ ਆਪ ਦਲਾਲ, ਸੁਰਤ ਸਵਾਣੀ ਕਰੇ ਰਖਵਾਲ, ਦਿਵਸ
੧੧੮ ੦੬ ਰੈਣ ਸੇਵ ਕਮਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਹਰਿ ਭਗਤ ਸੁਹੇਲੇ ਲਏ ਭਾਲ, ਮਾਤ ਪਿਤ ਅੰਮਾਂ ਅੰਮੜੀ ਆਪ ਅਖਵਾਇੰਦਾ । ੧੧੮ ੦੬
ਫਲ ਲਗਾਏ ਕਾਇਆ ਡਾਲ, ਦੀਪਕ ਜੋਤੀ ਜਗੇ ਸਾਚੇ ਥਾਲ, ਕੌਸਤਕ ਮਨੀਆ ਮਸਤਕ ਨੂਰ ਨੁਰਾਨਾ ਸ਼ਾਹ ਸੁਲਤਾਨਾ ਆਪਣੀ ਹੱਥੀਂ ਆਪ ਲਗਾਇੰਦਾ ।
ਆਪੇ ਗੋਪੀ ਆਪੇ ਕਾਹਨਾ, ਰੂਪ ਅਨੂਪ ਸਤਿ ਸਰੂਪ ਹਰਿ ਭਗਵਾਨਾ, ਬਾਰ ਅਨਕ ਵਾਸੀ ਪੁਰੀ ਘਨਕ ਜੋਤੀ ਜੋਤ ਪਰਗਟਾਇੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਵਰ, ਲਹਿਣਾ ਦੇਣਾ ਮੂਲ ਕੰਤ ਕੰਤੂਹਲ ਆਪ ਚੁਕਾਇੰਦਾ । ਸ਼ਬਦ ਸਰੂਪ ਅਨਰੰਗ,
ਦਿਸ ਕਿਸੇ ਨਾ ਆਇਆ । ਜਿਸ ਜਨ ਕਿਰਪਾ ਕਰ ਦੇਵੇ ਸੂਰਾ ਸਰਬੰਗ, ਸਗਲਾ ਸਾਥ ਨਿਭਾਇਆ । ਕੱਟਣਹਾਰਾ ਭੁੱਖ ਨੰਗ, ਸ਼ਬਦ ਮਰਦੰਗ
ਕਾਇਆ ਮੰਦਰ ਅੰਦਰ ਆਪ ਵਜਾਇਆ । ਜੂਠਾ ਝੂਠਾ ਤੋੜੇ ਵੱਜਾ ਜੰਦਰ, ਆਪਣੀ ਕਿਰਪਾ ਕੁੰਡਾ ਲਾਹਿਆ । ਲੱਖ ਚੁਰਾਸੀ ਭੌਂਦੀ ਬੰਦਰ, ਸਚ
ਦਰਵਾਜ਼ਾ ਕਿਸੇ ਦਿਸ ਨਾ ਆਇਆ । ਉਚੇ ਟਿੱਲੇ ਚੜ੍ਹ ਚੜ੍ਹ ਥੱਕੇ ਗੋਰਖ ਮਛੰਦਰ, ਸਾਚਾ ਹੱਟ ਨਾ ਕਿਸੇ ਵਖਾਇਆ । ਗੁਰ ਪੂਰਾ ਹਾਜ਼ਰ ਹਜ਼ੂਰਾ
ਭਾਗ ਲਗਾਏ ਕਾਇਆ ਡੂੰਘੀ ਕੰਦਰ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ
ਦੇਵੇ ਸ਼ਬਦ ਵਰ, ਭਾਣਾ ਸਹਿਣਾ ਦਰਸ ਨੈਣਾ ਦੋਵੇਂ ਰਾਹ ਚਲਾਇਆ । ਦੋਵੇਂ ਰਾਹ ਏਕਾ ਧਾਰ, ਏਕਾ ਸੰਗ ਨਿਭਾਈਆ । ਚਰਨ ਕਵਲ ਬਖ਼ਸ਼ੇ
ਇਕ ਪਿਆਰ, ਸ਼ਬਦ ਮਲਾਹ ਬੇਪਰਵਾਹ ਆਪੇ ਆਪ ਅਖਵਾਈਆ । ਫੜ ਫੜ ਬਾਹੋਂ ਕਰੇ ਪਾਰ, ਇਕ ਜਪਾਏ ਸਾਚਾ ਨਾਂ, ਕਾਇਆ ਚੋਲੀ
ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਇਕ ਸੁਣਾਏ ਸ਼ਬਦ ਸੁਹਾਗੀ ਸਚ ਸੰਗੀਤ,

ਕਾਇਆ ਕਰੇ ਪਤਤ ਪੁਨੀਤ, ਪਤ ਪਤਵੰਤਾ ਸ੍ਰੀ ਭਗਵੰਤਾ ਸਾਚਾ ਕੰਤਾ ਆਪੇ ਆਪ ਅਖਵਾਈਆ । ਸ਼ਬਦ ਭੰਡਾਰ ਅਤੁੱਟ, ਦੇਵਣਹਾਰ ਦਾਤਾਰ । ਆਦਿ ਅੰਤ ਸਦਾ ਨਿਖੁੱਟ, ਲੱਖ ਚੁਰਾਸੀ ਪਾਵੇ ਸਾਰ । ਲੱਖ ਚੁਰਾਸੀ ਜਾਏ ਛੁੱਟ, ਜੋ ਜਨ ਸੋਹੇ ਬੰਕ ਦਵਾਰ । ਆਤਮ ਲਾਹਾ ਸਾਚਾ ਸਾਚੀ ਲੁੱਟ, ਹਰਿ ਨਾਉਂ ਰਸਨ ਜੈ ਜੈ ਜੈਕਾਰ । ਅੰਮ੍ਰਿਤ ਆਤਮ ਪੀਣਾ ਘੁੱਟ, ਦਿਵਸ ਰੈਣ ਰਹੇ ਖੁਮਾਰ । ਮਨਮੁਖ ਜੀਵ ਜੜ੍ਹ ਆਪੇ ਰਹੇ ਪੁੱਟ, ਤਨ ਵਸਿਆ ਕਾਮ ਕਰੋਧ ਲੋਭ ਮੋਹ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਜਗਤ ਵਰ, ਏਕਾ ਸ਼ਬਦ ਨਾਮ ਅਧਾਰ । ਨਾਮ ਨਿਸ਼ਅੱਖਰ ਪ੍ਰਭ ਆਪ ਹੈ, ਬ੍ਰਹਿਮੰਡ ਰੂਪ ਨਿਵਾਸ । ਸ੍ਰਿਸ਼ਟ ਸਬਾਈ ਮਾਈ ਬਾਪ ਹੈ, ਜਨ ਭਗਤਾਂ ਦਾਸੀ ਦਾਸ । ਆਪੇ ਜਾਣੇ ਆਪਣਾ ਵਾਸ ਹੈ, ਹਰਿ ਘਟ ਘਟ ਰੱਖੇ ਵਾਸ । ਵੇਖ ਵਖਾਣੇ ਪ੍ਰਿਥਮੀ ਆਕਾਸ਼ ਹੈ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵਿਚ ਪਰਭਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਲੇਖੇ ਲਾਏ ਸਾਸ ਗਰਾਸ ।।



### ❊ ਪਹਿਲੀ ਕੱਤਕ ੨੦੧੩ ਬਿਕ੍ਰਮੀ ਅੰਮ੍ਰਿਤਸਰ ਨਿਰਮਲਾ ਸਮੇਲਨ ਵਿਚ ਪੰਡਤ ਸ਼ੰਕਰ ਅਨੰਦ ਸਵਾਮੀ ਕੋਲੋਂ ਸ਼ਬਦ ਦੀ ਪੁੱਛ ਕੀਤੀ ❊

ਕਵਣ ਘਰ ਕਵਣ ਟਿਕਾਣਾ । ਕਵਣ ਸ਼ਬਦ ਮਾਤ ਬਿਬਾਣਾ । ਕਵਣ ਰੂਪ ਸੰਤ ਸਮਾਣਾ । ਕਵਣ ਭੂਪ ਕੰਤ ਭਗਵਾਨਾ । ਕਵਣ ਕੂਟ ਬਿਸਰਾਮ ਕਰਾਣਾ । ਕਵਣ ਫਲ ਰਿਹਾ ਟੂਟ, ਡਾਲ ਕਿਸੇ ਨਾ ਲਾਣਾ । ਕਵਣ ਪੰਘੂੜਾ ਰਿਹਾ ਝੂਟ, ਕਵਣ ਆਸਣ ਸੇਜ ਵਿਛਾਣਾ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਸਚ ਘਰ, ਦੂਸਰ ਦਰ ਭੇਵ ਨਾ ਪਾਣਾ । ਕਵਣ ਸਿੰਘਾਸਣ ਕਰ ਸ਼ਿੰਗਾਰ, ਆਤਮ ਸੇਜ ਵਿਛਾਈਆ । ਕਵਣ ਰੂਪ ਰੰਗ ਕੰਤ ਭਤਾਰ, ਸੁਰਤ ਸਵਾਣੀ ਨਾਰ ਸੁਹਾਗਣ ਆਪ ਬਣਾਈਆ । ਕਵਣ ਖਾਣਾ ਪੀਣਾ ਪਹਿਨਣਾ ਤਨ ਸ਼ਿੰਗਾਰ, ਕਵਣ ਵੇਸ ਕਰਾਈਆ । ਕਵਣ ਅੰਮ੍ਰਿਤ ਆਤਮ ਸਾਚੀ ਧਾਰ, ਦਿਵਸ ਰੈਣ ਅੱਠੇ ਪਹਿਰ ਤ੍ਰਿਪਤ ਕਰਾਈਆ । ਕਵਣ ਦਹਿ ਦਿਸ਼ਾ ਰਿਹਾ ਵਿਚਾਰ, ਲੋਆਂ ਪੁਰੀਆਂ ਗਗਨ ਪਾਤਾਲ ਆਕਾਸ਼ ਏਕਾ ਰੰਗ ਸਮਾਈਆ । ਕਵਣ ਘਰ ਹਰਿ ਸੰਤ ਰੱਖੇ ਵਾਸ, ਮਿਲੇ ਮੇਲ ਪੁਰਖ ਅਬਿਨਾਸ਼, ਹਰਿ ਦੂਸਰ ਦਰ ਕੋਇ ਦਿਸ ਨਾ ਆਈਆ । ਨਿਜ ਘਰ ਨਿਜ ਆਤਮ ਵੇਖ ਵਖਾਣੇ ਸਰਬ ਗੁਣਤਾਸ, ਭੇਦ ਅਭੇਦਾ ਭੇਵ ਖੁਲ੍ਹਾਈਆ । ਕਵਣ ਮੰਡਪ ਵੇਖੇ ਰਾਸ, ਸੰਤ ਸੁਹੇਲਾ ਇਕ ਅਕੇਲਾ ਇਕਾਂਤ ਅਨੰਤ ਰੂਪ ਅਨੂਪ ਸਤਿ ਸਰੂਪ ਸ਼ਾਹੋ ਭੂਪ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਸੰਤਨ ਪੁੱਛੇ ਸਚ ਘਰ, ਨੌ ਦਵਾਰੇ ਬੰਦ ਦਰ, ਦਸਵੇਂ ਖੋਲ੍ਹੇ ਬੰਦ ਕਿਵਾੜ, ਕਵਣ ਦਰਵਾਜ਼ੇ ਜਾਏ ਅੰਦਰ ਵੜ, ਕਵਣ ਕੁੰਡਾ ਆਪੇ ਲਾਹੀਆ । ਕਵਣ ਘਰ ਕਵਣ ਦਰਵਾਜ਼ਾ । ਏਕਾ ਏਕ ਵਸੇ ਹਰਿ ਗਰੀਬ ਨਿਵਾਜਾ । ਭਗਤ ਜਨਾਂ ਰਾਹ ਸਾਚਾ ਦੱਸੇ ਸ਼ਬਦ ਰਖਾਏ ਘੋੜਾ ਤਾਜਾ । ਨਾ ਰੋਵੇ ਨਾ ਕਦੇ ਹੱਸੇ, ਧੁਨ ਆਤਮਕ ਬ੍ਰਹਿਮਾਦਾ । ਮਾਰੇ ਸ਼ਬਦ ਅਵਾਜਾ । ਰਸਨਾ ਖਾਏ ਨਾ ਗਾਏ ਕੋਈ ਸਵਾਦ, ਆਦਿ ਜੁਗਾਦਿ ਇਕ ਇਕਾਂਤਾ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਇਕ ਘਰ, ਖੋਜਤ ਖੋਜਤ ਕਾਇਆ ਪਿੰਡ ਬ੍ਰਹਿਮੰਡ ਅੰਡ ਖੰਡ ਵਿਚ ਵਿਸਮਾਦਾ । ਸੰਤਨ ਧਾਮ ਘਰ ਅਗੰਮ, ਦਿਸ ਕਿਸੇ ਨਾ ਆਇਆ , ਨਾ ਕੋਈ ਛੱਪਰ ਛੰਨ ਨਾ ਦੀਸੇ ਥੰਮ੍ਹ, ਚਾਰ ਦਿਵਾਰ ਨਾ ਕੋਈ ਬਣਾਇਆ । ਜਗਤ ਤ੍ਰਿਸ਼ਨਾ ਭੁੱਖ ਨਾ ਤਮ, ਆਲਸ ਨਿੰਦਰਾ ਨੀਂਦ ਨਾ ਆਇਆ ।

ਸ਼ਬਦ ਸਿੰਘਾਸਣ ਜੋਤੀ ਡੇਰਾ ਲਾਇਆ । ਜੋਤੀ ਨੂਰ ਕਵਣ ਦਵਾਰ, ਕਰੇ ਸਚ ਰੁਸ਼ਨਾਈਆ । ਮੇਟ ਮਿਟਾਏ ਅੰਧ ਅੰਧਿਆਰ, ਦੀਵਾ ਬੱਤੀ ਨਾ ਕੋਈ ਜਲਾਈਆ । ਸ਼ਬਦ ਧੁਨ ਅਪਰ ਅਪਾਰ, ਪੰਚਮ ਰਿਹਾ ਗਾਈਆ । ਪੰਚਮ ਮੇਲਾ ਮੀਤ ਮੁਰਾਰ, ਏਕਾ ਰੰਗ ਸਮਾਈਆ । ਤਨ ਬਸਤਰ ਕਾਇਆ ਸ਼ਬਦ ਸ਼ਸਤਰ ਤੀਰ ਕਟਾਰ, ਨਾਉਂ ਨਿਰੰਕਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਸੰਤਨ ਪੁੱਛੇ ਸਚ ਘਰ, ਭਾਰਤ ਖੰਡ ਕਵਣ ਦਵਾਰ ਦਵਾਰਕਾ ਪਾਈ ਵੰਡ, ਚਾਰ ਕੁੰਟ ਦਹਿ ਦਿਸ਼ਾ ਪੰਚਮ ਤਤ ਵਿਕਾਰੀ ਹਿਸਾ ਧੀਰਜ ਯਤ ਸਤਿ ਸੰਤੋਖ ਗਿਆਨ ਧਿਆਨ ਅੰਤਮ ਮੋਖ ਕਵਣ ਦਵਾਰੇ ਡੇਰਾ ਲਾਈਆ । ਸ਼ਬਦ ਗੁਰ ਬਲਵਾਨ, ਹੈ, ਹਰ ਘਟ ਮੇਂ ਰਿਹਾ ਸਮਾਏ । ਜਿਸ ਜਨ ਪ੍ਰਭ ਦੇਵੇ ਸਾਚਾ ਜੀਆ ਦਾਨ ਹੈ, ਆਤਮ ਜੋਤ ਜਗਾਏ । ਇਕ ਰਖਾਏ ਚਰਨ ਧਿਆਨ ਹੈ, ਏਕਾ ਰੰਗ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਖਾਧਾਰੀ ਭੇਖ ਰਖਾਏ । ਕਲਜੁਗ ਤੇਰਾ ਅੰਤਮ ਭੇਖ, ਪੁਰਖ ਅਬਿਨਾਸ਼ੀ ਵੇਖਣ ਆਇਆ । ਲੱਖ ਚੁਰਾਸੀ ਮਸਤਕ ਲਿਖੇ ਵੇਖੇ ਰੇਖ, ਲਿਖਣਹਾਰਾ ਦਿਸ ਨਾ ਆਇਆ । ਨੌ ਖੰਡ ਪ੍ਰਿਥਮੀ ਰਹੀ ਵੇਖ, ਭੇਵ ਅਭੇਦਾ ਦਿਸ ਨਾ ਆਇਆ । ਭਰਮੇ ਭੁੱਲੇ ਔਲੀਏ ਪੀਰ ਸ਼ੇਖ਼, ਸਾਧਾਂ ਸੰਤਾਂ ਮਾਇਆ ਮਮਤਾ ਜਗਤ ਮੋਹ ਵਧਾਇਆ । ਨਾ ਕੋਈ ਜਾਣੇ ਸ਼ਬਦ ਅਗੰਮਤਾ, ਅਗੰਮ ਅਗੰਮਾ ਜੋਤੀ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰਾ ਵੇਖਣ ਦਰ, ਲੋਕਮਾਤ ਮਾਰ ਝਾਤ ਏਕਾ ਰੂਪ ਸਮਾਇਆ । ।



## ❊ ਪਹਿਲੀ ਕੱਤਕ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਹਰਿ ਸਾਵਣ ਮਿਹਰਵਾਨ, ਆਦਿ ਪੁਰਖ ਅਪਾਰਾ । ਜਨ ਭਗਤਾਂ ਦੇਵੇ ਜੀਆ ਦਾਨ, ਜੋਤੀ ਸ਼ਬਦ ਹੁਲਾਰਾ । ਕਾਇਆ ਮੰਦਰ ਇਕ ਮਕਾਨ, ਵਸੇ ਹਰਿ ਨਿਰੰਕਾਰਾ । ਸੰਤ ਸੁਹੇਲੇ ਕਰ ਪਛਾਨ, ਦੀਪਕ ਦੀਪ ਕਰੇ ਉਜਿਆਰਾ । ਆਪੇ ਗੋਪੀ ਆਪੇ ਕਾਹਨ, ਕਾਹਨਾ ਕ੍ਰਿਸ਼ਨਾ ਰਾਧਕਾ ਕ੍ਰਿਸ਼ਨ ਮੁਰਾਰਾ । ਸਰਬ ਜੀਆਂ ਪ੍ਰਭ ਜਾਣੀ ਜਾਣ, ਵੇਖੇ ਪਰਖੇ ਪਰਖਣਹਾਰਾ । ਧੁਰਦਰਗਾਹੀ ਸ਼ਬਦ ਬਿਬਾਣ, ਲੋਆਂ ਪੁਰੀਆਂ ਇਕ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦਾ ਵਾਲੀ ਹਿੰਦਾ ਇਕ ਕਰਾਏ ਸਾਚਾ ਵਣਜ ਵਪਾਰਾ । ਸਾਚਾ ਵਣਜ ਵਪਾਰ, ਚਰਨ ਪ੍ਰੀਤਿਆ । ਗੁਰਮੁਖਾਂ ਦੇਵੇ ਮਾਤ ਅਧਾਰ, ਕਾਇਆ ਕਰੇ ਪਤਤ ਪੁਨੀਤਿਆ । ਊਚਾਂ ਨੀਚਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਭੇਵ ਨਿਵਾਰ, ਏਕਾ ਧਾਮ ਦਿਖਾਏ ਹਸਤ ਕੀਟਿਆ । ਜੋਤ ਸਰੂਪੀ ਹਰਿ ਭਗਵਾਨਾ, ਸ਼ਬਦ ਸਰੂਪੀ ਤੀਰ ਕਮਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਏਕਾ ਏਕ ਏਕ ਅਨਡਿਠਿਆ । ਸ਼ਬਦ ਵਰ ਇਕ ਅਨਡਿਠ, ਦਿਸ ਕਿਸੇ ਨਾ ਆਇਆ । ਕਾਇਆ ਮੰਦਰ ਆਪੇ ਸੁੱਤਾ ਦੇ ਕਰ ਪਿੱਠ, ਮਨਮੁਖੀ ਮੁਖ ਛੁਪਾਇਆ । ਹਰਿ ਦਾਤਾ ਵਡਾ ਸ਼ਾਹ ਸੇਠ, ਦਿਵਸ ਰੈਣ ਲੇਖਾ ਰਿਹਾ ਲਿਖਾਇਆ । ਜਨ ਭਗਤਾਂ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇਆ । ਮਨਮੁਖ ਭੰਨੇ ਕੌੜੇ ਰੇਠ, ਕਲਜੁਗ ਵੇਲਾ ਅੰਤਮ ਆਇਆ । ਵੇਖੇ ਖੇਲ ਮਹੀਨਾ ਜੇਠ, ਪੰਚਮ ਪੰਚਾਂ ਦਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ

ਗੁਰ ਮੇਲ ਹਰਿ, ਮੇਲਾ ਮੇਲਣਹਾਰ ਆਪ ਅਖਵਾਇਆ । ਗੁਰ ਗੋਬਿੰਦ ਸਾਚੀ ਨਾਰੀ, ਹਰਿ ਹਰਿ ਸਾਚਾ ਕੰਤਾ । ਪੁਰਖ ਅਬਿਨਾਸ਼ੀ ਕਰੇ ਪਿਆਰੀ, ਦੇਵੇ ਮਾਣ ਆਦਿਨ ਅੰਤਾ । ਕਲਜੁਗ ਤੇਰੀ ਅੰਤਮ ਵਾਰੀ, ਇਕ ਸੁਹਾਏ ਰੁੱਤ ਬਸੰਤਾ । ਸਿੰਘ ਕਿਸ਼ਨ ਪ੍ਰਭ ਦੇਵੇ ਤਾਰੀ, ਨਿਰਮਲ ਜੋਤ ਕਰ ਉਜਿਆਰੀ, ਅੰਮ੍ਰਿਤ ਆਤਮ ਦੇਵੇ ਸਚ ਖੁਮਾਰੀ, ਦਿਵਸ ਰੈਣ ਰੈਣ ਦਿਵਸ ਏਕਾ ਦੀਪਕ ਜੋਤ ਜਗੰਤਾ । ਦੀਪਕ ਜੋਤ ਕਾਇਆ ਮੰਦਰ, ਆਪੇ ਆਪ ਜਗਾਇੰਦਾ । ਵੇਖ ਵਖਾਣੇ ਡੂੰਘੀ ਕੰਦਰ, ਭਾਂਡਾ ਭਰਮ ਭਉ ਭੰਨਾਇੰਦਾ । ਬਜਰ ਕਪਾਟੀ ਤੋੜੇ ਜੰਦਰ, ਸ਼ਬਦ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਪਾਵੇ ਵੰਡਾਂ, ਵੇਖੇ ਖੇਲ ਵਿਚ ਬ੍ਰਹਿਮੰਡਾਂ, ਜੇਰਜ ਅੰਡਾਂ ਵੇਖ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਬਖ਼ਸ਼ੇ ਚਰਨ ਧਿਆਨ, ਆਤਮ ਉਪਜੇ ਬ੍ਰਹਮ ਗਿਆਨ, ਸਦਾ ਸੁਹਾਗੀ ਵਡ ਵਡ ਭਾਗੀ ਨਾ ਹੋਏ ਮਾਤ ਰੰਡਾ । ਦਸਮ ਦਵਾਰੀ ਉਚਾ ਟਿੱਲਾ, ਪ੍ਰਭ ਸਾਚੇ ਆਪ ਬਣਾਇਆ ਏ । ਗੁਰਮੁਖ ਵਿਰਲੇ ਲੋਕਮਾਤ ਕਲਜੁਗ ਮਿਲਾ, ਲੱਖ ਚੁਰਾਸੀ ਦਰ ਦਰ ਫਿਰੇ ਹਲਕਾਇਆ ਏ । ਮੰਦਰ ਅੰਦਰ ਬਹਿ ਬਹਿ ਕੱਟਦੇ ਸ਼ਿਲਾ, ਪ੍ਰਭ ਅਬਿਨਾਸ਼ੀ ਕਿਸੇ ਹੱਥ ਨਾ ਆਇਆ ਏ । ਮਨਮੁਖ ਲੱਭਦੇ ਘੋੜਾ ਨੀਲਾ, ਨੀਲੇ ਵਾਲਾ ਨਜ਼ਰ ਨਾ ਆਇਆ ਏ । ਗੁਰ ਸੰਗਤ ਪ੍ਰਭ ਮਿਲਣ ਦਾ ਅੰਤਮ ਵੇਲਾ, ਕਲਜੁਗ ਵੇਲਾ ਨੇੜੇ ਆਇਆ ਏ । ਪਰਗਟ ਹੋਏ ਜੋਤ ਸਰੂਪੀ ਛੈਲ ਛਬੀਲਾ, ਸੰਮਤ ਤੇਰਾਂ ਤੇਰੀ ਰੁੱਤ ਸੁਹਾਇਆ ਏ । ਗੁਰ ਸੰਗਤ ਬਣਾਏ ਇਕ ਕਬੀਲਾ, ਊਚ ਨੀਚ ਭੇਵ ਮਿਟਾਇਆ ਏ । ਗੁਰਮੁਖ ਅੰਮ੍ਰਿਤ ਆਤਮ ਸ਼ਬਦ ਨਿਧਾਨ, ਪ੍ਰਭ ਅਬਿਨਾਸ਼ੀ ਦੇਵਣਹਾਰ ਅਖਵਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੇ ਵਸਿਆ ਘਰ, ਘਰ ਆਪਣਾ ਆਪ ਸੁਹਾਇਆ ਏ । ਗੁਰਮੁਖ ਤੇਰਾ ਸਾਚਾ ਘਰ, ਪ੍ਰਭ ਸਾਚਾ ਧਾਮ ਸੁਹਾਇੰਦਾ । ਨੌ ਦਵਾਰੇ ਉਪਰ ਚੜ੍ਹ, ਆਪੇ ਵੇਖ ਵਖਾਇੰਦਾ । ਸ਼ਬਦ ਸਰੂਪੀ ਕਿਲ੍ਹਾ ਗੜ੍ਹ, ਦਸਮ ਦਵਾਰੀ ਆਪ ਖੁਲ੍ਹਾਇੰਦਾ । ਆਪੇ ਬੈਠਾ ਅੰਦਰ ਵੜ, ਨਿਰਮਲ ਜੋਤੀ ਨੂਰ ਜਗਾਇੰਦਾ । ਏਕਾ ਅੱਖਰ ਰਿਹਾ ਪੜ੍ਹ, ਪੰਚਮ ਪੰਚਾਂ ਰੁੱਤ ਸੁਹਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਸਾਚੀ ਸੇਜਾ ਆਸਣ ਲਾਇੰਦਾ । ਦਿਵਸ ਰੈਣ ਅੱਗੇ ਖੜ੍ਹ, ਨੇਤਰ ਲੋਚਨ ਨੈਣ ਦਰਸ ਦਿਖਾਇੰਦਾ । ਅੰਦਰੇ ਅੰਦਰ ਰਿਹਾ ਫੜ, ਮਨਮੁਖ ਕੋਈ ਭੇਵ ਨਾ ਪਾਇੰਦਾ । ਆਪ ਫੜਾਏ ਆਪਣਾ ਲੜ, ਦੋ ਜਹਾਨ ਨਾ ਕੋਇ ਛੁਡਾਇੰਦਾ । ਅਗਨੀ ਹਵਨ ਨਾ ਜਾਏ ਸੜ, ਕਾਲ ਮਹਾਂਕਾਲ ਨੇੜ ਨਾ ਆਇੰਦਾ । ਸਾਚੇ ਪੌੜੇ ਗੁਰਮੁਖ ਸਾਚਾ ਗਿਆ ਚੜ੍ਹ, ਪ੍ਰਭ ਆਪਣੀ ਗੋਦ ਉਠਾਇੰਦਾ । ਸ਼ਬਦ ਸਰੂਪੀ ਬਾਂਹ ਫੜ, ਲੋਆਂ ਪੁਰੀਆਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਸਾਚਾ ਪੱਲੂ ਨਾਮ ਫੜਾਇੰਦਾ । ਕਵਣ ਕਾਇਆ ਕਵਣ ਕੂਟ, ਕਵਣ ਚਾਰ ਦਿਵਾਰੀ । ਕਵਣ ਸ਼ਬਦ ਵੱਜੇ ਚੋਟ, ਪਾਰਬ੍ਰਹਮ ਬ੍ਰਹਮ ਕਰੇ ਖ਼ਬਰਦਾਰੀ । ਕਵਣ ਕੱਢੇ ਮਾਇਆ ਮਮਤਾ ਮੋਹ ਝੂਠਾ ਖੋਟ, ਬਖ਼ਸ਼ੇ ਚਰਨ ਪਿਆਰੀ । ਨਾਮ ਦਾਨ ਦੇਵੇ ਦਾਤਾ ਇਕ ਅਤੋਟ, ਭਰਿਆ ਰਹੇ ਤਨ ਭੰਡਾਰੀ । ਫਿਰ ਫਿਰ ਥੱਕੇ ਕੋਟਨ ਕੋਟ, ਸਾਧ ਸੰਤ ਜੀਵ ਜੰਤ ਗਵਾਰੀ । ਲੱਖ ਚੁਰਾਸੀ ਆਲ੍ਹਣਿਉਂ ਡਿੱਗੇ ਬੋਟ, ਨਾ ਕੋਈ ਮਾਰੇ ਸ਼ਬਦ ਉਡਾਰੀ । ਮਾਇਆ ਮਮਤਾ ਅਜੇ ਨਾ ਭਰੀ ਪੋਟ, ਕਲਜੁਗ ਪਾਸਾ ਗਿਆ ਹਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਆਏ ਦਰ ਸੋਹੇ ਬੰਕ ਦਵਾਰੀ । ਬੰਕ ਦਵਾਰ ਗਰੀਬ ਨਿਵਾਜ, ਹਰਿ

ਸਾਚਾ ਮੇਲ ਮਿਲਾਇਆ । ਭਗਤ ਜਨਾਂ ਹਰਿ ਸਾਜਨ ਸਾਜ, ਸਾਜਣਹਾਰਾ ਆਪ ਅਖਵਾਇਆ । ਦਿਵਸ ਰੈਣ ਰੱਖੇ ਲਾਜ, ਅੱਠੇ ਪਹਿਰ ਸੇਵ ਕਮਾਇਆ । ਸੀਸ ਪਹਿਨਾਏ ਸ਼ਬਦ ਤਾਜ, ਸੋਹੰ ਸਿਹਰਾ ਮੁਖ ਲਗਾਇਆ । ਲੱਖ ਚੁਰਾਸੀ ਰਚਿਆ ਕਾਜ, ਓਅੰਕਾਰਾ ਦਿਸ ਨਾ ਆਇਆ । ਪਰਗਟ ਹੋਏ ਦੇਸ ਮਾਝ, ਨਿਹਕਲੰਕਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਾਜਨ ਰਿਹਾ ਸਾਜ, ਵਾਸੀ ਪੁਰੀ ਘਨਕ ਬਾਰ ਅਨਕ ਜੋਤ ਜਗਾਇਆ । ਜੋਤੀ ਨੂਰ ਅਪਾਰ, ਹਰਿ ਉਪਾਇਆ । ਸ਼ਬਦ ਸਿੰਘਾਸਣ ਕਰ ਤਿਆਰ, ਆਪ ਆਪਣਾ ਆਸਣ ਲਾਇਆ । ਪ੍ਰਿਥਮੀ ਆਕਾਸ਼ ਵੇਖ ਵਿਚਾਰ, ਲੋਆਂ ਪੁਰੀਆਂ ਬਣਤ ਬਣਾਇਆ । ਰਵ ਸਸ ਲਾਏ ਕਾਰ, ਕਾਰਜ ਆਪਣੇ ਹੱਥ ਰਖਾਇਆ । ਹਰਿ ਅਗੰਮ ਅਗੰਮੜਾ ਕਾਰ, ਅਗੰਮ ਅਗੰਮਾ ਖੇਲ ਰਚਾਇਆ । ਨਾਥ ਅਨਾਥਾਂ ਹੋ ਸਹਾਰ, ਨਾਥ ਤ੍ਰੈਲੋਕੀ ਆਪ ਅਖਵਾਇਆ । ਸਾਚੀ ਗਾਥਾ ਸ਼ਬਦ ਅਧਾਰ, ਵਾਜਾ ਸ਼ਬਦੀ ਰਿਹਾ ਵਜਾਇਆ । ਸਗਲਾ ਸਾਥਾ ਵਿਚ ਸੰਸਾਰ, ਪੁਰਖ ਅਬਿਨਾਸ਼ੀ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜਾਮਾ ਹਰਿ ਨਿਰੰਕਾਰ, ਕਲਜੁਗ ਬਣਤ ਬਣਾਈਆ । ਪਰਗਟ ਹੋਇਆ ਵਿਚ ਸੰਸਾਰ, ਸਾਧ ਸੰਤ ਰਿਹਾ ਜਗਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਸ਼ਬਦ ਖੰਡਾ ਤੇਜ਼ ਕਟਾਰ, ਨਾਮ ਧਾਰਾ ਆਪ ਬੰਧਾਈਆ । ਸੋਹੰ ਤੋੜਾ ਸੀਸ ਦਸਤਾਰ, ਜੋਤੀ ਜੋੜਾ ਜੋੜ ਜੁੜਾਈਆ । ਬ੍ਰਹਿਮੰਡਾਂ ਖੋਜ ਅਪਰ ਅਪਾਰ, ਸਾਚੇ ਘੋੜੇ ਆਸਣ ਲਾਈਆ । ਜੋਤ ਨਿਰੰਜਣ ਕਰ ਆਕਾਰ, ਲੋਕਮਾਤ ਕਰੇ ਕੁੜਮਾਈਆ । ਕਲਜੁਗ ਕਰਮਾਂ ਰਿਹਾ ਵਿਚਾਰ, ਰੈਣ ਅੰਧੇਰੀ ਜਗਤ ਛਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰ ਗੋਬਿੰਦਾ ਸੰਗ ਰਲਾਈਆ । ਗੁਰ ਗੋਬਿੰਦਾ ਚਰਨ ਪਿਆਰ, ਤੇਗ ਬਹਾਦਰ ਦਏ ਵਡਿਆਈਆ । ਤੇਗ ਬਹਾਦਰ ਸ਼ਬਦ ਉਡਾਰ, ਪ੍ਰਭ ਚਰਨੀ ਆਸਨ ਲਾਈਆ । ਪ੍ਰਭ ਚਰਨ ਸਚ ਦਵਾਰ, ਸਾਚੀ ਰਾਸਣ ਵੇਖ ਵਖਾਈਆ । ਬ੍ਰਹਮਾ ਵੇਤਾ ਕਰੇ ਪੁਕਾਰ, ਅੰਤਮ ਵੇਲੇ ਦਏ ਦੁਹਾਈਆ । ਸਤਿਜੁਗ ਸਾਚਾ ਰਿਹਾ ਪੁਕਾਰ, ਆਪ ਆਪਣੀ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਲੱਖ ਚੁਰਾਸੀ ਦਏ ਦੁਹਾਈਆ । ਕਲਜੁਗ ਰੋਵੇ ਧਾਹਾਂ ਮਾਰ, ਕਾਲਾ ਸੂਸਾ ਤਨ ਛੁਹਾਈਆ । ਈਸਾ ਮੂਸਾ ਮੁਹੰਮਦੀ ਯਾਰ, ਪ੍ਰਭ ਸਾਚਾ ਰਿਹਾ ਹਿਲਾਈਆ । ਗ੍ਰੰਥੀ ਪੰਥੀ ਪਾਵੇ ਸਾਰ, ਵੇਦ ਪੁਰਾਨਾ ਫੋਲ ਫੁਲਾਈਆ । ਆਦਿਨ ਅੰਤਾ ਏਕਾ ਏਕੰਕਾਰ, ਇਕ ਆਕਾਰ ਕਰਾਈਆ । ਸ਼ਬਦ ਖੰਡਾ ਤੇਜ ਕਟਾਰ, ਗੁਰ ਗੋਬਿੰਦ ਨਾ ਕੋਈ ਦਿਸੇ ਚਾਰ ਦਿਵਾਰ, ਵਲ ਛਲ ਸਰਬ ਸੰਸਾਰ, ਲੱਖ ਚੁਰਾਸੀ ਆਪ ਭੁਲਾਈਆ । ਜਲ ਥਲ ਪ੍ਰਭ ਸਾਚੀ ਧਾਰ, ਅੰਮ੍ਰਿਤ ਧਾਰਾ ਆਪ ਵਹਾਈਆ । ਵੇਖੇ ਖੇਲ ਅੱਜ ਕੱਲ, ਕੱਲ ਅੱਜ ਵੇਖ ਵਖਾਈਆ । ਪ੍ਰਭ ਕਾ ਭਾਣਾ ਨਾ ਜਾਏ ਟਲ, ਚਾਰੋਂ ਕੁੰਟ ਦਏ ਦੁਹਾਈਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲ, ਜਨ ਆਏ ਚਲ ਸਚ ਸੱਚੀ ਸਰਨਾਈਆ । ਇਕ ਦਵਾਰਾ ਲਿਆ ਮੱਲ, ਪ੍ਰਭ ਦਰਸ ਦਿਖਾਏ ਘੜੀ ਘੜੀ ਪਲ ਪਲ, ਆਤਮ ਅੰਦਰ ਖੇਲ ਅਲਾਹੀਆ । ਇਕ ਵਖਾਏ ਨਿਹਚਲ ਧਾਮ ਅਟੱਲ, ਅਗੰਮ ਅਪਾਰਾ ਸ਼ਬਦ ਗੁਰ ਏਕਾ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਤੇਰੀ ਅੰਤਮ ਵਾਰ ਆਇਆ ਕਰਨ ਜਗਤ ਕੁੜਮਾਈਆ । ਲੱਖ ਚੁਰਾਸੀ ਵੇਖਣ ਆਇਆ, ਸਰਬ ਜੀਆਂ ਪ੍ਰਭ ਦਾਤਾ । ਗੁਰਮੁਖ ਸਾਚੇ ਨੇਤਰ ਪੇਖਣ ਆਇਆ, ਪਾਰਬ੍ਰਹਮ ਬ੍ਰਹਮ ਭਏ ਗਿਆਤਾ । ਔਲੀਏ ਪੀਰ ਸ਼ੇਖ਼ ਮੇਟ

ਮਿਟਾਵਣ ਆਇਆ, ਮੇਟ ਮਿਟਾਏ ਜ਼ਾਤ ਪਾਤਾ । ਬਿਧਨੀ ਲਿਖੀ ਰੇਖ ਮਨਮੁਖਾਂ ਮਸਤਕ ਵੇਖਣ ਆਇਆ, ਗੁਰਮੁਖਾਂ ਦੇਵੇ ਸਾਚੀ ਦਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਡੇਰਾ ਲਾਏ, ਬੈਠਾ ਰਹੇ ਇਕ ਇਕਾਂਤਾ । ਇਕ ਇਕਾਂਤ ਸਰਬ ਗੁਣਵੰਤਾ, ਸਰਬ ਕਲਾ ਭਰਪੂਰੀਆ । ਜੋਤ ਜਗਾਏ ਪੂਰਨ ਭਗਵੰਤਾ, ਕਲਜੁਗ ਆਸਾ ਮਨਸਾ ਪੂਰੀਆ । ਹਰਿਜਨ ਨਾਰੀ ਮੇਲਾ ਸਾਚੇ ਕੰਤਾ, ਦਿਵਸ ਰੈਣ ਹਾਜ਼ਰ ਹਜ਼ੂਰੀਆ । ਸਤਿਜੁਗ ਬਣਾਏ ਤੇਰੀ ਸਾਚੀ ਬਣਤਾ, ਵੇਲਾ ਨੇੜ ਨਾ ਜਾਣੇ ਦੂਰੀਆ । ਲੱਖ ਚੁਰਾਸੀ ਹੋਏ ਭੰਗਤਾ, ਵਰਭੰਡੀ ਕੂੜੋ ਕੂੜੀਆ । ਮਿਲੇ ਵਡਿਆਈ ਸਾਚੀ ਸੰਗਤਾ, ਪ੍ਰਭ ਦਰਸ਼ਨ ਨੇਤਰ ਨੂਰੀਆ । ਗੁਰ ਸੰਗਤਾਂ ਹਰਿ ਹਰਿ ਤੇਰਾ ਮੰਗਤਾ, ਏਕਾ ਮਨਸਾ ਕਰਨੀ ਪੂਰੀਆ । ਕਾਇਆ ਚੋਲੀ ਆਪੇ ਰੰਗਤਾ, ਚਾੜ੍ਹੇ ਰੰਗ ਸਾਚਾ ਗੂੜ੍ਹੀਆ । ਆਪੇ ਹੋਏ ਭੁੱਖਾ ਨੰਗਤਾ, ਗੁਰਮੁਖਾਂ ਆਪੇ ਬਹੁੜੀਆ । ਨੌ ਖੰਡ ਪ੍ਰਿਥਮੀ ਵੇਖੇ ਜੰਗਤਾ, ਗੁਰ ਗੋਬਿੰਦਾ ਪਾਵੇ ਘੂਰੀਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤੋੜ ਤੁੜਾਏ ਹਉਮੇ ਹੰਗਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤ ਦਵਾਰੇ ਇਕ ਵਰ, ਮਸਤਕ ਬਖ਼ਸ਼ੇ ਚਰਨ ਧੂੜੀਆ । ਉਠ ਭਗਵਾਨ ਪ੍ਰਭ ਦੇਵੇ ਦਾਨ, ਆਏ ਚਰਨ ਦਵਾਰਿਆ । ਧੂੜੀ ਮਜਨ ਸਚ ਇਸ਼ਨਾਨ, ਮਿਲੇ ਮੇਲ ਕੰਤ ਭਤਾਰਿਆ । ਅੰਮ੍ਰਿਤ ਆਤਮ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਨਿਵਾਰਿਆ । ਮਿਲੇ ਮੇਲ ਪ੍ਰਭ ਸਾਚੇ ਹਾਣੀ ਹਾਣ, ਆਪੇ ਬੈਠੇ ਆਤਮ ਘਰ ਦਰ ਸੱਚੇ ਦਵਾਰਿਆ ।

੧੨੩ ੦੬ ਹਰਿ ਸ਼ਬਦ ਗੁਰ ਮਤ ਹੈ, ਭੇਖੀ ਭੇਖ ਅਪਾਰ । ਹਰਿ ਸ਼ਬਦ ਗੁਰ ਮਤ ਹੈ, ਜੁਗ ਜੁਗ ਲਏ ਅਵਤਾਰ । ਹਰਿ ਸ਼ਬਦ ਗੁਰ ਰੱਤ ਹੈ, ਜਨਣੀ ਜਨ ਆਪ ਕਰਤਾਰ । ਹਰਿ ਸ਼ਬਦ ਗੁਰ ਮਤ ਹੈ, ਦੇਵਣਹਾਰ ਸਰਬ ਸੰਸਾਰ । ਹਰਿ ਸ਼ਬਦ ਸਚ ਤਤ ਹੈ, ਪੰਜਾਂ ਤਤਾਂ ਵਸੇ ਬਾਹਰ । ਹਰਿ ਸ਼ਬਦ ਧੀਰਜ ਯਤ ਹੈ, ਸਾਚਾ ਰਥ ਅਪਾਰ । ਹਰਿ ਸ਼ਬਦ ਰਾਮ ਘਰ ਦਸਰਥ ਹੈ, ਰਾਮਾ ਰਾਮ ਅਵਤਾਰ । ਹਰਿ ਸ਼ਬਦ ਲੱਖ ਚੁਰਾਸੀ ਪਾਏ ਨੱਥ ਹੈ, ਇਕ ਵਖਾਏ ਬੰਕ ਦਵਾਰ । ਹਰਿ ਸ਼ਬਦ ਗੁਰ ਮਤ ਸਦਾ ਸਮਰਥ ਹੈ, ਬਖ਼ਸ਼ੇ ਬਖ਼ਸ਼ਣਹਾਰ । ਹਰਿ ਸ਼ਬਦ ਗੁਰ ਏਕਾ ਵੱਥ ਹੈ, ਆਦਿ ਅੰਤ ਏਕਾ ਏਕ ਓਅੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਏ ਮਾਤ ਅਵਤਾਰ । ਹਰਿ ਸ਼ਬਦ ਅਕਾਲ ਅਕਾਲ ਅਕਾਲਿਆ । ਹਰਿ ਸ਼ਬਦ ਦੀਨ ਦਿਆਲ, ਸਰਬ ਕਰੇ ਪ੍ਰਿਤਪਾਲਿਆ । ਹਰਿ ਸ਼ਬਦ ਰਖਵਾਲ, ਨੇੜ ਨਾ ਆਏ ਜਗਤ ਜੰਜਾਲਿਆ । ਹਰਿ ਸ਼ਬਦ ਇਕ ਉਛਾਲ, ਸਾਚਾ ਤਾਲ ਇਕ ਸੁਹਾ ਲਿਆ । ਹਰਿ ਸ਼ਬਦ ਗੁਰਮੁਖ ਸਾਚੇ ਲਏ ਭਾਲ, ਆਪ ਆਪਣੀ ਗੋਦ ਉਠਾ ਲਿਆ । ਹਰਿ ਸ਼ਬਦ ਦੋ ਜਹਾਨੀ ਮਾਤ ਦਲਾਲ, ਪ੍ਰਭ ਸਾਚੇ ਆਪ ਬਣਾ ਲਿਆ । ਹਰਿ ਸ਼ਬਦ ਆਪੇ ਸ਼ਾਹ ਆਪੇ ਕੰਗਾਲ, ਆਪੇ ਆਪ ਧੰਨ ਸੱਚਾ ਧਨ ਮਾਲਿਆ । ਹਰਿ ਸ਼ਬਦ ਅਨਮੁੱਲੜਾ ਲਾਲ, ਲਾਲ ਗੁਲਾਲਾ ਰੰਗ ਚੜ੍ਹਾ ਲਿਆ । ਹਰਿ ਸ਼ਬਦ ਵਸੇ ਮੁਖ ਕਾਇਆ ਖਾਲ, ਵਿਰਲੇ ਗੁਰਮੁਖ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਜੋਤ ਜਗਾਏ ਗੋਪਾਲ, ਭੇਖਾਧਾਰੀ ਭੇਖ ਵਟਾ ਲਿਆ । ਭੇਖਾਧਾਰੀ ਭੇਖ ਵਟਾਏ, ਜੁਗ ਜੁਗ ਅਵੱਲੜੀ ਕਾਰੀਆ । ਸਤਿਜੁਗ ਤ੍ਰੇਤਾ ਖੇਲ ਰਚਾਏ, ਰਾਮ ਰਾਮਾ ਹਰਿ ਨਿਰੰਕਾਰੀਆ । ਦੁਆਪਰ ਜੂਆ ਖੇਲ ਵਖਾਏ, ਤੋੜੇ ਗੜ੍ਹ ੧੨੩ ੦੬

ਕਿਲ੍ਹਾ ਹੰਕਾਰੀਆ । ਕਲਜੁਗ ਵੇਲਾ ਅੰਤ ਲਿਆਏ, ਫੜੇ ਸ਼ਬਦ ਤੇਜ ਕਟਾਰੀਆ । ਗੁਰ ਗੋਬਿੰਦਾ ਸੰਗ ਰਲਾਏ, ਹਰਿ ਆਪੇ ਪਹਿਰੇਦਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਖੇਲ ਅਪਾਰੀਆ । ਸੰਬਲ ਨਗਰੀ ਧਾਮ ਸੁਹਾਇਆ, ਜੋਤੀ ਨੂਰੀ ਸਵਾਈਆ । ਗੁਰ ਗੋਬਿੰਦਾ ਆਪ ਉਠਾਇਆ, ਵਰਨ ਗੋਤੀ ਦਿਸ ਨਾ ਆਈਆ । ਸ੍ਰਿਸ਼ਟ ਸਬਾਈ ਨਿੰਦਾ ਲਾਇਆ, ਨਿੰਦਕ ਨਿੰਦਿਆ ਮੁਖ ਰਖਾਈਆ । ਗੁਰਮੁਖਾਂ ਆਤਮ ਚਿੰਦਾ ਦਏ ਮਿਟਾਇਆ, ਦੂਈ ਦਵੈਤੀ ਜਿੰਦਾ ਤੁੜਾਈਆ । ਵਾਲੀ ਹਿੰਦਾ ਆਪ ਉਠਾਇਆ, ਸੰਮਤ ਤੇਰਾਂ ਤੇਰੀ ਰੁੱਤ ਸੁਹਾਈਆ । ਗੁਣੀ ਗਹਿੰਦਾ ਖੇਲ ਰਚਾਇਆ, ਨਾਨਕ ਤੇਰੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਬਲਵਾਨਾ, ਕਲਜੁਗ ਅੰਤਮ ਵਾਰੀਆ । ਸ਼ਬਦ ਫੜੇ ਤੀਰ ਕਮਾਨਾ, ਸ਼ਬਦ ਖੰਡਾ ਦੂਹਰੀ ਧਾਰੀਆ । ਮੇਟ ਮਿਟਾਏ ਪੰਜ ਸ਼ੈਤਾਨਾ, ਪੰਚਾਂ ਦੇਵੇ ਨਾਮ ਅਧਾਰੀਆ । ਜਨ ਭਗਤਾਂ ਦੇਵੇ ਬ੍ਰਹਮ ਗਿਆਨਾ, ਆਤਮ ਬ੍ਰਹਮ ਵਿਚਾਰੀਆ । ਏਕਾ ਬਖ਼ਸ਼ੇ ਚਰਨ ਧਿਆਨਾ, ਦੂਈ ਦਵੈਤੀ ਕਰੇ ਖੁਆਰੀਆ । ਲੱਖ ਚੁਰਾਸੀ ਦੇਵੇ ਤਾਅਨਾ, ਕੋਈ ਨਾ ਪਾਵੇ ਹਰਿ ਹਰਿ ਸਾਰੀਆ । ਭਗਤ ਸੁਹੇਲਾ ਬੰਨ੍ਹੇ ਗਾਨਾ, ਹੱਥੀਂ ਮਹਿੰਦੀ ਨਾਮ ਅਪਾਰੀਆ । ਪਰਗਟ ਹੋਏ ਵਾਲੀ ਦੋ ਜਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਪੈਜ ਸਵਾਰੀਆ । ਸੰਬਲ ਨਗਰ ਧਾਮ ਅਵੱਲਾ, ਗੁਰ ਗੋਬਿੰਦ ਲਿਖਾਇਆ ਏ । ਆਪੇ ਵਸਿਆ ਇਕ ਇਕੱਲਾ, ਦਿਸ ਕਿਸੇ ਨਾ ਆਇਆ ਏ । ਵੇਖ ਵਖਾਣੇ ਜਲ ਥਲਾ, ਡੂੰਘੀ ਡੱਲ ਰਿਹਾ ਤਕਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੋਬਿੰਦ ਕਾਇਆ ਅੰਦਰ ਰਲਾ, ਰਲ ਮਿਲ ਸਾਚਾ ਖੇਲ ਰਚਾਇਆ ਏ । ਗੋਬਿੰਦ ਕਾਇਆ ਸਾਚਾ ਘਰ, ਪ੍ਰਭ ਸਾਚੇ ਆਪ ਪਛਾਣਿਆ । ਆਪੇ ਦਿਤਾ ਸਾਚਾ ਵਰ, ਆਪ ਚਲਾਇਆ ਆਪਣੇ ਭਾਣਿਆ । ਨਾ ਜਨਮੇ ਨਾ ਜਾਏ ਮਰ, ਜਿਸ ਜਨ ਸ਼ਬਦ ਪਛਾਣਿਆ । ਸਦਾ ਖੁਲ੍ਹਾ ਰੱਖੇ ਦਰ, ਸਾਚਾ ਮੇਲਾ ਹਾਣੀ ਹਾਣਿਆ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਲੇਖਾ ਚੁੱਕੇ ਜੇਰਜ ਖਾਣੀਆ । ਧਰਮ ਰਾਏ ਨਾ ਦੇਵੇ ਡਰ, ਨਾ ਕੋਈ ਪੜ੍ਹੇ ਦੂਸਰ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਸ਼ਬਦ ਸਾਚਾ ਧੁਰ ਫ਼ਰਮਾਣੀਆ । ਧੁਰ ਫ਼ਰਮਾਣਾ ਲੈ ਕੇ ਆਇਆ, ਗੁਰ ਗੋਬਿੰਦ ਸਵਾਲੀ । ਸਾਚਾ ਰਾਣਾ ਸਾਚੇ ਤਖ਼ਤੇ ਬਹਿ ਕੇ ਆਇਆ, ਦੋਹਾਂ ਹੱਥਾਂ ਰੱਖੇ ਖਾਲੀ । ਧਰਮ ਰਾਏ ਦਰ ਕਹਿ ਕੇ ਆਇਆ, ਪੂਰ ਕਰਾਏ ਭਰੇ ਖਾਲੀ । ਸ਼ਬਦ ਸੁਨੇਹੜਾ ਲੈ ਕੇ ਆਇਆ, ਕਲਜੁਗ ਵੇਖ ਅਵੱਲੜੀ ਚਾਲੀ । ਸ਼ਬਦ ਸਿੰਘਾਸਣ ਪੁਰਖ ਅਬਿਨਾਸ਼ੀ ਜੋਤੀ ਜੋਤ ਸਰੂਪ ਹਰਿ, ਲੱਖ ਚੁਰਾਸੀ ਰਿਹਾ ਜਣਾਇਆ । ਗੁਰ ਗੋਬਿੰਦੇ ਕਰੇ ਪੁਕਾਰ, ਪ੍ਰਭ ਸਾਚੇ ਸ਼ਬਦ ਜਣਾਈਆ । ਦੋਵੇਂ ਭੁਜਾ ਰਿਹਾ ਪਸਾਰ, ਸਾਚਾ ਮੇਲਾ ਬੇਪਰਵਾਹੀਆ । ਸ਼ਬਦ ਘੋੜਾ ਕਰ ਤਿਆਰ, ਸੋਲਾਂ ਕਲੀਆਂ ਆਸਣ ਪਾਈਆ । ਚਿੱਟਾ ਜੋੜਾ ਨਰ ਨਿਰੰਕਾਰ, ਆਪੇ ਚਰਨ ਛੁਹਾਈਆ । ਸੱਤਵੇਂ ਘਰ ਖੋਲ੍ਹੇ ਬਾਰ, ਜੋਤੀ ਨੂਰ ਸਵਾਈਆ । ਛੇਵੇਂ ਵੇਖੇ ਛਹਿਬਰ ਧਾਰ, ਸ਼ਬਦੀ ਵੱਜਦੀ ਰਹੇ ਵਧਾਈਆ । ਪੰਚਮ ਲੇਖਾ ਅਪਰ ਅਪਾਰ, ਪਵਣ ਸਵਾਸੀ ਨਾਲ ਰਲਾਈਆ । ਚੌਥੇ ਘਰ ਸੰਤ ਦੁਲਾਰ, ਆਪੇ ਰਿਹਾ ਜਗਾਈਆ । ਤੀਜੇ ਘਰ ਪਾਵੇ ਸਾਰ, ਖਾਣੀ ਬਾਣੀ ਰਚਨ ਰਚਾਈਆ । ਤ੍ਰੈਗੁਣ ਮਾਇਆ ਕਰ ਆਕਾਰ, ਪ੍ਰਭ ਬ੍ਰਹਮੇ ਝੋਲੀ ਪਾਈਆ । ਸ਼ਿਵ ਸ਼ੰਕਰ ਨਾਲ ਕਰ ਤਿਆਰ, ਡੋਰੀ ਵਿਸ਼ਨੂੰ ਹੱਥ ਫੜਾਈਆ । ਆਪੇ ਵਸਿਆ ਸਭ ਤੋਂ ਬਾਹਰ, ਆਪੇ ਭਾਣੇ ਵਿਚ ਰਖਾਈਆ । ਕਰੋੜ ਤੇਤੀਸਾ

ਕਰ ਉਜਿਆਰ, ਸੁਰਪਤ ਰਾਜਾ ਇੰਦ ਦਏ ਵਡਿਆਈਆ । ਰਾਗ ਛਤੀਸਾ ਵਿਚ ਸੰਸਾਰ, ਨਾਰਦ ਮੁਨੀ ਰਸਨਾ ਗਾਈਆ । ਮਾਂ ਸੁਰਸਤੀ ਇਕ ਪਿਆਰ, ਬ੍ਰਹਮਾ ਨਾਰੀ ਗੀਤ ਸੁਣਾਈਆ । ਮੰਗੀ ਮੰਗ ਇਕ ਦਰਬਾਰ, ਹਰਿ ਸਚ ਸੱਚੀ ਸਰਨਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਏਕਾ ਦਾਤ ਝੋਲੀ ਪਾਈਆ । ਕਲਜੁਗ ਤੇਰੀ ਅੰਤਮ ਵਾਰ, ਸੁਨਣੇਹਾਰ ਆਪ ਅਖਵਾਈਆ । ਛੱਤੀ ਰਾਗਾਂ ਪਾਰ ਕਿਨਾਰ, ਕੋਇ ਨਾ ਰਸਨਾ ਗਾਈਆ । ਰਾਗ ਅਨਾਦੀ ਵਸੇ ਬਾਹਰ, ਸ਼ਬਦ ਅਨਾਹਦ ਧੁਨ ਵਜਾਈਆ । ਪੰਜ ਤਤ ਨਾ ਪਾਵੇ ਸਾਰ, ਪੰਚਮ ਚੋਟੀ ਸ਼ਬਦ ਚੜ੍ਹਾਈਆ । ਸ਼ਬਦ ਗੜ੍ਹ ਇਕ ਅਪਾਰ, ਪ੍ਰਭ ਆਪਣਾ ਆਪ ਸੁਹਾਈਆ । ਬੈਠਾ ਵੜ ਰੂਪ ਅਪਾਰ, ਨੇਤਰ ਨੈਣ ਦਿੱਸ ਨਾ ਆਈਆ । ਗੁਰਮੁਖਾਂ ਕਰੇ ਖ਼ਬਰਦਾਰ, ਸੁਰਤ ਸਵਾਣੀ ਰਿਹਾ ਜਗਾਈਆ । ਸ਼ਬਦ ਖੰਡਾ ਹੱਥ ਕਟਾਰ, ਤਨ ਗਾਤਰੇ ਆਪ ਲਟਕਾਈਆ । ਸੋਹੰ ਰੱਖੀ ਤਿੱਖੀ ਧਾਰ, ਨੌ ਦਵਾਰੇ ਬਾਹਰ ਰਖਾਈਆ । ਖਿੱਚੀ ਜਾਏ ਵਾਰੋ ਵਾਰ, ਗੁਪਤ ਜ਼ਾਹਿਰ ਭੇਵ ਨਾ ਰਾਈਆ । ਕੋਟਨ ਕੋਟ ਮੰਗਣ ਦਰ ਦਵਾਰ, ਗੁਰਮੁਖ ਵਿਰਲੇ ਆਤਮ ਝੋਲੀ ਅੱਗੇ ਡਾਹੀਆ । ਸ਼ਬਦ ਸਿੰਘਾਸਣ ਬੈਠ ਸੱਚੀ ਸਰਕਾਰ, ਨਾਮ ਭਿਛਿਆ ਸਾਚੀ ਪਾਈਆ । ਦੋ ਜਹਾਨੀ ਉਤਰੇ ਪਾਰ, ਹਰਿ ਸਰਨ ਸੱਚੀ ਸਰਨਾਈਆ । ਸ਼ਬਦ ਕਾਨੀ ਮਾਰੇ ਮਾਰ, ਪੰਜ ਸ਼ੈਤਾਨੀ ਨੇੜ ਨਾ ਆਈਆ । ਵਡ ਵਿਦਵਾਨੀ ਗਏ ਹਾਰ, ਪੜ੍ਹ ਪੜ੍ਹ ਥੱਕੀ ਜਗਤ ਲੁਕਾਈਆ । ਖਾਣੀ ਬਾਣੀ ਕਰੇ ਵਿਚਾਰ, ਮਦੀਨੇ ਮੱਕੇ ਪਏ ਦੁਹਾਈਆ । ਅੰਜ਼ੀਲ ਕੁਰਾਨਾਂ ਆਈ ਹਾਰ, ਨਾ ਕੋਈ ਦੇਵੇ ਮਾਤ ਸਹਾਰ, ਮੁਹੰਮਦੀ ਯਾਰ ਰਹੇ ਕੁਰਲਾਈਆ । ਈਸਾ ਮੂਸਾ ਕਰੇ ਵਿਚਾਰ, ਕਲਜੁਗ ਤੇਰੀ ਅੰਤਮ ਵਾਰ, ਕਾਲਾ ਟਿੱਕਾ ਮਸਤਕ ਛਾਹੀਆ । ਲਾੜੀ ਮੌਤ ਕਰੇ ਸ਼ਿੰਗਾਰ, ਲੱਖ ਚੁਰਾਸੀ ਵੇਖੇ ਸਾਚੀ ਨਾਰ, ਵੇਲੇ ਅੰਤਮ ਲਏ ਪਰਨਾਈਆ । ਰਾਏ ਧਰਮ ਖੋਲ੍ਹੇ ਬੰਦ ਕਿਵਾੜ, ਸੰਮਤ ਸੋਲਾਂ ਲੇਖਾ ਮਿਟੇ ਸਤਾਰਾਂ ਹਾੜ, ਪ੍ਰਭ ਆਪਣੀ ਰਚਨ ਰਚਾਈਆ । ਕਰੋੜ ਤੇਤੀਸਾ ਰਿਹਾ ਪੁਕਾਰ, ਛੋਟਾ ਬਾਲਾ ਕਰੇ ਖ਼ਬਰਦਾਰ, ਸਾਢੇ ਤਿੰਨ ਹੱਥ ਕਲਜੁਗ ਸੀਆਂ ਮਾਤ ਰਖਾਈਆ । ਸ਼ਿਵ ਸ਼ੰਕਰ ਰੋਵੇ ਧਾਹਾਂ ਮਾਰ, ਜਗਤ ਜਗਦੀਸ਼ਾ ਪਾਵੇ ਸਾਰ, ਨਾ ਹੋਏ ਕੋਈ ਸਹਾਈਆ । ਬ੍ਰਹਮਾ ਉਠੇ ਨੇਤਰ ਖੋਲ੍ਹੇ ਰੋਵੇ ਜ਼ਾਰੋ ਜ਼ਾਰ, ਪ੍ਰਭ ਅਬਿਨਾਸ਼ੀ ਦੇਵੇ ਇਕ ਹੁਲਾਰ, ਵੇਲਾ ਅੰਤਮ ਅੰਤ ਕਰਾਈਆ । ਤੇਗ ਬਹਾਦਰ ਤੇਰੀ ਧਾਰ, ਕਲਜੁਗ ਵਰਤੀ ਵਿਚ ਸੰਸਾਰ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਗੁਰ ਗੋਬਿੰਦਾ ਬਿੰਦ ਅਪਾਰ, ਸਾਗਰ ਸਿੰਧਾ ਸ਼ਬਦ ਅਧਾਰ, ਹਰਿ ਜੋਤੀ ਮੇਲ ਮਿਲਾਈਆ । ਨੌ ਦਰ ਮੇਟੇ ਸਗਲੀ ਚਿੰਦ, ਆਦਿ ਅੰਤ ਹਰਿ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਹੱਥ ਵਡਿਆਈ ਭੇਵ ਨਾ ਰਾਇਆ । ਸ੍ਰਿਸ਼ਟ ਸਬਾਈ ਰਿਹਾ ਮਥ, ਦਿਸ ਕਿਸੇ ਨਾ ਆਇਆ । ਰਾਜ ਰਾਜਾਨਾਂ ਪਾਏ ਨੱਥ, ਦਰ ਦਵਾਰੇ ਫੇਰਾ ਪਾਇਆ । ਸ਼ਬਦ ਜਣਾਈ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਨਾ ਰਸਨਾ ਕਿਸੇ ਗਾਇਆ । ਸੋਹੰ ਚਲਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾਇਆ । ਸਤਿਜੁਗ ਤੇਰੀ ਸਾਚੀ ਗਾਥ, ਚਾਰ ਵਰਨਾਂ ਇਕ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਰਿਹਾ ਜਗਾਇਆ । ਸ੍ਰਿਸ਼ਟ ਸਬਾਈ ਆਪ ਜਗਾਏ, ਜੀਵ ਜੰਤ ਹੁਲਾਰਾ । ਪ੍ਰਭ ਅਬਿਨਾਸ਼ੀ ਦਇਆ ਕਮਾਏ, ਕਲਜੁਗ ਤੇਰੀ ਅੰਤਮ ਵਾਰਾ । ਸਤਿਜੁਗ ਸਾਚਾ ਦਰ ਖੁਲ੍ਹਾਏ, ਚਾਰ ਵਰਨ ਬਹਾਏ ਇਕ ਘਰ ਬਾਹਰਾ । ਰਾਓ ਰੰਕ ਊਚ ਨੀਚ ਕੋਈ ਰਹਿਣ ਨਾ ਪਾਏ, ਸੰਮਤ ਸੰਮਤੀ ਮਿਟੇ ਪਸਾਰਾ । ਸੂਚੋ ਸੂਚ

ਇਕ ਅਖਵਾਏ, ਏਕਾ ਏਕ ਏਕੰਕਾਰਾ । ਕੂਚੋ ਕੂਚ ਸ੍ਰਿਸ਼ਟ ਸਬਾਈ ਕੂਚ ਕਰਾਏ, ਚਾਰੋਂ ਕੁੰਟ ਧੁੰਦੂਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਈਰਾਨ ਸੰਗ ਅਫਗਾਨ ਦੇਵੇ ਨਾਮ ਅਧਾਰਾ ।

❊ ਪਹਿਲੀ ਕੱਤਕ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਈਰਾਨ ਦੇ ਬਾਦਸ਼ਾਹ ਨੂੰ ਸ਼ਬਦ ਲਿਖ ਕੇ ਭੇਜਿਆ ❊

ਸ਼ਾਹ ਈਰਾਨ ਜਗਤ ਦੁਰਾਨੀ, ਹਰਿ ਜੋਤੀ ਨੂਰ ਸਵਾਇਆ । ਏਕਾ ਦੇਵੇ ਸ਼ਬਦ ਨਿਸ਼ਾਨੀ, ਤੂਰਤ ਤੂਰ ਨਾਮ ਰਖਾਇਆ । ਨਾਲ ਰਲਾਏ ਅੱਲਾ ਰਾਣੀ, ਅਲ੍ਹਾ ਹੂ ਨਾਅਰਾ ਲਾਇਆ । ਆਬ ਹਯਾਤ ਨਾ ਮਿਲੇ ਪਾਣੀ, ਬੇ ਬੇਆਬਾ ਰਿਹਾ ਤਰਸਾਇਆ । ਮੱਕਾ ਕਾਅਬਾ ਹੋਏ ਵੈਰਾਨੀ, ਦੋ ਦੋ ਆਬਾ ਦਿਸ ਨਾ ਆਇਆ । ਹੱਕ ਜ਼ਨਾਬਾ ਮੇਟ ਮਿਟਾਏ ਜੀਵ ਸ਼ੈਤਾਨੀ, ਪੁੰਨ ਸਵਾਬ ਨਾ ਕੋਇ ਜਣਾਇਆ । ਚਰਨ ਘੋੜੇ ਦੇ ਰਕਾਬਾ, ਆਪਣਾ ਰੂਪ ਵਟਾਇਆ । ਸ਼ਬਦ ਸ਼ਸਤਰ ਬਸਤਰ ਤਨ ਮੁਖ ਨਕਾਬਾ, ਅਗੈਬ ਅਗੈਬੀ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਰਿਹਾ ਲਿਖਾਇਆ । ਸ਼ਾਹ ਈਰਾਨ ਅੰਤ ਵੈਰਾਨ, ਹੋਣੀ ਮਾਤ ਜੁਦਾਈਆ । ਸੰਮਤ ਅਠਾਰਾਂ ਇਕ ਤੁਫਾਨ, ਉਚੇ ਟਿੱਲੇ ਰਿਹਾ ਵਹਾਈਆ । ਮਹਿਬਾਨ ਬੀਦੋ ਬੀ ਖੈਰੀਆ ਅਲ੍ਹਾ, ਅਲਾਹੀ ਨੂਰ ਦਿਸ ਨਾ ਆਈਆ । ਸੰਗ ਮੁਹੰਮਦ ਚਾਰ ਯਾਰ ਇਕ ਇਕੱਲਾ ਆਪੇ ਵੇਖੇ ਜਲ ਥਲਾ, ਉਜਾੜ ਪਹਾੜ ਜੰਗਲ ਜੂਹ ਦਏ ਦੁਹਾਈਆ । ਅਹਿਮਦ ਮੁਹੰਮਦ ਖ਼ਬਰਦਾਰ, ਐਲੀ ਸ਼ਾਹ ਸੁਣੇ ਪੁਕਾਰ, ਨਬੀ ਰਸੂਲਾਂ ਆਈ ਹਾਰ, ਪੀਰ ਮੁਸਾਇਕ ਗੌਂਸ ਸ਼ੇਖ਼ ਕੁਤਬ ਅੰਤਮ ਹੋਏ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਰਿਹਾ ਘਲਾਈਆ । ਅਵਲ ਔਲੀਆ ਹੱਕ ਬਹੱਕ, ਹਕੀਕਤ ਜਾਣੀ ਜਾਨਿਆ । ਦੀਨ ਮੁਹੰਮਦੀ ਰਿਹਾ ਤੱਕ, ਪੀਰ ਪੈਗ਼ੰਬਰ ਇਕ ਨਿਸ਼ਾਨਿਆ । ਦਿਸ ਨਾ ਆਏ ਮੂੰਹ ਹੱਥ ਨੱਕ, ਕਾਲਾ ਸੂਸਾ ਤਨ ਪਹਿਨਾਨਿਆ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਅਹਿਨਲ ਹੱਕ, ਕਲਜੁਗ ਅੰਤਮ ਹੱਕ ਹੱਕ ਕਰੇ ਕੁਰਬਾਨਿਆ । ਅਹਿਨਲ ਹੱਕ ਸ਼ਾਹ ਰਫੀਕ, ਤੌਫੀਕ ਖ਼ੁਦੀ ਖ਼ੁਦਾਈ ਨਾ । ਕਲਜੁਗ ਬੂਟਾ ਗਿਆ ਪੱਕ, ਫਲ ਸਾਚਾ ਕੋਇ ਖਵਾਈ ਨਾ । ਏਕਾ ਸ਼ਬਦ ਨਕੇਲ ਪਾਏ ਨੱਕ, ਕੋਈ ਸਕੇ ਮਾਤ ਤੁੜਾਈ ਨਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਖੇਲ ਹਰ ਘਟ ਥਾਈਂ, ਲੁਕਿਆ ਰਹਿਣ ਕੋਈ ਪਾਈ ਨਾ । ਵਾਹਿਦ ਖ਼ੁਦਾ ਬੇਐਬ ਪਰਵਰਦਿਗਾਰ ਨਿਹਕਾਮੀ । ਹੋਏ ਜੁਦਾ ਕਰਾਏ ਸਦਾ, ਖੇਲੇ ਖੇਲ ਜਗਤ ਦੁਰਾਨੀ । ਜਗਾਏ ਨਾਮ ਸਦਾ, ਕਰਨਾ ਹੱਕ ਅਦਾ, ਚਰਨ ਸਰਨ ਸੱਚੀ ਕੁਰਬਾਨੀ । ਆਬਹਯਾਤ ਮਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣ ਆਏ ਦਇਆ ਕਮਾਏ ਧੁਰਦਰਗਾਹੀ ਇਕ ਨਿਸ਼ਾਨੀ । ਇਕ ਨਿਸ਼ਾਨਾ ਇਕ ਫ਼ਰਮਾਣਾ, ਏਕਾ ਨਾਮ ਹਜ਼ੂਰੀ ਦਾ । ਏਕਾ ਤੀਰ ਇਕ ਕਮਾਨਾ, ਏਕਾ ਨੂਰ ਕੋਹਤੂਰੀ ਦਾ । ਏਕਾ ਨਾਮ ਇਕ ਨਿਧਾਨਾ, ਏਕਾ ਪਿਆਲਾ ਸਬਰ ਸਬੂਰੀ ਦਾ । ਏਕਾ ਸ਼ਬਦ ਏਕਾ ਗਾਨਾ, ਮਿਲੇ ਮੇਲ ਸ੍ਰੀ ਭਗਵਾਨਾ, ਤੁੱਟੇ ਗੜ੍ਹ ਹੰਕਾਰ ਗ਼ਰੂਰੀ ਦਾ । ਨਾ ਕੋਈ ਰਾਜ ਰਾਜਾਨਾ, ਨਾ ਕੋਈ ਸ਼ਾਹ ਜਗਤ ਸੁਲਤਾਨਾਂ, ਜੂਠਾ ਝੂਠਾ ਜੀਵ ਜਹਾਨਾਂ, ਅੰਤ ਲਹਿਣਾ ਦੇਣਾ ਕੂੜੋ ਕੂੜੀ ਦਾ । ਹੱਕ ਖ਼ੁਦਾਏ ਜਿਸ ਪਛਾਨਾ, ਰਹਿਮਤ ਰਹਿਮਾਨ

ਆਪ ਕਰੇ ਜਿਸ ਹੋਏ ਮਿਹਰਵਾਨਾ, ਲੇਖਾ ਚੁੱਕੇ ਨੇੜ ਦੂਰੀ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਦਰ ਦਰ ਘਰ ਘਰ ਮੂਰਖ ਚਤਰ ਸੁਘੜ ਮੂੜ੍ਹੀ ਦਾ ।

✻ ੧੪ ਕੱਤਕ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਈਰਾਨ ਵਿਚ ਸ਼ਬਦ ਭੇਜਿਆ ✻

ਸਹਿੰਸਾ ਗੜ੍ਹ ਹੰਕਾਰ ਜਗਤ ਡੰਨਿਆ । ਗੁਰਮੁਖ ਵਿਰਲਾ ਵੇਖੇ ਉਪਰ ਚੜ੍ਹ, ਕਰ ਪਿਆਰ ਜਿਸ ਜਨ ਆਤਮ ਮੰਨਿਆ । ਨੌ ਦਵਾਰੇ ਝੂਠ ਪਸਾਰ, ਮਾਇਆ ਮਮਤਾ ਲੋਭ ਮੋਹ ਹੰਕਾਰ, ਸਚ ਦਵਾਰੇ ਧਰਮ ਜੈਕਾਰ, ਏਕਾ ਧੁਨ ਆਤਮਕ ਧੁਨੀ ਸੱਚੀ ਧੁਨਕਾਰ, ਗੁਰਮੁਖ ਸਾਚੇ ਸੁਣ, ਏਕਾ ਦੂਜਾ ਭਉ ਕਟੰਤਿਆ । ਪ੍ਰਭ ਅਬਿਨਾਸ਼ੀ ਜੁਗ ਜੁਗ ਸੰਤ ਸੁਹੇਲੇ ਚੁਣ ਚੁਣ, ਕਲ ਆਪਣਾ ਬੇੜਾ ਬੰਨ੍ਹਿਆ । ਖੇਲੇ ਖੇਲ ਸਰਗੁਣ ਨਿਰਗੁਣ ਨਿਰਗੁਣ ਸਰਗੁਣ, ਕਾਇਆ ਡੂੰਘੀ ਡੱਲਿਆ । ਲੱਖ ਚੁਰਾਸੀ ਛਾਣ ਪੁਣ ਪੁਣ ਛਾਣ, ਗੁਰਮੁਖ ਸਾਚੇ ਸੰਤ ਜਨਾਂ ਸ਼ਬਦ ਸੀਸ ਸਿਹਰਾ ਸਾਚਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸੰਗਤ ਪੁੱਛੇ ਸਚ ਘਰ ਦਰ ਦਵਾਰ ਆਏ ਚੜ੍ਹਾਏ ਸਾਚਾ ਚੰਨਿਆ । ਸਾਚੇ ਸ਼ਬਦ ਹਰਿ ਜਣਾਈਆ । ਗੁਰਮੁਖ ਆਸ ਰਖਾਈਆ । ਦੇ ਮਤ ਮਾਤ ਸਮਝਾਇਆ, ਧਰਤ ਧਵਲ ਆਕਾਸ਼ ਸੁਹਾਈਆ । ਸਤਿਗੁਰ ਸਾਚਾ ਸੰਗ ਰਖਾਇਆ, ਵਾਸ ਨਿਵਾਸ ਥਾਉਂ ਥਾਈਂਆ । ਲੇਖਾ ਆਪਣੇ ਹੱਥ ਰਖਾਇਆ, ਲਿਖਣਹਾਰ ਆਪ ਅਖਵਾਈਆ । ਸੰਮਤ ਸੋਲਾਂ ਵੇਖ ਵਖਾਇਆ, ਪਰਗਟ ਹੋਏ ਦੋ ਜਹਾਨਾਂ ਸ਼ਹਿਨਸ਼ਾਹੀਆ । ਸਿੰਘ ਸਾਵਣ ਸ਼ਬਦ ਜੋਤ ਮਿਲਾਇਆ, ਜੋਤੀ ਮੇਲ ਮਿਲਾਈਆ । ਜੋਤੀ ਪੂਤ ਸਪੂਤਾ ਜਾਇਆ, ਸ਼ਬਦੀ ਨਾਉਂ ਰਖਾਈਆ । ਸ਼ਬਦ ਨਗਾਰਾ ਕਾਇਆ ਤੂਤਾ ਇਕ ਵਜਾਇਆ, ਸਾਵਣ ਨਾਉਂ ਰਖਾਈਆ । ਸਾਵਣ ਜੈਮਲ ਵਿਚ ਸਮਾਇਆ, ਰੂਪ ਅਨੂਪ ਵਟਾਈਆ । ਪੁਰਖ ਅਬਿਨਾਸ਼ੀ ਖੇਲ ਰਚਾਇਆ, ਸ਼ਾਹੋ ਭੂਪ ਆਪ ਅਖਵਾਈਆ । ਅੰਧ ਕੂਪ ਕਲ ਡੇਰਾ ਲਾਇਆ, ਚਾਰੋਂ ਕੁੰਟ ਬਣਤ ਬਣਾਈਆ । ਸ਼ਬਦ ਘੇਰਾ ਰਿਹਾ ਪਾਇਆ, ਗੁਰ ਚੇਲਾ ਏਕਾ ਧਾਮ ਮੇਲ ਮਿਲਾਈਆ । ਸੰਞ ਸਵੇਰਾ ਇਕ ਕਰਾਇਆ, ਅੰਧ ਅੰਧੇਰਾ ਦਏ ਮਿਟਾਈਆ । ਸੰਮਤ ਤੇਰਾਂ ਲੇਖ ਲਿਖਾਇਆ, ਤੇਰਾਂ ਤੇਰੀ ਧੀਰ ਧਰਾਈਆ । ਸੰਮਤ ਸੋਲਾਂ ਲਏ ਉਪਜਾਇਆ, ਆਪ ਆਪਣਾ ਰੂਪ ਵਟਾਈਆ । ਸਾਵਲ ਸੁੰਦਰ ਹਰਿ ਰਘੁਰਾਇਆ, ਸਾਵਣ ਸੰਗ ਰਲਾਈਆ । ਸਾਵਣ ਮੋਹਣੀ ਰੂਪ ਵਟਾਇਆ, ਸ਼ਬਦੀ ਬਣਤ ਬਣਾਈਆ । ਸ਼ਬਦ ਸਰੂਪੀ ਦਹਿ ਦਿਸ਼ਾ ਸਮਾਇਆ, ਆਪਣਾ ਹਿੱਸਾ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦਿਤਾ ਵਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸਾਵਣ ਦਰ ਦਵਾਰ, ਦਿਵਸ ਰੈਣ ਸਲਾਹ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਬਣੇ ਬਣਾਏ ਜਗਤ ਮਲਾਹ, ਵੇਖ ਵਖਾਏ ਵਿਚ ਸੰਸਾਰ, ਸੰਤ ਸੁਹੇਲੇ ਸਾਚਾ ਰਾਹ । ਕੰਤਾ ਪੁਰਖਾ ਸਾਚੀ ਨਾਰ, ਆਪ ਬਹਾਏ ਸਾਚੇ ਥਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸਰੂਪੀ ਦਿਤਾ ਵਰ, ਸੰਮਤ ਸੋਲਾਂ ਪਕੜੇ ਬਾਂਹ । ਸੰਮਤ ਸੋਲਾਂ ਸੋਲਾਂ ਧਾਰ, ਕਲਜੁਗ ਭੇਖ ਵਟੰਦੜਾ । ਵੇਖੇ ਖੇਲੇ ਆਰ ਪਾਰ ਬਿਆਸ, ਆਸ ਹੱਦ ਰਖੰਦੜਾ । ਚਰਨ ਸਰਨ ਦਾਸੀ ਦਾਸ, ਸਾਧ ਸੰਤ ਹਰਿ ਬਖ਼ਸ਼ੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਜ ਘਰ

ਆਤਮ ਰੱਖੇ ਵਾਸ, ਪਾਰਬ੍ਰਹਮ ਪੁਰਖ ਅਬਿਨਾਸ਼ ਆਪ ਫੜਾਇਆ ਆਪਣਾ ਪੱਲੜਾ । ਆਪਣਾ ਪਲਾਣਾ ਨਾਮ ਪਲੜਾ, ਨਾਮ ਸਾਚੀ ਡੋਰੀ, ਗੁਰਮੁਖ ਹੱਥ ਫੜਾਈਆ । ਕਲਜੁਗ ਰੈਣ ਅੰਧੇਰ ਘੋਰੀ, ਦਿਸ ਕਿਸੇ ਨਾ ਆਈਆ । ਜੀਵਾਂ ਜੰਤਾਂ ਕਰੇ ਚੋਰੀ, ਸਾਚਾ ਹਿੱਸਾ ਇਕ ਰਖਾਈਆ । ਆਤਮ ਮੇਲਾ ਸਾਚੀ ਜੋੜੀ, ਸ਼ਬਦ ਘੋੜੀ ਆਪ ਚੜ੍ਹਾਈਆ । ਪੁਰਖ ਅਬਿਨਾਸ਼ੀ ਆਪੇ ਬਹੁੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸਾਚੇ ਗੁਰਮੁਖ ਕਰੇ ਮਾਤ ਕੁੜਮਾਈਆ । ਸਾਚਾ ਕੰਤ ਸੁਭਾਗੀ ਨਾਰੀ, ਹਰਿ ਹਰਿ ਸਾਚਾ ਪਾਇਆ । ਚਰਨ ਕਵਲ ਕਵਲ ਚਰਨ ਇਕ ਪਿਆਰੀ, ਅਨਹਦ ਰਾਗ ਸਾਚਾ ਗਾਇਆ । ਦਿਵਸ ਰੈਣ ਰੈਣ ਦਿਵਸ ਨੇਤਰ ਲੋਚਨ ਦਰਸ ਅਪਾਰੀ, ਗੁਰ ਦਰਸੀ ਦਰਸ ਦਿਖਾਇਆ । ਜੋਤ ਨਿਰੰਜਣ ਕਰ ਉਜਿਆਰੀ, ਅੰਮ੍ਰਿਤ ਜਾਮ ਸ਼ਬਦ ਖੁਮਾਰੀ, ਅੰਜਨ ਨੇਤਰ ਸਾਚਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਦੇਵੇ ਭਗਤ ਵਰ, ਵੇਲੇ ਅੰਤਮ ਪਾਵੇ ਸਾਰਾ । ਇਕ ਇਕੀਸਾ ਹਰਿ ਜਗਦੀਸਾ, ਆਪਣੇ ਰੰਗ ਸਮਾਇੰਦਾ । ਬੀਸ ਬੀਸਾ ਛਤਰ ਝੁਲਾਏ ਸਾਚੇ ਸੀਸਾ, ਨੌ ਖੰਡ ਪ੍ਰਿਥਮੀ ਚਰਨ ਲਗਾਇੰਦਾ । ਉਨੀ ਉਨੀਸਾ ਈਸਾ ਮੂਸਾ ਖਾਲੀ ਖੀਸਾ, ਅੱਲਾ ਰਾਣੀ ਸੰਗ ਮੁਹੰਮਦ ਤੋੜ ਨਿਭਾਇੰਦਾ । ਸੰਮਤ ਅਠਾਰਾਂ ਵਹਿਣ ਧਾਰੀ ਧਾਰਾ, ਆਪ ਵਹਾਇੰਦਾ । ਸੰਮਤ ਸਤਾਰਾਂ ਖੇਲ ਅਪਾਰਾ, ਤੱਟ ਬਿਆਸਾ ਪਾਰ ਕਿਨਾਰਾ ਆਪ ਰਖਾਇੰਦਾ । ਸੰਮਤ ਸੋਲਾਂ ਬਦਲੇ ਕਾਇਆ ਚੋਲਾ, ਹਰਿ ਚੋਜੀ ਚੋਜ ਕਰਾਇੰਦਾ । ਸੰਮਤ ਪੰਦਰਾਂ ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰਾਂ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਸੰਮਤ ਚੌਦਾਂ ਸਾਚਾ ਹੱਟ ਗੁਰਮੁਖਾਂ ਖੁਲ੍ਹਾਇਆ ਕਾਇਆ ਮੱਟ, ਰਤਨ ਅਮੋਲਕ ਨਾਮ ਹੀਰਾ ਕੌਸਤਕ ਮਣੀਆ ਮਸਤਕ ਟਿੱਕਾ ਸੋਹੰ ਚੀਰਾ, ਜਗਤ ਜਗਦੀਸ਼ਾ ਸਾਚੇ ਸੀਸ ਬੰਨ੍ਹਾਇੰਦਾ । ਸੰਮਤ ਤੇਰਾਂ ਕਰ ਵਿਚਾਰਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਪਾਵੇ ਸਾਰਾ, ਵਾਲੀ ਹਿੰਦ ਪੰਚ ਨਿਸ਼ਾਨਾ ਪੰਚਮ ਸੰਗ ਰਖਾਇੰਦਾ । ਸੰਮਤ ਬਾਰਾਂ ਗੁਰਮੁਖਾਂ ਬਣਿਆ ਲੇਖ ਲਿਖਾਰਾ, ਲੇਖਾ ਆਪਣੇ ਹੱਥ ਰਖਾਇੰਦਾ । ਸੰਮਤ ਗਿਆਰਾਂ ਕਲਜੁਗ ਤੇਰੀ ਕਾਲੀ ਧਾਰਾ, ਸਾਢੇ ਤਿੰਨ ਹੱਥ ਸੀਆਂ ਜਗਤ ਰਖਾਈ ਸਾਚੀ ਨੀਆਂ, ਸਾਚਾ ਲੇਖਾ ਆਪ ਲਿਖਾਇੰਦਾ । ਸੰਮਤ ਦਸ ਦਸ ਦਵਾਰਾ, ਸ਼ਬਦ ਮਹੱਲ ਹਰਿ ਉਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵਿਚ ਟਿਕਾਇੰਦਾ । ਇਕ ਗਿਆਰਾਂ ਇਕ ਹੈ, ਆਦਿ ਪੁਰਖ ਅਕਾਲ । ਦੋ ਬਾਰਾਂ ਸਾਚੀ ਸਿੱਕ ਹੈ, ਗੁਰਮੁਖਾਂ ਹਾੜ ਸਤਾਰਾਂ ਦੀਨ ਦਿਆਲ । ਸੰਮਤ ਤੇਰਾਂ ਲੇਖਾ ਰਿਹਾ ਲਿਖ ਹੈ, ਵੇਖ ਵਖਾਣੇ ਵਾਲੀ ਹਿੰਦ ਗਊ ਗਰੀਬ ਸ਼ਾਹ ਕੰਗਾਲ । ਸੰਮਤ ਚੌਦਾਂ ਗੁਰਮੁਖ ਬਣਾਏ ਸਾਚੀ ਬਿੰਦ, ਹਰਿ ਸ਼ਬਦ ਦੇਵੇ ਧੁਰ ਦਲਾਲ । ਸੰਮਤ ਪੰਦਰਾਂ ਲੱਖ ਚੁਰਾਸੀ ਭੌਂਦੀ ਬੰਦਰਾ, ਹਰਿ ਨਾਉਂ ਹੱਥ ਨਾ ਆਏ ਸਾਚਾ ਲਾਲ । ਸੰਮਤ ਸੋਲਾਂ ਲਾੜੀ ਮੌਤ ਚੁੱਕੇ ਡੋਲਾ, ਚਾੜ੍ਹੇ ਰੰਗ ਇਕ ਗੁਲਾਲ । ਸੰਮਤ ਸਤਾਰਾਂ ਨਾ ਕੋਈ ਦੀਸੇ ਮੀਤ ਮੁਰਾਰਾ, ਚਾਰੋਂ ਕੁੰਟ ਹਾਹਾਕਾਰਾ, ਸਰ ਅੰਮ੍ਰਿਤ ਬੇਹ ਦਏ ਵਖਾਲ । ਸੰਮਤ ਅਠਾਰਾਂ ਕੋਈ ਨਾ ਦੇਵੇ ਕਿਸੇ ਸਹਾਰਾ, ਕਲਜੁਗ ਪਾਏ ਜਗਤ ਰੁੜ੍ਹਾਏ ਆਪਣੇ ਤਾਲ । ਸੰਮਤ ਉਨੀਂ ਸਚ ਪੁਕਾਰ ਹਰਿ ਦਾਤਾਰ ਇਕ ਮੁਹੰਮਦ ਮਾਤ ਸੁਣੀ, ਉਮਤ ਉਮਤੀ ਹੋਏ ਖੁਆਰ । ਬੀਸ ਬੀਸਾ ਵਡ ਗੁਣ ਗੁਣੀ, ਸ਼ਬਦ ਤਾਜ ਸੀਸ ਦਸਤਾਰ । ਇਕ ਇਕੀਸਾ ਦੀਪਾਂ ਲੋਆਂ ਖੰਡਾਂ ਬ੍ਰਹਿਮੰਡਾਂ ਵਰਭੰਡੀ ਦੇਵੇ ਏਕਾ ਧੁਨੀ, ਸੋਹੰ ਸ਼ਬਦ ਜੈ ਜੈਕਾਰ । ਨਾ ਕੋਈ ਦੀਸੇ ਪੰਡਤ ਪਾਂਧਾ ਮੁਸਲਿਮ ਸੁਨੀ, ਹਿੰਦੂ ਸਿੱਖ ਨਾ ਕੋਈ ਵਿਚਾਰ । ਸਭ ਦੀ ਚੋਟੀ ਜਾਏ ਮੁੰਨੀ, ਸ਼ਬਦ ਸੀਸ ਜਗਦੀਸ

ਦੇਵੇ ਸਾਚੀ ਚੁੰਨੀ, ਏਕਾ ਏਕ ਕਰਾਏ ਸਰਬ ਸੰਸਾਰ । ਮਤ ਮਨ ਬੁਧ ਪ੍ਰਭ ਛਾਣੀ ਪੁਣੀ, ਸੁਰਤ ਸਵਾਣੀ ਕਰੇ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ । ਇਕ ਇਕੀਸ ਰੁੱਤ ਸੁਹਾਏ, ਹੋਏ ਰੁੱਤ ਬਸੰਤਾ । ਗੁਰਮੁਖ ਸੰਤ ਜਗਾਏ, ਏਕਾ ਮੇਲਾ ਨਾਰੀ ਕੰਤਾ । ਮਹਿੰਮਾ ਅਗਨਤ ਆਪ ਜਣਾਏ, ਮੇਟ ਮਿਟਾਏ ਦੇਵ ਦੰਤਾ । ਲੱਖ ਚੁਰਾਸੀ ਬਣਤ ਬਣਾਏ, ਸਾਜਨ ਸਾਜ ਆਪ ਅਖਵੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਦੇਵੇ ਵਰ, ਸੋਹੰ ਨਾਮ ਸੱਚਾ ਧੰਨਵੰਤਾ । ਸਤਿਜੁਗ ਸਾਚੀ ਦਾਤ, ਪ੍ਰਭ ਆਪਣੀ ਝੋਲੀ ਪਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਏਕਾ ਹੋਲੀ ਰਿਹਾ ਖਿਲਾਈਆ । ਦੂਰ ਦੁਰਾਡਾ ਆਪੇ ਵੇਖੇ ਮਾਰ ਝਾਤ, ਕਲਜੁਗ ਲਹਿਣਾ ਦੇਣਾ ਰਿਹਾ ਮੂਲ ਚੁਕਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ, ਜਗਤ ਤ੍ਰਿਸ਼ਨਾ ਅਗਨ ਬੁਝਾਈਆ । ਸਾਚਾ ਮੇਲਾ ਕਮਲਾਪਾਤ, ਪਤ ਪਤਵੰਤਾ ਪਤ ਰਖਾਈਆ । ਗੁਰ ਗੋਬਿੰਦਾ ਸਗਲਾ ਸਾਥ, ਹਰਿ ਰਘੁਨਾਥ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਖ਼ਤ ਅਕਾਲ ਅਕਾਲ ਤਖ਼ਤ ਜੋਤ ਬਿਰਾਜੇ ਸ਼ਬਦ ਸਿੰਘਾਸਣ ਡੇਰਾ ਲਾਈਆ । ਸ਼ਬਦ ਸਿੰਘਾਸਣ ਹਰਿ ਸੁਲਤਾਨਾ, ਜੋਤੀ ਰੂਪ ਸਮਾਈਆ । ਪਰਗਟ ਹੋਏ ਸ੍ਰੀ ਭਗਵਾਨਾ, ਏਕਾ ਡੰਕ ਨਾਉਂ ਵਜਾਈਆ । ਆਪ ਆਪਣਾ ਪਹਿਰੇ ਬਾਣਾ, ਰਾਓ ਰੰਕਾਂ ਰਿਹਾ ਉਠਾਈਆ । ਸ਼ਬਦ ਸਰੂਪੀ ਤੀਰ ਕਮਾਨਾ, ਗੋਬਿੰਦਾ ਰਸਨ ਚਲਾਈਆ । ਆਪੇ ਵਸਿਆ ਕਾਇਆ ਮੰਦਰ ਸਚ ਮਕਾਨਾ, ਦਿਸ ਕਿਸੇ ਨਾ ਆਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਆਪ ਆਪਣੀ ਨਿਗਾਹ ਉਠਾਈਆ । ਲੇਖਾ ਚੁੱਕੇ ਜ਼ਿਮੀ ਅਸਮਾਨਾ, ਲੋਆਂ ਪੁਰੀਆਂ ਰਿਹਾ ਹਿਲਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਹੋਏ ਹੈਰਾਨਾ, ਕਵਣ ਕੂਟੇ ਪ੍ਰਭ ਅਬਿਨਾਸ਼ੀ ਜੋਤ ਜਗਾਈਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਗੁਣਵੰਤਾ ਹਰਿ ਗੁਣ ਨਿਧਾਨਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਲਿਖਿਆ ਲੇਖ, ਜੋਤੀ ਜਾਮਾ ਧਰ ਧਰ ਭੇਖ, ਆਪੇ ਨਰ ਆਪੇ ਨਰੇਸ਼, ਆਪਣਾ ਰੂਪ ਵਟਾਈਆ । ਗੁਰ ਗੋਬਿੰਦਾ ਬਣੇ ਲਿਖਾਰੀ, ਪ੍ਰਭ ਸਾਚਾ ਲੇਖ ਲਿਖਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਹਰਿ ਜੋਤੀ ਜਾਮਾ ਪਾਇੰਦਾ । ਆਪ ਨਿਭਾਏ ਸਾਚੀ ਯਾਰੀ, ਲੱਗੀ ਤੋੜ ਨਿਭਾਇੰਦਾ । ਮੰਗਿਆ ਵਰ ਬੰਕ ਦਵਾਰੀ, ਕੰਤ ਭਤਾਰੀ ਮੇਲ ਮਿਲਾਇੰਦਾ । ਜੁਗ ਜੁਗ ਪੈਜ ਰਿਹਾ ਸਵਾਰੀ, ਦਮਨ ਦੁਸ਼ਟ ਨਾਉਂ ਰਖਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਸੰਬਲ ਨਗਰੀ ਧਾਮ ਸੁਹਾਇੰਦਾ । ਨਾ ਕੋਈ ਜਾਣੇ ਜੀਵ ਜੰਤ ਗਵਾਰੀ, ਸੁਰਤੀ ਸੁਰਤ ਸਰਬ ਭੁਲਾਇੰਦਾ । ਮਾਨਸ ਦੇਹੀ ਬਾਜ਼ੀ ਹਾਰੀ, ਲੱਖ ਚੁਰਾਸੀ ਭਰਮ ਭੁਲਾਇੰਦਾ । ਗੁਰਮੁਖਾਂ ਮੇਲਾ ਮੀਤ ਮੁਰਾਰੀ, ਸਾਚਾ ਵੇਲਾ ਆਪ ਸੁਹਾਇੰਦਾ । ਸੰਮਤ ਤੇਰਾਂ ਜੋਤ ਨਿਰੰਕਾਰੀ, ਗੁਰ ਗੋਬਿੰਦਾ ਤਨ ਸ਼ਿੰਗਾਰੀ, ਬਸਤਰ ਪੀਲਾ ਤਨ ਛੁਹਾਇੰਦਾ । ਵਾਲੀ ਹਿੰਦ ਕਰੇ ਖ਼ਬਰਦਾਰੀ । ਅੰਤਮ ਛੱਡਣੀ ਮਹੱਲ ਅਟਾਰੀ, ਸੁੰਞ ਮਸਾਣਾ ਜਗਤ ਵਿਖਾਇੰਦਾ । ਏਕਾ ਬਣਨਾ ਚਰਨ ਵਪਾਰੀ, ਦੇਵੇ ਸ਼ਬਦ ਉਡਾਰੀ, ਸੋਹੰ ਸਾਚਾ ਲੇਖ ਲਿਖਾਇੰਦਾ । ਕਵਣ ਰਾਜ ਕਵਣ ਜੋਗ ਕਵਣ ਸੋਹੇ ਜਗਤ ਦਵਾਰੀ, ਕਵਣ ਤਾਜ ਸੀਸ ਬੰਧਾਇੰਦਾ । ਕਵਣ ਭੋਗ ਧੁਰ ਸੰਜੋਗ, ਆਤਮ ਵੇਖੇ ਸਾਚੀ ਚੋਗ, ਕਵਣ ਨਾਭੀ ਮੁਖ ਚੁਆਇੰਦਾ । ਜਗਤ ਤ੍ਰਿਸ਼ਨਾ ਝੂਠਾ ਰੋਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਰਮ ਭੁਲੇਖੇ ਆਪ ਭੁਲਾਇੰਦਾ । ਭਰਮ ਭੁਲੇਖਾ ਹਰਿ ਰਖਾਇਆ, ਕਲਜੁਗ ਵਰ ਘਰ ਮੰਗਿਆ ।


੧੨੯
੦੬

੧੩੦ ੦੬

ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਕਾਇਆ ਚੋਲੀ ਕਾਇਆ ਰੰਗਿਆ । ਇਕ ਮੁਹੰਮਦ ਸੰਗ ਰਲਾਇਆ, ਜੂਠ ਝੂਠ ਵਜਾਏ ਜਗਤ ਮਰਦੰਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਦਵਾਰੇ ਵੇਖ ਘਰ, ਸਾਧ ਸੰਤ ਵੇਖੇ ਨੰਗਿਆ ।

❊ ਪਹਿਲੀ ਕੱਤਕ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਸੰਤ ਕਿਰਪਾਲ ਸਿੰਘ ਨੂੰ ਦਿੱਲੀ ਸ਼ਬਦ ਭੇਜਿਆ ਗਿਆ ❊

ਕਿਰਪਾਲ ਕਿਰਤ ਨਾ ਜਗਤ ਕਮਾਈ, ਮਨਮਤ ਹੋਈ ਕੁੜਮਾਈਆ । ਸ਼ਬਦ ਸੁਰਤ ਨਾ ਮੇਲ ਮਿਲਾਈ, ਪੰਜਾਂ ਤਤਾਂ ਵਿਚ ਸਮਾਈਆ । ਅਕਾਲ ਮੂਰਤ ਨਾ ਨਜ਼ਰੀ ਆਈ, ਰੱਤੀ ਰੱਤ ਨਾ ਪਾਈਆ । ਨਾਦ ਤੂਰਤ ਨਾ ਕਿਸੇ ਵਜਾਈ, ਜੋਤ ਨਿਰੰਜਣ ਲਲਾਟ ਨਾ ਕਰੇ ਰੁਸ਼ਨਾਈਆ । ਭੇਖ ਪਖੰਡਾ ਕੂੜੇ ਕੂੜਤ, ਨਾਰ ਵੇਸਵਾ ਇਕ ਹੰਢਾਈਆ । ਜਗਤ ਨਾਦਾਨ ਮੂਰਖ ਮੂੜ੍ਹਤ, ਲੋਕ ਲੱਜਿਆ ਮਾਤ ਤਜਾਈਆ । ਸਾਵਣ ਰੰਗ ਨਾ ਕਾਇਆ ਚੜ੍ਹਿਆ ਗੂੜ੍ਹਤ, ਰਸਨਾ ਕਾਗ ਵਾਂਗ ਕੁਰਲਾਈਆ । ਗੁਰ ਦਰ ਨਾ ਮਿਲੀ ਸਾਚੀ ਧੂੜਤ, ਸਵਾਂਗੀ ਬੈਠਾ ਸਵਾਂਗ ਵਰਤਾਈਆ । ਧਰਮ ਰਾਏ ਅੰਤ ਪਾਵੇ ਜੂੜਤ, ਸਤਿਗੁਰ ਸਾਵਣ ਨਾ ਹੋਏ ਤੇਰਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਵੇਖਣ ਆਇਆ ਤੇਰਾ ਘਰ, ਬੰਦ ਦਰਵਾਜ਼ਾ ਨਾ ਸਕੇ ਕੋਈ ਖੁਲ੍ਹਾਈਆ । ਜੀਵ ਜੰਤ ਜਗਤ ਜੁਗ, ਕਲਜੁਗ ਠਗੋਰੀ ਪਾਇਆ । ਉਪਰ ਨਾ ਚੜ੍ਹਿਆ ਸ਼ਾਹ ਰਗ, ਕਾਇਆ ਕਵਰੀ ਡੇਰਾ ਲਾਇਆ । ਮਿਲਿਆ ਮੇਲ ਨਾ ਸੂਰੇ ਸਰਬੱਗ, ਅਲਪਗ ਜੀਵ ਅਖਵਾਇਆ । ਜੂਠ ਝੂਠ ਅੰਧੇਰੀ ਰਹੀ ਵਗ, ਸੰਤ ਕਿਰਪਾਲ ਅੱਗੇ ਨਾਲ ਰੁੜ੍ਹਾਇਆ । ਮਾਇਆ ਮਮਤਾ ਅਗਨੀ ਰਹੀ ਦਗ, ਲਾਲ ਅੰਗਿਆਰ ਮਾਇਆ ਮਮਤਾ ਮੋਹ ਵਧਾਇਆ । ਮਾਨਸ ਦੇਹੀ ਹੋਈ ਕੱਗ, ਹੰਸ ਸਰੋਵਰ ਨਾ ਕਿਸੇ ਨੁਹਾਇਆ । ਤਨ ਤੁਟਾ ਸ਼ਬਦ ਤਗ, ਰਸਨਾ ਮੂਲ ਮੰਤਰ ਸ਼ਬਦ ਗਵਾਇਆ । ਪੰਜ ਸਾਵਣ ਕੌਲ ਇਕਰਾਰ ਜਗ, ਸਤਿਗੁਰ ਸਾਵਣ ਜਾਮਨ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਧੁਰ ਦਰਗਾਹੀ ਰਿਹਾ ਲਿਖਾਇਆ । ਕਿਰਪਾਲ ਆਤਮ ਅੰਧ, ਜਗਤ ਅੰਧੇਰ ਛਾਇਆ । ਨੌ ਦਵਾਰ ਨਾ ਮੁੱਕਾ ਅਜੇ ਪੰਧ, ਦਿਵਸ ਰੈਣ ਰਹੇ ਹਲਕਾਇਆ । ਜੂਠ ਝੂਠ ਮੁਖ ਰਸਨਾ ਗੰਦ, ਸਤਿਗੁਰ ਸਾਚਾ ਮਾਤ ਭੁਲਾਇਆ । ਕੌਲ ਇਕਰਾਰ ਬੱਤੀ ਦੰਦ, ਅੰਤਮ ਗਿਆ ਮੁਖ ਛੁਪਾਇਆ । ਰਸਨ ਨਾ ਗਾਇਆ ਪਰਮਾਨੰਦ, ਨਿਜ਼ਾਨੰਦ ਨਾ ਵੇਖ ਵਖਾਇਆ । ਮਾਇਆ ਮਮਤਾ ਝੂਠੀ ਕੰਧ, ਕੋਈ ਨਾ ਡੇਰਾ ਢਾਹਿਆ । ਸ਼ਬਦ ਨਾ ਚੜ੍ਹਿਆ ਸਾਚਾ ਚੰਦ, ਅਗਿਆਨ ਅੰਧੇਰ ਦਏ ਮਿਟਾਇਆ । ਕੂੜ ਕੁੜਿਆਰਾ ਬੰਦ ਬੰਦ, ਸਾਢੇ ਤਿੰਨ ਕਰੋੜ ਦਏ ਦੁਹਾਇਆ । ਅੰਤਮ ਹੋਣਾ ਖੰਡ ਖੰਡ, ਰਾਏ ਧਰਮ ਦਏ ਸਜ਼ਾਇਆ । ਪਹਿਲੀ ਪਾਈ ਮਾਤ ਵੰਡ, ਪੰਜ ਸਾਵਣ ਗੁਰ ਸਾਵਣ ਵਿਚ ਵਿਚੋਲਾ ਆਪ ਰਖਾਇਆ । ਪੱਲੇ ਨਾ ਦਿਸੀ ਨਾਮ ਗੰਢ, ਨਾਰ ਦੁਹਾਗਣ ਹੋਈ ਰੰਡ, ਦਰ ਦਵਾਰਿਓ ਨੱਠਾ ਦੇ ਕਰ ਕੰਡ, ਦੂਰ ਦੁਰਾਡਾ ਡੇਰਾ ਲਾਇਆ । ਵੇਖਣਹਾਰਾ ਹਰਿ ਬ੍ਰਹਿਮੰਡ, ਉਤਭੁਜ ਸੇਤਜ ਜੇਰਜ ਅੰਡ, ਚਾਰ ਕੁੰਟ ਦਹਿ ਦਿਸ਼ਾ ਮਾਤ ਪਾਤਾਲ ਆਕਾਸ਼ ਲੋਆਂ ਪੁਰੀਆਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਜਗਤ ਦਰ, ਭੇਵ ਅਭੇਦਾ ਅਛਲ ਅਛੇਦਾ ਆਤਮ ਪੜਦਾ ਰਿਹਾ ਲਾਹਿਆ । ਕਵਣ ਕੂੜ ਰਸਨਾ ਮੁਖ, ਕਵਣ ਜਿਹਵਾ ਗਾਈਆ । ਕਵਣ ਕੂੜ ਦੇਵੇ ਸੁਖ, ਸਾਚੀ ਸੇਵਾ

ਸੇਵਕ ਰਹੇ ਕਮਾਈਆ । ਕਵਣ ਕੂੜ ਮੇਟੇ ਭੁੱਖ, ਸਾਚੀ ਝੋਲੀ ਮਾਤ ਭਰਾਈਆ । ਕਵਣ ਕੂੜ ਵਾਸਾ ਕਰੇ ਉਲਟਾ ਰੁਖ, ਗਰਭਵਾਸ ਮਿਲੇ ਸਜ਼ਾਈਆ । ਕਵਣ ਕੂੜ ਵਖਾਏ ਮਾਤ ਕੁੱਖ, ਦਸ ਦਸ ਮਾਸ ਭਰਮ ਭੁਲਾਈਆ । ਕਵਣ ਕੂੜ ਛੁਪਾਏ ਮੁਖ, ਨੱਸ ਨੱਸ ਪਿੱਠ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਗਿਆ ਤੁੱਠ, ਤੇਰਾ ਲੇਖ ਸਚ ਸੁੱਚ ਸਚ ਨਾਲ ਲਿਖਾਈਆ ।

ਗਾਵਤ ਗਾਵਤ ਗਾ ਰਹੇ, ਗੁਣਵੰਤ ਗੁਣ ਨਿਧਾਨੀ । ਪਾਵਤ ਪਾਵਤ ਪਾ ਰਹੇ, ਹਰਿ ਸ਼ਬਦ ਧੁਰ ਨਿਸ਼ਾਨੀ । ਸੁਣਾਵਤ ਸੁਣਾਵਤ ਸੁਣਾ ਰਹੇ, ਗੁਰਮੁਖ ਸਾਚੇ ਆਤਮ ਬ੍ਰਹਮ ਗਿਆਨੀ । ਨੁਹਾਵਤ ਨੁਹਾਵਤ ਸਾਚਾ ਨਹਾਵਣ ਨੁਹਾ ਰਹੇ, ਚਰਨ ਧੂੜ ਸੱਚਾ ਇਸ਼ਨਾਨੀ । ਧਾਵਤ ਧਾਵਤ ਘਰ ਸਾਚੇ ਧਾ ਰਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਾਨ ਨਾਮ ਸੱਚਾ ਦਾਨੀ । ਸੋਵਤ ਸੋਵਤ ਸੋ ਰਹੇ, ਮੂਰਖ ਮੂੜ ਨਾਦਾਨ । ਰੋਵਤ ਰੋਵਤ ਰੋ ਰਹੇ, ਮਨਮੁਖ ਜੀਵ ਅੰਞਾਣ । ਗੁਰਸਿਖ ਗੁਰਮੁਖ ਦੁਰਮਤ ਮੈਲ ਧੋਵਤ ਧੋਵਤ ਧੋ ਰਹੇ, ਸਰਨ ਸਰਨਾਈ ਸਾਚੀ ਜਾਣ । ਮਨਮੁਖ ਜੂਠਾ ਝੂਠਾ ਬੀਜ ਬੋਵਤ ਬੋਵਤ ਬੋ ਰਹੇ, ਫਲ ਲੱਗੇ ਨਾ ਕਾਇਆ ਡਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਜੀਆ ਸਾਚਾ ਦਾਨ । ਨਾਮ ਦਾਨ ਸਰਬ ਗੁਣਵੰਤ, ਦੇਵਣਹਾਰ ਨਿਰੰਕਾਰ । ਮਿਲੇ ਵਡਿਆਈ ਜੀਵ ਜੰਤ, ਸਾਚਾ ਮੇਲਾ ਦੋ ਜਹਾਨ । ਆਤਮ ਸੇਜਾ ਨਾਰੀ ਕੰਤ, ਸੰਤ ਭਗਵੰਤ ਪੁਰਖ ਸੁਜਾਨ । ਆਪ ਬਣਾਏ ਸਾਚੀ ਬਣਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਮਹਾਨ । ਰਸਨਾ ਗਾਇਆ ਹਰਿ ਗੁਣ, ਗੁਣ ਰਸਨਾ ਗਹਿਰ ਗੰਭੀਰ । ਸਰਬ ਪੁਕਾਰ ਪ੍ਰਭ ਰਿਹਾ ਸੁਣ, ਅੰਦਰ ਮੰਦਰ ਚੋਟੀ ਚੜ੍ਹ ਅਖ਼ੀਰ । ਆਪੇ ਕਰੇ ਛਾਣ ਪੁਣ, ਸੋਹੰ ਮੁਖੀ ਹੱਥ ਫੜਾਏ ਜਗਤ ਨਿਰਾਲਾ ਤੀਰ । ਆਪੇ ਜਾਣੇ ਗੁਣ ਅਵਗੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਸ਼ਬਦ ਵਰ, ਦਰਸ ਦਿਖਾਏ ਦਇਆ ਕਮਾਏ ਬਜਰ ਕਪਾਟੀ ਪੜਦਾ ਚੀਰ । ਚਾਰ ਕੁੰਟ ਚਾਰ ਦਿਵਾਰ । ਦਹਿ ਦਿਸ਼ਾ ਵੇਖ ਵਖਾਣਿਆ, ਕਲਜੁਗ ਤੇਰਾ ਕੂੜ ਪਸਾਰ । ਕੂੜ ਕੁੜਿਆਰਾ ਜਾਣਿਆ, ਜੂਠ ਝੂਠ ਜਗਤ ਵਣਜਾਰ । ਸਾਚਾ ਵਣਜ ਨਾ ਕੋਈ ਪਛਾਣਿਆ । ਲੱਖ ਚੁਰਾਸੀ ਖਾਣੀ ਬਾਣੀ ਰੋਵੇ ਧਾਹਾਂ ਮਾਰ । ਗੁਰਮੁਖ ਵਿਰਲੇ ਆਤਮ ਸੇਜਾ ਏਕਾ ਮਾਣਿਆ, ਮਿਲਿਆ ਮੇਲ ਕੰਤ ਭਤਾਰ । ਧੁਰਦਰਗਾਹੀ ਦੇਵੇ ਇਕ ਨਿਸ਼ਾਨਿਆ, ਸੋਹੰ ਸ਼ਬਦ ਤਨ ਸ਼ਿੰਗਾਰ । ਅੰਮ੍ਰਿਤ ਆਤਮ ਠੰਡਾ ਪਾਣੀਆ, ਸਰ ਸਰੋਵਰ ਇਕ ਅਪਾਰ । ਪੰਚਮ ਨਾਦ ਅਨਹਦ ਬਾਣੀਆ, ਬੋਧ ਅਗਾਧ ਸਾਚੀ ਧਾਰ । ਲੇਖੇ ਲਾਏ ਜੇਰਜ ਖਾਣੀਆਂ, ਹਰਿਜਨ ਸਾਚੇ ਸੰਤ ਉਭਾਰ । ਨਾਮ ਦੇਵੇ ਦਾਣਾ ਪਾਣੀਆ, ਸ੍ਰਿਸ਼ਟ ਸਬਾਈ ਸਾਂਝਾ ਯਾਰ । ਲੇਖਾ ਚੁੱਕੇ ਰਾਜੇ ਰਾਣੀਆ, ਨਾ ਕੋਈ ਸੋਹੇ ਬੰਕ ਦਵਾਰ । ਕਲਜੁਗ ਝੂਠੀ ਤਣੀ ਤਾਣੀਆ, ਮਨਮੁਖ ਡੋਬੇ ਅਧਵਿਚਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਣਿਆ ਸ਼ਬਦ ਲਿਖਾਰ । ਸ਼ਬਦ ਲਿਖਾਰੀ ਸਾਚਾ ਲੇਖਾ, ਕਲਜੁਗ ਅੰਤ ਵਖਾਇੰਦਾ । ਜੋਤ ਨਿਰੰਕਾਰੀ ਭਰਮ ਭੁਲੇਖਾ, ਕਲਜੁਗ ਮਾਇਆ ਪਾਇੰਦਾ । ਸ੍ਰਿਸ਼ਟ ਸਬਾਈ ਵੇਖੀ ਵੇਖਾ, ਪੰਚਮ ਰੰਗ ਰੰਗਾਇੰਦਾ । ਗੁਰਮੁਖ ਵਿਰਲੇ ਨੇਤਰ ਪੇਖਾ, ਸਾਚਾ ਸੰਗ ਨਿਭਾਇੰਦਾ । ਆਪੇ ਜਾਣੇ ਧਾਰੀ ਕੇਸਾ, ਗੁਰ ਗੋਬਿੰਦਾ ਨਾਉਂ ਰਖਾਇੰਦਾ । ਵੇਖ ਵਖਾਣੇ ਬ੍ਰਹਮਾ

੧੩੧
੦੬

੧੩੨
੦੬

ਸ਼ਿਵ ਵਿਸ਼ਨ ਗਣੇਸ਼ਾ, ਵਿਸ਼ਨ ਰੂਪ ਵਟਾਇੰਦਾ । ਸ਼ਬਦ ਸਿੰਘਾਸਣ ਨਰ ਨਰੇਸ਼ਾ, ਜੋਤੀ ਆਸਣ ਲਾਇੰਦਾ । ਵਕਤ ਚੁਕਾਏ ਜਗਤ ਗਣੇਸ਼ਾ, ਛਤਰ ਕੋਇ ਨਾ ਸੀਸ ਝੁਲਾਇੰਦਾ । ਗੁਰਮੁਖ ਸਾਚੇ ਵਿਚ ਪਰਵੇਸ਼ਾ, ਰਾਗ ਛਤੀਸਾ ਨਾ ਕੋਇ ਅਲਾਇੰਦਾ । ਆਪੇ ਹੋਏ ਦਸ ਦਸਮੇਸ਼ਾ, ਦੰਦ ਬਤੀਸਾ ਨਾ ਕੋਇ ਗਾਇੰਦਾ । ਭੇਖ ਅਵੱਲੜਾ ਅਵੱਲੜਾ ਭੇਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗ ਜੁਗਤ ਆਪਣੇ ਹੱਥ ਰਖਾਇੰਦਾ । ਦਸ ਦਸਮੇਸ ਜੋਤ ਉਜਿਆਰਾ, ਹਰਿ ਸ਼ਬਦ ਸੱਚੀ ਕੁੜਮਾਈਆ । ਦਿਵਸ ਰੈਣ ਇਕ ਜੈਕਾਰਾ, ਸੋਹੰ ਢੋਲਾ ਗਾਈਆ । ਏਕਾ ਏਕ ਏਕੰਕਾਰਾ, ਚਰਨ ਗੋਲਾ ਰਿਹਾ ਬਣਾਈਆ । ਵਰਭੰਡੀ ਹੋਵੇ ਧੁੰਦੂਕਾਰਾ, ਸ਼ਬਦ ਗੋਲਾ ਰਿਹਾ ਚਲਾਈਆ । ਭੇਖ ਪਖੰਡਾ ਵਿਚ ਸੰਸਾਰਾ, ਝੂਠਾ ਚੋਲਾ ਅੰਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਿਚ ਸਮਾਈਆ । ਗੋਬਿੰਦ ਕਾਇਆ ਸਾਚਾ ਗੜ੍ਹ, ਹਰਿ ਸਾਚਾ ਆਪ ਸੁਹਾਇੰਦਾ । ਸਾਚੇ ਮੰਦਰ ਆਪੇ ਚੜ੍ਹ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਲੱਖ ਚੁਰਾਸੀ ਨਾਲ ਰਿਹਾ ਲੜ, ਪੁਰੀਆਂ ਲੋਆਂ ਆਪ ਹਿਲਾਇੰਦਾ । ਰਾਜ ਰਾਜਾਨਾ ਸ਼ਾਹ ਸੁਲਤਾਨਾ ਕੋਈ ਨਾ ਸਕੇ ਫੜ, ਦੋ ਜਹਾਨੀ ਖੇਲ ਖਿਲਾਇੰਦਾ । ਲੱਖ ਚੁਰਾਸੀ ਉਖੇੜੇ ਜੜ੍ਹ, ਕਲਜੁਗ ਵੇਲਾ ਅੰਤ ਕਰਾਇੰਦਾ । ਨਾ ਕੋਈ ਗੋਰ ਨਾ ਕੋਈ ਮੜ੍ਹ, ਬੰਦਾ ਖ਼ਾਕੀ ਖ਼ਾਕ ਮਿਲਾਇੰਦਾ । ਵਹਿੰਦੇ ਵਹਿਣ ਵਹਾਏ ਅਠਾਰਾਂ ਹੜ੍ਹ, ਧੀਰਜ ਧੀਰ ਨਾ ਕੋਈ ਧਰਾਇੰਦਾ । ਹਰਿਜਨ ਫੜਾਏ ਆਪਣਾ ਲੜ, ਅੰਮ੍ਰਿਤ ਆਤਮ ਸੀਰ ਪਿਆਇੰਦਾ । ਏਕਾ ਅੱਖਰ ਜਾਣਾ ਪੜ੍ਹ, ਸੋਹੰ ਸੁਰਤੀ ਸ਼ਬਦੀ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਿਚ ਸਮਾਇੰਦਾ । ਗੋਬਿੰਦ ਕਾਇਆ ਰੰਗ ਅਪਾਰ, ਸਾਚੀ ਚੋਲੀ ਆਪ ਚੜ੍ਹਨਿਆ । ਜੋਤ ਸਰੂਪੀ ਕਰ ਆਕਾਰ, ਕਲਜੁਗ ਬੇੜਾ ਅੰਤਮ ਬੰਨ੍ਹਿਆ । ਸ਼ਬਦ ਖੰਡਾ ਤੇਜ ਕਟਾਰ, ਆਪ ਸਜਾਏ ਸਾਚੇ ਤਨਿਆ । ਰਸਨ ਚਲਾਏ ਵਾਰੋ ਵਾਰ, ਲੱਖ ਚੁਰਾਸੀ ਦੇਵੇ ਡੰਨਿਆ । ਆਪੇ ਘੜੇ ਆਪੇ ਭੰਨੇ ਭੰਨਣਹਾਰ, ਆਪਣਾ ਭਾਣਾ ਆਪੇ ਮੰਨਿਆ । ਸੂਰਜ ਚੰਨ ਚੰਨ ਹੋਏ ਅੰਧਿਆਰ, ਰਵ ਸਸ ਨਾ ਦੀਸੇ ਕੋਈ ਚੰਨਿਆ । ਤਾਰਾ ਮੰਡਲ ਧੁੰਦੂਕਾਰ, ਧੂੰਆਂਧਾਰ ਆਤਮ ਅੰਨ੍ਹਿਆ । ਬ੍ਰਹਮਾ ਰੋਵੇ ਧਾਹਾਂ ਮਾਰ, ਸਾਚਾ ਰਾਗ ਨਾ ਸੁਣਿਆ ਕੰਨਿਆ । ਕਲਜੁਗ ਤੇਰੀ ਅੰਤਮ ਵਾਰ, ਦਰ ਦਵਾਰੇ ਜਾਏ ਡੰਨਿਆ । ਗੁਰਮੁਖ ਸਾਚਾ ਹੋ ਤਿਆਰ, ਸਤਿਜੁਗ ਸਾਚਾ ਬੇੜਾ ਬੰਨਿਆ । ਸਤਿਜੁਗ ਮੰਗੇ ਦਰ ਦਵਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸੰਤ ਸੁਹੇਲੇ ਲਏ ਉਭਾਰ, ਏਕਾ ਰਾਗ ਸੁਣਾਏ ਕੰਨਿਆ । ਸ਼ਬਦ ਕਰਾਏ ਵਣਜ ਵਪਾਰ, ਨਿਹਕਲੰਕ ਲਏ ਅਵਤਾਰ, ਸੋਹੰ ਨਾਉਂ ਅਪਰ ਅਪਾਰ, ਲੋਕ ਬ੍ਰਹਮ ਨਾ ਲਾਏ ਸੰਨ੍ਹਿਆ । ਬ੍ਰਹਮੇ ਆਤਮ ਬ੍ਰਹਮ ਜਣਾਈ, ਵੇਲਾ ਅੰਤਮ ਆਇਆ । ਆਪ ਕਰਾਏ ਆਪਣਾ ਕਰਮ, ਨਿਹਕਰਮੀ ਹਰਿ ਰਘੁਰਾਇਆ । ਜੁਗ ਜੁਗ ਜਾਮਾ ਸਾਚਾ ਧਰ, ਧਰਮੀ ਮਾਰਗ ਇਕ ਰਖਾਇਆ । ਆਪੇ ਦੇਵੇ ਲੱਖ ਚੁਰਾਸੀ ਜਨਮ, ਅੰਤਮ ਆਪੇ ਲਏ ਮਿਟਾਇਆ । ਆਪ ਭੁਲਾਏ ਭਰਮੀ ਭਰਮ, ਆਪੇ ਬ੍ਰਹਮ ਗਿਆਨ ਜਣਾਇਆ । ਆਪੇ ਵਰਨੀ ਵਰਨਾ ਵਰਨ, ਆਪੇ ਵਰਨ ਗੋਤ ਮਿਟਾਇਆ । ਆਪੇ ਸਰਨੀ ਸਾਚਾ ਸਰਨ, ਆਪੇ ਮੁਖੜਾ ਆਪ ਭਵਾਇਆ । ਆਪੇ ਹਰਨਾ ਫਰਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੋਬਿੰਦ ਕਾਇਆ ਡੇਰਾ ਲਾਇਆ । ਗੋਬਿੰਦ ਕਾਇਆ ਸਾਚਾ ਡੇਰਾ, ਸਾਚੇ ਘਰ ਵਸੇਰਾ ਏ । ਪੁਰਖ ਅਬਿਨਾਸ਼ੀ ਨੇਰਨ ਨੇਰਾ, ਨਿਜ ਆਤਮ ਕਰੇ ਵਸੇਰਾ ਏ । ਲਹਿਣਾ ਦੇਣਾ ਚੁਕਾਏ ਅੰਤਮ ਮੇਰਾ ਤੇਰਾ,

ਤੇਰਾ ਮੇਰਾ ਭੇਵ ਮਿਟਾਇਆ ਏ । ਆਪ ਕਰਾਏ ਹੇਰਾ ਫੇਰਾ, ਹੇਰੀ ਫੇਰੀ ਵਿਚ ਨਾ ਆਇਆ ਏ । ਸਿੰਘ ਸ਼ੇਰ ਹਰਿ ਸ਼ੇਰ ਦਲੇਰਾ, ਦਰ ਦਵਾਰਾ ਇਕ ਖੁਲ੍ਹਾਇਆ ਏ । ਕਲਜੁਗ ਕਰੇ ਅੰਤ ਨਿਬੇੜਾ, ਕਾਲੀ ਰੇਖ ਰਿਹਾ ਮਿਟਾਇਆ ਏ । ਲੱਖ ਚੁਰਾਸੀ ਦੇਵੇ ਗੇੜਾ, ਏਕਾ ਧੱਕਾ ਨਾਮ ਲਗਾਇਆ ਏ । ਜੂਠਾ ਝੂਠਾ ਚੁੱਕੇ ਝੇੜਾ, ਕਾਇਆ ਖੇੜਾ ਦਿਸ ਨਾ ਆਇਆ ਏ । ਧਰਤ ਮਾਤ ਤੇਰਾ ਖੁੱਲ੍ਹਾ ਵਿਹੜਾ, ਅੰਤਮ ਅੰਤ ਵਖਾਇਆ ਏ । ਜਨ ਭਗਤਾਂ ਬੰਨ੍ਹੇ ਮਾਤ ਬੇੜਾ, ਸਾਚਾ ਚਪੂ ਨਾਮ ਲਗਾਇਆ ਏ । ਦੰਦ ਬਤੀਸਾ ਭੇੜ ਭੇੜਾ, ਸਾਧਾਂ ਸੰਤਾਂ ਜੀਵਾਂ ਜੰਤਾਂ ਪ੍ਰਭ ਅਬਿਨਾਸ਼ੀ ਦਿਸ ਨਾ ਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਕਾਇਆ ਵਿਚ ਸਮਾਇਆ ਏ । ਗੋਬਿੰਦ ਕਾਇਆ ਸਾਚੀ ਹਾਟੀ, ਪ੍ਰਭ ਸਾਚੀ ਵਸਤ ਟਿਕਾਈਆ । ਕਿਸੇ ਹੱਥ ਨਾ ਆਵੇ ਤੀਰਥ ਤਾਟੀ, ਗੁਰ ਮੰਦਰ ਅੰਦਰ ਦਏ ਦੁਹਾਈਆ । ਉਚਾ ਪਰਬਤ ਵੱਡੀ ਸਿਲਾ ਬਜਰ ਕਪਾਟੀ ਪਾਟੀ, ਜੋਤ ਲਲਾਟੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਵੇਖੀ ਕਾਇਆ ਘਾਟੀ, ਆਤਮ ਸੇਜਾ ਸ਼ਬਦ ਸਿੰਘਾਸਣ ਸੋਹੰ ਫੂਲਨ ਸੇਜ ਵਿਛਾਈਆ । ਸੋਹੰ ਫੂਲ ਸਚ ਫੁਲਵਾੜੀ, ਪ੍ਰਭ ਆਪਣੀ ਸੇਜ ਵਿਛਾਇੰਦਾ । ਗੁਰਮੁਖਾਂ ਮੇਲ ਸਤਾਰਾਂ ਹਾੜੀ, ਸ਼ਬਦ ਸੁਨੇਹੜਾ ਇਕ ਘਲਾਇੰਦਾ । ਆਪੇ ਹੋਏ ਪਿੱਛੇ ਅਗਾੜੀ, ਚਾਰੋਂ ਕੁੰਟ ਵਖਾਇੰਦਾ । ਰੱਖੇ ਲਾਜ ਚਰਨ ਛੁਹਾਏ ਦਾਹੜੀ, ਮੌਤ ਲਾੜੀ ਦਰ ਦੁਰਕਾਇੰਦਾ । ਮਾਇਆ ਮਮਤਾ ਦੇਵੇ ਸਾੜੀ, ਨਾਮ ਦਾਤ ਝੋਲੀ ਪਾਇੰਦਾ । ਹੋਏ ਸਹਾਏ ਜੰਗਲ ਜੂਹ ਉਜਾੜ ਪਹਾੜੀ, ਦਿਵਸ ਰੈਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਆਪ ਆਪਣੇ ਵਿਚ ਟਿਕਾਇੰਦਾ । ਗੋਬਿੰਦ ਕਾਇਆ ਸਾਚਾ ਘਰ, ਪ੍ਰਭ ਸਾਚੇ ਬਣਤ ਬਣਾਈਆ । ਚਾਰੋਂ ਕੁੰਟ ਏਕਾ ਦਰ, ਏਕਾ ਧਾਰ ਬੰਧਾਈਆ । ਆਪੇ ਆਪ ਲਿਆ ਉਸਾਰ, ਬਾਡੀ ਕੋਈ ਮੂਲ ਨਾ ਲਾਈਆ । ਆਪੇ ਅੰਦਰ ਰਿਹਾ ਵੜ, ਨਾੜੀ ਹਾਡੀ ਦਿਸ ਨਾ ਆਈਆ । ਆਪੇ ਆਪਣੀ ਲਾਏ ਜੜ੍ਹ, ਦੂਸਰ ਬੀਜ ਨਾ ਕੋਈ ਪਾਈਆ । ਸ਼ਬਦ ਦਵਾਰੇ ਅੱਗੇ ਖੜ੍ਹ, ਕਲਜੁਗ ਅੰਤਮ ਰੀਝ ਕਰਾਈਆ । ਚਿੱਟੇ ਅਸਵ ਆਪੇ ਚੜ੍ਹ, ਨੀਲੇ ਵਾਗ ਗੁੰਦਾਈਆ । ਗੁਰ ਗੋਬਿੰਦਾ ਲਿਆ ਫੜ, ਕਲਗੀ ਤੋੜਾ ਸੀਸ ਸਜਾਈਆ । ਕਲਜੁਗ ਅੰਤਮ ਘਾੜਨ ਘੜ, ਪ੍ਰਭ ਆਪਣੀ ਬਣਤ ਬਣਾਈਆ । ਜੋਤ ਅਗੰਮੀ ਰਿਹਾ ਲੜ, ਸ਼ਬਦ ਅਗੰਮੀ ਧਾੜ ਚੜ੍ਹਾਈਆ । ਸਾਧਾਂ ਸੰਤਾਂ ਲਏ ਫੜ, ਸੰਮਤ ਸੋਲਾਂ ਨੇੜੇ ਆਈਆ । ਗੁਰਮੁਖ ਸਾਚੇ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਵੇਖ ਵਖਾਣੇ ਗੁਰ ਗੁਰ ਚੇਲੇ, ਦਸਮ ਦਵਾਰੀ ਉਪਰ ਚੜ੍ਹ ਆਪਣਾ ਭੇਵ ਛੁਪਾਈਆ । ਮਨਮੁਖ ਮਾਇਆ ਮਮਤਾ ਰਹੇ ਸੜ, ਹਉਮੇ ਹੰਗਤਾ ਸੀਸ ਧੜ, ਜਗਤ ਜੰਜਾਲਾ ਹੱਥ ਕਟਾਰ ਫੜਾਈਆ । ਗੁਰਮੁਖਾਂ ਫੜਾਏ ਆਪਣਾ ਲੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਿਚ ਸਮਾਈਆ । ਗੋਬਿੰਦ ਜ਼ਾਤੀ ਵਿਚ ਸੰਸਾਰ, ਸ਼ਬਦ ਵਰਨ ਰਖਾਇਆ ਏ । ਮਿਲਿਆ ਮੇਲ ਕਮਲਾਪਾਤੀ, ਚਰਨ ਕਵਲ ਧਿਆਨ ਲਗਾਇਆ ਏ । ਆਪੇ ਦੀਵਾ ਆਪੇ ਬਾਤੀ, ਆਪੇ ਜੋਤ ਜਗਾਇਆ ਏ । ਆਪੇ ਅੰਮ੍ਰਿਤ ਬੂੰਦ ਸਵਾਂਤੀ, ਆਪੇ ਮੁਖ ਚੁਆਇਆ ਏ । ਆਪੇ ਖੋਲ੍ਹੇ ਬੰਦ ਤਾਕੀ, ਆਪੇ ਪੜਦਾ ਪਾਇਆ ਏ । ਆਪੇ ਚੜ੍ਹਿਆ ਸ਼ਬਦ ਘੋੜੇ ਸਾਚੇ ਰਾਕੀ, ਲੋਆਂ ਪੁਰੀਆਂ ਰਿਹਾ ਰੁੜ੍ਹਾਇਆ ਏ । ਨਾ ਕੋਈ ਜਾਣੇ ਬੰਦਾ ਖ਼ਾਕੀ, ਮਾਇਆ ਮਮਤਾ ਲੱਗੀ ਹਾਕੀ ਡਾਕੀ, ਨੌਂ ਅਠਾਰਾਂ ਕਰੇ ਹਲਕਾਇਆ ਏ । ਜਨ ਭਗਤਾਂ ਮਿਲਿਆ ਸਾਚਾ ਸਾਕੀ,

੧੩੩
੦੬

ਲਹਿਣਾ ਦੇਣਾ ਮੂਲ ਚੁਕਾਏ ਅੰਤਮ ਬਾਕੀ, ਅੰਮ੍ਰਿਤ ਆਤਮ ਜਾਮ ਪਿਆਇਆ ਏ । ਇਕ ਸੁਣਾਏ ਭਵਿਖਤ ਵਾਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਕਾਇਆ ਰੂਪ, ਪ੍ਰਭ ਆਪਣੀ ਸੇਵਾ ਲਾਇਆ ਏ । ਗੋਬਿੰਦ ਕਾਇਆ ਸਾਚਾ ਇਸ਼ਟ, ਹਰਿ ਚਰਨ ਅਪਾਰਾ । ਆਪੇ ਖੋਲ੍ਹਣਹਾਰਾ ਦ੍ਰਿਸ਼ਟ, ਗੁਰ ਚੇਲਾ ਇਕ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਗੰਮ ਅਪਾਰਾ । ਗੋਬਿੰਦ ਚੜ੍ਹਿਆ ਸਾਚੇ ਘਾਟ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਜੋਤੀ ਨੂਰ ਇਕ ਲਿਲਾਟ, ਤਨ ਸਾਚੇ ਹੱਟ ਵਿਕਾਇੰਦਾ । ਸ਼ਬਦ ਪੰਘੂੜਾ ਸਾਚੀ ਖਾਟ, ਦਸਮ ਦਵਾਰੀ ਅੰਦਰ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਨ ਅਗੰਮੇ ਪਾਰ ਵਸਾਇੰਦਾ । ਸੁਨ ਅਗੰਮੀ ਪੀਲੀ ਧਾਰ, ਪੀਲਾ ਰੰਗ ਰੰਗਾਇੰਦਾ । ਸੁਰਤ ਸ਼ਬਦ ਨਾ ਪਾਵੇ ਸਾਰ, ਸੁਰਤੀ ਸੁਰਤ ਗਵਾਇੰਦਾ । ਰੂਪ ਰੰਗ ਨਾ ਕੋਇ ਕਰਤਾਰ, ਕਰਤਾ ਪੁਰਖ ਕਰਨਹਾਰ ਅਖਵਾਇੰਦਾ । ਆਪੇ ਜੋਤੀ ਆਪੇ ਧਾਰ, ਆਪੇ ਸ਼ਬਦ ਸੁਣਨੇਹਾਰ, ਆਪ ਆਪਣਾ ਰਾਗ ਅਲਾਇੰਦਾ । ਆਪੇ ਆਪਣੇ ਘਰ ਵਸਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਓਅੰਕਾਰਾ ਖੇਲ ਅਪਾਰਾ ਕੰਚਨ ਰੂਪ ਸਮਾਇੰਦਾ । ਕੰਚਨ ਤੇਰਾ ਸਾਚਾ ਰੰਗ, ਹਰਿ ਸ਼ਬਦੀ ਜੜਤ ਜੜਾਈਆ । ਸਾਚਾ ਦਰ ਲਿਆ ਮੰਗ, ਵੱਜੇ ਧੁਨ ਸੱਚੀ ਸ਼ਨਵਾਈਆ । ਨਾ ਕੋਈ ਅੰਮ੍ਰਿਤ ਧਾਰਾ ਵਹੇ ਗੰਗ, ਦੂਸਰ ਵਸਤ ਦਿਸ ਨਾ ਆਈਆ । ਨਾ ਕੋਈ ਢੋਲ ਵੱਜੇ ਮਰਦੰਗ, ਬੰਸਰੀ ਬੀਨ ਨਾ ਕੋਈ ਵਜਾਈਆ । ਸੁਰ ਤਾਲ ਨਾ ਕੋਈ ਬੇਹੰਗ, ਬਾਰ ਬਾਰ ਨਾ ਕੋਈ ਗਾਈਆ ।
੧੩੪ ਨਾ ਕੋਈ ਜਾਣੇ ਦੂਰ ਦੁਰਾਡਾ ਪੰਧ, ਦਸਮ ਦਵਾਰੀ ਅੱਧਵਿਚਕਾਰ ਟਿਕਾਈਆ । ਏਕਾ ਨਾਨਕ ਗਿਆ ਲੰਘ, ਪ੍ਰਭ ਆਪੇ ਰਿਹਾ ਬੁਲਾਈਆ । ਭਗਤ ਕਬੀਰਾ ਮੰਗੀ ਮੰਗ, ਪ੍ਰਭ ਚਰਨ ਸੀਸ ਨਿਵਾਈਆ । ਹਰਿ ਅੰਦਰ ਬੈਠਾ ਸ਼ਬਦ ਰੰਗੀਲੇ ਸਚ ਪਲੰਘ, ਜੋਤੀ ਨੂਰ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਤੇਰੀ ਧਾਰ ਵੇਖਣ ਆਇਆ ਵਿਚ ਸੰਸਾਰ, ਦੀਪਕ ਜੋਤੀ ਸਚ ਜਗਾਈਆ । ਕੰਚਨ ਧਾਰੀ ਕੰਚਨਾ ਰੂਪ, ਹਰਿ ਆਪਣਾ ਆਪ ਵਟਾਇੰਦਾ । ਸ਼ਬਦ ਸੁਹੇਲਾ ਸ਼ਾਹੋ ਭੂਪ, ਸਤਿ ਸਰੂਪ ਆਪ ਅਖਵਾਇੰਦਾ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਨਾ ਕੋਈ ਹਿੱਸਾ ਵੰਡ ਵੰਡਾਇੰਦਾ । ਸ਼ਬਦ ਹੁਲਾਰਾ ਰਿਹਾ ਝੂਟ, ਆਰ ਪਾਰ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਤੇਰੀ ਧਾਰ, ਆਪ ਚਲਾਏ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਆਪ ਆਪਣਾ ਕਰਮ ਕਮਾਇੰਦਾ । ਸਾਚਾ ਕਰਮ ਹਰਿ ਕਮਾਇਆ, ਜੋਤੀ ਨੂਰ ਉਪੰਨਿਆ । ਦਰ ਘਰ ਸਾਚੇ ਨੂਰ ਸਵਾਇਆ, ਨਾ ਕੋਈ ਸੂਰਜ ਨਾ ਕੋਈ ਚੰਨਿਆ । ਤਾਰਾ ਮੰਡਲ ਦਿਸ ਨਾ ਆਇਆ, ਸਾਧ ਸੰਤ ਨਾ ਦੀਸੇ ਕੋਈ ਦਵਾਰੇ, ਨਾ ਬੇੜਾ ਕਿਸੇ ਬੰਨ੍ਹਿਆ । ਏਕਾ ਏਕ ਏਕੰਕਾਰੇ ਸ਼ਬਦ ਸਰੂਪੀ ਚਾਰ ਦਵਾਰੇ, ਵੱਸਿਆ ਮਹੱਲ ਅਟੱਲ ਉਚ ਚੁਬਾਰੇ, ਨਾ ਕੋਈ ਛੱਪਰੀ ਨਾ ਕੋਈ ਛੰਨਿਆ । ਜੁਗ ਜੁਗ ਆਪਣਾ ਜਾਮਾ ਧਾਰੇ, ਜੋਤੀ ਖੇਲ ਅਪਰ ਅਪਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਗੋਬਿੰਦ ਤੇਰੀ ਪੈਜ ਸਵਾਰੇ । ਗੋਬਿੰਦ ਪਤ ਰਖਾਵਣ ਆਇਆ, ਹਰਿ ਜੋਧਾ ਸੂਰਬੀਰ ਬਲਕਾਰੀ । ਏਕਾ ਤਤ ਮਾਤ ਸਮਝਾਵਣ ਆਇਆ, ਚਾਰ ਵਰਨਾਂ ਇਕ ਦਵਾਰੀ । ਸੋਹੰ ਸਾਚਾ ਰਥ ਚਲਾਵਣ ਆਇਆ, ਕਲਜੁਗ ਤੇਰੀ ਅੰਤਮ ਵਾਰੀ । ਸਰਬ ਕਲਾ ਸਮਰਥ ਅਖਵਾਵਣ ਆਇਆ, ਨਿਹਕਲੰਕ ਨਰਾਇਣ ਨਰ ਅਵਤਾਰੀ । ਸਾਢੇ ਤਿੰਨ ਹੱਥ ਤੇਰੀ ਸੀਆਂ ਧਰਤ ਮਾਤ ਤੇਰੀ ੧੩੪
੦੬ ੦੬

ਸੱਥ ਵਿਛਾਵਣ ਆਇਆ, ਲੱਖ ਚੁਰਾਸੀ ਸੋਏ ਪੈਰ ਪਸਾਰੀ । ਗੁਰਮੁਖ ਸਾਚੇ ਸੰਤ ਸੁਹੇਲੇ ਸ਼ਬਦ ਅਕੱਥ ਸੁਣਾਵਣ ਆਇਆ, ਗੋਬਿੰਦ ਰਸਨਾ ਨਾਉਂ ਉਚਾਰੀ । ਮਨਮੁਖ ਜੀਵਾਂ ਮਥ ਵਖਾਇਆ, ਮਾਰੇ ਤੇਜ ਸ਼ਬਦ ਕਟਾਰੀ । ਗੁਰਮੁਖਾਂ ਸਿਰ ਹੱਥ ਟਿਕਾਇਆ, ਆਏ ਚਰਨ ਦਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸਾਚੀ ਗਾਥ ਚਲਾਇਆ, ਸਤਿਜੁਗ ਤੇਰੀ ਪੈਜ ਸਵਾਰੀ । ਹਰਿ ਸੰਗਤ ਹਰਿ ਦਵਾਰ, ਮਿਟੇ ਰੋਗ ਸੰਤਾਪਿਆ । ਕਾਇਆ ਪੀੜ ਪੇਟ ਅਫਾਰ, ਕੋਟਨ ਕੋਟ ਉਤਾਰੇ ਪਾਪਿਆ । ਨੇਤਰ ਨੈਣ ਦਰਸ ਅਪਾਰ, ਸੋਹੰ ਜਾਪ ਅਜਪਾ ਜਾਪਿਆ । ਗੁਰ ਮਤੀ ਉਤਰਨ ਪਾਰ, ਮੇਟ ਮਿਟਾਏ ਤੀਨੋਂ ਤਾਪਿਆ । ਧੀਰਜ ਯਤੀ ਸਤਿ ਸੰਤੋਖੀ ਇਕ ਵਿਚਾਰ, ਕਲਜੁਗ ਵਾ ਨਾ ਲੱਗੇ ਤਾਤਿਆ । ਸੁਹਾਏ ਬੰਕ ਦਰ ਸੱਚਾ ਦਰਬਾਰ, ਨਾਮ ਟਿਕਾਏ ਸਾਚੇ ਹਾਟਿਆ । ਹਰਿਜਨ ਕਰਨਾ ਵਣਜ ਵਪਾਰ, ਸਾਚਾ ਲਾਹਾ ਜਗਤ ਖਾਟਿਆ । ਦੁਰਮਤ ਮੈਲ ਇਕ ਉਤਾਰ, ਆਤਮ ਰਸ ਏਕਾ ਚਾਟਿਆ । ਗੁਰਮਤ ਕਾਇਆ ਤਨ ਸ਼ਿੰਗਾਰ, ਨਾਮ ਦੀਵਾ ਬਾਤੀ ਸਾਚੀ ਵਾਟਿਆ । ਰੋਗ ਸੋਗ ਚਿੰਤ ਨਿਵਾਰ, ਪ੍ਰਭ ਭਾਗ ਲਗਾਏ ਕਾਇਆ ਮਾਟਿਆ । ਦਰਸ ਅਮੋਘ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਜਗਤ ਵਰ, ਕਲਜੁਗ ਖੇਲ ਬਾਜ਼ੀਗਰ ਨਾਟਿਆ । ਹਰਿ ਸੰਗਤ ਹਰਿ ਦਰ ਸਵਾਲੀ, ਆਏ ਬੰਕ ਦਵਾਰ । ਕੋਇ ਨਾ ਦਰ ਤੋਂ ਜਾਏ ਖਾਲੀ, ਪ੍ਰਭ ਦੇਵੇ ਦੇਵਣਹਾਰ । ਧੁਰ ਦਰਗਾਹੀ ਸਾਚਾ ਮਾਲੀ, ਮਾਲ ਖਜ਼ੀਨਾ ਇਕ ਪਿਆਰ । ਵੇਖ ਵਖਾਏ ਬਿਰਧ ਬਾਲ ਜਵਾਨੀ, ਮੰਦਰ ਅੰਦਰ ਪਾਵੇ ਸਾਰ । ਮੇਟੇ ਚੋਰ ਪੰਜ ਸ਼ੈਤਾਨੀ, ਅੰਮ੍ਰਿਤ ਆਤਮ ਕਾਇਆ ਠੰਡੀ ਠਾਰ । ਆਪ ਚੜ੍ਹਾਏ ਸ਼ਬਦ ਬਿਬਾਣੀ, ਇਕ ਵਖਾਏ ਪਾਰ ਕਿਨਾਰ । ਜੋਤੀ ਜੋਤ ਸਰੂਪ ਹਰਿ, ਆਪੇ ਹੋਵੇ ਦਾਤਾ ਦਾਨੀ । ਦੇਵਣਹਾਰ ਵਸਤ ਅਪਾਰ, ਹਰਿ ਸੰਗਤ ਮਨਮੁਖ ਉਤਰੇ ਮੁਖ, ਤ੍ਰਿਸ਼ਨਾ ਦੁੱਖ ਗਵਾਈਆ । ਅੰਦਰੇ ਅੰਦਰ ਜਗਤ ਸੁੱਖਣਾ ਰਹੇ ਸੁੱਖ, ਸਾਚੀ ਸਿੱਖਿਆ ਮਨ ਨਾ ਭਾਈਆ । ਆਪੇ ਲਿਖਣਹਾਰਾ ਲੇਖ, ਲੇਖਾ ਲਿਖਿਆ ਦਏ ਮਿਟਾਈਆ । ਦੂਈ ਦਵੈਤੀ ਲਾਹੇ ਵਿਖ, ਏਕਾ ਰੰਗ ਰੰਗਾਈਆ । ਦਰ ਦਵਾਰੇ ਮੂੰਹੋਂ ਮੰਗੀ ਮਿਲੇ ਭਿੱਖ, ਆਤਮ ਮੁਖੜਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਮਾਤ ਵਡਿਆਈਆ । ਹਰਿ ਸੰਗਤ ਮਿਟੇ ਹਉਮੇ ਰੋਗ, ਚਿੰਤਾ ਸਰਬ ਵਿਨਾਸੀਆ । ਮਿਲਿਆ ਮੇਲਾ ਧੁਰ ਸੰਜੋਗ, ਪਾਰਬ੍ਰਹਮ ਪੁਰਖ ਅਬਿਨਾਸ਼ੀਆ । ਨੇਤਰ ਲੋਚਨ ਦਰਸ ਅਮੋਘ, ਸਾਚਾ ਮੇਲ ਘਨਕਪੁਰ ਵਾਸੀਆ । ਰਸਨਾ ਰਸ ਲੈਣਾ ਭੋਗ, ਸੋਹੰ ਬਣਨਾ ਜਗਤ ਸਵਾਲੀਆ । ਆਪੇ ਕੱਟਣਹਾਰਾ ਰੋਗ, ਤਾਪਦਿਕ ਨਾ ਰਹੇ ਕਾਇਆ ਡਾਲੀਆ । ਜਿਸ ਜਨ ਚੁਗਾਏ ਸਾਚੀ ਚੋਗ, ਦਿਵਸ ਰੈਣ ਕਰੇ ਪ੍ਰਿਤਪਾਲੀਆ । ਜੋਤੀ ਜੋਤ ਸਰੂਪ ਹਰਿ, ਹਰਿ ਸੰਗਤ ਦੇਵੇ ਸਾਚਾ ਵਰ, ਦਰ ਮੰਗਣ ਆਏ ਬਣ ਸਵਾਲੀਆ । ਆਏ ਦਰ ਬਣ ਭਿਖਾਰੀ, ਸਾਚੀ ਰੁੱਤ ਸੁਹਾਈਆ । ਪੁਰਖ ਅਬਿਨਾਸ਼ੀ ਲੇਖ ਲਿਖਾਰੀ, ਲਿਖਿਆ ਲੇਖ ਰਿਹਾ ਮਿਟਾਈਆ । ਨਾੜ ਬਹੱਤਰ ਪਾਵੇ ਸਾਰੀ, ਹਾਡੀ ਹਾਡੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਬੇੜਾ ਪਾਰ ਉਤਾਰੀ । ਹਰਿ ਸੰਗਤ ਕਾਇਆ ਸਾਚਾ ਰੰਗ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਦਰ ਦਵਾਰੇ ਏਕਾ ਮੰਗ, ਸਾਚੀ ਭਿਛਿਆ ਝੋਲੀ ਪਾਇੰਦਾ । ਚਰਨ ਧੂੜ ਜਨ ਲਾਏ ਸਾਚੀ ਗੰਗ, ਸਰ ਸਰੋਵਰ ਇਸ਼ਨਾਨ ਕਰਾਇੰਦਾ । ਇਕ ਵਜਾਏ ਹਰਿ ਮਰਦੰਗ, ਮਰਦੰਗਾ ਅੰਗ ਲਗਾਇੰਦਾ । ਗੁਰਮੁਖ ਸਾਚਾ ਪਾਰ ਜਾਏ ਲੰਘ, ਦਾਤਾ ਸੂਰਾ ਸਰਬੰਗ

ਦਇਆ ਕਮਾਇੰਦਾ । ਆਪੇ ਕਟੇ ਭੁੱਖ ਨੰਗ, ਜੋ ਜਨ ਦਰ ਆਏ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਏਕਾ ਵਰ, ਏਕਾ ਰਾਗ ਅਲਾਇੰਦਾ । ਹਰਿ ਸੰਗਤ ਘਰ ਸਾਚੇ ਗੋਲੀ, ਸਾਚੀ ਸੇਵ ਕਮਾਈਆ । ਮਨਮੁਖ ਜੀਵ ਮਾਰਨ ਬੋਲੀ, ਦੇਵੀ ਦੇਵ ਦਿਸ ਨਾ ਆਈਆ । ਜੋਤੀ ਸ਼ਬਦੀ ਕਾਇਆ ਸਭ ਦੀ ਮੌਲੀ, ਫਲ ਫੁਲਵਾੜੀ ਇਕ ਸੁਹਾਈਆ । ਸ਼ਬਦ ਜਣਾਏ ਹੌਲੀ ਹੌਲੀ, ਆਪ ਆਪਣਾ ਭੇਵ ਰਖਾਈਆ । ਉਲਟੀ ਕਰੇ ਨਾਭ ਕਵਲੀ, ਅੰਮ੍ਰਿਤ ਆਤਮ ਮੁਖ ਚੁਆਈਆ । ਮਿਲੇ ਵਡਿਆਈ ਉਪਰ ਧਵਲੀ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਾਚਾ ਮੇਲਾ ਸਾਵਲ ਸਵਲੀ, ਸੁੰਦਰ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਦੇਵੇ ਸਾਚਾ ਵਰ, ਆਏ ਸਰਨ ਸੱਚੀ ਸਰਨਾਈਆ । ਨਾੜ ਬਹੱਤਰ ਤਨ ਸਿਤਾਰ, ਪ੍ਰਭ ਆਪ ਰਿਹਾ ਵਜਾਈਆ । ਤਿੰਨ ਸੌ ਸੱਠ ਹਾਡੀ ਕਰ ਤਿਆਰ, ਕਾਇਆ ਬਣਤ ਬਣਾਈਆ । ਆਪੇ ਬਣਿਆ ਸਾਚਾ ਗਾੜੀ, ਸ਼ਬਦ ਸਰੂਪੀ ਰਥ ਚਲਾਈਆ । ਨਾ ਕੋਈ ਲਾਏ ਹਰਿ ਹਰਿ ਬਾਡੀ, ਬੂੰਦੀ ਬੂੰਦ ਰਿਹਾ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੈਠਾ ਆਸਣ ਲਾਈਆ । ਕਾਇਆ ਮੰਦਰ ਨੌਂ ਦਵਾਰ, ਜਗਤ ਖੋਲ੍ਹ ਵਖਾਇੰਦਾ । ਪੰਜਾਂ ਤਤਾਂ ਕਰ ਆਕਾਰ, ਪੰਜਾਂ ਸੰਗ ਮਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਮਨ ਮਤੀ ਆਪ ਦੁੜਾਇੰਦਾ । ਗੁਰ ਮਤੀ ਜੀਵ ਨਾ ਕੋਈ ਪਾਵੇ ਸਾਰ, ਹਰਿ ਭਾਣਾ ਦਿਸ ਨਾ ਆਇੰਦਾ । ਵਾ ਤਤੀ ਕਲਜੁਗ ਹਾੜ, ਭਰਮ ਭੁਲੇਖਾ ਇਕ ਰਖਾਇੰਦਾ । ਮਗਰ ਲੱਗੀ ਪੰਚਮ ਧਾੜ, ਦਿਵਸ ਰੈਣ ਦੁੜਾਇੰਦਾ । ਅੰਤਮ ਵਰੇ ਮੌਤ ਲਾੜ, ਲਾੜੀ ਮੌਤ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਜੰਗਲ ਜੂਹ ਉਜਾੜ ਪਹਾੜ ਦਿਸ ਕਿਸੇ ਨਾ ਆਇੰਦਾ । ਕਵਣ ਹੱਟ ਹਰਿ ਵਸੇਰਾ, ਕਵਣ ਤਟ ਵਖਾਈਆ । ਕਵਣ ਦੁਰਮਤ ਮੈਲ ਕੱਟ, ਕਵਣ ਗਵਣ ਮਿਟਾਈਆ । ਕਵਣ ਸ਼ਬਦ ਲਪੇਟੇ ਸਾਚੇ ਪੱਟ, ਆਤਮ ਤ੍ਰਿਸ਼ਨ ਬੁਝਾਈਆ । ਕਲਜੁਗ ਖੇਲੇ ਖੇਲ ਬਾਜ਼ੀਗਰ ਨਟ, ਮਾਇਆ ਮਮਤਾ ਕਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦਇਆ ਕਮਾਏ ਜੋਤ ਜਗਾਏ ਕਾਇਆ ਮਟ, ਅਗਿਆਨ ਅੰਧੇਰ ਮਿਟਾਈਆ । ਕਾਇਆ ਮਟ ਅੰਧ ਅਗਿਆਨ, ਦਹਿ ਦਿਸ਼ਾ ਅੰਧਿਆ । ਜਗਤ ਹੰਕਾਰੀ ਲੱਗਾ ਫਟ, ਪੰਚ ਵਿਕਾਰਾ ਰਿਹਾ ਘੇਰਿਆ । ਝੂਠਾ ਮੰਦਰ ਜਾਏ ਢੱਠ, ਅੰਤਮ ਢਹਿ ਢਹਿ ਹੋਏ ਢੇਰਿਆ । ਗੁਰਸਿਖ ਵੇਖੇ ਤੇਰਾ ਹੱਠ, ਹਰਿ ਸਾਚਾ ਸ਼ੇਰ ਦਲੇਰਿਆ । ਦਰ ਦਵਾਰਾ ਆਇਆ ਨੱਠ, ਕਰ ਕਰ ਆਪਣੀ ਮਿਹਰਿਆ । ਆਪੇ ਗੇੜਨਹਾਰਾ ਉਲਟੀ ਲੱਠ, ਲਾਏ ਮਾਤ ਨਾ ਦੇਰਿਆ । ਸਾਧ ਸੰਗਤ ਤੇਰੀ ਸਾਚੀ ਚੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਖੇ ਹੋ ਦਲੇਰਿਆ । ਵੇਖੇ ਨਾੜੀ ਜਗਤ ਸਿਤਾਰ, ਕਵਣ ਮਾਤ ਹਿਲਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦਇਆ ਕਮਾਇੰਦਾ । ਗੁਰ ਸੰਗਤ ਬਹਾਏ ਗੁਰਸਿਖ ਵਿਚਕਾਰ, ਸਿਰ ਆਪਣਾ ਹੱਥ ਟਿਕਾਇੰਦਾ । ਖੰਡਾ ਫੜ ਤੇਜ ਕਟਾਰ, ਸਾਚੀ ਵੰਡਾ ਵੰਡ ਵੰਡਾਇੰਦਾ । ਮਨਮੁਖ ਮਾਰੇ ਪਹਿਲੀ ਵਾਰ, ਗੁਰਮੁਖ ਪਾਰ ਕਰਾਇੰਦਾ । ਆਪਣਾ ਆਪ ਪ੍ਰਭ ਲਏ ਰੱਖ, ਸਾਚੀ ਕਲ ਵਰਤਾਇੰਦਾ । ਸਿਰ ਧੜ ਵੱਖ ਵੱਖ, ਨਾ ਕੋਈ ਕਰੇ ਕਿਸੇ ਪੱਖ, ਸ਼ਬਦ ਜਣਾਈ ਆਪ ਕਰਾਇੰਦਾ । ਪਰਗਟ ਹੋਏ ਹਰਿ ਪਰਤੱਖ, ਚਾਰੋਂ ਕੁੰਟ ਲਾਉਂਦੇ ਭੱਖ, ਮਾਇਆ ਮਾਟੀ ਅਗਨੀ ਕੱਖ, ਅੰਤਮ ਅੰਤ ਜਲਾਇੰਦਾ । ਕਾਚੀ ਮਾਟੀ ਹੋਈ ਸੱਖ, ਕੋਈ ਨਾ

ਸਕੇ ਮਾਤ ਰੱਖ, ਨਾ ਕੋਈ ਕਿਸੇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲਾ ਆਪੇ ਸਮਰਥ, ਭਾਣਾ ਆਪਣੇ ਹੱਥ ਰਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੀਆਂ ਜੰਤਾਂ ਪਾਏ ਨੱਥ, ਚਾਰੋਂ ਕੁੰਟ ਭਵਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਦਿਸ ਕਿਸੇ ਨਾ ਆਇਆ । ਪਰਗਟ ਹੋਏ ਨਰ ਨਿਰੰਕਾਰ, ਜੋਤੀ ਜਾਮਾ ਭੇਖ ਵਟਾਇਆ । ਗੁਰਮੁਖ ਸਾਚੇ ਕਰ ਤਿਆਰ, ਸੇਵਕ ਸੇਵਾ ਸਾਚੀ ਲਾਇਆ । ਆਪੇ ਹੋਇਆ ਪਹਿਰੇਦਾਰ, ਭੇਵ ਅਭੇਦਾ ਭੇਵ ਛੁਪਾਇਆ । ਕਾਲ ਮਹਾਂਕਾਲ ਕਰੇ ਖ਼ਬਰਦਾਰ, ਏਕਾ ਡੰਕ ਨਾਮ ਵਜਾਇਆ । ਕਲਜੁਗ ਕੂੜ ਮਿਟੇ ਕੁੜਿਆਰ, ਰਾਓ ਰੰਕਾਂ ਰਿਹਾ ਹਿਲਾਇਆ । ਜੂਠ ਝੂਠ ਹਾਹਾਕਾਰ, ਭਰਮਾਂ ਗੜ੍ਹ ਰਿਹਾ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆਪੇ ਫੜ, ਆਪਣਾ ਮੇਲ ਮਿਲਾਇਆ ।

### ✻ ਪਹਿਲੀ ਮੱਘਰ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਆਦਿ ਪੁਰਖ ਹਰਿ ਸਤਿ ਹੈ, ਸਤਿ ਸਤਿ ਵਰਤਾਰ । ਸਾਚਾ ਨਾਮ ਸਾਚਾ ਤਤ ਹੈ, ਸਾਰ ਸ਼ਬਦ ਅਧਾਰ । ਸੋ ਸਾਚੀ ਰੱਤ ਹੈ, ਹੰ ਪਸਰ ਪਸਾਰ । ਦਸਮ ਦਵਾਰੀ ਸਾਚਾ ਨੱਤ ਹੈ, ਨਾਤਾ ਏਕੰਕਾਰ । ਅਗੰਮ ਅਗੰਮਾ ਕਿਸੇ ਨਾ ਆਏ ਹੱਥ ਹੈ, ਵੇਖੇ ਕੋਇ ਨਾ ਵਿਚ ਸੰਸਾਰ । ਆਦਿ ਪੁਰਖ ਸਦਾ ਸਮਰਥ ਹੈ, ਰੂਪ ਅਨੂਪ ਅਧਾਰ । ਸਤਿ ਨਾਮ ਸਾਚੀ ਵੱਥ ਹੈ, ਸਾਚੇ ਸਚ ਦਰਬਾਰ । ਸੋਹੰ ਸਾਚਾ ਰਥ ਹੈ, ਰਥ ਰਥਵਾਹੀ ਆਪ ਕਰਤਾਰ । ਦਸਮ ਦਵਾਰੀ ਸ਼ਬਦ ਅਕੱਥ ਹੈ, ਪੰਚਮ ਧੁਨ ਅਪਰ ਅਪਾਰ । ਆਦਿ ਪੁਰਖ ਸਦਾ ਅਨਾਦ ਹੈ, ਆਦਿ ਅੰਤ ਸ਼ਾਹ ਭੂਪ । ਸਤਿਨਾਮ ਸ਼ਬਦ ਬ੍ਰਹਿਮਾਦ ਹੈ, ਦਹਿ ਦਿਸ਼ਾ ਚਾਰੇ ਕੂਟ । ਸੋਹੰ ਸ਼ਬਦ ਸਾਚੀ ਦਾਦ ਹੈ, ਫਲ ਅਗੰਮਾ ਰਿਹਾ ਟੂਟ । ਦਸਮ ਦਵਾਰੀ ਮੇਲਾ ਮਾਧਵ ਮਾਧ ਹੈ, ਸ਼ਬਦ ਪੰਘੂੜਾ ਰਿਹਾ ਝੂਟ । ਆਦਿ ਪੁਰਖ ਸਦਾ ਅਨੰਤ ਹੈ, ਅਨਨ ਰੂਪ ਪਰਕਾਸ਼ । ਸਤਿ ਨਾਮ ਸਦਾ ਬੇਅੰਤ ਹੈ, ਹਰਿ ਹਰਿਜਨ ਰੱਖੇ ਵਾਸ । ਸੋਹੰ ਸ਼ਬਦ ਸਾਚੀ ਰਾਸ ਹੈ, ਚਲੇ ਚਲਾਏ ਪ੍ਰਿਥਮੀ ਆਕਾਸ਼ । ਦਸਮ ਦਵਾਰੀ ਜੋਤ ਪਰਕਾਸ਼ ਹੈ, ਆਦਿ ਅੰਤ ਨਾ ਜਾਏ ਵਿਨਾਸ । ਆਦਿ ਪੁਰਖ ਅਥਾਹ ਹੈ, ਆਦਿ ਅੰਤ ਨਾ ਕੋਇ । ਸਤਿ ਨਾਮ ਸਚ ਮਲਾਹ ਹੈ, ਜੀਵ ਜੰਤ ਨਾ ਜਾਣੇ ਕੋਇ । ਸੋਹੰ ਸ਼ਬਦ ਵਖਾਏ ਰਾਹ ਹੈ, ਸਾਚਾ ਮਾਰਗ ਤ੍ਰੈਲੋਏ । ਦਸਮ ਦਵਾਰੀ ਏਕਾ ਨਾਉਂ ਹੈ, ਦੂਸਰ ਨਾਉਂ ਨਾ ਜਾਣੇ ਕੋਇ । ਆਦਿ ਪੁਰਖ ਅਨੀਲ ਹੈ, ਏਕਾ ਏਕ ਅਪਾਰ । ਸਤਿ ਨਾਮ ਵਕੀਲ ਹੈ, ਮੇਲਾ ਸਚ ਦਵਾਰ । ਸੋਹੰ ਸ਼ਬਦ ਛੈਲ ਛਬੀਲ ਹੈ, ਜੁਗਾ ਜੁਗੰਤਰ ਪਸਰ ਪਸਾਰ । ਦਸਮ ਦਵਾਰੀ ਇਕ ਅਪੀਲ ਹੈ, ਸੁਣੇ ਸੁਣਾਏ ਹਰਿ ਕਰਤਾਰ । ਆਦਿ ਪੁਰਖ ਆਦੇਸ ਹੈ, ਆਦੇਸ ਆਦੇਸਾ ਹੋਏ । ਸਤਿ ਨਾਮ ਪਰਵੇਸ਼ ਹੈ, ਬ੍ਰਹਮਾ ਸ਼ਿਵ ਨਾ ਜਾਣੇ ਕੋਇ । ਸੋਹੰ ਸਾਚਾ ਨਰ ਨਰੇਸ਼ ਹੈ, ਤ੍ਰੈ ਲੋਕਾਂ ਪਾਵੇ ਸੋਏ । ਦਸਮ ਦਵਾਰੀ ਨਾ ਕੋਈ ਗਣਪਤ ਗਣੇਸ਼ ਹੈ, ਏਕਾ ਜੋਤ ਨਿਰੰਜਣ ਬਲੋਏ । ਆਦਿ ਪੁਰਖ ਸੁਲਤਾਨ ਹੈ, ਰੂਪ ਰੰਗ ਨਾ ਰੇਖ । ਸਤਿ ਨਾਮ ਮਿਹਰਵਾਨ ਹੈ, ਅਗੰਮ ਅਗੰਮਾ ਭੇਖ । ਸੋਹੰ ਸਾਚਾ ਲੇਖ ਹੈ, ਲੋਆਂ ਪੁਰੀਆਂ ਰਿਹਾ ਵੇਖ । ਦਸਮ ਦਵਾਰੀ ਨਾ ਕੋਈ ਦਿਸੇ ਰੇਖ ਹੈ, ਸ਼ਬਦ ਸਰੂਪੀ ਲੱਗੀ ਮੇਖ । ਆਦਿ ਪੁਰਖ ਏਕਾ ਏਕ ਪਸਾਰ ।

ਸਤਿ ਪੁਰਖ ਦਿਆਲ ਹੈ, ਵਰਤੇ ਵਿਚ ਸੰਸਾਰ । ਸੋਹੰ ਸਾਚੀ ਧਾਰ ਹੈ, ਰੂਪ ਅਨੂਪ ਅਪਾਰ । ਦਸਮ ਦਵਾਰੀ ਸੱਚਾ ਘਰ ਬਾਹਰ ਹੈ, ਮੇਲਾ ਮੇਲ ਨਰ ਨਿਰੰਕਾਰ । ਆਦਿ ਪੁਰਖ ਪਰਕਾਸ਼ ਹੈ, ਰੂਪ ਰੰਗ ਨਾ ਕੋਇ ਆਕਾਰ । ਸਤਿ ਨਾਮ ਏਕਾ ਦਾਸ ਹੈ, ਸ਼ਾਹੋ ਭੂਪ ਸਾਚਾ ਸੋਏ । ਸੋਹੰ ਸ਼ਬਦ ਘਰ ਸਾਚੇ ਵਾਸ ਹੈ, ਘਰ ਸਾਚੇ ਰਿਹਾ ਬਲੋਏ । ਦਸਮ ਦਵਾਰੀ ਨਾ ਕੋਈ ਸਾਸ ਗਰਾਸ ਹੈ, ਆਲਸ ਨਿੰਦਰਾ ਨਾ ਕੋਈ ਸੋਏ । ਆਦਿ ਪੁਰਖ ਭਰਪੂਰ ਹੈ, ਸਰਬ ਕਲਾ ਕਲ ਧਾਰ । ਸਤਿਨਾਮ ਹਾਜ਼ਰ ਹਜ਼ੂਰ ਹੈ, ਸੋਹੰ ਬੰਕ ਦਵਾਰ । ਸੋਹੰ ਸ਼ਬਦ ਸਾਚੀ ਤੂਰ ਹੈ, ਆਪ ਵਜਾਏ ਵਜਾਵਣਹਾਰ । ਦਸਮ ਦਵਾਰੀ ਨਾ ਨੇੜੇ ਨਾ ਦੂਰ ਹੈ, ਪ੍ਰਭ ਰੱਖੀ ਅੱਧਵਿਚਕਾਰ । ਆਦਿ ਪੁਰਖ ਅਨਾਦ ਹੈ, ਦੀਨਾ ਬੰਧਪ ਦੀਨ ਦਿਆਲ । ਸਤਿ ਨਾਮ ਸਗਲਾ ਸਾਥ ਹੈ, ਨੇੜ ਨਾ ਆਏ ਕਾਲ ਮਹਾਂਕਾਲ । ਸੋਹੰ ਸਾਚਾ ਰਥ ਹੈ, ਜੁਗ ਜੁਗ ਚਲੇ ਅਵੱਲੜੀ ਚਾਲ । ਦਸਮ ਦਵਾਰੀ ਮਹਿੰਮਾ ਅਕੱਥ ਹੈ, ਆਪੇ ਗਾਏ ਹਰਿ ਕਿਰਪਾਲ । ਆਦਿ ਪੁਰਖ ਹਰਿ ਜੋਤ ਹੈ, ਜੋਤੀ ਜੋਤ ਸਮਾਏ । ਸਤਿ ਨਾਮ ਸਚ ਜ਼ਾਤ ਹੈ, ਜ਼ਾਤ ਅਜ਼ਾਤੀ ਹੋਰ ਨਾ ਕੋਇ । ਸੋਹੰ ਸ਼ਬਦ ਸਾਚੀ ਦਾਤ ਹੈ, ਦੇਵਣਹਾਰਾ ਆਪੇ ਹੋਏ । ਦਸਮ ਦਵਾਰੀ ਮੇਲਾ ਕਮਲਾਪਾਤ ਹੈ, ਸ਼ਬਦ ਸਿੰਘਾਸਣ ਏਕਾ ਸੋਏ । ਆਦਿ ਪੁਰਖ ਸਤਿ ਰੰਗ ਹੈ, ਰੂਪ ਨਾ ਜਾਣੇ ਨਾਮ । ਸਤਿ ਨਾਮ ਸਚ ਰੰਗ ਹੈ, ਤਨ ਬਸਤਰ ਨਾ ਦੀਸੇ ਕੋਈ ਚਾਮ । ਸੋਹੰ ਸ਼ਬਦ ਸੱਚਾ ਮਰਦੰਗ ਹੈ, ਆਪ ਵਜਾਏ ਇਕ ਦਮਾਮ । ਦਸਮ ਦਵਾਰੀ ਸਾਚੀ ਗੰਗ ਹੈ, ਆਪ ਨੁਹਾਏ ਪਿਆਏ ਅੰਮ੍ਰਿਤ ਜਾਮ । ਆਦਿ ਪੁਰਖ ਖੇਲ ਹੈ, ਖੇਲੇ ਖੇਲਣਹਾਰ । ਸਤਿ ਨਾਮ ਸਚ ਮੇਲ ਹੈ, ਮੇਲੇ ਮੇਲਣਹਾਰ । ਸੋਹੰ ਸ਼ਬਦ ਸਾਚੀ ਵੇਲ ਹੈ, ਏਕਾ ਲਾਈ ਬਸੰਤ ਬਹਾਰ । ਦਸਮ ਦਵਾਰੀ ਰੰਗ ਨਵੇਲ ਹੈ, ਆਪੇ ਜਾਣੇ ਆਪਣੀ ਧਾਰ । ਆਦਿ ਪੁਰਖ ਭਗਵੰਤ ਹੈ, ਸਾਚੇ ਦਰ ਦਵਾਰ । ਸਤਿ ਨਾਮ ਧੰਨਵੰਤ ਹੈ, ਦੇਵਣਹਾਰ ਦਾਤਾਰ । ਸੋਹੰ ਸ਼ਬਦ ਮਿਲਾਵਾ ਕੰਤ ਹੈ, ਧੰਨ ਧੰਨ ਸੁਭਾਗੀ ਨਾਰ । ਦਸਮ ਦਵਾਰੀ ਮੇਲਾ ਇਕ ਇਕੰਤ ਹੈ, ਜੋਤੀ ਨੂਰ ਸ਼ਬਦ ਹੁਲਾਰ । ਆਦਿ ਪੁਰਖ ਪ੍ਰਭ ਆਪ ਹੈ, ਆਪਣੇ ਰੰਗ ਸਮਾਏ । ਸਤਿ ਨਾਮ ਸਚ ਤੁਰੰਗ ਹੈ, ਆਪੇ ਰਿਹਾ ਦੁੜਾਏ । ਸੋਹੰ ਸ਼ਬਦ ਮਰਦੰਗ ਹੈ, ਤ੍ਰੈਲੋਕਾਂ ਰਿਹਾ ਵਜਾਏ । ਦਸਮ ਦਵਾਰੀ ਸਾਚਾ ਰੰਗ ਹੈ, ਗੁਰਮੁਖ ਵਿਰਲੇ ਰਿਹਾ ਵਖਾਏ । ਆਦਿ ਪੁਰਖ ਅਭੁੱਲ ਹੈ, ਭੁੱਲ ਨਾ ਜਾਣੇ ਕੋਇ । ਸਤਿ ਨਾਮ ਅਟੱਲ ਹੈ, ਕਿਸੇ ਹੱਟ ਨਾ ਵੇਚੇ ਕੋਇ । ਸੋਹੰ ਸ਼ਬਦ ਸਾਚੀ ਕੁੱਲ ਹੈ, ਹਰਿ ਘਰ ਪਰਗਟ ਹੋਏ । ਦਸਮ ਦਵਾਰੀ ਸ਼ਬਦ ਪੰਘੂੜਾ ਰਿਹਾ ਝੂਲ ਹੈ, ਗੁਰਮੁਖ ਸਾਚੀ ਸੇਜਾ ਸੋਏ । ਆਦਿ ਪੁਰਖ ਵਰਛਤਰਾ, ਵਰਤਮਾਨ ਤ੍ਰੈਲੋਏ । ਸਤਿ ਨਾਮ ਸਤਿ ਮੰਤਰਾ, ਇਕ ਦਰ ਉਠਾਵੇ ਸੋਏ । ਸੋਹੰ ਹਰਿ ਵਰਛਤਰਾ, ਸਾਚੇ ਧਾਗੇ ਰਿਹਾ ਪਰੋਏ । ਦਸਮ ਦਵਾਰੇ ਮੇਲ ਮਿਲੰਤਰਾ, ਹਰਿਜਨ ਮੇਲਾ ਸਾਚਾ ਹੋਏ । ਦਸਮ ਦਵਾਰੀ ਸਾਚੀ ਧਾਰ ਹੈ, ਧਰਮ ਜੜ੍ਹ ਨਾ ਮੂਲ । ਸੋਹੰ ਸ਼ਬਦ ਰੂਪ ਅਪਾਰ ਹੈ, ਆਪੇ ਜਾਣੇ ਆਪਣਾ ਮੂਲ । ਸਤਿ ਨਾਮ ਵਣਜ ਵਪਾਰ ਹੈ, ਕਰੇ ਕਰਾਏ ਕੰਤ ਕੰਤੂਹਲ । ਆਦਿ ਪੁਰਖ ਅਗੰਮੜੀ ਕਾਰ ਹੈ, ਆਪੇ ਜਾਣੇ ਆਪਣਾ ਨੂਰ । ਆਦਿ ਪੁਰਖ ਹਰਿ ਨੂਰ ਹੈ, ਨੂਰ ਨੁਰਾਨੀ ਜੋਤ । ਸਤਿ ਨਾਮ ਸਚ ਸੂਰ ਹੈ, ਨਾ ਕੋਈ ਵਰਨ ਗੋਤ । ਸੋਹੰ ਸ਼ਬਦ ਹਾਜ਼ਰ ਹਜ਼ੂਰ ਹੈ, ਵੇਖ ਵਖਾਣੇ ਕੋਟਨ ਕੋਟ । ਦਸਮ ਦਵਾਰੀ ਪ੍ਰਭ ਭਰਪੂਰ ਹੈ, ਸ਼ਬਦ ਲਗਾਏ ਸਾਚੀ ਚੋਟ । ਦਸਮ ਦਵਾਰੀ ਸਚ ਮਹੱਲ ਹੈ, ਹਰਿ ਆਪਣਾ ਆਪ ਉਸਾਰ । ਸੋਹੰ ਸ਼ਬਦ ਧਾਮ ਅਚਲ ਹੈ, ਚਲੇ ਚਲਾਏ ਵਾਰੋ ਵਾਰ । ਸਤਿ ਨਾਮ ਸਦਾ ਪ੍ਰਬਲ ਹੈ, ਸਾਰ ਸ਼ਬਦ ਰੰਗ

ਅਧਾਰ । ਆਦਿ ਪੁਰਖ ਸਦਾ ਬੇਰੰਗ ਹੈ, ਏਕਾ ਜਾਣੇ ਆਪਣੀ ਚਾਲ । ਆਦਿ ਪੁਰਖ ਧੰਨਵੰਤ ਹੈ, ਸਾਚਾ ਹਰਿ ਜਗਦੀਸ । ਸਤਿ ਨਾਮ ਪਤ ਪਤਵੰਤ ਹੈ, ਏਕਾ ਛਤਰ ਸੀਸ । ਸੋਹੰ ਸ਼ਬਦ ਗੁਣਵੰਤ ਹੈ, ਭੇਵ ਨਾ ਪਾਵੇ ਰਾਗ ਛਤੀਸ । ਦਸਮ ਦਵਾਰੀ ਮੇਲਾ ਹਰਿ ਭਗਵੰਤ ਹੈ, ਨਾ ਕੋਈ ਗਾਏ ਦੰਦ ਬਤੀਸ । ਦਸਮ ਦਵਾਰੀ ਸਾਚੀ ਧੁਨ ਹੈ, ਹਰਿ ਸਾਚਾ ਰਿਹਾ ਸੁਣਾਏ । ਸੋਹੰ ਸ਼ਬਦ ਵੱਡਾ ਵੱਡ ਗੁਣ ਹੈ, ਹਰਿ ਬਿਨ ਅਵਰ ਨਾ ਜਾਣੇ ਕੋਇ । ਸਤਿ ਨਾਮ ਸੁਹੇਲਾ ਲਿਆ ਚੁਣ ਹੈ, ਪ੍ਰਭ ਸਾਚੇ ਰੰਗ ਬਲੋਏ । ਆਦਿ ਪੁਰਖ ਨਾ ਕੋਈ ਗੁਣ ਅਵਗੁਣ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਅੰਦਰ ਹੋਏ । ਆਪਣੇ ਅੰਦਰ ਆਪ ਬਿਰਾਜੇ, ਆਪਣੀ ਕਲ ਧਾਰਿਆ । ਸਤਿ ਨਾਮ ਹਰਿ ਮਾਰੇ ਆਵਾਜ਼ੇ, ਦਰ ਦਰਬਾਨ ਪਹਿਰੇਦਾਰਿਆ । ਸੋਹੰ ਚੜ੍ਹਿਆ ਸਾਚੇ ਤਾਜੇ, ਚਾਰੋਂ ਕੁੰਟ ਫਿਰੇ ਲਲਕਾਰਿਆ । ਦਸਮ ਦਵਾਰੀ ਗੜ੍ਹ ਹੰਕਾਰੀ ਭਾਜੇ, ਸ਼ਬਦ ਖੰਡਾ ਏਕਾ ਮਾਰਿਆ । ਸ਼ਬਦ ਖੰਡਾ ਹਰਿ ਦਾਤਾਰ, ਦਸਮ ਦਵਾਰ ਟਿਕਾਈਆ । ਸੋਹੰ ਸ਼ਬਦ ਰੂਪ ਅਪਾਰ, ਦਿਸ ਕਿਸੇ ਨਾ ਆਈਆ । ਸਤਿ ਨਾਮ ਸੁਹੇਲਾ ਮੀਤ ਮੁਰਾਰ, ਇਕ ਇਕੇਲਾ ਦਰਸ਼ਨ ਪਾਈਆ । ਆਦਿ ਪੁਰਖ ਜਣਾਏ ਆਪਣੀ ਧਾਰ, ਸਾਚਾ ਵੇਲਾ ਵਕਤ ਸੁਹਾਈਆ । । ਆਪ ਆਪਣਾ ਵਕਤ ਸੁਹਾਏ, ਆਦਿ ਪੁਰਖ ਅਬਿਨਾਸ਼ੀ । ਸਤਿ ਨਾਮ ਹਰਿ ਸ਼ਕਤ ਰਖਾਏ, ਕਰੇ ਦਾਸਨ ਦਾਸੀ । ਸੋਹੰ ਸਾਚਾ ਭਗਤ ਜਣਾਏ, ਗੁਰਮੁਖ ਅੰਦਰ ਰੱਖੇ ਵਾਸੀ । ਦਸਮ ਦਵਾਰੀ ਵਕਤ ਸੁਹਾਏ, ਗੁਰ ਗੋਬਿੰਦਾ ਜੋਤ ਜਗਾਏ, ਮੇਲ ਮਿਲਾਏ ਘਨਕਪੁਰ ਵਾਸੀ । ਜਗਤ ਮਲਾਹ, ਘਰ ਸਾਚੇ ਆਸਣ ਲਾਇੰਦਾ । ਗੁਰ ਗੋਬਿੰਦੇ ਇਕ ਸਲਾਹ, ਦੂਸਰ ਕੋਇ ਭੇਵ ਨਾ ਪਾਇੰਦਾ । ਲੱਖ ਚੁਰਾਸੀ ਭੁੱਲੀ ਭਰਮੇ ਰਾਹ, ਮਨਮੁਖ ਆਪਣੀ ਨਿੰਦਾ ਆਪੇ ਲਾਇੰਦਾ । ਗੁਰਮੁਖ ਉਠਾਏ ਫੜ ਫੜ ਬਾਂਹ, ਕਲਜੁਗ ਸਾਗਰ ਸਿੰਧਾ ਪਾਰ ਕਰਾਇੰਦਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਇੰਦਾ । ਦੋ ਜਹਾਨਾਂ ਦੇਵੇ ਠੰਢੀ ਛਾਂ, ਦੂਸਰ ਕੋਈ ਨਾ ਸੰਗ ਰਲਾਇੰਦਾ । ਇਕ ਜਪਾਏ ਸਾਚਾ ਨਾਂ, ਧੁਰ ਦਰਗਾਹੀ ਮੇਲ ਮਿਲਾਇੰਦਾ । ਫੜ ਫੜ ਬਣਾਏ ਹੰਸ ਕਾਂ, ਦੁਰਮਤ ਮੈਲ ਧੋ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਸਾਚਾ ਘਰ, ਘਰ ਸਾਚੇ ਮਤਾ ਪਕਾਇੰਦਾ । ਦਸਮ ਦਵਾਰੀ ਸਚ ਟਿਕਾਣਾ, ਪ੍ਰਭ ਸਾਚੇ ਆਸਣ ਲਾਇਆ ਏ । ਦਸਮ ਗੁਰ ਗੋਬਿੰਦਾ ਹੋਏ ਨਿਮਾਣਾ, ਦੋਏ ਜੋੜ ਸੀਸ ਝੁਕਾਇਆ ਏ । ਪੁਰਖ ਅਬਿਨਾਸ਼ੀ ਪਹਿਰੇ ਬਾਣਾ, ਨਿਹਕਲੰਕਾ ਨਾਉਂ ਰਖਾਇਆ ਏ । ਪਕੜ ਉਠਾਏ ਰਾਜਾ ਰਾਣਾ, ਸ਼ਬਦ ਡੰਕਾ ਇਕ ਵਜਾਇਆ ਏ । ਆਪੇ ਹੋਏ ਸੁਘੜ ਸਿਆਣਾ, ਗਿਆਨ ਧਿਆਨ ਆਪ ਅਖਵਾਇਆ ਏ । ਆਪ ਚਲਾਏ ਆਪਣਾ ਭਾਣਾ, ਮਾਣ ਅਭਿਮਾਨ ਰਿਹਾ ਮਿਟਾਇਆ ਏ । ਨਾ ਕੁਛ ਖਾਣਾ ਨਾ ਕੁਛ ਪੀਣਾ, ਹਰਿ ਸ਼ਬਦੀ ਸ਼ਬਦ ਸਮਾਇਆ ਏ । ਲੱਖ ਚੁਰਾਸੀ ਤਣਿਆ ਤਾਣਾ, ਕਲਜੁਗ ਆਪਣਾ ਰੰਗ ਵਖਾਇਆ ਏ । ਦੰਦ ਬਤੀਸਾ ਗੌਂਦੇ ਗਾਣਾ, ਸਾਚਾ ਨਾਦ ਨਾ ਕਿਸੇ ਵਜਾਇਆ ਏ । ਸਾਚਾ ਰੰਗ ਨਾ ਕਿਸੇ ਮਾਣਾ, ਘਰ ਸੁੰਞੀ ਸੇਜ ਵਿਛਾਇਆ ਏ । ਪੁਰਖ ਅਬਿਨਾਸ਼ੀ ਕਿਸੇ ਨਾ ਪਾਣਾ, ਮਨ ਮਤੀ ਜਨਮ ਗਵਾਇਆ ਏ । ਜਿਸ ਜਨ ਦੇਵੇ ਜੀਆ ਦਾਨਾ, ਵਾ ਤਤੀ ਨੇੜ ਨਾ ਆਇਆ ਏ । ਏਕਾ ਬਖ਼ਸ਼ੇ ਚਰਨ ਧਿਆਨਾ, ਜਪ ਤਪ ਹੱਠ ਸਤਿ ਏਕਾ ਏਕ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਵੇਖ ਘਰ, ਆਪ ਆਪਣਾ ਆਸਣ ਲਾਇਆ ਏ । ਦਸਮ ਦਵਾਰੀ ਸ਼ਬਦ ਅਟਾਰੀ, ਪ੍ਰਭ ਆਪਣੀ ਆਪ ਬਣਾਈਆ । ਕਲਜੁਗ ਤੇਰੀ ਅੰਤਮ ਵਾਰੀ, ਪਰਗਟ ਹੋਏ

ਹਰਿ ਗਿਰਧਾਰੀ, ਨਿਹਕਲੰਕਾ ਨਾਉਂ ਰਖਾਈਆ । ਸੋਹੰ ਪਕੜੇ ਤੇਜ ਕਟਾਰੀ, ਮਾਰੀ ਜਾਏ ਵਾਰੋ ਵਾਰੀ, ਚਾਰੋਂ ਕੁੰਟਾਂ ਵੇਖ ਵਖਾਈਆ । ਗੁਰ ਗੋਬਿੰਦੇ ਬੰਨ੍ਹੇ ਧਾਰੀ, ਆਪ ਆਪਣੀ ਪੈਜ ਸਵਾਰੀ, ਲੋਆਂ ਪੁਰੀਆਂ ਵੇਖ ਵਖਾਈਆ । ਆਪੇ ਪੁਰਖ ਆਪੇ ਨਾਰੀ, ਜਣਿਆ ਸੁਤ ਅਪਰ ਅਪਾਰੀ, ਹਰਿ ਸ਼ਬਦੀ ਨਾਉਂ ਰਖਾਈਆ । ਜੋਤੀ ਮਾਤਾ ਕਰੇ ਪਿਆਰੀ, ਪੁਰਖ ਅਬਿਨਾਸ਼ੀ ਪਾਵੇ ਸਾਰੀ, ਦਿਸ ਕਿਸੇ ਨਾ ਆਈਆ । ਮਿਲਿਆ ਮੇਲ ਦਸਮ ਦਵਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਇਕ ਘਰ, ਗੋਬਿੰਦ ਰੂਪ ਵਖਾਈਆ । ਗੁਰ ਗੋਬਿੰਦਾ ਤੇਗ ਬਹਾਦਰ, ਹੋਏ ਦਰ ਪਰਵਾਨਾ । ਪ੍ਰਭ ਅਬਿਨਾਸ਼ੀ ਲੈ ਕੇ ਆਇਆ ਚਿੱਟੀ ਚਾਦਰ, ਸੋਹੰ ਨਾਮ ਤਰਾਨਾ । ਆਪ ਬਹਾਏ ਕਰ ਕਰ ਆਦਰ, ਆਤਮ ਅੰਤਰ ਬੰਨ੍ਹੇ ਗਾਨਾ । ਰਹੀਮ ਕਰੀਮ ਕਰਤਾ ਕਾਦਰ, ਵਡ ਗਨੀਮ ਰਹਿਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤ ਵਜਾਵਣ ਇਕ ਦਮਾਮਾ । ਦਸਮ ਦਵਾਰੀ ਸਾਚਾ ਥਾਉਂ, ਹਰਿ ਗੋਬਿੰਦ ਨਾਤਾ ਜੋੜਿਆ । ਕਲਜੁਗ ਅੰਤਮ ਕਰੇ ਸਤਿ ਨਿਆਉਂ, ਚੜ੍ਹੇ ਚੜ੍ਹਾਏ ਸਾਚੇ ਘੋੜਿਆ । ਨੌ ਖੰਡ ਪ੍ਰਿਥਮੀ ਆਪ ਉਡਾਏ ਘਰ ਘਰ ਕਾਉਂ, ਗੁਰਮੁਖ ਕਾਇਆ ਮੰਦਰ ਅੰਦਰ ਆਪੇ ਬਹੁੜਿਆ । ਦਇਆ ਕਮਾਏ ਗਲੇ ਲਗਾਏ ਫੜ ਬਾਹੋਂ, ਸੰਮਤ ਚੌਦਾਂ ਆਏ ਦੌੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਇਕ ਘਰ, ਏਕਾ ਨਾਮ ਲਗਾਇਆ ਪੌੜਿਆ । ਦਸਮ ਦਵਾਰੀ ਸਾਚਾ ਪੌੜਾ, ਪ੍ਰਭ ਏਕਾ ਨਾਮ ਲਗਾਇੰਦਾ । ਨਾ ਕੋਈ ਜਾਣੇ ਲੰਮਾ ਚੌੜਾ, ਨਾ ਕੋਈ ਵੇਖ ਵਖਾਇੰਦਾ । ਧੁਰ ਦਰਗਾਹੀ ਆਇਆ ਦੌੜਾ, ਲੋਕਮਾਤੀ ਫੇਰਾ ਪਾਇੰਦਾ । ਆਪੇ ਵੇਖੇ ਮਿੱਠਾ ਕੌੜਾ, ਗੁਰਮੁਖ ਸੋਇਆ ਆਪ ਜਗਾਇੰਦਾ । ਭੇਖਾਧਾਰੀ ਬ੍ਰਹਿਮਣ ਗੌੜਾ, ਪੂਤ ਸਪੂਤਾ ਆਪ ਅਖਵਾਇੰਦਾ । ਕਲਜੁਗ ਅੰਤਮ ਆਪੇ ਬਹੁੜਾ, ਸੋਹੰ ਦੂਤਾ ਨਾਲ ਰਲਾਇੰਦਾ । ਜੋਤੀ ਸ਼ਬਦੀ ਜੁੜਿਆ ਜੋੜਾ, ਚਾਰੇ ਕੁੰਟਾਂ ਵੇਖ ਵਖਾਇੰਦਾ । ਰਾਹ ਵਿਚ ਨਾ ਅਟਕਾਏ ਕੋਈ ਰੋੜਾ, ਸਾਧ ਸੰਤ ਅੰਤ ਕੰਤ ਭੇਵ ਨਾ ਪਾਇੰਦਾ । ਚਿੱਟੇ ਅਸਵ ਚੜ੍ਹਿਆ ਸਾਚੇ ਘੋੜਾ, ਜੀਵ ਜੰਤ ਆਪ ਹਿਲਾਇੰਦਾ । ਚੌਦਾਂ ਤਬਕਾਂ ਮਾਰੇ ਪਹਿਲਾ ਪੌੜਾ, ਚੌਦਾਂ ਲੋਕਾਂ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਸਾਚਾ ਘਰ, ਸਚ ਮਹੱਲੇ ਆਸਣ ਲਾਇੰਦਾ । ਆਸਣ ਲਾਏ ਹਰਿ ਨਿਰੰਕਾਰਾ, ਸ਼ਬਦੀ ਸੇਜ ਵਿਛਾਈਆ । ਗੁਰ ਗੋਬਿੰਦਾ ਸਚ ਦੁਲਾਰਾ, ਆਪੇ ਰਿਹਾ ਉਠਾਈਆ । ਸੋਹੰ ਦੇਵੇ ਇਕ ਹੁਲਾਰਾ, ਦਿਵਸ ਰੈਣ ਹਿਲਾਈਆ । ਸਤਿ ਨਾਮ ਦੇਵੇ ਸਾਚੀ ਧਾਰਾ, ਅੰਮ੍ਰਿਤ ਮੁਖ ਚੁਆਈਆ । ਆਦਿ ਪੁਰਖ ਮਿਲਿਆ ਮੀਤ ਮੁਰਾਰਾ, ਵਿਛੜ ਕਦੇ ਨਾ ਜਾਈਆ । ਗੁਰ ਨਾਨਕ ਮੰਗੇ ਦਰ ਦਵਾਰਾ, ਪ੍ਰਭ ਭਿਛਿਆ ਆਪਣੀ ਪਾਈਆ । ਸਤਿ ਨਾਮ ਇਕ ਭਰ ਭੰਡਾਰਾ, ਆਪਣੀ ਹੱਥੀਂ ਵਿਦਾ ਕਰਾਈਆ । ਸੋਹੰ ਮਿਲਿਆ ਸ਼ਬਦ ਅਧਾਰਾ, ਰਸਨਾ ਭੋਗ ਲਗਾਈਆ । ਦਸਮ ਦਵਾਰੀ ਖੁਲ੍ਹੇ ਕਿਵਾੜਾ, ਪ੍ਰਭ ਸਾਚਾ ਨਜ਼ਰੀ ਆਈਆ । ਆਸਣ ਲਾਇਆ ਵਿਚ ਉਜਾੜਾ, ਸ੍ਰਿਸ਼ਟੀ ਭਰਮੇ ਭਰਮ ਭੁਲਾਈਆ । ਇਕ ਸੁਰੰਗਾ ਸਾਚਾ ਤਾੜਾ, ਮਰਦਾਨਾ ਰਿਹਾ ਵਜਾਈਆ । ਸਿੰਘ ਮਨਜੀਤ ਬਹੱਤਰ ਨਾੜਾ, ਇਕ ਸਿਤਾਰ ਹਿਲਾਈਆ । ਸਾਧਾਂ ਸੰਤਾਂ ਪਾਏ ਧਾੜਾ, ਆਤਮ ਅੰਦਰ ਖੋਜ ਖੁਜਾਈਆ । ਸ਼ਿਵ ਸ਼ੰਕਰ ਵੇਖੇ ਉਚ ਪਹਾੜਾ, ਉਚੇ ਟਿੱਲੇ ਆਸਣ ਲਾਈਆ । ਜਗਤ ਜਗਦੀਸਾ ਮਾਰੇ ਧਾੜਾ, ਨੌ ਦਰ ਲੱਖ ਚੁਰਾਸੀ ਇਕ ਨਿਸ਼ਾਨ ਵਖਾਈਆ । ਦੋ ਜਹਾਨੀ ਮਿਟੇ ਪਾੜਾ, ਹਰਿ ਸ਼ਬਦ ਬਿਬਾਣ ਬਿਠਾਈਆ । ਅਗਨੀ ਜੋਤੀ ਆਪੇ ਸਾੜਾ, ਆਪ ਆਪਣਾ ਹਵਨ

੧੪੦
੦੬

ਕਰਾਈਆ । ਗੁਰ ਗੋਬਿੰਦੇ ਤੇਰੀ ਭਗਤੀ ਪੂਤ ਸਪੂਤ ਕੱਢਿਆ ਭਾੜਾ, ਗੁਰ ਸੰਗਤ ਫਲ ਖਵਾਈਆ । ਨੌ ਖੰਡ ਪ੍ਰਿਥਮੀ ਬਣੇ ਇਕ ਅਖਾੜਾ, ਹਰਿ ਸਾਚੇ ਰਚਨ ਰਚਾਈਆ । ਆਪ ਉਠਾਏ ਅਗੰਮੀ ਧਾੜਾ, ਸ਼ਬਦੀ ਨਾਉਂ ਰਖਾਈਆ । ਧਰਮ ਰਾਏ ਦਾ ਭਰੇ ਵਾੜਾ, ਲਾੜੀ ਮੌਤ ਨਾਲ ਰਲਾਈਆ । ਕਲਜੁਗ ਅੰਤਮ ਕੱਢੇ ਹਾੜਾ, ਨਾ ਸੁਣੇ ਕੋਈ ਲੁਕਾਈਆ । ਤ੍ਰੈਗੁਣ ਚਬਾਏ ਆਪਣੀ ਦਾੜ੍ਹਾ, ਪੰਜ ਤਤ ਮੇਟ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਪ੍ਰਭ ਅਗਨੀ ਸਾੜਾ, ਸਿੰਘ ਮਨਜੀਤੇ ਬੰਨੇ ਲਾਈਆ । ਕਰੋੜ ਤੇਤੀਸੇ ਪੈਣ ਝਾੜਾਂ, ਸੁਰਪਤ ਰਾਜਾ ਇੰਦ ਰਿਹਾ ਸ਼ਰਮਾਈਆ । ਜਗਤ ਜਗਦੀਸਾ ਸਾਚਾ ਲਾੜਾ, ਪ੍ਰਭ ਆਪਣੀ ਹੱਥੀਂ ਘੋੜ ਚੜ੍ਹਾਈਆ । ਦਰ ਘਰ ਸਾਚੇ ਸਾਚਾ ਵਾੜਾ, ਦੋ ਜਹਾਨਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਸਿਆ ਘਰ, ਘਰ ਸਾਚੇ ਭਾਗ ਲਗਾਈਆ । ਭਾਗ ਲਗਾਇਆ ਕਾਇਆ ਗੜ੍ਹ, ਹਰਿ ਸਾਚਾ ਧਾਮ ਸੁਹੰਦੜਾ । ਦਸਮ ਦਵਾਰੀ ਉਪਰ ਚੜ੍ਹ, ਏਕਾ ਰੰਗ ਵਖੰਦੜਾ । ਲੱਖ ਚੁਰਾਸੀ ਨਾਲ ਰਹੇ ਲੜ, ਸ਼ਬਦ ਖੰਡਾ ਇਕ ਰਖੰਦੜਾ । ਨਾ ਕੋਈ ਸੀਸ ਨਾ ਕੋਈ ਧੜ, ਜੋਧਾ ਸੂਰ ਬਲਵੰਦੜਾ । ਨਾ ਕੋਈ ਸਕੇ ਮਾਤ ਫੜ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਾਓ ਰੰਕ ਵਿਚ ਜਹਾਨ ਨੇਤਰ ਨੈਣ ਹੋਇਆ ਅੰਧੜਾ । ਆਪਣਾ ਘਾੜਨ ਆਪੇ ਘੜ, ਸਾਚੇ ਮੰਦਰ ਬੈਠਾ ਵੜ, ਹਰਿ ਆਪਣਾ ਖੇਲ ਰਚੰਦੜਾ । ਨਾ ਮਰੇ ਨਾ ਜਾਏ ਸੜ, ਹਰਿ ਜੋਤੀ ਜੋਤ ਜਗੰਦੜਾ । ਕੋਈ ਨਾ ਸਕੇ ਅੱਗੇ ਅੜ, ਨੌ ਖੰਡ ਪ੍ਰਿਥਮੀ ਵੇਖੇ ਸਾਧ ਸੰਤ ਮੁਸ਼ਟੰਡੜਾ । ਆਪ ਉਖੇੜੇ ਸਭ ਦੀ ਜੜ੍ਹ, ਲੁਕਿਆ ਰਹੇ ਨਾ ਵਿਚ ਵਰਭੰਡੜਾ । ਸ਼ਬਦ ਤੀਰ ਚਲਾਏ ਕੜ ਕੜ, ਕਾਇਆ ਕਿਲ੍ਹਾ ਕੋਟ ਇਕ ਰਖੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਘਰ, ਹਰਿ ਸਾਚਾ ਆਪ ਵਸੰਦੜਾ । ਹਰਿ ਸਾਚੇ ਘਰ ਵਸਿਆ, ਵੇਖੇ ਨੌ ਦਵਾਰ । ਦਸਮ ਦਵਾਰੀ ਬਹਿ ਬਹਿ ਹੱਸਿਆ, ਭਰਮੇ ਭੁੱਲੇ ਜੀਵ ਗਵਾਰ । ਜਗਤ ਨੁਹਾਏ ਪੁੰਨਿਆ ਮੱਸਿਆ, ਨਾ ਕੋਈ ਮੇਟੇ ਅੰਧ ਅੰਧਿਆਰ । ਵੇਖ ਪਰਕਾਸ਼ ਫਿਰਨ ਰਵ ਸੱਸਿਆ, ਆਤਮ ਅੰਧ ਹੋਈ ਅੰਧਿਆਰ । ਸਚ ਸੁੱਚ ਦਰ ਦਵਾਰਿਓ ਨੱਸਿਆ, ਜੂਠਾ ਝੂਠਾ ਤਨ ਪਸਾਰ । ਪੰਜ ਵਿਕਾਰਾ ਤੀਰ ਕਸਿਆ, ਪੰਚ ਕਰਾਏ ਹਾਹਾਕਾਰ । ਗੁਰਮੁਖ ਵਿਰਲੇ ਹਰਿ ਹਰਿ ਅੰਦਰ ਵਸਿਆ, ਜਿਸ ਜਨ ਕਿਰਪਾ ਦੇਵੇ ਧਾਰ । ਕਲਜੁਗ ਏਕਾ ਰਾਹ ਦੱਸਿਆ, ਨੌ ਖੰਡ ਪ੍ਰਿਥਮੀ ਚੜ੍ਹ ਚੜ੍ਹ ਗਈ ਹਾਰ । ਪੁਰਖ ਅਬਿਨਾਸ਼ੀ ਧੁਰ ਦਰਗਾਹੀ ਆਏ ਨੱਸਿਆ, ਸੋਹੰ ਫੜ ਤੇਜ ਕਟਾਰ । ਮੁਖ ਛੁਪਾਇਣ ਰਵ ਰਵ ਸੱਸਿਆ, ਕਲਜੁਗ ਅੰਤਮ ਪੈਣੀ ਮਾਰ । ਸਤਿਜੁਗ ਸਾਚਾ ਆਵੇ ਨੱਸਿਆ, ਪ੍ਰਭ ਚਰਨ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਘਰ, ਬੈਠਾ ਭੁਜਾ ਪਸਾਰ । ਚਤਰਭੁਜ ਜਗਤ ਜਗਦੀਸ਼ਰ, ਦਿਵਸ ਰੈਣ ਜਗ ਮੀਤਾ । ਜੁਗਤ ਜੋਗ ਭਗਤ ਤਪੀਸ਼ਰ, ਆਪੇ ਜਾਣੇ ਆਪਣੀ ਰੀਤਾ । ਆਪੇ ਬ੍ਰਹਮਾ ਸ਼ਿਵ ਆਪੇ ਈਸ਼ਰ, ਆਪੇ ਰਿਖ ਮੁਨ ਅਤੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਇਕ ਘਰ, ਆਪ ਰਖਾਏ ਇਕ ਪ੍ਰੀਤਾ । ਇਕ ਪ੍ਰੀਤੀ ਚਰਨ ਹਰਿ, ਦਿਸ ਕਿਸੇ ਨਾ ਆਈਆ । ਨੁਹਾਵਣ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਰਖਵਾਈਆ । ਏਕਾ ਦੂਜਾ ਚੁੱਕੇ ਡਰ, ਤੀਜੇ ਭਰਮ ਮਿਟਾਈਆ । ਚੌਥੇ ਵੇਖੇ ਸਾਚੇ ਘਰ, ਪੰਚਮ ਰਾਗਾ ਰਿਹਾ ਗਾਈਆ । ਛੇਵੇਂ ਛੱਪਰ ਨਾ ਕੋਈ ਦਰ, ਸੱਤਵੇਂ ਸਤਿ ਪੁਰਖ ਸਮਾਈਆ । ਅੱਠਵੇਂ ਅੱਠਾਂ ਤਤਾਂ ਘਾੜਨ ਘੜ, ਨੌ ਦਰ ਬਣਤ ਬਣਾਈਆ । ਦਸਵੇਂ

ਬੈਠਾ ਆਪੇ ਵੜ, ਆਪਣੀ ਹੱਥੀਂ ਕੁੰਡਾ ਲਾਹੀਆ । ਬਜਰ ਕਪਾਟੀ ਸਾਚੀ ਸਿਲਾ ਅੱਗੇ ਧਰ, ਮਾਇਆ ਮਮਤਾ ਪੜਦਾ ਪਾਈਆ । ਪੰਚ ਬਲਕਾਰਾ ਰਿਹਾ ਲੜ, ਪੰਚ ਸ਼ੈਤਾਨਾ ਨਾਲ ਰਲਾਈਆ । ਹੱਡ ਮਾਸ ਨਾੜੀ ਅੰਦਰ ਵੜ, ਆਪਣੀ ਜੜ੍ਹ ਆਪਣੀ ਹੱਥੀਂ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਘਰ, ਸਚ ਸਮਗਰੀ ਆਪਣੀ ਆਪਣੇ ਹੱਥ ਰਖਾਈਆ । ਸਤਿ ਪੁਰਖ ਸਤਿਵਾਦ ਹੈ, ਸਾਚੇ ਘਰ ਸਮਾਏ । ਸਚ ਸ਼ਬਦ ਬ੍ਰਹਿਮਾਦ ਹੈ, ਸਾਰ ਰੂਪ ਸਮਾਏ । ਪੁਰਖ ਅਬਿਨਾਸ਼ੀ ਆਸਾ ਵਜੇ ਨਾਦ ਹੈ, ਨਾਮ ਰੂਪ ਹੋ ਜਾਏ । ਆਦਿ ਪੁਰਖ ਆਪੇ ਰਿਹਾ ਅਹਿਲਾਦ ਹੈ, ਰਸਨਾ ਕੋਈ ਨਾ ਗਾਏ । ਬੱਤੀ ਦੰਦ ਨਾ ਮਿਲੇ ਦਾਦ ਹੈ, ਪੰਚਮ ਤਤ ਨਾ ਕੋਈ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਸ਼ਬਦ ਨਾਮ ਰਖਾਏ । ਹਰਿ ਇਛਿਆ ਬਲਵਾਨ, ਆਪਣੀ ਆਪ ਉਪਾਈਆ । ਦਿਸ ਨਾ ਆਏ ਕੋਈ ਨਿਸ਼ਾਨ, ਬ੍ਰਹਿਮੰਡ ਖੰਡ ਸਮਾਈਆ । ਰਸਨਾ ਗਾਏ ਨਾ ਕੋਈ ਗਾਨ, ਰੂਪ ਰੰਗ ਨਾ ਕੋਈ ਵਖਾਈਆ । ਨਾ ਕੋਈ ਲਿਖੇ ਵਿਚ ਜਹਾਨ, ਸੂਰਤ ਮੂਰਤ ਕਿਸੇ ਦਿਸ ਨਾ ਆਈਆ । ਗਾ ਗਾ ਥੱਕੇ ਵੇਦ ਪੁਰਾਨ, ਅੰਜੀਲ ਕੁਰਾਨ ਦਏ ਦੁਹਾਈਆ । ਖਾਣੀ ਬਾਣੀ ਹੋਏ ਹੈਰਾਨ, ਨਾਮ ਅੱਖਰ ਕਰ ਕਰ ਵੱਖਰ ਕੋਇ ਨਾ ਸਕੇ ਮਾਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇੱਛਿਆ ਆਪਣਾ ਨਾਉਂ ਰਖਾਈਆ । ਪ੍ਰਭ ਅਬਿਨਾਸ਼ੀ ਆਈ ਆਸਾ, ਆਸਾ ਆਸ ਰਖਾਈਆ । ਜੋਤੀ ਨੂਰ ਇਕ ਪਰਕਾਸ਼ਾ, ਪਰਕਾਸ਼ ਰੂਪ ਸਮਾਈਆ । ਆਪ ਆਪਣਾ ਕੀਆ ਦਾਸਨ ਦਾਸਾ, ਆਪ ਆਪਣੇ ਅੰਗ ਲਗਾਈਆ । ਆਪ ਚਲਾਇਆ ਪ੍ਰਿਥਮੀ ਆਕਾਸ਼ਾ, ਰਾਓ ਰੰਕਾਂ ਦਿਸ ਨਾ ਆਈਆ । ਆਪੇ ਜਾਣੇ ਅਗੰਮ ਅਗੈਬਾ, ਅਗੈਬ ਅਗੈਬੀ ਆਪਣਾ ਨਾਉਂ ਰਖਾਈਆ । ਕਿਸੇ ਹੱਥ ਨਾ ਆਏ ਰੱਤੀ ਤੋਲਾ ਮਾਸਾ, ਰੱਤੀ ਰੱਤ ਵਹਾਈਆ । ਖੋਜਤ ਖੋਜਤ ਖੁੱਲ੍ਹੇ ਕਾਇਆ ਕਾਸਾ, ਮੱਕਾ ਕਾਅਬਾ ਦੋ ਦੋਆਬਾ ਫੋਲ ਫੁਲਾਈਆ । ਰਵ ਸਸ ਤੱਕ ਰਹੇ ਮਹਿਤਾਬਾ, ਸ਼ਾਹ ਨਵਾਬਾ ਨਾਮ ਸਤਿ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਪੇ ਨਾਉਂ ਰਖਾਈਆ ।

ਤ੍ਰੈਗੁਣ ਸਾਚੀ ਰਾਸ, ਸ਼ਬਦ ਰਤਨ ਅਮੋਲ । ਜੁਗ ਜੁਗ ਰੱਖੇ ਪਾਸ, ਜੁਗ ਜੁਗ ਭੰਡਾਰਾ ਦੇਵੇ ਖੋਲ੍ਹ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਆਪੇ ਤੋਲੇ ਪੂਰੇ ਤੋਲ । ਜਨ ਭਗਤਾਂ ਅੰਦਰ ਰੱਖੇ ਵਾਸ, ਨਿਸ਼ਅੱਖਰ ਵੱਖਰ ਸ਼ਬਦ ਸਰੂਪੀ ਬੋਲ । ਕਾਇਆ ਮੰਡਲ ਪਾਵੇ ਰਾਸ, ਅਨਹਦ ਵਜਾਏ ਤਾਲ ਸਾਚਾ ਢੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਦਾ ਅਡੋਲ । ਨਿਰਗੁਣ ਨਿਰਲਜ, ਲੋਕ ਲਾਜ ਤਜਾਈਆ । ਸਚ ਸਿੰਘਾਸਣ ਬੈਠਾ ਸਜ, ਪਲੰਘ ਰੰਗੀਲਾ ਸੇਜ ਵਿਛਾਈਆ । ਜੋਤ ਸਰੂਪ ਚੜ੍ਹਿਆ ਭੱਜ, ਸ਼ਬਦ ਘੋੜਾ ਨੀਲਾ ਨਾਉਂ ਰਖਾਈਆ । ਆਪਣਾ ਪੜਦਾ ਆਪੇ ਕੱਜ, ਕਾਇਆ ਚਾਰ ਦਿਵਾਰ ਬਣਾਈਆ । ਦੋ ਜਹਾਨੀ ਬਣਿਆ ਜੱਜ, ਲਿਖਿਆ ਲੇਖ ਵੇਖ ਵਖਾਈਆ । ਗੁਰਮੁਖਾਂ ਅੰਮ੍ਰਿਤ ਆਤਮ ਪਿਆਏ ਰੱਜ, ਨੇਤਰ ਪੇਖ ਦਰਸ ਦਿਖਾਈਆ । ਗੁਰੂਦਵਾਰਾ ਮੰਦਰ ਮਸਜਿਦ ਨਾ ਕੋਈ ਦਿਸੇ ਕਾਅਬਾ ਕਾਅਬ, ਚਰਨ ਪ੍ਰੀਤ ਏਕਾ ਰੀਤ ਸਿਖਾਈਆ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਧਾਰਾ ਸੀਤਲ ਸੀਤ ਵਹਾਈਆ । ਕਾਰਜ ਪੂਰੇ ਕਰੇ ਸਭ, ਜੋ ਜਨ ਰਸਨ ਰਸਨੀ ਗਾਈਆ । ਪਰਗਟ ਹੋਏ

੧੪੨
੦੬

੧੪੩
੦੬

ਦਰਸ ਦਿਖਾਏ ਝੱਬ, ਜੋਤੀ ਜਾਮਾ ਭੇਖ ਵਟਾਈਆ । ਜੁਗ ਜੁਗ ਵਿਛੜੇ ਲਏ ਲੱਭ, ਦਿਵਸ ਰੈਣ ਸੇਵ ਕਮਾਈਆ । ਗੁਰਮੁਖਾਂ ਦਵਾਰੇ ਰਿਹਾ ਫਬ, ਮਨਮੁਖਾਂ ਪਿਠ ਵਖਾਈਆ । ਨੇਤਰ ਦਰਸ ਦਿਖਾਏ ਜਣਾਏ ਆਬੇ ਹਯਾਤ ਅਬ, ਦੋ ਆਬ ਲੇਖੇ ਲਾਈਆ । ਤਨ ਵਜਾਏ ਇਕ ਰਬਾਬ, ਸੁਰਤੀ ਸੁਰਤ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਾਲ ਮੂਰਤ ਨਿਰਗੁਣ ਰੂਪ ਸਮਾਈਆ । ਨਿਰਗੁਣ ਰੂਪ ਨਿਰਪੱਖ, ਨਿਜ ਘਰ ਵਸਿਆ । ਹਰਿ ਸ਼ਾਹੋ ਭੂਪ ਪਰਤੱਖ, ਸਚ ਸਿੰਘਾਸਣ ਬਹਿ ਬਹਿ ਸਜਿਆ । ਭਗਤ ਸੁਹੇਲੇ ਕਰੇ ਵੱਖ, ਦਿਵਸ ਰੈਣ ਫਿਰੇ ਭੱਜਿਆ । ਨੌਂ ਖੰਡ ਪ੍ਰਿਥਮੀ ਉਡਣੇ ਕੱਖ, ਨਾ ਕੋਈ ਰੱਖੇ ਕਿਸੇ ਲੱਜਿਆ । ਰਾਜ ਰਾਜਾਨਾਂ ਕਾਇਆ ਠੂਠੇ ਸੱਖ, ਝੂਠਾ ਤਾਲ ਮਾਤ ਵਜਿਆ । ਦਹਿ ਦਿਸ਼ਾ ਲਾਹੁੰਦੇ ਭੱਖ, ਕਾਇਆ ਭਾਡਾਂ ਸਭ ਦਾ ਭੱਜਿਆ । ਗੁਰਮੁਖਾਂ ਰਾਖੇ ਦੇ ਕਰ ਹੱਥ, ਦੋ ਜਹਾਨਾਂ ਪੜਦਾ ਕੱਜਿਆ । ਸਰਬ ਕਲਾ ਆਪੇ ਸਮਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਆਪੇ ਸਜਿਆ । ਸੰਗਤ ਆਈ ਦਰ ਪਿਆਸੀ, ਜਗਤ ਰੋਗ ਸਤਾਇਆ । ਕਿਰਪਾ ਕਰ ਘਨਕਪੁਰ ਵਾਸੀ, ਧੁਰ ਸੰਜੋਗ ਮਿਲਾਇਆ । ਕੱਟਣਹਾਰਾ ਜਮ ਕੀ ਫਾਸੀ, ਦਰਸ ਅਮੋਘ ਵਖਾਇਆ । ਕਿਸੇ ਹੱਥ ਨਾ ਆਏ ਪੰਡਤ ਕਾਸ਼ੀ, ਵੇਦ ਪੁਰਾਨਾਂ ਭੇਵ ਨਾ ਰਾਇਆ । ਹਰਿਜਨ ਮੇਲਾ ਸ਼ਾਹੋ ਸ਼ਾਬਾਸ਼ੀ, ਦਰ ਦਵਾਰਾ ਬੰਕ ਸੁਹਾਇਆ । ਪੂਰ ਕਰਾਏ ਆਤਮ ਆਸੀ, ਆਸਾ ਤ੍ਰਿਸ਼ਨਾ ਜੋ ਜਨ ਰਖਾਇਆ । ਰਸਨ ਤਜਾਏ ਮਦਿਰਾ ਮਾਸੀ, ਆਪ ਆਪਣੇ ਰੰਗ ਰੰਗਾਇਆ । ਦੁੱਖ ਰਹੇ ਨਾ ਦਿਕ ਖਾਂਸੀ, ਦਰਦ ਸਿਰ ਸਰਬ ਮਿਟ ਜਾਇਆ । ਨਿੱਝ ਘਰ ਆਤਮ ਰੱਖੇ ਵਾਸੀ, ਵਾਸ ਦੇਵ ਅਖਵਾਇਆ । ਦਰ ਦਵਾਰ ਜੋ ਕਰਨ ਹਾਸੀ, ਲਹਿਣਾ ਦੇਣਾ ਮੂਲ ਗਵਾਇਆ । ਚਰਨ ਸਰਨ ਜੋ ਜਨ ਹੋਏ ਦਾਸਨ ਦਾਸੀ, ਫੂਲਨ ਸੇਜਾ ਦਏ ਸੁਹਾਇਆ । ਜਗਤ ਅੰਧੇਰ ਏਕਾ ਛਾਸੀ, ਧੁੰਦੂਕਾਰ ਕਰਾਇਆ । ਗਗਨ ਪਾਤਾਲ ਨਾ ਦਿਸੇ ਪ੍ਰਿਥਮੀ ਆਕਾਸ਼ੀ, ਰਵ ਸਸ ਨਜ਼ਰ ਨਾ ਆਇਆ । ਗੁਰਸਿਖ ਗੁਰ ਪੂਰਾ ਸਦ ਬਲ ਬਲ ਜਾਸੀ, ਚਰਨ ਕਵਲ ਕਵਲ ਚਰਨ ਜਿਸ ਜਨ ਧਿਆਨ ਲਗਾਇਆ । ਆਏ ਦਰ ਪਰਵਾਨ, ਸੁਣੇ ਬੇਨੰਤੀਆ । ਨਾਮ ਦਾਤਾ ਮਿਹਰਵਾਨ, ਸਾਚਾ ਕੰਤੀਆ । ਦੇਵੇ ਸੋਹੰ ਧੁਰ ਫ਼ਰਮਾਣ, ਜੀਵ ਜੰਤੀਆ । ਆਪ ਸੁਣਾਏ ਸਾਚੇ ਕਾਨ, ਦਾਤ ਗੁਣ ਗੁਣਾ ਗੁਣਵੰਤੀਆ । ਮਨਮੁਖ ਆਪਣਾ ਕੀਤਾ ਆਪੇ ਪਾਣ, ਗੁਰਮੁਖਾਂ ਮੇਲਾ ਹਰਿ ਭਗਵੰਤੀਆ । ਤੀਰ ਨਿਰਾਲਾ ਵੱਜੇ ਬਾਣ, ਨਾ ਕੋਈ ਜਾਣੇ ਵੇਦ ਵਿਦੰਤੀਆ । ਖਾਣੀ ਬਾਣੀ ਕਰੇ ਪਛਾਣ, ਪਾਵੇ ਸਾਰ ਗ੍ਰੰਥ ਨਾ ਗ੍ਰੰਥੀਆ । ਕਲਜੁਗ ਅੰਤਮ ਆਈ ਹਾਨ, ਜੂਠ ਝੂਠ ਬਣਾਏ ਸੰਖੀਆ । ਸੇਵਾ ਲਾਏ ਪਵਣ ਪਾਣੀ ਮਸਾਣ, ਏਕਾ ਏਕ ਹੁਕਮ ਸੁਣੰਤੀਆ । ਰਾਏ ਧਰਮ ਉਠ ਨਿਧਾਨ, ਲੱਖ ਚੁਰਾਸੀ ਵੇਖ ਵਖੰਤੀਆ । ਲਾੜੀ ਮੌਤ ਧੀ ਰਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਕਾਇਆ ਚੋਲੀ ਏਕਾ ਰੰਗ ਰੰਗਾਏ ਸੋਹੰ ਸਚ ਬਸੰਤੀਆ । ਆਏ ਦਰ ਸ਼ਬਦ ਭਿਖਾਰ, ਹਰਿ ਸਾਚਾ ਝੋਲੀ ਪਾਈਆ । ਜੋ ਜਨ ਮੰਗੇ ਜਗਤ ਅਧਾਰ, ਰੋਗ ਸੋਗ ਚਿੰਤ ਮਿਟਾਈਆ । ਦੁੱਧ ਪੁੱਤ ਜੋ ਕਰੇ ਪਿਆਰ, ਹਰਿ ਇਛਿਆ ਪੂਰ ਕਰਾਈਆ । ਪੰਚਮ ਚੋਰ ਜਨ ਕੱਢੇ ਕੁੱਟ, ਸ਼ਬਦ ਖੰਡਾ ਇਕ ਵਖਾਈਆ । ਲੱਖ ਚੁਰਾਸੀ ਜਾਏ ਛੁੱਟ, ਸੋਹੰ ਡੰਡਾ ਹੱਥ ਫੜਾਈਆ । ਸਾਚਾ ਲਾਹਾ ਲੈਣ ਲੁੱਟ, ਨੈਣ ਨੇਤਰ ਦਰਸ਼ਨ ਪਾਈਆ । ਅੰਮ੍ਰਿਤ ਆਤਮ ਸਾਚਾ ਘੁੱਟ, ਹਰਿਜਨ ਪੀ ਪੀ ਤ੍ਰਿਖਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਏ ਦੇਵੇ ਜਗਤ ਵਰ, ਸਹਿੰਸਾ ਰੋਗ ਚਿੰਤ

ਗਵਾਈਆ । ਦੁੱਖ ਰੋਗ ਜਗਤ ਸੰਤਾਪ, ਜੀਵ ਜੰਤ ਕੁਰਲਾਇੰਦਾ । ਕਲਜੁਗ ਕਾਇਆ ਵਧਿਆ ਪਾਪ, ਨਾ ਕੋਈ ਕਿਸੇ ਬਚਾਇੰਦਾ । ਭਗਤ ਦੋ ਅੱਖਰ ਏਕਾ ਜਾਪ, ਸਾਚੇ ਮਾਰਗ ਲਾਇੰਦਾ । ਨੇੜ ਨਾ ਆਇਨ ਤੀਨੋਂ ਤਾਪ, ਸਾਚੀ ਰਸਨਾ ਜੋ ਜਨ ਗਾਇੰਦਾ । ਦਰਸ ਦਿਖਾਏ ਹਰਿ ਆਪੇ ਆਪ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਆਸਾ ਇਛਿਆ ਪੂਰ ਕਰਾਇੰਦਾ । ਬਾਲ ਬਿਰਧ ਨੌਜਵਾਨ, ਏਕਾ ਰੰਗ ਰੰਗਾਈਆ । ਮਾਤ ਕੁੱਖ ਵੇਖੇ ਮਾਰ ਧਿਆਨ, ਦਸ ਦਸ ਮਾਸ ਲੇਖ ਲਿਖਾਈਆ । ਜਗਤ ਵਿਜੋਗ ਸਰਬ ਮਿਟ ਜਾਣ, ਚਰਨ ਧਿਆਨ ਜੋ ਰਖਾਈਆ । ਸਾਚਾ ਮੇਲਾ ਧੁਰ ਸੰਜੋਗ, ਨਾਮ ਬਿਬਾਣ ਇਕ ਚੜ੍ਹਾਈਆ । ਆਪੇ ਕੱਟਣਹਾਰਾ ਰੋਗ, ਹਉਮੇ ਹੰਗਤਾ ਰੋਗ ਗਵਾਈਆ । ਨਾਮ ਰਸ ਰਸਨਾ ਲੈਣਾ ਭੋਗ, ਸਾਚੀ ਸੰਗਤਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਰ ਆਈ ਮੰਗਤ, ਸਾਚੀ ਭਿਛਿਆ ਰਿਹਾ ਪਾਈਆ ।

ਕਲਮਾ ਅਮਾਮ ਕਾਇਨਾਤ ਪਸਾਰਿਆ । ਆਬੇ ਹਯਾਤ ਜਾਮ ਪਿਆਏ ਮਧ, ਸੰਗ ਮੁਹੰਮਦ ਚਾਰ ਯਾਰਿਆ । ਪਾਕ ਪਾਕੀ ਮਕਲੂਕੇ ਖ਼ਾਕੀ ਸਖੀ ਸਰਵਰ ਪਰਵਰਦਿਗਾਰਿਆ । ਅਹਿਨਲ ਹੱਕ ਰਾਹ ਰਿਹਾ ਤੱਕ, ਦੂਰ ਦਵਾਰ ਕਿਨਾਰਿਆ । ਸਦੀ ਚੌਧਵੀਂ ਫਲ ਗਿਆ ਪੱਕ, ਈਸਾ ਮੂਸਾ ਮੇਲ ਮਿਲਾ ਰਿਹਾ । ਅੰਤ ਨਿਬੇੜਾ ਹੱਕੋ ਹੱਕ, ਅਹਿਬਾਬ ਰਬਾਬ ਸਾਚੀ ਆਪ ਵਜਾ ਰਿਹਾ । ਸੰਗ ਮੁਹੰਮਦ ਚਾਰ ਯਾਰ, ਹੂ ਅੱਲਾ ਅੱਲਾ ਹੂ ਪੁਕਾਰਿਆ । ਖ਼ੁਦੀ ਖ਼ੁਦਾਈ ਖ਼ਬਰਦਾਰ, ਖ਼ੁਦਾਵੰਦ ਖੰਦਕ ਖ਼ੁਦ ਖ਼ੁਦਾ ਰਿਹਾ । ਮੁੱਲਾ ਸ਼ੇਖ਼ ਮੁਸਾਇਕ ਨਬੀ ਰਸੂਲ ਨਾ ਕੋਈ ਗਾਏ ਬੱਤੀ ਦੰਦ, ਅੱਲਾ ਬਿਸਮਿਲਾਹ ਕਲਮਾ ਕੋਇ ਨਾ ਰਸਨ ਪੜ੍ਹਾ ਰਿਹਾ । ਅਜ਼ਮਤੇ ਕਸਮਤੇ ਅਜ਼ਿਬਵਾ ਅਤਿਲਹੇ ਅਜ਼ਰਾਈਲ ਜ਼ਬਰਾਈਲ ਮੇਕਾਈਲ ਅਸਰਾਫੀਲ ਹਵਾ ਹਵਸ ਮਿਲਾ ਰਿਹਾ । ਬਸਤਰ ਪਹਿਨ ਚੋਲਾ ਨੀਲ, ਛੈਲ ਛਬੀਲ ਭੇਖ ਵਟਾ ਰਿਹਾ । ਅਲ੍ਹਾ ਰਾਣੀ ਦਏ ਦਲੀਲ, ਕੁਰਾਨ ਹਦੀਸ ਇਕ ਸੁਣਾ ਰਿਹਾ । ਅਮਾਮ ਮਹਿੰਦੀ ਬਣੇ ਅੰਤ ਵਕੀਲ, ਸਪਾਰਾ ਤੀਸ ਵੇਖ ਵਖਾ ਰਿਹਾ । ਖ਼ੁਦਾਵੰਦ ਖ਼ੁਦਾ ਅੰਤਮ ਹੋਏ ਜੁਦਾ, ਅਗੈਬ ਅਗੈਬੀ ਕਦਮ ਉਠਾ ਰਿਹਾ । ਅਮਾਮ ਮਹਿੰਦੀ ਨੂਰ ਅਲਾਹੀ, ਖ਼ਾਕੀ ਬੰਦਾ ਨਾ ਕੋਈ । ਕਲਮਾ ਕਲਮੀ ਦਏ ਸਲਾਹੀ, ਮੁੱਲਾ ਸ਼ੇਖ਼ ਅੰਧਾ ਰਹੇ ਨਾ ਕੋਈ । ਚੌਦਾਂ ਤਬਕਾਂ ਮਿਟੇ ਸ਼ਾਹੀ, ਚਾਰੋਂ ਕੁੰਟ ਦਰੋਹੀ ਖ਼ੁਦਾਏ ਹੋਈ । ਦਰੋਹੀ ਖ਼ੁਦਾਏ ਦੀ ਖ਼ੁਦਾਏ ਦੇ ਨਬੀ ਦੀ, ਚਾਰ ਯਾਰ ਹਜ਼ਰਤ ਪੀਰ ਦਸਤਗੀਰ ਸੰਗ ਮੁਹੰਮਦ ਉਮਤ ਸਾਰੀ ਸੋਈ । ਏਕਾ ਚਲੇ ਸਾਚਾ ਤੀਰ, ਵੇਲਾ ਅੰਤ ਅੰਤ ਅਖ਼ੀਰ । ਖ਼ੁਦਾਏ ਖ਼ਲਕ ਹੱਥ ਨਾ ਆਵੇ ਨੀਰ, ਮਖ਼ਲੂਕਾਤ ਔਕਾਤ ਬਜ਼ਾਤੇ ਜ਼ਾਤ ਸਫਾਤ ਰਹੇ ਨਾ ਕੋਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਲਮ ਉਲਮਾ ਵੇਖੇ ਅਲਾਹੀ ਤੁਲਬਾ ਕਵਣ ਸਬਕ ਚੌਦਾਂ ਤਬਕ ਰਿਹਾ ਪੜ੍ਹਾਈਆ । ਸ਼ਾਹ ਪਾਕ ਅੰਤ ਉਨੀਸਾ ਹੋਏ ਖ਼ਾਕ, ਨਾਲ ਰਲਾਏ ਸ਼ਾਹ ਇਰਾਕ, ਅਫਗਾਨ ਤਹਿਰਾਨ ਈਰਾਨ ਹੋਏ ਜੁਦਾਈਆ । ਗਫ਼ਲਤ ਨੀਂਦ ਸੋਏ ਨਾਦਾਨ, ਉਲਫਤ ਵੇਖੀ ਵਿਚ ਜਹਾਨ, ਖ਼ੁਦੀ ਖ਼ੁਦਾਏ ਬੇਪਰਵਾਹੇ ਬੇਪਰਵਾਹ ਦਿਸ ਨਾ ਆਈਆ । ਵਾਹਿਦ ਖ਼ੁਦਾ ਵਾਹਿਦ ਕਲਮਾ ਹੱਕ ਹਕੂਕ ਵੇਖੇ ਖੇਲ ਸ਼ਾਹ ਤਬਰੂਕ, ਨਾ ਮੇਟੇ ਕੋਈ ਮਿਟਾਈਆ । ਮੁਹੰਮਦ ਮੁਹੰਮਦੀ ਦਏ ਫੂਕ, ਅਹਿਮਦ ਜਮ ਦੀ ਸੁਣੇ

ਕੂਕ, ਨੇਤਰ ਨੀਰ ਵਹਾਏ ਛੰਮ ਛੰਮ ਦੀ ਅੰਤਮ ਚੁੱਕੇ ਚੂਕ, ਚਾਕਰ ਚਾਕ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਗ ਮੁਹੰਮਦ ਚਾਰ ਯਾਰ, ਇਕ ਵਖਾਏ ਦਰ ਦਵਾਰ, ਪਕੜ ਉਠਾਏ ਐਲੀ ਸ਼ਾਹ, ਸ਼ਾਹ ਸਵਾਰ ਆਪ ਅਖਵਾਈਆ । ਅਮਾਮ ਮਹਿੰਦੀ ਰੰਗ ਅਪਾਰ । ਦਿਸ਼ਾ ਲਹਿੰਦੀ ਰਿਹਾ ਵਿਚਾਰ । ਨਬੀ ਰਸੂਲਾਂ ਧਾਰ ਵਹਿੰਦੀ, ਨਾ ਦੇਵੇ ਕੋਈ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਮਾ ਲੇਖ ਕਲਾਮ ਅਲਾਹੀ ਵੇਖ ਕਰੇ ਕਰਾਏ ਖ਼ਬਰਦਾਰ ।

ਹਰਿ ਸੰਗਤ ਭੇਟ ਚੜ੍ਹਾਇਆ, ਫੂਲਨਹਾਰ ਅਪਾਰ । ਹਰਿ ਖੇਵਟ ਖੇਟ ਆਪ ਅਖਵਾਇਆ, ਫੜ ਫੜ ਬਾਹੋਂ ਲਾਏ ਪਾਰ । ਬੇਟੀ ਬੇਟ ਸੁਤ ਉਪਜਾਇਆ, ਹਰਿ ਸੰਗਤ ਇਕ ਪਿਆਰ । ਪਹਿਲੀ ਚੇਤ ਨੇੜੇ ਆਇਆ, ਗੁਰਮੁਖਾਂ ਕਰੇ ਖ਼ਬਰਦਾਰ । ਕਾਇਆ ਖੇਤ ਵੇਖ ਵਖਾਇਆ, ਭੇਵ ਚੁਕਾਏ ਨੌ ਦਵਾਰ । ਸਾਚਾ ਸ਼ਾਹੋ ਸੇਠ ਆਪ ਅਖਵਾਇਆ, ਗਰੀਬ ਨਿਮਾਣਿਆਂ ਭਰੇ ਭੰਡਾਰ । ਆਪਣੀ ਸਾਇਆ ਹੇਠ ਰਖਾਇਆ, ਕਲਜੁਗ ਵਾ ਨਾ ਦੇਵੇ ਸਾੜ । ਕੌੜੇ ਰੇਠ ਰਿਹਾ ਭੰਨਾਇਆ, ਮਨਮੁਖਾਂ ਅਗਨ ਲਗਾਏ ਨਾੜ ਨਾੜ । ਮਹੀਨਾ ਜੇਠ ਦਇਆ ਕਮਾਇਆ, ਇੱਕੀ ਜੇਠ ਹੋਏ ਵਿਚਾਰ । ਪਾਰ ਬਿਆਸੋਂ ਡੇਰਾ ਲਾਇਆ, ਤ੍ਰੈਗੁਣ ਮਾਇਆ ਮਹੱਲ ਦਏ ਉਸਾਰ । ਆਪ ਆਪਣਾ ਵਕਤ ਸੁਹਾਇਆ, ਜੀਵ ਜੰਤ ਨਾ ਪਾਵੇ ਸਾਰ । ਸਾਧ ਸੰਤ ਮਾਇਆ ਭਰਮ ਭੁਲਾਇਆ, ਆਤਮ ਭਰਿਆ ਇਕ ਹੰਕਾਰ । ਆਪ ਆਪਣੀ ਸੇਵਾ ਲਾਇਆ, ਗੁਰਮੁਖਾਂ ਹੋਇਆ ਪਹਿਰੇਦਾਰ ।

ਅੰਮ੍ਰਿਤ ਆਤਮ ਮੇਵਾ ਰਿਹਾ ਖਵਾਇਆ, ਫਲ ਲਗਾਏ ਕਾਇਆ ਡਾਲ੍ਹ । ਦੇਵੀ ਦੇਵਾ ਆਪ ਹੋ ਆਇਆ, ਹਰਿਜਨ ਬਣਾਏ ਸਾਚੇ ਲਾਲ । ਕੌਸਤਕ ਮਣੀਆਂ ਥੇਵਾ ਲਾਇਆ, ਸੂਰਜ ਚੰਦ ਨਾ ਝੱਲੇ ਝਾਲ । ਸੋਹੰ ਜਿਸ ਜਨ ਰਸਨਾ ਗਾਇਆ, ਸੰਮਤ ਚੌਦਾਂ ਕਰੇ ਸੰਭਾਲ । ਸੰਮਤ ਪੰਦਰਾਂ ਮੁਖ ਛੁਪਾਇਆ, ਆਪੇ ਵੇਖੇ ਸ਼ਾਹ ਕੰਗਾਲ । ਸੰਮਤ ਸੋਲਾਂ ਆਪਣੇ ਲੜ ਬੰਧਾਇਆ, ਹਰਿ ਚਲੇ ਅਵੱਲੜੀ ਚਾਲ । ਚਾਰੋਂ ਕੁੰਟ ਅੰਧੇਰਾ ਛਾਇਆ, ਫਲ ਕਿਸੇ ਨਾ ਦਿਸੇ ਡਾਲ੍ਹ । ਸੰਞ ਸਵੇਰਾ ਕੋਈ ਦਿਸ ਨਾ ਆਇਆ, ਖੇਲੇ ਖੇਲ ਆਪ ਤਤਕਾਲ । ਅਗੰਮ ਅਗੰਮੀ ਘੇਰਾ ਪਾਇਆ, ਤ੍ਰੈਗੁਣ ਮਾਇਆ ਤੋੜੇ ਜਾਲ । ਬ੍ਰਹਮਾ ਵੇਖੇ ਦਏ ਦੁਹਾਇਆ, ਨਾ ਕੋਈ ਦੀਸੇ ਮਾਤ ਦਲਾਲ । ਸ਼ਿਵ ਸ਼ੰਕਰ ਲਏ ਅੰਗੜਾਇਆ, ਪ੍ਰਭ ਦਰ ਅੱਗੇ ਕਰੇ ਇਕ ਸਵਾਲ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਦਏ ਦੁਹਾਇਆ, ਅੰਤਮ ਲੁੱਟਿਆ ਜਾਏ ਧਨ ਮਾਲ । ਨਿਹਕਲੰਕ ਕਲ ਜਾਮਾ ਪਾਇਆ, ਵੇਖੇ ਖੇਲ ਮਸਜਿਦ ਮੰਦਰ ਗੁਰੂਦਵਾਰੇ ਜਗਤ ਧਰਮਸਾਲ । ਗੁਰਮੁਖ ਸਾਚੇ ਲਏ ਪਰਨਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਕ ਸਮਾਇਆ । ਫੂਲਨ ਬਰਖਾ ਸੀਸ ਤਾਜ, ਹਰਿ ਹਰਿਜਨ ਆਪ ਪਹਿਨਾਇੰਦਾ । ਲੋਕਮਾਤ ਕਲ ਸਾਜਨ ਸਾਜ, ਮਾਰ ਝਾਤ ਵੇਖ ਵਖਾਇੰਦਾ । ਕਲਜੁਗ ਅੰਤਮ ਰਚਿਆ ਕਾਜ, ਇਕ ਇਕਾਂਤ ਬਣਤ ਬਣਾਇੰਦਾ । ਲੇਖ ਲਿਖਾਏ ਦੇਸ ਮਾਝ, ਬੂੰਦ ਸਵਾਂਤ ਗੁਰਮੁਖਾਂ ਮੁਖ ਚੁਆਇੰਦਾ । ਲੋਆਂ ਪੁਰੀਆਂ ਦਿਸੇ ਭਾਜ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਅੰਤਮ ਵਰ, ਜਗਤ ਲੱਜਿਆ ਆਪਣੇ ਹੱਥ ਰਖਾਇੰਦਾ । ਫੂਲਨ ਬਰਖਾ ਸਾਚੇ ਸੀਸ, ਆਪਣੀ ਹੱਥੀਂ ਲਾਈਆ । ਮਿਲਿਆ ਮੇਲ ਹਰਿ ਜਗਦੀਸ,
੧੪੫ ੦੬

ਸਾਚੇ ਰਥੀਂ ਰਿਹਾ ਚੜ੍ਹਾਈਆ । ਲੱਖ ਚੁਰਾਸੀ ਜੂਠਾ ਝੂਠਾ ਪੀਸਣ ਰਿਹਾ ਪੀਸ, ਸਾਚੀ ਚੱਕੀ ਇਕ ਚਲਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖਾਲੀ ਦਿਸੇ ਖੀਸ, ਦਰ ਦਰ ਭਿਛਿਆ ਰਿਹਾ ਮੰਗਾਈਆ । ਨਾ ਕੋਈ ਗਾਏ ਰਾਗ ਛਤੀਸ, ਰਾਗਾਂ ਨਾਦਾਂ ਵਕਤ ਚੁਕਾਈਆ । ਜੂਠਾ ਝੂਠਾ ਝੇੜਾ ਦੰਦ ਬਤੀਸ, ਅੰਤਮ ਲਹਿਣਾ ਦੇਣਾ ਚੁੱਕਣਾ ਬੀਸ ਇਕੀਸ, ਜਗਤ ਜਗਦੀਸ ਸੀਸ ਆਪਣੇ ਤਾਜ ਸੁਹਾਈਆ । ਅੱਲਾ ਰਾਣੀ ਵਿਚ ਉਨੀਸ, ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਇਕ ਵਰ, ਸੰਮਤ ਸੰਮਤੀ ਵੇਖ ਵਖਾਈਆ । ਹਰਿ ਦਵਾਰ ਸਤਿ ਹੈ, ਲੋਕਮਾਤ ਪ੍ਰਧਾਨ । ਆਪੇ ਦੇ ਸਮਝਾਵੇ ਮਤ ਹੈ, ਸ਼ਬਦ ਰੂਪ ਗਿਆਨ । ਮੇਟ ਮਿਟਾਏ ਪੰਚਮ ਤਤ ਹੈ, ਪੰਚਮ ਮੇਲਾ ਹਰਿ ਭਗਵਾਨ । ਸਤਿ ਸੰਤੋਖੀ ਦੇਵੇ ਏਕਾ ਰਤ ਹੈ, ਬੀਰਜ ਬੀਜੇ ਗੁਣ ਨਿਧਾਨ । ਨਾਮ ਕਥਾ ਅਕਥਨਾ ਅਕਥ ਹੈ, ਨਾ ਕੋਈ ਰਸਨਾ ਸਕੇ ਵਖਾਨ । ਸਰਬ ਕਲਾ ਆਪੇ ਸਮਰਥ ਹੈ, ਜੀਆਂ ਜੰਤਾਂ ਦੇਵੇ ਦਾਨ । ਸਗਲ ਵਸੂਰੇ ਜਾਇਣ ਲੱਥ ਹੈ, ਜੋ ਜਨ ਦਰਸ਼ਨ ਕਰੇ ਆਨ । ਆਪ ਚੜ੍ਹਾਏ ਏਕਾ ਸੋਹੰ ਸਾਚਾ ਰਥ ਹੈ, ਪਾਰ ਕਰਾਏ ਦੋ ਜਹਾਨ । ਲੱਖ ਚੁਰਾਸੀ ਪਾਏ ਨੱਥ ਹੈ, ਵਡ ਦਾਤਾ ਹਰਿ ਮਿਹਰਵਾਨ । ਜਿਉਂ ਰਾਮਾ ਘਰ ਦਸਰਥ ਹੈ, ਸ਼ਬਦ ਸਪੂਤਾ ਹਰਿ ਬਲਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਗੁਰ ਮੰਤਰ ਅੰਤਰ ਏਕਾ ਆਣ । ਸ਼ਬਦ ਗੁਰ ਨੇਤਰ ਅੰਜਨ, ਕੱਜਲ ਧਾਰ ਬੰਨ੍ਹਾਇੰਦਾ । ਚਰਨ ਧੂੜ ਸਾਚਾ ਮਜਨ, ਮੀਤ ਮੁਰਾਰ ਆਪ ਕਰਾਇੰਦਾ । ਨਾਦ ਅਨਾਦੀ ਤਾਲ ਵੱਜਣ, ਅਨਹਦ ਤਲਵਾੜਾ ਆਪ ਵਜਾਇੰਦਾ । ਭਾਂਡੇ ਹੰਕਾਰੀ ਗੜ੍ਹ ਆਪੇ ਭੱਜਣ, ਮਿਲੇ ਮੇਲ ਹਰਿ ਸਾਚੇ ਸੱਜਣ, ਮਦਿਰਾ ਮਾਸ ਜੋ ਜਨ ਤੱਜਣ, ਅੰਤਮ ਵੇਲੇ ਰੱਖੇ ਲਜਣ, ਸਵੱਛ ਸਰੂਪੀ ਦਰਸ ਦਿਖਾਇੰਦਾ । ਅੰਮ੍ਰਿਤ ਪੀ ਪੀ ਰੱਜਣ, ਕਾਇਆ ਸਚ ਸਰੋਵਰ ਇਕ ਇਸ਼ਨਾਨ ਕਰਾਇੰਦਾ । ਗੁਰ ਚਰਨ ਚਰਨ ਗੁਰ ਬਹਿ ਬਹਿ ਗੁਰਮੁਖ ਸਾਚੇ ਸਜਣ, ਮਨਮੁਖ ਦਰ ਦੁਰਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਇਕ ਵਰ, ਕਾਇਆ ਕਾਅਬਾ ਹਾਜ਼ੀ ਹੱਜਣ, ਏਕਾ ਹੱਜ ਕਰਾਇੰਦਾ । ਆਏ ਦਵਾਰ ਬੰਕ, ਹਰਿ ਰੰਗ ਮਾਣਿਆ । ਹਉਮੇ ਜਾਏ ਸ਼ਨਕ, ਆਪ ਆਪਣਾ ਰੰਗ ਪਛਾਣਿਆ । ਨਾ ਕੋਈ ਰਾਓ ਨਾ ਕੋਈ ਰੰਕ, ਗੁਰਮੁਖ ਮਿਲੇ ਵਡਿਆਈ ਜਿਉਂ ਜਨ ਜਨਕ, ਭਗਤ ਭਗਤੀ ਲੇਖੇ ਲਾਣਿਆ । ਜੋਤ ਸਰੂਪੀ ਲਾਏ ਤਨਕ, ਆਪੇ ਰੂਪ ਸਨਕ ਸਨੰਦਨ, ਸੰਤ ਸਨਾਤਨ ਆਪ ਅਖਵਾ ਰਿਹਾ । ਗੁਰਮੁਖਾਂ ਆਤਮ ਫੇਰੇ ਮਨ ਕਾ ਮਨਕ, ਰਸਨਾ ਜਿਹਵਾ ਆਪਣਾ ਨਾਮ ਜਪਾ ਰਿਹਾ । ਪਰਗਟ ਹੋਏ ਵਾਸੀ ਪੁਰੀ ਘਨਕ, ਕਾਹਨ ਘਨਈਆ ਸਾਵਲ ਸੁੰਦਰ ਰੂਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਵੇਦ ਵਿਆਸਾ ਦਏ ਖੁਲਾਸਾ ਗੋਬਿੰਦ ਨਾਨਕ ਭੇਵ ਚੁਕਾ ਰਿਹਾ । ਨਾਨਕ ਗੋਬਿੰਦ ਰਸਨਾ ਗਾਇਣ, ਆਇਣ ਚਰਨ ਦਵਾਰ । ਪਰਮ ਪੁਰਖ ਪ੍ਰਭ ਸਾਚਾ ਪਾਇਣ, ਦਾਸੀ ਦਾਸ ਤੁਹਾਰ । ਸਾਕ ਸੱਜਣ ਬਣ ਸਾਚਾ ਸੈਣ, ਰੂਪ ਅਨੂਪ ਰੰਗ ਅਪਾਰ । ਲੱਖ ਚੁਰਾਸੀ ਅੰਤਮ ਖਾਏ ਲਾੜੀ ਮੌਤ ਡੈਣ, ਕੋਈ ਨਾ ਹੋਏ ਕਿਸੇ ਸਹਾਰ । ਰਾਏ ਧਰਮ ਚੁਕਾਏ ਲਹਿਣ ਦੇਣ, ਚਿਤਰ ਗੁਪਤ ਲੇਖ ਲਿਖਾਰ । ਮਨਮਤੀ ਜੀਵ ਜੂਠੇ ਝੂਠੇ ਵਹਿਣ ਵਹਿਣ, ਕਲਜੁਗ ਧਾਰਾ ਵਹਿੰਦੀ ਧਾਰ । ਗੁਰਮੁਖ ਵਿਰਲੇ ਸੰਤ ਸੁਹੇਲੇ ਅੰਤਮ ਰਹਿਣ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਦਰਸ ਦਿਖਾਏ ਤੀਜੇ ਨੈਣ, ਆਤਮ ਖੋਲ੍ਹੇ ਬੰਦ ਕਿਵਾੜ । ਨਾਤਾ ਤੁੱਟੇ ਭਾਈ ਭੈਣ, ਆਤਮ ਸੇਜਾ ਨਾਰੀ

ਕੰਤਾ ਇਕੱਠੇ ਰਹਿਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਮੇਲਾ ਇਕ ਦਰ, ਜੋ ਜਨ ਹਰਿ ਹਰਿ ਭਾਣਾ ਸਹਿਣ । ਹਰਿ ਭਾਣੇ ਸ਼ਬਦ ਜਣਾਈ, ਲੋਕ ਪਰਲੋਕ ਬ੍ਰਹਿਮਾਦ । ਏਕਾ ਏਕ ਸਲੋਕ ਸੁਣਾਈ, ਬੋਧ ਅਗਾਧ ਅਗਾਧ ਬੋਧ । ਨਾ ਕੋਈ ਰੋਕੇ ਰੋਕ ਰੁਕਾਈ, ਲੋਆਂ ਪੁਰੀਆਂ ਵੱਜੇ ਸਾਚਾ ਨਾਦ । ਲੱਖ ਚੁਰਾਸੀ ਝੋਕ ਵਖਾਈ, ਨਾ ਕੋਈ ਸਹਾਏ ਸੰਤ ਸਾਧ । ਗੁਰਮੁਖਾਂ ਏਕਾ ਮੋਖ ਅੰਤਮ ਪਾਈ, ਗੁਰ ਚਰਨ ਦਵਾਰਾ ਲਿਆ ਲਾਧ । ਸੰਮਤ ਸੋਲਾਂ ਸਤਿ ਸੰਤੋਖ ਰਖਾਈ, ਧੀਰਜ ਧੀਰ ਧਰਾਵੇ, ਦੇਵੇ ਹਰਿ ਹਰਿ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਮੇਲਾ ਸਚ ਘਰ, ਖੇਲੇ ਖੇਲ ਆਦਿ ਜੁਗਾਦਿ ।

ਹਰਿ ਸ਼ਬਦ ਤਨ ਗਾਤਰਾ, ਕਾਇਆ ਵਿਚ ਮਿਆਨ । ਲੇਖਾ ਲਿਖੇ ਨਾ ਵੇਦ ਸ਼ਾਸਤਰਾ, ਖਾਣੀ ਬਾਣੀ ਨਾ ਕਰੇ ਗਿਆਨ । ਆਪ ਪਹਿਨਾਏ ਕਮਲਾਪਾਤਰਾ, ਆਪੇ ਵੇਖੇ ਮਾਰ ਧਿਆਨ । ਅੰਦਰ ਮੰਦਰ ਅੰਧੇਰੀ ਰਾਤਰਾ, ਨਾ ਕੋਈ ਦੀਸੇ ਹੋਰ ਨਿਸ਼ਾਨ । ਗੁਰ ਗੋਬਿੰਦੇ ਬਖ਼ਸ਼ੇ ਚਰਨ ਸੱਚੀ ਯਾਤਰਾ, ਹਰਿ ਚਰਨ ਧੂੜ ਇਸ਼ਨਾਨ । ਜੋਤ ਜਗਾਏ ਨਵ ਨਵ ਸਾਤਰਾ, ਨੌ ਖੰਡ ਵੇਖੇ ਹਰਿ ਭਗਵਾਨ । ਨਾਮ ਦੇਵੇ ਸਾਚੀ ਦਾਤਰਾ, ਦਾਨੀ ਦਾਤਾ ਹਰਿ ਹਰਿ ਦਾਨ । ਵਰਨ ਬਰਨ ਨਾ ਕੋਈ ਯਾਤਰਾ, ਜ਼ਾਤ ਪਾਤ ਨਾ ਕਰੇ ਪਛਾਣ । ਏਕਾ ਏਕ ਰਖਾਏ ਨਾਤਰਾ, ਆਪੇ ਵਰਤੇ ਜਾਣੀ ਜਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਆਪ ਰਖਾਏ ਆਪਣੇ ਤਨ ਮਿਆਨ । ਸ਼ਬਦ ਖੰਡਾ ਹਰਿ ਦਾਤਾਰ, ਕਾਇਆ ਤਨ ਲਪੇਟਿਆ । ਤਿੱਖੀ ਰੱਖੇ ਦੋਵੇਂ ਧਾਰ, ਵੇਖੇ ਖੇਲ ਪਿਤਾ ਪੂਤ ਸੁਤ ਬੇਟਿਆ । ਏਕਾ ਦੇਵੇ ਨਾਮ ਸਹਾਰ, ਆਪੇ ਹੋਏ ਖੇਵਟ ਖੇਟਿਆ । ਵਰਤੇ ਕਲ ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਗੇ ਮਹੀਨਾ ਜੇਠਿਆ । ਆਪੇ ਢਾਹੇ ਲਏ ਉਸਾਰ, ਭੰਨਣਹਾਰ ਕੌੜੇ ਰੇਠਿਆ । ਜੀਵਾਂ ਜੰਤਾਂ ਪਾਵੇ ਸਾਰ, ਸਾਧ ਸੰਤ ਹਿਲਾਏ ਵਡ ਵਡ ਸੇਠਿਆ । ਅੰਦਰੇ ਅੰਦਰ ਮਾਰੇ ਮਾਰ, ਚਲਾਏ ਬਾਣ ਇਕ ਅਨਡੀਠਿਆ । ਆਪ ਝੁਲਾਏ ਵਿਚ ਜਹਾਨ, ਸੰਮਤ ਸੋਲਾਂ ਪਹਿਲੀ ਚੇਤਰ ਨੌ ਖੰਡ ਪ੍ਰਿਥਮੀ ਸ਼ਬਦ ਦਵਾਰਾ ਲੇਖ ਲਿਖ ਭੇਜੇ ਜਗਤ ਚਿਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਤੇਜ ਕਟਾਰ, ਧਾਰੀ ਧਾਰ ਅਨਡੀਠਿਆ । ਸ਼ਬਦ ਖੰਡਾ ਕਾਇਆ ਅੰਦਰ, ਹਰਿ ਆਪਣੇ ਹੱਥ ਰਖਾਇੰਦਾ । ਦਿਸ ਨਾ ਆਏ ਡੂੰਘੀ ਕੰਦਰ, ਸਮਰਥ ਖੇਲ ਰਚਾਇੰਦਾ । ਆਪੇ ਬੈਠਾ ਲਾਈ ਜੰਦਰ, ਨਾ ਕੋਈ ਮਾਤ ਤੁੜਾਇੰਦਾ । ਚਾਰੋਂ ਕੁੰਟ ਭੌਂਦੇ ਬੰਦਰ, ਬੰਦ ਖਲਾਸੀ ਨਾ ਕੋਈ ਕਰਾਇੰਦਾ । ਗੁਰਮੁਖ ਸਾਚੇ ਸੀਸ ਸੋਹੇ ਪੀਤ ਪਿਤੰਬਰ, ਜਗਤ ਜਗਦੀਸ ਦਇਆ ਕਮਾਇੰਦਾ । ਕਲਜੁਗ ਮਾਇਆ ਰਚਿਆ ਸਵੰਬਰ, ਨਾਤਾ ਬਿਧਾਤਾ ਆਪ ਤੁੜਾਇੰਦਾ । ਤ੍ਰੈਗੁਣ ਤੇਰਾ ਵੇਖੇ ਅਡੰਬਰ, ਕਮਲਾਪਾਤਾ ਜੋਤ ਜਗਾਇੰਦਾ । ਸ੍ਰਿਸ਼ਟ ਸਬਾਈ ਆਪ ਭਰਤੰਬਰ, ਭਾਰਤ ਦੇਸ਼ ਵੇਖ ਵਖਾਇੰਦਾ । ਵੇਖ ਵਖਾਣੇ ਪੀਰ ਪੈਗ਼ੰਬਰ, ਗੌਂਸ ਧੌਂਸ ਨਾ ਕੋਈ ਜਣਾਇੰਦਾ । ਸਾਧ ਸੰਤ ਤਾਰਾ ਮੰਡਲ ਨਾ ਕੋਈ ਵੇਖੇ ਰਹਿਬਰ, ਆਤਮ ਝਾਕੀ ਨਾ ਕੋਈ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਕਾਇਆ ਖ਼ਾਕੀ, ਬੰਦੀ ਬੰਦਾ ਨਾ ਕੋਈ ਤੁੜਾਇੰਦਾ । ਸ਼ਬਦ ਖੰਡਾ ਹਰਿ ਗੋਬਿੰਦ, ਗੋਬਿੰਦ ਤਨ ਸਜਾਇੰਦਾ । ਆਪ ਉਪਜਾਏ ਆਪਣੀ ਬਿੰਦ, ਰਿਤ ਬੀਰਜ ਆਪ ਹੋ ਜਾਇੰਦਾ । ਉਤਪਤ ਹੋਏ ਕਾਇਆ

ਖਿਤ, ਕਾਇਆ ਵਿਚ ਸਮਾਇੰਦਾ । ਜੋਤੀ ਮਾਤਾ ਕਰੇ ਹਿਤ, ਸ਼ਬਦੀ ਸੁਤ ਬਣਾਇੰਦਾ । ਖੇਲੇ ਖੇਲ ਨਿਤ ਨਵਿਤ, ਆਪਣੀ ਗੋਦੀ ਆਪ ਉਠਾਇੰਦਾ । ਆਪੇ ਮਾਈ ਆਪੇ ਪਿਤ, ਪਿਤਾ ਪੂਤ ਆਪ ਅਖਵਾਇੰਦਾ । ਦੋ ਜਹਾਨਾਂ ਰਿਹਾ ਜਿੱਤ, ਤ੍ਰੈਲੋਕੀ ਨਾਥ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਤਨ ਸ਼ਬਦ ਕਟਾਰ, ਆਪਣੀ ਆਪ ਸੁਹਾਇੰਦਾ । ਸ਼ਬਦ ਖੰਡਾ ਨਾਮ ਕਿਰਪਾਨ, ਬ੍ਰਹਿਮੰਡ ਕਰੇ ਰਖਵਾਲੀ । ਉਚਾ ਡੰਡਾ ਵੇਖੇ ਮਾਰ ਧਿਆਨ, ਜੋਤ ਨਿਰੰਜਣ ਦੀਪਕ ਥਾਲੀ । ਗੁਰ ਗੋਬਿੰਦੇ ਇਕ ਗਿਆਨ, ਮਿਲਿਆ ਮੇਲ ਜੋਤ ਅਕਾਲੀ । ਧੁਰ ਜਣਾਈ ਧੁਰ ਫ਼ਰਮਾਣ, ਧੁਰਦਰਗਾਹ ਰਹੇ ਸਵਾਲੀ । ਸ਼ਬਦ ਬਿਠਾਏ ਸਚ ਬਿਬਾਣ, ਚਲਾਏ ਅਵੱਲੜੀ ਚਾਲੀ । ਖਾਣੀ ਬਾਣੀ ਹੋਏ ਹੈਰਾਨ, ਪਰਗਟ ਹੋਏ ਦੋ ਜਹਾਨਾਂ ਵਾਲੀ । ਲੋਆਂ ਪੁਰੀਆਂ ਮਾਰੇ ਬਾਣ, ਵਰਭੰਡ ਕਰਾਏ ਖਾਲੀ । ਇਕ ਰਖਾਏ ਧਰਮ ਨਿਸ਼ਾਨ, ਜਨ ਭਗਤਾਂ ਕਰੇ ਦਲਾਲੀ । ਪੰਚਮ ਤਾਜ ਸੀਸ ਭਗਵਾਨ, ਫਲ ਲੱਗੇ ਸਾਚੀ ਡਾਲ੍ਹੀ । ਧੁਰਦਰਗਾਹੀ ਸਾਜਨ ਸਾਜ, ਆਪੇ ਬਣਿਆ ਸਾਚਾ ਵਾਲੀ । ਭਗਤ ਜਨਾਂ ਹਰਿ ਰੱਖੇ ਲਾਜ, ਮੰਗੇ ਭਿਛਿਆ ਪ੍ਰੇਮ ਸਵਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟੇ ਰੈਣ ਕਲਜੁਗ ਅੰਧੇਰੀ ਕਾਲੀ । ਨਾਮ ਖੰਡਾ ਰਾਮ ਮੁੱਠ, ਤੁੱਠ ਹੱਥ ਰਖਾਈਆ । ਆਦਿ ਅੰਤ ਨਾ ਜਾਏ ਛੁਟ, ਬੰਧਨ ਬੰਧ ਬੰਧਾਈਆ । ਮੇਟਣਹਾਰਾ ਜਗਤ ਫੁੱਟ, ਏਕਾ ਦੂਰ ਕਰਾਈਆ । ਗੁਰਮੁਖਾਂ ਦਰ ਨਾ ਕੋਈ ਜਾਏ ਲੁੱਟ, ਪਹਿਰੇਦਾਰ ਆਪ ਹੋ ਆਈਆ । ਅੰਮ੍ਰਿਤ ਆਤਮ ਪਿਆਏ ਸਾਚਾ ਘੁੱਟ, ਸੋਹੰ ਮੁਖੀ ਸਾਚਾ ਤੀਰ ਛੁਹਾਈਆ । ਭਗਤ ਭਗਵੰਤ ਸਾਚਾ ਜੁੱਟ, ਜੁਗ ਜੁਗ ਜੋੜੀ ਜੋੜ ਬਣਾਈਆ । ਆਪ ਮਨਾਏ ਗਏ ਰੁੱਠ, ਰੁਠਿਆਂ ਆਪ ਮਨਾਈਆ । ਜਗਤ ਵਿਕਾਰਾ ਦੇਵੇ ਕੁੱਠ, ਭੈ ਭਿਆਨਕ ਹੋਏ ਸਹਾਈਆ । ਮਾਇਆ ਰਾਣੀ ਖਾਲੀ ਠੁੱਠ, ਦਰ ਦਰ ਦਏ ਦੁਹਾਈਆ । ਜਾਗ ਜਾਗ ਗੁਰਸਿਖ ਰੁੱਠ, ਹਰਿ ਸ਼ਬਦੀ ਸ਼ਬਦ ਜਣਾਈਆ । ਨਾਮ ਰੰਗੀਲੀ ਚਾੜ੍ਹੇ ਮੁੱਠ, ਕਾਇਆ ਚੋਲੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਕਟਾਰ ਕਰ ਪਿਆਰ, ਗੁਰ ਗੋਬਿੰਦੇ ਗੋਲੀ ਦਰ ਬਣਾਈਆ । ਗੁਰ ਗੋਬਿੰਦੇ ਸਾਚਾ ਤਨ, ਨਾਮ ਗਾਤਰਾ ਇਕ ਲਟਕਾਇਆ । ਪ੍ਰਭ ਅਬਿਨਾਸ਼ੀ ਨਾ ਗਿਆ ਮੰਨ, ਸੱਸੇ ਹੋੜਾ ਰਿਹਾ ਵਖਾਇਆ । ਨਿਰਗੁਣ ਸਰਗੁਣ ਮਿਲਿਆ ਏਕਾ ਤਨ, ਧੰਨ ਧੰਨਵੰਤਾ ਦਇਆ ਕਮਾਇਆ । ਸਾਚਾ ਰਾਗ ਸੁਣਾਏ ਕੰਨ, ਸੁਣਾਵਣਹਾਰ ਆਪ ਅਖਵਾਇਆ । ਸ਼ਬਦ ਵਸੇਰਾ ਨਾ ਕੋਈ ਛੱਪਰੀ ਨਾ ਕੋਈ ਛੰਨ, ਬ੍ਰਹਿਮੰਡ ਵੇਖ ਵਖਾਇਆ । ਜੁਗ ਜੁਗ ਦੇਵਣਹਾਰਾ ਡੰਨ, ਡੰਡਾਵਤ ਬੰਦਨਾ ਆਪ ਕਰਾਇਆ । ਆਪੇ ਕੱਟਣਹਾਰਾ ਜਨ ਭਗਤ ਫੰਦਨਾ ਰਿਹਾ ਤੁੜਾਇਆ । ਸਾਚਾ ਦੇਵੇ ਨਾਮ ਧਨ, ਚੋਰ ਠੱਗ ਨਾ ਲਏ ਚੁਰਾਇਆ । ਗੁਰ ਗੋਬਿੰਦੇ ਸਾਚੇ ਘਰ ਕੋਇ ਨਾ ਲਾਏ ਸੰਨ੍ਹ, ਸੋਹੰ ਪਹਿਰੇਦਾਰ ਆਪ ਅਖਵਾਇਆ । ਸ੍ਰਿਸ਼ਟ ਸਬਾਈ ਹੋਈ ਅੰਨ੍ਹ, ਆਪ ਆਪਣੀ ਆਲਸ ਨਿੰਦਰਾ ਲਾਹਿਆ । ਗੁਰਮੁਖਾਂ ਬੇੜਾ ਰਿਹਾ ਬੰਨ੍ਹ, ਚਰਨ ਦਵਾਰਾ ਬਨ ਬਿੰਦਰਾ ਧਾਮ ਸੁਹਾਇਆ । ਧਰਮ ਰਾਏ ਨਾ ਦੇਵੇ ਡੰਨ, ਰਾਜਾ ਇੰਦਰ ਸੀਸ ਰਿਹਾ ਝੁਕਾਇਆ । ਦੂਰ ਦੁਰਾਡੇ ਵੇਖਣ ਸੂਰਜ ਚੰਨ, ਗੁਰਮੁਖ ਸਾਚਾ ਚੰਦ ਆਕਾਸ਼ ਪਰਕਾਸ਼ ਵਿਚ ਚੜ੍ਹਾਇਆ । ਸ਼ਿਵ ਸ਼ੰਕਰ ਢਾਹੇ ਭਰਮਾਂ ਕੰਧ, ਪੁਰਖ ਅਬਿਨਾਸ਼ੀ ਖੇਲ ਰਚਾਇਆ । ਬ੍ਰਹਮਾ ਵੇਖੇ ਘਰ ਅਨੰਦ, ਅਨੰਦ ਅਨੰਦ ਦਇਆ ਕਮਾਇਆ । ਸਰਬ ਜਨਾਂ ਆਪੇ ਬਖ਼ਸ਼ੰਦ, ਆਪਣੇ ਭਾਣੇ ਵਿਚ ਸਮਾਇਆ । ਗਾ ਨਾ ਸਕੇ ਬਤੀ ਦੰਦ, ਜੁਗ ਜੁਗ ਲੇਖਾ ਆਪਣੇ ਹੱਥ ਰਖਾਇਆ । ਕਲਜੁਗ ਮੁਕਾਵਣ

੧੪੮ ੦੬

ਆਇਆ ਪੰਧ, ਸ਼ਬਦ ਖੰਡਾ ਹੱਥ ਉਠਾਇਆ । ਧਰਤਮਾਤ ਤੇਰਾ ਖ਼ੁਸ਼ੀ ਕਰਾਏ ਬੰਦ ਬੰਦ, ਦੁਸ਼ਟ ਦੁਰਾਚਾਰ ਕੋਈ ਰਹਿਣ ਨਾ ਪਾਇਆ । ਏਕਾ ਧਾਰ ਵਹਾਏ ਸਾਗਰ ਸਿੰਧ, ਸਿੰਧ ਸਾਗਰਾਂ ਤਾਲ ਸੁਹਾਇਆ । ਮਨ ਮਤੀ ਜੀਵ ਲਾਏ ਨਿੰਦ, ਨਿੰਦਕ ਨਿੰਦਿਆ ਮੁਖ ਰਖਾਇਆ । ਹਰਿਜਨ ਉਪਜਾਏ ਸਾਚੀ ਬਿੰਦ, ਧੀਰਜ ਧੀਰ ਸਤਿ ਸੰਤੋਖ ਆਤਮ ਗਿਆਨ ਜਣਾਇਆ । ਹਰਿ ਦਾਤਾ ਜੋਧਾ ਸੂਰਾ ਸਰਬੰਗ, ਗੁਣੀ ਗਹਿੰਦ, ਗੋਬਿੰਦ ਕਾਇਆ ਵਿਚ ਸਮਾਇਆ । ਸਾਚੇ ਤਖ਼ਤ ਸੁਲਤਾਨ ਨਰੇਸ਼ ਨਰਿੰਦ, ਨਿਗਾਹਵਾਨ ਅਖਵਾਇਆ । ਸੂਰਬੀਰ ਹਰਿ ਮਰਗਿੰਦ, ਜਗਤ ਸ਼ੈਤਾਨ ਦਏ ਮਿਟਾਇਆ । ਜੋਤ ਪਰਗਟਾਏ ਜੋਤੀ ਹਿੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਰੂਪ ਰੰਗ ਰੰਗ ਰੂਪ ਨਾ ਕੋਈ ਜਣਾਇਆ ।

ਜਨਮ ਕਰਮ ਪ੍ਰਭ ਹੱਥ ਹੈ, ਲੱਖ ਚੁਰਾਸੀ ਰਿਹਾ ਉਪਾਈਆ । ਸਰਬ ਕਲ ਆਪੇ ਸਮਰਥ ਹੈ, ਸਮਰਥ ਕਲ ਆਪ ਅਖਵਾਈਆ । ਜਗਤ ਜੋਗ ਜਾਣੇ ਅਕਥਨਾ ਅਕੱਥ ਹੈ, ਜਿਹਵਾ ਕੱਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਤ ਜੋਗ ਜਗਤ ਰਿਹਾ ਬਣਾਈਆ । ਜੁਗਤ ਜੋਗ ਜਗਤ ਜਗਦੀਸ਼, ਆਪਣੀ ਆਪ ਬਣਾਇੰਦਾ । ਖੇਲੇ ਖੇਲ ਬੀਸ ਇਕੀਸ, ਏਕਾ ਆਪ ਅਖਵਾਇੰਦਾ । ਲੇਖ ਰੇਖ ਚੁਕਾਏ ਰਾਗ ਛਤੀਸ, ਰਾਗੀ ਨਾਦੀ ਆਪ ਅਖਵਾਇੰਦਾ । ਅੰਜੀਲ ਕੁਰਾਨ ਵਿਚ ਉਨੀਸ, ਸ਼ਰਅ ਹਦੀਸ ਵਕਤ ਚੁਕਾਇੰਦਾ । ਤ੍ਰੈਗੁਣ ਮਾਇਆ ਪੀਸਣ ਪੀਸ, ਕਲਜੁਗ ਚੱਕੀ ਆਪ ਚਲਾਇੰਦਾ । ਛਤਰ ਨਾ ਝੁੱਲੇ ਕਿਸੇ ਸੀਸ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਜਨਮ ਕਰਮ ਪ੍ਰਭ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਮਾਤ ਬੰਧਾਇਆ, ਆਪਣਾ ਸੰਗ ਰਖਾਇੰਦਾ । ਪੁਰਖ ਅਕਾਲ ਦਿਆਲ ਹਰਿ ਰਘੁਰਾਇਆ । ਸਾਰ ਸ਼ਬਦ ਸਚ ਧਾਰ, ਤਨ ਕਟਾਰ ਸਮਾਇਆ । ਦਸਮ ਦਵਾਰੀ ਵੇਖ ਦਵਾਰ, ਆਪਣਾ ਰੰਗ ਰੰਗਾਇਆ । ਸ਼ਬਦ ਘੋੜਾ ਇਕ ਅਪਾਰ, ਨਾਮ ਤੰਗ ਕਸਾਇਆ । ਚਿੱਟੇ ਬਸਤਰ ਚਿੱਟੀ ਧਾਰ, ਸਤਿ ਸਪੈਦੀ ਰੂਪ ਸਮਾਇਆ । ਕਲਗੀ ਤੋੜਾ ਅਪਰ ਅਪਾਰ, ਜੋਤੀ ਜੋੜਾ ਮੇਲ ਮਿਲਾਇਆ । ਅਗੰਮ ਅਗੰਮਾ ਹੋ ਅਸਵਾਰ, ਅਗੰਮ ਅਗੰਮਾ ਧਾਮ ਸੁਹਾਇਆ । ਸੁੰਨ ਅਗੰਮੇ ਆਇਆ ਪਾਰ, ਸ਼ਬਦ ਆਪਣਾ ਰੂਪ ਵਟਾਇਆ । ਸ਼ਬਦ ਰੂਪ ਹਰਿ ਕਰਤਾਰ, ਬ੍ਰਹਿਮੰਡ ਵਿਚ ਸਮਾਇਆ । ਕਰਤਾ ਪੁਰਖ ਕਰਨਹਾਰ, ਦਿਸ ਕਿਸੇ ਨਾ ਆਇਆ । ਲੋਆਂ ਪੁਰੀਆਂ ਪਾਵੇ ਸਾਰ, ਗਗਨ ਪਾਤਾਲਾਂ ਵਿਚ ਸਮਾਇਆ । ਭੇਖਾਧਾਰੀ ਭੇਖ ਅਪਾਰ, ਲੇਖਾ ਆਪਣਾ ਰਿਹਾ ਲਿਖਾਇਆ । ਲੋਕਮਾਤ ਕਰ ਵਿਚਾਰ, ਲਹਿਣਾ ਦੇਣਾ ਮੂਲ ਚੁਕਾਇਆ । ਕਲਜੁਗ ਮੰਗੇ ਮੰਗ ਭਿਖਾਰ, ਦਾਤਾ ਦਇਆ ਦਏ ਕਮਾਇਆ । ਧਰਤ ਧਵਲ ਰੋਵੇ ਧਾਹਾਂ ਮਾਰ, ਨਾ ਕੋਈ ਹੋਵੇ ਜਗਤ ਸਹਾਰ, ਇੰਦ ਇੰਦਰਾਸਣ ਦਏ ਹੁਲਾਰ, ਕਰੋੜ ਤੇਤੀਸਾ ਰਿਹਾ ਕੁਰਲਾਇਆ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰ, ਜਗਤ ਜਗਦੀਸਾ ਰਿਹਾ ਉਠਾਇਆ । ਹਰਿਜਨਾਂ ਨੇਤਰ ਖੋਲ੍ਹੇ ਬੰਦ ਕਿਵਾੜ, ਪਾਰਬ੍ਰਹਮ ਭੇਵ ਚੁਕਾਇਆ । ਸਤਿਜੁਗ ਸਾਚਾ ਵੇਖੇ ਦਿਵਸ ਦਿਹਾੜ, ਸਤਿ ਪੁਰਖ ਦਵਾਰੇ ਅੱਗੇ ਸੀਸ ਝੁਕਾਇਆ । ਜੋਤ ਸਰੂਪੀ ਕਿਰਪਾ ਧਾਰ, ਦੇਵੇ ਵਰ ਸੱਚੇ ਦਰਬਾਰ, ਨਾਮ ਨਿਸ਼ਅੱਖਰ

ਸਾਚੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਸ਼ਬਦ ਸਾਰ ਦਸਮ ਦਵਾਰ ਏਕਾ ਧਾਰ ਵਹਾਇਆ । ਦਸਮ ਦਵਾਰੀ ਰੰਗ ਮਹੱਲਾ, ਪ੍ਰਭ ਆਪਣਾ ਆਪ ਨਿਭਾਇੰਦਾ । ਸਾਰ ਸ਼ਬਦ ਇਕ ਇਕੱਲਾ, ਬ੍ਰਹਿਮੰਡ ਵਿਚ ਸਮਾਇੰਦਾ । ਜੋਤੀ ਨੂਰ ਹਰਿ ਹਰਿ ਸਰੂਪ ਅਨੂਪ ਵਖਾਇੰਦਾ । ਆਦਿ ਪੁਰਖ ਇਕ ਇਕੱਲਾ, ਜੁਗਾਦਿ ਜੁਗਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗ ਜੁਗਤ ਆਪਣੇ ਹੱਥ ਰਖਾਇੰਦਾ । ਦਸਮ ਦਵਾਰੀ ਘਰ ਸਾਚੇ ਰਚਨ ਰਚਾਈਆ । ਪੰਚਮ ਗਾਏ ਏਕਾ ਗਾਨਾ, ਪੰਚਮ ਧੁੰਨ ਉਪਜਾਈਆ । ਪੰਚਮ ਦੇਵੇ ਨਾਮ ਨਿਧਾਨਾ, ਪੰਚਮ ਸਚ ਤਖ਼ਤ ਸੁਲਤਾਨਾ, ਸ੍ਰੀ ਭਗਵਾਨਾ ਜੋਤੀ ਨੂਰ ਸਵਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਮੰਡਲ ਰਾਸ ਰਚਾਈਆ । ਮਾਰੇ ਤੀਰ ਕਟਾਰ ਨਾਮ ਨਿਸ਼ਾਨਾ, ਬਜਰ ਕਪਾਟੀ ਪਾਰ ਕਰਾਈਆ । ਆਪੇ ਦੀਨਾ ਆਪੇ ਦਾਤਾ, ਦਾਤਾ ਸੂਰਾ ਆਪ ਅਖਵਾਈਆ । ਆਪੇ ਬੰਨ੍ਹੇ ਹੱਥੀਂ ਗਾਨਾ, ਸਾਚੀ ਰੰਗਣ ਰੰਗ ਰੰਗਾਈਆ । ਆਪੇ ਜਾਣੇ ਆਪਣਾ ਭਾਣਾ, ਆਪੇ ਭਾਣੇ ਵਿਚ ਸਮਾਈਆ । ਆਪੇ ਚਤਰ ਸੁਘੜ ਸਿਆਣਾ, ਸਾਰੰਗ ਧਰ ਆਪ ਅਖਵਾਈਆ । ਆਪੇ ਚੜ੍ਹੇ ਚੜ੍ਹਾਏ ਉਪਰ ਬਿਬਾਣਾ, ਆਪੇ ਲੋਆਂ ਪੁਰੀਆਂ ਪਾਰ ਕਰਾਈਆ । ਆਪੇ ਪਵਣ ਪਾਣੀ ਮਸਾਣਾ, ਅਵਣ ਗਵਣ ਆਪ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਦਿਵਾਰੀ ਏਕਾ ਘਰ, ਸ਼ਬਦ ਸਿੰਘਾਸਣ ਡੇਰਾ ਲਾਈਆ । ਸ਼ਬਦ ਸਿੰਘਾਸਣ ਹਰਿ ਸੁਲਤਾਨਾ, ਦਿਵਸ ਰੈਣ ਬਿਰਾਜਿਆ । ਆਪੇ ਜਾਣੇ ਆਪਣਾ ਗਾਨਾ, ਆਪ ਆਪਣੀ ਮਾਰੇ ਆਵਾਜਿਆ । ਆਪ ਆਪਣੇ ਰੰਗ ਸਮਾਨਾ, ਆਪ ਆਪਣਾ ਰਚਿਆ ਕਾਜਿਆ । ਆਪੇ ਹੋਏ ਜਾਣੀ ਜਾਣਾ, ਆਪ ਆਪਣਾ ਪੜਦਾ ਕਾਜਿਆ । ਆਪੇ ਹੋਏ ਗੁਣ ਨਿਧਾਨਾ, ਆਪੇ ਰੱਖਣਹਾਰਾ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਸਾਚੇ ਘਰ ਸਦਾ ਵਸੇਰਾ ਗਰੀਬ ਨਿਵਾਜਿਆ । ਗਰੀਬ ਨਿਵਾਜਾ ਰਾਜ ਭਿਖਾਰੀ, ਦਰ ਦਵਾਰ ਸੁਹਾਇੰਦਾ । ਗੁਰਮੁਖਾਂ ਕਰੇ ਜਗਤ ਪਿਆਰੀ, ਆਤਮ ਦਰ ਖੁਲ੍ਹਾਇੰਦਾ । ਨਿਰਮਲ ਜੋਤ ਕਰ ਅਕਾਰੀ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਖੰਡਾ ਫੜ ਕਟਾਰੀ, ਪੰਚਮ ਮਾਰ ਮੁਕਾਇੰਦਾ । ਸਾਚਾ ਮੇਲਾ ਮੀਤ ਮੁਰਾਰੀ, ਮੀਤ ਮੁਰਾਰਾ ਆਪ ਅਖਵਾਇੰਦਾ । ਦੇਵੇ ਦਰਸ ਅਗੰਮ ਅਪਾਰੀ, ਹਰਿ ਦਰਸੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਸਾਚਾ ਘਰ, ਘਰ ਸਾਚੇ ਸੇਜ ਵਿਛਾਇੰਦਾ । ਦਰ ਘਰ ਸਾਚਾ ਹਰਿ ਮਿਹਰਵਾਨ, ਆਪਣਾ ਆਪ ਉਪਾਇੰਦਾ । ਨਾ ਕੋਈ ਦੀਸੇ ਦਰ ਦਰਬਾਨ, ਨਿਗਾਹਬਾਨ ਦਿਸ ਨਾ ਆਇੰਦਾ । ਨਾ ਕੋਈ ਕਰੇ ਮਾਤ ਪਛਾਣ, ਪੰਚਮ ਪੰਚ ਰਹੇ ਕੁਰਲਾਇਆ । ਗੁਰਮੁਖ ਵਿਰਲਾ ਚਤਰ ਸੁਜਾਨ, ਹਰਿ ਚਰਨ ਕਵਲ ਚਿਤ ਲਾਇਆ । ਆਤਮ ਉਪਜੇ ਬ੍ਰਹਮ ਗਿਆਨ, ਏਕਾ ਰੰਗਣ ਰੰਗ ਰੰਗਾਇਆ । ਅੰਦਰ ਮੰਦਰ ਵੇਖ ਮਕਾਨ, ਗੋਬਿੰਦ ਗੀਤਾ ਰਿਹਾ ਗਾਇਆ । ਆਪ ਬਿਠਾਏ ਸ਼ਬਦ ਬਿਬਾਣ, ਸਾਚਾ ਮੀਤਾ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਏਕਾ ਘਰ, ਅੰਦਰ ਮੰਦਰ ਰਿਹਾ ਸੁਹਾਇਆ । ਦਸਮ ਦਵਾਰੀ ਸਾਚਾ ਅੰਦਰ, ਪ੍ਰਭ ਸਾਚੀ ਰਚਨ ਰਚਾਈਆ । ਜੋਤੀ ਜਗੇ ਅੰਦਰੇ ਅੰਦਰ, ਕਾਇਆ ਕਾਚੀ ਬਣਤ ਬਣਾਈਆ । ਬਜਰ ਕਪਾਟੀ ਲਾਇਆ ਜੰਦਰ, ਸਾਚੀ ਹਾਟੀ ਬੰਦ ਵਖਾਈਆ । ਮਨਮੁਖਾਂ ਦਿਸੇ ਰੈਣ ਅੰਧੇਰੀ ਡੂੰਘੀ ਕੰਦਰ, ਕਮਲਾਪਾਤੀ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਵੇਖ ਘਰ,

੧੫੧
੦੬

ਆਤਮ ਅੰਤਰ ਖੋਜ ਖੁਜਾਈਆ । ਲਹਿਣਾ ਦੇਣਾ ਦੇਵੇ ਬਾਕੀ, ਅੰਮ੍ਰਿਤ ਆਤਮ ਪਿਆਏ ਸਾਚੀ ਸਾਕੀ, ਨਾਮ ਪਿਆਲਾ ਇਕ ਰਖਾਈਆ । ਨਾਮ ਪਿਆਲਾ ਸਚ ਦਵਾਰ, ਹਰਿ ਸਾਚਾ ਆਪ ਪਿਆਇੰਦਾ । ਦਸਮ ਦਵਾਰੀ ਖੋਲ੍ਹ ਕਿਵਾੜ, ਦੀਪਕ ਜੋਤ ਜਗਾਇੰਦਾ । ਦਰ ਘਰ ਸਾਚੇ ਦੇਵੇ ਵਾੜ, ਨੌਂ ਦਵਾਰੇ ਮੁਖ ਭਵਾਇੰਦਾ । ਨਾ ਕੋਈ ਦੀਸੇ ਪੰਚਮ ਧਾੜ, ਪੰਚਮ ਰਾਗਾਂ ਸ਼ਬਦ ਸੁਣਾਇੰਦਾ । ਲੱਗੇ ਅੱਗ ਨਾ ਤਤੀ ਹਾੜ, ਸੀਤਲ ਧਾਰਾ ਅੰਮ੍ਰਿਤ ਆਪ ਵਹਾਇੰਦਾ । ਜੋਤ ਪਰਕਾਸ਼ ਬਹੱਤਰ ਨਾੜ, ਅੰਧ ਅੰਧਿਆਰਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸਮ ਦਵਾਰੀ ਵੇਖ ਵਖਾਇੰਦਾ । ਏਕਾ ਆਸਣ ਪੁਰਖ ਅਬਿਨਾਸ਼ਣ, ਘਟ ਘਟ ਵਾਸਣ ਆਪਣਾ ਆਪ ਵਖਾਇੰਦਾ । ਪੁਰਖ ਅਬਿਨਾਸ਼ੀ ਹਰ ਘਟ ਵਸਿਆ, ਜਗੇ ਜੋਤ ਅਕਾਲ । ਭਗਤ ਜਨਾਂ ਰਾਹ ਸਾਚਾ ਦੱਸਿਆ, ਜੋਤ ਨਿਰੰਜਣ ਅਵੱਲੜੀ ਚਾਲ । ਮਿਟੇ ਰੈਣ ਅੰਧੇਰੀ ਮੱਸਿਆ, ਦੀਪਕ ਮਸਤਕ ਸਾਚੇ ਬਾਲ । ਦਰ ਦਵਾਰੇ ਆਏ ਨੱਸਿਆ, ਹਰਿ ਹਰਿ ਸਾਚਾ ਦੋ ਜਹਾਨਾਂ ਵਾਲੀ । ਤੀਰ ਨਿਰਾਲਾ ਏਕਾ ਕਸਿਆ, ਮਾਰੇ ਬਾਣ ਨਾ ਜਾਏ ਖਾਲੀ । ਜਨ ਭਗਤ ਅੰਦਰ ਵਸਿਆ, ਰਸਨਾ ਜਿਹਵਾ ਘਾਲਨ ਘਾਲੀ । ਕੋਟਨ ਕੋਟ ਪਰਕਾਸ਼ ਰਵ ਸੱਸਿਆ, ਫਲ ਲਗਾਏ ਕਾਇਆ ਡਾਲ੍ਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਰਾਹ ਬਣ ਜਗਤ ਮਲਾਹ ਹਰਿ ਬੇਪਰਵਾਹ ਕਲਜੁਗ ਅੰਤਮ ਸਤਿਜੁਗ ਸਾਚਾ ਵਸਿਆ । ਗੁਰ ਨਾਨਕ ਹਰਿ ਸ਼ਬਦ ਹੈ, ਸ਼ਬਦ ਰੂਪ ਸਮਾਇਆ । ਹਰਿ ਸ਼ਬਦ ਗੁਰ ਨਾਨਕ ਹੈ, ਰੂਪ ਰੰਗ ਰੇਖ ਨਾ ਰਾਇਆ । ਗੁਰ ਗੋਬਿੰਦਾ ਜੋਤੀ ਭੇਖ ਹੈ, ਦਿਸ ਕਿਸੇ ਨਾ ਆਇਆ । ਹਰ ਘਟ ਆਪੇ ਰਿਹਾ ਵੇਖ ਹੈ, ਸਾਚੀ ਬਿੰਦਾ ਗੁਰਸਿਖ ਮਾਤ ਉਪਜਾਇਆ । ਆਪੇ ਲਿਖਣਹਾਰਾ ਲੇਖ ਹੈ, ਮਨਮੁਖ ਨਿੰਦਿਆ ਨਿੰਦਕ ਆਪ ਲਗਾਇਆ । ਆਪੇ ਦਾਤਾ ਧਾਰੀ ਕੇਸ ਹੈ, ਮੂੰਡ ਮੁੰਡਾਏ ਭੇਵ ਨਾ ਪਾਇਆ । ਜਨ ਭਗਤਾਂ ਦਰ ਦਰਵੇਸ ਹੈ, ਦਿਵਸ ਰੈਣ ਸੇਵ ਕਮਾਇਆ । ਦੋ ਜਹਾਨੀ ਨਰ ਨਰੇਸ਼ ਹੈ, ਨਿਰਗੁਣ ਸਰਗੁਣ ਖੇਲ ਖਿਲਾਇਆ । ਚਰਨ ਦਾਸੀ ਬ੍ਰਹਮਾ ਸ਼ਿਵ ਗਣੇਸ਼ ਹੈ, ਦਰ ਬੈਠੇ ਸੀਸ ਝੁਕਾਇਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸ ਅੱਲੜ ਵਰੇਸ ਹੈ, ਬਾਲੀ ਬਾਲ ਬੁੱਧ ਰਖਾਇਆ । ਸ਼ਿਵ ਸ਼ੰਕਰ ਰਹੇ ਵੇਖ ਹੈ, ਹਰਿ ਸਾਚਾ ਹੁਕਮ ਸੁਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਮਨ ਮੰਦਰ ਅੰਦਰ ਆਪ ਟਿਕਾਇਆ । ਨਾਮ ਰਤਨ ਜਗਤ ਅਮੋਲ, ਗੋਬਿੰਦ ਘਰ ਹਰਿ ਪਾਇਆ । ਆਪੇ ਤੋਲਣਹਾਰਾ ਤੋਲ, ਨਾਮ ਕੰਡਾ ਇਕ ਰਖਾਇਆ । ਸ਼ਬਦ ਵਜਾਏ ਮਰਦੰਗ ਢੋਲ, ਅਨਹਦ ਤਾਲ ਰਿਹਾ ਵਜਾਇਆ । ਜਨ ਭਗਤਾਂ ਆਤਮ ਪੜਦਾ ਦੇਵੇ ਖੋਲ੍ਹ, ਰਾਗ ਅਨਾਦੀ ਦਏ ਸੁਣਾਇਆ । ਸ਼ਬਦ ਸੁਹੇਲਾ ਵਸੇ ਕੋਲ, ਮੀਤ ਮੀਤਾ ਆਪ ਅਖਵਾਇਆ । ਦਿਵਸ ਰੈਣ ਕਰੇ ਚੋਹਲ, ਕਾਇਆ ਚੋਲੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਗੁਰਮੁਖ ਸਾਚੇ ਲਏ ਤਰਾਇਆ । ਗੁਰਮੁਖ ਸਾਚੇ ਸੱਜਣਾ, ਹਰਿ ਮੇਲਾ ਚਰਨ ਦਵਾਰ । ਚਰਨ ਦਵਾਰੀ ਸਾਚਾ ਮਜਨਾ, ਦੁਰਮਤ ਦਏ ਮੈਲ ਉਤਾਰ । ਅੰਮ੍ਰਿਤ ਆਤਮ ਪੀ ਪੀ ਰੱਜਣਾ, ਕਾਇਆ ਸੀਤਲ ਠੰਢੀ ਠਾਰ । ਸ਼ਬਦ ਨਗਾਰਾ ਏਕ ਵੱਜਣਾ, ਲੋਆਂ ਪੁਰੀਆਂ ਆਪ ਸੁਣਾਰ । ਲੱਖ ਚੁਰਾਸੀ ਭਾਂਡਾ ਭੱਜਣਾ, ਕਲਜੁਗ ਅੰਤਮ ਤੇਰੀ ਵਾਰ । ਮਨਮੁਖ ਜੀਵ ਤੇਰਾ ਕਿਸੇ ਨਾ ਪੜਦਾ ਕੱਜਣਾ, ਸ੍ਰਿਸ਼ਟ ਸਬਾਈ ਦੁਹਾਗਣ ਨਾਰ । ਗੁਰਮੁਖਾਂ ਗੁਰ ਚਰਨ ਦਵਾਰੇ ਬਹਿ ਬਹਿ ਸਜਣਾ, ਹਰਿ ਪਾਇਆ ਕੰਤ

ਭਤਾਰ । ਆਦਿ ਅੰਤ ਪੜਦਾ ਕੱਜਣਾ, ਪੁਰਖ ਅਬਿਨਾਸ਼ੀ ਪਾਏ ਸਾਰ । ਤ੍ਰੈਗੁਣ ਮਾਇਆ ਅਗਨੀ ਦਜਣਾ, ਕਾਮ ਕਰੋਧ ਲੋਭ ਮੋਹ ਹੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਕਲਜੁਗ ਤੇਰੀ ਅੰਤਮ ਵਾਰ । ਸੰਤ ਸੁਹੇਲਾ ਸਾਚਾ ਮੀਤਾ, ਆਪੇ ਕੰਤ ਸੁਹਾਗੀਆ । ਆਪ ਚਲਾਏ ਆਪਣੀ ਰੀਤਾ, ਚਰਨ ਧੂੜ ਕਰਾਏ ਮਜਨ ਸਾਚਾ ਮਾਘੀਆ । ਅੰਦਰ ਮੰਦਰ ਪਰਖੇ ਨੀਤਾ, ਦੁਰਮਤ ਮੈਲ ਧਵਾਵੇ ਦਾਗ਼ੀਆ । ਬੈਠਾ ਰਹੇ ਇਕ ਅਤੀਤਾ, ਸ਼ਬਦ ਜਣਾਏ ਅਨਹਦ ਰਾਗੀਆ । ਗੁਰਦਵਾਰਾ ਸਚ ਮਸੀਤਾ, ਕਾਇਆ ਮੰਦਰ ਨਾਮ ਵੈਰਾਗੀਆ । ਨਾਮ ਨਿਧਾਨ ਅੰਮ੍ਰਿਤ ਰਸ ਪੀਤਾ, ਸੁਰਤ ਸਵਾਣੀ ਸੋਈ ਜਾਗੀਆ । ਏਕਾ ਰੰਗ ਸਮਾਏ ਹਸਤ ਕੀਟਾ, ਹੰਸ ਬਣਾਏ ਫੜ ਫੜ ਕਾਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚਾ ਸਾਚੀ ਨਾਰੀ, ਏਕਾ ਸੇਜਾ ਸੁੱਤੇ ਪੈਰ ਪਸਾਰ, ਜਗਤ ਬੁਝਾਈ ਤ੍ਰਿਸ਼ਨਾ ਆਗੀਆ ।

### ✵ ੧੬ ਮੱਘਰ ੨੦੧੩ ਬਿਕ੍ਰਮੀ ਦਰਸ਼ਨ ਸਿੰਘ ਦੇ ਗ੍ਰਿਹ ਦਿੱਲੀ ਦਰਬਾਰ ✵

ਹਰਿ ਹਰਿ ਨਾ ਠੰਢਾ ਨਾ ਤਤੜਾ, ਦੁੱਖ ਰੋਗ ਨਾ ਸੋਗ । ਹੱਡ ਮਾਸ ਨਾੜੀ ਨਾ ਕੋਈ ਦੀਸੇ ਰੱਤੜਾ, ਨਾ ਕੋਈ ਕਰਮ ਵਿਯੋਗ । ਮਨ ਬੁਧ ਨਾ ਦੇਵੇ ਮਤੜਾ, ਕਾਇਆ ਰਸ ਨਾ ਦੀਸੇ ਭੋਗ । ਨਾ ਕੋਈ ਧੀਰਜ ਯਤ ਸੰਤੋਖੀ ਯਤੜਾ, ਨਾ ਸੰਜੋਗ ਵਿਜੋਗ । ਏਕਾ ਹਰਿ ਹਰਿ ਸ਼ਾਹੋ ਸਾਚੇ ਰੰਗ ਰੱਤੜਾ, ਵੇਖ ਦਰ ਘਰ ਹਰਿ ਦਰਸ ਅਮੋਘ । ਬੀਜੇ ਬੀਜ ਕਾਇਆ ਸਾਚੇ ਵੱਤਰਾ, ਦੋ ਜਹਾਨੀ ਚੁਗੇ ਸਾਚੀ ਚੋਗ । ਜਗਤ ਸਹਿੰਸਾ ਰੋਗ ਮਾਤ ਲੱਥੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਆਪ ਸਵਾਰੇ ਲੋਕ ਪਰਲੋਕ । ਘਰ ਪਾਇਆ ਜਨ ਆਪਣਾ, ਮਿਲਿਆ ਹਰਿ ਹਰਿ ਰਾਏ । ਤ੍ਰੈਗੁਣ ਮਾਇਆ ਵਿਚ ਨਾ ਤਪਣਾ, ਪੰਜ ਤਤ ਨਾ ਕੋਈ ਦਿਸਾਏ । ਏਕਾ ਜਾਪ ਜਪਾਏ ਜਪਨਾ, ਲਿਖਨ ਪੜ੍ਹਨ ਵਿਚ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਵਖਾਏ ਸਾਚਾ ਘਰ, ਰੰਗਣ ਏਕਾ ਰੰਗ ਰੰਗਾਏ । ਮਨ ਅੰਸ ਜਗਦੀਸ ਹੈ, ਮਾਨਸਿਕ ਆਪ ਉਪਾਏ । ਆਪ ਝੁਲਾਏ ਛਤਰ ਸੀਸ ਹੈ, ਆਪ ਖ਼ਾਕੀ ਖ਼ਾਕ ਮਿਲਾਏ । ਆਪ ਗਾਏ ਗਵਾਏ ਰਾਗ ਛਤੀਸ ਹੈ, ਵੇਦ ਪੁਰਾਨ ਆਪ ਪੜ੍ਹਾਏ । ਆਪ ਜਣਾਏ ਦੰਦ ਬਤੀਸ ਹੈ, ਰਸਨਾ ਜਿਹਵਾ ਨਾਲ ਰਲਾਏ । ਆਪ ਰਖਾਏ ਇਕ ਹਦੀਸ ਹੈ, ਗੁਰ ਸ਼ਬਦ ਡੰਡਾ ਮਗਰ ਲਗਾਏ । ਗੁਰ ਪੂਰੇ ਕੋਈ ਨਾ ਕਰੇ ਰੀਸ ਹੈ, ਮਨ ਮਨੂਆ ਸ਼ਬਦ ਡੋਰੀ ਬੰਧ ਬੰਧਾਏ । ਦੋਏ ਜੋੜ ਚਰਨ ਝੁਕਾਏ ਆਪਣਾ ਸੀਸ ਹੈ, ਪਿਛਲੀ ਭੁੱਲ ਬਖ਼ਸ਼ਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜਗਦੀਸ ਮਨ ਮਾਇਆ ਮਮਤਾ ਪੀਸਣ ਪੀਸ, ਆਪਣੀ ਬਣਤ ਬਣਾਏ । ਹਰਿ ਜਗਦੀਸ ਮਨ ਬਾਂਧਿਆ, ਬੰਧਨਹਾਰ ਗੋਪਾਲ । ਦਿਸ ਨਾ ਆਏ ਆਤਮ ਆਂਧਿਆ, ਗੁਰ ਸ਼ਬਦ ਹੋਏ ਕੰਗਾਲ । ਫੰਦਨਹਾਰਾ ਵਡ ਵਡ ਫਾਂਦਿਆ, ਆਪੇ ਪਕੜੇ ਕਾਇਆ ਡੂੰਘੇ ਤਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਹੋਏ ਵਿਚ ਦਲਾਲ । ਜਗਦੀਸ ਹਰਿ ਰੰਗ ਹੈ, ਹਰ ਘਟ ਆਪ ਸਮਾਏ । ਮਨ ਮਨੂਆ ਇਕ ਪਤੰਗ ਹੈ, ਆਕਾਸ਼ ਅਕਾਸ਼ਾਂ ਵਿਚ ਉਡਾਏ ।

੧੫੨
੦੬

ਆਪੇ ਭੰਨਣਹਾਰਾ ਕਾਚੀ ਵੰਗ ਹੈ, ਨਾਮ ਖੰਡਾ ਹੱਥ ਉਠਾਏ । ਜਿਸ ਜਨ ਨਿਭਾਏ ਆਪਣਾ ਸੰਗ ਹੈ, ਬ੍ਰਹਮ ਪਾਰਬ੍ਰਹਮ ਮੇਲ ਮਿਲਾਏ । ਨੌ ਦਵਾਰੇ ਬੈਠਾ ਲੰਘ ਹੈ, ਦਸਵੇਂ ਸ਼ਬਦ ਸਿੰਘਾਸਣ ਆਸਣ ਡੇਰਾ ਲਾਏ । ਚਾਰੋਂ ਕੁੰਟ ਧਾਰਾ ਗੰਗ ਹੈ, ਦਿਵਸ ਰੈਣ ਵਹਾਏ । ਪੰਚਮ ਸ਼ਬਦ ਵਜਾਏ ਮਰਦੰਗ ਹੈ, ਨਾਦ ਅਨਾਦੀ ਗੀਤ ਸੁਣਾਏ । ਹਰਿ ਬੈਠਾ ਸ਼ਬਦ ਰੰਗੀਲੇ ਸਚ ਪਲੰਘ ਹੈ, ਦਸਮ ਦਵਾਰੀ ਡੇਰਾ ਲਾਏ । ਐਰ ਗੈਰ ਨਾ ਸਕੇ ਕੋਈ ਲੰਘ ਹੈ, ਬਜਰ ਕਪਾਟੀ ਕੁੰਡਾ ਲਾਏ । ਜੋਤੀ ਨੂਰ ਬਹੁ ਬਹੁ ਰੰਗ ਹੈ, ਸਾਚੀ ਸੇਜਾ ਡਗਮਗਾਏ । ਆਪੇ ਚਲੇ ਚਾਲ ਬੇਹੰਗ ਹੈ, ਜਿਸ ਜਨ ਆਪਣੀ ਦਇਆ ਕਮਾਏ । ਮਨ ਮਾਰੇ ਨਾ ਕੋਈ ਤਰੰਗ ਹੈ, ਸ਼ਬਦ ਸਾਗਰ ਧਾਰ ਵਹਾਏ । ਆਪੇ ਹੋਏ ਅੰਗ ਸੰਗ ਹੈ, ਸੰਗ ਸੁਹੇਲਾ ਮੀਤ ਮੁਰਾਰ ਆਪ ਹੋ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਸ਼ਬਦ ਵਰ, ਮਨ ਪੰਖੇਰੂ ਦਹਿ ਦਿਸ਼ਾ ਨਾ ਧਾਏ । ਮਨ ਉਡਾਰੀ ਦਹਿ ਦਿਸ਼ਾ, ਦਿਵਸ ਰੈਣ ਲਗਾਇੰਦਾ । ਮਨਮੁਖ ਜੀਵਾਂ ਪਾਇਆ ਹਿੱਸਾ, ਆਪਣੀ ਵੰਡ ਵੰਡਾਇੰਦਾ । ਲੋਇਣ ਤੀਜੇ ਹਰਿ ਦਰਸ ਨਾ ਦਿਸਣਾ, ਤਾਮਸ ਤ੍ਰਿਸ਼ਨਾ ਨਾ ਕੋਇ ਮਿਟਾਇੰਦਾ । ਜੂਠੀ ਝੂਠੀ ਮੋਹ ਮਾਇਆ ਚੱਕੀ ਪਿਸਣਾ, ਪੰਚਮ ਝੇੜਾ ਨਾ ਕੋਈ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਮਨ ਮਤ ਬੁਧ ਵਖਾਇਆ ਕਾਇਆ ਘਰ, ਨਗਰ ਖੇੜਾ ਨੌ ਦਵਾਰ ਜਗਤ ਜੁਗਤ ਖੋਲ੍ਹ ਵਖਾਇੰਦਾ ।

ਹਰਿ ਨਾਮ ਤੀਰਥ ਸਚ ਯਾਤਰਾ, ਗੁਰਮੁਖ ਵਿਰਲਾ ਵਿਚ ਸੰਸਾਰ । ਅੱਠ ਸੱਠ ਅੰਧੇਰੀ ਰਾਤਰਾ, ਧੀਆਂ ਭੈਣਾਂ ਹੋਣ ਖੁਆਰ । ਪੜ੍ਹ ਪੜ੍ਹ ਥੱਕੇ ਵੇਦ ਸ਼ਾਸਤਰਾ, ਪਾਰਬ੍ਰਹਮ ਨਾ ਪਾਇਣ ਸਾਰ । ਭਰਮੇ ਭੁੱਲੇ ਜ਼ਾਤੀ ਪਾਤਰਾ, ਜ਼ਾਤ ਪਾਤ ਨਾ ਹਰਿ ਨਿਰੰਕਾਰ । ਲਾ ਲਾ ਥੱਕੇ ਲਗਾਂ ਮਾਤਰਾ, ਹਰਿ ਸ਼ਬਦ ਨਾ ਕੋਈ ਆਕਾਰ । ਖਾਣੀ ਬਾਣੀ ਹੋਇਆ ਨਾਤਰਾ, ਨਾਮ ਨਰਾਇਣ ਲਿਆ ਵਿਸਾਰ । ਤਨ ਪਾਇਆ ਜੂਠਾ ਝੂਠਾ ਗਾਤਰਾ, ਮਾਇਆ ਮਮਤਾ ਲੋਭ ਮੋਹ ਸ਼ਿੰਗਾਰ । ਮਿਲੇ ਮੇਲ ਨਾ ਕਮਲਾਪਾਤਰਾ, ਕਾਇਆ ਮੰਦਰ ਚਾਰ ਕੁੰਟ ਦਹਿ ਦਿਸ਼ਾ ਧੂੰਆਂਧਾਰ । ਕੋਇ ਨਾ ਪੁੱਛੇ ਕਿਸੇ ਵਾਤੜਾ, ਰਵ ਸਸ ਨਾ ਸੁਣੇ ਪੁਕਾਰ । ਧਰਤ ਮਾਤ ਨਾ ਦਏ ਦਿਲਾਸੜਾ, ਰੋਵੇ ਧਾਹਾਂ ਮਾਰ । ਪੰਚਮ ਤਤ ਪੰਚ ਵਿਕਾਰ ਕਰੇ ਨਿਵਾਸੜਾ, ਪੰਚਮ ਸ਼ਬਦ ਨਾ ਸੁਣੇ ਧੁਨਕਾਰ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲਾ ਅੱਠ ਸੱਠ ਤੀਰਥ ਬਹਿ ਬਹਿ ਕਰਨ ਹਾਸੜਾ, ਰਾਮ ਰਾਮਾ ਨਾਉਂ ਵਿਸਾਰ । ਲੋਭ ਹੰਕਾਰੀ ਭਰਿਆ ਕਾਸੜਾ, ਸਾਧ ਸੰਤ ਭਿਕਸ਼ੂ ਫਿਰਨ ਭਿਖਾਰ । ਨਿਜ ਘਰ ਆਤਮ ਨਿਜ ਘਰ ਵਾਸੀ ਨਾ ਕਰੇ ਵਾਸੜਾ, ਸੁਣੇ ਸੁਣਾਏ ਨਾ ਕੋਇ ਪੁਕਾਰ । ਨਾ ਕੋਇ ਜਾਣੇ ਖੇਲ ਮਾਤ ਪਾਤਾਲ ਆਕਾਸੜਾ, ਲੋਆਂ ਪੁਰੀਆਂ ਨਾ ਵੇਖ ਵਿਚਾਰ । ਬ੍ਰਹਮਾ ਬ੍ਰਹਮ ਨਾ ਦਏ ਦਿਲਾਸੜਾ, ਚਾਰ ਵੇਦ ਰਹੇ ਪੁਕਾਰ । ਸ਼ਿਵ ਸ਼ੰਕਰ ਵੇਖੇ ਖੇਲ ਤਮਾਸੜਾ, ਮਨਮਤੀ ਜੀਵ ਹੋਇਣ ਖੁਆਰ । ਇੰਦ ਇੰਦਰਾਸਣ ਛੱਡ ਛੱਡ ਨਾਸੜਾ, ਕਰੋੜ ਤੇਤੀਸਾ ਹਾਹਾਕਾਰ । ਕਲਜੁਗ ਅੰਤਮ ਅੰਤ ਹੋਏ ਵਿਨਾਸੜਾ, ਆਪ ਵਹਾਏ ਵਹਿੰਦੀ ਧਾਰ । ਭਾਰਤ ਖੰਡ ਹਰਿ ਸ਼ਬਦ ਇਕ ਪਰਕਾਸ਼ੜਾ, ਨੌ ਖੰਡ ਪ੍ਰਿਥਮੀ ਦੇਵੇ ਧਾਰ । ਪਰਗਟ ਹੋਏ ਹਰਿ ਸ਼ਾਹੋ ਸ਼ਾਬਾਸੜਾ, ਜੋਤੀ ਨੂਰ ਕਰੇ ਉਜਿਆਰ । ਰਸਨਾ ਕੋਇ ਨਾ ਲਾਏ ਮਦਿਰਾ ਮਾਸੜਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ । ਜਗਤ ਅੰਧੇਰਾ ਜਾਏ ਵਿਨਾਸੜਾ, ਦੀਪਕ ਜੋਤ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਵੇਖ ਵਖਾਏ ਕਾਇਆ ਘਰ, ਕਵਣ ਤੀਰਥ ਕਵਣ ਕਰੇ ਕਰਾਏ ਸਾਚੀ ਯਾਤਰਾ ।


੧੫੩
੦੬

ਹਰਿ ਚਰਨ ਕਵਲ ਪਿਆਰ, ਭਗਤੀ ਭਗਤ ਉਪਾਇਆ । ਭਗਤੀ ਰੂਪ ਅਪਾਰ, ਹਰਿਜਨ ਇਛਿਆ ਵਿਚ ਰਖਾਇਆ । ਹਰਿਜਨ ਇੱਛਿਆ ਏਕਾ ਧਾਰ, ਹਰਿ ਦਰਸ਼ਨ ਨੈਣਾ ਪਾਇਆ । ਹਰਿ ਦਰਸ਼ਨ ਅਗੰਮ ਅਪਾਰ, ਤਾਮਸ ਤ੍ਰਿਸ਼ਨਾ ਦਏ ਮਿਟਾਇਆ । ਸਾਚਾ ਮੇਲਾ ਇਕ ਦਵਾਰ, ਏਕੰਕਾਰਾ ਮੇਲ ਮਿਲਾਇਆ । ਵਿਛੜ ਨਾ ਜਾਏ ਦੂਜੀ ਵਾਰ, ਸਾਚੀ ਜੁਗਤੀ ਜੁਗਤ ਬਣਾਇਆ । ਭਗਤ ਭਗਵੰਤੀ ਸਾਚੀ ਧਾਰ, ਸਾਚਾ ਕੰਤ ਰਹੀ ਹੰਢਾਇਆ । ਦਿਵਸ ਰੈਣ ਕਰੇ ਪਿਆਰ, ਆਤਮ ਸੇਜਾ ਇਕ ਵਿਛਾਇਆ । ਮੰਗੇ ਮੰਗ ਦੋਵੇਂ ਭੁਜਾ ਪਸਾਰ, ਚਤਰਭੁਜ ਮੇਲ ਮਿਲਾਇਆ । ਆਪੇ ਦੇਵੇ ਇਕ ਹੁਲਾਰ, ਗੋਝ ਆਪਣਾ ਆਪ ਖੁਲ੍ਹਾਇਆ । ਭਗਵੰਤ ਭਗਤੀ ਭਗਤ ਏਕਾ ਰੰਗ ਅਪਾਰ, ਆਪਣਾ ਦਏ ਚੜ੍ਹਾਇਆ । ਸਾਚੀ ਭਗਤੀ ਵਿਚ ਸੰਸਾਰ, ਹਰਿ ਸਰਨ ਸਰਨਾਈ ਚਰਨ ਕਵਲ ਕਵਲ ਚਰਨ ਚਿਤ ਲਾਇਆ । ਭਗਤੀ ਹਰਿ ਕਾ ਰੂਪ ਹੈ, ਹਰਿਜਨ ਵਿਚ ਸਮਾਏ । ਦਿਸ ਨਾ ਆਏ ਅੰਧਕੂਪ ਹੈ, ਸ੍ਰਿਸ਼ਟ ਸਬਾਈ ਰਹੀ ਬਿਲਲਾਏ । ਨਾ ਕੋਈ ਧੁਖਾਏ ਸਾਚਾ ਧੂਪ ਹੈ, ਹਰਿ ਮੰਦਰ ਅੰਦਰ ਧੂੰਆਂਧਾਰ ਨਾ ਕੋਈ ਦਿਸਾਏ । ਆਪੇ ਫਿਰਦੀ ਚਾਰੇ ਕੂਟ ਹੈ, ਗੁਰਮੁਖ ਸੋਏ ਰਹੀ ਜਗਾਏ । ਸ਼ਬਦ ਪੰਘੂੜਾ ਰਹੀ ਝੂਟ ਹੈ, ਗੋਬਿੰਦ ਸਾਚਾ ਰਿਹਾ ਹਿਲਾਏ । ਸਾਚੀ ਮਸਤਕ ਜੋਤ ਨਿਰੰਜਣ ਪੋਹ ਰਹੀ ਫੂਟ ਹੈ, ਅਗਿਆਨ ਅੰਧੇਰ ਮਿਟਾਏ । ਜੂਠ ਝੂਠ ਫਲ ਰਿਹਾ ਟੂਟ ਹੈ, ਜਿਸ ਜਨ ਆਪਣਾ ਰਾਹ ਵਖਾਏ । ਪੰਜ ਚੋਰ ਨਾ ਸਕਣ ਲੂਟ ਹੈ, ਦਰ ਦਵਾਰ ਦਏ ਦੁਰਕਾਏ । ਤੀਰ ਨਿਰਾਲਾ ਜਾਏ ਛੂਟ ਹੈ, ਜਨ ਹਿਰਦੇ ਪਾਰ ਕਰਾਏ । ਅੰਤਮ ਅੰਤ ਮਨਾਏ ਜੋ ਜਨ ਗਏ ਰੂਠ ਹੈ, ਜੁਗ ਜੁਗ ਵਿਛੜੇ ਮੇਲ ਮਿਲਾਏ । ਪੁਰਖ ਅਬਿਨਾਸ਼ੀ ਜਿਸ ਜਨ ਉਪਰ ਜਾਏ ਤੂਠ ਹੈ, ਭਗਤੀ ਭਗਤਨ ਸੇਵਾ ਲਾਏ । ਭਗਤ ਸੁਹੇਲੇ ਏਕਾ ਮੂਠ ਹੈ, ਏਕਾ ਦੂਜਾ ਸੰਗ ਨਿਭਾਏ । ਮਨਮੁਖਾਂ ਖਾਲੀ ਠੂਠ ਹੈ, ਸਚ ਵਸਤ ਦਿਸ ਨਾ ਆਏ । ਲੋਭ ਮੋਹ ਵਿਕਾਰਾ ਨਾਤਾ ਜਗਤ ਝੂਠ ਹੈ, ਨਿੰਦਕ ਨਿੰਦਿਆ ਵਿਚ ਰਖਾਏ । ਕਲਜੁਗ ਕਾਇਆ ਰਹੀ ਕੂਠ ਹੈ, ਸਾਚਾ ਰਾਹ ਨਾ ਕੋਈ ਦਿਸਾਏ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਆਪਣੀ ਜੋਤ ਧਰ, ਭਗਤਨ ਵੇਖੇ ਸਾਚਾ ਘਰ, ਸਾਚੀ ਭਗਤੀ ਸੇਵਾ ਲਾਏ । ਹਰਿ ਭਗਤ ਜਗਤ ਮਲਾਹ ਹੈ, ਜੁਗ ਜੁਗ ਆਪ ਬਣਾਇੰਦਾ । ਜਨ ਭਗਤਾਂ ਫੜ ਫੜ ਵਖਾਏ ਬਾਂਹ ਹੈ, ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਇਕ ਜਣਾਏ ਜਪਾਏ ਸੱਚਾ ਨਾਂ ਹੈ, ਸਤਿ ਸੰਤੋਖ ਵਿਚ ਰਖਾਇੰਦਾ । ਫੜ ਫੜ ਹੰਸ ਬਣਾਏ ਕਾਂ ਹੈ, ਦੁਰਮਤ ਮੈਲ ਧਵਾਇੰਦਾ । ਦਰ ਘਰ ਦਵਾਏ ਠੰਢੀ ਛਾਂ ਹੈ, ਗੁਰਮਤ ਸਾਚੀ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਜਗਤ ਵਰ, ਭਗਤੀ ਭਗਤਨ ਸੰਗ ਰਖਾਇੰਦਾ । ਹਰਿ ਭਗਤੀ ਹਰਿ ਭਗਵੰਤਿਆ, ਭਗਤਨ ਰੂਪ ਅਪਾਰ । ਆਪ ਉਪਾਏ ਆਦਿਨ ਅੰਤਿਆ, ਜੀਵ ਜੰਤ ਨਾ ਪਾਏ ਸਾਰ । ਹਰਿਜਨ ਸਾਚੇ ਸੰਗ ਰਲਾਏ, ਧਾਮ ਅਵੱਲੇ ਆਪ ਬਹਾਏ, ਆਪ ਆਪਣੀ ਕਿਰਪਾ ਧਾਰ । ਕਾਇਆ ਮਹੱਲੇ ਡੇਰਾ ਲਾਏ, ਔਂਦੀ ਜਾਂਦੀ ਦਿਸ ਨਾ ਆਏ, ਵੇਖਣਹਾਰ ਸਰਬ ਸੰਸਾਰ । ਹਰਿ ਹਰਿ ਗੋਬਿੰਦ ਗੋਬਿੰਦ ਗੀਤ ਗਾਉਂਦੀ ਜਾਏ, ਮੇਲ ਮਿਲਾਏ ਕੰਤ ਭਤਾਰ । ਸਾਚੀ ਸੇਜਾ ਇਕ ਵਿਛਾਉਂਦੀ ਜਾਏ, ਤਨ ਫੂਲਨ ਹਾਰ ਪਰੋਂਦੀ ਜਾਏ, ਆਪ ਆਪਣਾ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਭਗਤੀ ਸੁਹਾਏ ਭਗਤਨ ਦਰ, ਮੇਲ ਮਿਲਾਏ ਵਿਛੜੇ ਯਾਰ ।


੧੫੪
੦੬

ਅਸੀਸ ਜਗਦੀਸ ਹਰਿਜਨ ਪਿਆਰਿਆ, ਮਿਲੇ ਮਾਤ ਵਡਿਆਈ । ਰਸਨਾ ਗਾਇਆ ਨਾਉਂ ਨਿਰੰਕਾਰਿਆ, ਨਾ ਹੋਏ ਅੰਤ ਜੁਦਾਈ । ਤਨ ਮੰਦਰ ਅੰਦਰ ਇਕ ਉਸਾਰਿਆ, ਹਰਿ ਬੈਠਾ ਕੁੰਡੀ ਲਾਈ । ਸ਼ਬਦ ਸਰੂਪੀ ਦੇਵੇ ਪਹਰਿਆ, ਨਾਮ ਖੰਡਾ ਹੱਥ ਉਠਾਈ । ਦਿਸ ਨਾ ਆਏ ਨੌ ਦਵਾਰਿਆ, ਸਾਧ ਸੰਤ ਚੜ੍ਹ ਚੜ੍ਹ ਥੱਕੇ ਬੈਠੇ ਮੁਖ ਭਵਾਈ । ਸਾਚੇ ਮੰਦਰ ਕਿਸੇ ਨਾ ਵਾੜਿਆ, ਮਿਲਿਆ ਮੇਲ ਨਾ ਸਾਚੇ ਮਾਹੀ । ਜੋਤ ਜਗੀ ਨਾ ਬਹੱਤਰ ਨਾੜਿਆ, ਲੋਚਨ ਤੀਜੇ ਨਾ ਹੋਈ ਰੁਸ਼ਨਾਈ । ਜੋ ਜਨ ਆਏ ਦਰ ਮੰਗੇ ਮੰਗ ਅਪਾਰਿਆ, ਦੇਵਣਹਾਰ ਵਡ ਸੰਸਾਰਿਆ, ਸਦਾ ਸੁਹੇਲਾ ਇਕ ਇਕੇਲਾ ਸ਼ਬਦੀ ਜੋਤੀ ਏਕਾ ਮੇਲਾ ਦੇਵੇ ਠੰਢੀਆਂ ਛਾਈ । ਸ਼ਬਦ ਗੁਰ ਜਗਤ ਬਲਵਾਨ, ਆਦਿ ਅੰਤ ਨਾ ਕਦੇ ਵਿਨਾਸਿਆ । ਇਕ ਝੁਲਾਏ ਧਰਮ ਨਿਸ਼ਾਨ, ਸਾਧਾਂ ਸੰਤਾਂ ਦਏ ਭਰਵਾਸਿਆ । ਜੂਠੇ ਝੂਠੇ ਸਰਬ ਮਿਟ ਜਾਣ, ਖਾਣੀ ਬਾਣੀ ਹੋਏ ਹੈਰਾਨ, ਹਾਹਾਕਾਰ ਪ੍ਰਿਥਮੀ ਆਕਾਸ਼ਿਆ । ਹਰਿਜਨ ਸਾਚੇ ਸੁਖ ਸਹਿਜੇ ਸਹਿਜ ਸਮਾਨ, ਗੋਬਿੰਦ ਗੋਬਿੰਦ ਰਸਨਾ ਗਾਨ, ਲੇਖਾ ਚੁੱਕੇ ਆਵਣ ਜਾਣ ਦਸ ਦਸ ਮਾਸਿਆ । ਮਿਲੇ ਨਾਮ ਇਕ ਨਿਧਾਨ, ਲੋਕਮਾਤ ਨਾ ਦਿਸੇ ਕੋਈ ਨਿਸ਼ਾਨ, ਦੋ ਜਹਾਨਾਂ ਸਚ ਬਿਬਾਣ, ਕਾਇਆ ਮੰਡਲ ਮੰਡਪ ਪਾਵੇ ਰਾਸਿਆ । ਜੋਤੀ ਜੋਤ ਸਰੂਪ ਹਰਿ, ਸ਼ਬਦ ਸਰੂਪੀ ਦੇਵੇ ਵਰ, ਕਿਰਤ ਕਮਾਈ ਕਰਨੀ ਕਰ, ਹਰਿ ਹਰਿ ਸਦ ਸਦ ਕਾਇਆ ਘਰ ਰੱਖੇ ਆਪਣਾ ਵਾਸਿਆ । ਕਾਇਆ ਮੰਦਰ ਚਾਰ ਦਿਵਾਰੀ, ਹਰਿ ਸਾਚੀ ਰਚਨ ਰਚਾਈਆ । ਨਿਰਮਲ ਜੋਤੀ ਕਰ ਆਕਾਰੀ, ਆਪ ਆਪਣੀ ਡਗਮਗਾਈਆ । ਸ਼ਬਦ ਸਰੂਪ ਸਚ ਧੁਨਕਾਰੀ, ਧੁਨ ਆਤਮਕ ਰਿਹਾ ਕਰਾਈਆ । ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਰਚਨ ਰਚਾਈਆ । ਅੰਡਜ ਜੇਰਜ ਉਤਭੁਜ ਸੇਤਜ ਖਾਣੀ, ਚਾਰੇ ਵੇਖ ਵਖਾਈਆ । ਜਨ ਭਗਤਾਂ ਦੇਵੇ ਨਾਮ ਸ਼ਬਦ ਗੁਰ ਸਾਚਾ ਹਾਣੀ, ਆਦਿ ਅੰਤ ਨਾ ਹੋਏ ਜੁਦਾਈਆ । ਸੁਰਤ ਸਵਾਣੀ ਬਣੇ ਸਾਚੀ ਰਾਣੀ, ਦਰ ਘਰ ਆਪਣਾ ਮੂਲ ਪਛਾਣੀ, ਮਿਲੇ ਮੇਲ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਜਨ ਹਰਿ ਦੇਵੇ ਸਾਚਾ ਵਰ, ਦਰ ਆਏ ਦਇਆ ਕਮਾਏ ਨਾਮ ਵਸਤ ਆਤਮ ਝੋਲੀ ਭਗਤ ਭਿਛਿਆ ਆਪਣੀ ਪਾਈਆ । ਵਰ ਵਰਨ ਜਗਤ ਗੁਰ ਮੀਤਾ, ਗੁਰ ਮੰਤਰ ਸ਼ਬਦ ਦ੍ਰਿੜਾਇਆ । ਆਪੇ ਜਾਣੇ ਆਪਣੀ ਰੀਤਾ, ਗੀਤਾ ਗਿਆਨ ਰੂਪ ਸਮਾਇਆ । ਹਰਿ ਹਰਿ ਵਸਿਆ ਆਤਮ ਚੀਤਾ, ਧਿਆਨ ਇਕ ਰਘੁਰਾਇਆ । ਆਪੇ ਕਰੇ ਪਤਤ ਪੁਨੀਤਾ, ਸਰ ਸਰੋਵਰ ਇਕ ਇਸ਼ਨਾਨ ਕਰਾਇਆ । ਗੁਰਮਤੀ ਮਨ ਜਾਏ ਜੀਤਾ, ਮਨਮਤੀ ਦਏ ਤਜਾਇਆ । ਵਾ ਨਾ ਲਗੇ ਮਾਤ ਤਤੀ, ਸਾਂਤਕ ਸੀਤਲ ਸੀਤਾ ਦਏ ਕਰਾਇਆ । ਜੋਤ ਜਗਾਏ ਲਿਲਾਟ ਲਿਲਾਟੀ, ਦੀਪਕ ਦੀਪ ਪਰਕਾਸ਼ ਕਰਾਇਆ । ਨਾਮ ਰਖਾਏ ਸਾਚੀ ਹਾਟੀ, ਚੌਦਾਂ ਹੱਟਾਂ ਖੋਲ੍ਹ ਵਖਾਇਆ । ਹਰਿਜਨ ਲਾਹਾ ਏਕਾ ਖਾਟੀ, ਨਾਉਂ ਰਸਨਾ ਗੋਬਿੰਦ ਗਾਇਆ । ਭਾਗ ਲੱਗੇ ਕਾਇਆ ਮਾਟੀ, ਸਾਚਾ ਲੇਖਾ ਲੇਖ ਲਿਖਾਇਆ । ਧਰਮ ਰਾਏ ਨਾ ਦੇਵੇ ਚੱਟੀ, ਜਮ ਜੰਧਾਰ ਨੇੜ ਨਾ ਆਇਆ । ਲੱਖ ਚੁਰਾਸੀ ਨਾ ਤਪਿਆ ਭੱਠੀ, ਹਰਿ ਜੋਤੀ ਮੇਲ ਮਿਲਾਇਆ । ਤ੍ਰੈਗੁਣ ਵਸਤ ਪੰਜ ਤਤ ਹੋਈ ਇਕੱਠੀ, ਆਪ ਉਪਾਏ ਆਪੇ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹੰ ਨਾਉਂ ਭਗਤੀ ਵਰ, ਜੁਗਤੀ ਆਪਣੇ ਹੱਥ ਰਖਾਇਆ । ਸੋਹੰ ਡੰਡਾ ਵਿਚ ਬ੍ਰਹਿਮੰਡਾਂ, ਹਰਿ ਆਪਣਾ ਇਕ ਲਗਾਇੰਦਾ । ਗੁਰਮੁਖ ਪਾਇਣ ਸਾਚੀ ਵੰਡਾ, ਪਾਰ ਕੰਢਾ ਆਪ ਕਰਾਇੰਦਾ । ਖੇਲ ਚੁਕਾਏ ਜੇਰਜ ਅੰਡਾਂ, ਆਪ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਏਕਾ ਦੇਵੇ ਖੰਡਾ, ਹੰ ਹੰਗਤਾ ਰੋਗ ਮਿਟਾਇੰਦਾ ।

੧੫੫
੦੬

੧੫੬
੦੬

ਦੋ ਜਹਾਨ ਨਾ ਹੋਵੇ ਰੰਡਾ, ਸਾਚਾ ਸੰਗ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਮਨਮਤ ਘਮੰਡਾ ਦਰ ਦਵਾਰੇ ਰਹਿਣ ਨਾ ਪਾਇੰਦਾ । ਹਰਿ ਸ਼ਕਤੀ ਭਗਤ ਅਧੀਨ ਹੈ, ਦਾਸੀ ਦਾਸ ਅਖਵਾਏ । ਹਰਿ ਹਰਿ ਹਰਿ ਭਗਤ ਜਿਉਂ ਜਲ ਮੀਨ ਹੈ, ਜਲ ਮੀਨ ਆਪ ਅਖਵਾਏ । ਵੇਖ ਵਖਾਣੇ ਲੋਕਾਂ ਤੀਨ ਹੈ, ਦਿਵਸ ਰੈਣ ਕਵਣ ਰਿਹਾ ਬੁਝਾਏ । ਹਰਿ ਭਗਤ ਅਛਲ ਅਛੱਲਾ ਸ਼ਕਤੀ ਲਏ ਛੀਨ ਹੈ, ਦੋਏ ਜੋੜ ਸੀਸ ਝੁਕਾਏ । ਹਰਿ ਸ਼ਕਤੀ ਰੰਗ ਨਵੀਨ ਹੈ, ਆਪ ਆਪਣਾ ਭੇਖ ਵਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਇਛਿਆ ਪੂਰ ਕਰ, ਕਲਾ ਧਾਰ ਆਪ ਹੋ ਜਾਏ । ਕਲ ਧਾਰ ਕਲਵੰਤਿਆ, ਅਕਲ ਕਲਾ ਭਰਪੂਰ । ਹਰਿਜਨ ਸੁਣੇ ਬੇਨੰਤਿਆ, ਆਪੇ ਨੇੜੇ ਆਪੇ ਦੂਰ । ਆਪ ਆਪਣਾ ਰੂਪ ਵਟੰਤਿਆ, ਪਰਗਟ ਹੋਏ ਹਾਜ਼ਰ ਹਜ਼ੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤ ਦਵਾਰੇ ਸਦਾ ਸਦਾ ਚੋਬਦਾਰੇ, ਭੇਖਾਧਾਰੀ ਭੇਖ ਵਟੰਤਿਆ । ਆਦਿ ਸ਼ਕਤ ਅਨਰੰਗ ਹੈ, ਸ਼ਕਤ ਜੋਗ ਬਹੁ ਰੂਪ । ਜੁਗਾ ਜੁਗੰਤ ਨਿਭਾਏ ਸੰਗ ਹੈ, ਸਰਬ ਜੀਆਂ ਸ਼ਾਹੋ ਭੂਪ । ਸਭ ਘਟ ਅੰਦਰ ਬੈਠਾ ਲੰਘ ਹੈ, ਰੱਖੇ ਵਸੇਰਾ ਅੰਧ ਕੂਪ । ਹਰਿਜਨ ਮੰਗੇ ਸਾਚੀ ਮੰਗ ਹੈ, ਹਰਿ ਜੋਤੀ ਸ਼ਬਦੀ ਕਾਇਆ ਚੋਲੀ ਜਾਏ ਭੂਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਉਪਾਏ ਆਪ ਮਨਾਏ, ਆਪੇ ਵਿਛੜ ਆਪੇ ਜਾਏ ਰੂਠ । ਰੂਪ ਰੰਗ ਹਰਿ ਖੇਲ ਹੈ, ਖੇਲਣਹਾਰ ਲਿਖਾਰੀ । ਆਪ ਕਰਾਏ ਆਪਣਾ ਮੇਲ ਹੈ, ਦੇਵੇ ਦਰਸ ਅਗੰਮ ਅਪਾਰੀ । ਸਦ ਵਸੇ ਰੰਗ ਨਵੇਲ ਹੈ, ਵੇਖਣ ਸੁਣਨ ਤੋਂ ਰਹੇ ਬਾਹਰੀ । ਦਾਸੀ ਦਾਸ ਗੁਰੂ ਗੁਰ ਚੇਲ ਹੈ, ਗੋਬਿੰਦ ਹਰਿ ਗਿਰਧਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰ ਕਰਾਏ ਆਸ ਪਰਗਟ ਹੋਏ ਸ਼ਾਹੋ ਸ਼ਾਬਾਸ਼, ਭੇਵ ਅਭੇਦਾ ਅਛਲ ਅਛੇਦਾ ਨਾ ਕੋਈ ਲਿਖੇ ਲੇਖ ਲਿਖਾਰੀ ।

ਕਲਜੁਗ ਹਾਹਾਕਾਰ, ਦਰ ਦਵਾਰ ਦੁਹਾਈਆ । ਦਰ ਘਰ ਰੋਵੇ ਧਾਹਾਂ ਮਾਰ, ਨਾ ਦਿਸੇ ਕੋਈ ਸਹਾਈਆ । ਅੰਤਮ ਆਈ ਹਾਰ, ਹੋਣੀ ਮਾਤ ਜੁਦਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦਿਵਸ ਰੈਣ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਕਲਜੁਗ ਉਠ ਬਲਧਾਰ, ਪ੍ਰਭ ਸਾਚੇ ਰਸਨ ਉਚਾਰਿਆ । ਗੁਰਮੁਖਾਂ ਦਰ ਵੇਖ ਦਵਾਰ, ਦੋਵੇਂ ਜੋੜ ਕਰ ਨਿਮਸਕਾਰਿਆ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਬਖ਼ਸ਼ਣਹਾਰਾ ਸਦ ਅਖਵਾ ਰਿਹਾ । ਗੁਣ ਅਵਗੁਣ ਨਾ ਕਰੇ ਵਿਚਾਰ, ਗੁਣ ਨਿਧਾਨ ਦਇਆ ਕਮਾ ਰਿਹਾ । ਸੁਣ ਪੁਕਾਰ ਕਰੇ ਅਧਾਰ, ਪੁਣ ਛਾਣ ਜਗਤ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਸਾਚੇ ਮਾਰਗ ਆਪੇ ਲਾ ਰਿਹਾ । ਜਗਤ ਕਿਰਿਆ ਕਰਮ ਵਿਚਾਰ, ਕਿਰਤੀ ਕਿਰਤ ਕਮਾਈਆ । ਧਰਮੀ ਧਰਮ ਗਿਆ ਸੰਸਾਰ, ਧੀਰਜ ਯਤ ਨਾ ਕੋਈ ਵਖਾਈਆ । ਵਰਨੀ ਵਰਨ ਹਾਹਾਕਾਰ, ਜ਼ਾਤ ਪਾਤ ਰਹੀ ਕੁਰਲਾਈਆ । ਗੋਬਿੰਦ ਧਾਰਾ ਗੁਪਤ ਜ਼ਾਹਿਰ, ਦਿਸ ਕਿਸੇ ਨਾ ਆਈਆ । ਅਲ੍ਹਾ ਹੂ ਰਿਹਾ ਲਲਕਾਰ, ਐਲੀ ਅੱਲਾ ਨਾਮ ਸਿਖਾਈਆ । ਮੁਹੰਮਦ ਮੁਹੰਮਦੀ ਰਿਹਾ ਉਧਾਰ, ਕਲਮਾ ਏਕਾ ਨਬੀ ਪੜ੍ਹਾਈਆ । ਸਤਿਜੁਗ ਸਾਚਾ ਨੇਤਰ ਰਿਹਾ ਉਘਾੜ, ਲਏ ਮਾਤ ਅੰਗੜਾਈਆ । ਪ੍ਰਭ ਅਬਿਨਾਸ਼ੀ ਪੈਜ ਸਵਾਰ, ਜਨਮੇ ਜਨਮ ਰਿਹਾ ਭਵਾਈਆ । ਆਪ ਸੁਹਾਏ ਬੰਕ ਦਵਾਰ, ਕਰਮੀ ਕਰਮਾਂ ਲੇਖ ਲਿਖਾਈਆ । ਏਕਾ ਨਾਉਂ ਕਰੇ

ਪਿਆਰ, ਰੰਗਣ ਕਾਇਆ ਰਿਹਾ ਚੜ੍ਹਾਈਆ । ਸੋਹੰ ਗਾਣਾ ਵਿਚ ਸੰਸਾਰ, ਦੂਸਰ ਦਰ ਨਾ ਮੰਗਣ ਜਾਈਆ । ਚਾਰ ਵਰਨ ਬਹਾਉਣਾ ਇਕ ਦਵਾਰ, ਦਰ ਦਵਾਰਾ ਖੋਲ੍ਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਰਿਹਾ ਵਰਤਾਈਆ । ਸਤਿਜੁਗ ਸਾਚਾ ਸ਼ਬਦ ਮਲਾਹ, ਲੋਕਮਾਤ ਉਪਨਿਆ । ਪੁਰਖ ਅਬਿਨਾਸ਼ੀ ਦੱਸੇ ਰਾਹ, ਜਨ ਭਗਤਾਂ ਬੇੜਾ ਬੰਨ੍ਹਿਆ । ਪਕੜ ਉਠਾਏ ਥਾਉਂ ਥਾਂ, ਦਿਸ ਨਾ ਆਏ ਆਤਮ ਅੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਵਖਾਏ ਇਕ ਦਰ, ਜਗਤ ਦਵਾਰੇ ਦੇਵੇ ਡੰਨਿਆ । ਸਤਿਜੁਗ ਸਾਚੇ ਮਿਲੇ ਵਡਿਆਈ, ਦੇਵਣਹਾਰ ਦਾਤਾਰਾ । ਸੋਹੰ ਸ਼ਬਦ ਹੋਈ ਕੁੜਮਾਈ, ਚਾਰ ਕੁੰਟ ਜੈ ਜੈ ਜੈਕਾਰਾ । ਮਾਤ ਪਾਤਾਲ ਆਕਾਸ਼ ਹੋਏ ਰੁਸ਼ਨਾਈ, ਮੇਟ ਮਿਟਾਏ ਧੁੰਦੂਕਾਰਾ । ਗੁਰਸਿਖ ਗੋਬਿੰਦ ਮਿਲਾਏ ਫੜ ਫੜ ਬਾਂਹੀ, ਦੇਵੇ ਜਗਤ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਸਾਚੀ ਧਾਰ, ਹਰਿ ਨਰ ਚਲਾਏ ਵਿਚ ਸੰਸਾਰ, ਕਰੇ ਕਰਾਏ ਆਪਣੀ ਕਾਰਾ ।

ਕਥਾ ਕਹਾਣੀ ਜਗਤ ਹੈ, ਗੋਬਿੰਦ ਭੇਵ ਅਭੇਵ । ਨਾ ਕੋਈ ਵਖਾਣੇ ਵੇਲਾ ਵਕਤ ਹੈ, ਨਾ ਕੋਈ ਜਾਣੇ ਵੇਦ ਕਿਤੇਬ । ਆਪ ਆਪਣੀ ਯਥਾ ਸ਼ਕਤ ਹੈ, ਨਾ ਗਾਏ ਰਸਨਾ ਜਿਹਵ । ਜੋਤੀ ਜੋਤ ਸਰੂਪ ਹਰਿ, ਆਪੇ ਵਸਿਆ ਸਚ ਘਰ, ਜਗਤ ਜਗਤ ਜਗਤ ਦਿਸੇ ਫਰੇਬ । ਭਾਣਾ ਹਰਿ ਬਲਵਾਨ ਹੈ, ਗੋਬਿੰਦ ਰਿਹਾ ਸੁਣਾਏ । ਗੋਬਿੰਦ ਚਰਨ ਧਿਆਨ ਹੈ, ਪ੍ਰਭ ਚਰਨ ਕਵਲ ਰਿਹਾ ਚਿਤ ਲਾਏ । ਰਸਨਾ ਸ਼ਬਦ ਨਾ ਲਿਆ ਵਖਾਣ ਹੈ, ਨਾਅਰਾ ਆਹ ਦਾ ਕਵਣ ਲਗਾਏ । ਜੋਤੀ ਜੋਤ ਸਰੂਪ ਹਰਿ, ਆਪ ਵਖਾਇਆ ਇਕ ਦਰ, ਦਰ ਦਵਾਰਾ ਇਕ ਸੁਹਾਏ । ਗੋਬਿੰਦ ਭਾਣਾ ਮੰਨਿਆ, ਹਾਹਾਕਾਰ ਨਾ ਕੋਇ ਵਿਚਾਰ । ਨਾ ਵਰ ਸਰਾਪ ਨਾ ਦੇਵੇ ਡੰਨਿਆ, ਪ੍ਰਭ ਚਰਨ ਰਿਹਾ ਅਧਾਰ । ਜਨਣੀ ਜਨ ਪੂਤ ਸਪੂਤਾ ਜਿਸ ਜਨ ਜਣਿਆ, ਸੋ ਜਨ ਪਾਵੇ ਸਾਰ । ਹਰਿ ਭਾਣਾ ਹਰਿ ਗੋਬਿੰਦ ਗੋਬਿੰਦ ਰੂਪ ਮੰਨਿਆ, ਸਿੰਘ ਫਤਹਿ ਨਾ ਕੋਇ ਉਧਾਰ । ਜਗਤ ਵਿਕਾਰੀ ਜੂਠਾ ਝੂਠਾ ਡੰਨਿਆ, ਪੇਟ ਪੁਜਾਰੀ ਕਰੇ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੋਬਿੰਦ ਇਕ ਅਧਾਰ । ਹਰਿ ਗੋਬਿੰਦਾ, ਗੋਬਿੰਦ ਰੂਪ ਸਮਾਇੰਦਾ । ਆਪ ਮਿਟਾਈ ਸਗਲੀ ਚਿੰਦਾ, ਸਾਚੀ ਬਿੰਦਾ ਆਪ ਉਪਜਾਇੰਦਾ । ਸੂਰਾ ਨਰੇਸ਼ ਵਡ ਮਰਗਿੰਦਾ, ਸਾਗਰ ਸਿੰਧਾ ਆਪ ਅਖਵਾਇੰਦਾ । ਹਰਖ ਸੋਗ ਚਿੰਤ ਨਾ ਕੋਈ ਚਿੰਦਾ, ਨਾਅਰਾ ਹਾ ਨਾ ਰਸਨਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰ ਗੋਬਿੰਦਾ ਦਿਤਾ ਵਰ, ਨਾ ਜਨਮੇ ਨਾ ਜਾਏ ਮਰ, ਪੂਤ ਸਪੂਤਾ ਏਕ ਰੰਗ ਸਮਾਇੰਦਾ । ਨੂਰੀ ਖੰਡਾ ਕਿਸੇ ਨਾ ਵੇਖਿਆ, ਨਾ ਕੋਈ ਜਾਣੇ ਤੇਜ ਧਾਰ । ਜਗਤ ਜਹਾਨ ਆਤਮ ਰੰਡਾ ਸਭ ਨੇ ਵੇਖਿਆ, ਦਰ ਦਰ ਘਰ ਘਰ ਹਾਹਾਕਾਰ । ਪਾਰ ਕੰਢਾ ਕਿਸੇ ਨਾ ਵੇਖਿਆ, ਗੁਰ ਚਰਨ ਚਰਨ ਜਾਏ ਬਲਿਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਵਸਾਇਆ ਇਕ ਘਰ, ਭਰਮੇ ਭੁੱਲਾ ਭਰਮ ਸੰਸਾਰ । ਸ਼ਬਦ ਘੋੜਾ ਹਰਿ ਨਿਰੰਕਾਰ ਹੈ, ਨੀਲਾ ਨਾਉਂ ਰਖਾਇਆ । ਜੋਤੀ ਜੋੜਾ ਸੱਚੀ ਸਰਕਾਰ ਹੈ, ਪੀਲੀ ਧਾਰ ਬੰਧਾਇਆ । ਹੋਇਆ ਆਪ ਆਪੇ ਅਸਵਾਰ ਹੈ, ਕਲਗੀ ਤੋੜਾ ਸੀਸ ਸਜਾਇਆ । ਦਰ ਘਰ ਸਾਚੇ ਹੋਇਆ ਬਾਹਰ ਹੈ, ਲੋਆਂ ਪੁਰੀਆਂ ਵਿਚ ਸਮਾਇਆ । ਭਰਮੇ ਭੁੱਲਾ ਭਰਮ ਸੰਸਾਰ

੧੫੭
੦੬

੧੫੮ ੦੬

ਹੈ, ਦਸ ਦਸਮੇਸ ਦਿਸ ਨਾ ਆਇਆ । ਭੇਖਾਧਾਰੀ ਭੇਖ ਅਪਾਰ ਹੈ, ਜੋਤੀ ਜਾਮਾ ਭੇਖ ਵਟਾਇਆ । ਗੁਰ ਗੋਬਿੰਦਾ ਕਾਇਆ ਅਕਾਰ ਹੈ, ਕਾਇਆ ਚੋਲੀ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਅਵਸਥਾ ਰਿਹਾ ਲਿਖਾਇਆ । ਬਾਲ ਅਵਸਥਾ ਬਾਲੀ ਬੁੱਧ, ਬਾਲਕ ਬਾਲ ਨਿਧਾਨਿਆ । ਸ਼ਬਦ ਘੋੜੇ ਬੈਠਾ ਕੁੱਦ, ਖੇਲੇ ਖੇਲ ਦੋ ਜਹਾਨਿਆ । ਨਾਮ ਸਰੂਪੀ ਸਾਚਾ ਯੁੱਧ, ਰਸਨਾ ਚਿਲਾ ਤੀਰ ਕਮਾਨਿਆ । ਭੇਵ ਨਾ ਪਾਏ ਮਨ ਮਤ ਬੁੱਧ, ਖੇਲੇ ਖੇਲ ਗੁਣ ਨਿਧਾਨਿਆ । ਆਉਣ ਨਾ ਦੇਵੇ ਕਿਸੇ ਸੁੱਧ, ਗ੍ਰੰਥੀ ਪੰਥੀ ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਵੇਦ ਪੁਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਧਾਰ, ਨਾਨਕ ਗਾਈ ਵਿਚ ਸੰਸਾਰ, ਗੋਬਿੰਦ ਵਧਾਈ ਜੈ ਜੈਕਾਰ, ਜੋਤ ਜਗਾਈ ਹਰਿ ਨਿਰੰਕਾਰ, ਖੇਲੇ ਖੇਲ ਮਾਤ ਮਹਾਨਿਆ । ਸਾਲ ਤੇਰਵਾਂ ਜਗਤ ਜਵਾਨੀ, ਜੋਬਨ ਹਰਿ ਰੰਗ ਰਤਿਆ । ਸੋਹੰ ਮੁਖੀ ਤੀਰ ਕਾਨੀ, ਮਾਰੇ ਸ਼ਬਦ ਪੰਚਮ ਤੱਤਿਆ । ਗੁਰ ਗੋਬਿੰਦੇ ਇਹ ਨਿਸ਼ਾਨੀ, ਜਨ ਭਗਤਾਂ ਚਰਨ ਬੰਧਾਏ ਨਤਿਆ । ਤੀਰ ਕਮਾਨ ਨਾ ਹੱਥ ਉਠਾਵਣੀ, ਕਾਇਆ ਰੰਗਣ ਚੋਲੀ ਰੱਤਿਆ । ਛੈਲ ਛਬੀਲੇ ਚੜ੍ਹਦੀ ਜਾਏ ਮਾਤ ਜਵਾਨੀ, ਸ੍ਰਿਸ਼ਟ ਸਬਾਈ ਲੱਗੇ ਵਾ ਨਾ ਤੱਤਿਆ । ਪੰਚ ਵਿਕਾਰਾ ਪੰਚ ਜੈਕਾਰਾ ਨਾ ਕੋਈ ਦਿਸੇ ਨਿਸ਼ਾਨੀ, ਆਪੇ ਜਾਣੇ ਆਪਣੀ ਮਤਿਆ । ਭੇਵ ਨਾ ਰਾਇਆ ਲੋਕਮਾਤ ਖਾਣੀ ਬਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਆਪ ਟਿਕਾਈ ਆਪਣੀ ਸਤਿਆ । ਨੀਲਾ ਘੋੜਾ ਨਜ਼ਰ ਆਏ, ਨੀਲੀ ਧਾਰ ਵਹਾਉਂਦਾ ਏ । ਜੋਤੀ ਜੋੜਾ ਸ਼ਬਦ ਜਣਾਏ, ਨਾਮ ਖੰਡਾ ਹੱਥ ਉਠਾਉਂਦਾ ਏ । ਚਾਰੋਂ ਕੁੰਟ ਪਏ ਦੁਹਾਈ, ਮਨਮੁਖ ਫਿਰੰਗੀਆਂ ਆਪ ਮਿਟਾਉਂਦਾ ਏ । ਗੁਰਮੁਖ ਸਾਚੇ ਸਚ ਸਰਨਾਈ, ਅੰਗੀਕਾਰ ਅੰਗ ਲਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਗੋਬਿੰਦ ਕਾਇਆ ਚਾੜ੍ਹੇ ਰੰਗ, ਆਪ ਨਿਭਾਏ ਆਪਣਾ ਸੰਗ, ਮਨਮੁਖਾਂ ਦਿਸ ਨਾ ਆਉਂਦਾ ਏ । ਚਿੱਟਾ ਅਸਵ ਚਿੱਟੀ ਧਾਰ, ਹਰਿ ਸਾਚੇ ਰੂਪ ਸਮਾਇਆ । ਸ਼ਬਦ ਸਰੂਪੀ ਹੋ ਤਿਆਰ, ਸੋਲਾਂ ਕਲੀਆਂ ਆਸਣ ਲਾਇਆ । ਸ਼ਬਦ ਖੰਡਾ ਹੱਥ ਦੋ ਧਾਰ, ਬ੍ਰਹਿਮੰਡਾਂ ਵੇਖ ਵਖਾਇਆ । ਕਲਗੀ ਤੋੜਾ ਸੀਸ ਅਪਾਰ, ਆਪ ਆਪਣਾ ਰਿਹਾ ਸਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵਸਿਆ ਕਾਇਆ ਘਰ, ਰੂਪ ਅਨੂਪ ਸਤਿ ਸਰੂਪ ਸ਼ਾਹੋ ਭੂਪ ਅਖਵਾਇਆ । ਨੇਤਰ ਅੰਧ ਭਾਗਾਂ ਮੰਦ, ਆਪਣਾ ਆਪ ਨਾ ਜਾਣਿਆ । ਗੁਰ ਗੋਬਿੰਦ ਨਾ ਵੇਖਿਆ ਚੜ੍ਹਿਆ ਚੰਦ, ਨਾ ਜਾਣੇ ਗੁਣ ਨਿਧਾਨਿਆ । ਰਸਨਾ ਗਾ ਨਾ ਸਕੇ ਦੰਦ, ਮਿਲਿਆ ਮਾਣ ਨਾ ਵਿਚ ਜਹਾਨਿਆ । ਜਗਤ ਵਿਕਾਰ ਰਖਾਇਆ ਰਸਨਾ ਗੰਦ, ਸਾਚਾ ਮੇਲ ਨਾ ਹਾਣੀ ਹਾਣੀਆਂ । ਆਤਮ ਉਪਜਿਆ ਨਾ ਪਰਮਾਨੰਦ, ਨੰਦ ਕਿਸ਼ੋਰ ਨਾ ਕਿਸੇ ਵਿਖਾਣਿਆ । ਜੋਤੀ ਜੋਤ ਸਰੂਪ ਹਰਿ, ਏਕਾ ਵੇਖੇ ਸਚ ਘਰ, ਕਾਇਆ ਮੰਦਰ ਕਵਣ ਟਿਕਾਣਿਆ । ਗੁਰ ਗੋਬਿੰਦਾ ਜੋਤ ਜਗਾਏ ਆਸਣ ਲਾਏ, ਵੇਖੇ ਇਕ ਬਿਬਾਣਿਆ । ਗੁਰ ਗੋਬਿੰਦਾ ਕਵਣ ਰੰਗ, ਕਵਣ ਰੂਪ ਵਟਾਇਆ । ਕਵਣ ਰਖਾਇਆ ਆਪਣੇ ਸੰਗ, ਕਵਣ ਕੂਟ ਸਹਾਇਆ । ਕਵਣ ਵਜਾਏ ਇਕ ਮਰਦੰਗ, ਕਵਣ ਹੱਥ ਉਠਾਇਆ । ਕਵਣ ਦਵਾਰਾ ਬੈਠਾ ਲੰਘ, ਕਵਣ ਧਾਮ ਸੁਹਾਇਆ । ਕਾਇਆ ਮੰਦਰ ਦਿਸੇ ਤ੍ਰਿਸ਼ਨਾ ਭੁੱਖ ਨੰਗ, ਸਚ ਸੁੱਚ ਸੰਤੋਖ ਰੰਗ ਨਾ ਕਿਸੇ ਚੜ੍ਹਾਇਆ । ਮਾਟੀ ਕਾਚੀ ਕਾਚੀ ਵੰਗ, ਧਾਰ ਨਾ ਵੇਖੀ ਅੰਮ੍ਰਿਤ ਗੰਗ, ਗੁਰ ਚਰਨ ਨਹਾਵਣ ਕਿਸੇ ਨਾ ਨੁਹਾਇਆ । ਦੂਰ ਦੁਰਾਡਾ ਨਾ ਕੋਈ ਦਿਸੇ ਪੰਧ, ਗੁਰ ਗੋਬਿੰਦਾ ਜਿਸ ਜਨ ਆਪਣੇ ਘਰ ਵਸਾਇਆ ।

ਜੋਤੀ ਜੋਤ ਸਰੂਪ ਹਰਿ, ਏਕਾ ਪੁੱਛੇ ਸਾਚਾ ਘਰ, ਕਵਣ ਸਿੰਘਾਸਣ ਪੁਰਖ ਅਬਿਨਾਸ਼ਣ, ਨੇਰਨ ਨੇਰਾ ਦੂਰਨ ਦੂਰਾ ਰਿਹਾ ਦਰਸ ਦਿਖਾਇਆ ।

❊ ੧੭ ਮੱਘਰ ੨੦੧੩ ਬਿਕ੍ਰਮੀ ਕੁਰੂਕਸ਼ੇਤਰ ਵਿਚ ਪੰਡਤਾਂ ਨੂੰ ਮਿਲੇ ਅਤੇ ਸ਼ਬਦ ਉਚਾਰਿਆ ❊

ਆਦਿ ਪੁਰਖ ਅਗੰਮ, ਆਪਣਾ ਆਪ ਉਪਾਇਆ । ਆਪੇ ਆਪ ਪਿਆ ਜੰਮ, ਮਾਤ ਪਿਤ ਨਾ ਕਿਸੇ ਗੋਦ ਉਠਾਇਆ । ਪਵਣ ਸਵਾਸ ਨਾ ਕੋਈ ਲਏ ਦਮ, ਹੱਡ ਮਾਸ ਨਾੜੀ ਚੰਮ ਨਾ ਕੋਇ ਰਖਾਇਆ । ਨੇਤਰ ਨੀਰ ਨਾ ਵਗੇ ਛੰਮ ਛੰਮ, ਆਲਸ ਨਿੰਦਰਾ ਵਿਚ ਨਾ ਆਇਆ । ਤ੍ਰਿਸ਼ਨਾ ਭੁੱਖ ਪਿਆਸ ਨਾ ਖਾਏ ਤਮ, ਨਿੱਤ ਨਵਿੱਤ ਆਪਣੀ ਬਣਤ ਬਣਾਇਆ । ਗਗਨ ਪਾਤਾਲ ਨਾ ਦਿਸੇ ਕੋਈ ਥੰਮ੍ਹ, ਮੰਦਰ ਅੰਦਰ ਨਾ ਕੋਈ ਸੁਹਾਇਆ । ਆਪੇ ਜਾਣੇ ਆਪਣਾ ਕੰਮ, ਸੂਰਜ ਚੰਨ ਰਵ ਸਸ ਮੰਡਲ ਮੰਡਪ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਰੰਗ ਸਮਾਇਆ । ਜੋਤੀ ਨੂਰ ਆਕਾਰ ਕਰ, ਹਰਿ ਆਪਣਾ ਆਪ ਵਿਚਾਰਿਆ । ਏਕਾ ਏਕ ਅਧਾਰ ਕਰ, ਸਤਿ ਪੁਰਖਾਂ ਨਾਉਂ ਅਪਾਰਿਆ । ਚਾਰੋਂ ਕੁੰਟ ਦਹਿ ਦਿਸ਼ਾ ਪਸਾਰ ਕਰ, ਕਰੇ ਖੇਲ ਅਪਰ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਣਤ ਆਪ ਬਣਾ ਰਿਹਾ । ਆਪਣੀ ਬਣਤ ਹਰਿ ਆਪ ਬਣਾਈ, ਆਪਣਾ ਆਪ ਉਪਨਿਆ । ਜੀਵ ਜੰਤ ਕੋਈ ਦਿਸ ਨਾ ਆਈ, ਮਾਤ ਪਾਤਾਲ ਆਕਾਸ਼ ਨਾ ਦਿਸੇ ਬੰਨਿਆ । ਬ੍ਰਹਿਮੰਡ ਖੰਡ ਵਰਭੰਡ ਨਾ ਕੋਈ ਵੰਡ ਵੰਡਾਈ, ਨਾ ਕੋਈ ਛੱਪਰ ਛੰਨਿਆ । ਉਤਭੁਜ ਸੇਤਜ ਜੇਰਜ ਅੰਡ ਨਾ ਕੋਈ ਰਚਨ ਰਚਾਈ, ਜਨਣੀ ਪੂਤ ਨਾ ਕੋਈ ਜਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੇੜਾ ਆਪੇ ਬੰਨ੍ਹਿਆ । ਆਪ ਆਪਣਾ ਰੰਗ ਰੰਗਾਏ, ਅਚਰਜ ਖੇਲ ਰਚਾਈਆ । ਜੋਤੀ ਜੋਤ ਨੂਰ ਉਪਾਏ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਤੂਰ ਇਕ ਉਪਾਏ, ਚਾਰੋਂ ਕੁੰਟ ਰਿਹਾ ਦੁੜਾਈਆ । ਬ੍ਰਹਿਮੰਡ ਵੰਡ ਨਿਸ਼ਅੱਖਰ ਵੱਖਰ ਸਰਬ ਸਮਾਏ, ਸਾਚੀ ਰਾਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨਾ ਆਪ ਰਚਾਈਆ । ਆਪ ਆਪਣਾ ਕਰਮ ਕਮਾਇਆ, ਭੇਵ ਦਿਸ ਨਾ ਆਈ । ਜਨਮ ਕਰਮ ਕੋਈ ਭੇਵ ਨਾ ਰਾਇਆ, ਧੀਰਜ ਤਤ ਰਹੇ ਨਾ ਰਾਈ । ਵਰਨ ਬਰਨ ਜ਼ਾਤ ਪਾਤ ਨਾ ਕੋਈ ਗੋਤ ਬਣਾਇਆ, ਨਾ ਕੋਈ ਸਰਨ ਰਹੇ ਸਰਨਾਈ । ਨੇਤਰ ਹਰਨ ਫਰਨ ਨਾ ਕੋਈ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪਣੇ ਹੱਥ ਰਖਾਈ । ਆਪ ਆਪਣਾ ਕਾਜ ਰਚਾਇਆ, ਕਰੀ ਇਕ ਕੁੜਮਾਈਆ । ਏਕਾ ਏਕ ਸੀਸ ਤਾਜ ਰਖਾਇਆ, ਦਿਸ ਕਿਸੇ ਨਾ ਆਈਆ । ਵਡ ਰਾਜਨ ਰਾਜ ਸ਼ਾਹ ਨਵਾਬ ਆਪ ਅਖਵਾਇਆ, ਦੂਸਰ ਕੋਈ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਆਪੇ ਰਿਹਾ ਉਪਾਈਆ । ਸਾਚੀ ਇਛਿਆ, ਹਰਿ ਕਰਤਾਰ ਏਕਾ ਏਕ ਵਿਚਾਰ । ਪਾਰਬ੍ਰਹਮ ਸਾਚੀ ਭਿਛਿਆ, ਖੇਲੇ ਖੇਲ ਖੇਲਣਹਾਰ । ਦੇਵਤ ਦੇਵ ਨਾ ਕਿਸੇ ਦਿਸਿਆ, ਭੇਵ ਨਾ ਪਾਇਣ ਕਰੇ ਵਿਚਾਰ । ਲੇਖਾ ਲੇਖ ਨਾ ਕਿਸੇ ਲਿਖਿਆ, ਵੇਦ ਕਿਤੇਬ ਨਾ ਗੁਪਤ ਜ਼ਾਹਿਰ । ਆਦਿ ਅੰਤ ਨਾ ਹੋਏ ਮਿਥਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੰਨ੍ਹੇ ਆਪਣੀ ਧਾਰ । ਆਈ ਇਛਿਆ ਹਰਿ ਭਗਵਾਨ, ਸਾਚੀ ਰੀਤੀ ਜਗਤ ਚਲਾਇੰਦਾ । ਕਵਲ ਨਾਭੀ ਪਾਈ

ਭਿਛਿਆ, ਬ੍ਰਹਮਾ ਸੁਤ ਉਪਜਾਇੰਦਾ । ਤ੍ਰੈਗੁਣ ਮਾਇਆ ਸਾਚਾ ਤਤ ਲੇਖ ਲਿਖਿਆ, ਲਿਖਣਹਾਰਾ ਦਿਸ ਨਾ ਆਇੰਦਾ । ਆਉਂਦਾ ਜਾਂਦਾ ਕਿਸੇ ਨਾ ਦਿਸਿਆ, ਨਾ ਕੋਈ ਵੇਖ ਵਖਾਇੰਦਾ । ਵੇਦ ਕਿਤੇਬ ਨਿਸ਼ੱਖਰ ਵੱਖਰ ਕਿਸੇ ਨਾ ਲਿਖਿਆ, ਪਾਰਬ੍ਰਹਮ ਬ੍ਰਹਮ ਜਣਾਇੰਦਾ । ਬ੍ਰਹਮ ਵਸਤ ਨਾ ਹੋਵੇ ਮਿਥਿਆ, ਪਾਰਬ੍ਰਹਮ ਮੇਲ ਮਿਲਾਇੰਦਾ । ਬ੍ਰਹਮਾ ਵੇਤਾ ਏਕਾ ਧਾਰ ਦਰ ਪਾਈ ਸਿਖਿਆ, ਚਰਨ ਕਵਲ ਕਵਲ ਚਰਨ ਚਿਤ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮੇ ਦੇਵੇ ਨਾਮ ਵਰ, ਜੋਤੀ ਨੂਰ ਸਾਚੇ ਮੰਦਰ ਧਰ, ਗਿਆਨ ਜੋਤ ਦੀਪਕ ਪਰਕਾਸ਼ ਏਕਾ ਏਕ ਜਲਾਇੰਦਾ । ਬ੍ਰਹਮਾ ਸੁਤ ਉਪਨਿਆ, ਕਿਰਪਾ ਹੋਈ ਅਪਾਰ । ਮਿਲਿਆ ਨਾਮ ਸੱਚਾ ਧਨ ਧਨਿਆ, ਰਸਨਾ ਰਹੇ ਉਚਾਰ । ਪੁਰਖ ਅਬਿਨਾਸ਼ੀ ਸਾਚਾ ਮੰਨਿਆ, ਦੇਵੇ ਵਰ ਅਪਰ ਅਪਾਰ । ਨਾ ਕੋਈ ਸੂਰਜ ਨਾ ਕੋਈ ਚੰਨਿਆ, ਧਰਤ ਧਵਲ ਨਾ ਕੋਈ ਸਹਾਰ । ਜਲ ਬਿੰਬ ਕਵਣ ਬੇੜਾ ਰਿਹਾ ਬੰਨ੍ਹਿਆ, ਦੇਵਣਹਾਰ ਕਵਣ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਬ੍ਰਹਮੇ ਦੇਵੇ ਦਸਤ, ਲੱਖ ਚੁਰਾਸੀ ਲਏ ਕਰੇ ਕਰਾਏ ਪਸਾਰ । ਕਵਣ ਵਸਤ ਹਰਿ ਝੋਲੀ ਪਾਈ, ਬ੍ਰਹਮੇ ਖ਼ੁਸ਼ੀ ਮਨਾਈ । ਕਾਇਆ ਡੋਲੀ ਦਏ ਬਣਾਈ, ਪੰਜ ਤਤ ਦਏ ਜਣਾਈ, ਹੌਲੀ ਹੌਲੀ ਹੋਏ ਜਣਾਈ, ਸ਼ਬਦ ਸ਼ਬਦੀ ਵਿਚ ਰਖਾਈ, ਨਿਰਮਲ ਜੋਤ ਕਰੇ ਰੁਸ਼ਨਾਈ, ਚੇਤਨ ਚੇਤਨ ਰੂਪ ਅਖਵਾਈਆ । ਵੇਖਣ ਵੇਖ ਰਹੇ ਥਾਉਂ ਥਾਈਂ, ਵੇਖਣਹਾਰਾ ਦਿਸ ਨਾ ਆਈਆ । ਪਕੜ ਉਠਾਏ ਫੜ ਫੜ ਬਾਹੀਂ, ਬ੍ਰਹਮਾ ਚਤਰਭੁਜ ਦਇਆ ਕਮਾਈਆ । ਦੇਵਣਹਾਰਾ ਠੰਢੀਆਂ ਛਾਂਈ, ਅੰਮ੍ਰਿਤ ਆਤਮ ਧਾਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਦਿਤਾ ਵਰ, ਬ੍ਰਹਮੇ ਬ੍ਰਹਮ ਭੰਡਾਰਾ ਦਿਤਾ ਭਰ, ਬ੍ਰਹਮ ਭਿਛਿਆ ਪੁਰਖ ਅਬਿਨਾਸ਼ੀ ਕਰ ਕਰ ਇਛਿਆ, ਆਪਣੀ ਵਸਤ ਸਾਚੀ ਦਾਤ ਵਡ ਕਰਾਮਾਤ ਇਕ ਸੁਗ਼ਾਤ ਝੋਲੀ ਪਾਈਆ । ਕਵਣ ਵਰ ਕਵਣ ਵਰਨ, ਦੀਆ ਹਰਿ ਭਗਵੰਤ । ਕਵਣ ਰੂਪ ਕਵਣ ਰੰਗ ਕਵਣ ਧਾਮ ਭੂਮਿਕਾ ਅਸਥਾਨ, ਬ੍ਰਹਮੇ ਮੰਗੀ ਸਾਚੀ ਮੰਗ । ਕਵਣ ਰਾਮ ਕਵਣ ਸ਼ਾਮ, ਕਵਣ ਦੇਵੇ ਸਾਚਾ ਤਾਮ, ਕੱਟਣਹਾਰਾ ਭੁੱਖ ਨੰਗ । ਕਵਣ ਆਤਮ ਦਿਤਾ ਏਕਾ ਜਾਮ, ਸਚ ਦਵਾਰਾ ਗਿਆ ਲੰਘ । ਜੋਤੀ ਜੋਤ ਸਰੂਪ ਹਰਿ, ਬ੍ਰਹਮੇ ਦਿਤਾ ਇਕ ਵਰ, ਕਰਮ ਧਰਮ ਜਰਮ ਨਾ ਕੋਇ ਅੰਗ ।

ਪਾਰਬ੍ਰਹਮ ਪ੍ਰਭ ਏਕ ਹੈ, ਏਕਾ ਰੰਗ ਸਮਾਏ । ਲੱਖ ਚੁਰਾਸੀ ਸਾਚੀ ਟੇਕ ਹੈ, ਆਪਣੀ ਆਪ ਰਖਾਏ । ਪੰਚਮ ਤਤ ਕਾਇਆ ਬੁੱਤ ਰਿਹਾ ਵੇਖ ਹੈ, ਆਪਣਾ ਨੂਰ ਉਪਾਏ । ਆਪੇ ਲਿਖਣਹਾਰਾ ਲੇਖ ਹੈ, ਲਿਖਤ ਲਿਲਾਟੀ ਲੇਖ ਲਿਖਾਏ । ਪਾਰਬ੍ਰਹਮ ਬ੍ਰਹਮ ਆਪੇ ਰਿਹਾ ਵੇਖ ਹੈ, ਵੇਖਣਹਾਰਾ ਦਿਸ ਨਾ ਆਏ । ਜੋਤੀ ਨੂਰ ਪਿਆ ਜੰਮ ਹੈ, ਸ਼ਬਦ ਸਿੰਘਾਸਣ ਡੇਰਾ ਲਾਏ । ਨਾ ਫਿਰਨਾ ਤ੍ਰਿਸ਼ਨਾ ਵਾਸਨਾ, ਆਲਸ ਨਿੰਦਰਾ ਵਿਚ ਨਾ ਆਏ । ਜੋਤੀ ਨੂਰ ਇਕ ਪਰਕਾਸ਼ਨਾ, ਧੁਨ ਸ਼ਬਦੀ ਸੰਗ ਰਲਾਏ । ਦਰ ਘਰ ਏਕਾ ਰੱਖੇ ਵਾਸਨਾ, ਵਾਸ ਨਿਵਾਸਾ ਸਾਚੀ ਥਾਏਂ । ਪੁਰਖ ਪੁਰਖੋਤਮ ਇਕ ਪਰਭਾਸਨਾ, ਭਰਮ ਭੁਲੇਖਾ ਕੋਇ ਨਾ ਪਾਏ । ਹਰਿ ਹਰਿ ਹੋਏ ਦਾਸੀ ਦਾਸਨਾ, ਦਾਸੀ ਦਾਸ ਆਪ ਅਖਵਾਏ । ਵੇਖ ਵਖਾਏ ਪ੍ਰਿਥਮੀ ਆਕਾਸ਼ਨਾ, ਅੰਧ ਅੰਧਿਆਰ ਨਾ ਨਜ਼ਰੀ ਆਏ । ਸਾਚੇ ਮੰਡਲ ਪਾਵੇ ਰਾਸਨਾ, ਸਚ ਸਮਗਰੀ ਇਕ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੧੬੦
੦੬

ਕਰ, ਆਤਮ ਬ੍ਰਹਮ ਕਾਇਆ ਕਾਅਬਾ ਦਏ ਜਰਮ, ਅੰਸਾ ਬੰਸਾ ਆਪ ਅਖਵਾਏ । ਅੰਸ ਬੰਸ ਹਰਿ ਰਘੁਨਾਥ, ਬਣਾਏ ਸ੍ਰਿਸ਼ਟ ਸਬਾਈਆ । ਆਪ ਰਖਾਏ ਆਪਣਾ ਸਾਥ, ਵਿਛੜ ਕਦੇ ਨਾ ਜਾਈਆ । ਸਗਲ ਵਸੂਰੇ ਜਾਇਣ ਲਾਥ, ਦਰਸ ਦਰਸ਼ਨ ਪਾਈਆ । ਕਥਾ ਕਥਨੀ ਚਲੇ ਗਾਥ, ਕੱਥ ਕੱਥ ਰਹੀ ਗਾਈਆ । ਨੱਕ ਮੂੰਹ ਨਾ ਦਿਸੇ ਹਾਥ, ਨਾ ਕੋਈ ਸੀਸ ਸੁਹਾਈਆ । ਸੰਗ ਸੁਹੇਲਾ ਤ੍ਰੈਲੋਕੀ ਨਾਥ, ਤ੍ਰੈਗੁਣ ਪਰੇ ਹਟਾਈਆ । ਇਕ ਵਖਾਏ ਸਾਚਾ ਰਾਥ, ਰਥ ਰਥਵਾਹੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਪਾਰਬ੍ਰਹਮ ਬ੍ਰਹਮ ਇਕ ਦਰ, ਘਰ ਸਾਚਾ ਬੰਕ ਸੁਹਾਈਆ । ਅੰਸਾ ਬੰਸਾ, ਪਾਰਬ੍ਰਹਮ ਬ੍ਰਹਮ ਰੂਪ ਸਮਾਇਆ । ਏਕੰਕਾਰਾ ਹੋਏ ਸਹੰਸਾ, ਗੁਣ ਸਹਿੰਸਾ ਵੇਖ ਵਖਾਇਆ । ਪੰਚਮ ਧਾੜ ਨੇੜ ਨਾ ਆਏ ਕੰਸਾ, ਦੁਸ਼ਟ ਹੰਕਾਰੀ ਮਾਰ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮ ਬ੍ਰਹਮ ਰੂਪ ਸਮਾਇਆ । ਬ੍ਰਹਮ ਜਣਾਈ ਹਰਿ ਦਰ, ਵੱਜੇ ਢੋਲ ਮਰਦੰਗਿਆ । ਇਕ ਵਖਾਏ ਸਚ ਘਰ, ਦੇਵੇ ਦਾਨ ਦਾਤਾ ਮੂੰਹੋਂ ਮੰਗਿਆ । ਆਪਣੀ ਕਿਰਪਾ ਆਪੇ ਕਰ, ਆਪ ਆਪਣੀ ਰੰਗਣ ਰੰਗਿਆ । ਨੌ ਦਵਾਰੇ ਬੰਦ ਕਰ, ਸਾਚੇ ਮੰਦਰ ਆਪ ਬਹਾਏ ਸ਼ਬਦ ਸਰੂਪੀ ਇਕ ਪਲੰਘਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਕਵਲ ਇਕ ਨੁਹਾਵਣ ਸਾਚਾ ਨੁਹਾਏ, ਸੀਤਲ ਧਾਰਾ ਸੀਸ ਵਹਾਏ, ਅੰਮ੍ਰਿਤ ਆਤਮ ਗੰਗਿਆ । ਬ੍ਰਹਮ ਰੂਪ ਅਥਾਹ, ਪ੍ਰਭ ਹੱਥ ਵਡਿਆਈਆ । ਵੇਖ ਵਖਾਏ ਬੇਪਰਵਾਹ, ਭੇਵ ਨਾ ਜਾਣੇ ਰਾਈਆ । ਇਕ ਜਪਾਏ ਆਪਣਾ ਨਾਂ, ਦੂਸਰ ਕੋਇ ਦਿਸ ਨਾ ਆਈਆ । ਆਪੇ ਪਿਤਾ ਆਪੇ ਮਾਂ, ਪਿਤਾ ਪੂਤ ਆਪ ਅਖਵਾਈਆ । ਨਾ ਕੋਈ ਦੀਸੇ ਭੈਣ ਭਰਾ, ਸਾਕ ਸੱਜਣ ਕੋਈ ਨਾ ਗਾਏ ਬੱਤੀ ਦੰਦ, ਜਗਤ ਭਾਰ ਨਾ ਕੰਧ ਉਠਾਈਆ । ਗੀਤ ਗੋਬਿੰਦਾ ਸੁਹਾਗੀ ਛੰਦਾ, ਇਕ ਉਪਜਾਏ ਪਰਮਾਨੰਦਾ, ਨਿਜਾਨੰਦ ਨਿਜ ਘਰ ਰੂਪ ਵਖਾਈਆ । ਪਾਰਬ੍ਰਹਮ ਸਦਾ ਬਖ਼ਸ਼ੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਬ੍ਰਹਮ ਕਰੇ ਜਣਾਈਆ । ਬ੍ਰਹਮ ਜਣਾਈ ਬੋਧ ਅਗਾਧ, ਅਲਖ ਅਗੋਚਰ ਅਗੰਮਾ । ਆਪ ਆਪਣਾ ਬੈਠਾ ਸਾਧ, ਮਿਟਾਈ ਤਾਮਸ ਤਮ੍ਹਾ । ਏਕਾ ਸੁਣੇ ਅਨਾਦੀ ਅਨਾਦ, ਹਰਿ ਹਰਿ ਨਾਮਾ ਨਮਾ । ਸਾਚਾ ਦਰਸ਼ਨ ਮਾਧਵ ਮਾਧ, ਵੇਖ ਵਖਾਏ ਕਾਇਆ ਚੰਮਾ । ਖੋਜ ਖੁਜਾਏ ਲੋਕ ਬ੍ਰਹਿਮਾਦ, ਹਰਿ ਹਰਿ ਖੇਲ ਬਿਨ ਬਿਨ ਥੰਮ੍ਹਾ । ਨਾ ਕੋਈ ਵਾਦ ਜਗਤ ਵਿਵਾਦ, ਰਸਨ ਨਾ ਗਾਏ ਦਮ ਦਮਾ । ਆਪ ਆਪਣਾ ਘਰ ਲਿਆ ਲਾਧ, ਪੁਰਖ ਅਬਿਨਾਸ਼ੀ ਦਿਤੀ ਦਾਦ, ਬ੍ਰਹਮ ਬ੍ਰਹਮ ਸਰੂਪੀ ਆਪੇ ਜੰਮਾ । ਬ੍ਰਹਮ ਭੇਦ ਅਭੇਦ ਹੈ, ਜਾਣੇ ਜਾਨਣਹਾਰ । ਜੀਵ ਅਛਲ ਅਛੇਦ ਹੈ, ਖੇਲੇ ਖੇਲ ਵਿਚ ਸੰਸਾਰ । ਲਿਖ ਲਿਖ ਥੱਕੇ ਵੇਦ ਕਿਤੇਬ ਹੈ, ਪੁਰਾਨ ਅਠਾਰਾਂ ਰਹੇ ਪੁਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਵ ਜੀਵਤ ਲਏ ਉਧਾਰ । ਜੀਵ ਇਛਿਆ ਜਗਤ ਹੈ, ਜਗਤ ਮੂਲ ਸਨਬੰਧ । ਕਾਇਆ ਮਾਟੀ ਪੰਜ ਤਤ ਹੈ, ਦੂਈ ਦਵੈਤੀ ਭਰਮਾਂ ਕੰਧ । ਮਨ ਮਨੂਆ ਜਾਣੇ ਲਖਤ ਹੈ, ਵਿਕਾਰ ਹੰਕਾਰੀ ਏਕਾ ਜੰਦ । ਇਕ ਵਿਛੋੜਾ ਆਤਮ ਸ਼ਕਤ ਹੈ, ਨਿਜ ਘਰ ਨਾ ਪਾਏ ਅਨੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵ ਉਪਾਏ ਜਗਤ ਜੁਗ ਜੋਗ ਜੁਗਤ ਗੁਣੀ ਗਹਿੰਦ । ਜੀਵ ਜਹਾਨਾਂ ਧੰਦਿਆ, ਦਿਵਸ ਰੈਣੀ ਕਾਰ । ਮੋਹ ਮਾਇਆ ਮਮਤਾ ਫੰਦਿਆ, ਮਿਲਿਆ ਮੇਲ ਨਾ ਮੀਤ ਮੁਰਾਰ । ਕਾਮ ਕਰੋਧ ਹੰਕਾਰਾ ਅੰਧਿਆ, ਤਨ ਮੰਦਰ ਧੂੰਆਂਧਾਰ । ਬਜਰ ਕਪਾਟੀ ਵੱਜਾ ਜੰਦਿਆ, ਨਾ ਕੋਈ ਖੋਲ੍ਹੇ ਬੰਦ ਕਿਵਾੜ । ਨਾ ਕੋਈ ਪਰਭਾਤੀ ਸੰਧਿਆ, ਨਾਤਾ ਲੱਗਾ ਪੰਚਮ

੧੬੧ ੦੬

ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਵਤ ਜੀਵ ਜਗਤ ਲਾਏ ਵਿਵਹਾਰ । ਜਗਤ ਵਿਹਾਰਾ ਜੀਵ ਜਨ, ਜਾਗਰਤ ਦਿਸ਼ਾ ਵਖਾਈਆ । ਨਾਮ ਨਗਾਰਾ ਨਾ ਚੋਟ ਤਨ, ਸਾਕਤ ਇਕ ਅਖਵਾਈਆ । ਭਾਂਡਾ ਭਰਮ ਕਾਇਆ ਤਨ, ਮਨ ਹੱਠ ਰਿਹਾ ਕਮਾਈਆ । ਦੋਹਾਂ ਵਿਛੋੜਾ ਖਿਨ ਖਿਨ, ਏਕਾ ਦੂਜਾ ਭਉ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਦੇਵਣਹਾਰਾ ਡੰਨ, ਆਪੇ ਬੇੜਾ ਦੇਵੇ ਬੰਨ੍ਹ, ਕਾਇਆ ਮੰਦਰ ਸਾਚੇ ਤਨ, ਏਕਾ ਏਕ ਏਕ ਬਣਤ ਬਣਾਈਆ । ਤਨ ਯਾਤਰਾ ਜਗਤ ਹੈ, ਜੀਵ ਜੰਤ ਕਰਨ । ਲੇਖ ਲਿਖਾਇਆ ਵੇਦ ਸ਼ਾਸਤਰਾ, ਮੁਨੀ ਮੁਨੀਸ਼ਰ ਭਿੰਨ ਭਿੰਨ । ਚਰਨ ਚਰਨੋਦਕ ਹਰਿ ਹਰਿ ਕਮਲਾਪਾਤਰਾ, ਲੇਖੇ ਲਾਏ ਤੀਰਥ ਜਾਏ ਛਿੰਨ ਛਿੰਨ । ਜੋਤੀ ਜੋਤ ਸਰੂਪ ਹਰਿ, ਆਤਮ ਸਵਾਸ ਵੇਖ ਵਿਖਾਸ, ਲੇਖਾ ਲਿਖੇ ਗਿਣ ਗਿਣ ਗਿਣ ।

## ❊ ੧੮ ਮੱਘਰ ੨੦੧੩ ਬਿਕ੍ਰਮੀ ਕੁਰੂਕਸ਼ੇਤਰ ❊

ਹਰਿ ਸ਼ਬਦ ਤ੍ਰੈਲੋਕੀ ਨਾਥ, ਜੁਗ ਜੁਗ ਬਣਤ ਬਣਾਇੰਦਾ । ਜੁਗ ਜੁਗ ਨਿਭਾਏ ਆਪਣਾ ਸਾਥ, ਸਤਿਜੁਗ ਦੁਆਪਰ ਤ੍ਰੇਤਾ ਵੇਖ ਵਖਾਇੰਦਾ । ਰਾਮ ਰਮਈਆ ਆਪ ਰਘੁਨਾਥ, ਰਾਵਣ ਲੰਕਾ ਗੜ੍ਹ ਹੰਕਾਰ ਆਪ ਤੁੜਾਇੰਦਾ । ਕਾਹਨ ਘਨਈਆ ਕ੍ਰਿਸ਼ਨ ਮੁਰਾਰ, ਦੁਆਪਰ ਅੰਤ ਰੇਖ ਮਿਟਾਇੰਦਾ । ਇਕ ਵਹਾਈ ਮਾਤ ਨਈਆ, ਅਠਾਰਾਂ ਅਖਸ਼ੂਹਣੀ ਨਾਮ ਰਖਾਇੰਦਾ । ਇਕ ਅਖਸ਼ੂਹਣੀ ਭੇਵ ਖੁਲ੍ਹਈਆ, ਲੱਖ ਚੁਰਾਸੀ ਗਣਤ ਗਿਣਾਇੰਦਾ । ਪੰਚਮ ਰਾਜਾ ਪੰਚਮ ਤਾਜਾ ਪੰਚਮ ਰੱਖੇ ਆਪੇ ਲਾਜਾ, ਪੰਚਮ ਮੋਰ ਮੁਕਟ ਸੁਹਾਇੰਦਾ । ਆਪ ਰਚਾਇਆ ਆਪਣਾ ਕਾਜਾ, ਨਾ ਕੋਈ ਜਾਣੇ ਰਾਜਨ ਰਾਜਾ, ਜੀਵ ਹੰਕਾਰੀ ਕਰ ਵਿਚਾਰੀ ਅੰਤਮ ਅੰਤ ਮਿਟਾਇੰਦਾ । ਮਹਾਂਸਾਰਥੀ ਪਾਵੇ ਸਾਰੀ, ਰਥ ਰਥਵਾਹੀ ਆਪ ਮੁਰਾਰੀ, ਅਰਜਨ ਰੀਤਾ ਨਾਮ ਗੀਤਾ ਪਤਤ ਪੁਨੀਤਾ ਏਕਾ ਏਕ ਸੁਣਾਇੰਦਾ । ਚਰਨ ਕਵਲ ਰਖਾਏ ਇਕ ਪ੍ਰੀਤਾ, ਸ੍ਰਿਸ਼ਟ ਸਬਾਈ ਆਪੇ ਜੀਤਾ, ਤੀਰ ਕਮਾਨ ਆਪ ਉਠਾਇੰਦਾ । ਵੇਖ ਵਖਾਣੇ ਹਸਤ ਕੀਟਾ, ਨਾ ਕੋਈ ਜਾਣੇ ਕੌੜਾ ਮੀਠ, ਰੂਪ ਵਰਾਟੀ ਇਕ ਅਨਡੀਠਾ ਆਪਣਾ ਆਪ ਵਖਾਇੰਦਾ । ਜੀਵ ਜੰਤ ਹਰਿ ਪੀਸਨ ਪੀਠਾ, ਪਰਗਟ ਹੋਏ ਹਰਿ ਬੀਠਲ ਬੀਠਾ, ਮੋਹਣ ਮਾਧਵ ਨਾਮ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਆਪਣੀ ਜੋਤ ਧਰ, ਲੱਖ ਚੁਰਾਸੀ ਆਪ ਉਪਾਏ ਆਪੇ ਮੇਟ ਮਿਟਾਇੰਦਾ । ਦੁਆਪਰ ਦੋਆ ਧਾਰ, ਦੋਵੇਂ ਰੰਗ ਵਖਾਇੰਦਾ । ਆਪੇ ਹੋਏ ਕ੍ਰਿਸ਼ਨ ਮੁਰਾਰ, ਨਾਮ ਬੰਸਰੀ ਇਕ ਵਜਾਇੰਦਾ । ਗੋਪੀ ਕਾਹਨਾ ਤਨ ਸ਼ਿੰਗਾਰੀ, ਬੈਨ ਮੁਕਟ ਸਾਚੇ ਕੁੰਡਲ ਮੁੰਡ ਵਖਾਇੰਦਾ । ਨਾਦ ਤਰਾਨਾ ਇਕ ਅਪਾਰ, ਜਨ ਭਗਤਾਂ ਆਤਮ ਅੰਦਰ ਇਕ ਵਖਾਇੰਦਾ । ਸਚ ਨਿਸ਼ਾਨਾ ਮਾਰੇ ਮਾਰ, ਤਤ ਸਤਿ ਵਿਚ ਸਮਾਇੰਦਾ । ਦੋਹਾਂ ਮੇਲਾ ਇਕ ਦਵਾਰ, ਦੋਵੇਂ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਕਰ ਅਕਾਰ, ਜਗਤ ਰੀਤੀ ਏਕਾ ਏਕ ਵਖਾਇੰਦਾ । ਜਗਤ ਰੀਤੀ ਰਾਜਨ ਰਾਜ, ਆਪਣੀ ਆਪ ਚਲਾਈਆ । ਕੌਰੋ ਬਖ਼ਸ਼ੇ ਤਾਮਸ ਤਾਮ, ਤਾਮਸ ਤ੍ਰਿਸ਼ਨਾ ਅੱਗ ਵਧਾਈਆ । ਪੰਚ ਜਣਾਏ ਸਵਾਸ ਸਵਾਸ, ਆਪਣਾ ਨਾਮ ਜਪਾਈਆ । ਅੱਠੇ ਪਹਿਰ ਰਹੇ ਪਾਸ, ਵਿਛੜ ਕਦੇ ਨਾ ਜਾਈਆ । ਸਦਾ ਸੁਹੇਲਾ ਪ੍ਰਿਥਮੀ ਆਕਾਸ਼, ਦਰਬਾਸ਼ਾ ਮਾਣ ਗਵਾਈਆ । ਨਿਰਧਨ ਹਰਿ ਪੂਰ ਕਰਾਏ ਆਸ, ਸਰਧਨ ਰੂਪ

੧੬੨
੦੬

੧੬੩
੦੬

ਸਮਾਈਆ । ਆਪੇ ਪਾਵੇ ਸਾਚੀ ਰਾਸ, ਨਟ ਨਟੂਆ ਨਾਮ ਰਖਾਈਆ । ਭਗਤ ਸੁਹੇਲਾ ਹੋਇਆ ਦਾਸ, ਬਿਪਰ ਸੁਦਾਮਾ ਗਲੇ ਲਗਾਈਆ । ਦਰੋਪਦ ਮੇਲਾ ਸਰਬ ਗੁਣਤਾਸ, ਹਰਿ ਅੰਗੀ ਅੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪ ਉਪਾਏ, ਆਪੇ ਦਏ ਮਿਟਾਈਆ । ਜੁਗ ਦੁਆਪਰ ਅੰਤ ਕਰ, ਯੁਜਰ ਦਏ ਦੁਹਾਈਆ । ਵੇਦ ਅਥਰਬਣ ਮਾਤ ਧਰ, ਕਲਜੁਗ ਕਰੇ ਕੁੜਮਾਈਆ । ਆਪ ਆਪਣੀ ਖੇਲ ਕਰ, ਬੈਠਾ ਕਲਾ ਛੁਪਾਈਆ । ਜੀਵ ਜੰਤ ਰਾਏ ਧਰਮ ਦੀ ਜੇਲ੍ਹ ਧਰ, ਕੁੰਡਾ ਬੈਠਾ ਲਾਈਆ । ਪੰਚਮ ਪੰਚਾਂ ਮੇਲ ਕਰ, ਰਾਜ ਯੁਧਿਸ਼ਟਰ ਯੋਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਬਚਨ ਅਲਾਈਆ । ਭਗਤ ਯੁਧਿਸ਼ਟਰ ਹਰਿ ਦਵਾਰ, ਦੋਏ ਜੋੜ ਕਰੇ ਨਿਮਸਕਾਰਿਆ । ਅੰਤਮ ਮੇਲਾ ਕਵਣ ਦਵਾਰ, ਦਰ ਘਰ ਸਾਚੇ ਆਪ ਪੁਕਾਰਿਆ । ਖੇਲੇ ਖੇਲ ਵਿਚ ਸੰਸਾਰ, ਹਰਿ ਕਾਹਨਾ ਕ੍ਰਿਸ਼ਨ ਮੁਰਾਰਿਆ । ਭਗਤ ਸੁਹੇਲਾ ਦੂਜੀ ਵਾਰ, ਆਏ ਵਿਚ ਸੰਸਾਰਿਆ । ਕਲਜੁਗ ਵੇਲਾ ਵਕਤ ਵਿਚਾਰ, ਨਿਹਕਲੰਕ ਲਏ ਅਵਤਾਰਿਆ । ਸ਼ਬਦ ਖੰਡਾ ਤੇਜ ਕਟਾਰ, ਮਾਰੀ ਜਾਏ ਵਾਰੋ ਵਾਰਿਆ । ਨਾ ਕੋਈ ਜਾਣੇ ਆਰ ਪਾਰ, ਸਾਗਰ ਡੂੰਘਾ ਵਡ ਸੰਸਾਰਿਆ । ਤਿੱਖੀ ਆਪਣੀ ਧਾਰ, ਨਾ ਕੋਈ ਸਕੇ ਮਾਤ ਸਹਾਰਿਆ । ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਵਿਚਾਰ, ਦੇਵੀ ਦੇਵਾ ਦੇਵ ਮਨਾ ਰਿਹਾ । ਲੱਖ ਚੁਰਾਸੀ ਵੇਖੇ ਚੜ੍ਹ ਚੜ੍ਹ ਸ਼ਬਦ ਘੋੜਾ, ਚਿੱਟਾ ਅਸਵ ਇਕ ਦੁੜਾ ਰਿਹਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਆਪ ਆਪਣਾ ਰੂਪ ਵਟਾ ਰਿਹਾ । ਧੁਰਦਰਗਾਹੀ ਆਇਆ ਦੌੜਾ, ਸ਼ਾਹੋ ਭੂਪ ਆਪ ਅਖਵਾ ਰਿਹਾ । ਕੋਈ ਨਾ ਜਾਣੇ ਲੰਮਾ ਚੌੜਾ, ਏਕਾ ਪੌੜਾ ਮਾਤ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਯੁਧਿਸ਼ਟਰ ਏਕਾ ਵਰ, ਰਸਨਾ ਕਥਨੀ ਸ਼ਬਦ ਗਿਆਨ ਚਰਨ ਧਿਆਨ ਵਖਾ ਰਿਹਾ । ਯੋਗ ਯੁਧਿਸ਼ਟਰ ਚਰਨ ਧਿਆਨਾ, ਆਪਣਾ ਆਪ ਬੰਧਾਇੰਦਾ । ਪੰਚਮ ਦੇਵੇ ਪੰਚ ਨਿਸ਼ਾਨਾ, ਪੰਚਮ ਵੇਖ ਵਖਾਇੰਦਾ । ਮਿਲੇ ਮੇਲ ਵਾਲੀ ਦੋ ਜਹਾਨਾਂ, ਆਪਣੇ ਅੰਕ ਲਿਖਾਇੰਦਾ । ਪੰਚਮ ਤਤ ਨਾ ਕੋਈ ਜਾਣੇ ਜੀਵ ਜੰਤ ਬਣ ਜੋਤੀ ਨੂਰ ਹਰਿ ਸਮਾਇੰਦਾ । ਜੋਤ ਸਰੂਪੀ ਕ੍ਰਿਸ਼ਨਾ ਕਾਹਨਾ, ਆਪਣੀ ਜੋਤ ਜਗਾਇੰਦਾ । ਨੌ ਖੰਡ ਪ੍ਰਿਥਮੀ ਹੋਏ ਸੁੰਞ ਮਸਾਣਾ, ਸੱਤਾਂ ਦੀਪਾਂ ਦੀਪਕ ਨਾ ਕੋਈ ਜਗਾਇੰਦਾ । ਪਾਰਬ੍ਰਹਮ ਬ੍ਰਹਮ ਗੁਣ ਨਿਧਾਨਾ, ਧਰਮ ਝੁਲਾਏ ਇਕ ਨਿਸ਼ਾਨਾ, ਸਾਚੀ ਰੰਗਣ ਰੰਗ ਚੜ੍ਹਾਇੰਦਾ । ਨਾ ਕੋਈ ਜਾਣੇ ਖਾਣਾ ਪੀਣ ਭੇਵ ਨਾ ਪਾਏ ਬੀਨਾ ਦਾਨਾ, ਹਵਨ ਪਵਨ ਨਾਮ ਅਹੂਤੀ ਸਚ ਸਮਗਰੀ ਨਾ ਕੋਈ ਰਖਾਇੰਦਾ । ਕਾਇਆ ਰਮਾਏ ਨਾ ਸਚ ਭਬੂਤੀ, ਜੀਵ ਜੰਤ ਹੋਏ ਅਧਭੂਤੀ, ਮਾਇਆ ਮਮਤਾ ਤਨ ਮਨ ਝੂਠੀ, ਤ੍ਰਿਸ਼ਨਾ ਤ੍ਰਿਪਤ ਨਾ ਕੋਈ ਕਰਾਇੰਦਾ । ਹੰਕਾਰੀ ਵਿਕਾਰੀ ਫੜੀ ਠੂਠੀ, ਬ੍ਰਹਮ ਵਿਦਿਆ ਗਈ ਰੂਠੀ, ਜਗਤ ਵਿਦਿਆ ਗੁਣ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਯੁਧਿਸ਼ਟਰ ਸਾਚਾ ਵਰ, ਆਪਣਾ ਆਪ ਦਵਾਇੰਦਾ । ਸਚ ਯੁਧਿਸ਼ਟਰ ਸਾਚਾ ਤਾਜ, ਆਪਣੇ ਸੀਸ ਟਿਕਾਈਆ । ਪਾਰਬ੍ਰਹਮ ਕਲ ਕਰੇ ਕਾਜ, ਸ਼ਬਦ ਸਰੂਪੀ ਮਾਰੇ ਆਵਾਜ਼, ਸੋਹੰ ਬਾਜ ਉਡਾਈਆ । ਪਰਗਟ ਹੋਏ ਦੇਸ ਮਾਝ, ਜਨ ਭਗਤਾਂ ਅੰਤਮ ਰੱਖੇ ਲਾਜ, ਜੁਗ ਜੁਗ ਜੋਤ ਜਗਾਈਆ । ਚਾਰੋਂ ਕੁੰਟ ਪੈਣੀ ਭਾਜ, ਨਾ ਕੋਈ ਰਾਜ ਰਾਜਾਨ ਸ਼ਾਹ ਸੁਲਤਾਨ ਕਰੇ ਕਰਾਏ ਆਪਣਾ ਕਾਜ, ਦਰ ਦਵਾਰ ਨਾ ਬੰਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਵੇਖੇ ਜਗਤ ਖੇਤਰ, ਖੇਲੇ ਖੇਲ ਮਹੀਨਾ ਚੇਤਰ, ਚੌਦਸ

ਚੌਦਸ ਚੌਦਾਂ ਰੰਗ ਵਟਾਈਆ । ਨਰ ਅਵਤਾਰੀ ਨਰ ਨਿਰੰਕਾਰ, ਜੁਗ ਜੁਗ ਜੋਤ ਜਗਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਸਾਚੇ ਤਨ ਆਪ ਸਜਾਇੰਦਾ । ਲੋਆਂ ਪੁਰੀਆਂ ਮਾਰੇ ਮਾਰ, ਨੌ ਖੰਡ ਪ੍ਰਿਥਮੀ ਆਪ ਹਿਲਾਇੰਦਾ । ਸਾਧ ਸੰਤ ਨਾ ਪਾਵੇ ਸਾਰ, ਜੀਵ ਜੰਤ ਸਰਬ ਕੁਰਲਾਇੰਦਾ । ਪੂਰਨ ਭਗਵੰਤ ਹਰਿ ਜੋਤ ਅਧਾਰ, ਜੋਤੀ ਸਭ ਦੇ ਅੰਦਰ ਟਿਕਾਇੰਦਾ । ਜਨ ਭਗਤਾਂ ਮੇਲਾ ਕੰਤ ਭਤਾਰ, ਨਰ ਨਾਰੀ ਰੂਪ ਵਟਾਇੰਦਾ । ਆਪੇ ਹੋਏ ਦਵਾਰ ਪਾਲ, ਦਰ ਦਵਾਰਕਾ ਨਾਉਂ ਰਖਾਇੰਦਾ । ਚਰਨ ਛੁਹਾਏ ਪਹਿਲੀ ਵਾਰ, ਸ੍ਰਿਸ਼ਟ ਸਬਾਈ ਮਾਰੇ ਮਾਰ, ਨਾ ਕੋਈ ਜਾਣੇ ਜੰਤ ਗਵਾਰ, ਭੇਵ ਅਭੇਦਾ ਅਛਲ ਅਛੇਦਾ, ਹੱਥ ਨਾ ਆਏ ਚਾਰੇ ਵੇਦਾ, ਜਗਤ ਕਿਤੇਬਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਸਰੂਪੀ ਏਕਾ ਘਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਆਪ ਰਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਹਰਿ ਸਾਚੇ ਜੋਤ ਜਗਾਈਆ । ਕੁਰੂਕੁਸ਼ੇਤਰ ਸਿੰਮਤ ਵਿਚਾਰੀ, ਕਾਹਨਾ ਕ੍ਰਿਸ਼ਨਾ ਮੇਲ ਮਿਲਾਈਆ । ਅਰਜਨ ਜੋਧਾ ਹਰਿ ਸ਼ਬਦ ਖੰਡਾ ਖੰਡਾ ਬਲਕਾਰੀ, ਆਪਣੀ ਦੇਵੇ ਆਪ ਵਡਿਆਈਆ । ਰਥ ਰਥਵਾਹੀ ਨਰ ਨਿਰੰਕਾਰੀ, ਰਥ ਪੂਰਨ ਇਕ ਬਣਾਈਆ । ਉਪਰ ਰਿਹਾ ਕਰ ਸਵਾਰੀ, ਦਿਸ ਕਿਸੇ ਨਾ ਆਈਆ । ਇਕ ਗੀਤਾ ਅਠਾਰਾਂ ਧਿਆਏ ਲੇਖ ਲਿਖਾਰੀ, ਗਿਆਨ ਗੋਝ ਭੇਵ ਲਿਖਾਈਆ । ਕਲਜੁਗ ਤੇਰੀ ਅੰਤਮ ਵਾਰੀ, ਭਉ ਚੁਕਾਏ ਏਕਾ ਦੂਜ, ਏਕਾ ਰਚਨ ਰਿਹਾ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣ ਆਇਆ ਸਚ ਦਰ, ਰਾਏ ਧਰਮ ਰਿਹਾ ਪੁਕਾਰੀਆ । ਰਾਏ ਧਰਮ ਸੁਣ ਪੁਕਾਰ, ਪ੍ਰਭ ਆਪਣੀ ਕਲ ਕਲ ਧਾਰਿਆ । ਸੰਮਤ ਤੇਰਾਂ ਤੇਰੀ ਧਾਰ, ਆਈ ਅੰਤਮ ਵਾਰਿਆ । ਵੇਖ ਵਖਾਣੇ ਵਿਚ ਸੰਸਾਰ, ਚਾਰੋਂ ਕੁੰਟ ਚਾਰ ਦਿਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਅਪਰ ਅਪਾਰਿਆ । ਰਥ ਰਥਵਾਹੀ ਆਪ ਹਰਿ, ਕਾਇਆ ਰਥ ਚਲਾਇੰਦਾ । ਸ਼ਬਦ ਘੋੜਾ ਅੱਗੇ ਧਰ, ਸਾਚਾ ਜੋੜ ਜੁੜਾਇੰਦਾ । ਸ੍ਰਿਸ਼ਟ ਸਬਾਈ ਰਿਹਾ ਲੜ, ਰਸਨਾ ਤੀਰ ਨਿਰਾਲਾ ਇਕ ਚਲਾਇੰਦਾ । ਅਗੰਮ ਅਗੰਮਾ ਧਾਮ ਅਗੰਮੇ ਖੜ੍ਹ, ਆਪਣਾ ਵਾਰ ਕਰਾਇੰਦਾ । ਸ੍ਰਿਸ਼ਟ ਸਬਾਈ ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਦਿਸ ਕਿਸੇ ਨਾ ਆਇੰਦਾ । ਲੱਗੀ ਰਹਿਣ ਨਾ ਦੇਵੇ ਜੜ੍ਹ, ਤੀਰਥ ਤਟ ਨਾ ਕੋਈ ਵਖਾਇੰਦਾ । ਆਪ ਆਪਣਾ ਘਾੜਨ ਘੜ, ਘਟ ਘਟ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰ ਸਰੋਵਰ ਤਟ ਕਿਨਾਰ ਨਾ ਕੋਈ ਮਾਤ ਦਿਸਾਇੰਦਾ । ਚਰਨ ਛੁਹਾਏ ਹਰਿ ਨਿਰੰਕਾਰੀ, ਆਪਣੀ ਦਇਆ ਕਮਾਈਆ । ਤੀਰਥ ਤਟ ਹੋਏ ਖੁਆਰੀ, ਨਾ ਕੋਈ ਮਾਤ ਸਹਾਈਆ । ਕਲਜੁਗ ਅੰਤਮ ਮਾਰੇ ਮਾਰੀ, ਮਾਰਨਹਾਰਾ ਆਪ ਅਖਵਾਈਆ । ਆਪੇ ਕਰਨ ਆਇਆ ਕਾਰੀ, ਕਾਰਜ ਆਪਣੇ ਹੱਥ ਰਖਾਈਆ । ਪੰਜ ਸਿਖ ਨਾਲ ਇਕ ਲਿਖਾਰੀ, ਅਚਰਜ ਲੀਲਾ ਆਪ ਰਚਾਈਆ । ਜੋਤ ਜਗਾਈ ਇਕ ਨਿਰੰਕਾਰੀ, ਆਸ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਲੇਖ ਲਿਖਾਏ ਦਇਆ ਕਮਾਏ, ਨੌ ਖੰਡ ਪ੍ਰਿਥਮੀ ਆਪ ਹਿਲਾਏ, ਦੇਵੇ ਲੋਕਮਾਤ ਇਕ ਹੁਲਾਰੀਆ । ਕੁਰੂਕੁਸ਼ੇਤਰ ਚਰਨ ਛੁਹਾਇਆ, ਲੋਕਮਾਤ ਹੁਲਾਰਾ । ਸ੍ਰਿਸ਼ਟ ਸਬਾਈ ਖੇਤਰ ਇਕ ਬਣਾਇਆ, ਚਾਰੋਂ ਕੁੰਟ ਧੁੰਦੂਕਾਰਾ । ਨੇਤਰ ਨੈਣ ਕਿਸੇ ਦਿਸ ਨਾ ਆਇਆ, ਪਰਗਟ ਹੋਇਆ ਹਰਿ ਗਿਰਧਾਰਾ । ਸਾਕ ਸੱਜਣ ਸੈਣ ਕੋਈ ਦਿਸ ਨਾ ਆਇਆ, ਗੋਬਿੰਦ ਕਾਇਆ ਮੀਤ ਮੁਰਾਰਾ । ਗੁਰਸਿਖਾਂ ਹਿੱਸਾ ਇਕ

ਵੰਡਾਇਆ, ਸੋਹਣ ਚਰਨ ਦਵਾਰਾ । ਆਤਮ ਵਿਸਾ ਰਿਹਾ ਲੁਹਾਇਆ, ਚਰਨ ਵਖਾਏ ਇਕ ਸਰੋਵਰ ਇਕ ਦਵਾਰਾ । ਤ੍ਰਿਸ਼ਨਾ ਭੁੱਖਾ ਰਿਹਾ ਮਿਟਾਇਆ, ਰੂਪ ਅਨੂਪਾ ਹਰਿ ਗਿਰਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕ੍ਰਿਸ਼ਨ ਕ੍ਰਿਸ਼ਨਾ ਅਰਜਨ ਅਰਜਨਾ ਏਕਾ ਰੂਪ ਅਪਾਰਾ । ਧਾਮ ਸੁਭਾਗਾ ਹਰਿ ਚਰਨ ਲਾਗਾ, ਦੋ ਜੁਗ ਹੋਏ ਕੁੜਮਾਈਆ । ਜਨ ਭਗਤਾਂ ਧੋਵੇ ਦਰ ਦਰ ਘਰ ਘਰ ਦਾਗਾ, ਸੰਮਤ ਚੌਦਾਂ ਦਇਆ ਕਮਾਈਆ । ਮਨਮੁਖਾਂ ਆਤਮ ਲਾਏ ਆਗਾ, ਅਗਨ ਬਾਣ ਇਕ ਚਲਾਈਆ । ਆਪੇ ਸੋਇਆ ਆਪੇ ਜਾਗਾ, ਆਪ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਾਮ ਭੂਮਿਕਾ ਗੁਰ ਚਰਨ ਅਸਥਾਨ ਆਪੇ ਦਏ ਸੁਹਾਈਆ ।

### ✻ ੨੧ ਮੱਘਰ ੨੦੧੩ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ✻

ਹਰਿਜਨ ਏਕਾ ਆਸ, ਹਰਿ ਚਰਨ ਕਵਲ ਧਿਆਨਿਆ । ਹਰਿ ਹਰਿ ਹੋਵੇ ਦਾਸ, ਦਰਸ ਦੇਵੇ ਨਾਮ ਨਿਧਾਨਿਆ । ਰਸਨਾ ਗਾਏ ਸਵਾਸ ਸਵਾਸ, ਏਕਾ ਦੂਜਾ ਭਉ ਚੁਕਾਨਿਆ । ਸਾਚੇ ਮੰਡਲ ਵੇਖੇ ਰਾਸ, ਜੋਤੀ ਸ਼ਬਦੀ ਗੋਪੀ ਕਾਹਨਿਆ । ਨਾ ਕੋਈ ਜਾਣੇ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਭੇਵ ਨਾ ਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਦਰਸ ਸ੍ਰੀ ਭਗਵਾਨਿਆ । ਦੇਵੇ ਦਰਸ ਹਰਿ ਗੋਬਿੰਦਾ, ਹਰਿਜਨ ਚਿੰਤ ਮਿਟਾਈਆ । ਲੱਖ ਚੁਰਾਸੀ ਮਿਟੇ ਚਿੰਦਾ, ਲੱਖ ਚੁਰਾਸੀ ਫੰਦ ਕਟਾਈਆ । ਆਪ ਬਣਾਏ ਆਪਣੀ ਬਿੰਦਾ, ਕਾਇਆ ਚੋਲੀ ਰੰਗ ਚੜ੍ਹਾਈਆ । ਅੰਮ੍ਰਿਤ ਆਤਮ ਧਾਰ ਵਹਾਏ ਸਾਗਰ ਸਿੰਧਾ, ਨਿਰਮਲ ਜੋਤੀ ਨੂਰ ਸਵਾਈਆ । ਬਜਰ ਕਪਾਟੀ ਤੋੜੇ ਜਿੰਦਾ, ਪੰਜ ਚੋਰ ਰਹਿਣ ਨਾ ਪਾਈਆ । ਵਡ ਦਾਤਾ ਜੋਧਾ ਸੂਰਾ ਮਰਗਿੰਦਾ, ਸ਼ਬਦ ਖੰਡਾ ਇਕ ਉਠਾਈਆ । ਆਪੇ ਦਾਤਾ ਗੁਣੀ ਗਹਿੰਦਾ, ਕਲਜੁਗ ਤੇਰਾ ਅੰਤਮ ਕੰਢਾ, ਚਾਰੋਂ ਕੁੰਟ ਵੇਖੇ ਥਾਉਂ ਥਾਈਂਆ । ਹਰਿ ਨਾਉਂ ਉਠਾਏ ਚੰਡ ਪਰਚੰਡਾ, ਨੌ ਖੰਡ ਪ੍ਰਿਥਮੀ ਪਾਵੇ ਵੰਡਾ, ਸੱਤਾਂ ਦੀਪਾਂ ਵੇਖ ਵਖਾਈਆ । ਵੇਦ ਵਿਦਾਂਤ ਬ੍ਰਹਮਾ ਰੰਡਾ, ਸ਼ਿਵ ਸ਼ੰਕਰ ਤੋੜੇ ਇਕ ਘਮੰਡਾ, ਕਰੋੜ ਤੇਤੀਸਾ ਦਏ ਦੰਡਾ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਰਵ ਸਸ ਖੇਲ ਬ੍ਰਹਿਮੰਡਾ, ਉਤਭੁਜ ਸੇਤਜ ਜੇਰਜ ਅੰਡਾ, ਵਿਚ ਵਰਭੰਡਾ ਵਰਭੰਡੀ ਬਣਤ ਬਣਾਈਆ । ਬਿਨ ਹਰਿ ਨਾਉਂ ਜੀਵ ਜਹਾਨੀ ਰੰਡਾ, ਸਾਚਾ ਕੰਤ ਨਾ ਕੋਈ ਹੰਢਾਈਆ । ਆਪੇ ਦੇਵਣਹਾਰਾ ਦੰਡਾ, ਜੁਗ ਜੁਗ ਜੋਤੀ ਜੋਤ ਜਗਾਈਆ । ਮੇਟ ਮਿਟਾਏ ਭੇਖ ਪਖੰਡਾ, ਕਲਜੁਗ ਕਾਇਆ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਪਾਏ ਏਕਾ ਵੰਡਾ, ਆਤਮ ਦੇਵੇ ਬ੍ਰਹਮ ਗਿਆਨ ਜਣਾਈਆ । ਭਗਤ ਜਨਾਂ ਘਰ ਸਾਚਾ ਪਾਇਆ, ਏਕਾ ਨਾਉਂ ਨਿਰੰਜਣਾ । ਜੀਓ ਪਿੰਡ ਤਨ ਕਾਚਾ ਵੇਖ ਵਖਾਇਆ, ਦਰਸ ਦਿਖਾਏ ਦੀਨ ਦਰਦ ਦੁਖ ਭੈ ਭੰਜਨਾ । ਏਕਾ ਸਾਚਾ ਸਾਚੋ ਸਾਚਾ ਰਾਹ ਵਖਾਇਆ, ਮਿਲੇ ਮੇਲ ਪ੍ਰਭ ਹਰਿ ਸਾਚੇ ਸੱਜਣਾ । ਦੋ ਜਹਾਨਾਂ ਮਲਾਹ ਆਪ ਅਖਵਾਇਆ, ਆਦਿ ਅੰਤ ਗੁਰਮੁਖ ਸਾਚੇ ਪੜਦਾ ਕੱਜਣਾ । ਬੇਪਰਵਾਹ ਸਰਬ ਥਾਈਂ ਹੋਏ ਸਹਾਇਆ, ਮਦਿਰਾ ਮਾਸ ਜਿਸ ਜਨ ਤਜਣਾ । ਸਾਚੀ ਰੰਗਣ ਨਾਉਂ ਰੰਗਾਇਆ, ਕਾਇਆ ਚੋਲੀ ਰਖੇ ਲਜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਚ ਘਰ, ਸਾਚੀ ਬਣਤਾ ਰਿਹਾ ਬਣਾਇਆ । ਗੁਰਮੁਖ

੧੬੫
੦੬

ਹਰਿ ਰੰਗ ਮਾਨਿਆ, ਦੋ ਜਹਾਨੀ ਸਾਚਾ ਨਾਉਂ । ਆਪ ਚਲਾਏ ਆਪਣੇ ਭਾਨਿਆ, ਫੜ ਫੜ ਹੰਸ ਬਣਾਏ ਕਾਉਂ । ਕਿਸੇ ਹੱਥ ਨਾ ਆਏ ਰਾਜੇ ਰਾਨਿਆ, ਗੁਰਮੁਖ ਵਿਰਲਾ ਮਾਣੇ ਠੰਢੀ ਛਾਉਂ । ਜੁਗ ਜੁਗ ਆਪਣਾ ਭੇਖ ਆਪ ਪਛਾਨਿਆ, ਦੋ ਜਹਾਨੀ ਕਰੇ ਸਚ ਨਿਆਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਆਪ ਉਠਾਏ ਫੜ ਫੜ ਬਾਹੋਂ । ਨਾਮ ਧਨ ਸਚ ਖਜ਼ੀਨਾ, ਪ੍ਰਭ ਆਪਣੇ ਹੱਥ ਰਖਾਇੰਦਾ । ਗੁਰਮੁਖਾਂ ਦੇਵੇ ਜੀਆ ਦਾਨਾ, ਆਤਮ ਝੋਲੀ ਆਪ ਭਰਾਇੰਦਾ । ਨੇੜ ਨਾ ਆਏ ਤਾਪ ਤੀਨਾ, ਤ੍ਰੈਗੁਣ ਮਾਇਆ ਏਕਾ ਤਤ ਵਖਾਇੰਦਾ । ਸੀਤਲ ਸਾਂਤਕ ਕਰੇ ਭੀਨਾ, ਰਸਨ ਰਸਾਇਣ ਜਿਸ ਜਨ ਚੀਨਾ, ਦੇ ਮਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਏਕਾ ਰਾਹ ਵਖਾਇੰਦਾ । ਏਕਾ ਰਾਹ ਹਰਿ ਨਿਰੰਕਾਰਾ, ਆਪਣਾ ਆਪ ਰਖਾਇੰਦਾ । ਜੁਗ ਜੁਗ ਚਲਾਏ ਆਪਣੀ ਧਾਰਾ, ਭੇਖਾਧਾਰੀ, ਆਪ ਅਖਵਾਇੰਦਾ । ਨਾ ਕੋਈ ਜਾਣੇ ਜੀਵ ਗਵਾਰਾ, ਪੜ੍ਹ ਪੜ੍ਹ ਥੱਕੇ ਕਰਨ ਵਿਚਾਰਾ, ਜਗਤ ਵਿਦਿਆ ਹੱਥ ਨਾ ਆਇੰਦਾ । ਆਪੇ ਵਸੇ ਸਭ ਤੋਂ ਨਿਆਰਾ, ਕਰੇ ਖੇਲ ਅਗੰਮ ਅਪਾਰਾ, ਹਰ ਘਟ ਮੇਂ ਆਪ ਸਮਾਇੰਦਾ । ਜੋਤੀ ਨੂਰ ਇਕ ਆਕਾਰਾ, ਸ਼ਬਦ ਸਰੂਪੀ ਸਾਚੀ ਧਾਰਾ, ਪਵਣ ਜੋਤੀ ਦਏ ਹੁਲਾਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਮਹੱਲ ਅਟੱਲ ਇਕ ਉਸਾਰਾ, ਨਾ ਕੋਈ ਦੀਸੇ ਚਾਰ ਦਿਵਾਰਾ, ਆਪੇ ਜਾਣੇ ਆਪਣੀ ਕਾਰਾ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸਾਚਾ ਵਰ, ਦਰ ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਇਕ ਸੁਹਾਏ, ਕਲ ਆਪਣੀ ਕਿਰਪਾ ਧਾਰੀਆ । ਨਾਮ ਤਮਾਚਾ ਇਕ ਲਗਾਏ, ਮਾਰੇ ਪੰਚ ਕਟਾਰੀਆ । ਕਾਇਆ ਕਾਸਾ ਕਾਚਾ ਭਾਗ ਲਗਾਏ, ਦੂਈ ਦਵੈਤੀ ਜਾਏ ਬਿਮਾਰੀਆ । ਸਾਚੋ ਸਾਚਾ ਨਾਮ ਰਖਾਏ, ਏਕਾ ਹੱਟ ਖੁਲ੍ਹਾਏ, ਕਰਾਏ ਵਣਜ ਸੱਚਾ ਵਪਾਰੀਆ । ਤੀਰਥ ਤਟ ਗੁਰ ਚਰਨ ਰਖਾਏ, ਅਠ ਸਠ ਕੋਈ ਭੇਵ ਨਾ ਰਾਏ, ਨੱਠ ਨੱਠ ਹਰਿ ਜਨ ਦਰਸ਼ਨ ਪਾਏ, ਆਤਮ ਦੇਵੇ ਦਰਸ ਖੁਮਾਰੀਆ । ਸਤਿ ਸੰਤੋਖੀ ਹੱਠ ਕਮਾਏ, ਆਪੇ ਉਲਟੀ ਲੱਠ ਗਿੜਾਏ, ਕਾਇਆ ਅਗਨੀ ਮਠ ਤਪਾਏ, ਸਾੜੇ ਪੰਚ ਵਿਕਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਚ ਘਰ, ਦੇਵੇ ਦਰਸ ਦਰ ਦਰਬਾਰੀਆ । ਦੇਵੇ ਦਰਸ ਹਰਿ ਨਿਰੰਕਾਰਾ, ਆਤਮ ਦਰ ਖੁਲ੍ਹਾਇੰਦਾ । ਸ਼ਬਦ ਸਰੂਪੀ ਬੋਲ ਜੈਕਾਰਾ, ਆਤਮ ਨੂਰ ਵਖਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਅੰਦਰ ਮੰਦਰ ਕੁੰਡਾ ਲਾਹਿੰਦਾ । ਪੰਚਮ ਰਾਗ ਵਜਾਏ ਤਾੜਾ, ਅਨਹਦ ਸਾਚਾ ਰਾਗ ਅਲਾਇੰਦਾ । ਨੇੜ ਨਾ ਆਏ ਪੰਚਮ ਧਾੜਾ, ਸਾਚਾ ਖੰਡਾ ਨਾਮ ਵਖਾਇੰਦਾ । ਗੁਰਮੁਖ ਬਣਾਏ ਸਾਚਾ ਲਾੜਾ, ਸਾਚੀ ਘੋੜੀ ਆਪ ਚੜ੍ਹਾਇੰਦਾ । ਆਪੇ ਹੋਏ ਪਿੱਛੇ ਅਗਾੜਾ, ਦੋ ਜਹਾਨੀ ਪਾਰ ਕਰਾਇੰਦਾ । ਵੇਖੇ ਖੇਲ ਬਹੱਤਰ ਨਾੜਾ, ਨਾੜੀ ਨਾੜੀ ਰੂਪ ਵਟਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਜਲ ਥਲ ਰੂਪ ਆਪ ਹੋ ਆਇੰਦਾ । ਕਲਜੁਗ ਵੇਖ ਅੰਤ ਅਖਾੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਏਕਾ ਵਰ, ਜੋਤ ਨਿਰੰਜਣ ਇਕ ਜਗਾਇੰਦਾ । ਜੋਤ ਨਿਰੰਜਣ ਸਚ ਲਿਲਾਟ, ਹਰਿ ਆਪਣੀ ਆਪ ਜਗਾਇੰਦਾ । ਜਨ ਭਗਤਾਂ ਕਰੇ ਪੂਰਾ ਘਾਟ, ਲਹਿਣਾ ਦੇਣਾ ਮੂਲ ਚੁਕਾਇੰਦਾ । ਇਕ ਵਖਾਏ ਸਾਚਾ ਹਾਟ, ਕੰਤ ਕੰਤੂਹਲ ਦਇਆ ਕਮਾਇੰਦਾ । ਅੰਮ੍ਰਿਤ ਆਤਮ ਸਰ ਸਰੋਵਰ ਤੀਰਥ ਤਾਟ, ਸਚ ਸੁੱਚ ਇਸ਼ਨਾਨ ਕਰਾਇੰਦਾ । ਭਾਗ ਲਗਾਏ

ਕਾਇਆ ਮਾਟ, ਭਾਂਡਾ ਭਰਮ ਭਉ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਜੁਗ ਜੁਗ ਮੇਲਾ ਮੇਲਣਹਾਰਾ, ਹਰਿ ਵਾਲੀ ਦੋ ਜਹਾਨੀਆ । ਖੇਲੇ ਖੇਲ ਖੇਲਣਹਾਰਾ, ਕਲਜੁਗ ਤੇਰੀ ਅੰਤ ਨਿਸ਼ਾਨੀਆ । ਗੁਰ ਚੇਲੇ ਘਰ ਘਰ ਵੇਖੇ ਅੰਦਰ ਮੰਦਰ ਗੁਰੂਦਵਾਰਾ, ਰਸਨਾ ਗਾਏ ਅਕੱਥ ਕਥਾ ਕਹਾਣੀਆ । ਲੱਖ ਚੁਰਾਸੀ ਵੇਖ ਵਖਾਏ ਨੌਂ ਦਵਾਰਾ, ਪੰਚ ਵਿਕਾਰਾ ਜੀਵ ਸ਼ੈਤਾਨੀਆ । ਮਾਇਆ ਮਮਤਾ ਧੁੰਦੂਕਾਰਾ, ਦਿਸ ਨਾ ਆਏ ਹਰਿ ਦਵਾਰਾ, ਬੁਧ ਮਤ ਹੋਈ ਵਿਦਵਾਨੀਆ । ਮਨਮਤੀ ਹੋਏ ਜੀਵ ਹੰਕਾਰਾ, ਗੁਰਮਤੀ ਦਿਸੇ ਦੂਰ ਕਿਨਾਰਾ, ਵਾ ਤਤੀ ਇਕ ਵਖਾਨੀਆ । ਗੁਰਮੁਖਾਂ ਦੇਵੇ ਨਾਮ ਭੰਡਾਰਾ, ਕਲਜੁਗ ਤੇਰੀ ਅੰਤਮ ਵਾਰਾ, ਸਤਿਜੁਗ ਸਾਚੀ ਇਕ ਨਿਸ਼ਾਨੀਆ । ਸੋਹੰ ਹੋਵੇ ਜੈ ਜੈਕਾਰਾ, ਚਾਰ ਵਰਨਾਂ ਇਕ ਪਿਆਰਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਏਕ ਰਾਗ ਸੁਣਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਧੁਰਦਰਗਾਹੀ ਇਕ ਨਿਸ਼ਾਨੀਆ । ਨਾਮ ਨਿਸ਼ਾਨੀ ਧੁਰ ਦੀ ਦਾਤ, ਹਰਿ ਜੁਗ ਜੁਗ ਮਾਤ ਲਿਆਇੰਦਾ । ਜਨ ਭਗਤਾਂ ਮੇਲਾ ਕਮਲਾਪਾਤ, ਸ਼ਬਦ ਸਰੂਪੀ ਮੇਲ ਮਿਲਾਇੰਦਾ । ਨਾ ਕੋਈ ਪੁੱਛੇ ਜ਼ਾਤ ਪਾਤ, ਪੰਚਾਂ ਪੰਚ ਆਪ ਸਮਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਪਰਗਟ ਹੋਏ ਤ੍ਰੈਲੋਕੀ ਨਾਥ, ਭੇਦ ਅਭੇਦਾ ਅਛਲ ਅਛੇਦਾ ਦਿਸ ਕਿਸੇ ਨਾ ਆਇੰਦਾ । ਪੜ੍ਹ ਪੜ੍ਹ ਥੱਕੇ ਜਗਤ ਕਿਤੇਬਾ, ਨਾ ਕੋਈ ਜਾਣੇ ਭਈਆ ਬੇਬਾ, ਪਿਤਾ ਪੂਤ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਗੁਣਵੰਤਾ ਹਰਿ ਗੁਣ ਨਿਧਾਨਾ ਸ਼ਬਦ ਸਰੂਪੀ ਬੰਨ੍ਹੇ ਗਾਨਾ, ਸਾਚੀ ਤੰਦਨ ਨਾਮ ਏਕਾ ਤੰਦ ਰਖਾਇੰਦਾ । ਸਾਚਾ ਤੰਦ ਨਾਮ ਡੋਰੀ, ਗੁਰਮੁਖਾਂ ਅੰਗ ਬੰਨ੍ਹਾਇੰਦਾ । ਮਨਮੁਖਾਂ ਕੋਲੋਂ ਕਰੇ ਚੋਰੀ, ਦਿਸ ਕਿਸੇ ਨਾ ਆਇੰਦਾ । ਕਲਜੁਗ ਦਿਸੇ ਰੈਣ ਅੰਧੇਰ ਘੋਰੀ, ਘੋਰ ਅੰਧੇਰ ਨਾ ਕੋਈ ਮਿਟਾਇੰਦਾ । ਦਰ ਦਰ ਘਰ ਘਰ ਪੰਜ ਚੋਰ ਮਚਾਇਣ ਸ਼ੋਰੀ, ਜਗਤ ਵਿਕਾਰਾ ਨਾਲ ਰਲਾਇੰਦਾ । ਸਾਚੇ ਮੰਦਰ ਕੋਇ ਨਾ ਲਾਏ ਸਾਚੀ ਪੌੜੀ, ਡੰਡਾ ਬ੍ਰਹਿਮੰਡਾਂ ਨਾ ਕੋਈ ਵੇਖ ਵਖਾਇੰਦਾ । ਕਲਜੁਗ ਵੇਲ ਹੋਈ ਕੌੜੀ, ਨਾ ਕੋਈ ਜਾਣੇ ਬ੍ਰਹਿਮਣ ਗੌੜੀ, ਪੂਤ ਸਪੂਤਾ ਕਿਸੇ ਦਿਸ ਨਾ ਆਇੰਦਾ । ਸੰਬਲ ਨਗਰੀ ਦਿਸੇ ਸੌੜੀ, ਨਾ ਕੋਈ ਜਾਣੇ ਲੰਬੀ ਚੌੜੀ, ਗੁਰ ਗੋਬਿੰਦਾ ਸੇਜ ਵਿਛਾਇੰਦਾ । ਜਨ ਭਗਤਾਂ ਆਪੇ ਰਿਹਾ ਬਹੁੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੂਪ ਅਨੂਪਾ ਸਤਿ ਸਰੂਪਾ ਆਤਮ ਦਰਸੀ ਏਕਾ ਦਰਸ ਦਿਖਾਇੰਦਾ । ਗੁਰਮੁਖ ਦਰਸ ਅਮੋਲ, ਹਰਿ ਆਪਣਾ ਆਪ ਵਖਾਇੰਦਾ । ਦਸਮ ਦਵਾਰੀ ਪੜਦਾ ਖੋਲ੍ਹ, ਮੰਦਰ ਅੰਦਰ ਜੋਤ ਜਗਾਇੰਦਾ । ਨਾਮ ਮਰਦੰਗਾ ਵਜਾਏ ਢੋਲ, ਪੰਚਮ ਨਾਦਾ ਆਪ ਵਜਾਇੰਦਾ । ਸਦਾ ਸੁਹੇਲਾ ਵਸੇ ਕੋਲ, ਆਪ ਆਪਣਾ ਮੁਖ ਵਖਾਇੰਦਾ । ਨਿਸ਼ਅੱਖਰ ਵੱਖਰ ਰਿਹਾ ਬੋਲ, ਪਰਾ ਪਸੰਤੀ ਰੂਪ ਸਮਾਇੰਦਾ । ਦਿਵਸ ਰੈਣ ਕਰੇ ਚੋਹਲ, ਜੀਵ ਜੰਤੀ ਭੇਵ ਨਾ ਪਾਇੰਦਾ । ਅੰਮ੍ਰਿਤ ਆਤਮ ਧਾਰਾ ਦੇਵੇ ਨਾਭ ਕਵਲ, ਏਕਾ ਏਕ ਜਾਮ ਪਿਲਾਇੰਦਾ । ਜਨ ਭਗਤਾਂ ਹੋਏ ਸਹਾਈ ਉਪਰ ਧਵਲ, ਧਰਤ ਧਵਲ ਆਕਾਸ਼ ਪਰਕਾਸ਼ ਆਪਣਾ ਆਪ ਰਖਾਇੰਦਾ । ਆਪੇ ਕਾਹਨਾ ਕ੍ਰਿਸ਼ਨਾ ਸਾਵਲ ਸਵਲ, ਰਾਮ ਰਾਮਾ ਆਪ ਅਖਵਾਇੰਦਾ । ਜੋਤੀ ਸ਼ਬਦੀ ਰਿਹਾ ਮਵਲ, ਜੁਗ ਜੁਗ ਜੋਤ ਜਗਾਇੰਦਾ । ਕਲਜੁਗ ਅੰਤ ਚਾਰੋਂ ਕੁੰਟ ਲੱਖ ਚੁਰਾਸੀ ਰਹੀ ਸੋਤੀ, ਚਾਰੋਂ ਕੁੰਟ ਹਾਹਾਕਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ

ਦੇਵੇ ਇਕ ਵਰ, ਆਤਮ ਦਰ ਇਕ ਸੁਹਾਇੰਦਾ । ਆਤਮ ਦਰ ਸ਼ਬਦ ਬਿਬਾਣਾ, ਪ੍ਰਭ ਏਕਾ ਏਕ ਰਖਾਇਆ ਏ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਬੁਧ ਬਿਬੇਕਾ ਰਿਹਾ ਕਰਾਇਆ ਏ । ਇਕ ਵਖਾਏ ਨਾਮ ਨਿਸ਼ਾਨਾ, ਰਸਨਾ ਕੋਇ ਨਾ ਗਾਏ ਗਾਨਾ, ਗਾਇਤਰੀ ਰੂਪ ਆਪ ਸਮਾਇਆ ਏ । ਰਾਗ ਛਤੀਸ ਵੇਦ ਪੁਰਾਨਾ, ਖਾਣੀ ਬਾਣੀ ਹਰਿ ਮਿਹਰਵਾਨਾ, ਅੰਜੀਲ ਕੁਰਾਨਾ ਕਰੇ ਪਛਾਨਾ, ਆਪ ਆਪਣਾ ਮੁਖ ਛੁਪਾਇਆ ਏ । ਕਲਜੁਗ ਖੇਲ ਸ੍ਰੀ ਭਗਵਾਨਾ, ਪਰਗਟ ਹੋਏ ਵਾਲੀ ਦੋ ਜਹਾਨਾ, ਏਕਾ ਸ਼ਬਦ ਰਖਾਏ ਤੀਰ ਕਮਾਨਾ, ਦੂਸਰ ਕੋਇ ਨਾ ਸੰਗ ਰਖਾਇਆ ਏ । ਜੋਤ ਸਰੂਪੀ ਪਹਰਿਆ ਬਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਨਿਧਾਨਾ ਏ । ਨਾਮ ਨਿਧਾਨ ਸਾਚੀ ਰਾਸ, ਪ੍ਰਭ ਆਪਣੇ ਹੱਥ ਰਖਾਈਆ । ਭਗਤ ਸੁਹੇਲਾ ਹੋਇਆ ਦਾਸ, ਸਮਰਥ ਦਇਆ ਕਮਾਈਆ । ਨਿਜ ਘਰ ਆਤਮ ਰੱਖੇ ਵਾਸ, ਮਾਇਆ ਮਮਤਾ ਮਥ ਵਖਾਈਆ । ਹਰਿਜਨ ਰਸਨਾ ਗਾਏ ਸਵਾਸ ਸਵਾਸ, ਸਾਢੇ ਤਿੰਨ ਹੱਥ ਲੇਖ ਚੁਕਾਈਆ । ਗੁਰ ਪੂਰੇ ਗੁਰਸਿਖ ਸਦ ਬਲ ਬਲ ਜਾਸ, ਹਰਿ ਭਗਤ ਭਗਤੀ ਸੇਵਾ ਲਾਈਆ । ਹਰਿ ਭਗਤ ਭਗਤੀ ਦਾਸੀ, ਹਰਿ ਹਰਿ ਆਪ ਕਰਾਇੰਦਾ । ਖੇਲੇ ਖੇਲ ਸਰਬ ਗੁਣਤਾਸੀ, ਗੁਣਵੰਤਾ ਭੇਵ ਛੁਪਾਇੰਦਾ । ਪਰਗਟ ਹੋਏ ਘਨਕਪੁਰ ਵਾਸੀ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਗੁਰਮੁਖਾਂ ਮੇਲਾ ਸ਼ਾਹੋ ਸ਼ਾਬਾਸ਼ੀ, ਬੰਕ ਦਵਾਰਾ ਇਕ ਵਖਾਇੰਦਾ । ਪਕੜ ਵਰੋਲੇ ਮਦਿਰਾ ਮਾਸੀ, ਰਾਏ ਧਰਮ ਆਪ ਉਠਾਇੰਦਾ । ਲਾੜੀ ਮੌਤ ਕਰੇ ਹਾਸੀ, ਲੱਖ ਚੁਰਾਸੀ ਵੇਖ ਵਖਾਇੰਦਾ । ਕਲਜੁਗ ਰੈਣ ਅੰਧੇਰੀ ਏਕਾ ਛਾਸੀ, ਸੰਮਤ ਪੰਦਰਾਂ ਨੀਂਹ ਰਖਾਇੰਦਾ । ਸੰਮਤ ਸੋਲਾਂ ਨਾ ਕੋਈ ਰਾਜ ਰਾਜਾਨ ਨਾ ਦਾਸਨ ਦਾਸੀ, ਸੇਵਕ ਸੇਵਾ ਨਾ ਕੋਇ ਕਮਾਇੰਦਾ । ਸੰਮਤ ਸਤਾਰਾਂ ਵਹਿੰਦੀ ਧਾਰਾ, ਨਾਰੀ ਨਾਰਾਂ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਦਰ ਘਰ ਏਕਾ ਏਕ ਸੁਹਾਇੰਦਾ । ਸਤਿ ਪੁਰਖ ਸਤਿ ਅਖਵਾਇਆ, ਨਾ ਕੋਈ ਸੁਰਤ ਗਿਆਨ । ਏਕਾ ਤਤ ਨਾਮ ਰਖਾਇਆ, ਪੰਜ ਤਤ ਨਾ ਕੋਈ ਨਿਸ਼ਾਨ । ਕਮਲਾਪਤ ਆਪ ਅਖਵਾਇਆ, ਖੇਲੇ ਖੇਲ ਦੋ ਜਹਾਨ । ਨਾਮ ਰਥ ਰਿਹਾ ਚਲਾਇਆ, ਜੁਗ ਜੁਗ ਚਲਾਏ ਆਣ । ਸਰਬ ਕਲ ਸਮਰਥ ਆਪ ਅਖਵਾਇਆ, ਆਦਿ ਸ਼ਕਤ ਰੂਪ ਭਗਵਾਨ । ਆਪਣੀ ਕਥਾ ਅਕਥਾ ਰਖਾਇਆ, ਗੁਰ ਮੰਤਰ ਸ਼ਬਦ ਵਖਾਣ । ਲੱਖ ਚੁਰਾਸੀ ਏਕਾ ਸੱਥ ਰਿਹਾ ਵਿਛਾਇਆ, ਪੁਰੀਆਂ ਲੋਆਂ ਪਾਏ ਆਣ । ਮਾਨਸ ਦੇਹੀ ਸਾਢੇ ਤਿੰਨ ਹੱਥ ਰਿਹਾ ਵਖਾਇਆ, ਅੰਤਮ ਤੁਟੇ ਮਾਣ ਤਾਣ । ਸਤਿਜੁਗ ਸਾਚੀ ਗਾਥਾ ਰਿਹਾ ਸੁਣਾਇਆ, ਸੋਹੰ ਸ਼ਬਦ ਇਕ ਬਿਬਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਮਾਰੇ ਆਪਣਾ ਬਾਣ । ਸਤਿ ਪੁਰਖ ਸਤਿ ਨਾਦ ਹੈ, ਏਕਾ ਸ਼ਬਦ ਅਪਾਰ । ਆਪ ਵਜਾਏ ਵਿਚ ਬ੍ਰਹਿਮਾਦ ਹੈ, ਕੋਈ ਨਾ ਪਾਵੇ ਸਾਰ । ਖੇਲੇ ਖੇਲ ਆਦਿ ਜੁਗਾਦਿ ਹੈ, ਆਦਿ ਜੁਗਾਦੀ ਏਕੰਕਾਰ । ਸਾਚਾ ਮੇਲਾ ਸਾਧਨ ਸਾਧ ਹੈ, ਆਤਮ ਸਾਧ ਕਰੇ ਵਿਵਹਾਰ । ਨਾਥ ਅਨਾਥੀ ਤ੍ਰੈਲੋਕੀ ਨਾਥ ਹੈ, ਦੇਵਣਹਾਰ ਸਰਬ ਸੰਸਾਰ । ਅੰਤ ਮਿਟਾਏ ਨੌ ਨੌਂ ਨਾਥ ਹੈ, ਸਿਧ ਚੁਰਾਸੀ ਹੋਏ ਖੁਆਰ । ਲੇਖਾ ਲਿਖਣਹਾਰਾ ਮਸਤਕ ਮਾਥ ਹੈ, ਲੇਖ ਲਿਖਾਰੀ ਆਪ ਕਰਤਾਰ । ਜੁਗ ਜੁਗ ਖੇਲੇ ਖੇਲ ਹਰਿ ਸਮਰਥ ਹੈ, ਸਤਿਜੁਗ ਸਤਿ ਲਏ ਅਵਤਾਰ । ਆਪੇ ਰਾਮਾ ਘਰ ਦਸਰਥ ਹੈ, ਰਾਵਣ ਗੜ੍ਹ ਤੋੜੇ ਹੰਕਾਰ । ਕਾਹਨਾ ਕ੍ਰਿਸ਼ਨਾ ਪਾਏ ਨੱਥ ਹੈ, ਦੁਆਪਰ ਤੇਰੀ ਅੰਤਮ ਵਾਰ । ਕਲਜੁਗ ਅੰਤਮ ਰਿਹਾ ਮਥ ਹੈ, ਸ੍ਰਿਸ਼ਟ ਸਬਾਈ ਹਾਹਾਕਾਰ । ਗੁਰਮੁਖ ਵਿਰਲੇ ਸਗਲ

ਵਸੂਰਾ ਗਿਆ ਲੱਥ ਹੈ, ਦਰਸ ਪਾਇਆ ਚਰਨ ਦਵਾਰ । ਆਪ ਚੜ੍ਹਾਏ ਸਾਚੇ ਰਥ ਹੈ, ਰਥ ਰਥਵਾਹੀ ਆਪ ਗਿਰਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਦੇਵੇ ਨਾਮ ਅਧਾਰ । ਨਾਮ ਨਿਧਾਨ ਜਗਤ ਅਨਡੀਠਾ, ਨਾ ਕੋਈ ਵੇਖ ਵਖਾਈਆ । ਗੁਰ ਬਚਨ ਜਨ ਲਾਗੇ ਮੀਠਾ, ਗੁਰਮਤ ਹੋਈ ਕੁੜਮਾਈਆ । ਏਕਾ ਚਾੜ੍ਹੇ ਕਾਇਆ ਰੰਗ ਮਜੀਠਾ, ਉਤਰ ਕਦੇ ਨਾ ਜਾਈਆ । ਮਨਮਤੀ ਹੋਇਆ ਕਾਇਆ ਕੌੜਾ ਰੀਠਾ, ਦੁਰਮਤ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਨਰ ਨਰਾਇਣ ਹਰਿ ਕਰਤਾਰ, ਰੂਪ ਅਨੂਪ ਅਨੂਪਾ । ਜੁਗ ਜੁਗ ਲਹਿਣਾ ਦੇਣਾ ਮੂਲ ਚੁਕਾਏ ਵਿਚ ਸੰਸਾਰ, ਹਰਿ ਸਾਜਨ ਸ਼ਾਹੋ ਭੂਪਾ । ਕਲਜੁਗ ਤੇਰੀ ਅੰਤਮ ਵਾਰ, ਖੇਲੇ ਖੇਲ ਦਹਿ ਦਿਸ਼ਾ ਚਾਰ ਕੂਟਾ । ਸਾਧ ਸੰਤ ਨਾ ਪਾਇਣ ਸਾਰ, ਮਾਇਆ ਮਮਤਾ ਤਨ ਮਨ ਲੂਟਾ । ਜੀਵ ਜੰਤ ਹੋਏ ਵਿਭਚਾਰ, ਰਸ ਰਸਨਾ ਲਾਇਆ ਝੂਠਾ । ਮਮਤਾ ਮੋਹ ਭਰਿਆ ਹੰਕਾਰ, ਨਾਮ ਨਿਧਾਨਾ ਜਾਮ ਝੂਠਾ । ਪੰਜਾਂ ਤਤਾਂ ਕਰੇ ਪਿਆਰ, ਪੰਜ ਸ਼ਬਦ ਨਾ ਆਏ ਮੁਠਾ । ਦਰ ਘਰ ਸਾਚੇ ਆਈ ਹਾਰ, ਵੇਲੇ ਅੰਤਮ ਬੈਠਾ ਰੁੱਠਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਗੁਰਮੁਖ ਰਹਿਣ ਨਾ ਦੇਵੇ ਰੁੱਠਾ । ਦਰਸ ਦਿਖਾਏ ਅਗੰਮ ਅਪਾਰ, ਕਲਜੁਗ ਅੰਤਮ ਵਾਰੀ ਤੁੱਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਦੋ ਜਹਾਨ ਨਾ ਕਿਸੇ ਲੁੱਟਾ । ਆਏ ਦਰ ਦਰ ਪਰਵਾਨਾ, ਆਤਮ ਘਰ ਵਧਾਈਆ । ਨੇਤਰ ਨੈਣ ਲੋਚਨ ਦਰਸ ਭਗਵਾਨਾ, ਚਰਨ ਧੂੜ ਸਾਚੇ ਸਰ ਤੀਰਥ ਨੁਹਾਵਣ ਨੁਹਾਈਆ । ਮਿਲੇ ਮੇਲ ਹਰਿ ਹਰਿ ਦਾਤਾਰ, ਰਸਨਾ ਗਾਵਤ ਗਾਵਤ ਗਾਵਤ ਗਹਿਰ ਗੰਭੀਰ ਗੁਣ ਗਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਸੋਹੰ ਸ਼ਬਦ ਸੁਣਾਵਤ ਸੁਣਾਵਤ ਸੁਣਾਵਤ ਧੀਰ ਧਰਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣਾ, ਗੁਰਮੁਖ ਪਾਵਤ ਪਾਵਤ ਪਾਵਤ ਹਰਿ ਦਰ ਪਾਈਆ । ਜੋਤੀ ਨੂਰ ਕੋਟਨ ਭਾਨਾ, ਰਵ ਸਸ ਨੱਸ ਨੱਸ ਨੱਸ ਬੈਠੇ ਮੁਖ ਛੁਪਾਈਆ । ਕਲਜੁਗ ਵੇਖੇ ਤੀਰ ਨਿਸ਼ਾਨਾ, ਕਮਰਕਸ ਇਕ ਕਰਾਈਆ । ਬਸਤਰ ਚੀਰ ਨਾ ਕੋਇ ਵਖਾਨਾ, ਸ਼ਸਤਰ ਤਨ ਨਾ ਕੋਈ ਸਜਾਈਆ । ਜੋਤ ਸਰੂਪੀ ਪਹਿਰਿਆ ਬਾਨਾ, ਨਾਉਂ ਖੰਡਾ ਹੱਥ ਰਖਾਈਆ । ਆਪੇ ਵੇਖੇ ਮੋਦੀਖਾਨਾ, ਤੇਰਾਂ ਤੇਰਾਂ ਬੋਲ ਨਿਭਾਈਆ । ਪਰਗਟ ਹੋਇਆ ਹਰਿ ਭਗਵਾਨਾ, ਗੋਬਿੰਦ ਗੋਬਿੰਦ ਸੇਵਾ ਲਾਈਆ । ਕਲਜੁਗ ਅੰਤਮ ਦੇਵੇ ਤਾਨਾ, ਤਾਰ ਸਿਤਾਰ ਨਾ ਕੋਈ ਹਿਲਾਈਆ । ਪੰਚਮ ਬੰਨ੍ਹੇ ਹੱਥੀਂ ਗਾਨਾ, ਪੰਚਮ ਤੇਲ ਚੜ੍ਹਾਈਆ । ਪੰਚਮ ਸੁਣਾਏ ਏਕਾ ਗਾਨਾ, ਪੰਚਮ ਮੇਲ ਮਿਲਾਈਆ । ਪੰਚਮ ਮੀਤਾ ਧੁਰ ਫ਼ਰਮਾਣਾ, ਸੋਹੰ ਸ਼ਬਦ ਜਣਾਈਆ । ਸਾਚੀ ਦਾਤਾ ਦੇਵੇ ਦਾਨਾ, ਦਾਤਾ ਦੇਵਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਹੱਥ ਵਡਿਆਈ, ਜੁਗ ਜੁਗ ਰਚਨ ਰਚਾਇੰਦਾ । ਕਲਜੁਗ ਕਰੇ ਕੁੜਮਾਈ, ਲੱਖ ਚੁਰਾਸੀ ਨਾਲ ਪਰਨਾਇੰਦਾ । ਨੌ ਦਰ ਵੱਜੇ ਵਧਾਈ, ਜੂਠ ਝੂਠ ਮੰਗਲ ਗਾਇੰਦਾ । ਪੰਚ ਵਿਕਾਰਾ ਵੇਖੇ ਥਾਉਂ ਥਾਈਂ, ਪੰਚ ਵਿਕਾਰਾ ਤਨ ਸ਼ਿੰਗਾਰਾ ਆਪ ਕਰਾਇੰਦਾ । ਦੂਈ ਦਵੈਤੀ ਪਕੜੇ ਬਾਂਹੀ, ਰੋਗ ਹੰਗਤਾ ਤਾਲ ਵਜਾਇੰਦਾ । ਗੁਰਮੁਖ ਵਿਰਲੇ ਮੇਲਾ ਸਾਚੀ ਸੰਗਤਾ, ਸੰਗੀ ਸਾਥੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਪਹਿਲੀ ਚੇਤ, ਕਰੇ ਖੇਲ ਹਰਿ ਨੇਤਨ ਨੇਤ, ਚੌਦਾਂ ਦੇਸ਼ ਸ਼ਬਦ ਸੰਦੇਸ਼ ਜੋਤ ਸਰੂਪੀ ਹੋ ਪਰਵੇਸ਼,


੧੬੯ ੦੬

ਆਪ ਆਪਣਾ ਲੇਖ ਲਿਖਾਇੰਦਾ । ਚੌਦਾਂ ਦੇਸ਼ ਸ਼ਬਦ ਸਲਾਹ, ਏਕਾ ਆਣ ਰਖਾਇੰਦਾ । ਆਪੇ ਬਣਿਆ ਜਗਤ ਮਲਾਹ, ਆਪੇ ਮਾਣ ਦਵਾਇੰਦਾ । ਆਪੇ ਫੜ ਫੜ ਪਾਏ ਰਾਹ, ਆਪੇ ਭਰਮ ਭੁਲਾਇੰਦਾ । ਆਪ ਵਖਾਏ ਸੱਚਾ ਥਾਂ, ਆਪੇ ਮੁਖ ਛੁਪਾਇੰਦਾ । ਆਪ ਉਡਾਏ ਘਰ ਘਰ ਕਾਂ, ਆਪੇ ਹੰਸ ਸੁਹਾਇੰਦਾ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਤੇਰੀ ਚੌਦਾਂ ਧਾਰ, ਚੌਦਸ ਚੰਨ ਹੋਏ ਸੰਸਾਰ, ਚੌਦਾਂ ਤਬਕਾਂ ਆਪ ਹਿਲਾਇੰਦਾ । ਸ਼ਬਦ ਸੰਦੇਸ਼ ਸਾਚੀ ਧਾਰ, ਏਕਾ ਮਾਤ ਦੁਹਾਈਆ । ਨਾ ਕੋਈ ਜਾਣੇ ਨਰ ਨਰੇਸ਼ ਜੋਤ ਸਰੂਪੀ ਮਾਰੇ ਮਾਰ, ਭੇਵ ਅਭੇਦ ਅਭੇਦ ਛੁਪਾਈਆ । ਸ਼ਬਦ ਖੰਡਾ ਹਰਿ ਦੋ ਧਾਰ, ਆਪੇ ਖਿੱਚੇ ਪਹਿਲੀ ਵਾਰ, ਬ੍ਰਹਮਾ ਰੋਵੇ ਧਾਂਹੀ ਮਾਰ, ਸ਼ਿਵ ਸ਼ੰਕਰ ਬੈਠਾ ਕਰੇ ਵਿਚਾਰ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਗਣਪਤ ਗਣੇਸ਼ ਨਾ ਕਰੇ ਅਧਾਰ, ਦਰ ਦਰਵੇਸ਼ ਨਾ ਸੁਣੇ ਪੁਕਾਰ, ਧਾਰੀ ਕੇਸ ਨਾ ਕੋਈ ਪਿਆਰ, ਨਾ ਕੋਈ ਮੂੰਡ ਮੁੰਡਾਈਆ । ਉਤਮ ਜ਼ਾਤੀ ਵਿਚ ਸੰਸਾਰ, ਕਾਇਆ ਪਰਭਾਤੀ ਰਸਨ ਉਚਾਰ, ਸ਼ਬਦ ਗੀਤ ਸਚ ਸੰਗੀਤ, ਏਕਾ ਨਾਦ ਰਿਹਾ ਵਜਾਈਆ । ਜਨ ਭਗਤਾਂ ਬਖ਼ਸ਼ੇ ਚਰਨ ਪ੍ਰੀਤ, ਏਕਾ ਰੰਗ ਰੰਗਾਏ ਹਸਤ ਕੀਟ, ਰਸ ਮਿੱਠਾ ਮੁਖ ਚੁਆਈਆ । ਸੰਮਤ ਸੰਮਤੀ ਰਹੇ ਬੀਤ, ਅਗੰਮ ਅਗੰਮੀ ਅਚਰਜ ਰੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਜੋਤ ਜਗਾਈ, ਜੁਗ ਚੌਥੇ ਅੰਤਮ ਵਾਰਿਆ । ਵਰਨ ਗੋਤ ਪ੍ਰਭ ਭੇਵ ਮਿਟਾਈ, ਖੇਲੇ ਖੇਲ ਵਡ ਸੰਸਾਰਿਆ । ਸ੍ਰਿਸ਼ਟ ਸਬਾਈ ਲੇਖ ਲਿਖਾਈ, ਜਨ ਭਗਤਾਂ ਮੇਲ ਅਗੰਮ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਉਂ ਨਿਰੰਕਾਰ ਸ਼ਬਦ ਜੈਕਾਰ ਏਕਾ ਏਕ ਕਰਾ ਰਿਹਾ । ਸ਼ਬਦ ਜੈਕਾਰਾ ਲੋਕਮਾਤ, ਹਰਿ ਏਕਾ ਏਕ ਕਰਾਵਣਾ । ਆਪ ਵੇਖੇ ਮਾਰ ਝਾਤ, ਦਿਸ ਕਿਸੇ ਨਾ ਆਵਣਾ । ਕਲਜੁਗ ਰੈਣ ਅੰਧੇਰੀ ਰਾਤ, ਮੁਖ ਮੁਖੜਾ ਆਪ ਛੁਹਾਵਣਾ । ਆਪੇ ਬੈਠਾ ਇਕ ਇਕਾਂਤ, ਦੁੱਖ ਰੋਗ ਨਾ ਕਿਸੇ ਸਤਾਵਣਾ । ਜਨ ਭਗਤਾਂ ਪੁੱਛੇ ਅੰਤਮ ਵਾਤ, ਦਰਸ ਤਰਸ ਆਪ ਵਖਾਵਣਾ । ਸ਼ਬਦ ਵਿਹਾਰਾ ਦਿਵਸ ਸਾਤ, ਸੱਤ ਕਲਮੀ ਲੇਖ ਲਿਖਾਵਣਾ । ਖੇਲੇ ਖੇਲ ਬਹੁ ਬਹੁ ਭਾਂਤ, ਭਾਰਤ ਭਗਤੀ ਨਾਉਂ ਰਖਾਵਣਾ । ਨੌ ਖੰਡ ਪ੍ਰਿਥਮੀ ਦੇਵੇ ਦਾਤ, ਦੇ ਮਤ ਆਪ ਸਮਝਾਵਣਾ । ਲੱਖ ਚੁਰਾਸੀ ਕਾਇਆ ਮੰਦਰ ਅੰਦਰ ਵੇਖੇ ਮਾਰ ਝਾਤ, ਸਿੰਘਾਸਣ ਆਸਣ ਇਕ ਡੁਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੰਦੇਸ਼ ਇਕ ਪੁਚਾਵਣਾ । ਈਸ਼ ਜੀਵ ਬ੍ਰਹਮ ਅਭੇਦ, ਪਾਰਬ੍ਰਹਮ ਸਮਾਈਆ । ਮਨ ਮਤ ਬੁਧ ਨਾ ਪਾਏ ਭੇਦ, ਵੇਦ ਕਿਤੇਬ ਸਾਰ ਨਾ ਪਾਈਆ । ਆਪੇ ਹੋਏ ਅਛਲ ਅਛੇਦ, ਇਛਿਆ ਭਿਛਿਆ ਰੂਪ ਵਟਾਈਆ । ਨਾ ਕੋਈ ਗਾਏ ਰਸਨਾ ਜਿਹਵਾ ਜਿਹਵ, ਲਿਖ ਸਕੇ ਨਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਗਤ ਜੋਗ ਜੁਗਤ ਆਪਣੇ ਹੱਥ ਰਖਾਈਆ । ਜਗਤ ਜੋਗ ਸੱਚੀ ਸਰਕਾਰ, ਆਪਣੀ ਆਪ ਕਰਾਇੰਦਾ । ਮੋਖ ਮੁਕਤ ਪ੍ਰਭ ਚਰਨ ਦਵਾਰ, ਸਾਚੀ ਸੰਧਿਆ ਇਕ ਵਖਾਇੰਦਾ । ਭਗਤ ਜਗਤ ਵਿਚ ਸੰਸਾਰ, ਆਤਮ ਅੰਧਿਆ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਜੀਆਂ ਆਪੇ ਬਖ਼ਸ਼ੰਦਿਆ, ਬੇੜਾ ਪਾਰ ਕਰਾਇੰਦਾ । ਬੇੜਾ ਪਾਰ ਗੁਰ ਚਰਨ ਲਾਗ, ਮਸਤਕ ਮਿਲੇ ਧੂੜੀ ਦਿਆਲ । ਦਾਤਾ ਸੂਰਾ ਸਰਬੱਗ, ਰੰਗ ਕਾਇਆ ਚਾੜ੍ਹੇ ਗੂੜ੍ਹੀ ।


੧੭੦
੦੬

ਨਾਮ ਬੰਨ੍ਹੇ ਤੰਦ ਸਾਚਾ ਤਗ, ਗੁਣਵੰਤ ਬਣਾਏ ਮੂਰਖ ਮੁੜ੍ਹੀ । ਦਰਸ ਦਿਖਾਏ ਉਪਰ ਸ਼ਾਹ ਰਗ, ਕਾਇਆ ਚੋਲੀ ਰੱਖੇ ਅੰਗੀ ਗੁੜ੍ਹੀ । ਗੁਰ ਪੂਰੇ ਪੜੇ ਸਾਚੇ ਪਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਦਵਾਰ ਜੀਵ ਜੰਤ ਅਧਾਰ, ਏਕਾ ਦੇਵੇ ਨਾਮ ਸਾਚੀ ਧੂੜੀ । ਨਾਮ ਧੂੜ ਤਨ ਬਸਤਰ ਖ਼ਾਕ, ਗੁਰਮੁਖ ਤਨ ਰਮਾਈਆ । ਆਪੇ ਕਰੇ ਪਾਕੀ ਪਾਕ, ਪਤਤ ਪਵਿਤ ਕਰਾਈਆ । ਅੰਮ੍ਰਿਤ ਆਤਮ ਜਾਮ ਪਿਆਏ ਸਾਕੀ ਸਾਕ, ਨਿਤ ਨਵਿਤ ਦਇਆ ਕਮਾਈਆ । ਕਾਇਆ ਮੰਦਰ ਅੰਦਰ ਬੈਠਾ ਰਿਹਾ ਝਾਕ, ਅੱਠੇ ਪਹਿਰ ਸਿਕ ਰਖਾਈਆ । ਬੰਦ ਕਿਵਾੜਾ ਖੋਲ੍ਹੇ ਤਾਕ, ਦੀਪਕ ਜੋਤੀ ਇਕ ਜਗਾਈਆ । ਆਪੇ ਜਾਣੇ ਭਵਿਖਤ ਵਾਕ, ਜੁਗ ਜੁਗ ਲੇਖਾ ਰਿਹਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਦਰ ਦਵਾਰ ਜੋ ਜਨ ਆਏ ਸੀਸ ਝੁਕਾਈਆ । ਨੇਤਰ ਨੈਣ ਹਰਿ ਦਰਸ, ਫੰਦੀ ਫੰਦ ਕਟਾਇੰਦਾ । ਕਰੇ ਕਰਾਏ ਆਪੇ ਤਰਸ, ਸੁਹਾਗੀ ਛੰਦ ਇਕ ਸੁਣਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਨਾਮ ਚੰਦ ਇਕ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਮਾਨੰਦ ਵਿਚ ਰਖਾਇੰਦਾ । ਪਰਮਾਨੰਦ ਨਿਜ ਘਰ ਵਾਸ, ਨਿਜ ਆਤਮ ਰਾਮ ਪਛਾਨਿਆ । ਰਾਮ ਰਾਮਾ ਹੋਇਆ ਦਾਸ, ਵਾਸ ਨਿਵਾਸਾ ਇਕ ਭਗਵਾਨਿਆ । ਲੇਖੇ ਲਾਏ ਹੱਡ ਨਾੜੀ ਮਾਸ, ਜੋ ਜਨ ਰੱਖੇ ਚਰਨ ਧਿਆਨਿਆ । ਆਵਣ ਜਾਵਣ ਲੇਖਾ ਚੁੱਕੇ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਨਿਆ । ਹੋਏ ਸਹਾਈ ਜੰਗਲ ਜੂਹ ਵਿਚ ਪਰਭਾਸ, ਉਜਾੜ ਪਹਾੜ ਹਰਿ ਹਰਿ ਵਾਲੀ ਦੋ ਜਹਾਨਿਆ । ਭਗਤ ਜਨਾਂ ਦਰ ਹੋਇਆ ਦਾਸ, ਦਾਸੀ ਦਾਸ ਸੇਵ ਕਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਨ ਕਰੇ ਪੂਰੀ ਆਸ, ਆਏ ਦਰ ਹੋਏ ਪਰਵਾਨਿਆ । ਆਏ ਦਰ ਸ਼ਬਦ ਭਿਖਾਰੀ, ਹਰਿ ਭਿੱਛਿਆ ਆਤਮ ਪਾਈਆ । ਨਾਮ ਉਡਾਏ ਇਕ ਉਡਾਰੀ, ਰੱਖਕ ਰੱਖਿਆ ਰਿਹਾ ਕਰਾਈਆ । ਗੁਰ ਸੰਗਤ ਸੋਹੇ ਬੰਕ ਦਵਾਰੀ, ਦਵਾਰ ਬੰਕਾ ਇਕ ਸੁਹਾਈਆ । ਜਨਕ ਸਪੁਤਰੀ ਰਾਜ ਦੁਲਾਰੀ, ਗੁਰਮੁਖ ਸੁਰਤੀ ਸਾਚੇ ਰਾਮ ਆਪ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰ ਦੇਵੇ ਭਾਗ ਲਗਾਈਆ । ਲੱਗੇ ਭਾਗ ਹੋਏ ਵਡਭਾਗੀ, ਭਰਮ ਗੜ੍ਹ ਤੁੜਾਇਆ । ਸੁਰਤੀ ਸੋਈ ਮਾਤ ਜਾਗੀ, ਮਹੱਲ ਅਟੱਲ ਉਚੇ ਚੜ੍ਹ ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ । ਗੁਰ ਚਰਨ ਧੂੜ ਬਣਾਏ ਹੰਸ ਕਾਗੀ, ਦੁਰਮਤ ਮੈਲ ਦਏ ਗਵਾਇਆ । ਪ੍ਰੀਤ ਅਤੀਤ ਜਿਸ ਜਨ ਲਾਗੀ, ਸਾਚੀ ਸੇਵਾ ਰਿਹਾ ਕਮਾਇਆ । ਮਨਮਤ ਗੁਰ ਦਰ ਜਾਏ ਭਾਗੀ, ਦੁਰਮਤ ਕਾਇਆ ਰਹਿਣ ਨਾ ਪਾਇਆ । ਗੁਰਮਤ ਬੁਝਾਏ ਤ੍ਰਿਸ਼ਨਾ ਆਗੀ, ਤਾਮਸ ਤ੍ਰਿਸ਼ਨਾ ਰਹੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ ਦੇਵੇ ਇਕ ਵਰ, ਸਹਿੰਸਾ ਰੋਗ ਦੂਰ ਕਰਾਇਆ । ਸਹਿੰਸਾ ਰੋਗ ਜਗਤ ਜੜ੍ਹ, ਦਰ ਭਗਤ ਰਿਹਾ ਦੁਰਕਾਈਆ । ਪੰਚਮ ਪੰਚਾਂ ਰਿਹਾ ਲੜ, ਪੰਚ ਪੰਚਾਂ ਮੇਲ ਮਿਲਾਈਆ । ਦਰ ਦਵਾਰੇ ਅੱਗੇ ਖੜ੍ਹ, ਦਰ ਦਰਬਾਨਾ ਸੇਵ ਕਮਾਈਆ । ਕੋਈ ਨਾ ਸਕੇ ਮਾਤ ਲੜ, ਸ਼ਬਦ ਖੰਡਾ ਹੱਥ ਉਠਾਈਆ । ਸੰਤ ਸੁਹੇਲੇ ਆਪੇ ਫੜ, ਸਾਚੀ ਵੰਡਾ ਵੰਡ ਵੰਡਾਈਆ । ਗੁਰ ਚੇਲੇ ਏਕਾ ਦਰ, ਜੇਰਜ ਅੰਡਾਂ ਵੇਖ ਵਖਾਈਆ । ਲੱਖ ਚੁਰਾਸੀ ਆਵੇ ਡਰ, ਬ੍ਰਹਿਮੰਡਾਂ ਦਏ ਦੁਹਾਈਆ । ਗੁਰਮੁਖ ਵਿਰਲਾ ਜਾਏ ਤਰ ਮਿਲੇ ਵਰ, ਪ੍ਰਭ ਚਰਨ ਸੱਚੀ ਸਰਨਾਈਆ । ਆਪਣੀ ਕਿਰਪਾ ਰਿਹਾ ਕਰ, ਦਰਸ ਦਿਖਾਏ ਘਰ ਘਰ, ਕਾਇਆ ਘਰ ਇਕ ਸੁਹਾਈਆ । ਨੌ ਕਰਾਏ ਬੰਦ ਦਰ, ਤਾਮਸ



੧੭੧
੦੬

੧੭੨
੦੬

ਤ੍ਰਿਸ਼ਨਾ ਜਾਏ ਮਰ, ਰਾਜਸ ਰਾਜ ਜਾਏ ਹਰ, ਸਾਂਤਕ ਸਤਿ ਸਮਾਈਆ । ਸਤਿ ਸੰਤੋਖੀ ਮਿਲੇ ਵਰ, ਅੰਤਮ ਮੋਖੀ ਸੋਹੇ ਦਰ, ਗੁਣਵੰਤ ਦਏ ਗੁਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਵਰ, ਜੋ ਜਨ ਦਰ ਆਏ ਦਰਸ ਰਹੇ ਪਾਈਆ । ਦਰਸ ਅਮੋਘ ਧੁਰ ਸੰਜੋਗ, ਸਾਚਾ ਮੇਲਾ ਮੇਲ ਮਿਲਾਇਆ । ਸੋਹੰ ਸ਼ਬਦ ਰਸਨਾ ਚੋਗ, ਏਕਾ ਰਿਹਾ ਚੁਗਾਇਆ । ਰਸਨਾ ਰਸ ਸਾਚਾ ਭੋਗ, ਅੰਮ੍ਰਿਤ ਆਤਮ ਫਲ ਖਵਾਇਆ । ਆਦਿ ਅੰਤ ਨਾ ਹੋਏ ਵਿਜੋਗ, ਵਿਛੜ ਕਦੇ ਨਾ ਜਾਇਆ । ਦੇਵੇ ਦਰਸ ਦਰ ਅਮੋਘ, ਦਰ ਦਵਾਰ ਬੰਕ ਸੁਹਾਇਆ । ਭਰਮੇ ਭੁੱਲੇ ਭਰਮ ਲੋਗ, ਲੋਕ ਲੱਜਿਆ ਜਗਤ ਬੰਧਾਇਆ । ਸਚ ਨਾ ਗਾਏ ਕੋਈ ਸਲੋਕ, ਰਸਨ ਵਿਕਾਰ ਰਹੇ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਦੇਵੇ ਏਕਾ ਵਰ, ਨਾਮ ਨਿਧਾਨਾ ਝੋਲੀ ਪਾਇਆ । ਹਰਿ ਸ਼ਬਦ ਜੈਕਾਰ, ਅੰਤਮ ਕਲ ਕਰਾਈਆ । ਸੋਹੰ ਜੈ ਜੈ ਜੈਕਾਰ, ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਗਾਈਆ । ਸਤਿ ਪੁਰਖ ਨਿਰੰਜਣ ਅਪਰ ਅਪਾਰ, ਸਤਿ ਸੰਤੋਖ ਸਮਾਈਆ । ਹਉਮੇ ਹੰਗਤਾ ਰੋਗ ਨਿਵਾਰ, ਜੀਵ ਜੰਤ ਦਏ ਵਡਿਆਈਆ । ਸਾਚੀ ਸੰਗਤਾ ਮੇਲ ਅਪਾਰ, ਆਪ ਆਪਣਾ ਸੰਗ ਨਿਭਾਈਆ । ਹਰਿਜਨ ਮੰਗਤਾ ਦਰ ਦਰਬਾਰ, ਏਕਾ ਵਸਤ ਮੰਗ ਮੰਗਾਈਆ । ਦੇਵਣਹਾਰ ਸਰਬ ਸੰਸਾਰ, ਪ੍ਰਭ ਝੋਲੀ ਦਏ ਭਰਾਈਆ । ਦਿਸ ਨਾ ਆਏ ਵਿਚ ਸੰਸਾਰ, ਅਨਡਿਠ ਵਸਤ ਹਰਿ ਰਘੁਰਾਈਆ । ਆਦਿ ਅੰਤ ਨਾ ਜਾਏ ਹਾਰ, ਸਵਾ ਗਿੱਠ ਸਮਾਧੀ ਲਾਈਆ । ਦਸ ਉਂਗਲੀ ਵੇਖ ਦਿਵਾਰ, ਨੌਂ ਦਰ ਖੋਜ ਖੁਜਾਈਆ । ਸ਼ਬਦ ਸਰੂਪੀ ਚਾਰ ਦਿਵਾਰ, ਸਚ ਮਹੱਲ ਆਪ ਉਪਾਈਆ । ਛੱਤ ਤਤ ਨਾ ਕੋਈ ਵਿਚਾਰ, ਰੱਤੀ ਰੱਤ ਨਾ ਕੋਈ ਸੁਹਾਈਆ । ਕਮਲਾਪਾਤ ਹਰਿ ਭਤਾਰ, ਸਾਚੀ ਸੇਜਾ ਆਸਣ ਲਾਈਆ । ਏਕਾ ਖੇਲੇ ਖੇਲ ਸੰਸਾਰ, ਸਾਰ ਪਾਸ਼ਾ ਰਿਹਾ ਵਛਾਈਆ । ਕਲਜੁਗ ਅੰਤਮ ਆਈ ਹਾਰ, ਰਿਖ ਦਰਬਾਸ਼ਾ ਦਏ ਦੁਹਾਈਆ । ਮਿਲੇ ਮੇਲ ਮੀਤ ਮੁਰਾਰ, ਅੰਤਮ ਵੇਲੇ ਲਏ ਮਿਲਾਈਆ । ਸੰਮਤ ਪੰਦਰਾਂ ਹੋ ਤਿਆਰ, ਸਾਚੇ ਮੰਦਰਾਂ ਫੋਲ ਫੁਲਾਈਆ । ਜਗਤ ਨਾਥੀ ਪਾਵੇ ਸਾਰ, ਜਗਨ ਨਾਥ ਦਰ ਖੁਲ੍ਹਾਈਆ । ਆਪ ਚੜ੍ਹਾਏ ਸਾਚੇ ਰਾਥ, ਲਹਿਣਾ ਦੇਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਯੁਧਿਸ਼ਟਰ ਜਗਤ ਪਿਆਰ, ਨਾਥ ਤ੍ਰੈਲੋਕੀ ਰਿਹਾ ਕਮਾਈਆ । ਭਗਤ ਯੁਧਿਸ਼ਟਰ ਅੰਤਮ ਮੰਗ, ਮੰਗੀ ਚਰਨ ਦਵਾਰ । ਗੋਪੀ ਕਾਹਨਾ ਚਾੜ੍ਹੇ ਰੰਗ, ਪਰਗਟ ਵਿਚ ਸੰਸਾਰ । ਸ਼ਬਦ ਜੈਕਾਰ ਵਜਾਏ ਮਰਦੰਗ, ਚਾਰੋਂ ਕੁੰਟ ਜੈ ਜੈਕਾਰ । ਚਰਨ ਧੂੜ ਇਸ਼ਨਾਨ ਕਰਾਏ ਸਾਚੀ ਗੰਗ, ਸੰਮਤ ਪੰਦਰਾਂ ਵੇਖ ਵਿਚਾਰ । ਕਿਲੇ ਕੋਟ ਪ੍ਰਭ ਅੰਦਰ ਲੰਘ, ਖੋਲ੍ਹ ਵਖਾਏ ਬੰਦ ਕਿਵਾੜ । ਕੱਟਣਹਾਰਾ ਭੁੱਖ ਨੰਗ, ਆਤਮ ਝੋਲੀ ਭਰੇ ਭੰਡਾਰ । ਜੁਗ ਜੁਗ ਨਿਭਾਏ ਆਪਣਾ ਸੰਗ, ਸਗਲਾ ਸਾਥੀ ਨੈਣ ਮੁੰਧਾਰ । ਜਗਤ ਤਪੀਸ਼ਰ ਮੰਗੀ ਮੰਗ, ਕਾਇਆ ਖੇਤਰ ਪਾਵੇ ਸਾਰ । ਸ਼ਬਦ ਘੋੜੇ ਕਸੇ ਤੰਗ, ਪਹਿਲੀ ਚੇਤਰ ਹੋ ਤਿਆਰ । ਜਨਮ ਅਜਨਮਾ ਕਰੇ ਭੰਗ, ਮਾਰੇ ਖੰਡਾ ਏਕਾ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਯੁਧਿਸ਼ਟਰ ਦਿਤਾ ਵਰ, ਸਾਚਾ ਮੇਲਾ ਅੰਤਮ ਵਾਰ । ਯੋਗ ਯੁਧਿਸ਼ਟਰ ਮਾਤ ਕਮਾਏ, ਆਈ ਅੰਤਮ ਵਾਰੀਆ । ਸਾਚਾ ਮੇਲਾ ਮੇਲ ਮਿਲਾਏ, ਜੁਗ ਜੁਗ ਖੇਲ ਅਪਾਰੀਆ । ਲਿਖਿਆ ਲੇਖ ਨਾ ਕੋਈ ਮਿਟਾਏ, ਹਰਿ ਲਿਖਣਹਾਰ ਲਿਖਾਰੀਆ । ਕਾਹਨਾ ਕ੍ਰਿਸ਼ਨਾ ਭੇਖ ਵਟਾਏ, ਜੋਤ ਸਰੂਪ ਹਰਿ ਨਿਰੰਕਾਰੀਆ । ਸ੍ਰਿਸ਼ਟ ਸਬਾਈ ਵੇਖ ਵਖਾਏ, ਅੰਦਰ ਬਾਹਰ ਗੁਪਤ ਜਾਹਰੀਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਹਾਏ ਬੰਕ ਦਵਾਰੀਆ ।

ਥਿਰ ਘਰ ਅਪਾਰ, ਨਰ ਨਿਰੰਕਾਰਿਆ । ਨਾ ਕੋਈ ਦੀਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਦਿਸਾ ਰਿਹਾ । ਜੋਤ ਸਰੂਪੀ ਕਰ ਆਕਾਰ, ਦੀਪਕ ਏਕਾ ਇਕ ਜਗਾ ਰਿਹਾ । ਵਿਸ਼ਨ ਵਰਾਟੀ ਪਹਿਰੇਦਾਰ, ਆਪਣਾ ਆਪ ਬਣਾਇਆ । ਪੰਜ ਤਤ ਨਾ ਦੀਸੇ ਮਾਟੀ, ਮਨ ਮਤ ਬੁਧ ਨਾ ਵੇਖ ਵਖਾਇਆ । ਏਕਾ ਘਰ ਸਾਚੀ ਹਾਟੀ, ਆਪ ਆਪਣਾ ਹਰਿ ਉਪਾਇਆ । ਆਪੇ ਜਾਣੇ ਆਪਣੀ ਘਾਟੀ, ਆਰ ਪਾਰ ਭੇਵ ਨਾ ਰਾਇਆ । ਆਪਣਾ ਲਾਹਾ ਆਪੇ ਖਾਟੀ, ਘਰ ਆਪਣੇ ਖ਼ੁਸ਼ੀ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਰਖਾਏ ਇਕ ਦਰ, ਦਰ ਦਰਵਾਜ਼ਾ ਆਪੇ ਬੰਦ ਕਰਾਇਆ । ਥਿਰ ਘਰ ਹਰਿ ਮਹੱਲ, ਏਕਾ ਏਕ ਉਪਨਿਆ । ਆਪੇ ਜਾਣੇ ਉਚ ਮਹੱਲ, ਆਪੇ ਬੇੜਾ ਬੰਨ੍ਹਿਆ । ਕਿਸੇ ਦਿਸ ਨਾ ਆਏ ਜਲ ਥਲ, ਰਵ ਸਸ ਨਾ ਜਾਣੇ ਸੂਰਜ ਚੰਨਿਆ । ਪ੍ਰਿਥਮੀ ਆਕਾਸ਼ ਵੇਖੇ ਥਲ, ਦਿਸ ਨਾ ਆਏ ਜਨਣੀ ਜਨਿਆ । ਏਕਾ ਵਸੇ ਨਿਹਚਲ ਧਾਮ ਅਟਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਦਰ, ਆਪ ਆਪਣਾ ਰੰਗ ਮਹੱਲਿਆ । ਹਰਿਜਨ ਉਧਾਰ, ਆਪੇ ਆਪ ਕਰਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਸਾਚੀ ਰੀਤ ਰੀਤ ਵਖਾਇੰਦਾ । ਅਗੰਮ ਅਗੰਮਾ ਦਰਸ ਅਪਾਰ, ਦੀਪਕ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨ ਰਚਾਇੰਦਾ । ਸਚ ਮਹੱਲ ਕਰ ਤਿਆਰ ਨਾ ਕੋਈ ਦੀਸੇ ਕਾਇਆ ਬੁੱਤ, ਆਪ ਆਪਣੇ ਅੰਦਰ ਵਾੜਿਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਦਰ ਦਰ ਬੈਠਾ ਰਿਹਾ ਤਾੜਿਆ । ਆਦਿ ਅੰਤ ਨਾ ਜਾਏ ਨਿਖੁੱਟ, ਵਰਤੇ ਵਰਤਾਵੇ ਵਿਚ ਹਰਿ ਨਿਰੰਕਾਰਿਆ । ਨਾ ਕੋਈ ਸਕੇ ਜੜ੍ਹ ਪੁੱਟ, ਆਪ ਲਗਾਈ ਉਚ ਮਹੱਲ ਅਟੱਲ ਧਰਮ ਚੁਬਾਰਿਆ । ਨਾ ਕੋਈ ਕੱਢੇ ਬਾਹਰ ਸੁੱਟ, ਹਰਿ ਹਰਿ ਹਰਿ ਨਰ ਆਪਣੇ ਵਿਚ ਸਮਾ ਰਿਹਾ । ਨਾ ਕੋਈ ਪਾਵੇ ਦੂਈ ਦਵੈਤੀ ਫੁੱਟ, ਏਕਾ ਰੰਗਣ ਰੰਗ ਰੰਗਾ ਰਿਹਾ । ਨਾ ਕੋਈ ਫੜ ਫੜ ਸਕੇ ਕੁੱਟ, ਪ੍ਰਭ ਸ਼ਬਦ ਕਿਸੇ ਦਿਸ ਨਾ ਆ ਰਿਹਾ । ਨਾ ਕੋਈ ਵੇਖੇ ਉਪਰ ਚੜ੍ਹ ਚੜ੍ਹ ਚੋਟ, ਸ਼ਬਦ ਸਿੰਘਾਸਣ ਆਪਣਾ ਆਪ ਸੁਹਾ ਰਿਹਾ । ਨਾ ਕੋਈ ਸਕੇ ਲੋਕਮਾਤ ਲੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਰਖਾਏ ਇਕ ਦਰ, ਦਰ ਦਵਾਰਾ ਆਪਣੇ ਹੱਥ ਰਖਾ ਰਿਹਾ । ਪਾਰਬ੍ਰਹਮ ਕਿਸੇ ਭੇਵ ਨਾ ਪਾਇਆ, ਜੀਵ ਜੰਤ ਸਾਧ ਸੰਤ ਰਸਨਾ ਫਿਰੇ ਹਲਕਾਈਆ । ਦੇਵੀ ਦੇਵ ਦੇਵਾ ਦਿਸ ਨਾ ਆਇਆ, ਕਰੋੜ ਤੇਤੀਸਾ ਰਹੇ ਕੁਰਲਾਈਆ । ਸ਼ਿਵ ਸ਼ੰਕਰ ਸਾਚੀ ਸੇਵਾ ਲਾਇਆ, ਬਾਸ਼ਕ ਤਸ਼ਕਾ ਗਲ ਵਿਚ ਲਟਕਾਈਆ । ਬ੍ਰਹਮਾ ਲੇਖ ਲਿਖਾਰਾ ਆਪ ਉਪਾਇਆ, ਆਪ ਆਪਣੀ ਬਿੰਦ ਉਪਾਈਆ । ਗੁਰਮੁਖ ਸਾਚਾ ਹਰਿ ਪ੍ਰਭ ਬਹਾਏ ਚਰਨ ਦਵਾਰਾ, ਦੂਸਰ ਕਿਸੇ ਵਸਤ ਦਸਤ ਹੱਥ ਨਾ ਆਈਆ । ਮਿਲੇ ਮੇਲ ਹਰਿ ਪੁਰਖ ਭਤਾਰਾ, ਸਾਚੀ ਸੇਜ ਸਾਚੀ ਨਾਰੀ ਇਕ ਹੰਢਾਈਆ । ਏਕਾ ਏਕ ਏਕ ਓਅੰਕਾਰਾ, ਰੂਪ ਅਨੂਪਾ ਕਰ ਪਸਾਰਾ, ਸ਼ਬਦ ਸੁਹਾਏ ਇਕ ਦਵਾਰਾ, ਸਾਚਾ ਮੇਲਾ ਮੇਲ ਮਿਲਾਈਆ । ਥਿਰ ਘਰ ਹਰਿ ਧੰਨ ਹੈ, ਸ਼ਬਦ ਵਸਤ ਅਪਾਰ । ਪੁਰਖ ਅਬਿਨਾਸ਼ੀ ਗਿਆ ਮੰਨ ਹੈ, ਆਪ ਆਪਣਾ ਕੀਆ ਅਧਾਰ । ਨਾ ਕੋਈ ਸੂਰਜ ਚੰਨ ਹੈ, ਤਾਰਾ ਮੰਡਲ ਨਾ ਵੇਖ ਪਸਾਰ । ਨਾ ਕੋਈ ਲੋਆਂ ਪੁਰੀਆਂ ਬੰਨ੍ਹ


੧੭੩
੦੬

ਹੈ, ਰਤ ਨਤ ਨਾ ਦੀਸੇ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਖਾਏ ਇਕ ਦਰ, ਏਕਾ ਸ਼ਬਦ ਹੋਏ ਜੈ ਜੈਕਾਰ । ਥਿਰ ਘਰ ਲੱਗਾ ਭਾਗ, ਹਰਿ ਸਾਚਾ ਆਪ ਲਗਾਇੰਦਾ । ਪੂਤ ਸਪੂਤਾ ਗਿਆ ਜਾਗ, ਸ਼ਬਦ ਸੁਤ ਆਪ ਉਪਾਇੰਦਾ । ਜਨਣੀ ਜੋਤੀ ਧੋਵੇ ਸਾਚਾ ਦਾਗ਼, ਸਾਚੀ ਸੇਵਾ ਆਪ ਰਖਾਇੰਦਾ । ਏਕਾ ਬਖ਼ਸ਼ੇ ਇਕ ਵੈਰਾਗ, ਏਕਾ ਸਿਖਿਆ ਆਪ ਉਪਾਇੰਦਾ । ਨਾ ਕੋਈ ਤ੍ਰਿਸ਼ਨਾ ਨਾ ਕੋਈ ਆਗ, ਜਗਤ ਚਿਰਾਗ ਨਾ ਕੋਈ ਜਗਾਇੰਦਾ । ਆਪ ਆਪਣੇ ਹੱਥ ਰੱਖੀ ਵਾਗ, ਜੋਤੀ ਧਾਰਾ ਆਪ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਵਸਾਇਆ ਇਕ ਦਰ, ਦਰ ਦਰਵਾਜ਼ਾ ਗਰੀਬ ਨਿਵਾਜਾ, ਆਪ ਆਪਣਾ ਸਾਜਨ ਸਾਜਾ, ਸਾਜਣਹਾਰ ਆਪ ਅਖਵਾਇੰਦਾ । ਸਾਜਣਹਾਰਾ ਹਰਿ ਕਿਰਪਾਲਾ, ਆਪ ਆਪਣੀ ਬਣਤ ਬਣਾਈਆ । ਖੇਲੇ ਖੇਲ ਦੀਨ ਦਿਆਲਾ, ਦੇਵਣਹਾਰ ਸ੍ਰਿਸ਼ਟ ਸਬਾਈਆ । ਮੇਲੇ ਮੇਲ ਮੇਲਣਹਾਰਾ, ਜੁਗ ਜੁਗ ਜਨ ਭਗਤਾਂ ਮੇਲ ਮਿਲਾਈਆ । ਗੁਰ ਗੁਰ ਚੇਲੇ ਸੋਹਣ ਇਕ ਦਵਾਰਾ, ਦਵਾਰ ਬੰਕਾ ਇਕ ਸੁਹਾਈਆ । ਸਤਿ ਪੁਰਖ ਨਿਰੰਜਣ ਪਾਵੇ ਸਾਰਾ, ਆਦਿ ਸ਼ਕਤ ਆਦਿ ਭਵਾਨੀ ਏਕਾ ਨਾਉਂ ਰਖਾਈਆ । ਸ਼ਬਦ ਸਰੂਪੀ ਕਰ ਜੈਕਾਰਾ, ਜੈ ਜੈਕਾਰ ਕਰਾਈਆ । ਆਪ ਰਖਾਏ ਧੁੰਦੂਕਾਰਾ, ਪਰਕਾਸ਼ ਆਕਾਸ਼ ਸਮਾਈਆ । ਆਪ ਉਪਾਏ ਮੇਟ ਮਿਟਾਏ ਮੇਟਣਹਾਰਾ, ਦਿਸ ਕਿਸੇ ਨਾ ਆਈਆ । ਆਪੇ ਖੇਵਟ ਆਪੇ ਖੇਟਾ, ਮਾਤ ਪਿਤ ਹਰਿ ਬੇਟੀ ਬੇਟਾ, ਪਿਤਾ ਪੂਤ ਆਪ ਅਖਵਾਈਆ । ਆਪ ਆਪਣਾ ਤਨ ਲਪੇਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸੁਹਾਏ ਇਕ ਘਰ, ਸਚ ਦਵਾਰਾ ਨਾਉਂ ਰਖਾਈਆ । ਸਚ ਦਵਾਰਾ ਸਾਚਾ ਨਾਉਂ, ਹਰਿ ਆਪਣਾ ਆਪ ਉਸਾਰਿਆ ।


੧੭੪ ੦੬

ਆਪੇ ਜਾਣੇ ਨਗਰ ਗਰਾਉਂ, ਆਪੇ ਪਾਵੇ ਸਾਰਿਆ । ਗੁਰਮੁਖਾਂ ਵਖਾਏ ਸਾਚਾ ਥਾਉਂ, ਆਪ ਆਪਣੀ ਕਿਰਪਾ ਧਾਰਿਆ । ਆਪ ਕਰਾਏ ਸਚ ਨਿਆਉਂ, ਜੁਗ ਜੁਗ ਮਾਤ ਲਏ ਅਵਤਾਰਿਆ । ਜਨ ਭਗਤ ਉਠਾਏ ਫੜ ਫੜ ਬਾਹੋਂ, ਆਪ ਆਪਣਾ ਇਕ ਉਧਾਰਿਆ । ਹੰਸ ਬਣਾਏ ਫੜ ਫੜ ਕਾਉਂ, ਚਰਨ ਧੂੜ ਸਚ ਇਸ਼ਨਾਨ ਇਕ ਨੁਹਾਵਣ ਆਪ ਨੁਹਾ ਰਿਹਾ । ਆਪੇ ਪਿਤਾ ਆਪੇ ਮਾਉਂ, ਸਦਾ ਸੁਹੇਲਾ ਦੇਵੇ ਠੰਢੀ ਛਾਉਂ, ਆਪ ਆਪਣੀ ਗੋਦ ਉਠਾ ਰਿਹਾ । ਗੁਰ ਪੂਰੇ ਸਦ ਬਲ ਬਲ ਜਾਓ, ਜੁਗ ਜੁਗ ਵਿਛੜੇ ਮੇਲ ਮਿਲਾ ਰਿਹਾ । ਗੁਰਮੁਖ ਸਾਚੇ ਸਾਚਾ ਦੇਵੇ ਥਾਉਂ, ਥਿਰ ਘਰ ਮਹੱਲ ਇਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਿਰੰਕਾਰਾ ਸ਼ਬਦ ਅਧਾਰਾ ਏਕਾ ਰੰਗ ਵਖਾ ਰਿਹਾ । ਏਕਾ ਰੰਗ ਹਰਿ ਪਰਬਲ, ਆਪਣਾ ਆਪ ਵਖਾਇਆ । ਆਪੇ ਕਰੇ ਵਲ ਛਲ, ਆਪੇ ਮਾਰਗ ਲਾਇਆ । ਆਪੇ ਵਸੇ ਨੇਹਚਲ ਧਾਮ ਅਟੱਲ, ਆਪੇ ਦਿਸ ਨਾ ਆਇਆ । ਆਪੇ ਵਸਿਆ ਜਲ ਥਲ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਹਰਿ ਸਮਾਇਆ । ਆਪੇ ਗੁਰਮੁਖਾਂ ਅੰਦਰ ਰਿਹਾ ਰਲ, ਕਾਇਆ ਮੰਦਰ ਡੇਰਾ ਲਾਇਆ । ਆਤਮ ਸੇਜਾ ਰਿਹਾ ਮੱਲ, ਸ਼ਬਦ ਸਿੰਘਾਸਣ ਡੇਰਾ ਲਾਇਆ । ਭਾਗ ਲਗਾਏ ਕਾਇਆ ਖੱਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਖਾਏ ਸਚ ਘਰ, ਥਿਰ ਘਰ ਸਾਚਾ ਨਾਉਂ ਰਖਾਇਆ । ਥਿਰ ਘਰ ਅਗੰਮ ਅਗੰਮ ਅਥਾਹ ਹੈ, ਹਰਿ ਆਪ ਵਖਾਏ ਬੇਪਰਵਾਹ । ਹਰਿ ਦਾਤਾ ਬੇਪਰਵਾਹੋ ਹੈ, ਇਕ ਜਪਾਏ ਸਾਚਾ ਨਾਂ । ਨਾਮ ਨਿਧਾਨਾ ਹਰਿ ਭਗਵਾਨਾ ਏਕਾ ਏਕ ਨਿਆਉਂ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਖਾਏ ਥਿਰ ਘਰ, ਏਕਾ ਸ਼ਬਦ ਝੁੱਲੇ ਧਰਮ ਨਿਸ਼ਾਨ । ਥਿਰ

ਘਰ ਸਚ ਨਿਸ਼ਾਨੀ, ਪ੍ਰਭ ਆਪਣੀ ਆਪ ਰਖਾਈਆ । ਪੰਚਮ ਨਾਦਾ ਗਾਏ ਸਾਚੀ ਬਾਣੀ, ਅਨਹਦ ਤਾਲ ਵਜਾਈਆ । ਪਾਰਬ੍ਰਹਮ ਪੁਰਖ ਪਦ ਨਿਰਬਾਣੀ, ਨਿਰਗੁਣ ਰੂਪ ਸਮਾਈਆ । ਕਥ ਕਥਾ ਹਰਿ ਅਕੱਥ ਕਹਾਣੀ, ਗਾਵਣਹਾਰਾ ਆਪ ਅਖਵਾਈਆ । ਜਨ ਭਗਤਾਂ ਕਰੇ ਮਾਤ ਪਛਾਣੀ, ਆਤਮ ਪੜਦਾ ਦਏ ਚੁਕਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸਰ ਸਰੋਵਰ ਇਕ ਵਖਾਈਆ । ਸੁਰਤ ਸਵਾਣੀ ਸਾਚੀ ਰਾਣੀ, ਪ੍ਰਭ ਕੰਤੇ ਆਪ ਪਰਨਾਈਆ । ਮਿਲਿਆ ਮੇਲ ਸ਼ਬਦ ਹਾਣੀ, ਕੰਤ ਸੁਹਾਗ ਇਕ ਹੰਢਾਈਆ । ਦਰ ਦਵਾਰ ਇਕ ਵਖਾਨੀ, ਪ੍ਰਭ ਸਾਚਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਖਾਏ ਇਕ ਘਰ, ਥਿਰ ਘਰ ਤੇਰੀ ਵਡਿਆਈਆ । ਥਿਰ ਘਰ ਵੇਖੇ ਰਾਜ ਜੋਗ, ਹਰਿ ਸਾਚਾ ਆਪ ਚਲਾਇੰਦਾ । ਰਸ ਰਸਨਾ ਨਾ ਜਾਣੇ ਭੋਗ, ਭੋਗੀ ਭੋਗ ਨਾ ਕੋਈ ਰਖਾਇੰਦਾ । ਗੁਰਮੁਖ ਮੇਲਾ ਧੁਰ ਸੰਜੋਗ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਦੇਵੇ ਦਰਸ ਅਮੋਘ, ਨਾਮ ਚੋਗੀ ਚੋਗ ਚੁਗਾਇੰਦਾ । ਕਾਇਆ ਕਟੇ ਹਉਮੇ ਰੋਗ, ਭੁੱਖ ਤ੍ਰਿਸ਼ਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਘਰ, ਥਿਰ ਘਰ ਨਾਉਂ ਰਖਾਇੰਦਾ । ਥਿਰ ਘਰ ਹਰਿ ਟਿਕਾਣਾ, ਹਰਿ ਆਪਣਾ ਆਪ ਬਣਾਇਆ ਏ । ਇਕ ਰਖਾਏ ਨਾਮ ਬਿਬਾਣਾ, ਗੁਰਮੁਖਾਂ ਰਿਹਾ ਚੜ੍ਹਾਇਆ ਏ । ਨਾ ਕੋਈ ਜਾਣੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਹੱਥ ਨਾ ਆਇਆ ਏ । ਨਾਨਕ ਨਾਨਕ ਨਾਨਕ ਹਰਿ ਗੁਣ ਵਖਾਣਾ, ਗੁਣਵੰਤਾ ਭੇਵ ਨਾ ਰਾਇਆ ਏ । ਆਪੇ ਚਤੁਰ ਸੁਘੜ ਸਿਆਣਾ, ਮੂਰਖ ਮਤ ਬੁਧ ਆਪ ਅਖਵਾਇਆ ਏ । ਆਪੇ ਵਰਤੇ ਆਪਣਾ ਭਾਣਾ, ਭੇਖਾਧਾਰੀ ਆਪ ਅਖਵਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵਖਾਏ ਇਕ ਘਰ, ਥਿਰ ਘਰ ਸਾਚਾ ਨਾਉਂ ਰਖਾਇਆ ਏ । ਨਾਨਕ ਘਰ ਨਿਰੰਕਾਰ ਹੈ, ਨਿਜ ਘਰ ਆਪ ਸੁਹਾਏ । ਜੋਤ ਸਰੂਪੀ ਇਕ ਅਕਾਰ ਹੈ, ਜੋਤੀ ਜੋਤ ਉਪਾਏ । ਬਿਨ ਰੰਗ ਰੂਪੀ ਸਾਚੀ ਧਾਰ ਹੈ, ਸ਼ਬਦੀ ਸ਼ਬਦ ਜਣਾਏ । ਆਪ ਵਸਿਆ ਸਭ ਤੋਂ ਬਾਹਰ ਹੈ, ਹਰ ਘਟ ਬੈਠਾ ਆਸਣ ਲਾਏ । ਆਪ ਸੁਹਾਏ ਬੰਕ ਦਵਾਰ ਹੈ, ਦਰ ਦਵਾਰੀ ਆਪ ਹੋ ਜਾਏ । ਆਪੇ ਮਾਇਆ ਪਸਰ ਪਸਾਰ ਹੈ, ਤ੍ਰੈਗੁਣ ਤਤ ਰਿਹਾ ਉਪਾਏ । ਪੰਚਮ ਲੇਖਾ ਇਕ ਦਾਤਾਰ ਹੈ, ਦਾਤਾ ਦਾਨੀ ਆਪ ਹੋ ਜਾਏ । ਭਰਮ ਭੁਲੇਖਾ ਵਡ ਸੰਸਾਰ ਹੈ, ਬਾਣੀ ਬਾਣ ਨਾ ਕੋਈ ਲਗਾਏ । ਅੱਖਰ ਅੱਖਰੇ ਜਗਤ ਵਿਹਾਰ ਹੈ, ਅੱਖਰ ਅੱਖਰ ਲੇਖ ਲਿਖਾਏ । ਬਜਰ ਕਪਾਟੀ ਸਾਚਾ ਪੱਥਰ ਅੱਧਵਿਚਕਾਰ ਹੈ, ਸਾਚੀ ਸਿਲਾ ਆਪ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਸਤਿਗੁਰ ਕਿਲ੍ਹਾ ਗੜ੍ਹ ਹੈ, ਸਚ ਦਵਾਰਾ ਇਕ ਵਖਾਏ । ਨਾਨਕ ਘਰ ਨਿਰਗੁਣ ਰੂਪ, ਹਰਿ ਨਿਰਗੁਣ ਰੰਗ ਸਮਾਏ । ਸਦਾ ਖੁੱਲ੍ਹਾ ਰੱਖੇ ਦਰ ਹੈ, ਦਰ ਦਵਾਰਾ ਬੰਦ ਨਾ ਕੋਈ ਕਰਾਏ । ਜੁਗ ਜੁਗ ਦੇਵਣਹਾਰਾ ਵਰ ਹੈ, ਭਗਤ ਭਗਤੀ ਮਾਰਗ ਲਾਏ । ਆਪ ਆਪਣੀ ਕਰਨੀ ਰਿਹਾ ਕਰ ਹੈ, ਸਾਚੀ ਕਰਨੀ ਸਾਚੀ ਕਿਰਤ ਕਮਾਏ । ਗੁਰਮੁਖਾਂ ਸ਼ਬਦ ਭੰਡਾਰਾ ਰਿਹਾ ਭਰ ਹੈ, ਧੰਨ ਧਰਮੀ ਆਪ ਰਖਾਏ । ਜਗਤ ਜੰਜਾਲਾ ਤੋੜੇ ਡਰ ਹੈ, ਆਤਮ ਸ਼ਕਤੀ ਇਕ ਵਖਾਏ । ਸਾਚੀ ਤਰਨੀ ਰਿਹਾ ਤਰ ਹੈ, ਅੰਤਮ ਬੇੜਾ ਬੰਨੇ ਲਾਏ । ਏਕਾ ਵੇਖ ਵਖਾਣੇ ਹਰੀ ਹਰਿ ਹੈ, ਹਰਿਜਨ ਸਾਚੇ ਮਾਤ ਜਗਾਏ । ਸਾਚਾ ਦਰ ਦਵਾਰਾ ਏਕਾ ਦਰ ਹੈ, ਦਰ ਦਰਬਾਨ ਆਪ ਹੋ ਆਏ । ਨਾ ਜਨਮੇ ਨਾ ਜਾਏ ਮਰ ਹੈ, ਜੁਗ ਜੁਗ ਜੋਤੀ ਭੇਖ ਵਟਾਏ । ਸੇਵਕ ਸੇਵਾ ਰਿਹਾ ਕਰ ਹੈ, ਸਾਚੀ ਸੇਵਾ ਸੇਵ ਕਮਾਏ ।

ਹਰਿ ਹਰਿ ਭਾਣਾ ਏਕਾ ਜਰ ਹੈ, ਜ਼ਰ ਜ਼ਰਵਾਣਾ ਆਪ ਹੋ ਜਾਏ । ਗੁਰ ਨਾਨਕ ਵਖਾਇਆ ਏਕਾ ਘਰ ਹੈ, ਦੂਸਰ ਕੋਇ ਦਿਸ ਨਾ ਆਏ । ਗੁਰਮੁਖ ਵਿਰਲੇ ਲੋਕਮਾਤ ਮਿਲੇ ਵਰ ਹੈ, ਗੋਲਕ ਗੋਲਾ ਹੋਏ ਸੇਵ ਕਮਾਏ । ਮਨਮੁਖਾਂ ਦਰ ਆਏ ਡਰ ਹੈ, ਬੈਠੇ ਮੁਖ ਭਵਾਏ । ਮਾਇਆ ਮਮਤਾ ਲੱਗੀ ਲੜ ਹੈ, ਲਾੜੀ ਮੌਤ ਅੰਤ ਪਰਨਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਏ । ਨਾਨਕ ਗੋਲਾ ਦਰ ਦਰਬਾਰ ਕਰਾਇਆ । ਸ਼ਬਦ ਬੋਲਾ ਇਕ ਜੈਕਾਰ, ਨਾਮ ਸਤਿ ਰਖਾਇਆ । ਲੋਆਂ ਪੁਰੀਆਂ ਪਾਵੇ ਸਾਰ, ਵਰਭੰਡੀ ਮੇਲ ਮਿਲਾਇਆ । ਸਾਚੀ ਡੰਡੀ ਏਕਾ ਧਾਰ, ਚਾਰ ਵਰਨਾਂ ਰਿਹਾ ਚਲਾਇਆ । ਨੌ ਖੰਡ ਪ੍ਰਿਥਮੀ ਵੇਖੇ ਭੇਖ ਪਖੰਡੀ, ਆਤਮ ਸਭ ਦੀ ਹੋਈ ਰੰਡੀ, ਦਰ ਦਵਾਰ ਨਾ ਬੰਕ ਕੋਈ ਸੁਹਾਇਆ । ਫੜੇ ਹੱਥ ਤੇਜ ਸ਼ਬਦ ਚੰਡ ਪਰਚੰਡੀ, ਕਲਜੁਗ ਅੰਤਮ ਪਾਵੇ ਵੰਡੀ, ਸਾਚੀ ਵੰਡਣ ਵੰਡ ਵੰਡਾਇਆ । ਆਪੇ ਵੇਖੇ ਜੇਰਜ ਅੰਡੀ, ਉਤਭੁਜ ਸੇਤਜ ਫੋਲ ਫੁਲਾਇਆ । ਲੱਖ ਚੁਰਾਸੀ ਨਾਰ ਹੋਈ ਰੰਡੀ, ਬ੍ਰਹਿਮੰਡੀ ਖੋਜ ਖੁਜਾਇਆ । ਆਪੇ ਸੁੱਤਾ ਦੇ ਕਰ ਕੰਡੀ, ਆਪ ਆਪਣਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਨਾਨਕ ਇਕ ਵਖਾਏ ਸਾਚਾ ਗੋਲਾ ਸ਼ਬਦ ਅਮੋਲਾ ਆਪੇ ਬਣਿਆ ਹਰਿ ਹਰਿ ਤੋਲਾ, ਸੰਮਤ ਤੇਰਾਂ ਤੇਰੀ ਧਾਰ ਨਾਨਕ ਗਾਈ ਵਿਚ ਸੰਸਾਰ, ਤੋਲਣਹਾਰਾ ਹਰਿ ਨਿਰੰਕਾਰਾ ਏਕਾ ਦਰ ਏਕਾ ਘਰ, ਏਕਾ ਹਰਿ ਲਏ ਤੁਲਾਇਆ । ਆਪੇ ਤੋਲਾ ਤੋਲਣਹਾਰਾ, ਜੁਗ ਜੁਗ ਕੰਡਾ ਲਾਇੰਦਾ । ਨਾਨਕ ਗੋਲਾ ਬੋਲਣਹਾਰਾ, ਸ਼ਬਦ ਢੋਲਾ ਇਕ ਸੁਣਾਇੰਦਾ । ਕਾਇਆ ਚੋਲੀ ਫੋਲਣਹਾਰਾ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਸ਼ਬਦ ਭੰਡਾਰਾ ਖੋਲ੍ਹਣਹਾਰਾ, ਹੱਟ ਹੱਟਵਾਣਾ ਸਾਚਾ ਹੱਟ ਚਲਾਇੰਦਾ । ਤੇਰਾਂ ਤੇਰਾਂ ਬੋਲਣਹਾਰਾ, ਮੋਦੀਖਾਨਾ ਨਾਮ ਰਖਾਇੰਦਾ । ਆਪੇ ਵਰਤੇ ਵਿਚ ਸੰਸਾਰਾ, ਸ਼ਬਦ ਤਰਾਨਾ ਨਾਮ ਵਜਾਇੰਦਾ । ਗੋਬਿੰਦ ਗੋਬਿੰਦ ਗੋਬਿੰਦ ਰੂਪ ਅਪਾਰਾ, ਗੋਬਿੰਦ ਗੋਬਿੰਦ ਵਿਚ ਸਮਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਕਲਗੀ ਤੋੜਾ ਸੀਸ ਅਪਾਰਾ, ਜੋਤੀ ਜੋੜਾ ਸ਼ਬਦ ਮਿਲਾਇੰਦਾ । ਸਾਚੇ ਘੋੜੇ ਹੋ ਅਸਵਾਰਾ, ਲੋਆਂ ਪੁਰੀਆਂ ਪਾਵੇ ਸਾਰਾ, ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਕਰੇ ਨਿਮਸਕਾਰਾ, ਸੁਰਪਤ ਰਾਜਾ ਇੰਦ ਰਾਹ ਤਕਾਇੰਦਾ । ਲੋਕਮਾਤ ਹਰਿ ਲਏ ਅਵਤਾਰਾ, ਆਪੇ ਜਾਣੇ ਆਪਣੀ ਕਾਰਾ, ਸ਼ਬਦ ਖੰਡਾ ਤੇਜ ਕਟਾਰਾ, ਤਿੱਖੀ ਰੱਖੇ ਦੋਵੇਂ ਧਾਰਾ, ਦਿਵਸ ਰੈਣ ਹਰਿ ਸਾਚਾ ਸਾਕ ਸੱਜਣ ਸੈਣ ਆਪੇ ਆਪ ਵਖਾਇੰਦਾ । ਨਾਨਕ ਗੋਲਾ ਸੇਵਾਦਾਰ, ਘਰ ਸਾਚੇ ਆਪ ਬਣਾਇੰਦਾ । ਘਰ ਸਾਚਾ ਵੇਖੇ ਇਕ ਨਿਰੰਕਾਰ, ਅੰਮ੍ਰਿਤ ਮੇਵਾ ਮੁਖ ਲਗਾਇੰਦਾ । ਆਤਮ ਸੁਖ ਭਗਤ ਉਧਾਰ, ਪੂਰਨ ਭਗਵੰਤੇ ਮੇਲ ਮਿਲਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰ, ਕਾਇਆ ਮੰਦਰ ਅੰਦਰ ਢੋਲ ਵਜਾਇੰਦਾ । ਨਾਮ ਸੁਰੰਗੀ ਖਿੱਚੇ ਤਾਰ, ਨਾਨਕ ਗਾਈ ਵਿਚ ਸੰਸਾਰ, ਇਕ ਮਰਦਾਨਾ ਜਗਤ ਨਿਸ਼ਾਨਾ ਹਰਿ ਭਗਵਾਨਾ ਨੇਤਰ ਨੈਣ ਆਪ ਵਖਾਇੰਦਾ । ਆਪੇ ਮਸਤੀ ਮਸਤ ਦੀਵਾਨਾ, ਆਪੇ ਹਸਤ ਕੀਟ ਅਸਮਾਨਾ, ਆਪੇ ਰਾਜ ਜੋਗ ਅਭਿਆਸੀ ਆਪੇ ਸ਼ਸਤਰ ਬਸਤਰ ਪਹਿਨੇ ਤੀਰ ਕਮਾਨਾ, ਤੀਰ ਅੰਦਾਜ਼ ਆਪ ਅਖਵਾਇੰਦਾ । ਆਪੇ ਗੋਪੀ ਆਪੇ ਕਾਹਨਾ, ਆਪੇ ਰਾਮ ਰਮਈਆ ਰਾਮਾ, ਆਪੇ ਬੀਨਾ ਆਪੇ ਦਾਨਾ, ਆਪੇ ਜਾਣੇ ਆਪਣਾ ਭਾਣਾ, ਹਰਿ ਹਰਿ ਭਾਣੇ ਆਪ ਸਮਾਇੰਦਾ । ਰਾਗ ਛਤੀਸ ਗਾਏ ਗਾਨਾ, ਪਦ ਨਿਰਬਾਣ ਇਕ ਰਖਾਣਾ, ਸ੍ਰਿਸ਼ਟ ਸਬਾਈ ਸੁੰਞ ਮਸਾਣਾ, ਗੁਰਮੁਖ ਤੇਰਾ ਆਤਮ ਘਰ ਇਕ ਵਸਾਣਾ, ਹਰਿ ਜੋਤੀ ਜੋਤ ਜਗਾਇੰਦਾ । ਧੁਰ ਦਰਗਾਹੀ ਇਕ ਟਿਕਾਣਾ, ਆਪ ਵਖਾਏ ਦਇਆ

ਕਮਾਏ ਵਿਚ ਬਿਠਾਏ ਨਾਮ ਬਿਬਾਨਾ, ਰਥ ਰਥਵਾਹੀ ਆਪ ਅਖਵਾਇੰਦਾ । ਮੇਲ ਮਿਲਾਏ ਦੋ ਜਹਾਨਾਂ, ਨੇੜ ਨਾ ਆਏ ਪੰਜ ਸ਼ੈਤਾਨਾ, ਸ਼ਬਦ ਫੜਾਏ ਤੀਰ ਕਮਾਨਾ, ਰਸਨਾ ਚਿਲੇ ਆਪ ਚੜ੍ਹਾਇੰਦਾ । ਜੋਧਾ ਸੂਰ ਬਲੀ ਬਲਵਾਨਾ, ਧਰਮ ਝੁਲਾਏ ਇਕ ਨਿਸ਼ਾਨਾ, ਦੀਪਾਂ ਲੋਆਂ ਆਪ ਝੁਲਾਇੰਦਾ । ਜਨ ਭਗਤਾਂ ਹੱਥੀਂ ਬੰਨ੍ਹੇ ਗਾਨਾ, ਧੁਰ ਦਰਗਾਹੀ ਇਕ ਫ਼ਰਮਾਣਾ, ਸ਼ਬਦ ਗੀਤ ਹਰਿ ਸਚ ਸੰਗੀਤ, ਨਾਦ ਅਨਾਦੀ ਹਰਿ ਬ੍ਰਹਿਮਾਦੀ ਬੋਧ ਅਗਾਧੀ ਏਕਾ ਸ਼ਬਦ ਜਣਾਇੰਦਾ । ਮਿਲੇ ਮੇਲ ਪ੍ਰਭ ਮਾਧਵ ਮਾਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਆਪ ਕਰਾਏ ਚਰਨ ਗੋਲਾ, ਰਾਗ ਉਪਜਾਏ ਏਕਾ ਢੋਲਾ, ਢੋਲ ਮਰਦੰਗਾ ਇਕ ਵਜਾਏ, ਆਪ ਆਪਣਾ ਰਾਗ ਅਲਾਇੰਦਾ । ਪੰਚਮ ਸਾਜਾ ਰਿਹਾ ਖੜਕਾਏ, ਹਰਿ ਹਰਿ ਸਾਚਾ ਬੇਪਰਵਾਹੀਆ । ਰਾਜਨ ਰਾਜਾ ਦਇਆ ਕਮਾਏ, ਸਾਚਾ ਬਾਜਾ ਨਾਉਂ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਗੁਰ ਮੇਲਾ ਇਕ ਦਰ, ਦਰ ਦਵਾਰ ਬੰਕ ਬਾਰ ਅੰਕ ਸੁਹਾਈਆ । ਬਾਰ ਅਨਕ ਸੁਹਾਏ ਦਰ, ਦਰ ਦਰਵੇਸ਼ ਭਿਖਾਰੀ । ਪਰਗਟ ਹੋਏ ਵਾਸੀ ਪੁਰੀ ਘਨਕ, ਜੋਤ ਜਗਾਏ ਅਗੰਮ ਅਪਾਰੀ । ਗੁਰਮੁਖ ਰਖਾਏ ਗਲੇ ਲਗਾਏ ਜਿਉਂ ਜਨ ਜਨਕ, ਦੇਵੇ ਨਾਮ ਵਸਤ ਸਚ ਸਚ ਖੁਮਾਰੀ । ਆਪੇ ਮੇਟਣਹਾਰਾ ਸਹਿੰਸਾ ਸ਼ੰਕ, ਆਪੇ ਤੋੜੇ ਗੜ੍ਹ ਹੰਕਾਰੀ । ਸ਼ਬਦੀ ਜੋਤੀ ਲਾਏ ਤਨਕ, ਏਕਾ ਬਖ਼ਸ਼ੇ ਚਰਨ ਪਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਦਵਾਰ ਬੰਕ, ਗੁਰ ਸੰਗਤ ਕਰੇ ਪਿਆਰੀ । ਹਰਿ ਸਾਜਨ ਜਗ ਮੀਤ, ਆਪਣੀ ਕਿਰਪਾ ਧਾਰਿਆ । ਗੁਰਮੁਖਾਂ ਬਖ਼ਸ਼ੇ ਚਰਨ ਪ੍ਰੀਤ, ਚਰਨ ਪ੍ਰੀਤੀ ਇਕ ਵਖਾ ਰਿਹਾ । ਆਪ ਚਲਾਏ ਸਾਚੀ ਰੀਤ, ਆਪਣੀ ਰੀਤ ਇਕ ਵਖਾ ਰਿਹਾ । ਕਾਇਆ ਕਰੇ ਪਤਤ ਪੁਨੀਤ, ਜੋ ਜਨ ਆਏ ਚਰਨ ਦਵਾਰਿਆ । ਆਤਮ ਧਾਰਾ ਸੀਤਲ ਸੀਤ, ਅੰਮ੍ਰਿਤ ਨਾਭੀ ਮੁਖ ਚੁਆ ਰਿਹਾ । ਸ਼ਬਦ ਸੁਣਾਏ ਸੁਹਾਗੀ ਗੀਤ, ਚਿੰਤਾ ਦੁੱਖ ਜਗਤ ਮਿਟਾ ਰਿਹਾ । ਮਾਨਸ ਦੇਹੀ ਲੈਣੀ ਜੀਤ, ਜਾਗਰਤ ਜੋਤ ਇਕ ਵਖਾ ਰਿਹਾ । ਤਨ ਕੱਚਾ ਕੌੜਾ ਰੀਠ, ਹੰਕਾਰੀ ਤਤਾਂ ਵਿਚ ਵਸਾ ਰਿਹਾ । ਮਾਇਆ ਮਮਤਾ ਪੀਸਣ ਰਿਹਾ ਪੀਠ, ਨਾੜ ਬਹੱਤਰ ਉਬਲੇ ਰੱਤਾ ਰੱਤੀ ਰੱਤ ਨਾ ਕੋਈ ਸਮਾ ਰਿਹਾ । ਹਰਿ ਹਰਿ ਸ਼ਬਦ ਇਕ ਅਨਡੀਠ, ਗੁਰ ਮਤੀ ਆਪ ਸਮਝਾ ਰਿਹਾ । ਦਰਸ ਦਿਖਾਏ ਬੀਠਲਾ ਬੀਠ, ਧੀਰ ਯਤੀ ਸਤਿ ਸੰਤੋਖ ਆਤਮ ਗਿਆਨ ਜਣਾ ਰਿਹਾ । ਆਪੇ ਭੰਨਣਹਾਰਾ ਕੌੜੇ ਰੀਠ, ਸ਼ਬਦ ਹਥੌੜਾ ਇਕ ਉਠਾ ਰਿਹਾ । ਗੁਰਮੁਖ ਕਾਇਆ ਚੋਲੀ ਰੰਗ ਚਾੜ੍ਹੇ ਇਕ ਮਜੀਠ, ਲਾਟ ਲਿਲਾਟੀ ਆਪ ਜਗਾ ਰਿਹਾ । ਆਤਮ ਰਸ ਵਖਾਏ ਨਿਝਰ ਸਾਚਾ ਮੀਠ, ਧਾਰਮਿਕ ਧਾਰਾ ਧਰਮ ਵਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਜਣ ਸੁਹੇਲਾ ਇਕ ਅਕੇਲਾ, ਜੁਗ ਜੁਗ ਵਿਛੜੇ ਮੇਲਾ ਆਪ ਮਿਲਾ ਰਿਹਾ । ਹਰਿ ਸਾਜਣ ਸਾਚਾ ਸਾਕ ਸੈਣ, ਜਨ ਭਗਤਾਂ ਆਪ ਅਖਵਾਇੰਦਾ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣ, ਸੁਤ ਬੰਧਪ ਦਿਸ ਕੋਈ ਨਾ ਆਇੰਦਾ । ਦਰਸ ਦਿਖਾਏ ਤੀਜੇ ਨੈਣ, ਨੈਣ ਮੁੰਧਾਰਾ ਰੂਪ ਵਟਾਇੰਦਾ । ਰਸਨਾ ਕਿਸੇ ਨਾ ਸਕੇ ਕਹਿਣ, ਸ਼ਬਦ ਜੈਕਾਰਾ ਇਕ ਅਲਾਇੰਦਾ । ਨਿਸ਼ਅੱਖਰ ਵੱਖਰ ਧਾਮ ਅਗੰਮੇ ਬੈਠੇ ਰਹਿਣ, ਨਾਦ ਅਨਾਦੀ ਨਾਉਂ ਰਖਾਇੰਦਾ । ਸਾਚੀ ਧਾਰ ਵਹਾਏ ਵਹਿਣ, ਜਿਸ ਜਨ ਆਪਣੀ ਦਇਆ ਕਮਾਇੰਦਾ । ਗੁਰ ਚਰਨ ਦਵਾਰੇ ਬੈਠੇ ਰਹਿਣ, ਸਾਚੀ ਭਗਤੀ ਆਪ ਕਰਾਇੰਦਾ । ਆਪ ਚੁਕਾਏ ਲਹਿਣਾ ਦੇਣ, ਜਗਤ ਜੁਗਤੀ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੧੭੭
੦੬

ਜੋਤ ਧਰ, ਸਾਚਾ ਸੰਗ ਆਦਿ ਅੰਤ ਨਿਭਾਇੰਦਾ । ਹਰਿ ਸਾਜਣ ਜਗ ਮੇਲ, ਮੇਲਣਹਾਰ ਦਾਤਾਰ । ਸ਼ਬਦ ਸਰੂਪੀ ਚਾੜ੍ਹੇ ਤੇਲ, ਖੇਲੇ ਖੇਲ ਅਪਰ ਅਪਾਰ । ਧਰਮ ਰਾਏ ਦੀ ਕਟੇ ਜੇਲ੍ਹ, ਜੋ ਜਨ ਹੋਏ ਚਰਨ ਭਿਖਾਰ । ਧਾਮ ਸੁਹਾਏ ਇਕ ਨਵੇਲ, ਹਰਿਜਨ ਸਾਚੇ ਪਾਏ ਸਾਰ । ਆਪੇ ਗੁਰ ਆਪੇ ਚੇਲ, ਗੁਰ ਗੋਬਿੰਦ ਲੇਖ ਲਿਖਾਰ । ਮੀਤ ਮੁਰਾਰਾ ਸੱਜਣ ਸੁਹੇਲ, ਵੰਡ ਵੰਡਾਏ ਗੁਰਮੁਖਾਂ ਉਠਾਏ ਦੋ ਜਹਾਨੀ ਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਜਗ ਮੀਤ, ਜੁਗ ਜੁਗ ਪਾਵੇ ਸਾਰ । ਜੁਗ ਜੁਗ ਜੋਤ ਜਗੰਦੜਾ, ਜੋਗ ਜੁਗਤ ਤਨ ਭੇਦ । ਆਪੇ ਹੋਏ ਸਦ ਬਖ਼ਸ਼ੰਦੜਾ, ਆਪੇ ਕਰੇ ਅਛਲ ਅਛੇਦ । ਆਪੇ ਕਾਇਆ ਚੋਲੀ ਰੰਗ ਚੜ੍ਹੰਦੜਾ, ਆਪ ਗਵਾਏ ਰਸਨਾ ਜਿਹਵ । ਭਗਤ ਭਿਖਾਰੀ ਆਪ ਅਖਵੰਦੜਾ, ਆਪੇ ਕਰੇ ਕਰਾਏ ਸੇਵ । ਆਪੇ ਚਰਨ ਧਿਆਨ ਰਖੰਦੜਾ, ਆਪੇ ਅੰਮ੍ਰਿਤ ਆਤਮ ਖਵਾਏ ਸਾਚਾ ਮੇਵ । ਆਪੇ ਦੀਪਕ ਜੋਤ ਜਗੰਦੜਾ, ਆਪੇ ਇਸ਼ਟ ਦੇਵ ਗੁਰਦੇਵ । ਆਪੇ ਵਰਨ ਗੋਤੀ ਭੇਖ ਵਟੰਦੜਾ, ਆਪੇ ਆਪ ਹੋਏ ਨਿਹਕੇਵ । ਆਪੇ ਗੁਰਮੁਖ ਮਾਣਕ ਮੋਤੀ ਇਕ ਵਖੰਦੜਾ, ਆਪ ਆਪਣੀ ਲਾਏ ਸੇਵ । ਆਪੇ ਮਾਰਨਹਾਰਾ ਕਾਇਆ ਮੰਦਰ ਅੰਦਰ ਜਿੰਦੜਾ, ਆਪੇ ਹੋਏ ਭੇਵ ਅਭੇਵ । ਆਪੇ ਜਗਤ ਨਿਧਾਨ ਅੰਧੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਰਾਗ ਸੁਣਾਏ ਕੰਨਾ, ਸਾਚਾ ਨਾਮ ਦੇਵੇ ਧਨਾ, ਧਰ ਧਰਮੀ ਲਾਏ ਸੇਵ । ਸੇਵਕ ਸੇਵਾ ਚਾਕਰੀ, ਦਿਵਸ ਰੈਣ ਵਿਚਾਰ । ਵੇਖ ਵਖਾਣੇ ਸਾਕਤ ਸਾਕਰੀ, ਗੁਰਮੁਖ ਸਾਚੇ ਲਏ ਉਧਾਰ । ਲਹਿਣਾ ਦੇਣਾ ਦੇਵੇ ਬਾਕੜੀ, ਤੋਲੇ ਤੋਲ ਤੋਲਣਹਾਰ । ਹੱਥ ਉਠਾਏ ਨਾਮ ਤਾਕੜੀ, ਕਲਜੁਗ ਅੰਤਮ ਦਏ ਹੁਲਾਰ । ਨਾ ਕੋਈ ਜਾਣੇ ਬੰਦਾ ਖ਼ਾਕੜੀ, ਕਰੇ ਖੇਲ ਹਰਿ ਨਿਰੰਕਾਰ । ਸ਼ਬਦ ਘੋੜੇ ਚੜ੍ਹਿਆ ਸਾਚੇ ਰਾਕੜੀ, ਲੋਆਂ ਪੁਰੀਆਂ ਪਾਵੇ ਸਾਰ । ਸੋਹੰ ਸ਼ਬਦ ਸਾਚੀ ਲਾਠੜੀ, ਸੋ ਪੁਰਖ ਨਿਰੰਜਣ ਲਏ ਉਭਾਰ । ਮਨ ਮਤ ਖੋਲ੍ਹੇ ਕਾਇਆ ਗਾਠੜੀ, ਬੁੱਧੀ ਬੁੱਧ ਕਰੇ ਵਿਚਾਰ । ਗੁਰਮੁਖ ਵਿਰਲਾ ਏਕਾ ਹਾਠੜੀ, ਗੁਰ ਚਰਨ ਕਰੇ ਪਿਆਰ । ਜਗਤ ਵਿਕਾਰਾ ਜਾਏ ਨਾਠੜੀ, ਕਾਇਆ ਮਠ ਨਾ ਤਪੇ ਅੰਗਿਆਰ । ਚਰਨ ਧੂੜ ਨੁਹਾਉਣਾ ਤੀਰਥ ਅੱਠ ਸਾਠੜੀ, ਗੰਗਾ ਗੋਦਾਵਰੀ ਨਾ ਕੋਈ ਹਰਿਦਵਾਰ । ਇਕ ਕਰਾਏ ਪੂਜਾ ਪਾਠੜੀ, ਗੋਬਿੰਦ ਰਸਨਾ ਨਾਉਂ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਸਾਚਾ ਮੀਤ, ਆਪੇ ਜਾਣੇ ਆਪਣੀ ਰੀਤ, ਇਕ ਸੁਹਾਏ ਬੰਕ ਦਵਾਰ । ਹਰਿ ਮੀਤ ਸਚ ਸੱਜਣਾ, ਦਰ ਘਰ ਸਾਚੇ ਪਾਇਆ । ਚਰਨ ਧੂੜ ਕਰਾਏ ਮਜਨਾ, ਤੀਰਥ ਤਟ ਨਾ ਕੋਇ ਵਖਾਇਆ । ਆਦਿ ਅੰਤ ਪਰਦਾ ਕਜਣਾ, ਕਾਇਆ ਮਾਟੀ ਦਇਆ ਕਮਾਇਆ । ਜੋ ਘੜਿਆ ਸੋ ਭੱਜਣਾ, ਘੜਨ ਭੰਨਣਹਾਰ ਆਪ ਅਖਵਾਇਆ । ਕਲਜੁਗ ਤਾਲ ਏਕਾ ਵੱਜਣਾ, ਧਰਤਮਾਤ ਦਏ ਦੁਹਾਇਆ । ਲਾੜੀ ਮੌਤ ਹਾਰ ਸ਼ਿੰਗਾਰ ਲਾ ਲਾ ਲੋਕਮਾਤ ਵਿਚ ਸਜਣਾ, ਲੱਖ ਚੁਰਾਸੀ ਵੇਖੇ ਕੰਤ ਭਤਾਰ । ਕਾਲਕਾ ਪੀ ਪੀ ਰਕਤ ਅੰਤਮ ਰੱਜਣਾ, ਪ੍ਰਭ ਤ੍ਰਿਸ਼ਨਾ ਦਏ ਨਿਵਾਰ । ਅਸ਼ਟਭੁਜ ਕਰਾਏ ਸਾਚਾ ਹਾਜੀ ਹੱਜਨਾ, ਗਦਾ ਚੱਕਰ ਏਕਾ ਦਏ ਹੁਲਾਰ । ਗੁਰ ਗੋਬਿੰਦਾ ਏਕਾ ਗੱਜਣਾ, ਸਾਚੇ ਘੋੜੇ ਹੋ ਅਸਵਾਰ । ਸ਼ਬਦ ਨਗਾਰਾ .ਏਕਾ ਵੱਜਣਾ, ਲੋਆਂ ਪੁਰੀਆਂ ਜੈ ਜੈਕਾਰ । ਲੇਖਾ ਚੁੱਕੇ ਮੱਕਾ ਕਾਅਬਾ ਹਾਜ਼ੀ ਹੱਜਨਾ, ਪੀਰ ਪੈਗ਼ੰਬਰ ਔਲੀਏ ਸ਼ੇਖ਼ ਮੁਸਾਇਕ ਮੁੱਲਾ ਕਾਜ਼ੀ ਹੋਵਣ ਸ਼ਾਰ । ਗੁਰ ਦਰ ਮੰਦਰ ਅੰਦਰ ਜੀਵਾਂ ਜੰਤਾਂ ਸਾਧਾਂ ਸੰਤਾਂ ਅੰਤਮ ਤੱਜਣਾ, ਚਾਰੋਂ ਕੁੰਟ ਹਾਹਾਕਾਰ । ਕਾਲ ਨਗਾਰਾ ਏਕਾ ਵੱਜਣਾ, ਕਲਜੁਗ ਤੇਰੀ ਕਾਲੀ ਧਾਰ ।


੧੭੮
੦੬

ਗੋਬਿੰਦ ਕਾਇਆ ਅੰਦਰ ਹਰਿ ਹਰਿ ਸਜਣਾ, ਜੋਤ ਸਰੂਪੀ ਕਰ ਆਕਾਰ । ਗੁਰਮੁਖਾਂ ਅੰਮ੍ਰਿਤ ਆਤਮ ਪੀ ਪੀ ਰੱਜਣਾ, ਹਰਿ ਬਖ਼ਸ਼ੇ ਬਖ਼ਸ਼ਣਹਾਰ, ਲੱਖ ਚੁਰਾਸੀ ਜੀਵ ਜੰਤ ਕਲ ਦਝਣਾ, ਕੋਇ ਨਾ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਪਰਦਾ ਕੱਜਣਾ, ਮੇਲ ਮਿਲਾਏ ਅੰਤਮ ਵਾਰ । ਹਰਿ ਸਾਜਨ ਜਗ ਠੱਗ ਹੈ, ਠੱਗੇ ਠੱਗਣਹਾਰ । ਕਲਜੁਗ ਵਾ ਤਤੀ ਰਹੀ ਵਗ ਹੈ, ਕੋਇ ਨਾ ਪਾਵੇ ਕਿਸੇ ਸਾਰ । ਜਗਤ ਤ੍ਰਿਸ਼ਨਾ ਲੱਗੀ ਅੱਗ ਹੈ, ਕਾਮ ਕਰੋਧ ਲੋਭ ਮੋਹ ਹੰਕਾਰ । ਗੁਰਮੁਖ ਵਿਰਲੇ ਏਕਾ ਸ਼ਬਦ ਨਾਉਂ ਲੱਗਾ ਮੁਖ ਸਗ ਹੈ, ਸਾਚਾ ਸਗਨ ਅਪਰ ਅਪਾਰ । ਧੀਰਜ ਯਤ ਸਤਿ ਸੰਤੋਖੀ ਬੰਨ੍ਹੇ ਤਗ ਹੈ, ਪਤ ਪਤਵੰਤੀ ਏਕਾ ਨਾਰ । ਆਤਮ ਮੋਖੀ ਭਗਤੀ ਭਗਤ ਹੈ, ਜੀਵ ਜੰਤੀ ਲਏ ਉਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਜਣ ਸਾਜ, ਮਿਲੇ ਮੇਲ ਗਰੀਬ ਨਿਵਾਜ਼, ਸ਼ਬਦ ਪਹਿਨਾਏ ਸੀਸ ਤਾਜ, ਦਰ ਦਵਾਰ ਦਇਆ ਕਮਾਈਆ ।

ਹਰਿ ਸੰਗਤ ਹਰਿ ਰੂਪ ਹੈ, ਹਰਿ ਹਰ ਰੰਗ ਸਮਾਏ । ਹਰਿ ਰਾਜਨ ਸ਼ਾਹੋ ਭੂਪ ਹੈ, ਵੇਖੇ ਹਰਿ ਹਰ ਥਾਂਏ । ਕਾਇਆ ਅੰਧੇਰੀ ਦਹਿ ਦਿਸ਼ਾ ਚਾਰੋਂ ਕੂਟ ਹੈ, ਅੰਧ ਅਗਿਆਨ ਡੇਰਾ ਲਾਏ । ਪੰਚ ਵਿਕਾਰਾ ਰਿਹਾ ਲੂਟ ਹੈ, ਰੋਗ ਸੋਗ ਚਿੰਤਾ ਦੁੱਖ ਤ੍ਰਿਸ਼ਨਾ ਭੁੱਖ ਵਧਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਆਤਮ ਬ੍ਰਹਮ ਜਣਾਏ । ਹਿਰਦਾ ਸਚ ਧਿਆਨ ਹੈ, ਧਰੇ ਧਰਾਏ ਹਰਿ ਭਗਵਾਨ । ਹਰਿ ਸ਼ਬਦੀ ਸ਼ਬਦ ਨਿਸ਼ਾਨ ਹੈ, ਵੇਖ ਵਖਾਣੇ ਵਿਚ ਜਹਾਨ । ਹਰਿ ਦਾਤਾ ਸਦ ਮਿਹਰਵਾਨ ਹੈ, ਜੀਆਂ ਜੰਤਾਂ ਦੇਵੇ ਜੀਆ ਦਾਨ । ਦਰ ਆਏ ਦਰ ਪਰਵਾਨ ਹੈ, ਮੇਟ ਮਿਟਾਏ ਰੋਗ ਸੰਤਾਪ । ਦੇਵੇ ਨਾਮ ਗੁਣ ਨਿਧਾਨ ਹੈ, ਦਰਸ ਦਿਖਾਏ ਆਪੇ ਆਪ । ਤੀਰ ਅਵੱਲਾ ਮਾਰੇ ਬਾਣ ਹੈ, ਸੋਹੰ ਸ਼ਬਦ ਜਪਾਏ ਸਾਚਾ ਜਾਪ । ਕਰੇ ਕਰਾਏ ਆਪੇ ਆਪ ਪਛਾਨ ਹੈ, ਆਪੇ ਹੋਏ ਮਾਈ ਬਾਪ । ਹਰਿਜਨ ਮੇਲਾ ਇਕ ਭਗਵਾਨ ਹੈ, ਕੋਟਨ ਕੋਟ ਉਤਾਰੇ ਪਾਪ । ਅੰਮ੍ਰਿਤ ਆਤਮ ਪੀਣ ਖਾਣ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਹਰਿ ਰਘੁਨਾਥ । ਬਾਲ ਬਿਰਧ ਜਵਾਨ, ਹਰਿ ਸੰਗਤ ਹਰਿ ਰੰਗ ਵਟਾਇਆ । ਮਾਤਾ ਕੁੱਖ ਵੇਖੇ ਮਾਰ ਧਿਆਨ, ਕਿਸ਼ਨਾ ਸੁਖਲਾ ਵੇਖ ਵਖਾਇਆ । ਤਨ ਵਿਕਾਰਾ ਲੱਗਾ ਦੁੱਖ, ਰੋਗੀ ਰੋਗ ਰਹੇ ਬਿਲਲਾਇਆ । ਉਜਲ ਹੋਏ ਦਰ ਦਵਾਰੇ ਮੁਖ, ਜਿਸ ਜਨ ਆਏ ਦਰਸ਼ਨ ਪਾਇਆ । ਮਾਤ ਗਰਭ ਨਾ ਉਲਟਾ ਰੁੱਖ, ਮਾਨਸ ਮਨੁੱਖ ਦੇਹੀ ਲੇਖੇ ਲਾਇਆ । ਸਾਚੀ ਸੁਖਣਾ ਏਕਾ ਸੁਖ, ਘਰ ਸਾਚੇ ਸਹਿਜ ਸੁਖ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਇਕ ਵਰ, ਹਰਿ ਨਾਉਂ ਸਾਚੀ ਚੋਗ ਚੁਗਾਇਆ । ਰਸਨਾ ਨਾਉਂ ਸਾਚੀ ਚੋਗ, ਆਪਣੀ ਆਪ ਚੁਗਾਇੰਦਾ । ਦਰਸ ਦਿਖਾਏ ਹਰਿ ਅਮੋਘ, ਰਸਨਾ ਭੁੱਖ ਮਿਟਾਇੰਦਾ । ਮੇਲ ਮਿਲਾਏ ਧੁਰ ਸੰਜੋਗ, ਵਿਛੜ ਕਦੇ ਨਾ ਜਾਇੰਦਾ । ਆਪੇ ਕੱਟਣਹਾਰਾ ਰੋਗ, ਚਿੰਤਾ ਭਰਮ ਦੁੱਖ ਮਿਟਾਇੰਦਾ । ਏਕਾ ਦੇਵੇ ਸਾਚਾ ਜੋਗ, ਸੋਹੰ ਰੰਗੀ ਰੰਗ ਰੰਗਾਇੰਦਾ । ਆਦਿ ਅੰਤ ਨਾ ਹੋਏ ਵਿਯੋਗ, ਆਪਣੇ ਅੰਗਣ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਕਿਰਪਾ ਰਿਹਾ ਕਰ, ਜੋਤ ਨਿਰੰਜਣ ਤੇਲ ਚੜ੍ਹਾਇੰਦਾ । ਜੋਤ


੧੭੯
੦੬

ਨਿਰੰਜਣ ਕਵਾਰ ਕੰਨਿਆ, ਲੋਕਮਾਤ ਕਵਣ ਪਰਨਾਇੰਦਾ । ਦੇਵੇ ਦਾਮ ਸ਼ਬਦ ਧਨ ਧਨਿਆ, ਸਹੁਰੇ ਪਈਏ ਤੋੜ ਨਿਭਾਇੰਦਾ । ਨਾਮ ਚੜ੍ਹਾਏ ਸਾਚੀ ਨਈਆ, ਬੇਪਰਵਾਹੀ ਰਥ ਚਲਾਇੰਦਾ । ਦੋ ਜਹਾਨੀ ਬੇੜਾ ਬੰਨ੍ਹਿਆ, ਸਾਚੇ ਮਾਹੀ ਮੇਲ ਮਿਲਾਇੰਦਾ । ਮਿਲਿਆ ਮੇਲ ਚਿਰੀ ਵਿਛੁਨਿਆ, ਜਗਤ ਵਿਛੋੜਾ ਮੂਲ ਗਵਾਇੰਦਾ । ਗੁਰਮੁਖ ਸਾਚਾ ਸੰਤ ਸੁਹੇਲਾ ਏਕਾ ਚੰਨਿਆ, ਆਪ ਆਪਣਾ ਵਿਚ ਟਿਕਾਇੰਦਾ । ਰਾਗ ਨਾਦੀ ਏਕਾ ਸੁਣ ਸੁਨਿਆ, ਸੁਨ ਸਮਾਧ ਖੁਲ੍ਹਾਇੰਦਾ । ਧੁਨ ਆਤਮਕ ਦੇਵੇ ਸਾਚੀ ਧੁਨਿਆ, ਸਚ ਸਿਤਾਰਾ ਇਕ ਹਿਲਾਇੰਦਾ । ਕਿਸੇ ਹੱਥ ਨਾ ਆਏ ਰਿਖੀਆਂ ਮੁਨੀਆਂ, ਜਟਾ ਜੂਟਾਂ ਨੂੰ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਛਾਣੀ ਪੁਣੀਆ, ਚਾਰੇ ਕੁੰਟ ਦਹਿ ਦਿਸ਼ਾ ਆਪਣਾ ਆਪ ਜਣਾਇੰਦਾ । ਜਨ ਭਗਤਾਂ ਪੁਕਾਰ ਰਿਹਾ ਸੁਣੀਆ, ਸੁਣਨਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਨਾਮ ਵਰ, ਰਸਨ ਜੈਕਾਰਾ ਏਕੰਕਾਰਾ ਸੋਹੰ ਨਾਉਂ ਧਰਾਇੰਦਾ । ਸੋਹੰ ਸਾਚੀ ਟੇਕ ਹੈ, ਸਚ ਸੁੱਚ ਗਿਆਨ । ਤਨ ਕਾਇਆ ਬੁਧ ਬਿਬੇਕ ਹੈ, ਤੀਰਥ ਤੱਟ ਨਾ ਕੋਈ ਇਸ਼ਨਾਨ । ਸਾਚੇ ਨੇਤਰ ਰਿਹਾ ਵੇਖ ਹੈ, ਲੋਇਣ ਤੀਜਾ ਇਕ ਪਛਾਣ । ਭੇਖਾਧਾਰੀ ਧਾਰੇ ਭੇਖ ਹੈ, ਵਸੇ ਕਾਇਆ ਮੰਦਰ ਸਚ ਮਕਾਨ । ਆਪੇ ਲਿਖਣਹਾਰਾ ਲੇਖ ਹੈ, ਸਤਿਜੁਗ ਖੋਲ੍ਹੇ ਮਾਤ ਦੁਕਾਨ । ਸ੍ਰਿਸ਼ਟ ਸਬਾਈ ਰਹੀ ਵੇਖਾ ਵੇਖ ਹੈ, ਪੜ੍ਹ ਪੜ੍ਹ ਥੱਕੇ ਵੇਦ ਪੁਰਾਨ ਕੁਰਾਨ । ਗੁਰਮੁਖ ਵਿਰਲੇ ਲੱਗੀ ਮਸਤਕ ਮੇਖ ਹੈ, ਮਿਲਿਆ ਮੇਲ ਸ੍ਰੀ ਭਗਵਾਨ । ਨੇਤਰ ਲੋਚਨ ਹਰਿ ਹਰਿ ਦਰਸ਼ਨ ਰਿਹਾ ਪੇਖ ਹੈ, ਜਗੀ ਜੋਤ ਮਾਤ ਮਹਾਨ । ਗੁਰ ਗੋਬਿੰਦਾ ਧਾਰੀ ਕੇਸ ਹੈ, ਜੋਧਾ ਸੂਰ ਬਲੀ ਬਲਵਾਨ । ਜੋਤ ਸਰੂਪੀ ਹਰਿ ਪਰਵੇਸ਼ ਹੈ, ਦਸ ਦਸਮੇਸ਼ਾ ਇਕ ਗਿਆਨ । ਆਪੇ ਦਾਤਾ ਨਰ ਨਰੇਸ਼ ਹੈ, ਨਿਰਗੁਣ ਸਰਗੁਣ ਏਕਾ ਜਾਣ । ਬਾਲ ਜਵਾਨੀ ਅਲੜ੍ਹ ਵਰੇਸ ਹੈ, ਲੱਖ ਚੁਰਾਸੀ ਕਰੇ ਪਛਾਣ । ਕਿਸੇ ਨਾ ਚਲੇ ਕੋਈ ਪੇਸ਼ ਹੈ, ਕਲਜੁਗ ਖੇਲੇ ਖੇਲ ਜਹਾਨ । ਜਨ ਭਗਤਾਂ ਦਰ ਦਰਵੇਸ਼ ਹੈ, ਆਪੇ ਹੋਏ ਨਿਗਾਹਬਾਨ । ਨਾ ਕੋਈ ਜਾਣੇ ਬ੍ਰਹਮਾ ਸ਼ਿਵ ਗਣੇਸ਼ ਹੈ, ਰਵ ਸਸ ਸਰਬ ਕੁਰਲਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਇਕ ਵਰ, ਚਰਨ ਧੂੜ ਸੱਚਾ ਇਸ਼ਨਾਨ । ਚਰਨ ਧੂੜ ਸੱਚਾ ਇਸ਼ਨਾਨਾ, ਆਤਮ ਮਜਨ ਮਾਘੀਆ । ਗੁਣਵੰਤਾ ਦੇਵੇ ਗੁਣ ਨਿਧਾਨਾ, ਸਾਚੀ ਸਾਜਨ ਰਿਹਾ ਸਾਜੀਆ । ਪਰਾ ਪਸੰਤੀ ਭੇਵ ਨਾ ਜਾਣਾ, ਮਧਮ ਬੈਖਰੀ ਕਥਾ ਕਹਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਲੇਖੇ ਲਾਏ ਜੇਰਜ ਖਾਣੀਆ ।

੧੮੦
੦੬

ਦਰ ਘਰ ਸਾਚਾ ਏਕ ਹੈ, ਚਰਨ ਕਵਲ ਪ੍ਰਭ ਟੇਕ । ਜਗਤ ਜਗਦੀਸ਼ਰ ਹਰ ਘਟ ਰਿਹਾ ਵੇਖ ਹੈ, ਕਵਣ ਬੁੱਧੀ ਮਾਤ ਬਿਬੇਕ । ਲੇਖਾ ਲਿਖਣਹਾਰਾ ਲਿਖਤ ਸਾਚੀ ਰੇਖ ਹੈ, ਕਲਜੁਗ ਮਾਇਆ ਨਾ ਲਾਏ ਸੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਵੇਖੇ ਇਕ ਘਰ, ਦਰ ਦਵਾਰੇ ਹਰਿ ਦਰਵੇਸ਼ । ਦਰ ਘਰ ਸਾਚਾ ਇਕ ਪਛਾਣ, ਪ੍ਰਭ ਲਾਏ ਨੌ ਦਰਵਾਜ਼ਿਆ । ਆਪੇ ਹੋਇਆ ਬੇਪਛਾਣ, ਦਰ ਦਸਵੇਂ ਗਰੀਬ ਨਿਵਾਜ਼ਿਆ । ਗੁਰਮੁਖ ਵਿਰਲੇ ਮਾਤ ਪਾਣ, ਜਿਸ ਜਨ ਆਪ ਉਠਾਏ ਮਾਰੇ ਸ਼ਬਦ ਸਰੂਪੀ ਆਵਾਜ਼ਿਆ । ਦਰ ਦਰ ਘਰ ਘਰ ਸਾਰੇ ਗਾਣ, ਕਵਣ ਰੱਖਣਹਾਰਾ ਲਾਜਿਆ । ਕਾਚੀ ਮਾਟੀ ਵੇਖ ਮਕਾਨ, ਬਸਤਰ ਸ਼ਸਤਰ ਘੋੜੇ ਹਾਥੀ ਵਡ ਵਡ ਰਾਜਨ ਰਾਜਿਆ । ਮਦਿਰਾ ਮਾਸ

ਪੀਣ ਖਾਣ, ਜਗਤ ਸਵਾਰੀ ਮਾਇਆ ਤਾਜਿਆ । ਗੁਰਮੁਖਾਂ ਦੇਵੇ ਇਕ ਨਿਸ਼ਾਨ, ਗੋਬਿੰਦ ਕਾਇਆ ਸਾਜਨ ਸਾਜਿਆ । ਸ਼ਬਦ ਸਰੂਪੀ ਇਕ ਬਿਬਾਣ, ਸਤਿ ਸਰੂਪ ਨਾਮ ਜਹਾਜਿਆ । ਅੱਖਰ ਵੱਖਰ ਪਾਵੇ ਆਣ, ਦੇਵੇ ਦਾਨ ਸਾਚਾ ਦਾਜਿਆ । ਧੁਰਦਰਗਾਹੀ ਹਰਿ ਫ਼ਰਮਾਣ, ਲੋਕਮਾਤ ਆਏ ਭਾਜਿਆ । ਜਿਸ ਜਨ ਚੁਕਾਏ ਜਮ ਕੀ ਕਾਨ, ਜਗਤ ਸਵਾਰੇ ਏਕਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਦੇਸ ਮਾਝਿਆ । ਗੁਰਮੁਖ ਵਡਿਆਈ ਧੰਨ ਹੈ, ਘਰ ਵਸਿਆ ਗੁਰ ਗੋਬਿੰਦਾ । ਸਹਿੰਸਾ ਰੋਗ ਜਾਏ ਤਨ ਹੈ, ਮੇਟ ਮਿਟਾਏ ਸਗਲੀ ਚਿੰਦਾ । ਭਾਂਡਾ ਭਰਮ ਦੇਵੇ ਭੰਨ ਹੈ, ਰਸਨ ਤਜਾਏ ਜੂਠੀ ਝੂਠੀ ਨਿੰਦਾ । ਨਾਮ ਸਰੂਪੀ ਚੜ੍ਹਿਆ ਚੰਨ ਹੈ, ਹਰਿਜਨ ਬਣਾਏ ਸਾਚੀ ਬਿੰਦਾ । ਨਾ ਵਸੇਰਾ ਛੱਪਰੀ ਛੰਨ ਹੈ, ਸਾਗਰ ਧਾਰ ਇਕ ਵਹਿੰਦਾ । ਰਾਗਨੀ ਰਾਗ ਸੁਣਾਏ ਕੰਨ ਹੈ, ਦੂਈ ਦਵੈਤੀ ਤੋੜੇ ਜਿੰਦਾ । ਜਗਤ ਜਗਿਆਸੂ ਏਕਾ ਜਨ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਵੇਖੇ ਇਕ ਘਰ, ਦਾਤਾ ਦਾਨੀ ਹਰਿ ਮਰਗਿੰਦਾ । ਦਰ ਦਵਾਰਾ ਬੰਕ ਹੈ, ਸੁਹਾਏ ਆਪ ਕਰਤਾਰ । ਨਾ ਕੋਈ ਰਾਓ ਰੰਕ ਹੈ, ਊਚ ਨੀਚ ਨਾ ਕੋਈ ਵਿਚਾਰ । ਏਕਾ ਨਾਮ ਵਜਾਏ ਡੰਕ ਹੈ, ਕਰੇ ਕਰਾਏ ਖ਼ਬਰਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਵੇਖੇ ਇਕ ਘਰ, ਮਹੱਲ ਅਟੱਲ ਉਚ ਮਨਾਰ । ਕਾਇਆ ਗਾਗਰ ਅੰਮ੍ਰਿਤ ਧਾਰਾ, ਹਰਿ ਵਸਤ ਅਮੋਲ ਟਿਕਾਈਆ । ਡੂੰਘਾ ਸਾਗਰ ਕਲ ਸੰਸਾਰਾ, ਗੁਰਮੁਖ ਵਿਰਲਾ ਪਾਰ ਕਰਾਈਆ । ਲੱਖ ਚੁਰਾਸੀ ਡੁੱਬੇ ਵਿਚ ਮੰਝਧਾਰਾ, ਆਰ ਪਾਰਾ ਦਿਸ ਨਾ ਆਈਆ । ਭਰਮੇ ਭੁੱਲਾ ਭਰਮ ਗਵਾਰਾ, ਭਰਮੀ ਭਰਮ ਨਾ ਜਾਈਆ । ਜਨਮੇ ਰੁੱਲਾ ਜਨਮ ਖੁਆਰਾ, ਮਾਨਸ ਜਨਮ ਨਾ ਬੂਝ ਬੁਝਾਈਆ । ਹਉਮੇ ਹੰਗਤਾ ਰੋਗ ਅਪਾਰਾ, ਸਾਚੀ ਸੰਗਤਾ ਮੂਲ ਨਾ ਭਾਈਆ । ਵੇਖੇ ਦਰ ਨਾ ਹਰਿ ਦਵਾਰਾ, ਦਰ ਦਰਬਾਨ ਨਾ ਸੇਵ ਕਮਾਈਆ । ਹੰਕਾਰ ਵਿਕਾਰੀ ਇਕ ਚੁਬਾਰਾ, ਬੈਠਾ ਮਾਤ ਬਣਾਈਆ । ਆਪੇ ਢਾਹੇ ਲਏ ਉਸਾਰਾ, ਖੇਲ ਆਪਣੇ ਹੱਥ ਰਖਾਈਆ । ਨਾ ਕੋਈ ਲਾਏ ਮਿੱਟੀ ਗਾਰਾ, ਨਾ ਕੋਈ ਬਾਡੀ ਰਿਹਾ ਬਣਾਈਆ । ਪੁਰਖ ਅਬਿਨਾਸ਼ੀ ਸਾਚੀ ਕਾਰਾ, ਸਾਚਾ ਧਾਮ ਸੁਹਾਈਆ । ਜਨ ਹਰਿ ਬਖ਼ਸ਼ੇ ਚਰਨ ਪਿਆਰਾ, ਰਾਮ ਰਾਮਾ ਰਾਮ ਮਿਲਾਈਆ । ਅੰਮ੍ਰਿਤ ਆਤਮ ਨਿਝਰ ਧਾਰਾ, ਮੁਖ ਅਗੰਮਾ ਰਿਹਾ ਚੁਆਈਆ । ਸ਼ਬਦ ਸਰੂਪੀ ਤੇਜ ਕਟਾਰਾ, ਤਨ ਬਸਤਰ ਇਕ ਸਜਾਈਆ । ਸੋਲਾਂ ਕਰੇ ਨਾਮ ਸ਼ਿੰਗਾਰਾ, ਪ੍ਰੇਮ ਮਹਿੰਦੀ ਹੱਥੀਂ ਲਾਈਆ । ਸ਼ਬਦ ਸਰੂਪੀ ਸੀਸ ਦਸਤਾਰਾ, ਮਸਤਕ ਟਿੱਕਾ ਇਕ ਰਘੁਰਾਈਆ । ਕਰੇ ਕਰਾਏ ਖ਼ਬਰਦਾਰਾ, ਨੀਕਨ ਨੀਕਾ ਨੀਂਵ ਰਖਾਈਆ । ਜੂਠਾ ਝੂਠਾ ਨਾਤਾ ਸੱਜਣ ਮੀਤ ਮੁਰਾਰਾ, ਅੰਤ ਵਿਛੋੜਾ ਭੈਣਾਂ ਭਾਈਆ । ਏਕਾ ਸੋਹੇ ਬੰਕ ਦਵਾਰਾ, ਦਵਾਰ ਬੰਕਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਦੇ ਮਤ ਰਿਹਾ ਸਮਝਾਈਆ । ਗੁਰਮਤ ਸਚ ਰੰਗ ਹੈ, ਕਾਇਆ ਚੋਲੀ ਦਏ ਰੰਗਾਏ । ਮਾਨਸ ਜਨਮ ਨਾ ਹੋਏ ਭੰਗ ਹੈ, ਕਲਜੁਗ ਬੋਲੀ ਦਏ ਵਿਆਹੇ । ਆਪੇ ਹੋਏ ਅੰਗ ਸੰਗ ਹੈ, ਸਾਚੀ ਡੋਲੀ ਸ਼ਬਦ ਚੜ੍ਹਾਏ । ਨਾਮ ਨਿਧਾਨਾ ਇਕ ਪਤੰਗ ਹੈ, ਗੁਰਮੁਖ ਸਾਚੇ ਰਿਹਾ ਉਡਾਏ । ਆਤਮ ਧਾਰਾ ਸਾਚੀ ਗੰਗ ਹੈ, ਅੰਮ੍ਰਿਤ ਸਰ ਸਰੋਵਰ ਇਕ ਨੁਹਾਏ । ਸਚ ਦਵਾਰੇ ਬੈਠਾ ਲੰਘ ਹੈ, ਆਤਮ ਸੇਜਾ ਇਕ ਵਿਛਾਏ । ਨਾਮ ਰੰਗੀਲਾ ਹਰਿ ਪਲੰਘ ਹੈ, ਬੈਠਾ ਆਸਣ ਲਾਏ । ਅਨਹਦ ਵਜਾਏ ਸੱਚਾ ਮਰਦੰਗ ਹੈ, ਗੀਤ ਸੁਹਾਗੀ ਏਕਾ ਗਾਏ । ਗੁਰਮੁਖ ਵਿਰਲੇ ਲਾਏ ਅੰਗ ਹੈ, ਅੰਗੀਕਾਰ

੧੮੧
੦੬

ਆਪ ਹੋ ਜਾਏ । ਨਾ ਕੋਈ ਤ੍ਰਿਸ਼ਨਾ ਭੁੱਖ ਨੰਗ ਹੈ, ਆਲਸ ਨਿੰਦਰਾ ਨੇੜ ਨਾ ਆਏ । ਵਡ ਦਾਤਾ ਸੂਰਾ ਸਰਬੰਗ ਹੈ, ਹਰ ਘਟ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਸਾਚਾ ਘਰ, ਦਰ ਦਰਵਾਜ਼ਾ ਦਿਸ ਨਾ ਆਏ । ਦਰ ਦਰਵਾਜ਼ਾ ਗਰੀਬ ਨਿਵਾਜਾ, ਆਪਣਾ ਆਪ ਲਗਾਇਆ ਏ । ਸ਼ਬਦ ਰਖਾਇਆ ਏਕਾ ਤਾਜਾ, ਲੱਖ ਚੁਰਾਸੀ ਸਾਜਨ ਸਾਜਾ, ਕਲਜੁਗ ਅੰਤਮ ਰਚਿਆ ਕਾਜਾ, ਜੋਤ ਜਗਾਏ ਦੇਸ ਮਾਝਾ, ਗੁਰ ਗੋਬਿੰਦਾ ਰੱਖੇ ਲਾਜਾ, ਪਾਰ ਬਿਆਸੋਂ ਚਰਨ ਉਠਾਇਆ ਏ । ਸ਼ਾਹੋ ਭੂਪ ਰਾਜਨ ਰਾਜਾ, ਅੰਧ ਕੂਪ ਮਾਰੇ ਅਵਾਜ਼ਾ, ਜੋਤੀ ਜੋਤ ਸਰੂਪ ਹਰਿ, ਗੁਰਮੁਖ ਸੋਏ ਰਿਹਾ ਮਾਤ ਜਗਾਇਆ ਏ । ਹਰਿਜਨ ਉਠ ਉਠ ਜਾਗ, ਕਲਜੁਗ ਰੁੱਤ ਸੁਹਾਈਆ । ਮਾਇਆ ਮਮਤਾ ਧੋ ਆਪਣਾ ਦਾਗ਼, ਪਾਰਬ੍ਰਹਮ ਅਬਿਨਾਸ਼ੀ ਅਚੁਤ ਆਪਣੀ ਦਇਆ ਕਮਾਈਆ । ਬਿਨ ਹਰਿ ਨਾਮੇ ਖਾਲੀ ਬੁੱਤ, ਸਾਚਾ ਸੁੱਤ ਨਾ ਕੋਈ ਉਪਜਾਈਆ । ਕਾਇਆ ਤਨ ਨਗਾਰੇ ਨਾ ਲੱਗੇ ਸ਼ਬਦ ਚੋਟ, ਧੁਨੀ ਨਾਦ ਨਾ ਕੋਇ ਵਜਾਈਆ । ਪੰਜ ਤਤ ਵਿਕਾਰਾ ਭਰਮਾ ਖੋਟ, ਗੋਬਿੰਦ ਗੀਤ ਨਾ ਰਸਨਾ ਗਾਈਆ । ਮਨਮਤੀ ਆਲ੍ਹਣਿਓ ਡਿੱਗੇ ਬੋਟ, ਨਾ ਕੋਈ ਸਕੇ ਮਾਤ ਉਠਾਈਆ । ਜਗਤ ਤ੍ਰਿਸ਼ਨਾ ਨਾ ਭਰੀ ਪੇਟ, ਦਿਵਸ ਰੈਣ ਹੋਈ ਹਲਕਾਈਆ । ਚਾਰੋਂ ਕੁੰਟ ਦਰ ਦਰ ਘਰ ਘਰ ਫਿਰਦੇ ਕੋਟੀ ਕੋਟ, ਗੁਰਮੁਖ ਵਿਰਲੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਾਚਾ ਘਰ, ਘਰ ਬਾਹਰੀ ਕਵਣ ਅਖਵਾਈਆ ।


੧੮੨
੦੬

ਹਰਿ ਮੰਦਰ ਘਰ ਸੁਹੰਵਣਾ, ਏਕਾ ਏਕ ਸੁਹਾਏ । ਦੀਪਕ ਜੋਤ ਜਗੇ ਨਿਰੰਜਣਾ, ਅੰਧ ਅੰਧੇਰ ਮਿਟਾਏ । ਹਰਿ ਸ਼ਬਦ ਮੇਲਾ ਸਾਚਾ ਸਜਣਾ, ਸਗਲਾ ਸਾਥ ਆਪ ਨਿਭਾਏ । ਆਪ ਕਰਾਏ ਆਪਣਾ ਮਜਨਾ, ਸਚ ਦਵਾਰਾ ਇਕ ਸੁਹਾਏ । ਤਾਲ ਨਗਾਰਾ ਏਕਾ ਵੱਜਣਾ, ਰਾਗ ਅਨਾਦੀ ਇਕ ਵਜਾਏ । ਭਾਂਡਾ ਭਰਮ ਗੜ੍ਹ ਹੰਕਾਰੀ ਭੱਜਣਾ, ਭੰਨਣਹਾਰਾ ਆਪ ਭੰਨਾਏ । ਲੱਖ ਚੁਰਾਸੀ ਲੋਕਮਾਤ ਅੰਤ ਅੰਤ ਤੱਜਣਾ, ਮਾਨਸ ਪੰਖੀ ਪੰਛੀ ਸਰਵਰ ਰਹਿਣ ਨਾ ਪਾਏ । ਕਰਮਾਂ ਜੇੜੇ ਅੰਤਮ ਬੱਝਣਾ, ਨਾ ਕੋਈ ਸਕੇ ਜਗਤ ਛੁਡਾਏ । ਦਰ ਦਰ ਘਰ ਘਰ ਅੰਤਮ ਜਿੰਦਾ ਵੱਜਣਾ, ਬੰਕ ਦਵਾਰ ਨਾ ਕੋਈ ਸੁਹਾਏ । ਲਾਉਣ ਨਾ ਦੇਵੇ ਕਿਸੇ ਅਜ ਪਜਨਾ, ਲਾੜੀ ਮੌਤ ਖ਼ੁਸ਼ੀ ਮਨਾਏ । ਰਾਏ ਧਰਮ ਕਰਾਏ ਸਾਚਾ ਹੱਜਨਾ, ਅਠਾਈ ਕੁੰਡਾਂ ਮੁਖ ਖੁਲ੍ਹਾਏ । ਕਿਸੇ ਸੀਸ ਨਾ ਦਿਸੇ ਤਾਜਨਾ, ਰਾਜ ਰਾਜਾਨਾਂ ਖ਼ਾਕ ਮਿਲਾਏ । ਸ਼ਬਦ ਘੋੜਾ ਸਾਚਾ ਬਾਜਨਾ, ਪ੍ਰਭ ਸਾਚਾ ਰਿਹਾ ਉਡਾਏ । ਪਰਗਟ ਹੋਏ ਦੇਸ ਮਾਝਨਾ, ਸਾਂਝੀਵਾਲ ਸਰਬ ਅਖਵਾਏ । ਜਨ ਭਗਤਾਂ ਪਰਦਾ ਕਾਜਨਾ, ਗੁਰ ਗੋਬਿੰਦਾ ਗੋਬਿੰਦ ਰਾਏ । ਨਾਮ ਚਲਾਏ ਸਚ ਜਹਾਜ਼ਨਾ, ਗੁਰਮੁਖ ਸਾਚੇ ਲਏ ਚੜ੍ਹਾਏ । ਆਪ ਰਚਾਇਆ ਆਪਣਾ ਕਾਜਨਾ, ਕਲਜੁਗ ਵੇਲਾ ਅੰਤ ਸੁਹਾਏ । ਸਤਿਜੁਗ ਸਾਚੇ ਦੇਵੇ ਦਾਜਨਾ, ਪੂਤ ਸਪੂਤਾ ਸੋਇਆ ਆਪ ਉਠਾਏ । ਪੁਰਖ ਅਗੰਮਾ ਮਾਰੇ ਆਵਾਜ਼ਨਾ, ਦਿਸ ਕਿਸੇ ਨਾ ਆਏ । ਜਨ ਭਗਤਾਂ ਰੱਖਣ ਆਇਆ ਲਾਜਨਾ, ਨਿਹਕਲੰਕੀ ਜਾਮਾ ਪਾਏ । ਆਦਿ ਅੰਤ ਪਰਦਾ ਕਾਜਣਾ, ਸ਼ਬਦ ਡੰਕੀ ਡੰਕ ਵਜਾਏ । ਚਾਰੋਂ ਕੁੰਟ ਪੈਣੀ ਭਾਜਣਾ, ਮਾਤ ਪਿਤ ਨਾ ਕੋਈ ਸਹਾਏ । ਸ਼ਬਦ ਨਗਾਰਾ ਏਕਾ ਵਾਜਣਾ, ਲੋਆਂ ਪੁਰੀਆਂ ਰਿਹਾ ਸੁਣਾਏ । ਬ੍ਰਹਮਾ ਸ਼ਿਵ ਜਾਣੇ ਕਲ ਕਿ ਆਜਨਾ, ਪਾਰਬ੍ਰਹਮ ਭੇਵ ਨਾ ਰਾਏ । ਕਰੋੜ ਤੇਤੀਸਾ

ਅੰਤਮ ਨਾਚਨਾ, ਹਰਿ ਹਰਿ ਸਾਚਾ ਰਿਹਾ ਨਚਾਏ । ਗੁਰਮੁਖ ਵਿਰਲੇ ਨਾਮ ਜਣਾਏ ਸਾਚੇ ਸਾਚਨਾ, ਹਰਿ ਸਾਚਾ ਹੱਟ ਖੁਲ੍ਹਾਏ । ਕਾਇਆ ਮਾਟੀ ਭਾਂਡਾ ਕਾਚਨਾ, ਤਨ ਸੋਹੰ ਪਟ ਪਹਿਨਾਏ । ਇਕ ਖੁਲ੍ਹਾਏ ਸਾਚਾ ਹਾਟਨਾ, ਹੱਟ ਹਟਵਾਣਾ ਆਪ ਹੋ ਜਾਏ । ਨਾ ਕੋਈ ਦੀਸੇ ਤੀਰਥ ਤਾਟਨਾ, ਅੱਠ ਸੱਠ ਬੈਠੇ ਮੁਖ ਛੁਪਾਏ । ਨਾ ਕੋਈ ਪਾਰ ਕਰਾਏ ਘਾਟਨਾ, ਸਾਗਰ ਡੂੰਘਾ ਵਹਿਣ ਸੰਸਾਰ ਵਹਾਏ । ਜੋਤੀ ਨੂਰ ਨਾ ਕੋਈ ਲਿਲਾਟਨਾ, ਅੰਧ ਅਗਿਆਨ ਅੰਧੇਰਾ ਛਾਏ । ਦੁਰਮਤ ਮੈਲ ਨਾ ਕੋਇ ਕਾਟਨਾ, ਅੰਮ੍ਰਿਤ ਆਤਮ ਧਾਰ ਨਾ ਮੁਖ ਚੁਆਏ । ਅੱਗੇ ਜਾਣੇ ਨਾ ਕੋਈ ਵਾਟਨਾ, ਸਾਧ ਸੰਤ ਰਹੇ ਕੁਰਲਾਏ । ਸ਼ਬਦ ਖਟੋਲਾ ਨਾ ਕੋਈ ਜਾਣੇ ਸਾਚੀ ਖਾਟਨਾ, ਨਾਮ ਸਿੰਘਾਸਣ ਨਾ ਵੇਖ ਵਖਾਏ । ਲੱਖ ਚੁਰਾਸੀ ਲੇਖਾ ਆਨ ਬਾਟਨਾ, ਗਰਭਵਾਸ ਨਾ ਕੋਈ ਕਟਾਏ । ਗੁਰਮੁਖ ਵਿਰਲੇ ਹਰਿ ਹਰਿ ਨਾਉਂ ਰਸਨਾ ਰਾਟਨਾ, ਹਰਿ ਸਾਚੀ ਸੇਵ ਲਗਾਏ । ਏਕਾ ਰਸ ਰਸਨਾ ਚਾਟਨਾ, ਮਦਿਰਾ ਮਾਸ ਰਸਨ ਤਜਾਏ । ਬਜਰ ਕਪਾਟੀ ਪਰਦਾ ਪਾਟਨਾ, ਸੰਮਤ ਚੌਦਾਂ ਨੇੜੇ ਆਏ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਗੁਰਮੁਖਾਂ ਪੂਰ ਕਰਾਏ ਘਾਟਨਾ, ਘਾਟਾ ਕੋਈ ਰਹਿਣ ਨਾ ਪਾਏ । ਗੁਰਮੁਖਾਂ ਦਰ ਦਰਵਾਜ਼ਿਉਂ ਉਠ ਉਠ ਨਾਠਨਾ, ਸ਼ਬਦ ਖੰਡਾ ਰਿਹਾ ਵਖਾਏ । ਆਪੇ ਜਾਣੇ ਪੂਜਾ ਪਾਠਨਾ, ਕਾਇਆ ਮੰਦਰ ਅੰਦਰ ਬਹਿ ਬਹਿ ਡੇਰਾ ਲਾਏ । ਸ਼ਬਦ ਸਰੂਪੀ ਮਾਰੇ ਏਕਾ ਠਾਠਨਾ, ਜਗਤ ਵਿਕਾਰਾ ਅੰਤ ਰੁੜ੍ਹਾਏ । ਗੁਰਮੁਖ ਰਖਾਏ ਸਾਚਾ ਹਾਠਨਾ, ਗੁਰ ਚਰਨ ਕਵਲ ਚਿੱਤ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕਾਏ । ਕਲਜੁਗ ਲਹਿਣਾ ਜਾਏ ਚੁੱਕ, ਹਰਿ ਵੇਲਾ ਵਕਤ ਸੁਹਾਇੰਦਾ । ਮਨਮੁਖਾਂ ਮੁਖ ਪੈਣਾ ਥੁੱਕ, ਨਾ ਕੋਈ ਮਾਤ ਬਚਾਇੰਦਾ । ਸੰਮਤ ਪੰਦਰਾਂ ਰਿਹਾ ਢੁੱਕ, ਪ੍ਰਭ ਸਾਚੀ ਨੀਂਹ ਰਖਾਇੰਦਾ । ਸੰਮਤ ਸੋਲਾਂ ਦਾਣਾ ਪਾਣੀ ਜਾਏ ਮੁੱਕ, ਪ੍ਰਭ ਅਗਨ ਮੀਂਹ ਬਰਸਾਇੰਦਾ । ਪ੍ਰਭ ਕਾ ਭਾਣਾ ਨਾ ਜਾਏ ਰੁਕ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਸਤਿਜੁਗ ਸਾਚਾ ਰਿਹਾ ਝੁਕ, ਦੋਏ ਜੋੜ ਸੀਸ ਨਿਵਾਇੰਦਾ । ਕਲਜੁਗ ਕਾਲਾ ਬੈਠਾ ਲੁਕ, ਜੂਠਾ ਝੂਠਾ ਮੂੰਹ ਸ਼ਰਮਾਇੰਦਾ । ਸਚ ਸਰੋਵਰ ਗਿਆ ਮੁੱਕ, ਤ੍ਰਿਸ਼ਨਾ ਅਗਨ ਨਾ ਕੋਈ ਬੁਝਾਇੰਦਾ । ਸਤਿਜੁਗ ਸਾਚਾ ਰਿਹਾ ਬੁੱਕ, ਲੋਕਮਾਤੀ ਰਾਹ ਤਕਾਇੰਦਾ । ਸੰਮਤ ਸਤਾਰਾਂ ਰਿਹਾ ਢੁੱਕ, ਸ੍ਰਿਸ਼ਟ ਸਬਾਈ ਹਾਹਾਕਾਰ ਕਰਾਇੰਦਾ । ਬਾਲ ਨਾ ਦੀਸੇ ਕਿਸੇ ਕੁੱਖ, ਨਾ ਕੋਈ ਸਹਾਈ ਮਾਨਸ ਦੇਹੀ ਮਨੁੱਖ, ਦੇਵਤ ਸੁਰ ਨਾ ਕੋਈ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਿਰੰਕਾਰਾ ਆਪ ਅਖਵਾਇੰਦਾ । ਨਰ ਨਿਰੰਕਾਰਾ ਹਰਿ ਨਿਰੰਕਾਰੀ, ਜੋਤੀ ਨੂਰ ਸਵਾਇਆ । ਸ਼ਬਦ ਫੜ ਤੇਜ ਕਟਾਰੀ, ਲਹਿਣਾ ਦੇਣਾ ਮੂਲ ਚੁਕਾਇਆ । ਜੁਗ ਜੁਗ ਲਏ ਮਾਤ ਅਵਤਾਰੀ, ਪਰਗਟ ਹੋਏ ਵੱਡ ਸੰਸਾਰੀ, ਲੱਖ ਚੁਰਾਸੀ ਪਾਵੇ ਸਾਰੀ, ਕੰਤ ਕੰਤੂਹਲਾ ਭੇਵ ਨਾ ਰਾਇਆ । ਕਲਜੁਗ ਤੇਰੀ ਚਾਰ ਦਿਵਾਰੀ, ਆਪੇ ਢਾਹੇ ਲਏ ਉਸਾਰੀ, ਨਾ ਕੋਈ ਜਾਣੇ ਨਰ ਨਾਰੀ, ਭੇਵ ਅਭੇਦਾ ਅਛਲ ਅਛੇਦਾ ਸਾਚਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਨਿਰੰਜਣ ਦੇਵੇ ਵਰ, ਦਰ ਦਰ ਘਰ ਘਰ ਵੇਖ ਵਖਾਇਆ । ਜੋਤ ਨਿਰੰਜਣ ਸਾਚੀ ਸੇਵਾ, ਪ੍ਰਭ ਸਾਚੇ ਆਪ ਲਗਾਈਆ । ਗੁਰਮੁਖਾਂ ਵੇਖੇ ਕੌਸਤਕ ਮਨੀਆ ਲੱਗਾ ਥੇਵਾ, ਨਾਮ ਰੱਤੀ ਰੱਤ ਛੁਹਾਈਆ । ਰਸਨਾ ਗਾਏ ਗੁਣ ਹਰਿ ਜਿਹਵਾ, ਗੁਣਵੰਤਾ ਭੇਵ ਅਲਾਹੀਆ । ਵੇਖ ਵਖਾਣੇ ਸੁਰ ਨਰ ਦੇਵੀ ਦੇਵਾ, ਯਸ਼ ਗਧੰਰਬ ਰਹੇ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ


੧੮੩
੦੬

੧੮੪
੦੬

ਆਪਣੀ ਜੋਤ ਧਰ, ਲੋਆਂ ਪੁਰੀਆਂ ਵੇਖ ਵਖਾਈਆ । ਲੋਆਂ ਪੁਰੀਆਂ ਵੇਖ ਵਖਾਣੇ, ਹਰਿ ਸ਼ਬਦ ਘੋੜ ਅਸਵਾਰਾ । ਜੀਵ ਜੰਤ ਕੋਈ ਭੇਵ ਨਾ ਜਾਣੇ, ਆਦਿ ਅੰਤ ਏਕੰਕਾਰਾ । ਸਾਧ ਸੰਤ ਬੇਮੁਹਾਣੇ, ਵਿਸਰਿਆ ਕਰਤਾਰਾ । ਸਾਚਾ ਰਾਹ ਨਾ ਕੋਈ ਪਛਾਣੇ, ਪੁਰਖ ਅਗੰਮਾ ਏਕਾ ਧਾਰਾ । ਮਾਇਆ ਮਮਤਾ ਰਾਜੇ ਰਾਣੇ, ਹਉਮੇ ਹੰਗਤਾ ਕਰੇ ਸ਼ਿੰਗਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਵਿਚ ਸੰਸਾਰਾ । ਪਰਗਟ ਹੋਏ ਹਰਿ ਬਲਵਾਨਾ, ਆਪਣੀ ਜੋਤ ਜਗਾਈਆ । ਸ਼ਬਦ ਫੜੇ ਤੀਰ ਕਮਾਨਾ, ਰਸਨਾ ਚਿਲ੍ਹੇ ਰਿਹਾ ਚੜ੍ਹਾਈਆ । ਖੇਲੇ ਖੇਲ ਆਪ ਮਹਾਨਾ, ਉਚੇ ਟਿੱਲੇ ਰਿਹਾ ਹਿਲਾਈਆ । ਏਕਾ ਮਾਰ ਨਾਮ ਨਿਸ਼ਾਨਾ, ਲੱਖ ਚੁਰਾਸੀ ਪਾਰ ਕਰਾਈਆ । ਬ੍ਰਹਮਾ ਉਠੇ ਬਣ ਨਾਦਾਨਾ, ਚਾਰੇ ਮੁਖੜੇ ਰਿਹਾ ਭਵਾਈਆ । ਸ਼ਿਵ ਸ਼ੰਕਰ ਵੇਖ ਚਰਨ ਧਿਆਨਾ, ਕਵਣ ਕੂਟੇ ਹਰਿ ਹਰਿ ਜੋਤ ਜਗਾਈਆ । ਸੁਰਪਤ ਮੰਗੇ ਜੀਆ ਦਾਨਾ, ਕਰੋੜ ਤੇਤੀਸਾ ਸੰਗ ਰਲਾਈਆ । ਕਲਜੁਗ ਹੋਏ ਅੰਤ ਨਿਮਾਣਾ, ਦਰ ਬੈਠਾ ਮੁਖ ਸ਼ਰਮਾਈਆ । ਧਰਮ ਰਾਏ ਦਾ ਝੁੱਲੇ ਨਿਸ਼ਾਨਾ, ਵਰਭੰਡੀ ਵੰਡ ਵੰਡਾਈਆ । ਲਾੜੀ ਮੌਤ ਬੰਨ੍ਹੇ ਗਾਨਾ, ਸੰਮਤ ਚੌਦਾਂ ਨੇੜੇ ਆਈਆ । ਪੁਰਖ ਅਬਿਨਾਸ਼ੀ ਧੁਰ ਫ਼ਰਮਾਣਾ, ਗੁਰਮੁਖਾਂ ਦਰ ਦਰ ਘਰ ਘਰ ਰਿਹਾ ਜਾਏ ਸੁਣਾਈਆ । ਨਾ ਕੋਈ ਜਾਣੇ ਰਾਜਾ ਰਾਣਾ, ਸ਼ਾਹ ਸੁਲਤਾਨਾਂ ਭੇਵ ਨਾ ਰਾਈਆ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਈਆ । ਜੋਤ ਸਰੂਪੀ ਪਹਰਿਆ ਬਾਣਾ, ਸ਼ਬਦੀ ਬਣਤ ਬਣਾਈਆ । ਗੁਰ ਗੋਬਿੰਦਾ ਸੰਗ ਰਖਾਨਾ, ਸ਼ਸਤਰ ਅਸਤਰ ਇਕ ਸੁਹਾਈਆ । ਗੁਣਵੰਤਾ ਹਰਿ ਗੁਣ ਨਿਧਾਨਾ, ਸਗਲਾ ਸੰਗ ਨਿਭਾਈਆ । ਲਿਖਿਆ ਲੇਖ ਲੇਖ ਮਹਾਨਾ, ਨਾਨਕ ਹਰਿ ਗੁਣ ਰਸਨਾ ਗਾਈਆ । ਪਰਗਟ ਹੋਏ ਹਰਿ ਭਗਵਾਨਾ, ਨਿਹਕਲੰਕਾ ਨਾਉਂ ਰਖਾਈਆ । ਧਰਮ ਝੁਲਾਏ ਇਕ ਨਿਸ਼ਾਨਾ, ਬੀਸ ਬੀਸਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਲੱਖ ਚੁਰਾਸੀ ਕਰੇ ਕੁੜਮਾਈਆ । ਲੱਖ ਚੁਰਾਸੀ ਏਕਾ ਨਾਤਾ, ਪ੍ਰਭ ਸਾਚਾ ਆਪ ਨਿਭਾਇੰਦਾ । ਧਰਮ ਰਾਏ ਤੇਰਾ ਪੂਰ ਕਰਾਏ ਖਾਤਾ, ਲਹਿਣਾ ਦੇਣਾ ਮੂਲ ਚੁਕਾਇੰਦਾ । ਕਲਜੁਗ ਮਿਟੇ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਨਾ ਕੋਈ ਜਾਣੇ ਜ਼ਾਤਾ ਪਾਤਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਇੰਦਾ । ਪਰਗਟ ਹੋਏ ਕਮਲਾਪਾਤਾ, ਜਨ ਭਗਤਾਂ ਦੇਵੇ ਸਾਚੀ ਦਾਤਾ, ਨਾਮ ਸੁਗ਼ਾਤਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਮਾਰ ਝਾਤਾ, ਆਪ ਆਪਣਾ ਮੁਖ ਛੁਪਾਇੰਦਾ । ਆਪ ਆਪਣਾ ਮੁਖ ਛੁਪਾਇਆ, ਦਿਸ ਕਿਸੇ ਨਾ ਆਇਆ ਏ । ਚੁਪ ਚੁਪੀਤੇ ਖੇਲ ਰਚਾਇਆ, ਗੁਰ ਗੋਬਿੰਦਾ ਇਕ ਜਗਾਇਆ ਏ । ਸਾਚੀ ਰੀਤੇ ਮਾਤ ਰਖਾਇਆ, ਪਤਤ ਪੁਨੀਤੇ ਵੇਖ ਵਖਾਇਆ ਏ । ਗੀਤ ਸੁਹਾਗੀ ਇਕ ਸੁਣਾਇਆ, ਚਰਨ ਕਵਣ ਚਿਤ ਲਾਇਆ ਏ । ਸਾਚਾ ਮੀਤ ਆਪ ਅਖਵਾਇਆ, ਆਪ ਆਪਣਾ ਮੇਲ ਮਿਲਾਇਆ ਏ । ਕਾਇਆ ਠੰਢੀ ਸੀਤਲ ਸੀਤ ਕਰਾਇਆ, ਅੰਮ੍ਰਿਤ ਧਾਰਾ ਠੰਢੀ ਠਾਰਾ ਆਪਣੀ ਆਪ ਵਹਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਅਠਾਰਾਂ ਬਖ਼ਸ਼ੇ ਧਾਰਾ, ਏਕਾ ਇੰਦਰ ਸੇਵਾ ਲਾਇਆ ਏ । ਏਕਾ ਇੰਦਰ ਕਰੋੜ ਛਿਆਨਵੇਂ, ਹਰਿ ਕਰੋੜੀ ਕਰੋੜ ਅਖਵਾਇੰਦਾ । ਭੇਖ ਨਾ ਜਾਣੇ ਬਾਵਨ ਬਾਵਨੇ, ਜੋਤੀ ਸ਼ਬਦੀ ਜੋੜ ਜੁੜਾਇੰਦਾ । ਆਵਣ ਅਠ ਤਰੇ ਜਾਣ ਸਤ ਨਵੇ, ਨੌ ਸਤ ਵੇਖ ਵਖਾਇੰਦਾ । ਅਠ ਤ੍ਰੈ ਭੇਵ ਨਾ ਪਾਵਨੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਸੰਮਤ ਅਠਾਰਾਂ ਏਕਾ ਧਾਰਾ, ਇੰਦ ਇੰਦਰਾਸਣ ਦਏ ਹੁਲਾਰਾ, ਏਕਾ ਹੁਕਮ ਜਣਾਇੰਦਾ । ਖਵਾਜਾ ਖਿਜਰ ਖਿਜਰ ਖਵਾਜਾ । ਏਕਾ ਬਖ਼ਸ਼ੇ ਪ੍ਰਭ ਸਾਚਾ ਦਾਤ । ਅੱਠ ਅਠਾਰਾਂ ਵੱਡ ਕਰਾਮਾਤ । ਜਲ ਥਲ ਧਾਰਾ ਧਰਤ ਮਾਤ । ਪ੍ਰਭ ਦੇਵੇ ਸਚ ਸੁਗ਼ਾਤ । ਆਰ ਪਾਰ ਨਾ ਦੀਸੇ ਕੋਈ ਕਿਨਾਰਾ, ਨਾ ਕੋਈ ਵੇਖੇ ਤੀਰਥ ਤਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਉਲਟੀ ਗੇੜੇ ਲਾਠ । ਸੰਮਤ ਉਨੀ ਉਨੀ ਉਨੀਸਾ । ਖੇਲੇ ਖੇਲ ਹਰਿ ਜਗਦੀਸਾ । ਈਸਾ ਮੂਸਾ ਖਾਲੀ ਖੀਸਾ । ਕੋਈ ਨਾ ਪੜ੍ਹੇ ਸੁਣਾਏ ਕੁਰਾਨ ਹਦੀਸਾ । ਛਤਰ ਨਾ ਝੁੱਲੇ ਕਿਸੇ ਸੀਸਾ । ਰਾਹ ਤਕਾਏ ਬੀਸ ਬੀਸਾ । ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਪੀਸਣ ਪੀਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਛਤਰ ਝੁਲਾਏ ਸੀਸਾ । ਬੀਸ ਬੀਸੇ ਸ਼ਬਦ ਮਲਾਹ, ਹਰਿ ਨਾਮੇ ਮਤਾ ਪਕਾਇੰਦਾ । ਪੁਰਖ ਅਬਿਨਾਸ਼ੀ ਬਣੇ ਮਲਾਹ, ਦੋ ਜਹਾਨਾਂ ਵੇਖ ਵਖਾਇੰਦਾ । ਕਲਜੁਗ ਕਾਲਾ ਦਿਸੇ ਨਾ, ਸਤਿਜੁਗ ਸਾਚਾ ਚੰਨ ਚੜ੍ਹਾਇੰਦਾ । ਗੁਰਮੁਖ ਉਠਾਏ ਥਾਉਂ ਥਾਂ, ਆਪ ਆਪਣੇ ਰੰਗ ਰਗਾਇੰਦਾ । ਸੰਤ ਸੁਹੇਲੇ ਫੜ ਫੜ ਬਾਂਹ, ਸਾਚਾ ਮੇਲੀ ਮੇਲ ਮਿਲਾਇੰਦਾ । ਜਮਨ ਕਿਨਾਰਾ ਏਕਾ ਨਾਂ, ਲੇਖਾ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਣਤ ਬਣਾਇੰਦਾ । ਆਪ ਆਪਣੀ ਬਣਤ ਬਣਾਏ, ਜੁਗ ਜੁਗ ਜੋਤ ਜਗਾਈਆ । ਸਾਧ ਸੰਤ ਹਰਿ ਲਏ ਉਠਾਏ, ਏਕਾ ਸ਼ਬਦ ਕਰੇ ਕੁੜਮਾਈਆ । ਵਰਨ ਗੋਤੀ ਕੋਈ ਰਹਿਣ ਨਾ ਪਾਏ, ਕੇਸਾਧਾਰੀ ਨਾ ਕੋਇ ਮੂੰਡ ਮੁੰਡਾਈਆ । ਪੁਰਖ ਅਬਿਨਾਸ਼ੀ ਜੋਤ ਜਗਾਏ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਜਮਨ ਕਿਨਾਰੇ ਡੇਰਾ ਲਾਏ, ਰਾਜ ਰਾਜਾਨਾਂ ਰਿਹਾ ਜਣਾਈਆ । ਜ਼ਰ ਜ਼ਰਵਾਣਾ ਆਪ ਹੋ ਆਏ, ਸ਼ਾਹ ਸ਼ਹਾਨਾ ਵੇਖ ਵਖਾਈਆ । ਤੀਰ ਕਮਾਨਾ ਹੱਥ ਉਠਾਏ, ਏਕਾ ਚਿਲ੍ਹੇ ਰਿਹਾ ਚੜ੍ਹਾਈਆ । ਮਾਣ ਤਾਣ ਸਰਬ ਜਗਤ ਮਿਟਾਏ, ਉਚੇ ਟਿੱਲੇ ਰਿਹਾ ਢਾਹੀਆ । ਸ਼ਬਦ ਨਿਸ਼ਾਨਾ ਇਕ ਝੁਲਾਏ, ਸੱਤ ਰੰਗਾਂ ਰੰਗ ਰੰਗਾਈਆ । ਸੀਸ ਗੰਜ ਪ੍ਰਭ ਦਏ ਗਡਾਏ, ਆਪਣੀ ਹੱਥੀਂ ਸੇਵ ਕਮਾਈਆ । ਵਾਲੀ ਹਿੰਦ ਪ੍ਰਭ ਦਏ ਉਠਾਏ, ਚਰਨ ਕਵਲ ਦਏ ਸਰਨਾਈਆ । ਰਾਗ ਅਨਾਦੀ ਇਕ ਸੁਣਾਏ, ਸੋਹੰ ਸ਼ਬਦ ਵਜੇ ਵਧਾਈਆ । ਨੌ ਖੰਡ ਪ੍ਰਿਥਮੀ ਆਪ ਜਣਾਏ, ਦੇਸ਼ ਪਰਦੇਸ਼ਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਬੀਸ ਤੇਰੀ ਰੁੱਤ ਸੁਹਾਈਆ । ਬੀਸ ਬੀਸਾ ਹਰਿ ਜਗਦੀਸਾ, ਜੋਤੀ ਖੇਲ ਖਿਲਾਇੰਦਾ । ਵੇਖ ਵਖਾਣੇ ਰਾਗ ਛਤੀਸਾ, ਨਾਦ ਧੁਨ ਰਸਨ ਅਲਾਇੰਦਾ । ਮਾਤ ਸੁਰਸਤੀ ਦੰਦ ਬਤੀਸਾ, ਬੱਤੀ ਧਾਰਾ ਮੁਖ ਸੁਹਾਇੰਦਾ । ਲੇਖਾ ਚੁੱਕੇ ਇਕ ਇਕੀਸਾ, ਸੰਮਤ ਇੱਕੀ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸੀਸ ਹਰਿ ਜਗਦੀਸ ਸੁਹਾਇੰਦਾ । ਹਰਿ ਜਗਦੀਸ ਸ਼ਬਦ ਬਨਵਾਰੀ, ਹਰਿ ਨਾਮੇ ਬਣਤ ਬਣਾਈਆ । ਪੰਚਮ ਮੇਲਾ ਸਚ ਦਰਬਾਰੀ, ਦਰ ਦਰਬਾਰਾ ਇਕ ਸੁਹਾਈਆ । ਜੋਤ ਜਗਾਏ ਨਰ ਨਿਰੰਕਾਰੀ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਬਿਠਾਏ ਚਰਨ ਦਵਾਰੀ, ਸ਼ਬਦ ਸਰੂਪੀ ਸ਼ਬਦ ਜਣਾਈਆ । ਸ੍ਰਿਸ਼ਟ ਸਬਾਈ ਬੰਨ੍ਹੇ ਧਾਰੀ, ਧਾਰਾ ਆਪਣੇ ਹੱਥ ਰਖਾਈਆ । ਆਪੇ ਲੇਖਾ ਲਿਖਤ ਲਿਖਾਰੀ, ਲਿਖਣਹਾਰ ਹਰਿ ਰਘੁਰਾਈਆ । ਨੌ ਖੰਡ ਪ੍ਰਿਥਮੀ ਇਕ ਸਿਕਦਾਰੀ, ਸਾਚਾ ਸਿਕਦਾਰ ਆਪ ਹੋ ਜਾਈਆ । ਸ਼ਬਦ ਸੁਨੇਹੜਾ ਭੇਜੇ ਵਾਰੋ ਵਾਰੀ, ਦੂਤ ਦੂਤਾਂ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਕੁੰਟ ਸ਼ਬਦ ਸੰਦੇਸ਼, ਦੇਵਣਹਾਰਾ ਨਰ ਨਰੇਸ਼, ਬ੍ਰਹਮਾ ਸ਼ਿਵ ਗਣੇਸ਼

ਨਾ ਕੋਈ ਪੂਜ ਪੁਜਾਈਆ । ਸ੍ਰਿਸ਼ਟ ਸਬਾਈ ਏਕਾ ਨਾਤਾ, ਏਕਾ ਰੰਗ ਰੰਗਾਇੰਦਾ । ਨਾ ਕੋਈ ਦੀਸੇ ਜ਼ਾਤਾ ਪਾਤਾ, ਜ਼ਾਤ ਪਾਤੀ ਭੇਵ ਚੁਕਾਇੰਦਾ । ਪਰਗਟ ਹੋਏ ਕਮਲਾਪਾਤਾ, ਪੰਚਮ ਮੁਖ ਪ੍ਰਮੁਖ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਮੇਟੇ ਦੁੱਖ, ਦੁੱਖ ਭੁੱਖ ਆਪ ਗਵਾਇੰਦਾ । ਹਰਿ ਸੰਤ ਸੁਹੇਲੇ ਧਰਤ ਮਾਤ ਦੀ ਰੱਖੇ ਕੁੱਖ, ਮਨਮੁਖ ਨਾ ਕੋਈ ਦਿਸਾਇੰਦਾ । ਸਤਿਜੁਗ ਸਾਚੀ ਸੁੱਖਣਾ ਰਿਹਾ ਸੁਖ, ਪ੍ਰਭ ਅੱਗੇ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਇਕੀ ਪਾਏ ਇੱਕੀ ਨੌ ਖੰਡ ਪ੍ਰਿਥਮੀ ਛੋਟੀ ਸਿਖੀ ਆਪਣੀ ਆਪ ਬਣਾਇੰਦਾ । ਸਾਚੀ ਸਿਖੀ ਸ਼ਬਦ ਵਿਚਾਰ, ਹਰਿ ਆਪਣੀ ਆਪ ਦ੍ਰਿੜਾਇੰਦਾ । ਸੱਤਾਂ ਦੀਪਾਂ ਦਏ ਹੁਲਾਰ, ਸਤਿਜੁਗ ਸਾਚੀ ਜੜ੍ਹ ਲਗਾਇੰਦਾ । ਆਪੇ ਬੈਠ ਦਿੱਲੀ ਦਰਬਾਰ, ਤਿੱਖੀ ਧਾਰਾ ਇਕ ਵਖਾਇੰਦਾ । ਨੌ ਖੰਡ ਪ੍ਰਿਥਮੀ ਜੋਤ ਅਕਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਸ਼ਬਦ ਸਿੰਘਾਸਣ ਹਰਿ ਦਾਤਾਰ, ਏਕਾ ਮਾਤ ਵਿਛਾਇੰਦਾ । ਚਤਰਭੁਜ ਹੋ ਤਿਆਰ, ਅਸ਼ਟਭੁਜ ਸੇਵਾ ਲਾਇੰਦਾ । ਗੁਰਮੁਖਾਂ ਤਨ ਸ਼ਿੰਗਾਰ, ਪੰਚਮ ਤਾਜਾ ਸੀਸ ਟਿਕਾਇੰਦਾ । ਪੰਚਮ ਆਵਾਜਾਂ ਰਿਹਾ ਮਾਰ, ਸੋਹੰ ਮਸਤਕ ਲੇਖ ਲਿਖਾਇੰਦਾ । ਨਾਮ ਸੋਟੀ ਹੱਥ ਕਰਤਾਰ, ਸ੍ਰਿਸ਼ਟ ਸਬਾਈ ਆਪ ਵਖਾਇੰਦਾ । ਚਰਨ ਜੋੜਾ ਅਪਰ ਅਪਾਰ, ਸ਼ਬਦ ਘੋੜਾ ਨਾਲ ਰਲਾਇੰਦਾ । ਆਇਆ ਦੌੜਾ ਵਿਚ ਸੰਸਾਰ, ਕੌੜਾ ਮਿੱਠਾ ਪਰਖਣਹਾਰ, ਭੇਦ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਇੱਕੀ ਇਕ ਇਕੱਲਾ ਨੌ ਖੰਡ ਪ੍ਰਿਥਮੀ ਬਣਤ ਬਣਾਏ ਇਕ ਮਹੱਲਾ, ਸੱਤਾਂ ਦੀਪਾਂ ਪਾਵੇ ਸਾਰ । ਨੌ ਖੰਡ ਪ੍ਰਿਥਮੀ ਏਕਾ ਘਰ, ਪ੍ਰਭ ਆਪਣਾ ਆਪ ਬਣਾਇੰਦਾ । ਸ਼ਬਦ ਸਿੰਘਾਸਣ ਬਹਿ ਬਹਿ ਦੇਵੇ ਵਰ, ਵਰ ਦਾਤਾ ਆਪ ਹੋ ਜਾਇੰਦਾ । ਆਪਣੀ ਕਰਨੀ ਰਿਹਾ ਕਰ, ਜੁਗ ਜੁਗ ਭੇਖ ਵਟਾਇੰਦਾ । ਪੰਚਮ ਤਾਜ ਸੀਸ ਧਰ, ਰਾਜ ਪ੍ਰਮੁਖ ਆਪ ਹੋ ਆਇੰਦਾ । ਸਤਿਜੁਗ ਤੇਰਾ ਕਾਜ ਕਰ, ਸਾਚਾ ਮਾਰਗ ਇਕ ਵਖਾਇੰਦਾ । ਧਰਤਮਾਤ ਤੇਰੀ ਲਾਜ ਰੱਖ, ਲਾਜਾਵੰਤ ਆਪ ਹੋ ਆਇੰਦਾ । ਦੇਸ ਮਾਝ ਹਰਿ ਜੋਤ ਧਰ, ਸੰਮਤ ਸੋਲਾਂ ਚਰਨ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਮਤ ਇਕੀ ਆਪੇ ਵੇਖੇ ਧਾਰ ਤਿੱਖੀ, ਤਿੱਖੀ ਧਾਰ ਨਾ ਕੋਈ ਵਖਾਇੰਦਾ । ਤਿੱਖੀ ਧਾਰ ਹਰਿ ਨਿਰੰਕਾਰਾ, ਆਪਣੀ ਆਪ ਵਖਾਈਆ । ਪਰਗਟ ਹੋਏ ਵਿਚ ਸੰਸਾਰਾ, ਏਕਾ ਡੰਕਾ ਨਾਉਂ ਵਜਾਈਆ । ਨਾ ਕੋਈ ਦੀਸੇ ਸ਼ਾਹ ਸਵਾਰਾ, ਰਾਜ ਰਾਜਾਨਾਂ ਦਿਸ ਨਾ ਆਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਤਖ਼ਤ ਤਾਜ ਇਕ ਸੁਹਾਈਆ । ਜਨ ਭਗਤਾਂ ਦੇਵੇ ਨਾਮ ਸਹਾਰਾ, ਸੰਮਤ ਚੌਦਾਂ ਵੰਡ ਵੰਡਾਈਆ । ਇੱਕੀ ਇੱਕੀ ਇੱਕੀ ਇਕ ਘਰ ਬਾਹਰਾ, ਆਪ ਆਪਣਾ ਰੂਪ ਸਮਾਈਆ । ਆਪ ਵਖਾਣੇ ਸਚ ਦਵਾਰਾ, ਦਰ ਦਵਾਰਕਾ ਨਾਉਂ ਰਖਾਈਆ । ਸ੍ਰਿਸ਼ਟ ਸਬਾਈ ਹਾਹਾਕਾਰਾ, ਜਨ ਭਗਤਾਂ ਜੈ ਜੈਕਾਰ ਕਰਾਈਆ । ਕਲਜੁਗ ਵੇਖੇ ਧੁੰਦੂਕਾਰਾ, ਗੁਰਮੁਖ ਸਾਚੇ ਚੰਦ ਚੜ੍ਹਾਈਆ । ਆਪੇ ਬਣਿਆ ਲੇਖ ਲਿਖਾਰਾ, ਗੁਰ ਗੋਬਿੰਦਾ ਕਲਮ ਚਲਾਈਆ । ਨਾਨਕ ਬਣਿਆ ਦਰ ਭਿਖਾਰਾ, ਹਰਿ ਦੇਵਣਹਾਰ ਸਬਾਈਆ । ਪਰਗਟ ਹੋਏ ਨਰ ਅਵਤਾਰਾ, ਕਲਜੁਗ ਅੰਤ ਕਰੇ ਕੁੜਮਾਈਆ । ਲੱਖ ਚੁਰਾਸੀ ਪਾਵੇ ਸਾਰਾ, ਰਾਏ ਧਰਮ ਦਏ ਵਡਿਆਈਆ । ਲਾੜੀ ਮੌਤ ਕਰੇ ਪਿਆਰਾ, ਚਾਰੋਂ ਕੁੰਟ ਹਲਕਾਈਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਲੱਖ ਚੁਰਾਸੀ ਫੰਦ ਕਟਾਈਆ । ਅੰਤਮ ਮੇਲਾ ਜਮਨ ਕਿਨਾਰਾ, ਸਾਧਾਂ ਸੰਤਾਂ ਰਿਹਾ ਜਣਾਈਆ । ਗਰੀਬ ਨਿਮਾਣਿਆਂ ਪਾਵੇ ਸਾਰਾ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਸ਼ਬਦ ਸਰੂਪੀ ਦਏ ਹੁਲਾਰਾ, ਪਵਣ ਉਨੰਜਾ ਸੇਵਾ ਲਾਈਆ । ਧਰਤਮਾਤ ਤੇਰਾ

੧੯੬
੦੬

ਇਕ ਅਖਾੜਾ, ਪ੍ਰਭ ਸਾਚੀ ਰਚਨ ਰਚਾਈਆ । ਪੰਚਮ ਜੇਠ ਉਠਾਏ ਅਗੰਮੀ ਧਾੜਾ, ਸਿੰਘ ਸ਼ੇਰ ਸ਼ੇਰ ਦਲੇਰੀ ਇਕ ਵਖਾਈਆ । ਅਗਨ ਲਗਾਏ ਸਤਾਰਾਂ ਹਾੜਾ, ਪ੍ਰਭ ਸਾਚੇ ਬਣਤ ਬਣਾਈਆ । ਨਾ ਕੋਈ ਦੀਸੇ ਜੰਗਲ ਜੂਹ ਉਜਾੜ ਪਹਾੜਾ, ਉਚੇ ਪਰਬਤ ਰਿਹਾ ਹਿਲਾਈਆ । ਲੱਗੇ ਅੱਗ ਬਹੱਤਰ ਨਾੜਾ, ਨਾ ਕੋਈ ਸਕੇ ਮਾਤ ਬੁਝਾਈਆ । ਧਰਮ ਰਾਏ ਦਾ ਵੱਜੇ ਤਾੜਾ, ਕਲਜੁਗ ਆਪਣੀ ਖੇਲ ਖਿਲਾਈਆ । ਗੁਰਮੁਖਾਂ ਬਖ਼ਸ਼ੇ ਏਕਾ ਦਰ ਦਵਾਰਾ, ਚਰਨ ਕਵਲ ਸੱਚੀ ਸਰਨਾਈਆ । ਮਿਲਿਆ ਮੇਲ ਹਰਿ ਕੰਤ ਭਤਾਰਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦੇ ਦਿਤਾ ਵਰ, ਵਰ ਘਰ ਆਪਣਾ ਆਪ ਹੰਢਾਈਆ । ਗੁਰ ਗੋਬਿੰਦੇ ਵਰ ਘਰ ਪਾਇਆ, ਹਰਿ ਸਾਚਾ ਕੰਤ ਕੰਤੂਹਲਾ । ਨਾ ਮਰੇ ਨਾ ਕਦੇ ਜਾਇਆ, ਦੇਵੇ ਸ਼ਬਦ ਸਾਚਾ ਝੂਲਾ । ਕਲਜੁਗ ਵੇਲਾ ਅੰਤਮ ਆਇਆ, ਆਪ ਚੁਕਾਏ ਅਗਲਾ ਪਿਛਲਾ ਲਹਿਣਾ ਦੇਣਾ ਮੂਲਾ । ਗੁਰਮੁਖ ਸਾਚੇ ਲਏ ਤਰਾਇਆ, ਆਪ ਆਪਣੀ ਦਇਆ ਕਮਾਇਆ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਦਰ ਦਵਾਰੇ ਆਏ ਭੂਲਾ । ਆਏ ਭੁੱਲ ਦਰ ਦਵਾਰ, ਦਰਸ਼ਨ ਲੋਚਨ ਨੈਣਾ । ਪਾਏ ਮੁੱਲਾ ਵਿਚ ਸੰਸਾਰ, ਗੁਰ ਸੰਗਤ ਸਾਚਾ ਬਹਿਣਾ । ਗੁਰਮੁਖ ਵਿਰਲਾ ਪੂਰੇ ਤੋਲ ਤੁਲਾ, ਗੁਰ ਪੂਰੇ ਮੰਨਿਆਂ ਸਾਚਾ ਕਹਿਣਾ । ਲੋਕਮਾਤ ਫਲਿਆ ਫੁੱਲਾ, ਕਲਜੁਗ ਵਹਿਣ ਝੂਠਾ ਵਹਿਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਦੇਵੇ ਇਕ ਵਰ, ਆਪੇ ਹੋਏ ਸਾਕ ਸੱਜਣ ਸੈਣਾ ।

੧੮੭ ੧੮੭

੦੬ ੦੬

ਚੌਥਾ ਘਰ ਹਰਿ ਦਵਾਰ, ਆਪਣਾ ਆਪ ਉਪਾਇਆ । ਸੰਤ ਸੁਹੇਲੇ ਕਰ ਤਿਆਰ, ਦਰ ਦਵਾਰੇ ਲਏ ਬਹਾਇਆ । ਹੱਡ ਮਾਸ ਨਾੜੀ ਨਾ ਕੋਇ ਆਕਾਰ, ਪੰਜ ਤਤ ਦਿਸ ਨਾ ਆਇਆ । ਜੋਤੀ ਮੇਲਾ ਸ਼ਬਦ ਅਧਾਰ, ਸ਼ਬਦੀ ਸ਼ਬਦ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੂਰੀ ਨੂਰ ਰਖਾਇਆ । ਨੂਰ ਉਜਾਲਾ ਸਤਿ ਪੁਰਖ ਚੌਥਾ ਘਰ, ਚੌਥਾ ਪਦ ਵਖੰਦੜਾ । ਗੁਰ ਗੋਪਾਲਾ ਇਕ ਘਰ, ਏਕਾ ਧਾਮ ਸੁਹੰਦੜਾ । ਦੀਨ ਦਿਆਲਾ ਜੋਤ ਧਰ, ਜੋਤੀ ਮੇਲ ਮਿਲੰਦੜਾ । ਆਪਣੀ ਰਚਨਾ ਆਪੇ ਕਰ, ਭੇਵ ਆਪਣੇ ਹੱਥ ਰਖੰਦੜਾ । ਪੰਚਮ ਖੋਲ੍ਹੇ ਸਾਚਾ ਦਰ, ਸਾਚਾ ਧਾਮ ਸੁਹੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਕਬੀਰਾ ਇਕ ਦਰ, ਏਕਾ ਰਾਹ ਵਖੰਦੜਾ । ਪੰਚਮ ਘਰ ਧਾਮ ਸੁਹਾਇਆ, ਧੁਰ ਦਰਗਾਹੀ ਮੀਤਾ । ਆਪ ਆਪਣਾ ਮੁਖ ਛੁਪਾਇਆ, ਆਪੇ ਜਾਣੇ ਆਪਣੀ ਰੀਤਾ । ਸਤਿ ਪੁਰਖ ਨਿਰੰਜਣ ਦਰ ਘਰ ਸਾਚੇ ਆਸਣ ਲਾਇਆ, ਬੈਠਾ ਰਹੇ ਅਤੀਤਾ । ਨਾਨਕ ਨਿਰਗੁਣ ਰਿਹਾ ਧਿਆਇਆ, ਚਰਨ ਕਵਲ ਤਨ ਜੀਤਾ । ਨਿਰਗੁਣ ਨਰ ਹਰਿ ਦਇਆ ਕਮਾਇਆ, ਨਿਰਧਨ ਬਣਾਏ ਮੀਤਾ । ਆਪ ਆਪਣਾ ਨੂਰ ਉਪਾਇਆ, ਦਰ ਘਰ ਹਰਿ ਛੇਵੇਂ ਵੇਖੇ ਸ਼ਬਦ ਮੀਤਾ । ਸਾਚੇ ਸ਼ਬਦ ਹਰਿ ਜਣਾਇਆ, ਪੰਚਮ ਘਰ ਰਾਹ ਵਖਾਇਆ, ਦਰ ਦਵਾਰੇ ਨਾਨਕ ਆਇਆ, ਜੀਵਤ ਜੀਵਤ ਜੀਵਤ ਜੀਤਾ । ਪ੍ਰਭ ਅਬਿਨਾਸ਼ੀ ਬੋਲ ਸੁਣਾਇਆ, ਆਪ ਅਡੋਲ ਅਡੋਲ ਕਰਾਇਆ, ਏਕਾ ਨਾਮ ਪਿਆਏ ਮੀਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੇਵਾਂ ਘਰ ਬਾਹਰ ਕਰਾਇਆ,

ਪੰਚਮ ਦਰਸ ਵਖਾਏ ਇਕ ਅਨਡੀਠਾ । ਪੰਚਮ ਘਰ ਦਰ ਸੁਹੰਜਣਾ, ਮਿਲੇ ਮੇਲ ਬਨਵਾਰੀ । ਚਰਨ ਕਵਲ ਕੀਆ ਸਾਚਾ ਮਜਨਾ, ਨਾਨਕ ਨਿਰਗੁਣ ਹਾਰੀ । ਤਾਲ ਤਲਵਾੜਾ ਏਕਾ ਵੱਜਣਾ, ਕਿਰਪਾ ਕਰ ਮੰਗੇ ਦਾਨ ਹੋਏ ਪਨਿਹਾਰੀ । ਸਤਿਨਾਮ ਰੱਖੇ ਲਜਨਾ, ਵਰਤੇ ਕਲ ਵਡ ਸੰਸਾਰੀ । ਨਾਨਕ ਮੇਲਾ ਸਾਚੇ ਸੱਜਣਾ, ਸੱਜਣ ਮੈਂਢਾ ਹਰਿ ਨਿਰੰਕਾਰੀ । ਦਰ ਦਵਾਰਾ ਆਪ ਆਪਣਾ ਤੱਜਣਾ, ਗੁਰ ਨਾਨਕ ਸ਼ਬਦ ਕਰੇ ਅਸਵਾਰੀ । ਪੁਰਖ ਅਬਿਨਾਸ਼ੀ ਪੜਦਾ ਕੱਜਣਾ, ਦੋ ਜਹਾਨਾਂ ਪਾਵੇ ਸਾਰੀ । ਨਾਮ ਨਗਾਰਾ ਏਕਾ ਵੱਜਣਾ, ਅੱਠੇ ਪਹਿਰ ਰਹੇ ਧੁਨਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਸਾਚਾ ਵਰ, ਹਰਿ ਸਾਜਨ ਸਾਚਾ ਸੱਜਣਾ । ਪੰਚਮ ਦਰ ਸਿਫਤ ਸਲਾਹ, ਨਾਨਕ ਹਰਿ ਗੁਣ ਗਾਇਆ । ਵੇਖ ਵਖਾਣੇ ਸਾਚਾ ਥਾਂ, ਸਰਗੁਣ ਦਿਸ ਨਾ ਆਇਆ । ਨਾ ਕੋਈ ਦੀਸੇ ਪਿਤਾ ਮਾਂ, ਬਾਲ ਗੋਦ ਨਾ ਕੋਈ ਉਠਾਈਆ । ਨਾ ਕੋਈ ਦੀਸੇ ਚਿੜੀ ਕਾਂ, ਲੱਖ ਚੁਰਾਸੀ ਨਜ਼ਰ ਨਾ ਆਇਆ । ਨਾ ਕੋਈ ਦੀਸੇ ਧੁੱਪ ਛਾਂ, ਸੂਰਜ ਚੰਨ ਨਾ ਕੋਈ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਸੁਹਾਏ ਇਕ ਦਰ, ਦਰ ਦਵਾਰਾ ਇਕ ਰਖਾਇਆ । ਪੰਚਮ ਘਰ ਹਰਿ ਭਗਵਾਨਾ, ਭਗਵਨ ਰੂਪ ਸਮਾਈਆ । ਨਾਨਕ ਦੇਵੇ ਨਾਮ ਨਿਧਾਨਾ, ਇਕ ਤਰਾਨਾ ਤਨ ਉਪਜਾਈਆ । ਕਬੀਰ ਕਬੀਰੇ ਬੱਧਾ ਗਾਨਾ, ਤੰਦੀ ਤੰਦ ਬੰਧਾਈਆ । ਆਪੇ ਹੋਏ ਜਾਣੀ ਜਾਣਾ, ਆਪ ਆਪਣਾ ਰੂਪ ਵਖਾਈਆ । ਨਾ ਕੋਈ ਬਾਣੀ ਨਾ ਕੋਈ ਬਾਣਾ, ਛੱਤੀ ਰਾਗ ਨਾ ਕੋਈ ਅਲਾਈਆ । ਰਸਨਾ ਗੁਣ ਨਾ ਕੋਈ ਵਖਾਣਾ, ਬੱਤੀ ਦੰਦ ਨਾ ਤਾਲ ਰਖਾਈਆ । ਮੰਦਰ ਅੰਦਰ ਨਾ ਕੋਇ ਮਕਾਨਾ, ਗੁਰੂਦਵਾਰਾ ਨਾ ਕੋਇ ਬਣਾਈਆ । ਏਕਾ ਜੋਤ ਹਰਿ ਗੁਣ ਨਿਧਾਨਾ, ਚਾਰੋਂ ਕੁੰਟ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਮੇਲਾ ਇਕ ਘਰ, ਘਰ ਬਾਹਰਾ ਇਕ ਵਖਾਈਆ । ਏਕਾ ਮੇਲਾ ਇਕ ਦਵਾਰ, ਆਪਣਾ ਮੁਖ ਛੁਪਾਇਆ । ਨਾਨਕ ਆਇਆ ਵਿਚ ਸੰਸਾਰ, ਜੀਆਂ ਜੰਤਾਂ ਦੁੱਖ ਮਿਟਾਇਆ । ਨਾਮ ਸਤਿ ਗਾਈ ਸਾਚੀ ਧਾਰ, ਮਰਦਾਨਾ ਸੰਗ ਰਲਾਇਆ । ਸਾਰੰਗ ਸਰੰਗਾ ਰਿਹਾ ਉਚਾਰ, ਤਾਰ ਸਿਤਾਰਾ ਇਕ ਹਿਲਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪਣਾ ਰਾਹ ਤਕਾਇਆ । ਪੰਚਮ ਕਰੇ ਬੰਦ ਕਿਵਾੜ, ਛੇਵੇਂ ਕੁੰਡਾ ਲਾਹਿਆ । ਸ਼ਬਦ ਸਰੂਪੀ ਸੱਚੀ ਧਾਰ, ਆਪਣੀ ਆਪ ਵਹਾਇਆ । ਆਪੇ ਹੋਇਆ ਵਿਚੋਂ ਬਾਹਰ, ਜੋਤੀ ਜੋਤ ਸਮਾਇਆ । ਜੋਤ ਸਰੂਪੀ ਅਗੰਮ ਅਪਾਰ, ਸੱਤਵੇਂ ਡੇਰਾ ਲਾਇਆ । ਸੱਤਵੇਂ ਰੰਗ ਮਹੱਲ ਅਪਾਰ, ਆਕਾਸ਼ ਆਕਾਸ਼ਾ ਭੇਵ ਨਾ ਪਾਇਆ । ਨਿਰਗੁਣ ਰੂਪ ਹਰਿ ਨਿਰਾਹਾਰ, ਨਿਰਵੈਰ ਰੂਪ ਸਮਾਇਆ । ਚਾਰੇ ਕੁੰਟ ਹੋਏ ਉਜਿਆਰ, ਅੰਧ ਅੰਧੇਰ ਦਿਸ ਨਾ ਆਇਆ । ਨਾ ਕੋਈ ਦੀਸੇ ਹੋਰ ਸਹਾਰ, ਨਾ ਕੋਈ ਸੰਗ ਰਲਾਇਆ । ਦਰ ਦਰਵਾਜ਼ਾ ਨਾ ਕੋਈ ਪਾਏ ਸਾਰ, ਸ਼ਬਦ ਸੁੱਤ ਸੁੱਤ ਨਾ ਸਕੇ ਅਲਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਆਪ ਆਪਣੇ ਘਰ ਸਮਾਇਆ । ਆਪੇ ਜਾਣੇ ਆਪਣੀ ਰੁੱਤ, ਦਿਵਸ ਮਾਸ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਵਾਰੇ ਬੈਠਾ ਆਸਣ ਲਾਇਆ । ਰਸਨਾ ਭੋਗ ਹਰਿ ਭਗਵਾਨਾ, ਗੁਰਮੁਖਾਂ ਬਣਤ ਬਣਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ, ਆਤਮ ਸੁਖ ਇਕ ਉਪਜਾਇੰਦਾ । ਆਤਮ ਸੁਖ ਜਗਤ ਨਿਸ਼ਾਨਾ, ਉਜਲ ਮੁਖ ਕਰਾਇੰਦਾ । ਉਜਲ ਮੁਖ ਦੋ ਜਹਾਨਾਂ, ਦੁਰਮਤ ਮੈਲ ਧਵਾਇੰਦਾ । ਦੁਰਮਤ ਮੈਲ ਮਿਟੇ ਨਿਸ਼ਾਨਾ, ਅੰਮ੍ਰਿਤ ਜਾਮ ਪਿਆਇੰਦਾ । ਅੰਮ੍ਰਿਤ ਜਾਮ ਇਕ ਨਿਧਾਨਾ, ਤਾਮਸ ਤ੍ਰਿਸ਼ਨਾ ਮਿਟਾਇੰਦਾ ।

੧੮੮
੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸੰਗ ਸਮਾਇੰਦਾ । ਹਰਿ ਸੰਗਤ ਦਰ ਦਵਾਰ ਸੁਹਾਇਆ, ਆਪ ਆਇਆ ਬੰਕ ਦਵਾਰੀ । ਹਰਿਜਨ ਸਾਚੇ ਲਏ ਤਰਾਇਆ, ਦੇਵੇ ਨਾਮ ਵਡ ਭੰਡਾਰੀ । ਸਾਚਾ ਮਾਰਗ ਇਕ ਵਖਾਇਆ, ਚਾਰ ਵਰਨਾਂ ਮੀਤ ਮੁਰਾਰੀ । ਰਾਓ ਰੰਕਾਂ ਏਕਾ ਰੰਗ ਰੰਗਾਇਆ, ਚਾੜ੍ਹੇ ਰੰਗਣ ਨਾਮ ਲਿਲਾਰੀ । ਸ਼ਬਦ ਘੋੜੇ ਤੰਗ ਕਸਾਇਆ, ਆਪ ਆਪਣੀ ਕਿਰਪਾ ਧਾਰੀ । ਸੋਲਾਂ ਕਲੀਆਂ ਆਸਣ ਲਾਇਆ, ਸਾਚੇ ਸ਼ਾਹ ਕਰੇ ਅਸਵਾਰੀ । ਦੋ ਜਹਾਨੀ ਫੇਰਾ ਪਾਇਆ, ਲੋਆਂ ਪੁਰੀਆਂ ਰਿਹਾ ਉਧਾਰੀ । ਵਰਭੰਡੀ ਖੋਜ ਖੁਜਾਇਆ, ਜਨ ਭਗਤਾਂ ਰਿਹਾ ਅਧਾਰੀ । ਭੇਖ ਪਖੰਡੀ ਮੇਟ ਮਿਟਾਇਆ, ਮਾਰੇ ਖੰਡਾ ਤੇਜ਼ ਕਟਾਰੀ । ਜੇਰਜ ਅੰਡੀ ਲੇਖੇ ਲਾਇਆ, ਹਰਿਜਨ ਆਏ ਚਰਨ ਦਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਏ ਬੰਕ ਦਵਾਰੀ ।

ਹਰਿ ਸ਼ਬਦ ਅਭੇਦ, ਭੇਵ ਕਿਸੇ ਨਾ ਪਾਇਆ । ਬ੍ਰਹਮਾ ਗਾ ਗਾ ਥੱਕੇ ਚਾਰੇ ਵੇਦ, ਆਦਿ ਅੰਤ ਦਿਸ ਨਾ ਆਇਆ । ਵੇਦ ਵਿਆਸਾ ਲਿਖੇ ਕਿਤੇਬ, ਨੌ ਅਠਾਰਾਂ ਪੁਰਾਨ ਜਣਾਇਆ । ਸ਼ਾਸਤਰ ਸਿਮਰਤ ਰਹੇ ਵੇਖ, ਵੇਖਣਹਾਰਾ ਦਿਸ ਨਾ ਆਇਆ । ਆਪੇ ਧਾਰੇ ਆਪਣਾ ਭੇਖ, ਖਾਣੀ ਬਾਣੀ ਲਏ ਉਪਾਇਆ । ਲੱਖ ਚੁਰਾਸੀ ਲਿਖਣਹਾਰਾ ਲੇਖ, ਜੀਵ ਜੰਤ ਰਿਹਾ ਉਪਾਇਆ । ਸਾਚੇ ਲੋਚਨ ਆਪੇ ਵੇਖ, ਹਰਿਜਨ ਸਾਚੇ ਲਏ ਜਗਾਇਆ । ਧੁਰਦਰਗਾਹੀ ਮਸਤਕ ਮੇਖ, ਆਪ ਆਪਣੀ ਆਪ ਲਗਾਇਆ । ਨਾ ਕੋਈ ਜਾਣੇ ਧਾਰੀ ਕੇਸ, ਮੁੰਡ ਮੁੰਡਾਇਆ ਨਾ ਹਰਿ ਰਘੁਰਾਇਆ । ਜੋਤੀ ਜਾਮਾ ਹਰਿ ਦਸਮੇਸ਼, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਦੋ ਜਹਾਨੀ ਨਰ ਨਰੇਸ਼, ਨਿਰਗੁਣ ਸਰਗੁਣ ਰੂਪ ਸਮਾਇਆ । ਸਰਗੁਣ ਗੁਰਸਿਖ ਵਿਚ ਪਰਵੇਸ਼, ਨਿਰਗੁਣ ਨਿਰੰਕਾਰ ਹੋ ਆਇਆ । ਆਪੇ ਵਸਿਆ ਸਦ ਵਸੇਖ, ਘਟ ਘਟ ਅੰਦਰ ਡੇਰਾ ਲਾਇਆ । ਸੇਵਾ ਲਾਏ ਬ੍ਰਹਮਾ ਸ਼ਿਵ ਸ਼ੰਕਰ ਗਣੇਸ਼, ਕਰੋੜ ਤੇਤੀਸਾ ਸੰਗ ਰਲਾਇਆ । ਸੁਰਪਤ ਰਾਜਾ ਇੰਦ ਦਰ ਦਰਵੇਸ਼, ਦੋਏ ਜੋੜ ਸੀਸ ਝੁਕਾਇਆ । ਆਪੇ ਜਾਣੇ ਆਪਣਾ ਵੇਸ, ਜੁਗ ਜੁਗ ਆਪਣਾ ਵੇਸ ਵਟਾਇਆ । ਬਾਲ ਜਵਾਨੀ ਅਲੂੜ ਵਰੇਸ, ਬਿਰਧ ਬੁਢਾਪਾ ਨਾ ਕੋਈ ਰਖਾਇਆ । ਜੁਗ ਜੁਗ ਚਲੇ ਨਾ ਕੋਈ ਪੇਸ਼, ਜੁਗ ਜੁਗ ਆਪੇ ਦਏ ਉਲਟਾਇਆ । ਕਲਜੁਗ ਵੇਖੇ ਕਾਲੀ ਰੇਖ, ਜੂਠ ਝੂਠ ਹੋਏ ਹਲਕਾਇਆ । ਭਰਮੇ ਭੁੱਲੇ ਔਲੀਏ ਪੀਰ ਸ਼ੇਖ਼, ਸੰਗ ਮੁਹੰਮਦ ਚਾਰੇ ਯਾਰ ਨਾਲ ਰਲਾਇਆ । ਅਲ੍ਹਾ ਰਾਣੀ ਰਹੀ ਵੇਖ, ਹੂ ਹੂ ਅੱਲਾ ਨਾਅਰਾ ਲਾਇਆ । ਹਕੀਰ ਫ਼ਕੀਰ ਸ਼ਾਹ ਦਰਵੇਸ਼, ਹੱਥ ਜੰਜ਼ੀਰ ਕਵਣ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭੇਖਾਧਾਰੀ ਭੇਖ ਬਾਵਨ ਪਤਤ ਪਾਵਨ ਦਿਸ ਨਾ ਆਇਆ । ਪਤਤ ਉਧਾਰੀ ਪਰਮ ਜੋਤ, ਪਾਰਬ੍ਰਹਮ ਅਬਿਨਾਸ਼ੀ । ਨਾ ਕੋਈ ਵੇਖੇ ਵਰਨ ਗੋਤ, ਹਰਿਜਨ ਤਰਾਏ ਬਣਾਏ ਚਰਨ ਦਾਸੀ । ਨੇੜ ਨਾ ਆਏ ਲਾੜੀ ਮੌਤ, ਹਰਿ ਦਰ ਦਰ ਘਰ ਘਰ ਕਾਇਆ ਮੰਦਰ ਅੰਦਰ ਲਹਿਣਾ ਦੇਣਾ ਮੂਲ ਚੁਕਾਏ ਬਾਕੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਅੰਮ੍ਰਿਤ ਜਾਮ ਪਿਆਏ, ਸਹਿੰਸਾ ਰੋਗ ਚਿੰਤ ਮਿਟਾਏ, ਬਣ ਬਣ ਸਾਚਾ ਸਾਕੀ । ਸਾਚਾ ਸਾਕੀ ਹਰਿ ਗੋਬਿੰਦ, ਭਰ ਭਰ ਜਾਮ ਪਿਆਇੰਦਾ । ਬੰਦਾ ਖ਼ਾਕੀ ਚੁਗਲੀ ਨਿੰਦ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਗੁਰਮੁਖ ਬਣਾਏ

ਸਾਚੀ ਬਿੰਦ, ਕਾਇਆ ਬਿੰਦਰਾ ਬਨ ਵਖਾਇੰਦਾ । ਆਪ ਮਿਟਾਏ ਤ੍ਰਿਸ਼ਨਾ ਭੁੱਖ, ਆਤਮ ਤ੍ਰਿਪਤ ਕਰਾਇੰਦਾ । ਗਰਭਵਾਸ ਨਾ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਇੰਦਾ । ਸੁਫਲ ਕਰਾਏ ਮਾਤ ਕੁਖ, ਜਨ ਹਰਿ ਭਗਤ ਭਗਤੀ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਕਾਇਆ ਜਨ ਕਢਾਇੰਦਾ । ਧੰਨ ਦਵਾਰਾ ਧੰਨ ਘਰ, ਹਰਿਜਨ ਧੰਨ ਕਮਾਈਆ । ਤਨ ਮੰਦਰ ਮਨ ਗਿਆ ਮੰਨ, ਗੁਰ ਚਰਨ ਸਰਨ ਸਰਨਾਈਆ । ਧਰਮ ਰਾਏ ਨਾ ਦੇਵੇ ਡੰਨ, ਲਾੜੀ ਮੌਤ ਨਾ ਕਰੇ ਕੁੜਮਾਈਆ । ਜੋਤ ਨਿਰੰਜਣ ਚਾੜ੍ਹੇ ਚੰਨ, ਸਚ ਸਚ ਕਰੇ ਰੁਸ਼ਨਾਈਆ । ਭਾਂਡਾ ਭਰਮ ਪ੍ਰਭ ਦੇਵੇ ਭੰਨ, ਨਾਮ ਭੰਡਾਰਾ ਇਕ ਰਖਾਈਆ । ਪੰਚ ਵਿਕਾਰਾ ਖੰਨ ਖੰਨ, ਤ੍ਰਿਸ਼ਨਾ ਤਾਮਸ ਦਏ ਮਿਟਾਈਆ । ਜਨ ਭਗਤਾਂ ਬੇੜਾ ਰਿਹਾ ਬੰਨ੍ਹ, ਕਲਜੁਗ ਤੇਰੀ ਅੰਤ ਅੰਤ ਕੰਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸੁਹਾਏ ਸਾਚਾ ਦਰ, ਆਪ ਆਪਣਾ ਚਰਨ ਟਿਕਾਈਆ ।

ਧੰਨ ਭਾਗ ਧੰਨਵੰਤ, ਧਨ ਪਾਇਆ ਹਰਿ ਨਾਉਂ । ਮਿਲਿਆ ਮੇਲ ਪ੍ਰਭ ਸਾਚੇ ਕੰਤ, ਦੇਵੇ ਠੰਢੀ ਛਾਉਂ । ਆਪ ਬਣਾਏ ਮਾਤ ਬਣਤ, ਦਰ ਦਰ ਘਰ ਘਰ ਕਰੇ ਸਚ ਨਿਆਉਂ । ਗੁਰਸਿਖ ਸਾਚਾ ਸੱਜਣ ਸੰਤ, ਹਰਿ ਸਾਚਾ ਪਿਤਾ ਮਾਉਂ । ਮਿਲੇ ਵਡਿਆਈ ਵਿਚ ਜੀਵ ਜੰਤ, ਹੰਸ ਬਣਾਏ ਕਾਉਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰ ਕਰਾਏ ਫੜ ਫੜ ਬਾਹੋਂ । ਸਿੰਘ ਜਰਨੈਲ ਤਨ ਲੈਣਾ ਜਰ, ਹਰਿ ਜੋਬਨ ਹਰਿ ਰੰਗ ਰਤਿਆ । ਹਰਿ ਨਾਮ ਵਡਿਆਈ ਜਗਤ ਵਰ, ਗੁਰ ਮੰਤਰ ਜਗਤ ਸਾਚੀ ਮਤਿਆ । ਚਰਨ ਧੂੜ ਇਸ਼ਨਾਨ ਕਰ, ਕਲਜੁਗ ਵਾ ਨਾ ਲੱਗੇ ਤੱਤਿਆ । ਖੁਲ੍ਹਾ ਰਹੇ ਸਦਾ ਘਰ, ਹਰਿ ਦੇਵੇ ਸਚ ਸਮਰੱਥਿਆ । ਭਗਵੰਤ ਭਗਤੀ ਨਾ ਜਾਏ ਹਰ, ਪੰਚਮ ਪੰਚ ਨਾ ਜਾਏ ਮਥਿਆ । ਨਾਮ ਭੰਡਾਰਾ ਰਿਹਾ ਭਰ, ਇਕ ਚੜ੍ਹਾਏ ਸਾਚੇ ਰਥਿਆ । ਆਪ ਆਪਣੇ ਜਿਹਾ ਕਰ, ਲੇਖ ਚੁਕਾਏ ਹੱਥੋ ਹੱਥਿਆ । ਅੰਮ੍ਰਿਤ ਮੇਵਾ ਦੇਵੇ ਵਰ, ਸ਼ਬਦ ਕਹਾਣੀ ਅਕੱਥ ਅਕੱਥਿਆ । ਸਰਨ ਸਰਨਾਈ ਜਾਣਾ ਤਰ, ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹੱਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਰੱਖੇ ਦੇ ਕਰ ਹੱਥਿਆ । ਨਾਮ ਖ਼ਜ਼ਾਨਾ ਦੇਵੇ ਵਡ ਭੰਡਾਰੀ । ਆਦਿ ਅੰਤ ਨਾ ਜਾਏ ਨਿਖੁੱਟ, ਵਰਤੇ ਵਰਤਾਵੇ ਵਿਚ ਸੰਸਾਰੀ । ਗੁਰਮੁਖ ਲਾਹਾ ਲੈਣ ਲੁੱਟ, ਮਨਮੁਖ ਸੁੱਤੇ ਪੈਰ ਪਸਾਰੀ । ਕਾਇਆ ਨਗਾਰੇ ਨਾ ਵੱਜੇ ਸ਼ਬਦ ਚੋਟ, ਨੇਤਰ ਰੋਵਣ ਜ਼ਾਰੋ ਜ਼ਾਰੀ । ਗੁਰਮੁਖ ਵਿਰਲਾ ਵਿਚੋਂ ਕੋਟੀ ਕੋਟ, ਪ੍ਰਭ ਸਾਚਾ ਰਿਹਾ ਉਭਾਰੀ । ਆਪੇ ਕੱਢਣਹਾਰਾ ਖੋਟ, ਪਾਰਸ ਪਰਖੇ ਪਰਖਣਹਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਰਿਹਾ ਪੈਜ ਸਵਾਰੀ । ਨਾ ਕੋਈ ਨਗਰ ਖੇੜਾ ਜਗਤ ਗਰਾਉਂ, ਨਾ ਕੋਈ ਸ਼ਹਿਰ ਵਸੰਦੜਾ । ਗੁਰਮੁਖਾਂ ਦੀਸੇ ਏਕਾ ਥਾਉਂ, ਗੁਰ ਚਰਨ ਧਿਆਨ ਰਖੰਦੜਾ । ਧਰਤ ਸੁਹਾਵੀ ਸਾਚੀ ਮਾਉਂ, ਪ੍ਰਭ ਸਾਚਾ ਚਰਨ ਛੁਹੰਦੜਾ । ਗੁਰਮੁਖਾਂ ਪਕੜੇ ਆਪੇ ਬਾਹੋਂ, ਮੇਲ ਮਿਲਾਏ ਮਿਲਿਆ ਮੇਲ ਨਾ ਫੇਰ ਵਿਛੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਇਕ ਘਰ ਜੋਤੀ ਨੂਰ ਜੋਤ ਜਗੰਦੜਾ । ਸਿਖ ਗੁਰ ਦਾਸ ਰੱਖ ਆਤਮ ਆਸ, ਪ੍ਰਭ ਪੂਰੀ ਆਸ ਕਰਾਇੰਦਾ । ਲੇਖਾ

੧੯੦ ੦੬

ਜਾਣੇ ਦਸ ਦਸ ਮਾਸ, ਸਾਸ ਗਰਾਸ ਵੇਖ ਵਖਾਇੰਦਾ । ਹਰਿ ਹਰਿ ਵਸਤ ਹਰਿ ਸਾਚੇ ਪਾਸ, ਦੇਵਣਹਾਰ ਆਪ ਅਖਵਾਇੰਦਾ । ਆਪੇ ਕਰਨਹਾਰਾ ਨਾਸ, ਪੂਤ ਸਪੂਤਾ ਆਪ ਉਪਜਾਇੰਦਾ । ਗੁਰ ਪੂਰੇ ਸਦ ਬਲ ਬਲ ਜਾਸ, ਗੁਰਸਿਖ ਰੂਪ ਸਮਾਇੰਦਾ । ਸਾਚਾ ਮੇਲਾ ਹਰਿ ਗੁਣਤਾਸ, ਗੁਣਵੰਤਾ ਹਰਿ ਗੁਣ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰੋ ਨੂਰ ਉਪਾਇੰਦਾ । ਗੁਰਸਿਖ ਸੁਹਾਇਆ ਬੰਕ ਦਵਾਰ, ਦਿਵਸ ਰੈਣ ਵੱਜੇ ਵਧਾਈਆ । ਗੁਰ ਸੰਗਤ ਗਾਇਆ ਮੰਗਲਾਚਾਰ, ਪ੍ਰਭ ਸਾਚੇ ਸਾਚੀ ਸੇਵ ਕਮਾਈਆ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਬਖ਼ਸ਼ਿਸ਼ ਆਪਣੇ ਹੱਥ ਰਖਾਈਆ । ਗੁਰਸਿਖ ਗੁਰਸਿਖ ਤੇਰਾ ਜਗਤ ਪਿਆਰ, ਜਾਗਰਤ ਜੋਤ ਰਿਹਾ ਜਗਾਈਆ । ਭਗਤ ਸੁਹੇਲਾ ਮੀਤ ਮੁਰਾਰ, ਸੇਵਕ ਸੇਵਾ ਲੇਖੇ ਲਾਈਆ । ਆਪੇ ਬਣਿਆ ਦਰ ਭਿਖਾਰ, ਪ੍ਰੇਮ ਭਿਛਿਆ ਮੰਗਣ ਆਈਆ । ਆਪੇ ਕਾਰਜ ਦਏ ਸਵਾਰ, ਪੂਰਨ ਇਛਿਆ ਆਪ ਕਰਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚੀ ਸਿਖਿਆ ਇਕ ਰਖਾਈਆ । ਨਾਮ ਖੰਡਾ ਤੇਜ ਕਟਾਰ, ਗੁਰਮੁਖ ਸਾਚੇ ਤਨ ਪਹਿਨਾਈਆ । ਆਪ ਕਰਾਏ ਸਚ ਸ਼ਿੰਗਾਰ, ਸਚ ਦਸਤਾਰਾ ਸੀਸ ਟਿਕਾਈਆ । ਚਰਨ ਜੋੜਾ ਅਪਰ ਅਪਾਰ, ਧੂੜੀ ਖ਼ਾਕ ਰਮਾਈਆ । ਸ਼ਬਦ ਪੌੜਾ ਏਕੰਕਾਰ, ਆਪਣਾ ਆਪ ਵਖਾਈਆ । ਲੰਬਾ ਚੌੜਾ ਵਿਚ ਸੰਸਾਰ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਆਤਮ ਅੰਤਰ ਬਹੁੜਾ, ਆਪਣੀ ਰੀਤੀ ਰਿਹਾ ਸਖਾਈਆ । ਵੇਖੇ ਪਰਖੇ ਮਿੱਠਾ ਕੌੜਾ, ਹਰਿ ਰਸ ਮਿੱਠਾ ਅਨ ਰਸ ਡੀਠਾ ਗੁਰਮੁਖ ਰਿਹਾ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਸੰਗਤ ਦੇਵੇ ਨਾਮ ਵਰ, ਭਗਤ ਸੱਚੀ ਵਡਿਆਈਆ ।


੧੯੧
੦੬

## ✻ ੨੩ ਮੱਘਰ ੨੦੧੩ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਮਨਾਵਾਂ ਤਹਿਸੀਲ ਜ਼ੀਰਾ ਜ਼ਿਲਾ ਫਿਰੋਜਪੁਰ ✻

ਸਤਿਗੁਰ ਦਾਤਾ ਦੀਨ ਦਿਆਲ, ਦਇਆ ਨਿਧ ਅਖਵਾਇੰਦਾ । ਭਗਤ ਵਛਲ ਆਪ ਕਿਰਪਾਲ, ਕਰ ਕਿਰਪਾ ਪਾਰ ਲੰਘਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਆਪ ਸੋਏ ਮਾਤ ਉਠਾਇੰਦਾ । ਦੇਵੇ ਸ਼ਬਦ ਸੱਚਾ ਦਲਾਲ, ਅਕਾਲ ਅਕਾਲਾ ਰਾਹ ਵਖਾਇੰਦਾ । ਨੌ ਖੰਡ ਪ੍ਰਿਥਮੀ ਵਿਚੋਂ ਲਏ ਭਾਲ, ਅਵੱਲੜੀ ਚਾਲ ਆਪ ਰਖਾਇੰਦਾ । ਕਾਇਆ ਗਾਗਰ ਵੇਖੇ ਤਾਲ, ਅੰਮ੍ਰਿਤ ਆਤਮ ਆਪ ਸੁਹਾਇੰਦਾ । ਤੋੜਨਹਾਰਾ ਜਗਤ ਜੰਜਾਲ, ਜੁਗਤ ਆਪਣੇ ਹੱਥ ਰਖਾਇੰਦਾ । ਨਾ ਕੋਈ ਸ਼ਾਹ ਨਾ ਕੰਗਾਲ, ਠੰਡਾ ਤਤਾ ਨਾ ਕੋਈ ਅਖਵਾਇੰਦਾ । ਗੁਰਮੁਖ ਵੇਖੇ ਸਾਚੇ ਲਾਲ, ਨਾਮ ਟਿੱਕਾ ਤਿਲਕ ਲਗਾਇੰਦਾ । ਜੁਗ ਜੁਗ ਘਾਲਣ ਰਿਹਾ ਘਾਲ, ਭੇਖਾਧਾਰੀ ਭੇਖ ਵਟਾਇੰਦਾ । ਕਲਜੁਗ ਕਾਇਆ ਫਲ ਲੱਗਾ ਡਾਲ, ਅੰਮ੍ਰਿਤ ਮੇਵਾ ਨਾਮ ਰਖਾਇੰਦਾ । ਮਨ ਮਤੀ ਖਾਲੀ ਦਿਸੇ ਖਾਲ, ਗੁਰ ਮਤੀ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦਲਾਲ, ਕਰਮ ਧਰਮ ਪ੍ਰਭ ਰਿਹਾ ਵਿਚਾਰ, ਕਾਇਆ ਮੰਦਰ ਲੇਖ ਲਿਖਾਇੰਦਾ । ਕਾਇਆ ਮੰਦਰ ਸਾਚਾ ਘਰ, ਹਰਿ ਸਾਚੇ ਜੋਤ ਜਗਾਈਆ । ਭਗਤ ਸੁਹੇਲਾ ਦੇਵੇ ਵਰ, ਸ਼ਬਦ ਸਿੰਘਾਸਣ ਆਸਣ ਲਾਈਆ । ਬੰਦ ਕਰਾਏ ਨੌ ਦਰ, ਆਪ ਆਪਣਾ ਮੁਖ ਛੁਪਾਈਆ । ਦਸਵੇਂ ਖੇਲ ਹਰੀ ਹਰਿ, ਹਰਿ ਗੋਬਿੰਦ ਜੋਤ ਸਵਾਈਆ । ਆਪਣੀ ਕਰਨੀ ਰਿਹਾ ਕਰ, ਹਰਿਜਨ ਸਾਚੇ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਗੁਰਸਿਖ ਵਖਾਏ ਇਕ ਘਰ, ਘਰ ਬਾਹਰਾ ਆਪ ਅਖਵਾਈਆ । ਏਕਾ ਘਰ ਨਿਰੰਕਾਰ ਹੈ, ਜੋਤ ਸਰੂਪੀ ਬਲੋਏ । ਦੂਜੀ ਦਿਸੇ ਸ਼ਬਦ ਧਾਰ ਹੈ, ਅਵਰ ਨਾ ਦੀਸੇ ਕੋਇ । ਤੀਜੇ ਅੰਮ੍ਰਿਤ ਆਤਮ ਧਾਰ ਹੈ, ਕਵਲ ਨਾਭੀ ਮੁਖੜੇ ਚੋਏ । ਚੌਥੇ ਮੇਲਾ ਹਰਿ ਦਾਤਾਰ ਹੈ, ਸੁਣੇ ਸੁਣਾਏ ਸਾਚੀ ਸੋਏ । ਪੰਚਮ ਅਗੰਮ ਅਗੰਮਾ ਕਾਰ ਹੈ, ਪਵਣ ਸਵਾਸੀ ਦੇਵੇ ਢੋਏ । ਛੇਵੇਂ ਸ਼ਬਦ ਸਰੂਪੀ ਤਾਰ ਹੈ, ਵਜਾਵਣਹਾਰਾ ਏਕਾ ਹੋਏ । ਸਤਵੇਂ ਸਤਿ ਪੁਰਖ ਨਿਰੰਜਣ ਇਕ ਅਕਾਰ ਹੈ, ਆਕਾਸ਼ ਪਰਕਾਸ਼ ਨਾ ਜਾਣੇ ਕੋਇ । ਅਠਵੇਂ ਅੱਠਾਂ ਤਤਾਂ ਵਸੇ ਬਾਹਰ ਹੈ, ਵੇਸ ਅਵੇਸਾ ਆਪੇ ਹੋਏ । ਨੌਂ ਦਰ ਨਾ ਕੋਈ ਦਵਾਰ ਹੈ, ਹੱਡ ਰੱਤ ਨਾੜੀ ਮਾਸ ਨਾ ਰੱਖੇ ਕੋਇ । ਦਸਵੇਂ ਦਹਿ ਦਿਸ਼ਾ ਵੇਖੇ ਪ੍ਰਿਥਮੀ ਆਕਾਸ਼ ਹੈ, ਪਾਰਬ੍ਰਹਮ ਅਬਿਨਾਸ਼ੀ ਏਕਾ ਸੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਦੂਸਰ ਭੇਵ ਨਾ ਜਾਣੇ ਕੋਇ । ਦੇਵੇ ਨਾਮ ਵਡ ਬਲਕਾਰੀ, ਜੁਗ ਜੁਗ ਦਇਆ ਕਮਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਗੁਰਮੁਖ ਸਾਚੇ ਆਪ ਜਗਾਇੰਦਾ । ਸ਼ਬਦ ਖੰਡਾ ਤੇਜ ਕਟਾਰੀ, ਪੰਚਮ ਕਰੇ ਤਨ ਸ਼ਿੰਗਾਰੀ, ਪੰਚਮ ਰਾਗ ਉਪਜਾਇੰਦਾ । ਪੰਚਮ ਰੋ ਰੋ ਨੀਰ ਵਹਾਇੰਦਾ । ਪੰਚਮ ਕਰੇ ਜੋਤ ਉਜਿਆਰੀ, ਪੰਚਮ ਅੰਧ ਅੰਧੇਰ ਸਮਾਇੰਦਾ । ਪੰਚਮ ਦੇਵੇ ਸ਼ਬਦ ਉਡਾਰੀ, ਪੰਚਮ ਡੂੰਘੀ ਕੰਦਰ ਆਪ ਸੁਟਾਇੰਦਾ । ਆਤਮ ਮੇਲਾ ਕੰਤ ਭਤਾਰੀ, ਪੰਚਮ ਵਿਛੋੜਾ ਇਕ ਰਖਾਇੰਦਾ । ਪੰਚਮ ਸੋਹੇ ਸਚ ਦਰਬਾਰੀ, ਪੰਚਮ ਆਪੇ ਮੁਖ ਭਵਾਇੰਦਾ । ਪੰਚਮ ਸੀਸ ਛਤਰ ਝੁਲਾਰੀ, ਪੰਚਮ ਖ਼ਾਕੀ ਖ਼ਾਕ ਮਿਲਾਇੰਦਾ । ਵੇਖੇ ਖੇਲ ਹਰਿ ਨਿਰੰਕਾਰੀ, ਭਾਣਾ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕਾਚੀ ਡੋਰੀ, ਵੇਲੇ ਅੰਤ ਨਾ ਕੋਈ ਬਚਾਇੰਦਾ । ਸਾਧ ਸੰਤ ਹੋਏ ਹੰਕਾਰੀ, ਜੀਵ ਜੰਤ ਨਾ ਕੋਈ ਛੁਡਾਇੰਦਾ । ਮਾਇਆ ਭੁੱਲੇ ਭਰਮ ਗਵਾਰੀ, ਆਤਮ ਪੜਦਾ ਕੋਈ ਨਾ ਲਾਹਿੰਦਾ । ਵੇਖ ਵਖਾਏ ਉਚ ਮਹੱਲ ਅਟਾਰੀ, ਅੰਦਰ ਮੰਦਰ ਬੰਕ ਸੁਹਾਇੰਦਾ । ਮਾਇਆ ਮਮਤਾ ਹੋਈ ਪਿਆਰੀ, ਜੀਵ ਜੰਤ ਹੋਏ ਹੰਕਾਰੀ, ਦੇ ਮਤ ਨਾ ਕੋਈ ਸਮਝਾਇੰਦਾ । ਪੜ੍ਹ ਪੜ੍ਹ ਥੱਕੇ ਵੇਦ ਵਿਚਾਰੀ, ਮਦੀਨੇ ਮੱਕੇ ਹਾਹਾਕਾਰੀ, ਅੱਲਾ ਰਾਣੀ ਨਾ ਕੋਈ ਮੇਲ ਮਿਲਾਇੰਦਾ । ਗ੍ਰੰਥੀ ਪੰਥੀ ਨਾ ਪਾਵੇ ਸਾਰੀ, ਅੰਜੀਲ ਕੁਰਾਨਾਂ ਅੰਧ ਅੰਧਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਸਾਚਾ ਖੇਲ ਆਪ ਖਿਲਾਇੰਦਾ । ਕਲਜੁਗ ਖੇਲ ਕਰਾਵਣਹਾਰਾ, ਪਾਰਬ੍ਰਹਮ ਅਬਿਨਾਸ਼ੀ । ਗੁਰਮੁਖ ਸਾਚੇ ਮੇਲਣਹਾਰਾ, ਜਨ ਭਗਤਾਂ ਦਾਸਨ ਦਾਸੀ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੋਹੰ ਏਕਾ ਕੰਡਾ ਤੋਲਣਹਾਰਾ, ਵੇਖ ਵਖਾਏ ਪ੍ਰਿਥਮੀ ਆਕਾਸ਼ੀ । ਸ਼ਬਦ ਦੋ ਅੱਖਰ ਬੋਲਣਹਾਰਾ, ਪਰਗਟ ਹੋਏ ਘਨਕਪੁਰ ਵਾਸੀ । ਆਦਿ ਅੰਤ ਤੋਲਣਹਾਰਾ, ਧਰਮ ਰਾਏ ਖੋਲ੍ਹੇ ਫਾਸੀ । ਸਚ ਦਵਾਰਾ ਖੋਲ੍ਹਣਹਾਰਾ, ਚਾਰ ਵਰਨ ਕਰਾਏ ਏਕਾ ਦਾਸੀ । ਗੁਰ ਦਰ ਮੰਦਰ ਮਸਜਿਦ ਫੋਲਣਹਾਰਾ, ਪਕੜ ਉਠਾਏ ਪੰਡਤ ਕਾਂਸ਼ੀ । ਕਲਜੁਗ ਕਾਇਆ ਅੰਤਮ ਰੋਲਣਹਾਰਾ, ਨਾਮ ਜਪਾਏ ਸਵਾਸ ਸਵਾਸੀ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਹਰਿਜਨ ਹੋਇਆ ਦਾਸਨ ਦਾਸੀ । ਦਾਸੀ ਦਾਸ ਹਰਿ ਗੋਬਿੰਦਾ, ਗੋਬਿੰਦ ਰੂਪ ਵਟਾਇੰਦਾ । ਜਨ ਭਗਤਾਂ ਲਾਹੇ ਆਤਮ ਚਿੰਦਾ, ਸਾਗਰ ਸਿੰਧ ਨੀਰ ਵਹਾਇੰਦਾ । ਵਡ ਦਾਤਾ ਜੋਧਾ ਸੂਰਾ ਮਰਗਿੰਦਾ, ਸ਼ਬਦ ਨਿਰਾਲਾ ਇਕ ਚਲਾਇੰਦਾ । ਆਪੇ ਤੋੜਨਹਾਰਾ ਜਿੰਦਾ, ਬਜਰ ਕਪਾਟੀ ਤੋੜ ਤੁੜਾਇੰਦਾ । ਮਨਮੁਖ ਜੀਵ ਕਰਨ ਨਿੰਦਾ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਗੁਰਮੁਖ ਉਪਜਾਏ ਸਾਚੀ ਬਿੰਦਾ, ਆਪ ਆਪਣੀ ਗੋਦ

੧੯੨
੦੬

ਉਠਾਇੰਦਾ । ਗੁਰਮੁਖ ਸਾਚੇ ਸੁਤ ਦੁਲਾਰੇ, ਇਕ ਕਰਾਏ ਵਣਜ ਵਪਾਰੇ, ਨਾਮ ਵਸਤ ਹਰਿ ਝੋਲੀ ਪਾਇੰਦਾ । ਆਤਮ ਅੰਤਰ ਭਰੇ ਭੰਡਾਰੇ, ਵਜਾਏ ਨਾਦ ਧੁਨ ਅਪਾਰੇ, ਜੋਤੀ ਨੂਰ ਕਰੇ ਅਕਾਰੇ, ਅੰਧ ਅੰਧੇਰ ਮਿਟਾਇੰਦਾ । ਸੋਲਾਂ ਕਲੀਆਂ ਤਨ ਸ਼ਿੰਗਾਰੇ, ਵਲੀਆ ਛਲੀਆ ਆਪ ਨਿਰੰਕਾਰੇ, ਜੋਧਾ ਬਲੀਆ ਸ਼ਬਦ ਜੈਕਾਰੇ, ਅਕਲ ਕਲਾ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਦਾਤਾ ਦਾਨੀ ਇਕ ਹੋ ਆਇੰਦਾ । ਦਾਤਾ ਦਾਨੀ ਹਰਿ ਭਗਵਾਨਾ, ਆਪਣੀ ਜੋਤ ਜਗਾਇੰਦਾ । ਜੋਤ ਸਰੂਪੀ ਪਹਰਿਆ ਬਾਨਾ, ਆਪ ਉਠਾਏ ਰਾਓ ਰੰਕ ਰਾਜ ਰਾਜਾਨਾਂ, ਸ਼ਾਹ ਸੁਲਤਾਨਾਂ ਆਪ ਹਿਲਾਇੰਦਾ । ਜਨ ਭਗਤਾਂ ਹੱਥੀਂ ਬੰਨ੍ਹੇ ਸਾਚਾ ਗਾਨਾ, ਨਾਮ ਰੰਗਣ ਸਾਚੀ ਸ਼ਬਦੀ ਰੰਗ ਚੜ੍ਹਾਇੰਦਾ । ਇਕ ਝੁਲਾਏ ਸ਼ਬਦ ਨਿਸ਼ਾਨਾ, ਗੁਣਵੰਤਾ ਹਰਿ ਗੁਣ ਨਿਧਾਨਾ, ਬ੍ਰਹਮਾ ਸ਼ਿਵ ਹੋਏ ਹੈਰਾਨਾ, ਭੇਵ ਅਭੇਦਾ ਭੇਵ ਨਾ ਪਾਇੰਦਾ । ਕਰੋੜ ਤੇਤੀਸਾ ਮੰਗੇ ਦਾਨਾ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਵਰਭੰਡੀ ਗਾਏ ਇਕ ਤਰਾਨਾ, ਬ੍ਰਹਿਮੰਡੀ ਰਾਗ ਅਲਾਇੰਦਾ । ਮੇਟ ਮਿਟਾਏ ਜੀਵ ਜੰਤ ਪਖੰਡੀ, ਨਾ ਕੋਈ ਦੀਸੇ ਨਾਰ ਅੰਤਮ ਦੁਹਾਗਣ ਰੰਡੀ, ਅੰਤਮ ਅੰਤ ਕਰਾਇੰਦਾ । ਫੜ ਕਟਾਰਾ ਸ਼ਬਦ ਚੰਡੀ, ਨੌ ਖੰਡ ਪ੍ਰਿਥਮੀ ਪਾਏ ਵੰਡੀ, ਸੱਤਾਂ ਦੀਪਾਂ ਵੇਖ ਵਖਾਇੰਦਾ । ਆਪੇ ਵੇਖੇ ਜੇਰਜ ਅੰਡੀ, ਉਤਭੁਜ ਸੇਤਜ ਨਾਲ ਰਲਾਇੰਦਾ । ਲੱਖ ਚੁਰਾਸੀ ਵੱਢੇ ਕੰਡੀ, ਤਿੱਖੀ ਧਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਅੰਤਮ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਹਰਿਜਨ ਵੇਖੇ ਵੇਖਣਹਾਰਾ, ਦਿਸ ਕਿਸੇ ਨਾ ਆਏ । ਗੁਰਮੁਖ ਵਿਰਲਾ ਪੇਖੇ ਪੇਖਣਹਾਰਾ, ਭਰਮੇ ਭੁੱਲੇ ਔਲੀਏ ਪੀਰ ਸ਼ੇਖੇ, ਮੁੱਲਾ ਕੁਤਬ ਗੌਂਸ ਭੇਵ ਨਾ ਪਾਇਆ ਏ । ਪੰਡਤ ਪਾਂਧੇ ਵੇਖਣ ਰੇਖੇ, ਕਵਣ ਕੂਟੇ ਹਰਿ ਹਰਿ ਜੋਤ ਜਗਾਇਆ ਏ । ਪੁਰਾਨ ਪੁਰਾਨੀ ਕਿਸੇ ਨਾ ਲੇਖੇ, ਗੋਝ ਗਿਆਨ ਦਿਸ ਨਾ ਆਇਆ ਏ । ਅੰਤਮ ਮਿਟਣੀ ਸਭ ਦੀ ਰੇਖੇ, ਖਾਣੀ ਬਾਣੀ ਰਹੀ ਕੁਰਲਾਇਆ ਏ । ਨਾ ਕੋਈ ਜਾਣੇ ਧਾਰੀ ਕੇਸੇ, ਕੇਸਾਧਾਰੀ ਕਵਣ ਅਖਵਾਇਆ ਏ । ਕਵਣ ਸਰੂਪਾ ਹਰਿ ਦਸਮੇਸੇ, ਕਵਣ ਤੀਰ ਕਮਾਨ ਉਠਾਇਆ ਏ । ਕਵਣ ਜੋਧਾ ਨਰ ਨਰੇਸ਼ੇ, ਕਵਣ ਖੰਡਾ ਤਨ ਲਟਕਾਇਆ ਏ । ਕਵਣ ਲੇਖਾ ਲਾਏ ਲੇਖੇ, ਬ੍ਰਹਿਮੰਡਾਂ ਖੋਜ ਖੁਜਾਇਆ ਏ । ਸ੍ਰਿਸ਼ਟ ਸਬਾਈ ਆਪੇ ਵੇਖੇ, ਵੇਖਣਹਾਰਾ ਦਿਸ ਨਾ ਆਇਆ ਏ । ਗੁਰ ਪੀਰ ਸਾਧ ਸੰਤ ਕਿਸੇ ਨਾ ਚਲੇ ਪੇਸ਼ੇ, ਲੋਕਮਾਤੀ ਵੇਖ ਵਖਾਇਆ ਏ । ਖੇਲੇ ਖੇਲ ਦੇਸ ਪਰਦੇਸ਼ੇ, ਦੇਵਤ ਦੇਵ ਰਾਹ ਤਕਾਇਆ ਏ । ਨਜ਼ਰ ਨਾ ਆਏ ਗਣਪਤ ਗਣੇਸ਼ੇ, ਸ਼ੰਕਰ ਅੰਕਰ ਕੰਕਰ ਮਰਦੰਗ ਰਿਹਾ ਵਜਾਇਆ ਏ । ਤੱਕ ਤੱਕ ਥੱਕੇ ਬ੍ਰਹਮਾ ਵਿਸ਼ਨ ਮਹੇਸ਼ੇ, ਹਰਿ ਵਿਸ਼ਨੂੰ ਰੂਪ ਸਮਾਇਆ ਏ । ਆਪਣੀ ਜੋਤ ਆਪ ਪਰਵੇਸ਼ੇ, ਆਪ ਆਪਣਾ ਰਿਹਾ ਉਪਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲੀ ਧਾਰ ਮਿਟਾਇਆ ਏ । ਕਲਜੁਗ ਕਾਲੀ ਧਾਰ, ਲੱਖ ਚੁਰਾਸੀ ਚੋਲੀ ਰੰਗੀਆ । ਹਰਿ ਸਾਚਾ ਮੇਲਾ ਮੁਹੰਮਦੀ ਯਾਰ, ਯਾਰ ਯਾਰੀ ਏਕਾ ਮੰਗੀਆ । ਅੱਲਾ ਰਾਣੀ ਕਰੇ ਪਿਆਰ, ਦੋ ਹੱਥੀਂ ਵਾਹੇ ਕੰਘੀਆ । ਮੰਗੇ ਮੰਗ ਦਰ ਦਵਾਰ, ਮੂਲ ਨਾ ਸੰਗੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸੰਮਤ ਚੌਦਾਂ ਲੱਗੇ ਜੰਗੀਆ । ਲਹਿਣਾ ਦੇਣਾ ਕਰਜ਼ ਉਤਾਰ, ਅੰਤਮ ਹੋਈ ਸਿਰੋਂ ਨੰਗੀਆ । ਪਰਗਟ ਹੋ ਵਿਚ ਸੰਸਾਰ, ਕਲਜੁਗ ਖੇਲੇ ਖੇਲ ਫਰੰਗੀਆ । ਧਰਮ ਰਾਏ ਦਾ ਖੋਲ੍ਹ ਕਿਵਾੜ, ਲਾੜੀ ਮੌਤ ਵਜਾਏ ਮਰਦੰਗੀਆ । ਅਜ਼ਰਾਈਲ ਜ਼ਬਰਾਈਲ ਅਸਰਾਫੀਲ ਮੇਕਾਈਲ ਸਾਚੇ ਲਾੜ, ਹੱਥੀਂ ਪਾਇਣ ਆਪਣੀ

ਵੰਗੀਆ । ਸਾਚੇ ਘੋੜੇ ਵਸੀਏ ਚਾਰ, ਚੌਦਾਂ ਤਬਕ ਅੱਧ ਵਿਚ ਟੰਗੀਆ । ਧਰਤ ਮਾਤ ਵਖਾਏ ਇਕ ਅਖਾੜ, ਸੰਗ ਮੁਹੰਮਦ ਏਕਾ ਮੰਗੀਆ । ਪੁਰਖ ਅਗੰਮੀ ਸਾਚੀ ਧਾੜ, ਹਰਿ ਸ਼ਬਦ ਲਗਾਏ ਆਪ ਆਪਣੀ ਅੰਗੀਆ । ਨੌ ਖੰਡ ਪ੍ਰਿਥਮੀ ਵੇਖ ਉਜਾੜ, ਭਾਰਤ ਖੰਡੀ ਲੱਗੇ ਚੰਗੀਆ । ਤ੍ਰੈਗੁਣ ਮਾਇਆ ਦੇਵੇ ਸਾੜ, ਸੰਮਤ ਚੌਦਾਂ ਵੰਡਾਉਣੀ ਵੰਡੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਇਕ ਵਰ, ਸੁਰਤ ਸਵਾਣੀ ਨਾ ਹੋਏ ਰੰਡੀਆ ।

ਗੋਬਿੰਦ ਕਾਇਆ ਸਾਚਾ ਗੜ੍ਹ, ਪ੍ਰਭ ਸਾਚੇ ਆਪ ਉਸਾਰਿਆ । ਕੀਰਤਪੁਰ ਨਾਮ ਧਰ, ਸ਼ਬਦ ਸਰੂਪੀ ਚਾਰ ਦਿਵਾਰਿਆ । ਆਪੇ ਵੇਖੇ ਉਪਰ ਚੜ੍ਹ, ਦਿਸ ਕਿਸੇ ਨਾ ਆ ਰਿਹਾ । ਨਾ ਕੋਈ ਸੀਸ ਨਾ ਕੋਈ ਧੜ, ਆਪ ਆਪਣੇ ਅੰਗ ਲਗਾ ਰਿਹਾ । ਲੱਖ ਚੁਰਾਸੀ ਨਾਲ ਰਿਹਾ ਲੜ, ਸ਼ਬਦ ਖੰਡਾ ਇਕ ਵਖਾ ਰਿਹਾ । ਤੋੜੀ ਜਾਏ ਕਿਲ੍ਹਾ ਹੰਕਾਰੀ ਗੜ੍ਹ, ਬ੍ਰਹਿਮੰਡਾਂ ਖੋਜ ਖੁਜਾ ਰਿਹਾ । ਲੱਗੀ ਰਹਿਣ ਨਾ ਦੇਵੇ ਮਾਤ ਜੜ੍ਹ, ਵੇਲੇ ਅੰਤਮ ਆਪ ਉਖੜਾ ਰਿਹਾ । ਸਾਧ ਸੰਤ ਭਗਤ ਸੁਹੇਲੇ ਲਏ ਫੜ, ਸ਼ਬਦ ਡੋਰੀ ਇਕ ਵਖਾ ਰਿਹਾ । ਏਕਾ ਅੱਖਰ ਜਾਏ ਪੜ੍ਹ, ਸ੍ਰਿਸ਼ਟ ਸਬਾਈ ਰਾਹ ਵਖਾ ਰਿਹਾ । ਨਾ ਕੋਈ ਦਿਸੇ ਗੋਰ ਮੜ੍ਹ, ਕਲਜੁਗ ਅੰਤਮ ਵਹਿਣ ਵਹਾ ਰਿਹਾ । ਨਾ ਕੋਈ ਪੀਏ ਹੁੱਕਾ ਨੜ, ਮਦਿਰਾ ਮਾਸ ਨਾ ਰਸਨ ਲਗਾ ਰਿਹਾ । ਪੁਰਖ ਅਗੰਮਾ ਇਕ ਵਗਾਏ ਨਾਉਂ ਹੜ੍ਹ, ਸਾਚੀ ਧਾਰਾ ਨਾਮ ਚਲਾ ਰਿਹਾ । ਜਗਤ ਵਿਕਾਰਾ ਜਾਏ ਸੜ, ਤ੍ਰੈਗੁਣ ਮਾਇਆ ਤਤ ਸਮਾ ਰਿਹਾ । ਜੋਤ ਸਰੂਪੀ ਅੱਗੇ ਖੜ੍ਹ, ਗੁਰਮੁਖ ਸੋਏ ਮਾਤ ਜਗਾ ਰਿਹਾ । ਆਪ ਫੜਾਏ ਆਪਣਾ ਲੜ, ਭਰਮ ਭੁਲੇਖਾ ਦੂਰ ਕਰਾ ਰਿਹਾ । ਜੋਤ ਜਗਾਏ ਬਹੱਤਰ ਨੜ, ਅੰਧ ਅੰਧੇਰਾ ਆਪ ਮਿਟਾ ਰਿਹਾ । ਸ਼ਬਦ ਚਲਾਏ ਧੜਾ ਧੜ, ਨਾਦ ਅਨਾਦਾ ਗੀਤ ਸੁਣਾ ਰਿਹਾ । ਕਾਇਆ ਮੰਦਰ ਜਾਏ ਵੜ, ਦਸਮ ਦਵਾਰੀ ਕੁੰਡਾ ਲਾਹ ਰਿਹਾ । ਸ਼ਬਦ ਸਿੰਘਾਸਣ ਉਪਰ ਚੜ੍ਹ, ਦੀਪਕ ਜੋਤੀ ਇਕ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕਿਲ੍ਹਾ ਕੋਟ, ਸ਼ਬਦ ਨਗਾਰੇ ਸਾਚੀ ਚੋਟ, ਆਪ ਆਪਣੀ ਮਾਤ ਲਗਾ ਰਿਹਾ । ਗੋਬਿੰਦ ਕਾਇਆ ਚਾਰ ਦਿਵਾਰ, ਪ੍ਰਭ ਸਾਚੇ ਰਚਨ ਰਚਾਈਆ । ਆਪੇ ਹੋਇਆ ਮੀਤ ਮੁਰਾਰ, ਸਾਕ ਸੱਜਣ ਸੈਣ ਆਪ ਅਖਵਾਈਆ । ਅੰਮ੍ਰਿਤ ਆਤਮ ਦੇਵੇ ਸਾਚੀ ਧਾਰ, ਦਿਵਸ ਰੈਣ ਰਿਹਾ ਚਲਾਈਆ । ਸ਼ਬਦ ਘੋੜੇ ਸਾਚੇ ਚਾੜ੍ਹ, ਪੁਰੀਆਂ ਲੋਆਂ ਰਿਹਾ ਦੁੜਾਈਆ । ਪੁਰਖ ਅਗੰਮਾ ਮਾਰੇ ਮਾਰ, ਅਗੰਮ ਅਗੰਮੀ ਖੇਲ ਰਚਾਈਆ । ਪਰਗਟ ਹੋਏ ਵਿਚ ਸੰਸਾਰ, ਏਕਾ ਡੰਕ ਨਾਉਂ ਵਜਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸਾਧਾਂ ਸੰਤਾਂ ਰਿਹਾ ਹਿਲਾਈਆ । ਏਕਾ ਖੰਡਾ ਦੁਹਰੀ ਧਾਰ, ਨਿਰਗੁਣ ਸਰਗੁਣ ਬਣਤ ਬਣਾਈਆ । ਜੀਵ ਜੰਤ ਜਨ ਹੋਏ ਗਵਾਰ, ਕਲਜੁਗ ਕਾਰ ਕਮਾਈਆ । ਮਾਇਆ ਮਮਤਾ ਤਨ ਸ਼ਿੰਗਾਰ, ਲੋਭ ਮੋਹ ਕਰੀ ਕੁੜਮਾਈਆ । ਗੁਰ ਕਾ ਸ਼ਬਦ ਨਾ ਤਨ ਪਿਆਰ, ਮਨਮਤੀ ਜੀਵ ਹਲਕਾਈਆ । ਗੋਬਿੰਦ ਗੋਬਿੰਦ ਰੂਪ ਅਪਾਰ, ਹਰਿ ਗੋਬਿੰਦਾ ਨਜ਼ਰ ਨਾ ਆਈਆ । ਸ੍ਰਿਸ਼ਟ ਸਬਾਈ ਪਾਏ ਚਿੰਦਾ, ਆਪ ਆਪਣੀ ਕਰਾਏ ਨਿੰਦਾ, ਕਲਜੁਗ ਅੰਤਮ ਦਏ ਦੁਹਾਈਆ । ਗੁਰਮੁਖ ਉਪਜਾਏ ਸਾਚੀ ਬਿੰਦਾ, ਹਰਿ ਦਾਤਾ ਵਡ ਗੁਣੀ ਗਹਿੰਦਾ, ਗੁਣਵੰਤਾ ਆਪ ਅਖਵਾਈਆ । ਸ਼ਬਦ ਧਾਰਾ ਇਕ ਵਹਾਏ

ਸਾਗਰ ਸਿੰਧਾ, ਬਜਰ ਕਪਾਟੀ ਪਾਰ ਕਰਾਈਆ । ਆਪੇ ਤੋੜੇ ਹੰਕਾਰੀ ਜਿੰਦਾ, ਸਤਿ ਸਾਂਤਕ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਗੜ੍ਹ, ਹਰਿ ਵੇਖੇ ਥਾਉਂ ਥਾਈਆ । ਗੋਬਿੰਦ ਕਾਇਆ ਨਾਮ ਨਿਸ਼ਾਨਾ, ਪ੍ਰਭ ਸਾਚਾ ਮਾਤ ਚੜ੍ਹਾਇੰਦਾ । ਏਕਾ ਰੱਖੇ ਤੀਰ ਕਮਾਨਾ, ਰਸਨਾ ਚਿੱਲਾ ਨਾਉਂ ਰਖਾਇੰਦਾ । ਖੇਲੇ ਖੇਲ ਦੋ ਜਹਾਨਾਂ, ਤ੍ਰੈਲੋਕਾਂ ਫੋਲ ਫੁਲਾਇੰਦਾ । ਚੌਦਾਂ ਹੱਟਾਂ ਵੇਖ ਵਖਾਨਾ, ਤੀਰਥ ਤੱਟਾਂ ਫੋਲ ਫੁਲਾਇੰਦਾ । ਆਪੇ ਜਾਣੇ ਗੁਰੂਦਵਾਰੇ ਮੰਦਰ ਮਸਜਿਦ ਮੱਠਾਂ, ਵੇਦ ਪੁਰਾਨਾਂ ਭੇਵ ਚੁਕਾਇੰਦਾ । ਧੁਰ ਦਰਗਾਹੀ ਆਏ ਨੱਠਾ, ਸਰਬ ਕਲ ਆਪ ਸਮਰਥਾ, ਲੋਕਮਾਤੀ ਫੇਰਾ ਪਾਇੰਦਾ । ਸਤਿਜੁਗ ਕਰਾਏ ਸਾਚੀ ਚੱਠਾ, ਲੱਖ ਚੁਰਾਸੀ ਏਕਾ ਪੜਦਾ ਪਾਏ ਚਿੱਟਾ ਲੱਠਾ, ਲਾੜੀ ਮੌਤ ਸੇਵਾ ਲਾਇੰਦਾ । ਕਲਜੁਗ ਅੰਤਮ ਚਰਨ ਦਵਾਰੇ ਢੱਠਾ, ਪੰਚ ਵਿਕਾਰੀ ਜਾਏ ਨੱਠਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਸਤਿਜੁਗ ਸਤਿ ਸੰਤੋਖ ਕਰਾਏ ਇਕੱਠਾ, ਇਕ ਰਖਾਏ ਸਾਚਾ ਹੱਠਾ, ਪ੍ਰਭ ਚਰਨ ਸੀਸ ਨਿਵਾਇੰਦਾ । ਪ੍ਰਭ ਅਬਿਨਾਸ਼ੀ ਆਪ ਬੰਨ੍ਹਾਏ ਏਕਾ ਮੁੱਠਾ, ਕਲਜੁਗ ਵੇਲੇ ਅੰਤਮ ਤੁੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਦੀਪਕ ਜੋਤੀ ਇਕ ਜਗਾਇੰਦਾ । ਗੋਬਿੰਦ ਕਾਇਆ ਸਾਚਾ ਘਰ, ਹਰਿ ਸ਼ਬਦੀ ਵੱਜੀ ਵਧਾਈਆ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਹਰਿ ਜੋਤ ਕਰੀ ਕੁੜਮਾਈਆ । ਨਾਮ ਵਿਚੋਲਾ ਆਵੇ ਦਰ, ਵੇਖੇ ਧੀ ਜਵਾਈਆ । ਨਾ ਕੋਈ ਸੀਸ ਨਾ ਕੋਈ ਧੜ, ਹਰਿ ਸਾਚੇ ਰਚਨ ਰਚਾਈਆ । ਸਤਿ ਪੁਰਖ ਨਿਰੰਜਣ ਲਾਏ ਜੜ੍ਹ, ਸਤਿ ਸਤਿਵਾਦੀ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਤੇਰਾ ਦਰ, ਬ੍ਰਹਿਮੰਡਾਂ ਖੋਜ ਖੁਜਾਈਆ । ਗੋਬਿੰਦ ਕਾਇਆ ਦਰ ਅਪਾਰ, ਹਰਿ ਜੋਤੀ ਜੋਤ ਸਮਾਇੰਦਾ । ਦੇਵਣਹਾਰਾ ਸਾਚਾ ਵਰ, ਵਰਨ ਗੋਤੀ ਭੇਵ ਮਿਟਾਇੰਦਾ । ਨੌ ਖੰਡ ਪ੍ਰਿਥਮੀ ਏਕਾ ਘਰ, ਸੱਤਾਂ ਦੀਪਾਂ ਮੇਲ ਮਿਲਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪਣਾ ਆਪ ਲਿਆ ਹਰ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਜਨ ਭਗਤਾਂ ਨਾਮ ਭੰਡਾਰਾ ਰਿਹਾ ਭਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਤੀਰਥ ਤਟ ਨਾ ਕੋਈ ਵਖਾਇੰਦਾ । ਗੰਗਾ ਗੋਦਾਵਰੀ ਆਏ ਡਰ, ਅਠ ਸਠ ਲਹਿਣਾ ਦੇਣਾ ਮੂਲ ਚੁਕਾਇੰਦਾ । ਪਰਗਟ ਹੋਏ ਅਵਤਾਰ ਨਰ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਜੀਵ ਜੰਤ ਸਾਧ ਸੰਤ ਆਪਣਾ ਕੀਤਾ ਲੈਣ ਭਰ, ਸਾਚਾ ਕੰਤ ਹਰਿ ਭਗਵੰਤ ਲੇਖਾ ਲੇਖ ਮੁਕਾਇੰਦਾ । ਆਪ ਬਣਾਏ ਆਪਣੀ ਬਣਤ, ਹਰਿ ਜੁਗ ਜੁਗ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਕਾਇਆ ਧਾਰ, ਹਰਿ ਨਾਮੇ ਨਾਉਂ ਚਲਾਇੰਦਾ । ਗੋਬਿੰਦ ਕਾਇਆ ਨਾਮ ਅਪਾਰਾ, ਹਰਿ ਸਾਚਾ ਆਪ ਟਿਕਾਇੰਦਾ । ਆਪੇ ਦੇਵੇ ਦੇਵਣਹਾਰਾ ਦਿਸ ਕਿਸੇ ਨਾ ਆਇੰਦਾ । ਅਗੰਮ ਅਗੰਮੜਾ ਅਗੰਮੜੀ ਕਾਰਾ, ਅਗੰਮੜੇ ਧਾਮ ਸੁਹਾਇੰਦਾ । ਜੋਤ ਸਰੂਪੀ ਕਰ ਅਕਾਰਾ, ਸ਼ਬਦੀ ਡੰਕ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਬ੍ਰਹਮਾ ਸ਼ਿਵ ਉਠਾਇੰਦਾ । ਕਰੋੜ ਤੇਤੀਸਾ ਦੇਵੇ ਇਕ ਹੁਲਾਰਾ, ਦੇਵਤ ਸੁਰ ਸਰਬ ਕੁਰਲਾਇੰਦਾ । ਮਾਤਲੋਕ ਪ੍ਰਭ ਲੈ ਅਵਤਾਰਾ, ਵਰਭੰਡੀ ਖੇਲ ਖਿਲਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਬੰਦ ਖੁਲਾਸੀ ਆਪ ਕਰਾਇੰਦਾ । ਧਰਮ ਰਾਏ ਦਰ ਵੇਖੇ ਫਾਸੀ, ਮਨਮੁਖਾਂ ਆਪ ਟੰਗਾਇੰਦਾ । ਗੁਰਮੁਖਾਂ ਕਰੇ ਚਰਨ ਦਾਸੀ, ਦਾਸੀ ਦਾਸ ਆਪ ਹੋ ਜਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼ੀ, ਆਪ ਆਪਣੀ ਰਚਨ ਰਚਾਇੰਦਾ । ਪਕੜ ਉਠਾਏ ਪੰਡਤ ਕਾਂਸ਼ੀ, ਸੰਮਤ ਪੰਦਰਾਂ ਲੇਖ


੧੯੫
੦੬

ਲਿਖਾਇੰਦਾ । ਗੁਰ ਮੰਦਰ ਅੰਦਰ ਬਹਿ ਬਹਿ ਜੋ ਕਰਨ ਹਾਸੀ, ਗ੍ਰੰਥੀ ਪੰਥੀ ਖਿੱਚ ਲਿਆਇੰਦਾ । ਅੰਜ਼ੀਲ ਕੁਰਾਨਾਂ ਕਰੇ ਦਾਸੀ, ਸੰਗ ਮੁਹੰਮਦ ਚਾਰ ਯਾਰ ਹਰਿ ਗਿਰਧਾਰ, ਨਾਮ ਖੰਡਾ ਇਕ ਵਖਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਜੇਰਜ ਅੰਡਾਂ ਫੋਲ ਫੁਲਾਇੰਦਾ । ਗੋਬਿੰਦ ਕਾਇਆ ਸਾਚਾ ਰੰਗ, ਰੰਗਣਹਾਰ ਕਰਤਾਰਾ ਏ । ਆਪ ਨਿਭਾਏ ਆਪਣਾ ਸੰਗ, ਕਲਜੁਗ ਤੇਰੀ ਅੰਤਮ ਵਾਰਾ ਏ । ਨੌ ਦਵਾਰੇ ਭੁੱਖ ਨੰਗ, ਤ੍ਰਿਸ਼ਨਾ ਅਗਨੀ ਹਾਹਾਕਾਰਾ ਏ । ਗੁਰ ਦਸਵੇਂ ਦਸਵੇਂ ਘਰ ਇਕ ਵੱਜੇ ਮਰਦੰਗ, ਅਨਹਦ ਰਖਾਈ ਸਾਚੀ ਧਾਰਾ ਏ । ਪੰਚਮ ਮੰਗੇ ਸਾਚੀ ਮੰਗ, ਹਰਿ ਸੋਹੇ ਚਰਨ ਦਵਾਰਾ ਏ । ਨਾਮ ਰੰਗੀਲਾ ਸਚ ਪਲੰਘ, ਪ੍ਰਭ ਢਾਹਿਆ ਉਚ ਮੁਨਾਰਾ ਏ । ਦੂਸਰ ਕੋਇ ਨਾ ਸਕੇ ਲੰਘ, ਹਰਿ ਕੀਆ ਬੰਦ ਕਿਵਾੜਾ ਏ । ਗੁਰ ਗੋਬਿੰਦੇ ਮੰਗੀ ਮੰਗ, ਦਰ ਘਰ ਸਾਚੇ ਮੇਲਣਹਾਰਾ ਏ । ਪੁਰਖ ਅਬਿਨਾਸ਼ੀ ਲਾਇਆ ਅੰਗ, ਪੂਤ ਸਪੂਤਾ ਕਰ ਪਿਆਰਾ ਏ । ਸ਼ਬਦ ਘੋੜੇ ਕਸ ਤੰਗ, ਕਰਾਏ ਆਪ ਉਤੇ ਅਸਵਾਰਾ ਏ । ਨੀਲੀ ਧਾਰੋਂ ਪਾਰ ਲੰਘ, ਨੀਲੇ ਵਾਲਾ ਹਰਿ ਨਿਰੰਕਾਰਾ ਏ । ਨਾਮ ਡੋਰੀ ਇਕ ਪਤੰਗ, ਸਾਚਾ ਨਾਮ ਹੁਲਾਰਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਤੇਰਾ ਰੂਪ, ਪੁਰਖ ਅਬਿਨਾਸ਼ੀ ਸਾਚਾ ਭੂਪ, ਰੰਗ ਰੇਖ ਨਾ ਕੋਈ ਵਖਾਇਆ ਏ । ਗੋਬਿੰਦ ਕਾਇਆ ਸਾਚੀ ਰੇਖ, ਹਰਿ ਸਾਚੀ ਬਣਤ ਬਣਾਈਆ । ਸ਼ਬਦ ਸਰੂਪੀ ਏਕਾ ਲੇਖ, ਨਿਸ਼ਅੱਖਰ ਵੱਖਰ ਨਾਉਂ ਰਖਾਈਆ । ਪਰਾ ਪਸੰਤੀ ਰਹੀ ਵੇਖ, ਮਧਮ ਬੈਖਰੀ ਜੁਗ ਜੁਗ ਗਾਈਆ । ਨਾ ਕੋਈ ਜਾਣੇ ਧਾਰੀ ਕੇਸ, ਦਸ ਦਸਮੇਸ਼ ਨਾ ਰੂਪ ਸਮਾਈਆ । ਘਰ ਘਰ ਬੈਠੇ ਕਰ ਕਰ ਵੇਸ, ਸਾਧਾਂ ਸੰਤਾਂ ਪਈ ਲੜਾਈਆ । ਬਾਲ ਜਵਾਨੀ ਨਾ ਬਿਰਧ ਵਰੇਸ, ਹਰਿ ਏਕਾ ਰੰਗ
੧੯੬ ੦੬ ਸਮਾਈਆ । ਦੋ ਜਹਾਨੀ ਨਰ ਨਰੇਸ਼, ਥਿਰ ਘਰ ਸਾਚੇ ਡੇਰਾ ਲਾਈਆ । ਨਾ ਕੋਈ ਜਾਣੇ ਬ੍ਰਹਮਾ ਸ਼ਿਵ ਵਿਸ਼ਨ ਗਣੇਸ਼, ਸਾਰੇ ਬੈਠੇ ਰਾਹ ਤਕਾਈਆ । ੧੯੬ ੦੬
ਜਨ ਭਗਤਾਂ ਹੋਏ ਦਰ ਦਰਵੇਸ਼, ਦਰ ਦਰਬਾਨਾ ਆਪ ਅਖਵਾਈਆ । ਕਲਜੁਗ ਤੇਰੀ ਅੰਤਮ ਰੇਖ, ਪ੍ਰਭ ਅਬਿਨਾਸ਼ੀ ਜੋਤ ਜਗਾਈਆ । ਲੱਖ ਚੁਰਾਸੀ ਲਿਖਿਆ ਲੇਖ, ਵੇਲੇ ਅੰਤਮ ਆਪ ਮਿਟਾਈਆ । ਸਤਿਜੁਗ ਸਾਚੇ ਲਾਏ ਮੇਖ, ਪੂਤ ਸਪੂਤਾ ਆਪ ਅਖਵਾਈਆ । ਨੇਤਰ ਲੋਚਨ ਨੈਣਾ ਪੇਖ, ਸੰਮਤ ਸੰਮਤੀ ਨੇੜੇ ਆਈਆ । ਜੋਤੀ ਜਾਮਾ ਹਰਿ ਹਰਿ ਲੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਏਕਾ ਰਾਗ ਹਰਿ ਆਪਣਾ ਰਿਹਾ ਉਪਾਈਆ । ਗੋਬਿੰਦ ਕਾਇਆ ਸਾਚਾ ਰਾਗ, ਹਰਿ ਸਾਚਾ ਆਪ ਸੁਣਾਇੰਦਾ । ਪੰਚਮ ਮੀਤਾ ਗਿਆ ਜਾਗ, ਪੰਚਮ ਸੰਗ ਨਿਭਾਇੰਦਾ । ਪੰਚਮ ਬੁਝਾਏ ਤ੍ਰਿਸ਼ਨਾ ਆਗ, ਆਤਮ ਤ੍ਰਿਪਤ ਕਰਾਇੰਦਾ । ਪੰਚਮ ਪਕੜੇ ਆਪੇ ਵਾਗ, ਡੋਰੀ ਆਪਣੇ ਹੱਥ ਰਖਾਇੰਦਾ । ਪੰਚਮ ਧੋਵੇ ਕਾਲਾ ਦਾਗ਼, ਦੁਰਮਤ ਮੈਲ ਧਵਾਇੰਦਾ । ਪੰਚਮ ਦੀਪਕ ਜੋਤੀ ਜਗੇ ਚਿਰਾਗ, ਨਾਮ ਬੱਤੀ ਏਕਾ ਪਾਇੰਦਾ । ਪੰਚਮ ਮੇਲਾ ਕੰਤ ਸੁਹਾਗ, ਪੰਚਮ ਨਾਰੀ ਇਕ ਹੰਢਾਇੰਦਾ । ਪੰਚਮ ਲਾਏ ਸਾਚਾ ਭਾਗ, ਆਤਮ ਸੇਜਾ ਇਕ ਵਿਛਾਇੰਦਾ । ਪੰਚਮ ਦੇਵੇ ਇਕ ਵੈਰਾਗ, ਆਪ ਆਪਣੀ ਸੇਵਾ ਲਾਇੰਦਾ । ਪੰਚਮ ਬਣਾਏ ਹੰਸ ਕਾਗ, ਸਰ ਸਰੋਵਰ ਇਕ ਨੁਹਾਇੰਦਾ । ਪੰਚਮ ਬੰਨ੍ਹੇ ਸਾਚਾ ਤਾਗ, ਧੁਰਦਰਗਾਹੀ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਸਰ, ਸਰ ਸਰੋਵਰ ਇਕ ਵਖਾਇੰਦਾ । ਗੋਬਿੰਦ ਕਾਇਆ ਸਾਚਾ ਸਰ, ਹਰਿ ਵੇਖੇ ਤੀਰਥ ਤੱਟਿਆ । ਏਕਾ ਅੰਮ੍ਰਿਤ ਦੇਵੇ ਭਰ, ਦਰ ਦਵਾਰੇ ਬਹਿ ਬਹਿ ਚੱਟਿਆ । ਹਰਿ ਹਰਿ ਭਾਣਾ ਰਿਹਾ ਜ਼ਰ, ਜੋਤ ਜਗਾਏ

ਕਾਇਆ ਮੱਟਿਆ । ਆਪ ਆਪਣੇ ਜਿਹਾ ਕਰ, ਭਾਗ ਲਗਾਏ ਚੌਦਾਂ ਹੱਟਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਸਾਚੀ ਚੋਲੀ ਏਕਾ ਰੰਗ ਚੜ੍ਹਾਏ ਖੱਟਿਆ । ਕਾਇਆ ਚੋਲੀ ਰੰਗ ਬਸੰਤੀ, ਹਰਿ ਗੋਬਿੰਦ ਤਨ ਚੜ੍ਹਾਇੰਦਾ । ਸਾਚਾ ਮੇਲਾ ਹਰਿ ਹਰਿ ਕੰਤੀ, ਪੂਰਨ ਭਗਵੰਤੀ ਜੋਤ ਜਗਾਇੰਦਾ । ਮਨਮੁਖ ਜੀਵ ਦੇਵ ਦੰਤੀ, ਹਉਮੇ ਹੰਗਤਾ ਝੂਠੀ ਸੰਗਤੀ, ਜਗਤ ਵਿਕਾਰਾ ਮੁਖ ਰਖਾਇੰਦਾ । ਗੁਰਮੁਖ ਸਾਚੇ ਸਾਚੀ ਪੰਗਤੀ, ਅੰਗੀਕਾਰ ਨਾਨਕ ਅੰਗਦੀ, ਅੰਗੀਕਾਰ ਆਪ ਹੋ ਜਾਇੰਦਾ । ਸ਼ਬਦ ਦਵਾਰਾ ਏਕਾ ਲੰਘਤੀ, ਕੱਟਣਹਾਰਾ ਭੁੱਖ ਨੰਗਤੀ, ਨਾਮ ਭੰਡਾਰਾ ਇਕ ਵਖਾਇੰਦਾ । ਅੰਮ੍ਰਿਤ ਧਾਰਾ ਚਰਨ ਧੂੜ ਸਾਚੀ ਗੰਗਤੀ, ਗੰਗਾ ਗੋਦਾਵਰੀ ਮਾਣ ਗਵਾਇੰਦਾ । ਕਲਜੁਗ ਅੰਤਮ ਵੇਖੇ ਜੰਗਤੀ, ਸ਼ਬਦ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਤੇਰਾ ਭੇਖ, ਭੇਖਾਧਾਰੀ ਆਪ ਵਟਾਇੰਦਾ । ਗੋਬਿੰਦ ਕਾਇਆ ਕਲਜੁਗ ਭੇਖ, ਹਰਿ ਸਾਚੇ ਰੂਪ ਸਮਾਇਆ ਏ । ਕਲਜੁਗ ਅੰਤਮ ਵੇਲਾ ਵੇਖ, ਅੰਧ ਕੂਪ ਆਪ ਹੋ ਆਇਆ ਏ । ਵੇਖ ਵਖਾਣੇ ਔਲੀਏ ਪੀਰ ਸ਼ੇਖ਼, ਮੁੱਲਾ ਕਾਜ਼ੀ ਰਿਹਾ ਹਿਲਾਇਆ ਏ । ਆਪੇ ਲਿਖਣਹਾਰਾ ਲੇਖ, ਦਿਸ ਕਿਸੇ ਨਾ ਆਇਆ ਏ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਰ ਘਰ ਸਾਚੇ ਡੇਰਾ ਲਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਭੰਡਾਰਾ ਰਿਹਾ ਭਰ, ਸਤਿਜੁਗ ਸਾਚਾ ਰਾਹ ਤਕਾਇਆ ਏ । ਗੋਬਿੰਦ ਭੰਡਾਰਾ ਹਰਿ ਭਰਪੂਰ, ਆਪਣੀ ਹੱਥੀਂ ਆਪ ਕਰਾਇੰਦਾ । ਵਡ ਦਾਤਾ ਹਰਿ ਜੋਧਾ ਸੂਰ, ਸੂਰਬੀਰ ਆਪ ਅਖਵਾਇੰਦਾ । ਏਕਾ ਜੋਤੀ ਸਾਚਾ ਨੂਰ, ਹਰ ਘਟ ਮੇਂ ਆਪ ਟਿਕਾਇੰਦਾ । ਸ਼ਬਦ ਅਨਾਦੀ ਸਾਚੀ ਤੂਰ, ਪੰਚਮ ਅਨਾਦੀ ਧੁਨ ਆਤਮਕ ਆਪ ਸੁਹਾਇੰਦਾ । ਲੱਖ ਚੁਰਾਸੀ ਨਾਤਾ ਕੂੜ, ਕਲਜੁਗ ਅੰਤ ਤੁੜਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਧੂੜ, ਧੂੜੀ ਮਜਨ ਇਸ਼ਨਾਨ ਕਰਾਇੰਦਾ । ਏਕਾ ਚਾੜ੍ਹੇ ਰੰਗ ਗੂੜ੍ਹ, ਆਦਿ ਅੰਤ ਉਤਰ ਨਾ ਜਾਇੰਦਾ । ਚਤੁਰ ਸੁਘੜ ਬਣਾਏ ਮੂੜ੍ਹ, ਨੇਤਰ ਅੰਜਨ ਨਾਮ ਪਾਇੰਦਾ । ਲੱਖ ਚੁਰਾਸੀ ਕਟੇ ਜੂੜ, ਧਰਮ ਰਾਏ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਚ ਅਟਾਰੀ, ਪਾਰਬ੍ਰਹਮ ਹਰਿ ਆਪ ਉਸਾਰੀ, ਬਾਡੀ ਦੂਸਰ ਕੋਇ ਨਾ ਲਾਇੰਦਾ । ਗੋਬਿੰਦ ਕਾਇਆ ਸਚ ਮਹੱਲਾ, ਹਰਿ ਆਪਣਾ ਆਪ ਉਸਾਰਿਆ । ਜੋਤ ਸਰੂਪੀ ਇਕ ਇਕੱਲਾ, ਬੈਠਾ ਹਰਿ ਨਿਰੰਕਾਰਿਆ । ਸ਼ਬਦ ਰਖਾਏ ਤਿੱਖਾ ਭੱਲਾ, ਲੋਆਂ ਪੁਰੀਆਂ ਪਾਵੇ ਸਾਰਿਆ । ਦਰ ਦਵਾਰਾ ਏਕਾ ਮੱਲਾ, ਨੂਰੋ ਨੂਰ ਹੋਏ ਉਜਿਆਰਿਆ । ਲੱਖ ਚੁਰਾਸੀ ਦੂਈ ਦਵੈਤੀ ਮੇਟੇ ਸੱਲਾ, ਕਲਜੁਗ ਅੰਤਮ ਲਏ ਅਵਤਾਰਿਆ । ਜੋਤ ਜਗਾਏ ਘੜੀ ਘੜੀ ਪਲ ਪਲਾ, ਨਿਹਕਲੰਕਾ ਖੇਲ ਅਪਾਰਿਆ । ਆਪੇ ਹੋਏ ਵਲ ਛਲਾ, ਬਾਵਨ ਭੇਖੀ ਭੇਖ ਅਪਾਰਿਆ । ਪ੍ਰਭ ਕਾ ਭਾਣਾ ਅੰਤ ਨਾ ਟਲਾ, ਹਰਿ ਲੇਖਾ ਲਿਖਣਹਾਰ ਲਿਖਾ ਰਿਹਾ । ਮਿਲਿਆ ਮੇਲ ਗੋਬਿੰਦ ਡੱਲਾ, ਸੰਮਤ ਚੌਦਾਂ ਮੇਲ ਮਿਲਾ ਰਿਹਾ । ਆਪ ਵਖਾਏ ਨਿਹਚਲ ਧਾਮ ਅਟੱਲਾ, ਹਰਿ ਸਾਚਾ ਆਸਣ ਲਾ ਰਿਹਾ । ਜੋਤੀ ਸ਼ਬਦੀ ਆਪੇ ਰਲਾ, ਗੁਰਮੁਖ ਕਾਇਆ ਡੇਰਾ ਲਾ ਰਿਹਾ । ਕਿਸੇ ਦਿਸ ਨਾ ਆਏ ਜਲਾ ਥਲਾ, ਅਠ ਸਠ ਡੂੰਘਾ ਵਹਿਣ ਵਹਾ ਰਿਹਾ । ਦੀਪਕ ਜੋਤੀ ਏਕਾ ਬਲਾ, ਕਲਜੁਗ ਮੇਟੇ ਅੰਧ ਅੰਧਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਨਾਉਂ ਆਪਣਾ ਆਪ ਰਖਾ ਰਿਹਾ । ਗੋਬਿੰਦ ਕਾਇਆ ਸਾਚਾ ਨਾਮ ਹੈ, ਹਰਿ ਨਾਮੇ ਬਣਤ ਬਣਾਈ । ਨਾ ਕੋਈ ਤ੍ਰਿਸ਼ਨਾ ਤਾਮ ਹੈ, ਮਾਇਆ ਅਗਨ ਨਾ ਦਏ ਜਲਾਈ । ਨਾ ਸੁਬਾਹ

ਅੰਧੇਰਾ ਸ਼ਾਮ ਹੈ, ਦਿਵਸ ਰੈਣ ਨਾ ਕੋਇ ਜਣਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਜੋਤੀ ਸ਼ਬਦ ਕਰੇ ਕੁੜਮਾਈ । ਸ਼ਬਦ ਕੁੜਮਾਈ ਨਾਮ ਕਰ, ਵੱਜੇ ਸਚ ਤਰਾਨਾ । ਦਹਿ ਦਿਸ਼ਾ ਇਕ ਵਧਾਈ, ਅਨਹਦ ਰਾਗ ਮਹਾਨਾ । ਪੰਚਮ ਗਾਵਣ ਚਾਈਂ ਚਾਈਂ, ਮਿਲਿਆ ਮੇਲ ਸ੍ਰੀ ਭਗਵਾਨਾ । ਆਪ ਉਠਾਏ ਫੜ ਫੜ ਬਾਂਹੀ, ਵਾਲੀ ਦੋ ਜਹਾਨਾਂ । ਰਾਗ ਛਤੀਸਾ ਦੰਦ ਬਤੀਸਾ ਇਕ ਇਕੀਸਾ ਕਹਿਣ ਨਾ ਜਾਈ, ਨਾਦ ਅਨਾਦੀ ਇਕ ਤਰਾਨਾ । ਬੀਸ ਬੀਸਾ ਖੇਲ ਰਚਾਈ, ਜਗਤ ਜਗਦੀਸਾ ਹਰਿ ਰਘੁਰਾਈ, ਗੁਰ ਗੋਬਿੰਦੇ ਮੇਲ ਮਿਲਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਤਾਜ, ਹਰਿ ਸਾਚਾ ਸੀਸ ਸੁਹਾਨਾ । ਦੋ ਜਹਾਨੀ ਏਕਾ ਰਾਜ, ਰਾਜਨ ਰਾਜ ਆਪ ਅਖਵਾਇੰਦਾ । ਲੋਆਂ ਪੁਰੀਆਂ ਸਾਜਨ ਸਾਜ, ਆਪ ਆਪਣੀ ਬਣਤ ਬਣਾਇੰਦਾ । ਆਪੇ ਰਚਣਹਾਰਾ ਕਾਜ, ਆਪੇ ਖੇਲ ਖਿਲਾਇੰਦਾ । ਆਪੇ ਮਾਰਨਹਾਰਾ ਆਵਾਜ਼, ਆਪੇ ਗੂੜ੍ਹੀ ਨੀਂਦ ਸਵਾਇੰਦਾ । ਆਪੇ ਜੁਗ ਜੁਗ ਦੇਵਣਹਾਰਾ ਦਾਜ, ਆਪੇ ਸੀਸ ਮੁੰਡਾਇੰਦਾ । ਆਪੇ ਰੱਖਣਹਾਰਾ ਲਾਜ, ਆਪੇ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਰੰਗ ਗੂੜ੍ਹਾ, ਏਕ ਏਕ ਚੜ੍ਹਾਇੰਦਾ । ਗੋਬਿੰਦ ਕਾਇਆ ਰੰਗਣ ਗੂੜ੍ਹਾ, ਹਰਿ ਸਾਚੇ ਆਪ ਰੰਗਾਇਆ । ਨਾਮ ਸਰੂਪੀ ਪਾਇਆ ਚੂੜਾ, ਸਤਿ ਸੰਤੋਖੀ ਮਹਿੰਦੀ ਲਾਇਆ । ਜਨ ਭਗਤਾਂ ਕੱਟਣ ਆਇਆ ਜੂੜਾ, ਕਲਜੁਗ ਦੇਵੇ ਫੰਦ ਕਟਾਇਆ । ਚਰਨ ਪ੍ਰੀਤੀ ਬਖ਼ਸ਼ੇ ਧੂੜਾ, ਬੱਤੀ ਦੰਦ ਰਹੇ ਗੁਣ ਗਾਇਆ । ਮਾਇਆ ਮਮਤਾ ਜੂਠਾ ਝੂਠਾ ਕੂੜਾ, ਮਨਮੁਖਾਂ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਇਕ ਅਟੱਲਾ, ਊਚੋ ਊਚ ਵਖਾਇਆ । ਗੋਬਿੰਦ ਕਾਇਆ ਉਚ ਅਟੱਲਾ, ਹਰਿ ਸਾਚਾ ਬੇਅੰਤ ਬੇਅੰਤਿਆ । ਆਕਾਸ਼ ਆਕਾਸ਼ੀ ਦੀਪਕ ਬਲਾ, ਪਵਣ ਗਾਏ ਨਾ ਕੋਈ ਸਵਾਸਿਆ । ਨਿਰੰਕਾਰ ਆਕਾਰ ਆਪੇ ਰਲਾ, ਸੰਸਕਾਰ ਨਾ ਜੀਵ ਜੰਤਿਆ । ਆਪ ਵਸਾਇਆ ਰੰਗ ਮਹੱਲਾ, ਰੰਗ ਮਾਣੇ ਨਾਰੀ ਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਦਰ, ਵਖਾਏ ਨਿਹਚਲ ਧਾਮ ਅਚੱਲਾ । ਗੋਬਿੰਦ ਕਾਇਆ ਸਤਿ ਸਰੂਪ, ਹਰਿ ਸਾਂਤਕ ਸਤਿ ਵਰਤਾਇਆ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਭੇਖ ਦਿਸ ਨਾ ਆਇਆ । ਵੇਖਣਹਾਰਾ ਚਾਰੇ ਕੂਟ, ਦਹਿ ਦਿਸ਼ਾ ਫੋਲ ਵਖਾਇਆ । ਨਾਮ ਹੁਲਾਰਾ ਰਿਹਾ ਝੂਟ, ਹਰਿ ਜੋਤੀ ਸੇਵਾ ਲਾਇਆ । ਆਪੇ ਹੋਇਆ ਸਾਚਾ ਪੂਤ, ਹਰਿ ਗੋਬਿੰਦ ਪੂਤ ਅਖਵਾਇਆ । ਏਕ ਤਾਗਾ ਸਾਚਾ ਸੂਤ, ਲੱਖ ਚੁਰਾਸੀ ਆਪ ਪੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਇਕ ਆਕਾਰ, ਲੋਆਂ ਪੁਰੀਆਂ ਵਿਚ ਸਮਾਇਆ । ਗੋਬਿੰਦ ਕਾਇਆ ਜਗਤ ਆਕਾਰ, ਭਗਤ ਸੁਹੇਲਾ ਮੀਤਾ । ਨਾਮ ਖੰਡਾ ਤੇਜ ਕਟਾਰ, ਹਰਿ ਰਸਨਾ ਸ਼ਬਦ ਪਲੀਤਾ । ਸਾਚੇ ਘੋੜੇ ਹੋ ਅਸਵਾਰ, ਸ੍ਰਿਸ਼ਟ ਸਬਾਈ ਆਪੇ ਜੀਤਾ । ਜਨ ਭਗਤਾਂ ਪਾਵੇ ਆਪੇ ਸਾਰ, ਹਰਿ ਦਾਤਾ ਪਤਤ ਪੁਨੀਤਾ । ਖੋਲਣਹਾਰਾ ਬੰਦ ਕਿਵਾੜ, ਏਕਾ ਸ਼ਬਦ ਜਣਾਏ ਮਾਣ ਗਵਾਏ ਅਠਾਰਾਂ ਧਿਆਏ ਗੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਚ ਮਰਦੰਗ, ਆਪ ਸੁਣਾਏ ਹਸਤ ਕੀਟਾ । ਗੋਬਿੰਦ ਕਾਇਆ ਨਾਮ ਮਰਦੰਗਾ, ਹਰਿ ਆਪਣਾ ਆਪ ਰਖਾਇਆ । ਦਸਮ ਦਵਾਰੀ ਅੰਦਰ ਟੰਗਾ, ਦਿਸ ਕਿਸੇ ਨਾ ਆਇਆ । ਜੀਵ ਜੰਤ ਸਾਧ ਸੰਤ ਬਿਨ ਹਰਿ ਨਾਮੇ ਭੁੱਖਾ ਨੰਗਾ, ਨੌਂ ਦਵਾਰ ਫਿਰੇ ਹਲਕਾਇਆ । ਅੰਗੀਕਾਰ ਨਾ ਹੋਏ ਅੰਗਾ, ਜਗਤ

੧੯੮
੦੬

੧੯੯
੦੬

ਨੁਹਾਵਣ ਨੁਹਾਇਆ ਗੰਗਾ, ਸਾਚਾ ਸੰਗ ਨਾ ਕੋਈ ਨਿਭਾਇਆ । ਏਕਾ ਤਾਰ ਨਿਰੰਕਾਰ ਨਾਨਕ ਨਾਮ ਸੁਰੰਗਾ, ਸਾਰੰਗ ਧਰ ਰਿਹਾ ਵਜਾਇਆ । ਸ਼ਬਦ ਰੰਗੀਲਾ ਹਰਿ ਪਲੰਘਾ, ਸਤਿ ਸਤਿਵਾਦੀ ਸੇਜ ਵਿਛਾਇਆ । ਹਰਿਜਨ ਲਗਾਏ ਆਪਣੇ ਅੰਗਾ, ਗੋਬਿੰਦ ਗੋਬਿੰਦ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਬੰਕ ਦਵਾਰਾ ਇਕ ਸੁਹਾਇਆ । ਗੋਬਿੰਦ ਕਾਇਆ ਦਵਾਰ ਬੰਕ ਹੈ, ਬੰਕ ਦਵਾਰੀ ਆਪ । ਨਾ ਕੋਈ ਰਾਓ ਰੰਕ ਹੈ, ਨਾ ਕੋਈ ਪੁੰਨ ਪਾਪ । ਨਾ ਕੋਈ ਸਹਿੰਸਾ ਰੋਗ ਸ਼ੰਕ ਹੈ, ਜਗਤ ਜੋਗ ਨਾ ਕੋਇ ਸੰਤਾਪ । ਨਾ ਕੋਈ ਮਨੂਆ ਮਨ ਕਾ ਮਨਕ ਹੈ, ਪੂਜਾ ਪਾਠ ਨਾ ਕੋਈ ਜਾਪ । ਖੇਲੇ ਖੇਲ ਬਾਰ ਅਨਕ ਹੈ, ਸ੍ਰਿਸ਼ਟ ਸਬਾਈ ਮਾਈ ਬਾਪ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਜੋਤੀ ਨੂਰ ਕਰ, ਗੋਬਿੰਦ ਆਸਾ ਪੂਰ ਹਰਿ, ਕਰੇ ਕਰਾਏ ਵਡ ਪਰਤਾਪ । ਗੋਬਿੰਦ ਆਸਾ ਪੂਰੀਆ, ਲੋਕਮਾਤ ਵੱਜੀ ਵਧਾਈਆ । ਸਰਬ ਕਲਾ ਆਪੇ ਭਰਪੂਰੀਆ, ਦੇਵੇ ਦਰਸ ਹਰਿ ਹਰ ਥਾਈਂਆ । ਨੂਰ ਨੁਰਾਨੀ ਨੂਰੋ ਨੂਰੀਆ, ਅੰਧ ਅੰਧੇਰ ਰਿਹਾ ਮਿਟਾਈਆ । ਕਲਜੁਗ ਮਾਇਆ ਕੂੜੋ ਕੂੜੀਆ, ਜਗਤ ਜੰਜਾਲਾ ਰਿਹਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਦੇਵੇ ਵਰ, ਵਰ ਦਾਤਾ ਆਪੇ ਬਹੁੜੀਆ । ਵਰ ਦਾਤਾ ਹਰਿ ਭਗਵੰਤ, ਗੁਰ ਚੇਲੇ ਆਪ ਸੁਹਾਇੰਦਾ । ਆਪੇ ਜਾਣੇ ਸਾਧ ਸੰਤ, ਸਾਚੇ ਮੇਲੇ ਮੇਲ ਮਿਲਾਇੰਦਾ । ਭਰਮ ਭੁਲੇਖਾ ਜੀਵ ਜੰਤ, ਮਾਇਆ ਮਮਤਾ ਵਿਚ ਫਸਾਇੰਦਾ । ਹਰਿਜਨ ਮੇਲਾ ਸਾਚੇ ਕੰਤ, ਕੰਤ ਕੰਤੂਹਲਾ ਦਰਸ ਦਿਖਾਇੰਦਾ । ਜੁਗ ਜੁਗ ਮਹਿੰਮਾ ਅਗਣਤ, ਲੇਖਾ ਗਣਤ ਨਾ ਕੋਈ ਗਿਣਾਇੰਦਾ । ਕਲਜੁਗ ਮਾਇਆ ਪਾਏ ਬੇਅੰਤ, ਮਾਇਆਧਾਰੀ ਮਾਇਆ ਮੋਹ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਡੰਕ ਅੰਕ ਏਕਾ ਏਕ ਰਖਾਇੰਦਾ । ਏਕਾ ਡੰਕ ਰਾਓ ਰੰਕ, ਦਵਾਰ ਬੰਕ ਜਣਾਈਆ । ਹਰਿਜਨ ਉਠਾਏ ਦਇਆ ਕਮਾਏ ਜਿਉਂ ਜਨ ਜਨਕ, ਵਾਸੀ ਪੁਰੀ ਘਨਕ ਆਪਣੀ ਦਇਆ ਕਮਾਈਆ । ਆਤਮ ਜੋਤੀ ਲਾਏ ਤਨਕ, ਆਪੇ ਕੱਢੇ ਕਾਇਆ ਸ਼ੰਕ, ਸਤਿ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਮੇਲ ਦਰ, ਦਰ ਦਰਵਾਜ਼ਾ ਗਰੀਬ ਨਿਵਾਜਾ ਏਕਾ ਏਕ ਸੁਹਾਈਆ ।

ਤਨ ਮੰਦਰ ਜਿਸ ਜਨ ਦੇਖਿਆ, ਆਏ ਚਰਨ ਦਵਾਰ । ਕਵਣ ਦਵਾਰੇ ਹਰਿ ਹਰਿ ਬਹਿ ਬਹਿ ਲਿਖੇ ਲੇਖਿਆ, ਕਵਣ ਦਵਾਰੇ ਸੁਣੇ ਪੁਕਾਰ । ਕਵਣ ਦਵਾਰੇ ਮੇਟੇ ਲਿਖੀ ਰੇਖਿਆ, ਕਵਣ ਦਵਾਰੇ ਲੋਚਨ ਤੀਜਾ ਦਏ ਉਘਾੜ । ਕਵਣ ਦਵਾਰੇ ਨਾਤਾ ਤੁੱਟੇ ਧਾਰੀ ਕੇਸਿਆ, ਕਵਣ ਦਵਾਰੇ ਮਿਟਾਏ ਪੰਚਮ ਧਾੜ । ਕਵਣ ਦਵਾਰੇ ਹੋਏ ਦਰ ਦਰਵੇਸ਼ਿਆ, ਕਵਣ ਦਵਾਰੇ ਨਾਤਾ ਤੁੱਟੇ ਬਹੱਤਰ ਨਾੜ । ਕਵਣ ਦਵਾਰੇ ਹਰਿ ਜੂ ਹਰਿ ਮੰਦਰ ਅੰਦਰ ਦੇਖਿਆ, ਹਰਿ ਸ਼ਬਦੀ ਸਾਚਾ ਲਾੜ । ਜੋਤੀ ਜੋਤ ਸਰੂਪ ਹਰਿ, ਆਪੇ ਵੇਖਣਵਾਲਾ ਦਰ, ਘਾੜਨਹਾਰਾ ਸਾਚਾ ਘੜ । ਹਰਿ ਸ਼ਬਦ ਹਰਿ ਸਾਚੀ ਬਾਣੀ, ਅਨਹਦ ਰਾਗ ਅਲਾਇੰਦਾ । ਰਸਨਾ ਕਥ ਨਾ ਸਕੇ ਕਹਾਣੀ, ਅਕੱਥ ਕਥਾ ਸਮਾਇੰਦਾ । ਮਹੱਲ ਅਟੱਲ ਜਾਣੇ ਜਾਣੀ, ਜੋ ਜਨ ਆਪਣਾ ਵੇਖ ਵਖਾਇੰਦਾ । ਅੰਮ੍ਰਿਤ ਆਤਮ ਪੀਤਾ ਠੰਡਾ ਪਾਣੀ, ਤਾਲ ਸੁਹਾਵਾ ਨਜ਼ਰੀ ਆਇੰਦਾ । ਮਿਲਿਆ ਮੇਲ ਗੁਰ ਪੂਰੇ ਹਾਣੀ, ਗੁਰ ਸ਼ਬਦੀ ਸ਼ਬਦ

ਸਮਾਇੰਦਾ । ਆਵਣ ਜਾਵਣ ਚੁੱਕੀ ਕਾਣੀ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਇਕ ਘਰ, ਨਾ ਕੋਈ ਨਾਰੀ ਨਾ ਕੋਈ ਨਰ, ਨਰ ਨਾਰ ਨਾ ਕੋਇ ਅਖਵਾਇੰਦਾ ।

ਭਾਵੀ ਭਾਣਾ ਹਰਿ ਹੈ, ਦਰ ਦਰ ਰਹੀ ਬਿਲਲਾਏ । ਨੁਹਾਵਣ ਨੁਹਾਉਣਾ ਸਾਚੇ ਸਰ ਹੈ, ਗੁਰ ਚਰਨ ਸਰਨ ਸੱਚੀ ਸਰਨਾਏ । ਮਰਨੀ ਮਰਨਾ ਜਾਣਾ ਮਰ ਹੈ, ਗੇੜ ਗੇੜਾ ਵਿਚ ਫਿਰਾਏ । ਹਾਹਾਕਾਰ ਦਰ ਦਰ ਹੈ, ਘਰ ਘਰ ਰਹੇ ਕੁਰਲਾਏ । ਤ੍ਰਿਸ਼ਨਾ ਅਗਨੀ ਰਹੇ ਸੜ ਹੈ, ਮਾਇਆ ਮਮਤਾ ਤਨ ਅਗਨ ਜਲਾਏ । ਜੂਠਾ ਝੂਠਾ ਘਾੜਨ ਘੜ ਹੈ, ਜੋ ਘੜਿਆ ਭੰਨ ਵਖਾਏ । ਗੁਰਮੁਖ ਸਾਜਨ ਸਾਚਾ ਲਾੜ ਹੈ, ਰਾਏ ਧਰਮ ਨਾ ਦਏ ਸਜ਼ਾਏ । ਦਰ ਘਰ ਸਾਚੇ ਦੇਵੇ ਵਾੜ ਹੈ, ਦਰ ਦਵਾਰਾ ਇਕ ਵਖਾਏ । ਆਪੇ ਜਾਣੇ ਚੰਗੇ ਮਾੜ ਹੈ, ਕਰਮ ਗਤ ਭੇਵ ਨਾ ਰਾਏ । ਮਨਮੁਖਾਂ ਮਗਰ ਲੱਗੀ ਪੰਚਮ ਧਾੜ ਹੈ, ਦਿਵਸ ਰੈਣ ਰਹੀ ਡਰਾਏ । ਵਾ ਤਤੀ ਅਗਨੀ ਹਾੜ ਹੈ, ਜੀਵ ਜੰਤ ਰਹੀ ਜਲਾਏ । ਸਾੜ ਸਤੀ ਅਧਰਮ ਦੀ ਧਾਰ ਹੈ, ਧਰਮ ਕਰਮ ਨਾ ਕੋਈ ਜਣਾਏ । ਨਾਮ ਰੱਤੀ ਵਣਜ ਵਪਾਰ ਹੈ, ਗੁਰਮੁਖ ਵਿਰਲਾ ਮਾਤ ਕਰਾਏ । ਯਤੀ ਸਤੀ ਸ਼ਬਦ ਕਰਤਾਰ ਹੈ, ਤਨ ਮੰਦਰ ਅੰਦਰ ਆਪ ਟਿਕਾਏ । ਦੀਵਾ ਬੱਤੀ ਇਕ ਅਪਾਰ ਹੈ, ਜੋਤ ਨਿਰੰਜਣ ਆਪ ਜਗਾਏ । ਰਾਗ ਛੱਤੀ ਸਾਚਾ ਰਾਗ ਹੈ, ਅਨਹਦ ਬਾਣੀ ਧੁਨ ਉਪਜਾਏ । ਕਮਲਾਪਾਤੀ ਮੀਤ ਮੁਰਾਰ ਹੈ, ਗੁਰਮੁਖ ਵਿਰਲਾ ਨਾਰੀ ਕੰਤ ਹੰਢਾਏ । ਨਾਮ ਰਥੀ ਵਡ ਸੰਸਾਰ ਹੈ, ਮਹਾਂਸਾਰਥੀ ਆਪ ਹੋ ਜਾਏ । ਸਰਬ ਕਲ ਸਮਰਥੀ ਏਕੰਕਾਰ ਹੈ, ਆਪ ਆਪਣੀ ਕਲਾ ਵਰਤਾਏ । ਲਹਿਣਾ ਦੇਣਾ ਹੱਥੋ ਹੱਥੀ ਕਰਜ਼ ਉਤਾਰ ਹੈ, ਕਲਜੁਗ ਵੇਲਾ ਅੰਤਮ ਆਏ । ਅਕਥਨਾ ਕਥੀ ਸ਼ਬਦ ਜੈਕਾਰ ਹੈ, ਲੋਆਂ ਪੁਰੀਆਂ ਰਿਹਾ ਕਰਾਏ । ਵਰਭੰਡੀ ਖੇਲ ਅਪਾਰ ਹੈ, ਲੱਖ ਚੁਰਾਸੀ ਵੇਖ ਵਖਾਏ । ਬ੍ਰਹਿਮੰਡੀ ਜੋਤ ਆਕਾਰ ਹੈ, ਨਿਰਮਲ ਦੀਪ ਜਗਾਏ । ਸ਼ਬਦ ਖੰਡੀ ਤੇਜ ਕਟਾਰ ਹੈ, ਨਿਰਗੁਣ ਰਿਹਾ ਹੱਥ ਉਠਾਏ । ਪਾਏ ਵੰਡੀ ਜਗਤ ਸੁਧਾਰ ਹੈ, ਸਰਗੁਣ ਲੇਖਾ ਰਿਹਾ ਚੁਕਾਏ । ਭੇਖ ਪਖੰਡੀ ਚਾਰ ਦਿਵਾਰ ਹੈ, ਮਾਇਆ ਪੜਦਾ ਸੰਗ ਸੰਗ ਰਲਾਏ । ਨਾਰ ਦੁਹਾਗਣ ਰੰਡੀ ਅੱਧ ਵਿਚਕਾਰ ਹੈ, ਪਤ ਪਤਵੰਤ ਨਾ ਕੋਈ ਅਖਵਾਏ । ਜਗਤ ਖੁਮਾਰੀ ਕਾਮ ਕਰੋਧ ਲੋਭ ਮੋਹ ਹੰਕਾਰ ਹੈ, ਅੰਮ੍ਰਿਤ ਜਾਮ ਨਾ ਕੋਈ ਪਿਆਏ । ਮਾਇਆ ਮਮਤਾ ਤ੍ਰਿਸ਼ਨਾ ਵਿਕਾਰ ਹੈ, ਧੀਰਜ ਧੀਰ ਨਾ ਕੋਈ ਧਰਾਏ । ਲੋਭ ਵਿਕਾਰਾ ਰਸਨ ਆਹਾਰ ਹੈ, ਦੁੱਖ ਭੁੱਖ ਨਾ ਕੋਈ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਬਖ਼ਸ਼ੇ ਚਰਨ ਪਿਆਰ ਹੈ । ਚਰਨ ਪ੍ਰੀਤੀ ਸਾਚਾ ਨਾਤਾ, ਦੇਵਣਹਾਰ ਦਾਤਾਰਾ । ਪਾਰਬ੍ਰਹਮ ਪ੍ਰਭ ਪੁਰਖ ਗਿਆਤਾ, ਭਰਿਆ ਸ਼ਬਦ ਭੰਡਾਰਾ । ਹਰਿਜਨ ਵੇਖੇ ਉਤਮ ਜ਼ਾਤਾ, ਊਚ ਨੀਚ ਨਾ ਕੋਈ ਵਿਚਾਰਾ । ਆਪੇ ਪਿਤਾ ਆਪੇ ਮਾਤਾ, ਪੂਤ ਸਪੂਤਾ ਨਾਮ ਉਜਿਆਰਾ । ਆਪੇ ਦਿਵਸ ਆਪੇ ਰਾਤਾ, ਆਪੇ ਅੰਧ ਅੰਧਿਆਰ ਚਾਰ ਕੁੰਟ ਸਹਾਰਾ । ਆਪੇ ਜਾਗਰਤ ਜੋਤ ਜਗਾਏ, ਆਪੇ ਮਾਨਸਿਕ ਕਰੇ ਉਜਿਆਰਾ । ਆਪ ਚਲਾਏ ਜੁਗ ਜੁਗ ਆਪਣੀ ਗਾਥਾ, ਸਮਰਥ ਪੁਰਖ ਹਰਿ ਖੇਲ ਨਿਆਰਾ । ਆਪੇ ਹੋਏ ਤ੍ਰੈਲੋਕੀ ਨਾਥਾ, ਆਪੇ ਵੇਖੇ ਪਾਰ ਕਿਨਾਰਾ । ਆਪ ਨਿਭਾਏ ਸਗਲਾ ਸਾਥਾ, ਆਪੇ ਵਸੇ ਸਭ ਤੋਂ ਬਾਹਰਾ । ਆਪੇ ਲੇਖਾ ਲਿਖੇ ਮਸਤਕ ਮਾਥਾ,


੨੦੦
੦੬

ਆਪੇ ਮੇਟਣਹਾਰ ਲਿਖਾਰਾ । ਆਪ ਉਪਾਏ ਆਪ ਸੁਣਾਏ ਆਪਣੀ ਗਾਥਾ, ਆਪ ਕਰਾਏ ਜੈ ਜੈਕਾਰਾ । ਗੁਰਮੁਖ ਵਿਰਲੇ ਸਗਲ ਵਸੂਰਾ ਲਾਥਾ, ਹਰਿ ਪਾਇਆ ਅਗੰਮ ਅਪਾਰਾ । ਅਗੰਮ ਅਪਾਰ ਆਦਿਨ ਅੰਤਾ, ਜੁਗ ਜੁਗ ਜੋਤ ਜਗਾਇੰਦਾ । ਆਪੇ ਸਾਜਨ ਮੀਤਾ ਪੂਰਨ ਭਗਵੰਤਾ, ਗੁਰਮੁਖ ਸੋਏ ਮਾਤ ਜਗਾਇੰਦਾ । ਆਪ ਉਠਾਏ ਸਾਚੇ ਸੰਤਾਂ, ਦੂਈ ਦਵੈਤੀ ਪੜਦਾ ਲਾਹਿੰਦਾ । ਆਪ ਮਿਟਾਏ ਜੀਵ ਜੰਤਾ, ਆਪੇ ਆਪ ਉਪਾਇੰਦਾ । ਆਪੇ ਮੇਲਾ ਨਾਰੀ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਚਾੜ੍ਹੇ ਰੰਗ ਬਸੰਤਾ, ਆਪੇ ਕਾਲੀ ਧਾਰ ਵਹਾਇੰਦਾ । ਆਪ ਵਰਤੇ ਕਲ ਅਨੰਤਾ, ਅਕਲ ਕਲਾ ਆਪ ਹੋ ਆਇੰਦਾ । ਆਪੇ ਜਾਣੇ ਮਹਿੰਮਾ ਅਗਣਤ ਅਗਣਤਾ, ਗਣਤ ਨਾ ਕੋਈ ਗਿਣਾਇੰਦਾ । ਆਪੇ ਹੋਏ ਬੇਅੰਤ ਬੇਅੰਤਾ, ਗੁਰ ਪੀਰ ਭੇਵ ਨਾ ਪਾਇੰਦਾ । ਆਪੇ ਧੂੜੀ ਸਾਜਨ ਸੰਤਾ, ਆਪੇ ਸੇਵਾ ਲਾਇੰਦਾ । ਆਪ ਬਣਾਏ ਮਾਤ ਬਣਤਾ, ਧੁਰ ਦਰਗਾਹੀ ਮੇਲ ਮਿਲਾਇੰਦਾ । ਮਿਲੇ ਵਡਿਆਈ ਜੀਵ ਜੰਤਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਚਰਨ ਕਵਲ ਹਿਰਦੇ ਪਿਆਰ, ਕਾਇਆ ਚੋਲੀ ਰੰਗ ਰੰਗਾਇੰਦਾ । ਕਾਇਆ ਚੋਲੀ ਰੰਗਣ ਲਾਲ, ਹਰਿ ਸਾਚੇ ਹਰਿ ਰੰਗ ਰਤੀਆ । ਏਕਾ ਦੇਵੇ ਨਾਮ ਦੁਸ਼ਾਲ, ਕਲਜੁਗ ਵਾ ਨਾ ਲੱਗੇ ਤਤੀਆ । ਦਿਵਸ ਰੈਣ ਰੈਣ ਦਿਵਸ ਕਰੇ ਪ੍ਰਿਤਪਾਲ, ਆਪੇ ਦੇ ਸਮਝਾਏ ਮਤੀਆ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਆਤਮ ਰਸ ਲਗਾਏ ਛੱਤੀਆ । ਮੰਦਰ ਅੰਦਰ ਸੁਹਾਏ ਸਾਚਾ ਤਾਲ, ਸਰ ਸਰੋਵਰ ਏਕਾ ਰੱਖੀਆ । ਆਪੇ ਤੋੜਨਹਾਰਾ ਜਗਤ ਜੰਜਾਲ, ਲੱਖ ਚੁਰਾਸੀ ਆਪੇ ਕੱਟੀਆ । ਦੀਪਕ ਜੋਤ ਜਗਾਏ ਮਸਤਕ ਸਾਚੇ ਥਾਲ, ਨਾਮ ਬੀਜੇ ਸਾਚੇ ਵੱਤੀਆ । ਆਪੇ ਸ਼ਾਹ ਆਪੇ ਕੰਗਾਲ, ਧੁਰ ਦਰਗਾਹੀ ਹਰਿ ਦਲਾਲ, ਆਪੇ ਜਾਣੇ ਮਿਤ ਗਤੀਆ । ਸੰਤ ਸੁਹੇਲੇ ਜੁਗ ਜੁਗ ਭਾਲ, ਚਲੇ ਚਲਾਏ ਅਵੱਲੜੀ ਚਾਲ, ਆਪ ਗਿੜਾਏ ਉਲਟੀ ਲੱਠੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਸਾਚਾ ਰੰਗ, ਰੰਗੇ ਏਕਾ ਆਪੇ ਕੰਤੀਆ । ਰੰਗ ਗੁਲਾਲਾ ਸਚ ਰੂਪ, ਹਰਿ ਸਾਚੇ ਆਪੇ ਰੰਗਣਾ । ਮੇਲ ਮਿਲਾਏ ਸ਼ਾਹੋ ਭੂਪ, ਦੂਸਰ ਕੋਇ ਦਰ ਨਾ ਮੰਗਣਾ । ਸ਼ਬਦ ਜਣਾਈ ਚਾਰੋਂ ਕੂਟ, ਨਾਮ ਮਰਦੰਗਾ ਏਕਾ ਵੱਜਣਾ । ਆਵਣ ਜਾਵਣ ਜਾਏ ਛੂਟ, ਨੁਹਾਵਣ ਨੁਹਾਏ ਗੁਰ ਚਰਨ ਧੂੜੀ ਸਾਚੀ ਗੰਗਨਾ । ਹਰਿ ਹਰਿ ਲਾਹਾ ਰਿਹਾ ਲੂਟ, ਮਾਨਸ ਜਨਮ ਨਾ ਹੋਏ ਭੰਗਣਾ । ਪੰਚ ਵਿਕਾਰਾ ਕੱਢੇ ਖੋਟ, ਵਡ ਦਾਤਾ ਸੂਰਾ ਸਰਬੰਗਣਾ । ਤੀਰ ਨਿਰਾਲਾ ਰਿਹਾ ਛੂਟ, ਲੱਖ ਚੁਰਾਸੀ ਏਕਾ ਲੱਗਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਇਕ ਦਰ, ਜਗਤ ਬੁਝਾਏ ਲੱਗੀ ਅੱਗਨਾ । ਜਗਤ ਅਗਨੀ ਅੱਗ ਹੈ, ਜੀਵ ਜੰਤ ਰਹੀ ਜਲਾਏ । ਮਾਇਆ ਮਮਤਾ ਰਹੀ ਵਗ ਹੈ, ਏਕਾ ਭੱਠ ਤਪਾਏ । ਵਾ ਤਤੀ ਰਹੀ ਵਗ ਹੈ, ਦਿਵਸ ਰੈਣ ਨਾ ਕੋਇ ਸਹਾਏ । ਪਰਗਟ ਹੋਏ ਹਰਿ ਦਾਤਾ ਸੂਰਾ ਸਰਬੱਗ ਹੈ, ਗੁਰਮੁਖ ਸਾਚੇ ਲਏ ਤਰਾਏ । ਫੜ ਫੜ ਹੰਸ ਬਣਾਏ ਕੱਗ ਹੈ, ਸੋਹੰ ਸਾਚੀ ਚੋਗ ਚੁਗਾਏ । ਨਾਮ ਬੰਨ੍ਹੇ ਸਾਚਾ ਤਗ ਹੈ, ਨਾ ਕੋਈ ਤੋੜੇ ਤੋੜ ਤੁੜਾਏ । ਦਰਸ ਦਿਖਾਏ ਉਪਰ ਸ਼ਾਹ ਰਗ ਹੈ, ਦਸਮ ਦਵਾਰੀ ਕੁੰਡਾ ਲਾਹੇ । ਸਰਨ ਸਰਨਾਈ ਜੋ ਜਨ ਗਿਆ ਲੱਗ ਹੈ, ਲਹਿਣਾ ਦੇਣਾ ਮੂਲ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚਾ ਸੰਗ, ਜੁਗ ਜੁਗ ਰਿਹਾ ਨਿਭਾਏ । ਪ੍ਰਭ ਅਬਿਨਾਸ਼ੀ ਸਾਚਾ ਸੰਗੀ, ਜੁਗ ਜੁਗ ਜੋੜ ਜੁੜਾਇੰਦਾ ।

ਹਰਿਜਨ ਮੰਗ ਏਕਾ ਮੰਗੀ, ਦੋਏ ਜੋੜ ਸੀਸ ਝੁਕਾਇੰਦਾ । ਨਾਮ ਡੋਰੀ ਸਚ ਪਤੰਗੀ, ਆਕਾਸ਼ ਆਕਾਸ਼ਾਂ ਵਿਚ ਉਡਾਇੰਦਾ । ਆਪੇ ਹੋਏ ਕਾਰ ਅੰਗੀ, ਅੰਗੀਕਾਰ ਕਰਾਇੰਦਾ । ਏਕਾ ਰੱਖੇ ਧਾਰ ਨੰਗੀ, ਤਿੱਖੀ ਧਾਰ ਆਪ ਵਹਾਇੰਦਾ । ਕਾਇਆ ਚੋਲੀ ਹਰਿਜਨ ਰੰਗੀ, ਰੰਗ ਅਣਮੁਲਾ ਇਕ ਚੜ੍ਹਾਇੰਦਾ । ਕਾਇਆ ਮਾਟੀ ਕਾਚੀ ਵੰਗੀ, ਅੰਤਮ ਭੰਨ ਵਖਾਇੰਦਾ । ਸਾਚੀ ਹਾਟੀ ਨਾਮ ਵਸਤ ਏਕਾ ਚੰਗੀ, ਗੁਰਮੁਖ ਵਿਰਲੇ ਝੋਲੀ ਪਾਇੰਦਾ । ਵਜਾਵਣਹਾਰਾ ਹਰਿ ਮਰਦੰਗੀ, ਨਾਦ ਅਨਾਦੀ ਢੋਲ ਵਜਾਇੰਦਾ । ਪੰਚਮ ਯਾਰ ਨਾ ਰਹਿਣ ਕੁਸੰਗੀ, ਸਾਚਾ ਸੰਗੀ ਸ਼ਬਦ ਮਿਲਾਇੰਦਾ । ਪੰਚਮ ਕਰੇ ਆਪੇ ਭੰਗੀ, ਪੰਚਮ ਸਾਚਾ ਮੇਲ ਮਿਲਾਇੰਦਾ । ਮਨ ਵਿਚੋਲਾ ਫਿਰੇ ਫਰੰਗੀ, ਚਾਰੋਂ ਤਰਫ ਕੁਰਲਾਇੰਦਾ । ਸੋਹੰ ਕਟਾਰ ਦਿਸੇ ਨੰਗੀ, ਦੂਰ ਦੁਰਾਡਾ ਮੁਖ ਭਵਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰਿਜਨ ਤੇਰਾ ਸਾਚਾ ਸੰਗੀ, ਜੁਗ ਜੁਗ ਪੈਜ ਰਖਾਇੰਦਾ । ਆਉਣਾ ਜਾਣਾ ਨਾ ਕੋਈ ਜਾਣੇ ਪੈਰੀਂ ਨੰਗੀ, ਕਾਇਆ ਬੁੱਤ ਨਾ ਕੋਈ ਵਖਾਇੰਦਾ । ਸਚ ਦਵਾਰਾ ਬੈਠਾ ਲੰਘੀ, ਆਪ ਆਸਣ ਲਾਇੰਦਾ । ਏਕਾ ਚਾਲ ਚਲੇ ਬੇਹੰਗੀ, ਬੇਹੰਗਮ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਕਾਇਆ ਵੇਖ ਘਰ, ਸਾਚਾ ਦਰ ਸੁਹਾਇੰਦਾ । ਕਾਇਆ ਘਰ ਸਚ ਮਕਾਨਾ, ਹਰਿ ਸਾਚੀ ਬਣਤ ਬਣਾਈਆ । ਜੂਠ ਝੂਠ ਹੈ ਜਗਤ ਨਿਸ਼ਾਨਾ, ਅੰਤ ਰਹਿਣ ਨਾ ਪਾਈਆ । ਮਾਇਆ ਮਮਤਾ ਖੋਲ੍ਹ ਦੁਕਾਨਾ, ਭੇਖਾਧਾਰੀ ਭੇਖ ਵਟਾਈਆ । ਜਨ ਭਗਤਾਂ ਹੱਥੀਂ ਬੱਧਾ ਗਾਨਾ, ਜੋਤ ਨਿਰੰਜਣ ਤੇਲ ਚੜ੍ਹਾਈਆ । ਸੁਰਤ ਸਵਾਣੀ ਕਰੇ ਇਸ਼ਨਾਨਾ, ਨਾਮ ਮਹਿੰਦੀ ਹੱਥੀਂ ਲਾਈਆ । ਗੁਰ ਕਾ ਸ਼ਬਦ ਨੌਜਵਾਨਾ, ਸਾਚੇ ਘੋੜੇ ਵਾਗ ਗੁੰਦਾਈਆ । ਆਪ ਬਿਠਾਏ ਸ੍ਰੀ ਭਗਵਾਨਾ, ਸਾਚਾ ਲਾੜਾ ਰਿਹਾ ਸਜਾਈਆ । ਏਕਾ ਦੇਵੇ ਸਚ ਬਿਬਾਣਾ, ਸਾਚਾ ਸੰਗ ਰਖਾਈਆ । ਗੁਰ ਸ਼ਬਦ ਬਣਾਏ ਸਾਚਾ ਕਾਹਨਾ, ਜਨ ਸੁਰਤੀ ਗੋਪ ਸੁਹਾਈਆ । ਆਪੇ ਦੋਹਾਂ ਮੇਲ ਮਿਲਾਨਾ, ਆਪੇ ਹੋਏ ਸਹਾਈਆ । ਆਪ ਕਰਾਏ ਜਾਣ ਪਛਾਣਾ, ਆਤਮ ਸੇਜਾ ਇਕ ਵਿਛਾਈਆ । ਆਪ ਸੁਣਾਏ ਰਾਗ ਤਰਾਨਾ, ਗੀਤ ਸੰਗੀਤ ਸਚ ਇਕ ਸੁਣਾਈਆ । ਆਪੇ ਦੇਵੇ ਪੀਣਾ ਖਾਣਾ, ਅੰਮ੍ਰਿਤ ਏਕਾ ਜਾਮ ਪਿਆਈਆ । ਆਪੇ ਹੋਏ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਈਆ । ਆਪੇ ਕਰੇ ਠਾਂਡਾ ਸੀਨਾ, ਚਰਨ ਕਵਲ ਸੀਸ ਜਗਦੀਸ ਟਿਕਾਈਆ । ਸਾਚਾ ਮੇਲ ਜਲ ਜਲ ਮੀਨਾ, ਗੁਰਮੁਖ ਗੁਰ ਏਕਾ ਧਾਮ ਸੁਹਾਈਆ । ਭੇਵ ਨਾ ਜਾਣੇ ਲੋਕਾਂ ਤੀਨਾ, ਭੇਵ ਅਭੇਦਾ ਖੇਲ ਰਚਾਈਆ । ਕਲਜੁਗ ਵਜਾਏ ਹੰਕਾਰੀ ਬੀਨਾ, ਨੌਂ ਖੰਡ ਪ੍ਰਿਥਮੀ ਲੰਕਾ ਗੜ੍ਹ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਿੰਘਾਸਣ ਉਪਰ ਚੜ੍ਹ, ਤੋੜਨਹਾਰਾ ਕਿਲੇ ਗੜ੍ਹ ਦਿਵਸ ਰੈਣ ਰਿਹਾ ਲੜ, ਮਨਮਤੀ ਜੀਵ ਜਾਇਣ ਝੜ, ਹਰਿਜਨ ਅੱਖਰ ਏਕਾ ਜਾਣਾ ਪੜ੍ਹ, ਪੜ੍ਹਾਵਣਹਾਰ ਹਰਿ ਰਘੁਰਾਈਆ । ਏਕਾ ਅੱਖਰ ਹਰਿ ਪੜ੍ਹਾਉਣਾ, ਚਾਰ ਵਰਨ ਸਿਕਦਾਰੀ । ਨੌਂ ਖੰਡ ਪ੍ਰਿਥਮੀ ਗੜ੍ਹ ਸੋਨਾ, ਹਰਿ ਸਾਚਾ ਛਤਰ ਝੁਲਾਰੀ । ਇਕ ਨਿਸ਼ਾਨਾ ਮਾਤ ਵਖਾਉਣਾ, ਲੋਆਂ ਪੁਰੀਆਂ ਪਾਵੇ ਸਾਰੀ । ਨੀਚੋ ਨੀਚ ਆਪ ਹੋ ਆਉਣਾ, ਊਚੋ ਊਚ ਜੋਤ ਨਿਰੰਕਾਰੀ । ਕੂਚੋ ਕੂਚ ਸ੍ਰਿਸ਼ਟ ਸਬਾਈ ਕਰਾਉਣਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖਾਲੀ ਦਿਸਣ ਬੰਕ ਦਵਾਰੀ । ਸੂਚੋ ਸੂਚ ਹਰਿ ਮਾਰਗ ਲਾਉਣਾ, ਏਕਾ ਏਕ ਕਰਾਏ ਜੈ ਜੈਕਾਰੀ । ਕੂਟੋ ਕੂਟ ਹਰਿ ਫੇਰਾ ਪਾਉਣਾ, ਜੋਤ ਸਰੂਪੀ ਸ਼ਬਦ ਉਡਾਰੀ । ਜੂਠ ਝੂਠ ਸਭ ਮਾਤ ਮਿਟਾਉਣਾ, ਨਾ ਕੋਈ ਜੀਵ ਹੰਕਾਰੀ । ਕਲਜੁਗ ਕਾਇਆ ਖਾਲੀ ਠੂਠ ਵਖਾਉਣਾ, ਅੰਤਮ ਆਇਆ ਪਾਸਾ ਹਾਰੀ । ਗੁਰਮੁਖ

ਸਾਚੇ ਏਕਾ ਮੁੱਠ ਵਖਾਉਣਾ, ਜਿਸ ਜਨ ਬਖ਼ਸ਼ੇ ਚਰਨ ਪਿਆਰੀ । ਪੁਰਖ ਅਬਿਨਾਸ਼ੀ ਤੁਠ ਇਹ ਦਰਸ ਦਿਖਾਉਣਾ, ਸਤਿਜੁਗ ਲਾਏ ਸੱਚੀ ਫੁਲਵਾੜੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦੇ ਵਸਿਆ ਘਰ, ਆਪ ਆਪਣੀ ਪੈਜ ਸਵਾਰੀ । ਗੁਰ ਗੋਬਿੰਦੇ ਫੜਿਆ ਲੜ, ਹਰਿ ਸਾਚਾ ਆਪ ਫੜਾਇੰਦਾ । ਸਾਚੇ ਪੌੜੇ ਗਿਆ ਚੜ੍ਹ, ਬੱਤੀ ਦੰਦ ਅਲਾਇੰਦਾ । ਨਾਮ ਦਵਾਰੀ ਕਿਲ੍ਹਾ ਗੜ੍ਹ, ਹਰਿ ਕੀਰਤ ਨਾਮ ਰਖਾਇੰਦਾ । ਨਾ ਢੱਠੇ ਨਾ ਉਖੜੇ ਜੜ੍ਹ, ਪੱਥਰ ਇੱਟ ਨਾ ਕੋਇ ਲਗਾਇੰਦਾ । ਨਾ ਮਰੇ ਨਾ ਜਾਏ ਸੜ, ਜਨਮੀ ਜਨਮ ਭਵਾਇੰਦਾ । ਵਿਦਿਆ ਅੱਖਰ ਨਾ ਰਿਹਾ ਪੜ੍ਹ, ਅਗੰਮ ਅਗੰਮੀ ਧਾਰ ਸਮਾਇੰਦਾ । ਸਰਸੇ ਵਹਿਣ ਨਾ ਵਹੇ ਹੜ੍ਹ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਸਾਧ ਸੰਤ ਕੋਈ ਨਾ ਸਕੇ ਫੜ, ਚਰਨ ਧਿਆਨ ਨਾ ਕੋਇ ਲਗਾਇੰਦਾ । ਨਾ ਕੋਈ ਵੇਖੇ ਸੀਸ ਧੜ, ਨੀਲਾ ਪੌੜ ਨਾ ਕੋਇ ਉਠਾਇੰਦਾ । ਸਚ ਦਵਾਰੇ ਅੱਗੇ ਖੜ੍ਹ, ਆਪ ਆਪਣਾ ਰੰਗ ਵਟਾਇੰਦਾ । ਕਲਜੁਗ ਅੰਤਮ ਰਿਹਾ ਲੜ, ਖੰਡਾ ਡੰਡਾ ਨਾ ਵੇਖ ਵਖਾਇੰਦਾ । ਆਪ ਉਖੇੜਨਹਾਰਾ ਜੜ੍ਹ, ਆਪਣਾ ਕਰਮ ਕਮਾਇੰਦਾ । ਨਾ ਕੋਈ ਸਕੇ ਅੱਗੇ ਅੜ, ਸ਼ਾਹ ਸੁਲਤਾਨਾਂ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਏਕਾ ਘਰ, ਗੋਬਿੰਦ ਗੜ੍ਹ ਸੁਹਾਇੰਦਾ । ਗੋਬਿੰਦ ਗੜ੍ਹ ਨਾਮ ਦਰਵਾਜ਼ਾ, ਹਰਿ ਸਾਚਾ ਇਕ ਰਖਾਇੰਦਾ । ਆਪੇ ਜਾਣੇ ਗਰੀਬ ਨਿਵਾਜਾ, ਦੂਸਰ ਕਿਸੇ ਦਿਸ ਨਾ ਆਇੰਦਾ । ਅਸਤਰ ਸ਼ਸਤਰ ਘੋੜਾ ਤਾਜਾ, ਪੀਲਾ ਬਸਤਰ ਤਨ ਸਜਾਇੰਦਾ । ਜੋਤ ਜਗਾਏ ਦੇਸ ਮਾਝਾ, ਚੋਲਾ ਆਪਣਾ ਆਪ ਵਟਾਇੰਦਾ । ਦੇਸ ਮਾਲਵੇ ਆਏ ਭਾਜਾ, ਕਲਜੁਗ ਜੀਵਾਂ ਦਿਸ ਨਾ ਆਇੰਦਾ । ਵਡ ਸ਼ਾਹੋ ਹਰਿ ਰਾਜਨ ਰਾਜਾ, ਰਾਜ ਨੀਤੀ ਵਿਚ ਨਾ ਆਇੰਦਾ । ਭਗਤ ਸੁਹੇਲਾ ਰੱਖੇ ਲਾਜਾ, ਅਚਨ ਅਚੇਤੀ ਦਇਆ ਕਮਾਇੰਦਾ । ਨਾਮ ਵਜਾਏ ਸਾਚਾ ਵਾਜਾ,

ਬੰਨ੍ਹ ਬੰਨ੍ਹਾਇੰਦਾ । ਧਰਮ ਰਾਏ ਕਰ ਏਕਾ ਹਾਜਾ, ਜੀਵਾਂ ਜੰਤਾਂ ਹੱਜ ਕਰਾਇੰਦਾ । ਗੁਰਮੁਖਾਂ ਦੇਵੇ ਨਾਮ ਜਹਾਜ਼ਾ, ਹਰਿ ਸਾਚਾ ਮਾਤ ਲਿਆਇੰਦਾ । ਮਨਮੁਖਾਂ ਅੰਤਮ ਖੋਲ੍ਹੇ ਪਾਜਾ, ਸਾਧਾਂ ਸੰਤਾਂ ਵੇਖ ਵਖਾਇੰਦਾ । ਸਚ ਸਿੰਘਾਸਣ ਆਪ ਬਿਰਾਜਾ, ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਗੋਬਿੰਦ ਗੜ੍ਹ ਸਾਚੇ ਚੜ੍ਹ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਬਦਲੇ ਚੋਲਾ ਸੰਮਤ ਸੋਲਾਂ, ਸੋਲਾਂ ਕਲ ਧਾਰੀਆ । ਆਪੇ ਖੇਲਣਹਾਰਾ ਹੋਲਾ, ਹਰਿ ਖੇਲੇ ਖੇਲ ਖਿਲਾਰੀਆ । ਜਨ ਭਗਤਾਂ ਉਠਾਏ ਆਪੇ ਡੋਲਾ, ਪਾਰ ਕਰਾਏ ਮੰਞ ਮੰਞਧਾਰੀਆ । ਲੱਖ ਚੁਰਾਸੀ ਧਰਮ ਰਾਏ ਦਾ ਹੋਏ ਗੋਲਾ, ਕਲਜੁਗ ਤੇਰੀ ਅੰਤਮ ਵਾਰੀਆ । ਸਤਿਜੁਗ ਤੇਰਾ ਏਕਾ ਬੋਲਾ, ਸੋਹੰ ਸ਼ਬਦ ਜੈ ਜੈ ਜੈਕਾਰੀਆ । ਸਾਚਾ ਪੁਰਖ ਅਬਿਨਾਸ਼ੀ ਤੋਲਾ, ਸ੍ਰਿਸ਼ਟ ਸਬਾਈ ਤੋਲੇ ਤੋਲਣਹਾਰੀਆ । ਆਦਿ ਅੰਤ ਕਦੇ ਨਾ ਡੋਲਾ, ਨਾ ਡੋਲੇ ਵਡ ਸੰਸਾਰੀਆ । ਸਚ ਭੰਡਾਰਾ ਏਕਾ ਖੋਲ੍ਹਾ, ਚਾਰ ਵਰਨ ਵਣਜ ਕਰਾਏ ਇਕ ਵਪਾਰੀਆ । ਸਾਚਾ ਸ਼ਬਦ ਦਏ ਝਕੋਲਾ, ਪ੍ਰਭ ਦੇਵਣਹਾਰ ਹੁਲਾਰੀਆ । ਆਤਮ ਪਰਦਾ ਜਿਸ ਜਨ ਖੋਲ੍ਹਾ, ਪਾਵੇ ਦਰਸ ਨਰ ਨਿਰੰਕਾਰੀਆ । ਚਰਨ ਦਵਾਰੇ ਹੋਏ ਗੋਲਾ, ਰੈਣ ਦਿਵਸ ਹੋਏ ਪਨਿਹਾਰੀਆ । ਪੁਰਖ ਅਬਿਨਾਸ਼ੀ ਵਸੇ ਕੋਲਾ, ਹਰਿ ਸੇਵਕ ਸੇਵਾਦਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਵੇਖਿਆ ਇਕ ਦਰ ਘਰ, ਨਾ ਕੋਈ ਦੀਸੇ ਠੱਗ ਚੋਰ ਯਾਰੀਆ ।

✻ ੨੩ ਮੱਘਰ ੨੦੧੩ ਬਿਕ੍ਰਮੀ ਹਰਿਗੋਬਿੰਦ ਸਿੰਘ ਸਾਹਿਬ ਦੇ ਗੁਰਦਵਾਰੇ ਸੰਤਾਂ ਨਾਲ ਬਚਨ ਹੋਏ ਪਿੰਡ ਮਨਾਵਾਂ ਜ਼ਿਲਾ ਫਿਰੋਜ਼ਪੁਰ ✻

ਗੁਰੂਦਵਾਰ ਸਚ ਦਰ ਹੈ, ਨਾਮ ਵਸਤ ਅਮੋਲ । ਹਰਿ ਸੰਤਨ ਮਿਲਿਆ ਵਰ ਹੈ, ਆਦਿ ਅੰਤ ਅਤੋਲ । ਸਦ ਖੁਲ੍ਹਾ ਰੱਖਣ ਦਰ ਹੈ, ਨਾਮ ਮਰਦੰਗ ਵਜਾਵਣ ਢੋਲ । ਆਪਣੀ ਕਿਰਪਾ ਦੇਣ ਕਰ ਹੈ, ਸਚ ਵਸਤ ਜੋ ਹੋਵੇ ਕੋਲ । ਨੁਹਾਵਣ ਨੁਹਾਇਣ ਸਾਚੇ ਸਰ ਹੈ, ਰੰਗ ਚਾੜ੍ਹਨ ਕਾਇਆ ਚੋਲ । ਸਾਚੀ ਤਰਨੀ ਜਾਣਾ ਤਰ ਹੈ, ਮਾਨਸ ਜਨਮ ਨਾ ਰਹੇ ਅਨਭੋਲ । ਸਾਚਾ ਮੇਲਾ ਗੋਬਿੰਦ ਹਰਿ ਹੈ, ਕਾਇਆ ਪਰਦਾ ਦੇਵੇ ਖੋਲ੍ਹ । ਸ਼ਬਦ ਭੰਡਾਰਾ ਦੇਵੇ ਭਰ ਹੈ, ਆਤਮ ਡਾਹੀ ਏਕਾ ਝੋਲ । ਆਵਣ ਜਾਵਣ ਚੁੱਕੇ ਡਰ ਹੈ, ਲੱਖ ਚੁਰਾਸੀ ਜਮ ਕੀ ਫਾਸੀ ਨਾ ਦਿਸੇ ਕੋਈ ਕੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵਸਿਆ ਸਚ ਘਰ, ਜੁਗ ਜੁਗ ਦੇਵਣਹਾਰਾ ਵਰ, ਸ਼ਬਦ ਚਹੁ ਅੱਖਰ ਏਕਾ ਆਪਣਾ ਬੋਲ । ਸੰਤਨ ਘਰ ਹਰਿ ਹਰਿ ਵਸਿਆ, ਮੇਲਾ ਦੋ ਜਹਾਨੀਆ । ਸ੍ਰਿਸ਼ਟ ਸਬਾਈ ਮਾਰਗ ਦੱਸਿਆ, ਪਾਇਆ ਪਦ ਨਿਰਬਾਣੀਆ । ਪੰਚ ਵਿਕਾਰਾ ਦਰ ਤੋਂ ਨੱਸਿਆ, ਨਾ ਦਿਸੇ ਪੰਜ ਸ਼ੈਤਾਨੀਆ । ਤੀਰ ਨਿਰਾਲਾ ਏਕਾ ਕਸਿਆ, ਗੁਰ ਮੰਤਰ ਸਾਚੀ ਬਾਣੀਆ । ਪੁਰਖ ਅਬਿਨਾਸ਼ੀ ਕਾਇਆ ਮੰਦਰ ਸਾਚੇ ਅੰਦਰ ਸ਼ਬਦ ਸਿੰਘਾਸਣ ਬਹਿ ਬਹਿ ਹੱਸਿਆ, ਧੁਨ ਆਤਮਕ ਸੁਣਾਏ ਅਨਹਦ ਸਾਚੀ ਬਾਣੀਆ । ਮਿਟੇ ਰੈਣ ਅੰਧੇਰੀ ਆਤਮ ਮੱਸਿਆ, ਸਰਬ ਜੀਆਂ ਪ੍ਰਭ ਜਾਣੀ ਜਾਣੀਆ । ਸੰਤ ਦਵਾਰੇ ਆਏ ਨੱਸਿਆ, ਕਰੇ ਕਰਾਏ ਮਾਤ ਪਛਾਣੀਆ । ਜਗਤ ਵਸੂਰਾ ਜਿਸ ਜਨ ਲੱਥਿਆ, ਦੇਵੇ ਦਰਸ ਮਹਾਨੀਆ । ਸਰਬ ਕਲਾ ਆਪੇ ਸਮਰੱਥਿਆ, ਜੁਗ ਜੁਗ ਖੇਲੇ ਖੇਲ ਖੇਲਣਹਾਰ ਆਪ ਖਿਲਾਰੀਆ । ਆਪੇ ਵੇਖੇ ਸਾਢੇ ਤਿੰਨ ਤਿੰਨ ਹੱਥਿਆ, ਸ਼ਬਦ ਅਨਾਦੀ ਪਵਣ ਵਜਾਈਆ । ਨਾਮ ਕਹਾਣੀ ਅਕੱਥ ਅਕੱਥਿਆ, ਰਾਗ ਰਾਗਣੀ ਆਪ ਸੁਣਾਈਆ । ਸ਼ਬਦ ਸਰੂਪੀ ਪਾਏ ਨੱਥਿਆ, ਮਨਮਤ ਰਿੜਕੇ ਵਾਂਗ ਮਧਾਣੀਆ । ਹਰਿ ਸੰਤਾਂ ਰੱਖੇ ਦੇ ਕਰ ਹੱਥਿਆ, ਸਮਰਥ ਪੁਰਖ ਵਡਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਇਕ ਘਰ, ਏਕਾ ਦਾਤਾ ਦੇਵੇ ਦਾਨੀਆ । ਸੰਤਨ ਮੇਲਾ ਹਰਿ ਨਿਰੰਕਾਰਾ, ਆਤਮ ਜੋਤ ਜਗਾਈਆ । ਸ਼ਬਦ ਸਰੂਪੀ ਜੈ ਜੈ ਜੈਕਾਰਾ, ਦਿਵਸ ਰੈਣ ਸੁਣਾਈਆ । ਸਾਚਾ ਮੇਲਾ ਕੰਤ ਭਤਾਰਾ, ਆਤਮ ਸੇਜਾ ਰਿਹਾ ਹੰਢਾਈਆ । ਸੰਤ ਸੁਹੇਲਾ ਸਾਚੀ ਨਾਰਾ, ਸਾਚੀ ਸੇਵਾ ਰਹੀ ਕਮਾਈਆ । ਗੁਰ ਗੋਬਿੰਦਾ ਕਰ ਪਿਆਰਾ, ਆਤਮ ਚਿੰਦਾ ਸਗਲ ਮਿਟਾਈਆ । ਗੁਰ ਨਾਨਕ ਤੇਰੀ ਸਾਚੀ ਧਾਰਾ, ਤੇਰਾਂ ਤੇਰਾਂ ਪੂਰ ਕਰਾਈਆ । ਆਪੇ ਬੈਠਾ ਸਚ ਦਰਬਾਰਾ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਕਰਾਏ ਵਣਜ ਵਪਾਰਾ, ਏਕਾ ਪੱਲੂ ਨਾਮ ਫੜਾਈਆ । ਸ੍ਰਿਸ਼ਟ ਸਬਾਈ ਹਾਹਾਕਾਰਾ, ਸਾਚਾ ਨਾਉਂ ਦਿਸ ਨਾ ਆਈਆ । ਗੋਬਿੰਦ ਤੇਰੀ ਸਾਚੀ ਧਾਰਾ, ਅੰਮ੍ਰਿਤ ਆਤਮ ਜਾਮ ਪਿਆਈਆ । ਕਿਸੇ ਹੱਥ ਨਾ ਆਏ ਨੌਂ ਦਵਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਆਪੇ ਕਰਿਆ ਬੰਦ ਕਿਵਾੜਾ, ਆਪਣੀ ਹੱਥੀਂ ਕੁੰਡਾ ਲਾਹੀਆ । ਮਨਮੁਖਾਂ ਲੱਗੀ ਪੰਚਮ ਧਾੜਾ, ਦਿਵਸ ਰੈਣ ਕਰੇ ਹਲਕਾਈਆ । ਕਲਜੁਗ ਵੇਖੇ ਇਕ ਅਖਾੜਾ, ਆਪ ਆਪਣੀ ਕਲ ਵਰਤਾਈਆ । ਗੁਰਮੁਖ ਸਾਚਾ ਸੰਤ ਸੁਹੇਲਾ ਸਾਚਾ ਲਾੜਾ, ਹਰਿ ਸ਼ਬਦੀ ਸ਼ਬਦ ਜਣਾਈਆ । ਬਹੱਤਰ ਨਾੜੀ ਵੱਜੇ ਤਾੜਾ, ਗੀਤ ਅਨਾਦਾ ਅੰਦਰ ਮੰਦਰ ਗਾਈਆ । ਵੇਖ ਵਖਾਣੇ ਵਿਚ ਬ੍ਰਹਿਮਾਦਾ, ਅਬਿਨਾਸ਼ੀ ਪੁਰਖ ਆਦਿ ਜੁਗਾਦਾ, ਆਦਿ

ਜੁਗਾਦੀ ਆਪ ਅਖਵਾਈਆ । ਸਾਚਾ ਮੇਲਾ ਸੰਤਨ ਸਾਧਾ, ਸਾਂਤਕ ਰੂਪ ਸਤਿ ਸਮਾਈਆ । ਜਿਸ ਜਨ ਮਿਲਿਆ ਮੇਲ ਹਰਿ ਹਰਿ ਮਾਧਵ ਮਾਧਾ, ਮੋਹਣ ਮਾਧਵ ਰੂਪ ਸਮਾਈਆ । ਸ਼ਬਦ ਜਣਾਏ ਬੋਧ ਅਗਾਧਾ, ਵੇਦ ਪੁਰਾਨਾਂ ਭੇਵ ਚੁਕਾਈਆ । ਹਰਿ ਹਰਿ ਸਾਚਾ ਏਕਾ ਲਾਧਾ, ਸਚ ਵਸਤ ਹਰਿ ਧਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦੀ ਆਪੇ ਬਾਂਧਾ, ਹਰਿ ਸੰਤਨ ਆਤਮ ਘਰ ਬੈਠਾ ਆਸਣ ਲਾਈਆ । ਸੰਤ ਦਵਾਰਾ ਧੰਨ ਹੈ, ਹਰਿ ਧਨ ਪਾਇਆ ਨਾਮ । ਭਰਮ ਭੁਲੇਖਾ ਨਿਕਲੇ ਜਨ ਹੈ, ਪੂਰਨ ਪੂਰ ਕਰਾਏ ਕਾਮ । ਏਕਾ ਸਾਚਾ ਘਰ ਵਖਾਏ ਨਾ ਕੋਈ ਛੱਪਰੀ ਛੰਨ ਹੈ, ਮਿਲੇ ਮੇਲ ਰਮਈਆ ਰਾਮ । ਰਾਗ ਅਨਾਦਾ ਕੰਨ ਸੁਣਾਏ, ਕੋਇ ਨਾ ਮੰਗੇ ਕਾਇਆ ਦਾਮ । ਸਾਚਾ ਬੇੜਾ ਬੰਨ੍ਹ ਵਖਾਏ, ਮੇਟ ਮਿਟਾਏ ਅੰਧੇਰੀ ਸ਼ਾਮ । ਪੰਚ ਵਿਕਾਰਾ ਖਿੰਨ ਖਿੰਨ ਕਰਾਏ, ਅੰਮ੍ਰਿਤ ਆਤਮ ਇਕ ਪਿਆਏ ਜਾਮ । ਜੋਤ ਨਿਰੰਜਣ ਚੰਨ ਚੜ੍ਹਾਏ, ਪੱਲੇ ਬੰਨਾਏ ਸਾਚਾ ਦਾਮ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਇਕ ਘਰ, ਏਕਾ ਹਰਿ ਹਰਿ ਨਾਮ । ਨਾਮ ਨਿਧਾਨਾ ਹਰਿ ਮਿਹਰਵਾਨਾ, ਸੰਤਨ ਘਰ ਰਖਾਇਆ ਏ । ਤੀਰ ਨਿਸ਼ਾਨਾ ਦੋ ਜਹਾਨਾ, ਏਕਾ ਸ਼ਬਦ ਚਲਾਇਆ ਏ । ਗੋਪੀ ਕਾਹਨਾ ਹਰਿ ਸੁਲਤਾਨਾ, ਜੁਗ ਜੁਗ ਭੇਖ ਵਟਾਇਆ ਏ । ਮੰਗੇ ਵਰ ਦਰ ਦਰਬਾਨਾ, ਧੁਰਦਰਗਾਹੀ ਇਕ ਫ਼ਰਮਾਣਾ, ਏਕਾ ਸ਼ਬਦ ਅਲਾਇਆ ਏ । ਰਾਗ ਅਨਾਦੀ ਸਚ ਤਰਾਨਾ, ਆਪੇ ਹੋਏ ਜਾਣੀ ਜਾਣਾ, ਜਾਣਨਹਾਰ ਮੇਲ ਮਿਲਾਇਆ ਏ । ਸੰਤਨ ਸੋਹੇ ਬੰਕ ਦਵਾਰਾ, ਦੀਪਕ ਜੋਤੀ ਇਕ ਉਜਿਆਰਾ, ਕਾਇਆ ਮੰਦਰ ਸਚ ਮੁਨਾਰਾ, ਦਸਮ ਦਵਾਰੀ ਸ਼ਬਦ ਧਾਰਾ, ਅੰਮ੍ਰਿਤ ਆਤਮ ਤਾਲ ਸੁਹਾਇਆ ਏ । ਦੇਵਣਹਾਰ ਸਰਬ ਸੰਸਾਰਾ, ਸੰਤਨ ਸੰਗ ਹਰਿ ਨਿਰੰਕਾਰਾ, ਭਰਿਆ ਰਹੇ ਸਦਾ ਭੰਡਾਰਾ, ਨਿਖੁੱਟ ਕਦੇ ਨਾ ਜਾਇਆ ਏ । ਆਏ ਦਰ ਬਣ ਭਿਖਾਰਾ, ਤੁੱਟੇ ਗੜ੍ਹ ਮਾਣ ਜਗਤ ਹੰਕਾਰਾ, ਚਰਨ ਕਵਲ ਹਰਿ ਇਕ ਪਿਆਰਾ, ਏਕਾ ਰੂਪ ਸਮਾਇਆ ਏ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਇਕ ਘਰ, ਹਰਿ ਸ਼ਬਦੀ ਨਾਉਂ ਵਰਤਾਇਆ ਏ । ਹਰਿ ਸ਼ਬਦ ਭੰਡਾਰ ਅਤੋਲ, ਅਤੁਟ ਰਖਾਇਆ । ਘਰ ਸਾਚੇ ਰਿਹਾ ਬੋਲ, ਆਪ ਆਪਣਾ ਬੋਲ ਅਲ੍ਹਾਇਆ । ਦਰ ਦਵਾਰਾ ਏਕਾ ਖੋਲ੍ਹ, ਦਰ ਘਰ ਸਾਚਾ ਇਕ ਸੁਹਾਇਆ । ਭਾਗ ਲਗਾਏ ਕਾਇਆ ਚੋਲ, ਚੋਲੀ ਰੰਗਣ ਇਕ ਚੜ੍ਹਾਇਆ । ਆਪੇ ਬੈਠਾ ਸਦਾ ਅਡੋਲ, ਸ੍ਰਿਸ਼ਟ ਸਬਾਈ ਰਿਹਾ ਡੁਲਾਇਆ । ਹਰਿ ਸੰਤਾਂ ਪੜਦੇ ਰਿਹਾ ਖੋਲ੍ਹ, ਆਤਮ ਦਰਸੀ ਦਰਸ ਦਿਖਾਇਆ । ਆਵੇ ਜਾਵੇ ਹੌਲੀ ਹੌਲ, ਆਉਂਦਾ ਜਾਂਦਾ ਦਿਸ ਨਾ ਆਇਆ । ਪਾਰਬ੍ਰਹਮ ਬ੍ਰਹਮ ਰਹਿਣਾ ਮਵਲ, ਮੌਲ ਮੌਲਾ ਰੂਪ ਸਮਾਇਆ । ਆਪੇ ਵੇਖੇ ਨਾਭ ਕਵਲ, ਅੰਮ੍ਰਿਤ ਧਾਰਾ ਮੁਖ ਚੁਆਇਆ । ਦੇਵੇ ਵਡਿਆਈ ਉਪਰ ਧਵਲ, ਹਰਿ ਸੰਤਨ ਹਰਿ ਚਿਤ ਲਾਇਆ । ਆਲਸ ਨਿੰਦਰਾ ਹੋਈ ਬਵਲ, ਤਾਮਸ ਤ੍ਰਿਸ਼ਨਾ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਸਾਚਾ ਦਰ, ਗੁਰਦਵਾਰਾ ਮਿਲੇ ਵਰ, ਅੰਤਰ ਮੰਤਰ ਗੁਰ ਦਏ ਜਣਾਇਆ । ਸੰਤਾਂ ਹੱਥ ਵਡਿਆਈ, ਗੁਰ ਸ਼ਬਦ ਕਰੇ ਕੁੜਮਾਈਆ । ਆਦਿ ਅੰਤ ਵਿਛੜ ਨਾ ਜਾਈ, ਹਰਿ ਮੇਲਾ ਸਹਿਜ ਸੁਭਾਈਆ । ਇਕ ਇਕੇਲਾ ਰਿਹਾ ਸੇਜ ਹੰਢਾਈ, ਗੁਰ ਚੇਲਾ ਭੇਵ ਨਾ ਰਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਹਰਿ ਸੰਤਨ ਵੇਖੇ ਇਕ ਸਰਨਾਈਆ । ਆਪੇ ਵਸਿਆ ਰੰਗ ਨਵੇਲਾ, ਹਰ ਘਟ ਬੈਠਾ ਆਸਣ ਲਾਈਆ । ਜਨ ਭਗਤਾਂ ਸੱਜਣ ਸੁਹੇਲਾ, ਜੁਗ ਜੁਗ ਤਾਰੇ ਫੜ ਫੜ ਬਾਂਹੀਆ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਸਾਚੇ ਦਰ, ਦਰ ਦਵਾਰੇ ਠੰਢੀਆਂ ਛਾਂ ।


੨੦੫
੦੬

ਸੰਤਨ ਘਰ ਉਚ ਮਹੱਲਾ, ਹਰਿ ਸਾਚੇ ਬਣਤ ਬਣਾਈਆ । ਕਿਸੇ ਹੱਥ ਨਾ ਆਏ ਜਲ ਥਲਾ, ਨਾ ਕੋਈ ਖੋਜੇ ਖੋਜ ਖੁਜਾਈਆ । ਜਨ ਹਰਿ ਸਾਚੇ ਦਰ ਦਵਾਰਾ ਪਾਰਬ੍ਰਹਮ ਘਰ ਏਕਾ ਮੱਲਾ, ਗੁਣ ਅਵਗੁਣ ਭੇਵ ਨਾ ਰਾਈਆ । ਆਪੇ ਹੋਏ ਅਛਲ ਅਛੱਲਾ, ਭੇਖਾਧਾਰੀ ਭੇਖ ਵਟਾਈਆ । ਹਰਿ ਸੰਤ ਫੜਾਏ ਸੰਤਨ ਪੱਲਾ, ਵਿਛੜ ਕਦੇ ਨਾ ਜਾਈਆ । ਜੋਤ ਜਗਾਏ ਕਾਇਆ ਕੰਦਰ ਡੂੰਘੀ ਡੱਲਾ, ਦਿਵਸ ਰੈਣ ਕਰੇ ਰੁਸ਼ਨਾਈਆ । ਨਾਮ ਚਲਾਏ ਸਾਚਾ ਹੱਲਾ, ਆਤਮ ਬੀਜ ਸਾਚਾ ਬੀਜੇ, ਸਾਚਾ ਫਲ ਖਵਾਈਆ । ਦਰਸ ਦਿਖਾਏ ਨੈਣ ਤੀਜੇ, ਸਹਿੰਸਾ ਰੋਗ ਮਿਟਾਈਆ । ਸੋਲਾਂ ਸ਼ਿੰਗਾਰ ਕਰੇ ਰੀਝੇ, ਗੁਰ ਗੋਬਿੰਦ ਦਇਆ ਕਮਾਈਆ । ਗੁਰਮੁਖ ਆਤਮ ਤਨ ਮਨ ਭੀਜੇ, ਗੁਰ ਪੂਰੇ ਦਰਸ਼ਨ ਪਾਈਆ । ਆਪੇ ਬੈਠਾ ਦਰ ਦਹਿਲੀਜੇ, ਦਰ ਦਰਬਾਨ ਆਪ ਅਖਵਾਈਆ । ਹਰਿ ਸੰਤ ਪਿਆਰਾ ਵੇਖੇ ਖੇਲ ਅਗੰਮ ਅਪਾਰਾ, ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਇਕ ਘਰ, ਤਨ ਮਨ ਸੀਜੇ । ਕਿਰਪਾ ਕਰ, ਨਾਮ ਉਤਰ ਦੇਣਾ ਮੋੜ । ਆਏ ਦਰ ਵੇਖਿਆ ਘਰ, ਉਪਰ ਚੜ੍ਹ ਸ਼ਬਦ ਘੋੜ । ਚੁੱਕੇ ਡਰ, ਪਾਰਬ੍ਰਹਮ ਪ੍ਰਭ ਜਾਏ ਬਹੁੜ । ਸਾਚਾ ਵਰ, ਰੀਠੇ ਮਿੱਠੇ ਹੋਇਣ ਕੌੜ । ਮਾਨਸ ਜਨਮ ਗਿਆ ਹਰ, ਧੁਰ ਦਰਗਾਹ ਨਾ ਮਿਲਿਆ ਏਕਾ ਪੌੜ । ਜਗਤ ਮਰਨੀ ਜਾਣਾ ਮਰ, ਅੰਮ੍ਰਿਤ ਆਤਮ ਲੱਗੀ ਰਹੀ ਔੜ । ਏਕਾ ਵੇਖਣਾ ਸਾਚਾ ਘਰ, ਨਾ ਕੋਈ ਜਾਣੇ ਲੰਮਾ ਚੌੜ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਸਾਚਾ ਘਰ, ਕਵਣ ਸਰੂਪ ਬ੍ਰਹਿਮਣ ਗੌੜ । ਉਤਰ ਦੇਣਾ ਰਸਨਾ ਬੋਲ, ਮੰਗੇ ਮੰਗ ਉਮੰਗਾ । ਬੱਤੀ ਦੰਦ ਦਰਵਾਜ਼ਾ ਖੋਲ੍ਹ, ਰਸਨਾ ਨਾਮ ਅਨਰੰਗਾ । ਬਜਰ ਕਪਾਟੀ ਪੜਦਾ ਖੋਲ੍ਹ, ਵੱਜੇ ਢੋਲ ਮਰਦੰਗਾ । ਪੁਰਖ ਅਬਿਨਾਸ਼ੀ ਕਵਣ ਕੂਟੇ ਰਿਹਾ ਬੋਲ, ਕਵਣ ਸੁ ਵੇਲੇ ਹੋਏ ਸੰਗਾ । ਜੋਤੀ ਜੋਤ ਸਰੂਪ ਹਰਿ, ਸੰਤਨ ਵੇਖੇ ਇਕ ਘਰ, ਤੋਲਣਹਾਰਾ ਪੂਰੇ ਤੋਲ



੨੦੬ ੦੬

✻ ੨੫ ਮੱਘਰ ੨੦੧੩ ਬਿਕਰਮੀ ਤਾਰਾ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✻

ਸਾਜਣ ਸਾਚਾ ਏਕ ਹੈ, ਸਤਿਗੁਰ ਮੀਤ ਮੁਰਾਰ । ਜੁਗ ਜੁਗ ਜਨ ਭਗਤਾਂ ਦੇਵੇ ਸਾਚੀ ਟੇਕ ਹੈ, ਚਰਨ ਕਵਲ ਪਿਆਰ । ਕਰਨਹਾਰਾ ਬੁਧ ਬਿਬੇਕ ਹੈ, ਅੰਮ੍ਰਿਤ ਆਤਮ ਸਾਚੀ ਧਾਰ । ਕਲਜੁਗ ਮਾਇਆ ਨਾ ਲਾਏ ਸੇਕ ਹੈ, ਸਾਚਾ ਸ਼ਬਦ ਕਰੇ ਆਹਾਰ । ਮਨਮਤੀ ਜੀਵ ਵੇਖਣ ਰਹੇ ਵੇਖ ਹੈ, ਭਰਮੇ ਭੁੱਲੇ ਭਰਮ ਗਵਾਰ । ਹਰਿਜਨ ਧੁਰ ਮਸਤਕ ਲੱਗੀ ਰੇਖ ਹੈ, ਪ੍ਰਭ ਮੇਲੇ ਮੇਲਣਹਾਰ । ਹਰਿ ਜੋਤੀ ਦਸ ਦਸਮੇਸ਼ ਹੈ, ਗੋਬਿੰਦ ਕਾਇਆ ਸ਼ਬਦ ਅਧਾਰ । ਆਪੇ ਹੋਏ ਧਾਰੀ ਕੇਸ ਹੈ, ਮੂੰਡ ਮੁੰਡਾਏ ਖੇਲ ਅਪਾਰ । ਨਰ ਨਰੇਸ਼ਾ ਹਰਿ ਨਿਰੰਕਾਰ ਹੈ, ਆਦਿਨ ਅੰਤਾ ਏਕੰਕਾਰ । ਦਰ ਦਵਾਰੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਹੈ, ਦਿਵਸ ਰੈਣ ਰਹੇ ਪੁਕਾਰ । ਜੋਤੀ ਜਾਮਾ ਹਰਿ ਹਰਿ ਭੇਖ ਹੈ, ਭੇਖਾਧਾਰੀ ਵਡ ਬਲਕਾਰ । ਲੱਖ ਚੁਰਾਸੀ ਲਿਖਣਹਾਰਾ ਲੇਖ ਹੈ, ਅੰਤਮ ਮੇਟੇ ਮੇਟਣਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਸਾਜਣ ਮੀਤ ਮੁਰਾਰ । ਹਰਿ ਮੀਤ ਮੁਰਾਰਾ ਸੱਜਣਾ, ਹਰਿਜਨ ਮੇਲ ਮਿਲਾਏ । ਚਰਨ ਧੂੜ ਕਰਾਏ ਸਾਚਾ ਮਜਨਾ, ਦੁਰਮਤ ਮੈਲ ਗਵਾਏ । ਆਪੇ ਹੋਏ ਪੜਦਾ ਕੱਜਨਾ, ਸ਼ਬਦ ਦੁਸ਼ਾਲਾ ਉਪਰ ਪਾਏ । ਸਚ ਨਗਾਰਾ ਏਕਾ ਵੱਜਣਾ, ਪੰਚ ਵਿਕਾਰਾ ਦਏ ਦੁਹਾਏ । ਮਾਟੀ ਭਾਂਡਾ ਅੰਤਮ ਭੱਜਣਾ, ਥਿਰ ਰਹਿਣ ਕੋਈ

ਨਾ ਪਾਏ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਪੀ ਪੀ ਰੱਜਣਾ, ਹਰਿ ਦਰਸ਼ਨ ਨੇਤਰ ਪਾਏ । ਮਨਮੁਖਾਂ ਡਰ ਡਰ ਦਰ ਤੋਂ ਭੱਜਣਾ, ਹਰਿ ਸਾਚਾ ਦਏ ਦੁਰਕਾਏ । ਰਾਏ ਧਰਮ ਦਵਾਰੇ ਗੱਜਣਾ, ਅੰਤਮ ਵੇਲੇ ਫੰਦ ਫੰਦਾਏ । ਕੋਈ ਨਾ ਰੱਖੇ ਕਿਸੇ ਲਜਨਾ, ਮਾਤ ਪਿਤ ਨਾ ਕੋਇ ਛੁਡਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਦਰ, ਸਾਚਾ ਮੇਲਾ ਸਹਿਜ ਸੁਭਾਏ । ਹਰਿ ਸਾਜਣ ਜਗਦੀਸ਼ ਹੈ, ਜੁਗ ਜੁਗ ਹੋਏ ਸਹਾਏ । ਨਾਮ ਝੁਲਾਏ ਸਾਚਾ ਸੀਸ ਹੈ, ਛਤਰ ਸ਼ਤਰੂ ਰੂਪ ਵਟਾਏ । ਲੱਖ ਚੁਰਾਸੀ ਮਾਇਆ ਮਮਤਾ ਪੀਸਣ ਰਿਹਾ ਪੀਸ ਹੈ, ਮਿਲੇ ਮੇਲ ਨਾ ਹਰਿ ਰਘੁਰਾਏ । ਅੰਤਮ ਮੇਲਾ ਬੀਸਾ ਬੀਸ ਹੈ, ਬੀਸ ਬੀਸੇ ਲਏ ਮਿਲਾਏ । ਗੁਰ ਮੰਤਰ ਰਾਗ ਛਤੀਸ ਹੈ, ਰਾਗ ਰਾਗਨੀ ਸੇਵਾ ਲਾਏ । ਏਕਾ ਨਾਉਂ ਕੁਰਾਨ ਹਦੀਸ ਹੈ, ਹਰਿ ਸਾਚੀ ਬਣਤ ਬਣਾਏ । ਖਾਣੀ ਬਾਣੀ ਇਕ ਇਕੀਸ ਹੈ, ਏਕਾ ਰੰਗਣ ਰੰਗ ਰੰਗਾਏ । ਵੇਦ ਪੁਰਾਨ ਸ਼ਾਹੋ ਸ਼ਾਬੀਸ ਹੈ, ਸ਼ਾਹ ਸੁਲਤਾਨ ਆਪ ਬਣਾਏ । ਨਾ ਕੋਈ ਗਾਏ ਦੰਦ ਬਤੀਸ ਹੈ, ਜਿਹਵਾ ਰਸਨ ਨਾ ਹਰਿ ਗੁਣ ਗਾਏ । ਜੁਗ ਜੁਗ ਕਰੇ ਨਾ ਕੋਈ ਰੀਸ ਹੈ, ਆਪ ਆਪਣੀ ਜੋਤ ਜਗਾਏ । ਰਾਜ ਰਾਜਾਨਾਂ ਖਾਲੀ ਖੀਸ ਹੈ, ਨਾਮ ਧਨ ਨਾ ਕੋਇ ਰਖਾਏ । ਲਹਿਣਾ ਦੇਣਾ ਅੰਤ ਉਨੀਸ ਹੈ, ਸੰਗ ਮੁਹੰਮਦ ਮੁਖ ਛੁਪਾਏ । ਬੀਸ ਬੀਸਾ ਹਰਿ ਜਗਦੀਸ ਹੈ, ਗੁਰਮੁਖ ਸਾਚੇ ਲਏ ਤਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚੇ ਮੀਤ, ਆਪ ਵਖਾਏ ਆਪਣੀ ਰੀਤ, ਏਕਾ ਰਾਹ ਵਖਾਏ । ਗੁਰਮੁਖ ਸਾਜਨ ਸਾਚਾ ਰਾਹ, ਹਰਿ ਸਾਚਾ ਆਪ ਵਖਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਆਪੇ ਪਾਰ ਕਰਾਇੰਦਾ । ਇਕ ਜਪਾਏ ਸਾਚਾ ਨਾਂ, ਏਕਾ ਦੂਜਾ ਭੇਵ ਮਿਟਾਇੰਦਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਇੰਦਾ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਜਨ ਭਗਤਾਂ ਪੈਜ ਰਖਾਇੰਦਾ । ਲੱਖ ਚੁਰਾਸੀ ਦਰ ਦਰ ਘਰ ਘਰ ਉਡਣੇ ਕਾਂ, ਭੇਦ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚਾ ਰੰਗ ਆਪਣਾ ਆਪ ਚੜ੍ਹਾਇੰਦਾ । ਗੁਰਮੁਖ ਸਾਜਣ ਰੰਗ ਅਪਾਰਾ, ਕਾਇਆ ਚੋਲੀ ਰੱਤੀਆ । ਮਿਲਿਆ ਮੇਲ ਹਰਿ ਕੰਤ ਭਤਾਰਾ, ਲੇਖਾ ਚੁੱਕਿਆ ਰਾਗਾਂ ਛੱਤੀਆ । ਨਿਰਮਲ ਜੋਤੀ ਕਰ ਉਜਿਆਰਾ, ਸਹਿੰਸਾ ਰੋਗ ਚੁਕਾਇਆ ਦੀਵਾ ਬੱਤੀਆ । ਆਤਮ ਭਰਿਆ ਨਾਮ ਭੰਡਾਰਾ, ਦਿਵਸ ਰੈਣ ਵਾ ਨਾ ਲੱਗੇ ਤਤੀਆ । ਦਰਸ ਦਿਖਾਏ ਅਗੰਮ ਅਪਾਰਾ, ਭੇਵ ਨਾ ਜਾਣੇ ਬੁਧ ਬੁਧ ਮਤੀਆ । ਏਕਾ ਰੂਪ ਏਕੰਕਾਰਾ, ਏਕਾ ਚਾੜ੍ਹੇ ਰੰਗ ਬਸੰਤੀਆ । ਅੰਮ੍ਰਿਤ ਆਤਮ ਦੇਵੇ ਠੰਢੀ ਧਾਰਾ, ਦਸਮ ਦਵਾਰੀ ਤਾਲ ਸੁਹੰਤੀਆ । ਸ਼ਬਦ ਸਿੰਘਾਸਣ ਅਪਰ ਅਪਾਰਾ, ਹਰਿ ਸਾਚਾ ਸੇਜ ਵਛੰਤੀਆ । ਆਪੇ ਖੋਲ੍ਹੇ ਬੰਦ ਕਿਵਾੜਾ, ਆਪੇ ਰਾਹ ਵਖੰਤੀਆ । ਮਨਮੁਖ ਭੁੱਲੇ ਨੌਂ ਦਵਾਰਾ, ਮਿਲੇ ਮੇਲ ਨਾ ਸਾਚਾ ਕੰਤੀਆ । ਜਨ ਭਗਤਾਂ ਕੱਢੇ ਹਰਿ ਪੰਚ ਵਿਕਾਰਾ, ਅੰਤ ਕਰੰਤੀਆ । ਮੇਟ ਮਿਟਾਏ ਧੁੰਦੂਕਾਰਾ, ਘਰ ਸਾਚਾ ਇਕ ਸੁਹੰਤੀਆ । ਚਤੁਰਭੁਜ ਹਰਿ ਜੋਤ ਅਧਾਰਾ, ਆਪ ਆਪਣਾ ਖੇਲ ਖਿਲੰਤੀਆ । ਗੁਰਮੁਖ ਉਠਾਏ ਭੁਜਾ ਪਸਾਰਾ, ਆਪ ਆਪਣਾ ਮੇਲ ਮਿਲੰਤੀਆ । ਜੋਤੀ ਸ਼ਬਦੀ ਏਕਾ ਧਾਰਾ, ਪੰਚਮ ਤਤ ਨਾ ਕੋਇ ਵਖੰਤੀਆ । ਵਰ ਘਰ ਪਾਇਆ ਪੁਰਖ ਅਪਾਰਾ, ਗੁਰਮੁਖ ਨਾਰੀ ਸਾਚਾ ਰੰਗ ਰਗੰਤੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਗੁਰਦੇਵ ਏਕਾ ਏਕ ਅਖਵੰਤੀਆ । ਹਰਿ ਸਾਜਨ ਅਬਿਨਾਸ਼ੀ, ਆਦਿ ਅੰਤ ਉਧਾਰਿਆ । ਜਨ ਭਗਤਾਂ ਹੋਏ ਦਾਸਨ ਦਾਸੀ, ਦਾਸੀ ਦਾਸ ਆਪ ਅਖਵਾ


੨੦੭ ੦੬

ਰਿਹਾ । ਨਿਜ ਘਰ ਆਤਮ ਰੱਖੇ ਵਾਸੀ, ਨਿਜ਼ਾਨੰਦ ਰੂਪ ਸਮਾ ਰਿਹਾ । ਭੇਵ ਖੁਲ੍ਹਾਏ ਪ੍ਰਿਥਮੀ ਆਕਾਸ਼ੀ, ਗਗਨ ਪਾਤਾਲਾਂ ਵੇਖ ਵਖਾ ਰਿਹਾ । ਆਪੇ ਜਾਣੇ ਮੰਡਲ ਰਾਸੀ, ਸਾਸ ਗਰਾਸ ਆਪ ਚਲਾ ਰਿਹਾ । ਸਾਚਾ ਮੇਲਾ ਹਰਿ ਗੁਣਤਾਸੀ, ਹਰਿ ਹਰਿ ਹਰਿਜਨ ਰੂਪ ਸਮਾ ਰਿਹਾ । ਸ਼ਬਦ ਵਸਤ ਗੁਰ ਸਾਚੇ ਦਾਸੀ, ਧੰਨ ਧੰਨਵੰਤ ਗੁਰਮੁਖਾਂ ਝੋਲੀ ਪਾ ਰਿਹਾ । ਪੰਚ ਵਿਕਾਰਾ ਕਰੇ ਨਾਸੀ, ਮਨ ਮਮਤਾ ਮੋਹ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਸਾਚਾ ਸੰਗ ਸਗਲਾ ਸੰਗ ਨਿਭਾ ਰਿਹਾ । ਹਰਿ ਸਾਜਨ ਸਾਚਾ ਸੰਗ, ਜੁਗ ਜੁਗ ਆਪ ਰਖਾਇੰਦਾ । ਹਰਿਜਨ ਮੰਗੇ ਸਾਚੀ ਮੰਗ, ਪ੍ਰਭ ਸਾਚੀ ਭਿਛਿਆ ਪਾਇੰਦਾ । ਆਪੇ ਕੱਟਣਹਾਰਾ ਭੁੱਖ ਨੰਗ, ਅੰਮ੍ਰਿਤ ਧਾਰਾ ਗੰਗ ਵਹਾਇੰਦਾ । ਸ਼ਬਦ ਵਜਾਏ ਇਕ ਮਰਦੰਗ, ਰਾਗ ਅਨਾਦੀ ਗੀਤ ਸੁਣਾਇੰਦਾ । ਨੌ ਦਵਾਰੇ ਆਪੇ ਲੰਘ, ਆਤਮ ਕੁੰਡਾ ਲਾਹਿੰਦਾ । ਸ਼ਬਦ ਘੋੜੇ ਕਸਿਆ ਤੰਗ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਏਕਾ ਚਾਲ ਚਲੇ ਬੇਹੰਗ, ਬੇਹੰਗਮ ਰੂਪ ਦਿਸ ਨਾ ਆਇੰਦਾ । ਮਾਨਸ ਜਨਮ ਨਾ ਹੋਏ ਭੰਗ, ਜੋ ਜਨ ਚਰਨੀ ਸੀਸ ਨਿਵਾਇੰਦਾ । ਕਾਇਆ ਮਾਟੀ ਕਾਚੀ ਵੰਗ, ਅੰਤਮ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਆਪ ਅਖਵਾਇੰਦਾ । ਹਰਿ ਸਾਜਨ ਸਾਚਾ ਸ਼ਾਹੋ ਹੈ, ਜੁਗ ਜੁਗ ਹੋਏ ਸਹਾਏ । ਆਪੇ ਦਾਤਾ ਬੇਪਰਵਾਹੋ ਹੈ, ਵਿਛੜੇ ਲਏ ਮਿਲਾਏ । ਕਰਨਹਾਰਾ ਸਚ ਨਿਆਉਂ ਹੈ, ਦਰ ਦਰਬਾਰਾ ਇਕ ਸੁਹਾਏ । ਅਗੰਮ ਅਗੰਮਾ ਵਸੇ ਅਗੰਮੜੇ ਥਾਉਂ ਹੈ, ਜਾਣੇ ਹਰਿ ਹਰ ਥਾਏਂ । ਹੱਡ ਮਾਸ ਨਾੜੀ ਨਾ ਕੋਈ ਚੰਮ ਚੰਮੜਾ ਨਾ ਕੋਈ ਪਿਤਾ ਮਾਉਂ ਹੈ, ਜੋਤ ਸਰੂਪੀ ਡਗਮਗਾਏ । ਨਗਰ ਖੇੜਾ ਨਾ ਕੋਈ ਸ਼ਹਿਰ ਗਰਾਉਂ ਹੈ, ਮਹੱਲ ਅਟੱਲ ਅਚੱਲ ਨਾ ਕੋਈ ਵੇਖ ਵਖਾਏ । ਹਰਿ ਸੰਤ ਸੁਹੇਲੇ ਆਪ ਉਠਾਏ ਫੜ ਫੜ ਬਾਹੋਂ ਹੈ, ਜੰਗਲ ਜੂਹ ਉਜਾੜ ਪਹਾੜ ਜਲ ਥਲ ਵੇਖ ਵਖਾਏ । ਏਕਾ ਏਕ ਜਪਾਏ ਸਾਚਾ ਨਾਉਂ ਹੈ, ਖਾਣੀ ਬਾਣੀ ਰਹੀ ਅਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਣ ਮੀਤ ਆਪ ਹੋ ਜਾਏ । ਸਾਜਣ ਸਾਚਾ ਸਾਖਿਆਤ, ਹਰਿ ਹਰਿ ਰੂਪ ਗੋਬਿੰਦ । ਗੁਰਮੁਖ ਬਣਾਏ ਪਾਰਜ਼ਾਤ, ਮਨਮੁਖ ਲਗਾਏ ਨਿੰਦ । ਜਨ ਭਗਤਾਂ ਦੇਵੇ ਸਾਚੀ ਦਾਤ, ਆਪ ਉਪਜਾਏ ਸਾਚੀ ਬਿੰਦ । ਹਰਿ ਹਰਿ ਨਾਉਂ ਸ਼ਬਦ ਵਡ ਕਰਾਮਾਤ, ਅੰਮ੍ਰਿਤ ਧਾਰਾ ਸਾਗਰ ਸਿੰਧ । ਨਾ ਕੋਈ ਜ਼ਾਤ ਨਾ ਕੋਈ ਪਾਤ, ਸਗਲ ਮਿਟਾਵਣਹਾਰਾ ਚਿੰਦ । ਪਾਰਬ੍ਰਹਮ ਅਬਿਨਾਸ਼ੀ ਪੁਰਖ ਬਿਧਾਤ, ਦਾਤਾ ਜੋਧਾ ਸੂਰਾ ਮਰਗਿੰਦ । ਕਲਜੁਗ ਮਿਟੇ ਰੈਣ ਅੰਧੇਰੀ ਰਾਤ, ਹਰਿ ਦਾਤਾ ਗੁਣੀ ਗਹਿੰਦ । ਲੱਖ ਚੁਰਾਸੀ ਅੰਦਰ ਬੈਠਾ ਵੇਖੇ ਮਾਰ ਝਾਤ, ਆਪੇ ਸਾਸ ਗਰਾਸ ਦੇਵਣਹਾਰਾ ਜਿੰਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਸਦ ਬਖ਼ਸ਼ਿੰਦ । ਹਰਿ ਸਾਜਣ ਸਚ ਸੁਲਤਾਨ ਹੈ, ਵਾਲੀ ਦੋ ਜਹਾਨ । ਦੀਨ ਦਿਆਲਾ ਮਿਹਰਵਾਨ ਹੈ, ਗੁਰਮੁਖ ਸਾਚੇ ਕਰੇ ਪਛਾਣ । ਇਕ ਵਖਾਏ ਧਰਮ ਨਿਸ਼ਾਨ ਹੈ, ਨਾਮ ਸਰੂਪੀ ਪਾਏ ਆਣ । ਭਰਮੇ ਭੁੱਲੇ ਜੀਵ ਨਿਧਾਨ ਹੈ, ਮਿਲਿਆ ਮੇਲ ਨਾ ਹਰਿ ਭਗਵਾਨ । ਸੰਤ ਕੰਤ ਨਾ ਸਕੇ ਪਛਾਣ ਹੈ, ਮਾਇਆ ਮਮਤਾ ਹੋਈ ਗਲਤਾਨ । ਕਲਜੁਗ ਮਾਇਆ ਪਾਏ ਬੇਅੰਤ ਹੈ, ਨਾਲ ਰਲਾਏ ਪੰਜ ਸ਼ੈਤਾਨ । ਏਕਾ ਨਾਤਾ ਜੀਵ ਜੰਤ ਹੈ, ਗੁਣ ਪਾਇਆ ਨਾ ਗੁਣ ਨਿਧਾਨ । ਕਾਇਆ ਚੋਲੀ ਰੰਗ ਬਸੰਤ ਹੈ, ਕਾਲੀ ਕਮਲੀ ਬੇਪਛਾਣ । ਸਾਚੀ ਨਾਰੀ ਨਾ ਕੋਈ ਪਤ ਪਤਵੰਤ ਹੈ, ਸਤਿ ਧਰਮ ਹੋਏ ਵੈਰਾਨ । ਗੁਰਮੁਖ ਸਾਚਾ ਇਕ ਇਕੰਤ ਹੈ, ਹਰਿ ਚਰਨ ਕਵਲ ਧਿਆਨ । ਕਲਜੁਗ ਮਾਇਆ

ਪਾਏ ਬੇਅੰਤ ਹੈ, ਜੂਠਾ ਝੂਠਾ ਦੇਵੇ ਦਾਨ । ਹਰਿ ਦਾਤਾ ਗੁਣੀ ਗੁਣਵੰਤ ਹੈ, ਹਰ ਘਟ ਆਪੇ ਜਾਣੀ ਜਾਣ । ਜਨ ਭਗਤਾਂ ਇਕ ਸੁਣਾਏ ਸੁਹਾਗੀ ਛੰਤ ਹੈ, ਆਤਮਕ ਧੁੰਨ ਅਨਹਦ ਮਾਣ । ਤੁੱਟੇ ਨਾਤਾ ਮਾਇਆ ਮੋਹ ਪਰਪੰਚ ਹੈ, ਦਰਸ ਅਮੋਘਾ ਧੁਰ ਸੰਜੋਗਾ ਏਕਾ ਰੂਪ ਸਮਾਏ ਗੋਪੀ ਕਾਹਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਲਏ ਮਾਤ ਪਛਾਣ । ਹਰਿ ਸਾਜਨ ਧੁਰ ਸੰਜੋਗ ਹੈ, ਆਪ ਆਪਣਾ ਆਪ ਰਖੰਦੜਾ । ਜਨ ਭਗਤਾਂ ਚੁਗਾਏ ਸਾਚੀ ਚੋਗ ਹੈ, ਰਸਨਾ ਨਾਮ ਵਖੰਦੜਾ । ਏਕਾ ਆਤਮ ਰਸ ਸਾਚਾ ਭੋਗ ਹੈ, ਨਿੱਜ ਆਤਮ ਆਪ ਚਖੰਦੜਾ । ਆਦਿ ਅੰਤ ਨਾ ਹੋਏ ਵਿਜੋਗ ਹੈ, ਚਰਨ ਧਿਆਨ ਇਕ ਰਖੰਦੜਾ । ਮਨਮਤੀ ਹਉਮੇ ਰੋਗ ਹੈ, ਅਗਨੀ ਭਾਅ ਇਕ ਲਗੰਦੜਾ । ਕਲਜੁਗ ਨਾਤਾ ਜੂਠਾ ਝੂਠਾ ਜੋਗ ਹੈ, ਸਾਚਾ ਜੋਗ ਨਾ ਕੋਈ ਕਮੰਦੜਾ । ਰਸ ਰਸਨਾ ਰਹੇ ਭੋਗ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਨ ਸਾਚਾ ਹਰਿ ਦਾਤਾਰ, ਦਾਨੀ ਦਾਤਾ ਆਪ ਅਖਵੰਦੜਾ । ਹਰਿ ਸਾਜਨ ਸਚ ਦਾਨੀਆ ਦੇਵਣਹਾਰ ਸੰਸਾਰ । ਗੁਰਮੁਖਾਂ ਆਤਮ ਅੰਤਰ ਦੇਵੇ ਅਨਹਦ ਬਾਣੀਆ, ਪੰਚਮ ਗਾਇਣ ਵਾਰੋ ਵਾਰ । ਆਪ ਸੁਣਾਏ ਆਪਣੀ ਅਕੱਥ ਕਹਾਣੀਆ, ਲਿਖ ਨਾ ਸਕੇ ਕੋਈ ਵਿਚ ਸੰਸਾਰ । ਗੁਰ ਪੀਰ ਕਰੇ ਪਛਾਣੀਆ, ਸਾਧ ਸੰਤ ਲਏ ਵਿਚਾਰ । ਆਪੇ ਹੋਏ ਜਾਣੀ ਜਾਣੀਆ, ਜਾਨਣਹਾਰ ਨਾ ਪਾਵੇ ਸਾਰ । ਜੋਧਾ ਸੂਰਾ ਹਰਿ ਬਲਵਾਨੀਆ, ਸ਼ਬਦ ਖੰਡਾ ਤੇਜ ਕਟਾਰ । ਪੰਚਮ ਨਾਮਾ ਪੰਚ ਪੰਚ ਨਿਸ਼ਾਨੀਆ, ਆਪ ਕਰਾਏ ਤਨ ਸ਼ਿੰਗਾਰ । ਆਪੇ ਜਾਣੇ ਆਪਣੀ ਆਨੀਆ, ਸਚ ਤਖ਼ਤ ਸੱਚੀ ਸਰਕਾਰ । ਗੁਰਮੁਖ ਬਣਾਏ ਸਾਚੀ ਰਾਣੀਆ, ਸੋਲਾਂ ਕਰੇ ਤਨ ਸ਼ਿੰਗਾਰ । ਪਲੰਘ ਰੰਗੀਲਾ ਇਕ ਵਖਾਨੀਆ, ਦਸਮ ਦਵਾਰੀ ਮਹੱਲ ਅਪਾਰ । ਫੂਲਨ ਸੇਜਾ ਇਕ ਵਿਛਾਨੀਆ, ਅੰਮ੍ਰਿਤ ਧਾਰਾ ਚਾਰ ਦਿਵਾਰ । ਅਨਹਦ ਅਨਾਹਦ ਗਾਏ ਸਾਚੀ ਬਾਣੀਆ, ਪੰਚਮ ਹੋਏ ਸੇਵਾਦਾਰ । ਸੁਣਨੇਹਾਰ ਪੁਰਖ ਸੁਲਤਾਨੀਆ, ਆਪੇ ਬੈਠਾ ਮੀਤ ਮੁਰਾਰ । ਗੁਰਮੁਖ ਸਾਚੇ ਸੰਤ ਸੁਹੇਲੇ ਏਕਾ ਸੱਚੀ ਹਰਿ ਸਰਨਾਈਆ, ਸਾਚਾ ਮੇਲਾ ਕੰਤ ਭਤਾਰ । ਏਕਾ ਕੰਤ ਏਕਾ ਨਾਰੀ ਏਕਾ ਰੰਗ ਸਮਾਈਆ, ਸਾਚਾ ਮੇਲਾ ਇਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਸਤਿ ਰੂਪ ਹੈ, ਸਚ ਸਮਗਰੀ ਰਾਸ । ਆਪੇ ਸ਼ਾਹੋ ਭੂਪ ਹੈ, ਆਪੇ ਦਾਸੀ ਦਾਸ । ਆਪੇ ਆਪ ਅੰਧੇਰ ਚਾਰੋਂ ਕੂਟ ਹੈ, ਆਪੇ ਆਪ ਕਰੇ ਪਰਕਾਸ਼ । ਆਪੇ ਲੋਆਂ ਪੁਰੀਆਂ ਰਿਹਾ ਲੂਟ ਹੈ, ਆਪੇ ਮੰਡਲ ਮੰਡਪ ਬਣਾਏ ਰਾਸ । ਆਪੇ ਰਸਨਾ ਜਿਹਵਾ ਜੂਠ ਝੂਠ ਹੈ, ਆਪੇ ਨਾਉਂ ਸਾਸ ਗਰਾਸ । ਆਪੇ ਲੱਖ ਚੁਰਾਸੀ ਰਿਹਾ ਕੁਠ ਹੈ, ਆਪੇ ਆਪ ਪੁਰਖ ਅਬਿਨਾਸ਼ । ਆਪੇ ਆਪ ਰਿਹਾ ਤੁਠ ਹੈ, ਆਪੇ ਕਰਨਹਾਰਾ ਨਾਸ । ਆਪੇ ਬੰਨ੍ਹਣਹਾਰਾ ਏਕਾ ਮੁੱਠ ਹੈ, ਆਪੇ ਖੇਲ ਪ੍ਰਿਥਮੀ ਆਕਾਸ਼ । ਆਪੇ ਬੈਠਾ ਰੁੱਠ ਹੈ, ਆਪੇ ਹਰਿਜਨ ਹਿਰਦੇ ਅੰਦਰ ਰੱਖੇ ਵਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਨ ਸਾਚਾ ਮਿਹਰਵਾਨ, ਆਦਿ ਅੰਤ ਨਾ ਹੋਏ ਵਿਨਾਸ । ਸਾਜਨ ਸਾਚਾ ਮਿਹਰਵਾਨ । ਸਖੀ ਸਰੋਵਰ ਸੁਲਤਾਨ । ਜਨ ਭਗਤਾਂ ਦੇਵੇ ਜੀਆ ਦਾਨ । ਆਤਮ ਜੋਤੀ ਬ੍ਰਹਮ ਗਿਆਨ । ਚਰਨ ਧੂੜ ਸੱਚਾ ਇਸ਼ਨਾਨ । ਵਰਨ ਗੋਤੀ ਭੇਵ ਮਿਟਾਨ । ਮੂਰਖ ਮੁਗਧ ਮੂੜ੍ਹ ਕਰਾਏ ਚਤੁਰ ਸੁਜਾਨ । ਦੀਪਕ ਜੋਤ ਜਗਾਏ ਇਕ ਮਹਾਨ । ਧੁਰ ਸ਼ਬਦ ਰਖਾਏ ਇਕ ਨਿਸ਼ਾਨ । ਲੋਆਂ ਪੁਰੀਆਂ ਆਪ ਝੁਲਾਨ । ਹਰਿਜਨ ਮੇਲਾ ਹਰਿ ਭਗਵਾਨ । ਆਵਣ ਜਾਵਣ ਚੁੱਕੇ ਕਾਨ । ਜੁਗ ਜੁਗ ਖੋਲ੍ਹੇ ਮਾਤ ਦੁਕਾਨ । ਨਾਮ ਭੰਡਾਰਾ ਹਰਿ ਵਰਤਾਨ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਸਤਿਵਾਦ ਏਕਾ ਏਕ ਵਖਾਨ । ਹਰਿ ਸਾਜਣ ਸਤਿਵਾਦ ਹੈ, ਸਤਿ ਸਤਿ ਸਮਾਏ । ਖੇਲੇ ਖੇਲ ਵਿਚ ਬ੍ਰਿਹਿਮਾਦ ਹੈ, ਬੁਧਮਤ ਭੇਵ ਨਾ ਪਾਏ । ਏਕੰਕਾਰਾ ਆਦਿ ਜੁਗਾਦਿ ਹੈ, ਜੁਗ ਜੁਗ ਆਪਣੀ ਬਣਤ ਬਣਾਏ । ਆਪ ਉਪਾਏ ਜੀਵ ਜੰਤ ਸੰਤ ਸਾਧ ਹੈ, ਬੇਅੰਤ ਬੇਅੰਤ ਆਪੇ ਆਪ ਹੋ ਆਏ । ਕਥਾ ਕਹਾਣੀ ਬੋਧ ਅਗਾਧ ਹੈ, ਲੱਖ ਨਾ ਸਕੇ ਕੋਈ ਰਾਏ । ਜਿਸ ਜਨ ਦੇਵੇ ਸਾਚੀ ਦਾਦ ਹੈ, ਸੋ ਜਨ ਰਸਨਾ ਸ਼ਬਦ ਅਲਾਏ । ਗੁਰ ਨਾਨਕ ਮੇਲਾ ਮਾਧਵ ਮਾਧ ਹੈ, ਹਰਿ ਚਰਨ ਦਵਾਰ ਗਿਆ ਸੀਸ ਝੁਕਾਏ । ਪ੍ਰਭ ਏਕਾ ਦਿਤੀ ਸਾਚੀ ਦਾਦ ਹੈ, ਵੇਲੇ ਅੰਤਮ ਭਿਛਿਆ ਪਾਏ । ਸਤਿਨਾਮ ਵਜਾਇਆ ਸਾਚਾ ਨਾਦ ਹੈ, ਲੋਕਮਾਤੀ ਆਪ ਸੁਣਾਏ । ਆਪੇ ਗਾਇਆ ਸੋਹੰ ਸ਼ਬਦ ਇਕ ਨਾਦ ਹੈ, ਦੂਸਰ ਭੇਵ ਨਾ ਰਾਏ । ਪਾਰਬ੍ਰਹਮ ਏਕਾ ਰਸ ਏਕਾ ਸਵਾਦ ਹੈ, ਹੱਥ ਕਿਸੇ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਣ ਮੇਲਾ ਸਚ ਘਰ, ਸਾਚਾ ਮੇਲ ਮਿਲਾਏ । ਹਰਿ ਸਾਜਨ ਮੇਲਾ ਸਚ ਘਰ, ਗੁਰ ਪੀਰ ਅਵਤਾਰਾ । ਖੁੱਲ੍ਹਾ ਰੱਖੇ ਸਦਾ ਦਰ, ਆਦਿ ਅੰਤ ਏਕਾ ਏਕੰਕਾਰਾ । ਗੁਰ ਪੀਰਾਂ ਦੇਵੇ ਇਕ ਵਰ, ਆਪੇ ਭਰੇ ਸ਼ਬਦ ਭੰਡਾਰਾ । ਆਪਣੀ ਕਿਰਪਾ ਹਰਿ ਹਰਿ ਕਰ, ਲੋਕਮਾਤ ਲਏ ਅਵਤਾਰਾ । ਆਪ ਆਪਣਾ ਸਿਰ ਹੱਥ ਧਰ, ਬਖ਼ਸ਼ੇ ਚਰਨ ਕਵਲ ਅਧਾਰਾ । ਜੋਤੀ ਸ਼ਬਦੀ ਏਕਾ ਕਰ, ਦੇਵੇ ਸਚ ਹੁਲਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਨ ਸਾਚਾ ਸਰਬ ਗੁਣ ਗੁਣਵੰਤਾ ਹਰਿ ਭੰਡਾਰਾ । ਹਰਿ ਸਾਜਣ ਹਰਿ ਸਰਬ ਗੁਣ, ਆਪੇ ਆਪ ਭਰਪੂਰਿਆ । ਲੱਖ ਚੁਰਾਸੀ ਪੁਕਾਰ ਰਿਹਾ ਸੁਣ, ਆਪੇ ਵਸੇ ਨੇਰਨ ਦੂਰਿਆ । ਸੰਤ ਸੁਹੇਲੇ ਮਾਤ ਚੁਣ, ਦਰਸ ਦਿਖਾਏ ਹਾਜ਼ਰ ਹਜ਼ੂਰਿਆ । ਆਪੇ ਜਾਣੇ ਗੁਣ ਅਵਗੁਣ, ਜਨ ਭਗਤਾਂ ਆਸਾ ਮਨਸਾ ਪੂਰਿਆ । ਲੱਖ ਚੁਰਾਸੀ ਛਾਣ ਪੁਣ, ਕਲਜੁਗ ਜੂਠਾ ਝੂਠਾ ਹੂੰਜੇ ਕੂੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਬਲਵਾਨ ਏਕਾ ਬਖ਼ਸ਼ੇ ਚਰਨ ਧੂੜਿਆ । ਹਰਿ ਸਾਜਣ ਬਲਵਾਨ, ਦੋ ਜਹਾਨਿਆ । ਜੁਗ ਜੁਗ ਖੇਲੇ ਖੇਲ ਮਹਾਨ, ਆਪ ਆਪਣੇ ਰੂਪ ਸਮਾਨਿਆ । ਸਤਿਜੁਗ ਤ੍ਰੇਤਾ ਦੁਆਪਰ ਮਿਟੇ ਨਿਸ਼ਾਨ, ਕਲਜੁਗ ਹੋਇਆ ਮਾਤ ਨਿਧਾਨਿਆ । ਪਰਗਟ ਹੋਏ ਹਰਿ ਮਿਹਰਵਾਨ, ਜੋਤੀ ਜਾਮਾ ਹਰਿ ਗੁਣ ਨਿਧਾਨਿਆ । ਨਾ ਕੋਈ ਖੰਡਾ ਤੀਰ ਕਮਾਨ, ਰਸਨਾ ਚਿਲ੍ਹਾ ਇਕ ਚੜ੍ਹਾਨਿਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਮੇਟ ਮਿਟਾਨਿਆ । ਬ੍ਰਹਮਾ ਸ਼ਿਵ ਹੋਏ ਹੈਰਾਨ, ਭੇਵ ਅਭੇਦਾ ਅਛਲ ਅਛੇਦਾ ਦਿਸ ਨਾ ਆਏ ਵੇਦ ਕਿਤੇਬਾ, ਨਾ ਕੋਈ ਜਾਣੇ ਖਾਣੀ ਬਾਣੀਆ । ਦੇਵਤ ਸੁਰ ਤੁੱਟੇ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਸੁਖਵੰਤ ਸੁਖ ਸਹਿਜੇ ਸਹਿਜ ਸਮਾਣਿਆ । ਹਰਿ ਸਾਜਣ ਸੁਖਵੰਤ ਹੈ, ਦੁੱਖ ਰੋਗ ਨਾ ਕੋਏ । ਜੋਤੀ ਨੂਰ ਪੂਰਨ ਭਗਵੰਤ ਹੈ, ਚਿੰਤਾ ਸੋਗ ਨਾ ਕੋਇ । ਆਪੇ ਦਾਤਾ ਸਾਧ ਸੰਤ ਹੈ, ਆਪੇ ਘਟ ਘਟ ਜੋਤ ਬਲੋਏ । ਆਪੇ ਰਸਨਾ ਜਿਹਵਾ ਮਣੀਆ ਮੰਤ ਹੈ, ਆਪੇ ਸਭ ਘਟ ਵੇਖੇ ਸੋਏ । ਆਪੇ ਨਾਰੀ ਆਪੇ ਕੰਤ ਹੈ, ਪੂਤ ਸਪੂਤਾ ਆਪੇ ਹੋਏ । ਲੱਖ ਚੁਰਾਸੀ ਸਾਚੀ ਬਣਤ ਹੈ, ਬ੍ਰਹਮਾ ਵਿਸ਼ਨ ਸ਼ਿਵ ਦੇਵੇ ਸਾਚੇ ਢੋਏ । ਹਰਿ ਗਣਤ ਅਗਣਤ ਹੈ, ਗਿਣ ਨਾ ਸਕੇ ਕੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਸਾਚਾ ਸੱਚ, ਸਚ ਘਰ ਮਿਲਾਵਾ ਹੋਏ । ਹਰਿ ਸਾਜਨ ਸਾਚਾ ਸਚ ਹੈ, ਸਚ ਸਮਗਰੀ ਰਾਸ । ਮੇਟ ਮਿਟਾਏ ਪੰਚ ਵਿਕਾਰਾ ਕੱਚ ਹੈ, ਜੋ ਜਨ ਹੋਏ ਦਾਸਨ ਦਾਸ । ਜਨ ਭਗਤਾਂ

ਹਿਰਦੇ ਅੰਦਰ ਰਿਹਾ ਰਚ ਹੈ, ਦਿਵਸ ਰੈਣ ਵਸੇ ਪਾਸ । ਮਾਇਆ ਮਮਤਾ ਕਲਜੁਗ ਜੀਵਾਂ ਰਹੀ ਮੱਚ ਹੈ, ਰਸਨ ਹਲਕਾਈ ਮਦਿਰਾ ਮਾਸ । ਨਾਮ ਰਸ ਗੁਰਮੁਖ ਵਿਰਲੇ ਗਿਆ ਪਚ ਹੈ, ਹਰਿ ਸ਼ਬਦ ਬੁਝਾਏ ਪਿਆਸ । ਲਾੜੀ ਮੌਤ ਰਹੀ ਨੱਚ ਹੈ, ਵੇਖੇ ਖੇਲ ਪ੍ਰਿਥਮੀ ਆਕਾਸ਼ । ਗੁਰਮੁਖ ਵਿਰਲਾ ਜਾਏ ਬਚ ਹੈ, ਜਿਸ ਮਿਲਿਆ ਹਰਿ ਗੁਣਤਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਣ ਸਾਚਾ ਸਚ ਘਰ, ਹਰਿ ਨਰ ਪੁਰਖ ਅਬਿਨਾਸ਼ ।

ਗੋਬਿੰਦ ਸਾਚਾ ਮੀਤੜਾ, ਮੀਤ ਮੁਰਾਰਾ ਆਪ । ਕਲਜੁਗ ਕਾਇਆ ਚੋਲੀ ਰੰਗੇ ਚੀਥੜਾ, ਰੰਗ ਲਲਾਰਾ ਆਪ । ਮੀਠਾ ਕਰੇ ਕੌੜਾ ਰੀਠੜਾ, ਸ਼ਬਦ ਸਰੂਪੀ ਦੇਵੇ ਭਾਪ । ਫਲ ਖਵਾਏ ਇਕ ਅਨਡੀਠੜਾ, ਮੇਟ ਮਿਟਾਏ ਤੀਨੋ ਤਾਪ । ਪ੍ਰਭ ਆਪੇ ਆਪ ਵਸੀਠੜਾ, ਹਰਿਜਨ ਮਾਈ ਬਾਪ । ਨਾਮ ਨਿਧਾਨਾ ਜਿਸ ਜਨ ਹਰਿ ਦਰ ਸਾਚੇ ਪੀਤੜਾ, ਮੇਟ ਮਿਟਾਏ ਕੋਟਨ ਪਾਪ । ਲੇਖਾ ਜਾਣੇ ਅਗਲਾ ਪਿਛਲਾ ਬੀਤੜਾ, ਜੁਗ ਜੁਗ ਸਹਾਈ ਆਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਆਪੇ ਜਾਣੇ ਆਪਣਾ ਵਡ ਪਰਤਾਪ । ਹਰਿ ਸਾਜਨ ਵਡ ਸਾਗਰਾ, ਹਰਿ ਹਰਿ ਗਹਿਰ ਗੰਭੀਰ । ਅੰਮ੍ਰਿਤ ਦੇਵੇ ਕਾਇਆ ਗਾਗਰਾ, ਨਿਰਮਲ ਏਕਾ ਨੀਰ । ਵਣਜ ਕਰਾਏ ਨਾਮ ਸੁਦਾਗਰਾ, ਤਨ ਬਸਤਰ ਸਾਚੇ ਚੀਰ । ਨਿਰਮਲ ਕਰਮ ਕਰੇ ਉਜਾਗਰਾ, ਹਉਮੇ ਕੱਢੇ ਪੀੜ । ਰਤੀ ਰੰਗ ਰੱਤੇ ਰਤਨਾਗਰਾ, ਕਾਇਆ ਸਾਂਤ ਸਰੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਜਗਮੀਤ ਵੇਲਾ ਅੰਤ ਅਖ਼ੀਰ । ਹਰਿ ਸਾਜਣ ਸਚ ਰਾਸ ਹੈ, ਸ਼ਬਦ ਰੂਪ ਅਪਾਰ । ਲੇਖੇ ਲਾਏ ਹੱਡ ਨਾੜੀ ਮਾਸ ਹੈ, ਦੇਵੇ ਦਰਸ ਅਪਾਰ । ਅਵਣ ਗਵਣ ਪਵਣ ਸਵਾਸ ਹੈ, ਸੁਰਤ ਸ਼ਬਦ ਆਸ ਪਾਸ । ਧਰਤੀ ਧਵਲ ਪ੍ਰਿਥਮੀ ਆਕਾਸ਼ ਹੈ, ਪੁਰੀਆਂ ਲੋਆਂ ਸਾਚੀ ਰਾਸ । ਲਹਿਣਾ ਦੇਣਾ ਦਸ ਦਸ ਮਾਸ ਹੈ, ਮਾਤ ਗਰਭਵਾਸ ਨਿਵਾਸ । ਦੇਵਣਹਾਰ ਸਾਸ ਗਰਾਸ ਹੈ, ਪੂਰਨ ਪੂਰ ਕਰਾਏ ਆਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਹੋਏ ਦਾਸੀ ਦਾਸ । ਹਰਿ ਸਾਜਨ ਸਾਚਾ ਨਾਮ ਗੜ੍ਹ, ਚਾਰੋਂ ਕੁੰਟ ਦਿਵਾਰਿਆ । ਸਚ ਮਹੱਲੇ ਬੈਠਾ ਚੜ੍ਹ, ਦਿਸ ਕਿਸੇ ਨਾ ਆ ਰਿਹਾ । ਆਪ ਆਪਣਾ ਘਾੜਨ ਘੜ, ਆਪਣਾ ਹਿੱਸਾ ਆਪ ਵੰਡਾ ਰਿਹਾ । ਕੋਈ ਨਾ ਸਕੇ ਮਾਤ ਫੜ, ਕੋਟੀ ਕੋਟ ਜੀਵ ਫਿਰਾ ਰਿਹਾ । ਲੱਖ ਚੁਰਾਸੀ ਨਾਲ ਰਿਹਾ ਲੜ, ਏਕਾ ਖੰਡਾ ਸ਼ਬਦ ਚਲਾ ਰਿਹਾ । ਆਪੇ ਲਾਵਣਹਾਰਾ ਜੜ੍ਹ, ਜੁਗ ਜੁਗ ਆਪੇ ਆਪ ਉਖੜਾ ਰਿਹਾ । ਆਪਣਾ ਅੱਖਰ ਆਪੇ ਗਿਆ ਪੜ੍ਹ, ਲੱਖ ਚੁਰਾਸੀ ਆਪ ਸੁਣਾ ਰਿਹਾ । ਦਰ ਦਵਾਰੇ ਅੱਗੇ ਖੜ੍ਹ, ਜਨ ਭਗਤਾਂ ਦਰਸ ਦਿਖਾ ਰਿਹਾ । ਨਾ ਕੋਈ ਸੀਸ ਨਾ ਕੋਈ ਧੜ, ਜੋਤ ਸਰੂਪੀ ਡਗਮਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਣ ਸਾਚਾ ਆਪੇ ਆਪ ਅਖਵਾ ਰਿਹਾ ।

ਹਰਿ ਸਾਜਣ ਸਾਚੀ ਓਟ, ਏਕਾ ਏਕ ਰਖਾਈਆ । ਦਰ ਦਰ ਘਰ ਘਰ ਭੌਂਦੇ ਕੋਟੀ ਕੋਟ, ਹਰਿ ਸਾਚਾ ਦਿਸ ਨਾ ਆਈਆ । ਮਾਇਆ

੨੧੨
੦੬

ਮਮਤਾ ਤ੍ਰਿਸ਼ਨਾ ਨਾ ਭਰੀ ਕਾਇਆ ਪੋਟ, ਦਿਵਸ ਰੈਣ ਰਹੀ ਹਲਕਾਈਆ । ਗੁਰਸਿਖ ਪ੍ਰੇਮ ਨਗਾਰੇ ਵੱਜੇ ਚੋਟ, ਤਨ ਕਾਇਆ ਆਪ ਵਜਾਈਆ । ਆਪੇ ਕੱਢਣਹਾਰਾ ਖੋਟ, ਨਿਰਮਲ ਧਾਰ ਵਹਾਈਆ । ਸਾਚਾ ਮੇਲਾ ਸ਼ਬਦੀ ਜੋਤ, ਜੋਤ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੇਵ ਕਮਾਈਆ । ਹਰਿਜਨ ਸਾਚਾ ਸਚ ਦਵਾਰ, ਖੇਲੇ ਖੇਲ ਅਪਾਰਾ । ਮਿਲੇ ਮੇਲ ਪ੍ਰਭ ਮੀਤ ਮੁਰਾਰ, ਗੁਰ ਚੇਲੇ ਇਕ ਦਵਾਰਾ । ਦੇਵੇ ਨਾਮ ਵਡ ਭੰਡਾਰ, ਵਰਤੇ ਵਰਤਾਵੇ ਵਿਚ ਸੰਸਾਰਾ । ਆਪ ਆਪਣੀ ਕਿਰਪਾ ਧਾਰ, ਨਾਮ ਬੰਨ੍ਹੇ ਸੀਸ ਦਸਤਾਰਾ । ਜੁਗ ਜੁਗ ਵਿਛੜੇ ਸੰਗੀ ਯਾਰ, ਡੋਰੀ ਬੰਨ੍ਹੇ ਨਾਮ ਧਾਰਾ । ਸਾਚਾ ਮੇਲਾ ਇਕ ਦਵਾਰ, ਦਰ ਘਰ ਸੱਚਾ ਦਰਬਾਰਾ । ਕੋਟਨ ਕੋਟ ਰਹੇ ਪੁਕਾਰ, ਮੰਗਣ ਮੰਗ ਭਿਖਾਰਾ । ਗੁਰਮੁਖ ਵਿਰਲਾ ਉਤਰੇ ਪਾਰ, ਹਰਿ ਪਾਇਆ ਅਗੰਮ ਅਪਾਰਾ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਇਕ ਵਖਾਇਆ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਅਧਾਰਾ । ਨਾਮ ਅਧਾਰ ਸਚ ਧਰਵਾਸ, ਧੁਰ ਮਸਤਕ ਲੇਖ ਲਿਖਾਇਆ । ਸਚ ਵਸਤ ਗੁਰ ਸਾਚੇ ਪਾਸ, ਗੁਰਮੁਖਾਂ ਝੋਲੀ ਪਾਇਆ । ਆਪੇ ਦਾਸੀ ਆਪੇ ਦਾਸ, ਸੇਵਕ ਸੇਵਾ ਰਿਹਾ ਕਰਾਇਆ । ਕਰੇ ਕਰਾਏ ਪੂਰੀ ਆਸ, ਦੇਵੀ ਦੇਵਾ ਰੂਪ ਸਮਾਇਆ । ਹਰਿਜਨ ਮੇਲਾ ਸ਼ਾਹੋ ਸ਼ਾਬਾਸ਼, ਅੰਮ੍ਰਿਤ ਆਤਮ ਮੇਵਾ ਫਲ ਖਵਾਇਆ । ਲੇਖਾ ਚੁੱਕੇ ਹੱਡ ਨਾੜੀ ਮਾਸ, ਲੱਖ ਚੁਰਾਸੀ ਫੰਦ ਕਟਾਇਆ । ਨਿਰਮਲ ਦੀਪਕ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰਾ ਦਏ ਮਿਟਾਇਆ । ਗੁਰਮੁਖ ਸਾਚੇ ਬਲ ਬਲ ਜਾਸ, ਸੰਞ ਸਵੇਰਾ ਇਕ ਕਰਾਇਆ । ਮਿਲਿਆ ਮੇਲ ਹਰਿ ਸਰਬ ਗੁਣਤਾਸ, ਆਲਸ ਨਿੰਦਰਾ ਦਏ ਗਵਾਇਆ । ਕਰੇ ਕਰਾਏ ਪੂਰੀ ਆਸ, ਇੱਛਿਆ ਭਿੱਛਿਆ ਨਾਮ ਪਾਇਆ । ਆਦਿ ਅੰਤ ਨਾ ਜਾਏ ਵਿਨਾਸ, ਸਾਚੀ ਸਿਖਿਆ ਇਕ ਸਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਰੰਗਣ ਚੋਲੀ ਰੰਗ ਰੰਗਾਇਆ । ਹਰਿਜਨ ਸਾਚੇ ਸਦ ਬਲਿਹਾਰੀ, ਧੰਨ ਤੇਰੀ ਵਡਿਆਈਆ । ਮਿਲਿਆ ਮੇਲ ਹਰਿ ਨਿਰੰਕਾਰੀ, ਆਤਮ ਚਿੰਤ ਮਿਟਾਈਆ । ਜੁਗ ਜੁਗ ਪੈਜ ਰਿਹਾ ਸਵਾਰੀ, ਭਗਤ ਭਗਵੰਤੀ ਖੇਲ ਨਿਆਰੀਆ । ਆਪੇ ਹੋਏ ਪਹਿਰੇਦਾਰੀ, ਆਪੇ ਕਰੇ ਖ਼ਬਰਦਾਰੀ, ਆਪੇ ਹੋਏ ਰਾਮ ਮੁਰਾਰੀ, ਆਪੇ ਤੋੜੇ ਗੜ੍ਹ ਹੰਕਾਰੀਆ । ਆਪੇ ਹੋਏ ਕ੍ਰਿਸ਼ਨ ਮੁਰਾਰੀ, ਦੁਰਯੋਧਨ ਢਾਹੇ ਅਟੱਲ ਮੁਨਾਰੀਆ । ਆਪੇ ਹੋਏ ਵਡ ਸੰਸਾਰੀ, ਬਿਦਰ ਸੁਦਾਮਾ ਪਾਰ ਉਤਾਰੀਆ । ਆਪੇ ਹੋਏ ਜਗਤ ਉਧਾਰੀ, ਜੁਗ ਜੁਗ ਭੇਖ ਵਟਾਈਆ । ਕਲਜੁਗ ਤੇਰੀ ਅੰਤਮ ਵਾਰੀ, ਹਰਿ ਜੋਤੀ ਨੂਰ ਸਵਾਈਆ । ਚਾਰੋਂ ਕੁੰਟ ਹਾਹਾਕਾਰੀ, ਜਨ ਭਗਤਾਂ ਜੈ ਜੈ ਕਾਰ ਕਰਾਈਆ । ਕਲਜੁਗ ਰੈਣ ਅੰਧ ਅੰਧਿਆਰੀ, ਸਾਚਾ ਚੰਨ ਨਾ ਕੋਈ ਚੜ੍ਹਾਈਆ । ਜੂਠੇ ਝੂਠੇ ਮੀਤ ਮੁਰਾਰੀ, ਅੰਤਮ ਬੈਠੇ ਮੁਖ ਛੁਪਾਈਆ । ਮਾਇਆ ਮਮਤਾ ਮੋਹ ਸਿਕਦਾਰੀ, ਸਗਲਾ ਸਾਥ ਨਾ ਕੋਈ ਨਿਭਾਈਆ । ਵੇਲੇ ਅੰਤਮ ਹੋਏ ਖੁਆਰੀ, ਰਾਏ ਧਰਮ ਦਏ ਸਜ਼ਾਈਆ । ਲਾੜੀ ਮੌਤ ਦਏ ਬਹਾਰੀ, ਹੱਥ ਆਪਣੇ ਰਹੀ ਉਠਾਈਆ । ਗੁਰਮੁਖ ਸਾਚੇ ਲਏ ਉਭਾਰੀ, ਧਰਤਮਾਤ ਰਹੀ ਕੁਰਲਾਈਆ । ਧਰਮ ਰਾਏ ਵੇਖੇ ਅੱਖ ਉਘਾੜੀ, ਪੁਰਖ ਅਬਿਨਾਸ਼ੀ ਜੋਤ ਜਗਾਈਆ । ਮੰਗੇ ਭਿਖ ਸਤਾਰਾਂ ਹਾੜੀ, ਹਰਿ ਦੇਵੇ ਦਇਆ ਕਮਾਈਆ । ਗੁਰਮੁਖਾਂ ਸਹਾਈ ਜੰਗਲ ਜੂਹ ਉਜਾੜ ਪਹਾੜੀ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਰੱਖੇ ਲਾਜ ਚਰਨ ਛੁਹਾਈ ਦਾਹੜੀ, ਸੀਸ ਜਗਦੀਸ ਆਪਣਾ ਹੱਥ ਟਿਕਾਈਆ । ਆਪੇ

ਹੋਏ ਪਿੱਛੇ ਅਗਾੜੀ, ਸਮਰਥ ਪੁਰਖ ਵਡਿਆਈਆ । ਆਤਮ ਘਰ ਵੱਜੀ ਵਧਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਡਿਆਈਆ । ਆਤਮ ਘਰ ਵੱਜੀ ਵਧਾਈ, ਦਿਵਸ ਰੈਣ ਮੰਗਲਾਚਾਰਾ । ਸੁਰਤ ਸਵਾਣੀ ਕਰੇ ਕੁੜਮਾਈ, ਹਰਿ ਪਾਇਆ ਕੰਤ ਭਤਾਰਾ । ਆਪੇ ਮੇਲੇ ਫੜ ਫੜ ਬਾਂਹੀ, ਊਚੋ ਊਚ ਅਗੰਮ ਅਪਾਰਾ । ਦੂਸਰ ਕੋਈ ਜਾਣੇ ਨਾਹੀ, ਅਗੰਮ ਅਗੰਮੜੀ ਕਾਰਾ । ਦੇਵਣਹਾਰਾ ਠੰਢੀਆਂ ਛਾਈਂ, ਸਤਿ ਪੁਰਖ ਰੂਪ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਸੁਹਾਏ ਚਰਨ ਦਵਾਰਾ । ਚਰਨ ਦਵਾਰਾ ਸਚ ਟਿਕਾਣਾ, ਏਕਾ ਏਕ ਰਘੁਬੰਸਿਆ । ਆਗੇ ਦੇਵੇ ਨਾਮ ਬਿਬਾਣਾ, ਹਰਿਜਨ ਬਣਾਏ ਸਾਚੀ ਅੰਸਿਆ । ਸ਼ਬਦ ਸਰੂਪੀ ਪੀਣਾ ਖਾਣਾ, ਪੰਚ ਦੁਸ਼ਟ ਸੰਘਾਰੇ ਕਾਹਨਾ ਕੰਸਿਆ । ਨਾਦ ਅਨਾਦੀ ਏਕਾ ਗਾਣਾ, ਨਾਮ ਵਜਾਏ ਬੰਸਰੀ ਬੰਸਿਆ । ਸੋਹੰ ਨਾਮ ਸਚ ਤਰਾਨਾ, ਜਨਮ ਲਗਾਏ ਲੇਖੇ ਹਰਿ ਸਹੰਸਿਆ । ਆਪੇ ਵਰਤੇ ਆਪਣਾ ਭਾਣਾ, ਹਰਿ ਹਰਿ ਵਿਸ਼ਨੂੰ ਰੂਪ ਸਚ ਅੰਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਪੂਰ ਕਰਾਏ ਆਸਾ ਮਨਸਿਆ । ਮਨਸਾ ਪੂਰ ਸਰਬ ਕਲ ਦਾਤਾ, ਕੁਲਵੰਤ ਕਲ ਧਾਰੀ । ਆਤਮ ਬੋਧੀ ਸ਼ਬਦ ਗਿਆਨਾ, ਅਕਲ ਕਲਾ ਨਿਰੰਕਾਰੀ । ਜਨ ਭਗਤਾਂ ਹਿਰਦਾ ਆਪੇ ਸੋਧਾ, ਬਖ਼ਸ਼ੇ ਚਰਨ ਪਿਆਰੀ । ਹਰਿਜਨ ਬਣਾਏ ਜੋਧਨ ਜੋਧਾ, ਹਰਿ ਹੱਥ ਖੰਡਾ ਸ਼ਬਦ ਦੋ ਧਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਖੁਮਾਰੀ । ਨਾਮ ਖੁਮਾਰੀ ਸਾਚੀ ਵਸਤ, ਗੁਰ ਪੂਰੇ ਹੱਥ ਰਖਾਈਆ । ਦੇਵਣਹਾਰਾ ਦਸਤ ਬਦਸਤ, ਲਹਿਣਾ ਦੇਣਾ ਮੂਲ ਚੁਕਾਈਆ । ਅੱਠੇ ਪਹਿਰ ਰੱਖੇ ਮਸਤ, ਲੋਚਨ ਨੈਣਾਂ ਦਰਸ ਦਿਖਾਈਆ । ਨਾ ਕੋਈ ਜਾਣੇ ਕੀਟ ਹਸਤ, ਹਸਤ ਕੀਟ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਵਸਿਆ ਸਾਚੇ ਘਰ, ਘਰ ਸਾਚਾ ਆਪ ਸੁਹਾਈਆ ।



੨੧੩ ੦੬

### ✻ ਪਹਿਲੀ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਹਰਿ ਖੰਡਾ ਨਾਮ ਅਪਾਰ, ਪ੍ਰਭ ਸਾਚੇ ਹੱਥ ਉਠਾਇਆ । ਬ੍ਰਹਿਮੰਡਾਂ ਪਾਵੇ ਸਾਰ, ਦਿਸ ਕਿਸੇ ਨਾ ਆਇਆ । ਜੇਰਜ ਅੰਡਾਂ ਰਿਹਾ ਵਿਚਾਰ, ਉਤਭੁਜ ਸੇਤਜ ਵੇਖ ਵਖਾਇਆ । ਲੱਖ ਚੁਰਾਸੀ ਮਾਰੇ ਮਾਰ, ਮਾਰਨਹਾਰਾ ਆਪ ਅਖਵਾਇਆ । ਪਾਰਬ੍ਰਹਮ ਬ੍ਰਹਮ ਖੇਲ ਅਪਾਰ, ਜੁਗ ਜੁਗ ਆਪਣਾ ਕਰਦਾ ਆਇਆ । ਸਤਿਜੁਗ ਤ੍ਰੇਤਾ ਉਤਰੇ ਪਾਰ, ਦੁਆਪਰ ਲਹਿਣਾ ਦੇਣ ਚੁਕਾਇਆ । ਕਲਜੁਗ ਅੰਤਮ ਕਾਲੀ ਧਾਰ, ਕਾਲਾ ਸੂਸਾ ਤਨ ਪਹਿਨਾਇਆ । ਖੇਲੇ ਖੇਲ ਖੇਲਣਹਾਰ, ਨਰ ਨਿਰੰਕਾਰਾ ਖੇਲ ਰਚਾਇਆ । ਪਰਗਟ ਹੋਏ ਵਿਚ ਸੰਸਾਰ, ਲੋਕਮਾਤੀ ਫੇਰਾ ਪਾਇਆ । ਜੀਆਂ ਜੰਤਾਂ ਪਾਵੇ ਸਾਰ, ਸਾਧਾਂ ਸੰਤਾਂ ਰਿਹਾ ਹਿਲਾਇਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਉਠਾਇਆ । ਨੌ ਖੰਡ ਪ੍ਰਿਥਮੀ ਵਹੇ ਏਕਾ ਧਾਰ, ਸੱਤਾਂ ਦੀਪਾਂ ਵੰਡ ਵੰਡਾਇਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਸ਼ਿਵ ਰਿਹਾ ਹਿਲਾਇਆ । ਕਰੋੜ ਤੇਤੀਸਾ ਹਾਹਾਕਾਰ, ਸੁਰਪਤ ਰਾਜਾ ਇੰਦ ਰਿਹਾ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਖੰਡਾ ਨਾਉਂ ਉਠਾਇਆ ।

ਨਾਮ ਖੰਡਾ ਹਰਿ ਨਿਰੰਕਾਰ, ਏਕਾ ਏਕ ਉਠਾਇੰਦਾ । ਆਪੇ ਰੱਖੇ ਤਿੱਖੀ ਧਾਰ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਪੁਰਖ ਅਗੰਮਾ ਅਗੰਮੜੀ ਕਾਰ, ਆਦਿ ਅੰਤ ਨਾ ਕੋਈ ਪਾਇੰਦਾ । ਕਲਜੁਗ ਕਾਲਾ ਕਰਮ ਵਿਚਾਰ, ਜੂਠ ਝੂਠ ਤਨ ਵਸਾਇੰਦਾ । ਮਾਇਆ ਮਮਤਾ ਲੋਭ ਹੰਕਾਰ, ਕਾਇਆ ਭੁੱਖ ਇਕ ਅਪਾਰ, ਮਨਮਤੀ ਜੀਵ ਫਿਰਾਇੰਦਾ । ਪੁਰਖ ਅਬਿਨਾਸ਼ੀ ਖੇਲ ਅਪਾਰ, ਜੋਤ ਸਰੂਪੀ ਕਰ ਆਕਾਰ, ਅੰਦਰ ਮੰਦਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰਨ ਗੋਤੀ ਭੇਵ ਮਿਟਾਇੰਦਾ । ਸ਼ਬਦ ਖੰਡਾ ਹਰਿ ਬਲਵਾਨਾ, ਏਕਾ ਏਕ ਰਖਾਇਆ ਏ । ਆਪ ਉਠਾਏ ਗੁਣ ਨਿਧਾਨਾ, ਗੁਣਵੰਤਾ ਕਰਮ ਕਮਾਇਆ ਏ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਵਰਭੰਡੀ ਬਣਤ ਬਣਾਇਆ ਏ । ਧਰਮ ਝੁਲਾਏ ਇਕ ਨਿਸ਼ਾਨਾ, ਭੇਖ ਪਖੰਡਾ ਦਏ ਮਿਟਾਇਆ ਏ । ਆਪੇ ਬੰਨ੍ਹੇ ਹੱਥੀਂ ਗਾਨਾ, ਆਤਮ ਰੰਡੀ ਜੀਵ ਮੁਕਾਇਆ ਏ । ਆਤਮਕ ਧੁਨ ਸੁਣਾਏ ਇਕ ਤਰਾਨਾ, ਅਨਹਦ ਨਾਮ ਰਖਾਇਆ ਏ । ਪੰਚਮ ਮੇਲ ਸ੍ਰੀ ਭਗਵਾਨਾ, ਘਰ ਸਾਚਾ ਇਕ ਸੁਹਾਇਆ ਏ । ਆਪੇ ਹੋਏ ਜਾਣੀ ਜਾਣਾ, ਜਾਨਣਹਾਰ ਸਰਬ ਘਟ ਰਾਇਆ ਏ । ਪਾਰਬ੍ਰਹਮ ਬ੍ਰਹਮ ਇਕ ਅਸਥਾਨਾ, ਉਚ ਮਹੱਲ ਅਟੱਲ ਰਖਾਇਆ ਏ । ਜਗੇ ਜੋਤ ਨੂਰ ਨੁਰਾਨਾ, ਦੀਵਾ ਬੱਤੀ ਨਾ ਕੋਈ ਰਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਹਰਿ ਬਲਕਾਰੀ, ਕਲਜੁਗ ਤੇਰੀ ਅੰਤਮ ਵਾਰੀ, ਆਪਣੇ ਹੱਥ ਰਖਾਇਆ ਏ । ਨਾਮ ਖੰਡਾ ਹਰਿ ਕਰਤਾਰ, ਏਕਾ ਏਕ ਰਖਾਇੰਦਾ । ਜੁਗ ਜੁਗ ਪਾਉਂਦਾ ਆਇਆ ਵੰਡਾਂ, ਕਲਜੁਗ ਆਪਣੀ ਵੰਡ ਵੰਡਾਇੰਦਾ । ਚਾਰੋਂ ਕੁੰਟ ਭੇਖ ਪਖੰਡਾ, ਲੱਖ ਚੁਰਾਸੀ ਆਤਮ ਰੰਡਾ, ਸਾਧ ਸੰਤ ਸੁੱਤੇ ਦੇ ਕਰ ਕੰਡਾ, ਹਰਿ ਸਾਚਾ ਨਾਉਂ ਨਾ ਕੋਈ ਜਣਾਇੰਦਾ । ਵਕਤ ਅਖ਼ੀਰੀ ਅੰਤਮ ਕੰਢਾ, ਹਰਿਜਨ ਵਖਾਏ ਏਕਾ ਡੰਡਾ, ਸਾਚੇ ਪੌੜੇ ਨਾਮ ਚੜ੍ਹਾਇੰਦਾ । ਪੰਚ ਵਿਕਾਰਾ ਖੰਡ ਖੰਡਾ, ਪ੍ਰਭ ਅਬਿਨਾਸ਼ੀ ਦੇਵੇ ਦੰਡਾ, ਵੰਡਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਫੜ ਹੱਥ ਚੰਡ ਪਰਚੰਡਾ, ਚਾਰੋਂ ਕੁੰਟ ਆਪ ਵਖਾਇੰਦਾ । ਚਾਰੋਂ ਕੁੰਟ ਹਰਿ ਨਿਰੰਕਾਰਾ, ਏਕਾ ਧਾਰ ਵਹਾਈਆ । ਕਲਜੁਗ ਤੇਰੀ ਅੰਤਮ ਵਾਰਾ, ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਖੇਲੇ ਖੇਲ ਅਪਰ ਅਪਾਰਾ, ਮਾਇਆ ਰੈਣ ਅੰਧੇਰੀ ਛਾਈਆ । ਨਾ ਕੋਈ ਦੀਸੇ ਧੁੰਦੂਕਾਰਾ, ਗੁਰ ਪੀਰ ਸਾਧ ਸੰਤ ਬੈਠੇ ਮੁਖ ਛੁਪਾਈਆ । ਪਰਗਟ ਹੋਏ ਹਰਿ ਨਿਰੰਕਾਰਾ, ਜੋਤੀ ਨੂਰ ਸਵਾਈਆ । ਏਕਾ ਸ਼ਬਦ ਜੈ ਜੈ ਕਾਰਾ, ਚਾਰੋਂ ਕੁੰਟ ਰਿਹਾ ਸੁਣਾਈਆ । ਸ਼ਬਦ ਸਰੂਪੀ ਕਰ ਪਸਾਰਾ, ਹਰਿ ਸ਼ਬਦੀ ਮੇਲ ਮਿਲਾਈਆ । ਇਕ ਵਸਾਇਆ ਸੱਚਾ ਘਰ ਬਾਹਰਾ, ਘਰ ਬਾਹਰਾ ਆਪ ਵਸਾਈਆ । ਖੇਲੇ ਖੇਲ ਏਕੰਕਾਰਾ, ਓਅੰਕਾਰਾ ਰੂਪ ਸਹਾਈਆ । ਸਤਿ ਨਾਮ ਤੇਰੀ ਸਾਚੀ ਧਾਰਾ, ਸਤਿ ਪੁਰਖ ਨਿਰੰਜਣ ਵਿਚ ਸਮਾਈਆ । ਆਪੇ ਜਾਣੇ ਜਾਨਣਹਾਰਾ, ਜੀਵ ਜੰਤ ਸਾਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਖੰਡਾ ਵੇਖ ਵਖਾਈਆ । ਨਾਮ ਖੰਡਾ ਹਰਿ ਬਲਵਾਨਾ, ਏਕਾ ਏਕ ਰਖੰਨਿਆ । ਮੇਟ ਮਿਟਾਏ ਪੰਜ ਸ਼ੈਤਾਨਾ, ਭਾਂਡਾ ਭਰਮ ਗੜ੍ਹ ਹੰਕਾਰੀ ਦੇਵੇ ਭੰਨਿਆ । ਲੱਖ ਚੁਰਾਸੀ ਤੁਟੇ ਮਾਣਾ, ਅੰਤ ਵਸੇਰਾ ਨਾ ਕੋਈ ਦੀਸੇ ਛੱਪਰ ਛੰਨਿਆ । ਪੁਰਖ ਅਬਿਨਾਸ਼ੀ ਵਰਤੇ ਭਾਣਾ, ਜਨ ਭਗਤਾਂ ਬੇੜਾ ਰਿਹਾ ਬੰਨ੍ਹਿਆ । ਰਾਗ ਅਨਾਦੀ ਇਕ ਸੁਣਾਏ ਸਚ ਤਰਾਨਾ, ਪੂਤ ਸਪੂਤਾ ਸਾਚਾ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਖੰਡਾ ਦੇਵੇ ਵਰ, ਲੱਖ ਚੁਰਾਸੀ ਦੇਵੇ ਡੰਨਿਆ । ਨਾਮ ਖੰਡਾ ਤਨ ਗਾਤਰਾ, ਹਰਿ ਸਾਚਾ ਆਪ ਰਖਾਇੰਦਾ । ਭੇਵ



੨੧੪
੦੬

ਨਾ ਪਾਇਣ ਵੇਦ ਸਾਸ਼ਤਰਾ, ਖਾਣੀ ਬਾਣੀ ਨਾ ਲੇਖ ਲਿਖਾਇੰਦਾ । ਨਾ ਕੋਈ ਲਗ ਕੰਨਾ ਨਾ ਦੀਸੇ ਮਾਤਰਾ, ਅੱਖਰ ਵੱਖਰ ਨਾ ਕੋਈ ਬਣਾਇੰਦਾ । ਆਪੇ ਜਾਣੇ ਹਰਿ ਹਰਿ ਕਮਲਾਪਾਤਰਾ, ਗੁਰਮੁਖ ਸਾਚੇ ਤਨ ਸਜਾਇੰਦਾ । ਹੋਏ ਸਹਾਏ ਦਿਵਸ ਰਾਤਰਾ, ਅੱਠੇ ਪਹਿਰ ਸੇਵ ਕਮਾਇੰਦਾ । ਨਾ ਕੋਈ ਪੁੱਛੇ ਜ਼ਾਤ ਪਾਤਰਾ, ਊਚ ਨੀਚ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਾਮ ਖੰਡਾ ਇਕ ਰਖਾਇੰਦਾ । ਹਰਿ ਖੰਡਾ ਨਾਮ ਨਿਰੰਕਾਰਿਆ, ਨਿਰਗੁਣ ਰੂਪ ਸਮਾਏ । ਗੁਰਮੁਖ ਸਾਚੇ ਤਨ ਸ਼ਿੰਗਾਰਿਆ, ਸਰਗੁਣ ਸਾਚੀ ਬਣਤ ਬਣਾਏ । ਆਪੇ ਵਸੇ ਸਭ ਤੋਂ ਬਾਹਰਿਆ, ਸਭ ਘਟ ਮੇਂ ਰਿਹਾ ਜੋਤ ਜਗਾਏ । ਜੁਗ ਜੁਗ ਖੇਲੇ ਖੇਲ ਅਪਾਰਿਆ, ਲੋਕਮਾਤੀ ਆਵੇ ਜਾਏ । ਗੁਰ ਪੀਰ ਸਾਧ ਸੰਤ ਆਪ ਅਖਵਾ ਰਿਹਾ, ਖਾਣੀ ਬਾਣੀ ਪਾਵੇ ਸਾਰਿਆ, ਵੇਦ ਪੁਰਾਨੀ ਲੇਖ ਲਿਖਾਏ । ਸੇਵਕ ਸੇਵਾ ਸਾਚੀ ਲਾ ਰਿਹਾ, ਅੰਜੀਲ ਕੁਰਾਨੀ ਆਪ ਹਿਲਾਏ । ਮੇਟਣਹਾਰਾ ਆਪ ਅਖਵਾ ਰਿਹਾ, ਲੱਖ ਚੁਰਾਸੀ ਬਣਤ ਬਣਾਏ । ਬ੍ਰਹਮਾ ਵਿਸ਼ਨ ਸ਼ਿਵ ਸਾਚਾ ਸੰਗ ਰਖਾ ਲਿਆ, ਮਹਿੰਮਾ ਅਗਣਤ ਗਣੀ ਨਾ ਜਾਏ । ਦਰ ਦਰਵੇਸ਼ ਆਪ ਬਹਾ ਰਿਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਧਾਰੀ ਕੇਸਾ ਆਪੇ ਮੂੰਡ ਮੁੰਡਾ ਰਿਹਾ । ਹਰਿ ਰੰਗ ਨਾ ਧਾਰੀ ਕੇਸ ਹੈ, ਨਾ ਕੋਈ ਮੂੰਡ ਮੁੰਡਾਏ । ਹਰਿ ਜੋਤੀ ਦਸ ਦਸਮੇਸ ਹੈ, ਪੁਰਖ ਨਾਰੀ ਨਾ ਕੋਈ ਅਖਵਾਏ । ਜੁਗ ਜੁਗ ਧਾਰੇ ਆਪਣਾ ਭੇਸ ਹੈ, ਵੇਸ ਅਵੇਸਾ ਆਪ ਅਖਵਾਏ । ਆਪੇ ਦਾਤਾ ਨਰ ਨਰੇਸ਼ ਹੈ, ਨਿਰਗੁਣ ਸਮਾਏ । ਸੇਵਕ ਸੇਵਾ ਬ੍ਰਹਮਾ ਬ੍ਰਹਮ ਵਿਸ਼ਨ ਮਹੇਸ਼ ਗਣੇਸ਼ ਹੈ, ਦਰ ਬੈਠੇ ਸੀਸ ਝੁਕਾਏ । ਕਰੋੜ ਤੇਤੀਸਾ ਰਿਹਾ ਵੇਖ ਹੈ, ਦਰ ਦਵਾਰ ਰਿਹਾ ਬਿਲਲਾਏ । ਰਾਏ ਧਰਮ ਕਰੇ ਆਦੇਸ ਹੈ, ਦੂਰ ਦੁਰਾਡਾ ਪੰਧ ਮੁਕਾਏ । ਚਿਤਰ ਗੁਪਤ ਅਲੜ੍ਹ ਵਰੇਸ ਹੈ, ਆਪਣੀ ਭੁੱਲ ਰਿਹਾ ਬਖ਼ਸ਼ਾਏ । ਲਾੜੀ ਮੌਤ ਖੁੱਲੜੇ ਕੇਸ ਹੈ, ਨੇਤਰ ਨੀਰ ਵਹਾਏ । ਪਰਗਟ ਹੋਏ ਗੁਰ ਦਸਮੇਸ਼ ਹੈ, ਨਾਮ ਖੰਡਾ ਇਕ ਉਠਾਏ । ਅਸ਼ਟਭੁਜ ਨਾ ਚਲੇ ਪੇਸ਼ ਹੈ, ਸੁੰਭ ਨਸੁੰਭ ਸ੍ਰਿਸ਼ਟ ਸਬਾਏ । ਆਦਿ ਸ਼ਕਤ ਏਕਾ ਵੇਸ ਹੈ, ਜੁਗ ਜੁਗ ਆਪੇ ਕਰਦੀ ਆਏ । ਗੁਰਮੁਖ ਸਾਚੇ ਵਿਚ ਪਰਵੇਸ਼ ਹੈ, ਕਲਜੁਗ ਤੇਰੀ ਧਾਰ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੰਡਾ ਨਿਰਵੈਰ, ਕਲਜੁਗ ਅੰਤਮ ਮੇਟੇ ਕਹਿਰ, ਆਪ ਆਪਣਾ ਰਿਹਾ ਚਮਕਾਏ । ਨਿਰਗੁਣ ਖੰਡਾ ਨਿਰਾਹਾਰ, ਆਪਣਾ ਆਪ ਰਖਾਇੰਦਾ । ਕਰੇ ਕਰਾਏ ਆਪਣਾ ਵਾਰ, ਲੱਖ ਚੁਰਾਸੀ ਦਿਸ ਨਾ ਆਇੰਦਾ । ਕਲਜੁਗ ਅੰਤਮ ਮਾਰੇ ਮਾਰ, ਸਤਿਜੁਗ ਸਾਚੀ ਬਣਤ ਬਣਾਇੰਦਾ । ਸਾਧ ਸੰਤ ਗੁਰਮੁਖ ਸਾਚੇ ਲਏ ਉਭਾਰ, ਜਿਸ ਜਨ ਆਪਣੀ ਦਇਆ ਕਮਾਇੰਦਾ । ਨਾ ਕੋਈ ਪੁਰਖ ਨਾ ਕੋਈ ਨਾਰ, ਬਿਰਧ ਬਾਲ ਜਵਾਨ ਹਰਿ ਏਕਾ ਰੰਗ ਸਮਾਇੰਦਾ । ਆਪੇ ਗੋਪੀ ਆਪੇ ਕਾਹਨ, ਆਪੇ ਹੋਏ ਜਾਣੀ ਜਾਣ, ਮੰਡਲ ਰਾਸੀ ਆਪ ਪਵਾਇੰਦਾ । ਆਪੇ ਮਾਰੇ ਸ਼ਬਦ ਤੀਰ ਨਿਰਾਲਾ ਬਾਣ, ਜਮ ਕੀ ਫਾਸੀ ਆਪ ਮਿਟਾਇੰਦਾ । ਗੁਰਮੁਖ ਸਾਚੇ ਕਰੇ ਪਛਾਣ, ਦਾਸਨ ਦਾਸੀ ਆਪ ਅਖਵਾਇੰਦਾ । ਦਰ ਦਵਾਰੇ ਦੇਵੇ ਮਾਣ, ਪੰਡਤ ਕਾਂਸ਼ੀ ਮੁਖ ਭਵਾਇੰਦਾ । ਅਛਲ ਅਛੇਦਾ ਹਰਿ ਭਗਵਾਨ, ਚਾਰ ਵੇਦਾ ਭੇਵ ਨਾ ਆਇੰਦਾ । ਜਗਤ ਕਿਤੇਬਾ ਹੋਏ ਹੈਰਾਨ, ਪੁਰਾਨ ਅਠਾਰਾਂ ਹਿਸਾਬ ਮੁਕਾਇੰਦਾ । ਖਾਣੀ ਬਾਣੀ ਸਾਰੇ ਗਾਣ, ਗਾਵਤ ਗਾ ਨਾ ਕੋਇ ਸੁਣਾਇੰਦਾ । ਅੰਜ਼ੀਲ ਕੁਰਾਨਾਂ ਆਈ ਹਾਨ, ਈਸਾ ਮੂਸਾ ਮੁਖ ਛੁਪਾਇੰਦਾ । ਪਰਗਟ ਹੋਏ ਹਰਿ ਬਲਵਾਨ, ਸੱਤ ਰੰਗ ਉਠਾਏ ਇਕ ਨਿਸ਼ਾਨ, ਨੌ ਖੰਡਾਂ ਆਪ ਵਖਾਇੰਦਾ ।

੨੧੫
੦੬

ਸ਼ਾਹ ਸੁਲਤਾਨ ਬਲੀ ਬਲਵਾਨ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਰਵ ਸਸ ਮੰਗੇ ਚਰਨ ਧਿਆਨ, ਪਰਕਾਸ਼ ਪਰਕਾਸ਼ ਪਰਕਾਸ਼ ਨਾ ਕੋਈ ਰਖਾਇੰਦਾ । ਧਰਤ ਧਵਲ ਵੇਖ ਜ਼ਿਮੀਂ ਅਸਮਾਨ, ਮੰਡਲ ਮੰਡਪ ਆਪ ਹਿਲਾਇੰਦਾ । ਬ੍ਰਹਮਾ ਤੋੜੇ ਆਤਮ ਮਾਣ, ਬ੍ਰਹਮ ਵਿਦਿਆ ਖੋਜ ਖੁਜਾਇੰਦਾ । ਸ਼ਿਵ ਸ਼ੰਕਰ ਹੋਏ ਜਾਣੀ ਜਾਣ, ਬਾਸ਼ਕ ਤਸ਼ਕਾ ਗਲ ਸੁਹਾਇੰਦਾ । ਕਰੋੜ ਤੇਤੀਸਾ ਚੁੱਕੇ ਕਾਨ, ਹਰਿ ਏਕਾ ਬਾਣ ਲਗਾਇੰਦਾ । ਲੱਖ ਚੁਰਾਸੀ ਕਰ ਪਛਾਨ, ਜੋਤੀ ਜਾਮਾ ਭੇਖ ਵਟਾਇੰਦਾ । ਕਲਜੁਗ ਤੇਰੀ ਕਰ ਕਲਿਆਣ, ਸੰਗ ਮੁਹੰਮਦ ਚਾਰ ਯਾਰਾਂ ਆਪ ਨਿਭਾਇੰਦਾ । ਪਰਗਟ ਹੋਏ ਸ਼ਬਦ ਗੁਰ ਹਰਿ ਬਲਵਾਨ, ਰਸਨਾ ਚਿਲ੍ਹਾ ਨਾਮ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਖੰਡਾ ਇਕ ਇਕੱਲਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਨਾਮ ਖੰਡਾ ਇਕ ਇਕੱਲਾ, ਗੁਰ ਗੋਬਿੰਦੇ ਹੱਥ ਉਠਾਇਆ ਏ । ਨੌ ਖੰਡ ਪ੍ਰਿਥਮੀ ਵੇਖੇ ਇਕ ਮਹੱਲਾ, ਸੱਤਾਂ ਦੀਪਾਂ ਖੋਜ ਖੁਜਾਇਆ ਏ । ਮਿਲੇ ਮੇਲ ਗੋਬਿੰਦ ਡੱਲਾ, ਸੰਮਤ ਚੌਦਾਂ ਇੱਕੀ ਜੇਠ ਲੇਖ ਲਿਖਾਇਆ ਏ । ਨਾਲ ਰਲਾਇਆ ਘੋੜਾ ਨੀਲਾ, ਨੀਲੇ ਵਾਲਾ ਆਪ ਹੋ ਆਇਆ ਏ । ਬਸਤਰ ਪਾਏ ਤਨ ਸਾਚਾ ਪੀਲਾ, ਪੀਲੀ ਧਾਰ ਕਰਾਇਆ ਏ । ਪਾਰ ਬਿਆਸੋਂ ਕਰ ਕਰ ਹੀਲਾ, ਆਪਣਾ ਚਰਨ ਟਿਕਾਇਆ ਏ । ਭਾਗ ਲਗਾਏ ਉਚਾ ਟਿੱਲਾ, ਆਪਣਾ ਬਚਨ ਨਿਭਾਇਆ ਏ । ਗੋਬਿੰਦ ਧਾਰਾ ਹਰਿ ਸ਼ਬਦ ਸਰੂਪੀ ਛੈਲ ਛਬੀਲਾ, ਬਸਤਰ ਸ਼ਸਤਰ ਇਕ ਰਖਾਇਆ ਏ । ਲੱਖ ਚੁਰਾਸੀ ਆਤਮ ਅੰਤਰ ਲਾਏ ਤੀਲਾ, ਅਗਨੀ ਜੋਤੀ ਇਕ ਲਗਾਇਆ ਏ । ਗੁਰਮੁਖ ਸਾਚੇ ਨਾਮ ਨਿਧਾਨ ਪ੍ਰਭ ਦਰ ਪੀ ਲਾ, ਹਰਿ ਅੰਮ੍ਰਿਤ ਆਤਮ ਰਿਹਾ ਪਿਆਇਆ ਏ । ਪ੍ਰਭ ਮਿਲਣ ਦਾ ਸਾਚਾ ਹੀਲਾ, ਹਰਿ ਗੋਬਿੰਦ ਰੂਪ ਸਮਾਇਆ ਏ । ਹਰਿ ਖੰਡਾ ਬ੍ਰਹਿਮੰਡਾਂ ਬ੍ਰਹਮ ਰੂਪ ਸਮਾਇੰਦਾ । ਖਾਣੀ ਚਾਰੇ ਪਾਏ ਵੰਡ, ਆਪਣੀ ਵੰਡ ਵੰਡਾਇੰਦਾ । ਮਾਇਆ ਨਾਰ ਦੁਹਾਗਣ ਰੰਡ, ਅੰਤਮ ਕੰਡ ਵਢਾਇੰਦਾ । ਲੱਖ ਚੁਰਾਸੀ ਦੇਵੇ ਦੰਡ, ਭੇਖ ਪਖੰਡ ਮਿਟਾਇੰਦਾ । ਸੰਮਤ ਸੰਮਤੀ ਕਰੇ ਵੰਡ, ਕਲਜੁਗ ਲਹਿਣਾ ਦੇਣਾ ਮੂਲ ਚੁਕਾਇੰਦਾ । ਸਤਿਜੁਗ ਸਾਚੇ ਪਾਏ ਠੰਡ, ਲੋਕਮਾਤੀ ਜਨਮ ਦਵਾਇੰਦਾ । ਸੰਮਤ ਚੌਦਾਂ ਦੇਵੇ ਗੰਢ, ਗੁਰਮੁਖਾਂ ਸਾਚਾ ਹਿੱਸਾ ਮਾਤ ਵੰਡਾਇੰਦਾ । ਪੰਚ ਵਿਕਾਰਾ ਖੰਡ ਖੰਡ, ਨਾਮ ਖੰਡਾ ਏਕਾ ਵਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਚ ਘਰ, ਸਾਚਾ ਖੰਡਾ ਤਨ ਸਜਾਇੰਦਾ । ਗੋਬਿੰਦ ਕਾਇਆ ਸਚ ਤਖ਼ਤ, ਹਰਿ ਸਾਚਾ ਆਪ ਬਿਰਾਜਿਆ । ਹਰਿ ਸਾਚਾ ਆਪੇ ਲਿਖਣਹਾਰਾ ਲਿਖਤ, ਆਪ ਸਵਾਰੇ ਆਪਣਾ ਕਾਜਿਆ । ਆਪੇ ਜਾਣੇ ਵਾਕ ਭਵਿਖਤ, ਪਰਗਟ ਹੋਏ ਦੇਸ ਮਾਝਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਖੰਡਾ ਆਪਣਾ ਸਾਜਿਆ । ਹਰਿ ਖੰਡਾ ਸ਼ਬਦ ਕਟਾਰ, ਭੇਵ ਭੇਦ ਨਾ ਰਾਇਆ । ਦੋ ਜਹਾਨੀ ਪਾਵੇ ਸਾਰ, ਵੇਦ ਕਿਤੇਬ ਨਾ ਲੇਖ ਲਿਖਾਇਆ । ਗੁਰਮੁਖਾਂ ਦੇਵੇ ਕਰ ਪਿਆਰ, ਦੇਵੀ ਦੇਵ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ ।

ਤੁਰੀਆ ਮਹੱਲ ਹਰਿ ਅਪਾਰ, ਕਵਣ ਧਾਮ ਸੁਹਾਇੰਦਾ । ਕਵਣ ਸਰੂਪ ਰੱਖ ਚਾਰ ਦਿਵਾਰ, ਛੱਪਰ ਛੰਨ ਕਵਣ ਰਖਾਇੰਦਾ । ਕਵਣ ਤਖ਼ਤ ਤਾਜ ਸੱਚੀ ਸਰਕਾਰ, ਕਵਣ ਰਾਜ ਕਮਾਇੰਦਾ । ਕਵਣ ਮਾਰੇ ਸ਼ਬਦ ਆਵਾਜ਼, ਕਵਣ ਦਰ ਦਰਬਾਨ ਸੁਹਾਇੰਦਾ । ਕਵਣ ਰਚਿਆ ਹਰਿ

ਹਰਿ ਕਾਜ, ਕਵਣ ਖੇਲ ਖਿਲਾਇੰਦਾ । ਕਵਣ ਘੋੜਾ ਦਿਸੇ ਤਾਜ, ਕਵਣ ਚਰਨ ਉਠਾਇੰਦਾ । ਕਵਣ ਸਾਜਣ ਰਿਹਾ ਸਾਜ, ਕਵਣ ਮੀਤ ਮੁਰਾਰ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਇਕ ਵਖਾਏ ਸਚ ਘਰ, ਤੁਰੀਆ ਤੇਰਾ ਰੂਪ ਸਮਾਇੰਦਾ । ਤੁਰੀਆ ਰੰਗ ਸ਼ਬਦ ਅਟਾਰੀ, ਨਾਮ ਸਚ ਮੁਨਾਰਾ । ਆਪੇ ਜਾਣੇ ਕਿਰਪਾ ਧਾਰੀ, ਗੁਰਮੁਖ ਵਿਰਲੇ ਦੇਵੇ ਚਰਨ ਪਿਆਰਾ । ਜਿਸ ਜਨ ਵੇਖਿਆ ਨੈਣ ਮੁੰਧਾਰੀ, ਦਿਸੇ ਏਕੰਕਾਰਾ । ਕਥਨਾ ਕਥੀ ਨਾ ਰਸਨ ਉਚਾਰੀ, ਨਾ ਲਿਖੇ ਲੇਖ ਲਿਖਾਰਾ । ਜੋਤੀ ਸ਼ਬਦੀ ਏਕਾ ਧਾਰੀ, ਤਤ ਮਤ ਨਾ ਪਾਵੇ ਸਾਰਾ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਇਕ ਘਰ, ਤੁਰੀਆ ਗਾਵਣ ਹਰਿ ਹਰਿ ਪਾਵਣ ਨਾ ਫਿਰ ਛੁਪਾਵਣ, ਗੁਰ ਸੰਗਤ ਬੈਠ ਅੱਧ ਵਿਚਕਾਰਾ । ਉਠ ਸੰਤ ਆ ਦਵਾਰ । ਖੋਲ੍ਹ ਭੇਵ ਦਸਮ ਦਵਾਰ । ਤੁਰੀਆ ਪਾਉਣੀ ਫੇਰ ਸਾਰ । ਸੁਰਤ ਸਵਾਣੀ ਗਈ ਹਾਰ । ਗੁਰ ਸ਼ਬਦ ਨਾ ਮਿਲਿਆ ਸਾਚਾ ਯਾਰ । ਗੁਰ ਗੋਬਿੰਦ ਦਿਵਸ ਰੈਣ ਨਾ ਲਾਹੇ ਮਾਇਆ ਮਮਤਾ ਤਨ ਬੁਖਾਰ । ਸਾਧ ਸੰਤ ਗੁਰਸਿਖ ਨਾ ਕਰੇ ਨਿੰਦਾ, ਪਾਰਬ੍ਰਹਮ ਰੂਪ ਅਗੰਮ ਅਪਾਰ । ਗੁਰ ਗੋਬਿੰਦਾ ਉਤਾਰੇ ਮਨ ਤਨ ਚਿੰਦਾ, ਜਿਸ ਜਨ ਦੇਵੇ ਦਰਸ ਅਪਾਰ । ਆਪ ਬਣਾਏ ਆਪਣੀ ਬਿੰਦਾ, ਅੰਮ੍ਰਿਤ ਆਤਮ ਧਾਰ ਪਾਵੇ ਸਾਗਰ ਸਿੰਧਾ, ਕਾਇਆ ਸੀਤਲ ਕਰੇ ਠੰਡੀ ਠਾਰ । ਬਜਰ ਕਪਾਟੀ ਤੋੜੇ ਜਿੰਦਾ, ਭਗਤ ਜਨਾਂ ਹਰਿ ਸਦ ਬਖ਼ਸ਼ਿੰਦਾ, ਆਦਿ ਅੰਤ ਤਾਰਨਹਾਰ । ਦਾਤਾ ਜੋਧਾ ਸੂਰ ਸ਼ਬਦ ਮਰਗਿੰਦਾ, ਪੰਚਮ ਵਖਾਏ ਏਕਾ ਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਇਕ ਘਰ, ਤੁਰੀਆ ਤੂਰਤ ਨਾਦ ਕਵਣ ਅਪਾਰ ।

੨੧੭ ੨੧੭

੦੬ ੦੬

ਜੋਤ ਨਿਰੰਜਣ ਕਵਣ ਘਾਟ, ਦੀਪਕ ਰਹੀ ਜਗਾਈਆ । ਮਾਇਆ ਬਸਤਰ ਜਾਏ ਪਾਟ, ਗੁਰ ਸ਼ਬਦ ਤਨ ਪਹਿਨਾਈਆ । ਸਚ ਵਸਤ ਹੈ ਸਾਚੇ ਹਾਟ, ਹਟ ਹਟਵਾਣਾ ਆਪ ਅਖਵਾਈਆ । ਦੁਰਮਤ ਮੈਲ ਦੇਵੇ ਕਾਟ, ਆਪਣੀ ਦਇਆ ਕਮਾਈਆ । ਲੇਖਾ ਚੁੱਕੇ ਪਾਠ, ਗੁਰ ਸ਼ਬਦੀ ਹੋਏ ਜਣਾਈਆ । ਨਹਾਵਣ ਜਾਏ ਨਾ ਅੱਠ ਸਾਠ, ਤੀਰਥ ਤਾਟ ਨਾ ਕੋਈ ਵਖਾਈਆ । ਦੂਜਾ ਘਰ ਦਿਸੇ ਕਵਣ ਘਾਟ, ਗੁਰ ਪੂਰਾ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਪੁੱਛੇ ਇਕ ਘਰ, ਦੂਜਾ ਭੇਵ ਖੁਲ੍ਹਾਈਆ ।

ਸਾਵਣ ਸਾਵਲ ਸ਼ਾਹ, ਹਰਿ ਰੰਗ ਸਮਾਇਆ । ਆਪੇ ਜਾਣੇ ਬੇਪਰਵਾਹ, ਜੀਵ ਜੰਤ ਭੇਵ ਨਾ ਪਾਇਆ । ਆਪ ਨਾ ਮਿਲਿਆ ਸਾਚੇ ਥਾਂ, ਗੁਰ ਪੂਰਾ ਦੇ ਮਤ ਰਿਹਾ ਸਮਝਾਇਆ । ਨੌ ਦਵਾਰੇ ਉਡਦੇ ਕਾਂ, ਦਸਵਾਂ ਰਾਹ ਨਾ ਕਿਸੇ ਵਖਾਇਆ । ਗੁਰ ਸ਼ਬਦ ਨਾ ਮਿਲਿਆ ਪਿਤਾ ਮਾਂ, ਗੋਦੀ ਗੋਦ ਨਾ ਕਿਸੇ ਉਠਾਇਆ । ਹਰਿ ਰੰਗ ਨਾ ਮਾਣੀ ਠੰਢੀ ਛਾਂ, ਅਗਨੀ ਅੱਗ ਜਲਾਇਆ । ਵੇਲੇ ਅੰਤ ਨਾ ਪਕੜੇ ਕੋਈ ਬਾਂਹ, ਰਾਏ ਧਰਮ ਦਏ ਸਜ਼ਾਇਆ । ਗੁਰ ਪੂਰਾ ਗੁਰਮੁਖਾਂ ਵੇਖੇ ਥਾਂ ਥਾਂ, ਲੜ ਆਪਣਾ ਆਪ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਸਮਾਇਆ । ਆਦਿ ਅੰਤ ਏਕੰਕਾਰਾ, ਅਕਲ ਕਲਾ ਭਰਪੂਰਿਆ । ਜੁਗ ਜੁਗ ਮਾਤਲੋਕ ਲਏ ਅਵਤਾਰਾ, ਗੁਰਮੁਖਾਂ

ਹਾਜ਼ਰ ਹਜ਼ੂਰਿਆ । ਲੋਕਮਾਤ ਬੰਨ੍ਹੇ ਸਾਚੀ ਧਾਰਾ, ਮੇਟ ਮਿਟਾਏ ਕੂੜਾ ਕੂੜਿਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਹਰਿਜਨ ਸਾਚੀ ਦੇਵੇ ਚਰਨ ਧੂੜਿਆ । ਵਿਸ਼ਨੂੰ ਭਗਵਾਨ ਹਰਿ ਭਗਵੰਤਾ, ਨਾਨਕ ਰਸਨਾ ਗਾਈਆ । ਪਾਰਬ੍ਰਹਮ ਪ੍ਰਭ ਬੇਅੰਤ ਬੇਅੰਤਾ, ਬੇਅੰਤ ਆਪ ਅਖਵਾਈਆ । ਸਾਰ ਧਾਰ ਜੁਗ ਸਾਧਨ ਸੰਤਾ, ਆਪਣੀ ਆਪ ਬੰਧਾਈਆ । ਦੇਵੇ ਸ਼ਬਦ ਸਚ ਸੁਗੰਧਤਾ, ਗੁਰ ਪੂਰਾ ਰਸਨਾ ਗਾਈਆ । ਜਨ ਭਗਤ ਬਣਾਏ ਸਾਚੀ ਬਣਤਾ, ਜੋ ਜਨ ਆਏ ਸਰਨਾਈਆ । ਮਨਮੁਖਾਂ ਪਾਏ ਮਾਇਆ ਬੇਅੰਤਾ, ਦਰ ਦਰ ਫਿਰੇ ਹਲਕਾਈਆ । ਹਰਿਜਨ ਮੇਲਾ ਸਾਚੇ ਕੰਤਾ, ਸਾਚੀ ਸੇਜਾ ਇਕ ਹੰਢਾਈਆ । ਨਾਮ ਖੁਮਾਰੀ ਰੰਗ ਬਸੰਤਾ, ਦਿਵਸ ਰੈਣ ਚੜ੍ਹਾਈਆ । ਆਪੇ ਹੋਏ ਪਤ ਪਤਵੰਤਾ, ਪਤਿਪਰਮੇਸ਼ਵਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾਈਆ । ਅੰਤਮ ਭੇਖਾ ਭੇਖਾ ਧਾਰ, ਨਰ ਨਰਾਇਣ ਅਵਤਾਰਾ । ਲੇਖਾ ਲਿਖੇ ਹਰਿ ਸੰਸਾਰ, ਖੇਲੇ ਖੇਲ ਅਪਾਰਾ । ਜੋਤੀ ਜਾਮਾ ਭੇਖ ਅਪਾਰ, ਰੂਪ ਅਨੂਪ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕੰਕਾਰਾ । ਓਅੰਕਾਰ ਜੋਤੀ ਜ਼ਾਤੀ, ਜਗਤ ਜੁਗਤ ਬਣਾਈਆ । ਜਨ ਭਗਤਾਂ ਮੇਲਾ ਕਮਲਾਪਾਤੀ, ਮਨਮੁਖਾਂ ਮੁਖ ਭਵਾਈਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤੀ, ਸੀਤਲ ਧਾਰਾ ਆਪ ਵਹਾਈਆ । ਅੰਦਰ ਮੰਦਰ ਖੋਲ੍ਹੇ ਤਾਕੀ, ਬਜਰ ਕਪਾਟੀ ਕੁੰਡਾ ਲਾਹੀਆ । ਜੁਗ ਜੁਗ ਦੇਵਣਹਾਰਾ ਬਾਕੀ, ਨਾ ਕੋਈ ਜਾਣੇ ਬੰਦਾ ਖ਼ਾਕੀ, ਲਹਿਣਾ ਦੇਣਾ ਮੂਲ ਚੁਕਾਈਆ । ਆਪੇ ਹੋਏ ਪਾਕਨ ਪਾਕੀ, ਪਾਰਬ੍ਰਹਮ ਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਏਕਾ ਦੇਵੇ ਸ਼ਬਦ ਹੁਲਾਰ, ਨੌਂ ਦਵਾਰੇ ਪਾਰ ਕਰਾਈਆ । ਨੌਂ ਦਵਾਰੇ ਪਾਰ ਕਿਨਾਰਾ, ਹਰਿ ਆਪਣਾ ਆਪ ਵਖਾਇੰਦਾ । ਸਾਚਾ ਮੇਲਾ ਕੰਤ ਭਤਾਰਾ, ਸੁਰਤ ਸੁਹਾਗਣ ਆਪ ਬਣਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਆਪਣਾ ਆਪ ਵਸਾਇੰਦਾ । ਆਤਮ ਸੇਜਾ ਹਰਿ ਗਿਰਧਾਰਾ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਸ਼ਬਦ ਸਰੂਪੀ ਕਰ ਆਕਾਰਾ, ਅਗਿਆਨ ਅੰਧੇਰ ਮਿਟਾਇੰਦਾ । ਪੰਚਮ ਧੁਨ ਅਪਰ ਅਪਾਰਾ, ਅਨਹਦ ਰਾਗੀ ਗੀਤ ਸੁਣਾਇੰਦਾ । ਆਪੇ ਬੋਲੇ ਬੋਲਣਹਾਰਾ, ਬੋਲ ਬੋਲਾ ਇਕ ਵਖਾਇੰਦਾ । ਵਰਨ ਅਵਰਨੀ ਹਰਿ ਵਰਤਾਰਾ, ਵਰਨ ਗੋਤ ਨਾ ਕੋਈ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਸਾਚਾ ਧਾਮ ਸੁਹਾਇੰਦਾ । ਗੋਬਿੰਦ ਕਾਇਆ ਧਾਮ ਅਵੱਲਾ, ਪ੍ਰਭ ਆਪਣਾ ਆਪ ਉਪਾਇਆ । ਆਪੇ ਵਸਿਆ ਇਕ ਇਕੱਲਾ, ਦੂਸਰ ਨਾ ਕੋਈ ਸੰਗ ਰਲਾਇਆ । ਵੇਖ ਵਖਾਣੇ ਜੰਗਲ ਜੂਹ ਉਜਾੜ ਪਹਾੜ ਜਲ ਥਲਾ, ਉਚੇ ਟਿੱਲੇ ਪਰਬਤ ਫੇਰਾ ਪਾਇਆ । ਗੁਰਸਿਖ ਸ਼ਬਦ ਸਵਾਸੀ ਪਵਣ ਪਵਣੀ ਰਲਾ, ਆਕਾਸ਼ ਪਰਕਾਸ਼ ਹਰਿ ਹਰਿ ਸੇਵਾ ਲਾਇਆ । ਦੀਪਕ ਜੋਤੀ ਜਿਸ ਜਨ ਬਲਾ, ਰਵ ਸਸ ਰਹੇ ਸ਼ਰਮਾਇਆ । ਗੋਬਿੰਦ ਕਾਇਆ ਹਰਿ ਹਰਿ ਰਲਾ, ਹਰਿ ਆਪਣਾ ਰੂਪ ਸਮਾਇਆ । ਦਰਸ ਦਿਖਾਏ ਘੜੀ ਘੜੀ ਪਲ ਪਲਾ, ਨੇਤਰ ਲੋਚਨ ਨੈਣ ਵੇਖ ਵਖਾਇਆ । ਸ੍ਰਿਸ਼ਟ ਸਬਾਈ ਆਪ ਭੁਲਾਏ ਕਰ ਕਰ ਵਲ ਛਲਾ, ਅਛਲ ਅਛਲਾ ਹਰਿ ਰਘੁਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦਰ ਦਰਵੇਸ਼ਾ ਫੇਰਾ ਪਾਇਆ । ਦਰ ਦਰਵੇਸ਼ਾ ਨਰ ਨਿਰੰਕਾਰਾ, ਘਰ ਘਰ ਆਤਮ ਵੱਜੀ ਵਧਾਈਆ । ਹਰਿ ਸ਼ਬਦ ਕਰਾਏ ਜੈ ਜੈਕਾਰਾ, ਚਾਰੋਂ ਕੁੰਟਾਂ ਰਿਹਾ ਸੁਣਾਈਆ । ਬ੍ਰਹਮਾ ਉਠ ਉਠ ਕਰੇ ਵਿਚਾਰਾ, ਚਾਰੇ ਵੇਦਾਂ ਵੇਖ ਵਖਾਈਆ । ਲੋਕਮਾਤ ਕਲ ਅੰਤਮ

ਵਾਰਾ, ਸ਼ਿਵ ਸ਼ੰਕਰ ਦਏ ਦੁਹਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਕੋਈ ਨਾ ਦਏ ਸਹਾਰਾ, ਪ੍ਰਭ ਸਾਚਾ ਰਿਹਾ ਹਿਲਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਧੁੰਦੂਕਾਰਾ, ਦੀਪਕ ਜੋਤ ਨਾ ਕੋਇ ਜਗਾਈਆ । ਖਾਣੀ ਬਾਣੀ ਵੇਦ ਪੁਰਾਣੀ ਅੰਜੀਲ ਕੁਰਾਨੀ ਕਰਨ ਵਿਚਾਰਾ, ਸਾਵਣ ਸਾਰ ਕੋਇ ਨਾ ਪਾਈਆ । ਮਸਜਿਦ ਮੰਦਰ ਗੁਰੂਦਵਾਰਾ ਰੋਵਣ ਧਾਹਾਂ ਮਾਰਾ, ਗੁਰ ਗੋਬਿੰਦਾ ਦਿਸ ਨਾ ਆਈਆ । ਅੱਲਾ ਹੂ ਏਕਾ ਨਾਅਰਾ, ਅੱਲਾ ਰਾਣੀ ਸੰਗ ਮੁਹੰਮਦ ਚਾਰ ਯਾਰਾਂ ਰਹੀ ਕੁਰਲਾਈਆ । ਅਹਿਨਲ ਹੱਕ ਇਕ ਦਵਾਰੇ ਸਾਚਾ ਮੇਲਾ ਕੰਤ ਭਤਾਰਾ, ਸਾਚਾ ਮੰਗਲ ਸੁੱਤਿਆ ਗਾਈਆ । ਵੇਦ ਵਿਆਸਾ ਜਗਤ ਲਿਖਾਰਾ, ਕੁਤਬ ਕਿਤੇਬਾਂ ਰਿਹਾ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਆਸਣ ਬੈਠਾ ਲਾਈਆ । ਗੋਬਿੰਦ ਕਾਇਆ ਸਚ ਟਿਕਾਣਾ, ਹਰਿ ਆਪਣਾ ਆਪ ਸੁਹਾਇੰਦਾ । ਸ਼ਬਦ ਸਰੂਪੀ ਇਕ ਬਿਬਾਣਾ, ਸੁੰਨ ਅਗੰਮੇ ਪਾਰ ਕਰਾਇੰਦਾ । ਆਪੇ ਹੋਏ ਜਾਣੀ ਜਾਣਾ, ਦਸਮ ਦਵਾਰੀ ਦਰ ਸੁਹਾਇੰਦਾ । ਰਾਗੀ ਨਾਦੀ ਇਕ ਤਰਾਨਾ, ਤਾਰ ਸਿਤਾਰਾ ਆਪ ਵਜਾਇੰਦਾ । ਆਪੇ ਜਾਣੇ ਆਪਣਾ ਭਾਣਾ, ਨਾ ਕੋਈ ਮੋੜੇ ਮੋੜ ਮੁੜਾਇੰਦਾ । ਕਲਜੁਗ ਅੰਤਮ ਆਈ ਹਾਣਾ, ਲੋਕਮਾਤੀ ਜੁੜਿਆ ਜੋੜ ਅੰਤਮ ਤੋੜ ਵਖਾਇੰਦਾ । ਭਰਮੇ ਭੁੱਲੇ ਰਾਜਾ ਰਾਣਾ, ਸਾਧ ਸੰਤ ਨਾ ਹਰਿ ਵਖਾਣਾ, ਦਰ ਦਰ ਘਰ ਘਰ ਫੇਰੀ ਪਾਇੰਦਾ । ਮਾਇਆ ਮਮਤਾ ਜੂਠਾ ਝੂਠਾ ਤਣਿਆ ਤਾਣਾ, ਭੇਖਾਧਾਰੀ ਭੇਖ ਭਖੰਡਾ ਪਹਿਰੇ ਬਾਣਾ, ਸਾਚੇ ਹਾਣੀ ਹਾਣ ਨਾ ਕੋਈ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਆਪ ਆਪਣਾ ਰੂਪ ਸਮਾਇੰਦਾ । ਗੋਬਿੰਦ ਕਾਇਆ ਸਾਚਾ ਗੜ੍ਹ, ਹਰਿ ਆਪਣਾ ਆਪ ਸੁਹਾਇੰਦਾ । ਸ਼ਬਦ ਸਰੂਪੀ ਅੰਦਰ ਵੜ, ਦੀਪਕ ਜੋਤੀ ਇਕ ਜਗਾਇੰਦਾ । ਅੱਖਰ ਅੱਖਰ ਆਪੇ ਪੜ੍ਹ, ਖਾਣੀ ਬਾਣੀ ਰਚਨ ਰਚਾਇੰਦਾ । ਲੱਖ ਚੁਰਾਸੀ ਨਾਲ ਰਿਹਾ ਲੜ, ਆਪ ਆਪਣਾ ਹੱਥ ਉਠਾਇੰਦਾ । ਲੋਕਮਾਤ ਨਾ ਕੋਈ ਸਕੇ ਫੜ, ਭੇਖਾਧਾਰੀ ਭੇਖ ਵਟਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਆਪ ਉਖੇੜੇ ਸਭ ਦੀ ਜੜ੍ਹ, ਕਲਜੁਗ ਵਹਿਣ ਵਹਾਏ ਨਾ ਕੋਈ ਪਾਰ ਕਰਾਇੰਦਾ । ਆਦਿ ਅੰਤ ਨਾ ਜਾਏ ਸੜ, ਨਾ ਕੋਈ ਨਾਤਾ ਬਹੱਤਰ ਨੜ, ਹੱਡ ਮਾਸ ਨਾੜੀ ਦਿਸ ਕੋਈ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵੇਖ ਕਾਇਆ ਘਰ, ਘਰ ਬਾਹਰਾ ਆਪ ਸੁਹਾਇੰਦਾ । ਗੋਬਿੰਦ ਕਾਇਆ ਸਚ ਘਰ, ਪਾਰਬ੍ਰਹਮ ਆਪਣਾ ਆਪ ਬਣਾਇਆ । ਨਾ ਕੋਈ ਜਾਣੇ ਨੌ ਦਵਾਰ, ਜੀਵ ਜੰਤ ਫਿਰੇ ਹਲਕਾਇਆ । ਆਪ ਆਪਣਾ ਮਹੱਲ ਉਸਾਰ, ਅੰਦਰ ਮੰਦਰ ਡੇਰਾ ਲਾਇਆ । ਜੋਤ ਸਰੂਪੀ ਪਹਿਰੇਦਾਰ, ਕੰਚਨ ਗੜ੍ਹ ਸੁਹਾਇਆ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਦਰ ਦਵਾਰਾ ਬੰਕ ਸੁਹਾਇਆ । ਦਰ ਦਵਾਰਾ ਬੰਕ ਹੈ, ਬੰਕ ਦਵਾਰੀ ਆਪ । ਆਪੇ ਰਾਓ ਰੰਕ ਹੈ, ਸ੍ਰਿਸ਼ਟ ਸਬਾਈ ਮਾਈ ਬਾਪ । ਦਰ ਆਇਆ ਮੇਟੇ ਸ਼ੰਕ ਹੈ, ਜਗਤ ਮਿਟਾਏ ਤੀਨੋ ਤਾਪ । ਜਿਸ ਜਨ ਹਰਿ ਜੋਤੀ ਮੇਲ ਏਕਾ ਕਨਕ ਹੈ, ਸੋ ਜਨ ਜਾਣੇ ਆਪਣਾ ਆਪ । ਪੁਰਖ ਅਬਿਨਾਸ਼ੀ ਜੁਗ ਜੁਗ ਖੇਲ ਬਾਰ ਅਨਕ ਹੈ, ਆਪੇ ਜਾਣੇ ਆਪਣਾ ਵਡ ਪਰਤਾਪ । ਕਲਜੁਗ ਅੰਤਮ ਪਰਗਟ ਹੋਏ ਵਾਸੀ ਪੁਰੀ ਘਨਕ ਹੈ, ਗੁਰ ਗੋਬਿੰਦਾ ਮਾਈ ਬਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਤ੍ਰੈਗੁਣ ਮਾਇਆ ਮੇਟੇ ਤਾਪ । ਤ੍ਰੈਗੁਣ ਮਾਇਆ ਜਗਤ ਖੇਲ ਹੈ, ਹਰਿ

੨੨੦
੦੬

ਸਾਚੇ ਰਚਨ ਰਚਾਈ । ਬ੍ਰਹਮਾ ਵਿਸ਼ਨ ਸ਼ਿਵ ਗਣੇਸ਼ ਸੱਜਣ ਸੁਹੇਲ ਹੈ, ਹਰਿ ਸ਼ਬਦ ਕਰੀ ਕੁੜਮਾਈ । ਆਪੇ ਗੁਰੂ ਆਪੇ ਚੇਲ ਹੈ, ਆਪ ਆਪਣੀ ਵੇਲ ਵਧਾਈ । ਆਪੇ ਖੇਲਣਹਾਰਾ ਖੇਲ ਹੈ, ਆਪੇ ਧੀ ਆਪ ਜਵਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਹਰਿ ਸ਼ਬਦ ਕਰੀ ਕੁੜਮਾਈ । ਹਰਿ ਸ਼ਬਦ ਨਾਉਂ ਨਿਰੰਕਾਰਿਆ, ਹਰਿਜਨ ਹੋਏ ਕੁੜਮਾਈ । ਸਾਚਾ ਮੇਲਾ ਮੀਤ ਮੁਰਾਰਿਆ, ਆਦਿ ਅੰਤ ਨਾ ਹੋਏ ਜੁਦਾਈ । ਆਪੇ ਹੋਏ ਸ਼ਾਹ ਅਸਵਾਰਿਆ, ਸ਼ਾਹ ਸੁਲਤਾਨਾਂ ਆਪ ਅਖਵਾਈ । ਦਰ ਦਵਾਰਾ ਇਕ ਸੁਹਾ ਰਿਹਾ, ਨਿਰੰਕਾਰਾ ਨਾਉਂ ਰਖਾਈ । ਕੋਟਨ ਕੋਟ ਜੀਵ ਉਪਾ ਰਿਹਾ, ਕੋਟਨ ਕੋਟਾਂ ਵਿਚ ਸਮਾਈ । ਗੁਰਮੁਖ ਸਾਚੇ ਸ਼ਬਦ ਚੋਟ ਤਨ ਲਗਾ ਰਿਹਾ, ਪੰਚਮ ਬੈਠੇ ਮੁਖ ਸ਼ਰਮਾਈ । ਹਉਮੇ ਕਾਇਆ ਖੋਟ ਗਵਾ ਰਿਹਾ, ਜੋ ਆਏ ਚਲ ਸਰਨਾਈ । ਸ਼ਬਦ ਭੰਡਾਰਾ ਅਤੁਟ ਇਕ ਰਖਾ ਲਿਆ, ਦੋ ਜਹਾਨਾਂ ਰਿਹਾ ਵਰਤਾਈ । ਬੇਮੁਖ ਜੜ੍ਹ ਪੁੱਟ ਆਪਣੀ ਹੱਥੀਂ ਬਾਹਰ ਸੁਟਾ ਰਿਹਾ, ਕਲਜੁਗ ਵਹਿੰਦੀ ਧਾਰ ਵਹਾਈ । ਗੁਰਮੁਖ ਘੁੱਟ ਘੁੱਟ ਆਪਣੇ ਗਲੇ ਲਗਾ ਰਿਹਾ, ਹਰਿ ਆਪ ਉਠਾਏ ਫੜ ਫੜ ਬਾਂਹੀ । ਸਤਿਜੁਗ ਸਾਚਾ ਵਕਤ ਸੁਹਾ ਰਿਹਾ, ਜਨ ਭਗਤਾਂ ਦੇਵੇ ਸਚ ਸਲਾਹੀ । ਮਨਮਤ ਜਗਤ ਗਵਾ ਰਿਹਾ, ਹੋ ਦਾਤਾ ਬੇਪਰਵਾਹੀ । ਸਤੋ ਗੁਣ ਸਤਿ ਸਤਿ ਸਮਾ ਰਿਹਾ, ਰਾਜਸ ਤਾਮਸ ਵੇਖ ਵਖਾਈ । ਗੋਬਿੰਦ ਸਾਚਾ ਮੇਲ ਮਿਲਾ ਰਿਹਾ, ਸਚ ਸਵਾਣੀ ਲਏ ਪਰਨਾਈ । ਪਲੰਘ ਰੰਗੀਲਾ ਇਕ ਵਖਾ ਰਿਹਾ, ਸ਼ਬਦ ਸਿੰਘਾਸਣ ਸੇਜ ਵਿਛਾਈ । ਬਸਤਰ ਪੀਲਾ ਤਨ ਪਹਿਨਾ ਰਿਹਾ, ਆਪ ਆਪਣਾ ਰੰਗ ਚੜ੍ਹਾਈ । ਸੋਹੰ ਨੀਲਾ ਨਾਲ ਰਖਾ ਲਿਆ, ਡੋਰੀ ਆਪਣੇ ਹੱਥ ਰਖਾਈ । ਲੋਕਮਾਤ ਕਿਲ੍ਹਾ ਲਾਲ ਆ, ਨੌ ਦਵਾਰ ਦਰਬਾਰ ਵਖਾਈ । ਸੰਮਤ ਚੌਦਾਂ ਭੇਵ ਖੁਲ੍ਹਾ ਰਿਹਾ, ਗੁਰਮੁਖਾਂ ਦੇ ਮਤ ਰਿਹਾ ਸਮਝਾਈ । ਸੰਮਤ ਪੰਦਰਾਂ ਰੰਗ ਚੜ੍ਹਾ ਲਿਆ, ਦੇਸ ਪਰਦੇਸਾ ਜਾਏ ਕਰ ਕਰ ਧਾਈ । ਸੰਮਤ ਸੋਲਾਂ ਸਗਨ ਮਨਾ ਲਿਆ, ਪਹਿਲੀ ਚੇਤਰ ਸ਼ਹਿਰ ਲਾਹੌਰ ਕਿਲ੍ਹਾ ਸ਼ਾਹੀ । ਪੁਰਖ ਅਬਿਨਾਸ਼ੀ ਮੋੜਾ ਪਾ ਲਿਆ, ਪੰਚਮ ਜੇਠ ਪਏ ਦੁਹਾਈ । ਗੁਰ ਸੰਗਤ ਸੰਗ ਰਲਾ ਲਿਆ, ਹਾੜ ਸਤਾਰਾਂ ਵਾਹੋ ਦਾਹੀ । ਸਰ ਅੰਮ੍ਰਿਤ ਥੇਹ ਕਰਾ ਲਿਆ, ਪਾਰ ਬਿਆਸੋਂ ਦਿਸਣ ਰਾਹੀ । ਸਾਚਾ ਧਾਮ ਸੁਹਾ ਲਿਆ, ਬਲ ਕਪੂਰ ਬੇਪਰਵਾਹੀ । ਆਪ ਆਪਣਾ ਕਦਮ ਉਠਾ ਲਿਆ, ਮਸਤੂਆਣੇ ਜੋਤ ਜਗਾਈ । ਸ਼ਾਹ ਸੰਗਰੂਰ ਸ਼ਬਦ ਮਿਲਾ ਲਿਆ, ਭੱਜਾ ਆਵੇ ਵਾਹੋ ਦਾਹੀ । ਸ਼ਾਹ ਪਟਿਆਲਾ ਆਪ ਉਠਾ ਲਿਆ, ਮੁਖ ਵਿਚ ਘਾਸ ਉਠਾਈ । ਵਾਲੀ ਹਿੰਦ ਸਮਝਾ ਲਿਆ, ਜਮਨ ਕਿਨਾਰਾ ਦਏ ਸੁਹਾਈ । ਸਾਧਾਂ ਸੰਤਾਂ ਨਾਲ ਰਲਾ ਲਿਆ, ਆਪਣਾ ਬੇੜਾ ਰਿਹਾ ਬੰਨ੍ਹਾਈ । ਪਾਰ ਕਿਨਾਰਾ ਇਕ ਵਖਾ ਲਿਆ, ਗੁਰ ਤੇਗ ਬਹਾਦਰ ਪਕੜੇ ਤੇਰੀਆਂ ਬਾਂਹੀ । ਸੀਸ ਗੰਜ ਚਰਨ ਛੁਹਾ ਲਿਆ, ਪਰਗਟ ਹੋਏ ਜਗਤ ਮਲਾਹੀ । ਨਾਮ ਵੰਝ ਇਕ ਲਗਾ ਲਿਆ, ਗੁਰ ਸੰਗਤ ਨਾਲ ਤਰਾਈ । ਸਵੇਰ ਸੰਝ ਇਕ ਕਰਾ ਲਿਆ, ਜਨ ਭਗਤਾਂ ਆਤਮ ਜੋਤ ਕਰੇ ਰੁਸ਼ਨਾਈ । ਪਾਰਬ੍ਰਹਮ ਬ੍ਰਹਮ ਰੂਪ ਸਮਾ ਲਿਆ, ਨਿੱਝ ਘਰ ਬੈਠਾ ਆਸਣ ਲਾਈ ।

ਦਰਸ਼ਨ ਦੇਵੇ ਚਾਈਂ ਚਾਈਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਿਸ਼ਾਨਾ ਹੱਥ ਫੜ, ਮਨਮੁਖਾਂ ਦਏ ਸਜ਼ਾਈ । ਅਗਿਆਨ ਅੰਧੇਰ ਅੰਧ ਹੈ, ਮਨਮੁਖ ਨਾ ਕੋਇ ਮੁਕਾਏ । ਦੂਰ ਦੁਰਾਡਾ ਪੰਧ ਹੈ, ਲੇਖਾ ਲਿਖ ਨਾ ਸਕੇ ਰਾਏ । ਦੂਈ ਦਵੈਤੀ ਅੰਦਰ ਕੰਧ ਹੈ, ਬਿਨ ਗੁਰ ਪੂਰੇ ਕੋਈ ਨਾ ਢਾਹੇ । ਮਨਮਤੀ ਜੀਵ ਭਾਗਾਂ ਮੰਦ ਹੈ, ਕਾਮ ਕਰੋਧ ਲੋਭ ਮੋਹ ਹਲਕਾਏ । ਗੁਰ ਸ਼ਬਦ ਨਾ

੨੨੧
੦੬

ਚੜ੍ਹਿਆ ਸਾਚਾ ਚੰਦ ਹੈ, ਦੀਪਕ ਜੋਤ ਨਾ ਕੋਇ ਜਗਾਏ । ਮਦਿਰਾ ਮਾਸ ਰਖਾਇਆ ਬੱਤੀ ਦੰਦ ਹੈ, ਰਸਨਾ ਗੁਣ ਨਾ ਹਰਿ ਹਰਿ ਗਾਏ । ਆਪ ਗਵਾਇਆ ਪਰਮਾਨੰਦ ਹੈ, ਮਾਇਆ ਮਮਤਾ ਤ੍ਰਿਸ਼ਨ ਹਲਕਾਏ । ਗੁਰ ਪੂਰਾ ਸਦ ਬਖ਼ਸ਼ੰਦ ਹੈ, ਦਰ ਆਏ ਲਏ ਤਰਾਏ । ਦਰ ਦਵਾਰੇ ਜੋ ਜਨ ਕਰਨ ਨਿੰਦ ਹੈ, ਨਿੰਦਕ ਨਿੰਦਿਆ ਮੁਖ ਰਖਾਏ । ਗੁਰਮੁਖ ਬਣਾਏ ਸਾਚੀ ਬਿੰਦ ਹੈ, ਪਿਤਾ ਪੂਤ ਆਪ ਹੋ ਜਾਏ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ ਹੈ, ਗੰਗਾ ਗੋਦਾਵਰੀ ਬੈਠੀ ਮੁਖ ਸ਼ਰਮਾਏ । ਆਪੇ ਮੇਟਣਹਾਰਾ ਸਗਲੀ ਚਿੰਦ ਹੈ, ਆਪ ਆਪਣਾ ਦਰਸ ਦਿਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਦਵਾਰ, ਦਵਾਰਾ ਬੰਕ ਸੁਹਾਏ । ਤੁਰੀਆ ਨਾਦ ਹਰਿ ਵੱਜਣਾ, ਨਾਦ ਅਨਾਦਾ ਏਕ । ਦਰ ਦਵਾਰੇ ਆਪੇ ਬਹਿ ਬਹਿ ਸਜਣਾ, ਸਦ ਆਪੇ ਹੋਇਆ ਬਿਬੇਕ । ਆਪ ਆਪਣੀ ਰੱਖੇ ਲਜਨਾ, ਆਪੇ ਜਾਣੇ ਆਪਣੀ ਟੇਕ । ਨਾ ਘੜਿਆ ਨਾ ਭੱਜਣਾ, ਨਾ ਠੰਢਾ ਨਾ ਲੱਗੇ ਸੇਕ । ਤਾਲ ਨਗਾਰਾ ਨਾ ਕੋਈ ਵੱਜਣਾ, ਨਾ ਕੋਈ ਨੇਤਰ ਰਿਹਾ ਦੇਖ । ਪੜਦਾ ਪਾ ਕਿਸੇ ਨਾ ਕੱਜਣਾ, ਨਾ ਕੋਈ ਦਿਸੇ ਰੇਖ ਮੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰੇ ਆਪੇ ਸਜਣਾ । ਤੁਰੀਆ ਤਖ਼ਤ ਸੁਲਤਾਨ ਹੈ, ਹਰਿ ਜੋਤੀ ਨੂਰ ਨੁਰਾਨੀ । ਏਕਾ ਬੈਠਾ ਮਿਹਰਵਾਨ ਹੈ, ਆਪੇ ਜਾਣੇ ਨਾਮ ਨਿਸ਼ਾਨੀ । ਜਿਸ ਜਨ ਦੇਵੇ ਜੀਆ ਦਾਨ ਹੈ, ਗੁਰ ਚਰਨ ਸੱਚੀ ਕੁਰਬਾਨੀ । ਆਵਣ ਜਾਵਣ ਇਕ ਧਿਆਨ ਹੈ, ਹਰਿ ਜੋਤੀ ਖੇਲ ਮਹਾਨੀ । ਹਰਿ ਜੋਤੀ ਖੇਲ ਮਹਾਨ ਹੈ, ਆਪ ਆਪਣੇ ਵਿਚ ਸਮਾਨੀ । ਜੋਤੀ ਜੋਤ ਸਰੂਪ ਹਰਿ, ਆਪੇ ਵੇਖ ਸਚ ਘਰ, ਤੁਰੀਆ ਤੇਰੀ ਇਕ ਨਿਸ਼ਾਨੀ । ਤੁਰੀਆ ਤੂਰ ਤੁਰੰਗ, ਹਰਿ ਰੰਗ ਅਨਰੰਗ ਹਰਿ ਹਰਿ ਰੰਗਿਆ । ਖੇਲੇ ਖੇਲ ਸੂਰਾ ਸਰਬੰਗ, ਆਪੇ ਹੋਏ ਅੰਗ ਸੰਗ, ਆਪ ਵਜਾਏ ਇਕ ਮਰਦੰਗਿਆ । ਆਦਿ ਅੰਤ ਨਾ ਹੋਏ ਭੰਗ, ਨਾ ਕੋਈ ਚਲੇ ਚਾਲ ਬੇਹੰਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਘਰ, ਗੁਰਮੁਖ ਗੁਰਮੁਖ ਮਨਮੁਖ ਤੇਰੀ ਕਾਇਆ ਚੋਲੀ ਰੰਗਿਆ । ਚੌਥਾ ਘਰ ਕਵਣ ਰਾਸ, ਹਰਿ ਸਾਚੇ ਆਪ ਰਖਾਈਆ । ਕਵਣ ਵਸਤ ਹੋਵੇ ਸਤਿ ਪਾਸ, ਘਰ ਚੌਥੇ ਜਾ ਸਮਾਈਆ । ਚੌਥੇ ਘਰ ਫਿਰਦੇ ਦਾਸੀ ਦਾਸ, ਸੰਤਨ ਰਾਹ ਵਖਾਈਆ । ਸੰਤਨ ਮੇਲਾ ਹਰਿ ਗੁਣਤਾਸ, ਵਿਛੜ ਕਦੇ ਨਾ ਜਾਈਆ । ਕਵਣ ਰੰਗ ਪ੍ਰਿਥਮੀ ਆਕਾਸ਼, ਵੇਖੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਸੰਤਨ ਪੁੱਛੇ ਇਕ ਘਰ, ਚੌਥਾ ਪਦ ਕਵਣ ਤਾਲ ਵੱਜੇ ਨਾ ਕੋਈ ਆਵਾਜ਼ ਸੁਣਾਈਆ ।

ਜਗਤ ਹਉਮੇ ਰੋਗ ਹੈ, ਰਹੀ ਜਗਤ ਜਲਾਏ । ਰਸ ਰਸਨਾ ਜੀਵ ਜੰਤ ਰਹੇ ਭੋਗ ਹੈ, ਆਤਮ ਰਸ ਸਾਰ ਨਾ ਰਾਏ । ਗੁਰ ਪੂਰਾ ਜਿਸ ਜਨ ਦੇਵੇ ਸ਼ਬਦ ਸਾਚੀ ਚੋਗ ਹੈ, ਜਿਹਵਾ ਹਰਿ ਗੁਣ ਗਾਏ । ਰਸ ਰਸਨਾ ਏਕਾ ਭੋਗ ਹੈ, ਭਗਤ ਭਗਤੀ ਸੇਵਾ ਲਾਏ । ਹਰਿ ਦੇਵੇ ਦਰਸ ਅਮੋਘ ਹੈ, ਜਗਤ ਜੁਗਤੀ ਆਪਣੇ ਹੱਥ ਰਖਾਏ । ਜਿਸ ਜਨ ਮੇਲਾ ਧੁਰ ਸੰਜੋਗ ਹੈ, ਹਰਿ ਸੰਜੋਗੀ ਮੇਲ ਮਿਲਾਏ । ਆਦਿ ਅੰਤ ਨਾ ਹੋਏ ਵਿਜੋਗ ਹੈ, ਵਿਛੜ ਕਦੇ ਨਾ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਏ । ਹਰਿਜਨ ਸਾਚੇ ਸਾਚਾ ਮੇਲਾ, ਗੁਰ ਪੂਰੇ ਚਰਨ ਦਵਾਰਿਆ । ਆਪੇ ਹੋਏ ਸੱਜਣ ਸੁਹੇਲਾ, ਸਾਚੀ ਸੇਵਾ ਸੇਵ ਕਮਾ ਰਿਹਾ । ਆਪੇ ਵਸੇ ਰੰਗ ਨਵੇਲਾ, ਧਾਮ

ਅਕੇਲਾ ਇਕ ਸੁਹਾ ਰਿਹਾ । ਦਰ ਦਰ ਘਰ ਘਰ ਵੇਖੇ ਗੁਰੂ ਗੁਰ ਚੇਲਾ, ਨਾਰੀ ਕੰਤ ਕਵਣ ਪਿਆਰਿਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਹਰਿ ਸ਼ਬਦੀ ਤਨ ਸ਼ਿੰਗਾਰਿਆ । ਸਾਚਾ ਖੇਲ ਆਪੇ ਖੇਲਾ, ਘਰ ਪਾਇਆ ਅਗੰਮ ਅਪਾਰਿਆ । ਨਰ ਨਰਾਇਣ ਸਾਚਾ ਮੇਲਾ, ਲੇਖਾ ਚੁੱਕੇ ਨੌ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨ ਮਤੀ ਜੀਵ ਆਪ ਸਮਝਾ ਰਿਹਾ । ਮਨ ਮਤ ਜਗਤ ਕੰਗਾਲ ਹੈ, ਦਿਵਸ ਰੈਣ ਕੁਰਲਾਏ । ਫਲ ਦਿਸੇ ਨਾ ਕਾਇਆ ਡਾਲ੍ਹ ਹੈ, ਪੰਚਮ ਤਤ ਹੋਏ ਹਲਕਾਏ । ਮਾਇਆ ਮਮਤਾ ਮੋਹ ਜੰਜਾਲ ਹੈ, ਦਿਵਸ ਰੈਣ ਰਹੀ ਭਰਮਾਏ । ਸੁਰਤ ਸਵਾਣੀ ਹੋਈ ਹਾਲ ਬੇਹਾਲ ਹੈ, ਮਨ ਮਨੂਆ ਦਹਿ ਦਿਸ਼ਾ ਧਾਏ । ਬੁੱਧ ਮਤ ਨਾ ਕੋਈ ਸਮਝਾਏ ਹੈ, ਦਰ ਦਵਾਰ ਨਾ ਕੋਈ ਪਾਏ । ਗੁਰਮੁਖ ਸਾਚੇ ਆਪ ਜਗਾਏ ਹੈ, ਹਰਿ ਆਪਣੀ ਸੇਵਾ ਲਾਏ । ਦੇਵੇ ਨਾਮ ਸੱਚੀ ਵਡਿਆਈ ਹੈ, ਕੌਸਤਕ ਮਣੀਆ ਮਸਤਕ ਥੇਵਾ ਜੋਤ ਨਿਰੰਜਣ ਡਗਮਗਾਏ । ਮਿਲੇ ਮੇਲ ਹਰਿ ਹਰਿ ਅਲਖ ਅਭੇਵ ਹੈ, ਦੇਵੀ ਦੇਵਾ ਤਰਸ ਕਮਾਏ । ਹਰਿਜਨ ਗਾਏ ਰਸਨਾ ਜਿਹਵ ਹੈ, ਰਸ ਆਤਮਕ ਨਿੱਝਰ ਆਪ ਝਿਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮਾਰਗ ਰਿਹਾ ਵਖਾਏ । ਆਤਮ ਰਸ ਨਿਜ ਆਤਮਾ, ਪਰਮਾਨੰਦ ਸਮਾਨਿਆ । ਪਰਮ ਪੁਰਖ ਪਰਮਾਤਮਾ, ਪਾਰਬ੍ਰਹਮ ਹਰਿ ਜਾਨਿਆ । ਲੇਖਾ ਚੁੱਕੇ ਜ਼ਾਤ ਪਾਤਨਾ, ਰਾਓ ਰੰਕ ਨਾ ਕੋਈ ਰਾਜਾਨਿਆ । ਏਕਾ ਏਕ ਨਿਭਾਏ ਸਾਥਨਾ, ਹਰਿਜਨ ਬਿਠਾਏ ਸਚ ਬਿਬਾਣਿਆ । ਪਰਗਟ ਹੋਏ ਤ੍ਰੈਲੋਕੀ ਨਾਥਨਾ, ਅਨਾਥ ਅਨਾਥਾਂ ਦਇਆ ਕਮਾਏ । ਗੁਰ ਗੋਬਿੰਦਾ ਸਾਚਾ ਸਾਥਨਾ, ਸਗਲਾ ਸਾਥ ਆਪ ਹੋ ਜਾਏ । ਲੇਖੇ ਦੇਵੇ ਹਾਥੋ ਹਾਥਨਾ, ਲਹਿਣਾ ਦੇਣਾ ਮੂਲ ਚੁਕਾਏ । ਆਪ ਚਲਾਏ ਅਕਥਾ ਅਕਾਥਨਾ, ਰਸਨਾ ਕਥ ਨਾ ਸਕੇ ਰਾਏ । ਹਰਿ ਪੁਰਖ ਸਮਰਥ ਅਬਿਨਾਸ਼ਨਾ, ਅਬਿਨਾਸ਼ੀ ਪੁਰਖ ਅਖਵਾਏ । ਖੇਲੇ ਖੇਲ ਪ੍ਰਿਥਮੀ ਆਕਾਸ਼ਨਾ, ਆਕਾਸ਼ ਆਕਾਸ਼ਾਂ ਵਿਚ ਸਮਾਏ । ਜਨ ਭਗਤਾਂ ਦਾਸੀ ਦਾਸਨਾ, ਕਾਇਆ ਅੰਦਰ ਮੰਦਰ ਬੈਠਾ ਡੇਰਾ ਲਾਏ । ਸਾਚੇ ਮੰਡਲ ਪਾਵੇ ਰਾਸਨਾ, ਗੋਪੀ ਕਾਹਨ ਆਪ ਹੋ ਜਾਏ । ਆਪ ਜਾਣੇ ਆਪਣੀ ਵਾਸਨਾ, ਨਾਮ ਸੁਗੰਧੀ ਇਕ ਰਖਾਏ । ਖੇਲੇ ਖੇਲ ਸਾਰ ਪਾਸ਼ਨਾ, ਸਾਚੀ ਬਾਜੀ ਏਕਾ ਲਾਏ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਉਪਾਸਨਾ, ਜੁਗ ਜੁਗ ਆਪੇ ਰਿਹਾ ਕਰਾਏ । ਆਪੇ ਰਾਮਾ ਰਾਮ ਹੈ, ਆਪੇ ਕ੍ਰਿਸ਼ਨ ਮੁਰਾਰ । ਆਪੇ ਮੁਹੰਮਦੀ ਯਾਰ ਹੈ, ਆਪੇ ਅੱਲਾ ਪਿਆਰ । ਆਪੇ ਨਾਨਕ ਗੋਬਿੰਦ ਧਾਰ ਹੈ, ਆਪੇ ਸ਼ਬਦ ਰੂਪ ਅਪਾਰ । ਆਦਿ ਅੰਤ ਏਕਾ ਏਕੰਕਾਰ ਹੈ, ਲੋਕਮਾਤ ਲਏ ਅਵਤਾਰ । ਕਲਜੁਗ ਅੰਤਮ ਵੇਖ ਵਿਚਾਰ ਹੈ, ਪਰਗਟ ਹੋਏ ਵਿਚ ਸੰਸਾਰ । ਨਿਹਕਲੰਕ ਕਲਕੀ ਅਵਤਾਰ ਹੈ, ਕਲਧਾਰੀ ਆਪ ਸਰਕਾਰ । ਨਾਮ ਤੋੜਾ ਅਪਰ ਅਪਾਰ ਹੈ, ਜੋਤੀ ਜੋੜਾ ਹਰਿ ਗਿਰਧਾਰ । ਜਨ ਭਗਤਾਂ ਬਹੁੜ ਅੰਤਮ ਵਾਰ ਹੈ, ਸ਼ਬਦ ਘੋੜੇ ਹੋ ਅਸਵਾਰ । ਸੋਹੰ ਪੌੜਾ ਏਕਾ ਵਾਰ ਹੈ, ਦਰ ਘਰ ਸਾਚੇ ਦੇਵੇ ਵਾੜ । ਲੰਮਾ ਚੌੜਾ ਨਾ ਕੋਈ ਵਿਚਾਰ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕ ਵਰ, ਜੋਤ ਜਗਾਏ ਬਹੱਤਰ ਨਾੜ ।



੨੨੨
੦੬

ਹੰਸ ਹੋਏ ਮਾਤ ਕਗਿਆ, ਕਾਗੀ ਕਾਗ ਉਡਾਰ । ਗੁਰਮੁਖ ਵਿਰਲੇ ਮੇਲਾ ਉਪਰ ਸ਼ਾਹ ਰਗਿਆ, ਜੋਤ ਨਿਰੰਜਣ ਪਹਿਲਾਂ ਕਰ ਪਿਆਰ ।

੨੨੩
੦੬

ਆਪ ਡੋਰੀ ਆਪਣੀ ਬੱਝਿਆ, ਆਪੇ ਆਏ ਵਾਰੋ ਵਾਰ । ਪੰਚ ਵਿਕਾਰਾ ਹਰਿਜਨ ਸਾਚੇ ਦਝਿਆ, ਪੀ ਅੰਮ੍ਰਿਤ ਆਤਮ ਉਜਿਆਰ । ਘਰ ਸਾਚੇ ਬਹਿ ਬਹਿ ਸਜਿਆ, ਗੁਰ ਪੂਰੇ ਚਰਨ ਦਵਾਰ । ਆਪ ਕਰਾਏ ਵਖਾਏ ਮੱਕਾ ਕਾਅਬਾ ਸਾਚਾ ਹਾਜ਼ੀ ਹਾਜਨ ਹੱਜਿਆ, ਮਸਜਿਦ ਮੰਦਰ ਅੰਦਰ ਗੁਰੂਦਵਾਰ । ਸਾਚੀ ਸੇਜਾ ਬਹਿ ਬਹਿ ਸਜਿਆ, ਸੋਲਾਂ ਕਰ ਕਰ ਤਨ ਸ਼ਿੰਗਾਰ । ਗੁਰਮੁਖਾਂ ਪਰਦਾ ਰਿਹਾ ਕੱਜਿਆ, ਦੁਰਮਤ ਮੈਲ ਦਏ ਉਤਾਰ । ਦੂਰ ਦੁਰਾਡਾ ਆਏ ਭੱਜਿਆ, ਸੁਖਮਨ ਨਾੜੀ ਦਏ ਸਹਾਰ । ਆਪੇ ਰੱਖਣਹਾਰਾ ਲੱਜਿਆ, ਗੁਰ ਸ਼ਬਦ ਰੂਪ ਅਪਾਰ । ਬਜਰ ਕਪਾਟੀ ਆਪੇ ਭੱਜਿਆ, ਨਾਮ ਖੰਡਾ ਮਾਰੇ ਮਾਰ । ਨਾਦ ਅਨਾਦੀ ਧੁਨ ਆਤਮਕ ਤਾਲ ਸਾਚਾ ਵੱਜਿਆ, ਪੰਚਮ ਗਾਇਣ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵਖਾਏ ਇਕ ਘਰ, ਸਤਿ ਪੁਰਖ ਸਾਜਣ ਸਾਚਾ ਸਾਜਿਆ । ਸੰਤਨ ਘਰ ਸਚ ਧਨ ਹੈ, ਹਰਿ ਸਾਚੇ ਵਸਤ ਟਿਕਾਈ । ਭਰਮ ਭੁਲੇਖਾ ਨਾ ਕੋਈ ਜਨ ਹੈ, ਏਕਾ ਏਕ ਹਰਿ ਸਰਨਾਈ । ਸ਼ਬਦ ਸੁਨੇਹੜਾ ਸਾਚੇ ਕੰਨ ਹੈ, ਆਪ ਆਪਣਾ ਰਿਹਾ ਜਣਾਈ । ਨਾ ਕੋਈ ਦੇਵੇ ਦੂਸਰ ਡੰਨ ਹੈ, ਤੀਜੇ ਲੋਇਣ ਰਹੇ ਰੁਸ਼ਨਾਈ । ਚੌਥੇ ਘਰ ਸਾਚਾ ਚੰਨ ਹੈ, ਸੰਵ ਸਵੇਰ ਨਾ ਕੋਈ ਰਖਾਈ । ਪੰਚਮ ਬੇੜਾ ਰਿਹਾ ਬੰਨ੍ਹ ਹੈ, ਦਰ ਘਰ ਆਪਣੇ ਮੇਲ ਮਿਲਾਈ । ਛੇਵੇਂ ਨਾ ਕੋਈ ਛੱਪਰ ਛੰਨ ਹੈ, ਹਰਿ ਮਹੱਲ ਅਟੱਲ ਵਖਾਈ । ਸਤਵੇਂ ਬੈਠਾ ਦਰ ਮਲ ਹੈ, ਦਰ ਦਵਾਰਾ ਇਕ ਸੁਹਾਈ । ਅੱਠ ਤਤ ਮਾਟੀ ਖੱਲ ਹੈ, ਨੌਂ ਦਵਾਰੇ ਖੇਲ੍ਹ ਵਖਾਈ । ਦਸਮ ਦਵਾਰੀ ਵਲ ਛਲ ਹੈ, ਪ੍ਰਭ ਆਪਣੀ ਬਣਤ ਬਣਾਈ । ਅੰਮ੍ਰਿਤ ਆਤਮ ਲਾਇਆ ਸਾਚਾ ਫਲ ਹੈ, ਜਨ ਸਾਚੇ ਰਿਹਾ ਖਵਾਈ । ਜੋਤ ਜਗਾਏ ਕਾਇਆ ਡੂੰਘੀ ਡਲ ਹੈ, ਦਿਵਸ ਰੈਣ ਰਹੇ ਰੁਸ਼ਨਾਈ । ਗੁਰ ਸ਼ਬਦੀ ਹਰਿਜਨ ਸਾਚਾ ਗਿਆ ਰਲ ਹੈ, ਰਸਨਾ ਸ਼ਬਦ ਰਿਹਾ ਧਿਆਈ । ਬੰਕ ਦਵਾਰਾ ਬੈਠਾ ਮੱਲ ਹੈ, ਪ੍ਰਿਥਮੀ ਆਕਾਸ਼ ਨਾ ਖੋਜ ਖੁਜਾਈ । ਹਰਿ ਹਰਿ ਨਿਹਚਲ ਧਾਮ ਅਟੱਲ ਹੈ, ਊਚ ਅਟੱਲ ਰਖਾਈ । ਆਪੇ ਰੱਖੇ ਕਾਇਆ ਖੱਲ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਤਨ ਮੰਦਰ ਆਪ ਟਿਕਾਈ । ਨਾਮ ਧਨ ਹਰਿ ਮਿਹਰਵਾਨਾ, ਗੁਰਮਖਾਂ ਝੋਲੀ ਪਾਇੰਦਾ । ਦਰ ਦਵਾਰੇ ਕਰ ਪਰਵਾਨਾ, ਕਾਇਆ ਚੋਲੀ ਰੰਗ ਰੰਗਾਇੰਦਾ । ਇਕ ਸੁਣਾਏ ਧੁਰ ਫ਼ਰਮਾਣਾ, ਸੋਹੰ ਸਾਚਾ ਰਾਗ ਅਲਾਇੰਦਾ । ਖਾਣੀ ਬਾਣੀ ਕਰੇ ਪਛਾਣਾ, ਗੀਤ ਸੁਹਾਗੀ ਆਪਣਾ ਗਾਇੰਦਾ । ਸਤਿ ਪੁਰਖ ਨਿਰੰਜਣ ਹਰਿ ਭਗਵਾਨਾ, ਵਿਸ਼ਨੂੰ ਰੂਪ ਵਟਾਇੰਦਾ । ਲੱਖ ਚੁਰਾਸੀ ਦੇਵੇ ਦਾਨਾ, ਦਾਤਾ ਦਾਨੀ ਆਪ ਅਖਵਾਇੰਦਾ । ਆਪੇ ਹੋਏ ਚਤੁਰ ਸੁਘੜ ਸਿਆਨਾ, ਰਾਜਨ ਰਾਜ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਏਕਾ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜਾ ਆਪਣਾ ਆਪ ਸੁਹਾਇੰਦਾ । ਆਤਮ ਦਰ ਸਚ ਦਰਵਾਜ਼ਾ, ਪ੍ਰਭ ਆਪਣਾ ਆਪ ਸੁਹਾਇਆ ਏ । ਨਾਮ ਰਖਾਏ ਚਿੱਟਾ ਤਾਜਾ, ਸੋਲਾਂ ਕਲੀਆਂ ਆਸਣ ਲਾਇਆ ਏ । ਦਸਮ ਦਵਾਰੀ ਬਹਿ ਬਹਿ ਗਾਜਾ, ਹਰਿ ਜੋਤੀ ਖੇਲ ਖਿਲਾਇਆ ਏ । ਪਰਗਟ ਹੋਏ ਦੇਸ ਮਾਝਾ, ਗੁਰ ਗੋਬਿੰਦਾ ਗੋਬਿੰਦ ਰਾਇਆ ਏ । ਸੰਬਲ ਨਗਰੀ ਸਾਜਨ ਸਾਜਾ, ਹਰਿ ਆਪਣਾ ਆਪ ਉਪਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਇਆ ਏ । ਸੰਬਲ ਨਗਰੀ ਸਚ ਗਰਾਂ, ਪ੍ਰਭ ਆਪਣਾ ਆਪ ਵਸਾਇੰਦਾ । ਆਪੇ ਜਾਣੇ ਸਾਚਾ ਥਾਂ, ਵਾਸ ਨਿਵਾਸਾ ਆਪ ਕਰਾਇੰਦਾ । ਗੁਰ ਗੋਬਿੰਦੇ ਪਕੜੇ ਬਾਂਹ, ਸ਼ਬਦ ਡੋਰੀ ਤੰਦ ਬੰਨ੍ਹਾਇੰਦਾ ।

ਤੇਗ ਬਹਾਦਰ ਤੇਰੀ ਠੰਢੀ ਛਾਂ, ਘਰ ਸਾਚਾ ਆਪ ਸੁਹਾਇੰਦਾ । ਗੁਰਮੁਖ ਸਾਚੇ ਸਾਚਾ ਨਾਂ, ਪੂਤ ਸਪੂਤਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਹਰਿ ਹਰਿ ਆਇਆ, ਹਰਿ ਸਾਚਾ ਖੇਲ ਖਿਲੰਦੜਾ । ਹਰਿਜਨ ਸਾਚੇ ਲਏ ਜਗਾਇਆ, ਆਪ ਆਪਣਾ ਰੰਗ ਚੜ੍ਹੰਦੜਾ । ਬ੍ਰਹਮਾ ਵੇਤਾ ਲਏ ਉਠਾਇਆ, ਵੇਲਾ ਅੰਤ ਵਖੰਦੜਾ । ਅੰਤਮ ਜੋਤੀ ਮੇਲ ਮਿਲਾਇਆ, ਬੀਸ ਬੀਸਾ ਹਰਿ ਬਖ਼ਸ਼ੰਦੜਾ । ਗੁਰਮੁਖ ਸਾਚਾ ਦਏ ਸਜਾਇਆ, ਮਸਤਕ ਟਿੱਕਾ ਆਪ ਲਗੰਦੜਾ । ਤ੍ਰੈਗੁਣ ਮਾਇਆ ਝੋਲੀ ਪਾਇਆ, ਪੰਚਮ ਤਤ ਸੁਹੰਦੜਾ । ਪੰਞੀ ਪ੍ਰਕਿਰਤੀ ਸੇਵਾ ਲਾਇਆ, ਸਗਲਾ ਸਾਥ ਆਪ ਨਿਭੰਦੜਾ । ਏਕਾ ਚਰਨ ਪ੍ਰੀਤੀ ਧਿਆਨ ਰਖਾਇਆ, ਦਰ ਦਵਾਰਾ ਵੇਖ ਵਖੰਦੜਾ । ਗੋਬਿੰਦ ਕਿਰਤੀ ਕਿਰਤ ਕਮਾਇਆ, ਕਿਰਤਘਣ ਨਾ ਦੀਸੇ ਕੋਈ ਮੁਸ਼ਟੰਡੜਾ । ਧਰਨੀ ਧਰਨ ਧਿਰਤ ਰਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲ ਆਪਣੇ ਹੱਥ ਰਖੰਦੜਾ । ਪੰਚ ਗਰਾਂ ਆਤਮ ਘਰ, ਪੰਚਮ ਮੇਲ ਮਿਲਾਇੰਦਾ । ਪੰਚਮ ਦੇਵੇ ਠੰਢੀ ਛਾਂ, ਆਪਣਾ ਸੰਗ ਨਿਭਾਇੰਦਾ । ਪੰਚ ਬਣਾਏ ਹੰਸ ਕਾਂ, ਨਾਮ ਰੱਤੀ ਚੋਗ ਚੁਗੰਦੜਾ । ਪੰਚ ਸਹਾਈ ਪਿਤਾ ਮਾਂ, ਪੰਚਮ ਗੋਦ ਉਠੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਨਗਰ ਖੇੜਾ ਸਚ ਗਰਾਂ, ਗੁਰਮੁਖ ਸਾਚੇ ਮੇਲ ਮਿਲੰਦੜਾ । ਕਾਇਆ ਨਗਰ ਸਾਚਾ ਖੇੜਾ, ਗੁਰਮੁਖ ਵੰਡ ਵੰਡਾਈਆ । ਆਪੇ ਮੇਟੇ ਪੰਚਮ ਝੇੜਾ, ਪੰਚਮ ਦਏ ਜਗਾਈਆ । ਪੰਚਮ ਬੰਨ੍ਹੇ ਆਪੇ ਬੇੜਾ, ਪੰਚਮ ਮੋਹ ਚੁਕਾਈਆ । ਪੰਚਮ ਦੇਵੇ ਉਲਟਾ ਗੇੜਾ, ਪੰਚਮ ਵਹਿਣ ਵਹਾਈਆ । ਪੰਚਮ ਕਰੇ ਖੁਲ੍ਹਾ ਵਿਹੜਾ, ਪੰਚਮ ਦਏ ਦੁਹਾਈਆ । ਪੰਚਮ ਬੰਨ੍ਹਣਹਾਰਾ ਬੇੜਾ, ਨਗਰ ਕਾਇਆ ਸਾਚਾ ਖੇੜਾ, ਪੰਚਮ ਗਰਾਂ ਦਏ ਸੁਹਾਈਆ । ਪੰਚ ਗਰਾਂ ਪੰਚ ਪ੍ਰਮੁਖ, ਪੰਚਮ ਰਾਜ ਕਮਾਇਆ । ਗੁਰਮੁਖ ਆਤਮ ਏਕਾ ਸੁਖ, ਜਗਤ ਝੇੜਾ ਮੂਲ ਚੁਕਾਇਆ । ਮਾਤ ਗਰਭ ਨਾ ਉਲਟਾ ਰੁੱਖ, ਜਗਤ ਤ੍ਰਿਸ਼ਨਾ ਭੁੱਖ ਮਿਟਾਇਆ । ਸੁਫਲ ਕਰਾਏ ਮਾਤ ਕੁੱਖ, ਪ੍ਰਭ ਦਰਸ਼ਨ ਨੇਤਰ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਵੇਖੇ ਸਚ ਘਰ, ਪੰਚਮ ਪੰਚ ਗਰਾਂ ਨਾਉਂ ਰਖਾਇਆ । ਸਤਿਗੁਰ ਜਗਤ ਭੰਡਾਰ ਹੈ, ਵਸਤ ਇਕ ਅਨਮੋਲ । ਦੇਵਣਹਾਰ ਸਰਬ ਸੰਸਾਰ ਹੈ, ਜੁਗ ਜੁਗ ਭੰਡਾਰਾ ਖੋਲ੍ਹ । ਆਦਿ ਅੰਤ ਨਾ ਕਰੇ ਉਧਾਰ ਹੈ, ਚਰਨ ਪ੍ਰੀਤੀ ਜੋ ਜਨ ਦਏ ਘੋਲ । ਪਾਵਣਹਾਰਾ ਸਾਚੀ ਸਾਰ ਹੈ, ਕਾਇਆ ਮੰਦਰ ਅੰਦਰ ਪਰਦਾ ਫੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦਿਤਾ ਸਾਚਾ ਵਰ, ਦੇਵੇ ਨਾਮ ਵਸਤ ਅਤੋਲ । ਨਾਮ ਧਨ ਸਚ ਖਜ਼ੀਨਾ, ਗੁਰ ਦਰ ਸਾਚੇ ਪਾਇਆ । ਆਪੇ ਦਾਨਾ ਬੀਨਾ, ਬੀਨਾ ਦਾਨਾ ਆਪ ਅਖਵਾਇਆ । ਕਾਇਆ ਚੋਲੀ ਤਨ ਮਨ ਭੀਨਾ, ਸੀਨਾ ਸਾਂਤਕ ਸਾਂਤ ਕਰਾਇਆ । ਰਸਨਾ ਨਾਉਂ ਨਾਂ ਹਰਿ ਹਰਿ ਚੀਨਾ, ਚਿੰਤਾ ਚਿਤ ਸਮਗਰੀ ਰਖਾਇਆ । ਗੁਰਸਿਖ ਬਿਲਲਾਏ ਜਿਉਂ ਜਲ ਮੀਨਾ, ਜਲ ਮੀਨਾ ਰੂਪ ਸਮਾਇਆ । ਚਰਨ ਕਵਲ ਜਨ ਹੋਏ ਅਧੀਨਾ, ਆਸਾ ਮਨਸਾ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਦੇਵੇ ਸ਼ਬਦ ਵਰ, ਵਰ ਵਰਿਆਮ ਆਪ ਹੋ ਆਇਆ । ਸ਼ਬਦ ਨਾ ਗਾਇਆ ਰਸਨਾ ਗੁਣ, ਮਨ ਚਿਤ ਭਇਆ ਠਗੋਰੀ । ਦਿਵਸ ਰੈਣ ਪੁਕਾਰ ਰਿਹਾ ਸੁਣ, ਵੇਖ ਵਖਾਏ ਕਾਇਆ ਕਵਰੀ । ਗੁਰਮੁਖ ਸਾਚੇ ਸੰਤ ਸੁਹੇਲੇ ਚੁਣ, ਦੇਵੇ ਵਡਿਆਈ ਮਾਣ ਉਪਰ ਧਵਲੀ । ਆਪੇ ਕਰੇ ਛਾਣ ਪੁਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ

ਸ਼ਬਦ ਵਰ, ਮਿਲਾਏ ਮੇਲ ਸਾਵਲ ਸਵਲੀ । ਸਰਬ ਕਲ ਆਪੇ ਸਮਰਥ, ਅਕਲ ਕਲਾ ਭਰਪੂਰਿਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਆਦਿਨ ਅੰਤਾ ਹਾਜ਼ਰ ਹਜ਼ੂਰਿਆ । ਜੁਗ ਜੁਗ ਚਲਾਏ ਅਕਥਨਾ ਅਕੱਥ, ਪਸਾਰਾ ਮੇਟੇ ਕੂੜੇ ਕੂੜਿਆ । ਨਾਮ ਚਲਾਏ ਸਾਚਾ ਰਥ, ਗੁਰਮੁਖ ਬਣਾਏ ਮੂਰਖ ਮੂੜ੍ਹਿਆ । ਕਲਜੁਗ ਲੇਖਾ ਚੁੱਕੇ ਸਾਢੇ ਤਿੰਨ ਹੱਥ, ਜਿਸ ਜਨ ਬਖ਼ਸ਼ੇ ਚਰਨ ਧੂੜਿਆ । ਸਗਲ ਵਸੂਰੇ ਜਾਇਣ ਲੱਥ, ਕਾਇਆ ਚੋਲੀ ਰੰਗਣ ਚਾੜ੍ਹੇ ਹਰਿ ਹਰਿ ਗੂੜ੍ਹਿਆ । ਪੰਚ ਵਿਕਾਰਾ ਦੇਵੇ ਮਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਤਾ ਜੋੜਿਆ । ਸਾਚਾ ਨਾਤਾ ਉਤਮ ਜ਼ਾਤਾ, ਕਰਮ ਧਰਮ ਹਰਿ ਦਵਾਰ । ਜਗਤ ਮਾਇਆ ਭੈਣ ਭਰਾਤਾ, ਮਾਤ ਪਿਤ ਨਾ ਕੋਈ ਮੀਤ ਮੁਰਾਰ । ਕਲਜੁਗ ਰੈਣ ਅੰਧੇਰੀ ਰਾਤਾ, ਚਾਰੋਂ ਕੁੰਟ ਅੰਧ ਅੰਧਿਆਰ । ਭਰਮ ਭੁਲੇਖਾ ਜ਼ਾਤ ਪਾਤਾ, ਗੁਰ ਦਰ ਮੰਦਰ ਹਾਹਾਕਾਰ । ਹਰਿਜਨ ਮੇਲਾ ਕਮਲਾਪਾਤਾ, ਲੇਖਾ ਚੁੱਕੇ ਨੌ ਦਵਾਰ । ਸਤਿ ਪੁਰਖ ਨਿਰੰਜਣ ਏਕਾ ਜ਼ਾਤਾ, ਆਦਿ ਅੰਤਾ ਏਕੰਕਾਰ । ਸ਼ਬਦ ਜਣਾਈ ਸਾਚੀ ਗਾਥਾ, ਸੋਹੰ ਕਰਾਏ ਜੈ ਜੈ ਜੈਕਾਰ । ਪਰਗਟ ਹੋਏ ਤ੍ਰੈਲੋਕੀ ਨਾਥਾ, ਸਤਿਜੁਗ ਸਾਚੀ ਬੰਨ੍ਹੇ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਪਰ ਅਪਾਰ । ਕਲਜੁਗ ਧਾਰੀ, ਧਰਤ ਧਵਲ ਰਖਾਈਆ । ਜੋਤ ਜਗਾਏ ਹਰਿ ਨਿਰੰਕਾਰੀ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਸ਼ਬਦ ਖੰਡਾ ਤੇਜ ਕਟਾਰੀ, ਗੁਰ ਗੋਬਿੰਦੇ ਤਨ ਛੁਹਾਈਆ । ਸਾਚੇ ਘੋੜੇ ਕਰ ਅਸਵਾਰੀ, ਲੋਆਂ ਪੁਰੀਆਂ ਪਾਰ ਕਰਾਈਆ । ਆਪੇ ਬਣਿਆ ਲੇਖ ਲਿਖਾਰੀ, ਲੇਖਾ ਆਪਣੇ ਹੱਥ ਰਖਾਈਆ । ਬ੍ਰਹਮਾ ਨੇਤਰ ਰਿਹਾ ਉਘਾੜੀ, ਪ੍ਰਭ ਸਾਚਾ ਰਿਹਾ ਹਿਲਾਈਆ । ਸ਼ਿਵ ਸ਼ੰਕਰ ਚਰਨ ਛੁਹਾਏ ਦਾਹੜੀ, ਵੇਲੇ ਅੰਤਮ ਦਏ ਦੁਹਾਈਆ । ਸੁਰਪਤ ਰਾਜੇ ਇੰਦ ਲੇਖਾ ਚੁੱਕੇ ਸਤਾਰਾਂ ਹਾੜੀ, ਸੰਮਤ ਬੀਸਾ ਰੁੱਤ ਸੁਹਾਈਆ । ਲੱਖ ਚੁਰਾਸੀ ਵੇਖੇ ਮੌਤ ਲਾੜੀ, ਲੋਕਮਾਤੀ ਰਾਹ ਤਕਾਈਆ । ਧਰਮ ਰਾਏ ਫੜਾਏ ਹੱਥ ਬਹਾਰੀ, ਚਾਰੇ ਕੁੰਟਾਂ ਰਿਹਾ ਵਖਾਈਆ । ਪਹਿਲੀ ਕੂਟੇ ਕਰ ਉਜਾੜੀ, ਲਹਿੰਦੀ ਦਿਸ਼ਾ ਵੇਖ ਵਖਾਈਆ । ਸੰਮਤ ਚੌਦਾਂ ਉਠੇ ਧਾੜੀ, ਪ੍ਰਭ ਸਾਚਾ ਰਿਹਾ ਉਠਾਈਆ । ਜਨ ਭਗਤਾਂ ਹੋਏ ਪਿੱਛੇ ਅਗਾੜੀ, ਸਿਰ ਆਪਣਾ ਹੱਥ ਟਿਕਾਈਆ । ਆਪੇ ਢਾਹੇ ਉਚੇ ਮੰਦਰ ਮਹੱਲ ਅਟਾਰੀ, ਨਗਰ ਖੇੜਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਔਧ ਮੁਕਾਈਆ । ਕਲਜੁਗ ਔਧ ਅੰਤਮ ਵੇਲਾ, ਹਰਿ ਅੰਤਮ ਅੰਤ ਕਰਾਇੰਦਾ । ਗੋਬਿੰਦ ਗੁਰੂ ਗੁਰੂ ਗੁਰ ਚੇਲਾ, ਹਰਿ ਗੋਬਿੰਦ ਰੂਪ ਵਟਾਇੰਦਾ । ਦਰ ਦਵਾਰੇ ਸਾਚਾ ਮੇਲਾ, ਵਾਲੀ ਹਿੰਦ ਆਪ ਜਣਾਇੰਦਾ । ਨੌ ਖੰਡ ਪ੍ਰਿਥਮੀ ਸੱਜਣ ਸੁਹੇਲਾ, ਸਾਚਾ ਲੇਖਾ ਆਪ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਇਆ ਰੰਗ ਚੜ੍ਹਾਇੰਦਾ । ਕਲਜੁਗ ਕਾਇਆ ਰੰਗੀ ਚੋਲੀ, ਹਰਿ ਸਾਚੇ ਆਪ ਰੰਗਾਈਆ । ਲਾੜੀ ਮੌਤ ਚੁੱਕੇ ਡੋਲੀ, ਚਾਰੋਂ ਕੁੰਟ ਫਿਰੇ ਹਲਕਾਈਆ । ਧਰਮ ਰਾਏ ਦਰ ਹੋਏ ਗੋਲੀ, ਦੋਵੇਂ ਬੈਠੀ ਸੀਸ ਝੁਕਾਈਆ । ਮਨਮੁਖਾਂ ਅੰਤ ਵਿਆਹੇ ਬੋਲੀ, ਲੱਖ ਚੁਰਾਸੀ ਪਰਨਾਈਆ । ਤੋਲਣਹਾਰਾ ਪੂਰੇ ਤੋਲ ਤੋਲੀ, ਆਪੇ ਕੰਡਾ ਰਿਹਾ ਉਠਾਈਆ । ਧਰਮ ਰਾਏ ਦਰ ਸਾਚਾ ਖੋਲ੍ਹੀ, ਆਪ ਆਪਣਾ ਬੂਹਾ ਲਾਹੀਆ । ਗੁਰਮੁਖਾਂ ਦਰ ਹੋਏ ਗੋਲੀ, ਦਰ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਿਤਾ ਵਰ, ਕਰੇ ਮਾਤ ਕੁੜਮਾਈਆ । ਕਲਜੁਗ ਆਇਆ ਦਰ ਦਵਾਰ, ਮੰਗੇ ਮੰਗ ਭਿਖਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰ,


੨੨੫
੦੬

ਆਈ ਅੰਤਮ ਵਾਰੀ । ਸੰਗ ਮੁਹੰਮਦ ਚਾਰ ਯਾਰ, ਟੁੱਟਦੀ ਜਾਏ ਯਾਰੀ । ਅੱਲਾ ਰਾਣੀ ਹਾਹਾਕਾਰ, ਦਿਵਸ ਰੈਣ ਰਹੀ ਪੁਕਾਰੀ । ਵਸਦਾ ਮਹੱਲਾ ਦਏ ਉਜਾੜ, ਪ੍ਰਭ ਸਾਚਾ ਖੇਲ ਖਿਲਾਰੀ । ਜਲਾਂ ਥਲਾਂ ਪਾਵੇ ਸਾਰ, ਮਾਰੇ ਸ਼ਬਦ ਉਡਾਰੀ । ਪੰਦਰਾਂ ਪੰਦਰਾਂ ਤੇਰੀ ਕਾਰ, ਜਗੇ ਜੋਤ ਇਕ ਨਿਰੰਕਾਰੀ । ਸੋਲਾਂ ਸੋਲਾਂ ਹਾਹਾਕਾਰ, ਸੋਲਾਂ ਕਰੇ ਤਨ ਸ਼ਿੰਗਾਰੀ । ਸੱਤ ਸਤਾਰਾਂ ਮਾਰੇ ਮਾਰ, ਮੰਦਰ ਅੰਦਰ ਨਾ ਕੋਈ ਦੀਸੇ ਚਾਰ ਦਿਵਾਰੀ । ਅੱਠ ਅਠਾਰਾਂ ਜਲ ਜਲ ਧਾਰ, ਸਭ ਦੀ ਰਿਹਾ ਜੜ੍ਹ ਉਖਾੜੀ । ਉਨੀ ਉਨੀਸਾ ਮੌਤ ਲਾੜ, ਸੰਗ ਮੁਹੰਮਦ ਤੋੜੇ ਯਾਰੀ । ਬੀਸ ਬੀਸਾ ਖ਼ਬਰਦਾਰ, ਪਰਗਟ ਹੋਏ ਨਰ ਨਿਰੰਕਾਰੀ । ਪੰਚਮ ਮੀਤਾ ਪਹਿਰੇਦਾਰ, ਨਾਮ ਖੰਡਾ ਇਕ ਕਟਾਰੀ । ਇਕ ਇਕੀਸਾ ਵਿਚ ਸੰਸਾਰ, ਬ੍ਰਹਿਮੰਡੀ ਰਿਹਾ ਉਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਣਵੰਤਾ ਗੁਣ ਰਿਹਾ ਵਿਚਾਰੀ । ਬੀਸ ਬੀਸਾ ਹਰਿ ਜਗਦੀਸਾ, ਹਰਿ ਹਰਿ ਰੰਗ ਸਮਾਇੰਦਾ । ਛਤਰ ਝੁਲਾਏ ਸਾਚਾ ਸੀਸਾ, ਪੰਚਮ ਮੁਖ ਵਖਾਇੰਦਾ । ਨਾ ਕੋਈ ਦੀਸੇ ਈਸਾ ਮੂਸਾ, ਹਿੰਦੂ ਸਿਖ ਨਾ ਕੋਈ ਅਖਵਾਇੰਦਾ । ਚਰਨ ਲਗਾਏ ਚੀਨਾ ਰੂਸਾ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਸਤਾਰਾਂ ਹਾੜ, ਦੇਸ ਪਰਦੇਸ਼ਾ ਲੇਖ ਲਿਖਾਇੰਦਾ । ਹਾੜ ਸਤਾਰਾਂ ਰੁੱਤ ਸੁਹਾਉਣੀ, ਹਰਿ ਸਾਚੇ ਲੇਖ ਲਿਖਾਉਣੀ । ਦੇਸ਼ ਬਵੰਜਾ ਸ਼ਬਦ ਜਣਾਉਣੀ । ਆਪ ਆਪਣੀ ਕਲਮ ਚਲਾਉਣੀ । ਕਰੇ ਕਰਾਏ ਜੋ ਮਨ ਭਾਉਣੀ, ਸਿਆਸਤ ਵਿਰਾਸਤ ਸਰਬ ਮੁਕਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਲੀ ਹਿੰਦ ਦੇਵੇ ਵਰ, ਜਗਤ ਜ਼ਾਮਨੀ ਇਕ ਨਿਭਾਵਣੀ । ਵਾਲੀ ਹਿੰਦ ਉਠ ਜਾਗ, ਨੇਤਰ ਅੱਖ ਉਘਾੜ । ਲੋਕਮਾਤ ਲੱਗਾ ਭਾਗ, ਪੰਚਮ ਜੇਠਾ ਪਰਗਟ ਹੋਏ ਸਤਾਰਾਂ ਹਾੜ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਤਮ ਜੋਤੀ ਬੁੱਝੇ ਚਿਰਾਗ, ਹੰਸ ਹੋਏ ਕਲ ਕਲ ਕਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪਣੇ ਹੱਥ ਰੱਖੇ ਵਾਗ ।



੨੨੬
੦੬

ਜੁਗ ਕਰਤਾ ਪ੍ਰਭ ਆਪ ਹੈ, ਰਚਨਾ ਰਚਨ ਰਚਾਏ । ਸ੍ਰਿਸ਼ਟ ਸਬਾਈ ਮਾਈ ਬਾਪ ਹੈ, ਹਰਿਜਨ ਸਾਚੇ ਸੰਗ ਰਲਾਏ । ਮਨ ਬੁੱਧੀ ਰਹੀ ਨਾਚ ਹੈ, ਹਰਿ ਦੇਵੇ ਦਰ ਦੁਰਕਾਏ । ਮਾਇਆ ਰਕਤ ਝੂਠੀ ਆਂਚ ਹੈ, ਦਿਵਸ ਰੈਣ ਰਹੀ ਜਲਾਏ । ਅੰਤਮ ਮੇਲਾ ਪੰਚਮ ਪਾਂਚ ਹੈ, ਪੰਚਮ ਮਾਰੇ ਪੰਚ ਲਏ ਉਠਾਏ । ਪੁਰਖ ਅਬਿਨਾਸ਼ੀ ਏਕਾ ਨਾਦ ਹੈ, ਲੋਆਂ ਪੁਰੀਆਂ ਰਿਹਾ ਵਜਾਏ । ਹਰਿਜਨ ਸਾਚੇ ਦਾਦ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਦੀਵਾ ਬੱਤੀ ਆਪ ਹੋ ਜਾਏ । ਘਟ ਦੀਵਾ ਘਟ ਮੰਦਰਾ, ਹਰ ਘਟ ਹੋਏ ਪਰਕਾਸ਼ । ਜੋਤੀ ਨੂਰ ਕਰਾਏ ਅੰਦਰਾ, ਸਚ ਸਮਗਰੀ ਵੇਖੇ ਰਾਸ । ਮੋਹ ਮਾਇਆ ਹਉਮੇ ਅੰਦਰ ਕੰਧੜਾ, ਨਾ ਕੋਈ ਸਕੇ ਮਾਤ ਢਾਹੇ । ਜਗਤ ਵਿਕਾਰਾ ਤਨ ਮਨ ਬੰਨ੍ਹੜਾ, ਬੰਦੀ ਬੰਦ ਨਾ ਕੋਇ ਕਟਾਏ । ਗੀਤ ਸੁਹਾਗੀ ਇਕ ਸੁਣੰਦੜਾ, ਸੋਹੰ ਸਾਚਾ ਢੋਲਾ ਗਾਏ । ਸਰਨ ਸਰਨਾਈ ਆਪ ਰਖੰਦੜਾ, ਚਰਨ ਕਵਲ ਇਕ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਜਗਤ ਵਡਿਆਏ । ਹਰਿ ਦਰ ਅਪਾਰ ਸਖੀ ਸੁਲਤਾਨ, ਸਰਵਰ

ਰੂਪ ਸਮਾਇਆ । ਦੇਵਣਹਾਰਾ ਜੀਆ ਦਾਨ, ਜੀਵ ਜੰਤ ਰਿਹਾ ਤਰਾਇਆ । ਆਪੇ ਦੇਵੇ ਪੀਣ ਖਾਣ, ਭਗਤ ਭੰਡਾਰੀ ਆਪ ਅਖਵਾਇਆ । ਤੀਰ ਨਿਰਾਲਾ ਮਾਰੇ ਬਾਣ, ਰਾਮ ਰਾਮਾ ਧਨੁਸ਼ ਉਠਾਇਆ । ਹਰਿਜਨ ਸਾਚੇ ਮਿਲੇ ਮੇਲ ਸ੍ਰੀ ਭਗਵਾਨ, ਬੀਸ ਬੀਸਾ ਰੂਪ ਸਮਾਇਆ । ਆਪ ਝੁਲਾਏ ਧਰਮ ਨਿਸ਼ਾਨ, ਸਾਗਰ ਸਹਿੰਸਾ ਰੋਗ ਮਿਟਾਇਆ । ਦਰ ਦਵਾਰੇ ਕਰ ਪਰਵਾਨ, ਆਪ ਆਪਣੇ ਅੰਕ ਸਮਾਇਆ । ਗੋਬਿੰਦ ਗੋਬਿੰਦ ਘਰ ਘਰ ਗਾਨ, ਹਰਿ ਗੋਬਿੰਦ ਵਿਰਲੇ ਗੁਰਮੁਖ ਪਾਇਆ । ਕਾਇਆ ਮੰਦਰ ਸਚ ਮਕਾਨ, ਸਾਗਰ ਸਿੰਧ ਦਇਆ ਕਮਾਇਆ । ਜੂਠੀ ਝੂਠੀ ਜਗਤ ਦੁਕਾਨ, ਚਿਤ ਵਿਤ ਠਗੌਰੀ ਪਾਇਆ । ਨਾ ਕੋਈ ਦੀਸੇ ਪਵਣ ਮਸਾਣ, ਰੁਤੜੀ ਰੁੱਤ ਨਾ ਕੋਇ ਸੁਹਾਇਆ । ਜਨ ਭਗਤਾਂ ਦੇਵੇ ਸਾਚਾ ਮਾਣ, ਕਾਇਆ ਬੁਤੜੀ ਦਇਆ ਕਮਾਇਆ । ਨਾਮ ਖਜ਼ਾਨਾ ਸਾਚੀ ਖਾਣ, ਨਾ ਕੋਈ ਮੇਟੇ ਮੇਟ ਮਿਟਾਇਆ । ਜੁਗ ਜੁਗ ਆਪ ਵਖਾਏ ਆਪਣੀ ਆਣ, ਭੇਖਾਧਾਰੀ ਭੇਖ ਵਟਾਇਆ । ਬਣ ਬਣ ਆਏ ਗੋਪੀ ਕਾਹਨ, ਰਾਸਾਂ ਮੰਡਲ ਰਾਸ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਰਿਹਾ ਵਖਾਇਆ । ਜੋਤ ਜਗਤ ਭਗਤ ਕੰਤੂਹਲ, ਹਰਿ ਸਾਚੇ ਆਪ ਜਗਾਈਆ । ਹਰਿਜਨ ਚੁਕਾਏ ਲਹਿਣਾ ਦੇਣਾ ਮੂਲ, ਜੁਗ ਜੁਗ ਵਡ ਵੱਡੀ ਵਡਿਆਈਆ । ਨਾਮ ਸਿੰਘਾਸਣ ਨਾ ਕੋਈ ਪਾਵਾ ਚੂਲ, ਪਲੰਘ ਰੰਗੀਲਾ ਨਾਉਂ ਰਖਾਈਆ । ਆਤਮ ਸੇਜਾ ਸਾਚਾ ਫੂਲ, ਬਣ ਮਾਲਣ ਆਪ ਸੁਹਾਈਆ । ਗੁਰਮੁਖ ਨਾ ਜਾਏ ਮਾਤ ਭੂਲ, ਭਰਮ ਭੁਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮਸਤਕ ਲਾਏ ਮੇਖਾ, ਨਾ ਕੋਈ ਸਕੇ ਮਾਤ ਉਖੜਾਈਆ । ਹਰਿਜਨ ਕਾਇਆ ਰੰਗ ਬਸੰਤੀ, ਪੁਰਖ ਨਿਰੰਜਣ ਆਪ ਚੜ੍ਹਾਇੰਦਾ । ਭੇਵ ਨਾ ਪਾਇਣ ਜੀਵ ਜੰਤੀ, ਜੀਵ ਜੰਤ ਨਾ ਕੋਈ ਜਣਾਇੰਦਾ । ਹਰਿਜਨ ਮੇਲਾ ਸਾਚੇ ਕੰਤੀ, ਕੰਤ ਭਤਾਰਾ ਅੰਗ ਲਗਾਇੰਦਾ । ਜੁਗ ਜੁਗ ਮਹਿੰਮਾ ਅਗਣਤ ਅਗਣਤੀ, ਲੇਖਾ ਲੇਖ ਨਾ ਕੋਈ ਗਿਣਾਇੰਦਾ । ਹਰਿ ਹਰਿ ਪ੍ਰਭ ਬੇਅੰਤ ਬੇਅੰਤੀ, ਬੇਅੰਤ ਰੂਪ ਸਮਾਇੰਦਾ । ਮੇਲ ਮਿਲਾਵਾ ਸਾਧਨ ਸੰਤੀ, ਸੰਤ ਸੁਹੇਲਾ ਆਪ ਹੋ ਜਾਇੰਦਾ । ਸੁਣੇ ਸੁਣਾਏ ਸਦਾ ਬੇਨੰਤੀ, ਸੁਣਨੇਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਨਾਮ ਵੱਖਰ ਹਰਿਜਨ ਸਾਚੇ ਆਪ ਪੜ੍ਹਾਇੰਦਾ । ਨਾਮ ਵੱਖਰ ਸ਼ਬਦ ਭੰਡਾਰਾ, ਅਤੋਟ ਅਤੁਲ ਰਖਾਇਆ । ਆਪੇ ਬਣਿਆ ਹਰਿ ਵਰਤਾਰਾ, ਅਕਲ ਕਲ ਕੋਇ ਨਾ ਲਾਇਆ । ਚਾਰੋਂ ਕੂੰਟ ਜੈ ਜੈ ਜੈਕਾਰਾ, ਭੁੱਲ ਰਹੇ ਨਾ ਰਾਇਆ । ਪਰਗਟ ਹੋਏ ਹਰਿ ਨਿਰੰਕਾਰਾ, ਨਾਮ ਭੰਡਾਰਾ ਗਿਆ ਖੁਲ੍ਹ, ਪੁਰਖ ਅਬਿਨਾਸ਼ੀ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਵਕ ਸੇਵਾ ਸਾਚੀ ਲਾਇਆ । ਸੇਵਕ ਸੇਵਾ ਚਾਕਰੀ, ਚਰਨ ਕਵਲ ਪ੍ਰਭ ਧਿਆਨ । ਧੰਨ ਧੰਨ ਜਣੇਂਦੀ ਮਾਤਰੀ, ਦੇਵੇ ਬ੍ਰਹਮ ਗਿਆਨ । ਹੱਥ ਨਾ ਆਏ ਵੇਦ ਪੁਰਾਨ ਸ਼ਾਸਤਰੀ, ਪੜ੍ਹ ਪੜ੍ਹ ਥੱਕੇ ਜੀਵ ਨਾਦਾਨ । ਕਲਜੁਗ ਰੈਣ ਅੰਧੇਰੀ ਰਾਤਰੀ, ਰਵ ਸਸ ਹੋਏ ਹੈਰਾਨ । ਤਟ ਕਿਨਾਰਾ ਇਕ ਵਖਾਏ ਸਾਚਾ ਪਾਤਰੀ, ਚਰਨ ਧੂੜ ਇਸ਼ਨਾਨ । ਦੇਵੇ ਦਰਸ ਬਹੁ ਬਹੁ ਭਾਤਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਭਗਤ ਭਗਵਾਨਾ ਏਕਾ ਧਾਮ ਸੁਹੰਜਣਾ । ਸ਼ਬਦ ਤਰਾਨਾ ਅਨਹਦ ਗਾਣਾ, ਜੋਤ ਜਗਾਏ ਹਰਿ ਨਿਰੰਜਣਾ । ਪੰਚਮ ਮੇਲਾ ਇਕ ਟਿਕਾਣਾ, ਪਵਣ ਪਵਣੀ ਸ਼ਬਦ ਬਿਬਾਣਾ, ਚਰਨ ਧੂੜ ਕਰਾਏ ਮਜਨਾ । ਨਾ ਕੋਈ ਜਾਣੇ ਰਾਜਾ ਰਾਣਾ, ਚਤੁਰ ਸੁਘੜ ਸਿਆਣਾ

੨੨੮ ੦੬

ਗੁਰਮੁਖ ਵਿਰਲਾ ਪਾਏ ਸ਼ਬਦ ਨਾਮ ਅੰਜਨਾ । ਜੁਗ ਜੁਗ ਵਰਤੇ ਆਪਣਾ ਭਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਹੋਏ ਸਹਾਈ ਦਏ ਵਡਿਆਈ ਆਪ ਰਘੁਰਾਈ, ਮੀਤ ਮੁਰਾਰਾ ਸਾਚਾ ਸੱਜਣਾ । ਮੀਤ ਮੁਰਾਰਾ ਸਾਜਣ ਮੀਤਾ, ਨਰ ਹਰਿ ਨਿਰੰਕਾਰਿਆ । ਸ੍ਰਿਸ਼ਟ ਸਬਾਈ ਆਪੇ ਜੀਤਾ, ਆਪ ਕਰਾਏ ਪਾਸਾ ਹਾਰਿਆ । ਆਪੇ ਹੋਏ ਪਤਤ ਪੁਨੀਤਾ, ਦੀਵਾ ਬੱਤੀ ਆਪ ਜਗਾ ਰਿਹਾ । ਆਪੇ ਵੇਖੇ ਦਿਹੁਰਾ ਮੰਦਰ ਗੁਰੂਦਵਾਰ ਮਸੀਤਾ, ਅੰਦਰ ਮੰਦਰ ਕੁੰਡਾ ਲਾ ਰਿਹਾ । ਆਪੇ ਵੇਖੇ ਖਾਣੀ ਬਾਣੀ ਰਾਗ ਛਤੀਸਾ, ਅਠਾਰਾਂ ਧਿਆਏ ਗੀਤਾ ਖੇਲੇ ਖੇਲ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਰਾਗ ਸੁਣਾਏ ਅਨਹਦ ਸਾਚੀ ਬਾਣੀਆ । ਅਨਹਦ ਬਾਣੀ ਸਾਚੀ ਤੂਰਾ, ਆਤਮ ਘਰ ਉਪਜਾਇੰਦਾ । ਨਿਰਮਲ ਜੋਤੀ ਕਰੇ ਨੂਰਾ, ਪੁਰਖ ਅਬਿਨਾਸ਼ੀ ਹਾਜ਼ਰ ਹਜ਼ੂਰਾ, ਮਨਮੁਖਾਂ ਦਿਸੇ ਦੂਰਨ ਦੂਰਾ, ਗੁਰਮੁਖਾਂ ਏਕਾ ਘਰ ਵਖਾਇੰਦਾ । ਮਾਇਆ ਮਮਤਾ ਝੂਠਾ ਕੂੜਾ, ਗੁਰਮੁਖ ਵਿਰਲਾ ਸੰਤ ਸੁਹੇਲਾ ਕਾਇਆ ਰੰਗਣ ਰੰਗ ਚਾੜ੍ਹੇ ਗੂੜ੍ਹਾ, ਜਗਤ ਲਲਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ ।

ਕਰਤਾ ਪੁਰਖ ਅਗੰਮ ਹੈ, ਅਗੰਮੜਾ ਥਾਨ ਸੁਹਾਇਆ । ਸਤਿਗੁਰ ਪੂਰਾ ਲੋਕਮਾਤੀ ਦੇਵੇ ਥੰਮ ਹੈ, ਸਿਰ ਆਪਣਾ ਹੱਥ ਟਿਕਾਇਆ । ਜੀਵ ਜੰਤ ਰਸਨਾ ਜਿਹਵਾ ਗਾਏ ਦਮ ਹੈ, ਸਾਢੇ ਤਿੰਨ ਹੱਥ ਲੇਖ ਚੁਕਾਇਆ । ਵੇਲੇ ਅੰਤਮ ਆਏ ਕੰਮ ਹੈ, ਦੂਸਰ ਕੋਇ ਨਾ ਸੰਗ ਰਖਾਇਆ । ਆਪ ਆਪਣਾ ਜਾਣੇ ਮਨ ਹੈ, ਮਨ ਗੁਰ ਚਰਨ ਭੇਟ ਚੜ੍ਹਾਇਆ । ਤਤੀ ਵਾ ਨਾ ਲੱਗੇ ਤਨ ਹੈ, ਖੇਵਟ ਖੇਟ ਮੇਲ ਮਿਲਾਇਆ । ਆਪੇ ਬੇੜਾ ਰਿਹਾ ਬੰਨ੍ਹ ਹੈ, ਮਾਤ ਪਿਤ ਬੇਟੀ ਬੇਟ ਆਪ ਹੋ ਆਇਆ । ਏਕਾ ਰਾਗ ਸੁਣਾਏ ਕੰਨ ਹੈ, ਲਿਖਣ ਪੜ੍ਹਨ ਵਿਚ ਨਾ ਆਇਆ । ਨਾਮ ਚੜ੍ਹਾਏ ਸਾਚਾ ਚੰਨ ਹੈ, ਸੂਰਜ ਚੰਨ ਰਹੇ ਸ਼ਰਮਾਇਆ । ਇਕ ਵਸੇਰਾ ਇਕ ਘਰ ਹੈ, ਛਪਰ ਛੰਨ ਨਾ ਕੋਇ ਰਖਾਇਆ । ਆਪੇ ਦੇਵਣਹਾਰਾ ਡੰਨ ਹੈ, ਆਪੇ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸਾਚਾ ਸਾਚਾ ਸ਼ਬਦ ਸੁਣਾਇਆ । ਸ਼ਬਦ ਗੁਰ ਏਕ ਹੈ, ਜਗਤ ਜੁਗ ਪ੍ਰਧਾਨ । ਆਪੇ ਹੋਏ ਬਿਬੇਕ ਹੈ, ਆਪੇ ਦਾਤਾ ਦਾਨੀ ਦਾਨ । ਲੱਖ ਚੁਰਾਸੀ ਆਪੇ ਵੇਖ ਹੈ, ਆਪੇ ਭੇਖ ਵਟਾਨ । ਆਪੇ ਲਿਖਣਹਾਰਾ ਲੇਖ ਹੈ, ਆਪੇ ਵੇਖ ਪੰਜ ਸ਼ੈਤਾਨ । ਆਪੇ ਲਾਵਣਹਾਰਾ ਮੇਖ ਹੈ, ਆਪੇ ਦੇਵੇ ਬ੍ਰਹਮ ਗਿਆਨ । ਹਰਿਜਨ ਸਾਚਾ ਰਿਹਾ ਵੇਖ ਹੈ, ਜਿਸ ਜਨ ਬਖ਼ਸ਼ੇ ਚਰਨ ਧੂੜ ਇਸ਼ਨਾਨ । ਚਰਨ ਕਵਲ ਚਵਰ ਸਾਚੇ ਕੇਸ ਹੈ, ਤਨ ਸੁਰਤੀ ਸੇਵ ਕਮਾਨ । ਮੇਲਾ ਮੇਲ ਇਕ ਦਸਮੇਸ਼ ਹੈ, ਦਸਮ ਦਵਾਰੀ ਵੇਖ ਵਖਾਨ । ਆਪੇ ਦਾਤਾ ਨਰ ਨਰੇਸ਼ ਹੈ, ਰਾਜ ਜੋਗ ਜਗਤ ਸੁਰਤ ਸੁਲਤਾਨ । ਸੇਵਕ ਸੇਵਾ ਬ੍ਰਹਮਾ ਵਿਸ਼ਨ ਮਹੇਸ਼ ਹੈ, ਦੇਵੇ ਧੁਰਦਰਗਾਹੀ ਇਕ ਫ਼ਰਮਾਣ । ਸ਼ਿਵ ਸ਼ੰਕਰ ਕਰੇ ਆਦੇਸ ਹੈ, ਕਰੋੜ ਤੇਤੀਸਾ ਨਿਉਂ ਨਿਉਂ ਗਾਨ । ਆਪੇ ਬਿਰਧ ਜਵਾਨ ਬਾਲ ਅਲ੍ਹੜ ਵਰੇਸ ਹੈ, ਗੁਣਵੰਤਾ ਗੁਣ ਨਿਧਾਨ । ਜੋਤੀ ਜਾਮਾ ਧਰ ਧਰ ਭੇਸ ਹੈ, ਗੁਰਮੁਖ ਸਾਚੇ ਕਰੇ ਪਛਾਣ । ਆਦਿ ਅੰਤ ਜੁਗਾ ਜੁਗੰਤ ਸਦਾ ਹਮੇਸ਼ ਹੈ, ਨਿਸ਼ਅੱਖਰ ਵੱਖਰ ਰੂਪ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਕਰਤਾ ਪੁਰਖ ਸੁਜਾਨ । ਕਰਤਾ ਪੁਰਖ ਕਰਨਹਾਰ, ਕਰੇ ਕਰਾਏ

ਖੇਲ । ਗੁਰਮੁਖ ਸਾਚਾ ਸੇਵਣਹਾਰ, ਸੇਵਕ ਸੇਵਾ ਮੇਲੇ ਮੇਲ । ਹਰਿਜਨ ਸਾਚਾ ਦੇਵਣਹਾਰ, ਲਹਿਣਾ ਦੇਣਾ ਦੇਵੇ ਨਵੇਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਵਸਿਆ ਕਾਇਆ ਘਰ, ਕਾਇਆ ਮਾਟੀ ਚਾਰ ਦਿਵਾਰੀ, ਅੰਦਰ ਵਸਿਆ ਨਰ ਨਿਰੰਕਾਰੀ, ਗੁਰਮੁਖਾਂ ਦਿਸੇ ਝੂਠੀ ਜੇਲ੍ਹ । ਮਨਮੁਖ ਕਾਇਆ ਝੂਠੀ ਜੇਲ੍ਹ, ਹਰਿ ਸਾਚਾ ਬੰਦ ਕਰਾਇਆ । ਮਿਲਿਆ ਮੇਲ ਨਾ ਸੱਜਣ ਸੁਹੇਲ, ਬੱਤੀ ਦੰਦ ਨਾ ਰਸਨਾ ਗਾਇਆ । ਜੋਤ ਨਿਰੰਜਣ ਨਾ ਚੜ੍ਹਿਆ ਤੇਲ, ਗੀਤ ਸੁਹਾਗੀ ਪੰਚਮ ਸਖੀ ਨਾ ਮਿਲ ਮਿਲ ਗਾਇਆ । ਆਪੇ ਖੇਲਣਹਾਰਾ ਖੇਲ, ਦੀਵਾ ਬਾਤੀ ਨਾ ਕੋਈ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਬੰਦ ਦਰ, ਜੂਠਾ ਝੂਠਾ ਕੁਫਲ ਲਗਾਇਆ ।

## ❊ ੨੫ ਪੋਹ ੨੦੧੩ ਬਿਕ੍ਰਮੀ ਪਿੰਡ ਜੇਠੂਵਾਲ ਹਰਿ ਭਗਤ ਦਵਾਰ ਜ਼ਿਲਾ ਅੰਮ੍ਰਿਤਸਰ ❊

ਵਡ ਸੰਸਾਰੀ ਆਪ, ਪ੍ਰਭ ਜੁਗ ਜੁਗ ਅਖਵਾਇਆ । ਭਗਤ ਭੰਡਾਰੀ ਆਪ, ਏਕਾ ਨਾਉਂ ਰਿਹਾ ਵਰਤਾਇਆ । ਜੋਤ ਨਿਰੰਕਾਰੀ ਆਪ, ਨਿਰਗੁਣ ਰੂਪ ਸਮਾਇਆ । ਸ਼ਬਦ ਅਧਾਰੀ ਆਪ, ਹਰ ਘਟ ਮੇਂ ਰਿਹਾ ਸਮਾਇਆ । ਕਰਮ ਵਿਚਾਰੀ ਆਪ, ਲੇਖਾ ਆਪਣੇ ਹੱਥ ਰਖਾਇਆ । ਵਣਜ ਵਪਾਰੀ ਆਪ, ਗੁਰਮੁਖ ਸਾਚੇ ਵਣਜ ਕਰਾਇਆ । ਨਾਮ ਕਟਾਰੀ ਆਪ, ਆਪ ਆਪਣੀ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਦਰ ਦਰਬਾਰੀ ਆਪ ਪ੍ਰਭ, ਆਪੇ ਰਾਜ ਦਰਬਾਰਿਆ । ਖੇਲ ਖਿਲਾਰੀ ਆਪ ਹਰਿ, ਖੇਲੇ ਖੇਲ ਵਿਚ ਸੰਸਾਰਿਆ । ਮੇਲਣ ਮੇਲੀ ਆਪ ਹਰਿ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਜੋਤ ਅਕੇਲੀ ਆਪ ਹਰਿ, ਏਕਾ ਧਾਮ ਸੁਹਾ ਰਿਹਾ । ਰੰਗ ਨਵੇਲੀ ਆਪ ਦਰ, ਦਰ ਦਵਾਰਾ ਇਕ ਰਖਾ ਲਿਆ । ਜੀਵ ਜੰਤ ਅਧਾਰੀ ਆਪ ਹਰਿ, ਆਪ ਆਪਣੀ ਓਟ ਰਖਾ ਲਿਆ । ਲੱਖ ਚੁਰਾਸੀ ਪਾਵੇ ਸਾਰੀ ਆਪ ਹਰਿ, ਆਪੇ ਆਪ ਉਪਾ ਲਿਆ । ਗੁਰਮੁਖ ਚਰਨ ਉਧਾਰੀ ਆਪ ਹਰਿ, ਆਪ ਆਪਣਾ ਦਰਸ ਦਿਖਾ ਲਿਆ । ਨਾਨਕ ਭਿਖਾਰੀ ਆਪ ਹਰਿ, ਦਰ ਭਿਖਾਰੀ ਇਕ ਬੁਲਾ ਲਿਆ । ਸਤਿਨਾਮ ਭੰਡਾਰੀ ਆਪ ਹਰਿ, ਏਕਾ ਵਸਤੂ ਝੋਲੀ ਪਾ ਲਿਆ । ਜੋਤ ਅਕਾਰੀ ਆਪ ਹਰਿ, ਅਕਲ ਕਲਾ ਵਰਤਾ ਰਿਹਾ । ਗੋਬਿੰਦ ਤਨ ਸ਼ਿੰਗਾਰੀ ਆਪ ਹਰਿ, ਤਨ ਬਸਤਰ ਸ਼ਬਦ ਸਜਾ ਲਿਆ । ਤੇਜ ਕਟਾਰੀ ਆਪ ਹਰਿ, ਏਕਾ ਖੰਡਾ ਨਾਉਂ ਲਗਾ ਲਿਆ । ਕਿਲ੍ਹੇ ਕੋਟ ਕਾਇਆ ਗੜ੍ਹ ਉਸਾਰੀ ਆਪ ਹਰਿ, ਅੰਤਮ ਆਪੇ ਆਪ ਢਾਹ ਲਿਆ । ਪੰਚਮ ਤਤ ਜੀਵ ਜੰਤ ਸਾਧ ਸੰਤ ਗੁਰ ਪੀਰ ਅਵਤਾਰ ਅਧਾਰੀ ਆਪ ਹਰਿ, ਅੰਤਮ ਆਪਣੇ ਵਿਚ ਮਿਲਾ ਲਿਆ । ਗੋਬਿੰਦ ਨਾਨਕ ਭਿਖਾਰੀ ਆਪ ਹਰਿ, ਹਰਿ ਅਰਜਨ ਸੇਵਾ ਲਾ ਲਿਆ । ਅਰਜਨ ਵਿਚਾਰੀ ਇਕ ਦਰ, ਦਰ ਦਰਵਾਜ਼ਾ ਇਕ ਖੁਲ੍ਹਾ ਲਿਆ । ਨਾਮ ਭੰਡਾਰੀ ਸਚ ਸਰ, ਸਰ ਸਰੋਵਰ ਇਕ ਬਣਾ ਲਿਆ । ਸੁਹਾਏ ਬੰਕ ਦਵਾਰੀ ਕਿਰਪਾ ਕਰ, ਅਭੇਦ ਅਭੇਦਾ ਭੇਵ ਛੁਪਾ ਲਿਆ । ਚਿੱਟੇ ਅਸਵ ਸ਼ਬਦ ਘੋੜੇ ਸਾਚੇ ਚੜ੍ਹ, ਲੋਆਂ ਪੁਰੀਆਂ ਵੇਖ ਵਖਾ ਲਿਆ । ਦੂਰ ਦੁਰਾਡਾ ਬ੍ਰਹਮਾ ਵੇਖੇ ਖੜ੍ਹ, ਪ੍ਰਭ ਸਾਚੇ ਭੇਵ ਨਾ ਪਾ ਲਿਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਲੱਗੇ ਧੜ, ਅੰਗੀਕਾਰ ਨਾ ਅੰਗ ਲਗਾ ਲਿਆ । ਕਰੋੜ ਤੇਤੀਸਾ ਨਾ ਕੋਈ ਸੀਸ ਨਾ ਕੋਈ ਧੜ, ਸੁਰਪਤ ਰਾਜਾ ਇੰਦ ਆਪ ਰੁਲਾ ਲਿਆ । ਲੱਖ ਚੁਰਾਸੀ ਰਿਹਾ ਫੜ,

ਨਾਮ ਡੋਰੀ ਇਕ ਉਪਾ ਲਿਆ । ਗੁਰਮੁਖ ਸਾਚੇ ਕਾਇਆ ਮੰਦਰ ਅੰਦਰ ਵੇਖੇ ਚੜ੍ਹ, ਦਸਮ ਦਵਾਰੀ ਡੇਰਾ ਲਾ ਲਿਆ । ਆਪ ਆਪਣਾ ਘਾੜਨ ਘੜ, ਸਚ ਸਿੰਘਾਸਣ ਇਕ ਵਿਛਾ ਲਿਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਭੇਵ ਕਿਸੇ ਨਾ ਪਾ ਲਿਆ । ਮੜ੍ਹੀ ਗੋਰ ਨਾ ਜਾਏ ਸੜ, ਖ਼ਾਕੀ ਖ਼ਾਕ ਨਾ ਕਿਸੇ ਮਿਲਾ ਲਿਆ । ਜਗਤ ਵਹਿਣ ਨਾ ਜਾਣਾ ਸੜ, ਡੂੰਘੇ ਸਾਗਰ ਨਾ ਡੁਬਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦਾ ਇਕ ਮੰਨਾ ਲਿਆ । ਨਾਨਕ ਤੇਰਾ ਨਿਜ ਘਰ ਰੂਪ, ਹਰਿ ਨੇਤਰ ਨੈਣ ਵਿਚਾਰਿਆ । ਜੋਤੀ ਜਾਮਾ ਸਤਿ ਸਰੂਪ, ਸਤਿ ਪੁਰਖਾਂ ਵਿਚ ਸਮਾ ਰਿਹਾ । ਕਲਜੁਗ ਰੈਣ ਅੰਧੇਰੀ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾ ਰਿਹਾ । ਤੀਰ ਨਿਰਾਲਾ ਰਿਹਾ ਛੂਟ, ਏਕਾ ਚਿਲ੍ਹਾ ਨਾਮ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਕਰ ਵਿਚਾਰ, ਨਾਨਕ ਗੋਬਿੰਦ ਪਾਵੇ ਸਾਰ, ਸ਼ਬਦ ਸਰੂਪੀ ਏਕਾ ਕਾਰ, ਏਕਾ ਆਪਣਾ ਅੰਕ ਰਖਾ ਲਿਆ । ਜੋਤ ਜੁਗੰਤਾ ਆਪ ਪ੍ਰਭ, ਆਪਣਾ ਆਪ ਉਪਾਏ । ਭੋਗ ਭੁਗੰਤਾ ਆਪ ਪ੍ਰਭ, ਆਪਣੀ ਬਣਤ ਬਣਾਏ । ਸ਼ਬਦ ਰਚੰਤਾ ਆਪ ਪ੍ਰਭ, ਆਪਣੀ ਧੁਨ ਉਪਜਾਏ । ਨਾਰੀ ਕੰਤਾ ਆਪ ਪ੍ਰਭ, ਆਪਣੀ ਸੇਜ ਹੰਢਾਏ । ਰੁੱਤ ਬਸੰਤਾ ਆਪ ਪ੍ਰਭ, ਫਲ ਫੁਲਵਾੜੀ ਆਪ ਲਗਾਏ । ਧੰਨ ਧੰਨਵੰਤਾ ਆਪ ਪ੍ਰਭ, ਹਰਿ ਨਾਮਾ ਧੁਨ ਰਖਾਏ । ਪਤ ਪਤਵੰਤਾ ਆਪ ਪ੍ਰਭ, ਪਤਤ ਉਧਾਰਨ ਹੋ ਜਾਏ । ਜੀਵ ਜੰਤਾ ਆਪ ਪ੍ਰਭ, ਲੱਖ ਚੁਰਾਸੀ ਰਿਹਾ ਉਪਾਏ । ਸਾਧਨ ਸੰਤਾ ਆਪ ਪ੍ਰਭ, ਸਤਿ ਸੰਤੋਖੀ ਧਰਮ ਰਖਾਏ । ਆਦਿਨ ਅੰਤਾ ਆਪ ਪ੍ਰਭ, ਏਕਾ ਏਕ ਅਖਵਾਏ । ਜੁਗਾ ਜੁਗੰਤਾ ਆਪ ਪ੍ਰਭ, ਜੁਗ ਜੁਗ ਭੇਖ ਵਟਾਏ । ਸਤਿਜੁਗ ਤ੍ਰੇਤਾ ਦੁਆਪਰ ਵੇਖ ਝੱਬ, ਕਲਜੁਗ ਵੇਲਾ ਵੇਲਾ ਆਏ । ਬ੍ਰਹਮਾ ਭੇਵ ਨਾ ਜਾਣੇ ਕਵਲ ਨੱਭ, ਕਵਲ ਕਵਲਾ ਰਿਹਾ ਉਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਏ । ਆਪੇ ਭੂਪਾ ਸਤਿ ਸਰੂਪ, ਆਪੇ ਹੋਏ ਸਿਕਦਾਰਿਆ । ਆਪੇ ਹੋਏ ਅੰਧ ਕੂਪ, ਚਾਰ ਕੁੰਟ ਅੰਧ ਅੰਧਿਆਰਿਆ । ਆਪੇ ਹੋਏ ਤ੍ਰਿਸ਼ਨਾ ਭੂਖ, ਆਪੇ ਤ੍ਰਿਪਤ ਅਧਾਰਿਆ । ਆਪੇ ਹੋਏ ਦੂਖ ਸੂਖ, ਆਪੇ ਤਨ ਪਸਾਰਿਆ । ਆਪੇ ਉਲਟਾ ਬਿਰਖ ਰੂਪ, ਜੜ੍ਹ ਚੋਟੀ ਨਾ ਕੋਇ ਵਖਾ ਰਿਹਾ । ਆਪੇ ਹੋਏ ਮਾਤ ਕੁੱਖ, ਆਪੇ ਬਾਹਰ ਸੁਹਾ ਰਿਹਾ । ਆਪੇ ਹੋਏ ਉਜਲ ਮੁਖ, ਆਪੇ ਮਸਤਕ ਟਿੱਕਾ ਕਾਲਾ ਲਾਹ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿੱਕਾ ਬਾਲਾ ਮੀਤ ਬਣਾ ਰਿਹਾ । ਨਿੱਕਾ ਬਾਲਾ ਹਰਿ ਅੰਞਾਨਾ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਜਾਣੇ ਸੁਘੜ ਸਿਆਣਾ, ਭੇਦ ਅਭੇਦਾ ਭੇਵ ਛੁਪਾਇੰਦਾ । ਮਾਇਆ ਭਰਮੇ ਭੁੱਲਾ ਰਾਜਾ ਰਾਣਾ, ਵੇਦ ਕਿਤੇਬਾ ਨਜ਼ਰ ਨਾ ਆਇੰਦਾ । ਜੋਤ ਸਰੂਪੀ ਪਹਰਿਆ ਬਾਣਾ, ਰਸਨਾ ਜਿਹਵਾ ਮੁਖ ਛੁਪਾਇੰਦਾ । ਸੋਹੰ ਗਾਏ ਏਕਾ ਗਾਣਾ, ਨਾਦ ਆਪਣੇ ਹੱਥ ਰਖਾਇੰਦਾ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਰੂਪ ਵਟਾਇਆ ਹਰਿ ਨਿਰੰਕਾਰ, ਰੇਖ ਰੰਗ ਨਾ ਕੋਇ । ਪਰਗਟ ਹੋਇਆ ਵਿਚ ਸੰਸਾਰ, ਆਪ ਆਪਣੀ ਜੋਤ ਬਲੋਏ । ਗੁਰ ਗੋਬਿੰਦਾ ਸੰਗ ਪਿਆਰ, ਅੰਗੀਕਾਰ ਖਲੋਏ । ਸ਼ਬਦ ਕਟਾਰੀ ਤਿੱਖੀ ਧਾਰ, ਤਨ ਗਾਤਰੇ ਬ੍ਰਹਮਾ ਪਰੋਏ । ਦਿਸ ਨਾ ਆਏ ਵਿਚ ਸੰਸਾਰ, ਸਾਧ ਸੰਤ ਰਹੇ ਸੋਏ । ਆਪ ਆਪਣਾ ਕਰ ਆਕਾਰ, ਧੰਨ ਦਿਹਾੜਾ ਪੋਹ ਛੱਬੀ ਮਾਤ ਹੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ

ਵੇਖ ਵਖਾਣੇ ਜਹਾਨਾਂ ਦੋਏ । ਧੰਨ ਸੁਭਾਗੀ ਦਿਵਸ ਰੈਣ, ਕਰੇ ਕਰਾਏ ਆਪ । ਰਸਨਾ ਕਿਸੇ ਨਾ ਸਕੇ ਕਹਿਣ, ਪੁਰਖ ਅਬਿਨਾਸ਼ੀ ਵਡ ਪਰਤਾਪ । ਦਰਸ ਦਿਖਾਏ ਨੇਤਰ ਨੈਣ, ਇਕ ਜਪਾਏ ਸਾਚਾ ਜਾਪ । ਕਲਜੁਗ ਮਾਇਆ ਝੂਠੇ ਵਹਿਣ, ਨਾ ਕੋਈ ਜਾਣੇ ਪੁੰਨ ਪਾਪ । ਮਾਇਆ ਨਾਗਣੀ ਡੱਸੇ ਡੈਣ, ਕਲਜੁਗ ਅੰਤਮ ਰਿਹਾ ਕਾਂਪ । ਰਾਏ ਧਰਮ ਮੰਗੇ ਲਹਿਣਾ ਦੇਣ, ਲੇਖਾ ਚੁੱਕੇ ਤੀਨੋਂ ਤਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਵੇਖ ਦਰ, ਆਪੇ ਬਣਿਆ ਸਾਕ ਸੱਜਣ ਸੈਣ । ਸਤਿਜੁਗ ਤੇਰੀ ਸਾਚੀ ਰੀਤ, ਗੁਰ ਗੋਬਿੰਦ ਚਲਾਇੰਦਾ । ਗੋਬਿੰਦ ਗੁਰ ਪਤਤ ਪੁਨੀਤ, ਹਰਿ ਹਰਿ ਵਿਚ ਸਮਾਇੰਦਾ । ਹਰਿ ਹਰਿ ਸਾਚਾ ਇਕ ਅਤੀਤ, ਸਦਾ ਸੁਰਜੀਤ ਅਖਵਾਇੰਦਾ । ਇਕ ਸੁਣਾਏ ਸੁਹਾਗੀ ਗੀਤ, ਸੋਹੰ ਨਾਉਂ ਰਖਾਇੰਦਾ । ਸੰਮਤ ਤੇਰਾਂ ਰਿਹਾ ਬੀਤ, ਨਾਨਕ ਨਾਉਂ ਵਡਿਆਇੰਦਾ । ਵੇਖੇ ਪਰਖੇ ਹਸਤ ਕੀਟ, ਥਾਉਂ ਥਾਈਂ ਫੋਲ ਫੁਲਾਇੰਦਾ । ਸ਼ਬਦ ਚਲਾਏ ਇਕ ਅਨਡੀਠ, ਦਿਸ ਕਿਸੇ ਨਾ ਆਇੰਦਾ । ਪਰਗਟ ਹੋਇਆ ਬੀਠਲਾ ਬੀਠ, ਮਾਇਆ ਭਰਮ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੀਤੀ ਮਾਤ ਚਲਾਇੰਦਾ । ਸਾਚੀ ਰੀਤੀ ਸਤਿ ਪੁਰਖ, ਆਪਣੀ ਮਾਤ ਚਲਾਈਆ । ਜੋਤ ਨਿਰੰਜਣ ਰਿਹਾ ਪਰਖ, ਅਲਖਣਾ ਅਲਖ ਨਾ ਲਖਿਆ ਜਾਈਆ । ਅੰਮ੍ਰਿਤ ਮੇਘ ਰਿਹਾ ਬਰਸ, ਪ੍ਰਤੱਖਣਾ ਪ੍ਰਤੱਖ ਰੂਪ ਵਟਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਲੱਖ ਚੁਰਾਸੀ ਉਪਾਏ ਦਏ ਮਿਟਾਈਆ । ਕਲਜੁਗ ਕਾਇਆ ਪਾਏ ਨਿਰਖ, ਸੋਹੰ ਕੰਡਾ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਸਤਿਜੁਗ ਤੇਰੀ ਸਚ ਸਲਾਹ, ਹਰਿ ਸੰਗਤ ਆਪ ਜਣਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਲੇਖਾ ਲੇਖ ਲਿਖਾਇੰਦਾ । ਨੌ ਦਰਵਾਜ਼ੇ ਜਗਤ ਰਾਹ, ਏਕਾ ਏਕ ਵਖਾਇੰਦਾ । ਗੁਰਮੁਖਾਂ ਆਪੇ ਪਕੜੇ ਬਾਂਹ, ਘਰ ਦਸਵੇਂ ਰੂਪ ਵਟਾਇੰਦਾ । ਆਪੇ ਹੋਏ ਪਿਤਾ ਮਾਂ, ਪਿਤਾ ਪੂਤ ਆਪ ਅਖਵਾਇੰਦਾ । ਇਕ ਜਪਾਏ ਸਾਚਾ ਨਾਂ, ਵਣਜ ਵਣਜਾਰਾ ਆਪ ਕਰਾਇੰਦਾ । ਕਾਇਆ ਵਸਾਏ ਨਗਰ ਗਰਾਂ, ਜੋਤੀ ਦੀਪਕ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਸੁਹਾਏ ਸਾਚਾ ਥਾਂ, ਸੁਹਾਵਾ ਥਾਨ ਆਪ ਸੁਹਾਇੰਦਾ । ਹਰਿ ਸੰਗਤ ਹਰਿ ਸਾਚਾ ਰੰਗ, ਆਪਣਾ ਆਪ ਚੜ੍ਹਾਇੰਦਾ । ਅੰਮ੍ਰਿਤ ਆਤਮ ਧਾਰਾ ਦੇਵੇ ਗੰਗ, ਸਰ ਸਰੋਵਰ ਇਕ ਵਖਾਇੰਦਾ । ਤਾਲ ਤਲਵਾੜਾ ਵੱਜੇ ਨਾਮ ਮਰਦੰਗ, ਪੁਰਖ ਅਬਿਨਾਸ਼ੀ ਆਪ ਵਜਾਇੰਦਾ । ਮਿਲੇ ਮੇਲ ਹਰਿ ਸੂਰੇ ਸਰਬੰਗ, ਦਾਤਾ ਯੋਧਾ ਸੂਰ ਮੇਲ ਮਿਲਾਇੰਦਾ । ਆਪੇ ਹੋਏ ਅੰਗ ਸੰਗ, ਆਸ਼ਾ ਮਨਸਾ ਪੂਰ ਆਪ ਅਖਵਾਇੰਦਾ । ਆਪੇ ਕਸਣਹਾਰਾ ਤੰਗ, ਆਪੇ ਆਸਣ ਲਾਇੰਦਾ । ਲੋਆਂ ਪੁਰੀਆਂ ਪਾਰ ਲੰਘ, ਲੋਕਮਾਤੀ ਫੇਰਾ ਪਾਇੰਦਾ । ਸ਼ਬਦ ਰੰਗੀਲਾ ਇਕ ਪਲੰਘ, ਜੋਤੀ ਜਾਮਾ ਭੇਖ ਵਟਾਇੰਦਾ । ਲੱਖ ਚੁਰਾਸੀ ਕਰਨੀ ਭੰਗ, ਬ੍ਰਹਮਾ ਵਿਸ਼ਨ ਸ਼ਿਵ ਦਰ ਬਹਾਇੰਦਾ । ਤ੍ਰੈਗੁਣ ਮਾਇਆ ਮਾਰੇ ਡੰਗ, ਨਾ ਕੋਈ ਕਿਸੇ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚਾ ਸੰਗ ਆਪਣਾ ਆਪ ਨਿਭਾਇੰਦਾ । ਆਪਣਾ ਸੰਗ ਨਿਭਾਵਣ ਆਇਆ, ਬੇਪਰਵਾਹ ਅੱਲਾ । ਸੰਗ ਮੁਹੰਮਦ ਮੇਲ ਮਿਲਾਵਣ ਆਇਆ, ਨੂਰ ਅਲਾਹੀ ਇਕ ਇਕੱਲਾ । ਅਹਿਮਦ ਅਹਿਮਦੀ ਰੂਪ ਵਟਾਵਣ ਆਇਆ, ਵੇਖ ਵਖਾਣੇ ਉਚੇ ਟਿੱਲੇ ਜੰਗਲ ਜੂਹ ਡਲਾ । ਸ਼ਾਹ ਸੁਲਤਾਨਾਂ ਆਪ ਹਿਲਾਵਣ ਆਇਆ, ਹੱਥ ਫੜਿਆ ਸੋਹੰ ਭੱਲਾ । ਮਨਮੁਖਾਂ ਜੀਵਾਂ ਆਪ ਮੁਕਾਵਣ ਆਇਆ, ਖੇਲੇ ਖੇਲ ਜਲਾ ਥਲਾ । ਗੁਰ ਗੋਬਿੰਦਾ

ਜੋਤ ਪਰਗਟਾਵਣ ਆਇਆ, ਮੇਲ ਮਿਲਾਏ ਗੋਬਿੰਦ ਡੱਲਾ । ਨਰ ਨਿਰੰਕਾਰ ਆਪ ਅਖਵਾਵਣ ਆਇਆ, ਹਰਿ ਹੋਏ ਅਛਲ ਅਛੱਲਾ । ਗੋਬਿੰਦ ਕਾਇਆ ਵਿਚ ਸਮਾਵਣ ਆਇਆ, ਦੀਪਕ ਜੋਤੀ ਏਕਾ ਬੱਲਾ । ਸ਼ਬਦੀ ਧਾਰ ਚਲਾਵਣ ਆਇਆ, ਦਰ ਦਵਾਰਾ ਏਕਾ ਮੱਲਾ । ਸ੍ਰਿਸ਼ਟ ਸਬਾਈ ਏਕਾ ਵਣਜ ਕਰਾਵਣ ਆਇਆ, ਚਾਰ ਵਰਨ ਦਰ ਦਵਾਰੇ ਖਲਾ । ਸੰਮਤ ਤੇਰਾਂ ਤੇਰੀ ਧਾਰ ਬੰਨ੍ਹਾਵਣ ਆਇਆ, ਨਾਨਕ ਹਰਿ ਹਰਿ ਗਾਇਆ ਪਾਇਆ ਗਲ ਵਿਚ ਪੱਲਾ । ਗੁਰ ਗੋਬਿੰਦਾ ਤੇਜ ਵਖਾਵਣ ਆਇਆ, ਰਸਨਾ ਇਕ ਚੜ੍ਹਾਇਆ ਚਿੱਲ੍ਹਾ । ਚਾਰੋਂ ਕੁੰਟ ਮੇਟ ਮਿਟਾਵਣ ਆਇਆ, ਕਲਜੁਗ ਤੇਰਾ ਪੂਰ ਕਰਾਇਆ ਸ਼ਿਲਾ । ਗੁਰਮੁਖ ਸਾਚੇ ਮੇਲ ਮਿਲਾਵਣ ਆਇਆ, ਪੁਰਖ ਅਬਿਨਾਸ਼ੀ ਅੱਗੇ ਹੋ ਹੋ ਮਿਲਾ । ਸਾਚੀ ਸਿਖਿਆ ਦੇ ਮਤ ਸਮਝਾਵਣ ਆਇਆ । ਨਾਲ ਰਖਾਇਆ ਸ਼ਬਦ ਘੋੜਾ ਨੀਲਾ । ਜੋਤੀ ਜੋੜੇ ਜੋੜ ਜੁੜਾਵਣ ਆਇਆ, ਤਨ ਛੁਹਾਇਆ ਬਸਤਰ ਪੀਲਾ । ਹੱਥੀਂ ਮਹਿੰਦੀ ਰੰਗ ਰੰਗਾਵਣ ਆਇਆ, ਅੰਗ ਲਾਏ ਬਸਤਰ ਨੀਲਾ । ਚੌਦਾਂ ਤਬਕਾਂ ਆਪ ਹਿਲਾਵਣ ਆਇਆ, ਜੋਤ ਸਰੂਪੀ ਛੈਲ ਛਬੀਲਾ । ਛੱਬੀ ਪੋਹ ਜੋਤ ਜਗਾਵਣ ਆਇਆ, ਗੁਰ ਸੰਗਤ ਬਣਾਏ ਇਕ ਕਬੀਲਾ । ਸੰਮਤ ਚੌਦਾਂ ਰਾਹ ਵਖਾਵਣ ਆਇਆ, ਪਾਰ ਕਰਾਏ ਸਾਗਰ ਝੀਲਾਂ । ਕਾਇਆ ਗਾਗਰ ਜੋਤ ਜਗਾਵਣ ਆਇਆ, ਪ੍ਰੇਮ ਲਾਏ ਚੁਆਤੀ ਤੀਲਾ । ਦਰ ਦਵਾਰੇ ਮੰਗੀ ਏਕਾ ਮੰਗ ਮੰਗਣ ਆਇਆ, ਪ੍ਰਭ ਦਰਸ਼ਨ ਨੇਤਰ ਨੈਣਾ । ਕਾਇਆ ਚੋਲੀ ਰੰਗ ਚੜ੍ਹਾਵਣ ਆਇਆ, ਪੰਚਮ ਤਤ ਵੇਖੇ ਕਾਇਆ ਖੇਤਾ । ਸ਼ਬਦ ਘੋੜੀ ਗੁਰਮੁਖ ਸਚ ਦੁਲਾਰ ਚੜ੍ਹਾਵਣ ਆਇਆ, ਪਹਿਲੀ ਚੇਤਰ ਰੱਖਣਾ ਚੇਤਾ । ਮਨਮੁਖ ਵਹਿੰਦੀ ਧਾਰ ਰੁੜ੍ਹਾਵਣ ਆਇਆ, ਆਪੇ ਬਣਿਆ ਸਾਚਾ ਵਹਿਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੰਚਮ ਮੀਤਾ । ਪੰਚਮ ਜੇਠ ਹਰਿ ਸੰਗਤ ਉਪਦੇਸ਼, ਨਿਰਗੁਣ ਰਿਹਾ ਜਣਾਈਆ । ਸਰਗੁਣ ਵਿਚ ਪ੍ਰਵੇਸ਼, ਸਰਗੁਣ ਰੂਪ ਰਿਹਾ ਬਣਾਈਆ । ਨਿਰਗੁਣ ਸਦ ਆਦੇਸ, ਸਰਗੁਣ ਰਿਹਾ ਕਰਾਈਆ । ਸਰਗੁਣ ਧਾਰੀ ਕੇਸ, ਗੋਬਿੰਦ ਰੂਪ ਵਟਾਈਆ । ਗੋਬਿੰਦ ਨਰ ਨਰੇਸ਼, ਨਿਰਗੁਣ ਨੇਂਹ ਲਗਾਈਆ । ਨਿਰਗੁਣ ਰਿਖੀ ਕੇਸ਼, ਗੋਬਿੰਦ ਗਵਰਧਨ ਰਿਹਾ ਉਠਾਈਆ । ਸਰਗੁਣ ਦਸ ਦਸਮੇਸ਼, ਦਸ ਧਾਰਾ ਰਿਹਾ ਵਹਾਈਆ । ਨਿਰਗੁਣ ਸੇਜਾ ਬਾਸ਼ਕ ਸ਼ੇਸ਼, ਸਾਂਗੋ ਪਾਂਗ ਹੰਢਾਈਆ । ਸਰਗੁਣ ਦਰ ਦਰਵੇਸ, ਨਿਰਗੁਣ ਆਪ ਹੋ ਆਈਆ । ਨਿਰਗੁਣ ਨਿਰਧਨ ਵੇਸ, ਸਰਗੁਣ ਸਹਿਜ ਮਿਲਾਈਆ । ਸਰਗੁਣ ਸਾਚੇ ਦੇਸ, ਨਿਰਗੁਣ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਦੋਏ ਖੇਲ ਖਿਲਾਈਆ । ਨਿਰਗੁਣ ਨਿਰਵੈਰ ਸਰਗੁਣ ਸਮਾਇਆ । ਸਰਗੁਣ ਏਕਾ ਲਹਿਰ, ਨਿਰਗੁਣ ਸ਼ਬਦ ਚਲਾਇਆ । ਨਿਰਗੁਣ ਨਿਜ ਘਰ ਸੈਰ, ਸਰਗੁਣ ਰਿਹਾ ਕਰਾਇਆ । ਸਰਗੁਣ ਤਾਰੇ ਕਰ ਕਰ ਮਿਹਰ, ਨਿਰਗੁਣ ਆਪਣੀ ਦਇਆ ਕਮਾਇਆ । ਨਿਰਗੁਣ ਵਸੇ ਕਾਇਆ ਸ਼ਹਿਰ, ਸਰਗੁਣ ਦਸਮ ਦਵਾਰੀ ਘਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਵਟਾਇਆ । ਨਿਰਗੁਣ ਨਿਰਲਜ ਹੈ, ਸਰਗੁਣ ਲਾਜਾਵੰਤ । ਸਰਗੁਣ ਅੰਦਰ ਰਿਹਾ ਸਜ ਹੈ, ਬੰਦ ਕਰਾਏ ਨੌਂ ਦਵਾਰ, ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਕਲਜੁਗ ਸਤਿਜੁਗ ਮੇਲਾ । ਗੁਰਮੁਖਾਂ ਗੁਰ ਆਪ ਵਿਚਾਰ, ਗੁਰ ਗੋਬਿੰਦ ਗੁਰ ਚੇਲਾ । ਇਕ ਕਰਾਏ ਜੈ ਜੈ ਜੈਕਾਰ, ਹਰਿ ਸਾਚਾ ਸੱਜਣ ਸੁਹੇਲਾ । ਜਨ ਭਗਤਾਂ ਕਰੇ ਖ਼ਬਰਦਾਰ,

ਕਲਜੁਗ ਅੰਤਮ ਵੇਲਾ । ਨਾਨਕ ਮਿਲਿਆ ਨਰ ਨਿਰੰਕਾਰ, ਜੋਤ ਨਿਰੰਜਣ ਚੜ੍ਹਿਆ ਤੇਲਾ । ਆਇਆ ਗਿਆ ਵਿਚ ਸੰਸਾਰ, ਅਚਰਜ ਖੇਲ ਖੇਲਾ । ਗੋਬਿੰਦ ਰੂਪ ਅਪਰ ਅਪਾਰ, ਗੋਬਿੰਦ ਕਾਇਆ ਸਚ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਮੇਲਾ ਗੁਰ ਗੁਰ ਚੇਲਾ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਚੇਲਾ ਇਕ ਦਵਾਰਿਆ, ਏਕਾ ਰੰਗ ਸਮਾਏ । ਪੁਰਖ ਅਬਿਨਾਸ਼ੀ ਇਕ ਭਤਾਰਿਆ, ਸਾਚੀ ਸੇਜਾ ਰਿਹਾ ਹੰਢਾਏ । ਗੋਬਿੰਦ ਕਾਇਆ ਵਣਜ ਵਪਾਰਿਆ, ਨਾਮ ਨਾਮਾ ਰਿਹਾ ਕਰਾਏ । ਜੋਤ ਨਿਰੰਜਣ ਭਰੇ ਭੰਡਾਰਿਆ, ਹਰਿ ਸ਼ਬਦੀ ਰੂਪ ਵਟਾਏ । ਖੇਲੇ ਖੇਲ ਵਿਚ ਸੰਸਾਰਿਆ, ਖੇਲਣਹਾਰ ਦਿਸ ਨਾ ਆਏ । ਗੁਰ ਚੇਲਾ ਆਪ ਉਪਾਰਿਆ, ਚੇਲਾ ਗੁਰ ਆਪ ਹੋ ਜਾਏ । ਸੱਜਣ ਸੁਹੇਲਾ ਆਪ ਨਿਰੰਕਾਰਿਆ, ਦਰ ਦਵਾਰਾ ਇਕ ਵਖਾਏ । ਨਾਮ ਕਟਾਰਾ ਤਨ ਸ਼ਿੰਗਾਰਿਆ, ਬਸਤਰ ਸਸ਼ਤਰ ਰਿਹਾ ਪਹਿਨਾਏ । ਖੰਡਾ ਖੜਕੇ ਵਿਚ ਬ੍ਰਹਿਮੰਡ ਅਪਾਰਿਆ, ਹਰਿ ਸਾਚਾ ਰਿਹਾ ਖੜਕਾਏ । ਪੰਚ ਉਠਾਏ ਪੰਚ ਪਿਆਰਿਆ, ਚਾਰ ਵਰਨਾਂ ਮਾਣ ਦਵਾਏ । ਏਕਾ ਇੱਕੀ ਏਕਾ ਧਾਰਿਆ, ਕਲਜੁਗ ਤੇਰੀ ਅੰਤਮ ਪਾਏ । ਸਾਚੀ ਸਿੱਖੀ ਵਿਚ ਸੰਸਾਰਿਆ, ਖੰਡਿਉਂ ਤਿੱਖੀ ਮਾਤ ਰਹਿ ਜਾਏ । ਨਾ ਕੋਈ ਮੁਨੀ ਰਿਖੀ ਪਾਵੇ ਸਾਰਿਆ, ਸਾਧ ਸੰਤ ਭੇਵ ਨਾ ਪਾਏ । ਆਪੇ ਲੇਖਾ ਲਿਖੇ ਵਿਚ ਸੰਸਾਰਿਆ, ਔਲੀਆ ਪੀਰ ਸ਼ੇਖ਼ ਸਰਬ ਮਿਟ ਜਾਏ । ਗੁਰ ਗੋਬਿੰਦੇ ਮੰਗੀ ਭਿੱਖੀ, ਪ੍ਰਭ ਚਰਨ ਸਰਨ ਦਰ ਦਵਾਰਿਆ, ਸਚ ਵਸਤ ਹਰਿ ਝੋਲੀ ਪਾਏ । ਅੰਤਮ ਕਲਜੁਗ ਤੇਰਾ ਕਾਜ ਸਵਾਰਿਆ, ਗੁਰ ਗੋਬਿੰਦਾ ਸੰਗ ਰਲਾਏ । ਹੱਥ ਫੜਿਆ ਤੇਜ ਕਟਾਰਿਆ, ਜਗ ਚਿੰਦਾ ਸਰਬ ਮਿਟਾਏ । ਗੁਣੀ ਗਹਿੰਦਾ ਨਰ ਨਿਰੰਕਾਰਿਆ, ਸਾਚੀ ਬਿੰਦਾ ਸੁਤ ਉਪਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਏ । ਏਕਾ ਇੱਕੀ ਇਕ ਇਕੱਲਾ, ਕਲਜੁਗ ਪਾਵਣ ਆਇਆ । ਗੁਰਸਿਖੀ ਵਸੇ ਸਚ ਮਹੱਲਾ, ਪ੍ਰਭ ਸਾਚਾ ਆਪ ਵਸਾਵਣ ਆਇਆ । ਆਪੇ ਵੇਖੇ ਜਲ ਥਲਾ, ਥਲ ਜਲਾ ਹਰਿ ਵੇਖ ਵਖਾਇਆ । ਗੋਬਿੰਦ ਕਾਇਆ ਆਪੇ ਰਲਾ, ਆਪ ਆਪਣਾ ਸੰਗ ਨਿਭਾਇਆ । ਆਪੇ ਫਲਿਆ ਆਪੇ ਫੁੱਲਾ, ਫਲ ਅੰਮ੍ਰਿਤ ਗੁਰਮੁਖਾਂ ਰਿਹਾ ਵਖਾਇਆ । ਆਪੇ ਦੀਪਕ ਜੋਤੀ ਪਰਕਾਸ਼ ਆਕਾਸ਼ਾ ਆਪੇ ਬਲਾ, ਹਰਿਜਨ ਸਾਚੇ ਰਿਹਾ ਜਗਾਇਆ । ਆਪੇ ਵਰਨ ਆਪੇ ਗੋਤੀ, ਇਕ ਇਕੱਲਾ ਲੱਖ ਚੁਰਾਸੀ ਆਪ ਸਮਾਇਆ । ਆਪੇ ਜੜ੍ਹ ਆਪੇ ਚੋਟੀ, ਆਪੇ ਪੰਜ ਤਨ ਖ਼ਾਕ ਰੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਮਾਰਗ ਰਿਹਾ ਲਗਾਇਆ । ਗੁਰਮੁਖ ਸਾਚੇ ਸੰਤ ਦੁਲਾਰ, ਹਰਿ ਸਾਚਾ ਆਪ ਉਠਾਇੰਦਾ । ਏਕਾ ਇੱਕੀ ਵਾਰ, ਜੁਗ ਛੱਤੀ ਆਪੇ ਪਾਇੰਦਾ । ਜੁਗ ਜੁਗ ਲਏ ਆਪ ਅਵਤਾਰ, ਸਰਗੁਣ ਖੇਲ ਖਿਲਾਇੰਦਾ । ਜੁਗ ਛੱਤੀ ਪ੍ਰਭ ਪਾਰ ਉਤਾਰ, ਜੋਤੀ ਜਾਮਾ ਭੇਖ ਵਟਾਇੰਦਾ । ਵਾਹਿਗੁਰੂ ਅੱਖਰ ਵੇਖ ਵਖਾਰ, ਵਾਹ ਵਾਹ ਸਾਰੇ ਗਾਇੰਦਾ । ਨੌ ਨੌਂ ਜੁਗ ਸੇਵਾਦਾਰ, ਚਾਰੇ ਦਰ ਦਵਾਰ ਰਖਾਇੰਦਾ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਆਪ ਆਪਣੇ ਵਿਚ ਮਿਲਾਇੰਦਾ । ਰਾਮ ਰਾਮ ਉਤਰੇ ਪਾਰ, ਦੋ ਅੱਖਰ ਮੇਟ ਮਿਟਾਇੰਦਾ । ਸ਼ਬਦ ਰੱਖੇ ਤਿੱਖੀ ਧਾਰ, ਸੋ ਪੁਰਖ ਨਿਰੰਜਣ ਆਪ ਚਲਾਇੰਦਾ । ਹੰ ਹੰਗਤਾ ਦੇਵੇ ਮਾਰ, ਆਪ ਆਪਣੇ ਵਿਚ ਰਲਾਇੰਦਾ । ਸਾਚੀ ਸੰਗਤਾ ਕਰ ਤਿਆਰ, ਛੱਬੀ ਪੋਹ ਹੁਕਮ ਸੁਣਾਇੰਦਾ । ਗੁਰ ਨਾਨਕ ਗਾਈ ਤੇਰਾਂ ਧਾਰ, ਨਰ ਨਿਰੰਕਾਰਾ ਜੋਤ ਪਰਗਟਾਇੰਦਾ । ਸ੍ਰਿਸ਼ਟ ਸਬਾਈ ਦਏ ਇਕ ਹੁਲਾਰ, ਏਕਾ ਕੁੰਡਾ ਲਾਹਿੰਦਾ । ਸੋਹੰ ਡੰਡਾ ਪੂਰਨ ਕਾਇਆ

ਚਾਰ ਦਿਵਾਰ, ਬ੍ਰਹਿਮੰਡਾਂ ਤੋਲ ਤੁਲਾਇੰਦਾ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਵੇਖ ਵਖਾਇੰਦਾ । ਮੋਦੀਖਾਨਾ ਇਕ ਵਿਚਾਰ, ਪ੍ਰਭ ਪੂਰਾ ਤੋਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਵਰ ਵਰਿਆਮ ਆਪ ਹੋ ਆਇੰਦਾ । ਪੰਜ ਸਿੱਖ ਪੰਜ ਦੁਲਾਰ, ਗੋਬਿੰਦ ਰੂਪ ਸਮਾਇਆ । ਆਪ ਆਪਣੇ ਕਰ ਤਿਆਰ, ਆਪ ਆਪਣੇ ਰੰਗ ਰੰਗਾਇਆ । ਆਪੇ ਮੀਤਾ ਸੇਵਾਦਾਰ, ਸਾਚੀ ਸੇਵਾ ਰਿਹਾ ਕਮਾਇਆ । ਸ਼ਬਦ ਸਰੂਪੀ ਪਹਿਰੇਦਾਰ, ਦਰ ਘਰ ਸਾਚੇ ਆਪ ਅਖਵਾਇਆ । ਪੰਚਮ ਮੀਤਾ ਹਰਿ ਨਿਰੰਕਾਰ, ਪੰਚਮ ਡੋਲੀ ਰਿਹਾ ਉਠਾਇਆ । ਸੋਹਣਾ ਕਰ ਤਨ ਸ਼ਿੰਗਾਰ, ਸ਼ਸਤਰ ਬਸਤਰ ਤਨ ਸਜਾਇਆ । ਹੌਲੀ ਹੌਲੀ ਖਿੱਚੀ ਜਾਏ ਬਾਹਰ, ਸੰਮਤ ਤੇਰਾਂ ਤੇਰੀ ਧਾਰ ਵਖਾਇਆ । ਨਾ ਕੋਈ ਜਾਣੇ ਨਰ ਨਾਰ, ਸਾਧ ਸੰਤ ਭੇਵ ਨਾ ਪਾਇਆ । ਪੁਰਖ ਅਬਿਨਾਸ਼ੀ ਕਰਨ ਆਇਆ ਖ਼ਬਰਦਾਰ, ਲਿਖ ਲਿਖ ਲੇਖਾ ਰਿਹਾ ਪੁਚਾਇਆ । ਜਨ ਭਗਤਾਂ ਮੇਲਾ ਸਚ ਦਵਾਰ, ਆਪ ਆਪਣਾ ਰਿਹਾ ਕਰਾਇਆ । ਕਲਜੁਗ ਰਹਿਣਾ ਖ਼ਬਰਦਾਰ, ਆਲਸ ਨਿੰਦਰਾ ਰਿਹਾ ਮਿਟਾਇਆ । ਪੰਚਮ ਮੀਤਾ ਮੀਤ ਮੁਰਾਰ, ਸੁਹਾਗੀ ਗੀਤਾ ਰਿਹਾ ਸੁਣਾਇਆ । ਸਾਚੀ ਰੀਤਾ ਚਲਾਏ ਵਿਚ ਸੰਸਾਰ, ਸਤਿਜੁਗ ਮਾਰਗ ਰਿਹਾ ਲਗਾਇਆ । ਵੇਦ ਪੁਰਾਨ ਰਹੇ ਨਾ ਗੀਤਾ, ਅੰਜ਼ੀਲ ਕੁਰਾਨਾਂ ਰਿਹਾ ਮਿਟਾਇਆ । ਗੁਰਮੁਖ ਤੇਰੀ ਕਾਇਆ ਸੀਤਲ ਸੀਤਾ, ਪ੍ਰਭ ਦਰਸ਼ਨ ਨੇਤਰ ਪਾਇਆ । ਤਨ ਪਾਟਾ ਆਪਣਾ ਸੀਤਾ, ਸੋਹੰ ਧਾਗਾ ਇਕ ਚਲਾਇਆ । ਗੁਰ ਸ਼ਬਦ ਡਿੱਠਾ ਅਨਡੀਠਾ, ਨਾ ਕੋਈ ਵੇਖੇ ਵੇਖ ਵਖਾਇਆ । ਗੁਰ ਸੰਗਤ ਦਰ ਦਵਾਰਾ ਪ੍ਰਭ ਲਾਗਾ ਮੀਠਾ, ਧੁਰ ਦਰਗਾਹੀ ਚਲ ਕੇ ਆਇਆ । ਲੱਖ ਚੁਰਾਸੀ ਸੁੱਤਾ ਦੇ ਕਰ ਪੀਠਾ, ਨੂਰੀ ਮੁਖ ਨਾ ਕਿਸੇ ਵਖਾਇਆ । ਅੰਤਮ ਭੰਨੇ ਕੌੜਾ ਰੀਠਾ, ਸ਼ਬਦ ਹਥੌੜਾ ਹੱਥ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਹੋ ਆਇਆ । ਹਰਿ ਸੰਗਤ ਤੇਰੀ ਧੂੜ, ਹਰਿ ਸਾਚੇ ਮਸਤਕ ਲਾਈਆ । ਜਗਤ ਦਵਾਰੇ ਮੂਰਖ ਮੂੜ੍ਹ, ਪ੍ਰਭ ਵਿਦਿਆ ਇਕ ਪੜ੍ਹਾਈਆ । ਰੰਗ ਚਾੜ੍ਹੇ ਕਾਇਆ ਗੂੜ੍ਹ, ਨੌਂ ਨਿਧ ਫਿਰੇ ਦਰ ਹਲਕਾਈਆ । ਜਗਤ ਨਾਤਾ ਕੂੜੋ ਕੂੜ, ਜੁਗ ਜੁਗ ਦੇਂਦੇ ਰਹੇ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਸੇਵਾ ਰਿਹਾ ਲਗਾਈਆ । ਸਾਚੀ ਸੇਵਾ ਸਚ ਦਵਾਰ, ਹਰਿ ਸਾਚਾ ਆਪ ਲਗਾਇੰਦਾ । ਏਕਾ ਇੱਕੀ ਇਕ ਅਕਾਰ, ਏਕਾ ਰੂਪ ਸਮਾਇੰਦਾ । ਦਸ ਨਾਰੀ ਤੇ ਦਸ ਨਰ, ਨਰ ਨਾਰੀ ਆਪ ਉਠਾਇੰਦਾ । ਬੀਸ ਬੀਸਾ ਕਰ ਤਿਆਰ, ਦਰ ਦਵਾਰੇ ਬੰਕ ਸੁਹਾਇੰਦਾ । ਇਕ ਇਕੀਸਾ ਕਰ ਵਿਚਾਰ, ਲੇਖ ਲਿਖਾਰੀ ਇਕ ਰਲਾਇੰਦਾ । ਆਪੇ ਬੰਨ੍ਹੇ ਆਪਣੀ ਧਾਰ, ਜਗਤ ਧਾਰਾ ਆਪ ਜਣਾਇੰਦਾ । ਛੱਬੀ ਪੋਹ ਦਿਵਸ ਵਿਚਾਰ, ਸੰਮਤ ਤੇਰਾਂ ਤੇਰੀ ਧਾਰ ਚਲਾਇੰਦਾ । ਸਤਿਜੁਗ ਸਾਚੇ ਵਿਚ ਸੰਸਾਰ, ਸਾਚਾ ਰਾਹ ਵਖਾਇੰਦਾ । ਲੇਖਾ ਲਿਖਣਹਾਰ ਨਿਰੰਕਾਰ, ਜੁਗ ਜੁਗ ਲੇਖ ਲਿਖਾਇੰਦਾ । ਸ਼ਾਮ ਰਿਗ ਯੁਜਰ ਅਥਰਬਣ ਗਏ ਹਾਰ, ਜੁਗ ਚੌਥੇ ਮੇਟ ਮਿਟਾਇੰਦਾ । ਹਰਿ ਸੰਗਤ ਸਾਚੀ ਕਰ ਤਿਆਰ, ਜੁਗ ਸਾਚਾ ਮਾਰਗ ਲਾਇੰਦਾ । ਬਰਨ ਅਠਾਰਾਂ ਸੋਹਣ ਇਕ ਦਵਾਰ, ਚਾਰ ਵਰਨਾਂ ਚਰਨ ਟਿਕਾਇੰਦਾ । ਪੰਚਮ ਪੰਚਾਂ ਮੇਲ ਦਰ ਦਰਬਾਰ, ਪੰਚਮ ਪੰਚਾਂ ਸੰਗ ਨਿਭਾਇੰਦਾ । ਲੇਖ ਲਿਖਾਰਾ ਮੀਤ ਮੁਰਾਰ, ਆਪ ਆਪਣੇ ਅੰਕ ਲਗਾਇੰਦਾ । ਸ਼ਬਦ ਸਿੰਘਾਸਣ ਹਰਿ ਨਿਰੰਕਾਰ, ਸਚ ਸਿੰਘਾਸਣ ਡੇਰਾ ਲਾਇੰਦਾ । ਪੰਚਮ ਪੰਚਮ ਸੇਵਾਦਾਰ, ਸਤਿਗੁਰ ਸਾਚਾ ਆਪ ਜਣਾਇੰਦਾ । ਸਤਿਜੁਗ ਲਹਿਣਾ ਦਰ ਦਵਾਰ,


੨੩੪ ੦੬

ਦੇਵਣਹਾਰ ਆਪ ਅਖਵਾਇੰਦਾ । ਗੁਰਮੁਖਾਂ ਗਹਿਣਾ ਤਨ ਸ਼ਿੰਗਾਰ, ਹਰਿ ਸੋਹੰ ਆਪ ਕਰਾਇੰਦਾ । ਚਰਨ ਕਵਲ ਧਰਨੀ ਧਰ ਪਿਆਰ, ਸਚ ਸਰਨੀ ਇਕ ਜਣਾਇੰਦਾ । ਮਰਨੀ ਮਰੇ ਸਰਬ ਸੰਸਾਰ, ਗੁਰਮੁਖ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੇ ਅੰਗ ਸਮਾਇੰਦਾ । ।



੨੩੫
੦੬

✻ ੨੬ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਸੁੱਖ ਭਾਗ ਦਿਹਾੜਾ ਛੱਬੀ ਪੋਹ, ਪ੍ਰਭ ਸਾਚੇ ਜੋਤ ਜਗਾਈਆ । ਸ੍ਰਿਸ਼ਟ ਸਬਾਈ ਰਹੀ ਰੋ, ਗੁਰਮੁਖਾਂ ਮਨ ਵਧਾਈਆ । ਦੁਰਮਤ ਮੈਲ ਰਿਹਾ ਧੋ, ਏਕਾ ਰੰਗਣ ਨਾਮ ਚੜ੍ਹਾਈਆ । ਅੰਮ੍ਰਿਤ ਆਤਮ ਸਾਚਾ ਚੋਅ, ਕਲਜੁਗ ਤ੍ਰਿਸ਼ਨਾ ਰਿਹਾ ਮਿਟਾਈਆ । ਕਰੇ ਕਰਾਏ ਸੋਈ ਜਗ ਹੋ, ਕਰਨ ਕਰਾਵਣ ਆਪ ਅਖਵਾਈਆ । ਲੱਖ ਚੁਰਾਸੀ ਪੰਚਾਂ ਮੋਹ, ਪ੍ਰਭ ਪੰਚਮ ਰਿਹਾ ਮਿਟਾਈਆ । ਗੁਰਮੁਖਾਂ ਬੀਜ ਆਤਮ ਬੋਅ, ਫਲ ਫੁਲਵਾੜੀ ਰਿਹਾ ਲਗਾਈਆ । ਮਨਮਤ ਜੀਵ ਰਹੇ ਸੋਅ, ਸੁੱਤਿਆਂ ਰੈਣ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲ ਆਪਣੀ ਆਪ ਕਰਾਈਆ । ਛੱਬੀ ਪੋਹ ਮਾਤ ਨਿਸ਼ਾਨੀ, ਕਲਜੁਗ ਅੰਤ ਰਖਾਈਆ । ਨਾ ਕੋਈ ਜਾਣੇ ਗੁਣ ਨਿਧਾਨੀ, ਗਿਆਨੀ ਧਿਆਨੀ ਸਾਰ ਨਾ ਪਾਈਆ । ਨਾ ਕੋਈ ਜਾਣੇ ਵੇਦ ਵਿਦੰਤਾ ਵਡ ਵਿਦਵਾਨੀ, ਪੁਰਾਨ ਪੁਰਾਨੀ ਸਾਰ ਨਾ ਪਾਈਆ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨੀ, ਖਾਣੀ ਬਾਣੀ ਦਏ ਦੁਹਾਈਆ । ਨਾਨਕ ਪਾਇਆ ਪਦ ਨਿਰਬਾਣੀ, ਗੋਬਿੰਦ ਗੋਦ ਉਠਾਈਆ । ਪਰਗਟ ਹੋਇਆ ਹਰਿ ਭਗਵਾਨੀ, ਭਗਤ ਭਗਵਨ ਰੂਪ ਵਟਾਈਆ । ਸ਼ਬਦ ਲਿਆਏ ਇਕ ਨਿਸ਼ਾਨੀ, ਪੁਰੀਆਂ ਲੋਆਂ ਆਪ ਜਣਾਈਆ । ਲੱਖ ਚੁਰਾਸੀ ਮਾਰੇ ਕਾਨੀ, ਬ੍ਰਹਮਾ ਸ਼ਿਵ ਰਿਹਾ ਹਿਲਾਈਆ । ਭਗਤ ਜਨਾਂ ਹਰਿ ਜਾਣ ਜਾਨੀ, ਕਾਇਆ ਮੰਦਰ ਅੰਦਰ ਬੈਠਾ ਆਸਣ ਲਾਈਆ । ਆਪ ਚੁਕਾਏ ਜਮ ਕੀ ਕਾਨੀ, ਰਾਏ ਧਰਮ ਮੁਖ ਛੁਪਾਈਆ । ਹੱਥੀਂ ਬੰਨ੍ਹੇ ਸਾਚੀ ਗਾਨੀ, ਸੋਹੰ ਤਾਗਾ ਸੰਗ ਰਲਾਈਆ । ਏਕਾ ਏਕ ਪੜ੍ਹਦਾ ਜਾਏ ਬਾਣੀ, ਅੱਖਰ ਵੱਖਰ ਨਾਉਂ ਰਖਾਈਆ । ਕਰੇ ਕਰਾਏ ਆਪ ਪਛਾਣੀ, ਆਦਿਨ ਅੰਤਾ ਭੇਸ ਵਟਾਈਆ । ਕਲਜੁਗ ਮਾਇਆ ਜੂਠਾ ਝੂਠਾ ਪੜਦਾ ਬੈਠੇ ਤਾਣੀ, ਨੌ ਖੰਡ ਪ੍ਰਿਥਮੀ ਹੇਠ ਛੁਪਾਈਆ । ਸੱਤਾਂ ਦੀਪਾਂ ਆਈ ਹਾਨੀ, ਸਤਿ ਸੰਤੋਖ ਰਹੀ ਗਵਾਈਆ । ਗੁਰਮੁਖਾਂ ਮੇਲਾ ਗੁਰ ਸ਼ਬਦ ਸਾਚੇ ਹਾਣੀ, ਵਿਛੜ ਕਦੇ ਨਾ ਜਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸਾਰੰਗ ਬੂੰਦ ਸਵਾਂਤੀ ਮੁਖ ਚੁਆਈਆ । ਅਨਹਦ ਰਾਗ ਅਨਾਦੀ ਬਾਣੀ, ਆਤਮਕ ਧੁਨ ਉਪਜਾਈਆ । ਸੁਰਤ ਸਵਾਣੀ ਸਾਚੀ ਰਾਣੀ, ਸਚ ਮਹੱਲੇ ਰਿਹਾ ਬਿਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਛੱਬੀ ਪੋਹ ਧੰਨ ਸੁਭਾਗਾ, ਘਰ ਸਾਚੇ ਵੱਜੇ ਵਧਾਈਆ । ਹਰਿ ਘਰ ਅਬਿਨਾਸ਼ ਏਕਾ ਜਾਗਾ, ਨਿਰਮਲ ਜੋਤ ਜਗਾਈਆ । ਗੁਰਮੁਖ ਹੰਸ ਬਣਾਏ ਫੜ ਫੜ ਕਾਗਾ, ਆਪ ਆਪਣੀ ਦਇਆ ਕਮਾਈਆ । ਕਾਇਆ ਕੰਚਨ ਨਾਮ ਸੁਹਾਗਾ, ਸੋਹੰ ਉਪਰ ਲਾਈਆ । ਮਾਨਸ ਮੈਲ ਧੋਏ ਦਾਗ਼ਾ, ਕਲਜੁਗ ਸ਼ਾਹੀ ਮਿਟਾਈਆ । ਹਰਿਜਨ ਮੇਲਾ ਕੰਤ ਸੁਹਾਗਾ, ਨਰ ਨਾਰੀ ਖ਼ੁਸ਼ੀ ਮਨਾਈਆ । ਦੀਪਕ ਜੋਤੀ ਜਗੇ ਚਿਰਾਗਾ, ਪ੍ਰਭ ਆਪੇ ਰਿਹਾ ਜਗਾਈਆ । ਇਕ ਸੁਣਾਏ ਸ਼ਬਦ ਅਨਰਾਗਾ,

ਰਾਗ ਰਾਗਨੀ ਭੇਵ ਨਾ ਪਾਈਆ । ਮਾਇਆ ਡੱਸੇ ਨਾ ਡੱਸਣੀ ਨਾਗਾ, ਤਾਮਸ ਤ੍ਰਿਸ਼ਨਾ ਨੇੜ ਨਾ ਆਈਆ । ਜਗਤ ਬੁਝਾਏ ਤ੍ਰਿਸ਼ਨਾ ਆਗਾ, ਸਤਿ ਸਰੂਪ ਸਮਾਈਆ । ਸਰਨ ਸਰਨਾਈ ਜੋ ਜਨ ਲਾਗਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੋਹ ਛੱਬੀ ਬਣਤ ਬਣਾਈਆ । ਬਣਤ ਬਣਾਈ ਆਪ ਪ੍ਰਭ, ਕਰਨਹਾਰ ਦਾਤਾਰ । ਜੋਤ ਜਗਾਈ ਆਪ ਪ੍ਰਭ, ਪਰਗਟ ਹੋਏ ਵਿਚ ਸੰਸਾਰ । ਡੰਕ ਵਜਾਈ ਆਪ ਪ੍ਰਭ, ਰਾਓ ਰੰਕ ਕਰੇ ਖ਼ਬਰਦਾਰ । ਗੁਰਮੁਖ ਸਾਚੇ ਲਏ ਲੱਭ, ਦਿਵਸ ਰੈਣ ਪਹਿਰੇਦਾਰ । ਅੰਮ੍ਰਿਤ ਆਤਮ ਦੇਵੇ ਉਲਟੀ ਨਭ, ਕਾਇਆ ਕਵਲ ਖਿੜੇ ਗੁਲਜ਼ਾਰ । ਦਰ ਦਵਾਰੇ ਬਹਿਣਾ ਫਬ, ਕਲਜੁਗ ਮੇਲਾ ਅੰਤਮ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲਣਹਾਰ । ਕਲਜੁਗ ਖੇਲ ਖਿਲਾਵਣ ਆਇਆ, ਦੋ ਜਹਾਨਾਂ ਵਾਲੀ । ਗੁਰਮੁਖ ਸੋਏ ਮਾਤ ਜਗਾਵਣ ਆਇਆ, ਧੁਰਦਰਗਾਹੀ ਸਾਚਾ ਪਾਲੀ । ਜੁਗ ਜੁਗ ਵਿਛੜੇ ਮੇਲ ਮਿਲਾਵਣ ਆਇਆ, ਸੋਹੰ ਦੇਵੇ ਨਾਮ ਦਲਾਲੀ । ਮੋਹ ਮਮਤਾ ਮਾਇਆ ਰੁਠੜੇ ਆਪ ਮਨਾਵਣ ਆਇਆ, ਜੋਤ ਜਗਾਏ ਇਕ ਅਕਾਲੀ । ਏਕਾ ਮੁਠੜੇ ਆਪ ਬੰਨ੍ਹਾਵਣ ਆਇਆ, ਆਪੇ ਜਾਣੇ ਪੱਤ ਪੱਤ ਡਾਲੀ । ਕਾਇਆ ਦੁਖੜੇ ਆਪ ਮਿਟਾਵਣ ਆਇਆ, ਦਰ ਦਰ ਵੇਖੇ ਜੀਵ ਸਵਾਲੀ । ਉਲਟੇ ਰੁਖੜੇ ਫੰਦ ਕਟਾਵਣ ਆਇਆ, ਚਰਨ ਪ੍ਰੀਤੀ ਇਕ ਵਖਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੱਬੀ ਪੋਹ ਸਤਿ ਦਿਹਾੜਾ, ਸਤਿਜੁਗ ਤੇਰੀ ਚਲੇ ਸਾਚੀ ਚਾਲੀ । ਸਤਿਜੁਗ ਤੇਰੀ ਚਾਲ ਚਲਾਉਣੀ । ਸੰਮਤ ਸੰਮਤੀ ਇਕ ਬਣਾਉਣੀ । ਬੀਸ ਬੀਸੇ ਹਰਿ ਸੁਣਾਉਣੀ । ਜਗਤ ਜਗਦੀਸੇ ਇਹ ਖੇਲ ਰਚਾਉਣੀ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਇੱਕੀ, ਏਕਾ ਵਾਰ ਸਾਚੀ ਸਿੱਖੀ, ਸਾਚੀ ਸਿਖਿਆ ਵਿਚ ਸੰਸਾਰ, ਫੜ ਫੜ ਬਾਹੋਂ ਪਾਰ ਕਰਾਉਣੀ । ਵੀਹ ਸਦ ਇੱਕੀ ਛੱਬੀ ਪੋਹ, ਲੇਖਾ ਲੇਖ ਮੁਕਾਵਣਾ । ਵੇਦ ਅਥਰਬਣ ਰਿਹਾ ਰੋ, ਬ੍ਰਹਮੇ ਹੋ ਨਾ ਅੱਗੇ ਬਚਾਵਣਾ । ਹਰਿ ਹਰਿ ਖੇਲ ਨਾ ਜਾਣੇ ਕੋ, ਸ਼ਿਵ ਸ਼ੰਕਰ ਮੁਖ ਛੁਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪੇ ਆਪ ਲਿਖਾਵਣਾ । ਸਾਲ ਅੱਠ ਅੱਠ ਤਤ, ਤਤ ਰਤ ਸਮਾਇਆ । ਜਗਤ ਮਹੱਲ ਜਾਣਾ ਢੱਠ, ਨਾ ਕੋਈ ਸਕੇ ਬਣਾਇਆ । ਆਪੇ ਅਗਨ ਲਾਏ ਮੱਠ, ਆਪੇ ਦਏ ਬੁਝਾਇਆ । ਆਪੇ ਗੇੜੇ ਉਲਟੀ ਲੱਠ, ਆਪੇ ਮਾਰਗ ਲਾਇਆ । ਆਪ ਉਪਾਏ ਤੀਰਥ ਅੱਠ ਸੱਠ, ਅੰਤਮ ਆਪੇ ਆਪ ਮਿਟਾਇਆ । ਸਤਿਜੁਗ ਤੇਰੀ ਸਾਚੀ ਚੱਠ, ਪੋਹ ਛੱਬੀ ਰਿਹਾ ਕਰਾਇਆ । ਨੌਂ ਦਵਾਰੇ ਇਕ ਇਕੱਠ, ਦਸਵੇਂ ਆਸਣ ਲਾਇਆ । ਸ੍ਰਿਸ਼ਟ ਸਬਾਈ ਹੋਏ ਭੱਠ, ਗੁਰਮੁਖ ਸਾਚੇ ਜੈ ਜੈ ਜੈਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇਆ । ਨੌਂ ਦਵਾਰ ਦਰ ਦਰਵਾਜ਼ਾ, ਲੋਕਮਾਤ ਵਖਾਇਆ । ਕਲਜੁਗ ਤੇਰਾ ਸਾਜਨ ਸਾਜਾ, ਹਰਿ ਆਪਣਾ ਰੰਗ ਰੰਗਾਇਆ । ਦੇਸ ਮਾਝ ਰਚਿਆ ਕਾਜਾ, ਗੋਬਿੰਦ ਸੰਗ ਰਲਾਇਆ । ਪੁਰ ਅਨੰਦ ਪ੍ਰਭ ਮਾਰੇ ਆਵਾਜਾ, ਕੀਰਤਨ ਕੀਰਤਪੁਰ ਨਾਮ ਸੁਹਾਇਆ । ਤੇਗ ਬਹਾਦਰ ਦੇਵੇ ਦਾਜਾ, ਸੋਹੰ ਚਾਦਰ ਚਿੱਟੀ ਪਾਇਆ । ਆਪੇ ਰੱਖਣਹਾਰਾ ਲਾਜਾ, ਨਾਨਕ ਨਾਮ ਸਮਾਇਆ । ਗੁਰ ਮੰਦਰ ਅੰਦਰ ਮਾਰੇ ਆਵਾਜਾ, ਅਰਜਨ ਅਰਜ਼ ਸੁਣਾਇਆ । ਹਰਿਗੋਬਿੰਦ ਹਰਿ ਸਾਜਨ ਸਾਜਾ, ਦੋਏ ਧਾਰਾ ਧਾਰ ਚਲਾਇਆ । ਸ਼ਬਦ ਚਲਾਇਆ ਇਕ ਜਹਾਜ਼ਾ, ਆਪੇ ਲਏ ਚੜ੍ਹਾਇਆ । ਲੱਖ ਚੁਰਾਸੀ ਖੋਲ੍ਹੇ ਪਾਜਾ, ਲਹਿਣਾ ਦੇਣਾ ਰਿਹਾ ਚੁਕਾਇਆ । ਚਿੱਟਾ ਅਸਵ ਏਕਾ ਤਾਜਾ, ਪ੍ਰਭ ਸਾਚੇ ਤੰਗ ਕਸਾਇਆ ।

ਖੇਲੇ ਖੇਲ ਮੱਕਾ ਕਾਅਬਾ ਹਾਜ਼ਾ, ਹਾਜ਼ੀ ਹਾਜ਼ਨ ਆਪ ਅਖਵਾਇਆ । ਆਪੇ ਜਾਣੇ ਪੁੰਨ ਸਵਾਬਾ, ਹਰਿ ਪੁਸ਼ਕਰ ਡੇਰਾ ਲਾਇਆ । ਸਾਚਾ ਮੇਲਾ ਦੋ ਦੋ ਆਬਾ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਪੋਹ ਛੱਬੀ ਮਾਣ ਦਵਾਇਆ । ਏਕੰਕਾਰ ਨਰ ਨਿਰੰਕਾਰ, ਏਕਾ ਘਰ ਵਸੰਦੜਾ । ਸ਼ਬਦ ਮਹੱਲਾ ਕਰ ਤਿਆਰ, ਦਰ ਦਵਾਰ ਨਾ ਕੋਈ ਵਖੰਦੜਾ । ਤੀਜਾ ਹੱਲਾ ਅਪਰ ਅਪਾਰ, ਏਕਾ ਮੇਲ ਮਿਲੰਦੜਾ । ਚੌਥੇ ਘਰ ਖੋਲ੍ਹ ਕਿਵਾੜ, ਸੰਤ ਸੁਹੇਲੇ ਆਪ ਵਸੰਦੜਾ । ਪੰਚਮ ਵੇਖੇ ਪੰਚ ਪਿਆਰ, ਪੰਚਮ ਹਰਿ ਬਖ਼ਸ਼ੰਦੜਾ । ਛੇਵੇਂ ਛੱਪਰ ਛੱਤ ਅਪਾਰ, ਨਾ ਕੋਈ ਬਾਡੀ ਹੱਥ ਬਨੰਦੜਾ । ਸਤਿ ਪੁਰਖ ਪ੍ਰਭ ਸਾਚੀ ਕਾਰ, ਜੁਗ ਜੁਗ ਭੇਖ ਵਟੰਦੜਾ । ਅੱਠਾਂ ਤਤਾਂ ਵਸੇ ਬਾਹਰ, ਆਪ ਆਪਣਾ ਭੇਵ ਛੁਪੰਦੜਾ । ਨਾਵੇਂ ਨੌ ਦਰ ਕਰ ਤਿਆਰ, ਕਲਜੁਗ ਕਾਇਆ ਰਾਹ ਵਖੰਦੜਾ । ਦਸਵੇਂ ਬੈਠ ਸੱਚੀ ਸਰਕਾਰ, ਹਰਿਜਨ ਸਾਚੇ ਮੇਲ ਮਿਲੰਦੜਾ । ਨਾਮ ਸਿੰਘਾਸਣ ਅਪਰ ਅਪਾਰ, ਦੀਪਕ ਜੋਤੀ ਇਕ ਜਗੰਦੜਾ । ਪਵਣ ਉਨੰਜਾ ਛਤਰ ਝੁਲਾਰ, ਅੰਮ੍ਰਿਤ ਧਾਰਾ ਮੇਘ ਬਰਸੰਦੜਾ । ਆਪੇ ਖੋਲ੍ਹੇ ਬੰਦ ਕਿਵਾੜ, ਆਪੇ ਲਾਏ ਜਿੰਦੜਾ । ਭਗਤ ਜਨਾਂ ਹਰਿ ਮੀਤ ਮੁਰਾਰ, ਜੁਗ ਜੁਗ ਆਪ ਬਖ਼ਸ਼ੰਦੜਾ । ਕਲਜੁਗ ਤੇਰੀ ਕਾਲੀ ਧਾਰ, ਵੇਲੇ ਅੰਤ ਨਾ ਕੋਈ ਰਖੰਦੜਾ । ਸੰਗ ਮੁਹੰਮਦ ਰੁਲੇ ਚਾਰ ਯਾਰ, ਅੱਲਾ ਰਾਣੀ ਮੁਖ ਛੁਪਾਏ ਪੱਲੜਾ । ਗੁਰ ਗੋਬਿੰਦਾ ਕਰ ਤਿਆਰ, ਪ੍ਰਭ ਸੋਹੰ ਫੜਾਏ ਏਕਾ ਭੱਲੜਾ । ਪੰਚ ਕਰਾਏ ਜੈ ਜੈ ਜੈਕਾਰ, ਏਕਾ ਤਾਜ ਸੀਸ ਰਖੰਦੜਾ । ਆਪੇ ਗੁਪਤ ਆਪੇ ਜ਼ਾਹਿਰ, ਆਪ ਆਪਣੇ ਵਿਚ ਵਸੰਦੜਾ । ਕਰੇ ਕਰਾਏ ਘੜਨਹਾਰ, ਜੁਗ ਜੁਗ ਕਾਜ ਰਚੰਦੜਾ । ਸਤਿਜੁਗ ਤ੍ਰੇਤਾ ਉਤਰੇ ਪਾਰ, ਦੁਆਪਰ ਸੀਸ ਝੁਕੰਦੜਾ । ਕਲਜੁਗ ਤੇਰੀ ਆਈ ਵਾਰ, ਚਾਰੇ ਕੂਟਾਂ ਰਾਹ ਵਖੰਦੜਾ । ਮਾਇਆ ਮਮਤਾ ਲੋਭ ਮੋਹ ਹੰਕਾਰ, ਜਗਤ ਮਾਇਆ ਫਾਹੀ ਫਸੰਦੜਾ । ਨਾ ਕੋਈ ਦੀਸੇ ਮੀਤ ਮੁਰਾਰ, ਗੁਣਵੰਤਾ ਹੋਇਆ ਅੰਧੜਾ । ਚਾਰੋਂ ਕੁੰਟ ਹਾਹਾਕਾਰ, ਸ਼ਾਹ ਸੁਲਤਾਨਾਂ ਆਪ ਭੁਲੰਦੜਾ । ਗੁਰਮੁਖਾਂ ਕਰੇ ਖ਼ਬਰਦਾਰ, ਆਪ ਫੜਾਏ ਆਪਣਾ ਪਲੜਾ । ਲਿਖ ਲਿਖ ਭੇਜੇ ਲੇਖ ਦਵਾਰ, ਅੰਤਮ ਵਾਰੀ ਆਪ ਜਗੰਦੜਾ । ਵਾਲੀ ਹਿੰਦ ਰਹਿਣਾ ਖ਼ਬਰਦਾਰ, ਹਰਿ ਸਾਚਾ ਮੋਹ ਚੁਕੰਦੜਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਤੀਰ ਤਲਵਾਰ ਨਾ ਕੋਈ ਰਖੰਦੜਾ । ਸ਼ਸਤਰ ਤੀਰ ਨਾ ਕੋਇ ਕਟਾਰ, ਖਾਲੀ ਹੱਥ ਆਪ ਰਖਦੰੜਾ । ਬ੍ਰਹਮੇ ਦੇਵੇ ਸ਼ਬਦ ਹੁਲਾਰ, ਪੁਰੀ ਬ੍ਰਹਮ ਭਾਹ ਵਹੰਦੜਾ । ਆਦਿ ਪੁਰਖ ਪ੍ਰਭ ਏਕੰਕਾਰ, ਏਕਾ ਰਾਹ ਵਖੰਦੜਾ । ਇਕ ਕਰਾਏ ਜੈ ਜੈਕਾਰ, ਏਕਾ ਧਰਮ ਚਲੰਦੜਾ । ਵਰਨ ਬਰਨ ਨਾ ਕੋਈ ਵਿਚਾਰ, ਊਚਾਂ ਨੀਚਾਂ ਹਰਿ ਵਸੰਦੜਾ । ਭਰਮੇ ਭੁੱਲਾ ਭਰਮ ਸੰਸਾਰ, ਪ੍ਰਭ ਭਰਮ ਗੜ੍ਹ ਤੁੜੰਦੜਾ । ਹਰਿਜਨ ਮੇਲਾ ਚਰਨ ਦਵਾਰ, ਹਰਿ ਸਾਚਾ ਲੇਖ ਲਿਖੰਦੜਾ । ਫੜ ਫੜ ਬਾਹੋਂ ਲਾਏ ਪਾਰ, ਸਾਚੀ ਨਈਆ ਇਕ ਵਖੰਦੜਾ । ਆਪੇ ਆਰ ਆਪੇ ਪਾਰ, ਵੰਞ ਮੁਹਾਣਾ ਆਪ ਚਲੰਦੜਾ । ਆਪੇ ਡੋਬੇ ਦੇਵੇ ਤਾਰ, ਜੁਗ ਜੁਗ ਖੇਲ ਖਿਲੰਦੜਾ । ਮਨਮੁਖਾਂ ਅੰਤਮ ਆਈ ਹਾਰ, ਜੋਤੀ ਜੋਤ ਸਰੂਪ ਹਰਿ, ਜਗਤ ਆਪਣਾ ਭੇਖ ਵਟੰਦੜਾ । ਆਦਿ ਸ਼ਕਤ ਪ੍ਰਭ ਆਦਿ ਭਵਾਨੀ, ਆਦਿ ਅੰਤ ਅਵਤਾਰਿਆ । ਪਾਰਬ੍ਰਹਮ ਹਰਿ ਜੋਤ ਨੁਰਾਨੀ, ਨੂਰੋ ਨੂਰ ਸਮਾ ਰਿਹਾ । ਆਪੇ ਜਾਣੇ ਧੁਰ ਦੀ ਬਾਣੀ, ਆਪੇ ਆਪ ਅਲਾ ਰਿਹਾ । ਆਪ ਜਣਾਏ ਵੇਦ ਪੁਰਾਨੀ, ਬ੍ਰਹਮਾ ਵਿਆਸਾ ਸੇਵਾ ਲਾ ਰਿਹਾ । ਅੰਜ਼ੀਲ ਕੁਰਾਨਾਂ ਦੇ ਨਿਸ਼ਾਨੀ, ਆਪ ਆਪਣਾ ਹੁਕਮ ਜਣਾ ਰਿਹਾ । ਨਾਨਕ ਮਿਲਿਆ ਹਰਿ ਭਗਵਾਨੀ, ਹਰਿ ਆਪਣਾ ਰੂਪ ਵਟਾ ਰਿਹਾ ।


੨੩੭
੦੬

ਧੁਰ ਦਰਗਾਹੀ ਇਕ ਨਿਸ਼ਾਨੀ, ਨਾਮ ਸਤਿ ਵਰਤਾ ਰਿਹਾ । ਆਪੇ ਹੋਇਆ ਜਾਣ ਜਾਣੀ, ਜਾਨਣਹਾਰ ਬਣਤ ਬਣਾ ਰਿਹਾ । ਸ਼ਬਦ ਮਾਰੇ ਤੀਰ ਕਾਨੀ, ਤਿੱਖੀ ਧਾਰਾ ਆਪ ਵਖਾ ਰਿਹਾ । ਨਾਨਕ ਗਾਏ ਗੋਬਿੰਦ ਬਾਣੀ, ਹਰਿ ਗੋਬਿੰਦ ਰੰਗ ਰੰਗਾ ਰਿਹਾ । ਕੋਈ ਨਾ ਦਿਸੇ ਹਰਿ ਪ੍ਰਭ ਸਾਨੀ, ਦੂਰ ਨੇੜੇ ਵੇਖ ਵਖਾ ਰਿਹਾ । ਤੀਰਥ ਵੇਖੇ ਅੱਠ ਸੱਠ ਪਾਣੀ, ਸਾਚੇ ਤੀਰਥ ਨਾ ਕੋਇ ਨਹਾ ਰਿਹਾ । ਪੰਡਤ ਪਾਂਧੇ ਵੇਦ ਪੁਰਾਨ ਪੁਰਾਨੀ, ਗੀਤਾ ਗਿਆਨ ਨਾ ਕੋਇ ਜਣਾ ਰਿਹਾ । ਭਰਮੇ ਭੁੱਲੇ ਭਰਮ ਨਾਦਾਨੀ, ਪਾਰਬ੍ਰਹਮ ਨਾ ਕੋਈ ਮਿਲਾ ਰਿਹਾ । ਕਲਜੁਗ ਵੇਖੇ ਕਹਿਰ ਨਿਸ਼ਾਨੀ, ਪ੍ਰਭ ਸਾਚਾ ਰਾਹ ਤਕਾ ਰਿਹਾ । ਲਿਖਿਆ ਲੇਖ ਇਕ ਮਹਾਨੀ, ਨਿਹਕਲੰਕ ਡੰਕ ਵਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੋਹ ਛੱਬੀ ਜੋਤ ਪਰਗਟਾ ਰਿਹਾ । ਪੋਹ ਛੱਬੀ ਮਾਤ ਵਧਾਈਆ, ਮਤ ਬੁਧ ਭੇਵ ਨਾ ਰਾਇਆ । ਗੁਰਮੁਖ ਵਿਰਲੇ ਮਾਤ ਜਣਾਈਆ, ਜਿਸ ਜਨ ਆਪਣੀ ਦਇਆ ਕਮਾਇਆ । ਹਰਿ ਸ਼ਬਦ ਕਰੇ ਕੁੜਮਾਈਆ, ਸਾਚਾ ਮੰਗਲ ਏਕਾ ਗਾਇਆ । ਨੌ ਦਰ ਜਗਤ ਵੱਜੇ ਵਧਾਈਆ, ਘਰ ਦਸਵੇਂ ਸਾਜਣ ਪਾਇਆ । ਹਰਿ ਸਾਜਣ ਸਹਿਜ ਸੁਖਦਾਈਆ, ਹਉਮੇ ਰੋਗ ਮਿਟਾਇਆ । ਮਿਲਿਆ ਮੇਲ ਵਿਛੜ ਨਾ ਜਾਈਆ, ਕਲਜੁਗ ਅੰਤਮ ਦਏ ਦੁਹਾਇਆ । ਸੱਜਣ ਸੁਹੇਲ ਆਪ ਅਖਵਾਈਆ, ਜੁਗ ਜੁਗ ਭਗਤਨ ਸੇਵ ਕਮਾਇਆ । ਅਚਰਜ ਖੇਲ ਆਪ ਰਚਾਈਆ, ਗੁਰ ਗੋਬਿੰਦੇ ਰੂਪ ਸਮਾਇਆ । ਕਿਸੇ ਚਲੇ ਨਾ ਮਾਤ ਚਤੁਰਾਈਆ, ਸਾਧ ਸੰਤ ਸਾਰ ਨਾ ਰਾਇਆ । ਆਪੇ ਜਾਣੇ ਆਪਣੀ ਵਡਿਆਈਆ, ਆਪ ਆਪਣੇ ਵਿਚ ਸਮਾਇਆ । ਗੁਰ ਪੀਰਾਂ ਦੇਵੇ ਸ਼ਬਦ ਜਣਾਈਆ, ਆਪ ਆਪਣੇ ਧੰਦੇ ਲਾਇਆ । ਛੱਤੀ ਜੁਗ ਨਾ ਦਏ ਵਖਾਈਆ, ਆਪ ਆਪਣਾ ਮੁਖ ਛੁਪਾਇਆ । ਆਪੇ ਜੋਤ ਕਰੇ ਰੁਸ਼ਨਾਈਆ, ਆਪਣੀ ਕਲ ਰਿਹਾ ਵਰਤਾਇਆ । ਅਕਲ ਕਲ ਹਰਿ ਰਘੁਰਾਈਆ, ਸੋਲਾਂ ਕਲ ਸ੍ਰਿਸ਼ਟ ਸਬਾਇਆ । ਲੋਆਂ ਪੁਰੀਆਂ ਵੇਖ ਵਖਾਈਆ, ਬੇਪਰਵਾਹ ਭੇਵ ਨਾ ਰਾਇਆ । ਨਾਨਕ ਨਿਰਗੁਣ ਗਿਆ ਗਾਈਆ, ਗੋਬਿੰਦ ਗੋਬਿੰਦ ਗੋਬਿੰਦ ਰਾਇਆ । ਸਰਗੁਣ ਮੇਲਾ ਸਹਿਜ ਸੁਭਾਈਆ, ਕਲਜੁਗ ਵੇਲਾ ਦਏ ਸੁਹਾਇਆ । ਸਾਚੇ ਮੰਦਰ ਆਸਣ ਲਾਈਆ, ਆਤਮ ਸੇਜਾ ਇਕ ਵਿਛਾਇਆ । ਗੋਬਿੰਦ ਕਾਇਆ ਗੜ੍ਹ ਬਣਾਈਆ, ਸ਼ਬਦ ਖੰਡਾ ਤਨ ਪਹਿਨਾਇਆ । ਉਪਰ ਚੜ੍ਹ ਵੇਖ ਵਖਾਈਆ, ਮਹੱਲ ਅਟੱਲ ਇਕ ਰਖਾਇਆ । ਜੋਤੀ ਨੂਰ ਕਰ ਰੁਸ਼ਨਾਈਆ, ਲੱਖ ਚੁਰਾਸੀ ਫੋਲ ਫੁਲਾਇਆ । ਰਾਏ ਧਰਮ ਦਏ ਦੁਹਾਈਆ, ਪ੍ਰਭ ਦਰ ਅੱਗੇ ਸੀਸ ਝੁਕਾਇਆ । ਧਰਤ ਮਾਤ ਰਹੀ ਕੁਰਲਾਈਆ, ਕਲਜੁਗ ਕਾਲਾ ਰੰਗ ਵਟਾਇਆ । ਲਾੜੀ ਮੌਤ ਖ਼ੁਸ਼ੀ ਮਨਾਈਆ, ਪ੍ਰਭ ਸਾਚੇ ਦਰਸ਼ਨ ਪਾਇਆ । ਦਰ ਦਵਾਰਾ ਵੇਖੇ ਚਾਈਂ ਚਾਈਂਆ, ਪੋਹ ਛੱਬੀ ਦਿਵਸ ਸੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ ਵਿਚ ਸੰਸਾਰ ਆਪ ਆਪਣੀ ਜੋਤ ਜਗਾਇਆ । ਜੋਤ ਜਗਾਏ ਆਪ ਪ੍ਰਭ, ਅਕਲ ਕਲਾ ਭਰਪੂਰਿਆ । ਅਕਲ ਕਲਾ ਪ੍ਰਭ ਆਪ ਹੋ, ਵੇਖੇ ਨੇੜੇ ਦੂਰਿਆ । ਸੋ ਪੁਰਖ ਨਿਰੰਜਣ ਆਪੇ ਹੋ, ਸੋ ਸਾਚਾ ਹਾਜ਼ਰ ਹਜ਼ੂਰਿਆ । ਹੰ ਹੰਗਤਾ ਮਿਟੇ ਜਗਤ ਮੋਹ, ਦੇਵੇ ਦਾਤ ਸਾਚੀ ਧੂੜਿਆ । ਸੋਹੰ ਸ਼ਬਦ ਸਦਾ ਨਿਰਮੋਹ, ਆਸਾ ਮਨਸਾ ਪੂਰਿਆ । ਕਾਲ ਮਹਾਂਕਾਲ ਦਰ ਸਕੇ ਨਾ ਛੋਹ, ਹਰਿ ਸਾਚਾ ਹਾਜ਼ਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਸਾ ਮਨਸਾ ਪੂਰਿਆ ।

੨੩੮
੦੬

ਆਪੇ ਨਰ ਆਪੇ ਨਾਰੀ, ਨਰਾਇਣ ਆਪ ਅਖਵਾਇੰਦਾ । ਆਪੇ ਦਰ ਆਪ ਦਵਾਰੀ, ਦਰ ਦਰਬਾਨ ਆਪ ਹੋ ਜਾਇੰਦਾ । ਆਪੇ ਘਰ ਆਪੇ ਘਰ ਬਾਹਰੀ, ਪੈਜ ਸਵਾਰੀ ਆਪ ਅਖਵਾਇੰਦਾ । ਆਪੇ ਸਰ ਆਪੇ ਸਿਕਦਾਰੀ, ਸਰ ਸਰੋਵਰ ਆਪ ਹੋ ਜਾਇੰਦਾ । ਆਪੇ ਹਰਿ ਆਪੇ ਨਿਰੰਕਾਰੀ, ਆਪੇ ਨਿਰਗੁਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵਕਤ ਸੁਹਾਇੰਦਾ । ਕਲਜੁਗ ਅੰਤਮ ਵਕਤ ਸੁਹੰਜਣਾ, ਹਰਿ ਸਾਚਾ ਆਪ ਸੁਹਾਇੰਦਾ । ਜੋਤ ਜਗਾਏ ਇਕ ਨਿਰੰਜਣਾ, ਸਤਿ ਪੁਰਖ ਨਿਰੰਜਣ ਆਪ ਹੋ ਜਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋ ਘੜਿਆ ਸੋ ਭੱਜਣਾ, ਭੰਨਣਹਾਰ ਆਪ ਅਖਵਾਇੰਦਾ । ਸਾਕ ਸੱਜਣ ਸੈਣ ਸਭ ਤੱਜਣਾ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਵੇਲੇ ਅੰਤ ਪੜਦਾ ਕਿਸੇ ਨਾ ਕੱਜਣਾ, ਦੇ ਮਤ ਆਪ ਸਮਝਾਇੰਦਾ । ਕਲਜੁਗ ਕਾਲ ਲਾਉਣ ਨਾ ਦੇਵੇ ਅਜ ਪਜਨਾ, ਹੋਏ ਸਹਾਈ ਨਾ ਕੋਇ ਛੁਡਾਇੰਦਾ । ਕਾਲ ਨਗਾਰਾ ਏਕਾ ਵੱਜਣਾ, ਧਰਮ ਰਾਏ ਡੌਰੂ ਵਾਹਿੰਦਾ । ਸ਼ਬਦ ਤਾਲ ਏਕਾ ਵੱਜਣਾ, ਪ੍ਰਭ ਸਾਚਾ ਆਪ ਵਜਾਇੰਦਾ । ਜਨ ਭਗਤਾਂ ਇਕ ਕਰਾਏ ਸਾਚਾ ਹੱਜਨਾ, ਮੱਕਾ ਕਾਅਬਾ ਇਕ ਵਖਾਇੰਦਾ । ਪੀ ਅੰਮ੍ਰਿਤ ਆਤਮ ਰੱਜਣਾ, ਨਾਮ ਭੰਡਾਰਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਜਣ ਸਾਚੇ ਸੰਤ ਸਾਚੀ ਸੇਵਾ ਲਾਇੰਦਾ । ਸਾਜਣ ਸਾਚੇ ਮੀਤ, ਸਾਚੀ ਕਾਰੇ ਲਾਇਆ । ਆਪ ਚਲਾਈ ਆਪਣੀ ਰੀਤ, ਦਰ ਦਵਾਰੇ ਹੋਏ ਸਹਾਇਆ । ਕਾਇਆ ਹੋਵੇ ਪਤਤ ਪੁਨੀਤ, ਪਤਤ ਪਾਵਨ ਆਪ ਅਖਵਾਇਆ । ਰਸਨਾ ਗਾਏ ਏਕਾ ਗੀਤ, ਸੋਹੰ ਸਾਚਾ ਨਾਉਂ ਜਣਾਇਆ । ਨੇਤਰ ਪਰਸੇ ਗੁਰ ਚਰਨ ਪ੍ਰੀਤ, ਅੱਠੇ ਪਹਿਰ ਵਸੇ ਚੀਤ, ਮਾਤ ਗਰਭ ਫੇਰ ਨਾ ਆਇਆ । ਕਾਇਆ ਹੋਏ ਸੀਤਲ ਸੀਤ, ਸਵਾ ਪਹਿਰ ਜੋ ਸੇਵ ਕਮਾਇਆ । ਅੱਠੇ ਪਹਿਰ ਵਸੇ ਚੀਤ, ਹਰਿ ਵਿਸਰ ਕਦੇ ਨਾ ਜਾਇਆ । ਸਤਿਜੁਗ ਤੇਰੀ ਸਾਚੀ ਰੀਤ, ਨੌਵਾਂ ਖੰਡਾਂ ਆਪ ਚਲਾਇਆ । ਸੱਤਾਂ ਦੀਪਾਂ ਕਰੇ ਪੁਨੀਤ, ਸਾਚੀ ਸਿਖਿਆ ਰਿਹਾ ਸਮਝਾਇਆ । ਗਾਉਂਦਾ ਜਾਏ ਸੁਹਾਗੀ ਗੀਤ, ਗੋਬਿੰਦ ਰਸਨਾ ਸੇਵਾ ਲਾਇਆ । ਲੱਖ ਚੁਰਾਸੀ ਪਰਖੇ ਨੀਤ, ਕਰੋੜ ਤੇਤੀਸਾ ਏਕਾ ਪੱਲੂ ਨਾਮ ਫੜਾਇਆ । ਬੈਠਾ ਆਪ ਹਰਿ ਅਤੀਤ, ਸ਼ਿਵ ਸ਼ੰਕਰ ਗੋਦ ਬਿਠਾਇਆ । ਸ੍ਰਿਸ਼ਟ ਸਬਾਈ ਆਪੇ ਜੀਤ, ਸਾਜਨ ਮੀਤ ਆਪ ਹੋ ਆਇਆ । ਬ੍ਰਹਮਾ ਤੇਰੀ ਨਿਭ ਜਾਏ ਪ੍ਰੀਤ, ਜੋ ਸਾਚੀ ਰਿਹਾ ਕਮਾਇਆ । ਅੰਮ੍ਰਿਤ ਬਰਖੇ ਠੰਢਾ ਸੀਤ, ਚਰਨ ਚਰਨੋਦਕ ਪ੍ਰਭ ਆਪ ਦਵਾਇਆ । ਸਤਿਜੁਗ ਤੇਰੀ ਸਾਚੀ ਰੀਤ, ਛੱਬੀ ਪੋਹ ਦਏ ਲਿਖਾਇਆ । ਸੰਮਤ ਤੇਰਾਂ ਰਿਹਾ ਬੀਤ, ਨਾਨਕ ਨਾਮਾ ਸੇਵਾ ਲਾਇਆ । ਗਾਉਂਦਾ ਰਹੇ ਗੋਬਿੰਦ ਦੇ ਗੀਤ, ਨਿਰੰਕਾਰ ਨਿਰੰਕਾਰ ਰੰਗ ਰੰਗਾਇਆ । ਆਪੇ ਵਸਿਆ ਹਸਤ ਕੀਟ, ਊਚਾਂ ਨੀਚਾਂ ਵਿਚ ਸਮਾਇਆ । ਸਾਚਾ ਪੀਸਣ ਰਿਹਾ ਪੀਠ, ਸਤਿਜੁਗ ਚਾਕਰ ਆਪ ਅਖਵਾਇਆ । ਕਲਜੁਗ ਭੰਨੇ ਕੌੜੇ ਰੀਠ, ਭੰਨਣਹਾਰ ਆਪ ਅਖਵਾਇਆ । ਪੁਰਖ ਅਬਿਨਾਸ਼ੀ ਬੀਠਲਾ ਬੀਠ, ਜਨ ਭਗਤਾਂ ਦਰ ਦਵਾਰੇ ਆਇਆ । ਸੋਹੰ ਦੇਵੇ ਨਾਮ ਬੀਠਲਾ ਮੀਠ, ਘਰ ਚੌਥੇ ਆਪ ਰਖਾਇਆ । ਚਰਨ ਕਵਲ ਰਖਾਏ ਇਕ ਪ੍ਰੀਤ, ਪੂਜਾ ਪਾਠ ਨਾ ਕੋਇ ਰਖਾਇਆ । ਅੰਦਰ ਮੰਦਰ ਬੈਠਾ ਪਰਖੇ ਨੀਤ, ਦਸਮ ਦਵਾਰੀ ਡੇਰਾ ਲਾਇਆ । ਹਰਿਜਨ ਗਾਓ ਸੁਹਾਗੀ ਗੀਤ, ਹਰਿ ਘਰ ਸਾਚੇ ਜਨ ਪਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੇਵਕ ਸੇਵਕ ਬਣ ਕੇ ਆਇਆ ।

ਸੇਵਕ ਸੋ ਪ੍ਰਧਾਨ ਹੈ, ਦਿਵਸ ਰੈਣ ਜਗਾਏ । ਸੇਵਕ ਸੋ ਦਰਬਾਨ ਹੈ, ਪੰਜ ਤਤ ਰਿਹਾ ਦੁਰਕਾਏ । ਸੇਵਕ ਸੋ ਜਵਾਨ ਹੈ, ਚਾਰੋਂ ਕੁੰਟ ਖੰਡਾ ਚਮਕਾਏ । ਸੇਵਕ ਸੋ ਸੁਜਾਨ ਹੈ, ਸਚ ਸਿਖਿਆ ਦੇ ਸਮਝਾਏ । ਸੇਵਕ ਸਚ ਗਿਆਨ ਹੈ, ਸਚ ਸੁਰਤੀ ਸੰਗ ਰਲਾਏ । ਹਰਿ ਸੇਵਕ ਆਪ ਮਿਹਰਵਾਨ ਹੈ, ਜਨ ਭਗਤਾਂ ਦਇਆ ਕਮਾਏ । ਹੱਥ ਉਠਾਏ ਧਰਮ ਨਿਸ਼ਾਨ ਹੈ, ਲੋਆਂ ਪੁਰੀਆਂ ਰਿਹਾ ਝੁਲਾਏ । ਸੱਤਾਂ ਦੀਪਾਂ ਏਕਾ ਆਣ ਹੈ, ਨੌਵਾਂ ਖੰਡਾਂ ਰਿਹਾ ਜਣਾਏ । ਬ੍ਰਹਿਮੰਡਾਂ ਪਵਣ ਮਸਾਣ ਹੈ, ਵਰਭੰਡੀ ਡਗਮਗਾਏ । ਰਾਜ ਰਾਜਾਨਾ ਸ਼ਾਹ ਸੁਲਤਾਨ ਹੈ, ਬੰਕ ਦਵਾਰੀ ਆਪ ਹੋ ਜਾਏ । ਗੁਣਵੰਤਾ ਗੁਣ ਨਿਧਾਨ ਹੈ, ਨਿਰਧਨ ਰੂਪ ਸਮਾਏ । ਸਰਗੁਣ ਖੇਲੇ ਖੇਲ ਮਹਾਨ ਹੈ, ਹਰਿ ਨਿਰਗੁਣ ਜੋਤ ਜਗਾਏ । ਗੁਰ ਗੋਬਿੰਦਾ ਵਿਚ ਜਹਾਨ ਹੈ, ਨਾਮ ਖੰਡਾ ਰਿਹਾ ਉਠਾਏ । ਹਰਿ ਸ਼ਬਦ ਸੱਚਾ ਬਿਬਾਣ ਹੈ, ਫੜ ਬਾਹੋਂ ਉਪਰ ਬਿਠਾਏ । ਆਪੇ ਵੇਖੇ ਮਾਰ ਧਿਆਨ ਹੈ, ਦਿਸ ਕਿਸੇ ਨਾ ਆਏ । ਪੰਚਮ ਤਤ ਨਾ ਕੋਈ ਨਿਸ਼ਾਨ ਹੈ, ਨੇਤਰ ਨੈਣ ਨਾ ਕੋਈ ਵੇਖ ਵਖਾਏ । ਸ਼ਬਦ ਧਾਰਾ ਇਕ ਮਹਾਨ ਹੈ, ਹਰਿ ਜੋਤੀ ਰਿਹਾ ਜਲਾਏ । ਗੋਬਿੰਦ ਪਾਇਆ ਸਾਚਾ ਹਾਣ ਹੈ, ਹਰਿ ਹਾਣੀ ਹਾਣ ਮਿਲਾਏ । ਨਾਰੀ ਕੰਤਾ ਇਕ ਮਕਾਨ ਹੈ, ਆਤਮ ਸੇਜਾ ਰਿਹਾ ਵਿਛਾਏ । ਪੂਰਨ ਭਗਵੰਤਾ ਨੌਜਵਾਨ ਹੈ, ਅੰਗੀਕਾਰ ਆਪ ਕਰਾਏ । ਸਤਿਜੁਗ ਸਾਚਾ ਇਕ ਨਿਸ਼ਾਨ ਹੈ, ਹਰਿ ਸ਼ਬਦ ਰਿਹਾ ਜਣਾਏ । ਕਲਜੁਗ ਝੂਠੀ ਮਾਤ ਦੁਕਾਨ ਹੈ, ਅੰਤ ਰਹਿਣ ਨਾ ਪਾਏ । ਮੋਹ ਮਮਤਾ ਹੋਈ ਹੈਰਾਨ ਹੈ, ਜੂਠ ਝੂਠ ਬੈਠੀ ਮੁਖ ਸ਼ਰਮਾਏ । ਚਿਤਰ ਗੁਪਤ ਬੇਪਛਾਣ ਹੈ, ਲੇਖਾ ਲੇਖ ਰਿਹਾ ਕੁਰਲਾਏ । ਰਾਏ ਧਰਮ ਦਰ ਨਾਦਾਨ ਹੈ, ਰੋ ਰੋ ਪੱਲੂ ਗਲ ਵਿਚ ਪਾਏ । ਬ੍ਰਹਮਾ ਵੇਖੇ ਮਾਰ ਧਿਆਨ ਹੈ, ਕਵਣ ਕੂਟੇ ਹਰਿ ਜੋਤ ਜਗਾਏ । ਸ਼ਿਵ ਸ਼ੰਕਰ ਕੰਠ ਕੰਠਾਨ ਹੈ, ਹਰਿ ਸਾਚਾ ਭੇਵ ਛੁਪਾਏ । ਇੰਦ ਇੰਦਰਾਸਣ ਤੁੱਟਾ ਮਾਣ ਹੈ, ਨਰ ਹਰਿ ਸਾਚਾ ਰਿਹਾ ਹਿਲਾਏ । ਸ਼ਬਦ ਸਿੰਘਾਸਣ ਵਿਚ ਜਹਾਨ ਹੈ, ਹਰਿ ਆਪਣਾ ਆਪ ਬਣਾਏ । ਨੌਂ ਦਵਾਰੇ ਇਕ ਮਕਾਨ ਹੈ, ਲੱਖ ਚੁਰਾਸੀ ਵੇਖ ਵਖਾਏ । ਬੀਸ ਬੀਸਾ ਕਰੇ ਪਛਾਣ ਹੈ, ਗੁਰਮੁਖ ਸਾਚੇ ਸੇਵਾ ਲਾਏ । ਸ਼ਬਦ ਲਿਖਾਰੀ ਹਰਿ ਜਵਾਨ ਹੈ, ਬਿਰਧ ਬਾਲ ਨਾ ਵੇਖ ਵਖਾਏ । ਜੋਤ ਨਿਰੰਕਾਰੀ ਵਡ ਪਰਤਾਪ ਹੈ, ਜੁਗ ਜੁਗ ਜੋਤ ਜਗਾਏ । ਕਲਜੁਗ ਅੰਤਮ ਨਿਹਕਲੰਕ ਪ੍ਰਭ ਆਪੇ ਆਪ ਹੈ, ਜੀਵ ਜੰਤ ਭੇਵ ਨਾ ਜਾਣੇ ਕੋਇ । ਸ਼ਬਦ ਡੰਕ ਰਾਓ ਰੰਕ ਸੋਹੰ ਸੱਚਾ ਜਾਪ ਹੈ, ਦੁਰਮਤ ਮੈਲ ਧੋਏ । ਆਪ ਸੁਹਾਏ ਦਵਾਰ ਬੰਕ ਹੈ, ਜਨ ਭਗਤਾਂ ਪਾਏ ਸੋਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵੇਸ਼ਾ ਆਪੇ ਹੋਏ । ਦਰ ਦਰਵੇਸ਼ ਨਰ ਨਿਰੰਕਾਰ, ਜਨ ਭਗਤਾਂ ਆਪ ਅਖਵਾਇੰਦਾ । ਜੁਗ ਜੁਗ ਵੇਸ ਅਵੱਲੜੀ ਕਾਰ, ਦਸ ਦਸਮੇਸ਼ ਸੇਵਾ ਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਰੇਖ ਕੇਸ ਇਕ ਰਖਾਇੰਦਾ । ਆਪੇ ਹੋਇਆ ਪਹਿਰੇਦਾਰ, ਸਾਚਾ ਸੰਗ ਨਿਭਾਇੰਦਾ । ਸੰਮਤ ਤੇਰਾਂ ਤੇਰੀ ਧਾਰ, ਤ੍ਰੈਗੁਣ ਰੰਗ ਵਖਾਇੰਦਾ । ਸੰਮਤ ਚੌਦਾਂ ਕਰ ਪਿਆਰ, ਇਕ ਮਰਦੰਗ ਵਜਾਇੰਦਾ । ਵੱਜੇ ਮਰਦੰਗ ਵਿਚ ਸੰਸਾਰ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਕਲਜੁਗ ਮਾਇਆ ਮਾਰੇ ਡੰਗ, ਡਸ ਡਸਣੀ ਰੂਪ ਵਟਾਇੰਦਾ । ਗੁਰਮੁਖ ਸਾਚੇ ਜਾਣਾ ਪਾਰ ਲੰਘ, ਹਰਿ ਸਾਚਾ ਰਾਹ ਵਖਾਇੰਦਾ । ਗੁਰ ਗੋਬਿੰਦੇ ਸਿੱਖੀ ਇੱਕੀ ਮੰਗੀ ਮੰਗ, ਹਰਿ ਅੰਤਮ ਪੂਰ ਕਰਾਇੰਦਾ । ਨਿੱਕੀ ਨਿੱਕੀ ਧਾਰੋਂ ਤਿੱਖੀ, ਮੁਨੀ ਰਿਖੀ ਭੇਵ ਨਾ ਪਾਇੰਦਾ । ਧੁਰ ਦਰਗਾਹੋਂ ਮਸਤਕ ਲੇਖ ਲਿਖੀ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਆਪਣੇ ਨੇਤਰ ਆਪੇ ਪੇਖੀ, ਜਗਤ ਨੇਤਰ ਨਾ

੨੪੦
੦੬

ਵੇਖ ਵਖਾਇੰਦਾ । ਮਹੀਨਾ ਚੇਤਰ ਧਾਰੇ ਭੇਖੀ, ਥਿਤ ਵਾਰ ਆਪ ਜਣਾਇੰਦਾ । ਦਰ ਦਵਾਰੇ ਲਾਏ ਮੇਖੀ, ਨਾ ਕੋਈ ਮਾਤ ਉਖੜਾਇੰਦਾ । ਕਲਜੁਗ ਅੰਤਮ ਮੇਟੇ ਸ਼ੇਖੀ, ਚਤੁਰ ਚਤੁਰਾਈ ਨਾ ਕੋਈ ਵਖਾਇੰਦਾ । ਆਪੇ ਹੋਇਆ ਧਾਰੀ ਕੇਸ਼ੀ, ਕੇਸਾਧਾਰੀ ਰੂਪ ਸਮਾਇੰਦਾ । ਰੂਪ ਅਨੂਪਾ ਦਸ ਦਸਮੇਸ਼ੀ, ਦਹਿ ਦਿਸ਼ ਵੇਖ ਵਖਾਇੰਦਾ । ਜੋਧਾ ਸੂਰਾ ਨਰ ਨਰੇਸ਼ੀ, ਨਰ ਹਰਿ ਆਪ ਅਖਵਾਇੰਦਾ । ਕਲਜੁਗ ਤੇਰੀ ਅੰਤਮ ਪੇਸ਼ੀ, ਏਕਾ ਏਕ ਜਣਾਇੰਦਾ । ਮਿਟੇ ਪੂਜਾ ਬ੍ਰਹਮਾ ਸ਼ਿਵ ਸ਼ੰਕਰ ਗਣੇਸ਼ੀ, ਕਰੋੜ ਤੇਤੀਸਾ ਨਾ ਕੋਇ ਮਨਾਇੰਦਾ । ਪੁਰਖ ਅਕਾਲਾ ਏਕਾ ਰਹਿਸੀ, ਦੀਨ ਦਿਆਲਾ ਆਪ ਹੋ ਆਇੰਦਾ । ਜੋਤ ਜਵਾਲਾ ਢੇਰੀ ਥੀਸੀ, ਉਚੇ ਪਰਬਤ ਆਪੇ ਢਾਇੰਦਾ । ਗੰਗਾ ਗੋਦਾਵਰੀ ਪੀਸਣ ਪੀਸੀ, ਅਠ ਸਠ ਮੂਲ ਚੁਕਾਇੰਦਾ । ਅੰਜੀਲ ਕੁਰਾਨ ਖਾਲੀ ਖੀਸੀ, ਅੰਤਮ ਮੁਖ ਭਵਾਇੰਦਾ । ਵੇਦ ਪੁਰਾਨਾਂ ਤਾਜ ਨਾ ਸੀਸੀ, ਨੰਗੇ ਸੀਸ ਵਖਾਇੰਦਾ । ਜੋਤ ਸਰੂਪੀ ਹਰਿ ਜਗਦੀਸੀ, ਜੋਤੀ ਨੂਰ ਕਰਾਇੰਦਾ । ਦੇ ਵਡਿਆਈ ਬੀਸ ਬੀਸੀ, ਬੀਸ ਬੀਸਾ ਵਕਤ ਸੁਹਾਇੰਦਾ । ਇਕ ਇਕੀਸੀ ਸ਼ਾਹੋ ਸ਼ਾਬੀਸੀ, ਸ਼ਾਹ ਸ਼ਹਾਨਾ ਆਪ ਹੋ ਜਾਇੰਦਾ । ਏਕਾ ਤਾਜ ਝੁਲੇਸੀ ਸੀਸੀ, ਸੀਸ ਤਾਜ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਸਾਚਾ ਵਕਤ ਸੁਹਾਇੰਦਾ । ਇਕ ਇਕੀਸੀ ਇਕ ਇਕੱਲਾ, ਏਕਾ ਜੋਤ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਬਣਾਏ ਇਕ ਮਹੱਲਾ, ਕੂੜ ਕੁਟੰਬ ਦਏ ਮਿਟਾਈਆ । ਏਕਾ ਰੰਗ ਰੰਗਾਏ ਜਲ ਥਲਾ, ਪਰਬਤ ਟਿੱਲੇ ਹਰਿ ਸਮਾਈਆ । ਸੱਤਾਂ ਦੀਪਾਂ ਦਰ ਦਵਾਰਾ ਏਕਾ ਮੱਲਾ, ਦਰ ਘਰ ਸਾਚਾ ਏਕਾ ਪਾਈਆ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਜੁਗ ਜੁਗ ਹਰਿ ਰਘੁਰਾਈਆ । ਆਵੇ ਜਾਵੇ ਅਛਲ ਅਛਲਾ, ਅਛਲ ਛੱਲ ਰਿਹਾ ਕਰਾਈਆ । ਜਨ ਭਗਤ ਫੜਾਏ ਆਪਣਾ ਪੱਲਾ, ਸਦਾ ਸਦ ਇਹ ਵਡਿਆਈਆ । ਹੋਏ ਸਹਾਈ ਡੂੰਘੀ ਗਾਰ ਡੱਲਾ, ਅੰਧ ਕੂਪ ਲਏ ਬਚਾਈਆ । ਕਲਜੁਗ ਅੰਤਮ ਬੋਲੇ ਹੱਲਾ, ਅਲ੍ਹਾ ਹੂ ਨਾਅਰਾ ਲਾਈਆ । ਚਾਰ ਯਾਂਰੀ ਸੰਗ ਮੁਹੰਮਦ ਰੱਲਾ, ਦਰ ਦਵਾਰੇ ਮਤਾ ਪਕਾਈਆ । ਹਰਿ ਸ਼ਬਦ ਸੁਨੇਹੜਾ ਏਕਾ ਘੱਲਾ, ਅੰਤ ਅੰਤੀ ਰਿਹਾ ਜਗਾਈਆ । ਦੂਈ ਦਵੈਤੀ ਲਾਏ ਸੱਲਾ, ਬਿਰਹੋਂ ਰੋਗ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੀਸਾ ਵੇਖ ਵਖਾਈਆ । ਇਕ ਇਕੀਸਾ ਏਕ ਓਅੰਕਾਰ, ਏਕਾ ਘਰ ਵਸਾਇੰਦਾ । ਵਰਭੰਡੀ ਹਰਿ ਨੌ ਦਵਾਰ, ਦਸਵਾਂ ਸੰਗ ਰਲਾਇੰਦਾ । ਦਸ ਦਸ ਉਪਰ ਦੇਵੇ ਚਾੜ੍ਹ, ਭੇਵ ਅਭੇਦਾ ਭੇਵ ਕੋਇ ਨਾ ਪਾਇੰਦਾ । ਬੀਸ ਬੀਸਾ ਘਾੜਨ ਘਾੜ, ਹਰਿ ਜਗਦੀਸ ਆਪ ਅਖਵਾਇੰਦਾ । ਇਕ ਇਕੀਸਾ ਸਾਚਾ ਲਾੜ, ਨਰ ਨਿਰੰਕਾਰਾ ਆਪ ਅਖਵਾਇੰਦਾ । ਜਨ ਭਗਤਾਂ ਮੇਲਾ ਸਤਾਰਾਂ ਹਾੜ, ਲੋਕਮਾਤੀ ਆਪ ਮਿਲਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਚੇਲਾ ਗੁਰ ਆਪ ਅਖਵਾਇੰਦਾ । ਸੱਜਣ ਸੁਹੇਲਾ ਮੀਤ ਮੁਰਾਰ, ਹਰਿ ਸਾਚੀ ਸੇਵ ਕਮਾਇੰਦਾ । ਰੰਗ ਨਵੇਲਾ ਵਸਿਆ ਬਾਹਰ, ਦਿਸ ਕਿਸੇ ਨਾ ਆਇੰਦਾ । ਪੋਹ ਛੱਬੀ ਮੇਲਾ ਜਗਤ ਵਿਹਾਰ, ਸੰਮਤ ਤੇਰਾਂ ਆਪ ਲਿਖਾਇੰਦਾ । ਨਾਨਕ ਤੋਲੇ ਤੋਲਣਹਾਰ, ਹਰਿ ਕੰਡਾ ਨਾਮ ਲਗਾਇੰਦਾ । ਪਾਏ ਵੰਡਾਂ ਵਿਚ ਸੰਸਾਰ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਸਾਚਾ ਰਾਗ ਸੁਣਾਏ ਕੰਨਾ, ਸਾਚੀ ਧੁਨ ਉਪਜਾਇੰਦਾ । ਸਾਚਾ ਨਾਮ ਹਰਿ ਜਗਦੀਸ, ਆਪਣਾ ਆਪ ਅਲਾਇੰਦਾ । ਖਾਣੀ ਬਾਣੀ ਲਹਿਣਾ ਦੇਣਾ ਚੁਕਾਏ ਬੀਸਾ ਬੀਸ, ਲੇਖਾ ਲਿਖੇ ਨਾ ਕੋਇ ਮਿਟਾਇੰਦਾ । ਏਕਾ ਸ਼ਬਦ ਛਤਰ ਝੂੱਲੇ ਜਗਤ

ਜਗਦੀਸ, ਪ੍ਰਭ ਸਾਚਾ ਆਪ ਝੁਲਾਇੰਦਾ । ਨਾ ਕੋਈ ਪੜ੍ਹੇ ਕੁਰਾਨ ਹਦੀਸ, ਅੱਲਾ ਹੂ ਨਾ ਕੋਇ ਜਣਾਇੰਦਾ । ਵੇਦ ਪੁਰਾਨਾਂ ਪੀਸਣ ਲਿਆ ਪੀਸ, ਐੜਾ ਅਥਰਬਣ ਝੋਲੀ ਆਪ ਭਰਾਇੰਦਾ । ਏਕਾ ਇਕ ਇਕ ਇਕੀਸ, ਹਰਿ ਸਾਚਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਰੰਗ ਆਪਣਾ ਸੰਗ, ਜੁਗ ਜੁਗ ਆਪ ਨਿਭਾਇੰਦਾ । ਵਰਨ ਚਾਰ ਪ੍ਰਭ ਟੇਕ, ਅੰਤਮ ਇਕ ਰਖਾਈਆ । ਚਾਰ ਵਰਨ ਬਿਬੇਕ, ਬੁਧ ਬਿਬੇਕ ਕਰਾਈਆ । ਚਾਰ ਵਰਨ ਹਰਿ ਏਕ, ਏਕਾ ਏਕ ਕਰਾਈਆ । ਚਾਰ ਵਰਨ ਹਰਿ ਲੇਖ, ਸਾਚਾ ਲੇਖ ਲਿਖਾਈਆ । ਚਾਰ ਵਰਨ ਹਰਿ ਵੇਖ, ਏਕਾ ਬ੍ਰਹਮ ਜਣਾਈਆ । ਚਾਰ ਵਰਨ ਹਰਿ ਭੇਖ, ਗੁਰ ਪੀਰ ਸਾਧ ਸੰਤ ਉਪਜਾਈਆ । ਚਾਰ ਵਰਨ ਹਰਿ ਰੇਖ, ਆਪ ਲਿਖਾਏ ਆਪੇ ਦਏ ਮਿਟਾਈਆ । ਚਾਰ ਵਰਨ ਹਰਿ ਵੇਸ, ਆਪਣਾ ਵੇਖ ਵਖਾਈਆ । ਚਾਰ ਵਰਨ ਨਰੇਸ਼, ਨਰ ਦਾਤਾ ਆਪ ਅਖਵਾਈਆ । ਚਾਰ ਵਰਨ ਪਰਵੇਸ਼, ਜੋਤੀ ਨੂਰ ਟਿਕਾਈਆ । ਚਾਰ ਵਰਨ ਆਦੇਸ, ਰਸਨਾ ਜਿਹਵਾ ਰਿਹਾ ਜਣਾਈਆ । ਚਾਰ ਵਰਨ ਇਕ ਸਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਕਲ ਰਿਹਾ ਵਖਾਈਆ । ਚਾਰ ਵਰਨ ਪਗ ਯਾਤਰਾ, ਏਕਾ ਏਕ ਰਖਾਇੰਦਾ । ਨਾਮ ਪਾਏ ਤਨ ਸਾਚਾ ਗਾਤਰਾ, ਸਾਚੀ ਸਿਖਿਆ ਸਿਖ ਬਣਾਇੰਦਾ । ਸੱਸਾ ਇਕੱਲਾ ਨਾ ਲਗ ਨਾ ਮਾਤਰਾ, ਏਕਾ ਹੋੜਾ ਉਪਰ ਲਾਇੰਦਾ । ਭੇਵ ਨਾ ਪਾਇਣ ਵੇਦ ਸ਼ਾਸਤਰਾ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਪਰਗਟ ਹੋਏ ਕਮਲਾਪਾਤਰਾ, ਹੰ ਹੰਗਤਾ ਮੈਲ ਗਵਾਇੰਦਾ । ਨਾ ਕੋਈ ਜਾਣੇ ਜ਼ਾਤ ਪਾਤਰਾ, ਏਕਾ ਰੰਗ ਰੰਗਾਇੰਦਾ । ਕਵਲ ਚਰਨ ਬੰਧਾਏ ਸਾਚਾ ਨਾਤਰਾ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਊਚ ਨੀਚ ਏਕਾ ਧਾਮ ਸੁਹਾਇੰਦਾ । ਧੁਰ ਦਰਗਾਹੀ ਦੇਵੇ ਏਕਾ ਦਾਤਰਾ, ਦਾਤੀ ਦਾਤਾ ਆਪ ਅਖਵਾਇੰਦਾ । ਆਪੇ ਹੋਏ ਪਿਤ ਮਾਤਰਾ, ਮਾਤ ਪਿਤ ਆਪ ਹੋ ਜਾਇੰਦਾ । ਆਪ ਜਣਾਏ ਦਿਵਸ ਰਾਤਰਾ, ਦਿਵਸ ਰੈਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਏਕਾ ਸ਼ਰਨ ਏਕਾ ਮਾਰਗ ਲਾਇੰਦਾ । ਚਾਰ ਵਰਨ ਸਚ ਸੰਦੇਸ਼, ਏਕਾ ਨਰ ਨਿਰੰਕਾਰਿਆ । ਨਾ ਕੋਈ ਪੂਜੇ ਸ਼ਿਵ ਗਣੇਸ਼, ਬ੍ਰਹਮ ਅਸਮੀ ਪਾਰ ਕਿਨਾਰਿਆ । ਨਾ ਕੋਈ ਵੇਖੇ ਔਲੀਆ ਪੀਰ ਸ਼ੇਖ਼, ਦਰ ਦਰਵੇਸ਼ ਨੂਰ ਇਲਾਹੀ ਵਿਚ ਮਿਲਾ ਰਿਹਾ । ਵੇਦ ਪੁਰਾਨ ਕਰਨ ਅਦੇਸ, ਹਰਿ ਭੇਵ ਕਿਸੇ ਨਾ ਪਾ ਲਿਆ । ਸਹੰਸਰ ਮੁਖ ਗਾਏ ਸੇਸ਼, ਦੋਏ ਸਹੰਸਰ ਜਿਹਵ ਹਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਇਕ ਸ਼ਰਨ ਏਕਾ ਦਰ ਸੁਹਾ ਰਿਹਾ । ਚਾਰ ਵਰਨ ਹਰਿ ਮੀਤੜਾ, ਜੋਤੀ ਬ੍ਰਹਮ ਟਿਕਾਏ । ਆਪੇ ਠਾਂਡਾ ਸੀਤੜਾ, ਕਰਮ ਕਾਂਡ ਵਖਾਏ । ਆਪੇ ਵਸੇ ਕਾਇਆ ਚੋਲੀ ਜਗਤ ਚੀਥੜਾ, ਅੰਦਰ ਮੰਦਰ ਡੇਰਾ ਲਾਏ । ਆਪੇ ਹੋਇਆ ਕੌੜਾ ਰੀਠੜਾ, ਮਨਮੁਖ ਨਾ ਰਸਨਾ ਲਾਏ । ਆਪੇ ਹੋਇਆ ਹਰਿ ਹਰਿ ਮੀਠੜਾ, ਹਰਿਜਨ ਰਸਨਾ ਜਿਹਵਾ ਖਾਏ । ਆਪੇ ਹੋਇਆ ਸ਼ਬਦ ਅਨਡੀਠੜਾ, ਲਿਖਣ ਪੜ੍ਹਨ ਵਿਚ ਨਾ ਆਏ । ਆਪੇ ਚਾੜ੍ਹੇ ਰੰਗ ਬਸੀਠੜਾ, ਨਾਮ ਮਜੀਠੀ ਇਕ ਰੰਗਾਏ । ਆਪੇ ਜਾਣੇ ਆਪਣਾ ਕੀਤੜਾ, ਜੀਵ ਜੰਤ ਭੇਵ ਨਾ ਰਾਏ । ਲੱਖ ਚੁਰਾਸੀ ਪਰਖਣਹਾਰਾ ਨੀਤੜਾ, ਹਰ ਘਟ ਮੇਂ ਰਿਹਾ ਸਮਾਏ । ਕਲਜੁਗ ਵੇਲਾ ਅੰਤਮ ਬੀਤੜਾ, ਕਾਲੀ ਰੈਣ ਦਏ ਦੁਹਾਏ । ਨਾ ਕੋਈ ਗਾਏ ਸੁਹਾਗੀ ਗੀਤੜਾ, ਰਸਨਾ ਲੋਭੀ ਫਿਰਨ ਹਲਕਾਏ । ਆਤਮ ਮਦਿ ਕਿਸੇ ਨਾ ਪੀਤੜਾ, ਮਦਿਰਾ ਮਾਸ ਮੁਖ ਰਖਾਏ । ਘਰ ਸਦ ਨਾ ਮਿਲਿਆ ਮੀਤੜਾ, ਸਚ ਨਾਦ ਨਾ

੨੪੩
੦੬

ਕੋਇ ਵਜਾਏ । ਮਾਨਸ ਜਨਮ ਨਾ ਕੋਇ ਜੀਤੜਾ, ਸਾਧ ਸੰਤ ਰਹੇ ਕੁਰਲਾਏ । ਗੁਰਮੁਖ ਵਿਰਲਾ ਇਕ ਅਤੀਤੜਾ, ਹਰਿ ਚਰਨ ਰਿਹਾ ਲਿਵ ਲਾਏ । ਨਾਮ ਨਿਧਾਨ ਏਕਾ ਪੀਤੜਾ, ਦਿਵਸ ਰੈਣ ਉਤਰ ਨਾ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਸੁਹਾਏ ਇਕ ਦਰ, ਦਰ ਦਰਵਾਜ਼ਾ ਰਿਹਾ ਵਖਾਏ । ਚਾਰ ਵਰਨ ਸਚ ਜੋਗ ਹੈ, ਗੋਬਿੰਦ ਚਰਨ ਦਵਾਰ । ਆਤਮ ਰਸ ਸਚ ਭੋਗ ਹੈ, ਭੋਗੀ ਭੋਗ ਕਰੇ ਸੰਸਾਰ । ਜੂਠ ਝੂਠ ਭਗਤ ਵਿਯੋਗ ਹੈ, ਦਰ ਦਵਾਰੇ ਦਏ ਦੁਰਕਾਰ । ਗੁਰ ਸ਼ਬਦੀ ਧੁਰ ਸੰਯੋਗ ਹੈ, ਘਰ ਮੇਲੇ ਮੇਲਣਹਾਰ । ਦੂਈ ਦਵੈਤੀ ਕਟੇ ਹਉਮੇ ਰੋਗ ਹੈ, ਹਉਮੇ ਹੰਗਤਾ ਦਏ ਨਿਵਾਰ । ਨੈਣੀ ਨੇਤਰ ਦਰਸ ਅਮੋਘ ਹੈ, ਹਰਿਜਨ ਪਾਏ ਵਿਚ ਸੰਸਾਰ । ਸੋਹੰ ਚੁਗੇ ਸਾਚੀ ਚੋਗ ਹੈ, ਮਾਣਕ ਮੋਤੀ ਅਪਰ ਅਪਾਰ । ਹੋਏ ਸਹਾਈ ਤੀਨ ਲੋਕ ਹੈ, ਘਰ ਚੌਥੇ ਪਾਵੇ ਸਾਰ । ਇਕ ਸੁਣਾਏ ਨਾਮ ਸਲੋਕ ਹੈ, ਹਰਿ ਜਿਹਵਾ ਰਸਨ ਉਚਾਰ । ਹਰਿ ਭਾਣਾ ਕੋਇ ਨਾ ਸਕੇ ਰੋਕ ਹੈ, ਨੌ ਖੰਡ ਪ੍ਰਿਥਮੀ ਆਈ ਹਾਰ । ਲੱਖ ਚੁਰਾਸੀ ਦੇਵੇ ਝੋਕ ਹੈ, ਸ੍ਰਿਸ਼ਟ ਸਬਾਈ ਹਾਹਾਕਾਰ । ਗੁਰਮੁਖ ਵਿਰਲੇ ਅੰਤਮ ਮੋਖ ਹੈ, ਜਿਸ ਜਨ ਬਖ਼ਸ਼ੇ ਚਰਨ ਪਿਆਰ । ਆਪ ਮਿਟਾਏ ਤ੍ਰਿਸ਼ਨਾ ਭੇਖ ਹੈ, ਏਕਾ ਦੇਵੇ ਸ਼ਬਦ ਅਧਾਰ । ਦਰ ਦਰ ਘਰ ਘਰ ਸੁਖਣਾ ਰਹੇ ਸੁਖ ਹੈ, ਪਰਗਟ ਹੋਏ ਨੀਲੇ ਅਸਵਾਰ । ਨਾ ਕੋਈ ਗੋਬਿੰਦ ਗੁਰ ਮਾਨਸ ਦੇਹੀ ਮਨੁੱਖ ਹੈ, ਗੁਰ ਸ਼ਬਦ ਜੋਤ ਅਧਾਰ । ਮਾਤ ਗਰਭ ਨਾ ਉਲਟਾ ਰੁਖ ਹੈ, ਮਰੇ ਨਾ ਜਨਮੇ ਵਿਚ ਸੰਸਾਰ । ਨਾ ਕੋਈ ਤ੍ਰਿਸ਼ਨਾ ਭੁੱਖ ਹੈ, ਆਲਸ ਨਿੰਦਰਾ ਨਾ ਤਨ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਰਖਾਏ ਇਕ ਘਰ, ਆਪੇ ਹੋਏ ਪਹਿਰੇਦਾਰ । ਚਾਰ ਵਰਨ ਹਰਿ ਜਗਤ ਨਿਮਾਣਾ, ਆਪੇ ਆਪ ਅਖਵਾਇੰਦਾ । ਆਪੇ ਰੰਕ ਰਾਜ ਸ਼ਾਹ ਰਾਜਾਨਾ, ਆਪੇ ਭਿਖਕ ਭੀਖਕ ਆਪ ਅਖਵਾਇੰਦਾ । ਆਪੇ ਹੋਏ ਤਾਣ ਨਿਤਾਣਾ, ਨਿਮਾਣਿਆਂ ਮਾਣ ਦਵਾਇੰਦਾ । ਆਪੇ ਹੋਏ ਚਤੁਰ ਸੁਘੜ ਸਿਆਣਾ, ਮੂਰਖ ਮੂੜ੍ਹਾਂ ਚਤੁਰ ਬਣਾਇੰਦਾ । ਗੁਣਵੰਤਾ ਹਰਿ ਗੁਣ ਨਿਧਾਨਾ, ਜਨ ਭਗਤਾਂ ਬਖ਼ਸ਼ੇ ਚਰਨ ਧਿਆਨਾ, ਆਪ ਆਪਣੀ ਗੋਦ ਉਠਾਇੰਦਾ । ਧੁਰ ਦਰਗਾਹੀ ਦੇਵੇ ਮਾਣਾ, ਸ਼ਬਦ ਸਰੂਪੀ ਇਕ ਬਿਬਾਣਾ, ਆਪ ਆਪਣੇ ਸੰਗ ਰਖਾਇੰਦਾ । ਚਤੁਰਭੁਜ ਹਰਿ ਭਗਵਾਨਾ, ਭੇਵ ਖੁਲ੍ਹਾਏ ਕਲਜੁਗ ਸਤਿਜੁਗ ਸਾਚਾ ਰਾਹ ਚਲਾਇੰਦਾ । ਲੱਖ ਚੁਰਾਸੀ ਰਹੀ ਭੁਜ, ਗੁਰਮੁਖ ਵਿਰਲਾ ਗੁਰ ਚਰਨ ਪ੍ਰੀਤੀ ਰਿਹਾ ਲੁਝ, ਹਰਿ ਸਾਚੀ ਸੇਵਾ ਲਾਇੰਦਾ । ਭੇਵ ਚੁਕਾਏ ਏਕਾ ਦੂਜ, ਤੀਜਾ ਚੌਥਾ ਸੰਗ ਮਿਲਾਇੰਦਾ । ਤ੍ਰੈਗੁਣ ਮਾਇਆ ਦੀਪਕ ਜਾਣਾ ਬੁਝ, ਬ੍ਰਹਮਾ ਖਾਲੀ ਹੱਥ ਵਖਾਇੰਦਾ । ਪੁਰਖ ਅਬਿਨਾਸ਼ੀ ਏਕਾ ਵਾਰ ਜਾਣਾ ਸੁਝ, ਆਪੇ ਮੇਟੇ ਆਪੇ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਸੁਹਾਏ ਇਕ ਦਰ, ਵੇਦ ਅਥਰਬਣ ਵਕਤ ਚੁਕਾਇੰਦਾ । ਵੇਦ ਅਥਰਬਣ ਅੰਤ ਕਰਾਏ, ਐੜਾ ਅਲ੍ਹਾ ਆਇਆ । ਸਖੀ ਸਰਵਰ ਨਾ ਕੋਈ ਸਦਾਏ, ਜਲ ਥਲ ਨਾ ਕੋਇ ਸਮਾਇਆ । ਪਰਵਰਦਿਗਾਰ ਖੇਲ ਰਚਾਏ, ਪੀਰ ਦਸਤਗੀਰ ਹਕੀਰ ਸ਼ਬਦ ਜੰਜ਼ੀਰ ਲਏ ਬੰਧਾਇਆ । ਤੌਫ਼ੀਕ ਖ਼ੁਦਾਏ ਇਕ ਅਖ਼ੀਰ, ਸਚ ਰਫੀਕਾ ਲੱਭੇ ਚੀਰ, ਹਕੀਕੀ ਪੜਦਾ ਕੋਇ ਨਾ ਪਾਇੰਦਾ । ਅਲ੍ਹਾ ਉਡੀਕੇ ਇਕ ਤਾਰੀਕ, ਅਮਾਮ ਮਹਿੰਦੀ ਵੇਖੇ ਹਰਿ ਵਸਨੀਕ, ਸਾਚਾ ਘਰ ਸੁਹਾਇੰਦਾ । ਆਪੇ ਹੋਏ ਨੀਕਨ ਨੀਕ, ਕਲਜੁਗ ਮਾਇਆ ਮੁਖ ਛੁਪਾਇੰਦਾ । ਦਰ ਦਰਵੇਸ਼ਾ ਮੰਗੇ ਭੀਖ, ਕਾਲਾ ਸੂਸਾ ਤਨ ਛੁਹਾਇੰਦਾ । ਸੋਹੰ ਹੋੜਾ ਦੋ ਮੁਖੀ ਤਾਈ ਸੀਖ, ਈਸਾ ਮੂਸਾ ਆਪ ਲਗਾਇੰਦਾ ।

ਪਰਗਟ ਹੋਏ ਹਰਿ ਜਗਦੀਸ, ਬੀਸ ਇਕੀਸਾ ਜਗਤ ਸੁਹਾਇੰਦਾ । ਲੇਖਾ ਚੁੱਕੇ ਤੀਸ ਬਤੀਸ, ਛਤੀਸ ਹਰਿ ਸੰਗ ਰਲਾਇੰਦਾ । ਏਕਾ ਚੱਕੀ ਰਿਹਾ ਪੀਸ, ਹੱਥਾ ਹਰਿ ਸਮਰਥਾ ਆਪਣੇ ਹੱਥ ਰਖਾਇੰਦਾ । ਦੋ ਜਹਾਨੀ ਦੇਵਣਹਾਰਾ ਭੱਤਾ, ਨਾਲ ਰਲਾਏ ਪਾਣੀ ਤਤਾ, ਠੰਡਾ ਠਾਰ ਨਾ ਕੋਈ ਕਰਾਇੰਦਾ । ਆਪੇ ਕਰੇ ਕਰਾਏ ਸੱਥਾ, ਆਪੇ ਮਾਰ ਜਿਵਾਇੰਦਾ । ਆਪ ਚਲਾਏ ਨਾਮ ਰਥਾ, ਜੁਗ ਜੁਗ ਰਥਵਾਹੀ ਆਪ ਹੋ ਆਇੰਦਾ । ਆਪੇ ਮਸਤਕ ਲੇਖਾ ਲਿਖੇ ਮੱਥਾ, ਲਿਖਣਹਾਰਾ ਆਪ ਹੋ ਜਾਇੰਦਾ । ਲੱਖ ਚੁਰਾਸੀ ਪਾਵੇ ਨੱਥਾ, ਦਹਿ ਦਿਸ਼ਾ ਆਪ ਭਵਾਇੰਦਾ । ਜਨ ਭਗਤਾਂ ਸਗਲ ਵਸੂਰਾ ਲੱਥਾ, ਦਰ ਦਵਾਰੇ ਦਰਸ਼ਨ ਪਾਇੰਦਾ । ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹੱਥਾ, ਪ੍ਰਭ ਆਪਣੀ ਗੋਦ ਉਠਾਇੰਦਾ । ਗੁਰਮੁਖਾਂ ਦੇਵੇ ਧਨ ਇਕੱਠਾ, ਹਰਿ ਭੰਡਾਰਾ ਨਾਮ ਵਰਤਾਇੰਦਾ । ਆਪ ਬੰਨ੍ਹਾਏ ਏਕਾ ਮੁੱਠਾ, ਧੀਰਜ ਯਤ ਸਤਿ ਭਰਾਇੰਦਾ । ਚਰਨ ਸਰੋਵਰ ਅੱਠ ਸੱਠਾ, ਧੂੜ ਇਸ਼ਨਾਨ ਕਰਾਇੰਦਾ । ਦਰ ਦਵਾਰੇ ਜੋ ਜਨ ਆਏ ਢੱਠਾ, ਫੜ ਬਾਹੋਂ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਚਾਰ ਵਰਨ ਸੁਹਾਏ ਇਕ ਦਰ, ਦਰ ਦਵਾਰਾ ਹਰਿ ਨਿਰੰਕਾਰਾ ਏਕਾ ਏਕ ਜਣਾਇੰਦਾ । ਚਾਰ ਵਰਨ ਤੇਰਾ ਕਲਜੁਗ ਅੰਤ, ਹਰਿ ਸਾਚਾ ਆਪ ਕਰਾਇੰਦਾ । ਆਪੇ ਜਾਣੇ ਸਾਧ ਸੰਤ, ਜੀਵ ਜੰਤ ਆਪ ਉਪਾਇੰਦਾ । ਆਪੇ ਹੋਏ ਬੇਅੰਤ ਬੇਅੰਤ, ਬੇਅੰਤ ਆਪ ਅਖਵਾਇੰਦਾ । ਜੁਗ ਜੁਗ ਮਹਿੰਮਾ ਗਣਤ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਪੂਰਨ ਜੋਤ ਹਰਿ ਭਗਵੰਤ, ਜੁਗ ਜੁਗ ਆਪ ਪਲਟਾਇੰਦਾ । ਹਰਿਜਨ ਮੇਲਾ ਸਾਚੇ ਕੰਤ, ਨਾਰੀ ਕੰਤਾ ਰੂਪ ਸਮਾਇੰਦਾ । ਦੋ ਜਹਾਨਾਂ ਬਣਾਏ ਬਣਤ, ਊਚ ਨੀਚ ਹਰਿ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਦੇਵੇ ਇਕ ਸਰਨ, ਸਚ ਸਰਨਾਈ ਇਕ ਜਣਾਇੰਦਾ । ਸਤਿਗੁਰ ਚਰਨ ਸਾਚੀ ਸਰਨਾ, ਹਰਿ ਏਕਾ ਏਕ ਵਖਾਈਆ । ਆਦਿ ਅੰਤ ਹੋਏ ਨਾ ਮਰਨਾ, ਪ੍ਰਭ ਸਾਚਾ ਗੋਦ ਉਠਾਈਆ । ਕਰ ਦਰਸ ਹਰਿ ਭਵ ਜਲ ਤਰਨਾ, ਹਰਿ ਬੇੜਾ ਪਾਰ ਕਰਾਈਆ । ਹਰਿ ਹਰਿ ਭਾਣਾ ਸਿਰ ਤੇ ਜਰਨਾ, ਗੁਰਮੁਖ ਸਾਚੇ ਸ਼ਬਦ ਜਣਾਈਆ । ਹਰਿ ਦਵਾਰੇ ਬਹਿ ਬਹਿ ਤਰਨਾ, ਲੱਖ ਚੁਰਾਸੀ ਫੰਦ ਕਟਾਈਆ । ਨਾ ਕੋਈ ਜਾਣੇ ਵਰਨਾ ਬਰਨਾਂ, ਊਚਾਂ ਨੀਚਾਂ ਭੇਵ ਨਾ ਰਾਈਆ । ਰਾਓ ਰੰਕ ਏਕਾ ਸਰਨਾ, ਰਘੁਪਤ ਰਿਹਾ ਰਖਾਈਆ । ਆਪੇ ਹੋਏ ਧਰਨੀ ਧਰਨਾ, ਧਰਤ ਧਵਲ ਆਕਾਸ਼ ਸਮਾਈਆ । ਆਪੇ ਹੋਏ ਹਰਨਾ ਫਰਨਾ, ਨੇਤਰ ਲੋਚਨ ਨੈਣ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨਾਂ ਦੇਵੇ ਏਕਾ ਵਰ, ਦਰ ਦਰਬਾਰ ਸਦਾ ਸਖਾਈਆ । ਚਾਰ ਵਰਨ ਬੰਕ ਦਵਾਰੀ, ਹਰਿ ਸਾਜਣ ਮੀਤ ਮੁਰਾਰਾ । ਆਪੇ ਰਿਹਾ ਪੈਜ ਸਵਾਰੀ, ਗੀਤ ਸੁਣਾਏ ਗੋਬਿੰਦ ਧਾਰਾ । ਕਲਜੁਗ ਤੇਰੀ ਅੰਤਮ ਵਾਰੀ, ਸਚ ਸੰਗੀਤ ਸੋਹੰ ਜੈ ਜੈ ਜੈਕਾਰਾ । ਪੁਰਖ ਅਬਿਨਾਸ਼ੀ ਵਡ ਭੰਡਾਰੀ, ਦੇਵੇ ਦੇਵਣਹਾਰ ਵਿਚ ਸੰਸਾਰਾ । ਚਰਨ ਕਵਲ ਜਾਓ ਬਲਿਹਾਰੀ, ਦੋਏ ਜੋੜ ਸਰਨ ਨਿਮਸਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਦਿਖਾਏ ਇਕ ਦਰ, ਆਪ ਸੁਹਾਏ ਬੰਕ ਦਵਾਰਾ । ਬੰਕ ਦਵਾਰਾ ਤਨ ਹੈ, ਗੋਬਿੰਦ ਮਿਲਿਆ ਰਾਮ । ਹਰਿਜਨ ਆਤਮ ਗਿਆ ਮੰਨ ਹੈ, ਤਨ ਮਿਟੇ ਅੰਧੇਰੀ ਸ਼ਾਮ । ਭਾਂਡਾ ਭਰਮ ਲਿਆ ਭੰਨ ਹੈ, ਸਾਚੀ ਸੰਗਤਾ ਹਰਿ ਬਿਸਰਾਮ । ਘਰ ਸਾਚੇ ਏਕਾ ਚੰਨ ਹੈ, ਸੂਰਜ ਚੰਨ ਨਾ ਕੋਈ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਸੁਹਾਏ ਇਕ ਦਰ, ਦਰ ਦਵਾਰੇ ਦੇਵੇ ਮਾਣ । ਸਤਿਗੁਰ

ਸਾਵਣ ਸ਼ਬਦ ਸਮਾਇਆ, ਸ਼ਬਦ ਹਰਿ ਅਨਾਦੀਆ । ਪਾਰਬ੍ਰਹਮ ਹਰਿ ਮੇਲ ਮਿਲਾਇਆ, ਆਪ ਫਿਰਾਏ ਵਡ ਬ੍ਰਹਿਮਾਦੀਆ । ਅਕਲ ਕਲਾ ਕਲ ਵਿਚ ਰਖਾਇਆ, ਕਲ ਹਰਿ ਨਰ ਆਦਿ ਜੁਗਾਦੀਆ । ਅਛਲ ਅਛੱਲਾ ਹਰਿ ਛਲ ਕਰਾਇਆ, ਵਲ ਵਲ ਭੇਵ ਉਪਾਦੀਆ । ਜਲ ਥਲ ਆਪੇ ਡੇਰਾ ਲਾਇਆ, ਹਰਿ ਗੋਬਿੰਦ ਆਪ ਵਿਸਮਾਦੀਆ । ਗੁਰਮੁਖਾਂ ਰੰਗ ਰਿਹਾ ਚੜ੍ਹਾਇਆ, ਧੁਰ ਦੀ ਬਾਣ ਹਰਿ ਦੀ ਵਾਦੀਆ । ਅਨਹਦ ਰਾਗ ਗਿਆ ਵਜਾਇਆ, ਰਸਨਾ ਗਾਏ ਨਾ ਕੋਈ ਸਵਾਦੀਆ । ਤੀਰ ਨਿਰਾਲਾ ਬਾਣ ਲਗਾਇਆ, ਪਾਰ ਕਰਾਏ ਏਕਾ ਹਾਦੀਆ । ਬਜਰ ਕਪਾਟੀ ਪਾਰ ਕਰਾਇਆ, ਗੁਰਮੁਖ ਰੂਹ ਮਿਲੀ ਆਜ਼ਾਦੀਆ । ਅੰਮ੍ਰਿਤ ਆਤਮ ਧਾਰ ਚੁਆਇਆ, ਸਰ ਸਰੋਵਰ ਇਕ ਰਖਾਦੀਆ । ਆਪ ਆਪਣਾ ਲੜ ਫੜਾਇਆ, ਪੰਚਮ ਗਾਇਆ ਸਾਚਾ ਢਾਡੀਆ । ਰੰਗ ਮਹੱਲ ਇਕ ਵਖਾਇਆ, ਸ਼ਬਦ ਸਿੰਘਾਸਣ ਆਪ ਕਰਾਏ ਲਾੜੀਆ । ਸੁਰਤ ਸਵਾਣੀ ਸ਼ਬਦ ਮਿਲਾਇਆ, ਹਰਿ ਦੂਰ ਕਰਾਇਆ ਪਾਦੀਆ । ਜੋਤੀ ਨੂਰ ਜੋਤ ਸਮਾਇਆ, ਹਰਿ ਮਿਲਿਆ ਮੇਲ ਬ੍ਰਹਿਮਾਦੀਆ । ਦਸਮ ਦਵਾਰੀ ਪਾਰ ਕਰਾਇਆ, ਗੁਰਮੁਖ ਸਾਚੇ ਹੋਈ ਸ਼ਾਦੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਆਦਿ ਜੁਗਾਦੀਆ । ਸਾਵਣ ਆਇਆ ਹੁਕਮੇ ਅੰਦਰ, ਹੁਕਮੇ ਸ਼ਬਦ ਜਣਾਈਆ । ਵੇਖੇ ਖੇਲ ਕਾਇਆ ਕੰਦਰ, ਜੈਮਲ ਜੰਦਰ ਤੁੜਾਈਆ । ਸਚ ਮਹੱਲਾ ਇਕ ਅਟੱਲਾ, ਪੁਰਖ ਅਬਿਨਾਸ਼ੀ ਇਕ ਇਕੱਲਾ, ਰੂਪ ਅਨੂਪ ਹਰਿ ਦਰਸਾਈਆ । ਆਪੇ ਜਾਣੇ ਚਾਰੇ ਕੂਟਾ, ਚਾਰ ਵਰਨ ਕਰੇ ਜਣਾਈਆ । ਕਲਜੁਗ ਕਾਇਆ ਭੰਨਿਆ ਠੂਠਾ, ਲਹਿਣਾ ਦੇਣਾ ਮੂਲ ਚੁਕਾਈਆ । ਦਰ ਦਵਾਰਾ ਏਕਾ ਅਤੂਟਾ, ਸਤਿ ਪੁਰਖ ਨਿਰੰਜਣ ਵਿਚ ਗਿਆ ਸਮਾਈਆ । ਸ਼ਬਦ ਜਣਾਇਆ ਏਕਾ ਮੂਠਾ, ਗੁਰਮੁਖਾਂ ਜੋਤ ਜਗਾਈਆ । ਸਤਿਗੁਰ ਪੂਰਾ ਕਦੇ ਨਾ ਰੂਠਾ, ਵਿਛੜ ਕਦੇ ਨਾ ਜਾਈਆ । ਮਾਤ ਗਰਭ ਨਾ ਹੋਏ ਪੁਠਾ, ਦਸ ਮਾਸ ਨਾ ਅਗਨ ਜਲਾਈਆ । ਜੁਗਾ ਜੁਗੰਤ ਨਾ ਹੋਏ ਝੂਠਾ, ਸਚ ਸੁੱਚ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਸਮਾਈਆ । ਸੱਸਾ ਸਤਿਗੁਰ ਏਕ ਹੈ, ਵਿਸ਼ਨੂੰ ਰੂਪ ਸਮਾਏ । ਸਾਵਣ ਸਤਿਗੁਰ ਟੇਕ ਹੈ, ਰਸਨਾ ਹਰਿ ਗੁਣ ਗਾਏ । ਅੰਤਮ ਵੇਲਾ ਏਕ ਹੈ, ਵਿਛੜੇ ਲਏ ਮਿਲਾਏ । ਹਰਿਜਨ ਸਾਚੀ ਟੇਕ ਹੈ, ਗੁਰ ਚਰਨ ਸੱਚੀ ਸ਼ਰਨਾਏ । ਲੇਖਾ ਲਿਖਣਹਾਰਾ ਲੇਖ ਹੈ, ਭੁੱਲ ਰਹੇ ਨਾ ਰਾਏ । ਵੇਖਣਹਾਰਾ ਰਿਹਾ ਵੇਖ ਹੈ, ਵਡ ਕਿਰਤੀ ਕਿਰਤ ਕਮਾਏ । ਆਪੇ ਨੇਤਰ ਰਿਹਾ ਪੇਖ ਹੈ, ਜਗਤ ਨੇਤਰ ਮੂੰਧ ਰਹਾਏ । ਨਜ਼ਰ ਨਾ ਆਏ ਧਾਰੀ ਕੇਸ ਹੈ, ਮੂੰਡ ਮੁੰਡਾਏ ਨਾ ਸੀਸ ਵਟਾਏ । ਜੋਤੀ ਨੂਰ ਨਰ ਨਰੇਸ਼ ਹੈ, ਸ਼ਬਦੀ ਬਣਤ ਬਣਾਏ । ਗੁਰ ਸ਼ਬਦੀ ਸਾਧ ਬਿਬੇਕ ਹੈ, ਆਪੇ ਆਪ ਹੋ ਜਾਏ । ਨੇਤਰ ਨੈਣ ਲੈਣਾ ਵੇਖ ਹੈ, ਸਤਿਗੁਰ ਮੇਲਾ ਸਹਿਜ ਸੁਭਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਪੀਰਾਂ ਵਿਚ ਲਟਕਾਏ । ਸਤਿਗੁਰ ਸਾਚਾ ਵਿਚ ਸਮਾਇਆ । ਹਰਿ ਜੋਤ ਨੂਰ ਅਥਾਹ ਹੈ, ਆਵਣ ਜਾਵਣ ਖੇਲ ਬਣਾਇਆ । ਹਰਿ ਦਾਤਾ ਬੇਪਰਵਾਹ ਹੈ, ਹਰਿਜਨ ਸਾਚੇ ਮੇਲ ਮਿਲਾਇਆ । ਸੱਤਾਂ ਦੀਪਾਂ ਦੇਵੇ ਥਾਂ ਹੈ, ਭਗਵਾਨ ਭਗਵਾਨ ਰੂਪ ਵਖਾਇਆ । ਅੰਦਰ ਮੰਦਰ ਪਕੜੇ ਬਾਂਹ ਹੈ, ਸਾਚਾ ਦਾਮਨ ਹੱਥ ਫੜਾਇਆ । ਦੇਵਣਹਾਰਾ ਠੰਡੀ ਛਾਂ ਹੈ, ਸਾਵਣ ਸਾਵਣ ਰਸਨਾ ਗਾਇਆ । ਹਰਿ ਸਾਵਣ ਹੰਸ ਬਣਾਏ ਕਾਂ ਹੈ, ਦਰ ਦਵਾਰਾ ਏਕਾ ਪਾਇਆ । ਪੁਰਖ ਅਬਿਨਾਸ਼ੀ ਪਿਤਾ ਮਾਂ ਹੈ, ਗੁਰ ਪੀਰਾਂ ਰਿਹਾ ਗੋਦ ਉਠਾਇਆ । ਜੁਗ ਜੁਗ ਰਿਹਾ ਜਗਾ ਹੈ, ਹਰਿਜਨ ਹਿਰਦਾ ਸੋਧ


੨੪੫
੦੬

ਵਖਾਇਆ । ਨਿਸ਼ਅੱਖਰ ਵੱਖਰ ਰਖਾਇਆ ਨਾਂ ਹੈ, ਜੋਧਨ ਜੋਧ ਆਪ ਅਖਵਾਇਆ । ਬਜਰ ਕਪਾਟੀ ਪਾੜੇ ਪੱਥਰ ਕਰੇ ਸਚ ਨਿਆਉਂ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਏਕਾ ਦਰ ਰਿਹਾ ਸੁਹਾਇਆ । ਸਾਵਣ ਸੋਹਣਾ ਰੂਪ ਵਟਾ ਕੇ, ਸ਼ਬਦ ਜੜਤ ਜੁੜਾਈਆ । ਸ਼ਾਹੋ ਭੂਪ ਆਪ ਅਖਵਾ ਕੇ, ਏਕਾ ਡੰਕ ਵਜਾਈਆ । ਰੰਗ ਅਨੂਪ ਸਤਿ ਸਰੂਪ ਹਰਿ ਜੋਤੀ ਜੋਤ ਪਰਗਟਾ ਕੇ, ਅੰਧ ਕੂਪ ਕਰੇ ਰੁਸ਼ਨਾਈਆ । ਦਹਿ ਦਿਸ਼ਾ ਚਾਰ ਕੂਟ ਏਕਾ ਤਨ ਉਪਜਾ ਕੇ, ਸੋਹੰ ਸ਼ਬਦ ਕਰੇ ਕੁੜਮਾਈਆ । ਗੁਰਮੁਖ ਸਾਚੇ ਸੰਤ ਜਗਾ ਕੇ, ਆਪ ਆਪਣਾ ਦਰਸ ਦਿਖਾਈਆ । ਫੜ ਫੜ ਬਾਹੋਂ ਰਾਹੇ ਪਾ ਕੇ, ਸੁਖਮਨ ਨਾੜੀ ਪਾਰ ਕਰਾਈਆ । ਦਰ ਦਵਾਰਾ ਇਕ ਵਖਾ ਕੇ, ਪੰਚਮ ਨਾਤਾ ਤੋੜ ਤੁੜਾਈਆ । ਸਾਚਾ ਡੰਡਾ ਆਪ ਚੜ੍ਹਾ ਕੇ, ਬ੍ਰਹਿਮੰਡੀ ਵਿਚ ਫਿਰਾਈਆ । ਬ੍ਰਹਿਮੰਡੀ ਆਸਣ ਏਕਾ ਲਾ ਕੇ, ਸਚਖੰਡੀ ਦਏ ਵਧਾਈਆ । ਸਚਖੰਡੀ ਅੰਤਮ ਵਿਚ ਸਮਾ ਕੇ, ਸਤਿ ਪੁਰਖੇ ਵਿਚ ਸਮਾਈਆ । ਸਤਿ ਪੁਰਖ ਸਾਚਾ ਰੰਗ ਚੜ੍ਹਾ ਕੇ, ਨਾਮ ਇਨਾਮੀ ਇਕ ਦਵਾਈਆ । ਗੁਰ ਚਰਨ ਪ੍ਰੀਤੀ ਨਾਮ ਦਵਾ ਕੇ, ਅਲਖ ਅਲਖ ਕਰੇ ਵਡਿਆਈਆ । ਅਲਖ ਅਲਖ ਪ੍ਰਭ ਭੇਵ ਛੁਪਾ ਕੇ, ਅਗੰਮ ਅਗੰਮਾ ਰੂਪ ਸਮਾਈਆ । ਅਗੰਮ ਅਗੰਮ ਮਹੱਲ ਬਣਾ ਕੇ, ਹਰਿ ਜੋਤੀ ਨੂਰ ਚਮਕਾਈਆ । ਹਰਿ ਜੋਤੀ ਨੂਰ ਆਪ ਉਪਾ ਕੇ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਚਾਰੋਂ ਕੁੰਟ ਵੇਖ ਵਖਾ ਕੇ, ਦਹਿ ਦਿਸ਼ਾ ਨਾਲ ਲਟਕਾਈਆ । ਦਹਿ ਦਿਸ਼ਾ ਭੇਵ ਖੁਲ੍ਹਾ ਕੇ, ਅਲਖ ਅਲਖਣਾ ਵੇਖ ਵਖਾਈਆ । ਅਲਖ ਅਲੱਖਾ ਆਪ ਅਖਵਾ ਕੇ, ਇਨਾਮ ਇਨਾਮੀ ਹੋਏ ਆਈਆ । ਇਨਾਮ ਇਨਾਮੀ ਹਰਿ ਅਖਵਾ ਕੇ, ਸਤਿ ਪੁਰਖਾ ਰੂਪ ਸਮਾਈਆ । ਸਤਿ ਪੁਰਸ਼ਾ ਰੂਪ ਆਪ ਵਟਾ ਕੇ, ਸਚਖੰਡ ਹੋਏ ਸਹਾਈਆ । ਸਚਖੰਡ ਹਰਿ ਜੋਤ ਜਗਾ ਕੇ, ਦਰ ਦਸਵੇਂ ਬੂਝ ਬੁਝਾਈਆ । ਦਵਾਰ ਦਸਵੇਂ ਮੇਲ ਮਿਲਾ ਕੇ, ਗੁਰਮੁਖ ਸਾਚੇ ਅੰਗ ਲਗਾਈਆ । ਆਤਮ ਸਾਚੀ ਸੇਜ ਵਿਛਾ ਕੇ, ਭੋਗ ਬਿਲਾਸ ਕਰਾਈਆ । ਪੰਚਮ ਸਾਚਾ ਰਾਗ ਗਾ ਕੇ, ਖ਼ੁਸ਼ੀਆਂ ਰਿਹਾ ਮਨਾਈਆ । ਨਾਦ ਅਨਾਦੀ ਤਾਲ ਵਜਾ ਕੇ, ਅਨਹਦ ਧੁਨ ਵਜਾਈਆ । ਸਾਜਨ ਸਾਜ ਆਪ ਅਖਵਾ ਕੇ, ਦਸਮ ਦਵਾਰੀ ਪਾਰ ਕਰਾਈਆ । ਸੋਹੰ ਸਾਚਾ ਦੇਸ ਵਸਾ ਕੇ, ਘਰ ਚੌਥਾ ਆਪ ਸੁਹਾਈਆ । ਆਵਣ ਜਾਵਣ ਭੇਖ ਵਟਾ ਕੇ, ਕਾਲ ਮਹਾਂਕਾਲ ਪਰੇ ਹਟਾਈਆ । ਜੋਤ ਸਰੂਪੀ ਜੋਤ ਮਿਲਾ ਕੇ, ਸ਼ਬਦੀ ਸ਼ਬਦ ਉਡਾਈਆ । ਸੁਨ ਅਗੰਮੇ ਪਾਰ ਕਰਾ ਕੇ, ਅਕਲ ਕਲਾ ਵਰਤਾਈਆ । ਰੂਪ ਰੰਗ ਹਰਿ ਰੇਖ ਮਿਟਾ ਕੇ, ਸਤਿਗੁਰ ਸਾਚਾ ਸੰਗ ਵਖਾਈਆ । ਜੋਤ ਨਿਰੰਜਣ ਭੇਖ ਵਟਾ ਕੇ, ਸਤਿ ਪੁਰਖੇ ਮੇਲਾ ਸਹਿਜ ਸੁਭਾਈਆ । ਸਤਿ ਪੁਰਖੇ ਲੇਖਾ ਲੇਖ ਲਿਖਾ ਕੇ, ਪਾਰ ਕਿਨਾਰਾ ਆਪ ਕਰਾਈਆ । ਪਾਰ ਕਿਨਾਰਾ ਆਪ ਜਣਾ ਕੇ, ਬੇੜਾ ਬੰਨੇ ਲਾਈਆ । ਬੇੜਾ ਬੰਨੇ ਆਪੇ ਲਾ ਕੇ, ਉਪਰ ਬੈਠਾ ਆਸਣ ਲਾਈਆ । ਜੋਤ ਸਰੂਪੀ ਡਗਮਗਾ ਕੇ, ਦਿਸ ਕਿਸੇ ਨਾ ਆਈਆ । ਨਾਨਕ ਕਬੀਰਾ ਗਏ ਗਾ ਕੇ, ਗਾਵਣਹਾਰਾ ਭੇਵ ਨਾ ਰਾਈਆ । ਪੁਰਖ ਅਬਿਨਾਸ਼ੀ ਉਤੋਂ ਆ ਕੇ, ਆਪ ਆਪਣੇ ਗਲੇ ਰਿਹਾ ਲਗਾਈਆ । ਸਤਿਗੁਰ ਸਾਵਣ ਗੋਦ ਉਠਾ ਕੇ, ਸਿੰਘ ਜੈਮਲ ਰਾਹ ਤਕਾਈਆ । ਆਪੇ ਬੈਠਾ ਦੂਰ ਦੁਰਾਡਾ ਡੇਰਾ ਲਾ ਕੇ, ਹਰ ਘਟ ਵੇਖ ਵਖਾਈਆ । ਕਲਜੁਗ ਅੰਤਮ ਜੋਤ ਜਗਾ ਕੇ, ਗੁਰਸਿਖ ਸਾਚੇ ਵਿਚ ਟਿਕਾਈਆ । ਗੁਰ ਗੋਬਿੰਦਾ ਨਾਮ ਉਪਾ ਕੇ, ਗੁਰ ਚੇਲਾ ਆਪ ਹੋ ਜਾਈਆ । ਸਿੰਘ ਭਗਵਾਨ ਸਾਚਾ ਮੇਲਾ, ਦੋ ਜਹਾਨ ਵਿਛੜ ਨਾ ਜਾਈਆ । ਪਾਰਬ੍ਰਹਮ ਪ੍ਰਭ ਇਕ ਅਕੇਲਾ, ਗੁਰਸਿਖਾਂ ਸੰਗ ਨਿਭਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਪਣੀ ਹੱਥੀਂ ਮਹਿੰਦੀ ਲਾਈਆ ।

੨੪੬
੦੬

ਪੰਚਮ ਸਖੀਆਂ ਪਾਵਣ ਵੇਲਾਂ, ਆਤਮ ਝੋਲੀ ਅੱਗੇ ਡਾਹੀਆ । ਕੰਤ ਭਤਾਰੇ ਸਾਚਾ ਮੇਲਾ, ਆਤਮ ਸੇਜਾ ਇਕ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਕਰੇ ਸ਼ਬਦ ਕੁੜਮਾਈਆ । ਸ਼ਬਦੀ ਨਾਤਾ ਪੁਰਖ ਬਿਧਾਤਾ, ਆਪਣਾ ਆਪ ਜੁੜਾਇੰਦਾ । ਆਪੇ ਪੁੱਛਣਹਾਰਾ ਵਾਤਾ, ਦਿਵਸ ਰੈਣ ਸੇਵ ਕਮਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਰੈਣ ਅੰਧੇਰੀ ਰਹਿਣ ਨਾ ਪਾਇੰਦਾ । ਜਨ ਭਗਤਾਂ ਦੇਵੇ ਸਚ ਸੁਗ਼ਾਤਾ, ਸਾਚੀ ਭਿਛਿਆ ਝੋਲੀ ਪਾਇੰਦਾ । ਗੁਰ ਪੂਰੇ ਨਾ ਤੁੱਟੇ ਨਾਤਾ, ਨਾ ਕੋਈ ਤੋੜ ਤੁੜਾਇੰਦਾ । ਕਲਜੁਗ ਨਾਰ ਕਮਜ਼ਾਤਾ, ਕਿਰਿਆ ਕਰਮ ਨਾ ਕੋਈ ਕਮਾਇੰਦਾ । ਬਰਸ ਅਰਸ ਰਹੇ ਜਨ ਸਾਤਾ, ਸਤਿਗੁਰ ਸਾਚੀ ਬਣਤ ਬਣਾਇੰਦਾ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਨਾ ਕੋਈ ਗੁਰ ਪੀਰ ਅਖਵਾਇੰਦਾ । ਪੁਰਖ ਅਕਾਲ ਏਕਾ ਦਾਤਾ, ਸ਼ਬਦ ਰੂਪ ਹੋ ਆਇੰਦਾ । ਨੌ ਖੰਡ ਪ੍ਰਿਥਮੀ ਇਕ ਅਹਾਤਾ, ਚਾਰ ਦਿਵਾਰੀ ਨਾਮ ਕਰਾਇੰਦਾ । ਸੱਤਾਂ ਦੀਪਾਂ ਸਾਚਾ ਖਾਤਾ, ਸੋਹੰ ਵਸਤੂ ਆਪ ਪਾਇੰਦਾ । ਆਪੇ ਹੋਏ ਮਾਤ ਰਾਖਾ, ਵਰਵੰਡੀ ਜੋਤ ਜਗਾਇੰਦਾ । ਜੋਤ ਸਰੂਪੀ ਅਲਖਣਾ ਅਲਾਖਾ, ਲੇਖਾ ਲਿਖਤ ਵਿਚ ਨਾ ਆਇੰਦਾ । ਨਾਨਕ ਗੋਬਿੰਦ ਸ਼ਬਦ ਭਾਖਾ, ਰਸਨਾ ਹਰਿ ਗੁਣ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਵੇਖ ਵਖਾਇੰਦਾ । ਗੁਰ ਚਰਨ ਦਵਾਰ ਸਤਿ ਹੈ, ਗੁਰਮੁਖ ਵਿਰਲੇ ਪਾਇਆ । ਗੁਰ ਚਰਨ ਦਵਾਰ ਸਤਿ ਹੈ, ਦੇ ਮਤ ਰਿਹਾ ਸਮਝਾਇਆ । ਗੁਰ ਚਰਨ ਦਵਾਰ ਸਤਿ ਹੈ, ਗੁਰ ਸੰਗਤ ਰਿਹਾ ਸੁਣਾਇਆ ।


੨੪੭
੦੬

ਗੁਰ ਚਰਨ ਦਵਾਰ ਸਤਿ ਹੈ, ਰਸ ਫੀਕਾ ਬੋਲ ਨਾ ਸਤਿਗੁਰ ਭਾਇਆ । ਚਰਨ ਦਵਾਰ ਸਤਿ ਹੈ, ਜਨ ਨੀਕਨ ਨੀਕਾ ਸੇਵ ਕਮਾਇਆ । ਚਰਨ ਦਵਾਰ ਸਤਿ ਹੈ, ਭੇਵ ਨਾ ਜਾਨਣ ਜੀਵ ਜੀਅ ਕਾ, ਕਾਗ ਹੰਸ ਵੇਖ ਵਖਾਇਆ । ਚਰਨ ਦਵਾਰਾ ਸਤਿ ਹੈ, ਲੇਖ ਚੁੱਕੇ ਸਾਢੇ ਤਿੰਨ ਹੱਥ ਸੀਂ ਕਾ, ਆਪ ਆਪਣੀ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਰਿਹਾ ਸਮਝਾਇਆ । ਗੁਰ ਸੰਗਤ ਸਾਚੀ ਮਤ ਦੇ, ਏਕਾ ਰਾਹ ਵਖਾਇੰਦਾ । ਸਤਿ ਸੰਤੋਖੀ ਧੀਰਜ ਯਤ ਦੇ, ਸ਼ਬਦ ਮਲਾਹ ਬਣਾਇੰਦਾ । ਚਰਨ ਪ੍ਰੀਤੀ ਸਾਚਾ ਨੱਤ ਦੇ, ਏਕਾ ਨਾਤਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਇਹ ਸਮਝਾਇੰਦਾ । ਗੁਰਮੁਖ ਸਾਚਾ ਸੇਵਾਦਾਰ, ਪ੍ਰਭ ਸਾਚੀ ਸੇਵਾ ਲਾਈਆ । ਬੀਸ ਬੀਸਾ ਕਰੇ ਖ਼ਬਰਦਾਰ, ਆਪ ਆਪਣਾ ਹੁਕਮ ਜਣਾਈਆ । ਰਸਨਾ ਬੋਲ ਨਾ ਕਰੇ ਕੋਈ ਵਿਕਾਰ, ਸ਼ਬਦ ਡੰਡਾ ਸਿਰ ਲਗਾਈਆ । ਗੁਰ ਸੰਗਤ ਅੰਦਰ ਕੋਇ ਨਾ ਹੋਏ ਹਾਹਾਕਾਰ, ਕਾਗ ਜਿਹਵਾ ਨਾ ਕੋਇ ਕੁਰਲਾਈਆ । ਗੁਰ ਸੰਗਤ ਰਸਨਾ ਗਾਏ ਹਰਿ ਨਿਰੰਕਾਰ, ਗੁਰ ਸੰਗਤ ਹਰਿ ਮਨ ਭਾਈਆ । ਜਗਤ ਮਤ ਨਾ ਲਏ ਉਧਾਰ, ਬੁਧ ਨਾ ਕੋਈ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਰਿਹਾ ਜਗਾਈਆ । ਬੀਸ ਬੀਸਾ ਉਠ ਉਠ ਜਾਗ, ਜਾਗਣ ਵੇਲਾ ਆਇਆ । ਕਲਜੁਗ ਅੰਤਮ ਲੱਗਾ ਭਾਗ, ਪ੍ਰਭ ਸਾਚੇ ਭਾਗ ਲਗਾਇਆ । ਹਰਿਜਨ ਮੇਲਾ ਕੰਤ ਸੁਹਾਗ, ਨਾਰੀ ਕੰਤਾ ਰੂਪ ਵਟਾਇਆ । ਆਪ ਬੁਝਾਏ ਤ੍ਰਿਸ਼ਨਾ ਆਗ, ਅੰਮ੍ਰਿਤ ਆਤਮ ਜਾਮ ਪਿਆਇਆ । ਮਾਇਆ ਡੱਸੇ ਨਾ ਡੱਸਣੀ ਨਾਗ, ਧੀਰਜ ਧੀਰ ਧਰਾਇਆ । ਦੀਪਕ ਜੋਤੀ ਜਗੇ ਚਿਰਾਗ, ਪ੍ਰਭ ਨੇਤਰ ਦਰਸ਼ਨ

ਪਾਇਆ । ਫੜ ਫੜ ਹੰਸ ਬਣਾਏ ਕਾਗ, ਜੋ ਜਨ ਰਸਨਾ ਬੰਦ ਕਰਾਇਆ । ਆਪੇ ਧੋਵਣਹਾਰਾ ਦਾਗ਼, ਕਾਇਆ ਚੋਲੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਵੇਖੇ ਕਾਇਆ ਘਰ, ਨਿਜ ਆਤਮ ਡੇਰਾ ਲਾਇਆ । ਨਿਜ ਆਤਮ ਸ਼ਾਹ ਹਰਿ ਸੁਲਤਾਨ, ਦਿਵਸ ਰੈਣ ਬਿਰਾਜਿਆ । ਆਪੇ ਗੋਪੀ ਆਪੇ ਕਾਹਨ, ਰਾਸ ਮੰਡਲ ਸਾਜਨ ਸਾਜਿਆ । ਧੁਰਦਰਗਾਹੀ ਇਕ ਨਿਸ਼ਾਨ, ਹਰਿ ਦੇਵੇ ਸਾਚਾ ਸਾਜਿਆ । ਮਨਮੁਖਾਂ ਲੱਗੇ ਆਤਮ ਬਾਣ, ਜਗਤ ਵਿਕਾਰਾ ਜਾਏ ਭਾਜਿਆ । ਗੁਰਮੁਖਾਂ ਦੇਵੇ ਧੁਰ ਫ਼ਰਮਾਣ, ਸ਼ਬਦ ਘੋੜੇ ਚਿੱਟੇ ਅਸਵ ਸਾਚੇ ਤਾਜਿਆ । ਕਲਜੁਗ ਅੰਤਮ ਆਈ ਹਾਣ, ਗੁਰ ਚਰਨ ਧੂੜੀ ਮਜਨ ਸਾਚਾ ਮਾਘਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸਾਜਨ ਸਾਜਿਆ । ਆਦਿ ਪੁਰਖ ਅਪਾਰ, ਆਦਿ ਸਮਾਇਆ । ਆਦਿ ਪੁਰਖ ਅਧਾਰ, ਆਪਣਾ ਆਪ ਰਖਾਇਆ । ਜੋਤ ਸਰੂਪੀ ਕਰ ਆਕਾਰ, ਜੋਤੀ ਜੋਤ ਜਗਾਇਆ । ਵੇਖਣਹਾਰਾ ਆਪ ਉਜਿਆਰ, ਆਪੇ ਬਣਤ ਬਣਾਇਆ । ਨਾ ਕੋਈ ਮੰਦਰ ਚਾਰ ਦਿਵਾਰ, ਮਹੱਲ ਅਟੱਲ ਨਾ ਕੋਈ ਰਖਾਇਆ । ਜਲ ਥਲ ਨਾ ਦਿਸੇ ਕੋਈ ਕਿਨਾਰ, ਬ੍ਰਹਿਮੰਡ ਖੰਡ ਨਾ ਕੋਇ ਜਣਾਇਆ । ਜੇਰਜ ਅੰਡ ਨਾ ਬੰਨ੍ਹੇ ਕੋਈ ਧਾਰ, ਉਤਭੁਜ ਸੇਤਜ ਭੇਵ ਨਾ ਰਾਇਆ । ਬ੍ਰਹਮਾ ਸ਼ਿਵ ਨਾ ਪਾਏ ਸਾਰ, ਸੁਰਪਤ ਇੰਦ ਨਾ ਕੋਇ ਉਪਾਇਆ । ਦੇਵੀ ਦੇਵ ਨਾ ਕੋਈ ਨਰ ਨਾਰ, ਮਾਤ ਪਾਤਾਲ ਆਕਾਸ਼ ਨਾ ਕੋਈ ਵਸਾਇਆ । ਬ੍ਰਹਿਮੰਡ ਖੰਡ ਵਰਭੰਡ ਨਾ ਕੋਈ ਆਕਾਰ, ਸਾਗਰ ਸਿੰਧ ਨਾ ਕੋਈ ਵਹਾਇਆ । ਸਰ ਸਰੋਵਰ ਨਾ ਜਲ ਧਾਰ, ਧਰਤੀ ਖ਼ਾਕ ਨਾ ਕੋਇ ਉਡਾਇਆ । ਗੁਰ ਪੀਰ ਸਾਧ ਸੰਤ ਨਾ ਕੋਇ ਅਵਤਾਰ, ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸਾਇਆ । ਔਲੀਆ ਪੀਰ ਸ਼ੇਖ਼ ਨਾ ਕੋਈ ਅਧਿਕਾਰ, ਪੰਚ ਤਤ ਨਾ ਕੋਈ ਵਖਾਇਆ । ਤ੍ਰੈਗੁਣ ਮਾਇਆ ਨਾ ਪਸਰ ਪਸਾਰ, ਵਿਸ਼ਨ ਬ੍ਰਹਮਾ ਸ਼ਿਵ ਨਾ ਸੇਵਾ ਲਾਇਆ । ਆਪ ਆਪਣਾ ਕਰ ਵਿਸਥਾਰ, ਆਪ ਆਪਣਾ ਵੇਖ ਵਖਾਇਆ । ਪੁਰਖ ਪੁਰਖੋਤਮ ਨਾ ਮੀਤ ਮੁਰਾਰ, ਨਾਰੀ ਨਾਰਾ ਰੂਪ ਵਟਾਇਆ । ਮਛ ਕਛ ਨਾ ਕੋਇ ਆਧਾਰ, ਸਤਿ ਸਰੂਪੀ ਇਕ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖਾ ਆਪ ਅਖਵਾਇਆ । ਆਦਿ ਆਦਿ ਪ੍ਰਭ ਏਕ ਹੈ, ਏਕਾ ਰੰਗ ਸਮਾਏ । ਆਪੇ ਸਦਾ ਬਿਬੇਕ ਹੈ, ਦੂਸਰ ਕੋਇ ਨਾ ਅੰਗ ਲਗਾਏ । ਨਾ ਕੋਈ ਸਕੇ ਵੇਖ ਹੈ, ਨਾ ਕੋਈ ਬਣਤ ਬਣਾਏ । ਨਾ ਕੋਈ ਲਿਖੇ ਲੇਖ ਹੈ, ਨਾ ਕੋਈ ਗਣਤ ਗਿਣਾਏ । ਨਾ ਕੋਈ ਜਾਣੇ ਰੇਖ ਹੈ, ਕਵਣ ਸਰੂਪਾ ਹਰਿ ਰਘੁਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਆਦਿ ਆਪ ਹੋ ਜਾਏ । ਆਦਿ ਅਧਾਰੀ ਏਕ ਹੈ, ਆਦਿ ਰੂਪ ਅਨਾਦ । ਪਸਰ ਪਸਾਰੀ ਆਪ ਹੈ, ਹਰਿ ਮੋਹਣ ਮਾਧਵ ਮਾਧ । ਜੋਤ ਅਧਾਰੀ ਆਪ ਹੈ, ਆਪੇ ਵਡ ਪਰਤਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਜਾਪ । ਆਦਿ ਜੋਤ ਹਰਿ ਰੰਗ ਹੈ, ਰੰਗ ਰਤੜਾ ਲਾਲ । ਨਾ ਕੋਈ ਭੁੱਖ ਨੰਗ ਹੈ, ਨਾ ਕੋਈ ਬਸਤਰ ਤਨ ਸ਼ਬਦ ਦੁਸ਼ਾਲ । ਨਾ ਕੋਈ ਮੀਤ ਮੁਰਾਰਾ ਸੰਗ ਹੈ, ਜੋਤੀ ਨੂਰ ਇਕ ਅਕਾਲ । ਨਾ ਕੋਈ ਅੰਮ੍ਰਿਤ ਧਾਰਾ ਗੰਗ ਹੈ, ਨਾ ਬੰਧਪ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਹੋਏ ਆਪ ਰਖਵਾਲ । ਆਦਿਨ ਆਦਿ ਉਪਨਿਆ, ਹਰਿ ਹਰਿ ਰੂਪ ਅਨੂਪ । ਜਨਣੀ ਜਨ ਨਾ ਕਿਸੇ ਜਣਿਆ, ਨਾ ਕੋਈ ਦਿਸੇ ਸ਼ਾਹ ਭੂਪ । ਭਾਣਾ ਕੋਇ ਨਾ ਕਿਸੇ ਮੰਨਿਆ, ਨਾ ਕੋਈ ਜਣਾਈ ਚਾਰੇ ਕੂਟ । ਨਾ ਘੜਿਆ ਨਾ

੨੪੮
੦੬

ਭੰਨਿਆ, ਨਾ ਬੱਧਾ ਨਾ ਜਾਏ ਛੂਟ । ਨਾ ਫੜਿਆ ਨਾ ਡੰਨਿਆ, ਨਾ ਮੰਨੇ ਨਾ ਜਾਏ ਰੂਠ । ਨਾ ਕੋਈ ਛੱਪਰ ਛੰਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਰਿਹਾ ਤੁਠ । ਆਦਿ ਜੋਤ ਹਰਿ ਜੋਤ ਧਰ, ਸਾਚੀ ਬਣਤ ਬਣਾਇੰਦਾ । ਆਪ ਆਪਣਾ ਭੋਗ ਕਰ, ਭੋਗੀ ਭੋਗ ਕਮਾਇੰਦਾ । ਸਤਿ ਸਤਿਵਾਦੀ ਸਾਚਾ ਯੋਗ ਕਰ, ਦਰ ਸਾਚਾ ਇਕ ਜਣਾਇੰਦਾ । ਆਪ ਆਪਣਾ ਦਰਸ ਅਮੋਘ ਕਰ, ਆਪ ਆਪਣਾ ਰੂਪ ਵਟਾਇੰਦਾ । ਆਪਣਾ ਮੇਲਾ ਧੁਰ ਸੰਜੋਗ ਕਰ, ਜੋਤੀ ਨੂਰ ਉਪਾਇੰਦਾ । ਏਕਾ ਸਾਚੀ ਚੋਗ ਕਰ, ਭਰਪੂਰੀ ਭਰਪੂਰ ਵਖਾਇੰਦਾ । ਜੋਤੀ ਇਕ ਵਿਯੋਗ ਕਰ, ਸ਼ਬਦੀ ਸੁਰਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਗੋਦੀ ਆਪ ਸੁਹਾਇੰਦਾ । ਸ਼ਬਦ ਸੁਤ ਹਰਿ ਕਰ ਤਿਆਰ, ਸਾਚੀ ਮਤ ਸੁਣਾਈਆ । ਕਾਇਆ ਬੁੱਤ ਨਾ ਵੇਖ ਵਿਚਾਰ, ਬ੍ਰਹਿਮੰਡ ਰੂਪ ਸਮਾਈਆ । ਅਬਿਨਾਸ਼ੀ ਅਚੁਤ ਕਿਰਪਾ ਧਾਰ, ਆਪਣਾ ਅੰਗ ਖੰਡ ਕਰਾਈਆ । ਵੇਖ ਵਖਾਏ ਹਰਿ ਨਿਰੰਕਾਰ, ਨਿਰਵੈਰ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਮਾਣ ਸੱਚੀ ਵਡਿਆਈਆ । ਸ਼ਬਦ ਸੁਤ ਪ੍ਰਭ ਦੇਵੇ ਮਾਣ, ਏਕਾ ਹੁਕਮ ਜਣਾਇੰਦਾ । ਆਪ ਚਲਾਏ ਆਪਣੇ ਭਾਣ, ਭਾਣਾ ਸਹਿਣਾ ਇਹ ਸਮਝਾਇੰਦਾ । ਕਿਸੇ ਨਾ ਵਸਣਾ ਵਿਚ ਮਕਾਨ, ਨਗਰ ਖੇੜਾ ਸ਼ਹਿਰ ਨਾ ਕੋਈ ਵਸਾਇੰਦਾ । ਆਪਣੀ ਕਰਨੀ ਆਪ ਕਰਾਨ, ਦੂਸਰ ਓਟ ਨਾ ਕੋਈ ਰਖਾਇੰਦਾ । ਚਰਨ ਧਿਆਨ ਪੀਣ ਖਾਣ, ਏਕਾ ਤ੍ਰਿਪਤ ਰਖਾਇੰਦਾ । ਦੇਵਣਹਾਰਾ ਹਰਿ ਮਿਹਰਵਾਨ, ਆਪ ਆਪਣੇ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਸ਼ਬਦ ਸੁਤ ਦੇਵੇ ਵਰ, ਵਰ ਦਾਤਾ ਆਪ ਹੋ ਆਇੰਦਾ । ਸ਼ਬਦ ਸੁਤ ਹਰਿ ਕਰ ਤਿਆਰ, ਏਕਾ ਰੰਗ ਚੜ੍ਹਾਇਆ । ਸਾਚਾ ਸੁਤ ਰਿਹਾ ਪੁਕਾਰ, ਦੋਏ ਜੋੜ ਸੀਸ ਝੁਕਾਇਆ । ਇਕ ਇਕੱਲਾ ਕੀ ਪਾਵੇ ਤੇਰੀ ਸਾਰ, ਕਵਣ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਫੜਾਏ ਆਪਣਾ ਪੱਲਾ, ਏਕਾ ਹੁਕਮ ਜਣਾਇਆ । ਸ਼ਬਦ ਸੁਤ ਹਰਿ ਦੇ ਧਰਵਾਸਾ, ਏਕਾ ਨਾਮ ਜਣਾਈਆ । ਆਪੇ ਕਰੇ ਕਵਲ ਪਰਕਾਸ਼ਾ, ਆਪ ਆਪਣੀ ਬਣਤ ਬਣਾਈਆ । ਪਾਰਬ੍ਰਹਮ ਬ੍ਰਹਮ ਕੀਆ ਵਾਸਾ, ਬ੍ਰਹਮਾ ਰਿਹਾ ਉਪਾਈਆ । ਆਪੇ ਕੀਆ ਦਾਸਨ ਦਾਸਾ, ਸੇਵਕ ਸੇਵਾ ਸਾਚੀ ਲਾਈਆ । ਵਿਸ਼ਨੂੰ ਰੂਪ ਧਰੇ ਅਬਿਨਾਸ਼ਾ, ਭੇਖਾਧਾਰੀ ਭੇਖ ਵਟਾਈਆ । ਸਾਚੇ ਸੁਤ ਦਏ ਦਲਾਸਾ, ਹਰਿ ਸ਼ਬਦ ਵੱਡੀ ਵਡਿਆਈਆ । ਜੋਤੀ ਨੂਰ ਹੋਏ ਪਰਕਾਸ਼ਾ, ਕਵਲ ਕਵਲਾ ਰਿਹਾ ਖਿੜਾਈਆ । ਰਕਤ ਬੂੰਦ ਨਾ ਜਾਣੇ ਮਾਸਾ, ਨਾਰੀ ਕੰਤ ਨਾ ਕੋਈ ਵਖਾਈਆ । ਨਾ ਕੋਈ ਦੇਵੇ ਸਾਸ ਗਰਾਸਾ, ਪਵਣ ਸਵਾਸ ਨਾ ਕੋਈ ਚਲਾਈਆ । ਆਪੇ ਵੇਖਣਹਾਰ ਤਮਾਸ਼ਾ, ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਹਰਿ ਦੇਵੇ ਵਰ, ਸਾਚੀ ਜੋੜੀ ਰਿਹਾ ਜੁੜਾਈਆ । ਸਾਚੀ ਜੋੜੀ ਹਰਿ ਜੁੜਾਏ । ਏਕਾ ਕਵਲ ਖਿਲਾਇਆ । ਬ੍ਰਹਮਾ ਬ੍ਰਹਮ ਰੂਪ ਉਪਾਏ, ਪਾਰਬ੍ਰਹਮ ਰਘੁਰਾਇਆ । ਸਾਚੇ ਸੁਤ ਮੇਲ ਮਿਲਾਏ, ਏਕਾ ਰਾਹ ਵਖਾਇਆ । ਦੋਹਾਂ ਮੇਲਾ ਆਪ ਕਰਾਏ, ਆਪਣਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਭਾਣੇ ਆਪ ਰਖਾਇਆ । ਬ੍ਰਹਮਾ ਵੇਖੇ ਕਰ ਧਿਆਨ, ਜੋਤੀ ਸ਼ਬਦ ਸੁਤ ਪਰਵੇਸ਼ਿਆ । ਆਪੇ ਹੋਏ ਜਾਣੀ ਜਾਣ, ਦਰ ਦਵਾਰੇ ਨਰ ਨਰੇਸ਼ਿਆ । ਆਪੇ ਬਿਰਧ ਬਾਲ ਅੰਵਾਣ, ਆਪੇ ਵੇਸਨ ਵੇਸ ਅਨੇਕਿਆ । ਗੁਣਵੰਤਾ ਹਰਿ ਗੁਣ ਨਿਧਾਨ, ਸ਼ਬਦ ਜਣਾਏ ਲਿਖਿਆ ਲੇਖਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੨੪੯
੦੬

ਜੋਤ ਧਰ, ਆਪਣੇ ਨੇਤਰ ਆਪੇ ਪੇਖਿਆ । ਬ੍ਰਹਮੇ ਦੇਵੇ ਸ਼ਬਦ ਵਿਚਾਰ, ਹਰਿ ਸ਼ਬਦ ਰਿਹਾ ਜਗਾਈਆ । ਸ੍ਰਿਸ਼ਟ ਸਬਾਈ ਕਰ ਤਿਆਰ, ਸੇਵਕ ਸੇਵਾ ਸਾਚੀ ਲਾਈਆ । ਸਾਚਾ ਸੁਤ ਕਰੇ ਖ਼ਬਰਦਾਰ, ਦਰ ਦਵਾਰੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਈਆ । ਬ੍ਰਹਮਾ ਵੇਖੇ ਕਰੇ ਵਿਚਾਰ, ਭੇਵ ਕੋਇ ਨਾ ਪਾਇਆ । ਕਵਣ ਤਨ ਦਏ ਉਸਾਰ, ਕਵਣ ਰੰਗ ਰੰਗਾਇਆ । ਵਸਤ ਦਸਤ ਨਾ ਕੋਈ ਅਪਾਰ, ਨਾ ਕੋਈ ਧੀਰ ਧਰਾਇਆ । ਦੋਏ ਜੋੜ ਕਰੇ ਨਿਮਸਕਾਰ, ਹਰਿ ਅੱਗੇ ਸੀਸ ਝੁਕਾਇਆ । ਕਿਰਪਾ ਕਰ ਹਰਿ ਦਾਤਾਰ, ਹੋਏ ਨਿਮਾਣਾ ਰਿਹਾ ਸ਼ਰਮਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇਵੇ ਵਰ ਸਾਚੇ ਘਰ ਆਪ ਆਪਣੀ ਦਇਆ ਕਮਾਇਆ । ਤ੍ਰੈਗੁਣ ਮਾਇਆ ਅਪਰ ਅਪਾਰ, ਬ੍ਰਹਮੇ ਪਾਈ ਦਰ ਭਿਖਾਰ, ਹਰਿ ਝੋਲੀ ਰਿਹਾ ਭਰਾਇਆ । ਪੰਜ ਪੰਝੀ ਕਰ ਤਿਆਰ, ਤ੍ਰੈਗੁਣ ਸੋਹਣਾ ਇਕ ਸ਼ਿੰਗਾਰ, ਹਰਿ ਸਾਚੇ ਰੂਪ ਚੜ੍ਹਾਇਆ । ਸੁਤ ਸ਼ਬਦ ਹਰਿ ਭੁਜਾ ਪਸਾਰ, ਅੰਗਣ ਅੰਗ ਸਮਾਇਆ । ਪਵਣ ਨਾ ਦੇਵੇ ਕੋਈ ਹੁਲਾਰ, ਸਵਾਸ ਸਵਾਸੀ ਨਾ ਕੋਇ ਚਲਾਇਆ । ਵੇਖੇ ਪਰਖੇ ਪਰਖਣਹਾਰ, ਪ੍ਰੀਖ ਪ੍ਰਿਖਿਆ ਵਿਚ ਕਦੇ ਨਾ ਆਇਆ । ਬ੍ਰਹਮਾ ਢਹਿ ਢਹਿ ਪਿਆ ਦਵਾਰ, ਪ੍ਰਭ ਸਾਚੇ ਭੇਵ ਚੁਕਾਇਆ । ਆਪੇ ਬਖ਼ਸ਼ੇ ਆਪਣੀ ਧਾਰ, ਜੋਤੀ ਜੋਤ ਜਗਾਇਆ ਦੀਆ ਨਿਰਗੁਣ ਵਸਤ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮੇ ਦਿਤਾ ਜਗਤ ਵਰ, ਲੱਖ ਚੁਰਾਸੀ ਰਿਹਾ ਉਪਾਇਆ । ਲੱਖ ਚੁਰਾਸੀ ਆਪ ਉਪਾਈ, ਬ੍ਰਹਮਾ ਸੇਵ ਲਗਾਇੰਦਾ । ਲੋਆਂ ਪੁਰੀਆਂ ਬਣਤ ਬਣਾਈ, ਵਰਭੰਡੀ ਰਚਨ ਰਚਾਇੰਦਾ । ਧਰਤ ਮਾਤ ਹਰਿ ਜਲ ਟਿਕਾਈ, ਆਪ ਆਪਣਾ ਚਰਨ ਛੁਹਾਇੰਦਾ । ਵਿਸ਼ਨੂੰ ਸੋ ਸੰਗ ਰਲਾਈ, ਰੂਪ ਅਨੂਪਾ ਆਪ ਹੋ ਜਾਇੰਦਾ । ਆਪ ਆਪਣੀ ਜੋਤ ਜਗਾਈ, ਆਪ ਆਪਣਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਆਦਿ ਆਪ ਅਖਵਾਇੰਦਾ । ਲੱਖ ਚੁਰਾਸੀ ਬਣਤ ਬਣਾਇਆ, ਬ੍ਰਹਮੇ ਵਡ ਵੱਡੀ ਵਡਿਆਈਆ । ਪ੍ਰਭ ਅਬਿਨਾਸ਼ੀ ਕਰਮ ਕਮਾਇਆ, ਏਕਾ ਬੂਝ ਬੁਝਾਈਆ । ਧੁਰ ਦੀ ਬਾਣ ਰਿਹਾ ਰਖਾਇਆ, ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨਾ ਰਿਹਾ ਰਚਾਈਆ । ਸਾਚੀ ਰਚਨਾ ਆਪ ਰਚਾ ਕੇ, ਰਚਨਹਾਰ ਅਖਵਾਇਆ । ਬ੍ਰਹਮੇ ਸਾਚਾ ਸ਼ਬਦ ਜਣਾ ਕੇ, ਵੇਦ ਵਿਦਾਤਾਂ ਰਿਹਾ ਲਿਖਾਇਆ । ਆਪ ਆਪਣਾ ਮੁਖ ਛੁਪਾ ਕੇ, ਨਾਮ ਤਰਾਨਾ ਰਿਹਾ ਜਣਾਇਆ । ਬ੍ਰਹਮਾ ਵੇਤਾ ਰਸਨਾ ਗਾਏ, ਲੇਖਾ ਲੇਖ ਰਿਹਾ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਆਦਿ ਆਦਿ ਅਖਵਾਇਆ । ਜੋਤ ਸਰੂਪੀ ਕਰ ਅਕਾਰਾ, ਅਚਰਜ ਬਣਤ ਬਣਾਈਆ । ਸ੍ਰਿਸ਼ਟ ਸਬਾਈ ਹਰਿ ਪਸਾਰਾ, ਹਰ ਘਟ ਮੇਂ ਆਸਣ ਲਾਈਆ । ਕਾਇਆ ਗੜ੍ਹ ਚਾਰ ਦਿਵਾਰਾ, ਪੰਚਮ ਧਾਰ ਸਵਾਈਆ । ਵੇਖੇ ਖੇਲ ਬਹੱਤਰ ਨਾੜਾ, ਸਾਚਾ ਤਾੜਾ ਰਿਹਾ ਵਜਾਈਆ । ਪੰਚਮ ਲਾਇਆ ਇਕ ਅਖਾੜਾ, ਬ੍ਰਹਿਮੰਡ ਰਿਹਾ ਸੁਣਾਈਆ । ਆਪੇ ਬਣਿਆ ਸਾਚਾ ਲਾੜਾ, ਦਰ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਈਆ । ਆਪ ਆਪਣਾ ਭੇਖ ਵਟਾਏ, ਭੇਖਾਧਾਰ ਭਗਵੰਤਾ । ਬ੍ਰਹਮਾ ਸੁਤ ਚਾਰ ਉਪਾਏ, ਹਰਿ ਸਾਚਾ ਸਾਜਣ ਸੰਤਾ । ਸੰਤ ਕੁਮਾਰ ਮਾਣ ਦਵਾਏ, ਖੇਲੇ ਖੇਲ ਅਗਣਤਾ । ਆਪ ਆਪਣੀ ਜੋਤ ਜਗਾਏ, ਹਰਿ ਬੇਅੰਤ ਬੇਅੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਜੀਵ ਜੰਤਾ । ਜੀਵ ਜੰਤ ਕਰਮ ਲਿਖਾਰੀ,

੨੫੦
੦੬

ਆਪੇ ਲੇਖ ਲਿਖਾਇੰਦਾ । ਵਰਭੰਡੀ ਹਰਿ ਕਰ ਵਿਚਾਰੀ, ਸਾਚੀ ਵੰਡਣ ਵੰਡ ਵੰਡਾਇੰਦਾ । ਸਤਿਜੁਗ ਰਸਨਾ ਨਾਉਂ ਉਚਾਰੀ, ਸਤਿ ਸਤਿ ਵਰਤਾਇੰਦਾ । ਵਾਰ ਅਠਾਰਾਂ ਜੋਤ ਨਿਰੰਕਾਰੀ, ਆਪਣੀ ਜੋਤ ਪਰਗਟਾਇੰਦਾ । ਸਤਿਜੁਗ ਕਰੇ ਪਾਰ ਕਿਨਾਰੀ, ਜੁਗ ਤ੍ਰੇਤਾ ਚਲਤ ਚਲਾਇੰਦਾ । ਰਾਮ ਪਰਸਾ ਰਾਮ ਅਵਤਾਰੀ, ਰਾਮ ਰਾਮਾ ਆਪ ਅਖਵਾਇੰਦਾ । ਲੰਕਾ ਤੋੜੇ ਗੜ੍ਹ ਹੰਕਾਰੀ, ਰਾਵਣ ਰਾਮਾ ਆਪ ਅਖਵਾਇੰਦਾ । ਭਗਤਾਂ ਦੇਵੇ ਨਾਮ ਅਧਾਰੀ, ਦਰ ਦਵਾਰੇ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਆਦਿ ਰੂਪ ਅਖਵਾਇੰਦਾ । ਜੁਗ ਤ੍ਰੇਤਾ ਪਾਰ ਕਿਨਾਰਾ । ਪ੍ਰਭ ਅਬਿਨਾਸ਼ੀ ਖੇਲ ਅਪਾਰਾ । ਦੁਆਪਰ ਤੇਰੀ ਆਈ ਵਾਰਾ । ਵੇਦ ਵਿਆਸ ਬਣੇ ਲਿਖਾਰਾ । ਕ੍ਰਿਸ਼ਨਾ ਕਾਹਨਾ ਹਰਿ ਗਿਰਧਾਰਾ । ਖੇਲੇ ਖੇਲ ਵਿਚ ਸੰਸਾਰਾ । ਮੇਲੇ ਮੇਲ ਭਗਤਨ ਦਵਾਰਾ । ਰਥ ਰਥਵਾਹੀ ਜੰਗ ਮਝਾਰਾ । ਗੀਤਾ ਗਿਆਨ ਰਸਨ ਉਚਾਰਾ । ਅਰਜਨ ਅਰਜਨ ਪਾਈ ਸਾਰਾ । ਜੋਤੀ ਜੋਤ ਸਰੂਪ ਹਰਿ, ਜੁਗ ਜੁਗ ਕਰੇ ਪਾਰ ਕਿਨਾਰਾ । ਦੁਆਪਰ ਹਰਿ ਅੰਤ ਕਰਾਏ, ਕਲਜੁਗ ਸਾਚੀ ਬਣਤ ਬਣਾਏ, ਬੋਧ ਬੋਧਾ ਨਾਉਂ ਧਰਾ ਕੇ । ਈਸਾ ਮੂਸਾ ਆਪ ਉਪਾ ਕੇ । ਅੱਲਾ ਅਲਾਹੀ ਨੂਰ ਜਣਾ ਕੇ । ਅਥਰਬਣ ਸਾਚਾ ਮਾਣ ਰਖਾ ਕੇ । ਸੰਗ ਮੁਹੰਮਦ ਮੇਲ ਮਿਲਾ ਕੇ । ਚਾਰ ਯਾਰਾਂ ਕਰ ਪਿਆਰਾ, ਆਪਣਾ ਹੁਕਮ ਜਾਏ ਸੁਣਾ ਕੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਦਿ ਹਰਿ ਆਦਿ ਅਖਵਾ ਕੇ । ਸੰਗ ਮੁਹੰਮਦ ਕਰ ਪਿਆਰ, ਹਰਿ ਸਾਚਾ ਦਏ ਜਣਾਈਆ । ਸੇਵਕ ਸੇਵਾ ਲਾਏ ਸੇਵਾਦਾਰ, ਸਾਚੀ ਸੇਵਾ ਇਕ ਵਖਾਈਆ । ਕਲਜੁਗ ਅੰਤਮ ਪਾਰ ਕਿਨਾਰ, ਤੇਰੇ ਹੱਥ ਦਏ ਵਡਿਆਈਆ । ਇਕ ਮੁਹੰਮਦ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਈਆ । ਮਿਲਿਆ ਮੇਲ ਹਰਿ ਦਾਤਾਰ, ਸਾਚਾ ਮੇਲਾ ਮੇਲ ਮਿਲਾਈਆ । ਨਾ ਹੋਏ ਵਿਛੋੜਾ ਚਾਰ ਯਾਰ, ਸਾਚੀ ਯਾਰੀ ਰਿਹਾ ਨਿਭਾਈਆ । ਕਲਜੁਗ ਤੇਰੀ ਕਾਲੀ ਧਾਰ, ਮੁਹੰਮਦ ਮੁਹੰਮਦੀ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਮਾਣ ਜਗਤ ਵਡਿਆਈਆ । ਜਗਤ ਮਾਣ ਹਰਿ ਰਖਾਇਆ, ਦੇਵੇ ਵਡ ਵਡਿਆਈਆ । ਦਰ ਦਰਬਾਨ ਇਕ ਰਖਾਇਆ, ਆਪਣਾ ਭੇਵ ਛੁਪਾਈਆ । ਕਾਲਾ ਬਾਣਾ ਤਨ ਛੁਹਾਇਆ, ਵੇਸ ਅਵੇਸਾ ਆਪ ਕਰਾਈਆ । ਸਾਚਾ ਰਾਣਾ ਮਾਤ ਬਣਾਇਆ, ਦਰ ਦਰਵੇਸ਼ਾ ਅਲਖ ਜਗਾਈਆ । ਨੇਤਰ ਨੈਣਾ ਦਰਸ ਦਿਖਾਇਆ, ਪਰਤਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਆਦਿ ਆਦਿ ਅਖਵਾਈਆ । ਆਦਿਨ ਆਦਿ ਹਰਿ ਕਰਤਾਰ, ਆਪੇ ਆਪ ਅਖਵਾਇੰਦਾ । ਨਾਨਕ ਆਇਆ ਹਰਿ ਦਰ ਪਾਇਆ, ਲੋਕਮਾਤੀ ਜਨਮ ਦਵਾਇੰਦਾ । ਜਨਮ ਅਜਨਮਾ ਵੇਖ ਵਖਾਇਆ, ਦਰ ਦਵਾਰਾ ਇਕ ਸੁਹਾਇੰਦਾ । ਸ਼ਬਦ ਸਰੂਪੀ ਮੇਲ ਮਿਲਾਇਆ, ਜੋਤੀ ਨੂਰ ਉਪਾਇੰਦਾ । ਭਾਣਾ ਸਹਿਣਾ ਹੁਕਮ ਸੁਣਾਇਆ, ਨੇਤਰ ਨੈਣਾ ਦਰਸ ਦਿਖਾਇਆ, ਨਾਮ ਵਸਤ ਹਰਿ ਝੋਲੀ ਪਾਇੰਦਾ । ਕਲਜੁਗ ਸਾਚਾ ਮਾਰਗ ਲਾਇਆ, ਨਾਮ ਸਤਿ ਮੰਤਰ ਦ੍ਰਿੜਾਇਆ, ਗੁਰ ਪੂਰਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਆਦਿ ਆਪ ਅਖਵਾਇੰਦਾ । ਨਾਨਕ ਗਾਇਆ ਹਰਿ ਹਰਿ ਨਿਰੰਕਾਰ, ਸੇਵਕ ਸੇਵ ਕਮਾਈਆ । ਚਾਰੇ ਕੁੰਟਾਂ ਦਹਿ ਦਿਸ਼ਾ ਵਿਚਾਰ, ਸਤਿਨਾਮ ਰਿਹਾ ਜਪਾਈਆ । ਅੰਤਮ ਗਿਆ ਮਾਤ ਹਾਰ, ਏਕਾ ਓਟ ਰਖਾਈਆ । ਨਿਹਕਲੰਕ ਲਏ ਅਵਤਾਰ, ਕਲਜੁਗ ਅੰਤਮ ਹੋਏ ਜੋਤ ਰੁਸ਼ਨਾਈਆ । ਅੰਗਦ ਅੰਗ ਲਗਾਇਆ ਕਰ ਪਿਆਰ, ਜੋਤੀ ਨੂਰ ਸਵਾਈਆ । ਅਮਰਦਾਸ ਗੁਰ ਜਾਏ ਤਾਰ, ਲਹਿਣਾ

ਦੇਣਾ ਰਿਹਾ ਚੁਕਾਈਆ । ਅਮਰਦਾਸ ਗੁਰ ਬੰਨ੍ਹੇ ਧਾਰ, ਰਾਮਦਾਸੇ ਸੋਢੀ ਬੰਸ ਸੁਹਾਈਆ । ਰਾਮਦਾਸ ਤੇਰੀ ਸੁਣ ਪੁਕਾਰ, ਗੁਰ ਅਰਜਨ ਜਨਮ ਦਵਾਈਆ । ਗੁਰ ਅਰਜਨ ਬਣਿਆ ਲੇਖ ਲਿਖਾਰ, ਜਨ ਭਗਤਾਂ ਅੰਗ ਲਗਾਈਆ । ਹਰਿ ਗੋਬਿੰਦਾ ਤੇਜ ਕਟਾਰ, ਤਨ ਆਪਣੇ ਰਿਹਾ ਛੁਹਾਈਆ । ਹਰਿ ਰਾਏ ਹਰਿ ਸੁਣ ਪੁਕਾਰ, ਦੇ ਮਤ ਰਿਹਾ ਸਮਝਾਈਆ । ਬਾਲ ਅਵਸਥਾ ਪਾਵੇ ਸਾਰ, ਹਰਿ ਕ੍ਰਿਸ਼ਨਾ ਮੇਲ ਮਿਲਾਈਆ । ਗੁਰ ਤੇਗ ਬਹਾਦਰ ਬੰਨ੍ਹੇ ਸਾਚੀ ਧਾਰ, ਹਰਿ ਸਾਚੀ ਸੇਵਾ ਲਾਈਆ । ਗੁਰ ਗੋਬਿੰਦਾ ਕਰਿਆ ਖ਼ਬਰਦਾਰ, ਪ੍ਰਭ ਦੇਵੇ ਸ਼ਬਦ ਜਣਾਈਆ । ਆਪੇ ਹੋਇਆ ਪਹਿਰੇਦਾਰ, ਸਿਰ ਆਪਣਾ ਹੱਥ ਟਿਕਾਈਆ । ਮਾਨਸ ਦੇਹ ਨਾ ਕਰੇ ਵਿਚਾਰ, ਹਰਿ ਜੋਤੀ ਨੂਰ ਸਵਾਈਆ । ਅਨੰਦ ਪੁਰ ਅਨੰਦ ਕਰਤਾਰ, ਅਨੰਦ ਅਨੰਦ ਰਿਹਾ ਗਾਈਆ । ਗੋਬਿੰਦ ਕਾਇਆ ਅਪਰ ਅਪਾਰ, ਤਨ ਬਸਤਰ ਸ਼ਸਤਰ ਹਰਿ ਪਹਿਨਾਈਆ । ਨੈਣਾ ਦੇਵੀ ਤੇਰੀ ਧਾਰ, ਗੁਰ ਪੂਰਾ ਰਿਹਾ ਧਰਾਈਆ । ਪਰਗਟ ਹੋ ਹਰਿ ਨਿਰੰਕਾਰ, ਆਪ ਆਪਣਾ ਰੂਪ ਵਖਾਈਆ । ਸ਼ਬਦ ਖੰਡਾ ਖਿੱਚ ਕਟਾਰ, ਗੁਰ ਗੋਬਿੰਦੇ ਤਨ ਛੁਹਾਈਆ । ਕਰਨਾ ਪੰਥ ਇਕ ਤਿਆਰ, ਕੇਸਾਧਾਰੀ ਰੂਪ ਵਟਾਈਆ । ਆਪੇ ਹੋਇਆ ਪਹਿਰੇਦਾਰ, ਦਿਸ ਕਿਸੇ ਨਾ ਆਈਆ । ਕਰਮੀ ਕਰਮਾਂ ਰਿਹਾ ਵਿਚਾਰ, ਧਰਮੀ ਧਰਮਾ ਰਿਹਾ ਚਲਾਈਆ । ਧਰਤ ਮਾਤ ਦੀ ਸੁਣ ਪੁਕਾਰ, ਪ੍ਰਭ ਸਾਚੇ ਸੇਵਕ ਸੇਵਾ ਲਾਈਆ । ਗੁਰ ਗੋਬਿੰਦਾ ਕਰੇ ਪਿਆਰ, ਦੋਵੇਂ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਸੁਣ ਪੁਕਾਰ, ਭਾਣਾ ਸਹਿਣਾ ਹੁਕਮ ਸੁਣਾਈਆ । ਕਾਇਆ ਮਾਟੀ ਜਾਏ ਹਾਰ, ਅਟੱਲ ਰਹਿਣ ਨਾ ਪਾਈਆ । ਏਕਾ ਸ਼ਬਦ ਹੋਏ ਜੈ ਜੈਕਾਰ, ਦੂਸਰ ਕੋਇ ਦਿਸ ਨਾ ਆਈਆ । ਸਾਲ ਤਰਤਾਲੀ ਗਿਆ ਹਾਰ, ਛੱਡ ਪੰਜਾਬ ਦੱਖਣ ਡੇਰਾ ਲਾਈਆ । ਪ੍ਰਭ ਜੋਤੀ ਨੂਰ ਕਰ ਆਕਾਰ, ਦੇਵੇ ਸ਼ਬਦ ਜਣਾਈਆ । ਗੋਦਾਵਰੀ ਕੰਢੇ ਸੁੱਤਾ ਪੈਰ ਪਸਾਰ, ਪ੍ਰਭ ਸਾਚਾ ਰਿਹਾ ਉਠਾਈਆ । ਸ਼ਬਦ ਸਿੰਘਾਸਣ ਇਕ ਅਪਾਰ, ਸਾਚਾ ਅੰਗੀਠਾ ਰਿਹਾ ਵਿਛਾਈਆ । ਨੀਲੇ ਘੋੜੇ ਹੋ ਅਸਵਾਰ, ਆਪ ਆਪਣਾ ਰੂਪ ਵਟਾਈਆ । ਮਿਲਿਆ ਮੇਲ ਹਰਿ ਨਿਰੰਕਾਰ, ਜੋਤੀ ਜੋਤ ਸਮਾਈਆ । ਆਪ ਉਠਾਏ ਭੁਜਾ ਪਸਾਰ, ਛੋਟਾ ਬਾਲਾ ਗੋਦ ਬਿਠਾਈਆ । ਦਿਤਾ ਵਰ ਸੱਚੀ ਸਰਕਾਰ, ਗੁਰ ਗੋਬਿੰਦ ਕਰੀ ਪੁਕਾਰ, ਅੰਤਮ ਮੇਲਾ ਵਿਚ ਸੰਸਾਰ, ਸਾਚੀ ਰੁੱਤ ਦਏ ਸੁਹਾਈਆ । ਤੇਗ ਬਹਾਦਰ ਮੀਤ ਮੁਰਾਰ, ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਕਲਜੁਗ ਅੰਤਮ ਲਏ ਜਗਾਈਆ । ਪੂਤ ਸਪੂਤਾ ਕਰੇ ਖ਼ਬਰਦਾਰ, ਗੁਰ ਗੋਬਿੰਦਾ ਦਏ ਉਪਾਈਆ । ਕਲਜੁਗ ਅੰਤਮ ਆਈ ਹਾਰ, ਹਰਿ ਬ੍ਰਹਮੇ ਮਾਣ ਗਵਾਈਆ । ਬ੍ਰਹਮਾ ਰੋਵੇ ਧਾਹਾਂ ਮਾਰ, ਗੁਰ ਤੇਗ ਬਹਾਦਰ ਤੇਰੀ ਇਹ ਵਡਿਆਈਆ । ਕਲਜੁਗ ਅੰਤਮ ਜਾਮਾ ਧਾਰ, ਸਿੰਘ ਪਾਲ ਨਾਮ ਰਖਾਈਆ । ਆਤਮ ਜੋਤੀ ਨੂਰ ਅਪਾਰ, ਹਰਿ ਸਾਚੀ ਬਿੰਦ ਉਪਾਈਆ । ਆਪ ਆਪਣੀ ਕਲ ਧਾਰ, ਪੰਜ ਤਤ ਰੱਤ ਉਪਾਈਆ । ਭੇਖਾਧਾਰੀ ਭੇਖ ਨਿਆਰ, ਆਪਣਾ ਬੈਠਾ ਮੁਖ ਛੁਪਾਈਆ । ਪਰਗਟ ਹੋ ਵਿਚ ਸੰਸਾਰ, ਸਿੰਘ ਸ਼ੇਰ ਨਾਉਂ ਰਖਾਈਆ । ਆਪੇ ਵਸਿਆ ਅੰਦਰ ਬਾਹਰ, ਗੁਪਤ ਜ਼ਾਹਿਰ ਰਿਹਾ ਸਮਾਈਆ । ਕਾਇਆ ਤਜੀ ਵਿਚ ਸੰਸਾਰ, ਸ਼ਬਦ ਉਡਾਰੀ ਇਕ ਲਗਾਈਆ । ਆਪੇ ਗਿਆ ਸਚ ਦਵਾਰ, ਆਦਿ ਰੂਪ ਆਦਿ ਹੋ ਆਈਆ । ਪਰਗਟ ਹੋ ਨਰ ਨਿਰੰਕਾਰ, ਛੱਬੀ ਪੋਹ ਵੱਜੀ ਵਧਾਈਆ । ਵੀਹ ਸੌ ਬਿਕ੍ਰਮੀ ਮਾਤ ਵਿਚਾਰ, ਨਿਹਕਲੰਕਾ ਜੋਤ ਜਗਾਈਆ । ਪੰਚਮ ਜੇਠ ਬੰਨ੍ਹੇ ਧਾਰ, ਗੁਰ ਗੋਬਿੰਦੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਕਰੀ ਕੁੜਮਾਈਆ । ਗੁਰ ਗੋਬਿੰਦੇ ਜੋਤ ਟਿਕਾਈ,

੨੫੨
੦੬

ਗੋਬਿੰਦ ਰੂਪ ਸਮਾਇੰਦਾ । ਜੀਵ ਜੰਤ ਭੇਵ ਨਾ ਕੋਇ ਪਾਈ, ਸਾਧ ਸੰਤ ਹਰਿ ਭੁਲਾਇੰਦਾ । ਹਰਿਜਨ ਜੁਗ ਜੁਗ ਵਿਛੜੇ ਮੇਲਾ ਰਿਹਾ ਮਿਲਾਈ, ਆਪ ਆਪਣੀ ਦਇਆ ਕਮਾਇੰਦਾ । ਚੋਬਦਾਰ ਹਰਿ ਨਿਰੰਕਾਰ ਰਾਤੀ ਸੁਤਿਆਂ ਜਾ ਜਗਾਈ, ਫੜ ਫੜ ਬਾਹੋਂ ਆਪਣਾ ਦਰਸ ਦਿਖਾਇੰਦਾ । ਗੁਰ ਗੋਬਿੰਦਾ ਸਾਚਾ ਰਾਹੀ, ਮਾਛੂਵਾੜਾ ਭੁੱਲਿਆ ਨਾਹੀਂ, ਨੰਗੀ ਪੈਰੀਂ ਚਰਨ ਉਠਾਇੰਦਾ । ਗੁਰਮੁਖਾਂ ਕੱਟਣ ਆਇਆ ਫਾਹੀ, ਦੋ ਜਹਾਨੀ ਬਣ ਮਲਾਹੀ, ਸ਼ਬਦ ਖੰਡਾ ਇਕ ਉਠਾਇੰਦਾ । ਦੇਵਣਹਾਰਾ ਠੰਢੀਆਂ ਛਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਾਉਂ ਰਖਾਇੰਦਾ । ਹਰਿ ਗੋਬਿੰਦ ਸਾਚੀ ਧਾਰ, ਆਪੇ ਰਿਹਾ ਬੰਧਾਈਆ । ਕਲਜੁਗ ਕਾਇਆ ਕਰਮ ਵਿਚਾਰ, ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਆਈ ਹਾਰ, ਵੇਲੇ ਅੰਤਮ ਦਏ ਦੁਹਾਈਆ । ਮਾਇਆ ਰਾਣੀ ਹੋ ਤਿਆਰ, ਦਰ ਦਰ ਰਹੀ ਅਲਖ ਜਗਾਈਆ । ਜੂਠਾ ਝੂਠਾ ਕਰ ਪਸਾਰ, ਚੁਗਲੀ ਨਿੰਦਿਆ ਮੁਖ ਰਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਤ੍ਰਿਸ਼ਨ ਵਧਾਈਆ । ਹਉਮੇ ਹੰਗਤਾ ਰੋਗ ਹੰਕਾਰ, ਭੁੱਖਾ ਨੰਗਾ ਜੀਵ ਕਰਾਈਆ । ਗੁਰਮੁਖ ਵਿਰਲਾ ਮੰਗਤਾ ਇਕ ਦਰਬਾਰ, ਮੰਗੇ ਦਰਸ ਸਦਾ ਪਰਭਾਤੀਆ । ਸਾਚੀ ਰੰਗਣ ਰੰਗ ਕਰਤਾਰ, ਆਪ ਆਪਣਾ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸੇਵਾ ਲਾਈਆ । ਗੋਬਿੰਦ ਕਾਇਆ ਸਾਚਾ ਧੜ, ਸਾਚੀ ਸੇਵ ਕਮਾਇੰਦਾ । ਪੁਰਖ ਅਬਿਨਾਸ਼ੀ ਅੱਗੇ ਖੜ੍ਹ, ਦੇਵੀ ਦੇਵ ਨਿਵਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਸਿੰਘਾਸਣ ਆਸਣ ਇਕ ਵਿਛਾਇੰਦਾ । ਏਕਾ ਅੱਖਰ ਗਿਆ ਪੜ੍ਹ, ਪ੍ਰਭ ਸਾਚੀ ਵਿਦਿਆ ਆਪ ਪੜ੍ਹਾਇੰਦਾ । ਲੱਖ ਚੁਰਾਸੀ ਨਾਲ ਰਿਹਾ ਲੜ, ਨਾਮ ਖੰਡਾ

੨੫੩ ੦੬ ਇਕ ਉਠਾਇੰਦਾ । ਆਪ ਉਖੇੜੇ ਲੱਗੀ ਜੜ੍ਹ, ਕਲਜੁਗ ਤੇਰੀ ਜੜ੍ਹ ਪੁਟਾਇੰਦਾ । ਸਤਿਜੁਗ ਸਾਚਾ ਧਰਤ ਮਾਤ ਦੀ ਗੋਦੀ ਜਾਏ ਵੜ, ਪ੍ਰਭ ਸਾਚਾ ਜਨਮ ਦਵਾਇੰਦਾ । ਸੰਤ ਸੁਹੇਲੇ ਲਏ ਬਾਹੋਂ ਫੜ, ਸਾਚੀ ਸਿਖਿਆ ਇਕ ਵਖਾਇੰਦਾ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਚਰਨ ਪ੍ਰੀਤੀ ਇਕ ਰਖਾਇੰਦਾ । ਨਾ ਕੋਈ ਪੀਵੇ ਹੁੱਕਾ ਨੜ, ਪੁਰਖ ਅਬਿਨਾਸ਼ੀ ਹੁਕਮ ਜਣਾਇੰਦਾ । ਮਦਿਰਾ ਮਾਸੀ ਜਾਇਣ ਸੜ, ਲੇਖਾ ਅੰਤਮ ਹੱਥ ਰਖਾਇੰਦਾ । ਕਲਜੁਗ ਵਹਿਣ ਵਹਾਏ ਹੜ੍ਹ, ਧਾਰਮਿਕ ਧਾਰਾ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਗੋਬਿੰਦ ਕਾਇਆ ਦਰ ਦਰਵਾਜ਼ਾ, ਹਰਿ ਸਾਚੇ ਮਾਤ ਖੁਲ੍ਹਾਇਆ ਏ । ਖੇਲੇ ਖੇਲ ਗਰੀਬ ਨਿਵਾਜਾ, ਗਰੀਬ ਨਿਮਾਣੇ ਗਲੇ ਲਗਾਇਆ ਏ । ਚਿੱਟਾ ਅਸਵ ਰੱਖੇ ਤਾਜਾ, ਲੋਆਂ ਪੁਰੀਆਂ ਰਿਹਾ ਦੁੜਾਇਆ ਏ । ਭਗਤਾਂ ਮਾਰੇ ਘਰ ਘਰ ਅਵਾਜ਼ਾ, ਦਿਵਸ ਰੈਣ ਰਿਹਾ ਜਗਾਇਆ ਏ । ਕਲਜੁਗ ਅੰਤਮ ਰਚਿਆ ਕਾਜਾ, ਦੇਸ ਮਾਝਾ ਬਣਤ ਬਣਾਇਆ ਏ । ਗੁਰ ਗੋਬਿੰਦੇ ਸਾਜਣ ਸਾਜਾ, ਸ਼ਸਤਰ ਬਸਤਰ ਇਕ ਸਜਾਇਆ ਏ । ਨਾਲ ਰਲਾਇਆ ਅਨਹਦ ਵਾਜਾ, ਰਾਗ ਰਾਗਨੀ ਮੁਖ ਛੁਪਾਇਆ ਏ । ਧੁਰ ਦਰਗਾਹੀ ਆਇਆ ਭਾਗਾ, ਸਾਚੇ ਮੰਦਰ ਡੇਰਾ ਲਾਇਆ ਏ । ਏਕਾ ਦੇਵੇ ਸਾਚਾ ਦਾਜਾ, ਸੋਹੰ ਪੱਲੂ ਗੰਢ ਬੰਧਾਇਆ ਏ । ਆਪੇ ਹੋਏ ਰਾਜਨ ਰਾਜਾ, ਦਰ ਦਰਬਾਰੀ ਆਪ ਅਖਵਾਇਆ ਏ । ਗੁਰਮੁਖਾਂ ਰੱਖਣ ਆਇਆ ਲਾਜਾ, ਲਾਜਾਵੰਤ ਹਰਿ ਰਘੁਰਾਇਆ ਏ । ਨਾਮ ਚਲਾਏ ਸਚ ਜਹਾਜ਼ਾ, ਹਰਿ ਬੇੜਾ ਰਿਹਾ ਤਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਘਰ ਆਪਣਾ ਇਕ ਸੁਹਾਇਆ ਏ । ਗੋਬਿੰਦ ਕਾਇਆ ਸਾਚਾ

ਘਰ, ਹਰਿ ਸਾਚੇ ਬਣਤ ਬਣਾਈਆ । ਬੰਦ ਕਰਾਏ ਨੌ ਦਰ, ਸੁਰਤੀ ਸੁਰਤ ਮੁਖ ਛੁਪਾਈਆ । ਆਪ ਨੁਹਾਏ ਸਾਚੇ ਸਰ, ਕਾਗੋਂ ਹੰਸ ਬਣਾਈਆ । ਦੇਵਣਹਾਰਾ ਆਪੇ ਵਰ, ਆਪੇ ਮੇਲ ਮਿਲਾਈਆ । ਬੰਦ ਕਿਵਾੜੀ ਖੋਲ੍ਹੇ ਦਰ, ਦਰ ਦਸਵਾਂ ਬੂਝ ਬੁਝਾਈਆ । ਸ਼ਬਦ ਸਿੰਘਾਸਣ ਉਪਰ ਚੜ੍ਹ, ਹਰਿ ਵੇਖੇ ਸਰਬ ਲੋਕਾਈਆ । ਹਰਿ ਸੰਤ ਸੁਹੇਲੇ ਆਪ ਫੜਾਏ ਆਪਣਾ ਲੜ, ਦਰ ਦਵਾਰੇ ਲਏ ਬਹਾਈਆ । ਨਾ ਮਰੇ ਨਾ ਜਾਏ ਸੜ, ਗੋਰ ਮੜ੍ਹ ਨਾ ਕੋਇ ਟਿਕਾਈਆ । ਹਰ ਘਟ ਅੰਦਰ ਬੈਠਾ ਵੜ, ਆਪ ਆਪਣਾ ਮੁਖ ਛੁਪਾਈਆ । ਅੱਖਰ ਵੱਖਰ ਰਿਹਾ ਪੜ੍ਹ, ਏਕਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਸਰ, ਸਰ ਸਰੋਵਰ ਏਕਾ ਥਾਨ ਸੁਹਾਈਆ । ਗੁਰਮੁਖ ਕਾਇਆ ਸਾਚਾ ਸਰ, ਹਰਿ ਸਾਚਾ ਤਾਲ ਸੁਹਾਇੰਦਾ । ਅੰਮ੍ਰਿਤ ਆਤਮ ਆਪੇ ਭਰ, ਆਪੇ ਜਾਲ ਵਿਛਾਇੰਦਾ । ਆਵਣ ਜਾਵਣ ਚੁੱਕੇ ਡਰ, ਜਿਸ ਜਨ ਦਇਆ ਕਮਾਇੰਦਾ । ਆਪ ਆਪਣੇ ਜਿਹਾ ਕਰ, ਆਪਣੇ ਰੰਗ ਰੰਗਾਇੰਦਾ । ਆਪੇ ਖੋਲ੍ਹਣਹਾਰਾ ਦਰ, ਆਪੇ ਬੰਦ ਰਖਾਇੰਦਾ । ਆਪੇ ਘਾੜਨ ਸਾਚਾ ਘੜ, ਆਪੇ ਭੰਨ ਵਖਾਇੰਦਾ । ਆਪ ਉਖੇੜੇ ਸਭ ਦੀ ਲੱਗੀ ਜੜ੍ਹ, ਆਪੇ ਮਾਰਗ ਪਾਇੰਦਾ । ਆਪੇ ਕਾਇਆ ਮੰਦਰ ਅੰਦਰ ਲਏ ਫੜ, ਆਪੇ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਘਰ, ਨਰ ਨਰਾਇਣ ਨਰ ਹਰਿ ਡੇਰਾ ਲਾਇੰਦਾ । ਆਪ ਆਪਣੀ ਕਿਰਪਾ ਕਰ, ਦਰ ਘਰ ਏਕਾ ਪਾਇਆ ਏ । ਸ਼ਬਦ ਭੰਡਾਰਾ ਜਗਤ ਭਰ, ਹਰਿ ਸਾਚਾ ਰਿਹਾ ਵਰਤਾਇਆ ਏ । ਜੋਤ ਸਰੂਪੀ ਜੋਤ ਧਰ, ਸ਼ਬਦ ਸਰੂਪੀ ਦੇਵੇ ਵਰ, ਵਰ ਵਰਿਆਮ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਗੜ੍ਹ, ਆਪੇ ਵੇਖੇ ਉਪਰ ਚੜ੍ਹ, ਵੇਖਣਹਾਰਾ ਦਿਸ ਨਾ ਆਇਆ ਏ । ਗੋਬਿੰਦ ਕਾਇਆ ਸਾਚਾ ਹਾਟ, ਪ੍ਰਭ ਸਾਚਾ ਮਾਤ ਖੁਲ੍ਹਾਇੰਦਾ । ਸ਼ਬਦ ਰਖਾਏ ਸਾਚਾ ਪਾਟ, ਗੁਰਮੁਖਾਂ ਤਨ ਪਹਿਨਾਇੰਦਾ । ਦੀਪਕ ਜੋਤੀ ਜਗੇ ਲਿਲਾਟ, ਜਿਸ ਜਨ ਮਸਤਕ ਟਿੱਕਾ ਤਿਲਕ ਲਗਾਇੰਦਾ । ਬਜਰ ਕਪਾਟੀ ਜਾਏ ਪਾਟ, ਛਿਲਕਾ ਛਿਲਕ ਲੁਹਾਇੰਦਾ । ਸ਼ਬਦ ਹਥੌੜਾ ਮਾਰੇ ਸਾਟ, ਆਪੇ ਕੁੰਡਾ ਲਾਹਿੰਦਾ । ਇਕ ਵਖਾਏ ਨੇੜੇ ਵਾਟ, ਨਿਜ ਘਰ ਵਾਸੀ ਰੂਪ ਵਟਾਇੰਦਾ । ਲੇਖਾ ਚੁੱਕੇ ਆਨ ਬਾਟ, ਆਪ ਆਪਣੇ ਰੰਗ ਰੰਗਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟ, ਸਰ ਸਰੋਵਰ ਇਕ ਵਖਾਇੰਦਾ । ਗੁਰਮੁਖ ਚੜ੍ਹਨਾ ਸਾਚੇ ਘਾਟ, ਔਖੀ ਘਾਟੀ ਪਾਰ ਕਰਾਇੰਦਾ । ਜਗੇ ਜੋਤ ਕਾਇਆ ਮਾਟ, ਅੰਧ ਅੰਧੇਰਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਪੰਚਮ ਮੀਤਾ ਪੰਚਮ ਪਿਆਰਾ, ਪੰਚਮ ਜੋਤ ਜਗਾਇੰਦਾ । ਪੰਚਮ ਸੀਸ ਨਾਮ ਦਸਤਾਰਾ, ਏਕਾ ਏਕ ਬੰਧਾਇੰਦਾ । ਪੰਚਮ ਤਨ ਪਹਿਨਾਏ ਕਟਾਰਾ, ਸਾਚਾ ਖੰਡਾ ਨਾਉਂ ਰਖਾਇੰਦਾ । ਪੰਚਮ ਮੇਲਾ ਹਰਿ ਗਿਰਧਾਰਾ, ਸਾਚੀ ਵੰਡਾ ਵੰਡ ਵੰਡਾਇੰਦਾ । ਆਪ ਬੈਠ ਤਖ਼ਤ ਸੱਚੀ ਸਰਕਾਰਾ, ਸਾਚਾ ਲੇਖ ਲਿਖਾਇੰਦਾ । ਪਰਗਟ ਹੋ ਵਿਚ ਸੰਸਾਰਾ, ਸਾਚੀ ਧਾਰਾ ਮਾਤ ਚਲਾਇੰਦਾ । ਆਪੇ ਕਰੇ ਖ਼ਬਰਦਾਰਾ, ਹਰਿ ਸੋਏ ਮਾਤ ਜਗਾਇੰਦਾ । ਏਕਾ ਦੇਵੇ ਸ਼ਬਦ ਹੁਲਾਰਾ, ਪਵਣ ਪਵਣੀ ਸੇਵਾ ਲਾਇੰਦਾ । ਕਲਜੁਗ ਕਰਮ ਹਰਿ ਵਿਚਾਰਾ, ਸਾਚਾ ਧਰਮ ਧਰਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਗੁਰ ਗੋਬਿੰਦਾ ਮੀਤ ਮੁਰਾਰਾ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਆਪ ਜਣਾਇੰਦਾ ।

੨੫੪
੦੬

ਜੋਤ ਅਕਾਲ ਜੋਤ ਧਰ, ਲੋਕਮਾਤ ਕਲ ਆਇਆ । ਸ਼ਬਦ ਦਲਾਲੀ ਇਕ ਵਰ, ਇਕ ਸਲੋਕ ਰਖਾਇਆ । ਹੱਕ ਹਲਾਲੀ ਵੇਖ ਘਰ, ਸਾਚਾ ਹੱਕ ਜਣਾਇਆ । ਪੰਥ ਵਾਲੀ ਜੋਤ ਧਰ, ਗੋਬਿੰਦ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਗਰ ਖੇੜਾ ਇਕ ਵਸਾਇਆ । ਨਗਰ ਖੇੜਾ ਸਾਚਾ, ਹਰਿ ਸਾਚਾ ਆਪ ਵਸਾਇੰਦਾ । ਮਾਟੀ ਭਾਂਡਾ ਕਾਚਾ, ਪੰਚਮ ਤਤ ਜਣਾਇੰਦਾ । ਪੁਰਖ ਅਬਿਨਾਸ਼ੀ ਧਾਮ ਅਗੰਮੇ ਆਪੇ ਰਾਚਾ, ਦਿਸ ਕਿਸੇ ਨਾ ਆਇੰਦਾ । ਨਾਮ ਜਪਾਏ ਸਾਚੋ ਸਾਚਾ, ਸਚ ਵਸਤ ਹਰਿ ਝੋਲੀ ਪਾਇੰਦਾ । ਸ੍ਰਿਸ਼ਟ ਸਬਾਈ ਲਗਾਏ ਅਗਨ ਤਮਾਚਾ, ਅੰਤਮ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਸਤਿਗੁਰ ਸਾਚਾ ਸਚ ਹੈ, ਸਾਚਾ ਵਣਜ ਕਰਾਏ । ਗੁਰਮੁਖ ਸਾਚਾ ਸਚ ਹੈ, ਸਾਚੀ ਸਰਨ ਤਕਾਏ । ਮਨਮੁਖ ਰਿਹਾ ਨੱਚ ਹੈ, ਦਰ ਦਵਾਰਾ ਮੂਲ ਨਾ ਭਾਏ । ਸਤਿਗੁਰ ਸਾਚਾ ਸਚ ਹੈ, ਸਾਚਾ ਹੱਟ ਖੁਲ੍ਹਾਏ । ਗੁਰਮੁਖ ਸਾਚਾ ਸਚ ਹੈ, ਤਨ ਸਾਚਾ ਪਟ ਬੰਧਾਏ । ਬੇਮੁਖ ਭਾਂਡਾ ਕੱਚ ਹੈ, ਪ੍ਰਭ ਅੰਤਮ ਭੰਨ ਵਖਾਏ । ਸਤਿਗੁਰ ਸਾਚਾ ਸਚ ਹੈ, ਸਾਚੀ ਜੋਤ ਜਗਾਏ । ਗੁਰਮੁਖ ਸਾਚਾ ਸਚ ਹੈ, ਵਰਨ ਗੋਤ ਵਿਚ ਨਾ ਆਏ । ਮਨਮੁਖ ਮਾਇਆ ਅਗਨੀ ਰਹੀ ਮੱਚ ਹੈ, ਕਲਜੁਗ ਕਾਇਆ ਰਿਹਾ ਜਲਾਏ । ਸਤਿਗੁਰ ਸਾਚਾ ਸਚ ਹੈ, ਸਾਚਾ ਨੂਰ ਕਰੇ ਰੁਸ਼ਨਾਏ । ਗੁਰਮੁਖ ਸਾਚਾ ਸਚ ਹੈ, ਸ਼ਬਦ ਤੂਰ ਉਪਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਹਰਿ ਹਰ ਥਾਂਏ । ਸਤਿਗੁਰ ਸਾਚਾ ਮੀਤ ਹੈ, ਦੋ ਜਹਾਨਾਂ ਵਾਲੀ । ਗੁਰਮੁਖ ਇਕ ਪ੍ਰੀਤ ਹੈ, ਚਰਨ ਕਵਲ ਰਖਾ ਲੀ । ਮਨਮੁਖਾਂ ਪਰਖੇ ਨੀਤ ਹੈ, ਫਲ ਦਿਸੇ ਨਾ ਕਿਸੇ ਡਾਲ੍ਹੀ । ਹਰਿ ਬੈਠਾ ਇਕ ਅਤੀਤ ਹੈ, ਕੋਟਨ ਕੋਟ ਖੜ੍ਹੇ ਸਵਾਲੀ । ਗੁਰਮੁਖ ਮਾਨਸ ਦੇਹੀ ਜਾਏ ਜੀਤ ਹੈ, ਹਰਿ ਦੇਵੇ ਸ਼ਬਦ ਦਲਾਲੀ । ਮਨਮੁਖ ਕਾਇਆ ਕੌੜਾ ਰੀਠ ਹੈ, ਜੂਠੀ ਝੂਠੀ ਤਨ ਜੰਜਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬਣਿਆ ਸ਼ਾਹ ਕੰਗਾਲੀ । ਸਤਿਗੁਰ ਸਾਚਾ ਸਚ ਹੈ, ਕਰਾਏ ਵਣਜ ਵਪਾਰਾ । ਗੁਰਮੁਖ ਸਾਚਾ ਸਚ ਹੈ, ਮੰਗੇ ਚਰਨ ਪਿਆਰਾ । ਸਤਿਗੁਰ ਸਾਚਾ ਸਚ ਹੈ, ਏਕਾ ਭਰੇ ਨਾਮ ਭੰਡਾਰਾ । ਗੁਰਮੁਖ ਸਾਚਾ ਸਚ ਹੈ, ਸੋਹੇ ਬੰਕ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦੇਵੇ ਵਰ, ਮਿਲੇ ਮੇਲ ਅਪਰ ਅਪਾਰਾ । ਕਲਜੁਗ ਅੰਤਮ ਵਰ ਘਰ ਪਾਇਆ, ਗੁਰਸਿਖ ਵੱਜੀ ਵਧਾਈਆ । ਨੌ ਦਵਾਰੇ ਪਾਰ ਕਰਾਇਆ, ਪ੍ਰਭ ਸਾਚੇ ਦਇਆ ਕਮਾਈਆ । ਏਕਾ ਪਲੂ ਨਾਮ ਫੜਾਇਆ, ਸਾਚੇ ਮਾਰਗ ਰਿਹਾ ਚਲਾਈਆ । ਡੂੰਘੀ ਡੱਲ ਵੇਖ ਵਖਾਇਆ, ਜੋਤ ਨਿਰੰਜਣ ਕਰ ਰੁਸ਼ਨਾਈਆ । ਘਲੂ ਘਾਰ ਨਾ ਕੋਇ ਮਚਾਇਆ, ਹਰਿ ਪੰਚਾਂ ਮਾਰ ਮਿਟਾਈਆ । ਅੰਮ੍ਰਿਤ ਆਤਮ ਫਲ ਇਕ ਖਵਾਇਆ, ਸਚ ਸਰੋਵਰ ਨੁਹਾਵਣ ਨੁਹਾਈਆ । ਅਨਹਦ ਟੱਲੂ ਇਕ ਵਜਾਇਆ, ਹਰਿ ਸਾਚੇ ਤਾਰ ਹਿਲਾਈਆ । ਆਤਮ ਸੇਜਾ ਇਕ ਵਿਛਾਇਆ, ਸ਼ਬਦ ਸਿੰਘਾਸਣ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਜਨ ਭਗਤਾਂ ਨਾਮ ਕਰੇ ਕੁੜਮਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਨਿਰਗੁਣ ਹਰਿ ਰੰਗ ਰਾਤਾ । ਹੱਥੀਂ ਬੰਨ੍ਹੇ ਨਾਮ ਗਾਨਾ, ਪਾਰਬ੍ਰਹਮ ਪੁਰਖ ਗਿਆਤਾ । ਇਕ ਝੁਲਾਏ ਧਰਮ ਨਿਸ਼ਾਨਾ, ਨੌਂਵਾਂ ਖੰਡਾਂ ਦੀਪਾਂ ਸਾਤਾ । ਹਰਿਜਨ ਸਾਚੇ ਮੇਲ ਮਿਲਾਨਾ, ਸਾਚਾ ਮੇਲਾ ਕਮਲਾਪਾਤਾ । ਸ਼ਬਦ ਸੁਣਾਏ ਧੁਰ ਫ਼ਰਮਾਣਾ, ਸੋਹੰ ਦੇਵੇ ਸਚ ਸੁਗ਼ਾਤਾ । ਭੇਵ ਨਾ ਜਾਣੇ ਊਚ ਨੀਚ ਰਾਓ ਰੰਕ ਰਾਜਾਨਾ, ਸ੍ਰਿਸ਼ਟ

ਸਬਾਈ ਪਿਤਾ ਮਾਤਾ । ਸਤਿਗੁਰ ਸਾਚਾ ਸ਼ਾਹੋ ਸ਼ਹਾਨਾ, ਮੇਟ ਮਿਟਾਏ ਜ਼ਾਤਾ ਪਾਤਾ । ਏਕਾ ਛਤਰ ਸੀਸ ਝੁਲਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਮੇਲਾ ਇਕ ਇਕਾਂਤਾ । ਇਕ ਇਕਾਂਤਾ ਇਕ ਇਕੱਲਾ, ਏਕਾ ਧਾਰ ਬੰਧਾਇੰਦਾ । ਭਾਰਤ ਖੰਡੀ ਸਚ ਮਹੱਲਾ, ਆਪਣਾ ਆਪ ਬਣਾਇੰਦਾ । ਸੰਮਤ ਚੌਦਾਂ ਕਰ ਕਰ ਹੱਲਾ, ਗੁਰਮੁਖ ਸਾਚੇ ਆਪ ਜਗਾਇੰਦਾ । ਜੋਤੀ ਸ਼ਬਦੀ ਆਪੇ ਰਲਾ, ਪਵਣ ਸੁਨੇਹੜਾ ਹਰਿ ਸੁਣਾਇੰਦਾ । ਮਿਲੇ ਮੇਲ ਗੋਬਿੰਦ ਡੱਲਾ, ਸਾਚਾ ਮੇਲੀ ਮੇਲ ਕਰਾਇੰਦਾ । ਲਾਏ ਭਾਗ ਹਰਿ ਜਲ ਥਲਾ, ਸਾਚਾ ਵਕਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਏਕਾ ਦੇਵੇ ਸ਼ਬਦ ਅਧਾਰ, ਆਪਣਾ ਪੱਲਾ ਆਪ ਫੜਾਇੰਦਾ । ਸ਼ਬਦ ਅਧਾਰੀ ਹਰਿ ਨਿਰੰਕਾਰੀ, ਗੁਰਮੁਖ ਸਾਚੇ ਮਾਤ ਤਰਾਇੰਦਾ । ਆਪੇ ਦੇਵੇ ਸਚ ਉਡਾਰੀ, ਲੋਆਂ ਪੁਰੀਆਂ ਪਾਰ ਉਤਾਰੀ, ਸਾਚਾ ਰਾਹ ਵਖਾਇੰਦਾ । ਜੋਤ ਨਿਰੰਜਣ ਸੇਵਾਦਾਰੀ, ਨੇਤਰ ਅੰਜਨ ਪਹਿਲੀ ਵਾਰੀ, ਆਪਣੀ ਹੱਥੀਂ ਆਪੇ ਪਾਇੰਦਾ । ਲੱਖ ਚੁਰਾਸੀ ਹੋਏ ਖੁਆਰੀ, ਚਾਰੋਂ ਕੁੰਟ ਹਾਹਾਕਾਰੀ, ਰਾਏ ਧਰਮ ਸੇਵਾ ਲਾਇੰਦਾ । ਹਰਿਜਨ ਸਾਚੇ ਮੀਤ ਮੁਰਾਰੀ, ਆਪ ਸੁਹਾਏ ਬੰਕ ਦਵਾਰੀ, ਆਪ ਆਪਣਾ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਧਾਰਾ ਆਪ ਚਲਾਇੰਦਾ । ਜੋਤੀ ਧਾਰ ਵਿਚ ਸੰਸਾਰ, ਆਪਣੀ ਆਪ ਚਲਾਇੰਦਾ । ਸ਼ਬਦ ਦੋ ਅੱਖਰ ਕਰ ਤਿਆਰ, ਲੋਆਂ ਪੁਰੀਆਂ ਹਰਿ ਵਰਤਾਇੰਦਾ । ਸਤਿ ਪੁਰਖ ਨਿਰੰਜਣ ਅਪਰ ਅਪਾਰ, ਜੋਤ ਨਿਰੰਜਣ ਸੇਵਾ ਲਾਇੰਦਾ । ਜੋਤ ਨਿਰੰਜਣ ਖ਼ਬਰਦਾਰ, ਜਨ ਭਗਤਾਂ ਆਪ ਜਗਾਇੰਦਾ । ਲਹਿਣਾ ਦੇਣਾ ਕਰਜ਼ ਉਤਾਰ, ਪਿਛਲਾ ਮੂਲ ਚੁਕਾਇੰਦਾ । ਭਾਣਾ ਸਹਿਣਾ ਵਿਚ ਸੰਸਾਰ, ਏਕਾ ਚਰਨ ਓਟ ਧਰਾਇੰਦਾ । ਕਲਜੁਗ ਅੰਤਮ ਵਹਿਣ ਵਹਿਣਾ, ਆਪ ਵਖਾਏ ਸਾਚੇ ਨੈਣਾ, ਵੇਖੇ ਖੇਲ ਪਰਵਰਦਿਗਾਰ ਦਾ । ਨਾਤਾ ਤੁੱਟੇ ਭਾਈ ਭੈਣ ਮਾਤ ਪਿਤ ਕੋਈ ਨਾ ਰਹਿਣਾ, ਨਾਰੀ ਕੰਤ ਨਾ ਪਾਏ ਨਾ ਹੰਢਾਏ ਰੰਗ ਸੁਹਾਗ ਦਾ । ਸਾਧ ਸੰਤ ਕੋਈ ਦਿਸ ਨਾ ਆਏ, ਜੀਵ ਜੰਤ ਫਿਰਨ ਹਲਕਾਏ, ਪ੍ਰਭ ਸਾਚਾ ਏਕਾ ਖੰਡਾ ਸੋਹੰ ਵਿਚ ਬ੍ਰਹਿਮੰਡਾਂ ਮਾਰਦਾ । ਕਲਜੁਗ ਤੇਰਾ ਭੇਖ ਪਖੰਡਾ, ਆਪੇ ਵੱਢੇ ਹਰਿ ਹਰਿ ਕੰਡਾਂ, ਅੰਤਮ ਤੇਰੀ ਝੋਲੀ ਡਾਰਦਾ । ਰਾਜ ਰਾਜਾਨਾਂ ਤੋੜ ਘਮੰਡਾ, ਸ਼ਾਹ ਸੁਲਤਾਨਾਂ ਵੱਢੇ ਕੰਡਾਂ, ਤਖ਼ਤ ਤਾਜ ਮਹੱਲ ਨਾ ਕੋਈ ਉਸਾਰਦਾ । ਜਨ ਭਗਤਾਂ ਪਾਏ ਆਪੇ ਵੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਆਪ ਵਿਚਾਰਦਾ । ਸਾਚਾ ਸੰਮਤ ਆਪ ਵਿਚਾਰੇ, ਹਰਿ ਸਾਚਾ ਲੇਖ ਲਿਖਾਇੰਦਾ । ਕਲਜੁਗ ਸੰਮਤੀ ਹੌਲੇ ਭਾਰੇ, ਸੰਮਤ ਸੋਲਾਂ ਨੇੜੇ ਆਇੰਦਾ । ਸਾਚੇ ਸੰਮਤ ਕਰ ਵਿਚਾਰੇ, ਜਗ ਸੰਮਤੀ ਮੇਟ ਮਿਟਾਇੰਦਾ । ਗੁਰਮੁਖਾਂ ਵੰਡ ਵੰਡਾਵਣ ਆਇਆ, ਜਗ ਦਾਤਾ ਹਰਿ ਦਲਾਲ । ਸਾਚੀ ਖੋਜ ਖੁਜਾਵਣ ਆਇਆ, ਹਰਿਜਨ ਪਕੜ ਉਠਾਏ ਸਾਚੇ ਲਾਲ । ਏਕਾ ਦੂਜਾ ਭਉ ਚੁਕਾਵਣ ਆਇਆ, ਫਲ ਲਗਾਏ ਕਾਇਆ ਡਾਲ । ਨੇਤਰ ਤੀਜਾ ਆਪ ਖੁਲਾਵਣ ਆਇਆ, ਏਕਾ ਮਾਰੇ ਸ਼ਬਦ ਉਛਾਲ । ਚੌਥਾ ਘਰ ਆਪ ਸੁਹਾਵਣ ਆਇਆ, ਦਿਵਸ ਰੈਣ ਕਰੇ ਪ੍ਰਿਤਪਾਲ । ਕਾਇਆ ਮੰਦਰ ਅੰਦਰ ਡੇਰਾ ਲਾਵਣ ਆਇਆ, ਦੀਪਕ ਜੋਤੀ ਏਕਾ ਬਾਲ । ਲਹਿਣਾ ਦੇਣਾ ਮੂਲ ਚੁਕਾਇਆ, ਬੈਠ ਧਰਮ ਸੱਚੀ ਧਰਮਸਾਲ । ਨੇਤਰ ਨੈਣ ਦਰਸ ਦਿਖਾਵਣ ਆਇਆ, ਦਾਨੀ ਦਾਤਾ ਸ਼ਾਹ ਕੰਗਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਅਵੱਲੜੀ ਚਾਲ । ਜਗਤ ਅਵੱਲੜੀ ਚਾਲ ਹਰਿ ਚਲਾਈਆ । ਜੋਤ ਇਕੱਲੜੀ ਦੀਨ ਦਿਆਲ, ਏਕਾ

ਏਕ ਪਰਗਟਾਈਆ । ਵੇਖੇ ਪੇਖੇ ਕਾਇਆ ਖਲੜੀ ਖਾਲ, ਕਵਣ ਦਵਾਰ ਵੱਜੇ ਵਧਾਈਆ । ਗੁਰਮੁਖ ਸਾਜਣ ਸਾਚੇ ਲਾਲ, ਆਪੇ ਰਿਹਾ ਉਠਾਈਆ । ਕਾਇਆ ਮੰਦਰ ਸਚ ਸੱਚੀ ਧਰਮਸਾਲ, ਹਰਿ ਸ਼ਬਦ ਹੋਏ ਜਣਾਈਆ । ਦੀਪਕ ਜੋਤੀ ਜਗੇ ਮਸਤਕ ਬਾਲ, ਗਗਨ ਗਗਨੰਤਰ ਵੇਖ ਵਖਾਈਆ । ਸੋਹੰ ਮੰਤਰ ਅਪਰ ਅਪਾਰ, ਕਾਲ ਮਹਾਂਕਾਲ ਨੇੜ ਨਾ ਆਈਆ । ਦਸਮ ਦਵਾਰੀ ਇਕ ਦਲਾਲ, ਪ੍ਰਭ ਬੈਠਾ ਆਸਣ ਲਾਈਆ । ਨੌ ਦਵਾਰੇ ਜਗਤ ਜੰਜਾਲ, ਮਾਇਆ ਮੋਹ ਰਹੀ ਵਿਛਾਈਆ । ਅੰਮ੍ਰਿਤ ਆਤਮ ਆਪ ਵਖਾਏ ਸਾਚਾ ਤਾਲ, ਹਰਿਜਨ ਸਾਚਾ ਨੁਹਾਵਣ ਨੁਹਾਈਆ । ਆਪ ਲਵਾਏ ਸਾਚੀ ਛਾਲ, ਕਾਗੋਂ ਹੰਸ ਬਣਾਈਆ । ਆਪੇ ਹੋਏ ਹਾਲ ਬੇਹਾਲ, ਬੇਹਾਲਾ ਆਪ ਅਖਵਾਈਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਸਦ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਰਿਹਾ ਵੰਡਾਈਆ । ਸੰਮਤ ਤੇਰਾਂ ਤੇਰੀ ਵੰਡ, ਕਲਜੁਗ ਆਪ ਕਰਾਇੰਦਾ । ਕਲਜੁਗ ਮੇਟੇ ਭੇਖ ਪਖੰਡ, ਸਾਧਾਂ ਸੰਤਾਂ ਵੇਖ ਵਖਾਇੰਦਾ । ਰਾਜ ਰਾਜਾਨਾਂ ਤੋੜ ਘਮੰਡ, ਤਖ਼ਤ ਤਾਜ ਨਾ ਕੋਈ ਦਿਸਾਇੰਦਾ । ਆਪੇ ਕਰੇ ਖੰਡ ਖੰਡ, ਖੰਡਾ ਆਪਣੇ ਹੱਥ ਉਠਾਇੰਦਾ । ਹਰਿ ਜੋਤੀ ਚਮਕੇ ਚੰਡ ਪਰਚੰਡ, ਬ੍ਰਹਿਮੰਡਾਂ ਤੇਜ ਵਧਾਇੰਦਾ । ਮਨਮੁਖ ਨਾਰ ਦੁਹਾਗਣ ਦਿਸੇ ਰੰਡ, ਕੰਤ ਸੰਤ ਨਾ ਕੋਈ ਹੰਢਾਇੰਦਾ । ਜਨ ਭਗਤਾਂ ਪਾਈ ਸਾਚੀ ਵੰਡ, ਰੁੱਤ ਬਸੰਤੀ ਇਕ ਸੁਹਾਇੰਦਾ । ਲੇਖਾ ਚੁੱਕੇ ਖਾਣੀ ਜੇਰਜ ਅੰਡ, ਉਤਭੁਜ ਸੇਤਜ ਮੇਟ ਮਿਟਾਇੰਦਾ । ਕਲਜੁਗ ਔਧ ਗਈ ਹੰਢ, ਅੰਤ ਬੁਢੇਪਾ ਆਇੰਦਾ । ਜਨ ਭਗਤਾਂ ਪਾਏ ਆਤਮ ਠੰਡ, ਹਰਿ ਸਾਚਾ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਇਆ ਸੋਗ ਮਨਾਇੰਦਾ । ਕਲਜੁਗ ਕਾਲਾ ਪਿਆ ਸੋਗ, ਤਨ ਚਿੰਤਾ ਮਨ ਵੈਰਾਗਨਿਆ । ਅੰਤ ਨਾ ਮਿਲੇ ਸਾਚੀ ਚੋਗ, ਚਾਰੋਂ ਕੁੰਟ ਹੋਏ ਬੌਰਾਨਿਆ । ਜੂਠਾ ਝੂਠਾ ਭੋਗਿਆ ਭੋਗ, ਨਾਲ ਰਲਾਇਆ ਪੰਜ ਸ਼ੈਤਾਨਿਆ । ਦਰ ਘਰ ਸਾਚੇ ਹੋਇਆ ਵਿਯੋਗ, ਮਿਲਿਆ ਨਾਮ ਨਾ ਧੁਰ ਨਿਸ਼ਾਨਿਆ । ਦੂਈ ਦਵੈਤੀ ਲੱਗਾ ਰੋਗ, ਹਉਮੇ ਹੰਗਤਾ ਮਾਰੇ ਕਾਨਿਆ । ਮਿਲਿਆ ਮੇਲ ਨਾ ਧੁਰ ਸੰਯੋਗ, ਗਾਇਆ ਰਾਗ ਨਾ ਸਾਚੀ ਬਾਣੀਆ । ਪਾਇਆ ਦਰਸ ਨਾ ਹਰਿ ਅਮੋਘ, ਮਿਲਿਆ ਮੇਲ ਨਾ ਗੁਣ ਨਿਧਾਨਿਆ । ਅੰਤ ਨਿਖੁੱਟੀ ਮਾਤ ਚੋਗ, ਚਾਰੋਂ ਕੁੰਟ ਹੋਏ ਵੈਰਾਨਿਆ । ਲੱਖ ਚੁਰਾਸੀ ਦੇਵੇ ਝੋਕ, ਮੇਟ ਮਿਟਾਏ ਜੇਰਜ ਖਾਣੀਆ । ਹਰਿ ਹਰਿ ਭਾਣਾ ਕੋਇ ਨਾ ਸਕੇ ਰੋਕ, ਗ੍ਰੰਥੀ ਪੰਥੀ ਵੇਦ ਪੁਰਾਨਿਆ । ਜਨ ਭਗਤਾਂ ਸੁਣਾਏ ਇਕ ਸਲੋਕ, ਹਰਿ ਸੋਹੰ ਧੁਰ ਫ਼ਰਮਾਣਿਆ । ਅੰਤਮ ਵੇਲੇ ਦੇਵੇ ਮੋਖ, ਗੁਰ ਚਰਨ ਧਿਆਨ ਰਖਾਨਿਆ । ਕੂੜ ਕੁੜਿਆਰਾ ਮੇਟੇ ਦੋਖ, ਮੇਲ ਮਿਲਾਏ ਸਾਚੇ ਹਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਆਪ ਪਛਾਣਿਆ । ਸੰਮਤ ਤੇਰਾਂ ਤੇਰਾ ਰੰਗ, ਪ੍ਰਭ ਆਪਣਾ ਆਪ ਵਖਾਇੰਦਾ । ਸੰਤ ਦਵਾਰੇ ਵੇਖੇ ਲੰਘ, ਸਾਚਾ ਦਰ ਨਾ ਕੋਈ ਸੁਹਾਇੰਦਾ । ਮਾਇਆ ਮਮਤਾ ਵੇਖ ਪਲੰਘ, ਜੂਠਾ ਝੂਠਾ ਆਸਣ ਲਾਇੰਦਾ । ਜਗਤ ਵਿਕਾਰਾ ਹੋਇਆ ਨੰਗ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਸ਼ਬਦ ਘੋੜੇ ਕਸਿਆ ਤੰਗ, ਕਿਲ੍ਹਾ ਕੋਟ ਹੰਕਾਰੀ ਗੜ੍ਹ ਪ੍ਰਭ ਆਪੇ ਢਾਇੰਦਾ । ਸੋਹੰ ਫੜਿਆ ਹੱਥ ਮਰਦੰਗ, ਉਪਰ ਚੜ੍ਹ ਆਪ ਵਜਾਇੰਦਾ । ਲੱਖ ਚੁਰਾਸੀ ਹੋਣੀ ਭੰਗ, ਸੀਸ ਧੜ ਆਪ ਕਟਾਇੰਦਾ । ਕਲਜੁਗ ਕਾਇਆ ਭੰਨੇ ਕਾਚੀ ਵੰਗ, ਨਾਮ ਹਥੌੜਾ ਏਕਾ ਲਾਇੰਦਾ । ਜਨ ਭਗਤਾਂ ਹੋਏ ਅੰਗ ਸੰਗ, ਮਿੱਠਾ ਕੌੜਾ ਵੇਖ ਵਖਾਇੰਦਾ । ਦਰ ਦਵਾਰਾ ਜਾਏ ਲੰਘ, ਆਪ ਆਪਣਾ ਮੁਖ ਵਖਾਇੰਦਾ । ਮੰਗਣਹਾਰਾ

੨੫੮
੦੬

ਏਕਾ ਮੰਗ, ਹਰਿ ਸਾਚੀ ਮੰਗ ਮੰਗਾਇੰਦਾ । ਕੱਟਣਹਾਰਾ ਭੁੱਖ ਨੰਗ, ਭਗਤ ਭੰਡਾਰੀ ਆਪ ਹੋ ਆਇੰਦਾ । ਮਾਨਸ ਜਨਮ ਨਾ ਹੋਏ ਭੰਗ, ਜੋ ਜਨ ਸਾਚੀ ਸੇਵ ਕਮਾਇੰਦਾ । ਕਲਜੁਗ ਮਾਇਆ ਲਾਏ ਡੰਗ, ਪ੍ਰਭ ਸਾਚਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਜਗਤ ਵਰ, ਵਰ ਦਾਤਾ ਆਪ ਅਖਵਾਇੰਦਾ । ਹਰਿਜਨ ਸਾਚੇ ਸਚ ਦੁਲਾਰ, ਕਲਜੁਗ ਅੰਤ ਮਿਲੇ ਵਧਾਈਆ । ਪਰਗਟ ਹੋਇਆ ਨਰ ਨਿਰੰਕਾਰ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਧਾਰਾ ਅਪਰ ਅਪਾਰ, ਵਰਨ ਗੋਤ ਰਿਹਾ ਮਿਟਾਈਆ । ਨਾਮ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਉਠਾਈਆ । ਪਾਵੇ ਵੰਡਾਂ ਵਿਚ ਸੰਸਾਰ, ਬ੍ਰਹਿਮੰਡਾਂ ਰਿਹਾ ਹਿਲਾਈਆ । ਜਨ ਭਗਤਾਂ ਕਰੇ ਖ਼ਬਰਦਾਰ, ਕਲਜੁਗ ਵੇਲਾ ਅੰਤਮ ਦਏ ਦੁਹਾਈਆ । ਨਾ ਕੋਈ ਦਿਸੇ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਨਿਭਾਈਆ । ਝੂਠਾ ਨਾਤਾ ਨਾਰ ਭਤਾਰ, ਵੇਲੇ ਅੰਤ ਨਾ ਕੋਈ ਸਹਾਈਆ । ਪੁਰਖ ਅਬਿਨਾਸ਼ੀ ਸਾਂਝਾ ਯਾਰ, ਚਾਰ ਵਰਨਾਂ ਆਪ ਅਖਵਾਈਆ । ਕਲਜੁਗ ਕਰਮਾਂ ਰਿਹਾ ਵਿਚਾਰ, ਸੋਹੰ ਖੰਡਾ ਮਾਤ ਲਗਾਈਆ । ਆਪੇ ਦੇਵੇ ਇਕ ਹੁਲਾਰ, ਪੁੰਨ ਪਾਪ ਹਰਿ ਵੇਖ ਵਖਾਈਆ । ਸਾਚਾ ਤੋਲਾ ਤੋਲਣਹਾਰ, ਸੰਮਤ ਤੇਰਾਂ ਤੋਲ ਤੁਲਾਈਆ । ਨਾਨਕ ਬੋਲਾ ਬੋਲਣਹਾਰ, ਏਕਾ ਬੋਲਾ ਰਿਹਾ ਕਰਾਈਆ । ਕਾਇਆ ਚੋਲਾ ਵਿਚ ਸੰਸਾਰ, ਪ੍ਰਭ ਸਾਚਾ ਦਏ ਤਜਾਈਆ । ਖੇਲੇ ਹੋਲਾ ਅਪਰ ਅਪਾਰ, ਲਾਲ ਰੰਗ ਇਕ ਚੜ੍ਹਾਈਆ । ਡੋਲਾ ਚੁੱਕੇ ਵਾਰੋ ਵਾਰ, ਲਾੜੀ ਮੌਤ ਸੇਵਾ ਲਾਈਆ । ਚਾਰੇ ਕੂਟਾਂ ਕਰ ਤਿਆਰ, ਵੇਖ ਵਖਾਏ ਥਾਉਂ ਥਾਈਂਆ । ਰਾਏ ਧਰਮ ਖੋਲ੍ਹੇ ਬੰਦ ਕਿਵਾੜ, ਚਿਤਰ ਗੁਪਤ ਵੇਖ ਵਖਾਈਆ । ਗੁਰਮੁਖ ਸਾਚਾ ਸੰਤ ਦੁਲਾਰ, ਪ੍ਰਭ ਚਰਨਾਂ ਬੈਠਾ ਓਟ ਤਕਾਈਆ । ਪੁਰਖ ਅਬਿਨਾਸ਼ੀ ਪਾਵੇ ਸਾਰ, ਤਨ ਨਗਾਰੇ ਸ਼ਬਦ ਚੋਟ ਲਗਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸੰਮਤ ਤੇਰਾਂ ਛੱਬੀ ਪੋਹ ਵੱਜੀ ਵਧਾਈਆ । ਗੁਰ ਗੋਬਿੰਦਾ ਕਾਇਆ ਕਰ ਆਕਾਰ, ਨਿਰਮਲ ਜੋਤੀ ਰਿਹਾ ਜਗਾਈਆ । ਸ਼ਬਦ ਡੰਕਾ ਅਪਰ ਅਪਾਰ, ਰਾਓ ਰੰਕਾਂ ਰਿਹਾ ਸੁਣਾਈਆ । ਆਪ ਸੁਹਾਏ ਦਵਾਰ ਬੰਕਾ, ਪ੍ਰਭ ਬੈਠਾ ਆਸਣ ਲਾਈਆ । ਪੰਥ ਖਾਲਸਾ ਤੇਰਾ ਕੱਢੇ ਸ਼ੰਕਾ, ਪਹਿਲੀ ਚੇਤਰ ਲੇਖ ਲਿਖਾਈਆ । ਜਨ ਭਗਤਾਂ ਫੇਰੇ ਮਨ ਕਾ ਮਣਕਾ, ਸੋਹੰ ਧਾਗੇ ਸੂਤਰ ਆਪ ਪਵਾਈਆ । ਹਰਿ ਦਾਸੀ ਦਾਸ ਹਰਿ ਜਨ ਜਨਕਾ, ਦਰ ਦਵਾਰੇ ਸੇਵ ਕਮਾਈਆ । ਪਰਗਟ ਹੋਏ ਵਾਸੀ ਪੁਰੀ ਘਨਕਾ, ਕਲਜੁਗ ਅੰਤ ਦਏ ਵਡਿਆਈਆ । ਜਨ ਭਗਤਾਂ ਆਤਮ ਜੋਤੀ ਲਾਏ ਤਨਕਾ, ਚਰਨ ਦਵਾਰੇ ਖਿੱਚ ਲਿਆਏ ਵਾਹੋ ਦਾਹੀਆ । ਹੋਏ ਭਿਖਾਰ ਸਨਕ ਸਨਨਕਾ, ਸੁਕੰਦਨ ਬੈਠੇ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਹੱਥ ਵਡਿਆਈ, ਜੁਗ ਜੁਗ ਬਣਤ ਬਣਾਏ । ਸਤਿਜੁਗ ਰਥ ਆਪ ਚਲਾਈ, ਆਪਣਾ ਭੇਖ ਵਟਾਏ । ਮਛ ਕਛ ਹਰਿ ਜੋਤ ਪਰਗਟਾਈ, ਬਰਾਹ ਰੂਪ ਸਮਾਏ । ਮਹਿੰਮਾ ਅਕਥਨਾ ਅਕੱਥ ਚਲਾਈ, ਜੁਗ ਜੁਗ ਲੇਖਾ ਰਿਹਾ ਲਿਖਾਈਆ । ਰਾਮ ਰਾਮਾ ਰਘੁਪਤ ਅਖਵਾਈ, ਨੇਤਰ ਨੀਰ ਰਿਹਾ ਵਹਾਈਆ । ਗੁਰ ਵਸ਼ਿਸ਼ਟ ਦੇ ਮਤ ਰਿਹਾ ਸਮਝਾਈ, ਸਾਚੀ ਸਿਖਿਆ ਇਕ ਜਣਾਈਆ । ਤ੍ਰੇਤਾ ਤੇਰਾ ਰਥ ਚਲਾਈ, ਰਿਗ ਵੇਦ ਨਾਲ ਰਲਾਈਆ । ਕਲਜੁਗ ਅੰਤਮ ਮਥ ਵਖਾਈ, ਪ੍ਰਭ ਸਾਚੇ ਬਣਤ ਬਣਾਈਆ । ਦੁਆਪਰ ਹਰਿ ਹਰਿ ਨੱਥ ਪਵਾਈ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਅਰਜਨ ਸੇਵਾ ਆਪਣੇ ਹੱਥ ਕਮਾਈ, ਰਥ ਰਥਵਾਨ ਆਪ ਅਖਵਾਈਆ । ਜੀਵ ਜੰਤ ਸੱਥ ਵਿਛਾਈ, ਚਿੱਟੀ ਚਾਦਰ ਏਕਾ ਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ, ਆਪਣੇ ਹੱਥ ਰੱਖੇ ਵਡਿਆਈਆ । ਹਰਿ ਹੱਥ ਵਡਿਆਈਆ, ਕ੍ਰਿਸ਼ਨਾ ਲਏ ਉਭਾਰ । ਸੋਲਾਂ ਕਲ ਜੋਤ ਜਗਾਈਆ, ਆਪ ਆਪਣਾ ਮਾਤ ਉਭਾਰ । ਆਪ ਆਪਣਾ ਭੇਵ ਛੁਪਾਈਆ, ਅਕਲ ਕਲਾ ਹਰਿ ਅਪਾਰ । ਨੌ ਖੰਡ ਸੱਤ ਦੀਪਾਂ ਵੰਡ ਵੰਡਾਈਆ, ਤੀਰ ਨਿਸ਼ਾਨਾ ਏਕਾ ਮਾਰ । ਦ੍ਰੋਪਤ ਲੱਜਿਆ ਆਪ ਰਖਾਈਆ, ਬਿਪਰ ਸੁਦਾਮਾ ਦਿਤਾ ਤਾਰ । ਘਰ ਬਿਦਰ ਭੋਗ ਲਗਾਈਆ, ਕਲ ਸੁੱਤਾ ਪੈਰ ਪਸਾਰ । ਦੁਰਯੋਧਨ ਹੰਕਾਰ ਗਵਾਈਆ, ਪੰਜੇ ਪਾਂਡੋ ਲਏ ਉਭਾਰ । ਕਲਜੁਗ ਅੰਤਮ ਜੋਤ ਜਗਾਈਆ, ਪ੍ਰਭ ਖੇਲੇ ਖੇਲ ਅਪਾਰ । ਸੰਗ ਮੁਹੰਮਦ ਜੋੜ ਜੁੜਾਈਆ, ਮੀਤ ਮੁਰਾਰਾ ਸਾਂਝਾ ਯਾਰ । ਅੱਲਾ ਰਾਣੀ ਨਾਲ ਪ੍ਰਨਾਈਆ, ਵਿਚ ਵਿਚੋਲਾ ਆਪ ਕਰਤਾਰ । ਗੁਰ ਨਾਨਕ ਧਾਰ ਬੰਧਾਈਆ, ਗਾਇਆ ਨਿਰੰਕਾਰ ਨਿਰੰਕਾਰ । ਏਕਾ ਜੋਤ ਆਪ ਜਗਾਈਆ, ਅੰਗਦ ਅਮਰਾ ਹੋਇਆ ਪਾਰ । ਰਾਮ ਦਾਸੇ ਹਰਿ ਸਰਨਾਈਆ, ਅਰਜਨ ਭੇਖ ਭਿਖਾਰ । ਗੁਰ ਗੋਬਿੰਦਾ ਭੇਵ ਨਾ ਰਾਈਆ, ਹਰਿ ਬਖ਼ਸ਼ਿੰਦਾ ਵਿਚ ਸੰਸਾਰ । ਹਰਿ ਗੋਬਿੰਦੇ ਸਿਰ ਹੱਥ ਟਿਕਾਈਆ, ਹਰਿ ਰਾਏ ਪ੍ਰਭ ਕਰ ਪਿਆਰ । ਦੇ ਮਤ ਸਮਝਾਈਆ, ਬਾਲੀ ਬੁੱਧ ਪਾਵੇ ਸਾਰ । ਹਰਿਕ੍ਰਿਸ਼ਨ ਰਿਹਾ ਤਰਾਈਆ, ਤੇਗ ਬਹਾਦਰ । ਚਿੱਟੀ ਚਾਦਰ ਇਕ ਵਿਛਾਈਆ, ਭਾਰਤ ਖੰਡੀ ਲਏ ਉਭਾਰ । ਗੁਰ ਗੋਬਿੰਦਾ ਸਾਚਾ ਪੂਤ ਉਪਾਈਆ, ਸਿਰ ਤੋੜਾ ਕਲਗੀ ਸੀਸ ਦਸਤਾਰ । ਹਰਿ ਜੋਤੀ ਮੇਲ ਮਿਲਾਈਆ, ਗੁਰ ਸੰਗਤ ਤੇਰਾ ਇਕ ਪਿਆਰ । ਲੱਖ ਚੁਰਾਸੀ ਵੇਖ ਵਖਾਈਆ, ਖਿਚੇ ਤੀਰ ਪਹਿਲੀ ਵਾਰ । ਰਸਨਾ ਚਿਲੇ ਰਿਹਾ ਚੜ੍ਹਾਈਆ, ਪ੍ਰਭ ਖਿਚੇ ਆਪ ਕਰਤਾਰ । ਬੂਰੇ ਕੱਕੇ ਬਿੱਲੇ ਰਿਹਾ ਹਿਲਾਈਆ, ਦੂਰ ਦੁਰਾਡਾ ਬੈਠਾ ਮਾਰੇ ਮਾਰ । ਸ਼ਬਦ ਸਿੰਘਾਸਣ ਇਕ ਵਿਛਾਈਆ, ਨੌ ਖੰਡ ਨੌ ਦਵਾਰੇ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਮੰਗਣ ਆਇਆ ਦਰ, ਹਰਿ ਬਣਿਆ ਭੇਖ ਭਿਖਾਰ । ਗੁਰ ਸੰਗਤ ਦਰ ਮੰਗਣ ਆਇਆ, ਗੁਣਵੰਤਾ ਗੁਣ ਨਿਧਾਨੀ । ਆਪਣੀ ਜੋਤੀ ਚੋਲੀ ਰੰਗਣ ਆਇਆ, ਲੈ ਕੇ ਸ਼ਬਦ ਨਿਸ਼ਾਨੀ । ਸਾਚਾ ਕੰਗਣ ਗੁਰਸਿਖਾਂ ਤਨ ਪਹਿਨਾਵਣ ਆਇਆ, ਧੁਰ ਦਰਗਾਹੀ ਏਕਾ ਬਾਣੀ । ਸ਼ਬਦ ਘੋੜੇ ਤੰਗ ਕਸਾਵਣ ਆਇਆ, ਘਰ ਚੌਥੇ ਪਦ ਨਿਰਬਾਨੀ । ਕਲਜੁਗ ਤੇਰਾ ਅੰਤਮ ਵੇਖਣ ਜੰਗਣ ਆਇਆ, ਸਤਿਸੰਗ ਵਖਾਏ ਏਕਾ ਮਾਤ ਨਿਸ਼ਾਨੀ । ਭਾਰਤ ਖੰਡ ਤੇਰੀ ਵੰਡ ਵੰਡਣ ਆਇਆ, ਜੋਧਾ ਸੂਰ ਬਲੀ ਬਲਵਾਨੀ । ਮਨਮੁਖਾਂ ਜੀਆਂ ਅੰਤਮ ਦੰਡਣ ਆਇਆ, ਖਿੱਚੇ ਇਕ ਕਟਾਰ ਮਿਆਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਸੁਹਾਏ ਇਕ ਦਰ, ਆਪਣੀ ਆਪ ਕਰੇ ਕੁਰਬਾਨੀ । ਆਪਣਾ ਆਪ ਕਰ ਕੁਰਬਾਨ, ਆਪਣੀ ਦੇਹ ਤਜਾਈਆ । ਘਵਿੰਡ ਪਿੰਡ ਇਕ ਨਿਸ਼ਾਨ, ਪ੍ਰਭ ਸਾਚਾ ਬੈਠਾ ਢੇਰ ਰਖਾਈਆ । ਜੋਤੀ ਜਗੇ ਮਾਤ ਮਹਾਨ, ਗੁਰ ਗੋਬਿੰਦੇ ਵਿਚ ਟਿਕਾਈਆ । ਨੌਵਾਂ ਖੰਡਾਂ ਆਪ ਝੁਲਾਏ ਇਕ ਨਿਸ਼ਾਨ, ਸੱਤਾਂ ਦੀਪਾਂ ਬਣਤ ਬਣਾਈਆ । ਗੁਰਮੁਖ ਬਿਠਾਏ ਵਿਚ ਬਿਬਾਣ, ਪ੍ਰਭ ਸਾਚਾ ਆਪ ਉਡਾਈਆ । ਬ੍ਰਹਮਾ ਸ਼ਿਵ ਪਏ ਰਾਹ ਤਕਾਨ, ਗੁਰਸਿਖ ਕਿਹੜੇ ਰਸਤੇ ਜਾਈਆ । ਧਰਮ ਰਾਏ ਨੇਤਰ ਦਰ ਸ਼ਰਮਾਣ, ਦੂਰ ਬੈਠਾ ਮੁਖ ਛੁਪਾਈਆ । ਸਿੰਘ ਮਨਜੀਤਾ ਇਕ ਜਵਾਨ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਸਾਢੇ ਤਿੰਨ ਹੱਥ ਸੀਆਂ ਸਚ ਮਕਾਨ, ਜਗਤ ਜਗਦੀਸਾ ਘਰ ਸਾਚੇ ਲਿਆ ਬਣਾਈਆ । ਇੰਦ ਇੰਦਰਾਸਣ ਹੋਇਆ ਹੈਰਾਨ, ਪੁਰੀ ਇੰਦਰ ਅੰਤ ਤਜਾਈਆ । ਕਰੋੜ ਤੇਤੀਸਾ ਮਿਟੇ ਨਿਸ਼ਾਨ, ਛਤਰ ਸੀਸ ਨਾ ਕੋਇ ਝੁਲਾਈਆ । ਨੌ ਦਵਾਰੇ

ਜਗਤ ਮਕਾਨ, ਜਗਤ ਜਗਦੀਸਾ ਰਿਹਾ ਖੁਲ੍ਹਾਈਆ । ਕਲਜੁਗ ਤੇਰਾ ਅੰਤ ਫਨਾਹ ਮਕਾਨ, ਨਗਰ ਖੇੜਾ ਸ਼ਹਿਰ ਰਹਿਣ ਨਾ ਪਾਈਆ । ਗੁਰਮੁਖ ਸਾਚੇ ਸਾਚਾ ਮੇਲਾ ਵਿਚ ਜਹਾਨ, ਪ੍ਰਭ ਆਪ ਆਪਣਾ ਮੇਲ ਮਿਲਾਈਆ । ਸੋਹੰ ਦੇਵੇ ਧੁਰ ਫ਼ਰਮਾਣ, ਗੁਰ ਚੇਲਾ ਆਪ ਅਖਵਾਈਆ । ਆਪੇ ਮੇਲਾ ਮੇਲੀ ਮੇਲ ਜਾਣੀ ਜਾਣ, ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਮੰਗਣ ਆਇਆ ਵਰ, ਏਕਾ ਵਰ ਸੱਚੀ ਸਰਨਾਈਆ । ਸਚ ਸਰਨਾਈ ਹਰਿ ਹਰਿ, ਆਪ ਆਪਣੀ ਆਪ ਰਖਾਇੰਦਾ । ਨੌ ਦਵਾਰੇ ਖੋਲ੍ਹ ਦਰ, ਦਰ ਦਰਵੇਸ਼ਾ ਬਣਤ ਬਣਾਇੰਦਾ । ਗੁਰਮੁਖਾਂ ਅੰਮ੍ਰਿਤ ਆਤਮ ਭੰਡਾਰੇ ਰਿਹਾ ਭਰ, ਸਾਚਾ ਕਲਸ ਹੱਥ ਉਠਾਇੰਦਾ । ਨਾ ਜਨਮੇ ਨਾ ਜਾਏ ਮਰ, ਆਦਿ ਅੰਤ ਏਕਾ ਰੰਗ ਸਮਾਇੰਦਾ । ਕਲਜੁਗ ਪਾਪੀ ਆਏ ਦਰ, ਦਵਾਰੇ ਮੁਖ ਸ਼ਰਮਾਇੰਦਾ । ਸਤਿਜੁਗ ਸਾਚਾ ਮੰਗੇ ਵਰ, ਅੱਗੇ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਕਿਰਪਾ ਕਰ, ਗੁਰਮੁਖਾਂ ਲੜ ਫੜਾਇੰਦਾ । ਸਾਚੇ ਪੌੜੇ ਜਾਣਾ ਚੜ੍ਹ, ਬ੍ਰਹਿਮਣ ਗੌੜੇ ਜੋੜ ਜੁੜਾਇੰਦਾ । ਨਾ ਕੋਈ ਹੁੱਕਾ ਨੜ, ਪਾਨ ਖਾਨ ਨਾ ਰਸਨ ਲਗਾਇੰਦਾ । ਆਪ ਉਖੇੜੇ ਸਭ ਦੀ ਜੜ੍ਹ, ਮਦਿਰਾ ਮਾਸ ਨਾ ਕੋਇ ਮੁਖ ਲਗਾਇੰਦਾ । ਪ੍ਰਭ ਮੇਟ ਮਿਟਾਏ ਫੜ ਫੜ, ਸੰਮਤ ਤੇਰਾਂ ਤੇਰਾ ਲੇਖ ਲਿਖਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਅੰਦਰ ਵੜ, ਊਚਾਂ ਨੀਚਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਹਿਲਾਇੰਦਾ । ਆਪ ਵੇਖੇ ਮੁਗਲ ਪਠਾਨਾ, ਫੜ ਬਾਹੋਂ ਆਪ ਉਠਾਇੰਦਾ । ਆਪ ਉਠਾਏ ਸੱਤਰ ਲੱਖ, ਆਪੇ ਪਤ ਲਏ ਰੱਖ, ਮਾਝਾ ਦੇਸ ਉਡੇ ਕੱਖ, ਪ੍ਰਭ ਸਾਚੀ ਰਚਨ ਰਚਾਇੰਦਾ । ਪੁਰਖ ਅਬਿਨਾਸ਼ੀ ਪਰਗਟ ਹੋਏ ਮਾਤ ਪਰਤੱਖ, ਸਰ ਅੰਮ੍ਰਿਤ ਕਰ ਦੇਵੇ ਜਗਤ ਨਾਲੋਂ ਵੱਖ, ਲੱਖ ਹੱਥ ਨਾ ਆਇੰਦਾ । ਗੁਰਦਰ ਮੰਦਰ ਅੰਦਰ ਹੋਇਣ ਸਖ, ਗ੍ਰੰਥੀ ਪੰਥੀ ਨਾ ਕੋਇ ਸੰਖ ਵਜਾਇੰਦਾ । ਗੁਰਮੁਖਾਂ ਪਤ ਲਏ ਰਖ, ਸੰਮਤ ਚੌਦਾਂ ਵਕਤ ਸੁਹਾਇੰਦਾ । ਪਹਿਲੀ ਚੇਤਰ ਹੋ ਪਰਗਟ ਪਰਤੱਖ, ਘਰ ਘਰ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਮੰਗਣ ਆਇਆ ਵਰ, ਅੱਗੇ ਆਪਣੀ ਝੋਲੀ ਡਾਹਿੰਦਾ । ਹਰਿ ਸਾਜਣ ਜਗ ਮੀਤ, ਭਗਤ ਦਵਾਰੇ ਆਇਆ । ਏਕਾ ਮੰਗੇ ਚਰਨ ਪ੍ਰੀਤ, ਆਪਣਾ ਪੱਲੂ ਅੱਗੇ ਡਾਹਿਆ । ਕਾਇਆ ਕਰੇ ਠੰਢੀ ਸੀਤ, ਪਹਿਲੀ ਚੇਤਰ ਖ਼ੁਸ਼ੀਆਂ ਨਾਲ ਮਨਾਇਆ । ਏਕਾ ਗਾਓ ਸੁਹਾਗੀ ਗੀਤ, ਸੋਹੰ ਜੈ ਜੈਕਾਰ ਕਰਾਇਆ । ਗੁਰਸਿਖ ਕਾਇਆ ਪਤਤ ਪੁਨੀਤ, ਪ੍ਰਭ ਨੇਤਰ ਦਰਸ਼ਨ ਪਾਇਆ । ਨਾ ਕੋਈ ਦਿਹੁਰਾ ਗੁਰਦਵਾਰਾ ਮੰਦਰ ਮਸੀਤ, ਸ਼ਿਵਦਵਾਲਾ ਮੱਠ ਨਾ ਕੋਈ ਵਖਾਇਆ । ਗੁਰਮੁਖ ਸਾਚੇ ਚੇਤਨ ਚੀਤ, ਕਾਇਆ ਖੇਤ ਹਰਿ ਡੇਰਾ ਲਾਇਆ । ਦਰਸ ਦਿਖਾਏ ਨੇਤਨ ਨੇਤ, ਜਨ ਭਗਤਾਂ ਕਰੇ ਸਾਚਾ ਹੇਤ, ਆਪ ਆਪਣੇ ਅੰਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਮੰਗਣ ਆਇਆ ਦਰ, ਦਰ ਦਵਾਰੇ ਡੇਰਾ ਲਾਇਆ । ਮੰਗਣ ਆਇਆ ਬਣ ਭਿਖਾਰੀ, ਧੁਰ ਦਰਗਾਹੀ ਹਰਿ ਸਵਾਲੀ । ਜਨ ਭਗਤਾਂ ਕਰੇ ਜਗਤ ਪਿਆਰੀ, ਜੋਤ ਸਰੂਪ ਜੋਤ ਅਕਾਲੀ । ਕਰੇ ਖੇਲ ਪਹਿਲੀ ਵਾਰੀ, ਕਲਜੁਗ ਅੰਤਮ ਮੇਟੇ ਘਟਾ ਕਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਭਰਿਆ ਆਪੇ ਖਾਲੀ । ਖਾਲੀ ਭਰੇ ਭੰਡਾਰ, ਹਰਿ ਭਗਵੰਤਿਆ । ਗੁਰਮੁਖਾਂ ਪੈਜ ਸਵਾਰ, ਦੇਵੇ ਮਾਣ ਜੀਵ ਜਨ ਜੰਤਿਆ । ਸੰਮਤ ਚੌਦਾਂ ਚੋਰ ਵਿਚਾਰ, ਚੌਦਾਂ ਹੱਟਾਂ ਵੇਖ ਵਖੰਤਿਆ । ਤੀਰਥ ਤਟਾਂ ਪਾਵੇ ਸਾਰ, ਅੱਠ ਸੱਠਾਂ ਮੇਟ ਮਿਟੰਤਿਆ । ਆਏ ਨੱਠਾ ਵਿਚ ਸੰਸਾਰ, ਪੰਚਮ

ਜੇਠਾ ਰੂਪ ਵਟੰਤਿਆ । ਛੱਬੀ ਪੋਹ ਦਿਵਸ ਅਪਾਰ, ਹਰਿ ਜੋਤੀ ਭੇਖ ਵਟੰਤਿਆ । ਗੁਰ ਗੋਬਿੰਦੇ ਕਰ ਪਿਆਰ, ਆਪਣੇ ਅੰਗ ਲਗੰਤਿਆ । ਆਪੇ ਚੇਲਾ ਹਰਿ ਨਿਰੰਕਾਰ, ਗੋਬਿੰਦ ਕਾਇਆ ਵਿਚ ਬਸੰਤਿਆ । ਗੋਬਿੰਦ ਕਾਇਆ ਗੁਰ ਦਰਬਾਰ, ਜਗਤ ਅਕਾਰ ਹਰਿ ਵਖੰਤਿਆ । ਜੋਤ ਸਰੂਪੀ ਹਰਿ ਨਿਰਾਧਾਰ, ਨਿਰਵੈਰ ਰੂਪ ਸਮਵੰਤਿਆ । ਸ਼ਬਦ ਸਰੂਪੀ ਕਰ ਜੈਕਾਰ, ਆਪ ਆਪਣਾ ਭੇਵ ਖੁਲੰਤਿਆ । ਜਨ ਭਗਤਾਂ ਕਰੇ ਮਾਤ ਪਿਆਰ, ਲੋਕਮਾਤੀ ਵੇਖ ਵਖੰਤਿਆ । ਸੋਲਾਂ ਕਰੇ ਤਨ ਸ਼ਿੰਗਾਰ, ਹਰਿ ਸਾਚਾ ਰੂਪ ਚੜ੍ਹੰਤਿਆ । ਪੁਰਖ ਅਗੰਮਾ ਅਗੰਮੜੀ ਕਾਰ, ਕਾਰਜ ਆਪਣੇ ਹੱਥ ਰਖੰਤਿਆ । ਆਪੇ ਪੈਜ ਰਿਹਾ ਸਵਾਰ, ਲਹਿਣਾ ਦੇਣਾ ਮੂਲ ਚੁਕੰਤਿਆ । ਸਾਚਾ ਮੇਲਾ ਮੀਤ ਮੁਰਾਰ, ਹਰਿ ਮੇਲੀ ਮੇਲ ਮਿਲੰਤਿਆ । ਲੱਖ ਚੁਰਾਸੀ ਹੋਏ ਖੁਆਰ, ਕਲ ਹਾਹਾਕਾਰ ਕਰੰਤਿਆ । ਜਨ ਭਗਤਾਂ ਸੁਹਾਏ ਇਕ ਦਵਾਰ, ਹਰਿ ਸਾਚਾ ਜੁਗਾ ਜੁਗੰਤਿਆ । ਆਪੇ ਜਾਏ ਦਰ ਦਰਬਾਰ, ਦੇਵੇ ਦਰਸ ਬੇਅੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਦਰ, ਸੁਣੇ ਸਚ ਬੇਨੰਤਿਆ । ਸਚ ਬੇਨੰਤੀ ਚਰਨ ਦਵਾਰ, ਹਰਿ ਆਪੇ ਆਪ ਸੁਣਾਇੰਦਾ । ਗੁਰਮੁਖਾਂ ਕਰੇ ਮਾਤ ਪਿਆਰ, ਆਪਣੀ ਦਇਆ ਕਮਾਇੰਦਾ । ਭਾਗ ਲਗਾਏ ਬੰਕ ਦਵਾਰ, ਬੰਕ ਦਵਾਰੀ ਆਪ ਹੋ ਜਾਇੰਦਾ । ਦਰ ਦਰ ਘਰ ਘਰ ਵੇਖੇ ਫੇਰਾ ਮਾਰ, ਸੇਵਕ ਸੇਵਾ ਆਪ ਕਮਾਇੰਦਾ । ਦੇਵੀ ਦੇਵਾ ਵਡ ਗਿਰਧਾਰ, ਅੰਮ੍ਰਿਤ ਮੇਵਾ ਫੜ ਖਵਾਇੰਦਾ । ਰਸਨਾ ਜਿਹਵਾ ਹਰਿ ਉਚਾਰ, ਹਰਿਜਨ ਸਾਚਾ ਸੇਵ ਕਮਾਇੰਦਾ । ਕੌਸਤਕ ਮਣੀਆ ਮਸਤਕ ਥੇਵਾ ਅਪਰ ਅਪਾਰ, ਜੋਤ ਲਿਲਾਟੀ ਆਪ ਜਗਾਇੰਦਾ । ਅਲਖ ਅਭੇਵਾ ਮੇਲ ਕਰਤਾਰ, ਔਖੀ ਘਾਟੀ ਆਪ ਚੜ੍ਹਾਇੰਦਾ । ਸੇਵਕ ਸੇਵਾ ਸੇਵਣਹਾਰ, ਸਾਚੀ ਸੇਵਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਵੇਖ ਵਖਾਇੰਦਾ । ਸੰਮਤ ਤੇਰਾਂ ਗਿਆ ਲੰਘ, ਸੁੱਤੀ ਰਹੀ ਲੋਕਾਈਆ । ਸੰਤ ਸੁਹੇਲੇ ਸੁੱਤੇ ਮਾਇਆ ਰੰਗੀਲੇ ਇਕ ਪਲੰਘ, ਨਾ ਕੋਈ ਸੋਇਆ ਰਿਹਾ ਉਠਾਈਆ । ਆਤਮ ਅੰਤਰ ਭੁੱਖ ਨੰਗ, ਹਰਿ ਵਸਤ ਹੱਥ ਨਾ ਆਈਆ । ਮਾਇਆ ਮਮਤਾ ਤਾਪ ਖੰਘ, ਹਉਮੇ ਰੋਗ ਵਧਾਈਆ । ਨੌ ਦਵਾਰੇ ਲੱਗਾ ਰਹੇ ਜੰਗ, ਦਿਵਸ ਰੈਣ ਲੜਾਈਆ । ਪੰਚਮ ਮੰਗਣ ਸਾਚੀ ਮੰਗ, ਕਾਮ ਕਰੋਧ ਲੋਭ ਮੋਹ ਹਲਕਾਈਆ । ਤਾਮਸ ਤ੍ਰਿਸ਼ਨਾ ਹੋਈ ਸੰਗ, ਪੱਲਾ ਰਹੀ ਫਿਰਾਈਆ । ਜਗਤ ਜੰਜਾਲਾ ਮਾਰੇ ਡੰਗ, ਝੂਠੀ ਵਿਸ਼ਨਾ ਰਹੀ ਚੜ੍ਹਾਈਆ । ਕਾਇਆ ਕੋਟ ਦਿਸੇ ਨੰਗ, ਤਨ ਬਸਤਰ ਨਾ ਕੋਇ ਛੁਹਾਈਆ । ਮਾਨਸ ਦੇਹੀ ਹੋਈ ਭੰਗ, ਜਿਹਵਾ ਕਾਗ ਵਾਂਗ ਕੁਰਲਾਈਆ । ਅਨਹਦ ਨਾ ਵੱਜੇ ਹਰਿ ਮਰਦੰਗ, ਸ਼ਬਦ ਤਾਲ ਨਾ ਕੋਇ ਸੁਣਾਈਆ । ਸੁਰਤ ਸਵਾਣੀ ਹੀਰ ਸਿਆਲਣ ਝੰਗ, ਬਿਨ ਰਾਂਝਨ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਕਾਇਆ ਘਰ, ਸੁੰਞੀ ਸੇਜਾ ਇਕ ਵਿਛਾਈਆ । ਸੁੰਞੀ ਸੇਜਾ ਇਕ ਵਿਛਾਈ, ਸੰਤਨ ਭੇਵ ਨਾ ਪਾਇਆ । ਰਸਨਾ ਜਿਹਵਾ ਰਹੀ ਕੁਰਲਾਈ, ਪੜ੍ਹ ਪੜ੍ਹ ਵਾਦ ਵਧਾਇਆ । ਏਕਾ ਗੁਰ ਏਕਾ ਹਰਿ ਏਕਾ ਏਕ ਮਿਲੇ ਸਰਨਾਈ, ਆਪ ਆਪਣਾ ਰਾਹ ਚਲਾਇਆ । ਗੁਰ ਸ਼ਬਦ ਨਾ ਵੱਜੇ ਘਰ ਵਧਾਈ, ਮੰਗਲਾਚਾਰ ਨਾ ਕੋਇ ਕਰਾਇਆ । ਆਤਮਕ ਧੁਨ ਨਾ ਦੇਵੇ ਕੋਇ ਜਣਾਈ, ਸੁਨ ਮੁਨ ਨਾ ਕੋਇ ਤੁੜਾਇਆ । ਆਪੇ ਜਾਣੇ ਸਭ ਦੇ ਗੁਣ, ਅਵਗੁਣ ਸਕੇ ਨਾ ਕੋਇ ਛੁਪਾਇਆ । ਸੰਤ ਸੁਹੇਲੇ ਛਾਣ ਪੁਣ, ਪ੍ਰਭ ਸਾਚਾ ਲੇਖਾ ਰਿਹਾ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਵੇਖਣਹਾਰ, ਦਰ ਦਵਾਰ ਫੇਰਾ ਪਾਇਆ । ਸਿੰਘ ਈਸ਼ਰ

ਜਗਤ ਦੁਕਾਨ, ਪ੍ਰਭ ਸਾਚੇ ਵੇਖ ਵਖਾਈਆ । ਨਾਲ ਰਲਾਏ ਪੰਜ ਸ਼ੈਤਾਨ, ਡੋਰੀ ਪੰਜਾਂ ਹੱਥ ਫੜਾਈਆ । ਪੰਜੇ ਹੋਏ ਬੇਈਮਾਨ, ਗੁਰਬਾਣੀ ਮੂਲ ਨਾ ਭਾਈਆ । ਨਾਨਕ ਪਾਇਆ ਪਦ ਨਿਰਬਾਣ, ਨਿਰਗੁਣ ਰੂਪ ਸਮਾਈਆ । ਈਸ਼ਰ ਅੱਖਰ ਆਇਆ ਨਾ ਇਕ ਧਿਆਨ, ਏਕਾ ਦੂਜਾ ਨਾ ਭੇਵ ਚੁਕਾਈਆ । ਚੋਟੀ ਚੜ੍ਹ ਨਾ ਵੇਖਿਆ ਸਿਖਰ, ਜੜ੍ਹ ਹੇਠਾਂ ਬੈਠਾ ਸਿਰ ਦਬਾਈਆ । ਉਪਰ ਟਿਕਾਇਆ ਹਰਿ ਜੀ ਪੱਥਰ, ਮਾਨਸ ਦੇਹੀ ਲੱਭੀ ਸੱਥਰ, ਨਾ ਸਕੇ ਕੋਈ ਬਚਾਈਆ । ਅੰਤਮ ਵੇਲੇ ਨੀਰ ਵਹਾਵੇ ਅੱਥਰ, ਧਰਮ ਰਾਏ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਅਗਲਾ ਪਿਛਲਾ ਮੂਲ, ਕਲਜੁਗ ਕਰਜਾ ਰਿਹਾ ਚੁਕਾਈਆ । ਸਿੰਘ ਰਣਧੀਰ ਨਾ ਕੋਈ ਦੇਵੇ ਧੀਰ, ਆਤਮ ਹੋਈ ਬੌਰਾਨਿਆ । ਪੰਚਮ ਮੀਤਾ ਨਾ ਮਿਲਿਆ ਸਾਚਾ ਤੀਰ, ਮਾਰੇ ਪੰਜ ਸ਼ੈਤਾਨਿਆ । ਤਨ ਬਸਤਰ ਪਾਏ ਚੀਰ, ਹੋਇਆ ਜਗਤ ਦਿਵਾਨਿਆ । ਵੇਲਾ ਅੰਤ ਅਖੀਰ, ਨਾ ਮਿਲਿਆ ਮੇਲ ਭਗਵਾਨਿਆ । ਗੁਰ ਗੋਬਿੰਦ ਅੰਮ੍ਰਿਤ ਆਤਮ ਨਾ ਦੇਵੇ ਸੀਰ, ਦਰ ਆਇਆ ਨਾ ਮਾਤ ਪਛਾਨਿਆ । ਅੰਤਮ ਹੱਡੀ ਟੁੱਟੀ ਰੀੜ, ਲੱਖ ਚੁਰਾਸੀ ਆਪ ਭਵਾਨਿਆ । ਕੋਇ ਨਾ ਬੰਨ੍ਹੇ ਤੇਰੀ ਬੀੜ, ਹਰਿ ਸਾਚਾ ਲੇਖ ਲਿਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਦੇਵੇ ਵਰ, ਕਲਜੁਗ ਲੈ ਕੇ ਆਏ ਦਰ, ਸਾਚੀ ਦਰਗਾਹ ਨਾ ਹੋਏ ਪਰਵਾਨਿਆ । ਸਿੰਘ ਮਿਹਰ ਮਨਮਤ ਕਮਾਈ । ਗੁਰਮਤ ਹੱਥ ਨਾ ਆਈ । ਸਿੰਘ ਬੱਗੇ ਲਾਜ ਲਗਾਈ । ਤਨ ਤੱਗੇ ਨਾ ਕੋਇ ਬੰਧਾਈ । ਚਿੱਟੇ ਝੱਗੇ ਜਗਤ ਵਖਾਈ । ਚਿੱਟੀ ਪੱਗੇ ਦਾਗ਼ ਲਵਾਈ । ਉਪਰ ਸ਼ਾਹ ਰਗੇ ਭੇਵ ਨਾ ਰਾਈ । ਹਰਿ ਸਰਬਗੇ ਦਰਸ ਨਾ ਪਾਈ । ਮਾਇਆ ਮਮਤਾ ਅਗਨੀ ਦਗੇ, ਗੁਰ ਕੇ ਬਚਨ ਜਾਣੇ ਕੱਚੇ, ਕੱਚਾ ਭਾਂਡਾ ਵਸਤ ਨਾ ਸਮਾਈਆ । ਨੌਂ ਦਵਾਰੇ ਬਹਿ ਬਹਿ ਨੱਚੇ, ਜੋਤ ਨਿਰੰਜਣ ਨਜ਼ਰ ਨਾ ਆਈਆ । ਆਪੇ ਹੋਈ ਨਾਰ ਜਚੇ, ਸਾਚਾ ਪੂਤ ਜਗਤ ਅਵਧੂਤ ਨਾ ਆਪਣੀ ਗੋਦ ਉਠਾਈਆ । ਪੁਰਖ ਅਬਿਨਾਸ਼ੀ ਕਰੇ ਨਿਬੇੜਾ ਸੱਚੋ ਸੱਚੇ, ਅੰਤਮ ਲਹਿਣਾ ਦੇਣ ਚੁਕਾਈਆ । ਗੁਰ ਪੀਰ ਨਾ ਕੋਈ ਰੱਖੇ, ਗੁਰ ਪੂਰਾ ਬੈਠਾ ਮੁਖ ਛੁਪਾਈਆ । ਨੌਂ ਦਵਾਰੇ ਲੌਂਦੇ ਭੱਖੇ, ਚਾਰੋਂ ਕੁੰਟ ਅਗਨੀ ਤਾਈਆ । ਕਾਇਆ ਗਾਗਰੀਆ ਭਾਂਡੇ ਸਖੇ, ਸਚ ਵਸਤ ਨਾ ਕੋਇ ਟਿਕਾਈਆ । ਮਿਲਿਆ ਮੇਲ ਨਾ ਅਲਖਣਾ ਅਲੱਖੇ, ਦਰ ਦਵਾਰੇ ਏਕਾ ਅਲਖ ਨਾ ਨਾਉਂ ਜਗਾਈਆ । ਆਪੇ ਪਰਖਣਹਾਰਾ ਅੰਤਮ ਪਰਖੇ, ਨਾਮ ਘਸਵਟੀ ਇਕ ਰਖਾਈਆ । ਨਾ ਕੋਈ ਸੋਗ ਨਾ ਕੋਈ ਹਰਖੇ, ਆਪਣਾ ਦਰ ਕੁਆੜਾ ਆਪੇ ਬੰਦ ਕਰਾਈਆ । ਅੰਤਮ ਵੇਲੇ ਪਾਏ ਨਰਕੇ, ਤਨ ਕੌਡੀਉਂ ਹੱਟ ਵਿਕਾਈਆ । ਏਕਾ ਜੂਨ ਪਏ ਘਰ ਖਰ ਕੇ, ਦਿਵਸ ਰੈਣ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਵਰ ਜਗਤ ਦਰ, ਭੁੱਲਿਆ ਕੋਇ ਰਹਿਣ ਨਾ ਪਾਈਆ । ਗੁਰਚਰਨ ਚਰਨ ਨਾ ਮਿਲੀ ਟੇਕ, ਆਤਮ ਜੋਤ ਜਗਾਈਆ । ਨੇਤਰ ਨੈਣ ਨਾ ਲਿਆ ਵੇਖ, ਜੋਤ ਨਿਰੰਜਣ ਹੋਈ ਕੁੜਮਾਈਆ । ਨਾ ਸਾਵਣ ਵਾਚੇ ਲਿਖਿਆ ਲੇਖ, ਸਾਵਣ ਸੁਰਤੀ ਸੁਰਤ ਰਮਾਈਆ । ਸਤਿਗੁਰ ਬਣਿਆ ਧਾਰੀ ਭੇਖ, ਪੂਰੇ ਸਤਿਗੁਰ ਏਕਾ ਓਟ ਜਣਾਈਆ । ਪਹਿਲੀ ਚੇਤਰ ਆਉਣਾ ਲੇਖ, ਦਰ ਦਵਾਰੇ ਲੈਣਾ ਪੇਖ, ਜਗਤ ਵਿਦਿਆ ਨਾ ਚਲੇ ਚਤੁਰਾਈਆ । ਮਸਤਕ ਲਹਿਣਾ ਦੇਣਾ ਲਾਏ ਮੇਖ, ਕੋਈ ਸਕੇ ਨਾ ਮਾਤ ਮਿਟਾਈਆ । ਜੋਤੀ ਜਾਮਾ ਹਰਿ ਹਰਿ ਧਰਿਆ ਭੇਸ, ਭੇਖਾਧਾਰੀ ਭੇਖ ਨਾ ਛੁਪਾਈਆ । ਆਪੇ ਆਇਆ ਦਰ ਦਰਵੇਸ਼, ਲੋਕ ਲੱਜਿਆ ਨਾ ਕੋਇ ਰਖਾਈਆ । ਅੰਤਮ ਵੇਲੇ ਲਏ ਵੇਖ, ਸੰਮਤ

੨੬੨
੦੬

ਸੋਲਾਂ ਮੂਲ ਨਾ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰ ਘਰ ਘਰ ਵੇਖ ਵਖਾਣੇ, ਨਰ ਹਰਿ ਜਾਣੇ ਬੇਪਛਾਣੇ ਨਾ ਕੋਇ ਜਣਾਈਆ । ਸਿੰਘ ਤੇਜ ਜਗ ਵੇਖ ਤੇਜ, ਜਗਤ ਨਾਮ ਉਜਾਗਰ । ਪ੍ਰਭ ਨਾ ਮਿਲੀ ਸਾਚੀ ਸੇਜ, ਨਾ ਮਿਲਿਆ ਸਚ ਸੁਦਾਗਰ । ਸ਼ਬਦ ਸੁਨੇਹੜਾ ਰਿਹਾ ਭੇਜ, ਕਾਇਆ ਗਾਗਰ ਕਰਨੀ ਨਿਰਮਲ ਉਜਾਗਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਏਕਾ ਘਰ, ਰੱਤੀ ਨਾਮ ਰੱਖੇ ਰਤਨਾਗਰ । ਸਿੰਘ ਲਾਭ ਹਰਿ ਨਾਭ ਵਖਾਣੇ, ਉਲਟਾ ਕਵਲ ਭਵਾਏ ਨਾ । ਦੋ ਦੋ ਆਬ ਅੰਮ੍ਰਿਤ ਬੂੰਦ ਚੁਆਣੇ, ਸਾਂਤਕ ਸਾਂਤ ਰਖਾਏ ਨਾ । ਆਪੇ ਜਾਣੇ ਆਪਣੇ ਭਾਣੇ, ਭਾਣੇ ਵਿਚ ਏਕਾ ਟੇਕ ਰਘੁਰਾਏ ਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਨੌ ਦਰ, ਦਰ ਦਰਵਾਜ਼ਾ ਫੋਲ ਫੁਲਾਏ ਨਾ । ਸਿੰਘ ਹਰਨਾਮ ਪੱਲੇ ਦਿਸੇ ਨਾ ਨਾਮ, ਕਾਇਆ ਝੂਠਾ ਚਾਮ ਅੰਤਮ ਕੰਮ ਨਾ ਆਵਣਾ । ਕਲਜੁਗ ਮਿਟੇ ਅੰਧੇਰੀ ਸ਼ਾਮ, ਮਮਤਾ ਮਦਿ ਪੀਤਾ ਜਾਮ, ਅੰਤਮ ਮਿਟੇ ਤਾਮਨਾ । ਪਰਗਟ ਹੋਇਆ ਗੋਬਿੰਦ ਰਾਮ, ਰਾਮ ਰਾਮਾ ਹਰਿ ਸੁਹਾਵਣਾ । ਜਨ ਭਗਤਾਂ ਦੇਵੇ ਨਾਮ ਨਿਧਾਨ, ਪੂਰ ਕਰਾਏ ਕਾਮਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਖਾਲੀ ਦਰ, ਦਰ ਦਵਾਰਾ ਮੂਲ ਨਾ ਭਾਵਣਾ । ਕਿਰਪਾਲ ਦਿਆਲ ਨਾ ਮੇਲ ਮਿਲਾਈ, ਰਸਨਾ ਗਾਇਣ ਗੁਣਚਾਰੀ । ਦੀਨ ਦਿਆਲ ਬੈਠਾ ਮੁਖ ਛੁਪਾਈ, ਉਚ ਮਹੱਲ ਅਟੱਲ ਚੁਬਾਰੀ । ਦਿਵਸ ਰੈਣ ਤਨ ਦੁੱਖ ਲਗਾਈ, ਮਤ ਬੁਧ ਕਰ ਕਰ ਥੱਕੀ ਆਪ ਵਿਚਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਮੇਲਾ ਏਕਾ ਵਾਰ, ਹੋਏ ਜਮਨ ਕਿਨਾਰੀ । ਸੰਤ ਫਕੀਰ ਲੱਭੇ ਚੀਰ, ਸੀਸ ਚੀਰਾ ਕੋਈ ਬੰਧਾਏ ਨਾ । ਮਾਨਸ ਦੇਹੀ ਅੰਤ ਅਖ਼ੀਰ, ਲੱਖ ਚੁਰਾਸੀ ਵੱਝਾ ਜੰਜ਼ੀਰ, ਕਲਜੁਗ ਫਾਹੀ ਕੋਈ ਤੁੜਾਈ ਨਾ । ਵੇਲੇ ਅੰਤ ਆਏ ਭੀੜ, ਕੋਈ ਨਾ ਬੰਨ੍ਹੇ ਕਿਸੇ ਬੀੜ, ਨਾ ਦੂਸਰ ਕੋਈ ਸਹਾਈ ਨਾ । ਹਉਂ ਹਉਂ ਹੰਗਤਾ ਲੱਗੀ ਪੀੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਹਰ ਘਟ ਜਾਣੇ ਛੁਪਿਆ ਰਹਿਣ ਕੋਈ ਪਾਏ ਨਾ ।

ਪ੍ਰਭ ਅਬਿਨਾਸ਼ੀ ਜੋਤ ਜਗਾ, ਜਾਗਰਤ ਦਿਸ਼ਾ ਵਖਾਈਆ । ਰਾਜ ਰਾਜਾਨਾਂ ਆਪ ਉਠਾ, ਸ਼ਬਦ ਸੁਨੇਹੜਾ ਰਿਹਾ ਜਣਾਈਆ । ਸ਼ਾਹ ਸੰਗਰੂਰ ਵੇਖ ਵਖਾ, ਮੁਬਾਰਕ ਕੋਠੀ ਚਰਨ ਛੁਹਾਈਆ । ਸ਼ਬਦ ਸੁਨੇਹੜਾ ਦਏ ਪੁਜਾ, ਅਹਿਲਕਾਰਾਂ ਰਿਹਾ ਸਮਝਾਈਆ । ਸੀਸ ਦਸਤਾਰ ਇਕ ਟਿਕਾ, ਪਿਛਲਾ ਮੂਲ ਚੁਕਾਈਆ । ਤਖ਼ਤ ਤਾਜ ਆਪ ਗਵਾ, ਗੁਰ ਚਰਨ ਰਾਹ ਵਖਾਈਆ । ਅੰਤਮ ਆਉਣਾ ਵਾਹੋ ਵਾਹ, ਹਰਿ ਸਾਚਾ ਮੇਲ ਮਿਲਾਈਆ । ਸ਼ਾਹ ਪਟਿਆਲਾ ਵੇਖ ਵਖਾ, ਹਰਿ ਆਪਣੀ ਬੂਝ ਬੁਝਾਈਆ । ਮੋਤੀ ਬਾਗ ਚਰਨ ਟਿਕਾ, ਸਚ ਮਹੱਲੇ ਲੇਖ ਲਿਖਾਈਆ । ਗੁਰ ਗੋਬਿੰਦਾ ਨਾਮ ਜਣਾ, ਆਪਣਾ ਭੇਵ ਖੁਲ੍ਹਾਈਆ । ਆਪੇ ਦੇਵੇ ਪਰਦਾ ਪਾ, ਸਾਰ ਰਹੇ ਨਾ ਰਾਈਆ । ਦੋਏ ਜੋੜ ਰਿਹਾ ਸੁਣਾ, ਚਰਨੀ ਸੀਸ ਝੁਕਾਈਆ । ਪ੍ਰਭ ਅਬਿਨਾਸ਼ੀ ਰਿਹਾ ਜਣਾ, ਗੁਰ ਸੰਗਤ ਵਡ ਵਡਿਆਈਆ । ਵੇਲੇ ਅੰਤਮ ਪਕੜੇ ਬਾਂਹ, ਗੁਰਮੁਖ ਲੱਜਿਆ ਆਪ ਰਖਾਈਆ । ਸੀਸ ਦਸਤਾਰ ਦੇਵੇ ਠੰਢੀ ਛਾਂ, ਗੁਰਸਿਖ ਸੱਜਣਾ ਚਾਈਂ ਚਾਈਂਆ । ਲੇਖੇ ਲਾਏ ਏਕਾ ਨਾਂ, ਲਿਖਣਹਾਰ ਆਪ ਅਖਵਾਈਆ । ਮਸਤੂਆਣਾ ਸਾਚਾ ਥਾਂ, ਸਚ



੨੬੩
੦੬

ਨਿਸ਼ਾਨਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੋਟ ਫਰੀਦੇ ਰਿਹਾ ਉਠਾਈਆ । ਕੋਟ ਫਰੀਦੇ ਮੁੱਕਾ ਪੰਧ, ਪ੍ਰਭ ਸਾਚੇ ਅੰਤ ਮੁਕਾਇਆ । ਕਿਲ੍ਹਾ ਦਵਾਰੀ ਵੱਜਾ ਜੰਦ, ਬਾਹਰ ਡੇਰਾ ਲਾਇਆ । ਦਰ ਦਰਬਾਨ ਨਾ ਕੋਈ ਦਿਸੇ ਰਾਜ ਤਾਜ ਨਾ ਦਿਸੇ ਚੰਦ, ਪ੍ਰਭ ਸਾਚਾ ਮੇਟ ਮਿਟਾਇਆ । ਇਕ ਦਵਾਰੀ ਚੜ੍ਹਿਆ ਚੰਦ, ਕਲਜੁਗ ਦਏ ਅੰਧੇਰ ਮਿਟਾਇਆ । ਸ਼ਬਦ ਸੁਹਾਗੀ ਸੁਣਾਏ ਛੰਦ, ਨੰਗੀ ਪੈਰੀਂ ਫੇਰਾ ਪਾਇਆ । ਅੰਤਮ ਤੋੜੇ ਬੰਦੀ ਬੰਦ, ਬੰਦੀ ਤੋੜ ਆਪ ਅਖਵਾਇਆ । ਦਰ ਦਰਬਾਨ ਆਤਮ ਅੰਧ, ਭੇਵ ਕਿਸੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਵਣ ਜਾਵਣ ਪਤਤ ਪਾਵਣ ਆਪਣਾ ਪੰਧ ਮੁਕਾਇਆ । ਥਲ ਕਪੂਰ ਹਾਜ਼ਰ ਹਜ਼ੂਰ, ਹਰਿ ਸਾਚੇ ਜੋਤ ਸਵਾਈਆ । ਕਲਜੁਗ ਪੈਂਡਾ ਨੇੜੇ ਦੂਰ, ਆਪੇ ਰਿਹਾ ਵਖਾਈਆ । ਨਾਮ ਭੰਡਾਰਾ ਹਰਿ ਭਰਪੂਰ, ਏਕਾ ਏਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰ ਬਿਆਸ ਪੂਰਨ ਆਸ, ਦੇਵੇ ਚਰਨ ਛੁਹਾਈਆ । ਸੰਮਤ ਤੇਰਾਂ ਰਿਹਾ ਨਿਰਾਸ, ਸਾਧਾਂ ਸੰਤਾਂ ਸਾਰ ਨਾ ਪਾਈਆ । ਰਾਜ ਰਾਜਾਨਾਂ ਕੋਈ ਨਾ ਕਰੇ ਬੰਦ ਖੁਲਾਸ, ਹਰਿ ਬੰਧਨ ਬੰਧ ਬੰਧਾਈਆ । ਰਾਜਿੰਦਰ ਹਰਿ ਵੇਖੇ ਵਾਸ, ਦਰ ਸਾਚਾ ਵੇਖ ਵਖਾਈਆ । ਆਪੇ ਬਣਿਆ ਲੇਖ ਲਿਖਾਸ, ਸ਼ਬਦ ਸੁਨੇਹੜਾ ਜਗਤ ਜਣਾਈਆ । ਪਰਗਟ ਹੋਇਆ ਹਰਿ ਗੁਣਤਾਸ, ਨਿਹਕਲੰਕਾ ਡੰਕ ਵਜਾਈਆ । ਰਾਓ ਰੰਕਾਂ ਦੇਵੇ ਸ਼ਬਦ ਸਾਸ ਗਰਾਸ, ਕਾਇਆ ਤ੍ਰਿਪਤ ਰਿਹਾ ਕਰਾਈਆ । ਨਾਤਾ ਤੁੱਟੇ ਮਦਿਰਾ ਮਾਸ, ਰਾਜ ਰਾਜਾਨਾਂ ਰਿਹਾ ਜਣਾਈਆ । ਅੰਤ ਬੁਝਾਏ ਆਪ ਪਿਆਸ, ਜਮਨ ਕਿਨਾਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਧਾਰ, ਹਰਿ ਸਾਚੇ ਆਪ ਤੁਲਾਈਆ । ਸੰਮਤ ਤੇਰਾਂ ਤੋਲ ਅਤੋਲ, ਬਣ ਕੇ ਆਇਆ ਤੋਲਾ । ਆਪ ਨਿਭਾਏ ਸਾਚਾ ਕੌਲ, ਨਾਨਕ ਰਸਨਾ ਬੋਲਾ । ਸਾਧ ਸੰਤ ਰਿਹਾ ਡਾਵਾਂ ਡੋਲ, ਵੇਖੇ ਖੇਲ ਕਾਇਆ ਚੋਲਾ । ਗੁਰਮੁਖ ਰਖਾਏ ਆਪ ਅਨਭੋਲ, ਦੇਵੇ ਨਾਮ ਅਨਮੋਲਾ । ਸਚ ਵਸਤ ਹਰਿ ਰੱਖੇ ਕੋਲ, ਕਲਧਾਰੀ ਕਲ ਸੋਲਾ । ਸਚ ਭੰਡਾਰਾ ਦੇਵੇ ਖੋਲ੍ਹ, ਸੋਹੰ ਸੱਚਾ ਬੋਲਾ । ਆਪ ਵਜਾਏ ਆਪਣਾ ਢੋਲ, ਕਲਜੁਗ ਵੇਖੇ ਹੋਲਾ । ਨੌ ਖੰਡ ਪ੍ਰਿਥਮੀ ਰਚਿਆ ਘੋਲ, ਸੱਤਾਂ ਦੀਪਾਂ ਲਾਹੇ ਚੋਲਾ । ਧਰਤਮਾਤ ਵੇਖੇ ਢੋਲ, ਪ੍ਰਭ ਅਬਿਨਾਸ਼ੀ ਆਲਾ ਭੋਲਾ । ਲੱਖ ਚੁਰਾਸੀ ਦੇਵੇ ਰੋਲ, ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਭਗਤ ਵਿਚੋਲਾ । ਭਗਤ ਵਿਚੋਲਾ ਆਪ ਪ੍ਰਭ, ਅੰਤਮ ਸਖਾ ਸਖਾਈਆ । ਸ਼ਬਦ ਬੋਲਾ ਆਪ ਪ੍ਰਭ, ਘਰ ਸਾਚੇ ਵੱਜੇ ਵਧਾਈਆ । ਸੋਹੰ ਢੋਲਾ ਆਪ ਪ੍ਰਭ, ਸਾਚੀ ਰਸਨਾ ਰਿਹਾ ਗਾਈਆ । ਦਰ ਦਵਾਰਾ ਖੋਲ੍ਹਾ ਆਪ ਪ੍ਰਭ, ਹੱਟ ਹਟਵਾਣਾ ਆਪ ਅਖਵਾਈਆ । ਕਾਇਆ ਚੋਲਾ ਆਪ ਪ੍ਰਭ, ਵਿਚ ਬੈਠਾ ਆਸਣ ਲਾਈਆ । ਕਲਾ ਸੋਲਾਂ ਆਪ ਪ੍ਰਭ, ਅਨਕ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਸੰਮਤ ਚੌਦਾਂ ਤੇਰੀ ਵੰਡ, ਗੁਰਮੁਖਾਂ ਰਿਹਾ ਵੰਡਾਈਆ । ਸੰਮਤ ਚੌਦਾਂ ਪਹਿਲੀ ਵੰਡ, ਪਹਿਲੀ ਚੇਤਰ ਆਪ ਕਰਾਇੰਦਾ । ਆਪੇ ਵੇਖੇ ਵਿਚ ਬ੍ਰਹਿਮੰਡ, ਵਰਭੰਡੀ ਰਚਨ ਰਚਾਇੰਦਾ । ਗੁਰਮੁਖਾਂ ਅੰਤਮ ਪਾਏ ਠੰਢ, ਸੀਤਲ ਧਾਰਾ ਆਪ ਵਹਾਇੰਦਾ । ਪੱਲੇ ਬੰਨ੍ਹੇ ਨਾਮ ਗੰਢ, ਆਪਣੀ ਹੱਥੀਂ ਝੋਲੀ ਪਾਇੰਦਾ । ਪਹਿਲੀ ਚੇਤਰ ਪਾਈ ਵੰਡ, ਗੁਰਮੁਖ ਸਾਚੇ ਦਰ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਦਇਆ ਕਮਾਇੰਦਾ । ਪਹਿਲੀ ਚੇਤਰ ਕਰ ਤਿਆਰੀ, ਹਰਿ ਜੋਤੀ ਜੋਤ ਜਗਾਈਆ ।

ਸ਼ਬਦ ਘੋੜੇ ਕਰ ਅਸਵਾਰੀ, ਸੋਲਾਂ ਕਲੀਆਂ ਆਸਣ ਲਾਈਆ । ਸ਼ਬਦ ਖੰਡਾ ਅਪਰ ਅਪਾਰੀ, ਹਰਿ ਆਪਣੇ ਤਨ ਸਜਾਈਆ । ਕਲਗੀ ਤੋੜਾ ਨਾਉਂ ਨਿਰੰਕਾਰੀ, ਜਗਤ ਜਗਦੀਸ਼ ਸਿਰ ਟਿਕਾਈਆ । ਫੇਰਾ ਪਾਏ ਪਹਿਲੀ ਵਾਰੀ, ਸਾਚੀ ਲੇਖ ਲਿਖਤ ਲਿਖਾਈਆ । ਗਗੋ ਬੂਆ ਹਰਿ ਨਿਰੰਕਾਰੀ, ਗੁਰ ਸੰਗਤ ਆਪ ਤਰਾਈਆ । ਸਿੰਘ ਦਲੀਪ ਵੇਖ ਵਿਚਾਰੀ, ਘਰ ਸਾਚੇ ਆਸਣ ਲਾਈਆ । ਏਕਾ ਇੱਕੀ ਪਾਏ ਪਹਿਲੀ ਵਾਰੀ, ਦੁੱਖ ਭੁੱਖ ਰਿਹਾ ਮਿਟਾਈਆ । ਦੂਜੀ ਚੇਤਰ ਕਰ ਤਿਆਰੀ, ਸਿੰਘ ਮਨੀ ਕਰੇ ਕੁੜਮਾਈਆ । ਮਨੀ ਰਾਮ ਤੇਰੀ ਪੈਜ ਸਵਾਰੀ, ਸਿਧਮ ਡੇਰਾ ਲਾਈਆ । ਆਵੇ ਜਾਵੇ ਪਾਵੇ ਸਾਰੀ, ਭੁੱਲ ਰਹੇ ਨਾ ਰਾਈਆ । ਪਾਵੇ ਮੁੱਲ ਵਡ ਦਰਬਾਰੀ, ਸਾਚਾ ਵਣਜ ਕਰਾਈਆ । ਲੋਕਮਾਤ ਨਾ ਆਏ ਹਾਰੀ, ਸਾਚਾ ਧਾਮ ਸੁਹਾਈਆ । ਤਨ ਪਹਿਨਾਏ ਸ਼ਬਦ ਕਟਾਰੀ, ਦਿਵਸ ਰੈਣ ਹੋਏ ਸਹਾਈਆ । ਤੀਜੀ ਚੇਤਰ ਕਰ ਤਿਆਰੀ, ਚਿੱਟਾ ਅਸਵ ਰਿਹਾ ਦੁੜਾਈਆ । ਸਿੰਘ ਇੰਦਰ ਹਰਿ ਦਰਸ ਅਪਾਰੀ, ਆਪਣਾ ਆਪ ਕਰਾਈਆ । ਜਗੇ ਜੋਤ ਹਰਿ ਨਿਰੰਕਾਰੀ, ਗੁਰਮੁਖਾਂ ਮੇਲ ਕਰਾਈਆ । ਪਿੰਡ ਬੰਡਾਲਾ ਸਹਿਜ ਸੁਖਦਾਰੀ, ਗਊ ਗਰੀਬਾਂ ਮਾਤ ਦਵਾਈਆ । ਆਪੇ ਵੇਖੇ ਉਚੇ ਟਿੱਲੇ ਚੜ੍ਹ ਅਟਾਰੀ, ਮੰਦਰ ਅੰਦਰ ਸੇਜ ਵਿਛਾਈਆ । ਚੌਥੀ ਚੇਤਰ ਹਰਿ ਨਿਰੰਕਾਰੀ, ਹਰਿ ਆਪਣਾ ਕਦਮ ਉਠਾਈਆ । ਚੰਬਲ ਡੇਰਾ ਲਾਏ ਭਾਰੀ, ਸਿੰਘ ਤਾਰਾ ਗੋਦ ਉਠਾਈਆ । ਨਾਲ ਰਲਾਏ ਸੰਗਤ ਸਾਰੀ, ਮੇਲਾ ਸਹਿਜ ਸੁਭਾਈਆ । ਦਰ ਦਵਾਰਾ ਖੋਲ੍ਹ ਕੁਆੜੀ ਪਿੱਛੇ ਅਗਾੜੀ ਆਪ ਹੋ ਜਾਈਆ । ਪੱਕੀ ਫਸਲ ਅੰਤਮ ਹਾੜੀ, ਪ੍ਰਭ ਸਾਚਾ ਫਲ ਖਵਾਈਆ । ਰੱਖੇ ਲਾਜ ਚਰਨ ਛੁਹਾਏ ਦਾਹੜੀ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰ ਬਿਆਸੋਂ ਡੇਰਾ ਲਾਈਆ । ਪੰਚਮ ਚੇਤਰ ਚੇਤਨ ਚਿਤ, ਗੁਰਮੁਖ ਆਪ ਜਗਾਇੰਦਾ । ਸਿੰਘ ਗੁਰਦਿਆਲ ਹਰਿ ਨੇਤਰ ਵੇਖ, ਆਪਣਾ ਰੂਪ ਵਟਾਇੰਦਾ । ਗਰੀਬ ਨਿਮਾਣਿਆਂ ਲਿਖੇ ਲੇਖ, ਰਾਮੂਆਣੇ ਚਰਨ ਛੁਹਾਇੰਦਾ । ਜੋਤੀ ਜਾਮਾ ਧਰ ਧਰ ਭੇਖ, ਗਊ ਗਰੀਬਾਂ ਗਲੇ ਲਗਾਇੰਦਾ । ਮਸਤਕ ਟਿੱਕਾ ਲਾਏ ਮੇਖ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੇ ਚੇਤਰ ਆਪਣਾ ਮੁਖ ਵਖਾਇੰਦਾ । ਪੁਰ ਫਿਰੋਜ ਗਵਾਲ ਟੋਲੀ, ਰਾਮ ਸਿੰਘ ਪ੍ਰਭ ਰੰਗੇ ਕਾਇਆ ਚੋਲੀ । ਆਤਮ ਪੜਦਾ ਰਿਹਾ ਖੋਲ੍ਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਉਠਾਏ ਸਾਚੀ ਡੋਲੀ । ਸੱਤ ਚੇਤ ਹਰਿ ਕਰ ਤਿਆਰੀ । ਗੁਰ ਸੰਗਤ ਕਰਾਏ ਜੈ ਜੈ ਜੈਕਾਰੀ । ਮੰਗਣ ਮੰਗ ਬਣ ਭਿਖਾਰੀ । ਰੰਗਤ ਰੰਗ ਰੰਗੇ ਹਰਿ ਲਲਾਰੀ । ਕਲਜੁਗ ਤੇਰੀ ਅੰਤਮ ਵਾਰੀ । ਨਾਥੇ ਵਾਲੀ ਧਰਮ ਅਖਾੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਏ ਵੰਡੀ ਵਿਚ ਵਰਭੰਡੀ ਖੇਲੇ ਖੇਲ ਅਪਰ ਅਪਾਰੀ । ਸੱਤ ਚੇਤ ਹਰਿ ਚਰਨ ਛੁਹਾਏ, ਸਿੰਘ ਨਾਜਰ ਹਰਿ ਪੈਰ ਰਖਾਏ । ਇੱਕੀ ਜੇਠ ਵੇਖ ਵਖਾ ਕੇ । ਤ੍ਰੈਗੁਣ ਮਾਇਆ ਮੱਠ ਤਪਾ ਕੇ । ਅੱਠ ਸੱਠ ਤੀਰਥ ਧਾਮ ਮਿਟਾ ਕੇ । ਹਰਿ ਗੋਬਿੰਦਾ ਸੇਵਾ ਲਾ ਕੇ । ਗੁਰ ਗੋਬਿੰਦਾ ਜੋਤ ਜਗਾ ਕੇ । ਡੱਲਾ ਝੱਲਾ ਪਕੜ ਉਠਾ ਕੇ । ਆਪ ਆਪਣਾ ਸਾਥ ਨਿਭਾ ਕੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦੇਵੇ ਵਰ, ਸੰਗੀ ਸਾਥੀ ਆਪ ਅਖਵਾ ਕੇ । ਅੱਠ ਚੇਤਰ ਹਰਿ ਕਰ ਵਿਚਾਰ । ਗੁਰਮੁਖਾਂ ਮਾਨਸ ਜਨਮ ਦਏ ਸੁਧਾਰ । ਲੇਖ ਲਿਖਾਏ ਅਪਰ ਅਪਾਰ । ਚਾਰੇ ਕੁੰਟਾਂ ਉਠ ਉਠ ਵੇਖੇ, ਸੰਤ ਸੁਹੇਲੇ ਮੀਤ ਮੁਰਾਰ । ਗੁਰਮੁਖ ਵਿਰਲਾ ਨੇਤਰ ਪੇਖੇ, ਲੱਖ ਚੁਰਾਸੀ ਸੁੱਤੀ ਪੈਰ ਪਸਾਰ । ਆਪੇ

ਜਾਣੇ ਬਿਧਨਾ ਲੇਖੇ, ਪੂਰਬ ਕਰਮਾਂ ਰਿਹਾ ਵਿਚਾਰ । ਦੂਰ ਕਰਾਏ ਭਰਮ ਭੁਲੇਖੇ, ਹਉਮੇ ਹੰਗਤਾ ਰੋਗ ਨਿਵਾਰ । ਨੌ ਚੇਤ ਹਰਿ ਧਾਰੀ ਕੇਸੇ, ਆਪੇ ਜਾਣੇ ਆਪਣੀ ਧਾਰ । ਨੌਂ ਦਰ ਨਾ ਦਸ ਦਸਮੇਸ਼ੇ, ਦਰ ਦਰਵਾਜ਼ਾ ਬੰਦ ਕੁਆੜ । ਸ੍ਰਿਸ਼ਟ ਸਬਾਈ ਆਪੇ ਵੇਖੇ, ਵੇਖਣਹਾਰਾ ਸਰਬ ਸੰਸਾਰ । ਭਗਤ ਨਿਮਾਣੇ ਲਿਖੇ ਲੇਖੇ, ਲੇਖ ਲਿਖਾਰੀ ਆਪ ਦਾਤਾਰ । ਸਿੰਘ ਬੱਗਾ ਦਰ ਦਵਾਰਾ ਨੇਤਰ ਪੇਖੇ, ਚਰਨ ਛੁਹਾਏ ਹਰਿ ਨਿਰੰਕਾਰ । ਪਿੰਡ ਨਾਤ ਹਰਿ ਮਾਰ ਝਾਤ । ਗੁਰਮੁਖ ਸਾਚੇ ਜਾਏ ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰ । ਦਸ ਚੇਤ ਪ੍ਰਭ ਜਾਏ ਉਠ । ਪਿੰਡ ਅਜਨੌਧ ਜਾਏ ਤੁੱਠ । ਸ਼ਬਦ ਫੌਜ ਏਕਾ ਮੁੱਠ । ਗੁਰਮੁਖ ਮੌਜ ਤੀਜੀ ਗੁੱਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖਾਂ ਹੱਥ ਫੜਾਏ ਠੁੱਠ । ਹਰਿ ਹਰਬੰਸ ਹਰਿ ਗੁਣ ਗਾਇਆ । ਸਾਚੀ ਅੰਸ ਆਪ ਬਣਾਇਆ । ਸਤਿਜੁਗ ਤੇਰਾ ਸਚ ਸਰਬੰਸ, ਚਾਰ ਵਰਨਾਂ ਰਿਹਾ ਕਰਾਇਆ । ਹਰਿਜਨ ਸਾਚੇ ਰਾਜਹੰਸ, ਸੋਹੰ ਮੋਤੀ ਚੋਗ ਚੁਗਾਇਆ । ਪੰਚ ਸੰਘਾਰੇ ਕਾਹਨਾ ਕੰਸ, ਹਰਿ ਕ੍ਰਿਸ਼ਨਾ ਰੂਪ ਵਟਾਇਆ । ਗੁਰਮੁਖ ਗਾਏ ਰਸਨਾ ਸਹੰਸ, ਸਹੰਸਰ ਨਾਮਾ ਆਪ ਜਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਜਗਾਇਆ । ਗਿਆਰਾਂ ਚੇਤ ਗਿਆਰਵੀਂ ਥਿਤ, ਹਰਿ ਸਾਚੇ ਆਪ ਵਿਚਾਰਿਆ । ਹਰਿਜਨ ਮੇਲਾ ਨਿਤ ਨਵਿਤ, ਖੇਲੇ ਖੇਲ ਅਪਾਰਿਆ । ਭਗਤਨ ਮੀਤਾ ਕਰੇ ਹਿਤ, ਪਿੰਡ ਰੰਗੀਲ ਪੁਰ ਨਾਉਂ ਉਚਾਰਿਆ । ਸਿੰਘ ਜਾਗੀਰਾ ਚੇਤਨ ਚਿਤ, ਹਰਿ ਚੇਤਨ ਰੂਪ ਸਮਾ ਰਿਹਾ । ਵੇਖਣਹਾਰਾ ਕਾਇਆ ਖੇਤ, ਫਲ ਫੁਲਵਾੜੀ ਆਪ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵਿਛੜੇ ਮੇਲ ਮਿਲਾ ਰਿਹਾ ।

੨੬੬ ੦੬

ਚੇਤਰ ਬਾਰਾਂ ਆਪੇ ਬੰਨ੍ਹੇ ਆਪਣੀ ਧਾਰ, ਪੁਰ ਹੁਸ਼ਿਆਰ ਵਧਾਈਆ । ਗਿਆਨ ਚੰਦ ਸੁਣ ਪੁਕਾਰ, ਮਿਰਜਾਪੁਰ ਚਰਨ ਛੁਹਾਈਆ । ਦੇਵੇ ਦਰਸ ਅਗੰਮ ਅਪਾਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਊ ਗਰੀਬਾਂ ਪਾਰ ਕਰਾਈਆ । ਬਾਰਾਂ ਬਾਰਾਂ ਇਕ ਪਿਆਰਾ, ਏਕਾ ਹੋਏ ਜਣਾਈਆ । ਸਾਚਾ ਮੇਲਾ ਕੰਤੀ ਨਾਰਾ, ਨਾਰੀ ਕੰਤਾ ਆਪ ਅਖਵਾਈਆ । ਰੁੱਤ ਬਸੰਤਾ ਧੁਰ ਦਰਬਾਰਾ, ਫਲ ਫੁਲਵਾੜੀ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਤੇਰਾਂ ਚੇਤਰ ਨੇਤਨ ਨੇਤ, ਨਿਤ ਨਿਤ ਖ਼ੁਸ਼ੀ ਮਨਾਇੰਦਾ । ਜੋਤੀ ਜਾਮਾ ਧਰ ਧਰ ਪੇਖ, ਭੇਖਾਧਾਰੀ ਆਪ ਅਖਵਾਇੰਦਾ । ਆਪੇ ਲਿਖਣਹਾਰਾ ਲੇਖ, ਜੁਗ ਜੁਗ ਲੇਖ ਲਿਖਾਇੰਦਾ । ਆਪੇ ਮੇਟਣਹਾਰਾ ਰੇਖ, ਜੁਗ ਰੇਖਾ ਮੇਟ ਮਿਟਾਇੰਦਾ । ਗੁਰਮੁਖ ਸਾਚੇ ਨੇਤਰ ਪੇਖ, ਸਾਚੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿੰਡ ਮੁਧ ਡੇਰਾ ਲਾਇੰਦਾ । ਪਿੰਡ ਮੁਧ ਪ੍ਰਭ ਕਰੇ ਸੁਧ, ਗੁਰਮੁਖ ਆਤਮ ਰਿਹਾ ਜਣਾਈਆ । ਚਿੱਟੇ ਅਸਵ ਬਹੇ ਕੁੱਦ, ਦਿਵਸ ਰੈਣ ਰਿਹਾ ਦੁੜਾਈਆ । ਸ਼ਬਦ ਸਰੂਪ ਦੇਵੇ ਸੁਧ, ਸਤਿ ਸਰੂਪ ਆਪ ਅਖਵਾਈਆ । ਸ੍ਰਿਸ਼ਟ ਸਬਾਈ ਵੇਖੇ ਬੁਧ, ਚਾਰੋਂ ਕੁੰਟ ਪਏ ਦੁਹਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਸਾਚਾ ਦੁੱਧ, ਹੱਥੀਂ ਆਪਣੀ ਸੀਰ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਚੇਤਰ ਵੇਖ ਵਖਾਈਆ । ਪੰਦਰਾਂ ਚੇਤ ਹਰਿ ਪਰਬੀਨਾ, ਆਪਣੀ ਬਣਤ ਬਣਾਇੰਦਾ । ਰਵੀਦਾਸ ਚੁਮਾਰੇ ਠਾਂਡਾ ਸੀਨਾ, ਏਕਾ ਰੰਗ ਚੜ੍ਹਾਇੰਦਾ । ਪੁਰ ਭਲਾਈ ਭੰਨੇ ਹੰਕਾਰੀ ਬੀਨਾ, ਆਪਣਾ ਡੰਕ ਵਜਾਇੰਦਾ । ਹੋਏ ਸੁਭਾਗੀ ਚੇਤ ਮਹੀਨਾ, ਗੁਰਮੁਖ ਸਾਚੇ

ਦਰ ਸੁਹਾਇੰਦਾ । ਆਪ ਸੁਣਾਏ ਆਪਣਾ ਗੀਤ, ਦੂਸਰ ਰਾਗ ਨਾ ਕੋਇ ਅਲਾਇੰਦਾ । ਆਪੇ ਹੋਏ ਭਗਤ ਅਧੀਨਾ, ਦਰ ਸਾਚੀ ਸੇਵ ਕਮਾਇੰਦਾ । ਆਪੇ ਜਾਣੇ ਮਰਨਾ ਜੀਣਾ, ਆਪੇ ਆਪ ਉਪਾਇੰਦਾ । ਆਪੇ ਹੋਏ ਤਨ ਮਨ ਭੀਨਾ, ਆਪੇ ਸਾਂਤਕ ਸਤਿ ਵਰਤਾਇੰਦਾ । ਆਪੇ ਹੋਏ ਜਲ ਜਲ ਮੀਨਾ, ਜਲ ਮਛਲੀ ਨੀਰ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਸਾਚਾ ਵੇਖ ਵਖਾਇੰਦਾ । ਸੋਲਾਂ ਕਲੀਆਂ ਤਨ ਸ਼ਿੰਗਾਰ, ਪ੍ਰਭ ਆਪਣਾ ਆਪ ਕਰਾਇੰਦਾ । ਚੇਤਰ ਸੋਲਾਂ ਹਰਿ ਵਿਚਾਰ, ਸਾਚਾ ਡੋਲਾ ਨਾਲ ਉਠਾਇੰਦਾ । ਸੋਹੰ ਬੋਲਾ ਜੈ ਜੈਕਾਰ, ਏਕਾ ਏਕ ਕਰਾਇੰਦਾ । ਅੰਤਮ ਹੋਲਾ ਵਿਚ ਸੰਸਾਰ, ਏਕਾ ਵਾਰ ਵਖਾਇੰਦਾ । ਕਾਇਆ ਚੋਲਾ ਅਪਰ ਅਪਾਰ, ਕਲਜੁਗ ਅੰਤ ਮਿਟਾਇੰਦਾ । ਸਾਚਾ ਗੋਲਾ ਹਰਿ ਨਿਰੰਕਾਰ, ਗੁਰਮੁਖ ਸਾਚੇ ਤੋਲ ਤੁਲਾਇੰਦਾ । ਪੰਜ ਗਰਾਈਆਂ ਚਰਨ ਦਵਾਰ, ਸਿੰਘ ਬੰਤਾ ਮੁਖ ਰਖਾਇੰਦਾ । ਆਪੇ ਹੋਏ ਪਤਤ ਅਧਾਰ, ਜੁਗ ਜੁਗ ਕਰਮ ਕਮਾਇੰਦਾ । ਗੁਰਮੁਖ ਸਾਜਣ ਮੀਤ ਮੁਰਾਰ, ਏਕਾ ਧਰਮ ਵਖਾਇੰਦਾ । ਲਜ ਪਤ ਰੱਖੇ ਵਿਚ ਸੰਸਾਰ, ਸਾਚਾ ਕਰਮ ਕਮਾਇੰਦਾ । ਸੱਤ ਸਤਾਰਾਂ ਕਰੇ ਪਿਆਰ, ਦਸ ਸੱਤ ਰੂਪ ਵਟਾਇੰਦਾ । ਗੁਰਮੁਖ ਸਾਚੇ ਦਏ ਉਧਾਰ, ਭਰਮਾਂ ਵੱਟ ਤੁੜਾਇੰਦਾ । ਆਪ ਸੁਹਾਏ ਬੰਕ ਦਵਾਰ, ਸਿੰਘ ਅਜੀਤ ਅਤੀਤ ਰਖਾਇੰਦਾ । ਸੱਤ ਸਤਾਰਾਂ ਪਾਵੇ ਸਾਰ, ਮੌਜ ਬਹਾਰਾਂ ਇਕ ਦਵਾਰ, ਹਰਿ ਸਾਚਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਇੰਦਾ । ਅੱਠ ਅਠਾਰਾਂ ਰਿਹਾ ਚੁੱਪ, ਭੂਮਲੀ ਵੇਖ ਵਖਾਈਆ । ਕਲਜੁਗ ਵੇਖੇ ਜੇਠ ਧੁੱਪ, ਅੰਧ ਅੰਧੇਰੀ ਰੈਣ ਛਾਈਆ । ਆਪੇ ਵੇਖੇ ਬੈਠ ਛੁਪ, ਏਕਾ ਜੋਤ ਜਗਾਈਆ । ਅੰਤਮ ਵੇਲਾ ਰਿਹਾ ਢੁਕ, ਸਿੰਘ ਕਰਤਾਰ ਮਿਲੇ ਵਡਿਆਈਆ । ਚੇਤਰ ਉਨੀ ਵੇਖੇ ਮੁਖ, ਸਿੰਘ ਗਿਰਧਾਰ ਪਾਰ ਕਰਾਈਆ । ਪਿੰਡ ਵਾਲੀਬਲੋ ਉਤਰੇ ਭੁੱਖ, ਆਪਣਾ ਦਰਸ ਦਿਖਾਈਆ । ਚੇਤਰ ਬੀਸ ਹਰਿ ਜਗਦੀਸ, ਆਪਣਾ ਰੰਗ ਰੰਗਾਈਆ । ਆਪੇ ਵੇਖੇ ਸਿੰਘ ਬਖ਼ਸ਼ੀਸ਼, ਕਾਦਰਾਬਾਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਵੇ ਜਾਵੇ ਫੇਰਾ ਪਾਈਆ । ਚੇਤਰ ਇੱਕੀ ਇਕ ਵਿਚਾਰ, ਪ੍ਰਭ ਸਾਚਾ ਖੇਲ ਰਚਾਇੰਦਾ । ਗੁਰਮੁਖ ਸਿੱਖੀ ਤਿੱਖੀ ਧਾਰ, ਨੀਕਨ ਨੀਕੀ ਆਪ ਜਣਾਇੰਦਾ । ਨੇਤਰ ਪੇਖੀ ਹਰਿ ਦਾਤਾਰ, ਲੇਖਨ ਲੇਖੀ ਆਪ ਲਿਖਾਇੰਦਾ । ਜੋਤੀ ਜਾਮਾ ਭੇਖਨ ਭੇਖੀ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇੰਦਾ । ਇੱਕੀ ਚੇਤ ਇਕ ਅਕਾਰ, ਪ੍ਰਭ ਆਪਣਾ ਆਪ ਕਰਾਇੰਦਾ । ਗੁਰਮੁਖਾਂ ਵੇਖੇ ਦਰ ਦਵਾਰ, ਆਪੇ ਫੇਰਾ ਪਾਇੰਦਾ । ਗੁਰਮੁਖ ਸਾਚੇ ਸੰਤ ਦੁਲਾਰ, ਸਾਚੀ ਘੋੜੀ ਨਾਮ ਚੜ੍ਹਾਇੰਦਾ । ਜੋੜੀ ਜੋੜੇ ਵਿਚ ਸੰਸਾਰ, ਗੁਰ ਚੇਲੇ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇੱਕੀ ਚੇਤ ਏਕਾ ਖੇਤ, ਚਾਰ ਵਰਨਾਂ ਕਰ ਕਰ ਹੇਤ, ਸਾਚਾ ਧਾਮ ਸੁਹਾਇੰਦਾ । ਸਾਚਾ ਧਾਮ ਆਪ ਸੁਹਾਏ, ਇੱਕੀ ਚੇਤਰ ਵੇਖ ਵਖਾਈਆ । ਜੇਠੂਵਾਲ ਪ੍ਰਭ ਡੇਰਾ ਲਾਏ, ਨੌ ਦਵਾਰੇ ਦਵਾਰ ਵਖਾਈਆ । ਸ਼ਬਦ ਸਿੰਘਾਸਣ ਜੋਤ ਹਰਿਜਨ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਥਾਉਂ ਥਾਈਆ । ਅਲੱੜ ਭਿੰਡੀ ਪਾਏ ਵੰਡ, ਕੱਤਕ ਕਰਮ ਵਿਚਾਰਨਾ । ਆਪੇ ਜਾਣੇ ਜੇਰਜ ਅੰਡ, ਹਰਿਜਨ ਸਾਚੇ ਕਾਜ ਸਵਾਰਨਾ । ਮਨ ਮਤੀ ਹਰਿ ਦੇਵੇ ਦੰਡ, ਗੁਰ ਸ਼ਬਦੀ ਪਾਰ ਉਤਾਰਨਾ । ਭਗਤ ਸੁਹੇਲਾ ਦੇਵੇ ਠੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ

ਵੇਖੇ ਆਰ ਪਾਰਨਾ । ਆਪ ਪਾਰ ਪ੍ਰਭ ਵੇਖ ਕਿਨਾਰਾ, ਕੱਤਕ ਕਰਮ ਕਮਾਇੰਦਾ । ਆਪੇ ਜਾਣੇ ਆਪਣੀ ਧਾਰਾ, ਤੇਜ ਭਾਨ ਤੇਰਾ ਤਨ ਮਕਾਨ, ਆਪੇ ਫੋਲ ਫੁਲਾਇੰਦਾ । ਵਿਚ ਕਸ਼ਮੀਰ ਹਰਿ ਅਖ਼ੀਰ, ਆਪਣਾ ਚਰਨ ਟਿਕਾਇੰਦਾ । ਸਦ ਚੌਦਾਂ ਮਾਰੇ ਏਕਾ ਤੀਰ, ਪੀਰ ਫ਼ਕੀਰ ਹਿਲਾਇੰਦਾ । ਗੁਰਮੁਖਾਂ ਆਪੇ ਕਟੇ ਭੀੜ, ਅੰਤਮ ਬੇੜਾ ਬੰਨ੍ਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਸੰਮਤ ਚੌਦਾਂ ਚੰਦ ਚੜ੍ਹਾਇੰਦਾ । ਸੰਮਤ ਚੌਦਾਂ ਚਾੜ੍ਹੇ ਚੰਨ, ਗੁਰਮੁਖ ਸਾਚੇ ਵਿਚ ਸੰਸਾਰਿਆ । ਭਰਮ ਗੜ੍ਹ ਹੰਕਾਰੀ ਭੰਨ, ਦੀਪਕ ਜੋਤ ਕਰੇ ਉਜਿਆਰਿਆ । ਸਾਚਾ ਦੇਵੇ ਨਾਮ ਧਨ, ਨਾ ਕੋਈ ਲੁੱਟੇ ਚੋਰ ਯਾਰਿਆ । ਮਾਤਲੋਕ ਨਾ ਲੱਗੇ ਸੰਨ੍ਹ, ਘਰ ਸਾਚੇ ਆਪ ਟਿਕਾ ਰਿਹਾ । ਭਗਤ ਜਨਾਂ ਹਰਿ ਬੇੜਾ ਬੰਨ੍ਹ, ਪਾਰ ਕਿਨਾਰੇ ਆਪ ਉਤਾਰਿਆ । ਰਸਨਾ ਕਹਿਣਾ ਧੰਨ ਧੰਨ, ਹਰਿ ਸਾਚਾ ਸਿਰਜਨਹਾਰਿਆ । ਏਕਾ ਰਾਗ ਸੁਣਾਏ ਕੰਨ, ਸੋਹੰ ਸਾਚਾ ਰਸਨ ਉਚਾਰਿਆ । ਹਰਿ ਹਰਿ ਭਾਣਾ ਲੈਣਾ ਮੰਨ, ਏਕਾ ਇੱਕੀ ਏਕਾ ਵਾਰਿਆ । ਮਦਿਰਾ ਮਾਸੀ ਦੇਵੇ ਡੰਨ, ਨਾ ਖਾਏ ਹਰਿ ਭੰਡਾਰਿਆ । ਗੁਰਮੁਖ ਸਾਚੇ ਜੋਤ ਜਗਾਏ ਤਨ, ਸਾਚਾ ਨੂਰ ਕਰੇ ਉਜਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਵਣਜ ਵਪਾਰਾ ਇਕ ਕਰਾ ਰਿਹਾ । ਸਾਚੀ ਇੱਕੀ ਏਕਾ ਵਾਰ, ਪ੍ਰਭ ਵੇਲੇ ਅੰਤਮ ਪਾਈਆ । ਤਿੱਖੀ ਰੱਖੀ ਹਰਿ ਹਰਿ ਧਾਰ, ਮਦਿਰਾ ਮਾਸੀ ਭੇਵ ਨਾ ਰਾਈਆ । ਲੇਖ ਲਿਖੀ ਅਪਰ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਪਹਿਲੀ ਚੇਤਰ ਥਿਤ ਵਿਚਾਰ, ਸੰਮਤ ਗਿਆਰਾਂ ਆਪੇ ਬਣਤ ਬਣਾਈਆ । ਛੱਬੀ ਪੋਹ ਅੰਤ ਵਿਹਾਰ, ਵੀਹ ਸੌ ਤੇਰਾਂ ਬਿਕ੍ਰਮੀ ਆਪ ਕਰਾਈਆ । ਗੁਰਮੁਖ ਸਾਚੇ ਸੰਤ ਦੁਲਾਰ, ਸਾਚੇ ਨਾਮ ਧੁਰ ਧੁਰ ਧਾਮ, ਲਿਖ ਲਿਖ ਲੇਖ ਪੁਜਾਈਆ । ਅੰਮ੍ਰਿਤ ਆਤਮ ਦੇਵੇ ਸਾਚਾ ਜਾਮ, ਹਰਿ ਸਾਚਾ ਆਪ ਪਿਆਈਆ । ਏਕਾ ਮੇਲਾ ਰਮਈਆ ਰਾਮ, ਰਾਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦਰ ਘਰ ਸਾਚੇ ਮੇਲਾ ਸਹਿਜ ਸੁਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪਣੀ ਸੇਵਾ ਆਪੇ ਰਿਹਾ ਲਗਾਈਆ ।



੨੯੮
੦੬

### ✻ ੨੭ ਪੋਹ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਗੁਰਮੁਖ ਗਿਰਹਾ ਗੋਬਿੰਦ ਗੜ੍ਹ, ਹਰਿ ਸਾਚੇ ਆਪ ਉਸਾਰਿਆ । ਆਪੇ ਵੇਖੇ ਉਤੇ ਚੜ੍ਹ, ਪਾਰਬ੍ਰਹਮ ਪੁਰਖ ਅਪਾਰਿਆ । ਮਹੱਲ ਅਟੱਲੇ ਬੈਠਾ ਵੜ, ਨਾ ਕੋਈ ਬਣਾਏ ਚਾਰ ਦਿਵਾਰਿਆ । ਸ਼ਬਦ ਘਾੜਨ ਸਾਚਾ ਘੜ, ਆਪ ਆਪਣਾ ਰੂਪ ਵਟਾ ਲਿਆ । ਆਪੇ ਵੇਖੇ ਚੇਤਨ ਜੜ੍ਹ, ਅਸਥੂਲ ਲੇਖੇ ਲਾ ਲਿਆ । ਸੁਰਤ ਸਵਾਣੀ ਰਿਹਾ ਫੜ, ਆਪਣਾ ਕਰਮ ਕਮਾ ਲਿਆ । ਏਕਾ ਅੱਖਰ ਰਿਹਾ ਪੜ੍ਹ, ਸਾਚਾ ਮਾਰਗ ਆਪ ਵਖਾ ਲਿਆ । ਹਰਿਜਨ ਲਾਏ ਆਪਣੇ ਲੜ, ਪੱਲਾ ਆਪਣਾ ਨਾਮ ਫੜਾ ਲਿਆ । ਨਾ ਕੋਈ ਜਾਣੇ ਸੀਸ ਧੜ, ਪੰਜ ਤਤ ਹਰਿ ਮੁਖ ਛੁਪਾ ਲਿਆ । ਹਰਿਜਨ ਸਾਚੇ ਮੰਦਰ ਵੜ, ਸ਼ਬਦ ਸਿੰਘਾਸਣ ਡੇਰਾ ਲਾ ਲਿਆ । ਦਸਮ ਦਵਾਰੀ ਅੱਗੇ ਖੜ੍ਹ, ਗੁਰਮੁਖ ਸਾਜਣ ਆਪ ਮਿਲਾ ਲਿਆ । ਨਾਮ ਰੰਗੀਲੇ ਪਲੰਘ ਉਪਰ ਚੜ੍ਹ, ਹਰਿ ਸਾਚੀ ਸੇਜ ਹੰਢਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੰਤ ਦੁਲਾਰੇ,

ਆਪ ਕਰਾਏ ਚਰਨ ਪਿਆਰੇ, ਸਾਚੀ ਸੇਵਾ ਇਕ ਜਣਾ ਲਿਆ । ਹਰਿਜਨ ਕਾਇਆ ਸਚ ਘਰ, ਪ੍ਰਭ ਸਾਚਾ ਆਪ ਸੁਹਾਇੰਦਾ । ਆਪੇ ਕਰੇ ਬੰਦ ਦਰ, ਆਪਣੀ ਹੱਥੀਂ ਕੁੰਡਾ ਲਾਇੰਦਾ । ਆਪੇ ਬੈਠਾ ਅੰਦਰ ਵੜ, ਹਰਿ ਸਾਚਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦੇਵੇ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਸੰਮਤ ਚੌਦਾਂ ਕਰ ਤਿਆਰੀ, ਹਰਿ ਚੇਤਨ ਰੂਪ ਸਮਾਇਆ । ਖੜਗ ਖੰਡਾ ਤੇਜ ਕਟਾਰੀ, ਬਸਤਰ ਪੀਲਾ ਤਨ ਛੁਹਾਇਆ । ਚਿੱਟੇ ਅਸਵ ਕਰ ਅਸਵਾਰੀ, ਪਾਰ ਕਿਨਾਰਾ ਇਕ ਵਖਾਇਆ । ਜਗੇ ਜੋਤ ਨਰ ਨਿਰੰਕਾਰੀ, ਵਿਸ਼ਨੂੰ ਰੂਪ ਸਮਾਇਆ । ਬ੍ਰਹਮਾ ਵੇਖੇ ਹਰਿ ਪੁਜਾਰੀ, ਚਾਰੇ ਮੁਖ ਅੱਠੇ ਨੇਤਰ ਰਿਹਾ ਉਠਾਇਆ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰੀ, ਪ੍ਰਭ ਸਾਚੇ ਹੁਕਮ ਸੁਣਾਇਆ । ਕਰੋੜ ਤੇਤੀਸਾ ਕਰੇ ਖੇਲ ਹਰਿ ਜਗਦੀਸਾ, ਸੁਰਪਤ ਰਾਜਾ ਇੰਦ ਹਰਿ ਮੇਲਾ ਗੁਣੀ ਗਹਿੰਦ, ਅਚਰਜ ਖੇਲ ਕਰੇ ਨਿਆਰੀ । ਲੋਕਮਾਤੀ ਹਰਿ ਮਾਰ ਝਾਤ, ਜਨ ਭਗਤਾਂ ਬਣਾਏ ਇਕ ਬਰਾਤ, ਮਸਤਕ ਟਿੱਕਾ ਹੱਥੀਂ ਮਹਿੰਦੀ ਜੋਤ ਲਲਾਟੀ ਤਿਲਕ ਲਗਾਏ ਕਰੇ ਖੇਲ ਨਿਆਰੀ । ਨਾਮ ਕਾਨਾ ਧਰੇ ਹਰਿ ਭਗਵਾਨਾ, ਧੁਰ ਫ਼ਰਮਾਣਾ ਆਪਣੀ ਹੱਥੀਂ ਆਪ ਬੰਧਾਏ, ਗੁਰਮੁਖ ਸਾਚੇ ਸੀਸ ਗੁੰਦਾਏ, ਏਕਾ ਛਤਰ ਝੁਲਾਰੀ । ਬੀਸ ਬੀਸਾ ਹਰਿ ਰਘਰਾਏ, ਇਕ ਇਕੀਸਾ ਰਿਹਾ ਜਗਾਏ, ਕਲਜੁਗ ਤੇਰੀ ਅੰਤਮ ਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਵਡਿਆਏ ਏਕਾ ਦੇਵੇ ਨਾਮ ਧੰਨਾ, ਦਰ ਦਰ ਘਰ ਘਰ ਜਾਏ ਵਾਰੋ ਵਾਰੀ । ਦਰ ਦਰ ਘਰ ਘਰ ਸੇਵ ਕਮਾਏ, ਸੇਵਕ ਸੇਵਾਦਾਰੀ । ਗੁਰਮੁਖ ਸਾਚੇ ਆਪ ਤਰਾਏ, ਕਲਜੁਗ ਤੇਰੀ ਅੰਤਮ ਵਾਰੀ । ਮਨਮੁਖ ਜੀਵਾਂ ਰਿਹਾ ਡੁਬਾਏ, ਮੰਝਧਾਰ ਡੂੰਘੇ ਸਾਗਰ ਕੋਈ ਨਾ ਪਾਵੇ ਸਾਰੀ । ਵੇਖੇ ਖੇਲ ਕਾਇਆ ਗਾਗਰ, ਅੰਮ੍ਰਿਤ ਤਾਲ ਹਰਿ ਸੁਹਾਇਆ, ਨਿਰਮਲ ਕਰਮ ਕਰੇ ਉਜਾਗਰ, ਹਰਿਜਨ ਸਾਚਾ ਮੀਤ ਮੁਰਾਰੀ । ਏਕਾ ਵਣਜ ਆਪ ਕਰਾਏ, ਗੁਰਮੁਖ ਬਣਨਾ ਮਾਤ ਸੁਦਾਗਰ, ਸੋਹੰ ਸਾਚੀ ਵਸਤ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਰਾਓ ਰੰਕਾ ਦਵਾਰ ਬੰਕਾ ਏਕਾ ਅੰਕਾ ਆਦਿਨ ਅੰਤਾ ਰਿਹਾ ਉਪਜਾਈ । ਆਦਿਨ ਅੰਤਾ ਹਰਿ ਭਗਵੰਤਾ, ਏਕਾ ਜੋਤ ਜਗਾਈਆ । ਹਰਿਜਨ ਬਣਾਏ ਸਾਚੀ ਬਣਤਾ, ਕਲਜੁਗ ਤੇਰੀ ਰੇਖ ਮਿਟਾਈਆ । ਸਤਿਜੁਗ ਤੇਰੀ ਬਣਾਏ ਬਣਤਾ, ਬਣਾਵਣਹਾਰ ਆਪ ਅਖਵਾਈਆ । ਜੁਗ ਜੁਗ ਮਹਿੰਮਾ ਗਣਤ ਅਗਣਤਾ, ਲੇਖਾ ਲਿਖ ਨਾ ਸਕੇ ਰਾਈਆ । ਨਾ ਕੋਈ ਜਾਣੇ ਕਾਸ਼ੀ ਪੰਡਤਾ, ਵੇਦ ਵਿਆਸਾ ਗਿਆ ਲਿਖਾਈਆ । ਹਰਿਜਨ ਮੇਲਾ ਸਾਚੀ ਸੰਗਤਾ, ਕਲਜੁਗ ਤੇਰੀ ਰੁੱਤ ਸੁਹਾਈਆ । ਕੱਟਣਹਾਰਾ ਭੁੱਖ ਨੰਗਤਾ, ਗਊ ਗਰੀਬਾਂ ਆਪੇ ਗਲੇ ਲਗਾਈਆ । ਮਾਇਆ ਤੋੜੇ ਹੰਕਾਰੀ ਹੰਗਤਾ, ਹਉਮੇ ਰੋਗ ਜਲਾਈਆ । ਦਰ ਦਵਾਰੇ ਜੋ ਜਨ ਆਏ ਮੰਗਤਾ, ਪ੍ਰਭ ਆਤਮ ਇਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਏਕਾ ਰੱਖੇ ਹੱਥ ਵਡਿਆਈਆ । ਸੰਮਤ ਚੌਦਾਂ ਚੜ੍ਹਨਾ ਚੰਦ, ਹਰਿ ਚੰਦਨ ਟਿੱਕਾ ਲਾਇੰਦਾ । ਗੁਰਮੁਖਾਂ ਖ਼ੁਸ਼ੀ ਕਰਾਏ ਬੰਦ ਬੰਦ, ਏਕਾ ਸਿੱਕਾ ਨਾਮ ਚਲਾਇੰਦਾ । ਆਪ ਉਪਜਾਏ ਪਰਮਾਨੰਦ, ਨਿਜ਼ਾਨੰਦ ਆਪ ਵਖਾਇੰਦਾ । ਰਸਨ ਤਜਾਏ ਮਦਿਰਾ ਮਾਸ ਗੰਦ, ਹਰਿ ਬਖ਼ਸ਼ਿੰਦ ਦਇਆ ਕਮਾਇੰਦਾ । ਦੂਈ ਦਵੈਤੀ ਢਾਹੇ ਭਰਮਾਂ ਕੰਧ, ਹਰਿ ਏਕਾ ਧੱਕਾ ਲਾਇੰਦਾ । ਸ਼ਬਦ ਸੁਣਾਏ ਸੁਹਾਗੀ ਛੰਦ, ਪੰਚਮ ਸਖੀਆਂ ਨਾਲ ਰਲਾਇੰਦਾ । ਬਜਰ ਕਪਾਟੀ ਤੋੜੇ ਜੰਦ, ਦੀਪਕ ਜੋਤੀ ਇਕ ਜਗਾਇੰਦਾ । ਪੰਚ ਵਿਕਾਰਾ ਖੰਡ, ਖੰਡਾ


੨੬੯ ੦੬

੨੭੦
੦੬

ਨਾਮ ਏਕਾ ਵਾਹਿੰਦਾ । ਖੇਲੇ ਖੇਲ ਵਿਚ ਬ੍ਰਹਿਮੰਡ, ਵਰਭੰਡੀ ਲੇਖ ਲਿਖਾਇੰਦਾ । ਲੱਖ ਚੁਰਾਸੀ ਦੇਵਣ ਆਇਆ ਦੰਡ, ਲੇਖਾ ਕੋਇ ਰਹਿਣ ਨਾ ਪਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤੋੜ ਘਮੰਡ, ਹਰਿ ਏਕਾ ਡੰਕਾ ਨਾਉਂ ਵਜਾਇੰਦਾ । ਮਨਮੁਖਾਂ ਵੱਢੇ ਅੰਤਮ ਕੰਡ, ਚੰਡ ਪਰਚੰਡਾ ਆਪ ਉਠਾਇੰਦਾ । ਗੁਰਮੁਖਾਂ ਏਕਾ ਨਾਮ ਦੇਵੇ ਵੰਡ, ਧੁਰਦਰਗਾਹੀ ਸਚ ਸੁਗਾਤ ਲਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਇਕ ਵਰ, ਏਕਾ ਰੰਗਣ ਰੰਗ ਚੜ੍ਹਾਇੰਦਾ । ਕਾਇਆ ਰੰਗਣ ਸਾਚੀ ਚੋਲੀ, ਪ੍ਰਭ ਸਾਚਾ ਆਪ ਰੰਗਾਇੰਦਾ । ਮਨਮੁਖਾਂ ਵਿਆਹੇ ਅੰਤਮ ਬੋਲੀ, ਸੋਹੰ ਡੋਲੀ ਆਪ ਉਠਾਇੰਦਾ । ਗੁਰਮੁਖਾਂ ਮਿਲਾਏ ਹੌਲੀ ਹੌਲੀ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਪੂਰੇ ਤੋਲ ਰਿਹਾ ਤੋਲ, ਤੋਲਣਹਾਰਾ ਆਪ ਅਖਵਾਇੰਦਾ । ਲੱਖ ਚੁਰਾਸੀ ਹੋਈ ਗੋਲੀ, ਰਾਏ ਧਰਮ ਹੱਥ ਫੜਾਇੰਦਾ । ਗੁਰਮੁਖ ਸਾਚਾ ਸਦਾ ਅਡੋਲ ਕਦੇ ਨਾ ਡੋਲੀ, ਧੁਰ ਧਰਵਾਸ ਆਪ ਰਖਾਇੰਦਾ । ਸੋਹੰ ਸ਼ਬਦ ਸੁਣਾਏ ਸਾਚੀ ਬੋਲੀ, ਸਤਿ ਪੁਰਖ ਨਿਰੰਜਣ ਆਪੇ ਆਪ ਅਲਾਇੰਦਾ । ਕਲਜੁਗ ਤੇਰੀ ਅੰਤਮ ਖੇਲੇ ਹੋਲੀ, ਆਪ ਆਪਣੀ ਰਚਨ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਆਤਮ ਵੇਖੇ ਦਰ, ਆਪ ਆਪਣੀ ਦਇਆ ਕਮਾਇੰਦਾ ।

ਸਤਿ ਪੁਰਖ ਨਿਰੰਜਣ ਜੋਤ ਧਰ, ਸਤਿ ਧਰਮ ਰਿਹਾ ਝੁਲਾਈਆ । ਵਰਨ ਗੋਤ ਇਕ ਕਰ, ਉਚਾ ਨੀਚਾਂ ਭੇਵ ਮਿਟਾਈਆ । ਮਨਮੁਖ ਕੋਟੀ ਕੋਟ ਕਰ, ਅੰਤਮ ਕਲਜੁਗ ਰਿਹਾ ਭੁਲਾਈਆ । ਗੁਰਮੁਖ ਚੋਟੀ ਆਪ ਚੜ੍ਹ, ਸੋਇਆ ਰਿਹਾ ਆਪ ਜਗਾਈਆ । ਨਾਮ ਸੋਟੀ ਹੱਥ ਫੜ, ਆਪਣੇ ਹੱਥ ਉਠਾਈਆ । ਏਕਾ ਅੱਖਰ ਆਪੇ ਪੜ੍ਹ, ਹਰਿਜਨ ਸਾਚੇ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੀ ਬਣਤ ਬਣਾਈਆ । ਸਤਿ ਪੁਰਖ ਨਿਰੰਜਣ ਕਰ ਆਕਾਰਾ, ਜੋਤੀ ਨੂਰ ਉਪਾਇੰਦਾ । ਆਪ ਆਪਣਾ ਕਰ ਪਸਾਰਾ, ਲੱਖ ਚੁਰਾਸੀ ਆਪ ਸਮਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਹਰ ਘਟ ਰੂਪ ਵਟਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਜਗਤ ਜੁਗੀਸ਼ਰ ਆਪ ਅਖਵਾਇੰਦਾ । ਏਕਾ ਖੋਲ੍ਹੇ ਨਾਮ ਭੰਡਾਰਾ, ਵਡ ਭੰਡਾਰੀ ਆਪ ਹੋ ਆਇੰਦਾ । ਗੁਰਮੁਖ ਮੰਗਣ ਚਰਨ ਦਵਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਆਪੇ ਦੇਵੇ ਵਾਰੋ ਵਾਰਾ, ਦੋਵੇਂ ਹੱਥੀਂ ਵੰਡ ਵੰਡਾਇੰਦਾ । ਮਨਮੁਖ ਜੀਵਾਂ ਵੱਢੇ ਕੰਡ ਸੋਹੰ ਫੜੇ ਤਿੱਖਾ ਆਰਾ, ਲੱਖ ਚੁਰਾਸੀ ਚੀਰ ਚਿਰਾਇੰਦਾ । ਨਾਮ ਖੰਡਾ ਤੇਜ ਕਟਾਰਾ, ਕੱਖਾਂ ਕੱਖ ਉਡਾਇੰਦਾ । ਵੇਦ ਅਥਰਬਣ ਆਈ ਹਾਰਾ, ਅੱਲਾ ਨਾਅਰਾ ਏਕਾ ਲਾਇੰਦਾ । ਸੰਗ ਮੁਹੰਮਦ ਯਾਰ ਚਾਰਾ, ਹੂ ਹੂ ਕਰ ਕੁਰਲਾਇੰਦਾ । ਪੀਰ ਪੈਗੰਬਰ ਹੋਵਣ ਛਾਰਾ, ਪ੍ਰਭ ਵੇਲਾ ਅੰਤ ਲਿਆਇੰਦਾ । ਅੰਜੀਲ ਕੁਰਾਨਾਂ ਸੁਣ ਪੁਕਾਰਾ, ਸੁੰਨੀ ਸੁੰਨਤ ਮਿਟਾਇੰਦਾ । ਈਸਾ ਵੇਖੇ ਅੱਖ ਉਘਾੜਾ, ਮੂਸਾ ਸੀਸ ਝੁਕਾਇੰਦਾ । ਯਸੂ ਤੇਰਾ ਲੰਬਾ ਦਾਹੜਾ, ਹਰਿ ਆਪਣਾ ਚਰਨ ਛੁਹਾਇੰਦਾ । ਜ਼ਿਮੀ ਅਸਮਾਨਾਂ ਤੁੱਟੇ ਪਾੜਾ, ਹਰਿ ਏਕਾ ਗੜ੍ਹ ਬਣਾਇੰਦਾ । ਧਰਤਮਾਤ ਤੇਰਾ ਜਗਤ ਅਖਾੜਾ, ਵਰਭੰਡੀ ਆਪ ਬਣਾਇੰਦਾ । ਆਪ ਉਠਾਏ ਅਗੰਮੀ ਧਾੜਾ, ਦਿਸ ਕਿਸੇ ਨਾ ਆਇੰਦਾ । ਲੁੱਟੀ ਜਾਏ ਦਿਨ ਦਿਹਾੜਾ, ਆਪੇ ਲੇਖ ਲਿਖਾਇੰਦਾ । ਉਚੇ ਟਿੱਲੇ ਵੇਖੇ ਜੰਗਲ ਜੂਹ ਉਜਾੜ ਪਹਾੜਾ, ਡੂੰਘੀ ਕੰਦਰ ਫੋਲ ਫੁਲਾਇੰਦਾ ।

ਆਪ ਚਬਾਏ ਆਪਣੀ ਦਾੜ੍ਹਾ, ਬੇਮੁਖ ਕੱਢੇ ਹਾੜ੍ਹਾ, ਲੱਖ ਚੁਰਾਸੀ ਕੋਈ ਨਾ ਅੰਤ ਬਚਾਇੰਦਾ । ਧੁਰ ਦਰਗਾਹੀ ਸਾਚਾ ਲਾੜ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਬਣਤ ਬਣਾਇੰਦਾ । ਕਲਜੁਗ ਅੰਤਮ ਬਣਤ ਬਣਾਈ, ਹਰਿ ਸਾਚੀ ਜੋਤ ਜਗਾਈਆ । ਸਤਿ ਪੁਰਖ ਨਿਰੰਜਣ ਕਰ ਕੁੜਮਾਈ, ਹੰਗਤਾ ਵਿਚ ਸਮਾਈਆ । ਦਿਵਸ ਰੈਣ ਵੱਜੇ ਵਧਾਈ, ਗੁਰ ਗੋਬਿੰਦੇ ਹੋਈ ਕੁੜਮਾਈ, ਦਰ ਸਾਚਾ ਮੰਗਲ ਗਾਈਆ । ਲੋਕਮਾਤ ਨਾ ਹੋਏ ਜੁਦਾਈ, ਆਪੇ ਮੇਲੇ ਚਾਈਂ ਚਾਈਂ, ਦਰ ਦਵਾਰ ਬੰਕ ਸੁਹਾਈਆ । ਗੁਰਮੁਖਾਂ ਪਕੜ ਉਠਾਏ ਫੜ ਫੜ ਬਾਂਹੀਂ, ਵੇਲੇ ਅੰਤ ਕੰਤ ਸੰਤ ਭਗਵੰਤ ਜੀਵ ਜੰਤ ਆਪਣੀ ਗੋਦ ਉਠਾਈਆ । ਏਕਾ ਸ਼ਬਦ ਰਸਨਾ ਜਿਹਵਾ ਜਣਾਏ ਮਣੀਆ ਮੰਤ, ਸੋਹੰ ਓਅੰ ਏਕਾ ਸੋ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਰੇ ਸੰਤ ਦੁਲਾਰ, ਕਰ ਕਿਰਪਾ ਕਲ ਜਾਏ ਤਾਰ, ਏਕਾ ਰੰਗਣ ਨਾਮ ਚੜ੍ਹਾਈਆ । ਰੰਗਣ ਚਾੜ੍ਹੇ ਨਾਮ ਗੁਲਾਲਾ, ਹਰਿ ਸਾਚਾ ਰੰਗਣ ਆਇਆ । ਗੁਰਮੁਖ ਸਾਚਾ ਛੋਟਾ ਬਾਲਾ, ਪ੍ਰਭ ਆਪਣੀ ਗੋਦ ਉਠਾਇਆ । ਉਪਰ ਦੇਵੇ ਨਾਮ ਦੁਸ਼ਾਲਾ, ਦਿਸ ਕਿਸੇ ਨਾ ਆਇਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਭੇਖਾਧਾਰੀ ਭੇਖ ਵਟਾਇਆ । ਆਪੇ ਸ਼ਾਹ ਆਪੇ ਕੰਗਾਲਾ, ਦਰ ਦਰਵੇਸ਼ ਦੀਨ ਦਿਆਲਾ, ਏਕਾ ਏਕ ਜੋਤ ਨਿਰੰਜਣ ਹੋ ਪਰਤੱਖ ਗੁਰਮੁਖਾਂ ਦਰ ਦਵਾਰ ਰਿਹਾ ਜਗਾਇਆ । ਰਾਜ ਰਾਜਾਨਾਂ ਦਰ ਦਰ ਘਰ ਘਰ ਕਰੇ ਸੱਖ, ਗੁਰਮੁਖ ਸਾਚੇ ਕਰੇ ਵੱਖ, ਸੰਮਤ ਚੌਦਾਂ ਲਏ ਰੱਖ, ਪ੍ਰਭ ਸਾਚਾ ਲੇਖ ਲਿਖਾਇਆ । ਲੱਖ ਚੁਰਾਸੀ ਦੇਵੇ ਮਥ, ਮਨਮੁਖ ਜੀਵਾਂ ਪਾਵੇ ਨੱਥ, ਪਰਗਟ ਹੋ ਹਰਿ ਸਮਰਥ, ਅਚਰਜ ਅਚਰਜ ਅਚਰਜ ਖੇਲ ਰਚਾਇਆ । ਗੁਰਮੁਖਾਂ ਦੇਵੇ ਏਕਾ ਏਕ ਸਾਚੀ ਵੱਥ, ਧੁਰ ਦਰਗਾਹੀ ਲੈ ਕੇ ਆਇਆ । ਲੇਖਾ ਲੇਖ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹੱਥ, ਆਵਣ ਜਾਵਣ ਡਰਨ ਮਰਨ ਗੇੜ ਚੁਕਾਇਆ । ਨਾਮ ਚੜ੍ਹਾਏ ਸਾਚੇ ਰਥ, ਸਾਚਾ ਮਾਰਗ ਰਿਹਾ ਚਲਾਇਆ । ਸਗਲ ਵਸੂਰੇ ਜਾਇਣ ਲੱਥ, ਜਿਸ ਜਨ ਦਰ ਦਵਾਰੇ ਦਰਸ਼ਨ ਪਾਇਆ । ਜੁਗ ਜੁਗ ਮਹਿੰਮਾ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਰਾਇਆ । ਜੋਤੀ ਜੋਤ ਹਰਿ ਪ੍ਰਤੱਖ, ਕਲਜੁਗ ਰਾਵਣ ਹਰਿ ਹਰਿ ਰਾਮਾ ਅੰਤ ਮਿਟਾਵਣ ਆਇਆ । ਲੰਕਾ ਗੜ੍ਹ ਉਡੇ ਕੱਖ, ਸਾਚਾ ਡੋਰੂ ਡੰਕ ਵਜਾਵਣ ਆਇਆ । ਕੋਇ ਨਾ ਸਕੇ ਕਿਸੇ ਰੱਖ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਬੈਠੇ ਮੁਖ ਛੁਪਾਇਆ । ਪਰਗਟ ਹੋ ਹਰਿ ਪਰਤੱਖ, ਗੁਰਮੁਖਾਂ ਸਿਰ ਰੱਖੇ ਹੱਥ, ਪੰਚਮ ਜੇਠੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਆਇਆ । ਨਰਾਇਣ ਨਰ ਹਰਿ ਨਿਰੰਕਾਰਾ, ਜੋਤੀ ਜੋਤ ਸਵਾਈਆ । ਕਲਜੁਗ ਅੰਤਮ ਕਰ ਅਕਾਰਾ, ਗੋਬਿੰਦ ਕਾਇਆ ਰੂਪ ਵਟਾਇਆ । ਖੇਲੇ ਖੇਲ ਜਗਤ ਖਿਲਾਰਾ, ਵਾਲੀ ਹਿੰਦੇ ਰਿਹਾ ਜਗਾਈਆ । ਪਾਰਬ੍ਰਹਮ ਪ੍ਰਭ ਭੇਵ ਅਪਾਰਾ, ਗੁਣੀ ਗਹਿੰਦੇ ਵਡ ਵਡਿਆਈਆ । ਦੇਵੀ ਦੇਵ ਕਰਨ ਨਿਮਸਕਾਰਾ, ਕਰੋੜ ਤੇਤੀਸਾ ਬੈਠੇ ਸਿਰ ਝੁਕਾਈਆ । ਸ਼ਿਵ ਸ਼ੰਕਰ ਮੰਗੇ ਬਣ ਭਿਖਾਰਾ, ਦੇਵਣਹਾਰ ਹਰਿ ਰਘੁਰਾਈਆ । ਬ੍ਰਹਮਾ ਬਣੇ ਲੇਖ ਲਿਖਾਰਾ, ਚਾਰ ਵੇਦਾਂ ਰਿਹਾ ਲਿਖਾਈਆ । ਚਾਰੇ ਵੇਦ ਅੰਤ ਕਿਨਾਰਾ, ਪ੍ਰਭ ਸਾਚਾ ਰਿਹਾ ਕਰਾਈਆ । ਇਕ ਕਰਾਏ ਨਾਮ ਜੈਕਾਰਾ, ਲੇਖਾ ਲਿਖ ਨਾ ਸਕੇ ਰਾਈਆ । ਜੁਗ ਚੌਥੇ ਤੇਰੀ ਅੰਤਮ ਪਾਵੇ ਸਾਰਾ, ਅਥਰਬਣ ਅੱਲਾ ਦਏ ਦੁਹਾਈਆ । ਪਰਗਟ ਹੋਏ ਨਰ ਅਵਤਾਰਾ, ਇਕ ਇਕੱਲਾ ਜੋਤ ਜਗਾਈਆ । ਪੁਰੀਆਂ ਲੋਆਂ ਦਏ ਹੁਲਾਰਾ, ਬ੍ਰਹਿਮੰਡੀ ਮੇਟ ਮਿਟਾਈਆ ।

੨੭੧
੦੬

ਆਪੇ ਉਤਪਤ ਕਰ ਸੰਸਾਰਾ, ਆਪੇ ਲਏ ਖਪਾਈਆ । ਬ੍ਰਹਮਾ ਕਵਲਾ ਕਰ ਉਸਾਰਾ, ਅੰਤਮ ਆਪੇ ਢਾਹੀਆ । ਤ੍ਰੈਗੁਣ ਮਾਇਆ ਤਤ ਨਿਰੰਕਾਰਾ, ਤਤ ਸਤਿ ਵਿਚ ਸਮਾਈਆ । ਪੰਚ ਤਤ ਹਰਿ ਦੇਹ ਉਧਾਰਾ, ਵਰਭੰਡੀ ਰਚਨ ਰਚਾਈਆ । ਸ਼ਬਦ ਖੰਡਾ ਤੇਜ ਕਟਾਰਾ, ਵੇਲੇ ਅੰਤਮ ਆਪਣਾ ਵਾਹੀਆ । ਲੱਖ ਚੁਰਾਸੀ ਕੋਇ ਨਾ ਕਰੇ ਮਾਤ ਅਧਾਰਾ, ਕਲਜੁਗ ਮੇਟੇ ਲੱਗੀ ਮਸਤਕ ਛਾਹੀਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਹਰਿ ਦਾਤਾ ਧੁਰਦਰਗਾਹੀਆ । ਸੋਹੰ ਦੇਵੇ ਭਗਤ ਭੰਡਾਰਾ, ਜਗਤ ਵਿਦਿਆ ਮੂਲ ਚੁਕਾਈਆ । ਏਕਾ ਆਏ ਏਕੰਕਾਰਾ, ਏਕਾ ਰੂਪ ਸਮਾਈਆ । ਚਾਰ ਵਰਨ ਵਸਾਏ ਇਕ ਦਵਾਰਾ, ਰਾਓ ਰੰਕ ਏਕਾ ਧਾਮ ਸੁਹਾਈਆ । ਆਪ ਲਗਾਏ ਸਚ ਦਰਬਾਰਾ, ਸਚ ਸੁਲਤਾਨ ਆਪ ਹੋ ਜਾਈਆ । ਨੌ ਖੰਡ ਪ੍ਰਿਥਮੀ ਇਕ ਘਰ ਬਾਹਰਾ, ਸੱਤਾਂ ਦੀਪਾਂ ਚਾਰ ਦਿਵਾਰ ਬਣਾਈਆ । ਏਕਾ ਛਤਰ ਝੁੱਲੇ ਸੀਸ ਅਪਰ ਅਪਾਰਾ, ਪੰਚਮ ਮੁਖੀ ਆਪ ਰਖਾਈਆ । ਗੁਰਮੁਖ ਸਾਚੇ ਸੰਤ ਦੁਲਾਰਾ, ਪ੍ਰਭ ਆਪਣੇ ਰੰਗ ਰੰਗਾਈਆ । ਪੰਚਾਂ ਬੰਨ੍ਹੇ ਸੀਸ ਦਸਤਾਰਾ, ਸੋਹੰ ਟਿੱਕਾ ਮਸਤਕ ਲਾਈਆ । ਕਲਜੁਗ ਅੰਤਮ ਆਈ ਹਾਰਾ, ਝੂਠਾ ਸਿੱਕਾ ਰਿਹਾ ਮੁਕਾਈਆ । ਸਤਿਜੁਗ ਆਇਆ ਦਰ ਦਵਾਰਾ, ਪ੍ਰਭ ਸਾਚੀ ਭਿਛਿਆ ਪਾਈਆ । ਸੋਹੰ ਭਰਿਆ ਇਕ ਭੰਡਾਰਾ, ਗੁਰਮੁਖਾਂ ਰਿਹਾ ਵਰਤਾਈਆ । ਸੇਵਕ ਸੇਵਾ ਕਰਨੇਹਾਰਾ, ਬਾਲ ਅਵਸਥਾ ਰਿਹਾ ਕਮਾਈਆ । ਦੇਵੀ ਦੇਵ ਹਰਨੇਹਾਰਾ, ਦੇਵਤ ਦੇਵ ਆਪ ਹੋ ਜਾਈਆ । ਜੁਗ ਜੁਗ ਕਰਨੀ ਕਰਨੇਹਾਰਾ, ਕਰਨਹਾਰ ਆਪ ਅਖਵਾਈਆ । ਗੁਰਮੁਖ ਸਾਚਾ ਤਰਨੇਹਾਰਾ, ਪ੍ਰਭ ਬੇੜਾ ਬੰਨੇ ਲਾਈਆ । ਮਨਮੁਖ ਮਨ ਮਰਨੇ ਵਾਲਾ, ਵੇਲਾ ਅੰਤਮ ਨੇੜ ਵਖਾਈਆ । ਹਰਿਜਨ ਭਾਣਾ ਜਰਨੇ ਵਾਲਾ, ਪ੍ਰਭ ਚਰਨੀ ਓਟ ਰਖਾਈਆ । ਕਲਜੁਗ ਅੰਤਮ ਡਰਨੇ ਵਾਲਾ,

੨੭੨

੦੬

੨੭੨

੦੬

ਜੂਠ ਝੂਠ ਬੈਠਾ ਭਾਰ ਉਠਾਈਆ । ਸਤਿਜੁਗ ਸਾਚਾ ਚੰਦ ਚੜ੍ਹਨੇ ਵਾਲਾ, ਪ੍ਰਭ ਸਾਚੀ ਜੋਤ ਕਰੇ ਰੁਸ਼ਨਾਈਆ । ਚਾਰ ਵਰਨਾਂ ਏਕਾ ਘਾੜ ਘੜਨੇ ਵਾਲਾ, ਹਰਿ ਸ਼ਬਦੀ ਬਣਤ ਬਣਾਈਆ । ਚਿੱਟੇ ਅਸਵ ਧੁਰਦਰਗਾਹੀ ਚੜ੍ਹਨੇ ਵਾਲਾ, ਹਰਿ ਸ਼ਬਦੀ ਬਣਤ ਬਣਾਈਆ । ਚਿੱਟੇ ਅਸਵ ਧੁਰ ਦਰਗਾਹੀ ਚੜ੍ਹਨੇ ਵਾਲਾ, ਹਰਿ ਸ਼ਬਦੀ ਨਿਹਕਲੰਕੀ ਜੋਤ ਜਗਾਈਆ । ਸੰਤ ਸੁਹੇਲੇ ਅੰਦਰ ਵੜ ਫੜਨੇ ਵਾਲਾ, ਦਸਮ ਦਵਾਰੀ ਕੁੰਡਾ ਲਾਹੀਆ । ਲੱਖ ਚੁਰਾਸੀ ਨਾਲ ਲੜਨੇ ਵਾਲਾ, ਸ਼ਬਦ ਖੰਡਾ ਰਿਹਾ ਉਠਾਈਆ । ਪੰਜ ਕਟਾਰੀ ਹੱਥੀਂ ਫੜਨੇ ਵਾਲਾ, ਗੁਰ ਗੋਬਿੰਦਾ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਵਰ ਦਾਤਾ ਆਪ ਅਖਵਾਈਆ ।

ਕਲਜੁਗ ਮਾਇਆ ਦਾਸ ਕਰ, ਗੁਰਮੁਖਾਂ ਸੇਵਾ ਲਾਈਆ । ਪ੍ਰਭ ਪੂਰਨ ਆਏ ਆਸ ਕਰ, ਤ੍ਰਿਸ਼ਨਾ ਭੁੱਖ ਮਿਟਾਈਆ । ਏਕਾ ਸੋਹੰ ਸ਼ਬਦ ਸਵਾਸ ਧਰ, ਆਪ ਆਪਣਾ ਦਏ ਜਣਾਈਆ । ਕਾਇਆ ਮੰਡਲ ਰਾਸ ਕਰ, ਨਿਰਮਲ ਜੋਤੀ ਦਏ ਜਗਾਈਆ । ਨਿਜ ਘਰ ਆਤਮ ਵਾਸ ਹਰਿ, ਦਿਵਸ ਰੈਣ ਦਰਸ ਦਿਖਾਈਆ । ਮਦਿਰਾ ਮਾਸ ਬਾਹਰ ਧਰ, ਬੇਮੁਖ ਦਰ ਦਵਾਰ ਦੁਰਕਾਈਆ । ਗੁਰਮੁਖ ਨੁਹਾਏ ਸਾਚੇ ਸਰ, ਚਰਨ ਧੂੜ ਰਿਹਾ ਰਮਾਈਆ । ਦਰ ਦਵਾਰਾ ਬੰਦ ਕਰ, ਗੁਰਮੁਖ ਆਪਣੀ ਗੋਦ ਉਠਾਈਆ । ਮਨਮੁਖ ਜੀਵਾਂ ਆਵੇ ਡਰ, ਕਾਗ ਵਾਂਗ ਰਹੇ ਕੁਰਲਾਈਆ । ਆਪਣੀ ਕਿਰਪਾ ਰਿਹਾ ਕਰ, ਚੌਦਾਂ ਲੋਕਾਂ ਚੌਦਾਂ ਹੱਟ ਖੁਲ੍ਹਾਈਆ । ਚੌਦਾਂ ਤਬਕਾਂ ਮਾਰੇ ਮਾਰ, ਸੰਮਤ ਚੌਦਾਂ ਵੇਖ ਵਖਾਈਆ । ਗੁਰਮੁਖਾਂ ਤਨ

ਪਹਿਨਾਏ ਹਾਰ, ਆਪਣੀ ਹੱਥੀਂ ਸੋਹਣਾ ਸ਼ਿੰਗਾਰ ਕਰਾਈਆ । ਇਕ ਕਰਾਏ ਵਣਜ ਵਪਾਰ, ਦੂਸਰ ਕਿਸੇ ਹੱਥ ਨਾ ਆਈਆ । ਮਾਇਆ ਮਮਤਾ ਮੋਹ ਨਿਵਾਰ, ਸ਼ਬਦ ਭੰਡਾਰਾ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਆਪਣੀ ਹੱਥੀਂ ਫੂਲਨ ਬਰਖਾ ਲਾਈਆ । ਗੁਰ ਗੋਬਿੰਦਾ ਮਾਤ ਫੁਲਵਾੜੀ, ਲੋਕਮਾਤ ਲਗਾਇੰਦਾ । ਪਹਿਲੀ ਚੇਤਰ ਕਰ ਤਿਆਰੀ, ਆਤਮ ਕਾਇਆ ਸਿੰਚ ਵਖਾਇੰਦਾ । ਸੋਹੰ ਬੂਟਾ ਲਾਏ ਅਪਰ ਅਪਾਰੀ, ਅੰਤਮ ਵੇਲੇ ਫਲ ਖਵਾਇੰਦਾ । ਆਪੇ ਹੋਵੇ ਪਹਿਰੇਦਾਰੀ, ਕਲਜੁਗ ਕਾਗ ਨਾ ਕੋਈ ਆਇੰਦਾ । ਸ਼ਬਦ ਸਿੰਘਾਸਣ ਹਰਿ ਨਿਰੰਕਾਰੀ, ਏਕਾ ਆਪ ਸੁਹਾਇੰਦਾ । ਦਹਿ ਦਿਸ਼ਾ ਵੇਖੇ ਮਾਰ ਉਡਾਰੀ, ਹਰਿ ਸਾਚਾ ਬਾਜ ਉਡਾਇੰਦਾ । ਸੰਮਤ ਚੌਦਾਂ ਤੇਰੀ ਵਾਰੀ, ਗੁਰਮੁਖਾਂ ਮਾਣ ਦਵਾਇੰਦਾ । ਸਤਿਜੁਗ ਸਾਚੇ ਪੈਜ ਸਵਾਰੀ, ਲੋਕਮਾਤੀ ਨੀਂਹ ਰਖਾਇੰਦਾ । ਆਪੇ ਬੰਨ੍ਹੇ ਆਪਣੀ ਧਾਰੀ, ਅੰਮ੍ਰਿਤ ਆਤਮ ਮੇਘ ਬਰਸਾਇੰਦਾ । ਆਪ ਸੁਹਾਏ ਬੰਕ ਦਵਾਰੀ, ਦਰ ਦਵਾਰੇ ਚਰਨ ਛੁਹਾਇੰਦਾ । ਸੰਗਤ ਜਾਏ ਹਰਿ ਬਲਿਹਾਰੀ, ਸਾਚਾ ਮੇਲਾ ਮੇਲ ਮਿਲਾਇੰਦਾ । ਏਕਾ ਇੱਕੀ ਕਰ ਤਿਆਰੀ, ਇਕ ਇਕੱਲਾ ਸੇਵ ਕਮਾਇੰਦਾ । ਗੁਰਮੁਖਾਂ ਚੋਲੀ ਤਨ ਸ਼ਿੰਗਾਰੀ, ਸਾਚੀ ਰੰਗਣ ਰੰਗ ਰੰਗਾਇੰਦਾ । ਸਿੰਘ ਦਰਸ਼ਨ ਰਹਿਣਾ ਨਾਲ ਲਿਖਾਰੀ, ਪੰਚਮ ਮੀਤਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਸੋਹੰ ਸ਼ਬਦ ਸੁਣਾਏ ਸਾਚੀ ਗੀਤਾ, ਨਾਮ ਨਿਧਾਨ ਗੁਰਮੁਖ ਵਿਰਲੇ ਪੀਤਾ । ਹਰਿ ਆਇਆ ਚਰਨ ਦਵਾਰੀ, ਦੋ ਜਹਾਨੀ ਸਦਾ ਜੀਤਾ । ਪ੍ਰਭ ਸਾਚੇ ਪੈਜ ਸਵਾਰੀ । ਸਤਿਜੁਗ ਤੇਰੀ ਸਾਚੀ ਰੀਤਾ, ਚਲੇ ਚਲਾਏ ਵਿਚ ਸੰਸਾਰੀ । ਕਲਜੁਗ ਤੇਰੀ ਪਰਖੇ ਨੀਤਾ, ਵੇਲੇ ਅੰਤਮ ਆਈ ਹਾਰੀ । ਹਰਿਜਨ ਹੋਏ ਪਤਤ ਪੁਨੀਤਾ, ਦੋਏ ਜੋੜ ਕਰੇ ਨਿਮਸਕਾਰੀ । ਊਚ ਨੀਚ ਨਾ ਜਾਣੇ ਕੋਈ ਹਸਤ ਕੀਟਾ, ਰਾਓ ਰੰਕ ਏਕਾ ਦਰ ਬਹਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਭੰਡਾਰੇ ਰਿਹਾ ਭਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨਾਂ ਕਰੇ ਖਾਲੀ । ਰਾਜ ਰਾਜਾਨਾਂ ਆਈ ਹਾਰ, ਵੇਲਾ ਅੰਤਮ ਆਇੰਦਾ । ਸ਼ਾਹ ਸੁਲਤਾਨਾਂ ਮਾਰੇ ਮਾਰ, ਨਾ ਕੋਈ ਮਾਤ ਛੁਡਾਇੰਦਾ । ਗੁਰਮੁਖਾਂ ਹੱਥੀਂ ਬੰਨ੍ਹੇ ਗਾਨਾ, ਗੁਣ ਨਿਧਾਨਾ ਦਇਆ ਕਮਾਇੰਦਾ । ਜੋਤ ਸਰੂਪੀ ਪਹਰਿਆ ਬਾਣਾ, ਨਾਮ ਖੰਡਾ ਨਾਲ ਰਖਾਇੰਦਾ । ਆਪੇ ਹੋਇਆ ਜਾਣੀ ਜਾਣਾ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਸੰਮਤ ਚੌਦਾਂ ਦੇਵੇ ਮਾਣਾ, ਗੁਰਮੁਖਾਂ ਮੇਲਾ ਹਰਿ ਭਗਵਾਨਾ, ਆਪ ਆਪਣੀ ਸਰਨ ਰਖਾਇੰਦਾ । ਨਾਮ ਰੰਗਾਏ ਸੱਤ ਰੰਗ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਮਾਤ ਵਰ, ਆਪ ਆਪਣੀ ਦਇਆ ਕਮਾਇੰਦਾ । ਸੰਮਤ ਚੌਦਾਂ ਚੜ੍ਹ ਕੇ ਆਏ, ਵੇਖੇ ਖੇਲ ਅਗੰਮਾ । ਕਲਜੁਗ ਮਾਇਆ ਸੜ ਕੇ ਆਏ, ਨਾ ਕੋਈ ਪਵਣ ਸਵਾਸੀ ਦਮਾ । ਓਅੰਕਾਰਾ ਏਕਾ ਅੱਖਰ ਪੜ੍ਹ ਕੇ ਆਏ, ਧਰਤ ਮਾਤ ਆਕਾਸ਼ ਰਹਾਏ, ਆਪ ਟਿਕਾਏ ਬਿਨ ਬਿਨ ਥੰਮ੍ਹਾ । ਚਿੱਟੇ ਅਸਵ ਚੜ੍ਹ ਕੇ ਆਏ, ਗੁਰਮੁਖ ਤੇਰੇ ਦਰ ਦਵਾਰੇ ਖੜ ਕੇ ਆਏ, ਪੰਜਾਂ ਨਾਲ ਲੜ ਕੇ ਆਏ, ਨਾ ਮਰੇ ਨਾ ਕਦੇ ਜੰਮਾ । ਆਪਣਾ ਘਾੜਨ ਘੜ ਕੇ ਆਏ, ਗੁਰ ਗੋਬਿੰਦੇ ਅੰਦਰ ਵੜ ਕੇ ਆਏ, ਲੱਖ ਚੁਰਾਸੀ ਆਪ ਬਣਾਏ ਆਪਣਾ ਤਮਾ । ਕਾਲ ਮਹਾਂਕਾਲ ਹੱਥ ਫੜ ਕੇ ਆਏ, ਸ਼ਬਦ ਡੰਡਾ ਸੀਸ ਜੜ ਕੇ ਆਏ, ਜੁਗ ਜੁਗ ਜਾਣੇ ਆਪਣਾ ਕੰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਵਰ, ਮਨਮੁਖ ਕੌੜਾ ਰੀਠਾ ਭੰਨਾ । ਗੁਰਮੁਖ ਸਾਚੇ ਜਾਣਾ ਜਾਗ, ਹਰਿ ਸਾਚਾ ਆਪ ਜਗਾਇੰਦਾ ।

ਪਹਿਲੀ ਚੇਤਰ ਪਕੜੇ ਵਾਗ, ਡੋਰੀ ਆਪਣੇ ਹੱਥ ਰਖਾਇੰਦਾ । ਆਪ ਬਣਾਏ ਹੰਸ ਕਾਗ, ਚੋਰੀ ਚੋਰੀ ਵੇਖ ਵਖਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਦੀਵਾ ਬੱਤੀ ਨਾ ਕੋਈ ਰਖਾਇੰਦਾ । ਸੋਹੰ ਬੰਨ੍ਹੇ ਸਾਚਾ ਤਾਗ, ਦੋ ਜਹਾਨੀ ਤੰਦ ਬੰਨ੍ਹਾਇੰਦਾ । ਦੂਰ ਦੁਰਾਡਾ ਆਇਆ ਭਾਗ, ਮਾਤਲੋਕੀ ਜੋਤ ਜਗਾਇੰਦਾ । ਸਤਿਗੁਰ ਪੂਰਾ ਗਿਆ ਜਾਗ, ਗੁਰਮੁਖ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਇਕ ਦਰ, ਬੰਕ ਦਵਾਰ ਆਪ ਸੁਹਾਇੰਦਾ । ਬੰਕ ਦਵਾਰਾ ਧੰਨ ਹੈ, ਗੁਰ ਸਤਿਗੁਰ ਸਾਚੀ ਟੇਕ । ਹਰਿਜਨ ਆਤਮ ਜਾਏ ਮੰਨ ਹੈ, ਪ੍ਰਭ ਕਾਇਆ ਕਰੇ ਬਿਬੇਕ । ਏਕਾ ਰਾਗ ਸੁਣਾਏ ਕੰਨ ਹੈ, ਕਲਜੁਗ ਮਾਇਆ ਨਾ ਲਾਏ ਸੇਕ । ਸਦੀ ਚੌਧਵੀਂ ਸੰਮਤ ਚੌਦਾਂ ਪਾਰਬ੍ਰਹਮੀ ਚੜ੍ਹਿਆ ਚੰਨ ਹੈ, ਲੋਆਂ ਪੁਰੀਆਂ ਉਪਰ ਬੈਠਾ ਰਿਹਾ ਵੇਖ । ਜੋ ਘੜਿਆ ਸੋ ਦੇਵੇ ਭੰਨ ਹੈ, ਆਪ ਉਖਾੜੇ ਕਲਜੁਗ ਤੇਰੀ ਕਾਇਆ ਧਰਤ ਮਾਤ ਲੱਗੀ ਮੇਖ । ਸਦਾ ਵਸੇਰਾ ਨਾ ਕੋਈ ਛੱਪਰੀ ਛੰਨ ਹੈ, ਕਿਸੇ ਨਾ ਰੱਖੇ ਟੇਕ । ਜਨ ਭਗਤਾਂ ਬੇੜਾ ਰਿਹਾ ਬੰਨ੍ਹ ਹੈ, ਆਦਿ ਅੰਤ ਏਕਾ ਏਕ । ਏਕਾ ਦੇਵੇ ਨਾਮ ਧਨ ਹੈ, ਕਲਜੁਗ ਅੰਤਮ ਵਾਰੀ ਵੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਧੁਰ ਦਰਗਾਹੀ ਲਿਖਣਹਾਰਾ ਨਾਮ ਲੇਖ । ਹਰਿ ਸਾਚਾ ਲੇਖ ਲਿਖੰਦੜਾ । ਹਰਿਜਨ ਮਾਤ ਵਿਚਾਰ, ਆਤਮ ਤੋੜੇ ਵੱਜਾ ਜੰਦੜਾ । ਵੇਖੇ ਕਾਇਆ ਗੜ੍ਹ ਹੰਕਾਰ, ਨੌਂ ਦਵਾਰੇ ਫੋਲ ਫੁਲੰਦੜਾ । ਪਾਵਣਹਾਰਾ ਆਪੇ ਸਾਰ, ਬੰਕ ਦਵਾਰਾ ਇਕ ਸੁਹੰਦੜਾ । ਗੁਰ ਸ਼ਬਦੀ ਜੈ ਜੈ ਜੈਕਾਰ, ਪੰਚਮ ਧਾੜ ਨਾ ਕੋਈ ਵਖੰਦੜਾ । ਤਤੀ ਵਾ ਨਾ ਦਿਸੇ ਹਾੜ, ਅੰਮ੍ਰਿਤ ਧਾਰਾ ਇਕ ਵਹੰਦੜਾ । ਕਾਇਆ ਸੀਤਲ ਧਾਰ, ਹਰਿ ਕਾਗੋਂ ਹੰਸ ਬਣੰਦੜਾ । ਚਰਨ ਧੂੜੀ ਅਪਰ ਅਪਾਰ, ਜੁਗ ਜੁਗ ਜਨ ਭਗਤਾਂ ਆਪ ਬਖ਼ਸ਼ੰਦੜਾ । ਦੁਸ਼ਟਾਂ ਦਏ ਸੰਘਾਰ, ਹਰਿਜਨ ਵਰ ਪਾਇਆ ਘਰ ਲੁੜੰਦੜਾ । ਆਪ ਸੁਹਾਈ ਸਾਚੀ ਨਾਰ, ਪਲੰਘ ਰੰਗੀਲਾ ਇਕ ਵਿਛੰਦੜਾ । ਪ੍ਰਭ ਸਾਚਾ ਦਸਮ ਦਵਾਰ, ਸਾਚੀ ਸੇਜਾ ਇਕ ਵਖੰਦੜਾ । ਉਤੇ ਲਾਏ ਫੂਲਨਹਾਰ, ਜੋਤ ਸਰੂਪੀ ਜੋਤ ਜਗੰਦੜਾ । ਆਪੇ ਬੈਠਾ ਅੱਧ ਵਿਚਕਾਰ, ਮਨਮੁਖ ਜੀਵ ਭਾਗਾਂ ਮੰਦੜਾ । ਪ੍ਰਭ ਸਾਚੇ ਨਾ ਪਾਵੇ ਸਾਰ, ਮਾਇਆ ਮਮਤਾ ਝੂਠੀ ਕੰਧੜਾ । ਕਾਇਆ ਮੰਦਰ ਅੰਦਰ ਇਕ ਦਵਾਰ, ਗੁਰਸਿਖ ਗੁਰ ਚਰਨ ਬਣਾਏ ਬੰਦੜਾ । ਬੰਦੀ ਤੋੜੇ ਲੱਖ ਚਾਰ, ਮਨਮਤ ਜੀਵ ਆਤਮ ਅੰਧੜਾ । ਮਿਲੇ ਮੇਲ ਦਰਸ ਨਰ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਮਾਤ ਵਰ, ਸੰਮਤ ਚੌਦਾਂ ਵੇਖ ਵਿਚਾਰ । ਸੰਮਤ ਚੌਦਾਂ ਸਾਚੀ ਹਾਟੀ, ਪ੍ਰਭ ਸਾਚੀ ਮਾਤ ਖੁਲ੍ਹਾਇੰਦਾ । ਜਨ ਭਗਤਾਂ ਜੋਤ ਜਗਾਏ, ਤਨ ਲਲਾਟੀ, ਮਸਤਕ ਲਹਿਣਾ ਮੂਲ ਚੁਕਾਇੰਦਾ । ਆਪ ਚੜ੍ਹਾਏ ਔਖੀ ਘਾਟੀ, ਨੇਤਰ ਨੈਣਾਂ ਦਰਸ ਦਿਖਾਇੰਦਾ । ਇਕ ਵਖਾਏ ਤੀਰਥ ਤਾਟੀ, ਅਠ ਸਠ ਮੇਟ ਮਿਟਾਇੰਦਾ । ਅੰਮ੍ਰਿਤ ਆਤਮ ਰਸ ਗੁਰਮੁਖ ਸਾਚੇ ਹਰਿ ਚਰਨ ਦਵਾਰੇ ਰਿਹਾ ਚਾਟੀ, ਨਿਝਰ ਧਾਰਾ ਆਪ ਵਹਾਇੰਦਾ । ਸਾਚਾ ਲਾਹਾ ਗੁਰ ਦਰ ਸਾਚੇ ਮੰਦਰ ਅੰਦਰ ਬਹਿ ਬਹਿ ਖਾਟੀ, ਪਿਛਲਾ ਘਾਟਾ ਪੂਰ ਕਰਾਇੰਦਾ । ਆਵਣ ਜਾਵਣ ਚੁੱਕੇ ਆਣ ਬਾਟੀ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤ ਜਗਾਏ ਕਾਇਆ ਮਾਟੀ, ਅੰਧ ਅੰਧੇਰ ਮਿਟਾਇੰਦਾ । ਬਜਰ ਕਪਾਟੀ ਕਿਸੇ ਨਾ ਪਾਟੀ, ਸਾਧ ਸੰਤ ਸਰਬ ਕੁਰਲਾਇੰਦਾ । ਕਲਜੁਗ ਖੇਲ ਬਾਜੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਇੰਦਾ । ਗੁਰਮੁਖਾਂ ਤਨ ਪਹਿਨਾਏ ਸਾਚਾ ਪਾਟੀ, ਸੋਹੰ ਤਨ ਛੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ

੨੭੪
੦੬

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜਨ ਹਰਿ ਦੇਵੇ ਇਕ ਵਰ, ਦਰ ਦਵਾਰਾ ਇਕ ਵਖਾਇੰਦਾ । ਗੁਰ ਸੰਗਤ ਨਾ ਜਾਣਾ ਭੁੱਲ, ਹਰਿ ਸਾਚੇ ਸ਼ਬਦ ਜਣਾਈਆ । ਸੰਮਤ ਚੌਦਾਂ ਪੈਣਾ ਮੁੱਲ, ਵੇਖੇ ਪਰਖੇ ਹਰਿ ਰਘੁਰਾਈਆ । ਹਰਿਜਨ ਤੇਰੀ ਸਾਚੀ ਕੁੱਲ, ਸਤਿਜੁਗ ਸਾਚੇ ਕਰੇ ਰੁਸ਼ਨਾਈਆ । ਲੱਖ ਚੁਰਾਸੀ ਜਾਣਾ ਰੁੱਲ, ਚਾਰੋਂ ਕੁੰਟ ਹੋਏ ਦੁਹਾਈਆ । ਪਾਣੀ ਪੈਣਾ ਕਾਇਆ ਚੁਲ੍ਹ, ਜੋਤ ਨਿਰੰਜਣ ਦਿਸ ਨਾ ਆਈਆ । ਅੰਮ੍ਰਿਤ ਆਤਮ ਰਹੇ ਡੁੱਲ੍ਹ, ਸਾਚੀ ਬੂੰਦ ਨਾ ਕਿਸੇ ਵਖਾਈਆ । ਧੁਰ ਦਰਗਾਹੀ ਸ਼ਬਦ ਅਟੱਲ, ਹਰਿ ਸਾਚਾ ਆਪ ਲਿਆਈਆ । ਆਪੇ ਹੋਇਆ ਹਰਿ ਅਭੁੱਲ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਗੁਰ ਸੰਗਤ ਫੁਲ ਰਿਹਾ ਫੁੱਲ, ਫਲ ਫੁਲਵਾੜੀ ਮਾਤ ਲਗਾਈਆ । ਆਪੇ ਪਾਵਣਹਾਰਾ ਮੁੱਲ, ਸੰਮਤ ਤੀਜੇ ਮੋਹ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਤੋਲ ਤੁਲਾਈਆ । ਅੰਤਮ ਵੇਲੇ ਵੇਖ ਵਖਾਏ, ਹਰਿ ਸੰਗਤ ਦਰ ਦੁਲਾਰੀ । ਲਿਖਣਹਾਰਾ ਲੇਖ ਲਿਖਾਏ, ਚਾਰ ਵਰਨ ਨਿਭਾਏ ਸਾਚੀ ਯਾਰੀ । ਨਾ ਕੋਈ ਧਾਰੀ ਕੇਸ ਜਣਾਏ, ਮੂੰਡ ਮੁੰਡਾਏ ਨਾ ਕਰੇ ਵਿਚਾਰੀ । ਵਰਨ ਅਠਾਰਾਂ ਰਹੇ ਕੁਰਲਾਏ, ਵੇਦ ਪੁਰਾਨਾਂ ਆਈ ਹਾਰੀ । ਖਾਣੀ ਬਾਣੀ ਦਏ ਦੁਹਾਏ, ਅੰਜੀਲ ਕੁਰਾਨਾਂ ਹਾਹਾਕਾਰੀ । ਏਕਾ ਨਾਉਂ ਹਰਿ ਗਿਰਧਾਰੀ, ਲੋਕਮਾਤ ਕਰੇ ਉਜਿਆਰੀ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡ ਵੰਡ ਜੇਰਜ ਕਰਾਏ ਜੈ ਜੈ ਜੈਕਾਰੀ । ਜੈ ਜੈ ਜੈਕਾਰ ਜਗਤ ਗੁਰ ਮੰਤਰਾ, ਜਗਤ ਜਗਦੀਸ਼ਰ ਜੈ । ਜੈ ਜੈ ਜੈਕਾਰ ਜਗਤ ਗੁਰ ਅੰਤਰਾ, ਗੁਰਮੁਖ ਸਾਚੇ ਤੇਰੀ ਜੈ । ਜੈ ਜੈ ਜੈਕਾਰ ਜਗਤ ਗੁਰ ਮੰਤਰਾ, ਕਲਜੁਗ ਲਾਏ ਅੰਤ ਬਸੰਤਰਾ, ਲੱਖ ਚੁਰਾਸੀ ਹੋਣਾ ਖੈ । ਜੈ ਜੈ ਜੈਕਾਰ ਗੁਰ ਮੰਤਰਾ, ਗੁਰਮੁਖ ਵਿਰਲਾ ਲੋਕਮਾਤ ਜਾਏ ਰਹੇ । ਜੈ ਜੈ ਜੈਕਾਰ ਗੁਰ ਮੰਤਰਾ, ਗੁਰਦੇਵ ਸਵਾਮੀ ਨਮੋ ਆਦਿ ਵਿਚ ਬ੍ਰਹਿਮਾਦ ਏਕਾ ਵਹਿਣ ਸਾਚਾ ਵਹੇ । ਨਮੋ ਨਮੋ ਨਮੋ ਹਰਿ ਸਵਾਮੀ ਦਮੋ ਦਮੋ ਦਮੋ ਸਵਾਮੀ ਨਿਹਕਾਮੀ, ਚਮੋ ਚਮੋ ਚਮੋ ਹਰਿ ਪਾਰ ਗਰਾਮੀ, ਵੇਖ ਕੋਈ ਨਾ ਲਏ । ਕਲਜੁਗ ਰੈਣ ਅੰਧੇਰੀ ਸ਼ਾਮੀ, ਪਰਗਟ ਹੋਏ ਹਰ ਘਟ ਹਰਿ ਹਰਿ ਅੰਤਰਜਾਮੀ, ਜਨ ਭਗਤਾਂ ਇਕ ਵਖਾਏ ਅੰਮ੍ਰਿਤ ਆਤਮ ਜਾਮ ਪਿਆਏ ਸੋਹੰ ਸਾਚੀ ਨੈਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵਣ ਆਇਆ ਵਰ, ਭੇਵ ਚੁਕਾਏ ਤੂੰ ਮੈਂ । ਤੂੰ ਮੈਂ ਮੈਂ ਤੂੰ ਆਪ, ਆਪੇ ਵਿਚ ਸਮਾਇਆ । ਆਪ ਜਪਾਏ ਸਾਚਾ ਜਾਪ, ਸੋਹੰ ਨਾਉਂ ਰਖਾਇਆ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਮਾਇਆ ਨੇੜ ਨਾ ਆਇਆ । ਆਪ ਕਰਾਏ ਵਡ ਪਰਤਾਪ, ਵਡ ਪਰਤਾਪੀ ਹਰਿ ਰਘੁਰਾਇਆ । ਗੁਰਮੁਖ ਸਾਚੇ ਸੰਤ ਜਨਾਂ ਕੋਟਨ ਕੋਟ ਉਤਾਰੇ ਪਾਪ, ਜਿਸ ਜਨ ਰਸਨਾ ਗਾਇਆ । ਸੋ ਸਹਾਈ ਆਪੇ ਆਪ, ਸੱਸਾ ਕਿਲ੍ਹਾ ਆਪੇ ਜਾਣੇ ਆਪਣਾ ਸ਼ਿਲਾ । ਹੋੜਾ ਸਰਗੁਣ ਨਿਰਗੁਣ ਰੂਪ ਸਮਾਇਆ । ਦੋ ਜਹਾਨੀ ਜੋੜੇ ਜੋੜਾ । ਨਾਲ ਰਲਾਏ ਸ਼ਬਦ ਘੋੜਾ । ਆਪੇ ਪਰਖੇ ਮਿੱਠਾ ਕੌੜਾ, ਰੂਪ ਅਨੂਪਾ ਸਤਿ ਸਰੂਪਾ ਬ੍ਰਹਿਮਣ ਗੌੜਾ । ਸ਼ਾਹੋ ਭੂਪਾ ਨਾ ਕੋਈ ਜਾਣੇ ਲੰਬਾ ਚੌੜਾ । ਅੰਧ ਕੂਪਾ ਕਲਜੁਗ ਅੰਤਮ ਆਇਆ ਦੌੜਾ । ਘਰ ਘਰ ਦਰ ਦਰ ਮੰਦਰ ਅੰਦਰ ਧੁਖਦੇ ਧੂਪਾ, ਪਾਰਬ੍ਰਹਮ ਕਿਸੇ ਨਾ ਬਹੁੜਾ । ਗੁਰਮੁਖ ਵੇਖਣ ਚਾਰੇ ਕੂਟਾਂ, ਆਤਮ ਪ੍ਰਭ ਦਰਸ ਦੀ ਲੱਗੀ ਔੜਾ । ਪੁਰਖ ਅਬਿਨਾਸ਼ੀ ਮਾਤ ਜੋਤ ਪਰਕਾਸ਼ੀ, ਏਕਾ ਦੇਵੇ ਸੋਹੰ ਹੂਟਾ । ਪਰਗਟ ਹੋਏ ਘਨਕਪੁਰ ਵਾਸੀ, ਗੁਰਮੁਖਾਂ ਦਰ ਦਾਸਨ ਦਾਸੀ, ਵੇਲੇ ਅੰਤਮ ਆਪੇ ਬਹੁੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ

ਏਕਾ ਵਰ, ਏਕਾ ਜਨਣੀ ਸ਼ਬਦ ਜੋੜਾ ।

ਦਰ ਦਰਵੇਸ਼ ਨਰ ਨਿਰੰਕਾਰਿਆ । ਪੰਚਮ ਦਰ ਦਵਾਰ, ਮੰਗੇ ਮੰਗ ਅਪਰ ਅਪਾਰਿਆ । ਆਪੇ ਵੇਖੇ ਵਿਚਾਰ, ਨੌਂ ਦਵਾਰ ਵਿਚ ਸੰਸਾਰਿਆ । ਜੀਵਾਂ ਜੰਤਾਂ ਬੰਨ੍ਹੀ ਧਾਰ, ਦਸਮ ਦਵਾਰੀ ਖੇਲ ਅਪਾਰਿਆ । ਹਰਿ ਵਸਿਆ ਗੁਪਤ ਜ਼ਾਹਿਰ, ਵਰਭੰਡੀ ਭੇਖ ਵਟਾ ਲਿਆ । ਜੋਤੀ ਜਾਮਾ ਹਰਿ ਕਰਤਾਰ, ਸਾਚੀ ਵੰਡੀ ਵੰਡ ਵੰਡਾ ਲਿਆ । ਹਰਿਜਨ ਸਾਚੇ ਸੰਤ ਦੁਲਾਰ, ਭੇਖ ਪਖੰਡੀ ਮਾਤ ਮਿਟਾ ਰਿਹਾ । ਨਿਹਕਲੰਕਾ ਲਏ ਅਵਤਾਰ, ਹੱਥੀਂ ਮਹਿੰਦੀ ਏਕਾ ਲਾ ਰਿਹਾ । ਸ਼ਬਦ ਅਮਾਮ ਕਰੇ ਤਿਆਰ, ਅਮਾਮ ਮਹਿੰਦੀ ਲੇਖ ਲਿਖਾ ਲਿਆ । ਉਮਤ ਨਬੀ ਨਾ ਪਾਏ ਸਾਰ, ਏਕਾ ਕੂਟੇ ਡੇਰਾ ਲਾ ਲਿਆ । ਦਿਸ ਨਾ ਆਏ ਹਰਿ ਗਿਰਧਾਰ, ਪੌਹ ਫੁੱਟੇ ਵਿਚ ਸੰਸਾਰਿਆ । ਜੋਤੀ ਨੂਰ ਹੋਏ ਉਜਿਆਰ, ਮਾਇਆ ਲੂਠੇ ਜੀਵ ਹੰਕਾਰਿਆ । ਪ੍ਰਭ ਮਾਰੇ ਸਾਚੀ ਮਾਰ, ਗੁਰਮੁਖ ਵੇਖੇ ਇਕ ਦਵਾਰਿਆ । ਹਰਿ ਭਰਿਆ ਨਾਮ ਭੰਡਾਰ, ਆਪੇ ਬਣਿਆ ਮਾਤ ਭਿਖਾਰਿਆ । ਦਰ ਦਰਵੇਸ਼ਾ ਨਰ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਰਿਹਾ ਪੈਜ ਸਵਾਰਿਆ । ਅਛਲ ਛਲਨ ਹਰਿ ਆਪ ਅਖਵਾਏ, ਜੁਗ ਜੁਗ ਅਵੱਲੜੀ ਰੀਤੀ । ਬਲ ਬਾਵਨ ਹਰਿ ਭੇਖ ਵਟਾਏ, ਸੀਤਾ ਰਾਵਣ ਛਲੀ, ਖੇਲੇ ਖੇਲ ਅਤੀਤੀ । ਕਲਜੁਗ ਕਾਇਆ ਮਾਇਆ ਰੰਗ ਲੀ, ਝੂਠੀ ਪ੍ਰੀਤੀ । ਜਗਤ ਮੁਹੰਮਦ ਏਕਾ ਮੰਗ ਹਰਿ ਦਵਾਰੇ ਮੰਗ ਲੀ, ਪ੍ਰਭ ਵੇਖੇ ਪਾਕ ਪਲੀਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਕੀਤੀ । ਆਪੇ ਜਾਣੇ ਜਾਨਣਹਾਰ, ਜੁਗ ਜੁਗ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਉਤਰਿਆ ਪਾਰ, ਦੁਆਪਰ ਮੂਲ ਚੁਕਾਇੰਦਾ । ਸ਼ਾਮ ਯੁਜਰ ਨਾ ਕੋਈ ਅਧਾਰ, ਰਿਗ ਰੇਖ ਮਿਟਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਾਮਾ ਭੇਖ ਵਟਾਇੰਦਾ । ਅਥਰਬਣ ਐੜਾ ਕਰ ਵਿਚਾਰ, ਅੱਲਾ ਨਾਲ ਰਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਪ੍ਰਭ ਆਪਣੇ ਹੱਥ ਉਠਾਇੰਦਾ । ਸੋਹੰ ਖੰਡਾ ਅਪਰ ਅਪਾਰ, ਗੁਰ ਗੋਬਿੰਦਾ ਕਰ ਤਿਆਰ, ਆਪਣੇ ਤਨ ਛੁਹਾਇੰਦਾ । ਆਪੇ ਹੋਇਆ ਪਹਿਰੇਦਾਰ, ਚਾਰੋਂ ਕੁੰਟ ਫੇਰਾ ਪਾਇੰਦਾ । ਜਨ ਭਗਤਾਂ ਕਰੇ ਖ਼ਬਰਦਾਰ, ਕਲਜੁਗ ਸੇਵਾ ਆਪ ਕਮਾਇੰਦਾ । ਫੜ ਫੜ ਬੇੜਾ ਲਾਏ ਪਾਰ, ਸੰਮਤ ਚੌਦਾਂ ਨੇੜੇ ਆਇੰਦਾ । ਸੰਗ ਮੁਹੰਮਦ ਕਰੇ ਖੁਆਰ, ਚਾਰ ਯਾਰਾਂ ਧੱਕਾ ਲਾਇੰਦਾ । ਅਲ੍ਹਾ ਰਾਣੀ ਆਏ ਦਵਾਰ, ਪ੍ਰਭ ਸਾਚਾ ਦਰ ਦੁਰਕਾਇੰਦਾ । ਵੇਲੇ ਅੰਤਮ ਆਈ ਹਾਰ, ਨਾ ਪੱਲਾ ਕੋਈ ਫੜਾਇੰਦਾ । ਨਬੀ ਰਸੂਲਾਂ ਹਾਹਾਕਾਰ, ਮੁੱਲਾ ਸ਼ੇਖ਼ ਸਰਬ ਕੁਰਲਾਇੰਦਾ । ਚੌਦਾਂ ਤਬਕਾਂ ਦਏ ਹੁਲਾਰ, ਪ੍ਰਭ ਏਕਾ ਹੱਲਾ ਨਾਮ ਕਰਾਇੰਦਾ । ਗੋਬਿੰਦ ਡੱਲਾ ਕਰ ਤਿਆਰ, ਦੂਈ ਦਵੈਤੀ ਸਿੱਖਾਂ ਮੇਟ ਮਿਟਾਇੰਦਾ । ਅਗਨੀ ਜੋਤੀ ਲਾਏ ਝੱਲਾ, ਨਾ ਕੋਈ ਦੀਸੇ ਸਚ ਮਹੱਲਾ, ਕੂੜੋ ਕੂੜ ਵਖਾਇੰਦਾ । ਗੁਰਮੁਖ ਵਿਰਲੇ ਸੰਤ ਦੁਲਾਰ, ਪ੍ਰਭ ਅਬਿਨਾਸ਼ੀ ਤੇਰਾ ਦਰ ਲੋਕਮਾਤ ਕਲ ਮੱਲਾ, ਕਰ ਕਿਰਪਾ ਜਨ ਜਾਏ ਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਦੇਵੇ ਵਰ, ਏਕਾ ਰਸਨਾ ਸ਼ਬਦ ਅਪਾਰ ।

ਗੁਰਮੁਖ ਵਡਿਆਈ ਧੰਨ ਹੈ, ਗੁਰ ਪੂਰਾ ਪਾਇਆ । ਗੁਰ ਪੂਰੇ ਵਡਿਆਈ ਧੰਨ ਹੈ, ਸਚ ਸੇਵਾਦਾਰ ਅਖਵਾਇਆ । ਮਨ ਸੁਰਤੀ ਦੇਵੇ ਬੰਨ੍ਹ ਹੈ, ਬੰਨਣਹਾਰ ਆਪ ਅਖਵਾਇਆ । ਭਰਮ ਭੁਲੇਖਾ ਕੱਢੇ ਜਨ ਹੈ, ਜਨ ਜਣੇਂਦੀ ਦਏ ਵਖਾਇਆ । ਕਾਇਆ ਵਸਤ ਸੱਚਾ ਮਾਲ ਧਨ ਹੈ, ਪ੍ਰਭ ਸਾਚੇ ਆਪ ਟਿਕਾਇਆ । ਸਤਿਗੁਰ ਪੂਰਾ ਬੇੜਾ ਰਿਹਾ ਬੰਨ੍ਹ ਹੈ, ਜੁਗ ਜੁਗ ਆਪਣਾ ਰੂਪ ਵਟਾਇਆ । ਆਪੇ ਚਾੜ੍ਹਨਹਾਰਾ ਚੰਨ ਹੈ, ਅਗਿਆਨ ਅੰਧੇਰ ਮਿਟਾਇਆ । ਏਕਾ ਅੱਖਰ ਹਰਿਜਨ ਸਾਚਾ ਜਾਏ ਮੰਨ ਹੈ, ਮਨਸਾ ਆਸਾ ਪੂਰ ਕਰਾਇਆ । ਆਪੇ ਦੇਵਣਹਾਰਾ ਡੰਨ ਹੈ, ਡੌਰੂ ਡੰਕਾ ਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਮਾਂ ਸੁਹਾਇਆ । ਧਰ ਜੋਤ ਨਿਰੰਕਾਰ, ਅਕਲ ਕਲਾ ਵਰਤਾਇੰਦਾ । ਸੰਗ ਮੁਹੰਮਦ ਮੀਤ ਮੁਰਾਰ, ਕਲਜੁਗ ਸ਼ਿਲਾ ਕਟਾਇੰਦਾ । ਅੱਲਾ ਰਾਣੀ ਨਾਲ ਪਿਆਰ, ਸਾਚਾ ਜੋੜ ਜੁੜਾਇੰਦਾ । ਅਹਿਨਲ ਹੱਕ ਕਰ ਵਿਚਾਰ, ਹੂ ਹੂ ਸੇਵਾ ਲਾਇੰਦਾ । ਉਮਤ ਉਮਤੀ ਫਲ ਗਿਆ ਪੱਕ, ਤੂੰ ਤੂੰ ਮਨੋਂ ਵਿਸਾਰਦਾ । ਚਾਰ ਯਾਰੀ ਗਈ ਅੱਕ, ਰਾਹ ਵੇਖੇ ਪਰਵਰਦਿਗਾਰ ਦਾ । ਮੱਕਾ ਕਾਅਬਾ ਸਾਚੀ ਢੱਕ, ਸਿੰਘ ਸ਼ੇਰ ਇਕ ਲਲਕਾਰ ਦਾ । ਆਪੇ ਪਾਏ ਨੱਕ ਨੱਥ, ਸੋਹੰ ਧਾਗਾ ਸੱਚੀ ਤਾਰ ਦਾ । ਫੜ ਫੜ ਬਾਹੋਂ ਕਰੇ ਵੱਖ, ਲਾ ਮਹਿੰਦੀ ਤਨ ਸ਼ਿੰਗਾਰ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਲਾ ਸੂਸਾ ਵੇਖੇ ਖੇਲ ਮੂਸਾ ਈਸਾ ਅੰਤਮ ਆਇਆ ਪਾਸਾ ਹਾਰ ਦਾ । ਕਾਲਾ ਸੂਸਾ ਜਗਤ ਮਲੰਗ, ਹਰਿ ਪੇਖਾ ਭੇਖਾ ਧਾਰੀਆ । ਸਾਚੇ ਤਾਜੀ ਕਸਿਆ ਤੰਗ, ਸ਼ਾਹ ਐਲੀ ਰਿਹਾ ਲਲਕਾਰਿਆ । ਸਖੀ ਸਰਵਰ ਦਰ ਦਵਾਰੇ ਆਏ ਲੰਘ, ਤੋੜੇ ਗੜ੍ਹ ਤਬਕ ਹੰਕਾਰਿਆ । ਚੌਦਾਂ ਤਬਕਾਂ ਦੇਵੇ ਟੰਗ, ਕਲਜੁਗ ਤੇਰੀ ਅੰਤਮ ਵਾਰਿਆ । ਕਿਸੇ ਨਾ ਸੌਣਾ ਮਿਲੇ ਉਪਰ ਪਲੰਘ, ਪੀਰ ਫ਼ਕੀਰਾਂ ਆਈ ਹਾਰਿਆ । ਕੋਇ ਨਾ ਲਾਏ ਕਿਸੇ ਅੰਗ, ਮੁਹੰਮਦ ਅਹਿਮਦ ਰਿਹਾ ਵਿਸਾਰਿਆ । ਵੇਲੇ ਅੰਤਮ ਹੋਣਾ ਭੰਗ, ਆਏ ਪਾਸਾ ਹਾਰਿਆ । ਏਕਾ ਨਾਦ ਵਜਾਏ ਮਰਦੰਗ, ਕਾਲੀ ਚੁੰਨੀ ਸਿਰ ਦੋ ਫਾੜਿਆ । ਉਚੇ ਪਰਬਤ ਰਹੀ ਲੰਘ, ਰਾਹ ਤੱਕੇ ਸਤਾਰਾਂ ਹਾੜਿਆ । ਲਹੂ ਮਿਝ ਵਹਾਏ ਧਾਰਾ ਗੰਗ, ਵੇਖਣ ਆਇਆ ਇਕ ਅਖਾੜਿਆ । ਸਦਾ ਸੁਹਾਗਣ ਕਦੇ ਨਾ ਹੋਏ ਰੰਡ, ਮੰਗੇ ਵਰ ਇਕ ਭਤਾਰਿਆ । ਸੰਮਤ ਚੌਦਾਂ ਹਰਿ ਜੀ ਪਾਏ ਵੰਡ, ਸ੍ਰਿਸ਼ਟ ਸਬਾਈ ਅੱਧ ਵਿਚਕਾਰਿਆ । ਸੋਹੰ ਚਿੱਲਾ ਦੇਵੇ ਟੰਗ, ਜੋਧਾ ਸੂਰ ਬਲੀ ਬਲਕਾਰਿਆ । ਮੁਹੰਮਦ ਮੰਗਤਾ ਰਿਹਾ ਮੰਗ, ਕਿਰਪਾ ਕਰ ਗਿਰਧਾਰਿਆ । ਸੀਸ ਤਾਜ ਦਿਸੇ ਨੰਗ, ਨਾ ਹੋਏ ਕੋਇ ਸਹਾਰਿਆ । ਚਾਰ ਯਾਰੀ ਏਕਾ ਜੰਗ, ਸਦੀ ਚੌਧਵੀਂ ਖੇਲ ਮਦਾਰਿਆ । ਕਾਲੇ ਚੋਲੇ ਪ੍ਰਭ ਚਾੜ੍ਹੇ ਰੰਗ, ਸ਼ਬਦ ਸਿੰਘਾਸਣ ਪ੍ਰਭ ਸਵਾਰਿਆ । ਪਹਿਲੀ ਚੇਤਰ ਪਾਏ ਵੰਡ, ਅੰਮ੍ਰਿਤ ਵੇਲਾ ਵੇਖੇ ਸਵਾ ਪੰਜ, ਸਾਚਾ ਹੋਏ ਲੇਖ ਲਿਖਾਰਿਆ । ਯਾਦ ਕਰਾਏ ਪਹਾੜ ਗੰਜ, ਪਰਸ਼ਾਦ ਇੰਦਰ ਹੋਣਾ ਰੰਜ, ਪ੍ਰਭ ਮਾਰੇ ਤੇਜ ਕਟਾਰਿਆ । ਦੋਹਾਂ ਧਿਰਾਂ ਕਿਸੇ ਨਾ ਦਿਸੇ ਸਵੇਰ ਸੰਞ, ਅੱਠੇ ਪਹਿਰ ਰੈਣ ਅੰਧਿਆਰਿਆ । ਕਿਸੇ ਹੱਥ ਨਾ ਆਉਣੇ ਕਾਰੂ ਗੰਜ, ਘਰ ਘਰ ਫਿਰਨਾ ਭਿਖਾਰਿਆ । ਜਗਤ ਨਾਤਾ ਤੁੱਟਾ ਸੰਞ, ਪੰਡਤ ਨਹਿਰੂ ਅੰਤ ਸਿਆਸਤ ਆਏ ਹਾਰਿਆ । ਅੰਤਮ ਜਗਤ ਵੰਞਲੀ ਦਿਸੇ ਸਾਚਾ ਵੰਞ, ਦਿਸ ਨਾ ਆਏ ਰਾਂਝਾ ਯਾਰਿਆ । ਨਾ ਕੋਈ ਮੁਹਾਣਾ ਨਾ ਕੋਈ ਵੰਞ, ਨਾ ਕੋਈ ਪਤਨ ਨਾ ਕੋਈ ਪਹਿਰੇਦਾਰਿਆ । ਨਾ ਕੋਈ ਅਸਵ ਨਾ ਕੋਈ ਘੋੜਾ ਨਾ ਕੋਈ ਕਸੇ ਤੰਗ, ਨਾ ਕੋਈ ਛਤਰ ਝੁਲਾ ਰਿਹਾ । ਨਾ ਕੋਈ ਕਾਇਆ ਚੋਲੀ ਚਾੜ੍ਹੇ ਰੰਗ, ਨਾ ਮਿਲੇ ਮਾਤ ਲਲਾਰਿਆ । ਕਲਜੁਗ

੨੭੮
੦੬

ਮਾਇਆ ਮਾਰੇ ਡੰਗ, ਸ਼ਾਹ ਸੁਲਤਾਨਾਂ ਕਰੇ ਖੁਆਰਿਆ । ਗੁਰਮੁਖਾਂ ਮੰਗੀ ਏਕਾ ਮੰਗ, ਪਹਿਲੀ ਚੇਤਰ ਦਿਵਸ ਵਿਚਾਰਿਆ । ਸ਼ਬਦ ਰੰਗੀਲੇ ਬੈਠ ਪਲੰਘ, ਪ੍ਰਭ ਲੇਖਾ ਲਿਖੇ ਲਿਖਾਰਿਆ । ਚਿੱਟੇ ਅਸਵ ਲਾਏ ਅੰਗ, ਨੀਲਾ ਨੀਲੀ ਧਾਰੋਂ ਕੱਢੇ ਬਾਹਰਿਆ । ਪੰਚਾਂ ਵੇਖਣ ਆਇਆ ਜੰਗ, ਸੱਤਾਂ ਆਪ ਜਣਾ ਰਿਹਾ । ਆਪੇ ਜਾਣੇ ਆਪਣੇ ਢੰਗ, ਸ਼ਸਤਰ ਬਸਤਰ ਨਾ ਕੋਈ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗ ਮੁਹੰਮਦ ਇਕ ਵਰ, ਏਕਾ ਬੰਕ ਸੁਹਾ ਲਿਆ । ਮੁਹੰਮਦ ਦਰ ਦਵਾਰ, ਹਰਿ ਪੁਕਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਅੰਤਮ ਵਾਰਿਆ । ਕਾਲਾ ਸੂਸਾ ਤਨ ਸ਼ਿੰਗਾਰ, ਪ੍ਰਭ ਸਾਚਾ ਵੇਖ ਵਿਚਾਰਿਆ । ਪਹਿਲੀ ਚੇਤਰ ਹਰਿ ਕਰਤਾਰ, ਚੌਦਾਂ ਲੋਕਾਂ ਆਪ ਜਗਾ ਰਿਹਾ । ਸਾਚੀ ਸਿੱਖੀ ਕਰ ਤਿਆਰ, ਦੇ ਮਤ ਆਪ ਸਮਝਾ ਰਿਹਾ । ਰਿਖੀ ਮੁਨੀ ਰੋਵਣ ਹਾਹਾਕਾਰ ਕਰਨ ਪੁਕਾਰ, ਜੰਗਲ ਜੂਹ ਉਚੇ ਟਿੱਲੇ ਪਰਬਤ ਵੇਖ ਵਖਾ ਰਿਹਾ । ਪੁਰਖ ਅਬਿਨਾਸ਼ੀ ਨਾ ਪਾਵੇ ਸਾਰ, ਮਿਲਿਆ ਮੇਲ ਨਾ ਮੀਤ ਮੁਰਾਰ, ਵੇਲਾ ਅੰਤ ਨਾ ਕੋਇ ਸੁਹਾ ਲਿਆ । ਗੁਰਮੁਖ ਸਾਚੇ ਸੰਤ ਦੁਲਾਰ, ਆਪੇ ਕਰੇ ਮਾਤ ਪਿਆਰ, ਜੋਤ ਸਰੂਪੀ ਹਰਿ ਨਿਰੰਕਾਰ, ਆਪ ਆਪਣੀ ਗੋਦ ਉਠਾ ਲਿਆ । ਸ਼ਬਦ ਜਣਾਏ ਵਾਰੋ ਵਾਰ, ਏਕਾ ਦੂਜਾ ਭਉ ਨਿਵਾਰ । ਤੀਜਾ ਨੇਤਰ ਖੋਲ੍ਹ ਅਪਾਰ, ਚੌਥੇ ਘਰ ਪਾਵੇ ਸਾਰ । ਪੰਚਮ ਮੇਲਾ ਮੀਤ ਮੁਰਾਰ । ਛੇ ਘਰ ਵੇਖੇ ਅਪਰ ਅਪਾਰ । ਸੱਤਵੇਂ ਰੰਗ ਹਰਿ ਕਰਤਾਰ । ਅੱਠਾਂ ਤਤਾਂ ਏਕਾ ਧਾਰ । ਨੌ ਦਰ ਵੇਖੇ ਜਗਤ ਦਰਬਾਰ । ਦਸਵੇਂ ਖੇਲ ਸੱਚੀ ਸਰਕਾਰ । ਗਿਆਰਵੇਂ ਵਸੇ ਆਪੇ ਬਾਹਰ । ਬਾਰਵ੍ਹੇਂ ਹੱਸੇ ਨਰ ਨਿਰੰਕਾਰ । ਤੇਰ੍ਹਵੇਂ ਤੀਰ ਕਸੇ ਨਿਰਾਲ । ਛੱਬੀ ਪੋਹ ਦਿਵਸ ਵਿਚਾਰ । ਸੰਮਤ ਚੌਦਾਂ ਰੈਣ ਅੰਧੇਰੀ ਮੱਸੇ, ਪੰਦਰਾਂ ਰਵ ਸਸ ਫਿਰਨ ਨੱਸੇ, ਦਰ ਦਵਾਰੇ ਆਵਣ ਵਾਰੋ ਵਾਰ । ਸੰਮਤ ਸੋਲਾਂ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਚਰਨਾਂ ਹੇਠ ਝੱਸੇ, ਰੋਵਣ ਜ਼ਾਰੋ ਜ਼ਾਰ । ਜਗਤ ਜਗਦੀਸਾ ਜਨ ਭਗਤਾਂ ਰਾਹ ਏਕਾ ਦੱਸੇ, ਪੰਚਮ ਜੇਠੀ ਦਿਵਸ ਵਿਚਾਰ । ਦਰ ਦਵਾਰੇ ਆਉਣਾ ਨੱਸੇ, ਏਕਾ ਖੋਲ੍ਹੇ ਮਾਤ ਕਿਵਾੜ । ਸ਼ਬਦ ਸਿੰਘਾਸਣ ਬਹਿ ਬਹਿ ਹੱਸੇ, ਆਪੇ ਵੇਖੇ ਸਤਾਰਾਂ ਹਾੜ । ਮਾਝਾ ਦੇਸ ਨਾਲੇ ਰੋਵੇ ਨਾਲੇ ਹੱਸੇ, ਘਰ ਘਰ ਅੰਤਮ ਦਿਸੇ ਉਜਾੜ । ਕਲਜੁਗ ਮਾਇਆ ਪਿੱਛੇ ਪੈ ਪੈ ਡੱਸੇ, ਪਾਰ ਬਿਆਸੋਂ ਦਏ ਉਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਵੇਖੇ ਜਗਤ ਖੇਤਰ, ਸੰਗ ਮੁਹੰਮਦ ਕਰੇ ਇਕ ਪਿਆਰ । ਸੰਗ ਮੁਹੰਮਦ ਯਾਰੀ, ਹਰਿ ਸਾਚਾ ਆਪ ਲਗਾਇੰਦਾ । ਦੇਵੇ ਵੱਡ ਵੱਡ ਸੰਸਾਰੀ, ਹੱਕ ਹਕੀਕਤ ਫੋਲ ਵਖਾਇੰਦਾ । ਪੰਚਮ ਜੇਠ ਬੰਨ੍ਹੇ ਧਾਰੀ, ਹਾੜ ਸਤਾਰਾਂ ਇਕ ਤਾਰੀਖ ਲਿਖਾਇੰਦਾ । ਆਪੇ ਹੋ ਦੁਲਦੁਲ ਅਸਵਾਰੀ, ਅਰਬ ਅਰਬਾਨੀਆਂ ਪਾਵੇ ਸਾਰੀ, ਸ਼ਾਹ ਅਫਗਾਨਾ ਕਰ ਤਿਆਰੀ, ਦੂਰ ਦੁਰਾਨੀਆਂ ਦਏ ਹੁਲਾਰੀ, ਬੇਈਮਾਨੀਆਂ ਇਕ ਦਵਾਰੀ, ਪੰਜ ਸ਼ੈਤਾਨੀਆਂ ਦਏ ਲਲਕਾਰੀ, ਪ੍ਰਭ ਅਬਿਨਾਸ਼ੀ ਖੇਲੇ ਖੇਲ ਅਪਾਰੀ, ਜੋਤੀ ਨੂਰ ਕਰ ਚਮਤਕਾਰੀ, ਸੋਹੰ ਖੰਡਾ ਖਿੱਚ ਦੋ ਧਾਰੀ, ਆਪੇ ਚੜ੍ਹ ਕੇ ਵੇਖੇ ਉਚ ਪਹਾੜੀ, ਸੰਗ ਮੁਹੰਮਦ ਚਾਰ ਯਾਰ ਪ੍ਰਭ ਆਪ ਸੁਹਾਇੰਦਾ । ਸਾਚਾ ਲਾੜਾ ਹੱਥੀਂ ਮਹਿੰਦੀ ਲਾਲ ਰੰਗਾਇੰਦਾ । ਧਰਤਮਾਤ ਬਣਾਏ ਇਕ ਅਖਾੜਾ । ਮੌਲੀ ਤੰਦ ਬੰਨ੍ਹ ਵਖਾਏ, ਕਰੇ ਖੇਲ ਦਿਨ ਦਿਹਾੜਾ । ਬੱਤੀ ਦੰਦ ਨਾ ਕੋਈ ਜਣਾਏ, ਪੀਰ ਫ਼ਕੀਰਾਂ ਆਈ ਹਾਰਾ । ਸਾਧ ਸੰਤ ਕੋਈ ਭੇਵ ਨਾ ਪਾਏ, ਗੋਬਿੰਦ ਗੋਬਿੰਦ ਰਸਨਾ ਗਾਇਣ ਮੰਗਣ ਏਕਾ ਦਾਮ ਜਗਤ ਪਹਾੜਾ । ਕਾਇਆ ਚਾਮ ਕਿਸੇ ਹੱਥ ਨਾ ਆਏ, ਲਾੜੀ ਮੌਤ ਚਬਾਏ ਆਪਣੀ ਦਾੜ੍ਹਾ । ਮਦਿਰਾ ਜਾਮ ਨਾ ਕੋਈ ਪਿਆਏ, ਭੁੰਨ ਕਬਾਬ

ਨਾ ਕੋਈ ਖਾਏ, ਅੰਤਮ ਵਾਸਾ ਵਿਚ ਉਜਾੜਾਂ । ਨਾਰੀ ਕੰਤ ਨਾ ਕੋਈ ਹੰਢਾਏ, ਸੰਤ ਕੰਤ ਨਾ ਕੋਈ ਮਿਲਾਏ, ਜੀਵ ਜੰਤ ਫਿਰਨ ਹਲਕਾਏ, ਦਰ ਦਵਾਰੇ ਕੱਢਣ ਹਾੜਾ । ਗੁਰਮੁਖ ਸਾਚੇ ਅੰਤ ਮਿਲਾਏ, ਪ੍ਰਭ ਅਬਿਨਾਸ਼ੀ ਦਇਆ ਕਮਾਏ, ਆਪ ਆਪਣੇ ਅੰਗ ਲਗਾਏ, ਮੇਟ ਮਿਟਾਏ ਝੂਠੀ ਧਾੜਾ । ਗੁਰਸਿਖ ਵਡਿਆਈ ਧੰਨ ਹੈ, ਹਰਿ ਗੋਬਿੰਦ ਪਾਇਆ ਮੀਤ । ਗੁਰਸਿਖ ਵਡਿਆਈ ਧੰਨ ਹੈ, ਹਰਿ ਗੋਬਿੰਦ ਰਾਖੇ ਚੀਤ । ਗੁਰਸਿਖ ਵਡਿਆਈ ਧੰਨ ਹੈ, ਕਾਇਆ ਪਤਤ ਪੁਨੀਤ । ਗੁਰਸਿਖ ਵਡਿਆਈ ਧੰਨ ਹੈ, ਮਾਨਸ ਦੇਹੀ ਰਿਹਾ ਜੀਤ । ਗੁਰਸਿਖ ਵਡਿਆਈ ਧੰਨ ਹੈ, ਬੈਠਾ ਰਹੇ ਅਤੀਤ । ਗੁਰਸਿਖ ਵਡਿਆਈ ਧੰਨ ਹੈ, ਗਾਏ ਸੁਹਾਗੀ ਗੀਤ । ਗੁਰਸਿਖ ਵਡਿਆਈ ਧੰਨ ਹੈ, ਪੁਰਖ ਅਬਿਨਾਸ਼ੀ ਲਾਏ ਚਰਨ ਪ੍ਰੀਤ । ਗੁਰ ਪੂਰਾ ਬੇੜਾ ਰਿਹਾ ਬੰਨ੍ਹ ਹੈ, ਸਦੀ ਚੌਧਵੀਂ ਰਹੀ ਬੀਤ । ਗੁਰ ਪੂਰਾ ਹਰਿ ਜਗਦੀਸ ਹੈ, ਆਦਿ ਅੰਤ ਨਿਰੰਕਾਰ । ਕੋਇ ਨਾ ਕਰੇ ਰੀਸ ਹੈ, ਹਰਿ ਸਾਚਾ ਛਤਰ ਝੁਲਾਰ । ਵੇਖੇ ਖੇਲ ਬੀਸਾ ਬੀਸ ਹੈ, ਪਰਗਟ ਹੋਏ ਵਿਚ ਸੰਸਾਰ । ਏਕਾ ਰੰਗਣ ਇਕ ਇਕੀਸ ਹੈ, ਇਕ ਸੁਹਾਏ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਅਧਾਰ । ਨਾਮ ਅਧਾਰੀ ਆਪ ਪ੍ਰਭ, ਆਪਣਾ ਨਾਉਂ ਜਪਾਏ । ਪੈਜ ਸਵਾਰੀ ਆਪ ਪ੍ਰਭ, ਦੇਵੇ ਠੰਢੀ ਛਾਏਂ । ਜੋਤ ਨਿਰੰਕਾਰੀ ਆਪ ਪ੍ਰਭ, ਵਸਾਏ ਕਾਇਆ ਖੇੜਾ ਨਗਰ ਗਰਾਏਂ । ਗੁਰਸਿਖ ਉਧਾਰੀ ਆਪ ਪ੍ਰਭ, ਆਪੇ ਪਿਤਾ ਆਪੇ ਮਾਏਂ । ਥਿਤ ਵਾਰ ਵਿਚਾਰੀ ਆਪ ਪ੍ਰਭ, ਗੁਰ ਪੂਰੇ ਬਲ ਬਲ ਜਾਏ । ਪਹਿਲੀ ਚੇਤ ਸਚ ਸਿਕਦਾਰੀ ਆਪ ਪ੍ਰਭ, ਕਲਜੁਗ ਕਰੇ ਸਚ ਨਿਆਏਂ । ਗੁਰਮੁਖਾਂ ਪੈਜ ਸਵਾਰੀ ਆਪ ਪ੍ਰਭ, ਬੇਮੁਖਾਂ ਮਿਲੇ ਨਾ ਥਾਏਂ । ਰਸਨਾ ਜੈ ਜੈ ਜੈਕਾਰੀ ਆਪ ਪ੍ਰਭ, ਸੋਹੰ ਜਪਾਏ ਸਾਚਾ ਨਾਏਂ । ਦਰ ਦਰਬਾਰੀ ਆਪ ਪ੍ਰਭ, ਕਰੇ ਕਰਾਏ ਸਚ ਨਿਆਏਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਆਪੇ ਤਾਰੇ ਫੜ ਫੜ ਬਾਹੇਂ । ਫੜ ਫੜ ਬਾਹੋਂ ਪਾਰ ਕਰਾਏ, ਬੇੜਾ ਬੰਨ੍ਹਣਹਾਰਾ । ਆਪ ਆਪਣਾ ਰਾਹ ਵਖਾਏ, ਗੋਬਿੰਦ ਬੰਨ੍ਹੇ ਸਾਚੀ ਧਾਰਾ । ਏਕਾ ਪੱਲਾ ਨਾਮ ਫੜਾਏ, ਮਿਲੇ ਮੇਲ ਵਿਚ ਸੰਸਾਰਾ । ਸੋਹੰ ਹੱਲਾ ਇਕ ਕਰਾਏ, ਕਲਜੁਗ ਤੇਰੀ ਅੰਤਮ ਵਾਰਾ । ਡੂੰਘੀ ਡੱਲਾ ਡੇਰਾ ਲਾਏ, ਵੇਖੇ ਖੇਲ ਅੰਧ ਅੰਧਿਆਰਾ । ਵਲ ਛਲਾ ਆਪ ਕਰਾਏ, ਭਰਮ ਭੁਲਾਏ ਸਰਬ ਸੰਸਾਰਾ । ਸਤਿਜੁਗ ਮਹੱਲਾ ਇਕ ਵਸਾਏ, ਸ਼ਬਦ ਸਰੂਪੀ ਆਪ ਬਣਾਏ ਚਾਰ ਦਿਵਾਰਾ । ਜਲ ਥਲਾਂ ਆਪ ਸਮਾਏ, ਆਪੇ ਵਸੇ ਪਾਰ ਕਿਨਾਰਾ । ਨੌ ਖੰਡ ਪ੍ਰਿਥਮੀ ਬਣਤ ਬਣਾਏ, ਸੱਤਾਂ ਦੀਪਾਂ ਉਚ ਮੀਨਾਰਾ । ਸਾਧ ਸੰਤ ਹਰਿ ਮਾਤ ਉਪਾਏ, ਲੱਖ ਚੁਰਾਸੀ ਨਾਲ ਪਿਆਰਾ । ਅੰਤਮ ਵੇਲੇ ਆਪੇ ਢਾਹੇ, ਆਪੇ ਹੋਏ ਲੇਖ ਲਿਖਾਰਾ । ਵੇਖ ਵਖਾਣੇ ਸਾਚੇ ਥਾਏਂ, ਗੁਰਮੁਖ ਸਾਚੇ ਬੰਕ ਦਵਾਰਾ । ਹੰਸ ਬਣਾਏ ਫੜ ਫੜ ਕਾਏਂ, ਏਕਾ ਦੇਵੇ ਸ਼ਬਦ ਅਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਚੌਦਾਂ ਲੋਕ ਇਕ ਸੁਣਾਏ ਸਚ ਸਲੋਕ, ਸੋਹੰ ਹੋਏ ਜੈ ਜੈ ਜੈਕਾਰਾ । ਚੌਦਾਂ ਲੋਕਾਂ ਚੌਦਾਂ ਹੱਟ, ਕਰਾਏ ਵਣਜ ਵਪਾਰਿਆ । ਗੁਰਮੁਖ ਲਾਹਾ ਲੈਣ ਖੱਟ, ਲਹਿਣਾ ਦੇਣਾ ਦੇਵੇ ਕਰਜ਼ ਉਤਾਰਿਆ । ਜੋਤ ਜਗਾਏ ਕਾਇਆ ਮੱਟ, ਮੇਟ ਮਿਟਾਏ ਅੰਧ ਅੰਧਿਆਰਿਆ । ਸ਼ਬਦ ਸਰੂਪੀ ਲਾਏ ਸੱਟ, ਬਜਰ ਕਪਾਟੀ ਆਪ ਤੁੜਾ ਰਿਹਾ । ਦਰਸ ਦਿਖਾਏ ਪਰਗਟ ਜੋਤ ਝੱਟ ਪੱਟ, ਦਰਸ਼ਨ ਰੂਪ ਅਪਾਰਿਆ । ਨਾਮ ਪਹਿਨਾਏ ਸਾਚਾ ਪੱਟ, ਹੱਟ ਹਟਵਾਣਾ ਆਪ ਅਖਵਾ ਰਿਹਾ । ਦੁਰਮਤ ਮੈਲ ਦੇਵੇ ਕੱਟ, ਚਰਨ ਧੂੜ ਮਸਤਕ ਆਪ ਛੁਹਾ ਰਿਹਾ । ਵੇਖੇ ਖੇਲ ਕਲਜੁਗ

ਬਾਜ਼ੀਗਰ ਨਟ, ਨਟ ਨਟੂਆ ਸਵਾਂਗ ਵਰਤਾ ਰਿਹਾ । ਮੰਡਪ ਮਾੜ੍ਹੀ ਜਾਣੇ ਢੱਠ, ਗੁਰ ਦਰ ਮੰਦਰ ਵੇਖ ਵਖਾ ਰਿਹਾ । ਨਾ ਕੋਈ ਦਿਸੇ ਅੱਠ ਸੱਠ, ਗੰਗਾ ਗੋਦਾਵਰੀ ਵਕਤ ਚੁਕਾ ਰਿਹਾ । ਸਤਿਜੁਗ ਤੇਰੀ ਸਾਚੀ ਚੱਠ, ਸੰਮਤ ਚੌਦਾਂ ਆਪ ਕਰਾ ਰਿਹਾ । ਗੁਰਮੁਖਾਂ ਦਰ ਦਵਾਰਾ ਵੇਖੇ ਨੱਠ ਨੱਠ, ਬੀਸ ਇਕੀਸਾ ਹਰਿ ਅਖਵਾ ਰਿਹਾ । ਆਪੇ ਗੇੜੇ ਉਲਟੀ ਲੱਠ, ਕਲਜੁਗ ਕਾਇਆ ਆਪ ਭਵਾ ਰਿਹਾ । ਗੁਰਮੁਖ ਨਿਭਾਏ ਏਕਾ ਹੱਠ, ਦੇ ਮਤ ਹਰਿ ਸਮਝਾ ਰਿਹਾ । ਚਰਨ ਕਵਲ ਜਨ ਜਾਏ ਢੱਠ, ਫੜ ਬਾਹੋਂ ਪਾਰ ਕਰਾ ਰਿਹਾ । ਕਲਜੁਗ ਮਾਇਆ ਤ੍ਰੈਗੁਣ ਧਾਰ ਤੇਰਾ ਇਕ ਬਣਾਏ ਮੱਠ, ਜੇਠ ਇੱਕੀ ਲੇਖ ਲਿਖਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਰਿਹਾ ਵਰ, ਧਰਮ ਰਾਏ ਨਾਲ ਰਲਾ ਰਿਹਾ । ਧਰਮ ਰਾਏ ਉਠ ਬਲਕਾਰ, ਪ੍ਰਭ ਸਾਚਾ ਆਪ ਜਗਾਇੰਦਾ । ਸੰਮਤ ਚੌਦਾਂ ਹੋ ਤਿਆਰ, ਦਰ ਦਰਬਾਰ ਆਪ ਖੁਲ੍ਹਾਇੰਦਾ । ਦੋਏ ਜੋੜ ਕਰ ਨਿਮਸਕਾਰ, ਮਾਇਆ ਘੋੜੇ ਆਪ ਚੜ੍ਹਾਇੰਦਾ । ਲਾੜੀ ਮੌਤ ਤਨ ਸ਼ਿੰਗਾਰ, ਸੋਹਣਾ ਸੀਸ ਗੁੰਦਾਇੰਦਾ । ਨੇਤਰ ਨੈਣ ਪਾਏ ਕੱਜਲ, ਤਿੱਖੀ ਧਾਰਾ ਆਪ ਰਖਾਇੰਦਾ । ਕਾਲ ਨਗਾਰੇ ਏਕਾ ਵੱਜਣ, ਗੜ੍ਹ ਹੰਕਾਰੀ ਭਾਂਡੇ ਭੱਜਣ, ਕਿਸੇ ਨਾ ਮਿਲੇ ਸਾਕ ਸੱਜਣ, ਮੇਲ ਵਿਛੋੜਾ ਆਪ ਕਰਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਬੰਕ ਦਵਾਰੇ ਤਜਣ, ਗਰੀਬ ਨਿਮਾਣੇ ਉਠ ਉਠ ਭੱਜਣ, ਰਾਹ ਖੇੜਾ ਨਾ ਕੋਈ ਦਿਸਾਇੰਦਾ । ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਅੰਮ੍ਰਿਤ ਆਤਮ ਪੀ ਪੀ ਰੱਜਣ, ਸਾਚਾ ਮੇਲ ਮਿਲਾਇੰਦਾ । ਇਕ ਕਰਾਏ ਮੱਕਾ ਕਾਅਬਾ ਹਾਜ਼ੀ ਹੱਜਣ, ਮਨਮਤ ਜੀਵ ਕਲਜੁਗ ਅਗਨੀ ਦੱਜਣ, ਅੱਗੇ ਹੋ ਨਾ ਕੋਈ ਬਚਾਇੰਦਾ । ਗੁਰਮੁਖ ਸਾਚੇ ਸੰਤ ਦੁਲਾਰ ਦਰ ਦਵਾਰ ਬਹਿ ਬਹਿ ਗੱਜਣ, ਸੋਹੰ ਰਸਨਾ ਜੈ ਜੈ ਜੈਕਾਰ ਕਰਾਇੰਦਾ । ਸੋਹੰ ਤੇਰਾ ਜੈ ਜੈਕਾਰਾ, ਤੀਨ ਲੋਕ ਵਧਾਈਆ । ਪੁਰੀਆਂ ਲੋਆਂ ਇਕ ਹੁਲਾਰਾ, ਹਰਿ ਸਾਚਾ ਰਿਹਾ ਦਵਾਈਆ । ਬ੍ਰਹਮਾ ਵੇਖੇ ਲੇਖ ਲਿਖਾਰਾ, ਚਾਰੇ ਵੇਦਾਂ ਫੋਲ ਫਲਾਈਆ । ਅੱਠੇ ਨੇਤਰ ਆਪ ਉਘਾੜਾ, ਰਾਹ ਸਾਚਾ ਰਿਹਾ ਤਕਾਈਆ । ਸ਼ਿਵ ਸ਼ੰਕਰ ਰੋ ਰੋ ਕੱਢੇ ਹਾੜਾ, ਬਾਸ਼ਕ ਤਸ਼ਕ ਗਲ ਵਿਚ ਪਾਈਆ । ਜਗਤ ਜਗਦੀਸ਼ਾ ਪਾਏ ਝਾੜਾ, ਵੇਲਾ ਅੰਤਮ ਆਈਆ । ਲੁੱਟਿਆ ਜਾਏ ਦਿਨ ਦਿਹਾੜਾ, ਗਣਪਤ ਨਾ ਕੋਈ ਸੰਗ ਨਿਭਾਈਆ । ਆਦਿ ਸ਼ਕਤ ਤੇਰਾ ਇਕ ਅਖਾੜਾ, ਰਚਨਾ ਰਿਹਾ ਰਚਾਈਆ । ਸਾਚਾ ਵਕਤ ਅੰਤ ਪਹਾੜਾ, ਉਚੇ ਟਿੱਲੇ ਰਿਹਾ ਹਿਲਾਈਆ । ਪਾਰਬਤੀ ਰੋਵੇ ਵਿਚ ਉਜਾੜਾ, ਗਲ ਪੱਲੂ ਰਹੀ ਪਾਈਆ । ਲੱਗੇ ਅੱਗ ਬਹੱਤਰ ਨਾੜਾ, ਅੰਮ੍ਰਿਤ ਧਾਰ ਨਾ ਮੁਖ ਚੁਆਈਆ । ਕਰੋੜ ਤੇਤੀਸਾ ਕੱਢੇ ਹਾੜਾ, ਨੇਤਰ ਨੀਰ ਰਿਹਾ ਵਹਾਈਆ । ਵਿਸ਼ਨੂੰ ਬੰਸੀ ਮਾਰੇ ਝਾੜਾ, ਲੇਖਾ ਰਿਹਾ ਨਾ ਰਾਈਆ । ਧਰਤ ਮਾਤ ਤੇਰਾ ਇਕ ਅਖਾੜਾ, ਕਾਹਨਾ ਕੰਸੀ ਰੂਪ ਵਟਾਈਆ । ਇਕ ਮੁਹੰਮਦ ਸਾਚਾ ਯਾਰਾ, ਯਾਰ ਯਾਰੀ ਰਿਹਾ ਨਿਭਾਈਆ । ਅੱਲਾ ਰਾਣੀ ਕਰ ਤਿਆਰੀ ਸਾਚੀ ਨਾਰਾ, ਹਿਰਦੇ ਵਿਚ ਸਮਾਈਆ । ਹੂ ਹੂ ਹੂ ਕਰੇ ਪੁਕਾਰਾ, ਤੂੰ ਤੂੰ ਤੂੰ ਮੇਟ ਮਿਟਾਈਆ । ਜੂਹ ਜੂਹ ਜੂਹ ਜੰਗਲ ਤੇਰੀ ਧਾਰਾ, ਤੇਰੀ ਸਾਰ ਨਾ ਪਾਈਆ । ਮੱਕਾ ਮਦੀਨਾ ਉਚ ਚੁਬਾਰਾ, ਕੂਕੇ ਦਏ ਦੁਹਾਈਆ । ਬਾਂਗ ਸਦਾ ਵਾਹਿਦ, ਖ਼ੁਦਾ ਪਰਵਰਦਿਗਾਰ ਬੇਐਬ ਨੂਰ ਅਲਾਹੀਆ । ਪਰਗਟ ਹੋਏ ਹਰਿ ਗੈਬ, ਸ੍ਰਿਸ਼ਟ ਸਬਾਈ ਸਾਚਾ ਨੈਬ, ਪਕੜ ਉਠਾਏ ਥਾਉਂ ਥਾਈਆ । ਅਮਾਮ ਮਹਿੰਦੀ ਵੇਖੇ ਦਿਸ਼ਾ ਲਹਿੰਦੀ, ਉਮਤ ਰਸੂਲ ਖਹਿੰਦੀ, ਹੱਥੀਂ ਲਾਏ ਮਹਿੰਦੀ, ਲਹਿਣਾ ਦੇਣਾ ਰਿਹਾ ਚੁਕਾਈਆ । ਸਦੀ ਚੌਧਵੀਂ ਜਾਏ ਵਹਿੰਦੀ,

ਗੁਰ ਸੰਗਤ ਗੁਰ ਚਰਨ ਦਵਾਰੇ ਬਹਿੰਦੀ, ਪ੍ਰਭ ਧੀਰਜ ਧੀਰ ਰਿਹਾ ਧਰਾਈਆ । ਹਰਿ ਹਰਿ ਭਾਣਾ ਸਿਰ ਤੇ ਸਹਿੰਦੀ, ਸੋਹੰ ਰਸਨਾ ਘਰ ਘਰ ਕਹਿੰਦੀ, ਏਕਾ ਇੱਕੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਹਰਿ ਸਮਰਥ, ਭੇਵ ਕਿਸੇ ਨਾ ਪਾਇਆ । ਇਕ ਚਲਾਇਆ ਸਾਚਾ ਰਥ, ਰਥਵਾਹੀ ਬਣ ਕੇ ਆਇਆ । ਪੂਰਨ ਪਾਈ ਸਾਚੀ ਨੱਥ, ਸੋਹੰ ਘੋੜੇ ਅੱਗੇ ਲਾਇਆ । ਵਿਚ ਟਿਕਾਈ ਏਕਾ ਵੱਥ, ਜੋਤੀ ਨੂਰ ਉਪਾਇਆ । ਦੂਸਰ ਕੋਈ ਨਾ ਸਕੇ ਲੱਖ, ਸਾਧ ਸੰਤ ਕਿਸੇ ਭੇਵ ਨਾ ਪਾਇਆ । ਨਾਨਕ ਰਸਨਾ ਗਾਏ ਅਲੱਖ ਅਲੱਖ, ਹਰਿ ਨਿਰਗੁਣ ਰੂਪ ਸਮਾਇਆ । ਅੰਤਮ ਪਰਗਟ ਹੋਏ ਪਰਤੱਖ, ਗੁਰ ਗੋਬਿੰਦਾ ਗਿਆ ਜਣਾਇਆ । ਲਜਪਤ ਤੇਰੀ ਲਏ ਰੱਖ, ਕਲਗੀ ਤੋੜਾ ਸੀਸ ਟਿਕਾਇਆ । ਲੱਖ ਚੁਰਾਸੀ ਦਏ ਮਥ, ਜੋਤੀ ਜੋੜੇ ਮੇਲ ਮਿਲਾਇਆ । ਗੁਰਮੁਖਾਂ ਦਰਸ ਦਿਖਾਏ, ਪਹਿਲੀ ਚੇਤਰ ਦਰਸ ਦਿਖਾਇਆ । ਕਲਜੁਗ ਜੀਆਂ ਭਾਂਡੇ ਸੱਖ, ਸਾਧਾਂ ਸੰਤਾਂ ਦਏ ਕਰਾਇਆ । ਉਤੋਂ ਖਿੱਚੇ ਵਿਚ ਲਿਆਏ ਕਾਇਆ ਕਸ, ਸਾਢੇ ਤਿੰਨ ਹੱਥ ਪੈਂਡਾ ਡੇਰਾ ਲਾਇਆ । ਨਾ ਕੋਈ ਸਕੇ ਕਿਸੇ ਰੱਖ, ਵਾਸੀ ਪੁਰੀ ਘਨਕ, ਪਰਗਟ ਹੋਏ ਵਾਰ ਅਨਕ, ਕਲਜੁਗ ਅੰਤ ਘਵਿੰਡ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਧਾਂ ਸੰਤਾਂ ਵੇਖੇ ਦਰ, ਜੋਤ ਨਿਰੰਜਣ ਲਏ ਛੁਪਾਇਆ । ਪਹਿਲੀ ਚੇਤਰ ਹਰਿ ਨਿਰੰਕਾਰ, ਅਚਰਜ ਰੀਤ ਚਲਾਵਣੀ । ਸਾਧਾਂ ਸੰਤਾਂ ਆਈ ਹਾਰ, ਜੋਤ ਨਿਰੰਜਣ ਵੇਖ ਨਾ ਪਾਵਣੀ । ਤਟ ਕਿਨਾਰਾ ਬਿਆਸ ਪਾਰ, ਹਰਿ ਸਾਵਣ ਰੁੱਤ ਸੁਹਾਵਣੀ । ਗੁਰ ਚਰਨ ਸ਼ਰਨ ਰਹਿਣਾ ਖ਼ਬਰਦਾਰ, ਨੈਣ ਮੂੰਦ ਧਿਆਨ ਨਾ ਲਗਾਵਣੀ । ਕਿਸੇ ਨਾ ਮਿਲਣਾ ਮੀਤ ਮੁਰਾਰ, ਨਾ ਕੋਈ ਗਾਏ ਰਾਗ ਮਧਾਵਣੀ । ਨਾਤਾ ਤੁੱਟੇ ਵਿਚ ਸੰਸਾਰ, ਸੁਰਤ ਸਵਾਣੀ ਹੋਏ ਕਾਮਨੀ । ਪਰਗਟ ਹੋਏ ਨਰ ਨਿਰੰਕਾਰ, ਸੱਤਾਂ ਦੀਪਾਂ ਨੌਵਾਂ ਖੰਡਾਂ ਆਪੇ ਦੇਵੇ ਜਾਮਨੀ । ਸੋਹੰ ਖੰਡਾ ਤੇਜ ਕਟਾਰ, ਸ਼ਬਦ ਸਰੂਪੀ ਰਿਹਾ ਹੁਲਾਰ, ਮਾਰੀ ਜਾਏ ਵਾਰੋ ਵਾਰ, ਕੋਈ ਸਕੇ ਨਾ ਸੀਸ ਉਠਾਵਣੀ । ਜਨ ਭਗਤਾਂ ਹੋਏ ਪਹਿਰੇਦਾਰ, ਅੱਠੇ ਪਹਿਰ ਖ਼ਬਰਦਾਰ, ਨਾਲ ਰਲਾਏ ਮੁਹੰਮਦ ਯਾਰ, ਅਲ੍ਹਾ ਰਾਣੀ ਕਰੇ ਪਛਾਣੀ ਹੂ ਹੂ ਕਰ ਕਰ ਦਰ ਦਰ ਕੁਰਲਾਵਣੀ । ਗੁਰ ਸੰਗਤ ਕਰੇ ਹਰਿ ਪਿਆਰ, ਕਲਜੁਗ ਤੇਰੀ ਅੰਤਮ ਵਾਰ, ਪਹਿਲੀ ਚੇਤਰ ਦਿਵਸ ਘਰ ਘਰ ਦਰ ਦਰ ਪੂਰ ਕਰਾਏ ਭਾਵਨੀ । ਪਰਗਟ ਹੋ ਨਰ ਅਵਤਾਰ, ਕਲਜੁਗ ਅੰਤਮ ਪਾਵੇ ਸਾਰ, ਕੋਇ ਨਾ ਸਕੇ ਮਾਤ ਵਿਚਾਰ, ਭੇਖਾਧਾਰੀ ਕਰੇ ਭੇਖ ਜਿਉਂ ਬਲ ਦਵਾਰੇ ਬਾਵਨੀ । ਸ਼ਿਵ ਸ਼ੰਕਰ ਮਾਰੇ ਸ਼ਬਦ ਕੰਕਰ, ਆਪ ਹਿਲਾਏ ਅੰਕਰ ਅੰਕਰ, ਮਗਰ ਲਗਾਏ ਮੋਹਣੀ ਰੂਪ ਕਾਮਨੀ । ਬ੍ਰਹਮਾ ਵੇਤਾ ਰਿਹਾ ਕੁਰਲਾਏ, ਪਿਛਲਾ ਚੇਤਾ ਆਪ ਕਰਾਏ, ਏਕਾ ਧੀਰਜ ਧੀਰ ਨਾ ਕਿਸੇ ਧਰਾਵਣੀ । ਕਰੋੜ ਤੇਤੀਸਾ ਦਏ ਹੁਲਾਰਾ, ਸੁਰਪਤ ਰਾਜਾ ਇੰਦ ਕੁਰਲਾਏ, ਅਪੱਛਰਾਂ ਭੋਗ ਨਾ ਕੋਈ ਕਰਾਏ, ਸੰਮਤ ਚੌਦਾਂ ਨੇੜੇ ਆਏ, ਗੁਰਮੁਖਾਂ ਖੇੜੇ ਤਨ ਵਸਾਏ, ਪੰਜਾਂ ਝੇੜੇ ਆਪ ਮਿਟਾਏ, ਜੋਤ ਜਗਾਏ ਹਰਿ ਰਘੁਰਾਏ, ਸੋਹੰ ਸੋ ਸ਼ਬਦ ਸੁਣਾਏ ਸਚ ਸੁਨਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖ਼ੁਸ਼ੀ ਆਪੇ ਆਪ ਮਨਾਵਣੀ । ਆਪਣਾ ਆਪ ਹੰਢਾਵਣ ਆਇਆ, ਜੋਤ ਨਿਰੰਜਣ ਦਾਤਾ । ਬ੍ਰਹਿਮੰਡ ਖੋਜ ਖੁਜਾਵਣ ਆਇਆ, ਪਾਰਬ੍ਰਹਮ ਪ੍ਰਭ ਪੁਰਖ ਗਿਆਤਾ । ਸਾਚੀ ਵੰਡਣ ਵੰਡ ਵੰਡਾਵਣ ਆਇਆ, ਨੌ ਖੰਡ


੨੮੧
੦੬

ਦੀਪ ਸਾਤਾ । ਮਨਮੁਖ ਜੀਵਾਂ ਦੰਡਣ ਆਇਆ, ਵੇਖ ਵਖਾਏ ਜ਼ਾਤਾ ਪਾਤਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜਗਤ ਮਾਇਆ ਬੰਧਨ ਆਇਆ, ਕਰੇ ਕਰਾਏ ਅੰਧੇਰੀ ਰਾਤਾ । ਗੁਰਮੁਖਾਂ ਦੇਵੇ ਨਾਮ ਬਿਬਾਣਾ, ਆਤਮ ਉਪਜੇ ਬ੍ਰਹਮ ਗਿਆਨਾ, ਦੇਵੇ ਸਾਚੀ ਦਾਤਾ । ਸਤਿਜੁਗ ਝੁੱਲੇ ਧਰਮ ਨਿਸ਼ਾਨਾ, ਆਪ ਝੁਲਾਏ ਸ੍ਰੀ ਭਗਵਾਨਾ, ਨਾਲ ਰਲਾਏ ਸੋਹੰ ਗਾਥਾ । ਬੀਸ ਇਕੀਸਾ ਖੇਲ ਮਹਾਨਾ, ਜਗਤ ਜਗਦੀਸਾ ਨਾ ਕਿਸੇ ਪਛਾਨਾ, ਰਾਗ ਛਤੀਸਾ ਭੇਵ ਨਾ ਪਾਨਾ, ਤੀਸ ਬਤੀਸਾ ਹੋਏ ਹੈਰਾਨਾ, ਵੇਦ ਪੁਰਾਨਾ ਤੁੱਟਾ ਮਾਣਾ, ਅੰਜੀਲ ਕੁਰਾਨਾ ਆਈ ਹਾਨਾ, ਸੋਹੰ ਚਿਲੇ ਚੜ੍ਹਿਆ ਇਕ ਨਿਸ਼ਾਨਾ, ਤੀਰ ਅੰਦਾਜ਼ ਆਪ ਅਖਵਾਇੰਦਾ । ਬ੍ਰਹਮਾ ਵੇਖੇ ਖੇਲ ਹਰਿ ਗੁਣ ਨਿਧਾਨਾ, ਸ਼ਿਵ ਸ਼ੰਕਰ ਹੋਏ ਜਾਣੀ ਜਾਣਾ, ਕਰੋੜ ਤੇਤੀਸਾ ਬਾਲ ਨਾਦਾਨਾ, ਵੇਲਾ ਅੰਤ ਨਾ ਕਿਸੇ ਪਛਾਨਾ, ਨਾ ਕੋਈ ਬੂਝ ਬੁਝਾਇੰਦਾ । ਲੋਕਮਾਤ ਪ੍ਰਭ ਕਰੇ ਧਿਆਨਾ, ਵਰਭੰਡੀ ਖੇਲੇ ਖੇਲ ਮਹਾਨਾ, ਜੇਰਜ ਅੰਡੀ ਪੰਜ ਸ਼ੈਤਾਨਾ, ਸਾਧਾਂ ਸੰਤਾਂ ਜੀਵਾਂ ਜੰਤਾਂ ਝੂਠੀ ਮਾਇਆ ਤਣਿਆ ਤਾਣਾ, ਕਲਜੁਗ ਆਪਣੀ ਫੰਦ ਫੰਦਾਇੰਦਾ । ਨਾ ਕੋਈ ਸੁਘੜ ਨਾ ਸਿਆਣਾ, ਨਾ ਕੋਈ ਰਾਜਾ ਨਾ ਕੋਈ ਰਾਣਾ, ਜੂਠਾ ਝੂਠਾ ਅੰਨਾ ਕਾਣਾ, ਮਾਇਆ ਲੂਠਾ ਜੀਵ ਨਾਦਾਨਾ, ਅੰਤਮ ਮੂਦਾ ਠੂਠਾ ਪਾਰਬ੍ਰਹਮ ਨਾ ਕਿਸੇ ਪਛਾਣਾ, ਧਰਮ ਰਾਏ ਦਰ ਲੱਗੇ ਅੰਗੂਠਾ, ਚਿਤਰ ਗੁਪਤ ਦਰ ਲੇਖ ਮਿਟਾਨਾ । ਦਰ ਦਵਾਰਿਉਂ ਰਹੇ ਰੂਠਾ, ਲੱਖ ਚੁਰਾਸੀ ਵਿਚ ਫਿਰਾਨਾ । ਗੁਰਮੁਖ ਕਰਾਏ ਏਕਾ ਮੁੱਠਾ, ਪ੍ਰਭ ਆਪਣੀ ਦਇਆ ਕਮਾਨਾ । ਸੰਮਤ ਚੌਦਾਂ ਆਪੇ ਤੁੱਠਾ, ਪਹਿਲੀ ਚੇਤਰ ਦਿਵਸ ਸੁਹਾਨਾ । ਜੁਗਾਂ ਜੁਗਾਂ ਦਾ ਮੇਲ ਮਿਲਾਏ ਜੋ ਗੁਰਸਿਖ ਦਰ ਤੋਂ ਜਾਏ ਰੁੱਠਾ, ਹੱਥੀਂ ਬੰਨ੍ਹੇ ਨਾਮ ਗਾਨਾ । ਲੁੱਕਿਆ ਰਹਿਣ ਨਾ ਦੇਵੇ ਕੋਈ ਗੁੱਠਾ, ਪ੍ਰਭ ਹਰ ਘਟ ਜਾਣੀ ਜਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲਿਖੇ ਲੇਖ ਮਾਤ ਮਹਾਨਾ । ਮਾਤਲੋਕ ਹਰਿ ਸ਼ਬਦ ਖਿਲਾਰੀ, ਅੰਤਮ ਕਲਜੁਗ ਆਇਆ । ਕਲਜੁਗ ਬਾਜ਼ੀ ਅੰਤਮ ਹਾਰੀ, ਸਾਰ ਪਾਸ਼ਾ ਇਕ ਵਿਛਾਇਆ । ਨਰਦਾਂ ਸੁੱਟੇ ਵਾਰੋ ਵਾਰੀ, ਜੂਠ ਝੂਠ ਨਾਉਂ ਰਖਾਇਆ । ਅੱਠ ਘਰ ਵੇਖੇ ਵਾਰੋ ਵਾਰੀ, ਤ੍ਰੈਗੁਣ ਨਾਲ ਰਲਾਇਆ । ਅੱਧਵਿਚਕਾਰੇ ਲੀਕ ਦੋ ਧਾਰੀ, ਸ੍ਰਿਸ਼ਟ ਸਬਾਈ ਦੋ ਧੜ ਰਿਹਾ ਕਰਾਇਆ । ਆਪੇ ਨਟੀ ਆਪੇ ਉਪਰ ਜਾਏ ਚੜ੍ਹ, ਜਿੱਤ ਹਾਰ ਜਿਸ ਆਪਣਾ ਪਾਸਾ ਆਪ ਬਣਾਇਆ । ਆਪੇ ਵੇਖੇ ਦੂਰ ਦੁਰਾਡਾ ਖੜ੍ਹ, ਆਪੇ ਅੰਦਰ ਡੇਰਾ ਲਾਇਆ । ਆਪ ਬਣਾਏ ਗੋਰ ਮੜ੍ਹ, ਆਪੇ ਖ਼ਾਕੀ ਖ਼ਾਕ ਮਿਲਾਇਆ । ਆਪੇ ਅਗਨੀ ਜਾਏ ਸੜ, ਪੰਜ ਤਤ ਨਾ ਨਾਉਂ ਰਖਾਇਆ । ਆਪ ਵਖਾਣੇ ਸੀਸ ਧੜ, ਆਪ ਆਪਣਾ ਰੂਪ ਛੁਪਾਇਆ । ਸ੍ਰਿਸ਼ਟ ਸਬਾਈ ਰਿਹਾ ਫੜ, ਆਪ ਕਿਸੇ ਹੱਥ ਨਾ ਆਇਆ । ਕਰ ਕਿਰਪਾ ਗੁਰਮੁਖਾਂ ਫੜਾਏ ਆਪਣਾ ਲੜ, ਵਿਛੜ ਕਦੇ ਨਾ ਜਾਇਆ । ਸਾਚਾ ਘਾੜਨ ਰਿਹਾ ਘੜ, ਸ਼ਬਦ ਘੋੜੇ ਸਾਚੇ ਚੜ੍ਹ, ਕਲਗੀ ਤੋੜਾ ਨਾਮ ਲਗਾਇਆ । ਗੁਰ ਗੋਬਿੰਦਾ ਸਾਚੀ ਕਾਰੇ ਪ੍ਰਭ ਲਾਇਆ ਫੜ, ਸਾਚੀ ਸੇਵਾ ਰਿਹਾ ਕਮਾਇਆ । ਨਾ ਕੋਈ ਸੀਸ ਨਾ ਕੋਈ ਧੜ, ਸਤਿ ਪੁਰਖ ਨਿਰੰਜਣ ਜੋਤੀ ਨੂਰ ਕਰ ਆਕਾਰ, ਆਪੇ ਕੀਆ ਵਿਚ ਪਸਾਰ, ਚੇਲਾ ਰੂਪ ਉਪਾਇਆ । ਨਾ ਕੋਈ ਜਾਣੇ ਪ੍ਰਭ ਕੀ ਧਾਰ, ਕੀ ਵਰਤੇ ਵਿਚ ਸੰਸਾਰ, ਸਾਧਾਂ ਸੰਤਾਂ ਆਈ ਹਾਰ, ਆਪਣਾ ਭੇਵ ਨਾ ਕਿਸੇ ਜਣਾਇਆ । ਗੁਰਮੁਖਾਂ ਕਰੇ ਦਰ ਪਿਆਰ । ਨਾਰੀ ਕੰਤਾ ਆਪੇ ਵਰੇ, ਆਤਮ ਸੇਜਾ ਸੁੱਤਾ ਪੈਰ ਪਸਾਰ । ਏਕਾ ਸੇਜਾ ਕੰਤ ਭਤਾਰ, ਦਸਮ ਦਵਾਰੀ ਅਪਰ ਅਪਾਰ । ਭਗਤ ਰੰਗੀਲਾ ਹਰਿ ਕਰਤਾਰ, ਛੈਲ ਛਬੀਲਾ ਸ਼ਬਦ ਘੋੜ ਅਸਵਾਰ । ਗੁਰਸਿੱਖੀ ਖਿੱਚੀ ਜਾਏ ਵਾਰੋ

੨੮੨
੦੬

ਵਾਰ । ਆਪੇ ਢਾਹੇ ਦੂਈ ਦਵੈਤੀ ਧਾੜ । ਗੁਰਸਿਖ ਬਣਾਏ ਸਾਚੇ ਲਾੜ । ਆਪੇ ਹੋਏ ਪਿੱਛੇ ਅਗਾੜ । ਜੋਤ ਜਗਾਏ ਬਹੱਤਰ ਨਾੜ । ਕਲਜੁਗ ਮਾਇਆ ਨਾ ਸਕੇ ਸਾੜ । ਲਾੜੀ ਮੌਤ ਨਾ ਚੱਬੇ ਆਪਣੀ ਦਾੜ੍ਹ । ਗੁਰ ਗੋਬਿੰਦਾ ਵਾਲੀ ਹਿੰਦਾ ਹਰਿ ਬਖ਼ਸ਼ਿੰਦਾ, ਲੱਖ ਚੁਰਾਸੀ ਕਰੇ ਨਿੰਦਾ, ਜਨ ਭਗਤਾਂ ਤੋੜੇ ਆਤਮ ਵੱਜਾ ਜਿੰਦਾ, ਪਹਿਲੀ ਚੇਤਰ ਕਾਇਆ ਖੇਤਰ ਦਰਸ ਦਿਖਾਏ ਤੀਜੇ ਨੇਤਰ ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰਾ ਸੇਵਾਦਾਰ । ਹਰਿ ਸੇਵਕ ਵੱਡ ਸੁਲਤਾਨ ਹੈ, ਸਾਚੇ ਤਖ਼ਤ ਰਿਹਾ ਸਮਾਏ । ਦਾਤਾ ਦਾਨੀ ਮਿਹਰਵਾਨ ਹੈ, ਜੁਗ ਜੁਗ ਦਇਆ ਰਿਹਾ ਕਮਾਏ । ਸ਼ਬਦ ਨਿਸ਼ਾਨੀ ਦੋ ਜਹਾਨ ਹੈ, ਆਪ ਆਪਣਾ ਰਾਹ ਵਖਾਏ । ਨਾਮ ਕਾਨੀ ਤੀਰ ਕਮਾਨ ਹੈ, ਗੁਰਮੁਖਾਂ ਰਿਹਾ ਲਗਾਏ । ਅਨਹਦ ਬਾਣੀ ਮਾਰੇ ਬਾਣ ਹੈ, ਪ੍ਰਭ ਚਿੱਲੇ ਰਿਹਾ ਚੜ੍ਹਾਏ । ਕਾਇਆ ਮੰਦਰ ਇਕ ਮਕਾਨ ਹੈ, ਹਰਿ ਬੈਠਾ ਡੇਰਾ ਲਾਏ । ਨੌਂ ਦਵਾਰੇ ਸੁੰਞ ਮਸਾਣ ਹੈ, ਤ੍ਰਿਸ਼ਨ ਰਹੀ ਬਿਲਲਾਏ, । ਗੁਰ ਪੂਰਾ ਸਦ ਬਲਵਾਨ ਹੈ, ਆਪਣਾ ਪੱਲਾ ਨਾਮ ਫੜਾਏ । ਗੁਰਮੁਖ ਬਾਲਾ ਬਾਲ ਨਾਦਾਨ ਹੈ, ਪ੍ਰਭ ਸਾਚਾ ਰਾਹ ਵਖਾਏ । ਮੇਟ ਮਿਟਾਏ ਪੰਜ ਸ਼ੈਤਾਨ ਹੈ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਏ । ਚੌਦਾਂ ਹੱਟ ਵਖਾਏ ਸਚ ਦੁਕਾਨ ਹੈ, ਤਨ ਮੰਦਰ ਆਪ ਟਿਕਾਏ । ਸ਼ਬਦ ਵਸਤ ਇਕ ਮਹਾਨ ਹੈ, ਪ੍ਰਭ ਸਾਚਾ ਆਪ ਰਖਾਏ । ਨਾ ਕੋਈ ਅੱਖਰ ਨਾ ਗਿਆਨ ਹੈ, ਨਾ ਕੋਈ ਵਿਦਿਆ ਹੋਰ ਪੜ੍ਹਾਏ । ਨਾ ਕੋਈ ਰਸਨਾ ਮੁਖ ਨੱਕ ਨਾ ਕਾਨ ਹੈ, ਨੇਤਰ ਦੋਏ ਨਾ ਕੋਇ ਦਿਸਾਏ । ਬਸਤਰ ਸ਼ਸਤਰ ਨਾ ਕੋਈ ਤਨ ਪਹਿਨਾਨ ਹੈ, ਨਾ ਕੋਈ ਵੇਸ ਵਟਾਏ । ਨਾ ਕੋਈ ਰਾਗ ਸੁਨਾਨ ਹੈ, ਰਾਗੀ ਰਾਗ ਨਾ ਕੋਈ ਅਲਾਏ । ਸਾਜ ਬਾਜ ਨਾ ਕੋਈ ਧੁਨ ਧੁਨਕਾਨ ਹੈ, ਸਾਰੰਗ ਕਿੰਗ ਨਾ ਕੋਈ ਵਜਾਏ । ਪੁਰਖ ਅਬਿਨਾਸ਼ੀ ਆਪੇ ਜਾਣੀ ਜਾਣ ਹੈ, ਹਰ ਘਟ ਬੈਠਾ ਰਿਹਾ ਸਮਾਏ । ਜਨ ਭਗਤਾਂ ਕਰੇ ਪਛਾਣ ਹੈ, ਆਪ ਆਪਣੇ ਲੜ ਲਗਾਏ । ਜੁਗਾ ਜੁਗੰਤਰ ਧੁਰ ਦੀ ਬਾਣ ਹੈ, ਹਰਿ ਭਗਤਾਂ ਲਏ ਤਰਾਏ । ਚਰਨ ਪ੍ਰੀਤ ਰਖਾਏ ਏਕਾ ਆਣ ਹੈ, ਲੱਖ ਚੁਰਾਸੀ ਫੰਦ ਕਟਾਏ । ਆਪੇ ਕਰੇ ਪੁਣ ਛਾਣ ਹੈ, ਨੀਤ ਅਨੀਤੀ ਵੇਖ ਵਖਾਏ । ਦੇਵਣਹਾਰਾ ਜੀਆ ਦਾਨ ਹੈ, ਦਾਤਾ ਦਾਨੀ ਆਪ ਅਖਵਾਏ । ਹਰਿਜਨ ਸਾਚੇ ਰਸਨਾ ਗਾਨ ਹੈ, ਗੋਬਿੰਦ ਮੇਲਾ ਸਹਿਜ ਸੁਭਾਏ । ਜੋਤੀ ਨੂਰ ਕੋਟਨ ਭਾਨ ਹੈ, ਨਿਰਮਲ ਨੂਰ ਰਿਹਾ ਉਪਾਏ । ਰਾਗ ਅਨਾਦੀ ਏਕਾ ਕਾਨ ਹੈ, ਅਨਰੰਗਾ ਰਿਹਾ ਸੁਣਾਏ । ਦਸਮ ਦਵਾਰੀ ਇਕ ਮਕਾਨ ਹੈ, ਹਰਿਜਨ ਵਿਰਲਾ ਵੇਖ ਵਖਾਏ । ਸ਼ਾਹੋ ਭੂਪੀ ਸ਼ਾਹ ਸ਼ਹਾਨ ਹੈ, ਹਰਿ ਬੈਠਾ ਆਸਣ ਲਾਏ । ਸੀਸ ਤਾਜ ਇਕ ਮਹਾਨ ਹੈ, ਜੋਤੀ ਨੂਰ ਡਗਮਗਾਏ । ਚਾਰੋਂ ਕੁੰਟ ਵੇਖ ਵਖਾਨ ਹੈ, ਉਤਰ ਪੂਰਬ ਪੱਛਮ ਦੱਖਣ ਏਕਾ ਰੰਗ ਸਮਾਏ । ਦਹਿ ਦਿਸ਼ਾ ਇਕ ਧਿਆਨ, ਹੈ, ਪਰਦਾ ਓਹਲਾ ਰਹੇ ਨਾ ਰਾਏ । ਸੁਰਤੀ ਸੁਰਤ ਬ੍ਰਹਮ ਗਿਆਨ ਹੈ, ਪਾਰਬ੍ਰਹਮ ਸਮਾਏ । ਆਪੇ ਹੋਏ ਮਿਹਰਵਾਨ ਹੈ, ਸਾਚਾ ਮੇਲਾ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਦੇਵੇ ਸਾਚਾ ਵਰ, ਦਰ ਦਵਾਰਾ ਆਪ ਸੁਹਾਏ । ਹਰਿਜਨ ਮੇਲਾ ਇਕ ਇਕੇਲਾ, ਹੋਏ ਬੰਕ ਦਵਾਰਿਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਆਪੇ ਗੁਰ ਆਪੇ ਚੇਲਾ, ਖੇਲੇ ਖੇਲ ਅਪਾਰਿਆ । ਆਪੇ ਵਸੇ ਰੰਗ ਨਵੇਲਾ, ਲੋਕਮਾਤ ਜੋਤ ਨਿਰੰਜਣ ਚਾੜ੍ਹੇ ਤੇਲਾ, ਘਰ ਘਰ ਜੋਤ ਕਰੇ ਉਜਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

੨੮੩
੦੬

੨੮੪
੦੬

ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਤੇਰੀ ਸੇਵਾ ਆਪ ਕਮਾ ਰਿਹਾ । ਛੱਤੀ ਜੁਗ ਛੱਤੀ ਰਾਗ ਛੱਤੀ ਨਾਦ ਆਪ ਵਜਾਇੰਦਾ । ਆਪੇ ਜਾਣੇ ਆਦਿ ਜੁਗਾਦਿ, ਆਦਿ ਆਪਣੀ ਖੇਲ ਖਿਲਾਇੰਦਾ । ਚਾਰ ਜੁਗ ਪ੍ਰਭ ਦੇਵੇ ਦਾਦ, ਨੌ ਨੌ ਨੌ ਦਰ ਖੁਲ੍ਹਾਇੰਦਾ । ਆਪੇ ਜਾਣੇ ਵਾਦ ਵਿਵਾਦ, ਬੋਧ ਅਗਾਧ ਆਪਣੇ ਹੱਥ ਰਖਾਇੰਦਾ । ਪੰਜ ਤਤ ਵਖਾਏ ਇਕ ਸਵਾਦ, ਜਿਹਵਾ ਗੁਣ ਨਾ ਕੋਈ ਜਣਾਇੰਦਾ । ਚਾਰੇ ਅੱਖਰ ਆਪੇ ਅਰਾਧ, ਹਰਿ ਵਿਸ਼ਨੂੰ ਰੂਪ ਵਟਾਇੰਦਾ । ਨੌ ਨੌ ਜੁਗ ਮਿਲੀ ਦਾਦ, ਵੇਲਾ ਵਕਤ ਮੁਕਾਇੰਦਾ । ਆਪ ਆਪਣਾ ਲਿਆ ਅਰਾਧ, ਆਪ ਆਪਣੇ ਵਿਚ ਸਮਾਇੰਦਾ । ਕਲਜੁਗ ਅੰਤਮ ਦੇਵੇ ਦਾਦ, ਸੋਹੰ ਸਾਚਾ ਨਾਦ ਵਜਾਇੰਦਾ । ਸਤਿਜੁਗ ਸਾਚਾ ਲਿਆ ਲਾਧ, ਪ੍ਰਭ ਸੋਇਆ ਮਾਤ ਉਠਾਇੰਦਾ । ਸ਼ਬਦ ਜਣਾਏ ਬੋਧ ਅਗਾਧ, ਬੀਸ ਬੀਸਾ ਹੁਕਮ ਜਣਾਇੰਦਾ । ਹਰਿ ਸੰਗਤ ਵੇਲਾ ਰੱਖਣਾ ਯਾਦ, ਫੇਰ ਗਿਆ ਹੱਥ ਨਾ ਆਇੰਦਾ । ਕਾਇਆ ਮਾਟੀ ਲਾਉਣਾ ਭਾਗ, ਦੀਪਕ ਜੋਤੀ ਜਗੇ ਚਿਰਾਗ, ਹਰਿ ਸਾਚਾ ਆਪ ਜਗਾਇੰਦਾ । ਹੰਸ ਬਣਾਏ ਫੜ ਫੜ ਕਾਗ, ਦੁਰਮਤ ਮੈਲ ਧੋਵੇ ਦਾਗ਼, ਮਾਨ ਸਰੋਵਰ ਇਕ ਇਸ਼ਨਾਨ ਕਰਾਇੰਦਾ । ਆਪ ਆਪਣੇ ਹੱਥ ਪਕੜੇ ਵਾਗ, ਚਰਨ ਕਵਲ ਜੋ ਗਏ ਲਾਗ, ਵੇਲੇ ਅੰਤਮ ਦਇਆ ਕਮਾਇੰਦਾ । ਜਗਤ ਤ੍ਰਿਸ਼ਨਾ ਬੁਝਾਏ ਆਗ, ਭੋਗ ਲਗਾਏ ਅਲੂਣੇ ਸਾਗ, ਗਊ ਗਰੀਬਾਂ ਮਾਣ ਦਵਾਇੰਦਾ । ਵੇਲੇ ਅੰਤਮ ਗਿਆ ਜਾਗ, ਗੁਰਸਿਖਾਂ ਦਰ ਲਾਏ ਭਾਗ, ਬਿਦਰ ਸੁਦਾਮਾ ਫੇਰ ਜਿਵਾਇੰਦਾ । ਮਾਇਆ ਡੱਸੇ ਨਾ ਡੱਸਣੀ ਨਾਗ, ਗੁਰ ਚਰਨ ਪ੍ਰੀਤੀ ਇਕ ਵੈਰਾਗ, ਆਪਣੀ ਰੀਤ ਵਖਾਇੰਦਾ । ਧੂੜੀ ਮਜਨ ਸਾਚਾ ਮਾਘ, ਮਸਤਕ ਟਿੱਕਾ ਸਾਚੇ ਪਾਗ, ਤਿਲਕ ਲਲਾਟੀ ਆਪ ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਦਰ ਦਵਾਰੇ ਦਰਸ ਦਿਖਾਇੰਦਾ । ਦਰ ਦਵਾਰੇ ਹਰਿ ਸਵਾਲੀ, ਗੁਰਮੁਖਾਂ ਦਰ ਸੁਹਾਇੰਦਾ । ਪਰਗਟ ਕਰ ਜੋਤ ਅਕਾਲੀ, ਦਰ ਘਰ ਵੇਖ ਵਖਾਇੰਦਾ । ਸੋਹੰ ਦੇਵੇ ਜਗਤ ਦਲਾਲੀ, ਸਾਚੇ ਸਰ ਨੁਹਾਇੰਦਾ । ਦੋ ਜਹਾਨਾਂ ਆਪੇ ਵਾਲੀ, ਸਿਰ ਆਪਣਾ ਹੱਥ ਟਿਕਾਇੰਦਾ । ਭਰੇ ਭੰਡਾਰੇ ਕਰੇ ਖਾਲੀ, ਖਾਲੀ ਆਪ ਭਰਾਇੰਦਾ । ਗੁਰਮੁਖਾਂ ਘਾਲ ਸਾਚੀ ਘਾਲੀ, ਲਹਿਣਾ ਦੇਣਾ ਮੂਲ ਚੁਕਾਇੰਦਾ । ਆਪੇ ਤੋੜ ਜਗਤ ਜੰਜਾਲੀ, ਕਾਲ ਮਹਾਂਕਾਲ ਨੇੜ ਨਾ ਆਇੰਦਾ । ਆਪੇ ਕਰੇ ਸਚ ਦਲਾਲੀ, ਜੋਤ ਨਿਰੰਜਣ ਸੇਵਾ ਲਾਇੰਦਾ । ਫਲ ਲਗਾਏ ਪਤ ਪਤ ਡਾਲ੍ਹੀ, ਫਲ ਫੁਲਵਾੜੀ ਆਪ ਲਗਾਇੰਦਾ । ਸਤਿਜੁਗ ਤੇਰੀ ਅਵੱਲੜੀ ਚਾਲੀ, ਪ੍ਰਭ ਬੂਟਾ ਸਾਚਾ ਮਾਤ ਉਗਾਇੰਦਾ । ਗੁਰਸਿਖ ਭੰਡਾਰਾ ਹੋਏ ਕਦੇ ਨਾ ਖਾਲੀ, ਪ੍ਰਭ ਸਾਚਾ ਆਪ ਵਰਤਾਇੰਦਾ । ਚਰਨ ਪ੍ਰੀਤੀ ਨਿਭੇ ਨਾਲੀ, ਨਾਤਾ ਬਿਧਾਤਾ ਆਪਣਾ ਆਪ ਬੰਧਾਇੰਦਾ । ਨਾ ਕੋਈ ਪੁੱਛੇ ਜ਼ਾਤਾ ਪਾਤਾ, ਊਚਾਂ ਨੀਚਾਂ ਗਲੇ ਲਗਾਇੰਦਾ । ਆਪੇ ਹੋਏ ਪਿਤਾ ਮਾਤਾ, ਗੁਰਸਿਖ ਸਾਚੇ ਬਾਲ ਅੰਞਾਣੇ ਆਪਣੀ ਗੋਦ ਉਠਾਇੰਦਾ । ਪਰਗਟ ਹੋਏ ਸਾਚੋ ਸਾਚਾ, ਨਿਹਕਲੰਕਾ ਨਾਉਂ ਰਖਾਇੰਦਾ । ਹਰਿ ਕਾ ਸ਼ਬਦ ਗੁਰੂ ਨਹੀਂ ਕਾਚਾ, ਜੁਗ ਜੁਗ ਆਪ ਅਖਵਾਇੰਦਾ । ਪੰਜ ਤਤ ਨੌ ਦਵਾਰੇ ਨਾਚਾ, ਹਰਿ ਸਤਿ ਰੂਪ ਸਮਾਇੰਦਾ । ਗੁਰਮੁਖਾਂ ਹਿਰਦੇ ਆਪੇ ਵਾਚਾ, ਏਕਾ ਗਿਆਨ ਕਰ ਧਿਆਨ ਹਿਰਦੇ ਵਿਚ ਸਮਾਇੰਦਾ । ਸ਼ਬਦ ਸਰੂਪੀ ਏਕਾ ਮਾਰੇ ਹਰਿ ਤਮਾਚਾ, ਪੰਚ ਵਿਕਾਰਾ ਬਾਹਰ ਕਢਾਇੰਦਾ । ਨਾੜ ਬਹੱਤਰ ਆਪੇ ਰਾਚਾ, ਆਪ ਆਪਣਾ ਰੂਪ ਵਟਾਇੰਦਾ । ਕਾਇਆ ਮਾਟੀ ਭਾਂਡਾ ਕਾਚਾ, ਅੰਤਮ ਭੰਨ ਵਖਾਇੰਦਾ । ਗੁਰ ਸ਼ਬਦ ਦਵਾਰਾ ਸਾਜਨ ਸਾਚਾ, ਘਰ ਸਾਚਾ ਧਾਮ ਸੁਹਾਇੰਦਾ ।

ਆਪ ਬੁਝਾਏ ਕਾਇਆ ਲੱਗੀ ਆਂਚਾ, ਅੰਮ੍ਰਿਤ ਆਤਮ ਆਪ ਛਿੜਕਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਹਰਿ ਸੇਵਕ ਸਾਚੀ ਸੇਵ ਕਮਾਇੰਦਾ । ਹਰਿ ਸੇਵਕ ਗਿਆ ਲੱਗ, ਆਪਣੀ ਸੇਵਾ ਲਾਈਆ । ਪਰਗਟ ਹੋ ਸੂਰਾ ਸਰਬੱਗ, ਦੇਵੀ ਦੇਵਾ ਆਪ ਅਖਵਾਈਆ । ਗੁਰਮੁਖਾਂ ਮੇਲ ਕਰਾਏ ਉਪਰ ਸ਼ਾਹ ਰਗ, ਜੋਤ ਨਿਰੰਜਣ ਨਾਲ ਰਲਾਈਆ । ਗੁਰ ਪੂਰਾ ਪਹਿਲਾ ਰੱਖੇ ਆਪਣਾ ਪਗ, ਪਹਿਲੇ ਪੌੜੇ ਦਏ ਚੜ੍ਹਾਈਆ । ਸੋਹੰ ਬੰਨ੍ਹੇ ਸਾਚਾ ਤਗ, ਦੂਜਾ ਦਰ ਪਾਰ ਕਰਾਈਆ । ਦੀਪਕ ਜੋਤੀ ਰਹੀ ਜਗ, ਸਾਚਾ ਰਾਹ ਵਖਾਈਆ । ਗੁਰ ਪੂਰਾ ਜਾਏ ਅੱਗੇ ਲੱਗ, ਗੁਰਸਿਖ ਵੇਖੇ ਭੱਜਾ ਆਏ ਵਾਹੋ ਦਾਹੀਆ । ਸੁਖਮਨ ਨਾੜੀ ਅੱਗੇ ਜਾਏ ਝੁਕ, ਗੁਰ ਕਾ ਸਿੱਖ ਨਾ ਜਾਏ ਰੁਕ, ਪੰਚ ਵਿਕਾਰਾ ਪਿੱਛੇ ਸੁੱਟ, ਸੁਰਤ ਸਵਾਣੀ ਸ਼ਬਦੀ ਲੁੱਟ, ਆਪੇ ਨਾਲ ਰਲਾਈਆ । ਮਾਨ ਸਰੋਵਰ ਅੰਮ੍ਰਿਤ ਪਿਆਏ ਸਾਚਾ ਘੁੱਟ, ਦੂਈ ਦਵੈਤੀ ਮੇਟੇ ਫੁੱਟ, ਏਕਾ ਲਾਹਾ ਲਿਆ ਲੁੱਟ, ਗੁਰਸਿਖ ਆਪਣਾ ਰੂਪ ਵਟਾਈਆ । ਦਸਮ ਦਵਾਰਾ ਗਿਆ ਛੁੱਟ, ਬਜਰ ਕਪਾਟੀ ਜੜ੍ਹ ਦਿਤੀ ਪੁੱਟ, ਗੁਰਸਿਖ ਲਗਾਇਆ ਗਲੇ ਘੁੱਟ, ਸ਼ਬਦ ਸਿੰਘਾਸਣ ਇਕ ਵਿਛਾਈਆ । ਆਪੇ ਬੈਠਾ ਉਪਰ ਚੋਟ, ਡਗਮਗ ਜੋਤ ਕਰਾਈਆ । ਪੰਚ ਲਗਾਵੇ ਸਾਚੀ ਚੋਟ, ਨੀਚੇ ਉਪਰ ਗਾਵਣ ਵਾਹੋ ਦਾਹੀਆ । ਕਿਸੇ ਹੱਥ ਨਾ ਆਏ ਕੋਟਨ ਕੋਟ, ਸਾਧ ਸੰਤ ਬੇ ਬੇਅੰਤ ਬੈਠੇ ਧੂਣੀਆਂ ਤਾਈਆ । ਆਤਮ ਭਰੀ ਨਾ ਕਿਸੇ ਪੋਟ, ਨੌਂ ਦਵਾਰ ਨਾ ਨਿਕਲਿਆ ਖੋਟ, ਤਨ ਨਗਾਰੇ ਨਾ ਲੱਗੀ ਚੋਟ, ਗੁਰ ਸ਼ਬਦ ਸਾਚਾ ਡੰਕ ਏਕਾ ਅੰਕ ਨਾ ਕੋਈ ਕਿਸੇ ਵਜਾਈਆ । ਜਨ ਭਗਤਾਂ ਸੁਹਾਏ ਦਵਾਰ ਬੰਕ, ਪਰਗਟ ਹੋਏ ਹਰਿ ਵਾਸੀ ਪੁਰੀ ਘਨਕ, ਇਕ ਲਗਾਏ ਜੋਤੀ ਤਨਕ, ਖਿੱਚੀ ਜਾਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਤੇਰੀ ਸਾਚੀ ਸੇਵਾ ਰਿਹਾ ਕਮਾਈਆ । ਸੇਵਾ ਕਰੇ ਸਚ ਦਵਾਰ, ਹਰਿ ਸਾਚਾ ਸਚ ਦਵਾਰੀ । ਗੁਰਮੁਖ ਬਿਠਾਏ ਅੱਧ ਵਿਚਕਾਰ, ਦਸਮ ਦਵਾਰੀ ਮਹੱਲ ਉਸਾਰੀ । ਅੱਗੇ ਪਾਏ ਆਪੇ ਸਾਰ, ਕਰੇ ਖੇਲ ਅਪਰ ਅਪਾਰੀ । ਚਾਰੋਂ ਕੁੰਟ ਖੋਲ੍ਹ ਕੁਆੜ, ਆਵੇ ਜਾਵੇ ਅੰਦਰ ਬਾਹਰ ਗੁਪਤ ਜ਼ਾਹਿਰੀ । ਗੁਰਮੁਖ ਸਾਚੇ ਕਰ ਪਿਆਰ, ਫੜ ਫੜ ਬਾਹੋਂ ਲਏ ਤਾਰ, ਆਪੇ ਕਰੇ ਪਾਰ ਕਿਨਾਰ, ਸਚਖੰਡ ਪ੍ਰਭ ਪਾਏ ਵੰਡ ਵਿਚ ਬ੍ਰਹਿਮੰਡ, ਗੁਰਸਿਖ ਤੇਰੀ ਨੰਗੀ ਨਾ ਹੋਏ ਕੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਆਪੇ ਦਏ ਪੈਜ ਸਵਾਰ । ਹਰਿ ਗੋਲਾ ਗੁਰਸਿਖ ਹੈ, ਚਾਕਰ ਚਾਕਰੀ ਰਿਹਾ ਕਮਾਏ । ਸਾਚਾ ਸੋਹਲਾ ਸੁਣਾਏ ਹੋਏ ਸਨਮੁਖ ਹੈ, ਪਰਦਾ ਓਹਲਾ ਨਾ ਕੋਈ ਰਖਾਏ । ਆਪੇ ਲਾਹੇ ਕਾਇਆ ਲੱਗੇ ਝੂਠੇ ਦੁੱਖ ਹੈ, ਆਤਮ ਸੁਖ ਇਕ ਉਪਜਾਏ । ਸੁਫਲ ਕਰਾਏ ਮਾਤ ਕੁੱਖ ਹੈ, ਨੌਂ ਮਹੀਨੇ ਦਿਨ ਅਠਾਰਾਂ ਜੋ ਬੈਠੀ ਪੇਟ ਛੁਪਾਈਆ । ਲੇਖੇ ਲਾਏ ਮਾਨਸ ਦੇਹੀ ਮਾਨੁਖ ਹੈ, ਜੋ ਜਨ ਚਰਨੀ ਸੀਸ ਝੁਕਾਏ । ਦੋ ਜਹਾਨੀ ਕਟੇ ਭੁੱਖ ਨੰਗ ਹੈ, ਏਕਾ ਅੰਮ੍ਰਿਤ ਜਾਮ ਪਿਆਏ । ਮਾਤ ਗਰਭ ਨਾ ਹੋਏ ਉਲਟਾ ਰੁੱਖ ਹੈ, ਲੱਖ ਚੁਰਾਸੀ ਫੰਦ ਕਟਾਏ । ਗੁਰ ਚਰਨ ਪ੍ਰੀਤੀ ਸਾਚਾ ਸੁੱਖ ਹੈ, ਜੁਗ ਜੁਗ ਵਿਰਲਾ ਗੁਰਮੁਖ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ ਸਾਚੀ ਸੇਵਾ ਰਿਹਾ ਕਮਾਏ । ਗੁਰ ਪੂਰਾ ਕਰੇ ਅਰਦਾਸ, ਗੁਰ ਸੰਗਤ ਰਿਹਾ ਸੁਣਾਈਆ । ਸਦਾ ਸੁਹੇਲਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਗੁਰ ਸੰਗਤ ਬਹਿ ਬਹਿ ਰਸਨਾ ਗਾਉਣਾ ਸਵਾਸ, ਫੀਕਾ

੨੮੫
੦੬

ਬੋਲ ਨਾ ਕੋਈ ਕਢਾਈਆ । ਪੁਰਖ ਅਬਿਨਾਸ਼ੀ ਆਦਿ ਅੰਤ ਕਰਨਹਾਰਾ ਨਾਸ, ਆਪੇ ਲਏ ਉਪਾਈਆ । ਜਨ ਭਗਤਾਂ ਮੇਲਾ ਸ਼ਾਹੋ ਸ਼ਾਬਾਸ਼, ਦਰ ਘਰ ਮਿਲੀ ਵਡਿਆਈਆ । ਸਾਚੇ ਮੰਡਲ ਸਾਚੀ ਰਾਸ, ਗੁਰਮੁਖ ਵਿਰਲੇ ਵੇਖ ਵਖਾਈਆ । ਆਪੇ ਵੇਖੇ ਪ੍ਰਿਥਮੀ ਆਕਾਸ਼, ਆਕਾਸ਼ਾਂ ਵੇਖ ਵਖਾਈਆ । ਜਨ ਭਗਤ ਦਵਾਰੇ ਹੋਇਆ ਦਾਸੀ ਦਾਸ, ਹਰਿ ਭਗਤਨ ਓਟ ਰਖਾਈਆ । ਹਰਿ ਓਟ ਤਕਾਈ ਇਕ ਜਨ, ਏਕਾ ਜਨ ਗਵਾਇਆ । ਏਕਾ ਵਸਿਆ ਕਾਇਆ ਤਨ, ਪੂਰਨ ਪੂਰਨ ਵਿਚ ਸਮਾਇਆ । ਨਾਲ ਲਿਆਇਆ ਸਾਚਾ ਧੰਨ, ਦਿਸ ਕਿਸੇ ਨਾ ਆਇਆ । ਬੁਧ ਮਤ ਨਾਲ ਰਖਾਇਆ ਕੋਈ ਮਨ, ਪ੍ਰਭ ਸਾਚਾ ਧਾਮ ਸੁਹਾਇਆ । ਕਾਇਆ ਮੰਦਰ ਅੰਦਰ ਬੇੜਾ ਬੰਨ੍ਹ, ਛੱਪਰ ਛੰਨ ਵੇਖ ਵੇਖ ਵਖਾਇਆ । ਰਾਗ ਸੁਣਾਇਆ ਇਕ ਕੰਨ, ਜਨ ਰਸਨਾ ਸੇਵਾ ਲਾਇਆ । ਗੁਰ ਗੋਬਿੰਦਾ ਗਿਆ ਮੰਨ, ਪ੍ਰਭ ਚਰਨੀ ਸੀਸ ਝੁਕਾਇਆ । ਕਲਜੁਗ ਅੰਤਮ ਬੇੜਾ ਦੇਵੇ ਬੰਨ੍ਹ, ਸਿਰ ਸਾਚਾ ਸੀਸ ਟਿਕਾਇਆ । ਚਾਰ ਯਾਰ ਸੰਗ ਮੁਹੰਮਦ ਦੇਵੇ ਡੰਨ, ਵੇਲਾ ਅੰਤ ਕਰਾਇਆ । ਜੁਗ ਜੁਗ ਬੇੜਾ ਰਿਹਾ ਬੰਨ੍ਹ, ਕਲਜੁਗ ਲਹਿਣਾ ਸਤਿਜੁਗ ਦੇਣਾ ਦੋਹਾਂ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਜਨਾਂ, ਏਕਾ ਦੇਵੇ ਨਾਮ ਧਨਾ, ਧੰਨ ਧੰਨਵੰਤਾ ਆਪ ਅਖਵਾਇਆ । ਧੰਨ ਧੰਨਵੰਤ ਹਰਿ ਵਡ ਪਰਬੀਨਾ, ਆਪੇ ਆਪ ਅਖਵਾਇੰਦਾ । ਆਪੇ ਜਲ ਗੁਰਸਿਖ ਬਣਾਏ ਸਾਚੀ ਮੀਨਾ, ਆਪ ਆਪਣੇ ਵਿਚ ਟਿਕਾਇੰਦਾ । ਰਸਨਾ ਹਰਿ ਹਰਿ ਗੋਬਿੰਦ ਗੋਬਿੰਦ ਜਿਸ ਜਨ ਚੀਨਾ, ਹੋਏ ਅਧੀਨਾ ਸੇਵ ਕਮਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਭੀਨਾ, ਠਾਂਢਾ ਕਰੇ ਸੀਨਾ, ਆਪ ਆਪਣੀ ਦਇਆ ਕਮਾਇੰਦਾ । ਦੇਵੇ ਵਡਿਆਈ ਵਿਚ ਲੋਕ ਤੀਨਾਂ, ਪ੍ਰਭ ਵੇਖਣਹਾਰ ਜੁਗੋ ਜੁਗ ਨਾ ਹੋਏ ਨਬੀਨਾ, ਆਪ ਆਪਣਾ ਰਾਹ ਵਖਾਇੰਦਾ । ਬਿਨ ਗੁਰ ਪੂਰੇ ਲੋਕਮਾਤ ਝੂਠਾ ਜੀਣਾ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਮਾਇਆ ਮਮਤਾ ਸੀਰ ਸਭ ਨੇ ਪੀਤਾ, ਅੰਮ੍ਰਿਤ ਧਾਰਾ ਸਾਚਾ ਨੀਰ ਕੋਇ ਨਾ ਮੁਖ ਚੁਆਇੰਦਾ । ਕਾਇਆ ਤਨ ਪਾਟਾ ਕੱਪੜ ਕਿਸੇ ਨਾ ਸੀਣਾ, ਲੱਖ ਚੁਰਾਸੀ ਵੇਖੇ ਦੀਨਾ, ਪ੍ਰਭ ਸਾਚਾ ਆਪ ਭਵਾਇੰਦਾ । ਗੁਰਸਿਖ ਕਾਇਆ ਕਾਇਆ ਮੱਕਾ ਕਾਅਬਾ ਆਪ ਵਖਾਏ ਸਚ ਮਦੀਨਾ, ਏਕਾ ਹਾਜੀ ਸ਼ਬਦ ਘੋੜੇ ਚੜ੍ਹ ਕੇ ਤਾਜੀ, ਫੜ ਫੜ ਮਾਰੇ ਪੰਜੇ ਕਾਜੀ, ਆਪ ਸਾਜਨਾ ਆਪਣੀ ਸਾਜੀ, ਗੁਰ ਪੂਰਾ ਜਾਂ ਹੋਇਆ ਰਾਜੀ, ਗੁਰਸਿਖ ਸਾਚੇ ਪਾਰ ਕਰਾਵਣਾ । ਕਲਜੁਗ ਅੰਤਮ ਵੰਡਣ ਆਇਆ ਸੋਹੰ ਸ਼ਬਦ ਸਾਚੀ ਭਾਜੀ, ਗੁਰਸਿਖ ਗੁਰਸਿਖ ਝੋਲੀ ਅੱਗੇ ਡਾਹਵਣਾ । ਕਿਸੇ ਹੱਥ ਨਾ ਆਏ ਮੁੱਲਾ ਕਾਜੀ, ਸ਼ੇਖ਼ ਮੁਸਾਇਕ ਪੀਰ ਫ਼ਕੀਰ ਜਗਤ ਅਡੰਬਰ ਕੋਈ ਨਾ ਕਰੇ ਸਚ ਸਵੰਬਰ, ਮੀਤ ਮੁਰਾਰ ਹਰਿ ਨਿਰੰਕਾਰ ਜੋਤ ਅਲਾਹੀ ਬੇਪਰਵਾਹੀ ਨੂਰੋ ਨੂਰ ਹਾਜ਼ਰ ਹਜ਼ੂਰ ਕਿਸੇ ਨਾ ਮੇਲ ਮਿਲਾਵਣਾ । ਗੁਰਸਿਖ ਤੇਰੀ ਕਾਇਆ ਚੋਲੀ ਜੋਤ ਜਗਾਏ ਹਰਿ ਕੋਹਤੂਰ, ਸ਼ਬਦ ਭੰਡਾਰਾ ਕਰੇ ਭਰਪੂਰ, ਬੇਮੁਖਾਂ ਦਿਸੇ ਦੂਰ, ਨੇੜਨ ਨੇੜ ਆਪ ਹੋ ਜਾਏ ਪੂਰ ਕਰਾਏ ਭਾਵਨੀ । ਨਬੀ ਰਸੂਲਾਂ ਦਏ ਜੜ੍ਹ ਉਖੇੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੇਖੇ ਖੇਲ ਸਾਚੇ ਘਰ, । ਸ਼ਿਵ ਸ਼ੰਕਰ ਤੇਰੀ ਤ੍ਰਿਸੂਲ । ਆਪਣਾ ਆਪ ਜਾਏ ਭੂਲ । ਬੀਸ ਬੀਸੇ ਚੁਕਾਵਣਾ ਮੂਲ । ਜਗਤ ਜਗਦੀਸੇ ਮੇਲਾ ਕੰਤ ਕੰਤੂਹਲ । ਫਲ ਫੁਲਵਾੜੀ ਗਈ ਫੂਲ । ਸਤਾਰਾਂ ਹਾੜੀ ਗੁਰ ਸੰਗਤ ਪੰਘੂੜਾ ਲੈਣਾ ਝੂਲ । ਰੱਖੇ ਲਾਜ ਚਰਨ ਛੁਹਾਈ ਦਾਹੜੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾ

ਜਨਮੇ ਨਾ ਜਾਏ ਮਰ, ਸਦ ਵਸੇ ਆਪਣੇ ਘਰ, ਉਚੇ ਮੰਦਰ ਚੜ੍ਹ, ਸਾਚੀ ਖੇਲ ਦੂਲੋ ਦੂਲ । ਦੂਲੋ ਦੂਲ ਹਰਿ ਬਨਵਾਰੀ, ਗੁਰਸਿਖ ਦੁਲਹਨ ਇਕ ਸਜਾਈਆ । ਫੂਲੋ ਫੂਲ ਹਰਿ ਨਿਰੰਕਾਰੀ, ਸੋਹੰ ਫੂਲ ਬਰਖਾ ਲਾਈਆ । ਭੂਲੋ ਭੂਲ ਨਾ ਵਿਚ ਸੰਸਾਰੀ, ਸੋਗ ਹਰਖਾ ਰਿਹਾ ਮਿਟਾਈਆ । ਮੂਲੋ ਮੂਲ ਚੁਕਾਏ ਵਾਰੋ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਆਏ ਦਵਾਰ ਜਾਏ ਤਾਰ ਬੰਨ੍ਹੇ ਧਾਰ ਸਤਿਗੁਰ ਤੇਰੀ ਪੈਜ ਸਵਾਰੀ ।

ਹਰਿ ਸੰਤ ਹਰਿ ਨਾਉਂ ਹੈ, ਪੰਜ ਤਤ ਨਾ ਮੂਲ । ਕਿਸੇ ਨਗਰ ਨਾ ਵਸੇ ਸ਼ਹਿਰ ਗਰਾਉਂ ਹੈ, ਗੁਰਸਿਖ ਨਾ ਜਾਣਾ ਭੂਲ । ਹਰਿ ਸ਼ਬਦ ਫੜੇ ਬਾਹੋਂ ਹੈ, ਆਦਿ ਅੰਤ ਚੁਕਾਏ ਮੂਲ । ਜਿਹਵਾ ਕੁਰਲਾਏ ਨਾ ਕੋਈ ਕਾਉਂ ਹੈ, ਇਕ ਪੰਘੂੜਾ ਰਿਹਾ ਝੂਲ । ਕਰਨਹਾਰਾ ਸਚ ਨਿਆਂਓ ਹੈ, ਪ੍ਰਭ ਸਾਚਾ ਕੰਤ ਕੰਤੂਹਲ । ਆਪੇ ਪਿਤਾ ਆਪੇ ਮਾਂਓ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਖਿਲਾਏ ਕਵਲ ਫੂਲ । ਸੰਤ ਮਤ ਅਨੇਕ ਹੈ, ਕਲਜੁਗ ਅੰਤਮ ਵਾਰ । ਗੁਰ ਸ਼ਬਦੀ ਮਤ ਬੁਧ ਬਿਬੇਕ ਹੈ, ਆਪੇ ਕਰੇ ਵਿਚਾਰ । ਹਰਿ ਸੰਤਨ ਹਰਿ ਹਰਿ ਟੇਕ ਹੈ, ਨਾ ਲੇਖਾ ਨੌ ਦਵਾਰ । ਹਰਿ ਆਪੇ ਰਿਹਾ ਵੇਖ ਹੈ, ਆਪ ਆਪਣਾ ਲਏ ਅਵਤਾਰ । ਲਿਖਣਹਾਰਾ ਲੇਖ ਹੈ, ਕਰੇ ਕਰਾਏ ਆਪ ਪਿਆਰ । ਆਪੇ ਮੇਟਣਹਾਰਾ ਰੇਖ ਹੈ, ਆਪੇ ਲਏ ਉਭਾਰ । ਪੇਖਣਹਾਰਾ ਲਏ ਪੇਖ ਹੈ, ਪੂਰਬ ਕਰਮਾਂ ਕਰਮ ਵਿਚਾਰ । ਏਕਾ ਲਾਏ ਸਾਚੀ

੨੮੭ ੦੬

ਮੇਖ ਹੈ, ਧੁਰ ਮਸਤਕ ਹਰਿ ਕਰਤਾਰ । ਜਨ ਭਗਤਾਂ ਦਰ ਦਰਵੇਸ਼ ਹੈ, ਹੋਏ ਭਿਖਾਰੀ ਨਰ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਰਾਹ ਵਖਾਏ, ਫੜ ਫੜ ਸਾਚੇ ਮਾਰਗ ਲਾਏ, ਦੋਐਂ ਦੋਆ ਰਹਿਣ ਨਾ ਪਾਏ, ਸੋਹੰ ਸੋਹਾ ਸੋ ਹੋ ਜਾਏ, ਓਅੰ ਓ ਆਪ ਅਖਵਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਮਾਰਗ ਲਾਏ । ਸਤਿਜੁਗ ਸਾਚਾ ਮਾਰਗ ਲਾਉਣਾ, ਏਕਾ ਨਾਮ ਵਧਾਈਆ । ਦੂਸਰ ਕੋਈ ਰਹਿਣ ਨਾ ਪਾਉਣਾ, ਕਾਇਆ ਮੰਦਰ ਅੰਦਰ ਕਰੇ ਨਾ ਕੋਈ ਰਸਾਈਆ । ਸੋਹੰ ਜਿਸ ਜਨ ਰਸਨਾ ਗਾਉਣਾ, ਆਪ ਚੜ੍ਹਾਏ ਸਚ ਚੜ੍ਹਾਈਆ । ਪੁਰਖ ਅਬਿਨਾਸ਼ੀ ਘਰ ਸਾਚੇ ਪਾਉਣਾ, ਸਚ ਸ਼ਬਦ ਕਰੇ ਕੁੜਮਾਈਆ । ਪੰਚਮ ਧੁਨ ਏਕਾ ਗਾਉਣਾ, ਹਰਿ ਏਕਾ ਰਾਗ ਅਲਾਈਆ । ਗੁਰਮੁਖ ਦਿਵਸ ਰੈਣ ਨਾ ਮਿਲੇ ਸੌਣਾ, ਪ੍ਰਭ ਸਾਚੇ ਸ਼ਬਦ ਜਣਾਈਆ । ਦੇਵੇ ਸੁਨੇਹੜਾ ਪਵਣੀ ਪਵਣਾ, ਸਾਚਾ ਹਵਨ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਸੰਤ ਸੁਹੇਲੇ ਆਪ ਸੁਹਾਏ ਏਕਾ ਦਰ, ਗੁਰਮੁਖ ਨਾਉਂ ਰਖਾਈਆ । ਗੁਰਮੁਖ ਨਾਉਂ ਲਏ ਰੱਖ, ਸਤਿਜੁਗ ਬਣਤ ਬਣਾਇੰਦਾ । ਫੜ ਫੜ ਬਾਹੋਂ ਕਰੇ ਵਖ, ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਭਾਂਡੇ ਕਰੇ ਸੱਖ, ਵੇਲਾ ਵਕਤ ਚੁਕਾਇੰਦਾ । ਸਿੰਘ ਭਗਵਾਨ ਪ੍ਰਭ ਲਏ ਰੱਖ, ਸਾਵਣ ਮੀਤ ਨਾਲ ਰਲਾਇੰਦਾ । ਦਰਸ਼ਨ ਦੇਵੇ ਹਰਿ ਪਰਤੱਖ, ਏਕਾ ਗੀਤ ਸੁਣਾਇੰਦਾ । ਨੌ ਖੰਡ ਪ੍ਰਿਥਮੀ ਉਡਣੇ ਕੱਖ, ਨਾ ਕੋਈ ਮੁੱਲ ਪਵਾਇੰਦਾ । ਨੌ ਦਵਾਰੇ ਲਾਉਂਦੇ ਭੱਖ, ਅਗਨੀ ਅਗਨ ਜਲਾਇੰਦਾ । ਅੰਮ੍ਰਿਤ ਆਤਮ ਲੈਣਾ ਚਖ, ਨਿਝਰ ਧਾਰਾ ਆਪ ਚਖਾਇੰਦਾ । ਆਪ ਉਘੇੜੇ ਤੀਜੀ ਅੱਖ, ਨੇਤਰ ਨੈਣ ਖੁਲ੍ਹਾਇੰਦਾ । ਮਨਮੁਖ ਜੀਵ ਮਾਰਨ ਝੱਖ,

ਸਾਚਾ ਸਤਿਗੁਰ ਨਾ ਕੋਈ ਮਨਾਇੰਦਾ । ਕਲਜੁਗ ਅੰਤਮ ਹਰਿ ਪਰਤੱਖ, ਨਿਹਕਲੰਕਾ ਡੰਕ ਵਜਾਇੰਦਾ । ਏਕਾ ਏਕ ਸੋਹੰ ਸ਼ਬਦ ਲਏ ਰੱਖ, ਦੂਸਰ ਮੇਟ ਮਿਟਾਇੰਦਾ । ਬੀਸ ਬੀਸਾ ਰਾਹ ਸਾਚਾ ਦੱਸ, ਇਕ ਇਕੀਸਾ ਦਇਆ ਕਮਾਇੰਦਾ । ਅੰਤਮ ਮੁਕਣਾ ਈਸਾ ਮੂਸਾ ਕੇਸਾਧਾਰੀ ਨਾ ਕੋਈ ਮੂੰਡ ਮੁੰਡਾਇੰਦਾ । ਪੁਰਖ ਅਬਿਨਾਸ਼ੀ ਛਤਰ ਝੁਲਾਏ ਆਪਣਾ ਸੀਸਾ, ਸ੍ਰਿਸ਼ਟ ਸਬਾਈ ਏਕਾ ਸ਼ਬਦ ਇਕ ਹਦੀਸਾ ਆਪਣਾ ਰੂਪ ਆਪਣਾ ਮੁਖੜਾ ਆਪੇ ਮੂੰਹੋਂ ਵਖਾਇੰਦਾ । ਧੁਰ ਦਰਗਾਹੀ ਮੇਟੇ ਦੁਖੜਾ, ਜੋ ਜਨ ਪ੍ਰਭ ਦਵਾਰੇ ਆਏ ਦਰਸ਼ਨ ਭੁਖੜਾ, ਉਜਲ ਕਰਾਏ ਮਾਤ ਮੁਖੜਾ, ਜੋਤ ਸਰੂਪੀ ਦਰਸ ਦਿਖਾਇੰਦਾ । ਸੋਹੰ ਸ਼ਬਦ ਚਾਰ ਜੁਗ ਪ੍ਰਭ ਆਪ ਉਠਾਇਆ ਆਪਣੀ ਕੁਖੜਾ, ਸਤਿਜੁਗ ਸਾਚੇ ਜਨਮ ਦਵਾਇੰਦਾ । ਬਾਲ ਅਵਸਥਾ ਨਿੱਕਾ ਮੁਖੜਾ, ਹਾਹਾ ਟਿਪੀ ਆਪੇ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਮੇਲੇ ਆਪੇ ਵਿਛੜਾ ਆਪੇ ਮੇਲ ਮਿਲਾਇੰਦਾ । ਗੁਰਸਿਖ ਸੋ ਧੰਨ ਹੈ, ਜੋ ਦਰ ਵਰ ਮੰਗੇ ਜਾਏ । ਹਉਮੇ ਹੰਗਤਾ ਨਿਕਲੇ ਜਨ ਹੈ, ਮੈਂ ਮੇਰਾ ਰੂਪ ਵਟਾਏ । ਹਉਂ ਤੇਰਾ ਸੱਚੇ ਤਨ ਹੈ, ਗੁਰਸਿਖਾਂ ਹੱਟ ਵਿਕਾਏ । ਆਪੇ ਕਰਨਹਾਰਾ ਖੰਨ ਖੰਨ ਹੈ, ਆਪੇ ਘਾਟ ਚੜ੍ਹਾਏ । ਆਪੇ ਬੇੜਾ ਰਿਹਾ ਬੰਨ੍ਹ ਹੈ, ਆਪੇ ਭਾਰ ਉਠਾਏ । ਕਲਜੁਗ ਦੇਵਣ ਆਇਆ ਡੰਨ ਹੈ, ਗੁਰਸਿਖਾਂ ਕਲਜੁਗ ਮਾਇਆ ਭੁੱਖ ਵਰਤਾਏ । ਸੰਮਤ ਚੌਦਾਂ ਭਾਂਡਾ ਦੇਣਾ ਭੰਨ ਹੈ, ਪ੍ਰਭ ਉਲਟਾ ਕੁੰਭ ਕਰਾਏ । ਗਰੀਬ ਨਿਮਾਣਿਆ ਸਾਚਾ ਚੜ੍ਹਨਾਂ ਚੰਨ ਹੈ, ਰਾਜ ਰਾਜਾਨਾਂ ਦਏ ਵਖਾਏ । ਸ਼ਾਹ ਸੁਲਤਾਨਾਂ ਦੇਵੇ ਥਾਉਂ ਸਰਨ ਹੈ, ਸੰਮਤ ਸੋਲਾਂ ਰਾਹ ਤਕਾਏ । ਸਿੰਘ ਗਿਰਧਾਰਾ ਸੁਣ ਲਾ ਲਾ ਕੰਨ ਹੈ, ਪ੍ਰਭ ਸਾਚਾ ਵਣਜ ਕਰਾਏ । ਪ੍ਰਭ ਜੋਤ ਜਗਾਏ ਸਾਚੇ ਤਨ ਹੈ, ਗੁਰ ਸੰਗਤ ਸੇਵ ਕਮਾਏ । ਰਾਏ ਧਰਮ ਨਾ ਦੇਵੇ ਡੰਨ ਹੈ, ਲਾੜੀ ਮੌਤ ਆਪ ਦੁਰਕਾਏ । ਸੰਤ ਵਸੇਰਾ ਸਾਚੇ ਘਰ ਨਾ ਕੋਈ ਛੱਪਰੀ ਛੰਨ ਹੈ, ਚਾਰੇ ਭੁਜਾ ਅੱਗੇ ਡਾਹੇ । ਗੁਰਸਿਖ ਆਤਮ ਗਈ ਮੰਨ ਹੈ, ਹਰਿ ਜੋਤੀ ਸ਼ਬਦ ਪਰਨਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਜੀਉਂਦੇ ਜਗਤ ਮਾਰੇ ਭਗਤੀ ਰੂਪ ਜਿਵਾਏ । ਗੁਰਸਿਖ ਮਰਨਾ ਸਚ ਹੈ, ਏਕਾ ਚਰਨ ਦਵਾਰ । ਦੇਹ ਭਾਂਡਾ ਕੱਚੀ ਕੱਚ ਹੈ, ਲੱਗੇ ਨੌ ਦਵਾਰ । ਸਾਚਾ ਵਣਜ ਕਰਾਉਣਾ ਪ੍ਰਭ ਸਾਚੇ ਸਚ ਹੈ, ਜੰਮੇ ਵਾਰੋ ਵਾਰ । ਗੁਰ ਸੰਗਤ ਅੰਦਰ ਗੁਰਮੁਖ ਸਾਚਾ ਰਿਹਾ ਨੱਚ ਹੈ, ਅੱਠੇ ਪਹਿਰ ਖ਼ਬਰਦਾਰ । ਕਾਮ ਕਾਮਨੀ ਨਾ ਗਿਆ ਮੱਚ ਹੈ, ਦੋਏ ਜੋੜ ਕਰੇ ਨਿਮਸਕਾਰ । ਨਾ ਕੋਈ ਅਚਾਰ ਚੱਜ ਹੈ, ਨਾ ਕੋਈ ਤਨ ਸ਼ਿੰਗਾਰ । ਕਲਜੁਗ ਕਾਇਆ ਚੂੜਾ ਜਾਣਾ ਭੱਜ ਹੈ, ਅੰਤਮ ਰੋਵੇ ਬਾਂਹ ਹੁਲਾਰ । ਚਰਨ ਦਵਾਰੇ ਬਹਿ ਬਹਿ ਜਾਣਾ ਸਜ ਹੈ, ਸਾਚਾ ਮੇਲਾ ਨਰ ਨਿਰੰਕਾਰ । ਤਾਲ ਨਗਾਰਾ ਏਕਾ ਜਾਣਾ ਵੱਜ ਹੈ, ਚਾਰੋਂ ਕੁੰਟ ਜੈ ਜੈਕਾਰ । ਸ੍ਰਿਸ਼ਟ ਸਬਾਈ ਘਰ ਬਾਹਰਾ ਜਾਣਾ ਤਜ ਹੈ, ਨਾਤਾ ਤੁੱਟੇ ਨਾਰੀ ਨਾਰ । ਸਿੰਘ ਗਿਰਧਾਰਾ ਪ੍ਰਭ ਚਰਨ ਦਵਾਰੇ ਤੇਰਾ ਹੱਜ ਹੈ, ਆਵੇ ਜਾਵੇ ਨਾ ਵਾਰੋ ਵਾਰ । ਪ੍ਰਭ ਪੜਦਾ ਰਿਹਾ ਕੱਜ ਹੈ, ਗਰੀਬ ਨਿਮਾਣਿਆਂ ਪਾਵੇ ਸਾਰ । ਆਤਮ ਸੇਜਾ ਚੜ੍ਹਦਾ ਭੱਜ ਹੈ, ਆਪ ਆਪਣੀ ਕਿਰਪਾ ਧਾਰ । ਅੰਤਮ ਵੇਲੇ ਰੱਖੇ ਲਜ ਹੈ, ਹਰਿ ਸੇਵਕ ਸੇਵਾਦਾਰ । ਅੰਮ੍ਰਿਤ ਆਤਮ ਪਿਆਏ ਰੱਜ ਹੈ, ਪਹਿਲੀ ਚੇਤਰ ਕਰ ਵਿਚਾਰ । ਕਿਸੇ ਲਾਉਣ ਨਾ ਦੇਵੇ ਅੱਜ ਪੱਜ ਹੈ, ਮਾਇਆਧਾਰੀ ਕਰੇ ਖੁਆਰ । ਗੁਰਸਿਖ ਗੁਰ ਸੰਗਤ ਪ੍ਰੀਤੀ ਜਾਣਾ ਬੱਝ ਹੈ, ਨਾਤਾ ਜੁੜੇ ਨਾ ਦੂਜੀ ਵਾਰ । ਦੇਵੇ ਦਰਸ ਉਪਰ ਸ਼ਾਹ ਰਗ ਹੈ, ਆਪ ਵਖਾਏ ਸੱਚਾ ਦਰਬਾਰ । ਚਰਨ ਪ੍ਰੀਤੀ ਗਈ ਲੱਗ ਹੈ, ਆਏ ਹਾਰ ਨਾ ਵਿਚ ਸੰਸਾਰ । ਜਗਤ ਤ੍ਰਿਸ਼ਨਾ


੨੮੮
੦੬

ਸਾੜੇ ਅੱਗ ਹੈ, ਪ੍ਰਭ ਆਪਣੀ ਹੱਥੀਂ ਦੇਵੇ ਡਾਰ । ਮਿਲੇ ਮੇਲ ਸੁਰੇ ਸਰਬੱਗ ਹੈ, ਏਕਾ ਬਖ਼ਸ਼ੇ ਚਰਨ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਕਾਇਆ ਲਏ ਵਰ, ਆਪੇ ਕੰਤ ਆਪੇ ਨਾਰ ਆਪ ਭਤਾਰ । ਕੰਤ ਭਤਾਰੀ ਆਪ ਪ੍ਰਭ, ਜੋਤੀ ਜੋਤ ਜਗਾਇੰਦਾ । ਗੁਰਮੁਖਾਂ ਵੇਖੇ ਮਾਰ ਧਿਆਨ, ਨੀਚੋਂ ਊਚ ਕਰਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਦਰ ਦਰ ਧੱਕੇ ਖਾਣ, ਕਲਜੁਗ ਭਿਖ ਕੋਈ ਨਾ ਪਾਇੰਦਾ । ਗੁਰਮੁਖਾਂ ਹੋਇਆ ਹਰਿ ਦਰਬਾਨ, ਕਲਜੁਗ ਅੰਤਮ ਕਰ ਪਛਾਣ, ਆਪ ਆਪਣਾ ਰੂਪ ਵਟਾਇੰਦਾ । ਦਾਤਾ ਦਾਨੀ ਦੇਵੇ ਸੱਚਾ ਦਾਨ, ਚਰਨ ਧੂੜ ਇਕ ਇਸ਼ਨਾਨ, ਦੁਰਮਤ ਮੈਲ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਵਾਰੇ ਦੇਵੇ ਮਾਣ ।

ਗੁਰਮੁਖ ਤੇਰਾ ਸਾਚਾ ਸ਼ਿਲਾ, ਅਛਲ ਅਛੱਲ ਕਰਾਇਆ । ਵੇਖੇ ਖੇਲ ਇਕ ਇਕੱਲਾ, ਗੋਬਿੰਦ ਹਰਿ ਰਘੁਰਾਇਆ । ਭਾਰਤ ਖੰਡ ਵੇਖ ਮਹੱਲਾ, ਆਪਣੀ ਜੋਤ ਜਗਾਇਆ । ਵਰਨ ਅਵਰਨੀ ਮੇਟੇ ਸੱਲਾ, ਗੋਤੀ ਗੋਤ ਮਿਟਾਇਆ । ਸੋਹੰ ਸ਼ਬਦ ਕਰਾਏ ਹੱਲਾ, ਅਗੰਮ ਅਗੰਮੀ ਚੜ੍ਹ ਕੇ ਆਇਆ । ਗੁਰਮੁਖਾਂ ਫੜਾਏ ਆਪਣਾ ਪੱਲਾ, ਸਾਚੇ ਮੰਦਰ ਵੜ ਕੇ ਆਇਆ । ਨਾਲ ਰਲਾਏ ਗੋਬਿੰਦ ਡੱਲਾ, ਆਪਣੀ ਧਾਰ ਬੰਧਾਇਆ । ਸ਼ਬਦੀ ਪਵਣੀ ਆਪੇ ਰਲਾ, ਜੋਤੀ ਨੂਰ ਸਵਾਇਆ । ਵੇਖ ਵਖਾਣੇ ਜਲ ਥਲਾ, ਡੂੰਘੀ ਕੰਦਰ ਡੇਰਾ ਲਾਇਆ । ਸੋਹੰ ਵਖਾਏ ਸਾਚਾ ਭੱਲਾ, ਚਾਰੋਂ ਕੁੰਟ ਰਿਹਾ ਫਿਰਾਇਆ । ਦੀਪਕ ਜੋਤੀ ਏਕਾ ਬਲਾ, ਜਗਤ ਅੰਧੇਰ ਦਏ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਸਾਚਾ ਵਰ, ਦਰ ਘਰ ਸੱਚੀ ਸਰਨਾਇਆ । ਸਚ ਵਸਤ ਹਰਿ ਕਰ ਪਰਵਾਨ, ਸੰਮਤ ਬੀਸ ਭੇਟ ਚੜ੍ਹਾਈਆ । ਆਪੇ ਹੋਇਆ ਨਿਗਾਹਬਾਨ, ਤਨ ਹੱਥ ਨਾ ਕੋਈ ਪਹਿਨਾਈਆ । ਗਊ ਗਰੀਬਾਂ ਦੇਵੇ ਮਾਣ, ਦਾਤਾ ਦਾਨੀ ਆਪ ਅਖਵਾਈਆ । ਧੁਰ ਦਰਗਾਹੀ ਹਰਿ ਫ਼ਰਮਾਣ, ਹਰਿ ਸੰਗਤ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਰਿਹਾ ਲਿਖਾਈਆ । ਨਾ ਸੋਨਾ ਨਾ ਰੂਪਾ ਚਾਂਦੀ, ਪ੍ਰਭ ਸਾਚੇ ਆਸ ਰਖਾਈਆ । ਮਾਇਆ ਮਮਤਾ ਸ੍ਰਿਸ਼ਟੀ ਬਾਂਧੀ, ਕਾਲਾ ਟਿੱਕਾ ਮਸਤਕ ਛਾਹੀਆ । ਇਸ ਦਰ ਆ ਕੇ ਉਸ ਦਰ ਜਾਂਦੀ, ਪੱਲੇ ਗੰਢ ਨਾ ਕੋਈ ਬੰਧਾਈਆ । ਜਗਤ ਫਸਾਇਆ ਬਣ ਬਣ ਫਾਂਦੀ, ਪ੍ਰਭ ਅਚਰਜ ਰੀਤ ਚਲਾਈਆ । ਹਰਿ ਭਗਤ ਦਵਾਰੇ ਰਹੀ ਸ਼ਰਮਾਂਦੀ, ਨਾ ਸਕੇ ਹੱਥ ਉਠਾਈਆ । ਰਸਨਾ ਗਾ ਗਾ ਇਹ ਸੁਣਾਂਦੀ, ਗੁਰ ਸੰਗਤ ਸੇਵਾ ਲਾਈਆ । ਗੁਰਮੁਖ ਸਾਚੇ ਸਾਚੇ ਪਾਂਧੀ, ਗੁਰ ਦਰ ਆਇਣ ਪੰਧ ਮੁਕਾਈਆ । ਕਲਜੁਗ ਮਾਇਆ ਥੱਕੀ ਮਾਂਦੀ, ਵੇਲੇ ਅੰਤਮ ਰਾਹ ਤਕਾਈਆ । ਕਿਸੇ ਹੱਥ ਨਾ ਆਉਣਾ ਚਾਂਦੀ, ਸੁੰਞੇ ਮਹੱਲ ਰਹੇ ਡਰਾਈਆ । ਗੁਰ ਚਰਨ ਪ੍ਰੀਤੀ ਟੁੱਟ ਨਾ ਜਾਂਦੀ, ਪ੍ਰਭ ਸਾਚਾ ਰਿਹਾ ਕਮਾਈਆ । ਗੁਰਸਿਖਾਂ ਦਰ ਹੋਇਆ ਬਾਂਦੀ, ਬੰਦੀ ਛੋੜ ਆਪ ਰਘੁਰਾਈਆ । ਕਲਜੁਗ ਕਹਿਰ ਅੰਧੇਰੀ ਵਰਤੇ ਆਂਧੀ, ਰਾਹ ਖਹਿੜਾ ਦਿਸ ਨਾ ਆਈਆ । ਚਰਨ ਧੂੜ ਗੁਰਸਿਖ ਕੋਟ ਜਨਮ ਦੇ ਪਾਪ ਲਾਂਹਦੀ, ਜਿਸ ਜਨ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਸੇਵਾ ਰਿਹਾ ਕਮਾਈਆ । ਹੀਰੇ ਲਾਲ ਜੜਤ ਜੜਾਊ, ਸੁੱਚੇ ਪੰਨੇ ਮੋਤੀ । ਕਲਜੁਗ

੨੮੯
੦੬

ਤੇਰੇ ਝੂਠੇ ਬਾਹੂ, ਦੁਰਮਤ ਮੈਲ ਕਿਸੇ ਨਾ ਧੋਤੀ । ਗੁਰਮੁਖਾਂ ਲਹਿਣਾ ਦੇਣਾ ਰੱਖੇ ਆਪ ਅਗਾਊ, ਪ੍ਰਭ ਪਰਗਟ ਹੋਏ ਛੇਤੀ । ਗੁਰਸਿਖ ਸਦ ਬਲ ਬਲ ਜਾਊ, ਹਰਿ ਦਰਸ਼ਨ ਨੇਤਨ ਨੇਤੀ । ਲੱਖ ਚੁਰਾਸੀ ਫੜ ਫੜ ਕਾਊਂ, ਕਿਸੇ ਸੁਰਤ ਰਹੇ ਨਾ ਨਾਹਤੀ ਧੋਤੀ । ਘਰ ਘਰ ਅੰਤਮ ਕਾਗ ਉਡਾਊਂ, ਖ਼ੁਸ਼ੀ ਮਨਾਇਣ ਪੰਚਮ ਜੇਠੀ । ਹਾੜ ਸਤਾਰਾਂ ਰਾਹ ਭੁਲਾਊਂ, ਮਾਤਾ ਕੁੱਖ ਨਾ ਜਾਣੇ ਪੂਤ ਸਪੂਤਾ ਕੁੱਖ ਪਲੇਠੀ । ਗੁਰਮੁਖ ਸਾਚੇ ਨਾਲ ਰਲਾਊਂ, ਅੱਗੇ ਪਿੱਛੇ ਆਪ ਹੋ ਜਾਊਂ, ਮੇਟ ਮਿਟਾਊਂ ਵਡ ਵਡ ਸੇਠੀ । ਗੁਰ ਚਰਨ ਧੂੜ ਗੁਰਸਿਖ ਤੇਰੀ ਨੁਹਾਊਂ, ਹੱਥ ਰੱਖਾਂ ਪੈਰਾਂ ਹੇਠੀ । ਫੜ ਫੜ ਬਾਹੋਂ ਆਪ ਤੁਰਾਊਂ, ਸਾਚੇ ਨੇਤਰ ਨੈਣ ਆਪੇ ਪੇਖੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਮੰਗਣ ਆਇਆ ਵਰ, ਜੁਗਾਂ ਜੁਗਾਂ ਦਾ ਆਪੇ ਭੇਤੀ । ਗੁਰਮੁਖ ਤੇਰਾ ਸਾਚਾ ਰਾਹ, ਪ੍ਰਭ ਜੁਗ ਜੁਗ ਆਪ ਤਕਾਇੰਦਾ । ਸ਼ਬਦ ਗੁਰੂ ਪਹਿਲਾਂ ਭੇਜ ਮਾਤ ਮਲਾਹ, ਆਪਣਾ ਰਾਹ ਵਖਾਇੰਦਾ । ਪਰਗਟ ਜੋਤ ਹਰਿ ਪਕੜੇ ਬਾਂਹ, ਰੂਪ ਰੰਗ ਨਾ ਕੋਇ ਜਣਾਇੰਦਾ । ਗੁਰਮੁਖਾਂ ਕਾਇਆ ਵੇਖੇ ਸਾਚਾ ਥਾਂ, ਹਰਿ ਆਪਣਾ ਆਸਣ ਲਾਇੰਦਾ । ਆਪੇ ਪਿਤਾ ਆਪੇ ਮਾਂ, ਪਿਤਾ ਪੂਤ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਹਰਿ ਆਪਣਾ ਆਪ ਭੇਟ ਚੜ੍ਹਾਇੰਦਾ । ਆਪ ਆਪਣਾ ਭੇਟ ਚੜ੍ਹਾਇਆ, ਅਚਰਜ ਕਲ ਵਰਤਾਈਆ । ਪੰਚਮ ਤਤ ਤਨ ਭਸਮ ਕਰਾਇਆ, ਖ਼ਾਕੀ ਖ਼ਾਕ ਉਡਾਈਆ । ਇਸਮੀ ਇਸਮ ਨਜ਼ਰ ਨਾ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਆਪ ਆਪਣਾ ਜਨਮ ਦਵਾਇਆ, ਮਾਤ ਪਿਤ ਨਾ ਕੋਇ ਬਣਾਈਆ । ਪਿਤਾ ਪੂਤ ਨਾ ਕੋਇ ਅਖਵਾਇਆ, ਮਾਤਾ ਕੁੱਖ ਨਾ ਸੁਫਲ ਕਰਾਈਆ । ਦੁੱਖ ਸੁਖ ਨਾ ਨਾਲ ਲਿਆਇਆ, ਏਕਾ ਰੰਗ ਸਮਾਈਆ । ਤ੍ਰਿਸ਼ਨਾ ਭੁੱਖ ਨਾ ਕੋਇ ਵਖਾਇਆ, ਆਲਸ ਨਿੰਦਰਾ ਨੇੜ ਨਾ ਆਈਆ । ਮੰਦਰ ਅੰਦਰ ਨਾ ਕੋਇ ਬਣਾਇਆ, ਨਾ ਕੋਇ ਛੱਪਰ ਛਾਈਆ । ਕਾਇਆ ਮੰਦਰ ਨਾ ਕੋਈ ਲੁਟਾਇਆ, ਨਾ ਕੋਈ ਕੁੰਡਾ ਲਾਹੀਆ । ਡੂੰਘੀ ਕੰਦਰ ਨਾ ਵੇਖ ਵਖਾਇਆ, ਉਚਾ ਟਿੱਲਾ ਭੇਵ ਨਾ ਰਾਈਆ । ਬਸਤਰ ਸ਼ਸਤਰ ਨਾ ਤਨ ਸਜਾਇਆ, ਗੁਰ ਪੀਰ ਨਾ ਕੋਈ ਮਨਾਈਆ । ਸਾਧ ਸੰਤ ਨਾ ਓਟ ਤਕਾਇਆ, ਗੁਰ ਮੰਤਰ ਨਾ ਰਸਨਾ ਗਾਈਆ । ਤਨ ਨਗਾਰੇ ਨਾ ਚੋਟ ਲਗਾਇਆ, ਨਾ ਪੰਚਮ ਆਸ ਰਖਾਈਆ । ਸ਼ਬਦ ਭੰਡਾਰਾ ਨਾ ਹੱਟ ਭਰਾਇਆ, ਹਰਿ ਸਾਚੇ ਭੇਵ ਨਾ ਰਾਈਆ । ਜੋਤੀ ਨੂਰ ਇਕ ਕਰਾਇਆ, ਲਿਖਣ ਪੜ੍ਹਨ ਵਿਚ ਨਾ ਆਈਆ । ਦਰ ਦਵਾਰ ਪ੍ਰਭ ਡੇਰਾ ਲਾਇਆ, ਭੇਵ ਕੋਇ ਨਾ ਪਾਈਆ । ਨੇੜੇ ਹੋ ਹੋ ਖੇਲ ਰਚਾਇਆ, ਅਚਰਜ ਰੀਤ ਚਲਾਈਆ । ਜਗਤ ਝੇੜੇ ਰਿਹਾ ਮੁਕਾਇਆ, ਆਪ ਆਪਣਾ ਰੂਪ ਵਟਾਈਆ । ਗੋਬਿੰਦ ਖੇੜੇ ਭਾਗ ਲਗਾਇਆ, ਘਰ ਸਾਚੇ ਵੱਜੀ ਵਧਾਈਆ । ਹੱਕ ਨਿਬੇੜੇ ਰਿਹਾ ਕਰਾਇਆ, ਸਾਧਾਂ ਸੰਤਾਂ ਰਿਹਾ ਉਠਾਈਆ । ਲੱਖ ਚੁਰਾਸੀ ਗੇੜੇ ਰਿਹਾ ਦਵਾਇਆ, ਰਾਜ ਰਾਜਾਨਾਂ ਰਿਹਾ ਹਿਲਾਈਆ । ਖੁੱਲ੍ਹਾ ਵਿਹੜਾ ਰਿਹਾ ਕਰਾਇਆ, ਧਰਤਮਾਤ ਦਏ ਵਧਾਈਆ । ਜਨ ਭਗਤਾਂ ਬੇੜੇ ਬੰਨ੍ਹ ਵਖਾਇਆ, ਜੋਤ ਨਿਰੰਜਣ ਨਾਲ ਮਿਲਾਈਆ । ਸਾਚੇ ਬੇੜੇ ਰਿਹਾ ਚੜ੍ਹਾਇਆ, ਸੋਹੰ ਨਈਆ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੈਣਾਂ ਭਈਆ ਨਾ ਕੋਈ ਮਨਾਈਆ । ਨਾ ਕੋਈ ਭੈਣਾਂ ਭਈਆ ਬੇਬਾ, ਨਾ ਮਾਤ ਪਿਤ ਅਖਵਾਇੰਦਾ । ਨਾ ਕੋਈ ਪੜ੍ਹੇ ਜਗਤ ਕਿਤੇਬਾ, ਗੁਰ ਪੀਰ ਨਾ ਕੋਈ ਅਖਵਾਇੰਦਾ । ਰਸਨਾ ਜਾਪ ਨਾ ਗਾਏ ਜਿਹਵਾ, ਨਾ ਕੋਈ ਧਿਆਨ ਲਗਾਇੰਦਾ । ਦੂਸਰ ਘਰ ਨਾ ਕਰੇ ਵਸੇਰਾ, ਆਪ ਆਪਣਾ

ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਲਹਿਣਾ ਦੇਣਾ ਜੁਗ ਜੁਗ ਮੂਲ ਚੁਕਾਇੰਦਾ । ਸਾਚੇ ਘਰ ਹਰਿ ਬਿਸਰਾਮਾ, ਸਾਚੀ ਸੇਜ ਵਿਛਾਈਆ । ਨੂਰ ਨੁਰਾਨੀ ਜੋਤੀ ਜਾਮਾ, ਸ਼ਬਦ ਸੁਨੇਹੜਾ ਭੇਜ ਸ੍ਰਿਸ਼ਟ ਸਬਾਈ ਰਿਹਾ ਜਗਾਈਆ । ਹੱਡ ਮਾਸ ਨਾੜੀ ਨਾ ਕੋਈ ਦੀਸੇ ਚਾਮਾ, ਜੋਤੀ ਤੇਜ ਸਵਾਈਆ । ਪੱਲੇ ਨਾ ਬੰਨ੍ਹੇ ਕੋਈ ਦਾਮਾ, ਨਾ ਕੋਈ ਆਪਣਾ ਭਾਰ ਉਠਾਈਆ । ਗੁਰਮੁਖਾਂ ਪੂਰ ਕਰਾਏ ਕਾਮਾ, ਜੁਗ ਜੁਗ ਪੈਜ ਰਖਾਈਆ । ਕਲਜੁਗ ਮਿਟੇ ਅੰਧੇਰੀ ਸ਼ਾਮਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਲੱਖ ਚੁਰਾਸੀ ਏਕਾ ਤਾਮਾ, ਗੁਰ ਸੰਗਤ ਰਿਹਾ ਵਖਾਈਆ । ਸੋਹੰ ਵੱਜਾ ਨਾਮ ਦਮਾਮਾ, ਪ੍ਰਭ ਸੋਹੰ ਡੰਕਾ ਆਪਣੇ ਹੱਥ ਰਖਾਈਆ । ਜੋਤ ਸਰੂਪੀ ਪਹਿਰਿਆ ਜਾਮਾ, ਜਾਮਾਵੰਤ ਹਨਵੰਤ ਉਠਾਈਆ । ਆਪੇ ਜਾਣੇ ਆਪਣਾ ਨਾਮਾ, ਨਾਉਂ ਨਿਰੰਕਾਰਾ ਇਕ ਰਘੁਰਾਈਆ । ਜੁਗ ਜੁਗ ਵਰਤਾਏ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਈਆ । ਕੋਈ ਭੇਵ ਨਾ ਪਾਏ ਰਾਜਾ ਰਾਣਾ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਵੇਲਾ ਅੰਤ ਪਛਾਨਾ, ਗੁਰਮੁਖਾਂ ਦਏ ਵਧਾਈਆ । ਸੰਮਤ ਚੌਦਾਂ ਹੱਟ ਖੁਲ੍ਹਾਨਾ, ਹੱਟ ਹਟਵਾਣਾ ਆਪ ਹੋ ਜਾਈਆ । ਦੋ ਅੱਖਰ ਅੱਖਰ ਹਰਿ ਨਾਮ ਬਤਾਨਾ, ਚਹੁ ਅੱਖਰ ਮੂਲ ਬਤਾਈਆ । ਰੋੜੀ ਸੱਖਰ ਹਰਿ ਜੋਤ ਪਰਗਟਾਨਾ, ਦਰਸ ਦਿਖਾਨਾ ਨੂਰੋ ਨੂਰ ਅਲਾਹੀਆ । ਜੋਤੀ ਪੱਥਰ ਡਗਮਗਾਨਾ, ਕੋਹਤੂਰ ਬੈਠਾ ਮੁਖ ਛੁਪਾਈਆ । ਆਪੇ ਹੋਇਆ ਜਾਣੀ ਜਾਣਾ, ਦੂਰ ਨੇੜ ਨਾ ਕੋਈ ਵਖਾਈਆ । ਚੀਨਾ ਰੂਸ ਸੁਣਾਏ ਇਕ ਤਰਾਨਾ, ਹਰਿ ਆਪਣਾ ਰਾਗ ਅਲਾਈਆ । ਗੋਬਿੰਦ ਗਾਏ ਕਲਜੁਗ ਗਾਨਾ, ਗਾਵਤ ਰੈਣ ਵਿਹਾਈਆ । ਦਾਅਵਤ ਦੇਵੇ ਇਕ ਜਹਾਨਾ, ਲਿਖ ਲਿਖ ਲੇਖ ਪੁਚਾਈਆ । ਹਾੜ ਸਤਾਰਾਂ ਖੇਲੇ ਖੇਲ ਮਹਾਨਾ, ਦੇਸ ਬਵੰਜਾ ਦਏ ਜਗਾਈਆ । ਪਕੜ ਉਠਾਏ ਸ਼ਾਹ ਸੁਲਤਾਨਾਂ, ਮੁਸਲਿਮ ਹਿੰਦੂ ਵੇਖ ਵਖਾਈਆ । ਸ਼ਬਦ ਸਰੂਪੀ ਬੰਨ੍ਹੇ ਗਾਨਾ, ਈਸਾ ਆਪੇ ਰਿਹਾ ਜਗਾਈਆ । ਏਕਾ ਮਾਰੇ ਤੀਰ ਨਿਸ਼ਾਨਾ, ਜਗਤ ਜਗਦੀਸ਼ਾ ਚਵੀ ਹੱਥ ਨਿਸ਼ਾਨ ਚੜ੍ਹਾਈਆ । ਚਵੀਆਂ ਅਵਤਾਰ ਵਰਤੇ ਆਪਣਾ ਭਾਣਾ, ਚਾਰੇ ਕੂਟਾਂ ਦਏ ਹਿਲਾਈਆ । ਨੌਂ ਖੰਡ ਕਰਾਏ ਸੁੰਞ ਮਸਾਣਾ, ਸੱਤਾਂ ਦੀਪਾਂ ਪਏ ਦੁਹਾਈਆ । ਗੁਰਮੁਖਾਂ ਦੱਸੇ ਏਕਾ ਸਚ ਟਿਕਾਣਾ, ਗੁਰ ਚਰਨ ਸੱਚੀ ਸਰਨਾਈਆ । ਕਲਜੁਗ ਅੰਤਮ ਲਾਹੁਣ ਆਇਆ ਮੁਕਾਣਾ, ਕਾਲਾ ਸੂਸਾ ਤਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕਰੇ ਅੰਤ ਸਿਆਪਾ । ਕਿਸੇ ਨਾ ਸੁਝੇ ਸਾਚਾ ਮਾਪਾ । ਤ੍ਰੈਗੁਣ ਚੜ੍ਹਿਆ ਜਗਤ ਤਾਪਾ । ਗਲ ਪੱਲੂ ਪਾਏ ਨੇਤਰ ਨੀਰ ਵਹਾਏ, ਨਾ ਕੋਈ ਧੀਰ ਧਰਾਏ, ਨਾ ਜਪਾਏ ਸਾਚਾ ਜਾਪਾ । ਅਜਪਾ ਜਾਪ ਜਗ ਗਿਆ ਮੁੱਕ । ਸਾਧਾਂ ਸੰਤਾਂ ਮੂੰਹ ਪੈਣਾ ਥੁੱਕ । ਸੰਮਤ ਸੋਲਾਂ ਭਾਣਾ ਪ੍ਰਭ ਨਾ ਜਾਏ ਰੁਕ । ਸਿੰਘ ਸ਼ੇਰ ਦਲੇਰ ਜਗ ਰਿਹਾ ਬੁੱਕ । ਆਪਣਾ ਆਪਣਾ ਭਾਰ ਮਨਮੁਖ ਜੀਵਾਂ ਲੈਣਾ ਚੁੱਕ । ਗੁਰਮੁਖਾਂ ਦੇਵੇ ਏਕਾ ਸੁਖ । ਮਾਨਸ ਦੇਹ ਮਨੁੱਖ, ਸੋਹੰ ਚਾਰ ਜੁਗ ਰੱਖਿਆ ਆਪਣੀ ਕੁੱਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਇਕ ਵਰ, ਦੋਏ ਜੋੜ ਕਰੇ ਪਰਨਾਮ, ਗੁਰ ਪੂਰੇ ਦਾ ਸੀਸ ਜਾਏ ਝੁਕ । ਗੁਰ ਪੂਰੇ ਸੀਸ ਨਿਵਾਇਆ, ਗੁਰ ਸੰਗਤ ਵੇਖ ਪਿਆਰ । ਨੇਤਰ ਨੀਰ ਵਹਾਇਆ, ਕਲਜੁਗ ਰੋਵੇ ਜ਼ਾਰੋ ਜ਼ਾਰ । ਲਾੜੀ ਮੌਤ ਹੋਈ ਤਿਆਰ । ਧਰਮ ਰਾਏ ਦੀ ਸੁਣ ਪੁਕਾਰ । ਕਵਾਰ ਕੰਨਿਆ ਲਾ ਹਾਰ ਸ਼ਿੰਗਾਰ । ਆਈ ਦਰ ਸੱਚੇ ਦਰਵਾਰ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਲੱਖ ਚੁਰਾਸੀ ਲੱਭਾਂ ਇਕ ਭਤਾਰ । ਸਾਚਾ ਕੰਤ ਕੋਈ ਦਿਸ ਨਾ ਆਇਆ, ਪ੍ਰਭ ਅਬਿਨਾਸ਼ੀ

ਦੇਵੇ ਧੱਕਾ ਮਾਰ । ਚਾਰੋਂ ਕੁੰਟ ਲਏ ਹੁਲਾਰ, ਪ੍ਰਿਥਮੀ ਆਕਾਸ਼ ਦਏ ਹਿਲਾਇਆ । ਜੀਵਾਂ ਜੰਤਾਂ ਦਏ ਸੁਧਾਰ, ਦੂਸਰ ਗੁਰ ਪੀਰ ਨਾ ਹੋਏ ਰਖਵਾਲ, ਨਾ ਰੱਖੇ ਸਿਰ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਰਿਹਾ ਛੁਪਾਇਆ ।

### ❊ ੨੮ ਪੋਹ ੨੦੧੩ ਬਿਕ੍ਰਮੀ ਨਰੈਣ ਸਿੰਘ ਦੇ ਗ੍ਰਿਹਿ ਪਿੰਡ ਗੁਮਾਨਪੁਰ ਜ਼ਿਲਾ ਅੰਮ੍ਰਿਤਸਰ ❊

ਹਰਿ ਭਗਤ ਸੁਹਾਏ ਦਰ, ਦਰ ਦਰਵਾਜ਼ਿਆ । ਜੋਤ ਨਿਰੰਜਣ ਦੇਵੇ ਵਰ, ਲੋਕਮਾਤ ਸਵਾਰੇ ਕਾਜਿਆ । ਸ਼ਬਦ ਭੰਡਾਰਾ ਦੇਵੇ ਭਰ, ਪੰਚਮ ਮਾਰੇ ਸਾਚੀ ਆਵਾਜ਼ਿਆ । ਧਰਮ ਰਾਏ ਦਰ ਚੁੱਕੇ ਡਰ, ਨਾਮ ਘੋੜਾ ਦੇਵੇ ਤਾਜਿਆ । ਆਪ ਆਪਣੇ ਜਿਹਾ ਕਰ, ਸਚ ਦਵਾਰੇ ਆਪੇ ਗਾਜਿਆ । ਸਰਨ ਸਰਨਾਈ ਜਾਣਾ ਤਰ, ਲੇਖਾ ਚੁੱਕੇ ਨੌ ਦਰਵਾਜ਼ਿਆ । ਆਪ ਵਖਾਏ ਏਕਾ ਘਰ, ਪ੍ਰਭ ਰੱਖਣਹਾਰਾ ਲਾਜਿਆ । ਨਾ ਕੋਈ ਜਾਣੇ ਨਾਰੀ ਨਰ, ਗੋਬਿੰਦ ਗਰੀਬ ਨਿਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਾਇਆ ਸਾਜਨ ਸਾਜਿਆ । ਗੁਰਮੁਖ ਕਾਇਆ ਸਚ ਦਵਾਰ, ਹਰਿ ਸਾਚਾ ਆਪ ਸੁਹਾਇੰਦਾ । ਜੋਤ ਸਰੂਪੀ ਕਰ ਆਕਾਰ, ਦੀਪਕ ਇਕ ਜਗਾਇੰਦਾ । ਸ਼ਬਦ ਧੁਨ ਅਪਰ ਅਪਾਰ, ਆਪਣੀ ਆਪ ਉਪਾਇੰਦਾ । ਸੁਣੇ ਸੁਣਾਏ ਸੁਣਨੇਹਾਰ, ਦਿਸ ਕਿਸੇ ਨਾ ਆਇੰਦਾ । ਤਾਲ ਤਲਵਾੜਾ ਵਜਾਏ ਅਪਰ ਅਪਾਰ, ਅਨਹਦ ਮਰਦੰਗਾ ਇਕ ਵਜਾਇੰਦਾ । ਸਾਰਿੰਗ ਸਾਰੰਗ ਨਰ ਨਿਰੰਕਾਰ, ਆਪੇ ਆਪ ਵਜਾਇੰਦਾ । ਚਿੱਟੇ ਅਸਵ ਕਸੇ ਤੰਗਾ, ਸੋਲਾਂ ਕਲੀਆਂ ਆਸਣ ਲਾਇੰਦਾ । ਹਰਿਜਨ ਸਾਚੇ ਹਰਿ ਦਵਾਰਾ ਏਕਾ ਮੰਗਾ, ਪ੍ਰਭ ਏਕਾ ਭਿਛਿਆ ਪਾਇੰਦਾ । ਕਲਜੁਗ ਜੀਵ ਜੂਠਾ ਝੂਠਾ ਭੁੱਖਾ ਨੰਗਾ, ਨਾਮ ਧਨ ਨਾ ਕੋਈ ਵਖਾਇੰਦਾ । ਲੱਖ ਚੁਰਾਸੀ ਹੋਏ ਭੰਗਾ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਪੰਜਾਂ ਝੇੜਾ ਦਿਵਸ ਰੈਣ ਜੰਗਾ, ਪੰਚਮ ਮੀਤਾ ਮੁਖ ਛੁਪਾਇੰਦਾ । ਮਾਇਆ ਡੱਸਣੀ ਮਾਰੇ ਡੰਗਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਵਿਰਲੇ ਗੁਰ ਪੂਰਾ ਲਾਏ ਆਪਣੇ ਅੰਗਾ, ਆਪ ਆਪਣੀ ਗੋਦ ਉਠਾਇੰਦਾ । ਕਲਜੁਗ ਕਾਲਾ ਵੇਖ ਨੌਰੰਗਾ, ਹਰਿ ਗੋਬਿੰਦ ਰੂਪ ਵਟਾਇੰਦਾ । ਲੱਖ ਚੁਰਾਸੀ ਭੰਨੇ ਕਾਚੀ ਵੰਗਾ, ਏਕਾ ਖੰਡਾ ਹੱਥ ਉਠਾਇੰਦਾ । ਕਲਜੁਗ ਧਾਰੀ ਵਹਿਣ ਵਹਾਏ ਉਲਟੀ ਧਾਰਾ ਗੰਗਾ, ਅੱਠ ਸੱਠ ਤੀਰਥ ਵੇਖ ਵਖਾਇੰਦਾ । ਗੁਰ ਦਰ ਮੰਦਰ ਅੰਦਰ ਵੇਖੇ ਏਕਾ ਚੰਗਾ, ਦਸਮ ਦਵਾਰੀ ਮਹੱਲ ਸੁਹਾਇੰਦਾ । ਆਪੇ ਹੋਏ ਅੰਗ ਸੰਗਾ, ਸਗਲਾ ਸਾਥੀ ਆਪ ਅਖਵਾਇੰਦਾ । ਸਾਚੀ ਚੋਲੀ ਗੁਰਮੁਖ ਕਾਇਆ ਹਰਿ ਨਾਮੇ ਰੰਗਾ, ਲੋਕਮਾਤ ਉਤਰ ਨਾ ਜਾਇੰਦਾ । ਅਨਹਦ ਵਜਾਏ ਏਕਾ ਏਕ ਮਰਦੰਗਾ, ਹਰਿ ਆਪਣੇ ਹੱਥ ਰਖਾਇੰਦਾ । ਸ਼ਬਦ ਸਰੂਪੀ ਇਕ ਪਲੰਘਾ, ਘਰ ਸਾਚੇ ਆਪੇ ਡਾਹਿੰਦਾ । ਗੁਰਮੁਖ ਸਵਾਣੀ ਲਾਏ ਅੰਗਾ, ਅੰਗੀਕਾਰ ਆਪ ਕਰਾਇੰਦਾ । ਸੋਹੰ ਜੋੜਾ ਪਾਏ ਵੰਗਾ, ਨਾਮ ਮਹਿੰਦੀ ਹੱਥੀਂ ਲਾਇੰਦਾ । ਸਾਚੇ ਧਾਮ ਮੇਲ ਮਿਲਾਏ ਹਰਿ ਤਰੰਗਾ, ਦੋ ਰੰਗਾਂ ਜੋੜ ਜੁੜਾਇੰਦਾ । ਪਰਗਟ ਹੋਇਆ ਸੂਰਾ ਸਰਬੰਗਾ, ਗੋਬਿੰਦ ਕਾਇਆ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਆਪੇ ਵੇਖੇ ਕਰ ਪਿਆਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਫੋਲ ਫੁਲਾਇੰਦਾ । ਨੌ ਖੰਡ ਪ੍ਰਿਥਮੀ

ਪ੍ਰਭ ਮਾਰੇ ਝਾਤੀ, ਕਲਜੁਗ ਅੰਤਮ ਦਏ ਦੁਹਾਈਆ । ਗੁਰਮੁਖਾਂ ਲਹਿਣਾ ਦੇਣਾ ਦੇਵੇ ਬਾਕੀ, ਜੁਗ ਜੁਗ ਪੈਜ ਰਖਾਈਆ । ਬੰਦ ਕਿਵਾੜਾ ਖੋਲ੍ਹੇ ਤਾਕੀ, ਨਿਰਮਲ ਦੀਪਕ ਜੋਤ ਜਗਾਈਆ । ਆਪੇ ਬਣਿਆ ਸਾਚਾ ਸਾਕੀ, ਅੰਮ੍ਰਿਤ ਆਤਮ ਸਚ ਸਰੋਵਰ ਭਰ ਪਿਆਲਾ ਰਿਹਾ ਪਿਆਈਆ । ਨਾ ਕੋਈ ਜਾਣੇ ਬੰਦਾ ਖ਼ਾਕੀ, ਕਲਜੁਗ ਭਰਮ ਭੁੱਲੀ ਲੋਕਾਈਆ । ਸਾਧ ਸੰਤ ਘਰ ਘਰ ਬਣ ਬੈਠੇ ਆਕੀ, ਗੋਬਿੰਦ ਦਰਸ ਨਾ ਨੇਤਰ ਪਾਈਆ । ਨਾ ਕੋਈ ਜਾਣੇ ਭਵਿਖਤ ਵਾਕੀ, ਰਸਨਾ ਗਾ ਗਾ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਵੇਖ ਘਰ, ਬੈਠਾ ਆਸਣ ਲਾਈਆ । ਗੁਰਮੁਖ ਕਾਇਆ ਸਚ ਦਰ, ਹਰਿ ਸਾਚੇ ਜਾਣਿਆ । ਮੇਟ ਮਿਟਾਏ ਅੰਧ ਅੰਧਾਨਿਆਂ । ਮੰਦਰ ਮਹੱਲ ਅਟੱਲ ਉਚ ਮਨਾਰ, ਪ੍ਰਭ ਏਕਾ ਏਕ ਵਖਾਨਿਆ । ਨਾ ਕੋਈ ਦਿਸੇ ਚਾਰ ਦਿਵਾਰ, ਉਪਰ ਛੱਤ ਨਾ ਕੋਈ ਵਖਾਨਿਆ । ਨਾ ਕੋਈ ਬਾੜੀ ਬਣਾਏ ਵਿਚ ਸੰਸਾਰ, ਲੇਖਾ ਲਿਖੇ ਨਾ ਜੀਵ ਨਾਦਾਨਿਆ । ਪੁਰਖ ਅਗੰਮਾ ਆਪੇ ਜੰਮਾ, ਆਪੇ ਜਾਣੇ ਆਪਣਾ ਕੰਮਾ, ਕਰੇ ਖੇਲ ਅਪਰ ਅਪਾਰ । ਲੇਖਾ ਚੁੱਕੇ ਪਵਣ ਸਵਾਸੀ ਦਮਾ, ਸਾਸ ਗਰਾਸਾਂ ਉਤਰੇ ਪਾਰ । ਨੀਰ ਨਾ ਵਹਾਏ ਨੇਤਰ ਛੰਮਾ, ਰਸਨਾ ਗੁਣ ਨਾ ਲਏ ਵਿਚਾਰ । ਨਾ ਮਰੇ ਨਾ ਕਦੇ ਜੰਮਾ, ਆਦਿਨ ਅੰਤਾ ਏਕੰਕਾਰ । ਗਗਨ ਪਤਾਲਾਂ ਰਹਾਏ ਬਿਨ ਬਿਨ ਥੰਮ੍ਹਾਂ, ਤ੍ਰੈਗੁਣ ਮਾਇਆ ਪਸਰ ਪਸਾਰ । ਲੱਖ ਚੁਰਾਸੀ ਬ੍ਰਹਮਾ ਜੰਮਾ, ਪੰਜਾਂ ਤਤਾਂ ਵੇਖ ਵਿਚਾਰ । ਕਾਇਆ ਭਾਂਡਾ ਅੰਤਮ ਏਕਾ ਵਾਰ ਹਰਿ ਹਰਿ ਭੰਨਾ, ਆਪੇ ਬਣਿਆ ਹਰਿ ਠਠਿਆਰ । ਲੱਖ ਚੁਰਾਸੀ ਦੇਵੇ ਡੰਨਾ, ਕਲਜੁਗ ਅੰਤਮ ਆਈ ਹਾਰ । ਗੁਰਮੁਖ ਵਿਰਲੇ ਪੁਰਖ ਅਬਿਨਾਸ਼ੀ ਆਤਮ ਮੰਨਾ, ਢਹਿ ਢਹਿ ਢੇਰੀ ਚਰਨ ਦਵਾਰ । ਹੋਏ ਸਹਾਈ ਹਰਿ ਰਘੁਰਾਈ ਭੋਲੇ ਭਾਓ ਜਿਉਂ ਜੱਟ ਧੰਨਾ, ਬਾਹੋਂ ਫੜ ਫੜ ਲਏ ਤਰਾਈ । ਆਪ ਵਖਾਏ ਸਾਚਾ ਘਰ ਨਾ ਕੋਈ ਛੱਪਰੀ ਨਾ ਕੋਈ ਛੰਨਾ, ਹਰਿ ਸਾਚੇ ਸੰਤ ਬਣਾਈ । ਭਾਂਡਾ ਭਰਮ ਗੜ੍ਹ ਹੰਕਾਰੀ ਗੁਰ ਪੂਰੇ ਮਾਤਲੋਕ ਤਨ ਭੰਨਾ, ਸ਼ਬਦ ਖੰਡਾ ਏਕਾ ਵਾਹੀ । ਨਿਰਮਲ ਜੋਤ ਜਗਾਏ ਕਾਇਆ ਤਨਾ, ਜੋਤ ਨਿਰੰਜਣ ਸੇਵਾ ਲਾਈ । ਦਰ ਦਵਾਰੇ ਆਏ ਭੰਨਾ, ਗੁਰਮੁਖ ਤੇਰੀ ਕਾਇਆ ਅੰਦਰ ਸਾਚੇ ਮੰਦਰ ਆਪੇ ਬੈਠਾ ਸੇਜ ਵਿਛਾਈ । ਪੰਜਾਂ ਚੋਰਾਂ ਦੇਵੇ ਡੰਨਾ, ਰੋਂਦੇ ਜਾਣ ਵਾਹੋ ਦਾਹੀ । ਬਜਰ ਕਪਾਟੀ ਪੜਦਾ ਭੰਨਾ, ਦੂਈ ਦਵੈਤੀ ਮੇਟ ਮਿਟਾਈ । ਗੁਰ ਸ਼ਬਦ ਫੜਾਏ ਸਾਚਾ ਪੱਲਾ, ਔਖੀ ਘਾਟੀ ਰਿਹਾ ਚੜ੍ਹਾਈ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਦਾਸੀ ਦਾਸਨ ਏਕਾ ਮੱਲਾ, ਹਰਿਜਨ ਸਾਚੇ ਰਿਹਾ ਗੋਦ ਉਠਾਈ । ਏਕਾ ਰਾਗ ਸੁਣਾਏ ਕੰਨਾ, ਪੰਚਮ ਰਾਗ ਸੇਵਾ ਲਾਈ । ਆਪੇ ਆਪਣਾ ਰੰਗ ਵਖਾਏ ਵੰਨ ਸੁਵੰਨਾ, ਸਤਿ ਪੁਰਖ ਨਿਰੰਜਣ ਜੋਤ ਜਗਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਭਗਤੀ ਵਰ, ਜੁਗ ਜੁਗ ਲੋਕਮਾਤ ਰੱਖੇ ਵਡਿਆਈ । ਹਰਿ ਭਗਤ ਵਡਿਆਈ ਸਚ ਹੈ, ਆਦਿ ਜੁਗਾਦਿ ਰਹਾਏ । ਹਰਿ ਭਗਤ ਵਡਿਆਈ ਸਚ ਹੈ, ਵਿਚ ਬ੍ਰਹਿਮਾਦ ਸਮਾਏ । ਹਰਿ ਭਗਤ ਵਡਿਆਈ ਸਚ ਹੈ, ਜੁਗ ਸਾਚੇ ਨਾਦ ਵਜਾਏ । ਹਰਿ ਭਗਤ ਵਡਿਆਈ ਸਚ ਹੈ, ਵਿਚ ਬ੍ਰਹਿਮਾਦ ਸਮਾਏ । ਹਰਿ ਭਗਤ ਵਡਿਆਈ ਸਚ ਹੈ, ਕਾਇਆ ਬੁੱਧੀ ਬਿਬੇਕ ਕਰਾਏ । ਹਰਿ ਭਗਤ ਵਡਿਆਈ ਸਚ ਹੈ, ਹਰਿ ਸਾਚਾ ਮੇਲ ਮਿਲਾਏ । ਹਰਿ ਭਗਤ ਵਡਿਆਈ ਸਚ ਹੈ, ਜੋਤ ਨਿਰੰਜਣ ਤੇਲ ਚੜ੍ਹਾਏ । ਹਰਿ ਭਗਤ ਵਡਿਆਈ ਸਚ ਹੈ, ਸੁਖਮਨ ਨਾੜੀ ਪਾਰ ਕਰਾਏ । ਹਰਿ ਭਗਤ ਵਡਿਆਈ ਸਚ ਹੈ, ਬਜਰ ਕਪਾਟੀ ਕੁੰਡਾ ਲਾਹੇ । ਹਰਿ ਭਗਤ ਵਡਿਆਈ ਸਚ ਹੈ,


੨੯੩
੦੬

ਸਾਚੇ ਹਾਟੇ ਨਾਮ ਵਿਕਾਏ । ਹਰਿ ਭਗਤ ਵਡਿਆਈ ਸਚ ਹੈ, ਤਨ ਪਾਟੇ ਜਗਤ ਚੀਰ ਵਖਾਏ । ਹਰਿ ਭਗਤ ਵਡਿਆਈ ਸਚ ਹੈ, ਪੀਰ ਫਕੀਰ ਨਾ ਕੋਈ ਜਣਾਏ । ਹਰਿ ਭਗਤ ਵਡਿਆਈ ਸਚ ਹੈ, ਹਰਿ ਅੰਮ੍ਰਿਤ ਆਤਮ ਸੀਰ ਪਿਆਏ । ਹਰਿ ਭਗਤ ਵਡਿਆਈ ਸਚ ਹੈ, ਗੁਰ ਸ਼ਬਦੀ ਧੀਰ ਧਰਾਏ । ਹਰਿ ਭਗਤ ਵਡਿਆਈ ਸਚ ਹੈ, ਏਕਾ ਚੋਟੀ ਅਖ਼ੀਰ ਚੜ੍ਹਾਏ । ਹਰਿ ਭਗਤ ਵਡਿਆਈ ਸਚ ਹੈ, ਮਨਮੁਖ ਜੀਵ ਨਾ ਜਾਣੇ ਰਾਏ । ਹਰਿ ਭਗਤ ਵਡਿਆਈ ਸਚ ਹੈ, ਕਲਜੁਗ ਮਾਇਆ ਵਿਚ ਨਾ ਜਾਏ ਮੱਚ ਹੈ, ਅਗਨ ਲੋਭ ਨੇੜ ਨਾ ਆਏ । ਹਰਿ ਭਗਤ ਵਡਿਆਈ ਸਚ ਹੈ, ਨੌ ਦਵਾਰ ਨਾ ਰਿਹਾ ਨੱਚ ਹੈ, ਦਰ ਘਰ ਸਾਚਾ ਵੇਖ ਵਖਾਏ । ਹਰਿ ਭਗਤ ਵਡਿਆਈ ਸਚ ਹੈ, ਕਾਇਆ ਮਾਟੀ ਭਾਂਡਾ ਕੱਚ ਹੈ, ਥਿਰ ਰਹਿਣ ਨਾ ਪਾਏ । ਹਰਿ ਭਗਤ ਵਡਿਆਈ ਸਚ ਹੈ, ਸ੍ਰਿਸ਼ਟ ਸਬਾਈ ਰਾਹ ਰਿਹਾ ਦਸ ਹੈ, ਗੁਰ ਚਰਨ ਸੱਚੀ ਸਰਨਾਏ । ਹਰਿ ਭਗਤ ਵਡਿਆਈ ਸਚ ਹੈ, ਹਰਿ ਹਿਰਦੇ ਅੰਦਰ ਰਿਹਾ ਰਚ ਹੈ, ਦਿਵਸ ਰੈਣ ਦਰਸ ਦਿਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਨ ਭਗਤਾਂ ਰਿਹਾ ਬਣਤ ਬਣਾਏ ।

ਪਾਰਬ੍ਰਹਮ ਪ੍ਰਭ ਏਕ ਹੈ, ਏਕਾ ਏਕੰਕਾਰ । ਲੱਖ ਚੁਰਾਸੀ ਟੇਕ ਹੈ, ਵਰਤੇ ਵਿਚ ਸੰਸਾਰ । ਹਰ ਘਟ ਆਪੇ ਰਿਹਾ ਵੇਖ ਹੈ, ਜੋਤੀ ਸ਼ਬਦੀ ਕਰ ਪਸਾਰ । ਆਪੇ ਲਿਖਣਹਾਰਾ ਲੇਖ ਹੈ, ਲੇਖਾ ਲਿਖਣਹਾਰ ਕਰਤਾਰ । ਆਪੇ ਮੇਟਣਹਾਰਾ ਰੇਖ ਹੈ, ਜੁਗ ਜੁਗ ਲਏ ਅਵਤਾਰ । ਗੁਰਮੁਖ ਸਾਚੇ ਰਿਹਾ ਵੇਖ ਹੈ, ਆਪ ਆਪਣੀ ਕਿਰਪਾ ਧਾਰ । ਹਰਿ ਆਪੇ ਧਾਰੀ ਕੇਸ ਹੈ, ਆਪੇ ਮੂੰਡ ਮੁੰਡਾਰ । ਦੋ ਜਹਾਨੀ ਦਰ ਦਰਵੇਸ਼ ਹੈ, ਆਵੇ ਜਾਵੇ ਵਾਰੋ ਵਾਰ । ਕਲਜੁਗ ਕਰਮਾਂ ਰਿਹਾ ਵੇਖ ਹੈ, ਵੇਲਾ ਅੰਤਮ ਆਪ ਵਿਚਾਰ । ਜੋਤੀ ਜਾਮਾ ਧਰਿਆ ਭੇਖ ਹੈ, ਗੁਰ ਗੋਬਿੰਦਾ ਤਨ ਸ਼ਿੰਗਾਰ । ਨਾ ਕੋਈ ਰੂਪ ਨਾ ਕੋਈ ਰੇਖ ਹੈ, ਦਿਸ ਨਾ ਆਏ ਹਰਿ ਨਿਰੰਕਾਰ । ਸ਼ਬਦ ਜੈਕਾਰਾ ਚਾਰੋਂ ਕੁੰਟ ਹੈ, ਆਪ ਕਰਾਏ ਜੈ ਜੈ ਜੈਕਾਰ । ਤੀਰ ਨਿਰਾਲਾ ਰਿਹਾ ਛੂਟ ਹੈ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ । ਮੇਟ ਮਿਟਾਏ ਜੂਠ ਝੂਠ ਹੈ, ਕਲਜੁਗ ਰੈਣ ਅੰਧੇਰੀ ਅੰਧ ਅੰਧਿਆਰ । ਮਾਇਆ ਰਾਣੀ ਖਾਲੀ ਠੂਠ ਹੈ, ਭਰੇ ਕਰੇ ਖਾਲੀ ਪ੍ਰਭ ਖਾਲੀ ਭਰੇ ਭੰਡਾਰ । ਪ੍ਰਭ ਗੁਰਮੁਖਾਂ ਬੰਨ੍ਹੇ ਏਕਾ ਮੁੱਠ ਹੈ, ਏਕਾ ਨਾਮ ਦੇਵੇ ਅਧਾਰ । ਸਤਿ ਪੁਰਖ ਨਿਰੰਜਣ ਗਿਆ ਤੁਠ ਹੈ, ਪਰਗਟ ਹੋਏ ਵਿਚ ਸੰਸਾਰ । ਮਨਮੁਖਾਂ ਖਾਲੀ ਕਾਇਆ ਠੂਠ ਹੈ, ਦਰ ਦਰ ਫਿਰਨ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖਣ ਆਇਆ ਦਰ, ਨਿਹਕਲੰਕ ਨਰਾਇਣ ਨਰ ਅਵਤਾਰ । ਕਲਜੁਗ ਅੰਤਮ ਵੇਖਣ ਆਇਆ, ਦੋ ਜਹਾਨਾਂ ਵਾਲੀ । ਔਲੀਏ ਪੀਰ ਸ਼ੇਖ਼ ਮੁਸਾਇਕ ਸੰਗ ਮੁਹੰਮਦ ਚਾਰ ਯਾਰ ਮੇਟਣ ਆਇਆ, ਜੁਗ ਜੁਗ ਚਲੇ ਅਵੱਲੜੀ ਚਾਲੀ । ਈਸਾ ਮੂਸਾ ਕਾਲਾ ਸੂਸਾ ਚੀਨਾ ਰੂਸਾ ਦੋ ਧੜਾਂ ਜੋੜ ਜੁੜਾਵਣ ਆਇਆ, ਆਪੇ ਹੋਇਆ ਹੱਥਾਂ ਖਾਲੀ । ਗੁਰਮੁਖ ਸਾਚੇ ਸੰਤ ਸੁਹੇਲੇ ਇਕ ਅਕੇਲੇ ਨਾਮ ਘੋੜੇ ਆਪ ਚੜ੍ਹਾਵਣ ਆਇਆ, ਸੋਹੰ ਦੇਵੇ ਸਚ ਦਲਾਲੀ । ਜੋਤੀ ਜੋੜੇ ਮੇਲ ਮਿਲਾਵਣ ਆਇਆ, ਧੁਰਦਰਗਾਹੀ ਮਾਲੀ । ਕਲਜੁਗ ਤੇਰੀ ਕਾਲੀ ਚੋਲੀ, ਧਰਮ ਰਾਏ ਦਰ ਹੋਈ ਗੋਲੀ, ਲੱਖ ਚੁਰਾਸੀ ਆਪ ਪਰਨਾਵਣ ਆਇਆ, ਲਾੜੀ ਮੌਤ ਨਾਲ ਉਠਾਏ ਡੋਲੀ । ਸਤਿਗੁਰ


੨੯੪
੦੬

ਸਾਚਾ ਸਚ ਭੰਡਾਰਾ ਖੋਲ੍ਹਣ ਆਇਆ, ਗੁਰਮੁਖਾਂ ਆਤਮ ਰੰਗ ਚੜ੍ਹਾਏ ਏਕਾ ਰੰਗ ਗੁਲਾਲੀ । ਚਿੱਟੇ ਅਸਵ ਤੰਗ ਕਸਣ ਆਇਆ, ਨੀਲਾ ਮਾਰੇ ਪਹਿਲੀ ਛਾਲੀ । ਗੁਰਮੁਖਾਂ ਹਿਰਦੇ ਅੰਦਰ ਵਸਣ ਆਇਆ, ਦੀਪਕ ਜੋਤ ਜਗਾਏ ਮਸਤਕ ਸਾਚੀ ਥਾਲੀ । ਮਨਮੁਖਾਂ ਜੀਵਾਂ ਚਰਨ ਹੇਠਾਂ ਝੱਸਣ ਆਇਆ, ਜੋਤ ਜਗਾਏ ਅਕਾਲੀ । ਸਤਿਜੁਗ ਸਾਚਾ ਰਾਹ ਦੱਸਣ ਆਇਆ, ਵਾਲੀ ਹਿੰਦ ਸੁਰਤ ਸੰਭਾਲੀ । ਤੀਰ ਨਿਰਾਲਾ ਏਕਾ ਕਸਣ ਆਇਆ, ਰਸਨਾ ਚਿਲ੍ਹਾ ਆਪ ਬਣਾ ਲੀ । ਪੰਚਾਂ ਬਸਤਰ ਤਨ ਛੁਹਾਵਣ ਆਇਆ, ਆਪੇ ਬਣਿਆ ਸਾਚਾ ਪਾਲੀ । ਏਕਾ ਅਸਤਰ ਆਪ ਦੁੜਾਵਣ ਆਇਆ, ਆਪੇ ਕਲਗੀ ਤੋੜਾ ਸੀਸ ਟਿਕਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣੀ ਚਾਲੀ । ਕਲਜੁਗ ਤੇਰੀ ਸਾਚੀ ਧਾਰ, ਪ੍ਰਭ ਸਾਚਾ ਆਪ ਮਿਟਾਇੰਦਾ । ਲੱਖ ਚੁਰਾਸੀ ਕਰਮ ਵਿਚਾਰ, ਜੋਤੀ ਜਾਮਾ ਭੇਖ ਵਟਾਇੰਦਾ । ਗੁਰ ਗੋਬਿੰਦਾ ਕਰ ਤਿਆਰ, ਪੀਲਾ ਬਸਤਰ ਤਨ ਛੁਹਾਇੰਦਾ । ਏਕਾ ਸ਼ਬਦ ਦਏ ਅਧਾਰ, ਨਿਰਮਲ ਜੋਤੀ ਨੂਰ ਕਰਾਇੰਦਾ । ਲੋਆਂ ਪੁਰੀਆਂ ਕਰੇ ਬਾਹਰ, ਬ੍ਰਹਮਾ ਸ਼ਿਵ ਆਪ ਉਠਾਇੰਦਾ । ਕਰੋੜ ਤੇਤੀਸਾ ਰੋਵੇ ਜਾਰੋ ਜਾਰ, ਸੁਰਪਤ ਰਾਜਾ ਇੰਦ ਮੁਖ ਛੁਪਾਇੰਦਾ । ਲੋਕਮਾਤ ਆਇਆ ਕਲਜੁਗ ਤੇਰੀ ਅੰਤਮ ਵਾਰ, ਸਤਿ ਪੁਰਖ ਨਿਰੰਜਣ ਜੋਤੀ ਭੇਖ ਵਟਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਕਰੇ ਖ਼ਬਰਦਾਰ, ਸੁੱਤਾ ਕੋਈ ਰਹਿਣ ਨਾ ਪਾਇੰਦਾ । ਸੰਮਤ ਤੇਰਾਂ ਤੇਰੀ ਧਾਰ, ਨਾਨਕ ਤੋਲਾ ਆਪ ਅਖਵਾਇੰਦਾ । ਮੋਦੀਖਾਨਾ ਕਰ ਵਿਚਾਰ, ਸਾਚਾ ਬੋਲਾ ਇਕ ਸੁਣਾਇੰਦਾ । ਸੋਹੰ ਢੋਲਾ ਰਸਨ ਉਚਾਰ, ਨਿਰੰਕਾਰ ਨਿਰੰਕਾਰ ਧਿਆਇੰਦਾ । ਹੋਇਆ ਗੋਲਾ ਵਿਚ ਸੰਸਾਰ, ਪ੍ਰਭ ਸਾਚੀ ਸੇਵਾ ਲਾਇੰਦਾ । ਗੁਰ ਗੋਬਿੰਦੇ ਕਰ ਪਿਆਰ, ਕਲਗੀ ਤੋੜਾ ਸੀਸ ਟਿਕਾਇੰਦਾ । ਦੇਵੇ ਦਰਸ ਅਗੰਮ ਅਪਾਰ, ਸ਼ਬਦ ਖੰਡਾ ਕੱਢ ਵਖਾਇੰਦਾ । ਵੇਲੇ ਅੰਤਮ ਪਾਵੇ ਸਾਰ, ਹਰਿ ਸ਼ਬਦੀ ਖੋਜ ਖੁਜਾਇੰਦਾ । ਉਚਾ ਡੰਡਾ ਅਪਰ ਅਪਾਰ, ਪ੍ਰਭ ਆਪਣਾ ਆਪ ਚੜ੍ਹਾਇੰਦਾ । ਅੰਤਮ ਹੋਏ ਨਾ ਰੰਡਾ ਅੰਤਮ ਵਾਰ, ਕਲਜੁਗ ਕੰਢਾ ਆਪ ਵਖਾਇੰਦਾ । ਕਲਜੁਗ ਕੰਢਾ ਢਾਹੇ ਅੰਤਮ ਵਾਰ, ਨਾ ਕੋਈ ਕਿਸੇ ਛੁਡਾਇੰਦਾ । ਭੇਖ ਪਖੰਡਾ ਮੇਟੇ ਅੰਧ ਅੰਧਿਆਰ, ਸਾਧਾਂ ਸੰਤਾਂ ਏਕਾ ਰਾਹ ਵਖਾਇੰਦਾ । ਊਚਾਂ ਨੀਚਾਂ ਗਊ ਗਰੀਬਾਂ ਪਾਵੇ ਸਾਰ, ਏਕਾ ਦਰ ਏਕਾ ਸਰ ਏਕਾ ਚਰਨ ਹਰਿ ਸਾਚਾ ਆਪ ਦਿਸਾਇੰਦਾ । ਆਪ ਚੁਕਾਏ ਮਰਨ ਡਰਨ, ਜਿਸ ਜਨ ਖੋਲ੍ਹੇ ਹਰਨ ਫਰਨ, ਤਰਨੀ ਤਰਨ ਆਪ ਅਖਵਾਇੰਦਾ । ਧੰਨ ਗੁਰਸਿਖ ਗੁਰ ਪੂਰੇ ਜੋ ਸਰਨੀ ਪੜ੍ਹਨ, ਪ੍ਰਭ ਆਪਣੀ ਗੋਦ ਉਠਾਇੰਦਾ । ਮਨਮੁਖ ਕੀਤਾ ਆਪਣਾ ਭਰਨ, ਮਾਨਸ ਦੇਹੀ ਮਾਤ ਹਰਨ, ਲੱਖ ਚੁਰਾਸੀ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰੀ ਧਾਰ, ਸ੍ਰਿਸ਼ਟ ਸਬਾਈ ਆਪ ਤੁਲਾਇੰਦਾ । ਸ੍ਰਿਸ਼ਟ ਸਬਾਈ ਤੋਲ ਤੁਲਾਏ, ਏਕਾ ਤੋਲਣਹਾਰਾ । ਏਕਾ ਬੋਲਾ ਸ਼ਬਦ ਜਣਾਏ, ਆਦਿ ਅੰਤ ਏਕੰਕਾਰਾ । ਕਾਇਆ ਚੋਲਾ ਆਪ ਪਲਟਾਏ, ਗੋਬਿੰਦ ਰੂਪ ਅਪਾਰਾ । ਹੱਲਾ ਪਹਿਲਾ ਪਾਰ ਕਰਾਏ, ਪੂਤ ਸਪੂਤਾ ਵਾਰਾ । ਐਲੀ ਮੌਲਾ ਨਾਮ ਮਿਟਾਏ, ਹੂ ਹੂ ਅੱਲਾ ਮਾਰੇ ਨਾਅਰਾ । ਇਕ ਇਕੱਲਾ ਜੋਤ ਜਗਾਏ, ਪਰਗਟ ਨਰ ਅਵਤਾਰਾ । ਨਾਮ ਖੰਡਾ ਹੱਥ ਉਠਾਏ, ਲੱਖ ਚੁਰਾਸੀ ਮਾਰੇ ਮਾਰਾ । ਬ੍ਰਹਿਮੰਡਾਂ ਸਾਚੀ ਵੰਡ ਵੰਡਾਏ, ਪ੍ਰਭ ਆਪੇ ਵੰਡਣਹਾਰਾ । ਕਲਜੁਗ ਭੇਖ ਪਖੰਡਾ ਦਏ ਮਿਟਾਏ, ਪਰਗਟ ਹੋ ਵਿਚ ਸੰਸਾਰਾ । ਜੇਰਜ ਅੰਡਾਂ ਵੇਖ ਵਖਾਏ, ਉਤਭੁਜ ਸੇਤਜ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ


੨੯੫ ੦੬

ਨੂਰ ਕਰੇ ਚਮਤਕਾਰਾ । ਜੋਤੀ ਨੂਰ ਹਰਿ ਅਕਾਲ, ਆਪਣੀ ਜੋਤ ਜਗਾਈਆ । ਪਰਗਟ ਹੋਏ ਦੀਨ ਦਿਆਲ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਕਰੇ ਰੁਸ਼ਨਾਈਆ । ਏਕਾ ਚਲੇ ਅਵੱਲੜੀ ਚਾਲਾ, ਸੰਮਤ ਤੇਰਾਂ ਪਹਿਲੀ ਚੇਤਰ, ਸਾਚੀ ਰਚਨ ਰਚਾਈਆ । ਚੌਦਾਂ ਲੋਕਾਂ ਵੇਖੇ ਖੇਤਰ, ਚੌਦਾਂ ਤਬਕਾਂ ਰਿਹਾ ਹਿਲਾਈਆ । ਲੋਆਂ ਪੁਰੀਆਂ ਕਰੇ ਹੱਕ ਹੱਕ ਨਿਬੇੜਾ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਨੌ ਦਵਾਰੇ ਕਰੇ ਚੇਤਨ, ਪੰਜ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦੇ ਸੇਵਾ ਲਾਈਆ । ਗੁਰ ਗੋਬਿੰਦਾ ਸਾਚਾ ਮੀਤ, ਪ੍ਰਭ ਸਾਚਾ ਸੰਗ ਨਿਭਾਇੰਦਾ । ਇਕ ਸੁਣਾਏ ਸੁਹਾਗੀ ਗੀਤ, ਲੋਆਂ ਪੁਰੀਆਂ ਆਪ ਜਣਾਇੰਦਾ । ਸਤਿਜੁਗ ਚਲਾਏ ਸਾਚੀ ਰੀਤ, ਕਲਜੁਗ ਮੇਟ ਮਿਟਾਇੰਦਾ । ਲੱਖ ਚੁਰਾਸੀ ਪਰਖੇ ਨੀਤ, ਹਰ ਘਟ ਬੈਠਾ ਆਸਣ ਲਾਇੰਦਾ । ਨਾ ਕੋਈ ਬਣਿਆ ਦਿਹੁਰਾ ਗੁਰੂਦਵਾਰਾ ਮੰਦਰ ਮਸੀਤ, ਸ਼ਿਵਦਵਾਲਾ ਗੁਰ ਗੋਪਾਲਾ ਵੇਲੇ ਅੰਤਮ ਢਾਹਿੰਦਾ । ਪਰਗਟ ਜੋਤ ਇਕ ਅਕਾਲਾ, ਭਗਤਾਂ ਹੋਏ ਆਪ ਰਖਵਾਲਾ, ਚਾਰੋਂ ਕੁੰਟ ਵੇਖ ਵਖਾਇੰਦਾ । ਗੁਰਸਿਖ ਤੇਰੀ ਸੱਚੀ ਧਰਮਸਾਲਾ, ਦਸਮ ਦਵਾਰੀ ਉਚ ਮਹੱਲ ਹਰਿ ਅਟੱਲ ਸ਼ਬਦ ਪਲੰਘ ਇਕ ਰਖਾਇੰਦਾ । ਨੌ ਦਵਾਰੇ ਪਾਰ ਲੰਘ, ਗੁਰ ਸ਼ਬਦ ਨਿਭਾਏ ਸਾਚਾ ਸੰਗ, ਅਨਹਦ ਵਜਾਏ ਇਕ ਮਰਦੰਗ, ਅੰਮ੍ਰਿਤ ਧਾਰਾ ਸਰ ਸਰੋਵਰ ਆਤਮ ਵਖਾਏ ਏਕਾ ਗੰਗ, ਗੁਰਮੁਖ ਸਾਚੇ ਆਪ ਨੁਹਾਇੰਦਾ । ਅੰਗੀਕਾਰ ਲਾਏ ਅੰਗ, ਸ਼ਬਦ ਘੋੜੇ ਕਸ ਤੰਗ, ਦਸਮ ਦਵਾਰੀ ਜਾਏ ਲੰਘ, ਹਰਿ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿਨ ਅੰਤਾ ਹਰਿ ਭਗਵੰਤਾ ਵੇਖ ਵਖਾਏ ਸਾਧਨ ਸੰਤਾ, ਜੀਆਂ ਜੰਤਾਂ ਭੇਵ ਨਾ ਕੋਈ ਛੁਪਾਇੰਦਾ । ਸਾਧ ਸੰਤ ਹਰਿ ਕਲ ਵਿਚਾਰ, ਸ਼ਬਦੀ ਕਰੇ ਜਣਾਈਆ । ਆਦਿਨ ਅੰਤਾ ਏਕੰਕਾਰ, ਅਕਲ ਕਲਾ ਵਰਤਾਈਆ । ਜਲਾਂ ਥਲਾਂ ਪਾਵੇ ਸਾਰ, ਉਚੇ ਟਿੱਲੇ ਪਰਬਤ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਈਆ । ਤ੍ਰੈਗੁਣ ਮਾਇਆ ਦੇਵੇ ਸਾੜ, ਗੋਰਖ ਮਛੰਦਰ ਉਚੇ ਟਿੱਲੇ ਦਏ ਦੁਹਾਈਆ । ਦਰ ਦਰ ਭੌਂਦੇ ਫਿਰਦੇ ਮੰਦਰ, ਕੋਟਨ ਕੋਟ ਬੈਠੇ ਧੂਣੀਆਂ ਤਾਈਆ । ਜੋਤ ਨਾ ਜਗੇ ਕਿਸੇ ਦਵਾਰ ਕਾਇਆ ਮੰਦਰ, ਧੂੰਆਂ ਧਾਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਤੋੜੇ ਬਜਰ ਕਪਾਟੀ ਲੱਗਾ ਜੰਦਰ, ਸੋਹੰ ਕੁੰਜੀ ਆਪਣੀ ਹੱਥੀਂ ਲਾਈਆ । ਬਜਰ ਕਪਾਟੀ ਔਖਾ ਘਾਟ, ਨਾ ਕੋਈ ਮਾਤ ਚੜ੍ਹਾਇੰਦਾ । ਸਾਚਾ ਨਾਮ ਨਾ ਮਿਲੇ ਕਿਸੇ ਹਾਟ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਨਾ ਕੋਈ ਸਹਾਈ ਅਠ ਸਠ ਤੀਰਥ ਤਾਟ, ਸਰ ਸਰੋਵਰ ਨਾ ਕੋਈ ਨੁਹਾਇੰਦਾ । ਜੋਤ ਨਿਰੰਜਣ ਨਾ ਜਗੇ ਲਿਲਾਟ, ਕਾਇਆ ਮਾਟ ਨਾ ਵੇਖ ਵਖਾਇੰਦਾ । ਜੀਵਾਂ ਜੰਤਾਂ ਮਾਇਆ ਪਾਇਆ ਘਾਟ, ਮਾਇਆ ਮਮਤਾ ਲੋਭ ਹੰਕਾਰ ਜਗਤ ਮੋਹ ਮੂਲ ਚੁਕਾਇੰਦਾ । ਅੰਤਮ ਵੇਲੇ ਬੈਠਣ ਕੋਈ ਨਾ ਸੁਣੇ ਸੋ, ਨੇਤਰ ਹੰਝੂਆਂ ਮੁਖ ਲੈਣਾ ਧੋ, ਸੰਮਤ ਸੋਲਾਂ ਨੇੜੇ ਆਇੰਦਾ । ਸਾਚਾ ਸੀਰ ਸਕੇ ਮੁਖ ਨਾ ਚੋ, ਚਾਰੋਂ ਕੁੰਟ ਵਹੀਰ ਕਰਾਇੰਦਾ । ਏਕਾ ਸ਼ਬਦ ਸੁਹਾਗਾ ਲੈਣਾ ਜੋ, ਪ੍ਰਭ ਮਾਝਾ ਪਹਿਲੇ ਢਾਇੰਦਾ । ਗੁਰਮੁਖ ਸਾਚੇ ਏਕਾ ਸ਼ਬਦ ਰਸਨਾ ਗਾਵਣਾ ਸੋਹੰ ਨਾਂ ਕਰੇ ਕਰਾਏ ਜੋ ਅੱਗੇ ਹੋ, ਦੂਸਰ ਕਿਸੇ ਹੱਥ ਨਾ ਆਇੰਦਾ । ਆਤਮ ਬੀਜ ਸਾਚਾ ਲੈਣਾ ਬੋ, ਅੰਮ੍ਰਿਤ ਫਲ ਆਪ ਖਵਾਏ, ਨਿਹਚਲ ਧਾਮ ਅਟਲ ਸ੍ਰਿਸ਼ਟ ਸਬਾਈ ਭੁਲਾਏ, ਕਰ ਕਰ ਵਲ ਛਲ ਪ੍ਰਭ ਆਪਣਾ ਭੇਵ ਛੁਪਾਇੰਦਾ । ਲੱਖ ਚੁਰਾਸੀ ਦਲ, ਕਲਜੁਗ ਪਰਛਾਵਾਂ ਜਾਵੇ ਢਲ, ਗੁਰ ਸੰਗਤ ਦੇਵੇ ਇਕ ਵਰ, ਪਰਗਟ ਹੋਏ ਨਰਾਇਣ ਨਰ, ਕਲਜੁਗ

ਤੇਰੀ ਅੰਤਮ ਵਰ, ਆਪਣੀ ਜੋਤ ਜਗਾਇੰਦਾ । ਨਰ ਨਰਾਇਣ ਹਰਿ ਨਿਰੰਕਾਰ, ਸਰਬ ਕਲਾ ਭਰਪੂਰਿਆ । ਪਰਗਟ ਹੋਏ ਵਿਚ ਸੰਸਾਰ, ਏਕਾ ਨਾਦ ਵਜਾਏ ਸੋਹੰ ਸਾਚੀ ਤੂਰਿਆ । ਨੌ ਖੰਡ ਪ੍ਰਿਥਮੀ ਰਿਹਾ ਸੁਣਾਏ, ਲੋਆਂ ਪੁਰੀਆਂ ਹਾਜ਼ਰ ਹਜ਼ੂਰਿਆ । ਗੁਰਮੁਖ ਵਿਰਲਾ ਰਸਨਾ ਗਾਏ, ਪ੍ਰਭ ਆਸਾ ਮਨਸਾ ਪੂਰਿਆ । ਹੋਏ ਸਹਾਈ ਥਾਉਂ ਥਾਈਂ, ਨਾ ਜਾਣੇ ਨੇੜੇ ਦੂਰਿਆ । ਸੰਤ ਸੁਹੇਲੇ ਪਕੜ ਉਠਾਏ ਫੜ ਫੜ ਬਾਹੀਂ, ਮਨਮੁਖ ਜੀਵਾਂ ਕਰੇ ਚੂਰੋ ਚੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਕਲ ਕਲਾ ਭਰਪੂਰਿਆ । ਗੁਰ ਗੋਬਿੰਦ ਬਣ ਲਿਖਾਰ, ਆਪਣਾ ਲੇਖ ਲਿਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਸੰਬਲ ਨਗਰੀ ਧਾਮ ਸੁਹਾਇੰਦਾ । ਸੰਬਲ ਨਗਰ ਵਿਚ ਸੰਸਾਰ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਅੰਦਰ ਵੜ ਹਰਿ ਦਾਤਾਰ, ਆਪਣਾ ਰੂਪ ਛੁਪਾਇੰਦਾ । ਸ਼ਬਦ ਖੰਡਾ ਕਰ ਤਿਆਰ, ਆਪਣੇ ਹੱਥ ਉਠਾਇੰਦਾ । ਨੀਲਾ ਘੋੜਾ ਇਕ ਅਪਾਰ, ਸੋਹੰ ਨਾਉਂ ਰਖਾਇੰਦਾ । ਕਲਗੀ ਤੋੜਾ ਸਾਚੀ ਧਾਰ, ਜੋਤੀ ਨੂਰ ਚਮਕਾਇੰਦਾ । ਮਿੱਠਾ ਕੌੜਾ ਵੇਖੇ ਵਿਚ ਸੰਸਾਰ, ਵੇਖਣਹਾਰ ਆਪ ਅਖਵਾਇੰਦਾ । ਨੀਲੀ ਛੱਤੋਂ ਆਏ ਬਾਹਰ, ਨੀਲੇ ਵਾਲਾ ਆਪ ਹੋ ਜਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਮਾਣ ਗਵਾਇੰਦਾ । ਬ੍ਰਹਮਾ ਰੋਵੇ ਧਾਹਾਂ ਮਾਰ, ਅੱਠੇ ਨੇਤਰ ਨੀਰ ਵਹਾਇੰਦਾ । ਚਾਰੇ ਮੁਖ ਰਿਹਾ ਉਘਾੜ, ਏਕਾ ਸ਼ਬਦ ਅਲਾਇੰਦਾ । ਪੁਰਖ ਅਬਿਨਾਸ਼ੀ ਆਪ ਗਿਰਧਾਰ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਗੰਮਾ ਰਿਹਾ ਵਿਚਾਰ, ਵੇਲਾ ਅੰਤਮ ਆਇੰਦਾ । ਗੁਰਮੁਖਾਂ ਦੇਵੇ ਹਰਿ ਸਿਕਦਾਰ, ਸਚ ਸਿਕਦਾਰ ਆਪ ਅਖਵਾਇੰਦਾ । ਸਿੰਘ ਪਾਲ ਪ੍ਰਭ ਕਰ ਤਿਆਰ, ਪੁਰੀ ਬ੍ਰਹਮ ਮਾਣ ਦਵਾਇੰਦਾ । ਛਤਰ ਝੁਲਾਏ ਸੀਸ ਅਪਾਰ, ਛਤਰਧਾਰੀ ਆਪ ਅਖਵਾਇੰਦਾ । ਅੰਮ੍ਰਿਤ ਆਤਮ ਦੇਵੇ ਏਕਾ ਧਾਰ, ਚਰਨੋਧਕ ਮੁਖ ਚੁਆਇੰਦਾ । ਜੋਤੀ ਨੂਰ ਕਰ ਉਜਿਆਰ, ਆਤਮ ਸ਼ਬਦ ਧਰਾਇੰਦਾ । ਆਤਮ ਸ਼ਬਦ ਬ੍ਰਹਮ ਵਿਚਾਰ, ਪਾਰਬ੍ਰਹਮ ਰੂਪ ਸਮਾਇੰਦਾ । ਪਾਰਬ੍ਰਹਮ ਹਰਿ ਨਿਰੰਕਾਰ, ਨਿਰਵੈਰ ਆਪ ਅਖਵਾਇੰਦਾ । ਨਾ ਕੋਈ ਬੰਨ੍ਹੇ ਸੀਸ ਦਸਤਾਰ, ਬਸਤਰ ਸ਼ਸਤਰ ਨਾ ਤਨ ਸਜਾਇੰਦਾ । ਆਪੇ ਕਰੇ ਸਚ ਪਿਆਰ, ਆਪੇ ਵੇਖ ਵਖਾਇੰਦਾ । ਪੁਰੀ ਸ਼ਿਵ ਹਰਿ ਪਾਵੇ ਸਾਰ, ਸ਼ਿਵ ਸ਼ੰਕਰ ਪਕੜ ਉਠਾਇੰਦਾ । ਬਾਸ਼ਕ ਤਸ਼ਕਾ ਗਲ ਵਿਚ ਹਾਰ, ਰੋ ਰੋ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਮਾਰੇ ਮਾਰ, ਜਗਤ ਜਗਦੀਸ਼ਾ ਖੇਲ ਖਿਲਾਇੰਦਾ । ਕਲਜੁਗ ਅੰਤਮ ਆਈ ਹਾਰ, ਨਰ ਨਰੇਸ਼ਾ ਜੋਤ ਜਗਾਇੰਦਾ । ਨਾ ਕੋਈ ਪੂਜੇ ਗਣਪਤ ਗਣੇਸ਼ਾ, ਸ਼ਿਵ ਸ਼ੰਕਰ ਮੇਟ ਮਿਟਾਇੰਦਾ । ਪੁਰਖ ਨਿਰੰਜਣ ਸਤਿ ਆਦੇਸਾ, ਆਪ ਆਪਣੀ ਅਲਖ ਜਗਾਇੰਦਾ । ਹਰਿਜਨ ਸਾਚੇ ਕਰ ਪਰਵੇਸ਼ਾ, ਜੋਤੀ ਨੂਰ ਟਿਕਾਇੰਦਾ । ਆਪੇ ਜਾਣੇ ਆਪਣਾ ਵੇਸਾ, ਵੇਸ ਅਨੇਕਾ ਆਪ ਹੋ ਆਇੰਦਾ । ਆਪੇ ਵਸੇ ਜਗਤ ਬਬੇਕਾ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਸਾਚੇ ਏਕਾ ਬਖ਼ਸ਼ੇ ਚਰਨ ਟੇਕਾ, ਸ਼ਿਵਪੁਰੀ ਧਾਮ ਸੁਹਾਇੰਦਾ । ਤ੍ਰੈਗੁਣ ਮਾਇਆ ਨਾ ਲਾਏ, ਸੇਕਾ, ਪੰਜ ਤਤ ਨਾ ਵੇਖ ਵਖਾਇੰਦਾ । ਆਪੇ ਹੋਏ ਏਕਮ ਏਕਾ, ਏਕਾ ਧਾਰ ਬੰਧਾਇੰਦਾ । ਸੁਰਪਤ ਰਾਜਾ ਇੰਦ ਆਪੇ ਵੇਖਾ, ਆਪੇ ਵੇਖ ਵਖਾਇੰਦਾ । ਕਰੋੜ ਤੇਤੀਸਾ ਨਾ ਕੋਈ ਜਾਣੇ ਧਾਰੀ ਕੇਸਾ, ਨਾ ਕੋਈ ਮੂੰਡ ਮੁੰਡਾਇੰਦਾ । ਆਪ ਆਪਣਾ ਪੀਸਣ ਪੀਸਾ, ਪੀਸਣਹਾਰਾ ਆਪ ਅਖਵਾਇੰਦਾ । ਨਾ ਕੋਈ ਜਾਣੇ ਪ੍ਰਭ ਕਾ ਵੇਸਾ, ਨਾ ਭੇਵ ਕਿਸੇ ਜਣਾਇੰਦਾ । ਸੰਮਤ ਚੜ੍ਹਿਆ ਬੀਸ ਬੀਸਾ, ਏਕਾ ਹਾਟੀ ਜੋਤ ਜਗਾਇੰਦਾ । ਭਾਰਤ ਖੰਡ ਹਰਿ ਜਗਦੀਸਾ, ਮਾਝੇ ਦੇਸ ਵੇਸ ਵਟਾਇੰਦਾ । ਰਾਜ ਰਾਜਾਨਾਂ ਖਾਲੀ

ਕਰੇ ਖੀਸਾ, ਆਪ ਆਪਣੀ ਬਣਤ ਬਣਾਇੰਦਾ । ਸੋਹੰ ਸ਼ਬਦ ਸਚ ਹਦੀਸਾ, ਸਤਿਜੁਗ ਸਾਚੀ ਵਸਤ ਲਿਆਇੰਦਾ । ਸੰਮਤ ਇੱਕੀ ਨਾ ਕੋਈ ਪੜ੍ਹੇ ਕੁਰਾਨ ਹਦੀਸਾ, ਨਾ ਕੋਈ ਸਪਾਰੇ ਗਾਇੰਦਾ । ਵੇਦ ਪੁਰਾਨ ਮਿਟੇ ਬੀਸ ਬੀਸਾ, ਪ੍ਰਭ ਸਾਚਾ ਆਪ ਮਿਟਾਇੰਦਾ । ਨਾ ਕੋਈ ਗਾਏ ਰਾਗ ਛਤੀਸਾ, ਲਿਖਿਅ ਲੇਖ ਨਾ ਕੋਈ ਮਿਟਾਇੰਦਾ । ਗੁਰ ਗੋਬਿੰਦਾ ਇਕ ਇਕੀਸਾ, ਇਕ ਅਕਾਲ ਹੋ ਦਿਆਲ ਚਾਰ ਵੇਦ ਪੁਰਾਨ ਅਠਾਰਾਂ ਆਪਣੀ ਸਰਨ ਰਖਾਇੰਦਾ । ਨਾ ਕੋਈ ਵੱਜੇ ਢੋਲਕ ਛੈਣਾ, ਤਾਲ ਅਨਹਦ ਤਾੜਾ, ਬਹੱਤਰ ਨਾੜਾ ਪ੍ਰਭ ਸਾਚਾ ਤਾਲ ਵਜਾਇੰਦਾ । ਮਾਝਾ ਦੇਸ ਇਕ ਅਖਾੜਾ, ਸੰਮਤ ਸੋਲਾਂ ਸਾਧ ਸੰਤ ਕੱਢਣ ਹਾੜਾ, ਪ੍ਰਭ ਸਾਚਾ ਮੁਖ ਭਵਾਇੰਦਾ । ਸਰ ਅੰਮ੍ਰਿਤ ਨਾ ਕੋਈ ਛੁਹਾਏ ਨਿਉਂ ਨਿਉਂ ਦਾਹੜਾ, ਪ੍ਰਭ ਪਾਰ ਬਿਆਸੋਂ ਸਰਬ ਕਰਾਇੰਦਾ । ਆਪੇ ਵੇਖੇ ਸੰਮਤ ਸਤਾਰਾਂ, ਚਾਰੋਂ ਕੁੰਟ ਹੋਏ ਉਜਾੜਾ, ਧੂੰਆਂ ਘਰ ਨਾ ਕਿਸੇ ਧੁਖਾਇੰਦਾ । ਗੁਰ ਗੋਬਿੰਦ ਬਣੇ ਟੱਟੂ ਭਾੜਾ, ਧੁਰ ਦਰਗਾਹੀ ਸਾਚਾ ਲਾੜਾ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਤੀਰਥ ਤੱਟਾਂ ਆਈ ਹਾਰਾਂ, ਸਾਧਾਂ ਸੰਤਾਂ ਪੈਣੀ ਮਾਰਾ, ਮੁੱਲਾ ਸ਼ੇਖਾਂ ਪੰਡਤਾਂ ਕਾਜ਼ੀਆਂ ਪੀਰ ਪੈਗ਼ੰਬਰਾਂ ਗੋਰਖ ਮਛੰਦਰਾਂ ਨਾ ਕੋਈ ਪਾਵੇ ਸਾਰਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਘਰ ਵੱਜਣਾ ਜਿੰਦਰਾ, ਹਰਿ ਸਾਚਾ ਲੇਖ ਲਿਖਾਰਾ । ਸੰਮਤ ਅਠਾਰਾਂ ਵਹਾਏ ਧਾਰਾ, ਉਚੇ ਟਿੱਲੇ ਸਾਰੇ ਹਿਲੇ, ਮੇਟ ਮਿਟਾਏ ਬੂਰੇ ਕੱਕੇ ਬਿੱਲੇ, ਨਾਲ ਰਲਾਏ ਸੰਗ ਮੁਹੰਮਦ ਚਾਰ ਯਾਰਾ । ਸੰਮਤ ਉਨੀ ਸਭ ਦੀ ਚੋਟੀ ਜਾਏ ਮੁੰਨੀ, ਨਾ ਕੋਈ ਦੀਸੇ ਮੁਸਲਿਮ ਸੁੰਨੀ, ਅਲ੍ਹਾ ਰਾਣੀ ਸਿਰ ਲਾਹੇ ਚੁੰਨੀ, ਚਾਰੋਂ ਕੁੰਟ ਹਾਹਾਕਾਰਾ । ਪਾਰਬ੍ਰਹਮ ਵਡ ਗੁਣ ਗੁਣੀ, ਗੁਰਮੁਖ ਸਾਚੇ ਛਾਣ ਪੁਣੀ, ਇਕ ਵਖਾਏ ਸਾਚਾ ਦਰ ਦਰਬਾਰਾ । ਸੰਮਤ ਬੀਸ ਪੰਦਰਾਂ ਕੱਤਕ ਜਮਨ ਕਿਨਾਰਾ । ਪਾਰ ਉਤਾਰਾ ਸੀਸ ਗੰਜ, ਵੱਜੇ ਮਰਦੰਗ ਸੋਹੰ ਸ਼ਬਦ ਜੈ ਜੈ ਜੈਕਾਰਾ । ਨੀਲੇ ਘੋੜੇ ਕਸਿਆ ਤੰਗ, ਆਪੇ ਫਿਰੇ ਵਿਚ ਬ੍ਰਹਿਮੰਡ, ਮਨਮੁਖ ਜੀਵ ਪੌਂਦੇ ਡੰਡ, ਨੇਤਰ ਦਿਸ ਨਾ ਆਏ ਦਸਵਾਂ ਗੁਰ ਦਸ ਅਵਤਾਰਾ । ਜੂਠਿਆਂ ਝੂਠਿਆਂ ਤੋੜੇ ਆਤਮ ਘਮੰਡ, ਮਾਇਆ ਲੂਠਿਆਂ ਕਲਜੁਗ ਕਾਇਆ ਕਰੇ ਖੰਡ, ਜੀਵ ਜੰਤ ਨਾਰ ਦੁਹਾਗਣ ਹੋਏ ਰੰਡ, ਗੁਰਮੁਖ ਸਾਚੇ ਸੰਤ ਜਨਾਂ ਪ੍ਰਭ ਦੇਵੇ ਨਾਮ ਸਹਾਰਾ । ਆਪ ਆਪਣੇ ਕਰਮਾਂ ਚੁੱਕਣੀ ਪੰਡ, ਸੰਮਤ ਚੌਦਾਂ ਵੰਡੀ ਵੰਡ, ਕਿਸੇ ਤਨ ਪੰਜ ਤਤ ਨਾ ਰਹਿਣੀ ਠੰਢ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨਾ ਕੋਈ ਦਿਸੇ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਘਰ ਘਰ, ਭਰਮੇ ਭੁੱਲੇ ਨਾਰੀ ਨਰ, ਪਰਗਟ ਹੋਏ ਨਰਾਇਣ ਨਰ ਅਵਤਾਰਾ । ਗੁਰਮੁਖ ਵਿਰਲੇ ਸਿਰ ਤੇ ਭਾਣਾ ਲੈਣਾ ਜ਼ਰ, ਨਾ ਜਨਮੇ ਨਾ ਜਾਏ ਮਰ । ਤਾਲ ਸੁਹਾਵੇ ਸਾਚੇ ਸਰ, ਲੱਖ ਚੁਰਾਸੀ ਪਾਰ ਕਿਨਾਰਾ । ਗੁਰ ਚਰਨ ਸਾਚਾ ਗੁਰੂਦਵਾਰਾ । ਨੇਤਰ ਖੋਲ੍ਹੇ ਹਰਨ ਫਰਨ, ਮੇਲ ਮਿਲਾਏ ਏਕੰਕਾਰਾ । ਮਾਤਲੋਕ ਚੁੱਕੇ ਮਰਨ ਡਰਨ, ਮਾਤ ਗਰਭ ਨਾ ਆਏ ਦੂਜੀ ਵਾਰਾ । ਮਨਮੁਖ ਜੀਵ ਕਾਚੀ ਮਾਟੀ ਤਾ ਤਾ ਅਗਨੀ ਲਾਇਣ ਗਾਰਾ । ਦਿਸ ਨਾ ਆਏ ਪਾਰਬ੍ਰਹਮ ਸਤਿ ਸਰੂਪ ਮਹਿੰਮਾ ਅਨੂਪ, ਉਚੇ ਟਿੱਲੇ ਬੈਠਾ ਅਗੰਮ ਅਪਾਰਾ । ਚਾਰੋਂ ਕੁੰਟ ਤੀਰ ਨਿਰਾਲਾ ਰਿਹਾ ਛੂਟ, ਸਭ ਦੀਆਂ ਜੜ੍ਹਾਂ ਰਿਹਾ ਪੁਟ, ਕਲਜੁਗ ਤੇਰਾ ਵਹਿਣ ਵਹਾਏ ਏਕਾ ਏਕਾ ਧਾਰਾ । ਸਤਿਜੁਗ ਸਾਚਾ ਲਾਏ ਬੂਟ, ਗੁਰਮੁਖ ਲਾਹਾ ਲੈਣ ਲੂਟ, ਪ੍ਰਭ ਚਰਨ ਦਵਾਰਾ । ਨੌਂ ਖੰਡ ਪ੍ਰਿਥਮੀ ਇਕ ਘਰ, ਪ੍ਰਭ ਸਾਚੇ ਸਾਜਣ ਸਾਜਿਆ । ਸਚ ਤਖ਼ਤ ਬੈਠ ਜਹਾਨ ਮਾਝੇ ਦੇਸ ਦਿਤਾ ਵਰ, ਗੁਰ ਗੋਬਿੰਦ ਘੋੜੇ ਚੜ੍ਹ, ਗੁਰਸਿਖ ਨਾ ਮਾਰੀ ਆਵਾਜ਼ਿਆ । ਸ਼ਬਦ ਸਰੂਪੀ ਆਪਣਾ ਘਾੜਨ ਘੜ, ਪਵਣ ਘੋੜੇ ਆਪੇ ਚੜ੍ਹ,

੨੯੮
੦੬

ਧੁਰ ਦਰਗਾਹੀ ਆਏ ਭਾਜਿਆ । ਦਿਸ ਨਾ ਆਏ ਸੀਸ ਧੜ, ਸਭ ਦੇ ਨਾਲ ਰਿਹਾ ਲੜ, ਨਾ ਕੋਈ ਛੱਡੇ ਮੁੱਲਾ ਕਾਜ਼ੀਆਂ । ਮੇਟ ਮਿਟਾਏ ਤੋੜ ਤੁੜਾਏ ਕਿਲ੍ਹਾ ਹੰਕਾਰੀ ਗੜ੍ਹ, ਕਲਜੁਗ ਖੇਲੇ ਖੇਲ ਅੰਤਮ ਵਾਰੀ ਏਕਾ ਬਾਜੀਆ । ਏਕਾ ਅੱਖਰ ਰਿਹਾ ਪੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੱਡਾ ਸ਼ਾਹੋ ਰਾਜਨ ਰਾਜਿਆ । ਮਾਝੇ ਆਏ ਫੇਰਾ ਪਾਏ । ਸੰਬਲ ਨਗਰ ਧਾਮ ਸੁਹਾਏ । ਰਮਈਆ ਰਾਮ ਰਾਮ ਸਮਾਏ । ਆਪਣਾ ਕਾਮ ਆਪ ਕਰਾਏ । ਕਲਜੁਗ ਰੈਣ ਅੰਧੇਰੀ ਸ਼ਾਮ ਅੰਤਮ ਮੇਟ ਮਿਟਾਏ । ਕਿਸੇ ਨਾ ਪੱਲੇ ਦਿਸੇ ਦਾਮ, ਗੁਰ ਦਰ ਮੰਦਰ ਅੰਦਰ ਰਾਮਦਾਸ ਤੇਰੇ ਸਰ ਸਰੋਵਰ ਬਹਿ ਬਹਿ ਖਾਣ ਮਦਿਰਾ ਮਾਸ ਜੋ ਰਸਨ ਲਗਾਏ । ਗੁਰ ਅਰਜਨ ਤੇਰਾ ਸਾਚਾ ਨਾਮ, ਗੁਰੂ ਗ੍ਰੰਥ ਲੇਖ ਲਿਖਾਏ । ਅਗਾਧ ਬੋਧ ਭੇਵ ਜਣਾਏ । ਕਲਜੁਗ ਜੀਵ ਹੋਏ ਹਲਕਾਏ । ਸਰ ਅੰਮ੍ਰਿਤ ਤੇਗ ਬਹਾਦਰ ਕਰੇ ਸੱਖਣਾ ਮਾਣ ਗਵਾਏ । ਡੇਰਾ ਪਾਰ ਬਿਆਸ ਕਰਾਏ । ਗੁਰ ਗੋਬਿੰਦ ਪੂਤ ਸਪੂਤਾ ਜੰਮਿਆ ਸੁਲੱਖਣਾ, ਮਾਤਾ ਗੁਜਰੀ ਪਾਲਿਆ ਨਾਲ ਮੱਖਣਾ, ਨੀਲਾ ਘੋੜਾ ਸਾਚਾ ਜੋੜਾ, ਧੁਰ ਦਰਗਾਹੀ ਆਇਆ ਦੌੜਾ, ਨਾਲ ਰਲਾਏ ਬ੍ਰਹਿਮਣ ਗੌੜਾ, ਪਰਗਟ ਹੋ ਹਰਿ ਪਰਤੱਖਣਾ, ਆਪ ਆਪਣਾ ਲਏ ਦੁੜਾਏ । ਸੰਮਤ ਸੋਲਾਂ ਭਾਗ ਲਗਾਏ ਰਸ ਮਖਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਸੰਮਤ ਚੌਦਾਂ ਪੰਥ ਖਾਲਸਾ ਦਏ ਜਗਾਏ, ਪੜਦਾ ਉਹਲਾ ਕੋਈ ਰਹਿਣ ਨਾ ਪਾਏ । ਆਪ ਅਭੇਦ, ਭੇਦ ਹਰਿ ਨਿਰੰਕਾਰਿਆ । ਲੇਖਾ ਲਿਖ ਨਾ ਸਕਣ ਵੇਦ, ਬ੍ਰਹਮਾ ਲਿਖ ਲਿਖ ਹਾਰਿਆ । ਸ਼ਾਸਤਰ ਸਿਮਰਤ ਜਗਤ ਕਿਤੇਬ, ਗਾਵਣ ਵਾਰੋ ਵਾਰਿਆ । ਵੇਦ ਵਿਆਸਾ ਪੁਰਾਨ ਅਠਾਰਾਂ, ਇਕ ਲੱਖ ਹਜ਼ਾਰ ਸਤਾਰਾਂ ਲਿਖੇ ਸਲੋਕ, ਸਾਰ ਨਾ ਪਾਏ ਅਗੰਮ ਅਪਾਰਿਆ । ਇਕ ਮੁਹੰਮਦ ਏਕਾ ਕਾਰ, ਤੀਸ ਸਪਾਰ ਉਪਰ ਪਹਾੜ, ਬਜਰ ਕਪਾਟ ਪਾੜ, ਪ੍ਰਭ ਮਾਰੇ ਓਅੰ ਏਕੰਕਾਰ । ਨਾਨਕ ਧਾਰ ਦਰ ਦਵਾਰ ਗਿਆ ਭਿਖਾਰ । ਪ੍ਰਭ ਕਿਰਪਾ ਕਰੀ ਅਪਾਰ । ਸੋਹੰ ਰਸਨਾ ਗਾਇਆ ਅਪਾਰ । ਸਤਿਨਾਮ ਬੱਧੀ ਸੀਸ ਦਸਤਾਰ । ਲੋਕਮਾਤ ਆਇਆ ਕਰ ਸੱਚਾ ਵਣਜ ਵਪਾਰ । ਮਿਲਿਆ ਮਰਦਾਨਾ ਮੀਤ ਮੁਰਾਰ । ਨਾਲ ਬਾਲਾ ਸਤਿ ਕਰਤਾਰ । ਇਕ ਸੁਰੰਗਾ ਵਿਛੜਿਆ, ਰਸਨਾ ਗਾਏ ਨਰ ਨਿਰੰਕਾਰ ਨਿਰੰਕਾਰ ਨਿਰੰਕਾਰ । ਮੋਦੀਖਾਨਾ ਦਏ ਹੁਲਾਰ । ਤੇਰਾਂ ਤੇਰਾਂ ਗਾਏ ਧਾਰ । ਸੰਮਤ ਤੇਰਾਂ ਪ੍ਰਭ ਲਿਆ ਵਿਚਾਰ । ਸ੍ਰਿਸ਼ਟ ਸਬਾਈ ਪਾਵੇ ਸਾਰ । ਅੰਤਮ ਵੇਲੇ ਆਈ ਹਾਰ । ਬੇਅੰਤ ਬੇਅੰਤ ਬੇਅੰਤ ਆਰ ਪਾਰ । ਪਾਰਬ੍ਰਹਮ ਸੁਣੇ ਪੁਕਾਰ । ਆਪੇ ਹੋਇਆ ਵਿਚੋਂ ਬਾਹਰ । ਅੰਗਦ ਲਾਇਆ ਅੰਗੀਕਾਰ । ਸ਼ਬਦੀ ਜੋਤੀ ਏਕਾ ਕਾਰ । ਅਮਰਦਾਸ ਆਇਆ ਦਰ ਦਵਾਰ । ਸ਼ਬਦ ਸਵਾਸ ਰਸਨ ਉਚਾਰ । ਗੁਰ ਪੂਰੇ ਕਰਾਏ ਪਾਰ ਕਿਨਾਰ । ਰਾਮਦਾਸ ਦਿਤਾ ਤਾਰ । ਵੇਦੀ ਸੋਢੀ ਇਕ ਭਤਾਰ । ਅਰਜਨ ਗੁਰੂ ਕਰ ਭਤਾਰ । ਸ਼ਬਦ ਭੰਡਾਰਾ ਦਏ ਸਹਾਰ । ਆਪ ਵਰਤਾਰਾ ਲੇਖ ਲਿਖਾਰ । ਗੁਰਦਾਸ ਵਸੇ ਪਾਸ, ਗੁਰ ਚਰਨ ਕਵਲਾਰ । ਹਰਿਗੋਬਿੰਦ ਜੋਧਾ ਮਰਗਿੰਦ, ਸ਼ਬਦ ਕਟਾਰ ਤਨ ਦੋ ਧਾਰ । ਹਰਿਰਾਏ ਹਰਿ ਮੇਲ ਮਿਲਾਏ ਅੰਤਮ ਵਾਰ । ਹਰਿਕਿਸ਼ਨ ਬਾਲ ਨਿਧਾਨ, ਸ਼ਬਦ ਨਿਸ਼ਾਨ ਝੁਲਾਏ ਵਿਚ ਸੰਸਾਰ । ਤੇਗ ਬਹਾਦਰ ਦੇਵੇ ਆਦਰ, ਚਿੱਟੀ ਚਾਦਰ ਗਊ ਗਰੀਬਾਂ ਕਰ ਪਿਆਰ । ਗੁਰ ਗੋਬਿੰਦਾ ਸਾਗਰ ਸਿੰਧਾ ਵਡ ਮਰਗਿੰਦਾ ਪ੍ਰਭ ਸੇਵਕ ਸੇਵਾ ਲਾਏ, ਦੱਸੇ ਰਾਹ ਨਿਆਰ । ਪੰਚਮ ਪੰਚਾਂ ਸੰਗ ਰਲਾਏ, ਏਕਾ ਖੰਡਾ ਹੱਥ ਵਖਾਏ, ਦੂਸਰ ਕਿਸੇ ਦਿਸ ਨਾ ਆਏ, ਸ਼ਬਦ ਲਾਏ ਚਾਰ ਦਵਾਰ । ਹਰਿ ਆਪਣੀ ਖੇਲ ਆਪ ਖਿਲਾਏ, ਜੀਵ ਜੰਤ ਕੋਈ ਭੇਵ ਨਾ ਪਾਏ, ਰਸਨਾ ਗਾ

੩੦੦
੦੬

ਗਾ ਹੋਏ ਹਲਕਾਏ, ਨਜ਼ਰ ਨਾ ਆਏ, ਮਿਲਿਆ ਮੇਲ ਨਾ ਏਕੰਕਾਰ । ਕਲਜੁਗ ਅੰਤਮ ਜਾਮਾ ਪਾਏ, ਸੰਬਲ ਨਗਰੀ ਧਾਮ ਸੁਹਾਏ, ਸ਼ਬਦ ਸਿੰਘਾਸਣ ਡੇਰਾ ਲਾਏ, ਪੰਜੇ ਪੰਜ ਪਿਆਰੇ ਨਾਲ ਰਲਾਏ, ਪੰਚਮ ਗਾਵਣ ਵਾਰੋ ਵਾਰ । ਸਾਚਾ ਤਖ਼ਤ ਰਿਹਾ ਸੁਹਾਏ, ਅਕਾਲ ਤਖ਼ਤ ਪ੍ਰਭ ਆਪ ਰਚਾਏ, ਜੋਤ ਜਗੇ ਅਗੰਮ ਅਪਾਰ । ਕਲਜੁਗ ਮਾਟੀ ਚਾਰ ਦਵਾਰ, ਵਿਚ ਨਾ ਦਿਸੇ ਹਰਿ ਨਿਰੰਕਾਰ । ਕਿਸੇ ਦਿਸ ਨਾ ਆਏ ਵਿਚ ਸੰਸਾਰ । ਚਾਰੋਂ ਕੁੰਟ ਆਈ ਹਾਰ, ਆਪੇ ਵੇਖੇ ਗੁਰ ਦਰਬਾਰ । ਦਰ ਦਰਬਾਰੀ ਵਿਚ ਸੰਸਾਰ । ਜੋਤ ਅਕਾਰੀ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਅਪਰ ਅਪਾਰ । ਮਾਝਾ ਦੇਸ ਨਾ ਕੋਈ ਵੰਡ । ਗੁਰ ਗੋਬਿੰਦੇ ਪੱਲੇ ਬੰਨ੍ਹੀ ਨਾ ਕੋਈ ਗੰਢ । ਦੋ ਧਾਰ ਬਿਆਸਾ ਸਾਰੀ ਲਿਖਤ ਰੁੜ੍ਹਾਈ, ਆਪੇ ਸੁੱਤਾ ਦੇ ਕਰ ਕੰਡ । ਸਾਧ ਸੰਤ ਕੋਈ ਭੇਵ ਨਾ ਪਾਈ, ਆਤਮ ਸਭ ਦੀ ਹੋਈ ਰੰਡ । ਗਿਆਨੀ ਧਿਆਨੀ ਆਤਮ ਘਰ ਨਾ ਵੱਜੇ ਵਧਾਈ, ਜਗਤ ਵਿਦਿਆ ਹੋਇਆ ਘਮੰਡ । ਗੁਰ ਗੋਬਿੰਦੇ ਜੋਤ ਜਗਾਈ, ਪੰਚਮ ਮੀਤਾ ਪੰਚਮ ਸੰਗ ਨਿਭਾਈ, ਕਾਇਆ ਪਾਏ ਏਕਾ ਠੰਢ । ਨਾਮ ਨਿਧਾਨਾ ਅੰਮ੍ਰਿਤ ਗੁਰ ਏਕਾ ਪੀਣਾ ਸ਼ਬਦ ਸਰੂਪੀ ਸਾਚਾ ਤਾਲ, ਆਪ ਵਜਾਏ ਦੀਨ ਦਿਆਲ, ਬੈਠਾ ਤਖ਼ਤ ਅਕਾਲ ਇਕ ਅਤੀਤਾ । ਕਿਸੇ ਹੱਥ ਨਾ ਆਏ ਮੰਦਰ ਮਸੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਜੀਤਾ । ਲੱਖ ਚੁਰਾਸੀ ਆਪ ਸਮਾਇਆ, ਨਾ ਕੋਈ ਵੰਡ ਵੰਡਾਈਆ । ਸਤਿਜੁਗ ਸਾਚਾ ਰਾਹ ਰਿਹਾ ਚਲਾਇਆ, ਏਕਾ ਖੰਡਾ ਹੱਥ ਉਠਾਈਆ । ਊਚਾਂ ਨੀਚਾਂ ਰਿਹਾ ਮਿਟਾਇਆ, ਨਾਨਕ ਰੀਤ ਚਲਾਈਆ । ਗੜ੍ਹ ਹੰਕਾਰੀ ਰਿਹਾ ਢਾਹਿਆ, ਜੀਵਣ ਕਾਜ਼ੀ ਸਾਰ ਨਾ ਪਾਈਆ । ਸ਼ਬਦ ਘੋੜਾ ਸਾਚਾ ਤਾਜੀ, ਆਪੇ ਤੰਗ ਰਿਹਾ ਕਸਾਇਆ, ਚਾਰੋਂ ਕੁੰਟ ਪਏ ਦੁਹਾਈਆ । ਸਾਚਾ ਖੰਡਾ ਰਿਹਾ ਉਠਾਇਆ, ਤਿੱਖੀਆਂ ਦੋਵੇਂ ਧਾਰਾਂ ਰਖਾਈਆ । ਬ੍ਰਹਿਮੰਡਾਂ ਖੋਜਨ ਖੋਜ ਖੁਜਾਇਆ, ਵਰਭੰਡਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਪੰਚਮ ਮੀਤਾ ਸ੍ਰਿਸ਼ਟ ਸਬਾਈ ਏਕਾ ਰੰਗ ਰੰਗਾਈਆ । ਏਕਾ ਰੰਗ ਆਪੇ ਰੰਗੇ, ਸ੍ਰਿਸ਼ਟ ਸਬਾਈ ਦਾਤਾ । ਗੁਰ ਗੋਬਿੰਦਾ ਦਰ ਸਾਚਾ ਮੰਗੇ, ਪ੍ਰਭ ਦੇਵੇ ਸਚ ਸੁਗ਼ਾਤਾ । ਆਪੇ ਹੋਏ ਅੰਗ ਸੰਗੇ, ਪਾਰਬ੍ਰਹਮ ਪੁਰਖ ਬਿਧਾਤਾ । ਲੋਆਂ ਪੁਰੀਆਂ ਆਪੇ ਲੰਘੇ, ਕਲਜੁਗ ਵੇਖੇ ਅੰਧੇਰੀ ਰਾਤਾ । ਵਰਭੰਡੀ ਆ ਗੁਰਮੁਖ ਸਾਚੇ ਦਰ ਸਾਚਾ ਮੰਗੇ, ਨਾ ਕੋਈ ਵੇਖੇ ਜ਼ਾਤਾ ਪਾਤਾ । ਸ਼ਸ਼ਤਰ ਬਸਤਰ ਤੇਜ ਕਟਾਰ ਕਿਲਿਆਂ ਉਪਰ ਰਹਿ ਜਾਣ ਟੰਗੇ, ਕੋਈ ਨਾ ਕਿਸੇ ਪੁੱਛੇ ਵਾਤਾ । ਪੁਰਖ ਅਗੰਮਾ ਅਗੰਮੀ ਧਾੜ ਆਪ ਚੜ੍ਹਾਏ, ਆਪ ਕਰਾਏ ਆਪਣਾ ਜੰਗੇ, ਪੂਤ ਹੱਥ ਨਾ ਆਏ ਪਿਤਾ ਮਾਤਾ । ਆਪੇ ਵੇਖੇ ਪਰਖੇ ਮਾੜੇ ਚੰਗੇ, ਜਨ ਭਗਤਾਂ ਹੋਏ ਹਰਿ ਭੈਣ ਭਰਾਤਾ । ਭਗਤ ਭਿਖਾਰੀ ਦਰ ਦਵਾਰੇ ਆਉਂਦਾ ਮੂਲ ਨਾ ਸੰਗੇ, ਨੌਂ ਦਵਾਰੇ ਗੁਰਮੁਖ ਤੇਰੀ ਕਾਇਆ ਲੰਘੇ, ਸ਼ਬਦ ਸਰੂਪੀ ਤਨ ਚੀਰ ਪਹਿਨਾਏ । ਦਸਮ ਦਵਾਰੀ ਆਪ ਬਿਠਾਏ ਨਾਮ ਰੰਗੀਲੇ ਸਚ ਪਲੰਘੇ । ਫੂਲਨ ਸੇਜਾ ਇਕ ਵਿਛਾਏ । ਨਾਰੀ ਕੰਤਾ ਆਪ ਹੋ ਜਾਏ । ਰੰਗ ਬਸੰਤਾ ਇਕ ਚੜ੍ਹਾਏ । ਸਾਚਾ ਕੰਤਾ ਮੇਲ ਮਿਲਾਏ । ਆਦਿ ਅੰਤ ਵਿਛੜ ਨਾ ਜਾਏ । ਗੁਰਮੁਖ ਸਾਚੀ ਸੇਵ ਕਮਾਏ । ਨਾ ਹੋਵੇ ਭੁੱਖਾ ਨੰਗਾ, ਦੇਵੀ ਦੇਵ ਨਾ ਕੋਈ ਮਨਾਏ । ਬ੍ਰਹਮਾ ਸ਼ਿਵ ਅੰਤ ਕਰਾਏ । ਗਣਪਤ ਗਣੇਸ਼ ਖ਼ਾਕ ਰੁਲਾਏ । ਅੰਜ਼ੀਲ ਕੁਰਾਨ ਦਏ ਦੁਹਾਏ । ਵੇਦ ਪੁਰਾਨ ਬੈਠੇ ਮੁਖ ਛੁਪਾਏ । ਖਾਣੀ ਬਾਣੀ ਨਾ ਕੋਈ ਅਲ੍ਹਾਏ । ਸੋਹੰ ਜੈ ਜੈਕਾਰ ਚਾਰੋਂ ਕੁੰਟ ਕਰਾਏ । ਬੀਸ ਬੀਸਾ ਹਰਿ ਨਿਰੰਕਾਰ, ਛਤਰ

ਸੀਸਾ ਇਕ ਝੁਲਾਏ । ਜਗਤ ਜਗਦੀਸਾ ਪਾਏ ਸਾਰ, ਇਕ ਇਕੀਸਾ ਏਕਾ ਇੱਕੀ ਨੌ ਖੰਡ ਬਣਾਏ । ਸਾਚਾ ਸਿੱਖੀ ਮਾਝਾ ਦੇਸ, ਨਰ ਨਰੇਸ਼ ਨਾ ਕੋਈ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪੇ ਰੱਖੇ ਧਾਰ ਤਿੱਖੀ, ਨਾ ਕੋਈ ਜਾਣੇ ਮੁਨੀ ਰਿਖੀ, ਸਾਧ ਸੰਤ ਆਦਿ ਅੰਤ ਹਰਿ ਭਗਵੰਤ ਚਰਨ ਕਵਲ ਉਪਰ ਧਵਲ ਰਹੇ ਧਿਆਨ ਲਗਾਏ । ਗੁਰਮੁਖ ਆਤਮ ਰਿਹਾ ਮਵਲ, ਗੋਪੀ ਕਾਹਨਾ ਸਾਵਲ ਸਵਲ, ਜੋਤ ਸਰੂਪੀ ਡੇਰਾ ਲਾਏ । ਉਲਟਾ ਕਰੇ ਨਾਭ ਕਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਮ੍ਰਿਤ ਆਤਮ ਸਾਚੀ ਧਾਰਾ ਰਿਹਾ ਮੁਖ ਚੁਆਏ ।

ਆਪ ਉਪਾਏ ਆਪ ਮਿਟਾਏ ਆਪੇ ਬਣਤ ਬਣਾਇੰਦਾ । ਚਾਰ ਜੁਗ ਪ੍ਰਭ ਸੇਵਾ ਲਾਏ, ਨੌ ਨੌ ਰੂਪ ਵਟਾਇੰਦਾ । ਨੌ ਨੌ ਰਾਮ ਕ੍ਰਿਸ਼ਨ ਹੋ ਆਏ, ਈਸਾ ਮੂਸਾ ਸੰਗ ਮੁਹੰਮਦ ਨਾਲ ਰਲਾਇੰਦਾ । ਨੌ ਨੌ ਨਾਨਕ ਗੋਬਿੰਦ ਰਾਏ, ਸਿੰਘ ਰੂਪ ਵਟਾਇੰਦਾ । ਕਲਜੁਗ ਚੌਥਾ ਵੇਖ ਵਖਾਏ, ਨਿਹਕਲੰਕੀ ਭੇਖ ਵਟਾਇੰਦਾ । ਲੱਖ ਚੁਰਾਸੀ ਰੇਖ ਮਿਟਾਏ, ਲੇਖਾ ਆਪਣੇ ਹੱਥ ਰਖਾਇੰਦਾ । ਚਾਰ ਜੁਗ ਲਹਿਣਾ ਦੇਣ ਚੁਕਾਏ, ਸ਼ਾਮ ਰਿਗ ਯੁਜਰ ਅਥਰਬਣ ਐੜਾ ਅੱਲਾ ਨਾਲ ਰਲਾਏ, ਇਕ ਮਹੱਲਾ ਆਪ ਵਸਾਇੰਦਾ । ਸਤਿਜੁਗ ਸਾਚੇ ਝੋਲੀ ਪਾਏ, ਗੁਰਮੁਖਾਂ ਘਰ ਰਾਹ ਵਖਾਏ, ਚੁਰਾਸੀ ਫਾਹ ਕਟਾਏ, ਜੋ ਜਨ ਰਸਨਾ ਗਾਇੰਦਾ । ਵਾਹ ਵਾਹਿਗੁਰੂ ਹਰਿ ਗੁਣ ਗਾਏ, ਅੰਤਮ ਵੇਲਾ ਲਏ ਮਿਲਾਏ, ਪੁਰਖ ਨਿਰੰਜਣ ਤੇਲ ਚੜ੍ਹਾਏ, ਸਾਚੇ ਘੋੜੇ ਆਪ ਚੜ੍ਹਾਇੰਦਾ । ਸਾਚੇ ਘਰ ਆਪ ਵਸਾਏ, ਆਪ ਉਪਾਏ ਆਪ ਮਿਲਾਏ, ਭੇਵ ਅਭੇਦਾ ਭੇਵ ਨਾ ਆਇੰਦਾ । ਚਾਰ ਚੌਹ ਅੱਖਰ ਰੰਗ ਰੰਗਾਏ, ਸ੍ਰਿਸ਼ਟ ਸਬਾਈ ਸਬ ਮਾਤ ਵਿਛਾਏ, ਕਲਜੁਗ ਪੱਥਰ ਭਾਰ ਉਠਾਏ, ਨਾ ਕੋਈ ਵੰਡ ਵੰਡਾਇੰਦਾ । ਨੇਤਰ ਅੱਥਰ ਨੀਰ ਵਹਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੀ ਬਣਤ ਬਣਾਏ । ਸਤਿਜੁਗ ਸਾਚੀ ਬਣਤ ਬਣਾਏ, ਆਦਿ ਪੁਰਖ ਅਪਰੰਪਰਾ । ਸਾਧ ਸੰਤ ਇਕ ਰੰਗਾਏ, ਗੀਤ ਸੁਹਾਗੀ ਇਕ ਸੁਣਾਏ ਸਾਚਾ ਛਤਰਾ । ਅੰਮ੍ਰਿਤ ਧਾਰਾ ਗੰਗ ਵਹਾਏ, ਗੰਗਾ ਗੋਦਾਵਰੀ ਮੇਟ ਮਿਟੰਤਰਾ । ਸ਼ਬਦ ਘੋੜੇ ਤੰਗ ਕਸਾਏ, ਨੀਲੇ ਵਾਲਾ ਆਪ ਅਖਵੰਤਰਾ । ਸ੍ਰਿਸ਼ਟ ਸਬਾਈ ਜੰਗ ਕਰਾਏ, ਪਾਰ ਕਿਨਾਰਾ ਇਕ ਵਖੰਤਰਾ । ਮੱਕਾ ਮਦੀਨਾ ਪਹਿਲਾਂ ਢਾਹੇ, ਦੇਸ ਦੇਸਾਂ ਆਪ ਫਿਰੰਤਰਾ । ਰੂਸਾ ਚੀਨਾ ਰਿਹਾ ਲਿਖਾਏ, ਹਾੜ ਸਤਾਰਾਂ ਲੇਖ ਲਿਖੰਤਰਾ । ਕਾਲਾ ਸੂਸਾ ਮੁਖ ਛੁਪਾਏ, ਹਰਿ ਆਪਣਾ ਭੇਸ ਵਟੰਤਰਾ । ਮੂਸਾ ਈਸਾ ਰਿਹਾ ਕੁਰਲਾਏ, ਵਿਚ ਉਨੀਸਾ ਕਰੇ ਭਸੰਤਰਾ । ਜਗਤ ਜਗਦੀਸਾ ਜੋਤ ਜਗਾਏ, ਮੇਟ ਮਿਟਾਏ ਵੇਦ ਪੁਰਾਨ ਸ਼ਾਸਤਰਾ । ਇਕ ਹਦੀਸਾ ਮਾਤ ਚਲਾਏ, ਸੋਹੰ ਜੈ ਜੈ ਜੈਕਾਰ ਕਰੰਤਰਾ । ਸਾਚਾ ਸੀਸ ਛਤਰ ਝੁਲਾਏ, ਪੰਚਮ ਮੁਖੀ ਤਾਜ ਬਣੰਤਰਾ । ਸੱਤ ਰੰਗ ਨਿਸ਼ਾਨਾ ਰਿਹਾ ਚੜ੍ਹਾਏ, ਸੱਤਾਂ ਦੀਪਾਂ ਇਕ ਸੰਦੇਸ ਸੁਣੰਤਰਾ । ਸ਼ਬਦ ਸੋਟੀ ਹੱਥ ਉਠਾਏ, ਗੁਰਮੁਖ ਸਾਚੀ ਬਣਤ ਬਣਤਰਾ । ਪੰਚਮ ਮੀਤਾ ਆਪ ਰਘੁਰਾਏ, ਸੀਸ ਦਸਤਾਰ ਰਖੰਤਰਾ । ਸਾਚਾ ਟਿੱਕਾ ਮਸਤਕ ਲਾਏ, ਕੌਸਤਕ ਮਣੀਆਂ ਆਪ ਜਗੰਤੜਾ । ਚਰਨ ਜੋੜਾ ਇਕ ਛੁਹਾਏ, ਪ੍ਰਭ ਆਪਣੀ ਆਪ ਬਣਾਏ ਬਣਤਰਾ । ਚਿੱਟਾ ਘੋੜਾ ਮੋੜ ਲਿਆਏ, ਵਾਲੀ ਹਿੰਦ ਜੁਗੋ ਜੁਗੰਤਰਾ । ਸਤਾਂ ਦੀਪਾਂ ਏਕਾ ਪੌੜਾ ਆਪ


੩੦੧ ੦੬

੩੦੨
੦੬

ਲਗਾਏ, ਨੌ ਖੰਡਾਂ ਵੇਖ ਵਖੰਤਰਾ । ਬ੍ਰਹਮਾ ਸ਼ਿਵ ਦਰਸ ਵਖਾਏ, ਗੁਰਮੁਖ ਸਾਚੇ ਬਣਤ ਬਣੰਤਰਾ । ਸੁਰਪਤ ਰਾਜਾ ਇੰਦ ਚਰਨ ਲਗਾਏ, ਸਿੰਘ ਮਨਜੀਤਾ ਮਾਣ ਦਵੰਤਰਾ । ਸਪਤ ਰਿਖੀ ਪ੍ਰਭ ਮੇਟ ਮਿਟਾਏ, ਗੁਰਮੁਖ ਨਿਵਾਸ ਰਖੰਤਰਾ । ਧਰੂ ਦਰਬਾਨ ਵਕਤ ਚੁਕਾਏ, ਸਿੰਘ ਸਵਰਨ ਥਾਂ ਸਹੰਤਰਾ । ਮਾਤਲੋਕ ਪ੍ਰਭ ਜੋਤ ਜਗਾਏ, ਦਿੱਲੀ ਤਖ਼ਤ ਇਕ ਰਖੰਤਰਾ । ਗੁਰਮੁਖ ਸਾਚੇ ਸੰਤ ਸੁਹੇਲੇ ਸੱਦ ਲਿਆਏ, ਕਾਇਆ ਚੋਲੀ ਇਕ ਰਗੰਤਰਾ । ਧੁਰ ਦੇ ਵਿਛੜੇ ਮੇਲੇ ਆਪ ਮਿਲਾਏ, ਗੋਬਿੰਦ ਤਨ ਪਹਿਨਾਏ ਗਾਤਰਾ । ਗੁਰ ਚੇਲੇ ਏਕਾ ਰੰਗ ਰੰਗਾਏ, ਅੰਤਰਜਾਮੀ ਜਾਣੇ ਅੰਤਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਮੀਤਾ ਆਪ ਹੋ ਜਾਏ । ਪੰਚਮ ਮੀਤਾ ਹਰਿ ਭਗਵਾਨਾ, ਗੋਬਿੰਦ ਰੂਪ ਸਮਾਇਆ । ਸੱਤ ਰੰਗ ਝੁਲਾਏ ਇਕ ਨਿਸ਼ਾਨਾ, ਸੱਤਾਂ ਦੀਪਾਂ ਵੇਖ ਵਖਾਇਆ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਸੋਹੰ ਧਾਗਾ ਨਾਲ ਲਿਆਇਆ । ਨਾਨਕ ਗੋਬਿੰਦ ਗਾਏ ਏਕਾ ਗਾਣਾ, ਮਰਦੰਗਾ ਅੰਗ ਸੰਗ ਨਿਭਾਇਆ । ਜੋਤ ਸਰੂਪੀ ਪਹਿਰਿਆ ਬਾਣਾ, ਤੀਰ ਕਮਾਨ ਕਿਸੇ ਦਿਸ ਨਾ ਆਇਆ । ਰਸਨਾ ਚਿਲ੍ਹਾ ਇਕ ਵਖਾਣਾ, ਨੌ ਖੰਡ ਪ੍ਰਿਥਮੀ ਇਕ ਨਿਸ਼ਾਨ ਬਣਾਇਆ । ਗੁਰਸਿਖ ਅੰਤ ਨਾ ਮਾਤ ਲੜਨਾ, ਗੁਰ ਗੋਬਿੰਦਾ ਪਿਛਲਾ ਲਹਿਣਾ ਝੋਲੀ ਪਾਇਆ । ਗੁਰੂਦਵਾਰਾ ਗੁਰ ਚਰਨ ਕਦੀ ਨਾ ਢਹਿਣਾ ਜਗਤ ਮਕਾਨਾ, ਗੁਰਮੁਖ ਸਾਚੀ ਆਸ ਰਖਾਇਆ । ਮਿੱਟੀ ਗਾਰਾ ਜਗਤ ਦੁਕਾਨਾ, ਗ੍ਰੰਥਾ ਪੰਥਾਂ ਆਪਣਾ ਪੇਟ ਭਰਾਇਆ । ਪਰਗਟ ਹੋਏ ਵਾਲੀ ਦੋ ਜਹਾਨਾਂ, ਰਾਮਦਾਸ ਸਚ ਸਰੋਵਰ ਗੁਰ ਅਰਜਨ ਤੇਰੀ ਸਾਚੀ ਸੇਵ ਕਮਾਇਆ । ਮਾਇਆ ਰਾਣੀ ਜਾਏ ਹਰ, ਜਗਤ ਸਿਆਸਤ ਨਿਕਲੇ ਦਰ, ਗੁਰ ਗੋਬਿੰਦਾ ਏਕਾ ਤੀਰ ਰਿਹਾ ਚਲਾਇਆ । ਮਾਝੇ ਦੇਸ ਮਿਲਿਆ ਵਰ, ਆਪ ਉਜਾੜੇ ਵੇਖੇ ਪਾਰ ਕਿਨਾਰੇ ਆਪੇ ਲਏ ਵਸਾਇਆ । ਕੋਇ ਨਾ ਪੀਏ ਹੁੱਕਾ ਨੜ, ਮਦਿਰਾ ਮਾਸੀ ਲਏ ਫੜ, ਤਖ਼ਤ ਅਕਾਲ ਆਪੇ ਚੜ੍ਹ, ਹਰਿ ਮੰਦਰ ਡੇਰਾ ਲਾਇਆ । ਰਾਗ ਛੱਤੀ ਰਿਹਾ ਪੜ੍ਹ, ਨਾ ਮਰੇ ਨਾ ਜਾਏ ਸੜ, ਨਾ ਕੋਈ ਸੀਸ ਨਾ ਕੋਈ ਧੜ, ਗੁਰ ਗੋਬਿੰਦਾ ਨਾਨਕ ਰੂਪ ਸ਼ਬਦੀ ਸ਼ਬਦ ਸਮਾਇਆ । ਪਰਗਟ ਹੋਏ ਅੰਧ ਕੂਪ, ਚਾਰੋਂ ਕੁੰਟ ਧੁਖਦੇ ਧੂਪ, ਦੇਸ ਪਰਦੇਸ ਕਿਸੇ ਨਜ਼ਰ ਨਾ ਆਇਆ । ਸੰਬਲ ਨਗਰੀ ਕਰਿਆ ਵੇਸ, ਜੋਤ ਸਰੂਪੀ ਕਰ ਪਰਵੇਸ, ਲੋਆਂ ਪੁਰੀਆਂ ਦਏ ਸੰਦੇਸ, ਵਰਭੰਡੀ ਖੇਲ ਰਚਾਇਆ । ਕਿਸੇ ਨਾ ਚਲਣੀ ਕੋਈ ਪੇਸ਼, ਦਾਤਾ ਸੂਰਾ ਨਰ ਨਰੇਸ਼, ਕੇਸਾਧਾਰੀ ਖੇਲ ਅਪਾਰੀ ਸਚ ਸਿੰਘਾਸਣ ਆਸਣ ਲਾਇਆ । ਭਾਗ ਲੱਗਾ ਮਾਝੇ ਦੇਸ, ਅੰਤਮ ਹੱਥ ਉਠਾਉਣੀ ਖੂੰਡੀ ਭੂਰੀ ਖੇਸ, ਨਾਨਕ ਗੁਰ ਆਪੇ ਧਰ ਛੱਡ ਨਨਕਾਣੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਆਪਣੇ ਭਾਣੇ, ਤਖ਼ਤੋਂ ਲਾਹੇ ਰਾਜੇ ਰਾਣੇ, ਗਊ ਗਰੀਬ ਆਪ ਉਠਾਏ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਰੰਗ ਰੰਗਾਇਆ ।

ਗੁਰ ਸੰਗਤ ਧੰਨ ਕਮਾਈਆ । ਹਰਿ ਮੰਗਲ ਗਾਇਆ, ਚਾਰ ਜੁਗ ਰਹੇ ਵਡਿਆਈਆ । ਹਰਿ ਸਾਚੇ ਲੇਖ ਲਿਖਾਇਆ, ਹਰਿ ਸ਼ਬਦ ਹੋਏ ਕੁੜਮਾਈਆ । ਸਾਚੀ ਦਇਆ ਕਮਾਇਆ, ਭਰਮ ਭੁਲੇਖਾ ਰਹੇ ਨਾ ਰਾਈਆ । ਗੀਤ ਸੁਹਾਗੀ ਰਿਹਾ ਸੁਣਾਇਆ, ਦੋ ਜਹਾਨੀ ਏਕਾ ਮਾਹੀਆ । ਆਵੇ ਜਾਵੇ ਫੇਰਾ ਪਾਇਆ । ਫੜ ਫੜ ਤਾਰੇ ਦੋਵੇਂ ਬਾਂਹੀਆ । ਨੇਤਰ ਨੈਣਾਂ ਜਿਸ ਜਨ ਦਰਸ਼ਨ ਪਾਇਆ, ਸਦਾ ਸੁਹੇਲਾ ਦੇਵੇ ਠੰਢੀਆਂ ਛਾਂਈਆ ।

ਇਕ ਇਕੇਲਾ ਰਿਹਾ ਸੇਵ ਕਮਾਇਆ, ਜੋਤੀ ਜੋਤ ਸਰੂਪ ਹਰਿ, ਹਰਿ ਸੰਗਤ ਦੇਵੇ ਨਾਮ ਵਰ, ਆਤਮ ਝੋਲੀ ਰਿਹਾ ਭਰਾਈਆ । ਆਤਮ ਝੋਲੀ ਸਾਚੇ ਘਰ, ਹਰਿ ਸਾਚਾ ਆਪ ਵਖਾਇੰਦਾ । ਨਾਮ ਭੰਡਾਰਾ ਦੇਵੇ ਭਰ, ਗੁਰਮੁਖ ਸਾਚੇ ਅੱਗੇ ਡਾਹਿੰਦਾ । ਮਾਨਸ ਜਨਮ ਨਾ ਜਾਏ ਹਰ, ਲੱਖ ਚੁਰਾਸੀ ਫੰਦ ਕਟਾਇੰਦਾ । ਨਾ ਕੋਈ ਜਾਣੇ ਨਾਰੀ ਨਰ, ਬਿਰਧ ਬਾਲ ਜਵਾਨ ਵੇਖ ਵਖਾਇੰਦਾ । ਊਚਾਂ ਨੀਚਾਂ ਏਕਾ ਦਰ, ਰਾਓ ਰੰਕਾਂ ਭਰਮ ਚੁਕਾਇੰਦਾ । ਸਤਿ ਪੁਰਖ ਨਿਰੰਜਣ ਏਕਾ ਹਰਿ, ਏਕਾ ਗੀਤ ਸੁਣਾਇੰਦਾ । ਵਡ ਦਾਤਾ ਹਰਿ ਤਰਨੀ ਤਰ, ਧਰਤ ਧਵਲ ਆਕਾਸ਼ ਪਰਕਾਸ਼ ਅਬਿਨਾਸ਼ ਆਪਣਾ ਆਪ ਕਰਾਇੰਦਾ । ਅਵਰਨੀ ਵਰਨ ਚਾਰ ਵਰਨਾਂ ਰਿਹਾ ਵਰ, ਨਾ ਕੋਈ ਖਾਏ ਮਦਿਰਾ ਮਾਸ ਸਾਸ ਗਰਾਸ ਲੇਖੇ ਲਾਇੰਦਾ । ਸਾਚੀ ਕਰਨੀ ਰਿਹਾ ਕਰ, ਗੁਰਮੁਖਾਂ ਪੂਰ ਕਰਾਏ ਆਸ, ਦਰ ਘਰ ਆਏ ਦਰਸ ਦਿਖਾਇੰਦਾ । ਲੋਕ ਲੱਜਿਆ ਚੁਕਾਵੇ ਮਾਤ ਡਰ, ਆਪ ਆਪਣਾ ਰੰਗ ਚੜ੍ਹਾਇੰਦਾ । ਹਰਿਜਨ ਸਾਚਾ ਘਾੜਨ ਘੜ, ਜੁਗ ਜੁਗ ਬਣਤ ਬਣਾਇੰਦਾ । ਸਚ ਮਹੱਲੇ ਉਚ ਅਟਾਰੀ ਆਪੇ ਚੜ੍ਹ, ਹਰਿਜਨ ਸੋਇਆ ਆਪ ਜਗਾਇੰਦਾ । ਜੋਤ ਜਗਾਏ ਬਹੱਤਰ ਨੜ, ਇਕ ਆਕਾਰ ਵਖਾਇੰਦਾ । ਗਰੀਬ ਨਿਵਾਜ਼ਾ ਅੱਗੇ ਖੜ੍ਹ, ਸਵੱਛ ਸਰੂਪ ਸ਼ਾਹੋ ਭੂਪ ਸਰੂਪ ਅਨੂਪ ਵਟਾਇੰਦਾ । ਉਨੰਜਾ ਪਵਣ ਕਰੇ ਧੂਪ, ਨਾਮ ਸੁਗੰਧੀ ਏਕਾ ਏਕ ਵਖਾਇੰਦਾ । ਹੋਏ ਸਹਾਈ ਚਾਰੇ ਕੂਟ, ਦਹਿ ਦਿਸ਼ਾ ਪਾਏ ਹਿੱਸਾ ਕਿਸੇ ਨਾ ਦਿਸਾ ਗੁਰ ਸੰਗਤ ਸੇਵ ਕਮਾਇੰਦਾ । ਵੇਲੇ ਅੰਤਮ ਛਤਰ ਝੁਲਾਏ ਸੀਸਾ, ਹਰਿ ਜਗਦੀਸਾ ਬੀਸ ਬੀਸਾ ਵਕਤ ਸੁਹਾਇੰਦਾ । ਰਾਜ ਰਾਜਾਨਾਂ ਖਾਲੀ ਖੀਸਾ, ਹਾਲ ਬੇਹਾਲਾ ਹੋਏ ਉਨੀਸਾ, ਹਰਿ ਸਾਚਾ ਆਪ ਕਰਾਇੰਦਾ । ਵੀਹ ਸਦ ਅਠਾਰਾਂ ਜਲ ਅੰਦਰ ਧਾਰਾ, ਉਚੇ ਟਿੱਲੇ ਆਪ ਰੁੜ੍ਹਾਇੰਦਾ ।
੩੦੩
੦੬
ਸੰਮਤ ਸਤਾਰਾਂ ਕਿਸੇ ਨਾ ਦਿਸੇ ਮੀਤ ਮੁਰਾਰਾ, ਦਰ ਦਰ ਘਰ ਘਰ ਰੰਡੀਆਂ ਰੋਵਣ ਨਾਰਾਂ, ਕੰਤ ਸੁਹਾਗ ਨਾ ਕੋਈ ਹੰਢਾਇੰਦਾ । ਸੰਮਤ ਸੋਲਾਂ ਲਾੜੀ ਮੌਤ ਚੁੱਕੇ ਡੋਲਾ, ਧਰਮ ਰਾਏ ਧਰਤ ਮਾਤ ਵੇਖੇ ਏਕਾ ਹੋਲਾ, ਸਚ ਅਖਾੜਾ ਹਾੜ ਸਤਾਰਾਂ ਪ੍ਰਭ ਏਕਾ ਏਕ ਲਗਾਇੰਦਾ । ਆਪ ਉਠਾਏ ਅਗੰਮੀ ਧਾੜਾ, ਸ਼ਬਦ ਘੋੜੇ ਸਾਚਾ ਲਾੜਾ, ਉਚੇ ਟਿੱਲੇ ਪਰਬਤ ਵੇਖੇ ਵਡ ਪਹਾੜਾਂ, ਜੰਗਲ ਜੂਹਾਂ ਵੇਖ ਵਖਾਇੰਦਾ । ਕਲਜੁਗ ਪਾਪੀ ਕੱਢੇ ਹਾੜਾ, ਅੰਤਮ ਵੇਲੇ ਆਈ ਹਾਰਾ, ਅਗਨੀ ਅੱਗ ਬਹੱਤਰ ਨਾੜਾ, ਅੱਠ ਤਤ ਨਾ ਦੇਵਣ ਮਤ, ਤਤ ਸਤਿ ਨਾ ਕੋਈ ਰਖਾਇੰਦਾ । ਲਹਿਣਾ ਦੇਣਾ ਸੀਆਂ ਸਾਢੇ ਤਿੰਨ ਤਿੰਨ ਹੱਥ ਵੰਡ ਵੰਡਾਈਆ । ਹਰਿ ਸਮਰਥ ਮਹਿੰਮਾ ਜਗਤ ਚਲਾਏ ਅਕੱਥ, ਭੇਵ ਕੋਈ ਨਾ ਪਾਇੰਦਾ । ਸੰਮਤ ਪੰਦਰਾਂ ਗੁਰਦਰ ਮੰਦਰ ਮਾਰੇ ਜੰਦਰਾ, ਆਪੇ ਜਾਣੇ ਅੰਦਰੇ ਅੰਦਰਾ, ਆਪਣਾ ਭੇਵ ਛੁਪਾਇੰਦਾ । ਸੰਮਤ ਚੌਦਾਂ ਚੌਦਾਂ ਲੋਕ, ਪ੍ਰਭ ਇਕ ਸੁਣਾਏ ਸਚ ਸਲੋਕ, ਕੋਇ ਨਾ ਸਕੇ ਮਾਤ ਰੋਕ, ਆਪਣੀ ਬਣਤ ਬਣਾਇੰਦਾ । ਸ੍ਰਿਸ਼ਟ ਸਬਾਈ ਦੇਵੇ ਝੋਕ, ਜਨ ਭਗਤਾਂ ਬਖ਼ਸ਼ੇ ਅੰਤਮ ਮੋਖ, ਜਗਤ ਦਵਾਰਾ ਹਰਿ ਨਿਰੰਕਾਰਾ ਵਿਚ ਸੰਸਾਰਾ ਏਕਾ ਚਰਨ ਛੁਹਾਇੰਦਾ । ਸੰਮਤ ਤੇਰਾਂ ਕਰੇ ਨਿਬੇੜਾ, ਲੱਖ ਚੁਰਾਸੀ ਦੇਵੇ ਗੇੜਾ, ਜਨ ਭਗਤਾਂ ਬੰਨ੍ਹੇ ਮਾਤ ਬੇੜਾ, ਜੋਤ ਨਿਰੰਜਣ ਨੇਤਰ ਪਾਏ ਅੰਜਨ, ਚਰਨ ਧੂੜ ਕਰਾਏ ਸਾਚਾ ਮਜਨ, ਗੋਬਿੰਦ ਦਿਸੇ ਏਕਾ ਸੱਜਣ, ਅੰਤਮ ਆਇਆ ਪੜਦੇ ਕੱਜਣ, ਨਾਮ ਦੁਸ਼ਾਲਾ ਗੁਰ ਗੋਪਾਲਾ ਹੋ ਰਖਵਾਲਾ ਆਪਣਾ ਉਪਰ ਪਾਇੰਦਾ । ਗੁਰ ਸੰਗਤ ਹੋਏ ਹਰਿ ਰਖਵਾਲਾ, ਦੇਵੇ ਨਾਮ ਸੱਚਾ ਧਨ ਮਾਲਾ, ਆਪੇ ਸ਼ਾਹ ਆਪੇ ਕੰਗਾਲਾ, ਨਾਮ ਖਜ਼ੀਨਾ ਹਰਿ ਪਰਬੀਨਾ ਲੋਕ ਤੀਨਾਂ ਆਪ ਵਰਤਾਇੰਦਾ । ਚੜ੍ਹੇ ਸੁਭਾਗੀ ਚੇਤ ਮਹੀਨਾ, ਸ਼ਬਦ ਘੋੜੇ ਪਾਵੇ ਜੀਨਾ, ਮਨਮੁਖਾਂ ਭੰਨੇ ਹੰਕਾਰੀ ਬੀਨਾ,

੩੦੩
੦੬

੩੦੪
੦੬

ਹਰਿ ਸਵਾਂਗੀ ਸਵਾਂਗ ਵਰਤਾਇੰਦਾ । ਗੁਰਸਿਖ ਬਿਲਲਾਏ ਜਿਉਂ ਜਲ ਮੀਨਾ, ਗੁਰ ਪੂਰਾ ਦਰਸ ਦਿਖਾਏ ਦਇਆ ਕਮਾਏ, ਸਾਂਤਕ ਸਤਿ ਕਰਾਏ ਸੀਨਾ, ਆਪਣੀ ਗੋਦ ਉਠਾਏ, ਜੋਧਨ ਜੋਧ ਹਰਿ ਰਘੁਰਾਏ, ਏਕੰਕਾਰਾ ਕਰ ਆਕਾਰ ਏਕਾ ਦਰ ਬਹਾਇੰਦਾ । ਗੁਰ ਸੰਗਤ ਜਾਏ ਬਲ ਬਲਹਾਰ, ਗੁਰ ਪੂਰਾ ਚਾਕਰ ਸੇਵਾਦਾਰ, ਜੁਗ ਜੁਗ ਸੇਵ ਕਮਾਇੰਦਾ । ਚਰਨ ਪ੍ਰੀਤੀ ਮੰਗੇ ਮੰਗ ਭਿਖਾਰ, ਸਾਚੀ ਨੀਤੀ ਵਿਚ ਸੰਸਾਰ, ਪਤਤ ਪੁਨੀਤੀ ਜੋਤ ਨਿਰੰਕਾਰ, ਏਕਾ ਏਕ ਰਖਾਇੰਦਾ । ਸੁਹਾਗੀ ਗੀਤੀ ਹਸਤ ਕੀਟੀ, ਹਰਿ ਸਾਚਾ ਆਪ ਸੁਣਾਇੰਦਾ । ਨਾਮ ਕਟੋਰੀ ਆਤਮ ਮਦਿ ਗੁਰਮੁਖ ਵਿਰਲੇ ਪੀਤੀ, ਦਿਵਸ ਰੈਣ ਖੁਮਾਰ ਰਖਾਇੰਦਾ । ਸਤਿਜੁਗ ਚਲਾਏ ਸਾਚੀ ਰੀਤੀ, ਊਚ ਨੀਚ ਏਕਾ ਧਾਮ ਸੁਹਾਇੰਦਾ । ਕਲਜੁਗ ਤੇਰੀ ਅੰਤਮ ਔਧ ਬੀਤੀ, ਸਤਿਜੁਗ ਸਾਚੇ ਜਨਮ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਏ ਦਇਆ ਕਮਾਏ, ਸਾਜਨ ਸਾਜਨ ਸਾਚਾ ਨੀਤੀ ।

ਸਤਿਗੁਰ ਸਾਚਾ ਸਾਖਿਆਤ, ਸ਼ਬਦੀ ਸ਼ਬਦ ਸਮਾਏ । ਗੁਰਸਿਖ ਸਾਚਾ ਪਾਰਜ਼ਾਤ, ਚਰਨ ਕਵਲ ਲਿਵ ਲਾਏ । ਹਰਿ ਵੇਖ ਵਖਾਏ ਕਾਇਨਾਤ, ਨਿਰਮਲ ਜੋਤ ਜਗਾਏ । ਧੁਰਦਰਗਾਹੀ ਏਕਾ ਦਾਤ, ਸਾਚਾ ਸ਼ਬਦ ਵਰਤਾਏ । ਚਾਰ ਵਰਨ ਮੇਟੇ ਜ਼ਾਤ ਪਾਤ, ਊਚਾਂ ਨੀਚਾਂ ਏਕਾ ਰੰਗ ਰੰਗਾਏ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਏ । ਗਊ ਗਰੀਬ ਨਿਮਾਣਿਆਂ ਆਪੇ ਪੁੱਛੇ ਵਾਤ, ਆਪਣੀ ਦਇਆ ਕਮਾਏ । ਪਰਗਟ ਹੋਇਆ ਕਮਲਾਪਾਤ, ਕਾਇਆ ਕਮਲੀ ਦਏ ਤਜਾਏ । ਦਿਵਸ ਰੈਣ ਏਕਾ ਨਾਤ, ਏਕਾ ਨਤ ਸਮਾਏ । ਲੱਖ ਚੁਰਾਸੀ ਵੇਖੇ ਮਾਰ ਝਾਤ, ਹਰ ਘਟ ਬੈਠਾ ਆਸਣ ਲਾਏ । ਆਦਿ ਜੁਗਾਦੀ ਮਾਈ ਬਾਪ, ਪਾਰਬ੍ਰਹਮ ਆਪ ਅਖਵਾਏ । ਜਨ ਭਗਤਾਂ ਬੰਨ੍ਹੇ ਚਰਨ ਨਾਤ, ਜੁਗ ਜੁਗ ਪੈਜ ਰਖਾਏ । ਲੇਖਾ ਜਾਣੇ ਨਾਤ ਸਾਤ, ਚੌਦਾਂ ਵੇਖ ਵਖਾਏ । ਆਪੇ ਜਾਣੇ ਆਪਣੀ ਗਾਥ, ਗੁਰ ਪੀਰ ਅਵਤਾਰ ਸਾਚੀ ਸੇਵਾ ਲਾਏ । ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਆਪ ਅਖਵਾਏ । ਜਨ ਭਗਤਾਂ ਨਿਭਾਏ ਸਾਚਾ ਸਾਥ, ਸਾਚੇ ਬੇੜੇ ਦਏ ਚੜ੍ਹਾਏ । ਕਲਜੁਗ ਅੰਤਮ ਪਰਗਟ ਹੋ ਤ੍ਰੈਲੋਕੀ ਨਾਥ, ਨਿਹਕਲੰਕਾ ਡੰਕ ਵਜਾਏ । ਗੁਰ ਗੋਬਿੰਦਾ ਆਪੇ ਵੜਿਆ ਸਾਢੇ ਤਿੰਨ ਤਿੰਨ ਹਾਥ, ਸੰਬਲ ਨਗਰੀ ਧਾਮ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਵੇਖੇ ਸਾਚਾ ਘਰ, ਸ਼ਬਦ ਸਿੰਘਾਸਣ ਡੇਰਾ ਲਾਏ । ਸ਼ਬਦ ਸਿੰਘਾਸਣ ਨਰ ਨਿਰੰਕਾਰਾ, ਆਪਣੀ ਜੋਤ ਜਗਾਈਆ । ਸ਼ਬਦ ਖੰਡਾ ਤੇਜ ਕਟਾਰਾ, ਆਪੇ ਰਿਹਾ ਉਠਾਈਆ । ਲੋਆਂ ਪੁਰੀਆਂ ਮਾਰੇ ਮਾਰਾ, ਦੇਵਤ ਸੁਰ ਹਿਲਾਈਆ । ਪਾਰਬ੍ਰਹਮ ਪ੍ਰਭ ਭੇਵ ਨਿਆਰਾ, ਅਗੰਮ ਅਗੰਮੜਾ ਦਿਸ ਕਿਸੇ ਨਾ ਆਈਆ । ਸਾਧ ਸੰਤ ਜੀਵ ਜੰਤ ਭਰਮੇ ਭੁੱਲਾ, ਭਰਮ ਗੜ੍ਹ ਨਾ ਕੋਈ ਤੁੜਾਈਆ । ਖਾਣੀ ਬਾਣੀ ਹੋ ਹੈਰਾਨ, ਅੰਜ਼ੀਲ ਕੁਰਾਨਾਂ ਵੇਦ ਪੁਰਾਨਾ ਰਹੇ ਗਾਈਆ । ਪੁਰਖ ਅਬਿਨਾਸ਼ੀ ਇਕ ਨਿਸ਼ਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਪ ਰਿਹਾ ਬਿਤਾਈਆ । ਨਾਨਕ ਸੇਵਕ ਸੇਵਾਦਾਰ, ਸਾਚੀ ਸੇਵ ਕਮਾਇੰਦਾ । ਕਲਜੁਗ ਕਾਇਆ ਕਰੇ ਖ਼ਬਰਦਾਰ, ਸ਼ਬਦ ਜਣਾਈ ਆਪ ਸੁਣਾਇੰਦਾ । ਗੁਰ ਗੋਬਿੰਦ ਮੀਤ ਮੁਰਾਰ, ਪੀਰਨ ਪੀਰ ਆਪ ਅਖਵਾਇੰਦਾ । ਪਰਗਟ ਹੋਏ ਵਿਚ ਸੰਸਾਰ, ਅੰਤ ਅਖ਼ੀਰ ਕਰਾਇੰਦਾ ।

ਕਲਜੁਗ ਮੇਟੇ ਕਾਲੀ ਧਾਰ, ਸੰਗ ਮੁਹੰਮਦ ਨੀਰ ਵਹਾਇੰਦਾ । ਚਾਰ ਯਾਰਾਂ ਮਾਰੇ ਮਾਰ, ਈਸਾ ਮੂਸਾ ਮੁਖ ਭਵਾਇੰਦਾ । ਚੌਦਾਂ ਤਬਕਾਂ ਆਈ ਹਾਰ, ਵੇਲੇ ਅੰਤ ਨਾ ਕੋਈ ਛੁਡਾਇੰਦਾ । ਅੰਜ਼ੀਲ ਕੁਰਾਨਾਂ ਨਾ ਦੇਵੇ ਕੋਈ ਸਹਾਰ, ਨਾ ਕੋਈ ਧੀਰ ਧਰਾਇੰਦਾ । ਪਰਗਟ ਹੋਏ ਹਰਿ ਨਿਰੰਕਾਰ, ਜਨ ਭਗਤਾਂ ਲਾਹੇ ਆਤਮ ਸ਼ੰਕਾ, ਜੋਤੀ ਨੂਰ ਉਪਾਇੰਦਾ । ਲੱਖ ਚੁਰਾਸੀ ਕੱਢੇ ਸ਼ੰਕਾ, ਆਪ ਆਪਣਾ ਰੂਪ ਵਟਾਇੰਦਾ । ਸੋਹੰ ਉਠਾਇਆ ਏਕਾ ਤੀਰ ਸੱਚਾ ਧਨੁੱਖਾ, ਰਸਨਾ ਚਿੱਲੇ ਚੜ੍ਹਾਇੰਦਾ । ਗੁਰਸਿਖਾਂ ਸੁਹਾਏ ਦਵਾਰ ਬੰਕਾ, ਗੁਰ ਚੇਲਾ ਆਪ ਅਖਵਾਇੰਦਾ । ਆਪੇ ਫੇਰਨਹਾਰਾ ਮਨ ਕਾ ਮਣਕਾ, ਸੁਰਤੀ ਸੁਰਤ ਭਵਾਇੰਦਾ । ਲੇਖਾ ਚੁੱਕੇ ਸੀਸ ਧੜ ਤਨ ਤਨਕਾ, ਆਪ ਆਪਣਾ ਖੇਲ ਵਰਤਾਇੰਦਾ । ਧਰਮ ਰਾਏ ਤੇਰਾ ਵੱਜੇ ਡੰਕਾ, ਲਾੜੀ ਮੌਤ ਨਾਲ ਰਲਾਇੰਦਾ । ਗੁਰਸਿਖ ਆਪ ਤਰਾਏ ਜੋਤ ਜਗਾਏ ਜੁਗ ਜੁਗ ਬਾਰ ਅਨਕਾ, ਭੇਵ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਆਪਣਾ ਆਸਣ ਲਾਇੰਦਾ । ਗੋਬਿੰਦ ਕਾਇਆ ਸਾਚਾ ਗੜ੍ਹ, ਹਰਿ ਸਾਚਾ ਆਪ ਸੁਹਾਇੰਦਾ । ਸ਼ਬਦ ਸਰੂਪੀ ਉਪਰ ਚੜ੍ਹ, ਕੀਰਤਨ ਕੀਰਤ ਕਰਾਇੰਦਾ । ਪੰਚਮ ਬੈਠਾ ਰਿਹਾ ਲੜ, ਪੰਚਮ ਸੰਗ ਨਿਭਾਇੰਦਾ । ਆਪ ਉਖੇੜੇ ਸਭ ਦੀ ਜੜ੍ਹ, ਵਹਿੰਦੇ ਵਹਿਣ ਰੁੜ੍ਹਾਇੰਦਾ । ਸਰਸਾ ਲੱਗੀ ਸਾਚੇ ਲੜ, ਲਹਿਣਾ ਦੇਣਾ ਮੂਲ ਚੁਕਾਇੰਦਾ । ਮਨਮੁਖ ਮਨ ਮਤੀ ਜੀਵ ਲੈਣੇ ਫੜ, ਗੁਰ ਖੰਡੇ ਭੇਟ ਚੜ੍ਹਾਇੰਦਾ । ਭੇਖ ਪਖੰਡਾ ਜਾਏ ਸੜ, ਇਕ ਇਕੱਲਾ ਜੋਤ ਜਗਾਇੰਦਾ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ ਮਾਸੀ ਮੇਟ ਮਿਟਾਇੰਦਾ । ਏਕਾ ਅੱਖਰ ਜਾਣਾ ਪੜ੍ਹ, ਚਾਰ ਵਰਨਾਂ ਏਕਾ ਗਿਆਨ ਦਵਾਇੰਦਾ । ਕੋਈ ਨਾ ਸਕੇ ਅੜ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਉਪਾਏ ਆਪੇ ਮੇਟ ਮਿਟਾਇੰਦਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਇਕ ਸੁਣਾਏ ਧੁਰ ਫ਼ਰਮਾਣਾ, ਮੇਲ ਮਿਲਾਏ ਵਾਲੀ ਦੋ ਜਹਾਨਾਂ, ਗੁਰ ਗੋਬਿੰਦਾ ਜੋਬਨਵੰਤਾ ਸਾਚਾ ਕੰਤਾ ਸਾਚਾ ਭੇਖ ਵਟਾਇੰਦਾ । ਆਪ ਉਠਾਏ ਹਰਿਜਨ ਸੰਤਾ, ਲੋਕਮਾਤ ਬਣਾਏ ਸਾਚੀ ਬਣਤਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਸਰ, ਸਰ ਸਰੋਵਰ ਇਕ ਵਖਾਇੰਦਾ । ਗੋਬਿੰਦ ਕਾਇਆ ਸਾਚਾ ਧਾਮ, ਸੰਬਲ ਨਗਰ ਸੁਹਾਇੰਦਾ । ਰਾਮ ਰਮਈਆ ਸਾਚਾ ਰਾਮ, ਆਪਣਾ ਰੂਪ ਵਟਾਇੰਦਾ । ਏਕਾ ਪੱਲੇ ਰੱਖੇ ਦਾਮ, ਸਾਚਾ ਨਾਮ ਲਿਆਇੰਦਾ । ਕਿਸੇ ਹੱਥ ਨਾ ਆਉਣਾ ਪੰਜ ਤਤ ਮਿੱਟੀ ਚਾਮ, ਵੇਲਾ ਅੰਤ ਆਪ ਜਣਾਇੰਦਾ । ਕਲਜੁਗ ਹੋਏ ਅੰਧੇਰੀ ਸ਼ਾਮ, ਗੁਰ ਪੀਰ ਨਾ ਕੋਇ ਬਚਾਇੰਦਾ । ਚਾਰੋਂ ਕੁੰਟ ਆਈ ਹਾਣ, ਪਵਣ ਮਸਾਣ ਭੇਵ ਵਟਾਇੰਦਾ । ਧੁਰ ਦਰਗਾਹੀ ਇਕ ਨਿਸ਼ਾਨ, ਆਪਣੇ ਹੱਥ ਉਠਾਇੰਦਾ । ਗੁਰ ਗੋਬਿੰਦਾ ਪਹਿਲਵਾਨ, ਨੀਲੇ ਘੋੜੇ ਤੰਗ ਕਸਾਇੰਦਾ । ਸੋਲਾਂ ਕਲੀਆਂ ਕਰ ਪਛਾਣ, ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਮਾ ਸ਼ਿਵ ਕੁਰਲਾਇੰਦਾ । ਸੁਰਪਤ ਰਾਜਾ ਇੰਦ ਹੋਏ ਹੈਰਾਨ, ਗੁਰਮੁਖ ਸਾਚੇ ਚਤੁਰ ਸੁਜਾਨ, ਪ੍ਰਭ ਆਪਣੀ ਗੋਦ ਉਠਾਇੰਦਾ । ਨੌਂ ਖੰਡ ਪ੍ਰਿਥਮੀ ਬੀਆਬਾਨ, ਸੰਮਤ ਉਨੀਂ ਆਪ ਜਣਾਇੰਦਾ । ਹਰਿਜਨ ਸਾਚੇ ਮੇਲ ਮਿਲਾਨ, ਏਕਾ ਰਾਹ ਤਕਾਇੰਦਾ । ਜਮਨ ਕਿਨਾਰਾ ਵੇਖਣਹਾਰਾ, ਪ੍ਰਭ ਆਪਣੀ ਜੋਤ ਜਗਾਇੰਦਾ । ਗੁਰ ਤੇਗ ਬਹਾਦਰ ਤੇਰਾ ਦਵਾਰਾ, ਸ਼ਹੀਦ ਗੰਜ ਚਰਨ ਛੁਹਾਇੰਦਾ । ਵਾਲੀ ਹਿੰਦ ਤੇਰਾ ਤੋੜੇ ਮਾਣਾ, ਆਪ ਆਪਣਾ ਤੇਜ ਵਧਾਇੰਦਾ । ਪੰਚਮ ਕਰੇ ਪੰਚ ਹਦੀਸਾ, ਆਪਣਾ ਆਪ ਉਪਾਇੰਦਾ । ਬੀਸ ਬੀਸਾ ਸ੍ਰਿਸ਼ਟ ਸਬਾਈ ਜਾਏ ਪੀਸ, ਨਾ ਕੋਈ ਕਿਸੇ ਛੁਡਾਇੰਦਾ । ਨਾ ਕੋਈ ਗ੍ਰੰਥੀ ਪੰਥੀ ਮੁੱਲਾ ਮਸੀਤ, ਪੰਡਤ

੩੦੫
੦੬

ਪਾਂਧਾ ਨਾ ਕੋਈ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਪਹਿਲੀ ਚੇਤਰ ਦੇਸ਼ ਪਰਦੇਸ਼ਾ ਸਾਚਾ ਲੇਖ ਲਿਖਾਇੰਦਾ । ਲੇਖ ਲਿਖਾਵਣਹਾਰਾ, ਸਤਿ ਪੁਰਖ ਨਿਰੰਜਣ ਦਾਤਾ । ਆਦਿ ਅੰਤ ਹਰਿ ਪੇਖਣਹਾਰਾ, ਜੁਗਾ ਜੁਗੰਤ ਗਿਆਤਾ । ਰੈਣ ਅੰਧੇਰੀ ਮੇਟਣਹਾਰਾ, ਮੇਟ ਮਿਟਾਏ ਜ਼ਾਤ ਪਾਤਾ । ਸਤਿਜੁਗ ਸਾਚਾ ਆਪ ਚੜ੍ਹਾਇੰਦਾ । ਮੇਟਣਹਾਰਾ ਅੰਧੇਰੀ ਰਾਤਾ, ਦੋ ਜਹਾਨੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਖੇਲ ਖਿਲਾਇੰਦਾ । ਕੋਈ ਨਾ ਪਾਵੇ ਕਿਸੇ ਸਾਰਾ, ਭੇਵ ਅਭੇਦਾ ਭੇਵ ਛੁਪਾਇੰਦਾ । ਪਹਿਲੀ ਚੇਤਰ ਪੰਚਮ ਜੇਠ ਕਰ ਅਕਾਰਾ, ਸ੍ਰਿਸ਼ਟ ਸਬਾਈ ਆਪ ਮਿਲਾਇੰਦਾ । ਖੇਲੇ ਖੇਲ ਅਪਰ ਅਪਾਰਾ, ਜੋਧਾ ਸੂਰ ਬਲੀ ਬਲਕਾਰਾ, ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅਨਹਦ ਨਾਦ ਏਕ ਵਜਾਇੰਦਾ । ਹਰਿ ਮੰਦਰ ਅੰਦਰ ਪਾਵੇ ਸਾਰੇ, ਆਪੇ ਵੇਖੇ ਚਾਰ ਦਵਾਰੇ, ਗੁਰੂ ਗ੍ਰੰਥ ਤੇਰਾ ਸਾਚਾ ਪੰਥ, ਕਵਣ ਕੂਟੇ ਵੇਖੇ ਜੂਠੇ ਝੂਠੇ ਫਿਰਨ ਖਾਲੀ ਹੱਥ, ਆਪੇ ਵੇਖੇ ਖੇਲ ਸਮਰਥ, ਭੇਵ ਅਭੇਦਾ ਹਰਿ ਭਗਵੰਤਾ ਭਗਤਨ ਰੂਪ ਸਮਾਇਆ । ਲਿਖ ਲਿਖ ਥੱਕੇ ਚਾਰੇ ਵੇਦਾ, ਅੰਤਮ ਵੇਲਾ ਆਇਆ । ਪੁਰਾਨ ਕੁਰਾਨ ਮਿਟੇ ਕਿਤੇਬਾਂ, ਵੇਦ ਸ਼ਾਸਤਰ ਰਹਿਣ ਨਾ ਪਾਇਆ । ਰਸਨਾ ਕੋਈ ਨਾ ਗਾਵੇ ਜਿਹਵਾ, ਅੱਲਾ ਹੂ ਹੂ ਮੇਟ ਮਿਟਾਇਆ । ਕੌਸਤਕ ਮਣੀਆਂ ਲਾਵੇ ਥੇਵਾ, ਗੁਰਮੁਖਾਂ ਰਿਹਾ ਜਣਾਇਆ । ਅੰਮ੍ਰਿਤ ਆਤਮ ਸਾਚਾ ਮੇਵਾ, ਸੋ ਪੁਰਖ ਨਿਰੰਜਣ ਆਇਆ । ਜੋ ਜਨ ਕਰੇ ਸਾਚੀ ਸੇਵਾ, ਹੰ ਹੰਗਤਾ ਦਏ ਮਿਟਾਇਆ । ਆਪੇ ਹੋਏ ਵਡ ਦੇਵੀ ਦੇਵਾ, ਦੇਵਤ ਸੁਰ ਰਿਹਾ ਧਿਆਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਬ੍ਰਹਿਮੰਡ ਰਿਹਾ ਉਲਟਾਇਆ । ਬ੍ਰਹਿਮੰਡਾਂ ਹਰਿ ਖੋਜ ਖੁਜੰਤਾ, ਖੋਜਣਹਾਰ ਨਿਰੰਜਣਾ । ਬ੍ਰਹਮਾ ਸ਼ਿਵ ਮੇਟ ਮਿਟੰਤਾ, ਗੁਰਮੁਖ ਸਾਚੇ ਪਾਏ ਨੇਤਰ ਅੰਜਨਾ । ਕਰੇ ਖੇਲ ਹਰਿ ਜੁਗਾ ਜੁਗੰਤਾ, ਆਪੇ ਘੜਿਆ ਆਪੇ ਭੰਨਣਾ । ਆਪ ਬਣਾਏ ਆਪਣੀ ਬਣਤਾ, ਆਪਣਾ ਆਪ ਆਪੇ ਮੰਨਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਚਾਰ ਕੁੰਟ ਦਹਿ ਦਿਸ਼ਾ ਸ਼ਬਦ ਸਰੂਪੀ ਏਕਾ ਲੱਗਣਾ । ਸ਼ਬਦ ਸਰੂਪੀ ਜਗਤ ਸੰਦੇਸ਼, ਪ੍ਰਭ ਸਾਚਾ ਰਿਹਾ ਸੁਣਾਈਆ । ਅੰਤਮ ਮਿਟੇ ਸ਼ਿਵ ਸ਼ੰਕਰ ਗਣੇਸ਼, ਗਣਪਤ ਪੂਜਾ ਰਹਿਣ ਨਾ ਪਾਈਆ । ਪਰਗਟ ਹੋਏ ਦਸ ਦਸਮੇਸ਼, ਅਕਾਲ ਅਕਾਲਾ ਰਿਹਾ ਜਗਾਈਆ । ਆਪੇ ਜਾਣੇ ਆਪਣਾ ਵੇਸ, ਨਰ ਨਰੇਸ਼ ਆਪ ਅਖਵਾਈਆ । ਆਪੇ ਹੋਏ ਧਾਰੀ ਕੇਸ, ਆਪੇ ਮੂੰਡ ਮੁੰਡਾਈਆ । ਲੱਖ ਚੁਰਾਸੀ ਰਿਹਾ ਵੇਖ, ਆਪਣਾ ਬੈਠਾ ਮੁਖ ਛੁਪਾਈਆ । ਰਾਜ ਰਾਜਾਨਾਂ ਦਰ ਦਰਬਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਚਲੇ ਪੇਸ਼, ਪ੍ਰਭ ਸਾਚੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਲ ਵਰਤਾਈਆ । ਆਪਣੀ ਕਲ ਆਪ ਵਰਤਾਏ, ਕਲਜੁਗ ਅੰਤਮ ਵਾਰਿਆ । ਵਲ ਛਲ ਕਰ ਸ੍ਰਿਸ਼ਟ ਭੁਲਾਏ, ਹਰਿ ਦਾਤਾ ਵਡ ਸੰਸਾਰਿਆ । ਨਿਹਚਲ ਧਾਮ ਅਟੱਲ ਇਕ ਸੁਹਾਏ, ਗੁਰ ਗੋਬਿੰਦਾ ਲਏ ਅਵਤਾਰਿਆ । ਸੰਬਲ ਨਗਰੀ ਨਾਉਂ ਰਖਾਏ, ਸਾਢੇ ਤਿੰਨ ਹੱਥ ਚਾਰ ਦਵਾਰਿਆ । ਸ਼ਬਦ ਸਿੰਘਾਸਣ ਏਕਾ ਡਾਹੇ, ਨਿਰਮਲ ਜੋਤ ਕਰੇ ਉਜਿਆਰਿਆ । ਨੌਂ ਦਵਾਰੇ ਜਗਤ ਵਖਾਏ, ਦਸਵੇਂ ਆਪ ਉਪਾ ਰਿਹਾ । ਭੇਵ ਅਭੇਦਾ ਭੇਵ ਛੁਪਾਏ, ਜੋਧਾ ਸੂਰ ਬਲੀ ਬਲਕਾਰਿਆ । ਸਾਚੇ ਘੋੜੇ ਤੰਗ ਕਸਾਏ, ਹਰਿ ਨੀਲਾ ਨਾਉਂ ਅਪਾਰਿਆ । ਸ਼ਬਦ ਖੰਡਾ ਹੱਥ ਉਠਾਏ, ਤਿੱਖੀ ਰੱਖੇ ਧਾਰਿਆ । ਧਾਰ

੩੦੬
੦੬

ਬਾਰ ਅਨਡਿਠਾ ਸ਼ਬਦ ਰਿਹਾ ਅਲਾਏ, ਲੱਖ ਚੁਰਾਸੀ ਕਰੇ ਖ਼ਬਰਦਾਰਿਆ । ਮਿੱਠਾ ਅੰਮ੍ਰਿਤ ਇਕ ਰਿਹਾ ਪਿਆਏ, ਰਸਨਾ ਨਾਉਂ ਨਿਰੰਕਾਰਿਆ । ਲੱਖ ਚੁਰਾਸੀ ਧਾਮ ਬਣਾਏ, ਸੋਹੰ ਬਾਜ਼ ਮਾਰੇ ਉਡਾਰਿਆ । ਨੀਲੀ ਛੱਤੋਂ ਬਾਹਰ ਆਏ, ਨੀਲੇ ਬਸਤਰ ਪਹਿਨ ਵੇਸ ਅਪਾਰਿਆ । ਰਸਨਾ ਕਿਸੇ ਨਾ ਸਕੇ ਕਹਿਣ, ਘਰ ਘਰ ਬੈਠੇ ਕਰਨ ਵਿਚਾਰਿਆ । ਆਪ ਵਹਾਏ ਵਹਿੰਦੇ ਵਹਿਣ, ਜੁਗ ਜੁਗ ਖੇਲ ਨਿਆਰਿਆ । ਗੁਰਮੁਖ ਭਾਣਾ ਸਿਰ ਤੇ ਸਹਿਣ, ਏਕਾ ਚਰਨ ਓਟ ਰਖਾ ਲਿਆ । ਕਲਜੁਗ ਮਾਇਆ ਮਮਤਾ ਵਹਿਣ, ਉਚੇ ਮੰਦਰ ਹੋਣ ਢੇਰਿਆ । ਚਾਰ ਵਰਨਾਂ ਲਾੜੀ ਮੌਤ ਖਾਏ ਡੈਣ, ਨਾਤਾ ਤੁੱਟੇ ਸਾਕ ਸੱਜਣ ਸੈਣ, ਮਾਤ ਪਿਤ ਨਾ ਕੋਇ ਸਹਾਰਿਆ । ਨੇਤਰ ਰੋ ਰੋ ਪਾਇਣ ਵੈਣ, ਕਲਜੁਗ ਮਾਇਆ ਤਨ ਝੂਠਾ ਗਹਿਣ, ਅੰਤਮ ਵੇਲੇ ਹੋਏ ਖੁਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਵਡ ਸੰਸਾਰਿਆ । ਸਾਢੇ ਤਿੰਨ ਹੱਥ ਗੋਬਿੰਦ ਕਾਇਆ ਸਚ ਗਰਾਂ, ਹਰਿ ਸਾਚਾ ਆਪ ਵਸਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਰਾ ਨਾ ਕੋਇ ਦਿਸਾਇੰਦਾ । ਪੂਤ ਸਪੂਤਾ ਆਪੇ ਜਾਣੇ ਆਪਣਾ ਨਾਂ, ਆਪ ਆਪਣੀ ਬਣਤ ਬਣਾਇੰਦਾ । ਕਿਸੇ ਨਾ ਮਾਣੇ ਠੰਢੀ ਛਾਂ, ਸਿਰ ਆਪਣੇ ਆਪਣਾ ਹੱਥ ਟਿਕਾਇੰਦਾ । ਪਾਰਬ੍ਰਹਮ ਗੁਰ ਏਕਾ ਥਾਂ, ਏਕਾ ਧਾਮ ਸੁਹਾਇੰਦਾ । ਗੁਰਮੁਖ ਜਾਨਣ ਗੋਬਿੰਦ ਨਾਂ, ਗੋਬਿੰਦ ਰੂਪ ਸ਼ਾਹੋ ਭੂਪ ਅੰਧ ਕੂਪ ਆਪਣਾ ਆਸਣ ਇਕ ਵਿਛਾਇੰਦਾ । ਵੇਖ ਵਖਾਣੇ ਚਾਰੇ ਕੂਟ, ਉਚੇ ਟਿੱਲੇ ਸ਼ਬਦ ਮਹੱਲੇ ਆਪੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਸਾਏ ਸਾਚਾ ਘਰ, ਸਾਚਾ ਧਾਮ ਸੁਹਾਇੰਦਾ । ਗੁਰ ਗੋਬਿੰਦੇ ਮੰਗੀ ਮੰਗ, ਵੇਖੇ ਵਿਚ ਨੰਦੇੜਿਆ । ਸ਼ਬਦ ਸਰੂਪੀ ਚਾੜ੍ਹੇ ਰੰਗ, ਕਰੇ ਹੱਕ ਨਿਬੇੜਿਆ । ਆਪ ਆਪਣੀ ਗੋਦ ਬਿਠਾਏ ਸ਼ਬਦ ਰੰਗੀਲੇ ਸਚ ਪਲੰਘ, ਇਕ ਵਸਾਇਆ ਸਾਚਾ ਖੇੜਿਆ । ਗੋਦਾਵਰੀ ਧਾਰਾ ਚਰਨ ਧੂੜ ਮੰਗੇ ਗੰਗ, ਜਨ ਭਗਤਾਂ ਬੰਨ੍ਹੇ ਬੇੜਿਆ । ਪ੍ਰਭ ਹੋਏ ਸਹਾਈ ਅੰਗ ਸੰਗ, ਅੰਤਮ ਮੇਟੇ ਕਲਜੁਗ ਝੇੜਿਆ । ਇਕ ਵਜਾਏ ਸਾਚਾ ਮਰਦੰਗ, ਆਪਣਾ ਗੇੜ ਆਪੇ ਗੇੜਿਆ । ਚਰਨ ਲਗਾਏ ਰਾਓ ਰੰਕ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਜਗਾਏ ਆਪਣੇ ਵਿਹੜਿਆ । ਸ਼ਾਹ ਬਹਾਦਰ ਮੇਲ ਮਿਲਾਨਾ, ਕਿਲ੍ਹਾ ਲਾਲ ਹਰਿ ਆਪ ਸੁਹਾਨਾ, ਆਪੇ ਬੰਨੇ ਬੇੜਿਆ । ਪੰਚਮ ਮੁਖੀ ਸਿਰ ਤਾਜ ਸੁਹਾਨਾ । ਪੰਚਾਂ ਪਿਆਰਿਆ ਮਾਣ ਦਵਾਣਾ । ਨੌਂ ਖੰਡ ਪ੍ਰਿਥਮੀ ਇਕ ਗਿਆਨਾ । ਸੱਤਾਂ ਦੀਪਾਂ ਚਰਨ ਧਿਆਨਾ । ਏਕਾ ਰਾਜ ਏਕਾ ਬਾਜ ਏਕਾ ਸਾਜ ਪਰਗਟ ਜੋਤ ਦੇਸ ਮਾਝ, ਸਾਚਾ ਲੇਖ ਲਿਖਾਨਾ । ਸੰਬਲ ਨਗਰ ਸਤਿ ਸਤਿਵਾਦ, ਗੁਰ ਗੋਬਿੰਦੇ ਡੇਰਾ ਲਾਇਆ । ਮਿਟ ਨਾ ਜਾਏ ਆਦਿ ਜੁਗਾਦਿ, ਹਰਿ ਸਾਚੇ ਆਪ ਬਣਾਇਆ । ਸਾਚਾ ਮੇਲਾ ਮਾਧਵ ਮਾਧ, ਵਿਛੜ ਕਦੇ ਨਾ ਜਾਇਆ । ਭੇਵ ਨਾ ਜਾਣੇ ਸੰਤ ਸਾਧ, ਕਲਜੁਗ ਕਾਇਆ ਕਾਗ ਰਹੀ ਕੁਰਲਾਇਆ । ਗੁਰਮੁਖ ਵਿਰਲਾ ਰਸਨਾ ਰਿਹਾ ਅਰਾਧ, ਮਾਇਆ ਮਮਤਾ ਤ੍ਰਿਸ਼ਨਾ ਮੋਹ ਜਗਤ ਵਿਕਾਰਾ ਮਨੋ ਤਜਾਇਆ । ਧੁਰਦਰਗਾਹੀ ਏਕਾ ਦੇਵੇ ਸਾਚੀ ਦਾਦ, ਕਲਜੁਗ ਅੰਤਮ ਆਪ ਲਿਆਇਆ । ਆਪ ਵਰਤਾਏ ਵਿਚ ਬ੍ਰਿਹਿਮਾਦ, ਸਤਿਜੁਗ ਸਾਚੀ ਵੰਡ ਵੰਡਾਇਆ । ਸਤਿਜੁਗ ਸਾਚਾ ਗਿਆ ਜਾਗ, ਪ੍ਰਭ ਸਾਚੇ ਆਪ ਜਗਾਇਆ । ਚਰਨ ਕਵਲ ਪ੍ਰਭ ਜਾਏ ਲਾਗ, ਦੁਰਮਤ ਮੈਲ ਆਪ ਧਵਾਇਆ । ਆਪੇ ਮੇਟੇ ਤ੍ਰਿਸ਼ਨਾ ਆਗ, ਸਤਿ ਸੰਤੋਖ ਵਸਾਇਆ । ਨਿਰਮਲ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇਆ । ਨੇੜ ਨਾ ਆਏ ਵਾਦ ਵਿਵਾਦ, ਪ੍ਰਭ ਆਪਣੀ ਦਇਆ ਕਮਾਇਆ । ਦਸਮ ਦਵਾਰੀ

ਏਕਾ ਮਾਰ ਆਵਾਜ਼, ਬਜਰ ਕਪਾਟੀ ਕੁੰਡਾ ਲਾਹਿਆ । ਸ਼ਬਦ ਸੁਣਾਏ, ਅਨਹਦ ਰਾਗ ਇਕ ਵਜਾਏ, ਦਿਸ ਕਿਸੇ ਨਾ ਆਇਆ । ਸ਼ਬਦ ਸਿੰਘਾਸਣ ਇਕ ਵਿਛਾਏ, ਜੋਤੀ ਆਸਣ ਲਾਇਆ । ਸੁਰਤੀ ਸੁਰਤ ਮੇਲ ਮਿਲਾਏ, ਮੇਲਣਹਾਰ ਆਪ ਰਘੁਰਾਇਆ । ਗੁਰ ਗੋਬਿੰਦੇ ਦਇਆ ਕਮਾਏ, ਗੋਬਿੰਦ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਧਾਮ ਸੰਬਲ ਨਗਰ ਇਕ ਸੁਹਾਇਆ । ਨਾਮ ਸਿੰਘਾਸਣ ਸਚ ਮਹੱਲਾ, ਗੋਬਿੰਦ ਡੇਰਾ ਲਾਇਆ । ਹੋਏ ਸਹਾਈ ਸਭਨੀ ਥਾਂ, ਜੋਤੀ ਜੋੜੇ ਮੇਲ ਮਿਲਾਇਆ । ਗੋਬਿੰਦ ਡੱਲਾ ਮੇਲ ਮਿਲਾ, ਇੱਕੀ ਜੇਠ ਦਏ ਰੁੱਤ ਸੁਹਾਇਆ । ਮਨਮੁਖ ਜੀਵਾਂ ਦਰ ਦੁਰਕਾ, ਦਰਗਾਹ ਦਏ ਸਜ਼ਾਇਆ । ਗੁਰਮੁਖ ਸਾਚੇ ਲਏ ਜਗਾ, ਆਪਣੀ ਦਇਆ ਕਮਾਇਆ । ਜੋਤ ਨਿਰੰਜਣ ਤੇਲ ਚੜ੍ਹਾ, ਸਾਚਾ ਸਗਨ ਮਨਾਇਆ । ਅਨਹਦ ਤਾਲ ਦਏ ਵਜਾ, ਵਾਜਾ ਪਵਣ ਵਜਾਇਆ । ਦਸਮ ਦਵਾਰੀ ਦਰਸ ਦਿਖਾ, ਏਕਾ ਦੂਜਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਡੇਰਾ ਲਾਇਆ । ਗੋਬਿੰਦ ਤੇਰਾ ਸਾਚਾ ਰਾਹ, ਪ੍ਰਭ ਆਪੇ ਆਪ ਚਲਾਇੰਦਾ । ਧਰਮ ਰਾਏ ਉਠਾਏ ਫੜ ਬਾਂਹ, ਸਾਚੀ ਸੇਵਾ ਲਾਇੰਦਾ । ਕਿਸੇ ਨਾ ਦਿਸੇ ਪਿਤਾ ਮਾਂ, ਵੇਲੇ ਅੰਤ ਅੰਤਮ ਘਰ ਘਰ ਉਡਣੇ ਕਾਂ, ਹਰਿ ਕਾਗੀ ਕਾਗ ਉਡਾਇੰਦਾ । ਗੁਰਮੁਖ ਵਿਰਲਾ ਮਾਣੇ ਠੰਢੀ ਛਾਂ, ਪ੍ਰਭ ਚਰਨ ਓਟ ਰਖਾਇੰਦਾ । ਆਪੇ ਪਕੜਨਹਾਰਾ ਬਾਂਹ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖੇ ਘਰ, ਕਵਣ ਦਵਾਰਾ ਬੰਕ ਸੁਹਾਇੰਦਾ । ਗੋਬਿੰਦ ਕਾਇਆ ਸਚ ਮਹੱਲ ਹੈ, ਸਚ ਸੁੱਚ ਸਮਾਏ । ਊਚੋ ਊਚ ਪਰਬਲ ਹੈ, ਨੀਚੋ ਨੀਚ ਸਮਾਏ । ਏਕਾ ਵੇਖੇ ਆਪ ਅਖੱਲ ਹੈ, ਦਿਸ ਕਿਸੇ ਨਾ ਆਏ । ਆਪੇ ਡੂੰਘੀ ਡੱਲ ਹੈ, ਜੋਤ ਪਰਕਾਸ਼ ਅਬਿਨਾਸ਼ ਆਪ ਕਰਾਏ । ਆਪ ਰੱਖਣਹਾਰਾ ਵਾਸ ਹੈ, ਵਾਸ ਨਿਵਾਸਾ ਆਪ ਹੋ ਜਾਏ । ਆਪੇ ਭਗਤਾਂ ਦਾਸੀ ਦਾਸ ਹੈ, ਗੋਬਿੰਦ ਸੇਵਾ ਰਿਹਾ ਕਮਾਏ । ਆਪੇ ਕਰੇ ਘਨਕਪੁਰ ਵਾਸ ਹੈ, ਸੰਬਲ ਨਗਰੀ ਧਾਮ ਸੁਹਾਏ । ਨੀਲੇ ਘੋੜੇ ਫੜੇ ਰਾਸ ਹੈ, ਸ਼ਬਦ ਬਾਜ ਹੱਥ ਟਿਕਾਏ । ਗੁਰਮੁਖਾਂ ਮਾਨਸ ਜਨਮ ਕਰਾਏ ਰਾਸ ਹੈ, ਅੰਦਰ ਮੰਦਰ ਆਵਾਜ ਲਗਾਏ । ਵੇਖ ਵਖਾਣੇ ਪ੍ਰਿਥਮੀ ਆਕਾਸ਼ ਹੈ, ਆਕਾਸ਼ ਅਕਾਸ਼ਾਂ ਉਪਰ ਡੇਰਾ ਲਾਏ । ਲੱਖ ਚੁਰਾਸੀ ਅੰਤਮ ਹੋਣੀ ਨਾਸ ਹੈ, ਕਲਜੁਗ ਵੇਲਾ ਅੰਤਮ ਆਏ । ਗੁਰਮੁਖ ਵਿਰਲੇ ਲੇਖੇ ਲੱਗਣ ਸਵਾਸ ਹੈ, ਜੋ ਰਸਨਾ ਹਰਿ ਗੁਣ ਗਾਏ । ਅੰਤਮ ਲਹਿਣਾ ਦੇਣਾ ਚੁੱਕਣਾ ਮਦਿਰਾ ਮਾਸ ਹੈ, ਪ੍ਰਭ ਕਲਜੁਗ ਝੋਲੀ ਪਾਏ । ਜੂਠ ਝੂਠ ਹੋਣਾ ਨਾਸ ਹੈ, ਹਰਿ ਸਾਚਾ ਦਏ ਸਜ਼ਾਏ । ਹਰਿਜਨ ਤੇਰਾ ਆਪ ਬੰਧਾਏ ਚਰਨ ਕਵਲ ਧਰਵਾਸ ਹੈ, ਗੋਬਿੰਦ ਗੋਬਿੰਦ ਰਾਏ । ਨਿਜ ਆਤਮ ਰੱਖੇ ਵਾਸ ਹੈ, ਨਿਜ ਘਰ ਡੇਰਾ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਤੇਰਾ ਲੇਖ, ਜੋਤੀ ਜਾਮਾ ਧਰ ਧਰ ਭੇਖ, ਕਲਜੁਗ ਕਰਮਾਂ ਅੰਤਮ ਵੇਖ, ਲੇਖਾ ਆਪਣੇ ਹੱਥ ਰਖਾਇਆ । ਲੇਖਾ ਆਪਣੇ ਹੱਥ ਰਖਾਇਆ, ਪ੍ਰਭ ਆਪਣਾ ਆਪ ਲਿਖਾਰਾ । ਸਮਰਥ ਕਲਾ ਹਰਿ ਕਲ ਵਰਤਾਇਆ, ਲੋਕਮਾਤ ਕਲਜੁਗ ਤੇਰੀ ਅੰਤਮ ਵਾਰਾ । ਲੱਖ ਚੁਰਾਸੀ ਸੱਥ ਵਿਛਾਇਆ, ਚਾਰੋਂ ਕੁੰਟ ਹਾਹਾਕਾਰਾ । ਸੋਹੰ ਸਾਚਾ ਰਥ ਚਲਾਇਆ, ਨਾਨਕ ਗੁਰ ਰਸਨਾ ਗਾਇਆ, ਗੋਬਿੰਦ ਰੂਪ ਹਰਿ ਸਮਾਇਆ, ਪਰਗਟ ਜੋਤ ਨਰ ਨਿਰੰਕਾਰਾ । ਮਹਿੰਮਾ ਅਕੱਥ ਇਕ ਰਖਾਇਆ, ਮਥ ਵਖਾਇਆ, ਚਾਰ ਵਰਨਾਂ ਏਕਾ ਸਰਨਾ ਦੇਵੇ ਮਾਤ ਸੱਚਾ ਸਿਕਦਾਰਾ । ਸਾਢੇ ਤਿੰਨ ਹੱਥ ਵਕਤ ਚੁਕਾਇਆ, ਸਗਲ ਵਸੂਰੇ ਜਾਇਣ ਲੱਥ,

੩੦੮
੦੬

ਜਿਸ ਜਨ ਦਰ ਦਵਾਰੇ ਦਰਸ਼ਨ ਪਾਇਆ । ਆਵਣ ਜਾਵਣ ਪਤਤ ਪਾਵਨ, ਪ੍ਰਭ ਦੇਵੇ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਵੇਖੇ ਘਰ, ਘਰ ਮੰਦਰ ਇਕ ਸੁਹਾਇਆ । ਗੋਬਿੰਦ ਤੇਰਾ ਸਾਚਾ ਮੰਦਰ, ਹਰਿ ਸਾਚੇ ਆਪ ਉਸਾਰਿਆ । ਆਪੇ ਵਸਿਆ ਹਰਿ ਜੂ ਅੰਦਰ, ਆਪਣੀ ਜੋਤ ਜਗਾ ਰਿਹਾ । ਹੋਇਆ ਪਰਕਾਸ਼ ਡੂੰਘੀ ਕੰਦਰ, ਸੰਞ ਸਵੇਰਾ ਏਕਾ ਰੰਗ ਰੰਗਾਇਆ । ਵੇਖੇ ਖੇਲ ਪਰਮਾਨੰਦਨ, ਚੰਦ ਸੂਰਜ ਕੋਇ ਨਾ ਆਪ ਚੜ੍ਹਾਇਆ । ਇਕ ਸੁਣਾਏ ਸੁਹਾਗੀ ਛੰਦਨ, ਜੋਤੀ ਸੁਤ ਉਪਾਇਆ । ਬ੍ਰਹਿਮੰਡ ਖੰਡ ਜੇਰਜ ਅੰਡਨ, ਉਤਭੁਜ ਸੇਤਜ ਪਾਏ ਬੰਧਨ, ਨਾ ਕੋਈ ਬੰਧ ਤੁੜਾਇਆ । ਪੁਰਖ ਅਬਿਨਾਸ਼ੀ ਰੂਪ ਵਟਾਏ ਫਾਂਦਕੀ ਫੰਦਨ, ਤ੍ਰੈਗੁਣ ਮਾਇਆ ਤੇਰਾ ਜਾਲ, ਆਪਣੇ ਆਪ ਲਏ ਬੰਧਾਇਆ । ਘੇਰ ਲਿਆਏ ਕਾਲ ਮਹਾਂਕਾਲ, ਭਾਰਤ ਖੰਡ ਪਾਏ ਵੰਡ, ਵਰਭੰਡ ਰਾਹ ਤਕਾਇਆ । ਇਕ ਚਲਾਏ ਚੰਡ ਪਰਚੰਡ, ਵੱਢਣਹਾਰਾ ਝੂਠੀ ਕੰਡ, ਰਾਜ ਰਾਜਾਨਾਂ ਨੰਗੀ ਕੰਡ, ਸੰਗੀ ਸਾਥੀ ਹਰਿ ਰਘੁਨਾਥੀ ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲੇ ਆਤਮ ਚਿੰਦ ਜਗਤ ਲਾਥੀ, ਗੁਰ ਗੋਬਿੰਦੇ ਵਡ ਮਰਗਿੰਦੇ ਦਰਸ਼ਨ ਪਾਇਆ । ਸਾਚਾ ਦਰਸ਼ਨ ਹਰਿ ਦਵਾਰ, ਗੋਬਿੰਦ ਗੋਬਿੰਦ ਪਾਇਆ । ਮੰਗੇ ਮੰਗ ਬਣ ਭਿਖਾਰ, ਅੱਗੇ ਪੱਲਾ ਡਾਹਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਏਕਾ ਚੁਲੂ ਅੰਮ੍ਰਿਤ ਜਾਮ ਪਿਆਇਆ । ਵਰਤੇ ਵਰਤਾਵੇ ਵਿਚ ਸੰਸਾਰ, ਉਚ ਪਹਾੜੀ ਉਚੇ ਟਿੱਲੇ ਕੁਲੂ ਡੇਰਾ ਲਾਇਆ । ਆਪੇ ਹੋਏ ਪਿੱਛੇ ਅਗਾੜੀ, ਵੇਖੇ ਜੰਗਲ ਜੂਹ ਪਹਾੜੀ, ਸਿੰਧ ਸਾਗਰਾਂ ਫੋਲ ਫੁਲਾਇਆ । ਕਲਜੁਗ ਤੇਰਾ ਮੇਲਾ ਅੰਤ ਦਿਵਸ ਸੁਹਾਏ ਸਤਾਰਾਂ ਹਾੜੀ, ਸਿਰ ਸੀਸ ਜਗਤ ਤਾਜ ਪ੍ਰਭ ਸਾਚਾ ਦੇਵੇ ਲਾਹਿਆ । ਕਰੇ ਖੇਲ ਦੇਸ ਮਾਝ, ਸਤਿਜੁਗ ਕਲਜੁਗ ਰਚਿਆ ਕਾਜ, ਭੇਖਾਧਾਰੀ ਹਰਿ ਨਿਰੰਕਾਰੀ ਖੇਲ ਅਪਾਰੀ ਆਪਣਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਕਾਇਆ ਘਰ, ਨਗਰ ਖੇੜਾ ਇਕ ਸੁਹਾਇਆ । ਨਗਰ ਖੇੜਾ ਸਚ ਦਵਾਰ, ਗੋਬਿੰਦ ਆਪ ਸੁਹਾਇੰਦਾ । ਜੋਤ ਸਰੂਪੀ ਕਰ ਅਕਾਰ, ਆਪਣਾ ਰੂਪ ਵਟਾਇੰਦਾ । ਖੰਡਾ ਪਕੜੇ ਤਿੱਖੀ ਧਾਰ, ਸਾਚੇ ਹੱਥ ਉਠਾਇੰਦਾ । ਪੰਚਾਂ ਕਰੇ ਖ਼ਬਰਦਾਰ, ਆਪਣੀ ਬਣਤ ਬਣਾਇੰਦਾ । ਪੰਜਾਂ ਸ਼ਸਤਰ ਤਨ ਸ਼ਿੰਗਾਰ, ਪੰਚਾਂ ਬਸਤਰ ਚੀਰ ਲਾਹਿੰਦਾ । ਪੰਚਾਂ ਮਾਰੇ ਡਾਹਢੀ ਮਾਰ, ਪੰਚਾਂ ਗੋਦ ਉਠਾਇੰਦਾ । ਪੰਚਾਂ ਕਰੇ ਕਲ ਖੁਆਰ, ਪੰਚ ਪੰਚਾਂ ਵਿਚ ਸਮਾਇੰਦਾ । ਪੰਚ ਰੋਵਣ ਹਾਹਾਕਾਰ, ਪੰਚਮ ਮੁਖ ਧਵਾਇੰਦਾ । ਪੰਚ ਕਰਾਏ ਜੈ ਜੈਕਾਰ, ਪੰਚਮ ਖ਼ਾਕ ਮਿਲਾਇੰਦਾ । ਪਰਗਟ ਹੋ ਵਿਚ ਸੰਸਾਰ, ਨੀਲਾ ਘੋੜਾ ਇਕ ਵਖਾਇੰਦਾ । ਨਾਮ ਕਟਾਰੀ ਤੇਜ ਕਟਾਰ, ਤਨ ਮਿਆਨੇ ਆਪ ਸਜਾਇੰਦਾ । ਹੌਲੀ ਹੌਲੀ ਖਿੱਚੀ ਆਏ ਬਾਹਰ, ਸੰਮਤ ਤੇਰਾਂ ਹੱਥ ਉਠਾਇੰਦਾ । ਸੰਮਤ ਚੌਦਾਂ ਆਏ ਅੱਧਵਿਚਕਾਰ, ਪ੍ਰਭ ਸਾਚਾ ਆਪ ਲਸ਼ਕਾਇੰਦਾ । ਗੁਰ ਗੋਬਿੰਦ ਹੋ ਤਿਆਰ, ਹਰਿ ਅੱਗੇ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮੰਗੇ ਮੰਗ ਦਰ ਕੁਰਲਾਇੰਦਾ । ਦੇਵੇ ਦਰਸ ਹਰਿ ਸਰਕਾਰ, ਚਿੱਟਾ ਅਸਵ ਆਪ ਦੁੜਾਇੰਦਾ । ਮਾਤਲੋਕ ਹਰਿ ਪਾਵੇ ਸਾਰ, ਆਪ ਆਪਣਾ ਰੰਗ ਵਟਾਇੰਦਾ । ਦੋਹਾਂ ਮੇਲਾ ਇਕ ਦਵਾਰ, ਗੁਰ ਚੇਲਾ ਆਪ ਹੋ ਜਾਇੰਦਾ । ਕਾਇਆ ਮੰਦਰ ਬੰਕ ਦਵਾਰ, ਇਕ ਇਕੇਲਾ ਖੇਲ ਰਚਾਇੰਦਾ । ਸੱਜਣ ਸੁਹੇਲਾ ਸਰਬ ਸੰਸਾਰ, ਹਰ ਘਟ ਵੇਖ ਵਖਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਸਤਿਜੁਗ ਸਾਚੇ ਹਰਿ ਚੜ੍ਹਾਇੰਦਾ । ਕਲਜੁਗ ਤੇਰਾ ਅੰਤਮ ਵੇਲਾ, ਹਰਿ ਬੰਦ ਬੰਦ ਆਪ ਕਟਾਇੰਦਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਦਿਸ ਕਿਸੇ

੩੧੦
੦੬

ਨਾ ਆਇੰਦਾ । ਧਰਮ ਰਾਏ ਦੀ ਭਰਦੇ ਜੇਲ੍ਹਾ, ਲਾੜੀ ਮੌਤ ਸੇਵਾ ਲਾਇੰਦਾ । ਚਿਤਰ ਗੁਪਤ ਹਰਿ ਸਚ ਸੁਹੇਲਾ, ਲਿਖਿਆ ਲੇਖ ਵਖਾਇੰਦਾ । ਅੰਮ੍ਰਿਤ ਫਲ ਨਾ ਦਿਸੇ ਕਿਸੇ ਕੇਲਾ, ਸਾਚਾ ਬੀਜ ਨਾ ਕੋਈ ਜਣਾਇੰਦਾ । ਆਪੇ ਵਸਿਆ ਸਦਾ ਨਵੇਲਾ, ਆਪਣੇ ਭਾਣੇ ਆਪ ਸਮਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਲਬੇਲਾ, ਅਲ੍ਹਾ ਰਾਣੀ ਆਪ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਇਕ ਦਰ, ਦਰ ਦਵਾਰਾ ਆਪ ਸੁਹਾਇੰਦਾ । ਗੁਰ ਗੋਬਿੰਦ ਸਚ ਦਵਾਰ, ਘਰ ਸਾਚੇ ਵੱਜੇ ਵਧਾਈਆ । ਦਿਸ ਨਾ ਆਇਣ ਨੌ ਦਵਾਰ, ਦਸ ਦਸਵਾਂ ਦਸਵੇਂ ਡੇਰਾ ਲਾਈਆ । ਆਪੇ ਹੋਇਆ ਪਹਿਰੇਦਾਰ, ਆਪ ਆਪਣੀ ਸੇਵ ਕਮਾਈਆ । ਆਦਿ ਅੰਤਾ ਪਾਵੇ ਸਾਰ, ਸਚ ਸਮਗਰੀ ਇਕ ਵਖਾਈਆ । ਬੇਅੰਤ ਬੇਅੰਤ ਬੇਅੰਤ ਨਰ ਨਿਰੰਕਾਰ, ਇਕ ਅਕਾਰ ਜੋਤ ਕਰਾਈਆ । ਸਾਚੇ ਸੰਤਾਂ ਦਏ ਅਧਾਰ, ਸ਼ਬਦ ਸੁਰਤ ਮੇਲ ਮਿਲਾਈਆ । ਦਰ ਦਵਾਰੇ ਪਾਵੇ ਸਾਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਲੇਖ ਚੁਕਾਏ ਮੁਹੰਮਦੀ ਯਾਰ, ਚਾਰ ਯਾਰਾਂ ਸੰਗ ਰਲਾਈਆ । ਅੱਲਾ ਰਾਣੀ ਆਈ ਹਾਰ, ਬੈਠੇ ਮੁਖ ਛੁਪਾਈਆ । ਚਾਰ ਵਰਨਾ ਇਕ ਪਿਆਰ, ਸਾਚੀ ਰੀਤ ਬਤਾਈਆ । ਅੰਮ੍ਰਿਤ ਆਤਮ ਖੰਡੇ ਧਾਰ, ਬ੍ਰਹਿਮੰਡਾਂ ਆਪ ਪਿਆਈਆ । ਕਰੋੜ ਤੇਤੀਸਾ ਕਰੇ ਪਿਆਰ, ਕਲਜੁਗ ਅੰਤ ਰਹੇ ਬਿਲਲਾਈਆ । ਸਿੰਘ ਮਨਜੀਤਾ ਕਰ ਤਿਆਰ, ਕਲਸ ਕਟੋਰਾ ਕਾਇਆ ਦਏ ਭਰਾਈਆ । ਵੇਂਹਦਾ ਜਾਏ ਵਾਰੋ ਵਾਰ, ਸ਼ਬਦ ਸੁਨੇਹੜਾ ਰਿਹਾ ਸੁਣਾਈਆ । ਪਰਗਟ ਹੋਏ ਨਰ ਨਿਰੰਕਾਰ, ਨਿਹਕਲੰਕਾ ਜੋਤ ਜਗਾਈਆ । ਲਹਿਣਾ ਦੇਣਾ ਰਿਹਾ ਕਰਜ਼ ਉਤਾਰ, ਜੁਗ ਜੁਗ ਵਡ ਵਡਿਆਈਆ । ਭਾਣਾ ਸਹਿਣਾ ਸਿਰ ਦਾਤਾਰ, ਦੋਏ ਜੋੜ ਭੁੱਲ ਬਖ਼ਸ਼ਾਈਆ । ਬੀਸ ਬੀਸਾ ਰਹਿਣਾ ਖ਼ਬਰਦਾਰ, ਲੋਕਮਾਤ ਜਨਮ ਦਵਾਈਆ । ਸਾਚਾ ਗਹਿਣਾ ਤਨ ਸ਼ਿੰਗਾਰ, ਸੋਹੰ ਤਨ ਪਹਿਨਾਈਆ । ਆਪੇ ਵੇਖੇ ਵਾਰੋ ਵਾਰ, ਵੇਖਣਹਾਰ ਆਪ ਰਘੁਰਾਈਆ । ਜਗਤ ਜਗਦੀਸ਼ੇ ਕਰ ਪਿਆਰ, ਹਰਿ ਸਾਚਾ ਧਾਮ ਸੁਹਾਈਆ । ਸ਼ਿਵ ਸ਼ੰਕਰ ਵੇਖੇ ਤੇਰੀ ਧਾਰ, ਏਕਾ ਰੰਗ ਰੰਗਾਈਆ । ਰਾਗ ਨਾਦ ਅਪਰ ਅਪਾਰ, ਧੁਰ ਦਮਾਮੇ ਰਿਹਾ ਵਜਾਈਆ । ਸ਼ਬਦ ਅਨਾਦੀ ਹਰਿ ਕਰਤਾਰ, ਬ੍ਰਹਿਮਾਦੀ ਰਿਹਾ ਸੁਣਾਈਆ । ਆਦਿ ਜੁਗਾਦੀ ਸਾਚੀ ਕਾਰ, ਜੁਗ ਜੁਗ ਰਿਹਾ ਕਰਾਈਆ । ਗੁਰਮੁਖ ਕਰਾਏ ਸਾਚੀ ਸ਼ਾਦੀ, ਜੋਤ ਨਿਰੰਜਣ ਗੁਰ ਸ਼ਬਦੀ ਆਪ ਪਰਨਾਈਆ । ਮਿਲਿਆ ਮੇਲ ਬਾਣ ਧੁਰਾਂ ਦੀ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਰੂਪ ਵਟਾਈਆ । ਗੋਬਿੰਦ ਗੁਰ ਦੀਨ ਦਿਆਲ, ਦੀਨਾਂ ਬੰਧਪ ਅਖਵਾਇੰਦਾ । ਸ਼ਬਦ ਉਠਾਏ ਸਿੰਘ ਪਾਲ, ਬ੍ਰਹਮਾ ਵੇਖ ਵਖਾਇੰਦਾ । ਕਲਜੁਗ ਚਲੇ ਅਵੱਲੜੀ ਚਾਲ, ਭੇਵ ਕਿਸੇ ਨਾ ਆਇੰਦਾ । ਗੁਰਸਿਖ ਉਠਾਏ ਸਾਚਾ ਲਾਲ, ਸਾਚੇ ਧਾਮ ਸੁਹਾਇੰਦਾ । ਬ੍ਰਹਮਾ ਉਠ ਕਰੇ ਪਰਨਾਮ, ਦੂਰੋਂ ਸੀਸ ਨਿਵਾਇੰਦਾ । ਸੋਹੰ ਦੱਸੇ ਸਾਚਾ ਜਾਮ, ਗੁਰਸਿਖ ਸਾਚੇ ਪੱਲੇ ਬੰਨ੍ਹ ਲਿਆਇੰਦਾ । ਸਤਿਗੁਰ ਪੂਰਾ ਆਪੇ ਕਰੇ ਕਾਮ, ਜਿਸ ਸਿਰ ਹੱਥ ਟਿਕਾਇੰਦਾ । ਲੇਖੇ ਲਾਏ ਕਾਇਆ ਮਾਟੀ ਝੂਠਾ ਚਾਮ, ਚਰਨ ਚਰਨੋਧਕ ਅੰਤਮ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਸੁਹਾਇੰਦਾ । ਤੇਗ ਬਹਾਦਰ ਤੇਰਾ ਦਰ, ਪ੍ਰਭ ਸਾਚੇ ਆਪ ਖੁਲ੍ਹਾਇਆ । ਲੱਖ ਚੁਰਾਸੀ ਦਿਤਾ ਵਰ, ਬ੍ਰਹਮੇ ਮੂਲ ਚੁਕਾਇਆ । ਆਪਣੀ ਕਿਰਪਾ ਆਪੇ ਕਰ, ਕੰਤ ਕੰਤੂਹਲ ਮੇਲ ਮਿਲਾਇਆ । ਇਕ ਨੁਹਾਇਆ ਸਾਚੇ ਸਰ, ਏਕਾ ਰੰਗ ਰੰਗਾਇਆ । ਪੁਰੀ ਬੰਦ ਕਰਾਏ ਸਾਚਾ ਦਰ, ਦਰ ਦਰਵਾਜ਼ਾ ਦਿਸ ਕਿਸੇ ਨਾ ਆਇਆ । ਨਾ ਜਨਮੇ

ਨਾ ਜਾਏ ਮਰ, ਗਰੀਬ ਨਿਵਾਜਾ ਸਾਚੀ ਸੇਵਾ ਸੇਵਕ ਰਿਹਾ ਕਮਾਇਆ । ਆਪ ਆਪਣਾ ਸਾਜਨ ਸਾਜਾ, ਕਵਲ ਨਾਭਾ ਫੁੱਲ ਖਿੜਾਇਆ । ਕਲਜੁਗ ਅੰਤਮ ਪਰਗਟ ਹੋਏ ਦੇਸ ਮਾਝਾ, ਗੋਬਿੰਦ ਰੂਪ ਵਟਾਇਆ । ਨੀਲਾ ਘੋੜਾ ਚਿੱਟਾ ਅਸਵ ਸੋਹੰ ਤਾਜਾ, ਸਾਚਾ ਬਾਜਾ ਨਾਮ ਉਡਾਇਆ । ਸੀਸ ਸੁਹਾਏ ਏਕਾ ਤਾਜਾ, ਤਖ਼ਤੋਂ ਲਾਹੇ ਰਾਜਨ ਰਾਜਾ, ਹਰਿ ਸਾਚੀ ਬਣਤ ਬਣਾਇਆ । ਭਗਤ ਜਨਾਂ ਹਰਿ ਮਾਰੇ ਆਵਾਜਾ, ਧੁਰਦਰਗਾਹੀ ਦੇਵੇ ਦਾਜਾ, ਸਾਚਾ ਪੱਲੇ ਨਾਮ ਬੰਧਾਇਆ । ਕਲਜੁਗ ਸਤਿਜੁਗ ਰਚਿਆ ਕਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸਾਚਾ ਦੇਵੇ ਵਰ, ਚਾਰੋਂ ਕੁੰਟ ਜੈ ਜੈਕਾਰ ਕਰਾਇਆ । ਕਲਜੁਗ ਕਾਲਾ ਕੂੜ ਕੁੜਿਆਰਾ, ਰੋ ਰੋ ਧਾਂਹੀ ਮਾਰਦਾ । ਸੰਗ ਮੁਹੰਮਦ ਚਾਰ ਯਾਰਾ, ਅੰਤਮ ਆਇਆ ਪਾਸਾ ਹਾਰਦਾ । ਨਾ ਕੋਈ ਦਿਸੇ ਮੀਤ ਮੁਰਾਰਾ, ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰ ਦਾ । ਗੁਰ ਗੋਬਿੰਦਾ ਤੀਰ ਏਕਾ ਛੁੱਟੇ, ਬ੍ਰਹਿਮੰਡ ਖੰਡ ਵੰਗਾਰ ਦਾ । ਲੱਖ ਚੁਰਾਸੀ ਤੇਰੀ ਜੜ੍ਹ ਜੂਠੀ ਝੂਠੀ ਪੁੱਟੇ, ਸਤਿਜੁਗ ਤੇਰੇ ਲਾਏ ਸਾਚੇ ਬੂਟੇ, ਗੁਰਮੁਖ ਸਾਚੇ ਤਨ ਸ਼ਿੰਗਾਰ ਦਾ । ਸੋਹੰ ਸ਼ਬਦ ਦੇਵੇ ਸਾਚੇ ਝੂਟੇ, ਦੋ ਜਹਾਨਾਂ ਪਾਰ ਉਤਾਰਦਾ । ਹਰਿਜਨ ਲਾਹਾ ਗੁਰ ਚਰਨ ਲੂਟੇ, ਅੰਮ੍ਰਿਤ ਧਾਰ ਦੇਵੇ ਸਤਿ ਸਰੋਵਰ ਠੰਢੀ ਧਾਰ ਦਾ । ਆਪੇ ਗਾਏ ਰਸਨਾ ਜਿਹਵੇ, ਹਰਿ ਗੁਣ ਆਪੇ ਆਪ ਉਚਾਰਦਾ । ਕੌਸਤਕ ਮਣੀਆਂ ਲਾਏ ਥੇਵੇ, ਚੌਦਾਂ ਰਤਨਾਂ ਆਪ ਨਿਖਾਰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਆਪ ਆਪਣਾ ਧਾਮ ਸੁਹਾਇੰਦਾ । ਗੁਰ ਗੋਬਿੰਦਾ ਤੇਰਾ ਸਾਚਾ ਥਾਨ, ਹਰਿ ਸਾਚੇ ਵੇਖ ਵਖਾਇਆ । ਸੰਬਲ ਨਗਰੀ ਸਚ ਮਕਾਨ, ਸਤਿ ਪੁਰਖ ਨਿਰੰਜਣ ਡੇਰਾ ਲਾਇਆ । ਨਾ ਕੋਈ ਜਾਣੇ ਜੀਵ ਜੰਤ ਜਹਾਨ, ਆਪ ਆਪਣਾ ਵੇਸ ਵਟਾਇਆ । ਪੰਚਮ ਮੀਤਾ ਜੋਧਾ ਸੂਰ ਬਲੀ ਬਲਵਾਨ, ਰਸਨਾ ਚਿਲ੍ਹਾ ਸੋਹੰ ਤੀਰ ਕਮਾਨ ਉਠਾਇਆ । ਆਪੇ ਵੇਖੇ ਮਾਰ ਧਿਆਨ, ਨੌ ਖੰਡ ਪ੍ਰਿਥਮੀ ਇਕ ਨਿਸ਼ਾਨ, ਸੱਤਾਂ ਦੀਪਾਂ ਆਪ ਬਣਾਇਆ । ਆਪੇ ਗੋਪੀ ਆਪੇ ਕਾਹਨ, ਰਾਮ ਰਮਈਆ ਸਾਚਾ ਰਾਮ, ਨਾਨਕ ਪੀਆ ਆਤਮ ਜਾਮ, ਗੋਬਿੰਦ ਗਾਇਆ ਗੁਣ ਨਿਧਾਨ, ਧਰਮ ਝੁਲਾਏ ਇਕ ਨਿਸ਼ਾਨ, ਸਾਚਾ ਲੇਖ ਲਿਖਾਇਆ । ਗੋਬਿੰਦ ਤੇਰਾ ਧਰਮ ਨਿਸ਼ਾਨਾ, ਪ੍ਰਭ ਸਾਚਾ ਆਪ ਬਣਾਇੰਦਾ । ਲੰਬਾ ਚੌੜਾ ਸਾਢੇ ਤਿੰਨ ਹੱਥ ਰਖਾਨਾ, ਸਾਚਾ ਲੇਖਾ ਲੇਖ ਲਿਖਾਇੰਦਾ । ਲੱਖਣ ਦੀਪ ਵੇਖੇ ਮਾਰ ਧਿਆਨਾ, ਆਪਣੀ ਬਣਤ ਬਣਾਇੰਦਾ । ਪੁਸ਼ਕਰ ਉਡਾਏ ਇਕ ਬਿਬਾਣਾ, ਹਰਿ ਆਪਣਾ ਰੂਪ ਸਮਾਇੰਦਾ । ਕਰੌਚ ਹੋਏ ਨਿਗਾਹਬਾਨਾ, ਨਿਝਧਾਰੀ ਆਪ ਹੋ ਜਾਇੰਦਾ । ਜੰਬੂ ਦੇਵੇ ਇਕ ਗਿਆਨਾ, ਜਮਧਾਰੀ ਆਪ ਅਖਵਾਇੰਦਾ । ਸਲਮਲ ਦੇਵੇ ਸਹਿਜ ਸੁਖ ਦਾਨਾ, ਸਹਿਜਧਾਰੀ ਆਪ ਹੋ ਜਾਇੰਦਾ । ਸਾਨ ਦੇਵੇ ਏਕਾ ਨਾਮ ਨਿਸ਼ਾਨਾ, ਐਲੀ ਅੱਲਾ ਰੂਪ ਵਟਾਇੰਦਾ । ਕੁਸ਼ਾ ਤੇਰਾ ਇਕ ਮਕਾਨਾ, ਲੱਖ ਚੁਰਾਸੀ ਵੇਖ ਵਖਾਇੰਦਾ । ਆਪੇ ਵੇਖੇ ਜ਼ਿਮੀ ਅਸਮਾਨਾਂ, ਲੋਆਂ ਪੁਰੀਆਂ ਫੇਰਾ ਪਾਇੰਦਾ । ਦਸਮ ਦਵਾਰੀ ਸਚ ਟਿਕਾਨਾ, ਅੱਧ ਵਿਚਕਾਰ ਆਪ ਰਖਾਇੰਦਾ । ਓਅੰਕਾਰ ਇਕ ਗਿਆਨਾ, ਏਕਾ ਰੂਪ ਵਟਾਇੰਦਾ । ਜੋਤ ਸਰੂਪੀ ਪਹਰਿਆ ਬਾਣਾ, ਸਤਿ ਸਤਿਵਾਨਾ ਨਾਮ ਤਤ ਹਰਿ ਆਪ ਪਛਾਨਾ, ਬੁਧ ਮਤ ਭੇਵ ਨਾ ਪਾਇੰਦਾ । ਗਤ ਮਿਤ ਹਰਿ ਜਾਣੀ ਜਾਣਾ, ਜੁਗ ਜੁਗ ਵੇਖ ਵਖਾਇੰਦਾ । ਨਾੜ ਬਹੱਤਰ ਉਬਲੇ ਰੱਤ, ਲੱਖ ਚੁਰਾਸੀ ਆਪ ਤੜਫਾਇੰਦਾ । ਗੁਰਮੁਖ ਦੇਵੇ ਧੀਰਜ ਯਤ, ਆਤਮ ਧੀਰ ਧਰਾਇੰਦਾ । ਅੰਤਮ ਵੇਲੇ ਰੱਖੇ ਪਤ, ਦੋ ਪਟਾ ਚੀਰ ਆਪ ਪਹਿਨਾਇੰਦਾ । ਜਾਨਣਹਾਰਾ ਘਟ ਘਟ, ਜੋਤ ਜਗਾਏ ਕਾਇਆ ਮੱਟ, ਸ਼ਬਦ ਵਿਕਾਏ ਸਾਚੇ ਹੱਟ,

੩੧੧
੦੬

ਹੱਟ ਹਟਵਾਣਾ ਆਪ ਅਖਵਾਇੰਦਾ । ਅੰਤਮ ਲਹਿਣਾ ਦੇਣਾ ਚੁੱਕੇ ਅੱਠ ਸੱਠ, ਉਚੇ ਮੰਦਰ ਜਾਣੇ ਢੱਠ, ਗੁਰ ਚਰਨ ਦਵਾਰ ਮਿਲੇ ਨੱਠ, ਸਾਚਾ ਧਾਮ ਇਕ ਸੁਹਾਇੰਦਾ । ਕਲਜੁਗ ਕਾਇਆ ਅਗਨੀ ਚਲੇ ਏਕਾ ਮੱਠ, ਚਾਰੋਂ ਕੁੰਟ ਜੋਤ ਨਿਰੰਜਣ ਏਕਾ ਲੰਬੂ ਲਾਇੰਦਾ । ਪਾਰਬ੍ਰਹਮ ਦਰਦ ਦੁੱਖ ਭੈ ਭੰਜਨ, ਭਗਤ ਜਨਾਂ ਹਰਿ ਸਾਚਾ ਸਜਨ, ਚਰਨ ਧੂੜ ਕਰਾਏ ਏਕਾ ਮਜਨ, ਰੰਗ ਗੁਲਾਲਾ ਦੀਨ ਦਿਆਲਾ ਹੋ ਕਿਰਪਾਲਾ ਆਪਣਾ ਆਪ ਚੜ੍ਹਾਇੰਦਾ । ਆਪੇ ਚਲੇ ਅਵੱਲੜੀ ਚਾਲਾ, ਸ਼ਬਦ ਦੇਵੇ ਧੁਰ ਦਲਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਘਰ, ਇਕ ਵਖਾਏ ਸੱਚੀ ਧਰਮਸਾਲਾ, ਹਰਿ ਧਰਮੀ ਧਰਮ ਕਮਾਇੰਦਾ । ਨਾ ਸ਼ਾਹ ਨਾ ਕਦੇ ਕੰਗਾਲ, ਮੰਗਣ ਦਰ ਨਾ ਕਿਸੇ ਜਾਇੰਦਾ । ਗੁਰਮੁਖਾਂ ਜੁਗਾਂ ਜੁਗੰਤਰ ਆਪੇ ਕਰਨਹਾਰ ਪ੍ਰਿਤਪਾਲ, ਹਰਿ ਸਾਚਾ ਰਿਜਕ ਸੁਬਾਇੰਦਾ । ਏਕਾ ਦੇਵੇ ਨਾਮ ਸੱਚਾ ਧਨ ਮਾਲ, ਨਿਖੁੱਟ ਕਦੇ ਨਾ ਜਾਇੰਦਾ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਸੰਤ ਸੁਹੇਲੇ ਜੁਗ ਜੁਗ ਭਾਲ, ਆਪ ਆਪਣੇ ਸੰਗ ਮਿਲਾਇੰਦਾ । ਦੀਪਕ ਜੋਤ ਜਗਾਏ ਸਾਚੇ ਥਾਲ, ਸਾਚੀ ਵਸਤ ਆਪ ਟਿਕਾਇੰਦਾ । ਪੰਚ ਵਿਕਾਰਾ ਕਰੇ ਹਾਲ ਬੇਹਾਲ, ਸ਼ਬਦ ਖੰਡਾ ਇਕ ਵਖਾਇੰਦਾ । ਆਪ ਚਲਾਏ ਏਕਾ ਚਾਲ, ਬੇਹੰਗਮ ਰੂਪ ਵਟਾਇੰਦਾ । ਅਨਹਦ ਵਜਾਏ ਸਾਚਾ ਤਾਲ, ਤਾਲ ਤਲਵਾੜਾ ਆਪ ਵਜਾਇੰਦਾ । ਦਰ ਦਵਾਰਾ ਦਏ ਵਖਾਲ, ਗੋਬਿੰਦ ਗੋਬਿੰਦ ਰੂਪ ਸਮਾਇੰਦਾ । ਦਸਮ ਦਵਾਰੀ ਸੱਚੀ ਧਰਮਸਾਲ, ਜੋਤ ਸਰੂਪੀ ਡਗਮਗਾਇੰਦਾ । ਦਿਵਸ ਰੈਣ ਕਦੇ ਨਾ ਹੋਵੇ ਬਾਹਰ, ਜਗਤ ਵਿਛੋੜਾ ਨਾ ਕੋਇ ਸਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸਾਚੇ ਦੇਵੇ ਵਰ, ਦਰ ਆਏ ਸੇਵ ਕਮਾਇੰਦਾ । ਗੁਰਸਿਖ ਸਾਚੇ ਸਦ ਬਲਿਹਾਰ, ਹਰਿ ਸਾਚੀ ਸੇਵ ਕਮਾਈਆ । ਗੁਰ ਸੰਗਤ ਮੇਲਾ ਚਰਨ ਦਵਾਰ, ਆਤਮ ਧੀਰ ਧਰਾਈਆ । ਚੇਲਾ ਗੁਰ ਏਕਾ ਘਰ ਬਾਹਰ, ਏਕਾ ਰੰਗ ਰੰਗਾਈਆ । ਲਹਿਣਾ ਦੇਣਾ ਵਿਚ ਸੰਸਾਰ, ਜੁਗ ਜੁਗ ਰੀਤ ਚਲਾਈਆ । ਗੁਰਸਿਖ ਲਹਿਣਾ ਲਹਿਣੇਦਾਰ, ਦੇਵਣਹਾਰ ਹਰਿ ਰਘੁਰਾਈਆ । ਆਪੇ ਖਾਲੀ ਭਰੇ ਭੰਡਾਰ, ਵਡ ਭੰਡਾਰੀ ਆਪ ਹੋ ਜਾਈਆ । ਕਰਮ ਵਿਚਾਰੀ ਵਿਚ ਸੰਸਾਰ, ਜਨਮਾਂ ਜਨਮ ਭਵਾਈਆ । ਮੇਲਾ ਮੇਲੇ ਮੇਲਣਹਾਰ, ਹਰਿਜਨ ਪੈਜ ਰਖਾਈਆ । ਖੇਲੇ ਖੇਲ ਖੇਲਣਹਾਰ, ਹਰਿ ਸਾਚੀ ਖੇਲ ਖਿਲਾਈਆ । ਅੰਤਮ ਵੇਲਾ ਕਲਜੁਗ ਧਾਰ, ਰੈਣ ਅੰਧੇਰੀ ਛਾਈਆ । ਚਾਰੋਂ ਕੁੰਟ ਹਾਹਾਕਾਰ, ਕੋਇ ਨਾ ਕਿਸੇ ਸਹਾਈਆ । ਆਪੇ ਵੇਖੇ ਆਰ ਪਾਰ, ਕਿਨਾਰਾ ਆਪ ਹੋ ਜਾਈਆ । ਮਨਮੁਖ ਡੋਬੇ ਅੱਧਵਿਚਕਾਰ, ਸਾਗਰ ਸਿੰਧ ਰੁੜ੍ਹਾਈਆ । ਗੁਰਮੁਖਾਂ ਬੰਧੇ ਤਨ ਕਟਾਰ, ਸ਼ਬਦ ਖੰਡਾ ਆਪ ਫੜਾਈਆ । ਸ਼ਬਦ ਘੋੜੇ ਹੋ ਅਸਵਾਰ, ਚਲਦਾ ਵਾਹੋ ਦਾਹੀਆ । ਅੰਤਮ ਮੇਲਾ ਨਰ ਨਿਰੰਕਾਰ, ਵਿਛੜ ਕਦੇ ਨਾ ਜਾਈਆ । ਗੁਰ ਚੇਲਾ ਸੋਹਣ ਇਕ ਦਵਾਰ, ਹਰਿ ਜੋਤੀ ਮੇਲ ਮਿਲਾਈਆ । ਸਿੰਘ ਨਰੈਣ ਕਰ ਪਿਆਰ, ਨੇਤਰ ਨੈਣਾਂ ਦਰਸ ਦਿਖਾਈਆ । ਤੀਜਾ ਲੋਇਣ ਕਰ ਉਜਿਆਰ, ਅੰਧ ਅੰਧੇਰ ਮਿਟਾਈਆ । ਦਰਸ ਦਿਖਾਏ ਅਗੰਮ ਅਪਾਰ, ਅਗੰਮ ਅਗੰਮਾ ਭੇਵ ਨਾ ਰਾਈਆ । ਵੰਡੀ ਵੰਡ ਵਿਚ ਸੰਸਾਰ, ਵੰਡਣਹਾਰ ਆਪ ਅਖਵਾਈਆ । ਭੇਖ ਪਖੰਡੀ ਆਈ ਹਾਰ, ਦੇਵੇ ਦੰਡੀ ਸ਼ਬਦ ਖੰਡਾ ਹੱਥ ਉਠਾਈਆ । ਨਾਰ ਦੁਹਾਗਣ ਕਲਜੁਗ ਜੀਵ ਰੰਡੀ, ਸਤਿਗੁਰ ਪੂਰੇ ਸਾਚਾ ਕੰਤ ਨਾ ਕੋਈ ਹੰਢਾਈਆ । ਰਸਨਾ ਗਾ ਗਾ ਥੱਕੇ ਇੰਡ ਪਿੰਡ ਬ੍ਰਹਿਮੰਡੀ, ਸਚਖੰਡ ਨਾ ਕੋਈ ਵਖਾਈਆ । ਕੋਟਨ ਫਸੇ ਸੁਖਮਨ ਨਾੜੀ ਟੇਢੀ ਡੰਡੀ, ਕੋਈ ਨਾ ਪਾਰ ਕਰਾਈਆ । ਕੋਟਨ ਫਿਰਨ

ਮਨ ਘਮੰਡੀ, ਚਾਰੋਂ ਕੁੰਟ ਫੇਰੇ ਰਿਹਾ ਫਿਰਾਈਆ । ਮਤ ਬੁਧ ਹੋਈ ਅੰਧੀ, ਗੁਰ ਕਾ ਗਿਆਨ ਹੱਥ ਨਾ ਆਈਆ । ਦੂਈ ਦਵੈਤੀ ਤਨ ਅੰਦਰ ਕੰਧੀ, ਨਾ ਕੋਈ ਦੇਵੇ ਢਾਹੀਆ । ਨੌਂ ਦਵਾਰੇ ਪਾਈ ਫੰਦੀ, ਨਾ ਕੋਈ ਸਕੇ ਮਾਤ ਛੁਡਾਈਆ । ਬਜਰ ਕਪਾਟੀ ਲੱਗਾ ਜਿੰਦੀ, ਨਾ ਕੋਈ ਕੁੰਜੀ ਲਾਈਆ । ਕਲਜੁਗ ਵਾਸਨਾ ਮੁਖ ਰੱਖੀ ਗੰਦੀ, ਰਸਨਾ ਸਵਾਸ ਨਾ ਮੁਖ ਚਲਾਈਆ । ਜੋਤ ਨਿਰੰਜਣ ਚੜ੍ਹਿਆ ਚੰਦ ਨੌਚੰਦੀ, ਆਕਾਸ਼ ਪਰਕਾਸ਼ ਨਾ ਕੋਈ ਰਖਾਈਆ । ਮਦਿਰਾ ਮਾਸ ਬੱਤੀ ਦੰਦੀ, ਕਲਜੁਗ ਅੰਤਮ ਦਏ ਦੁਹਾਈਆ । ਆਪੇ ਮਾਰੇ ਫੜ ਫੜ ਘਮੰਡੀ, ਧਰਮ ਰਾਏ ਗਲ ਪਾਏ ਫਾਹੀਆ । ਜਨ ਭਗਤ ਵੰਡਣ ਸਾਚੀ ਵੰਡੀ, ਗੁਰ ਚਰਨ ਸੇਵ ਕਮਾਈਆ । ਲੇਖਾ ਚੁੱਕੇ ਜੇਰਜ ਅੰਡੀ, ਉਤਭੁਜ ਸੇਤਜ ਨਾ ਵੇਖ ਵਖਾਈਆ । ਸਾਚਾ ਮੇਲਾ ਹਰਿ ਬ੍ਰਹਿਮੰਡੀ, ਬ੍ਰਹਿਮੰਡ ਪਾਰ ਕਰਾਈਆ । ਪੱਲੇ ਬੰਨ੍ਹੇ ਨਾਮ ਗੰਢੀ, ਸੋਹੰ ਸਾਚਾ ਦੇਸ ਵਸਾਈਆ । ਚੌਥਾ ਘਰ ਚੌਥਾ ਪਦ, ਸੰਤ ਸੁਹੇਲੇ ਆਪੇ ਸੱਦ, ਪੰਚ ਵਜਾਏ ਤਾਲ ਅਨਾਹਦ, ਅਨਹਦ ਸੇਵਾ ਲਾਈਆ । ਚਰਨ ਕਵਲ ਜਨ ਗਦ ਗਦ, ਦਸਮ ਦਵਾਰੀ ਪਾਰ ਕਰਾਏ ਹੱਦ, ਆਪ ਆਪਣੇ ਵਿਚ ਸਮਾਈਆ । ਪੰਚਮ ਤਤ ਕਾਇਆ ਲਈ ਬੱਧ, ਸੁਰਤ ਸ਼ਬਦ ਮਿਟਾਈ ਅਖ਼ੀਰੀ ਹੱਦ, ਏਕਾ ਜੋਤੀ ਜੋਤ ਸਮਾਈਆ । ਵਿਸ਼ਨੂੰ ਵੰਸੀ ਇਕ ਰਖਾਏ ਆਪਣੀ ਯਦ, ਆਪੇ ਆਪ ਆਪਣੇ ਵਿਚ ਸਮਾਈਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਆਪੇ ਹੋਏ ਆਦਿ ਜੁਗਾਦਿ, ਜੁਗ ਜੁਗ ਆਪਣਾ ਰੂਪ ਵਟਾਈਆ । ਜਨ ਭਗਤਾਂ ਆਤਮ ਰਿਹਾ ਸਾਧ, ਭਗਤ ਭਗਤੀ ਸੇਵਾ ਲਾਈਆ । ਮੇਲ ਮਿਲਾਏ ਮਾਧਵ ਮਾਧ, ਗੁਰ ਪੂਰੇ ਹੱਥ ਵਡਿਆਈਆ । ਸਿੰਘ ਨਰੈਣ ਰਸਨਾ ਲਿਆ ਅਰਾਧ, ਧਰਮ ਰਾਏ ਦੀ ਕਟੇ ਫਾਹੀਆ । ਆਦਿ ਅੰਤ ਸਾਧ ਸੰਤ, ਸਾਚਾ ਮੇਲਾ ਪੁਰਖ ਅਬਿਨਾਸ਼ੀ ਕੰਤ, ਵਿਛੜ ਕਦੇ ਨਾ ਜਾਈਆ । ਸੋਹੰ ਗਾਉਣਾ ਸੁਹਾਗੀ ਛੰਤ, ਛੱਤੀ ਰਾਗਾਂ ਬਾਹਰ ਰਖਾਈਆ । ਸੋ ਪੁਰਖ ਨਿਰੰਜਣ ਬੇਅੰਤ ਬੇਅੰਤ, ਨਾਨਕ ਗਿਆ ਗਾਈਆ । ਜੋਤ ਸਰੂਪ ਆਦਿ ਅੰਤ, ਆਪਣਾ ਰੂਪ ਵਟਾਈਆ । ਗਾ ਗਾ ਥੱਕੇ ਸਾਧ ਸੰਤ, ਜੋ ਸਾਚੀ ਸੇਵਾ ਲਾਈਆ । ਆਪੇ ਵੇਖੇ ਜੀਵ ਜੰਤ, ਹੰ ਹੰਗਤਾ ਦਏ ਮਿਟਾਈਆ । ਪੂਰਨ ਜੋਤ ਸ੍ਰੀ ਭਗਵੰਤ, ਸੋਹੰ ਜਾਪ ਜਪਾਈਆ । ਸਤਿਜੁਗ ਬਣਾਏ ਸਾਚੀ ਬਣਤ, ਸਾਚਾ ਰਾਹ ਵਖਾਈਆ । ਮਹਿੰਮਾ ਆਪ ਜਣਾਏ ਜਗਤ ਅਗਣਤ, ਚਾਰ ਵਰਨਾਂ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਇਕ ਦਰ, ਦਰਵੇਸ਼ਾ ਆਪ ਹੋ ਆਈਆ । ਦਰ ਦਰਵੇਸ਼ਾ ਹਰਿ ਭਗਵਾਨਾ, ਲੋਕਮਾਤ ਕਲ ਆਇਆ । ਆਪੇ ਹੋਇਆ ਧਾਰੀ ਕੇਸਾ, ਗੋਬਿੰਦ ਰੂਪ ਵਟਾਇਆ । ਪਕੜ ਉਠਾਏ ਬ੍ਰਹਮਾ ਸ਼ਿਵ ਗਣੇਸ਼ਾ, ਸੁਰਪਤ ਰਾਜਾ ਇੰਦ ਰਿਹਾ ਹਿਲਾਇਆ । ਪਰਗਟ ਹੋਏ ਦਸ ਦਸਮੇਸ਼ਾ, ਗੁਰਸਿੱਖੀ ਰਿਹਾ ਮਾਣ ਦਵਾਇਆ । ਨਿਹਕਲੰਕਾ ਧਾਰਿਆ ਭੇਸਾ, ਮਾਝੇ ਦੇਸ ਡੰਕ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਵਡ ਦਾਤਾ ਆਪ ਹੋ ਆਇਆ । ਹਰਿ ਦਾਤਾ ਹਰਿ ਦਾਨੀਆ । ਦੇਵਣਹਾਰ ਜਗ ਮੀਤ, ਪਾਰਬ੍ਰਹਮ ਇਕ ਨਿਸ਼ਾਨੀਆ । ਹਰਿ ਸ਼ਬਦ ਸੁਹਾਗੀ ਗੀਤ, ਅਨਹਦ ਤੂਰ ਅਨਾਹਦ ਬਾਣੀਆ । ਆਪ ਸੁਣਾਏ ਸਾਚਾ ਮੀਤ, ਕਾਇਆ ਮੰਦਰ ਮਾਰੇ ਕਾਨੀਆ । ਜਗਤ ਚਲਾਏ ਅਵੱਲੜੀ ਰੀਤ, ਧਾਰਾ ਦੇਵੇ ਅੰਮ੍ਰਿਤ ਠੰਢਾ ਪਾਣੀਆ । ਸਾਚੇ ਦਿਹੁਰੇ ਨਾ ਮਸੀਤ, ਆਪੇ ਹੋਇਆ ਜਾਣੀ ਜਾਣੀਆ । ਹਰਿਜਨ ਰਸਨਾ ਗਾਏ ਗੀਤ, ਸ਼ਬਦ ਪਾਏ ਜਗਤ ਮਧਾਣੀਆ । ਆਪੇ ਰਿੜਕੇ ਹਸਤ ਕੀਟ, ਗੁਰ ਗੋਬਿੰਦੇ ਲੇਖੇ ਲਾਏ ਸਾਚੇ ਹਸਤ ਗੁਰਮੁਖਾਂ ਉਤੇ ਵਾਰੀ

ਆਪਣੀ ਆਪ ਕੁਰਬਾਨੀਆ । ਆਪ ਸੁਹਾਏ ਸਾਚੀ ਰੁੱਤ, ਵੱਡ ਦਾਤਾ ਫੜ ਫੜ ਤਾਰੇ ਗੁਰਸਿਖ, ਨਿਵਾਰੇ ਕਰ ਕਰ ਮਿਹਰਬਾਨੀਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਆਤਮ ਦੇਵੇ ਵਰ, ਏਕਾ ਰਾਹ ਵਖਾਨੀਆ । ਗੁਰ ਸੰਗਤ ਚਰਨ ਦਵਾਰਿਆ, ਆਏ ਚਲ ਦਵਾਰ । ਰਸਨਾ ਮੰਗੇ ਮੰਗ ਅਪਾਰਿਆ, ਦੇਵਣਹਾਰ ਦਾਤਾਰ । ਤਨ ਸੋਹਣਾ ਸ਼ਬਦ ਸ਼ਿੰਗਾਰਿਆ, ਲਾਏ ਹਾਰ ਸ਼ਿੰਗਾਰ । ਦੁਰਮਤ ਮੈਲ ਪੜਦਾ ਉਤਾਰਿਆ, ਆਪ ਆਪਣੀ ਕਿਰਪਾ ਧਾਰ । ਦਰ ਘਰ ਸਾਚੇ ਆਪੇ ਵਾੜਿਆ, ਨੌ ਦਵਾਰੇ ਕੀਨੇ ਪਾਰ । ਪਰ੍ਹੇ ਹਟਾਏ ਪੰਚਮ ਧਾੜਿਆ, ਮਾਰੇ ਖੰਡਾ ਨਾਮ ਹੁਲਾਰ । ਇਕ ਵਖਾਏ ਸਚ ਅਖਾੜਿਆ, ਪੰਚਮ ਗਹਿਣ ਵਾਰੋ ਵਾਰ । ਅਨਹਦ ਵੱਜੇ ਸਾਚਾ ਤਾੜਿਆ, ਆਪ ਵਜਾਏ ਵਜਾਵਣਹਾਰ । ਦਸਮ ਦਵਾਰੀ ਕੁੰਡਾ ਪਾੜਿਆ, ਇਕ ਸੁਹਾਏ ਬੰਕ ਦਵਾਰ । ਗੁਰਸਿਖ ਬਣਾਇਆ ਸਾਚਾ ਲਾੜਿਆ, ਸ਼ਬਦ ਘੋੜੇ ਕਰੇ ਅਸਵਾਰ । ਘਰ ਦਸਵੇਂ ਆਪੇ ਚਾੜ੍ਹਿਆ, ਦਸਵੇਂ ਮੇਲਾ ਏਕਾ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਵੇ ਜਾਵੇ ਆਪਣੇ ਘਰ, ਗੁਰ ਸੰਗਤ ਕਰੇ ਨਿਮਸਕਾਰਿਆ । ਨਿਮਸਕਾਰ ਗੁਰ ਪੂਰਿਆ, ਪੂਰੀ ਕਰਨੀ ਆਸ । ਆਦਿ ਅੰਤ ਸਦਾ ਸਦਾ ਹਜ਼ੂਰ ਹਜ਼ੂਰਿਆ, ਰਸਨਾ ਸਵਾਸ ਸਵਾਸ । ਨਿਰਮਲ ਜੋਤੀ ਜਗਾਏ ਕੋਹਤੂਰਿਆ, ਕਰੇ ਕਰਾਏ ਸਚ ਪਰਕਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਆਪ ਕਟਾਏ ਗਰਭਵਾਸ । ਗਰਭਵਾਸ ਫੰਦ ਕਟਾਏ, ਗੋਬਿੰਦ ਰੂਪ ਸਮਾਨਾ । ਚਰਨ ਦਾਸੀ ਆਪ ਕਰਾਏ, ਬਖ਼ਸ਼ੇ ਚਰਨ ਧਿਆਨਾ । ਸ਼ਬਦ ਸਵਾਸੀ ਆਪ ਚਲਾਏ, ਇਕ ਸੁਣਾਏ ਸਚ ਤਰਾਨਾ । ਮੰਡਲ ਰਾਸੀ ਆਪ ਵਖਾਏ, ਆਪੇ ਗੋਪੀ ਆਪੇ ਕਾਹਨਾ । ਸੁਰਤ ਆਕਾਸ਼ੀ ਆਪ ਚੜ੍ਹਾਏ, ਸ਼ਬਦ ਬਿਠਾਏ ਵਿਚ ਬਿਬਾਣਾ । ਦਸ ਦਸ ਮਾਸੀ ਲੇਖ ਚੁਕਾਏ, ਨੌ ਅਠਾਰਾਂ ਵੇਖ ਵਖਾਨਾ । ਆਸ ਪਾਸ ਆਪ ਹੋ ਜਾਏ, ਹਰਿ ਸਾਚਾ ਖੇਲ ਖਿਲਾਨਾ । ਪੰਡਤ ਕਾਸ਼ੀ ਭੇਵ ਨਾ ਪਾਏ, ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ । ਬਾਵਨ ਬਾਣੀ ਸਾਰੇ ਗਾਏ, ਪਾਰਬ੍ਰਹਮ ਨਾ ਕਿਸੇ ਪਛਾਨਾ । ਖਾਣੀ ਬਾਣੀ ਵੇਖ ਵਖਾਏ, ਕਵਣ ਦਰ ਝੁੱਲੇ ਧਰਮ ਨਿਸ਼ਾਨਾ । ਗੁਰਮੁਖ ਸਾਚੇ ਪੈਜ ਰਖਾਏ, ਹੱਥੀਂ ਬੰਨ੍ਹੇ ਸੋਹੰ ਗਾਨਾ । ਸਾਚਾ ਲਾੜਾ ਆਪ ਸਜਾਏ, ਗੁਣਵੰਤਾ ਗੁਣ ਨਿਧਾਨਾ । ਏਕਾ ਘੋੜੀ ਨਾਮ ਚੜ੍ਹਾਏ, ਹਰਿ ਸਾਚਾ ਆਪ ਪਰਨਾਨਾ । ਜੋਤੀ ਸ਼ਬਦੀ ਜੋੜ ਜੁੜਾਏ, ਆਪ ਆਪਣਾ ਰੂਪ ਸਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਏਕਾ ਚਰਨ ਧਿਆਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਜੀਆ ਦਾਨਾ ।

## ❊ ੨੯ ਪੋਹ ੨੦੧੩ ਬਿਕ੍ਰਮੀ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਕਾਂਓਕੇ ਜ਼ਿਲਾ ਅੰਮ੍ਰਿਤਸਰ ❊

ਸੰਤਨ ਘਰ ਹਰਿ ਸਤਿ ਹੈ, ਭਗਤਨ ਦਰ ਭਗਵੰਤ । ਆਪਣੀ ਕਰਨੀ ਰਿਹਾ ਕਰ ਹੈ, ਖੇਲੇ ਖੇਲ ਜੁਗਾ ਜੁਗੰਤ । ਜੁਗ ਜੁਗ ਦੇਵਣਹਾਰ ਵਰ ਹੈ, ਪ੍ਰਭ ਅਬਿਨਾਸ਼ੀ ਸਾਚਾ ਕੰਤ । ਸ਼ਬਦ ਭੰਡਾਰਾ ਰਿਹਾ ਭਰ ਹੈ, ਜਨ ਹਰਿ ਸਾਜਨ ਸਾਚੇ ਸੰਤ । ਅੰਮ੍ਰਿਤ ਆਤਮ ਦੇਵੇ ਸਾਚਾ ਸਰ ਹੈ, ਨੁਹਾਏ ਆਦਿ ਅੰਤ । ਆਪ ਆਪਣੇ ਜਿਹਾ ਕਰ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲ ਖੇਲੇ ਬੇਅੰਤ ਬੇਅੰਤ । ਸੰਤ

੩੧੪
੦੬

੩੧੫
੦੬

ਦਵਾਰਾ ਧੰਨ ਹੈ, ਹਰਿ ਹਰਿ ਪਾਇਆ ਨਾਉਂ । ਸੁਣੇ ਸੁਣਾਏ ਰਾਗ ਕੰਨ ਹੈ, ਮੇਲ ਮਿਲਾਏ ਅਗੰਮ ਅਥਾਹੋ । ਸੁਰਤ ਸਵਾਣੀ ਲਾਏ ਜਾਗ ਹੈ, ਹੰਸ ਬਣਾਏ ਕਾਉਂ । ਜਗਤ ਤ੍ਰਿਸਨਾ ਬੁਝਾਏ ਆਗ ਹੈ, ਸਤਿ ਸਰੂਪੀ ਪਕੜੇ ਬਾਹੋਂ । ਚਰਨ ਧੂੜ ਕਰਾਏ ਮਜਨ ਮਾਘ ਹੈ, ਕਰੇ ਕਰਾਏ ਸਚ ਨਿਆਉਂ । ਨਾਮ ਬੰਨ੍ਹੇ ਸਾਚਾ ਤਾਗ ਹੈ, ਹਰਿ ਸੰਤਨ ਬਲ ਬਲ ਜਾਓ । ਹੱਥ ਪਕੜੇ ਆਪਣੇ ਵਾਗ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਵੇਖੇ ਥਾਈਂ ਥਾਉਂ । ਸੰਤ ਸੁਹੇਲਾ ਮੀਤ ਹੈ, ਹਰਿ ਰੰਗ ਸਮਾਏ । ਬੈਠਾ ਸਦਾ ਅਤੀਤ ਹੈ, ਦਿਵਸ ਰੈਣ ਰਿਹਾ ਗਾਏ । ਆਪ ਆਪਣਾ ਰਿਹਾ ਜੀਤ ਹੈ, ਸਾਚੀ ਬਣਤ ਬਣਾਏ । ਏਕਾ ਗਾਏ ਸੁਹਾਗੀ ਗੀਤ ਹੈ, ਗੋਬਿੰਦ ਗੋਬਿੰਦ ਰਾਏ । ਆਪੇ ਹੋਇਆ ਪਤਤ ਪੁਨੀਤ ਹੈ, ਪਤਤ ਪਾਵਨ ਦਰਸ਼ਨ ਪਾਏ । ਏਕਾ ਰੂਪ ਹਸਤ ਕੀਟ ਹੈ, ਊਚਾਂ ਨੀਚਾਂ ਵਿਚ ਸਮਾਏ । ਏਕਾ ਸੁੱਤਾ ਦੇ ਕਰ ਪੀਠ ਹੈ, ਆਪ ਆਪਣਾ ਮੁਖ ਭਵਾਏ । ਸ਼ਬਦ ਜਣਾਏ ਇਕ ਅਨਡੀਠ ਹੈ, ਲਿਖਣ ਪੜ੍ਹਨ ਵਿਚ ਨਾ ਆਏ । ਮਾਇਆ ਮਮਤਾ ਕੌੜਾ ਰੀਠ ਹੈ, ਆਪੇ ਭੰਨ ਵਖਾਏ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ ਹੈ, ਜਿਸ ਜਨ ਆਪਣੀ ਦਇਆ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਆਪੇ ਵੇਖ ਵਖਾਏ । ਸੰਤ ਸਾਚਾ ਸੱਜਣਾ, ਹਰਿ ਸਾਚੇ ਮੇਲ ਮਿਲਾਏ । ਆਪੇ ਪਰਦਾ ਕੱਜਣਾ, ਆਪੇ ਹੋਏ ਸਹਾਏ । ਤਾਲ ਨਗਾਰਾ ਏਕਾ ਵਜਣਾ, ਏਕਾ ਰਿਹਾ ਵਜਾਏ । ਭਾਂਡਾ ਭਰਮ ਗੜ੍ਹ ਹੰਕਾਰੀ ਭੱਜਣਾ, ਹਰਿ ਆਪੇ ਜਾਏ ਭੰਨਾਏ । ਏਕਾ ਹੱਜ ਕਰਾਏ ਮੱਕਾ ਕਾਅਬਾ ਸਾਚੇ ਹੱਜਨਾ, ਮੱਕਾ ਕਾਅਬਾ ਆਪ ਵਖਾਏ । ਪੀ ਅੰਮ੍ਰਿਤ ਹਰਿਜਨ ਸਾਚੇ ਆਤਮ ਬਹਿ ਬਹਿ ਰੱਜਣਾ, ਹਰਿ ਸਾਚਾ ਆਪ ਪਿਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਸਨਾ ਅਗਨ ਬੁਝਾਏ । ਅੰਮ੍ਰਿਤ ਪੀਣਾ ਸਤਿ ਸਰੋਵਰ, ਹਰਿ ਸਾਚਾ ਆਪ ਪਿਆਇੰਦਾ । ਕਿਸੇ ਹੱਥ ਨਾ ਆਏ ਨੌਂ ਦਵਾਰੇ ਹਾਹਾਕਾਰ ਕਰਾਇੰਦਾ । ਆਪ ਆਪਣੀ ਕਿਰਪਾ ਧਾਰੇ, ਆਪ ਆਪਣੇ ਰਾਹ ਚਲਾਇੰਦਾ । ਆਪੇ ਬੈਠਾ ਅਧਵਿਚਕਾਰੇ, ਆਪਣਾ ਮੁਖ ਛੁਪਾਇੰਦਾ । ਦਸਮ ਦਵਾਰੀ ਬੰਦ ਕਿਵਾੜੇ, ਅੰਦਰ ਕੁੰਡਾ ਲਾਇੰਦਾ । ਜੋਤ ਸਰੂਪੀ ਕਰ ਅਕਾਰੇ, ਸਾਚੀ ਵੰਡ ਵੰਡਾਇੰਦਾ । ਸੰਤ ਸੁਹੇਲੇ ਕਰੇ ਖ਼ਬਰਦਾਰੇ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਜੁਗ ਜੁਗ ਮੇਲੇ ਮੇਲਣਹਾਰੇ, ਵਿਛੜ ਕਦੇ ਨਾ ਜਾਇੰਦਾ । ਇਕ ਇਕੇਲੇ ਵਿਚ ਸੰਸਾਰੇ, ਏਕਾ ਰੂਪ ਸਮਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲੇ, ਸਾਚਾ ਸਗਨ ਮਨਾਇੰਦਾ । ਆਪੇ ਵਸਿਆ ਸਦ ਰੰਗ ਨਵੇਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਸੰਤਨ ਮੇਲਾ ਸਾਚੇ ਦਰ, ਏਕਾ ਏਕ ਕਰਾਇੰਦਾ ।

ਕਵਣ ਫੂਲਨਹਾਰ ਤਨ ਸ਼ਿੰਗਾਰ ਦਾ । ਕਵਣ ਦੂਲ੍ਹਾ ਕਵਣ ਦੁਲਹਨ, ਕਵਣ ਰੂਪ ਕੰਤ ਭਤਾਰ ਦਾ । ਕਵਣ ਕੰਤ ਕਵਣ ਕੰਤੂਲ੍ਹਣ, ਕਵਣ ਰੂਪ ਨਰ ਨਿਰੰਕਾਰ ਦਾ । ਕਵਣ ਮਾਲਣ ਕਵਣ ਫੂਲਣ, ਕਵਣ ਵੇਖੇ ਰੰਗ ਬਸੰਤ ਬਹਾਰ ਦਾ । ਕਵਣ ਸਖੀ ਝੁਲਾਏ ਝੂਲਨ, ਕਵਣ ਹੁਲਾਰਾ ਮੀਤ ਮੁਰਾਰ ਦਾ । ਜੋਤੀ ਜੋਤ ਸਰੂਪ ਹਰਿ, ਸੰਤ ਸਤਿਗੁਰ ਵੇਖੇ ਏਕਾ ਘਰ, ਏਕਾ ਰੂਪ ਨਿਵਾਰ ਦਾ । ਕਵਣ ਫੂਲ ਆਤਮ ਸੇਜ, ਹਰਿ ਸਾਚਾ ਰਿਹਾ ਵਿਛਾਈਆ । ਕਵਣ ਸੁਨੇਹੜਾ ਰਿਹਾ ਭੇਜ, ਕਵਣ ਸ਼ਬਦ ਜਣਾਈਆ । ਕਵਣ ਕਰਾਏ ਆਪਣਾ ਤੇਜ, ਹੋਏ ਸਤਿ ਰੁਸ਼ਨਾਈਆ ।

ਕਵਣ ਵਖਾਏ ਸ਼ਬਦ ਨੇਜ, ਕਵਣ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਘਰ, ਕਵਣ ਦਵਾਰੇ ਫੂਲਨ ਬਰਖਾ ਲਾਈਆ । ਫੂਲ ਹਾਰ ਕਵਣ ਗੁੰਦਾਏ, ਕਵਣ ਫੂਲ ਰਲਾਇੰਦਾ । ਕਵਣ ਧਾਗਾ ਵਿਚ ਪਰੋਏ, ਨਿਕਲ ਕਦੇ ਨਾ ਜਾਇੰਦਾ । ਕਵਣ ਸੁਹਾਗਾ ਕੰਤ ਤਨ ਛੁਹਾਏ, ਆਪਣੀ ਖ਼ੁਸ਼ੀ ਮਨਾਇੰਦਾ । ਕਵਣ ਨੇਤਰ ਵੇਖ ਵਖਾਏ, ਆਪਣਾ ਆਪ ਸਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਵਸਿਆ ਆਪਣੇ ਘਰ, ਫਲ ਫੂਲ ਆਪਣੇ ਹੱਥ ਰਖਾਇੰਦਾ । ਫੂਲਨ ਮਾਲ ਕਵਣ ਦਾਤਾਰ, ਕਵਣ ਸਿਤਾਰ ਹਿਲਾਈਆ । ਕਵਣ ਕਰੇ ਸਚ ਪਿਆਰ, ਕਵਣ ਧਾਰ ਬੰਧਾਈਆ । ਕਵਣ ਕੰਤਾ ਕਵਣ ਨਾਰ, ਕਵਣ ਰੂਪ ਵਟਾਈਆ । ਕਵਣ ਕਰੇ ਤਨ ਸ਼ਿੰਗਾਰ, ਕਵਣ ਬਸਤਰ ਸਚ ਹੰਢਾਈਆ । ਕਵਣ ਹੋਵੇ ਪਹਿਰੇਦਾਰ, ਕਵਣ ਰਿਹਾ ਜਗਾਈਆ । ਕਵਣ ਕਰੇ ਖ਼ਬਰਦਾਰ, ਕਵਣ ਰਿਹਾ ਹਿਲਾਈਆ । ਕਵਣ ਮਿਲਾਏ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਕਵਣ ਅਖਵਾਏ ਸਾਂਝਾ ਯਾਰ, ਸਾਂਝੀਵਾਲ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਸੰਤਨ ਮੇਲਾ ਇਕ ਦਰ, ਘਰ ਸਾਚੇ ਫੂਲਨ ਭੇਟ ਚੜ੍ਹਾਈਆ । ਕਵਣ ਫੂਲ ਹਰਿ ਪਾਏ ਮੁੱਲ, ਮੁੱਲ ਕੋਇ ਨਾ ਜਾਣਿਆ । ਕਵਣ ਤੋਲ ਜਨ ਜਾਏ ਤੁਲ, ਚਲੇ ਹਰਿ ਹਰਿ ਭਾਣਿਆ । ਕਵਣ ਵੇਖੇ ਸਾਚੀ ਕੁੱਲ, ਗੁਣਵੰਤਾ ਗੁਣ ਨਿਧਾਨਿਆ । ਕਵਣ ਬੂਟਾ ਰਿਹਾ ਹੁੱਲ, ਫਲ ਦਿਸੇ ਨਾ ਕਿਸੇ ਟਾਹਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਸੰਤਨ ਮੇਲਾ ਇਕ ਦਰ, ਇਕ ਦੂਜੇ ਦੀ ਕਰਨ ਪਛਾਣਿਆ । ਏਕਾ ਦੂਜਾ ਏਕਾ ਘਰ, ਏਕਾ ਰੰਗ ਰੰਗਾਇੰਦਾ । ਨੈਣ ਤੀਜਾ ਦੇਵੇ ਵਰ, ਦਰਸੀ ਦਰਸ਼ਨ ਪਾਇੰਦਾ । ਚੌਥੇ ਜਾਏ ਵੜ, ਆਪਣਾ ਘਰ ਸੁਹਾਇੰਦਾ । ਪੰਚਮ ਚੋਟੀ ਵੇਖੇ ਚੜ੍ਹ, ਸਾਚਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਇਕ ਦਰ, ਏਕਾ ਦੂਜਾ ਭੇਵ ਖੁਲ੍ਹਾਇੰਦਾ । ਇਕ ਇਕੱਲਾ ਇਕ ਆਕਾਰ, ਏਕਾ ਰੰਗ ਸਮਾਇਆ । ਦੂਜਾ ਵਸੇ ਸ਼ਬਦ ਮਹੱਲਾ, ਹਰਿ ਸ਼ਬਦੀ ਬਣਤ ਬਣਾਇਆ । ਤੀਜਾ ਪਵਣੀ ਸ਼ਬਦੀ ਆਪੇ ਰੱਲਾ, ਆਪੇ ਰਿਹਾ ਚਲਾਇਆ । ਚੌਥੇ ਘਰ ਅਡੋਲ ਅਡੁੱਲਾ, ਆਦਿ ਅੰਤ ਨਾ ਕਿਸੇ ਡੁਲਾਇਆ । ਪੰਚਮ ਬੈਠਾ ਅਛਲ ਅਛੱਲਾ, ਵਲ ਛਲ ਧਾਰੀ ਭੇਖ ਵਟਾਇਆ । ਛੇਵੇਂ ਨਾ ਕੋਈ ਵੇਖੇ ਛੱਪਰ ਛੰਨਾ, ਬੰਕ ਦਵਾਰਾ ਇਕ ਸੁਹਾਇਆ । ਸਤਵੇਂ ਸਤਿਵਾਦ ਬੇੜਾ ਬੰਨ੍ਹਾ, ਸਤਿ ਪੁਰਖ ਨਿਰੰਜਣ ਜੋਤ ਜਗਾਇਆ । ਆਪ ਆਪਣਾ ਭਾਣਾ ਮੰਨਾ, ਆਪ ਆਪਣੇ ਵਿਚ ਸਮਾਇਆ । ਆਪ ਚੜ੍ਹਾਏ ਆਪਣਾ ਚੰਨਾ, ਜੋਤੀ ਨੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਇਕ ਦਰ, ਤੀਜੇ ਨੈਣਾ ਵੇਖ ਵਖਾਇਆ । ਤੀਜਾ ਨੈਣ ਖੋਲ੍ਹ ਕਿਵਾੜ, ਹਰਿ ਸਾਚਾ ਵੇਖ ਵਖਾਇੰਦਾ । ਲਹਿਣਾ ਦੇਣਾ ਵਿਚ ਪਹਾੜ, ਸਾਚਾ ਪਰਬਤ ਫੋਲ ਫੁਲਾਇੰਦਾ ਆਪੇ ਵੇਖੇ ਪਿੱਛਾ ਅਗਾੜ, ਆਪ ਆਪਣਾ ਰੂਪ ਵਟਾਇੰਦਾ । ਆਪੇ ਘਾੜਨ ਘੜੇ ਘਾੜ, ਘੜਨਹਾਰ ਆਪ ਅਖਵਾਇੰਦਾ । ਸੰਤ ਸੁਹੇਲਾ ਸਾਚਾ ਲਾੜ, ਲੋਚਨ ਨੈਣ ਵੇਖ ਵਖਾਇੰਦਾ । ਸ਼ਬਦ ਘੋੜੇ ਸਾਚੇ ਚਾੜ੍ਹ, ਸਾਚੇ ਰਾਹ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਸੰਤਨ ਮੇਲਾ ਇਕ ਦਰ, ਦਰ ਤੀਜੇ ਦਰਸ਼ਨ ਪਾਇੰਦਾ । ਚੌਥਾ ਘਰ ਹਰਿ ਨਿਰੰਕਾਰ, ਏਕਾ ਏਕ ਬਣਾਇਆ । ਸੰਤ ਸੁਹੇਲੇ ਕਰ ਪਿਆਰ, ਆਪੇ ਰਿਹਾ ਵਖਾਇਆ । ਜੁਗ ਜੁਗ ਮੇਲੇ ਮੇਲਣਹਾਰ, ਦਰ ਦਵਾਰ ਬੰਕ ਖੁਲ੍ਹਾਇਆ । ਸੰਤ ਸੁਹੇਲਾ ਮੀਤ ਮੁਰਾਰ, ਘਰ ਸਾਚੇ ਬੈਠਾ ਰਾਹ ਤਕਾਇਆ । ਏਕਾ ਮੇਲਾ ਏਕੰਕਾਰ, ਏਕਾ ਰੰਗ ਸਮਾਇਆ । ਸ਼ਬਦ ਮਹੱਲਾ ਅਪਰ ਅਪਾਰ,

੩੧੬
੦੬

ਚਾਰ ਦਵਾਰ ਨਾ ਕੋਇ ਰਖਾਇਆ । ਆਪੇ ਵੇਖੇ ਅੰਦਰ ਬਾਹਰ, ਗੁਪਤ ਜ਼ਾਹਿਰ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਇਕ ਦਰ, ਦਰ ਦਰਵਾਜ਼ਾ ਆਪ ਖੁਲ੍ਹਾਇਆ । ਦਰ ਦਰਵਾਜ਼ਾ ਗਰੀਬ ਨਿਵਾਜਾ ਆਪਣਾ ਆਪ ਲਿਖਾਇੰਦਾ । ਸ਼ਬਦ ਸਰੂਪੀ ਮਾਰੇ ਆਵਾਜਾ, ਆਪੇ ਆਪ ਜਗਾਇੰਦਾ । ਨਾਮ ਰਖਾਏ ਘੋੜਾ ਤਾਜਾ, ਦਿਵਸ ਰੈਣ ਦੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਇਕ ਦਰ, ਆਪ ਆਪਣਾ ਰਾਹ ਬੁਝਾਇੰਦਾ ।



ਤ੍ਰੈਗੁਣ ਮਾਇਆ ਤਤ, ਪ੍ਰਭ ਸਾਚੇ ਆਪ ਉਪਾਇਆ । ਅੰਸ ਬਣਾਈ ਪੰਜ ਤਤ, ਪੰਝੀ ਸੇਵਾ ਲਾਇਆ । ਨਾਲ ਰਲਾਈ ਮਨਮਤ, ਬੁੱਧ ਆਪਣਾ ਭੇਵ ਛੁਪਾਇਆ । ਬਣਤ ਬਣਾਈ ਹੱਡ ਮਾਸ ਨਾੜੀ ਰੱਤ, ਹਾਡੀ ਜੋੜ ਜੁੜਾਇਆ । ਨੌ ਦਵਾਰੇ ਜਗਤ ਰਥ, ਸ੍ਰਿਸ਼ਟ ਸਬਾਈ ਰਿਹਾ ਵਖਾਇਆ । ਕਰੇ ਖੇਲ ਹਰਿ ਸਮਰਥ, ਆਪਣਾ ਧਾਮ ਸੁਹਾਇਆ । ਬਿਨ ਗੁਰ ਪੂਰੇ ਕਿਸੇ ਨਾ ਆਏ ਹੱਥ, ਜੀਵ ਫਿਰੇ ਹਲਕਾਇਆ । ਕਾਇਆ ਬਣਾਇਆ ਮਾਤ ਰਥ, ਰਥਵਾਹੀ ਹਰਿ ਰਘੁਰਾਇਆ । ਪੰਚਮ ਡੋਰੀ ਰੱਖੀ ਹੱਥ, ਪੰਚਮ ਰਿਹਾ ਚਲਾਇਆ । ਪੰਚਮ ਸ਼ਬਦ ਜਣਾਏ ਅਕੱਥ, ਪੰਚਮ ਰਿਹਾ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਆਪਣਾ ਜਾਲ ਵਿਛਾਇਆ । ਪੰਚਮ ਤਤ ਕਰ ਤਿਆਰ, ਹਰਿ ਸਾਚੇ ਬਣਤ ਬਣਾਈਆ । ਆਪੇ ਖੋਲ੍ਹੇ ਨੌ ਦਵਾਰ, ਨੌ ਦਰ ਵੇਖ ਵਖਾਈਆ । ਮਨ ਮਤ ਬੁਧ ਪਾਵੇ ਸਾਰ, ਏਕਾ ਤਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਬਣਤ ਬਣਾਈਆ । ਸਰਗੁਣ ਰੂਪ ਨੌ ਦਰਵਾਜ਼ਾ, ਹਰਿ ਸਾਚਾ ਬਣਤ ਬਣਾਇੰਦਾ । ਆਪ ਰਚਾਇਆ ਆਪਣਾ ਕਾਜਾ, ਆਪੇ ਵੇਖ ਵਖਾਇੰਦਾ । ਆਪੇ ਰੱਖਣਹਾਰਾ ਲਾਜਾ, ਆਪੇ ਮੁਖ ਛੁਪਾਇੰਦਾ । ਆਪੇ ਹੋਏ ਗਰੀਬ ਨਿਵਾਜਾ, ਗੁਰ ਸਤਿਗੁਰ ਆਪ ਅਖਵਾਇੰਦਾ । ਆਪੇ ਮਾਰਨਹਾਰਾ ਅਵਾਜ਼ਾ, ਆਪੇ ਸੇਵ ਕਮਾਇੰਦਾ । ਆਪੇ ਰੱਖੇ ਘੋੜਾ ਤਾਜਾ, ਆਪੇ ਵਾਗ ਗੁੰਦਾਇੰਦਾ । ਆਪੇ ਦੇਵਣਹਾਰਾ ਦਾਜਾ, ਜੁਗ ਜੁਗ ਆਪਣਾ ਸ਼ਬਦ ਚਲਾਇੰਦਾ । ਆਪੇ ਸ਼ਾਹੋ ਰਾਜਨ ਰਾਜਾ, ਤਖ਼ਤ ਤਾਜ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇੰਦਾ । ਕਾਇਆ ਮੰਦਰ ਚਾਰ ਦਿਵਾਰੀ, ਹਰਿ ਸਾਚੀ ਬਣਤ ਬਣਾਈਆ । ਖੇਲੇ ਖੇਲ ਅਪਰ ਅਪਾਰੀ, ਸਾਚੀ ਵੰਡ ਵੰਡਾਈਆ । ਆਵੇ ਜਾਵੇ ਵਾਰੋ ਵਾਰੀ, ਪਿੰਡ ਇੰਡ ਬ੍ਰਹਿਮੰਡ ਖੋਜ ਖੁਜਾਈਆ । ਸਚਖੰਡ ਪ੍ਰਭ ਸਾਚੀ ਧਾਰੀ, ਸਾਚੀ ਬਣਤ ਬਣਾਈਆ । ਸ਼ਬਦ ਸਰੂਪੀ ਮਾਰ ਉਡਾਰੀ, ਸਤਿ ਪੁਰਖਾਂ ਵਿਚ ਸਮਾਈਆ । ਸਤਿ ਪੁਰਖ ਏਕਾ ਏਕੰਕਾਰੀ, ਅਲੱਖ ਨਾ ਲਖਿਆ ਜਾਈਆ । ਅਲੱਖ ਅਲੱਖਣਾ ਹਰਿ ਨਿਰੰਕਾਰੀ, ਅਗੰਮ ਅਗੰਮੇ ਧਾਮ ਸੁਹਾਈਆ । ਆਤਮ ਅਗੰਮੀ ਭੇਵ ਨਿਆਰੀ, ਨਾੜੀ ਚੰਮਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੈਠਾ ਜੋਤ ਜਗਾਈਆ । ਜੋਤ ਜਗਾਏ ਇਕ ਅਕਾਲਾ, ਏਕਾ ਨੂਰ ਰਖਾਇਆ । ਪਰਗਟ ਹੋਏ ਦੀਨ ਦਿਆਲਾ, ਸ਼ਬਦ ਤੂਰ ਉਪਜਾਇਆ । ਸ਼ਬਦ ਸਰੂਪੀ ਖੇਲ ਨਿਰਾਲੀ, ਪਵਣੀ ਪਵਣ ਸਮਾਇਆ । ਪਵਣ ਪਾਏ ਗਲ ਸਾਚੀ ਮਾਲਾ, ਚੌਥਾ ਦਰ ਮਿਲਿਆ ਵਰ, ਹਰਿ ਸਾਚਾ ਵੇਖ ਵਖਾਇਆ । ਤ੍ਰੈਗੁਣ ਮਾਇਆ ਦੇਵੇ ਵਰ, ਬ੍ਰਹਮਾ ਝੋਲੀ ਪਾਇਆ । ਦੋਏ ਜਹਾਨੀ ਖੇਲੇ ਹਰਿ,

੩੧੭
੦੬

ਖੇਲਣਹਾਰ ਅਖਵਾਇਆ । ਇਕ ਇਕੇਲਾ ਇਕੋ ਨਰ, ਸ੍ਰਿਸ਼ਟ ਸਬਾਈ ਨਾਰ ਕੰਤ ਹੰਢਾਇਆ । ਇਕ ਇਕੇਲਾ ਏਕੰਕਾਰਾ, ਏਕਾ ਰੰਗ ਸਮਾਇੰਦਾ । ਦੂਜੀ ਬੰਨ੍ਹੇ ਸ਼ਬਦ ਧਾਰਾ, ਆਪਣੀ ਧਾਰ ਚਲਾਇੰਦਾ । ਤੀਜੇ ਰੂਪ ਅਪਰ ਅਪਾਰਾ, ਲੋਚਨ ਇਕ ਵਖਾਇੰਦਾ । ਚੌਥੇ ਘਰ ਨਾਮ ਹੁਲਾਰਾ, ਗੁਰ ਸ਼ਬਦੀ ਮੇਲ ਮਿਲਾਇੰਦਾ । ਪੰਚਮ ਸੋਹੇ ਬੰਕ ਦਵਾਰਾ, ਪੰਚਮ ਮੀਤਾ ਮੰਗਲ ਗਾਇੰਦਾ । ਛੇਵੇਂ ਘਰ ਖੇਲ ਅਪਾਰਾ, ਹਰਿ ਭੇਖੀ ਭੇਖ ਵਟਾਇੰਦਾ । ਸਤਵੇਂ ਬੈਠੇ ਉਚ ਚੁਬਾਰਾ, ਸਤਿ ਪੁਰਖ ਨਿਰੰਜਣ ਰੂਪ ਹੋ ਜਾਇੰਦਾ । ਆਪੇ ਵਸੇ ਹੋ ਹੋ ਬਾਹਰਾ, ਜੋਤੀ ਜੋਤ ਜਗਾਇੰਦਾ । ਜੋਤ ਸਰੂਪੀ ਜੋਤ ਅਧਾਰਾ, ਜੋਤੀ ਰੰਗ ਰੰਗਾਇੰਦਾ । ਜੋਤੀ ਪਾਵੇ ਆਪਣੀ ਸਾਰਾ, ਜੋਤੀ ਸਚ ਹੰਢਾਇੰਦਾ । ਆਪੇ ਨਾਰੀ ਕੰਤ ਭਤਾਰਾ, ਆਪਣਾ ਦਰ ਸੁਹਾਇੰਦਾ । ਭੋਗ ਬਿਲਾਸੀ ਅਪਰ ਅਪਾਰਾ, ਇਛਿਆ ਨਾਮ ਰਖਾਇੰਦਾ । ਆਪ ਉਪਾਏ ਸੁੱਤ ਦੁਲਾਰਾ, ਸ਼ਬਦੀ ਨਾਉਂ ਰਖਾਇੰਦਾ । ਸ਼ਬਦੀ ਦੇਵੇ ਹਰਿ ਹੁਲਾਰਾ, ਪਵਣੀ ਪਵਣ ਮਿਲਾਇੰਦਾ । ਚੌਥਾ ਘਰ ਸਚ ਦਵਾਰਾ, ਪੰਚਮ ਤਤ ਦਿਸ ਨਾ ਆਇੰਦਾ । ਪੰਜੇ ਬੰਨ੍ਹੇ ਸਾਚੀ ਧਾਰਾ, ਲੱਖ ਚੁਰਾਸੀ ਆਪ ਉਪਾਇੰਦਾ । ਦੂਜੇ ਵੇਖੇ ਦੋਏ ਧਾਰਾ, ਆਪ ਉਪਾਏ ਆਪੇ ਮੇਟ ਮਿਟਾਇੰਦਾ । ਏਕਾ ਏਕ ਹਰਿ ਨਿਰੰਕਾਰਾ, ਏਕਾ ਰੂਪ ਸਮਾਇੰਦਾ । ਏਕਾ ਏਕ ਇਕ ਇਕੱਲਾ, ਏਕਾ ਕਾਰ ਕਮਾਈਆ । ਸ਼ਬਦ ਦਵਾਰਾ ਦੂਜਾ ਮੱਲਾ, ਆਪਣਾ ਧਾਮ ਸੁਹਾਈਆ । ਸ਼ਬਦੀ ਪਵਣੀ ਜੋਤੀ ਰੱਲਾ, ਤੀਜੇ ਘਰ ਮਿਲੇ ਵਡਿਆਈਆ । ਦੂਈ ਦਵੈਤੀ ਮੇਟੇ ਸੱਲਾ, ਚੌਥੇ ਘਰ ਵੱਜੇ ਵਧਾਈਆ । ਪੰਚਮ ਦੀਪਕ ਆਪੇ ਬਲਾ, ਕਰੇ ਸਚ ਰੁਸ਼ਨਾਈਆ । ਛੇਵੇਂ ਹੋਏ ਅਛਲ ਅਛੱਲਾ, ਭੇਵ ਕੋਇ ਨਾ ਪਾਈਆ । ਸਤਿ ਪੁਰਖ ਨਿਰੰਜਣ ਦਰ ਦਵਾਰਾ ਏਕਾ ਮੱਲਾ, ਦਰ ਸਤਵਾਂ ਦਏ ਸੁਹਾਈਆ । ਆਪੇ ਜਾਣੇ ਨਿਹਚਲ ਧਾਮ ਅਟੱਲਾ, ਊਚੋ ਉਚ ਰਖਾਈਆ । ਸਚ ਸਿੰਘਾਸਣ ਆਪੇ ਮੱਲਾ, ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲਣਹਾਰਾ ਆਪ ਅਖਵਾਈਆ । ਉਚਾ ਮੰਦਰ ਉਚ ਦਵਾਰਾ, ਹਰਿ ਆਪਣਾ ਆਪ ਸੁਹਾਇੰਦਾ । ਜੋਤ ਸਰੂਪੀ ਕਰ ਆਕਾਰਾ, ਘਰ ਸੱਤਵਾਂ ਵੇਖ ਵਖਾਇੰਦਾ । ਛੇਵੇਂ ਧੁਨ ਅਪਰ ਅਪਾਰਾ, ਸ਼ਬਦੀ ਤਾਲ ਵਜਾਇੰਦਾ । ਪੰਚਮ ਦੇਵੇ ਪਵਣ ਹੁਲਾਰਾ, ਆਕਾਸ਼ ਆਕਾਸ਼ੀ ਪਾਰ ਕਰਾਇੰਦਾ । ਚੌਥੇ ਖੋਲ੍ਹੇ ਸਚ ਦਰਬਾਰਾ, ਨਿਰਗੁਣ ਸਰਗੁਣ ਏਕਾ ਰੂਪ ਵਖਾਇੰਦਾ । ਤੀਜੇ ਤ੍ਰੈਗੁਣ ਬੰਨ੍ਹੇ ਧਾਰਾ, ਸੇਵਕ ਸੇਵਾ ਲਾਇੰਦਾ । ਦੂਜੇ ਵੇਖੇ ਪਾਰ ਕਿਨਾਰਾ, ਆਰ ਪਾਰ ਵੇਖ ਵਖਾਇੰਦਾ । ਇਕ ਇਕੱਲਾ ਮੀਤ ਮੁਰਾਰਾ, ਹਰ ਘਟ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਸੇਜ ਹੰਢਾਇੰਦਾ । ਸਤਿ ਪੁਰਖ ਨਿਰੰਜਣ ਸੱਚਾ ਥਾਨ, ਆਪਣਾ ਆਪ ਸੁਹਾਇਆ । ਜੋਤ ਸਰੂਪੀ ਕਰ ਆਕਾਰ, ਰੰਗਣ ਰੰਗ ਰੰਗਾਇਆ । ਰੰਗੇ ਰੰਗ ਲਾਲ ਗੁਲਾਲ, ਆਦਿ ਸ਼ਕਤ ਅਖਵਾਇਆ । ਸਚ ਪਰਕਾਸ਼ ਹਰਿ ਮਿਹਰਵਾਨ, ਆਪਣਾ ਰੂਪ ਵਟਾਇਆ । ਦੂਜੇ ਦਰ ਮਾਰ ਧਿਆਨ, ਭੇਖੀ ਭੇਖ ਕਮਾਇਆ । ਕੰਚਨ ਜੋਤੀ ਧਾਰ ਮਹਾਨ, ਆਪਣਾ ਤੇਜ ਵਖਾਇਆ । ਆਪੇ ਹੋਇਆ ਜਾਣੀ ਜਾਣ, ਸੂਹਾ ਵੇਸ ਕਰਾਇਆ । ਵੇਸ ਅਨੇਕਾ ਹਰਿ ਕਰਤਾਰ, ਕਰਤਾ ਪੁਰਖ ਅਖਵਾਇਆ । ਆਪੇ ਹੋਇਆ ਅੰਦਰ ਬਾਹਰ, ਗੁਪਤ ਜ਼ਾਹਿਰ ਭੇਵ ਨਾ ਰਾਇਆ । ਚਿੱਟੀ ਧਾਰੀ ਜੋਤ ਅਕਾਰ, ਸਤਿ ਸਪੇਦੀ ਰੂਪ ਵਟਾਇਆ । ਜੋਤ ਸਰੂਪੀ ਹਰਿ ਨਿਰੰਕਾਰ, ਪੀਲਾ ਬਸਤਰ ਤਨ ਛੁਹਾਇਆ । ਸ਼ਬਦ ਬਸਤਰ ਅਪਰ ਅਪਾਰ, ਪੀਲੇ ਰੰਗ ਰੰਗਾਇਆ । ਪੀਲੇ ਰੰਗ ਕਰੇ ਵਿਚਾਰ, ਨੀਲੇ ਨਾਲ ਰਲਾਇਆ । ਨੀਲਾ ਹੋਇਆ ਖ਼ਬਰਦਾਰ, ਆਪਣਾ ਪੱਲਾ ਛੁਡਾਇਆ । ਆਪੇ ਕਰੇ


੩੧੮ ੦੬

ਵੇਖ ਵਿਚਾਰ, ਵੇਖਣਹਾਰ ਅਖਵਾਇਆ । ਕਾਲੇ ਸੂਸੇ ਕਾਲੀ ਧਾਰ, ਕਾਲਾ ਰੰਗ ਰੰਗਾਇਆ । ਜਗਤ ਜਗਦੀਸਾ ਪਾਵੇ ਸਾਰ, ਸਾਚੀ ਬਣਤ ਬਣਾਇਆ । ਹਰਿ ਦਰ ਕਵਲਾ ਅਪਰ ਅਪਾਰ, ਅੱਠਾਂ ਵੰਡ ਵੰਡਾਇਆ । ਅੱਠਾਂ ਤਤਾਂ ਵੇਖ ਵਿਚਾਰ, ਪੰਜਾਂ ਰਿਹਾ ਜਗਾਇਆ । ਪੰਜਾਂ ਕਰੇ ਖ਼ਬਰਦਾਰ, ਮਨ ਮਤ ਬੁੱਧ ਰਿਹਾ ਸਮਝਾਇਆ । ਬੁੱਧ ਮਤ ਨਾ ਪਾਵੇ ਸਾਰ, ਗੁਰ ਸ਼ਬਦੀ ਸ਼ਬਦ ਜਣਾਇਆ । ਗੁਰ ਸ਼ਬਦੀ ਦੇਵੇ ਇਕ ਹੁਲਾਰ, ਅੰਦਰ ਮੰਦਰ ਵੇਖ ਵਖਾਇਆ । ਸਾਚਾ ਮੰਦਰ ਹਰਿ ਨਿਰੰਕਾਰ, ਕਾਇਆ ਅੰਦਰ ਆਪ ਟਿਕਾਇਆ । ਨਾ ਕੋਈ ਦਿਸੇ ਨੌ ਦਵਾਰ, ਸਾਚਾ ਜੰਦਰ ਇਕ ਲਗਾਇਆ । ਆਪੇ ਬੈਠਾ ਕਰ ਬੰਦ ਕਿਵਾੜ, ਨਾ ਕੋਈ ਖੋਲ੍ਹੇ ਖੋਲ੍ਹ ਵਖਾਇਆ । ਚਾਰੋਂ ਕੁੰਟ ਅਗਨੀ ਤਤੀ ਹਾੜ, ਜੀਵ ਜੰਤ ਰਹੇ ਬਿਲਲਾਇਆ । ਗੁਰਮੁਖ ਵਿਰਲਾ ਸੰਤ ਦੁਲਾਰ, ਦਰ ਸਾਚਾ ਵੇਖ ਵਖਾਇਆ । ਗੁਰ ਸ਼ਬਦ ਰਸਨਾ ਨਾਉਂ ਉਚਾਰ, ਏਕਾ ਚਰਨ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਕਾਇਆ ਮੰਦਰ ਅੰਦਰ ਸ਼ਬਦ ਸਿੰਘਾਸਣ ਡੇਰਾ ਲਾਇਆ । ਸ਼ਬਦ ਸਿੰਘਾਸਣ ਹਰਿ ਨਿਰੰਕਾਰਾ, ਏਕਾ ਏਕ ਸੁਹਾਇਆ । ਗੁਰਮੁਖ ਸਾਚਾ ਸੰਤ ਦੁਲਾਰਾ, ਫੜ ਫੜ ਰਾਹੇ ਪਾਇਆ । ਗੁਰ ਪੂਰਾ ਹੋਏ ਮੀਤ ਮੁਰਾਰਾ, ਅੱਗੇ ਪਿੱਛੇ ਹੋਏ ਸਹਾਇਆ । ਆਪ ਕਰਾਏ ਪਾਰ ਕਿਨਾਰਾ, ਸੁਖਮਨ ਨਾੜੀ ਅੰਧ ਅੰਧਿਆਰਾ ਟੇਢੀ ਬੰਕ, ਨਾ ਕੋਈ ਜਾਣੇ ਸ਼ਾਹ ਸ਼ਹਾਨ ਰਾਜ ਰਾਜਾਨ ਰਾਓ ਰੰਕ, ਹਰਿਜਨ ਵਿਰਲਾ ਵੇਖ ਵਖਾਇਆ । ਆਪ ਸੁਹਾਏ ਦਵਾਰ ਬੰਕ ਆਪਣਾ ਲੜ ਫੜਾਇਆ । ਸ਼ਬਦ ਸਰੂਪੀ ਵਜਾਏ ਡੰਕ, ਪੰਜੇ ਬੈਠੇ ਮੁਖ ਛੁਪਾਇਆ । ਆਪ ਜਣਾਏ ਏਕਾ ਅੰਕ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਚਲਾਇਆ । ਸਾਚਾ ਮਾਰਗ ਹਰਿ ਦਾਤਾਰ, ਆਪਣਾ ਆਪ ਚਲਾਇੰਦਾ । ਜੋਤ ਨਿਰੰਜਣ ਕਰ ਆਕਾਰ, ਸਾਚਾ ਰਾਹ ਵਖਾਇੰਦਾ । ਸੰਤ ਸੁਹੇਲੇ ਰਹਿਣਾ ਖ਼ਬਰਦਾਰ, ਸਾਚਾ ਮੇਲ ਮਿਲਾਇੰਦਾ । ਨਾਤਾ ਤੁੱਟੇ ਮੀਤ ਮੁਰਾਰ, ਪੰਚਮ ਯਾਰ ਨਜ਼ਰ ਨਾ ਆਇੰਦਾ । ਵੇਖ ਵਖਾਏ ਓਅੰਕਾਰ, ਆਕਾਰ ਆਕਾਰਾ ਆਪ ਕਰਾਇੰਦਾ । ਸ਼ਬਦ ਸਰੂਪੀ ਦਏ ਸਹਾਰ, ਸਾਚਾ ਧਾਮ ਸੁਹਾਇੰਦਾ । ਸਰ ਸਰੋਵਰ ਇਕ ਅਪਾਰ, ਏਕਾ ਨੁਹਾਵਣ ਨੁਹਾਇੰਦਾ । ਕਾਗੀ ਕਾਗ ਨਾ ਪਾਵੇ ਸਾਰ, ਗੁਰ ਕਾਗੀ ਹੰਸ ਬਣਾਇੰਦਾ । ਆਪ ਲਵਾਏ ਇਕ ਉਡਾਰ, ਏਕਾ ਰੰਗ ਰੂਪ ਸਮਾਇੰਦਾ । ਰਾਮ ਰਮਈਆ ਹਰਿ ਨਿਰੰਕਾਰ, ਰੇਖ ਲੇਖ ਮਿਟਾਇੰਦਾ । ਆਪੇ ਵੇਖੇ ਵੇਖਣਹਾਰ, ਦਿਸ ਕਿਸੇ ਨਾ ਆਇੰਦਾ । ਦਸਮ ਦਵਾਰੀ ਖੋਲ੍ਹ ਕਿਵਾੜ, ਬਜਰ ਕਪਾਟੀ ਪਾਰ ਕਰਾਇੰਦਾ । ਸ਼ਬਦ ਸਿੰਘਾਸਣ ਅਪਰ ਅਪਾਰ, ਸਾਚੀ ਸੇਜ ਵਛਾਇੰਦਾ । ਕੰਤ ਕੰਤੂਹਲਾ ਹਰਿ ਨਿਰੰਕਾਰ, ਗੁਰਮੁਖ ਨਾਰੀ ਸਾਚੀ ਸੇਜ ਬਹਾਇੰਦਾ । ਕਰੇ ਕਰਾਏ ਆਪ ਪਿਆਰ, ਪ੍ਰੇਮ ਪਿਆਲਾ ਇਕ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਮੇਲਾ ਇਕ ਦਰ, ਦਰ ਦਵਾਰਾ ਬੰਕ ਸੁਹਾਇੰਦਾ । ਦਸਮ ਦਵਾਰੀ ਪਾਰ ਕਿਨਾਰਾ, ਗੁਰ ਪੂਰਾ ਆਪ ਕਰਾਇੰਦਾ । ਏਕਾ ਦੇਵੇ ਨਾਮ ਸਹਾਰਾ, ਸਾਚਾ ਰਾਹ ਵਖਾਇੰਦਾ । ਸੋ ਦੇਸ ਅਪਰ ਅਪਾਰਾ, ਹੰ ਨਾਲ ਮਿਲਾਇੰਦਾ । ਏਕਾ ਰੂਪ ਨਰ ਨਿਰੰਕਾਰਾ, ਕਾਲ ਮਹਾਂਕਾਲ ਨਾ ਕੋਈ ਦਿਸਾਇੰਦਾ । ਸੁੰਨ ਅਗੰਮੀ ਪਾਰ ਕਿਨਾਰਾ, ਸਾਚਾ ਧਾਮ ਸੁਹਾਇੰਦਾ । ਜੋਤ ਸਰੂਪੀ ਕਰ ਆਕਾਰਾ, ਸੁੱਤਿਆਂ ਮੇਲ ਮਿਲਾਇੰਦਾ । ਪੂਰਬ ਪੂਰਬ ਕਰੇ ਵਿਚਾਰਾ, ਸਾਚੇ ਸੰਤਾਂ ਏਕਾ ਪੱਲਾ ਨਾਮ ਫੜਾਇੰਦਾ । ਸਚਖੰਡ ਤੇਰਾ ਖੋਲ੍ਹ ਕਿਵਾੜਾ, ਸਾਚੇ ਧਾਮ ਪੁਜਾਇੰਦਾ । ਸ਼ਬਦ ਗੁਰ ਸਾਚਾ ਲਾੜਾ, ਸਾਚੀ ਨਾਰੀ ਨਾਲ ਲਿਆਇੰਦਾ । ਕੋਈ ਨਾ ਮੰਗੇ ਚਾਮ ਦਾਮ ਪਹਾੜਾ,

੩੧੯
੦੬

ਲੱਗੀ ਪ੍ਰੀਤੀ ਤੋੜ ਨਿਭਾਇੰਦਾ । ਸਤਿ ਪੁਰਖ ਨਿਰੰਜਣ ਮੀਤ ਮੁਰਾਰਾ, ਹਰਿ ਸੰਤ ਤੇਰਾ ਰਾਹ ਤਕਾਇੰਦਾ । ਆਉਣਾ ਚਲ ਏਕਾ ਵਾਰਾ, ਆਪਣੀਆਂ ਭੁਜਾ ਉਠਾਇੰਦਾ । ਸ਼ਬਦੀ ਦੇਵੇ ਸ਼ਬਦ ਹੁਲਾਰਾ, ਜੋਤੀ ਗੋਦ ਉਠਾਇੰਦਾ । ਜੋਤੀ ਕਰੇ ਪਿਆਰ ਅਪਰ ਅਪਾਰਾ, ਸਾਚਾ ਸੁਤ ਪਾਰਬ੍ਰਹਮ ਅਬਿਨਾਸ਼ੀ ਅਚੁੱਤ ਆਪਣੇ ਧਾਮ ਸੁਹਾਇੰਦਾ । ਹਰਿ ਸੁਤ ਤੇਰੀ ਸਾਚੀ ਰੁੱਤ, ਪ੍ਰਭ ਸਾਚਾ ਆਪ ਖਿੜਾਇੰਦਾ । ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸੇ ਬੁੱਤ, ਗਿਆਨ ਧਿਆਨ ਰਾਗ ਕੋਈ ਨਾ ਓਥੇ ਗਾਇੰਦਾ । ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਈ ਤਤ, ਨੇਤਰ ਬਣਤ ਬਣਾਇੰਦਾ । ਖਾਣੀ ਬਾਣੀ ਨਾ ਕੋਈ ਕਰੇ ਪਛਾਣਾ, ਸਾਚਾ ਨਾਮ ਕਿਸੇ ਹੱਥ ਨਾ ਆਇੰਦਾ । ਆਪੇ ਦੇਵਣਹਾਰਾ ਦਾਨਾ, ਅੰਤਰਜਾਮੀ ਹਰਿ ਭਗਵੰਤਾ ਸੰਤ ਸੁਹੇਲੇ ਵੇਖ ਵਖਾਇੰਦਾ । ਨਿਹਕਾਮੀ ਖੇਲ ਮਹਾਨੀ, ਕੋਟਨ ਭਾਨੀ ਤੇਜ ਵਖਾਇੰਦਾ । ਸੂਰਜ ਚੰਦ ਨਾ ਕੋਇ ਨਿਸ਼ਾਨੀ, ਮੰਡਲ ਰਾਸ ਨਾ ਕੋਈ ਪਾਇੰਦਾ । ਬ੍ਰਹਮਾ ਸ਼ਿਵ ਵੇਖ ਨਾ ਸਕਣ ਮਾਰ ਧਿਆਨੀ, ਹਰਿ ਊਚੋ ਊਚ ਅਖਵਾਇੰਦਾ । ਕਰੋੜ ਤੇਤੀਸ ਬਾਲ ਨਾਦਾਨੀ, ਸੁਰਪਤ ਰਾਜਾ ਮੁਖ ਭਵਾਇੰਦਾ । ਸੰਤ ਸੁਹੇਲੇ ਪਾਰਬ੍ਰਹਮ ਬਣਾਏ ਬ੍ਰਹਮ ਗਿਆਨੀ, ਜਿਸ ਜਨ ਆਪਣੀ ਦਇਆ ਕਮਾਇੰਦਾ । ਏਕਾ ਦੇਵੇ ਧੁਰ ਨਿਸ਼ਾਨੀ, ਗੁਰ ਸ਼ਬਦੀ ਨਾਉਂ ਰਖਾਇੰਦਾ । ਗੁਰਸਿਖ ਆਤਮ ਮਾਰੇ ਕਾਨੀ, ਬਜਰ ਕਪਾਟੀ ਪਾਰ ਲਾਇੰਦਾ । ਦੇਵਣਹਾਰਾ ਵੱਡਾ ਦਾਨੀ, ਦਾਤਾ ਦਾਨੀ ਆਪ ਅਖਵਾਇੰਦਾ । ਚਰਨ ਧੂੜ ਕਰਾਏ ਸੱਚਾ ਇਸ਼ਨਾਨੀ, ਕਾਗ ਹੰਸ ਬਣਾਇੰਦਾ । ਨਾ ਕੋਈ ਜਾਣੇ ਜੀਵ ਪਰਾਨੀ, ਮਾਣ ਸਰੋਵਰ ਨਾ ਕੋਈ ਨੁਹਾਇੰਦਾ । ਵੇਦ ਕਿਤੇਬ ਨਾ ਦਿਸਣ ਖਾਣੀ ਬਾਣੀ, ਵੇਦ ਪੁਰਾਨਾਂ ਹੱਥ ਨਾ ਆਇੰਦਾ । ਸੰਤਾਂ ਮੇਲਾ ਦੋ ਜਹਾਨੀ, ਹਰਿ ਵਿਛੜ ਕਦੇ ਨਾ ਜਾਇੰਦਾ । ਸਾਵਣ ਤੇਰੀ ਰੁੱਤ ਸੁਹਾਨੀ, ਹਰਿ ਹਰੀ ਧਾਰ ਬਹਾਇੰਦਾ । ਇਕ ਰਾਗ ਗਾਵਣ ਇਕ ਮਧਾਵਣੀ, ਆਤਮ ਮੇਲ ਮਿਲਾਇੰਦਾ । ਪੰਚਮ ਮਿਲਿਆ ਪਦ ਨਿਰਬਾਨੀ, ਏਕਾ ਪਦ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਨਾਦ ਵਿਚ ਬ੍ਰਹਿਮਾਦ ਆਦਿ ਜੁਗਾਦਿ ਆਪਣਾ ਆਪ ਵਜਾਇੰਦਾ । ਸ਼ਬਦ ਨਾਦ ਹਰਿ ਆਪ ਵਜਾਏ, ਦਿਸ ਕਿਸੇ ਨਾ ਆਇਆ । ਅਗਾਧ ਬੋਧ ਹਰਿ ਸ਼ਬਦ ਜਣਾਏ, ਭੇਵ ਕਿਸੇ ਨਾ ਪਾਇਆ । ਸਾਧ ਸੰਤ ਰਿਹਾ ਜਗਾਏ, ਜੁਗ ਜੁਗ ਲੇਖ ਮਿਟਾਇਆ । ਮੋਹਣ ਮਾਧਵ ਮਾਧ ਆਪ ਅਖਵਾਏ, ਸਚ ਸਿੰਘਾਸਣ ਡੇਰਾ ਲਾਇਆ । ਰਸਨਾ ਸਵਾਦ ਨਾ ਕੋਈ ਲਗਾਏ, ਬੱਤੀ ਦੰਦ ਨਾ ਕੋਈ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਸਾਚਾ ਘਰ, ਘਰ ਸਾਚਾ ਇਕ ਸੁਹਾਇਆ । ਕੂੜ ਕੁੜਿਆਰ ਜਗਤ ਕਲ ਮਾਇਆ, ਕਰਮਗਤ ਨਾ ਰਾਈਆ । ਮੀਤ ਮੁਰਾਰ ਸਰਬ ਦੁਖਦਾਇਆ, ਪਤ ਨਾ ਕੋਇ ਰਖਾਈਆ । ਪੀਰ ਫਕੀਰ ਭਰਮ ਭੁਲਾਇਆ, ਸਹਿਜ ਸਮਤ ਨਾ ਕੋਈ ਰਖਾਈਆ । ਹਉਮੇ ਹੰਗਤਾ ਜੰਜੀਰ ਸਰਬ ਬੰਧਾਇਆ, ਸਾਧ ਸੰਤ ਫੰਦ ਫੰਦਾਈਆ । ਚੋਟੀ ਅਖੀਰ ਨਾ ਕੋਇ ਚੜ੍ਹਾਇਆ, ਜੀਵ ਜੰਤ ਰਹੇ ਕੁਰਲਾਈਆ । ਦਸਤਗੀਰ ਕੋਈ ਨਜ਼ਰ ਨਾ ਆਇਆ, ਦੀਦ ਦੀਦਾਰ ਨਾ ਕੋਈ ਕਰਾਈਆ । ਸੀਰ ਨੀਰ ਨਾ ਕਿਸੇ ਚਵਾਇਆ, ਆਤਮ ਧੀਰ ਨਾ ਕੋਇ ਧਰਾਈਆ । ਹਉਮੇ ਪੀੜ ਨਾ ਕੋਇ ਕਢਾਇਆ, ਪੰਚ ਵਿਕਾਰਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖ ਵਖਾਈਆ । ਕਲਜੁਗ ਕੂੜ ਕੁਟੰਬ, ਨਾਤਾ ਜੋੜਿਆ । ਪ੍ਰੇਮ ਪਿਆਰਾ ਵਿਸ਼ਟਾ ਚੰਮ, ਹਰਿ ਮਿਲਿਆ ਨਾ ਸਾਚਾ ਘੋੜਿਆ । ਰਸਨ ਨਾ ਗਾਇਆ ਸਾਚੇ ਦਮ, ਫਲ ਹੋਇਆ ਕਾਇਆ ਕੌੜਿਆ । ਆਪੇ ਗਿਆ ਮਰਿਆ ਪਏ ਜੰਮ, ਲੱਖ ਚੁਰਾਸੀ ਫੰਦ ਨਾ ਕਿਸੇ ਤੋੜਿਆ ।


੩੨੦
੦੬

ਲੋਭ ਵਿਕਾਰਾ ਖਾਇਆ ਤਮ, ਪਾਰਬ੍ਰਹਮ ਨਾ ਅੰਦਰ ਬਹੁੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਪਰਖੇ ਮਿੱਠਾ ਕੌੜਿਆ । ਕਲਜੁਗ ਕਾਲੀ ਧਾਰ, ਆਪਣੀ ਆਪ ਵਹਾਇੰਦਾ । ਵੇਖ ਵਖਾਏ ਵਿਚ ਸੰਸਾਰ, ਨਾ ਕੋਈ ਅੰਤ ਛੁਪਾਇੰਦਾ । ਪੀਰ ਫਕੀਰਾਂ ਆਈ ਹਾਰ, ਸ਼ਾਹ ਹਕੀਰਾਂ ਵੇਖ ਵਖਾਇੰਦਾ । ਅੱਠ ਸੱਠ ਨੀਰਾ ਕਰਮ ਵੀਚਾਰ, ਕੁਕਰਮੀ ਮੇਟ ਮਿਟਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਜਮ ਕੀ ਫਾਸੀ ਵੇਖ ਵਖਾਇੰਦਾ । ਮਦਿਰਾ ਮਾਸੀ ਕਰ ਖੁਆਰ, ਘਨਕਪੁਰ ਵਾਸੀ ਮੇਟ ਮਿਟਾਇੰਦਾ । ਸ਼ਾਹੋ ਸ਼ਾਬਾਸ਼ੀ ਹਰਿ ਨਿਰੰਕਾਰ, ਸ਼ਬਦ ਸਵਾਮੀ ਅੰਤ ਬਚਾਇੰਦਾ । ਗੁਣਵੰਤਾ ਸਰਬ ਗੁਣਤਾਸੀ, ਦਰ ਏਕਾ ਅਲਖ ਜਗਾਇੰਦਾ । ਗੁਰ ਗੋਬਿੰਦ ਜਗਤ ਰਹਿ ਜਾਸੀ, ਜਾਗਰਤ ਜੋਤ ਜਗਾਇੰਦਾ । ਤ੍ਰੈਗੁਣ ਮਾਇਆ ਲਾਹੇ ਉਦਾਸੀ, ਸਾਚੀ ਸੇਵਾ ਲਾਇੰਦਾ । ਵੇਖ ਵਖਾਣੇ ਨਿਵਾਸ ਨਿਵਾਸੀ, ਵੇਖਣਹਾਰਾ ਦਿਸ ਨਾ ਆਇੰਦਾ । ਉਪਰ ਬੈਠਾ ਆਕਾਸ਼ ਆਕਾਸ਼ੀ, ਆਕਾਸ਼ ਆਕਾਸ਼ਾਂ ਆਪ ਹਿਲਾਇੰਦਾ । ਜੋਤ ਸਰੂਪ ਸਤਿ ਪਰਕਾਸ਼ੀ, ਇਕ ਪਰਕਾਸ਼ ਵਖਾਇੰਦਾ । ਪਾਰਬ੍ਰਹਮ ਪ੍ਰਭ ਅਬਿਨਾਸ਼ੀ, ਅਬਿਨਾਸ਼ ਹੋ ਆਇੰਦਾ । ਗੋਬਿੰਦ ਗੋਬਿੰਦਾ ਕਰੇ ਦਾਸਨ ਦਾਸੀ, ਦਾਸ ਆਪ ਅਖਵਾਇੰਦਾ । ਮੰਦਰ ਅੰਦਰ ਕਰੇ ਵਾਸੀ, ਵਸਣਹਾਰਾ ਭੇਵ ਛੁਪਾਇੰਦਾ । ਬਣਤ ਬਣਾਏ ਸਾਚੀ ਰਾਸੀ, ਸਾਚਾ ਸ਼ਬਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਗੋਤੀ ਏਕਾ ਏਕਾ ਅਖਵਾਇੰਦਾ । ਕਲਜੁਗ ਤੇਰਾ ਕਾਲਾ ਰੰਗ, ਲੱਖ ਚੁਰਾਸੀ ਰੰਗਿਆ । ਵੇਲੇ ਅੰਤ ਨਾ ਕੋਇ ਸੰਗ, ਸੀਸ ਮੁਹੰਮਦ ਹੋਵੇ ਨੰਗਿਆ । ਚਾਰ ਯਾਰ ਵਜਾਇਣ ਮਰਦੰਗ, ਅੰਤਮ ਹੋਣਾ ਭੰਗਿਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਖੇਲੇ ਖੇਲ ਬਹਿ ਬਹਿ ਅੰਗਿਆ । ਆਪ ਆਪਣੀ ਜੋਤ ਧਰ, ਚਿੱਟੇ ਅਸਵ ਕਸੇ ਤੰਗਿਆ । ਸ਼ਬਦ ਡੋਰ ਹੱਥ ਫੜ, ਕਿਲ੍ਹਾ ਕੋਟ ਆਵੇ ਲੰਘਿਆ । ਪੰਜੇ ਚੋਰ ਲਏ ਫੜ, ਵਡ ਵਡ ਦਾਤਾ ਸੂਰਾ ਸਰਬੰਗਿਆ । ਹਰਿਜਨ ਸਾਚੇ ਅੰਦਰ ਵੜ, ਦਾਨੀ ਦਾਤਾ ਏਕਾ ਮੰਗਿਆ । ਦਸਮ ਦਵਾਰੀ ਅੱਗੇ ਖੜ੍ਹ, ਨਾਮ ਵਿਛਾਏ ਸਚ ਪਲੰਘਿਆ । ਹਰਿਜਨ ਸਾਚੇ ਚੜ੍ਹ, ਉਚ ਮਹੱਲੇ ਆਪੇ ਟੰਗਿਆ । ਦੂਰ ਦੁਰਾਡਾ ਅੱਗੇ ਖੜ੍ਹ, ਦਰਸ ਦਿਖਾਏ ਕਦੇ ਨਾ ਸੰਗਿਆ । ਆਪ ਫੜਾਏ ਆਪਣਾ ਲੜ, ਅੰਮ੍ਰਿਤ ਧਾਰ ਵਹਾਏ ਗੰਗਿਆ । ਨਾ ਮਰੇ ਨਾ ਜਾਏ ਸੜ, ਮੜ੍ਹੀ ਗੋਰ ਨਾ ਕਿਸੇ ਟੰਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਭੁੱਖਾ ਨੰਗਿਆ । ਕਲਜੁਗ ਕਾਲੇ ਖੁਲ੍ਹੇ ਕੇਸ, ਨੇਤਰ ਨੀਰ ਵਹਾਈਆ । ਜੂਠ ਝੂਠ ਨਾ ਚਲੇ ਪੇਸ਼, ਰੋ ਰੋ ਦੇਣ ਦੁਹਾਈਆ । ਮਾਇਆ ਰਾਣੀ ਕਰ ਕਰ ਵੇਸ, ਨਟ ਨਟੂਆ ਸਵਾਂਗ ਵਰਤਾਈਆ । ਉਠ ਉਠ ਵੇਖੇ ਬ੍ਰਹਮਾ ਸ਼ਿਵ ਗਣੇਸ਼, ਕਵਣ ਬੈਠਾ ਜੋਤ ਜਗਾਈਆ । ਕਰੋੜ ਤੇਤੀਸਾ ਦਰ ਦਰਵੇਸ਼, ਸੁਣ ਸੁਣ ਰਿਹਾ ਕੁਰਲਾਈਆ । ਵਰਭੰਡੀ ਹਰਿ ਕਰਿਆ ਵੇਸ, ਬ੍ਰਹਿਮੰਡੀ ਰਿਹਾ ਜਗਾਈਆ । ਆਪੇ ਹੋਏ ਨਰ ਨਰੇਸ਼, ਨਿਰਗੁਣ ਰੂਪ ਸਮਾਈਆ । ਬਾਲ ਅਵਸਥਾ ਅਲ੍ਹੜ ਵਰੇਸ, ਬਾਲੀ ਬੁੱਧ ਰਖਾਈਆ । ਜੋਤੀ ਜਾਮਾ ਧਰਿਆ ਭੇਸ, ਕਾਰਜ ਸਿੱਧ ਕਰਾਈਆ । ਗੋਬਿੰਦ ਕਾਇਆ ਦਸ ਦਸਮੇਸ਼, ਹਰਿ ਬੈਠਾ ਆਸਣ ਲਾਈਆ । ਕਿਸੇ ਨਾ ਚਲੇ ਕੋਈ ਪੇਸ਼, ਸ੍ਰਿਸ਼ਟ ਸਬਾਈ ਰਿਹਾ ਹਿਲਾਈਆ । ਲੱਖ ਚੁਰਾਸੀ ਲਾਏ ਠੇਸ, ਨਾ ਕੋਈ ਸਕੇ ਬਚਾਈਆ । ਖੂੰਡੀ ਭੂਰੀ ਮੋਢੇ ਖੇਸ, ਗੁਰ ਨਾਨਕ ਆਏ ਵਾਹੋ ਦਾਹੀਆ । ਮੁਖ ਪੁਕਾਰੇ ਨਾਗ ਸ਼ੇਸ, ਸਹੰਸ ਸਹੰਸਨਾ ਗੁਣ ਗਾਈਆ । ਸਾਂਗੋ ਪਾਂਗ ਵਿਛੀ ਸੇਜ, ਪ੍ਰਭ ਆਪਣਾ ਆਸਣ ਲਾਈਆ । ਸੱਤਾਂ ਸੱਤਾਂ ਦਏ ਸੰਦੇਸ਼, ਨੀਚੇ ਉਪਰ ਵੇਖ ਵਖਾਈਆ । ਚੌਦਾਂ ਚੌਦਾਂ ਹੋ ਪ੍ਰਵੇਸ਼, ਪਰਮ ਪੁਰਖ ਰਿਹਾ

੩੨੧
੦੬

ਜਣਾਈਆ । ਆਪੇ ਲਿਖਣਹਾਰਾ ਲੇਖ, ਜੁਗ ਜੁਗ ਲੇਖ ਲਿਖਾਈਆ । ਕਲਜੁਗ ਤੇਰੀ ਕਾਲੀ ਰੇਖ, ਪ੍ਰਭ ਆਪੇ ਜਾਣੇ ਧਾਰੀ ਕੇਸ, ਵੇਖੇ ਮੂੰਡ ਮੁੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾਈਆ । ਕਲਜੁਗ ਤੇਰਾ ਕਾਲਾ ਵੇਸ, ਗਲ ਕਾਲੀ ਕਮਲੀ ਪਾਈਆ । ਦਰ ਦਰ ਫਿਰੇ ਹੋ ਦਰਵੇਸ਼, ਰਿਹਾ ਅਲਖ ਜਗਾਈਆ । ਪਾਰਬ੍ਰਹਮ ਸਦ ਕਰੇ ਆਦੇਸ਼, ਦੋਏ ਜੋੜ ਸੀਸ ਝੁਕਾਈਆ । ਅੰਤਮ ਵੇਲਾ ਲੈਣਾ ਵੇਖ, ਮੁਹੰਮਦ ਮੁਹੰਮਦੀ ਗਿਆ ਲਿਖਾਈਆ । ਸਦੀ ਚੌਧਵੀਂ ਮਿਟੇ ਰੇਖ, ਮੇਟਣਹਾਰਾ ਆਪ ਹੋ ਜਾਈਆ । ਪਰਗਟ ਹੋਏ ਹਰਿ ਮਾਝੇ ਦੇਸ, ਸਾਚੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਭਗਤਨ ਸੰਗ ਹਰਿ ਰੱਤਿਆ, ਦਿਵਸ ਰੈਣ ਪਰਭਾਤ । ਆਪੇ ਦੇ ਸਮਝਾਵੇ ਮਤਿਆ, ਨਾ ਵੇਖੇ ਜ਼ਾਤ ਪਾਤ । ਚੇਤਨ ਜਗਾਏ ਚੇਤਨ ਸਤਿਆ, ਚਿੱਤ ਵਿਤ ਦੇਵੇ ਸਾਚੀ ਦਾਤ । ਹਰਿ ਸ਼ਬਦ ਚੜ੍ਹਾਏ ਰਥਿਆ, ਬੇੜਾ ਪਾਰ ਕਰਾਏ ਲੋਕਮਾਤ । ਆਪ ਸੁਣਾਏ ਆਪਣੀ ਗਥਿਆ, ਨਰ ਹਰਿ ਤ੍ਰੈਲੋਕੀ ਨਾਥ । ਸਰਬ ਕਲਾ ਆਪੇ ਸਮਰਥਿਆ, ਆਪ ਨਿਭਾਏ ਆਪਣਾ ਸਾਥ । ਸਗਲ ਵਸੂਰਾ ਵਿਰਲੇ ਗੁਰਮੁਖ ਲਥਿਆ, ਜਿਸ ਜਨ ਮਿਲਿਆ ਕਮਲਾਪਾਤ । ਲੱਖ ਚੁਰਾਸੀ ਮਾਇਆ ਜੂਠਾ ਝੂਠਾ ਮਥਨ ਮਥਿਆ, ਧਰਮ ਰਾਏ ਗਲ ਫਾਹੀ ਫਾਥ । ਧਰਤ ਮਾਤ ਵਿਛਾਏ ਸਥਿਆ, ਕੋਈ ਨਾ ਪੁੱਛੇ ਕਿਸੇ ਵਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਵੇਖੇ ਇਕ ਘਰ, ਆਪ ਨਿਭਾਏ ਆਪਣਾ ਸਾਥ । ਸਗਲਾ ਸੰਗ ਨਿਭਾਇੰਦਾ, ਅਕਲ ਕਲਾ ਭਰਪੂਰਾ । ਅੰਗ ਸੰਗ ਹੋ ਜਾਇੰਦਾ, ਆਪੇ ਨੇੜੇ ਦੂਰਾ । ਮੰਗਣ ਮੰਗ ਮੰਗਾਇੰਦਾ, ਬਖ਼ਸ਼ੇ ਚਰਨ ਧੂੜਾ । ਕੰਗਣ ਤਨ ਪਹਿਨਾਇੰਦਾ, ਸੋਹੰ ਸਾਚਾ ਚੂੜਾ । ਰੰਗਣ ਰੰਗ ਰੰਗਾਇੰਦਾ, ਨਾਮ ਮਜੀਠੀ ਗੂੜ੍ਹਾ । ਅੰਗਣ ਅੰਗ ਲਗਾਇੰਦਾ, ਚਤੁਰ ਕਰਾਏ ਮੂਰਖ ਮੂੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਦਰ, ਦੂਈ ਦਵੈਤੀ ਦੁਰਮਤ ਮੈਲ ਨੌਂ ਦਵਾਰੇ ਹੂੰਝੇ ਕੂੜਾ । ਹਰਿਜਨ ਏਕਾ ਨੱਤ ਹੈ, ਤਤ ਧੀਰ ਸਮਾਏ । ਲੋਭ ਨਾ ਦਿਸੇ ਰੱਤ ਹੈ, ਰੱਤੀ ਰੱਤ ਨਾ ਰਾਏ । ਆਤਮ ਬੀਜ ਬੀਜੇ ਸਾਚੇ ਵੱਤ ਹੈ, ਸਾਚਾ ਨਾਉਂ ਬੀਜ ਬਿਜਾਏ । ਫਲ ਫੁਲਵਾੜੀ ਲਾਏ ਮਾਤ ਹੈ, ਫੂਲਨ ਫੂਲ ਰਿਹਾ ਖਿਲਾਏ । ਆਪੇ ਦੇਵੇ ਦੇ ਸਮਝਾਏ ਮਤ ਹੈ, ਮਨ ਮਤ ਦਰ ਦੁਰਕਾਏ । ਗੁਰਮਤ ਸਾਚੀ ਵੱਥ ਹੈ, ਹਰਿਜਨ ਸਾਚੇ ਝੋਲੀ ਪਾਏ । ਮੇਟ ਮਿਟਾਏ ਨੌਂ ਨਾਥ ਹੈ, ਸਿਧ ਚੁਰਾਸੀ ਵਕਤ ਚੁਕਾਏ । ਗੁਰਮੁਖ ਸਾਚਾ ਸਗਲਾ ਸਾਥ ਹੈ, ਸੰਗੀ ਸਾਥੀ ਹਰਿ ਰਘੁਰਾਏ । ਪੂਤ ਸਪੂਤਾ ਰਾਮਾ ਘਰ ਦਸਰਥ ਹੈ, ਨੰਦ ਯਸ਼ੋਦਾ ਕ੍ਰਿਸ਼ਨਾ ਰਾਏ । ਪਰਗਟ ਹੋਏ ਹਰਿ ਸਮਰਥ ਹੈ, ਅਕਲ ਕਲ ਵਰਤਾਏ । ਲੱਖ ਚੁਰਾਸੀ ਪਾਵੇ ਨੱਥ ਹੈ, ਦਿਸ ਕਿਸੇ ਨਾ ਆਏ । ਲਹਿਣਾ ਦੇਣਾ ਮੁਕਾਏ ਸੀਆਂ ਸਾਢੇ ਤਿੰਨ ਹੱਥ ਹੈ, ਧਰਤ ਧਵਲ ਵੰਡ ਵੰਡਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਏ । ਗੁਰਮੁਖ ਸਾਚਾ ਸਚ ਹੈ, ਸਾਚੇ ਹੱਟ ਵਿਕਾਏ । ਤਨ ਮਾਟੀ ਭਾਂਡਾ ਕੱਚ ਹੈ, ਅੰਤਮ ਭੰਨ ਵਖਾਏ । ਗੁਰ ਸ਼ਬਦ ਹਰਿਜਨ ਹਿਰਦੇ ਰਿਹਾ ਰਚ ਹੈ, ਸਾਂਤਕ ਸਤਿ ਵਰਤਾਏ । ਮਨਮੁਖਾਂ ਦਰ ਘਰ ਨਾ ਸਕੇ ਪਚ ਹੈ, ਰਸਨ ਹੋਈ ਹਲਕਾਏ । ਅੰਤਮ ਵੇਲੇ ਕੋਈ ਨਾ ਸਕੇ ਬਚ ਹੈ, ਕਾਲ ਕਲੰਦਰ ਆਪਣਾ ਡੌਰੂ ਵਾਹੇ । ਲਾੜੀ ਮੌਤ ਰਹੀ ਨੱਚ ਹੈ, ਕਾਲਾ ਘੁੰਗਟ ਮੁਖ ਰਖਾਏ । ਚਿੱਤਰ ਗੁਪਤ ਰਿਹਾ ਦੱਸ ਹੈ, ਲਹਿਣਾ ਦੇਣਾ ਹਿਸਾਬ ਮੁਕਾਏ । ਰਾਏ ਧਰਮ ਰਿਹਾ ਹੱਸ

ਹੈ, ਅਠਾਈ ਕੁੰਡਾਂ ਨਰਕਾਂ ਕੁੰਡਾਂ ਲਾਹੇ । ਪੁਰਖ ਅਬਿਨਾਸ਼ੀ ਤੀਰ ਨਿਰਾਲਾ ਰਿਹਾ ਕਸ ਹੈ, ਲੱਖ ਚੁਰਾਸੀ ਪਾਰ ਕਰਾਏ । ਮਨ ਮਤ ਚਰਨਾਂ ਹੇਠਾਂ ਰਿਹਾ ਝੱਸ ਹੈ, ਸਾਚੇ ਦਰ ਦੁਰਕਾਏ । ਕਿਸੇ ਨਾ ਚਲੇ ਵਸ ਹੈ, ਕਲਜੁਗ ਵੇਲਾ ਅੰਤਮ ਆਏ । ਵੇਦ ਪੁਰਾਨਾਂ ਅੰਜ਼ੀਲ ਕੁਰਾਨਾਂ ਹੋਈ ਬਸ ਹੈ, ਗਾਲਬ ਤਾਲਬ ਇਲਮ ਨਾ ਕੋਈ ਪੜ੍ਹਾਏ । ਖਾਣੀ ਬਾਣੀ ਰਹੀ ਨੱਸ ਹੈ, ਦਰ ਬੰਕ ਨਾ ਕੋਈ ਸੁਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੰਤ ਸਾਜਨ ਸਾਚਾ ਮੇਲ ਮਿਲਾਏ । ਗੁਰਮੁਖ ਵਿਰਲਾ ਸੋਭਾਵੰਤ, ਹਰਿ ਹਰਿ ਰਸਨਾ ਗਾਇੰਦਾ । ਮੇਲ ਮਿਲਾਵਾ ਸਾਚੇ ਕੰਤ, ਸਾਚੀ ਸੇਜ ਹੰਢਾਇੰਦਾ । ਰੱਖਣਹਾਰਾ ਪਤ ਪਤਵੰਤ, ਪਤਤ ਪੁਨੀਤਾ ਦਇਆ ਕਮਾਇੰਦਾ । ਭੇਵ ਨਾ ਜਾਣੇ ਜੀਵ ਜੰਤ, ਸਾਧ ਸੰਤ ਕੁਰਲਾਇੰਦਾ । ਕਲਜੁਗ ਮਾਇਆ ਪਾਏ ਬੇਅੰਤ, ਭਰਮੇ ਭਰਮ ਭੁਲਾਇੰਦਾ । ਚਰਨ ਦਾਸੀ ਹਰਿ ਹਨਵੰਤ, ਸਾਚੀ ਸੇਵ ਕਮਾਇੰਦਾ । ਨਾਲ ਰਲਾਏ ਜਾਮਾਵੰਤ, ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਵੇਖ ਘਰ, ਦਰ ਦਵਾਰਾ ਬੰਕ ਸੁਹਾਇੰਦਾ । ਗੁਰਮੁਖ ਸਾਜਣ ਸਾਚਾ ਮੀਤ, ਸਾਚੀ ਸੇਵ ਕਮਾਇੰਦਾ । ਪਾਰਬ੍ਰਹਮ ਪ੍ਰਭ ਗਾਏ ਸੁਹਾਗੀ ਗੀਤ, ਰਸਨਾ ਦਮਾ ਦਮ ਚਲਾਇੰਦਾ । ਚਰਨ ਕਵਲ ਜਨ ਲਾਗੀ ਪ੍ਰੀਤ, ਨੇਤਰ ਨੀਰ ਛਮਾਂ ਛਮ ਵਹਾਇੰਦਾ । ਆਪ ਆਪਣਾ ਜੀਤ, ਮਾਨਸ ਦੇਹੀ ਪੂਰ ਕਰਮਾਂ ਆਪ ਕਰਾਇੰਦਾ । ਗੁਰਮਤ ਕਾਇਆ ਠਾਂਡੀ ਸੀਤ, ਦੁਰਮਤ ਮੈਲ ਧਵਾਇੰਦਾ । ਪਰਖਣਹਾਰਾ ਜੁਗ ਜੁਗ ਨੀਤ, ਨੀਤ ਅਨੀਤਾ ਆਪ ਅਖਵਾਇੰਦਾ । ਆਪੇ ਬਖ਼ਸ਼ੇ ਹਸਤ ਕੀਟ, ਊਚਾਂ ਨੀਚਾਂ ਵੇਖ ਵਖਾਇੰਦਾ । ਮਨਮੁਖਾਂ ਸੁੱਤਾ ਦੇ ਕਰ ਪੀਠ, ਗੁਰਮੁਖਾਂ ਆਤਮ ਸੱਚਾ ਡੇਰਾ ਲਾਇੰਦਾ । ਕਲਜੁਗ ਮਾਇਆ ਜੂਠੀ ਝੂਠੀ ਚੱਕੀ ਰਹੀ ਪੀਸ, ਲੱਖ ਚੁਰਾਸੀ ਪੀਸ ਪਿਸਾਇੰਦਾ । ਸ਼ਬਦ ਗੁਰ ਇਕ ਅਨਡੀਠ, ਦਿਸ ਕਿਸੇ ਨਾ ਆਇੰਦਾ । ਕਲਜੁਗ ਜੀਵ ਕੌੜਾ ਰੀਠ, ਆਪਣਾ ਹਿੱਸਾ ਆਪ ਹੰਢਾਇੰਦਾ । ਏਕਾ ਹਰਿ ਬੀਠਲਾ ਬੀਠ, ਦਹਿ ਦਿਸ਼ਾ ਵੇਖ ਵਖਾਇੰਦਾ । ਗੁਰਮੁਖ ਕਾਇਆ ਰੰਗ ਚਾੜ੍ਹੇ ਮਜੀਠ, ਹਉਮੇ ਹੰਗਤਾ ਵਿੱਸਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਚ ਘਰ, ਘਰ ਸੁਹੰਜਣਾ ਜੋਤ ਨਿਰੰਜਣਾ ਅਲਖ ਅਲਖ ਜਗਾਇੰਦਾ । ਗੁਰਸਿਖ ਦਵਾਰਾ ਸਾਚਾ ਦਰ, ਜੁਗ ਜੁਗ ਆਪ ਉਪਜਾਇੰਦਾ । ਆਪੇ ਦੇਵਣਹਾਰਾ ਵਰ, ਆਪ ਚਲਾਏ ਆਪਣੇ ਭਾਣਿਆ । ਆਪਣੀ ਕਰਨੀ ਆਪੇ ਕਰ, ਕਰੇ ਕਰਾਏ ਹਰਿ ਭਗਵਾਨਿਆ । ਹਰਿਜਨ ਸਾਚਾ ਜਾਏ ਤਰ, ਆਏ ਦਰ ਹੋਏ ਪਰਵਾਨਿਆ । ਨੇਤਰ ਨੈਣ ਦਰਸ਼ਨ ਕਰ, ਮਾਨਸ ਦੇਹੀ ਸੁਫਲ ਕਰਾਨਿਆ । ਚਰਨ ਧੂੜ ਸਰੋਵਰ ਨੁਹਾਏ ਸਾਚਾ ਸਰ, ਕਾਗ ਹੰਸ ਬਣਾਨਿਆ । ਨਾ ਜਨਮੇ ਨਾ ਜਾਏ ਮਰ, ਗੁਰ ਚਰਨ ਦਵਾਰਾ ਜਿਸ ਜਨ ਮਾਨਿਆ । ਆਵਣ ਜਾਵਣ ਚੁੱਕੇ ਡਰ, ਰਾਏ ਧਰਮ ਫੰਦ ਕਟਾਨਿਆ । ਸਾਚਾ ਘਾੜਨ ਆਪੇ ਘੜ, ਗੁਣਵੰਤਾ ਦੇਵੇ ਨਾਮ ਗੁਣ ਨਿਧਾਨਿਆ । ਗੁਰਸਿਖ ਪੌੜੇ ਪੌੜੇ ਜਾਣਾ ਚੜ੍ਹ, ਉਚ ਮਹੱਲ ਅਟੱਲ ਹਰਿ ਸੁਹਾਨਿਆ । ਆਪ ਫੜਾਏ ਆਪਣਾ ਲੜ, ਨੇੜ ਨਾ ਆਇਣ ਪੰਜ ਸ਼ੈਤਾਨਿਆ । ਲੇਖਾ ਚੁੱਕੇ ਸੀਸ ਧੜ, ਧੜ ਸੀਸ ਨਾ ਸੰਗ ਨਿਭਾਨਿਆ । ਸਾਚੇ ਮੰਦਰ ਜਾਏ ਵੜ, ਜਗੇ ਜੋਤ ਹਰਿ ਭਗਵਾਨਿਆ । ਆਪ ਆਪਣੀ ਬਾਂਹ ਲਏ ਫੜ, ਗੁਰਮੁਖ ਦਰ ਕਰੇ ਪਰਵਾਨਿਆ । ਏਕਾ ਅੱਖਰ ਜਾਏ ਪੜ੍ਹ, ਲੇਖਾ ਚੁੱਕੇ ਜਗਤ ਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਵੇਖੇ ਸਚ ਦਰ, ਸੁਣੇ ਸੁਣਾਏ ਅਕੱਥ ਕਹਾਣੀਆ । ਸ਼ਬਦ ਕਹਾਣੀ ਅਕੱਥ, ਗੁਰ ਆਪਣੀ ਰਿਹਾ


੩੨੩
੦੬

ਸੁਣਾਈਆ । ਸਾਚੀ ਰਾਣੀ ਮੇਲ ਹਰਿ, ਸੁਰਤ ਸਵਾਣੀ ਆਪ ਬਣਾਈਆ । ਗੁਰ ਸ਼ਬਦ ਪ੍ਰੀਤੀ ਗਈ ਜੁੜ, ਮਿਲਿਆ ਮੇਲ ਸਾਚੇ ਹਾਣੀਆ । ਆਪ ਚੜ੍ਹਾਏ ਸਾਚੇ ਘੋੜ, ਸਾਚੀ ਵਾਗ ਹੱਥ ਉਠਾਈਆ । ਅੰਦਰ ਮੰਦਰ ਜਾਏ ਬਹੁੜ, ਹਰਿ ਸਾਚਾ ਸ਼ਾਹੋ ਸ਼ਾਹਾਨਿਆ । ਧੁਰਦਰਗਾਹੀ ਆਇਆ ਦੌੜ, ਵੇਖੇ ਪਰਖੇ ਮਿੱਠੇ ਕੌੜ, ਅੰਮ੍ਰਿਤ ਆਤਮ ਜਲ ਦੇਵੇ ਠੰਢਾ ਪਾਣੀਆ । ਪਾਰ ਕਰਾਏ ਰਾਹ ਭੀੜ, ਆਪ ਕਰ ਕਰ ਆਪਣੀ ਮਿਹਰਵਾਨੀਆਂ । ਨਾ ਕੋਈ ਜਾਣੇ ਲੰਬਾ ਚੌੜ, ਦਸਮ ਦਵਾਰੀ ਸਚ ਟਿਕਾਨਿਆ । ਜੋਤ ਨਿਰੰਜਣ ਲੱਗੇ ਔੜ, ਸਤਿ ਪੁਰਖ ਨਿਰੰਜਣ ਵੇਖੇ ਮਾਰ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਜੁਗ ਜੁਗ ਮਾਤ ਸੁਣਾਏ ਸਚ ਨਿਸ਼ਾਨਿਆ । ਗੁਰਸਿਖ ਪ੍ਰਭ ਸਾਚੇ ਵਰਿਆ, ਸਾਚਾ ਮੇਲ ਮਿਲਾਈਆ । ਇਕ ਵਖਾਇਆ ਸਾਚਾ ਘਰਿਆ, ਦਰ ਦਰਵਾਜ਼ਾ ਦਿਸ ਨਾ ਆਈਆ । ਦਰ ਦਵਾਰੇ ਕਾਰਜ ਸਰਿਆ, ਸਰ ਸਰੋਵਰ ਆਪ ਨੁਹਾਈਆ । ਸਰ ਸਰੋਵਰ ਆਤਮ ਭਰਿਆ, ਆਤਮ ਤਾਲ ਸੁਹਾਈਆ । ਆਤਮ ਪਰਮਾਤਮ ਏਕਾ ਕਰਿਆ, ਗੁਰ ਸ਼ਬਦੀ ਮੇਲ ਮਿਲਾਈਆ । ਸ਼ਬਦ ਭੰਡਾਰਾ ਹਰਿ ਹਰਿ ਭਰਿਆ, ਦਿਵਸ ਰੈਣ ਰਿਹਾ ਵਰਤਾਈਆ । ਆਦਿ ਅੰਤ ਨਾ ਖਾਲੀ ਕਰਿਆ, ਨਿਖੁੱਟ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਆਪ ਆਪਣੀ ਗੋਦ ਉਠਾਈਆ । ਗੁਰਮੁਖ ਸਾਚੇ ਸੰਤ ਦੁਲਾਰ, ਚਿਤ ਚਰਨ ਕਵਲ ਚਿਤ ਲਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਧਰਤ ਧਵਲ ਮਾਣ ਦਵਾਇੰਦਾ । ਦਰਸ ਦਿਖਾਏ ਅਗੰਮ ਅਪਾਰ, ਸਾਵਲ ਸਵਲ ਰੂਪ ਵਟਾਇੰਦਾ । ਦੀਪਕ ਜੋਤੀ ਕਰ ਉਜਿਆਰ, ਨਾਭੀ ਕਵਲ ਉਲਟਾਇੰਦਾ । ਅੰਮ੍ਰਿਤ ਝਿਰਨਾ ਝਿਰੇ ਅਪਾਰ, ਨਿਝਰ ਧਾਰ ਵਹਾਇੰਦਾ । ਕਵਲ ਮੁਖੀ ਖਿੜੀ ਗੁਲਜ਼ਾਰ, ਪ੍ਰਭ ਸਾਚਾ ਫੂਲ ਖਿਲਾਇੰਦਾ । ਫਲ ਫੁਲਵਾੜੀ ਅਪਰ ਅਪਾਰ, ਕਾਇਆ ਮੰਦਰ ਆਪ ਸੁਹਾਇੰਦਾ । ਕਾਇਆ ਮੰਦਰ ਨਰ ਨਿਰੰਕਾਰ ਜੋਤ ਨਿਰੰਜਣ ਦੀਪ ਜਗਾਇੰਦਾ । ਜੋਤ ਨਿਰੰਜਣ ਕਰ ਆਕਾਰ, ਸਾਚਾ ਰਾਹ ਵਖਾਇੰਦਾ । ਸਾਚਾ ਰਾਹ ਅਪਰ ਅਪਾਰ, ਗੁਰ ਪੂਰਾ ਅੱਗੇ ਲਾਇੰਦਾ । ਗੁਰ ਪੂਰਾ ਦੇਵੇ ਸਦਾ ਸਹਾਰ, ਪੱਲਾ ਨਾਮ ਫੜਾਇੰਦਾ । ਨਾਮ ਪੱਲਾ ਹਰਿ ਕਰਤਾਰ, ਜਲਾਂ ਥਲਾਂ ਪਾਰ ਕਰਾਇੰਦਾ । ਜਲਾਂ ਥਲਾਂ ਡੂੰਘੀ ਗਾਰ, ਚਰਨਾਂ ਹੇਠ ਝਸਾਇੰਦਾ । ਗੁਰਮੁਖ ਸਾਚਾ ਕਰ ਤਿਆਰ, ਕਾਇਆ ਕਵਰੀ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਗਹਿਰ ਗਵਰੀ ਗੁਰ ਰੂਪ ਅਖਵਾਇੰਦਾ । ਹਰਿਜਨ ਸਾਚੇ ਸਰ ਸਰੋਵਰ, ਵਰਨ ਵਰਨੀ ਵਰਮੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਘਰ, ਸਾਚਾ ਧਾਮ ਸੁਹਾਇੰਦਾ ।

ਗੋਬਿੰਦ ਹਰਿ ਗੋਬਿੰਦ ਹੈ, ਗੋਬਿੰਦ ਰੂਪ ਵਟਾਏ । ਆਪ ਮਿਟਾਏ ਆਪਣੀ ਚਿੰਦ ਹੈ, ਆਲਸ ਨਿੰਦਰਾ ਵਿਚ ਨਾ ਆਏ । ਆਪ ਬਣਾਏ ਆਪਣੀ ਬਿੰਦ ਹੈ, ਪਿਤਾ ਪੂਤ ਅਖਵਾਏ । ਪਰਗਟ ਹੋਇਆ ਅੰਤਮ ਹਿੰਦ ਹੈ, ਕਲਜੁਗ ਅੰਤਮ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਰਿਹਾ ਲਿਖਾਏ । ਗੁਰ ਗੋਬਿੰਦ ਘਰ ਸਾਚਾ ਪਾਇਆ, ਹਰਿ ਸਾਚਾ ਮੇਲ ਮਿਲਾਈਆ । ਜੀਓ ਪਿੰਡ ਤਨ ਕਾਚਾ ਦੇਹ ਤਜਾਇਆ, ਸ਼ਬਦ ਸ਼ਬਦ ਸਮਾਈਆ, ਸੰਬਲ ਨਗਰ ਲੇਖ ਲਿਖਾਇਆ, ਵੇਲੇ ਅੰਤਮ ਜੋਤ ਜਗਾਈਆ । ਲੰਬਾ ਚੌੜਾ ਕੋਈ ਦਿਸ ਨਾ ਆਇਆ,

ਪ੍ਰਭ ਲੇਖਾ ਰਿਹਾ ਜਣਾਈਆ । ਕੰਚਨ ਗੜ੍ਹ ਉਪਰ ਚੜ੍ਹ ਕਿਸੇ ਦਿਸ ਨਾ ਆਇਆ, ਨੌ ਦਰ ਫਿਰੇ ਲੁਕਾਈਆ । ਅੱਗੇ ਖੜ੍ਹ ਕਿਸੇ ਦਰਸ ਨਾ ਪਾਇਆ, ਸਾਧ ਸੰਤ ਬੈਠੇ ਧੂਣੀਆਂ ਤਾਈਆ । ਸੀਸ ਧੜ ਨਾ ਕੋਈ ਗੜ੍ਹ, ਜੋਤੀ ਨੂਰ ਸਵਾਈਆ । ਗੁਰ ਗੋਬਿੰਦੇ ਲੜ ਫੜ, ਸਾਚੇ ਘੋੜੇ ਚੜ੍ਹ ਕੇ ਆਇਆ, ਲੋਕਮਾਤੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਇਕ ਦਮਾਮਾ ਰਿਹਾ ਸ਼ਬਦ ਵਜਾਈਆ । ਗੋਬਿੰਦ ਗਾਇਆ ਹਰਿ ਨਿਰੰਕਾਰ, ਰਸਨਾ ਰਸਨ ਧਿਆਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦਇਆ ਕਮਾਈਆ । ਕਲਜੁਗ ਤੇਰੀ ਅੰਤਮ ਵਾਰ, ਆਪਣੀ ਬਣਤ ਬਣਾਈਆ । ਅਨਹਦ ਲਾਇਆ ਸੇਵਾਦਾਰ, ਪੰਚਾਂ ਰਾਗ ਅਲਾਈਆ । ਛੱਤੀ ਰਾਗ ਨਾ ਪਾਇਣ ਸਾਰ, ਗਾ ਗਾ ਥੱਕੀ ਲੋਕਾਈਆ । ਅੱਖਰ ਵੱਖਰ ਨਾ ਕੋਈ ਰਿਹਾ ਵਿਚਾਰ, ਬਜਰ ਕਪਾਟੀ ਪੱਥਰ ਨਾ ਕੋਈ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੀ ਵਡਿਆਈਆ । ਗੋਬਿੰਦ ਕਾਇਆ ਸਚ ਮਕਾਨਾ, ਹਰਿ ਸਾਚੇ ਜੋਤ ਜਗਾਈਆ । ਸ਼ਬਦ ਸਰੂਪੀ ਇਕ ਬਿਬਾਣਾ, ਆਪਣਾ ਰਿਹਾ ਉਡਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਸੋਹੰ ਨਾਉਂ ਰਖਾਈਆ । ਵੇਦ ਪੁਰਾਨਾਂ ਪਾਵੇ ਸਾਰਾ, ਅੰਜੀਲ ਕੁਰਾਨਾਂ ਦਏ ਖਪਾਈਆ । ਖਾਣੀ ਬਾਣੀ ਆਈ ਹਾਨਾ, ਦਰ ਦਰ ਪਏ ਦੁਹਾਈਆ । ਪੁਰਖ ਅਬਿਨਾਸ਼ੀ ਗੁਣ ਨਿਧਾਨਾ, ਆਪਣੀ ਬਣਤ ਬਣਾਈਆ । ਧਰਮ ਝੁਲਾਏ ਇਕ ਨਿਸ਼ਾਨਾ, ਗੋਬਿੰਦ ਹੱਥ ਰਖਾਈਆ । ਸੱਤਾਂ ਦੀਪਾਂ ਕਰ ਪਰਵਾਨਾ, ਨੌਵਾਂ ਖੰਡਾਂ ਰਿਹਾ ਵਖਾਈਆ । ਬ੍ਰਹਿਮੰਡਾਂ ਮਾਰੇ ਤੀਰ ਨਿਸ਼ਾਨਾ, ਕਰੋੜ ਤੇਤੀਸਾ ਪਾਵੇ ਮਾਨਾ, ਸੁਰਪਤ ਰਾਜਾ ਇੰਦ ਦਏ ਦੁਹਾਈਆ । ਗੁਰਮੁਖ ਸਾਚੇ ਦੇਵੇ ਮਾਣਾ, ਦਵਾਰ ਬੰਕਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਦੇਵੇ ਫ਼ਰਮਾਣਾ, ਹਰਿ ਸਾਚਾ ਧੁਰਦਰਗਾਹੀਆ । ਧੁਰਦਰਗਾਹੀ ਸਾਚਾ ਮੀਤਾ, ਨਰ ਨਰਾਇਣ ਨਰ ਨਿਰੰਕਾਰਿਆ । ਸਤਿਜੁਗ ਚਲਾਏ ਸਾਚੀ ਰੀਤਾ, ਖੇਲੇ ਖੇਲ ਵਿਚ ਸੰਸਾਰਿਆ । ਵੇਖਣਹਾਰਾ ਦਿਵਸ ਰੈਣ ਅੱਗੇ ਨੀਤਾ, ਲੱਖ ਚੁਰਾਸੀ ਭੇਵ ਚੁਕਾ ਰਿਹਾ । ਆਪੇ ਹੋਵੇ ਕਲਜੁਗ ਤੇਰਾ ਅੰਤਮ ਵੇਲਾ ਬੀਤਾ, ਚਾਰੋਂ ਕੁੰਟ ਧੂੰਆਂਧਾਰਿਆ । ਕਲਜੁਗ ਜੀਵ ਕੌੜਾ ਰੀਠਾ, ਗੁਰ ਮੰਤਰ ਨਾ ਕਿਸੇ ਉਚਾਰਿਆ । ਸ਼ਬਦ ਨਾ ਪਾਇਆ ਇਕ ਅਨਡੀਠਾ, ਅੱਠੇ ਪਹਿਰ ਵਜਾਏ ਸਿਤਾਰਿਆ । ਗੁਰ ਕਾ ਬਚਨ ਸਦਾ ਸਦ ਮੀਠਾ, ਗੁਰਮੁਖ ਵਿਰਲੇ ਮਾਤ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੋਏ ਅੰਤ ਆਪ ਜਗਾ ਰਿਹਾ । ਸੰਤ ਸੁਹੇਲੇ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਮਾਨਸ ਦੇਹੀ ਵਡ ਵਡ ਭਾਗ, ਮਾਨਸ ਦੇਹੀ ਫਲ ਲਗਾ ਰਿਹਾ । ਮਾਇਆ ਡੱਸੇ ਨਾ ਡੱਸਣੀ ਨਾਗ, ਏਕਾ ਦੇਵੇ ਨਾਮ ਭੰਡਾਰਿਆ । ਜਗਤ ਤ੍ਰਿਸ਼ਨਾ ਬੁਝੇ ਆਗ, ਹਰਿ ਮਾਨਸ ਦੇਹੀ ਲੇਖੇ ਲਾਇੰਦਾ । ਚਰਨ ਧੂੜ ਦਰ ਸਾਚਾ ਮਾਘ, ਪ੍ਰਭ ਆਪਣਾ ਆਪ ਕਰਾਇੰਦਾ । ਸਾਚਾ ਮੇਲਾ ਕੰਤ ਸੁਹਾਗ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਮਾਇਆ ਲਾਹੇ ਦਾਗ਼, ਕਾਇਆ ਰੰਗਣ ਰੰਗ ਚੜ੍ਹਾਇੰਦਾ । ਅਨਹਦ ਵਜਾਏ ਸਾਚਾ ਸਾਜ, ਨਾਮ ਸਿਤਾਰਾ ਇਕ ਵਜਾਇੰਦਾ । ਸੀਸ ਪਹਿਨਾਏ ਏਕਾ ਤਾਜ, ਗੁਰ ਸ਼ਬਦੀ ਨਾਉਂ ਰਖਾਇੰਦਾ । ਮੇਲ ਮਿਲਾਏ ਦੇਸ ਮਾਝ, ਸਾਚੀ ਧਰਤ ਸੁਹਾਇੰਦਾ । ਗੁਰ ਗੋਬਿੰਦਾ ਰੱਖੇ ਲਾਜ, ਹਰਿ ਸਾਚੀ ਦਇਆ ਕਮਾਇੰਦਾ । ਅੰਦਰ ਮੰਦਰ ਮਾਰੇ ਆਵਾਜ਼, ਅੰਦਰ ਮੰਦਰ ਡੇਰਾ ਲਾਇੰਦਾ । ਆਪ ਰਚਾਇਆ ਸਾਚਾ ਕਾਜ, ਸਾਧਾਂ ਸੰਤਾਂ ਆਪ ਬਣਾਇੰਦਾ । ਸੋਹੰ ਦੇਵੇ ਸਾਚਾ ਦਾਜ,

੩੨੫
੦੬

ਸਤਿਜੁਗ ਸਾਚਾ ਰਾਹ ਵਖਾਇੰਦਾ । ਕਲਜੁਗ ਅੰਤਮ ਜਾਣਾ ਭਾਜ, ਪ੍ਰਭ ਸ਼ਬਦ ਖੰਡਾ ਹੱਥ ਉਠਾਇੰਦਾ । ਕੋਈ ਨਾ ਕਿਸੇ ਦਿਸੇ ਰਾਜ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਕਰੇ ਖੇਲ ਕੱਲ ਕਿ ਆਜ, ਸੰਮਤ ਸੋਲਾਂ ਨੀਂਹ ਰਖਾਇੰਦਾ । ਨਾਮ ਚੜ੍ਹਾਏ ਸਚ ਜਹਾਜ਼, ਜਨ ਭਗਤਾਂ ਆਪ ਬਿਠਾਇੰਦਾ । ਆਪੇ ਰੱਖਣਹਾਰਾ ਲਾਜ, ਜੁਗ ਜੁਗ ਪੈਜ ਰਖਾਇੰਦਾ । ਏਕਾ ਸ਼ਬਦ ਉਡਾਏ ਸਾਚਾ ਬਾਜ, ਚਾਰੋਂ ਕੁੰਟ ਆਪ ਫਿਰਾਇੰਦਾ । ਕਲਗੀ ਤੋੜਾ ਨਾਮ ਸਾਜ, ਸਿਰ ਆਪਣੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਇਕ ਘਰ, ਏਕਾ ਘਰ ਸੁਹਾਇੰਦਾ । ਸਾਚਾ ਘਰ ਗੁਰ ਦਰਬਾਰ, ਹਰਿ ਆਪਣਾ ਆਪ ਉਪਾਇਆ । ਨਾ ਕੋਈ ਬਣਾਈ ਚਾਰ ਦਿਵਾਰ, ਨਾ ਕੋਈ ਗੁੰਬ੍ਰ ਰਖਾਇਆ । ਨਾ ਕੋਈ ਵੇਖੇ ਵੇਖ ਵਿਚਾਰ, ਨਾ ਕੋਈ ਰਸਨਾ ਗਾਇਆ । ਤਤ ਮਤ ਨਾ ਕੋਈ ਧਾਰ, ਸਾਰ ਸ਼ਬਦ ਨਾਉਂ ਰਖਾਇਆ । ਆਦਿ ਪੁਰਖ ਪ੍ਰਭ ਆਦਿ ਕਾਰ, ਆਪਣੀ ਆਪ ਕਰਾਇਆ । ਬ੍ਰਹਿਮਾਦ ਨਾ ਪਾਏ ਕੋਈ ਸਾਰ, ਪ੍ਰਭ ਆਪਣਾ ਭੇਵ ਛੁਪਾਇਆ । ਏਕਾ ਨਾਦ ਅਪਰ ਅਪਾਰ, ਸਾਚਾ ਰਿਹਾ ਵਜਾਇਆ । ਲੋਕਮਾਤ ਹਰਿ ਸਾਚੀ ਦਾਦ, ਸਾਧਾਂ ਸੰਤਾਂ ਝੋਲੀ ਪਾਇਆ । ਸੰਤ ਸੁਹੇਲੇ ਵਿਰਲੇ ਲਏ ਲਾਧ, ਜਿਸ ਜਨ ਪ੍ਰਭ ਆਪਣੀ ਦਇਆ ਕਮਾਇਆ । ਏਕਾ ਮੇਲਾ ਮਾਧਵ ਮਾਧ, ਦੂਸਰ ਕੋਇ ਨਾ ਸੰਗ ਨਿਭਾਇਆ । ਘਰ ਘਰ ਰਸਨਾ ਰਹੇ ਅਰਾਧ, ਨੈਣ ਨੇਤਰ ਦਿਸ ਕਿਸੇ ਨਾ ਆਇਆ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਸਾਚਾ ਮੰਦਰ ਇਕ ਸੁਹਾਇਆ । ਸਾਚਾ ਮੰਦਰ ਹਰਿ ਨਿਰੰਕਾਰ, ਆਪਣਾ ਆਪ ਉਪੰਨਿਆ । ਆਪ ਆਪਣਾ ਲਿਆ ਉਸਾਰ, ਨਾ ਕੋਈ ਛੱਪਰ ਛੰਨਿਆ । ਨਾ ਕੋਈ ਦੀਸੇ ਪਹਿਰੇਦਾਰ, ਨਾ ਜਨਣੀ ਜਨ ਕੋਈ ਜਣਿਆ । ਨਾ ਕੋਈ ਦੀਸੇ ਸੇਵਾਦਾਰ, ਸੇਵਕ ਸੇਵਾ ਵਿਚ ਨਾ ਮੰਨਿਆ । ਨਾ ਕੋਈ ਦੀਸੇ ਗੁਰ ਪੀਰ ਅਵਤਾਰ, ਸਾਧ ਸੰਤ ਨਾ ਬੇੜਾ ਬੰਨ੍ਹਿਆ । ਆਪ ਆਪਣਾ ਕਰ ਅਕਾਰ, ਆਪ ਆਪਣੇ ਅੰਦਰ ਮੰਨਿਆ । ਆਪੇ ਸੁੱਤਾ ਪੈਰ ਪਸਾਰ, ਆਪੇ ਖੇਲ ਖਿਲੰਨਿਆ । ਆਪ ਆਪਣੀ ਕਿਰਪਾ ਧਾਰ, ਲੋਕਮਾਤ ਆਵੇ ਭੰਨਿਆ । ਜੁਗ ਜੁਗ ਖੇਲੇ ਖੇਲ ਅਪਾਰ, ਮਨਮੁਖ ਜੀਵਾਂ ਦੇਵੇ ਡੰਨਿਆ । ਗੁਰਮੁਖ ਸਾਚੇ ਲਏ ਉਭਾਰ, ਭਰਮ ਭੁਲੇਖਾ ਕੱਢੇ ਜੰਨਿਆ । ਸਾਚਾ ਮੇਲਾ ਦਰ ਦਵਾਰ, ਜਿਸ ਜਨ ਭਾਣਾ ਹਰਿ ਹਰਿ ਮੰਨਿਆ । ਮਿਲੇ ਮੇਲ ਹਰਿ ਮੀਤ ਮੁਰਾਰ, ਸਾਂਝਾ ਯਾਰ ਏਕਾ ਰਾਗ ਸੁਣਾਏ ਕੰਨਿਆ । ਅੰਮ੍ਰਿਤ ਆਤਮ ਦੇਵੇ ਠੰਢੀ ਧਾਰ, ਪੰਚ ਵਿਕਾਰਾ ਦੇਵੇ ਡੰਨਿਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਚ ਸੁਨੇਹੜਾ ਏਕਾ ਘੱਲਿਆ । ਜੋਤ ਨਿਰੰਜਣ ਸੇਵਾਦਾਰ, ਧੁਰ ਫ਼ਰਮਾਣਾ ਅੰਤਮ ਮੰਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਦੇਵੇ ਡੰਨਿਆ । ਸਤਿ ਸਰੂਪ ਹਰਿ ਆਪ ਅਨੂਪਾ । ਰੂਪ ਰੰਗ ਰੇਖ ਨਾ ਹਰਿ ਭੂਪਾ । ਅੰਧ ਕੂਪ ਕਿਸੇ ਨਾ ਪੇਖਾ । ਵੇਦ ਸ਼ਾਸਤਰ ਨਾ ਲਿਖੇ ਲੇਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਦੂਸਰ ਕਿਸੇ ਨਾ ਦੇਖਾ । ਸਤਿ ਸਰੂਪ ਸਤਿ ਕਰਤਾਰਿਆ, ਸਤਿ ਸਤਿਵਾਦ ਸਮਾਏ । ਆਦਿ ਪੁਰਖ ਅਪਰੰਪਰ ਅਪਰ ਅਪਾਰਿਆ, ਆਪਣੀ ਬਣਤ ਬਣਾਏ । ਸਾਧ ਸੰਤ ਨਾ ਪਾਵੇ ਸਾਰਿਆ, ਪੁਰਖ ਅਬਿਨਾਸ਼ੀ ਅਗੰਮ ਅਥਾਹੇ । ਆਪੇ ਲਾਏ ਆਪਣੀ ਕਾਰਿਆ, ਲੋਕਮਾਤੀ ਰਿਹਾ ਘਲਾਏ । ਆਪਣਾ ਬਖ਼ਸ਼ੇ ਆਪ ਪਿਆਰਿਆ, ਚਰਨ ਕਵਲ ਦਰਸਾਏ । ਆਪਣਾ ਦੇਵੇ ਨਾਮ ਅਧਾਰਿਆ, ਆਪਣੀ ਆਵਾਜ਼ ਅਲਾਏ । ਆਪ ਵਖਾਏ ਇਕ ਦਵਾਰਿਆ, ਨੈਣੀ ਨੈਣ ਖੁਲ੍ਹਾਏ ।


੩੨੬
੦੬

ਜੋਤੀ ਜੋਤ ਭੇਖ ਵਟਾ ਲਿਆ, ਸ਼ਬਦੀ ਬਣਤ ਬਣਾਏ । ਸ਼ਬਦ ਡੰਕ ਵਜਾ ਲਿਆ, ਸਾਧ ਸੰਤ ਸੁਣਾਏ । ਸਾਧ ਸੰਤ ਰਸਨਾ ਗਾ ਲਿਆ, ਪ੍ਰਭ ਸਾਚਾ ਦਇਆ ਕਮਾਏ । ਘਰ ਸਾਚਾ ਇਕ ਵਸਾ ਲਿਆ, ਆਪ ਆਪਣੀ ਰਚਨ ਰਚਾਏ । ਬਾਡੀ ਨਾਲ ਨਾ ਕੋਈ ਰਲਾ ਲਿਆ, ਨਾ ਕੋਈ ਮਦਦ ਕਰਾਏ । ਆਪ ਆਪਣਾ ਰੰਗ ਲਗਾ ਲਿਆ, ਰੰਗਣ ਵਾਲਾ ਕੋਈ ਦੂਸਰ ਨਜ਼ਰ ਨਾ ਆਏ । ਆਪ ਆਪਣਾ ਸੰਗ ਨਿਭਾ ਲਿਆ, ਸੰਗੀ ਸਾਥੀ ਹੋਰ ਨਾ ਦੀਸੇ ਕੋਇ । ਆਪ ਆਪਣਾ ਪਲੰਘ ਵਿਛਾ ਲਿਆ, ਆਪੇ ਉਠੇ ਆਪੇ ਸੋਏ । ਆਪਣਾ ਆਪ ਨੀਰ ਵਹਾ ਲਿਆ, ਆਪੇ ਅੰਮ੍ਰਿਤ ਧਾਰਾ ਚੋਏ । ਆਪੇ ਦੀਪਕ ਜੋਤ ਜਗਾ ਲਿਆ, ਆਪੇ ਰਿਹਾ ਬਲੋਏ । ਆਪੇ ਅੰਧ ਅੰਧੇਰ ਵਖਾ ਲਿਆ, ਦਿਸ ਨਾ ਆਏ ਕੋਇ । ਆਪੇ ਸੰਞ ਸਵੇਰ ਬਣਾ ਲਿਆ । ਆਪੇ ਪੁਰੀਆਂ ਲੋਆਂ ਦੇਵੇ ਢੋਏ । ਆਪੇ ਚੰਦ ਸੂਰਜ ਉਪਾ ਲਿਆ, ਦਰ ਦਰਬਾਨੇ ਸਾਚੇ ਹੋਏ । ਆਪੇ ਬ੍ਰਹਮਾ ਸ਼ਿਵ ਰਖਾ ਲਿਆ, ਤੀਰ ਨਿਸ਼ਾਨਾ ਏਕਾ ਲੋਏ । ਆਪੇ ਸੁਰਪਤ ਇੰਦ ਉਪਾ ਲਿਆ, ਕਰੋੜ ਤੇਤੀਸਾ ਮੁਖੜਾ ਧੋਏ । ਆਪੇ ਬ੍ਰਹਿਮੰਡੀ ਖੇਲ ਰਚਾ ਲਿਆ, ਰੂਪ ਰੰਗ ਨਾ ਵੇਖੇ ਕੋਏ । ਆਪੇ ਬ੍ਰਹਮਾ ਵਰ ਦਵਾ ਲਿਆ, ਦਰ ਦਰਬਾਨੀ ਆਪੇ ਹੋਏ । ਆਪੇ ਕਵਲ ਫੁੱਲ ਖਿਲਾ ਲਿਆ, ਉਤਪਤ ਆਪੇ ਹੋਏ । ਆਪੇ ਤ੍ਰੈਗੁਣ ਤਤ ਉਪਾ ਲਿਆ, ਤ੍ਰੈਗੁਣ ਮਾਇਆ ਅੰਗ ਬਲੋਏ । ਆਪੇ ਬ੍ਰਹਮੇ ਝੋਲੀ ਪਾ ਰਿਹਾ, ਆਪੇ ਧਾਗੇ ਰਿਹਾ ਪਰੋਏ । ਆਪੇ ਬ੍ਰਹਮਾ ਸੇਵਾ ਲਾ ਲਿਆ, ਪੰਜ ਤਤ ਬਣਾਏ ਢੋਏ । ਆਪੇ ਆਪਣੀ ਵੰਡ ਵੰਡਾ ਲਿਆ, ਪੰਝੀ ਪ੍ਰਕਿਰਤੀ ਨਵੇਂ ਨਰੋਏ । ਆਪੇ ਆਪਣਾ ਸੁਤ ਉਪਾ ਲਿਆ, ਵੇਖ ਨਾ ਸਕੇ ਕੋਇ । ਆਪੇ ਵਿਸ਼ਨੂੰ ਬੰਸੀ ਅਖਵਾ ਲਿਆ, ਆਪੇ ਜਾਣੇ ਆਪਣੀ ਸੋਏ । ਆਪੇ ਸ਼ਿਵ ਸ਼ੰਕਰ ਅਖਵਾ ਲਿਆ, ਬਾਸ਼ਕ ਤਸ਼ਕਾ ਗਲ ਵਿਚ ਹੋਏ । ਆਪੇ ਬਾਸ਼ਕ ਸੇਜ ਹੰਢਾ ਲਿਆ, ਸਾਂਗੋ ਪਾਂਗ ਖਲੋਏ । ਆਪ ਆਪਣਾ ਤੇਜ ਵਧਾ ਲਿਆ, ਜੋਤੀ ਨੂਰਾ ਹੋਏ । ਆਪ ਆਪਣਾ ਸ਼ਬਦ ਉਪਾ ਲਿਆ, ਲੱਖ ਚੁਰਾਸੀ ਵਿਚ ਪਰੋਏ । ਆਪ ਆਪਣਾ ਰਾਗ ਅਲਾ ਲਿਆ, ਰਾਗ ਰਾਗਣੀ ਨਾ ਜਾਣੇ ਕੋਇ । ਆਪੇ ਕੰਤ ਸੁਹਾਗ ਅਖਵਾ ਲਿਆ, ਨਾਰੀ ਕੰਤਾ ਆਪੇ ਹੋਏ । ਆਪ ਆਪਣੀ ਸੇਜ ਹੰਢਾ ਲਿਆ, ਪੂਤ ਸਪੂਤਾ ਆਪੇ ਹੋਏ । ਆਪੇ ਜੀਵ ਜੰਤ ਉਪਾ ਰਿਹਾ, ਆਪੇ ਵੇਖੇ ਤ੍ਰੈ ਤ੍ਰੈ ਲੋਏ । ਆਪੇ ਸਾਧ ਸੰਤ ਬਣਾ ਲਿਆ, ਆਪੇ ਦੇਵੇ ਸ਼ਬਦ ਰਸੋਏ । ਆਪੇ ਕੰਤ ਸੰਤ ਅਖਵਾ ਰਿਹਾ, ਮੀਤ ਮੁਰਾਰਾ ਸਾਚਾ ਹੋਏ । ਆਪੇ ਗਤ ਮਿਤ ਜਣਾ ਰਿਹਾ, ਮਿਤ ਗਤ ਨਾ ਜਾਣੇ ਕੋਇ । ਆਪੇ ਵਾਰ ਥਿਤ ਉਪਾ ਰਿਹਾ, ਦਿਵਸ ਰੈਣ ਆਪੇ ਹੋਏ । ਆਪੇ ਪਿਤਾ ਮਾਤ ਆਪ ਅਖਵਾ ਰਿਹਾ, ਭੈਣ ਭਰਾਤਾ ਆਪੇ ਹੋਏ । ਆਪੇ ਅਨੰਦ ਚਿਤ ਸਮਾ ਰਿਹਾ, ਨਿਰਗੁਣ ਹਰਿ ਹਰਿ ਬਲੋਏ । ਆਪੇ ਕਾਇਆ ਹਿਤ ਉਪਾ ਰਿਹਾ, ਸਰਗੁਣ ਖੇਲ ਖਿਲੋਏ । ਆਪੇ ਪਾਰਬ੍ਰਹਮ ਅਬਿਨਾਸ਼ੀ ਅਚੁਤ ਅਖਵਾ ਲਿਆ, ਆਪੇ ਵਿਸ਼ਨੂੰ ਵੰਸੀ ਹੋਏ । ਆਪੇ ਬ੍ਰਹਮ ਬ੍ਰਹਮ ਸਮਾ ਰਿਹਾ, ਅੰਸੀ ਬੰਸੀ ਆਪੇ ਹੋਏ । ਆਪੇ ਪਾਰਬ੍ਰਹਮ ਸਮਾ ਰਿਹਾ, ਸਹੰਸ ਸਹਿੰਸੀ ਆਪੇ ਹੋਏ । ਆਪੇ ਕੋਟਨ ਕੋਟ ਵਖਾ ਰਿਹਾ, ਘਟ ਘਟ ਵੇਖੇ ਆਪੇ ਹੋਏ । ਆਪੇ ਛੋਟਨ ਛੋਟ ਅਖਵਾ ਰਿਹਾ, ਦੂਰ ਦੁਰਾਡਾ ਆਪੇ ਹੋਏ । ਆਪੇ ਨੀਕਨ ਨੀਕ ਸਮਾ ਰਿਹਾ, ਆਪੇ ਜੀਅ ਜਨ ਹੋਏ । ਆਪੇ ਰੇਖਨ ਰੇਖ ਮਿਟਾ ਰਿਹਾ, ਆਪੇ ਲੇਖਨ ਲੇਖ ਲਿਖੋਏ । ਆਪੇ ਵੇਦ ਪੁਰਾਨਾਂ ਅਲਾ ਰਿਹਾ, ਆਪੇ ਸ਼ਬਦ ਜਣੋਏ । ਆਪੇ ਅਨਡੀਠਾ ਸ਼ਬਦ ਚਲਾ ਰਿਹਾ, ਵੇਖ ਨਾ ਸਕੇ ਕੋਇ । ਆਪੇ ਮੀਠਾ ਜਾਮ ਪਿਆ ਰਿਹਾ, ਅੰਮ੍ਰਿਤ ਧਾਰਾ ਸੋਹੇ । ਆਪੇ ਰੰਗ ਮਜੀਠ ਚੜ੍ਹਾ

੩੨੭
੦੬

ਰਿਹਾ, ਕਾਮੀ ਧਾਰਾ ਆਪੇ ਹੋਏ । ਆਪੇ ਕੌੜਾ ਰੀਠ ਕਰਾ ਰਿਹਾ, ਆਪੇ ਭੰਨ ਵਖਾਏ । ਲੱਖ ਚੁਰਾਸੀ ਆਪ ਉਪਾ ਰਿਹਾ, ਆਪੇ ਫਾਸੀ ਲਾਏ । ਧਰਮ ਰਾਏ ਆਪ ਬਹਾ ਲਿਆ, ਚਿਤਰ ਗੁਪਤ ਸੰਗ ਰਲਾਏ । ਲਾੜੀ ਮੌਤ ਸੇਵਾ ਲਾ ਲਿਆ, ਕਾਲ ਮਹਾਂਕਾਲ ਸੰਗ ਨਿਭਾਏ । ਆਪੇ ਭਗਤੀ ਰੂਪ ਵਟਾ ਲਿਆ, ਭਗਤਨ ਵਿਚ ਸਮਾਏ । ਆਪੇ ਸ਼ਕਤੀ ਰਾਮ ਅਖਵਾ ਲਿਆ, ਰਾਮ ਰਮਈਆ ਸਰਬ ਹੋ ਜਾਏ । ਆਪੇ ਵਿਅਕਤੀ ਹਰਿ ਅਖਵਾ ਲਿਆ, ਨਈਆ ਨਾਮ ਚੜ੍ਹਾਏ । ਮੁਕਤੀ ਜੁਗਤੀ ਆਪੇ ਨਾਮ ਧਰਾ ਲਿਆ, ਆਪੇ ਲਏ ਮਿਲਾਏ । ਆਪੇ ਜੋਗ ਜੁਗਤੀ ਜਗਤ ਬਣਾ ਲਿਆ, ਤਪੀ ਤਪੀਸ਼ਰ ਆਪੇ ਹੋਏ । ਰਿਖੀ ਰਿਖੀਸ਼ਰ ਇਕ ਅਖਵਾ ਲਿਆ, ਮੁਨੀ ਮੁਨੀਸ਼ਰ ਤਨ ਰਸੋਏ । ਜਗਤ ਜਗਦੀਸ਼ਰ ਆਪ ਅਖਵਾ ਲਿਆ, ਨਿਜ ਘਰ ਬੈਠਾ ਵੇਖੇ ਸੋਏ । ਈਸ਼ਵਰ ਈਸ਼ਰ ਨਾਮ ਧਰਾ ਲਿਆ, ਗੁਰਦੇਵ ਗੁਰ ਗੁਰ ਹੋਏ । ਸਾਧ ਸੰਤ ਸੇਵਾ ਲਾ ਰਿਹਾ, ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਏਕਾ ਧਾਮ ਖਲੋਏ । ਬ੍ਰਹਿਮਾਦੀ ਬਣਤ ਬਣਾ ਲਿਆ, ਅਬਗਤ ਆਪੇ ਹੋਏ । ਲੋਆਂ ਪੁਰੀਆਂ ਵੇਖ ਵਖਾ ਲਿਆ, ਤ੍ਰੈਲੋਕਾਂ ਦੇਵੇ ਢੋਏ । ਘਰ ਚੌਥਾ ਆਪ ਸੁਹਾ ਲਿਆ, ਪੁਰਖ ਅਬਿਨਾਸ਼ੀ ਏਕਾ ਹੋਏ, ਪੰਚਮ ਗੀਤ ਸੁਹਾਗੀ ਗਾ ਲਿਆ, ਮੇਲਾ ਸਹਿਜ ਸੁਭਾਏ । ਛੇਵੇਂ ਸਹਿਜ ਸਹਿਜ ਅਲਾ ਰਿਹਾ, ਏਕਾ ਹੁਕਮ ਸੁਣੋਏ । ਸਤਵੇਂ ਸਤਿਵਾਦ ਸਮਾ ਰਿਹਾ, ਸਹਿਜ ਸਹਿਜ ਸੁੱਖ ਹੋਏ । ਆਪ ਆਪਣਾ ਰੰਗ ਉਪਾ ਲਿਆ, ਲੇਖਾ ਲਿਖ ਨਾ ਸਕੇ ਕੋਇ । ਏਕਾ ਏਕ ਆਪ ਅਖਵਾ ਲਿਆ, ਲੱਖ ਚੁਰਾਸੀ ਪਰਗਟ ਹੋਏ । ਲੱਖ ਚੁਰਾਸੀ ਮੁਖ ਛੁਪਾ ਲਿਆ, ਗੁਰਮੁਖ ਵਿਰਲਾ ਜਾਣੇ ਕੋਇ । ਜਿਸ ਜਨ ਆਪਣੀ ਦਇਆ ਕਮਾ ਲਿਆ, ਸਾਧ ਸੰਤ ਜਨ ਹੋਏ । ਸਾਧ ਸੰਤ ਰੰਗ ਮਾਣਿਆ, ਪ੍ਰਭ ਵੇਖੇ ਤੀਜਾ ਲੋਏ । ਨੇਤਰ ਨੈਣ ਜਿਸ ਪਛਾਣਿਆ, ਰਸਨਾ ਕਹਿਣ ਨਾ ਸਕੇ ਕੋਇ । ਆਪ ਆਪਣੇ ਚਲੇ ਭਾਣਿਆ, ਆਦਿ ਪੁਰਖ ਆਪੇ ਹੋਏ । ਆਦਿ ਸ਼ਕਤੀ ਨਾਮ ਧਰਾਣਿਆ, ਆਦਿਨ ਅੰਤਾ ਏਕਾ ਹੋਏ । ਸਾਰ ਸ਼ਬਦ ਗੁਰਮੁਖ ਵਿਰਲੇ ਦਰ ਦਵਾਰੇ ਏਕਾ ਮਾਣਿਆ, ਦੂਸਰ ਕਹਿ ਕਹਿ ਰਹੇ ਰੋਏ । ਸਤਿ ਨਾਮ ਧੁਰ ਫ਼ਰਮਾਣਿਆ, ਸੋਹੰ ਦੇਵੇ ਢੋਏ । ਅੰਮ੍ਰਿਤ ਆਤਮ ਧਾਰ ਨਿਭਾਣਿਆ, ਦਸਮ ਦਵਾਰੀ ਰਿਹਾ ਚੋਏ । ਪੰਚਮ ਗਾਇਣ ਸਾਚਾ ਗਾਣਿਆ, ਅਨਹਦ ਤਾਲ ਵਜੋਏ । ਹਰਿ ਕਾ ਰੰਗ ਜਿਸ ਜਨ ਪਛਾਣਿਆ, ਹਰਿ ਰੰਗ ਆਪੇ ਹੋਏ । ਪੁਰਖ ਅਬਿਨਾਸ਼ ਬਹੁ ਰੰਗ ਹੈ, ਰੰਗ ਰਾਤਾ ਭੇਵ ਨਾ ਕੋਇ । ਆਪੇ ਢੋਲ ਆਪੇ ਮਰਦੰਗ ਹੈ, ਗੁਰਮੁਖ ਜਗਾਏ ਸੋਏ । ਜਨ ਸੰਤਾਂ ਕਟੇ ਭੁੱਖ ਨੰਗ ਹੈ, ਨਾਮ ਵਣਜ ਕਰਾਏ ਦੇਵੇ ਸੱਚੇ ਢੋਏ । ਆਪੇ ਹੋਏ ਅੰਗ ਸੰਗ ਹੈ, ਦਰ ਦਵਾਰੇ ਰਿਹਾ ਖਲੋਏ । ਦਰਸ ਦਾਨ ਜਿਸ ਜਨ ਲਿਆ ਮੰਗ ਹੈ, ਪ੍ਰਭ ਦੇਵੇ ਤੀਜੇ ਲੋਏ । ਅਬਿਨਾਸ਼ ਪੁਰਖ ਸਦਾ ਸਾਚੇ ਰੰਗ ਹੈ, ਸਚ ਰੰਗ ਨਾ ਧੋਵੇ ਕੋਇ । ਜੋਤੀ ਜੋਤ ਸਰੂਪ ਹਰਿ, ਭਗਤਨ ਪੁੱਛੇ ਸਚ ਘਰ, ਕਵਣ ਘਰ ਭਗਤ ਸੁਹੇਲਾ ਭਗਵਨ ਮੇਲਾ ਹੋਏ । ਸੁਣੋ ਸੰਤੋ ਸਚ ਕੰਨ ਲਾਏ, ਕਵਣ ਘਰ ਕਵਣ ਬਨਵਾਰੀ । ਕਵਣ ਰੰਗ ਹਰਿ ਵਟਾਏ, ਵੇਖੇ ਖੇਲ ਦਸਮ ਦਵਾਰੀ । ਕਵਣ ਕੂਟ ਫੇਰਾ ਪਾਏ, ਸ਼ਬਦ ਸਿੰਘਾਸਣ ਕਵਣ ਮਹੱਲ ਅਟਾਰੀ । ਕਵਣ ਜੋਤੀ ਨੂਰ ਤੇਜ ਵਧਾਏ, ਕਵਣ ਰੂਪ ਹਰਿ ਮੁਖੜਾ ਦਿਖਾਏ, ਕਵਣ ਸੇਜ ਸ਼ਿੰਗਾਰੀ । ਜੋਤੀ ਜੋਤ ਸਰੂਪ ਹਰਿ, ਭਗਵਨ ਵੇਖੇ ਸਾਚਾ ਘਰ, ਕਵਣ ਦਵਾਰੇ ਮਿਲਿਆ ਵਰ, ਪਾਇਆ ਪਾਰਬ੍ਰਹਮ ਪੁਰਖ ਅਗੰਮ ਅਪਾਰੀ । ਕਵਣ ਮੰਦਰ ਕਵਣ ਟਿਕਾਣਾ, ਕਵਣ ਜੋਤ ਜਗਾਈਆ । ਕਵਣ ਸ਼ਬਦ ਸਚ ਬਿਬਾਣਾ, ਰਿਹਾ ਆਪ ਉਡਾਈਆ । ਕਵਣ ਦਰ ਕਵਣ ਘਰ

੩੨੮
੦੬

ਹਰਿਜਨ ਸਾਚੇ ਪਾਣਾ । ਕਵਣ ਦਰਵਾਜਾ ਗਰੀਬ ਨਿਵਾਜਾ, ਏਕਾ ਏਕ ਖੁਲ੍ਹਾਈਆ । ਕਵਣ ਦਵਾਰੇ ਹਰਿ ਸਾਜਣ ਸਾਜਾ, ਸਾਧਾਂ ਸੰਤਾਂ ਰਿਹਾ ਜਣਾਈਆ । ਕਵਣ ਰੱਖੇ ਘੋੜਾ ਤਾਜਾ, ਕਵਣ ਸਿੰਘਾਸਣ ਆਸਣ ਲਾਈਆ । ਕਵਣ ਰੂਪ ਹਰਿ ਮਾਰੇ ਆਵਾਜਾ, ਸਾਚੇ ਭਗਤ ਦੇਣਾ ਰਸਨ ਅਲਾਈਆ । ਕਵਣ ਚੜ੍ਹਿਆ ਨਾਮ ਜਹਾਜ਼ਾ, ਕਵਣ ਨਈਆ ਰਿਹਾ ਚਲਾਈਆ । ਕਵਣ ਰੱਖਣਹਾਰਾ ਲਾਜਾ, ਸਾਚਾ ਸੈਣ ਕਵਣ ਅਖਵਾਈਆ । ਰਾਮ ਰਮਈਆ ਆਇਆ ਭਾਜਾ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਸੰਤਨ ਮੇਲਾ ਸਚ ਘਰ, ਭਗਤ ਸੁਹੇਲੇ ਇਕ ਦਰ, ਦਰ ਦਰਵਾਜ਼ਾ ਬੰਕ ਰਿਹਾ ਸੁਹਾਈਆ । ਸੰਤਨ ਮੇਲਾ ਸਚ ਘਰ, ਹਰਿ ਚੌਥਾ ਘਰ ਵਖੰਦੜਾ । ਸ਼ਬਦ ਸਰੂਪੀ ਏਕਾ ਦਰ, ਏਕਾ ਨਾਮ ਜਿੰਦੜਾ । ਦਿਸ ਨਾ ਆਏ ਨੌ ਦਰ, ਹਰਿ ਤਾਕੀ ਤਾਕ ਬੰਦ ਰਖੰਦੜਾ । ਆਪ ਬਣਾਏ ਕਿਲ੍ਹਾ ਗੜ੍ਹ, ਗੁਰਮੁਖ ਵਿਰਲਾ ਸੰਤ ਚੜ੍ਹੰਦੜਾ । ਪੰਚ ਵਿਕਾਰਾ ਰਿਹਾ ਲੜ, ਨਾ ਪੱਲਾ ਕੋਇ ਛੁੜੰਦੜਾ । ਮਾਇਆ ਮਮਤਾ ਜਗਤ ਅਗਨੀ ਰਹੇ ਸੜ, ਸੀਤਲ ਧਾਰ ਨਾ ਕੋਈ ਵਹਦੰੜਾ । ਜਗਤ ਵਿਦਿਆ ਪੜ੍ਹ ਪੜ੍ਹ ਗਏ ਹੜ੍ਹ, ਹਰਿ ਰੂਪ ਨਾ ਵੇਖ ਵਖੰਦੜਾ । ਨਾ ਕੋਈ ਜਾਣੇ ਚੋਟੀ ਜੜ੍ਹ, ਆਦਿ ਜੁਗਾਦਿ ਹਰਿ ਅਖਵੰਦੜਾ । ਲੱਖ ਚੁਰਾਸੀ ਭਾਂਡੇ ਘੜ, ਹਰਿ ਸਾਚੀ ਵਸਤ ਟਿਕੰਦੜਾ । ਜੋਤੀ ਨੂਰ ਸ਼ਬਦ ਧਰ, ਪੰਚ ਰਥ ਚਲੰਦੜਾ । ਤ੍ਰੈਗੁਣ ਮਾਇਆ ਅੱਗੇ ਧਰ, ਆਪੇ ਭਾਰ ਉਠੰਦੜਾ । ਆਪੇ ਬੈਠਾ ਅੰਦਰ ਵੜ, ਆਪਣਾ ਮੁਖ ਛੁਪੰਦੜਾ । ਬੰਦ ਕਰਾਇਆ ਆਪਣਾ ਦਰ, ਨਾ ਕੋਈ ਖੋਲ੍ਹ ਖੁਲ੍ਹੰਦੜਾ । ਗੁਰਮੁਖ ਵਿਰਲਾ ਆਏ ਘਰ, ਜਿਸ ਪੱਲਾ ਨਾਮ ਫੜੰਦੜਾ । ਸਾਚੇ ਅੰਦਰ ਜਾਣਾ ਵੜ, ਸਾਚੇ ਘੋੜ ਚੜ੍ਹੰਦੜਾ । ਸ਼ਬਦ ਸਿੰਘਾਸਣ ਉਪਰ ਚੜ੍ਹ, ਪੁਰਖ ਅਬਿਨਾਸ਼ੀ ਇਕ ਰਖੰਦੜਾ ।

੩੨੯ ੦੬
੩੨੯ ੦੬

ਗੁਰਸਿਖ ਨਾਰੀ ਲਏ ਵਰ, ਕੰਤਾ ਸਾਚੀ ਸੇਜ ਹਢੰਦੜਾ । ਆਪ ਸੁਹਾਏ ਆਪਣਾ ਦਰ, ਏਕਾ ਮੇਲ ਮਿਲੰਦੜਾ । ਨਾ ਕੋਈ ਪੁਰਖ ਨਾ ਕੋਈ ਨਾਰੀ ਹਰਿ, ਜੋਤੀ ਜੋਤ ਜਗੰਦੜਾ । ਹਉਂ ਹਉਂ ਤੂੰ ਤੂੰ ਜਾਣੇ ਜ਼ਰ, ਆਤਮਕ ਧਨ ਨਾ ਸਾਥ ਰਖੰਦੜਾ । ਸ਼ਬਦੀ ਸ਼ਬਦ ਨਾ ਜਾਏ ਘਰ, ਦੂਰ ਦੁਰਾਡਾ ਦਿਸੇ ਪਾਰਬ੍ਰਹਮ ਅਗੰਮੜਾ । ਸਾਧ ਸੰਤ ਨਿੰਦਿਆ ਰਹੇ ਕਰ, ਸੁਣ ਸਾਚੇ ਸ਼ਾਹੋ ਬੇਪਰਵਾਹੋ ਗਲ ਪੱਲਾ ਪਾ ਨੇਤਰ ਨੀਰ ਵਹੰਦੜਾ । ਪਾਰਬ੍ਰਹਮ ਵੇਖੇ ਥਾਉਂ ਥਾਂ, ਲੋਕਮਾਤ ਆਏ ਭੇਸ ਵਟੰਦੜਾ । ਸ਼ਬਦ ਸਰੂਪੀ ਪਕੜੇ ਬਾਂਹ, ਦੂਸਰ ਕਿਸੇ ਨਾ ਆਪ ਦਿਸੰਦੜਾ । ਆਪ ਵਖਾਏ ਸਾਚੇ ਥਾਂ, ਹਰਿ ਸੰਤਾਂ ਮੇਲ ਕਰੰਦੜਾ । ਰੂਪ ਰੰਗ ਹਰਿ ਸਾਚਾ ਨਾਂ, ਜੁਗ ਜੁਗ ਆਪਣਾ ਆਪ ਵਟੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੂਪ ਸਤਿ ਸਰੂਪ ਅਲਖ ਅਲਖ ਆਪ ਅਖਵੰਦੜਾ ।

ਗੁਰ ਚਰਨ ਸਦਾ ਬਲਿਹਾਰ, ਗੁਰਮੁਖ ਸਾਚਾ ਉਤਰੇ ਪਾਰ । ਗੁਰ ਚਰਨ ਸਦਾ ਬਲਿਹਾਰ, ਜਨਮ ਮਰਨ ਦੁੱਖ ਦਏ ਨਿਵਾਰ । ਗੁਰ ਚਰਨ ਭਰਮ ਭਉ ਨਿਵਾਰ, ਮਾਨਸ ਜਨਮ ਦਏ ਸਵਾਰ । ਗੁਰ ਚਰਨ ਊਚ ਨੀਚ ਉਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਵਣਹਾਰਾ ਸਾਰ । ਗੁਰ ਚਰਨ ਸਾਚੀ ਰਾਸ, ਗੁਰਮੁਖ ਵਿਰਲੇ ਪਾਈਆ । ਸ਼ਬਦ ਵਸਤ ਗੁਰ ਸਾਚੇ ਪਾਸ, ਆਤਮ ਝੋਲੀ ਰਿਹਾ ਭਰਾਈਆ । ਹਰਿਜਨ ਹੋਏ ਦਾਸੀ ਦਾਸ, ਸਾਚੀ ਗੋਲੀ ਰਿਹਾ ਬਣਾਈਆ । ਨਿਜ ਘਰ ਆਤਮ ਰੱਖੇ ਵਾਸ, ਪਾਰਬ੍ਰਹਮ ਸਰਨ ਸਰਨਾਈਆ । ਮਾਨਸ ਦੇਹੀ

੩੩੦
੦੬

ਕਰੇ ਰਾਸ, ਲੱਖ ਚੁਰਾਸੀ ਫੰਦ ਕਟਾਈਆ । ਜਿਹਵਾ ਰਸਨ ਸਵਾਸ ਸਵਾਸ, ਹਰਿ ਗੁਣ ਸਹਿਜ ਸੁਭਾਈਆ । ਮਿਲੇ ਮੇਲ ਅਬਿਨਾਸ਼ੀ ਅਬਿਨਾਸ਼, ਮੇਲਣਹਾਰਾ ਆਪ ਅਖਵਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਖੇਲ ਖਿਲਾਈਆ । ਗੁਰਮੁਖ ਸਾਚੇ ਸਦ ਬਲ ਬਲ ਜਾਸ, ਗੁਰ ਚਰਨ ਪ੍ਰੀਤੀ ਇਕ ਨਿਭਾਈਆ । ਗੁਰ ਚਰਨ ਪ੍ਰੀਤੀ ਸਾਚਾ ਜੋਗ, ਹਰਿਜਨ ਮਾਤ ਕਮਾਇੰਦਾ । ਰਸਨਾ ਰਸ ਸਾਚਾ ਭੋਗ, ਸਾਚਾ ਨਾਮ ਭੋਗਾਇੰਦਾ । ਦੂਈ ਦਵੈਤੀ ਹਉਮੇ ਕਟੇ ਰੋਗ, ਦਰਸ ਅਮੋਘ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਤ ਦੁਲਾਰ ਆਪਣੀ ਸੇਵਾ ਲਾਇੰਦਾ । ਗੁਰਮੁਖ ਕਾਇਆ ਮੰਡਲ ਰਾਸ, ਨਿਰਮਲ ਜੋਤ ਜਗਾਈਆ । ਦੀਪਕ ਜੋਤ ਕਰੇ ਪਰਕਾਸ਼, ਅੰਧ ਅੰਧੇਰ ਮਿਟਾਈਆ । ਹਰਿ ਹਰਿ ਮੇਲਾ ਸ਼ਾਹੋ ਸ਼ਾਬਾਸ਼, ਸਾਚਾ ਧਾਮ ਸੁਹਾਈਆ । ਦੋ ਜਹਾਨੀ ਦਾਸੀ ਦਾਸ, ਦਾਸ ਦਾਸੀ ਆਪ ਅਖਵਾਈਆ । ਲੇਖੇ ਲਾਏ ਦਸ ਦਸ ਮਾਸ, ਫੰਦਨ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰ ਮਾਤ ਵਡਿਆਈਆ । ਦੇਵਣਹਾਰ ਭਗਤ ਵਡਿਆਈ, ਭਗਤਨ ਦਰ ਸੁਹਾਇਆ । ਆਤਮ ਦਰ ਵੱਜੇ ਵਧਾਈ, ਕੀਰਤਨ ਨਾਮ ਅਲਾਇਆ । ਆਪੇ ਸੁਣੇ ਚਾਈਂ ਚਾਈਂ, ਦਿਸ ਕਿਸੇ ਨਾ ਆਇਆ । ਮੰਗਲਾਚਾਰ ਥਾਈਂ ਥਾਈਂ, ਪੰਚਮ ਸੇਵਾ ਲਾਇਆ । ਪੰਚਮ ਮਵਲਾ ਏਕਾ ਨਾਈਂ, ਏਕੰਕਾਰਾ ਪਾਇਆ । ਏਕੰਕਾਰਾ ਸਚ ਭਤਾਰਾ, ਗੁਰਮੁਖ ਨਾਰੀ ਲਏ ਪਰਨਾਇਆ । ਗੁਰਮੁਖ ਨਾਰੀ ਕੰਤ ਪਿਆਰੀ, ਸਾਚੀ ਸੇਵਾ ਲਾਇਆ । ਸੋਭਾਵੰਤੀ ਵਡ ਸੰਸਾਰੀ, ਗੁਰ ਦੇਵੀ ਦੇਵ ਮਨਾਇਆ । ਪਾਇਆ ਪੁਰਖ ਅਗੰਮ ਅਪਾਰੀ, ਘਰ ਸਾਚੇ ਮੇਲ ਮਿਲਾਇਆ । ਦੋਹਾਂ ਮੇਲਾ ਜੈ ਜੈਕਾਰੀ, ਫੂਲਨ ਬਰਖਾ ਲਾਇਆ । ਅੰਮ੍ਰਿਤ ਮੇਘਾ ਝਿਰੇ ਅਪਾਰੀ, ਸੀਤਲ ਧਾਰ ਵਹਾਇਆ । ਖੇਲੇ ਖੇਲ ਸਚ ਦਰਬਾਰੀ, ਬੰਕ ਦਵਾਰ ਸੁਹਾਇਆ । ਆਪੇ ਵੇਖੇ ਉਚ ਅਟੱਲ ਮੁਨਾਰੀ, ਵਾਹਵਾ ਮੰਦਰ ਸੁਹਣਾ ਇਕ ਬਣਾਇਆ । ਸੰਤ ਸੁਹੇਲਾ ਮੀਤ ਮੁਰਾਰੀ, ਮੁਖੜਾ ਰਿਹਾ ਵਖਾਇਆ । ਗੁਰਮੁਖ ਢਹਿ ਢਹਿ ਪਏ ਚਰਨ ਦਵਾਰੀ, ਗੁਰ ਪੂਰੇ ਹਉਮੇ ਹੰਗਤਾ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਜਹਾਜ਼ ਬੇੜਾ ਬੰਨੇ ਲਾਇਆ ।

### ❊ ਪਹਿਲੀ ਮਾਘ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਹਰਿ ਜੋਤੀ ਨੂਰ ਅਪਾਰ, ਸਾਢੇ ਤਿੰਨ ਕਰੋੜ ਏਕਾ ਧਾਰਿਆ । ਸਰਬ ਕਲ ਆਪੇ ਭਰਪੂਰ, ਆਪ ਅਖਵਾ ਲਿਆ । ਕੋਟਨ ਕੋਟ ਧਾਰੀ ਕਿਰਨ, ਆਪ ਆਪਣੇ ਰੰਗ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨੂਰੋ ਨੂਰ ਅਖਵਾਇਆ । ਏਕਾ ਧਾਰ ਹਰਿ ਨਿਰੰਕਾਰ ਸਾਢੇ ਤਿੰਨ ਕਰੋੜ, ਜੋ ਜਨ ਆਪ ਚਲਾਈਆ । ਕੋਟਨ ਕੋਟ ਜੋੜੀ ਜੋੜ, ਚਾਰੋਂ ਕੁੰਟ ਰਿਹਾ ਵਿਛਾਈਆ । ਛਿੰਨ ਭੰਗਰ ਆਪ ਰਿਹਾ ਬਹੁੜ, ਦੇਰ ਨਾ ਲਾਏ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਸੁਹਾਈਆ । ਜੋਤੀ ਨੂਰ ਕਰ ਉਜਿਆਰ, ਏਕਾ ਕਿਰਨ ਚਮਕਾਈਆ । ਏਕਾ ਕਿਰਨ ਵਿਚ ਸੰਸਾਰ, ਲੱਖ ਚੁਰਾਸੀ ਵਿਚ ਸਮਾਈਆ । ਲੋਆਂ ਪੁਰੀਆਂ ਬੰਨ੍ਹੇ ਧਾਰ, ਅੱਧ ਵਿਚ ਰਿਹਾ ਟਿਕਾਈਆ । ਪਾਤਾਲ ਆਕਾਸ਼ਾਂ ਖੇਲ ਅਪਾਰ, ਆਰ ਪਾਰ ਰਿਹਾ ਕਰਾਈਆ । ਚੌਦਾਂ ਲੋਕ ਇਕ ਅਕਾਰ, ਏਕਾ ਕਿਰਨ ਕਰਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਤ੍ਰੈ ਲੋਆਂ ਵੰਡ ਵੰਡਾਈਆ । ਏਕਾ ਕਿਰਨ ਜੋਤ ਨਿਰੰਜਣ, ਆਪਣਾ ਨਾਮ ਵੰਡਾਈਆ । ਪੰਜ ਤਤ ਹਰਿ ਪਾਇਆ ਅੰਜਨ, ਦੋਹਾਂ ਜੋਤ ਜਗਾਈਆ । ਆਪੇ ਹੋਇਆ ਪੜਦੇ ਕੱਜਣ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਕਿਰਨ ਕਿਰਿਆ ਕਰਮ ਕਮਾਈਆ । ਲੱਖ ਚੁਰਾਸੀ ਜੋਤ ਨਿਰੰਜਣ ਜਗਾਇੰਦਾ । ਹਰਿਜਨ ਮੇਲਾ ਸਾਚੇ ਸੱਜਣ, ਜਿਸ ਜਨ ਦਇਆ ਕਮਾਇੰਦਾ । ਲੱਖ ਚੁਰਾਸੀ ਸਾਚਾ ਸੱਜਣ, ਮੰਦਰ ਅੰਦਰ ਇਕ ਸੁਹਾਇੰਦਾ । ਅੰਦਰ ਬਹਿ ਬਹਿ ਮਾਰੇ ਆਵਾਜਨ, ਸਚ ਸਿਤਾਰ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਥ ਤ੍ਰੈਲੋਕੀ ਬਣਤ ਬਣਾਇੰਦਾ । ਏਕਾ ਕਿਰਨਾ ਨਾਥ ਤ੍ਰੈਲੋਕੀ, ਹਰਿ ਜੋਤੀ ਨੂਰ ਰਖਾਇੰਦਾ । ਲੱਖ ਚੁਰਾਸੀ ਦੇਵੇ ਝੋਕੀ, ਆਪੇ ਮਾਰ ਜਿਵਾਇੰਦਾ । ਆਪੇ ਹੋਏ ਦਾਤਾ ਮੋਖੀ, ਆਪੇ ਨਰਕ ਪਵਾਇੰਦਾ । ਆਪੇ ਚਾੜ੍ਹੇ ਘਾਟੀ ਔਖੀ, ਆਪੇ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਤੀ ਕਿਰਤ ਕਰਾਇੰਦਾ । ਜੋਤ ਨਿਰੰਜਣ ਜਗਤ ਅਧਾਰ, ਹਰਿ ਸਾਚਾ ਆਪ ਨਿਭਾਈਆ । ਏਕਾ ਕਿਰਨਾ ਕਰ ਤਿਆਰ, ਲੱਖ ਚੁਰਾਸੀ ਵਿਚ ਟਿਕਾਈਆ । ਸੂਰਜ ਚੰਦ ਨਾ ਪਾਇਣ ਸਾਰ, ਰਵ ਸਸ ਬੈਠੇ ਮੁਖ ਛੁਪਾਈਆ । ਤਾਰਾ ਮੰਡਲ ਇਕ ਉਜਿਆਰ, ਅੰਧ ਅੰਧੇਰ ਮਿਟਾਈਆ । ਸਾਢੇ ਤਿੰਨ ਕਰੋੜ ਵਾਲ ਉਪਰ ਧਾਰ, ਆਪ ਲਿਲਾਟ ਕਢਾਈਆ । ਪੁਰਖ ਅਗੰਮ ਅਪਾਰ, ਭੇਵ ਨਾ ਜਾਣੇ ਰਾਈਆ । ਗਗਨ ਗਗਨੰਤਰ ਖੇਲ ਅਪਾਰ, ਜਗਤ ਨਾਥ ਜਗਤ ਬਣਾਈਆ । ਅੰਤਰ ਬਣਤਰ ਓਅੰਕਾਰ, ਅਗਨੀ ਰੂਪ ਵਟਾਈਆ । ਅਗਨ ਬਸੰਤਰ ਵੇਖ ਵਿਚਾਰ, ਨਿਰਮਲ ਜੋਤ ਜਗਾਈਆ । ਨਿਰਮਲ ਜੋਤੀ ਏਕਾ ਧਾਰ, ਆਪਣੀ ਰਹੀ ਬੰਧਾਈਆ । ਚਾਰੋਂ ਕੁੰਟ ਹੋਏ ਉਜਿਆਰ, ਬ੍ਰਹਿਮੰਡਾਂ ਰਾਹ ਵਖਾਈਆ । ਬ੍ਰਹਿਮੰਡ ਹਰਿ ਵੇਖ ਵਿਚਾਰ, ਦਸਵਾਂ ਰਿਹਾ ਖੁਲ੍ਹਾਈਆ । ਦਸਵੇਂ ਖੇਲੇ ਖੇਲਣਹਾਰ, ਛੱਤੀ ਛੱਤੀ ਜੋੜ ਜੁੜਾਈਆ । ਬਹੱਤਰ ਕਿਰਨਾ ਏਕਾ ਧਾਰ, ਆਪੇ ਬੰਧ ਬੰਧਾਈਆ । ਨਾੜ ਬਹੱਤਰ ਕਰ ਉਜਿਆਰ, ਜੋਤੀ ਜੋਤ ਮੇਲ ਮਿਲਾਈਆ । ਆਪ ਆਪਣਾ ਕੀਤਾ ਬਾਹਰ, ਆਪਣੀ ਦਇਆ ਕਮਾਈਆ । ਚੌਥੇ ਘਰ ਬੰਨ੍ਹੇ ਧਾਰ, ਜੁਗਤ ਆਪਣੇ ਹੱਥ ਰਖਾਈਆ । ਇਕ ਸੌ ਅੱਠ ਕਰ ਪਿਆਰ, ਏਕਾ ਮੱਠ ਬਣਾਈਆ । ਸਚਖੰਡ ਤੇਰੀ ਸਾਚੀ ਧਾਰ, ਹਰਿ ਸਾਚਾ ਤਖ਼ਤ ਸੁਹਾਈਆ । ਨਿਰਮਲ ਜੋਤੀ ਸੀਤਲ ਠੰਢੀ ਠਾਰ, ਬਿਮਲ ਬਿਮਲ ਬਿਗਸਾਈਆ । ਆਪ ਕਰਾਏ ਆਪਣੀ ਵੰਡ, ਆਪਣੀ ਕਲ ਵਰਤਾਈਆ । ਸਤਿ ਪੁਰਖ ਨਿਰੰਜਣ ਸਾਚਾ ਚੰਦ, ਸਾਚੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲਣਹਾਰ ਆਪ ਅਖਵਾਈਆ । ਸਹੰਸ ਸਹੰਸਰ ਕਿਰਨਾ ਜੋੜ, ਵੱਟੀ ਇਕ ਵਟਾਇੰਦਾ । ਆਪੇ ਆਪ ਜਾਏ ਬਹੁੜ, ਆਪੇ ਵੇਖ ਵਖਾਇੰਦਾ । ਆਪੇ ਰਿਹਾ ਚਾਰੋਂ ਕੁੰਟ ਦੌੜ, ਆਪੇ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਨਾਉਂ ਰਖਾਇੰਦਾ । ਸਤਿ ਪੁਰਖ ਨਿਰੰਜਣ ਜੋਤ ਮਹਾਨਾ, ਇਕ ਸਹੰਸਰ ਜੋੜ ਜੁੜਾਈਆ । ਸਹੰਸਰ ਕਿਰਨਾ ਬੱਧਾ ਤਾਣਾ, ਤਣਨਹਾਰ ਆਪ ਅਖਵਾਈਆ । ਏਕਾ ਆਪੇ ਹੋਇਆ ਰਾਜਾ ਰਾਣਾ, ਸਾਚਾ ਤਖ਼ਤ ਸਜਾਈਆ । ਚਲੇ ਚਲਾਏ ਆਪਣੇ ਭਾਣਾ, ਨਾ ਕੋਈ ਦੂਸਰ ਹੁਕਮ ਸੁਣਾਈਆ । ਆਪੇ ਹੋਏ ਗੁਣ ਨਿਧਾਨਾ, ਗੁਣਵੰਤਾ ਆਪ ਅਖਵਾਈਆ । ਆਪੇ ਪਹਿਰੇ ਆਪਣਾ ਬਾਣਾ, ਆਪਣਾ ਰੂਪ ਉਪਾਈਆ । ਖੇਲੇ ਖੇਲ ਆਪ ਮਹਾਨਾ, ਸਾਚਾ ਹੱਟ ਸਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਾਚਾ ਘਰ ਵਖਾਈਆ । ਸਾਚਾ ਘਰ ਸਚ



੩੩੧
੦੬

੩੩੨ ੦੬

ਮਹੱਲਾ, ਹਰਿ ਸਾਚਾ ਆਪ ਬਣਾਇੰਦਾ । ਸਤਿ ਪੁਰਖ ਵਸੇ ਇਕ ਇਕੱਲਾ, ਆਦਿ ਅੰਤ ਰਹਾਇੰਦਾ । ਆਪਣਾ ਧਾਮ ਆਪੇ ਮੱਲਾ, ਆਪੇ ਆਸਣ ਲਾਇੰਦਾ । ਆਪੇ ਹੋਏ ਵਲ ਛਲਾ, ਆਪਣਾ ਰੂਪ ਵਟਾਇੰਦਾ । ਉਪਰ ਬਣਾਏ ਨਿਹਚਲ ਨਾਮ ਅਟੱਲਾ, ਆਪਣੀ ਰਚਨ ਰਚਾਇੰਦਾ । ਕੋਟਨ ਕੋਟ ਕਿਰਨਾ ਆਪੇ ਰਲਾ, ਆਪ ਆਪਣਾ ਪਰਕਾਸ਼ ਵਧਾਇੰਦਾ । ਆਪ ਆਪਣੇ ਨਾਲ ਆਪੇ ਮਿਲਾ, ਵਿਛੜ ਕਦੇ ਨਾ ਜਾਇੰਦਾ । ਸਾਚਾ ਧਾਮ ਕਦੇ ਨਾ ਹਿੱਲਾ, ਹਰਿ ਸਾਚਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਆਪ ਸੁਹਾਇੰਦਾ । ਸਾਚਾ ਘਰ ਉਚ ਅਪਾਰ, ਅਗੰਮ ਧਾਮ ਸੁਹਾਇਆ । ਕੋਟਨ ਕਿਰਨਾ ਕਰ ਉਜਿਆਰ, ਆਪਣਾ ਮੁਖ ਵਖਾਇਆ । ਆਪੇ ਕਰੇ ਆਪਣੀ ਵਿਚਾਰ, ਏਕਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੂਜੇ ਫੇਰਾ ਪਾਇਆ । ਦੂਜਾ ਘਰ ਹਰਿ ਨਿਰੰਕਾਰ, ਸਤਿ ਪੁਰਖ ਨਿਰੰਜਣ ਨਾਉਂ ਰਖਾਇਆ । ਸਹੰਸ ਕਿਰਨਾ ਕਰ ਉਜਿਆਰ, ਦੀਪਕ ਜੋਤ ਰਿਹਾ ਜਗਾਇਆ । ਆਪ ਆਪਣੀ ਪਾਏ ਸਾਰ, ਭੇਵ ਕਿਸੇ ਨਾ ਆਇਆ । ਦਰ ਦਵਾਰਿਉਂ ਆਪੇ ਆਏ ਬਾਹਰ, ਸਚਖੰਡ ਡੇਰਾ ਲਾਇਆ । ਸਚਖੰਡ ਹਰਿ ਜੋਤ ਅਕਾਰ, ਇਕ ਸੌ ਅੱਠ ਕਿਰਨਾ ਜੋੜ ਜੁੜਾਇਆ । ਆਪੇ ਬੰਨ੍ਹੇ ਆਪਣੀ ਧਾਰ, ਧਾਰੀ ਧਾਰਾ ਨਾ ਕੋਈ ਵਖਾਇਆ । ਦਰ ਦਵਾਰ ਪਾਰ ਕਿਨਾਰ, ਦਸਮ ਦਵਾਰੀ ਡੇਰਾ ਲਾਇਆ । ਦਸਮ ਦਵਾਰੀ ਜੋਤ ਨਿਰੰਕਾਰ, ਛੱਤੀ ਛੱਤੀ ਬੰਧ ਬੰਧਾਇਆ । ਪੰਚਮ ਆਵਾਜਾਂ ਰਹੇ ਮਾਰ, ਪ੍ਰਭ ਚਰਨਾਂ ਹੇਠ ਦਬਾਇਆ । ਹੌਲੀ ਹੌਲੀ ਆਏ ਬਾਹਰ, ਆਪਣਾ ਰਾਹ ਤਕਾਇਆ । ਜੋਤ ਨਿਰੰਜਣ ਕਰ ਆਕਾਰ, ਮਸਤਕ ਡੇਰਾ ਲਾਇਆ । ਏਕਾ ਕਿਰਨਾ ਹਰਿ ਪਸਾਰ, ਦੀਪਕ ਦੀਪ ਜਗਾਇਆ । ਗਗਨ ਮਗਨ ਇਕ ਅੰਗਿਆਰ, ਅਗਨੀ ਅਗਨ ਜਲਾਇਆ । ਪਵਣ ਪਾਣੀ ਨਾ ਕੋਇ ਧਾਰ, ਸਕੇ ਕਦੇ ਬੁਝਾਇਆ । ਜੋਤ ਨਿਰੰਜਣ ਹਰਿ ਕਰਤਾਰ, ਦਿਵਸ ਰੈਣ ਸੇਵਾ ਲਾਇਆ । ਅੱਠੇ ਪਹਿਰ ਕਰੇ ਉਜਿਆਰ, ਤੇਲ ਬਾਤੀ ਨਾ ਕੋਇ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਵੰਡ ਵੰਡਾਇਆ । ਵੰਡ ਵੰਡਾਏ ਵੰਡਣਹਾਰਾ, ਆਪਣੀ ਵੰਡ ਵੰਡਾਇੰਦਾ । ਜੋਤ ਨਿਰੰਜਣ ਏਕਾ ਧਾਰਾ, ਲੱਖ ਚੁਰਾਸੀ ਵਿਚ ਟਿਕਾਇੰਦਾ । ਦਸਮ ਦਵਾਰੀ ਖੇਲ ਅਪਾਰਾ, ਬਹੱਤਰ ਨਾੜਾਂ ਆਪ ਬਣਾਇੰਦਾ । ਸਚਖੰਡ ਹਰਿ ਇਕ ਅਕਾਰਾ, ਅੱਠ ਅਠੋਤਰੀ ਬੰਨ ਵਖਾਇੰਦਾ । ਸਤਿ ਪੁਰਖ ਨਿਰੰਜਣ ਸਹੰਸ, ਸਹੰਸ ਜੋੜ ਜੁੜਾਇੰਦਾ । ਊਚੋ ਊਚ ਅਗੰਮ ਅਪਾਰ, ਕੋਟਨ ਕੋਟ ਆਪ ਉਪਾਇੰਦਾ । ਕੋਟੀ ਕੋਟ ਆਪ ਉਪਾਏ, ਪਾਰਬ੍ਰਹਮ ਅਬਿਨਾਸ਼ੀ ਪਾਰਬ੍ਰਹਮ ਪ੍ਰਭ ਦਇਆ ਕਮਾਏ, ਸਤਿ ਪੁਰਖ ਨਿਰੰਜਣ ਸਚਖੰਡ ਵਾਸੀ । ਸਚਖੰਡ ਹਰਿ ਵੇਖ ਵਖਾਏ, ਇਕ ਸੌ ਅੱਠ ਕਰਾਏ ਦਾਸੀ, ਦਸਮ ਦਵਾਰੀ ਮੇਲ ਮਿਲਾਏ, ਬਹੱਤਰ ਮੇਲਾ ਹਰਿ ਗੁਣਤਾਸੀ । ਜੋਤ ਨਿਰੰਜਣ ਚੰਨ ਚੜ੍ਹਾਏ, ਆਪ ਕਰਾਏ ਚਰਨ ਦਾਸੀ । ਪੰਜ ਤਤ ਪ੍ਰਭ ਰਥ ਚਲਾਏ, ਵੇਖੇ ਖੇਲ ਪ੍ਰਿਥਮੀ ਆਕਾਸ਼ੀ । ਸਾਢੇ ਤਿੰਨ ਕਰੋੜ ਵੰਡ ਵੰਡਾਈ, ਰੋਮ ਰੋਮ ਜੋਤ ਪਰਕਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਪੁਰਖ ਅਬਿਨਾਸ਼ੀ । ਜੋਤ ਨਿਰਾਲੀ ਲਟ ਲਟ, ਹਰਿ ਜਗਾਇੰਦਾ । ਦਰਸ ਦੇਵੇ ਘਟ ਘਟ, ਰੂਪ ਵਟਾਇੰਦਾ । ਸ਼ਬਦ ਪਹਿਨਾਏ ਪਟ ਪਟ, ਚੀਰ ਇਕ ਪਹਿਨਾਇੰਦਾ । ਵਣਜ ਕਰਾਏ ਸਾਚੇ ਹੱਟ, ਸਚ ਵਸਤ ਹਰਿ ਝੋਲੀ ਪਾਇੰਦਾ । ਇਕ ਵਖਾਏ ਤੀਰਥ ਤੱਟ, ਤੱਟ ਕਿਨਾਰੇ ਆਸਣ ਲਾਇੰਦਾ । ਮਿਲੇ ਮੇਲ ਰਾਂਝਣ ਜੱਟ, ਨਾਮ ਵੰਝਲੀ ਇਕ ਵਜਾਇੰਦਾ । ਸੁਰਤ ਸਵਾਲੀ ਲਟ ਪਟ, ਸੁਰਤੀ ਸੁਰਤ

ਭਵਾਇੰਦਾ । ਇਕ ਅੰਗੜਾਈ ਕੱਢੇ ਵੱਟ, ਮੁਖੜਾ ਉਪਰ ਉਠਾਇੰਦਾ । ਬਿਰਹੋਂ ਵਿਛੋੜਾ ਮਾਰੇ ਸੱਟ, ਆਲਸ ਨਿੰਦਰਾ ਲਾਹਿੰਦਾ । ਝੂਠਾ ਨਗਰ ਖੇੜਾ ਜਾਏ ਢੱਠ, ਪਿਆ ਰਾਹ ਵਖਾਇੰਦਾ । ਅਗਨੀ ਲਾਏ ਮੱਠ, ਪੰਚਮ ਆਪ ਜਲਾਇੰਦਾ । ਇਕ ਰਖਾਏ ਹੱਠ, ਨਾ ਕੋਈ ਮੋੜ ਮੁੜਾਇੰਦਾ । ਮੇਲ ਮਿਲਾਏ ਨੱਠ ਨੱਠ, ਦਿਵਸ ਰੈਣ ਪੰਧ ਮੁਕਾਇੰਦਾ । ਅੰਤਮ ਏਕਾ ਸੇਜਾ ਹੋਏ ਇਕੱਠ, ਬਸਤਰ ਚੀਰ ਆਪ ਪਹਿਨਾਇੰਦਾ । ਮਸਤਕ ਗਹਿਣਾ ਦੇਵੇ ਗੱਠ, ਨਾ ਕੋਈ ਖੋਲ੍ਹ ਖੁਲ੍ਹਾਇੰਦਾ । ਪਹਿਲੀ ਚੇਤਰ ਕਰੇ ਇਕੱਠ, ਗੁਰਮੁਖ ਮੇਲ ਮਿਲਾਇੰਦਾ । ਮੋਹ ਵਿਕਾਰਾ ਪਾਏ ਭੱਠ, ਤ੍ਰੈਗੁਣ ਮਾਇਆ ਆਪੇ ਗੇੜੇ ਉਲਟੀ ਲੱਠ, ਗਗਨ ਕੂੰਆਂ ਉਲਟੇ ਮੂੰਹ ਰਖਾਇੰਦਾ । ਗੁਰਮੁਖ ਪੰਚ ਵਖਾਏ ਏਕਾ ਮੁੱਠ, ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਪੂਰਬ ਕਰਮ ਕਰ ਵਿਚਾਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਪਰਖਣਹਾਰਾ ਗੁਰਮੁਖ ਲਾਲ, ਹਰਿ ਸਾਜਨ ਸਾਚਾ ਮੀਤੜਾ । ਧੁਰਦਰਗਾਹੀ ਇਕ ਦਲਾਲ, ਤਨ ਵੇਖੇ ਪਾਟਾ ਚੀਥੜਾ । ਫਲ ਵੇਖੇ ਆਤਮ ਡਾਲ, ਜੋ ਜਨ ਕਰੇ ਚਰਨ ਪ੍ਰੀਤੜਾ । ਅੰਮ੍ਰਿਤ ਆਤਮ ਵੇਖੇ ਠੰਢਾ ਤਾਲ, ਹਰਿ ਸਾਗਰ ਸੀਤਲ ਸੀਤੜਾ । ਹਰਿਜਨ ਮਾਰੇ ਏਕਾ ਛਾਲ, ਕਾਗ ਹੰਸ ਪ੍ਰਭ ਕੀਤੜਾ । ਮਾਇਆ ਤੋੜੇ ਜਗਤ ਜੰਜਾਲ, ਆਪੇ ਪਰਖੇ ਨੀਤੜਾ । ਨੇੜ ਨਾ ਆਏ ਕਾਲ ਮਹਾਂਕਾਲ, ਆਪੇ ਕਰੇ ਪਤਤ ਪੁਨੀਤੜਾ । ਸੰਮਤ ਚੌਦਾਂ ਸਾਚਾ ਸਾਲ, ਸਤਿਜੁਗ ਚਲਾਏ ਸਾਚੀ ਰੀਤੜਾ । ਆਪੇ ਚਲੇ ਨਾਲ ਨਾਲ, ਗੁਰਮੁਖ ਬਣਤ ਬਣਾਏ ਸਾਚੇ ਮੀਤੜਾ । ਦਰ ਘਰ ਸਾਚੇ ਦਏ ਵਖਾਲ, ਰਸਨ ਲਾਏ ਗੋਬਿੰਦ ਨਾਉਂ ਮੀਠੜਾ । ਦਿਵਸ ਰੈਣ ਕਰੇ ਪ੍ਰਿਤਪਾਲ, ਕਾਇਆ ਚਾੜ੍ਹੇ ਰੰਗ ਮਜੀਠੜਾ । ਧਰਮ ਦਵਾਰ ਵਖਾਏ ਧਰਮਸਾਲ, ਗੁਰ ਬੈਠਾ ਇਕ ਅਨਡੀਠੜਾ । ਨਾ ਸ਼ਾਹ ਨਾ ਕਦੇ ਕੰਗਾਲ, ਨਾ ਮਿੱਠਾ ਨਾ ਕੌੜਾ ਰੀਠੜਾ । ਸੰਤ ਸੁਹੇਲੇ ਜੁਗ ਜੁਗ ਭਾਲ, ਸਖਾ ਸਹਾਈ ਸਾਚਾ ਮੀਤੜਾ । ਹੋਏ ਬੇਹਾਲ ਦੀਨ ਦਿਆਲ, ਗੁਰਮੁਖ ਤੇਰੀ ਸੇਵ ਕਮਾਏ ਸਦਾ ਖੜ੍ਹਾ ਰਹੇ ਬੀਠੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਇਕ ਦਰ, ਆਪ ਆਪਣਾ ਕੀਤੜਾ । ਇਕ ਵਖਾਏ ਦਰ ਦਵਾਰ, ਜੋਤੀ ਨੂਰ ਉਜਾਲਾ । ਗੁਰਮੁਖ ਸਾਚਾ ਮੀਤ ਮੁਰਾਰ, ਮਿਲੇ ਮੇਲ ਗੁਰ ਗੋਪਾਲਾ । ਸ਼ਬਦੀ ਦੇਵੇ ਸ਼ਬਦ ਭੰਡਾਰ, ਜਨ ਭਗਤਾਂ ਕਰੇ ਸਦਾ ਪ੍ਰਿਤਪਾਲਾ । ਆਵੇ ਜਾਵੇ ਵਾਰੋ ਵਾਰ, ਹਰਿ ਖੇਲੇ ਖੇਲ ਨਿਰਾਲਾ । ਨਿਤ ਨਵਿਤ ਕਰੇ ਪਸਾਰ, ਜੁਗ ਜੁਗ ਲਏ ਅਵਤਾਰਾ । ਕਲਜੁਗ ਵੇਖੇ ਤੇਰੀ ਅੰਤਮ ਥਿਤਾ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਭਾਗ ਲਗਾਏ ਪਹਿਲੀ ਚੇਤਾ, ਜਨ ਭਗਤਾਂ ਦੇਵੇ ਨਾਮ ਹੁਲਾਰਾ । ਪੂਤ ਸਪੂਤਾ ਜੰਮਿਆ ਜੇਠਾ, ਹਰਿ ਜੋਤੀ ਨੂਰ ਅਪਾਰਾ । ਜਨ ਭਗਤਾਂ ਰੱਖੇ ਸਾਇਆ ਹੇਠਾ, ਹਰਿ ਸਾਚਾ ਛਤਰ ਝੁਲਾਰਾ । ਮੇਟ ਮਿਟਾਏ ਜਗਤ ਸੇਠਾ, ਗੁਰਮੁਖਾਂ ਤਨ ਭਰਾਏ ਧਨ ਭੰਡਾਰਾ । ਆਪਣੇ ਨੇਤਰ ਆਪੇ ਪੇਖਾ, ਜੀਵ ਜੰਤ ਨਾ ਪਾਏ ਸਾਰਾ । ਲਿਖਣਹਾਰਾ ਲੇਖਾ ਪੁਰਖ ਅਬਿਨਾਸ਼ੀ ਜੁਗ ਜੁਗ ਮੇਟ ਮਿਟਾਏ ਔਲੀਆ ਪੀਰ ਸ਼ੇਖ਼ਾ, ਸੰਗ ਮੁਹੰਮਦ ਚਾਰ ਯਾਰਾ । ਗੁਰਮੁਖ ਮਸਤਕ ਲਿਖੇ ਲੇਖਾ, ਆਪ ਆਪਣੀ ਕਿਰਪਾ ਧਾਰਾ । ਜੋਤ ਨਿਰੰਜਣ ਲਾਏ ਮੇਖਾ, ਆਪ ਸੁਹਾਏ ਬੰਕ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਕਰਾਏ ਵਣਜ ਇਕ ਵਪਾਰਾ । ਤੁੱਟੇ ਗੜ੍ਹ ਸੰਸਾਰ, ਕਿਲ੍ਹਾ ਹੰਕਾਰੀ ਤੋੜਿਆ । ਛੁੱਟੇ ਤੀਰ ਅਪਾਰ, ਤਿੱਖੀ ਧਾਰ ਕਿਸੇ ਨਾ ਮੋੜਿਆ । ਗੁਰ ਸ਼ਬਦੀ ਪਾਏ ਸਾਰ, ਅੰਦਰ ਬਾਹਰ ਨਿਰਗੁਣ ਸਰਗੁਣ ਜੋੜ ਜੋੜਿਆ ।

ਪ੍ਰੀਤ ਅਤੀਤੀ ਅਨੀਤੀ ਵਿਚ ਸੰਸਾਰ, ਹਸਤ ਕੀਟੀ ਆਪੇ ਬਹੁੜਿਆ । ਪਤਤ ਪੁਨੀਤੀ ਸੁਣ ਪੁਕਾਰ, ਸ਼ਬਦ ਵਖਾਏ ਸਾਚਾ ਘੋੜਿਆ । ਹਰਿਜਨ ਕਰੇ ਅਸਵਾਰ, ਧੁਰਗਾਹੀ ਆਪੇ ਬਹੁੜਿਆ । ਨੇਤਰ ਨੀਰ ਰੋਵਣ ਜ਼ਾਰੋ ਜ਼ਾਰ, ਪ੍ਰਭ ਆਪ ਚੜ੍ਹਾਏ ਆਪਣੇ ਪੌੜਿਆ । ਸੱਜਣ ਸੁਹੇਲਾ ਇਕ ਇਕੇਲਾ ਮੀਤ ਮੁਰਾਰ, ਧੁਰਦਰਗਾਹੀ ਆਇਆ ਦੌੜਿਆ । ਗੁਰ ਚੇਲਾ ਇਕ ਦਵਾਰ, ਲੇਖਾ ਚੁੱਕੇ ਦਿਵਸ ਥੋੜ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਇਕ ਦਰ, ਦਰ ਦਵਾਰਾ ਏਕਾ ਖੋਲ੍ਹਿਆ । ਸ਼ਬਦ ਭੰਡਾਰਾ ਗਿਆ ਖੁੱਲ੍ਹ, ਹਰਿ ਸਾਚਾ ਆਪ ਖੁਲ੍ਹਾਇੰਦਾ । ਕੋਈ ਨਾ ਲਾਏ ਮਾਤ ਮੁੱਲ, ਆਪਣੀ ਹੱਥੀਂ ਆਪ ਵਰਤਾਇੰਦਾ । ਗੁਰਮੁਖ ਪੂਰੇ ਤੋਲ ਜਾਏ ਤੁਲ, ਹਰਿ ਲਹਿਣਾ ਝੋਲੀ ਪਾਇੰਦਾ । ਜਗਤ ਮਾਇਆ ਨਾ ਜਾਏ ਰੁਲ, ਫੁਲ ਫੁਲਵਾੜੀ ਤਨ ਖਿਲਾਇੰਦਾ । ਆਦਿ ਪੁਰਖ ਸਦਾ ਅਭੁੱਲ, ਭੁੱਲਿਆਂ ਮਾਰਗ ਪਾਇੰਦਾ । ਸਾਵਣ ਬੂਟਾ ਜਾਏ ਨਾ ਹੁੱਲ, ਪ੍ਰਭ ਸਾਚਾ ਫਲ ਲਗਾਇੰਦਾ । ਭਾਗ ਲਗਾਏ ਸਾਚੀ ਕੁੱਲ, ਕੁਲਵੰਤਾ ਆਪ ਅਖਵਾਇੰਦਾ । ਸਦ ਗੌਂਦੇ ਰਹਿਣ ਬੁੱਲ, ਹਰਿ ਰਸਨਾ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਸ਼ਬਦ ਹੁਲਾਰਾ, ਆਪ ਵਖਾਏ ਪਾਰ ਕਿਨਾਰਾ, ਨਾਮ ਹੁਲਾਰਾ ਇਕ ਵਖਾਇੰਦਾ ।



ਆਦਿ ਪੁਰਖ ਅਨਾਦ, ਆਪਣਾ ਆਪ ਰਖਾਇਆ । ਖੇਲੇ ਖੇਲ ਵਿਚ ਬ੍ਰਿਮਾਦ, ਕਿਸੇ ਦਿਸ ਨਾ ਆਇਆ । ਆਪੇ ਜਾਣੇ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇਆ । ਸਾਧ ਸੰਤ ਰਹੇ ਅਰਾਧ, ਅਗੰਮ ਅਗੰਮੜੇ ਧਾਮ ਸੁਹਾਇਆ । ਗੁਰਮੁਖ ਵਿਰਲੇ ਮੇਲਾ ਮਾਧਵ ਮਾਧ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਇਆ । ਆਦਿ ਪੁਰਖ ਅਪਾਰ, ਜੋਤ ਅਕਾਲੀਆ । ਜੁਗ ਜੁਗ ਬੰਨ੍ਹੇ ਧਾਰ, ਬ੍ਰਹਮਾ ਸ਼ਿਵ ਵਿਸ਼ਨੂੰ ਦਰ ਸਵਾਲੀਆ । ਲੱਖ ਚੁਰਾਸੀ ਪਸਰ ਪਸਾਰ, ਦੋਵੇਂ ਹੱਥਾਂ ਫਿਰੇ ਖਾਲੀਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਿਰ ਖੇਲ ਨਿਰਾਲੀਆ । ਆਪੇ ਜਾਣੇ ਆਪਣੀ ਕਾਰ, ਹਰਿ ਹਰਿ ਵਾਲੀ ਦੋ ਜਹਾਨੀਆ । ਕਲਜੁਗ ਅੰਤਮ ਲਏ ਉਧਾਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਭਾਗ ਲਗਾਏ ਕਾਇਆ ਡਾਲੀਆ । ਕਾਇਆ ਮੰਦਰ ਪੈਜ ਸਵਾਰ, ਹਰਿ ਸਾਚੇ ਬਣਤ ਬਣਾਈਆ । ਸ਼ਬਦ ਸਿੰਘਾਸਣ ਕਰ ਤਿਆਰ, ਬੈਠਾ ਆਸਣ ਲਾਈਆ । ਜੋਤ ਸਰੂਪੀ ਕਰ ਉਜਿਆਰ, ਦਿਵਸ ਰੈਣ ਕਰੇ ਰੁਸ਼ਨਾਈਆ । ਪੰਚਮ ਗਾਇਣ ਵਾਰੋ ਵਾਰ, ਪ੍ਰਭ ਸਾਚੀ ਸੇਵਾ ਲਾਈਆ । ਨਾਦ ਅਨਾਦਾ ਵੱਜੇ ਤਾਲ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਅੰਮ੍ਰਿਤ ਆਤਮ ਸੁਹਾਏ ਤਾਲ, ਅੰਮ੍ਰਿਤ ਧਾਰਾ ਰਿਹਾ ਵਹਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਕਾਗੋਂ ਹੰਸ ਬਣਾਈਆ । ਸ਼ਬਦ ਸਰੂਪੀ ਸ਼ਬਦ ਅਕਾਲ, ਚਾਰੋਂ ਕੁੰਟ ਹੋਏ ਸਹਾਈਆ । ਚਲੇ ਚਲਾਏ ਨਾਲ ਨਾਲ, ਦਿਸ ਕਿਸੇ ਨਾ ਆਈਆ । ਸੁਰਤ ਸਵਾਣੀ ਹਾਲ ਬੇਹਾਲ, ਗੁਰ ਸ਼ਬਦੀ ਦਰਸ਼ਨ ਪਾਈਆ । ਨਾਤਾ ਤੁੱਟੇ ਕਾਇਆ ਖਾਲ, ਘਰ ਮੰਦਰ ਇਕ ਵਖਾਈਆ । ਆਪੇ ਚਲੇ ਆਪਣੀ ਚਾਲ, ਚੱਲਣਹਾਰਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਸਾਚਾ ਰਾਗ ਸੁਣਾਏ ਕੰਨਾ, ਆਪ ਆਪਣੀ ਆਵਾਜ ਸੁਣਾਈਆ ।

ਸ਼ਬਦ ਸਰੂਪੀ ਮਾਰੇ ਬੋਲ, ਏਕਾ ਘਰ ਵਸੰਦੜਾ । ਬਜਰ ਕਪਾਟੀ ਕੁੰਡਾ ਖੋਲ੍ਹ, ਏਕਾ ਰਾਹ ਵਖੰਦੜਾ । ਤੋਲਣਹਾਰਾ ਸਾਚਾ ਤੋਲ, ਪੂਰੇ ਤੋਲ ਤੁਲੰਦੜਾ । ਆਦਿ ਅੰਤ ਨਾ ਜਾਏ ਡੋਲ, ਅਡੋਲ ਧਾਮ ਰਹੰਦੜਾ । ਤ੍ਰੈਗੁਣ ਮਾਇਆ ਤਤ ਵਿਰੋਲ, ਸਾਚੀ ਖੇਲ ਖਿਲੰਦੜਾ । ਸੁਰਤ ਸ਼ਬਦ ਸ਼ਬਦ ਸੁਰਤ ਜਾਏ ਮੌਲ, ਏਕਾ ਦੂਜਾ ਭੇਵ ਚੁਕੰਦੜਾ । ਆਪੇ ਵਸੇ ਰੰਗ ਨਵੇਲ, ਸਭ ਘਟ ਆਪੇ ਵੇਖ ਵਖੰਦੜਾ । ਆਪੇ ਗੁਰ ਆਪੇ ਚੇਲ, ਏਕਾ ਰੂਪ ਵਟੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਏਕਾ ਧਾਮ ਮਿਲੰਦੜਾ । ਇਕ ਸੁਹਾਇਆ ਸਾਚਾ ਘਰ, ਕਾਗ ਹੰਸ ਬਣਾਈਆ । ਪੁਰਖ ਅਬਿਨਾਸ਼ੀ ਲਿਆ ਵਰ, ਸਾਚਾ ਕੰਤ ਸਾਚੀ ਸੇਜ ਹੰਢਾਈਆ । ਦਰ ਦਵਾਰਾ ਹਰਿ ਨਿਰੰਕਾਰਾ, ਏਕਾ ਏਕ ਰਖਾਈਆ । ਨਾ ਕੋਈ ਦੀਸੇ ਚਾਰ ਦਿਵਾਰਾ, ਨਾ ਕੋਈ ਛੱਪਰ ਛਾਈਆ । ਨਾ ਕੋਈ ਦੀਸੇ ਮੀਤ ਮੁਰਾਰਾ, ਨਾ ਕੋਈ ਸੂਰਜ ਚੰਨਿਆ । ਮਿਲਿਆ ਮੇਲ ਹਰਿ ਕੰਤ ਭਤਾਰਾ, ਭਾਂਡਾ ਭਰਮ ਭਉ ਭੰਨਿਆ । ਦਰ ਮੰਦਰ ਸੁਹਾਇਆ ਇਕ ਦਵਾਰਾ, ਧੁਨ ਆਤਮਕ ਸ਼ਬਦੀ ਜੋਤੀ ਜਨਣੀ ਜਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਖਾਏ ਇਕ ਘਰ, ਆਪੇ ਘੜਿਆ ਆਪੇ ਭੰਨਿਆ । ਆਦਿ ਪੁਰਖ ਅਪਾਰ, ਹਰਿ ਰਘੁਰਾਇਆ । ਸ੍ਰਿਸ਼ਟ ਸਬਾਈ ਕਰ ਪਸਾਰ, ਆਪ ਆਪਣਾ ਆਸਣ ਲਾਇਆ । ਲੱਖ ਚੁਰਾਸੀ ਬੰਨ੍ਹੇ ਧਾਰ, ਧਰਤ ਧਵਲ ਆਕਾਸ਼ ਸਮਾਇਆ । ਸ਼ਾਹੋ ਭੂਪ ਸੱਚੀ ਸਰਕਾਰ, ਦਰ ਘਰ ਸਾਚੇ ਡੇਰਾ ਲਾਇਆ । ਹਰ ਘਟ ਜਾਣੇ ਜਾਣਨਹਾਰ, ਆਪ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਹਿਣਾ ਦੇਣਾ ਮੂਲ ਚੁਕਾਇਆ । ਜੁਗ ਜੁਗ ਲਹਿਣਾ ਜਾਏ ਚੁੱਕ, ਹਰਿ ਸਾਚੇ ਜੋਤ ਜਗਾਈਆ । ਕਰੇ ਖੇਲ ਮਾਨਸ ਦੇਹੀ ਮਨੁੱਖ, ਪਾਰਬ੍ਰਹਮ ਭੇਵ ਨਾ ਰਾਈਆ । ਵੇਖ ਵਖਾਣੇ ਮਾਤ ਕੁੱਖ, ਦੁੱਖ ਭੁੱਖ ਆਪਣੇ ਰੰਗ ਰੰਗਾਈਆ । ਗੁਰਮੁਖ ਵਿਰਲੇ ਉਜਲ ਮੁਖ, ਹਰਿ ਸਰਨ ਮਿਲੀ ਸਰਨਾਈਆ । ਮਾਤ ਗਰਭ ਨਾ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਈਆ । ਆਵਣ ਜਾਵਣ ਮਿਟੇ ਤ੍ਰਿਸ਼ਨਾ ਭੁੱਖ, ਪੰਜ ਤਤ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਤ ਆਪਣੇ ਹੱਥ ਰਖਾਈਆ । ਚਰਨ ਕਵਲ ਕਵਲ ਚਰਨ, ਇਕ ਧਿਆਨ ਰਖਾਈਆ । ਮਿਲੇ ਵਡਿਆਈ ਉਪਰ ਧਵਲ, ਧਰਨੀ ਧਰ ਹੋਏ ਸਹਾਈਆ । ਨਾਭੀ ਕਵਲੀ ਕਵਲ ਫੂਲ ਸਮਾਈਆ । ਹਰਿਜਨ ਮਿਲਿਆ ਕੰਤ ਕੰਤੂਹਲ, ਕੰਤ ਸੰਤ ਆਪ ਅਖਵਾਈਆ । ਨਾਮ ਪੰਘੂੜਾ ਆਪਣਾ ਝੂਲ, ਦੋ ਜਹਾਨਾਂ ਰਿਹਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਬੰਕ ਸੁਹਾਈਆ । ਬੰਕ ਦਵਾਰਾ ਸਚ ਘਰ, ਹਰਿ ਸਾਚਾ ਆਪ ਸੁਹਾਇੰਦਾ । ਹਰਿਜਨ ਮੇਲਾ ਸਚ ਦਰ, ਦਰਬਾਰੀ ਆਪ ਅਖਵਾਇੰਦਾ । ਕਲਜੁਗ ਅੰਤਮ ਏਕਾ ਦਰ, ਗੁਰਮੁਖ ਸਾਚੇ ਲੇਖ ਲਿਖਾਇੰਦਾ । ਆਵਣ ਜਾਵਣ ਚੁੱਕੇ ਡਰ, ਜਨਮ ਮਰਨ ਫੰਦ ਕਟਾਇੰਦਾ । ਤਰਨੀ ਬਤਰਨੀ ਜਾਏ ਤਰ, ਪਾਰ ਕਿਨਾਰਾ ਇਕ ਰਖਾਇੰਦਾ । ਸਤਿਗੁਰ ਸਰਨੀ ਜਾਏ ਪੜ੍ਹ, ਸਰਨ ਸਰਨਾਈ ਆਪ ਵਖਾਇੰਦਾ । ਸ਼ਬਦ ਸਰੂਪੀ ਬਾਂਹੋਂ ਫੜ, ਆਪ ਆਪਣੇ ਘਰ ਬਹਾਇੰਦਾ । ਲੇਖਾ ਚੁੱਕੇ ਸੀਸ ਧੜ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਆਪਣਾ ਘਾੜਨ ਆਪੇ ਘੜ, ਅੰਤਮ ਭੰਨ ਵਖਾਇੰਦਾ । ਜਨਮੇ ਮਰੇ ਨਾ ਜਾਏ ਸੜ, ਹਰਿ ਸਾਚਾ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਮੇਲ ਮਿਲਾਇੰਦਾ । ਮੇਲ ਵਿਛੋੜਾ ਜਗਤ ਪ੍ਰਭ, ਆਪਣੇ ਹੱਥ ਰਖਾਇਆ । ਆਪੇ ਜਾਣੇ ਭਗਤੀ ਭਗਤ, ਭਗਵੰਤਾ

੩੩੫ ੦੬

ਰੂਪ ਵਟਾਇਆ । ਆਤਮ ਜੋਤੀ ਖਿੱਚੇ ਸ਼ਕਤ, ਵੇਲਾ ਵਕਤ ਆਪਣੇ ਹੱਥ ਰਖਾਇਆ । ਲੇਖੇ ਲਾਏ ਬੂੰਦ ਰਕਤ, ਜਨ ਜਨਣੀ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਮੇਲ ਮਿਲਾਇਆ । ਸਾਚਾ ਘਰ ਹਰਿ ਨਿਰੰਕਾਰ, ਆਦਿ ਅੰਤ ਅਡੋਲਿਆ । ਹਰਿਜਨ ਮੇਲਾ ਇਕ ਦਵਾਰ, ਚਰਨ ਪ੍ਰੀਤੀ ਘੋਲ ਘੁਮਾ ਰਿਹਾ । ਸਜਣ ਸੁਹੇਲ ਮੀਤ ਮੁਰਾਰ, ਸਾਚੇ ਤੋਲ ਆਪੇ ਤੋਲਿਆ । ਹੱਸੇ ਨਾ ਰੋਵੇ ਜ਼ਾਰੋ ਜ਼ਾਰ, ਰਸਨਾ ਦੰਦ ਨਾ ਕਦੀ ਬੋਲਿਆ । ਜਨ ਭਗਤਾਂ ਕਰੇ ਸਦ ਪਿਆਰ, ਸਚ ਦਵਾਰਾ ਏਕਾ ਖੋਲ੍ਹਿਆ । ਖਿੱਚੀ ਜਾਏ ਵਾਰੋ ਵਾਰ, ਆਪੇ ਨੇੜੇ ਦੂਰ ਦਿਸੇ ਕੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਵਣ ਸਵਾਸ ਇਕ ਕਰ, ਅੰਮ੍ਰਿਤ ਆਤਮ ਏਕਾ ਡੋਲ੍ਹਿਆ । ਪਵਣ ਸਵਾਸੀ ਆਤਮ ਰਾਸ, ਹਰਿ ਸਾਚੀ ਵਸਤ ਰਖਾਈਆ । ਦੀਪਕ ਜੋਤ ਕਰ ਪਰਕਾਸ਼, ਪਰਕਾਸ਼ ਕਰਾਈਆ । ਆਪੇ ਵੇਖਣਹਾਰਾ ਰਾਸ, ਕਾਇਆ ਮੰਡਲ ਮੰਡਪ ਰਿਹਾ ਸੁਹਾਈਆ । ਆਪੇ ਜਾਣੇ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਵਿਚ ਸਮਾਈਆ । ਆਪ ਉਪਾਏ ਕਰੇ ਕਰਾਏ ਨਾਸ਼, ਆਪ ਆਪਣੇ ਰੰਗ ਰੰਗਾਈਆ । ਆਪੇ ਦਾਸੀ ਦਾਸ, ਸ਼ਬਦ ਸੁਨੇਹੜਾ ਜਗਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਗੁਰਮੁਖ ਮਿਲਣ ਦਾ ਸਾਚਾ ਵੇਲਾ ਅੰਤਮ ਰਿਹਾ ਤਕਾਈਆ । ਵੇਲਾ ਅੰਤਮ ਸਚ ਘਰ, ਘਰ ਸਾਚੇ ਦਏ ਦੁਹਾਈਆ । ਕੰਤਾ ਨਾਰੀ ਏਕਾ ਦਰ, ਦਵਾਰ ਬੰਕਾ ਇਕ ਸੁਹਾਈਆ । ਆਵਣ ਜਾਵਣ ਚੁੱਕਿਆ ਡਰ, ਧਰਮ ਰਾਏ ਲੇਖ ਮੁਕਾਈਆ । ਚਿਤਰ ਗੁਪਤ ਗਿਆ ਹਰ, ਲਹਿਣਾ ਦੇਣਾ ਮੂਲ ਨਾ ਪਾਈਆ । ਪੁਰਖ ਅਬਿਨਾਸ਼ੀ ਮਿਲਿਆ ਵਰ, ਹਰਿ ਸਾਚਾ ਕੰਤ ਹੰਢਾਈਆ । ਨਹਾਵਣ ਨੁਹਾਇਆ ਸਾਚੇ ਸਰ, ਦੁਰਮਤ ਮੈਲ ਗਵਾਈਆ । ਜਗਤ ਤ੍ਰਿਸ਼ਨਾ ਗਈ ਹਰ, ਹਰਿ ਸਾਚੀ ਦਇਆ ਕਮਾਈਆ । ਆਪੇ ਭਾਂਡੇ ਰਿਹਾ ਭਰ, ਆਪੇ ਖਾਲੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਿਵਸ ਰੈਣ ਦਰਸ ਦਿਖਾਈਆ ।



### ❊ ਪਹਿਲੀ ਫੱਗਣ ੨੦੧੩ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸਤਿਗੁਰ ਸਾਚਾ ਧੰਨ ਹੈ, ਧੁਰ ਦੀ ਦਇਆ ਕਮਾਏ । ਸਤਿਗੁਰ ਸਾਚਾ ਧੰਨ ਹੈ, ਗੁਰ ਕਾ ਸ਼ਬਦ ਜਣਾਏ । ਸਤਿਗੁਰ ਸਾਚਾ ਧੰਨ ਹੈ, ਪਾਰਬ੍ਰਹਮ ਮਿਲਾਏ । ਸਤਿਗੁਰ ਸਾਚਾ ਧੰਨ ਹੈ, ਜਨਮ ਜਨਮ ਦੀ ਮੈਲ ਗਵਾਏ । ਸਤਿਗੁਰ ਸਾਚਾ ਧੰਨ ਹੈ, ਜੁਗ ਜੁਗ ਵਿਛੜੇ ਮੇਲ ਮਿਲਾਏ । ਸਤਿਗੁਰ ਸਾਚਾ ਧੰਨ ਹੈ, ਗੁਰਮੁਖ ਸਾਚੇ ਸੰਤ ਜਨਾਂ ਬਖ਼ਸ਼ੇ ਚਰਨ ਸਰਨ ਸੱਚੀ ਸਰਨਾਏ । ਸਤਿਗੁਰ ਸਾਚਾ ਧੰਨ ਹੈ, ਲੇਖ ਲਿਖੰਦਾ ਹੋਏ ਸਹਾਏ । ਗੁਰਮੁਖ ਆਤਮ ਜਾਏ ਮੰਨ ਹੈ, ਏਕਾ ਭਰੇ ਨਾਮ ਭੰਡਾਰਾ । ਦੂਈ ਦਵੈਤੀ ਨਿਕਲੇ ਤਨ ਹੈ, ਸ਼ਬਦ ਸਰੂਪੀ ਕਰੇ ਸ਼ਿੰਗਾਰਾ । ਏਕਾ ਰਾਗ ਸੁਣਾਏ ਕੰਨ ਹੈ, ਮੇਟ ਮਿਟਾਏ ਧੁੰਦੂਕਾਰਾ । ਪੰਚਾਂ ਦੇਵਣਹਾਰਾ ਡੰਨ ਹੈ, ਸ਼ਬਦ ਖੰਡਾ ਹੱਥ ਉਠਾਏ । ਦੇਵੇ ਨਾਮ ਸੱਚਾ ਮਾਲ ਧਨ ਹੈ, ਠੱਗ ਚੋਰ ਨਾ ਕੋਈ ਚੁਰਾਏ । ਲੋਕਮਾਤ ਨਾ ਕੋਈ ਲਾਏ ਸੰਨ੍ਹ ਹੈ, ਘਰ ਸਾਚੇ ਆਪ ਟਿਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਏ । ਗੁਰਮੁਖ ਸਾਜਨ ਸਾਚਾ ਮੀਤੜਾ, ਘਰ ਸਾਚੇ ਆਪ ਮਿਲਾਇੰਦਾ । ਕਾਇਆ ਚੋਲੀ ਰੰਗੇ ਚੀਥੜਾ, ਸ਼ਬਦ ਡੋਰੀ ਆਪ ਬੰਧਾਇੰਦਾ ।

ਜੁਗ ਜੁਗ ਆਪੇ ਜਾਣੇ ਆਪਣੀ ਰੀਤੜਾ, ਭੇਖਾਧਾਰੀ ਭੇਖ ਵਟਾਇੰਦਾ । ਏਕਾ ਰਾਗ ਸੁਣਾਏ ਸਾਚਾ ਗੀਤੜਾ, ਸੋਹੰ ਏਕਾ ਅੱਖਰ ਜਗਤ ਵੱਖਰ ਆਪਣਾ ਆਪ ਚਲਾਇੰਦਾ । ਪਰਖਣਹਾਰਾ ਲੱਖ ਚੁਰਾਸੀ ਨੀਤੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸੁਹੇਲਾ ਸਚ ਘਰ ਦਰ ਸਾਚਾ ਇਕ ਸੁਹਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਜੇਰਜ ਅੰਡ ਹਰ ਘਟ ਵੇਖ ਵਖਾਇੰਦਾ । ਕਲਜੁਗ ਕਾਇਆ ਦੇਵੇ ਦੰਡ, ਭੇਖ ਪਖੰਡਾ ਅੰਤ ਮੁਕਾਇੰਦਾ । ਜਨ ਭਗਤਾਂ ਬੰਨੇ ਪੱਲੇ ਨਾਮ ਗੰਢ, ਆਤਮ ਝੋਲੀ ਆਪ ਭਰਾਇੰਦਾ । ਮਨਮੁਖਾਂ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਸੀਤਲ ਧਾਰਾ ਪਾਏ ਠੰਢ, ਅੰਮ੍ਰਿਤ ਧਾਰਾ ਜਾਮ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਨਿਰੰਕਾਰ, ਸਾਚੀ ਜੋਤ ਜਗਾਈਆ । ਸ਼ਬਦ ਖੰਡਾ ਤੇਜ ਕਟਾਰ, ਗੁਰ ਗੋਬਿੰਦੇ ਤਨ ਛੁਹਾਈਆ । ਅੰਦਰ ਮੰਦਰ ਪਾਵੇ ਸਾਰ, ਦਹਿ ਦਿਸ਼ਾ ਵੇਖ ਵਖਾਈਆ । ਡੂੰਘੀ ਕੰਦਰ ਇਕ ਹੁਲਾਰ, ਨਾਮ ਹੁਲਾਰਾ ਰਿਹਾ ਦਵਾਈਆ । ਜੋਤ ਨਿਰੰਜਣ ਕਰ ਆਕਾਰ, ਆਦਿ ਸ਼ਕਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੈਠਾ ਸਾਚੇ ਆਸਣ ਲਾਈਆ । ਦਰ ਘਰ ਸਾਚਾ ਹਰਿ ਨਿਰੰਕਾਰ, ਏਕਾ ਏਕ ਸੁਹੰਞਣਾ । ਸ਼ਬਦ ਸਰੂਪੀ ਤਿੱਖੀ ਧਾਰ, ਜੋਤ ਜਗਾਏ ਇਕ ਨਿਰੰਜਣਾ । ਸਾਚੀ ਸਿੱਖੀ ਕਰਮ ਵਿਚਾਰ, ਆਪੇ ਹੋਇਆ ਦੁੱਖ ਦਰਦ ਭੈ ਭੰਜਣਾ । ਮੁਨੀ ਰਿਖੀ ਨਾ ਪਾਇਣ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਧੂੜ ਕਰਾਇਆ ਸਾਚਾ ਮਜਨਾ । ਚਰਨ ਧੂੜ ਸਚ ਇਸ਼ਨਾਨਾ, ਹਰਿ ਸਾਚਾ ਆਪ ਕਰਾਇੰਦਾ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਏਕਾ ਡੋਰੀ ਨਾਮ ਲਿਆਇੰਦਾ । ਆਪੇ ਹੋਏ ਚਤੁਰ ਸੁਘੜ ਸਿਆਣਾ, ਚੋਰੀ ਚੋਰੀ ਵੇਖ ਵਖਾਇੰਦਾ । ਇਕ ਝੁਲਾਏ ਧਰਮ ਨਿਸ਼ਾਨਾ, ਦਰ ਦਵਾਰਾ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਨਾਮ ਦਾਤਾ ਆਪ ਹੋ ਆਇੰਦਾ । ਗੁਰ ਗੋਬਿੰਦੇ ਮੰਗੀ ਮੰਗ, ਹਰਿ ਏਕਾ ਇੱਕੀ ਪਾਇੰਦਾ । ਸ਼ਬਦ ਘੋੜੇ ਕਸਿਆ ਤੰਗ, ਸਾਚੀ ਸਿੱਖੀ ਵੇਖ ਵਖਾਇੰਦਾ । ਕੱਟਣਹਾਰਾ ਭੁੱਖ ਨੰਗ, ਤਾਮਸ ਤ੍ਰਿਸ਼ਨਾ ਮੇਟ ਮਿਟਾਇੰਦਾ । ਅੰਮ੍ਰਿਤ ਆਤਮ ਧਾਰਾ ਵਹਾਏ ਗੰਗ, ਨਿਝਰ ਝਿਰਨਾ ਆਪ ਝਿਰਾਇੰਦਾ । ਆਪ ਨਿਭਾਏ ਆਪਣਾ ਸੰਗ, ਸੰਗੀ ਸਾਥੀ ਆਪ ਹੋ ਜਾਇੰਦਾ । ਮਾਇਆ ਮਮਤਾ ਨਾ ਮਾਰੇ ਡੰਗ, ਪੰਜ ਵਿਕਾਰਾ ਦਰ ਦੁਰਕਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ, ਨਾਮ ਮਜੀਠੀ ਇਕ ਚੜ੍ਹਾਇੰਦਾ । ਸ਼ਬਦ ਡੋਰੀ ਗੁਰਮੁਖ ਪਤੰਗ, ਆਕਾਸ਼ਨ ਆਕਾਸ਼ਾਂ ਵਿਚ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਗੁਰ ਗੋਬਿੰਦੇ ਦਿਤਾ ਵਰ, ਵੇਲੇ ਅੰਤਮ ਪੂਰ ਕਰਾਇੰਦਾ । ਗੁਰ ਗੋਬਿੰਦਾ ਸਚ ਸਲਾਹ, ਹਰਿ ਸਾਚੇ ਆਪ ਦਵਾਈਆ । ਸ਼ਬਦ ਸਰੂਪ ਬਣ ਮਲਾਹ, ਕਾਇਆ ਭਾਂਡੇ ਵਿਚ ਸਮਾਈਆ । ਧੁਰਦਰਗਾਹੀ ਦੇਵੇ ਸਾਚਾ ਰਾਹ, ਦੇ ਮਤ ਰਿਹਾ ਸਮਝਾਈਆ । ਇਕ ਜਪਾਏ ਸਾਚਾ ਨਾਂ, ਨਾਮ ਨਿਧਾਨਾ ਹਰਿ ਰਘੁਰਾਈਆ । ਹੰਸ ਬਣਾਏ ਫੜ ਫੜ ਕਾਂ, ਗੁਰਮੁਖਾਂ ਦਇਆ ਕਮਾਈਆ । ਆਪੇ ਪਿਤਾ ਆਪੇ ਮਾਂ, ਪਿਤਾ ਪੂਤ ਆਪ ਹੋ ਜਾਈਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਦੋ ਜਹਾਨੀ ਪਕੜੇ ਬਾਂਹ, ਪਾਰ ਕਿਨਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇੱਕੀ ਹਰਿ ਸਾਚਾ ਵੇਖ ਵਖਾਈਆ । ਸਾਚੀ ਸਿੱਖੀ ਹਰਿ ਵੇਖ ਵਿਚਾਰ, ਹਰਿ ਸਾਚਾ ਵੇਖ ਵਖਾਇੰਦਾ ।

੩੩੭
੦੬

ਸੰਮਤ ਤੇਰਾਂ ਤੇਰੀ ਧਾਰ, ਨਾਨਕ ਰੂਪ ਵਟਾਇੰਦਾ । ਦਰ ਦਵਾਰੇ ਪਾਵੇ ਸਾਰ, ਦਰ ਦਰਵਾਜ਼ਾ ਆਪ ਖੁਲਾਇੰਦਾ । ਜੋਤ ਸਰੂਪੀ ਕਰ ਆਕਾਰ, ਸ਼ਬਦ ਧਾਰ ਆਪ ਚਲਾਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਮਾ ਸ਼ਿਵ ਆਪ ਹਿਲਾਇੰਦਾ । ਕਰੋੜ ਤੇਤੀਸਾ ਹਾਹਾਕਾਰ, ਸੁਰਪਤ ਰਾਜਾ ਇੰਦ ਕੁਰਲਾਇੰਦਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਨਾ ਕੋਈ ਕਿਸੇ ਬਚਾਇੰਦਾ । ਪਹਿਲੀ ਚੇਤਰ ਦਿਵਸ ਵਿਚਾਰ, ਹਰਿ ਚੇਤਨ ਰੂਪ ਸਮਾਇੰਦਾ । ਗੁਰਮੁਖ ਸੁਹਾਏ ਬੰਕ ਦਵਾਰ, ਨੈਣ ਨੇਤਰ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਨਿਰੰਕਾਰਾ, ਆਪਣਾ ਭੇਖ ਵਟਾਇਆ ਏ । ਸ਼ਬਦ ਰੱਖੇ ਤਿੱਖੀ ਧਾਰਾ, ਲੇਖਾ ਲਿਖਣ ਵਿਚ ਨਾ ਆਇਆ ਏ । ਗੋਬਿੰਦ ਰੂਪ ਅਗੰਮ ਅਪਾਰਾ, ਕਾਇਆ ਗੋਬਿੰਦ ਰੂਪ ਸਮਾਇਆ ਏ । ਸ਼ਬਦ ਖੰਡਾ ਨਾਮ ਕਟਾਰਾ, ਜੋਤ ਨਿਰੰਜਣ ਹੱਥ ਉਠਾਇਆ ਏ । ਲੱਖ ਚੁਰਾਸੀ ਮਾਰੀ ਜਾਏ ਵਾਰੋ ਵਾਰਾ, ਗੁਰਮੁਖਾਂ ਦਇਆ ਕਮਾਇਆ ਏ । ਜੁਗ ਜੁਗ ਲਏ ਮਾਤ ਅਵਤਾਰਾ, ਜਾਮਾ ਰਾਮਾ ਭੇਖ ਵਟਾਇਆ ਏ । ਆਪੇ ਹੋਏ ਨਾਰੀ ਨਾਰਾ, ਨਾਰੀ ਕੰਤਾ ਆਪ ਅਖਵਾਇਆ ਏ । ਆਪੇ ਹੋਏ ਪਤਤ ਉਧਾਰਾ, ਸਾਧਾਂ ਸੰਤਾਂ ਵਿਚ ਸਮਾਇਆ ਏ । ਹਰਿਜਨ ਬਹਾਏ ਚਰਨ ਦਵਾਰਾ, ਚਰਨ ਧੂੜ ਮਸਤਕ ਟਿੱਕਾ ਲਾਇਆ ਏ । ਜੋਤ ਸਰੂਪੀ ਕਰ ਅਕਾਰਾ, ਓਅੰਕਾਰਾ ਦੇਸ ਸੁਹਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਖ ਵਟਾਇਆ ਏ । ਜੋਤੀ ਜਾਮਾ ਹਰਿ ਅਵੱਲਾ, ਆਪਣਾ ਭੇਖ ਵਟਾਇੰਦਾ । ਆਪੇ ਵਸਿਆ ਇਕ ਇਕੱਲਾ, ਦਿਸ ਕਿਸੇ ਨਾ ਆਇੰਦਾ । ਰੂਪ ਅਨੂਪਾ ਜਲ ਥਲਾ, ਸ਼ਾਹੋ ਭੂਪ ਡੇਰਾ ਲਾਇੰਦਾ । ਜਾਣੇ ਜਣਾਏ ਨਿਹਚਲ ਧਾਮ ਅਟੱਲਾ, ਦੂਸਰ ਕੋਇ ਭੇਵ ਨਾ ਪਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਪਵਣ ਸਵਾਸੀ ਸੇਵਾ ਲਾਇੰਦਾ । ਕਲਜੁਗ ਅੰਤਮ ਏਕਾ ਹੱਲਾ, ਪ੍ਰਭ ਸਾਚਾ ਆਪ ਕਰਾਇੰਦਾ । ਮੇਲਾ ਮਿਲੇ ਗੋਬਿੰਦੇ ਡੱਲਾ, ਸਾਚਾ ਮੇਲ ਮਿਲਾਇੰਦਾ । ਆਪ ਫੜਾਏ ਆਪਣਾ ਪੱਲਾ, ਵਿਛੜ ਕਦੇ ਨਾ ਜਾਇੰਦਾ । ਦੂਈ ਦਵੈਤੀ ਮੇਟੇ ਸੱਲਾ, ਹਰਿ ਸਾਚੇ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖ ਵਟਾਇੰਦਾ । ਕਲਜੁਗ ਕਾਇਆ ਭੇਖ ਵਟਾਇਆ, ਹਰਿ ਨੂਰੋ ਨੂਰ ਨੁਰਾਨੀਆ । ਔਲੀਆ ਪੀਰ ਸ਼ੇਖ਼ ਵੇਖ ਵਖਾਇਆ, ਆਪੇ ਵੇਖੇ ਅੰਜੀਲ ਕੁਰਾਨੀਆ । ਹਰਿ ਹਰਿ ਸਾਚਾ ਲੇਖਾ ਲੇਖ ਲਿਖਾਇਆ, ਹਰਿ ਹਰਿ ਬਣੇ ਵੇਦ ਪੁਰਾਨੀਆ । ਬਾਸ਼ਕ ਤਸ਼ਕਾ ਗਲ ਲਟਕਾਇਆ, ਗਲ ਮਾਲਾ ਸਾਚੀ ਗਾਨੀਆ । ਕਰੋੜ ਤੇਤੀਸਾ ਸੇਵਾ ਲਾਇਆ, ਸੁਰਪਤ ਰਾਜਾ ਇੰਦ ਖੇਲ ਮਹਾਨੀਆ । ਨੌ ਖੰਡ ਪ੍ਰਿਥਮੀ ਵੇਖ ਵਖਾਇਆ, ਲੋਕਮਾਤ ਹੋ ਜਾਣੀ ਜਾਨੀਆ । ਸੱਤਾਂ ਦੀਪਾਂ ਵੰਡ ਵੰਡਾਇਆ, ਏਕਾ ਅੱਖਰ ਜਗਤ ਵਖਾਏ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜਾਣੀ ਜਾਣੀਆ । ਜਾਨਣਹਾਰ ਸਮਰਥ, ਅਚਰਜ ਬਣਤ ਬਣਾਈਆ । ਗੁਰਮੁਖਾਂ ਰੱਖੇ ਦੇ ਕਰ ਹੱਥ, ਸਮਰਥ ਹੱਥ ਵਡਿਆਈਆ । ਸਗਲ ਵਸੂਰੇ ਜਾਇਣ ਲੱਥ, ਹਰਿ ਨੇਤਰ ਦਰਸ਼ਨ ਪਾਈਆ । ਏਕਾ ਸ਼ਬਦ ਅਕਥਨਾ ਅਕੱਥ, ਲੇਖਾ ਲਿਖਣ ਵਿਚ ਨਾ ਆਈਆ । ਨੌ ਖੰਡ ਪ੍ਰਿਥਮੀ ਪਾਵੇ ਨੱਥ, ਹਰਿ ਸ਼ਬਦ ਡੋਰੀ ਹੱਥ ਉਠਾਈਆ । ਅੰਤਮ ਲੇਖਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਕਲਜੁਗ ਕਾਇਆ ਆਪ ਮਿਟਾਈਆ । ਗੁਰਮੁਖ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਹੋ ਜਾਈਆ । ਪੰਚ ਵਿਕਾਰਾ ਪਾਏ ਨੱਥ, ਹਰਿ ਪੰਚਮ ਧੁਨ ਉਪਜਾਈਆ । ਸੰਤ ਸੁਹੇਲੇ ਸਾਚੇ ਚੁਣ, ਘਰ ਸਾਚੇ ਮੇਲ ਮਿਲਾਈਆ । ਕਾਇਆ ਮਾਟੀ ਛਾਣ ਪੁਣ,

ਤਨ ਸ਼ਿੰਗਾਰਾ ਇਕ ਕਰਾਈਆ । ਆਪੇ ਜਾਣੇ ਆਪਣਾ ਗੁਣ, ਗੁਣਵੰਤਾ ਹਰਿ ਰਘੁਰਾਈਆ । ਸਰਬ ਪੁਕਾਰ ਰਿਹਾ ਸੁਣ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਇੱਕੀ ਸਾਚੀ ਸਿੱਖੀ ਦੇ ਮਤ ਰਿਹਾ ਸਮਝਾਈਆ । ਦੇਵੇ ਮਤ ਪੰਜ ਤਤ, ਤਤ ਰੂਪ ਸਮਾਇਆ । ਸਗਲ ਵਸੂਰੇ ਜਾਇਣ ਲੱਥ, ਸਾਚੀ ਸਿੱਖੀ ਦਰਸ਼ਨ ਪਾਇਆ । ਪਹਿਲੀ ਚੇਤਰ ਹੋਏ ਸੰਮਤ ਚੌਦਾਂ ਰੁੱਤ ਸੁਹਾਇਆ । ਹਰਿਜਨ ਸਾਚੇ ਲਏ ਰੱਖ, ਮਦਿਰਾ ਮਾਸੀ ਦਰ ਦੁਰਕਾਇਆ । ਕਲਜੁਗ ਕਾਇਆ ਉਡਣੇ ਕੱਖ, ਕਾਗੀ ਕਾਗ ਰਿਹਾ ਕੁਰਲਾਇਆ । ਸ਼ਬਦ ਦਵਾਰੇ ਸਚ ਇਕੱਠ, ਹਰਿ ਸਾਚਾ ਰਿਹਾ ਕਰਾਇਆ । ਹਰਿਜਨ ਵੇਖੇ ਨੱਠ ਨੱਠ, ਦੂਰ ਦੁਰਾਡਾ ਡੇਰਾ ਲਾਇਆ । ਮੰਡਲ ਮੰਡਪ ਜਾਣਾ ਢੱਠ, ਤ੍ਰੈਗੁਣ ਤੇਰਾ ਤਤ ਜਲਾਇਆ । ਲੇਖਾ ਚੁੱਕੇ ਅੱਠ ਸੱਠ, ਗੰਗਾ ਗੋਦਾਵਰੀ ਰਹਿਣ ਨਾ ਪਾਇਆ । ਕਲਜੁਗ ਮਾਇਆ ਹੋਏ ਭੱਠ, ਹਰਿ ਸਾਚੇ ਦਰ ਦੁਰਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚੇ ਤਾਰਨਹਾਰਾ, ਦਇਆਨਿਧ ਕਿਰਪਾਲ । ਗੁਰਮੁਖ ਸਾਚੇ ਮੇਲਣਹਾਰਾ, ਭਗਤ ਵਛਲ ਦੀਨ ਦਿਆਲ । ਆਤਮ ਧਾਰਾ ਰੱਖਣਹਾਰਾ, ਫਲ ਲਗਾਏ ਕਾਇਆ ਡਾਲ੍ਹ । ਪੰਚ ਵਿਕਾਰਾ ਝੱਸਣਹਾਰਾ, ਸਰ ਸਰੋਵਰ ਆਤਮ ਲਵਾਏ ਏਕਾ ਛਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ ਆਪ ਉਠਾਏ ਆਪਣੇ ਲਾਲ । ਸਾਚਾ ਲਾਲ ਗੁਰਮੁਖ ਪਿਆਰਾ, ਹਰਿ ਆਪਣੇ ਰੰਗ ਰੰਗਾਇੰਦਾ । ਪੰਚਮ ਮੀਤਾ ਖੇਲ ਨਿਆਰਾ, ਅਚਰਜ ਰੀਤਾ ਮਾਤ ਚਲਾਇੰਦਾ । ਲੱਖ ਚੁਰਾਸੀ ਮਾਤ ਜੀਤਾ, ਹਾਰ ਜਿੱਤ ਆਪਣੇ ਹੱਥ ਰਖਾਇੰਦਾ । ਵੇਖਣਹਾਰਾ ਹਸਤ ਕੀਟਾ, ਊਚਾਂ ਨੀਚਾਂ ਵੇਖ ਵਖਾਇੰਦਾ । ਪਾਰਬ੍ਰਹਮ ਹਰਿ ਬੀਠਲ ਬੀਠਾ, ਆਪਣਾ ਭੇਵ ਛੁਪਾਇੰਦਾ । ਸ਼ਬਦ ਜਣਾਏ ਇਕ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਮਨਮੁਖ ਭੰਨੇ ਕੌੜਾ ਰੀਠਾ, ਅੰਤਮ ਭੰਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿਜਨ ਸਾਚੇ ਚਰਨ ਦਵਾਰ, ਚਰਨ ਕਵਲ ਚਿਤ ਲਾਇਆ । ਮੰਗੇ ਮੰਗ ਬਣ ਭਿਖਾਰ, ਹਰਿ ਸਾਚਾ ਦਇਆ ਕਮਾਇਆ । ਲੇਖਾ ਲਿਖੇ ਅਪਰ ਅਪਾਰ, ਛੇ ਚੇਤਰ ਵੇਖ ਵਖਾਇਆ । ਸਿੰਘ ਰਾਮ ਤੇਰੀ ਸਾਚੀ ਧਾਰ, ਹਰਿ ਸਾਚਾ ਵੇਖਣ ਆਇਆ । ਪੁਰ ਹੁਸ਼ਿਆਰ ਪ੍ਰਭ ਪਾਏ ਸਾਰ, ਚੰਦ ਗਿਆਨ ਤਰਾਇਆ । ਅਠਾਰਾਂ ਚੇਤਰ ਵਿਚਾਰ, ਸਿੰਘ ਕਰਤਾਰ ਸੁਹਾਇਆ । ਉਨੀ ਚੇਤਰ ਬੰਨ੍ਹੇ ਧਾਰ, ਗਰੀਬ ਨਿਮਾਣਾ ਗਲੇ ਲਗਾਇਆ । ਆਪੇ ਬਖ਼ਸ਼ੇ ਚਰਨ ਪਿਆਰ, ਚੇਤਨ ਚਿਤ ਰਖਾਇਆ । ਸ਼ਬਦ ਸਰੂਪੀ ਦੇ ਪਿਆਰ, ਨਿਤ ਨਿਤ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਡੇਰਾ ਲਾਇਆ । ਹਰਿ ਘਰ ਸਾਚਾ ਸਹਿਜ ਸੁਖ, ਹਰਿ ਸਾਚੀ ਜੋਤ ਜਗਾਈਆ । ਗੁਰਮੁਖਾਂ ਉਜਲ ਕਰਾਏ ਮੁਖ, ਹਰਿ ਹੱਥ ਜਗਤ ਵਡਿਆਈਆ । ਆਪੇ ਕੱਟਣਹਾਰਾ ਕਾਇਆ ਦੁੱਖ, ਦਰ ਦਵਾਰ ਬੰਕ ਸੁਹਾਈਆ । ਸੁਫਲ ਕਰਾਏ ਮਾਤ ਕੁੱਖ, ਨੌ ਅਠਾਰਾਂ ਲੇਖੇ ਲਾਈਆ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਮੇਟਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੇਵਾ ਲਾਈਆ । ਹਰਿਜਨ ਸਾਚਾ ਸਚ ਦੁਲਾਰ, ਸਾਚੀ ਸੇਵ ਕਮਾਇੰਦਾ । ਆਪੇ ਮੇਲੇ ਮੇਲਣਹਾਰ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਡੰਕ ਵਜਾਇੰਦਾ । ਅਨਹਦ ਸ਼ਬਦ ਖੰਡਾ ਤੇਜ ਕਟਾਰ, ਰਾਓ ਰੰਕਾਂ ਆਪ ਵਖਾਇੰਦਾ ।

ਆਪੇ ਬੰਨ੍ਹੇ ਆਪਣੀ ਧਾਰ, ਦਵਾਰ ਬੰਕਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਾਸੀ ਪੁਰੀ ਘਨਕਾ ਦਰ ਘਰ ਸਾਚਾ ਆਪ ਸੁਹਾਇੰਦਾ । ਸਤਿਗੁਰ ਦਾਤਾ ਜਗਤ ਹੈ, ਜੁਗ ਜੁਗ ਆਪ ਅਖਵਾਏ । ਆਪੇ ਭਗਤੀ ਭਗਤ ਹੈ, ਭਗਵੰਤਾ ਰੂਪ ਸਮਾਏ । ਆਪੇ ਸ਼ਕਤੀ ਸ਼ਕਤਾ ਸ਼ਕਤ ਹੈ, ਸਾਧ ਸੰਤ ਰਿਹਾ ਉਪਾਏ । ਆਪੇ ਨਾਰੀ ਕੰਤਾ ਕੰਤ ਹੈ, ਕੰਤ ਕੰਤੂਹਲ ਆਪ ਹੋ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖ ਵਟਾਏ । ਕਲਜੁਗ ਅੰਤਮ ਕਾਇਆ ਭੇਖਾ, ਅਚਰਜ ਬਣਤ ਬਣਾਈਆ । ਲੱਖ ਚੁਰਾਸੀ ਲਿਖਣਹਾਰਾ ਲੇਖਾ, ਜੁਗ ਜੁਗ ਲੇਖ ਲਿਖਾਈਆ । ਗੁਰਮੁਖ ਵਿਰਲੇ ਨੇਤਰ ਪੇਖਾ, ਆਤਮ ਤ੍ਰਿਪਤ ਕਰਾਈਆ । ਆਪੇ ਹੋਇਆ ਧਾਰੀ ਕੇਸਾ, ਆਪੇ ਵੰਡ ਵੰਡਾਈਆ । ਆਪੇ ਹੋਏ ਗੁਰ ਦਸਮੇਸਾ, ਗੋਬਿੰਦ ਰੂਪ ਸਮਾਈਆ । ਆਪੇ ਹੋਏ ਨਰ ਨਰੇਸ਼ਾ, ਨਿਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਸਾਚੀ ਰਚਨ ਰਚਾਈਆ । ਸਰਗੁਣ ਸਾਚਾ ਮੀਤ ਮੁਰਾਰਾ, ਨਿਰਗੁਣ ਰੂਪ ਵਟਾਇੰਦਾ । ਗੋਬਿੰਦ ਕਾਇਆ ਖੇਲ ਅਪਾਰਾ, ਸਾਚਾ ਮੀਤ ਅਖਵਾਇੰਦਾ । ਨਾਮ ਕਰਾਏ ਜੈ ਜੈ ਜੈਕਾਰਾ, ਏਕਾ ਨਾਦ ਵਜਾਇੰਦਾ । ਹਰਿਜਨ ਸਾਚੇ ਪਾਵੇ ਸਾਰਾ, ਬ੍ਰਹਿਮਾਦ ਖੋਜ ਖੁਜਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਦਏ ਹੁਲਾਰਾ, ਨੌ ਖੰਡ ਪ੍ਰਿਥਮੀ ਆਪ ਹਿਲਾਇੰਦਾ । ਕਰੇ ਕਰਾਏ ਕਰਨੇਹਾਰਾ, ਹਰਿ ਕਰਨੀ ਕਿਰਤ ਕਮਾਇੰਦਾ । ਗੁਰਮੁਖ ਸੋਹੇ ਚਰਨ ਦਵਾਰਾ, ਗੁਰ ਚਰਨੀ ਚਿਤ ਲਾਇੰਦਾ । ਆਤਮ ਭਰੇ ਨਾਮ ਭੰਡਾਰਾ, ਕਾਇਆ ਝੋਲੀ ਆਪ ਭਰਾਇੰਦਾ । ਜੁਗ ਜੁਗ ਹੋਏ ਆਪ ਵਰਤਾਰਾ, ਆਪ ਆਪਣੀ ਦਇਆ ਕਮਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕਾ ਡੰਕ ਵਜਾਇੰਦਾ । ਗੁਰ ਗੋਬਿੰਦੇ ਕਰ ਪਿਆਰਾ, ਏਕਾ ਅੰਕ ਸਮਾਇੰਦਾ । ਆਪੇ ਜਾਣੇ ਜਾਨਣਹਾਰਾ, ਕਾਇਆ ਮੰਦਰ ਵੇਖ ਵਖਾਇੰਦਾ । ਮੇਟ ਮਿਟਾਏ ਧੁੰਦੂਕਾਰਾ, ਆਕਾਸ਼ ਪਰਕਾਸ਼ ਵਖਾਇੰਦਾ । ਜਨ ਭਗਤਾਂ ਦੇਵੇ ਨਾਮ ਅਧਾਰਾ, ਜੋਤ ਨਿਰੰਜਣ ਸੇਵਾ ਲਾਇੰਦਾ । ਸ਼ਬਦ ਸਰੂਪੀ ਕਰ ਅਕਾਰਾ, ਹਰਿ ਮੇਲੀ ਮੇਲ ਮਿਲਾਇੰਦਾ । ਭਗਤ ਵਛਲ ਆਪ ਗਿਰਧਾਰਾ, ਘਰ ਸਾਚਾ ਇਕ ਸੁਹਾਇੰਦਾ । ਨੌ ਦਵਾਰੇ ਪਾਰ ਕਿਨਾਰਾ, ਹਰਿ ਦਸਵੇਂ ਬੂਝ ਬੁਝਾਇੰਦਾ । ਪੰਚਮ ਗਾਇਣ ਵਾਰੋ ਵਾਰਾ, ਧੁਨ ਆਤਮਕ ਸ਼ਬਦ ਅਲਾਇੰਦਾ । ਅੰਮ੍ਰਿਤ ਆਤਮ ਠੰਢੀ ਠਾਰਾ, ਸਰ ਸਰੋਵਰ ਮਾਨ ਸੁਹਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਘਰ ਸਾਚਾ ਵੇਖ ਵਖਾਇੰਦਾ । ਜੋਤ ਸਰੂਪੀ ਸਾਚਾ ਲਾੜਾ, ਗੁਰਮੁਖ ਨਾਰੀ ਕੰਤ ਪਰਨਾਇੰਦਾ । ਮਨਮੁਖ ਲੁੱਟੀ ਜਾਏ ਦਿਨ ਦਿਹਾੜਾ, ਸਾਧ ਸੰਤ ਕੰਤ ਭਗਵੰਤ ਆਪਣਾ ਮੇਲ ਮਿਲਾਇੰਦਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਵੇਖ ਵਖਾਇੰਦਾ । ਧਰਤਮਾਤ ਤੇਰਾ ਇਕ ਅਖਾੜਾ, ਹਰਿ ਸਾਚਾ ਰਚਨ ਰਚਾਇੰਦਾ । ਲੇਖਾ ਚੁੱਕੇ ਸਤਾਰਾਂ ਹਾੜਾ, ਸਤਿ ਸਤਿਵਾਦੀ ਆਪ ਅਖਵਾਇੰਦਾ । ਮਨਮਤੀ ਅਗਨ ਲਗਾਏ ਬਹੱਤਰ ਨਾੜਾ, ਨਾ ਕੋਈ ਕਿਸੇ ਬੁਝਾਇੰਦਾ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹਾ, ਹਰ ਘਟ ਆਪੇ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਤੇਰੀ ਧਾੜਾ, ਹਰਿ ਬ੍ਰਹਮੇ ਝੋਲੀ ਪਾਇੰਦਾ । ਬ੍ਰਹਮ ਸੋਹੇ ਬੰਕ ਦਵਾਰਾ, ਬ੍ਰਹਮ ਵਿਦਿਆ ਪੂਰ ਕਰਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਘਰ ਸਾਚੇ ਮੇਲ ਮਿਲਾਇੰਦਾ । ਗੁਰਮੁਖ ਸਾਚਾ ਕਰ ਤਿਆਰਾ, ਦਰ ਸਾਚੇ ਆਪ ਬਹਾਇੰਦਾ । ਸੋਹੰ ਸ਼ਬਦ ਜੈ ਜੈਕਾਰਾ, ਪੁਰੀ ਬ੍ਰਹਮ ਆਪ ਕਰਾਇੰਦਾ । ਸ਼ਿਵ ਸ਼ੰਕਰ ਵੇਖੇ ਕਰ ਵਿਚਾਰਾ, ਜਗਤ ਜਗਦੀਸਾ ਦਇਆ ਕਮਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ,


੩੪੦
੦੬

ਬੀਸ ਬੀਸਾ ਆਪ ਅਖਵਾਇੰਦਾ । ਏਕਾ ਸ਼ਬਦ ਕਰਾਏ ਜੈ ਜੈਕਾਰਾ, ਚਾਰੋਂ ਕੁੰਟ ਦਹਿ ਦਿਸ਼ਾ ਵੇਖ ਵਖਾਇੰਦਾ । ਚਾਰ ਵਰਨ ਸੋਹਣ ਇਕ ਦਵਾਰਾ, ਊਚਾਂ ਨੀਚਾਂ ਭੇਵ ਮਿਟਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸ਼ਾਹ ਸੁਲਤਾਨ ਆਪ ਉਠਾਇੰਦਾ । ਸਾਧਾਂ ਸੰਤਾਂ ਦਏ ਹੁਲਾਰਾ, ਕਾਇਆ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਪਾਰ ਕਿਨਾਰਾ, ਆਰ ਪਾਰ ਆਪ ਹੋ ਜਾਇੰਦਾ । ਆਰ ਪਾਰ ਹਰਿ ਨਿਰੰਕਾਰ, ਏਕਾ ਜੋਤ ਸੁਹਾਈਆ । ਸ਼ਬਦ ਸਰੂਪੀ ਤਿੱਖੀ ਧਾਰ, ਕਲਜੁਗ ਵੇਖ ਵਖਾਈਆ । ਜੋਤ ਨਿਰੰਜਣ ਕਰ ਆਕਾਰ, ਹਰਿ ਬੈਠਾ ਆਸਣ ਲਾਈਆ । ਆਦਿ ਸ਼ਕਤ ਪਹਿਰੇਦਾਰ, ਆਦਿ ਅੰਤ ਸੇਵ ਕਮਾਈਆ । ਸਾਚਾ ਕੰਤ ਮੀਤ ਮੁਰਾਰ, ਹਰਿ ਸ਼ਬਦੀ ਬਣਤ ਬਣਾਈਆ ਨਾਉਂ ਖੰਡਾ ਤੇਜ ਕਟਾਰ, ਗੁਰ ਗੋਬਿੰਦੇ ਤਨ ਛੁਹਾਈਆ । ਪੰਚਮ ਮੀਤਾ ਕਰ ਤਿਆਰ, ਸਾਚੀ ਰੀਤਾ ਰਿਹਾ ਚਲਾਈਆ । ਏਕਾ ਇੱਕੀ ਵਿਚ ਸੰਸਾਰ, ਸਾਚੀ ਸਿੱਖੀ ਰਿਹਾ ਪਾਈਆ । ਗੁਰ ਗੋਬਿੰਦੇ ਮੰਗੇ ਭਿੱਖੀ, ਪ੍ਰਭ ਅੱਗੇ ਬੈਠਾ ਸੀਸ ਝੁਕਾਈਆ । ਨੌ ਖੰਡ ਪ੍ਰਿਥਮੀ ਨਿੱਕੀ ਸਿੱਖੀ, ਹਰਿ ਸਾਚਾ ਰਿਹਾ ਬਣਾਈਆ । ਨਾ ਕੋਈ ਜਾਣੇ ਮੁਨੀ ਰਿਖੀ, ਪੰਡਤ ਪਾਂਧੇ ਭੇਵ ਨਾ ਰਾਈਆ । ਮਸਤਕ ਲਹਿਣਾ ਸਾਚੀ ਲੇਖੀ, ਹਰਿ ਸਾਚੇ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਆਪ ਆਪਣੀ ਦਇਆ ਕਮਾਈਆ । ਗੁਰ ਗੋਬਿੰਦੇ ਵਰ ਘਰ ਪਾਇਆ, ਹਰਿ ਮਿਲਿਆ ਕੰਤ ਭਤਾਰਾ । ਸਾਚਾ ਮੰਦਰ ਇਕ ਸੁਹਾਇਆ, ਦਿਵਸ ਰੈਣ ਜੈ ਜੈ ਜੈਕਾਰਾ । ਦੀਪਕ ਜੋਤੀ ਇਕ ਜਗਾਇਆ, ਅੱਠੇ ਪਹਿਰ ਰਹੇ ਉਜਿਆਰਾ । ਵਰਨ ਗੋਤੀ ਭੇਖ ਵਟਾਇਆ । ਜੋ ਜਨ ਸਰਨ ਸਰਨਾਈ ਸਾਚੀ ਆਇਆ । ਗੁਰਸਿਖ ਉਧਾਰੇ ਵਿਚੋਂ ਕੋਟਨ ਕੋਟੀ, ਫੜ ਫੜ ਬਾਹੋਂ ਪਾਰ ਕਰਾਇਆ । ਆਪੇ ਬੈਠਾ ਉਪਰ ਚੜ੍ਹੇ ਚੋਟੀ, ਦਸਮ ਦਵਾਰੀ ਆਸਣ ਲਾਇਆ । ਸ਼ਬਦ ਫੜ ਕੇ ਹਰਿ ਸਾਚੀ ਸੋਟੀ, ਕੁੰਡਾ ਰਿਹਾ ਖੜਕਾਇਆ । ਮਨਮੁਖ ਜੀਆਂ ਆਤਮ ਖੋਟੀ, ਗੁਰ ਮੰਤਰ ਮੂਲ ਨਾ ਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਭੇਖ ਵਟਾਇਆ । ਗੁਰ ਗੋਬਿੰਦ ਚਰਨ ਦਵਾਰ, ਹਰਿ ਸਾਚੇ ਸੀਸ ਝੁਕਾਇੰਦਾ । ਸਾਚਾ ਮੇਲਾ ਅੰਤਮ ਵਾਰ, ਜਗਤ ਜਗਦੀਸਾ ਆਪ ਕਰਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਾਚਾ ਮੇਲਾ ਪ੍ਰਭ ਚਰਨ ਦਵਾਰ, ਹਰਿਜਨ ਸਾਚੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਘਰ, ਘਰ ਸਾਚੇ ਆਸਣ ਲਾਇੰਦਾ । ਗੋਬਿੰਦ ਕਾਇਆ ਸਾਚਾ ਘੜ, ਹਰਿ ਸਾਚੇ ਆਪ ਸੁਹਾਇਆ ਏ । ਸ਼ਬਦ ਸਰੂਪੀ ਅੰਦਰ ਵੜ, ਹਰ ਘਟ ਵੇਖ ਵਖਾਇਆ ਏ । ਨਾ ਕੋਈ ਸੀਸ ਨਾ ਕੋਈ ਧੜ, ਆਦਿਨ ਅੰਤਾ ਦਿਸ ਨਾ ਆਇਆ ਏ । ਕਲਜੁਗ ਉਖੇੜੇ ਲੱਗੀ ਜੜ੍ਹ, ਸਤਿਜੁਗ ਸਾਚਾ ਰਿਹਾ ਲਗਾਇਆ ਏ । ਸੰਤ ਸੁਹੇਲੇ ਸਾਚੇ ਫੜ, ਆਪ ਆਪਣਾ ਦਰਸ ਦਿਖਾਇਆ ਏ । ਜੋਤ ਜਗਾਏ ਬਹੱਤਰ ਨੜ, ਅਗਿਆਨ ਅੰਧੇਰ ਮਿਟਾਇਆ ਏ । ਏਕਾ ਅੱਖਰ ਜਾਣਾ ਪੜ੍ਹ, ਜਗਤ ਵਿਦਿਆ ਮੂਲ ਚੁਕਾਇਆ ਏ । ਮੋਹ ਮਮਤਾ ਨਾ ਜਾਏ ਸੜ, ਦੇ ਮਤ ਰਿਹਾ ਸਮਝਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਘਰ ਸੁਹਾਇਆ ਏ । ਗੋਬਿੰਦ ਕਾਇਆ ਸਾਚਾ ਘਰ, ਨਿਰਮਲ ਜੋਤ ਅਕਾਲੀਆ । ਖੁਲ੍ਹਾ ਰੱਖੇ ਸਦਾ ਸਦ ਦਰ, ਮੰਗਦੇ ਰਹਿਣ ਸਵਾਲੀਆ । ਆਪੇ ਦੇਵਣਹਾਰਾ ਵਰ, ਆਪੇ ਕਰੇ ਸਰਬ ਪ੍ਰਿਤਪਾਲੀਆ । ਗੁਰਮੁਖ ਵਿਰਲਾ ਭਾਣਾ ਰਿਹਾ ਜਰ, ਫਲ ਲੱਗੇ ਕਾਇਆ ਡਾਲੀਆ । ਅੰਮ੍ਰਿਤ ਆਤਮ

ਨੁਹਾਏ ਸਾਚੇ ਸਰ, ਆਪ ਸੁਹਾਇਆ ਸਾਚਾ ਤਾਲੀਆ । ਸਾਚਾ ਮੇਲਾ ਹਰੀ ਹਰਿ, ਹਰਿ ਖੇਲੇ ਖੇਲ ਨਿਰਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਅਵੱਲੜੀ ਚਲੇ ਚਾਲੀਆ । ਗੁਰਸਿਖ ਵਡਿਆਈ ਧੰਨ ਹੈ, ਧੰਨ ਹਰਿ ਨਾਮਾ ਪਾਇਆ । ਗੁਰਸਿਖ ਵਡਿਆਈ ਧੰਨ ਹੈ, ਪੂਰਨ ਕਾਮਾ ਆਪ ਕਰਾਇਆ । ਗੁਰਸਿਖ ਵਡਿਆਈ ਧੰਨ ਹੈ, ਅੰਧੇਰੀ ਸ਼ਾਮਾ ਰਿਹਾ ਮਿਟਾਇਆ । ਗੁਰਸਿਖ ਵਡਿਆਈ ਧੰਨ ਹੈ, ਪੰਚਮ ਤਾਮਾ ਰਿਹਾ ਕਰਾਇਆ । ਗੁਰਸਿਖ ਵਡਿਆਈ ਧੰਨ ਹੈ, ਪੱਲੇ ਦਾਮਾ ਨਾਮ ਬੰਨ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਵੇਖ ਵਖਾਇਆ । ਗੁਰਮੁਖਾਂ ਹਰਿ ਵੇਖਣਹਾਰਾ, ਜੁਗ ਜੁਗ ਵੇਖ ਵਖਾਇੰਦਾ । ਜੋਤ ਸਰੂਪੀ ਲੈ ਅਵਤਾਰਾ, ਕਲਜੁਗ ਭੇਖ ਵਟਾਇੰਦਾ । ਸ਼ਬਦ ਫੜੇ ਤੇਜ ਕਟਾਰਾ, ਕਾਇਆ ਗਾਤਰੇ ਆਪ ਲਟਕਾਇੰਦਾ । ਆਪੇ ਹੋਇਆ ਪਹਿਰੇਦਾਰਾ, ਦਿਵਸ ਰੈਣ ਸੇਵ ਕਮਾਇੰਦਾ । ਆਪੇ ਗੁਪਤ ਆਪੇ ਜ਼ਾਹਿਰਾ, ਅੰਦਰ ਬਾਹਰ ਖੇਲ ਖਿਲਾਇੰਦਾ । ਏਕਾ ਸ਼ਬਦ ਕਰਾਏ ਜੈ ਜੈ ਜੈਕਾਰਾ, ਹਰਿ ਸਾਚਾ ਡੰਕ ਵਜਾਇੰਦਾ । ਕਲਜੁਗ ਤੇਰਾ ਅੰਤ ਕਿਨਾਰਾ, ਆਪੇ ਵੇਖ ਵਖਾਇੰਦਾ । ਸਤਿਜੁਗ ਸਾਚੇ ਬੰਨ੍ਹੇ ਧਾਰਾ, ਸਤਿ ਸੰਤੋਖ ਰੂਪ ਵਟਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਮਤ ਚੌਦਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵਿਚ ਸਮਾਇੰਦਾ । ਹਰਿਜਨ ਸਾਚੇ ਸਾਚੀ ਸੇਵਾ, ਹਰਿ ਏਕਾ ਏਕ ਲਗਾਈਆ । ਪਰਗਟ ਹੋਏ ਦੇਵੀ ਦੇਵਾ, ਬੁਧ ਬਿਬੇਕ ਕਰਾਈਆ । ਅੰਮ੍ਰਿਤ ਆਤਮ ਦੇਵੇ ਜਿਹਵਾ, ਰਸ ਰਸਨਾ ਭੋਗ ਲਗਾਈਆ । ਹਰਿਜਨ ਗਾਏ ਸਾਚੀ ਜਿਹਵਾ, ਦਰਸ ਅਮੋਘ ਦਿਖਾਈਆ । ਕੌਸਤਕ ਮਣੀਆਂ ਮਸਤਕ ਲਾਏ ਸਾਚਾ ਥੇਵਾ, ਜੋਤ ਲਿਲਾਟੀ ਰਿਹਾ ਜਗਾਈਆ । ਪਾਰਬ੍ਰਹਮ ਹਰਿ ਅਲਖ ਅਭੇਵਾ, ਭੇਵ ਅਭੇਦਾ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਛਲ ਅਛੱਲ ਬੈਠਾ ਮੁਖ ਛੁਪਾਈਆ । ਅਛਲ ਅਛੱਲਾ ਹਰਿ ਨਿਰੰਕਾਰ, ਸਾਚਾ ਖੇਲ ਖਿਲਾਇੰਦਾ । ਲੇਖਾ ਚੁੱਕੇ ਵੇਦ ਚਾਰ, ਅੰਤਮ ਆਪ ਚੁਕਾਇੰਦਾ । ਖਾਣੀ ਬਾਣੀ ਖ਼ਬਰਦਾਰ, ਸਾਧ ਸੰਤ ਭੁਲਾਇੰਦਾ । ਅੰਜੀਲ ਕੁਰਾਨਾਂ ਪੈਣੀ ਮਾਰ, ਨਾ ਕੋਈ ਕਿਸੇ ਬਚਾਇੰਦਾ । ਪੁਰਾਨ ਅਠਾਰਾਂ ਹਾਹਾਕਾਰ, ਹਰਿ ਆਪੇ ਵੇਖ ਵਖਾਇੰਦਾ । ਸੋਹੰ ਸ਼ਬਦ ਜੈ ਜੈਕਾਰ, ਲੋਆਂ ਪੁਰੀਆਂ ਆਪ ਕਰਾਇੰਦਾ । ਨੌ ਖੰਡ ਪ੍ਰਿਥਮੀ ਬੰਨ੍ਹੇ ਧਾਰ, ਸੱਤਾਂ ਦੀਪਾਂ ਰੂਪ ਸਮਾਇੰਦਾ । ਆਦਿ ਅੰਤਾ ਏਕੰਕਾਰ, ਏਕਾ ਰੰਗ ਰੰਗਾਇੰਦਾ । ਸਤਿਜੁਗ ਸਾਚਾ ਮੀਤ ਮੁਰਾਰ, ਹਰਿ ਸੋਹੰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਓਅੰ ਦੋਐਂ ਭੇਵ ਮਿਟਾਇੰਦਾ । ਓਅੰ ਦੋਐਂ ਸੋਹੰ ਸੋ, ਹਰਿ ਸਾਚੀ ਬਣਤ ਬਣਾਈਆ । ਹਰਿ ਬਿਨ ਅਵਰ ਨਾ ਜਾਣੇ ਕੋ, ਸਾਧ ਸੰਤ ਰਹੇ ਕੁਰਲਾਈਆ । ਲੱਖ ਚੁਰਾਸੀ ਰਹੀ ਰੋ, ਭੇਵ ਕੋਇ ਨਾ ਪਾਈਆ । ਗੁਰਮੁਖਾਂ ਮੈਲ ਦੁਰਮਤ ਲੈਣੀ ਧੋ, ਚਰਨ ਧੂੜ ਮਸਤਕ ਰਿਹਾ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਅੰਤ ਕੁੜਮਾਈਆ । ਕਲਜੁਗ ਅੰਤ ਕਰੇ ਕੁੜਮਾਈ, ਰਾਏ ਧਰਮ ਖ਼ੁਸ਼ੀ ਮਨਾਇੰਦਾ । ਲੱਖ ਚੁਰਾਸੀ ਹੋਏ ਜੁਦਾਈ, ਨਾ ਕੋਈ ਮੇਲਾ ਮੇਲ ਮਿਲਾਇੰਦਾ । ਮਸਤਕ ਲਹਿਣਾ ਝੂਠੀ ਛਾਈ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਕਲਜੁਗ ਕਾਇਆ ਪੈਣੀ ਫਾਹੀ, ਹਰਿ ਸਾਚਾ ਆਪੇ ਪਾਇੰਦਾ । ਲੋਕਮਾਤ ਅੰਤ ਹੋਣੀ ਜੁਦਾਈ, ਜੁਗ ਚੌਥੇ ਵਕਤ ਚੁਕਾਇੰਦਾ । ਗੁਰਮੁਖਾਂ ਵੇਖੇ ਥਾਉਂ ਥਾਈਂ, ਦਰ ਦਵਾਰਾ ਬੰਕ ਸੁਹਾਇੰਦਾ । ਆਪ ਉਠਾਏ ਫੜ ਫੜ ਬਾਂਹੀ, ਮੀਤ ਮੁਰਾਰਾ

੩੪੨
੦੬

੩੪੩
੦੬

ਆਪ ਹੋ ਆਇੰਦਾ । ਦੇਵਣਹਾਰਾ ਠੰਢੀਆਂ ਛਾਂਈ, ਗੀਤ ਸੁਹਾਗੀ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਅਕਾਲ, ਅਕਲ ਕਲਾ ਭਰਪੂਰਿਆ । ਜਨ ਭਗਤਾਂ ਮੇਲਾ ਦੀਨ ਦਿਆਲ, ਆਸਾ ਮਨਸਾ ਪੂਰਿਆ । ਦੋ ਜਹਾਨਾਂ ਹੋਏ ਰਖਵਾਲ, ਦੇਵੇ ਧੁਨ ਆਤਮਕ ਸਾਚੀ ਤੂਰਿਆ । ਫਲ ਲਗਾਏ ਕਾਇਆ ਡਾਲ, ਨਿਰਮਲ ਜੋਤੀ ਜਿਉਂ ਕੋਹਤੂਰਿਆ । ਸੁਰਤ ਸਵਾਣੀ ਹਾਲ ਬੇਹਾਲ, ਗੁਰ ਸ਼ਬਦੀ ਸਾਚਾ ਸੂਰਿਆ । ਜੁਗ ਜੁਗ ਚਲੇ ਅਵੱਲੜੀ ਚਾਲ, ਵਡ ਦਾਤਾ ਜੋਧਨ ਜੋਧਾ ਸੂਰਿਆ । ਸੰਤ ਸੁਹੇਲੇ ਲਏ ਭਾਲ, ਆਪੇ ਵੇਖੇ ਨੇੜੇ ਦੂਰਿਆ । ਏਕਾ ਇੱਕੀ ਵਿਚ ਸੰਸਾਰ, ਹਰਿ ਪਾਏ ਹਾਜ਼ਰ ਹਜ਼ੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਤਿ ਸਰੂਰਿਆ । ਸਾਚੀ ਸਿਖਿਆ ਸਾਚੀ ਰੱਤ, ਹਰਿ ਸੱਚਾ ਆਪ ਜਣਾਇੰਦਾ । ਲੇਖਾ ਚੁੱਕੇ ਪੰਜ ਤਤ, ਅੱਠਾਂ ਵੱਖ ਕਰਾਇੰਦਾ । ਬਹੱਤਰ ਨਾੜ ਨਾ ਉਬਲੇ ਰਤ, ਤਿੰਨ ਸੌ ਸੱਠ ਹਾਡੀ ਫੋਲ ਫੁਲਾਇੰਦਾ । ਕਾਇਆ ਵੇਖੇ ਕਲਜੁਗ ਮੱਠ, ਜੋਤੀ ਅਗਨੀ ਲੰਬੂ ਲਾਇੰਦਾ । ਆਪੇ ਗੇੜਨਹਾਰਾ ਉਲਟੀ ਲੱਠ, ਸ਼ਿਵ ਸ਼ੰਭੂ ਵੇਖ ਵਖਾਇੰਦਾ । ਮੂਲ ਚੁਕਾਏ ਅੱਠ ਸੱਠ, ਅੱਠ ਸੱਠ ਭੇਵ ਮਿਟਾਇੰਦਾ । ਗੁਰ ਚਰਨ ਦਵਾਰੇ ਜੋ ਜਨ ਜਾਏ ਢੱਠ, ਹਰਿ ਸਾਚਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਸਾਚੇ ਸਾਚਾ ਰੰਗ, ਹਰਿ ਚਰਨ ਕਵਲ ਭਰਵਾਸਾ । ਲੰਗਰ ਸੇਵਾ ਸਵਾ ਪੰਜ, ਢਾਈ ਹੋਏ ਅਰਦਾਸਾ । ਖਾਲੀ ਹੋਵਣ ਕਾਰੂ ਗੰਜ, ਮਾਇਆਧਾਰੀ ਜਗਤ ਤਮਾਸ਼ਾ । ਆਪੇ ਜਾਣੇ ਸਵੇਰ ਸੰਞ, ਕਲਜੁਗ ਕਾਇਆ ਪਾਏ ਰਾਸਾ । ਲੱਖ ਚੁਰਾਸੀ ਨਾਰ ਬੰਞ, ਨਾ ਕੋਈ ਦੇਵੇ ਮਾਤ ਧਰਵਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਪ੍ਰਿਥਮੀ ਆਕਾਸਾ । ਪ੍ਰਿਥਮੀ ਆਕਾਸ਼, ਹਰਿ ਸਾਚਾ ਵੇਖ ਵਖਾਇੰਦਾ । ਜਨ ਭਗਤਾਂ ਵਸੇ ਆਸ ਪਾਸ, ਦਿਵਸ ਰੈਣ ਦਰਸ ਦਿਖਾਇੰਦਾ । ਰਸਨਾ ਜਿਹਵਾ ਸਵਾਸ ਸਵਾਸ, ਸੇਵਕ ਸੇਵਾ ਸਾਚੀ ਲਾਇੰਦਾ । ਭਗਤ ਸੁਹੇਲਾ ਦਾਸਨ ਦਾਸ, ਦਾਸੀ ਦਾਸ ਆਪ ਅਖਵਾਇੰਦਾ । ਆਦਿ ਅੰਤ ਨਾ ਜਾਏ ਵਿਨਾਸ, ਆਵਣ ਜਾਵਣ ਖੇਲ ਰਚਾਇੰਦਾ । ਪਾਰਬ੍ਰਹਮ ਪੁਰਖ ਅਬਿਨਾਸ਼, ਪਤਤ ਪਾਵਨ ਆਪ ਅਖਵਾਇੰਦਾ । ਗੁਰਮੁਖਾਂ ਲੇਖੇ ਲਾਏ ਦਸ ਦਸ ਮਾਸ, ਨੌ ਅਠਾਰਾਂ ਵਕਤ ਚੁਕਾਇੰਦਾ । ਗੁਰ ਪੂਰੇ ਸਦ ਬਲ ਬਲ ਜਾਸ, ਸ਼ਬਦ ਜੈਕਾਰਾ ਇਕ ਕਰਾਇੰਦਾ । ਗੁਰਮੁਖਾਂ ਮੇਲਾ ਹਰਿ ਗੁਣਤਾਸ, ਨਾਮ ਭੰਡਾਰਾ ਆਪ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਰਤਾਰਾ ਆਪ ਅਖਵਾਇੰਦਾ । ਸਤਿਗੁਰ ਸਤਿਵਾਦ ਹੈ, ਆਦਿ ਜੁਗਾਦਿ ਸਮਾਏ । ਖੇਲੇ ਖੇਲ ਵਿਚ ਬ੍ਰਹਿਮਾਦ ਹੈ, ਪਾਰਬ੍ਰਹਮ ਰੂਪ ਵਟਾਏ । ਨਾਮ ਵਜਾਏ ਸਾਚਾ ਨਾਦ ਹੈ, ਚਾਰੋਂ ਕੁੰਟ ਰਿਹਾ ਸੁਣਾਏ । ਸੰਤ ਸੁਹੇਲੇ ਆਪੇ ਲਾਧ ਹੈ, ਜੁਗ ਜੁਗ ਵਿਛੜੇ ਮੇਲ ਮਿਲਾਏ । ਸ਼ਬਦ ਜਣਾਏ ਬੋਧ ਅਗਾਧ ਹੈ, ਬੋਧ ਅਗਾਧਾ ਆਪ ਹੋ ਜਾਏ । ਹਰਿਜਨ ਰਸਨਾ ਰਹੇ ਅਰਾਧ ਹੈ, ਰਸ ਰਸਨਾ ਮੁਖ ਚਵਾਏ । ਘਰ ਮੇਲਾ ਮਾਧਵ ਮਾਧ ਹੈ, ਮਨ ਇਛਿਆ ਪੂਰ ਕਰਾਏ । ਧੁਰਦਰਗਾਹੀ ਏਕਾ ਦੇਵੇ ਸਾਚੀ ਦਾਦ ਹੈ, ਸਤਿਜੁਗ ਸਾਚੀ ਬਣਤ ਬਣਾਏ । ਪੁਰੀਆਂ ਲੋਆਂ ਸੁਣੇ ਫਰਿਆਦ ਹੈ, ਦਿਵਸ ਰੈਣ ਫੇਰਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾਏ । ਭੇਖਾਧਾਰੀ ਭੇਖ ਭਗਵੰਤਾ, ਹਰਿ ਸਾਚੇ ਭੇਖ ਵਟਾਇਆ । ਆਪੇ ਵੇਖੇ ਸਾਧਨ ਸੰਤਾ, ਜੀਵਾਂ ਜੰਤਾਂ ਰਿਹਾ ਜਗਾਇਆ । ਗੁਰਮੁਖ ਵਿਰਲੇ ਸਾਚਾ ਮੇਲਾ ਸਾਚੇ ਕੰਤਾ,

ਆਤਮ ਸੇਜਾ ਰਿਹਾ ਹੰਢਾਇਆ । ਆਪ ਬਣਾਏ ਆਪਣੀ ਬਣਤਾ, ਆਪਣੇ ਭਾਣੇ ਵਿਚ ਸਮਾਇਆ । ਖੇਲੇ ਖੇਲ ਆਦਿਨ ਅੰਤਾ, ਜੁਗ ਜੁਗ ਵੇਸ ਕਰੇਂਦਾ ਆਇਆ । ਕਿਸੇ ਹੱਥ ਨਾ ਆਏ ਕਾਂਸ਼ੀ ਪੰਡਤਾ, ਵੇਦ ਪੁਰਾਨਾਂ ਸਾਰ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਦ ਵਿਆਸਾ ਅੰਗ ਲਗਾਇਆ । ਵੇਦ ਵਿਆਸਾ ਸ਼ਬਦ ਲਿਖਾਰੀ, ਲੇਖਾ ਲੇਖ ਲਿਖੰਤਿਆ । ਕਲਜੁਗ ਤੇਰੀ ਅੰਤਮ ਵਾਰੀ, ਪਰਗਟ ਜੋਤ ਹਰਿ ਭਗਵੰਤਿਆ । ਸ਼ਬਦ ਮਾਰੇ ਇਕ ਉਡਾਰੀ, ਲੋਆਂ ਪੁਰੀਆਂ ਵੇਖ ਵਖੰਤਿਆ । ਗੁਰਮੁਖ ਸੁਹਾਏ ਬੰਕ ਦਵਾਰੀ, ਬੰਕ ਦਵਾਰੀ ਆਪ ਅਖਵੰਤਿਆ । ਆਪੇ ਜਾਏ ਪੈਜ ਸਵਾਰੀ, ਹਰਿ ਸਾਚਾ ਪਤ ਪਤਵੰਤਿਆ । ਖੇਲੇ ਖੇਲ ਖੇਲਣਹਾਰੀ, ਕਲਜੁਗ ਕਾਇਆ ਕਾਜ ਰਚੰਤਿਆ । ਲੱਖ ਚੁਰਾਸੀ ਬੰਨ੍ਹੇ ਧਾਰੀ, ਸਤਿਜੁਗ ਸਾਚਾ ਰਾਹ ਵਖੰਤਿਆ । ਚਾਰ ਵਰਨਾਂ ਇਕ ਸਿਕਦਾਰੀ, ਸ਼ਾਹੋ ਭੂਪ ਆਪ ਅਖਵੰਤਿਆ । ਬੀਸ ਬੀਸੇ ਸ਼ਬਦ ਉਡਾਰੀ, ਕਾਇਆ ਚੋਲਾ ਰੰਗ ਬਸੰਤਿਆ । ਗੁਰ ਗੋਬਿੰਦਾ ਮੀਤ ਮੁਰਾਰੀ, ਸਾਚਾ ਵੇਲਾ ਆਪ ਸੁਹੰਤਿਆ । ਇਕ ਅਕੇਲਾ ਹਰਿ ਗਿਰਧਾਰੀ, ਸਾਚੀ ਸੇਵਾ ਆਪ ਕਰੰਤਿਆ । ਚਾਰ ਵਰਨਾਂ ਚਰਨ ਪਿਆਰੀ, ਚਰਨ ਚਰਨੋਦਕ ਮੁਖ ਚੁਅੰਤਿਆ । ਆਤਮ ਭਰੇ ਨਾਮ ਭੰਡਾਰੀ, ਸੋਹੰ ਜੈਕਾਰ ਕਰੰਤਿਆ । ਨਵਾਂ ਖੰਡਾਂ ਪਾਵੇ ਸਾਰੀ, ਸੱਤਾਂ ਦੀਪਾਂ ਵੇਖ ਵਖੰਤਿਆ । ਬ੍ਰਹਮਾ ਸ਼ਿਵ ਚਰਨ ਦਵਾਰੀ, ਸੁਰਪਤ ਰਾਜਾ ਸੀਸ ਝੁਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਵੇਸ ਆਪ ਅਖਵੰਤਿਆ । ਹਰਿ ਵਿਸ਼ਨੂੰ ਵਿਸ਼ਨ ਅਪਾਰ, ਸਾਚੀ ਸੇਵਾ ਲਾਇਆ । ਜੋਤ ਸਰੂਪੀ ਕਰ ਅਕਾਰ, ਸਾਚਾ ਮੰਦਰ ਇਕ ਸੁਹਾਇਆ । ਸ਼ਬਦ ਰੱਖੀ ਤਿੱਖੀ ਧਾਰ, ਮਾਇਆ ਜੰਦਰ ਆਪ ਤੁੜਾਇਆ । ਆਪ ਸੁਹਾਏ ਬੰਕ ਦਵਾਰ, ਸਚ ਮਹੱਲੇ ਡੇਰਾ ਲਾਇਆ । ਆਤਮ ਸੇਜਾ ਨਰ ਨਿਰੰਕਾਰ, ਏਕਾ ਆਸਣ ਲਾਇਆ । ਜੋਤ ਸਰੂਪੀ ਕਰ ਅਕਾਰ, ਸਾਚਾ ਸ਼ਬਦ ਰਿਹਾ ਅਲਾਇਆ । ਅਨਹਦ ਵਜਾਏ ਸਾਚੀ ਤਾਰ, ਧੁਨ ਅਨਾਦੀ ਰਿਹਾ ਸੁਣਾਇਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਸਾਚੀ ਸੇਵਾ ਸੇਵਕ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਮੇਲ ਮਿਲਾਇਆ । ਦਰ ਘਰ ਸਾਚਾ ਸਚ ਮਹੱਲਾ, ਹਰਿ ਸ਼ਬਦ ਹੋਏ ਕੁੜਮਾਈਆ । ਆਪੇ ਵਸਿਆ ਇਕ ਇਕੱਲਾ, ਜੋਤੀ ਜੋੜੇ ਜੋੜ ਜੁੜਾਈਆ । ਵੇਖ ਵਖਾਣੇ ਜਲ ਥਲਾ, ਜੰਗਲ ਜੂਹ ਥਾਉਂ ਥਾਈਂਆ । ਸੋਹੰ ਫੜਿਆ ਹੱਥ ਵਿਚ ਭੱਲਾ, ਹਰਿ ਸਾਚਾ ਨਾਉਂ ਰਖਾਈਆ । ਦੂਈ ਦਵੈਤੀ ਮੇਟੇ ਸੱਲਾ, ਏਕਾ ਮਾਰਗ ਲਾਈਆ । ਪਵਣੀ ਜੋਤੀ ਸ਼ਬਦੀ ਆਪੇ ਰਲਾ, ਤ੍ਰੈਗੁਣ ਮਾਇਆ ਤਤ ਨਾ ਰਾਈਆ । ਆਪੇ ਫਲਿਆ ਆਪੇ ਫੁੱਲਾ, ਗੁਰਮੁਖ ਫਲ ਫੁਲਵਾੜੀ ਮਾਤ ਲਗਾਈਆ । ਮੇਲ ਮਿਲਾਏ ਗੋਬਿੰਦ ਡੱਲਾ, ਵੇਖਣਹਾਰਾ ਥਾਂਓ ਥਾਈਂਆ । ਸਚ ਦਵਾਰਾ ਗੁਰਮੁਖ ਵਿਰਲੇ ਮੱਲਾ, ਆਏ ਸਰਨ ਸੱਚੀ ਸਰਨਾਈਆ । ਇਕ ਵਖਾਏ ਨਿਹਚਲ ਧਾਮ ਅਟੱਲਾ, ਜੋਤੀ ਨੂਰ ਕਰੇ ਰੁਸ਼ਨਾਈਆ । ਸ਼ਬਦ ਜਣਾਏ ਘੜੀ ਘੜੀ ਪਲ ਪੱਲਾ, ਧੁਨ ਅਨਾਦੀ ਰਿਹਾ ਵਜਾਈਆ । ਸਚ ਦਵਾਰਾ ਹਰਿਜਨ ਸਾਚੇ ਮੱਲਾ, ਬ੍ਰਹਿਮਾਦੀ ਬ੍ਰਹਿਮੰਡ ਵੰਡ ਸਾਚੀ ਆਪ ਕਰਾਈਆ । ਆਪੇ ਵੇਖੇ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਆਪੇ ਸੁੱਤਾ ਦੇ ਕਰ ਕੰਡਾ, ਆਪੇ ਬੈਠਾ ਸਨਮੁਖ ਆਸਣ ਲਾਈਆ । ਕਲਜੁਗ ਕਾਇਆ ਭੇਖ ਪਖੰਡਾ, ਕਾਲੀ ਧਾਰਾ ਰਿਹਾ ਚਲਾਈਆ । ਜੂਠ ਝੂਠ ਨਾਰ ਦੁਹਾਗਣ ਰੰਡਾ, ਸਚ ਸਪੂਤ ਨਾ ਗੋਦ ਉਠਾਈਆ । ਪੁਰਖ ਅਬਿਨਾਸ਼ੀ ਵੰਡੀ ਵੰਡਾ, ਗੁਰਮੁਖਾਂ ਝੋਲੀ ਪਾਈਆ । ਆਤਮ ਅੰਤਰ ਬੰਨ੍ਹੇ ਗੰਢਾ, ਨਾ ਕੋਈ ਖੋਲ੍ਹੇ ਖੋਲ੍ਹ ਖੁਲ੍ਹਾਈਆ । ਜੋਤੀ


੩੪੪
੦੬

੩੪੫
੦੬

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਭਗਤ ਅਧਾਰ, ਭਗਵਨ ਰੂਪ ਵਟਾਇੰਦਾ । ਚਰਨ ਕਵਲ ਜਨ ਸਚ ਪਿਆਰ, ਸਾਚੀ ਸੇਵਾ ਆਪ ਕਰਾਇੰਦਾ । ਏਕਾ ਅੱਖਰ ਜੈ ਜੈ ਜੈਕਾਰ, ਜੈ ਦੇਵਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੀਤ ਮੁਰਾਰ, ਸਾਚੀ ਬਣਤ ਬਣਾਇੰਦਾ । ਹਰਿ ਸੰਗਤ ਹਰਿ ਵਸਿਆ, ਦਿਵਸ ਰੈਣ ਪਰਭਾਤ । ਦਰ ਦਵਾਰੇ ਬਹਿ ਬਹਿ ਹੱਸਿਆ, ਕਾਇਆ ਮੰਦਰ ਵੇਖੇ ਮਾਰ ਝਾਤ । ਕੋਟਨ ਕੋਟ ਪਰਕਾਸ਼ ਕਰੇ ਰਵ ਸਸਿਆ, ਮੇਟ ਮਿਟਾਏ ਅੰਧੇਰੀ ਰਾਤ । ਜਗਤ ਵਿਕਾਰਾ ਜਾਏ ਦਰ ਤੋਂ ਨੱਸਿਆ, ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ । ਸਗਲ ਵਸੂਰਾ ਹਰਿਜਨ ਲੱਥਿਆ, ਮਿਲਿਆ ਮੇਲ ਕਮਲਾਪਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਨਿਭਾਏ ਸਗਲਾ ਸਾਥ । ਸੰਗੀ ਸਾਥੀ ਹਰਿ ਰਘੁਨਾਥ, ਆਪਣੇ ਅੰਕ ਸਮਾਇੰਦਾ । ਪਰਗਟ ਹੋ ਤ੍ਰੈਲੋਕੀ ਨਾਥ, ਏਕਾ ਡੰਕ ਵਜਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਗਊ ਗਰੀਬਾਂ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਸੰਗਤ ਹਰਿ ਦਵਾਰ, ਏਕਾ ਮੰਗਲ ਗਾਇਆ । ਪ੍ਰਭ ਬਖ਼ਸ਼ੇ ਚਰਨ ਪਿਆਰ, ਹਉਮੇ ਹੰਗਤਾ ਰੋਗ ਗਵਾਇਆ । ਸ਼ਬਦ ਪਹਿਨਾਏ ਫੂਲਨਹਾਰ, ਸਾਚੀ ਸੰਗਤਾ ਮੇਲ ਮਿਲਾਇਆ । ਦੂਲੋ ਦੂਲਾ ਵਡ ਕਰਤਾਰ, ਸਾਚੀ ਰੰਗਣ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਿੱਟੇ ਅਸਵ ਤੰਗਣ ਰਿਹਾ ਕਸਾਇਆ । ਚਿੱਟੇ ਅਸਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਲਾਈਆ । ਸੋਹੰ ਫੜਿਆ ਹੱਥ ਮਰਦੰਗ, ਚਾਰੇ ਕੁੰਟਾਂ ਰਿਹਾ ਵਜਾਈਆ । ਸਚ ਦਵਾਰਾ ਬੈਠਾ ਲੰਘ, ਦਿਸ ਕਿਸੇ ਨਾ ਆਈਆ । ਗਰੀਬ ਨਿਮਾਣੇ ਲਾਏ ਅੰਗ, ਅੰਗੀਕਾਰ ਆਪ ਹੋ ਜਾਈਆ । ਰੋਗ ਸੋਗ ਪ੍ਰਭ ਮੰਗੀ ਮੰਗ, ਆਪਣੀ ਝੋਲੀ ਪਾਈਆ । ਕੱਟਣਹਾਰਾ ਭੁੱਖ ਨੰਗ, ਆਤਮ ਤ੍ਰਿਸ਼ਨਾ ਰਿਹਾ ਮਿਟਾਈਆ । ਅੰਮ੍ਰਿਤ ਆਤਮ ਧਾਰਾ ਦੇਵੇ ਗੰਗ, ਸਾਚਾ ਜਾਮ ਪਿਆਈਆ । ਇਕ ਸੁਣਾਏ ਸੁਹਾਗੀ ਛੰਦ, ਸਾਚਾ ਜਾਪ ਜਪਾਈਆ । ਹਰਿ ਸੰਗਤ ਕਰਾਏ ਖ਼ੁਸ਼ੀ ਬੰਦ ਬੰਦ, ਰੋਗ ਸੋਗ ਰਹਿਣ ਨਾ ਪਾਈਆ । ਰਸਨ ਤਜਾਏ ਮਦਿਰਾ ਮਾਸ ਗੰਦ, ਬੱਤੀ ਦੰਦ ਲੇਖੇ ਲਾਈਆ । ਸਤਿਜੁਗ ਸਾਚਾ ਚੜ੍ਹਿਆ ਚੰਦ, ਕਲਜੁਗ ਰੈਣ ਅੰਧੇਰੀ ਛਾਈਆ । ਆਪੇ ਵੇਖੇ ਪੁਰੀ ਅਨੰਦ, ਅਨੰਦਪੁਰ ਧਾਮ ਸੁਹਾਈਆ । ਜੀਵਣ ਦਾਤਾ ਹਰਿ ਬਖ਼ਸ਼ੰਦ, ਬਖ਼ਸ਼ਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਰਿਹਾ ਤਰਾਈਆ । ਹਰਿ ਸੰਗਤ ਮੇਟਣਹਾਰਾ ਦੁੱਖ, ਆਪਣੀ ਝੋਲੀ ਆਪ ਭਰਾਇੰਦਾ । ਸੁਫਲ ਕਰਾਏ ਸਾਚੀ ਕੁੱਖ, ਸਾਚਾ ਲੇਖਾ ਆਪ ਲਿਖਾਇੰਦਾ । ਉਜਲ ਕਰਾਏ ਮਾਤ ਮੁਖ, ਜੋ ਜਨ ਰਸਨਾ ਗਾਇੰਦਾ । ਮਾਤ ਗਰਭ ਨਾ ਉਲਟਾ ਰੁਖ, ਲੱਖ ਚੁਰਾਸੀ ਫੰਦ ਕਟਾਇੰਦਾ । ਘਰ ਘਰ ਧੂੰਏ ਰਹੇ ਧੁੱਖ, ਗੁਰ ਗੋਬਿੰਦ ਰੂਪ ਵਟਾਇੰਦਾ । ਸੰਤ ਸੁਹੇਲੇ ਸੁਖਣਾ ਰਹੇ ਸੁਖ, ਹਰਿ ਸਾਚਾ ਵੇਖ ਵਖਾਇੰਦਾ । ਮਾਨਸ ਦੇਹੀ ਵੇਖ ਮਨੁੱਖ, ਗੁਰ ਚੇਲੇ ਬਣਤ ਬਣਾਇੰਦਾ । ਮਨਮਤੀ ਜੜ੍ਹ ਦੇਵੇ ਪੁੱਟ, ਤਿੱਖੀ ਧਾਰਾ ਇਕ ਲਗਾਇੰਦਾ । ਕਲਜੁਗ ਕਾਇਆ ਭਾਗ ਗਏ ਨਿਖੁੱਟ, ਕੂੜ ਕੁੜਿਆਰਾ ਵੰਡ ਵੰਡਾਇੰਦਾ । ਪੰਚ ਵਿਕਾਰਾ ਰਿਹਾ ਲੁੱਟ, ਸਾਧ ਸੰਤ ਨਾ ਕੋਈ ਬਚਾਇੰਦਾ । ਤੀਰ ਨਿਰਾਲਾ ਰਿਹਾ ਛੁਟ, ਰਸਨਾ ਚਿਲੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿਜਨ ਸਾਚੇ ਦਇਆ ਕਮਾਏ, ਦਇਆਵਾਨ ਨਿਧ ਦਾਤਾ । ਗੁਰਮੁਖ ਸਾਚੇ

ਗਲੇ ਲਗਾਏ, ਪਾਰਬ੍ਰਹਮ ਪੁਰਖ ਗਿਆਤਾ । ਧਰਮ ਕਰਮ ਇਕ ਕਰਾਏ, ਏਕਾ ਉਤਮ ਜ਼ਾਤਾ । ਵਰਨ ਬਰਨ ਹਰਿ ਮੇਟ ਮਿਟਾਏ, ਸਤਿ ਪੁਰਖ ਨਿਰੰਜਣ ਸਾਤਾ । ਸਾਚੀ ਸਰਨ ਇਕ ਰਘੁਰਾਏ, ਏਕਾ ਨਾਮ ਸੁਗ਼ਾਤਾ । ਵੇਖ ਵਖਾਏ ਥਾਉਂ ਥਾਂਏ, ਹਰਿਜਨ ਸਾਚੇ ਆਪ ਪਛਾਤਾ । ਹੰਸ ਬਣਾਏ ਫੜ ਫੜ ਕਾਂਏ, ਸੋਹੰ ਸਾਚੀ ਚੋਗ ਚੁਗਾਤਾ । ਕਾਲ ਮਹਾਂਕਾਲ ਨੇੜ ਨਾ ਆਏ, ਚਰਨ ਕਵਲ ਬੰਧਾਏ ਨਾਤਾ । ਦੀਨ ਦਿਆਲ ਦਇਆ ਕਮਾਏ, ਹਰਿਜਨ ਹਰਿ ਰੰਗ ਸਾਚੇ ਰਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਲਾ ਸਾਚੇ ਘਰ, ਘਰ ਸਾਚਾ ਏਕਾ ਜ਼ਾਤਾ । ਏਕਾ ਘਰ ਸਚ ਇਕਾਗਰ, ਪ੍ਰਭ ਸਾਚਾ ਵੇਖ ਵਖਾਇੰਦਾ । ਨਿਰਮਲ ਵੇਖੇ ਕਾਇਆ ਗਾਗਰ, ਹਰਿ ਜੋਤੀ ਜੋਤ ਟਿਕਾਇੰਦਾ । ਸ੍ਰਿਸ਼ਟ ਸਬਾਈ ਬਣੇ ਸੁਦਾਗਰ, ਵਣਜ ਵਪਾਰੀ ਵਣਜ ਕਰਾਇੰਦਾ । ਸਾਚੀ ਰਤੀ ਨਾਮ ਰਤਨਾਗਰ, ਸਾਚੇ ਲੇਖੇ ਆਪੇ ਲਾਇੰਦਾ । ਨਿਰਮਲ ਕਰਮ ਹੋਏ ਉਜਾਗਰ, ਜੋ ਜਨ ਆਏ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਆਪ ਮਿਲਾਇੰਦਾ । ਸਾਚਾ ਮੇਲਾ ਮਿਲਾਵਣ ਆਇਆ, ਕਲਜੁਗ ਅੰਤਮ ਵਾਰੀਆ । ਗੁਰ ਚੇਲਾ ਰੁੱਤ ਸੁਹਾਵਣ ਆਇਆ, ਗੋਬਿੰਦ ਖੇਲ ਨਿਆਰੀਆ । ਪੰਚਾਂ ਪਰਪੰਚ ਮਿਟਾਵਣ ਆਇਆ, ਤਨ ਪਹਿਨਾਏ ਸ਼ਬਦ ਕਟਾਰੀਆ । ਸਵੇਰ ਸੰਞ ਇਕ ਕਰਾਵਣ ਆਇਆ, ਅੱਠੇ ਪਹਿਰ ਰਹੇ ਉਜਿਆਰੀਆ । ਨਾਮ ਮੁਹਾਣਾ ਵੰਞ ਲਿਆਇਆ, ਭਵ ਸਾਗਰ ਪਾਰ ਉਤਾਰੀਆ । ਕਾਰੂ ਗੰਜ ਰੁੜ੍ਹਾਵਣ ਆਇਆ, ਕਲਜੁਗ ਤੇਰੀ ਅੰਤਮ ਵਾਰੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਵਕਤ ਸੁਹਾਈਆ । ਸਾਚਾ ਵੇਲਾ ਹਰਿ ਸੁਹੇਲਾ, ਗੁਰ ਸ਼ਬਦੀ ਬਣਤ ਬਣਾਈਆ । ਅਚਰਜ ਖੇਲ ਹਰਿ ਹਰਿ ਖੇਲਾ, ਸਾਚੇ ਸੰਤਾਂ ਰਿਹਾ ਜਗਾਈਆ । ਆਪੇ ਗੁਰ ਆਪੇ ਚੇਲਾ, ਅੰਦਰ ਮੰਦਰ ਬੈਠਾ ਆਸਣ ਲਾਈਆ । ਗੁਰ ਗੋਬਿੰਦੇ ਸਾਚਾ ਮੇਲਾ, ਪੁਰਖ ਅਬਿਨਾਸ਼ੀ ਰਿਹਾ ਕਰਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਪੰਚ ਸਖੀਆਂ ਮੰਗਲ ਗਾਈਆ । ਆਪੇ ਵਸੇ ਇਕ ਇਕੇਲਾ, ਏਕਾ ਧਾਮ ਸੁਹਾਈਆ । ਜਨ ਭਗਤ ਵਧਾਵੇ ਜੁਗ ਜੁਗ ਵੇਲਾ, ਸਚ ਮਾਰਗ ਜਗਤ ਲਗਾਈਆ । ਸਤਿ ਪੁਰਖ ਨਿਰੰਜਣ ਸਚ ਸੁਹੇਲਾ, ਆਪੇ ਆਪ ਅਖਵਾਈਆ । ਧਰਮ ਰਾਏ ਦੀ ਕਟੇ ਜੇਲ੍ਹਾ, ਚਿਤਰ ਗੁਪਤ ਲੇਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਮੇਲ ਮਿਲਾਈਆ । ਮੇਲ ਮਿਲਾਏ ਹਰਿ ਨਿਰੰਕਾਰ, ਜੁਗਤੀ ਜੋਗ ਕਮਾਇੰਦਾ । ਚਰਨ ਪ੍ਰੀਤੀ ਇਕ ਪਿਆਰ, ਧੁਰ ਸੰਜੋਗੀ ਵੇਖ ਵਖਾਇੰਦਾ । ਨਰ ਨਰਾਇਣਾ ਹਰਿ ਗਿਰਧਾਰ, ਸ਼ਬਦ ਗਹਿਣਾ ਤਨ ਪਹਿਨਾਇੰਦਾ । ਬਸਤਰ ਸ਼ਸਤਰ ਤੇਜ ਕਟਾਰ, ਸੋਹੰ ਅਸਤਰ ਨਾਲ ਰਲਾਇੰਦਾ । ਨੀਲਾ ਨੀਲੀ ਧਾਰੋਂ ਆਇਆ ਬਾਹਰ, ਦਰ ਸਾਚੇ ਰਾਹ ਤਕਾਇੰਦਾ । ਆਪੇ ਹੋਇਆ ਸ਼ਾਹ ਅਸਵਾਰ, ਦਹਿ ਦਿਸ਼ਾ ਆਪ ਕਰਾਇੰਦਾ । ਪਵਣ ਉਨੰਜਾ ਸੇਵਾਦਾਰ, ਸੇਵਕ ਸੇਵਾ ਸਾਚੀ ਲਾਇੰਦਾ । ਪਹਿਲਾ ਪੌੜਾ ਵਿਚ ਸੰਸਾਰ, ਬ੍ਰਹਿਮਣ ਗੌੜਾ ਵੇਖ ਵਖਾਇੰਦਾ । ਲੰਮਾ ਚੌੜਾ ਨਾ ਕੋਈ ਜਾਣੇ ਜੀਵ ਗਵਾਰ, ਜੋਤੀ ਜਾਮਾ ਭੇਖ ਵਟਾਇੰਦਾ । ਮਿੱਠਾ ਕੌੜਾ ਪਰਖਣਹਾਰ, ਕੂੜ ਕੁੜਿਆਰਾ ਵੇਖ ਵਖਾਇੰਦਾ । ਗੁਰਮੁਖਾਂ ਰੱਖੇ ਰੱਖਣਹਾਰ, ਦਰ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚੇ ਕਾਇਆ ਚੋਲੀ, ਪ੍ਰਭ ਰੰਗਣ ਰੰਗ ਰੰਗਾਇੰਦਾ । ਪੂਰੇ ਤੋਲ ਰਿਹਾ ਤੋਲੀ ਤੋਲਣਹਾਰਾ ਆਪ ਅਖਵਾਇੰਦਾ । ਮਨਮੁਖ ਜੀਵ ਮਾਰਨ ਬੋਲੀ, ਗੁਰ ਮਤੀ ਭੇਵ ਨਾ ਆਇੰਦਾ । ਜਨ ਭਗਤਾਂ ਪਰਦੇ

ਰਿਹਾ ਖੋਲ੍ਹੀ, ਵਾ ਤਤੀ ਦਰ ਦੁਰਕਾਇੰਦਾ । ਸ਼ਬਦ ਜਣਾਏ ਹੌਲੀ ਹੌਲੀ, ਅਨਾਦ ਅਨਾਦੀ ਨਾਦ ਵਜਾਇੰਦਾ । ਉਲਟੀ ਕਰੇ ਨਾਭ ਕਵਲੀ, ਕਵਲ ਨਾਭ ਆਪ ਉਲਟਾਇੰਦਾ । ਮਿਲੇ ਵਡਿਆਈ ਉਪਰ ਧਵਲੀ, ਧਰਤ ਧਵਲ ਆਪ ਸੁਹਾਇੰਦਾ । ਹਰਿਜਨ ਮੇਲਾ ਸਾਵਲ ਸਵਲੀ, ਸਾਵਲ ਸੁੰਦਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਚੌਥੇ ਵੇਖ ਵਖਾਇੰਦਾ । ਚੌਥਾ ਜੁਗ ਐੜਾ ਅਥਰਬਣ, ਅੱਲਾ ਰੂਪ ਵਟਾਇਆ । ਆਪੇ ਜਾਣੇ ਅਰਬਣ ਖਰਬਣ, ਸਚ ਮਹੱਲਾ ਇਕ ਸੁਹਾਇਆ । ਆਪੇ ਜਾਣੇ ਨਾਰੀ ਮਰਦਨ, ਨਾਰੀ ਨਾਰਾ ਵੇਖ ਵਖਾਇਆ । ਆਪੇ ਜਾਣੇ ਨਿਰਧਨ ਸਰਧਨ, ਸਰਧਨ ਨਿਰਧਨ ਵੇਖ ਵਖਾਇਆ । ਹਰਿ ਸੰਗਤ ਕਰਮ ਪਹਾੜ ਗਵਰਧਨ, ਪ੍ਰਭ ਆਪਣੇ ਸੀਸ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜਗਦੀਸ਼ ਦਇਆ ਕਮਾਇਆ । ਗੁਰਸਿਖ ਰੋਗ ਜਗਤ ਸੰਤਾਪ, ਪ੍ਰਭ ਸਾਚਾ ਝੋਲੀ ਪਾਇੰਦਾ । ਜੁਗ ਜੁਗ ਕਰਾਏ ਵੱਡ ਪਰਤਾਪ, ਸਾਚੀ ਡੋਲੀ ਆਪ ਉਠਾਇੰਦਾ । ਆਪੇ ਹੋਏ ਮਾਈ ਬਾਪ, ਆਪ ਆਪਣੀ ਗੋਦ ਉਠਾਇੰਦਾ । ਲੇਖਾ ਜਾਣੇ ਪੁੰਨ ਪਾਪ, ਰੈਣ ਦਿਵਸ ਵੇਖ ਵਖਾਇੰਦਾ । ਇਕ ਜਪਾਏ ਅਜਪਾ ਜਾਪ, ਰਸਨਾ ਜਿਹਵਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚਾ ਸਚ ਦੁਲਾਰਾ, ਪੁਰਖ ਅਬਿਨਾਸ਼ੀ ਵੇਖ ਵਖਾਇੰਦਾ । ਜਨਮ ਕਰਮ ਧਰਮ ਕਰਾਏ ਪਾਰ ਕਿਨਾਰਾ, ਮਾਨਸ ਦੇਹੀ ਲੇਖੇ ਲਾਇੰਦਾ । ਸ਼ਬਦ ਕਰਾਏ ਤਨ ਸ਼ਿੰਗਾਰਾ, ਤਨ ਬਸਤਰ ਇਕ ਸੁਹਾਇੰਦਾ । ਨਾਮ ਛੁਹਾਏ ਇਕ ਕਟਾਰਾ, ਸਾਚੇ ਤਨ ਲਟਕਾਇੰਦਾ । ਵੇਖ ਵਖਾਣੇ ਸਰਬ ਸੰਸਾਰਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਆਦਿ ਪੁਰਖ ਹਰਿ ਏਕੰਕਾਰਾ, ਏਕਾ ਰੂਪ ਸਮਾਇੰਦਾ । ਜੋਤ ਸਰੂਪੀ ਕਰ ਅਕਾਰਾ, ਸਾਚਾ ਧਾਮ ਸੁਹਾਇੰਦਾ । ਸ਼ਬਦ ਸ਼ਬਦੀ ਕਰ ਪਿਆਰਾ, ਏਕਾ ਰਾਗ ਅਲਾਇੰਦਾ । ਪਵਣ ਸਵਾਸੀ ਦਏ ਹੁਲਾਰਾ, ਹਰ ਘਟ ਆਪ ਸਮਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰਾ, ਗੁਰਮਤ ਆਪ ਜਣਾਇੰਦਾ । ਇਕ ਕਰਾਏ ਵਣਜ ਵਪਾਰਾ, ਅੱਖਰ ਵੱਖਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਲੇਖ ਲਿਖਾਇੰਦਾ । ਆਏ ਦਰ ਜਨ ਭਿਖਾਰੀ, ਆਸਾ ਮਨਸਾ ਪੂਰੀਆ, ਮੰਗਣ ਮੰਗ ਚਰਨ ਦਵਾਰੀ, ਭੁੱਖ ਤ੍ਰਿਸ਼ਨਾ ਹੋਏ ਦੂਰੀਆ । ਸਭ ਦੀ ਪੈਜ ਰਿਹਾ ਸਵਾਰੀ, ਹਰਿ ਸਾਚਾ ਹਾਜ਼ਰ ਹਜ਼ੂਰੀਆ । ਆਪੇ ਬੰਨ੍ਹਣਹਾਰਾ ਧਾਰੀ, ਆਪੇ ਵਸੇ ਨੇੜੇ ਦੂਰੀਆ । ਜਿਸ ਜਨ ਬਖ਼ਸ਼ੇ ਚਰਨ ਪਿਆਰੀ, ਲੇਖਾ ਚੁੱਕੇ ਕਾਇਆ ਕੂੜੀਆ । ਹਰਿ ਸੰਗਤ ਤਨ ਸ਼ਾਂਤ, ਮਨ ਮਨੂਆ ਬੰਧ ਬੰਧਾਈਆ । ਅੰਮ੍ਰਿਤ ਦੇਵੇ ਬੂੰਦ ਸਵਾਂਤ, ਕਾਇਆ ਠੰਡੀ ਠਾਰ ਕਰਾਈਆ । ਚਰਨ ਕਵਲਾਂ ਬਖ਼ਸ਼ੇ ਸਾਚਾ ਨਾਤ, ਧੂੜੀ ਮਸਤਕ ਰਿਹਾ ਰਮਾਈਆ । ਹਰਿਜਨ ਬਣਾਏ ਪਾਰਜ਼ਾਤ, ਫਲ ਸਾਚਾ ਇਕ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵਿਛੜੇ ਮੇਲ ਮਿਲਾਈਆ ।



੩੪੭
੦੬

❊ ੨੪ ਫੱਗਣ ੨੦੧੩ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ❊

ਆਦਿ ਪੁਰਖ ਅਕਾਲ ਦੀਨ ਦਿਆਲਿਆ । ਗੁਰਮੁਖ ਵੇਖੇ ਸਾਚੇ ਲਾਲ, ਜੁਗ ਜੁਗ ਕਰੇ ਪ੍ਰਿਤਪਾਲਿਆ । ਫਲ ਲਗਾਏ ਕਾਇਆ ਡਾਲ੍ਹ,

ਕਰੇ ਕਰਾਏ ਆਪ ਰਖਵਾਲਿਆ । ਦੀਪਕ ਜੋਤੀ ਮਸਤਕ ਬਾਲ, ਅੰਮ੍ਰਿਤ ਆਤਮ ਸਰ ਸਰੋਵਰ ਦਰ ਦਰਬਾਰੇ ਇਕ ਰਖਾ ਲਿਆ । ਨੇੜ ਨਾ ਆਏ ਕਾਲ ਮਹਾਂਕਾਲ, ਜੋਤੀ ਅਗਨੀ ਸੇਵਾਦਾਰ ਜਗਤ ਜਵਾਲਿਆ । ਭਾਗ ਲਗਾਏ ਕਾਇਆ ਖਾਲ, ਕਾਇਆ ਮੰਦਰ ਅੰਦਰ ਚਲੇ ਨਾਲ ਨਾਲਿਆ । ਤੋੜਨਹਾਰਾ ਜਗਤ ਜੰਜਾਲ, ਇਕ ਵਖਾਏ ਸੱਚੀ ਧਰਮਸਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਮਾਤ ਦਲਾਲਿਆ । ਜਗਤ ਦਲਾਲੀ ਆਪ ਕਰ, ਕਲਜੁਗ ਰਚਨ ਰਚਾਇੰਦਾ । ਭਗਤ ਰਖਵਾਲੀ ਆਪ ਕਰ, ਗੁਰਮੁਖ ਬਚਨ ਨਿਭਾਇੰਦਾ । ਸਾਚਾ ਮਾਲੀ ਆਪ ਬਣ, ਫੁਲ ਫੁਲਵਾੜੀ ਮਾਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬਣਤ ਬਣਾਇੰਦਾ । ਜੁਗ ਜੁਗ ਬਣਤ ਬਣਾਵਣਹਾਰਾ, ਏਕਾ ਏਕ ਏਕੰਕਾਰਾ । ਆਪ ਆਪਣਾ ਰੂਪ ਵਟਾਵਣਹਾਰਾ । ਲੋਆਂ ਪੁਰੀਆਂ ਪਾਵੇ ਸਾਰਾ । ਹਰਿਜਨ ਸੋਏ ਮਾਤ ਜਗਾਵਣਹਾਰਾ । ਨਿਰਮਲ ਨੂਰ ਕਰੇ ਉਜਿਆਰਾ । ਨਾਦ ਅਨਾਦੀ ਅਨਹਦ ਤਾਲ ਵਜਾਵਣਹਾਰਾ । ਪੰਚਮ ਲਾਇਆ ਸੇਵਾਦਾਰਾ । ਦਸਮ ਦਵਾਰੀ ਮੇਲ ਮਿਲਾਵਣਹਾਰਾ, ਖੋਲ੍ਹੇ ਬੰਦ ਕਿਵਾੜਾ । ਆਤਮ ਸੇਜਾ ਇਕ ਵਿਛਾਵਣਹਾਰਾ, ਮੇਟ ਮਿਟਾਏ ਪੰਚਮ ਧਾੜਾ । ਨਾਰੀ ਕੰਤਾ ਸੰਤਾ ਰੁੱਤ ਬਸੰਤਾ ਪੁਰਖ ਅਬਿਨਾਸ਼ੀ ਆਪਣੇ ਅੰਕ ਲਗਾਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਬਹੱਤਰ ਨਾੜਾ । ਆਪ ਆਪਣਾ ਮੇਲ ਮਿਲਾਏ, ਗੁਰਮੁਖ ਸਾਚੀ ਨਾਰੀ । ਸਾਚੀ ਨਾਰੀ ਬੰਕ ਦਵਾਰ ਸੁਹਾਏ, ਪ੍ਰਭ ਪਾਇਆ ਪੁਰਖ ਅਪਾਰੀ । ਸਈਆਂ ਮੰਗਲ ਸਾਚਾ ਗਾਏ, ਫੂਲਣ ਬਰਖਾ ਅਪਰ ਅਪਾਰੀ । ਪੰਚਮ ਮੀਤਾ ਵਜਾਏ, ਮਰਦੰਗਾ ਸਹਿਜ ਧੁਨਕਾਰੀ । ਆਪ ਅਪਰੰਪਰ ਬੋਲ ਸੁਣਾਏ, ਛੰਦ ਸੁਹਾਗੀ ਰਾਮ ਮੁਰਾਰੀ । ਰਾਗ ਰਾਗਣੀ ਭੇਵ ਨਾ ਪਾਏ, ਛੱਤੀ ਰਾਗਾਂ ਵਸੇ ਬਾਹਰੀ । ਨਾਨਕ ਨਿਰਗੁਣ ਰਿਹਾ ਧਿਆਏ, ਮੰਗੇ ਮੰਗ ਦਰ ਭਿਖਾਰੀ । ਸਰਗੁਣ ਜੀਵ ਭੇਵ ਨਾ ਰਾਏ, ਭੁੱਲੇ ਭਰਮ ਗਵਾਰੀ । ਪੁਰਖ ਅਬਿਨਾਸ਼ੀ ਖੇਲ ਰਚਾਏ, ਵਡ ਦਾਤਾ ਹਰਿ ਸੰਸਾਰੀ । ਜੁਗ ਜੁਗ ਆਪਣਾ ਮੇਲ ਮਿਲਾਏ, ਭਗਤ ਭਗਵੰਤਾ ਜੋਤ ਅਧਾਰੀ । ਗੁਰੂ ਚੇਲੇ ਆਪ ਬਣਾਏ, ਆਪੇ ਵਸਿਆ ਸਭ ਤੋਂ ਬਾਹਰੀ । ਸੱਜਣ ਸੁਹੇਲ ਸਰਬ ਅਖਵਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰੀ । ਆਪਣੀ ਧਾਰ ਚਲਾਵਣਹਾਰਾ, ਹਰਿ ਸਾਜਣ ਮੀਤ ਮੁਰਾਰਾ । ਕਲਜੁਗ ਰੇਖ ਮਿਟਾਵਣਹਾਰਾ, ਜੋਤੀ ਨੂਰ ਕਰੇ ਉਜਿਆਰਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੂਪ ਸਮਾਵਣਹਾਰਾ, ਖੇਲੇ ਖੇਲ ਅਪਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਅੰਤਮ ਵਾਰੀ । ਅੰਤਮ ਵਾਰੀ ਕਲਜੁਗ ਦਾਤ, ਹਰਿ ਸਾਚਾ ਵੇਖ ਵਖਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਝਾਤ, ਲੱਖ ਚੁਰਾਸੀ ਦਿਸ ਨਾ ਆਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤ, ਆਤਮ ਬ੍ਰਹਮ ਜਣਾਇੰਦਾ । ਆਪੇ ਬੈਠਾ ਇਕ ਇਕਾਂਤ, ਸਚ ਕਿਰਿਆ ਕਰਮ ਕਮਾਇੰਦਾ । ਜੁਗ ਜੁਗ ਬੰਨ੍ਹੇ ਆਪਣਾ ਨਾਤ, ਕਰਮ ਧਰਮ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਦੇਵੇ ਜਰਮ, ਆਪੇ ਮੇਟ ਮਿਟਾਇੰਦਾ । ਆਪ ਮਿਟਾਏ ਵਰਨ ਬਰਨ, ਏਕਾ ਸਰਨ ਜਣਾਇੰਦਾ । ਅਗੰਮ ਅਗੰਮਾ ਧਰਨੀ ਧਰਨ, ਧਰਤ ਧਵਲ ਆਕਾਸ਼ ਸਮਾਇੰਦਾ । ਆਪੇ ਹੋਇਆ ਕਰਨੀ ਕਰਨ, ਕਰਨ ਕਰਾਵਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਮੂਲ, ਲਹਿਣਾ ਦੇਣਾ ਮਾਤ ਚੁਕਾਇੰਦਾ । ਲਹਿਣਾ ਦੇਣਾ ਅੰਤਮ ਵਾਰ, ਹਰਿ ਸਾਚਾ ਆਪ ਚੁਕਾਇੰਦਾ । ਨਾਨਕ ਨਿਰਗੁਣ ਕਰੇ ਪੁਕਾਰ, ਸਰਗੁਣ ਝੋਲੀ ਪਾਇੰਦਾ ।


੩੪੮
੦੬

੩੪੯ ੦੬

ਗੁਰ ਚੇਲਾ ਇਕ ਦਵਾਰ, ਸਾਚਾ ਚੇਲਾ ਆਪ ਬਣਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਨੀਲਾ ਨੀਲੀ ਛੱਤੋਂ ਕਰੇ ਬਾਹਰ, ਕਲਗੀ ਤੋੜਾ ਸੀਸ ਟਿਕਾਇੰਦਾ । ਜੋਤੀ ਜੋੜਾ ਹਰਿ ਨਿਰੰਕਾਰ, ਸ਼ਬਦੀ ਡੰਕ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਸ਼ਿਵ ਆਪ ਉਠਾਇੰਦਾ । ਕਰੋੜ ਤੇਤੀਸਾ ਹਾਹਾਕਾਰ, ਸੁਰਪਤ ਰਾਜਾ ਇੰਦ ਕੁਰਲਾਇੰਦਾ । ਲੋਕਮਾਤ ਪ੍ਰਭ ਰਿਹਾ ਵਿਚਾਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਪੌੜਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਕਲਜੁਗ ਤੇਰਾ ਅੰਤਮ ਰੰਗ, ਲੱਖ ਚੁਰਾਸੀ ਆਪ ਚੜ੍ਹੰਨਿਆ । ਜੂਠਾ ਝੂਠਾ ਬਣਿਆ ਸੰਗ, ਮਾਇਆ ਮਮਤਾ ਮੋਹ ਹੰਕਾਰ ਆਪਣਾ ਭਾਰ ਬੰਨ੍ਹਿਆ । ਸਾਧ ਸੰਤ ਜੀਵ ਜੰਤ ਹੋਇਣ ਨੰਗ, ਮਿਲੇ ਨਾਮ ਨਾ ਕੋਈ ਧੰਨ ਧੰਨਿਆ । ਗੁਰ ਦਰ ਮੰਦਰ ਅੰਦਰ ਹੋਵੇ ਜੰਗ, ਨਾ ਕਿਸੇ ਵਸੇਰਾ ਛੱਪਰ ਛੰਨਿਆ । ਲਾੜੀ ਮੌਤ ਵਜਾਏ ਮਰਦੰਗ, ਧਰਮ ਰਾਏ ਦੇਵੇ ਡੰਨਿਆ । ਚਾਰੋਂ ਕੁੰਟ ਦਿਸੇ ਨੰਗ, ਸੰਗ ਮੁਹੰਮਦ ਚਾਰ ਯਾਰ, ਅੰਤਮ ਵੇਖੇ ਹੋਏ ਖੁਆਰ, ਨਾ ਕੋਈ ਬੇੜਾ ਬੰਨ੍ਹਿਆ । ਈਸਾ ਮੂਸਾ ਆਈ ਹਾਰ, ਜਗਤ ਜਗਦੀਸਾ ਮਾਰੇ ਮਾਰ, ਸ਼ਬਦ ਸਰੂਪੀ ਤੇਜ ਕਟਾਰ, ਗੁਰ ਗੋਬਿੰਦਾ ਰਿਹਾ ਚਲਾਏ ਵਾਲੀ ਹਿੰਦਾ ਖ਼ਬਰਦਾਰ, ਜੋ ਘੜਿਆ ਸੋ ਭੰਨਿਆ । ਲੱਖ ਚੁਰਾਸੀ ਕਰੇ ਨਿੰਦਾ, ਗੁਰਮੁਖ ਦਰ ਘਰ ਸਾਚੀ ਬਿੰਦਾ, ਪਾਰਬ੍ਰਹਮ ਆਤਮ ਤੋੜੇ ਵੱਜਾ ਜਿੰਦਾ, ਆਤਮ ਧਾਰ ਵਹਾਏ ਸਾਗਰ ਸਿੰਧਾ, ਸਾਚਾ ਰਾਗ ਸੁਣਾਏ ਕੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਘਰ, ਸ਼ਬਦ ਸਰੂਪੀ ਲਾਏ ਸਨ੍ਹਿਆ । ਕਲਜੁਗ ਤੇਰਾ ਬੰਕ ਦਵਾਰਾ, ਚਾਰੋਂ ਕੁੰਟ ਦਵਾਰਿਆ । ਨਾ ਕੋਈ ਜਾਣੇ ਜੀਵ ਗਵਾਰਾ, ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਦਿਵਸ ਰੈਣ ਕਰੇ ਵਿਚਾਰਿਆ । ਲੋਆਂ ਪੁਰੀਆਂ ਮਾਰੇ ਮਾਰਾ, ਨਿਹਕਲੰਕ ਨਰਾਇਣ ਨਰ ਅਵਤਾਰਾ, ਸਚ ਧਰਮ ਨਾ ਕੋਈ ਵਿਚਾਰਾ, ਮਿਲੇ ਮੇਲ ਨਾ ਹਰਿ ਨਿਰੰਕਾਰਿਆ । ਗੁਰਮੁਖ ਵਿਰਲੇ ਮੇਲਾ ਮੇਲਣਹਾਰ ਆਪ ਕਰਤਾਰਾ, ਜੁਗ ਜੁਗ ਮੇਲ ਮਿਲਾ ਰਿਹਾ । ਵੇਖਣ ਆਇਆ ਜਗਤ ਦਵਾਰਾ, ਆਪ ਆਪਣੀ ਬਣਤ ਬਣਾ ਰਿਹਾ । ਨੀਲਾ ਕਰੇ ਚਰਨ ਨਿਮਸਕਾਰਾ, ਦਿਸ ਕਿਸੇ ਨਾ ਆ ਰਿਹਾ । ਗੋਬਿੰਦ ਕਾਇਆ ਖੇਲ ਅਪਾਰਾ, ਸੰਬਲ ਨਗਰੀ ਧਾਮ ਸੁਹਾ ਰਿਹਾ । ਲੇਖਾ ਲਿਖੇ ਦਸਮ ਦਵਾਰਾ, ਗੁਰ ਦਸਵੇਂ ਜੋਤ ਜਗਾ ਰਿਹਾ । ਆਪੇ ਘਾੜਨ ਘੜਨੇਹਾਰਾ, ਆਪੇ ਮੇਟ ਮਿਟਾ ਰਿਹਾ । ਸਾਚੇ ਪੌੜੇ ਚੜ੍ਹਨੇਹਾਰਾ, ਸੋਹੰ ਪੌੜਾ ਇਕ ਲਗਾ ਰਿਹਾ । ਅੰਦਰ ਮੰਦਰ ਆਪੇ ਵੜਨੇਹਾਰਾ, ਸਾਚਾ ਮੰਦਰ ਇਕ ਸੁਹਾ ਰਿਹਾ । ਗੁਰਮੁਖ ਸਾਚੇ ਫੜਨੇਹਾਰਾ, ਦਿਵਸ ਰੈਣ ਜਗਾ ਰਿਹਾ । ਲੱਖ ਚੁਰਾਸੀ ਨਾਲ ਲੜਨੇਹਾਰਾ, ਦਿਸ ਕਿਸੇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਬੇਮੁਖਾਂ ਗੂੜ੍ਹੀ ਨੀਂਦ ਸਵਾ ਰਿਹਾ । ਬੇਮੁਖ ਸੋਏ ਗੂੜ੍ਹੀ ਨੀਂਦ, ਕਲਜੁਗ ਆਪ ਸਵਾਇੰਦਾ । ਕਲਜੁਗ ਤੇਰੀ ਅੰਧੇਰੀ ਰਾਤ, ਮਾਤ ਪਿਤ ਨਾ ਕੋਈ ਉਠਾਇੰਦਾ । ਰਸਨ ਵਿਕਾਰਾ ਸਾਚਾ ਨਾਤ, ਗੁਰ ਮੰਤਰ ਨਾ ਕੋਈ ਜਣਾਇੰਦਾ । ਵੇਲੇ ਅੰਤ ਨਾ ਕੋਈ ਪੁੱਛੇ ਵਾਤ, ਰਾਏ ਧਰਮ ਵੇਖ ਵਖਾਇੰਦਾ । ਅੰਤਮ ਲਹਿਣਾ ਦੇਣਾ ਚੁੱਕਣਾ ਦਿਵਸ ਰਾਤ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਉਚੇ ਮੰਦਰ ਗੁਰ ਦਰ ਮਸਜਿਦ ਫੋਲ ਫੁਲਾਇੰਦਾ । ਲੁਕਿਆ ਰਹਿਣ ਨਾ ਦੇਵੇ ਕੋਈ ਫੋਲ ਫੁਲਾਵੇ ਚਾਰੇ ਕੂਟਾਂ, ਰਸਨਾ ਤੀਰ ਏਕਾ ਛੂਟਾ, ਨਾ ਕੋਈ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਇਆ ਰਹਿਣ ਨਾ ਦੇਵੇ ਕੋਈ ਬੂਟਾ, ਆਪਣੀ

ਹੱਥੀਂ ਜੜ੍ਹ ਪੁਟਾਇੰਦਾ । ਪੰਜ ਤਤ ਤਨ ਸਾਜਿਆ, ਜਗਤ ਜੁਗਤ ਅਪਾਰ । ਬਣਤ ਬਣਾਏ ਗਰੀਬ ਨਿਵਾਜਿਆ, ਖੋਲ੍ਹੇ ਨੌ ਦਵਾਰ । ਮਨ ਮਤ ਬੁੱਧ ਰੱਖੇ ਲਾਜਿਆ, ਪੰਚਮ ਤਤ ਕਰਾਏ ਪਿਆਰ । ਆਪੇ ਮਾਰਨਹਾਰਾ ਆਵਾਜਿਆ, ਕਰੇ ਕਰਾਏ ਖ਼ਬਰਦਾਰ । ਆਪ ਚੜ੍ਹਾਏ ਸ਼ਬਦ ਘੋੜੇ ਸਾਚੇ ਤਾਜਿਆ, ਆਪੇ ਹੋਣਾ ਪਹਿਰੇਦਾਰ । ਆਪੇ ਨੰਗੀ ਪੈਰੀਂ ਫਿਰੇ ਭਾਜਿਆ, ਗੁਰਮੁਖਾਂ ਦਰ ਦਵਾਰ । ਆਪੇ ਰੱਖਣਹਾਰਾ ਲਾਜਿਆ, ਜੁਗ ਜੁਗ ਰਿਹਾ ਪੈਜ ਸਵਾਰ । ਚਰਨ ਕਵਲਾਂ ਏਕਾ ਲਾਗਿਆ, ਸੁਰਤ ਸਵਾਣੀ ਹੋਈ ਉਜਿਆਰ । ਗੁਰ ਸ਼ਬਦ ਦਰ ਪੰਚਮ ਦੇਵੇ ਆਵਾਜ਼ਿਆ, ਨੇਤਰ ਨੈਣ ਦਏ ਉਘਾੜ । ਮੇਲ ਮਿਲਾਏ ਰਾਜਨ ਰਾਜਿਆ ਸਾਚੇ ਸਚ ਦਵਾਰ । ਆਪੇ ਪਰਦਾ ਰਿਹਾ ਕਾਜਿਆ, ਆਪੇ ਖੋਲ੍ਹੇ ਬੰਦ ਕਿਵਾੜ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸਾਚਾ ਮੇਲੇ ਸਾਜਨ ਸਾਜਿਆ । ਗੁਰ ਗੋਬਿੰਦ ਹਰਿ ਸ਼ਬਦ ਹੈ, ਸ਼ਬਦ ਰੂਪ ਸਮਾਏ । ਕਿਆ ਕੋਈ ਕਰੇ ਨਿੰਦ ਹੈ, ਨਿੰਦਕ ਨਿੰਦਿਆ ਮੁੱਖ਼ ਫਿਰਾਏ । ਹਰਿਜਨ ਆਪ ਬਣਾਏ ਸਾਚੀ ਬਿੰਦ ਹੈ, ਜੁਗ ਜੁਗ ਆਪੇ ਰਿਹਾ ਮਿਲਾਏ । ਮੇਟ ਮਿਟਾਵਣਹਾਰਾ ਸਗਲੀ ਚਿੰਦ ਹੈ, ਆਤਮ ਦਰਸੀ ਦਰਸ ਦਿਖਾਏ । ਜੋਧਾ ਸੂਰਾ ਹਰਿ ਮਰਗਿੰਦ ਹੈ, ਜਨ ਭਗਤਾਂ ਰਿਹਾ ਤਰਸ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੰਤ ਦੁਲਾਰ ਦੇ ਮਤ ਰਿਹਾ ਸਮਝਾਏ । ਗੁਰ ਗੋਬਿੰਦੇ ਬਣਤ ਬਣਾਈ, ਮਿਲਿਆ ਮੇਲ ਹਰਿ ਨਿਰੰਕਾਰਿਆ । ਸਾਧ ਸੰਤ ਕਰੇ ਜਣਾਈ, ਸ਼ਬਦ ਸਰੂਪੀ ਵਾਰੋ ਵਾਰਿਆ । ਰੂਪ ਅਨੂਪਾ ਆਪ ਵਟਾਈ, ਸ਼ਾਹੋ ਭੂਪਾ ਆਪ ਅਖਵਾ ਰਿਹਾ । ਸਤਿ ਸਰੂਪਾ ਸੋ ਧੁਨ ਉਪਜਾਈ, ਆਤਮ ਸੁਨ ਤੁੜਾ ਰਿਹਾ । ਗੁਣ ਅਵਗੁਣ ਵੇਖ ਵਖਾਈ, ਪੂਰਬ ਲਹਿਣਾ ਆਪ ਚੁਕਾ ਰਿਹਾ । ਸਰਗੁਣ ਨਿਰਗੁਣ ਖੇਲ ਰਚਾਈ, ਰਚਣਹਾਰਾ ਆਪ ਅਖਵਾ ਰਿਹਾ । ਕਾਇਆ ਕੋਟ ਗੜ੍ਹ ਬਣਾਈ, ਨਿਰਮਲ ਜੋਤੀ ਆਪ ਟਿਕਾ ਰਿਹਾ । ਸੀਸ ਧੜ ਨਾ ਵੇਖ ਵਖਾਈ, ਕਲਗੀ ਤੋੜਾ ਆਪ ਲਗਾ ਰਿਹਾ । ਜੋਤੀ ਜੋੜਾ ਹਰਿ ਰਘੁਰਾਈ, ਗੁਰ ਸ਼ਬਦੀ ਵੇਖ ਵਖਾ ਰਿਹਾ । ਇੱਕੀ ਜੇਠ ਦਏ ਵਡਿਆਈ, ਵਿਛੜੇ ਫੇਰ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਭਗਤ ਵਰ, ਜਗਤ ਵਿਦਿਆ ਮੂਲ ਚੁਕਾ ਰਿਹਾ । ਦਾਨੀ ਦਾਤਾ ਆਪ ਪ੍ਰਭ, ਦੇਵਣਹਾਰ ਦਾਤਾਰ । ਸਰਬ ਗਿਆਤਾ ਆਪ ਪ੍ਰਭ, ਭਰੇ ਸ਼ਬਦ ਭੰਡਾਰ । ਨਾਤਾ ਬਿਧਾਤਾ ਆਪ ਪ੍ਰਭ, ਚਰਨ ਕਵਲ ਪਿਆਰ । ਪਿਤਾ ਮਾਤਾ ਆਪ ਪ੍ਰਭ, ਪੂਤ ਸਪੂਤਾ ਕਰੇ ਪਿਆਰ । ਅੰਧ ਅੰਧੇਰ ਆਪ ਪ੍ਰਭ, ਨੂਰੋ ਨੂਰ ਹੋਏ ਉਜਿਆਰ । ਹਰ ਘਟ ਪਸਾਰਾ ਆਪ ਪ੍ਰਭ, ਆਪੇ ਵਸਿਆ ਸਭ ਤੋਂ ਬਾਹਰ । ਤੀਰਥ ਤਟ ਕਿਨਾਰਾ ਆਪ ਪ੍ਰਭ, ਆਪੇ ਢਾਹੇ ਲਏ ਉਸਾਰ । ਸਾਚਾ ਹੱਟ ਵਣਜਾਰਾ ਆਪ ਪ੍ਰਭ, ਆਪੇ ਵਣਜ ਕਰੇ ਵਪਾਰ । ਖੇਲੇ ਖੇਲ ਬਾਜੀਗਰ ਨਟ ਆਪ ਪ੍ਰਭ, ਸਵਾਂਗੀ ਸਵਾਂਗ ਕਰੇ ਵਰਤਾਰ । ਆਪੇ ਗੇੜਨਹਾਰਾ ਉਲਟੀ ਲੱਠ ਆਪ ਪ੍ਰਭ, ਜੁਗ ਜੁਗ ਮਾਤ ਲਏ ਅਵਤਾਰ । ਲੱਖ ਚੁਰਾਸੀ ਕਰੇ ਭੱਠ ਆਪ ਪ੍ਰਭ, ਗੁਰਮੁਖ ਸਾਚੇ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਆਤਮ ਘਰ, ਪਹਿਲੀ ਚੇਤਰ ਦਿਵਸ ਵਿਚਾਰ । ਆਤਮ ਘਰ ਸਚ ਅਸਥਾਨ, ਹਰਿ ਸਾਚੇ ਆਪ ਸੁਹਾਇਆ । ਆਪੇ ਜਾਣੇ ਜਾਣੀ ਜਾਣ, ਦੂਸਰ ਕੋਇ ਭੇਵ ਨਾ ਰਾਇਆ । ਪੰਚਮ ਬਹਿ ਬਹਿ ਸਾਰੇ ਗਾਣ, ਤਾਲ ਤਲਵਾੜਾ ਰਿਹਾ ਵਜਾਇਆ । ਪਵਣ ਪਵਣੀ ਸੇਵ ਕਮਾਣ, ਤਾਲ ਸੁਹਾਵਾ ਰਿਹਾ ਸੁਹਾਇਆ । ਚਾਰੇ ਕੁੰਟਾਂ ਵੇਖ ਵਖਾਨ, ਦਹਿ ਦਿਸ਼ਾ ਫੇਰਾ ਪਾਇਆ । ਕਾਇਆ ਮੰਦਰ ਅੰਦਰ ਸਚ ਮਕਾਨ,

੩੫੦
੦੬

ਹਰਿ ਮੰਦਰ ਆਪ ਸੁਹਾਇਆ । ਦਰ ਦਰਵਾਜ਼ੇ ਦਰ ਦਰਬਾਨ, ਹਰਿ ਸਾਚਾ ਆਪ ਅਖਵਾਇਆ । ਅੱਠੇ ਪਹਿਰ ਨਿਗਾਹਬਾਨ, ਸੇਵਕ ਸੇਵਾ ਰਿਹਾ ਕਮਾਇਆ । ਗੁਰਮੁਖਾਂ ਵੇਖੇ ਮਾਰ ਧਿਆਨ, ਸਾਚੀ ਕੂਟ ਫੋਲ ਫੁਲਾਇਆ । ਨਿਸ਼ਅੱਖਰ ਵੱਖਰ ਸਾਰੇ ਗਾਣ, ਰਸਨਾ ਰਸਕ ਰਸ ਨਾ ਆਇਆ । ਆਪੇ ਹੋਏ ਮਿਹਰਵਾਨ, ਜਨ ਭਗਤਾਂ ਲਏ ਜਗਾਇਆ । ਧੁਰਦਰਗਾਹੀ ਦੇਵੇ ਇਕ ਨਿਸ਼ਾਨ, ਆਪ ਆਪਣਾ ਨਾਉਂ ਜਪਾਇਆ । ਕਲਜੁਗ ਅੰਤਮ ਮੇਟ ਮਿਟਾਨ, ਸਤਿਜੁਗ ਸਾਚਾ ਦਏ ਝੁਲਾਇਆ । ਸੋਹੰ ਸੋ ਬ੍ਰਹਮ ਗਿਆਨ, ਧੁਰ ਫਰਮਾਣ ਰਹੇ ਜਣਾਇਆ । ਤੀਰ ਨਿਰਾਲਾ ਵੱਜੇ ਬਾਣ, ਬਜਰ ਕਪਾਟੀ ਪਾਰ ਕਰਾਇਆ । ਪੰਚਾਂ ਕਰੇ ਪੁਣ ਛਾਣ, ਪੰਚਮ ਮੇਲ ਮਿਲਾਇਆ । ਏਕਾ ਦੇਵੇ ਨਾਮ ਬਿਬਾਣ, ਹਰਿਜਨ ਸਾਚੇ ਲਏ ਚੜ੍ਹਾਇਆ । ਪਹਿਲੀ ਚੇਤਰ ਕਰ ਪਛਾਣ, ਭਾਂਡੇ ਕਾਚੇ ਦਏ ਭੰਨਾਇਆ । ਸਾਚਾ ਮੰਦਰ ਉਚ ਮਹਾਨ, ਦਸਮ ਦਵਾਰੀ ਦਏ ਵਖਾਇਆ । ਆਤਮ ਸੇਜਾ ਇਕ ਮਹਾਨ, ਸ਼ਬਦ ਰੰਗੀਲਾ ਪਲੰਘ ਵਿਛਾਇਆ । ਜੋਤ ਸਰੂਪੀ ਹਰਿ ਭਗਵਾਨ, ਆਪੇ ਬੈਠ ਡਗਮਗਾਇਆ । ਗੁਰਮੁਖ ਨਾਰੀ ਬਾਲ ਨਾਦਾਨ, ਸਾਚਾ ਪੱਲੂ ਨਾਮ ਫੜਾਇਆ । ਆਪ ਰਖਾਏ ਚਰਨ ਧਿਆਨ, ਸਾਚਾ ਮਾਰਗ ਇਕ ਰਖਾਇਆ । ਸਾਚਾ ਮੇਲਾ ਮੇਲ ਮਿਲਾਨ, ਘਰ ਸਾਚੇ ਮੇਲ ਮਿਲਾਇਆ । ਦਰ ਘਰ ਪਾਇਆ ਸ਼ਬਦ ਜਵਾਨ, ਨਾ ਮਰੇ ਨਾ ਜਾਇਆ । ਨਾਰੀ ਕੰਤਾ ਏਕਾ ਥਾਨ, ਏਕਾ ਰੰਗ ਰੰਗਾਇਆ । ਸਈਆਂ ਮੰਗਲ ਸਾਚਾ ਗਾਣ, ਪੰਚਮ ਰਾਗ ਅਲਾਇਆ । ਵਿਛੜ ਕਦੇ ਨਾ ਜਾਣ, ਸਾਚਾ ਮੇਲਾ ਮੇਲ ਮਿਲਾਇਆ । ਦਸਮ ਦਵਾਰੀ ਭੂਮਿਕਾ ਅਸਥਾਨ, ਹਰਿ ਸਾਚੇ ਸ਼ਾਹੋ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨੁਹਾਏ ਸਾਚੇ ਸਰ, ਚਰਨ ਧੂੜ ਇਕ ਇਸ਼ਨਾਨ ਕਰਾਇਆ । ਚਰਨ ਧੂੜ ਸਚ ਇਸ਼ਨਾਨਾ, ਜੁਗ ਜੁਗ ਆਪ ਕਰਾਇੰਦਾ । ਆਤਮ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸੋਹੰ ਮਾਰੇ ਤੀਰ ਨਿਸ਼ਾਨਾ, ਦੂਈ ਦਵੈਤੀ ਮੇਟ ਮਿਟਾਇੰਦਾ । ਹੱਥੀਂ ਬੰਨ੍ਹੇ ਗਾਨਾ, ਸ਼ਰਅ ਸ਼ਰਾਇਤੀ ਵੇਖ ਵਖਾਇੰਦਾ । ਰਾਗ ਸੁਣਾਏ ਏਕਾ ਗਾਣਾ, ਸੁਨ ਮੁਨ ਤੁੜਾਇੰਦਾ । ਆਪਣੀ ਕਰਾਏ ਆਪ ਪਛਾਣਾ, ਗੁਰਮੁਖ ਚੁਣ ਚੁਣ ਆਪ ਜਗਾਇੰਦਾ । ਦਰ ਦਵਾਰੇ ਦੇਵੇ ਮਾਣਾ, ਹਉਮੇ ਹੰਗਤਾ ਰੋਗ ਮਿਟਾਇੰਦਾ । ਚਰਨ ਪ੍ਰੀਤੀ ਸਚ ਧਿਆਨਾ, ਅੱਠ ਸੱਠ ਡੇਰਾ ਢਾਹਿੰਦਾ । ਅੰਤਮ ਵੇਲਾ ਵੇਦ ਪੁਰਾਨਾਂ, ਅੰਜੀਲ ਕੁਰਾਨਾਂ ਵਕਤ ਚੁਕਾਇੰਦਾ । ਰਾਗ ਛਤੀਸਾ ਗਾਇਣ ਗਾਣਾ, ਗੋਬਿੰਦ ਰੂਪ ਵਟਾਇੰਦਾ । ਖਾਣੀ ਬਾਣੀ ਹੋਏ ਹੈਰਾਨਾ, ਸਾਗਰ ਸਿੰਧ ਵਹਾਇੰਦਾ । ਧਰਮ ਝੁਲਾਏ ਇਕ ਨਿਸ਼ਾਨਾ, ਰੰਗ ਸਤ ਰੰਗਾਇੰਦਾ । ਲਿਖੇ ਲੇਖ ਆਪ ਮਹਾਨਾ, ਅੱਖਰ ਵੱਖਰ ਵੇਖ ਵਖਾਇੰਦਾ । ਪਰਗਟ ਹੋਏ ਵਾਲੀ ਦੋ ਜਹਾਨਾਂ, ਰੋੜੀ ਸੱਖਰ ਚਰਨ ਛੁਹਾਇੰਦਾ । ਮੁਹੰਮਦ ਮੁਹੰਮਦੀ ਮੇਲ ਮਿਲਾਨਾ, ਚਾਰ ਯਾਰਾਂ ਭੇਵ ਖੁਲ੍ਹਾਇੰਦਾ । ਹੱਥੀਂ ਮਹਿੰਦੀ ਮੌਲੀ ਗਾਨਾ, ਨੀਲਾ ਚੋਲਾ ਤਨ ਛੁਹਾਇੰਦਾ । ਅਮਾਮ ਮਹਿੰਦੀ ਸਚ ਸੁਲਤਾਨਾਂ, ਖ਼ੈਬਰ ਪਾਰ ਕਰਾਇੰਦਾ । ਐਲੀ ਸ਼ਾਹ ਹੋਏ ਹੈਰਾਨਾ, ਮੱਕਾ ਕਾਅਬਾ ਵੇਖ ਵਖਾਇੰਦਾ । ਚਰਨ ਲਗਾਏ ਸ਼ਾਹ ਅਰਬਾਨਾ, ਇਰਾਕ ਇਰਾਨਾ ਡੇਰਾ ਢਾਹਿੰਦਾ । ਮੁਖ ਨਕਾਬ ਇਕ ਰਖਾਨਾ, ਨੇਤਰ ਨੈਣ ਛੁਪਾਇੰਦਾ । ਸੋਹੰ ਮਾਰੇ ਤੀਰ ਨਿਸ਼ਾਨਾ, ਪੀਰਨ ਪੀਰ ਮਿਟਾਇੰਦਾ । ਦਸਤਗੀਰ ਹੋਏ ਹੈਰਾਨਾ, ਹਕੀਰ ਸ਼ਾਹ ਫਕੀਰ ਫੜਾਇੰਦਾ । ਆਪੇ ਹੋਏ ਬੇਪਛਾਨਾ, ਬੇਐਬ ਪਰਵਰਦਿਗਾਰ ਅਖਵਾਇੰਦਾ । ਮਹਿਬਾਨ ਬੀਦੋ ਰਹਿਮਾਨ ਰਹਿਮਾਨਾ, ਰਹਿਮਤ ਰਸੂਲ ਨਾ ਕੋਈ ਜਣਾਇੰਦਾ । ਅਲ੍ਹਾ ਰਾਣੀ ਵੇਖੇ ਮਾਰ ਧਿਆਨਾ, ਹੱਜ ਕਬੂਲ ਨਾ ਕੋਈ ਕਰਾਇੰਦਾ । ਪੰਚਮ ਰੋਵਣ ਜਗਤ ਸ਼ੈਤਾਨਾ,

ਧੀਰਜ ਧੀਰਜ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਇਕ ਦਰ, ਦਰ ਦਰਬਾਨਾ ਆਪ ਅਖਵਾਇੰਦਾ । ਅੱਲਾ ਰਾਣੀ ਤਨ ਸ਼ਿੰਗਾਰ, ਕਲਜੁਗ ਅੰਤ ਸ਼ਿੰਗਾਰਿਆ । ਮਨਮਤ ਨਾਲ ਹੰਕਾਰ, ਕਰੇ ਇਕ ਪਿਆਰਿਆ । ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਵੇਖ ਵਿਚਾਰਿਆ । ਕਲਜੁਗ ਹੋਇਆ ਪਹਿਰੇਦਾਰ, ਆਪ ਉਠਾਏ ਕਰੇ ਖ਼ਬਰਦਾਰਿਆ । ਧਰਤਮਾਤ ਰਹੀ ਵਿਚਾਰ, ਘਰ ਸਾਚੇ ਕਰੇ ਪੁਕਾਰਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਰੈਣ ਹੋਈ ਅੰਧਿਆਰਿਆ । ਜੂਠਾ ਝੂਠਾ ਪਸਰ ਪਸਾਰ, ਨਾ ਕੋਈ ਦੀਸੇ ਸਚ ਦਵਾਰਿਆ । ਪੀਰ ਫ਼ਕੀਰਾਂ ਆਈ ਹਾਰ, ਅਹਿਨਲ ਹੱਕ ਨਾ ਕੋਈ ਵਿਚਾਰਿਆ । ਮੁੱਲਾ ਸ਼ੇਖ਼ ਕਾਜ਼ੀ ਰੋਵਣ ਧਾਹਾਂ ਮਾਰ, ਅੱਲਾ ਹੂ ਹੂ ਏਕਾ ਨਾਰਿਆ । ਪੀਰ ਦਸਤਗੀਰ ਸੁੱਤੇ ਪੈਰ ਪਸਾਰ, ਤੂੰ ਤੂੰ ਮਨੋਂ ਵਿਸਾਰਿਆ । ਚੁੱਕਿਆ ਨਾ ਜਾਏ ਮੈਥੋਂ ਭਾਰ, ਲੱਖ ਚੁਰਾਸੀ ਜੀਵ ਗਵਾਰਿਆ । ਪਰਗਟ ਹੋ ਵਿਚ ਸੰਸਾਰ, ਨਾਨਕ ਗੋਬਿੰਦ ਲੇਖ ਲਿਖਾ ਰਿਹਾ । ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣਾ ਲਏ ਸਵਾਰਿਆ । ਬ੍ਰਹਿਮੰਡ ਖੰਡ ਜੇਰਜ ਅੰਡ ਪਾਇਣ ਸਾਰ, ਉਤਭੁਜ ਸੇਤਜ ਪਾਰ ਕਿਨਾਰ, ਨਾਰ ਦੁਹਾਗਣ ਦੀਸੇ ਰੰਡ, ਲੱਖ ਚੁਰਾਸੀ ਸੰਤ ਕੰਤ ਨਾ ਕੋਈ ਹੰਢਾ ਰਿਹਾ । ਕੂੜ ਕੁੜਿਆਰਾ ਭੇਖ ਪਖੰਡ, ਘਰ ਘਰ ਬੈਠਾ ਕਰ ਪਸਾਰਿਆ । ਨਿਹਕਲੰਕਾ ਤੇਰੀ ਵੰਡ, ਸਾਚਾ ਲੇਖਾ ਆਪ ਲਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪਹਿਲੀ ਚੇਤਰ ਨੌ ਖੰਡ ਪ੍ਰਿਥਮੀ ਵੇਖੇ ਖੇਤਰ, ਲੇਖਾ ਆਪਣੇ ਹੱਥ ਰਖਾ ਰਿਹਾ । ਨਾ ਕੋਈ ਜਾਣੇ ਧਾਰੀ ਕੇਸਾ, ਮੂੰਡ ਮੁੰਡਾਏ ਦਿਸ ਨਾ ਆਇੰਦਾ । ਕਲਜੁਗ ਤੇਰਾ ਅੰਤਮ ਵੇਸਾ, ਨਰ ਨਰੇਸ਼ਾ ਆਪ ਕਰਾਇੰਦਾ । ਮੇਲ ਮਿਲਾਇਆ ਦਸ ਦਸਮੇਸ਼ਾ, ਦਹਿ ਦਿਸ਼ਾ ਵੇਖ ਵਖਾਇੰਦਾ । ਭੇਵ ਨਾ ਪਾਇਣ ਬ੍ਰਹਮਾ ਸ਼ਿਵ ਗਣੇਸ਼ਾ, ਦਰ ਦਰਵੇਸ਼ਾ ਸੀਸ ਝੁਕਾਇੰਦਾ । ਜੋਤ ਸਰੂਪੀ ਹਰਿ ਪਰਵੇਸ਼ਾ, ਆਪ ਆਪਣੀ ਕਲ ਵਰਤਾਇੰਦਾ । ਦੋ ਜਹਾਨਾਂ ਨਰ ਨਰੇਸ਼ਾ, ਸ੍ਰਿਸ਼ਟ ਸਬਾਈ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਭਗਤੀ ਵਰ, ਦੇ ਮਤ ਪੰਜ ਤਤ ਆਪ ਸਮਝਾਇੰਦਾ ।


੩੫੨
੦੬

## ✻ ੨੪ ਫੱਗਣ ੨੦੧੩ ਡਾ੦ ਪਾਲ ਸਿੰਘ ਦੇ ਗ੍ਰਿਹ ਪਿੰਡ ਭਲਾਈ ਪੁਰ ਜ਼ਿਲਾ ਅੰਮ੍ਰਿਤਸਰ ✻

ਧਨ ਪਾਇਆ ਨਾਮ ਸੰਤੋਖ, ਗੁਰ ਪੂਰੇ ਚਰਨ ਦਵਾਰਿਆ । ਜਗਤ ਮਿਟੇ ਤ੍ਰਿਸ਼ਨਾ ਭੁੱਖ, ਮਿਲੇ ਨਾਮ ਅਧਾਰਿਆ । ਸੁਫਲ ਕਰਾਏ ਮਾਤ ਕੁੱਖ, ਆਵਣ ਜਾਵਣ ਪਾਰ ਕਰਾ ਰਿਹਾ । ਅੰਤਮ ਵੇਲਾ ਅੰਤਮ ਮੋਖ, ਨਰ ਹਰਿ ਆਪਣੀ ਗੋਦ ਉਠਾ ਰਿਹਾ । ਮੇਟ ਮਿਟਾਏ ਹਰਖ ਸੋਗ, ਅੱਠੇ ਪਹਿਰ ਏਕਾ ਰੰਗ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾ ਰਿਹਾ । ਮਿਲਿਆ ਮੇਲ ਹਰਿ ਨਿਰੰਕਾਰ, ਘਰ ਸਾਚੇ ਵੱਜੇ ਵਧਾਈਆ । ਸੋਹੰ ਡੰਕ ਅਪਰ ਅਪਾਰ, ਦਿਵਸ ਰੈਣ ਰਿਹਾ ਵਜਾਈਆ । ਸੁਣੇ ਸੁਣਾਏ ਸੁਣਨੇਹਾਰ, ਜੀਵਾਂ ਜੰਤਾਂ ਦਿਸ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਪੰਜ ਤਤ ਮਿਟਾਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਪੰਚਮ ਸੋਹਣਾ ਕਰ ਸ਼ਿੰਗਾਰ, ਸ਼ਸਤਰ ਬਸਤਰ ਇਕ ਸਜਾਈਆ । ਸਾਚੇ ਘੋੜੇ ਕਰ ਅਸਵਾਰ, ਚੌਥੇ ਪੌੜੇ ਆਪ ਚੜ੍ਹਾਈਆ । ਜਗਤ ਵਿਚੋਲਾ

ਹਰਿ ਦਾਤਾਰ, ਆਪਣਾ ਮੇਲ ਮਿਲਾਈਆ । ਉਚੇ ਨੀਚ ਨੀਚੋ ਉਚ ਖੇਲ ਅਪਾਰ, ਜੁਗ ਜੁਗ ਰਿਹਾ ਕਰਾਈਆ । ਰਵੀਦਾਸਾ ਦਰਸ ਭਿਖਾਰ, ਦਰਸੀ ਦਰਸ ਦਿਖਾਈਆ । ਬਾਲਮੀਕ ਤੇਰਾ ਕਰਜ਼ ਉਤਾਰ, ਰਾਮ ਰਾਮਾ ਰੂਪ ਵਟਾਈਆ । ਕਲਜੁਗ ਮੇਲਾ ਵਿਚ ਸੰਸਾਰ, ਗੁਰ ਚੇਲਾ ਜੋੜ ਜੁੜਾਈਆ । ਅਚਰਜ ਖੇਲਾ ਅਪਰ ਅਪਾਰ, ਸੱਜਣ ਸੁਹੇਲਾ ਸਦ ਅਖਵਾਈਆ । ਫੜ ਫੜ ਬਾਹੋਂ ਲਾਏ ਪਾਰ, ਸਾਚੇ ਬੇੜੇ ਰਿਹਾ ਚੜ੍ਹਾਈਆ । ਆਪੇ ਬਣਿਆ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਸ਼ਬਦ ਅਧਾਰੀ ਇਕ ਅਹਾਰ, ਤ੍ਰਿਸ਼ਨਾ ਭੁੱਖ ਮਿਟਾਈਆ । ਮੇਲ ਮਿਲਾਏ ਨਿੰਦਕ ਦੁਸ਼ਟ ਦੁਰਾਚਾਰ, ਪੰਚਮ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਸੱਚਾ ਬੋਲਾ ਰਸਨਾ ਹਰਿਜਨ ਗਾਈਆ ।

✻ ਪਹਿਲੀ ਚੇਤਰ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਸ਼ਬਦ ਦੀ ਕਿਰਪਾ ਕੀਤੀ, ਇੱਕੀ ਦਿਨ ਤੱਕ ਇਕੀ ਇੱਕੀ ਪਰਿਵਾਰ ਇਕੱਠੇ ਹੋਏ ਅਤੇ ਸਭ ਦਾ ਸਾਂਝਾ ਲੰਗਰ ਚਲਾਇਆ ਗਿਆ ਅਤੇ ਸਵਾ ਪੰਜ ਰੁਪਏ ✻



| ਨਾਮ | ਪਿੰਡ | ਡਾਕਖਾਨਾ | ਜ਼ਿਲਾ |
|---|---|---|---|
| ੧. ਦਲੀਪ ਸਿੰਘ | ਗਗੋਬੂਆ | ਖ਼ਾਸ | ਅੰਮ੍ਰਿਤਸਰ |
| ੨. ਮਨੀ ਰਾਮ | ਸਿੱਧਮ | ਖਾਲੜਾ | ਅੰਮ੍ਰਿਤਸਰ |
| ੩. ਇੰਦਰ ਸਿੰਘ | ਬੰਡਾਲਾ | ਖ਼ਾਸ | ਅੰਮ੍ਰਿਤਸਰ |
| ੪. ਮਸਾ ਸਿੰਘ | ਨੌਰੰਗਾਬਾਦ | ਖ਼ਾਸ | ਅੰਮ੍ਰਿਤਸਰ |
| ੫. ਗੁਰਦਿਆਲ ਸਿੰਘ | ਰਾਮੂ ਵਾਲਾ | ਖ਼ਾਸ | ਫਿਰੋਜ਼ਪੁਰ |
| ੬. ਰਾਮ ਸਿੰਘ | ਮਕਾਨ ਨੰ੦ ੩੮੬ | ਗਵਾਲ ਟੋਲੀ | ਫਿਰੋਜ਼ਪੁਰ |
| ੭. ਨਾਜ਼ਰ ਸਿੰਘ | ਨਾਥੇ ਵਾਲਾ | ਲੰਝੇ ਵਾਲੀ | ਫਿਰੋਜ਼ਪੁਰ |
| ੮. ਨਿਰੰਜਣ ਸਿੰਘ | ਲੁਧਿਆਣਾ | ਖ਼ਾਸ | ਲੁਧਿਆਣਾ |
| ੯. ਬੱਗਾ ਸਿੰਘ | ਨੱਤਾਂ | ਸਾਨ੍ਹੇਵਾਲ | ਲੁਧਿਆਣਾ |
| ੧੦. ਹਰਬੰਸ ਸਿੰਘ | ਅਜਨੌਧ | ਦੋਰਾਹਾ | ਲੁਧਿਆਣਾ |
| ੧੧. ਜਗੀਰ ਸਿੰਘ | ਰੰਗੀਲ ਪੁਰ | ਰੋਪੜ | ਅੰਬਾਲਾ |

੩੫੩
੦੬

| | | | | |
|---|---|---|---|---|
| ੧੨. | ਗਿਆਨ ਚੰਦ | ਮਿਰਜਾਪੁਰ | ਕੋਟਲਾਨੌਧ ਸਿੰਘ | ਹੁਸ਼ਿਆਪੁਰ |
| ੧੩. | ਸਰੂਪ ਸਿੰਘ | ਮੁਧ | ਖ਼ਾਸ | ਜਲੰਧਰ |
| ੧੪. | ਬਿਸ਼ਨ ਸਿੰਘ | ਨੂਰਪੁਰ | ਖ਼ਾਸ | ਜਲੰਧਰ |
| ੧੫. | ਗੁਰਮੁਖ ਸਿੰਘ | ਭਲਾਈਪੁਰ ਡੋਗਰਾ | ਖ਼ਾਸ | ਅੰਮ੍ਰਿਤਸਰ |
| ੧੬. | ਬੰਤਾ ਸਿੰਘ | ਪੰਜ ਗਰਾਈਆਂ | ਖ਼ਾਸ | ਗੁਰਦਾਸਪੁਰ |
| ੧੭. | ਅਜੀਤ ਸਿੰਘ | ਬਟਾਲਾ | ਬਟਾਲਾ | ਗੁਰਦਾਸਪੁਰ |
| ੧੮. | ਕਰਤਾਰ ਸਿੰਘ | ਭੁਮਲੀ | ਖ਼ਾਸ | ਗੁਰਦਾਸਪੁਰ |
| ੧੯. | ਗਿਰਧਾਰਾ ਸਿੰਘ | ਬਲੋਵਾਲ | ਰਾਮ ਦਿਵਾਲੀ | ਅੰਮ੍ਰਿਤਸਰ |
| ੨੦. | ਬਖ਼ਸ਼ੀਸ਼ ਸਿੰਘ | ਕਾਦਰਾਬਾਦ | ਸਿਆਲਕਾ | ਅੰਮ੍ਰਿਤਸਰ |
| ੨੧. | ਮਹਾਰਾਜ ਪੂਰਨ ਸਿੰਘ ਜੀ ਜੇਠੂਵਾਲ | | ਖ਼ਾਸ | ਅੰਮ੍ਰਿਤਸਰ |



੩੫੪
੦੬

✻ ਪਹਿਲੀ ਚੇਤ ੨੦੧੪ ਬਿਕ੍ਰਮੀ ਸਵੇਰ ਦੇ ਸਮੇਂ ਸ਼ਬਦ ਦੀ ਰਹਿਮਤ ਕੀਤੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਹਰਿ ਕਾ ਨਾਉਂ ਅਪਾਰ ਹੈ, ਸਮਰਥ ਕਲ ਵਰਤਾਈਆ । ਹਰਿ ਕਾ ਨਾਉਂ ਅਪਾਰ ਹੈ, ਅਕੱਥ ਕਥਾ ਕਹਾਈਆ । ਹਰਿ ਕਾ ਨਾਉਂ ਅਪਾਰ ਹੈ, ਸਾਚੀ ਵਥਾ ਇਕ ਵਖਾਈਆ । ਹਰਿ ਕਾ ਨਾਉਂ ਅਪਾਰ ਹੈ, ਲੱਖ ਚੁਰਾਸੀ ਪਾਏ ਨੱਥਾ, ਦਿਸ ਕਿਸੇ ਨਾ ਆਈਆ । ਹਰਿ ਕਾ ਨਾਉਂ ਅਪਾਰ ਹੈ, ਸਗਲ ਵਸੂਰਾ ਤਿਸ ਜਨ ਲੱਥਾ, ਜੋ ਜਨ ਰਸਨਾ ਗਾਈਆ । ਹਰਿ ਕਾ ਨਾਉਂ ਅਪਾਰ ਹੈ, ਮਸਤਕ ਲਹਿਣਾ ਲੇਖ ਸਾਚੇ ਮੱਥਾ, ਜੋਤ ਨਿਰਜੰਣ ਆਪ ਜਗਾਈਆ । ਹਰਿ ਕਾ ਨਾਉਂ ਅਪਾਰ ਹੈ, ਦੋ ਜਹਾਨੀ ਸਾਚਾ ਰਥਾ, ਜਨ ਭਗਤਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਈਆ । ਹਰਿ ਕਾ ਨਾਉਂ ਅਪਾਰ, ਹਰਿ ਸਮਾਇਆ । ਹਰਿ ਕਾ ਨਾਉਂ ਅਧਾਰ, ਜੀਵ ਜੰਤਾਂ ਰਿਹਾ ਤਰਾਇਆ । ਹਰਿ ਕਾ ਨਾਉਂ ਅਪਾਰ, ਹਰਿਜਨ ਸਾਚੇ ਆਪ ਪਿਆਰ ਕਰਾਇਆ । ਹਰਿ ਕਾ ਨਾਉਂ ਜੈਕਾਰ, ਜੈ ਜੈਕਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪੇ ਵੇਖੇ ਵੇਖ ਵਖਾਇਆ । ਹਰਿ ਕਾ ਨਾਉਂ ਅਪਾਰ, ਲੇਖ ਅਮੋਲਿਆ । ਹਰਿ ਕਾ ਨਾਉਂ ਅਪਾਰ, ਪੂਰਾ ਤੋਲ ਕਿਸੇ ਨਾ ਤੋਲਿਆ । ਹਰਿ ਕਾ ਨਾਉਂ ਅਪਾਰ, ਆਦਿ ਅੰਤ ਕਦੇ ਨਾ ਡੋਲਿਆ । ਹਰਿ ਕਾ ਨਾਉਂ ਅਪਾਰ, ਸਾਧ ਸੰਤ ਜੀਵ ਜੰਤ ਭੰਡਾਰਾ ਖੋਲ੍ਹਿਆ । ਹਰਿ ਕਾ ਨਾਉਂ ਅਪਾਰ, ਸਚਖੰਡ ਬਣਾਏ ਗੋਲਿਆ । ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਕਲਾ ਸੋਲਿਆ । ਹਰਿ ਕਾ ਨਾਉਂ ਅਪਾਰ, ਜੋਗ ਜਗਤ ਹੈ । ਹਰਿ ਕਾ ਨਾਉਂ ਅਪਾਰ, ਹਰਿਜਨ

ਸਾਚੀ ਭਗਤ ਹੈ । ਹਰਿ ਕਾ ਨਾਉਂ ਅਪਾਰ, ਸਚ ਦਵਾਰਾ ਏਕਾ ਮੁਕਤ ਹੈ । ਹਰਿ ਕਾ ਨਾਉਂ ਅਪਾਰ, ਪਾਰ ਕਰਾਏ ਨਿੰਦਕ ਦੁਸ਼ਟ ਹੈ । ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਸਾਰ । ਹਰਿ ਕਾ ਨਾਉਂ ਅਪਾਰ, ਜਗਤ ਦਲਾਲਿਆ । ਹਰਿ ਕਾ ਨਾਉਂ ਅਪਾਰ, ਗੁਰਮੁਖ ਵਿਰਲੇ ਰਸਨਾ ਗਾ ਲਿਆ । ਹਰਿ ਕਾ ਨਾਉਂ ਅਪਾਰ, ਏਕਾ ਏਕ ਸਚ ਧਨ ਮਾਲਿਆ । ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਚਲੇ ਅਵੱਲੜੀ ਚਾਲਿਆ । ਹਰਿ ਕਾ ਨਾਉਂ ਅਪਾਰ, ਰੰਗ ਮਜੀਠਿਆ । ਹਰਿ ਕਾ ਨਾਉਂ ਅਪਾਰ, ਨੇਤਰ ਨੈਣ ਕਿਸੇ ਨਾ ਡੀਠਿਆ । ਹਰਿ ਕਾ ਨਾਉਂ ਅਪਾਰ, ਮਿੱਠੇ ਕਰੇ ਕਰਾਏ ਰੀਠਿਆ । ਹਰਿ ਕਾ ਨਾਉਂ ਅਪਾਰ, ਗੁਰਮੁਖ ਵਿਰਲੇ ਲੈਣ ਰਸਨਾ ਸਾਚਾ ਮੀਠਿਆ । ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਰੇ ਪਰੀਖਿਆ । ਹਰਿ ਕਾ ਨਾਉਂ ਅਪਾਰ, ਦੋ ਜਹਾਨਿਆ । ਹਰਿ ਕਾ ਨਾਉਂ ਅਪਾਰ, ਮੇਲ ਭਗਵਾਨਿਆ । ਹਰਿ ਕਾ ਨਾਉਂ ਅਪਾਰ, ਗੁਰਮੁਖ ਸਾਚੇ ਸੰਤ ਜਗਾਨਿਆ । ਹਰਿ ਕਾ ਨਾਉਂ ਅਪਾਰ, ਨਾ ਕੋਈ ਜਾਣੇ ਜੀਵ ਨਿਧਾਨਿਆ । ਹਰਿ ਕਾ ਨਾਉਂ ਅਪਾਰ, ਆਦਿ ਅੰਤ ਨਾ ਹੋਏ ਪੁਰਾਣਿਆ । ਹਰਿ ਕਾ ਨਾਉਂ ਅਪਾਰ, ਨੇਤਰ ਨੈਣ ਨਾ ਕੋਈ ਵਖਾਨਿਆ । ਹਰਿ ਕਾ ਨਾਉਂ ਅਪਾਰ, ਰਸਨਾ ਜਿਹਵਾ ਹਰਿਜਨ ਗਾ ਲਿਆ । ਹਰਿ ਕਾ ਨਾਉਂ ਅਪਾਰ, ਤਿੱਖਾ ਤੀਰ ਬਾਣ ਨਿਰਾਲਿਆ । ਹਰਿ ਕਾ ਨਾਉਂ ਅਪਾਰ, ਸ਼ਬਦ ਚੀਰ ਤਨ ਪਹਿਨਾਨਿਆ । ਹਰਿ ਕਾ ਨਾਉਂ ਅਪਾਰ, ਸ਼ਬਦ ਸੀਰ ਮੁਖ ਚੁਆਨਿਆ । ਹਰਿ ਕਾ ਨਾਉਂ ਅਪਾਰ, ਕੱਟਣਹਾਰਾ ਭੁੱਖ ਨੰਗ, ਮੇਟ ਮਿਟਾਏ ਪੰਜ ਸ਼ੈਤਾਨਿਆ । ਹਰਿ ਕਾ ਨਾਉਂ ਅਪਾਰ, ਏਕਾ ਰੰਗ ਰੰਗਾਏ ਭੇਵ ਚੁਕਾਏ ਸ਼ਾਹ ਸੁਲਤਾਨਿਆ । ਹਰਿ ਕਾ ਨਾਉਂ ਅਪਾਰ, ਆਦਿ ਜੁਗਾਦੀ ਸੰਗ ਨਿਭਾਏ ਸਗਲਾ ਸਾਥ ਨਿਭਾਨਿਆ । ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੇ ਭਾਣਿਆ । ਹਰਿ ਕਾ ਨਾਉਂ ਅਪਾਰ, ਰਾਗ ਅਨਾਦਿਆ । ਹਰਿ ਕਾ ਨਾਉਂ ਅਪਾਰ, ਖੇਲੇ ਖੇਲ ਵਿਚ ਬ੍ਰਹਿਮਾਦਿਆ । ਹਰਿ ਕਾ ਨਾਉਂ ਅਪਾਰ, ਧੁਰਦਰਗਾਹੀ ਸਾਚੀ ਦਾਦਿਆ । ਹਰਿ ਕਾ ਨਾਉਂ ਅਪਾਰ, ਗੁਰਮੁਖ ਵਿਰਲੇ ਮਾਤ ਲਾਧਿਆ । ਹਰਿ ਕਾ ਨਾਉਂ ਅਪਾਰ, ਭੇਵ ਅਭੇਦਾ ਬੋਧ ਅਗਾਧਿਆ । ਹਰਿ ਕਾ ਨਾਉਂ ਅਪਾਰ, ਗੁਰਮੁਖ ਵਿਰਲੇ ਰਸਨ ਅਰਾਧਿਆ । ਹਰਿ ਕਾ ਨਾਉਂ ਅਪਾਰ, ਦੋ ਜਹਾਨ ਸੁਣੇ ਫਰਿਆਦਿਆ । ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਚਰਨ ਨਾਤਾ ਏਕਾ ਬਾਧਿਆ । ਹਰਿ ਕਾ ਨਾਮ ਅਪਾਰ, ਸਤਿ ਸਤਿਵੰਤ ਹੈ । ਹਰਿ ਕਾ ਨਾਮ ਅਪਾਰ, ਪੂਰਨ ਭਗਵੰਤ ਹੈ । ਹਰਿ ਕਾ ਨਾਮ ਅਪਾਰ, ਅਧਾਰ ਜੀਵ ਜੰਤ ਹੈ । ਹਰਿ ਕਾ ਨਾਮ ਅਪਾਰ, ਪਿਆਰ ਸਾਧ ਸੰਤ ਹੈ । ਹਰਿ ਕਾ ਨਾਮ ਅਪਾਰ, ਏਕਾ ਧਾਰ ਏਕਾ ਕੰਤ ਹੈ । ਹਰਿ ਕਾ ਨਾਮ ਅਪਾਰ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਰੱਖਣਹਾਰਾ ਪਤ ਪਤਵੰਤ ਹੈ । ਹਰਿ ਕਾ ਨਾਉਂ ਅਪਾਰ, ਜੁਗੋ ਜੁਗ ਅਤੀਤਿਆ । ਹਰਿ ਕਾ ਨਾਉਂ ਅਪਾਰ, ਠਾਂਢਾ ਸੀਤਿਆ । ਹਰਿ ਕਾ ਨਾਉਂ ਅਪਾਰ, ਪਰਖਣਹਾਰਾ ਨੀਤਿਆ । ਦਿਵਸ ਰੈਣ ਕਰੇ ਵਿਚਾਰ, ਹਰਿ ਕਾ ਨਾਉਂ ਅਪਾਰ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪੇ ਵੇਖੇ ਹਸਤ ਕੀਟਿਆ । ਹਰਿ ਕਾ ਨਾਉਂ ਅਪਾਰ, ਹਰਿ ਹਰਿ ਗਾਇਆ । ਭੇਵ ਅਭੇਦਾ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਅਛਲ ਅਛੇਦਾ

੩੫੫
੦੬

ਦਾਤਾ ਦਾਤਾਰ, ਚਾਰ ਵੇਦਾਂ ਸੇਵਾ ਲਾਇਆ । ਪੁਰਾਨ ਅਠਾਰਾਂ ਰਹੇ ਪੁਕਾਰ, ਹੱਥ ਕਿਸੇ ਨਾ ਆਇਆ । ਖਾਣੀ ਬਾਣੀ ਕਰੇ ਵਿਚਾਰ, ਚਾਰੇ ਕੁੰਟਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਛੁਪਾਇਆ । ਹਰਿ ਕਾ ਨਾਮ ਅਪਾਰ, ਦਿਸ ਨਾ ਆਇੰਦਾ । ਅੰਜੀਲ ਕੁਰਾਨ ਰਹੇ ਪੁਕਾਰ, ਪਰਵਰਦਿਗਾਰ ਮੁਖ ਛੁਪਾਇੰਦਾ । ਕਲਜੁਗ ਕਾਲਾ ਹੋ ਤਿਆਰ, ਤੇਰਾ ਤੇਰੇ ਵਿਚ ਸਮਾਇੰਦਾ । ਭੇਖਾਧਾਰੀ ਹਰਿ ਨਿਰੰਕਾਰ, ਲੇਖਾ ਆਪਣੇ ਹੱਥ ਰਖਾਇੰਦਾ । ਨਾਨਕ ਗੋਬਿੰਦ ਲਾਏ ਕਾਰ, ਸੇਵਕ ਸੇਵਾ ਸਚ ਕਰਾਇੰਦਾ । ਮੰਗਣ ਆਏ ਦਰ ਦਰਬਾਰ, ਏਕਾ ਭਿੱਛਿਆ ਝੋਲੀ ਪਾਇੰਦਾ । ਲੋਕਮਾਤ ਰਹਿਣਾ ਖ਼ਬਰਦਾਰ, ਆਤਮ ਇਛਿਆ ਪੂਰ ਕਰਾਇੰਦਾ । ਸ਼ਬਦ ਵਿਚੋਲਾ ਮੀਤ ਮੁਰਾਰ, ਸਾਚਾ ਹਿੱਸਾ ਆਪ ਵੰਡਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਕਾਰ, ਏਕਾ ਰੂਪ ਸਮਾਇੰਦਾ । ਦੂਰ ਦੁਰਾਡਾ ਸਾਂਝਾ ਯਾਰ, ਮੇਲ ਵਿਛੋੜਾ ਆਪ ਕਰਾਇੰਦਾ । ਨਾਨਕ ਢਹਿ ਪਿਆ ਦਵਾਰ, ਗੋਬਿੰਦ ਗੋਬਿੰਦ ਗਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਅਪਾਰ, ਸਤਿ ਪੁਰਖਾ ਰੂਪ ਵਟਾਇੰਦਾ । ਆਦਿ ਅੰਤ ਏਕੰਕਾਰ, ਏਕਾ ਰੰਗ ਸਮਾਇੰਦਾ । ਨਾਨਕ ਬੈਠਾ ਦਰ ਭਿਖਾਰ, ਭੀਖਕ ਭਿਛਿਆ ਏਕਾ ਨਾਉਂ ਪਾਇੰਦਾ । ਮਸਤਕ ਲੇਖਾ ਅਪਰ ਅਪਾਰ, ਆਪਣਾ ਆਪ ਲਿਖਾਇੰਦਾ । ਇਕ ਕਰਾਇਆ ਵਣਜ ਵਪਾਰ, ਆਪ ਆਪਣੀ ਬਣਤ ਬਣਾਇੰਦਾ । ਆਪੇ ਵਸਣਾ ਸਭ ਤੋਂ ਬਾਹਰ, ਸਾਚੀ ਸਰਨ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਏਕਾ ਨਾਉਂ ਅਪਾਰ, ਨਾਨਕ ਦਰ ਭਿਖਾਰਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸੁਹਾਏ ਬੰਕ ਦਵਾਰਿਆ । ਨਿਰਮਲ ਜੋਤੀ ਕਰ ਅਕਾਰ, ਵੱਜੇ ਸ਼ਬਦ ਧੁਨ ਜੈਕਾਰਿਆ । ਸਾਚੀ ਸੋਟੀ ਹੱਥ ਦਾਤਾਰ, ਲੈ ਕੇ ਆਏ ਪਾਰ ਕਿਨਾਰਿਆ । ਉਪਰ ਚੋਟੀ ਦਸਮ ਦਵਾਰ, ਸਾਚਾ ਮਾਰਗ ਇਕ ਰਖਾ ਲਿਆ । ਕੋਟਨ ਕੋਟੀ ਗਏ ਹਾਰ, ਸਾਧ ਸੰਤ ਭੇਵ ਨਾ ਪਾ ਲਿਆ । ਕਬੀਰ ਲੰਗੋਟੀ ਬੋਟੀ ਕਰ ਪਿਆਰ, ਅਤੁਟ ਅਤੋਟੀ ਮੇਲ ਮਿਲਾ ਰਿਹਾ । ਨਾਨਕ ਜੋਤੀ ਇਕ ਅਪਾਰ, ਹਰਿ ਜੋਤੀ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਜਗਾ ਰਿਹਾ । ਹਰਿ ਕਾ ਨਾਉਂ ਅਪਾਰ, ਨੂਰ ਨਿਰਾਲਿਆ । ਗੋਬਿੰਦ ਸਾਚੀ ਧਾਰ, ਗੋਬਿੰਦ ਵਿਚ ਸਮਾ ਲਿਆ । ਸਰਗੁਣ ਮੇਲ ਅਪਾਰ, ਨਿਰਗੁਣ ਵੇਖ ਵਖਾ ਲਿਆ । ਨਾਨਕ ਨਿਰਧਨ ਪਾਵੇ ਸਾਰ, ਸਰਧਨ ਹਰਿ ਸੁਲਤਾਨਿਆ । ਸਤਿ ਸੰਤੋਖੀ ਧਰਮ ਜੈਕਾਰ, ਏਕਾ ਰਾਹ ਵਖਾ ਲਿਆ । ਨਾ ਕੋਈ ਜਾਣੇ ਆਰ ਪਾਰ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪਣਾ ਧਾਮ ਸੁਹਾ ਲਿਆ । ਹਰਿ ਕਾ ਨਾਉਂ ਅਪਾਰ, ਸਾਚੇ ਧਾਮ ਸੁਹਾਇੰਦਾ । ਨਾਨਕ ਨਾਮਾ ਵਣਜ ਵਪਾਰ, ਏਕਾ ਏਕ ਕਰਾਇੰਦਾ । ਸਾਚਾ ਮੇਲਾ ਮੀਤ ਮੁਰਾਰ, ਗੁਰ ਚੇਲਾ ਰੂਪ ਵਟਾਇੰਦਾ । ਇਕ ਇਕੇਲਾ ਹਰਿ ਨਿਰੰਕਾਰ, ਪੰਚਮ ਸੁਹੇਲਾ ਆਪ ਅਖਵਾਇੰਦਾ । ਅੰਮ੍ਰਿਤ ਆਤਮ ਸਾਚੀ ਧਾਰ, ਸਾਚਾ ਮੇਘ ਬਰਸਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਆਪ ਆਪਣਾ ਰੂਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਆਪ ਆਪਣਾ ਰੰਗ ਰੰਗਾਏ, ਪਾਰਬ੍ਰਹਮ ਬੇਅੰਤ ਬੇਅੰਤਾ । ਹਰਿਜਨ ਸਾਚਾ ਸਾਚੀ ਮੰਗ ਮੰਗਾਏ, ਮੇਲ ਮਿਲਾਏ ਸਾਚੇ ਕੰਤਾ । ਏਕਾ ਨਾਉਂ ਸ਼ਬਦ ਮਰਦੰਗ ਵਜਾਏ, ਜੁਗ ਜੁਗ ਸੁਣਾਏ ਸਾਧ ਸੰਤਾ । ਹਰਿਜਨ ਸਾਚੇ ਅੰਗ ਲਗਾਏ, ਲੋਕਮਾਤ ਬਣਾਏ ਸਾਚੀ ਬਣਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ

ਇਕ ਸੁਹੰਤਾ । ਹਰਿ ਕਾ ਨਾਉਂ ਅਪਾਰ, ਸ਼ਬਦ ਅਮੋਲਿਆ । ਜੁਗ ਜੁਗ ਬੰਨ੍ਹੇ ਧਾਰ, ਸਾਚਾ ਤੋਲਣ ਆਪੇ ਤੋਲਿਆ । ਲੋਕਮਾਤ ਲਏ ਅਵਤਾਰ, ਅੱਖਰ ਵੱਖਰ ਆਪੇ ਬੋਲਿਆ । ਸਾਧਾਂ ਸੰਤਾਂ ਪਾਵੇ ਸਾਰ, ਵੇਖ ਵਖਾਏ ਕਾਇਆ ਚੋਲਿਆ । ਵਰਨ ਬਰਨ ਕਰਮ ਵਿਚਾਰ, ਉਚਾਂ ਨੀਚਾਂ ਰਿਹਾ ਵਿਰੋਲਿਆ । ਸਤਿਜੁਗ ਸਾਚੇ ਕਰ ਪਿਆਰ, ਸਤਿ ਫੁਲਵਾੜੀ ਆਪੇ ਮੌਲਿਆ । ਤ੍ਰੇਤਾ ਤ੍ਰੀਆ ਉਤਰੇ ਪਾਰ, ਰਾਮ ਰਾਮਾ ਘੋਲ ਘੋਲਿਆ । ਦੁਆਪਰ ਤੇਰੀ ਤਿੱਖੀ ਧਾਰ, ਕਾਹਨਾ ਕਿਸ਼ਨਾ ਖੇਲੇ ਹੋਲਿਆ । ਕਲਜੁਗ ਕਾਲਾ ਰਿਹਾ ਪੁਕਾਰ, ਜੂਠ ਝੂਠ ਬੂਹਾ ਖੋਲ੍ਹਿਆ । ਧਰਤਮਾਤ ਰੋਵੇ ਧਾਹਾਂ ਮਾਰ, ਪੇਟ ਆਪਣਾ ਆਪੇ ਫੋਲਿਆ । ਪੂਤ ਸਪੂਤਾ ਹੋਇਆ ਗਵਾਰ, ਲੱਖ ਚੁਰਾਸੀ ਬਣਿਆ ਗੋਲਿਆ । ਮਾਇਆ ਮਮਤਾ ਮੋਹ ਹੰਕਾਰ, ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਅੰਤਮ ਤੋਲੇ ਪੂਰਾ ਤੋਲਿਆ । ਕਲਜੁਗ ਕਾਇਆ ਸਾਚਾ ਰੰਗ, ਆਤਮ ਇਕ ਚੜ੍ਹਾਇਆ । ਪੰਜ ਤਤ ਵੱਜੇ ਮਰਦੰਗ, ਮਤ ਬੁਧ ਫਿਰੇ ਹਲਕਾਇਆ । ਮਨਮਤ ਰਲਾਏ ਸਾਚਾ ਸੰਗ, ਚਾਰੋਂ ਕੁੰਟ ਡੰਕ ਵਜਾਇਆ । ਹਉਮੇ ਹੰਗਤਾ ਧਾਰਾ ਗੰਗ, ਸਾਧਾਂ ਸੰਤਾਂ ਨੀਰ ਵਹਾਇਆ । ਮਾਨਸ ਦੇਹੀ ਹੋਈ ਭੰਗ, ਰਾਮ ਰਾਮਾ ਮਨੋਂ ਭੁਲਾਇਆ । ਕਾਇਆ ਮਾਟੀ ਕਾਚੀ ਵੰਗ, ਜੂਠ ਝੂਠ ਤਨ ਸ਼ਿੰਗਾਰ ਕਰਾਇਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਕੋਈ ਨਾ ਜਾਏ ਸੰਗ, ਕੂੜ ਕੁੜਿਆਰਾ ਮੋਹ ਚੁਕਾਇਆ । ਸੰਮਤ ਤੇਰਾਂ ਰਿਹਾ ਲੰਘ, ਨਾਨਕ ਦੋਏ ਜੋੜ ਬੈਠਾ ਸੀਸ ਝੁਕਾਇਆ । ਦਰ ਦਵਾਰੇ ਮੰਗੀ ਮੰਗ, ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਸਾਚਾ ਨਾਉਂ ਸਦਾ ਸੰਗ, ਸਚ ਵਸਤੂ ਇਕ ਰਖਾਇਆ । ਸ਼ਬਦ ਘੋੜੇ ਪ੍ਰਭ ਕਸੇ ਤੰਗ, ਜੋਤ ਨਿਰੰਜਣ ਸੇਵਾ ਲਾਇਆ । ਪੰਚ ਵਜਾਏ ਇਕ ਮਰਦੰਗ, ਸੋਹੰ ਡੌਰੂ ਹੱਥ ਫੜਾਇਆ । ਲੋਆਂ ਪੁਰੀਆਂ ਵੇਖੇ ਪਾਰ ਲੰਘ, ਬ੍ਰਹਮਾ ਸ਼ਿਵ ਦੇਵਤ ਸੁਰ ਬੈਠੇ ਸੀਸ ਝੁਕਾਇਆ । ਮਾਤਲੋਕ ਸਾਢੇ ਤਿੰਨ ਹੱਥ ਪਾਰਬ੍ਰਹਮ ਤੇਰਾ ਇਕ ਪਲੰਘ, ਕਲਜੁਗ ਅੰਤਮ ਸੇਜ ਵਿਛਾਇਆ । ਲੱਖ ਚੁਰਾਸੀ ਹੋਣਾ ਨੰਗ, ਕੋਇ ਨਾ ਪਰਦਾ ਪਾਇਆ । ਮਾਇਆ ਰਾਣੀ ਮਾਰੇ ਡੰਗ, ਡਸ ਡਸਣੀ ਰੂਪ ਵਟਾਇਆ । ਗੁਰਮੁਖਾਂ ਮੰਗੀ ਏਕਾ ਮੰਗ, ਗੋਬਿੰਦ ਨਾਨਕ ਨਾਲ ਰਲਾਇਆ । ਕਲਜੁਗ ਤੇਰਾ ਮੁੱਕਣਾ ਪੰਧ, ਦੋਏ ਕਰਮਾਂ ਰਿਹਾ ਉਠਾਇਆ । ਸਤਿਜੁਗ ਸਾਚਾ ਲਾਇਆ ਅੰਗ, ਗੁਰਮੁਖ ਸਾਚੇ ਲਏ ਜਗਾਇਆ । ਅੰਮ੍ਰਿਤ ਆਤਮ ਧਾਰਾ ਨਿਜ ਬਰਖੇ ਗੰਗ, ਆਪ ਆਪਣੀ ਸੇਵਾ ਲਾਇਆ । ਦੋ ਜਹਾਨਾਂ ਨਿਭਾਏ ਸਾਚਾ ਸੰਗ, ਵਿਛੜ ਕਦੇ ਨਾ ਜਾਇਆ । ਗੁਰਮੁਖ ਸਾਚੇ ਨੌਂ ਦਵਾਰੇ ਆਏ ਲੰਘ, ਨੇਤਰ ਦਰਸ਼ਨ ਸਾਚਾ ਪਾਇਆ । ਸ਼ਬਦ ਰੰਗੀਲੀ ਸੇਜ ਇਕ ਪਲੰਘ, ਦਸਮ ਦਵਾਰੀ ਆਪ ਵਿਛਾਇਆ । ਪੰਚਮ ਵਜਾਇਣ ਸਚ ਮਰਦੰਗ, ਪੰਚਮ ਆਪਣਾ ਸਾਥ ਨਿਭਾਇਆ । ਆਪੇ ਬੈਠਾ ਅੱਧ ਵਿਚ ਟੰਗ, ਜੋਤ ਨਿਰੰਜਣ ਰਾਹ ਰਿਹਾ ਵਖਾਇਆ । ਸੁਰਤ ਸਵਾਣੀ ਹੀਰ ਸਿਆਲੀ ਝੰਗ, ਸੋਹੰ ਰਾਂਝਾ ਗੁਰਮੁਖ ਪ੍ਰੇਮ ਧਾਰਾ ਨਾਮ ਚਰਨ ਸੇਵਾ ਸਾਚੀ ਵੰਝਲੀ ਰਿਹਾ ਵਜਾਇਆ । ਆਪ ਲਗਾਏ ਆਪਣੇ ਅੰਗ, ਕੱਟਣਹਾਰਾ ਭੁੱਖ ਨੰਗ, ਜੁਗ ਜੁਗ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਪੂਰ ਕਰਿਆ ਵਰ, ਤੇਰਾਂ ਤੇਰਾਂ ਤੋਲ ਤੁਲਾਇਆ । ਤੇਰਾਂ ਤੇਰਾਂ ਤੋਲ ਤੁਲਾਵਣਹਾਰਾ, ਪਾਰਬ੍ਰਹਮ ਬੇਅੰਤਾ । ਸਾਚਾ ਬੋਲ ਬੋਲਣਹਾਰਾ, ਜੁਗਾ ਜੁਗ ਜੁਗੰਤਾ । ਸ਼ਬਦ ਭੰਡਾਰਾ ਖੋਲ੍ਹਣਹਾਰਾ, ਆਦਿ ਪੁਰਖ ਆਦਿਨ ਅੰਤਾ । ਸਚ ਜੈਕਾਰਾ ਬੋਲਣਹਾਰਾ, ਆਪ ਸੁਣਾਏ ਸਾਧਨ ਸੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਮੇਲੇ ਗੁਰ ਗੁਰ ਚੇਲੇ, ਆਪੇ ਨਾਰੀ ਆਪੇ ਕੰਤਾ । ਗੁਰ

ਚੇਲਾ ਨਾਰੀ ਕੰਤ ਸਮਾਇੰਦਾ । ਦਰ ਦਵਾਰੇ ਸਾਚਾ ਮੇਲਾ, ਸਾਚੀ ਬਣਤ ਬਣਾਇੰਦਾ । ਕਲਜੁਗ ਤੇਰਾ ਵਕਤ ਸੁਹੇਲਾ, ਗੁਰਮੁਖ ਸੋਏ ਮਾਤ ਉਠਾਇੰਦਾ । ਆਪ ਚੜ੍ਹਾਏ ਸਾਚਾ ਤੇਲਾ, ਜੋਤ ਨਿਰੰਜਣ ਸੇਵਾ ਲਾਇੰਦਾ । ਆਪਣਾ ਖੇਲ ਆਪੇ ਖੇਲਾ, ਭੇਵ ਕੋਇ ਨਾ ਪਾਇੰਦਾ । ਨਾਨਕ ਗੋਬਿੰਦ ਇਕ ਇਕੇਲਾ, ਗੋਬਿੰਦ ਹਰਿ ਧਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਤੇਰਾ ਪਿਆਰ, ਤ੍ਰੈਗੁਣ ਮਾਇਆ ਕਰੇ ਵਿਚਾਰ, ਪੰਜ ਤਤ ਰੋਵੇ ਧਾਹਾਂ ਮਾਰ, ਨਾ ਕੋਇ ਮੂਲ ਚੁਕਾਇੰਦਾ । ਸੰਮਤ ਤੇਰਾਂ ਅੰਤਮ ਬੀਤਾ, ਸਤਿਗੁਰ ਦਇਆ ਕਮਾਈਆ । ਆਪ ਚਲਾਏ ਆਪਣੀ ਰੀਤਾ, ਧੁਰ ਦੀ ਇਹ ਵਡਿਆਈਆ । ਨਾ ਕੋਈ ਦਿਹੁਰਾ ਗੁਰੂਦਵਾਰਾ ਮੰਦਰ ਮਸੀਤਾ, ਪ੍ਰਭ ਚਰਨ ਸਰਨ ਸਰਨ ਚਰਨ ਸੱਚੀ ਸਰਨਾਈਆ । ਨਾ ਕੋਈ ਹਸਤ ਨਾ ਕੋਈ ਕੀਟਾ, ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਏਕਾ ਰੰਗ ਰੰਗਾਈਆ । ਨਾਮ ਜਣਾਏ ਜੁਗੋ ਜੁਗ ਅਨਡੀਠਾ, ਅਨਡਿੱਠੀ ਵਸਤ ਹਰਿ ਝੋਲੀ ਪਾਈਆ । ਗੁਰ ਸ਼ਬਦ ਗੁਰ ਲਾਗਾ ਮੀਠਾ, ਅੰਮ੍ਰਿਤ ਆਤਮ ਫਲ ਖਵਾਈਆ । ਮਨਮਤੀ ਜੀਵ ਜੂਠਾ ਝੂਠਾ ਪੀਸਣ ਪੀਸਾ, ਵੇਲੇ ਅੰਤਮ ਹੋਏ ਜੁਦਾਈਆ । ਕਲਜੁਗ ਕਾਇਆ ਕੌੜਾ ਰੀਠਾ, ਪ੍ਰਭ ਸਾਚਾ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਜੋਤ ਸਮਾਈਆ । ਜੋਤ ਸਮਾਇਆ ਜੋਤੀ ਜਾਮਾ, ਜੁਗਤ ਜਗਤ ਨਾ ਆਈਆ । ਆਪੇ ਜਾਣੇ ਆਪਣਾ ਕਾਮਾ, ਭਗਤ ਭੁਗਤ ਰਿਹਾ ਬਣਾਈਆ । ਲੱਖ ਚੁਰਾਸੀ ਕਰੇ ਏਕਾ ਤਾਮਾ, ਆਦਿ ਸ਼ਕਤ ਏਕਾ ਕਲ ਵਰਤਾਈਆ । ਕਲਜੁਗ ਮਿਟੇ ਰੈਣ ਅੰਧੇਰੀ ਸ਼ਾਮਾ, ਸਤਿਜੁਗ ਸਾਚਾ ਚੰਨ ਚੜ੍ਹਾਈਆ । ਸੰਮਤ ਚੌਦਾਂ ਵੱਜੇ ਨਾਮ ਦਮਾਮਾ, ਸੋਹੰ ਜੈ ਜੈ ਜੈਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਚੇਤਰ ਸਵਾ ਪੰਜ ਤੇਰਾ ਬੈਠਾ ਰਾਹ ਤਕਾਈਆ ।

## ❊ ਪਹਿਲੀ ਚੇਤ ੨੦੧੪ ਬਿਕ੍ਰਮੀ ਸਵੇਰੇ ਸਵਾ ਪੰਜ ਵਜੇ ਵਿਹਾਰ ਹੋਇਆ ਹਰਿ ਭਗਤ ਦਵਾਰ ਜੇਠੂਵਾਲ ❊

ਸਵਾ ਪੰਜ ਪਹਿਲੀ ਚੇਤ, ਵੀਹ ਸੌ ਚੌਦਾਂ ਬਿਕ੍ਰਮੀ ਚੰਦ ਚੜ੍ਹਾਇਆ । ਗੁਰਮੁਖਾਂ ਵੇਖੇ ਕਾਇਆ ਖੇਤ, ਆਪ ਆਪਣਾ ਅੰਦਰ ਬੰਦ ਕਰਾਇਆ । ਪਰਗਟ ਹੋਏ ਨੇਤਨ ਨੇਤ, ਸੋਹੰ ਰਿਹਾ ਚੰਦ ਚੜ੍ਹਾਇਆ । ਭਾਗ ਲਗਾਏ ਮਹੀਨਾ ਜੇਠ, ਪੰਚਮ ਮੇਲ ਮਿਲਾਇਆ । ਰੱਖਣਹਾਰਾ ਸਾਇਆ ਹੇਠ, ਸੇਵਕ ਸੇਵਕ ਸੇਵਕ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਲਹਿਣਾ ਮੂਲ ਚੁਕਾਇਆ । ਸਵਾ ਪੰਜ ਚੇਤਰ ਚਿਤ, ਏਕਾ ਥਿਤ ਵਖਾਈਆ । ਜਨ ਭਗਤਾਂ ਮੇਲਾ ਨਿਤ ਨਵਿਤ, ਨਿਜ ਘਰ ਰੂਪ ਸਮਾਈਆ । ਕਰਨਹਾਰਾ ਸੱਚਾ ਹਿਤ, ਭੇਖਾਧਾਰੀ ਭੇਖ ਵਟਾਈਆ । ਆਪੇ ਹੋਇਆ ਮਾਤ ਪਿਤ, ਪਿਤਾ ਪੂਤ ਸੁਖਦਾਈਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਅਕਲ ਕਲਾ ਅਖਵਾਈਆ । ਆਪ ਆਪਣਾ ਲਿਆ ਜਿੱਤ, ਕਾਇਆ ਭੇਟ ਚੜ੍ਹਾਈਆ । ਚੌਦਾਂ ਵੇਖ ਵਖਾਈ ਥਿਤ, ਚੌਦਾਂ ਲੋਕਾਂ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਈਆ । ਠਾਕਰ ਸੇਵਕ ਅਬਿਨਾਸ਼, ਸੇਵਾ ਆਪ ਕਮਾਇੰਦਾ । ਗੁਰਮੁਖਾਂ ਹੋਇਆ ਦਾਸੀ ਦਾਸ, ਚਰਨ ਧੂੜੀ ਮਸਤਕ ਲਾਇੰਦਾ । ਮੇਲ ਮਿਲਾਏ ਪ੍ਰਿਥਮੀ ਆਕਾਸ਼, ਵਿਛੜ ਕਦੇ ਨਾ ਜਾਇੰਦਾ । ਪੰਚਮ ਪਾਵੇ ਸਾਚੀ ਰਾਸ, ਹਰਿ ਪੰਚਮ ਭੇਟ

ਚੜ੍ਹਾਇੰਦਾ । ਨਿਜ ਘਰ ਸਾਚੇ ਕਰੇ ਵਾਸ, ਸਚ ਸੁਨੇਹੜਾ ਇਕ ਸੁਣਾਇੰਦਾ । ਖੇਲੇ ਖੇਲ ਘਨਕਪੁਰ ਵਾਸ, ਸੰਮਤ ਸੰਮਤੀ ਵੇਖ ਵਖਾਇੰਦਾ । ਲੱਖ ਚੁਰਾਸੀ ਹੋਣੀ ਨਾਸ, ਹਰਿ ਸੰਗਤ ਆਪ ਤਰਾਇੰਦਾ । ਲਹਿਣਾ ਦੇਣਾ ਦਸ ਦਸ ਮਾਸ, ਜੁਗ ਜੁਗ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਵਕ ਸੇਵਾ ਸਚ ਕਮਾਇੰਦਾ । ਸੇਵਕ ਸੇਵਾ ਕਰਨੇਹਾਰਾ, ਪਾਰਬ੍ਰਹਮ ਕਰਤਾਰਾ । ਨਾ ਜਨਮੇ ਨਾ ਮਰਨੇਹਾਰਾ, ਆਦਿ ਅੰਤ ਏਕਾ ਏਕੰਕਾਰਾ । ਆਪਣੀ ਕਰਨੀ ਕਰਨੇਹਾਰਾ, ਜੁਗ ਜੁਗ ਲਏ ਮਾਤ ਅਵਤਾਰਾ । ਜਨ ਭਗਤਾਂ ਲੜ ਫੜਨੇਹਾਰਾ, ਦੇਵੇ ਨਾਮ ਸਹਾਰਾ । ਕਾਇਆ ਮੰਦਰ ਅੰਦਰ ਸਾਚੇ ਪੌੜੇ ਚੜ੍ਹਨੇਹਾਰਾ, ਸੋਹੰ ਸ਼ਬਦ ਕਰਾਏ ਜੈ ਜੈਕਾਰਾ । ਕਲਜੁਗ ਮਾਇਆ ਸੜਨੇਹਾਰਾ, ਪੰਚਮ ਤਤ ਨਾ ਕੀਆ ਪਿਆਰਾ । ਆਪਣਾ ਘਾੜਨ ਆਪੇ ਘੜਨੇਹਾਰਾ, ਜੋਤੀ ਜੋਤ ਕੀਆ ਉਜਿਆਰਾ । ਸ਼ਬਦ ਖੰਡਾ ਹੱਥ ਫੜਨੇਹਾਰਾ, ਗੁਰਮੁਖਾਂ ਹੋਏ ਪਹਿਰੇਦਾਰਾ । ਪੁਰੀਆਂ ਲੋਆਂ ਲੜਨੇਹਾਰਾ, ਏਕਾ ਮਾਰ ਅਗੰਮੀ ਮਾਰਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਸੁਹਾਇਆ ਬੰਕ ਦਵਾਰਾ । ਹਰਿ ਸੇਵਕ ਕਰਤਾਰ, ਸੇਵ ਕਮਾਈਆ । ਆਪੇ ਬਣਿਆ ਭੇਖ ਭਿਖਾਰ, ਆਪੇ ਲੇਖ ਲਿਖਾਈਆ । ਮਾਤਲੋਕ ਪ੍ਰਭ ਕਰ ਵਿਚਾਰ, ਪਹਿਲੀ ਚੇਤਰ ਰੁੱਤ ਸੁਹਾਈਆ । ਸੰਮਤ ਚੌਦਾਂ ਖ਼ਬਰਦਾਰ, ਹਰਿ ਆਪੇ ਰਿਹਾ ਕਰਾਈਆ । ਗੁਰਮੁਖ ਮੇਲਾ ਏਕਾ ਵਾਰ, ਏਕਾ ਰੰਗ ਚੜ੍ਹਾਈਆ । ਆਪ ਆਪਣੀ ਪਾਵੇ ਸਾਰ, ਹਰਿ ਬੈਠਾ ਮੁਖ ਛੁਪਾਈਆ । ਜਨ ਭਗਤਾਂ ਦੁਰਮਤ ਮੈਲ ਦਏ ਉਤਾਰ, ਆਪਣਾ ਪਰਦਾ ਆਪੇ ਲਾਹੀਆ । ਤੇਰਾਂ ਸਾਲ ਨਾ ਪਾਈ ਸਾਰ, ਬੈਠਾ ਮੁਖ ਛੁਪਾਈਆ । ਨਾਨਕ ਤੇਰਾ ਲਹਿਣਾ ਦੇਣ ਕਰਜ਼ ਉਤਾਰ, ਸੰਮਤ ਤੇਰਾਂ ਪੂਰ ਕਰਾਈਆ । ਨਾਮ ਸਤਿ ਪਾਰ ਕਿਨਾਰ, ਸਚ ਪੁਰਖਾ ਆਪਣੀ ਝੋਲੀ ਪਾਈਆ । ਨਾ ਕੋਈ ਜਾਣੇ ਆਰ ਪਾਰ, ਵੰਞ ਮੁਹਾਣਾ ਰਿਹਾ ਚੜ੍ਹਾਈਆ । ਗੋਬਿੰਦ ਮੇਲਾ ਇਕ ਦਵਾਰ, ਦਰ ਦਵਾਰਾ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਅੰਕ ਲਗਾਈਆ । ਸੇਵਾ ਸਤਿਗੁਰ ਸਾਖਿਆਤ, ਕਰਨ ਕਰਾਵਣ ਆਇਆ । ਗੁਰਮੁਖ ਬਣਾਏ ਪਾਰਜ਼ਾਤ, ਧੂੜੀ ਮਸਤਕ ਲਾਇਆ । ਮੇਟ ਮਿਟਾਏ ਅੰਧੇਰੀ ਰਾਤ, ਚੌਦਸ ਚੌਦਾਂ ਚੰਨ ਚੜ੍ਹਾਇਆ । ਨਾ ਕੋਈ ਪੁੱਛੇ ਜ਼ਾਤ ਪਾਤ, ਊਚੋ ਨੀਚ ਨੀਚੋ ਊਚ ਕਰਾਇਆ । ਸਖਾ ਸਹਾਈ ਪਿਤਾ ਮਾਤ, ਨਾਮ ਘੋੜੀ ਰਿਹਾ ਬਿਠਾਇਆ । ਸਾਚਾ ਮੇਲਾ ਕਮਲਾਪਾਤ, ਆਪ ਆਪਣਾ ਰਿਹਾ ਕਰਾਇਆ । ਧੁਰਦਰਗਾਹੀ ਦੇਵੇ ਦਾਤ, ਕਲਜੁਗ ਅੰਤਮ ਲੈ ਕੇ ਆਇਆ । ਅੰਤਮ ਲਹਿਣਾ ਦੇਣ ਦਿਵਸ ਸਾਤ, ਸਤਿ ਪੁਰਖਾ ਰਿਹਾ ਜਣਾਇਆ । ਪੰਚਮ ਸਿੱਖਾਂ ਬਣੀ ਬਰਾਤ, ਹਰਿ ਸਾਚਾ ਵਿਚ ਸੁਹਾਇਆ । ਨਾਮ ਅਨਮੁਲੜਾ ਦੇਵੇ ਦਾਤ, ਸੁਰਤ ਸਵਾਣੀ ਨਾਲ ਪਰਨਾਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਸੇਵਕ ਸੇਵਾਦਾਰ ਅਖਵਾਇਆ । ਸੇਵਕ ਸੇਵਾ ਕਰਨ ਜੋਗ, ਜੁਗ ਜੁਗ ਕਰਦਾ ਆਇਆ । ਪੰਚਮ ਰਸ ਲੈਣਾ ਭੋਗ, ਪੰਚਮ ਰਿਹਾ ਸੁਣਾਇਆ । ਮਿਲਿਆ ਮੇਲ ਧੁਰ ਸੰਜੋਗ, ਜੁਗ ਜੁਗ ਲੇਖ ਲਿਖਦਾ ਆਇਆ । ਦੂਈ ਦਵੈਤੀ ਮਿਟੇ ਤ੍ਰਿਸ਼ਨਾ ਰੋਗ, ਮਸਤਕ ਮੇਖ ਰਿਹਾ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇਆ । ਸਾਲ ਬਵੰਜਾ ਕਾਇਆ ਕੂੜ, ਕੂੜੇ ਰੰਗ ਰੰਗਾਈਆ । ਭਰਮ ਭੁਲਾਏ ਮੂਰਖ ਮੂੜ੍ਹ, ਗੁਰਮੁਖ ਮੇਲ ਮਿਲਾਈਆ । ਸੰਮਤ ਤੇਰਾਂ ਬਖ਼ਸ਼ੇ ਚਰਨ ਧੂੜ, ਤੇਰਾਂ ਤੇਰਾਂ ਰਿਹਾ ਤੁਲਾਈਆ । ਸੰਮਤ ਚੌਦਾਂ ਚਾੜ੍ਹੇ ਰੰਗ ਗੂੜ੍ਹ, ਪਹਿਲੀ ਚੇਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੩੫੯
੦੬

ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਉਠ ਸ਼ੇਰ ਸਿੰਘ ਦਲੇਰ, ਲਈ ਮਾਤ ਅੰਗੜਾਈਆ । ਨੌ ਖੰਡ ਪ੍ਰਿਥਮੀ ਲੈਣੀ ਘੇਰ, ਸੋਹੰ ਖੰਡਾ ਹੱਥ ਉਠਾਈਆ । ਪੰਚਮ ਜੇਠ ਨਾ ਲਾਉਣੀ ਦੇਰ, ਹਾੜ ਸਤਾਰਾਂ ਰਾਹ ਤਕਾਈਆ । ਕਲਜੁਗ ਮੇਲਾ ਅੰਤਮ ਏਕਾ ਵੇਰ, ਲਖ ਚੁਰਾਸੀ ਦਏ ਦੁਹਾਈਆ । ਨੌ ਖੰਡ ਪ੍ਰਿਥਮੀ ਛੇੜਾਂ ਛੇੜ, ਸਾਚਾ ਛੇੜੂ ਆਪ ਅਖਵਾਈਆ । ਅੰਤਮ ਲਹਿਣਾ ਦੇਣ ਨਿਬੇੜ, ਲਹਿਣਾ ਦੇਣਾ ਮੂਲ ਚੁਕਾਈਆ । ਗੁਰਮੁਖਾਂ ਵਸੇ ਨਗਰ ਖੇੜ, ਕਾਇਆ ਇਕ ਸੁਹਾਈਆ । ਜੁਗ ਜੁਗ ਜਾਣੇ ਆਪਣਾ ਗੇੜ, ਥਿਤ ਰੁੱਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਦੂਰ ਨੇੜ, ਦਿਸ ਕਿਸੇ ਨਾ ਆਈਆ । ਸਿੰਘ ਸ਼ੇਰ ਸ਼ਬਦ ਬਹਾਦਰ, ਖੰਡਾ ਨਾਮ ਉਠਾਇੰਦਾ । ਸੋਹੰ ਕਰੇ ਜਗਤ ਉਜਾਗਰ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਗੁਰਮੁਖਾਂ ਮੇਲਾ ਕਾਇਆ ਗਾਗਰ, ਨਿਰਮਲ ਨੀਰ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਖ਼ੁਸ਼ੀ ਮਨਾਇੰਦਾ । ਪਹਿਲੀ ਚੇਤਰ ਧੰਨ ਸੁਭਾਗਾ, ਲੋਕਮਾਤ ਕਲ ਆਇਆ । ਸਤਿਗੁਰ ਪੂਰਾ ਆਪੇ ਜਾਗਾ, ਆਪਣੀ ਕਲ ਵਰਤਾਇਆ । ਗੁਰਮੁਖਾਂ ਮੇਲ ਚਰਨ ਧੂੜ ਸਾਚੇ ਮਾਘਾ, ਹਰਿ ਹਰਿ ਨਾਮ ਜਪਾਇਆ । ਫੜ ਫੜ ਬਣਾਏ ਹੰਸ ਕਾਗਾ, ਏਕਾ ਰੂਪ ਸਮਾਇਆ । ਜੁਗ ਜੁਗ ਧੋਵੇ ਕਾਲਾ ਦਾਗ਼ਾ, ਸਹਿੰਸਾ ਰੋਗ ਮਿਟਾਇਆ । ਜਗਤ ਬੁਝਾਏ ਤ੍ਰਿਸ਼ਨਾ ਆਗਾ, ਦਰ ਦਰ ਫੇਰਾ ਪਾਇਆ । ਧੰਨ ਧੰਨ ਗੁਰਸਿਖ ਸਰਨ ਸਰਨਾਈ ਲਾਗਾ, ਪ੍ਰਭ ਸੇਵਕ ਸੇਵਾਦਾਰ ਅਖਵਾਇਆ । ਦੀਪਕ ਜੋਤੀ ਜਗੇ ਚਿਰਾਗਾ, ਅੰਧ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਪਰਦਾ ਲਾਹਿਆ । ਆਪ ਆਪਣਾ ਮੁਖ ਵਖਾਏ, ਅਕਲ ਕਲਾ ਭਰਪੂਰਾ । ਜਨ ਭਗਤਾਂ ਤ੍ਰਿਸ਼ਨਾ ਭੁੱਖ ਮਿਟਾਏ, ਉਤਰੇ ਸਗਲ ਵਸੂਰਾ । ਆਤਮ ਏਕਾ ਸੁਖ ਉਪਜਾਏ, ਸੇਵਾ ਲਾਏ ਅਨਹਦ ਤੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਘੜ ਚਤੁਰ ਬਣਾਏ ਮੂਰਖ ਮੁੜ੍ਹਾ । ਗੁਰਮੁਖ ਪੰਜ ਪਿਆਰਿਆ, ਗੁਰ ਸਤਿਗੁਰ ਆਪ ਜਗਾਇਆ । ਕਲਜੁਗ ਮਾਇਆ ਪੜਦਾ ਉਤਾਰਿਆ, ਪਰਤੱਖ ਰੂਪ ਵਟਾਇਆ । ਲੇਖੇ ਲੱਗੇ ਚਰਨ ਛੁਹਾਇਆ ਦਾੜ੍ਹਿਆ, ਅਲਖ ਅਲਖ ਅਲਖ ਜਗਾਇਆ । ਧੰਨ ਧੰਨ ਧੰਨ ਸੁਭਾਗ ਸਤਾਰਾਂ ਹਾੜਿਆ, ਦੇਸ਼ ਦੇਸ਼ਾਂ ਰਿਹਾ ਸੁਣਾਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਦੇਸ ਪਰਦੇਸਾ ਸਤਿ ਉਪਦੇਸ, ਆਪਣਾ ਆਪ ਜਣਾਈਆ । ਦਾਤਾ ਜੋਧਾ ਨਰ ਨਰੇਸ਼, ਨਿਰਗੁਣ ਹਰਿ ਰਘੁਰਾਈਆ । ਸਰਗੁਣ ਸਾਜਣ ਵਿਚ ਪਰਵੇਸ਼, ਗੋਬਿੰਦ ਰਿਹਾ ਧਰਾਈਆ । ਦਰ ਦਵਾਰੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰਵੇਸ਼ ਬੈਠੇ ਸੀਸ ਝੁਕਾਈਆ । ਆਪੇ ਜਾਣੇ ਬਾਸ਼ਕ ਸੇਜ, ਸਾਂਗੋ ਪਾਂਗ ਹੰਢਾਈਆ । ਵੇਖਣਹਾਰਾ ਧਾਰੀ ਕੇਸ, ਮੂੰਡ ਮੁੰਡਾਇਆ ਫੋਲ ਫੁਲਾਈਆ । ਕਰੇ ਕਰਾਏ ਅਵੱਲੜਾ ਵੇਸ, ਬ੍ਰਾਹਮਣ ਸ਼ੂਦਰ ਵੈਸ਼ ਭੇਵ ਨਾ ਰਾਈਆ । ਵਰਨ ਬਰਨ ਨਾ ਚਲੇ ਪੇਸ਼, ਮੁੱਲਾ ਕਾਜੀ ਪਾਂਧੇ ਗ੍ਰੰਥੀ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਕਲ ਆਪਣੀ ਆਪ ਵਰਤਾਈਆ । ਆਪਣੀ ਕਲ ਆਪ ਵਰਤਾਏ, ਏਕਾ ਏਕੰਕਾਰਾ । ਜਲ ਥਲ ਮਈਅਲ ਆਪ ਸਮਾਏ, ਵੇਖ ਵਖਾਏ ਡੂੰਘੀ ਗਾਰਾ । ਊਚ ਨੀਚ ਨੀਚ ਊਚ ਏਕਾ ਰੰਗਣ ਰੰਗ ਰੰਗਾਏ, ਸੱਤ ਰੰਗ ਵੇਖੇ ਪਾਰ ਕਿਨਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕੁੰਟ ਚਾਰ ਕਰਾਏ ਜੈ ਜੈ ਜੈਕਾਰਾ । ਸੱਤ ਰੰਗ ਨਿਸ਼ਾਨ, ਪ੍ਰਭ ਆਪਣਾ ਆਪ ਚੜ੍ਹਾਇੰਦਾ । ਆਪੇ ਹੋਇਆ

ਨਿਗਾਹਬਾਨ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਪਕੜ ਉਠਾਏ ਰਾਜ ਰਾਜਾਨ, ਸ਼ਾਹ ਸੁਲਤਾਨ ਆਪ ਹਿਲਾਇੰਦਾ । ਇਕ ਰਖਾਏ ਸਾਚੀ ਆਣ, ਸ਼ਬਦ ਜਣਾਈ ਆਪ ਜਣਾਇੰਦਾ । ਅੰਤਮ ਤੁੱਟੇ ਜਗਤ ਮਾਣ, ਹੰਕਾਰ ਵਿਕਾਰ ਮਿਟਾਇੰਦਾ । ਧਰਮੀ ਧਰਮ ਝੁਲਾਏ ਇਕ ਨਿਸ਼ਾਨ, ਨਿਹਕਰਮੀ ਕਰਮ ਕਮਾਇੰਦਾ । ਊਚ ਨੀਚ ਰਾਓ ਰੰਕ ਰੰਕ ਰਾਜਾਨ, ਚਰਨ ਧਾਮ ਇਕ ਵਖਾਇੰਦਾ । ਗੀਤ ਸੁਹਾਗੀ ਸੋਹੰ ਗਾਣ, ਸਾਚਾ ਮਾਰਗ ਲਾਇੰਦਾ । ਸੋ ਪੁਰਖ ਨਿਰੰਜਣ ਦੇਵੇ ਇਕ ਗਿਆਨ, ਹੰ ਹੰਗਤਾ ਮੇਟ ਮਿਟਾਇੰਦਾ । ਚਤਰਭੁਜ ਸ੍ਰੀ ਭਗਵਾਨ, ਦੇਵਤ ਸੁਰ ਸੁਣਾਇੰਦਾ । ਬ੍ਰਹਮਾ ਸ਼ਿਵ ਕਰੇ ਪਛਾਣ, ਦੂਰ ਨੇੜੇ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਇਕ ਗਿਆਨ, ਸਾਚੀ ਗੀਤਾ ਨਾਮ ਪੜ੍ਹਾਇੰਦਾ । ਖਾਣੀ ਬਾਣੀ ਵੇਦ ਪੁਰਾਨ, ਸੋਹੰ ਰੀਤਾ ਆਪ ਚਲਾਇੰਦਾ । ਅੰਜੀਲ ਕੁਰਾਨਾਂ ਤੁੱਟੇ ਮਾਣ, ਚੀਤਾ ਚਿਤ ਆਪ ਵਸਾਇੰਦਾ । ਆਪ ਝੁਲਾਏ ਸਚ ਨਿਸ਼ਾਨ, ਮੀਤਨ ਮੀਤਾ ਆਪ ਅਖਵਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਸਰਨ ਸਰਨਾਈ ਇਕ ਜਣਾਇੰਦਾ । ਆਪੇ ਗੋਪੀ ਆਪੇ ਕਾਹਨ, ਕ੍ਰਿਸ਼ਨਾ ਰੂਪ ਵਟਾਇੰਦਾ । ਰਾਮ ਰਾਮਾ ਕਰੇ ਪਛਾਣ, ਗੁਰਮੁਖ ਕਾਇਆ ਸੁਤਿਆਂ ਸੁਰਤੀ ਆਪੇ ਆਪ ਪਰਨਾਇੰਦਾ । ਕਲਜੁਗ ਅੰਤਮ ਅਕਾਲ ਮੂਰਤੀ, ਆਦਿ ਸ਼ਕਤ ਆਦਿ ਪੁਰਖ ਜੋਤ ਨਿਰੰਜਣ ਸੇਵਾ ਲਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਧੂੜਤੀ, ਸੋ ਸੇਵਕ ਸੇਵ ਕਮਾਇੰਦਾ । ਕਾਇਆ ਚੋਲੀ ਰੰਗ ਗੂੜ੍ਹਤੀ, ਰੰਗ ਗੁਲਾਲਾ ਆਪ ਚੜ੍ਹਾਇੰਦਾ । ਮੇਟ ਮਿਟਾਏ ਪਸਾਰਾ ਕੂੜ ਕੂੜਤੀ, ਸੋਹੰ ਢੋਲਾ ਇਕ ਸੁਣਾਇੰਦਾ । ਗੁਰਮੁਖਾਂ ਆਸਾ ਮਨਸਾ ਪੂਰਤੀ, ਅਨਹਦ ਬੋਲਾ ਇਕ ਜਣਾਇੰਦਾ । ਵਸਿਆ ਨੇੜੇ ਦੂਰ ਦੂਰਤੀ, ਆਪ ਆਪਣਾ ਪੜਦਾ ਲਹਿੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਆਪ ਆਪਣੀ ਕਿਰਪਾ ਧਾਰ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਸੱਤ ਰੰਗ ਨਿਸ਼ਾਨਾ ਸਤਿ ਸਤਿਵਾਦ, ਪ੍ਰਭ ਚਰਨਾਂ ਹੇਠ ਰਖਾਇੰਦਾ । ਆਪੇ ਜਾਣੇ ਆਦਿ ਜੁਗਾਦਿ, ਬ੍ਰਹਿਮਾਦ ਵੇਖ ਵਖਾਇੰਦਾ । ਉਚਾ ਕੂਕ ਵਜਾਏ ਨਾਦ, ਰਾਗ ਰਾਗਣੀ ਭੇਵ ਨਾ ਪਾਇੰਦਾ । ਗੁਰਮੁਖ ਸਾਚੇ ਸੰਤ ਸੁਹੇਲੇ ਸਾਜਨ ਸਾਧ, ਸਤਿ ਪੁਰਖਾਂ ਮੇਲ ਮਿਲਾਇੰਦਾ । ਮੇਲ ਮਿਲਾਵਾ ਮਾਧਵ ਮਾਧ, ਮੋਹਣੀ ਰੂਪ ਵਟਾਇੰਦਾ । ਸੁਣੇ ਸੁਣਾਏ ਹਰਿ ਫਰਿਆਦ, ਦਹਿ ਦਿਸ਼ਾ ਵੇਖ ਵਖਾਇੰਦਾ । ਸੰਮਤ ਚੌਦਾਂ ਰੱਖਣਾ ਯਾਦ, ਪਹਿਲੀ ਚੇਤਰ ਵਕਤ ਸੁਹਾਇੰਦਾ । ਧੁਨ ਆਤਮ ਵੱਜੇ ਸਾਚਾ ਨਾਦ, ਜੋ ਜਨ ਚਰਨ ਧਿਆਨ ਰਖਾਇੰਦਾ । ਸਤਿਗੁਰ ਪੂਰਾ ਲਿਆ ਲਾਧ, ਪੰਜ ਤਤ ਨਾ ਕੋਈ ਰਖਾਇੰਦਾ । ਲੇਖਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹਾਥ, ਕਾਇਆ ਅਗਨੀ ਭੇਟ ਚੜ੍ਹਾਇੰਦਾ । ਗੁਰਮੁਖਾਂ ਧੂੜੀ ਮਸਤਕ ਮਾਥ, ਜੋਤੀ ਨੂਰ ਆਪ ਟਿਕਾਇੰਦਾ । ਸਰਬ ਕਲਾ ਆਪੇ ਸਰਬ ਰੂਪ, ਅਨੂਪਾ ਸਤਿ ਸਰੂਪਾ ਸ਼ਾਹੋ ਭੂਪਾ ਆਪਣਾ ਭੇਖ ਵਟਾਇੰਦਾ । ਸ਼ਬਦ ਚਲਾਏ ਅਕਥਨਾ ਅਕਥ, ਲਿਖ ਲਿਖ ਲੇਖਾ ਨਾ ਕੋਈ ਸਮਝਾਇੰਦਾ । ਮੇਲ ਮਿਲਾਏ ਜਿਉਂ ਰਾਮਾ ਦਸਰਾਥ, ਰਾਵਣ ਦੁਸ਼ਟਾਂ ਮਾਰ ਮੁਕਾਇੰਦਾ । ਕਾਹਨਾ ਕੰਸਾ ਤ੍ਰੈਲੋਕੀ ਨਾਥ, ਨਾਥ ਅਨਾਥਾਂ ਆਪ ਬਚਾਇੰਦਾ । ਪਾਰਬ੍ਰਹਮ ਪ੍ਰਭ ਸਗਲਾ ਸਾਥ, ਕਲਜੁਗ ਅੰਤ ਨਿਭਾਇੰਦਾ । ਸਗਲ ਵਸੂਰੇ ਜਾਣੇ ਲਾਥ, ਜੋ ਜਨ ਦਰਸ਼ਨ ਪਾਇੰਦਾ । ਅੰਮ੍ਰਿਤ ਆਤਮ ਧਾਰ ਮਾਰੇ ਠਾਠ, ਇਕ ਉਛਾਲ ਲਗਾਇੰਦਾ । ਲਹਿਣਾ ਦੇਣਾ ਚੁੱਕੇ ਤੀਰਥ ਅੱਠ ਸਾਠ, ਗੰਗਾ ਗੋਦਾਵਰੀ ਮੂਲ ਚੁਕਾਇੰਦਾ । ਗੁਰਸਿਖ ਸਾਚੀ ਪੂਜਾ ਏਕਾ ਪਾਠ, ਸੋਹੰ ਨਾਮ ਰਖਾਇੰਦਾ । ਵੇਖ ਵਖਾਣੇ ਤਤ ਆਠ, ਬੁਧ ਸੁਰਤੀ ਮਨ ਰਲਾਇੰਦਾ । ਵਿਰਲੇ ਹਰਿਜਨ ਰਹੇ ਹੱਠ, ਮਨ ਮਤੀ ਤੋੜ ਤੁੜਾਇੰਦਾ । ਕਲਜੁਗ ਅੰਤਮ ਗਿੜਨੀ ਉਲਟੀ

ਲੱਠ, ਚੌਦਾਂ ਚੌਦਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਸਾਚੀ ਸੇਵਾ ਆਪ ਕਮਾਇੰਦਾ । ਸੇਵਕ ਸੇਵਾ ਹਰਿ ਬਲਕਾਰਾ, ਆਪਣੇ ਰੰਗ ਰੰਗਾਈਆ । ਸੱਤਾਂ ਦੀਪਾਂ ਪਹਿਰੇਦਾਰਾ, ਮੁਖ ਆਪਣਾ ਰਿਹਾ ਵਖਾਈਆ । ਲੁਕਿਆ ਰਿਹਾ ਅੰਧ ਅੰਧਿਆਰਾ, ਉਪਰ ਪੜਦਾ ਪਾਈਆ । ਜੋਤੀ ਨੂਰ ਹੋਏ ਚਮਤਕਾਰਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰਾ, ਏਕਾ ਨਾਅਰਾ ਲਾਈਆ । ਕਲਜੁਗ ਤੇਰਾ ਪਾਰ ਕਿਨਾਰਾ, ਹਰਿ ਸਾਚੀ ਨੀਂਹ ਰਖਾਈਆ । ਗੁਰਮੁਖਾਂ ਮੇਲਾ ਇਕ ਦਵਾਰਾ, ਸੁਰਤ ਸ਼ਬਦ ਦਰਸਾਈਆ । ਭਰਿਆ ਰਹੇ ਸ਼ਬਦ ਭੰਡਾਰਾ, ਸਾਢੇ ਤਿੰਨ ਹੱਥ ਸੀਸ ਝੁਕਾਈਆ । ਦੋ ਜਹਾਨਾਂ ਮੀਤ ਮੁਰਾਰਾ, ਏਕਾ ਏਕ ਅਖਵਾਈਆ । ਜੁਗ ਜੁਗ ਪਾਵਣਹਾਰਾ ਸਾਰਾ, ਜੀਵ ਜੰਤ ਭੇਵ ਨਾ ਰਾਈਆ । ਕਾਇਆ ਮੰਦਰ ਸਚ ਗੁਰੂਦਵਾਰਾ, ਚਾਰ ਦਵਾਰਾ ਨਾ ਕੋਈ ਬਣਾਈਆ । ਜੋਤੀ ਨੂਰ ਕਰ ਉਜਿਆਰਾ, ਪਲੰਘ ਰੰਗੀਲਾ ਹਰਿ ਬੈਠਾ ਆਸਣ ਲਾਈਆ । ਹਰਿ ਮਿਲਿਆ ਮੇਲ ਪੁਰਖ ਅਪਾਰਾ, ਉਚਾ ਮੰਦਰ ਇਕ ਚੁਬਾਰਾ, ਅਟੱਲ ਮਹੱਲ ਨਾਉਂ ਰਖਾਈਆ । ਸਤਿ ਪੁਰਖ ਨਿਰੰਜਣ ਤੇਰੀ ਧਾਰਾ, ਆਵੇ ਜਾਵੇ ਖੇਲ ਰਚਾਈਆ । ਕੂਕ ਪੁਕਾਰੇ ਵਾਰੋ ਵਾਰਾ, ਸ਼ਬਦ ਸ਼ਬਦੀ ਦਏ ਜਣਾਈਆ । ਜੋਤੀ ਨੂਰ ਹਰਿ ਨਿਰੰਕਾਰਾ, ਆਪ ਆਪਣੇ ਰੰਗ ਸਮਾਈਆ । ਸਤਿ ਪੁਰਖ ਚਰਨ ਬਲਿਹਾਰਾ, ਸਤਿ ਸਰੂਪ ਸਮਾਈਆ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਅਖਵਾਈਆ । ਜੁਗ ਜੁਗ ਮਾਤ ਲਏ ਅਵਤਾਰਾ, ਸਤਿਜੁਗ ਤ੍ਰੇਤਾ ਪਾਰ ਕਰਾਈਆ । ਜੁਗ ਤ੍ਰੇਤਾ ਪ੍ਰਭ ਪਾਵੇ ਸਾਰਾ, ਸੋਲਾਂ ਕਲ ਵਖਾਈਆ । ਕਲਜੁਗ ਅੰਤਮ ਵੇਖ ਵਿਚਾਰਾ, ਲੋਕਮਾਤ ਕਰੇ ਲੜਾਈਆ । ਨਾਉਂ ਰਖਾਇਆ ਹਰਿ ਗਿਰਧਾਰਾ, ਸਿੰਘ ਸ਼ੇਰ ਕਹੇ ਲੋਕਾਈਆ । ਮਨੀ ਸਿੰਘ ਦਰ ਬਣ ਭਿਖਾਰਾ, ਉਚਾ ਕੂਕੇ ਦਏ ਦੁਹਾਈਆ । ਨਿਹਕਲੰਕਾ ਲਏ ਅਵਤਾਰਾ, ਅਮਾਮ ਮਹਿੰਦੀ ਮੁਖ ਛੁਪਾਈਆ । ਰਾਮ ਕ੍ਰਿਸ਼ਨਾ ਹਰਿ ਅਵਤਾਰਾ, ਏਕਾ ਰੰਗ ਸਮਾਈਆ । ਨਾਨਕ ਬਣਿਆ ਦਰ ਭਿਖਾਰਾ, ਗੋਬਿੰਦ ਰਸਨਾ ਗਾਈਆ । ਸੰਗ ਮੁਹੰਮਦ ਚਾਰ ਯਾਰਾ, ਲੇਖਾ ਰਿਹਾ ਚੁਕਾਈਆ । ਈਸਾ ਮੂਸਾ ਮੀਤ ਮੁਰਾਰਾ, ਆਪਣਾ ਮੇਲ ਮਿਲਾਈਆ । ਧਰਤ ਮਾਤ ਦੀ ਸੁਣ ਪੁਕਾਰਾ, ਪਰਗਟ ਹੋਵੇ ਹਰਿ ਰਘੁਰਾਈਆ । ਗਊ ਗਰੀਬਾਂ ਪਾਵੇ ਸਾਰਾ, ਦਿਵਸ ਰੈਣ ਹੋਏ ਸਹਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸ਼ਾਹ ਸੁਲਤਾਨਾਂ ਬਣਤ ਬਣਾਈਆ । ਸ਼ਬਦ ਖੰਡਾ ਤੇਜ ਕਟਾਰਾ, ਏਕਾ ਆਪਣੇ ਹੱਥ ਉਠਾਈਆ । ਦਿਸ ਨਾ ਆਏ ਵਿਚ ਸੰਸਾਰਾ, ਨਾ ਕੋਈ ਭੇਵ ਜਣਾਈਆ । ਮਾਇਆ ਪੜਦਾ ਪਾਇਆ ਭਾਰਾ, ਆਪ ਆਪਣਾ ਰਿਹਾ ਮੁਖ ਛੁਪਾਈਆ । ਪਰਗਟ ਹੋਏ ਨਰ ਅਵਤਾਰਾ, ਪੰਚਾਂ ਮੇਲ ਮਿਲਾਈਆ । ਪੰਚਾਂ ਮਿਲ ਮਿਲ ਕੀਆ ਖ਼ਬਰਦਾਰਾ, ਗੁਰ ਪੂਰੇ ਸੇਵਾ ਲਾਈਆ । ਉਠ ਸ਼ੇਰ ਸਿੰਘ ਸਰਦਾਰਾ, ਗੁਰਮੁਖ ਆਤਮ ਦਏ ਦੁਹਾਈਆ । ਚਾਰੋਂ ਕੁੰਟ ਹਾਹਾਕਾਰਾ, ਤਾਅਨੇ ਮਾਰੇ ਜਗਤ ਲੁਕਾਈਆ । ਢਹਿ ਢਹਿ ਪਏ ਚਰਨ ਦਵਾਰਾ, ਬਾਹੋਂ ਫੜ ਲਏ ਉਠਾਈਆ । ਪੰਜ ਪਿਆਰੇ ਕਰ ਤਿਆਰਾ, ਪ੍ਰਭ ਪੰਚਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਅੰਕ ਰਖਾਈਆ । ਪੰਚਾਂ ਏਕਾ ਮਤਾ ਪਕਾਇਆ, ਏਕਾ ਦਰ ਦਵਾਰਿਆ । ਰੰਗ ਸੱਤਾਂ ਹਰਿ ਨਿਸ਼ਾਨ ਵਖਾਇਆ, ਸੋਹੰ ਲੇਖ ਲਿਖਾ ਰਿਹਾ । ਦੇ ਮਤਾਂ ਆਪ ਸਮਝਾਇਆ, ਤੁੱਟਾ ਮਾਣ ਮੋਹ ਲੋਭ ਤਨ ਹੰਕਾਰਿਆ । ਧੀਰਜ ਯਤਾ ਆਪ ਰਖਾਇਆ, ਆਤਮ ਤ੍ਰਿਸ਼ਨਾ ਭੁੱਖ ਨਿਵਾਰਿਆ । ਚਰਨ ਪ੍ਰੀਤੀ ਨੱਤਾ ਆਪ ਬੰਧਾਇਆ, ਦੋ ਜਹਾਨਾਂ ਮੇਲ ਮਿਲਾ ਰਿਹਾ । ਆਤਮ ਵੱਤਾ ਬੀਜ ਬਿਜਾਇਆ, ਸੋਹੰ ਆਪ ਖਿਲਾਰਿਆ ।

ਕਮਲਾਪਤਾ ਆਪ ਅਖਵਾਇਆ, ਸੇਵਕ ਸੇਵਾ ਸਾਚੀ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਜਵਾਲਾ ਇਕ ਅਕਾਲਾ ਪੰਚਮ ਤੇਲ ਚੜ੍ਹਾ ਰਿਹਾ । ਪੰਚਮ ਸਿੱਖਾਂ ਪੰਚ ਪਰਧਾਨਾ, ਪੰਚਮ ਰੂਪ ਵਟਾਇਆ । ਪੰਚਮ ਬੰਨ੍ਹਿਆ ਗੁਰ ਪੂਰੇ ਹੱਥੀਂ ਗਾਨਾ, ਗੁਰ ਪੂਰਾ ਸੇਵਾ ਲਾਇਆ । ਉਠਿਆ ਸ਼ੇਰ ਸਿੰਘ ਨਿਧਾਨਾ, ਦਿਸ ਕਿਸੇ ਨਾ ਆਇਆ । ਫੜਿਆ ਤੀਰ ਇਕ ਨਿਸ਼ਾਨਾ, ਰਸਨਾ ਚਿੱਲੇ ਆਪ ਚੜ੍ਹਾਇਆ । ਆਪੇ ਮਾਰੇ ਮੁਗਲ ਪਠਾਣਾ, ਹਿੰਦ ਹਿੰਦਵਾਣੀ ਦਏ ਹਿਲਾਇਆ । ਖੇਲੇ ਖੇਲ ਦੋ ਜਹਾਨਾਂ, ਪੰਜ ਸ਼ੈਤਾਨਾ ਰਿਹਾ ਜਗਾਇਆ । ਸਰਬ ਜੀਆਂ ਪ੍ਰਭ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇਆ । ਗੁਰਮੁਖ ਵਿਰਲੇ ਮਾਤ ਪਛਾਣਾ, ਜਿਸ ਜਨ ਆਪਣੀ ਦਇਆ ਕਮਾਇਆ । ਦਰ ਦਵਾਰੇ ਦੇਵੇ ਮਾਣਾ, ਮਾਣ ਅਭਿਮਾਨ ਮਿਟਾਇਆ । ਆਵਣ ਜਾਵਣ ਚੁੱਕੇ ਕਾਣਾ, ਕਾਲ ਮਹਾਂਕਾਲ ਨੇੜ ਨਾ ਆਇਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣਾ ਰਿਹਾ ਜਣਾਇਆ । ਸੱਤ ਰੰਗ ਨਿਸ਼ਾਨਾ ਸਾਚੀ ਧਾਰ, ਆਪਣੀ ਆਪ ਚਲਾਇੰਦਾ । ਪਰਗਟ ਹੋਏ ਨਰ ਨਿਰੰਕਾਰ, ਨਰ ਨਿਰੰਕਾਰ ਰੂਪ ਵਟਾਇੰਦਾ । ਪੰਜ ਤਤ ਨਾ ਕੋਈ ਅਕਾਰ, ਮਨ ਮਤ ਬੁੱਧ ਨਾ ਕੋਈ ਰਖਾਇੰਦਾ । ਸ਼ਬਦ ਸ਼ਬਦੀ ਇਕ ਪਿਆਰ, ਏਕਾ ਧਾਰ ਵਹਾਇੰਦਾ । ਗੁਰ ਮੰਤਰ ਦਏ ਚਰਨ ਪਿਆਰ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਤਨ ਬੁਝਾਏ ਲੱਗੀ ਬਸੰਤਰ, ਮੋਹ ਮਾਇਆ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਤਨ ਵਿਕਾਰਾ ਮੇਟ ਮਿਟਾਇੰਦਾ । ਕਲਜੁਗ ਛਾਇਆ ਧੂੰਆਂਧਾਰ, ਚਾਰ ਕੁੰਟ ਰੈਣ ਅੰਧੇਰੀਆ । ਭਾਰਤ ਖੰਡੀ ਜਗਤ ਸਰਕਾਰ, ਹਰਿ ਪਾਵੇ ਸਾਚਾ ਫੇਰਿਆ । ਅੰਤਮ ਤੱਜਣਾ ਸਰਬ ਘਰ ਬਾਹਰ, ਬੀਸ ਬੀਸਾ ਨਾ ਲਾਏ ਦੇਰਿਆ । ਸਾਚਾ ਸੱਜਣ ਭਬੀਖਣ ਯਾਰ, ਲਹਿਣਾ ਦੇਣਾ ਮੇਰੀ ਤੇਰਿਆ । ਕਲਜੁਗ ਬੈਠਾ ਅੱਧ ਵਿਚਕਾਰ, ਤ੍ਰੈਗੁਣ ਮਾਇਆ ਘੁੰਮਣ ਘੇਰੀਆ । ਕਵਣ ਲੰਘਾਏ ਅੰਤਮ ਪਾਰ, ਉਲਟੇ ਚੱਕਰ ਦੇਵੇ ਗੇੜਿਆ । ਮੁਖ ਪ੍ਰਮੁਖ ਰਾਜ ਦਰਬਾਰ, ਸਚ ਸੁਲਤਾਨ ਨਾ ਦਿਸੇ ਖੇੜਿਆ । ਲਾੜੀ ਮੌਤ ਵਿਛੋੜੇ ਕੂੰਜਾ ਡਾਰ, ਲਹਿਣਾ ਦੇਣਾ ਜਗਤ ਨਿਬੇੜਿਆ । ਸ਼ਾਹ ਸੁਲਤਾਨਾਂ ਹੋਣਾ ਹੁਸ਼ਿਆਰ, ਸੰਮਤ ਚੌਦਾਂ ਛੇੜੇ ਛੇੜਿਆ । ਨੌਂ ਜੇਠ ਮਿਲਣਾ ਇਕ ਵਾਰ, ਅੰਤਮ ਢਹਿ ਢਹਿ ਹੋਏ ਢੇਰਿਆ । ਲਿਖਿਆ ਲੇਖ ਦਿੱਲੀ ਦਰਬਾਰ, ਆਪ ਲਿਖਾਵੇ ਸਿੰਘ ਸ਼ੇਰ ਦਲੇਰਿਆ । ਮੰਗੋ ਮੰਗ ਬਣ ਭਿਖਾਰ, ਗੁਰ ਚੇਲਾ ਚੇਲਾ ਗੁਰ ਏਕਾ ਵੇਰਿਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਕਰ ਕਰ ਆਪਣੀ ਮਿਹਰਿਆ । ਦੀਪ ਜੰਬੂ ਅੱਧ ਵਿਚਕਾਰ, ਪ੍ਰਭ ਚਰਨ ਛੁਹਾਏ ਨਾ ਲਾਏ ਦੇਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਕਲਜੁਗ ਅੰਤਮ ਵੇਰਿਆ ।

✻ ਪਹਿਲੀ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਵਿਚੋਂ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੂੰ ਸ਼ਬਦ ਭੇਜਿਆ ਗਿਆ ✻

ਵਾਲੀ ਹਿੰਦ ਜਗਤ ਰਾਜਾਨ, ਉਠ ਜਾਗ ਪ੍ਰਭ ਸਾਚਾ ਆਪ ਜਗਾਇੰਦਾ । ਜੂਠ ਝੂਠ ਮਾਇਆ ਜਗਤ ਦੁਕਾਨ, ਕਲਜੁਗ ਆਪ ਚਲਾਇੰਦਾ । ਲਹਿਣਾ ਦੇਣਾ ਪੀਣ ਖਾਣ, ਨਾਮ ਨਿਧਾਨ ਇਕ ਵਖਾਇੰਦਾ । ਸੱਤ ਰੰਗ ਵੇਖਣਾ ਇਕ ਨਿਸ਼ਾਨ, ਦੇ ਮਤ ਆਪ ਸਮਝਾਇੰਦਾ । ਪੰਚਮ ਤਾਜ ਮੁਖ ਮਹਾਨ, ਸਹਿਜ ਸੁੱਖ ਸਮਾਇੰਦਾ । ਪੰਚਮ ਮੀਤਾ ਪੰਚ ਨਿਸ਼ਾਨ, ਸੋਹੰ ਲੇਖ ਲਿਖਾਇੰਦਾ । ਸੋਟੀ ਚੋਟੀ ਵਡ ਬਲਵਾਨ, ਖੰਡਾਂ ਬ੍ਰਹਿਮੰਡਾਂ

੩੬੩
੦੬

ਨਾਉਂ ਵਖਾਇੰਦਾ । ਚਰਨ ਜੋੜਾ ਚਰਨ ਧਿਆਨ, ਕਵਲ ਕਵਲਾ ਆਪ ਰਖਾਇੰਦਾ । ਸ਼ਬਦ ਘੋੜਾ ਇਕ ਬਲਵਾਨ, ਧੁਰਦਰਗਾਹੀ ਆਪ ਦੁੜਾਇੰਦਾ । ਰਸਨਾ ਚਿੱਲਾ ਤੀਰ ਕਮਾਨ, ਸੋਹੰ ਆਪ ਉਠਾਇੰਦਾ । ਮਾਰੇ ਜੋਧੇ ਸੂਰ ਬਲੀ ਬਲਵਾਨ, ਰਾਜ ਰਾਜਾਨਾਂ ਮੇਟ ਮਿਟਾਇੰਦਾ । ਤ੍ਰੈ ਦੇਸ਼ਾਂ ਵੇਖੇ ਇਕ ਮਕਾਨ, ਧਰਤ ਮਾਤ ਲੇਖ ਲਿਖਾਇੰਦਾ । ਧਰਤ ਮਾਤ ਮੰਗੇ ਸਾਚਾ ਦਾਨ, ਹਰਿ ਸਾਚਾ ਝੋਲੀ ਪਾਇੰਦਾ । ਦੋ ਗਜ ਦੁਪੱਟਾ ਲਾਲ ਨਿਸ਼ਾਨ, ਸਿੰਘ ਦਰਸ਼ਨ ਆਪ ਰੰਗਾਇੰਦਾ । ਕਲਜੁਗ ਖੇਲ ਬਾਜੀਗਰ ਨਟ, ਹਰਿ ਸਾਚਾ ਆਪ ਖਿਲਾਇੰਦਾ । ਲਹਿਣਾ ਦੇਣਾ ਚੁੱਕਿਆ ਤੀਰਥ ਤੱਟ, ਅੱਠ ਸੱਠ ਮੂਲ ਨਾ ਸੁਹਾਇੰਦਾ । ਹਿੰਦੂ ਮੁਸਲਿਮ ਸਿਖ ਈਸਾਈ ਨਾ ਕੋਈ ਦੀਸੇ ਜੱਟ, ਜੋਤੀ ਲੱਟ ਲਟ ਨਾ ਕੋਈ ਜਗਾਇੰਦਾ । ਰਾਜ ਮੰਤਰੀ ਕੋਈ ਨਾ ਲਾਹਾ ਰਿਹਾ ਖੱਟ, ਸਿਆਸਤ ਵਿਰਾਸਤ ਨਾ ਕੋਇ ਬਣਾਇੰਦਾ । ਸ਼ਬਦ ਨਗਾਰੇ ਵੱਜੇ ਸੱਟ, ਹਰਿ ਸਾਚਾ ਆਪ ਲਗਾਇੰਦਾ । ਪੰਚਮ ਜੇਠ ਹੋਏ ਇਕੱਠ, ਡੌਰੂ ਡੰਕਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦੇਵੇ ਵਰ, ਸ਼ੰਕਾ ਰੋਗ ਮਿਟਾਇੰਦਾ । ਦਰ ਦਵਾਰੇ ਆਏ ਲੇਖ, ਚੌਦਾਂ ਭੇਵ ਖੁਲ੍ਹਾਇੰਦਾ । ਪੰਡਤ ਪਾਂਧੇ ਰਹੇ ਵੇਖ, ਭੇਵ ਕੋਈ ਨਾ ਪਾਇੰਦਾ । ਔਲੀਆ ਪੀਰ ਮੁੱਲਾ ਸ਼ੇਖ਼, ਪੀਰ ਦਸਤਗੀਰ ਸਰਬ ਮਿਟਾਇੰਦਾ । ਆਪ ਬਣਾਏ ਜਗਤ ਰੇਖ, ਅੰਤਮ ਮੇਟ ਮਿਟਾਇੰਦਾ । ਜੋਤੀ ਜਾਮਾ ਧਰਿਆ ਭੇਖ, ਨਿਹਕਲੰਕਾ ਨਾਉਂ ਰਖਾਇੰਦਾ । ਆਪੇ ਹੋਇਆ ਧਾਰੀ ਕੇਸ, ਮੂੰਡ ਮੁੰਡਾਏ ਆਪ ਹੋ ਜਾਇੰਦਾ । ਨੇਤਰ ਲੋਚਨ ਦਰਸ਼ਨ ਪੇਖ, ਭੁੱਲ ਭੁੱਲ ਭੁੱਲ ਕਿਉਂ ਵਕਤ ਗਵਾਇੰਦਾ । ਕੋਇ ਨਾ ਲਾਵੇ ਮਸਤਕ ਮੇਖ, ਨਾ ਕੋਇ ਮੂਲ ਚੁਕਾਇੰਦਾ । ਕਲਜੁਗ ਕਾਇਆ ਲੈਣੀ ਵੇਖ, ਹਰਿ ਅਗਨੀ ਤਤ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇ ਮਤ ਆਪ ਸਮਝਾਇੰਦਾ । ਦੇਵੇ ਮਤ ਜਗਤ ਨਿਰੰਜਣ, ਉਠ ਸ਼ਾਹ ਨਿਧਾਨਿਆ । ਪਰਗਟ ਹੋਇਆ ਹਰਿ ਸਾਚਾ ਸੱਜਣ, ਦੇਵੇ ਧੁਰ ਫ਼ਰਮਾਨਿਆ । ਚਰਨ ਧੂੜੀ ਏਕਾ ਮਜਨ, ਰੱਖੇ ਲਾਜ ਦੋ ਜਹਾਨਿਆ । ਕਾਲ ਨਗਾਰੇ ਸਿਰ ਤੇ ਵੱਜਣ, ਸੰਮਤ ਚੌਦਾਂ ਹੋਏ ਪ੍ਰਧਾਨਿਆ । ਜੋ ਘੜਿਆ ਸੋ ਅੰਤਮ ਭੱਜਣ, ਭੰਨਣਹਾਰ ਸ੍ਰੀ ਭਗਵਾਨਿਆ । ਕੋਇ ਨਾ ਦਿਸੇ ਪੜਦੇ ਕੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਵਰ ਧੁਰ ਫ਼ਰਮਾਨਿਆ । ਸ਼ਬਦ ਲੇਖ ਹਰਿ ਦਵਾਰ, ਹਰਿ ਆਪਣਾ ਆਪ ਘਲਾਈਆ । ਉਤਰ ਮੰਗਣਾ ਏਕਾ ਵਾਰ, ਪ੍ਰਭ ਦੇਵੇ ਭੇਵ ਖੁਲ੍ਹਾਈਆ । ਸੰਮਤ ਚੌਦਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਦੇ ਮਤ ਸਮਝਾਵੇ ਮੀਤ ਮੁਰਾਰ, ਕਲਜੁਗ ਰਾਵਣ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਇਆ ਰਿਹਾ ਮਾਤ ਉਠਾਈਆ । ਉਠ ਨਾਦਾਨ ਜੀਵ ਅਲਪਗ, ਸਰਬੱਗ ਹੱਥ ਵਡਿਆਈਆ । ਕਲਜੁਗ ਮਾਇਆ ਅੱਗਨੀ ਅੱਗ, ਚਾਰੋਂ ਕੁੰਟ ਰਹੀ ਜਲਾਈਆ । ਸਰਨ ਸਰਨਾਈ ਸਾਚੀ ਲੱਗ, ਦਰ ਦਵਾਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈ ਦੇਸ਼ਾਂ ਵੇਖ ਵਖਾਈਆ । ਤ੍ਰੈ ਦੇਸ਼ਾਂ ਦੇਸ ਦੇਸੰਤਰਾ, ਹਰਿ ਸਾਚਾ ਆਪ ਜਣਾਇੰਦਾ । ਆਪ ਲਗਾਏ ਜਗਤ ਬਸੰਤਰਾ, ਨਾ ਕੋਈ ਮਾਤ ਬੁਝਾਇੰਦਾ । ਮਹਿੰਮਾ ਜਗਤ ਗਣਤ ਅਗਣਤਰਾ, ਨਾ ਕੋਈ ਗਣਤ ਗਣਾਇੰਦਾ । ਧਿਆਨੀ ਧਿਆਨ ਲਗਾ ਲਗਾ ਬੈਠੇ ਸਾਧ ਸੰਤ, ਕੰਤ ਸੰਤ ਵੇਖ ਵਖਾਇੰਦਾ । ਭਰਮੇ ਭੁੱਲੇ ਜੀਵ ਜੰਤ, ਨਾ ਕੋਈ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤਤ ਮਤ ਇਕ ਵਖਾਇੰਦਾ । ਰਾਜ ਇੰਦਰ ਇੰਦਰ

੩੬੪
੦੬

ਪ੍ਰਸਾਦ, ਚੇਤਰ ਚਿਤ ਵਿਚਾਰਨਾ । ਸਾਲ ਬਸਾਲਾ ਸੁਣੇ ਫਰਿਆਦ, ਲੇਖ ਲਿਖਿਆ ਇਕ ਵਿਚਾਰਨਾ । ਬਣਤ ਬਣਾਏ ਆਦਿ ਜੁਗਾਦਿ, ਆਪੇ ਢਾਹੇ ਆਪ ਉਸਾਰਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲਿਖੇ ਦਰ ਦਵਾਰਨਾ । ਲਿਖਿਆ ਲੇਖ ਸ਼ਬਦ ਅਨਮੋਲ, ਅਨਮੁਲੜਾ ਲਾਲ ਅਖਵਾਈਆ । ਤ੍ਰੈ ਦੇਸ਼ਾਂ ਹੋਵੇ ਮਾਤ ਘੋਲ, ਹਰਿ ਖੁਲ੍ਹੜਾ ਲੇਖ ਲਿਖਾਈਆ । ਮਰਦ ਮਰਦੰਗਾ ਵਜਾਏ ਢੋਲ, ਸਾਚਾ ਬੋਲਾ ਅਲਾਈਆ । ਅੱਸੂ ਪੰਜ ਕੀਤਾ ਕੌਲ, ਪ੍ਰਭ ਪੂਰਾ ਪੂਰ ਕਰਾਈਆ । ਸੰਮਤ ਤੇਰਾਂ ਤੋਲਿਆ ਤੋਲ, ਅਧੂਰਾ ਰਹਿਣ ਨਾ ਪਾਈਆ । ਸੰਮਤ ਚੌਦਾਂ ਪੜਦਾ ਖੋਲ੍ਹ, ਸ਼ਬਦ ਲੇਖਾ ਰਿਹਾ ਲਿਖਾਈਆ । ਨਾ ਕੋਈ ਜਾਣੇ ਕਲਾ ਸੋਲ, ਅਕਲ ਕਲਾ ਰਘੁਰਾਈਆ । ਕਲਜੁਗ ਮਾਇਆ ਖੇਲੇ ਹੋਲ, ਰੰਗ ਗੁਲਾਲਾ ਇਕ ਚੜ੍ਹਾਈਆ । ਨੌ ਖੰਡ ਪ੍ਰਿਥਮੀ ਪੜਦਾ ਲੈਣਾ ਫੋਲ, ਦਰ ਦਵਾਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਰਿਹਾ ਜਣਾਈਆ । ਲਿਖਣਾ ਲੇਖ ਦਰ ਦਵਾਰੇ, ਹਰਿ ਸਾਚੀ ਰੁੱਤ ਸੁਹਾਇੰਦਾ । ਪਾਉਣਾ ਭੇਵ ਅਗੰਮ ਅਪਾਰੇ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਵਰਤੇ ਵਰਤਾਵੇ ਜੋ ਵਿਚ ਸੰਸਾਰੇ, ਲਿਖਤ ਲੇਖ ਦਰ ਪੁਚਾਇੰਦਾ । ਜੁਗ ਜੁਗ ਪਾਵਣਹਾਰਾ ਸਾਰੇ, ਕਲਜੁਗ ਸਾਰਥੀ ਆਪ ਅਖਵਾਇੰਦਾ । ਕਲਜੁਗ ਢਹਿ ਪਿਆ ਦਵਾਰੇ, ਪ੍ਰਭ ਲਹਿਣਾ ਮੂਲ ਚੁਕਾਇੰਦਾ । ਸਤਿਜੁਗ ਸਾਚਾ ਕਰੇ ਪਿਆਰੇ, ਸਤ ਰੰਗ ਨਿਸ਼ਾਨ ਵਖਾਇੰਦਾ । ਚਰਨ ਛੁਹਾਏ ਨਿਹਕਲੰਕ ਨਰਾਇਣ ਨਰ ਅਵਤਾਰੇ, ਉਪਰ ਆਸਣ ਲਾਇੰਦਾ । ਜੰਬੂ ਦੀਪ ਅੱਧ ਵਿਚਕਾਰੇ, ਭਾਰਤ ਖੰਡ ਸੁਣਾਇੰਦਾ । ਸੁਰ ਨਰ ਮੁਨ ਜਨ ਨਾ ਪਾਇਣ ਸਾਰੇ, ਵੇਦ ਪੁਰਾਨ ਕੁਰਾਨ ਅੰਜ਼ੀਲ ਖਾਣੀ ਬਾਣੀ ਨਾ ਕੋਇ ਅਲਾਇੰਦਾ । ਏਕਾ ਦਰ ਇਕ ਦਰਬਾਰੇ, ਦੂਸਰ ਦਰ ਨਾ ਕੋਈ ਵਖਾਇੰਦਾ । ਨੌ ਖੰਡ ਪ੍ਰਿਥਮੀ ਇਕ ਸਰਕਾਰੇ, ਸਚ ਸ਼ਾਹੋ ਇਕ ਅਖਵਾਇੰਦਾ । ਅੰਤਮ ਬਣਨਾ ਚਰਨ ਭਿਖਾਰੇ, ਕਲ ਵੇਲਾ ਵਕਤ ਚੁਕਾਇੰਦਾ । ਸੋਹੰ ਸ਼ਬਦ ਸਾਚੀ ਧਾਰੇ, ਚਾਰ ਵਰਨਾਂ ਆਪ ਜਣਾਇੰਦਾ । ਆਪ ਉਠਾਏ ਆਪਣੀ ਧਾੜੇ, ਮਨਮੁਖਾਂ ਮਗਰ ਲਗਾਇੰਦਾ । ਧਰਤ ਮਾਤ ਮੰਗੇ ਮੰਗ ਅਖਾੜੇ, ਕਵਣ ਕੂਟੇ ਖੇਲ ਖਿਲਾਇੰਦਾ । ਪੰਚਮ ਜੇਠੀ ਵੇਖੇ ਸਾਚੇ ਲਾੜੇ, ਤਨ ਸ਼ਿੰਗਾਰਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਤੇਰਾ ਸਗਨ, ਸ਼ਬਦ ਸਿੰਘਾਸਣ ਬੈਠ ਮਗਨ ਆਪਣਾ ਆਪ ਲਗਾਇੰਦਾ । ਵਾਲੀ ਹਿੰਦ ਜਗਤ ਸਿਆਸ, ਅੰਤ ਰਹਿਣ ਨਾ ਪਾਈਆ । ਲੇਖ ਲਿਖਾਰੀ ਵੇਦ ਵਿਆਸ, ਸੇਵਕ ਸੇਵਾ ਲਾਈਆ । ਹਰਿ ਹਰਿ ਖੇਲ ਪ੍ਰਿਥਮੀ ਆਕਾਸ਼, ਪਾਤਾਲਾਂ ਭੇਵ ਨਾ ਰਾਈਆ । ਲੱਖ ਚੁਰਾਸੀ ਦਾਸਨ ਦਾਸ, ਬੈਠਾ ਆਸਣ ਲਾਈਆ । ਆਪੇ ਕਰਨਹਾਰਾ ਨਾਸ, ਆਪੇ ਲਏ ਉਪਜਾਈਆ । ਪੰਚਮ ਜੇਠੀ ਸਾਚਾ ਮਾਸ, ਪੰਚਮ ਤਤ ਕਰੇ ਲੜਾਈਆ । ਤ੍ਰੈਗੁਣ ਮਾਇਆ ਪਾਏ ਰਾਸ, ਆਪਣਾ ਸਵਾਂਗ ਵਰਤਾਈਆ । ਜੀਵ ਜੰਤ ਅਧਾਰੀ ਮਦਿਰਾ ਮਾਸ, ਰਸਨਾ ਗੋਬਿੰਦ ਰਹੇ ਭੁਲਾਈਆ । ਸਦਾ ਸੁਹੇਲਾ ਵਸੇ ਪਾਸ, ਗੁਰਮੁਖ ਵਿਰਲੇ ਖੋਜ ਖੁਜਾਈਆ । ਜੋ ਦੀਸੇ ਸੋ ਹੋਵੇ ਨਾਸ, ਅੰਤ ਰਹਿਣ ਨਾ ਪਾਈਆ । ਲਿਖਿਆ ਲੇਖ ਪੁਰਖ ਅਬਿਨਾਸ, ਦਰ ਦਵਾਰੇ ਰਿਹਾ ਘਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਈਆ । ਨਰ ਨਰਾਇਣ ਸਰਬ ਗੁਣਵੰਤਾ, ਹਰਿ ਗੁਣ ਰੂਪ ਸਮਾਇਆ । ਰਾਜ ਰਾਜਾਨਾਂ ਬਣਾਏ ਬਣਤਾ, ਸ਼ਾਹ ਕੰਗਾਲ ਦਏ ਉਪਾਇਆ । ਆਪ ਉਧਾਰੀ ਜੀਵ ਜੰਤਾਂ, ਸਾਧਾਂ ਸੰਤਾਂ ਰਿਹਾ

੩੬੫
੦੬

ਤਰਾਇਆ । ਆਪੇ ਨਾਰੀ ਆਪੇ ਕੰਤਾ, ਸਾਚੀ ਸੇਜ ਹੰਢਾਇਆ । ਆਪੇ ਧੰਨ ਧਨਾਢ ਹੋਏ ਧਨਵੰਤਾ, ਧੰਨ ਧਰਨੀ ਲੇਖ ਲਿਖਾਇਆ । ਪੂਰਨ ਜੋਤ ਸ੍ਰੀ ਭਗਵੰਤਾ, ਕਰਨੀ ਕਰਨ ਆਪ ਅਖਵਾਇਆ । ਕਲਜੁਗ ਮਹਿੰਮਾ ਗਣਤ ਅਗਣਤਾ, ਵੇਦ ਪੁਰਾਨਾਂ ਭੇਵ ਨਾ ਪਾਇਆ । ਮੇਟ ਮਿਟਾਏ ਜਗਤ ਮਹੰਤਾ, ਬ੍ਰਹਮਾ ਵਿਸ਼ਣ ਸ਼ਿਵ ਗਣੇਸ਼ ਨਾ ਕੋਈ ਪੂਜੇ ਪੂਜ ਪੁਜਾਇਆ । ਬਾਸ਼ਕ ਸੇਜਾ ਕੋਈ ਨਾ ਵੇਖੇ ਸਹੰਸਾ, ਸਹੰਸਰ ਮੁਖ ਨਾ ਨਜ਼ਰੀ ਆਇਆ । ਦੋਏ ਸਹੰਸਰ ਲਿਖਿਆ ਲੇਖ, ਦਿਵਸ ਰੈਣ ਰਿਹਾ ਗਾਇਆ । ਕਲਜੁਗ ਅੰਤਮ ਨੇਤਰ ਪੇਖ, ਪੁਰਖ ਅਬਿਨਾਸ਼ੀ ਦਿਸ ਨਾ ਆਇਆ । ਪੀਲਾ ਬਸਤਰ ਧਾਰੀ ਕੇਸ, ਦਿੱਲੀ ਦਵਾਰੇ ਫੇਰਾ ਪਾਇਆ । ਮੀਤ ਮੁਰਾਰਾ ਬਹਿ ਬਹਿ ਲਿਖੇ ਲੇਖ, ਸੰਮਤ ਚੌਦਾਂ ਆਪ ਜਣਾਇਆ । ਤ੍ਰੈ ਦੇਸ਼ਾਂ ਮੇਟਣਹਾਰਾ ਰੇਖ, ਲੇਖਾ ਆਪਣੇ ਹੱਥ ਰਖਾਇਆ । ਨੇਤਰ ਨੈਣ ਲੈਣਾ ਪੇਖ, ਭੁੱਲ ਰੁੱਲ ਕਿਉਂ ਵਕਤ ਲੰਘਾਇਆ । ਆਪਣੀ ਹੱਥੀਂ ਲਿਖਣਾ ਲੇਖ, ਪ੍ਰਭ ਦੇਵੇ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਘਰ ਸਾਚੇ ਆਸਣ ਲਾਇਆ । ਲਿਖਣਾ ਲੇਖ ਜਗਤ ਮਹੱਲਾ, ਮਨ ਚਿੱਤ ਸੁਰਤੀ ਲਾਈਆ । ਦੇਵੇ ਸ਼ਬਦ ਇਕ ਇਕੱਲਾ, ਸੰਮਤ ਚੌਦਾਂ ਭੇਵ ਖੁਲ੍ਹਾਈਆ । ਜਗਤ ਅਖਾੜਾ ਜਲ ਥਲਾ, ਉਚੇ ਟਿੱਲੇ ਫੇਰਾ ਪਾਈਆ । ਪੰਚਮ ਜੇਠੀ ਫੜਿਆ ਭੱਲਾ, ਪ੍ਰਭ ਸਾਚਾ ਰਿਹਾ ਉਠਾਈਆ । ਜਗਤ ਸੁਨੇਹੜਾ ਏਕਾ ਘੱਲਾ, ਕਰ ਕਿਰਪਾ ਹਰਿ ਰਘੁਰਾਈਆ । ਨਾ ਕੋਈ ਕਰਿਆ ਵਲਾ ਛਲਾ, ਵਿਛੜੇ ਰਿਹਾ ਮੇਲ ਮਿਲਾਈਆ । ਜੋਤੀ ਸ਼ਬਦੀ ਪਵਣੀ ਰੱਲਾ, ਤਤ ਮਤ ਨਾ ਕੋਈ ਵਖਾਈਆ । ਕਾਇਆ ਮਾਟੀ ਨਾ ਕੋਈ ਖੱਲਾ, ਨਾ ਕੋਈ ਬਣਤ ਬਣਾਈਆ । ਏਕਾ ਵਸਿਆ ਨਿਹਚਲ ਧਾਮ ਅਟੱਲਾ, ਜੁਗ ਜੁਗ ਲਹਿਣਾ ਦੇਣ ਮੂਲ ਚੁਕਾਈਆ । ਆਪ ਫੜਾਇਆ ਆਪਣਾ ਪੱਲਾ, ਲੰਕਾ ਗੜ੍ਹ ਹੋਏ ਸਹਾਈਆ । ਕਲਜੁਗ ਅੰਤਮ ਕਰੇ ਹੱਲਾ, ਬਖ਼ਸ਼ੇ ਸਚ ਸੱਚੀ ਸਰਨਾਈਆ । ਮਾਤਲੋਕ ਫਲਿਆ ਫੁਲਾ, ਫਲ ਫੁਲਵਾੜੀ ਵੇਖ ਵਖਾਈਆ । ਜੂਠਾ ਝੂਠਾ ਬੂਟਾ ਮਾਤ ਹੁੱਲਾ, ਰੁੱਤ ਪਤਝੜ ਨੇੜੇ ਆਈਆ । ਸ਼ਬਦ ਅੰਧੇਰ ਏਕਾ ਝੁੱਲਾ, ਸਭ ਦੀ ਰਿਹਾ ਜੜ੍ਹ ਹਿਲਾਈਆ । ਤ੍ਰੈ ਦੇਸ਼ਾਂ ਵੱਜੇ ਪਹਿਲਾ ਬੁਲ੍ਹਾ, ਪੰਚਮ ਜੇਠ ਆਪ ਹਿਲਾਈਆ । ਧਰਤ ਮਾਤ ਘਰ ਮੰਗੇ ਖੁੱਲ੍ਹਾ, ਆਪਣਾ ਪੱਲੂ ਅੱਗੇ ਡਾਹੀਆ । ਤ੍ਰੈਗੁਣ ਮਾਇਆ ਆਪ ਬਣਾਈ ਬੈਠਾ ਚੁਲ੍ਹਾ, ਅਗਨੀ ਭੇਟ ਚੜ੍ਹਾਈਆ । ਪੰਚਮ ਤਤ ਤੇਰਾ ਕੋਈ ਨਾ ਪੈਣਾ ਮੁੱਲਾ, ਤਨ ਮਾਟੀ ਖ਼ਾਕ ਰੁਲਾਈਆ । ਅੰਮ੍ਰਿਤ ਆਤਮ ਮਨਮੁਖ ਡੁੱਲ੍ਹਾ, ਨਿਝਰ ਧਾਰ ਨਾ ਕੋਈ ਵਹਾਈਆ । ਕੋਈ ਨਾ ਕਰਾਏ ਕਿਸੇ ਦੀ ਸੁਲ੍ਹਾ, ਸੰਮਤ ਚੌਦਾਂ ਰਿਹਾ ਸਮਝਾਈਆ । ਪ੍ਰਭ ਚਰਨ ਦਵਾਰੇ ਪੈਣਾ ਮੁੱਲਾ, ਕੂੜੀ ਜਗਤ ਸ਼ਾਹੀਆ । ਪੰਡਤ ਨਹਿਰੂ ਫਿਰਦਾ ਭੁੱਲਾ, ਪ੍ਰਭ ਆਪਣੇ ਹੱਥ ਰੱਖੀ ਵਡਿਆਈਆ । ਭਾਗ ਲਗਾਏ ਏਕਾ ਕੁੱਲਾ, ਚਾਰ ਵਰਨ ਇਕ ਸਰਨਾਈਆ । ਜਗਤ ਵਿਦਿਆ ਜੀਵ ਰੁਲਾ, ਜਾਗਰਤ ਦਿਸ਼ਾ ਨਾ ਕਿਸੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਏ ਰਿਹਾ ਉਠਾਈਆ । ਉਠ ਜਾਗ ਜਗਤ ਵਿਦਵਾਨ, ਹਰਿ ਸਾਚਾ ਵੇਖ ਵਿਚਾਰਨਾ । ਚਾਰੋਂ ਕੁੰਟ ਮਾਰੇ ਧਿਆਨ, ਨਾ ਦਿਸੇ ਕੋਇ ਸਵਾਰਨਾ । ਰੂਸਾ ਚੀਨਾ ਬਾਲ ਨਾਦਾਨ, ਹਰਿ ਸਾਚਾ ਪੈਜ ਰਖਾਵਣਾ । ਈਸਾ ਮੂਸਾ ਸੰਗ ਸ਼ੈਤਾਨ, ਕਲਜੁਗ ਮੇਲ ਮਿਲਾਵਣਾ । ਸੰਗ ਮੁਹੰਮਦ ਇਕ ਕਮਾਨ, ਚਾਰ ਯਾਰੀ ਚਿੱਲਾ ਉਠਾਵਣਾ । ਮੱਕਾ ਕਾਅਬਾ ਵੇਖ ਦੁਕਾਨ, ਕਲ ਏਕਾ ਹੱਟ ਚਲਾਵਣਾ । ਹਿੰਦ ਹਿੰਦਵਾਇਣ ਬੇਪਛਾਣ, ਘਰ ਸਾਚਾ ਕਿਸੇ ਨਾ ਪਾਵਣਾ । ਮੁਗਲ ਪਠਾਣੀ ਹੋਏ ਹੈਰਾਨ, ਸ਼ਾਹ ਇਰਾਨੀ ਅੰਤ ਪਛਤਾਵਣਾ । ਵਿਚ ਪਤਾਲਾਂ ਸਾਰੇ ਗਾਇਣ,

ਵੱਡ ਜੋਧੇ ਸੂਰ ਬਲਵਾਨਣਾ । ਅੰਤਮ ਤੋੜੇ ਸਭ ਦਾ ਮਾਣ, ਪਰਗਟ ਹੋਏ ਹਰਿ ਭਗਵਾਨਣਾ । ਸੱਤ ਰੰਗ ਬਣਾਇਆ ਇਕ ਨਿਸ਼ਾਨ, ਰਾਜ ਇੰਦਰ ਵੇਖ ਵਖਾਨਣਾ । ਉਪਰ ਬੈਠਾ ਸ੍ਰੀ ਭਗਵਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਣਾ । ਸੰਮਤ ਚੌਦਾਂ ਵੇਖੇ ਮਾਰ ਧਿਆਨ, ਆਪੇ ਹੋਇਆ ਜਾਣੀ ਜਾਨਣਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਈ ਹਾਣ, ਨਾ ਕੋਈ ਜਾਣੇ ਜੀਵ ਜਹਾਨਣਾ । ਪੰਚਮ ਜੇਠੀ ਇਕ ਮਕਾਨ, ਹਰਿ ਆਪਣਾ ਆਪ ਵਖਾਨਣਾ । ਰਾਜ ਜੋਗ ਪੁੱਛ ਪੁਛਾਣ, ਦੇ ਮਤ ਆਪ ਸਮਝਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਹਿੰਦ ਕਰਾਏ ਚਾਨਣਾ ।

### ✻ ਪਹਿਲੀ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਤੋਂ ਜੇਠੂਵਾਲ ਤੋਂ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਖਾਲਸਾ ਪੰਥ ਦੇ ਪ੍ਰਧਾਨ ਨੂੰ ਲਿਖਿਆ ਗਿਆ ✻

ਉਠ ਮਲੇਸ਼ ਦਰ ਦਰਵੇਸ਼, ਹਰਿ ਆਏ ਬੰਕ ਦਵਾਰ । ਭਰਮੇ ਭੁੱਲੇ ਧਾਰੀ ਕੇਸ, ਜੋਤ ਸ਼ਬਦ ਨਾ ਪਾਇਣ ਸਾਰ । ਗੋਬਿੰਦ ਕਾਇਆ ਦਸ ਦਸਮੇਸ, ਨੂਰੋ ਨੂਰ ਹਰਿ ਨਿਰੰਕਾਰ । ਕਲਜੁਗ ਅੰਤਮ ਕਰਿਆ ਵੇਸ, ਨਿਹਕਲੰਕ ਲਏ ਅਵਤਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਥ ਪੰਥੀ ਕਰੇ ਖ਼ਬਰਦਾਰ । ਉਠ ਖਾਲਸਾ ਪੰਥ ਜੀਵ ਨਾਦਾਨਿਆ । ਲਿਖਿਆ ਲੇਖ ਸ਼ਬਦ ਗ੍ਰੰਥ, ਨਾ ਕੋਈ ਦੂਸਰ ਵੇਖ ਵਿਖਾਨਿਆ । ਜੋਤੀ ਸ਼ਬਦੀ ਬਣਾਏ ਸਾਚੀ ਅੰਸ, ਧੁਰਦਰਗਾਹੀ ਸਦਾ ਪਰਵਾਨਿਆ । ਪੰਜ ਤਤ ਹੰਕਾਰੀ ਕੰਸ, ਹਰਿ ਮੇਟੇ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਕਰੇ ਪਰਵਾਨਿਆ । ਗੁਰ ਗੋਬਿੰਦ ਦਰ ਪਰਵਾਨ, ਹਰਿ ਸਾਚੇ ਲੇਖੇ ਲਾਇਆ । ਅੰਤਮ ਦੇਵੇ ਧੁਰ ਫ਼ਰਮਾਨ, ਲਹਿਣਾ ਦੇਣਾ ਮੂਲ ਚੁਕਾਇਆ । ਨਾਨਕ ਗੁਣ ਇਕ ਵਖਾਣ, ਗੋਬਿੰਦ ਵਿਚ ਸਮਾਇਆ । ਜੀਵ ਜੰਤ ਨਾ ਕਰੇ ਪਛਾਣ, ਸਾਧ ਸੰਤ ਭੇਵ ਨਾ ਰਾਇਆ । ਖਾਣੀ ਬਾਣੀ ਬਹਿ ਬਹਿ ਗਾਣ, ਗੋਬਿੰਦ ਕਿਸੇ ਹੱਥ ਨਾ ਆਇਆ । ਮਾਇਆ ਮਮਤਾ ਜਗਤ ਦੁਕਾਨ, ਹਰਿ ਮੰਦਰ ਆਪ ਬਣਾਇਆ । ਜੂਠ ਝੂਠ ਸਭ ਰਹੇ ਛਾਣ, ਹਉਮੇ ਹੰਗਤਾ ਰੋਗ ਵਧਾਇਆ । ਅੰਤਮ ਕੀਤਾ ਆਪਣਾ ਪਾਣ, ਗੁਰ ਗੋਬਿੰਦਾ ਦਏ ਸਜ਼ਾਇਆ । ਸ਼ਬਦ ਖੰਡਾ ਤੀਰ ਕਮਾਨ, ਸਾਚੇ ਚਿੱਲੇ ਰਿਹਾ ਚੜ੍ਹਾਇਆ । ਜੋਧਾ ਸੂਰਾ ਬਲੀ ਬਲਵਾਨ, ਨਿਹਕਲੰਕਾ ਨਾਉਂ ਰਖਾਇਆ । ਚਾਰ ਵਰਨ ਰਖਾਏ ਏਕਾ ਆਣ, ਊਚੋ ਨੀਚ ਨੀਚੋ ਊਚ ਏਕਾ ਰੰਗ ਰੰਗਾਇਆ । ਸੰਮਤ ਚੌਦਾਂ ਵੇਖੇ ਮਾਰ ਧਿਆਨ, ਆਪ ਆਪਣੀ ਦਇਆ ਕਮਾਇਆ । ਸੰਮਤ ਪੰਦਰਾਂ ਭੇਵ ਛੁਪਾਣ, ਦਿਸ ਕਿਸੇ ਨਾ ਆਇਆ । ਸੰਮਤ ਸੋਲਾਂ ਹਾਣੀਆਂ ਛੁੱਟਣੇ ਹਾਣ, ਨਾ ਕੋਈ ਮੇਲ ਮਿਲਾਇਆ । ਸੰਮਤ ਸਤਾਰਾਂ ਲੇਖੇ ਚੁੱਕੇ ਪੀਣ ਖਾਣ, ਸਰ ਅੰਮ੍ਰਿਤ ਮੁਖ ਭਵਾਇਆ । ਸੰਮਤ ਅਠਾਰਾਂ ਮਾਰ ਧਿਆਨ, ਜਲ ਧਾਰਾ ਰੂਪ ਸਮਾਇਆ । ਉਨੀ ਉਨੀਸਾ ਮਿਟੇ ਨਿਸ਼ਾਨ, ਮੁਸਲਮ ਸੁੰਨੀ ਕੋਇ ਰਹਿਣ ਨਾ ਪਾਇਆ । ਬੀਸ ਬੀਸਾ ਹਰਿ ਭਗਵਾਨ, ਪੰਦਰਾਂ ਕੱਤਕ ਦੇਵੇ ਰੁੱਤ ਸੁਹਾਇਆ । ਗੁਰ ਤੇਗ ਬਹਾਦਰ ਤੇਰੀ ਸ਼ਾਨ, ਸੀਸ ਗੰਜ ਚਰਨ ਟਿਕਾਇਆ । ਵਾਲੀ ਹਿੰਦ ਉਠੇ ਨਾਦਾਨ, ਦੇਵੇ ਦਰਸ ਹਰਿ ਰਘੁਰਾਇਆ । ਜਮਨ ਕਿਨਾਰਾ

੩੬੭
੦੬

ਇਕ ਮਕਾਨ, ਸਾਧਾਂ ਸੰਤਾਂ ਰਿਹਾ ਜਣਾਇਆ । ਸ਼ਬਦ ਸਰੂਪੀ ਹਰਿ ਭਗਵਾਨ, ਫੜ ਫੜ ਬਾਹੋਂ ਲਏ ਉਠਾਇਆ । ਦਹਿ ਦਿਸ਼ਾ ਹੋਏ ਜਾਣੀ ਜਾਣ, ਡੂੰਘੀ ਕੰਦਰ ਉਚੇ ਪਰਬਤ ਫੋਲ ਫੁਲਾਇਆ । ਚਰਨ ਪ੍ਰੀਤੀ ਵਖਾਏ ਇਕ ਅਸਥਾਨ, ਦਰ ਦਵਾਰਕਾ ਨਾਉਂ ਧਰਾਇਆ । ਰਸਨਾ ਗੋਬਿੰਦ ਸਾਰੇ ਗਾਣ, ਸੋ ਪੁਰਖ ਨਿਰੰਜਣ ਮੇਲ ਮਿਲਾਇਆ । ਧਰਮ ਉਠਾਏ ਹੱਥ ਨਿਸ਼ਾਨ, ਇਕ ਇਕੀਸਾ ਰਾਹ ਤਕਾਇਆ । ਦਿੱਲੀ ਦਰ ਕਰੇ ਪ੍ਰਵਾਨ, ਏਕਾ ਇੱਕੀ ਦਏ ਉਪਾਇਆ । ਸਾਚੀ ਸਿੱਖੀ ਹਰਿ ਭਗਵਾਨ, ਪਹਿਲੀ ਚੇਤਰ ਰਿਹਾ ਬਣਾਇਆ । ਧਾਰ ਤਿੱਖੀ ਇਕ ਮਹਾਨ, ਮਦਿਰਾ ਮਾਸ ਰਸਨ ਤਜਾਇਆ । ਸੱਤ ਰੰਗ ਵਿਛਾਏ ਹੇਠ ਨਿਸ਼ਾਨ, ਉਪਰ ਆਸਣ ਲਾਇਆ । ਸਤਿ ਪੁਰਖ ਨਿਰੰਜਣ ਜਗਤ ਬਣਾਏ ਇਕ ਵਿਧਾਨ, ਪੰਚਮ ਪਿਆਰਾ ਪੰਚਮ ਮੀਤਾ ਪੰਚਮ ਰਾਜ ਜੋਗ ਮੋਖ ਮੰਤਰ ਸਚ ਮੰਤਰੀ ਨਾਮ ਧਰਾਇਆ । ਖੰਡਾਂ ਦੀਪਾਂ ਏਕਾ ਆਣ, ਕਰੇ ਕਰਾਏ ਨਿਗਾਹਬਾਨ, ਹਰਖ ਸੋਗ ਦਏ ਮਿਟਾਇਆ । ਧਰਮ ਝੁਲਾਏ ਧਰਮ ਨਿਸ਼ਾਨ, ਨਾ ਕੋਈ ਦੀਸੇ ਬੇਈਮਾਨ, ਮੇਟ ਮਿਟਾਏ ਪੰਜ ਸ਼ੈਤਾਨ, ਕੁਰਾਨ ਹਦੀਸਾ ਨਾ ਕੋਇ ਪੜ੍ਹਾਇਆ । ਜਗਤ ਜਗਦੀਸਾ ਹਰਿ ਬਲਵਾਨ, ਇਕ ਇਕੀਸਾ ਗੁਣ ਨਿਧਾਨ, ਛਤਰ ਝੁਲਾਏ ਸਾਚੇ ਸੀਸਾ ਗੁਰਮੁਖ ਸਾਚੇ ਸੇਵ ਕਮਾਨ, ਸਾਚਾ ਮਾਰਗ ਰਿਹਾ ਵਖਾਇਆ । ਆਪੇ ਜਾਣੇ ਰਾਗ ਛਤੀਸਾ, ਰਾਗ ਰਾਗਨੀ ਆਪ ਅਲਾਇਆ । ਸਤਿਜੁਗ ਤੇਰੀ ਸਚ ਹਦੀਸਾ, ਸੋਹੰ ਮੰਤਰ ਦ੍ਰਿੜਾਇਆ । ਕਲਜੁਗ ਜੂਠਾ ਝੂਠਾ ਪੀਸਣ ਪੀਸਾ, ਆਤਮ ਝੋਲੀ ਦੇਵੇ ਪਾਇਆ । ਸਤਿਜੁਗ ਤੇਰੀ ਕੋਈ ਨਾ ਕਰੇ ਰੀਸਾ, ਗੁਰਮੁਖ ਸਾਚੇ ਮੇਲ ਮਿਲਾਇਆ । ਮਿਲੇ ਵਡਿਆਈ ਬੀਸ ਇਕੀਸਾ, ਦਰ ਦਵਾਰ ਦਿੱਲੀ ਲਿਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਬਲ ਨਗਰੀ ਡੇਰਾ ਲਾਇਆ । ਸੰਬਲ ਨਗਰ ਸਾਢੇ ਤਿੰਨ ਹੱਥ, ਗੋਬਿੰਦ ਗੜ੍ਹ ਸੁਹਾਇਆ । ਪਰਗਟ ਹੋਇਆ ਹਰਿ ਸਮਰਥ, ਉਪਰ ਚੜ੍ਹ ਵੇਖ ਵਖਾਇਆ । ਲੋਆਂ ਪੁਰੀਆਂ ਪਾਵੇ ਨੱਥ, ਬ੍ਰਹਿਮੰਡ ਖੰਡ ਬੰਧ ਬੰਧਾਇਆ । ਕਲਜੁਗ ਅੰਤਮ ਗੇੜ ਲੱਠ, ਦੂਈ ਦਵੈਤੀ ਮੇਟ ਮਿਟਾਇਆ । ਲਹਿਣਾ ਦੇਣਾ ਮਿਟਾਏ ਅੱਠ ਸੱਠ, ਚਰਨ ਧੂੜੀ ਇਕ ਇਸ਼ਨਾਨ ਰਖਾਇਆ । ਪਹਿਲੀ ਚੇਤਰ ਕਰੇ ਚੱਠ, ਸੇਵਕ ਸੇਵਾ ਰਿਹਾ ਕਰਾਇਆ । ਮਿਲਣਾ ਮੇਲ ਨੱਠ ਨੱਠ, ਸੰਮਤ ਸੋਲਾਂ ਲੇਖ ਲਿਖਾਇਆ । ਉਚੇ ਮੰਦਰ ਜਾਣੇ ਢੱਠ, ਇੱਟ ਨਾਲ ਇੱਟ ਰਹਿਣ ਨਾ ਪਾਇਆ । ਕਲਜੁਗ ਮਾਇਆ ਬਣਿਆ ਮੱਠ, ਮਨਮੁਖਾਂ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਘਰ ਸੁਹਾਇਆ । ਗੋਬਿੰਦ ਘਰ ਸਚ ਮਹੱਲਾ, ਨਾ ਕੋਈ ਚਾਰ ਦਿਵਾਰਿਆ । ਮਿਲਿਆ ਮੇਲ ਇਕ ਇਕੱਲਾ, ਏਕਾ ਏਕੰਕਾਰਿਆ । ਹੋਏ ਸਹਾਈ ਜਲ ਥਲਾ, ਲੋਆਂ ਪੁਰੀਆਂ ਵੇਖ ਵਖਾ ਰਿਹਾ । ਆਪ ਉਠਾਏ ਗੋਬਿੰਦ ਡੱਲਾ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਸ਼ਬਦ ਉਠਾਏ ਸਾਚਾ ਭੱਲਾ, ਸੰਬਲ ਨਗਰੀ ਭਾਗ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਿਰੰਕਾਰਾ ਆਪ ਅਖਵਾ ਰਿਹਾ । ਸੰਬਲ ਨਗਰੀ ਸਾਚਾ ਜੋੜਾ, ਹਰਿ ਜੋਤੀ ਸ਼ਬਦ ਮਿਲਾਇੰਦਾ । ਇਕ ਰਖਾਏ ਨੀਲਾ ਘੋੜਾ, ਨੀਲੀ ਛੱਤੋਂ ਪਾਰ ਕਰਾਇੰਦਾ । ਗੁਰਮੁਖਾਂ ਮਨ ਲੱਗੀ ਔੜਾ, ਕਲਜੁਗ ਅੰਤ ਮਿਟਾਇੰਦਾ । ਪੁਰਖ ਅਬਿਨਾਸ਼ੀ ਆਪੇ ਬਹੁੜਾ, ਆਪ ਆਪਣੀ ਬਣਤ ਬਣਾਇੰਦਾ । ਵੇਖੇ ਪਰਖੇ ਮਿੱਠਾ ਕੌੜਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਸੰਮਤ ਚੌਦਾਂ ਮਾਰੇ ਪਹਿਲਾ ਪੌੜਾ, ਤ੍ਰੈ ਤ੍ਰੈ ਮੇਟ ਮਿਟਾਇੰਦਾ । ਨਾ ਕੋਈ ਜਾਣੇ ਲੰਮਾ ਚੌੜਾ, ਨਾ ਕੋਈ ਵੇਖ ਵਖਾਇੰਦਾ ।

੩੬੮ ੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਗੋਬਿੰਦ ਕਾਇਆ ਸਾਚਾ ਮੇਲਾ, ਹਰਿ ਸਾਚਾ ਮੇਲ ਮਿਲਾਈਆ । ਆਪੇ ਗੁਰ ਆਪੇ ਚੇਲਾ । ਪੰਚਮ ਹੱਥ ਰੱਖੇ ਵਡਿਆਈਆ । ਪਰਗਟ ਹੋਇਆ ਸੱਜਣ ਸੁਹੇਲਾ, ਆਪ ਆਪਣਾ ਪੜਦਾ ਲਾਹੀਆ । ਆਪੇ ਵਸਿਆ ਰੰਗ ਨਵੇਲਾ, ਹਰ ਘਟ ਬੈਠਾ ਆਸਣ ਲਾਈਆ । ਪਹਿਲੀ ਚੇਤਰ ਚਾੜ੍ਹੇ ਤੇਲਾ, ਸਾਚਾ ਸਗਨ ਰਿਹਾ ਮਨਾਈਆ । ਏਕਾ ਇੱਕੀ ਪਾਏ ਵੇਲਾ, ਗੁਰ ਗੋਬਿੰਦ ਆਸ ਰਖਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਇੱਕੀ ਕੁਲਾਂ ਰਿਹਾ ਤਰਾਈਆ । ਆਪੇ ਗੁਰੂ ਗੁਰੂ ਗੁਰ ਚੇਲਾ, ਗੋਬਿੰਦ ਚੇਲਾ ਹਰਿ ਆਪਣਾ ਆਪ ਬਣਾਈਆ । ਆਪ ਕਰਾਇਆ ਆਪਣਾ ਮੇਲਾ, ਜੋਤੀ ਸ਼ਬਦ ਮਿਲਾਈਆ । ਕਲਜੁਗ ਤੇਰਾ ਅੰਤਮ ਵੇਲਾ, ਜਨ ਭਗਤਾਂ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਥ ਪੰਥੀਆਂ ਰਿਹਾ ਉਠਾਈਆ । ਗਿਆਨੀ ਧਿਆਨੀ ਜਗਤ ਵਿਦਵਾਨੀ, ਦਿਵਸ ਰੈਣ ਲੜਾਈਆ । ਗੁਰ ਗੋਬਿੰਦੇ ਕਵਣ ਨਿਸ਼ਾਨੀ, ਨਾ ਕੋਈ ਭੇਵ ਖੁਲ੍ਹਾਈਆ । ਦੂਈ ਦਵੈਤੀ ਮਾਰਨ ਕਾਨੀ, ਏਕਾ ਰਾਹ ਨਾ ਕੋਈ ਜਣਾਈਆ । ਅੰਮ੍ਰਿਤ ਆਤਮ ਸੱਚਾ ਪਾਣੀ, ਨੀਰ ਸੀਰ ਨਾ ਕੋਈ ਪਿਲਾਈਆ । ਰਸਨਾ ਪੜ੍ਹ ਪੜ੍ਹ ਥੱਕੇ ਬਾਣੀ, ਪੰਜ ਤਤ ਨਾ ਕੋਇ ਬੰਧਾਈਆ । ਅੰਦਰ ਮੰਦਰ ਪੰਜ ਸ਼ੈਤਾਨੀ, ਹਰਿ ਮੰਦਰ ਦਿਸ ਨਾ ਆਈਆ । ਆਤਮ ਅੰਧ ਜੀਵ ਨਾਦਾਨੀ, ਅਗਿਆਨ ਅੰਧੇਰ ਵਧਾਈਆ । ਮਿਲਿਆ ਮੇਲ ਨਾ ਪੁਰਖ ਸੁਲਤਾਨੀ, ਘਰ ਸਾਚਾ ਮੂਲ ਨਾ ਭਾਈਆ । ਕਲਜੁਗ ਕਾਇਆ ਗਈ ਜਵਾਨੀ, ਅੰਤ ਬੁੜ੍ਹੇਪਾ ਆਈਆ । ਲਾੜੀ ਮੌਤ ਮੰਗੇ ਦਾਨੀ, ਅੱਗੇ ਝੋਲੀ ਡਾਹੀਆ । ਕਿਰਪਾ ਕਰ ਹਰਿ ਭਗਵਾਨੀ, ਗੁਰ ਗੋਬਿੰਦਾ ਸੰਗ ਰਲਾਈਆ । ਕਲਜੁਗ ਤੇਰੀ ਅੰਤ ਨਿਸ਼ਾਨੀ, ਸੰਮਤ ਚੌਦਾਂ ਰਿਹਾ ਵਖਾਈਆ । ਕਿਆ ਕੋਈ ਮਾਰੇ ਘਰ ਸਾਚੇ ਭਾਨੀ, ਨਾ ਚਲੇ ਕਿਸੇ ਚਤੁਰਾਈਆ । ਸਰਬ ਜੀਆਂ ਪ੍ਰਭ ਜਾਣ ਜਾਣੀ, ਨਾ ਕੋਈ ਪੜ੍ਹੇ ਨਾ ਰਿਹਾ ਪੜ੍ਹਾਈਆ । ਆਪੇ ਜਾਣੇ ਆਪਣੀ ਬਾਣੀ, ਅੱਖਰ ਵੱਖਰ ਕਿਸੇ ਹੱਥ ਨਾ ਆਈਆ । ਗੁਰ ਨਾਨਕ ਮਿਲੀ ਇਕ ਨਿਸ਼ਾਨੀ, ਲੋਕਮਾਤ ਲਿਆਇਆ ਚਾਈਂ ਚਾਈਆ । ਪੜ੍ਹ ਪੜ੍ਹ ਥੱਕੇ ਜੀਵ ਨਾਦਾਨੀ, ਸਾਚਾ ਸ਼ਾਹੋ ਸਤਿ ਸਰੂਪ ਦਿਸ ਕਿਸੇ ਨਾ ਆਈਆ । ਆਤਮ ਹੋਈ ਜਗਤ ਨਾਦਾਨੀ, ਸਾਚਾ ਸ਼ਾਹੋ ਸਤਿ ਸਰੂਪ ਪਰਮਾਨੰਦ ਸਹਿਜ ਸੁਖਦਾਈਆ । ਗੁਰ ਗੋਬਿੰਦਾ ਵਡ ਬਲਵਾਨੀ, ਤੀਰ ਕਮਾਨਾ ਰਿਹਾ ਉਠਾਈਆ । ਨਾਨਕ ਅੰਗਦ ਅਮਰਦਾਸ ਮਹਾਨੀ, ਰਾਮਦਾਸ ਗੁਰ ਅਰਜਨ ਖੇਲ ਖਿਲਾਈਆ । ਹਰਿ ਗੋਬਿੰਦ ਹਰਿ ਰਾਏ ਇਕ ਨਿਸ਼ਾਨੀ, ਚਰਨ ਧਿਆਨ ਰਖਾਈਆ । ਹਰਿਕ੍ਰਿਸ਼ਨ ਨਿਧਾਨਾ ਬਾਲ ਜਵਾਨੀ, ਪ੍ਰਭ ਚਰਨਾਂ ਭੇਟ ਚੜ੍ਹਾਈਆ । ਗੁਰ ਤੇਗ ਬਹਾਦਰ ਸਾਚਾ ਦਾਨੀ, ਸਾਚਾ ਸੀਸ ਦਾਨ ਕਰਾਈਆ । ਗੁਰ ਗੋਬਿੰਦਾ ਜੋਧਾ ਬਲਵਾਨੀ, ਸੂਰਬੀਰ ਆਪ ਅਖਵਾਈਆ । ਸਹੰਸ ਸਹੰਸਰ ਕਰ ਕੁਰਬਾਨੀ, ਪੂਤ ਸਪੂਤਾ ਭੇਟ ਚੜ੍ਹਾਈਆ । ਪੁਰੀ ਅਨੰਦ ਹੋਏ ਵੈਰਾਨੀ, ਉਠ ਚਲਿਆ ਕਰ ਕੇ ਧਾਈਆ । ਗੰਗਾ ਗੋਦਾਵਰੀ ਪਾਰ ਕਿਨਾਰੀ, ਸਾਚਾ ਧਾਮ ਸੁਹਾਈਆ । ਇਕ ਨਦੇੜ ਰਹੇ ਨਿਸ਼ਾਨੀ, ਦੱਖਣ ਦਿਸ਼ਾ ਵਿਖਾਈਆ । ਗੁਰ ਮਤ ਸਿੱਖਾਂ ਆਪ ਸਮਝਾਨੀ, ਆਵੇ ਜਾਵੇ ਮਰੇ ਨਾ ਜਾਈਆ । ਕਲਜੁਗ ਅੰਤਮ ਵੇਖ ਵਖਾਨੀ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਇਕ ਮਹਾਨੀ, ਰਾਓ ਰੰਕਾਂ ਰਿਹਾ ਜਣਾਈਆ । ਮੇਟੇ ਦੂਈ ਦਵੈਤੀ ਸ਼ੰਕਾ, ਹੱਥ ਰੱਖੇ ਵੱਡ ਵਡਿਆਈਆ । ਇਕ ਸੁਹਾਏ ਦਵਾਰ ਬੰਕਾ, ਚਾਰ ਵਰਨ ਸੱਚੀ ਸਰਨਾਈਆ । ਨਾ ਕੋਈ ਊਚ ਨੀਚ ਰਾਓ ਰੰਕਾ, ਜ਼ਾਤ ਪਾਤ ਮੇਟ


੩੬੯
੦੬

ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਮੇਲ ਮਿਲਾਈਆ । ਗੋਬਿੰਦ ਮਿਲਿਆ ਸਚ ਦਵਾਰ, ਦਿਵਸ ਰੈਣ ਵੱਜੇ ਵਧਾਈਆ । ਨਾਨਕ ਪਾਇਆ ਪੁਰਖ ਅਪਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਨਾੜੀ ਚਮੜਾ ਨਾ ਕੀਆ ਵਣਜ ਵਪਾਰ, ਜੂਠੀ ਝੂਠੀ ਪ੍ਰੀਤ ਤਜਾਈਆ । ਨਾਮ ਸਤਿ ਇਕ ਆਧਾਰ, ਜੀਵਾਂ ਜੰਤਾਂ ਗਿਆ ਜਪਾਈਆ । ਸੋਹੰ ਅੱਖਰ ਕਰ ਪਿਆਰ, ਓਅੰ ਦੋਅੰ ਰੂਪ ਸਮਾਈਆ । ਪਾਰਬ੍ਰਹਮ ਪ੍ਰਭ ਪਾਏ ਸਾਰ, ਅੰਤਮ ਲੇਖਾ ਗਿਆ ਲਿਖਾਈਆ । ਨਿਹਕਲੰਕ ਲਏ ਅਵਤਾਰ, ਸੋਹੰ ਸਾਚਾ ਜਾਪ ਜਪਾਈਆ । ਸੋ ਪੁਰਖ ਨਿਰੰਜਣ ਆਪ ਕਰਤਾਰ, ਕਰਤਾ ਪੁਰਖ ਆਪ ਅਖਵਾਈਆ । ਹਉਮੇ ਹੰਗਤਾ ਦਏ ਨਿਵਾਰ, ਹੰ ਸੰਗ ਆਪ ਨਿਭਾਈਆ । ਸਾਚੀ ਸੰਗਤਾ ਕਰ ਤਿਆਰ, ਸੰਮਤ ਤੇਰਾਂ ਅੰਤ ਵਖਾਈਆ । ਆਪ ਮੰਗਤਾ ਬਣੇ ਭਿਖਾਰ, ਸੰਮਤ ਚੌਦਾਂ ਪਹਿਲੀ ਚੇਤਰ ਰੁੱਤ ਸੁਹਾਈਆ । ਕਲਜੁਗ ਬੇੜਾ ਡੁੱਬਾ ਅੱਧ ਵਿਚਕਾਰ, ਗੁਰਮੁਖ ਸਾਚੇ ਪਾਰ ਕਰਾਈਆ । ਵੰਞ ਮੁਹਾਣਾ ਸੱਚੀ ਸਰਕਾਰ, ਸ਼ਬਦ ਸਿੰਘਾਸਣ ਇਕ ਰਖਾਈਆ । ਸਿੰਘ ਸ਼ੇਰ ਸੇਵਾਦਾਰ, ਸੰਤ ਮਨੀ ਸਿੰਘ ਗਿਆ ਲਗਾਈਆ । ਸਾਚੇ ਸੰਤ ਤੈਥੋਂ ਬਲਿਹਾਰ, ਸੀਸ ਆਪਣਾ ਗੁਰਮੁਖਾਂ ਭੇਟ ਚੜ੍ਹਾਈਆ । ਨੂਰੀ ਜੋਤ ਕਰ ਉਜਿਆਰ, ਗੁਰਮੁਖਾਂ ਵਿਚ ਸਮਾਈਆ । ਗੁਰ ਗੋਬਿੰਦੇ ਤੇਰਾ ਪਹਿਰੇਦਾਰ, ਨਰ ਹਰਿ ਆਪ ਅਖਵਾਈਆ । ਧਰਨੀ ਧਰਤ ਸੁਣ ਪੁਕਾਰ, ਜੋਤੀ ਨੂਰੋ ਨੂਰ ਜਗਾਈਆ । ਏਕਾ ਜੋਤੀ ਸ਼ਬਦ ਅਧਾਰ, ਸੱਚੀ ਵਸਤ ਹਰਿ ਝੋਲੀ ਪਾਈਆ । ਸੋਹੰ ਖੰਡੇ ਅੰਮ੍ਰਿਤ ਕਰ ਤਿਆਰ, ਅੰਮ੍ਰਿਤ ਧਾਰ ਇਕ ਵਖਾਈਆ । ਅੱਠੇ ਪਹਿਰ ਖ਼ਬਰਦਾਰ, ਦਿਵਸ ਰੈਣ ਸੇਵ ਕਮਾਈਆ । ਗੁਰ ਤੇਗ ਬਹਾਦਰ ਕਰ ਤਿਆਰ, ਦਿੱਲੀ ਦਰਬਾਰੇ ਖੇਲ ਖਿਲਾਈਆ । ਪੂਤ ਸਪੂਤਾ ਦਿਤਾ ਵਾਰ, ਨੌਂ ਦਵਾਰੇ ਖੋਲ੍ਹ ਵਖਾਈਆ । ਸ਼ਬਦ ਸਿੰਘਾਸਣ ਇਕ ਅਪਾਰ, ਸਾਢੇ ਤਿੰਨ ਹੱਥ ਸੇਜ ਵਿਛਾਈਆ । ਉਤੇ ਬੈਠ ਸੱਚੀ ਸਰਕਾਰ, ਗੁਰ ਗੋਬਿੰਦੇ ਮੇਲ ਮਿਲਾਈਆ । ਗੁਰ ਗੋਬਿੰਦਾ ਵਡ ਮਰਗਿੰਦਾ ਬਲਕਾਰ, ਆਪਣੀ ਖੇਲ ਖਿਲਾਈਆ । ਪੰਚਮ ਗੁਰ ਲੇਖ ਲਿਖਾਰ, ਹਰਿ ਜੂ ਹਰਿ ਮੰਦਰ ਆਈਆ । ਪੰਥ ਖਾਲਸਾ ਰਹਿਣਾ ਖ਼ਬਰਦਾਰ, ਪ੍ਰਭ ਲੇਖਾ ਰਿਹਾ ਮੁਕਾਈਆ । ਮਾਇਆ ਧਨ ਜਨ ਝੂਠੀ ਲਾਲਸਾ, ਅੰਤ ਰਹਿਣ ਨਾ ਪਾਈਆ । ਦੋ ਜਹਾਨਾਂ ਹਰਿ ਭਗਵਾਨਾ ਝੁਲਾਏ ਧਰਮ ਨਿਸ਼ਾਨਾ, ਸੱਤ ਰੰਗ ਲੇਖ ਲਿਖਾਈਆ । ਉਪਰ ਬੈਠ ਸ੍ਰੀ ਭਗਵਾਨਾ, ਮਾਣ ਗਵਾਏ ਜਗਤ ਵਿਦਵਾਨਾ, ਵਡ ਪ੍ਰਧਾਨਾ ਕੋਇ ਰਹਿਣ ਨਾ ਪਾਈਆ । ਚਰਨ ਬਹਾਏ ਸ਼ਾਹ ਸੁਲਤਾਨਾ, ਰਾਜ ਰਾਜਾਨਾਂ ਭੀਖ ਮੰਗਾਈਆ । ਗੁਰਮੁਖਾਂ ਹੋਏ ਦਰ ਦਰਬਾਨਾ, ਪਹਿਲੀ ਚੇਤਰ ਰਿਹਾ ਸੇਵ ਕਮਾਈਆ । ਹੱਥੀਂ ਬੰਨ੍ਹੇ ਸਾਚਾ ਗਾਨਾ, ਏਕਾ ਇੱਕੀ ਰਿਹਾ ਪਾਈਆ । ਗੁਰ ਗੋਬਿੰਦੇ ਤੇਰੀ ਮੰਗ ਪਰਵਾਨਾ, ਪ੍ਰਭ ਪੂਰਨ ਰਿਹਾ ਕਰਾਈਆ । ਸੰਮਤ ਚੌਦਾਂ ਵੇਖੇ ਮਾਰ ਧਿਆਨਾ, ਸੋਹੰ ਸਾਚਾ ਜਾਮ ਪਿਲਾਈਆ । ਨੇੜ ਨਾ ਆਏ ਪੰਜ ਸ਼ੈਤਾਨਾ, ਸੁਰਤ ਸਵਾਣੀ ਚਰਨ ਕਵਲ ਬੰਧਾਈਆ । ਆਪੇ ਗੋਪੀ ਆਪੇ ਕਾਹਨਾ, ਘਰ ਆਪਣੇ ਮੰਡਲ ਰਾਸ ਰਚਾਈਆ । ਆਪੇ ਹੋਇਆ ਬੇਪਛਾਣਾ, ਦਿਸ ਕਿਸੇ ਨਾ ਆਈਆ । ਪੰਥ ਖਾਲਸਾ ਉਠ ਜਵਾਨਾ, ਹਰਿ ਗੋਬਿੰਦ ਮੇਲ ਮਿਲਾਈਆ । ਨਾ ਕੋਈ ਜਾਣੇ ਪੀਣਾ ਖਾਣਾ, ਨਾ ਕੋਇ ਆਸ ਧਰਵਾਸ ਜਣਾਈਆ । ਚਰਨ ਪ੍ਰੀਤੀ ਇਕ ਧਿਆਨਾ, ਹਰਿ ਸਰਨ ਸੱਚੀ ਸਰਨਾਈਆ । ਰਾਗ ਰਾਗਣੀ ਗਾਇਣ ਗਾਣਾ, ਨਾ ਕੋਈ ਮੇਲ ਮਿਲਾਈਆ । ਅੰਦਰ ਬੈਠਾ ਹਰਿ ਭਗਵਾਨਾ, ਹਰਿ ਮੰਦਰ ਰਿਹਾ ਸੁਹਾਈਆ । ਚਾਰ ਕੁੰਟ ਚਾਰ ਦਰਬਾਨਾ, ਸੇਵਾ ਸੇਵਕ ਲਾਈਆ । ਸਤਿ ਪੁਰਖ ਨਿਰੰਜਣ

ਦੇਵੇ ਇਕ ਗਿਆਨਾ, ਪੰਚਮ ਬੈਠਾ ਸ਼ਬਦ ਜਣਾਈਆ । ਨਾਦ ਅਨਾਦੀ ਤਾਲ ਵਜਾਨਾ, ਸਿਰ ਆਪਣੇ ਹੱਥ ਰਖਾਈਆ । ਢੋਲਕ ਛੈਣਾ ਜਗਤ ਵਜਾਨਾ, ਅਨਹਦ ਰਾਗ ਨਾ ਕੋਈ ਅਲਾਈਆ । ਗੁਰ ਗੋਬਿੰਦਾ ਘਰ ਸਾਚੇ ਪਾਣਾ, ਨਾਨਕ ਰੂਪ ਸਮਾਈਆ । ਨਾਨਕ ਨਿਰਗੁਣ ਇਕ ਵਖਾਣਾ, ਸਰਗੁਣ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ ।

(੨੧ ਚੇਤ ੨੦੧੪ ਬਿਕ੍ਰਮੀ ਨੂੰ ਇਹ ਸ਼ਬਦ ਅਕਾਲ ਤਖ਼ਤ ਅੰਮ੍ਰਿਤਸਰ ਭੇਜਿਆ ਗਿਆ ਪ੍ਰੰਤੂ ਕੋਈ ਉਤਰ ਨਾ ਮਿਲਿਆ)

### ✻ ਪਹਿਲੀ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਡੇਰਾ ਬਾਬਾ ਜੈਮਲ ਸਿੰਘ, ਸੰਤ ਚਰਨ ਸਿੰਘ ਨੂੰ ਸ਼ਬਦ ਲਿਖਿਆ ਗਿਆ ✻

ਜੈਮਲ ਸਾਵਣ ਸ਼ਬਦ ਮਿਲਾਵਾ, ਸੁਰਤ ਕਰੀ ਕੁੜਮਾਈਆ । ਸਿੰਘ ਚਰਨ ਕਿਉਂ ਦਿਤਾ ਬੇਦਾਵਾ, ਪ੍ਰਭ ਸਾਚੇ ਸਾਰ ਨਾ ਪਾਈਆ । ਮਾਇਆ ਮਮਤਾ ਤਨ ਮਾਟੀ ਕਾਚਾ ਆਵਾ, ਆਦਿ ਅੰਤ ਰਹਿਣ ਨਾ ਪਾਈਆ । ਜਗਤ ਜਵਾਨੀ ਨਾਦਾਨੀ ਢਲੇ ਪਰਛਾਵਾਂ, ਨਾ ਕੋਈ ਹੋਏ ਸਹਾਈਆ । ਸੰਤ ਸੁਹੇਲੇ ਸਤਿਗੁਰ ਪੂਰੇ ਦੀਆਂ ਸਾਚੀਆਂ ਬਾਹਵਾਂ, ਦੋਵੇਂ ਭੁਜਾਂ ਉਠਾਈਆ । ਸਾਵਣ ਸਿੰਘਾਸਣ ਸਾਚਾ ਪਾਵਾ, ਮੂਲ ਚੂਲ ਨਾ ਕੋਈ ਰਖਾਈਆ । ਕਾਗ ਹੰਸ ਮਾਨਣ ਛਾਂਵਾ, ਮੋਤੀ ਚੋਗ ਚੁਗਾਈਆ । ਪੰਜ ਸ਼ਬਦ ਸਾਚਾ ਨਾਮਾ, ਨਾਮ ਨਾਮਾ ਰਿਹਾ ਜਣਾਈਆ । ਪੰਜ ਤਤ ਨਾ ਬਣਿਆ ਤਾਮਾ, ਨਾ ਆਪਣੀ ਭੇਟ ਚੜ੍ਹਾਈਆ । ਪੁਰਖ ਅਬਿਨਾਸ਼ੀ ਅੰਤਰ ਜਾਮਾ, ਘਟ ਅੰਤਰ ਵੇਖ ਵਖਾਈਆ । ਸਾਚਾ ਨਾਮ ਨਾ ਪੱਲੇ ਦਾਮਾ, ਦਮ ਵਿਦਿਆ ਜਗਤ ਗਾਈਆ । ਲੇਖਾ ਲਿਖੇ ਨਾ ਕਾਇਆ ਚਾਮਾ, ਕਾਇਆ ਗੜ੍ਹ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰ ਮੰਦਰ ਵੇਖੇ ਚੜ੍ਹ, ਦੂਰ ਦੁਰਾਡੇ ਥਾਉਂ ਥਾਈਂਆ । ਸ਼ਬਦ ਵਰ ਜਗਤ ਨਿਧਾਨ, ਹਰਿਜਨ ਵਿਰਲੇ ਪਾਇਆ । ਪੰਚਮ ਮੇਲਾ ਪੰਚ ਸ਼ੈਤਾਨ, ਲੇਖਾ ਮੂਲ ਗਵਾਇਆ । ਨਾਮ ਨਿਧਾਨਾ ਸਚ ਬਿਬਾਣ, ਕੰਤ ਕੰਤੂਹਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵੇਸ਼ਾ ਸ਼ਬਦ ਭਿਖਾਰੀ, ਦਰ ਦਵਾਰੇ ਫੇਰਾ ਪਾਇਆ । ਸ਼ਬਦ ਭਿਖਾਰੀ ਦਰ ਦਰਬਾਨ, ਆਏ ਬੰਕ ਦਵਾਰਿਆ । ਅੱਠ ਚੇਤਰ ਵੇਖਣਾ ਮਾਰ ਧਿਆਨ, ਸਚ ਮੰਦਰ ਹੋਇਆ ਬਾਹਰਿਆ । ਨੌ ਚੇਤਰ ਆਇਆ ਇਕ ਗਿਆਨ, ਮਿਲਿਆ ਮੇਲ ਦਰ ਦਵਾਰਿਆ । ਪੁੱਛ ਗਿਛ ਦੁੱਖ ਸੁੱਖ ਮਹਾਨ, ਕਾਇਆ ਖੇਲ ਖਿਲਾ ਰਿਹਾ । ਭੇਵ ਨਾ ਪਾਇਆ ਹਰਿ ਭਗਵਾਨ, ਸ਼ਬਦੀ ਸ਼ਬਦ ਨਾ ਕੋਇ ਜਣਾ ਰਿਹਾ । ਗੁਣਵੰਤਾ ਹਰਿ ਗੁਣ ਨਿਧਾਨ, ਭੇਵ ਅਭੇਦਾ ਆਪ ਅਖਵਾ ਰਿਹਾ । ਸਾਵਣ ਧਰਤੀ ਧਰਮ ਨਿਸ਼ਾਨ, ਸੰਮਤ ਸੋਲਾਂ ਆਪ ਝੁਲਾ ਰਿਹਾ । ਆਪੇ ਹੋਇਆ ਬੇਪਛਾਣ, ਲਾੜੀ ਮੌਤ ਆਪ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਦਰਾਂ ਕੱਤਕ ਪਾਰ ਕਰਾ ਰਿਹਾ । ਪੰਦਰਾਂ ਕੱਤਕ ਸਰ ਅੰਮ੍ਰਿਤ ਸਾਚਾ ਮੇਲ ਮਿਲੰਨਿਆ । ਕੌਲ ਇਕਰਾਰ ਹੋਇਆ ਦਰ, ਭਰਮ ਭੁਲੇਖਾ ਕਿਉਂ ਭੁਲੰਨਿਆ । ਸਵਾ ਪੰਜ ਲੱਖ ਇਕੱਠਾ ਕਰ, ਸਾਵਣ ਰੂਪ ਵਟਾਏ ਦਰਸ ਦਿਖਾਏ ਹਰਿ ਭਗਵੰਨਿਆ । ਸਾਧਾਂ ਸੰਤਾਂ ਜੀਵਾਂ ਜੰਤਾਂ ਨੂੰ ਕਿਉਂ ਰਿਹਾ ਡਰ, ਖਾਲੀ ਖਾਲੀ ਸਭ ਦੀ ਛੱਪਰ ਛੰਨਿਆ । ਸਾਵਣ ਚੁਬਾਰੇ ਬੈਠਾ ਚੜ੍ਹ, ਜੋ


੩੭੧
੦੬

ਅੜਿਆ ਸੋ ਭੰਨਿਆ । ਪੁਰਖ ਅਬਿਨਾਸ਼ੀ ਫੜਿਆ ਲੜ, ਆਪ ਚੜ੍ਹਾਏ ਸਾਚਾ ਚੰਨਿਆ । ਸੰਤ ਜੰਤ ਨਾ ਕੋਈ ਸਕੇ ਅੜ, ਕਰੇ ਕਰਾਏ ਖੰਨ ਖੰਨਿਆ । ਮਾਇਆ ਮਮਤਾ ਕਲਜੁਗ ਗੜ੍ਹ ਜਗਤ ਕਰਾਇਆ ਅੰਨ੍ਹਿਆ । ਤ੍ਰਿਸ਼ਨਾ ਅਗਨੀ ਗਏ ਸੜ, ਭਾਣਾ ਸਤਿਗੁਰ ਕਿਸੇ ਨਾ ਮੰਨਿਆ । ਸਾਵਣ ਅੱਖਰ ਏਕਾ ਪੜ੍ਹ, ਘਰ ਘਰ ਬਣਾਈ ਬੈਠੇ ਬੰਨਿਆ । ਪੁਰਖ ਅਬਿਨਾਸ਼ੀ ਆਪ ਉਖੇੜੇ ਸਭ ਦੀ ਜੜ੍ਹ, ਅੰਤਮ ਦੇਵੇ ਡੰਨਿਆ । ਸਾਵਣ ਮੇਲਾ ਨਾ ਕੋਈ ਸੀਸ ਨਾ ਕੋਈ ਧੜ, ਜਨਣੀ ਜਨ ਨਾ ਕਿਸੇ ਜਣਿਆ । ਸਰਨ ਸਰਨਾਈ ਸਾਚੀ ਪੜ੍ਹ, ਸਤਿ ਪੁਰਖ ਨਿਰੰਜਣ ਏਕਾ ਮੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਬਣਿਆ । (੨੧ ਚੇਤ ੨੦੧੪ ਬਿਕ੍ਰਮੀ ਨੂੰ ਇਹ ਸ਼ਬਦ ਭੇਜਿਆ ਗਿਆ)

੩੭੨ ੦੬

## ❊ ਪਹਿਲੀ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਹਰਿ ਸੰਗਤ ਹਰਿ ਰੰਗ ਰੱਤਿਆ, ਏਕਾ ਰੰਗ ਰੰਗਾਈਆ । ਪ੍ਰਭ ਦੇ ਸਮਝਾਵੇ ਮੱਤਿਆ, ਭੁੱਲ ਰਹੇ ਨਾ ਰਾਈਆ । ਮਿਲਿਆ ਮੇਲ ਕਮਲਾਪਤਿਆ, ਪਤ ਪਤਵੰਤ ਆਪ ਅਖਵਾਈਆ । ਆਪ ਰਖਾਏ ਧੀਰਜ ਯਤਿਆ, ਸਤਿ ਸੰਤੋਖ ਇਕ ਜਣਾਈਆ । ਬੀਜ ਬੀਜੇ ਸਾਚੇ ਵੱਤਿਆ, ਆਪਣੀ ਹੱਥੀਂ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਰੂਪ ਸਮਾਈਆ । ਹਰਿ ਸੰਗਤ ਤਨ ਸਾਚਾ ਗਹਿਣਾ, ਏਕਾ ਤਨ ਛੁਹਾਵਣਾ । ਹਰਿ ਦਰਸ਼ਨ ਲੋਚਨ ਸਾਚੇ ਨੈਣਾ, ਨੇਤਰ ਸੁਰਮਾ ਪਾਵਣਾ । ਭਾਣੇ ਅੰਦਰ ਸਭ ਨੇ ਰਹਿਣਾ, ਏਕਾ ਪੁਰਖ ਮਨਾਵਣਾ । ਦਰ ਦਵਾਰੇ ਸਾਚੇ ਬਹਿਣਾ, ਬੰਕ ਦਵਾਰ ਇਕ ਸੁਹਾਵਣਾ । ਜੂਠੇ ਝੂਠੇ ਵਹਿਣ ਨਾ ਵਹਿਣਾ, ਮਾਇਆ ਮੋਹ ਚੁਕਾਵਣਾ । ਕਲਜੁਗ ਅੰਤਮ ਕੋਇ ਨਾ ਰਹਿਣਾ, ਨਾ ਕੋਈ ਕਿਸੇ ਬਚਾਵਣਾ । ਗੁਰਮੁਖਾਂ ਚੁਕਾਏ ਲਹਿਣਾ ਦੇਣਾ, ਗੁਰ ਗੋਬਿੰਦ ਸੰਗ ਉਠਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਚਰਨ ਉਠਾਵਣਾ । ਪਹਿਲੀ ਚੇਤਰ ਚਰਨ ਉਠਾਏ, ਜਾਏ ਬੰਕ ਦਵਾਰਿਆ । ਗੁਰਮੁਖ ਸਾਚੇ ਲਏ ਤਰਾਏ, ਸੋਹੰ ਦੇਵੇ ਨਾਮ ਸਹਾਰਿਆ । ਆਪ ਆਪਣੇ ਗਲ ਲਗਾਏ, ਦੋ ਜਹਾਨ ਕਰੇ ਪਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਸਿਖਿਆ ਦੇ ਸਮਝਾ ਰਿਹਾ । ਸਾਚੀ ਸਿਖਿਆ ਦੇਵੇ ਮਤ, ਅਕਲ ਕਲਾ ਭਰਪੂਰਿਆ । ਨਾੜੀ ਨਾੜ ਨਾ ਉਬਲੇ ਰੱਤ, ਪ੍ਰਭ ਆਸਾ ਮਨਸਾ ਪੂਰਿਆ । ਸ਼ਬਦ ਚੜ੍ਹਾਏ ਸਾਚੇ ਰਥ, ਜਗਤ ਨਾਤਾ ਕੂੜੋ ਕੂੜਿਆ । ਮਿਲੇ ਮੇਲ ਹਰਿ ਸਮਰਥ, ਬਖ਼ਸ਼ੇ ਚਰਨ ਧੂੜਿਆ । ਇਕ ਸੁਣਾਏ ਸਾਚੀ ਗੱਥ, ਸੋਹੰ ਹਾਜਰ ਹਜ਼ੂਰਿਆ । ਸਗਲ ਵਸੂਰੇ ਜਾਇਣ ਲੱਥ, ਪੰਚ ਵਿਕਾਰਾ ਚੂਰੋ ਚੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਸਰੂਰਿਆ । ਨਾਮ ਸਰੂਰ ਸ਼ਬਦ ਖੁਮਾਰੀ, ਸਾਚੇ ਤਨ ਚੜ੍ਹਾਈਆ । ਹਰਿ ਸੰਗਤ ਹਰਿ ਕਰ ਨਿਆਰੀ, ਬੇੜਾ ਬੰਨ੍ਹ ਵਖਾਈਆ । ਸੰਮਤ ਚੌਦਾਂ ਤੇਰੀ ਵਾਰੀ, ਗੁਰਮੁਖਾਂ ਵੰਡ ਵੰਡਾਈਆ । ਮਨਮੁਖਾਂ ਦਰ ਹਾਹਾਕਾਰੀ, ਨਾ ਕੋਈ ਹੋਏ ਸਹਾਈਆ । ਨੀਲਾ ਘੋੜਾ ਨਰ ਨਿਰੰਕਾਰੀ, ਗੋਬਿੰਦ ਸੰਗ ਨਿਭਾਈਆ । ਲਿਖਿਆ ਲੇਖ ਸ਼ਬਦ ਲਿਖਾਰੀ, ਹਰਿ ਸਰਨ ਸੱਚੀ ਸਰਨਾਈਆ ।

੩੭੨ ੦੬

੩੭੩
੦੬

ਪੰਚਮ ਮੀਤਾ ਪੰਚ ਪਿਆਰੀ, ਪੰਚਮ ਨਾਲ ਰਖਾਈਆ । ਏਕਾ ਇੱਕੀ ਕਰ ਤਿਆਰੀ, ਗੋਬਿੰਦ ਭੁੱਜਾਂ ਰਿਹਾ ਉਠਾਈਆ । ਮੇਲ ਮਿਲਾਏ ਵਾਰੋ ਵਾਰੀ, ਆਪ ਆਪਣਾ ਪੰਧ ਮੁਕਾਈਆ । ਆਪੇ ਜਾਏ ਚਲ ਦਵਾਰੀ, ਸੇਵਕ ਸੇਵਾ ਆਪ ਕਮਾਈਆ । ਜਨ ਭਗਤਾਂ ਹਰਿ ਪੈਜ ਸਵਾਰੀ, ਫਲ ਮੇਵਾ ਇਕ ਖਵਾਈਆ । ਦੇਵੇ ਨਾਮ ਵਡ ਭੰਡਾਰੀ, ਸੋਹੰ ਨਾਉਂ ਰਖਾਈਆ । ਕਲਜੁਗ ਤੇਰੀ ਅੰਤਮ ਵਾਰੀ, ਏਕਾ ਦੂਜਾ ਭੇਵ ਚੁਕਾਈਆ । ਨੇਤਰ ਤੀਜਾ ਦਰਸ ਅਪਾਰੀ, ਹਰਿ ਨਰ ਸਾਚਾ ਰਿਹਾ ਕਰਾਈਆ । ਘਰ ਚੌਥੇ ਮੇਲਾ ਪੁਰਖ ਭਤਾਰੀ, ਸੰਤ ਸਾਜਨ ਆਪ ਮਿਲਾਈਆ । ਪੰਚਮ ਦਰ ਹਰਿ ਭਿਖਾਰੀ, ਪੰਚਮ ਰਿਹਾ ਬਣਾਈਆ । ਛੇਵੇਂ ਛੱਪਰ ਛੰਨ ਨਾ ਕੋਇ ਉਸਾਰੀ, ਘਰ ਸਾਚੇ ਆਸਣ ਲਾਈਆ । ਸਤਿ ਪੁਰਖ ਨਿਰੰਜਣ ਬੰਨ੍ਹੇ ਧਾਰੀ, ਕਲਜੁਗ ਰੁੱਤ ਸੁਹਾਈਆ । ਅੱਠਾਂ ਤਤਾਂ ਖੇਲ ਖਿਲਾਰੀ, ਖੇਲ ਆਪਣੇ ਹੱਥ ਰਖਾਈਆ । ਮਨਮੁਖ ਨੌ ਦਵਾਰੇ ਵਸੇ ਬਾਹਰੀ, ਮਦਿਰਾ ਮਾਸ ਰਸਨ ਤਜਾਈਆ । ਗੁਰਮੁਖ ਸਾਚੇ ਚਰਨ ਕਵਲ ਬਲਿਹਾਰੀ, ਹਰਿ ਸਾਚੇ ਪੈਜ ਰਖਾਈਆ । ਮਿਲਿਆ ਮੇਲ ਹਰਿ ਸ਼ਾਹੋ ਗਿਰਧਾਰੀ, ਦਸਮ ਦਵਾਰੀ ਜੋਤ ਜਗਾਈਆ । ਸ਼ਬਦ ਧੁਨ ਸੱਚੀ ਧੁਨਕਾਰੀ, ਆਤਮ ਰਿਹਾ ਉਪਜਾਈਆ । ਨਾਰੀ ਕੰਤਾ ਸੰਤ ਭਤਾਰੀ, ਏਕਾ ਸੇਜ ਹੰਢਾਈਆ । ਆਪੇ ਸੁੱਤਾ ਪੈਰ ਪਸਾਰੀ, ਆਪੇ ਲਏ ਅੰਗੜਾਈਆ । ਕਲਜੁਗ ਤੇਰੀ ਅੰਤਮ ਵਾਰੀ, ਹਰਿ ਖੇਲੇ ਖੇਲ ਦਿਸ ਕਿਸੇ ਨਾ ਆਈਆ । ਗੁਰਮੁਖਾਂ ਫਿਰੇ ਪਿੱਛੇ ਅਗਾੜੀ, ਸਤਿਜੁਗ ਵੇਲ ਵਧਾਈਆ । ਮਾਛੀਵਾੜੇ ਲੁਕਿਆ ਅੰਦਰ ਝਾੜੀ, ਨਿਰੰਕਾਰਾ ਰਿਹਾ ਧਿਆਈਆ । ਰਾਜ ਤਾਜ ਨਾ ਕੋਇ ਸਿਕਦਾਰੀ, ਘੋੜਾ ਜੋੜਾ ਦਿਸ ਨਾ ਆਈਆ । ਪੰਚਮ ਸਿੱਖ ਨਾ ਕੋਇ ਪਿਆਰੀ, ਪੰਚਮ ਰਿਹਾ ਰਸਨਾ ਗਾਈਆ । ਪਾਰਬ੍ਰਹਮ ਤੇਰੀ ਖੇਲ ਨਿਆਰੀ, ਭੇਵ ਕੋਇ ਨਾ ਪਾਈਆ । ਗੋਬਿੰਦ ਬਣਿਆ ਦਰ ਭਿਖਾਰੀ, ਦੋਵੇਂ ਜੋੜ ਸੀਸ ਝੁਕਾਈਆ । ਪੂਤ ਸਪੂਤਾ ਹਰਿ ਗਿਰਧਾਰੀ, ਸੁਤ ਨਿਵਾਜ਼ ਦਿਤੀ ਸਰਨਾਈਆ । ਵੇਖੇ ਖੇਲ ਬਾਜ਼ੀ ਹਾਰੀ, ਜਿੱਤ ਹਾਰ ਕਿਸੇ ਹੱਥ ਨਾ ਆਈਆ । ਅੰਤਮ ਢਹਿ ਪਿਆ ਦਵਾਰੀ, ਪ੍ਰਭ ਤੇਰੀ ਵਡ ਵਡਿਆਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰੀ, ਦੋਵੇਂ ਭੁਜਾ ਲਏ ਉਠਾਈਆ । ਗੁਰ ਗੋਬਿੰਦਾ ਕਰੇ ਤਿਆਰੀ, ਸ਼ਬਦ ਹੁਲਾਰੇ ਰਿਹਾ ਝੁਲਾਈਆ । ਜੋਤੀ ਨੂਰ ਅਪਰ ਅਪਾਰੀ, ਸ੍ਰਿਸ਼ਟ ਸਬਾਈ ਵਿਖਾਈਆ । ਮੰਗੇ ਮੰਗ ਦਰ ਭਿਖਾਰੀ, ਆਤਮ ਵਪਾਰੀ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਸ਼ਬਦ ਜਣਾਈਆ । ਗੁਰ ਗੋਬਿੰਦੇ ਖ਼ੁਸ਼ੀ ਮਨਾਈ, ਮਿਲਿਆ ਪਾਰਬ੍ਰਹਮ । ਸਾਚੇ ਘਰ ਵੱਜੀ ਵਧਾਈ, ਲੇਖੇ ਲਾਇਆ ਦਮਾ । ਮਿਲਿਆ ਮੇਲ ਵਿਛੜ ਨਾ ਜਾਈ, ਨਾ ਮਰੇ ਨਾ ਮਰਿਆ ਜੰਮਾ । ਪਾਰਬ੍ਰਹਮ ਤੇਰੀ ਸਚ ਸਰਨਾਈ, ਪੂਰ ਕਰਾਉਣਾ ਅੰਤਮ ਮੇਰਾ ਕੰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਦੇਵੇ ਸਾਚਾ ਥੰਮ੍ਹਾ । ਗੁਰ ਗੋਬਿੰਦੇ ਬਚਨ ਅਲਾਇਆ, ਏਕਾ ਮੰਗ ਮੰਗਾਈਆ । ਪੰਥ ਖਾਲਸਾ ਜਗਤ ਰਚਾਇਆ, ਗੁਰੂ ਗ੍ਰੰਥ ਬਣਾਈਆ । ਸਾਚਾ ਸਾਲਸ ਇਕ ਰਖਾਇਆ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਰ ਦਾਤਾ ਝੋਲੀ ਪਾਈਆ । ਮੰਗਿਆ ਵਰ ਦਰ ਦਰ ਦਰਬਾਰ, ਹਰਿ ਸਾਚਾ ਝੋਲੀ ਪਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਗੁਰ ਗੋਬਿੰਦਾ ਸੰਗ ਨਿਭਾਇੰਦਾ । ਨਿਹਕਲੰਕੀ ਲਏ ਅਵਤਾਰ, ਰੂਪ ਅਨੂਪਾ ਹਰਿ ਵਟਾਇੰਦਾ । ਸ਼ਬਦ ਡੰਕੀ ਸੱਚੀ ਧੁਨਕਾਰ, ਰਾਓ ਰੰਕਾਂ ਆਪ ਸੁਣਾਇੰਦਾ । ਖੇਲੇ ਖੇਲ ਵਾਸੀ ਪੁਰੀ ਘਨਕੀ, ਪੁਰ ਘਨਕ ਧਾਮ ਸੁਹਾਇੰਦਾ । ਰੱਖੇ ਲਾਜ ਜੀਵ ਜਨ ਜਨ

ਕੀ, ਜਨ ਭਗਤਾਂ ਪੈਜ ਰਖਾਇੰਦਾ । ਪ੍ਰੀਤ ਤਜਾਏ ਝੂਠੇ ਤਨ ਤਨ ਕੀ, ਅਗਨੀ ਭੇਟ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਗੋਬਿੰਦ ਕਾਇਆ ਵਿਚ ਸਮਾਇੰਦਾ । ਗੋਬਿੰਦ ਮੰਗੀ ਮੰਗ ਅਪਾਰ, ਏਕਾ ਏਕ ਅਕਾਲੀਆ । ਦਰ ਦਵਾਰੇ ਬਣੇ ਭਿਖਾਰ, ਹੋਏ ਸਚ ਸਵਾਲੀਆ । ਹਰਿਜਨ ਮੇਲਾ ਅੰਤਮ ਵਾਰ, ਸ਼ਬਦ ਵਜਾਉਣਾ ਮਾਤ ਦਮਾਲਿਆ । ਏਕਾ ਇੱਕੀ ਵਿਚ ਸੰਸਾਰ, ਸੋਨਾ ਪਾਸਾ ਦਿਸੇ ਢਾਲਿਆ । ਪੰਚਮ ਮੇਲਾ ਮੀਤ ਮੁਰਾਰ, ਨਿਰਮਲ ਜੋਤ ਜਗੇ ਅਕਾਲਿਆ । ਗ੍ਰੰਥਾਂ ਪੰਥਾਂ ਵਸੇ ਬਾਹਰ ਦੀਨਾਂ ਬੰਧਪ ਦੀਨ ਦਿਆਲਿਆ । ਲੱਖ ਚੁਰਾਸੀ ਪਾਵੇ ਸਾਰ, ਦਰ ਦਵਾਰ ਕਾਲ ਮਹਾਂਕਾਲਿਆ । ਆਪ ਉਪਾਏ ਆਪੇ ਦਏ ਸ਼ੰਗਾਰ, ਖੇਲੇ ਖੇਲ ਨਿਰਾਲਿਆ । ਗੁਰ ਗੋਬਿੰਦਾ ਕਰੇ ਪੁਕਾਰ, ਆਦਿ ਸ਼ਕਤ ਸਾਚੀ ਭਗਤ ਸਾਚਾ ਵਕਤ ਆਪ ਸੁਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫਲ ਲਗਾਏ ਕਾਇਆ ਡਾਲਿਆ । ਫਲ ਲਗਾਇਆ ਸਾਚੇ ਡਾਲ, ਗੋਬਿੰਦ ਫਲ ਫੁਲਵਾੜੀਆ । ਕਲਜੁਗ ਚਲੀ ਅਵੱਲੜੀ ਚਾਲ, ਸਾਚਾ ਮੇਲ ਸਾਚੇ ਹਾਣੀਆ । ਗੁਰ ਗੋਬਿੰਦਾ ਆਪੇ ਭਾਲ, ਸਾਚੀ ਵਸਤ ਟਿਕਾਏ ਸਾਚੀ ਥਾਲੀਆ । ਆਪੇ ਹੋਇਆ ਹਾਲ ਬੇਹਾਲ, ਡੇਰਾ ਲਾਏ ਸੱਚੀ ਧਰਮਸਾਲਿਆ । ਦਿਵਸ ਰੈਣ ਨਾਲ ਨਾਲ, ਅਕਾਲ ਅਕਾਲਾ ਜੋਤ ਅਕਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਲੇ ਅੰਤ ਕਰੇ ਪ੍ਰਿਤਪਾਲਿਆ । ਵੇਲੇ ਅੰਤ ਕਰੇ ਪ੍ਰਿਤਪਾਲ, ਆਪਣਾ ਸੰਗ ਨਿਭਾਇੰਦਾ । ਪੁਰੀ ਅਨੰਦ ਦਾ ਸੱਚਾ ਦਲਾਲ, ਸਾਚਾ ਸੰਗ ਨਿਭਾਇੰਦਾ । ਸਰਸਾ ਭੇਟ ਕੀਤੇ ਸਾਚੇ ਲਾਲ, ਗੁਰਮੁਖ ਨਾਉਂ ਰਖਾਇੰਦਾ । ਜਗਤ ਸ਼ਹੀਦੀ ਬੇਮਿਸਾਲ, ਲੇਖ ਨਾ ਕੋਈ ਲਿਖਾਇੰਦਾ । ਜਨਮ ਦਵਾਏ ਕਲਜੁਗ ਭਾਲ, ਅੰਤਮ ਮੂਲ ਚੁਕਾਇੰਦਾ । ਜੋਤੀ ਜੋਤ ਮਿਲਾਏ ਇਕ ਅਕਾਲ, ਪੂਰਾ ਕੌਲ ਕਰਾਇੰਦਾ । ਸੰਸਾਰ ਸਾਗਰ ਮਾਰੇ ਇਕ ਉਛਾਲ, ਗੁਰਮੁਖ ਲਾਲ ਪਾਰ ਕਰਾਇੰਦਾ । ਇਕ ਇਕੀਸਾ ਜਗਤ ਦਲਾਲ, ਆਪ ਆਪਣੀ ਦਇਆ ਕਮਾਇੰਦਾ । ਪਹਿਲੀ ਚੇਤਰ ਹੋ ਰਖਵਾਲ, ਦਰ ਦਰ ਫੋਲ ਫੁਲਾਇੰਦਾ । ਸੰਮਤ ਸੋਲਾਂ ਲਏ ਉਠਾਲ, ਆਪਣੇ ਲੜ ਬੰਧਾਇੰਦਾ । ਸੋਹੰ ਦੇਵੇ ਸੱਚਾ ਧਨ ਮਾਲ, ਚੋਰ ਯਾਰ ਲੁੱਟ ਨਾ ਕੋਇ ਲੈ ਜਾਇੰਦਾ । ਫੜ ਫੜ ਬਾਹੋਂ ਲਾਏ ਪਾਰ, ਕਲਜੁਗ ਬੇੜਾ ਆਪ ਚਲਾਇੰਦਾ । ਏਕਾ ਇੱਕੀ ਏਕਾ ਵਾਰ, ਪਹਿਲਾ ਪੂਰ ਤਰਾਇੰਦਾ । ਸਾਚੀ ਸਿੱਖੀ ਕਰ ਤਿਆਰ, ਨਿੱਕੀ ਧਾਰ ਵਖਾਇੰਦਾ । ਨੇਤਰ ਪੇਖੀ ਆਪ ਕਰਤਾਰ, ਦਿਵਸ ਰੈਣ ਪੰਧ ਮਿਟਾਇੰਦਾ । ਭੇਖਨ ਭੇਖੀ ਵਡ ਕਰਤਾਰ, ਭੇਖਾ ਭੇਖੀ ਭੇਖ ਵਟਾਇੰਦਾ । ਨਰ ਨਰੇਸ਼ ਸਿਰਜਣਹਾਰ, ਨਿਰਗੁਣ ਰੂਪ ਸਮਾਇੰਦਾ । ਕਾਲ ਕਲੇਸ਼ੀ ਦਰ ਦੇਵੇ ਦੁਰਕਾਰ, ਸਾਂਤਕ ਸਤਿ ਵਰਤਾਇੰਦਾ । ਬ੍ਰਹਮਾ ਵਿਸ਼ਨ ਮਹੇਸ਼ੀ ਬਣਨ ਭਿਖਾਰ, ਗੁਰਮੁਖ ਸਾਚੇ ਆਪਣੇ ਸੰਗ ਨਿਭਾਇੰਦਾ । ਧੁਰਦਰਗਾਹੀ ਇਕ ਦਰਬਾਰ, ਦੂਸਰ ਕੋਈ ਨਾ ਵੇਖ ਵਖਾਇੰਦਾ । ਸੋਹੰ ਸੋ ਕਰੇ ਪਾਰ, ਦਸਮ ਦਵਾਰੀ ਵਸਿਆ ਬਾਹਰ, ਏਕਾ ਰਾਹ ਵਖਾਇੰਦਾ । ਸਤਿ ਪੁਰਖ ਨਿਰੰਜਣ ਆਵੇ ਉਤੋਂ ਏਕਾ ਵਾਰ, ਗੁਰਮੁਖ ਸਾਚੇ ਲਏ ਉਭਾਰ, ਮਨਮੁਖਾਂ ਗੂੜ੍ਹੀ ਨੀਂਦ ਸਵਾਇੰਦਾ । ਤੀਜਾ ਨੇਤਰ ਨਾ ਵੇਖੇ ਕੋਈ ਉਘਾੜ, ਸਾਧ ਸੰਤ ਨਾ ਕੋਈ ਜਣਾਇੰਦਾ । ਤਤੀ ਵਾ ਗੁਰਮੁਖਾਂ ਨਾ ਲੱਗੇ ਹਾੜ, ਪੰਚਮ ਸਾਚਾ ਜੋੜ ਜੁੜਾਇੰਦਾ । ਆਕਾਸ਼ ਆਕਾਸ਼ਾਂ ਆਵੇ ਪਾੜ, ਜੋਤ ਸਰੂਪੀ ਸਾਚਾ ਲਾੜ, ਗੁਰਮੁਖ ਸਾਚੀ ਨਾਰੀ ਕੰਤ ਸੁਹਾਗੀ ਕਰ ਪਿਆਰੀ, ਆਪ ਆਪਣੀ ਸੇਜ ਬਹਾਇੰਦਾ । ਜੋਤ ਨਿਰੰਜਣ ਕਰ ਅਕਾਰੀ, ਸੱਜਣ ਸੁਹੇਲਾ ਮੀਤ ਮੁਰਾਰੀ, ਗੁਰਸਿਖਾਂ ਖੋਲ੍ਹੇ ਬੰਦ ਕਿਵਾੜੀ, ਅੰਧ ਅੰਧੇਰ ਮਿਟਾਇੰਦਾ । ਕਲਜੁਗ ਤੇਰੀ ਅੰਤਮ

੩੭੪
੦੬

ਵਾਰੀ, ਸਾਜਣ ਸੱਖੀ ਕਰ ਪਿਆਰੀ, ਨਿਹਕਲੰਕ ਲਏ ਅਵਤਾਰੀ, ਆਪਣਾ ਸੀਸ ਜਗਤ ਜਗਦੀਸ ਗੁਰ ਸੰਗਤ ਭੇਟ ਚੜ੍ਹਾਇੰਦਾ । ਗੁਰਮੁਖ ਸਾਚੇ ਵਿਚ ਪਰਵੇਸ਼, ਗੁਰ ਕੋ ਸਦਾ ਆਦੇਸ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਦਾਤਾ ਦਾਨੀ ਦਰ ਦਰਵੇਸ਼, ਖੁਲ੍ਹੜੇ ਰੱਖੇ ਆਪਣੇ ਕੇਸ, ਆਪਣੀ ਭਿੱਖ ਆਪਣੀ ਹੱਥੀਂ ਆਪਣੀ ਝੋਲੀ ਪਾਇੰਦਾ । ਹਰਿ ਸੰਗਤ ਤੇਰੇ ਲੇਖ ਲਿਖ, ਕਿਸੇ ਹੱਥ ਨਾ ਆਏ ਮੁਨ ਰਿਖ, ਜੋਤੀ ਸ਼ਬਦੀ ਬਣਤ ਬਣਾਇੰਦਾ । ਸਾਧ ਸੰਤ ਛੁਪਾਈ ਬੈਠੇ ਮੁਖ, ਦਰ ਆਏ ਨਾ ਦਰਸ਼ਨ ਕੋਈ ਪਾਇੰਦਾ । ਪਹਿਲੀ ਚੇਤਰ ਜਗਤ ਲੇਖਾ ਰਿਹਾ ਮੁੱਕ, ਪਕੜ ਉਠਾਏ ਮੁੱਲਾ ਸ਼ੇਖ਼ ਕਾਜ਼ੀ ਹੱਕ ਹਲਾਲ ਨਾ ਕੋਇ ਮਾਤ ਕਰਾਇੰਦਾ । ਪਰਵਰਦਿਗਾਰ ਦਰ ਦਵਾਰ ਨੂਰ ਅਲਾਹੀ ਆਕਾਸ਼ ਪਾਤਾਲਾਂ ਨੂਰੋ ਨੂਰ ਕਰਾਇੰਦਾ । ਮਿਲੇ ਮੇਲ ਅਹਿਨਲ ਹੱਕ, ਕਲਜੁਗ ਫਲ ਗਿਆ ਪੱਕ, ਪੀਰ ਫ਼ਕੀਰ ਨਾ ਕੋਈ ਬਚਾਇੰਦਾ । ਅਮਾਮ ਮਹਿੰਦੀ ਵੇਖੇ ਦਿਸ਼ਾ ਲਹਿੰਦੀ ਚੋਲਾ ਬਸਤਰ ਨੀਲ ਆਪਣੇ ਤਨ ਸੁਹਾਏ ਸਾਚਾ ਗਹਿਣਾ, ਮੱਕਾ ਮਦੀਨਾ ਵੇਖ ਵਖਾਇੰਦਾ । ਆਪੇ ਵੇਖ ਅਲਾਹੀ ਨੂਰ, ਮਾਣ ਤੋੜੇ ਜਗਤ ਗ਼ਰੂਰ, ਸਰਬ ਕਲਾ ਆਪੇ ਭਰਪੂਰ, ਹਰਿ ਹਰਿ ਆਪ ਅਖਵਾਇੰਦਾ । ਨਾਦ ਅਨਾਦੀ ਵੱਜੇ ਤੂਰ, ਨਾ ਦਿਸੇ ਦੂਰ, ਆਦਿ ਜੁਗਾਦੀ ਜਨ ਭਗਤਾਂ ਆਸਾ ਮਨਸਾ ਪੂਰ, ਜੁਗ ਜੁਗ ਪੈਜ ਰਖਾਇੰਦਾ । ਕਲਜੁਗ ਕਾਇਆ ਕੂੜੋ ਕੂੜ, ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧੂੜ, ਛੱਤੀ ਜੁਗ ਲੁਕ ਲੁਕ ਮੁਖ ਛੁਪਾਇੰਦਾ । ਗੁਰਮੁਖਾਂ ਉਜਲ ਕਰੇ ਮੁਖ, ਮਾਤ ਗਰਭ ਨਾ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਇੰਦਾ । ਗੁਰਮੁਖਾਂ ਝੋਲੀ ਪਾਈ ਜਗਤ ਭੁੱਖ, ਆਪ ਤ੍ਰਿਸ਼ਨਾ ਭੁੱਖ ਮਿਟਾਇੰਦਾ । ਆਪ ਉਠਾਏ ਆਪਣੀ ਕੁੱਖ, ਜੋਤੀ ਮਾਤਾ ਨਾਉਂ ਰਖਾਇੰਦਾ । ਸ਼ਬਦ ਸਪੂਤਾ ਗੁਰਮੁਖ ਵਖਾਏ ਸਾਚਾ ਮੁਖ, ਅੰਮ੍ਰਿਤ ਸਾਚਾ ਮੁੰਮਾ ਸੀਰ ਪਿਆਇੰਦਾ । ਨਾ ਕੋਈ ਵਿਆਪੇ ਜਗਤ ਦੁੱਖ, ਜੋ ਜਨ ਚਰਨੀ ਸੀਸ ਝੁਕਾਇੰਦਾ । ਸੰਮਤ ਤੇਰਾਂ ਬੈਠਾ ਲੁਕ, ਤੇਰਾਂ ਸਾਲ ਪਰਦਾ ਉਪਰ ਪਾਇੰਦਾ । ਪੰਚ ਪਿਆਰਿਆਂ ਪਰਦਾ ਦਿਤਾ ਚੁੱਕ, ਫੜ ਬਾਹੋਂ ਆਪ ਉਠਾ ਰਿਹਾ । ਗੁਰ ਸਤਿਗੁਰ ਵਖਾਏ ਸਾਚਾ ਮੁਖ, ਨਾ ਮੁਖੜਾ ਫੇਰ ਛੁਪਾ ਰਿਹਾ । ਨਾ ਇਹ ਮਾਨਸ ਨਾ ਮਨੁੱਖ, ਪਾਰਬ੍ਰਹਮ ਭੇਵ ਨਾ ਕੋਇ ਜਣਾ ਰਿਹਾ । ਗੁਰ ਗੋਬਿੰਦੇ ਸਾਚੀ ਮੰਗ ਮੰਗੀ ਸੁਖਣਾ ਸੁੱਖ, ਪ੍ਰਭ ਸਾਚਾ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਹਿਲੀ ਚੇਤਰ ਲੈਣਾ ਚਿਤ, ਚੇਤਨ ਰੂਪ ਵਖਾ ਰਿਹਾ । ਧੰਨ ਸੁਭਾਗ ਪਹਿਲੀ ਚੇਤ, ਗੁਰ ਸੰਗਤ ਦਇਆ ਕਮਾਈਆ । ਪੁਰਖ ਅਬਿਨਾਸ਼ੀ ਨੇਤਰ ਪੇਖ, ਤ੍ਰਿਸ਼ਨਾ ਭੁੱਖ ਮਿਟਾਈਆ । ਆਪ ਲਿਖਾਇਆ ਆਪਣਾ ਲੇਖ, ਜੁਗ ਲੇਖਾ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸੰਗ ਆਪਣਾ ਆਪ ਨਿਭਾਈਆ । ਦਿਵਸ ਇੱਕੀ ਭਗਤ ਵਿਹਾਰ, ਹਰਿ ਹਰਿ ਆਪ ਕਰਾਇੰਦਾ । ਫੂਲਨ ਪਾਏ ਨਾ ਕੋਈ ਹਾਰ, ਸਾਚੀ ਮਾਲਾ ਨਾਮ ਗਲ ਲਟਕਾਇੰਦਾ । ਗੁਰਮੁਖਾਂ ਕਰੇ ਤਨ ਸ਼ਿੰਗਾਰ, ਗੁਰਸਿਖ ਕਾਇਆ ਆਪ ਰੰਗਾਇੰਦਾ । ਆਪੇ ਹੋਇਆ ਸੇਵਾਦਾਰਾ, ਸੇਵਕ ਸੇਵਾ ਸਚ ਕਮਾਇੰਦਾ । ਇਕ ਇਕੱਲਾ ਏਕੰਕਾਰ, ਏਕਾ ਧਾਰ ਬੰਧਾਇੰਦਾ । ਏਕਾ ਇੱਕੀ ਖੇਲ ਨਿਆਰ, ਨਵ ਸਤ ਪੰਜ ਰੂਪ ਵਟਾਇੰਦਾ । ਖੇਲੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾਇੰਦਾ ।

ਸਤਿਗੁਰ ਸ਼ਬਦ ਦਿਆਲ, ਸਤਿ ਸਮਾਇਆ । ਸਤਿਗੁਰ ਸ਼ਬਦ ਅਕਾਲ, ਅਕਾਲ ਰੂਪ ਹੋ ਆਇਆ । ਸਤਿਗੁਰ ਸ਼ਬਦ ਪ੍ਰਿਤਪਾਲ, ਜੁਗ ਜੁਗ ਕਰਦਾ ਆਇਆ । ਸਤਿਗੁਰ ਸ਼ਬਦ ਰਖਵਾਲ, ਜਨ ਭਗਤਾਂ ਹੋਏ ਸਹਾਇਆ । ਸਤਿਗੁਰ ਸ਼ਬਦ ਨਿਸ਼ਾਨ ਆਪ ਆਪਣਾ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸ਼ਬਦੀ ਰੂਪ ਵਟਾਇਆ । ਸਤਿਗੁਰ ਸ਼ਬਦ ਅਟੱਲ ਹੈ, ਸਦਾ ਸਦਾ ਸੁਰਜੀਤ । ਵਸੇ ਧਾਮ ਸਦਾ ਅਚਲ ਹੈ, ਜਨ ਭਗਤਾਂ ਰੱਖੇ ਪ੍ਰੀਤ । ਵੇਖ ਵਖਾਏ ਜਲ ਥਲ ਹੈ, ਪਰਖਣਹਾਰਾ ਨੀਤ । ਦਰ ਦਰਵਾਜ਼ਾ ਜਨ ਹਰਿ ਬੈਠਾ ਮੱਲ ਹੈ, ਕਾਇਆ ਸੀਤਲ ਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਰੇ ਪਤਿਤ ਪੁਨੀਤ । ਗੁਰਮੁਖ ਫੁਲਵਾੜੀ ਸਚ ਮਾਤ, ਹਰਿ ਸਾਚੇ ਮਾਤ ਲਗਾਈਆ । ਆਪੇ ਵੇਖੇ ਮਾਰ ਝਾਤ, ਹੋਏ ਸਦਾ ਸਹਾਈਆ । ਦੇਵਣਹਾਰਾ ਧੁਰ ਦੀ ਦਾਤ, ਦਰ ਦਰ ਸੇਵ ਕਮਾਈਆ । ਸੋਹੰ ਸ਼ਬਦ ਵਡ ਕਰਾਮਾਤ, ਹਰਿ ਸ਼ਬਦੀ ਬਣਤ ਬਣਾਈਆ । ਜੋਤੀ ਸ਼ਬਦੀ ਕਮਲਾਪਾਤ, ਰੂਪ ਅਨੂਪ ਸਮਾਈਆ । ਆਪੇ ਪੁੱਛਣਹਾਰਾ ਵਾਤ, ਸਦਾ ਸਦਾ ਸਹਾਈਆ । ਸਚ ਪ੍ਰੀਤੀ ਬੰਧੇ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਮੇਟ ਮਿਟਾਏ ਜ਼ਾਤ ਪਾਤ, ਰੀਠੇ ਕੌੜੇ ਭੰਨ ਵਿਖਾਈਆ । ਹਰਿ ਸੰਗਤ ਬੈਠੀ ਇਕ ਜਮਾਤ, ਸੋਹੰ ਵਿਦਿਆ ਰਿਹਾ ਪੜ੍ਹਾਈਆ । ਸਤਿ ਪੁਰਖ ਨਿਰੰਜਣ ਸਾਚਾ ਸਾਥ, ਆਪਣਾ ਰਿਹਾ ਨਿਭਾਈਆ । ਜੋਤ ਨਿਰੰਜਣ ਸੇਵਾ ਲਾਈ ਤ੍ਰੈਲੋਕੀ ਨਾਥ, ਆਪਣੀ ਸੇਵਾ ਰਿਹਾ ਕਮਾਈਆ । ਪੁਰਖ ਅਬਿਨਾਸ਼ੀ ਸਦਾ ਸਮਰਾਥ, ਅਕਲ ਕਲਾ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕਿਸੇ ਹੱਥ ਨਾ ਆਈਆ ।


੩੭੬
੦੬

✻ ਪਹਿਲੀ ਚੇਤਰ ੨੦੧੪ ਬਿਕ੍ਰਮੀ ਦਲੀਪ ਸਿੰਘ ਦੇ ਘਰ ਇੱਕੀ ਪਰਵਾਰਾਂ ਦਾ ਇਕੱਠ ਹੋਇਆ ਤੇ ਸ਼ਹਿਨਸ਼ਾਹ ਜੀ ਨੇ ਸ਼ਬਦ ਦੀ ਕਿਰਪਾ ਕੀਤੀ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✻

ਪਾਰਬ੍ਰਹਮ ਸਰਬ ਘਟ ਵਾਸੀ, ਹਰ ਘਟ ਵੇਖ ਵਖਾਇੰਦਾ । ਪਰਗਟ ਹੋਏ ਘਨਕਪੁਰ ਵਾਸੀ, ਸਾਚਾ ਡੰਕ ਵਜਾਇੰਦਾ । ਦੂਰ ਕਰਾਏ ਦਰ ਦਵਾਰਿਉਂ ਮਦਿਰਾ ਮਾਸੀ, ਸਾਚਾ ਹੁਕਮ ਜਣਾਇੰਦਾ । ਗੁਰਮੁਖਾਂ ਮਾਨਸ ਜਨਮ ਕਰੇ ਰਾਸੀ, ਦੀਪਕ ਜੋਤ ਜਗਾਇੰਦਾ । ਚਾਰ ਕੁੰਟ ਲਾਏ ਉਦਾਸੀ, ਮਨਮੁਖ ਜੀਵ ਸਰਬ ਕੁਰਲਾਇੰਦਾ । ਕਲਜੁਗ ਮਾਇਆ ਅੰਤ ਵਿਨਾਸੀ, ਚਰਨ ਦਾਸੀ ਜਨ ਭਗਤਾਂ ਆਪ ਕਰਾਇੰਦਾ । ਪਕੜ ਉਠਾਏ ਪੰਡਤ ਕਾਂਸੀ, ਵੇਦ ਪੁਰਾਨਾਂ ਫੋਲ ਫੁਲਾਇੰਦਾ । ਨੌ ਖੰਡ ਪ੍ਰਿਥਮੀ ਕਰੇ ਹਾਸੀ, ਸ਼ਾਹੋ ਸ਼ਾਬਾਸ਼ ਨਾ ਕੋਈ ਪਾਇੰਦਾ । ਭਗਤ ਸੁਹੇਲਾ ਦਏ ਦਲਾਸੀ, ਵੇਲਾ ਵਕਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚੇ ਬੰਨ੍ਹੇ ਬੇੜਾ, ਅਕਲ ਕਲਾ ਭਰਪੂਰਿਆ । ਨਾ ਕੋਈ ਨਗਰ ਸ਼ਹਿਰ ਖੇੜਾ, ਕੂੜੋ ਕੂੜਿਆ । ਪੰਚਮ ਤਤੀ ਲੱਗਾ ਝੇੜਾ, ਮਿਲੇ ਮੇਲ ਨਾ ਹਰਿ ਦਾਤਾ ਜੋਧਾ ਸੂਰਿਆ । ਲੱਖ ਚੁਰਾਸੀ ਰੁੜ੍ਹਿਆ ਬੇੜਾ, ਕਲਜੁਗ ਉਤਰੇ ਕੋਇ ਨਾ ਸਾਚੇ ਪੂਰਿਆ । ਪਾਰਬ੍ਰਹਮ ਕਰੇ ਹੱਕ ਨਿਬੇੜਾ, ਆਪੇ ਵਸੇ ਨੇੜੇ ਦੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਦਰ, ਮਸਤਕ ਲਾਏ ਸਾਚੀ ਧੂੜਿਆ । ਗੁਰਮੁਖ

ਤੇਰਾ ਦਰ ਦਰਵਾਜ਼ਾ, ਲੋਕਮਾਤ ਸੁਹਾਇੰਦਾ । ਪਰਗਟ ਹੋਏ ਗਰੀਬ ਨਿਵਾਜਾ, ਦਿਸ ਕਿਸੇ ਨਾ ਆਇੰਦਾ । ਸਤਿਜੁਗ ਕਲਜੁਗ ਹਰਿ ਸਾਜਨ ਸਾਜਾ, ਸਾਚਾ ਜੋਗ ਕਮਾਇੰਦਾ । ਪਕੜ ਉਠਾਏ ਰਾਜਨ ਰਾਜਾ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਆਤਮ ਦਰਸੀ ਸ਼ਬਦ ਸਰੂਪੀ ਮਾਰੇ ਆਵਾਜਾ, ਅਨਹਦ ਸੇਵਾ ਲਾਇੰਦਾ । ਪੰਚ ਸਵਾਰੇ ਪੰਚਮ ਕਾਜਾ, ਪੰਚਮ ਮੋਹ ਚੁਕਾਇੰਦਾ । ਸਤਿਜੁਗ ਤੇਰਾ ਸਾਚਾ ਦਾਜਾ, ਗੁਰਮੁਖਾਂ ਝੋਲੀ ਪਾਇੰਦਾ । ਚਰਨ ਦਵਾਰ ਇਕ ਵਖਾਏ ਮੱਕਾ ਕਾਅਬਾ, ਹਾਜਨ ਹਾਜਾ ਅੱਠ ਸੱਠ ਵੇਖ ਵਖਾਇੰਦਾ । ਸ਼ਬਦ ਘੋੜਾ ਚਿੱਟਾ ਅਸਵ ਨੀਲਾ ਤਾਜਾ, ਸੋਲਾਂ ਕਲੀਆਂ ਆਸਣ ਲਾਇੰਦਾ । ਕਲਜੁਗ ਕਾਇਆ ਖੋਲ੍ਹੇ ਪਾਜਾ, ਸੰਮਤ ਚੌਦਾਂ ਵੇਖ ਵਖਾਇੰਦਾ । ਧੁਰਦਰਗਾਹੀ ਰਾਜਨ ਰਾਜਾ, ਸ਼ਾਹ ਕੰਗਾਲ ਆਪ ਅਖਵਾਇੰਦਾ । ਜੋਤ ਜਗਾਏ ਦੇਸ ਮਾਝਾ, ਗੁਰ ਗੋਬਿੰਦਾ ਲੇਖ ਲਿਖਾਇੰਦਾ । ਆਪ ਰਚਾਇਆ ਆਪਣਾ ਕਾਜਾ, ਵਾਲੀ ਹਿੰਦ ਹਰਿ ਉਠਾਇੰਦਾ । ਲਾੜੀ ਮੌਤ ਮੰਗੇ ਦਾਜਾ, ਲੱਖ ਚੁਰਾਸੀ ਝੋਲੀ ਪਾਇੰਦਾ । ਜੂਠਾ ਝੂਠਾ ਵੱਜਿਆ ਵਾਜਾ, ਕਲਜੁਗ ਆਪਣਾ ਤਾਲ ਵਜਾਇੰਦਾ । ਪੰਚ ਵਿਕਾਰਾ ਭਰ ਜਹਾਜ਼ਾ, ਅੰਤਮ ਸ਼ਾਹੋ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚਾ ਘਰ, ਸ਼ਬਦ ਸਰੂਪੀ ਵੇਖ ਵਖਾਇੰਦਾ । ਗੁਰਮੁਖ ਸਾਚੇ ਬੰਕ ਦਵਾਰ, ਹਰਿ ਸਾਚੇ ਵੇਖ ਵਖਾਨਿਆ । ਭਰਮੇ ਭੁੱਲੇ ਭਰਮ ਗਵਾਰ, ਧਰਮ ਝੁਲਾਏ ਇਕ ਨਿਸ਼ਾਨ, ਹਰ ਘਟ ਆਪੇ ਜਾਣਿਆ । ਦੋ ਜਹਾਨਾਂ ਸਰਬ ਜੀਆਂ ਪ੍ਰਭ ਜਾਣੀ ਜਾਣ, ਆਤਮ ਜੋਤੀ ਮੇਲ ਮਿਲਾਨਿਆ । ਹਰਿਜਨ ਸਾਚੇ ਲਏ ਪਛਾਣ, ਖੇਲੇ ਖੇਲ ਸ੍ਰੀ ਭਗਵਾਨਿਆ । ਸਾਚਾ ਸ਼ਬਦ ਦੇਵੇ ਦਾਨ, ਦਾਤਾ ਦਾਨੀ ਧੁਰ ਫ਼ਰਮਾਣਿਆ । ਕਲਜੁਗ ਕਾਲਾ ਆਇਆ ਦਾਗ਼ ਮਿਟਾਣ, ਸਤਿਜੁਗ ਸਾਚਾ ਚੰਨ ਚੜ੍ਹਾਨਿਆ । ਏਕਾ ਇੱਕੀ ਵਿਚ ਜਹਾਨ, ਏਕਾ ਵਾਰ ਵਖਾਨਿਆ । ਸਾਚੀ ਸਿੱਖੀ ਕਰ ਪਰਵਾਨ, ਗੁਰ ਗੋਬਿੰਦੇ ਮੇਲ ਮਿਲਾਨਿਆ । ਅੰਮ੍ਰਿਤ ਆਤਮ ਪੀਣ ਖਾਣ, ਨਿਝਰ ਧਾਰਾ ਆਪ ਵਹਾਨਿਆ । ਪੰਚਮ ਰਾਗਾ ਸਾਚਾ ਗਾਨ, ਰਾਗ ਛੱਤੀ ਵੇਖ ਵਖਾਨਿਆ । ਕੰਤ ਸੁਹਾਗਾ ਮੇਲ ਮਿਲਾਨ, ਨਾਰੀ ਕੰਤ ਇਕ ਹੰਢਾਨਿਆ । ਸੋਇਆ ਜਾਗਾ ਸੂਰਾ ਬਲਵਾਨ, ਨਿਹਕਲੰਕੀ ਹਰਿ ਭਗਵਾਨ, ਕਲਜੁਗ ਮਾਇਆ ਲੱਗੀ ਅੱਗਾ, ਨਾ ਕੋਈ ਮਾਤ ਬੁਝਾਨਿਆ । ਗੁਰਮੁਖ ਵਿਰਲਾ ਚਰਨੀ ਲਾਗਾ, ਪ੍ਰਭ ਬਖ਼ਸ਼ੇ ਚਰਨ ਧਿਆਨਿਆ । ਸੋਹੰ ਬੰਨ੍ਹੇ ਸਾਚਾ ਤਾਗਾ, ਨਾ ਕੋਈ ਤੋੜ ਤੁੜਾਨਿਆ । ਆਪ ਆਪਣੇ ਹੱਥ ਰੱਖੇ ਵਾਗਾ, ਪ੍ਰਭ ਸਾਚੇ ਰਥ ਚੜ੍ਹਾਨਿਆ । ਗੁਰਮੁਖ ਸਾਚੇ ਵਡ ਵਡ ਭਾਗਾ, ਵਡ ਭਾਗੀ ਮੇਲ ਮਿਲਾਨਿਆ । ਹੰਸ ਬਣਾਏ ਫੜ ਫੜ ਕਾਗਾ, ਹਰਿ ਸਾਚੀ ਚੋਗ ਚੁਗਾਨਿਆ । ਦੁਰਮਤ ਮੈਲ ਧੋਵੇ ਦਾਗ਼ਾ, ਦਰ ਦਰਵੇਸ਼ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖੇ ਘਰ, ਜੋਤੀ ਜਗੇ ਇਕ ਮਹਾਨਿਆ । ਗੁਰਮੁਖ ਸਾਚੇ ਦਰ ਦਵਾਰ, ਆਤਮ ਜੋਤ ਜਗਾਈਆ । ਆਤਮ ਧੁਨ ਸੱਚੀ ਧੁਨਕਾਰ, ਅੱਠੇ ਪਹਿਰ ਜਣਾਈਆ । ਸੁਣੇ ਸੁਣਾਏ ਸੁਣਨੇਹਾਰ, ਆਤਮ ਸੇਜਾ ਆਸਣ ਲਾਈਆ । ਮੀਤ ਮੁਰਾਰੀ ਕੰਤ ਭਤਾਰ, ਸਾਚੀ ਨਾਰ ਇਕ ਬਣਾਈਆ । ਵੇਖ ਵਖਾਣੇ ਸਗਲ ਸੰਸਾਰ, ਸ੍ਰਿਸ਼ਟ ਸਬਾਈ ਫੋਲ ਫੁਲਾਈਆ । ਕਲਜੁਗ ਮਾਇਆ ਹਾਹਾਕਾਰ, ਚਾਰੋਂ ਕੁੰਟ ਰਹੀ ਕੁਰਲਾਈਆ । ਲੋਭ ਮੋਹ ਹੰਕਾਰਾ ਧੂੰਆਂਧਾਰ, ਸਚ ਸੁੱਚ ਦਿਸ ਨਾ ਆਈਆ । ਗੋਬਿੰਦ ਗੁਰ ਲਏ ਅਵਤਾਰ, ਜੋਤੀ ਸ਼ਬਦੀ ਬਣਤ ਬਣਾਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਆਪੇ ਵੇਖੇ ਵੇਖਣਹਾਰ, ਸ੍ਰਿਸ਼ਟ ਸਬਾਈ ਦਿਸ ਨਾ ਆਈਆ । ਨੌ ਖੰਡ ਪ੍ਰਿਥਮੀ ਮਾਰੇ ਮਾਰ,


੩੮੭ ੦੬

ਸੱਤਾਂ ਦੀਪਾਂ ਰਿਹਾ ਸੁਣਾਈਆ । ਬ੍ਰਹਮਾ ਸ਼ਿਵ ਇੰਦ ਕਰੇ ਖ਼ਬਰਦਾਰ, ਕਰੋੜ ਤੇਤੀਸਾ ਆਪ ਜਗਾਈਆ । ਦੋ ਜਹਾਨਾਂ ਏਕੰਕਾਰ, ਏਕਾ ਰੰਗ ਰੰਗਾਈਆ । ਕਲਜੁਗ ਤੇਰੀ ਕਾਲੀ ਧਾਰ, ਲੋਕਮਾਤ ਅੰਧੇਰਾ ਛਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸੰਮਤ ਚੌਦਾਂ ਵੇਖ ਵਖਾਈਆ । ਹਰਿ ਸੰਗਤ ਸਾਚੀ ਕਰ ਤਿਆਰ, ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ, ਸ਼ਬਦ ਧਿਆਨੀ ਲੇਖੇ ਲਾਈਆ । ਪਵਣ ਸਵਾਸੀ ਦਮਾਂ, ਦਿਵਸ ਰੈਣ ਜੋ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਇਆ ਦਰ ਦਵਾਰਿਉਂ ਰੁੱਲਾ । ਗੁਰਮੁਖ ਸਾਚੇ ਸਾਚਾ ਧਾਮ, ਏਕਾ ਏਕ ਸੁਹਾਇਆ । ਮਿਲਿਆ ਮੇਲ ਸਾਚਾ ਰਾਮ, ਰਾਮ ਰਾਮਾ ਰੂਪ ਸਮਾਇਆ । ਕਲਜੁਗ ਮਿਟੇ ਅੰਧੇਰੀ ਸ਼ਾਮ, ਅਗਿਆਨ ਅੰਧੇਰ ਮਿਟਾਇਆ । ਪੰਚ ਵਿਕਾਰਾ ਹੋਇਆ ਤਾਮ, ਰਸਨਾ ਭੋਗ ਲਗਾਇਆ । ਅੰਮ੍ਰਿਤ ਆਤਮ ਪੀਆ ਜਾਮ, ਹਉਮੇ ਰੋਗ ਮਿਟਾਇਆ । ਪੂਰ ਕਰਾਏ ਹਰਿ ਹਰਿ ਕਾਮ, ਬੰਕ ਦਵਾਰੀ ਬਣ ਕੇ ਆਇਆ । ਸਤਿਜੁਗ ਸਾਚੇ ਸਾਚਾ ਨਾਮ, ਚਾਰ ਵਰਨਾਂ ਰਿਹਾ ਜਣਾਇਆ । ਲੇਖੇ ਲਾਏ ਹੱਡ ਮਾਸ ਨਾੜੀ ਚਾਮ, ਮਾਨਸ ਮਨੁੱਖ ਰਿਹਾ ਤਰਾਇਆ । ਕੋਈ ਨਾ ਮੰਗੇ ਹਰਿ ਜੀ ਦਾਮ, ਚਰਨ ਪ੍ਰੀਤ ਇਕ ਸਿਖਾਇਆ । ਅੱਖਰ ਵੱਖਰ ਇਕ ਨਿਧਾਨ, ਸਚ ਮੰਤਰ ਨਾਮ ਦ੍ਰਿੜਾਇਆ । ਗੋਬਿੰਦ ਕਾਇਆ ਜਗਤ ਨਿਸ਼ਾਨ, ਸ਼ਬਦੀ ਬਣਤ ਬਣਾਇਆ । ਦਰ ਦਵਾਰ ਕਰੇ ਪਰਵਾਨ, ਪਾਰਬ੍ਰਹਮ ਸਦਾ ਸੁਖਦਾਇਆ । ਆਪ ਰਖਾਏ ਆਪਣੀ ਆਣ, ਕਲਜੁਗ ਅੰਤਮ ਭੇਖ ਵਟਾਇਆ । ਜਨ ਭਗਤਾਂ ਦੇਵੇ ਦੋ ਜਹਾਨੀ ਮਾਣ, ਆਵਣ ਜਾਵਣ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਡੰਕ ਰਾਓ ਰੰਕ ਦਵਾਰ ਬੰਕ ਇਕ ਇਕੇਲਾ ਭਗਤ ਸੁਹੇਲਾ ਸਾਚਾ ਰਿਹਾ ਸੁਣਾਇਆ । ਭਗਤ ਸੁਹੇਲਾ ਸਾਚਾ ਮੀਤਾ, ਅਚਰਜ ਕਲ ਵਰਤਾਈਆ । ਆਪੇ ਗੁਰ ਆਪੇ ਚੇਲਾ ਆਪੇ ਪਰਖਣਹਾਰਾ ਨੀਤਾ, ਆਪੇ ਮੇਲ ਮਿਲਾਈਆ । ਨਾ ਕੋਈ ਮੰਦਰ ਗੁਰਦਵਾਰ ਮਸੀਤਾ, ਦਸਮ ਦਵਾਰੀ ਬੈਠਾ ਆਸਣ ਲਾਈਆ । ਵੇਖ ਵਖਾਏ ਹਸਤ ਕੀਟਾ, ਹਰਿ ਏਕਾ ਰੰਗ ਰੰਗਾਈਆ । ਸ਼ਬਦ ਜਣਾਏ ਇਕ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆਈਆ । ਕਲਜੁਗ ਕਾਇਆ ਕੌੜਾ ਰੀਠਾ, ਅੰਤਮ ਭੰਨ ਵਖਾਈਆ । ਹਰਿ ਹਰਿ ਸ਼ਬਦ ਹਰਿਜਨ ਲਾਗਾ ਮੀਠਾ, ਅੰਮ੍ਰਿਤ ਫ਼ਲ ਖਵਾਈਆ । ਮਨਮੁਖ ਜੀਵਾਂ ਜੂਠਾ ਝੂਠਾ ਪੀਸਣ ਪੀਸਾ, ਰਸਨ ਹੋਈ ਹਲਕਾਈਆ । ਗੁਰਮੁਖ ਤੇਰੀ ਕੋਈ ਨਾ ਕਰੇ ਰੀਸਾ, ਕਾਇਆ ਚੋਲੀ ਆਪਣੇ ਹੱਥੀਂ ਆਪ ਰੰਗਾਈਆ । ਪੁਰਖ ਅਬਿਨਾਸ਼ੀ ਬੀਠਲਾ ਬੀਠਾ, ਪਾਰਬ੍ਰਹਮ ਅਚੁੱਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਆਈਆ । ਨਰ ਨਰਾਇਣ ਆਪ ਨਿਰੰਕਾਰਾ, ਨਿਰਗੁਣ ਰੂਪ ਸਮਾਇਆ । ਸਰਗੁਣ ਬਖ਼ਸ਼ੇ ਸ਼ਬਦੀ ਧਾਰਾ, ਜੋਤੀ ਮੇਲ ਮਿਲਾਇਆ । ਆਵੇ ਜਾਵੇ ਅੱਧ ਵਿਚਕਾਰਾ, ਦਿਸ ਕਿਸੇ ਨਾ ਆਇਆ । ਸਚ ਦਵਾਰੀ ਬੰਦ ਕਿਵਾੜਾ, ਆਪਣੀ ਹੱਥੀਂ ਕੁੰਡਾ ਲਾਇਆ । ਨੌ ਦਵਾਰੇ ਜਗਤ ਅਖਾੜਾ, ਲੱਖ ਚੁਰਾਸੀ ਲੜੇ ਲੜਾਇਆ । ਗੁਰਮੁਖਾਂ ਲਾਜ ਰਖਾਏ ਚਰਨ ਛੁਹਾਈ ਦਾਹੜਾ, ਵੇਲੇ ਅੰਤ ਹੋਏ ਸਹਾਇਆ । ਸਖਾ ਸੁਹੇਲਾ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਘਰ ਸਾਚੇ ਬੈਠਾ ਆਸਣ ਲਾਇਆ । ਹਰਿ ਘਰ ਸਾਚਾ ਆਤਮ ਸੇਜ, ਏਕਾ ਏਕ ਵਿਛਾਈਆ । ਸ਼ਬਦ ਸੁਨੇਹੜਾ

੩੭੮
੦੬

ਰਿਹਾ ਭੇਜ, ਦਿਵਸ ਰੈਣ ਜਣਾਈਆ । ਜੋਤੀ ਨੂਰ ਜਗੇ ਹਮੇਸ਼, ਨਾ ਕੋਈ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਘਰ, ਚਰਨ ਕਵਲ ਉਪਰ ਧਵਲ ਆਰ ਪਾਰ ਰਿਹਾ ਲਿਖਾਈਆ । ਧਰਤ ਧਵਲ ਕਰ ਆਕਾਰ, ਹਰਿ ਜੋਤੀ ਜੋਤ ਜਗਾਇੰਦਾ । ਆਦਿ ਜੁਗਾਦੀ ਭਗਤ ਪਿਆਰ, ਕਲਜੁਗ ਪੂਰ ਕਰਾਇੰਦਾ । ਸਤਿ ਸਤਿਵਾਦੀ ਨਰ ਨਿਰੰਕਾਰ, ਸਤਿ ਪੁਰਖ ਨਿਰੰਜਣ ਆਪ ਹੋ ਜਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਸਾਚਾ ਮੇਲਾ ਆਪ ਮਿਲਾਇੰਦਾ । ਸੱਜਣ ਸੁਹੇਲਾ ਮੀਤ ਮੁਰਾਰ, ਗੋਬਿੰਦ ਕਾਇਆ ਰੂਪ ਵਟਾਇੰਦਾ । ਗੁਰ ਸੰਗਤ ਚੜ੍ਹਾਏ ਸਾਚਾ ਤੇਲਾ, ਪਹਿਲੀ ਚੇਤਰ ਰੁੱਤ ਸੁਹਾਇੰਦਾ । ਆਪ ਵਸਿਆ ਸਦ ਨਵੇਲਾ, ਆਪ ਆਪਣੇ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਤੇਰਾ ਏਕਾ ਘਰ, ਏਕੰਕਾਰਾ ਰੂਪ ਵਟਾਇੰਦਾ । ਏਕੰਕਾਰਾ ਇਕ ਇਕੱਲਾ, ਅਕਲ ਕਲਾ ਭਰਪੂਰਿਆ । ਗੁਰਮੁਖਾਂ ਵਸੇ ਸਚ ਮਹੱਲਾ, ਆਪੇ ਵਸੇ ਨੇੜੇ ਦੂਰਿਆ । ਨਿਹਚਲ ਧਾਮ ਇਕ ਅਟੱਲਾ, ਹਰਿ ਸਾਚਾ ਹਾਜ਼ਰ ਹਜ਼ੂਰਿਆ । ਹਰਿ ਹੋਏ ਸਹਾਈ ਜਲਾ ਥਲਾ, ਆਸਾ ਮਨਸਾ ਪੂਰਿਆ । ਸ਼ਬਦ ਸੁਨੇਹੜਾ ਏਕਾ ਘੱਲਾ, ਆਦਿ ਜੁਗਾਦੀ ਸਾਚੀ ਤੂਰਿਆ । ਦਰ ਦਵਾਰਾ ਵਿਰਲੇ ਮਾਤ ਮੱਲਾ, ਸ੍ਰਿਸ਼ਟ ਸਬਾਈ ਕੂੜੋ ਕੂੜਿਆ । ਸ਼ਬਦ ਫੜਾਏ ਸਾਚਾ ਭੱਲਾ, ਚਰਨ ਬਖ਼ਸ਼ੇ ਸਾਚੀ ਧੂੜਿਆ । ਦੂਈ ਦਵੈਤੀ ਮੇਟੇ ਸੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਘਰ, ਨਾਦ ਵਜਾਏ ਅਨਹਦ ਸਾਚੀ ਤੂਰਿਆ । ਅਨਾਦ ਅਨਾਦਾ ਅਨਹਦ ਤੂਰ, ਪ੍ਰਭ ਸਾਚਾ ਆਪ ਵਜਾਇੰਦਾ । ਪੰਚਮ ਮੀਤਾ ਸ਼ਾਹੋ ਸਰੂਰ, ਸਤਿ ਸੰਤੋਖ ਉਪਾਇੰਦਾ ।


੩੭੯
੦੬

ਆਦਿ ਜੁਗਾਦੀ ਵਸਿਆ, ਏਕਾ ਏਕੰਕਾਰ । ਜੁਗ ਜੁਗ ਰਾਹ ਨਿਰਾਲਾ ਦੱਸਿਆ, ਪਾਵਣਹਾਰਾ ਸਾਰ । ਤੀਰ ਨਿਰਾਲਾ ਰਿਹਾ ਕੱਸਿਆ, ਦਹਿ ਦਿਸ਼ਾ ਕਰੇ ਸ਼ਿੰਗਾਰ । ਸ਼ਬਦ ਸਿੰਘਾਸਣ ਬਹਿ ਬਹਿ ਹੱਸਿਆ, ਪੁਰਖ ਅਗੰਮਾ ਅਗੰਮੜੀ ਧਾਰ । ਦੂਰ ਦੁਰਾਡਾ ਆਏ ਨੱਸਿਆ, ਕਲਜੁਗ ਤੇਰੀ ਅੰਤਮ ਵਾਰ । ਵੇਖੇ ਰੈਣ ਅੰਧੇਰੀ ਮੱਸਿਆ, ਚਾਰੋਂ ਕੁੰਟ ਧੂੰਆਂਧਾਰ । ਪੰਚ ਵਿਕਾਰਾ ਘਰ ਘਰ ਮੰਦਰ ਅੰਦਰ ਵਸਿਆ, ਨਾ ਕੋਈ ਜਾਣੇ ਜੀਵ ਗਵਾਰ । ਦੂਤਾਂ ਦੁਸ਼ਟਾਂ ਫੜ ਫੜ ਝੱਸਿਆ, ਅੰਤਮ ਡੋਬੇ ਅੱਧ ਵਿਚਕਾਰ । ਗੁਰਮੁਖ ਵਿਰਲੇ ਹਿਰਦੇ ਅੰਦਰ ਵਸਿਆ, ਹਰਿ ਸਾਜਣ ਮੀਤ ਮੁਰਾਰ । ਕੋਟਨ ਕੋਟ ਕਰੇ ਪਰਕਾਸ਼ ਰਵ ਰਵ ਸਸਿਆ, ਜੋਤੀ ਨੂਰ ਕਰੇ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਪਾਵਣਹਾਰਾ ਸਾਰ । ਭਗਤ ਦਵਾਰਾ ਧੰਨ ਹੈ, ਹਰਿ ਸਾਚਾ ਵੇਖ ਵਖਾਣਦਾ । ਏਕਾ ਰਾਗ ਸੁਣਾਏ ਕੰਨ ਹੈ, ਦੇਵੇ ਖਜ਼ਾਨਾ ਸੱਚੇ ਧਨ ਮਾਲ ਦਾ । ਭਾਂਡਾ ਭਰਮ ਗੜ੍ਹ ਹੰਕਾਰੀ ਦੇਵੇ ਭੰਨ ਹੈ, ਅੰਤਮ ਵੇਲਾ ਪੁਣ ਛਾਣ ਦਾ । ਭਰਮ ਭੁਲੇਖਾ ਕੱਢੇ ਜਨ ਹੈ, ਵੇਖ ਖੇਲ ਨਿਗਾਹਬਾਨ ਦਾ । ਜੰਤ ਜੀਵਾਂ ਪੰਚ ਵਿਕਾਰਾ ਲਾਏ ਸੰਨ੍ਹ ਹੈ, ਲਹਿਣਾ ਦੇਣਾ ਚੁੱਕੇ ਪੀਣ ਖਾਣ ਦਾ । ਰਾਏ ਧਰਮ ਦੇਵਣਹਾਰਾ ਡੰਨ ਹੈ, ਲੱਖ ਚੁਰਾਸੀ ਵੇਖ ਵਖਾਣ ਦਾ । ਗੁਰਮੁਖ ਵਿਰਲੇ ਆਤਮ ਜਾਏ ਮੰਨ ਹੈ, ਮਿਲੇ ਮੇਲ ਸ੍ਰੀ ਭਗਵਾਨ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਦੋ ਜਹਾਨ ਦਾ । ਦੋ ਜਹਾਨਾਂ ਹਰਿ ਹਰਿ ਵਾਲੀ, ਸਾਚੀ ਬਣਤ ਬਣਾਇੰਦਾ । ਧਰਤ ਮਾਤ ਤੇਰਾ ਸਾਚਾ ਪਾਲੀ, ਆਪੇ ਆਪ ਅਖਵਾਇੰਦਾ ।

ਸ਼ਬਦ ਵਖਾਏ ਜਗਤ ਦਲਾਲੀ, ਵਣਜ ਵਪਾਰਾ ਇਕ ਕਰਾਇੰਦਾ । ਖੇਲੇ ਖੇਲ ਹੱਕ ਜਲਾਲੀ, ਅਹਿਨਲ ਹੱਕ ਨਾਲ ਰਲਾਇੰਦਾ । ਆਪੇ ਹੋਇਆ ਹੱਥਾਂ ਖਾਲੀ, ਸ੍ਰਿਸ਼ਟ ਸਬਾਈ ਮੁਖ ਭਵਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲੀ, ਕਲਜੁਗ ਅੰਤਮ ਵੇਖ ਵਖਾਇੰਦਾ । ਫਲ ਨਾ ਦਿਸੇ ਕਿਸੇ ਡਾਲ੍ਹੀ, ਲੱਖ ਚੁਰਾਸੀ ਕੋਈ ਨਾ ਕਰੇ ਬੰਦ ਖੁਲਾਸੀ, ਚਿਤਰ ਗੁਪਤ ਲੇਖ ਲਿਖਾਇੰਦਾ । ਗੁਰਮੁਖ ਸਾਚੇ ਚਰਨ ਪ੍ਰੀਤੀ ਨਿਭੇ ਨਾਲੀ, ਹਰਿ ਸਾਚਾ ਜੋੜ ਜੁੜਾਇੰਦਾ । ਨਾਰ ਦੁਹਾਗਣ ਸੁਰਤ ਸਵਾਣੀ ਮਾਰੇ ਤਾਲੀ, ਮਨਮੁਖ ਅਖਾੜਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਵੇਖ ਵਖਾਇੰਦਾ । ਨਿਜ ਘਰ ਮੇਲਾ ਸ਼ਾਹੋ ਸ਼ਾਬਾਸ਼, ਸਾਚਾ ਵਕਤ ਸੁਹਾਇੰਦਾ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਪੁਰੀਆਂ ਲੋਆਂ ਫੇਰਾ ਪਾਇੰਦਾ । ਬ੍ਰਹਮਾ ਸ਼ਿਵ ਹੋਏ ਉਦਾਸ, ਸੁਰਪਤ ਰਾਜਾ ਇੰਦ ਮੁਖ ਸ਼ਰਮਾਇੰਦਾ । ਕਲਜੁਗ ਅੰਤਮ ਹੋਏ ਨਿਰਾਸ, ਕਾਲਾ ਮੂਸਾ ਤਨ ਛੁਹਾਇੰਦਾ । ਖੇਲੇ ਖੇਲ ਘਨਕਪੁਰ ਵਾਸ, ਈਸਾ ਮੂਸਾ ਫੜ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਪਹਿਲੀ ਚੇਤਰ ਸਾਚਾ ਲੇਖ ਲਿਖਾਇੰਦਾ । ਸਾਚਾ ਲੇਖਾ ਲਿਖਣਹਾਰਾ, ਆਦਿ ਪੁਰਖ ਅਗੰਮਾ । ਕਲਜੁਗ ਅੰਤਮ ਲਏ ਅਵਤਾਰਾ, ਲੱਖ ਚੁਰਾਸੀ ਵੇਖੇ ਕਰਮਾ । ਸ਼ਬਦ ਖੰਡਾ ਤੇਜ ਕਟਾਰਾ, ਚਾਰ ਵਰਨ ਬਣਾਏ ਏਕਾ ਧਰਮਾ । ਧਰਤ ਮਾਤ ਤੇਰਾ ਇਕ ਅਖਾੜਾ, ਨੌ ਖੰਡ ਪ੍ਰਿਥਮੀ ਇਕ ਕਰਨਾ । ਆਪ ਉਠਾਏ ਅਗੰਮੀ ਧਾੜਾ, ਗੁਰ ਗੋਬਿੰਦ ਪਿਆ ਸਰਨਾ । ਧੁਰ ਦਰਗਾਹੀ ਸਾਚਾ ਲਾੜਾ, ਨੀਲੇ ਘੋੜੇ ਆਪੇ ਚੜ੍ਹਨਾ । ਜੀਵ ਜੰਤ ਪੰਜ ਤਤ ਅਗਨੀ ਸਾੜਾ, ਨਾ ਕੋਈ ਜੀਵਤ ਮਰਨਾ । ਮਗਰ ਲੱਗੀ ਪੰਚਮ ਧਾੜਾ, ਮੋਹ ਵਿਕਾਰੇ ਸੜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੁਰੀਆਂ ਲੋਆਂ ਆਪੇ ਵਰਨਾ । ਪੁਰੀਆਂ ਲੋਆਂ ਪਾਵੇ ਸਾਰ, ਲੋਚਨ ਨੈਣ ਵਖਾਇੰਦਾ । ਬ੍ਰਹਮਾ ਸ਼ਿਵ ਦਏ ਹੁਲਾਰ, ਲਹਿਣਾ ਦੇਣਾ ਚੁਕਾਇੰਦਾ । ਸੁਰਪਤ ਇੰਦ ਹੋ ਤਿਆਰ, ਵੇਲਾ ਵਕਤ ਸੁਹਾਇੰਦਾ । ਮਾਤਲੋਕ ਪ੍ਰਭ ਲਏ ਅਵਤਾਰ, ਏਕਾ ਡੰਕ ਵਜਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਰਾਓ ਰੰਕਾਂ ਆਪ ਵਖਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾ ਆਪ ਅਖਵਾਇੰਦਾ । ਕਲਗੀ ਤੋੜਾ ਨਾਮ ਅਪਾਰ, ਸਾਚੇ ਸੀਸ ਟਿਕਾਇੰਦਾ । ਸਾਚਾ ਘੋੜਾ ਸੱਚੀ ਸਰਕਾਰ, ਏਕਾ ਏਕ ਰਖਾਇੰਦਾ । ਧੁਰਦਰਗਾਹੀ ਆਪੇ ਬਹੁੜਾ, ਵੇਖ ਵਖਾਏ ਮਿੱਠਾ ਕੌੜਾ, ਬ੍ਰਹਿਮਣ ਗੌੜਾ ਵੇਖ ਵਖਾਇੰਦਾ । ਦੋ ਜਹਾਨੀ ਲਾਏ ਏਕਾ ਪੌੜਾ, ਸੋ ਪੁਰਖ ਨਿਰੰਜਣ ਸੋ ਸਾਚਾ ਨਾਮ ਜਣਾਇੰਦਾ । ਨਾਨਕ ਬੁਝਾਈ ਆਤਮ ਔੜਾ, ਦੋਏ ਅੱਖਰ ਰੂਪ ਧਿਆਇੰਦਾ । ਪਾਰਬ੍ਰਹਮ ਪ੍ਰਭ ਆਤਮ ਬਹੁੜਾ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖੇ ਦਰ, ਦਰ ਦਵਾਰਾ ਇਕ ਖੁਲ੍ਹਾਇੰਦਾ । ਦਰ ਦਵਾਰਾ ਇਕ ਖੁਲ੍ਹਾਏ ਨਰਾਇਣ ਨਰ ਅਵਤਾਰਾ । ਚਾਰ ਵਰਨ ਇਕ ਸਰਨ ਬਹਾਏ, ਸ਼ਬਦ ਕਰਾਏ ਤਨ ਸ਼ਿੰਗਾਰਾ । ਅੰਮ੍ਰਿਤ ਆਤਮ ਜਾਮ ਪਿਆਏ, ਬਖ਼ਸ਼ੇ ਚਰਨ ਪਿਆਰਾ । ਸੋਹੰ ਸੱਚਾ ਨਾਮ ਜਪਾਏ, ਸਤਿਜੁਗ ਸਾਚੀ ਧਾਰਾ । ਦੂਜਾ ਦੋਅੰ ਮਿਟਾਏ, ਪਰਗਟ ਹੋਏ ਵਿਚ ਸੰਸਾਰਾ । ਤੀਜਾ ਲੋਚਨ ਖੋਲ੍ਹ ਵਖਾਏ, ਜੋ ਜਨ ਮੰਗੇ ਬਣ ਭਿਖਾਰਾ । ਚੌਥੇ ਘਰ ਮੇਲ ਮਿਲਾਏ, ਹਰਿ ਸੰਤਾਂ ਮੀਤ ਮੁਰਾਰਾ । ਪੰਚਮ ਅਨਹਦ ਸ਼ਬਦ ਵਜਾਏ, ਦਿਵਸ ਰੈਣ ਸੁਣੇ ਧੁਨਕਾਰਾ । ਛੇਵੇਂ ਛੱਪਰ ਛੰਨ ਨਾ ਕੋਇ ਰਖਾਏ, ਜੋਤੀ ਨੂਰ ਕਰੇ ਉਜਿਆਰਾ । ਸਤਵੇਂ ਸਤਿ ਪੁਰਖ ਨਿਰੰਜਣ ਆਦਿ ਸ਼ਕਤ

ਆਪ ਸਮਾਏ, ਏਕਾ ਏਕੰਕਾਰਾ । ਅੱਠਾਂ ਤਤਾਂ ਭੇਵ ਨਾ ਰਾਏ, ਆਪੇ ਵਸਿਆ ਬਾਹਰਾ । ਨੌ ਦਵਾਰੇ ਖੋਲ੍ਹ ਵਖਾਏ, ਮਨਮੁਖ ਭੁੱਲੇ ਜੀਵ ਗਵਾਰਾ । ਦਸਵੇਂ ਗੁਰਮੁਖ ਵਿਰਲਾ ਸੋਝੀ ਪਾਏ, ਜਿਸ ਜਨ ਬਖ਼ਸ਼ੇ ਚਰਨ ਪਿਆਰਾ । ਆਤਮ ਗੁਝ ਭੇਵ ਖੁਲ੍ਹਾਏ, ਖੋਲ੍ਹੇ ਬੰਦ ਕਿਵਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲ ਮਿਲਾਏ ਦਸਮ ਦਵਾਰਾ । ਦਸਮ ਦਵਾਰਾ ਸਚ ਟਿਕਾਣਾ, ਗੁਰਮੁਖ ਵਿਰਲੇ ਪਾਇਆ । ਨੌ ਦਵਾਰੇ ਜਗਤ ਮਕਾਨਾ, ਮਨਮਤ ਰਹੀ ਕੁਰਲਾਇਆ । ਅੱਠਾਂ ਤਤਾਂ ਤੀਰ ਨਿਸ਼ਾਨਾ, ਏਕਾ ਨਾਮ ਚਲਾਇਆ । ਸਤਿ ਪੁਰਖਾ ਹਰਿ ਗੁਣ ਨਿਧਾਨਾ, ਸਤਿ ਸਤਿਵਾਦੀ ਨਾਮ ਧਰਾਇਆ । ਛੇ ਘਰ ਵੇਖੇ ਵੇਖ ਵਖਾਨਾ, ਰਾਜ ਰਾਜਾਨਾਂ ਹਰਿ ਰਘੁਰਾਇਆ । ਨਿਝ ਸੁਣਾਏ ਏਕਾ ਗਾਣਾ, ਸਾਚੀ ਸੇਵਾ ਲਾਇਆ । ਚੌਥੇ ਘਰ ਪਦ ਨਿਰਬਾਣਾ, ਸਰਗੁਣ ਨਿਰਗੁਣ ਮੇਲ ਮਿਲਾਇਆ । ਬਖ਼ਸ਼ੇ ਨੇਤਰ ਦਰਸ ਮਹਾਨਾ, ਆਤਮ ਦਰਸ ਆਪ ਵਖਾਇਆ । ਦੂਜੇ ਵੇਖੇ ਦੋ ਜਹਾਨਾਂ, ਆਵਣ ਜਾਵਣ ਰਚਨ ਰਚਾਇਆ । ਇਕ ਅਕਾਲਾ ਹਰਿ ਭਗਵਾਨਾ, ਸਾਚੇ ਆਸਣ ਡੇਰਾ ਲਾਇਆ । ਦੂਜਾ ਰਖਾਨਾ ਸ਼ਬਦ ਤੀਰ ਕਮਾਨਾ, ਚਾਰੋਂ ਕੁੰਟਾਂ ਰਿਹਾ ਹਿਲਾਇਆ । ਪੰਚਾਂ ਵੇਖੇ ਜਗਤ ਮੈਦਾਨਾਂ, ਕਲਜੁਗ ਵੇਲਾ ਵਕਤ ਸੁਹਾਇਆ । ਚੌਥੇ ਬੰਨ੍ਹੇ ਜਨ ਭਗਤਾਂ ਹੱਥੀਂ ਗਾਨਾ, ਸੰਮਤ ਚੌਦਾਂ ਤੇਲ ਚੜ੍ਹਾਇਆ । ਪੰਚਮ ਫੜਾਏ ਹੱਥ ਧਰਮ ਨਿਸ਼ਾਨਾ, ਸਾਚੀ ਸੇਵਾ ਲਾਇਆ । ਛੇਵੇਂ ਮੇਲ ਸ੍ਰੀ ਭਗਵਾਨਾ, ਵਿਛੜ ਕਦੇ ਨਾ ਜਾਇਆ । ਸੱਤ ਰੰਗ ਝੁਲਾਏ ਇਕ ਨਿਸ਼ਾਨਾ, ਸੱਤਾਂ ਦੀਪਾਂ ਰਿਹਾ ਜਣਾਇਆ । ਅਠ ਸਠ ਤੀਰਥ ਮੇਟ ਮਿਟਾਨਾ, ਗੰਗਾ ਗੋਦਾਵਰੀ ਰਹਿਣ ਨਾ ਪਾਇਆ । ਨੌ ਦਰ ਮਿਟੇ ਜਗਤ ਨਿਧਾਨਾ, ਲੱਖ ਚੁਰਾਸੀ ਖ਼ਾਕ ਰੁਲਾਇਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਘਰ ਦਸਵੇਂ ਵੇਖ ਵਖਾਇਆ । ਆਤਮ ਸੇਜਾ ਇਕ ਸ੍ਰੀ ਭਗਵਾਨਾ, ਆਪਣੀ ਹੱਥੀਂ ਰਿਹਾ ਵਿਛਾਇਆ । ਜੋਤੀ ਨੂਰ ਜਗੇ ਮਹਾਨਾ, ਦੀਪਕ ਹੋਰ ਨਾ ਕੋਇ ਰਖਾਇਆ । ਅਨਹਦ ਸ਼ਬਦ ਵਜਾਏ ਢੋਲ ਮਰਦੰਗਾ ਇਕ ਸੁਣਾਏ ਸਾਚਾ ਗਾਣਾ, ਢੋਲਕ ਛੈਣਾ ਨਾ ਕੋਈ ਵਜਾਇਆ । ਜਨ ਭਗਤਾਂ ਦੇਵੇ ਦਰਸ ਮਹਾਨਾ, ਆਪੇ ਗੋਪੀ ਆਪੇ ਕਾਹਨਾ, ਨਾਰੀ ਕੰਤਾ ਆਪ ਸਮਾਇਆ । ਗੁਰਮੁਖ ਸਾਚੇ ਮੇਲ ਮਿਲਾਨਾ, ਵੇਲੇ ਅੰਤ ਦਰਸ ਦਿਖਾਨਾ, ਆਪ ਆਪਣੀ ਦਇਆ ਕਮਾਇਆ । ਨੌ ਦਰ ਭੁੱਲੇ ਜੀਵ ਨਾਦਾਨਾ, ਮਾਇਆ ਮਮਤਾ ਮੋਹ ਵਧਾਇਆ । ਅੱਠਾਂ ਤਤਾਂ ਵੇਖ ਵਖਾਨਾ, ਮਨ ਮਤ ਬੁਧ ਰਹੀ ਕੁਰਲਾਇਆ । ਸੱਤਾਂ ਵੇਖੇ ਕਰ ਧਿਆਨਾ, ਸਤਿ ਸਤਿਵਾਦੀ ਆਪ ਰਘੁਰਾਇਆ । ਛੇਵੇਂ ਛੇੜੇ ਛੇੜ ਵਾਲੀ ਦੋ ਜਹਾਨਾਂ, ਪੰਚਮ ਜੇਠੀ ਲੇਖ ਲਿਖਾਇਆ । ਵਾਲੀ ਹਿੰਦ ਉਠ ਨਾਦਾਨਾ, ਰਾਸ਼ਟਰਪਤ ਪ੍ਰਭ ਰਿਹਾ ਜਣਾਇਆ । ਪੰਚਮ ਜੇਠ ਬੰਨ੍ਹਿਆ ਗਾਨਾ, ਲਾੜੀ ਮੌਤ ਮੌਲੀ ਤੰਦ ਹੱਥ ਉਠਾਇਆ । ਉਮਤ ਨਬੀ ਰਸੂਲ ਆਪ ਪਛਾਨਾ, ਸੰਗ ਮੁਹੰਮਦ ਚਾਰ ਯਾਰੀ ਮਤਾ ਪਕਾਇਆ । ਨਾਲ ਰਲਾਏ ਸ਼ਾਹ ਈਰਾਨਾ, ਹਰਿ ਅਫਗਾਨਾ ਰੂਪ ਵਟਾਇਆ । ਹਿੰਦ ਹਿੰਦਵਾਨੀ ਖੇਲ ਮਹਾਨਾ, ਸੋਹੰ ਚਿੱਲੇ ਤੀਰ ਕਮਾਨਾ, ਆਪਣਾ ਖੇਲ ਖਿਲਾਇਆ । ਰਾਸ਼ਟਰਪਤ ਭੇਵ ਨਾ ਪਾਨਾ, ਪੰਡਤ ਨਹਿਰੂ ਰਿਹਾ ਭੁਲਾਇਆ । ਇੱਕੀ ਚੇਤ ਆਵੇ ਦਰ ਪਰਵਾਨਾ, ਸੰਮਤ ਚੌਦਾਂ ਭੇਵ ਖੁਲ੍ਹਾਇਆ । ਆਪੇ ਵੇਖੇ ਮਾਰ ਧਿਆਨਾ, ਜਗਤ ਭਗਤ ਸਾਚੀ ਸ਼ਕਤ ਦਏ ਵਖਾਇਆ । ਏਕਾ ਝੁੱਲਣਾ ਸਚ ਨਿਸ਼ਾਨਾ, ਸੱਤ ਰੰਗ ਚੜ੍ਹਾਇਆ । ਅੰਤਮ ਟੁੱਟਣਾ ਸਭ ਦਾ ਮਾਣਾ, ਸੰਮਤ ਸੋਲਾਂ ਕੋਇ ਰਹਿਣ ਨਾ ਪਾਇਆ । ਹਾੜ ਸਤਾਰਾਂ ਦਿਵਸ ਮਹਾਨਾ, ਮਾਝਾ ਦੇਸ ਹੋਏ ਵੈਰਾਨਾ, ਮਨਮੁਖ ਜੀਵ ਕੋਇ ਰਹਿਣ ਨਾ ਪਾਇਆ । ਮੁਗਲ ਪਠਾਨੀ ਤੀਰ ਕਮਾਨਾ, ਚਾਰ ਕੁੰਟ ਇਕ ਨਿਸ਼ਾਨਾ, ਪਾਰ ਕਿਨਾਰਾ ਇਕ

ਬਿਆਸ ਵਖਾਇਆ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ, ਦਰ ਦਵਾਰੇ ਦੇਵੇ ਮਾਣਾ, ਫੜ ਬਾਹੋਂ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਮੇਲ ਮਿਲਾਇਆ । ਗੋਬਿੰਦ ਗੁਰ ਸ਼ਬਦ ਬਲਵਾਨ, ਹਰਿ ਜੋਤ ਕਰੀ ਕੁੜਮਾਈਆ । ਸਾਚਾ ਮਿਲਿਆ ਹਾਣੀ ਹਾਣ, ਵਰਨ ਗੋਤ ਨਾ ਕੋਈ ਰਖਾਈਆ । ਇਕ ਦੂਜੇ ਦੀ ਕਰਨ ਪਛਾਣ, ਕਲਜੁਗ ਰੈਣ ਅੰਧੇਰੀ ਛਾਈਆ । ਸ਼ਬਦ ਸੁਣਾਏ ਰਾਗ ਕਾਨ, ਅਨਹਦ ਧੁਨ ਉਪਜਾਈਆ । ਜੋਤੀ ਦੀਪਕ ਇਕ ਮਹਾਨ, ਰਾਹ ਸਾਚਾ ਰਹੀ ਵਖਾਈਆ । ਗੋਬਿੰਦ ਮੰਗੇ ਸਾਚਾ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਪ੍ਰਭ ਅਬਿਨਾਸ਼ੀ ਮਿਹਰਵਾਨ, ਸਾਚੀ ਭਿਛਿਆ ਝੋਲੀ ਪਾਈਆ । ਦੋ ਜਹਾਨਾਂ ਕਰੇ ਪਰਵਾਨ, ਪੂਰਨ ਇਛਿਆ ਆਪ ਕਰਾਈਆ । ਨਾ ਕੋਈ ਦੀਸੇ ਸਖੀ ਸਰਵਰ ਸੁਲਤਾਨ, ਮੁੱਲਾ ਕਾਜ਼ੀ ਸ਼ੇਖ਼ ਮੁਸਾਇਕ ਦਸਤਗੀਰ ਹਕੀਰ ਕੋਇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਏਕਾ ਨਾਇਕ, ਜਨ ਭਗਤਾਂ ਹੋਏ ਸਦਾ ਸਹਾਇਕ, ਗੋਬਿੰਦ ਨਾਉਂ ਰਖਾਈਆ । ਗੋਬਿੰਦ ਨਾਉਂ ਨਰ ਨਿਰੰਕਾਰ, ਗੋਬਿੰਦ ਰੰਗ ਸਮਾਇਆ । ਸ਼ਬਦ ਚਲਾਏ ਅਪਰ ਅਪਾਰ, ਚਾਰ ਵਰਨਾਂ ਰਿਹਾ ਜਣਾਇਆ । ਚਾਰ ਵਰਨ ਸੁਹਾਏ ਇਕ ਦਵਾਰ, ਰਾਓ ਰੰਕਾਂ ਭੇਵ ਚੁਕਾਇਆ । ਸੰਮਤ ਚੌਦਾਂ ਬੰਨ੍ਹੇ ਧਾਰ, ਏਕਾ ਇੱਕੀ ਇਕ ਕਰਾਇਆ । ਸਾਚੀ ਸਿੱਖੀ ਅਪਰ ਅਪਾਰ, ਮਦਿਰਾ ਮਾਸ ਰਸਨ ਤਜਾਇਆ । ਵਾਲੋਂ ਨਿੱਕੀ ਧਾਰੋਂ ਤਿੱਖੀ, ਭੇਵ ਕਿਸੇ ਨਾ ਪਾਇਆ । ਹੱਥ ਨਾ ਆਵੇ ਮੁਨੀ ਰਿਖੀ, ਗ੍ਰੰਥੀ ਪੰਥੀ ਪੜ੍ਹ ਪੜ੍ਹ ਥੱਕੇ ਪੰਡਤ ਕਾਂਸ਼ੀ ਬਹਿ ਬਹਿ ਅੱਕੇ, ਵੇਦ ਪੁਰਾਨਾਂ ਦਿਸ ਨਾ ਆਇਆ । ਗੁਰ ਸੰਗਤ ਗੁਰ ਗੋਬਿੰਦ ਬਣਾਈ ਭੈਣ ਭਾਈ ਸਕੇ, ਦੂਸਰ ਵਿਚ ਨਾ ਕੋਈ ਰਖਾਇਆ । ਮਨਮੁਖ ਜੀਵਾਂ ਪੈਣ ਧੱਕੇ, ਪੰਚਮ ਜੇਠ ਨੇੜੇ ਆਇਆ । ਪ੍ਰਭ ਛੇੜ ਛਿੜਾਏ ਮਦੀਨੇ ਮੱਕੇ, ਬੂਰੇ ਕੱਕੇ ਮੇਲ ਮਿਲਾਇਆ । ਕਲਜੁਗ ਫਲ ਅੰਤਮ ਪੱਕੇ, ਮਨਮੁਖ ਜੀਵਾਂ ਦਏ ਖਵਾਇਆ । ਸ਼ਬਦ ਨਕੇਲ ਪਾਵੇ ਨੱਥੇ, ਚਾਰੋਂ ਕੁੰਟ ਦਏ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਮੇਲ ਮਿਲਾਇਆ । ਗੋਬਿੰਦ ਕਾਇਆ ਤਨ ਸ਼ਿੰਗਾਰ, ਹਰਿ ਪਾਏ ਸ਼ਬਦ ਕਟਾਰਿਆ । ਕਲਜੁਗ ਤੇਰੀ ਅੰਤਮ ਵਾਰ, ਸੋਲਾਂ ਕਰੇ ਤਨ ਸ਼ਿੰਗਾਰ, ਸੋਹੰ ਖੰਡਾ ਤੇਜ ਕਟਾਰ, ਹਰਿ ਗੋਬਿੰਦ ਆਪ ਉਠਾ ਰਿਹਾ । ਮੀਰੀ ਪੀਰੀ ਏਕਾ ਧਾਰ, ਸਾਚਾ ਸੀਰੀ ਮੁਖ ਚੁਆ ਰਿਹਾ । ਵਕਤ ਅਖੀਰੀ ਕਲ ਸੰਸਾਰ, ਜਗਤ ਜੰਜ਼ੀਰੀ ਇਕ ਬੰਧਾ ਰਿਹਾ । ਕਲਜੁਗ ਤੇਰੀ ਚੌਥੀ ਪੀਹੜੀ, ਜੁਗ ਜੁਗ ਨੌਂ ਨੌਂ ਜੋੜ ਜੁੜਾ ਰਿਹਾ । ਆਪਣੀ ਹੱਥੀਂ ਤੋੜੇ ਹੱਡੀ ਰੀੜ੍ਹੀ, ਸਾਚਾ ਖੰਡਾ ਇਕ ਵਖਾ ਰਿਹਾ । ਲੱਖ ਚੁਰਾਸੀ ਜਾਏ ਪੀੜੀ, ਸ਼ਬਦ ਵੇਲਣੇ ਆਪ ਪਿੜਾ ਰਿਹਾ । ਤ੍ਰੈਗੁਣ ਮਾਇਆ ਤੇਰੀ ਅੰਤਮ ਸੀੜ੍ਹੀ, ਇੱਕੀ ਜੇਠ ਆਪ ਬਣਾ ਰਿਹਾ । ਗੁਰਮੁਖਾਂ ਪਾਰ ਕਰਾਏ ਗਲੀ ਭੀੜੀ, ਸੁਖਮਨ ਨਾੜੀ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਸੰਗ ਨਿਭਾ ਰਿਹਾ । ਗੋਬਿੰਦ ਦਾਤਾ ਸ਼ਬਦ ਭੰਡਾਰਾ, ਏਕਾ ਏਕ ਅਖਵਾਇੰਦਾ । ਸ੍ਰਿਸ਼ਟ ਸਬਾਈ ਚਰਨ ਭਿਖਾਰਾ, ਦਾਤਾ ਦਾਨੀ ਆਪ ਹੋ ਆਇੰਦਾ । ਪੁਰੀਆਂ ਲੋਆਂ ਪਾਵੇ ਸਾਰਾ, ਨਾਮ ਨਿਸ਼ਾਨੀ ਇਕ ਵਖਾਇੰਦਾ । ਦੂਤਾਂ ਦੁਸ਼ਟਾਂ ਕਰੇ ਸੰਘਾਰਾ, ਸਾਚੀ ਕਾਨੀ ਚਿਲੇ ਆਪ ਚੜ੍ਹਾਇੰਦਾ । ਜੁਗ ਜੁਗ ਮਾਰਨਹਾਰਾ ਮਾਰਾ, ਗਗਨ ਪਾਤਾਲੀ ਵੇਖ ਵਖਾਇੰਦਾ । ਖਾਣੀ ਬਾਣੀ ਕਰ ਤਿਆਰਾ, ਆਪੇ ਮੇਟ ਮਿਟਾਇੰਦਾ । ਜੀਵ ਨਿਧਾਨੀ ਪਾਵੇ ਸਾਰਾ, ਮਨ ਮਤ ਵਿਚ ਕੁਰਲਾਇੰਦਾ । ਚਤਰ ਸੁਜਾਨੀ ਗਏ ਹਾਰਾ, ਕਲ ਮੀਤ ਰਹਿਣ ਨਾ ਪਾਇੰਦਾ । ਜਿਸ ਜਨ ਬਖ਼ਸ਼ੇ

ਚਰਨ ਪਿਆਰਾ, ਧੀਰਜ ਸਤਿ ਧਰਾਇੰਦਾ । ਜੋਤੀ ਨੂਰ ਕਰੇ ਉਜਿਆਰਾ, ਅੰਧ ਅੰਧੇਰ ਮਿਟਾਇੰਦਾ । ਅੰਮ੍ਰਿਤ ਕਵਲਾ ਏਕਾ ਵਾਰਾ, ਸਾਚਾ ਝਿਰਨਾ ਆਪ ਝਿਰਾਇੰਦਾ । ਧਰਨੀ ਧਰਤ ਧਵਲਾ ਹਰਿ ਨਿਰੰਕਾਰਾ, ਸਾਵਲ ਸਵਲਾ ਰੂਪ ਵਟਾਇੰਦਾ । ਰਾਮ ਰਾਮਾ ਲਏ ਅਵਤਾਰਾ, ਕ੍ਰਿਸ਼ਨਾ ਕਾਹਨਾ ਰੂਪ ਵਟਾਇੰਦਾ । ਨਾਨਕ ਗੋਬਿੰਦ ਏਕਾ ਕਾਰਾ, ਏਕਾ ਧੰਦੇ ਲਾਇੰਦਾ । ਪੰਥ ਖਾਲਸੇ ਰਹਿਣਾ ਖ਼ਬਰਦਾਰਾ, ਪ੍ਰਭ ਸਾਚਾ ਜੋਤ ਜਗਾਇੰਦਾ । ਹਰਿ ਮੰਦਰ ਵੇਖੇ ਚਾਰ ਦਿਵਾਰਾ, ਚਾਰੇ ਕੁੰਟਾਂ ਆਪ ਪਛਾਣਦਾ । ਸਾਧਾਂ ਸੰਤਾਂ ਪਾਵੇ ਸਾਰਾ, ਆਪ ਆਪਣੇ ਰੰਗ ਰੰਗਾਇੰਦਾ । ਆਦਿਨ ਅੰਤਾ ਹਰਿ ਭਗਵੰਤਾ ਮੀਤ ਮੁਰਾਰਾ, ਸਾਚਾ ਯਾਰ ਘਰ ਸਾਚਾ ਵੇਖ ਵਖਾਇੰਦਾ । ਭਾਂਡੇ ਕਾਚੇ ਅੰਧ ਅੰਧਿਆਰਾ, ਘੜੇ ਭੰਨੇ ਭੰਨਣਹਾਰਾ ਆਪ ਅਖਵਾਇੰਦਾ । ਗੁਰਮੁਖ ਜੁਗ ਜੁਗ ਥੱਕੇ ਮਾਂਦੇ, ਪ੍ਰਭ ਆਪਣੀ ਗੋਦ ਉਠਾਇੰਦਾ । ਚਰਨ ਕਵਲ ਪ੍ਰੀਤੀ ਸਾਚੀ ਬਾਂਧੇ, ਨਾ ਕੋਈ ਤੋੜ ਤੁੜਾਇੰਦਾ । ਸਤਿਜੁਗ ਚੜ੍ਹਾਏ ਸਾਚੇ ਚਾਂਦੇ, ਆਪਣੀ ਬਣਤ ਬਣਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਤੇਰਾ ਨਾਉਂ ਗਾਂਦੇ, ਸੋਹੰ ਰਸਨ ਉਚਾਰਦੇ । ਸੰਤ ਭਗਤ ਸਤਿ ਪੁਰਖ ਨਿਰੰਜਣ, ਦਰ ਤੇਰੇ ਵਿਚ ਆਂਦੇ ਜਾਇੰਦੇ । ਚੌਥੇ ਘਰ ਮਿਲੇ ਵਰ ਜਾਣ ਤਰ, ਕਾਇਆ ਹੰਸ ਤਜਾਉਂਦੇ । ਸ਼ਬਦ ਡੋਰੀ ਫੜ ਹੱਥ, ਮਿਲੇ ਮੇਲ ਹਰਿ ਸਮਰਥ, ਸ਼ਬਦ ਜਣਾਏ ਅਕਥਨਾ ਅਕੱਥ, ਲੇਖੇ ਲਿਖਤ ਵਿਚ ਨਾ ਆਉਂਦੇ । ਮਨਮੁਖ ਜੀਵ ਰਹੇ ਸਖ, ਪ੍ਰਭ ਕਾ ਭੇਵ ਨਾ ਸਕਣ ਲੱਖ, ਅੰਤਮ ਘਰ ਘਰ ਉਡਣੇ ਕੱਖ, ਨਾ ਕੋਈ ਕਿਸੇ ਬਚਾਉਂਦੇ । ਪਰਗਟ ਹੋਏ ਹਰਿ ਪਰਤੱਖ, ਭਗਤ ਸੁਹੇਲੇ ਲਏ ਰੱਖ, ਪਹਿਲੀ ਚੇਤਰ ਸਾਚੀ ਰੀਤੀ ਚਰਨ ਪ੍ਰੀਤੀ ਬਹਿ ਬਹਿ ਖ਼ੁਸ਼ੀ ਮਨਾਉਂਦੇ । ਪ੍ਰਭ ਦਰਸ ਦਿਖਾਏ ਨਿਤ ਨਵਿਤ, ਸੋਏ ਪੂਤ ਹਰਿ ਸਾਚਾ ਆਪ ਉਠਾਉਂਦੇ । ਵੇਖ ਵਖਾਏ ਦਹਿ ਦਿਸ਼ਾ ਚਾਰੇ ਕੂਟ, ਬ੍ਰਹਿਮੰਡਾਂ ਖੰਡਾਂ ਫੋਲ ਫੁਲਾਉਂਦੇ । ਉਤਭੁਜ ਸੇਤਜ ਜੇਰਜ ਅੰਡਾ ਪਾਈ ਵੰਡਾ, ਸਾਚੀ ਵੰਡ ਵੰਡਾਉਂਦੇ । ਮਨਮੁਖ ਨਾਰ ਦੁਹਾਗਣ ਰੰਡਾ, ਗੁਰਮੁਖ ਸਾਚੇ ਸੰਤ ਸੁਹੇਲੇ ਇਕ ਇਕੇਲੇ ਕੰਤ ਸੁਹਾਗੀ ਆਪ ਹੰਢਾਉਂਦੇ । ਆਪੇ ਗੁਰ ਆਪੇ ਚੇਲੇ, ਗੋਬਿੰਦ ਗੁਰ ਗੁਰ ਗੋਬਿੰਦ ਮਿਲੇ ਮੇਲ ਦੋ ਜਹਾਨੀ ਸੱਜਣ ਸੁਹੇਲੇ, ਵਿਛੜ ਕਦੇ ਨਾ ਜਾਇੰਦਾ । ਨਾ ਕੋਈ ਪੱਲੇ ਪੈਸੇ ਧੇਲੇ, ਅਚਰਜ ਖੇਲ ਹਰਿ ਜੀ ਖੇਲੇ, ਜੁਗ ਜੁਗ ਵਿਛੜੇ ਕਰੇ ਇਕੱਠੇ, ਆਪ ਬੰਧਾਏ ਏਕਾ ਮੁੱਠੇ, ਪਾਰਬ੍ਰਹਮ ਕਲਜੁਗ ਅੰਤਮ ਤੁੱਠੇ, ਦਇਆਨਿਧ ਦਇਆਵਾਨ ਹਰਿ ਭਗਵਾਨ, ਏਕਾ ਦੇਵੇ ਨਾਮ ਨਿਧਾਨ, ਧਰਮ ਝੁਲਾਏ ਇਕ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਰਬ ਜੀਆਂ ਪ੍ਰਭ ਜਾਣ, ਲੱਖ ਚੁਰਾਸੀ ਕਰੇ ਪਛਾਣ, ਧਰਮ ਰਾਏ ਤੇਰੀ ਅੰਤਮ ਫਾਸੀ ਮਨਮੁਖ ਪੈਂਦੇ ਜਾਣ, ਨਾ ਕੋਈ ਕਿਸੇ ਛੁਡਾਇੰਦਾ । ਗੁਰਮੁਖ ਸਾਚੇ ਬਹਿ ਬਹਿ ਗਾਣ । ਕਾਇਆ ਮੰਦਰ ਸਚ ਮਕਾਨ । ਨੌ ਦਰ ਦਿਸੇ ਜਗਤ ਦੁਕਾਨ । ਸ਼ਬਦ ਝੁੱਲੇ ਪ੍ਰਭ ਸਾਚੇ ਸੀਸੇ, ਬੀਸ ਇਕੀਸੇ ਖੇਲ ਮਹਾਨ । ਵੇਖ ਵਖਾਏ ਰਾਗ ਛਤੀਸੇ ਤੀਸ ਬਤੀਸੇ ਰਸਨ ਵਿਖਾਨ । ਅੰਜੀਲ ਕੁਰਾਨਾਂ ਖਾਲੀ ਖੀਸੇ, ਸੰਗ ਮੁਹੰਮਦ ਚਾਰ ਯਾਰ ਹੋਏ ਹੈਰਾਨ । ਅੰਤਮ ਲਹਿਣਾ ਦੇਣਾ ਚੁੱਕਣਾ ਵਿਚ ਉਨੀਸੇ, ਇਕ ਦੂਜੇ ਦੀ ਕਰਨ ਪਛਾਣ । ਅੱਲਾ ਰਾਣੀ ਜੂਠਾ ਝੂਠਾ ਪੀਸਣ ਪੀਸੇ, ਕਲਜੁਗ ਆਇਆ ਲਾਹੁਣ ਮੁਕਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਉਮਤ ਉਮਤੀ ਦੇਵੇ ਇਕ ਨਿਸ਼ਾਨ । ਇਕ ਨਿਸ਼ਾਨਾ ਸ਼ਬਦ ਰਸੂਲ, ਹਰਿ ਸਾਚਾ ਰਿਹਾ ਜਣਾਈਆ । ਦੀਨ ਮੁਹੰਮਦੀ ਕਰ ਕਬੂਲ, ਅੱਲਾ ਹੂ ਵਖਾਈਆ । ਸਦੀ ਚੌਧਵੀਂ ਚੁੱਕਣਾ ਮੂਲ, ਪਰਵਰਦਿਗਾਰਾ ਰਿਹਾ ਜਗਾਈਆ । ਸ਼ਿਵ ਸ਼ੰਕਰ ਲਏ ਹੱਥ ਤ੍ਰਿਸੂਲ, ਵੇਲੇ ਅੰਤ ਜੁਦਾਈਆ ।


੩੮੩
੦੬

ਬ੍ਰਹਮਾ ਉਠੇ ਨੇਤਰ ਖੋਲ੍ਹ ਵੇਖੇ ਕਵਣ ਦਵਾਰੇ ਕੰਤ ਕੰਤੂਹਲ, ਬੈਠਾ ਜੋਤ ਜਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਨਾ ਜਾਏ ਭੂਲ, ਲੋਕਮਾਤ ਹੋਏ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਸ਼ਬਦ ਲੜੇ ਲੜਾਈਆ । ਏਕਾ ਸ਼ਬਦ ਜੋਧਾ ਬਲਵਾਨ, ਹਰਿ ਸਾਚਾ ਆਪ ਉਠਾਇੰਦਾ । ਸੋਹੰ ਬਖ਼ਸ਼ੇ ਤੀਰ ਕਮਾਨ, ਚਿਲ੍ਹੇ ਇਕ ਚੜ੍ਹਾਇੰਦਾ । ਨਾਮ ਨਿਧਾਨਾ ਪੀਣ ਖਾਣ, ਗੜ੍ਹ ਹੰਕਾਰੀ ਉਚੇ ਟਿੱਲੇ ਆਪੇ ਢਾਹਿੰਦਾ । ਗੁਰਮੁਖ ਬਿਠਾਏ ਵਿਚ ਬਿਬਾਣ, ਲੋਆਂ ਪੁਰੀਆਂ ਪਾਰ ਕਰਾਇੰਦਾ । ਆਪੇ ਹੋਇਆ ਚਤੁਰ ਸੁਜਾਨ, ਮੂਰਖ ਮੂੜ੍ਹ ਆਪ ਅਖਵਾਇੰਦਾ । ਆਪੇ ਆਤਮ ਜੋਤੀ ਬ੍ਰਹਮ ਗਿਆਨ, ਅੰਧ ਅਗਿਆਨੀ ਆਪ ਹੋ ਆਇੰਦਾ । ਆਪੇ ਸ਼ਬਦ ਨਿਸ਼ਾਨੀ ਦੋ ਜਹਾਨ, ਜੁਗ ਜੁਗ ਆਪ ਝੁਲਾਇੰਦਾ । ਨਾਨਕ ਗਿਆ ਦਰ ਦਰਬਾਨ, ਪ੍ਰਭ ਆਪਣੇ ਗਲੇ ਲਗਾਇੰਦਾ । ਚਰਨ ਦਵਾਰੇ ਹਰਿ ਭਗਵਾਨ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸ਼ਬਦੀ ਸ਼ਬਦ ਜਣਾਇੰਦਾ । ਨਾਨਕ ਵਿਟੋ ਦਰ ਕੁਰਬਾਨ, ਏਕਾ ਮੰਗ ਮੰਗਾਇੰਦਾ । ਸਾਚਾ ਬਖ਼ਸ਼ੇ ਜੀਆ ਦਾਨ, ਜੀਵ ਜੰਤ ਜਗਤ ਕੁਰਲਾਇੰਦਾ । ਸਤਿਨਾਮ ਮੰਤਰ ਪ੍ਰਧਾਨ, ਪ੍ਰਭ ਸਾਚਾ ਝੋਲੀ ਪਾਇੰਦਾ । ਆਪੇ ਹੋਇਆ ਨਿਗਾਹਬਾਨ, ਗੁਰ ਨਾਨਕ ਸੇਵਾ ਲਾਇੰਦਾ । ਸੇਵਕ ਸੇਵਾ ਕਰੇ ਮਹਾਨ, ਨੀਚੋ ਨੀਚ ਸਦਾਇੰਦਾ । ਚਾਰ ਵਰਨਾਂ ਇਕ ਗਿਆਨ, ਮੁੱਲਾ ਕਾਜ਼ੀ ਸ਼ੇਖ਼ ਆਪ ਸਮਝਾਇੰਦਾ । ਪੰਡਤ ਪਾਂਧੇ ਵਡ ਵਿਦਵਾਨ, ਇਕ ਗਿਆਨ ਰਖਾਇੰਦਾ । ਸਤਿਨਾਮ ਕਰ ਪ੍ਰਧਾਨ, ਲੋਕਮਾਤ ਬਣਤ ਬਣਾਇੰਦਾ । ਚਾਰੇ ਕੁੰਟਾਂ ਵੇਖ ਵਖਾਨ, ਅਗਣਤ ਨਾ ਕੋਈ ਗਿਣਾਇੰਦਾ । ਆਪੇ ਵੇਖੇ ਅੰਤਰ ਮਾਰ ਧਿਆਨ, ਬੇਅੰਤ ਬੇਅੰਤ ਬੇਅੰਤ ਪਾਰਬ੍ਰਹਮ ਵਖਾਇੰਦਾ । ਰੇਣ ਧੂੜ ਸਾਧ ਸੰਤ, ਮਸਤਕ ਟਿੱਕਾ ਲਾਇੰਦਾ । ਗੁਰਮੁਖ ਵਡਿਆਈ ਜੀਵ ਜੰਤ, ਜੋ ਜਨ ਗੁਰ ਪੂਰੇ ਸੇਵ ਕਮਾਇੰਦਾ । ਮੇਲ ਮਿਲਾਵਾ ਸਾਚੇ ਕੰਤ, ਸਾਚੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖ ਵਟਾਇੰਦਾ । ਨਾਨਕ ਅੰਤਮ ਵੇਖ ਵਿਚਾਰ, ਏਕਾ ਨਾਮ ਦ੍ਰਿੜਾਇਆ । ਕਾਇਆ ਚੋਲੀ ਛੱਡ ਪਿਆਰ, ਅੰਗਦ ਅੰਗ ਲਗਾਇਆ । ਲਹਿਣਾ ਗਹਿਣਾ ਤਨ ਅਪਾਰ, ਸਾਚਾ ਨਾਮ ਚੜ੍ਹਾਇਆ । ਭਾਣਾ ਸਹਿਣਾ ਵਿਚ ਸੰਸਾਰ, ਅਮਰ ਨਿਥਾਵਾਂ ਅਮਰ ਕਰਾਇਆ । ਰਾਮਦਾਸ ਤੇਰਾ ਸਚ ਦਰਬਾਰ, ਚਾਰ ਦਵਾਰ ਚਾਰ ਵਰਨਾਂ ਆਪ ਖੁਲ੍ਹਾਇਆ । ਗੁਰ ਪੂਰਾ ਹੋਇਆ ਪਹਿਰੇਦਾਰ, ਸ਼ਬਦ ਜਣਾਏ ਗੁਰ ਅਰਜਨ ਬਾਣ ਗੁਰ ਗ੍ਰੰਥ ਸਾਧ ਸੰਤ ਇਕ ਇਕੰਤ ਜੀਵ ਜੰਤ ਕਰ ਬਹਾਇਆ । ਹਰਿ ਗੋਬਿੰਦ ਸਾਗਰ ਸਿੰਧ, ਸਾਚੀ ਧਾਰਾ ਇਕ ਚਲਾਇਆ । ਹਰਿਰਾਏ ਹਰਿ ਸਰਨਾਏ, ਹਰਿਕ੍ਰਿਸ਼ਨ ਕਿਸੇ ਨਾ ਦਿਸਣਾ, ਬਾਲ ਅਵਸਥਾ ਹਰਿ ਸਾਚੇ ਮੇਲ ਮਿਲਾਇਆ । ਗੁਰ ਤੇਗ ਬਹਾਦਰ ਤੇਰੀ ਧਰਮ ਦੀ ਚਾਦਰ, ਜੀਵਾਂ ਜੰਤਾਂ ਗਊ ਗਰੀਬਾਂ ਦੇਵੇ ਆਦਰ, ਦਿੱਲੀ ਦਰਬਾਰ ਅੱਧ ਵਿਚਕਾਰ, ਆਪਣਾ ਸੀਸ ਭੇਟ ਚੜ੍ਹਾਇਆ । ਗੁਰ ਗੋਬਿੰਦਾ ਘਰ ਨਿਆਰ । ਪ੍ਰਭ ਅਬਿਨਾਸ਼ੀ ਪਾਵੇ ਸਾਰ । ਪੰਚਮ ਕਰੇ ਤਨ ਸ਼ਿੰਗਾਰ । ਪੰਚਮ ਮੇਲਾ ਵਿਚ ਸੰਸਾਰ । ਆਪੇ ਗੁਰ ਆਪੇ ਚੇਲਾ, ਆਪੇ ਬਣਿਆ ਲੇਖ ਲਿਖਾਰ । ਸਾਧ ਸੰਗਤ ਤੇਰਾ ਸੱਜਣ ਸੁਹੇਲਾ, ਗੁਰਮੁਖ ਸਾਚੇ ਰਿਹਾ ਉਭਾਰ । ਜੁਗਾ ਜੁਗੰਤਰ ਚਾੜ੍ਹੇ ਤੇਲਾ, ਕੰਤ ਸੁਹਾਗੀ ਜਗਤ ਤਿਆਗੀ ਭਗਤ ਵੈਰਾਗੀ ਆਪ ਬਣਾਏ ਸਾਚੀ ਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਅਪਰ ਅਪਾਰ । ਗੁਰ ਗੋਬਿੰਦ ਜੋਧਾ ਸੂਰਾ, ਵਡ ਬਲੀ ਬਲਕਾਰਿਆ । ਲਿਖਿਆ ਲੇਖ ਕਰੇ ਪੂਰਾ, ਕਲਜੁਗ ਤੇਰੀ ਅੰਤਮ ਵਾਰਿਆ ।



੩੮੪
੦੬

ਆਪੇ ਵਸਿਆ ਨੇੜੇ ਦੂਰਾ, ਅੰਦਰ ਬਾਹਰ ਗੁਪਤ ਜ਼ਾਹਰਿਆ । ਜਨ ਭਗਤਾਂ ਸਦ ਹਾਜ਼ਰ ਹਜ਼ੂਰਾ, ਕਲਗੀ ਤੋੜਾ ਜੋਤੀ ਜੋੜਾ ਸ਼ਬਦ ਸੀਸ ਸਜਾ ਦਸਤਾਰਿਆ । ਨਾਲ ਰਖਾਏ ਨੀਲਾ ਘੋੜਾ, ਪੰਚਮ ਜੇਠ ਉਠਾਏ ਪਹਿਲਾ ਪੌੜਾ, ਕਲਜੁਗ ਤੇਰੀ ਅੰਤਮ ਵਾਰੀ ਸਿਰ ਤੇਰੇ ਵਿਚ ਮਾਰਿਆ । ਧੁਰਦਰਗਾਹੀ ਆਏ ਦੌੜਾ, ਆਪੇ ਵੇਖੇ ਮਿੱਠਾ ਕੌੜਾ, ਸ਼ਬਦ ਹਥੌੜਾ, ਏਕਾ ਹੱਥ ਉਠਾ ਰਿਹਾ । ਨਾ ਕੋਈ ਜਾਣੇ ਲੰਮਾ ਚੌੜਾ, ਸੰਬਲ ਨਗਰ ਹਰਿ ਆਪੇ ਬਹੁੜਾ, ਉਚੇ ਮੰਦਰ ਸਾਚੇ ਟਿੱਲੇ ਏਕਾ ਪੌੜਾ ਲਾ ਰਿਹਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਦ ਵਿਆਸਾ ਦੇ ਭਰਵਾਸਾ ਪੁਰਾਨ ਅਠਾਰਾਂ ਇਕ ਲੱਖ ਹਜ਼ਾਰ ਸਤਾਰਾਂ, ਸਲੋਕ ਸਲੋਕਾਂ ਵੇਖ ਵਖਾ ਰਿਹਾ । ਕਲਜੁਗ ਤੇਰੀ ਅੰਤਮ ਵਾਰਾ, ਫੜੇ ਖੰਡਾ ਨਾਮ ਦੋ ਧਾਰਾ, ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਦਏ ਹੁਲਾਰਾ, ਬ੍ਰਹਮਾ ਰੋਵੇ ਹਾਹਾਕਾਰਾ । ਸ਼ਿਵ ਸ਼ੰਕਰ ਮੰਗੇ ਭਿੱਖ ਭਿਖਾਰਾ । ਕਰੋੜ ਤੇਤੀਸਾ ਢਹਿ ਪਿਆ ਦਵਾਰਾ । ਵਿਸ਼ਨੂੰ ਤੇਰਾ ਖੇਲ ਅਪਾਰਾ । ਹਰ ਘਟ ਵਸਿਆ ਸਭ ਤੋਂ ਬਾਹਰਾ । ਭਗਵਨ ਜੋਤੀ ਏਕਾ ਗੋਤੀ, ਦੁਰਮਤ ਮੈਲ ਗਈ ਧੋਤੀ, ਸਾਚਾ ਮੇਲ ਮਿਲਾਈਆ । ਸ੍ਰਿਸ਼ਟ ਸਬਾਈ ਰਹੀ ਸੋਤੀ, ਗੁਰਮੁਖ ਸਾਚੇ ਮਾਣਕ ਮੋਤੀ, ਪ੍ਰਭ ਸੋਹੰ ਧਾਗੇ ਸਾਚਾ ਹਾਰ ਆਪ ਪਰੋਏ, ਆਪਣੇ ਕੰਠ ਲਗਾਈਆ । ਆਪ ਜਗਾਏ ਸਾਚੀ ਜੋਤੀ, ਨਾ ਕੋਈ ਵਰਨ ਨਾ ਕੋਈ ਗੋਤੀ, ਸਿਰ ਰਖਾਏ ਸ਼ਬਦ ਸੋਟੀ, ਮਨਮੁਖ ਜੀਵ ਨੇੜੇ ਕੋਈ ਰਹਿਣ ਨਾ ਪਾਈਆ । ਭਰਮੇ ਭੁੱਲੇ ਕੋਟਨ ਕੋਟੀ, ਗੁਰਮੁਖ ਵਿਰਲਾ ਚੜ੍ਹਿਆ ਚੋਟੀ, ਪੁਰਖ ਅਬਿਨਾਸ਼ ਹੋਏ ਦਾਸੀ ਦਾਸ, ਨਿਜ ਘਰ ਆਤਮ ਰੱਖੇ ਵਾਸ, ਫੜ ਬਾਂਹੋ ਪਾਰ ਕਰਾਈਆ । ਲੇਖੇ ਲਾਏ ਸਵਾਸ ਸਵਾਸ, ਦਰਸ ਦਿਖਾਏ ਪ੍ਰਿਥਮੀ ਆਕਾਸ਼, ਧੁਰਦਰਗਾਹੀ ਮੇਲ ਮਿਲਾਈਆ । ਜਿਸ ਜਨ ਤਜਾਇਆ ਮਦਿਰਾ ਮਾਸ, ਪੁਰਖ ਅਬਿਨਾਸ਼ੀ ਘਰ ਮੇਂ ਪਾਇਆ । ਸਾਚੇ ਮੰਡਲ ਵੇਖੇ ਰਾਸ, ਗੋਪੀਆਂ ਕਾਹਨ ਏਕਾ ਤਾਲ ਵਜਾਇਆ । ਆਪੇ ਗੋਪੀ ਆਪੇ ਕਾਹਨਾ, ਆਪ ਸੁਣਾਏ ਨਾਮ ਤਰਾਨਾ, ਸੁਰਤ ਸਵਾਣੀ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਦਰ, ਦਰ ਦਵਾਰਾ ਵੇਖ ਵਿਖਾਇਆ । ਦਰ ਦਵਾਰਾ ਨੇਤਰ ਵੇਖ, ਗੁਰਮੁਖ ਬਾਲ ਅੰਞਾਨਿਆ । ਪਾਰਬ੍ਰਹਮ ਪ੍ਰਭ ਲਿਖਣਹਾਰਾ ਲੇਖ, ਨਾ ਕੋਈ ਜਾਣੇ ਸੁਘੜ ਸਿਆਣਿਆ । ਕਿਸੇ ਦਿਸ ਨਾ ਆਏ ਧਾਰੀ ਕੇਸ, ਭੇਵ ਨਾ ਪਾਏ ਮੂੰਡ ਮੁੰਡਾਨਿਆ । ਜੋਤੀ ਸ਼ਬਦੀ ਦਸ ਦਸਮੇਸ਼, ਆਪੇ ਪਹਿਨੇ ਆਪਣਾ ਬਾਨਿਆ । ਸ਼ਬਦ ਬਣਾਇਆ ਨਰ ਨਰੇਸ਼, ਸਾਚਾ ਤਖ਼ਤ ਇਕ ਸੁਹਾਨਿਆ । ਦਰ ਦਵਾਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦੋਏ ਜੋੜ ਬੈਠੇ ਸੀਸ ਝੁਕਾਨਿਆ । ਆਪੇ ਜਾਣੇ ਆਪਣਾ ਵੇਸ, ਖੇਲੇ ਖੇਲ ਦੋ ਜਹਾਨਿਆ । ਬਾਸ਼ਕ ਸੇਜਾ ਮਾਣੇ ਮਹੇਸ਼, ਸਾਂਗੋ ਪਾਂਗ ਹੰਢਾਨਿਆ । ਚਾਰ ਭੁਜਾਂ ਗਵਰਧਨ ਧਾਰੀ ਰਿਖੀ ਕੇਸ਼, ਚਤੁਰਭੁਜ ਸ੍ਰੀ ਭਗਵਾਨਿਆ । ਜੁਗ ਜੁਗ ਲਿਖਣਹਾਰਾ ਲੇਖ, ਆਪ ਉਪਾਏ ਆਪ ਮਿਟਾਏ, ਨਾ ਕੋਈ ਦੂਸਰ ਸੰਗ ਰਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਏਕਾ ਡੰਕ ਵਜਾਏ ਰਾਓ ਰੰਕ ਸੁਣਾਏ, ਭੁੱਲ ਰਹੇ ਨਾ ਰਾਏ, ਕਿਸੇ ਸੌਣਾ ਮਿਲੇ ਨਾ ਵਿਚ ਮਕਾਨਿਆ । ਨਾ ਕੋਈ ਮੰਦਰ ਨਾ ਮਕਾਨ, ਅੰਤ ਵਿਛੋੜਾ ਆਇਆ । ਕਲਜੁਗ ਮਾਇਆ ਝੂਠ ਮਕਾਨ, ਦਿਨ ਥੋੜ੍ਹੇ ਵਕਤ ਲਿਖਾਇਆ । ਇੱਕੀ ਜੇਠ ਖੇਲ ਮਹਾਨ, ਪ੍ਰਭ ਸਾਚਾ ਰਿਹਾ ਲਿਖਾਇਆ । ਮਨਮੁਖ ਆਪਣਾ ਕੀਤਾ ਆਪੇ ਪਾਣ, ਨਾ ਕੋਈ ਦੂਸਰ ਹੋਏ ਸਹਾਇਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਸਰਬ ਤਜ ਜਾਣ, ਨਾ ਕੋਈ ਪੱਲੂ ਦਏ ਫੜਾਇਆ । ਕਲਜੁਗ ਜੀਵ ਜੂਠੀ ਝੂਠੀ ਖ਼ਾਕ ਰਹੇ ਛਾਣ, ਨਾਮ ਅਨਮੁਲਾ

ਕਿਸੇ ਹੱਥ ਨਾ ਆਇਆ । ਪ੍ਰਭ ਆਪੇ ਹੋਇਆ ਬੇਪਛਾਣ, ਦਰਸ ਖੁਲ੍ਹਾ ਨਾ ਕਿਸੇ ਕਰਾਇਆ । ਦਰ ਦਰ ਘਰ ਘਰ ਬੈਠੇ ਸਾਧ ਸੰਤ ਰਾਹ ਰਹੇ ਤਕਾਨ, ਨਿਹਕਲੰਕੀ ਕਿਹੜੀ ਕੁਟੇ ਡੇਰਾ ਲਾਇਆ । ਸੰਬਲ ਨਗਰ ਤੇਰਾ ਸੁਹਾਏ ਦਵਾਰ ਬੰਕ, ਹਰਿ ਸਾਚੀ ਜੋਤ ਜਗਾਇਆ । ਉਚੇ ਅਟੱਲੇ ਮਹੱਲੇ ਆਪ ਵਜਾਏ ਡੰਕ, ਓਅੰਕਾਰ ਦਏ ਸੁਹਾਇਆ । ਅਗੰਮ ਅਗੰਮਾ ਖੇਲੇ ਖੇਲ ਬਾਰ ਅਨਕ, ਅਲਖ ਅਲਖਣਾ ਲੇਖ ਲਿਖਾਇਆ । ਪਰਗਟ ਹੋਇਆ ਵਾਸੀ ਪੁਰੀ ਘਨਕ, ਪੰਜਾਂ ਤਤਾਂ ਮੇਟ ਮਿਟਾਇਆ । ਸੰਮਤ ਚੌਦਾਂ ਸ੍ਰਿਸ਼ਟ ਸਬਾਈ ਤੇਰੇ ਕੱਢੇ ਸ਼ੰਕ, ਜੋ ਜਨ ਦਰ ਆਏ ਵੇਖੇ ਘਰ ਨੁਹਾਏ ਸਰ, ਨਾ ਜਨਮੇ ਨਾ ਜਾਏ ਮਰ, ਲੱਖ ਚੁਰਾਸੀ ਗੇੜ ਕਟਾਇਆ । ਮਨਮੁਖ ਜੀਵ ਲਏ ਫੜ, ਨਾ ਕੋਈ ਸੀਸ ਨਾ ਕੋਈ ਧੜ, ਸਭ ਦੇ ਅੰਦਰ ਬੈਠਾ ਵੜ, ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਰਖਾਇਆ । ਜੀਵ ਜੰਤ ਕਰੇ ਖੁਆਰ, ਦੇਵ ਦੰਤ ਅੰਤਮ ਖ਼ਾਕ ਮਿਲਾਇਆ । ਸਾਧ ਸੰਤ ਕਰ ਪਿਆਰ, ਏਕਾ ਦੇਵੇ ਸ਼ਬਦ ਅਧਾਰ, ਫੜ ਫੜ ਬਾਹੋਂ ਲਾਏ ਪਾਰ, ਵੰਞ ਮੁਹਾਣਾ ਆਪੇ ਰਿਹਾ ਚਲਾਇਆ । ਸੁਘੜ ਸਿਆਣਾ ਨਾ ਕੋਈ ਪਾਵੇ ਸਾਰ, ਰਾਜਾ ਰਾਣਾ ਹੋਏ ਖ਼ਬਰਦਾਰ, ਸੰਮਤ ਪੰਦਰਾਂ ਵੇਖ ਵਖਾਇਆ । ਸੰਮਤ ਸੋਲਾਂ ਦਰ ਦਰ ਘਰ ਘਰ ਹੋਏ ਖੁਆਰ, ਪੁਰਖ ਅਬਿਨਾਸ਼ੀ ਤੇਰਾ ਰਾਹ ਸਾਰੇ ਰਹੇ ਤਕਾਇਆ । ਗੁਰਮੁਖਾਂ ਮਿਲਿਆ ਜਗਤ ਮਲਾਹ, ਪਾਰਬ੍ਰਹਮ ਬੇਪਰਵਾਹ, ਇਕ ਜਪਾਏ ਸਾਚਾ ਨਾਂ, ਸੋਹੰ ਧਾਰਾ ਮੁਖ ਚੁਆਇਆ । ਫੜ ਫੜ ਹੰਸ ਬਣਾਏ ਕਾਂ, ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚੇ ਗੋਦ ਉਠਾਇਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਸ਼ਬਦ ਸਰੂਪੀ ਪਰਦਾ ਪਾਇਆ । ਦਰਸ ਦਿਖਾਏ ਥਾਂ ਥਾਂ, ਲੇਖਾ ਕੋਇ ਰਹਿਣ ਨਾ ਪਾਇਆ । ਗੁਰਮੁਖਾਂ ਵੰਡ ਵੰਡਾਈ ਏਕਾ ਨਾਂ, ਪ੍ਰਭ ਆਤਮ ਝੋਲੀ ਦਏ ਭਰਾਇਆ । ਪਹਿਲੀ ਚੇਤਰ ਫੜ ਫੜ ਬਾਂਹ, ਏਕਾ ਇੱਕੀ ਮੇਲ ਮਿਲਾਇਆ । ਗੁਰ ਗੋਬਿੰਦੇ ਕਰੀ ਹਾਂ, ਸਾਚੀ ਸਿੱਖੀ ਜੋੜੀ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਘੋੜੀ ਚੜ੍ਹ ਕੇ ਆਇਆ । ਸਾਚੀ ਘੋੜੀ ਸ਼ਬਦ ਅਪਾਰਾ, ਹਰਿ ਸਾਚੇ ਆਪ ਬਣਾਈਆ । ਆਪੇ ਹੋਇਆ ਸ਼ਾਹ ਅਸਵਾਰਾ, ਚਾਰੇ ਕੁੰਟਾਂ ਰਿਹਾ ਦੁੜਾਈਆ । ਲੋਆਂ ਪੁਰੀਆਂ ਕਰਦਾ ਆਏ ਖ਼ਬਰਦਾਰਾ, ਬ੍ਰਹਮਾ ਸ਼ਿਵ ਦੇਵਤ ਸੁਰ ਆਪ ਹਿਲਾਈਆ । ਨੀਲੀ ਛੱਤੋਂ ਆਏ ਬਾਹਰਾ, ਨੀਲੇ ਵਾਲਾ ਸਾਚਾ ਮਾਹੀਆ । ਗਲ ਬਸਤਰ ਪੀਲਾ, ਪ੍ਰਭ ਮਿਲਣ ਦਾ ਕਰ ਲਓ ਹੀਲਾ, ਅੰਤਮ ਹੋਏ ਮਾਤ ਜੁਦਾਈਆ । ਸੰਮਤ ਚੌਦਾਂ ਪਹਿਲੀ ਚੇਤਰ ਪ੍ਰਭ ਚੜ੍ਹਿਆ ਛੈਲ ਛਬੀਲਾ, ਜੋਤੀ ਨੂਰ ਕਰੇ ਰੁਸ਼ਨਾਈਆ । ਗੁਰ ਸੰਗਤ ਬਣਾਏ ਇਕ ਕਬੀਲਾ, ਏਕਾ ਇੱਕੀ ਪਹਿਲੀ ਪਾਈਆ । ਸਿੰਘ ਦਲੀਪ ਨਾਮ ਨਿਧਾਨ ਦੋ ਜਹਾਨੀ ਰੱਜ ਰੱਜ ਪੀ ਲਾ, ਆਵਣ ਜਾਵਣ ਰਿਹਾ ਫੰਦ ਕਟਾਈਆ । ਸ੍ਰਿਸ਼ਟ ਸਬਾਈ ਜੋਤੀ ਅਗਨੀ ਲਾਏ ਤੀਲਾ, ਚਾਰੋਂ ਕੁੰਟ ਪਏ ਦੁਹਾਈਆ । ਗੁਰਮੁਖਾਂ ਮਿਲਿਆ ਸੋਹੰ ਸ਼ਬਦ ਵਕੀਲਾ, ਕਲਜੁਗ ਨਾਲ ਕਰੇ ਲੜਾਈਆ । ਧਰਮ ਦੇਵੇ ਇਕ ਇਕ ਦਲੀਲਾ, ਪ੍ਰਭ ਚਰਨ ਸੱਚੀ ਸਰਨਾਈਆ । ਆਤਮ ਬੀਜ ਸਾਚਾ ਬੀਅ ਲਾ, ਸੋਹੰ ਰਸਨਾ ਗਾਈਆ । ਸੰਮਤ ਚੌਦਾਂ ਵੇਖਣ ਆਇਆ ਨਾਲ ਰਲਾਇਆ ਘੋੜਾ ਨੀਲਾ, ਨੀਲੀ ਧਾਰੋਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਰੰਗ ਰੰਗਾਏ ਲਾਲ ਗੁਲਾਲਾ, ਖੇਲੇ ਖੇਲ ਦੀਨ ਦਿਆਲਾ, ਲੱਛਮੀ ਚਰਨ ਝੱਸਣ ਲਾਈਆ । ਲੱਛਮੀ ਤੇਰਾ ਭੂਸ਼ਣ ਲਾਲ, ਪ੍ਰਭ ਸਾਚੇ ਰੰਗ ਰੰਗਾਇਆ । ਜੋਤੀ ਲਾਲ ਇਕ ਅਕਾਲ, ਸਤਿ ਪੁਰਖ ਨਿਰੰਜਣ ਆਪ

੩੮੬
੦੬

ਅਖਵਾਇਆ । ਕੰਚਨ ਰੂਪ ਹਰਿ ਦਲਾਲ, ਸ਼ਬਦੀ ਭੇਖ ਵਟਾਇਆ । ਸੂਹਾ ਰੰਗ ਵੇਖੇ ਬੇਮਿਸਾਲ, ਸਾਚੀ ਧਾਰੀ ਪਾਰ ਕਰਾਇਆ । ਚਿੱਟੀ ਧਾਰੀ ਦਸਮ ਦਵਾਰ, ਅੱਧ ਵਿਚਕਾਰ ਲਟਕਾਇਆ । ਪੀਲੇ ਤੇਰਾ ਭੇਖ ਅਪਾਰ, ਪ੍ਰਭ ਆਪੇ ਰਿਹਾ ਕਰਾਇਆ । ਨੀਲਾ ਬਸਤਰ ਤਨ ਅਪਾਰ, ਮਾਤਲੋਕੀ ਵੇਖ ਵਿਖਾਇਆ । ਕਾਲਾ ਸੂਸਾ ਕਲਜੁਗ ਤੇਰਾ ਤਨ ਸ਼ਿੰਗਾਰ, ਪ੍ਰਭ ਸਾਚੇ ਲੇਖ ਲਿਖਾਇਆ । ਅੰਤਮ ਅੰਤ ਆਈ ਹਾਰ, ਨਾ ਕੋਈ ਸੰਗ ਨਿਭਾਇਆ । ਜੂਠੇ ਝੂਠੇ ਮੀਤ ਮੁਰਾਰ, ਬੈਠੇ ਮੁਖ ਛੁਪਾਇਆ । ਖਾਲੀ ਹੋਏ ਕਾਇਆ ਠੂਠੇ, ਅੰਮ੍ਰਿਤ ਜਾਮ ਨਾ ਕੋਇ ਪਿਆਇਆ । ਦਰ ਦਵਾਰਿਉਂ ਬੈਠੇ ਰੂਠੇ, ਘਰ ਸਾਚੇ ਨਾ ਕੋਈ ਮੇਲ ਮਿਲਾਇਆ । ਧਰਮ ਰਾਏ ਫੜ ਟੰਗੇ ਪੁੱਠੇ, ਅਠਾਈ ਕੁੰਡਾਂ ਕੁੰਡਾ ਲਾਹਿਆ । ਗੁਰਮੁਖ ਬਣਾਏ ਆਪ ਏਕਾ ਮੁੱਠੇ, ਏਕਾ ਇੱਕੀ ਨਾਉਂ ਰਖਾਇਆ । ਸੰਤ ਸੁਹੇਲਾ ਆਪੇ ਤੁੱਠੇ, ਗੁਰ ਚੇਲੇ ਮੇਲ ਮਿਲਾਇਆ । ਗੁਰ ਗੋਬਿੰਦੇ ਜੋ ਸਰਸੇ ਸੁੱਟੇ, ਪ੍ਰਭ ਸਾਚੇ ਜਨਮ ਦਵਾਇਆ । ਮਨਮੁਖ ਜੀਵ ਭੇਵ ਨਾ ਜਾਨਣ ਜੂਠੇ ਝੂਠੇ, ਲੇਖਾ ਆਪਣੇ ਹੱਥ ਰਖਾਇਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠੇ, ਮਾਝਾ ਮਾਲਵਾ ਦੇਸ ਦੋਆਬਾ ਰਿਹਾ ਜਗਾਇਆ । ਤੀਰ ਨਿਰਾਲਾ ਏਕਾ ਛੁੱਟੇ, ਕਲਜੁਗ ਤੇਰੀ ਕਾਲੀ ਧਾਰ ਡੂੰਘੀ ਜੜ੍ਹ ਫੜ ਫੜ ਪੁੱਟੇ, ਸ਼ਬਦ ਹਲੂਣਾ ਰਿਹਾ ਲਗਾਇਆ । ਅੰਤਮ ਵਾਰੀ ਜੋ ਸਰਸੇ ਸੁੱਟੇ, ਗੁਰ ਗੋਬਿੰਦਾ ਲਹਿਣਾ ਦੇਣਾ ਰਿਹਾ ਚੁਕਾਇਆ । ਗੁਰਮੁਖ ਲਗਾਏ ਸਾਚੇ ਬੂਟੇ, ਸਤਿਜੁਗ ਤੇਰੀ ਸਚ ਫੁਲਵਾੜੀ ਰਿਹਾ ਮਾਤ ਲਗਾਇਆ । ਸੋਹੰ ਸ਼ਬਦ ਦਵਾਏ ਸਾਚੇ ਹੂਟੇ, ਆਪ ਫਿਰਾਏ ਦਹਿ ਦਿਸ਼ਾ ਚਾਰੇ ਕੂਟੇ, ਆਵਣ ਜਾਵਣ ਪਤਤ ਪਾਵਨ ਲੱਖ ਚੁਰਾਸੀ ਗੇੜ ਕਟਾਇਆ । ਜੁਗਾਂ ਜੁਗਾਂ ਦੇ ਵਿਛੜੇ ਰੂਠੇ, ਪ੍ਰਭ ਸਾਚਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਨਰ ਦਾਤਾ ਵਡ ਦਾਤਾਰ, ਦੇਵਣਹਾਰ ਸਰਬ ਸੰਸਾਰ, ਜੁਗ ਜੁਗ ਭੇਖ ਵਟਾਇਆ । ਕਲਜੁਗ ਭੇਖ ਅਵਲੜਾ, ਹਰਿ ਜੋਤੀ ਨੂਰ ਸਵਾਈਆ । ਪਰਗਟ ਹੋਏ ਇਕ ਇਕੱਲੜਾ, ਨਾ ਕੋਈ ਦੂਸਰ ਸੰਗ ਰਖਾਈਆ । ਭਗਤ ਦਵਾਰਾ ਏਕਾ ਮਲੜਾ, ਸਾਚਾ ਡੰਕਾ ਰਿਹਾ ਵਜਾਈਆ । ਆਪੇ ਵਸਿਆ ਨਿਹਚਲ ਧਾਮ ਅਟੱਲੜਾ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਦਰ ਦਵਾਰੇ ਖਲੜਾ, ਸੇਵਕ ਸੇਵਾ ਰਿਹਾ ਕਮਾਈਆ । ਸ਼ਬਦ ਸੁਨੇਹੜਾ ਅੰਤਮ ਕਲਜੁਗ ਘੱਲੜਾ, ਹਰਿਜਨ ਸੋਏ ਰਿਹਾ ਜਗਾਈਆ । ਸੋਹੰ ਸ਼ਬਦ ਫੜਾਏ ਪਲੜਾ, ਸਤਿਜੁਗ ਸਾਚਾ ਰਾਹ ਵਖਾਈਆ । ਦਰ ਦਵਾਰਾ ਗੁਰਮੁਖ ਵਿਰਲੇ ਮਲੜਾ, ਹਰਿ ਚਰਨ ਮਿਲੀ ਸਰਨਾਈਆ । ਕਲਜੁਗ ਅੰਤਮ ਬੋਲਣਹਾਰਾ ਹੱਲੜਾ, ਸ੍ਰਿਸ਼ਟ ਸਬਾਈ ਵਾਹੋ ਦਾਹੀਆ । ਕਿਸੇ ਹੱਥ ਨਾ ਆਵੇ ਪੈਸਾ ਧੇਲਾ ਦਮੜਾ, ਪਿਤਾ ਪੂਤ ਜੁਦਾਈਆ । ਕਲਜੁਗ ਕਾਇਆ ਅਗਨੀ ਲਾਏ ਝੱਲੜਾ, ਲਾਟ ਲਿਲਾਟੀ ਦੂਣ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਚੜ੍ਹਾਏ ਔਖੀ ਘਾਟੀ, ਲੇਖ ਚੁਕਾਏ ਤੀਰਥ ਤਾਟੀ, ਸਰ ਸਰੋਵਰ ਇਕ ਵਖਾਈਆ । ਤੀਰਥ ਤੱਟਾਂ ਪਾਰ ਕਿਨਾਰਾ ਕਲਜੁਗ ਅੰਤ ਕਰਾਇੰਦਾ । ਨਾ ਕੋਈ ਦਿਸੇ ਸ਼ਿਵਦਵਾਲਾ ਮੱਠ, ਪੂਜਾ ਪਾਠ ਨਾ ਕੋਈ ਵਿਖਾਇੰਦਾ । ਗੁਰਮੁਖ ਤੇਰਾ ਏਕਾ ਹੱਠ, ਚਰਨ ਪ੍ਰੀਤੀ ਸਾਚੀ ਰੀਤ ਸਿਖਾਇੰਦਾ । ਮੰਦਰ ਮਸਜਿਦ ਜਾਣੇ ਢੱਠ, ਸੰਮਤ ਸੋਲਾਂ ਨੇੜੇ ਆਇੰਦਾ । ਕਲਜੁਗ ਗੇੜਨਹਾਰਾ ਉਲਟੀ ਲੱਠ, ਆਪਣੀ ਹੱਥੀਂ ਆਪ ਚਲਾਇੰਦਾ । ਪੰਚਮ ਜੇਠੀ ਕਰੇ ਇਕੱਠ, ਸੰਮਤ ਚੌਦਾਂ ਨੀਂਹ ਰਖਾਇੰਦਾ । ਗੁਰ ਸੰਗਤ ਮੇਲਾ ਨੱਠ ਨੱਠ, ਦਰ ਦਵਾਰਾ ਇਕ ਵਿਖਾਇੰਦਾ । ਪੰਚਮ ਮੀਤਾ ਕਰ ਇਕੱਠ, ਸਾਚਾ ਬੇੜਾ ਆਪ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

੩੮੭
੦੬

ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਦੇਵਣ ਆਇਆ ਵਰ, ਘਰ ਘਰ ਫੇਰੀ ਪਾਇੰਦਾ । ਘਰ ਘਰ ਸੋਏ ਮਾਤ ਜਗਾਏ, ਗੁਰਮੁਖ ਸਾਜਣ ਮੀਤ । ਏਕਾ ਸੂਤਰ ਆਪ ਪਰੋਏ, ਊਚ ਨੀਚ ਹਸਤ ਕੀਟ, ਨਾ ਕੋਈ ਹੱਸੇ ਨਾ ਕੋਈ ਰੋਏ, ਹਰਿ ਸ਼ਬਦੀ ਸ਼ਬਦ ਅਨਡੀਠ । ਜਨ ਭਗਤਾਂ ਫੜ ਫੜ ਮੁਖੜਾ ਧੋਏ, ਸਾਚਾ ਪੀਸਣ ਰਿਹਾ ਪੀਠ । ਬਿਨ ਗੁਰ ਪੂਰੇ ਅਵਰ ਨਾ ਜਾਣੇ ਕੋਏ, ਕਲਜੁਗ ਕਾਇਆ ਕੌੜੇ ਰੀਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਨਮੁਖਾਂ ਸੁੱਤਾ ਦੇ ਕਰ ਪੀਠ । ਮਨਮੁਖ ਸੋਏ ਜਗਤ ਬੇਹਾਲੇ, ਕਲਜੁਗ ਰੈਣ ਅੰਧੇਰੀ ਛਾਈਆ । ਭੇਵ ਨਾ ਪਾਇਣ ਜੋਤ ਅਕਾਲੇ, ਅਕਲ ਕਲਾ ਵਰਤਾਈਆ । ਗੁਰਮੁਖਾਂ ਮੇਲਾ ਦੀਨ ਦਿਆਲੇ, ਦਰ ਘਰ ਵੱਜੀ ਵਧਾਈਆ । ਆਪਣਾ ਬਿਰਦ ਆਪ ਸੰਭਾਲੇ, ਜੁਗ ਜੁਗ ਕਾਇਆ ਪੈਜ ਰਖਾਈਆ । ਮਨਮੁਖਾਂ ਮੁਖ ਹੋਏ ਕਾਲੇ, ਨਿੰਦਕ ਨਿੰਦਿਆ ਮੁਖ ਰਖਾਈਆ । ਪਾਰਬ੍ਰਹਮ ਤੇਰੀ ਅਵੱਲੜੀ ਚਾਲੇ, ਭੇਵ ਕੋਇ ਨਾ ਪਾਈਆ । ਸਾਚਾ ਮੇਲਾ ਸੱਚੀ ਧਰਮਸਾਲੇ, ਗੁਰ ਸਤਿਗੁਰ ਮੇਲ ਮਿਲਾਈਆ । ਤੋੜਨਹਾਰਾ ਜਗਤ ਜੰਜਾਲੇ, ਜੁਗ ਜੁਗ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪੇ ਸ਼ਾਹ ਆਪੇ ਕੰਗਾਲੇ, ਆਪ ਭਿਖਾਰੀ ਦੀਨ ਦਿਆਲੇ, ਦੇਵਣਹਾਰ ਆਪ ਅਖਵਾਈਆ । ਦੇਵਣਹਾਰ ਨਾਮ ਨਿਧਾਨਾ, ਮੰਗੇ ਚਰਨ ਪ੍ਰੀਤੀ । ਸ਼ਬਦ ਬੰਨ੍ਹੇ ਤਨ ਹੱਥੀਂ ਗਾਨਾ, ਸਤਿਜੁਗ ਸਾਚੀ ਰੀਤੀ । ਧਰਮ ਨਿਸ਼ਾਨਾ, ਕਾਇਆ ਕਰੇ ਪਤਤ ਪੁਨੀਤੀ । ਪੰਚ ਸੁਣਾਏ ਇਕ ਤਰਾਨਾ, ਅੰਮ੍ਰਿਤ ਆਤਮ ਧਾਰਾ ਸੀਤਲ ਸੀਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਜਗਤ ਅਨਡੀਠੀ । ਹਰਿ ਕਾ ਖੇਲ ਅਨਡੀਠ, ਭੇਦ ਭੇਵ ਅਭੇਦਿਆ । ਸਾਚੀ ਗਿਰਹਾ ਸਵਾ ਗਿੱਠ, ਅਛਲ ਅਛੱਲ ਅਛੇਦਿਆ । ਅੰਮ੍ਰਿਤ ਆਤਮ ਧਾਰਾ ਏਕਾ ਮੁੱਠ, ਹੱਥ ਨਾ ਆਏ ਚਾਰ ਵੇਦਿਆ । ਜੀਵ ਜੰਤ ਸਾਧ ਸੰਤ ਆਪਣਾ ਝਗੜਾ ਆਪਣੇ ਘਰ ਨਜਿੱਠ, ਰਾਹ ਦੱਸੇ ਏਕਾ ਸੀਧਿਆ । ਪਾਰਬ੍ਰਹਮ ਪ੍ਰਭ ਸੁੱਤਾ ਦੇ ਕਰ ਪਿਠ, ਦਰਸ ਹੋਏ ਨਾ ਨੇਤਰ ਦੀਦਿਆ । ਮਾਇਆ ਮਮਤਾ ਤਾਇਆ ਮਠ, ਤਨ ਮਨ ਨਾ ਆਪਣਾ ਚੇਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਏਕਾ ਵਰ, ਮਿੱਠੇ ਕਰੇ ਕੌੜੇ ਰੀਠਿਆ । ਏਕਾ ਇੱਕੀ ਇਕ ਮਹੱਲਾ, ਏਕਾ ਕੁਲ ਅਖਵਾਇੰਦਾ । ਇਕ ਵਖਾਏ ਧਾਮ ਅਟੱਲਾ, ਏਕਾ ਮੁੱਲ ਪਵਾਇੰਦਾ । ਵਲੀਆ ਛਲੀਆ ਅਛਲ ਅਛੱਲਾ, ਅਛਲ ਅਛੱਲ ਕਰਾਇੰਦਾ । ਗੁਰਮੁਖਾਂ ਫੜਾਏ ਆਪਣਾ ਪੱਲਾ, ਦੂਈ ਦਵੈਤੀ ਸਲਾ ਮੇਟ ਮਿਟਾਇੰਦਾ । ਮੇਲ ਮਿਲਾਏ ਗੋਬਿੰਦ ਡੱਲਾ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਸ਼ਬਦ ਫੜਾਏ ਹੱਥ ਵਿਚ ਭੱਲਾ, ਆਪਣੀ ਦਇਆ ਕਮਾਇੰਦਾ । ਗੁਰਮੁਖ ਆਤਮ ਅੰਤਰ ਰੱਲਾ, ਜੋਤੀ ਜੋਤ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਦੇਵੇ ਏਕਾ ਵਰ, ਪਹਿਲੀ ਚੇਤਰ ਥਿਤ ਸੁਹਾਇੰਦਾ । ਪਹਿਲੀ ਚੇਤ ਇਕ ਪ੍ਰਵਿਸ਼ਟਾ, ਪਰਮ ਪੁਰਖ ਪ੍ਰਭ ਪਾਇਆ । ਚਰਨ ਕਵਲ ਦ੍ਰਿੜਾਏ ਸਚ ਦ੍ਰਿਸ਼ਟੀ ਦ੍ਰਿਸ਼ਟਾ, ਏਕਾ ਇਸ਼ਟ ਵਟਾਇਆ । ਮਾਨਸ ਜਨਮ ਨਾ ਹੋਏ ਭਰਿਸ਼ਟਾ, ਲੇਖਾ ਲੇਖੇ ਲਾਇਆ । ਆਪੇ ਰਾਮ ਗੁਰੂ ਵਸ਼ਿਸ਼ਟਾ, ਰਾਮ ਰਾਮਾ ਰੂਪ ਸਮਾਇਆ । ਵੇਖਣ ਆਇਆ ਹਰਿ ਹਰਿ ਸ੍ਰਿਸ਼ਟਾ, ਜਗ ਸ੍ਰਿਸ਼ਟੀ ਮੂਲ ਚੁਕਾਇਆ । ਕਾਗੀ ਕਾਂ ਖਾਇਣ ਵਿਸ਼ਟਾ, ਅੰਮ੍ਰਿਤ ਫਲ ਨਾ ਕੋਇ ਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਦਰ ਦਵਾਰਾ ਇਕ ਵਖਾਇਆ ।

੩੮੮
੦੬

ਦਰ ਦਵਾਰਾ ਇਕ ਸੁਹੰਜਣਾ, ਏਕਾ ਏਕੰਕਾਰਿਆ । ਮਿਲੇ ਮੇਲ ਜੋਤ ਨਿਰੰਜਣਾ, ਮੋਖੀ ਮੋਖ ਅਪਾਰਿਆ । ਹਰਿ ਦਾਤਾ ਦਰਦ ਦੁੱਖ ਭੈ ਭੰਜਨਾ, ਰੋਗ ਸੋਗਾਂ ਪਾਰ ਉਤਾਰਿਆ । ਚਰਨ ਧੂੜ ਕਰਾਏ ਸਾਚਾ ਮਜਨਾ, ਸਰ ਸਰੋਵਰ ਇਕ ਇਸ਼ਨਾਨ ਕਰਾ ਰਿਹਾ । ਗੁਰਮੁਖ ਮੀਤ ਮੁਰਾਰੇ ਸੱਜਣਾ, ਦਿਵਸ ਰੈਣ ਚਰਨ ਧਿਆਨ ਜਣਾ ਰਿਹਾ । ਜੋ ਘੜਿਆ ਸੋ ਅੰਤਮ ਭੱਜਣਾ, ਘੜਨ ਭੰਨਣਹਾਰ ਆਪ ਅਖਵਾ ਰਿਹਾ । ਕਲਜੁਗ ਕਿਸੇ ਨਾ ਪੜਦਾ ਕੱਜਣਾ, ਨਾ ਕੋਈ ਪੜਦਾ ਪਾ ਰਿਹਾ । ਕਾਲ ਨਗਾਰਾ ਅੰਤਮ ਵੱਜਣਾ, ਲਾੜੀ ਮੌਤ ਕਰੇ ਸ਼ਿੰਗਾਰਿਆ । ਚਿਤਰ ਗੁਪਤ ਲੇਖਾ ਮੰਗਣਾ, ਬਹਿ ਬਹਿ ਧਰਮ ਦਵਾਰਿਆ । ਰਾਏ ਧਰਮ ਵੇਖੇ ਭਾਂਡਾ ਸੱਖਣਾ, ਰਸਨਾ ਨਾਉਂ ਨਾ ਮਾਤ ਉਚਾਰਿਆ । ਆਪੇ ਕਰੇ ਫੜ ਫੜ ਵੱਖਣਾ, ਦੇਵੇ ਦੁੱਖ ਅਪਾਰਿਆ । ਬਿਨ ਗੁਰ ਪੂਰੇ ਕਿਸੇ ਮਾਤ ਨਾ ਰੱਖਣਾ, ਨਾ ਕੋਈ ਲਾਏ ਪਾਰ ਕਿਨਾਰਿਆ । ਅੰਤਮ ਮੁੱਲ ਨਾ ਪੈਣਾ ਕੱਖਨਾ, ਤਨ ਬਸਤਰ ਤਨ ਸ਼ਿੰਗਾਰਿਆ । ਗੁਰਮੁਖ ਸਾਚੇ ਸਾਚਾ ਸ਼ਾਹੋ ਨੇਤਰ ਪੇਖਨਾ, ਦਰਸ਼ਨ ਨੇਤਰ ਨੇਤੀ ਨੈਣ ਅਪਾਰਿਆ । ਕਲਜੁਗ ਕੂੜ ਕੁੜਿਆਰਾ ਅੰਗਿਆਰਾ ਏਕਾ ਭਖਣਾ, ਚਾਰੋਂ ਕੂਟ ਧੂੰਆਂਧਾਰਿਆ । ਪ੍ਰਭ ਦਇਆ ਕਮਾਏ ਦੇਸ ਦੱਖਣਾ, ਦੱਖਣ ਦਿਸ਼ਾ ਆਪ ਵਿਚਾਰਿਆ । ਆਪੇ ਕਰੇ ਪੱਛਮ ਸੱਖਣਾ, ਨਿਹਕਲੰਕ ਲਏ ਅਵਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਆਪ ਆਪਣੇ ਢਹਿ ਪਿਆ ਦਵਾਰਿਆ ।

ਏਕਾ ਦੂਜਾ ਸੰਗ ਕਰ, ਸਗਲਾ ਸੰਗ ਨਿਭਾਇੰਦਾ । ਦਰ ਦਵਾਰਾ ਮੰਗ ਮੰਗ, ਭਗਤ ਭਿਖਾਰੀ ਆਪ ਅਖਵਾਇੰਦਾ । ਕਾਇਆ ਚੋਲੀ ਰੰਗ ਰੰਗ, ਰੰਗ ਗੂੜ੍ਹਾ ਇਕ ਚੜ੍ਹਾਇੰਦਾ । ਨੌ ਦਵਾਰੇ ਲੰਘ ਲੰਘ, ਪ੍ਰਭ ਸਾਚਾ ਦਰਸ ਦਿਖਾਇੰਦਾ । ਸੇਜ ਸੁਹਾਵਣੀ ਇਕ ਪਲੰਘ, ਪਾਵਾ ਚੂਲ ਨਾ ਕੋਈ ਰਖਾਇੰਦਾ । ਦਸਮ ਦਵਾਰੀ ਦਿਤੀ ਟੰਗ, ਬਾਡੀ ਕੋਈ ਨਾ ਮਾਤ ਬਣਾਇੰਦਾ । ਚਾਰੋਂ ਕੁੰਟ ਰਖਾਈ ਅੰਮ੍ਰਿਤ ਧਾਰਾ ਗੰਗ, ਸਰ ਸਰੋਵਰ ਇਕ ਵਿਖਾਇੰਦਾ । ਗੁਰਮੁਖ ਸਵਾਣੀ ਲਾਏ ਅੰਗ, ਅੰਗੀਕਾਰ ਹੋ ਜਾਇੰਦਾ । ਮੇਟਣਹਾਰਾ ਤ੍ਰਿਸ਼ਨਾ ਤਮ, ਦਰ ਸ਼ਬਦ ਆਹਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਜੁਗਤ ਬਣਾਇੰਦਾ । ਜੁਗਤ ਜਣਾਏ ਜਗਤ ਜੋਗ, ਹਰਿ ਦਾਤਾ ਨਾਮ ਭੰਡਾਰੀ । ਮੇਲ ਮਿਲਾਏ ਧੁਰ ਸੰਜੋਗ, ਕਲਜੁਗ ਅੰਤਮ ਵਾਰੀ । ਕੱਟਣਹਾਰਾ ਹਉਮੇ ਰੋਗ, ਮੇਟੇ ਤਨ ਬਿਮਾਰੀ । ਦਰਸ ਵਿਖਾਏ ਇਕ ਅਮੋਘ, ਹਰਿ ਮੇਲਾ ਦਸਮ ਦਵਾਰੀ । ਸੋਹੰ ਚੁਗਾਏ ਸਾਚੀ ਚੋਗ, ਮਾਣਕ ਮੋਤੀ ਭਰੀ ਪਟਾਰੀ । ਆਤਮ ਸੇਜਾ ਮਾਣੇ ਭੋਗ, ਰਸ ਰਸੀਆ ਆਪ ਨਿਰੰਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਸੱਚਾ ਦਰਬਾਰੀ । ਸਚ ਦਰਬਾਰ ਤਖ਼ਤ ਸੁਲਤਾਨ, ਹਰਿ ਮੰਦਰ ਆਪ ਬਿਰਾਜਿਆ । ਦਾਤਾ ਦਾਨੀ ਮਿਹਰਵਾਨ, ਗਊ ਗਰੀਬਾਂ ਦੇਵੇ ਦਾਜਿਆ । ਰਸਨਾ ਨਾਉਂ ਇਕ ਵਿਖਾਨ, ਅੰਤਮ ਰੱਖਣਹਾਰਾ ਲਾਜਿਆ । ਨਾਮ ਨਿਧਾਨਾ ਪੀਣ ਖਾਣ, ਆਪਣਾ ਸਾਜਨ ਸਾਜਿਆ । ਦਰ ਦਵਾਰੇ ਦੇਵੇ ਮਾਣ, ਸਰਨ ਸਰਨਾਈ ਜੋ ਜਨ ਆਏ ਭਾਜਿਆ । ਮੇਟ ਮਿਟਾਏ ਰਾਜ ਰਾਜਾਨ, ਦਰ ਦਰਬਾਨ ਕਿਸੇ ਘਰ ਨਾ ਦਿਸੇ ਘੋੜਾ ਤਾਜਿਆ । ਸਚ ਸੁੱਚ ਝੁਲਾਏ ਇਕ ਨਿਸ਼ਾਨ, ਅੰਤਮ ਮੇਟੇ ਮੁੱਲਾ ਕਾਜ਼ੀਆ । ਗੋਬਿੰਦ ਕਾਇਆ ਖੇਲ ਮਹਾਨ, ਪੜਦਾ ਪਾਇਆ ਗ਼ਰੀਬ ਨਿਵਾਜਿਆ । ਸ਼ਬਦ ਚੜ੍ਹਾਏ ਇਕ ਬਿਬਾਨ, ਜਨ ਭਗਤਾਂ ਮਾਰੇ ਅਵਾਜ਼ਿਆ । ਗੁਰਸਿਖ ਸੋਇਆ ਉਠ ਨਾਦਾਨ, ਪ੍ਰਭ ਰਚਿਆ ਕਲਜੁਗ ਕਾਜਿਆ । ਮਿਲੇ ਜਗ ਹਾਣੀ ਹਾਣ, ਇਕ ਵਖਾਏ ਦਰ ਦਰਵਾਜ਼ਿਆ । ਮਾਇਆ ਰਾਣੀ ਮੋਹ ਮਮਤਾ ਤਣਿਆ ਤਾਣ, ਦਰ

੩੮੯
੦੬

ਦਵਾਰੇ ਬਹਿ ਬਹਿ ਕਰੇ ਨਾਚਿਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਜਵਾਨ, ਸ੍ਰਿਸ਼ਟ ਸਬਾਈ ਅਗਨੀ ਦਾਜਿਆ । ਪਰਗਟ ਹੋਏ ਹਰਿ ਭਗਵਾਨ, ਚਿੱਟੇ ਅਸਵ ਆਪ ਸੰਗ ਨਿਭਾਏ ਸਾਚੇ ਤਾਜਿਆ । ਸੋਹੰ ਫੜੇ ਤੀਰ ਕਮਾਨ, ਨੌ ਖੰਡ ਪ੍ਰਿਥਮੀ ਫੜ ਫੜ ਮਾਰੇ ਗਾਜਿਆ । ਗੁਰਮੁਖਾਂ ਦੇਵੇ ਦਰਸ ਮਹਾਨ, ਲੇਖਾ ਚੁੱਕੇ ਕਲ ਕਿ ਆਜਿਆ । ਸਤਿਜੁਗ ਤੇਰਾ ਸਚ ਧਿਆਨ, ਸਤਿ ਪੁਰਖਾਂ ਮੇਲ ਗਰੀਬ ਨਿਵਾਜਿਆ । ਦਰ ਦਰਵੇਸ਼ਾ ਦਰ ਦਰਬਾਨ, ਸੇਵਕ ਸੇਵਾ ਹਰਿ ਘਨਕਪੁਰ ਵਾਸਿਆ । ਸੰਤ ਸੁਹੇਲੇ ਕਰੇ ਪਛਾਨ, ਨਿੱਝ ਘਰ ਆਤਮ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧਰਤ ਧਵਲ ਧਰਵਾਸਿਆ । ਗੁਰਮੁਖ ਤੇਰੀ ਸਚ ਪੁਕਾਰ, ਧੁਰਦਰਗਾਹ ਕੁਰਲਾਈਆ । ਸਤਿ ਪੁਰਖ ਨਿਰੰਜਣ ਕਿਰਪਾ ਧਾਰ, ਕਲਜੁਗ ਅੰਤਮ ਆਵੇ ਵਾਹੋ ਦਾਹੀਆ । ਪਰਗਟ ਹੋਏ ਵਿਚ ਸੰਸਾਰ, ਗੁਰ ਪੀਰ ਦੇਣ ਗਵਾਹੀਆ । ਨਿਹਕਲੰਕਾ ਵੱਡ ਬਲਕਾਰ, ਹਰਿ ਦਾਤਾ ਬੇਪਰਵਾਹੀਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਨਿਹਕਲੰਕਾ ਵਡ ਬਲਕਾਰ, ਹਰਿ ਦਾਤਾ ਬੇਪਰਵਾਹੀਆ । ਰਾਜ ਰਾਜਾਨਾ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਮੇਟ ਮਿਟਾਈਆ । ਗਊ ਗਰੀਬਾਂ ਪਾਵੇ ਸਾਰ, ਊਚਾਂ ਨੀਚਾਂ ਭੇਵ ਚੁਕਾਈਆ । ਵਰਨਾਂ ਬਰਨਾਂ ਇਕ ਪਿਆਰ, ਸਾਚੀ ਸਰਨਾ ਇਕ ਰਘੁਰਾਈਆ । ਹਰਨਾ ਫਰਨਾ ਖੋਲ੍ਹ ਕਿਵਾੜ, ਬਜਰ ਕਪਾਟੀ ਪਾਰ ਕਰਾਈਆ । ਤੀਰ ਨਿਰਾਲਾ ਮਾਰੇ ਮਾਰ, ਸੋਹੰ ਮੁਖੀ ਇਕ ਰਖਾਈਆ । ਜੋਤ ਅਕਾਲਾ ਵਿਚ ਸੰਸਾਰ, ਦੀਨ ਦਿਆਲਾ ਨਾਉਂ ਰਖਾਈਆ । ਅਗਨੀ ਖਿੱਚੇ ਜੋਤ ਜਵਾਲਾ, ਹਰਿ ਜੋਤੀ ਜੋਤ ਮਿਲਾਈਆ । ਕਲਜੁਗ ਤੇਰਾ ਅੰਤ ਵੱਜਾ ਤਾਲਾ, ਸੰਮਤ ਤੇਰਾਂ ਖ਼ੁਸ਼ੀ ਮਨਾਈਆ । ਨਾਨਕ ਗਾਇਆ ਗੁਰ ਗੋਪਾਲਾ, ਰਸਨਾ ਹਰਿ ਗੁਣ ਗਾਈਆ । ਗੁਰ ਗੋਬਿੰਦ ਹੋਇਆ ਦਲਾਲਾ, ਪੂਤ ਸਪੂਤਾ ਆਪ ਅਖਵਾਈਆ । ਪਾਰਬ੍ਰਹਮ ਤੇਰੀ ਅਵੱਲੜੀ ਚਾਲਾ, ਭੇਵ ਕੋਇ ਨਾ ਪਾਈਆ । ਜੁਗ ਜੁਗ ਦੱਸੇ ਰਾਹ ਸੁਖਾਲਾ, ਆਪਣੀ ਬਣਤ ਬਣਾਈਆ । ਆਪੇ ਸ਼ਾਹ ਆਪੇ ਕੰਗਾਲਾ, ਧਨ ਮਾਲ ਆਪ ਅਖਵਾਈਆ । ਆਪੇ ਫਲ ਲਗਾਏ ਡਾਲਾ, ਫਲ ਫੁਲਵਾੜੀ ਵੇਖ ਵਖਾਈਆ । ਆਪੇ ਹੋਏ ਹਾਲ ਬੇਹਾਲਾ, ਆਪੇ ਖ਼ੁਸ਼ੀਆਂ ਰਿਹਾ ਮਨਾਈਆ । ਆਪੇ ਅੱਠ ਸੱਠ ਤੀਰਥ ਸੁਹਾਏ ਤਾਲਾ, ਆਪੇ ਮੇਟ ਮਿਟਾਈਆ । ਕਲਜੁਗ ਅੰਤਮ ਆਪੇ ਭਾਲਾ, ਹਰਿ ਵੇਖੇ ਥਾਉਂ ਥਾਈਂਆ । ਇਕ ਰਖਾਏ ਸੱਚੀ ਧਰਮਸਾਲਾ, ਦਰ ਦਵਾਰ ਬੰਕ ਸੁਹਾਈਆ । ਅੱਠ ਅਠੋਤਰੀ ਪਾਏ ਮਾਲਾ, ਦੋ ਅੱਖਰ ਵੱਖਰ ਜਾਪ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਤ ਵਡਿਆਈਆ । ਹਰਿਜਨ ਤੇਰੀ ਸਚ ਵਡਿਆਈ, ਜੁਗ ਜੁਗ ਕਰਦਾ ਆਇਆ । ਗੁਰਮੁਖ ਤੇਰੀ ਧੰਨ ਕਮਾਈ, ਪੁਰਖ ਅਬਿਨਾਸ਼ੀ ਜੁਗ ਜੁਗ ਵੇਖ ਵਖਾਇਆ । ਆਤਮ ਦਰ ਵੱਜੇ ਵਧਾਈ, ਗੁਰਮੁਖ ਸੋਏ ਰਿਹਾ ਜਗਾਇਆ । ਆਪ ਆਪਣੀ ਦੇ ਸਰਨਾਈ, ਤ੍ਰਿਸ਼ਨਾ ਅੱਗ ਰਿਹਾ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦਰ ਦਵਾਰੇ ਮੇਲ ਮਿਲਾਇਆ । ਹੋਏ ਭਾਗ ਵਡ ਸੁਭਾਗੀ, ਪਾਇਆ ਪੁਰਖ ਅਗੰਮਾ । ਬੁਝੀ ਦੀਪਕ ਜੋਤ ਚਿਰਾਗ ਜਗਾਇਆ, ਆਪ ਸਵਾਰੇ ਆਪਣਾ ਕੰਮਾ । ਮਾਇਆ ਡੱਸਣੀ ਨਾ ਡੱਸੇ ਨਾਗ, ਜਗਤ ਤ੍ਰਿਸ਼ਨਾ ਮੇਟ ਮਿਟਾਏ ਗਮਾ । ਸਾਚਾ ਮੇਲਾ ਕੰਤ ਸੁਹਾਗ ਹੰਢਾਏ, ਨਾ ਕੋਈ ਰੋਵੇ ਛੰਮ ਛੰਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਨਾਮ ਦੇਵੇ ਸਾਚਾ ਧਨਾ ।

੩੯੦
੦੬

੩੯੧
੦੬

ਜਗਤ ਚੋਲਾ ਕਾਇਆ ਤਜ, ਸਾਚੇ ਤਖ਼ਤ ਬਿਰਾਜਿਆ । ਸਚ ਸਿੰਘਾਸਣ ਬੈਠਾ ਸਜ, ਪ੍ਰਭ ਸਾਚਾ ਗ਼ਰੀਬ ਨਿਵਾਜਿਆ । ਆਪਣਾ ਪੜਦਾ ਆਪੇ ਕਜ, ਗੁਰਮੁਖਾਂ ਰੱਖੇ ਲਾਜਿਆ । ਆਪੇ ਘੜਿਆ ਆਪੇ ਗਿਆ ਭੱਜ, ਆਪ ਆਪਣੇ ਚੜ੍ਹਿਆ ਜਹਾਜ਼ਿਆ । ਜਗਤ ਸਬੰਧੀ ਸਾਰੇ ਤੱਜ, ਜਨ ਭਗਤਾਂ ਰਚਿਆ ਕਾਜਿਆ । ਪੰਚਮ ਜੇਠੀ ਰਿਹਾ ਗੱਜ, ਵਡ ਸ਼ਾਹੋ ਰਾਜਨ ਰਾਜਿਆ । ਪਰਗਟ ਹੋਇਆ ਦੇਸ ਮਾਝ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਜਨ ਜਨ ਹਰਿ ਮਾਰੇ ਆਵਾਜ਼ਿਆ । ਛੁੱਟਾ ਤਨ ਜਗਤ ਪਿਆਰ, ਜੋਤੀ ਜੋਤ ਸਮਾਇਆ । ਆਪ ਆਪਣੀ ਕਿਰਪਾ ਧਾਰ, ਆਪਣਾ ਰੂਪ ਵਟਾਇਆ । ਸਤਿ ਪੁਰਖ ਨਿਰੰਜਣ ਸਾਂਝਾ ਯਾਰ, ਏਕਾ ਏਕ ਅਖਵਾਇਆ । ਕਲਜੁਗ ਤੇਰੀ ਅੰਤਮ ਵਾਰ, ਲਿਖਿਆ ਲੇਖ ਆਪਣੇ ਹੱਥ ਰਖਾਇਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਾਚਾ ਮਾਰਗ ਲਾਇਆ । ਸੋਹੰ ਸ਼ਬਦ ਅਪਰ ਅਪਾਰ, ਧੁਰਦਰਗਾਹੀ ਲੈ ਕੇ ਆਇਆ । ਵਣਜ ਕਰਾਏ ਇਕ ਵਪਾਰ, ਏਕਾ ਦੂਜਾ ਭਉ ਚੁਕਾਇਆ । ਨਰ ਨਰਾਇਣ ਨਰ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਸਰਗੁਣ ਤੇਰਾ ਸ਼ਬਦ ਪਿਆਰ, ਗੋਬਿੰਦ ਪੂਤ ਜਗਾਇਆ । ਤੇਗ ਬਹਾਦਰ ਤੇਰੀ ਧਾਰ, ਆਪੇ ਰਿਹਾ ਚਲਾਇਆ । ਪੂਤ ਸਪੂਤਾ ਸਾਚਾ ਵਾਰ, ਏਕਾ ਮਾਰਗ ਰਿਹਾ ਵਖਾਇਆ । ਪੁਰਖ ਅਬਿਨਾਸ਼ੀ ਆਪੇ ਹੋਇਆ ਨਿਰਾਧਾਰ, ਤੇਰਾਂ ਸਾਲ ਭੋਜਨ ਕੋਇ ਨਾ ਰਸਨਾ ਲਾਇਆ । ਤੇਰਾਂ ਸਾਲ ਨਿਰਾਧਾਰ, ਆਪੇ ਨਰ ਨਿਰੰਕਾਰਿਆ । ਗੁਰਮੁਖਾਂ ਰਿਹਾ ਪੈਜ ਸਵਾਰ, ਭੋਗੀ ਭੋਗ ਇਕ ਕਰਾ ਰਿਹਾ । ਤ੍ਰਿਸ਼ਨਾ ਭੁੱਖ ਗੁਰ ਸੰਗਤ ਨਿਵਾਰ, ਆਪ ਆਪਣਾ ਬਿਰਦ ਰਖਾਇਆ । ਸੰਮਤ ਚੌਦਾਂ ਪਾਵੇ ਸਾਰ, ਪਹਿਲੀ ਚੇਤਰ ਵੇਖ ਵਿਖਾਇਆ । ਮੀਤ ਮੁਰਾਰ ਸਾਂਝਾ ਯਾਰ, ਗੁਰ ਗੋਬਿੰਦ ਨਾਲ ਰਲਾਇਆ । ਪੰਚਮ ਮੀਤਾ ਇਕ ਦਾਤਾਰ, ਪੰਚਮ ਸੰਗ ਨਿਭਾ ਲਿਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਾਚੀ ਸੇਵਾ ਆਪ ਕਮਾ ਲਿਆ । ਏਕਾ ਇੱਕੀ ਏਕੰਕਾਰ, ਦੋ ਜਹਾਨਾਂ ਆਪੇ ਪਾ ਲਿਆ । ਦਸਮ ਦਵਾਰੀ ਅੱਧ ਵਿਚਕਾਰ, ਲੋਕਮਾਤੀ ਡੇਰਾ ਲਾ ਲਿਆ । ਦਸ ਘਰ ਉਪਰ ਵੇਖ ਵਿਚਾਰ, ਤ੍ਰੈ ਦਰ ਭਵਾ ਲਿਆ । ਸਪਤਮ ਦਰ ਹਰਿ ਨਿਰੰਕਾਰ, ਆਦਿ ਪੁਰਖ ਨਿਰੰਜਣ ਆਪ ਅਖਵਾ ਲਿਆ । ਅੱਠਵੇਂ ਕਰੇ ਜੋਤ ਆਕਾਰ, ਲਾਟ ਲਿਲਾਟੀ ਇਕ ਵਿਖਾ ਰਿਹਾ । ਨੌਵੇਂ ਰੂਪ ਅਗੰਮ ਅਪਾਰ, ਅਲਖ ਅਲਖ ਲੇਖ ਨਾ ਕੋਈ ਲਿਖਾ ਲਿਆ । ਦਸਵਾਂ ਦਸ ਧੁੰਆਂਧਾਰ, ਹਰਿ ਸਾਚੇ ਮੁਖ ਛੁਪਾ ਲਿਆ । ਦਸ ਦਸ ਬੀਸ ਹਰਿ ਜਗਦੀਸ, ਦੋ ਜਹਾਨਾਂ ਬਣਤ ਬਣਾ ਲਿਆ । ਸਾਚੀ ਸਿੱਖੀ ਇਕ ਇਕੀਸ, ਏਕਾ ਏਕ ਆਪ ਅਖਵਾ ਲਿਆ । ਏਕਾ ਦੂਆ ਦੂਆ ਏਕਾ ਹਰਿ ਜਗਦੀਸ, ਅੱਗੇ ਪਿੱਛੇ ਰਾਹ ਤਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲਾਲ ਗੁਲਾਲਾ ਸਾਚੀ ਜੋਤੀ ਰੰਗ ਏਕਾ ਏਕ ਵਿਖਾ ਲਿਆ । ਆਦਿ ਸ਼ਕਤ ਆਦਿ ਭਵਾਨੀ, ਚੋਲਾ ਲਾਲ ਰੰਗਾਈਆ । ਗੁਰਮੁਖਾਂ ਵੇਖੇ ਸਾਚੀ ਭਗਤ, ਜੁਗ ਜੁਗ ਪੈਜ ਰਖਾਈਆ । ਆਪੇ ਜਾਣੇ ਆਪਣੀ ਰੰਗਤ, ਨਾ ਕੋਈ ਦੂਸਰ ਵੇਖ ਵਖਾਈਆ । ਆਪ ਸੁਹਾਏ ਸਾਚਾ ਵਕਤ, ਹਰਿ ਦਾਤਾ ਬੇਪਰਵਾਹੀਆ । ਲੇਖੇ ਲਾਏ ਬੂੰਦ ਰਕਤ, ਜਿਸ ਜਨ ਸਾਚੀ ਸੇਵ ਕਮਾਈਆ । ਕਲਜੁਗ ਕੂੜਾ ਚੜ੍ਹਿਆ ਕਟਕ, ਚਾਰੋਂ ਕੁੰਟ ਪਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਤੇਰੀ ਧਾਰ ਹਰਿ ਹਰਿ ਕੀਤਾ ਇਕ ਪਿਆਰ, ਗੁਰਮੁਖਾਂ ਬਣਤ ਬਣਾਈਆ । ਗੁਰਮੁਖ ਤੇਰੀ ਸਚ ਸਲਾਹ, ਹਰਿ ਸਾਚਾ ਆਪ ਪਕਾਇੰਦਾ । ਏਕਾ ਬਣਿਆ ਜਗਤ ਮਲਾਹ, ਦੋ ਜਹਾਨਾਂ ਪਾਰ ਕਰਾਇੰਦਾ ।

ਲੱਖ ਚੁਰਾਸੀ ਕਟੇ ਫਾਹ, ਰਾਏ ਧਰਮ ਦਰ ਦੁਰਕਾਇੰਦਾ । ਇਕ ਜਪਾਏ ਸਾਚਾ ਨਾਂ, ਸੋਹੰ ਨਾਉਂ ਰਖਾਇੰਦਾ । ਸੋ ਪੁਰਖ ਨਿਰੰਜਣ ਪਿਤਾ ਮਾਂ,
ਹੰ ਹੰਗਤਾ ਆਪਣੀ ਝੋਲੀ ਪਾਇੰਦਾ । ਆਪੇ ਫੜਨ ਆਇਆ ਬਾਂਹ, ਗੁਰਮੁਖਾਂ ਮੇਲ ਮਿਲਾਇੰਦਾ । ਗੁਰ ਸੰਗਤ ਤੇਰੀ ਠੰਢੀ ਛਾਂ, ਗੁਰ ਪੂਰਾ
ਸੀਸ ਝੁਕਾਇੰਦਾ । ਕਲਜੁਗ ਅੰਤਮ ਘਰ ਘਰ ਉਡਣੇ ਕਾਂ, ਇਛਿਆ ਭਿਛਿਆ ਕੋਇ ਨਾ ਕਿਸੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚੀ ਸਿਖਿਆ, ਦੇ ਮਤ ਆਪ ਸਮਝਾਇੰਦਾ । ਗੁਰਮੁਖ ਸਾਚੀ ਸਿਖਿਆ, ਪ੍ਰਭ ਸਾਚਾ ਆਪ ਦਵਾਇੰਦਾ ।
ਹਰਿ ਮੰਗਣਹਾਰਾ ਏਕਾ ਭਿਛਿਆ, ਲਾਲ ਚੋਲੀ ਅੱਗੇ ਡਾਹਿੰਦਾ । ਰੱਖਣੀ ਲਾਜ ਗੁਰ ਪੂਰੇ ਦੀ ਕਰਨੀ ਰੱਖਿਆ, ਉਲਟੀ ਧਾਰ ਵਹਾਇੰਦਾ ।
ਆਉਂਦਾ ਜਾਂਦਾ ਕਿਸੇ ਨਾ ਦਿਸਿਆ, ਜਨ ਭਗਤਾਂ ਦਰਸ ਦਿਖਾਇੰਦਾ । ਸ੍ਰਿਸ਼ਟ ਸਬਾਈ ਦਿਸੇ ਮਿਥਿਆ, ਨਾ ਕੋਈ ਤੋੜ ਨਿਭਾਇੰਦਾ । ਭਾਗ
ਨਿਭਾਗਾ ਆਪੇ ਲਿਖਿਆ, ਮੇਟਣਹਾਰਾ ਆਪ ਅਖਵਾਇੰਦਾ । ਨੇਤਰ ਲੋਚਨ ਨੈਣ ਹਰਿ ਹਰਿ ਸਾਚਾ ਪੇਖਿਆ, ਸਮ ਦਰਸੀ ਦਰਸ ਦਿਖਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਪਹਿਲੀ ਚੇਤਰ ਸਾਚੀ ਖ਼ੁਸ਼ੀ ਮਨਾਇੰਦਾ । ਸੰਮਤ
ਤੇਰਾਂ ਨਾਨਕ ਧਾਰ, ਕਲਜੁਗ ਮਾਤ ਚਲਾਈਆ । ਆਪੇ ਛੁਪਿਆ ਨੈਣ ਮੁੰਧਾਰ, ਉਪਰ ਰਿਹਾ ਪੜਦਾ ਪਾਈਆ । ਪਹਿਲੀ ਚੇਤਰ ਹੋ ਤਿਆਰ,
ਜਗਤ ਮੂਸਾ ਦਿਤਾ ਲਾਹੀਆ । ਗੁਰਮੁਖਾਂ ਕਰੇ ਤਨ ਸ਼ਿੰਗਾਰ, ਸਾਚੀ ਚੋਲੀ ਰਿਹਾ ਰੰਗਾਈਆ । ਸੋਹੰ ਪੜਦਾ ਅਪਰ ਅਪਾਰ, ਚਾਰੇ ਕੁੰਟਾਂ ਰਿਹਾ
ਉਠਾਈਆ । ਏਕਾ ਹੋਇਆ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਗੁਰਮੁਖ ਤੇਰੇ ਦਰ ਭਿਖਾਰ, ਮੰਗਣ ਆਇਆ ਹਰਿ ਰਘੁਰਾਈਆ ।
੩੯੨ ੦੬ ਭੋਗ ਲੱਗੇ ਤੇਰੇ ਲੰਗਰ ਦਵਾਰ, ਤੋਟ ਰਹੇ ਨਾ ਰਾਈਆ । ਕਿਰਪਾ ਕਰ ਅਪਰ ਅਪਾਰ, ਏਕਾ ਏਕ ਝੋਲੀ ਪਾਈਆ । ਪ੍ਰਭ ਅਬਿਨਾਸ਼ੀ ਕਰੇ ੩੯੨ ੦੬
ਪਿਆਰ, ਦੋ ਜਹਾਨਾਂ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਲੋਕਮਾਤ ਤੇਰੀ ਸਚ ਨਿਸ਼ਾਨੀ, ਗੁਰ ਗੋਬਿੰਦਾ
ਬਣਿਆ ਬਾਨੀ, ਪੱਲੇ ਸਾਚੀ ਗੰਢ ਬੰਧਾਈਆ । ਗੁਰਮੁਖ ਤੇਰਾ ਨਾਮ ਭੰਡਾਰ, ਪ੍ਰਭ ਆਪਣੇ ਪੱਲੇ ਬੰਨ੍ਹਿਆ । ਬ੍ਰਹਮਾ ਸ਼ਿਵ ਰਹੇ ਪੁਕਾਰ, ਰਾਹ
ਵੇਖਣ ਸੂਰਜ ਚੰਨਿਆ । ਕਰੋੜ ਤੇਤੀਸ ਰਿਹਾ ਵਿਚਾਰ, ਦੋਏ ਜੋੜ ਮੰਗੇ ਮੰਗਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਮਾਰਨ ਆਇਆ
ਜਿੰਦਿਆ । ਸਤਿਜੁਗ ਸਾਚਾ ਖੋਲ੍ਹ ਕਿਵਾੜ, ਦਾਤਾ ਬਣੇ ਆਪ ਬਖ਼ਸ਼ੰਦਿਆ । ਗੁਰਮੁਖ ਸਾਚੇ ਦਰ ਦਵਾਰੇ ਆਪੇ ਵਾੜ, ਦੂਰ ਦੁਰਾਡਾ ਲੇਖਾ
ਬੰਧਿਆ । ਲੇਖਾ ਲੱਗੇ ਸਤਾਰਾਂ ਹਾੜ, ਮਨਮੁਖ ਜੀਵ ਚਾਰੋਂ ਕੁੰਟ ਕਰਨ ਨਿੰਦਿਆ । ਆਪ ਉਠਾਏ ਅਗੰਮੀ ਧਾੜ, ਸਾਗਰ ਸਿੰਧ ਵਹਾਏ ਸਿੰਧਿਆ ।
ਅਗਨੀ ਜੋਤੀ ਦੇਵੇ ਸਾੜ, ਮਨ ਮਤ ਕੋਈ ਨਾ ਰਹੇ ਬੰਦਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ,
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਭਾਰਤ ਖੰਡ ਬ੍ਰਹਿਮੰਡ ਵਿਚ ਹਿੰਦਿਆ । ਮਾਂਗੇ ਦਾਨ ਭਗਤ ਨਿਹਕੇਵਾ, ਨਿਰਗੁਣ ਨਿਰਧਨ
ਧਾਰੀ । ਧੰਨ ਧੰਨ ਧੰਨ ਗੁਰਸਿਖ ਤੇਰੀ ਸੇਵਾ, ਤੇਰੀ ਪੈਜ ਸਵਾਰੀ । ਏਕਾ ਇੱਕੀ ਲਾਏ ਮੇਵਾ, ਵਡ ਦਾਤਾ ਵਿਚ ਸੰਸਾਰੀ । ਕੌਸਤਕ ਮਣੀਆ
ਸਾਚਾ ਥੇਵਾ, ਨਿਰਮਲ ਜੋਤ ਕਰੇ ਉਜਿਆਰੀ । ਰਸਨਾ ਗਾਇਆ ਹਰਿ ਗੁਣ ਜਿਹਵਾ, ਅੰਤਮ ਪੈਜ ਸਵਾਰੀ । ਪਾਰਬ੍ਰਹਮ ਪ੍ਰਭ ਅਲਖ ਅਭੇਵਾ,
ਆਦਿ ਅੰਤ ਜੁਗਾ ਜੁਗੰਤ ਏਕਾ ਏਕੰਕਾਰੀ । ਚਰਨ ਦਾਸੀ ਕਰੋੜ ਤੇਤੀਸਾ ਦੇਵੀ ਦੇਵਾ, ਬ੍ਰਹਮਾ ਸ਼ਿਵ ਹੋਏ ਭਿਖਾਰੀ । ਵਿਸ਼ਨੂੰ ਬੰਸੀ ਇਕ ਦਸੇਵਾ,

ਭਗਵਨ ਜੋਤੀ ਵਡ ਬਲਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਨ ਭਗਤਾਂ ਰਿਹਾ ਪੈਜ ਸਵਾਰੀ । ਪੈਜ ਸਵਾਰ ਜਗਤ ਗੁਰ ਦਾਤਾ, ਸੋਹੰ ਨਾਮ ਦ੍ਰਿੜਾਇਆ । ਗੁਰਮੁਖ ਆਈ ਉਤਮ ਜ਼ਾਤਾ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇਆ । ਮਿਲਿਆ ਮੇਲ ਹਰਿ ਕਮਲਾਪਾਤਾ, ਧਰਮੀ ਧਰਨ ਧਰਮ ਕਮਾਇਆ । ਆਪੇ ਪੁੱਛਣਹਾਰਾ ਵਾਤਾ, ਦਿਵਸ ਰੈਣ ਆਲਸ ਨਿੰਦਰਾ ਵਿਚ ਨਾ ਆਇਆ । ਸਗਲਾ ਮੀਤ ਹੋਏ ਪਿਤ ਮਾਤਾ, ਪਿਤਾ ਪੂਤ ਸਪੂਤਾ ਗੋਦੀ ਰਿਹਾ ਉਠਾਇਆ । ਜਗਤ ਵਣਜਾਰਾ ਸਾਚੀ ਦਾਤਾ, ਆਤਮ ਝੋਲੀ ਰਿਹਾ ਭਰਾਇਆ । ਕਲਜੁਗ ਕਾਇਆ ਕੱਪੜ ਪਾਟਾ, ਅੰਤਮ ਦਏ ਵਖਾਇਆ । ਚਾਰ ਵਰਨ ਦਿਸਾਏ ਏਕਾ ਹਾਟਾ, ਚੌਦਾਂ ਲੋਕਾਂ ਖੇਲ੍ਹ ਵਖਾਇਆ । ਸੰਮਤ ਚੌਦਾਂ ਸਾਚਾ ਬਾਟਾ, ਜਨ ਭਗਤਾਂ ਕਾਇਆ ਤਨ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਦਿਤਾ ਆਪੇ ਖਾਇਆ ।



### ❊ ੨ ਚੇਤ ੨੦੧੪ ਬਿਕ੍ਰਮੀ ਮਨੀ ਰਾਮ ਦੇ ਘਰ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਤੇ ਸ਼ਬਦ ਰਹਿਮਤ ਕੀਤੀ ਪਿੰਡ ਸਿਧਮ ਜ਼ਿਲਾ ਅੰਮ੍ਰਿਤਸਰ ❊

ਆਪੇ ਅੰਦਰ ਆਪੇ ਬਾਹਰ ਆਪੇ ਗੁਪਤ ਜਾਹਰਿਆ । ਹਰਿਜਨ ਵੇਖੇ ਕਾਇਆ ਮੰਦਰ, ਉਚ ਮਹੱਲ ਅਟਾਰਿਆ । ਬਜਰ ਕਪਾਟੀ ਤੋੜੇ ਜੰਦਰ, ਸੋਹੰ ਮਾਰੇ ਤੇਜ ਕਟਾਰਿਆ । ਜੋਤ ਜਗਾਏ ਡੂੰਘੀ ਕੰਦਰ, ਕਰਾਏ ਸਚ ਉਜਿਆਰਿਆ । ਮੇਲ ਮਿਲਾਏ ਅੰਦਰੇ ਅੰਦਰ, ਸਾਚਾ ਧਾਮ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਣਤ ਬਣਾ ਲਿਆ । ਬਣਤ ਬਣਾਏ ਹਰਿ ਬਨਵਾਰੀ, ਜੁਗ ਜੁਗ ਰਚਨ ਰਚਾਈਆ । ਰਾਮਾ ਕ੍ਰਿਸ਼ਨ ਨਰ ਅਵਤਾਰੀ, ਦੁਆਪਰ ਤ੍ਰੇਤਾ ਪਾਰ ਕਰਾਈਆ । ਕਲਜੁਗ ਤੇਰੀ ਅੰਤਮ ਵਾਰੀ, ਅਕਲ ਕਲਾ ਵਰਤਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਵੇਦ ਵਿਆਸਾ ਜੋੜ ਜੁੜਾਈਆ । ਪੁਰਖ ਅਗੰਮਾ ਪਾਵੇ ਸਾਰੀ, ਅਗੰਮੜੇ ਧਾਮ ਸੁਹਾਈਆ । ਭਗਤ ਸੁਹੇਲਾ ਮੀਤ ਮੁਰਾਰੀ, ਜੁਗ ਜੁਗ ਮੇਲ ਮਿਲਾਈਆ । ਤ੍ਰੇਤਾ ਵਿਛੜੇ ਵਡ ਸੰਸਾਰੀ, ਕਲਜੁਗ ਰਾਹ ਵਿਖਾਈਆ । ਅੰਤਮ ਮੇਲਾ ਚਰਨ ਦਵਾਰੀ, ਹਰਿ ਸਾਚਾ ਜੋੜ ਜੁੜਾਈਆ । ਨਾ ਕੋਈ ਜਾਣੇ ਜੀਵ ਗਵਾਰੀ, ਭਰਮੇ ਭੁੱਲੀ ਲੋਕਾਈਆ । ਨੌ ਦਵਾਰੇ ਪੰਚਮ ਧਾੜੀ, ਮਨਮੁਖ ਜੀਵਾਂ ਰਹੀ ਸਤਾਈਆ । ਗੁਰਮੁਖ ਸਾਚੇ ਪੌੜੇ ਚਾੜ੍ਹੀ, ਪ੍ਰਭ ਆਪਣੀ ਬਣਤ ਬਣਾਈਆ । ਆਪੇ ਹੋਇਆ ਪਿੱਛੇ ਅਗਾੜੀ, ਦਰ ਦਵਾਰਾ ਬੰਕ ਸੁਹਾਈਆ । ਜੋਤ ਜਗਾਏ ਬਹੱਤਰ ਨਾੜੀ, ਦਿਵਸ ਰੈਣ ਕਰੇ ਰੁਸ਼ਨਾਈਆ । ਨੇੜ ਨਾ ਆਏ ਮੌਤ ਲਾੜੀ, ਲੱਖ ਚੁਰਾਸੀ ਫੰਦ ਕਟਾਈਆ । ਭਾਗ ਲਗਾਏ ਕਾਇਆ ਮੰਡਲ ਮੰਡਪ ਮਾੜੀ, ਸ਼ਬਦ ਸਿੰਘਾਸਣ ਸੇਜ ਵਿਛਾਈਆ । ਫੜ ਫੜ ਬਾਹੋਂ ਰਿਹਾ ਤਾਰੀ, ਦਸਮ ਦਵਾਰੀ ਮੇਲ ਮਿਲਾਈਆ । ਮਾਨਸ ਮਨੁੱਖ ਪਾਵੇ ਸਾਰੀ, ਨਰ ਨਰੈਣ ਰੂਪ ਵਟਾਈਆ । ਸ਼ਬਦ ਸੁਣਾਏ ਸਚ ਧੁਨਕਾਰੀ, ਪੰਚਮ ਰਾਗ ਅਲਾਈਆ । ਅਨਹਦ ਗਾਏ ਆਪਣੀ ਵਾਰੀ, ਹਰਿ ਸਾਚੀ ਸੇਵਾ ਲਾਈਆ । ਜੋਤ ਨਿਰੰਜਣ ਕਰ ਉਜਿਆਰੀ, ਨਿਰਗੁਣ ਖੇਲ ਖਿਲਾਈਆ । ਸਰਗੁਣ ਤੇਰੀ ਪੈਜ ਸਵਾਰੀ, ਮਨ ਮਤੀ ਮਿਲੇ ਵਡਿਆਈਆ । ਪਾਰਬ੍ਰਹਮ ਕਲ ਕਰ ਪਿਆਰੀ, ਦਰ ਆਵੇ ਕਰ ਕਰ ਧਾਈਆ । ਜੋਤ ਸਰੂਪੀ ਵਡ ਸੰਸਾਰੀ, ਜੋਧਾ ਸੂਰਬੀਰ ਆਪ ਅਖਵਾਈਆ ।

੩੯੩
੦੬

ਸ਼ਸਤਰ ਬਸਤਰ ਨਾ ਕੋਇ ਵਿਚਾਰੀ, ਨਾ ਕੋਈ ਹੱਥ ਉਠਾਈਆ । ਸੋਹੰ ਖੰਡਾ ਫੜ ਦੋ ਧਾਰੀ, ਬ੍ਰਹਿਮੰਡਾਂ ਖੋਜ ਖੁਜਾਈਆ । ਜੇਰਜ ਅੰਡਾਂ ਪਾਵੇ ਸਾਰੀ, ਉਤਭੁਜ ਸੇਤਜ ਭੇਵ ਨਾ ਰਾਈਆ । ਬ੍ਰਹਮਾ ਸ਼ਿਵ ਖੜ੍ਹੇ ਦਵਾਰੀ, ਦੋਵੇਂ ਬੈਠੇ ਸੀਸ ਝੁਕਾਈਆ । ਸੁਰਪਤ ਰਾਜਾ ਇੰਦ ਕਰੇ ਪਿਆਰੀ, ਕਰੋੜ ਤੇਤੀਸਾ ਰਿਹਾ ਜਗਾਈਆ । ਕਲਜੁਗ ਤੇਰੀ ਅੰਤਮ ਵਾਰੀ, ਜਗਤ ਜਗਦੀਸਾ ਆਪ ਅਖਵਾਈਆ । ਨੌ ਖੰਡ ਪ੍ਰਿਥਮੀ ਆਪ ਕਰਾਏ ਚਰਨ ਪਨਿਹਾਰੀ, ਸੱਤਾਂ ਦੀਪਾਂ ਮਾਣ ਗਵਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਕਰਾਏ ਹਰਿ ਭਿਖਾਰੀ, ਮਾਣ ਤਾਣ ਰਹਿਣ ਨਾ ਪਾਈਆ । ਗੁਰਮੁਖ ਸੁਹਾਏ ਬੰਕ ਦਵਾਰੀ, ਦਵਾਰ ਬੰਕਾ ਆਪ ਸੁਹਾਈਆ । ਭਗਤ ਜਨਾਂ ਹਰਿ ਪੈਜ ਸਵਾਰੀ, ਰਾਓ ਰੰਕਾਂ ਰਿਹਾ ਉਠਾਈਆ । ਪਰਗਟ ਹੋਏ ਵਾਸੀ ਪੁਰੀ ਘਨਕਾ, ਸੋਹੰ ਸ਼ਬਦ ਵਜਾਏ ਸਾਚਾ ਡੰਕਾ, ਲੋਆਂ ਪੁਰੀਆਂ ਰਿਹਾ ਸੁਣਾਈਆ । ਗੁਰਸਿਖ ਤਰੇ ਹਰਿ ਭਗਤ ਤਰਾਏ ਜਿਉਂ ਜਨ ਜਨਕਾ, ਜੋਤੀ ਨੂਰ ਸੁਹਾਈਆ । ਫੇਰਨਹਾਰਾ ਮਨ ਕਾ ਮਣਕਾ, ਮਮਤਾ ਮੋਹ ਚੁਕਾਈਆ । ਦੇਵੇ ਨਾਮ ਖਜ਼ਾਨਾ ਸੱਚੇ ਧਨ ਧਨ ਕਾ, ਤੋਟ ਰਹੇ ਨਾ ਰਾਈਆ । ਭਰਮ ਭੁਲੇਖਾ ਕੱਢੇ ਜਨ ਜਨ ਕਾ, ਸ਼ਬਦ ਚੋਟ ਤਨ ਨਗਾਰੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਸ਼ਬਦ ਕਰੇ ਕੁੜਮਾਈਆ । ਹਰਿਜਨ ਤੇਰਾ ਸਚ ਦਵਾਰ, ਜੁਗ ਜੁਗ ਰਹੇ ਵਡਿਆਈਆ । ਪੁਰਖ ਅਬਿਨਾਸ਼ੀ ਬਣ ਭਿਖਾਰ, ਮੰਗੇ ਵਸਤ ਪਰਾਈਆ । ਨਾ ਕੋਈ ਦਿਸੇ ਚਾਰ ਦਿਵਾਰ, ਉਚ ਮਹੱਲੇ ਡੇਰਾ ਲਾਈਆ । ਓਅੰ ਸੋਹੰ ਏਕੰਕਾਰ, ਏਕਾ ਏਕ ਅਖਵਾਈਆ । ਇਕ ਕਰਾਏ ਸ਼ਬਦ ਜੈਕਾਰ, ਚਾਰ ਵਰਨਾਂ ਰਿਹਾ ਸੁਣਾਈਆ । ਊਚਾਂ ਨੀਚਾਂ ਇਕ ਦਵਾਰ, ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਸੁਹਾਈਆ । ਆਪੇ ਤੋੜੇ ਗੜ੍ਹ ਹੰਕਾਰ, ਸ਼ਬਦ ਖੰਡਾ ਹੱਥ ਉਠਾਈਆ । ਕਲਜੁਗ ਰੋਵੇ ਧਾਹਾਂ ਮਾਰ, ਨਾ ਹੋਏ ਕੋਈ ਸਹਾਈਆ । ਸਤਿਜੁਗ ਸਾਚਾ ਕਰੇ ਪਿਆਰ, ਪ੍ਰਭ ਸਾਚਾ ਰਾਹ ਤਕਾਈਆ । ਭਗਤ ਜਨਾਂ ਸਦ ਦਏ ਹੁਲਾਰ, ਆਪਣੀ ਗੋਦ ਉਠਾਈਆ । ਪਾਰਬ੍ਰਹਮ ਪ੍ਰਭ ਅਗੰਮ ਅਪਾਰ, ਭੇਵ ਨਾ ਕੋਇ ਪਾਈਆ । ਸਿੰਘ ਮਨੀ ਤੇਰਾ ਸਚ ਦਵਾਰ, ਹਰਿ ਸੰਗਤ ਰਿਹਾ ਵਖਾਈਆ । ਖੇਲੇ ਖੇਲ ਨਰ ਨਰਾਇਣ ਅਵਤਾਰ, ਨਿਝ ਘਰ ਬੈਠਾ ਆਸਣ ਲਾਈਆ । ਭਰਮੇ ਭੁੱਲੇ ਭਰਮ ਗਵਾਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਚ ਵਸਤ ਹੱਥ ਕਰਤਾਰ, ਦੂਸਰ ਕਿਸੇ ਹੱਥ ਨਾ ਆਈਆ । ਪਹਿਲੀ ਚੇਤਰ ਬਣ ਵਰਤਾਰ, ਆਪਣੀ ਸੇਵਾ ਰਿਹਾ ਕਮਾਈਆ । ਕਰੇ ਕਰਾਏ ਅੰਤ ਭੰਡਾਰ, ਲਹਿਣਾ ਦੇਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਅੰਕ ਰਖਾਈਆ । ਏਕਾ ਅੰਕ ਏਕੰਕਾਰ, ਏਕਾ ਰੰਗ ਰੰਗਾਇਆ । ਏਕਾ ਡੰਕ ਸ਼ਬਦ ਜੈਕਾਰ, ਲੋਆਂ ਪੁਰੀਆਂ ਰਿਹਾ ਸੁਣਾਇਆ । ਸਤਿਜੁਗ ਤੇਰੀ ਬੰਨ੍ਹੇ ਧਾਰ, ਸੱਚਾ ਮਾਰਗ ਰਿਹਾ ਲਗਾਇਆ । ਕਲਜੁਗ ਤੇਰਾ ਪਾਰ ਕਿਨਾਰ, ਜੂਠ ਝੂਠ ਝੋਲੀ ਪਾਇਆ । ਪਰਗਟ ਹੋਏ ਜੋਧਾ ਸੂਰ ਬਲੀ ਬਲਕਾਰ, ਆਪ ਆਪਣਾ ਰੂਪ ਵਟਾਇਆ । ਆਦਿ ਸ਼ਕਤ ਦਏ ਲਲਕਾਰ, ਸਤਿ ਪੁਰਖ ਨਿਰੰਜਣ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲ ਖੇਲ ਜਨ ਭਗਤਾਂ ਮੇਲ ਕਲ ਕਲ ਰਿਹਾ ਵਰਤਾਇਆ ।

ਆਦਿ ਪੁਰਖ ਆਦਿ ਗੁਰਦੇਵਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਕਰੇ ਸਾਚੀ ਸੇਵਾ, ਸੇਵਕ ਸੇਵ ਕਮਾਇੰਦਾ । ਅੰਮ੍ਰਿਤ ਆਤਮ ਫਲ ਰੱਖੇ ਸਾਚਾ ਮੇਵਾ, ਜਨ ਭਗਤਾਂ ਮੁਖ ਲਗਾਇੰਦਾ । ਕੌਸਤਕ ਮਨੀਆ ਸਾਚਾ ਥੇਵਾ, ਮਸਤਕ ਤਿਲਕ ਲਗਾਇੰਦਾ । ਨਾਮ ਜਪਾਏ ਸਾਚੀ ਜਿਹਵਾ, ਸਾਚੇ ਮਾਰਗ ਲਾਇੰਦਾ । ਪਾਰਬ੍ਰਹਮ ਪ੍ਰਭ ਅਲਖ ਅਭੇਵਾ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਆਦਿ ਪੁਰਖ ਜੋਤ ਨਿਰੰਜਣ, ਏਕਾ ਏਕੰਕਾਰਿਆ । ਹਰਿ ਭਗਤ ਬਣਾਏ ਸਾਚੇ ਸੱਜਣ, ਮੇਲ ਮਿਲਾਏ ਵਿਚ ਸੰਸਾਰਿਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਦਏ ਉਤਾਰਿਆ । ਜੂਠੇ ਝੂਠੇ ਭਾਂਡੇ ਭੱਜਣ, ਤੋੜੇ ਗੜ੍ਹ ਹੰਕਾਰਿਆ । ਅਨਹਦ ਤਾਲ ਨਗਾਰੇ ਸਾਚੇ ਵੱਜਣ, ਸਾਚਾ ਤਾਲ ਆਪ ਵਜਾ ਰਿਹਾ । ਪਾਰਬ੍ਰਹਮ ਜਨ ਭਗਤਾਂ ਆਇਆ ਪੜਦੇ ਕੱਜਣ, ਕਲਜੁਗ ਲੈ ਮਾਤ ਅਵਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਬੰਨ੍ਹੇ ਸਾਚੀ ਧਾਰਿਆ । ਆਦਿ ਪੁਰਖ ਜੋਤ ਪਰਕਾਸ਼ੀ, ਅਕਲ ਕਲਾ ਭਰਪੂਰਿਆ । ਪਾਰਬ੍ਰਹਮ ਪੁਰਖ ਅਬਿਨਾਸ਼ੀ, ਆਪੇ ਵਸੇ ਦੂਰ ਨੇੜਿਆ । ਭਗਤ ਜਨਾਂ ਹਰਿ ਦਾਸਨ ਦਾਸੀ, ਸੇਵਕ ਸੇਵਾ ਕਰੇ ਭਰਪੂਰਿਆ । ਸ਼ਬਦ ਜਣਾਏ ਇਕ ਸਵਾਸੀ, ਸਾਚੀ ਸੇਵ ਕਮਾ ਰਿਹਾ । ਕਾਇਆ ਮੰਡਪ ਪਾਏ ਰਾਸੀ, ਉਚ ਮਹੱਲੇ ਸ਼ਬਦ ਅਟੱਲੇ ਦੀਪਕ ਜੋਤ ਜਗਾ ਰਿਹਾ । ਵੇਖੇ ਖੇਲ ਘਨਕਪੁਰ ਵਾਸੀ, ਭੇਵ ਨਾ ਪਾਇਣ ਪੰਡਤ ਕਾਸ਼ੀ, ਵੇਦ ਪੁਰਾਨਾਂ ਗਾ ਰਿਹਾ । ਜਨ ਭਗਤਾਂ ਕਰੇ ਬੰਦ ਖੁਲਾਸੀ, ਕਲਜੁਗ ਕਟੇ ਅੰਤਮ ਫਾਸੀ, ਰਾਏ ਧਰਮ ਆ ਸਮਝਾ ਰਿਹਾ । ਲਾੜੀ ਮੌਤ ਚਰਨ ਦਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੱਲੂ ਨਾਮ ਫੜਾ ਰਿਹਾ । ਆਦਿ ਪੁਰਖ ਆਦਿ ਨਾ ਅੰਤਾ, ਜੁਗ ਜੁਗ ਭੇਖ ਵਟਾਇੰਦਾ । ਪਕੜ ਉਠਾਏ ਸਾਚੇ ਸੰਤਾ, ਸਾਚਾ ਮਾਰਗ ਲਾਇੰਦਾ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤਾ, ਦਿਸ ਕਿਸੇ ਨਾ ਆਇੰਦਾ । ਰੋਗ ਲਗਾਇਆ ਹਉਮੇ ਹੰਗਤਾ, ਦਰਦ ਦੁੱਖ ਆਪਣੇ ਹੱਥ ਰਖਾਇੰਦਾ । ਹਰਿਜਨ ਮੇਲਾ ਸਾਚੇ ਕੰਤਾ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਕਾਇਆ ਚੋਲੀ ਰੰਗਣ ਰੰਗਤਾ, ਸੋਹੰ ਭੱਠੀ ਇਕ ਚੜ੍ਹਾਇੰਦਾ । ਦਰ ਦਵਾਰੇ ਹੋਏ ਮੰਗਤਾ, ਪ੍ਰੇਮ ਭਿਛਿਆ ਝੋਲੀ ਪਾਇੰਦਾ । ਆਪੇ ਹੋਇਆ ਭੁੱਖਾ ਨੰਗਤਾ, ਹਰਿਜਨ ਭੰਡਾਰਾ ਭਰਪੂਰ ਕਰਾਇੰਦਾ । ਅੰਮ੍ਰਿਤ ਆਤਮ ਜਾਮ ਪਿਆਏ ਭੇਵ ਨਾ ਪਾਏ ਗੋਦਾਵਰੀ ਗੰਗਤਾ, ਅੱਠ ਸੱਠ ਤੀਰਥ ਦਿਸ ਨਾ ਆਇੰਦਾ । ਗੌੜ ਬ੍ਰਹਿਮਣ ਵੇਦ ਵਿਆਸ ਪੂਤ ਸਪੂਤਾ, ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖਿਆ ਲੇਖ ਲਿਖਾਇੰਦਾ । ਆਦਿ ਪੁਰਖ ਆਦਿ ਭਵਾਨੀ, ਹਰਿ ਜੋਤੀ ਨੂਰ ਸਵਾਇਆ । ਸ਼ਬਦ ਚਲਾਏ ਇਕ ਨਿਸ਼ਾਨੀ, ਜੁਗ ਜੁਗ ਭੇਖ ਵਟਾਇਆ । ਜਨ ਭਗਤਾਂ ਮਾਰੇ ਆਤਮ ਕਾਨੀ, ਅਗਿਆਨ ਅੰਧੇਰ ਮਿਟਾਇਆ । ਅਨਹਦ ਸੁਣਾਏ ਸਾਚੀ ਬਾਣੀ, ਪੰਚਮ ਰਾਗ ਅਲਾਇਆ । ਅੰਮ੍ਰਿਤ ਆਤਮ ਠੰਢਾ ਪਾਣੀ, ਦਸਮ ਦਵਾਰੀ ਰਿਹਾ ਪਿਲਾਇਆ । ਸੇਜ ਰੰਗੀਲੀ ਇਕ ਵਖਾਨੀ, ਸੁਰਤ ਸਵਾਣੀ ਹਾਣੀ ਹਾਣ ਮਿਲਾਇਆ । ਜੋਤ ਨਿਰੰਜਣ ਖੇਲ ਮਹਾਨੀ, ਖੇਲਣਹਾਰਾ ਦਿਸ ਨਾ ਆਇਆ । ਦਾਤਾ ਜੋਧਾ ਸੂਰ ਵਡ ਬਲਵਾਨੀ, ਦਇਆਵਾਨ ਅਖਵਾਇਆ । ਗੁਰਮੁਖ ਵਿਰਲਾ ਚਤੁਰ ਸੁਜਾਨੀ, ਘਰ ਸਾਚਾ ਬੂਝ ਬੁਝਾਇਆ । ਭਰਮੇ ਭੁੱਲੇ ਜੀਵ ਨਾਦਾਨੀ, ਨਿਝ ਘਰ ਭੇਵ ਕੋਈ ਨਾ ਪਾਇਆ । ਮਾਇਆ ਰੁਲੇ ਵਡ ਵਿਦਵਾਨੀ, ਜਗਤ ਵਿਦਿਆ ਮੂਲ ਚੁਕਾਇਆ । ਗੁਰਮੁਖ ਵਿਰਲਾ ਦਰ ਦਵਾਰੇ ਕਰੇ ਕੁਰਬਾਨੀ, ਗੁਰ ਚਰਨੀ ਸੇਵ ਕਮਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖਣ ਆਇਆ ਦਰ, ਚਾਰੇ ਕੁੰਟਾਂ ਵੇਖ ਵਖਾਇਆ । ਕਲਜੁਗ ਤੇਰਾ ਦਰ ਦਰਵਾਜ਼ਾ, ਹਰਿ ਸਾਚਾ ਵੇਖ ਵਖਾਇੰਦਾ । ਪਰਗਟ ਹੋਏ ਗਰੀਬ ਨਿਵਾਜ਼ਾ, ਦਹਿ ਦਿਸ਼ਾ ਫੋਲ ਫੁਲਾਇੰਦਾ । ਜੋਤ ਜਗਾਏ ਦੇਸ ਮਾਝਾ, ਗੁਰ ਗੋਬਿੰਦਾ ਭੇਖ ਵਟਾਇੰਦਾ । ਨੌ ਖੰਡ ਪ੍ਰਿਥਮੀ ਰਚਿਆ ਕਾਜਾ, ਸੱਤਾਂ ਦੀਪਾਂ ਫੋਲ ਫੁਲਾਇੰਦਾ । ਜਨ ਭਗਤਾਂ ਮਾਰੇ ਅੰਦਰ ਬਹਿ ਬਹਿ ਆਵਾਜ਼ਾ, ਗੀਤ ਸੁਹਾਗੀ ਇਕ ਸੁਣਾਇੰਦਾ । ਸ਼ਬਦ ਚੜ੍ਹਾਏ ਸਚ ਜਹਾਜ਼ਾ, ਸੋ ਪੁਰਖ ਨਿਰੰਜਣ ਏਕਾ ਨਾਮ ਲਿਆਇੰਦਾ । ਮਨਮੁਖ ਜੀਵਾਂ ਖੋਲ੍ਹੇ ਪਾਜਾ, ਸੰਮਤ ਚੌਦਾਂ ਵੇਖ ਵਖਾਇੰਦਾ । ਚਿੱਟਾ ਅਸਵ ਸਾਚਾ ਤਾਜਾ, ਲੋਆਂ ਪੁਰੀਆਂ ਆਪ ਫਿਰਾਇੰਦਾ । ਮਾਤਲੋਕ ਤੇਰਾ ਕਰੇ ਹਾਜਾ, ਮੱਕਾ ਕਾਅਬਾ ਵੇਖ ਵਖਾਇੰਦਾ । ਆਪੇ ਸ਼ਾਹ ਆਪ ਨਵਾਬਾ, ਰਾਜਨ ਰਾਜ ਆਪ ਅਖਵਾਇੰਦਾ । ਆਪੇ ਜਾਣੇ ਪੁੰਨ ਸਵਾਬਾ, ਭੇਦ ਅਭੇਦਾ ਭੇਵ ਖੁਲ੍ਹਾਇੰਦਾ । ਚਰਨ ਘੋੜੇ ਦੇ ਰਕਾਬਾ, ਨੀਲੀ ਧਾਰੀ ਪਾਰ ਕਰਾਇੰਦਾ । ਸ਼ਬਦ ਉਠਾਏ ਸਾਚਾ ਬਾਜਾ, ਗੋਬਿੰਦ ਸੰਗ ਰਲਾਇੰਦਾ । ਕਲਗੀ ਤੋੜਾ ਜੋਤੀ ਜੋੜਾ ਸ਼ਬਦ ਸਰੂਪੀ ਸਾਜਨ ਸਾਜਾ, ਜਗਤ ਜਗਦੀਸਾ ਸਾਚੇ ਸੀਸਾ ਆਪ ਟਿਕਾਇੰਦਾ । ਧੁਰਦਰਗਾਹੀ ਆਇਆ ਭਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖੇ ਤੇਰਾ ਦਰ, ਦਰ ਦਵਾਰਾ ਵੇਖ ਵਖਾਇੰਦਾ । ਕਲਜੁਗ ਵੇਖੇ ਦਰ ਦਰਬਾਨ, ਚਾਰੋਂ ਕੁੰਟ ਪਛਾਨਿਆ । ਜੂਠਾ ਝੂਠਾ ਜੀਵ ਨਾਦਾਨ, ਨਾ ਕੋਈ ਜਾਣੇ ਬ੍ਰਹਮ ਗਿਆਨਿਆ । ਖਾਣੀ ਬਾਣੀ ਵੇਦ ਪੁਰਾਨੀ ਅੰਜੀਲ ਕੁਰਾਨੀ ਪੁਣ ਛਾਣ, ਮਿਲਿਆ ਮੇਲ ਨਾ ਹਰਿ ਭਗਵਾਨਿਆ । ਗੁਰਮੁਖ ਸਾਚੇ ਬਾਲ ਅੰਞਾਣੇ ਜਗਤ ਨਾਦਾਨ, ਪ੍ਰਭ ਦੇਵੇ ਜੀਆ ਦਾਨਿਆ । ਨਾਮ ਅਨਮੁੱਲੜਾ ਏਕਾ ਪਾਨ, ਸਾਚਾ ਮੇਲਾ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖੇ ਦਰ, ਦੋ ਜਹਾਨਾਂ ਮਾਰ ਧਿਆਨਿਆ । ਕਲਜੁਗ ਤੇਰੀ ਕਾਲੀ ਧਾਰ, ਰੈਣ ਅੰਧੇਰੀ ਛਾਈਆ । ਗੁਰ ਗੋਬਿੰਦਾ ਹੋ ਤਿਆਰ, ਪਰਗਟ ਹੋਏ ਬੇਪਰਵਾਹੀਆ । ਸੰਬਲ ਨਗਰੀ ਅਪਰ ਅਪਾਰ, ਬੈਠਾ ਆਸਣ ਲਾਈਆ । ਸਾਚਾ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਵੱਢੇ ਕੰਡਾਂ ਮਾਰੇ ਮਾਰ, ਵੇਦ ਪੁਰਾਨਾਂ ਭੇਵ ਨਾ ਰਾਈਆ । ਖਾਣੀ ਬਾਣੀ ਰਹੀ ਪੁਕਾਰ, ਨਿਹਕਲੰਕ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਰਾਜ ਰਾਜਾਨਾਂ ਰਿਹਾ ਉਠਾਈਆ । ਵਾਲੀ ਹਿੰਦ ਰਹਿਣਾ ਤਿਆਰ, ਇੱਕੀ ਚੇਤਰ ਦਿਵਸ ਸੁਹਾਈਆ । ਲਿਖਿਆ ਲੇਖ ਆਏ ਦਿੱਲੀ ਦਰਬਾਰ, ਸੰਮਤ ਚੌਦਾਂ ਭੇਵ ਖੁਲ੍ਹਾਈਆ । ਪੰਚਮ ਜੇਠੀ ਵਡ ਬਲਕਾਰ, ਚੌਦਾਂ ਲੋਕਾਂ ਵੇਖੇ ਥਾਉਂ ਥਾਈਆ । ਈਸਾ ਮੂਸਾ ਆਪੇ ਵੇਖੇ ਕਾਲਾ ਸੂਸਾ ਫੋਲ ਫੁਲਾਏ ਚੀਨਾ ਰੂਸਾ, ਸੰਗ ਮੁਹੰਮਦੀ ਚਾਰ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਵੇਖੇ ਦਰ ਦਰਬਾਰ, ਲੋਕਮਾਤ ਵਖਾਈਆ । ਕਲਜੁਗ ਤੇਰਾ ਦਰ ਦਰਬਾਰ, ਲੋਕਮਾਤ ਵਖਾਇੰਦਾ । ਚਾਰੋਂ ਕੁੰਟ ਕੂੜ ਕੁੜਿਆਰ, ਹੱਥ ਖਾਲੀ ਠੂਠਾ ਆਪ ਵਖਾਇੰਦਾ । ਭਰਮੇ ਭੁੱਲੇ ਜੀਵ ਜੰਤ ਸਾਧ ਸੰਤ ਗਵਾਰ, ਪ੍ਰਭ ਸਾਚਾ ਭੇਵ ਕੋਈ ਨਾ ਪਾਇੰਦਾ । ਮਾਇਆ ਮਮਤਾ ਕਾਮ ਕਰੋਧ ਲੋਭ ਮੋਹ ਹੰਕਾਰ, ਗੁਰ ਕਾ ਸ਼ਬਦ ਨਾ ਕੋਈ ਰਖਾਇੰਦਾ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਕਰ ਪਿਆਰ, ਨੇਤਰ ਨੈਣ ਦਰਸ ਕੋਈ ਨਾ ਪਾਇੰਦਾ । ਦੂਰ ਦੁਰਾਡੇ ਬੈਠੇ ਰਹਿਣ, ਗੁਰ ਦਰ ਅੰਦਰ ਮੰਦਰ ਨਾ ਕੋਈ ਆਤਮ ਸੇਜਾ ਚਰਨ ਟਿਕਾਇੰਦਾ । ਸ਼ਬਦ ਸੁਨੇਹੜਾ ਹਰਿ ਜੀ ਭੇਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

੩੯੭
੦੬

ਧਰ, ਨਿਹਕਲੰਕ ਨਰਾਇਣ ਨਰ, ਵੇਖੇ ਦਰ ਧੁਰਦਰਗਾਹੀ ਆਪੇ ਆਇੰਦਾ । ਨਿਹਕਲੰਕ ਨਰਾਇਣ ਨਰ, ਆਪਣੀ ਕਲ ਵਰਤਾਈਆ । ਕਲਜੁਗ ਵੇਖੇ ਸਾਚਾ ਘਰ, ਏਕਾ ਸ਼ਬਦ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਮਾਰੇ ਮਾਰ, ਦਿਸ ਕਿਸੇ ਨਾ ਆਈਆ । ਸੰਮਤ ਚੌਦਾਂ ਕਰ ਵਿਚਾਰ, ਪੰਚਮ ਜੇਠੀ ਵੇਖ ਵਖਾਈਆ । ਮੇਟ ਮਿਟਾਏ ਅੰਧੇਰੀ ਰਾਤਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਮਿਟਾਈਆ । ਸੋਹੰ ਚਿਲ੍ਹੇ ਚੜ੍ਹੇ ਸਮਰਾਥਾ, ਚਾਰੋਂ ਕੁੰਟ ਕਰੇ ਲੜਾਈਆ । ਪਾਰਬ੍ਰਹਮ ਪ੍ਰਭ ਨੀਕਨ ਨੀਕਾ, ਦਿਸ ਕਿਸੇ ਨਾ ਆਈਆ । ਖੇਲੇ ਖੇਲ ਤੀਨ ਲੋਕਾ, ਤ੍ਰੈਲੋਕੀ ਨਾਥ ਆਪ ਅਖਵਾਈਆ । ਬ੍ਰਹਮਾ ਸ਼ਿਵ ਕਰੋੜ ਤੇਤੀਸਾ, ਵੇਖ ਵਖਾਏ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖੇ ਤੇਰਾ ਘਰ, ਗੁਰ ਗੋਬਿੰਦਾ ਸੰਗ ਰਲਾਈਆ । ਗੁਰ ਗੋਬਿੰਦਾ ਕਰ ਤਿਆਰ, ਪ੍ਰਭ ਸਾਚੇ ਸੰਗ ਨਿਭਾਇਆ । ਸੰਬਲ ਨਗਰ ਵੇਖ ਵਿਚਾਰ, ਜੋਤੀ ਦੀਪ ਜਲਾਇਆ । ਸ਼ਬਦ ਚਲਾਏ ਤਿੱਖੀ ਧਾਰ, ਸਾਰ ਕੋਈ ਨਾ ਪਾਇਆ । ਨੌਂ ਦਵਾਰੇ ਵਸੇ ਬਾਹਰ, ਘਰ ਏਕਾ ਏਕ ਸੁਹਾਇਆ । ਪੁਰਖ ਅਗੰਮੜਾ ਅਗੰਮੜੀ ਕਾਰ, ਹੱਡ ਮਾਸ ਨਾੜੀ ਤੇਰੇ ਵਿਚ ਨਾ ਆਇਆ । ਸੋਹੰ ਸ਼ਬਦ ਕਰਾਏ ਜੈ ਜੈਕਾਰ, ਪੁਰੀਆਂ ਲੋਆਂ ਆਪ ਜਪਾਇਆ । ਸਤਿਜੁਗ ਬੰਨ੍ਹੇ ਸਾਚੀ ਧਾਰ, ਸੋ ਪੁਰਖ ਨਿਰੰਜਣ ਦਇਆ ਕਮਾਇਆ । ਹੰ ਹੰਗਤਾ ਦੇਵੇ ਮਾਰ, ਏਕਾ ਰੂਪ ਵਟਾਇਆ । ਸਾਚੀ ਸੰਗਤਾ ਇਕ ਪਿਆਰ, ਊਚਾਂ ਨੀਚਾਂ ਰੰਕ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਸੁਹਾਇਆ । ਬੰਨ੍ਹੇ ਹੱਥੀਂ ਨਾਮ ਗਾਨਾ, ਸਾਚੀ ਤੰਦੀ ਤੰਦ ਬੰਨ੍ਹਾਇਆ । ਧਰਮ ਝੁਲਾਏ ਇਕ ਨਿਸ਼ਾਨਾ, ਨੌਂ ਖੰਡ ਰਿਹਾ ਵਖਾਇਆ । ਜੋਤ ਸਰੂਪੀ ਪਹਿਰੇ ਬਾਣਾ, ਨਿਹਕਲੰਕਾ ਨਾਉਂ ਰਖਾਇਆ । ਪਾਰਬ੍ਰਹਮ ਹੋਏ ਵਿਸ਼ਨੂੰ ਭਗਵਾਨਾ, ਹਰਿ ਭਗਵਨ ਰੂਪ ਸਮਾਇਆ । ਵਿਸ਼ਨੂੰ ਦੇਵੇ ਸਾਚਾ ਦਾਨਾ, ਆਤਮ ਝੋਲੀ ਇਕ ਭਰਾਇਆ । ਲੱਖ ਚੁਰਾਸੀ ਪੀਣਾ ਖਾਣਾ, ਰਾਜਕ ਰਿਜਕ ਸਬਾਇਆ । ਗੋਬਿੰਦ ਪਾਇਆ ਪਦ ਨਿਰਬਾਣਾ, ਪਾਰਬ੍ਰਹਮ ਸਰਨਾਇਆ । ਨਾਨਕ ਆਇਆ ਦਰ ਦਰਬਾਨਾ, ਹਰਿ ਸਾਚੀ ਭਿਛਿਆ ਝੋਲੀ ਪਾਇਆ । ਸਤਿਨਾਮ ਕਰ ਪਰਵਾਨਾ, ਲੋਕਮਾਤ ਸੁਣਾਇਆ । ਭਰਮੇ ਭੁੱਲੇ ਜੀਵ ਨਾਦਾਨਾ, ਗੁਰ ਪੂਰੇ ਨਾ ਮੇਲ ਮਿਲਾਇਆ । ਨਿਹਕਲੰਕ ਜੋਧਾ ਸੂਰ ਬਲੀ ਬਲਵਾਨਾ, ਕਲਜੁਗ ਅੰਤਮ ਦਏ ਮਿਟਾਇਆ । ਪੰਜ ਤਤ ਨਾ ਦਿਸੇ ਕੋਇ ਨਿਸ਼ਾਨਾ, ਤ੍ਰੈਗੁਣ ਮਾਇਆ ਮੂਲ ਚੁਕਾਇਆ । ਗੁਰਮੁਖਾਂ ਕਰੇ ਦਰ ਪਰਵਾਨਾ, ਜੁਗ ਜੁਗ ਆਪਣਾ ਬਿਰਦ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਰੂਪ ਸਮਾਇਆ । ਨਰ ਨਰਾਇਣ ਹਰਿ ਨਿਰੰਕਾਰ, ਜੋਤ ਨਿਰੰਜਣ ਇਕ ਜਗਾਈਆ । ਸਤਿ ਪੁਰਖ ਨਿਰੰਜਣ ਮੀਤ ਮੁਰਾਰ, ਸੱਜਣ ਸੈਣ ਅਖਵਾਈਆ । ਗੁਰਮੁਖਾਂ ਮੇਲਾ ਅੱਧ ਵਿਚਕਾਰ, ਦਸਮ ਦਵਾਰੀ ਰਿਹਾ ਮਿਲਾਈਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਆਪ ਸਮਾਈਆ । ਨੌਂ ਦਵਾਰ ਖੋਲ੍ਹ ਕਿਵਾੜ, ਸ੍ਰਿਸ਼ਟ ਸਬਾਈ ਰਿਹਾ ਵਖਾਈਆ । ਅੱਠਾਂ ਤਤਾਂ ਕਰ ਤਿਆਰ, ਮਨ ਮਤ ਬੁਧ ਕਰੀ ਕੁੜਮਾਈਆ । ਸਪਤਮ ਰੂਪ ਹਰਿ ਅਪਾਰ, ਘਰ ਸਾਚੇ ਆਸਣ ਲਾਈਆ । ਛੇਵੇਂ ਸ਼ਬਦ ਧੁਨ ਧੁਨਕਾਰ, ਆਪਣੀ ਰਿਹਾ ਉਪਾਈਆ । ਪੰਚਮ ਮੇਲਾ ਮੀਤ ਮੁਰਾਰ, ਪਵਣ ਪਵਣੀ ਰਿਹਾ ਸਮਾਈਆ । ਚੌਥੇ ਘਰ ਸੰਤ ਦੁਲਾਰ, ਆਪਣਾ ਸੰਗ ਨਿਭਾਈਆ । ਤੀਜੇ ਖੋਲ੍ਹੇ ਬੰਦ ਕਿਵਾੜ, ਨੇਤਰ ਨੈਣ ਦਰਸ ਦਿਖਾਈਆ । ਦੂਸਰ ਦੋਏਂ ਮੇਟੇ ਧਾੜ, ਏਕਾ ਦੂਜਾ ਭਉ ਚੁਕਾਈਆ । ਇਕ ਇਕੱਲਾ ਏਕਾ ਏਕੰਕਾਰ, ਏਕਾ ਰੰਗ ਰੰਗਾਈਆ । ਗੁਰਮੁਖ ਸਾਚੇ ਕਰ ਤਿਆਰ, ਦੂਜਾ ਦਰ ਖੁਲ੍ਹਾਈਆ । ਤੀਜੇ ਖੇਲ ਅਪਰ ਅਪਾਰ,

ਦਿਵਸ ਰੈਣ ਇਕ ਰਖਾਈਆ । ਚੌਥੇ ਮੇਲਾ ਮੀਤ ਮੁਰਾਰ, ਵਿਛੜ ਕਦੇ ਨਾ ਜਾਈਆ । ਪੰਚਮ ਗਾਇਣ ਵਾਰੋ ਵਾਰ, ਅੰਦਰ ਮੰਦਰ ਸੇਵਾ ਲਾਈਆ । ਛੇਵੇਂ ਵੇਖੇ ਹਰਿ ਕਰਤਾਰ, ਸ਼ਬਦ ਸ਼ਬਦੀ ਕਰੇ ਜਣਾਈਆ । ਸਤਿ ਪੁਰਖ ਨਿਰੰਜਣ ਜੋਤ ਅਪਾਰ, ਨਿਰਮਲ ਇਕ ਜਗਾਈਆ । ਅੱਠ ਅਠੋਤਰ ਵੇਖ ਵਿਚਾਰ, ਅੰਤ ਸੰਤ ਸਮਾਈਆ । ਨੌ ਦਰ ਵੇਖੇ ਜਗਤ ਕਿਵਾੜ, ਲੱਖ ਚੁਰਾਸੀ ਭਰਮ ਭੁਲਾਈਆ । ਦਸਵੇਂ ਲੇਖ ਸੱਚੀ ਸਰਕਾਰ, ਸ਼ਬਦ ਸਿੰਘਾਸਣ ਆਸਣ ਲਾਈਆ । ਸੰਤ ਸੁਹੇਲੇ ਵੇਖੇ ਉਠ ਉਠ ਵਾਰੋ ਵਾਰ, ਲੋਕਮਾਤੀ ਰਾਹ ਤਕਾਈਆ । ਫੜ ਫੜ ਬਾਹੋਂ ਲਾਏ ਪਾਰ, ਜੋਤ ਨਿਰੰਜਣ ਪਹਿਲੀ ਬਾਤੀ, ਆਪਣੀ ਆਪ ਜਗਾਈਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤੀ, ਤ੍ਰਿਸ਼ਨਾ ਭੁੱਖ ਮਿਟਾਈਆ । ਮੇਲ ਮਿਲਾਏ ਕਮਲਾਪਾਤੀ, ਘਰ ਮੰਦਰ ਇਕ ਸੁਹਾਈਆ । ਏਕਾ ਸੇਜਾ ਦਿਵਸ ਰਾਤੀ, ਪ੍ਰਭ ਆਪਣੇ ਰੰਗ ਰੰਗਾਈਆ । ਅੱਠੇ ਪਹਿਰ ਰਹੇ ਪਰਭਾਤੀ, ਗੁਰਮੁਖ ਵੇਖਣ ਚਾਈਂ ਚਾਈਆ । ਧੁਰਦਰਗਾਹੀ ਦੇਵੇ ਦਾਤੀ, ਦੇਵਣਹਾਰ ਆਪ ਅਖਵਾਈਆ । ਦੁਰਮਤ ਮੈਲ ਰਿਹਾ ਕਾਟੀ, ਜਨ ਭਗਤਾਂ ਦਇਆ ਕਮਾਈਆ । ਸਾਚਾ ਮੰਦਰ ਏਕਾ ਹਾਟੀ, ਚੌਦਾਂ ਹੱਟ ਵਿਖਾਈਆ । ਅੰਤਮ ਲਹਿਣਾ ਦੇਣਾ ਚੁਕਣਾ ਤੀਰਥ ਤਾਟੀ, ਅੱਠ ਸੱਠ ਮੂਲ ਚੁਕਾਈਆ । ਕਲਜੁਗ ਖੇਲ ਬਾਜ਼ੀਗਰ ਨਾਟੀ, ਹਰਿ ਸਚ ਸਵਾਂਗ ਵਰਤਾਈਆ । ਗੁਰਮੁਖ ਵਿਰਲਾ ਚੜ੍ਹੇ ਔਖੀ ਘਾਟੀ, ਸੋਹੰ ਪੌੜਾ ਏਕਾ ਲਾਈਆ । ਜਗੇ ਜੋਤ ਕਾਇਆ ਮਾਟੀ, ਨਿਰਮਲ ਨੂਰ ਸਵਾਈਆ । ਮਸਤਕ ਟਿੱਕਾ ਤਿਲਕ ਲਿਲਾਟੀ, ਹਰਿ ਆਪਣੀ ਹੱਥੀਂ ਲਾਈਆ । ਬਜਰ ਕਪਾਟੀ ਜਿਸ ਜਨ ਪਾਟੀ, ਮਿਲਿਆ ਮੇਲ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖਣ ਆਇਆ ਤੇਰੀ ਸ਼ਾਹੀਆ । ਕਲਜੁਗ ਅੰਤਮ ਚੌਥਾ ਸ਼ਾਹ, ਰਾਜਨ ਰਾਜ ਅਖਵਾਇਆ । ਮਾਇਆ ਮਮਤਾ ਪਕੜੀ ਬਾਂਹ, ਜੂਠ ਝੂਠ ਸਰਕਾਰ ਰਖਾਇਆ । ਨਾਤਾ ਤੁੱਟੇ ਪੁੱਤਰਾਂ ਮਾਂ, ਪਿਤਾ ਪੂਤ ਨਾ ਕੋਇ ਜਣਾਇਆ । ਰੈਣ ਅੰਧੇਰੀ ਗਈ ਛਾ, ਕਾਮ ਕਰੋਧ ਲੋਭ ਫਿਰੇ ਹਲਕਾਇਆ । ਪਾਰਬ੍ਰਹਮ ਤੇਰਾ ਭੁੱਲਿਆ ਨਾਂ, ਹਉਮੇ ਹੰਗਤਾ ਰੋਗ ਵਧਾਇਆ । ਦਰ ਦਰ ਪੁਕਾਰੇ ਧਰਤ ਮਾਂ, ਦਰ ਅੱਗੇ ਸੀਸ ਝੁਕਾਇਆ । ਚਰਨ ਕਵਲ ਸਦ ਬਲ ਬਲ ਜਾਂ, ਜੁਗ ਜੁਗ ਪੈਜ ਰੱਖਦਾ ਆਇਆ । ਕਲਜੁਗ ਜੀਵ ਬੁੱਧੀ ਹੋਈ ਕਾਂ, ਵਾਂਗ ਕਾਗ ਰਹੇ ਕੁਰਲਾਇਆ । ਈਸਾ ਮੂਸਾ ਫੜ ਫੜ ਖਾਇਣ ਗਾਂ, ਹਿੰਦ ਹਿੰਦਵੈਣੀ ਜੀਵ ਜੰਤ ਸਤਾਇਆ । ਵੇਖ ਵਿਖਾਏ ਥਾਈਂ ਥਾਂ, ਨੌ ਖੰਡ ਪ੍ਰਿਥਮੀ ਦੀਪ ਸੱਤ ਤੇਰੇ ਅੱਗੇ ਝੋਲੀ ਡਾਹਿਆ । ਜਨ ਭਗਤਾਂ ਪਕੜੀ ਆਪੇ ਬਾਂਹ, ਦੋਏ ਜੋੜ ਆਪਣਾ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਕਰ ਦੇ ਹਾਂ, ਵੇਲੇ ਅੰਤਮ ਕਲਜੁਗ ਨੇੜੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਇਆ । ਦੇਵੇ ਮਤ ਹੋ ਦਲੇਰ, ਹਰਿ ਸਾਚਾ ਬਣਤ ਬਣਾਇੰਦਾ । ਪਰਗਟ ਹੋਏ ਸਿੰਘ ਸ਼ੇਰ ਦਲੇਰ, ਸ਼ੇਰ ਸਿੰਘ ਨਾਉਂ ਰਖਾਇੰਦਾ । ਸ੍ਰਿਸ਼ਟ ਸਬਾਈ ਲਏ ਘੇਰ, ਜੋਤੀ ਖੇਲ ਖਿਲਾਇੰਦਾ । ਜਗਤ ਮੇਟੇ ਅੰਧ ਅੰਧੇਰ, ਦੀਪਕ ਇਕ ਜਗਾਇੰਦਾ । ਡਗਮਗਾਏ ਏਕਾ ਵੇਰ, ਸੰਮਤ ਸੋਲਾਂ ਲੇਖ ਲਿਖਾਇੰਦਾ । ਆਪ ਚੁਕਾਏ ਮੇਰ ਤੇਰ, ਚਾਰ ਵਰਨਾਂ ਬੂਝ ਬੁਝਾਇੰਦਾ । ਸ੍ਰਿਸ਼ਟ ਸਬਾਈ ਮਾਰੇ ਭੇੜ ਭੇੜ, ਗੁਰਮੁਖ ਸਾਚੇ ਚਰਨ ਬਹਾਇੰਦਾ । ਈਸਾ ਮੂਸਾ ਮਾਰੇ ਘੇਰ ਘੇਰ, ਅੱਲਾ ਰਾਣੀ ਮੁਖ ਛੁਪਾਇੰਦਾ । ਧਰਤ ਮਾਤ ਤੇਰਾ ਖੁਲ੍ਹਾ ਵਿਹੜ, ਅੰਤਮ ਕਲ ਕਰਾਇੰਦਾ । ਮਨਮੁਖ ਜੀਵ ਚੁਰਾਸੀ ਗੇੜ, ਧਰਮ ਰਾਏ ਲੇਖ ਲਿਖਾਇੰਦਾ । ਆਪੇ ਰਿਹਾ ਛੇੜਾਂ ਛੇੜ, ਦਿਸ ਕਿਸੇ ਨਾ ਆਇੰਦਾ । ਜੋਤੀ


੩੯੮
੦੬

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਸੰਗ ਨਿਭਾਇੰਦਾ । ਕਲਜੁਗ ਕਾਲਾ ਵਡ ਬਲਵਾਨਾ, ਅੰਤਮ ਕਲ ਹੰਕਾਰਿਆ । ਨਾਲ ਰਲਾਏ ਪੰਜ ਸ਼ੈਤਾਨਾ, ਕਰਾਏ ਜੈ ਜੈਕਾਰਿਆ । ਜੀਵ ਜੰਤ ਕਰ ਨਾਦਾਨਾ, ਜੂਠ ਝੂਠ ਭਰਿਆ ਤਨ ਭੰਡਾਰਿਆ । ਰਸਨਾ ਰਸ ਨਾ ਕੋਈ ਵਖਾਨਾ, ਮਦਿਰਾ ਮਾਸ ਪਿਆਰਿਆ । ਅੰਮ੍ਰਿਤ ਆਤਮ ਭੇਵ ਨਾ ਜਾਨਾ, ਨਾ ਮਿਲਿਆ ਮੀਤ ਮੁਰਾਰਿਆ । ਧਰਮ ਨਾ ਬੱਧਾ ਹੱਥੀਂ ਗਾਨਾ, ਜੂਠਾ ਝੂਠਾ ਤਨ ਸ਼ਿੰਗਾਰਿਆ । ਦਰ ਘਰ ਨਾ ਸਾਚਾ ਇਕ ਸੁਹਾਨਾ, ਖਾਲੀ ਦਿਸਣ ਮਹੱਲ ਅਟਾਰਿਆ । ਚੌਥਾ ਜੁਗ ਵੇਖ ਵਖਾਨਾ, ਪ੍ਰਭ ਪਾਵਣਹਾਰਾ ਸਾਰਿਆ । ਸਤਿਜੁਗ ਤ੍ਰੇਤਾ ਪਾਰ ਕਰਾਨਾ, ਕਲਜੁਗ ਅੰਤਮ ਆਈ ਤੇਰੀ ਵਾਰਿਆ । ਰਾਮ ਕ੍ਰਿਸ਼ਨ ਰਹੇ ਨਿਸ਼ਾਨਾ, ਨਿਹਕਲੰਕੀ ਖੇਲ ਅਪਾਰਿਆ । ਸ਼ਬਦ ਜੋਧਾ ਸੂਰ ਬਲੀ ਬਲਵਾਨਾ, ਗੁਰ ਗੋਬਿੰਦਾ ਨਾਉਂ ਰਖਾ ਰਿਹਾ । ਰਸਨਾ ਮਿਲੇ ਨੀਰ ਮਹਾਨਾ, ਸੋਹੰ ਸੋ ਪੜ੍ਹਾ ਰਿਹਾ । ਉਚੇ ਟਿੱਲੇ ਕੱਕੇ ਬਿੱਲੇ ਸਾਰੇ ਹਿਲੇ, ਫੜ ਉਠਾਏ ਕੱਕੇ ਬਿੱਲੇ, ਨਾ ਕੋਈ ਕਿਸੇ ਛੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਵੇਖੇ ਘਰ, ਕਵਣ ਦਵਾਰੇ ਆਸਣ ਲਾ ਰਿਹਾ । ਕਲਜੁਗ ਤੇਰਾ ਕਵਣ ਟਿਕਾਣਾ, ਕਵਣ ਦਵਾਰ ਸੁਹਾ ਰਿਹਾ । ਵੇਖਣ ਆਏ ਗੁਣ ਨਿਧਾਨਾ, ਲੋਕਮਾਤ ਲਏ ਅਵਤਾਰਿਆ । ਏਕਾ ਦੇਵੇ ਧੁਰ ਫ਼ਰਮਾਣਾ, ਸੰਮਤ ਚੌਦਾਂ ਰਹਿਣਾ ਖ਼ਬਰਦਾਰਿਆ । ਪੰਦਰਾਂ ਆਉਣਾ ਵਿਚ ਮੈਦਾਨਾ, ਰਾਜ ਰਾਜਾਨਾਂ ਕਰੇ ਖ਼ਬਰਦਾਰਿਆ । ਸੰਮਤ ਸੋਲਾਂ ਮੇਟ ਮਿਟਾਏ ਨਿਸ਼ਾਨਾ, ਖੇਲੇ ਖੇਲ ਮਹਾਨਾ, ਸੰਮਤ ਸਤਾਰਾਂ ਤੇਲ ਚੜ੍ਹਾਨਿਆ । ਨਾ ਕੋਈ ਦਿਸੇ ਜੀਵ ਨਿਧਾਨਾ, ਅੱਠ ਅਠਾਰਾਂ ਖੇਲ ਵਖਾਨਿਆ । ਜਲ ਧਾਰਾ ਮੇਲ ਮਿਲਾਨਾ, ਉਨੀ ਉਨੀਸਾ ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਹਕੀਰ ਫ਼ਕੀਰ ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਵਣਾ । ਬੀਸਾ ਬੀਸ ਹਰਿ ਜਗਦੀਸ, ਪੰਦਰਾਂ ਕੱਤਕ ਰੁੱਤ ਸੁਹਾਵਣਾ । ਗੁਰ ਤੇਗ ਬਹਾਦਰ ਤੇਰਾ ਲੇਖੇ ਲਾਏ ਸੀਸ, ਚਰਨ ਛੁਹਾਏ ਦਿੱਲੀ ਦਰਬਾਨਿਆ । ਨੌ ਖੰਡ ਪ੍ਰਿਥਮੀ ਆਪਣਾ ਪੀਸਣ ਰਹੀ ਪੀਸ, ਪ੍ਰਭ ਸਾਚਾ ਕਲਜੁਗ ਚੱਕੀ ਆਪ ਚਲਾਨਿਆ । ਸਭ ਦੇ ਖਾਲੀ ਹੋਏ ਖੀਸ, ਮਾਇਆ ਰਾਣੀ ਮੁਖ ਭਵਾਨਿਆ । ਸੋਹੰ ਛਤਰ ਝੁੱਲੇ ਪ੍ਰਭ ਸਾਚੇ ਸੀਸ, ਵੇਖੇ ਖੇਲ ਦੋ ਜਹਾਨਿਆ । ਮੇਲ ਮਿਲਾਏ ਇਕ ਇਕੀਸ, ਏਕਾ ਇੱਕੀ ਦਰ ਪਰਵਾਨਿਆ । ਸਾਚੀ ਸਿੱਖੀ ਰਾਗ ਸੁਣਾਏ ਹਰਿ ਛਤੀਸ, ਬੀਸ ਬੀਸ ਭੇਵ ਨਾ ਜਾਨਣ ਵੇਦ ਪੁਰਾਨਿਆ । ਲੇਖੇ ਲਾਏ ਗੁਰਮੁਖ ਸਾਚੇ ਸੀਸ, ਚਰਨ ਧੂੜ ਕਰਾਏ ਇਸ਼ਨਾਨਿਆ । ਪਾਰਬ੍ਰਹਮ ਤੇਰੀ ਕੋਈ ਨਾ ਕਰੇ ਰੀਸ, ਖਾਣੀ ਬਾਣੀ ਬਹਿ ਬਹਿ ਗਾਨਿਆ । ਚਾਰ ਵਰਨਾਂ ਇਕ ਹਦੀਸ, ਏਕਾ ਅੱਖਰ ਆਪ ਪੜ੍ਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੱਤ ਰੰਗ ਝੁਲਾਏ ਜਗਤ ਨਿਸ਼ਾਨਿਆ । ਸੱਤ ਰੰਗ ਨਿਸ਼ਾਨਾ ਜਾਏ ਚੜ੍ਹ, ਹਰਿ ਸਾਚਾ ਆਪ ਚੜ੍ਹਾਇੰਦਾ । ਨੌ ਖੰਡ ਪ੍ਰਿਥਮੀ ਏਕਾ ਗੜ੍ਹ, ਅੰਤਮ ਆਪ ਬਣਾਇੰਦਾ । ਸ਼ਬਦ ਸਰੂਪੀ ਅੰਦਰ ਵੜ, ਆਪੇ ਵੇਖ ਵਖਾਇੰਦਾ । ਆਪੇ ਲਏ ਘਾੜਨ ਘੜ, ਆਪੇ ਮੇਟ ਮਿਟਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਲਏ ਫੜ, ਲੁਕਿਆ ਕੋਈ ਰਹਿਣ ਨਾ ਪਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਕਲਜੁਗ ਅਗਨੀ ਨਾ ਜਾਏ ਸੜ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਮੜ੍ਹੀ ਗੋਰ ਮੜ੍ਹ, ਮਠ ਸ਼ਿਵਾਲਾ ਨਾ ਕੋਈ ਰਖਾਇੰਦਾ । ਅੱਖਰ ਵੱਖਰ ਰਿਹਾ ਪੜ੍ਹ, ਨਾ ਕੋਈ ਲੇਖਾ ਲੇਖ ਲਿਖਾਇੰਦਾ । ਜਨ ਭਗਤਾਂ ਜੋਤ ਜਗਾਏ ਬਹੱਤਰ ਨੜ, ਆਕਾਸ਼ ਪਰਕਾਸ਼ ਵਿਖਾਇੰਦਾ ।

੩੯੯
੦੬

੪੦੦
੦੬

ਸ਼ਬਦ ਸਰੂਪੀ ਅੱਗੇ ਖੜ੍ਹ, ਦਸਮ ਦਵਾਰੀ ਦਰਸ ਦਿਖਾਇੰਦਾ । ਆਪ ਫੜਾਏ ਪੱਲੂ ਲੜ, ਸੋਹੰ ਨਾਮ ਧਰਾਇੰਦਾ । ਹੌਲੀ ਹੌਲੀ ਜਾਣਾ ਚੜ੍ਹ, ਸੱਸੇ ਕਿਲੇ ਮੂੰਹ ਤੁੜਾਇੰਦਾ । ਹੋੜਾ ਉਪਰ ਲਏ ਫੜ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਹੰ ਹੰਗਤਾ ਜਾਏ ਮਰ, ਜੋ ਜਨ ਚਰਨੀ ਸੀਸ ਨਿਵਾਇੰਦਾ । ਸਾਚੀ ਸੰਗਤਾ ਜਾਏ ਤਰ, ਲੱਖ ਚੁਰਾਸੀ ਫੰਦ ਕਟਾਇੰਦਾ । ਧਰਮ ਰਾਏ ਆਏ ਦਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਜੁਗ ਜੁਗ ਦੇਵੇ ਜਨ ਭਗਤਾਂ ਵਰ, ਸਾਚੀ ਭਗਤੀ ਭਗਤ ਕਰਾਇੰਦਾ । ਨਾ ਜਨਮੇ ਨਾ ਜਾਏ ਮਰ, ਆਦਿ ਸ਼ਕਤੀ ਰੂਪ ਵਟਾਇੰਦਾ । ਬੂੰਦ ਰਕਤੀ ਏਕਾ ਧਰ, ਜੀਵ ਜੰਤ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਵੇਖ ਘਰ, ਅੰਤਮ ਫੇਰਾ ਪਾਇੰਦਾ । ਅੰਤਮ ਫੇਰਾ ਏਕੰਕਾਰ, ਏਕਾ ਏਕ ਰਖਾਇਆ । ਇਸ਼ਟ ਦ੍ਰਿਸ਼ਟ ਹਰਿ ਵੇਖ ਵਿਚਾਰ, ਸ੍ਰਿਸ਼ਟ ਸਬਾਈ ਫੋਲ ਫੁਲਾਇਆ ।

ਹਰਿ ਦਾਤਾ ਮਿਹਰਵਾਨ, ਭਗਤ ਤਰਾਇੰਦਾ । ਹਰਿ ਦਾਤਾ ਮਿਹਰਵਾਨ, ਸ਼ਬਦ ਜਣਾਇੰਦਾ । ਹਰਿ ਦਾਤਾ ਮਿਹਰਵਾਨ, ਦਰਸ ਦਿਖਾਇੰਦਾ । ਹਰਿ ਦਾਤਾ ਮਿਹਰਵਾਨ, ਗੁਰਮੁਖ ਉਪਜਾਇੰਦਾ । ਹਰਿ ਦਾਤਾ ਮਿਹਰਵਾਨ, ਆਤਮ ਸੁਖ ਵਿਖਾਇੰਦਾ । ਹਰਿ ਦਾਤਾ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਗ ਜੁਗਤ ਜਣਾਇੰਦਾ । ਜੋਗ ਜੁਗਤ ਜਗਤ ਅਪਾਰ, ਆਪਣੀ ਆਪ ਰਖਾਈਆ । ਭਗਤ ਸੁਹੇਲਾ ਮੀਤ ਮੁਰਾਰ, ਮੇਲਾ ਮੇਲ ਮਿਲਾਈਆ । ਆਵੇ ਜਾਵੇ ਵਾਰੋ ਵਾਰ, ਗੁਰ ਚੇਲਾ ਰੂਪ ਵਟਾਈਆ । ਫੜ ਫੜ ਬਾਹੋਂ ਲਾਏ ਪਾਰ, ਸੱਜਣ ਸੁਹੇਲਾ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਿਚ ਸਮਾਈਆ । ਗੋਬਿੰਦ ਗੁਰ ਜਗਤ ਜਨ ਚੇਲਾ, ਆਪੇ ਆਪ ਅਖਵਾਇਆ । ਪੁਰਖ ਅਬਿਨਾਸ਼ੀ ਸੱਜਣ ਸੁਹੇਲਾ, ਮਾਤ ਪਿਤ ਬਣਾਇਆ । ਕਲਜੁਗ ਅੰਤਮ ਹੋਏ ਮੇਲਾ, ਸਾਚਾ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਤਰ ਪੇਖਣ ਆਪੇ ਆਇਆ । ਗੁਰ ਗੋਬਿੰਦਾ ਬਾਲ ਅੰਞਾਣਾ, ਦਰ ਸਾਚੇ ਹਰਿ ਪੁਕਾਰਿਆ । ਪੁਰਖ ਅਬਿਨਾਸ਼ੀ ਦੇਵੇ ਮਾਣਾ, ਕਲਜੁਗ ਅੰਤਮ ਵਾਰਿਆ । ਸਿਰ ਤੇ ਸਹਿਣਾ ਪੈਣਾ ਭਾਣਾ, ਖੇਲੇ ਖੇਲ ਖਿਲਾਰਿਆ । ਦਰ ਦਵਾਰੇ ਦੇਵੇ ਮਾਣਾ, ਏਕਾ ਏਕੰਕਾਰਿਆ । ਮੇਲ ਮਿਲਾਏ ਹਾਣੀਆਂ ਹਾਣਾ, ਬੀਸ ਬੀਸਾ ਵੇਖ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਵਰ ਕੰਤ ਭਤਾਰਿਆ । ਕੰਤ ਭਤਾਰਾ ਸਾਚਾ ਮੀਤਾ, ਨਰ ਹਰਿ ਆਪ ਅਖਵਾਇੰਦਾ । ਆਪ ਬਣਾਏ ਆਪਣੀ ਰੀਤਾ, ਗੁਰ ਗੋਬਿੰਦਾ ਸੰਗ ਨਿਭਾਇੰਦਾ । ਨਾ ਕੋਈ ਦਿਹੁਰਾ ਮੰਦਰ ਮਸੀਤਾ, ਗੁਰ ਦਰ ਮੰਦਰ ਵੇਖ ਵਖਾਇੰਦਾ । ਲੱਖ ਚੁਰਾਸੀ ਪਰਖੇ ਨੀਤਾ, ਨਿਤ ਨਿਤ ਲੇਖ ਲਿਖਾਇੰਦਾ । ਜਨ ਭਗਤਾਂ ਦੇਵੇ ਨਾਮ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਸੁੱਤਾ ਦੇ ਕਰ ਪੀਠਾ, ਆਪਣਾ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਸੋ ਸਾਚਾ ਜਾਪ ਸਤਿਜੁਗ ਝੋਲੀ ਪਾਇੰਦਾ । ਸੋਹੰ ਸੋ ਸਾਖਿਆਤ, ਹਰਿ ਸਾਚੀ ਜੋਤ ਜਗਾਈਆ । ਗੁਰਮੁਖ ਬਣਾਏ ਪਾਰ ਜ਼ਾਤ, ਵਰਨ ਗੋਤ ਮਿਟਾਈਆ । ਧੁਰਦਰਗਾਹੀ ਏਕਾ ਦਾਤ, ਪੁਰਖ ਅਗੰਮਾ ਲੈ ਕੇ ਆਈਆ । ਹਰਿਜਨ ਬੰਧਾਏ ਚਰਨ ਨਾਤ, ਵਿਛੜ

ਕਦੇ ਨਾ ਜਾਈਆ । ਆਪੇ ਪਿਤਾ ਆਪੇ ਮਾਤ, ਆਪਣੀ ਗੋਦ ਉਠਾਈਆ । ਨਾਥ ਅਨਾਥਾਂ ਤ੍ਰੈਲੋਕੀ ਨਾਥ, ਦੀਨਾ ਨਾਥ ਆਪ ਅਖਵਾਈਆ । ਜੁਗ ਜੁਗ ਨਿਭਾਏ ਸਗਲਾ ਸਾਥ, ਸੰਗੀ ਸਾਥੀ ਆਪ ਹੋ ਜਾਈਆ । ਆਪ ਚਲਾਏ ਸਾਚਾ ਰਾਥ, ਜਨ ਭਗਤਾਂ ਰਿਹਾ ਚੜ੍ਹਾਈਆ । ਲਹਿਣਾ ਦੇਣਾ ਮਸਤਕ ਮਾਥ, ਅੰਤਮ ਮੂਲ ਚੁਕਾਈਆ । ਕਲਜੁਗ ਸੀਆਂ ਸਾਢੇ ਤਿੰਨ ਹਾਥ, ਲੱਖ ਚੁਰਾਸੀ ਵੰਡ ਵੰਡਾਈਆ । ਪਰਗਟ ਹੋਏ ਰਾਮ ਰਮਈਆ ਜਿਉਂ ਘਰ ਦਸਰਾਥ, ਲੰਕਾ ਗੜ੍ਹ ਹੰਕਾਰ ਤੋੜ ਤੁੜਾਈਆ । ਕਾਹਨਾ ਕ੍ਰਿਸ਼ਨਾ ਪ੍ਰਾਨ ਨਾਥ, ਦੁਆਪਰ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਡੰਕ ਵਜਾਈਆ । ਕਲਜੁਗ ਅੰਤਮ ਡੰਕ ਵਜਾਏ, ਨਿਹਕਲੰਕ ਨਰਾਇਣ ਨਰ ਅਵਤਾਰਾ । ਰੰਕ ਰਾਜਾਨ ਸ਼ਾਹ ਉਠਾਏ, ਕਰੇ ਕਰਾਏ ਖ਼ਬਰਦਾਰਾ । ਸਾਧ ਸੰਤ ਪ੍ਰਭ ਰਿਹਾ ਜਗਾਏ, ਵੇਖੇ ਅੰਦਰ ਬਾਹਰਾ । ਹਰਿਜਨ ਸਾਚੇ ਸੰਗ ਮਿਲਾਏ, ਭਰੇ ਨਾਮ ਭੰਡਾਰਾ । ਦਾਤਾ ਦਾਨੀ ਆਪ ਹੋ ਜਾਏ, ਜੁਗ ਜੁਗ ਲਏ ਅਵਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਬੰਕ ਦਵਾਰਾ । ਬੰਕ ਦਵਾਰਾ ਧੰਨ ਹੈ, ਗੁਰ ਮਤ ਬੂਝ ਬੁਝਾਇੰਦਾ । ਸੰਤ ਸੁਹੇਲਾ ਜਾਏ ਮੰਨ ਹੈ, ਸਾਚੇ ਤਤ ਸਮਾਇੰਦਾ । ਸੋਹੰ ਦੇਵੇ ਨਾਮ ਸੱਚਾ ਮਾਲ ਧਨ ਹੈ, ਚੋਰ ਯਾਰ ਨਾ ਕੋਇ ਚੁਰਾਇੰਦਾ । ਪੰਜਾਂ ਚੋਰਾਂ ਦੇਵੇ ਡੰਨ ਹੈ, ਡੰਕਾ ਡੌਰੂ ਏਕਾ ਵਾਹਿੰਦਾ । ਭਾਂਡਾ ਭਰਮ ਦੇਵੇ ਭੰਨ ਹੈ, ਭੰਨਣਹਾਰ ਆਪ ਅਖਵਾਇੰਦਾ । ਜੋਤ ਜਗਾਏ ਸਾਚੇ ਤਨ ਹੈ, ਦੀਪਕ ਸਾਚਾ ਇਕ ਵਿਖਾਇੰਦਾ । ਰਾਗ ਸੁਣਾਏ ਸਾਚਾ ਕੰਨ ਹੈ, ਸੁਣਨੇਹਾਰ ਆਪ ਹੋ ਆਇੰਦਾ । ਜੁਗ ਜੁਗ ਬੇੜਾ ਰਿਹਾ ਬੰਨ੍ਹ ਹੈ, ਆਪ ਆਪਣਾ ਭਾਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਕਮਲਾਪਤ, ਬਹੱਤਰ ਨਾੜੀ ਉਬਲੇ ਰੱਤ ਹੈ, ਆਤਮ ਧੀਰਜ ਸਾਚਾ ਸਤਿ, ਸਤਿ ਸੰਤੋਖ ਸਤਿ ਆਤਮ ਝੋਲੀ ਪਾਇੰਦਾ । ਸਤਿ ਸੰਤੋਖੀ ਸ਼ਬਦ ਗਿਆਨ, ਏਕਾ ਏਕ ਰਖਾਇੰਦਾ । ਪਾਰਬ੍ਰਹਮ ਪ੍ਰਭ ਕਰੇ ਧਿਆਨ, ਸਾਚਾ ਮੇਲ ਮਿਲਾਇੰਦਾ । ਸ਼ਬਦ ਜਪਾਏ ਨਾਮ ਨਿਧਾਨ, ਲੋਆਂ ਪੁਰੀਆਂ ਪਾਰ ਕਰਾਇੰਦਾ । ਆਪੇ ਹੋਇਆ ਨਿਗਾਹਬਾਨ, ਅੰਦਰ ਮੰਦਰ ਪੈਜ ਰਖਾਇੰਦਾ । ਮਨਮਤੀ ਜੀਵ ਆਪਣਾ ਕੀਤਾ ਪਾਣ, ਰਾਏ ਧਰਮ ਲੇਖ ਲਿਖਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਰਸਨਾ ਜਿਹਵਾ ਗੁਣ ਰਖਾਇੰਦਾ । ਨਾਉਂ ਨਿਰੰਕਾਰਾ ਏਕਾ ਗਾਣ, ਗੁਣਵੰਤਾ ਹਰਿ ਸਮਝਾਇੰਦਾ । ਅਮਰਾਪਦ ਘਰ ਸਾਚੇ ਪਾਣ, ਪਰਮ ਪੁਰਖ ਮਿਲਾਇੰਦਾ । ਸ਼ਬਦ ਅਨਾਦੀ ਵੱਜੇ ਨਿਧਾਨ, ਨਾਦ ਅਨਾਦੀ ਆਪ ਵਜਾਇੰਦਾ । ਵੇਖ ਵਖਾਏ ਸੁਣੇ ਸੁਣਾਏ ਕਾਨ, ਭੇਦ ਅਭੇਦਾ ਵਿਚ ਸਮਾਇੰਦਾ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਭੇਖ ਵਟਾਇੰਦਾ । ਸੰਤ ਸੁਹੇਲੇ ਲਏ ਲਾਧ, ਆਪਣਾ ਮੇਲ ਮਿਲਾਇੰਦਾ । ਸ਼ਬਦ ਜਣਾਏ ਬੋਧ ਅਗਾਧ, ਬੋਧ ਅਗਾਧਾ ਆਪ ਲੇਖ ਲਿਖਾਇੰਦਾ । ਧੁਰਦਰਗਾਹੀ ਦੇਵੇ ਦਾਨ, ਮਸਤਕ ਲੇਖਾ ਲਹਿਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾਇੰਦਾ । ਨਿਰਗੁਣ ਰੂਪ ਹਰਿ ਨਿਰੰਕਾਰ, ਨਿਹਕਲੰਕ ਅਖਵਾਇੰਦਾ । ਜੋਤ ਸਰੂਪੀ ਕਰ ਉਜਿਆਰ, ਆਪਣਾ ਭੇਵ ਛੁਪਾਇੰਦਾ । ਸ਼ਬਦ ਵਜਾਏ ਡੰਕ ਅਪਾਰ, ਦਿਸ ਕਿਸੇ ਨਾ ਆਇੰਦਾ । ਗੁਰਮੁਖਾਂ ਕਰੇ ਮਾਤ ਪਿਆਰ, ਆਤਮ ਬ੍ਰਹਮ ਜਣਾਇੰਦਾ । ਸੋਲਾਂ ਕਰੇ ਤਨ ਸ਼ਿੰਗਾਰ, ਤਨ ਇਛਿਆ ਪੂਰ ਕਰਾਇੰਦਾ । ਨਾਮ ਵਜਾਏ ਇਕ ਨਗਾਰ, ਤਨ ਕਾਇਆ ਆਪ ਵਜਾਇੰਦਾ । ਤੋੜੇ ਗੜ੍ਹ ਜਗਤ ਹੰਕਾਰ, ਉਪਰ ਚੜ੍ਹ ਵੇਖ ਵਖਾਇੰਦਾ । ਦਰ ਦਵਾਰੇ ਅੱਗੇ

ਖੜ੍ਹ, ਦਰ ਦਰਸੀ ਦਰਸ ਵਿਖਾਇੰਦਾ । ਪੰਚ ਵਿਕਾਰੇ ਨਾਲ ਰਿਹਾ ਲੜ, ਗੁਰਮੁਖ ਸਾਚਾ ਮਾਰਗ ਪਾਇੰਦਾ । ਬੰਕ ਦਵਾਰੇ ਜਾਏ ਵੜ, ਸਚ ਪੱਲੂ ਨਾਮ ਫੜਾਇੰਦਾ । ਪਾਰਬ੍ਰਹਮ ਪ੍ਰਭ ਅੱਗੇ ਖੜ੍ਹ, ਆਪਣੀ ਗੋਦ ਉਠਾਇੰਦਾ । ਲੇਖਾ ਚੁੱਕੇ ਗੋਰ ਮੜ੍ਹ, ਗੁਰਮੁਖ ਗੁਰ ਪੂਰੇ ਵਿਚ ਸਮਾਇੰਦਾ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਫੰਦ ਕਟਾਇੰਦਾ । ਸਾਚੀ ਤਰਨੀ ਜਾਏ ਤਰ, ਨਈਆ ਨੌਕਾ ਨਾਮ ਚੜ੍ਹਾਇੰਦਾ । ਏਕਾ ਸਈਆ ਲਏ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਮਿਲਾਇੰਦਾ । ਮੇਲ ਮਿਲਾਏ ਸਾਚੇ ਸ਼ਾਹੋ, ਹਰਿ ਭੂਪੋ ਭੂਪ ਭੁਵਿੰਦਰਾ । ਦਾਤਾ ਦਾਨੀ ਬੇਪਰਵਾਹੋ, ਦਰ ਭਿਖਾਰੀ ਇੰਦਰ ਇੰਦਰਾ । ਗੁਰਮੁਖ ਰਖਾਏ ਥਾਈਂ ਥਾਉਂ, ਬਜਰ ਕਪਾਟੀ ਤੋੜੇ ਜੰਦਰਾ । ਦੋ ਜਹਾਨੀ ਕਰੇ ਨਿਆਉਂ, ਮੇਲੇ ਮੇਲ ਕਾਇਆ ਮੰਦਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਹੋਏ ਬਖ਼ਸ਼ਿੰਦੜਾ । ਬਖ਼ਸ਼ਣਹਾਰ ਦਰਦ ਦੁੱਖ ਭੰਜਨ, ਪਾਰਬ੍ਰਹਮ ਬੇਅੰਤਾ । ਹਰਿਜਨ ਬਣਾਏ ਸਾਚੇ ਸੱਜਣ, ਮੇਲ ਮਿਲਾਏ ਸਾਚੇ ਕੰਤਾ । ਅੰਮ੍ਰਿਤ ਆਤਮ ਪੀ ਪੀ ਰੱਜਣ, ਦਿਸ ਨਾ ਆਇਣ ਪੰਚਮ ਦੰਤਾ । ਤਾਲ ਨਗਾਰੇ ਸਾਚੇ ਵੱਜਣ, ਹਰਿ ਸਾਚਾ ਰਾਗ ਸੁਣੰਤਾ । ਜੋਤੀ ਜੋਤ ਸਰੂਪ ਹਰਿ, ਹਰਿਜਨ ਜਨ ਹਰਿ ਵੇਖੇ ਇਕ ਦਰ, ਘਰ ਸਾਚਾ ਧਾਮ ਸੁਹੰਤਾ । ਘਰ ਸੁਹਾਇਆ ਸਹਿਜ ਸੁਖ, ਆਤਮ ਜੋਗ ਕਮਾਈਆ । ਉਜਲ ਹੋਏ ਜਗਤ ਮੁਖ, ਰਸਨਾ ਭੋਗ ਲਗਾਈਆ । ਸੁਫਲ ਕਰਾਏ ਮਾਤ ਕੁੱਖ, ਧੁਰ ਸੰਜੋਗ ਮਿਲਾਈਆ । ਮੇਟ ਮਿਟਾਏ ਤ੍ਰਿਸ਼ਨਾ ਭੁੱਖ, ਸੋਹੰ ਚੋਗ ਚੁਗਾਈਆ । ਮਾਤ ਗਰਭ ਨਾ ਉਲਟਾ ਰੁੱਖ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਤਰਾਈਆ । ਹਰਿਜਨ ਸਾਚੇ ਪਾਰ ਕਿਨਾਰਾ, ਗੁਰ ਪੂਰੇ ਚਰਨ ਦਵਾਰਿਆ । ਦੋ ਜਹਾਨੀ ਦਏ ਸਹਾਰਾ, ਸੋਹੰ ਚੱਪੂ ਨਾਲ ਰਖਾ ਰਿਹਾ । ਆਏ ਜਾਏ ਦਰ ਦਵਾਰਾ, ਸਾਚਾ ਮੇਲਾ ਮੇਲ ਮਿਲਾ ਰਿਹਾ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਰਾਹ ਤਕਾ ਰਿਹਾ । ਹਰਿਜਨ ਸਾਚੇ ਸੰਤ ਦੁਲਾਰ, ਪ੍ਰਭ ਪੂਰਨ ਆਸ ਕਰਾਈਆ । ਅੰਤਮ ਮੇਲਾ ਵਿਚ ਸੰਸਾਰ, ਇਕ ਇਕੇਲਾ ਵੇਖ ਵਖਾਈਆ । ਗੁਰ ਚੇਲਾ ਸੋਹਣ ਦਰ ਦਵਾਰ, ਬੰਕ ਦਵਾਰਾ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਮੇਲ ਮਿਲਾਈਆ । ਨਿਰਗੁਣ ਰੂਪ ਨਰ ਨਿਰੰਕਾਰ, ਸਰਗੁਣ ਵਿਚ ਸਮਾਇਆ । ਸਰਗੁਣ ਸਾਚਾ ਕਰ ਪਿਆਰ, ਸ਼ਬਦੀ ਸ਼ਬਦ ਜਣਾਇਆ । ਸਾਚਾ ਸ਼ਬਦ ਡੰਕ ਅਪਾਰ, ਨਿਰਗੁਣ ਰਿਹਾ ਵਜਾਇਆ । ਸਰਗੁਣ ਬੋਲੇ ਵਿਚ ਸੰਸਾਰ, ਰਸਨਾ ਜਿਹਵਾ ਰਿਹਾ ਹਿਲਾਇਆ । ਨਿਰਗੁਣ ਨਰ ਹਰਿ ਤੇਰੀ ਧਾਰ, ਨਿਰਧਨ ਦਏ ਤਰਾਇਆ । ਸਰਗੁਣ ਢਹਿ ਪੈ ਦਵਾਰ, ਦਰ ਦਰਵੇਸ਼ਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਧਾਰੀ ਕੇਸਾ, ਮੇਲ ਮਿਲਾਏ ਦਸ ਦਸਮੇਸ਼ਾ, ਮੂੰਡ ਮੁੰਡਾਇਆ ਦਿਸ ਨਾ ਆਇਆ । ਧਾਰੀ ਕੇਸ ਨਾ ਮੂੰਡ ਮੁੰਡਾਏ, ਜੋਤੀ ਨੂਰ ਸਵਾਇਆ । ਮੁੱਛ ਦਾਹੜੀ ਨਾ ਕੋਈ ਰਖਾਏ, ਸ਼ਬਦੀ ਤਤ ਬਣਾਇਆ । ਪੰਚ ਤਤ ਵਿਕਾਰੀ ਨਾ ਵੇਖ ਵਖਾਏ, ਹੱਡ ਨਾੜੀ ਮਾਸ ਭਰਮ ਚੁਕਾਇਆ । ਸਤਿ ਸਤਿਵਾਦੀ ਸਤਿ ਸਮਾਏ, ਸਤਿ ਪੁਰਖ ਹਰਿ ਰਘੁਰਾਇਆ । ਆਦਿ ਜੁਗਾਦੀ ਆਪ ਹੋ ਜਾਏ, ਜੁਗ ਜੁਗ ਭੇਖ ਵਟਾਇਆ । ਕਲਜੁਗ ਤੇਰੀ ਲਾਜ ਰਖਾਏ, ਲਹਿਣਾ ਦੇਣਾ ਮੂਲ ਚੁਕਾਇਆ । ਧਰਤ ਮਾਤ

ਤੇਰਾ ਭਾਰ ਉਠਾਏ, ਆਪ ਆਪਣੀ ਸੇਵਾ ਲਾਇਆ । ਸਤਿਜੁਗ ਸਾਚਾ ਮਾਰਗ ਲਾਏ, ਸਾਚਾ ਰਾਹ ਵਖਾਇਆ । ਚਾਰ ਵਰਨਾਂ ਏਕਾ ਜਾਪ ਜਪਾਏ, ਮੰਤਰ ਅੰਤਰ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਵਰ ਦਾਤਾ ਆਪ ਹੋ ਜਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੇਵਕ ਸੇਵਾ ਰਿਹਾ ਕਮਾਇਆ ।

ਗੋਬਿੰਦ ਜਗਤ ਮਲਾਹ, ਮਾਤ ਅਖਵਾਇਆ । ਕਲਜੁਗ ਕਟੇ ਫਾਹ, ਦੇ ਮਤ ਸਮਝਾਇਆ । ਪੰਚਮ ਮੀਤਾ ਏਕਾ ਰਾਹ, ਸਖਾ ਸੁਹੇਲਾ ਰਿਹਾ ਵਖਾਇਆ । ਦੋ ਅੱਖਰ ਜਪਾਏ ਸਾਚਾ ਨਾਂ, ਏਕਾ ਰੂਪ ਸਮਾਇਆ । ਪਾਰਬ੍ਰਹਮ ਬਣੀ ਸਾਚੀ ਮਾਂ, ਪੂਤ ਸਪੂਤਾ ਗੋਬਿੰਦ ਜਾਇਆ । ਆਪੇ ਫੜੇ ਹੱਥੀਂ ਬਾਂਹ, ਲੋਕਮਾਤ ਰਿਹਾ ਉਠਾਇਆ । ਦੇਵਣਹਾਰਾ ਠੰਢੀ ਛਾਂ, ਛੱਪਰ ਛੱਤ ਨਾ ਕੋਈ ਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨਣੀ ਜਨ ਆਪ ਅਖਵਾਇਆ । ਜਨਣੀ ਜਣੇ ਪੂਤ ਸਪੂਤਾ, ਗੋਬਿੰਦ ਦਇਆ ਕਮਾਈਆ । ਵੇਖ ਵਖਾਣੇ ਚਾਰੇ ਕੁੰਟਾਂ, ਭੈਣਾਂ ਭਾਈਆ ਭੇਵ ਚੁਕਾਈਆ । ਕਲਜੁਗ ਕਾਇਆ ਮਾਟੀ ਭਾਂਡਾ ਕਾਚਾ ਜੂਠਾ ਝੂਠਾ, ਨਾ ਕੋਈ ਪੋਚ ਪੁਚਾਈਆ । ਮਨਮੁਖ ਜੀਵਾਂ ਹੱਥ ਖਾਲੀ ਠੂਠਾ, ਦਰ ਦਰ ਰਿਹਾ ਫਿਰਾਈਆ । ਗੁਰਮੁਖ ਵਿਰਲਾ ਜੁਗ ਜੁਗ ਰੂਠਾ, ਕਲਜੁਗ ਅੰਤਮ ਮੇਲ ਮਿਲਾਈਆ । ਸਤਿਗੁਰ ਸਾਚਾ ਪੂਰਾ ਤੁੱਠਾ, ਧੁਰ ਦੀ ਬਾਣ ਰਖਾਈਆ । ਏਕਾ ਇੱਕੀ ਇਕ ਕਰਾਏ ਮੁੱਠਾ, ਬੀਸ ਇਕੀਸਾ ਹਰਿ ਰਘੁਰਾਈਆ । ਲੱਖ ਚੁਰਾਸੀ ਟੰਗੇ ਪੁੱਠਾ, ਰਾਏ ਧਰਮ ਹੁਕਮ ਜਣਾਈਆ । ਲੁਕਿਆ ਰਹੇ ਨਾ ਕੋਈ ਗੁੱਠਾ, ਮਾਇਆ ਪੜਦਾ ਦੇਵੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚੀ ਸੇਵ ਕਮਾਈਆ । ਗੋਬਿੰਦ ਸੇਵਾ ਦਰ ਪਰਵਾਨ, ਕਰੇ ਹਰਿ ਨਿਰੰਕਾਰਿਆ । ਆਪੇ ਵੇਖੇ ਮਾਰ ਧਿਆਨ, ਕਲਜੁਗ ਤੇਰੀ ਅੰਤਮ ਵਾਰਿਆ । ਸ੍ਰਿਸ਼ਟ ਸਬਾਈ ਹੋਏ ਨਾਦਾਨ, ਅਗਿਆਨ ਅੰਧੇਰ ਵਧਾ ਲਿਆ । ਗੁਰਮੁਖ ਵਿਰਲੇ ਦਰ ਘਰ ਸਾਚਾ ਪਾਣ, ਜਿਸ ਜਨ ਆਪਣੀ ਦਇਆ ਕਮਾ ਰਿਹਾ । ਸਾਚਾ ਮੇਲਾ ਮੇਲ ਸ੍ਰੀ ਭਗਵਾਨ, ਆਤਮ ਜੋਤੀ ਸ਼ਬਦ ਗਿਆਨ ਆਪੇ ਬ੍ਰਹਮ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਘਰ, ਸਰ ਸਰੋਵਰ ਇਕ ਵਖਾ ਲਿਆ । ਸਰ ਸਰੋਵਰ ਸਚ ਦਵਾਰਾ, ਏਕਾ ਏਕ ਰਖਾਇੰਦਾ । ਨਾ ਕੋਈ ਜਾਣੇ ਪਾਰ ਕਿਨਾਰਾ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਵਿਰਲਾ ਸੰਤ ਦੁਲਾਰਾ, ਪ੍ਰਭ ਆਪਣਾ ਤਰਸ ਕਮਾਇੰਦਾ । ਸ਼ਬਦ ਸਰੂਪੀ ਦਏ ਹੁਲਾਰਾ, ਨੌਂ ਦਰ ਪਾਰ ਕਰਾਇੰਦਾ । ਦਰਸ ਵਖਾਏ ਅਗੰਮ ਅਪਾਰਾ, ਜੋਤੀ ਮੇਲ ਮਿਲਾਇੰਦਾ । ਘੜੇ ਭੰਨੇ ਭੰਨਣਹਾਰਾ, ਜੁਗ ਜੁਗ ਬਣਤ ਬਣਾਇੰਦਾ । ਸਤਿਜੁਗ ਦੁਆਪਰ ਤ੍ਰੇਤਾ ਉਤਰਾ ਪਾਰਾ, ਕਲਜੁਗ ਵਕਤ ਸੁਹਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਗੁਰ ਗੋਬਿੰਦ ਭੇਖ ਵਟਾਇੰਦਾ । ਸੰਬਲ ਨਗਰੀ ਧਾਮ ਨਿਆਰਾ, ਸਾਢੇ ਤਿੰਨ ਹੱਥ ਬਣਤ ਬਣਾਇੰਦਾ । ਉਚ ਅਟੱਲ ਮਹੱਲ ਮੁਨਾਰਾ, ਸਚ ਦਵਾਰਾ ਇਕ ਵਖਾਇੰਦਾ । ਜੋਤੀ ਨੂਰ ਕਰ ਉਜਿਆਰਾ, ਸ਼ਬਦ ਸਰੂਪੀ ਸਾਚੀ ਧਾਰਾ, ਪਵਣੀ ਪਵਣ ਨਾ ਪਾਇਣ ਸਾਰਾ, ਲੇਖਾ ਲਿਖਤ ਨਾ ਕੋਈ ਲਿਖਾਇੰਦਾ । ਪਾਰਬ੍ਰਹਮ ਬ੍ਰਹਮ ਇਕ ਦਵਾਰਾ, ਸ਼ਬਦ ਸਿੰਘਾਸਣ ਅਪਰ ਅਪਾਰ, ਜੋਤ ਅਬਿਨਾਸ਼ਣ ਆਪਣਾ ਸੰਗ ਨਿਭਾਏ ਏਕਾ ਧਾਮ ਸੁਹਾਇੰਦਾ । ਗੁਰਮੁਖ ਤੇਰਾ ਧੰਨ

ਦਵਾਰ, ਸ਼ਬਦ ਕਰਾਏ ਵਣਜ ਵਪਾਰ, ਦੋ ਜਹਾਨੀ ਉਤਰੇ ਪਾਰ, ਹਰਿ ਸਾਚਾ ਮੇਲ ਮਿਲਾਇੰਦਾ । ਮੇਲ ਮਿਲਾਏ ਹਰਿ ਗੁਣਵੰਤਾ, ਜੁਗ ਜੁਗ ਭੇਖ ਵਟਾਇੰਦਾ । ਦਰ ਦਵਾਰੇ ਸਾਚੇ ਸੰਤਾ, ਹਰਿ ਭਗਵੰਤਾ ਫੇਰਾ ਪਾਇੰਦਾ । ਆਦਿ ਜੁਗਾਦੀ ਆਦਿਨ ਅੰਤਾ, ਬ੍ਰਹਿਮਾਦੀ ਖੋਜ ਖੁਜਾਇੰਦਾ । ਸ਼ਬਦ ਅਨਾਦੀ ਇਕ ਵਜੰਤਾ, ਅਨਹਦ ਸੇਵਾ ਲਾਇੰਦਾ । ਗੁਰਮੁਖ ਸਾਚੇ ਧਾਮ ਸੁਹੰਤਾ, ਫੂਲਨ ਸੇਜ ਵਿਛਾਇੰਦਾ । ਆਪ ਆਪਣਾ ਮੇਲ ਮਿਲੰਤਾ, ਵਿਛੜ ਕਦੇ ਨਾ ਜਾਇੰਦਾ । ਮੇਟ ਮਿਟਾਏ ਹਉਮੇ ਹੰਗਤਾ, ਸਾਚੀ ਸੰਗਤਾ ਇਕ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਦਵਾਰੇ ਆਏ ਮੰਗਤਾ, ਏਕਾ ਮੰਗਣ ਮੰਗ ਮੰਗਾਇੰਦਾ । ਮੰਗਣ ਆਏ ਨਰ ਨਿਰੰਕਾਰ, ਭਗਤ ਸੁਹੇਲੇ ਸੱਜਣਾ । ਦਰ ਦਰਵੇਸ਼ਾ ਬਣ ਭਿਖਾਰ, ਧੂੜੀ ਵੇਖੇ ਮਸਤਕ ਮਜਨਾ । ਅੰਦਰ ਬਾਹਰ ਗੁਪਤ ਜ਼ਾਹਿਰ ਪਾਵੇ ਸਾਰ, ਆਪੇ ਹੋਏ ਪੜਦਾ ਕੱਜਣਾ । ਭਗਤ ਸੁਹੇਲੇ ਜੁਗ ਜੁਗ ਮੇਲੇ ਕਰੇ ਕਰਾਏ ਖ਼ਬਰਦਾਰ, ਜੋ ਘੜਿਆ ਸੋ ਅੰਤਮ ਭੱਜਣਾ । ਕਲਜੁਗ ਤੇਰੀ ਕਾਲੀ ਧਾਰ, ਚਾਰੋਂ ਕੁੰਟ ਰੈਣ ਅੰਧਿਆਰ, ਨਾ ਕੋਈ ਦੀਸੇ ਮੀਤ ਮੁਰਾਰ ਸਜਣਾ । ਗੁਰਮੁਖ ਵਿਰਲੇ ਹਰਿ ਹਰਿ ਰਸਨਾ ਰਹੇ ਵਿਚਾਰ, ਪਾਰਬ੍ਰਹਮ ਪ੍ਰਭ ਪਾਵੇ ਸਾਰ, ਕਲਜੁਗ ਤੇਰੀ ਅੰਤਮ ਵਾਰ, ਇਕ ਨਗਾਰਾ ਵੱਜਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਾਗ ਲਗਾਏ ਦੇਸ ਮੱਝਨਾ । ਮਾਝੇ ਦੇਸ ਗੋਬਿੰਦ ਧਾਰ, ਸ਼ਬਦੀ ਆਪ ਚਲਾਈਆ । ਨਿਹਕਲੰਕੀ ਨਰ ਅਵਤਾਰ, ਜੋਤੀ ਨੂਰ ਸਵਾਈਆ । ਅਛਲ ਅਛੇਦਾ ਵਿਚ ਸੰਸਾਰ, ਅਕਲ ਕਲਾ ਵਰਤਾਈਆ । ਭਰਮੇ ਭੁੱਲੇ ਜੀਵ ਗਵਾਰ, ਮਾਇਆ ਭਰਮ ਭੁਲਾਈਆ । ਗੁਰਮੁਖ ਵਿਰਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਆਪੇ ਮੇਲੇ ਚਰਨ ਦਵਾਰ, ਮਸਤਕ ਧੂੜ ਛੁਹਾਈਆ । ਮੇਟ ਮਿਟਾਏ ਅੰਧ ਅੰਧਿਆਰ, ਗਿਆਨ ਧਿਆਨ ਸਮਝਾਈਆ । ਹਰਿਜਨ ਸਾਚਾ ਮੀਤ ਮੁਰਾਰ, ਘਰ ਸਾਚੇ ਵੇਖ ਵਖਾਈਆ । ਫਲ ਫੁਲਵਾੜੀ ਅਪਰ ਅਪਾਰ, ਜੁਗ ਜੁਗ ਆਪ ਲਗਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਆਪਣੀ ਬਣਤ ਬਣਾਈਆ । ਏਕਾ ਇੱਕੀ ਏਕੰਕਾਰ, ਇਕ ਇਕੱਲਾ ਰਿਹਾ ਪਾਈਆ । ਪਹਿਲੀ ਚੇਤਰ ਦਿਵਸ ਵਿਚਾਰ, ਹਰਿਜਨ ਸੋਏ ਰਿਹਾ ਜਗਾਈਆ । ਇਕ ਸੁਹਾਏ ਬੰਕ ਦਵਾਰ, ਦਰ ਦਰਬਾਨ ਆਪ ਹੋ ਜਾਈਆ । ਸ਼ਬਦ ਕਰਾਏ ਵਣਜ ਵਪਾਰ, ਭਗਤ ਵਿਚੋਲਾ ਆਪ ਹੋ ਆਈਆ । ਨਾਰੀ ਕੰਤਾ ਮੇਲ ਭਤਾਰ, ਪੀਤ ਪੀਤੰਬਰ ਸੀਸ ਟਿਕਾਈਆ । ਗੁਰਮੁਖ ਸੋਭਾਵੰਤੀ ਨਾਰ, ਹਰਿ ਰੱਖੇ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸੇਜਾ ਕਰ ਤਿਆਰ, ਫੂਲਨ ਬਰਖਾ ਲਾਈਆ । ਆਤਮ ਸੇਜਾ ਸਚ ਟਿਕਾਣਾ, ਹਰਿ ਏਕਾ ਏਕ ਬਣਾਇੰਦਾ । ਗੁਰਮੁਖਾਂ ਦੇਵੇ ਸ਼ਬਦ ਬਿਬਾਣਾ, ਰਾਹ ਸਾਚਾ ਆਪ ਜਣਾਇੰਦਾ । ਆਪ ਆਪਣਾ ਮੇਲ ਮਿਲਾਨਾ, ਦੂਸਰ ਕੋਇ ਨਾ ਸੰਗ ਰਖਾਇੰਦਾ । ਜੋਤ ਸਰੂਪ ਸ੍ਰੀ ਭਗਵਾਨਾ, ਜੋਤੀ ਬਣਤ ਬਣਾਇੰਦਾ । ਸ਼ਬਦ ਸੁਣਾਏ ਸਚ ਤਰਾਨਾ, ਸਾਚਾ ਤਾਲ ਵਜਾਇੰਦਾ । ਪਾਰਬ੍ਰਹਮ ਬ੍ਰਹਮ ਸਾਚਾ ਪਾਨਾ, ਭਾਂਡਾ ਭਰਮ ਭੰਨਾਇੰਦਾ । ਸੋਹੰ ਬੰਨ੍ਹੇ ਹੱਥੀਂ ਗਾਨਾ, ਸਾਚਾ ਸਗਨ ਮਨਾਇੰਦਾ । ਗੁਰਮੁਖ ਸਾਚਾ ਨੌਜਵਾਨਾ, ਪ੍ਰਭ ਸਾਚੇ ਘੋੜ ਚੜ੍ਹਾਇੰਦਾ । ਸਈਆਂ ਰਲ ਮਿਲ ਮੰਗਲ ਗਾਣਾ, ਗੀਤ ਸੁਹਾਗੀ ਇਕ ਸੁਣਾਇੰਦਾ । ਚਰਨ ਧੂੜ ਸੱਚਾ ਇਸ਼ਨਾਨਾ, ਘਰ ਮਜਨ ਆਪ ਅਖਵਾਇੰਦਾ । ਨੇਤਰ ਸੁਰਮਾ ਨਾਮ ਪਾਣਾ, ਨੈਣੀ ਦਰਸ ਦਿਖਾਇੰਦਾ । ਸੀਸ ਦਸਤਾਰ ਸ਼ਬਦ ਮਹਾਨਾ, ਲਜ ਪਤ ਆਪ ਰਖਾਇੰਦਾ । ਤਨ ਬਸਤਰ ਹਰਿ ਇਕ ਛੁਹਾਨਾ, ਉਤਰ

੪੦੪
੦੬

ਕਦੇ ਨਾ ਜਾਇੰਦਾ । ਬਸੰਤ ਕੰਤ ਇਕ ਭਗਵਾਨਾ, ਚੋਲੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਕਾਇਆ ਡੋਲੀ ਆਪੇ ਆਪ ਬਹਾਇੰਦਾ । ਕਾਇਆ ਡੋਲੀ ਕਰ ਤਿਆਰ, ਗੁਰਮੁਖ ਨਾਰੀ ਆਪ ਬਹਾਈਆ । ਪਾਰਬ੍ਰਹਮ ਬਣ ਕੁਹਾਰ, ਆਪਣੇ ਕੰਧ ਉਠਾਈਆ । ਸੁਰਤ ਸਵਾਣੀ ਰੋਵੇ ਜ਼ਾਰੋ ਜ਼ਾਰ, ਨੌਂ ਦਵਾਰੇ ਮੁੜ ਮੁੜ ਵੇਖ ਵਖਾਈਆ । ਮਨ ਹਤਿਆਰਾ ਮੀਤ ਮੁਰਾਰ, ਪਚੀਸੇ ਦਏ ਦੁਹਾਈਆ । ਬੁੱਧੀ ਸਖੀ ਸਖਾ ਸਹਾਰ, ਬੈਠੀ ਸੰਗ ਤਜਾਈਆ । ਜੋਤ ਨਿਰੰਜਣ ਕਰ ਉਜਿਆਰ, ਬੈਠਾ ਬੂਹਾ ਲਾਹੀਆ । ਗੁਰਮੁਖ ਸਾਚਾ ਕਰ ਸ਼ਿੰਗਾਰ, ਸੋਲਾਂ ਤਨ ਤਨ ਆਪ ਕਰਾਈਆ । ਜੋਤ ਸਰੂਪੀ ਹਰਿ ਕਰਤਾਰ, ਅੱਗੇ ਆਵੇ ਵਾਹੋ ਦਾਹੀਆ । ਟੇਢੀ ਡੰਡੀ ਬੰਕ ਕਰੇ ਪਾਰ, ਆਪਣਾ ਪੱਲੂ ਆਪ ਫੜਾਈਆ । ਬਜਰ ਕਪਾਟੀ ਦੇਵੇ ਪਾੜ, ਝੂਠਾ ਘੁੰਗਟ ਮੁਖ ਚੁਕਾਈਆ । ਸਾਚੀ ਲਾੜੀ ਨਾਲ ਪਿਆਰ, ਬੈਠਾ ਉਂਗਲੀ ਲਾਈਆ । ਸਾਚਾ ਮੇਲਾ ਮੀਤ ਮੁਰਾਰ, ਘਰ ਆਇਆ ਮੁੜ ਕੇ ਧਾਹੀਆ । ਪੰਚਮ ਵੇਖਣ ਵਾਰੋ ਵਾਰ, ਗਾਵਣ ਚਾਈਂ ਚਾਈਆਂ । ਢੋਲ ਢਮੱਕਾ ਅਨਹਦ ਧਾਰ, ਸਾਚਾ ਡੰਕਾ ਆਪ ਲਗਾਈਆ । ਦਸਮ ਦਵਾਰੀ ਸਚ ਦਰਬਾਰ, ਲਾੜੀ ਲਾੜਾ ਦੋਵੇਂ ਚਾਈਂ ਚਾਈਂ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਅਪਰ ਅਪਾਰ, ਆਪਣਾ ਰੂਪ ਵਟਾਈਆ । ਸਾਚੀ ਸੇਜਾ ਕਰ ਤਿਆਰ, ਸ਼ਬਦ ਸਿੰਘਾਸਣ ਨਾਉਂ ਰਖਾਈਆ । ਚਾਰੋਂ ਕੁੰਟਾਂ ਮਾਰ ਨਗਾਰ, ਅੰਮ੍ਰਿਤ ਧਾਰਾ ਇਕ ਵਹਾਈਆ । ਜੋਤ ਨਿਰੰਜਣ ਆਤਮ ਅੰਮ੍ਰਿਤ ਉਤੋਂ ਵਾਰ, ਸਾਚੀ ਮਾਤ ਆਪ ਅਖਵਾਈਆ । ਸਾਚੇ ਦਵਾਰੇ ਅੰਦਰ ਲਿਆ ਵਾੜ, ਪਿੱਛਾ ਵੇਖਣ ਮੂਲ ਨਾ ਭਾਈਆ । ਰਲਾਈ ਨਾਲ ਪੰਚਮ ਧਾੜ, ਘਰ ਆਪਣੇ ਮੁੜ ਮੁੜ ਜਾਇਣ ਵਾਹੋ ਦਾਹੀਆ । ਗੁਰਮੁਖ ਸਾਚਾ ਕਰੇ ਪਿਆਰ, ਸਾਚੀ ਨਾਰੀ ਕੰਤਾ ਮੇਲ ਮਿਲਾਈਆ । ਕੰਤ ਭਾਤਾਰਾ ਮੀਤ ਮੁਰਾਰ, ਆਪਣੀ ਗੋਦੀ ਰਿਹਾ ਉਠਾਈਆ । ਦੋਹਾਂ ਧਿਰਾਂ ਦਾ ਇਕ ਪਿਆਰ, ਭੇਵ ਕੋਇ ਨਾ ਰਾਈਆ । ਨਾਤਾ ਤੁੱਟੇ ਹੱਡ ਮਾਸ ਨਾੜੀ ਚੰਮ ਜਮ ਜੰਧਾਰ, ਹਰਿ ਸਾਚੇ ਦਇਆ ਕਮਾਈਆ । ਗੁਰਮੁਖ ਸਾਚਾ ਪਾਰ ਕਿਨਾਰ, ਪ੍ਰਭ ਆਪੇ ਰਿਹਾ ਕਰਾਈਆ । ਦਸਮ ਦਵਾਰੀ ਕੱਢ ਬਾਹਰ, ਸੁਨ ਅਗੰਮ ਵੇਖ ਵਖਾਈਆ । ਸੁਨ ਅਗੰਮਾ ਕਾਲੀ ਧਾਰ, ਹਰਿ ਆਪਣੀ ਵੇਖ ਵਖਾਈਆ । ਚੌਥਾ ਘਰ ਵੇਖ ਵਿਚਾਰ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸ਼ਬਦ ਸਰੂਪੀ ਸਾਚਾ ਸੱਸਾ ਚਾਰੋਂ ਕੁੰਟ ਚਾਰ ਦਿਵਾਰ, ਚਾਰ ਦਿਵਾਰ ਏਕਾ ਕਿਲਾ ਬਣਾਈਆ । ਨਿਰਗੁਣ ਸਰਗੁਣ ਭੇਵ ਨਿਵਾਰ, ਏਕਾ ਰੰਗ ਰੰਗਾਈਆ । ਜੀਵ ਹੰਗਤਾ ਨਾ ਕੋਈ ਆਕਾਰ, ਨਾ ਕੋਈ ਰੂਪ ਦਿਖਾਈਆ । ਏਕਾ ਜੋਤੀ ਸ਼ਬਦ ਧਾਰ, ਧਾਰ ਸ਼ਬਦ ਵਿਚ ਸਮਾਈਆ । ਆਪ ਆਪਣੀ ਕਰੇ ਕਾਰ, ਏਕਾ ਦੂਜਾ ਭੇਵ ਚੁਕਾਈਆ । ਇਕ ਇਕੱਲਾ ਏਕੰਕਾਰ, ਏਕਾ ਰੰਗ ਵਟਾਈਆ । ਸੰਤ ਸੁਹੇਲੇ ਆਪ ਵਸਾਏ ਸਚ ਦਰਬਾਰ, ਗੁਰਮੁਖ ਬਣਾਏ ਸਾਚੇ ਚੇਲੇ ਪ੍ਰਭ ਚਲਿਆ ਉਂਗਲੀ ਲਾਈਆ । ਮੇਲ ਮਿਲਾਏ ਦਰ ਦਵਾਰ, ਓਅੰਕਾਰਾ ਦੇਸ ਸੁਹਾਈਆ । ਸਤਿਨਾਮ ਤੇਰੀ ਸੁਣ ਪੁਕਾਰ, ਚਰਨ ਧੂੜ ਤੇਰੇ ਸੀਸ ਟਿਕਾਈਆ । ਪੰਚਮ ਘਰੋਂ ਹੋਇਆ ਬਾਹਰ, ਛੇਵਾਂ ਵੇਖੇ ਹਰਿ ਰਘੁਰਾਈਆ । ਆਪੇ ਸ਼ਬਦ ਆਪੇ ਧੁਨਕਾਰ, ਆਪੇ ਧੁਨ ਉਪਜਾਈਆ । ਆਪੇ ਹੋਇਆ ਸੁਨਣੇਹਾਰ, ਦੂਸਰ ਕੋਈ ਦਿਸ ਨਾ ਆਈਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਆਪਣਾ ਭੇਵ ਖੁਲ੍ਹਾਈਆ । ਸਤਿ ਪੁਰਖ ਨਿਰੰਜਣ ਆਦਿ ਜੋਤ ਸ਼ਕਤ ਭਵਾਨੀ, ਨੂਰੋ ਨੂਰ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਬੈਠਾ ਆਸਣ ਲਾਈਆ । ਸਤਿ ਪੁਰਖ

੪੦੫
੦੬

ਨਿਰੰਜਣ ਸਚ ਟਿਕਾਣਾ, ਆਪਣਾ ਆਪ ਰਖਾਇਆ । ਨਾ ਕੋਈ ਪੁੱਜੇ ਸ਼ਬਦ ਬਿਬਾਣਾ, ਘਰ ਛੇਵੇਂ ਬੰਦ ਕਰਾਇਆ । ਸੱਤਵੇਂ ਬੈਠ ਸ੍ਰੀ ਭਗਵਾਨਾ, ਜੋਤੀ ਨੂਰ ਸਵਾਇਆ । ਜੋਤੀ ਬਖ਼ਸ਼ੇ ਸਚ ਤਰਾਨਾ, ਸ਼ਬਦੀ ਸੁਤ ਉਪਜਾਇਆ । ਸ਼ਬਦ ਸੁਤ ਵੱਡ ਬਲਵਾਨਾ, ਪੰਚਮ ਰਾਹ ਤਕਾਇਆ । ਪੰਚਮ ਘਰ ਇਕ ਮਹਾਨਾ, ਪ੍ਰਭ ਆਪਣਾ ਖੇਲ ਖਿਲਾਇਆ । ਚੌਥਾ ਘਰ ਪਦ ਨਿਰਬਾਨਾ, ਗੁਰਮੁਖ ਵਿਰਲੇ ਸੰਤਾਂ ਪਾਇਆ । ਤੀਜਾ ਘਰ ਹਰਿ ਦਰਬਾਨਾ, ਦਸਮ ਦਵਾਰੀ ਡੇਰਾ ਲਾਇਆ । ਗੁਰਮੁਖ ਵਿਟਹੋਂ ਸਦ ਕੁਰਬਾਨਾ, ਜਿਨ ਹਰਿ ਸਾਚਾ ਰਸਨ ਧਿਆਇਆ । ਚੇਤਰ ਦੋ ਦਿਵਸ ਮਹਾਨਾ, ਸੰਮਤ ਚੌਦਾਂ ਲੇਖ ਲਿਖਾਇਆ । ਸਿੰਘ ਮਨੀ ਤੇਰਾ ਦਰ ਪਰਵਾਨਾ, ਪ੍ਰਭ ਲੇਖੇ ਲਏ ਲਗਾਇਆ । ਸਾਧ ਸੰਗਤ ਬਖ਼ਸ਼ਣਾ ਪੀਣਾ ਖਾਣਾ, ਅਤੁੱਟ ਭੰਡਾਰਾ ਚਲਾਇਆ । ਚਾਰ ਜੁਗ ਪ੍ਰਭ ਮਾਤ ਚੁਣਾ, ਪ੍ਰਭ ਸਾਚੇ ਨਾਉਂ ਧਰਾਇਆ । ਅੰਮ੍ਰਿਤ ਆਤਮ ਠੰਢਾ ਪਾਣੀ ਪੀਣਾ, ਸਾਂਤਕ ਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਭਿਖਾਰ ਸੇਵਕ ਸੇਵਕ ਬਣ ਕੇ ਆਇਆ ।

### * ੩ ਚੇਤ ੨੦੧੪ ਬਿਕ੍ਰਮੀ ਇੰਦਰ ਸਿੰਘ ਦੇ ਘਰ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਅਤੇ ਸ਼ਬਦ ਦੀ ਰਹਿਮਤ ਕੀਤੀ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ



ਦਰ ਦਵਾਰ ਏਕ ਹੈ, ਪਾਰਬ੍ਰਹਮ ਸਰਨਾਈ । ਚਰਨ ਕਵਲੇ ਬਖ਼ਸ਼ੇ ਸਾਚੀ ਟੇਕ ਹੈ, ਆਦਿ ਅੰਤ ਹੋਏ ਸਹਾਈ । ਕਾਇਆ ਕਰੇ ਬੁਧ ਬਿਬੇਕ ਹੈ, ਅੰਮ੍ਰਿਤ ਆਤਮ ਜਾਮ ਪਿਆਈ । ਕਲਜੁਗ ਮਾਇਆ ਨਾ ਲਾਏ ਸੇਕ ਹੈ, ਗੁਰ ਪੂਰੇ ਪੈਜ ਰਖਾਈ । ਆਤਮ ਅੰਤਰ ਰਿਹਾ ਵੇਖ ਹੈ, ਬੈਠਾ ਆਸਣ ਲਾਈ । ਜੁਗ ਜੁਗ ਲਿਖਣਹਾਰਾ ਲੇਖ ਹੈ, ਗਊ ਗਰੀਬ ਨਿਮਾਣਿਆਂ ਦੇਵੇ ਆਪ ਵਡਿਆਈ । ਆਪੇ ਹੋਇਆ ਧਾਰੀ ਭੇਖ ਹੈ, ਭੇਖਾਧਾਰੀ ਹਰਿ ਰਘੁਰਾਈ । ਮੇਟਣਹਾਰਾ ਕਾਲੀ ਰੇਖ ਹੈ, ਲੇਖਾ ਆਪਣੇ ਹੱਥ ਰਖਾਈ, ਇਕ ਇਕੇਲਾ ਨਰ ਨਰੇਸ਼ ਹੈ, ਚਾਰੇ ਕੁੰਟਾਂ ਰਿਹਾ ਧਾਈ । ਗੁਰਮੁਖ ਮੇਲਾ ਦਸ ਦਸਮੇਸ਼ ਹੈ, ਆਪ ਆਪਣਾ ਰਿਹਾ ਕਰਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦਵਾਰਾ ਰਿਹਾ ਸੁਹਾਈ । ਬੰਕ ਦਵਾਰਾ ਸਚ ਘਰ, ਏਕਾ ਏਕ ਵਖਾਨਿਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਦੇਵੇ ਦਰਸ ਮਹਾਨਿਆ । ਚਰਨ ਕਵਲ ਪ੍ਰਭ ਅੰਦਰ ਧਰ, ਧਰ ਧਰਨੀ ਲੇਖ ਲਿਖਾਨਿਆ । ਆਵਣ ਜਾਵਣ ਚੁੱਕੇ ਡਰ, ਰਾਏ ਧਰਮ ਫੰਦ ਕਟਾਨਿਆ । ਆਪਣੀ ਕਿਰਪਾ ਰਿਹਾ ਕਰ, ਦਾਤਾ ਮਿਹਰਵਾਨ ਵਡ ਮਿਹਰਵਾਨਿਆ । ਵੇਖਣਹਾਰਾ ਪੁਰਖਾ ਨਾਰੀ ਨਰ, ਨਰ ਨਰਾਇਣ ਰੂਪ ਅਖਵਾਨਿਆ । ਜਨ ਹਰਿ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਮਹਾਨਿਆ । ਨਾਮ ਭੰਡਾਰਾ ਰਿਹਾ ਭਰ, ਦੇਵੇ ਮਾਣ ਦੋ ਜਹਾਨਿਆ । ਹਰਿ ਹਰਿ ਭਾਣਾ ਲੈਣਾ ਜਰ, ਕਲਜੁਗ ਅੰਤਮ ਇਹ ਨਿਸ਼ਾਨਿਆ । ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖ ਨਾ ਜਾਣਾ ਡਰ, ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਦੇਵੇ ਧੁਰ ਫ਼ਰਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਏ, ਆਪ ਆਪਣੀ ਦਇਆ ਕਮਾਏ, ਜਗਤ ਵਿਛੋੜਾ ਮੇਟ ਮਿਟਾਏ, ਜਨ ਚਰਨ ਸਰਨ ਜਗਤ

੪੦੬
੦੬

ਵਿਕਾਰਾ ਕਰੇ ਕੁਰਬਾਨਿਆ । ਜਗਤ ਵਿਕਾਰਾ ਚਰਨ ਭੇਟ, ਗੁਰਮੁਖ ਬਾਲ ਅੰਵਾਨਿਆ । ਆਪੇ ਬਨਿਆ ਖੇਵਟ ਖੇਟ, ਸੋਹੰ ਰੱਖਿਆ ਵੰਵ ਮੁਹਾਨਿਆ । ਆਪ ਹੋਇਆ ਮਾਤ ਪਿਤ ਬੇਟੀ ਬੇਟ, ਪਿਤਾ ਪੂਤ ਆਪ ਅਖਵਾਨਿਆ । ਸ਼ਬਦ ਦੁਸ਼ਾਲੇ ਲਏ ਲਪੇਟ, ਗਊ ਗਰੀਬਾਂ ਕਰੇ ਪ੍ਰਿਤਪਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੀਤ ਮੁਰਾਰ, ਆਪ ਸੁਹਾਏ ਬੰਕ ਦਵਾਰ, ਦਰ ਦਵਾਰ ਕਰੇ ਪਰਵਾਨਿਆ । ਦਰ ਦਵਾਰ ਹਰਿ ਸੁਹਾਏ । ਸਾਚਾ ਗੜ੍ਹ ਬਣਾਏ । ਜੋਤ ਸਰੂਪੀ ਫੇਰਾ ਪਾਏ । ਉਪਰ ਚੜ੍ਹ ਵੇਖ ਵਖਾਏ । ਹੇਰਾ ਫੇਰਾ ਮਾਤ ਚੁਕਾਏ । ਬਾਹੋਂ ਫੜ ਗਲੇ ਲਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਇੱਕੀ ਸਾਚੀ ਸਿੱਖੀ ਆਪ ਆਪਣੇ ਅੰਗ ਲਗਾਏ । ਸਾਚੀ ਸਿੱਖੀ ਲਗਾਏ ਅੰਗ, ਅੰਗੀਕਾਰ ਅਖਵਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਮਾਨੁਖ ਲੇਖੇ ਲਾਇੰਦਾ । ਕਾਇਆ ਮਾਟੀ ਕਾਚੀ ਵੰਗ, ਅੰਤਮ ਭੰਨ ਵਖਾਇੰਦਾ । ਸ਼ਬਦ ਘੋੜੇ ਕਸਿਆ ਤੰਗ, ਗੁਰਮੁਖਾਂ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਭੁੱਖ ਨੰਗ, ਹਰਿ ਕਾ ਨਾਉਂ ਕਿਸੇ ਦਰ ਦਿਸ ਨਾ ਆਇੰਦਾ । ਗੁਰਮੁਖ ਪਾਰ ਕਿਨਾਰਾ ਜਾਏ ਲੰਘ, ਪ੍ਰਭ ਸਾਚਾ ਪਾਰ ਕਰਾਇੰਦਾ । ਸਾਚੀ ਮੰਗ ਏਕਾ ਮੰਗ, ਭੇਖਾਧਾਰੀ ਭੇਖ ਵਟਾਇੰਦਾ । ਦਰ ਦਰਬਾਨ ਲਾਏ ਅੰਗ, ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰਾ ਸਾਚਾ ਸੰਗ ਆਪ ਨਿਭਾਇੰਦਾ । ਗੁਰਮੁਖ ਦਰਸ ਪਿਆਸ, ਏਕਾ ਏਕ ਰਖਾਈਆ । ਰਸਨਾ ਗਾਏ ਸਵਾਸ ਸਵਾਸ, ਗੁਰ ਪੂਰਾ ਰਿਹਾ ਧਿਆਈਆ । ਪੁਰਖ ਅਬਿਨਾਸ਼ੀ ਹੋਇਆ ਦਾਸ, ਹਰਿ ਭਗਤ ਦਵਾਰੇ ਆਈਆ । ਦਰ ਘਰ ਸਾਚੇ ਪਾਵੇ

੪੦੭ ੦੬ ਰਾਸ, ਸਾਚਾ ਮੰਡਲ ਇਕ ਸੁਹਾਈਆ । ਲੇਖੇ ਲਾਏ ਦਸ ਦਸ ਮਾਸ, ਆਪ ਆਪਣੀ ਦਇਆ ਕਮਾਈਆ । ਨਿਜ ਆਤਮ ਹਰਿ ਘਰ ਰੱਖੇ ਵਾਸ, ੪੦੭ ੦੬

ਨਿਜ ਘਰ ਦਰਸ ਦਖਾਈਆ । ਮੇਲ ਮਿਲਾਏ ਸਰਬ ਗੁਣਤਾਸ, ਵਿਛੜ ਕਦੇ ਨਾ ਜਾਈਆ । ਆਪ ਕਰਾਏ ਆਕਾਸ਼ ਪਰਕਾਸ਼, ਜੋਤੀ ਨੂਰ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੇਵਾ ਲਾਈਆ । ਹਰਿਜਨ ਸਾਚਾ ਜਾਗਿਆ, ਪ੍ਰਭ ਸਾਚਾ ਆਪ ਜਗਾਇੰਦਾ । ਕਲਜੁਗ ਮਾਇਆ ਰਿਹਾ ਤਿਆਗਿਆ, ਮੋਹ ਮਮਤਾ ਜਗਤ ਚੁਕਾਇੰਦਾ । ਗੁਰ ਪੂਰੇ ਸਰਨ ਸਰਨਾਈ ਲਾਗਿਆ, ਸੋਹੰ ਸੋ ਸਾਚਾ ਜਾਪ ਜਪਾਇੰਦਾ । ਜਗਤ ਬੁਝਾਏ ਤ੍ਰਿਸ਼ਨਾ ਆਗਿਆ, ਨਿਰਮਲ ਨਿਰਮੋਹ ਕਰਾਇੰਦਾ । ਆਪ ਆਪਣੇ ਹੱਥ ਪਕੜੇ ਵਾਗਿਆ, ਰਥ ਰਥਵਾਹੀ ਆਪ ਹੋ ਜਾਇੰਦਾ । ਚਰਨ ਧੂੜ ਬਖ਼ਸ਼ੇ ਮਜਨ ਸਾਚਾ ਮਾਘਿਆ, ਗੁਰ ਸੰਗਤ ਸਾਚੇ ਸੰਤ ਆਪ ਬਣਾਇੰਦਾ । ਦੁਰਮਤ ਮੈਲ ਜਨਮ ਜਨਮ ਦੇ ਧੋਵੇ ਦਾਗਿਆ, ਨਾਮ ਰੱਤੀ ਏਕਾ ਲਾਇੰਦਾ । ਫੜ ਹੰਸ ਬਣਾਏ ਕਾਗਿਆ, ਸਾਚੇ ਮੋਤੀ ਸੋ ਚੁਗਾਇੰਦਾ । ਮਾਇਆ ਡੱਸੇ ਨਾ ਡੱਸਣੀ ਨਾਗਿਆ, ਸਾਚਾ ਸ਼ਬਦ ਖੰਡਾ ਹੱਥ ਫੜਾਇੰਦਾ । ਧੁਰਦਰਗਾਹੀ ਆਇਆ ਭਾਗਿਆ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਆਪ ਚਲਾਏ ਆਪਣੀ ਆਗਿਆ, ਸਦ ਭਾਣੇ ਵਿਚ ਸਮਾਇੰਦਾ । ਆਪੇ ਸੋਇਆ ਆਪੇ ਜਾਗਿਆ, ਜਾਗਰਤ ਦਿਸ਼ਾ ਵੇਖ ਵਖਾਇੰਦਾ । ਏਕਾ ਏਕ ਸੁਣਾਏ ਸ਼ਬਦ ਅਨਰਾਗਿਆ, ਰਾਗੀ ਨਾਦੀ ਆਪ ਹੋ ਜਾਇੰਦਾ । ਅੰਦਰ ਮੰਦਰ ਬਹਿ ਬਹਿ ਮਾਰੇ ਆਵਾਜ਼ਿਆ, ਦਿਵਸ ਰੈਣ ਜਗਾਇੰਦਾ । ਚਿੱਟਾ ਅਸਵ ਸਾਚਾ ਤਾਜਿਆ, ਸੋਲਾਂ ਕਲੀਆਂ ਆਸਣ ਲਾਇੰਦਾ । ਜੋਤ ਜਗਾਏ ਦੇਸ ਮਾਝਿਆ, ਸੰਬਲ ਨਗਰੀ ਧਾਮ ਸੁਹਾਇੰਦਾ । ਇਕ ਚਲਾਏ ਨਾਮ ਜਹਾਜ਼ਿਆ, ਸਤਿਜੁਗ ਸਾਚਾ ਰਾਹ ਵਿਖਾਇੰਦਾ ।

ਸ਼ਾਹ ਸੁਲਤਾਨ ਸੂਰਬੀਰ ਜੋਧਾ ਸਤਿਗੁਰ ਗਾਜਿਆ, ਦੂਸਰ ਕੋਈ ਰਹਿਣ ਨਾ ਪਾਇੰਦਾ । ਜਨ ਭਗਤਾਂ ਚਰਨ ਕਵਲ ਕਰਾਏ ਸਾਚਾ ਹਾਜਿਆ, ਹਾਜੀ ਹੱਜ ਆਪ ਅਖਵਾਇੰਦਾ । ਦੋ ਜਹਾਨੀ ਰੱਖੇ ਲਾਜਿਆ, ਲਾਜਾਵੰਤ ਆਪ ਹੋ ਜਾਇੰਦਾ । ਹਰਿ ਸੰਗਤ ਰਚਿਆ ਤੇਰਾ ਕਾਜਿਆ, ਏਕਾ ਇੱਕੀ ਏਕਾ ਵਾਰ ਏਕੰਕਾਰ ਪਾਇੰਦਾ । ਗੁਰ ਗੋਬਿੰਦੇ ਮਸਤਕ ਲੇਖ ਲਿਖੀ, ਨਾ ਕੋਈ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਰਗੁਣ ਵੇਖੇ ਸ਼ਾਹੋ ਭੂਪ, ਸਚ ਸੁਲਤਾਨਾ ਆਪ ਹੋ ਆਇੰਦਾ । ਸਚ ਸੁਲਤਾਨ ਨਰ ਨਿਰੰਕਾਰ, ਨਿਰਵੈਰ ਦੋ ਜਹਾਨਿਆ । ਭਗਤਨ ਕਰੇ ਇਕ ਪਿਆਰ, ਸਾਚੀ ਪ੍ਰੀਤ ਆਪ ਵਖਾਨਿਆ । ਸ਼ਬਦ ਕਰਾਏ ਤਨ ਸ਼ਿੰਗਾਰ, ਬਸਤਰ ਗਹਿਣਾ ਤਨ ਪਹਿਨਾਨਿਆ । ਜੋਤ ਨਿਰੰਜਣ ਕੱਜਲ ਧਾਰ, ਨੇਤਰ ਨੈਣ ਕਰੇ ਮਸਤਾਨਿਆ । ਲੋਚਨ ਤੀਜਾ ਦਏ ਉਘਾੜ, ਦੇਵੇ ਦਰਸ ਸ੍ਰੀ ਭਗਵਾਨਿਆ । ਮੇਟ ਮਿਟਾਏ ਪੰਚਮ ਧਾੜ, ਨੇੜ ਨਾ ਆਇਣ ਪੰਜ ਸ਼ੈਤਾਨਿਆ । ਗੁਰਮੁਖ ਸਾਚੇ ਦੇਵੇ ਚਾੜ੍ਹ, ਦਰ ਘਰ ਕਰੇ ਪਰਵਾਨਿਆ । ਮਨਮੁਖਾਂ ਦੇਵੇ ਜੜ੍ਹ ਉਖਾੜ, ਸੋਹੰ ਤੀਰ ਲਗਾਨਿਆ । ਲੱਖ ਚੁਰਾਸੀ ਤੇਰਾ ਘਾੜਨ ਘਾੜ, ਪ੍ਰਭ ਅੰਤਮ ਭੰਨ ਵਿਖਾਨਿਆ । ਕੋਈ ਨਾ ਦੀਸੇ ਲੰਕਾ ਗੜ੍ਹ, ਹੰਕਾਰੀ ਦੁਸ਼ਟ ਮੇਟ ਮਿਟਾਨਿਆ । ਜਨ ਭਗਤਾਂ ਜੋਤ ਜਗਾਏ ਨਾੜ ਨਾੜ, ਦਿਵਸ ਰੈਣ ਵੇਖ ਵਖਾਨਿਆ । ਰਾਏ ਧਰਮ ਰਿਹਾ ਵੇਖ ਸਤਾਰਾਂ ਹਾੜ, ਕਰੇ ਨਿਬੇੜਾ ਸ੍ਰੀ ਭਗਵਾਨਿਆ । ਆਪ ਉਠਾਏ ਮੌਤ ਲਾੜ, ਦਾਤਾ ਜੋਧਾ ਸੂਰ ਬਲੀ ਬਲਵਾਨਿਆ । ਧਰਤਮਾਤ ਤੇਰਾ ਇਕ ਅਖਾੜ, ਹਰਿ ਵੇਖੇ ਵੇਖ ਵਖਾਨਿਆ । ਗੁਰਮੁਖ ਸਾਚੇ ਸਾਚੇ ਲਾੜ, ਦਰ ਘਰ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਦੇਵੇ ਧੁਰ ਫ਼ਰਮਾਨਿਆ । ਧੁਰ ਫ਼ਰਮਾਣਾ ਸਾਚਾ ਜਾਪ, ਸਤਿਜੁਗ ਕਲ ਵਰਤਾਈਆ । ਦੇਵਣਹਾਰਾ ਆਪੇ ਆਪ, ਜੁਗ ਜੁਗ ਬਣਤ ਬਣਾਈਆ । ਮੇਟ ਮਿਟਾਏ ਤੀਨੋ ਤਾਪ, ਜੋ ਜਨ ਰਸਨਾ ਗਾਈਆ । ਸ੍ਰਿਸ਼ਟ ਸਬਾਈ ਮਾਈ ਬਾਪ, ਗੁਰਮੁਖ ਸਾਚੇ ਪੂਤ ਆਪਣੀ ਗੋਦ ਉਠਾਈਆ । ਕਲਜੁਗ ਕਾਇਆ ਰਹੀ ਕਾਂਪ, ਵੇਲੇ ਅੰਤ ਦਏ ਦੁਹਾਈਆ । ਗੁਰਦਰ ਮੰਦਰ ਅੰਦਰ ਮਸਜਿਦ ਭੁੱਲੇ ਜਾਪ, ਅੱਠ ਸੱਠ ਤੀਰਥ ਦਏ ਦੁਹਾਈਆ । ਮਾਇਆ ਮਮਤਾ ਮੋਹ ਵਿਕਾਰਾ ਵਧਿਆ ਪਾਪ, ਧਰਤ ਮਾਤ ਰੋ ਰੋ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਲਿਆ ਵਰ, ਇਕ ਖੁਲ੍ਹਾਇਆ ਸਾਚਾ ਦਰ, ਏਕਾ ਇੱਕੀ ਨੀਂਹ ਰਖਾਈਆ । ਹਰਿ ਜੋਤੀ ਨੂਰ ਅਪਾਰ, ਭੇਵ ਕਿਸੇ ਨਾ ਪਾਇਆ । ਸ਼ਬਦ ਰੱਖੀ ਤਿੱਖੀ ਧਾਰ, ਏਕਾ ਏਕ ਚਲਾਇਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਿਮੰਡ ਖੋਜ ਖੁਜਾਇਆ । ਬ੍ਰਹਮਾ ਵਿਸ਼ਨ ਸ਼ਿਵ ਕਿਰਪਾ ਧਾਰ, ਸਾਚੀ ਸੇਵਾ ਲਾਇਆ । ਆਪ ਆਪਣੀ ਕਰ ਵਿਚਾਰ, ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਟਿਕਾਇਆ । ਜੋਤੀ ਨੂਰ ਨਰ ਨਿਰੰਕਾਰਾ, ਅਕਲ ਕਲਾ ਭਰਪੂਰਿਆ । ਆਦਿ ਪੁਰਖ ਅਗੰਮ ਅਪਾਰਾ, ਆਪੇ ਵਸੇ ਨੇੜੇ ਦੂਰਿਆ । ਜੋਤ ਨਿਰੰਜਣ ਕਰ ਉਜਿਆਰਾ, ਤ੍ਰੈਲੋਕਾਂ ਆਸਾ ਮਨਸਾ ਪੂਰਿਆ । ਬ੍ਰਹਮਾ ਦੇਵਤ ਸੁਰ ਸ਼ਿਵ ਦਏ ਹੁਲਾਰਾ, ਨਾਦ ਅਨਾਦੀ ਸ਼ਬਦ ਵਜਾਏ ਸਾਚੀ ਤੂਰਿਆ । ਸ਼ਬਦ ਜਣਾਏ ਬੋਧ ਅਗਾਧੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਹਾਜ਼ਰ ਹਜ਼ੂਰਿਆ । ਆਦਿ ਪੁਰਖ ਸ਼ਬਦ ਅਨਾਦੀ, ਏਕਾ ਏਕ ਵਜਾਇੰਦਾ । ਖੇਲੇ ਖੇਲ ਸਦਾ ਬ੍ਰਹਿਮਾਦੀ, ਭੇਵ ਕੋਇ ਨਾ ਪਾਇੰਦਾ । ਗੁਰਮੁਖਾਂ ਦੇਵੇ

੪੦੮
੦੬

ਨਾਮ ਦਾਦੀ, ਸਚ ਸੁਗ਼ਾਤ ਸੁਹਾਇੰਦਾ । ਮੇਲ ਮਿਲਾਏ ਮਾਧਵ ਮਾਧੀ, ਅੰਦਰ ਬੈਠ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਹਰਿਜਨ ਸੋਏ ਆਪ ਉਠਾਇੰਦਾ । ਗੁਰਮੁਖ ਸੋਇਆ ਆਪ ਉਠਾਏ, ਆਪਣੀ ਕਲ ਧਾਰਿਆ । ਸ਼ਬਦ ਸਰੂਪੀ ਡੰਕ ਲਗਾਏ, ਅਨਹਦ ਸਾਚੀ ਸੇਵਾ ਲਾ ਰਿਹਾ । ਪਾਰਬ੍ਰਹਮ ਪ੍ਰਭ ਮੇਲ ਮਿਲਾਏ, ਜੋਤ ਨਿਰੰਜਣ ਤੇਲ ਚੜ੍ਹਾਏ, ਖੇਲੇ ਖੇਲ ਅਪਰ ਅਪਾਰਿਆ । ਬਜਰ ਕਪਾਟੀ ਤੋੜ ਤੁੜਾਏ, ਸਾਚੀ ਹਾਟੀ ਇਕ ਵਖਾਏ, ਚੌਦਾਂ ਹੱਟਾਂ ਪਾਰ ਕਰਾਏ, ਤੀਰਥ ਤੱਟਾਂ ਦਿਸ ਨਾ ਆਏ, ਘਟ ਘਟਾਂ ਹਰਿ ਰਿਹਾ ਸਮਾਏ, ਜੋਤ ਜਗਾਏ ਕਾਇਆ ਮਟਾ, ਜਿਸ ਜਨ ਆਪਣੀ ਦਇਆ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਰ, ਬੰਕ ਦਵਾਰਾ ਇਕ ਸੁਹਾ ਰਿਹਾ । ਬੰਕ ਦਵਾਰਾ ਦਰ ਦਰਵਾਜ਼ਾ, ਪ੍ਰਭ ਸਾਚਾ ਆਪ ਸੁਹਾਇੰਦਾ । ਸ਼ਬਦ ਰੱਖੇ ਘੋੜਾ ਤਾਜਾ, ਜਨ ਭਗਤਾਂ ਵੇਖ ਵਖਾਇੰਦਾ । ਜੋਧਾ ਸੂਰ ਬਲੀ ਬਲਵਾਨ ਵਡ ਰਾਜਨ ਰਾਜਾ, ਦੋ ਜਹਾਨਾਂ ਆਪ ਅਖਵਾਇੰਦਾ । ਜੁਗ ਜੁਗ ਜਨ ਭਗਤਾਂ ਰੱਖਣ ਆਇਆ ਲਾਜਾ, ਲਾਜਾਵੰਤ ਆਪ ਹੋ ਆਇੰਦਾ । ਸੋਹੰ ਸ਼ਬਦ ਦਏ ਸਾਚਾ ਦਾਜਾ, ਕਾਇਆ ਚੋਲੀ ਰੰਗ ਵਖਾਇੰਦਾ । ਖੇਲ ਖਿਲਾਏ ਦੇਸ ਮਾਝਾ, ਹਰਿ ਗੋਬਿੰਦ ਮੇਲ ਮਿਲਾਇੰਦਾ । ਮਨਮੁਖ ਜੀਵਾਂ ਖੋਲ੍ਹੇ ਪਾਜਾ, ਪੜਦਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵਾਲੀ ਦੋ ਜਹਾਨ ਆਪ ਹੋ ਆਇੰਦਾ । ਰਾਓ ਰੰਕ ਰਾਜ ਰਾਜਾਨਾ, ਹਰਿ ਸਾਚਾ ਰਿਹਾ ਸੁਣਾਈਆ । ਗੋਬਿੰਦ ਮੇਲਾ ਹਰਿ ਭਗਵਾਨਾ, ਜੋਤੀ ਸ਼ਬਦੀ ਜੋੜ ਜੁੜਾਈਆ । ਨਾ ਕੋਈ ਤੀਸਰ ਵਿਚ ਰਖਾਨਾ, ਆਪ ਆਪਣਾ ਮੁਖ ਛੁਪਾਈਆ । ਕਲਜੁਗ ਤੇਰਾ ਵਕਤ ਚੁਕਾਨਾ, ਲਹਿਣਾ ਦੇਣਾ ਮੂਲ ਮਿਟਾਈਆ । ਚਾਰ ਯਾਰ ਸੰਗ ਮੁਹੰਮਦ ਮੇਟ ਮਿਟਾਨਾ, ਅੱਲਾ ਰਾਣੀ ਦਏ ਦੁਹਾਈਆ । ਵੇਦ ਪੁਰਾਨਾ ਮੂੰਹ ਛੁਪਾਨਾ, ਬ੍ਰਹਮਾ ਨੇਤਰ ਰਿਹਾ ਉਠਾਈਆ । ਖਾਣੀ ਬਾਣੀ ਹੋਏ ਹੈਰਾਨਾ, ਗੋਬਿੰਦ ਜੋਤੀ ਨੂਰ ਸਵਾਈਆ । ਸ਼ਬਦ ਸੁਣਾਏ ਇਕ ਤਰਾਨਾ, ਨਾ ਕੋਈ ਲਿਖੇ ਲੇਖ ਲਿਖਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਅੰਮ੍ਰਿਤ ਆਤਮ ਜਾਮ ਪਿਆਈਆ । ਪੰਚਮ ਹੋਏ ਦਰ ਪ੍ਰਧਾਨਾ, ਪੰਚਮ ਬੈਠੇ ਮੁਖ ਛੁਪਾਈਆ । ਪੰਚਮ ਬੱਧਾ ਕਲਜੁਗ ਗਾਨਾ, ਪੰਚਮ ਰੋਵਣ ਮਾਰਨ ਧਾਹੀਆ । ਗੁਰਮੁਖ ਵਿਰਲੇ ਮਿਲੇ ਹਰਿ ਭਗਵਾਨਾ, ਏਕਾ ਦੇਵੇ ਸ਼ਬਦ ਨਿਸ਼ਾਨਾ, ਦੂਤਾਂ ਦੁਸ਼ਟਾਂ ਮਾਰ ਮਿਟਾਈਆ । ਸਾਚਾ ਰਾਹ ਇਕ ਵਖਾਨਾ, ਅੰਦਰ ਮੰਦਰ ਢੋਲ ਮਰਦੰਗ ਵਜਾਨਾ, ਜੋਤ ਨਿਰੰਜਣ ਸੇਵਾ ਲਾਨਾ, ਅਨਹਦ ਰਾਗ ਅਨਾਦੀ ਤਾਲ ਤਲਵਾੜਾ ਰਿਹਾ ਵਜਾਈਆ । ਪਾਰਬ੍ਰਹਮ ਖੇਲ ਮਹਾਨਾ, ਆਤਮ ਸੇਜਾ ਇਕ ਵਿਛਾਨਾ, ਸਾਚਾ ਧਾਮ ਸੁਹਾਈਆ । ਜੋਤ ਸਰੂਪੀ ਬੈਠ ਭਗਵਾਨਾ, ਗੁਰਮੁਖਾਂ ਮੇਲੇ ਮੇਲ ਦੋ ਜਹਾਨਾਂ, ਦਸਮ ਦਵਾਰੀ ਅੱਧ ਵਿਚਕਾਰ ਸ਼ਬਦ ਸਿੰਘਾਸਣ ਉਚ ਮਹੱਲੇ ਬੈਠਾ ਆਸਣ ਲਾਈਆ । ਗੁਰਮੁਖ ਮੇਲਾ ਕੰਤ ਭਤਾਰੀ, ਮਿਲਿਆ ਮੇਲ ਏਕਾ ਵਾਰੀ, ਵਿਛੜ ਕਦੇ ਨਾ ਜਾਈਆ । ਸਾਚੇ ਮੰਦਰ ਕਰੇ ਤਿਆਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੁਗ ਜੁਗ ਲਏ ਮਾਤ ਅਵਤਾਰੀ । ਕਲਜੁਗ ਤੇਰਾ ਅੰਤਮ ਵੇਲਾ, ਹਰਿ ਸਾਚਾ ਜੋਤ ਜਗਾਇੰਦਾ । ਖੇਲੇ ਖੇਲ ਗੁਰੂ ਗੁਰ ਚੇਲਾ, ਗੋਬਿੰਦ ਰੂਪ ਵਟਾਇੰਦਾ । ਭਗਤ ਜਨਾਂ ਹਰਿ ਸੱਜਣ ਸੁਹੇਲਾ, ਆਪੇ ਆਪ ਹੋ ਆਇੰਦਾ । ਲੋਕਮਾਤ ਕਰਾਏ ਸਾਚਾ ਮੇਲਾ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ

੪੦੯
੦੬

ਨਰਾਇਣ ਨਰ, ਅਛਲ ਅਛੇਦ ਭੇਵ ਨਾ ਪਾਇਣ ਚਾਰੇ ਵੇਦਾ, ਲੱਖ ਚੁਰਾਸੀ ਭਰਮ ਭੁਲਾਇੰਦਾ । ਲੱਖ ਚੁਰਾਸੀ ਭਰਮ ਭੁਲਾ, ਕਲਜੁਗ ਕਲ ਵਰਤਾਈਆ । ਗੁਰਮੁਖ ਸਾਚੇ ਲਏ ਮਿਲਾ, ਆਤਮ ਬ੍ਰਹਮ ਗਿਆਨ ਜਣਾਈਆ । ਰਾਗ ਅਨਾਦੀ ਰਿਹਾ ਸੁਣਾ, ਦਿਵਸ ਰੈਣ ਜਣਾਈਆ । ਦੀਪਕ ਜੋਤੀ ਇਕ ਜਗਾ, ਅਗਿਆਨ ਅੰਧੇਰ ਮਿਟਾਈਆ । ਧੁਨ ਆਤਮਕ ਤਾਲ ਰਿਹਾ ਵਜਾ, ਘਰ ਬੈਠਾ ਆਸਣ ਲਾਈਆ । ਚਾਰੇ ਭੁਜਾ ਆਪ ਉਠਾ, ਚਤਰਭੁਜ ਰੂਪ ਵਟਾਈਆ । ਏਕਾ ਦੂਜਾ ਭੇਵ ਚੁਕਾ, ਏਕਾ ਰੰਗ ਰੰਗਾਈਆ । ਨਿਜਾਨੰਦ ਦਏ ਵਖਾ, ਜਨ ਭਗਤਾਂ ਦਇਆ ਕਮਾਈਆ । ਘਰ ਚੌਥੇ ਆਪੇ ਦਏ ਬਹਾ, ਸੰਤ ਸੁਹੇਲੇ ਲਏ ਮਿਲਾਈਆ । ਪੰਚਮ ਸੇਵਾ ਆਪੇ ਲਾ, ਸੇਵਾਦਾਰ ਅਖਵਾਈਆ । ਛੇਵੇਂ ਛੱਪਰ ਛੰਨ ਨਾ ਕੋਈ ਦਿਸਾ, ਹਰਿ ਸ਼ਬਦੀ ਬਣਤ ਬਣਾਈਆ । ਸਤਵੇਂ ਸਤਿ ਪੁਰਖ ਰਿਹਾ ਸਮਾ, ਨਿਰਮਲ ਜੋਤੀ ਰਿਹਾ ਜਗਾਈਆ । ਅੱਠ ਤਤ ਨਾ ਕੋਈ ਬਣਾ, ਤ੍ਰੈਗੁਣ ਮਾਇਆ ਦਿਸ ਨਾ ਆਈਆ । ਨੌ ਦਰ ਨਾ ਦੀਸੇ ਜਗਤ ਨਿਸ਼ਾਨ, ਨਾ ਕੋਈ ਬਣਤ ਬਣਾਈਆ । ਆਪੇ ਵੇਖੇ ਮਾਰ ਧਿਆਨ, ਜਨ ਭਗਤਾਂ ਦਸਮ ਦਵਾਰੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਕਾਇਆ ਵੇਖ ਵਖਾਈਆ । ਗੋਬਿੰਦ ਕਾਇਆ ਰੰਗ ਮਹਾਨ, ਹਰਿ ਸਾਚਾ ਆਪ ਚੜ੍ਹਨਿਆ । ਨਿਹਕਲੰਕ ਲਏ ਅਵਤਾਰ, ਸੰਬਲ ਨਗਰੀ ਡੇਰਾ ਬੰਨ੍ਹਿਆ । ਨਾ ਕੋਈ ਦੀਸੇ ਚਾਰ ਦਿਵਾਰ, ਮਨਮੁਖ ਜੀਵਾਂ ਆਤਮ ਅੰਨ੍ਹਿਆ । ਕਲਜੁਗ ਰੈਣ ਅੰਧ ਅੰਧਿਆਰ, ਸਚ ਦੀਸੇ ਨਾ ਕੋਈ ਚੰਨਿਆ । ਗੁਰਸਿਖ ਵਿਰਲਾ ਕਰ ਪਿਆਰ, ਪ੍ਰਭ ਗੜ੍ਹ ਹੰਕਾਰੀ ਭੰਨਿਆ । ਸ਼ਬਦ ਜਣਾਏ ਜੈ ਜੈ ਜੈਕਾਰ, ਦਿਵਸ ਰੈਣ ਸੁਣੰਨਿਆ । ਜੋਤੀ ਦੀਪਕ ਕਰ ਉਜਿਆਰ, ਅਗਿਆਨ ਅੰਧੇਰਾ ਭੰਨਿਆ । ਸਾਚਾ ਮੇਲਾ ਪੁਰਖ ਭਤਾਰ, ਨਾਰੀ ਕੰਤਾ ਏਕਾ ਧਾਮ ਵਿਖੰਨਿਆ । ਸਾਚੀ ਸੇਜਾ ਦਏ ਹੁਲਾਰ, ਘਰ ਘਰ ਏਕਾ ਏਕ ਸੁਹੰਨਿਆ । ਅੰਮ੍ਰਿਤ ਆਤਮ ਪਿਆਏ ਠੰਢਾ ਠਾਰ, ਆਪ ਆਪਣਾ ਬੇੜਾ ਬੰਨ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਦੇਵੇ ਡੰਨਿਆ । ਕਲਜੁਗ ਤੇਰੀ ਅੰਤਮ ਵਾਰੀ, ਹਰਿ ਸਾਚਾ ਵੇਖ ਵਖਾਇੰਦਾ । ਚਾਰੋਂ ਕੁੰਟ ਜੀਵ ਹੰਕਾਰੀ, ਮਾਇਆ ਭਰਮ ਭੁਲਾਇੰਦਾ । ਜੂਠਾ ਝੂਠਾ ਤਨ ਸ਼ਿੰਗਾਰੀ, ਮਨ ਹੰਗਤਾ ਰੋਗ ਵਧਾਇੰਦਾ । ਪਾਰਬ੍ਰਹਮ ਬ੍ਰਹਮ ਨਾ ਪਾਇਣ ਸਾਰੀ, ਭਰਮੇ ਭਰਮ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਸਾਚੇ ਮੇਲ ਮਿਲਾਇੰਦਾ । ਗੁਰਮੁਖ ਸਾਚੇ ਸੱਜਣਾ, ਹਰਿ ਮੇਲਾ ਮੇਲ ਮਿਲਾਏ । ਚਰਨ ਧੂੜ ਕਰਾਏ ਮਜਨਾ, ਅੱਠ ਸੱਠ ਰਿਹਾ ਮੂਲ ਚੁਕਾਏ । ਕਾਲ ਨਗਾਰਾ ਏਕਾ ਵੱਜਣਾ, ਰਾਏ ਧਰਮ ਡੌਰੂ ਵਾਹੇ । ਲਾੜੀ ਮੌਤ ਘਰ ਘਰ ਬਹਿ ਬਹਿ ਨੱਚਣਾ, ਤਨ ਰਹੀ ਸ਼ਿੰਗਾਰ ਕਰਾਏ । ਜੋ ਘੜਿਆ ਸੋ ਭੱਜਣਾ, ਰਹਿਣ ਕੋਈ ਨਾ ਪਾਏ । ਨਾ ਦੀਸੇ ਮੱਕਾ ਕਾਅਬਾ ਕਾਜ਼ੀ ਹੱਜਨਾ, ਸ਼ੇਖ਼ ਪੀਰ ਮੁਸਾਇਕ ਦਸਤਗੀਰ ਸ਼ਾਹ, ਹਰਿ ਦਾਤਾ ਬੇਪਰਵਾਹ ਅੰਤਮ ਦਏ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਵੇਖ ਦਰ, ਸੰਮਤ ਚੌਦਾਂ ਚੌਦਾਂ ਹੱਟ ਵੇਖ ਵਖਾਏ । ਤੀਰਥ ਤੱਟ ਗੁਰੂ ਦਰ ਮੰਦਰ ਅੰਦਰ ਮਸਜਿਦ ਹਰਿ ਸਾਚਾ ਫੋਲ ਫੁਲਾਏ । ਤੀਰਥ ਤਟ ਪਾਰ ਕਿਨਾਰਾ, ਕਲਜੁਗ ਦਏ ਦੁਹਾਈਆ । ਗੰਗਾ ਗੋਦਾਵਰੀ ਰੋਵੇ ਜਾਰੋ ਜਾਰਾ, ਨਾ ਕੋਈ ਹੋਏ ਸਹਾਈਆ । ਅੰਜ਼ੀਲ ਕੁਰਾਨਾਂ ਪੈਣੀ ਮਾਰਾ, ਈਸਾ ਮੂਸਾ ਬੈਠਣ ਮੁਖ ਛੁਪਾਈਆ । ਵੇਦ ਪੁਰਾਨਾਂ ਆਈ ਹਾਰਾ, ਵੇਦ ਵਿਆਸਾ ਬ੍ਰਹਮਾ

ਰਿਹਾ ਸਮਝਾਈਆ । ਖਾਣੀ ਬਾਣੀ ਜਗਤ ਵਿਚਾਰਾ, ਨਾਨਕ ਗਿਆ ਗਾਈਆ । ਤੇਰਾਂ ਧਾਰ ਸੰਮਤ ਤੇਰਾਂ ਰਿਹਾ ਤੁਲਾਈਆ । ਸੰਮਤ ਚੌਦਾਂ ਵੇਖ ਵਿਚਾਰਾ, ਪਰਗਟ ਹੋਏ ਹਰਿ ਨਿਰੰਕਾਰਾ, ਸ਼ਬਦ ਰੱਖੇ ਤਿੱਖੀ ਧਾਰਾ, ਵਾਲੀ ਹਿੰਦ ਰਹਿਣਾ ਖ਼ਬਰਦਾਰਾ, ਹਰਿ ਸਾਚੇ ਜੋਤ ਜਗਾਈਆ । ਸ਼ਬਦ ਖੰਡਾ ਤੇਜ਼ ਕਟਾਰਾ, ਲੱਖ ਚੁਰਾਸੀ ਪਾਰ ਕਿਨਾਰਾ, ਲੱਖ ਚੁਰਾਸੀ ਪਾਵੇ ਸਾਰਾ, ਲੋਆਂ ਪੁਰੀਆਂ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਧਰਤ ਮਾਤ ਤੇਰਾ ਵੇਖ ਘਰ, ਇਕ ਅਖਾੜਾ ਰਿਹਾ ਬਣਾਈਆ । ਧਰਤ ਮਾਤ ਤੇਰਾ ਇਕ ਅਖਾੜਾ, ਹਰਿ ਸਾਚਾ ਆਪ ਬਣਾਇੰਦਾ । ਪੰਚਮ ਜੇਠ ਉਠਾਏ ਧਾੜਾ, ਨਾ ਕੋਈ ਮੇਟ ਮਿਟਾਇੰਦਾ । ਤ੍ਰੈਗੁਣ ਮਾਇਆ ਅਗਨੀ ਸਾੜਾ, ਪੰਚਮ ਤਤ ਮੇਟ ਮਿਟਾਇੰਦਾ । ਮਨਮੁਖ ਜੀਵਾਂ ਮਗਰ ਲੱਗੇ ਧਾੜਾ, ਮਨ ਮਤ ਬੁਧ ਨਾ ਕੋਈ ਰਖਾਇੰਦਾ । ਸ਼ਬਦ ਉਠਾਏ ਅਗੰਮੀ ਧਾੜਾ, ਗੁਰ ਗੋਬਿੰਦ ਸੇਵਾ ਲਾਇੰਦਾ । ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹਾ, ਆਪ ਆਪਣਾ ਖੇਲ ਖਿਲਾਇੰਦਾ । ਗੁਰਮੁਖ ਬਣਾਏ ਸਾਚਾ ਲਾੜਾ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਆਪੇ ਹੋਇਆ ਪਿੱਛੇ ਅਗਾੜਾ, ਡੂੰਘੀ ਕੰਦਰ ਪਾਰ ਕਰਾਇੰਦਾ । ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜਾਂ, ਉਚੇ ਟਿੱਲੇ ਪਰਬਤ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਨਿਹਕਲੰਕ ਡੰਕ ਵਜਾਇੰਦਾ । ਨਿਹਕਲੰਕ ਡੰਕ ਅਪਾਰ, ਹਰਿ ਸਾਚਾ ਆਪ ਵਜਾਇੰਦਾ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਸਾਧਾਂ ਸੰਤਾਂ ਨੇਤਰ ਰਿਹਾ ਉਘਾੜ, ਮਾਇਆ ਪੜਦਾ ਲਾਹਿੰਦਾ । ਸੰਤ ਸੁਹੇਲੇ ਦਰ ਘਰ ਸਾਚੇ ਵਾੜ, ਕਾਇਆ ਖੇਤਰ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਵੇਖ ਵਖਾਏ ਸੰਮਤ ਚੌਦਾਂ ਪਹਿਲੀ ਚੇਤਰ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੇਖਾ ਆਪਣੇ ਹੱਥ ਰਖਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਮਾਰੇ ਮਾਰ, ਹਰਿ ਸਾਚਾ ਬਣਤ ਬਣਾਇੰਦਾ । ਪੰਚਮ ਜੇਠ ਦਿਵਸ ਵਿਚਾਰ, ਲੇਖਾ ਵੇਖ ਵਖਾਇੰਦਾ । ਦੇਸ ਪਰਦੇਸਾਂ ਕਰੇ ਖ਼ਬਰਦਾਰ, ਪੰਡਤ ਨਹਿਰੂ ਵਿਚ ਵਿਚੋਲਾ ਆਪ ਰਖਾਇੰਦਾ । ਪਰਗਟ ਹੋਇਆ ਮੀਤ ਮੁਰਾਰ, ਸਾਚਾ ਸੱਜਣ ਰਾਮ ਰਾਮਾ ਰੂਪ ਵਟਾਇੰਦਾ । ਪਰਗਟ ਹੋਏ ਕ੍ਰਿਸ਼ਨ ਘਨਈਆ, ਇਕ ਚਲਾਏ ਸਾਚੀ ਨਈਆ, ਨਾ ਕੋਈ ਪਾਵੇ ਸਾਰ, ਕਲਜੁਗ ਤੇਰਾ ਵਕਤ ਚੁਕਾਇੰਦਾ । ਨਾ ਕੋਈ ਸੰਗੀ ਸਾਥੀ ਸਈਆ, ਨਾ ਕੋਈ ਮੇਲ ਮਿਲਾਇੰਦਾ । ਨਾਤਾ ਤੁੱਟਾ ਭੈਣਾ ਭਈਆ, ਸਾਕ ਸੱਜਣ ਸਰਬ ਛੁਡਾਇੰਦਾ । ਰਾਏ ਧਰਮ ਕੱਢੇ ਵਹੀਆ, ਚਿਤਰ ਗੁਪਤ ਲੇਖ ਲਿਖਾਇੰਦਾ । ਸੰਮਤ ਸੋਲਾਂ ਹਾੜ ਸਤਾਰਾਂ, ਇਕ ਤਾਰੀਖ ਲਿਖਾਇੰਦਾ । ਨਾਤਾ ਤੁੱਟੇ ਭੈਣ ਭਈਆ, ਪਿਤਾ ਪੂਤ ਮਾਤ ਪਿਤ ਨਾ ਕੋਈ ਮਿਲਾਇੰਦਾ । ਗੁਰਮੁਖ ਵਿਰਲਾ ਮਾਤ ਰਹੀਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਰਾਹ ਵਿਖਾਇੰਦਾ । ਸ੍ਰਿਸ਼ਟ ਸਬਾਈ ਏਕਾ ਰਾਹ, ਵਰਨ ਚਾਰ ਜਣਾਈਆ । ਸ਼ਬਦ ਸਰੂਪੀ ਹਰਿ ਮਲਾਹ, ਕਲਜੁਗ ਨਈਆ ਆਪ ਚਲਾਈਆ । ਸੰਤ ਸੁਹੇਲੇ ਪਕੜੇ ਬਾਂਹ, ਆਪੇ ਲਏ ਉਠਾਈਆ । ਸੋਹੰ ਸੋ ਜਪਾਏ ਸਾਚਾ ਨਾਂ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹੰ ਹੰਗਤਾ ਦਏ ਮਿਟਾ, ਏਕਾ ਦੂਜਾ ਰਹਿਣ ਨਾ ਪਾਈਆ । ਸੱਸਾ ਕਿਲ੍ਹਾ ਇਕ ਸੁਹਾ, ਚਾਰ ਦਵਾਰੀ ਵੇਖ ਵਿਖਾਈਆ । ਏਕਾ ਹੋੜਾ ਉਪਰ ਲਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਸਾਚੇ ਘਰ ਦਏ ਬਹਾ, ਏਕਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਏਕਾ ਰੰਗ ਰੰਗਾਈਆ । ਏਕਾ ਰੰਗਣ ਰੰਗ

ਰੰਗਾਏ, ਪਾਰਬ੍ਰਹਮ ਬੇਅੰਤਾ । ਭਗਤ ਜਨਾਂ ਹਰਿ ਸੰਗ ਨਿਭਾਏ, ਸਦਾ ਸੁਹੇਲਾ ਸਾਧਨ ਸੰਤਾ । ਜਗਤ ਤ੍ਰਿਸ਼ਨਾ ਭੁੱਖ ਨੰਗ ਕਟਾਏ, ਮੇਟ ਮਿਟਾਏ ਹਉਮੇ ਹੰਗਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਆਇਆ । ਨਰ ਨਰਾਇਣ ਹਰਿ ਬਨਵਾਰੀ, ਆਪੇ ਆਪ ਅਖਵਾਇੰਦਾ । ਨਿਰਮਲ ਜੋਤੀ ਕਰ ਆਕਾਰੀ, ਸ਼ਬਦੀ ਡੰਕ ਵਜਾਇੰਦਾ । ਦਹਿ ਦਿਸ਼ਾ ਕਰੇ ਖ਼ਬਰਦਾਰੀ, ਚਾਰੇ ਕੂਟਾਂ ਆਪ ਹਿਲਾਇੰਦਾ । ਸਚ ਸੁਲਤਾਨ ਤਖ਼ਤ ਤਾਜ ਵਡ ਦਰਬਾਰੀ, ਦੋ ਜਹਾਨਾਂ ਆਪ ਅਖਵਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਲੋਕਮਾਤ ਵੇਖ ਵਖਾਇੰਦਾ । ਸੰਗ ਮੁਹੰਮਦ ਚਾਰ ਯਾਰੀ, ਵੇਲਾ ਵਕਤ ਚੁਕਾਇੰਦਾ । ਈਸਾ ਮੂਸਾ ਕਰ ਖੁਆਰੀ, ਕਾਲਾ ਸੂਸਾ ਤਨ ਪਹਿਨਾਇੰਦਾ । ਗੋਬਿੰਦ ਨਾਨਕ ਏਕਾ ਧਾਰੀ, ਏਕਾ ਰੰਗ ਰੰਗਾਇੰਦਾ । ਪਰਗਟ ਹੋਏ ਵੱਡ ਸੰਸਾਰੀ, ਜੋਤੀ ਜਾਮਾ ਭੇਖ ਵਟਾਇੰਦਾ । ਗੌੜ ਬ੍ਰਹਿਮਣ ਪੂਤ ਸਪੂਤਾ, ਸਤਿ ਸਤਿਵਾਦੀ ਆਪ ਹੋ ਆਇੰਦਾ । ਵੇਦ ਵਿਆਸਾ ਲੇਖ ਲਿਖਾਰੀ, ਇਕ ਲੱਖ ਹਜ਼ਾਰ ਸਤਾਰਾਂ ਸਲੋਕ ਰਖਾਇੰਦਾ । ਗੁਰ ਗੋਬਿੰਦਾ ਵਡ ਬਲਕਾਰੀ, ਸੰਬਲ ਨਗਰੀ ਧਾਮ ਸੁਹਾਇੰਦਾ । ਤੀਰ ਖੰਡਾ ਨਾਮ ਕਟਾਰੀ, ਤਨ ਗਾਤਰੇ ਆਪ ਲਟਕਾਇੰਦਾ । ਕਲਗੀ ਤੋੜਾ ਸੀਸ ਅਪਾਰੀ, ਜੋਤੀ ਜੋੜਾ ਸ਼ਬਦ ਮਿਲਾਇੰਦਾ । ਸਾਚਾ ਘੋੜਾ ਸ਼ਬਦ ਉਡਾਰੀ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਪਹਿਲਾ ਪੌੜਾ ਰਿਹਾ ਮਾਰੀ, ਤ੍ਰੈ ਦੇਸਾਂ ਮੇਟ ਮਿਟਾਇੰਦਾ । ਸੰਮਤ ਚੌਦਾਂ ਵੇਖ ਵਿਚਾਰੀ, ਥਿਤ ਵਾਰ ਆਪਣੇ ਹੱਥ ਰਖਾਇੰਦਾ । ਭਰਮੇ ਭੁੱਲੇ ਜੀਵ ਗਵਾਰੀ, ਸਾਧ ਸੰਤ ਭੇਵ ਨਾ ਪਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਬ੍ਰਹਮਾ ਅੱਠੇ ਨੇਤਰ ਵੇਖ ਵਖਾਇੰਦਾ । ਸ਼ਿਵ ਸ਼ੰਕਰ ਬਣੇ ਦਰ ਭਿਖਾਰੀ, ਸੁਰਪਤ ਰਾਜਾ ਇੰਦ ਰੋ ਰੋ ਨੀਰ ਵਹਾਇੰਦਾ । ਕਰੋੜ ਤੇਤੀਸਾ ਕਰੇ ਵਿਚਾਰੀ, ਪ੍ਰਭ ਹੱਥ ਕਿਸੇ ਨਾ ਆਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰੀ, ਸੱਤਾਂ ਦੀਪਾਂ ਮੇਲ ਮਿਲਾਇੰਦਾ । ਪੁਰੀਆਂ ਲੋਆਂ ਵਸੇ ਬਾਹਰੀ, ਗੁਰਮੁਖ ਹਿਰਦੇ ਡੇਰਾ ਲਾਇੰਦਾ । ਪਾਰਬ੍ਰਹਮ ਬ੍ਰਹਮ ਰਿਹਾ ਵਿਚਾਰੀ, ਅਗੰਮੇ ਧਾਮ ਸੁਹਾਇੰਦਾ । ਨਾੜੀ ਚੰਮ ਨਾ ਕਰੇ ਪਿਆਰੀ, ਮਨ ਮਤ ਬੁਧ ਨਾ ਕੋਈ ਰਖਾਇੰਦਾ । ਸ਼ਬਦ ਸਰੂਪੀ ਇਕ ਉਡਾਰੀ, ਆਵੇ ਜਾਵੇ ਵਾਰੋ ਵਾਰੀ, ਨਿਹਕਲੰਕ ਨਰਾਇਣ ਨਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਜਗੇ ਜੋਤ ਏਕਾ ਏਕ ਏਕੰਕਾਰੀ । ਏਕਾ ਏਕ ਏਕੰਕਾਰਾ, ਅਕਲ ਕਲਾ ਵਰਤਾਇੰਦਾ । ਕਲਜੁਗ ਤੇਰਾ ਪਸਰ ਪਸਾਰਾ, ਕੂੜੋ ਕੂੜ ਮਿਟਾਇੰਦਾ । ਮੇਟ ਮਿਟਾਏ ਧੁੰਦੂਕਾਰਾ, ਅੰਤ ਰਹਿਣ ਨਾ ਪਾਇੰਦਾ । ਸਤਿਜੁਗ ਮੰਗੇ ਮੰਗ ਦਵਾਰਾ, ਅੱਗੇ ਝੋਲੀ ਡਾਹਿੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰਾ, ਚੋਲੀ ਨਾਮ ਭਰਾਇੰਦਾ । ਸਤਿਜੁਗ ਦੇਵੇ ਇਕ ਪਿਆਰਾ, ਲੋਕਮਾਤ ਵੇਖ ਵਖਾਇੰਦਾ । ਬੀਸ ਬੀਸਾ ਹੋਏ ਵਰਤਾਰਾ, ਪੰਦਰਾਂ ਕੱਤਕ ਥਿਤ ਵਿਖਾਇੰਦਾ । ਜਗਤ ਜਗਦੀਸਾ ਨਰ ਨਿਰੰਕਾਰਾ, ਦਿੱਲੀ ਚਰਨ ਛੁਹਾਇੰਦਾ । ਸੀਸ ਗੰਜ ਧਾਮ ਅਪਾਰਾ, ਜਮਨ ਕਿਨਾਰਾ ਪਾਰ ਕਰਾਇੰਦਾ । ਵਾਲੀ ਹਿੰਦ ਢਹਿ ਪਿਆ ਦਵਾਰਾ, ਚਰਨੀ ਸੀਸ ਝੁਕਾਇੰਦਾ । ਸੱਤ ਰੰਗ ਨਿਸ਼ਾਨ ਦਏ ਹੁਲਾਰਾ, ਚਵੀ ਹੱਥ ਆਪ ਚੜ੍ਹਾਇੰਦਾ । ਸੱਤ ਦੀਪ ਬੰਨ੍ਹੇ ਏਕਾ ਧਾਰਾ, ਸਾਚੀ ਬਣਤ ਬਣਾਇੰਦਾ । ਕਲਜੁਗ ਕਾਲੇ ਹਾਰਾ, ਦੇ ਮਤ ਨਾ ਕੋਇ ਸਮਝਾਇੰਦਾ । ਸ਼ਬਦ ਕਰਾਏ ਇਕ ਜੈਕਾਰਾ, ਸੋਹੰ ਨਾਉਂ ਰਖਾਇੰਦਾ । ਚਾਰ ਵਰਨ ਸੋਹਣ ਇਕ ਦਵਾਰਾ, ਊਚਾਂ ਨੀਚਾਂ ਮੇਟ ਮਿਟਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਣਨ ਭਿਖਾਰਾ, ਪ੍ਰਭ ਸਾਚੀ ਭਿਛਿਆ ਝੋਲੀ ਪਾਇੰਦਾ । ਸੀਸ ਛਤਰ ਇਕ ਅਪਾਰਾ,

ਜਗਤ ਜਗਦੀਸ ਆਪ ਝੁਲਾਇੰਦਾ । ਇਕ ਇਕੀਸ ਦਏ ਹੁਲਾਰਾ, ਸ੍ਰਿਸ਼ਟ ਸਬਾਈ ਵੇਖ ਵਖਾਇੰਦਾ । ਗੁਰਮੁਖ ਬਣਾਏ ਸਾਚੀ ਨਾਰਾ, ਕੰਤ ਕੰਤੂਹਲ ਆਪ ਹੋ ਜਾਇੰਦਾ । ਸਤਿਜੁਗ ਚਲੇ ਸਚ ਬਹਾਰਾ, ਫਲ ਫੁਲਵਾੜੀ ਮਾਤ ਲਗਾਇੰਦਾ । ਸੰਮਤ ਸੰਮਤੀ ਪਾਰ ਕਿਨਾਰਾ, ਲਹਿਣਾ ਦੇਣਾ ਮੂਲ ਚੁਕਾਇੰਦਾ । ਸਤਿਜੁਗ ਤੇਰਾ ਸਚ ਪਸਾਰਾ, ਪ੍ਰਭ ਆਪਣੀ ਹੱਥੀਂ ਮਾਤ ਲਗਾਇੰਦਾ । ਆਪੇ ਬਣੇ ਜਗਤ ਵਰਤਾਰਾ, ਝੋਲੀ ਸਚ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਿਸ਼ਨੂੰ ਵਿਸ਼ਨੂੰ ਇਕ ਅਖਵਾਇੰਦਾ । ਗੁਰਮੁਖ ਸਦਾ ਸੁਰਜੀਤ ਹੈ, ਨਾ ਮਰੇ ਨਾ ਆਏ । ਚਰਨ ਕਵਲ ਜਿਸ ਜਨ ਲਾਗੀ ਪ੍ਰੀਤ ਹੈ, ਲੱਖ ਚੁਰਾਸੀ ਫੰਦ ਕਟਾਏ । ਪ੍ਰਭ ਪਰਖਣਹਾਰਾ ਨੀਤ, ਹੈ, ਘਟ ਘਟ ਅੰਦਰ ਵੇਖ ਵਖਾਏ । ਕਾਇਆ ਮੰਦਰ ਦਿਹੁਰਾ ਮਸੀਤ ਹੈ, ਅਹਿਨਲ ਹੱਕ ਸ਼ਬਦ ਅਲਾਏ । ਮੇਲ ਮਿਲਾਏ ਜਗਤ ਜੁਗਤ ਅਨਡੀਠ ਹੈ, ਦਿਸ ਕਿਸੇ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਵਰ, ਨਾਰੀ ਕੰਤ ਆਪ ਹੋ ਜਾਏ । ਗੁਰਮੁਖ ਸੰਤ ਸਾਜਣ ਦਰ, ਆਪਣੀ ਦਇਆ ਕਮਾਇੰਦਾ । ਚਰਨ ਦਵਾਰਾ ਸਾਚਾ ਘਰ, ਏਕਾ ਰਾਹ ਵਿਖਾਇੰਦਾ । ਆਵਣ ਜਾਵਣ ਚੁੱਕੇ ਡਰ, ਧਰਮ ਰਾਏ ਮੁਖ ਛੁਪਾਇੰਦਾ । ਇਕ ਨੁਹਾਏ ਸਾਚੇ ਸਰ, ਦੁਰਮਤ ਮੈਲ ਧਵਾਇੰਦਾ । ਗੁਰ ਸੰਗਤ ਮਿਲ ਜਾਣਾ ਤਰ, ਦੋ ਜਹਾਨੀ ਪਾਰ ਕਰਾਇੰਦਾ । ਆਦਿ ਜੁਗਾਦੀ ਦੇਵੇ ਵਰ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਲਹਿਣਾ ਦੇਣਾ ਅੱਗੇ ਧਰ, ਪਿਛਲਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਸਾਚਾ ਵਰ, ਵੇਲੇ ਅੰਤ ਮਿਲੇ ਕੰਤ ਹਰਿ ਪਰਤੱਖ ਲਏ ਰੱਖ ਸਵੱਛ ਸਰੂਪੀ ਦਰਸ ਵਖਾਇੰਦਾ ।


੪੧੩
੦੬

ਸ਼ਬਦ ਗੁਰ ਤਖ਼ਤ ਸੁਲਤਾਨ, ਤਨ ਮੰਦਰ ਆਪ ਬਿਰਾਜਿਆ । ਆਪੇ ਹੋਇਆ ਨਿਗਾਹਬਾਨ, ਜਨ ਭਗਤਾਂ ਰੱਖੇ ਲਾਜਿਆ । ਨੇੜ ਨਾ ਆਇਣ ਪੰਜ ਸ਼ੈਤਾਨ, ਹਰਿ ਰੱਖਣਹਾਰਾ ਲਾਜਿਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਰਿਜਨ ਗਾਨ, ਦਰ ਦਵਾਰੇ ਧੁਰਗਾਹੀ ਆਵੇ ਭਾਜਿਆ । ਦਸਮ ਦਵਾਰੀ ਸਚ ਮਕਾਨ, ਹਰਿ ਬੈਠਾ ਗਰੀਬ ਨਿਵਾਜਿਆ । ਆਤਮ ਅੰਮ੍ਰਿਤ ਦੇਵੇ ਪੀਣ ਖਾਣ, ਆਪ ਆਪਣਾ ਸਾਜਨ ਸਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਭਗਤ ਵਰ, ਵਡ ਸ਼ਾਹੋ ਰਾਜਨ ਰਾਜਿਆ ।

ਪਾਰਬ੍ਰਹਮ ਪ੍ਰਭ ਪੁਰਖ ਅਪਾਰ । ਸਤਿ ਪੁਰਖ ਨਿਰੰਜਣ ਜੋਤ ਅਧਾਰ । ਆਦਿ ਅੰਤ ਏਕੰਕਾਰ । ਸ਼ਬਦ ਸ਼ਬਦੀ ਵਣਜ ਵਪਾਰ । ਰੂਪ ਅਨੂਪਾ ਸ਼ਾਹੋ ਭੂਪਾ, ਸਚ ਸੱਚੀ ਸਰਕਾਰ । ਵੇਖ ਵਿਖਾਏ ਚਾਰੇ ਕੂਟਾਂ, ਦਹਿ ਦਿਸ਼ਾਂ ਪਾਵੇ ਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਕਰਿਆ ਪਸਰ ਪਸਾਰ । ਆਦਿ ਪੁਰਖ ਪਾਰਬ੍ਰਹਮ ਅਬਿਨਾਸ਼ੀ, ਅਕਲ ਕਲਾ ਭਰਪੂਰਿਆ । ਕਾਲ ਮਹਾਂਕਾਲ ਕਰੇ ਚਰਨ ਦਾਸੀ, ਆਸਾ ਮਨਸਾ ਪੂਰਿਆ । ਗੁਰਮੁਖ ਵੇਖੇ ਸ਼ਬਦ ਸਵਾਸੀ, ਅਨਾਦ ਅਨਾਦੀ ਦੇਵੇ ਸਾਚੀ ਤੂਰਿਆ । ਮੇਲ ਮਿਲਾਏ ਪ੍ਰਿਥਮੀ ਆਕਾਸ਼ੀ, ਆਪੇ ਹੋਏ ਨੇੜੇ ਦੂਰਿਆ । ਕਲਜੁਗ ਅੰਤਮ ਮੇਟਣ ਆਇਆ ਮਦਿਰਾ ਮਾਸੀ, ਜੂਠਾ ਝੂਠਾ ਡੋਬੇ ਪੂਰਿਆ । ਪਕੜ ਉਠਾਏ ਪੰਡਤ ਕਾਸ਼ੀ, ਤ੍ਰੈਗੁਣ ਮਾਇਆ ਵੇਖ ਵਿਖਾਸੀ, ਖੇਲੇ ਖੇਲ ਹਾਜ਼ਰ ਹਜ਼ੂਰਿਆ । ਗੁਰ ਪੂਰੇ ਸਦ ਬਲ ਬਲ ਜਾਸੀ, ਜਨ ਭਗਤਾਂ ਦੇਵੇ ਸਾਚਾ ਨੂਰਿਆ । ਭਗਤ ਜਨਾਂ ਹਰਿ ਸਾਚਾ

ਮੀਤਾ, ਜੁਗ ਜੁਗ ਬਣਤ ਬਣਾਇੰਦਾ । ਆਪ ਚਲਾਏ ਆਪਣੀ ਰੀਤਾ, ਮਹਿੰਮਾ ਗਣਤ ਨਾ ਕੋਈ ਜਣਾਇੰਦਾ । ਕਲਜੁਗ ਪਰਖਣਹਾਰਾ ਨੀਤਾ,
ਹਰਿਜਨ ਸੋਏ ਮਾਤ ਉਠਾਇੰਦਾ । ਸੋਹੰ ਸ਼ਬਦ ਸੁਣਾਏ ਸੁਹਾਗੀ ਗੀਤਾ, ਅੱਖਰ ਵੱਖਰ ਨਾਉਂ ਧਰਾਇੰਦਾ । ਜਨ ਹਰਿ ਹੋਏ ਪਤਤ ਪੁਨੀਤਾ, ਰਸਨਾ
ਜਿਹਵਾ ਸੇਵਾ ਲਾਇੰਦਾ । ਚਰਨ ਕਵਲ ਇਕ ਪ੍ਰੀਤਾ, ਏਕਾ ਰਾਹ ਵਿਖਾਇੰਦਾ । ਲੱਖ ਚੁਰਾਸੀ ਪਰਖੇ ਨੀਤਾ, ਨਿਜ ਘਰ ਆਤਮ ਡੇਰਾ ਲਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੰਤ ਦੁਲਾਰ, ਚਰਨ ਪ੍ਰੀਤੀ ਬਖ਼ਸ਼ ਪਿਆਰ, ਫੜ ਫੜ ਬਾਹੋਂ ਪਾਰ ਕਰਾਇੰਦਾ ।
ਗੁਰਮੁਖ ਸਾਚੇ ਮੀਤ ਮੁਰਾਰ, ਦਰ ਘਰ ਕਰੇ ਪਰਵਾਨਿਆ । ਨੌਂ ਦਵਾਰੇ ਵੇਖ ਦਵਾਰ, ਦੇਵੇ ਸ਼ਬਦ ਗੁਣ ਨਿਧਾਨਿਆ । ਸ਼ਬਦ ਡੰਕ ਅਪਰ
ਅਪਾਰ, ਮੇਟ ਮਿਟਾਏ ਪੰਜ ਸ਼ੈਤਾਨਿਆ । ਪੰਜ ਸ਼ੈਤਾਨਾਂ ਆਈ ਹਾਰ, ਪੰਚਮ ਖ਼ੁਸ਼ੀ ਮਨਾਨਿਆ । ਸੁਰਤ ਸਵਾਣੀ ਕਰੇ ਖ਼ਬਰਦਾਰ, ਆਪ ਆਪਣਾ
ਰੰਗ ਰੰਗਾਨਿਆ । ਜੋਤ ਨਿਰੰਜਣ ਸੇਵਾਦਾਰ, ਦੀਪਕ ਜੋਤੀ ਇਕ ਜਗਾਨਿਆ । ਰਾਹ ਵਖਾਏ ਏਕੰਕਾਰ, ਓਅੰਕਾਰ ਰੂਪ ਵਟਾਨਿਆ । ਸ਼ਬਦ
ਧੁਨ ਅਪਰ ਅਪਾਰ, ਆਤਮ ਧੁਨ ਉਪਜਾਨਿਆ । ਪੰਚਮ ਗਾਇਣ ਵਾਰੋ ਵਾਰ, ਅਨਹਦ ਸਾਚੀ ਬਾਣੀਆ । ਓਅੰ ਰੂਪ ਹੋਏ ਕਰਤਾਰ, ਭੇਵ
ਨਾ ਜਾਨਣ ਵੇਦ ਪੁਰਾਨਿਆ । ਤ੍ਰੈਗੁਣ ਮਾਇਆ ਵਸਿਆ ਬਾਹਰ, ਜੋਤੀ ਸ਼ਬਦੀ ਖੇਲ ਮਹਾਨਿਆ । ਗੁਰਮੁਖ ਸਾਚੇ ਮੇਲ ਮਿਲਾਰ, ਆਤਮ ਸੇਜਾ
ਇਕ ਸੁਹਾਨਿਆ । ਦਸਮ ਦਵਾਰ ਖੋਲ੍ਹ ਕਿਵਾੜ, ਬਜਰ ਕਪਾਟੀ ਆਪ ਤੁੜਾਨਿਆ । ਮੇਟ ਮਿਟਾਏ ਝੂਠੀ ਧਾੜ, ਸੋਹੰ ਮਾਰੇ ਤੀਰ ਨਿਸ਼ਾਨਿਆ ।
੪੧੪ ਸੋ ਪੁਰਖ ਨਿਰੰਜਣ ਪਾਵੇ ਸਾਰ, ਗੁਰਮੁਖ ਸਾਚੇ ਚਤੁਰ ਸੁਜਾਨਿਆ । ਆਪੇ ਮੇਲੇ ਮੇਲਣਹਾਰ, ਘਰ ਚੌਥੇ ਆਪ ਬਹਾਨਿਆ । ਏਕਾ ਦੂਜਾ ਭਉ ੪੧੪
੦੬ ਨਿਵਾਰ, ਸੁਰਤੀ ਸ਼ਬਦ ਸ਼ਬਦ ਸੁਰਤ ਏਕਾ ਰੰਗ ਰੰਗਾਨਿਆ । ਜੀਵ ਜੰਤ ਨਾ ਕੋਈ ਪਾਵੇ ਸਾਰ, ਹਰਿ ਕਾ ਖੇਲ ਮਹਾਨਿਆ । ਨਾਮ ਸਤਿ ੦੬
ਦਰ ਵਣਜ ਵਪਾਰ, ਘਰ ਪੰਚਮ ਖੋਲ੍ਹ ਵਖਾਨਿਆ । ਏਕਾ ਰੂਪ ਅਨੂਪ ਸਤਿ ਸਤਿਵਾਦੀ ਏਕਾ ਧਾਰ, ਏਕਾ ਧਾਮ ਸੁਹਾਨਿਆ । ਅਲਖ ਅਲਖਣਾ
ਆਪੇ ਜਾਣੇ ਆਪਣੀ ਸਾਰ, ਨਾ ਕੋਈ ਲੇਖ ਲਿਖਾਨਿਆ । ਅਗੰਮ ਅਗੰਮਾ ਆਪ ਸੁਹਾਏ ਬੰਕ ਦਵਾਰ, ਮਹੱਲ ਅਟੱਲ ਅਚੱਲ ਇਕ ਰਖਾਨਿਆ ।
ਸਤਿ ਪੁਰਖ ਨਿਰੰਜਣ ਏਕਾ ਜੋਤੀ ਕਰ ਉਜਿਆਰ, ਧੂੰਆਂਧਾਰ ਸਰਬ ਮਿਟਾਨਿਆ । ਖਾਣੀ ਬਾਣੀ ਵੇਦ ਪੁਰਾਨੀ ਅੰਜੀਲ ਕੁਰਾਨੀ ਗੁਰ ਪੀਰ ਨਾ
ਪਾਵੇ ਕੋਈ ਸਾਰ, ਪ੍ਰਭ ਸਾਚਾ ਖੇਲ ਮਹਾਨਿਆ । ਆਦਿ ਜੁਗਾਦੀ ਕਰ ਪਸਾਰ, ਆਪੇ ਮੇਟੇ ਮੇਟਣਹਾਰ, ਆਪੇ ਉਤਪਤ ਆਪ ਕਰਾਨਿਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਇਕ ਸੁਹਾਨਿਆ । ਘਰ ਮੰਦਰ ਹਰਿ ਸੁਲਤਾਨ, ਆਪਣਾ ਆਪ ਬਣਾਇਆ । ਜੋਤ
ਨੁਰਾਨੀ ਇਕ ਨਿਸ਼ਾਨ, ਚਾਰੇ ਕੁੰਟਾਂ ਰਹੀ ਡਗਮਗਾਇਆ । ਰਾਗ ਨਾਦ ਨਾ ਕੋਈ ਗਾਨ, ਸੁਰ ਤਾਲ ਨਾ ਕੋਈ ਵਜਾਇਆ । ਨਾ ਕੋਈ ਵੇਖ
ਵਿਖਾਨ, ਦੂਸਰ ਕੋਈ ਦਿਸ ਨਾ ਆਇਆ । ਆਦਿ ਪੁਰਖ ਆਦਿ ਸ਼ਕਤ ਸ੍ਰੀ ਭਗਵਾਨ, ਏਕਾ ਤਖ਼ਤ ਸੁਹਾਇਆ । ਸਚ ਮਹੱਲਾ ਇਕ ਮਕਾਨ,
ਚਾਰ ਦਿਵਾਰ ਨਾ ਕੋਈ ਰਖਾਇਆ । ਛੱਪਰ ਛੰਨ ਨਾ ਕੋਈ ਵਖਾਨ, ਬਾਡੀ ਸੇਵਾਦਾਰ ਨਾ ਕੋਈ ਕਰਾਇਆ । ਆਪ ਆਪਣੀ ਕਿਰਪਾ ਧਾਰ,
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਬਣਤ ਬਣਾਇਆ । ਬਣਤ ਬਣਾਏ ਹਰਿ ਬਨਵਾਰੀ, ਆਪਣਾ ਰੂਪ ਵਟਾਇੰਦਾ । ਆਪ ਆਪਣੀ ਪੈਜ
ਸਵਾਰੀ, ਆਪਣਾ ਰਾਹ ਵਿਖਾਇੰਦਾ । ਆਪ ਰਚਾਏ ਮਹੱਲ ਅਟਾਰੀ, ਦਰ ਦਵਾਰ ਵੇਖ ਵਖਾਇੰਦਾ । ਲੋਆਂ ਪੁਰੀਆਂ ਖੇਲ ਨਿਆਰੀ, ਅਗੰਮ

ਅਗੰਮਾ ਅਗੰਮੇ ਧਾਮ ਸੁਹਾਇੰਦਾ । ਬ੍ਰਹਮਾ ਸ਼ਿਵ ਗਣੇਸ਼ ਦੇਵਤ ਸੁਰ ਨਾ ਕੋਇ ਪੁਜਾਰੀ, ਨਾਰੀ ਨਰ ਕੋਈ ਦਿਸ ਨਾ ਆਇੰਦਾ । ਜੋਤ ਸਰੂਪੀ ਜੋਤ ਕਰ ਅਕਾਰੀ, ਆਪ ਆਪਣੇ ਅੰਗ ਲਗਾਇੰਦਾ । ਆਪੇ ਕੰਤ ਹਰਿ ਭਤਾਰੀ, ਆਪੇ ਨਾਰੀ ਰੂਪ ਵਟਾਇੰਦਾ । ਆਪਣੀ ਸੇਜਾ ਕਰੇ ਪਿਆਰੀ, ਆਪੇ ਆਪ ਹੰਢਾਇੰਦਾ । ਦੋ ਜਹਾਨਾਂ ਵਸਿਆ ਬਾਹਰੀ, ਦਿਸ ਕਿਸੇ ਨਾ ਆਇੰਦਾ । ਆਪਣੀ ਇਛਿਆ ਆਪ ਉਚਾਰੀ, ਆਪਣਾ ਮਾਰਗ ਲਾਇੰਦਾ । ਜੋਤੀ ਮਾਤਾ ਕਰ ਤਿਆਰੀ, ਸ਼ਬਦੀ ਸੁਤ ਉਪਜਾਇੰਦਾ । ਸ਼ਬਦ ਸੁਤ ਵੱਡ ਬਲਕਾਰੀ, ਪ੍ਰਭ ਚਰਨੀ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਰਿਹਾ ਸਤਿਕਾਰੀ, ਵਰਭੰਡੀ ਰਾਹ ਵਿਖਾਇੰਦਾ । ਕੋਟਨ ਕੋਟ ਬ੍ਰਹਿਮੰਡਾਂ ਪਾਵੇ ਸਾਰੀ, ਸਾਚੀ ਵੰਡਾ ਵੰਡ ਵੰਡਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰੀ, ਮਾਤ ਪਾਤਾਲ ਆਕਾਸ਼ ਵੇਖ ਵਖਾਇੰਦਾ । ਬ੍ਰਹਮਾ ਸ਼ਿਵ ਦਏ ਅਧਾਰੀ, ਸੁਰਪਤ ਰਾਜਾ ਇੰਦ ਆਪ ਜਣਾਇੰਦਾ । ਲੋਕਮਾਤ ਕਰੇ ਖ਼ਬਰਦਾਰੀ, ਨੌਂ ਖੰਡ ਸੱਤਾਂ ਦੀਪਾਂ ਆਪ ਜਗਾਇੰਦਾ । ਲੱਖ ਚੁਰਾਸੀ ਕਰਮ ਵਿਚਾਰੀ, ਲੇਖਾ ਲਿਖਣਹਾਰ ਆਪ ਹੋ ਜਾਇੰਦਾ । ਆਪੇ ਢਾਹੇ ਲਏ ਉਸਾਰੀ, ਆਪ ਆਪਣੀ ਬਣਤ ਬਣਾਇੰਦਾ । ਆਪੇ ਰਾਧਾ ਕ੍ਰਿਸ਼ਨ ਹੋਏ ਅਵਤਾਰੀ, ਆਪ ਆਪਣੇ ਵਿਚ ਸਮਾਇੰਦਾ । ਸਾਧ ਸੰਤ ਗੁਰ ਪੀਰ ਔਲੀਏ ਸ਼ੇਖ਼ ਮੁਸਾਇਕ ਦਸਤਗੀਰ, ਸੇਵਕ ਸੇਵਾਦਾਰ ਸਾਚੀ ਸੇਵਾ ਲਾਇੰਦਾ । ਪਾਰਬ੍ਰਹਮ ਬ੍ਰਹਮ ਖੇਲ ਨਿਆਰੀ, ਭੇਵ ਕੋਈ ਨਾ ਪਾਇੰਦਾ । ਨਾਨਕ ਨਿਰਗੁਣ ਰਿਹਾ ਉਚਾਰੀ, ਬੇਅੰਤ ਬੇਅੰਤ ਕਹਾਇੰਦਾ । ਗੋਬਿੰਦ ਬਣਿਆ ਦਰ ਭਿਖਾਰੀ, ਦੋਏ ਜੋੜ ਸੀਸ ਝੁਕਾਇੰਦਾ । ਆਦਿ ਪੁਰਖ ਸਭ ਤੋਂ ਵਸਿਆ ਬਾਹਰੀ, ਹਰ ਘਟ ਆਸਣ ਲਾਇੰਦਾ । ਜਮਨਾ ਗੰਗਾ ਜੁਗ ਜੁਗ ਰਿਹਾ ਪੈਜ ਸਵਾਰੀ, ਭੇਖਾਧਾਰੀ ਭੇਖ ਵਟਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਨਿਹਕਲੰਕੀ ਜਾਮਾ ਪਾਇੰਦਾ । ਸ਼ਬਦ ਖੰਡਾ ਤੇਜ ਕਟਾਰੀ, ਸੋਹੰ ਨਾਉਂ ਰਖਾਇੰਦਾ । ਸੋ ਪੁਰਖ ਨਿਰੰਜਣ ਪਾਵੇ ਸਾਰੀ, ਹੰ ਹੰਗਤਾ ਜੀਵ ਮਿਟਾਇੰਦਾ । ਆਪੇ ਬਣੇ ਵਡ ਸੰਸਾਰੀ, ਭਗਤ ਭੰਡਾਰੀ ਆਪ ਅਖਵਾਇੰਦਾ । ਨਾਮ ਨਿਧਾਨਾ ਦੇਵੇ ਵਾਰੋ ਵਾਰੀ, ਆਤਮ ਝੋਲੀ ਆਪ ਭਰਾਇੰਦਾ । ਦਰ ਦਵਾਰੇ ਗਊ ਗਰੀਬਾਂ ਆਪੇ ਰਿਹਾ ਪੈਜ ਸਵਾਰੀ, ਸਿੰਘ ਇੰਦਰ ਗੋਦ ਉਠਾਇੰਦਾ । ਚੌਥਾ ਦਰ ਨਾ ਪਾਇਣ ਸਾਰੀ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਮਿਲਿਆ ਮੇਲ ਕੰਤ ਸਾਚੀ ਨਾਰੀ, ਆਤਮ ਸੇਜਾ ਇਕ ਵਿਛਾਇੰਦਾ । ਫੂਲਨ ਬਰਖਾ ਲਾਏ ਭਾਰੀ, ਸਾਚੀ ਸੇਵਾ ਲਾਇੰਦਾ । ਤਨ ਬਸਤਰ ਪਹਿਨਾਏ ਅਪਰ ਅਪਾਰੀ, ਸੋਹੰ ਸਾਚਾ ਚੀਰਾ ਸੀਸ ਧਰਾਇੰਦਾ । ਕਲਗੀ ਤੋੜਾ ਹੱਥ ਗਿਰਧਾਰੀ, ਸਾਚਾ ਟਿੱਕਾ ਮਸਤਕ ਲਾਇੰਦਾ । ਗੁਰਮੁਖ ਸਾਚੇ ਰਿਹਾ ਤਾਰੀ, ਜੁਗਤ ਆਪਣੇ ਹੱਥ ਰਖਾਇੰਦਾ । ਭਰਮੇ ਭੁੱਲੇ ਜੀਵ ਗਵਾਰੀ, ਮਾਇਆ ਪੜਦਾ ਪਾਇੰਦਾ । ਗੁਰ ਸੰਗਤ ਹਰਿ ਕਰ ਪਿਆਰੀ, ਸੇਵਕ ਸੇਵਾ ਆਪ ਕਮਾਇੰਦਾ । ਚਾਰ ਵਰਨਾਂ ਇਕ ਦਵਾਰੀ, ਸਤਿਜੁਗ ਸਾਚਾ ਰਾਹ ਵਿਖਾਇੰਦਾ । ਊਚ ਨੀਚ ਰਾਓ ਰੰਕ ਆਪ ਸੁਹਾਏ ਬੰਕ ਦਵਾਰੀ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਸਤਿਜੁਗ ਤੇਰੀ ਬੰਨ੍ਹੇ ਧਾਰੀ, ਸਾਚਾ ਮਾਰਗ ਲਾਇੰਦਾ । ਕਲਜੁਗ ਰੋਵੇ ਜ਼ਾਰੋ ਜ਼ਾਰੀ, ਵੇਲਾ ਅੰਤਮ ਆਇੰਦਾ । ਧਰਤ ਮਾਤ ਦਰ ਰਹੇ ਪੁਕਾਰੀ, ਪ੍ਰਭ ਸਾਚਾ ਦਇਆ ਕਮਾਇੰਦਾ । ਚਿਤਰ ਗੁਪਤ ਲੇਖ ਲਿਖਾਰੀ, ਕੱਢ ਹਿਸਾਬ ਵਿਖਾਇੰਦਾ । ਧਰਮ ਰਾਏ ਖੋਲ੍ਹੇ ਬੰਦ ਕਿਵਾੜੀ, ਲੱਖ ਚੁਰਾਸੀ ਤੇਰਾ ਰਾਹ ਤਕਾਇੰਦਾ । ਲਾੜੀ ਮੌਤ ਕਰੇ ਸ਼ਿੰਗਾਰੀ, ਹੱਥੀਂ ਮਹਿੰਦੀ ਰੰਗਣ ਇਕ ਰੰਗਾਇੰਦਾ । ਅੰਤਮ ਮੇਲਾ ਸਤਾਰਾਂ ਹਾੜੀ, ਮਨਮੁਖ ਸਈਆਂ ਇਕ ਦੂਜੇ ਨਾਲ ਮਿਲਾਇੰਦਾ । ਧਰਮ ਰਾਏ ਤੇਰੀ ਫਲੇ ਫੁੱਲੇ ਫਲ ਫੁਲਵਾੜੀ, ਜੂਠ ਝੂਠ ਪਾਣੀ

੪੨੫ ੦੬

ਏਕਾ ਪਾਇੰਦਾ । ਤੋਰੀ ਜਾਏ ਪਿੱਛੇ ਅਗਾੜੀ, ਸੰਮਤ ਚੌਦਾਂ ਨੀਹ ਰਖਾਇੰਦਾ । ਗੁਰਮੁਖ ਵਿਰਲੇ ਆਪ ਤਰਾਏ ਜਿਨ੍ਹਾਂ ਚਰਨ ਛੁਹਾਈ ਦਾੜ੍ਹੀ, ਲੋਕਮਾਤ ਤਜਾਇੰਦਾ । ਦਸਮ ਦਵਾਰੀ ਬੈਠਾ ਰਿਹਾ ਤਾੜੀ, ਦਿਵਸ ਰੈਣ ਆਪ ਸਮਝਾਇੰਦਾ । ਜੋਤ ਜਗਾਏ ਬਹੱਤਰ ਨਾੜੀ, ਅੰਧ ਅਗਿਆਨ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਵਰ ਦਾਤਾ ਆਪ ਅਖਵਾਇੰਦਾ ।

## ❋ ੪ ਚੇਤ ੨੦੧੪ ਬਿਕ੍ਰਮੀ ਮੱਸਾ ਸਿੰਘ ਦੇ ਘਰ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਤੇ ਸ਼ਬਦ ਦੀ ਕਿਰਪਾ ਕੀਤੀ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ❋

ਦਾਤਾ ਦਾਨੀ ਮਿਹਰਵਾਨ, ਏਕਾ ਏਕ ਅਖਵਾਇੰਦਾ । ਜਨ ਭਗਤਾਂ ਵੇਖੇ ਮਾਰ ਧਿਆਨ, ਜੁਗ ਜੁਗ ਬਣਤ ਬਣਾਇੰਦਾ । ਧਰਮ ਝੁਲਾਏ ਇਕ ਨਿਸ਼ਾਨ, ਆਪਣਾ ਸੰਗ ਨਿਭਾਇੰਦਾ । ਨਾਮ ਬਿਠਾਏ ਸਚ ਬਿਬਾਣ, ਪੁਰੀਆਂ ਲੋਆਂ ਪਾਰ ਕਰਾਇੰਦਾ । ਇਕ ਜਣਾਏ ਧੁਰ ਫ਼ਰਮਾਣ, ਸਾਚਾ ਸ਼ਬਦ ਮਿਲਾਇੰਦਾ । ਚਰਨ ਕਵਲ ਬਖ਼ਸ਼ੇ ਜਿਸ ਧਿਆਨ, ਆਤਮ ਬ੍ਰਹਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜੁਗਤੀ ਆਪਣੀ ਆਪ ਵਟਾਇੰਦਾ । ਭਗਤ ਸੁਹੇਲਾ ਸਾਚਾ ਮੀਤਾ, ਹਰਿ ਹਰਿ ਗੋਬਿੰਦਾ । ਵੇਖ ਵਿਖਾਣੇ ਹਸਤ ਕੀਟਾਂ, ਆਪੇ ਜਾਣੇ ਦੁਸ਼ਟ ਦੁਰਾਚਾਰ ਜੋ ਕਰਨ ਨਿੰਦਾ । ਗੁਰਮੁਖ ਵਿਰਲੇ ਨਾਮ ਨਿਧਾਨ ਅੰਮ੍ਰਿਤ ਮਦਿ ਪੀਤਾ, ਦੂਈ ਦਵੈਤੀ ਤੋੜੇ ਜਿੰਦਾ । ਸਾਚਾ ਰਾਗ ਸ਼ਬਦ ਇਕ ਅਲਾਏ, ਅਨਹਦ ਸਾਚੀ ਸੇਵਾ ਲਾਏ, ਵੇਖ ਵਖਾਏ ਅਠਾਰਾਂ ਧਿਆਏ ਗੀਤਾ । ਪਾਰਬ੍ਰਹਮ ਪ੍ਰਭ ਭਰਮ ਚੁਕਾਏ, ਏਕਾ ਰਾਗ ਕੰਨ ਸੁਣਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਗ ਲਗਾਏ ਕਾਇਆ ਦਿਹੁਰਾ ਮੰਦਰ ਮਸੀਤਾ । ਕਾਇਆ ਮੰਦਰ ਸਚ ਦਵਾਰਾ, ਹਰਿ ਸਾਚੇ ਜੋਤ ਜਗਾਈਆ । ਮੇਟ ਮਿਟਾਏ ਧੁੰਦੂਕਾਰਾ, ਅਗਿਆਨ ਅੰਧੇਰ ਰਹਿਣ ਨਾ ਪਾਈਆ । ਸ਼ਬਦ ਸਿੰਘਾਸਣ ਅਪਰ ਅਪਾਰਾ । ਪਾਵਾ ਚੂਲ ਨਾ ਕੋਈ ਰਖਾਈਆ । ਗੁਰਮੁਖ ਸਾਚੇ ਕਰ ਪਿਆਰਾ, ਬੈਠਾ ਗੋਦ ਉਠਾਈਆ । ਕੰਤ ਸੁਹਾਗੀ ਸਾਚੀ ਨਾਰਾ, ਆਪਣੇ ਅੰਗ ਲਗਾਈਆ । ਏਕਾ ਦੇਵੇ ਨਾਮ ਹੁਲਾਰਾ, ਸਾਚਾ ਝੂਲਾ ਰਿਹਾ ਝੁਲਾਈਆ । ਨਾ ਕੋਈ ਦੀਸੇ ਚਾਰ ਦਿਵਾਰਾ, ਛੱਪਰ ਛੰਨ ਨਾ ਕੋਇ ਟਿਕਾਈਆ । ਚਾਰੋਂ ਕੁੰਟ ਅੰਮ੍ਰਿਤ ਧਾਰਾ, ਠੰਢੀ ਠਾਰ ਰਖਾਈਆ । ਪੰਚਮ ਗਾਇਣ ਵਾਰੋ ਵਾਰਾ, ਪ੍ਰਭ ਸਾਚੀ ਸੇਵਾ ਲਾਈਆ । ਅਨਹਦ ਵੱਜੇ ਤਾਲ ਤਲਵਾੜਾ, ਬਹੱਤਰ ਨਾੜਾ ਰਿਹਾ ਹਿਲਾਈਆ । ਦਸਮ ਦਵਾਰੀ ਸਚ ਅਖਾੜਾ, ਹਰਿ ਸਾਚਾ ਮੰਗਲ ਗਾਈਆ । ਗੁਰਮੁਖ ਸਾਜਨ ਸਾਚਾ ਲਾੜਾ, ਸਾਚੇ ਘੋੜੇ ਰਿਹਾ ਚੜ੍ਹਾਈਆ । ਦਰ ਦਵਾਰੇ ਸਾਚਾ ਵਾੜਾ, ਮਿਲਿਆ ਮੇਲ ਸਾਚੇ ਮਾਹੀਆ । ਨਾ ਕੋਈ ਦੀਸੇ ਪੰਚਮ ਧਾੜਾ, ਹੱਡ ਮਾਸ ਨਾੜੀ ਰਤ ਦਿਸ ਨਾ ਆਈਆ । ਚੰਦ ਸੂਰਜ ਮੰਡਲ ਨਾ ਕੋਈ ਤਾਰਾ, ਬੈਠਾ ਚਰਨਾਂ ਹੇਠ ਦਬਾਈਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰਾ, ਏਕਾ ਧਾਮ ਸੁਹਾਈਆ । ਸੁਨ ਅਗੰਮੀ ਪਾਰ ਕਿਨਾਰਾ, ਏਕਾ ਏਕ ਰਖਾਈਆ । ਸੋਹੰ ਸ਼ਬਦ ਸਚ ਸਿਤਾਰਾ, ਸਤਿਗੁਰ ਪੂਰਾ ਰਿਹਾ ਚੜ੍ਹਾਈਆ । ਸੋ ਪੁਰਖ ਨਿਰੰਜਣ ਏਕੰਕਾਰਾ, ਏਕਾ ਰੰਗ ਸਮਾਈਆ । ਹੰ ਹੰਗਤਾ ਦੇਵੇ ਮਾਰਾ, ਆਤਮ ਬ੍ਰਹਮ ਮਿਲਾਈਆ । ਏਕਾ ਦੂਜਾ ਭੇਵ ਨਿਵਾਰਾ, ਏਕਾ ਏਕ ਅਖਵਾਈਆ । ਆਪੇ ਵਸਿਆ ਹੋ ਹੋ ਬਾਹਰਾ, ਆਪ ਆਪਣੀ ਬਣਤ ਬਣਾਈਆ ।

ਨਾਮ ਸਤਿ ਕਰੇ ਚਰਨ ਨਿਮਸਕਾਰਾ, ਪੰਚਮ ਵੇਖ ਵਖਾਈਆ । ਪੰਚਮ ਘਰ ਸੋਹੇ ਬੰਕ ਦਵਾਰਾ, ਵੇਖਣਹਾਰਾ ਹਰਿ ਰਘੁਰਾਈਆ । ਨਾ ਕੋਈ ਕਰੇ ਬੰਦ ਕਿਵਾੜਾ, ਅੱਠੇ ਪਹਿਰ ਰਿਹਾ ਖੁਲ੍ਹਾਈਆ । ਛੇਵੇਂ ਘਰ ਸਾਚੀ ਧਾਰਾ, ਅਲਖ ਅਲੱਖਣਾ ਰਿਹਾ ਵਖਾਈਆ । ਸ਼ਬਦ ਸ਼ਬਦੀ ਜੈ ਜੈਕਾਰਾ, ਸਾਚੀ ਧੁਨ ਰਿਹਾ ਵਜਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰਾ, ਘਰ ਸਤਵੇਂ ਬੈਠਾ ਆਸਣ ਲਾਈਆ । ਆਦਿ ਪੁਰਖ ਜੋਤ ਨਿਰੰਜਣ ਚਮਤਕਾਰਾ, ਜੋਤੀ ਜੋਤ ਰਿਹਾ ਜਗਾਈਆ । ਆਪ ਆਪਣਾ ਸਾਜਣ ਸਾਜੇ ਮੀਤ ਮੁਰਾਰਾ ਆਪ ਅਖਵਾਈਆ । ਆਪ ਆਪਣਾ ਕਰਿਆ ਮਜਨਾ, ਆਪਣੇ ਤੀਰਥ ਆਪੇ ਨੁਹਾਈਆ । ਆਪ ਆਪਣਾ ਹੋਇਆ ਪੜਦੇ ਕੱਜਨਾ, ਆਪਣਾ ਪੜਦਾ ਆਪੇ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਸਮਾਈਆ । ਜੋਤ ਸਮਾਇਆ ਹਰਿ ਰਘੁਰਾਇਆ, ਅਕਲ ਕਲਾ ਭਰਪੂਰਾ । ਆਦਿ ਅੰਤ ਕਿਸੇ ਭੇਵ ਨਾ ਪਾਇਆ, ਵਡ ਦਾਤਾ ਗਹਿਰ ਗੰਭੀਰਾ । ਅਗੰਮ ਅਗੰਮੇ ਧਾਮ ਸੁਹਾਇਆ, ਨਾ ਕੋਈ ਜਾਣੇ ਪੀਰਨ ਪੀਰਾ । ਮਰੇ ਨਾ ਜੰਮੇ ਆਇਆ ਜਾਇਆ, ਪੂਤ ਸਪੂਤਾ ਨਾ ਹੋਏ ਸਾਚਾ ਪੀਰਾ । ਦਮ ਦਮੇ ਨਾ ਪਵਣ ਸਵਾਸ ਚਲਾਇਆ, ਨੇਤਰ ਨੀਰ ਨਾ ਵਹਾਇਆ ਨੀਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਬੰਧਾਏ ਆਪਣੀ ਧੀਰਾ । ਆਪਣੇ ਘਰ ਆਪ ਵਸੰਦੜੇ, ਦਿਸ ਕਿਸੇ ਨਾ ਆਇੰਦਾ । ਦੀਪਕ ਜੋਤੀ ਇਕ ਰਖੰਦੜੇ, ਭੇਵ ਕੋਈ ਨਾ ਪਾਇੰਦਾ । ਪਵਣ ਪਵਣੀ ਨਾ ਕੋਈ ਵੇਖ ਵਖੰਦੜੇ, ਨਾ ਕੋਈ ਰਾਹ ਤਕਾਇੰਦਾ । ਚਾਰੋਂ ਕੁੰਟ ਆਪੇ ਆਪ ਭਵੰਦੜੇ, ਪੁਰੀਆਂ ਲੋਆਂ ਸ਼ਬਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਘਰ ਇਕ ਰਖੰਦੜੇ, ਸੋਹੰ ਨਾਉਂ ਰਖਾਇੰਦਾ । ਥਿਰ ਘਰ ਹਰਿ ਦਾਤਾਰ, ਆਪਣਾ ਆਪ ਬਣਾਇਆ । ਨਾ ਕੋਈ ਬਣਾਏ ਚਾਰ ਦਿਵਾਰ, ਕੋਈ ਬਾਡੀ ਦਿਸ ਨਾ ਆਇਆ । ਕਰੇ ਕਰਾਏ ਕਰਨੇਹਾਰ, ਆਪ ਆਪਣੀ ਸੇਵਾ ਲਾਇਆ । ਉਚ ਮਹੱਲ ਅਟੱਲ ਅਗੰਮ ਅਪਾਰ, ਊਚੋ ਊਚ ਟਿਕਾਇਆ । ਗੁਰ ਪੀਰ ਨਾ ਕੋਇ ਪਾਏ ਸਾਰ, ਸਾਧ ਸੰਤ ਦਿਸ ਨਾ ਆਇਆ । ਚੌਥੇ ਘਰ ਬਹਿ ਬਹਿ ਗਏ ਹਾਰ, ਦਰ ਦਵਾਰੇ ਬੈਠੇ ਰਾਹ ਤਕਾਇਆ । ਪਾਰਬ੍ਰਹਮ ਤੇਰਾ ਖੇਲ ਅਪਾਰ, ਆਪ ਆਪਣਾ ਮੁਖ ਛੁਪਾਇਆ । ਜਿਸ ਜਨ ਕਿਰਪਾ ਦੇਵੇ ਧਾਰ, ਸ਼ਬਦ ਪੱਲੂ ਦਏ ਫੜਾਇਆ । ਸੋਹੰ ਸ਼ਬਦ ਤੇਰੀ ਸਾਚੀ ਧਾਰ, ਘਰ ਚੌਥੇ ਦਏ ਮਿਲਾਇਆ । ਦਸਮ ਦਵਾਰੀ ਪਾਰ ਕਿਨਾਰ, ਰਾਹ ਵਿਚ ਨਾ ਕੋਈ ਅਟਕਾਇਆ । ਸਤਿ ਨਾਮ ਤੇਰਾ ਮੀਤ ਮੁਰਾਰ, ਵੇਖਣ ਦਰ ਦਵਾਰੇ ਆਇਆ । ਛੇਵੇਂ ਛੱਪਰ ਖੋਲ੍ਹ ਕਿਵਾੜ, ਸਾਚੀ ਧੁਨ ਵਜਾਇਆ । ਘਰ ਸੱਤਵੇਂ ਬੈਠਾ ਮੀਤ ਮੁਰਾਰ, ਸਤਿ ਪੁਰਖ ਨਿਰੰਜਣ ਡੇਰਾ ਲਾਇਆ । ਆਪੇ ਵੇਖੇ ਵੇਖਣਹਾਰ, ਦਿਸ ਕਿਸੇ ਨਾ ਆਇਆ । ਸਰਬ ਜੀਆਂ ਦਾ ਸਾਂਝਾ ਯਾਰ, ਲੋਕਮਾਤ ਹਰਿ ਅਖਵਾਇਆ । ਜੁਗ ਜੁਗ ਲਏ ਜਗਤ ਅਵਤਾਰ, ਆਪ ਆਪਣੀ ਬਣਤ ਬਣਾਇਆ । ਸਾਧ ਸੰਤ ਨਾ ਚੁੱਕਣ ਜੀਆਂ ਜੰਤਾਂ ਭਾਰ, ਆਪਣਾ ਰਹੇ ਕਰਮ ਕਮਾਇਆ । ਧਰਤ ਮਾਤ ਕਰੇ ਪੁਕਾਰ, ਗਲ ਪੱਲੂ ਦਏ ਦੁਹਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਏਕਾ ਸ਼ਬਦ ਜਣਾਇਆ । ਧਰਤ ਮਾਤ ਤੇਰੀ ਸੁਣ ਪੁਕਾਰ, ਆਪ ਆਪਣੀ ਜੋਤ ਜਗਾਇਆ । ਨਿਹਕਲੰਕਾ ਲਏ ਅਵਤਾਰ, ਨਾਨਕ ਗੋਬਿੰਦ ਲੇਖ ਲਿਖਾਇਆ । ਵੇਦ ਵਿਆਸਾ ਬਣ ਲਿਖਾਰ, ਪੂਤ ਸਪੂਤਾ ਗੌੜ ਬ੍ਰਹਿਮਣ ਆਪ ਜਣਾਇਆ । ਪਰਗਟ ਹੋਏ ਆਪ ਦਾਤਾਰ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਵੇਖ ਵਖਾਇਆ । ਸ਼ਬਦ ਖੰਡਾ ਤਿੱਖੀ ਧਾਰ, ਦੋ ਜਹਾਨਾਂ ਵੇਖ ਵਖਾਇਆ ।

ਬ੍ਰਹਮਾ ਸ਼ਿਵ ਦੇਵਤ ਕਰੇ ਖ਼ਬਰਦਾਰ, ਲੋਕ ਚੌਦਾਂ ਵੇਖ ਵਖਾਇਆ । ਪਹਿਲੀ ਚੇਤਰ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਉਭਾਰ, ਦਰ ਦਰ ਘਰ ਘਰ ਜਾਏ ਲਏ ਉਠਾਇਆ । ਕਲਜੁਗ ਤੇਰੀ ਅੰਤਮ ਵਾਰ, ਕਾਲਾ ਟਿੱਕਾ ਮਸਤਕ ਲਾਇਆ । ਜਨ ਭਗਤਾਂ ਮੇਲਾ ਮੀਤ ਮੁਰਾਰ, ਗੋਬਿੰਦ ਮੇਲ ਮਿਲਾਇਆ । ਜੁਗ ਜੁਗ ਰਿਹਾ ਪੈਜ ਸਵਾਰ, ਨਿੰਦਕ ਦੁਸ਼ਟ ਰਿਹਾ ਖਪਾਇਆ । ਸਤਿਗੁਰ ਸਾਜਣ ਮੀਤ ਮੁਰਾਰ, ਸਖਾ ਸੁਹੇਲਾ ਆਪ ਅਖਵਾਇਆ । ਆਦਿਨ ਅੰਤਾ ਏਕੰਕਾਰ, ਏਕਾ ਰੂਪ ਸਮਾਇਆ । ਸਤਿਜੁਗ ਬੰਨ੍ਹੇ ਤੇਰੀ ਧਾਰ, ਸਚ ਸੁੱਚ ਰਿਹਾ ਵਰਤਾਇਆ । ਮਦਿਰਾ ਮਾਸੀ ਕਰੇ ਖੁਆਰ, ਕਲਜੁਗ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਅਖਵਾਇਆ । ਨਰਾਇਣ ਨਰ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਇਆ । ਸਤਿਜੁਗ ਬੰਨ੍ਹੇ ਸੱਚੀ ਧਾਰਾ, ਸ਼ਬਦੀ ਬਣਤ ਬਣਾਇਆ । ਜੋਤ ਸਰੂਪੀ ਕਰੇ ਅਕਾਰਾ, ਭੇਖਾਧਾਰੀ ਭੇਖ ਵਟਾਇਆ । ਕਲਜੁਗ ਤੇਰਾ ਪਾਰ ਕਿਨਾਰਾ, ਅੰਤਮ ਅੰਤ ਰਿਹਾ ਕਰਾਇਆ । ਸਤਿਜੁਗ ਸਾਚਾ ਬਣੇ ਭਿਖਾਰਾ, ਦਰ ਦਵਾਰੇ ਮੰਗਣ ਆਇਆ । ਪੁਰਖ ਅਬਿਨਾਸ਼ੀ ਪਾਵੇ ਸਾਰਾ, ਦੇ ਮਤ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੇਵਕ ਸੇਵਾਦਾਰ ਜੁਗ ਜੁਗ ਭਗਤਾਂ ਸੇਵਾ ਕਰਦਾ ਆਇਆ ।



੪੧੮ ੦੬

## ✳ ੪ ਚੇਤ ੨੦੧੪ ਬਿਕ੍ਰਮੀ ਤਾਰਾ ਸਿੰਘ ਦੇ ਗ੍ਰਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✳

ਚੌਥੇ ਘਰ ਅੰਦਰ ਵੜ, ਆਪਣਾ ਰੰਗ ਵਖਾਇੰਦਾ । ਗੁਰਮੁਖ ਸਾਚੇ ਆਪੇ ਫੜ, ਆਪਣੇ ਰੰਗ ਰੰਗਾਇੰਦਾ । ਦੋ ਜਹਾਨਾਂ ਲਾਵੇ ਜੜ੍ਹ, ਨਾ ਕੋਈ ਮਾਤ ਉਖੜਾਇੰਦਾ । ਇਕ ਵਖਾਏ ਸਾਚਾ ਗੜ੍ਹ, ਮਹੱਲ ਅਟੱਲ ਰਖਾਇੰਦਾ । ਹਰਿਜਨ ਸਾਚਾ ਜਾਏ ਚੜ੍ਹ, ਪ੍ਰਭ ਸਾਚਾ ਰਾਹ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਦਰ ਬਹਿ ਬਹਿ ਖੇਲ ਖਿਲਾਇੰਦਾ । ਚੌਥਾ ਘਰ ਸਚ ਦਵਾਰ, ਆਪਣਾ ਆਪ ਰਖਾਇਆ । ਏਕਾ ਦੂਜਾ ਭੇਵ ਨਿਵਾਰ, ਏਕਾ ਰੂਪ ਸਮਾਇਆ । ਪਾਰਬ੍ਰਹਮ ਬ੍ਰਹਮ ਨਾ ਰਹੇ ਨਿਆਰ, ਨਿਰਗੁਣ ਨਿਰਗੁਣ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਲੇਖਾ ਰਿਹਾ ਚੁਕਾਇਆ । ਚੌਥਾ ਘਰ ਸਚ ਦਵਾਰ, ਸਤਿ ਪੁਰਖ ਆਪ ਬਣਾਇੰਦਾ । ਆਪ ਆਪਣੀ ਕਿਰਪਾ ਧਾਰ, ਗੁਰਮੁਖਾਂ ਵਿਚ ਬਹਾਇੰਦਾ । ਆਪੇ ਹੋਇਆ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਸੱਸਾ ਕਿਲਾ ਕਰ ਤਿਆਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਤਤਾ ਤ੍ਰਿਸ਼ਨਾ ਦਏ ਨਿਵਾਰ, ਆਤਮ ਜਾਮ ਪਿਲਾਇੰਦਾ । ਗੱਗਾ ਗੋਬਿੰਦ ਮੇਲ ਮਿਲਾਰ, ਹਰਿ ਹਰਿ ਰੂਪ ਸਮਾਇੰਦਾ । ਰਾਰਾ ਰਾਮ ਰਹੀਮ ਕਰਤਾਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਸਤਿਜੁਗ ਸਾਚਾ ਕਰ ਵਰਤਾਰ, ਸਾਚੀ ਬਣਤ ਬਣਾਇੰਦਾ । ਸ਼ਬਦ ਰਖਾਏ ਇਕ ਭੰਡਾਰ, ਚਾਰ ਵਰਨਾਂ ਆਪ ਵਰਤਾਇੰਦਾ । ਨਾ ਕੋਈ ਜਾਣੇ ਨਾਰੀ ਨਾਰ, ਨਰ ਨਰੇਸ਼ਾ ਰੂਪ ਵਟਾਇੰਦਾ । ਆਪਣਾ ਆਪ ਕੀਆ ਸ਼ਿੰਗਾਰ, ਅੱਗ ਭਿਬੂਤੀ ਆਪਣੀ ਨਾਮ ਲਗਾਇੰਦਾ । ਜੋਤ ਨਿਰੰਜਣ ਕਰ ਪਿਆਰ, ਸਾਚੀ ਗੁਫਾ ਵਖਾਇੰਦਾ । ਕਲਜੁਗ ਮੇਟੇ ਅੰਧ ਅੰਧਿਆਰ, ਸਤਿਜੁਗ

ਸਾਚਾ ਚੰਦ ਚੜ੍ਹਾਇੰਦਾ । ਸੰਤ ਸੁਹੇਲੇ ਕਰ ਤਿਆਰ, ਦੇ ਮਤ ਆਪ ਸਮਝਾਇੰਦਾ । ਸਖੀ ਸਖੀਆਂ ਧਰਮ ਦਵਾਰ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਪ੍ਰਭ ਅਬਿਨਾਸ਼ੀ ਵਾਗਾਂ ਮੋੜੇ, ਲੋਕਮਾਤੀ ਫੇਰਾ ਪਾਇੰਦਾ । ਸੰਤ ਸੁਹੇਲੇ ਜੁਗ ਜੁਗ ਵਿਛੜੇ ਜੋੜੇ, ਚਰਨ ਕਵਲ ਧਿਆਨ ਲਗਾਇੰਦਾ । ਚਿੱਟੇ ਅਸਵ ਚੜ੍ਹਿਆ ਘੋੜੇ, ਚਾਰੋ ਕੁੰਟ ਫੇਰਾ ਪਾਇੰਦਾ । ਵੇਖੇ ਪਰਖੇ ਮਿੱਠੇ ਕੌੜੇ, ਗਰੀਬ ਨਿਮਾਣੇ ਵੇਖ ਵਖਾਇੰਦਾ । ਭਗਤ ਸੁਹੇਲੇ ਆਤਮ ਬਹੁੜੇ, ਜੁਗ ਜੁਗ ਪੈਜ ਰਖਾਇੰਦਾ । ਆਪ ਚੜ੍ਹਾਏ ਸਾਚੇ ਪੌੜੇ, ਸੋਹੰ ਖੰਡਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਚੌਥਾ ਇਕ ਵਸਾਇੰਦਾ । ਚੌਥੇ ਘਰ ਸ਼ਬਦ ਹੁਲਾਰਾ, ਏਕਾ ਏਕ ਰਖਾਇਆ । ਦੇਵਣਹਾਰ ਦਾਤਾਰਾ, ਦਿਵਸ ਰੈਣ ਰਿਹਾ ਝੁਲਾਇਆ । ਗੁਰਮੁਖ ਸਾਚਾ ਮੀਤ ਮੁਰਾਰਾ, ਵਿਚ ਬੈਠਾ ਆਸਣ ਲਾਇਆ । ਉਠ ਉਠ ਵੇਖੇ ਚਾਰ ਦਵਾਰਾ, ਚਾਰੇ ਕੁੰਟਾਂ ਨਿਰਗੁਣ ਨਰ ਹਰਿ ਨਿਰਵੈਰ ਰੂਪ ਦਿਸ ਨਾ ਆਇਆ । ਸਰਗੁਣ ਨਾ ਵਸਿਆ ਥਿਰ ਘਰ, ਮਾਤਲੋਕੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਰ ਦਵਾਰਾ ਇਕ ਵਖਾਇਆ । ਚੌਥਾ ਘਰ ਸ਼ਬਦ ਬੁਲੰਦ, ਜੋਤੀ ਏਕਾ ਏਕ ਰਖਾਈਆ । ਦਸਮ ਦਵਾਰੀ ਅੱਧ ਵਿਚ ਕੰਧ, ਪ੍ਰਭ ਸਾਚੇ ਆਪ ਟਿਕਾਈਆ । ਆਪ ਆਪਣਾ ਕੀਆ ਕਿਵਾੜ ਬੰਦ, ਕਿਵਾੜ ਬੰਦ ਆਪੇ ਦਏ ਖੁਲ੍ਹਾਈਆ । ਸੋਹੰ ਗਾਏ ਸੁਹਾਗੀ ਛੰਦ, ਘਰ ਚੌਥੇ ਮੇਲ ਮਿਲਾਈਆ । ਭੇਵ ਨਾ ਪਾਇਣ ਬੱਤੀ ਦੰਦ, ਰਸਨਾ ਗੁਣ ਨਾ ਗਾਈਆ । ਸਰਬ ਜੀਆਂ ਆਪੇ ਬਖ਼ਸ਼ੰਦ, ਹਰਿ ਦਾਤਾ ਵਡ ਰਘੁਰਾਈਆ । ਦੂਰ ਦੁਰਾਡਾ ਜਨ ਭਗਤਾਂ ਆਪ ਮੁਕਾਏ ਪੰਧ, ਫੜ ਬਾਹੋਂ ਪਾਰ ਕਰਾਈਆ । ਚਰਨਾਂ ਹੇਠ ਰਖਾਏ ਸੂਰਜ ਚੰਦ, ਮੰਡਲ ਮੰਡਪ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਚੌਥਾ ਨਾਉਂ ਰਖਾਈਆ । ਚੌਥਾ ਘਰ ਸ਼ਬਦ ਅਡੋਲ, ਏਕਾ ਏਕ ਰਖਾਇਆ । ਦਰ ਦਵਾਰਾ ਰਿਹਾ ਖੋਲ੍ਹ, ਸੋਹੰ ਦੇਵੇ ਨਾਮ ਦਲਾਸਿਆ । ਸਾਚੇ ਅੰਦਰ ਰਿਹਾ ਬੋਲ, ਆਪ ਵਜਾਏ ਆਪਣਾ ਤਾਲਿਆ । ਭਗਤ ਸੁਹੇਲਾ ਸਦ ਵਸਿਆ ਕੋਲ, ਫਲ ਲਗਾਏ ਕਾਇਆ ਡਾਲਿਆ । ਕਾਇਆ ਧਰਤੀ ਰਹੀ ਮੌਲ, ਰੁੱਤ ਬਸੰਤੀ ਇਕ ਵਖਾ ਲਿਆ । ਸ੍ਰਿਸ਼ਟ ਸਬਾਈ ਰਹੀ ਅਨਭੋਲ, ਕਲਜੁਗ ਵੇਲਾ ਅੰਤ ਮੁਕਾ ਲਿਆ । ਪ੍ਰਭ ਤੋਲਣ ਆਇਆ ਕਲਜੁਗ ਤੇਰਾ ਤੋਲ, ਸੋਹੰ ਵੱਟਾ ਇਕ ਰਖਾ ਲਿਆ । ਲੱਖ ਚੁਰਾਸੀ ਚਾਰੋਂ ਕੁੰਟ ਲਟਕਾਏ ਅੰਦਰ ਵੜ ਮੁਖ ਨਾ ਕੋਈ ਛੁਪਾ ਲਿਆ । ਸੰਮਤ ਚੌਦਾਂ ਵਜਾਏ ਢੋਲ, ਮਰਦੰਗਾ ਆਪਣਾ ਹੱਥ ਰਖਾ ਲਿਆ । ਪੰਦਰਾਂ ਹੁਲਾਰਾ ਰਸਨਾ ਬੋਲ, ਦੋਵੇਂ ਪਾਸੇ ਆਪ ਹਿਲਾ ਲਿਆ । ਸੰਮਤ ਸੋਲਾਂ ਛਾਛ ਦਏ ਵਿਰੋਲ, ਮਾਣਕ ਮੋਤੀ ਬਾਹਰ ਕਢਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਦਰ ਸਾਚਾ ਇਕ ਵਖਾ ਲਿਆ । ਸਾਚਾ ਘਰ ਸ਼ਬਦ ਸੁਹੰਜਣਾ, ਨਿਰਮਲ ਜੋਤ ਜਗਾਈਆ । ਗੁਰ ਚਰਨ ਦਵਾਰੇ ਸਾਚੇ ਮਜਨਾ, ਪੂਜਾ ਪਾਠ ਵਕਤ ਚੁਕਾਈਆ । ਮਿਲਿਆ ਮੇਲ ਦਰਦ ਦੁੱਖ ਭੰਜਨਾ, ਨੇਤਰ ਅੰਜਨ ਏਕਾ ਨਾਉਂ ਪਾਈਆ । ਮੀਤ ਮੁਰਾਰਾ ਸਾਚਾ ਸੱਜਣਾ, ਪਾਰਬ੍ਰਹਮ ਅਖਵਾਈਆ । ਤਾਲ ਤਲਵਾੜਾ ਏਕਾ ਵੱਜਣਾ, ਆਤਮਕ ਧੁਨ ਰਿਹਾ ਉਪਜਾਈਆ । ਗੜ੍ਹ ਹੰਕਾਰੀ ਅੰਤਮ ਭੱਜਣਾ, ਪ੍ਰਭ ਸਾਚਾ ਰਿਹਾ ਭੰਨਾਈਆ । ਪੀ ਅੰਮ੍ਰਿਤ ਆਤਮ ਰੱਜਣਾ, ਆਤਮ ਅੰਮ੍ਰਿਤ ਤਾਲ ਸੁਹਾਈਆ । ਗੁਰ ਪੂਰੇ ਪੜਦਾ ਕੱਜਣਾ, ਮਨਮੁਖ ਭੋਲੇ ਮੁਖ ਲਾਈ ਕਾਲੀ ਛਾਹੀਆ । ਜੋਤੀ ਜੋਤ ਸਰੂਪ

੪੧੯
੦੬

ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵਣਹਾਰਾ ਵਰ, ਦਰ ਦਵਾਰਾ ਬੰਕ ਸੁਹਾਈਆ । ਬੰਕ ਦਵਾਰਾ ਇਕ ਅਨਮੁਲਾ, ਗੁਰਮੁਖ ਵਿਰਲੇ ਪਾਇਆ । ਲੋਕਮਾਤੀ ਪੂਰੇ ਤੋਲ ਤੁਲਾ, ਮਾਇਆ ਮਮਤਾ ਮੋਹ ਚੁਕਾਇਆ । ਆਪੇ ਫਲਿਆ ਆਪੇ ਫੁਲਾ, ਫਲ ਆਪਣਾ ਰਿਹਾ ਖਵਾਇਆ । ਪਾਣੀ ਪਿਆ ਨਾ ਕਾਇਆ ਚੁਲ੍ਹਾ, ਉਲਟੀ ਨਾਭੀ ਕਵਲ ਭਵਾਇਆ । ਅੰਮ੍ਰਿਤ ਆਤਮ ਅਜੇ ਨਾ ਡੁਲ੍ਹਾ, ਹਰਿ ਝਿਰਨਾ ਰਿਹਾ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦੇਵੇ ਵਰ, ਦਰ ਦਰਬਾਨਾ ਆਪ ਅਖਵਾਇਆ । ਦਰ ਦਰਬਾਨ ਗ਼ਰੀਬ ਨਿਵਾਜਾ, ਦਰ ਸਾਚੇ ਸੇਵ ਕਮਾਇੰਦਾ । ਅੱਠੇ ਪਹਿਰ ਮਾਰੇ ਆਵਾਜਾ, ਦਿਵਸ ਰੈਣ ਜਗਾਇੰਦਾ । ਸ਼ਬਦ ਉਠਾਏ ਘੋੜਾ ਤਾਜਾ, ਗੁਰਮੁਖ ਸਾਚੇ ਆਪ ਚੜ੍ਹਾਇੰਦਾ । ਅਨਹਦ ਵਜਾਏ ਏਕਾ ਵਾਜਾ, ਪੰਚਮ ਸੇਵਾ ਲਾਇੰਦਾ । ਧੁਰਦਰਗਾਹੀ ਆਇਆ ਭਾਜਾ, ਫੜ ਬਾਹੋਂ ਪਾਰ ਕਰਾਇੰਦਾ । ਚਰਨ ਕਵਲ ਵਖਾਏ ਹਾਜੀ ਹਾਜਨ ਹਾਜਾ, ਮੱਕਾ ਕਾਅਬਾ ਇਕ ਕਰਾਇੰਦਾ । ਆਪ ਉਲਟਾਏ ਕਵਲ ਨਾਭਾ, ਅੰਮ੍ਰਿਤ ਆਤਮ ਮੁਖ ਚੁਆਇੰਦਾ । ਜੋਤੀ ਨੂਰ ਨਾ ਝੱਲੇ ਤਾਬਾ, ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖੇ ਘਰ, ਘਰ ਸਾਚਾ ਇਕ ਸੁਹਾਇੰਦਾ । ਦਰ ਘਰ ਸਾਚਾ ਇਕ ਸੁਹਾਇਆ, ਏਕਾ ਏਕੰਕਾਰਿਆ । ਦੂਸਰ ਕਿਸੇ ਦਿਸ ਨਾ ਆਇਆ, ਭਰਮੇ ਭੁੱਲੇ ਜੀਵ ਗਵਾਰਿਆ । ਭਗਤ ਜਨਾਂ ਹਿੱਸਾ ਸਚ ਵੰਡਾਇਆ, ਆਦਿ ਜੁਗਾਦੀ ਤੇਰੀ ਕਾਰਿਆ । ਆਤਮ ਤ੍ਰਿਸ਼ਨਾ ਭੁੱਖ ਮਿਟਾਇਆ, ਏਕਾ ਭਰਿਆ ਸ਼ਬਦ ਭੰਡਾਰਿਆ । ਦੂਈ ਦਵੈਤੀ ਵਿਸ਼ਨਾ ਆਪੇ ਲਾਹਿਆ, ਦੇਵੇ ਨਾਮ ਖੁਮਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਘਰ ਹੋਏ ਮਾਤ ਭਿਖਾਰਿਆ । ਮਾਤ ਭਿਖਾਰੀ ਦਰ ਦਾਤਾਰਾ, ਨਿਰਗੁਣ ਖੇਲ ਖਿਲਾਇੰਦਾ । ਮੰਗੇ ਮੰਗ ਕਰ ਪਿਆਰਾ, ਚਰਨ ਕਵਲ ਪ੍ਰੀਤ ਸਿਖਾਇੰਦਾ । ਮੇਲਾ ਮੇਲ ਨਰ ਨਿਰੰਕਾਰਾ, ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੰਕ ਦਵਾਰਾ ਵੇਖ ਵਖਾਇੰਦਾ । ਸੋ ਪੁਰਖ ਨਿਰੰਜਣ ਸਾਚੀ ਧਾਰ, ਆਪਣੀ ਆਪ ਚਲਾਈਆ । ਖੇਲੇ ਖੇਲ ਅਪਰ ਅਪਾਰ, ਖੇਲਣਹਾਰ ਆਪ ਅਖਵਾਈਆ । ਮੇਲੇ ਮੇਲ ਵਿਚ ਸੰਸਾਰ, ਸਾਚੀ ਬਣਤ ਬਣਾਈਆ । ਗੁਰ ਚੇਲੇ ਸੋਹਣ ਇਕ ਦਵਾਰ, ਦਵਾਰ ਬੰਕਾ ਆਪ ਸੁਹਾਈਆ । ਸੱਜਣ ਸੁਹੇਲੇ ਮੀਤ ਮੁਰਾਰ, ਹਰਿ ਸਾਚਾ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਸੇਵਾ ਰਿਹਾ ਕਮਾਈਆ । ਸੋ ਸਤਿਗੁਰ ਸਾਚਾ ਸਾਖਿਆਤ, ਵਾਲੀ ਦੋ ਜਹਾਨਿਆ । ਚਰਨ ਪ੍ਰੀਤ ਬੰਨ੍ਹਾਏ ਸਾਚਾ ਨਾਤ, ਆਪ ਆਪਣੀ ਦਇਆ ਕਮਾਨਿਆ । ਸਖਾ ਸਹਾਈ ਮਾਈ ਬਾਪ, ਪਿਤਾ ਪੂਤ ਆਪ ਹੋ ਜਾਨਿਆ । ਵੇਖੇ ਪਰਖੇ ਜ਼ਾਤ ਪਾਤ, ਊਚਾਂ ਨੀਚਾਂ ਰਾਓ ਰੰਕ ਰਾਜਾਨਿਆ । ਜਨ ਭਗਤਾਂ ਦੇਵੇ ਸਾਚੀ ਦਾਤ, ਏਕਾ ਅੱਖਰ ਧੁਰ ਫ਼ਰਮਾਣਿਆ । ਅੰਤਮ ਵੇਲੇ ਪੁੱਛੇ ਵਾਤ, ਦਰ ਦਵਾਰ ਕਰੇ ਪਰਵਾਨਿਆ । ਕਲਜੁਗ ਰੈਣ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਰਾਹ ਵਿਖਾਨਿਆ । ਹਰਿਜਨ ਮੇਲਾ ਪੁਰਖ ਬਿਧਾਤ, ਘਰ ਸਾਚਾ ਇਕ ਵਿਖਾਨਿਆ । ਪੁਰਖ ਨਿਰੰਜਣ ਆਪੇ ਆਪ, ਆਪ ਆਪਣਾ ਖੇਲ ਖਿਲਾਨਿਆ । ਖੇਲਣਹਾਰਾ ਹਰਿ ਸਮਰਾਥ, ਅਕਲ ਕਲਾ ਵਰਤਾਈਆ । ਸਤਿਜੁਗ ਚਲਾਏ ਆਪਣਾ ਰਾਥ, ਨਈਆ ਨਾਮ ਜਹਾਜ਼ ਬਣਾਈਆ । ਲੱਖ ਚੁਰਾਸੀ ਪਾਏ ਨਾਥ, ਡੋਰੀ ਸ਼ਬਦੀ ਇਕ ਰਖਾਈਆ । ਕਲਜੁਗ ਲਹਿਣਾ ਦੇਣਾ ਮੂਲ ਚੁਕਾਏ ਸਾਢੇ ਤਿੰਨ ਹਾਥ, ਸੀਆਂ ਵੰਡ ਵੰਡਾਈਆ । ਸਰਬ ਕਲਾ

ਆਪੇ ਸਮਰਾਥ, ਘੜਨ ਭੰਨਣਹਾਰ ਆਪ ਹੋ ਆਈਆ । ਗੁਰਮੁਖ ਵਿਰਲੇ ਸਗਲ ਵਸੂਰਾ ਸਗਲਾ ਲਾਥ, ਦਰ ਘਰ ਸਾਚੇ ਦਰਸ਼ਨ ਪਾਈਆ । ਚਰਨ ਕਵਲ ਕਵਲ ਚਰਨ ਉਪਰ ਧਵਲ ਜੋ ਜਨ ਢੱਠਾ, ਪਾਰਬ੍ਰਹਮ ਬ੍ਰਹਮ ਮੇਲ ਮਿਲਾਈਆ । ਧੁਰਦਰਗਾਹੀ ਆਇਆ ਨੱਠਾ, ਕਲਜੁਗ ਅੰਤਮ ਵੇਖ ਵਖਾਈਆ । ਸਤਿਜੁਗ ਤੇਰੀ ਕਰੇ ਕਰਾਏ ਚੱਠਾ, ਸੰਮਤ ਚੌਦਾਂ ਪਹਿਲੀ ਚੇਤਰ ਰੁੱਤ ਸੁਹਾਈਆ । ਤ੍ਰੈਗੁਣ ਮਾਇਆ ਤੇਰਾ ਤਤ ਕਰ ਇਕੱਠਾ, ਇੱਕੀ ਜੇਠ ਰਿਹਾ ਜਲਾਈਆ । ਮੇਟ ਮਿਟਾਏ ਤੀਰਥ ਅੱਠ ਸੱਠਾ, ਗੰਗਾ ਗੋਦਾਵਰੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸੋ ਸੇਵਾ ਸਾਚੀ ਰਿਹਾ ਕਮਾਈਆ । ਸੋ ਸਾਜਣ ਹਰਿ ਮੀਤ, ਸਤਿਗੁਰ ਅਖਵਾਇੰਦਾ । ਨਾ ਦਿਹੁਰਾ ਨਾ ਮੰਦਰ ਮਸੀਤ, ਗੁਰੂ ਦਰ ਨਾ ਕੋਈ ਬਣਾਇੰਦਾ । ਆਪ ਬਣਾਏ ਆਪਣੀ ਰੀਤ, ਗੀਤ ਸੁਹਾਗ ਸੁਣਾਇੰਦਾ । ਘਟ ਘਟ ਅੰਦਰ ਬੈਠਾ ਪਰਖੇ ਨੀਤ, ਆਪ ਆਪਣਾ ਮੁਖ ਛੁਪਾਇੰਦਾ । ਗੁਰਮੁਖ ਵਿਰਲਾ ਮਾਨਸ ਦੇਹੀ ਰਿਹਾ ਜੀਤ, ਹਰਿ ਸਾਚੇ ਵਿਚ ਸਮਾਇੰਦਾ । ਇਕ ਇਕੇਲਾ ਸਦਾ ਅਤੀਤ, ਹਰ ਘਟ ਆਪ ਹੋ ਆਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਏਕਾ ਧਾਮ ਸੁਹਾਇੰਦਾ । ਮਨਮੁਖਾਂ ਸੁੱਤਾ ਦੇ ਕਰ ਪੀਠ, ਆਪਣਾ ਮੁਖ ਛੁਪਾਇੰਦਾ । ਜਨ ਭਗਤਾਂ ਦੇਵੇ ਸ਼ਬਦ ਅਨਡੀਠ, ਨੇਤਰ ਨੈਣ ਨਾ ਕੋਈ ਵਖਾਇੰਦਾ । ਕਲਜੁਗ ਜੂਠਾ ਝੂਠਾ ਪੀਸਣ ਰਿਹਾ ਪੀਸ, ਮਾਇਆ ਰਾਣੀ ਚੱਕੀ ਆਪ ਚਲਾਇੰਦਾ । ਪਾਰਬ੍ਰਹਮ ਅਬਿਨਾਸ਼ੀ ਬੀਠਲਾ ਬੀਠ, ਪਾਰਬ੍ਰਹਮ ਤੁੱਠ ਮੁੱਠ ਗੁਰਮੁਖ ਇਕ ਬਣਾਇੰਦਾ । ਮਨਮੁਖਾਂ ਹੱਥ ਫੜਾਏ ਖਾਲੀ ਠੂਠ, ਦਰ ਦਵਾਰੇ ਆਪ ਭਵਾਇੰਦਾ । ਅੰਤਮ ਲਹਿਣਾ ਦੇਣਾ ਮੂਲ ਚੁਕਾਏ ਜੂਠ ਝੂਠ, ਕਲਜੁਗ ਅੰਤ ਹਿਸਾਬ ਮੁਕਾਇੰਦਾ । ਸਤਿਜੁਗ ਸਾਚਾ ਬੈਠਾ ਰੂਠ, ਪ੍ਰਭ ਆਪੇ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਸਾਚੀ ਸੇਵਾ ਆਪ ਕਮਾਇੰਦਾ । ਸੋ ਦਾਤਾ ਮਿਹਰਵਾਨ, ਸਦਾ ਦਿਆਲਿਆ । ਜਨ ਭਗਤਾਂ ਵੇਖੇ ਮਾਰ ਧਿਆਨ, ਜੋਤ ਸਰੂਪੀ ਇਕ ਅਕਾਲਿਆ । ਲੱਖ ਚੁਰਾਸੀ ਆਤਮ ਦੇਵੇ ਜੀਆ ਦਾਨ, ਦੀਪਕ ਜੋਤੀ ਏਕਾ ਬਾਲਿਆ । ਸ਼ਬਦ ਸ਼ਬਦੀ ਬ੍ਰਹਮ ਗਿਆਨ, ਕਾਇਆ ਮੰਦਰ ਅੰਦਰ ਆਪ ਲਗਾਏ ਸਾਚਾ ਤਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਏਕਾ ਵਰ, ਆਪਣਾ ਆਪੇ ਪਾ ਲਿਆ । ਸੋ ਪੁਰਖ ਨਿਰੰਜਣ ਸਾਚਾ ਸੱਜਣ, ਗੁਰਮੁਖ ਵਿਰਲੇ ਪਾਇਆ । ਮਨਮੁਖ ਜੀਵ ਦਰ ਦਵਾਰਿਉਂ ਭੱਜਣ, ਘਰ ਸਾਚਾ ਮੂਲ ਨਾ ਪਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਅੰਮ੍ਰਿਤ ਆਤਮ ਪੀ ਪੀ ਰੱਜਣ, ਨਿਜਾਨੰਦ ਨਿਜ ਘਰ ਮਾਤ ਪਾਇਆ । ਤਾਲ ਤਲਵਾੜੇ ਸਾਚੇ ਵੱਜਣ, ਸਚ ਸੇਵਾ ਰਿਹਾ ਲਗਾਇਆ । ਗੜ੍ਹ ਹੰਕਾਰੀ ਕਿਲ੍ਹਾ ਕੋਟ ਤੱਜਣ, ਰਾਹ ਸਾਚਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਦੇਵੇ ਵਰ, ਸਤਿ ਸਤਿਵਾਦ ਆਪ ਅਖਵਾਇਆ । ਸੋ ਪੁਰਖ ਨਿਰੰਜਣ ਸਤਿ ਸਤਿਵਾਦ, ਆਦਿ ਅੰਤ ਬੇਅੰਤਿਆ । ਖੇਲੇ ਖੇਲ ਆਦਿ ਜੁਗਾਦਿ, ਪਾਰਬ੍ਰਹਮ ਪ੍ਰਭ ਸਾਚਾ ਕੰਤਿਆ । ਵੇਖ ਵਖਾਏ ਕੋਟਨ ਕੋਟ ਬ੍ਰਹਿਮਾਦ, ਭੇਵ ਨਾ ਪਾਇਣ ਜੀਵ ਜੰਤਿਆ । ਸ਼ਬਦ ਰਖਾਏ ਇਕ ਨਾਦ, ਆਪ ਸੁਣਾਏ ਸਾਧਨ ਸੰਤਿਆ । ਜੁਗ ਜੁਗ ਦੇਵੇ ਨਾਮ ਦਾਦ, ਸਤਿਜੁਗ ਦੁਆਪਰ ਤ੍ਰੇਤਾ ਬਣਾਏ ਬਣੰਤਿਆ । ਪੁਰਖ ਅਬਿਨਾਸ਼ੀ ਮਾਧਵ ਮਾਧ, ਆਪ ਮਿਟਾਏ ਉਤਪਤ ਕਰਾਏ ਆਪੇ ਵੇਖ ਵਿਖੰਤਿਆ । ਕੋਟਨ ਕੋਟ ਰਹੇ ਅਰਾਧ, ਗੁਰਮੁਖ ਵਿਰਲੇ ਤੇਲ ਚੜ੍ਹੰਤਿਆ । ਸਾਚੀ ਨਾਰੀ ਏਕਾ ਮੇਲਾ ਕੰਤ ਸੁਹਾਗ, ਆਤਮ


੪੨੧
੦੬

ਸੇਜਾ ਇਕ ਹਢੰਤਿਆ । ਮੋਨੀ ਸੋਨੀ ਬੈਠੇ ਕਰ ਵੈਰਾਗ, ਮਹਿੰਮਾ ਅਗਣਤ ਨਾ ਕੋਈ ਗਣੰਤਿਆ । ਦੀਪਕ ਜੋਤ ਨਾ ਦਿਸੇ ਚਿਰਾਗ, ਅੰਧ ਅੰਧੇਰ ਇਕ ਰਖੰਤਿਆ । ਮਾਇਆ ਡੱਸਣੀ ਕਲਜੁਗ ਜੀਵਾਂ ਡੱਸਿਆ ਨਾਗ, ਹੋਰ ਨਾ ਕੋਈ ਵਿਖੰਤਿਆ । ਜੂਠਾ ਝੂਠਾ ਤਨ ਬੱਧਾ ਤਾਗ, ਰਾਏ ਧਰਮ ਰਾਹ ਵਿਖੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਰਿਹਾ ਵਰ, ਗੁਰਮੁਖ ਸਾਚੇ ਇਕ ਇਕੰਤਿਆ । ਸੋ ਪੁਰਖ ਨਿਰੰਜਣ ਸਾਚਾ ਸੱਸਾ, ਆਪਣਾ ਰੂਪ ਵਟਾਇੰਦਾ । ਹਰਿ ਭਗਤ ਬਣਾਏ ਸਾਚਾ ਬੰਸਾ, ਸਾਚਾ ਰਾਹ ਵਿਖਾਇੰਦਾ । ਕੋਟਨ ਕੋਟ ਗਾਇਣ ਜਿਹਵਾ ਸਹੰਸ ਸਹੰਸਾ, ਸੇਵਕ ਸੇਵਾ ਲੇਖੇ ਲਾਇੰਦਾ । ਕਲਜੁਗ ਜੀਵ ਸੰਘਾਰੇ ਦੁਸ਼ਟ ਜਿਉਂ ਕਾਹਨਾ ਕੰਸਾ, ਏਕਾ ਖੰਡਾ ਨਾਮ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਵਸਿਆ ਘਰ, ਬੰਕ ਦਵਾਰ ਇਕ ਸੁਹਾਇੰਦਾ । ਸੋ ਪੁਰਖ ਨਿਰੰਜਣ ਸ਼ਬਦ ਅਨਾਦੀ, ਏਕਾ ਨਾਦ ਵਜਾਇੰਦਾ । ਜਾਪ ਜਪਾਏ ਬੋਧ ਅਗਾਧੀ, ਅਭੇਵ ਅਭੇਦਾ ਭੇਵ ਕੋਈ ਨਾ ਪਾਇੰਦਾ । ਧੁਰ ਦੀ ਬਾਣ ਜੁਗ ਜੁਗ ਵਾਦੀ, ਸ਼ਬਦ ਨਿਸ਼ਾਨ ਝੁਲਾਇੰਦਾ । ਜਨ ਭਗਤਾਂ ਆਤਮ ਰਿਹਾ ਸਾਧੀ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਇਕ ਕਰਾਏ ਸਾਚਾ ਹਾਜੀ, ਕਾਇਆ ਕਾਅਬਾ ਹੱਜ ਕਰਾਇੰਦਾ । ਪੰਚਮ ਢਾਹੇ ਫੜ ਫੜ ਗਾਜੀ, ਸ਼ਬਦ ਖੰਡਾ ਇਕ ਵਖਾਇੰਦਾ । ਚਿੱਟਾ ਅਸਵ ਸਾਚਾ ਤਾਜੀ, ਗੁਰਮੁਖ ਦਰ ਦਵਾਰੇ ਆਪ ਲਿਆਇੰਦਾ । ਸੋ ਦੇਵੇ ਜਨ ਸਾਚੀ ਭਾਜੀ, ਆਤਮ ਭਿਛਿਆ ਝੋਲੀ ਪਾਇੰਦਾ । ਜਗਤ ਵਿਕਾਰਾ ਹੋਇਆ ਪਾਜੀ, ਬੈਠਾ ਮੁਖ ਛੁਪਾਇੰਦਾ । ਗੁਰਮੁਖਾਂ ਰੱਖਣਹਾਰਾ ਲਾਜੀ, ਅੱਗੇ ਪਿੱਛੇ ਸੇਵ ਕਮਾਇੰਦਾ । ਆਪ ਚੜ੍ਹਾਏ ਸਚ ਜਹਾਜ਼ੀ, ਏਕਾ ਨਾਮ ਰਥ ਚਲਾਇੰਦਾ । ਦਿਵਸ ਰੈਣ ਅੰਦਰ ਮੰਦਰ ਕਾਇਆ ਬਹਿ ਬਹਿ ਮਾਰੀ ਆਵਾਜ਼ੀ, ਗੁਰਮੁਖ ਸੋਏ ਆਪ ਉਠਾਇੰਦਾ । ਸਾਚੀ ਸਾਜਨਾ ਰਿਹਾ ਸਾਜੀ, ਬੰਦ ਕਿਵਾੜੀ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਣ ਸਾਚਾ ਮੀਤਾ, ਦਸਮ ਦਵਾਰੀ ਧਾਮ ਸੁਹਾਇੰਦਾ । ਸੋ ਮਿਲਿਆ ਹਰਿ ਪਾਇਆ, ਘਰ ਸਾਚੇ ਵੱਜੇ ਵਧਾਈਆ । ਏਕਾ ਮੰਗਲ ਗਾਇਆ, ਮੇਲ ਮਿਲਿਆ ਸਾਚੇ ਮਾਹੀਆ । ਜਗਤ ਜੰਜਾਲਾ ਸੰਗਲ ਕੱਟ ਵਖਾਇਆ, ਧਰਮ ਰਾਏ ਤੋੜੇ ਫਾਹੀਆ । ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪਾਰ ਕਰਾਇਆ, ਸੁਖਮਨ ਨਾੜੀ ਬੈਠਾ ਸ਼ਰਮਾਈਆ । ਗੁਰ ਪੂਰੇ ਪੱਲੂ ਨਾਮ ਫੜਾਇਆ, ਏਕਾ ਧੁਨ ਰਿਹਾ ਸੁਣਾਇਆ, ਦਰ ਦਵਾਰੇ ਰਿਹਾ ਸੁਹਾਈਆ । ਅੰਦਰ ਬਹਿ ਬਹਿ ਰਾਗ ਅਨਾਦੀ ਰਿਹਾ ਸੁਣਾਇਆ, ਸ਼ਬਦ ਸਿੰਘਾਸਣ ਸੇਜ ਵਿਛਾਈਆ । ਮਿੱਠੀ ਧਾਰਾ ਦਸਮ ਦਵਾਰਾ ਜੋਤ ਸਰੂਪੀ ਕਰ ਆਕਾਰਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਜਨ ਭਗਤਾਂ ਕਰੇ ਇਕ ਪਿਆਰਾ, ਸੱਚੀ ਭੁਜਾ ਰਿਹਾ ਉਠਾਈਆ । ਅੰਮ੍ਰਿਤ ਆਤਮ ਮੁਖ ਚੁਆਏ ਠੰਢੀ ਧਾਰਾ, ਸੀਤਲ ਸੀਤ ਕਰਾਈਆ । ਏਕਾ ਦੂਜਾ ਭੇਵ ਨਿਵਾਰਾ, ਏਕਾ ਰੰਗ ਰੰਗਾਈਆ । ਨਾਮ ਪਲੰਘ ਅਪਰ ਅਪਾਰਾ, ਸੋ ਪੁਰਖ ਨਿਰੰਜਣ ਆਪਣਾ ਆਪ ਵਿਖਾਈਆ । ਨਾਰੀ ਕੰਤ ਮੇਲ ਭਤਾਰਾ, ਸਾਚੀ ਸੇਜਾ ਇਕ ਹੰਢਾਈਆ । ਆਪੇ ਨਾਰੀ ਆਪੇ ਨਾਰਾ, ਏਕਾ ਰੂਪ ਹੋ ਜਾਈਆ । ਗੁਰਮੁਖ ਤੇਰਾ ਸਚ ਦਵਾਰਾ, ਸੋ ਪੁਰਖ ਨਿਰੰਜਣ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਹੋੜਾ ਉਪਰ ਲਾਈਆ । ਸੱਸਾ ਹੋੜਾ ਇਕ ਇਕੱਲਾ, ਪ੍ਰਭ ਸਾਚਾ ਆਪ ਲਗਾਇੰਦਾ । ਸ਼ਬਦ ਬਣਾਇਆ ਸਚ ਮਹੱਲਾ, ਚਾਰ ਦਿਵਾਰੀ ਨਾ ਕੋਈ ਰਖਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋਵੇਂ ਰਾਹ ਮੱਲਾ, ਆਰ ਪਾਰ ਕੋਈ ਸੰਗ ਨਾ ਜਾਇੰਦਾ ।


੪੨੨
੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਸੋ ਆਪੇ ਆਪ ਉਪਾਇੰਦਾ । ਸੋ ਪਾਇਆ ਪ੍ਰਭ ਆਪਣਾ, ਘਰ ਸਾਚੇ ਵੱਜੇ ਵਧਾਈਆ । ਮੇਟ ਮਿਟਾਏ ਤੀਨੋਂ ਤਾਪਨਾ, ਰਸਨਾ ਲੇਖ ਰਹਿਣ ਨਾ ਪਾਈਆ । ਲੇਖਾ ਚੁੱਕੇ ਜਾਪ ਜਪਨਾ, ਜਗਤ ਵਿਦਿਆ ਲੇਖ ਲਿਖਾਈਆ । ਕੋਟਨ ਕੋਟ ਉਤਾਰੇ ਪਾਪਨਾ, ਜਿਸ ਜਨ ਮਿਲਿਆ ਹਰਿ ਰਘੁਰਾਈਆ । ਨਾ ਕੋਈ ਦੇਵੇ ਵਰ ਸਰਾਪਨਾ, ਨਾ ਕੋਈ ਮਸਤਕ ਟਿੱਕਾ ਲਾਈਆ । ਆਪ ਬੁਝਾਏ ਗੁਰਮੁਖਾਂ ਆਪ ਆਪਣਾ, ਦੇਵੇ ਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਹਾਹਾ ਨਾਲ ਮਿਲਾਈਆ । ਹਾਹਾ ਅੱਖਰ ਹਰਿ ਕਰਤਾਰ, ਹਰੀ ਹਰਿ ਸਮਾਇਆ । ਆਪਣੇ ਘਰੋਂ ਕੀਤਾ ਬਾਹਰ, ਦੂਜਾ ਰੂਪ ਵਟਾਇਆ । ਪਾਰਬ੍ਰਹਮ ਸੱਚੀ ਸਰਕਾਰ, ਹਾਰ ਜਿਤ ਰਿਹਾ ਕਰਾਇਆ । ਪਾਰਬ੍ਰਹਮ ਕੋਈ ਨਾ ਪਾਵੇ ਸਾਰ, ਬ੍ਰਹਮ ਬ੍ਰਹਮ ਰੂਪ ਉਪਾਇਆ । ਬ੍ਰਹਮ ਹੋਇਆ ਸੇਵਾਦਾਰ, ਪਾਰਬ੍ਰਹਮ ਤੇਰੀ ਸੇਵਾ ਰਿਹਾ ਕਮਾਇਆ । ਨਾ ਮਰਿਆ ਨਾ ਪਿਆ ਜੰਮ, ਮਾਤਾ ਗੋਦ ਨਾ ਕਿਸੇ ਉਠਾਇਆ । ਹੱਡ ਮਾਸ ਨਾੜੀ ਚੰਮ, ਬੂੰਦ ਰਕਤ ਨਾ ਕੋਇ ਰਖਾਇਆ । ਪਵਣ ਸਵਾਸੀ ਨਾ ਕੋਈ ਦਮ, ਰਸਨਾ ਜਿਹਵਾ ਨਾ ਗਾਣਾ ਗਾਇਆ । ਨੇਤਰ ਨੈਣ ਨਾ ਵਹਾਏ ਛੰਮ ਛੰਮ, ਆਲਸ ਨਿੰਦਰਾ ਵਿਚ ਨਾ ਆਇਆ । ਆਪੇ ਜਾਣੇ ਆਪਣਾ ਕੰਮ, ਆਪ ਆਪਣੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਸਾ ਘਰ ਪਿੱਛੇ ਕਰ, ਹਾਹਾ ਅੱਗੇ ਲਾਇਆ । ਹਾਹਾ ਹਰੀ ਆਪ ਨਿਰੰਕਾਰਾ, ਆਪਣਾ ਰੰਗ ਰੰਗਾਇੰਦਾ । ਲੋਕਮਾਤ ਲਏ ਅਵਤਾਰਾ, ਲੱਖ ਚੁਰਾਸੀ ਜੂਨ ਉਪਾਇੰਦਾ । ਆਪੇ ਵਸਿਆ ਹਰਿ ਹਰਿ ਬਾਹਰਾ, ਆਪੇ ਵਿਚ ਸਮਾਇੰਦਾ । ਨਾਲ ਰਲਾਏ ਪੰਚਮ ਯਾਰਾ, ਪੰਚਾਂ ਤਤਾਂ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਕਰ ਪਸਾਰਾ, ਤੇਰੀ ਝੋਲੀ ਪਾਇੰਦਾ । ਪਾਰਬ੍ਰਹਮ ਤੇਰਾ ਖੇਲ ਅਪਾਰਾ, ਹਾਹਾ ਦੋਏ ਜੋੜ ਸੀਸ ਝੁਕਾਇੰਦਾ । ਹਾਹਾ ਹਰ ਦਮ ਯਾਦ ਕਰ, ਏਕਾ ਆਸ ਰਖਾਈਆ । ਸ਼ਬਦ ਸਵਾਸ ਕਰ, ਰਸਨਾ ਰਿਹਾ ਧਿਆਈਆ । ਲੋਕਮਾਤ ਜੰਗਲ ਜੂਹ ਉਜਾੜ ਪਹਾੜ, ਪਰਭਾਸ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਤੇਰਾ ਪਹਿਲਾ ਘਰ ਰਿਹਾ ਬਣਾਈਆ ।

### ✻ ੫ ਚੇਤ ੨੦੧੪ ਬਿਕ੍ਰਮੀ ਕੇਹਰ ਸਿੰਘ ਦੇ ਗ੍ਰਿਹ ਪਿੰਡ ਰਜੀਵਾਲ ਜ਼ਿਲਾ ਫਿਰੋਜ਼ਪੁਰ ✻

ਤ੍ਰਿਸ਼ਨਾ ਅੱਗ ਜਲਾਏ, ਨਾ ਕੋਈ ਹੋਏ ਸਹਾਇਆ । ਸੂਰਾ ਸਰਬੰਗ ਨਾ ਕੋਈ ਦਿਸਾਏ, ਚਾਰੇ ਕੁੰਟਾਂ ਵੇਖ ਵਖਾਇਆ । ਕਲਜੁਗ ਮਾਇਆ ਜਗ ਵਰਤਾਏ, ਜੂਠ ਝੂਠ ਝੋਲੀ ਰਿਹਾ ਭਰਾਇਆ । ਗੁਰਮੁਖ ਵਿਰਲਾ ਪਗ ਲਗਾਏ, ਰਸ ਅਨੂਠ ਇਕ ਵਖਾਇਆ । ਹੰਸ ਬਗੜੇ ਬਪ ਬਣਾਏ, ਸਾਚੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਆਪਣਾ ਆਪ ਮਿਲਾਇਆ । ਕਲਜੁਗ ਮਾਇਆ ਜੁਗਤੀ ਜਾਲ, ਏਕਾ ਏਕ ਰਖਾਇਆ । ਲੱਖ ਚੁਰਾਸੀ ਰਿਹਾ ਭਾਲ, ਵੇਖਣਹਾਰਾ ਆਪ ਅਖਵਾਇਆ । ਗੁਰਮੁਖ ਸਾਚੇ ਸਾਚੇ ਲਾਲ, ਆਪ ਆਪਣੇ ਅੰਗ ਲਗਾਇਆ । ਵਰਨ ਬਰਨ ਹੋਏ ਕੰਗਾਲ, ਸਾਚੀ ਸਰਨਾ ਨਾ ਕੋਈ ਰਖਾਇਆ । ਫਲ ਨਾ ਦਿਸੇ ਕਿਸੇ ਡਾਲ, ਅੰਮ੍ਰਿਤ ਮੇਵਾ ਨਾ ਕੋਈ ਖਵਾਇਆ । ਦਰ ਦਰ ਘਰ ਘਰ ਕੂਕ ਪੁਕਾਰੇ ਕਲਜੁਗ ਕਾਲ, ਅਵੱਲੜੀ ਚਾਲ ਰਖਾਇਆ । ਪੱਲੇ ਦਿਸੇ ਨਾ ਕਿਸੇ ਧਨ ਮਾਲ,

੪੨੩
੦੬

ਨਾਮ ਖਜ਼ਾਨਾ ਕਿਸੇ ਹੱਥ ਨਾ ਆਇਆ । ਗੁਰ ਪੂਰਾ ਨਾ ਮਿਲਿਆ ਮਾਤ ਦਲਾਲ, ਰਾਹ ਸਾਚਾ ਦਏ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਆਪੇ ਭਾਲ, ਆਪ ਆਪਣੀ ਸਰਨ ਲਗਾਇਆ । ਗੁਰਮੁਖ ਸਾਚਾ ਲਾਲ ਅਨਮੁੱਲਾ, ਹਰਿ ਆਪੇ ਵੇਖ ਵਖਾਇੰਦਾ । ਭਾਗ ਲਗਾਏ ਸਾਚੀ ਕੁੱਲਾ, ਕਲ ਕਲਵੰਤ ਆਪ ਹੋ ਜਾਇੰਦਾ । ਪੂਰੇ ਤੋਲ ਰਿਹਾ ਤੋਲਾ, ਤੋਲਣਹਾਰ ਆਪ ਅਖਵਾਇੰਦਾ । ਚਰਨ ਦਵਾਰੇ ਕਰੇ ਗੋਲਾ, ਧੂੜੀ ਮਸਤਕ ਖ਼ਾਕ ਰਮਾਇੰਦਾ । ਸੁਣੇ ਸੁਣਾਏ ਸਾਚਾ ਢੋਲਾ, ਪੁਰੀ ਅਨੰਦ ਮੇਲ ਮਿਲਾਇੰਦਾ । ਪੁਰੀ ਅਨੰਦ ਕਾਇਆ ਚੋਲਾ, ਪੰਚ ਅੱਖਰ ਆਪ ਵਿਖਾਇੰਦਾ । ਪੰਚਮ ਗਾਇਣ ਏਕਾ ਬੋਲਾ, ਹਰਿ ਸਾਚੀ ਸੇਵਾ ਲਾਇੰਦਾ । ਦਰ ਦਵਾਰੇ ਸਾਚੇ ਹੋਲਾ, ਮਿਲ ਸਖੀਆਂ ਆਪ ਖਿਲਾਇੰਦਾ । ਧਰਮ ਦਵਾਰਾ ਏਕਾ ਖੋਲ੍ਹਾ, ਸ਼ਬਦ ਸਿੰਘਾਸਣ ਇਕ ਵਿਛਾਇੰਦਾ । ਆਪਣੀ ਸੇਜੇ ਆਪੇ ਮੌਲਾ, ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਏਕਾ ਦਰ, ਦਰ ਦਵਾਰਾ ਆਪ ਸੁਹਾਇੰਦਾ । ਗੁਰਮੁਖ ਗੋਬਿੰਦ ਕਾਇਆ ਰੰਗ, ਸਗਲੀ ਬਣਤ ਬਣਾਈਆ । ਨਾਮ ਡੋਰੀ ਚਾੜ੍ਹ ਪਤੰਗ, ਆਕਾਸ਼ ਆਕਾਸ਼ਾਂ ਪਾਰ ਕਰਾਈਆ । ਚਿੱਟੇ ਅਸਵ ਕਸਿਆ ਤੰਗ, ਦੂਰ ਦੁਰਾਡਾ ਵੇਖੇ ਫੇਰੀ ਪਾਈਆ । ਆਪ ਲਗਾਏ ਆਪਣੇ ਅੰਗ, ਅੰਗੀਕਾਰ ਆਪ ਹੋ ਜਾਈਆ । ਦਾਤਾ ਜੋਧਾ ਸੂਰਾ ਸਰਬੰਗ, ਸਗਲਾ ਸਾਥ ਨਿਭਾਈਆ । ਕੱਟਣਹਾਰਾ ਭੁੱਖ ਨੰਗ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਮਾਇਆ ਮਮਤਾ ਮੋਹ ਵਿਕਾਰਾ ਹਉਮੇ ਤ੍ਰਿਸ਼ਨਾ ਨਾ ਮਾਰੇ ਡੰਗ, ਸਾਂਤਕ ਸਤਿ ਵਰਤਾਈਆ । ਸਤਿ ਸੁਹੰਜਣੀ ਸ਼ਬਦ ਰੰਗੀਲਾ ਇਕ ਵਖਾਏ ਪਲੰਘ, ਬੈਠਾ ਆਸਣ ਲਾਈਆ । ਸੋਹੰ ਚੂੜਾ ਸਾਚਾ ਨਾਮ ਤੰਦਨ, ਏਕਾ ਵੰਗ ਰਿਹਾ ਤਨ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵਣਹਾਰਾ ਵਰ, ਏਕਾ ਸਾਚਾ ਮਾਹੀਆ । ਵਰ ਪਾਇਆ ਪੁਰਖ ਅਪਾਰ, ਘਰ ਸੁਹੰਜਣਾ । ਮਿਲਿਆ ਮੇਲ ਪੁਰਖ ਭਤਾਰ, ਜਗੇ ਜੋਤ ਨਿਰੰਜਣਾ । ਵੇਖੇ ਦਰ ਸੱਚਾ ਦਰਬਾਰ, ਬੈਠਾ ਹਰਿ ਸ਼ਾਹੋ ਦਰਦ ਦੁੱਖ ਭੈ ਭੰਜਨਾ । ਲਹਿਣਾ ਦੇਣ ਮੂਲ ਚੁਕਾਏ ਨਾ ਕਰੇ ਕੋਈ ਹੁਦਾਰ, ਏਕਾ ਚਾੜ੍ਹੇ ਨਾਮ ਰੰਗਣਾ । ਪੂਰਬ ਕਰਮ ਕਰਜ਼ ਉਤਾਰ ਆਪ ਲਗਾਏ ਆਪਣੇ ਅੰਗਣਾ । ਸੋਹੰ ਸ਼ਬਦ ਤਿੱਖੀ ਧਾਰ, ਗੁਰਮੁਖ ਵਿਰਲੇ ਪਾਰ ਲੰਘਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਦਰ, ਦਰ ਦਵਾਰਾ ਆਪੇ ਮੰਗਣਾ । ਦਰ ਦਵਾਰੇ ਸ਼ਬਦ ਭੰਡਾਰਾ, ਏਕਾ ਏਕ ਵਰਤਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਅਪਾਰਾ, ਗੋਬਿੰਦ ਰੂਪ ਵਟਾਇੰਦਾ । ਗੋਬਿੰਦ ਗੁਰ ਸੇਵਕ ਸੇਵਾਦਾਰਾ, ਹਰਿ ਸਾਚੀ ਸੇਵਾ ਲਾਇੰਦਾ । ਸ਼ਬਦ ਵਜਾਏ ਤਨ ਨਗਾਰਾ, ਆਪਣੀ ਬਣਤ ਬਣਾਇੰਦਾ । ਜੋਤੀ ਨੂਰ ਕਰ ਅਕਾਰਾ, ਅੰਦਰ ਮੰਦਰ ਮੁਖ ਛੁਪਾਇੰਦਾ । ਆਵੇ ਜਾਵੇ ਵਾਰੋ ਵਾਰਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਲੋਆਂ ਪੁਰੀਆਂ ਫੋਲ ਫੁਲਾਇੰਦਾ । ਗੁਰਮੁਖਾਂ ਕਰੇ ਸਚ ਪਿਆਰਾ, ਸਾਚਾ ਰਾਹ ਵਖਾਇੰਦਾ । ਆਦਿ ਸ਼ਕਤ ਪ੍ਰਭ ਏਕੰਕਾਰਾ, ਅੰਤ ਕੰਤ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਜਣ ਸਾਚਾ ਸ਼ਬਦੀ ਬਣਤ ਬਣਾਇੰਦਾ । ਸਾਜਣ ਮੀਤਾ ਹਰਿ ਬਨਵਾਰੀ, ਏਕਾ ਏਕ ਅਖਵਾਇਆ । ਗੁਰਮੁਖਾਂ ਪੈਜ ਰਿਹਾ ਸਵਾਰੀ, ਦਰ ਦਰ ਘਰ ਘਰ ਫੇਰਾ ਪਾਇਆ । ਕਲਜੁਗ ਤੇਰੀ ਅੰਤਮ ਵਾਰੀ, ਅੰਧ ਅੰਧੇਰ ਰਿਹਾ ਮਿਟਾਇਆ । ਸਤਿਜੁਗ ਤੇਰੀ ਬੰਨ੍ਹੇ ਧਾਰੀ, ਸਤਿ ਪੁਰਖ ਨਿਰੰਜਣ ਜੋਤ ਜਗਾਇਆ । ਭਰਮੇ ਭੁੱਲੇ ਜੀਵ ਗਵਾਰੀ, ਲੱਖ ਚੁਰਾਸੀ ਦਿਸ ਨਾ ਆਇਆ । ਸ਼ਬਦ ਖੰਡਾ ਤੇਜ ਕਟਾਰੀ,

ਆਪ ਆਪਣੇ ਹੱਥ ਉਠਾਇਆ । ਪਹਿਲੀ ਚੇਤਰ ਕਰ ਤਿਆਰੀ, ਸੰਮਤ ਚੌਦਾਂ ਲੇਖ ਲਿਖਾਇਆ । ਏਕਾ ਦੂਜਾ ਪਾਵੇ ਸਾਰੀ, ਤੀਜੇ ਤੀਜਾ ਮੇਲ ਮਿਲਾਇਆ । ਚੌਥੇ ਘਰ ਖੋਲ੍ਹ ਕਿਵਾੜੀ, ਸੰਤ ਜਨਾਂ ਹਰਿ ਰਾਹ ਵਿਖਾਇਆ । ਪੰਚਮ ਹੋਵੇ ਸਚ ਦਰਬਾਰੀ, ਪੰਚਮ ਮੇਲਾ ਮੇਲ ਮਿਲਾਇਆ । ਗੁਰਮੁਖਾਂ ਕਰੇ ਖ਼ਬਰਦਾਰੀ, ਬਿਆਸ ਕਿਨਾਰਾ ਵੇਖ ਵਖਾਇਆ । ਗੁਰ ਗੋਬਿੰਦਾ ਖੇਲ ਨਿਆਰੀ, ਆਪ ਆਪਣਾ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਮਲਾਹ ਬੇਪਰਵਾਹ ਏਕਾ ਏਕ ਏਕ ਹੋ ਆਇਆ । ਏਕਾ ਏਕ ਸ਼ਬਦ ਵਣਜਾਰਾ, ਨਰ ਨਰਾਇਣ ਆਪ ਅਖਵਾਇੰਦਾ । ਗੁਰਮੁਖਾਂ ਕਰੇ ਜਗਤ ਵਪਾਰਾ, ਸਾਚੀ ਵਸਤ ਲਿਆਇੰਦਾ । ਦਰ ਦਰ ਘਰ ਘਰ ਭਰਦਾ ਜਾਏ ਨਾਮ ਭੰਡਾਰਾ, ਅਤੋਟ ਅਤੁਟ ਰਖਾਇੰਦਾ । ਆਪੇ ਬਣਿਆ ਕਲ ਵਰਤਾਰਾ, ਦਿਸ ਕਿਸੇ ਨਾ ਆਇੰਦਾ । ਜੋਤ ਸਰੂਪੀ ਕਰ ਆਕਾਰਾ, ਸ਼ਬਦੀ ਧਾਰ ਚਲਾਇੰਦਾ । ਸ਼ਬਦ ਸਰੂਪੀ ਡੰਕ ਅਪਾਰਾ, ਜੋਤੀ ਸੇਵਾ ਲਾਇੰਦਾ । ਪਵਣ ਪਵਣ ਗਾਏ ਵਾਰੋ ਵਾਰਾ, ਲੋਆਂ ਪੁਰੀਆਂ ਆਪ ਜਣਾਇੰਦਾ । ਨੌ ਖੰਡ ਪ੍ਰਿਥਮੀ ਇਕ ਹੁਲਾਰਾ, ਸੱਤਾਂ ਦੀਪਾਂ ਰਾਗ ਸੁਣਾਇੰਦਾ । ਗੁਰਮੁਖ ਅੰਦਰ ਵੇਖੇ ਸਚ ਦਵਾਰਾ, ਹਰਿ ਆਪਣਾ ਆਸਣ ਲਾਇੰਦਾ । ਜੋਤ ਜਗਾਏ ਅਗੰਮ ਅਪਾਰਾ, ਮੇਲ ਮਿਲਾਏ ਮੇਲਣਹਾਰਾ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਲੇਖ ਸਚ ਘਰ ਪੰਚਮ ਚੇਤਰ ਨੇਤਨ ਨੇਤ ਦਰਸ ਵਿਖਾਇੰਦਾ ।



✳ ੫ ਚੇਤ ੨੦੧੪ ਬਿਕ੍ਰਮੀ ਮਲ ਸਿੰਘ ਦੇ ਗ੍ਰਿਹਿ ਪਿੰਡ ਰੱਜੀਵਾਲ ਜ਼ਿਲਾ ਫਿਰੋਜ਼ਪੁਰ ✳

ਆਪ ਆਪਣੀ ਕਿਰਪਾ ਧਾਰ, ਸਾਚਾ ਸੁਖ ਉਪਜਾਇੰਦਾ । ਰੋਗ ਸੋਗ ਚਿੰਤਾ ਦੁੱਖ ਨਿਵਾਰ, ਆਤਮ ਸੁੱਖ ਉਪਜਾਇੰਦਾ । ਚਰਨ ਕਵਲ ਇਕ ਪਿਆਰ, ਸਾਚਾ ਰਾਹ ਵਖਾਇੰਦਾ । ਗਊ ਗਰੀਬਾਂ ਪਾਵੇ ਸਾਰ, ਗਤ ਮਿਤ ਆਪਣੇ ਹੱਥ ਰਖਾਇੰਦਾ । ਜਗਤ ਸੁਹਾਏ ਦਰ ਦਵਾਰ, ਭਗਤ ਭਗਤੀ ਸੇਵਾ ਲਾਇੰਦਾ । ਆਪੇ ਦੇਵੇ ਨਾਮ ਅਧਾਰ, ਝੋਲੀ ਸ਼ਬਦ ਭਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਸਰਨ ਸਰਨ ਚਰਨ ਏਕਾ ਏਕ ਰਖਾਇੰਦਾ ।

✳ ੫ ਚੇਤ ੨੦੧੪ ਬਿਕ੍ਰਮੀ ਗੁਰਦਿਆਲ ਸਿੰਘ ਦੇ ਘਰ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਰਾਮੂ ਵਾਲਾ ਜ਼ਿਲਾ ਫਿਰੋਜ਼ਪੁਰ ✳

ਜੋਤੀ ਨੂਰ ਕਰ ਅਕਾਰ, ਸ਼ਬਦ ਜਣਾਈਆ । ਲੋਕਮਾਤ ਲਏ ਅਵਤਾਰ, ਹਰਿ ਸਾਚੀ ਰਚਨ ਰਚਾਈਆ । ਲੱਖ ਚੁਰਾਸੀ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਨੇਤਰ ਰਹੇ ਉਘਾੜ, ਕਵਣ ਕੂਟੇ ਨਿਹਕਲੰਕ ਕਰੇ ਰੁਸ਼ਨਾਈਆ । ਮਨਮੁਖ ਜੀਵਾਂ ਲਾਹੇ ਚੰਮ, ਗੁਰਮੁਖਾਂ ਪਾਰ ਕਰਾਈਆ । ਗੁਰਮੁਖਾਂ ਕਾਇਆ ਜੋਤ ਧਰ, ਸ਼ਬਦੀ ਰਚਨ ਰਚਾਈਆ । ਮਹਿੰਮਾ ਅਗਣਤ ਅਪਰ ਅਪਾਰ, ਪ੍ਰਭ

ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦਏ ਮਾਤ ਵਡਿਆਈਆ । ਭਗਤ ਜਨਾਂ ਹਰਿ ਸਾਚਾ ਮੀਤਾ, ਜੁਗ ਜੁਗ ਜੋਤ ਜਗਾਇੰਦਾ । ਕਲਜੁਗ ਤੇਰੀ ਪਰਖੇ ਕਾਲੀ ਰੀਤਾ, ਕਾਇਆ ਵੇਖ ਵਖਾਇੰਦਾ । ਗੁਰਮੁਖ ਵਿਰਲੇ ਦੇਵੇ ਨਿਧਾਨ, ਆਪ ਆਪਣੀ ਦਇਆ ਕਮਾਇੰਦਾ । ਸਤਿਜੁਗ ਝੁਲਾਏ ਧਰਮ ਨਿਸ਼ਾਨ, ਸਾਚਾ ਰਾਹ ਵਿਖਾਇੰਦਾ । ਏਕਾ ਏਕ ਕਰਾਏ ਰਾਓ ਰੰਕ ਰਾਜ ਰਾਜਾਨ, ਸ਼ਾਹ ਸੁਲਤਾਨ ਵੇਖ ਵਖਾਇੰਦਾ । ਸ਼ਬਦ ਉਡਾਏ ਇਕ ਬਿਬਾਣ, ਲੋਆਂ ਪੁਰੀਆਂ ਆਪ ਉਡਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਜੋਤੀ ਜੋੜਾ ਮੇਲ ਮਿਲਾਇੰਦਾ । ਨਾਮ ਤੋੜਾ ਜਗਤ ਨਿਸ਼ਾਨ, ਜੋਤੀ ਜੋੜੇ ਮੇਲ ਮਿਲਾਇੰਦਾ । ਵੇਖੇ ਪਰਖੇ ਮਿੱਠੇ ਕੌੜੇ ਵਿਚ ਜਹਾਨ, ਲੱਖ ਚੁਰਾਸੀ ਫੋਲ ਫੁਲਾਇੰਦਾ । ਸ਼ਬਦ ਘੋੜਾ ਹਰਿ ਬਲਵਾਨ, ਏਕਾ ਏਕ ਦੁੜਾਇੰਦਾ । ਜੁੜਿਆ ਰਹਿਣ ਨਾ ਦੇਵੇ ਕੋਈ ਜੋੜਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਜਗਾਇੰਦਾ । ਸੰਮਤ ਚੌਦਾਂ ਪਹਿਲੀ ਚੇਤਰ ਮਾਰਨ ਆਇਆ ਮਾਤ ਪੌੜਾ, ਨੀਲਾ ਆਪਣਾ ਪੌੜ ਉਠਾਇੰਦਾ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਕਲਜੁਗ ਅੰਤਮ ਵਾਰ ਕਰਾਇੰਦਾ । ਭਗਤ ਜਨਾਂ ਹਰਿ ਆਪੇ ਬਹੁੜਾ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਧੁਰਦਰਗਾਹੀ ਆਇਆ ਦੌੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਬਨਵਾਰੀ, ਏਕਾ ਏਕ ਰਖਾਇਆ । ਨਿਰਮਲ ਜੋਤ ਕਰ ਉਜਿਆਰੀ, ਏਕਾ ਚੰਦ ਚੜ੍ਹਾਇਆ । ਸ਼ਬਦ ਖੰਡਾ ਤੇਜ ਕਟਾਰੀ, ਆਪਣੇ ਹੱਥ ਉਠਾਇਆ । ਖੰਡਾਂ ਬ੍ਰਹਿਮੰਡਾਂ ਪਾਵੇ ਸਾਰੀ, ਜੇਰਜ ਅੰਡਾਂ ਵੇਖ ਵਖਾਇਆ । ਲੇਖਾ ਲਿਖਣਹਾਰ ਲਿਖਾਰੀ, ਕਲਜੁਗ ਤੇਰੀ ਅੰਤਮ ਵਾਰੀ, ਅਚਰਜ ਖੇਲ ਰਚਾਇਆ । ਜੋਧਾ ਸੂਰਬੀਰ ਬਲਕਾਰੀ, ਦਹਿ ਦਿਸ਼ਾ ਫੇਰਾ ਪਾਇਆ । ਲੱਖ ਚੁਰਾਸੀ ਕਰੇ ਖ਼ਬਰਦਾਰੀ, ਮਨਮੁਖਾਂ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਵੇਖ ਵਖਾਇਆ । ਦਰ ਦਵਾਰਾ ਸ਼ਬਦ ਟਿਕਾਣਾ, ਹਰਿ ਸਾਚਾ ਵੇਖ ਵਖਾਇੰਦਾ । ਗੁਰਮੁਖ ਵਿਰਲੇ ਮਾਤ ਪਛਾਣਾ, ਮਨਮੁਖ ਗੂੜ੍ਹੀ ਨੀਂਦ ਸਵਾਇੰਦਾ । ਆਪੇ ਵਰਤੇ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਇੰਦਾ । ਭਰਮੇ ਭੁੱਲੇ ਜੀਵ ਅੰਞਾਣਾ, ਸਾਧ ਸੰਤ ਜੀਵ ਜੰਤ ਕੋਇ ਨਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚਾਰ ਵਰਨਾਂ ਏਕਾ ਸਰਨਾ, ਏਕਾ ਧਾਮ ਸੁਹਾਇੰਦਾ । ਚਾਰ ਵਰਨ ਇਕ ਦਵਾਰ, ਏਕਾ ਏਕ ਵਖਾਇੰਦਾ । ਪਰਗਟ ਹੋ ਵਿਚ ਸੰਸਾਰ, ਸਾਚਾ ਮਾਰਗ ਲਾਇੰਦਾ । ਊਚਾਂ ਨੀਚਾਂ ਕਰ ਪਿਆਰ, ਏਕਾ ਧਾਮ ਸੁਹਾਇੰਦਾ । ਮੇਲ ਮਿਲਾਏ ਵਾਰੋ ਵਾਰ, ਗੁਰਮੁਖ ਸਾਚੇ ਆਪ ਮਿਲਾਇੰਦਾ । ਗੋਬਿੰਦ ਮੇਲਾ ਗੁਰ ਅਪਾਰ, ਗੁਰ ਚੇਲਾ ਆਪ ਅਖਵਾਇੰਦਾ । ਸੱਜਣ ਸੁਹੇਲਾ ਮੀਤ ਮੁਰਾਰ, ਸਤਿਗੁਰ ਆਪ ਅਖਵਾਇੰਦਾ । ਖੇਲੇ ਖੇਲ ਅਪਰ ਅਪਾਰ, ਜੋਤੀ ਸ਼ਬਦੀ ਬਣਤ ਬਣਾਇੰਦਾ । ਵੇਖ ਵਖਾਣੇ ਲੋਕਮਾਤ ਪਾਵੇ ਸਾਰ, ਕਲਜੁਗ ਤੇਰੀ ਵੰਡ ਵੰਡਾਇੰਦਾ । ਸਾਢੇ ਤਿੰਨ ਤਿੰਨ ਹੱਥ ਸੀਆਂ ਬੰਨ੍ਹੇ ਧਾਰ, ਚਾਰ ਕੁੰਟਾਂ ਆਪ ਜਣਾਇੰਦਾ । ਗੁਰਮੁਖ ਵਿਰਲੇ ਪੈਜ ਸਵਾਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਗੁਰ ਸ਼ਬਦ ਸੰਮਤ ਚੌਦਾਂ ਬੰਨ੍ਹੇ ਧਾਰ, ਤੇਰਾ ਵਕਤ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਭਗਤ ਸੁਹੇਲਾ ਵੇਖੇ ਕਾਇਆ ਖੇਲਾ, ਆਤਮ ਜੋਤੀ ਨੂਰ ਟਿਕਾਇੰਦਾ । ਪਹਿਲੀ ਚੇਤਰ ਕਰ ਤਿਆਰੀ, ਭਰਮੇ ਭਰਮ ਮਿਟਾਈਆ । ਚਿੱਟੇ ਅਸਵ ਕਰ ਅਸਵਾਰੀ, ਘਰ ਪਹਿਲਾ ਵੇਖ ਵਖਾਈਆ ।

੪੨੬
੦੬

ਇਕ ਇਕੱਲਾ ਰੱਖਣਹਾਰਾ ਏਕਾ ਰੂਪ ਸਮਾਈਆ । ਆਪੇ ਬੰਨ੍ਹੇ ਆਪਣੀ ਧਾਰੀ, ਸਾਚੀ ਰਚਨ ਰਚਾਈਆ । ਸ਼ਬਦ ਉਪਾਏ ਸੰਗ ਰਲਾਏ ਵਡ ਸੰਸਾਰੀ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਤੀਜਾ ਨੇਤਰ ਰਿਹਾ ਉਘਾੜੀ, ਆਪ ਆਪਣਾ ਰੂਪ ਵਿਖਾਈਆ । ਸ਼ਬਦ ਬਿਬਾਣੇ ਰਿਹਾ ਚਾੜ੍ਹੀ, ਨੌਂ ਦਰ ਪਾਰ ਕਰਾਈਆ । ਆਪੇ ਹੋਇਆ ਪਿੱਛੇ ਅਗਾੜੀ, ਸੇਵਕ ਸੇਵਾ ਰਿਹਾ ਕਮਾਈਆ । ਜੋਤ ਜਗਾਏ ਬਹੱਤਰ ਨਾੜੀ, ਦਿਵਸ ਰੈਣ ਡਗਮਗਾਈਆ । ਮੇਟ ਮਿਟਾਏ ਪੰਚਮ ਧਾੜੀ, ਸ਼ਬਦ ਖੰਡਾ ਰਿਹਾ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੇਤਰ ਚਾਰ ਦਿਵਸ ਵਿਚਾਰ, ਘਰ ਚੌਥਾ ਖੋਲ੍ਹ ਵਖਾਈਆ । ਚੌਥਾ ਘਰ ਪਦ ਨਿਰਬਾਣਾ, ਹਰਿ ਹਰਿ ਏਕ ਰਖਾਇਆ । ਗੁਰਮੁਖ ਮੇਲਾ ਸ੍ਰੀ ਭਗਵਾਨਾ, ਘਰ ਸਾਚਾ ਇਕ ਸੁਹਾਇਆ । ਆਪੇ ਜਾਣੇ ਗੁਣ ਨਿਧਾਨਾ, ਗੁਣਵੰਤਾ ਦਇਆ ਕਮਾਇਆ । ਸ਼ਬਦ ਵਖਾਏ ਸਚ ਨਿਸ਼ਾਨਾ, ਏਕਾ ਪੱਲਾ ਨਾਮ ਫੜਾਇਆ । ਆਪੇ ਦੇਵੇ ਪੀਣਾ ਖਾਣਾ, ਪੰਚਮ ਰਾਗ ਸੁਣਾਏ ਅਨਾਦੀ ਗਾਣਾ, ਆਤਮ ਸੇਜਾ ਇਕ ਵਿਛਾਣਾ, ਗੋਬਿੰਦ ਮੇਲ ਮਿਲਾਇਆ । ਪ੍ਰਭ ਸ਼ਬਦੀ ਛੈਲ ਛਬੀਲਾ, ਘਰ ਸਾਚੇ ਬੈਠ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸਾਚਾ ਵਰ, ਘਰ ਸਾਚੇ ਮੇਲ ਮਿਲਾਇਆ । ਘਰ ਸਾਚਾ ਹਰਿ ਸੁਹਾਇੰਦਾ, ਅਕਲ ਕਲਾ ਭਰਪੂਰਿਆ । ਹਰਿਜਨ ਸਾਚੇ ਮੇਲ ਮਿਲਾਇੰਦਾ, ਪੰਚਮ ਪੰਚਾਂ ਕਰੇ ਚੂਰਿਆ । ਜੋਤ ਨਿਰੰਜਣ ਤੇਲ ਚੜ੍ਹਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਜੁਗ ਜੁਗ ਫੜ ਫੜ ਬਾਹੋਂ ਲਾਏ ਪਾਰ, ਆਤਮ ਘਰ ਇਕ ਸੁਹਾਇੰਦਾ । ਚੌਥਾ ਘਰ ਸ਼ਬਦ ਅਧਾਰ, ਪ੍ਰਭ ਸਾਚੇ ਰਚਨ ਰਚਾਈਆ । ਗੁਰਮੁਖ ਵਿਰਲਾ ਪਾਵੇ ਸਾਰ, ਭਰਮੇ ਭੁੱਲੀ ਲੋਕਾਈਆ । ਆਦਿ ਅੰਤਾ ਏਕੰਕਾਰ, ਆਪੇ ਆਵੇ ਜਾਵੇ ਖੇਲ ਖਿਲਾਈਆ । ਜੁਗ ਜੁਗ ਲਏ ਮਾਤ ਅਵਤਾਰ, ਕਰਤਾ ਪੁਰਖ ਹਰਿ ਰਘੁਰਾਈਆ । ਸਤਿਜੁਗ ਤ੍ਰੇਤਾ ਦੁਆਪਰ ਉਤਾਰਿਆ ਪਾਰ, ਕਲਜੁਗ ਅੰਤਮ ਵਾਰੀ ਆਈਆ । ਈਸਾ ਮੂਸਾ ਗਏ ਹਾਰ, ਸੰਗ ਮੁਹੰਮਦ ਚਾਰ ਯਾਰ, ਦਿਵਸ ਰੈਣ ਰਹੇ ਕੁਰਲਾਈਆ । ਰਸਨਾ ਗਾਇਆ ਨਿਰਗੁਣ ਅਪਰ ਅਪਾਰ, ਤੇਰਾਂ ਤੇਰੀ ਧਾਰ ਬੰਧਾਈਆ । ਗੋਬਿੰਦ ਵੇਖੇ ਨੈਣ ਉਘਾੜ, ਨੇਤਰ ਨੈਣਾ ਦਰਸ਼ਨ ਪਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇਵੇ ਸ਼ਬਦ ਸੱਚੀ ਜਣਾਈਆ । ਦੋਏ ਜੋੜ ਕਰੇ ਨਿਮਸਕਾਰ, ਮੰਗੇ ਮੰਗ ਤੇਰੀ ਸਰਨਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪਣੇ ਰੰਗ ਰੰਗਾਈਆ । ਕਲਜੁਗ ਅੰਤਮ ਮੇਲਾ ਵਿਚ ਸੰਸਾਰ, ਗੁਰ ਗੋਬਿੰਦੇ ਰਿਹਾ ਸੁਣਾਈਆ । ਸੰਬਲ ਨਗਰੀ ਸਾਚੀ ਧਾਰ, ਆਪਣੀ ਬਣਤ ਬਣਾਈਆ । ਸਾਢੇ ਤਿੰਨ ਹੱਥ ਮਹੱਲ ਉਸਾਰ, ਹਰਿ ਜੂ ਨਾਉਂ ਰਖਾਈਆ । ਹਰਿ ਮੰਦਰ ਵੇਖੇ ਖੇਲ ਅਪਾਰ, ਨਿਰਮਲ ਜੋਤੀ ਇਕ ਜਗਾਈਆ । ਸ਼ਬਦ ਜਣਾਏ ਅਪਰ ਅਪਾਰ, ਅੱਠੇ ਪਹਿਰ ਰਿਹਾ ਕੁਰਲਾਈਆ । ਗੋਬਿੰਦ ਮੇਲਾ ਨਰ ਨਿਰੰਕਾਰ, ਵਿਛੜ ਕਦੇ ਨਾ ਜਾਈਆ । ਕਲਜੁਗ ਤੇਰੀ ਪਾਵੇ ਸਾਰ, ਅੰਤਮ ਲੇਖਾ ਲੇਖ ਲਿਖਾਈਆ । ਦੇਵਤ ਸੁਰ ਬ੍ਰਹਮਾ ਸ਼ਿਵ ਦਰ ਰੋ ਰੋ ਬਾਂਹ ਰਹੇ ਹੁਲਾਰ, ਭੁੱਲ ਰਹੇ ਨਾ ਰਾਈਆ । ਪੁਰਖ ਅਗੰਮਾ ਨਾ ਮਰੇ ਨਾ ਕਦੇ ਜੰਮਾ ਨਿਹਕਲੰਕਾ ਲਏ ਅਵਤਾਰ, ਸ਼ਬਦੀ ਡੰਕ ਵਜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸਾਧ ਸੰਤ ਰਿਹਾ ਜਗਾਈਆ । ਗੁਰਮੁਖ ਸਾਚੇ ਚਤਰ ਸੁਜਾਨ, ਗਊ ਗ਼ਰੀਬਾਂ ਗਲੇ ਲਗਾਈਆ । ਹੱਥੀਂ ਬੰਨ੍ਹੇ ਨਾਮ ਗਾਨਾ, ਦੇਵੇ ਮਾਣ ਧੁਰ ਫ਼ਰਮਾਣਾ, ਆਪ ਆਪਣੀ ਗੋਦ ਉਠਾਈਆ । ਸੋਹੰ ਸ਼ਬਦ ਧੁਰ ਫ਼ਰਮਾਣਾ ਸਚ


੪੨੭ ੦੬

ਸਮਗਰੀ ਦੇਵੇ ਦਾਨਾ, ਚਾਰ ਵਰਨਾਂ ਇਕ ਜਣਾਈਆ । ਨੌ ਖੰਡ ਪ੍ਰਿਥਮੀ ਏਕਾ ਗਾਨਾ, ਸੱਤਾਂ ਦੀਪਾਂ ਧਰਮ ਨਿਸ਼ਾਨ ਬੀਸ ਬੀਸਾ ਰਿਹਾ ਝੁਲਾਈਆ । ਮਨਮੁਖ ਜੀਵਾਂ ਅੰਤ ਪਛਤਾਨਾ, ਸੰਮਤ ਸੋਲਾਂ ਨੇੜੇ ਆਈਆ । ਨਾ ਕੋਈ ਸੁਣੇ ਸੁਣਾਏ ਵੇਦ ਪੁਰਾਨਾਂ, ਅੰਜੀਲ ਕੁਰਾਨਾਂ ਬਹਿਣਾ ਮੁਖ ਛੁਪਾਈਆ । ਸੋ ਸ਼ਬਦ ਇਕ ਨਿਸ਼ਾਨਾ, ਸੱਤਾਂ ਰੰਗਾਂ ਰਿਹਾ ਚੜ੍ਹਾਈਆ । ਪਾਰਬ੍ਰਹਮ ਅਗੰਮ ਸਮਾਨਾ, ਜੁਗ ਜੁਗ ਆਪਣੀ ਬਣਤ ਬਣਾਈਆ । ਕਾਲ ਮਹਾਂਕਾਲ ਹਰਿ ਦਰ ਰਖਾਏ, ਆਪਣੀ ਸੇਵਕ ਸੇਵਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਵਡ ਰਘੁਰਾਈਆ । ਕਲਜੁਗ ਖੇਲ ਖਿਲਾਵਣ ਆਇਆ, ਪਾਰਬ੍ਰਹਮ ਅਬਿਨਾਸ਼ੀ । ਜੋਤੀ ਜਾਮਾ ਭੇਖ ਵਟਾਇਆ, ਭੇਵ ਕੋਈ ਨਾ ਪਾਇਆ । ਗੋਬਿੰਦ ਗੁਰ ਸੰਗ ਰਲਾਇਆ, ਆਪ ਕਰਾਏ ਦਾਸਨ ਦਾਸੀ । ਸ਼ਬਦ ਖੰਡਾ ਤਨ ਪਹਿਨਾਇਆ, ਪਹਿਲੀ ਚੇਤਰ ਘਨਕਪੁਰ ਵਾਸੀ । ਚੰਡ ਪਰਚੰਡ ਰਿਹਾ ਉਠਾਇਆ, ਮਨਮੁਖ ਜੀਵਾਂ ਕਰੇ ਨਾਸੀ । ਜੇਰਜ ਅੰਡ ਵੇਖ ਵਖਾਇਆ, ਆਪੇ ਵੇਖੇ ਹਰ ਘਟ ਵਾਸੀ । ਬ੍ਰਹਿਮੰਡ ਖੰਡ ਖੋਜ ਖੁਜਾਇਆ, ਚਾਰੇ ਕੁੰਟਾਂ ਦਏ ਹੁਲਾਰੀ । ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਆਪਣੇ ਕਰੇ ਪਿਆਰੇ, ਕਲਜੁਗ ਤੇਰੀ ਅੰਤਮ ਵਾਰੇ, ਆਪੇ ਕਰੇ ਬੰਦ ਖੁਲਾਸੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰ ਘਟ ਮੰਦਰ ਅੰਦਰ ਜੋਤ ਸਰੂਪੀ ਪਾਏ ਰਾਸੀ । ਜੋਤ ਸਰੂਪੀ ਹਰਿ ਅਕਾਰ, ਅਚਰਜ ਰਚਨ ਰਚਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਘਰ ਸਾਚੇ ਬੈਠਾ ਆਸਣ ਲਾਈਆ । ਸ਼ਬਦ ਸਰੂਪੀ ਦੂਜੀ ਧਾਰ, ਦਿਸ ਕਿਸੇ ਨਾ ਆਈਆ । ਦੀਪਾਂ ਲੋਆਂ ਵਸਿਆ ਬਾਹਰ, ਆਪ ਆਪਣਾ ਧਾਮ ਸੁਹਾਈਆ । ਚੌਥੇ ਘਰ ਅਗੰਮ ਅਪਾਰ, ਸਾਧਾਂ ਸੰਤਾਂ ਮੇਲ ਮਿਲਾਈਆ । ਪੰਚ ਪੰਚਾਇਣ ਦੇ ਮਤ ਸਮਝਾਏ, ਅਨਹਦ ਤਾਲ ਵਜਾਈਆ । ਛੇਵੇਂ ਛੱਪਰ ਨਾ ਕੋਇ ਅਪਾਰ, ਨਾ ਕੋਈ ਧਾਮ ਵਿਖਾਈਆ । ਸਤਵੇਂ ਸਤਿ ਸਤਿਵਾਦ ਏਕੰਕਾਰ, ਏਕਾ ਧਾਮ ਸੁਹਾਈਆ । ਇਕ ਇਕੱਲਾ ਸਚ ਮਹੱਲਾ, ਬੈਠਾ ਆਸਣ ਲਾਈਆ । ਜੀਵ ਜੰਤ ਨਾ ਪਾਵੇ ਸਾਰ, ਮਨ ਮਤ ਬੁਧ ਫਿਰੇ ਹਲਕਾਈਆ । ਨੌ ਦਰ ਲੱਖ ਚੁਰਾਸੀ ਪੰਚਮ ਧਾੜ, ਦਿਨ ਰਾਤ ਰਹੀ ਕੁਰਲਾਈਆ । ਦਸਵੇਂ ਮੇਲਾ ਗੋਬਿੰਦ ਸਾਚੇ ਸਚ ਦਰਬਾਰ, ਹਰਿ ਸਾਚਾ ਮੇਲ ਮਿਲਾਈਆ । ਬਜਰ ਕਪਾਟੀ ਦੇਵੇ ਪਾੜ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚਾ ਦਰ, ਪੰਚਮ ਜੇਠੀ ਰੁੱਤ ਸੁਹਾਈਆ । ਪੰਚਮ ਚੇਤ ਦਿਵਸ ਭਾਗਾ, ਹਰਿ ਸਾਚੇ ਜੋਤ ਜਗਾਈਆ । ਗ਼ਰੀਬ ਨਿਮਾਣਾ ਚਰਨੀ ਲਾਗਾ, ਮਾਨਸ ਦੇਹੀ ਲੇਖੇ ਲਾਈਆ । ਦੁਰਮਤ ਮੈਲ ਧੋਵੇ ਦਾਗ਼ਾ, ਸੋਹੰ ਸਾਬਣ ਲਾਈਆ । ਜਿਸ ਜਨ ਹੰਸ ਬਣਾਏ ਕਾਗਾ, ਕਾਗੋਂ ਹੰਸ ਬਣਾਈਆ । ਹਰਿਜਨ ਜੋਤ ਜਗਾਏ ਇਕ ਚਿਰਾਗ਼ਾ, ਅੰਧ ਅੰਧੇਰ ਮਿਟਾਈਆ । ਜਗਤ ਤ੍ਰਿਸ਼ਨ ਬੁਝਾਏ ਆਗਾ, ਅੰਮ੍ਰਿਤ ਜਾਮ ਪਿਆਈਆ । ਮਾਇਆ ਡੱਸੇ ਨਾ ਡੱਸਣੀ ਨਾਗਾ, ਧੀਰਜ ਯਤ ਸਤਿ ਸੰਤੋਖ ਇਕ ਰਖਾਈਆ । ਆਪ ਆਪਣੇ ਹੱਥ ਪਕੜੇ ਵਾਗਾ, ਰਥ ਰਥਵਾਹੀ ਆਪ ਅਖਵਾਈਆ । ਪਰਗਟ ਹੋਏ ਤ੍ਰੈਲੋਕੀ ਨਾਥਾ, ਗਊ ਗ਼ਰੀਬਾਂ ਗਲੇ ਲਗਾਈਆ । ਭਗਤ ਜਨਾਂ ਹਰਿ ਸਗਲਾ ਸਾਥਾ, ਜੁਗ ਜੁਗ ਪੈਜ ਰਖਾਈਆ । ਲੇਖ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥਾ, ਲਹਿਣਾ ਦੇਣਾ ਮੂਲ ਚੁਕਾਈਆ । ਸੋਹੰ ਸ਼ਬਦ ਸੁਣਾਏ ਸਾਚੀ ਗਾਥਾ, ਸੋ ਪੁਰਖ ਨਿਰੰਜਣ ਆਪ ਆਪਣੀ ਕਰੇ ਜਣਾਈਆ । ਸਗਲ ਵਸੂਰਾ ਗੁਰਮੁਖ ਸਾਚੇ ਲਾਥਾ, ਨੇਤਰ ਨੈਣਾ ਦਰਸਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ

੪੨੮
੦੬

ਸੁਹਾਏ ਸਾਚਾ ਦਰ, ਪੰਚਮ ਪੰਚਾਂ ਮੇਲ ਮਿਲਾਈਆ । ਪੰਚਮ ਚੇਤਰ ਪੰਚ ਪਰਵਾਨ, ਹਰਿ ਦੇਵੇ ਸ਼ਬਦ ਨਿਸ਼ਾਨਿਆ । ਸਚ ਝੁਲਾਏ ਧਰਮ ਨਿਸ਼ਾਨ, ਦਿਸ ਨਾ ਆਏ ਹਾਣੀ ਹਾਨਿਆ । ਪੰਚਮ ਮਾਰੇ ਏਕਾ ਬਾਣ, ਰਸਨਾ ਚਿੱਲੇ ਤੀਰ ਆਪ ਚੜ੍ਹਾਨਿਆ । ਪੰਚਮ ਰਖਾਏ ਏਕਾ ਆਣ, ਏਕਾ ਰੰਗ ਰੰਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖੇ ਘਰ, ਦਰ ਦਵਾਰ ਕਰੇ ਪਰਵਾਨਿਆ । ਪੰਚਮ ਮੇਲਾ ਸਹਿਜ ਸੁਭਾਗ, ਪੂਰਾ ਸਤਿਗੁਰ ਪਾਇਆ । ਜਗਤ ਤ੍ਰਿਸ਼ਨਾ ਬੁਝਾਏ ਆਗ, ਮਾਇਆ ਮਮਤਾ ਮੋਹ ਕੂੜਾ ਤਨੋਂ ਤਜਾਇਆ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ ਸਾਚਾ ਚੰਦ ਚੜ੍ਹਾਇਆ । ਸਾਚਾ ਚੰਦ ਸੀਤਲ ਧਾਰ, ਲੋਕਮਾਤ ਚੜ੍ਹਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ ਅੰਮ੍ਰਿਤ ਆਤਮ ਦੇਵੇ ਧਾਰ, ਪਰਮਾਨੰਦ ਵਿਚ ਸਮਾਇੰਦਾ । ਦੂਈ ਦਵੈਤੀ ਤੋੜੇ ਭਰਮਾਂ ਕੰਧ ਸਾਚੇ ਮੰਦਰ ਦੇਵੇ ਵਾੜ, ਦਸਮ ਦਵਾਰੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਦਰ ਦਵਾਰਾ ਬੰਕ ਸੁਹਾਇੰਦਾ । ਪੰਚਮ ਪਾਇਆ ਗੁਣ ਨਿਧਾਨਾ, ਪੰਚਮ ਬੈਠਾ ਰੁੱਤ ਸੁਹਾਈਆ । ਸ਼ਬਦ ਰਖਾਏ ਧੁਰ ਫ਼ਰਮਾਣਾ, ਆਪਣੇ ਸੰਗ ਰਖਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਮੰਡਲ ਰਾਸ ਪਾਈਆ । ਆਪੇ ਜੋਤੀ ਪਵਣ ਮਸਾਣਾ, ਆਪੇ ਬੈਠਾ ਮੁਖ ਛੁਪਾਈਆ । ਆਪ ਸੁਣਾਏ ਅਨਹਦ ਪੰਚਮ ਤਰਾਨਾ, ਆਪ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦਰ ਘਰ ਸਾਚੇ ਦਏ ਵਧਾਈਆ । ਘਰ ਸਾਚੇ ਘਰ ਵਡਿਆਈ, ਗੁਰਮੁਖ ਵਿਰਲਾ ਪਾਇੰਦਾ । ਜੁਗ ਜੁਗ ਪ੍ਰਭ ਪੈਜ ਰਖਾਈ, ਆਪਣਾ ਬਿਰਦ ਰਖਾਇੰਦਾ । ਕਲਜੁਗ ਤੇਰੀ ਅੰਤ ਕੁੜਮਾਈ, ਜੂਠ ਝੂਠ ਪ੍ਰਭ ਝੋਲੀ ਪਾਇੰਦਾ । ਸਾਚੇ ਦਰ ਵੱਜੇ ਵਧਾਈ, ਮਨ ਮਤ ਨਾਚ ਕਰਾਇੰਦਾ । ਗੁਰਮੁਖ ਬੈਠੇ ਮੁਖ ਸ਼ਰਮਾਈ, ਪ੍ਰਭ ਆਤਮ ਅੰਦਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਸਾਚਾ ਘਰ, ਘਰ ਬਾਹਰੀ ਆਪ ਹੋ ਆਇੰਦਾ । ਪੰਚਮ ਘਰ ਤਖ਼ਤ ਸੁਲਤਾਨਾ, ਹਰਿ ਆਪਣਾ ਆਪ ਵਖਾਇਆ । ਆਪੇ ਨਰ ਆਪੇ ਹਰਿ ਜੋਤ ਸਰੂਪੀ ਹਰਿ ਭਗਵਾਨਾ, ਆਪ ਆਪਣੀ ਬਣਤ ਬਣਾਇਆ । ਆਪੇ ਮਰਦ ਆਪ ਮਰਦਾਨਾ, ਨਾਰੀ ਕੰਤਾ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਇਕ ਦਰ, ਦਰ ਦਵਾਰਾ ਰਿਹਾ ਸੁਹਾਇਆ । ਦਰ ਦਵਾਰੇ ਪੰਚਮ ਪਾਇਆ, ਪੰਚਮ ਰਾਗ ਅਲਾਇੰਦਾ । ਆਪ ਆਪਣਾ ਜਗਤ ਤਜਾਇਆ, ਪ੍ਰਭ ਪੂਰਾ ਦਇਆ ਕਮਾਇੰਦਾ । ਹਉਮੇ ਹੰਗਤਾ ਰੋਗ ਮਿਟਾਇਆ, ਗੁਰਮੁਖਾਂ ਮੇਲ ਮਿਲਾਇੰਦਾ । ਦਰ ਭਿਖਾਰੀ ਬਣ ਕੇ ਆਇਆ, ਨਾਮ ਨਿਧਾਨਾ ਸੰਗ ਰਖਾਇੰਦਾ । ਜਨ ਭਗਤਾਂ ਚੋਲੀ ਰੰਗਣ ਆਇਆ, ਸ਼ਬਦ ਘੋੜੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇੰਦਾ । ਸਚ ਸ਼ਬਦ ਬਿਬਾਣਾ, ਏਕਾ ਏਕ ਉਡਾਇਆ । ਕਿਸੇ ਹੱਥ ਨਾ ਆਏ ਰਾਜਾ ਰਾਣਾ, ਸ਼ਾਹ ਸੁਲਤਾਨ ਵੇਖ ਨਾ ਪਾਇਆ । ਗੁਰਮੁਖ ਵਿਰਲਾ ਚਤੁਰ ਸੁਜਾਨਾ, ਪ੍ਰਭ ਸਾਚੇ ਆਪ ਉਠਾਇਆ । ਹੱਥੀਂ ਬੰਨ੍ਹੇ ਨਾਮ ਗਾਨਾ, ਸਾਚਾ ਸਗਨ ਮਨਾਇਆ । ਏਕਾ ਦੇਵੇ ਧੁਰ ਫ਼ਰਮਾਣਾ, ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਜੁਗ ਜੁਗ ਖੇਲ ਖਿਲਾਇਆ । ਦਰ ਘਰ ਸਾਚੇ ਕਰ ਪਰਵਾਨਾ, ਆਪ ਆਪਣੇ ਅੰਗ ਸਮਾਇਆ । ਪੰਚਮ ਚੇਤਰ ਮਾਰ ਧਿਆਨਾ, ਸੰਮਤ ਚੌਦਾਂ ਵੇਖ ਵਖਾਇਆ । ਗੁਰਮੁਖ


੪੨੯
੦੬

ਸਾਚਾ ਬਾਲ ਅੰਞਾਣਾ, ਗੁਰ ਪੂਰੇ ਆਪਣੀ ਗੋਦ ਉਠਾਇਆ । ਦੋ ਜਹਾਨੀ ਦੇਵੇ ਮਾਣਾ, ਜਮ ਜੰਧਾਰ ਨੇੜ ਨਾ ਆਇਆ । ਧਰਮ ਰਾਏ ਪੈਣਾ ਮੁਖ ਸ਼ਰਮਾਣਾ, ਨੇਤਰ ਨੈਣ ਮੁਖ ਛੁਪਾਇਆ । ਚਿਤਰ ਗੁਪਤ ਹਿਸਾਬ ਮੁਕਾਨਾ, ਲੇਖਾ ਆਪਣੇ ਹੱਥ ਰਖਾਇਆ । ਪਰਗਟ ਹੋਏ ਹਰਿ ਭਗਵਾਨਾ, ਗੁਰਮੁਖ ਆਪਣੇ ਅੰਗ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਦਰ, ਘਰ ਸਾਚਾ ਰਿਹਾ ਸੁਹਾਇਆ । ਪੰਚਮ ਘਰ ਹਰਿ ਪ੍ਰਭ ਪਾਇਆ, ਪੰਚਮ ਤਤ ਵੱਜੇ ਵਧਾਈਆ । ਸਾਚੀ ਸਈਆ ਮੰਗਲ ਗਾਇਆ, ਘਰ ਮਿਲਿਆ ਸਾਚਾ ਮਾਹੀਆ । ਆਤਮ ਸੇਜਾ ਇਕ ਹੰਢਾਇਆ, ਪਰਮਾਨੰਦ ਵਿਚ ਸਮਾਈਆ । ਜੇਰਜ ਅੰਡ ਫੰਦ ਕਟਾਇਆ, ਉਤਭੁਜ ਸੇਤਜ ਦੂਰ ਕਰਾਈਆ । ਕੰਤ ਸੁਹਾਗੀ ਏਕਾ ਪਾਇਆ, ਨਾਰੀ ਰੂਪ ਅਖਵਾਈਆ । ਗੁਰਮੁਖ ਸਾਚੇ ਸਾਚੀ ਸੇਵਾ ਲਾਇਆ, ਸੇਵਕ ਸੇਵਾ ਲੇਖੇ ਲਾਈਆ । ਦੇਵੀ ਦੇਵਾ ਕਿਸੇ ਹੱਥ ਨਾ ਆਇਆ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਬ੍ਰਹਮਾ ਸ਼ਿਵ ਭੇਵ ਨਾ ਪਾਇਆ, ਗੁਰ ਪੀਰ ਗਏ ਗਾਈਆ । ਆਪ ਆਪਣਾ ਧਾਮ ਸੁਹਾਇਆ, ਆਪਣੀ ਕਲ ਰਿਹਾ ਵਰਤਾਈਆ । ਜੁਗ ਜੁਗ ਆਪਣਾ ਭੇਖ ਵਟਾਇਆ, ਰਾਮਾ ਕ੍ਰਿਸ਼ਨਾ ਰੂਪ ਵਟਾਈਆ । ਈਸਾ ਮੂਸਾ ਮੇਟ ਮਿਟਾਇਆ, ਸੰਗ ਮੁਹੰਮਦ ਯਾਰ ਇਕ ਜਮਾਇਤ ਬਣਾਈਆ । ਅੱਲਾ ਰਾਣੀ ਤਨ ਸ਼ਿੰਗਾਰ ਕਰਾਇਆ, ਕਾਲਾ ਸੂਸਾ ਤਨ ਛੁਹਾਈਆ । ਨਾਨਕ ਨਿਰੰਕਾਰੀ ਜੋਤ ਅਕਾਰਾ ਇਕ ਕਰਾਇਆ, ਚਾਰੋਂ ਕੁੰਟ ਰੁਸ਼ਨਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ ਸਤਿਨਾਮ ਝੋਲੀ ਪਾਇਆ, ਕਲਜੁਗ ਤੇਰੀ ਸਚ ਧਾਰ ਚਲਾਈਆ । ਦਹਿ ਦਿਸ਼ਾ ਵੇਖ ਵਖਾਇਆ, ਚਾਰੋਂ ਕੁੰਟ ਫੇਰਾ ਪਾਈਆ । ਮਨ ਮਤ ਬੁਧ ਹੰਕਾਰ ਵਿਕਾਰ ਨਾ ਕਿਸੇ ਤੁੜਾਇਆ, ਮਨਮੁਖ ਸੁੱਤੇ ਬੇਪਰਵਾਹੀਆ । ਗੁਰ ਗੋਬਿੰਦਾ ਘਰ ਉਠਾਇਆ, ਸਾਚਾ ਚੋਲਾ ਤਨ ਪਹਿਨਾਈਆ । ਪੰਚਮ ਪੰਚਾਂ ਸ਼ਿੰਗਾਰ ਕਰਾਇਆ, ਪੰਚਮ ਮੇਲ ਮਿਲਾਈਆ । ਅੰਮ੍ਰਿਤ ਆਤਮ ਧਾਰ ਪਿਆਇਆ, ਆਪਣਾ ਰੂਪ ਵਟਾਈਆ । ਏਕਾ ਏਕ ਅਕਾਰ ਕਰ ਏਕਾ ਦੂਜਾ ਭਉ ਚੁਕਾਇਆ, ਚਾਰ ਵਰਨਾਂ ਇਕ ਰਿਹਾ ਕਰਾਇਆ, ਵਰਨ ਬਰਨ ਰਹਿਣ ਨਾ ਪਾਈਆ । ਗੁਰ ਚੇਲਾ ਇਕ ਦਵਾਰ ਸੁਹਾਇਆ, ਸੱਜਣ ਸੁਹੇਲਾ ਆਪ ਅਖਵਾਇਆ, ਪੂਤ ਸਪੂਤਾ ਵਾਰ ਵਿਖਾਈਆ । ਅੰਤਮ ਵੇਲਾ ਇਕ ਪੁਕਾਰ, ਪ੍ਰਭ ਅੱਗੇ ਬੈਠਾ ਸੀਸ ਝੁਕਾਈਆ । ਕਲਜੁਗ ਤੇਰੀ ਕਾਲੀ ਧਾਰ ਤਕਾਇਆ, ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੋਬਿੰਦ ਰਿਹਾ ਜਣਾਈਆ । ਪਾਰਬ੍ਰਹਮ ਪੁਰਖ ਅਬਿਨਾਸ਼ੀ, ਆਪਣਾ ਕਰਮ ਕਮਾਇਆ । ਆਪੇ ਹੋਏ ਘਟ ਘਟ ਵਾਸੀ, ਦਿਸ ਕਿਸੇ ਨਾ ਆਇਆ । ਸੇਵਕ ਸੇਵਾ ਦਾਸਨ ਦਾਸੀ, ਸਾਚਾ ਮਾਰਗ ਇਕ ਵਖਾਇਆ । ਕਲਜੁਗ ਅੰਤਮ ਜੋਤ ਕਰੇ ਪਰਕਾਸ਼ੀ, ਸੰਬਲ ਨਗਰੀ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਨਾਉਂ ਰਖਾਇਆ । ਏਕਾ ਨਾਉਂ ਨਿਰੰਕਾਰ, ਅੰਤਮ ਕਲ ਰਖਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਸਾਚੇ ਤਨ ਸਜਾਇੰਦਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਆਪ ਹਿਲਾਇੰਦਾ । ਰਾਜ ਰਜਾਨਾਂ ਸ਼ਾਹ ਸੁਲਤਾਨਾਂ ਤਖ਼ਤ ਤਾਜ ਕੋਈ ਰਹਿਣ ਨਾ ਪਾਇੰਦਾ । ਗਊ ਗ਼ਰੀਬਾਂ ਪਾਵੇ ਸਾਰ, ਪ੍ਰਿਤਪਾਲਕ ਆਪ ਅਖਵਾਇੰਦਾ । ਰੈਣ ਅੰਧੇਰੀ ਮੇਟੇ ਅੰਧ ਅੰਧਿਆਰ, ਜੂਠ ਝੂਠ ਪਾਰ ਕਰਾਇੰਦਾ । ਆਪ ਆਪਣੀ ਕਿਰਪਾ ਧਾਰ, ਕਲਜੁਗ ਕਾਇਆ ਕਿਰਿਆ ਕਰਮ ਕਮਾਇੰਦਾ । ਸੰਤ ਸੁਹੇਲੇ ਲਏ ਉਭਾਰ, ਗੁਰਮੁਖ ਮੇਲ ਮਿਲਾਇੰਦਾ । ਗੁਰ ਗੋਬਿੰਦ ਖ਼ਬਰਦਾਰ, ਘਰ ਸਾਚਾ ਇਕ ਵਿਖਾਇੰਦਾ । ਭਾਰਤ

ਖੰਡੀ ਤੇਰੀ ਪਾਵੇ ਸਾਰ, ਨੌ ਖੰਡ ਪ੍ਰਿਥਮੀ ਜਾਏ ਵੰਡੀ, ਸੰਮਤ ਚੌਦਾਂ ਵੇਖ ਵਖਾਇੰਦਾ । ਅੱਲਾ ਰਾਣੀ ਹੋਏ ਰੰਡੀ, ਸੰਗ ਮੁਹੰਮਦ ਚਾਰ ਯਾਰ ਰੋਵਣ ਧਾਹਾਂ ਮਾਰ, ਪੱਲੂ ਗਲ ਵਿਚ ਪਾਇੰਦਾ । ਈਸਾ ਮੂਸਾ ਪਾਇਣ ਬੰਦੀ, ਬੰਦੀ ਬੰਦ ਕਰਾਇੰਦਾ । ਅੰਤਮ ਵੇਲਾ ਕਲਜੁਗ ਤੁੱਠਾ, ਸੋਹੰ ਬਾਜ ਇਕ ਉਡਾਇੰਦਾ । ਕਲਜੁਗ ਜੂਠਾ ਝੂਠਾ ਪੀਸਣ ਪੀਠਾ, ਹਰਿ ਖਾਲੀ ਠੂਠਾ ਹੱਥ ਵਿਖਾਇੰਦਾ । ਪੁਰਖ ਅਬਿਨਾਸ਼ੀ ਏਕਾ ਤੁੱਠਾ, ਚਾਰ ਵਰਨ ਕਰਾਏ ਏਕਾ ਮੁੱਠਾ, ਗੁਰਮੁਖ ਰਹਿਣ ਨਾ ਦੇਵੇ ਕੋਈ ਰੁੱਠਾ, ਆਪ ਆਪਣਾ ਮੇਲ ਮਿਲਾਇੰਦਾ । ਮਨਮੁਖ ਜੀਵਾਂ ਮਾਰੇ ਕਰ ਕਰ ਪੁੱਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤ ਕਰਾਇੰਦਾ । ਕਲਜੁਗ ਤੇਰੀ ਅੰਤਮ ਘਾਲ, ਪ੍ਰਭ ਸਾਚਾ ਪੂਰ ਕਰਾਇੰਦਾ । ਮਨਮੁਖ ਜੀਵ ਤੇਰੇ ਲਾਲ, ਤੇਰੀ ਝੋਲੀ ਪਾਇੰਦਾ । ਲਾੜੀ ਮੌਤ ਬਣੇ ਦਲਾਲ, ਲੋਕਮਾਤ ਰਖਾਇੰਦਾ । ਰਾਏ ਧਰਮ ਨਿਬੇੜਾ ਹੱਕ ਹਲਾਲ, ਆਪਣਾ ਆਪ ਕਰਾਇੰਦਾ । ਚਿਤਰ ਗੁਪਤ ਲੇਖਾ ਰਿਹਾ ਸੰਭਾਲ, ਸੰਮਤ ਸੋਲਾਂ ਖੋਲ੍ਹ ਵਿਖਾਇੰਦਾ । ਫਲ ਨਾ ਦਿਸੇ ਕਿਸੇ ਡਾਲ੍ਹ, ਕਲਜੁਗ ਕਾਇਆ ਖਾਲੀ ਆਪ ਕਰਾਇੰਦਾ । ਚਾਰੇ ਕੁੰਟ ਫਿਰੇ ਕਾਲ ਬੇਹਾਲ, ਆਪ ਆਪਣੀ ਤ੍ਰਿਸ਼ਨਾ ਭੁੱਖ ਮਿਟਾਇੰਦਾ । ਗੁਰਮੁਖ ਸਾਚੇ ਸ਼ਬਦ ਕੰਗਾਲ, ਪ੍ਰਭ ਸਾਚਾ ਆਪ ਉਠਾਇੰਦਾ । ਦੇਵੇ ਨਾਮ ਸੱਚਾ ਧਨ ਮਾਲ, ਆਤਮ ਝੋਲੀ ਆਪ ਭਰਾਇੰਦਾ । ਕਾਇਆ ਚੋਲੀ ਰੰਗ ਚਾੜ੍ਹ ਲਾਲ ਗੁਲਾਲ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਅੰਦਰ ਮੰਦਰ ਇਕ ਵਖਾਏ ਸੱਚੀ ਧਰਮਸਾਲ, ਚਾਰ ਦਿਵਾਰ ਨਾ ਕੋਈ ਰਖਾਇੰਦਾ । ਅਨਹਦ ਵਜਾਏ ਸਾਚਾ ਤਾਲ, ਬਹੱਤਰ ਨਾੜਾਂ ਇਕ ਤਲਵਾੜਾ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਤੇਰਾ ਦਰ, ਬੰਕ ਦਵਾਰੀ ਆਪ ਹੋ ਆਇੰਦਾ । ਬੰਕ ਦਵਾਰ ਗੁਰਮੁਖ ਤੇਰਾ, ਏਕਾ ਏਕ ਸੁਹਾਇਆ । ਨਾ ਕੋਈ ਸੰਝ ਨਾ ਸਵੇਰਾ, ਏਕਾ ਰੰਗ ਰੰਗਾਇਆ । ਆਪ ਚੁਕਾਏ ਮੇਰਾ ਤੇਰਾ, ਹਉਮੇ ਰੋਗ ਮਿਟਾਇਆ । ਕਾਇਆ ਵਸੇ ਨਗਰ ਖੇੜਾ, ਪ੍ਰਭ ਸਾਚੇ ਆਸਣ ਲਾਇਆ । ਪੰਚ ਚੁਕਾਵਣ ਆਇਆ ਝੇੜਾ, ਪੰਚਾਂ ਮੇਲ ਮਿਲਾਇਆ । ਜੁਗ ਜੁਗ ਬੰਨ੍ਹਣਹਾਰਾ ਬੇੜਾ, ਪੱਲੂ ਰਾਮ ਨਾਮ ਫੜਾਇਆ । ਅੰਤਮ ਕਰੇ ਹੱਕ ਨਿਬੇੜਾ, ਕਲਜੁਗ ਵੇਲਾ ਵਕਤ ਸੁਹਾਇਆ । ਨੌ ਖੰਡ ਪ੍ਰਿਥਮੀ ਲਾਏ ਇਕ ਉਖੇੜਾ, ਜੜ੍ਹ ਕੋਈ ਰਹਿਣ ਨਾ ਪਾਇਆ । ਰਾਜ ਰਾਜਾਨਾਂ ਭੇੜ ਭੇੜਾ, ਤ੍ਰੈ ਦੇਸ਼ਾਂ ਆਪ ਉਠਾਇਆ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਆਪੇ ਰਿਹਾ ਕਰਾਇਆ । ਕਲਜੁਗ ਦੇਵੇ ਉਲਟਾ ਗੇੜਾ, ਬੈਠਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਅੰਤਮ ਬੰਨ੍ਹੇ ਬੇੜਾ, ਖੇਵਟ ਖੇਟ ਆਪ ਅਖਵਾਇਆ । ਖੇਵਟ ਖੇਟ ਹਰਿ ਨਿਰੰਕਾਰ, ਜੁਗ ਜੁਗ ਆਪ ਅਖਵਾਇੰਦਾ । ਗੋਬਿੰਦ ਪੂਤਾ ਸਚ ਦਵਾਰ, ਆਪਣੀ ਗੋਦ ਉਠਾਇੰਦਾ । ਦੋ ਜਹਾਨਾਂ ਦਏ ਹੁਲਾਰ, ਪਵਣ ਪਵਣੀ ਸੇਵਾ ਲਾਇੰਦਾ । ਨੌ ਦਵਾਰੇ ਵਸਿਆ ਬਾਹਰ, ਦਸਮ ਦਵਾਰੀ ਮੇਲ ਮਿਲਾਇੰਦਾ । ਤੀਰ ਨਿਰਾਲਾ ਕਸਿਆ ਵਿਚ ਸੰਸਾਰ, ਸੋਹੰ ਨਾਉਂ ਰਖਾਇੰਦਾ । ਮਨਮੁਖ ਜੀਵਾਂ ਅੰਦਰ ਲਾਏ ਅੱਗਾ, ਰੋਵਣ ਜ਼ਾਰੋ ਜ਼ਾਰ । ਗੁਰਮੁਖ ਸੱਜਣ ਸੁਹੇਲਾ ਗੁਰਚਰਨ ਦਵਾਰੇ ਬਹਿ ਬਹਿ ਸਜਾ, ਵੇਖੇ ਤੀਜਾ ਨੇਤਰ ਉਘਾੜ । ਮਨਮੁਖ ਵੇਖ ਅੰਧੇਰੀ ਮੱਸਿਆ, ਮਗਰ ਲੱਗੀ ਪੰਚਮ ਧਾੜ । ਗੁਰਮੁਖ ਕੋਟਨ ਕੋਟ ਪਰਕਾਸ਼ ਰਵ ਸੱਸਿਆ, ਜੋਤ ਜਗਾਏ ਬਹੱਤਰ ਨਾੜ । ਭਾਗ ਲਗਾਏ ਜੰਗਲ ਜੂਹ ਉਜਾੜ ਪਹਾੜ । ਮਨਮੁਖ ਦਰ ਤੋਂ ਜਾਏ ਨੱਸਿਆ, ਦੂਰ ਦੁਰਾਡਾ ਜਾਏ ਭਾਗ । ਭਗਤ ਜਨਾਂ ਹਰਿ ਹਿਰਦੇ ਵਸਿਆ, ਦੁਰਮਤ

ਮੈਲ ਦੇਵੇ ਸਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨਾਂ ਰਾਹ ਏਕਾ ਦੱਸਿਆ, ਆਪੇ ਜਾਣੇ ਪਿੱਛੇ ਅਗਾੜ । ਚਾਰ ਵਰਨਾਂ ਇਕ ਦਵਾਰ, ਏਕਾ ਏਕੰਕਾਰਿਆ । ਸਤਿਗੁਰ ਸਾਚਾ ਸਚ ਵਰਤਾਰ, ਪਾਰਬ੍ਰਹਮ ਨਿਰੰਕਾਰਿਆ । ਸੋਹੰ ਅੱਖਰ ਭਰੇ ਭੰਡਾਰ, ਸੋ ਪੁਰਖ ਨਿਰੰਜਣ ਆਪ ਵਰਤਾ ਰਿਹਾ । ਹੰ ਹੰਗਤਾ ਦਏ ਨਿਵਾਰ, ਹਾਹਾ ਹੁਕਮ ਜਣਾ ਰਿਹਾ । ਸੱਸਾ ਸਤਿਗੁਰ ਪੁਰਖ ਭਤਾਰ, ਸ੍ਰਿਸ਼ਟ ਸਬਾਈ ਆਪ ਅਖਵਾ ਰਿਹਾ । ਹਾਹਾ ਹਰਿਜਨ ਮਾਂਗੇ ਦਰਸ ਅਪਾਰ, ਆਪ ਆਪਣਾ ਰਾਹ ਵਿਖਾ ਰਿਹਾ । ਮੇਲ ਮਿਲਾਏ ਏਕੰਕਾਰ, ਸਾਚਾ ਧਾਮ ਸੁਹਾ ਰਿਹਾ । ਪਰਗਟ ਹੋਏ ਨਰ ਨਿਰੰਕਾਰ, ਨਿਰਗੁਣ ਜੋਤ ਜਗਾ ਰਿਹਾ । ਸਰਗੁਣ ਦੇਵੇ ਸ਼ਬਦ ਅਧਾਰ, ਏਕਾ ਡੰਕ ਵਜਾ ਰਿਹਾ । ਭਰਮੇ ਭੁੱਲੇ ਜੀਵ ਗਵਾਰ, ਮਾਇਆ ਪੜਦਾ ਪਾ ਰਿਹਾ । ਗੁਰਮੁਖ ਕਰੇ ਖ਼ਬਰਦਾਰ, ਫੜ ਬਾਹੋਂ ਰਾਹੇ ਪਾ ਰਿਹਾ । ਕਲਜੁਗ ਤੇਰਾ ਅੰਤ ਹੁਲਾਰ, ਸੰਮਤ ਚੌਦਾਂ ਚੌਦਾਂ ਲੋਕਾਂ ਆਪ ਦਵਾ ਰਿਹਾ । ਪਵਣ ਉਨੰਜਾ ਪਾਵੇ ਸਾਰ, ਅਵਣ ਗਵਣ ਵੇਖ ਵਖਾ ਰਿਹਾ । ਸਾਵਣ ਬਰਖੇ ਸਾਚੀ ਧਾਰ, ਅੰਮ੍ਰਿਤ ਆਤਮ ਆਪ ਪਿਆ ਰਿਹਾ । ਗੁਰਮੁਖਾਂ ਜਾਏ ਸਦ ਬਲਿਹਾਰ, ਏਕਾ ਬਣਤ ਬਣਾ ਰਿਹਾ । ਏਕਾ ਰੰਗ ਰੰਗੇ ਰੰਗਣਹਾਰ, ਸੰਤ ਸੁਹਾਗਣ ਏਕਾ ਕੰਤ ਹੰਢਾ ਰਿਹਾ । ਚਰਨ ਧੂੜ ਕਰਾਏ ਸਾਚਾ ਮਜਨ, ਅੱਠ ਸੱਠ ਮੇਟ ਮਿਟਾ ਰਿਹਾ । ਆਤਮ ਉਪਜੇ ਇਕ ਵੈਰਾਗਣ, ਸਾਚੀ ਭਗਤੀ ਭਗਤ ਜਣਾ ਰਿਹਾ । ਦੁਰਮਤ ਮੈਲ ਧੋਵੇ ਦਾਗਣ, ਨਾਮ ਸਾਬਣ ਏਕਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਇਕ ਘਰ, ਹਰਿ ਸਾਚਾ ਮੇਲ ਮਿਲਾ ਰਿਹਾ । ਪੰਚਮ ਪਾਇਆ ਸਹਿਜ ਅਨੰਦ, ਆਤਮ ਘਰ ਵਧਾਈਆ । ਰਸਨ ਤਜਾਇਆ ਮਦਿਰਾ ਮਾਸ ਗੰਦ, ਪਰਮਾਨੰਦ ਸਮਾਈਆ । ਸ਼ਬਦ ਸਰੂਪੀ ਚੜ੍ਹਿਆ ਸਾਚਾ ਚੰਦ, ਜੋਤੀ ਨੂਰ ਸਵਾਈਆ । ਗਿਆਨੀ ਧਿਆਨੀ ਪੰਡਤ ਵਿਦਵਾਨੀ ਅੰਜੀਲ ਕੁਰਾਨੀ ਮੁੱਲਾ ਸ਼ੇਖ਼ ਮੁਸਾਇਕ ਗਾ ਗਾ ਥੱਕੇ ਬੱਤੀ ਦੰਦ, ਨਾ ਕੋਈ ਪਾਇਆ ਪਦ ਨਿਰਬਾਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਇਕ ਨਿਸ਼ਾਨੀ । ਸੇਵਕ ਸੇਵਾਦਾਰ, ਹਰਿ ਭਗਵੰਤਿਆ । ਕਰੇ ਕਰਾਏ ਵਾਰੋ ਵਾਰ, ਖੇਲ ਖਿਲਾਏ ਜੁਗਾ ਜੁਗੰਤਿਆ । ਗੁਰਮੁਖ ਵਿਰਲਾ ਪਾਵੇ ਸਾਰ, ਪ੍ਰਭ ਦੇਵੇ ਤਾਰ ਹਰਿ ਸਾਜਨ ਸਾਚਾ ਸੰਤਿਆ । ਚਰਨ ਕਵਲ ਉਪਰ ਧਵਲ ਢਹਿ ਪਏ ਦਵਾਰ, ਹਰਿ ਸੁਣੇ ਸਚ ਬੇਨੰਤਿਆ । ਦੇਵੇ ਲਵੇ ਮੰਗ ਭਿਖ ਪਿਆਰ, ਚਰਨ ਪ੍ਰੀਤੀ ਇਕ ਰਖੰਤਿਆ । ਅੰਦਰ ਬਾਹਰ ਵੇਖ ਵਿਚਾਰ, ਨਰ ਨਿਰੰਕਾਰ ਦਰ ਦਵਾਰ ਇਕ ਸੁਹੰਤਿਆ । ਆਪੇ ਪੁਰਖ ਆਪੇ ਨਾਰ, ਆਪੇ ਮੀਤਾ ਕੰਤ ਭਤਾਰ, ਸੇਵਕ ਸੇਵਕ ਆਪ ਅਖਵੰਤਿਆ । ਗੁਰਸਿਖ ਸਾਜਨ ਚਰਨ ਬਲਿਹਾਰ, ਪਾਰਬ੍ਰਹਮ ਪੂਰਨ ਭਗਵੰਤਿਆ । ਕਲਜੁਗ ਲਹਿਣਾ ਦੇਣਾ ਰਿਹਾ ਕਰਜ਼ ਉਤਾਰ, ਪੂਰਬ ਮੂਲ ਚੁਕੰਤਿਆ । ਪੰਚਮ ਜੇਠਾ ਦਰ ਦਵਾਰੇ ਪਾਏ ਸਾਰ, ਜੋਤ ਸਰੂਪੀ ਬਣ ਭਿਖਾਰ, ਪੰਚਮ ਭੇਵ ਖੁਲੰਤਿਆ । ਪੰਚਮ ਪੰਚਾਂ ਸਾਂਝਾ ਯਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਵਟੰਤਿਆ । ਸੇਵਕ ਸਾਚਾ ਧੰਨ ਹੈ, ਸਤਿਗੁਰ ਪੂਰਾ ਆਪ । ਪੰਚਾਂ ਚੋਰਾਂ ਦੇਵੇ ਫੜ ਫੜ ਡੰਨ ਹੈ, ਬਾਲ ਅੰਞਾਣੇ ਗੁਰਸਿਖ ਉਠਾਏ ਆਪੇ ਹੋਏ ਮਾਈ ਬਾਪ । ਏਕਾ ਰਾਗ ਸੁਣਾਏ ਕੰਨ ਹੈ, ਸੋਹੰ ਸੋ ਅਜਪਾ ਜਾਪ । ਦੇਵੇ ਮਾਲ ਸੱਚਾ ਨਾਮ ਧੰਨ ਹੈ, ਕੋਟਨ ਕੋਟ ਉਤਾਰੇ ਪਾਪ । ਜੁਗ ਜੁਗ ਬੇੜਾ ਰਿਹਾ ਬੰਨ੍ਹ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਵੇਖ ਦਰ, ਦਰ ਭਿਖਾਰੀ ਆਪੇ ਆਪ ।

ਸਤਿ ਪੁਰਖ ਦਿਆਲ, ਅਕਾਲ ਆਪ ਅਖਵਾਇਆ। ਸ਼ਬਦ ਬਣਾਏ ਇਕ ਦਲਾਲ, ਘਰ ਸਾਚਾ ਰਿਹਾ ਵਖਾਇਆ। ਜੁਗ ਜੁਗ ਚਲੇ ਅਵੱਲੜੀ ਚਾਲ, ਆਪ ਆਪਣੀ ਚਲਦਾ ਆਇਆ। ਸੰਤ ਸੁਹੇਲੇ ਲਏ ਭਾਲ, ਘਰ ਚੌਥੇ ਮੇਲ ਮਿਲਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਿਖਾਇਆ। ਚੌਥਾ ਘਰ ਕਰ ਤਿਆਰ, ਆਪਣਾ ਕਰਮ ਕਮਾਇਆ। ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਰਾਹ ਚਲਾਇਆ। ਪਾਰਬ੍ਰਹਮ ਪ੍ਰਭ ਪਾਏ ਸਾਰ, ਬ੍ਰਹਮ ਮੇਲ ਮਿਲਾਇਆ। ਗੁਰਮੁਖ ਸਾਚੇ ਸੰਤ ਦੁਲਾਰ, ਸਚ ਸੁਨੇਹੜਾ ਰਿਹਾ ਦਵਾਇਆ। ਕਲਜੁਗ ਤੇਰੀ ਅੰਤਮ ਧਾਰ, ਕਾਲੀ ਰਿਹਾ ਵਹਾਇਆ। ਲੱਖ ਚੁਰਾਸੀ ਕੋਈ ਨਾ ਪਾਵੇ ਸਾਰ, ਸਾਧ ਸੰਤ ਹੋਏ ਹਲਕਾਇਆ। ਭਰਮੇ ਭੁੱਲੇ ਭਰਮ ਗਵਾਰ, ਮਾਇਆ ਪੜਦਾ ਕੋਇ ਨਾ ਲਾਹਿਆ। ਪੰਜ ਸ਼ੈਤਾਨੀ ਮਾਰਨ ਮਾਰ, ਪੰਚ ਵਿਕਾਰ ਚਲਾਇਆ। ਗੁਣ ਨਿਧਾਨੀ ਹਰਿ ਦਾਤਾਰ, ਆਪ ਆਪਣਾ ਖੇਲ ਰਚਾਇਆ। ਸਤਿਜੁਗ ਤੇਰੀ ਸਾਚੀ ਬਾਣੀ, ਆਪਣਾ ਨਾਉਂ ਰਖਾਇਆ। ਸੋਹੰ ਸਾਚਾ ਕਰ ਆਕਾਰ, ਸੋ ਪੁਰਖ ਨਿਰੰਜਣ ਆਪ ਰਘੁਰਾਇਆ। ਚੌਥੇ ਘਰ ਮਹੱਲ ਅਟਾਰ, ਅਸਥਿਲ ਰਿਹਾ ਟਿਕਾਇਆ। ਆਪੇ ਹੋਇਆ ਪਹਿਰੇਦਾਰ, ਦੂਸਰ ਕੋਇ ਦਿਸ ਨਾ ਆਇਆ। ਸਗਲ ਸੁਹੇਲਾ ਮੀਤ ਮੁਰਾਰ, ਸਰਗੁਣ ਰੂਪ ਸਮਾਇਆ। ਇਕ ਇਕੇਲਾ ਆਪ ਨਿਰੰਕਾਰ, ਘਰ ਸਾਚਾ ਰਿਹਾ ਸੁਹਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਚ ਸੁਨੇਹੜਾ ਰਿਹਾ ਘਲਾਇਆ। ਸਚ ਸੁਨੇਹੜਾ ਧੁਰ ਦਰਗਾਹ, ਦੇਵਣਹਾਰ ਅਕਾਲਿਆ। ਸ਼ਬਦ ਬਣਾਏ ਮਾਤ ਮਲਾਹ, ਹੋਏ ਆਪ ਰਖਵਾਲਿਆ। ਇਕ ਜਪਾਏ ਸਾਚਾ ਨਾਂ, ਜੁਗ ਜੁਗ ਆਪ ਉਪਾ ਲਿਆ। ਕਲਜੁਗ ਤੇਰੀ ਝੂਠੀ ਛਾਂ, ਅੰਤਮ ਢਲਦਾ ਜਾਏ ਪਰਛਾਇਆ। ਧਰਤ ਮਾਤ ਰੋਵੇ ਲੱਖ ਚੁਰਾਸੀ ਤੇਰੀ ਮਾਂ, ਮਨਮੁਖ ਜੀਵਾਂ ਮਦਿਰਾ ਮਾਸ ਰਸਨ ਲਗਾਨਿਆ। ਹੰਸ ਬੁਧੀ ਹੋਈ ਕਾਂ, ਚਾਰੋਂ ਕੁੰਟ ਕਾਗ ਵਾਂਗ ਕੁਰਲਾਨਿਆ। ਗੁਰਦਰ ਮੰਦਰ ਮਸਜਿਦ ਕੋਈ ਨਾ ਦਿਸੇ ਸੁੱਚਾ ਥਾਂ, ਮਿਲੇ ਮੇਲ ਸ੍ਰੀ ਭਗਵਾਨਿਆ। ਜੂਠ ਝੂਠ ਰਹੀ ਖ਼ੁਸ਼ੀਆਂ ਮਨਾ, ਨਾਲ ਰਲਾਏ ਪੰਜ ਸ਼ੈਤਾਨਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਚੌਥਾ ਇਕ ਸੁਹਾਨਿਆ। ਚੌਥਾ ਘਰ ਹਰਿ ਬੁਲੰਦ, ਏਕਾ ਏਕ ਅਟੱਲਿਆ। ਨਾ ਕੋਈ ਦੂਸਰ ਦਿਸੇ ਕੰਧ, ਨਾ ਕੋਈ ਪਾਵੇ ਸਾਰ ਜਲ ਥਲਿਆ। ਸਾਧ ਸੰਤ ਨਾ ਕੋਈ ਮੁਕਾਏ ਪੰਧ, ਨੌ ਦਵਾਰੇ ਫਿਰਦੇ ਡੂੰਘੀ ਡੱਲਿਆ। ਗੁਰਮੁਖ ਵਿਰਲੇ ਮਸਤਕ ਚੜ੍ਹਿਆ ਸਾਚਾ ਚੰਦ, ਚਰਨ ਦਵਾਰ ਜਿਸ ਜਨ ਮਲਿਆ। ਖ਼ੁਸ਼ੀ ਕਰਾਏ ਬੰਦ ਬੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਦਰ ਰਲਿਆ। ਚੌਥਾ ਘਰ ਸ਼ਬਦ ਟਿਕਾਣਾ, ਹਰਿ ਆਪਣਾ ਆਪ ਉਪਾਇਆ। ਨਾ ਕੋਈ ਜਾਣੇ ਜੀਵ ਨਾਦਾਨਾ, ਦਿਸ ਕਿਸੇ ਨਾ ਆਇਆ। ਸੋਹੰ ਝੁੱਲੇ ਸਚ ਨਿਸ਼ਾਨਾ, ਪ੍ਰਭ ਆਪਣੇ ਹੱਥ ਉਠਾਇਆ। ਗੁਰਮੁਖਾਂ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਵੇਖ ਵਿਖਾਇਆ। ਸਰਗੁਣ ਸਾਚਾ ਮੇਲ ਮਿਲਾਨਾ, ਨਿਰਗੁਣ ਰਿਹਾ ਜਗਾਇਆ। ਨਿਰਗੁਣ ਵੇਖੇ ਕਰ ਧਿਆਨਾ, ਸਰਗੁਣ ਭੇਵ ਨਾ ਰਾਇਆ। ਅੰਤ ਆਪਣਾ ਮੇਲ ਮਿਲਾਨਾ, ਗੁਰਮੁਖ ਸਾਚੇ ਆਪੇ ਵੇਖ ਵਖਾਇਆ। ਇਕ ਸੁਣਾਏ ਸ਼ਬਦ ਤਰਾਨਾ, ਰਾਗ ਅਨਾਦੀ ਰਿਹਾ ਸੁਣਾਇਆ। ਤੇਜ ਪਰਕਾਸ਼ ਕੋਟਨ ਭਾਨਾ, ਆਪ ਆਪਣਾ ਰਿਹਾ ਵਿਖਾਇਆ। ਪਾਰ ਕਰਾਏ ਆਕਾਸ਼ ਆਕਾਸ਼ਾ, ਦੂਰ ਦੁਰਾਡਾ ਧਾਮ ਸੁਹਾਇਆ। ਲੇਖੇ ਲਾਏ ਸਵਾਸ ਸਵਾਸਾ, ਜਿਸ ਜਨ ਰਸਨਾ ਗਾਇਆ। ਗੁਰਮੁਖਾਂ ਪੂਰ ਕਰਾਏ ਆਸਾ, ਜੁਗ ਜੁਗ ਬੇੜਾ

ਬੰਧਨ ਆਇਆ । ਦੁਸ਼ਟ ਹੰਕਾਰੀ ਕਰੇ ਨਾਸਨ, ਖੰਡਾ ਨਾਮ ਰਖਾਇਆ । ਗੋਬਿੰਦ ਕਾਇਆ ਪਾਵੇ ਰਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਚੌਥਾ ਇਕ ਸੁਹਾਇਆ । ਚੌਥਾ ਘਰ ਸ਼ਬਦ ਬ੍ਰਿਮਾਦ, ਸੁਹਾਏ ਆਦਿ ਜੁਗਾਦਿਆ । ਆਪ ਵਜਾਏ ਆਪਣਾ ਨਾਦ, ਨਾ ਕੋਈ ਰਸਨਾ ਲਾਏ ਸਾਦਿਆ । ਸੰਤ ਸੁਹੇਲੇ ਰੱਖਣੇ ਯਾਦ, ਧੁਰ ਦੀ ਬਾਣ ਹਰਿ ਹਰਿ ਵਾਦਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਸੁਹੇਲੇ, ਆਪ ਕਰਾਏ ਆਪਣੇ ਮੇਲੇ, ਇਕ ਇਕੇਲੇ ਸਦਾ ਸਦਾ ਵਿਸਮਾਦਿਆ । ਚੌਥਾ ਘਰ ਹਰਿ ਅਖਾੜਾ, ਸ਼ਬਦੀ ਧੁਨ ਉਪਜਾਈਆ । ਪਾਰਬ੍ਰਹਮ ਪ੍ਰਭ ਅਗੰਮਾ ਸਾਚਾ ਲਾੜਾ, ਹਰਿਜਨ ਨਾਰੀ ਕੰਤਾ ਆਪ ਪਰਨਾਈਆ । ਆਪੇ ਹੋਇਆ ਪਿੱਛੇ ਅਗਾੜਾ, ਸਾਚੇ ਸੰਤਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸਿਆ ਚੌਥੇ ਘਰ, ਹੱਡ ਮਾਸ ਨਾੜੀ ਰੱਤ ਨਾ ਕੋਈ ਰਖਾਈਆ । ਚੌਥੇ ਘਰ ਸ਼ਬਦ ਦਰਬਾਰ, ਪੰਚ ਰਹੇ ਦਰਬਾਰਿਆ । ਪੁਰਖ ਅਬਿਨਾਸ਼ੀ ਸਚ ਸੁਲਤਾਨ, ਬੈਠਾ ਆਪ ਭਗਵਾਨਿਆ । ਜਨ ਭਗਤਾਂ ਕਰੇ ਮਾਤ ਪਛਾਨ, ਅੱਠੇ ਪਹਿਰ ਵੇਖੇ ਮਾਰ ਧਿਆਨਿਆ । ਵਿਸ਼ਨੂੰ ਬੰਸੀ ਬ੍ਰਹਮਾ ਸ਼ਿਵ ਸਾਰੇ ਗਾਣ, ਨੇਤਰ ਨੈਣੀ ਦਰਸ ਨਾ ਪਾਣ ਗੁਣ ਨਿਧਾਨਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਕਲਜੁਗ ਤੇਰੀ ਜੂਠੀ ਝੂਠੀ ਮਾਤ ਦੁਕਾਨ, ਮਿਟਦੇ ਜਾਣ ਪੰਜ ਸ਼ੈਤਾਨਿਆ । ਕੋਇ ਨਾ ਦੇਵੇ ਕਿਸੇ ਨਾਮ ਦਾਨ, ਕਾਇਆ ਮੰਦਰ ਅੰਦਰ ਗੁਰੂਦਵਾਰਾ ਸਚ ਮਕਾਨ, ਹਰਿ ਜੋਤੀ ਨੂਰ ਸੁਹਾਨਿਆ । ਪੰਚਮ ਬਹਿ ਬਹਿ ਮੰਗਲ ਗਾਨ, ਦਸਮ ਦਵਾਰੀ ਰਾਹ ਤਕਾਨਿਆ । ਉਠੇ ਜੋਧਾ ਸੂਰ ਬਲੀ ਬਲਵਾਨ, ਮਾਰੇ ਸ਼ਬਦ ਤੀਰ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਗੜ੍ਹ ਹੰਕਾਰੀ ਆਪੇ ਤੋੜ ਤੁੜਾਨਿਆ । ਕਾਇਆ ਗੜ੍ਹ ਹੰਕਾਰ, ਜਗਤ ਬਣਾਇਆ । ਨਾਲ ਰਲਾਇਆ ਪੰਜ ਤਤ ਵਿਕਾਰ, ਸਾਚਾ ਸੰਤ ਨਾ ਕੋਇ ਦਿਸਾਇਆ । ਮਨਮਤ ਹੋਈ ਗਵਾਰ, ਮਨਮੁਖ ਜੀਵਾਂ ਰਹੀ ਸਮਝਾਇਆ । ਬਹੱਤਰ ਨਾੜੀ ਏਕਾ ਰੱਤ, ਏਕਾ ਧੰਦੇ ਲਾਇਆ । ਮੋਹ ਵਿਕਾਰਾ ਬੱਧਾ ਨੱਤ, ਨਾ ਕੋਈ ਤੋੜ ਤੁੜਾਇਆ । ਲੱਖ ਚੁਰਾਸੀ ਕਲਜੁਗ ਭੁੱਲੀ ਸਤਿਗੁਰ ਮਤ, ਸਤਿ ਧੀਰਜ ਸਤਿ ਗਵਾਇਆ । ਕੋਈ ਨਾ ਰੱਖੇ ਕਿਸੇ ਪਤ, ਨਾਰ ਦੁਹਾਗਣ ਲੱਖ ਚੁਰਾਸੀ ਰਹੀ ਕੁਰਲਾਇਆ । ਪਰਗਟ ਹੋ ਹਰਿ ਸਮਰਥ, ਕਲਜੁਗ ਅੰਤਮ ਜਾਮਾ ਪਾਇਆ । ਸ਼ਬਦ ਚਲਾਏ ਸਾਚਾ ਰਥ, ਸੋਹੰ ਨਾਉਂ ਰਖਾਇਆ । ਪ੍ਰਭ ਕਾ ਭੇਵ ਅਕਥਨਾ ਅਕਥ, ਕੋਈ ਕਥ ਨਾ ਸਕੇ ਰਾਇਆ । ਗੁਰਮੁਖ ਸਾਜਣ ਸੰਤ ਜਨਾਂ ਪੰਜ ਵਿਕਾਰਾ ਰਿਹਾ ਮਥ, ਨਾਮ ਖੰਡਾ ਤਨ ਕਟਾਰ ਪਹਿਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚਾ ਘਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਸੁਹੰਜਣਾ, ਚੌਥੇ ਵੱਜੀ ਵਧਾਈਆ । ਜੋਤ ਜਗਾਏ ਪੁਰਖ ਨਿਰੰਜਣਾ, ਸ਼ਬਦ ਕਰੇ ਕੁੜਮਾਈਆ । ਗਿਆਨ ਪਾਵੇ ਨੇਤਰ ਅੰਜਨਾ, ਏਕਾ ਰੰਗ ਵਿਖਾਈਆ । ਮਿਲਿਆ ਮੇਲ ਸਾਚਾ ਸੱਜਣਾ, ਵਿਛੜ ਕਦੇ ਨਾ ਜਾਈਆ । ਜੋ ਘੜਿਆ ਸੋ ਅੰਤਮ ਭੱਜਣਾ, ਕਲਜੁਗ ਅੰਤਮ ਦਏ ਦੁਹਾਈਆ । ਬੀਸ ਬੀਸੇ ਮਦਿਰਾ ਮਾਸ ਸ੍ਰਿਸ਼ਟ ਸਬਾਈ ਤੱਜਣਾ, ਲੇਖਾ ਰਿਹਾ ਲਿਖਾਈਆ । ਮਨਮੁਖ ਜੀਵਾਂ ਪੜਦਾ ਕਿਸੇ ਨਾ ਕੱਜਣਾ, ਰਾਏ ਧਰਮ ਦਏ ਸਜ਼ਾਈਆ । ਕਾਲ ਨਗਾਰਾ ਸਿਰ ਤੇ ਵੱਜਣਾ, ਲਾੜੀ ਮੌਤ ਖ਼ੁਸ਼ੀ ਮਨਾਈਆ । ਗੁਰਮੁਖ ਵਿਰਲਾ ਚੜ੍ਹੇ ਨਾਮ ਜਹਾਜ਼ਨਾ, ਜਿਸ ਜਨ ਆਪੇ ਰਿਹਾ ਚੜ੍ਹਾਈਆ । ਸ਼ਬਦ ਸਰੂਪੀ ਮਾਰੇ ਆਵਾਜਨਾ, ਅੰਦਰ ਬੈਠਾ ਆਸਣ ਲਾਈਆ । ਚਿੱਟੇ ਅਸਵ ਚੜ੍ਹਿਆ ਸਾਚੇ ਤਾਜਨਾ, ਚਾਰੋਂ ਕੁੰਟ ਰਿਹਾ ਦੁੜਾਈਆ । ਲਹਿਣਾ ਦੇਣਾ

ਚੁਕਣਾ ਕੱਲ ਕਿ ਆਜਨਾ, ਕਲਜੁਗ ਕੂਕੇ ਦਏ ਦੁਹਾਈਆ । ਨਾ ਕੋਈ ਦਿਸੇ ਰਾਜ ਰਾਜਨਾ, ਸ਼ਾਹ ਸੁਲਤਾਨ ਖ਼ਾਕ ਮਿਲਾਈਆ । ਪਰਗਟ ਹੋਏ ਹਰਿ ਸਾਚਾ ਸ਼ਾਹੋ ਸ਼ਾਬਾਸ਼ਨਾ, ਗੁਰਮੁਖਾਂ ਪੂਰਨ ਆਸ ਕਰਾਈਆ । ਜੋਤ ਜਗਾਏ ਪ੍ਰਿਥਮੀ ਆਕਾਸ਼ਨਾ, ਤ੍ਰੈ ਲੋਆਂ ਆਕਾਰ ਕਰਾਈਆ । ਆਦਿ ਪੁਰਖ ਸਦਾ ਅਬਿਨਾਸ਼ਨਾ, ਬਿਨਸ ਕਦੇ ਨਾ ਜਾਈਆ । ਨਾਮ ਜਪਾਏ ਸਵਾਸ ਸਵਾਸਨਾ, ਕਾਇਆ ਚੋਲੀ ਆਪ ਰੰਗਾਈਆ । ਆਪੇ ਹੋਇਆ ਦਾਸੀ ਦਾਸਨਾ, ਜਨ ਭਗਤ ਦਵਾਰੇ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਤੇਰਾ ਸਾਚਾ ਦਰ, ਦਰ ਦਰਵਾਜ਼ਾ ਵੇਖ ਵਖਾਈਆ । ਚੌਥਾ ਦਰ ਸਚ ਦਰਵਾਜ਼ਾ, ਆਪਣਾ ਆਪੇ ਸਾਜਿਆ । ਆਪੇ ਵੇਖੇ ਗ਼ਰੀਬ ਨਿਵਾਜਾ, ਆਪੇ ਮਾਰੇ ਆਵਾਜ਼ਿਆ । ਆਪ ਰਚਾਇਆ ਆਪਣਾ ਕਾਜਾ, ਵੱਡ ਦਾਤਾ ਰਾਜਨ ਰਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਇਕ ਦਰ, ਭਾਗ ਲਗਾਏ ਦੇਸਨ ਮਾਝਿਆ । ਮਾਝੇ ਦੇਸ ਜੋਤ ਜਗਾਈ, ਗੋਬਿੰਦ ਰੂਪ ਵਟਾਇਆ । ਗੋਬਿੰਦ ਗੁਰ ਸ਼ਬਦ ਕੁੜਮਾਈ, ਸਾਚਾ ਕੰਤ ਪਰਨਾਇਆ । ਆਤਮ ਘਰ ਵੱਜੀ ਵਧਾਈ, ਸਈਆਂ ਮੰਗਲ ਗਾਇਆ । ਦਿਵਸ ਰੈਣ ਖ਼ੁਸ਼ੀ ਸੰਗ ਸੁਹੇਲਾ ਆਇਆ । ਸੰਮਤ ਚੌਦਾਂ ਪਹਿਲੀ ਚੇਤਰ ਵੇਖ ਵਖਾਈ, ਗੁਰਮੁਖਾਂ ਰਾਹ ਤਕਾਇਆ । ਏਕਾ ਇੱਕੀ ਸ਼ਬਦ ਜਣਾਈ, ਸਾਚੀ ਸਿੱਖੀ ਰਿਹਾ ਬਣਾਇਆ । ਖੰਡਿਉਂ ਤਿੱਖੀ ਵਾਲੋਂ ਨਿੱਕੀ, ਏਕਾ ਇੱਕੀ ਪਾਇਆ । ਨੌ ਖੰਡ ਪ੍ਰਿਥਮੀ ਧਾਰੇ ਭੇਖੀ, ਸੱਤਾਂ ਦੀਪਾਂ ਰਿਹਾ ਜਣਾਇਆ । ਨਾ ਕੋਈ ਜਾਣੇ ਮੁਨੀ ਰਿਖੀ, ਪੰਡਤ ਪਾਂਧੇ ਭੇਵ ਨਾ ਪਾਇਆ । ਲੱਖ ਚੁਰਾਸੀ ਤੇਰੀ ਲਿਖਤ ਲੇਖ ਲਿਖੀ, ਬਿਧਨਾ ਸੇਵਾ ਲਾਇਆ । ਕਲਜੁਗ ਨੇਤਰ ਪੁਰਖ ਅਬਿਨਾਸ਼ੀ ਪੇਖੀ, ਮਾਇਆ ਮਮਤਾ ਦੂਰ ਕਰਾਇਆ । ਆਪੇ ਜਾਣੇ ਧਾਰੀ ਕੇਸੀ, ਦਸ ਦਸਮੇਸ਼ ਅਖਵਾਇਆ । ਮੂੰਡ ਮੁੰਡਾਏ ਵੇਸ ਵੇਸੀ, ਗੌੜ ਬ੍ਰਹਿਮਣ ਧਾਇਆ । ਪੂਤ ਸਪੂਤਾ ਵੇਖ ਵਖਾਏ ਚਾਰੇ ਕੂੰਟਾਂ, ਵੇਦ ਵਿਆਸਾ ਨਾਲ ਰਲਾਇਆ । ਸਤਿਜੁਗ ਤੇਰਾ ਸਾਚਾ ਬੂਟਾ, ਗੋਬਿੰਦ ਆਪੇ ਰਿਹਾ ਲਗਾਇਆ । ਸੋਹੰ ਦੇਵੇ ਸਾਚਾ ਹੂਟਾ, ਸੋ ਪੁਰਖ ਨਿਰੰਜਣ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਘਰ ਚੌਥਾ ਰਿਹਾ ਵਖਾਇਆ । ਚੌਥੇ ਘਰ ਹਰਿ ਭਗਵੰਤਾ, ਆਪਣਾ ਰੰਗ ਰੰਗਾਇੰਦਾ । ਮੇਲ ਮਿਲਾਏ ਸਾਚੇ ਸੰਤਾ, ਸਾਚਾ ਸੰਗ ਨਿਭਾਇੰਦਾ । ਰੋਗ ਗਵਾਏ ਹਉਮੇ ਹੰਗਤਾ, ਮਾਇਆ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਸਾਚਾ ਘਰ, ਸਾਚਾ ਧਾਮ ਅਖਵਾਇੰਦਾ । ਚੌਥਾ ਘਰ ਸਚ ਮਹੱਲਾ ਹਰਿ ਸੁਲਤਾਨ, ਸੱਸਾ ਆਪ ਬਣਾਇਆ । ਚਾਰੋਂ ਕੁੰਟ ਇਕ ਮਕਾਨ, ਨਾ ਕੋਈ ਦਰ ਦਰਵਾਜ਼ਾ ਲਗਾਇਆ । ਆਵਣ ਜਾਵਣ ਖੇਲ ਮਹਾਨ, ਆਉਂਦਾ ਜਾਂਦਾ ਕੋਈ ਦਿਸ ਨਾ ਆਇਆ । ਧਰਮ ਝੁਲਾਏ ਇਕ ਨਿਸ਼ਾਨ, ਸੱਤ ਰੰਗ ਰਿਹਾ ਰੰਗਾਇਆ । ਚੌਥਾ ਘਰ ਵੇਖ ਵਖਾਨ, ਆਪਣੀ ਦਇਆ ਕਮਾਇਆ । ਚੰਦ ਸੂਰਜ ਰਵ ਸਸ ਨਾ ਕੋਈ ਭਾਨ, ਤਾਰਾ ਮੰਡਲ ਕੋਇ ਦਿਸ ਨਾ ਆਇਆ । ਜੋਤ ਸਰੂਪੀ ਹਰਿ ਭਗਵਾਨ, ਆਪਣੀ ਸੇਵਾ ਰਿਹਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਇਕ ਘਰ, ਸੱਸਾ ਕਿਲਾ ਇਕ ਬਣਾਇਆ । ਸੱਸਾ ਕਿਲਾ ਸਚ ਸਰਕਾਰਾ, ਆਪਣਾ ਆਪ ਬਣਾਈਆ । ਆਪੇ ਹੋਇਆ ਪਹਿਰੇਦਾਰਾ, ਚੋਬਦਾਰ ਨਾ ਕੋਈ ਰਖਾਈਆ । ਪੰਚਮ ਪੰਚ ਰਿਹਾ ਲਲਕਾਰਾ, ਪੰਚਮ ਦਿਸ ਨਾ ਆਈਆ । ਅੱਖਰ ਵੱਖਰ ਹੋਇਆ ਬਾਹਰਾ, ਹਾਹਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਘਰ ਹੋਇਆ ਬਾਹਰਾ, ਜਨ


੪੩੫
੦੬

ਵਿਚ ਸਮਾਈਆ । ਜਨ ਹਰਿ ਏਕਾ ਰੰਗ ਰੰਗਾਇਆ, ਏਕਾ ਵਸਤ ਟਿਕਾਈਆ । ਦੂਸਰ ਨਾ ਕੋਈ ਸੰਗ ਮਿਲਾਇਆ, ਨਿਰਗੁਣ ਹਰਿ ਅਖਵਾਈਆ । ਸ਼ਬਦ ਤਾਲ ਹਰਿ ਇਕ ਵਜਾਇਆ, ਆਪਣੀ ਸੇਵਾ ਲਾਈਆ । ਦਸਮ ਦਵਾਰੀ ਬੰਦ ਰਖਾਇਆ, ਅੰਮ੍ਰਿਤ ਤਾਲ ਸੁਹਾਈਆ । ਤ੍ਰੈਗੁਣ ਮਾਇਆ ਜੰਦ ਲਗਾਇਆ, ਨਾ ਕੋਈ ਤੋੜ ਤੁੜਾਈਆ । ਗੁਰਮੁਖ ਸਾਚਾ ਆਪਣੇ ਅੰਗ ਲਗਾਇਆ, ਗੁਰ ਸ਼ਬਦ ਕਰੀ ਕੁੜਮਾਈਆ । ਸਾਚੇ ਘੋੜੇ ਤੰਗ ਕਸਾਇਆ, ਸਤਿਜੁਗ ਸਾਚੇ ਰਿਹਾ ਚੜ੍ਹਾਈਆ । ਧੁਰਦਰਗਾਹੀ ਸਾਚੀ ਵਸਤ ਲੋਕਮਾਤ ਲਿਆਇਆ, ਕਲਜੁਗ ਕਾਲੇ ਰਿਹਾ ਵਿਖਾਈਆ । ਸਤਿਜੁਗ ਸਚ ਦਰਵਾਜ਼ਾ ਅਲਖ ਜਗਾਇਆ, ਪ੍ਰਭ ਦਰ ਅੱਗੇ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੱਸਾ ਕਿਲ੍ਹਾ ਕੀਨਾ ਪਾਰਾ, ਹਾਹਾ ਰੂਪ ਵਟਾਈਆ । ਹਾਹਾ ਹਰੀ ਹਰਿ ਬਲਵਾਨਾ, ਹਰਿ ਵਿਚ ਸਮਾਇਆ । ਮੇਟ ਮਿਟਾਏ ਪੰਜ ਸ਼ੈਤਾਨਾ, ਏਕਾ ਤੀਰ ਰਖਾਇਆ । ਮਨ ਮਤ ਬੁਧ ਭੇਵ ਨਾ ਪਾਨਾ, ਜੀਵ ਜੰਤ ਹਲਕਾਇਆ । ਬ੍ਰਹਮ ਪਾਰਬ੍ਰਹਮ ਨਾ ਕਿਸੇ ਪਛਾਨਾ, ਭੇਦ ਅਭੇਦਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਪ ਆਪਣਾ ਅੰਕ ਕਟਾਏ, ਏਕਾ ਅੰਕ ਜੁਦਾਈਆ । ਦਾਤਾ ਸੂਰਾ ਸਰਬੰਗ ਅਖਵਾਏ, ਰਾਓ ਰੰਕ ਉਪਾਈਆ । ਆਪੇ ਭੁੱਖ ਨੰਗ ਰਖਾਏ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਆਪ ਹੋ ਆਈਆ । ਆਪ ਆਪਣਾ ਬੰਕ ਦਵਾਰ ਖੁਲ੍ਹਾਏ, ਆਪੇ ਬੈਠਾ ਬੰਦ ਕਰਾਈਆ । ਪੰਜ ਸ਼ੈਤਾਨਾ ਆਪ ਉਪਾਏ, ਆਪੇ ਦਏ ਮਿਟਾਈਆ । ਪੰਜ ਤਤ ਹਰਿ ਸੇਵਾ ਲਾਏ, ਕਾਇਆ ਮੰਦਰ ਰਿਹਾ ਬਿਠਾਈਆ । ਅੰਮ੍ਰਿਤ ਆਤਮ ਮੇਵਾ ਫਲ ਖਵਾਏ, ਜੋ ਜਨ ਨੇਤਰ ਨੈਣ ਲੋਚਨ ਗੁਰ ਪੂਰੇ ਦਰਸ਼ਨ ਪਾਈਆ । ਕੌਸਤਕ ਮਣੀਆਂ ਮਸਤਕ ਥੇਵਾ ਆਪ ਲਗਾਏ, ਸਾਕ ਸੱਜਣ ਸੈਣ ਮਾਤ ਪਿਤ ਭਾਈ ਭੈਣ ਆਪ ਹੋ ਜਾਈਆ । ਰਸਨਾ ਹਰਿ ਗੁਣ ਜੋ ਜਨ ਗਾਏ, ਲਹਿਣਾ ਦੇਣਾ ਮੂਲ ਚੁਕਾਈਆ । ਵੇਖ ਵਖਾਏ ਥਾਉਂ ਥਾਈਂ, ਆਵੇ ਜਾਵੇ ਕਰ ਕਰ ਧਾਈਆ । ਪਕੜ ਉਠਾਏ ਫੜ ਫੜ ਬਾਹੀਂ, ਲੁਕਿਆ ਰਹਿਣ ਨਾ ਕੋਈ ਪਾਈਆ । ਆਪੇ ਪਿਤਾ ਆਪੇ ਮਾਈ, ਪੂਤ ਸਪੂਤਾ ਆਪ ਹੋ ਜਾਈਆ । ਗੁਰਮੁਖਾਂ ਉਠਾਏ ਫੜ ਫੜ ਬਾਹੀਂ, ਕਲਜੁਗ ਅੰਤਮ ਮੇਲ ਮਿਲਾਈਆ । ਕਲਜੁਗ ਜੀਵ ਕਾਗ ਵਾਂਗ ਰਹੇ ਕੁਰਲਾਏ, ਸਾਚੀ ਚੋਗ ਨਾ ਕੋਈ ਚੁਗਾਈਆ । ਸੱਸਾ ਰੂਪ ਹਾਹਾ ਹੰਗਤਾ ਆਪ ਬਣਾਏ, ਸਾਚੀ ਸੰਗਤਾ ਰਿਹਾ ਮਿਲਾਈਆ । ਆਤਮ ਧਾਰਾ ਇਕ ਵਹਾਏ ਗੰਗਤਾ, ਗੰਗਾ ਗੋਦਾਵਰੀ ਬੈਠੀ ਮੁਖ ਛੁਪਾਈਆ । ਜੋ ਜਨ ਦਰ ਭਿਖਾਰੀ ਆਏ ਮੰਗਤਾ, ਸ਼ਬਦ ਦਾਤਾ ਹਰਿ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਘਰ ਦੇਵੇ ਵਰ, ਨਿਰਗੁਣ ਸਰਗੁਣ ਵਿਚ ਸਮਾਈਆ । ਨਿਰਗੁਣ ਸਰਗੁਣ ਰੂਪ ਸਮਾਇਆ, ਆਪਣਾ ਰੂਪ ਵਟਾਇੰਦਾ । ਪੰਜ ਤਤ ਨਾ ਕੋਈ ਰਖਾਇਆ, ਹੱਡ ਨਾੜੀ ਮਾਸ ਨਾ ਕੋਈ ਦਿਸਾਇੰਦਾ । ਬੂੰਦ ਰਕਤ ਨਾ ਕੋਈ ਉਪਾਇਆ, ਨੌ ਦਰ ਨਾ ਵੇਖ ਵਖਾਇੰਦਾ । ਮਤ ਬੁਧ ਨਾ ਨਾਲ ਰਲਾਇਆ, ਜੀਵਾਂ ਜੰਤਾਂ ਸੰਗ ਨਿਭਾਇੰਦਾ । ਸ਼ਬਦ ਸਰੂਪੀ ਏਕਾ ਸਾਚਾ ਰਥ ਚਲਾਇਆ, ਗੁਰਮੁਖ ਸੁਰਤ ਸਵਾਣੀ ਸਾਚੀ ਆਪ ਬਹਾਇੰਦਾ । ਅਕੱਥ ਅਕਥਨਾ ਅਜੱਪਾ ਜਾਪ ਜਪਾਇਆ, ਰਸਨਾ ਜਿਹਵਾ ਨਾ ਕੋਈ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥਾ ਘਰ ਹੋਇਆ ਬਾਹਰ, ਪੰਚਮ ਰਾਹ ਤਕਾਇੰਦਾ । ਪੰਚਮ ਘਰ ਪੁਰਖ ਅਬਿਨਾਸ਼ਾ, ਏਕਾ ਏਕ ਉਪਾਇਆ । ਏਕਾ ਮੰਡਲ ਏਕਾ ਰਾਸਾ, ਏਕਾ ਰੰਗ ਰੰਗਾਇਆ । ਆਦਿ ਪੁਰਖ

ਖੇਲੇ ਖੇਲ ਤਮਾਸ਼ਾ, ਚਾਰੋਂ ਕੁੰਟ ਵੇਖ ਵਖਾਇਆ । ਨਾ ਕੋਈ ਪ੍ਰਿਥਮੀ ਨਾ ਆਕਾਸ਼ਾ, ਲੋਆਂ ਪੁਰੀਆਂ ਦਿਸ ਨਾ ਆਇਆ । ਲੱਖ ਚੁਰਾਸੀ ਆਪੇ ਰੱਖੇ ਵਾਸਾ, ਦੇਵਤ ਸੁਰ ਨਾ ਕੋਈ ਜਣਾਇਆ । ਬ੍ਰਹਮਾ ਵਿਸ਼ਨੂੰ ਨਾ ਹੋਏ ਨਿਰਾਸਾ, ਪ੍ਰਭ ਸਾਚੀ ਸੇਵਾ ਲਾਇਆ । ਪੰਚਮ ਘਰ ਸਰਬ ਗੁਣਤਾਸਾ, ਆਪਣੀ ਜੋਤ ਜਗਾਇਆ । ਆਪਣਾ ਆਪ ਦਏ ਭਰਵਾਸਾ, ਸੰਗੀ ਸਾਥੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਚ ਧਾਮ ਸੁਹਾਇਆ । ਪੰਚਮ ਧਾਮ ਹਰਿ ਬਨਵਾਰੀ, ਆਪਣਾ ਆਪ ਸੁਹਾਇਆ । ਖੇਲੇ ਖੇਲ ਖੇਲਣਹਾਰੀ, ਆਪਣੀ ਖੇਲ ਰਚਾਇਆ । ਤ੍ਰੈਗੁਣ ਮਾਇਆ ਨਾ ਕੋਈ ਪਸਾਰੀ, ਪੰਜ ਤਤ ਨਾ ਕੋਈ ਦਿਸਾਇਆ । ਆਪ ਆਪਣੀ ਕਲ ਆਪੇ ਧਾਰੀ, ਕਲਧਾਰੀ ਆਪ ਅਖਵਾਇਆ । ਆਪ ਆਪਣੀ ਪੈਜ ਸੁਆਰੀ, ਆਪ ਆਪਣਾ ਪਰਦਾ ਲਾਹਿਆ । ਨਿਰਮਲ ਜੋਤ ਕਰ ਉਜਿਆਰੀ, ਨਿਰੰਕਾਰੀ ਰੂਪ ਵਟਾਇਆ । ਸ਼ਬਦ ਨਾ ਦਿਸੇ ਕੋਈ ਜੈਕਾਰੀ, ਹਰਿ ਸਾਚੀ ਸੇਵਾ ਲਾਇਆ । ਸਤਿਨਾਮ ਹਰਿ ਵਡ ਭੰਡਾਰੀ, ਘਰ ਸਾਚੇ ਇਕ ਟਿਕਾਇਆ । ਨਾਨਕ ਬਣਿਆ ਦਰ ਭਿਖਾਰੀ, ਪ੍ਰਭ ਸਾਚੇ ਝੋਲੀ ਪਾਇਆ । ਕਬੀਰਾ ਰੋਵੇ ਜ਼ਾਰੋ ਜ਼ਾਰੀ ਨੇਤਰ ਨੈਣ ਮੁੰਧਾਰੀ, ਸਾਜਨ ਲੱਖ ਚੁਰਾਸੀ ਗਈ ਹਾਰੀ, ਚਾਰ ਜੁਗ ਪਾਰਬ੍ਰਹਮ ਕਿਸੇ ਹੱਥ ਨਾ ਆਇਆ । ਚੌਥੇ ਘਰ ਮਾਰ ਉਡਾਰੀ, ਸਾਧ ਸੰਤ ਬੈਠੇ ਡੇਰਾ ਲਾਇਆ । ਗੁਰਮੁਖ ਸਾਚੇ ਕਰੋ ਤਿਆਰੀ, ਪ੍ਰਭ ਸਾਚਾ ਰਾਹ ਵਿਖਾਇਆ । ਨਿਹਕਲੰਕ ਜੋਧਾ ਸੂਰ ਬਲੀ ਬਲਕਾਰੀ, ਲੋਆਂ ਪੁਰੀਆਂ ਪਾਰ ਕਿਨਾਰਾ ਇਕ ਵਖਾਇਆ । ਆਵੇ ਜਾਵੇ ਵਾਰੋ ਵਾਰੀ, ਆਪਣੀ ਰਚਨ ਰਚਾਇਆ । ਗੋਬਿੰਦ ਕਾਇਆ ਕਰੇ ਪਿਆਰੀ, ਸਾਚਾ ਮੇਲ ਮਿਲਾਇਆ । ਸੋਹੰ ਚੋਲੇ ਨਾਲ ਸ਼ਿੰਗਾਰੀ, ਪਹਿਲਾ ਰੰਗ ਰੰਗਾਇਆ । ਕਲਗੀ ਤੋੜਾ ਸੀਸ ਦਸਤਾਰੀ,
੪੩੭ ਸਾਚਾ ਨਾਮ ਲਗਾਇਆ । ਸ਼ਸਤਰ ਖੰਡਾ ਫੜ ਦੋ ਧਾਰੀ, ਬ੍ਰਹਿਮੰਡਾਂ ਰਿਹਾ ਜਗਾਇਆ । ਕਲਜੁਗ ਤੇਰੀ ਅੰਤਮ ਵਾਰੀ, ਮਨਮੁਖਾਂ ਕੰਡਾਂ ਰਿਹਾ ੪੩੭
੦੬ ਵਢਾਇਆ । ਜੇਰਜ ਅੰਡਾਂ ਪਾਵੇ ਸਾਰੀ, ਹਰਿ ਆਪਣੀ ਬਣਤ ਰਿਹਾ ਬਣਾਇਆ । ਸੰਮਤ ਚੌਦਾਂ ਤੇਰੀ ਥਿਤ ਵਿਚਾਰੀ, ਏਕਾ ਇੱਕੀ ਏਕਮ ਜਣਾਇਆ । ੦੬
ਸਤਿਜੁਗ ਤੇਰੀ ਬੰਨ੍ਹੇ ਸਾਚੀ ਧਾਰੀ, ਮਨਮੁਖ ਜੀਵਾਂ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਘਰ ਸੁਹਾਇਆ । ਪੰਚਮ ਘਰ ਹਰਿ ਭਗਵਾਨਾ, ਭਗਵਨ ਰੂਪ ਸਮਾਇਆ । ਜਨ ਭਗਤਾਂ ਦੇਵੇ ਸਾਚਾ ਦਾਨਾ, ਦਾਤਾ ਦਾਨੀ ਆਪ ਅਖਵਾਇਆ । ਤਨ ਬੰਨ੍ਹੇ ਏਕਾ ਨਾਮ ਗਾਨਾ, ਮੁਖ ਸਾਚਾ ਸਗਣ ਮਨਾਇਆ । ਪਰਕਾਸ਼ ਕੋਟ ਤੇਜਨ ਭਾਨਾ, ਇਕ ਆਕਾਰ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਚ ਘਰ, ਹਰਿ ਸਹਿਜੇ ਰਿਹਾ ਸਮਾਇਆ । ਪੰਚਮ ਘਰ ਸ਼ਬਦ ਅਨਾਦ, ਅੱਠੇ ਪਹਿਰ ਧੁਨਕਾਰਿਆ । ਆਪ ਵਜਾਏ ਹਰਿ ਬ੍ਰਹਿਮਾਦ, ਸੁਣੇ ਸੁਣਾਏ ਵੱਡ ਬਲਕਾਰਿਆ । ਖੇਲੇ ਖੇਲ ਆਦਿ ਜੁਗਾਦਿ, ਖੇਲਣਹਾਰਾ ਵਡ ਸੰਸਾਰਿਆ । ਸੰਤ ਸੁਹੇਲੇ ਸਾਚੇ ਲਾਧ, ਦੇਵੇ ਦਰਸ ਅਗੰਮ ਅਪਾਰਿਆ । ਮੇਲ ਮਿਲਾਏ ਮਾਧਵ ਮਾਧ, ਨੇਤਰ ਨੈਣ ਰਿਹਾ ਉਘਾੜਿਆ । ਵੇਖ ਵਖਾਏ ਸੰਤ ਸਾਧ, ਮਨਮੁਖ ਚਬਾਏ ਆਪਣੀ ਦਾੜ੍ਹਿਆ । ਜੋ ਜਨ ਦਿਵਸ ਰੈਣ ਰਸਨਾ ਜਿਹਵਾ ਰਹੇ ਅਰਾਧ, ਨੇੜ ਨਾ ਆਏ ਪੰਚਮ ਧਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੇਲਾ ਸਚ ਘਰ, ਘਰ ਪੰਚਮ ਦੇਵੇ ਵਾੜਿਆ । ਪੰਚਮ ਘਰ ਸ਼ਬਦ ਜਣਾਈ, ਨਾਮ ਸਤਿ ਉਪਾਇਆ । ਨਾਮ ਸਤਿ ਹਰਿ ਸੇਵਾ ਸਤਿਗੁਰ ਸਾਚਾ ਰਿਹਾ ਸੁਣਾਇਆ । ਤਤ ਮਤ ਹਰਿ ਇਕ ਬੁਝਾਈ, ਚਰਨ ਨੱਤ ਬੰਧਾਇਆ । ਧੀਰਜ ਸੰਤੋਖ

੪੩੮
੦੬

ਹਰਿ ਝੋਲੀ ਪਾਈ, ਅੰਤਮ ਮੋਖ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸਚ ਘਰ, ਸਚ ਦਵਾਰ ਰਿਹਾ ਸੁਹਾਇਆ । ਪੰਚਮ ਘਰ ਧੁਰ ਫ਼ਰਮਾਣਾ, ਏਕਾ ਸ਼ਬਦ ਜਣਾਈਆ । ਆਪੇ ਜਾਣੇ ਹਰਿ ਤਰਾਨਾ, ਛੱਤੀ ਰਾਗ ਭੇਵ ਨਾ ਪਾਈਆ । ਨਾ ਕੋਈ ਜਾਣੇ ਵੇਦ ਪੁਰਾਨਾ, ਖਾਣੀ ਬਾਣੀ ਰਹੀ ਗਾਈਆ । ਹੱਥ ਨਾ ਆਏ ਅੰਜੀਲ ਕੁਰਾਨਾਂ, ਈਸਾ ਮੂਸਾ ਦਏ ਦੁਹਾਈਆ । ਸੰਗ ਮੁਹੰਮਦ ਵੇਖੇ ਮਾਰ ਧਿਆਨਾ, ਅਲ੍ਹਾ ਹੂ ਹੂ ਨਾਅਰਾ ਲਾਈਆ । ਅਹਿਨਲ ਹੱਕ ਦਰ ਪਰਵਾਨਾ, ਘਰ ਸਾਚੇ ਰਿਹਾ ਕਰਾਈਆ । ਚੌਥਾ ਘਰ ਪਦ ਨਿਰਬਾਨਾ, ਅੱਲਾ ਰਾਣੀ ਪਰਦਾ ਪਾਈਆ । ਪੰਚਮ ਘਰ ਹਰਿ ਮਕਾਨਾ, ਬੈਠਾ ਆਸਣ ਲਾਈਆ । ਨਾ ਕੋਈ ਤੀਰ ਨਾ ਕੋਈ ਨਿਸ਼ਾਨਾ, ਤੇਜ ਕਟਾਰ ਨਾ ਕੋਈ ਰਖਾਈਆ । ਨਾ ਕੋਈ ਬਸਤਰ ਸ਼ਸਤਰ ਪੀਣਾ ਖਾਣਾ, ਮੀਤ ਮੁਰਾਰ ਨਾ ਕੋਈ ਅਖਵਾਈਆ । ਨਾ ਕੋਈ ਸੁਣੇ ਸੁਣਾਏ ਦੂਸਰ ਗਾਨਾ, ਸਾਧ ਸੰਤ ਬੈਠੇ ਆਸਣ ਲਾਈਆ । ਜੋਤ ਸਰੂਪੀ ਹਰਿ ਭਗਵਾਨਾ, ਆਪੇ ਵਸਿਆ ਸਚ ਮਕਾਨਾ, ਪੰਚਮ ਘਰ ਸੁਹਾਈਆ । ਪੰਚਮ ਘਰ ਉਚ ਅਟੱਲਾ, ਹਰਿ ਸਾਚੇ ਆਪ ਉਸਾਰਿਆ । ਆਪੇ ਬੈਠ ਇਕ ਇਕੱਲਾ, ਖੇਲੇ ਖੇਲ ਅਪਾਰਿਆ । ਆਪਣੀ ਜੋਤੀ ਆਪੇ ਰੱਲਾ, ਹਰਿ ਸ਼ਬਦ ਬਣਤ ਬਣਾ ਰਿਹਾ । ਨਾਮ ਰਖਾਏ ਨਿਹਚਲ ਅਚੱਲਾ, ਭੇਵ ਕੋਈ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਪੰਚਮ ਭਾਗ ਲਗਾ ਰਿਹਾ । ਪੰਚਮ ਘਰ ਵਡ ਵਡ ਭਾਗੀ, ਏਕਾ ਏਕ ਸੁਹਾਇੰਦਾ । ਆਦਿ ਸ਼ਕਤ ਆਪੇ ਜਾਗੀ, ਆਪਣਾ ਰੂਪ ਵਿਖਾਇੰਦਾ । ਸ਼ਬਦ ਮਿਲਿਆ ਸਾਚਾ ਰਾਗੀ, ਨਾਮ ਸਤਿ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦਰ ਕਰ ਪਰਵਾਨ, ਹਰਿ ਸਾਚਾ ਆਪ ਕਰਾਇੰਦਾ । ਆਪੇ ਦੇਵਣਹਾਰਾ ਮਾਣਾ, ਆਪੇ ਮੇਟ ਮਿਟਾਇੰਦਾ । ਆਪ ਝੁਲਾਏ ਜੁਗ ਜੁਗ ਨਿਸ਼ਾਨਾ, ਆਪੇ ਖ਼ਾਕ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਆਪ ਹੋ ਆਇੰਦਾ । ਪੰਚਮ ਮੀਤਾ ਹਰਿ ਗਿਰਧਾਰੀ, ਕਲਜੁਗ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਕਲ ਸਿਕਦਾਰੀ, ਝੂਠੀ ਰੈਣ ਛਾਈਆ । ਭਰਮੇ ਭੁੱਲੇ ਜੀਵ ਗਵਾਰੀ, ਮਾਇਆ ਮਮਤਾ ਤਨ ਪਿਸਾਈਆ । ਗੁਰ ਦਰ ਮੰਦਰ ਮਸਜਿਦ ਹਾਹਾਕਾਰੀ, ਜੂਠਾ ਝੂਠਾ ਵਣਜ ਕਰਾਈਆ । ਸੰਤ ਸੁਹੇਲੇ ਮੇਲੇ ਇਕ ਇਕੇਲੇ ਨਾ ਕੋਈ ਪਾਵੇ ਸਾਰੀ, ਗੁਰ ਪੀਰ ਆਪੇ ਅਖਵਾਈਆ । ਮਿਲਿਆ ਮੇਲ ਨਾ ਹਰਿ ਗਿਰਧਾਰੀ, ਕਾਇਆ ਸੁੰਞੀ ਸੇਜ ਰਖਾਈਆ । ਪੰਚਾਂ ਕਾਇਆ ਰਹੇ ਸਰਦਾਰੀ, ਦੁਰਮਤ ਮੈਲ ਨਾ ਮਨ ਧਵਾਈਆ । ਸਾਚੇ ਕੰਤ ਨਾ ਹੋਏ ਪਿਆਰੀ, ਨਾਰ ਦੁਹਾਗਣ ਰਹੀ ਕੁਰਲਾਈਆ । ਗੁਰਮੁਖ ਵਿਰਲਾ ਸੰਤ ਕੰਤ ਸੁਹਾਗਣ ਨਾਰੀ, ਸਾਚੀ ਸੇਜਾ ਰਿਹਾ ਹੰਢਾਈਆ । ਫੂਲਨ ਬਰਖਾ ਲੱਗੇ ਅਪਰ ਅਪਾਰੀ, ਆਪ ਆਪਣੀ ਦਇਆ ਕਮਾਈਆ । ਆਪੇ ਬਣਿਆ ਭੁਜਾ ਪਸਾਰੀ, ਸਾਚੀ ਗੋਦੀ ਰਿਹਾ ਉਠਾਈਆ । ਦਿਵਸ ਰੈਣ ਕਰੇ ਪਿਆਰੀ, ਵਿਛੜ ਕਦੇ ਨਾ ਜਾਈਆ । ਸ਼ਬਦ ਚੋਲਾ ਤਨ ਸ਼ਿੰਗਾਰੀ, ਏਕਾ ਰੰਗ ਰੰਗਾਈਆ । ਆਪ ਵਸਾਏ ਉਚ ਮਹੱਲ ਅਟੱਲ ਅਟਾਰੀ, ਦਰ ਦਰਵਾਜ਼ਾ ਆਪਣੀ ਹੱਥੀਂ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਮੇਲਾ ਦਰ ਦਰਬਾਰ, ਆਪਣਾ ਆਪ ਕਰਾਇਆ । ਆਪ ਕਰਾਏ ਖ਼ਬਰਦਾਰ, ਸਾਚਾ ਰਾਹ ਵਿਖਾਇਆ । ਕਲਜੁਗ ਤੇਰੀ ਕਾਲੀ ਧਾਰ, ਮੁਖ ਕਾਲਾ ਪੱਲੂ ਪਾਇਆ । ਈਸਾ ਮੂਸਾ ਹੋ ਤਿਆਰ, ਸੰਗ ਮੁਹੰਮਦ ਚਾਰ ਯਾਰ ਡੌਰੂ ਵਾਹਿਆ । ਅਲ੍ਹਾ ਰਾਣੀ ਪ੍ਰਭ ਪਾਏ

ਸਾਰ, ਏਕਾ ਪੱਲੂ ਸਿਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਲੇਖਾ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖਾ, ਆਪ ਆਪਣੇ ਹੱਥ ਰਖਾਇਆ ।

ਹਰਿ ਹਰਿ ਇਕ ਇਕੱਲਾ ਏਕੰਕਾਰ, ਏਕ ਅਖਵਾਇਆ । ਸ਼ਬਦ ਬਣਾਏ ਮੀਤ ਮੁਰਾਰ, ਆਪਣਾ ਸੰਗ ਨਿਭਾਇਆ । ਤੀਜਾ ਨੇਤਰ ਵੇਖ ਉਘਾੜ, ਗੁਰਮੁਖ ਸਾਚੇ ਰਿਹਾ ਜਣਾਇਆ । ਚੌਥੇ ਘਰ ਦੇਵੇ ਵਾੜ, ਹਰਿ ਸੰਤਾਂ ਮੇਲ ਮਿਲਾਇਆ । ਪੰਚਮ ਮੇਲਾ ਇਕ ਦਵਾਰ, ਪੰਚਾਂ ਵਿਚ ਸਮਾਇਆ । ਨਿਹਕਲੰਕਾ ਨਰ ਅਵਤਾਰ, ਨਰ ਨਰਾਇਣ ਆਪ ਅਖਵਾਇਆ । ਨਰ ਨਰਾਇਣ ਖੇਲ ਅਪਾਰ, ਨਰ ਹਰਿ ਆਪ ਸਮਾਇਆ । ਆਦਿ ਪੁਰਖ ਅਗੰਮ ਅਪਾਰ, ਅਗੰਮ ਅਗੰਮਾ ਬਣ ਕੇ ਆਇਆ । ਅਲੱਖ ਅਲੱਖਣਾ ਵਡ ਵਡ ਬਲਕਾਰ, ਕੋਈ ਲੱਖ ਨਾ ਸਕੇ ਰਾਇਆ । ਹੋਏ ਪਰਤੱਖਨਾ ਵਿਚ ਸੰਸਾਰ, ਆਪਣੀ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਪੰਚਾਂ ਨਾਮ ਸੁਹਾਇਆ । ਪੰਚਮ ਅੱਖਰ ਜਗਤ ਨਿਸ਼ਾਨਾ, ਹਰਿ ਸਾਚਾ ਰਿਹਾ ਲਗਾਈਆ । ਨਿਹਕਲੰਕ ਬਲੀ ਬਲਵਾਨਾ, ਨਿਰਗੁਣ ਖੇਲ ਖਿਲਾਈਆ । ਸਰਗੁਣ ਵੇਖੇ ਮਾਰ ਧਿਆਨਾ, ਲੱਖ ਚੁਰਾਸੀ ਬੈਠਾ ਆਸਣ ਲਾਈਆ । ਰਾਗ ਸੁਣਾਏ ਇਕ ਤਰਾਨਾ, ਸਾਚਾ ਨਾਉਂ ਵਜਾਈਆ । ਹਰਿਜਨ ਮੇਲਾ ਮੇਲ ਸ੍ਰੀ ਭਗਵਾਨਾ, ਆਪ ਆਪਣੀ ਬੂਝ ਬੁਝਾਈਆ । ਜੁਗ ਜੁਗ ਝੁਲਾਏ ਧਰਮ ਨਿਸ਼ਾਨਾ, ਧਰਮੀ ਧਰਮ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਪੰਚਮ ਮੇਲ ਮਿਲਾਈਆ । ਪੰਚਮ ਅੱਖਰ ਜਗਤ ਵਿਧਾਤਾ, ਆਪਣਾ ਆਪ ਉਪਾਇੰਦਾ । ਆਪੇ ਹੋਏ ਪਿਤਾ ਮਾਤਾ, ਆਪੇ ਬਣਤ ਬਣਾਇੰਦਾ । ਆਪੇ ਦੇਵਣਹਾਰਾ ਦਾਤਾ, ਆਪੇ ਝੋਲੀ ਅੱਗੇ ਡਾਹਿੰਦਾ । ਆਪ ਬਣਾਏ ਚਰਨ ਨਾਤਾ, ਆਪੇ ਸੇਵ ਕਮਾਇੰਦਾ । ਆਪੇ ਬੈਠ ਇਕ ਇਕਾਂਤਾ, ਨਿਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਵੈਰ ਆਪ ਅਖਵਾਇੰਦਾ । ਨਿਰਗੁਣ ਨਿਰਵੈਰ ਨਰ ਨਿਰੰਕਾਰਿਆ । ਦੋ ਜਹਾਨਾਂ ਆਪੇ ਕਰੇ ਸੈਰ, ਆਵੇ ਜਾਵੇ ਵਾਰੋ ਵਾਰਿਆ । ਜਨ ਭਗਤਾਂ ਤਾਰੇ ਕਰ ਕਰ ਮਿਹਰ, ਹਰਿ ਸ਼ਬਦੀ ਮੇਲ ਮਿਲਾ ਰਿਹਾ । ਆਪ ਚੁਕਾਏ ਮੇਰ ਤੇਰ, ਅੰਧ ਅੰਧੇਰ ਮਿਟਾ ਰਿਹਾ । ਚਰਨ ਲਿਆਏ ਬਹਾਏ ਘੇਰ ਘੇਰ, ਸੋਹੰ ਖੰਡਾ ਹੱਥ ਉਠਾ ਲਿਆ ਪੰਚਮ ਜੇਠੀ ਪਰਗਟ ਹੋਏ ਸ਼ੇਰ ਦਲੇਰ, ਸੰਮਤ ਚੌਦਾਂ ਭੇਵ ਖੁਲ੍ਹਾ ਰਿਹਾ । ਲੱਖ ਚੁਰਾਸੀ ਦੇਵੇ ਭੇੜ, ਰਾਜ ਰਾਜਾਨਾਂ ਆਪ ਉਠਾ ਰਿਹਾ । ਬ੍ਰਹਮਾ ਸ਼ਿਵ ਲੋਆਂ ਪੁਰੀਆਂ ਸਭ ਦੀ ਜੜ੍ਹ ਦਏ ਉਖੇੜ, ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਮੁਖ ਭੁਆ ਰਿਹਾ । ਕਲਜੁਗ ਦੇਵਣਹਾਰਾ ਏਕਾ ਗੇੜ, ਗੇੜਨਹਾਰਾ ਆਪ ਅਖਵਾ ਰਿਹਾ । ਪੰਜ ਤਤ ਕਾਇਆ ਅੰਦਰ ਰਿਹਾ ਛੇੜਾਂ ਛੇੜ, ਲੋਭ ਮੋਹ ਕਰ ਹੰਕਾਰਿਆ । ਅੰਤਮ ਕਰੇ ਹੱਕ ਨਿਬੇੜ, ਸੰਮਤ ਸੋਲਾਂ ਰਾਹ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਖੇਲ ਖਿਲਾ ਰਿਹਾ । ਨਿਰਗੁਣ ਖੇਲ ਹਰਿ ਗੋਬਿੰਦ, ਗੋਬਿੰਦ ਰੂਪ ਵਟਾਇੰਦਾ । ਪਰਗਟ ਹੋਇਆ ਭਾਰਤ ਖੰਡੀ ਹਿੰਦ, ਜੰਬੂ ਦੀਪ ਸੁਹਾਇੰਦਾ । ਹਰਿਜਨ ਉਪਾਏ ਬਿੰਦ, ਮਨਮੁਖ ਲਾਏ ਚਾਰੋਂ ਕੁੰਟ ਨਿੰਦ, ਦਹਿ ਦਿਸ਼ਾ ਭਰਮ ਭੁਲਾਇੰਦਾ । ਕਲਜੁਗ ਜੂਠੀ ਝੂਠੀ ਧਾਰਾ ਵਹਿਣ ਸਾਗਰ ਸਿੰਧ, ਲੋਭ ਮੋਹ ਹੰਕਾਰ ਬੇੜਾ ਕਰ ਤਿਆਰ,

ਵੰਞ ਮੁਹਾਣਾ ਨਾ ਕੋਈ ਵਖਾਇੰਦਾ । ਕਲਜੁਗ ਅੰਤਮ ਮੇਟ ਪਸਾਰ, ਗੋਬਿੰਦ ਕਾਇਆ ਖੇਲ ਬਣਾਇੰਦਾ । ਨਿਹਕਲੰਕ ਲਏ ਅਵਤਾਰ, ਆਪ ਆਪਣੀ ਬਣਤ ਬਣਾਇੰਦਾ । ਸ਼ਬਦੀ ਜੋਤੀ ਨਿਰਗੁਣ ਧਾਰ, ਹਰਿ ਹਰਿ ਹਰਿ ਵਿਚ ਸਮਾਇੰਦਾ । ਆਪਣੀ ਕਰਨੀ ਰਿਹਾ ਕਰ, ਦਿਸ ਕਿਸੇ ਨਾ ਆਇੰਦਾ । ਜਗਤ ਮਰਨੀ ਰਿਹਾ ਮਰ, ਨਾ ਲਹਿਣਾ ਮੂਲ ਚੁਕਾਇੰਦਾ । ਏਕਾ ਅੱਖਰ ਜਾਏ ਪੜ੍ਹ, ਆਵਣ ਜਾਵਣ ਫੰਦ ਕਟਾਇੰਦਾ । ਦਰਸ ਦਿਖਾਏ ਸਾਚਾ ਹਰਿ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਤਤ ਰਖਾਇੰਦਾ । ਆਪੇ ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਸ਼ਬਦ ਖੰਡਾ ਹੱਥ ਉਠਾਇੰਦਾ । ਤ੍ਰੈਗੁਣ ਮਾਇਆ ਜਾਏ ਸੜ, ਪ੍ਰਭ ਲੇਖਾ ਰਿਹਾ ਚੁਕਾਇੰਦਾ । ਗੁਰਮੁਖਾਂ ਜੋਤ ਜਗਾਏ ਬਹੱਤਰ ਨੜ, ਦੀਪਕ ਇਕ ਗਿਆਨ ਟਿਕਾਇੰਦਾ । ਦਰਸ ਦਿਖਾਏ ਅੱਗੇ ਖੜ੍ਹ, ਦਸਮ ਦਵਾਰੀ ਕੁੰਡਾ ਲਾਹਿੰਦਾ । ਆਤਮ ਸੇਜਾ ਸਚ ਸਿੰਘਾਸਣ ਉਪਰ ਚੜ੍ਹ, ਬੈਠਾ ਭੁਜਾ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਾਹਾਰ ਨਿਰਵੈਰ ਹੋ ਆਇੰਦਾ । ਨਿਰਵੈਰ ਨਿਰੰਕਾਰ ਹਰਿ ਨਿਰੰਜਣਾ, ਅਕਲ ਕਲ ਵਰਤਾਈਆ । ਜਨ ਭਗਤਾਂ ਮਿਲੇ ਮੇਲ ਸਾਚੇ ਸੱਜਣਾ, ਵਿਛੜ ਕਦੇ ਨਾ ਜਾਈਆ । ਚਰਨ ਧੂੜ ਕਰਾਏ ਮਜਨਾ, ਕਲਜੁਗ ਅੰਤਮ ਰਿਹਾ ਕਰਾਈਆ । ਮਦਿਰਾ ਮਾਸ ਜਿਸ ਜਨ ਤਜਣਾ, ਘਰ ਸਾਚੇ ਮੇਲ ਮਿਲਾਈਆ । ਅੰਮ੍ਰਿਤ ਪੀ ਪੀ ਗੁਰਮੁਖ ਵਿਰਲੇ ਰੱਜਣਾ, ਮਨਮੁਖ ਰਸਨਾ ਕਾਗ ਵਾਂਗ ਕੁਰਲਾਈਆ । ਗੜ੍ਹ ਹੰਕਾਰੀ ਭਾਂਡਾ ਪ੍ਰਭ ਸਾਚੇ ਭੰਨਣਾ, ਸ਼ਬਦ ਖੰਡਾ ਰਿਹਾ ਉਠਾਈਆ । ਕਲਜੁਗ ਲਾਉਣ ਨਾ ਦੇਵੇ ਅੱਜਨਾ ਪੱਜਨਾ, ਦੇਵੇ ਅੰਤਮ ਵੇਖ ਵਖਾਈਆ । ਨਾ ਕੋਈ ਕਰੇ ਕਰਾਏ ਮੱਕਾ ਕਾਅਬਾ ਹੱਜਨਾ, ਮੁੱਲਾਂ ਸ਼ੇਖ਼ਾਂ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਾਹਾਰ ਸੱਜਣ ਘਰ ਬੈਠਾ ਆਸਣ ਲਾਈਆ । ਨਿਜ ਘਰ ਆਸਣ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਸ਼ਬਦ ਸਰੂਪੀ ਜੈ ਜੈ ਜੈਕਾਰ, ਦਿਵਸ ਰੈਣ ਕਰਾਇਆ । ਅੰਮ੍ਰਿਤ ਆਤਮ ਠੰਢੀ ਧਾਰ, ਰਿਹਾ ਮੁਖ ਚੁਆਇਆ । ਨੇਤਰ ਤੀਜਾ ਲੋਚਨ ਉਘਾੜ, ਆਪਣਾ ਦਰਸ ਦਿਖਾਈਆ । ਨੇੜ ਨਾ ਆਏ ਪੰਚਮ ਧਾੜ, ਆਪੇ ਮੇਟ ਮਿਟਾਈਆ । ਸਭ ਦੀ ਦਏ ਜੜ੍ਹ ਉਖਾੜ, ਮਿਲ ਮਿਲ ਗਾਈਆ । ਧੁਰ ਦਰਗਾਹੀ ਸਾਚਾ ਲਾੜ, ਗੁਰਮੁਖ ਨਾਰੀ ਆਪ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੱਨਾ ਅੱਖਰ ਰਿਹਾ ਬਣਾਈਆ । ਨੱਨਾ ਅੱਖਰ ਏਕਾ ਅੰਕ, ਹਰਿ ਸਾਚਾ ਆਪ ਰਖਾਇੰਦਾ । ਦੂਸਰ ਵਸਤ ਨਾ ਕੋਈ ਲਏ ਮੰਗ, ਨਾ ਕੋਈ ਸੰਗ ਰਖਾਇੰਦਾ । ਖੋਲ੍ਹਿਆ ਮੁਖ ਅੰਮ੍ਰਿਤ ਧਾਰਾ ਗੰਗ, ਚਾਰ ਦੀਵਾਰੀ ਆਪ ਵਹਾਇੰਦਾ । ਸ਼ਬਦ ਰੰਗੀਲੇ ਬੈਠ ਪਲੰਘ, ਸਾਚੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਨਾਮ ਸਾਚਾ ਧਾਮ ਗੁਰਮੁਖਾਂ ਆਪ ਖੁਲ੍ਹਾਇੰਦਾ । ਨੱਨਾ ਨਾਮ ਏਕਾ ਧਾਮ, ਹਰਿ ਸਾਚੇ ਹੱਥ ਰਖਾਇਆ । ਅੰਮ੍ਰਿਤ ਆਤਮ ਆਪ ਪਿਆਇਆ ਸਾਚਾ ਜਾਮ, ਤ੍ਰਿਸ਼ਨਾ ਭੁੱਖ ਮਿਟਾਇਆ । ਕਰੇ ਕਰਾਏ ਕਵਣ ਕਾਮ, ਜੁਗ ਜੁਗ ਕਰਦਾ ਆਇਆ । ਕਲਜੁਗ ਮਿਟੇ ਅੰਧੇਰੀ ਸ਼ਾਮ, ਨਿਰਧਨ ਰਿਹਾ ਜਗਾਇਆ । ਦਰ ਘਰ ਸਾਚੇ ਕਰ ਬਿਸਰਾਮ, ਆਪਣੀ ਖ਼ੁਸ਼ੀ ਮਨਾਇਆ । ਜਨ ਭਗਤਾਂ ਲੇਖੇ ਲਾਏ ਚਾਮ, ਮਾਨਸ ਜਨਮ ਪਾਰ ਕਰਾਇਆ । ਕੋਇ ਨਾ ਮੰਗੇ ਹਰਿ ਹਰਿ ਦਾਮ, ਚਰਨ ਪ੍ਰੀਤੀ ਰਿਹਾ ਸਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੱਨਾ ਨਿਰਗੁਣ ਵੇਖ ਘਰ, ਏਕਾ ਮੁਖ ਖੁਲ੍ਹਾਇਆ । ਨੱਨਾ ਉਪਰ ਬੰਦ ਦਰ ਦਰਵਾਜ਼ਾ, ਗ਼ਰੀਬ ਨਿਵਾਜ ਕਰਾਇੰਦਾ । ਚਾਰੋਂ ਕੁੰਟ ਰਚਿਆ

੪੪੦
੦੬

ਕਾਜਾ, ਹੇਠਾਂ ਮੁਖ ਰਖਾਇੰਦਾ । ਗੁਰਮੁਖਾਂ ਬਹਿ ਬਹਿ ਮਾਰੇ ਆਵਾਜਾ, ਲੋਕਮਾਤ ਰਾਹ ਤਕਾਇੰਦਾ । ਨਾਲ ਰਖਾਏ ਘੋੜਾ ਤਾਜਾ, ਸ਼ਬਦੀ ਜੋੜ ਜੁੜਾਇੰਦਾ । ਆਪ ਚਲਾਏ ਆਪਣਾ ਜਹਾਜ਼ਾ, ਰਥ ਰਥਵਾਹੀ ਆਪ ਹੋ ਆਇੰਦਾ । ਕਲਜੁਗ ਵੇਖੇ ਤੇਰਾ ਕਾਜਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਲਾੜੀ ਮੌਤ ਮੰਗੇ ਦਾਜਾ, ਮਨਮੁਖ ਜੀਵਾਂ ਝੋਲੀ ਪਾਇੰਦਾ । ਗੁਰਮੁਖਾਂ ਸਾਚਾ ਸਾਜਨ ਸਾਜਾ, ਹਰਿ ਸਾਚਾ ਮੇਲ ਮਿਲਾਇੰਦਾ । ਕਿਸੇ ਹੱਥ ਨਾ ਆਏ ਵਡ ਸ਼ਾਹੋ ਰਾਜਨ ਰਾਜਾ, ਸ਼ਾਹ ਸੁਲਤਾਨਾਂ ਭਿਖ ਮੰਗਾਇੰਦਾ । ਇਕ ਵਜਾਏ ਅਨਹਦ ਵਾਜਾ, ਗੁਰਮੁਖ ਤੇਰੀ ਕਾਇਆ ਮੰਦਰ ਅੰਦਰ ਆਪੇ ਬੈਠਾ ਕਾਇਆ ਅੰਦਰ ਗੁਰੂਦਵਾਰਾ ਸੋ ਸੁਹਾਇੰਦਾ । ਬਜਰ ਕਪਾਟੀ ਤੋੜੇ ਜੰਦਰ, ਕਿਸੇ ਹੱਥ ਨਾ ਆਏ ਗੋਰਖ ਮਛੰਦਰ, ਉਚੇ ਟਿੱਲੇ ਬਹਿ ਬਹਿ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੱਨਾ ਨਾਉਂ ਰਖਾਇੰਦਾ । ਨੱਨੇ ਉਠੇ ਏਕਾ ਤਾਲ, ਹਰਿ ਸਾਚਾ ਆਪ ਲਗਾਈਆ । ਟੇਢੀ ਬੰਕ ਰਿਹਾ ਲਗਾ, ਹਰਿ ਪ੍ਰਮੁਖ ਕਰਾਈਆ । ਏਕਾ ਧਾਰਾ ਰਿਹਾ ਚੁਆ, ਆਪਣੀ ਆਪ ਪਰਗਟਾਈਆ । ਉਪਰ ਦਏ ਟਿਕਾ, ਵਿਸਮਾਦੀ ਰੂਪ ਸਮਾਈਆ । ਆਪ ਆਪਣਾ ਹਰਿ ਛੁਪਾ, ਬੈਠਾ ਆਸਣ ਲਾਈਆ । ਨੱਨਾ ਹੇਠਾਂ ਮੂੰਹ ਖੁਲ੍ਹਾ, ਸ਼ਬਦ ਧਾਰਾ ਰਿਹਾ ਚਲਾਈਆ । ਮਾਤਲੋਕ ਤੇਰਾ ਏਕਾ ਰਾਹ, ਪ੍ਰਭ ਏਕਾ ਰਿਹਾ ਤਕਾਈਆ । ਬਣ ਬਣ ਆਏ ਜੁਗ ਜੁਗ ਮਲਾਹ, ਸੱਜਣ ਸੁਹੇਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰਾਹ ਚਲਾਈਆ । ਏਕਾ ਡੰਡਾ ਉਪਰ ਰੱਖ, ਪ੍ਰਭ ਸਾਚਾ ਰਾਹ ਰਖਾਇੰਦਾ । ਆਦਿ ਨਿਰੰਜਣ ਹੋ ਪਰਤੱਖ, ਏਕਾ ਧਾਮ ਸੁਹਾਇੰਦਾ । ਪੁਰਖ ਅਬਿਨਾਸ਼ੀ ਗਿਆ ਤੁੱਠ, ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨਿਰਵੈਰ ਘਰ ਸਾਚੇ ਆਸਣ ਲਾਇੰਦਾ । ਨੱਨਾ ਰੱਖੇ ਹਰਿ ਨਿਰੰਕਾਰ, ਏਕਾ ਏਕ ਉਪਾਇਆ । ਹਾਹਾ ਹਰਿ ਹਰਿ ਵੇਖ ਵਿਚਾਰ, ਹਰਿ ਸਾਚਾ ਰਿਹਾ ਉਪਾਇਆ । ਪਾਰਬ੍ਰਹਮ ਪੁਰਖ ਅਪਾਰ, ਆਪਣੀ ਦਇਆ ਕਮਾਇਆ । ਲੱਖ ਚੁਰਾਸੀ ਕਰਮ ਵਿਚਾਰ, ਏਕਾ ਧਾਰ ਰਖਾਇਆ । ਆਪੇ ਵਸਿਆ ਅੰਦਰ ਬਾਹਰ ਗੁਪਤ ਜ਼ਾਹਿਰ ਖੇਲ ਰਚਾਇਆ । ਆਪੇ ਨਾਰੀ ਆਪੇ ਨਾਰ, ਕੰਤ ਸੁਹਾਗੀ ਰਿਹਾ ਅਖਵਾਇਆ । ਜੁਗ ਜੁਗ ਕਰਨ ਕਰਾਵਣ ਕਰਦਾ ਆਇਆ ਕਾਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇਆ । ਕਲਜੁਗ ਤੇਰੀ ਕਾਲੀ ਧਾਰ, ਸਾਚਾ ਵਹਿਣ ਰਿਹਾ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾਹਾ ਹਰਿ ਗੁਣ ਸਰਗੁਣ ਵੇਖ ਵਖਾਇਆ । ਹਾਹਾ ਹੁਕਮ ਸੱਚੀ ਸਰਕਾਰ, ਆਪੇ ਵੇਖੇ ਵਿਚ ਸੰਸਾਰ ਜੀਵ ਗਵਾਰਿਆ । ਪੰਜ ਤਤ ਪਾਏ ਸਾਰ, ਕਾਮ ਕਰੋਧ ਲੋਭ ਮੋਹ ਹੰਕਾਰਿਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਦੇਵੇ ਨਾਮ ਅਧਾਰਿਆ । ਪੂਰਬ ਕਰਮ ਰਿਹਾ ਵਿਚਾਰ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਭਾਣਾ ਸਹਿਣਾ ਨਰ ਨਿਰੰਕਾਰ, ਕਲਜੁਗ ਅੰਤਮ ਅੰਤ ਜਗਾ ਰਿਹਾ । ਸਾਧ ਸੰਤ ਨਾ ਪਾਇਣ ਸਾਰ, ਪੁਰਖ ਅਗੰਮਾ ਅਗੰਮੜੀ ਕਾਰ ਕਮਾ ਰਿਹਾ । ਸੰਮਤ ਚੌਦਾਂ ਵੇਖ ਵਿਚਾਰ, ਹਰਿ ਆਪਣਾ ਖੇਲ ਖਿਲਾ ਰਿਹਾ । ਨੇਤਨ ਨੇਤਾ ਚੇਤਨ ਚੇਤਾ, ਰੁੱਤ ਬਸੰਤੀ ਇਕ ਬਣਾ ਰਿਹਾ । ਗੁਰਮੁਖ ਵੇਖੇ ਕਾਇਆ ਖੇਤਾ, ਫਲ ਫੁਲਵਾੜੀ ਆਪ ਉਪਾ ਰਿਹਾ । ਆਪੇ ਹੋਏ ਮਾਂ ਪਿਉ ਬੇਟਾ, ਪੂਤ ਸਪੂਤਾ ਆਪ ਅਖਵਾ ਰਿਹਾ । ਪਰਗਟ ਹੋਏ ਪੰਚਮ ਜੇਠਾ, ਨਿਹਕਲੰਕ ਨਾਉਂ ਰਖਾ ਰਿਹਾ । ਨੱਨਾ ਹਾਹਾ ਸਾਚਾ ਸੰਗ, ਏਕਾ ਧਾਮ ਟਿਕਾ ਲਿਆ । ਗੁਰਮੁਖਾਂ ਪਰਖੇ ਅੰਤਮ ਨੀਤਾ, ਅੰਮ੍ਰਿਤ ਮੇਘ ਬਰਸਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਦੋ ਅੱਖਰ ਜੋੜ ਜੁੜਾ ਲਿਆ । ਏਕਾ ਅੱਖਰ ਨੱਨਾ ਨਰ ਨਰਾਇਣ ਹੈ, ਆਦਿ ਅੰਤ ਏਕੰਕਾਰਿਆ । ਹਰਿਜਨ ਦੇਵੇ ਲਹਿਣ ਦੇਣ ਹੈ, ਜੁਗ ਜੁਗ ਆਪ ਚੁਕਾ ਰਿਹਾ । ਨਾ ਕੋਈ ਤੀਜਾ ਸਾਕ ਸੱਜਣ ਸੈਣ ਹੈ, ਭੈਣ ਭਾਈ ਨਾ ਕੋਈ ਅਖਵਾ ਲਿਆ । ਲਾੜੀ ਮੌਤ ਨਾ ਖਾਏ ਡੈਣ ਹੈ, ਜਿਸ ਜਨ ਆਪਣੀ ਦਇਆ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੱਨਾ ਹਾਹਾ ਮੇਲ ਮਿਲਾ ਰਿਹਾ । ਨੱਨਾ ਕਰਮ ਵਿਚਾਰ, ਹਰਿ ਸਾਚੇ ਜੋਤ ਜਗਾਈਆ । ਕਲਜੁਗ ਤੇਰੀ ਕਾਲੀ ਧਾਰ, ਰੈਣ ਅੰਧੇਰੀ ਛਾਈਆ । ਸਾਧ ਸੰਤ ਰਹੇ ਪੁਕਾਰ, ਦਿਵਸ ਰੈਣ ਰਸਨਾ ਗਾਈਆ । ਧਰਤ ਮਾਤ ਰੋਵੇ ਜ਼ਾਰੋ ਜ਼ਾਰ, ਪ੍ਰਭ ਚਰਨ ਦਏ ਦੁਹਾਈਆ । ਧਰਮ ਰਾਏ ਖੋਲ੍ਹੇ ਕਿਵਾੜ ਖਾਲੀ ਕੁੰਡਾ ਰਿਹਾ ਵਿਖਾਈਆ । ਲਾੜੀ ਮੌਤ ਕਰ ਸ਼ਿੰਗਾਰ, ਦੋਵੇਂ ਨੈਣ ਬੈਠੀ ਸ਼ਰਮਾਈਆ । ਚਿਤਰ ਗੁਪਤ ਲੇਖ ਲਿਖਾਰ, ਦਰ ਬੈਠਾ ਹਿਸਾਬ ਮੁਕਾਈਆ । ਬ੍ਰਹਮਾ ਵੇਖੇ ਅੱਠੇ ਨੇਤਰ ਉਘਾੜ, ਚਾਰੇ ਮੁਖ ਰਸਨਾ ਗਾਈਆ । ਸ਼ਿਵ ਸ਼ੰਕਰ ਰਿਹਾ ਪੁਕਾਰ, ਦੋਵੇਂ ਜੋੜ ਸੀਸ ਝੁਕਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰਿਹਾ ਕੁਰਲਾਈਆ । ਨੌ ਖੰਡ ਪ੍ਰਿਥਮੀ ਜੂਠਾ ਝੂਠਾ ਅਖਾੜ, ਸਚ ਵਣਜ ਨਾ ਕੋਈ ਕਰਾਈਆ । ਸੱਤਾਂ ਦੀਪਾਂ ਪੰਚਮ ਧਾੜ, ਦਿਵਸ ਰੈਣ ਰਹੀ ਸਤਾਈਆ । ਗੁਰਮੁਖ ਵਿਰਲਾ ਸਾਚਾ ਲਾੜ, ਪ੍ਰਭ ਚਰਨ ਧਿਆਨ ਬੈਠਾ ਇਕ ਰਖਾਈਆ । ਨੇਤਰ ਨੈਣਾਂ ਰਿਹਾ ਉਘਾੜ, ਸਚ ਦਰਸੀ ਦਰਸ ਵਿਖਾਈਆ । ਬਜਰ ਕਪਾਟੀ ਆਪੇ ਪਾੜ, ਆਪਣਾ ਭੇਵ ਖੁਲ੍ਹਾਈਆ । ਜੋਤ ਜਗਾਏ ਬਹੱਤਰ ਨਾੜ, ਜੋਤ ਨਿਰੰਜਣ ਸੇਵਾ ਲਾਈਆ । ਖੇਲੇ ਖੇਲ ਇਕ ਦਵਾਰ, ਏਕੰਕਾਰਾ ਰੂਪ ਸਮਾਈਆ । ਚਾਰ ਵਰਨਾਂ ਕਰ ਪਿਆਰ, ਸਾਚਾ ਰਾਹ ਚਲਾਈਆ । ਸਤਿਜੁਗ ਤੇਰੀ ਸਾਚੀ ਧਾਰ, ਪ੍ਰਭ ਆਪਣੇ ਹੱਥ ਰਖਾਈਆ । ਹਰਿ ਸੰਤਨ ਮੇਲਾ ਮੀਤ ਮੁਰਾਰ, ਜੁਗ ਜੁਗ ਰਿਹਾ ਕਰਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਗੋਬਿੰਦਾ ਸੰਗ ਰਲਾਈਆ । ਸੱਜਣ ਸੁਹੇਲਾ ਮੀਤ ਮੁਰਾਰ, ਕਲਜੁਗ ਤੇਰੀ ਅੰਤਮ ਵਾਰ, ਸੰਮਤ ਚੌਦਾਂ ਵੇਖ ਵਖਾਈਆ । ਚੌਦਾਂ ਤਬਕਾਂ ਮਾਰੇ ਮਾਰ, ਚੌਦਾਂ ਲੋਕਾਂ ਰਿਹਾ ਹਿਲਾਈਆ । ਪੁਰੀਆਂ ਲੋਆਂ ਕਰੇ ਖ਼ਬਰਦਾਰ, ਚਾਰੇ ਖਾਣੀ ਰਿਹਾ ਉਠਾਈਆ । ਖਾਣੀ ਬਾਣੀ ਵਸਿਆ ਬਾਹਰ, ਪ੍ਰਭ ਸਾਚਾ ਭੇਵ ਖੁਲ੍ਹਾਈਆ । ਈਸਾ ਮੂਸਾ ਆਈ ਹਾਰ, ਗਲ ਬੈਠੇ ਪੱਲੂ ਪਾਈਆ । ਵੇਦ ਪੁਰਾਨਾਂ ਆਈ ਹਾਰ, ਬ੍ਰਹਮਾ ਰੋ ਰੋ ਦਏ ਦੁਹਾਈਆ । ਸੋਹੰ ਤੇਰੀ ਤਿੱਖੀ ਧਾਰ, ਪ੍ਰਭ ਸਾਚਾ ਰਿਹਾ ਚਲਾਈਆ । ਸੋ ਪੁਰਖ ਨਿਰੰਜਣ ਅਪਰ ਅਪਾਰ, ਆਪਣੀ ਖੇਲ ਵਰਤਾਈਆ । ਆਦਿ ਪੁਰਖ ਜੋਤ ਅਕਾਲ, ਅਕਾਲ ਮੂਰਤ ਹੋ ਜਾਈਆ । ਸਾਚੀ ਸੂਰਤ ਸ਼ਬਦ ਕਮਾਲ, ਦਿਸ ਕਿਸੇ ਨਾ ਆਈਆ । ਨਾਦ ਤੂਰਤ ਨੂਰ ਨੁਰਾਨੀ ਜਲਵਾ ਜਲਾਲ, ਨੂਰ ਨੂਰ ਕਰਾਈਆ । ਜਨ ਭਗਤਾਂ ਫਲ ਲਗਾਏ ਕਾਇਆ ਡਾਲ੍ਹ, ਆਪ ਆਪਣਾ ਖਵਾਈਆ । ਅੰਮ੍ਰਿਤ ਆਤਮ ਸੀਰ ਸਰ ਸਰੋਵਰ ਇਕ ਰਖਾਈਆ । ਆਪੇ ਚਲੇ ਨਾਲ ਨਾਲ, ਅੰਦਰ ਬਾਹਰ ਹੋਏ ਸਹਾਈਆ । ਜੁਗ ਜੁਗ ਚਲੇ ਅਵੱਲੜੀ ਚਾਲ, ਹਰਿ ਦਾਤਾ ਬੇਪਰਵਾਹੀਆ । ਕਲਜੁਗ ਜੀਵ ਉਠ ਸੁਰਤ ਸੰਭਾਲ, ਮਸਤਕ ਲੱਗੀ ਕਾਲੀ ਛਾਹੀਆ । ਪਾਰਬ੍ਰਹਮ ਇਕ ਅਕਾਲ, ਏਕਾ ਰੰਗ ਰੰਗਾਈਆ । ਸ਼ਬਦ ਬਣਾਏ ਸਚ ਦਲਾਲ, ਲੋਕਮਾਤ ਪਾਰ ਕਰਾਈਆ । ਨੌ ਖੰਡ ਪ੍ਰਿਥਮੀ ਹਾਲ ਬੇਹਾਲ, ਸੱਤਾਂ ਦੀਪਾਂ ਆਪ ਭਵਾਈਆ । ਪਰਗਟ ਹੋਏ ਵਾਲੀ ਦੋ ਜਹਾਨ, ਦੋ ਜਹਾਨਾਂ ਰਚਨ ਬਣਾਈਆ । ਏਕਾ ਝੁੱਲੇ ਸ਼ਬਦ ਨਿਸ਼ਾਨ, ਸੱਤ ਰੰਗਾ ਰੰਗ ਰੰਗਾਈਆ । ਆਪੇ ਗੋਪੀ ਆਪੇ ਕਾਹਨ, ਆਪੇ


੪੪੨
੦੬

ਰਾਮ ਰਮਈਆ ਹੋਇਆ ਰਾਮ, ਗੁਰਮੁਖ ਸੁਰਤੀ ਸਾਚੀ ਸੀਤਾ ਆਪ ਵਿਆਹੀਆ । ਏਕਾ ਸ਼ਬਦ ਜਣਾਏ ਅਠਾਰਾਂ ਧਿਆਏ ਮਾਣ, ਗੀਤਾ ਕਾਹਨਾ ਬੰਸਰੀ ਰਿਹਾ ਨਾਮ ਵਜਾਈਆ । ਵੇਦ ਵਿਆਸਾ ਲਿਖੇ ਪੁਰਾਨ, ਅਠਾਰਾਂ ਲਿਖ ਲਿਖ ਗਿਆ ਸਮਝਾਈਆ । ਈਸਾ ਮੂਸਾ ਵੇਖੇ ਨੀਤਾ, ਅੰਜੀਲ ਕੁਰਾਨਾ ਫੋਲ ਫੁਲਾਈਆ । ਸੰਮਤ ਚੌਦਾਂ ਹੋਇਆ ਚੇਤਨ ਚੀਤਾ, ਚਿਤ ਵਿਤ ਠਗੋਰੀ ਪਾਈਆ । ਪਕੜ ਉਠਾਏ ਹਸਤ ਕੀਟਾ, ਰਾਜ ਰਾਜਾਨਾਂ ਰਿਹਾ ਜਗਾਈਆ । ਜੂਠਾ ਝੂਠਾ ਪੀਸਨ ਪੀਸਾ, ਮੋਹ ਵਿਕਾਰਾ ਚੱਕੀ ਆਪ ਚਲਾਈਆ । ਹਰਿ ਸ਼ਬਦ ਚਲਾਏ ਇਕ ਅਨਡੀਠਾ, ਦਿਸ ਕਿਸੇ ਨਾ ਆਈਆ । ਭੰਨਣਹਾਰਾ ਕੌੜਾ ਰੀਠਾ, ਜੁਗ ਜੁਗ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਕਲ, ਕਲ ਕਰਮ ਕਮਾਈਆ । ਕਰਨਹਾਰ ਸਮਰਥ, ਏਕਾ ਏਕ ਅਖਵਾਇਆ । ਜੁਗ ਜੁਗ ਚਲਾਏ ਨਾਮ ਰਥ, ਰਥ ਰਥਵਾਹੀ ਬਣ ਕੇ ਆਇਆ । ਸ੍ਰਿਸ਼ਟ ਸਬਾਈ ਪਾਈ ਸੱਥ, ਕਲਜੁਗ ਵੇਖ ਵਖਾਇਆ । ਲੱਖ ਚੁਰਾਸੀ ਪਾਵੇ ਨੱਥ, ਡੋਰੀ ਆਪਣੇ ਹੱਥ ਰਖਾਇਆ । ਗੁਰਮੁਖਾਂ ਸ਼ਬਦ ਜਣਾਏ ਅਕਥਨਾ ਅਕੱਥ, ਅਕੱਥ ਕਥਾ ਰਿਹਾ ਸੁਣਾਇਆ । ਸਗਲ ਵਸੂਰੇ ਜਾਇਣ ਲੱਥ, ਅੰਤਮ ਲਹਿਣਾ ਦੇਣਾ ਦਏ ਚੁਕਾਇਆ । ਆਪ ਜਣਾਏ ਆਪਣੀ ਗਥ, ਗੁਰ ਗੋਬਿੰਦੇ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੱਕਾ ਕਰਮ ਕਮਾਇਆ । ਕੱਕਾ ਕਰਮ ਨਿਰਗੁਣ ਨਿਰਗੁਣ ਭੇਦ ਅਭੇਦਿਆ । ਵੇਖ ਵਖਾਏ ਸਰਗੁਣ, ਕਰ ਕਰ ਅਛਲ ਅਛੇਦਿਆ । ਨੇੜ ਨਾ ਆਏ ਤ੍ਰੈਗੁਣ, ਮਾਇਆ ਵੇਦਨ ਵੇਦਿਆ । ਜਨ ਭਗਤਾਂ ਪੁਕਾਰ ਆਪ ਸੁਣ, ਪਾਵਣ ਸਾਰ ਨਾ ਵੇਦਨ ਵੇਦਿਆ । ਆਤਮਕ ਨਾਦ ਵਜਾਏ ਧੁਨ, ਸੁਣੇ ਸੁਣਾਏ ਵਿਚ ਬ੍ਰਹਿਮਾਦਿਆ । ਪਰਗਟ ਹੋਇਆ ਬੀਸ ਗੁਨ, ਹਰਿ ਸਾਚੇ ਸਾਜਨ ਸਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੱਕਾ ਕਾਲ ਅਰਾਧਿਆ । ਕੱਕਾ ਕੂੜ ਕੁੜਿਆਰ, ਹਰਿ ਕੂੜ ਦਏ ਮਿਟਾਇਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇਆ । ਗੁਰਮੁਖ ਮੇਲਾ ਇਕ ਦਵਾਰ, ਆਪਣਾ ਆਪ ਮਿਲਾਇਆ । ਸੱਜਣ ਸੁਹੇਲਾ ਖ਼ਬਰਦਾਰ, ਕਲਜੁਗ ਅੰਤਮ ਰਿਹਾ ਕਰਾਇਆ । ਕਲਗੀ ਤੋੜਾ ਸੀਸ ਦਸਤਾਰ, ਨੀਲਾ ਘੋੜਾ ਰਿਹਾ ਵਿਖਾਇਆ । ਜੋਤੀ ਜੋੜਾ ਸ਼ਬਦ ਭੰਡਾਰ, ਆਪਣਾ ਆਪ ਵਰਤਾਇਆ । ਵੇਖੇ ਪਰਖੇ ਮਿੱਠਾ ਕੌੜ, ਵੇਖਣਹਾਰ ਆਪ ਅਖਵਾਇਆ । ਧੁਰਦਰਗਾਹੀ ਆਇਆ ਦੌੜ, ਲੋਕਮਾਤੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੱਕਾ ਕਰਮੀ ਕਰਮ ਕਮਾਇਆ । ਕੱਕਾ ਕਲਜੁਗ ਕਾਲ ਹੈ, ਕਾਲੀ ਧਾਰ ਵਹਾਏ । ਨਾ ਕੋਈ ਜਾਣੇ ਧਰਮ ਨਿਸ਼ਾਨ ਹੈ, ਮਨਮੁਖ ਬੈਠੇ ਮੁਖ ਛੁਪਾਏ । ਧੁਰਦਰਗਾਹੀ ਆਪ ਭਗਵਾਨ ਹੈ, ਜੁਗ ਜੁਗ ਵੇਸ ਕਰੇਂਦਾ ਆਏ । ਸੰਮਤ ਚੌਦਾਂ ਮਾਰ ਧਿਆਨ ਹੈ, ਆਪ ਆਪਣੀ ਬਣਤ ਬਣਾਏ । ਪੰਚਮ ਜੇਠੀ ਇਕ ਨਿਸ਼ਾਨ ਹੈ, ਸ੍ਰਿਸ਼ਟ ਸਬਾਈ ਦਏ ਹਿਲਾਏ । ਆਪ ਕਰਾਏ ਜਨ ਭਗਤਾਂ ਜਾਣ ਪਛਾਣ ਹੈ, ਆਤਮ ਬ੍ਰਹਮ ਜਣਾਏ । ਪਾਰਬ੍ਰਹਮ ਦੇਵੇ ਜੀਆ ਦਾਨ ਹੈ, ਆਤਮ ਝੋਲੀ ਰਿਹਾ ਭਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦਾ ਲੇਖ ਰਿਹਾ ਮਿਟਾਏ । ਲੱਲਾ ਲੇਖ ਅਪਾਰ, ਹਰਿ ਆਪਣੇ ਹੱਥ ਰਖਾਇਆ । ਆਪ ਉਪਾਏ ਆਪ ਮਿਟਾਏ ਕਰੇ ਕਰਾਏ ਕਰਾਵਣਹਾਰ, ਦੂਸਰ ਨਾ ਕੋਈ ਸੰਗ ਰਖਾਇਆ । ਦੁਆਪਰ ਤ੍ਰੇਤਾ ਸਤਿਜੁਗ ਕਰੇ ਪਾਰ, ਆਪ ਆਪਣਾ ਰਾਹ ਬਤਾਇਆ । ਨਿਰਗੁਣ ਸਰਗੁਣ ਦੋਵੇਂ ਦੋ ਧਾਰਾ ਰਿਹਾ ਵਿਖਾਇਆ । ਸੋਹੰ ਖੰਡਾ ਤੇਜ ਕਟਾਰ, ਕਲਜੁਗ ਬ੍ਰਹਿਮੰਡਾਂ ਰਿਹਾ

ਵਖਾਇਆ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਰਿਹਾ ਡਰਾਇਆ । ਗੁਰਮੁਖਾਂ ਪਾਏ ਸਾਚੀ ਵੰਡਾ, ਆਪ ਆਪਣਾ ਰਿਹਾ ਜਣਾਇਆ । ਧਰਮ ਰਾਏ ਨਾ ਦੇਵੇ ਦੰਡਾ, ਦਰ ਦਵਾਰੇ ਦਿਸ ਨਾ ਆਇਆ । ਭੁੱਖ ਤ੍ਰਿਸ਼ਨਾ ਤੇਰਾ ਅੰਤਮ ਕੰਢਾ, ਲੱਖ ਚੁਰਾਸੀ ਪੂਰ ਬਣਾਇਆ । ਮਨਮੁਖ ਜੀਵ ਆਤਮ ਹੋਈ ਰੰਡਾ, ਸਾਚਾ ਕੰਤ ਭਗਵੰਤ ਨਾ ਕੋਇ ਹੰਢਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਵੰਡਾ, ਪੰਜ ਤਤ ਭਰਿਆ ਘਮੰਡਾ, ਸਾਚਾ ਰਾਹ ਨਾ ਕੋਇ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਲਾ ਲੇਖ ਰਿਹਾ ਚੁਕਾਇਆ । ਲੱਲਾ ਲੇਖ ਅਪਾਰ, ਹਰਿ ਲਿਖਾਇਆ । ਕਲਜੁਗ ਤੇਰੀ ਅੰਤਮ ਵਾਰ, ਈਸਾ ਮੂਸਾ ਸੰਗ ਰਲਾਇਆ । ਨਾਲ ਰਲਾਏ ਮੁਹੰਮਦੀ ਯਾਰ, ਅੱਲਾ ਰਾਣੀ ਲਏ ਪਰਨਾਇਆ । ਲਾਲ ਚੁੰਨੀ ਅਪਰ ਅਪਾਰ, ਆਪੇ ਉਤੇ ਰਖਾਇਆ । ਮੁਸਲਿਮ ਸੁੰਨੀ ਆਈ ਹਾਰ, ਕਲਜੁਗ ਅੰਤਮ ਦਏ ਦੁਹਾਇਆ । ਵੇਖ ਵਖਾਣੇ ਵਡ ਵਡ ਗੁਣ ਗੁਣੀ, ਵੇਦ ਪੁਰਾਨਾਂ ਰਿਹਾ ਜਣਾਇਆ । ਗ੍ਰੰਥੀ ਪੰਥੀ ਵੇਖੇ ਵੱਜਦੀ ਧੁਨੀ, ਧੁਨ ਆਤਮਕ ਆਪਣੇ ਹੱਥ ਰਖਾਇਆ । ਸ੍ਰਿਸ਼ਟ ਸਬਾਈ ਛਾਣ ਪੁਣੀ, ਨੌ ਖੰਡ ਪ੍ਰਿਥਮੀ ਫੇਰਾ ਪਾਇਆ । ਜਨ ਭਗਤਾਂ ਪੁਕਾਰ ਰਿਹਾ ਸੁਣੀ, ਦਰ ਦਵਾਰੇ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਲਾ ਲਿਖਣਹਾਰਾ ਆਪ ਅਖਵਾਇਆ । ਲੱਲਾ ਲਿਖਿਆ ਧੁਰ ਕਰਤਾਰ, ਨਾ ਕੋਈ ਮੇਟ ਮਿਟਾਈਆ । ਕਲਜੁਗ ਤੇਰੀ ਅੰਤਮ ਵਾਰ, ਔਲੀਏ ਪੀਰ ਸ਼ੇਖ਼ ਦਏ ਮਿਟਾਈਆ । ਕਾਸ਼ੀ ਪੰਡਤ ਰਹੇ ਵਿਚਾਰ, ਪ੍ਰਭ ਸਾਚਾ ਹੱਥ ਨਾ ਆਈਆ । ਹਰਿ ਮੰਦਰ ਅੰਦਰ ਸੁਣੇ ਪੁਕਾਰ, ਨਾ ਕੋਈ ਵੇਖੇ ਵੇਖ ਵਿਖਾਈਆ । ਮੱਕਾ ਕਾਅਬਾ ਹੋਇਆ ਹੈਰਾਨ, ਗੌਂਸ ਧੌਂਸ ਰਹੇ ਜਣਾਈਆ । ਅਮਾਮ ਮਹਿੰਦੀ ਲਏ ਅਵਤਾਰ, ਨੀਲਾ ਚੋਲਾ ਤਨ ਛੁਹਾਈਆ । ਉਮਤ ਰਸੂਲ ਰਹੇ ਖਹਿੰਦੀ, ਸੰਮਤ ਚੌਦਾਂ ਬਣਤ ਬਣਾਈਆ । ਭਾਣਾ ਵਰਤੇ ਦਿਸ਼ਾ ਲਹਿੰਦੀ, ਹਰਿ ਆਪਣੀ ਰਚਨ ਰਚਾਈਆ । ਲਾੜੀ ਮੌਤ ਪ੍ਰਭ ਦਰ ਅੱਗੇ ਹੋ ਹੋ ਕਹਿੰਦੀ, ਦੋਵੇਂ ਬੈਠੀ ਸੀਸ ਝੁਕਾਈਆ । ਦਰ ਦਵਾਰੇ ਭਾਣਾ ਸਹਿੰਦੀ, ਦਿਵਸ ਰੈਣ ਰਹੀ ਸੇਵ ਕਮਾਈਆ । ਲਾਲ ਲਾਏ ਹੱਥੀਂ ਮਹਿੰਦੀ, ਪੰਚਮ ਜੇਠ ਨੇੜੇ ਆਈਆ । ਕਲਜੁਗ ਤੇਰੀ ਧਾਰ ਵਹਿੰਦੀ, ਨਾ ਕੋਈ ਲਏ ਬਚਾਈਆ । ਹਰਿ ਸੰਗਤ ਪ੍ਰਭ ਚਰਨ ਦਵਾਰੇ ਇਕੱਠੀ ਹੋ ਹੋ ਬਹਿੰਦੀ, ਹਰਿ ਗੁਣ ਰਸਨਾ ਜਿਹਵਾ ਗਾਈਆ । ਚਰਨ ਦਵਾਰੇ ਢਹਿ ਢਹਿ ਪੈਂਦੀ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖਣਹਾਰਾ ਲੇਖ ਜੁਗ ਜੁਗ ਆਪ ਅਖਵਾਈਆ । ਲੇਖਾ ਲਿਖਣਹਾਰ ਦਾਤਾਰ, ਅਕਲ ਕਲਾ ਭਰਪੂਰਾ । ਕਲਜੁਗ ਤੇਰੀ ਪਾਵੇ ਸਾਰਾ, ਮੇਟ ਮਿਟਾਏ ਕੂੜਨ ਕੂੜਾ । ਗੁਰਮੁਖ ਸਾਚੇ ਕਰ ਤਿਆਰ, ਚਰਨ ਪ੍ਰੀਤੀ ਬਖ਼ਸ਼ੇ ਸਾਚੀ ਧੂੜਾ । ਨਿਰਮਲ ਜੋਤੀ ਕਰ ਅਕਾਰ, ਕਾਇਆ ਰੰਗਣ ਰੰਗ ਚੜ੍ਹਾਏ ਗੂੜ੍ਹਾ । ਸ਼ਬਦ ਡੰਕ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲਿਖਣਹਾਰ ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ । ਲੱਲਾ ਲੇਪ ਨਾ ਦੇਤ ਹੈ, ਆਦਿ ਪੁਰਖ ਅਡੋਲ । ਆਪੇ ਖੇਲੇ ਖੇਲ ਕਾਇਆ ਹੋਲ ਹੈ, ਕਰੇ ਕਰਾਏ ਸਾਚੇ ਚੋਲ੍ਹ । ਫਲ ਲਗਾਏ ਮਹੀਨਾ ਚੇਤ ਹੈ, ਗੁਰਮੁਖਾਂ ਪੜਦੇ ਰਿਹਾ ਫੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਲਾ ਲਿਖਿਆ ਲੇਖ, ਸ੍ਰਿਸ਼ਟ ਸਬਾਈ ਹੋਈ ਅਨਭੋਲ । ਕੱਕਾ ਕਾਜ ਰਚਾਇਆ, ਹਰਿ ਵਾਲੀ ਦੋ ਜਹਾਨਿਆ । ਹਰਿ ਸਾਜਣ ਸਾਚਾ ਸਾਜ ਵਜਾਇਆ, ਵਜਾਵਣਹਾਰ ਸ੍ਰੀ ਭਗਵਾਨਿਆ । ਸੀਸ ਤਾਜ ਕਿਸੇ ਦਿਸ ਨਾ ਆਇਆ, ਵਡ ਰਾਜਨ ਰਾਜ ਸ਼ਾਹ ਸੁਲਤਾਨਿਆ ।

੪੪੫
੦੬

ਦੇਸ ਮਾਝਨ ਜੋਤ ਜਗਾਇਆ, ਗੋਬਿੰਦ ਚੇਲਾ ਦਰ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਬੇੜਾ ਆਪੇ ਬੰਨ੍ਹਿਆ । ਕੱਕਾ ਕਲਾਵੰਤ ਹੈ, ਕਰਮ ਜੋਗ ਦੋ ਜਹਾਨੀ । ਦਾਤਾ ਸੂਰਾ ਹਰਿ ਭਗਵੰਤ ਹੈ, ਦੇਵੇ ਸ਼ਬਦ ਨਿਸ਼ਾਨੀ । ਰਸਨਾ ਜਿਹਵਾ ਮਣਿਆ ਮੰਤ ਹੈ, ਸੋਹੰ ਮਾਰੇ ਕਾਨੀ । ਮਹਿੰਮਾ ਗਣਤ ਅਗਨਤ ਹੈ, ਭੇਵ ਨਾ ਜਾਣੇ ਕੋਈ ਵਿਦਵਾਨੀ । ਆਪੇ ਜਾਣੇ ਸਾਧ ਸੰਤ ਹੈ, ਵੇਖ ਵਖਾਏ ਵੇਦ ਪੁਰਾਨੀ । ਪਾਰਬ੍ਰਹਮ ਬ੍ਰਹਮ ਨਾਰੀ ਕੰਤ ਹੈ, ਸੁਰਤ ਸ਼ਬਦ ਵੇਖ ਵਿਖਾਨੀ । ਭਰਮੇ ਭੁੱਲੇ ਜੀਵ ਜੰਤ ਹੈ, ਕੋਈ ਨਾ ਜਾਣੇ ਨਿਹਕਲੰਕ ਤੇਰੀ ਸ਼ਬਦ ਨਿਸ਼ਾਨੀ । ਆਦਿ ਪੁਰਖ ਏਕਾ ਏਕ ਆਦਿ ਅੰਤ ਹੈ, ਲੋਕਮਾਤ ਖੇਲ ਮਹਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੱਕਾ ਕਰੇ ਇਕ ਕੁਰਬਾਨੀ । ਕੱਕਾ ਕਰ ਕੁਰਬਾਨ, ਕਰਮ ਵਿਚਾਰਿਆ । ਜੋਤ ਸਰੂਪੀ ਕਰ ਧਿਆਨ, ਵੇਖੇ ਵਡ ਸੰਸਾਰਿਆ । ਗੁਰਮੁਖ ਸਾਚੇ ਚਤੁਰ ਸੁਜਾਨ, ਨਰ ਹਰਿ ਸ਼ਬਦੀ ਮੇਲ ਮਿਲਾ ਰਿਹਾ । ਮਿਲ ਮਿਲ ਸਖੀਆਂ ਮੰਗਲ ਗਾਨ, ਪੰਚਮ ਸੇਵਾ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਮੇਲਾ ਮੇਲ ਮਿਲਾ ਰਿਹਾ । ਪੰਚਮ ਅੱਖਰ ਕਰ ਪ੍ਰਧਾਨ, ਪੰਚਮ ਮੇਲ ਮਿਲਾਇਆ । ਨੰਨਾ ਹਾਹਾ ਇਕ ਨਿਸ਼ਾਨ, ਸਾਚਾ ਨੇਹ ਕਰਾਇਆ । ਕੱਕਾ ਕਰਮ ਕਰ ਵਖਿਆਨ, ਲੱਲਾ ਲੇਖ ਲਿਖਾਇਆ । ਕੂੜ ਕੁੜਿਆਰਾ ਜਗਤ ਜਹਾਨ, ਅੰਤਮ ਮੇਟ ਮਿਟਾਇਆ । ਪੰਚਮ ਬਣ ਬਲੀ ਬਲਵਾਨ, ਪੰਚਮ ਅੱਖਰ ਮੀਤ ਬਣਾਇਆ । ਸ਼ਬਦ ਬਣਾਏ ਸਚ ਨਿਸ਼ਾਨ, ਸਾਚਾ ਮਾਰਗ ਰਿਹਾ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜੇ ਧਾਮ ਸੁਹਾਇਆ । ਨਿਹਕਲੰਕ ਅਗੰਮ ਅਥਾਹ, ਭੇਵ ਕਿਸੇ ਨਾ ਪਾਇਆ । ਆਪੇ ਦਾਤਾ ਬੇਪਰਵਾਹ, ਪਰਵਰਦਿਗਾਰ ਅਖਵਾਇਆ । ਜੁਗ ਜੁਗ ਬਣਾਏ ਆਪਣਾ ਨਾਂ, ਭੇਖਾਧਾਰੀ ਭੇਖ ਵਟਾਇਆ । ਸ਼ਬਦ ਬਣਾਏ ਜਗਤ ਮਲਾਹ, ਏਕਾ ਪੱਲੂ ਨਾਮ ਫੜਾਇਆ । ਆਪਣੀ ਕਰੇ ਆਪ ਸਲਾਹ, ਦੂਸਰ ਨਾ ਕੋਈ ਸੰਗ ਰਖਾਇਆ । ਕਲਜੁਗ ਤੇਰਾ ਲਹਿਣਾ ਨਾ, ਦੇਣਾ ਰਿਹਾ ਚੁਕਾਇਆ । ਸਤਿਜੁਗ ਗਹਿਣਾ ਦੇਵੇ ਪਾ, ਸੋਹੰ ਕੰਗਣ ਰਿਹਾ ਘੜਾਇਆ । ਗੁਰਮੁਖ ਦੇਵੇ ਸੰਗ ਰਲਾ, ਸਾਚੀ ਰੰਗਣ ਰੰਗ ਰੰਗਾਇਆ । ਧਰਮ ਦਵਾਰੇ ਦਏ ਬਹਾ, ਏਕਾ ਧਾਮ ਸੁਹਾਇਆ । ਚਾਰ ਵਰਨ ਏਕਾ ਥਾਂ ਦਏ ਬਹਾ, ਊਚਾਂ ਨੀਚਾਂ ਭੇਵ ਮਿਟਾਇਆ । ਰਾਜ ਰਾਜਾਨਾਂ ਲਏ ਸਰਨ ਲਗਾ, ਤਖ਼ਤ ਤਾਜ ਕੋਈ ਰਹਿਣ ਨਾ ਪਾਇਆ । ਏਕਾ ਛਤਰ ਸੀਸ ਝੁਲਾ, ਜਗਤ ਜਗਦੀਸਾ ਆਪ ਅਖਵਾਇਆ । ਸਤਿਜੁਗ ਸਾਚਾ ਸਮਾਂ ਸੁਹਾ, ਸਾਚੀ ਇੱਕੀ ਰਿਹਾ ਪਾਇਆ । ਨਿੱਕੀ ਸਿੱਖੀ ਆਪ ਬਣਾ, ਆਪ ਆਪਣੀ ਝੋਲੀ ਪਾਇਆ । ਧਰਮ ਰਾਏ ਦਾ ਕੱਟਿਆ ਫਾਹ, ਲੱਖ ਚੁਰਾਸੀ ਮੇਟ ਮਿਟਾਇਆ । ਆਪੇ ਹੋਇਆ ਪਿਤਾ ਮਾਂ, ਆਪ ਆਪਣੀ ਗੋਦ ਉਠਾਇਆ । ਅੰਤਮ ਪਾਰ ਕਰਾਏ ਫੜ ਫੜ ਬਾਂਹ, ਸਾਗਰ ਸਿੰਧ ਨਾ ਕੋਈ ਰੁੜ੍ਹਾਇਆ । ਗੁਰਮੁਖ ਸਾਚੇ ਬਲ ਬਲ ਜਾਂ, ਜਿਸ ਕਲਜੁਗ ਮਾਇਆ ਪੜਦਾ ਲਾਹਿਆ । ਕਲਜੁਗ ਜੀਵ ਕੁਰਲਾਇਣ ਕਾਂ, ਮਦਿਰਾ ਮਾਸ ਵਿਸ਼ਟਾ ਮੁਖ ਰਖਾਇਆ । ਸਾਚੀ ਦਰਗਾਹ ਮਿਲੇ ਨਾ ਥਾਂ, ਨਾਨਕ ਗੁਰ ਸ਼ਬਦ ਗਿਆ ਲਿਖਾਇਆ । ਨਾਨਕ ਨਿਰਗੁਣ ਪਾਰਬ੍ਰਹਮ ਏਕਾ ਕਰੀ ਹਾਂ, ਨਾਮ ਸਤਿ ਝੋਲੀ ਪਾਇਆ । ਦੋ ਜਹਾਨੀ ਦੇਵੇ ਠੰਢੀ ਛਾਂ, ਸੱਜਣ ਸੁਹੇਲਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਅੱਖਰ ਮੇਲ ਕਰ, ਪੰਚਮ ਪੰਚਾਂ ਰਿਹਾ ਮਿਲਾਇਆ । ਪੰਚਮ ਅੱਖਰ ਏਕਾ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਆਪ ਆਪਣਾ ਲਿਆ ਮੰਗ, ਆਪ ਆਪਣੀ

ਝੋਲੀ ਡਾਹਿੰਦਾ । ਆਪਣੇ ਘੋੜੇ ਕੱਸਿਆ ਤੰਗ, ਸ਼ਾਹ ਅਸਵਾਰਾ ਆਪ ਅਖਵਾਇੰਦਾ । ਆਪ ਵਹਾਏ ਧਾਰਾ ਗੰਗ, ਅੰਮ੍ਰਿਤ ਆਤਮ ਆਪ ਪਿਲਾਇੰਦਾ । ਪੁਰੀਆਂ ਲੋਆਂ ਆਪੇ ਲੰਘ, ਖੰਡ ਬ੍ਰਹਿਮੰਡ ਵੇਖ ਵਖਾਇੰਦਾ । ਆਪੇ ਕੱਟਣਹਾਰਾ ਭੁੱਖ ਨੰਗ, ਆਪੇ ਰਾਜ ਰਾਜਾਨ ਹੋ ਜਾਇੰਦਾ । ਜੁਗ ਜੁਗ ਸੁਣਾਏ ਸੁਹਾਗੀ ਛੰਦ, ਜੁਗ ਜੁਗ ਬਣਤ ਬਣਾਇੰਦਾ । ਸ਼ਬਦ ਮੌਲੀ ਬੰਨ੍ਹੇ ਤੰਦ, ਗੁਰਮੁਖ ਆਤਮ ਸਾਚਾ ਸਗਨ ਮਨਾਇੰਦਾ । ਖੁਸ਼ੀ ਕਰਾਏ ਬੰਦ ਬੰਦ, ਅਨਹਦ ਸ਼ਬਦ ਜਣਾਇੰਦਾ । ਆਪ ਉਪਜਾਏ ਪਰਮਾਨੰਦ, ਨਿਜਾਨੰਦ ਵਖਾਇੰਦਾ । ਵੇਖ ਵਖਾਣੇ ਮਾਰ ਧਿਆਨ ਪੁਰੀ ਅਨੰਦ, ਅਨੰਦ ਪੁਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਵਟਾਇੰਦਾ । ਨਿਹਕਲੰਕਾ ਸ਼ਬਦ ਅਭੇਦ, ਦਿਸ ਕਿਸੇ ਨਾ ਆਇਆ । ਜੋਤੀ ਸ਼ਬਦੀ ਗਾਇਣ ਵੇਦ, ਵੇਦ ਪੁਰਾਨਾਂ ਸੇਵਾ ਲਾਇਆ । ਆਪੇ ਹੋਇਆ ਅਛਲ ਅਛੇਦ, ਜੁਗ ਜੁਗ ਵੇਸ ਕਰੇਂਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਮੇਲ ਮਿਲਾਇਆ । ਪੰਚਮ ਅੱਖਰ ਪਾਰਜ਼ਾਤ, ਹਰਿ ਪੰਚਮ ਮੇਲ ਮਿਲਾਇੰਦਾ । ਲੱਖ ਚੁਰਾਸੀ ਆਪ ਨਿਭਾਏ ਨਾਤ, ਆਪੇ ਤੋੜ ਤੁੜਾਇੰਦਾ । ਪਾਰਬ੍ਰਹਮ ਨਾ ਕੋਈ ਜ਼ਾਤ ਨਾ ਕੋਈ ਪਾਤ, ਬ੍ਰਹਮ ਅੰਸ ਉਪਾਇੰਦਾ । ਬੰਸ ਸਰਬੰਸ ਇਕ ਵਖਾਏ ਸਾਚਾ ਨਾਤ, ਸਾਚਾ ਸਾਚਾ ਧਾਮ ਸੁਹਾਇੰਦਾ । ਕਲਜੁਗ ਮੇਟ ਰੈਣ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਚਾਰ ਵਰਨ ਅਠਾਰਾਂ ਬਰਨ ਆਪ ਬਣਾਏ ਭੈਣ ਭਰਾਤ, ਏਕਾ ਥਾਂ ਸੁਹਾਇੰਦਾ । ਸ੍ਰਿਸ਼ਟ ਸਬਾਈ ਅੰਤਮ ਲਹਿਣਾ ਦੇਣਾ ਚੁੱਕਣਾ ਦਿਵਸ ਸਾਤ, ਹਰਿ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਆਇੰਦਾ । ਨਿਹਕਲੰਕ ਹਰਿ ਸ਼ਬਦ ਹੈ, ਸ਼ਬਦੀ ਸ਼ਬਦ ਸਮਾਏ । ਨਾ ਕੋਈ ਬਣਾਏ ਬਣਤ ਹੈ, ਮਾਤ ਪਿਤ ਨਾ ਕੋਈ ਅਖਵਾਏ । ਭੇਵ ਨਾ ਪਾਇਣ ਸਾਧ ਸੰਤ ਹੈ, ਪਾਰਬ੍ਰਹਮ ਭੇਵ ਨਾ ਰਾਏ । ਨਾ ਕੋਈ ਜਾਣੇ ਜੀਵ ਜੰਤ ਹੈ, ਵੇਦ ਪੁਰਾਨਾਂ ਹੱਥ ਨਾ ਆਏ । ਆਪੇ ਆਪ ਪਾਰਬ੍ਰਹਮ ਪ੍ਰਭ ਸਾਚਾ ਕੰਤ ਹੈ, ਗੁਰਮੁਖ ਸਾਚੇ ਲਏ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਏ । ਕਲਜੁਗ ਵੇਲਾ ਅੰਤ ਦਰ, ਹਰਿ ਸਾਚਾ ਵੇਖ ਵਖਾਇੰਦਾ । ਆਪੇ ਜਾਣੇ ਨਾਰੀ ਨਰ, ਦੇਵਤ ਸੁਰ ਫੋਲ ਫੁਲਾਇੰਦਾ । ਨਾ ਜਨਮੇ ਨਾ ਜਾਏ ਮਰ, ਜੁਗ ਜੁਗ ਫੇਰਾ ਪਾਇੰਦਾ । ਆਪੇ ਵਸਿਆ ਥਿਰ ਘਰ, ਮਹਲ ਅਟਲ ਉਪਾਇੰਦਾ । ਗੋਰ ਮੜ੍ਹੀ ਨਾ ਜਾਏ ਸੜ, ਗੰਗਾ ਜਲ ਨਾ ਕੋਈ ਰੁੜ੍ਹਾਇੰਦਾ । ਸਭ ਦੇ ਅੰਦਰ ਬੈਠਾ ਵੜ, ਦਿਸ ਕਿਸੇ ਨਾ ਆਇੰਦਾ । ਆਪਣਾ ਘਾੜਨ ਆਪੇ ਘੜ, ਆਪਣੀ ਬਣਤ ਬਣਾਇੰਦਾ । ਦਸਮ ਦਵਾਰੀ ਉਪਰ ਚੜ੍ਹ, ਕਿਲ੍ਹਾ ਕੋਟ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਮੇਲ ਮਿਲਾਇੰਦਾ । ਨਿਹਕਲੰਕ ਡੰਕ ਅਪਾਰ, ਏਕਾ ਏਕ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਆਪ ਮਿਟਾਏ ਮੁਹੰਮਦੀ ਯਾਰ, ਈਸਾ ਮੂਸਾ ਰਿਹਾ ਹਿਲਾਇਆ । ਵੇਦ ਪੁਰਾਨਾਂ ਸੁਣੇ ਸੁਣਾਏ ਪੁਕਾਰ, ਖਾਣੀ ਬਾਣੀ ਭੇਵ ਖੁਲ੍ਹਾਇਆ । ਕਰੇ ਕਰਾਏ ਆਪ ਵਿਹਾਰ, ਦੂਸਰ ਨਾ ਕੋਈ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਮੂਲ ਆਪੇ ਰਿਹਾ ਚੁਕਾਇਆ । ਕਲਜੁਗ ਤੇਰਾ ਅੰਤਮ ਮੂਲ, ਹਰਿ ਸਾਚਾ ਆਪ ਚੁਕਾਇੰਦਾ । ਬ੍ਰਹਮਾ ਮੇਲਾ ਹਰਿ ਕੰਤੂਹਲ, ਆਪਣੇ ਵਿਚ ਸਮਾਇੰਦਾ ।

ਸ਼ਿਵ ਸ਼ੰਕਰ ਫੜੇ ਹੱਥ ਤ੍ਰਿਸੂਲ, ਆਪਣੀ ਭੁੱਲ ਬਖ਼ਸ਼ਾਇੰਦਾ । ਕਰੋੜ ਤੇਤੀਸਾ ਰਿਹਾ ਫੂਲ, ਫਲ ਫੁਲਵਾੜੀ ਵੇਖ ਵਖਾਇੰਦਾ । ਗੁਰਮੁਖ ਸਾਚਾ ਸ਼ਬਦ ਪੰਘੂੜਾ ਰਿਹਾ ਝੂਲ, ਹਰਿ ਸਾਚਾ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਅੱਖਰ ਰੱਖੇ ਵੱਖਰ, ਆਪਣੇ ਅੰਗ ਸਮਾਇੰਦਾ । ਪੰਚਮ ਅੱਖਰ ਵਸਤ ਅਨਮੋਲ, ਪ੍ਰਭ ਆਪਣੇ ਹੱਥ ਰਖਾਈਆ । ਆਪੇ ਅੰਦਰ ਰਿਹਾ ਬੋਲ, ਆਪੇ ਮੁਖ ਛੁਪਾਈਆ । ਆਪ ਵਜਾਏ ਨਾਦ ਅਨਾਦੀ ਢੋਲ, ਆਪਣਾ ਤਾਲ ਮਿਲਾਈਆ । ਆਪੇ ਪੜਦੇ ਦੇਵੇ ਖੋਲ੍ਹ, ਸਾਚਾ ਰਾਹ ਤਕਾਈਆ । ਭਗਤ ਸੁਹੇਲਾ ਜੁਗ ਜੁਗ ਕਰੇ ਚੋਲ੍ਹ, ਜਨ ਭਗਤਾਂ ਬੈਠਾ ਖੇਲ ਵਰਤਾਈਆ । ਕਾਇਆ ਧਾਰੀ ਕਲਾ ਸੋਲ, ਸਰਗੁਣ ਰੂਪ ਅਖਵਾਈਆ । ਨਿਰਗੁਣ ਸ੍ਰਿਸ਼ਟ ਸਬਾਈ ਰਿਹਾ ਮੌਲ, ਅਕਲ ਕਲਾ ਰਘੁਰਾਈਆ । ਜਨ ਭਗਤਾਂ ਉਲਟਾ ਕਰੇ ਕਵਲ ਨਾਭੀ ਕੌਲ, ਅੰਮ੍ਰਿਤ ਰਿਹਾ ਚੁਆਈਆ । ਅੰਮ੍ਰਿਤ ਆਤਮ ਪਿਆਏ ਸਾਚੀ ਪਾਹੁਲ, ਨਾ ਕੋਈ ਵੇਖ ਵਖਾਈਆ । ਦੇਵੇ ਵਡਿਆਈ ਉਪਰ ਧੌਲ, ਨਾਮ ਖੰਡਾ ਤਨ ਗਾਤਰੇ ਆਪ ਪਹਿਨਾਈਆ । ਗੁਰ ਗੋਬਿੰਦਾ ਪੂਰ ਕਰਾਏ ਕੌਲ, ਆਪ ਆਪਣਾ ਗਿਆ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕੰਕਾਰ ਭੇਵ ਖੁਲ੍ਹਾਈਆ । ਨਿਹਕਲੰਕ ਭੇਵ ਅਪਾਰ, ਭੇਵ ਕਿਸੇ ਨਾ ਆਇੰਦਾ । ਜੀਵ ਜੰਤ ਫਸਾਏ ਨੌ ਦਵਾਰ, ਸਾਧ ਸੰਤ ਅੱਧ ਵਿਚ ਲਟਕਾਇੰਦਾ । ਆਪ ਵਸਿਆ ਸਭ ਤੋਂ ਬਾਹਰ, ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਪਾਰਬ੍ਰਹਮ ਪ੍ਰਭ ਪੁਰਖ ਅਪਾਰ, ਅਗੰਮੜੇ ਧਾਮ ਸੁਹਾਇੰਦਾ । ਛੱਪਰ ਛੰਨ ਨਾ ਕੋਇ ਵਿਚਾਰ, ਚਾਰ ਦਿਵਾਰ ਨਾ ਕੋਈ ਵਿਖਾਇੰਦਾ । ਨਾ ਕੋਈ ਮੰਦਰ ਨਾ ਕੋਈ ਗੁਰਦਵਾਰ, ਮੰਦਰ ਸ਼ਿਵਦਵਾਲਾ ਨਾ ਕੋਈ ਰਖਾਇੰਦਾ । ਸ਼ਬਦ ਜਣਾਏ ਸੱਚੀ ਧੁਨਕਾਰ, ਢੋਲਕ ਛੈਣਾ ਨਾ ਕੋਈ ਖੜਕਾਇੰਦਾ । ਆਪੇ ਸੁਣੇ ਸੁਣਨੇਹਾਰ, ਸੁਨ ਸਮਾਧ ਸੁਣਾਇੰਦਾ । ਆਪੇ ਜਾਣੇ ਪਾਰ ਕਿਨਾਰ, ਆਪ ਆਪਣਾ ਭੇਵ ਛੁਪਾਇੰਦਾ । ਸਤਵੇਂ ਘਰ ਹਰਿ ਨਿਰੰਕਾਰ, ਸਤਿ ਪੁਰਖ ਨਿਰੰਜਣ ਆਪ ਅਖਵਾਇੰਦਾ । ਨਾ ਕੋਈ ਦਿਸੇ ਧੂੰਆਂਧਾਰ, ਅੰਧ ਅੰਧੇਰ ਨਾ ਕੋਈ ਚੁਕਾਇੰਦਾ । ਨਾ ਕੋਈ ਦੇਵੇ ਸੇਵਣਹਾਰ, ਅਵਣ ਗਵਣ ਨਾ ਕੋਈ ਜਣਾਇੰਦਾ । ਅੰਮ੍ਰਿਤ ਬਰਖੇ ਨਾ ਕੋਈ ਸਵਣ ਧਾਰ, ਨਾ ਕੋਈ ਨੀਰ ਚਲਾਇੰਦਾ । ਪਾਰਬ੍ਰਹਮ ਤੇਰਾ ਧਾਮ ਨਿਆਰ, ਥਿਰ ਘਰ ਨਾਉਂ ਰਖਾਇੰਦਾ । ਥਿਰ ਘਰ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇੰਦਾ । ਆਪ ਆਪਣੀ ਪਾਵੇ ਸਾਰ, ਆਪ ਆਪਣੀ ਸੇਜ ਹੰਢਾਇੰਦਾ । ਪੂਤ ਸਪੂਤਾ ਕਰ ਤਿਆਰ, ਜੋਤੀ ਮਾਤਾ ਆਪ ਬਣਾਇੰਦਾ । ਸਾਚਾ ਸੁਤ ਇਕ ਦੁਲਾਰ, ਹਰਿ ਸ਼ਬਦੀ ਨਾਉਂ ਰਖਾਇੰਦਾ । ਬ੍ਰਹਿਮੰਡਾਂ ਪਾਵੇ ਪਾਵਣਹਾਰਾ ਸਾਰ, ਸਾਲ ਸਾਲੀ ਵੰਡ ਵੰਡਾਇੰਦਾ । ਆਪੇ ਕਰੇ ਖ਼ਬਰਦਾਰ, ਸਾਚੀ ਸੇਵਾ ਆਪ ਕਰਾਇੰਦਾ । ਆਦਿ ਪੁਰਖ ਹਰਿ ਏਕੰਕਾਰ, ਏਕਾ ਧਾਰ ਚਲਾਇੰਦਾ । ਇਕ ਸੁਹਾਏ ਬੰਕ ਦਵਾਰ, ਆਪਣਾ ਆਪ ਬਣਾਇੰਦਾ । ਸ੍ਰਿਸ਼ਟ ਸਬਾਈ ਬਣ ਵਰਤਾਰ, ਬ੍ਰਹਮਾ ਮੇਲ ਮਿਲਾਇੰਦਾ । ਉਤਪਤ ਬ੍ਰਹਮਾ ਕਰ ਤਿਆਰ, ਕਵਲ ਕਵਲਾ ਆਪ ਅਖਵਾਇੰਦਾ । ਰਕਤ ਬੂੰਦ ਨਾ ਲਾਇਆ ਗਾਰ, ਸਾਚੀ ਬਣਤ ਆਪ ਬਣਾਇੰਦਾ । ਵੇਲਾ ਵਕਤ ਕਰ ਵਿਚਾਰ, ਆਪ ਉਪਾਏ ਆਪ ਮਿਲਾਇੰਦਾ । ਤ੍ਰੈਗੁਣ ਮਾਇਆ ਕਰ ਪਸਾਰ, ਬ੍ਰਹਮੇ ਝੋਲੀ ਪਾਇੰਦਾ । ਪੰਜ ਤਤ ਕਰ ਸ਼ਿੰਗਾਰ, ਲੱਖ ਚੁਰਾਸੀ ਬਣਤ ਬਣਾਇੰਦਾ । ਪ੍ਰਭ ਕਾ ਭੇਵ ਸਦਾ ਨਿਆਰ, ਬ੍ਰਹਮਾ ਭੇਵ ਕੋਇ ਨਾ ਪਾਇੰਦਾ । ਦੋਏ ਜੋੜ ਕਰੇ ਨਿਮਸਕਾਰ, ਚਰਨ ਦਵਾਰੇ ਢਹਿ ਢਹਿ ਖ਼ੁਸ਼ੀ ਮਨਾਇੰਦਾ । ਪ੍ਰਭ ਅਬਿਨਾਸ਼ੀ ਖੋਲ੍ਹ ਭੰਡਾਰ, ਨਿਰਗੁਣ ਵਿਸ਼ਨੂੰ

੪੪੭
੦੬

ਝੋਲੀ ਪਾਇੰਦਾ । ਸ਼ਬਦ ਸਰੂਪੀ ਕਰ ਉਜਿਆਰ, ਹਰ ਘਟ ਰੂਪ ਸਮਾਇੰਦਾ । ਜੁਗ ਜੁਗ ਖੇਲ ਖੇਲਣਹਾਰ, ਸਤਿਜੁਗ ਤ੍ਰੇਤਾ ਦੁਆਪਰ ਪਾਰ ਕਰਾਇੰਦਾ । ਕਲਜੁਗ ਅੰਤਮ ਲਏ ਅਵਤਾਰ, ਆਪਣਾ ਭੇਖ ਵਟਾਇੰਦਾ । ਰਾਮ ਕ੍ਰਿਸ਼ਨ ਹਰਿ ਨਿਰੰਕਾਰ, ਨਾਨਕ ਸੇਵਾ ਲਾਇੰਦਾ । ਗੋਬਿੰਦ ਗੋਬਿੰਦ ਗੁਰ ਅਪਰ ਅਪਾਰ, ਚੇਲਾ ਗੁਰ ਆਪ ਅਖਵਾਇੰਦਾ । ਕਲਜੁਗ ਤੇਰੀ ਕਾਲੀ ਧਾਰ, ਹਰਿ ਸਾਚਾ ਵੇਖ ਵਖਾਇੰਦਾ । ਧਰਤ ਮਾਤ ਤੇਰੀ ਸੁਣ ਪੁਕਾਰ, ਆਪਣਾ ਕਰਮ ਕਮਾਇੰਦਾ । ਨਿਹਕਲੰਕ ਲਏ ਅਵਤਾਰ, ਜੋਤੀ ਜਾਮਾ ਪਾਇੰਦਾ । ਸ਼ਬਦ ਡੰਕ ਅਪਰ ਅਪਾਰ, ਚਾਰੇ ਕੁੰਟਾਂ ਆਪ ਵਜਾਇੰਦਾ । ਜੀਵਾਂ ਜੰਤਾਂ ਕਰੇ ਖ਼ਬਰਦਾਰ, ਸੁੱਤਾ ਕੋਈ ਰਹਿਣ ਨਾ ਪਾਇੰਦਾ । ਬ੍ਰਹਮਾ ਸ਼ਿਵ ਦਏ ਹੁਲਾਰ, ਸੁਰਪਤ ਆਪ ਉਠਾਇੰਦਾ । ਨੌ ਦਵਾਰੇ ਖੋਲ੍ਹ ਕਿਵਾੜ, ਨੌ ਖੰਡ ਪ੍ਰਿਥਮੀ ਆਪ ਵਿਖਾਇੰਦਾ । ਸੱਤਾਂ ਦੀਪਾਂ ਵੇਖ ਉਜਾੜ, ਸ਼ਬਦ ਡੰਕ ਇਕ ਵਜਾਇੰਦਾ । ਪੰਚਮ ਮੇਟੇ ਝੂਠੀ ਧਾੜ, ਸਤਿਜੁਗ ਸਾਚਾ ਲਾਇੰਦਾ । ਸੰਮਤ ਸੋਲਾਂ ਸਤਾਰਾਂ ਹਾੜ, ਬਿਆਸ ਕਿਨਾਰਾ ਵੇਖ ਵਖਾਇੰਦਾ । ਚਰਨ ਛੁਹਾਏ ਦੇਸ ਮਾਲਵੇ ਧਰਤ ਮਾਤ ਵੇਖ ਅਖਾੜ, ਆਪਣੀ ਕਲ ਵਰਤਾਇੰਦਾ । ਭਾਗ ਲਗਾਏ ਜਮਨ ਕਿਨਾਰ, ਹਰਿ ਸਾਚਾ ਚਰਨ ਛੁਹਾਇੰਦਾ । ਵਾਲੀ ਹਿੰਦ ਕਰਾਏ ਖ਼ਬਰਦਾਰ, ਆਪ ਆਪਣੀ ਬਣਤ ਬਣਾਇੰਦਾ । ਗੁਰ ਤੇਗ ਬਹਾਦਰ ਤੇਰਾ ਸਚ ਦਵਾਰ, ਸੀਸ ਗੰਜ ਚਰਨ ਟਿਕਾਇੰਦਾ । ਕਿਸੇ ਹੱਥ ਨਾ ਆਏ ਕਾਰੂ ਗੰਜ, ਮਾਇਆਧਾਰੀ ਡੂੰਘੇ ਵਹਿਣ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪਣੇ ਵਿਚ ਛੁਪਾਇੰਦਾ ।



੪੪੮
੦੬

## ❊ ੬ ਚੇਤ ੨੦੧੪ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹਿ ਪਿੰਡ ਰਾਮੂ ਵਾਲਾ ਜ਼ਿਲਾ ਫਿਰੋਜ਼ਪੁਰ ❊

ਗੁਣ ਅਵਗੁਣ ਆਪੇ ਜਾਣ, ਜਾਨਣਹਾਰ ਅਖਵਾਇਆ । ਕਰੇ ਕਰਾਏ ਪੁਣ ਛਾਣ, ਲੱਖ ਚੁਰਾਸੀ ਛਾਣ ਵਖਾਇਆ । ਗੁਰਮੁਖ ਉਠਾਏ ਬਾਲ ਅੰਞਾਣ, ਆਤਮ ਪੜਦਾ ਲਾਹਿਆ । ਆਪੇ ਬਖ਼ਸ਼ੇ ਚਰਨ ਧਿਆਨ, ਚਰਨ ਕਵਲ ਸਰਨਾਇਆ । ਦਾਤੀ ਦਾਤਾ ਦੇਵੇ ਸੱਚਾ ਦਾਨ, ਸੋਹੰ ਝੋਲੀ ਪਾਇਆ । ਆਤਮ ਉਪਜੇ ਬ੍ਰਹਮ ਗਿਆਨ, ਅਗਿਆਨ ਅੰਧੇਰ ਮਿਟਾਇਆ । ਸਤਿ ਸੰਤੋਖੀ ਪੀਣ ਖਾਣ, ਅੰਮ੍ਰਿਤ ਜਾਮ ਪਿਆਇਆ । ਆਵਣ ਜਾਵਣ ਚੁੱਕੇ ਕਾਣ, ਰਾਏ ਧਰਮ ਨਾ ਦਏ ਸਜ਼ਾਇਆ । ਸ਼ਬਦ ਬਿਠਾਏ ਇਕ ਬਿਬਾਣ, ਘਰ ਸਾਚਾ ਰਿਹਾ ਵਿਖਾਇਆ । ਸਰਨ ਸਰਨਾਈ ਜੋ ਲੱਗ ਜਾਣ, ਕਲਜੁਗ ਅੰਤਮ ਲਏ ਤਰਾਇਆ । ਮਿਲਿਆ ਮੇਲ ਹਰਿ ਭਗਵਾਨ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਨਮੁਖ ਜੀਵਾਂ ਰਿਹਾ ਭੁਲਾਇਆ । ਮਨਮੁਖ ਜੀਵ ਭਰਮੇ ਭੁੱਲੇ, ਸੁਧ ਰਹੇ ਨਾ ਰਾਇਆ । ਜੂਠੀ ਝੂਠੀ ਮਾਇਆ ਰੁੱਲੇ, ਆਪਣੀ ਪਤ ਗਵਾਈਆ । ਭਾਗ ਨਾ ਲੱਗਾ ਕਾਇਆ ਕੁੱਲੇ, ਦੀਪਕ ਜੋਤ ਨਾ ਕੋਈ ਜਗਾਈਆ । ਗੋਬਿੰਦ ਸਗਨ ਨਾ ਲਾਇਆ ਸਾਚੇ ਬੁੱਲ੍ਹੇ, ਹਰਿ ਸ਼ਬਦ ਨਾ ਰਸਨ ਛੁਹਾਈਆ । ਸ਼ਬਦ ਅੰਧੇਰ ਏਕਾ ਝੁੱਲੇ, ਪ੍ਰਭ ਸਾਚਾ ਰਿਹਾ ਝੁਲਾਈਆ । ਮਨਮੁਖ ਪੂਰੇ ਤੋਲ ਕੋਈ ਨਾ ਤੁਲੇ, ਗੁਰਮੁਖ ਸਾਚੇ ਆਪ ਤੁਲਾਈਆ । ਕਲਜੁਗ ਬੂਟਾ ਅੰਤਮ ਹੁੱਲੇ, ਫਲ ਕੋਈ ਰਹਿਣ ਨਾ ਪਾਈਆ । ਹਰਿਜਨ ਸਾਚੇ ਲਾਲ ਅਨਮੁਲੇ, ਸ਼ਬਦ ਦੁਸ਼ਾਲੇ ਰਿਹਾ

ਲਗਾਈਆ । ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੁੱਲੇ, ਸਚ ਦਵਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਬੰਕ ਸੁਹਾਈਆ । ਭਗਤ ਵਛਲ ਆਪ ਗਿਰਧਾਰ, ਆਪਣੀ ਦਇਆ ਕਮਾਇੰਦਾ । ਕਲਜੁਗ ਮਾਇਆ ਵਸਿਆ ਬਾਹਰ, ਦੂਈ ਦਵੈਤੀ ਪਰਦਾ ਲਾਹਿੰਦਾ । ਰਾਹ ਸਾਚਾ ਆਪੇ ਦੱਸਿਆ ਨਰ ਨਿਰੰਕਾਰ, ਏਕਾ ਦੂਜਾ ਭਉ ਚੁਕਾਇੰਦਾ । ਆਪੇ ਬਣਿਆ ਮੀਤ ਮੁਰਾਰ, ਸਖਾ ਸਹਾਈ ਆਪ ਹੋ ਆਇੰਦਾ । ਕਲਜੁਗ ਕਾਲਾ ਵੇਸ ਉਤਾਰ, ਦਰ ਦਰਵੇਸ਼ੀ ਬਾਣਾ ਲਾਹਿੰਦਾ । ਸਤਿਜੁਗ ਸਾਚੇ ਕਰ ਪਿਆਰ, ਚਿੱਟੀ ਚਾਦਰ ਤਨ ਛੁਹਾਇੰਦਾ । ਆਪ ਆਪਣਾ ਦਿਵਸ ਵਿਚਾਰ, ਕਰਤਾ ਕਾਦਰ ਆਪ ਅਖਵਾਇੰਦਾ । ਸੰਮਤ ਸੰਮਤੀ ਪਾਵੇ ਸਾਰ, ਲਹਿਣਾ ਦੇਣ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਕਾਇਆ ਘਰ, ਆਪ ਆਪਣਾ ਚਰਨ ਰਖਾਇੰਦਾ । ਸਾਚਾ ਘਰ ਪੰਜ ਤਤ, ਹਰਿ ਆਪਣੀ ਰਚਨ ਬਣਾਈਆ । ਆਪੇ ਬੈਠਾ ਕਮਲਾਪਤ, ਪਤ ਪਤਵੰਤ ਆਪ ਅਖਵਾਈਆ । ਚਰਨ ਪ੍ਰੀਤੀ ਬੰਨ੍ਹੇ ਨੱਤ, ਨਾ ਕੋਈ ਤੋੜ ਤੁੜਾਈਆ । ਸਤਿ ਸੰਤੋਖੀ ਧੀਰਜ ਯਤ, ਸਤਿ ਸੰਤੋਖੀ ਰਿਹਾ ਵਖਾਈਆ । ਬਹੱਤਰ ਨਾੜੀ ਨਾ ਉਬਲੇ ਰੱਤ, ਤਾਮਸ ਤ੍ਰਿਸ਼ਨਾ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਵਰਿਆਮ ਆਪ ਅਖਵਾਈਆ । ਘਰ ਪਾਇਆ ਪੁਰਖ ਅਗੰਮੜਾ, ਮੇਲਾ ਸਹਿਜ ਸੁਭਾਏ । ਹੱਡ ਮਾਸ ਨਾ ਦੀਸੇ ਚੰਮੜਾ, ਨਾ ਕੋਈ ਤਤ ਬਣਾਏ । ਨਾ ਕੋਈ ਪੱਲੇ ਦਿਸੇ ਦਮੜਾ, ਏਕਾ ਵਸਤ ਨਾਮ ਰਖਾਏ । ਗੁਰਮੁਖਾਂ ਭਾਰੀ ਕਰਾਏ ਪੱਲੜਾ, ਲੱਖ ਚੁਰਾਸੀ ਹੌਲੇ ਭਾਰ ਫਿਰਾਏ । ਕਲਜੁਗ ਹੋਇਆ ਭਾਗਾਂ ਮੰਦੜਾ, ਮੁਖ ਸ਼ਾਹੀ ਟਿੱਕਾ ਲਾਏ । ਸੋਹੰ ਸ਼ਬਦ ਜਗਤ ਬਖ਼ਸ਼ੰਦੜਾ, ਗੁਰਮੁਖ ਸਾਚੇ ਲਏ ਤਰਾਏ । ਭੇਵ ਨਾ ਪਾਏ ਆਤਮ ਅੰਧੜਾ, ਨਾ ਜਿੰਦੜਾ ਕੋਈ ਤੁੜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖੇ ਘਰ, ਘਰ ਬਾਹਰੀ ਆਪ ਹੋ ਜਾਏ । ਘਰ ਬਾਹਰ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਸ਼ਬਦ ਸਿੰਘਾਸਣ ਕਰ ਤਿਆਰ, ਜੋਤ ਸਰੂਪੀ ਆਸਣ ਲਾਇਆ । ਜੋਤ ਸਰੂਪੀ ਕਰ ਆਕਾਰ, ਦਿਵਸ ਰੈਣ ਅੰਧੇਰ ਮਿਟਾਇਆ । ਦਿਵਸ ਰੈਣ ਪਾਵੇ ਸਾਰ, ਸੇਵਕ ਸੇਵਾ ਲਾਇਆ । ਚੰਨ ਸੂਰਜ ਬੰਨ੍ਹੇ ਧਾਰ, ਆਪ ਆਪਣੀ ਜੋਤ ਜਗਾਇਆ । ਤਾਰਾ ਮੰਡਲ ਚਰਨ ਦਵਾਰ, ਹਰਿ ਆਪਣੇ ਹੱਥ ਰਖਾਇਆ । ਉਪਰ ਬੈਠ ਸੱਚੀ ਸਰਕਾਰ, ਆਪ ਆਪਣੀ ਕਿਰਤ ਕਮਾਇਆ । ਕਰੇ ਕਰਾਏ ਕਰਨੇਹਾਰ, ਜੁਗ ਜੁਗ ਰਿਹਾ ਬਣਤ ਬਣਾਇਆ । ਕਲਜੁਗ ਤੇਰੀ ਕਾਲੀ ਧਾਰ, ਹਰਿ ਕਾਲਾ ਰੂਪ ਵਟਾਇਆ । ਕੇਸਾਧਾਰੀ ਨਾ ਪਾਇਣ ਸਾਰ, ਨਾ ਕੋਈ ਜਾਣੇ ਮੂੰਡ ਮੁੰਡਾਇਆ । ਭਰਮੇ ਭੁੱਲੇ ਜੀਵ ਗਵਾਰ, ਭਾਂਡਾ ਭਰਮ ਨਾ ਕਿਸੇ ਭੰਨਾਇਆ । ਗੁਰਮੁਖ ਭੁੱਲੇ ਰੁੱਲੇ ਵਿਚ ਸੰਸਾਰ, ਸਤਿਗੁਰ ਪੂਰਾ ਪਾਇਆ । ਮਾਇਆ ਰੁੱਲੇ ਨਾ ਡੋਬੇ ਮੰਝਧਾਰ, ਸਾਚੇ ਬੇੜੇ ਰਿਹਾ ਚੜ੍ਹਾਇਆ । ਜੂਠੇ ਝੂਠੇ ਮੀਤ ਮੁਰਾਰ, ਮਾਤ ਪਿਤ ਭਾਈ ਭੈਣ ਨਾ ਕੋਈ ਸੰਗ ਨਿਭਾਇਆ । ਇਕ ਸੁਹਾਏ ਦਰ ਦਰਬਾਰ, ਦਰ ਦਰਵੇਸ਼ਾ ਹਰਿ ਰਘੁਰਾਇਆ । ਭਗਤ ਸੁਹੇਲਾ ਲਏ ਉਭਾਰ, ਗੁਰ ਚੇਲਾ ਰੂਪ ਵਟਾਇਆ । ਸ਼ਬਦ ਖੰਡਾ ਤੇਜ ਕਟਾਰ, ਹਰਿ ਆਪਣਾ ਰਿਹਾ ਉਠਾਇਆ । ਪੰਚਾਂ ਕਰੇ ਖ਼ਬਰਦਾਰ, ਚੋਰ ਯਾਰ ਕੋਈ ਨੇੜ ਨਾ ਆਇਆ । ਠੱਗ ਠਗੋਰੀ ਠੱਗੇ ਸੰਸਾਰ, ਠੱਗਣਹਾਰਾ ਦਿਸ ਨਾ ਆਇਆ । ਉਪਰ ਸ਼ਾਹ ਰੱਗੇ ਬੈਠ ਸਰਕਾਰ, ਗੁਰਮੁਖ ਸਾਚੇ ਰਾਹ ਵਖਾਇਆ । ਲੱਗੇ ਅੱਗ ਨਾਰੀ ਨਾਰ, ਨਰ ਨਰਾਇਣ ਰਿਹਾ ਲਗਾਇਆ । ਮੱਠ ਤਪੇ ਅਗਨੀ ਅੰਗਿਆਰ, ਨਾ ਕੋਈ ਸਕੇ ਬੁਝਾਇਆ ।


੪੪੯
੦੬

ਮਨਮੁਖ ਜੀਵਾਂ ਆਈ ਹਾਰ, ਮਨਮਤੀ ਧਰਮ ਚਲਾਇਆ । ਗੁਰਮੁਖ ਵਿਰਲੇ ਤਨ ਸ਼ਿੰਗਾਰ, ਏਕਾ ਸ਼ਬਦ ਕਰਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਵੇਸ ਕਰੇਂਦਾ ਆਇਆ । ਗੁਰਮੁਖ ਸਾਜਣ ਮੀਤ ਮੁਰਾਰ, ਆਪ ਆਪਣਾ ਨਿਹੋਂ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਹਰਿ ਆਪਣਾ ਆਪ ਟਿਕਾਇਆ । ਘਰ ਮੰਦਰ ਸੋਹੇ ਬੰਕ, ਪ੍ਰਭ ਸਾਚਾ ਚਰਨ ਛੁਹਾਇੰਦਾ । ਆਪ ਲਗਾਏ ਆਪਣੇ ਅੰਕ, ਏਕਾ ਸ਼ਬਦ ਵਖਾਇੰਦਾ । ਨੌ ਦਰ ਰਸਨ ਫੀਕਾ ਡੰਕ, ਨਾ ਕੋਈ ਸ਼ਬਦ ਵਜਾਇੰਦਾ । ਪਰਗਟ ਹੋਏ ਵਾਸੀ ਪੁਰੀ ਘਨਕ, ਬਾਰ ਅਨਕ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਜੁਗ ਜੁਗ ਮੇਲ ਮਿਲਾਇੰਦਾ । ਜੁਗ ਜੁਗ ਵਰ ਪਾਇਆ ਘਰ ਆਪਣੇ, ਮੇਲਾ ਸਹਿਜ ਸੁਭਾਈਆ । ਕਲਜੁਗ ਮਾਇਆ ਨੇੜ ਨਾ ਆਏ ਤੀਨੋ ਤਾਪਨੇ, ਵੱਜਦੀ ਰਹੇ ਵਧਾਈਆ । ਇਕ ਜਪਾਏ ਸਾਚਾ ਜਾਪਨੇ, ਗੁਣ ਅਵਗੁਣ ਵੇਖ ਵਖਾਈਆ । ਨਾ ਕੋਈ ਪੁੰਨ ਸਰਾਪਨੇ, ਗੁਰਮੁਖ ਦੇਵੇ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਬੰਕ ਦਵਾਰ, ਦਰ ਦਵਾਰੇ ਫੇਰਾ ਪਾਈਆ । ਦਰ ਦਵਾਰੇ ਫੇਰਾ ਪਾਇਆ, ਹਰਿ ਸੱਚੀ ਸਰਨਾਈਆ । ਮੇਰਾ ਤੇਰਾ ਰਿਹਾ ਚੁਕਾਇਆ, ਹਉਮੇ ਹੰਗਤਾ ਰੋਗ ਮਿਟਾਈਆ । ਨੇਰਨ ਨੇਰਾ ਦਰਸ ਦਿਖਾਇਆ, ਦਰ ਦਵਾਰਾ ਸ਼ਬਦ ਵਖਾਈਆ । ਸੰਞ ਸਵੇਰਾ ਇਕ ਕਰਾਇਆ, ਗੁਰ ਸੰਗਤ ਚੰਦ ਚੜ੍ਹਾਈਆ । ਭਰਮਾਂ ਡੇਰਾ ਆਪੇ ਢਾਹਿਆ, ਅੰਧ ਅਗਿਆਨ ਰਹਿਣ ਨਾ ਪਾਈਆ । ਕੰਤ ਸੁਹਾਗੀ ਏਕਾ ਛੰਤ ਸੁਣਾਇਆ, ਗੁਰਮੁਖ ਨਾਰੀ ਰਸਨਾ ਗਾਈਆ । ਖ਼ੁਸ਼ੀ ਬੰਦ ਬੰਦ ਕਰਾਇਆ, ਚਿੰਤਾ ਰੋਗ ਸੋਗ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਤੇਰੇ ਹੱਥ ਰੱਖੀ ਆਪਣੀ ਆਪ ਵਡਿਆਈਆ ।

੪੫੦
੦੬

### ✻ ੬ ਚੇਤ ੨੦੧੪ ਬਿਕ੍ਰਮੀ ਸ਼ਾਮ ਸਿੰਘ ਦੇ ਗ੍ਰਿਹ ਪਿੰਡ ਰਾਮੂ ਵਾਲਾ ਜ਼ਿਲਾ ਫਿਰੋਜਪੁਰ ✻

ਘਰ ਮੰਦਰ ਹਰਿ ਭਾਗ ਲਗਾਇਆ, ਸ਼ਬਦ ਵੱਜੇ ਵਧਾਈਆ । ਅੰਦਰੇ ਅੰਦਰ ਮੇਲ ਮਿਲਾਇਆ, ਕਰੀ ਨਾਮ ਕੁੜਮਾਈਆ । ਜਗਤ ਜੰਦਰਾ ਤੋੜ ਵਖਾਇਆ, ਵਡ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਬਖ਼ਸ਼ੇ ਸਚ ਸੱਚੀ ਸਰਨਾਈਆ । ਸਚ ਸਰਨਾਈ ਹਰਿ ਨਿਰੰਕਾਰ, ਏਕਾ ਏਕ ਵਿਖਾਇੰਦਾ । ਲੱਖ ਚੁਰਾਸੀ ਪਾਰ ਕਿਨਾਰ, ਅੰਤਮ ਕਲ ਕਰਾਇੰਦਾ । ਸਾਚਾ ਨਾਮ ਦਏ ਅਧਾਰ, ਦੇ ਮਤ ਆਪ ਸਮਝਾਇੰਦਾ । ਸੋਹੰ ਅੱਖਰ ਵਸਤ ਅਪਾਰ, ਹਰਿਜਨ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲਾ ਮੇਲ ਮਿਲਾਇੰਦਾ । ਮੇਲਾ ਘਰ ਸਚ ਦਵਾਰੀ, ਆਪਣਾ ਆਪ ਕਰਾਇਆ । ਇਕ ਇਕੱਲਾ ਏਕੰਕਾਰੀ, ਏਕਾ ਰੰਗ ਵਟਾਇਆ । ਕੋਈ ਦਿਸ ਨਾ ਆਏ ਜੀਵ ਗਵਾਰੀ, ਸਹੰਸ ਸਹੰਸਾ ਰਿਹਾ ਅਲਾਇਆ । ਗੋਬਿੰਦ ਖੇਲੇ ਖੇਲ ਖਿਲਾਰੀ, ਖੇਲਣਹਾਰ ਆਪ ਅਖਵਾਇਆ । ਮੇਟਣਹਾਰਾ ਪੰਚ ਹੰਕਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਠਾਇਆ । ਉਠ ਜਾਗ ਜਗਤ ਤਿਆਗ, ਕਲਜੁਗ ਅੰਤਮ ਆਇਆ । ਚਰਨ ਲਾਗ ਜਨ ਜਾਣਾ ਜਾਗ, ਪ੍ਰਭ ਸਾਚਾ ਰਿਹਾ ਜਗਾਇਆ । ਹਉਮੇ ਤ੍ਰਿਸ਼ਨਾ ਬੁਝਾਏ ਆਗ, ਅੰਮ੍ਰਿਤ ਜਾਮ ਪਿਆਇਆ । ਹੰਸ

ਬਣਾਏ ਫੜ ਫੜ ਕਾਗ, ਦੁਰਮਤ ਮੈਲ ਧਵਾਇਆ । ਸਾਚਾ ਮੇਲਾ ਕੰਤ ਸੁਹਾਗ, ਵਰ ਦਾਤਾ ਆਪ ਹੋ ਆਇਆ । ਆਪੇ ਬੈਠਾ ਆਪੇ ਗਿਆ ਜਾਗ, ਜਗ ਜਗਾਵਣਹਾਰਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਇਆ । ਧੀਰਜ ਯਤ ਸ਼ਬਦ ਗਿਆਨ, ਗੁਰਮੁਖ ਵਿਰਲੇ ਪਾਇਆ । ਆਪੇ ਵੇਖੇ ਮਾਰ ਧਿਆਨ, ਦਿਵਸ ਰੈਣ ਸੇਵ ਕਮਾਇਆ । ਨਾਮ ਬਿਠਾਏ ਇਕ ਬਿਬਾਣ, ਹਰਿ ਸਾਚਾ ਰਿਹਾ ਉਡਾਇਆ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣੇ ਰੰਗ ਰੰਗਾਇਆ । ਦੇਵਣਹਾਰਾ ਦੇਵਤ ਦਾਨ, ਜੁਗ ਜੁਗ ਦੇਂਦਾ ਆਇਆ । ਕਲਜੁਗ ਅੰਤਮ ਕਰ ਪਛਾਣ, ਲਹਿਣਾ ਦੇਣਾ ਮੂਲ ਚੁਕਾਇਆ । ਗੁਰ ਗੋਬਿੰਦਾ ਮਿਲਿਆ ਮੇਲ ਸਾਚਾ ਹਾਣ, ਆਪ ਆਪਣਾ ਵਕਤ ਸੁਹਾਇਆ । ਆਪ ਚੁਕਾਏ ਜਮ ਕੀ ਕਾਨ, ਧਰਮ ਰਾਏ ਨੇੜ ਨਾ ਆਇਆ । ਸਤਿਜੁਗ ਢੋਲਾ ਧੁਰ ਫਰਮਾਣ, ਹਰਿਜਨ ਰਿਹਾ ਸੁਣਾਇਆ । ਆਪੇ ਕਵਲਾ ਦਰ ਦਰਬਾਨ, ਦਰ ਦਰਵੇਸ਼ਾ ਰੂਪ ਵਟਾਇਆ । ਸ਼ਬਦ ਸੁਹੇਲਾ ਮਿਹਰਵਾਨ, ਜਨ ਭਗਤਾਂ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਰਿਹਾ ਰੰਗਾਇਆ । ਰੰਗ ਰੰਗਾਏ ਸ਼ਬਦ ਲਲਾਰੀ, ਆਪਣੇ ਹੱਥ ਰਖਾਇੰਦਾ । ਗੁਰਮੁਖ ਸਾਚੇ ਕਰ ਪਿਆਰੀ, ਹਰਿ ਸਾਚਾ ਰਾਹ ਵਖਾਇੰਦਾ । ਕਲਜੁਗ ਅੰਤਮ ਹੋਏ ਭਿਖਾਰੀ, ਦਰ ਭਿਛਿਆ ਕੋਈ ਨਾ ਪਾਇੰਦਾ । ਸਤਿਜੁਗ ਤੇਰੀ ਸਾਚੀ ਯਾਰੀ, ਗੁਰਮੁਖਾਂ ਨਾਲ ਲਗਾਇੰਦਾ । ਆਪੇ ਬੈਠਾ ਅੱਧ ਵਿਚਕਾਰੀ, ਦੋ ਜਹਾਨਾਂ ਜੋੜ ਜੁੜਾਇੰਦਾ । ਸੋਹੰ ਕਰੇ ਤਨ ਸ਼ਿੰਗਾਰੀ, ਸ਼ਸਤਰ ਬਸਤਰ ਤਨ ਸਜਾਇੰਦਾ । ਸੋਲਾਂ ਇਛਿਆ ਪੂਰ ਹਰਿ ਨਿਰੰਕਾਰੀ, ਏਕਾ ਭਿਛਿਆ ਨਾਮ ਪਾਇੰਦਾ । ਦਹਿ ਦਿਸ਼ਾ ਪਾਵੇ ਸਾਰੀ, ਚਾਰੇ ਕੁੰਟਾਂ ਭਰਮ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਇਕ ਘਰ, ਘਰ ਸਾਚਾ ਇਕ ਸੁਹਾਇੰਦਾ । ਹਰਿ ਸਾਚਾ ਸ਼ਾਹ ਸੁਲਤਾਨ, ਵਾਲੀ ਦੋ ਜਹਾਨਿਆ । ਜਨ ਭਗਤਾਂ ਮੇਲ ਮਿਲਾਨ, ਆਪਣੇ ਅੰਕ ਸਮਾਨਿਆ । ਖੇਲੇ ਖੇਲ ਮਹਾਨ, ਨਾ ਕੋਈ ਜਾਣੇ ਜੀਵ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਰੇ ਆਪ ਪਛਾਨਿਆ । ਹਰਿਜਨ ਸਾਚੇ ਸ਼ਬਦ ਜਣਾਈ, ਘਰ ਸਾਚੇ ਆਪ ਕਰਾਇੰਦਾ । ਪੰਚਾਂ ਚੋਰਾਂ ਕਰੇ ਜੁਦਾਈ, ਪੰਚਮ ਮੇਲ ਮਿਲਾਇੰਦਾ । ਕਾਇਆ ਮੰਦਰ ਕਰ ਕੁੜਮਾਈ, ਆਪਣਾ ਰੰਗ ਰੰਗਾਇੰਦਾ । ਆਪ ਵਜਾਏ ਸ਼ਬਦ ਵਧਾਈ, ਸਾਚਾ ਮੰਗਲ ਗਾਇੰਦਾ । ਤਖ਼ਤ ਤਾਜ ਇਕ ਸੁਹਾਈ, ਸਾਚਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚਾ ਘਰ ਇਕ ਵਿਖਾਇੰਦਾ । ਏਕਾ ਘਰ ਸਚ ਦਰਬਾਰ, ਹਰਿ ਆਪਣਾ ਆਪ ਰਖਾਇਆ । ਨਾ ਕੋਈ ਦਿਸੇ ਚੋਬਦਾਰ, ਨਾ ਕੋਈ ਪਹਿਰੇਦਾਰ ਰਖਾਇਆ । ਸ਼ਬਦ ਖੰਡਾ ਤੇਜ ਕਟਾਰ, ਜੋਤੀ ਨੂਰ ਰਿਹਾ ਚਮਕਾਇਆ । ਕਿਲ੍ਹਾ ਕੋਟ ਸਚ ਦਵਾਰ, ਆਪਣਾ ਗੜ੍ਹ ਉਪਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਸਾਚੀ ਸੇਜਾ ਰਿਹਾ ਵਛਾਇਆ । ਉਪਰ ਬੈਠ ਸੱਚੀ ਸਰਕਾਰ, ਸ਼ਾਹੋ ਭੂਪ ਅਖਵਾਇਆ । ਸਤਿ ਸਰੂਪ ਹਰਿ ਨਿਰਵੈਰ, ਆਪ ਹੋ ਆਇਆ । ਗੁਰਮੁਖਾਂ ਸਾਚਾ ਸਾਕ ਸੱਜਣ ਸੈਣ, ਤੀਜੇ ਨੈਣ ਦਰਸ ਵਿਖਾਇਆ । ਕਲਜੁਗ ਵਹੇ ਡੂੰਘੇ ਵਹਿਣ, ਨਾ ਕੋਈ ਪਾਰ ਕਰਾਇਆ । ਘਰ ਘਰ ਮੰਦਰ ਅੰਦਰ ਬਹਿ ਬਹਿ ਸਾਰੇ ਗਾਣ, ਦਿਸ ਕਿਸੇ ਨਾ ਆਇਆ । ਆਪੇ ਹੋਇਆ ਜਾਣੀ ਜਾਣ, ਜਾਨਣਹਾਰ ਸ੍ਰਿਸ਼ਟ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਰੂਪ ਵਖਾਇਆ । ਕਲਜੁਗ ਤੇਰਾ ਕਾਲਾ ਰੰਗ, ਚਾਰੋਂ

੪੫੧
੦੬

ਕੁੰਟ ਰਿਹਾ ਵਿਖਾਈਆ । ਲੱਖ ਚੁਰਾਸੀ ਹੋਈ ਨੰਗ, ਪੱਲੂ ਕੋਈ ਨਾ ਪਾਈਆ । ਦਰ ਦਰ ਘਰ ਘਰ ਭਿਛਿਆ ਰਹੇ ਮੰਗ, ਰਾਜ ਰਾਜਾਨਾਂ ਰਿਹਾ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਧੰਨ ਧੰਨਾ ਆਪ ਅਖਵਾਈਆ । ਨਾਮ ਧਨ ਸਚ ਖਜ਼ਾਨਾ, ਪ੍ਰਭ ਆਪਣੇ ਹੱਥ ਰਖਾਇਆ । ਪ੍ਰਭ ਆਪੇ ਹੋਇਆ ਦਾਨੀ ਦਾਨਾ, ਜੁਗ ਜੁਗ ਦੇਂਦਾ ਆਇਆ । ਵੇਖ ਵਖਾਏ ਲੋਕ ਤੀਨਾ, ਘਰ ਚੌਥੇ ਡੇਰਾ ਲਾਇਆ । ਚੌਥਾ ਦਰ ਜਿਉਂ ਜਲ ਮੀਨਾ, ਗੁਰਮੁਖ ਸੁਰਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਏਕਾ ਵਰ ਏਕਾ ਹਰਿ ਏਕਾ ਸਰ ਵੇਖਣ ਆਇਆ । ਦਰ ਘਰ ਹਰਿ ਦਾਤਾਰਾ, ਹਰਿ ਆਪੇ ਵੇਖ ਵਖਾਇੰਦਾ । ਚੌਥੇ ਘਰ ਭਰ ਭੰਡਾਰਾ, ਜਨ ਭਗਤਾਂ ਆਪ ਵਰਤਾਇੰਦਾ । ਅੰਤਮ ਕਰੇ ਪਾਰ ਕਿਨਾਰਾ, ਪੰਚਮ ਆਪ ਵਿਖਾਇੰਦਾ । ਛੇਵੇਂ ਛੱਪਰ ਛੰਨ ਨਾ ਕੋਇ ਉਸਾਰਾ, ਨਾ ਕੋਈ ਵੇਖੇ ਨਾ ਕੋਈ ਪੇਖੇ ਨਾ ਕੋਈ ਭੇਵ ਖੁਲ੍ਹਾਇੰਦਾ । ਆਪੇ ਲਿਖਣਹਾਰਾ ਲੇਖੇ ਜੁਗ ਜੁਗ ਲੇਖ ਲਿਖਾਇੰਦਾ । ਕਲਜੁਗ ਤੇਰੀ ਮਿਟੇ ਰੇਖੇ, ਪ੍ਰਭ ਸਾਚਾ ਆਪ ਮਿਟਾਇੰਦਾ । ਆਪੇ ਹੋਇਆ ਧਾਰੀ ਕੇਸੇ, ਗੋਬਿੰਦ ਕਾਇਆ ਰੂਪ ਵਟਾਇੰਦਾ । ਦਰ ਦਵਾਰੇ ਬ੍ਰਹਮਾ ਵਿਸ਼ਨੂੰ ਮਹੇਸ਼ ਗਣੇਸ਼ੇ, ਦੋਏ ਜੋੜ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਕਾਲੀ ਧਾਰ, ਪਰਗਟ ਕਰੇ ਵਿਚ ਸੰਸਾਰ, ਆਪ ਆਪਣੀ ਕਿਰਪਾ ਧਾਰ, ਨਾ ਕੋਈ ਮੇਟ ਮਿਟਾਇੰਦਾ । ਕਲਜੁਗ ਤੇਰੀ ਕਾਲੀ ਧਾਰ, ਅੰਤਮ ਮੇਟ ਮਿਟਾਈਆ । ਨੌ ਖੰਡ ਪ੍ਰਿਥਮੀ ਕਰੇ ਖ਼ਬਰਦਾਰ, ਸੋਹੰ ਡੰਕ ਵਜਾਈਆ । ਸੱਤਾਂ ਦੀਪਾਂ ਲਏ ਹੁਲਾਰ, ਆਪੇ ਆਪ ਰਿਹਾ ਹਿਲਾਈਆ । ਤ੍ਰੈਗੁਣ ਮਾਇਆ ਵੇਖ ਪਸਾਰ, ਬ੍ਰਹਮੇ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਭਰਮੇ ਭੁੱਲੀ, ਨਾ ਕੋਈ ਹੋਏ ਸਹਾਈਆ । ਪ੍ਰਭ ਅਬਿਨਾਸ਼ੀ ਖੇਲ ਨਿਆਰ, ਭੇਵ ਕੋਈ ਨਾ ਪਾਈਆ । ਚਿੱਟੇ ਅਸਵ ਹੋ ਅਸਵਾਰ, ਸੋਲਾਂ ਕਲੀਆਂ ਆਸਣ ਲਾਈਆ । ਪਹਿਲਾਂ ਪੌੜਾ ਰਿਹਾ ਉਠਾ, ਪੰਚਮ ਜੇਠੀ ਆਪ ਉਠਾਈਆ । ਨਾ ਕੋਈ ਕਿਸੇ ਦੀਸੇ ਵਡ ਵਡ ਸੱਜਣ ਸ਼ਾਹ, ਸ਼ਾਹ ਸੁਲਤਾਨਾਂ ਰਿਹਾ ਮਿਟਾਈਆ । ਗੁਰਮੁਖਾਂ ਦੇਵੇ ਨਾਮ ਵਸਤ ਬੇਪਰਵਾਹ, ਅਨਡਿਠ ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵਣਹਾਰਾ ਵਰ, ਦਰ ਮੰਦਰ ਇਕ ਸੁਹਾਈਆ । ਦਰ ਦਰਬਾਰਾ ਇਕ ਖੁਲ੍ਹਾਇਆ, ਚਾਰ ਵਰਨ ਦਵਾਰਿਆ । ਰਾਓ ਰੰਕਾਂ ਰਿਹਾ ਸੁਣਾਇਆ, ਊਚਾਂ ਨੀਚਾਂ ਭੇਵ ਨਿਵਾਰਿਆ । ਸ਼ਾਹ ਸੁਲਤਾਨਾਂ ਦਰ ਫਿਰਾਇਆ, ਭੇਖਾਧਾਰੀ ਭੇਖ ਅਪਾਰਿਆ । ਮਸਤੂਆਣਾ ਧਾਮ ਸੁਹਾਇਆ, ਹਰਿ ਖੇਲੇ ਖੇਲ ਨਰ ਹਰਿ ਨਰ ਨਿਰੰਕਾਰਿਆ । ਸੰਮਤ ਸੋਲਾਂ ਪੰਦਰਾਂ ਕੱਤਕ ਰਿਹਾ ਲਿਖਾਇਆ, ਚਰਨ ਛੁਹਾਏ ਸਚ ਘਰ ਬਾਹਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਸਾਚਾ ਦਰ, ਹਰਿ ਆਪੇ ਪੂਰ ਕਰਾ ਰਿਹਾ । ਲਹਿਣਾ ਮੂਲ ਜਾਏ ਚੁੱਕ, ਦੇਵਣਹਾਰ ਦਾਤਾਰਾ । ਜਨ ਭਗਤਾਂ ਪੈਂਡਾ ਜਾਏ ਮੁੱਕ, ਲੱਖ ਚੁਰਾਸੀ ਪਾਰ ਕਿਨਾਰਾ । ਆਪਣਾ ਭਾਰ ਆਪੇ ਚੁੱਕ, ਪ੍ਰਭ ਦੇਵੇ ਸ਼ਬਦ ਸਹਾਰਾ । ਕਾਇਆ ਬੂਟਾ ਮਨਮੁਖ ਜੀਵਾਂ ਰਿਹਾ ਸੁੱਕ, ਅੰਤਮ ਦੇਵੇ ਜੜ੍ਹ ਉਖਾੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੋਕਮਾਤ ਮਾਰ ਝਾਤ ਇਕ ਕਰਾਏ ਸ਼ਬਦ ਅਖਾੜਾ ।

✻ ੬ ਚੇਤ ੨੦੧੪ ਬਿਕ੍ਰਮੀ ਫਿਰੋਜਪੁਰ ਛਾਉਣੀ ਮਕਾਨ ਨੰ੦ ੩੮੬ ਗਵਾਲ ਟੋਲੀ ਇੱਕੀ ਪਰਵਾਰਾਂ ਦਾ ਇਕੱਠ ਹੋਇਆ ਤੇ ਸ਼ਬਦ ਦੀ ਰਹਿਮਤ ਕੀਤੀ ✻

ਪੰਚਮ ਗਾਇਆ ਇਕ ਹਰਿ, ਏਕਾ ਸੇਵ ਕਮਾਈਆ । ਪੰਚਮ ਪਾਇਆ ਇਕ ਘਰ, ਏਕਾ ਘਰ ਵਧਾਈਆ । ਪੰਚਮ ਨੁਹਾਇਆ ਸਾਚੇ ਘਰ, ਸਰ ਸਰੋਵਰ ਇਕ ਰਖਾਈਆ । ਪੰਚਮ ਪਾਇਆ ਸਾਚਾ ਦਰ, ਏਕਾ ਏਕ ਰਘੁਰਾਈਆ । ਪੰਚਮ ਮੇਲਾ ਹਰੀ ਹਰਿ, ਹਰਿ ਹਰਿ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਲੇਖੇ ਲਾਈਆ । ਪੰਚਮ ਹੋਏ ਦਰ ਪਰਵਾਨ, ਹਰਿ ਸਾਚੇ ਵਿਚ ਸਮਾਇੰਦਾ । ਛੇਵੇਂ ਘਰ ਛੇ ਨਿਸ਼ਾਨ, ਛੇ ਗੁਣ ਵੇਖ ਵਖਾਇੰਦਾ । ਆਪੇ ਜਾਣੇ ਧੁਰ ਫ਼ਰਮਾਣ, ਏਕਾ ਹੁਕਮ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਸੁਹਾਇੰਦਾ । ਛੇਵੇਂ ਘਰ ਸ਼ਬਦ ਉਪਦੇਸ਼, ਆਪਣਾ ਰਿਹਾ ਸੁਣਾਈਆ । ਆਪਣਾ ਜਾਣੇ ਆਪੇ ਵੇਸ, ਭੇਵ ਕਿਸੇ ਨਾ ਰਾਈਆ । ਮੁੱਛ ਦਾੜ੍ਹੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਆਪ ਆਪਣਾ ਕਰੇ ਆਦੇਸ, ਨਾ ਕੋਈ ਰਸਨਾ ਗਾਈਆ । ਬ੍ਰਹਮਾ ਸ਼ਿਵ ਨਾ ਕੋਈ ਗਣੇਸ਼, ਪੂਜਾ ਪਾਠ ਨਾ ਕੋਈ ਰਖਾਈਆ । ਸ਼ਾਹ ਸੁਲਤਾਨ ਨਾ ਚਲੇ ਕੋਈ ਪੇਸ਼, ਤਖ਼ਤ ਤਾਜ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਆਸਣ ਲਾਈਆ । ਛੇਵਾਂ ਘਰ ਛੱਪਰ ਛੰਨ, ਹਰਿ ਸਾਚੇ ਇਕ ਰਖਾਈਆ । ਆਪ ਆਪਣਾ ਬੇੜਾ ਬੰਨ੍ਹ, ਬੈਠਾ ਆਸਣ ਲਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਨਾ ਕੋਈ ਦਿਸਾਈਆ । ਨਾ ਕੋਈ ਮਾਲ ਨਾ ਕੋਈ ਧਨ, ਨਾ ਕੋਈ ਸੰਗ ਰਖਾਈਆ । ਨਾ ਕੋਈ ਘੜੇ ਨਾ ਦੇਵੇ ਭੰਨ, ਨਾ ਕੋਈ ਬਣਤ ਬਣਾਈਆ । ਨਾ ਕੋਈ ਮਤ ਮਨ ਬੁਧ ਦਿਸੇ ਮਨ, ਪੰਚ ਤਤ ਵੇਖ ਵਖਾਈਆ । ਨਾ ਕੋਈ ਦਰ ਦਵਾਰਾ ਨੌਂ ਨਾ ਦਿਸੇ ਹੱਥ ਨੱਕ ਕੰਨ, ਜਿਹਵਾ ਰਸਨਾ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਰਿਹਾ ਸੁਹਾਈਆ । ਸਾਚਾ ਘਰ ਸਚ ਦਵਾਰ, ਹਰਿ ਆਪੇ ਆਪ ਉਪਾਇਆ । ਆਪੇ ਜਾਣੇ ਬੰਦ ਕਿਵਾੜ, ਆਪੇ ਖੋਲ੍ਹ ਵਖਾਇਆ । ਆਪੇ ਵੇਖੇ ਆਪਣੀ ਧਾੜ, ਆਪੇ ਰਿਹਾ ਮਿਟਾਇਆ । ਆਪ ਬਣਾਏ ਆਪਣਾ ਪਿੱਛਾ ਅਗਾੜ, ਆਪ ਆਪਣੀ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਕ ਸਮਾਇਆ । ਆਪ ਆਪਣਾ ਰੰਗ ਵਖਾਇਆ । ਨਾ ਕੋਈ ਮਾਈ ਨਾ ਕੋਈ ਬਾਪ, ਭੈਣ ਭਾਈ ਨਾ ਕੋਈ ਰਖਾਇਆ । ਨਾ ਕੋਈ ਰੋਗ ਨਾ ਸੰਤਾਪ, ਤ੍ਰਿਸ਼ਨਾ ਭੁੱਖ ਨਾ ਕੋਈ ਮਿਟਾਇਆ । ਨਾ ਕੋਈ ਜੋਗ ਨਾ ਸਨਿਆਸ, ਵੈਰਾਗ ਤਿਆਗ ਨਾ ਕੋਈ ਜਣਾਇਆ । ਨਾ ਕੋਈ ਮੰਡਲ ਨਾ ਕੋਈ ਰਾਸ, ਗੋਪੀ ਕਾਹਨ ਦਿਸ ਨਾ ਆਇਆ । ਪਾਰਬ੍ਰਹਮ ਪੁਰਖ ਅਬਿਨਾਸ਼, ਘਰ ਬੈਠਾ ਆਸਣ ਲਾਇਆ । ਆਦਿ ਅੰਤ ਨਾ ਜਾਏ ਵਿਨਾਸ, ਲੇਖਾ ਲੇਖ ਨਾ ਕੋਈ ਲਿਖਾਇਆ । ਆਪ ਆਪਣਾ ਹੋਇਆ ਦਾਸ, ਆਪ ਆਪਣੀ ਸੇਵਾ ਲਾਇਆ । ਆਪੇ ਅੰਦਰ ਕੀਆ ਵਾਸ, ਆਪ ਆਪਣਾ ਰਿਹਾ ਜਣਾਇਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਪਤਾਲ ਪੁਰੀ ਨਾ ਕੋਈ ਦਿਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਫੇਰਾ ਪਾਇਆ । ਸਾਚਾ ਘਰ ਹਰਿ ਅਗੰਮ, ਆਪਣਾ ਆਪ ਸੁਹਾਇਆ । ਨਾ ਕੋਈ ਦਿਸੇ ਥੰਮ੍ਹਣ ਥੰਮ੍ਹ, ਨਾ ਕੋਈ ਭਾਰ ਉਠਾਇਆ । ਨਾ ਕੋਈ ਚਾਰ ਕੁੰਟ ਦਿਸਾਏ

੪੫੪
੦੬

ਕੰਧ, ਨਾ ਕੋਈ ਸ਼ਬਦ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਘਰ ਹਰਿ ਸੁਲਤਾਨ, ਆਪਣਾ ਆਪ ਬਣਾਇਆ । ਨਾ ਕੋਈ ਮੰਡਲ ਮੰਡਪ ਨਾ ਮਕਾਨ, ਚਾਰ ਦਿਵਾਰ ਨਾ ਕੋਈ ਦਿਖਾਇਆ । ਨਾ ਕੋਈ ਝੁਲੇ ਝੁਲਾਏ ਨਿਸ਼ਾਨ, ਖੰਡਾਂ ਬ੍ਰਹਿਮੰਡਾਂ ਵੇਖ ਵਖਾਇਆ । ਨਾ ਕੋਈ ਉਤਭੁਜ ਸੇਹਤਜ ਜੇਰਜ ਅੰਡਾ, ਖਾਣੀ ਬਾਣੀ ਦਿਸ ਕੋਈ ਨਾ ਆਇਆ । ਆਪੇ ਜਾਣੇ ਆਪਣਾ ਕੰਢਾ, ਆਰ ਪਾਰ ਕੋਇ ਭੇਵ ਨਾ ਪਾਇਆ । ਆਪ ਸੁਹਾਗੀ ਆਪੇ ਰੰਡਾ, ਆਪੇ ਨਾਰੀ ਕੰਤ ਹੰਢਾਇਆ । ਆਪੇ ਜਾਣੇ ਆਪਣਾ ਡੰਡਾ, ਘਰ ਸਾਚੇ ਆਪ ਲਟਕਾਇਆ । ਆਪੇ ਪਾਏ ਆਪਣੀ ਵੰਡਾ, ਦੂਸਰ ਹਿੱਸਾ ਨਾ ਕੋਈ ਰਖਾਇਆ । ਆਪੇ ਸੁੱਤਾ ਦੇ ਕਰ ਕੰਡਾ, ਆਪ ਆਪਣਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਰਿਹਾ ਸੁਹਾਇਆ । ਸਾਚਾ ਘਰ ਹਰਿ ਨਿਰਵੈਰ, ਏਕਾ ਏਕ ਰਖਾਇਆ । ਨਾ ਕੋਈ ਤਤ ਮਤ ਨਾ ਦਿਸੇ ਕਹਿਰ, ਸਾਗਰ ਸਰ ਨਾ ਕੋਈ ਚਲਾਇਆ । ਆਪ ਬਣਾਏ ਕਰ ਕਰ ਆਪਣੀ ਮਿਹਰ, ਮਿਹਰਵਾਨ ਆਪ ਅਖਵਾਇਆ । ਉਸਾਰੇ ਢਾਹੇ ਨਾ ਲਾਏ ਦੇਰ, ਆਪ ਆਪਣੀ ਰਚਨ ਰਚਾਇਆ । ਆਪ ਆਪੇ ਰਿਹਾ ਘੇਰ, ਚਾਰੋਂ ਕੁੰਟ ਘੇਰਾ ਪਾਇਆ । ਆਪੇ ਜਾਣੇ ਸੰਝ ਸਵੇਰ, ਦਿਵਸ ਰੈਣ ਨਾ ਕੋਈ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਧਾਮ ਸੁਹਾਇਆ । ਸਾਚਾ ਧਾਮ ਕਰ ਆਕਾਰ, ਆਪਣੀ ਸੇਵਾ ਲਾਈਆ । ਲੱਖ ਚੁਰਾਸੀ ਨਾ ਕੋਈ ਮੀਤ ਮੁਰਾਰ, ਨਾ ਕੋਈ ਧੀਰ ਧਰਾਈਆ । ਪੁਰੀਆਂ ਲੋਆਂ ਮਾਤ ਪਾਤਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾ ਕੋਈ ਵੇਖ ਵਖਾਈਆ । ਸਾਚਾ ਧਾਮ ਹਰਿ ਨਿਰੰਕਾਰ, ਛੱਪਰ ਛੰਨ ਨਾ ਕੋਈ ਰਖਾਇਆ । ਆਪੇ ਆਪ ਬੈਠ ਸਰਕਾਰ, ਆਪਣਾ ਹੁਕਮ ਸੁਣਾਇਆ । ਆਪੇ ਬੰਨ੍ਹੇ ਆਪਣੀ ਧਾਰ, ਤਖ਼ਤ ਤਾਜ ਸੀਸ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਛੇ ਘਰ ਏਕਾ ਸੇਜ ਵਛਾਇਆ ।

ਸ਼ਬਦ ਸੁਹਾਇਆ ਥਾਨ, ਜੋਤ ਜਗਾਈਆ । ਪਾਰਬ੍ਰਹਮ ਸ੍ਰੀ ਭਗਵਾਨ, ਆਪਣੀ ਕਲ ਵਰਤਾਈਆ । ਆਪ ਝੁਲਾਏ ਇਕ ਨਿਸ਼ਾਨ, ਨਾ ਕੋਈ ਦੂਸਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਆਸਣ ਲਾਈਆ । ਸਾਚਾ ਘਰ ਹਰਿ ਭਗਵਾਨਾ, ਏਕਾ ਏਕ ਰਖਾਇਆ । ਰਾਗ ਨਾਦ ਨਾ ਕੋਈ ਤਰਾਨਾ, ਨਾ ਕੋਈ ਸਾਜ ਵਜਾਇਆ । ਖਾਣੀ ਬਾਣੀ ਨਾ ਕੋਈ ਵੇਦ ਪੁਰਾਨਾ, ਅੰਜੀਲ ਕੁਰਾਨਾਂ ਦਿਸ ਨਾ ਆਇਆ । ਸਾਧ ਸੰਤ ਜੀਵ ਜੰਤ ਨਾ ਕੋਈ ਖੇਲੇ ਖੇਲ ਬਾਲ ਨਿਧਾਨਾ, ਪਿਤਾ ਪੂਤ ਕੋਈ ਦਿਸ ਨਾ ਆਇਆ । ਨਾ ਕੋਈ ਸੁਘੜ ਚਤਰ ਸਿਆਨਾ, ਮੂਰਖ ਮੂੜ੍ਹ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਦਾਤਾਰ, ਆਪਣਾ ਆਪ ਬਣਾਇਆ । ਕਿਲ੍ਹਾ ਕੋਟ ਨਾ ਕੋਈ ਦਵਾਰ, ਬਾਡੀ ਨਾ ਕੋਈ ਰਖਾਇਆ । ਨਾ ਕੋਈ ਦਿਸੇ ਮੀਤ ਮੁਰਾਰ, ਨਰ ਨਾਰੀ ਨਾ ਕੋਇ ਉਪਾਇਆ । ਸੰਗ ਸੁਹੇਲਾ ਨਾ ਕੋਈ ਸਾਂਝਾ ਯਾਰ, ਅੰਗੀਕਾਰ ਨਾ ਕੋਈ ਕਰਾਇਆ । ਇਕ ਇਕੱਲੜਾ ਏਕੰਕਾਰ, ਸਾਚਾ ਧਾਮ ਸੁਹਾਇਆ । ਦੀਪਕ ਜੋਤੀ ਕਰ ਉਜਿਆਰ, ਅੰਧ ਅੰਧੇਰ ਮਿਟਾਇਆ । ਸੰਝ ਸਵੇਰ ਪਾਰ ਕਿਨਾਰ, ਦਿਵਸ ਰੈਣ ਨਾ ਕੋਈ ਕਰਾਇਆ ।

ਆਪ ਆਪਣਾ ਮਹੱਲ ਉਸਾਰ, ਸਚ ਭੂਮਿਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਇਆ । ਸਾਚਾ ਘਰ ਦਵਾਰ ਬੰਕ, ਹਰਿ ਏਕਾ ਏਕ ਸੁਹਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਦਿਸੇ ਰਾਓ ਰੰਕ, ਊਚ ਨੀਚ ਨਾ ਕੋਈ ਦਿਸਾਇੰਦਾ । ਨਾ ਕੋਈ ਸਤਿਜੁਗ ਸੁਹੇਲਾ ਦਿਸੇ ਮੀਤ ਸੀਤਾ ਸਪੁੱਤਰੀ ਨਾ ਕੋਈ ਵਿਆਹਿੰਦਾ । ਆਪੇ ਜਾਣੇ ਆਪਣੀ ਖੇਲ ਬਾਰ ਅਨਕ, ਆਪ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਬਨਵਾਰੀ, ਆਪਣਾ ਆਪ ਉਪਾਇਆ । ਨਿਰਮਲ ਜੋਤੀ ਕਰ ਆਕਾਰੀ, ਏਕਾ ਰੂਪ ਸਮਾਇਆ । ਸ਼ਾਹੋ ਭੂਪ ਵਡ ਸਿਕਦਾਰੀ, ਤਖ਼ਤ ਤਾਜ ਰਿਹਾ ਸੁਹਾਇਆ । ਆਪ ਆਪਣੀ ਕਲ ਕਲ ਨਿਰੰਕਾਰੀ, ਆਪਣਾ ਭੇਖ ਵਟਾਇਆ । ਆਪੇ ਜੋਧਾ ਵਡ ਸੂਰ ਬਲਕਾਰੀ, ਏਕਾ ਏਕ ਅਖਵਾਇਆ । ਸ਼ਬਦ ਪਹਿਨ ਤੇਜ ਕਟਾਰੀ, ਸਾਚਾ ਬਸਤਰ ਤਨ ਸਜਾਇਆ । ਇਕ ਇਕੱਲਾ ਨਰ ਨਿਰੰਕਾਰੀ, ਨਰਾਇਣ ਰੂਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਰਿਹਾ ਬਣਾਇਆ । ਸਚ ਮਹੱਲਾ ਉਚ ਅਟੱਲਾ, ਹਰਿ ਆਪਣਾ ਆਪ ਉਸਾਰਿਆ । ਕਿਸੇ ਦਿਸ ਨਾ ਆਏ ਨਿਹਚਲ ਧਾਮ ਅਟੱਲਾ, ਜਲ ਥਲ ਧਰਤ ਧਵਲ ਨਾ ਕੋਈ ਪਸਾਰਿਆ । ਆਪਣੀ ਜੋਤੀ ਆਪੇ ਰੱਲਾ, ਆਪੇ ਹੋਇਆ ਬਾਹਰਿਆ । ਬੰਕ ਦਵਾਰਾ ਏਕਾ ਮੱਲਾ, ਨਾ ਕੋਈ ਦਿਸੇ ਬੰਦ ਕਿਵਾੜਿਆ । ਨਾ ਕੋਈ ਗੋਬਿੰਦ ਨਾ ਕੋਈ ਡੱਲਾ, ਨਾ ਕੋਈ ਗੁਰ ਪੀਰ ਸਦਾ ਰਿਹਾ । ਮੂਰਖ ਮੂੜ੍ਹ ਨਾ ਦੀਸੇ ਝੱਲਾ, ਜਗਤ ਵਿਦਿਆ ਨਾ ਕੋਈ ਪੜ੍ਹਾ ਰਿਹਾ । ਪਾਰਬ੍ਰਹਮ ਇਕ ਇਕੱਲਾ, ਥਿਰ ਘਰ ਸਾਚੇ ਆਸਣ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਸੁਹਾ ਰਿਹਾ । ਸਾਚਾ ਧਾਮ ਜੋਤ ਨਿਰੰਜਣਾ, ਨਿਰਗੁਣ ਰੂਪ ਵਖਾਇਆ । ਆਪਣੇ ਨੇਤਰ ਪਾਏ ਅੰਜਨਾ, ਆਪਣੀ ਧੂੜੀ ਮਸਤਕ ਰਿਹਾ ਲਗਾਇਆ । ਆਪਣਾ ਪੜਦਾ ਆਪੇ ਕੱਜਨਾ, ਸ਼ਬਦ ਦੂਤ ਨਾ ਕੋਇ ਰਖਾਇਆ । ਆਪੇ ਘੜਿਆ ਨਾ ਕੋਈ ਭੱਜਨਾ, ਆਵੇ ਜਾਵੇ ਨਾ ਫੇਰ ਚੁਕਾਇਆ । ਤਾਲ ਨਗਾਰਾ ਨਾ ਕੋਈ ਵੱਜਨਾ, ਢੋਲਕ ਛੈਣਾ ਨਾ ਕੋਈ ਰਖਾਇਆ । ਸੀਰ ਪੀ ਪੀ ਨਾ ਕਿਸੇ ਰੱਜਣਾ, ਨਾ ਕੋਈ ਭੰਡਾਰ ਵਰਤਾਇਆ । ਨਾ ਕੋਈ ਮੱਕਾ ਕਾਅਬਾ ਹੱਜਨਾ, ਪੀਰ ਦਸਤਗੀਰ ਸ਼ਾਹ ਹਕੀਰ ਨਾ ਕੋਈ ਘਰ ਵਸਾਇਆ । ਆਪਣੇ ਘਰ ਬਹਿ ਬਹਿ ਸੱਜਣਾ, ਪੁਰਖ ਅਗੰਮੜੇ ਅਗੰਮੜਾ ਧਾਮ ਸੁਹਾਇਆ । ਨਾ ਪੱਲੇ ਕੋਈ ਪੈਸਾ ਧੇਲਾ ਦਮੜਾ, ਨਾ ਕੋਈ ਹਿਸਾਬ ਕਰਾਇਆ । ਏਕਾ ਵਸੇ ਨਿਹਚਲ ਧਾਮ ਅਟੱਲੜਾ, ਘਰ ਆਪਣਾ ਰਿਹਾ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸੱਜਣ ਆਪ ਅਖਵਾਇਆ । ਸਾਚਾ ਘਰ ਨਰ ਨਿਰਾਹਾਰ, ਨਿਜ ਘਰ ਆਪ ਰਿਹਾ ਬਣਾਇਆ । ਆਪ ਆਪਣੀ ਕਿਰਪਾ ਧਾਰ, ਆਪਣਾ ਰੂਪ ਸਮਾਇਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਦਿਸਾਇਆ । ਸੂਰਜ ਚੰਨ ਨਾ ਕੋਈ ਅਵਤਾਰ, ਗੁਰ ਪੀਰ ਦਿਸ ਨਾ ਆਇਆ । ਸਾਧ ਸੰਤ ਨਾ ਸੁਣਾਏ ਕੋਇ ਪੁਕਾਰ, ਜੀਵ ਜੰਤ ਨਾ ਕੋਇ ਬਿਲਲਾਇਆ । ਆਪ ਆਪਣੀ ਬੰਨ੍ਹੇ ਧਾਰ, ਸਚ ਸਿੰਘਾਸਣ ਡੇਰਾ ਲਾਇਆ । ਪੁਰਖ ਅਬਿਨਾਸ਼ਣ ਏਕਾ ਏਕੰਕਾਰ, ਏਕਾ ਆਪਣਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਡੇਰਾ ਲਾਇਆ । ਸਾਚੇ ਘਰ ਹਰਿ ਸੁਲਤਾਨ, ਏਕਾ ਏਕ ਰਹਾਇੰਦਾ । ਆਪੇ ਦਾਤਾ ਮਿਹਰਵਾਨ, ਦਾਨੀ ਦਾਤਾ ਆਪ ਹੋ ਆਇੰਦਾ । ਆਪੇ ਗੋਪੀ ਆਪੇ ਕਾਹਨ, ਆਪੇ

੪੫੬
੦੬

ਮੰਡਲ ਰਾਸ ਰਚਾਇੰਦਾ । ਆਪ ਉਪਜਾਏ ਇਕ ਨਿਸ਼ਾਨ, ਧਰਮ ਕਰਮ ਨਾ ਕੋਇ ਜਣਾਇੰਦਾ । ਤ੍ਰੈਗੁਣ ਮਾਇਆ ਨਾ ਹੋਏ ਹੈਰਾਨ, ਪੰਜ ਤਤ ਨਾ ਵੇਖ ਵਖਾਇੰਦਾ । ਸ਼ਿਵ ਸ਼ੰਕਰ ਨਾ ਬ੍ਰਹਮਾ ਕੋਈ ਵਿਸ਼ਨੂੰ ਵੇਸ ਨਾ ਕੋਈ ਵਟਾਇੰਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਨਾ ਮਿਲੇ ਮਾਣ, ਹਾਣੀ ਹਾਣ ਨਾ ਕੋਈ ਸੰਗ ਰਖਾਇੰਦਾ । ਧਰਤ ਧਵਲ ਆਕਾਸ਼ ਪਰਕਾਸ਼ ਨਾ ਕੋਇ ਨਿਸ਼ਾਨ, ਲੋਆਂ ਪੁਰੀਆਂ ਨਾ ਕੋਇ ਵਸਾਇੰਦਾ । ਲੋਕ ਪਰਲੋਕ ਅਵਣ ਗਵਣ, ਸ਼ਬਦ ਸਲੋਕ ਨਾ ਕੋਈ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਧਾਮ ਸੁਹਾਇੰਦਾ । ਸਾਚਾ ਘਰ ਹਰਿ ਟਿਕਾਣਾ, ਏਕਾ ਏਕ ਰਖਾਇਆ । ਨਾ ਕੋਈ ਸ਼ਾਹ ਰਾਜ ਰਾਜਾਨਾ, ਗਊ ਗਰੀਬ ਨਾ ਕੋਇ ਬਣਾਇਆ । ਨਾ ਕੋਈ ਸੀਸ ਤਾਜ ਨਾ ਜਗਤ ਮਲਾਹ, ਵੰਞ ਮੁਹਾਣਾ ਨਾ ਕੋਇ ਚਲਾਇਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਘਰ ਆਪਣੇ ਬੈਠਾ ਆਸਣ ਲਾਇਆ । ਆਪੇ ਜਾਣੇ ਆਪਣਾ ਨਾਂ, ਭੇਵ ਕੋਈ ਨਾ ਪਾਇਆ । ਆਪੇ ਪਕੜੇ ਆਪਣੀ ਬਾਂਹ, ਆਪੇ ਗਲੇ ਲਗਾਇਆ । ਆਪੇ ਪਿਤਾ ਆਪੇ ਮਾਂ, ਜਨਣੀ ਪੂਤ ਨਾ ਕੋਈ ਜਾਇਆ । ਆਪ ਆਪਣੀ ਰੱਖੇ ਛਾਂ, ਠੰਢੀ ਠਾਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਘਰ ਇਕ ਬਣਾਇਆ । ਸਾਚਾ ਘਰ ਇਕ ਅਸਬੂਲ, ਅਸਥਿਰ ਨਾਉਂ ਰਖਾਈਆ । ਆਦਿ ਅੰਤ ਨਾ ਜਾਏ ਭੂਲ, ਏਕਾ ਦਰ ਰਖਾਈਆ । ਨਾ ਪਾਵਾ ਨਾ ਚੂਲ, ਹਰਿ ਆਸਣ ਰਿਹਾ ਵਿਛਾਈਆ । ਆਪੇ ਕੰਤ ਆਪੇ ਕੰਤੂਹਲ, ਨਾਰੀ ਕੰਤ ਆਪ ਅਖਵਾਈਆ । ਆਪੇ ਦਾਤਾ ਦੂਲੋ ਦੂਲ, ਆਪ ਆਪਣੇ ਅੰਕ ਸਮਾਈਆ । ਆਪੇ ਦਏ ਹੁਲਾਰਾ ਝੂਲ, ਚਾਰੋਂ ਕੁੰਟਾਂ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਅਥਾਹ, ਏਕਾ ਏਕ ਰਖਾਇਆ । ਨਾ ਕੋਈ ਜਾਣੇ ਜਗਤ ਮਲਾਹ, ਭੇਵ ਕਿਸੇ ਨਾ ਪਾਇਆ । ਗੁਰ ਪੀਰ ਸਾਧ ਸੰਤ ਜੁਗ ਜੁਗ ਚਲਾਇਣ ਮਾਤ ਰਾਹ, ਪ੍ਰਭ ਸਾਚੀ ਸੇਵਾ ਲਾਇਆ । ਆਪ ਜਣਾਏ ਆਪਣਾ ਨਾਂ, ਧੁਰ ਫ਼ਰਮਾਣਾ ਰਿਹਾ ਘਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਇਆ । ਸਾਚਾ ਘਰ ਹਰਿ ਭਗਵੰਤਾ, ਏਕਾ ਏਕ ਰਖਾਨਿਆ । ਏਕਾ ਏਕ ਰੁੱਤ ਸਦਾ ਬਸੰਤਾ, ਨਾ ਕੋਈ ਬਹਾਰ ਰਖਾਨਿਆ । ਨਾ ਕੋਈ ਜੀਵ ਜੰਤਾ, ਨਾ ਕੋਈ ਸਾਧ ਨਾ ਕੋਈ ਸੰਤਾ, ਨਾ ਕੋਈ ਨਾਰੀ ਨਾ ਕੋਈ ਕੰਤਾ, ਨਾ ਕੋਈ ਸੇਜ ਹੰਢਾਨਿਆ । ਆਪ ਬਣਾਏ ਆਪਣੀ ਬਣਤਾ, ਪਾਰਬ੍ਰਹਮ ਪੁਰਖ ਅਬਿਨਾਸ਼ੀ ਆਦਿ ਨਾ ਅੰਤਾ, ਆਪ ਆਪਣੇ ਵਿਚ ਵਿਸਮੰਤਿਆ । ਆਪਣਾ ਤਾਲ ਢੋਲ ਮਰਦੰਗਾ ਹਰਿ ਆਪ ਵਜੰਤਾ, ਰਾਗੀ ਨਾਦੀ ਨਾਦ ਨਾ ਕੋਈ ਸੁਣੰਤਿਆ । ਆਪੇ ਖੋਜੇ ਖੋਜ ਬ੍ਰਿਮਾਦੀ, ਲੋਆਂ ਪੁਰੀਆਂ ਆਪ ਰਹੰਤਿਆ । ਆਦਿ ਜੁਗਾਦਿ ਧੁਰਾਂ ਦੀ ਵਾਦੀ, ਹਰਿ ਸਾਚਾ ਖੇਲ ਖਿਲੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਆਪਣਾ ਘਰ, ਏਕਾ ਨਾਉਂ ਰਖੰਤਿਆ । ਏਕਾ ਨਾਉਂ ਸਾਚੇ ਘਰ ਬਾਹਰ, ਹਰਿ ਸਾਚੇ ਆਪ ਰਖਾਇਆ । ਥਿਰ ਘਰ ਬੈਠੇ ਸੁਣੇ ਪੁਕਾਰ, ਦਿਸ ਕਿਸੇ ਨਾ ਆਇਆ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਜਾਹਰ ਸਮਾਇਆ । ਆਪੇ ਕਰੇ ਸਾਚੀ ਕਾਰ, ਕਰਨ ਕਰਾਵਣਹਾਰ ਆਪ ਅਖਵਾਇਆ । ਆਪ ਆਪਣੀ ਇਛਿਆ ਧਾਰ, ਆਪਣਾ ਲੇਖਾ ਰਿਹਾ ਲਿਖਾਇਆ । ਆਪ ਆਪਣਾ ਨਾਉਂ ਉਚਾਰ, ਆਪੇ ਜੋਤੀ ਜੋਤ ਉਪਾਇਆ । ਪੂਤ ਸਪੂਤਾ ਕਰ ਤਿਆਰ, ਸ਼ਬਦ ਮਹੱਲੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਾਚਾ ਘਰ, ਘਰ ਸਾਚਾ ਆਪ ਸੁਹਾਇਆ ।

੪੫੭ ੦੬

ਸਾਚਾ ਘਰ ਹਰਿ ਭਗਵਾਨਾ, ਏਕਾ ਏਕ ਰਖਾਇਆ । ਜੋਤੀ ਦੇਵੇ ਸਾਚਾ ਦਾਨਾ, ਸ਼ਬਦੀ ਸ਼ਬਦ ਜਣਾਇਆ । ਸ਼ਬਦ ਸੁਣਾਏ ਇਕ ਤਰਾਨਾ, ਸਾਚੀ ਸੇਵਾ ਲਾਇਆ । ਪੰਚਮ ਖੇਲ ਸ੍ਰੀ ਭਗਵਾਨਾ, ਘਰ ਪੰਚਮ ਵੇਖ ਵਖਾਇਆ । ਨਾਮ ਸਤਿ ਹੋਏ ਦਰ ਪਰਵਾਨਾ, ਹਰਿ ਸਾਚਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ ਬੰਕ ਸੁਹਾਇਆ । ਬੰਕ ਦਵਾਰੀ ਆਪ ਪ੍ਰਭ, ਆਪੇ ਆਪ ਉਪਾਇੰਦਾ । ਵੇਖ ਵਿਖਾਣੇ ਖੇਲ ਭੇਦ ਅਭੇਦਾ ਅਛਲ ਅਛੇਦਾ ਅਛਲ ਅਛੱਲਾ ਆਪਣਾ ਭੇਵ ਛੁਪਾਇੰਦਾ । ਨਾ ਕੋਈ ਦਿਸੇ ਕਵਲ ਨਭ, ਪੂਤ ਸਪੂਤਾ ਬ੍ਰਹਮਾ ਕੋਇ ਨਾ ਰੂਪ ਵਟਾਇੰਦਾ । ਤ੍ਰੈਗੁਣ ਮਾਇਆ ਨਾ ਰਹੀ ਫਬ, ਦਰ ਦਵਾਰਾ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਪੰਚਮ ਘਰ ਹਰਿ ਦਰਵਾਜ਼ਾ, ਏਕਾ ਏਕ ਰਖਾਇਆ । ਸ਼ਬਦ ਵਜਾਏ ਸਾਚਾ ਵਾਜਾ, ਏਕਾ ਤਾਲ ਰਖਾਇਆ । ਸੁਣੇ ਸੁਣਾਏ ਰਾਜਨ ਰਾਜਾ, ਸ਼ਾਹ ਸੁਲਤਾਨ ਭੂਪ ਹੋ ਆਇਆ । ਆਪੇ ਰੱਖੇ ਆਪਣੀ ਲਾਜਾ, ਦਿਵਸ ਰੈਣ ਸੇਵ ਕਮਾਇਆ । ਏਕਾ ਰੱਖੇ ਅਸਵ ਤਾਜਾ, ਸਾਚਾ ਘੋੜਾ ਵਾਗ ਉਠਾਇਆ । ਜੋਤੀ ਜੋੜਾ ਗਰੀਬ ਨਿਵਾਜਾ, ਸਚ ਰਕਾਬੇ ਚਰਨ ਟਿਕਾਇਆ । ਸ਼ਬਦੀ ਜੋਤੀ ਰਚਿਆ ਕਾਜਾ, ਦੋਹਾਂ ਮੇਲ ਮਿਲਾਇਆ । ਆਪ ਆਪਣਾ ਸਾਜਨ ਸਾਜਾ, ਏਕਾ ਦੂਜਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਘਰ, ਪੰਚਮ ਧਾਮ ਸੁਹਾਇਆ । ਪੰਚਮ ਘਰ ਹਰਿ ਨਿਰੰਕਾਰਾ, ਏਕਾ ਏਕ ਸੁਹਾਈਆ । ਆਪੇ ਹੋਇਆ ਉਠ ਉਠ ਬਾਹਰਾ, ਥਿਰ ਘਰ ਵੇਖ ਵਖਾਈਆ । ਚੌਥੇ ਘਰ ਖੋਲ੍ਹ ਕਿਵਾੜਾ, ਬੈਠਾ ਜੋਤ ਜਗਾਈਆ । ਨਾ ਕੋਈ ਦੀਸੇ ਪੰਚਮ ਧਾੜਾ, ਨਾ ਕੋਈ ਪੰਚਮ ਤਤ ਰਖਾਈਆ । ਨਾ ਕੋਈ ਦਿਸੇ ਬਹੱਤਰ ਨਾੜਾ, ਹੱਡ ਮਾਸ ਮਨ ਮਤ ਬੁਧ ਦਿਸ ਨਾ ਪਾਈਆ । ਨਾ ਕੋਈ ਅਗਨੀ ਸਾੜੇ ਹਾੜਾ, ਸੀਤਲ ਧਾਰ ਇਕ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਚੌਥਾ ਘਰ ਪਦ ਨਿਰਬਾਣ, ਹਰਿ ਏਕਾ ਏਕ ਰਖਾਇਆ । ਸੰਤ ਸੁਹੇਲੇ ਕਰ ਪਛਾਣ, ਹਰਿ ਸ਼ਬਦੀ ਮੇਲ ਮਿਲਾਇਆ । ਨਾ ਕੋਈ ਗਿਆਨ ਨਾ ਕੋਈ ਰਾਗ ਨਾਦ ਨਾ ਕੋਈ ਅਲਾਇਆ । ਏਕਾ ਏਕ ਸ੍ਰੀ ਭਗਵਾਨ, ਏਕਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਚੌਥੇ ਡੇਰਾ ਲਾਇਆ । ਚੌਥਾ ਘਰ ਪੁਰਖ ਅਬਿਨਾਸ਼, ਏਕਾ ਏਕ ਸੁਹਾਇੰਦਾ । ਸੰਤ ਸੁਹੇਲੇ ਕਰੇ ਦਾਸਨ ਦਾਸ, ਹਰਿ ਆਪਣੇ ਵਿਚ ਸਮਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾਂ ਪਾਰ ਕਰਾਇੰਦਾ । ਆਪ ਆਪਣਾ ਰੱਖਿਆ ਵਾਸ, ਘਰ ਸਾਚੇ ਵਾਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੰਕ ਦਵਾਰ ਇਕ ਸੁਹਾਇੰਦਾ । ਚੌਥਾ ਘਰ ਸਚ ਦਵਾਰ, ਹਰਿ ਸਾਚੀ ਜੋਤ ਜਗਾਈਆ । ਸੰਤ ਸੁਹੇਲੇ ਮਾਤ ਦੁਲਾਰ, ਆਪਣੇ ਅੰਕ ਲਗਾਈਆ । ਆਪੇ ਮੇਲੇ ਮੇਲਣਹਾਰ, ਸਾਚਾ ਮੇਲ ਮਿਲਾਈਆ । ਸ਼ਬਦੀ ਸ਼ਬਦ ਜਣਾਏ ਏਕਾ ਤਾਰ, ਨਿਰਗੁਣ ਸਤਾਰ ਰਿਹਾ ਖੜਕਾਈਆ । ਸਰਗੁਣ ਖੇਲੇ ਖੇਲ ਅਪਾਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਏਕਾ ਬੈਠਾ ਆਸਣ ਲਾਈਆ । ਦਰ ਸੱਚਾ ਦਰਬਾਰ, ਆਪ ਉਪਾਇਆ । ਲੋਆਂ ਪੁਰੀਆਂ ਮਹੱਲ ਉਸਾਰ, ਆਪ ਆਪਣੀ ਰਚਨ ਰਚਾਇਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਸੇਵਕ ਸੇਵ ਅਖਵਾਇਆ । ਤ੍ਰੈਗੁਣ ਮਾਇਆ ਕਰ ਤਿਆਰ, ਆਪਣੀ ਬਣਤ ਬਣਾਇਆ ।

ਪੰਚਮ ਤਤ ਇਕ ਅਧਾਰ, ਸਰਗੁਣ ਵੇਖ ਵਖਾਇਆ । ਨਿਰਗੁਣ ਸ਼ਬਦ ਅਧਾਰ, ਜੋਤੀ ਨੂਰ ਸਵਾਇਆ । ਲੱਖ ਚੁਰਾਸੀ ਪਸਰ ਪਸਾਰ, ਵਰਭੰਡੀ
ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਲਾਏ ਲੇਖੇ, ਲੇਖਾ ਲਿਖਣਹਾਰ ਆਪ ਅਖਵਾਇਆ । ਲੱਖ
ਚੁਰਾਸੀ ਬਣਤ ਬਣਾਈ, ਪਾਰਬ੍ਰਹਮ ਅਬਿਨਾਸ਼ੀ । ਧਰਤ ਧਵਲ ਜਲ ਧਾਰ ਟਿਕਾਈ, ਪਾਵੇ ਸਾਚੀ ਰਾਸੀ । ਸੇਵਕ ਸੇਵਾਦਾਰ ਅਖਵਾਈ, ਆਪੇ
ਕਰੇ ਬੰਦ ਖੁਲਾਸੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬਣਾਏ ਮੰਡਲ ਰਾਸੀ । ਜੁਗ ਉਪਾਏ ਦਇਆ ਕਮਾਏ,
ਦੇਵੇ ਨਾਮ ਨਿਧਾਨਿਆ । ਸਤਿਜੁਗ ਤ੍ਰੇਤਾ ਪਾਰ ਕਰਾਏ, ਦਵਾਪਰ ਖੇਲ ਖਿਲਾਨਿਆ । ਕਲਜੁਗ ਤੇਰੀ ਧਾਰ ਚਲਾਏ, ਕਾਲਾ ਸੂਸਾ ਤਨ ਛੁਹਾਨਿਆ ।
ਈਸਾ ਮੂਸਾ ਸੰਗ ਰਲਾਏ, ਸਗਲਾ ਸੰਗ ਨਿਭਾਨਿਆ । ਮੁਹੰਮਦ ਮੁਹੰਮਦੀ ਸੁਤ ਉਪਜਾਏ, ਚਾਰ ਯਾਰ ਬੰਧ ਬਧਾਨਿਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਅਲਾਨਿਆ । ਆਪ ਆਪਣਾ ਨਾਮ ਅਲਾਇਆ, ਹੂ ਅੱਲਾ ਪੁਕਾਰਿਆ । ਐੜਾ ਅਥਰਬਣ
ਵੇਖ ਵਖਾਇਆ, ਦੋਏ ਮੁਖ ਉਘਾੜਿਆ । ਤੂੰ ਤੂੰ ਮੈਂ ਮੈਂ ਵੇਸ ਵਟਾਇਆ, ਲੋਕਮਾਤ ਆਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਖੇਲੇ ਖੇਲ ਵਡ ਸੰਸਾਰਿਆ । ਅੱਲਾ ਅਲਾਹੂ ਨੂਰ ਧਰ, ਸ਼ਬਦ ਅਮਾਮ ਬਣਾਇਆ । ਜੋਤੀ ਕੋਹਤੂਰ ਕਰ, ਨੂਰੋ ਨੂਰ ਸਵਾਇਆ ।
ਆਪੇ ਜਾਣੇ ਆਪਣਾ ਘਰ, ਪੀਰ ਫ਼ਕੀਰ ਰਿਹਾ ਉਪਾਇਆ । ਨਬੀ ਰਸੂਲਾਂ ਮਾਤ ਧਰ, ਸ਼ਰਅ ਸ਼ਰਾਇਤੀ ਰਿਹਾ ਚਲਾਇਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸਹਿਜ ਸੁਭਾਇਆ । ਕਲਜੁਗ ਖੇਲੇ ਖੇਲ ਖਿਲਾਰੀ, ਭੇਵ ਅਭੇਦ ਛੁਪਾਇੰਦਾ । ਨਾਨਕ ਪਰਗਟ

੪੫੮
੦੬
ਗੁਰ ਅਵਤਾਰੀ, ਹਰਿ ਸਾਚੀ ਸੇਵਾ ਲਾਇੰਦਾ । ਦੇਵੇ ਨਾਮ ਸ਼ਬਦ ਖੁਮਾਰੀ, ਜੋਤੀ ਨੂਰ ਟਿਕਾਇੰਦਾ । ਆਪੇ ਦੇਵੇ ਆਪੇ ਲੇਵੇ, ਆਪੇ ਆਪਣੇ
ਦਰ ਬੁਲਾਇੰਦਾ । ਦਿਵਸ ਰੈਣ ਰਸਨਾ ਸੇਵੇ, ਸਾਚੀ ਸੇਵ ਕਮਾਇੰਦਾ । ਪਾਰਬ੍ਰਹਮ ਅਲਖ ਅਭੇਵੇ, ਅਲਖ ਅਲੱਖਣਾ ਆਪ ਅਖਵਾਇੰਦਾ । ਨਾਨਕ
ਗੁਰ ਖਾਲੀ ਹੱਥ ਗਿਆ ਸੱਖਣਾ, ਦੋਏ ਜੋੜ ਸੀਸ ਝੁਕਾਇੰਦਾ । ਪਾਰਬ੍ਰਹਮ ਪਰਗਟ ਹੋ ਪਰਤੱਖਣਾ, ਦਰ ਦਵਾਰੇ ਦਰਸ ਦਿਖਾਇੰਦਾ । ਨਾਮ
ਨਿਧਾਨਾ ਤੇਰੀ ਝੋਲੀ ਰੱਖਣਾ, ਚਤਰਭੁਜ ਦਇਆ ਕਮਾਇੰਦਾ । ਦੋ ਜਹਾਨੀ ਬਣਿਆ ਵੱਖਣਾ, ਤਿੰਨਾਂ ਲੋਕਾਂ ਦਿਸ ਨਾ ਆਇੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਵਸਤ ਹਰਿ ਝੋਲੀ ਪਾਇੰਦਾ । ਸਾਚੀ ਵਸਤ ਧੁਰ ਦੀ ਬਾਣ, ਨਾਨਕ ਝੋਲੀ ਪਾਈਆ । ਨਾਮ
ਸਤਿ ਇਕ ਨਿਸ਼ਾਨ, ਰਾਹ ਸਾਚਾ ਰਿਹਾ ਵਖਾਈਆ । ਦੇਵਣਹਾਰ ਗੁਣ ਨਿਧਾਨ, ਗੁਣਵੰਤਾ ਆਪ ਅਖਵਾਈਆ । ਦਰ ਦਵਾਰ ਕਰੇ ਪਰਵਾਨ,
ਦੋ ਜਹਾਨਾਂ ਰਿਹਾ ਮਿਲਾਈਆ । ਹੱਥ ਫੜਾਏ ਸਚ ਨਿਸ਼ਾਨ, ਲੋਕਮਾਤ ਰਾਹ ਤਕਾਈਆ । ਆਪ ਆਪਣੀ ਕਰਾਏ ਜਾਣ ਪਛਾਣ, ਨਿਰਗੁਣ ਸਰਗੁਣ
ਮੇਲ ਮਿਲਾਈਆ । ਸ਼ਬਦ ਮਿਲਾਇਆ ਸਾਚਾ ਹਾਣ, ਵਿਛੜ ਕਦੇ ਨਾ ਜਾਈਆ । ਨੌ ਖੰਡ ਪ੍ਰਿਥਮੀ ਵੇਖ ਵਿਖਾਨ, ਸੱਤਾਂ ਦੀਪਾਂ ਫੋਲ ਫੁਲਾਈਆ ।
ਚਾਰ ਵਰਨ ਰਸਨਾ ਗਾਨ, ਸਾਚਾ ਮਾਰਗ ਲਾਈਆ । ਊਚ ਨੀਚ ਰਾਓ ਰੰਕ ਨਾ ਕੋਈ ਰਾਜਾਨ, ਸਭ ਏਕਾ ਥਾਨ ਸੁਹਾਈਆ । ਭਰਮੇ ਭੁੱਲੇ
ਜੀਵ ਨਾਦਾਨ, ਨਾਨਕ ਨਿਰੰਕਾਰ ਰਿਹਾ ਸਮਝਾਈਆ । ਅੰਤਮ ਗਿਆ ਛੱਡ ਮੈਦਾਨ, ਪ੍ਰਭ ਤੇਰੀ ਓਟ ਰਖਾਈਆ । ਪਰਗਟ ਹੋਏ ਸ੍ਰੀ ਭਗਵਾਨ,
ਨਿਹਕਲੰਕਾ ਨਾਉਂ ਰਖਾਈਆ । ਮੇਟ ਮਿਟਾਏ ਪੰਜ ਸ਼ੈਤਾਨ, ਪੰਚ ਅੱਖਰ ਨਾਮ ਧਰਾਈਆ । ਰਸਨਾ ਚਿਲ੍ਹਾ ਬਣਾਏ ਇਕ ਕਮਾਨ, ਸੋਹੰ ਸਾਚਾ

ਤੀਰ ਚਲਾਈਆ । ਲੋਆਂ ਪੁਰੀਆਂ ਮਾਰੇ ਮਾਰ ਬ੍ਰਹਮਾ ਸ਼ਿਵ ਹੋਏ ਹੈਰਾਨ, ਕਵਣ ਕੂਟੇ ਹਰਿ ਬੈਠਾ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਰਿਹਾ ਖੁਲ੍ਹਾਈਆ । ਨਾਨਕ ਰਸਨਾ ਹਰਿ ਹਰਿ ਗਾਇਆ, ਘਰ ਸਾਚੇ ਵੱਜੀ ਵਧਾਈਆ । ਏਕਾ ਮੰਤਰ ਨਾਮ ਦ੍ਰਿੜਾਇਆ, ਜੀਵਾਂ ਜੰਤਾਂ ਰਿਹਾ ਜਣਾਈਆ । ਪਾਰਬ੍ਰਹਮ ਪ੍ਰਭ ਭੇਵ ਨਾ ਪਾਇਆ, ਬੇਅੰਤ ਬੇਅੰਤ ਗਿਆ ਲਿਖਾਈਆ । ਸਾਚੇ ਸੰਤਾਂ ਰਿਹਾ ਜਗਾਇਆ, ਏਕਾ ਰਾਹ ਵਖਾਈਆ । ਕਾਇਆ ਮੰਦਰ ਅੰਦਰ ਮਹੱਲ ਟਿਕਾਇਆ, ਪ੍ਰਭ ਸਾਚਾ ਬੈਠਾ ਆਸਣ ਲਾਈਆ । ਜੋਤ ਨਿਰੰਜਣ ਦੀਪ ਜਗਾਇਆ, ਅੰਧ ਅਗਿਆਨ ਮਿਟਾਈਆ । ਸੁਖਮਨ ਨਾੜੀ ਪਾਰ ਕਰਾਇਆ, ਆਪ ਆਪਣਾ ਲੜ ਫੜਾਈਆ । ਪੰਚਮ ਧਾੜੀ ਪਰ੍ਹੇ ਹਟਾਇਆ, ਸਾਚਾ ਖੰਡਾ ਹੱਥ ਉਠਾਈਆ । ਬਜਰ ਕਪਾਟੀ ਪਾੜ ਵਖਾਇਆ, ਸਾਚੀ ਹਾਟੀ ਰਿਹਾ ਖੁਲ੍ਹਾਈਆ । ਤੀਰਥ ਤਾਟੀ ਨਾ ਕੋਈ ਨੁਹਾਇਆ, ਅੰਮ੍ਰਿਤ ਆਤਮ ਇਕ ਇਸ਼ਨਾਨ ਕਰਾਈਆ । ਅਠ ਸਠ ਸਰੋਵਰ ਕੋਈ ਦਿਸ ਨਾ ਆਇਆ, ਪ੍ਰਭ ਚਰਨ ਚਰਨੋਧਕ ਇਕ ਪਿਆਈਆ । ਰਾਗੀ ਰਾਗ ਨਾ ਕੋਈ ਸੁਨਾਵਣ ਆਇਆ, ਨਾ ਕੋਈ ਰਾਗ ਅਲਾਈਆ । ਪੰਚਮ ਮੀਤਾ ਆਪ ਅਖਵਾਇਆ, ਪੰਚਮ ਸੰਗ ਨਿਭਾਈਆ । ਜੋਤੀ ਅਗਨੀ ਮੱਠ ਤਪਾਇਆ, ਪੰਚਾਂ ਤਤਾਂ ਰਿਹਾ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਬੈਠਾ ਆਸਣ ਲਾਈਆ । ਸਾਚਾ ਘਰ ਇਕ ਅਵੱਲਾ, ਹਰਿ ਆਪਣਾ ਆਪ ਰਖਾਇਆ । ਦਸਮ ਦਵਾਰੀ ਸਚ ਮਹੱਲਾ, ਸਾਚਾ ਧਾਮ ਸੁਹਾਇਆ । ਦੀਪਕ ਜੋਤੀ ਏਕਾ ਬੱਲਾ, ਅੰਧ ਅੰਧੇਰ ਮਿਟਾਇਆ । ਆਤਮ ਸੇਜਾ ਬੈਠ ਇਕੱਲਾ, ਗੁਰਮੁਖ ਸਾਚੇ ਤੇਰਾ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਬੈਠਾ ਆਸਣ ਲਾਇਆ । ਅੰਗੀਕਾਰ ਅੰਗ ਲਾਇਆ, ਨਾਨਕ ਕਿਰਪਾ ਧਾਰਿਆ । ਪਾਰਬ੍ਰਹਮ ਦਰ ਸੀਸ ਝੁਕਾਇਆ, ਸੇਵਾ ਕਰੀ ਅਪਾਰਿਆ । ਜਗਤ ਜਗਦੀਸ਼ ਅੰਤ ਕਲ ਵੇਖ ਵਖਾਇਆ, ਨਿਹਕਲੰਕ ਲਏ ਅਵਤਾਰਿਆ । ਛਤਰ ਸਾਚੇ ਸੀਸ ਝੁਲਾਇਆ, ਬੀਸ ਬੀਸੇ ਦਏ ਹੁਲਾਰਿਆ । ਇਕ ਉਨੀਸ ਖੇਲ ਰਚਾਇਆ, ਚਾਰੋਂ ਕੁੰਟ ਜੈ ਜੈ ਕਾਰਿਆ । ਰਾਗ ਛਤੀਸ ਨਾ ਕੋਇ ਗਾਇਆ, ਵੇਦ ਪੁਰਾਨ ਨਾ ਕਦੇ ਉਚਾਰਿਆ । ਕੁਰਾਨ ਅੰਜੀਲ ਹਦੀਸ ਨਾ ਕੋਇ ਪੜ੍ਹਾਇਆ, ਸ਼ਾਸਤਰ ਸਿਮਰਤ ਹੋਏ ਖੁਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰਾ ਵੇਖੇ ਘਰ, ਆਪ ਆਪਣਾ ਫੇਰਾ ਪਾ ਲਿਆ । ਆਪਣਾ ਫੇਰਾ ਆਪੇ ਪਾਏ, ਅਕਲ ਕਲਾ ਭਰਪੂਰਾ । ਗੁਰਮੁਖ ਸੋਏ ਮਾਤ ਜਗਾਏ, ਦੇਵੇ ਸ਼ਬਦ ਸਰੂਰਾ । ਚਾਰੇ ਕੂਟਾਂ ਵੇਖ ਵਖਾਏ, ਆਪੇ ਵਸੇ ਨੇੜੇ ਦੂਰਾ । ਮਨਮੁਖਾਂ ਖਾਲੀ ਠੂਠਾ ਹੱਥ ਫੜਾਏ, ਵਿਚ ਰਖਾਏ ਜੂਠਾ ਝੂਠਾ ਕੂੜਾ । ਗੁਰਮੁਖ ਜੁਗਾਂ ਜੁਗਾਂ ਦਾ ਵਿਛੜਿਆ ਰੁਠਾ, ਕਲਜੁਗ ਅੰਤਮ ਲਏ ਮਿਲਾਏ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠਾ, ਸ਼ਬਦ ਸਰੂਪੀ ਫੇਰਾ ਪਾਏ । ਆਪ ਬੰਧਾਏ ਏਕਾ ਮੁੱਠਾ, ਸੋਹੰ ਤੰਦ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖੇ ਘਰ, ਗੁਰ ਚੇਲਾ ਭਾਗ ਲਗਾਏ । ਕਲਜੁਗ ਤੇਰਾ ਅੰਤਮ ਘਰ, ਪ੍ਰਭ ਸਾਚਾ ਵੇਖ ਵਖਾਇੰਦਾ । ਸੰਮਤ ਚੌਦਾਂ ਗਿਆ ਚੜ੍ਹ, ਪਹਿਲੀ ਚੇਤਰ ਖ਼ੁਸ਼ੀ ਮਨਾਇੰਦਾ । ਜਨ ਭਗਤਾਂ ਦੇਵੇ ਵਰ ਘਰ, ਵਰ ਘਰ ਸਾਚਾ ਮੂਲ ਚੁਕਾਇੰਦਾ । ਪੰਚਮ ਜੇਠ ਆਉਣਾ ਡਰ, ਸ੍ਰਿਸ਼ਟ ਸਬਾਈ ਆਪ ਹਿਲਾਇੰਦਾ । ਘਰ ਘਰ ਰੋਵਣ ਨਾਰੀ ਨਰ, ਨਾ ਕੋਈ ਕਿਸੇ ਬਚਾਇੰਦਾ । ਸਾਧ ਸੰਤ ਬੈਠੇ ਦੜ, ਮਾਇਆ ਰਾਣੀ ਪੜਦਾ ਪਾਇੰਦਾ । ਗੁਰ ਮੰਦਰ ਅੰਦਰ ਬਹਿ ਬਹਿ

ਰਹੇ ਲੜ, ਗ੍ਰੰਥੀ ਪੰਥੀ ਭਰਮ ਭੁਲਾਇੰਦਾ । ਨੌ ਖੰਡ ਪ੍ਰਿਥਮੀ ਹੋਵੇ ਦੋ ਧੜ, ਪ੍ਰਭ ਸਾਚਾ ਆਪ ਕਰਾਇੰਦਾ । ਸੰਮਤ ਪੰਦਰਾਂ ਅੰਦਰ ਵੜ, ਸ੍ਰਿਸ਼ਟ ਸਬਾਈ ਆਪ ਉਠਾਇੰਦਾ । ਅੱਗ ਲਗਾਏ ਬਹੱਤਰ ਨੜ, ਸ਼ਾਹ ਸੁਲਤਾਨਾਂ ਨਾ ਕੋਈ ਬੁਝਾਇੰਦਾ । ਕਲਜੁਗ ਚਬਾਏ ਆਪਣੀ ਦਾੜ੍ਹ ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਮੜ੍ਹੀ ਗੋਰ ਸਮਾਇੰਦਾ । ਸੰਤ ਸੁਹੇਲੇ ਲਏ ਫੜ, ਆਪ ਆਪਣੀ ਗੋਦ ਉਠਾਇੰਦਾ । ਲੱਖ ਚੁਰਾਸੀ ਉਖੇੜ ਜੜ੍ਹ, ਬ੍ਰਹਮੇ ਮੂਲ ਚੁਕਾਇੰਦਾ । ਬਲਿਹਾਰ ਜਨ ਭਗਤਾਂ ਫੜਾਏ ਆਪਣਾ ਲੜ, ਸਤਿਜੁਗ ਸਾਚਾ ਰਾਹ ਵਿਖਾਇੰਦਾ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ ਮਾਸ ਨਾ ਰਸਨਾ ਲਾਇੰਦਾ । ਦਸਮ ਦਵਾਰੀ ਉਚ ਮਹੱਲੇ ਆਪੇ ਚੜ੍ਹ, ਪ੍ਰਭ ਸਾਚਾ ਸ਼ਬਦ ਜਣਾਇੰਦਾ । ਜਨ ਭਗਤਾਂ ਦਰ ਦਵਾਰੇ ਅੱਗੇ ਖੜ੍ਹ, ਸ਼ਬਦ ਘੋੜਾ ਇਕ ਵਖਾਇੰਦਾ । ਕਲਜੁਗ ਮਾਇਆ ਨਾ ਜਾਏ ਸੜ, ਪੰਜ ਤਤ ਮੂਲ ਚੁਕਾਇੰਦਾ । ਕਿਲ੍ਹਾ ਤੋੜ ਹੰਕਾਰੀ ਗੜ੍ਹ, ਸੀਤਲ ਧਾਰਾ ਇਕ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੋਏ ਮਾਤ ਜਗਾਇੰਦਾ । ਗੁਰਮੁਖ ਸੋਇਆ ਉਠ ਜਾਗ, ਪ੍ਰਭ ਸੋਇਆ ਆਪ ਜਗਾਇੰਦਾ । ਆਤਮ ਧੁਨ ਉਪਜਾਏ ਸਾਚਾ ਰਾਗ, ਆਪ ਆਪਣੀ ਸੇਵ ਕਮਾਇੰਦਾ । ਦੁਰਮਤ ਮੈਲ ਧੋਵੇ ਦਾਗ਼, ਨਿਰਮਲ ਨੀਰ ਵਹਾਇੰਦਾ । ਫੜ ਫੜ ਹੰਸ ਬਣਾਏ ਕਾਗ, ਸਾਚੀ ਜੋਤ ਜਗਾਇੰਦਾ । ਆਪ ਆਪਣੇ ਹੱਥ ਰੱਖੀ ਵਾਗ, ਧਰਮ ਰਾਏ ਮੁਖ ਭਵਾਇੰਦਾ । ਸਰਨ ਸਰਨਾਈ ਜਾਏ ਲਾਗ, ਸੰਮਤ ਚੌਦਾਂ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਖਿਲਾਇੰਦਾ । ਨਿਰਗੁਣ

੪੬੦ ਖੇਲੇ ਖੇਲ ਖਿਲਾਰੀ, ਸਾਚੀ ਕਲ ਵਰਤਾਈਆ । ਕਲਜੁਗ ਤੇਰੀ ਅੰਤਮ ਵਾਰੀ, ਕਰੇ ਜੋਤ ਰੁਸ਼ਨਾਈਆ । ਸ਼ਬਦ ਉਪਜਾਏ ਦਰ ਦਵਾਰੀ, ਲੋਆਂ ੪੬੦

੦੬ ਪੁਰੀਆਂ ਰਿਹਾ ਸੁਣਾਈਆ । ਭਾਰਤ ਖੰਡ ਕਰੇ ਖ਼ਬਰਦਾਰੀ, ਰਾਸ਼ਟਰਪਤ ਰਿਹਾ ਜਗਾਈਆ । ਕੋਈ ਨਾ ਕਰੇ ਕਿਸੇ ਕਾਰੀ, ਸਾਰੇ ਬੈਠਣ ਮੁਖ ੦੬

ਛੁਪਾਈਆ । ਸੰਮਤ ਸੋਲਾਂ ਸਤਾਰਾਂ ਹਾੜੀ, ਸਭ ਨੇ ਭੱਜਣਾ ਵਾਹੋ ਦਾਹੀਆ । ਕਿਸੇ ਨਾ ਦਿਸੇ ਪਿੱਛਾ ਅਗਾੜੀ, ਸਰ ਅੰਮ੍ਰਿਤ ਖਾਲੀ ਆਪ ਕਰਾਈਆ । ਬਿਆਸ ਕਿਨਾਰਾ ਪਾਰ ਕਿਨਾਰੀ, ਖਾਲਸਾ ਪੰਥ ਰੋਵੇ ਜਾਰੋ ਜਾਰੀ, ਮਾਝਾ ਦੇਸ ਹੋਏ ਉਜਾੜੀ, ਪ੍ਰਭ ਸਾਚਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਨਕ ਮਿਲਿਆ ਏਕਾ ਵਰ, ਕਲਜੁਗ ਅੰਤਮ ਪਾਵੇ ਸਾਰੀ । ਨਾਨਕ ਮੰਗੀ ਮੰਗ ਅਪਾਰ, ਨਿਰਗੁਣ ਹਰਿ ਧਿਆਨਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਲੋਕਮਾਤੀ ਫੇਰਾ ਪਾਇਆ । ਰੂਪ ਰੰਗ ਰੇਖ ਨਾ ਕੋਈ ਕੀਤਾ ਤਿਆਰ, ਨਾ ਕੋਈ ਤਤ ਵਖਾਇਆ । ਅਗੰਮ ਅਗੰਮਾ ਪਰਗਟ ਹੋਇਆ ਅਗੰਮੀ ਧਾਰ, ਸਾਚੀ ਧਾਰਾ ਰਿਹਾ ਚਲਾਇਆ । ਜੋਤੀ ਸ਼ਬਦੀ ਗਿਆ ਜੰਮ, ਆਪ ਆਪਣੀ ਗੋਦ ਉਠਾਇਆ । ਗੁਰਮੁਖ ਲੇਖੇ ਲਾਏ ਕਾਇਆ ਚੰਮ, ਗੋਬਿੰਦ ਵਿਚ ਸਮਾਇਆ । ਮਾਇਆ ਮਮਤਾ ਖਾਧਾ ਤਮ, ਆਲਸ ਨਿੰਦਰਾ ਪਰ੍ਹੇ ਹਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਵੇਖਣ ਆਇਆ । ਕਲਜੁਗ ਅੰਤਮ ਵੇਖ ਵਖਾਏ, ਗੁਰ ਸ਼ਬਦੀ ਮੇਲ ਮਿਲਾਇਆ । ਗੋਬਿੰਦ ਸਾਚੀ ਸੇਵ ਕਮਾਏ, ਹਰਿ ਸਾਚੀ ਸੇਵਾ ਲਾਇਆ । ਗੁਰ ਚੇਲਾ ਆਪ ਹੋ ਜਾਏ, ਗੁਰ ਚੇਲਾ ਰੂਪ ਵਟਾਇਆ । ਅੰਤਮ ਵੇਲਾ ਮੇਲ ਮਿਲਾਏ, ਸੰਬਲ ਨਗਰੀ ਧਾਮ ਸੁਹਾਇਆ । ਸਾਢੇ ਤਿੰਨ ਹੱਥ ਰਿਹਾ ਉਪਾਏ, ਨਾ ਕੋਈ ਦੂਸਰ ਰਿਹਾ ਬਣਾਇਆ । ਨੌ ਦਰ ਦਵਾਰੇ ਆਪ ਖੁਲ੍ਹਾਏ, ਮਨਮੁਖ ਜੀਵਾਂ ਰਿਹਾ ਵਿਖਾਇਆ । ਦਸਵੇਂ ਡੇਰਾ ਇਕ ਰਖਾਏ, ਸੰਤ ਸਤਿਗੁਰ ਰਿਹਾ ਬੁਝਾਇਆ ।

ਪ੍ਰਭ ਅਬਿਨਾਸ਼ੀ ਜੋਤ ਜਗਾਏ, ਘਰ ਸਾਚਾ ਵੇਖ ਵਖਾਇਆ । ਆਏ ਜਾਏ ਬਣਤ ਬਣਾਏ, ਆਪ ਆਪਣਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਸਮਾਇਆ । ਨਰ ਨਰਾਇਣ ਨਰ ਨਿਰੰਕਾਰ, ਜੁਗ ਜੁਗ ਭੇਖ ਵਟਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਤਿੱਖੀ ਰੱਖੇ ਦੋਵੇਂ ਧਾਰ, ਮਨਮੁਖ ਗੁਰਮੁਖ ਵੇਖ ਵਿਖਾਇੰਦਾ । ਮਾਰੀ ਜਾਏ ਵਾਰੋ ਵਾਰ, ਜੇਰਜ ਅੰਡ ਵੰਡ ਵੰਡਾਇੰਦਾ । ਜਨ ਭਗਤਾਂ ਕਰੇ ਕਰਾਏ ਖ਼ਬਰਦਾਰ, ਜੀਓ ਪਿੰਡ ਬ੍ਰਹਿਮੰਡ ਖੋਜ ਖੁਜਾਇੰਦਾ । ਮਨਮੁਖ ਸੁੱਤੇ ਪੈਰ ਪਸਾਰ, ਕਲਜੁਗ ਗੂੜ੍ਹੀ ਨੀਂਦ ਸਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਲਹਿਣਾ ਦੇਣਾ ਮੂਲ ਚੁਕਾਇੰਦਾ । ਕਲਜੁਗ ਅੰਤਮ ਜੋਤ ਜਗਾਈ, ਵੱਜੀ ਮਾਤ ਵਧਾਈਆ । ਚਾਰ ਯਾਰ ਸੰਗ ਮੁਹੰਮਦ ਆਏ ਸਰਨਾਈ, ਦੋਵੇਂ ਬੈਠੇ ਸੀਸ ਝੁਕਾਈਆ । ਅਲ੍ਹਾ ਰਾਣੀ ਮੁਖ ਤੋਂ ਪੜਦਾ ਰਹੀ ਲਾਹੀ, ਨੇਤਰ ਨੈਣਾ ਰਹੀ ਸ਼ਰਮਾਈਆ । ਨਾ ਕੋਈ ਧੀ ਨਾ ਜਵਾਈ, ਉਮਤ ਨਬੀ ਰਸੂਲਾਂ ਮੁਖ ਬੈਠੀ ਲਾਈ ਛਾਹੀਆ । ਧੁਰ ਦਰਗਾਹੀ ਹੋਏ ਕਬੂਲ, ਸਦੀ ਚੌਧਵੀਂ ਵੇਖ ਵਖਾਈਆ । ਫਲ ਫੁਲਵਾੜੀ ਗਈ ਫੂਲ, ਅਮਾਮ ਮਹਿੰਦੀ ਵੇਖ ਵਖਾਈਆ । ਨੀਲਾ ਚੋਲਾ ਕੰਤ ਕੰਤੂਹਲ, ਸਾਚਾ ਤਾਜੀ ਇਕ ਰਖਾਈਆ । ਆਪੇ ਨਬੀ ਆਪ ਰਸੂਲ, ਅਲ੍ਹਾ ਹੂ ਨਾਅਰਾ ਸਾਚਾ ਰਿਹਾ ਗਾਈਆ । ਕਲਜੁਗ ਫਲ ਗਿਆ ਪੱਕ, ਪ੍ਰਭ ਸਾਚਾ ਰਿਹਾ ਤੁੜਾਈਆ । ਜਨ ਭਗਤਾਂ ਪੜਦੇ ਦੇਵੇ ਢਕ, ਰੋੜੀ ਸੱਖਰ ਰਿਹਾ ਉਠਾਈਆ । ਚਾਰੋਂ ਕੁੰਟ ਉਡਣੇ ਕੱਖ, ਬੂਰੇ ਕੱਕੇ ਰਿਹਾ ਹਿਲਾਈਆ । ਮੱਕਾ ਮਦੀਨਾ ਹੋਵੇ ਸੱਖ, ਸੰਮਤ ਪੰਦਰਾਂ ਦਏ ਦੁਹਾਈਆ । ਪਰਗਟ ਹੋਏ ਹਰਿ ਪਰਤੱਖ, ਜੋਤੀ ਨੂਰ ਕਰੇ ਸਵਾਈਆ । ਖੇਲੇ ਖੇਲ ਅਲਖਣਾ ਅਲੱਖ, ਕੋਇ ਭੇਵ ਨਾ ਪਾਵੇ ਰਾਈਆ । ਸੰਤ ਸੁਹੇਲੇ ਫੜ ਫੜ ਕਰੇ ਵੱਖ, ਗੁਰ ਗੋਬਿੰਦੇ ਮੰਗ ਮੰਗਾਈਆ । ਏਕਾ ਇੱਕੀ ਸਾਚੀ ਸਿੱਖੀ ਧਾਰੋਂ ਤਿੱਖੀ, ਸੰਮਤ ਇੱਕੀ ਵੇਖ ਵਿਖਾਈਆ । ਨੇਤਰ ਪੇਖੀ ਘਰ ਚੌਥੇ ਵੇਖੀ, ਸਚ ਮੇਲ ਮਿਲਾਈਆ । ਨਾ ਕੋਈ ਦਿਸੇ ਔਲੀਆ ਪੀਰ ਸ਼ੇਖ਼ੀ, ਦਸਤਗੀਰ ਰਹਿਣ ਨਾ ਪਾਈਆ । ਪੰਡਤ ਪਾਂਧੇ ਗ੍ਰੰਥੀ ਪੰਥੀ ਮੇਟੇ ਰੇਖੀ, ਚਾਰ ਵਰਨ ਇਕ ਸਰਨਾਈਆ । ਆਪੇ ਜਾਣੇ ਧਾਰੀ ਕੇਸੀ, ਆਪੇ ਮੂੰਡ ਮੁੰਡਾਈਆ । ਦਾਤਾ ਜੋਧਾ ਸੂਰ ਬਲੀ ਦਸ ਦਸਮੇਸ਼ੀ, ਨਿਹਕਲੰਕ ਸੰਗ ਨਿਭਾਈਆ । ਗੋਬਿੰਦ ਕਾਇਆ ਹਰਿ ਕਰਿਆ ਵੇਸੀ, ਸ਼ਬਦੀ ਜੋੜ ਜੁੜਾਈਆ । ਸ਼ਬਦ ਸੁਨੇਹੜਾ ਦੇਵੇ ਦੇਸ ਪਰਦੇਸੀ, ਪੰਡਤ ਨਹਿਰੂ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਰਿਹਾ ਵਜਾਈਆ । ਵੱਜੇ ਡੰਕ ਰਾਜ ਦਰਬਾਰ, ਹਰਿ ਸਾਚਾ ਆਪ ਵਜਾਇੰਦਾ । ਸ਼ਾਹ ਹੰਕਾਰੀ ਕਰੇ ਖ਼ਬਰਦਾਰ, ਵਾਲੀ ਹਿੰਦ ਉਠਾਇੰਦਾ । ਅੰਤਮ ਕਲਜੁਗ ਪੈਣੀ ਮਾਰ, ਸੀਸ ਤਾਜ ਨਾ ਕੋਈ ਹੰਢਾਇੰਦਾ । ਦਰ ਦਰਬਾਨ ਹੋਣ ਖੁਆਰ, ਰਾਜੇ ਰਾਣਿਆਂ ਸੰਗ ਤੁੜਾਇੰਦਾ । ਨਾ ਕੋਈ ਗਾਏ ਰਾਗ ਮਲਾਰ, ਮਧਾਵਣੀ ਸੋਹਲੇ ਨਾ ਕੋਈ ਪੜ੍ਹਾਇੰਦਾ । ਵੇਦ ਪੁਰਾਨਾਂ ਪੈਣੀ ਮਾਰ, ਅੰਜੀਲ ਕੁਰਾਨਾਂ ਪਾਰ ਕਰਾਇੰਦਾ । ਪ੍ਰਗਟ ਹੋਏ ਨਰ ਨਿਰੰਕਾਰ, ਕਲਜੁਗ ਤੇਰਾ ਅੰਤ ਕਰਾਇੰਦਾ । ਸਤਿਜੁਗ ਬੰਨ੍ਹੇ ਸਾਚੀ ਧਾਰ, ਸਾਚਾ ਮਾਰਗ ਲਾਇੰਦਾ । ਸੋਹੰ ਸ਼ਬਦ ਅਪਰ ਅਪਾਰ, ਹਰਿ ਪੁਰਖ ਨਿਰੰਜਣ ਝੋਲੀ ਪਾਇੰਦਾ । ਭਗਤ ਜਨਾਂ ਹਰਿ ਕਰ ਤਿਆਰ, ਆਪਣਾ ਦਰਸ ਦਿਖਾਇੰਦਾ । ਫੜ ਫੜ ਬਾਹੋਂ ਤਾਰ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਆਪੇ ਘੜੇ ਆਪਣਾ ਘਾੜ, ਘਾੜਨਹਾਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

੪੬੧
੦੬

ਧਰ, ਨਾਨਕ ਗੋਬਿੰਦ ਏਕਾ ਘਰ, ਘਰ ਸਾਚਾ ਇਕ ਸੁਹਾਇੰਦਾ । ਗੋਬਿੰਦ ਕਾਇਆ ਤਖ਼ਤ ਸੁਲਤਾਨ, ਹਰਿ ਸਾਚਾ ਆਪ ਬਰਾਜਿਆ । ਜੋਤੀ ਨੂਰ ਚਮਕੇ ਸੱਤ ਰੰਗ, ਸੱਤਾਂ ਵੇਖੇ ਖੇਲ ਗਰੀਬ ਨਵਾਜਿਆ । ਜੁਗ ਜੁਗ ਦੇਵਣਹਾਰਾ ਦਾਨ, ਜਨ ਭਗਤਾਂ ਮਾਰੇ ਆਵਾਜ਼ਿਆ । ਮਨਮੁਖ ਕੀਤਾ ਆਪਣਾ ਪਾਣ, ਨਾ ਕੋਈ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਆਤਮ ਘਰ, ਆਪ ਆਪਣਾ ਰਚਿਆ ਕਾਜਿਆ । ਗੁਰਸਿਖ ਆਤਮ ਰਹੀ ਕੁਰਲਾ, ਪ੍ਰਭ ਅੱਗੇ ਸੀਸ ਝੁਕਾਈਆ । ਪ੍ਰਭ ਅਬਿਨਾਸ਼ੀ ਝੋਲੀ ਪਾ, ਜੋ ਰੱਖੀ ਵਸਤ ਲੋਕਾਈਆ । ਕਾਗ ਅਵਸਥਾ ਕਾਗੋਂ ਹੰਸ ਬਣਾ, ਸਤਿਜੁਗ ਸਾਚੀ ਚੋਗ ਚੁਗਾਈਆ । ਫੜ ਫੜ ਬਾਹੋਂ ਰਾਹੇ ਪਾ, ਪਿਛਲਾ ਮੂਲ ਚੁਕਾਈਆ । ਵੇਖ ਵਖਾਣੇ ਥਾਂਓ ਥਾਂ, ਸਤਿਗੁਰ ਪੂਰਾ ਸੇਵਕ ਆਪਣੀ ਸੇਵਾ ਰਿਹਾ ਕਮਾਈਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚੇ ਬਾਲ ਅੰਵਾਣੇ ਬੈਠਾ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਆਪਣੇ ਮੇਲ ਮਿਲਾਈਆ । ਗੋਬਿੰਦ ਗੁਰ ਹਰਿ ਗੋਪਾਲ, ਜੁਗ ਜੁਗ ਵੇਖ ਵਖਾਇੰਦਾ । ਜਨ ਭਗਤਾਂ ਰਿਹਾ ਸੁਰਤ ਸੰਭਾਲ, ਸ਼ਬਦੀ ਮੇਲ ਮਿਲਾਇੰਦਾ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਇਕ ਖਵਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਲੱਖ ਚੁਰਾਸੀ ਫੰਦ ਤੁੜਾਇੰਦਾ । ਆਵਣ ਜਾਵਣ ਤੋੜ ਜੰਜਾਲ, ਅੰਧੇਰ ਅਗਿਆਨ ਅੰਧ ਮਿਟਾਇੰਦਾ । ਨਾ ਕੋਈ ਸ਼ਾਹ ਨਾ ਕੋਈ ਕੰਗਾਲ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਦਰ, ਦਰ ਦਵਾਰ ਆਪ ਸੁਹਾਇੰਦਾ । ਗੁਰਮੁਖ ਸਾਚੇ ਦਇਆ ਕਮਾਏ, ਆਪਣੀ ਕਿਰਪਾ ਧਾਰਿਆ । ਨੌ ਦਵਾਰੇ ਪਾਰ ਕਰਾਏ, ਖੇਲੇ ਖੇਲ ਅਪਾਰਿਆ । ਸੁਰਤ ਸਵਾਣੀ ਸ਼ਬਦ ਮਿਲਾਏ, ਸਾਚਾ ਮੇਲਾ ਹਾਣੀ ਹਾਣਿਆ । ਡੂੰਘੀ ਕੰਦਰ ਰਿਹਾ ਲੰਘਾਏ, ਹਰਿ ਦਾਤਾ ਗੁਣ ਨਿਧਾਨਿਆ । ਸਾਚਾ ਰਾਗ ਇਕ ਸੁਣਾਏ, ਅਨਹਦ ਸਾਚੀ ਬਾਣੀਆ । ਪੰਚਮ ਸਾਜਾ ਰਿਹਾ ਵਜਾਏ, ਕਰੇ ਕਰਾਏ ਆਪ ਪਛਾਨਿਆ । ਬਜਰ ਕਪਾਟੀ ਤੋੜ ਤੁੜਾਏ, ਏਕਾ ਦੂਜਾ ਭੇਵ ਚੁਕਾਨਿਆ । ਅੰਮ੍ਰਿਤ ਆਤਮ ਤਾਲ ਸੁਹਾਏ, ਆਪ ਵਿਖਾਏ ਨਿਗਾਹਬਾਨਿਆ । ਦਸਮ ਦਵਾਰੀ ਮੇਲ ਮਿਲਾਏ, ਸਾਚੀ ਸੇਜਾ ਇਕ ਸੁਹਾਨਿਆ । ਨਾਰੀ ਕੰਤਾ ਕੰਤਾ ਨਾਰੀ ਇਕ ਹੋ ਜਾਏ, ਗੁਰਮੁਖ ਸਾਚਾ ਘਰ ਸਾਚਾ ਵੇਖ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਰਵੇਸ਼ ਹੋਏ ਦਰਬਾਨਿਆ । ਆਪੇ ਸੁਰਤ ਸੰਭਾਲ, ਕਰੇ ਸ਼ਬਦ ਕੁੜਮਾਈਆ । ਨਾਮ ਵਜਾਏ ਸਾਚਾ ਤਾਲ, ਤਲਵਾੜਾ ਆਪਣੇ ਹੱਥ ਰਖਾਈਆ । ਜੁਗ ਜੁਗ ਚਲੇ ਚਲਾਏ ਨਾਲ ਨਾਲ, ਗੁਰਮੁਖ ਸਾਚੇ ਮਾਤ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਿੰਘ ਰਾਮ ਰਾਮਾ ਰੂਪ ਵਟਾਈਆ । ਰਾਮ ਰਾਮਾ ਹਰਿ ਹਰਿ ਪਾਇਆ, ਘਰ ਸਾਚੇ ਵੱਜੀ ਵਧਾਈਆ । ਰੈਣ ਅੰਧੇਰੀ ਸ਼ਾਮਾ ਰਿਹਾ ਮਿਟਾਇਆ, ਨਿਰਮਲ ਜੋਤ ਕਰੇ ਰੁਸ਼ਨਾਈਆ । ਸ਼ਬਦ ਦਮਾਮਾ ਇਕ ਵਜਾਇਆ, ਢੋਲ ਮਰਦੰਗ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਮਾ ਨਾਉਂ ਰਖਾਇਆ, ਸੋ ਪੁਰਖ ਨਿਰੰਜਣ ਆਪ ਅਖਵਾਈਆ । ਸ਼ਬਦ ਸ਼ਸਤਰ ਤੀਰ ਕਮਾਨ, ਚਿੱਲਾ ਇਕ ਰਖਾਈਆ । ਗੁਰ ਗੋਬਿੰਦਾ ਨੌਜਵਾਨ, ਕਮਰਕਸਾ ਰਿਹਾ ਕਰਾਈਆ । ਸੰਤ ਸੁਹੇਲੇ ਵੇਖੇ ਮਾਰ ਧਿਆਨ, ਦੂਰ ਦੁਰਾਡਾ ਆਸਣ ਲਾਈਆ । ਸੰਮਤ ਚੌਦਾਂ ਕਰ ਪਛਾਣ, ਸਾਚਾ ਮੇਲ ਮਿਲਾਈਆ । ਏਕਾ ਏਕ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਧਰਮ ਵਖਾਏ ਸਚ ਨਿਸ਼ਾਨ, ਆਪ ਆਪਣੇ ਹੱਥ ਉਠਾਈਆ । ਨੌ ਖੰਡ ਪ੍ਰਿਥਮੀ ਏਕਾ


੪੬੨
੦੬

ਆਣ, ਹਰਿ ਸਾਚਾ ਰਿਹਾ ਕਰਾਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਆਪੇ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੇਲਾ ਗੁਰ ਗੁਰ ਚੇਲਾ ਆਪ ਹੋ ਜਾਈਆ । ਗੁਰ ਚੇਲਾ ਰੰਗ ਬਸੰਤਿਆ, ਫਲ ਫੁਲੀ ਫੁਲਵਾੜਿਆ । ਸਾਚਾ ਮੇਲਾ ਸਾਚੇ ਕੰਤਿਆ, ਆਪੇ ਹੋਏ ਲਾੜੀ ਲਾੜਿਆ । ਦੇਵੇ ਨਾਮ ਵੱਡਾ ਧਨ ਧੰਨਵੰਤਿਆ, ਜਗਤ ਤ੍ਰਿਸ਼ਨਾ ਦੇਵੇ ਸਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਦਰਸ ਦਿਖਾਵੇ ਉਪਰ ਚੜ੍ਹ, ਕਿਲ੍ਹਾ ਤੋੜ ਹੰਕਾਰੀ ਗੜ੍ਹ, ਦਸਮ ਦਵਾਰੀ ਅੰਦਰ ਵਾੜਿਆ । ਦਸਮ ਦਵਾਰੀ ਉਪਰ ਚੜ੍ਹ, ਕਿਲ੍ਹਾ ਕੋਟ ਤੁੜਾਇੰਦਾ । ਜੋਤ ਸਰੂਪੀ ਅੰਦਰ ਵੜ, ਸ਼ਬਦ ਸਰੂਪੀ ਆਪ ਮਿਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਤਤ ਵਿਖਾਇੰਦਾ । ਸੰਤ ਸੁਹੇਲੇ ਗੁਰਮੁਖ ਗੁਰੂ ਗੁਰ ਚੇਲੇ ਲਏ ਫੜ, ਆਪ ਆਪਣਾ ਰਾਹ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰ ਕਿਰਪਾ ਮੇਲ ਮਿਲਾਇੰਦਾ । ਪ੍ਰਭ ਹੱਥ ਵਡਿਆਈਆ, ਭੇਵ ਕੋਈ ਨਾ ਪਾਏ । ਜੀਵ ਜੰਤ ਉਪਾਈਆ, ਮਨ ਮਤ ਬੁਧ ਸੰਗ ਰਲਾਏ । ਨਿਰਗੁਣ ਖੇਲ ਖਿਲਾਈਆ, ਸੁਰਤੀ ਸੁਰਤ ਸਮਾਏ । ਸਰਗੁਣ ਧੰਦੇ ਲਾਈਆ, ਆਪ ਆਪਣਾ ਬੈਠਾ ਮੁਖ ਛੁਪਾਏ । ਦੂਈ ਦਵੈਤੀ ਕੰਧ ਵਿਚ ਰਖਾਈਆ, ਬੈਠਾ ਪੜਦਾ ਪਾਏ । ਭਾਗਾਂਮੰਦ ਰਹੇ ਸ਼ਰਮਾਈਆ, ਨਾ ਕੋਈ ਵੇਖੇ ਵੇਖ ਵਿਖਾਏ । ਸਦ ਬਖ਼ਸ਼ਿੰਦਾ ਆਪ ਅਖਵਾਈਆ, ਆਤਮ ਜਿੰਦੇ ਦਏ ਤੁੜਾਏ । ਸੁਰਤ ਸਵਾਣੀ ਸ਼ਬਦ ਬੰਧ ਬੰਧਾਈਆ, ਆਪਣੀ ਹੱਥੀਂ ਗੰਢ ਦਵਾਏ । ਨਾਮ ਤੰਦ ਇਕ ਰਖਾਈਆ, ਦਿਸ ਕਿਸੇ ਨਾ ਆਏ । ਗੁਰਮੁਖਾਂ ਖ਼ੁਸ਼ੀ ਬੰਦ ਬੰਦ ਕਰਾਈਆ, ਨਿਰਮਲ ਜੋਤੀ ਨੂਰ ਕਰਾਏ । ਬੱਤੀ ਦੰਦ ਨਾ ਕੋਈ ਗਾਈਆ, ਰਸਨਾ ਜਿਹਵਾ ਨਾ ਕੋਈ ਲੇਖ ਲਿਖਾਏ । ਨਿਰਮਲ ਜੋਤ ਕਰ ਆਕਾਰ, ਏਕਾ ਚੰਦ ਚੜ੍ਹਾਈਆ, ਅੰਧ ਅੰਧੇਰ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਕਿਰਪਾ ਕਰ, ਚਰਨ ਧਿਆਨ ਇਕ ਰਖਾਏ । ਚਰਨ ਧਿਆਨਾ ਸਚ ਟਿਕਾਨਾ, ਹਰਿ ਏਕਾ ਏਕ ਰਖਾਇਆ । ਦੇਵੇ ਨਾਮ ਸਚ ਬਿਬਾਣਾ, ਗੁਰਮੁਖਾਂ ਰਿਹਾ ਚੜ੍ਹਾਇਆ । ਦੂਸਰ ਨਾ ਕੋਈ ਵੰਞ ਮੁਹਾਣਾ, ਏਕਾ ਚੱਪੂ ਲਾਇਆ । ਸੁਰਤ ਸ਼ਬਦ ਮੇਲ ਮਿਲਾਨਾ, ਪੰਚਮ ਮੇਟ ਮਿਟਾਇਆ । ਅਨਹਦ ਸੁਣਾਏ ਸਾਚਾ ਗਾਨਾ, ਰਾਗ ਅਨਾਦੀ ਰਿਹਾ ਜਣਾਇਆ । ਜਨਮ ਕਰਮ ਪ੍ਰਭ ਆਪਣੇ ਹੱਥ ਰਖਾਨਾ, ਲੇਖਾ ਲਿਖਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਦੇ ਮਤ ਰਿਹਾ ਸਮਝਾਇਆ । ਗੁਰ ਮਤ ਜਗਤ ਅਧਾਰ ਹੈ, ਲੱਖ ਚੁਰਾਸੀ ਪਾਰ ਕਰਾਏ । ਧੀਰਜ ਯਤ ਸਤਿ ਚਰਨ ਪਿਆਰ ਹੈ, ਪੰਚਮ ਤਤ ਨਾ ਕੋਏ ਹਲਕਾਏ । ਰੱਤੀ ਰੱਤ ਨਾ ਹੋਏ ਖੁਆਰ ਹੈ, ਹਰਿ ਸਾਚਾ ਬੂਝ ਬੁਝਾਏ । ਦੁਰਮਤ ਮੈਲ ਕੱਟ ਇਕ ਕਰਾਏ ਵਣਜ ਵਪਾਰ ਹੈ, ਸਾਚਾ ਨਾਮ ਝੋਲੀ ਪਾਏ । ਕਾਇਆ ਮੰਦਰ ਏਕਾ ਏਕ ਸਚ ਦੁਕਾਨ ਹੈ, ਸਚ ਵਸਤੂ ਰਿਹਾ ਟਿਕਾਏ । ਆਪ ਵਖਾਏ ਸਚ ਨਿਸ਼ਾਨ ਹੈ, ਦੂਸਰ ਕਿਸੇ ਦਿਸ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਰਤ ਸਵਾਣੀ ਲਏ ਵਰ, ਸ਼ਬਦੀ ਜੋੜ ਜੁੜਾਏ । ਸੁਰਤ ਗਿਆਨ ਸ਼ਬਦ ਧਿਆਨ, ਆਤਮ ਬ੍ਰਹਮ ਜਣਾਈਆ । ਅੰਮ੍ਰਿਤ ਆਤਮ ਪੀਣ ਖਾਣ, ਏਕਾ ਏਕ ਵਖਾਈਆ । ਦਾਤਾ ਦਾਨੀ ਦੇਵੇ ਜੀਆ ਦਾਨ, ਗੁਣਵੰਤ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਗੁਰ ਸੰਗਤ ਰਿਹਾ ਰਲਾਈਆ ।

੪੬੩
੦੬

ਏਕਾ ਏਕ ਅਕਾਰ, ਓਅੰਕਾਰਿਆ । ਇਕ ਓਅੰ ਖੇਲ ਅਪਾਰ, ਆਪਣੀ ਆਪ ਬਣਾ ਰਿਹਾ । ਅੱਖਰ ਵੱਖਰ ਕਰ ਤਿਆਰ, ਆਪਣਾ ਆਪ ਉਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਮਾਰਗ ਆਪੇ ਲਾ ਲਿਆ । ਏਕਾ ਅੱਖਰ ਹਰਿ ਅਕਾਲਾ, ਆਪਣਾ ਆਪ ਉਪਾਇਆ । ਆਪੇ ਜਾਣੇ ਦੀਨ ਦਿਆਲਾ, ਦੇਵਤ ਸੁਰ ਭੇਵ ਨਾ ਪਾਇਆ । ਬ੍ਰਹਮਾ ਸ਼ਿਵ ਕਰ ਰਖਵਾਲਾ, ਵਿਸ਼ਨੂੰ ਸੇਵਾ ਲਾਇਆ । ਆਪ ਬੈਠ ਦਰ ਘਰ ਸੱਚੀ ਧਰਮਸਾਲਾ, ਘਰ ਸਾਚੇ ਆਸਣ ਲਾਇਆ । ਸਤਿ ਪੁਰਖ ਨਿਰੰਜਣ ਦੀਨ ਦਿਆਲਾ, ਦਇਆਵਾਨ ਅਖਵਾਇਆ । ਆਪ ਉਪਾਏ ਕਾਲ ਮਹਾਂਕਾਲਾ, ਆਪਣਾ ਖੇਲ ਰਚਾਇਆ । ਸੂਰਜ ਚੰਨ ਫਲ ਲਗਾਏ ਡਾਲ੍ਹਾ, ਵੇਖਣਹਾਰ ਅਖਵਾਇਆ । ਲੋਕ ਪਰਲੋਕ ਪੁਰੀਆਂ ਲੋਆਂ ਪਾਤਾਲ ਆਕਾਸ਼ ਮਾਤ ਪ੍ਰਭ ਬਖ਼ਸ਼ੀ ਦਾਤ, ਆਪਣਾ ਨਾਤਾ ਬੰਧਾਇਆ । ਆਪੇ ਬੈਠਾ ਇਕ ਇਕਾਂਤ, ਦੂਰ ਦੁਰਾਡਾ ਵੇਖੇ ਮਾਰ ਝਾਤ, ਸੁਖ ਸਹਿਜੇ ਸਹਿਜ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇਆ । ਆਦਿ ਪੁਰਖ ਆਦਿ ਸ਼ਕਤ ਆਦਿ ਭਵਾਨੀ, ਏਕਾ ਜੋਤ ਜਗਾਈਆ । ਏਕਾ ਸ਼ਬਦ ਇਕ ਨਿਸ਼ਾਨੀ, ਏਕਾ ਧਾਰ ਵਹਾਈਆ । ਏਕਾ ਤਰਾਨਾ ਪ੍ਰਭ ਭਾਨਾ ਗੁਣ ਨਿਧਾਨੀ, ਗੁਣਵੰਤਾ ਆਪ ਅਖਵਾਈਆ । ਏਕਾ ਜਾਤਾ ਏਕਾ ਨਾਤਾ ਤੋੜੇ ਜੋੜੇ ਆਪਣਾ ਬੰਧ ਬੰਧਾਈਆ । ਏਕਾ ਵਣਜ ਏਕਾ ਹਾਟਾ, ਏਕਾ ਬਸਤਰ ਏਕਾ ਖਾਟਾ, ਇਕ ਸਿੰਘਾਸਣ ਰਖਾਈਆ । ਏਕਾ ਜੋਤੀ ਏਕਾ ਲਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਈਆ । ਆਦਿ ਪੁਰਖ ਆਦਿ ਸਵਾਮੀ, ਏਕਾ ਰੂਪ ਵਟਾਇਆ । ਏਕਾ ਏਕ ਏਕ ਨਿਹਕਾਮੀ, ਸ਼ਾਹੋ ਭੂਪ ਅਖਵਾਇਆ । ਨਾ ਕੋਈ ਭੁੱਖ ਤ੍ਰਿਸ਼ਨਾ ਕਾਮੀ, ਆਲਸ ਨਿੰਦਰਾ ਵਿਚ ਨਾ ਆਇਆ । ਪੜ੍ਹੇ ਸੁਣੇ ਨਾ ਕੋਈ ਬਾਣੀ, ਇਸ਼ਟ ਦੇਵ ਨਾ ਕੋਈ ਰਖਾਇਆ । ਸ੍ਰਿਸ਼ਟ ਸਬਾਈ ਆਪ ਉਪਾਨੀ, ਪੂਤ ਸਪੂਤਾ ਬ੍ਰਹਮਾ ਜਾਇਆ । ਭੇਵ ਨਾ ਪਾਏ ਕੋਇ ਵਿਦਵਾਨੀ, ਗਿਆਨੀ ਧਿਆਨੀ ਪੰਡਤ ਪਾਂਧੇ ਲਿਖ ਲਿਖ ਲੇਖ ਲਿਖਾਇਆ । ਆਪੇ ਜਾਣੇ ਆਪਣੀ ਇਕ ਨਿਸ਼ਾਨੀ, ਪਾਰਬ੍ਰਹਮ ਪੁਰਖ ਸੁਲਤਾਨੀ, ਗਹਿਰ ਗੰਭੀਰ ਅਖਵਾਇਆ । ਆਪੇ ਰਾਜਾ ਆਪੇ ਰਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸ਼ਾਹੋ ਭੂਪ ਅਖਵਾਇਆ । ਸ਼ਾਹੋ ਭੂਪ ਹਰਿ ਨਿਰੰਕਾਰ, ਸਾਚੇ ਤਖ਼ਤ ਬਿਰਾਜਿਆ । ਆਪੇ ਆਪ ਹੋਏ ਸਿਕਦਾਰ, ਵਡ ਵਡ ਰਾਜਨ ਰਾਜਿਆ । ਆਪ ਆਪਣਾ ਦੇਵੇ ਪਹਿਰਾ, ਆਪ ਸਵਾਰੇ ਆਪਣਾ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਏ ਮਾਤ ਅਵਤਾਰਾ, ਏਕਾ ਚਲਾਏ ਨਾਮ ਜਹਾਜ਼ਿਆ । ਲੋਕਮਾਤ ਪ੍ਰਭ ਲਏ ਅਵਤਾਰਾ, ਆਪਣੀ ਬਣਤ ਬਣਾਇੰਦਾ । ਆਪ ਆਪਣਾ ਕਰ ਅਕਾਰਾ, ਆਪਣਾ ਖੇਲ ਰਚਾਇੰਦਾ । ਜੋਤੀ ਸ਼ਬਦੀ ਖੇਲ ਅਪਾਰਾ, ਏਕਾ ਧਾਰ ਵਹਾਇੰਦਾ । ਪੰਜ ਤਤ ਹਰਿ ਕਰ ਪਸਾਰਾ, ਆਸਣ ਸਿੰਘਾਸਣ ਲਾਇੰਦਾ । ਸ਼ਬਦ ਸੁਨੇਹੜਾ ਏਕਾ ਵਾਰਾ, ਧੁਰਦਰਗਾਹੀ ਆਪ ਸੁਣਾਇੰਦਾ । ਕਾਇਆ ਖੇੜਾ ਨਗਰ ਅਪਾਰਾ, ਸਤਿ ਪੁਰਖ ਨਿਰੰਜਣ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰਾਹ ਬੁਝਾਇੰਦਾ । ਸਾਚਾ ਰਾਹ ਹਰਿ ਟਿਕਾਣਾ, ਏਕਾ ਏਕ ਰਖਾਇਆ । ਏਕਾ ਅੱਖਰ ਕਰ ਧਿਆਨਾ, ਆਪਣਾ ਆਪ ਉਪਾਇਆ । ਊੜਾ ਉਠ ਸ੍ਰੀ ਭਗਵਾਨਾ, ਤ੍ਰੈਲੋਕਾਂ ਬਣਤ ਬਣਾਇਆ । ਤਿੰਨ ਘਰ ਦੇਵੇ ਵਰ, ਕਿਰਪਾ ਕਰ ਦੋਵੇਂ ਬੰਦ ਕਰਾਇਆ । ਮੁਖੜਾ ਖੋਲ੍ਹ ਤੀਜੇ ਘਰ, ਹਰਿ ਇਕ ਆਕਾਰ ਲਗਾਇਆ । ਆਕਾਸ਼ ਆਕਾਸ਼ਾਂ ਬਾਹਰ ਕਰ, ਰਾਹ ਬੈਠਾ ਰਿਹਾ

ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਓਅੰਕਾਰਾ ਨਿਰੰਕਾਰਾ ਏਕਾ ਰੂਪ ਸਮਾਇਆ । ਐੜਾ ਅੱਖਰ ਅੱਖ ਉਘਾੜ, ਦੋ ਲੋਚਨ ਖੋਲ੍ਹਿਆ । ਆਪੇ ਬੈਠਾ ਰਿਹਾ ਤਾੜ, ਨਿਰਗੁਣ ਸਰਗੁਣ ਖੇਲ ਖਿਲਾਇਆ । ਘੜੇ ਘੜਾਏ ਸਾਚੇ ਘਾੜ, ਘਾੜਨਹਾਰ ਆਪ ਅਖਵਾਇਆ । ਚੜ੍ਹੇ ਚੜ੍ਹਾਏ ਮਹੱਲ ਅਟੱਲ ਅਪਾਰ, ਉਚੇ ਮੰਦਰ ਡੇਰਾ ਲਾਇਆ । ਧਰਨੀ ਧਰਤ ਧਵਲ ਧੌਲ ਪਾਵੇ ਸਾਰ, ਲੱਖ ਚੁਰਾਸੀ ਵੇਖ ਵਖਾਇਆ । ਬ੍ਰਹਮਾ ਸ਼ਿਵ ਦੇਵਤ ਸੁਰ ਦਏ ਹੁਲਾਰ, ਪੁਰੀਆਂ ਲੋਆਂ ਧਾਮ ਸੁਹਾਇਆ । ਆਪ ਆਪੇ ਵਸਿਆ ਸਭ ਤੋਂ ਬਾਹਰ, ਹਰ ਘਰ ਬੈਠਾ ਆਸਣ ਲਾਇਆ । ਅੱਖਰ ਵੱਖਰ ਕਰੇ ਖ਼ਬਰਦਾਰ, ਅਨੂਪ ਸਰੂਪਾ ਆਪਣਾ ਆਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਵਖਾਇਆ । ਈੜੀ ਇਸ਼ਟ ਇਕ ਅਧਾਰ, ਏਕਾ ਏਕ ਕਰਾਇੰਦਾ । ਖੋਲ੍ਹੇ ਸ੍ਰਿਸ਼ਟ ਸਰਬ ਸੰਸਾਰ, ਆਪਣੀ ਦਇਆ ਕਮਾਇੰਦਾ । ਸ਼ਬਦ ਗੁਰ ਰਾਮ ਵਸ਼ਿਸ਼ਟ, ਰਾਮ ਰਾਮਾ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਟੇਕ ਰਖਾਇੰਦਾ । ਸੱਸਾ ਸਹਿਜ ਸੁਭਾ, ਸੋ ਪੁਰਖ ਨਿਰੰਜਣ ਉਪੰਨਿਆ । ਆਪ ਆਪਣੀ ਬਣਤ ਬਣਾ, ਆਪਣਾ ਭਾਣਾ ਆਪੇ ਮੰਨਿਆ । ਗੁਰ ਪੀਰ ਸਾਧ ਸੰਤ ਅਵਤਾਰ ਉਪਾ, ਲੋਕਮਾਤ ਚੜ੍ਹਾਏ ਸਾਚਾ ਚੰਨਿਆ । ਦੋਐਂ ਦੋ ਰਿਹਾ ਵਿਖਾ, ਆਪ ਘਰ ਆਪਣੇ ਲਾਈ ਸੰਨ੍ਹਿਆ । ਸੋ ਪੁਰਖ ਨਿਰੰਜਣ ਦਇਆ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦੇਵੇ ਡੰਨਿਆ । ਸੱਸਾ ਸਤਿਗੁਰ ਧਾਰ, ਸੋ ਸਾਚੀ ਆਪ ਚਲਾਈਆ । ਕਿਰਪਾ ਕਰ ਅਪਰ ਅਪਾਰ, ਦੀਵਾ ਬਾਤੀ ਇਕ ਜਗਾਈਆ । ਮੇਟ ਮਿਟਾਏ ਅੰਧ ਅੰਧਿਆਰ, ਰੈਣ ਰਾਤੀ ਰਹਿਣ ਨਾ ਪਾਈਆ । ਹਾਹਾ ਹੰਗਤਾ ਦੇਵੇ ਮਾਰ, ਆਪ ਆਪਣੇ ਅੰਕ ਸਮਾਈਆ । ਸੋਹੰ ਸ਼ਬਦ ਅਪਰ ਅਪਾਰ, ਆਦਿ ਜੁਗਾਦੀ ਬਣਤ ਬਣਾਈਆ । ਓਅੰ ਸੋਹੰ ਇਕ ਪਿਆਰ, ਸੋ ਪੁਰਖ ਨਿਰੰਜਣ ਰਿਹਾ ਪਾਈਆ । ਦੋ ਜਹਾਨਾਂ ਸਾਂਝਾ ਮੀਤ ਮੁਰਾਰ, ਲੋਕਮਾਤੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਅੱਖਰ ਪੰਚ ਨਿਸ਼ਾਨਾ, ਮੇਲ ਮਿਲਾਏ ਸ੍ਰੀ ਭਗਵਾਨਾ, ਵਿਛੜ ਕਦੇ ਨਾ ਜਾਈਆ । ਹਾਹਾ ਹਰਿਜਨ ਸਾਚਾ ਪਾਇਆ, ਆਤਮ ਵੱਜੀ ਵਧਾਈਆ । ਸੱਸਾ ਸਤਿਗੁਰ ਮੇਲ ਮਿਲਾਇਆ, ਵਿਛੜ ਕਦੇ ਨਾ ਜਾਈਆ । ਈੜੀ ਇਸ਼ਟ ਇਕ ਰਖਾਇਆ, ਦੂਸਰ ਕੋਈ ਦਿਸ ਨਾ ਆਈਆ । ਤੀਜੀ ਅੱਖ ਖੋਲ੍ਹ ਵਿਖਾਇਆ, ਨੇਤਰ ਤੀਜਾ ਅੱਖ ਖੁਲ੍ਹਾਈਆ । ਊੜਾ ਓਅੰਕਾਰਾ ਦੇਸ ਸੁਹਾਇਆ, ਨਰ ਨਿਰੰਕਾਰਾ ਬੈਠਾ ਜੋਤ ਜਗਾਈਆ । ਪੰਚਮ ਮੇਲਾ ਇਕ ਕਰਾਇਆ, ਘਰ ਮੰਦਰ ਬੰਕ ਸੁਹਾਈਆ । ਅੰਦਰੇ ਅੰਦਰ ਰਿਹਾ ਜਗਾਇਆ, ਦਿਸ ਕਿਸੇ ਨਾ ਆਈਆ । ਕਾਇਆ ਅੰਧੇਰੀ ਡੂੰਘੀ ਕੰਦਰ ਡੇਰਾ ਲਾਇਆ, ਆਪ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਪੰਚਮ ਰਿਹਾ ਜਗਾਈਆ । ਓਅੰਕਾਰਾ ਇਕ ਇਕੱਲਾ, ਏਕਾ ਮੁਖ ਉਘਾੜਿਆ । ਐੜਾ ਵੇਖੇ ਕਰ ਪਿਆਰਾ, ਧੁਰਦਰਗਾਹੀ ਸਾਚਾ ਲਾੜਿਆ । ਈੜੀ ਮੰਗੇ ਬਣ ਭਿਖਾਰਾ, ਦਰ ਸਾਚੇ ਕਰੇ ਪੁਕਾਰਿਆ । ਸੱਸਾ ਸਭ ਤੋਂ ਵਸੇ ਬਾਹਰਾ, ਆਪੇ ਗੁਪਤ ਆਪੇ ਜਾਹਰਿਆ । ਹਾਹਾ ਹਸਤ ਕੀਟ ਇਕ ਪਿਆਰਾ, ਊਚ ਨੀਚ ਰਾਓ ਰੰਕ ਰਾਜ ਰਾਜਾਨ ਏਕਾ ਏਕ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਬਣਾ ਰਿਹਾ । ਸਾਚਾ ਮਾਰਗ ਸਾਚਾ ਰਾਹ, ਏਕਾ ਏਕ ਰਖਾਇਆ । ਛੇਵੇਂ ਘਰ ਬਣ ਮਲਾਹ, ਇਕ ਉਪਦੇਸ ਰਖਾਇਆ । ਸਤਿ ਪੁਰਖ ਨਿਰੰਜਣ ਫੜ ਬਾਂਹ, ਸਤਿ ਸਤਿਵਾਦ

ਆਪ ਹੋ ਆਇਆ । ਅੱਠਾਂ ਤਤਾਂ ਏਕਾ ਨਾਂ, ਲੋਕਮਾਤੀ ਰਿਹਾ ਜਣਾਇਆ । ਨੌ ਦਰ ਜੂਠੇ ਝੂਠੇ ਉਡਣੇ ਕਾਂ, ਸਾਚਾ ਥਾਂ ਨਾ ਕੋਈ ਸੁਹਾਇਆ । ਦਸਵੇਂ ਨਾਤਾ ਤੋੜੇ ਪਿਤਾ ਮਾਂ, ਆਪ ਆਪਣਾ ਦਰਸ ਦਿਖਾਇਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਜੁਗ ਜੁਗ ਪੈਜ ਰੱਖਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਜਗਾਇਆ । ਜੁਗ ਜੁਗ ਧਾਰੇ ਭੇਖ, ਹਰਿ ਬਨਵਾਰਿਆ । ਆਪੇ ਲਿਖਣਹਾਰਾ ਲੇਖ, ਆਪ ਆਪਣੇ ਲਏ ਅਵਤਾਰਿਆ । ਆਪੇ ਹੋਏ ਧਾਰੀ ਕੇਸ, ਆਪੇ ਮੁੰਡ ਮੁੰਡਾ ਲਿਆ । ਆਪੇ ਨਰ ਨਰੇਸ਼, ਆਪੇ ਭੇਖੀ ਭੇਖ ਭਿਖਾਰਿਆ । ਆਪੇ ਹੋਏ ਰਿਖੀ ਕੇਸ਼, ਕੇਸ਼ਵ ਕੇਸ਼ ਮੋਹਣ ਮਾਧਵ ਆਪ ਅਖਵਾ ਲਿਆ । ਆਪੇ ਦਾਤਾ ਦਸ ਦਸਮੇਸ਼, ਆਪੇ ਕ੍ਰਿਸ਼ਨਾ ਰੂਪ ਵਟਾ ਰਿਹਾ । ਆਪੇ ਵਿਸ਼ਨੂੰ ਸ਼ਿਵ ਸ਼ੰਕਰ ਗਣੇਸ਼, ਆਪੇ ਬ੍ਰਹਮਾ ਨਾਮ ਉਪਾ ਰਿਹਾ । ਆਪੇ ਹੋਏ ਦਰ ਦਰਵੇਸ਼, ਜਨ ਭਗਤਾਂ ਦਵਾਰੇ ਫੇਰੀ ਪਾ ਰਿਹਾ । ਆਪੇ ਕਰੇ ਕਰਾਏ ਆਪਣਾ ਵੇਸ, ਆਪ ਆਪਣਾ ਰੂਪ ਵਟਾ ਰਿਹਾ । ਲੱਖ ਚੁਰਾਸੀ ਕਰੇ ਆਦੇਸ਼, ਗੁਰਮੁਖ ਵਿਰਲੇ ਨੇਤਰ ਨੈਣ ਦਰਸ਼ਨ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਕੂੜ ਕੁੜਿਆਰਾ ਗਵਰਧਨ ਆਪਣੇ ਹੱਥ ਉਠਾ ਲਿਆ । ਆਪ ਆਪਣਾ ਲਏ ਅਵਤਾਰਾ, ਆਪਣੀ ਕਲ ਵਰਤਾਇੰਦਾ । ਏਕਾ ਦੂਜਾ ਕਰ ਪਿਆਰਾ, ਤੀਜੀ ਧਾਰ ਵਹਾਇੰਦਾ । ਚੌਥੇ ਘਰ ਖੋਲ੍ਹ ਦਵਾਰਾ, ਸੰਤ ਸੁਹੇਲੇ ਆਪ ਮਿਲਾਇੰਦਾ । ਪੰਚਮ ਮੇਲਾ ਮੀਤ ਮੁਰਾਰਾ, ਪੰਚਮ ਧਾੜ ਮਿਟਾਇੰਦਾ । ਛੇਵੇਂ ਖੇਲੇ ਖੇਲ ਅਪਾਰਾ, ਏਕਾ ਧਾਮ ਸੁਹਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਕਰ ਆਕਾਰਾ, ਨਿਰਮਲ ਜੋਤੀ ਦੀਪ ਜਗਾਇੰਦਾ । ਮਨ ਮਤ ਬੁਧ ਨਾ ਕੋਇ ਅਧਾਰਾ, ਅੱਠਾਂ ਤਤਾਂ ਵਿਚ ਸਮਾਇੰਦਾ । ਨੌ ਦਰ ਖੋਲ੍ਹੇ ਜਗਤ ਕਿਵਾੜਾ, ਲੱਖ ਚੁਰਾਸੀ ਬਣਤ ਬਣਾਇੰਦਾ । ਦਸਮ ਮਹੱਲ ਅਟੱਲ ਨਿਆਰਾ, ਹਰਿ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਖ ਵਟਾਇੰਦਾ । ਭੇਖ ਵਟਾਏ ਹਰਿ ਭਗਵਾਨਾ, ਹਰਿ ਆਪਣੀ ਜੋਤ ਜਗਾਈਆ । ਸਤਿਜੁਗ ਤ੍ਰੇਤਾ ਖੇਲ ਮਹਾਨਾ, ਰਾਮ ਰਾਵਣ ਦੁਸ਼ਟ ਮਿਟਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਗਊ ਗਰੀਬਾਂ ਗਲੇ ਲਗਾਈਆ । ਸੀਤਾ ਸੁਰਤੀ ਕਰ ਪਰਵਾਨਾ, ਗੁਰਮੁਖ ਸਾਚੇ ਰਿਹਾ ਪਰਨਾਈਆ । ਜੋਤ ਨਿਰੰਜਣ ਦੀਪ ਮਹਾਨਾ, ਸਾਚੇ ਗਗਨ ਰਿਹਾ ਟਿਕਾਈਆ । ਆਕਾਸ਼ ਪਰਕਾਸ਼ ਕੋਟਨ ਭਾਨਾ, ਆਪਣਾ ਰਿਹਾ ਕਰਾਈਆ । ਨਾਮ ਨਿਧਾਨਾ ਸਾਚਾ ਗਾਣਾ, ਧੁਨ ਆਤਮਕ ਰਿਹਾ ਵਜਾਈਆ । ਆਪ ਫੜਾਏ ਤੀਰ ਕਮਾਨਾ, ਰਸਨਾ ਚਿੱਲੇ ਆਪ ਚੜ੍ਹਾਈਆ । ਮੇਟ ਮਿਟਾਏ ਪੰਜ ਸ਼ੈਤਾਨਾ, ਹਉਮੇ ਹੰਗਤਾ ਰੋਗ ਮਿਟਾਈਆ । ਸੋਹੰ ਬੰਨ੍ਹੇ ਹੱਥੀਂ ਗਾਨਾ, ਸਾਚਾ ਸਗਨ ਮਨਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਵਿਛੜ ਕਦੇ ਨਾ ਜਾਈਆ । ਜੀਵ ਜਗਤ ਲੋਕਮਾਤ ਦੇਵਣ ਤਾਅਨਾ, ਮਸਤਕ ਟਿੱਕਾ ਕਾਲੀ ਸ਼ਾਹੀ ਲਾਈਆ । ਗੁਰਮੁਖ ਵਿਰਲੇ ਮਾਤ ਪਛਾਨਾ, ਜਿਸ ਜਨ ਆਪਣੀ ਬੂਝ ਬੁਝਾਈਆ । ਜੂਠਾ ਝੂਠਾ ਪੀਣਾ ਖਾਣਾ, ਰਾਜ ਜੋਗ ਰਹਿਣ ਨਾ ਪਾਈਆ । ਬਸਤਰ ਸ਼ਸਤਰ ਅਸਤਰ ਤਨ ਮਨ ਬਾਨਾ, ਸਾਚਾ ਚੀਰ ਨਾ ਕੋਈ ਦਿਸਾਈਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨਾ, ਦੋ ਜਹਾਨਾਂ ਲੱਜਿਆ ਰਿਹਾ ਰਖਾਈਆ । ਕਾਹਨਾ ਕ੍ਰਿਸ਼ਨਾ ਰੂਪ ਸੁਹਾਨਾ, ਮੁਕੰਦ ਮਨੋਹਰ ਲਖਮੀ ਨਰਾਇਣ ਆਪ ਅਖਵਾਈਆ । ਮੋਰ ਮੁਕਟ ਸਿਰ ਸੀਸ ਟਿਕਾਨਾ, ਚਤਰਭੁਜ ਅੰਕ ਸਮਾਈਆ । ਕਲਜੁਗ ਤੇਰਾ ਲੇਖ ਚੁਕਾਨਾ, ਜੂਠਾ ਝੂਠਾ ਦਾਗ਼ ਮਿਟਾਈਆ । ਸਤਿਜੁਗ ਸਾਚਾ ਮਾਰਗ ਲਾਨਾ, ਆਪਣੇ ਹੱਥ ਰੱਖੇ ਵਡਿਆਈਆ । ਲੇਖ ਚੁਕਾਏ ਵੇਦ ਪੁਰਾਨਾ,



੪੬੬
੦੬

੪੬੭
੦੬

ਅੰਜੀਲ ਕੁਰਾਨ ਰਹਿਣ ਨਾ ਪਾਈਆ । ਖਾਣੀ ਬਾਣੀ ਕਰ ਪਛਾਨਾ, ਗੁਰਮੁਖ ਸਾਚੇ ਆਪ ਜਗਾਈਆ । ਧੁਰਦਰਗਾਹੀ ਇਕ ਨਿਸ਼ਾਨਾ, ਹਰਿ ਸੋਹੰ ਵਸਤ ਵਖਾਈਆ । ਪਰਗਟ ਹੋਏ ਹਰਿ ਬਲਵਾਨਾ, ਕਲ ਕਲ ਵਰਤਾਈਆ । ਜੋਤੀ ਸ਼ਬਦੀ ਖੇਲ ਮਹਾਨਾ, ਖੇਲਣਹਾਰ ਆਪ ਅਖਵਾਈਆ । ਨਿਹਕਲੰਕ ਨਰਾਇਣ ਨਰ ਸ੍ਰੀ ਭਗਵਾਨਾ, ਕਲਜੁਗ ਤੇਰੀ ਅੰਤਮ ਵਾਰ ਨੌ ਖੰਡ ਪ੍ਰਿਥਮੀ ਦੀਪ ਸੱਤਾਂ ਆਪੇ ਵੇਖਣ ਆਈਆ । ਸੱਤ ਦੀਪ ਹਰਿ ਵੇਖ ਵਿਖਾਏ, ਲੱਖਣ ਚਰਨ ਛੁਹਾਇੰਦਾ । ਕਰੌਚ ਦੀਪ ਹਰਿ ਡੇਰਾ ਲਾਏ, ਭਗਤ ਸੁਹੇਲੇ ਆਪ ਉਠਾਇੰਦਾ । ਪੁਸ਼ਕਰ ਦੇਵੇ ਜੜ੍ਹ ਉਖੜਾਏ, ਨਾ ਕੋਈ ਕਿਸੇ ਬਚਾਇੰਦਾ । ਜੰਬੂ ਨਿਰਮਲ ਜੋਤ ਜਗਾਏ, ਆਕਾਸ਼ ਪਰਕਾਸ਼ ਵਖਾਇੰਦਾ । ਸਾਨ ਸਹਿਜ ਧੁਨ ਉਪਜਾਏ, ਆਤਮ ਬ੍ਰਹਮ ਜਣਾਇੰਦਾ । ਸਲਮਲ ਬੈਠਾ ਡੇਰਾ ਢਾਹੇ, ਤ੍ਰੈਗੁਣ ਤਾਲ ਵਜਾਇੰਦਾ । ਕੁਸ਼ਾ ਚਰਨ ਧਿਆਨ ਇਕ ਰਖਾਏ, ਦਹਿ ਦਿਸ਼ਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਿਮੰਡ ਖੰਡ ਜੇਰਜ ਅੰਡ ਨਵ ਖੰਡ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਏਕਾ ਧਾਰ, ਵੇਖ ਵਖਾਏ ਵਾਰੋ ਵਾਰ, ਨਾਨਕ ਗੋਬਿੰਦ ਪਾਏ ਸਾਰ, ਸਾਚੀ ਜੋਤ ਜਗਾਈਆ । ਖੰਡਾ ਫੜ ਤੇਜ ਕਟਾਰ, ਮਾਰੀ ਜਾਏ ਵਾਰੋ ਵਾਰ, ਮਨਮੁਖ ਜੀਵਾਂ ਦਏ ਹੁਦਾਰ, ਅੰਤਮ ਮੇਟ ਮਿਟਾਈਆ । ਗੁਰਮੁਖ ਸਾਚੇ ਲਾਏ ਪਾਰ, ਚਰਨ ਪ੍ਰੀਤੀ ਇਕ ਪਿਆਰ, ਨੌ ਖੰਡ ਪ੍ਰਿਥਮੀ ਵਿਚ ਸੰਸਾਰ, ਹਰ ਘਟ ਵੇਖ ਵਖਾਈਆ । ਸੁਹਾਗੀ ਗੀਤ ਇਕ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਖ ਵਟਾਈਆ । ਨਾਨਕ ਕਾਇਆ ਹਰਿ ਪ੍ਰਭ ਪਾਇਆ, ਗੋਬਿੰਦ ਸੇਵ ਕਮਾਈਆ । ਅਲਖ ਅਲਖਣਾ ਰਸਨਾ ਗਾਇਆ, ਦੇਵੀ ਦੇਵ ਨਾ ਕੋਈ ਮਨਾਈਆ । ਹੋਏ ਪਰਤੱਖਣਾ ਪ੍ਰਭ ਸਾਚਾ ਦਰਸ ਦਿਖਾਇਆ, ਨਾਮ ਸਤਿ ਹਰਿ ਝੋਲੀ ਪਾਈਆ । ਆਪੇ ਦੇ ਮਤ ਸਮਝਾਇਆ, ਲੋਕਮਾਤੀ ਰਾਹ ਵਖਾਈਆ । ਅੰਤਮ ਕਲ ਚਾਰੋਂ ਕੁੰਟ ਅੰਗਿਆਰ ਮੱਚਣਾ, ਨਾ ਕੋਈ ਸਕੇ ਬੁਝਾਈਆ । ਜੂਠ ਝੂਠ ਦਰ ਦਰ ਘਰ ਘਰ ਬਹਿ ਬਹਿ ਨੱਚਣਾ, ਮਾਇਆ ਮਮਤਾ ਵੇਸ ਕਰਾਈਆ । ਗੁਰਮੁਖ ਵਿਰਲੇ ਲੋਕਮਾਤ ਬਚਣਾ, ਜਿਸ ਜਨ ਪ੍ਰਭ ਆਪਣੀ ਬੂਝ ਬੁਝਾਈਆ । ਕਾਇਆ ਮਾਟੀ ਭਾਂਡਾ ਕੱਚਨਾ, ਅੰਤਮ ਭੰਨ ਵਖਾਈਆ । ਏਕਾ ਏਕ ਗੁਰ ਸ਼ਬਦ ਸਾਚਾ ਸਜਨਾ, ਆਦਿ ਜੁਗਾਦਿ ਸਦਾ ਰਹਿ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਊ ਗਰੀਬਾਂ ਹੋਏ ਸਹਾਈਆ । ਗਊ ਗਰੀਬਾਂ ਪਾਵੇ ਸਾਰ, ਪੂਰਨ ਹਰਿ ਭਗਵੰਤਿਆ । ਰੋਗ ਸੋਗ ਚਿੰਤਾ ਭੁੱਖ ਨਿਵਾਰ, ਦੂਈ ਦਵੈਤੀ ਮੇਟ ਮਿਟੰਤਿਆ । ਏਕਾ ਸੁਖ ਆਤਮ ਸ਼ਬਦ ਧੁਨਕਾਰ, ਅਨਹਦ ਤਾਲ ਵਜੰਤਿਆ । ਸੁਣੇ ਸੁਣਾਏ ਹਰਿ ਪੁਕਾਰ, ਗੁਰ ਮੰਦਰ ਸੁਣੇ ਬੇਨੰਤਿਆ । ਫੜ ਫੜ ਬਾਂਹੋਂ ਲਾਏ ਪਾਰ, ਜੋ ਜਨ ਰਸਨਾ ਜਿਹਵਾ ਗੁਣ ਗਵੰਤਿਆ । ਮੂਰਖ ਮੁਗਧ ਭਰਮੇ ਭੁੱਲੇ ਜੀਵ ਗਵਾਰ, ਸੁੱਤੇ ਪੈਰ ਪਸਾਰ, ਮਿਲੇ ਮੇਲ ਨਾ ਸਾਚੇ ਕੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਪਾਰ ਰਿਹਾ ਕਰ, ਬੇੜਾ ਆਪਣਾ ਆਪ ਚਲੰਤਿਆ । ਸਾਚਾ ਬੇੜਾ ਕਰ ਤਿਆਰ, ਏਕਾ ਚੱਪੂ ਲਾਇਆ । ਖੇਵਟ ਖੇਟ ਆਪ ਸਰਕਾਰ, ਨਿਰਗੁਣ ਰੂਪ ਸਮਾਇਆ । ਸਰਗੁਣ ਸਾਚੇ ਕਰ ਪਿਆਰ, ਗੁਰਮੁਖ ਨਾਉਂ ਉਪਾਇਆ । ਆਪੇ ਹੋਇਆ ਅੱਧਵਿਚਕਾਰ, ਦੋਹਾਂ ਮੇਲ ਮਲਾਇਆ । ਮਨ ਮਤ ਬੁੱਧ ਨਾ ਪਾਵੇ ਸਾਰ, ਕਰਤਾ ਕਾਇਆ ਰੂਪ ਨਾ ਕਿਸੇ ਚੜ੍ਹਾਇਆ । ਅਕੱਥ ਸਮਰਥ ਭੇਵ ਨਿਵਾਰ, ਨਿਹਚਲ ਧਾਮ ਸੁਹਾਇਆ । ਸਗਲ ਵਸੂਰੇ ਜਾਇਣ ਲੱਥ, ਸੰਤ ਸੁਹੇਲੇ ਇਕ ਇਕੇਲੇ ਜਿਸ ਜਨ ਦਰਸ਼ਨ ਪਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਜੁਗ ਜੁਗ ਵਰ, ਆਪੇ ਹੋਏ ਸਹਾਇਆ । ਕਥਾ ਕਹਾਣੀ ਰਾਮ ਜਗਤ, ਰਸਨਾ ਬਹਿ ਬਹਿ ਗਾਂਵਦੇ । ਕੋਈ ਨਾ ਜਾਣੇ ਆਤਮ ਸ਼ਕਤ, ਬ੍ਰਹਮ ਵਿਦਿਆ ਨਾ ਕੋਈ ਪੜ੍ਹਾਵੰਦੇ । ਲੇਖੇ ਲੱਗੇ ਨਾ ਬੂੰਦ ਰਕਤ, ਮਾਨਸ ਢੋਰ ਅਖਵਾਵੰਦੇ । ਪੰਚਾਂ ਲੱਗਾ ਮਗਰ ਕਟਕ, ਦਿਵਸ ਰੈਣ ਮੁਖ ਛੁਪਾਵੰਦੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਚਰਨ ਦਵਾਰੇ ਜਾਏ ਅਟਕ, ਦੋਏ ਜੋੜ ਸੀਸ ਝੁਕਾਵੰਦੇ । ਰਸਨਾ ਗਾਈ ਆਤਮ ਵਧਾਈ, ਸੁਣੇ ਲੁਕਾਈ ਭੇਵ ਨਾ ਆਨਿਆ । ਪੰਚਾਂ ਘਰ ਕਰੇ ਲੜਾਈ, ਨਾਰੀ ਕੰਤ ਹੋਏ ਜੁਦਾਈ, ਸਾਚਾ ਕੰਤ ਨਾ ਕੋਈ ਹੰਢਾਨਿਆ । ਗੁਰ ਮਤ ਨਾ ਹੋਏ ਕੋਈ ਕੁੜਮਾਈ, ਸਾਚੀ ਡੋਲੀ ਨਾ ਤਨ ਸਜਾਈ, ਰੰਗ ਮਜੀਠ ਨਾ ਕੋਈ ਚੜ੍ਹਾਨਿਆ । ਦੂਆ ਦਰ ਹਰਿ ਰਘੁਰਾਈ, ਦਿਵਸ ਰੈਣ ਵੇਖ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਆਤਮ ਬੂਝ ਬੁਝਾਨਿਆ । ਆਤਮ ਜੋਤੀ ਬ੍ਰਹਮ ਗਿਆਨ, ਸ਼ਬਦੀ ਭਗਤ ਜਣਾਈਆ । ਸਾਚੇ ਮੰਦਰ ਬੈਠ ਮਕਾਨ, ਨਿਰਮਲ ਜੋਤ ਜਗਾਈਆ । ਏਕਾ ਰਾਗ ਸੁਣਾਏ ਕਾਨ, ਹਰਿ ਆਪਣਾ ਆਪ ਅਲਾਈਆ । ਨਾ ਕੋਈ ਜਾਣੇ ਵੇਦ ਪੁਰਾਨ, ਗਾ ਗਾ ਥੱਕੀ ਸਰਬ ਲੁਕਾਈਆ । ਭਰਮੇ ਭੁੱਲੇ ਭਰਮ ਨਾਦਾਨ, ਪਾਰਬ੍ਰਹਮ ਪੂਰਨ ਪਰਮੇਸ਼ਵਰ ਪਤਿਪਤਵੰਤਾ ਕਿਸੇ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੁਹਾਏ ਇਕ ਦਰ, ਏਕਾ ਨਾਮ ਦਏ ਵਡਿਆਈਆ । ਨਾਮ ਨਿਧਾਨਾ ਸਰਬ ਗੁਣ ਪੂਰਾ, ਪ੍ਰਭ ਏਕਾ ਏਕ ਰਖਾਇਆ । ਨੇੜੇ ਦੂਰ ਹਾਜ਼ਰ ਹਜ਼ੂਰਾ, ਨਿਜ ਘਰ ਆਤਮ ਬੈਠਾ ਆਸਣ ਲਾਇਆ । ਨਾਦ ਅਨਾਦੀ ਉਪਜਾਏ ਸਾਚੀ ਤੂਰਾ, ਆਪਣੀ ਆਪ ਵਜਾਇਆ । ਦਾਤਾ ਜੋਧਾ ਵੱਡਾ ਸੂਰਾ, ਗੁਰਮੁਖ ਸਾਚੇ ਰੱਖੇ ਹੇਠ ਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਛੁਹਾਏ ਸਾਚੇ ਦਰ, ਮੇਟ ਮਿਟਾਏ ਜੂਠਾ ਝੂਠਾ ਕੂੜਾ ।

### ❊ ੭ ਚੇਤ ੨੦੧੪ ਬਿਕ੍ਰਮੀ ਨਾਜ਼ਰ ਸਿੰਘ ਦੇ ਘਰ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਤੇ ਸ਼ਬਦ ਦੀ ਰਹਿਮਤ ਕੀਤੀ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ❊

ਸਤਿ ਪੁਰਖ ਸਤਿਵਾਦਿਆ, ਸਾਚੇ ਘਰ ਸਮਾਏ । ਆਦਿਨ ਅੰਤਾ ਆਦਿ ਜੁਗਾਦਿਆ, ਏਕਾ ਧਾਮ ਸੁਹਾਏ । ਖੇਲੇ ਖੇਲ ਵਡ ਬ੍ਰਹਿਮਾਦਿਆ, ਪਾਰਬ੍ਰਹਮ ਰਘੁਰਾਏ । ਸ਼ਬਦ ਵਜਾਏ ਸਾਚਾ ਨਾਦਿਆ, ਲੋਆਂ ਪੁਰੀਆਂ ਰਿਹਾ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਖਾਏ । ਸਚ ਘਰ ਹਰਿ ਨਿਰੰਕਾਰ, ਆਪਣਾ ਖੇਲ ਕਰਾਇੰਦਾ । ਜੋਤੀ ਨਿਰਮਲ ਕਰ ਉਜਿਆਰ, ਰੂਪ ਅਨੂਪ ਸਮਾਇੰਦਾ । ਅਗੰਮ ਅਗੰਮੜਾ ਅਗੰਮੜੀ ਧਾਰ, ਅਗੰਮ ਅਗੰਮ ਰੂਪ ਸਮਾਇੰਦਾ । ਆਪ ਆਪਣਾ ਮੀਤ ਮੁਰਾਰ, ਆਪੇ ਹਰਿ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਸੁਹਾਇੰਦਾ । ਸਾਚਾ ਘਰ ਇਕ ਟਿਕਾਣਾ, ਏਕ ਉਚ ਮਹੱਲਿਆ । ਜੋਤੀ ਨੂਰ ਹਰਿ ਭਗਵਾਨਾ, ਆਪੇ ਰਿਹਾ ਬਲਿਆ । ਸਾਚਾ ਸ਼ਬਦ ਤੀਰ ਨਿਸ਼ਾਨਾ, ਆਪੇ ਚਾੜ੍ਹੇ ਆਪਣੇ ਚਿਲ੍ਹਿਆ । ਖੇਲੇ ਖੇਲ ਦੋ ਜਹਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਧੁਰ ਫ਼ਰਮਾਣਾ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਤਿ ਸਤਿਵਾਦ ਅੰਤ ਕਲਾ ਵਰਤਾਈਆ ।

੪੬੯
੦੬

ਲੱਖ ਚੁਰਾਸੀ ਦਿਵਸ ਰੈਣ ਰਹੀ ਅਰਾਧ, ਹੱਥ ਕਿਸੇ ਨਾ ਆਈਆ । ਚੇਤਨ ਚਿਤ ਸੰਤ ਸਾਧ, ਕੋਟਨ ਕੋਟ ਰਹੇ ਉਪਾਈਆ । ਗੁਰਮੁਖ ਵਿਰਲੇ ਮਾਧਵ ਮਾਧ, ਪ੍ਰਭ ਆਪਣਾ ਆਪ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਨਿਰੰਜਣ ਸਦ ਅਖਵਾਈਆ । ਸਤਿ ਪੁਰਖ ਨਿਰੰਜਣ ਆਪ ਕਰਤਾਰਾ, ਕਰਤਾ ਪੁਰਖ ਅਖਵਾਈਆ । ਨਿਰਮਲ ਜੋਤੀ ਕਰ ਉਜਿਆਰਾ, ਲੋਆਂ ਪੁਰੀਆਂ ਰਿਹਾ ਜਗਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਕਰੇ ਪਿਆਰਾ, ਆਪ ਆਪਣੀ  ਲਾਈਆ । ਆਪੇ ਵਸਿਆ ਸਭ ਤੋਂ ਬਾਹਰਾ, ਆਪੇ ਬੈਠਾ ਆਸਣ ਲਾਈਆ । ਜੁਗ ਜੁਗ ਵੇਖੇ ਭੇਖ ਨਿਆਰਾ, ਆਪਣਾ ਭੇਖ ਵਟਾਈਆ । ਆਪੇ ਪਰਖੇ ਪਰਖਣਹਾਰਾ, ਪੂਤ ਸਪੂਤਾ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਭੇਖ ਵਟਾਈਆ । ਆਪਣਾ ਭੇਖ ਆਪ ਵਟਾਏ, ਅਕਲ ਕਲਾ ਸਮਾਇਆ । ਮੁਨ ਰਿਖ ਕੋਈ ਭੇਵ ਨਾ ਪਾਏ, ਖਾਣੀ ਬਾਣੀ ਸਾਰ ਨਾ ਰਾਇਆ । ਵੇਦ ਪੁਰਾਨੀ ਰਹੇ ਗਾਏ, ਗਾਵਣਹਾਰ ਦਿਸ ਨਾ ਆਇਆ । ਅੰਜੀਲ ਕੁਰਾਨੀ ਰਹੇ ਹਲਕਾਏ, ਅਲ੍ਹਾ ਹੂ ਹੂ ਨਾਅਰਾ ਲਾਇਆ । ਗੁਰਮੁਖ ਸਾਚੇ ਚਤੁਰ ਸੁਜਾਨੀ ਪ੍ਰਭ ਆਪ ਉਠਾਏ, ਆਤਮ ਬ੍ਰਹਮ ਜਣਾਇਆ । ਸ਼ਬਦ ਨਿਸ਼ਾਨਾ ਤੀਰ ਲਗਾਏ, ਬਜਰ ਕਪਾਟੀ ਚੀਰ ਚਿਰਾਇਆ । ਗੁਣ ਨਿਧਾਨਾ ਦਇਆ ਕਮਾਏ, ਹਾਣੀ ਹਾਣ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਨਾਉਂ ਧਰਾਇਆ । ਸਤਿ ਪੁਰਖ ਨਿਰੰਜਣ ਹਰਿ ਨਿਰਵੈਰਾ, ਨਿਰਗੁਣ ਰੂਪ ਸਮਾਈਆ । ਆਪ ਚੁਕਾਏ ਮੇਰਾ ਤੇਰਾ, ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਢਾਹੇ ਭਰਮਾਂ ਡੇਰਾ, ਏਕਾ ਦੂਜਾ ਭੇਵ ਚੁਕਾਈਆ । ਆਪੇ ਬੈਠਾ ਆਤਮ ਸੇਜਾ, ਆਤਮ ਦਰਸੀ ਦਰਸ ਦਿਖਾਈਆ । ਘਰ ਚੌਥੇ ਵੇਖੇ ਦਰ ਦਹਿਲੀਜਾ, ਸੰਤ ਸੁਹੇਲੇ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਤਿਵੰਤ ਆਪ ਹੋ ਜਾਈਆ । ਸਤਿ ਸਤਿਵੰਤਾ ਨਰ ਨਿਰੰਕਾਰ, ਏਕਾ ਏਕ ਅਖਵਾਇਆ । ਲੱਖ ਚੁਰਾਸੀ ਪਸਰ ਪਸਾਰ, ਬ੍ਰਹਮਾ ਸ਼ਿਵ ਸੇਵਾ ਲਾਇਆ । ਤ੍ਰੈਗੁਣ ਮਾਇਆ ਕਰ ਉਜਿਆਰ, ਪੰਜ ਤਤ ਉਪਾਇਆ । ਮਨ ਮਤ ਬੁੱਧ ਕਰ ਪਿਆਰ, ਆਪਣੀ ਧਾਰ ਚਲਾਇਆ । ਆਪ ਉਪਾਏ ਆਪਣੀ ਰੱਤ, ਰਕਤ ਬੂੰਦ ਅਖਵਾਇਆ । ਸ਼ਬਦ ਜਣਾਏ ਏਕਾ ਤਤ, ਸਹਿਜੇ ਸਹਿਜ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸੰਤੋਖੀ ਭੇਖ ਵਟਾਇਆ । ਸਤਿ ਸੰਤੋਖ ਸ਼ਬਦ ਗੁਰ ਪੂਰਾ, ਜੁਗ ਜੁਗ ਸੇਵਾ ਲਾਈਆ । ਇਕ ਵਜਾਏ ਨਾਦ ਅਨਾਦੀ ਸਾਚੀ ਤੂਰਾ, ਦੀਪਕ ਆਤਮ ਰਿਹਾ ਜਗਾਈਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧੂੜਾ, ਦੁਰਮਤ ਮੈਲ ਰਿਹਾ ਧਵਾਈਆ । ਕਾਇਆ ਚੋਲੀ ਰੰਗ ਚੜ੍ਹਾਏ ਗੂੜ੍ਹਾ, ਸ਼ਬਦ ਲਲਾਰੀ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾਈਆ । ਜੁਗ ਜੁਗ ਭੇਖ ਵਟਾਵਣਹਾਰਾ, ਆਦਿ ਪੁਰਖ ਅਬਿਨਾਸ਼ੀ । ਗੁਰਮੁਖ ਸਾਚੇ ਸੋਏ ਜਗਾਵਣਹਾਰਾ, ਨਿਰਮਲ ਜੋਤ ਕਰੇ ਪਰਕਾਸ਼ੀ, ਸੋਹੰ ਸ਼ਬਦ ਦੇ ਮਤ ਆਪ ਸਮਝਾਵਣ ਆਇਆ, ਕਿਸੇ ਹੱਥ ਨਾ ਆਏ ਪ੍ਰਿਥਮੀ ਆਕਾਸ਼ੀ । ਬਹੱਤਰ ਨਾੜੀ ਏਕਾ ਰੱਤ ਆਪਣੀ ਆਪ ਮਲਾਵਣ ਆਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਸੀ । ਆਪਣੇ ਰੰਗ ਹਰਿ ਸਮਾਏ, ਆਪਣੀ ਕਲ ਵਰਤਾ ਰਿਹਾ । ਸਤਿਜੁਗ ਤ੍ਰੇਤਾ ਪਾਰ ਕਰਾਏ, ਦੁਆਪਰ ਬੰਨ੍ਹੇ ਧਾਰਿਆ । ਕਲਜੁਗ ਬੇੜਾ ਬੰਨ੍ਹ ਵਖਾਏ, ਚਾਰੋਂ ਕੁੰਟ ਵੇਖੇ ਭੁਜਾ ਪਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਪੇ ਜਾਣੇ ਜੀਵ ਜੰਤ ਬਾਲ ਅੰਞਾਣੇ, ਜਨ ਭਗਤਾਂ ਕਰੇ ਪਿਆਰਿਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਸਾਚਾ ਵੇਖ ਵਖਾਇੰਦਾ । ਕਰਮ ਧਰਮ ਨਾ ਕੋਈ ਵਿਚਾਰ, ਕੁਕਰਮੀ ਕਰਮ ਕਮਾਇੰਦਾ । ਲੱਖ ਚੁਰਾਸੀ ਕਰਮ ਵਿਚਾਰ, ਗੁਰ ਗੋਬਿੰਦ ਮੇਲ ਮਿਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਮਾਰੀ ਜਾਏ ਵਾਰੋ ਵਾਰ, ਦੋ ਜਹਾਨਾਂ ਵੇਖ ਵਖਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣ ਨੀਰ ਵਹਾਇੰਦਾ । ਲੱਖ ਚੁਰਾਸੀ ਤੇਰਾ ਏਕਾ ਤਾਮ, ਤ੍ਰੈਗੁਣ ਮਾਇਆ ਆਪ ਬਣਾਇੰਦਾ । ਜਨ ਭਗਤਾਂ ਮੇਟੇ ਅੰਧੇਰੀ ਸ਼ਾਮ, ਦੀਪਕ ਜੋਤੀ ਇਕ ਜਗਾਇੰਦਾ । ਪੱਲੇ ਬੰਨ੍ਹੇ ਨਾਮ ਦਾਨ, ਦੋ ਜਹਾਨੀ ਗੰਢ ਬੰਨ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਆਪ ਸੁਹਾਇੰਦਾ । ਕਲਜੁਗ ਤੇਰਾ ਅੰਤਮ ਵੇਲਾ, ਵੱਜੀ ਜਗਤ ਵਧਾਈਆ । ਨਾ ਕੋਈ ਦਿਸੇ ਸੱਜਣ ਸੁਹੇਲਾ, ਕੂੜੋ ਕੂੜ ਹੋਈ ਲੋਕਾਈਆ । ਨਾ ਗੁਰੂ ਨਾ ਕੋਈ ਚੇਲਾ, ਸਾਧ ਸੰਤ ਨਾ ਕੋਈ ਅਖਵਾਈਆ । ਗੁਰ ਦਰ ਮੰਦਰ ਅੰਦਰ ਮਸਜਿਦ ਮਠ ਸ਼ਿਵਦਵਾਲੇ ਲੱਗਾ ਮੇਲਾ, ਧੀਆਂ ਭੈਣਾਂ ਰਹੇ ਤਕਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਆਪ ਆਪਣਾ ਭੇਖ ਵਟਾਈਆ । ਜਨ ਭਗਤਾਂ ਬਣੇ ਸੱਜਣ ਸੁਹੇਲਾ, ਗੋਬਿੰਦ ਦਰਸ ਦਿਖਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਸਾਚੀ ਸੇਵਾ ਆਪ ਲਗਾਈਆ । ਪੰਚਮ ਸਖੀਆਂ ਮਿਲ ਪਾਵਣ ਵੇਲਾ, ਅਨਹਦ ਸਾਚਾ ਰਾਗ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਘਰ, ਬੇਮੁਖਾਂ ਰਿਹਾ ਵਿਖਾਈਆ । ਬੇਮੁਖ ਜੀਵ ਆਤਮ ਅੰਧ, ਹੋਏ ਮਾਤ ਨਾਦਾਨਿਆ । ਲੱਖ ਚੁਰਾਸੀ ਨਾ ਮੁੱਕਿਆ ਪੰਧ, ਹਰਿ ਗੇੜੇ ਗੇੜ ਦਵਾਨਿਆ । ਗੁਰ ਮੰਤਰ ਸ਼ਬਦ ਨਾ ਚੜ੍ਹਿਆ ਸਾਚਾ ਚੰਦ, ਮਿਲੇ ਮੇਲ ਨਾ ਸ੍ਰੀ ਭਗਵਾਨਿਆ । ਦੂਈ ਦਵੈਤੀ ਢਾਹੀ ਭਰਮਾਂ ਕੰਧ, ਮਗਰ ਲੱਗੇ ਪੰਜ ਸ਼ੈਤਾਨਿਆ । ਬਜਰ ਕਪਾਟੀ ਨਾ ਕੋਈ ਤੋੜੇ ਜੰਦ, ਨਾਮ ਖੰਡਾ ਨਾ ਕੋਈ ਵਖਾਨਿਆ । ਆਪੇ ਸੁੱਤਾ ਪ੍ਰਭ ਦੇ ਕਰ ਕੰਡ, ਆਤਮ ਸੇਜ ਹੰਢਾਨਿਆ । ਜਨ ਭਗਤਾਂ ਮੇਲਾ ਵਿਚ ਬ੍ਰਹਿਮੰਡ, ਜੇਰਜ ਅੰਡ ਵੇਖ ਵਖਾਨਿਆ । ਨਾਮ ਭੰਡਾਰਾ ਰਿਹਾ ਵੰਡ, ਕਲਜੁਗ ਤੇਰੀ ਅੰਤ ਨਿਸ਼ਾਨੀਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਕਰੇ ਖੰਡ ਖੰਡ, ਲਾੜੀ ਮੌਤ ਮੰਗੇ ਕੁਰਬਾਨੀਆ । ਸੋਹੰ ਖੰਡਾ ਤੇਜ ਚੰਡ ਪਰਚੰਡ, ਤਿੱਖੀ ਧਾਰ ਵਿਖਾਨਿਆ । ਘਰ ਘਰ ਦਿਸੇ ਨਾਰ ਰੰਡ, ਕੰਤ ਸੁਹਾਗ ਨਾ ਕੋਈ ਹੰਢਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖੇ ਘਰ, ਜੋਤੀ ਨੂਰ ਸ੍ਰੀ ਭਗਵਾਨਿਆ । ਕਲਜੁਗ ਤੇਰਾ ਕੂੜ ਪਸਾਰਾ, ਰੋ ਰੋ ਦਏ ਦੁਹਾਈਆ । ਲੱਖ ਚੁਰਾਸੀ ਆਈ ਹਾਰਾ, ਗੁਰ ਪੀਰ ਬੈਠੇ ਮੁਖ ਛੁਪਾਈਆ । ਦੇਵਤ ਮੁਨ ਨਾ ਕੋਈ ਪਾਵੇ ਸਾਰਾ, ਆਪ ਆਪਣਾ ਪੰਧ ਰਹੇ ਮੁਕਾਈਆ । ਵਿਸ਼ਨ ਸ਼ਿਵ ਬ੍ਰਹਮਾ ਗਣਪਤ ਨਾ ਕੋਈ ਦਵਾਰਾ, ਦਰ ਦਵਾਰੇ ਬੈਠੇ ਆਸਣ ਲਾਈਆ । ਪੰਡਤ ਪਾਂਧੇ ਨਾ ਵੇਦ ਵਿਚਾਰਾ, ਆਤਮ ਬ੍ਰਹਮ ਨਾ ਕੋਇ ਜਣਾਈਆ । ਖਾਣੀ ਬਾਣੀ ਭਰ ਭੰਡਾਰਾ, ਸਾਚੀ ਵਸਤ ਕਿਸੇ ਹੱਥ ਨਾ ਆਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰਾ, ਗੁਰ ਪੂਰਾ ਦਿਸ ਨਾ ਆਈਆ । ਮਾਇਆ ਰੁੱਲੇ ਤਨ ਹੰਕਾਰਾ, ਪੰਚਾਂ ਚੋਰਾਂ ਨਾਲ ਲੜਾਈਆ । ਹੱਥ ਨਾ ਫੜਿਆ ਤੇਜ ਕਟਾਰਾ, ਤਨ ਗਾਤਰੇ ਨਾ ਰਿਹਾ ਪਾਈਆ । ਮਿਲਿਆ ਮੇਲ ਨਾ ਕੰਤ ਭਤਾਰਾ, ਨਾ ਸਾਚੀ ਸੇਜ ਹੰਢਾਈਆ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚੇ ਜੋਤ ਪਰਗਟਾਈਆ । ਜੋਤ ਜਗਾਏ ਹਰਿ ਭਗਵੰਤਾ, ਕਲਜੁਗ ਦਏ ਦੁਹਾਈਆ । ਵੇਖ ਵਖਾਏ ਸਾਧਾਂ ਸੰਤਾਂ,

ਅੰਦਰ ਮੰਦਰ ਡੇਰਾ ਲਾਈਆ । ਇਕ ਇਕੱਲਾ ਆਪੇ ਕੰਤਾ, ਆਪਣੀ ਸੇਜ ਸੁਹਾਈਆ । ਦਸਮ ਦਵਾਰੀ ਬਣਾਏ ਬਣਤਾ, ਮਹੱਲ ਅਟੱਲ ਵਖਾਈਆ । ਰੱਖੇ ਭੇਵ ਅਗੰਮ ਅਗੰਮਤਾ, ਅਗੰਮੜਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਸਾਚਾ ਵਰ, ਸਾਚਾ ਰਾਹ ਵਖਾਈਆ । ਸਤਿਜੁਗ ਤੇਰਾ ਸਾਚਾ ਰਾਹ, ਏਕਾ ਏਕ ਵਿਖਾਨਿਆ । ਸ਼ਬਦ ਸਰੂਪੀ ਬਣ ਮਲਾਹ, ਪਾਰ ਕਰਾਏ ਦੋ ਜਹਾਨਿਆ । ਸੋਹੰ ਸ਼ਬਦ ਸਾਚਾ ਨਾਂ, ਚਾਰ ਵਰਨਾਂ ਇਕ ਵਖਾਨਿਆ । ਪਕੜ ਉਠਾਏ ਥਾਂ ਥਾਂ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੋ ਜਹਾਨਾਂ ਆਪ ਅਖਵਾਨਿਆ । ਤਿੱਖਾ ਮਾਰੇ ਤੀਰ ਨਿਸ਼ਾਨਾ, ਰਸਨਾ ਚਿੱਲੇ ਆਪ ਚੜ੍ਹਾਨਿਆ । ਵਾਲੀ ਹਿੰਦ ਉਠ ਨਾਦਾਨਾ, ਪ੍ਰਭ ਸੋਇਆ ਆਪ ਜਗਾਨਿਆ । ਪੰਚਮ ਜੇਠ ਲਾੜੀ ਮੌਤ ਬੰਨ੍ਹਣਾ ਗਾਨਾ, ਨਾ ਕੋਈ ਕਿਸੇ ਛੁਡਾਨਿਆ । ਕਰੇ ਖੇਲ ਸ੍ਰੀ ਭਗਵਾਨਾ, ਆਪ ਆਪਣੀ ਬਣਤ ਬਣਾਨਿਆ । ਧਰਤਮਾਤ ਤੇਰਾ ਇਕ ਮੈਦਾਨਾ, ਹੱਥੀਂ ਆਪਣੀ ਨੀਂਹ ਰਖਾਨਿਆ । ਮੇਟ ਮਿਟਾਏ ਪੰਜ ਸ਼ੈਤਾਨਾ, ਸੰਗ ਮੁਹੰਮਦ ਚਾਰ ਯਾਰ ਰਹਿਣ ਨਾ ਪਾਨਿਆ । ਈਸਾ ਮੂਸਾ ਮੇਟ ਮਿਟਾਨਾ, ਹਰਿ ਖਿਜਰੇ ਧਾਰ ਰੁੜ੍ਹਾਨਿਆ । ਅਲ੍ਹਾ ਹੂ ਦਰ ਪਰਵਾਨਾ, ਬਿਸਮਿਲਾ ਕਰ ਵਿਖਾਨਿਆ । ਤੂੰ ਮੈਂ ਤੂੰ ਗੁਣ ਨਿਧਾਨਾ, ਅਹਿਨਲ ਹੱਕ ਨਾਲ ਰਲਾਨਿਆ । ਗੋਬਿੰਦ ਗੁਰ ਤੇਰਾ ਘਰ ਪਰਵਾਨਾ, ਪ੍ਰਭ ਸਾਚਾ ਆਸਨ ਲਾਨਿਆ । ਆਪੇ ਵੇਖੇ ਮਾਰ ਧਿਆਨਾ, ਲੋਆਂ ਪੁਰੀਆਂ ਹੇਠ ਰਖਾਨਿਆ । ਸੁਰਪਤ ਤੇਰਾ ਲੇਖ ਲਿਖਾਨਾ, ਲੋਕਮਾਤੀ ਜਨਮ ਦਵਾਨਿਆ । ਛੋਟੇ ਬਾਲੇ ਮਾਣ ਦਵਾਨਾ, ਸ਼ਾਹ ਸੁਲਤਾਨ ਆਪ ਬਣਾਨਿਆ । ਦੋ ਜਹਾਨੀ ਬੰਨ੍ਹੇ ਬੇੜਾ, ਤੰਦਨ ਨਾਮ ਪਵਾਨਿਆ । ਆਪੇ ਮਰਦ ਹਰਿ ਮਰਦਾਨਾ, ਮਰਦੰਗਾ ਸ਼ਬਦ ਵਜਾਨਿਆ । ਚਾਰ ਕੁੰਟ ਵੇਖੇ ਭੁੱਖਾ ਨੰਗਾ, ਦਹਿ ਦਿਸ਼ਾ ਜੀਵ ਜੰਤ ਕੁਰਲਾਨਿਆ । ਨਾ ਕੋਈ ਧਾਰ ਵਹਾਏ ਗੋਦਾਵਰੀ ਗੰਗਾ, ਅਠ ਸਠ ਮੇਟ ਮਿਟਾਨਿਆ । ਚਿੱਟੇ ਅਸਵ ਸ਼ਬਦ ਘੋੜੇ ਕਸਿਆ ਤੰਗਾ, ਸੋਲਾਂ ਕਲੀਆਂ ਪ੍ਰਭ ਆਸਣ ਲਾਨਿਆ । ਲੋਆਂ ਪੁਰੀਆਂ ਆਪੇ ਲੰਘਾ, ਨੀਲਾ ਨੀਲੀ ਧਾਰੋਂ ਪਾਰ ਕਰਾਨਿਆ । ਮੰਦਰ ਅੰਦਰ ਇਕ ਮਹੱਲਾ, ਹਰਿ ਸਾਚੀ ਸੇਜ ਵਿਛਾਨਿਆ । ਲੱਖ ਚੁਰਾਸੀ ਵੇਖੇ ਪਰਖੇ ਮੰਦਾ ਚੰਗਾ, ਨਾਮ ਕਸਵਟੀ ਇਕ ਲਗਾਨਿਆ । ਜਨ ਭਗਤਾਂ ਦਰ ਦਵਾਰੇ ਆਪੇ ਲੰਘਾ, ਚਰਨ ਪ੍ਰੀਤੀ ਏਕਾ ਮੰਗ ਮੰਗਾਨਿਆ । ਚੇਤਰ ਸੱਤ ਨਾ ਉਬਲੇ ਰਤ, ਚਰਨ ਪ੍ਰੀਤੀ ਜਨ ਭਗਤਾਂ ਇਕ ਬੰਧਾਨਿਆ । ਸੋਹੰ ਤੇਰਾ ਚਲਾਏ ਰਥ, ਪਾਰਬ੍ਰਹਮ ਅਬਿਨਾਸ਼ੀ ਸਮਰਥ, ਅਕੱਥ ਕਥਾ ਵਖਾਨਿਆ । ਸ੍ਰਿਸ਼ਟ ਸਬਾਈ ਰਿਹਾ ਮਥ, ਅੰਤਮ ਲਹਿਣਾ ਦੇਣਾ ਮੂਲ ਚੁਕਾਏ ਸਾਢੇ ਤਿੰਨ ਤਿੰਨ ਹੱਥ, ਸਾਚੀ ਵੰਡ ਵੰਡਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਵਸਿਆ ਸਚ ਘਰ, ਘਰ ਸਾਚਾ ਇਕ ਸੁਹਾਨਿਆ । ਏਕੰਕਾਰ ਏਕ ਹੈ, ਏਕਾ ਰੂਪ ਸਮਾਏ । ਦੂਸਰ ਧਾਰਾ ਟੇਕ ਹੈ, ਹਰਿ ਸ਼ਬਦੀ ਰਿਹਾ ਜਣਾਏ । ਤੀਜੇ ਨੇਤਰ ਰਿਹਾ ਵੇਖ ਹੈ, ਏਕਾ ਏਕਾ ਰਖਾਏ । ਚੌਥੇ ਘਰ ਸ਼ਬਦ ਸੁਹੇਲੇ ਆਪੇ ਪੇਖ, ਹੈ, ਸਾਚਾ ਮੇਲ ਮਿਲਾਏ । ਪੰਚਮ ਘਰ ਹਰਿ ਵਿਸੇਖ ਹੈ, ਪੰਚਮ ਜੋੜ ਜੁੜਾਏ । ਛੇਵੇਂ ਦਰ ਨਾ ਕੋਈ ਲਿਖਤ ਲੇਖ ਹੈ, ਗੁਰ ਪੀਰ ਨਾ ਕੋਈ ਵਸਾਏ । ਘਰ ਸੱਤਵਾਂ ਆਪਣਾ ਵੇਖ ਹੈ, ਹਰਿ ਬੈਠਾ ਆਸਣ ਲਾਏ । ਸੱਤ ਚੇਤ ਏਕਾ ਟੇਕ ਹੈ, ਜਨ ਭਗਤਾਂ ਰਿਹਾ ਜਣਾਏ । ਜੁਗ ਜੁਗ ਲਿਖਣਹਾਰਾ ਲੇਖ ਹੈ, ਆਪੇ ਲੇਖਾ ਰਿਹਾ ਗਿਣਾਏ । ਆਪੇ ਜਾਣੇ ਧਾਰੀ ਕੇਸ ਹੈ, ਮੂੰਡ ਮੁੰਡਾਏ ਭੇਵ ਨਾ ਰਾਏ । ਆਪੇ ਦਾਤਾ ਨਰ ਨਰੇਸ਼ ਹੈ, ਜੀਵਾਂ ਜੰਤਾਂ ਦੇਵੇ ਰਿਜਕ ਸਬਾਏ । ਅੰਤਮ ਮੇਟੇ ਕਲਜੁਗ ਤੇਰੀ ਕਾਲੀ ਰੇਖ ਹੈ,

ਲਹਿਣਾ ਦੇਣਾ ਮੂਲ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਕਰਮ ਕਮਾਏ । ਆਪਣੀ ਕਾਰ ਆਪ ਕਮਾਏ, ਆਪਣੇ ਹੱਥ ਰੱਖੀ ਵਡਿਆਈਆ । ਗੁਰਮੁਖ ਸਾਚੇ ਲਾਏ, ਰਸਨਾ ਜਿਹਵਾ ਰਿਹਾ ਹਿਲਾਈਆ । ਦੇਵੀ ਦੇਵਾ ਆਪ ਹੋ ਜਾਏ, ਆਪ ਆਪਣਾ ਰੂਪ ਵਟਾਈਆ । ਕੌਸਤਕ ਮਣੀਆਂ ਮਸਤਕ ਥੇਵਾ ਇਕ ਲਗਾਏ, ਨਿਰਮਲ ਜੋਤੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਰਿਹਾ ਜਗਾਏ । ਗੁਰਮੁਖ ਸਾਚੇ ਆਪ ਉਠਾਏ, ਵੇਖੇ ਦਰ ਦਵਾਰਿਆ । ਗੋਬਿੰਦ ਕਾਇਆ ਡੇਰਾ ਲਾਏ, ਹਰਿ ਦਾਤਾ ਨਰ ਨਿਰੰਕਾਰਿਆ । ਸ਼ਬਦ ਸਰੂਪੀ ਘੇਰਾ ਇਕ ਰਖਾਏ, ਆਪੇ ਦੇਵੇ ਪਹਿਰਿਆ । ਸਾਚੇ ਮੀਤਾ ਮਾਣ ਦਵਾਏ, ਕਲਜੁਗ ਅੰਤਮ ਲਏ ਅਵਤਾਰਿਆ । ਈਸਾ ਮੂਸਾ ਦਏ ਮਿਟਾਏ, ਨਬੀ ਰਸੂਲਾਂ ਵਕਤ ਚੁਕਾ ਰਿਹਾ । ਖਾਲੀ ਖੀਸਾ ਸਰਬ ਰਖਾਏ, ਤ੍ਰੈਗੁਣ ਮਾਇਆ ਮੇਟ ਮਿਟਾ ਰਿਹਾ । ਛਤਰ ਸੀਸਾ ਨਾ ਕੋਈ ਝੁਲਾਏ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਫਿਰਾ ਰਿਹਾ । ਰਾਗ ਛਤੀਸਾ ਨਾ ਕੋਈ ਗਾਏ, ਕਲਜੁਗ ਵੇਲਾ ਅੰਤ ਕੁਰਲਾ ਰਿਹਾ । ਵੇਦ ਪੁਰਾਨਾਂ ਨਾ ਕੋਈ ਉਠਾਏ, ਪੰਡਤ ਪਾਂਧੇ ਮੁਖ ਭਵਾ ਰਿਹਾ । ਅੰਜੀਲ ਕੁਰਾਨ ਕਿਸੇ ਹੱਥ ਨਾ ਆਏ, ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਬੇਐਬ ਪਰਵਰਦਿਗਾਰ ਸ਼ਾਹ ਹਕੀਰ ਲੱਬੇ ਚੀਰ, ਹਰਿ ਖ਼ਾਕ ਰਲਾ ਰਿਹਾ । ਭਗਤ ਜਨਾਂ ਦਰ ਸਾਂਝਾ ਯਾਰ, ਜੁਗੋ ਜੁਗ ਅਖਵਾ ਰਿਹਾ । ਆਪੇ ਬਣੇ ਦਰ ਭਿਖਾਰ, ਨਿਹਕਲੰਕ ਲਏ ਅਵਤਾਰ, ਸ਼ਬਦ ਡੰਕਾ ਇਕ ਵਜਾ ਰਿਹਾ । ਰਾਓ ਰੰਕਾਂ ਕਰੇ ਖ਼ਬਰਦਾਰ, ਚਾਰ ਵਰਨਾਂ ਹਰਿ ਜਣਾ ਰਿਹਾ । ਏਕਾ ਸਰਨਾ ਏਕਾ ਵਾਰ, ਦੂਸਰ ਕੋਈ ਨਾ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਤਕਾ ਰਿਹਾ । ਆਪਣਾ ਰਾਹ ਆਪ ਤਕਾਏ, ਆਪਣੀ ਖੇਲ ਖਿਲਾਈਆ । ਨਾਨਕ ਗੋਬਿੰਦ ਗਿਆ ਗਾਏ, ਦਿਵਸ ਰੈਣ ਸਹਾਈਆ । ਮੰਗੀ ਇਕ ਸ਼ਰਨਾਏ, ਲੱਖ ਚੁਰਾਸੀ ਲਏ ਪਰਨਾਈਆ । ਖੰਡ ਬ੍ਰਹਿਮੰਡ ਕੋਈ ਰਹਿਣ ਨਾ ਪਾਏ, ਦੇਵਣਹਾਰਾ ਡੰਡ ਸਬਾਈਆ । ਮਨਮੁਖ ਜੀਵਾਂ ਅੰਤਮ ਕੰਡ ਵਢਾਏ, ਗਲ ਪਾਏ ਧਰਮ ਰਾਏ ਦੀ ਫਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਐੜਾ ਅੱਖਰ ਅੱਲਾ ਨੂਰ, ਹਰਿ ਹਜ਼ੂਰ ਜੋਤੀ ਕੋਹਤੂਰ, ਨੈਣਾਂ ਦੇਵੀ ਆਪ ਜਗਾਈਆ । ਜੋਤੀ ਨੂਰ ਹਰਿ ਨਿਰੰਤਰਾ, ਏਕਾ ਜੋਤ ਅਕਾਲੀਆ । ਕਲਜੁਗ ਲਾਏ ਅੰਤਮ ਘਰ ਘਰ ਬਸੰਤਰਾ, ਧਰਮ ਰਾਏ ਵੇਖੇ ਲੱਗੀ ਦਿਵਾਲੀਆ । ਨਾ ਕੋਈ ਕੰਤ ਨਾਰ ਹੰਢਾਏ, ਨਾ ਕੋਈ ਸੁਹਾਗ ਸੁਹਾਗਣ ਵਖਾਏ, ਨਾ ਕੋਈ ਪੜ੍ਹੇ ਮੰਤਰ ਮੰਤਰਾ, ਨਾ ਕੋਈ ਦਿਸੇ ਦਰ ਸਵਾਲੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਧਾਰ ਵਹੰਤਰਾ । ਸ਼ਬਦ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਸੋ ਪੁਰਖ ਨਿਰੰਜਣ ਪਾਵੇ ਸਾਰ, ਹਾਹਾ ਨਾਲ ਰਲਾਈਆ । ਹਉਮੇ ਹੰਗਤਾ ਦੇਵੇ ਮਾਰ, ਜੀਵਾਂ ਜੰਤਾਂ ਰਿਹਾ ਸਮਝਾਈਆ । ਸਾਚੀ ਸੰਗਤਾ ਕਰ ਤਿਅਰ, ਸੰਮਤ ਚੌਦਾਂ ਵੇਖ ਵਖਾਈਆ । ਪਹਿਲੀ ਚੇਤਰ ਦਿਵਸ ਵਿਚਾਰ, ਆਪ ਆਪਣੇ ਆਸਣ ਬੈਠਾ ਹਰਿ ਰਘੁਰਾਈਆ । ਸੋਲਾਂ ਕਰ ਤਨ ਸ਼ਿੰਗਾਰ, ਆਪ ਆਪਣਾ ਮੁਖ ਭਵਾਈਆ । ਲੋਆਂ ਪੁਰੀਆਂ ਵਸਿਆ ਬਾਹਰ, ਗੁਰਮੁਖਾਂ ਹਿਰਦੇ ਵਿਚ ਸਮਾਈਆ । ਆਪੇ ਬਖ਼ਸ਼ੇ ਚਰਨ ਪਿਆਰ, ਅੰਮ੍ਰਿਤ ਧਾਰਾ ਮੁਖ ਚੁਆਈਆ । ਨੇਤਰ ਨੈਣ ਦਏ ਉਘਾੜ, ਨੈਣ ਕੱਜਲ ਸਾਚਾ ਨਾਉਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਮੇਲ ਮਿਲਾਏ ਜੂਠੇ ਝੂਠੇ ਅੰਤਮ ਖ਼ੁਸ਼ੀ ਮਨਾਈਆ । ਕਲਜੁਗ ਤੇਰਾ ਸਾਚਾ ਸੱਜਣ, ਏਕਾ ਮੀਤ ਮੁਰਾਰਿਆ । ਤੂੰ


੪੭੨
੦੬

੪੭੩
੦੬

ਬਣਨਾ ਸਾਚਾ ਹਾਜੀ ਹੱਜਨ, ਵੇਖਣ ਇਕ ਦਵਾਰਿਆ । ਲੱਖ ਚੁਰਾਸੀ ਦਰ ਦਰ ਘਰ ਘਰ ਛੱਡ ਛੱਡ ਭੱਜਣ, ਸਰ ਸਰੋਵਰ ਮਛ ਕਛ ਵਰੋਲੇ ਵਾਂਗ ਮਧਾਣਿਆ । ਮੁਖ ਛੁਪਾਇਣ ਰਵ ਸਸ, ਤਾਰਾ ਮੰਡਲ ਦਏ ਦੁਹਾਈਆ । ਬ੍ਰਹਮਾ ਵੇਖੇ ਨੱਸ ਨੱਸ, ਅੱਠੇ ਪਹਿਰ ਨੈਣ ਖੁਲ੍ਹਾਈਆ । ਵਿਸ਼ਨੂੰ ਰਾਹ ਦੱਸ ਦੱਸ, ਆਪਣੀ ਸੇਵ ਕਮਾਈਆ । ਸ਼ਿਵ ਸ਼ੰਕਰ ਤਲੀਆਂ ਹਰਿ ਝੱਸ ਝੱਸ, ਜਟਾ ਜੂਟ ਧੂੜ ਰਮਾਈਆ । ਸੁਰਪਤ ਰਾਜਾ ਇੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਮੇਟ ਮਿਟਾਈਆ । ਅੰਤਮ ਮਿਟੇ ਕਲ ਪਸਾਰ, ਕੂੜੀ ਰੈਣ ਅੰਧੇਰਿਆ । ਚਾਰੋਂ ਕੁੰਟ ਧੂੰਆਂਧਾਰ, ਨਾ ਕੋਈ ਦਿਸੇ ਸੰਞ ਸਵੇਰਿਆ । ਜੁਗ ਜੁਗ ਗੁਰ ਪੀਰ ਲਏ ਮਾਤ ਅਵਤਾਰ, ਆਪ ਆਪਣੀ ਵੇਰਿਆ । ਪੰਜ ਤਤ ਛੱਡਣਾ ਪੈਣਾ ਨਾ ਕੋਈ ਮੀਤ ਮੁਰਾਰ, ਗਏ ਮਾਰ ਉਡਾਰਿਆ । ਸਾਚੀ ਸਿੱਖ ਮਤ ਰਹਿ ਜਾਏ ਸੰਸਾਰ, ਗੁਰ ਬਣੇ ਲੇਖ ਲਿਖਾਰਿਆ । ਅੰਤਮ ਵਰ ਬੀਜੇ ਬੀਜ ਸਾਚੇ ਵਤ, ਆਪ ਸਿੰਚੇ ਤਨ ਕਿਆਰਿਆ । ਗੁਰਮੁਖ ਵਿਰਲੇ ਹਿਰਦੇ ਜਾਏ ਰਚ, ਮਨਮੁਖ ਭੁੱਲੇ ਨੌ ਦਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਪਰਗਟ ਹੋਵੇ ਵਡ ਸੰਸਾਰਿਆ । ਵਡ ਸੰਸਾਰੀ ਹਰਿ ਨਿਰੰਕਾਰੀ, ਜੁਗੋ ਜੁਗ ਅਖਵਾਇਆ । ਰਾਮਾ ਕ੍ਰਿਸ਼ਨਾ ਰਾਵਣ ਕੰਸਾ ਬਣ ਹੰਕਾਰੀ, ਆਪਣੀ ਬਣਤ ਬਣਾਇਆ । ਜੋਤ ਜਗਾਏ ਨਾਨਕ ਨਿਰੰਕਾਰੀ, ਨਿਰਗੁਣ ਸੇਵਾ ਲਾਇਆ । ਸ਼ਬਦ ਖੰਡਾ ਤੇਜ ਕਟਾਰੀ, ਗੋਬਿੰਦ ਹੱਥ ਫੜਾਇਆ । ਦੋਏ ਜੋੜ ਕਰੇ ਨਿਮਸਕਾਰੀ, ਗੁਰ ਗੋਬਿੰਦੇ ਸੀਸ ਝੁਕਾਇਆ । ਮੰਗੇ ਮੰਗ ਬਣ ਭਿਖਾਰੀ, ਆਪਣਾ ਪੱਲੂ ਅੱਗੇ ਡਾਹਿਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰੀ, ਸੀਸ ਆਪਣਾ ਹੱਥ ਰਖਾਇਆ । ਮਾਤਲੋਕ ਤੇਰੀ ਪਾਵੇ ਸਾਰੀ, ਸਾਚਾ ਧਰਮ ਚਲਾਇਆ । ਚਾਰ ਵਰਨਾਂ ਕਰੇ ਖ਼ਬਰਦਾਰੀ, ਊਚਾਂ ਨੀਚਾਂ ਏਕਾ ਰੰਗ ਰੰਗਾਇਆ । ਆਪੇ ਦੇਵਣਹਾਰਾ ਪਹਿਰੇਦਾਰੀ, ਪੁਰੀ ਅਨੰਦ ਧਾਮ ਸੁਹਾਇਆ । ਪੁਰੀ ਅਨੰਦ ਪੰਚਮ ਅੱਖਰ ਕਰੇ ਵਿਚਾਰੀ, ਐੜੇ ਅੱਖਰ ਅੱਖ ਉਘਾੜੀ, ਨੱਨਾ ਨਿਰਗੁਣ ਖੇਲ ਇਕ ਅਪਾਰੀ, ਦੱਦਾ ਦੁਸ਼ਟ ਮੁਕਾਇਆ । ਪੱਪਾ ਪੁਰਖ ਹਰਿ ਸੁਲਤਾਨਾ, ਰਾਮ ਰਹੀਮ ਰਹਿਮਾਨਾ, ਮਗਰ ਬੈਠਾ ਆਸਣ ਲਾਇਆ । ਧਰਮ ਝੁਲਾਏ ਇਕ ਨਿਸ਼ਾਨਾ, ਆਪਣੀ ਹੱਥੀਂ ਰਿਹਾ ਰੰਗਾਇਆ । ਪੂਤ ਸਪੂਤਾ ਹੱਥੀਂ ਬੰਨ੍ਹੇ ਗਾਨਾ, ਗੁਰਮੁਖ ਤੰਦ ਬੰਨ੍ਹਾਇਆ । ਮਨਮੁਖ ਭੁੱਲੇ ਜੀਵ ਨਾਦਾਨਾ, ਗੁਰ ਪੂਰਾ ਦਿਸ ਨਾ ਆਇਆ । ਮਦਿਰਾ ਮਾਸ ਕਰਨ ਪਾਨਾ, ਹਰਿ ਮੰਦਰ ਅੰਦਰ ਚੋਰਾਂ ਯਾਰਾਂ ਡੇਰਾ ਲਾਇਆ । ਅੱਠੇ ਪਹਿਰ ਸੁਣਨ ਤਰਾਨਾ, ਆਤਮ ਧੁਨ ਨਾ ਕੋਇ ਵਜਾਇਆ । ਨਾ ਕੋਈ ਗਾਏ ਰਾਗ ਰਾਗਨੀ ਬਾਣੀ ਬਾਨਾ, ਸ਼ਬਦ ਸੁਰਤ ਨਾ ਕੋਈ ਮਨਾਇਆ । ਜੋਤ ਪਰਕਾਸ਼ੀ ਨਾ ਹੋਏ ਕੋਟਨ ਭਾਨਾ, ਜੂਠਾ ਝੂਠਾ ਦੀਪ ਇਕ ਜਗਾਇਆ । ਲਾੜੀ ਮੌਤ ਮੰਗੇ ਵਰ ਦਰ ਭਗਵਾਨਾ, ਧਰਮ ਰਾਏ ਨਾਲ ਰਲਾਇਆ । ਚਿਤਰ ਗੁਪਤ ਬਾਲ ਨਾਦਾਨਾ, ਰੋ ਰੋ ਰਿਹਾ ਕੁਰਲਾਇਆ । ਧਰਤਮਾਤ ਨੇਤਰ ਨੀਰ ਵਹਾਨਾ, ਦਰ ਬੈਠੀ ਮੁਖ ਛੁਪਾਇਆ । ਬ੍ਰਹਮਾ ਕਰੇ ਚਾਰੇ ਵੇਦ ਕਲਿਆਨਾ, ਪ੍ਰਭ ਸਾਚੇ ਭੇਵ ਨਾ ਰਾਇਆ । ਸ਼ਬਦ ਤ੍ਰਿਸੂਲ ਇਕ ਉਠਾਨਾ, ਸਿਰ ਧੂੜੀ ਖ਼ਾਕ ਰਮਾਇਆ । ਸੁਰਪਤ ਰਾਜਾ ਇੰਦ ਮੰਗੇ ਵਰ ਦਿਵਾਨਾ, ਪ੍ਰਭ ਸਾਚੀ ਸੇਵਾ ਲਾਇਆ । ਕਰੋੜ ਤੇਤੀਸ ਸਿਰ ਝੁਕਾਨਾ, ਅੰਮ੍ਰਿਤ ਜਾਮ ਪਿਆਇਆ । ਲੋਆਂ ਪੁਰੀਆਂ ਆਪ ਉਪਜਾਏ ਹਰਿ ਭਗਵਾਨਾ, ਵੇਖਣਹਾਰ ਆਪ ਅਖਵਾਇਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਝੁੱਲੇ ਝੂਠ ਦੁਕਾਨਾਂ, ਸਚ ਵਸਤ ਨਾ ਕੋਇ ਰਖਾਇਆ । ਸਾਧ ਸੰਤ ਭਰਮੇ ਭੁਲੇ ਮਾਇਆ ਰੁੱਲੇ ਵੱਡ ਵਿਦਵਾਨਾ, ਗਿਆਨੀ ਧਿਆਨੀ ਭੇਵ ਨਾ ਪਾਇਆ ।

ਆਪਣਾ ਆਪ ਅੱਗੇ ਧਰ ਪੰਜ ਸ਼ੈਤਾਨਾਂ, ਦਰ ਬੈਠੇ ਸੀਸ ਝੁਕਾਇਆ । ਮਿਲਿਆ ਮੇਲ ਨਾ ਹਰਿ ਸੁਲਤਾਨਾਂ, ਦਰ ਬੈਠਾ ਆਸਣ ਲਾਇਆ । ਗੋਬਿੰਦ ਗੁਰ ਵਡ ਬਲੀ ਬਲਵਾਨਾ, ਗੁਰਮੁਖਾਂ ਵਿਛੜ ਨਾ ਜਾਇਆ । ਕਲਜੁਗ ਤੇਰਾ ਮੂਲ ਪਛਾਨਾ, ਆਪ ਆਪਣਾ ਭੇਖ ਵਟਾਇਆ । ਨਿਹਕਲੰਕੀ ਪਹਿਰਿਆ ਬਾਨਾ, ਰੂਪ ਅਨੂਪਾ ਆਪ ਹੋ ਆਇਆ । ਪਕੜ ਉਠਾਏ ਰਾਜ ਰਾਜਾਨਾਂ, ਸ਼ਾਹ ਸੁਲਤਾਨਾਂ ਰਿਹਾ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਰਿਹਾ ਕਰਾਇਆ । ਕਲਜੁਗ ਤੇਰਾ ਅੰਤ ਮੈਦਾਨਾ, ਨੌ ਖੰਡ ਪ੍ਰਿਥਮੀ ਕਰਾਇੰਦਾ । ਧਰਤਮਾਤ ਤੇਰਾ ਇਕ ਮੈਦਾਨਾ, ਹਰਿ ਸਾਚਾ ਆਪ ਬਣਾਇੰਦਾ । ਲੇਖਾ ਲਿਖੇ ਜਗ ਮਹਾਨਾ, ਗੋਬਿੰਦ ਸੇਵ ਕਮਾਇੰਦਾ । ਖਾਣੀ ਬਾਣੀ ਹੋਈ ਹੈਰਾਨਾ, ਦਿਸ ਕਿਸੇ ਨਾ ਆਇੰਦਾ । ਵੇਦ ਪੁਰਾਨਾਂ ਪੜ੍ਹ ਪੜ੍ਹ ਥੱਕੇ ਰਸਨਾ ਬਹਿ ਬਹਿ ਗਾਨਾ, ਪਾਰਬ੍ਰਹਮ ਨਾ ਕੋਈ ਮਿਲਾਇੰਦਾ । ਅੰਜੀਲ ਕੁਰਾਨ ਕੁਰਾਨ ਅੰਜੀਲ ਇਕ ਮਕਾਨਾ, ਮਾਇਆ ਮਮਤਾ ਮੋਹ ਚੁਕਾਇੰਦਾ । ਧਰਮ ਨਾ ਝੁੱਲੇ ਕੋਈ ਨਿਸ਼ਾਨਾ, ਸਚ ਰੰਗ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਿਖਿਆ ਲੇਖ ਮਿਟਾਇੰਦਾ । ਕਲਜੁਗ ਤੇਰਾ ਲੇਖ ਚੁਕਾਵਣਾ, ਜੁਗ ਜੁਗ ਸਾਚੀ ਰੀਤਾ । ਸਾਚਾ ਸ਼ਬਦ ਸਾਚਾ ਮਾਰਗ ਲਾਵਣਾ, ਏਕਾ ਸ਼ਬਦ ਸੁਣਾਏ ਸੋਹੰ, ਗਿਆਰਾਂ ਧਿਆਏ ਮਾਣ ਗੀਤਾ । ਸੋ ਮਿਟਾਏ ਏਕਾ ਦੋਅੰ, ਹਰਿਜਨ ਕਰੇ ਪਤਤ ਪੁਨੀਤਾ । ਸਾਚਾ ਜਾਪ ਸੋਹੰ ਸੋਹੰ, ਮਨ ਤਨ ਕਰੇ ਸੀਤਲ ਸੀਤਾ । ਹਰਿਜਨ ਹਰਿ ਦਰ ਨਾ ਜਾਣੇ ਦੋਅੰ, ਰਸ ਰਸਨਾ ਗਾਇਆ ਬੈਠ ਅਤੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਏਕਾ ਬਖ਼ਸ਼ੇ ਚਰਨ ਪ੍ਰੀਤਾ । ਚਰਨ ਪ੍ਰੀਤੀ ਸਾਚਾ ਨਾਤ, ਆਪਣਾ ਆਪ ਬੰਧਾਈਆ । ਸਾਚਾ ਮੇਲਾ ਪੁਰਖ ਬਿਧਾਤ, ਵਿਛੜ ਕਦੇ ਨਾ ਜਾਈਆ । ਕਲਜੁਗ ਰੈਣ ਅੰਧੇਰੀ ਰਾਤ, ਬੈਠੀ ਪੜਦਾ ਪਾਈਆ । ਨਾ ਕੋਈ ਪਿਤ ਨਾ ਕੋਈ ਮਾਤ, ਭੈਣ ਭਾਈ ਸਾਕ ਸੱਜਣ ਸੈਣ ਅੰਤ ਰਹਿਣ ਨਾ ਪਾਈਆ । ਮਨਮੁਖ ਜੀਵ ਭੁੱਲੇ ਮਾਇਆ ਵਹਿਣ, ਡੂੰਘੀ ਧਾਰ ਵਹਾਈਆ । ਜਨ ਭਗਤਾਂ ਚੁਕਾਏ ਲਹਿਣ ਦੇਣ, ਲਹਿਣਾ ਦੇਣਾ ਰਿਹਾ ਚੁਕਾਈਆ । ਰਸਨਾ ਕਿਸੇ ਨਾ ਸਕੇ ਕਹਿਣ, ਹਰਿ ਹੱਥ ਰੱਖੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਏਕਾ ਡੰਕਾ ਹਰਿ ਨਿਰੰਕਾਰਾ, ਆਪਣਾ ਆਪ ਵਜਾਇਆ । ਨੌ ਖੰਡ ਪ੍ਰਿਥਮੀ ਕਰੇ ਖ਼ਬਰਦਾਰਾ, ਸੰਮਤ ਚੌਦਾਂ ਰਿਹਾ ਜਗਾਇਆ । ਦੀਪਾਂ ਲੋਆਂ ਦਏ ਹੁਲਾਰਾ, ਬ੍ਰਹਿਮੰਡਾਂ ਰਿਹਾ ਡੁਲਾਇਆ । ਜੇਰਜ ਅੰਡਾਂ ਉਤਭੁਜ ਸੇਤਜ ਵੇਖ ਵਖਾਇਆ । ਆਪੇ ਹੋਏ ਨਾਰੀ ਨਾਰਾ, ਕੰਤ ਭਤਾਰੀ ਆਪ ਹੋ ਆਇਆ । ਕਲਜੁਗ ਭੁੱਲੇ ਭਰਮ ਗਵਾਰਾ, ਭਰਮ ਗੜ੍ਹ ਨਾ ਕੋਈ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਮੰਦਰ ਆਪੇ ਵੜ, ਬੈਠਾ ਆਸਣ ਲਾਇਆ । ਸਾਚਾ ਮੰਦਰ ਇਕ ਇਕੇਲਾ, ਹਰਿ ਏਕਾ ਏਕ ਸੁਹਾਇੰਦਾ । ਜੋਤੀ ਸ਼ਬਦੀ ਸਾਚਾ ਮੇਲਾ, ਸਾਚੀ ਬਣਤ ਬਣਾਇੰਦਾ । ਜੁਗ ਜੁਗ ਹੋਏ ਭਗਤ ਸੁਹੇਲਾ, ਆਦਿ ਜੁਗਾਦੀ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖੇ ਮੇਲਾ, ਅੰਤਮ ਮੇਲ ਮਿਲਾਇੰਦਾ । ਕਲਜੁਗ ਤੇਰਾ ਅੰਤਮ ਮੇਲਾ, ਸੰਮਤ ਸੋਲਾਂ ਰਿਹਾ ਵਖਾਈਆ । ਨਾ ਕੋਈ ਦਿਸੇ ਗੁਰ ਚੇਲਾ, ਚਵਰ ਸੀਸ ਸ਼ਬਦ ਨਾ ਕੋਈ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਵੇਖੇ ਸਹਿਜ ਸੁਭਾਈਆ ।

੪੭੪
੦੬

੪੭੫
੦੬

ਮਿਹਰਵਾਨ ਸਮਰਥ, ਆਪਣੀ ਕਲ ਵਰਤਾਈਆ । ਜੁਗ ਜੁਗ ਚਲਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾਈਆ । ਲੱਖ ਚੁਰਾਸੀ ਪਾਏ ਨੱਥ, ਡੋਰ ਆਪੇ ਰਿਹਾ ਉਠਾਈਆ । ਮਹਿੰਮਾ ਸ਼ਬਦ ਚਲਾਏ ਅਕਥਨਾ ਅਕੱਥ, ਆਪਣੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਚੌਥੇ ਪਾਰ ਕਰਾਈਆ । ਚੌਥਾ ਜੁਗ ਚਾਰ ਦਿਵਾਰੀ, ਅੰਤਮ ਢਹਿ ਢਹਿ ਢੇਰਿਆ । ਵਰਨਾਂ ਬਰਨਾਂ ਸਭ ਹੋਏ ਖ਼ੁਆਰੀ, ਨਾ ਕੋਈ ਤਾਰੇ ਕਰ ਕਰ ਮਿਹਰਿਆ । ਲਹਿਣਾ ਦੇਣਾ ਚੁੱਕੇ ਚਾਰ ਯਾਰੀ, ਪੰਚਮ ਦੇਵੇ ਪਹਿਰਿਆ । ਨਾਮ ਉਡੇ ਸਚ ਉਡਾਰੀ, ਨੌ ਖੰਡ ਪ੍ਰਿਥਮੀ ਪਾਵੇ ਘੇਰਿਆ । ਕਰੇ ਕਰਾਏ ਖ਼ਬਰਦਾਰੀ, ਸਿੰਘ ਸ਼ੇਰ ਸ਼ੇਰ ਦਲੇਰਿਆ । ਏਕਾ ਖੰਡਾ ਰਿਹਾ ਉਭਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਹੱਕ ਨਿਬੇੜਿਆ । ਕਲਜੁਗ ਕਰੇ ਹੱਕ ਨਿਬੇੜਾ, ਆਪੇ ਵੇਖ ਵਿਖਾਇੰਦਾ । ਆਪਣੀ ਹੱਥੀਂ ਦੇਵੇ ਗੇੜਾ, ਔਲੀਏ ਪੀਰ ਸ਼ੇਖ਼ ਮਿਟਾਇੰਦਾ । ਕੋਈ ਨਾ ਦਿਸੇ ਨਗਰ ਖੇੜਾ, ਕਾਇਆ ਕੁੱਲੇ ਅਗਨੀ ਆਪ ਲਗਾਇੰਦਾ । ਧਰਤਮਾਤ ਤੇਰਾ ਖੁਲ੍ਹਾ ਵਿਹੜਾ, ਹਰਿ ਸਾਚਾ ਆਪ ਕਰਾਇੰਦਾ । ਤ੍ਰੈ ਦੇਸ਼ਾਂ ਰਿਹਾ ਭੇੜ ਭੇੜਾ, ਆਪਣੀ ਬਣਤ ਬਣਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਜੜ੍ਹ ਉਖੇੜਾ, ਆਪੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਦੀਨਾ ਮੱਕਾ ਵੇਖ ਵਖਾਇੰਦਾ । ਸੰਮਤ ਚੌਦਾਂ ਗੁਰਮੁਖਾਂ ਧੀਰ ਧਰਾਏ । ਚੌਦਾਂ ਤਬਕਾਂ ਏਕਾ ਸਬਕਾ, ਹਰਿ ਸਾਚਾ ਰਿਹਾ ਪੜ੍ਹਾਏ । ਲੇਖਾ ਚੁੱਕੇ ਨਬੀ ਰਸੂਲ ਕਾ, ਪੀਰ ਫ਼ਕੀਰਾਂ ਰਿਹਾ ਸੁਣਾਏ । ਅੰਤਮ ਲਹਿਣਾ ਦੇਣਾ ਚੁਕਾ ਸਭੀ ਕਾ, ਮੂਲ ਰਹਿਣ ਨਾ ਪਾਏ । ਮੇਲੇ ਮੇਲ ਦੋ ਦੋ ਆਬ ਅਬੀ ਕਾ, ਨਾ ਕੋਈ ਵੇਖ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਰਿਹਾ ਮੁਕਾਏ । ਲਹਿਣਾ ਦੇਣਾ ਸੰਗ ਮੁਹੰਮਦ ਚਾਰ ਯਾਰੀ, ਰਿਹਾ ਚੁਕਾਈਆ । ਅੱਲਾ ਰਾਣੀ ਕਰ ਪਿਆਰੀ, ਏਕਾ ਚੁੰਨੀ ਸੀਸ ਟਿਕਾਈਆ । ਉਨੀ ਉਨੀਸੇ ਕਰੇ ਖ਼ਬਰਦਾਰੀ, ਈਸਾ ਮੂਸਾ ਮੁਖ ਛੁਪਾਈਆ । ਅੰਜੀਲ ਕੁਰਾਨਾਂ ਆਈ ਹਾਰੀ, ਸਚ ਹਦੀਸ ਨਾ ਕੋਇ ਪੜ੍ਹਾਈਆ । ਬੀਸ ਬੀਸੇ ਜੋਤ ਨਿਰੰਕਾਰੀ, ਵੇਖੇ ਖੇਲ ਸਭ ਸਭ ਥਾਈਂਆ । ਦਿੱਲੀ ਤਖ਼ਤ ਵਡ ਦਰਬਾਰੀ, ਹਰਿ ਬੈਠੇ ਆਸਣ ਲਾਈਆ । ਪੰਚਮ ਸਿੱਖਾਂ ਕਰ ਸ਼ਿੰਗਾਰੀ, ਬਸਤਰ ਬੈਠਾ ਤਨ ਪਹਿਨਾਈਆ । ਸੋਹੰ ਬੰਨ੍ਹੇ ਸਾਚੀ ਧਾਰੀ, ਸਤਿ ਪੁਰਖ ਨਿਰੰਜਣ ਸੇਵਾਦਾਰ ਮਾਤ ਬਣਾਈਆ । ਚਾਰ ਵਰਨ ਕਰਾਏ ਇਕ ਜੈਕਾਰੀ, ਆਪਣਾ ਆਪ ਰਿਹਾ ਸਿਖਾਈਆ । ਕਲਜੁਗ ਮਿਟੇ ਕੂੜ ਪਸਾਰੀ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਸਤਿਜੁਗ ਸਾਚਾ ਹੋਏ ਉਜਿਆਰੀ, ਗੁਰਮੁਖਾਂ ਰਿਹਾ ਜਗਾਈਆ । ਗੁਰਮੁਖਾਂ ਕਰਾਏ ਇਕ ਪਿਆਰੀ, ਦੇ ਮਤ ਰਿਹਾ ਸਮਝਾਈਆ । ਚਰਨ ਕਵਲ ਹੋਏ ਪਾਰ ਉਤਾਰੀ, ਦਿਵਸ ਰੈਣ ਸੇਵ ਕਮਾਈਆ । ਅੰਮ੍ਰਿਤ ਆਤਮ ਪੀਣਾ ਠੰਢੀ ਠਾਰੀ, ਸਰ ਸਰੋਵਰ ਕੋਈ ਦਿਸ ਨਾ ਆਈਆ । ਆਪ ਉਠਾਏ ਦਇਆ ਕਮਾਏ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਰਿਹਾ ਉਠਾਈਆ । ਬਹੱਤਰ ਨਾੜੀ ਵਜਾਏ ਤਾੜੀ, ਅਨਹਦ ਸਾਚਾ ਰਾਗ ਅਲਾਈਆ । ਇਕ ਵਖਾਏ ਧਰਮ ਅਖਾੜੀ, ਦਸਮ ਦਵਾਰੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਤੇਰਾ ਦਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਰਿਹਾ ਵਖਾਈਆ । ਗੁਰਮੁਖ ਤੇਰਾ ਸਾਚਾ ਦਰ, ਲੋਕਮਾਤ ਉਪਾਇਆ । ਮੰਗਣ ਆਇਆ ਬਣ ਭਿਖਾਰਾ, ਵੇਸੀ ਵੇਸ ਕਰੇਂਦਾ ਆਇਆ । ਗੋਬਿੰਦ ਡੱਲਾ ਕਰ ਪਿਆਰਾ, ਬਸਤਰ ਪੀਲਾ ਆਪ ਕਰਾਇਆ । ਵਸਦਾ ਰਹੇ ਇਕ ਮਹੱਲਾ, ਪ੍ਰਭ ਸਾਚੇ ਚਰਨ ਛੁਹਾਇਆ ।

ਚਾਰੋਂ ਕੁੰਟ ਜਲ ਥਲਾ, ਸੰਮਤ ਅਠਾਰਾਂ ਰਿਹਾ ਵਹਾਇਆ । ਪਾਏ ਸਾਰ ਉਪਰ ਥਲਾ, ਥਲ ਮੀਨਾ ਉਪਰ ਤਰਾਇਆ । ਸੋਹੰ ਫੜਿਆ ਸਾਚਾ ਭੱਲਾ, ਸੰਮਤ ਸਤਾਰਾਂ ਰਿਹਾ ਵਖਾਇਆ । ਜੋਤੀ ਪਵਣੀ ਆਪੇ ਰੱਲਾ, ਅਵਣ ਗਵਣ ਸਮਾਇਆ । ਕਲਜੁਗ ਤੇਰਾ ਅੰਤਮ ਹਵਨ, ਪ੍ਰਭ ਜੂਠ ਝੂਠ ਸਮਗਰੀ ਤੇਰੀ ਝੋਲੀ ਪਾਇਆ । ਇੰਦਰ ਮੇਘ ਨਾ ਬਰਸੇ ਸਵਣ, ਬੈਠਾ ਮੁਖ ਛੁਪਾਇਆ । ਮਨਮੁਖ ਜੀਵ ਹੰਕਾਰੀ ਰਾਵਣ, ਬੈਠੇ ਗੜ੍ਹ ਬਣਾਇਆ । ਰਾਮ ਰਾਮਾ ਗੁਰ ਗੋਬਿੰਦ ਦੁਸ਼ਟ ਦਮਨ, ਜੋਤੀ ਜਾਮਾ ਪਾ ਕੇ ਆਇਆ । ਆਪੇ ਕ੍ਰਿਸ਼ਨਾ ਸ਼ਾਮਾ ਸ਼ਮਨ, ਮੋਹਣ ਰੂਪ ਵਟਾਇਆ । ਆਪੇ ਨਾਮਾ ਨਾਮ ਨਮਨ, ਸਾਚਾ ਨਾਮ ਰਿਹਾ ਉਪਾਇਆ । ਆਪੇ ਚਮਕੇ ਤੇਜ ਦਾਮਨੀ ਦਮਨ, ਏਕਾ ਦਮਕ ਵਿਖਾਇਆ । ਹਰਿ ਬਿਨ ਸਾਰ ਨਾ ਪਾਏ ਕਵਨ, ਗੁਰਮੁਖ ਮਾਤ ਰਹੇ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦਰ ਘਰ ਸਾਚੇ ਵੇਖਣ ਆਇਆ । ਸਾਚਾ ਘਰ ਗੁਰਮੁਖ ਮਹੱਲਾ, ਹਰਿ ਏਕਾ ਜੋਤ ਜਗਾਈਆ । ਗੁਰਮੁਖ ਮੇਲ ਗੋਬਿੰਦ ਡੱਲਾ, ਇੱਕੀ ਜੇਠ ਰੁੱਤ ਸੁਹਾਈਆ । ਮੇਟ ਮਿਟਾਏ ਵਡ ਵਡ ਸੇਠ, ਮਾਇਆ ਖ਼ਾਕ ਰੁਲਾਈਆ । ਗੁਰਮੁਖ ਰੱਖੇ ਸਾਇਆ ਹੇਠ, ਹਰਿ ਸ਼ਬਦ ਰਿਹਾ ਤਣਾਈਆ । ਵੇਖੇ ਖੇਲ ਪੰਚਮ ਜੇਠ, ਸੰਮਤ ਚੌਦਾਂ ਰਿਹਾ ਜਣਾਈਆ । ਕਲਜੁਗ ਜੀਵ ਭੰਨੇ ਕੌੜੇ ਰੇਠ, ਏਕਾ ਖੰਡਾ ਰਿਹਾ ਓਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਘਰ ਸਾਚੇ ਬੈਠਾ ਆਸਣ ਲਾਈਆ । ਗੁਰਮੁਖ ਤੇਰਾ ਸਚ ਦਵਾਰ, ਹਰਿ ਮੰਗੇ ਮੰਗ ਭਿਖਾਰਿਆ । ਚਰਨ ਪ੍ਰੀਤੀ ਇਕ ਪਿਆਰ, ਸਾਚਾ ਖੇਲ ਵਿਚ ਸੰਸਾਰਿਆ । ਆਪ ਆਪਣੀ ਬੰਨ੍ਹੇ ਧਾਰ, ਹਰਿਜਨ ਸੋਏ ਮਾਤ ਜਗਾ ਰਿਹਾ । ਸੋਹੰ ਅੱਖਰ ਅਪਰ ਅਪਾਰ, ਏਕਾ ਦੋਐਂ ਦੋਐਂ ਏਕੰ ਰੂਪ ਵਟਾ ਲਿਆ । ਸੋ ਪੁਰਖ ਨਿਰੰਜਣ ਸੋ, ਹੰ ਏਕਾ ਸ਼ਬਦ ਉਚਾਰਿਆ । ਹਰਿ ਬਿਨ ਅਵਰ ਨਾ ਜਾਣੇ ਕੋਆ, ਪੜ੍ਹ ਪੜ੍ਹ ਥੱਕੇ ਜੀਵ ਗਵਾਰਿਆ । ਨਾ ਜਨਮੇ ਨਾ ਕਦੇ ਮੋਆ, ਆਦਿ ਅੰਤ ਏਕਾ ਏਕੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖ ਘਰ, ਘਰ ਮਿਲਿਆ ਇਕ ਪਿਆਰਿਆ । ਸਤਿਜੁਗ ਤੇਰਾ ਸਚ ਸਹਾਰਾ, ਪ੍ਰਭ ਆਪਣਾ ਆਪੇ ਆਪ ਬਣਾਇੰਦਾ । ਤ੍ਰੈਗੁਣ ਮਾਇਆ ਮਠ ਨਿਆਰਾ, ਨਿਰਗੁਣ ਆਪ ਉਪਾਇੰਦਾ । ਜੀਵ ਨਾ ਪਾਇਣ ਸਾਰਾ, ਭੇਵ ਅਭੇਦ ਭੇਵ ਛੁਪਾਇੰਦਾ । ਕਿਸੇ ਹੱਥ ਨਾ ਆਏ ਜਗਤ ਕਿਤੇਬਾ, ਜਨ ਭਗਤਾਂ ਭਗਤੀ ਮਾਰਗ ਏਕਾ ਲਾਇੰਦਾ । ਆਪੇ ਜਾਣੇ ਆਪਣਾ ਆਪ ਵਸੇਬਾ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਰਸਨਾ ਗਾ ਗਾ ਥੱਕੀ ਜਿਹਵਾ, ਸਤਿ ਸ੍ਰੀ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਵੇਖੇ ਦਰ, ਦਰ ਦਵਾਰੀ ਆਪ ਅਖਵਾਇੰਦਾ । ਦਰ ਦਵਾਰੀ ਜੋਤ ਨਿਰੰਜਣ, ਏਕਾ ਆਸਣ ਲਾਇਆ । ਜਨ ਭਗਤਾਂ ਬਖ਼ਸ਼ੇ ਧੂੜੀ ਨੇਤਰ ਅੰਜਨ, ਦੂਈ ਦਵੈਤੀ ਪੜਦਾ ਲਾਹਿਆ । ਮਿਲੇ ਮੇਲ ਸਾਚੇ ਸੱਜਣ, ਹਉਮੇ ਦੁਖੜੇ ਰਿਹਾ ਗਵਾਇਆ । ਅੰਤਮ ਕਲਜੁਗ ਆਇਆ ਪੜਦੇ ਕੱਜਣ, ਕੀਤਾ ਕੌਲ ਨਿਭਾਇਆ । ਜੂਠੇ ਝੂਠੇ ਤਾਲ ਦਰ ਦਰ ਵੱਜਣ, ਸਾਚਾ ਤਾਲ ਨਾ ਕੋਈ ਵਜਾਇਆ । ਜੋ ਘੜਿਆ ਸੋ ਅੰਤਮ ਭੱਜਣ, ਭੰਨਣਹਾਰ ਆਪ ਅਖਵਾਇਆ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਪੀ ਪੀ ਰੱਜਣ, ਪ੍ਰਭ ਸਾਚਾ ਰਿਹਾ ਪਿਆਇਆ । ਆਪੇ ਵੇਖੇ ਹਾਜ਼ੀ ਹੱਜ ਮੱਕਾ ਕਾਅਬਾ ਕੱਬਨ, ਚਾਰ ਮੁਨਾਰੀ ਡੇਰਾ ਲਾਇਆ । ਆਪੇ ਵੇਖੇ ਪੁੰਨ ਸਵਾਬਨ, ਹਜ਼ਰਤ ਸ਼ਾਹ ਆਪ ਹੋ ਆਇਆ । ਆਪੇ ਦੁਲਦੁਲ ਦੇਵੇ ਚਰਨ ਰਕਾਬਨ, ਅਮਾਮ

ਮਹਿੰਦੀ ਰਿਹਾ ਰਾਹ ਤਕਾਇਆ । ਮੁਖ ਰਖਾਏ ਇਕ ਨਕਾਬਨ, ਕਾਲਾ ਸੂਸਾ ਤਨ ਛੁਹਾਇਆ । ਪਰਗਟ ਹੋਏ ਹੱਕ ਜ਼ਨਾਬਨ, ਈਸਾ ਮੂਸਾ ਖੇਲ ਰਚਾਇਆ । ਅੰਤਮ ਲਹਿਣਾ ਦੇਣ ਚੁਕਾਏ ਦੋ ਦੋ ਆਬਨ, ਆਬੀ ਖ਼ਾਕ ਮਿਲਾਇਆ । ਧਾਰਾ ਅਗੰਮੀ ਅਗੈਬ ਗਾਬਨ, ਹਰਿ ਆਪਣੀ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਬੈਠ ਘਰ, ਲੱਖ ਚੁਰਾਸੀ ਲੇਖਾ ਰਿਹਾ ਲਿਖਾਇਆ । ਲੱਖ ਚੁਰਾਸੀ ਤੇਰਾ ਲੇਖਾ, ਹਰਿ ਆਪਣੇ ਹੱਥ ਰਖਾਇਆ । ਲੱਖ ਚੁਰਾਸੀ ਲੋਕਮਾਤ ਕੱਢੇ ਭਰਮ ਭੁਲੇਖਾ, ਸਾਧਾਂ ਸੰਤਾਂ ਰਿਹਾ ਜਣਾਇਆ । ਰਾਜ ਰਾਜਾਨਾਂ ਦਰ ਦਵਾਰੇ ਜਾ ਜਾ ਵੇਖਾ, ਬਾਹੋਂ ਪਕੜ ਉਠਾਇਆ । ਇੰਦਰ ਪਰਸਾਦ ਪਿਆ ਭਰਮ ਭੁਲੇਖਾ, ਸੰਮਤ ਤੇਰਾਂ ਰੁੱਤ ਸੁਹਾਇਆ । ਸੰਮਤ ਚੌਦਾਂ ਆਪੇ ਜਾਣੇ ਧਾਰੀ ਕੇਸਾ, ਰੂਪ ਅਨੂਪਾ ਆਪ ਹੋ ਆਇਆ । ਧਰਿਆ ਭੇਸ ਦਸ ਦਸਮੇਸ਼ਾ, ਲਹਿੰਦੀ ਦਿਸ਼ਾ ਫੇਰਾ ਪਾਇਆ । ਆਪੇ ਵੇਖੇ ਸ਼ਿਵ ਗਣੇਸ਼ਾ, ਸੰਖ ਨਾਦ ਧੁਨ ਵਜਾਇਆ । ਆਪੇ ਹੋਏ ਬ੍ਰਹਮਾ ਵਿਸ਼ਨ ਮਹੇਸ਼ਾ, ਵਿਸ਼ਨੂੰ ਰੂਪ ਆਪ ਵਟਾਇਆ । ਆਪੇ ਜਾਣੇ ਬਾਸ਼ਕ ਸੇਜਾ, ਸਾਂਗੋ ਪਾਂਗ ਹੰਢਾਇਆ । ਆਪ ਝੁਲਾਏ ਸੀਸ ਆਪਣਾ ਸੀਸਾ, ਏਕਾ ਛਤਰ ਝੁਲਾਇਆ । ਪਰਗਟ ਹੋਏ ਜਗਤ ਜਗਦੀਸਾ, ਨਿਹਕਲੰਕਾ ਨਾਉਂ ਰਖਾਇਆ । ਜੈ ਜੈ ਕਰਾਏ ਬੀਸ ਬੀਸਾ, ਹਰਿ ਆਪਣੀ ਰਿਹਾ ਕਰਾਇਆ । ਸ੍ਰਿਸ਼ਟ ਸਬਾਈ ਇਕ ਹਦੀਸਾ, ਸੰਮਤ ਇੱਕੀ ਰਿਹਾ ਜਣਾਇਆ । ਲੱਖ ਚੁਰਾਸੀ ਜੂਠਾ ਝੂਠਾ ਪੀਸਣ ਪੀਸਾ, ਕਲਜੁਗ ਚੱਕੀ ਆਪ ਚਲਾਇਆ । ਮਾਇਆ ਰਾਣੀ ਖਾਲੀ ਖੀਸਾ, ਪ੍ਰਭ ਸਾਚਾ ਰਿਹਾ ਕਰਾਇਆ । ਗੁਰਮੁਖ ਤੇਰੀ ਕੋਈ ਨਾ ਕਰੇ ਰੀਸਾ, ਪ੍ਰਭ ਸਾਚੇ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖ ਘਰ, ਕਵਣ ਦਵਾਰਾ ਧਾਮ ਸੁਹਾਇਆ । ਕਵਣ ਦਵਾਰਾ ਧਾਮ ਸੁਹੰਜਣਾ, ਹਰਿ ਬੈਠਾ ਆਸਣ ਲਾਈਆ । ਜਗੇ ਜੋਤ ਇਕ ਨਿਰੰਜਣਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਚਾਰ ਵਰਨ ਕਰਾਏ ਏਕਾ ਮਜਨਾ, ਇਕ ਦਵਾਰ ਖੁਲ੍ਹਾਈਆ । ਸੋਹੰ ਤਾਲ ਨਗਾਰਾ ਵੱਜਣਾ, ਹਰਿ ਜੋਤ ਰਿਹਾ ਟਿਕਾਈਆ । ਗੜ੍ਹ ਹੰਕਾਰੀ ਸਭ ਦਾ ਭੱਜਣਾ, ਪ੍ਰਭ ਸਾਚਾ ਰਿਹਾ ਜਗਾਈਆ । ਚਾਰੋਂ ਕੁੰਟ ਉਠ ਉਠ ਭੱਜਣਾ, ਅੱਠਾਂ ਤਤਾਂ ਸਾਥ ਛੁਡਾਈਆ । ਗੁਰਦਵਾਰਾ ਮੰਦਰ ਮਸਜਿਦ ਅੰਦਰ ਕਿਸੇ ਨਾ ਸਜਣਾ, ਸਾਰੇ ਬੈਠਣ ਮੁਖ ਛੁਪਾਈਆ । ਗੁਰ ਪੂਰੇ ਪਾਰਬ੍ਰਹਮ ਅਬਿਨਾਸ਼ੀ ਜੋਤੀ ਜਾਮਾ ਪਾ ਪਾ ਗੱਜਣਾ, ਸਾਚਾ ਡੰਕ ਇਕ ਵਜਾਈਆ । ਮਦਿਰਾ ਮਾਸ ਨੌ ਖੰਡ ਪ੍ਰਿਥਮੀ ਤੱਜਣਾ, ਨਾ ਕੋਈ ਸਕੇ ਹੱਥ ਉਠਾਈਆ । ਕਲਜੁਗ ਤੇਰਾ ਭਾਂਡਾ ਅੰਤਮ ਭੱਜਣਾ, ਪ੍ਰਭ ਤੇਰੇ ਸਿਰ ਭੰਨਾਈਆ । ਲਾੜੀ ਮੌਤ ਲਹੂ ਪੀ ਪੀ ਰੱਜਣਾ, ਤਨ ਬੈਠੀ ਸ਼ਿੰਗਾਰ ਕਰਾਈਆ । ਹੱਥੀਂ ਮਹਿੰਦੀ ਲਾਲ ਰੰਗ ਚੂੜਾ ਸੋਹਣਾ ਸਜਣਾ, ਜੂਠ ਝੂਠ ਪਈ ਫਾਹੀਆ । ਮਨਮੁਖ ਜੀਵ ਤੇਰਾ ਪੜਦਾ ਕਿਸੇ ਨਾ ਕੱਜਣਾ, ਗੋਬਿੰਦ ਬੈਠਾ ਮੁਖ ਛੁਪਾਈਆ । ਗੁਰਮੁਖ ਵਿਰਲੇ ਮੇਲ ਮਿਲਾਏ ਸਾਚੇ ਸੱਜਣਾ, ਆਪੇ ਦਰ ਦਵਾਰੇ ਫੇਰਾ ਪਾਈਆ । ਮਦਿਰਾ ਮਾਸ ਜਿਸ ਜਨ ਤੱਜਣਾ, ਸੰਮਤ ਸੋਲਾਂ ਲਏ ਬਚਾਈਆ । ਪਾਰ ਬਿਆਸੋਂ ਸਭ ਨੇ ਭੱਜਣਾ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇਵੇ ਵਰ, ਅੰਤਮ ਅੰਤ ਕੰਤ ਸੰਤ ਭਗਵੰਤ ਮੇਲ ਮਿਲਾਈਆ । ਸੰਤ ਭਗਵੰਤ ਸਾਚਾ ਮੇਲਾ, ਏਕਾ ਦਰ ਦਵਾਰਿਆ । ਆਪੇ ਗੋਬਿੰਦ ਗੁਰ ਆਪੇ ਚੇਲਾ, ਆਪ ਆਪਣੇ ਵਿਚ ਸਮਾ ਰਿਹਾ । ਆਪ ਆਪਣਾ ਚਾੜ੍ਹੇ ਤੇਲਾ, ਆਪ ਆਪਣਾ ਸਗਨ ਮਨਾ ਰਿਹਾ । ਗੁਰਮੁਖਾਂ ਘਰ ਪਾਵਣ ਆਇਆ ਤੇਲਾ, ਕਲਜੁਗ ਤੇਰਾ ਨਾਦ ਵਜਾ ਰਿਹਾ । ਸਾਚੀ ਸਖੀਆਂ ਸੱਜਣ

੪੭੭
੦੬

ਸੁਹੇਲਾ, ਏਕਾ ਧਾਮ ਬਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਲਹਿਣਾ ਦੇਣਾ ਮੂਲ ਚੁਕਾਏ, ਆਪ ਆਪਣਾ ਕਰਮ ਕਮਾਏ, ਕਲਜੁਗ ਤੇਰੀ ਅੰਤਮ ਵਾਰੀਆ । ਸਾਚੀ ਸਿੱਖੀ ਬਣਤ ਬਣਾਏ, ਤਿੱਖੀ ਧਾਰ ਇਕ ਰਖਾਏ, ਰਸਨਾ ਜਿਹਵਾ ਬੰਦ ਕਰਾ ਰਿਹਾ । ਧਾਰੀ ਕੇਸਾ ਆਪ ਸਮਾਏ, ਮੂੰਡ ਮੁੰਡਾਏ ਗਲੇ ਲਗਾਏ, ਚਾਰ ਵਰਨ ਇਕ ਸਰਨਾਏ, ਊਚਾਂ ਨੀਚਾਂ ਭੇਵ ਚੁਕਾ ਰਿਹਾ । ਆਪੇ ਗਲੇ ਲਗਾ ਰਿਹਾ । ਰਾਜ ਰਾਜਾਨ ਤਖ਼ਤ ਤਾਜ ਤਜਾਏ, ਸ਼ਾਹ ਸੁਲਤਾਨਾਂ ਕੋਈ ਰਹਿਣ ਨਾ ਪਾਏ, ਲਾੜੀ ਮੌਤ ਵੇਖ ਵਖਾਏ, ਸੰਮਤ ਚੌਦਾਂ ਨੀਂਹ ਰਖਾ ਰਿਹਾ । ਸੰਮਤ ਪੰਦਰਾਂ ਤੇਰੀ ਹੱਦ, ਹਰਿ ਸਾਚਾ ਆਪ ਰਖਾਈਆ । ਵੱਜੇ ਨਾਦ ਇਕ ਸ਼ਬਦ, ਹਰਿ ਸਾਚਾ ਰਿਹਾ ਸੁਣਾਈਆ । ਧਰਮ ਰਾਏ ਆਪਣੇ ਮਿਤਰਾਂ ਲਏ ਸੱਦ, ਬੈਠਾ ਥਾਉਂ ਥਾਈਂਆ । ਭਾਗ ਲਗਾਏ ਚਿੱਤਰ ਗੁਪਤ ਦੀ ਯਦ, ਮਨਮੁਖਾਂ ਕਲਜੁਗ ਰਿਹਾ ਸਮਝਾਈਆ । ਫੜ ਫੜ ਪਿਆਲੇ ਪਿਆਏ ਮਧ, ਰਸਨਾ ਜਿਹਵਾ ਕਰੀ ਹਲਕਾਈਆ । ਜੂਠਾ ਝੂਠਾ ਭਾਰ ਲਿਆ ਲੱਦ, ਮਾਇਆ ਮਮਤਾ ਹੰਗਤਾ ਪੰਡ ਉਠਾਈਆ । ਆਪਣੀ ਹੱਥੀਂ ਬੰਨ੍ਹੇ ਗੰਢ, ਸਿਰ ਆਪਣੇ ਰਿਹਾ ਟਿਕਾਈਆ । ਪੁਰਖ ਅਬਿਨਾਸ਼ੀ ਫੜੇ ਤੇਜ ਚੰਡ ਪਰਚੰਡ, ਸ਼ਬਦ ਖੰਡਾ ਨਾਉਂ ਰਖਾਈਆ । ਸੰਮਤ ਚੌਦਾਂ ਪਾਏ ਵੰਡ, ਗੁਰਮੁਖਾਂ ਦਰ ਦਵਾਰੇ ਜਾਈਆ । ਮਨਮੁਖਾਂ ਔਧ ਗਈ ਹੰਢ, ਅੰਤ ਬੁੜ੍ਹੇਪਾ ਆਈਆ । ਪੁਰਖ ਅਬਿਨਾਸ਼ੀ ਸੁੱਤਾ ਦੇ ਕਰ ਕੰਡ, ਨਾ ਕੋਇ ਕੰਤ ਮਨਾਈਆ । ਆਪਣੀ ਸੀਆਂ ਰਹੇ ਵੰਡ, ਆਪਣੇ ਕਰਮਾਂ ਲੇਖ ਲਿਖਾਈਆ । ਨਾਰ ਦੁਹਾਗਣ ਦਿਸੇ ਰੰਡ, ਨੇਤਰ ਵੇਖ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਤੇਰਾ ਦਰ ਸੁਹਾਈਆ । ਗੁਰਮੁਖ ਦਰ ਦਰਬਾਨਾ, ਹਰਿ ਆਪਣੀ ਸੇਵ ਕਮਾਇੰਦਾ । ਲੈ ਕੇ ਆਏ ਧੁਰ ਫ਼ਰਮਾਣਾ, ਜਨ ਭਗਤਾਂ ਆਪ ਜਗਾਇੰਦਾ । ਮੱਕਾ ਮਦੀਨਾ ਹੋਏ ਵੈਰਾਨਾ, ਨਬੀ ਰਸੂਲਾਂ ਮੇਟ ਮਿਟਾਇੰਦਾ । ਮਾਰੇ ਤੀਰ ਇਕ ਨਿਸ਼ਾਨਾ, ਪੰਚਮ ਜੇਠ ਰੁੱਤ ਸੁਹਾਇੰਦਾ । ਆਪੇ ਹੋਇਆ ਜਾਣ ਪਛਾਣਾ, ਦੋ ਜਹਾਨਾਂ ਵੇਖ ਵਖਾਇੰਦਾ । ਲੋਆਂ ਪੁਰੀਆਂ ਨਾ ਕੋਈ ਟਿਕਾਨਾ, ਨੌ ਖੰਡ ਨਾ ਧੀਰ ਧਰਾਇੰਦਾ । ਸੱਤ ਰੰਗ ਰੰਗਾਏ ਇਕ ਨਿਸ਼ਾਨਾ, ਸੱਤਾਂ ਦੀਪਾਂ ਆਪ ਵਿਖਾਇੰਦਾ । ਦਰ ਦਵਾਰ ਕਰੇ ਪਰਵਾਨਾ, ਜੋ ਜਨ ਸੀਸ ਝੁਕਾਇੰਦਾ । ਆਤਮ ਬੰਨ੍ਹੇ ਸਾਚਾ ਗਾਨਾ, ਸਾਚੀ ਤੰਦੀ ਆਪ ਬੰਧਾਇੰਦਾ । ਇਕ ਸੁਣਾਏ ਨਾਮ ਤਰਾਨਾ, ਆਤਮਕ ਧੁਨ ਉਪਜਾਇੰਦਾ । ਪੰਚਮ ਰਾਗ ਇਕ ਸੁਣਾਨਾ, ਪੰਚਮ ਸੇਵਾ ਲਾਇੰਦਾ । ਦਸਮ ਦਵਾਰੀ ਖੋਲ੍ਹ ਮਕਾਨਾ, ਆਤਮ ਸੇਜ ਵਖਾਇੰਦਾ । ਉਪਰ ਬੈਠ ਸ੍ਰੀ ਭਗਵਾਨਾ, ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਮਾਰਗ ਆਪ ਲਗਾਇੰਦਾ । ਜਗਤ ਦਵਾਰ ਭਗਤ ਜਨ, ਮਿਲੇ ਮਾਤ ਵਡਿਆਈਆ । ਨਾਮ ਰਖਾਏ ਸਾਚਾ ਤਨ, ਜੀਵ ਜੰਤ ਕਰੇ ਕੁੜਮਾਈਆ । ਆਪ ਉਪਜਾਏ ਰਾਗ ਏਕਾ ਕੰਨ, ਵੱਜੇ ਸੱਚੀ ਵਧਾਈਆ । ਘਰ ਵਸਾਏ ਨਾ ਛੱਪਰੀ ਨਾ ਛੰਨ, ਮਹੱਲ ਅਟੱਲ ਰਘੁਰਾਈਆ । ਕਲਜੁਗ ਜੋਤੀ ਰਹੀ ਬਲ, ਦਿਵਸ ਰੈਣ ਹੋਏ ਰੁਸ਼ਨਾਈਆ । ਆਪੇ ਬਲੇ ਘੜੀ ਘੜੀ ਪਲ ਪਲ, ਦਿਵਸ ਰੈਣ ਏਕਾ ਰੰਗ ਸਮਾਈਆ । ਆਪ ਸਮਾਇਆ ਜਲ ਥਲ, ਆਕਾਸ਼ ਪਾਤਾਲਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤ ਜਵਾਲਾ ਰਿਹਾ ਖਿਚਾਈਆ । ਜੋਤ ਜਵਾਲਾ ਛੱਡ ਟਿਕਾਨਾ, ਉਚੇ ਉਚ ਪਹਾੜਿਆ । ਆਪ ਬਿਠਾਏ ਵਿਚ ਬਿਬਾਣਾ, ਇਕ ਵਖਾਏ ਸਚ ਦਵਾਰਿਆ । ਆਵਣ ਜਾਵਣ ਚੁੱਕਿਆ ਪੀਣਾ

੪੭੮
੦੬

ਖਾਣਾ, ਅਗਨੀ ਅੱਗ ਨਾ ਕੋਇ ਵਖਾ ਰਿਹਾ । ਆਪ ਆਪਣੇ ਵਿਚ ਸਮਾਨਾ, ਆਪ ਆਪਣਾ ਆਪ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਤੇਰੇ ਘਰ ਸਾਚਾ ਖੇਲ ਖਿਲਾ ਰਿਹਾ । ਸਾਚਾ ਖੇਲ ਖੇਲਣਹਾਰਾ, ਏਕਾ ਆਪ ਅਖਵਾਇੰਦਾ । ਤ੍ਰੈਗੁਣ ਮਾਇਆ ਤੇਰਾ ਪਾਰ ਕਿਨਾਰਾ, ਪ੍ਰਭ ਸਾਚਾ ਆਪ ਕਰਾਇੰਦਾ । ਇੱਕੀ ਜੇਠ ਦਿਵਸ ਦਿਹਾੜਾ, ਆਪ ਆਪਣਾ ਆਪ ਮਨਾਇੰਦਾ । ਵੇਖ ਵਖਾਏ ਧਰਤ ਮਾਤ ਤੇਰਾ ਅਖਾੜਾ, ਚਾਰੋਂ ਕੁੰਟ ਡੌਰੂ ਵਾਇੰਦਾ । ਜਨ ਭਗਤਾਂ ਜੋਤ ਜਗਾਏ ਬਹੱਤਰ ਨਾੜਾ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਬਲਕਾਰੀ, ਆਪਣਾ ਆਪੇ ਪਾਇਆ । ਗੁਰ ਗੋਬਿੰਦਾ ਵਡ ਸ਼ਿਕਾਰੀ, ਚਾਰ ਕੁੰਟਾਂ ਰਿਹਾ ਦੁੜਾਇਆ । ਆਪੇ ਹੋਇਆ ਭਗਤ ਅਧਾਰੀ, ਆਸ ਪਿਆਸ ਬੁਝਾਇਆ । ਆਪੇ ਕਰੇ ਤਨ ਸ਼ਿੰਗਾਰੀ, ਤਨ ਬਸਤਰ ਇਕ ਸੁਹਾਇਆ । ਕਰੇ ਕਰਾਏ ਪਹਿਰੇਦਾਰੀ, ਦਿਵਸ ਰੈਣ ਸੇਵ ਕਮਾਇਆ । ਅੰਤਮ ਟੁੱਟਣੀ ਜੂਠੀ ਝੂਠੀ ਯਾਰੀ, ਨਾ ਕੋਈ ਤੋੜ ਨਿਭਾਇਆ । ਸਾਚਾ ਨਾਉਂ ਅਪਰ ਅਪਾਰੀ, ਗੁਰਮੁਖਾਂ ਹਰਿ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਉਚ ਮਹੱਲੇ ਆਪ ਚੜ੍ਹ, ਦਸਮ ਦਵਾਰੀ ਦਰਸ ਦਿਖਾਇਆ । ਭਿੰਨੜੀ ਰੈਣ ਸੁਹੰਵਣੀ, ਉਠ ਰਹੀ ਜਗਾਈਆ । ਮੰਗੇ ਦਰਸ ਜੋਤ ਨਿਰੰਜਣੀ, ਅੱਗੇ ਝੋਲੀ ਡਾਹੀਆ । ਚਰਨ ਧੂੜੀ ਸਾਚਾ ਮਜਨੀ, ਇਕ ਇਸ਼ਨਾਨ ਕਰਾਈਆ । ਪੀ ਅੰਮ੍ਰਿਤ ਸੰਗਤ ਬਹਿ ਬਹਿ ਰੱਜਣੀ, ਤ੍ਰਿਸ਼ਨਾ ਭੁੱਖ ਮਿਟਾਈਆ । ਆਪ ਆਪਣੇ ਰੱਖੇ ਬਚਨੀ, ਪਤ ਪਤਵੰਤੇ ਪਈ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਥਾਉਂ ਥਾਈਂਆ । ਭਿੰਨੜੀ ਰੈਣ ਨੇਤਰ ਖੋਲ੍ਹ, ਨੇਤਰ ਨੀਰ ਵਹਾਇੰਦਾ । ਅੱਖਰ ਵੱਖਰ ਏਕਾ ਬੋਲ, ਮੁਖੋਂ ਆਪ ਸੁਣਾਇੰਦਾ । ਕਲਜੁਗ ਕਾਇਆ ਰਹੀ ਡੋਲ, ਨਾ ਕੋਈ ਕਿਸੇ ਬਚਾਇੰਦਾ । ਵਜਾਵਣਹਾਰਾ ਆਪੇ ਢੋਲ, ਪ੍ਰਭ ਸਾਚਾ ਆਪ ਖੜਕਾਇੰਦਾ । ਭਗਤ ਸੁਹੇਲਾ ਸਦ ਵਸਿਆ ਕੋਲ, ਸਾਚਾ ਦਰਸ ਦਿਖਾਇੰਦਾ । ਕਾਇਆ ਮੰਦਰ ਰਿਹਾ ਮਵਲ, ਮੌਲਾ ਰੂਪ ਵਟਾਇੰਦਾ । ਉਲਟਾ ਕਰੇ ਨਾਭ ਕਵਲ, ਅੰਮ੍ਰਿਤ ਮੇਘ ਚੁਆਇੰਦਾ । ਦੇਵੇ ਵਡਿਆਈ ਉਪਰ ਧਵਲ, ਧਾਮ ਉਪਰ ਧਵਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰਾ ਨਾਮ ਆਪੇ ਆਪ ਵਡਿਆਇੰਦਾ । ਨਾਮ ਵਡਿਆਈ ਜਗਤ ਜਗਦੀਸ਼ਰ, ਏਕਾ ਏਕ ਰਖਾਈਆ । ਰਸਨਾ ਗਾ ਗਾ ਥੱਕੇ ਤਪੀ ਤਪੀਸ਼ਰ, ਦਰ ਦਰ ਅਲਖ ਜਗਾਈਆ । ਭੇਵ ਨਾ ਪਾਇਣ ਮੁਨੀ ਮੁਨੀਸ਼ਰ, ਮੋਨ ਸੋਨ ਕਰਾਈਆ । ਆਪੇ ਵੇਖੇ ਈਸ਼ਰ ਈਸ਼ਰ, ਈਸ਼ਵਰ ਰੂਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਿਰਗੁਣ ਰੂਪ ਨਿਹਕਲੰਕਾ, ਏਕਾ ਏਕ ਰਖਾਇਆ । ਸਰਗੁਣ ਵਜਾਏ ਸਾਚਾ ਡੰਕਾ, ਗੋਬਿੰਦ ਨਾਲ ਰਲਾਇਆ । ਇਕ ਸੁਹਾਏ ਦਵਾਰ ਬੰਕਾ, ਰਾਓ ਰੰਕਾਂ ਭੇਵ ਨਾ ਰਾਇਆ । ਆਪੇ ਵਸਿਆ ਪੁਰੀ ਘਨਕਾ, ਸਾਚਾ ਧਾਮ ਸੁਹਾਇਆ । ਬਣਤ ਬਣਾਏ ਖੇਲੇ ਖੇਲ ਜਨਣੀ ਜਨ ਜਨਕਾ, ਪਿਤਾ ਪੂਤ ਰਿਹਾ ਉਪਾਇਆ । ਲੇਖਾ ਚੁੱਕੇ ਪਵਣ ਸਵਾਸ ਤਨ ਕਾ, ਪ੍ਰਭ ਸਾਚਾ ਰਿਹਾ ਮੁਕਾਇਆ । ਕਲਜੁਗ ਖੇਲੇ ਖੇਲ ਬਾਰ ਅਨਕਾ, ਲੱਖ ਚੁਰਾਸੀ ਰਿਹਾ ਮਿਟਾਇਆ । ਰਾਜ ਮੰਤਰੀਆਂ ਮੇਟੇ ਸ਼ੰਕਾ, ਸਾਚਾ ਲੇਖਾ ਰਿਹਾ ਲਿਖਾਇਆ । ਦੇਸ਼ ਪਰਦੇਸ਼ਾ ਏਕਾ ਅੰਕਾ, ਨਾਮ

੪੮੦
੦੬

ਵਖਾਇਆ । ਜੋਤ ਸਰੂਪੀ ਲਾਏ ਤਨਕਾ, ਸੰਤ ਸੁਹੇਲੇ ਲਏ ਜਗਾਇਆ । ਆਪ ਸੁਹਾਏ ਆਪਣਾ ਬੰਕਾ, ਬੰਕ ਦਵਾਰੀ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਰਤ ਖੰਡ ਤੇਰਾ ਵਸਿਆ ਘਰ, ਅੰਤਮ ਫੇਰਾ ਪਾਇਆ । ਅੰਤਮ ਫੇਰਾ ਹਰਿ ਜੀ ਪਾਏ, ਵੇਦ ਵਿਆਸ ਲਿਖਾ ਰਿਹਾ । ਪੁਰਾਨ ਅਠਾਰਾਂ ਗਿਆ ਗਾਏ, ਅੰਤਮ ਰੋਵੇ ਜ਼ਾਰੋ ਜ਼ਾਰਿਆ । ਗੀਤਾ ਗਿਆਨ ਰਸਨ ਸੁਣਾਏ, ਅਰਜਨ ਦਏ ਸਹਾਰਿਆ । ਈਸਾ ਮੂਸਾ ਰਿਹਾ ਕੁਰਲਾਏ, ਅੰਜੀਲ ਕੁਰਾਨਾਂ ਲਿਆ ਉਚਾਰਿਆ । ਨਾਨਕ ਸਤਿਨਾਮ ਗਿਆ ਉਪਾਏ, ਭਰਮੇ ਭੁੱਲੇ ਜੀਵ ਗਵਾਰਿਆ । ਹਰਿਜਨ ਲੇਖਾ ਗਿਆ ਲਿਖਾਏ, ਚਾਰ ਵਰਨ ਇਕ ਦਵਾਰਿਆ । ਗੋਬਿੰਦ ਭੇਖ ਗਿਆ ਵਟਾਏ, ਊਚਾਂ ਨੀਚਾਂ ਭੇਵ ਨਿਵਾਰਿਆ । ਇਕ ਇਕੇਲਾ ਮਨਮੁਖ ਜੀਵ ਗਏ ਭੁਲਾਏ, ਤਨ ਵਸਿਆ ਇਕ ਹੰਕਾਰਿਆ । ਕੌਲ ਇਕਰਾਰ ਨਾ ਕੋਈ ਨਿਭਾਏ, ਵਿਚ ਨੰਦੇੜ ਅੰਗੀਠਾ ਸਾੜਿਆ । ਆਪਣੀ ਹੱਥੀਂ ਨਾ ਕੋਈ ਫੁਲਾਏ, ਸਮਰਥੀ ਹੋਏ ਪੁਕਾਰਿਆ । ਸ੍ਰਿਸ਼ਟ ਸਬਾਈ ਜਾਏ ਮਥੀ, ਗੁਰ ਪੂਰਾ ਨਾ ਹੋਏ ਸਹਾਰਿਆ । ਅੰਤਮ ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥੀਂ, ਸੰਬਲ ਵਸਿਆ ਡੇਰਾ ਲਾ ਰਿਹਾ । ਨੌਂ ਖੰਡ ਪ੍ਰਿਥਮੀ ਨੌਂ ਦਰਵਾਜ਼ੇ ਪ੍ਰਭ ਆਪ ਚਲਾਏ ਤੇਰਾ ਝੂਠਾ ਰਥੀ, ਉਤੇ ਆਪ ਬਹਾ ਰਿਹਾ । ਬਸਤਰ ਚੀਰ ਗਏ ਲੱਥੀ, ਖਾਲੀ ਤਨ ਵਖਾ ਰਿਹਾ । ਤ੍ਰੈਗੁਣ ਮਾਇਆ ਕਰ ਇਕੱਠੀ, ਪ੍ਰਭ ਆਪਣੀ ਭੇਟ ਚੜ੍ਹਾ ਰਿਹਾ । ਜੋਤੀ ਅਗਨੀ ਡਾਹੇ ਮੱਠੀ, ਆਪਣੀ ਸੇਵਾ ਲਾ ਰਿਹਾ । ਦਰ ਦਵਾਰੇ ਚਰਨ ਕਵਲ ਢੱਠੀ, ਰੋਵੇ ਜ਼ਾਰੋ ਜ਼ਾਰਿਆ । ਹੋਈ ਵੈਰਾਗਣ ਫਿਰੇ ਅੱਠ ਸੱਠੀ, ਨਾ ਕੋਈ ਧੀਰ ਧਰਾ ਰਿਹਾ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮੱਠੀ, ਪਤਿਵੰਤ ਕੰਤ ਨਾ ਕੋਈ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨ ਕਲਜੁਗ ਅੰਤਮ ਜਗਾ ਰਿਹਾ । ਸੰਤ ਜਨਾਂ ਹਰਿ ਆਪ ਜਗਾਏ, ਏਕਾ ਦਏ ਹੁਲਾਰਾ । ਵਿਛੜਿਆਂ ਕੰਤ ਲਏ ਮਿਲਾਏ, ਹੋਏ ਸੁਹਾਗਣ ਨਾਰਾ । ਆਪ ਆਪਣੀ ਬਣਤ ਬਣਾਏ, ਗੁਰਮੁਖ ਮੀਤ ਮੁਰਾਰਾ । ਕਾਇਆ ਚੋਲੀ ਰੰਗ ਬਸੰਤ ਕਰਾਏ, ਜੋਤ ਜਗਾਏ ਬਹੱਤਰ ਨਾੜਾ । ਜੀਵ ਜੰਤ ਕੋਈ ਭੇਵ ਨਾ ਪਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਵੇਖੇ ਇਕ ਦਰ, ਆਪ ਸੁਹਾਏ ਬੰਕ ਦਵਾਰਾ । ਬੰਕ ਦਵਾਰਾ ਸ਼ਬਦ ਸਵਾਲੀ, ਆਏ ਦਰ ਦਵਾਰਿਆ । ਦੋਵੇਂ ਹੱਥਾਂ ਰੱਖੇ ਖਾਲੀ, ਏਕਾ ਨਾਮ ਭੰਡਾਰਿਆ । ਜੁਗ ਜੁਗ ਚਲੇ ਅਵੱਲੜੀ ਚਾਲੀ, ਲੋਕਮਾਤ ਲਏ ਅਵਤਾਰਿਆ । ਸ਼ਬਦ ਕਰਾਏ ਨਾਮ ਦਲਾਲੀ, ਸਾਚਾ ਵਣਜ ਵਪਾਰਿਆ । ਇਕ ਸਿਖਾਏ ਹੱਕ ਹਲਾਲੀ, ਜਲਵਾ ਨੂਰ ਅਪਾਰਿਆ । ਦੋ ਜਹਾਨਾਂ ਜੋਤ ਅਕਾਲੀ, ਆਪ ਅਖਵਾ ਰਿਹਾ । ਲੱਖ ਚੁਰਾਸੀ ਫਲ ਵੇਖੇ ਲੱਗੇ ਡਾਲ੍ਹੀ, ਕਲਜੁਗ ਮਾਲੀ ਨਾਲ ਰਲਾ ਰਿਹਾ । ਗੁਰਮੁਖਾਂ ਘਰ ਵੱਜੇ ਤਾਲੀ, ਮਨਮੁਖ ਨੇਤਰ ਨੀਰ ਵਹਾ ਰਿਹਾ । ਸੰਤ ਸੁਹੇਲੇ ਆਪੇ ਭਾਲੀ, ਜੁਗ ਜੁਗ ਵਿਛੜੇ ਮੇਲ ਮਿਲਾ ਰਿਹਾ । ਇੱਕੀ ਜੇਠ ਉਠਾਏ ਪੰਥ ਖਾਲਸਾ ਅਕਾਲੀ, ਪ੍ਰਭ ਸਾਚਾ ਲੇਖ ਪੁਜਾ ਰਿਹਾ । ਅੰਤਮ ਹੋਏ ਹਾਲ ਬੇਹਾਲੀ, ਸਾਚਾ ਖੰਡਾ ਕੋਈ ਨਾ ਹੱਥ ਉਠਾ ਰਿਹਾ । ਕਾਇਆ ਚੋਲੀ ਸਭ ਦੀ ਖਾਲੀ, ਨਾਮ ਧਨ ਨਾ ਕੋਈ ਉਠਾ ਲਿਆ । ਪੜ੍ਹ ਪੜ੍ਹ ਥੱਕੇ ਸਾਧ ਸੰਤ ਬਾਣੀ, ਆਪ ਆਪਣਾ ਮੁੱਲ ਪਵਾ ਲਿਆ । ਲੈਂਦੇ ਭੇਟਾ ਜੀਵ ਨਾਦਾਨੀ, ਸੇਵਕ ਸੇਵਾ ਨਾ ਕੋਈ ਕਮਾ ਰਿਹਾ । ਗੁਰ ਗੋਬਿੰਦੇ ਕੀਆ ਸਰਬੰਸ ਕੁਰਬਾਨੀ, ਗੁਰਸਿਖ ਮਨ ਨਾ ਕੋਇ ਭੇਟ ਚੜ੍ਹਾ ਰਿਹਾ । ਪਰਗਟ ਜੋਤ ਇਕ ਅਕਾਲੀ, ਨਿਹਕਲੰਕਾ ਨਾਉਂ ਰਖਾ ਲਿਆ । ਗੁਰ ਗੋਬਿੰਦਾ ਆਪੇ ਭਾਲੀ, ਆਪ

ਆਪਣੀ ਗੋਦ ਉਠਾ ਲਿਆ । ਜੋਤ ਜਗਾਏ ਦੀਪਕ ਥਾਲੀ, ਸਾਚਾ ਗਗਨ ਆਪ ਸੁਹਾ ਲਿਆ । ਕਰੇ ਕਰਾਏ ਸਦਾ ਪ੍ਰਿਤਪਾਲੀ, ਆਦਿ ਜੁਗਾਦੀ ਬਣਤ ਬਣਾ ਰਿਹਾ । ਇਕ ਵਖਾਏ ਸੱਚੀ ਧਰਮਸਾਲੀ, ਧਾਰਾ ਨਾਮ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਮੰਗਣ ਆਏ ਦਰ, ਅੱਗੇ ਆਪਣਾ ਪੱਲੂ ਡਾਹ ਲਿਆ । ਗੁਰ ਗੋਬਿੰਦ ਪਿਛਲਾ ਲਹਿਣਾ, ਅਗਲਾ ਮੂਲ ਚੁਕਾਇੰਦਾ । ਡੱਲੇ ਪਾਏ ਤਨ ਸਾਚਾ ਗਹਿਣਾ, ਜਿਉਂ ਅੰਗਦ ਅੰਗ ਲਗਾਇੰਦਾ । ਸ੍ਰਿਸ਼ਟ ਸਬਾਈ ਰੋਵੇ ਪਾ ਪਾ ਵੈਣਾ, ਗੁਰਮੁਖ ਸਾਚਾ ਖ਼ੁਸ਼ੀ ਮਨਾਇੰਦਾ । ਆਪੇ ਬਣਿਆ ਸਾਕ ਸੱਜਣ ਸੈਣਾ, ਗੁਰਮੁਖਾਂ ਸਾਕ ਸੱਜਣ ਮਿਲਾਇੰਦਾ । ਏਕਾ ਇੱਕੀ ਪਾਈ ਸਾਚੀ ਸਿੱਖੀ, ਤੇਰਾ ਪਿਛਲਾ ਮੂਲ ਚੁਕਾਇੰਦਾ । ਜੂਠੇ ਝੂਠੇ ਵਹਿਣ ਕਿਸੇ ਨਾ ਵਹਿਣਾ, ਮਾਇਆ ਲੂਠੇ ਅੰਤ ਰੁੜ੍ਹਾਇੰਦਾ । ਧਰਮ ਰਾਏ ਦਰ ਟੰਗੇ ਪੁੱਠੇ, ਕਲਜੁਗ ਅੰਤ ਹਿਸਾਬ ਮੁਕਾਇੰਦਾ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠੇ, ਜੋਤ ਸਰੂਪੀ ਫੇਰਾ ਪਾਇੰਦਾ । ਕਲਜੁਗ ਅੰਤਮ ਭਗਤ ਸੁਹੇਲਾ ਆਪੇ ਤੁੱਠੇ, ਆਤਮ ਦਰਸੀ ਦਰਸ ਦਿਖਾਇੰਦਾ । ਸਤਿਜੁਗ ਦੁਆਪਰ ਤ੍ਰੇਤਾ ਜੋ ਗਏ ਰੁੱਠੇ, ਕਲਜੁਗ ਅੰਤ ਮਨਾਇੰਦਾ । ਆਪ ਕਰਾਏ ਏਕਾ ਮੁੱਠੇ, ਘਰ ਘਰ ਜਾਏ ਲੇਖ ਚੁਕਾਇੰਦਾ । ਕੌੜੇ ਭੰਨ੍ਹੇ ਜੀਵ ਕਲਜੁਗ ਰੀਠੇ, ਸੋਹੰ ਖੰਡਾ ਹੱਥ ਉਠਾਇੰਦਾ । ਨਾਮ ਧਾਰਾ ਚਾਰ ਵਰਨ ਵਿਖਾਏ ਇਕ ਅਨਡੀਠੇ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਆਪਣਾ ਬੰਸ ਆਪੇ ਪੇਖੇ, ਗੁਰਮੁਖਾਂ ਸੇਵ ਕਮਾਇੰਦਾ । ਅੰਮ੍ਰਿਤ ਫਲ ਖਵਾਏ ਮੀਠੇ, ਸੋਹੰ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਨਰ ਨਰਾਇਣ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਜਨ ਭਗਤਾਂ ਕਰੇ ਤਨ ਸ਼ਿੰਗਾਰ, ਸੋਹੰ ਬਸਤਰ ਨਾਲ ਰਲਾਇਆ । ਦੋ ਜਹਾਨਾਂ ਕਰ ਪਿਆਰ, ਸ਼ਬਦ ਸ਼ਸਤਰ ਤਨ ਪਹਿਨਾਇਆ । ਅੰਮ੍ਰਿਤ ਧਾਰਾ ਅਪਰ ਅਪਾਰ, ਨਿਝਰ ਰਿਹਾ ਝਿਰਾਇਆ । ਨੇਤਰ ਨੈਣ ਇਕ ਉਘਾੜ, ਅੰਧ ਅੰਧੇਰ ਮਿਟਾਇਆ । ਆਪ ਮਿਟਾਏ ਪੰਚਮ ਧਾੜ, ਪੰਚਮ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਤੇਰਾ ਦਰ, ਦਰ ਦਰਵੇਸ਼ਾ ਆਪ ਅਖਵਾਇਆ । ਦਰ ਦਰਵੇਸ਼ਾ ਦਰ ਭਿਖਾਰੀ, ਮੰਗਣ ਆਇਆ ਮੰਗਤਾ । ਕਲਜੁਗ ਤੇਰੀ ਅੰਤਮ ਵਾਰੀ, ਗੁਰ ਸੰਗਤ ਤੇਰੀ ਝੋਲੀ ਪਾਏ ਆਪਣੀ ਹਉਮੇ ਹੰਗਤਾ । ਚਾਰ ਵਰਨ ਬਖ਼ਸ਼ੇ ਚਰਨ ਪਿਆਰੀ, ਕਾਇਆ ਚੋਲੀ ਆਪੇ ਰੰਗਤਾ । ਗਊ ਗਰੀਬਾਂ ਪਾਵੇ ਸਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਲਗਾਏ ਆਪਣੇ ਅੰਗਤਾ । ਆਪਣੇ ਅੰਗਣ ਆਪ ਲਗਾਇਆ, ਗੁਰ ਪੂਰੇ ਸਚ ਸਰਨਾਈਆ । ਸਾਚਾ ਸਗਨ ਦਰ ਮੰਗਾਇਆ, ਜਨ ਭਗਤਾਂ ਵਡ ਵਡਿਆਈਆ । ਸੋਹੰ ਕੰਗਣ ਤਨ ਪਹਿਨਾਇਆ, ਸਾਚਾ ਸਗਨ ਮੁਖ ਰਖਾਈਆ । ਚਿੱਟੇ ਅਸਵ ਤੰਗ ਕਸਾਇਆ, ਆਪ ਆਪਣਾ ਆਸਣ ਲਾਈਆ । ਗੁਰਮੁਖ ਤੇਰੇ ਦਰ ਦਵਾਰ ਅੰਦਰ ਲੰਘ ਵਖਾਇਆ, ਦਿਸ ਕਿਸੇ ਨਾ ਆਈਆ । ਸ਼ਬਦ ਰੰਗੀਲਾ ਪਲੰਘ ਵਿਛਾਇਆ, ਏਕਾ ਸੇਜ ਸੁਹਾਈਆ । ਪੰਚਮ ਨਾਦ ਮਰਦੰਗ ਵਜਾਇਆ, ਸਾਚਾ ਡੋਰੂ ਵਾਹੀਆ । ਚਾਰੋਂ ਕੁੰਟ ਅੰਮ੍ਰਿਤ ਧਾਰ ਵਹਾਇਆ, ਸੀਤਲ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਅੰਗ ਲਗਾਇਆ, ਅੰਗੀਕਾਰ ਆਪ ਹੋ ਜਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਜਨ ਭਗਤਾਂ ਰਿਹਾ ਜਗਾਈਆ । ਖੇਵਟ ਖੇਟ ਬਣ ਮਲਾਹ, ਬੇੜਾ ਬੰਨੇ ਲਾਈਆ । ਫੜ ਫੜ ਬਾਹੋਂ ਰਿਹਾ


੪੮੧ ੦੬

ਚੜ੍ਹਾ, ਦੂਰ ਦੁਰਾਡੇ ਵੇਖ ਵਖਾਈਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਸਾਇਆ ਆਪਣੀ ਹੇਠ ਰਖਾਈਆ । ਸਖਾ ਸੁਹੇਲਾ ਪਿਤਾ ਮਾਂ, ਦਰ ਆਪਣੀ ਗੋਦ ਉਠਾਈਆ । ਗੁਰ ਸੰਗਤ ਵਸਾਏ ਸਾਚਾ ਥਾਂ, ਏਕਾ ਇੱਕੀ ਰਿਹਾ ਕਰਾਈਆ । ਨੌ ਖੰਡ ਪ੍ਰਿਥਮੀ ਅੰਤਮ ਉਡਣੇ ਕਾਂ, ਘਰ ਮੰਦਰ ਨਾ ਕੋਈ ਵੇਖ ਵਖਾਈਆ । ਹੋਏ ਵਿਛੋੜਾ ਪੁੱਤਰਾਂ ਮਾਂ, ਭੈਣਾਂ ਭਈਆ ਸੰਗ ਤੁੜਾਈਆ । ਕੋਈ ਨਾ ਵੇਖੇ ਆਪਣਾ ਥਾਂ, ਚਾਰੋਂ ਕੁੰਟ ਪਏ ਦੁਹਾਈਆ । ਮਨਮੁਖ ਦਰ ਦਰ ਮਾਰਨ ਧਾਹ, ਜੂਠ ਝੂਠ ਰਹੀ ਕੁਰਲਾਈਆ । ਗੁਰਮੁਖ ਪੂਰੇ ਸਦ ਬਲ ਬਲ ਜਾਂ, ਮਿਲੀ ਮਾਤ ਵਡਿਆਈਆ । ਏਕਾ ਗਾਇਆ ਸਾਚਾ ਨਾਂ, ਗੋਬਿੰਦ ਰਸਨਾ ਜਿਹਵਾ ਗਾਈਆ । ਗੁਰ ਗੋਬਿੰਦਾ ਕਰ ਕੇ ਗਿਆ ਹਾਂ, ਅੰਤਮ ਲਏ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਿਛਲਾ ਰਿਹਾ ਮੂਲ ਚੁਕਾਈਆ । ਗੁਰ ਗੋਬਿੰਦ ਕਰ ਸਲਾਹ, ਅੱਗੇ ਹਰਿ ਪੁਕਾਰਿਆ । ਪਾਰਬ੍ਰਹਮ ਮੇਰੀ ਪਕੜੀ ਬਾਂਹ, ਦੁਸ਼ਟ ਦਮਨ ਰੋਵੇ ਜ਼ਾਰੋ ਜ਼ਾਰਿਆ । ਪਾਰਬ੍ਰਹਮ ਸੁਹਾਏ ਸਾਚਾ ਥਾਂ, ਪਿਤਾ ਪੂਤ ਭੇਖ ਵਟਾ ਲਿਆ । ਲਹਿਣਾ ਦੇਣਾ ਚੁਕਾਉਣਾ ਥਾਉਂ ਥਾਂ, ਤਿੰਨਾਂ ਲੋਕਾਂ ਵੇਖ ਵਖਾ ਰਿਹਾ । ਕਲਜੁਗ ਏਕਾ ਏਕ ਹੰਕਾਰੀ ਰਾਵਣ, ਰਾਮ ਰਾਮਾ ਰੂਪ ਵਟਾ ਲਿਆ । ਨੈਣ ਮੁੰਧਾਰੀ ਆਪੇ ਦੁਸ਼ਟ ਦਮਨ, ਹਰਿ ਸਾਚਾ ਖੰਡਾ ਚਮਕਾ ਰਿਹਾ । ਅੰਤਮ ਮੇਲਾ ਕਿਨਾਰਾ ਜਮਨ, ਸਾਧਾਂ ਸੰਤਾਂ ਆਪ ਜਗਾ ਰਿਹਾ । ਲੱਖ ਚੁਰਾਸੀ ਤੇਰਾ ਇਕ ਕਰਾਏ ਹਵਨ, ਤ੍ਰੈਗੁਣ ਮਾਇਆ ਵਿਚ ਰਖਾ ਲਿਆ । ਸੇਵਾ ਲਾਏ ਉਨੰਜਾ ਪਵਣ, ਪੁਰੀਆਂ ਲੋਆਂ ਆਪ ਲਹਿਰਾ ਲਿਆ । ਗੁਰਮੁਖ ਸਾਚੇ ਸਾਚੀ ਨਹਾਉਣੀ ਨਹਾਵਨ, ਚਰਨ ਧੂੜ ਇਸ਼ਨਾਨ ਕਰਾ ਲਿਆ । ਮੇਟੇ ਤਾਮਨ ਤਮਨ, ਆਲਸ ਨਿੰਦਰਾ ਮੂਲ ਚੁਕਾ ਰਿਹਾ । ਅੰਧ ਅੰਧੇਰ ਨਾ ਦਿਸੇ ਸ਼ਾਮਨ, ਸੋਹੰ ਸਾਚਾ ਚੰਦ ਚੜ੍ਹਾ ਰਿਹਾ । ਆਪ ਫੜਾਏ ਆਪਣਾ ਦਾਮਨ, ਸਾਚਾ ਪੱਲੂ ਇਕ ਫੜਾ ਲਿਆ । ਧੁਰਦਰਗਾਹੀ ਸਾਚਾ ਜਾਮਨ, ਨਿਹਕਲੰਕਾ ਆਪ ਅਖਵਾ ਰਿਹਾ । ਨੇੜ ਨਾ ਆਏ ਕਾਮਨੀ ਕਾਮਨ, ਪੰਚ ਵਿਕਾਰ ਮੋਹ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇ ਮਤ ਆਪ ਸਮਝਾ ਰਿਹਾ । ਸਾਚੀ ਮਤ ਏਕਾ ਤਤ, ਗੁਰ ਪੂਰੇ ਦਰ ਪਾਈਏ । ਬਹੱਤਰ ਨਾੜ ਨਾ ਉਬਲੇ ਰੱਤ, ਮਨ ਮਤ ਬੁਧ ਸਮਝਾਈਏ । ਰੱਖਣਹਾਰਾ ਆਪੇ ਪਤ, ਚਰਨ ਕਵਲ ਧਿਆਨ ਰਖਾਈਏ । ਆਪੇ ਜਾਣੇ ਮਿਤ ਗਤ, ਦੋ ਜਹਾਨਾਂ ਹੋਏ ਸਹਾਈਏ । ਸਗਲ ਵਸੂਰੇ ਜਾਣ ਲੱਥ, ਆਤਮ ਦਰਸੀ ਦਰਸ਼ਨ ਪਾਈਏ । ਸੋਹੰ ਦੇਵੇ ਸਾਚੀ ਵਥ, ਸਤਿ ਸੰਤੋਖੀ ਝੋਲੀ ਅੱਗੇ ਡਾਹੀਏ । ਸ਼ਬਦ ਚਲਾਏ ਇਕ ਅਕੱਥ, ਰਸਨਾ ਜਿਹਵਾ ਕੋਈ ਨਾ ਗਾਈਏ । ਮਿਲੇ ਮੇਲ ਹਰਿ ਸਮਰਥ, ਵਿਛੜ ਕਦੇ ਨਾ ਜਾਈਏ । ਆਪੇ ਰਾਮਾ ਘਰ ਦਸਰਥ, ਆਪੇ ਕ੍ਰਿਸ਼ਨਾ ਰੂਪ ਵਟਾਈਏ । ਆਪੇ ਲਿਖਿਆ ਲੇਖ ਚੁਕਾਏ ਸਾਢੇ ਤਿੰਨ ਤਿੰਨ ਹੱਥ, ਲੱਖ ਚੁਰਾਸੀ ਹਿਸਾਬ ਮੁਕਾਈਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਕਲਜੁਗ ਦਰ, ਕਾਲਖ ਟਿੱਕਾ ਮਸਤਕ ਛਾਹੀਏ । ਕਲਜੁਗ ਤੇਰਾ ਅੰਤਮ ਅੰਤ ਦਵਾਰਾ, ਹਰਿ ਸਾਚਾ ਵੇਖ ਵਖਾਇੰਦਾ । ਸਤਿਜੁਗ ਮੰਗੇ ਬਣ ਭਿਖਾਰਾ, ਅੱਗੇ ਝੋਲੀ ਡਾਇੰਦਾ । ਸਤਿ ਸੰਤੋਖ ਬਣ ਵਰਤਾਰਾ, ਧੀਰਜ ਧਤ ਮਤ ਝੋਲੀ ਭਰਾਇੰਦਾ । ਨਾਮ ਨਾਮੀ ਅਪਰ ਅਪਾਰਾ, ਸੋਹੰ ਜਾਮ ਪਿਆਇੰਦਾ । ਸੋ ਪੁਰਖ ਨਿਰੰਜਣ ਅਪਰ ਅਪਾਰਾ, ਅਗੰਮੜੇ ਧਾਮ ਸੁਹਾਇੰਦਾ । ਹਾਹਾ ਹਰੀ ਹਰਿ ਖੇਲ ਨਿਆਰਾ, ਹਰਿ ਗੋਬਿੰਦ ਮੇਲ ਮਿਲਾਇੰਦਾ । ਗੋਬਿੰਦ ਮੇਲਾ ਇਕ ਦਵਾਰਾ, ਸ਼ਬਦੀ ਚੰਦ ਚੜ੍ਹਾਇੰਦਾ । ਨਿਰਮਲ ਦੀਪਕ ਜੋਤ ਕਰ ਉਜਿਆਰਾ, ਭਰਮਾਂ ਕੰਧ ਢਾਹਿੰਦਾ । ਨਾਮ ਕਲਗੀ ਤੋੜਾ

ਇਕ ਅਪਾਰਾ, ਜੋਤੀ ਜੋੜੇ ਸੀਸ ਟਿਕਾਇੰਦਾ । ਜਗਤ ਜਗਦੀਸ ਖੇਲ ਅਪਾਰਾ, ਆਪ ਆਪਣਾ ਰਾਗ ਅਲਾਇੰਦਾ । ਛੱਤੀ ਰਾਗ ਨਾ ਪਾਇਣ ਸਾਰਾ, ਸੁਰਸਤੀ ਮਾਤ ਨਾਰਦ ਸੁਤ ਉਪਜਾਇੰਦਾ । ਪਾਰਬ੍ਰਹਮ ਤੇਰੀ ਅਗੰਮੀ ਧਾੜਾ, ਅਗੰਮੜੀ ਧਾਰ ਵਹਾਇੰਦਾ । ਸ਼ਬਦ ਨਾ ਕਰੇ ਪੁਕਾਰ, ਸੁਰਤ ਨਾ ਬੰਨ੍ਹੇ ਕੋਈ ਤਾਲ, ਨਾ ਕੋਈ ਜਾਣੇ ਜਣਾਇੰਦਾ । ਆਪ ਆਪਣਾ ਪਸਰ ਪਸਾਰ, ਕਰੇ ਕਰਾਏ ਸਚ ਵਿਹਾਰ, ਲੋਆਂ ਪੁਰੀਆਂ ਇਕ ਆਕਾਰ, ਖੰਡਾਂ ਬ੍ਰਹਿਮੰਡਾਂ ਪਾਵੇ ਸਾਰ, ਜੇਰਜ ਅੰਡਾਂ ਵੇਖ ਵਖਾਇੰਦਾ । ਮੇਟ ਮਿਟਾਏ ਭੇਖ ਪਖੰਡ, ਕਲਜੁਗ ਤੇਰੀ ਅੰਤਮ ਵੰਡ, ਸੋਹੰ ਫੜਿਆ ਹੱਥ ਵਿਚ ਡੰਡਾ, ਰਾਜ ਰਾਜਾਨਾਂ ਵੱਢੇ ਕੰਡਾਂ, ਸ਼ਬਦ ਖੰਡਾ ਆਪੇ ਵਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਡਤ ਨਹਿਰੂ ਸੋਇਆ ਪੂਤ ਸਪੂਤ ਆਪ ਜਗਾਇੰਦਾ । ਉਠ ਸੋਹੰ ਜਪ, ਰਾਜ ਮੰਤਰੀ ਪ੍ਰਧਾਨਿਆ । ਅੰਤਮ ਸਿਆਸਤ ਜਾਣੀ ਛੁੱਟ, ਅੰਤ ਨਾ ਹੋਏ ਕੋਈ ਦਰ ਦਰਬਾਨਿਆ । ਖਾਲੀ ਦਿਸੇ ਕਾਇਆ ਬੁੱਤ, ਪੱਲੇ ਕੋਈ ਨਾ ਨਾਮ ਨਿਧਾਨਿਆ । ਪੰਜ ਜੇਠ ਸੁਹਾਉਣੀ ਰੁੱਤ, ਲੇਖ ਲਿਖਾਏ ਦਰ ਪਰਵਾਨਿਆ । ਫੜ ਫੜ ਬਾਹੋਂ ਰਿਹਾ ਕੁੱਠ, ਰਾਜ ਮੰਤਰੀ ਨੌਜਵਾਨਿਆ । ਪੁਰਖ ਅਬਿਨਾਸ਼ੀ ਗਿਆ ਤੁੱਠ, ਸੱਤ ਰੰਗ ਝੁਲਾਏ ਇਕ ਨਿਸ਼ਾਨਿਆ । ਨੌ ਖੰਡ ਪ੍ਰਿਥਮੀ ਰਿਹਾ ਲੁੱਟ, ਤਖ਼ਤ ਬੈਠ ਗੁਣ ਨਿਧਾਨਿਆ । ਜਗਤ ਜਗਦੀਸ਼ਾ ਜੋਗ ਜੁਗੀਸ਼ਰੋ ਬੈਠਾ ਰੁੱਠ, ਨੇਤਰ ਨੈਣ ਨਾ ਦਿਸੇ ਹਰਿ ਭਗਵਾਨਿਆ । ਅੰਤਮ ਸਭ ਦੀ ਜੜ੍ਹ ਦੇਵੇ ਪੁੱਟ, ਸੋਹੰ ਮਾਰੇ ਤਿੱਖਾ ਤੀਰ ਨਿਸ਼ਾਨਿਆ । ਦਰ ਦਵਾਰੇ ਲਏ ਲੁੱਟ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਸੀਸ ਤਾਜ ਟਿਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਾਲੀ ਦੋ ਜਹਾਨਿਆ । ਰਾਜ ਮੰਤਰੀ ਰੱਖਣਾ ਯਾਦ, ਪ੍ਰਭ ਸਾਚਾ ਆਪ ਸੁਣਾਇੰਦਾ । ਸੰਮਤ ਸੋਲਾਂ ਕਿਸੇ ਨਾ ਸੁਣੇ ਕੋਈ ਫਰਿਆਦ, ਰਾਜ ਭਾਗ ਸਰਬ ਤਜਾਇੰਦਾ । ਨੌ ਦਵਾਰੇ ਅਗਨੀ ਆਗ, ਨਾ ਕੋਈ ਮਾਤ ਬੁਝਾਇੰਦਾ । ਉਚ ਮੰਦਰ ਨਾ ਕੋਈ ਜਗੇ ਚਿਰਾਗ, ਦੀਵਾ ਬੱਤੀ ਨਾ ਕੋਈ ਰਖਾਇੰਦਾ । ਮਾਇਆ ਡੱਸਣੀ ਡੱਸੇ ਕਿਸੇ ਨਾ ਨਾਗ, ਕਲਜੁਗ ਖੰਡਾ ਇਕ ਵਖਾਇੰਦਾ । ਗੁਰਦਰ ਮੰਦਰ ਮਸਜਿਦ ਬਹਿ ਬਹਿ ਕੋਈ ਨਾ ਗਾਏ ਰਾਗ, ਰਾਗ ਰਾਗਨੀ ਮੇਟ ਮਿਟਾਇੰਦਾ । ਸੱਜਣ ਮੀਤ ਇਕ ਦੂਜੇ ਨੂੰ ਜਾਣ ਤਿਆਗ, ਰਸਨਾ ਗੀਤ ਨਾ ਕੋਈ ਸੁਣਾਇੰਦਾ । ਰਾਮ ਸੀਤਾ ਵੇਖੇ ਭਾਗ, ਰਾਧਾ ਕ੍ਰਿਸ਼ਨ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਨੈਣ ਵਿਖਾਇੰਦਾ । ਏਕਾ ਨੈਣ ਭਗਤ ਤ੍ਰੈਲੋਕੀ ਨੰਦਨ, ਹਰਿ ਆਪਣਾ ਆਪ ਖੁਲ੍ਹਾਇੰਦਾ । ਗੁਰਮੁਖਾਂ ਦੇਵੇ ਪਰਮਾਨੰਦਨ, ਪਰਮਾਨੰਦ ਵਿਚ ਸਮਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦਨ, ਬੰਦੀ ਤੋੜ ਆਪ ਹੋ ਜਾਇੰਦਾ । ਇਕ ਸੁਣਾਏ ਸੁਹਾਗੀ ਛੰਦਨ, ਸੋਹੰ ਨਾਦ ਵਜਾਇੰਦਾ । ਆਪ ਪਹਿਨਾਏ ਆਪਣੇ ਤੰਦਨ, ਦੂਸਰ ਕੋਈ ਹੱਥ ਨਾ ਲਾਇੰਦਾ । ਗੁਰਮੁਖ ਕਾਇਆ ਆਪ ਬਣਾਏ ਸਾਚਾ ਚੰਦਨ, ਸਾਚੀ ਮਹਿਕ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਆਤਮ ਡੇਰਾ ਲਾਇੰਦਾ । ਆਸਣ ਲਾਇਆ ਹਰਿ ਨਿਰੰਕਾਰ, ਜੋਤੀ ਜੋਤ ਜਗਾਈਆ । ਸ਼ਬਦ ਸਰੂਪੀ ਕਰ ਪਿਆਰ, ਆਪਣਾ ਭੇਵ ਖੁਲ੍ਹਾਈਆ । ਆਵਣ ਜਾਵਣ ਕਰਿਆ ਪਾਰ, ਜਿਸ ਜਨ ਆਪਣੀ ਦਇਆ ਕਮਾਈਆ । ਮੇਟ ਮਿਟਾਏ ਮੁਹੰਮਦੀ ਯਾਰ, ਸਖਾ ਸੁਹੇਲਾ ਨਾ ਕੋਈ ਰਖਾਈਆ । ਔਲੀਏ ਪੀਰ ਸ਼ੇਖ਼ ਮੁਸਾਇਕ ਆਈ ਹਾਰ, ਸਾਚਾ ਨਾਇਕ ਨਾ ਕੋਈ ਹੰਢਾਈਆ । ਖ਼ਲਕ ਖ਼ੁਦਾਏ ਰਿਹਾ ਮਿਟਾਈਆ । ਅੰਤਮ ਮੇਟੇ ਪੰਚ

ਸ਼ੈਤਾਨਾਂ, ਅੱਲਾ ਹੂ ਨਾ ਨਾਅਰਾ ਲਾਈਆ । ਮਹਿਬਾਨ ਬੀਦੋ ਬੀ ਖੈਰੀਯਾ ਅਲ੍ਹਾ, ਮਹਿਬਾਨ ਨਾ ਕੋਈ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅਮਾਮ ਮਹਿੰਦੀ ਰੂਪ ਵਟਾਈਆ । ਅਮਾਮ ਮਹਿੰਦੀ ਰੂਪ ਵਟਾਏ, ਸ਼ਬਦੀ ਸ਼ਬਦ ਕਲਮੀ ਕਲਮਾ ਅਲਾਈਆ । ਹੱਥੀਂ ਮਹਿੰਦੀ ਦਿਸ਼ਾ ਲਹਿੰਦੀ ਵੇਖ ਵਖਾਏ, ਅੱਲਾ ਰਾਣੀ ਰਹੀ ਕੁਰਲਾਈਆ । ਅੰਜੀਲ ਕੁਰਾਨ ਇਕੱਠੀ ਹੋ ਹੋ ਬਹਿੰਦੀ, ਦਿਵਸ ਰੈਣ ਇਕ ਦੂਜੇ ਨੂੰ ਕਹਿੰਦੀ, ਨੇਤਰ ਨੈਣ ਰਹੀ ਸ਼ਰਮਾਈਆ । ਆਪ ਵਹਾਏ ਧਾਰ ਵਹਿੰਦੀ, ਸੰਗ ਮੁਹੰਮਦ ਚਾਰ ਯਾਰ, ਇਕ ਕਰਾਏ ਜਗਤ ਪਿਆਰ, ਵੰਞ ਮੁਹਾਣਾ ਹੱਥ ਫੜਾਈਆ । ਕਲਜੁਗ ਕਾਲਾ ਕਰੇ ਪਿਆਰ, ਮੰਗੀ ਮੰਗ ਸਚ ਦਰਬਾਰ, ਮਿਲਿਆ ਮੇਲ ਮੁਹੰਮਦ ਯਾਰ, ਚੌਦਾਂ ਤਬਕਾਂ ਸੰਗ ਨਿਭਾਈਆ । ਅੰਤਮ ਵੇਲਾ ਹੋਏ ਖੁਆਰ, ਪੁਰਖ ਅਬਿਨਾਸ਼ੀ ਮਾਰੇ ਮਾਰ, ਦਰ ਦਰ ਕਰੇ ਕਰਾਏ ਭਿਖਾਰ, ਕਲਜੁਗ ਰੋਵੇ ਵਾਹੋ ਦਾਹੀਆ । ਗੁਰਮੁਖ ਸਾਚੇ ਕਰ ਤਿਆਰ, ਸੇਵਕ ਸੇਵਾ ਕਰੇ ਅਪਾਰ, ਨਿਹਕਲੰਕਾ ਲਏ ਅਵਤਾਰ, ਏਕਾ ਇੱਕੀ ਰਿਹਾ ਪਾਈਆ । ਸਾਚੀ ਸਿੱਖੀ ਗੁਰ ਵਿਚਾਰ, ਅੰਮ੍ਰਿਤ ਧਾਰਾ ਠੰਢੀ ਠਾਰ, ਨਾਮ ਕ੍ਰਿਪਾਨਾ, ਮਾਰ ਧਿਆਨਾ ਤਨ ਗਾਤਰੇ ਆਪ ਲਟਕਾਈਆ । ਏਕਾ ਬੈਠਾ ਮੀਤ ਮੁਰਾਰ, ਗੁਰਮੁਖਾਂ ਮੇਲ ਮਿਲਾਈਆ । ਸੀਸ ਕੇਸ ਹਰਿ ਜਗਦੀਸ, ਲੇਖੇ ਰਿਹਾ ਲਾਈਆ । ਕੂੜਾ ਦੂਰ ਕਰਾਏ ਪੰਚਮ ਧਾੜ, ਸਖੀ ਸਖਾਵਤ ਹੱਥ ਉਠਾਈਆ । ਕੱਕਾ ਕੰਘਾ ਪ੍ਰਭ ਨਾਮ ਰੰਗਾ, ਏਕਾ ਰੰਗ ਰੰਗਾਈਆ । ਉਪਰ ਸੀਸ ਸਾਚੇ ਟੰਗਾ, ਦਸਮ ਦਵਾਰੀ ਪਾਰ ਕਰਾਈਆ । ਅੰਦਰ ਵਿਛਾਇਆ ਇਕ ਪਲੰਘਾ, ਉਪਰ ਪੜਦਾ ਪਾਈਆ । ਚਾਰੋਂ ਕੁੰਟ ਵਜਾਏ ਮਰਦੰਗਾ, ਸਾਚੀ ਸੇਵਾ ਲਾਈਆ । ਅੰਮ੍ਰਿਤ ਧਾਰਾ ਸਾਚੀ ਗੰਗਾ, ਚਾਰੋਂ ਕੁੰਟ ਰਖਾਈਆ । ਗੁਰਮੁਖਾਂ ਲਗਾਏ ਆਪਣੇ ਅੰਗਾ, ਸਾਚੀ ਸੇਜ ਹੰਢਾਈਆ । ਆਪੇ ਕੱਟਣਹਾਰਾ ਭੁੱਖ ਨੰਗਾ, ਜੁਗ ਜੁਗ ਦਇਆ ਕਮਾਈਆ । ਦਾਤਾ ਸੂਰਾ ਸਰਬੰਗਾ, ਜੋਧਾ ਸੂਰ ਅਖਵਾਈਆ । ਅੰਤਮ ਕਲਜੁਗ ਦਰ ਦਵਾਰਾ ਲੰਘਾ, ਸਤਿਜੁਗ ਸਾਚਾ ਲਏ ਅੰਗੜਾਈਆ । ਸਾਚੇ ਘੋੜੇ ਕਸਿਆ ਤੰਗਾ, ਚਰਨ ਰਕਾਬੇ ਰਿਹਾ ਛੁਹਾਈਆ । ਧਰਤ ਮਾਤ ਵਰ ਸਾਚਾ ਮੰਗਾ, ਆਪ ਆਪਣੀ ਝੋਲੀ ਰਿਹਾ ਭਰਾਈਆ । ਲਾੜੀ ਮੌਤ ਪਾਏ ਵੰਗਾਂ, ਦੋਵੇਂ ਹੱਥ ਰਹੀ ਛਣਕਾਈਆ । ਧਰਮ ਰਾਏ ਅੱਧ ਵਿਚਕਾਰ ਟੰਗਾ, ਪ੍ਰਭ ਸਾਚੇ ਸੇਵਾ ਲਾਈਆ । ਚਿਤਰ ਗੁਪਤ ਹਿਸਾਬ ਏਕਾ ਮੰਗਾ, ਲੱਖ ਚੁਰਾਸੀ ਲਹਿਣਾ ਦੇਣਾ ਮੂਲ ਚੁਕਾਈਆ । ਪਾਰਬ੍ਰਹਮ ਏਕਾ ਸ਼ਬਦ ਸੋਹੰ ਕਰੇ ਨੰਗਾ, ਅਨਹਦ ਪੜਦਾ ਲਾਹੀਆ । ਦੋ ਜਹਾਨੀ ਵੱਜੇ ਮਰਦੰਗਾ, ਘਰ ਚੌਥੇ ਰਿਹਾ ਸੁਣਾਈਆ । ਸੋ ਪੁਰਖ ਨਿਰੰਜਣ ਨੇਤਰ ਦੇਵੇ ਅੰਜਨ, ਦਰਦ ਦੁੱਖ ਭੈ ਭੰਜਨ, ਸੰਤ ਸੁਹੇਲੇ ਸਾਚਾ ਸੱਜਣ, ਏਕਾ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਚ ਵੇਖ ਵਖਾਈਆ । ਸਾਚਾ ਸੱਜਣ ਮੀਤ ਮੁਰਾਰ, ਏਕਾ ਏਕ ਅਖਵਾਇੰਦਾ । ਤਨ ਵਜਾਏ ਨਾਮ ਮਰਦੰਗਾ, ਚੋਟ ਆਪਣੇ ਹੱਥ ਰਖਾਇੰਦਾ । ਸੁਣੇ ਸੁਣਾਏ ਸੁਣਨੇਹਾਰ, ਅਚਰਜ ਖੇਲ ਵਰਤਾਇੰਦਾ । ਗਾਵਤ ਪਾਵਤ ਨਾ ਕੋਈ ਸਾਰ, ਦੇਵਤ ਸੁਰ ਮੁਨ ਰਿਖ ਵੇਖ ਵਖਾਇੰਦਾ । ਗੁਰਮੁਖਾਂ ਲਹਿਣਾ ਦੇਣਾ ਚੁਕਾਏ, ਗੁਣ ਅਵਗੁਣ ਝੋਲੀ ਪਾਇੰਦਾ । ਦਰਸ ਦਿਖਾਏ ਨੈਣੀ ਨੈਣ, ਏਕਾ ਮਸਤਕ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਅੰਮ੍ਰਿਤ ਆਤਮ ਠਾਂਢਾ ਸੀਤਾ, ਭਰਿਆ ਸਚ ਪਿਆਲਿਆ । ਗੁਰਮੁਖਾਂ ਦਰ ਦਰ ਨਾਮ ਨਿਧਾਨ ਪੀਤਾ, ਦੇਵਣਹਾਰ ਦੀਨ ਦਿਆਲਿਆ । ਆਦਿ ਜੁਗਾਦਿ

੪੮੪
੦੬

ਸਦਾ ਜਗ ਜੀਤਾ, ਮਿਲਿਆ ਜੋਤ ਅਕਾਲਿਆ । ਆਪੇ ਹੋਏ ਪਤਤ ਪੁਨੀਤਾ, ਪਤਤ ਪਾਵਣਹਾਰ ਆਪ ਅਖਵਾ ਲਿਆ । ਆਪੇ ਹੋਏ ਹਸਤ ਕੀਟਾ, ਊਚਾਂ ਨੀਚਾਂ ਵਿਚ ਸਮਾ ਲਿਆ । ਆਪੇ ਹੋਇਆ ਕੌੜਾ ਰੀਠਾ, ਆਪੇ ਮਿੱਠੇ ਫਲ ਖਵਾ ਰਿਹਾ । ਆਪੇ ਸ਼ਬਦ ਜਣਾਏ ਇਕ ਅਨਡੀਠਾ, ਨਾ ਕੋਈ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾ ਲਿਆ । ਸਾਚਾ ਮਾਰਗ ਸਚ ਸਲਾਹ, ਹਰਿ ਆਪਣੀ ਇਕ ਕਰਾਈਆ । ਚਾਰ ਵਰਨਾਂ ਏਕਾ ਰਾਹ, ਲੋਕਮਾਤ ਰਿਹਾ ਜਣਾਈਆ । ਇਕ ਜਪਾਏ ਸਾਚਾ ਨਾਂ, ਸੋਹੰ ਨਾਉਂ ਰਖਾਈਆ । ਆਪ ਬਹਾਏ ਸਾਚੇ ਥਾਂ, ਊਚੋ ਊਚ ਅਖਵਾਈਆ । ਕੋਈ ਨਾ ਖਾਵੇ ਗਊ ਮਾਂ, ਕੋਈ ਨਾ ਸੀਸ ਕਟਾਈਆ । ਮਦਿਰਾ ਮਦਿ ਨਾ ਦੇਵੇ ਕੋਈ ਪਿਲਾ, ਲਾੜੀ ਮੌਤ ਗੂੜ੍ਹੀ ਨੀਂਦ ਸਵਾਈਆ । ਜਨ ਭਗਤਾਂ ਜਪਾਏ ਸੱਚਾ ਨਾਂ, ਸਤਿਜੁਗ ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਰਿਹਾ ਪੜ੍ਹਾਈਆ । ਏਕਾ ਅੱਖਰ ਵਡ ਵਿਦਵਾਨ, ਹਰਿ ਆਪੇ ਰਿਹਾ ਪੜ੍ਹਾਇਆ । ਕਲਮੀ ਕਲਮ ਨਾ ਲੇਖ ਮਹਾਨ, ਲੇਖਾ ਲਿਖਣ ਵਿਚ ਨਾ ਆਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਵੇਦ ਵਿਆਸਾ ਲੇਖ ਲਿਖਾਇਆ । ਸ਼ਾਸਤਰ ਸਿਮਰਤੀ ਸਾਰੇ ਗਾਨ, ਸ਼ਾਸਤਰ ਰਿਹਾ ਜਣਾਇਆ । ਅੰਜੀਲ ਕੁਰਾਨਾਂ ਵੇਖ ਨਿਸ਼ਾਨ, ਹਰਿ ਸਾਚਾ ਕਾਲਾ ਰੰਗ ਰੰਗਾਇਆ । ਖਾਣੀ ਬਾਣੀ ਵੇਖੇ ਮਾਰ ਧਿਆਨ, ਕਵਣ ਨਾਦ ਵਜਾਇਆ । ਆਪੇ ਕਰੇ ਪੁਣ ਛਾਣ, ਧੁਰਦਰਗਾਹੀ ਦਾਤਾ ਆਇਆ । ਜਨ ਭਗਤਾਂ ਦੇਵੇ ਸਾਚਾ ਦਾਨ, ਸਚ ਵਸਤੂ ਇਕ ਰਖਾਇਆ । ਆਪ ਬਿਠਾਏ ਨਾਮ ਬਿਬਾਣ, ਲੋਆਂ ਪੁਰੀਆਂ ਪਾਰ ਕਰਾਇਆ । ਦੋ ਜਹਾਨਾਂ ਵੇਖੇ ਮਾਰ ਧਿਆਨ, ਸਾਚਾ ਰੰਗ ਰੰਗਾਇਆ । ਕਾਇਆ ਮੰਦਰ ਸਚ ਮਕਾਨ, ਗੁਰਮੁਖ ਤੇਰਾ ਰਿਹਾ ਸੁਹਾਇਆ । ਚੌਦਾਂ ਲੋਕਾਂ ਝੂਠ ਦੁਕਾਨ, ਚੌਦਾਂ ਤਬਕਾਂ ਰਿਹਾ ਮਿਟਾਇਆ । ਸਚ ਹਦੀਸ ਹਰਿ ਜਗਦੀਸ, ਮੁੱਲਾ ਸ਼ੇਖ਼ ਕਾਜੀ ਹੋਏ ਹਲਕਾਇਆ । ਸਾਚਾ ਰਾਗ ਨਾ ਸੁਣਾਏ ਕੋਈ ਕਾਨ, ਪੜ੍ਹ ਪੜ੍ਹ ਵੇਦ ਵਿਧਾਨਿਆ । ਪਾਰਬ੍ਰਹਮ ਅਬਿਨਾਸ਼ੀ ਕਿਰਪਾ ਕਰ ਗੁਰਮੁਖਾਂ ਵਖਾਏ ਇਕ ਨਿਸ਼ਾਨ, ਘਰ ਚੌਥੇ ਆਪ ਟਿਕਾਇਆ । ਸੋ ਪੁਰਖ ਨਿਰੰਜਣ ਕਿਰਪਾ ਕਰ, ਏਕਾ ਅੱਖਰ ਰਿਹਾ ਪੜ੍ਹਾਇਆ । ਸੋਹੰ ਅੱਖਰ ਕਰ ਪਰਵਾਨ, ਲੋਕਮਾਤ ਰਿਹਾ ਧਰਾਇਆ । ਧਰਤ ਮਾਤ ਤੂੰ ਕਰ ਧਿਆਨ, ਪ੍ਰਭ ਤੇਰੀ ਗੋਦ ਉਠਾਇਆ । ਪੂਤ ਸਪੂਤਾ ਸਚ ਸੁਲਤਾਨ, ਸਾਚੇ ਤਖ਼ਤ ਸਜਾਇਆ । ਸਤਿਜੁਗ ਸਾਚੇ ਰਾਜ ਰਾਜਾਨ, ਏਕ ਏਕ ਅਖਵਾਇਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਧਿਆਨ, ਰਾਓ ਰੰਕਾਂ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੋਬਿੰਦ ਕਾਇਆ ਭੇਖ ਧਰ, ਭੇਖਾਧਾਰੀ ਭੇਖ ਵਟਾਇਆ । ਗੋਬਿੰਦ ਕਾਇਆ ਰੰਗ ਅਪਾਰ, ਏਕਾ ਏਕ ਚੜ੍ਹਾਇਆ । ਆਪੇ ਰੰਗੇ ਰੰਗਣਹਾਰ, ਦੂਸਰ ਨਾ ਕੋਈ ਰੰਗਾਇਆ । ਲਾਲ ਅਨਮੁਲੜਾ ਕਰ ਪਿਆਰ, ਆਪਣੀ ਗੋਦ ਉਠਾਇਆ । ਪੂਰੇ ਤੋਲ ਤੁਲੜਾ ਵਿਚ ਸੰਸਾਰ, ਚਰਨ ਪ੍ਰੀਤੀ ਸੇਵ ਕਮਾਇਆ । ਲੋਕਮਾਤੀ ਫਲਿਆ ਫੁਲਿਆ, ਸਾਚੀ ਫਲ ਫੁਲਵਾੜੀ ਮਾਤ ਲਗਾਇਆ । ਕਲਜੁਗ ਮਾਇਆ ਵਿਚ ਨਾ ਰੁਲੜਾ, ਹਰਿ ਚਰਨ ਧਿਆਨ ਰਖਾਇਆ । ਸਦ ਪਾਉਂਦੇ ਆਪਣਾ ਮੁੱਲੜਾ, ਸ਼ਬਦ ਗਿਆਨ ਤਜਾਇਆ । ਗੁਰਮੁਖ ਸਾਚਾ ਗ੍ਰੰਥੀ ਪੰਥੀ ਭੁੱਲੜਾ, ਗੁਰ ਪੂਰਾ ਦਿਸ ਨਾ ਆਇਆ । ਕਲਜੁਗ ਫਲ ਅੰਤਮ ਹੁੱਲੜਾ, ਪੱਤ ਡਾਲ੍ਹੀ ਦਿਸ ਨਾ ਆਇਆ । ਜੂਠ ਝੂਠ ਅੰਧੇਰ ਝੁਲੜਾ, ਸਭ ਦੀ ਦੇਵੇ ਜੜ੍ਹ ਉਖਾੜਿਆ । ਅੰਮ੍ਰਿਤ ਆਤਮ ਸਭ ਦਾ ਡੁਲ੍ਹੜਾ, ਮਨਮੁਖ ਜੀਵ ਫਿਰੇ ਹਲਕਾਇਆ ।


੪੮੫
੦੬

ਗੁਰਮੁਖ ਪੂਰੇ ਤੋਲ ਤੁਲੜਾ, ਪ੍ਰਭ ਸੋਹੰ ਕੰਡੇ ਰਿਹਾ ਤੁਲਾਇਆ । ਦਰ ਦਵਾਰਾ ਰੱਖੇ ਖੁਲ੍ਹੜਾ, ਜ਼ਾਤ ਪਾਤੀ ਭੇਵ ਚੁਕਾਇਆ । ਭਾਗ ਲਗਾਏ ਸਾਚੇ ਕੁਲੜਾ, ਜੋ ਜਨ ਸਰਨ ਸਰਨਾਈ ਸਾਚੀ ਆਇਆ । ਅੰਤਮ ਆਪੇ ਪਾਏ ਮੁਲੜਾ, ਧਨ ਧਨਾਢੀ ਰਿਹਾ ਵਰਤਾਇਆ । ਪਾਣੀ ਪਏ ਨਾ ਕਾਇਆ ਚੁਲ੍ਹੜਾ, ਜੋਤੀ ਜੋਤ ਨਾ ਕੋਈ ਬੁਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਵਸਿਆ ਘਰ, ਦਰ ਦਵਾਰਾ ਬੰਕ ਸੁਹਾਇਆ । ਦਰ ਦਵਾਰਾ ਬੰਕ ਅਪਾਰ, ਹਰਿ ਸਾਚਾ ਆਪ ਸੁਹਾਇੰਦਾ । ਸ਼ਬਦ ਸਰੂਪੀ ਤਿੱਖੀ ਧਾਰ, ਏਕਾ ਏਕ ਵਖਾਇੰਦਾ । ਮੁਨੀ ਰਿਖੀ ਨਾ ਪਾਵਣ ਸਾਰ, ਪੰਡਤ ਪਾਂਧੇ ਭੇਵ ਛੁਪਾਇੰਦਾ । ਗ੍ਰੰਥੀ ਪੰਥੀ ਨਾ ਪਾਇਣ ਸਾਰ, ਨਾਨਕ ਗੋਬਿੰਦ ਦਿਸ ਨਾ ਆਇੰਦਾ । ਕੂੜ ਕੂੜਾ ਕਰ ਪਸਾਰ, ਮਲੇਸ਼ੀ ਪੁੱਛ ਪੁਛਾਇੰਦਾ । ਦਰ ਦਰਵੇਸ਼ੀ ਨਰ ਨਿਰੰਕਾਰ, ਪਹਿਲੀ ਚੇਤਰ ਜੋਤ ਜਗਾਇੰਦਾ । ਪੰਥ ਖਾਲਸਾ ਰਹਿਣਾ ਖ਼ਬਰਦਾਰ, ਇੱਕੀ ਚੇਤਰ ਆਪ ਸੁਹਾਇੰਦਾ । ਦੋ ਜਹਾਨੀ ਰਿਹਾ ਪੈਜ ਸਵਾਰ, ਲੋਕਮਾਤ ਜੋਤ ਪਰਗਟਾਇੰਦਾ । ਗੋਬਿੰਦ ਗੋਬਿੰਦ ਮੀਤ ਮੁਰਾਰ, ਨਿਤ ਨਵਿਤ ਕਰ ਕਰ ਹਿੱਤ, ਗੁਰਮੁਖ ਸਾਚੇ ਆਪ ਉਠਾਇੰਦਾ । ਆਪੇ ਹੋਇਆ ਪਾਕ ਪਵਿੱਤ, ਆਪੇ ਜਾਣੇ ਵਾਰ ਥਿਤ, ਆਪ ਆਪਣਾ ਲਿਆ ਜਿੱਤ, ਆਪ ਆਪਣਾ ਮਾਤ ਉਪਜਾਇੰਦਾ । ਜਨ ਭਗਤਾਂ ਤਨ ਕਿਆਰੀ ਦੇਵੇ ਸਿਤ, ਸੁਤ ਦੁਲਾਰੇ ਸੁਹਾਏ ਸਾਚੀ ਰੁੱਤ, ਕਾਇਆ ਠੰਢੀ ਠਾਰ ਕਰਾਇੰਦਾ । ਸਾਢੇ ਤਿੰਨ ਤਿੰਨ ਹੱਥ ਸੀਆ ਲਏ ਵੇਂਤ, ਆਪ ਆਪਣੀ ਵੰਡ ਵੰਡਾਇੰਦਾ । ਨੌ ਖੰਡ ਪ੍ਰਿਥਮੀ ਖੜਕੇ ਇੱਟ ਨਾਲ ਇੱਟ, ਮਹੱਲ ਅਟੱਲ ਕੋਈ ਰਹਿਣ ਨਾ ਪਾਇੰਦਾ । ਚਾਰੇ ਕੁੰਟਾਂ ਰਿਹਾ ਲੁੱਟ, ਧੀਰਜ ਪਤ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾ ਜਨਮੇ ਨਾ ਜਾਏ ਮਰ, ਜੁਗ ਜੁਗ ਪੈਜ ਰਖਾਇੰਦਾ । ਮਰੇ ਨਾ ਜਨਮੇ ਆਵੇ ਜਾਏ । ਥਿਰ ਘਰ ਬੈਠਾ ਆਸਣ ਲਾਏ । ਪੁਰਖ ਅਗੰਮ ਅਗੰਮੜਾ, ਅਗੰਮੜੇ ਧਾਮ ਸੁਹਾਏ । ਜਨ ਭਗਤਾਂ ਦੇਵੇ ਨਾਮ ਦਾਮ ਦਮਤਾ, ਪਵਣ ਸਵਾਸੀ ਆਪ ਚਲਾਏ । ਲੇਖਾ ਚੁੱਕੇ ਹੱਡ ਮਾਸ ਨਾੜੀ ਚੰਮ ਕਾ, ਚੰਮ ਦ੍ਰਿਸ਼ਟੀ ਰਹਿਣ ਨਾ ਪਾਏ । ਏਕਾ ਅੰਮ੍ਰਿਤ ਆਤਮ ਜਾਮ ਪਿਆਏ ਜਨ ਕਾ, ਤ੍ਰਿਸ਼ਨਾ ਭੁੱਖ ਮਿਟਾਏ । ਮਿਟੇ ਰੈਣ ਅੰਧੇਰੀ ਸ਼ਾਮਨ ਸ਼ਮਕਾ, ਪਰਕਾਸ਼ ਆਕਾਸ਼ ਸਮਾਏ । ਵੇਖੇ ਖੇਲ ਦੁਸ਼ਟ ਦਮਨ ਕਾ, ਦਮਨ ਦੁਸ਼ਟਾਂ ਭੇਖ ਵਟਾਏ । ਪਾਵੇ ਸਾਰ ਅਵਨ ਗਵਨ ਕਾ, ਗੋਬਿੰਦ ਲੇਖਾ ਰਿਹਾ ਲਿਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਵੇਖੇ ਖੇਲ, ਸਰਗੁਣ ਤੇਰੀ ਅੰਤਮ ਵਾਰ ਧਾਰ ਬੰਧਾਏ ।

ਗੁਰਮੁਖ ਸਦਾ ਸਲਾਹੀਏ, ਅੰਤ ਨਾ ਪਾਰਾਵਾਰ । ਨਾਮ ਨਿਧਾਨਾ ਗਾਈਏ, ਕੋਟਨ ਦਏ ਪਾਪ ਉਤਾਰ । ਸ੍ਰੀ ਭਗਵਾਨਾ ਇਕ ਮਨਾਈਏ, ਆਦਿ ਅੰਤ ਏਕੰਕਾਰ । ਸ਼ਬਦ ਨਿਸ਼ਾਨਾ ਇਕ ਰਖਾਈਏ, ਜੁਗ ਜੁਗ ਬੇੜਾ ਲਾਏ ਪਾਰ । ਨਾਦ ਅਨਾਦੀ ਤਰਾਨਾ ਇਕ ਉਪਜਾਈਏ, ਆਪ ਵਜਾਏ ਸਾਚਾ ਤਾਲ । ਸੁਨ ਸਮਾਧੀ ਖੋਲ੍ਹ ਵਖਾਈਏ, ਸੁਨ ਮੁਨ ਗਣ ਗੁਰ ਪੂਰੇ ਅੱਗੇ ਡਾਲ । ਬੋਧ ਅਗਾਧੀ ਸ਼ਬਦ ਜਣਾਈਏ, ਮੇਲ ਮਿਲਾਏ ਦੀਨ ਦਿਆਲ । ਵਿਸਮਾਦੀ ਵਿਸਮਾਦ ਸਮਾਈਏ, ਨੇੜ ਨਾ ਆਏ ਕਾਲ ਮਹਾਂਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਉਪਜਾਏ ਅਨਮੁਲੜੇ ਲਾਲ । ਲਾਲ ਅਨਮੁੱਲਾ ਹਰਿ ਉਪਾਇਆ, ਗੁਰਮੁਖ ਨਾਉਂ ਧਰਾਈਆ । ਸਤਿਜੁਗ ਸਾਚਾ ਸਿੱਖ ਉਪਜਾਇਆ, ਆਪਣੀ ਗੋਦ

ਉਠਾਈਆ । ਰਾਮ ਰਾਮਾ ਬਣ ਕੇ ਆਇਆ, ਭੀਲਣੀ ਦਰ ਦਵਾਰੇ ਫੇਰਾ ਪਾਈਆ । ਗਊ ਗਰੀਬਾਂ ਗਲੇ ਲਗਾਇਆ, ਹੰਕਾਰੀਆਂ ਨਿੰਦਕਾਂ ਰਿਹਾ ਮਿਟਾਈਆ । ਰਾਮਾ ਰਾਵਣ ਮਾਰ ਮੁਕਾਇਆ, ਭਬੀਖਣ ਦਏ ਵਡਿਆਈਆ । ਕਲਜੁਗ ਸਤਿਜੁਗ ਤ੍ਰੇਤਾ ਦੁਆਪਰ ਆਪਣੇ ਹੱਥ ਰਖਾਇਆ, ਦੋਏ ਖੇਲ ਖਿਲਾਈਆ । ਕਾਹਨਾ ਕ੍ਰਿਸ਼ਨਾ ਰੂਪ ਵਟਾਇਆ, ਬਿਦਰ ਸੁਦਾਮਾ ਲਿਆ ਉਪਜਾਈਆ । ਦਰੋਪਦ ਲੱਜਿਆ ਰੱਖਦਾ ਆਇਆ, ਏਕਾ ਬਸਤਰ ਤਨ ਛੁਹਾਈਆ । ਅਰਜਨ ਗੀਤਾ ਗਿਆਨ ਜਣਾਇਆ, ਅਠਾਰਾਂ ਧਿਆਏ ਜਣਾਈਆ । ਦੇ ਮਤ ਭਗਤ ਆਪ ਸਮਝਾਇਆ, ਸਾਚੀ ਬੂਝ ਬੁਝਾਈਆ । ਰਥ ਰਥਵਾਹੀ ਆਪ ਚਲਾਇਆ, ਬੈਠਾ ਹਰਿ ਰਘੁਰਾਈਆ । ਸ੍ਰਿਸ਼ਟ ਸਬਾਈ ਮਥ ਵਿਖਾਇਆ, ਅਖਸ਼ੂਨੀਆਂ ਗਰਕ ਕਰਾਈਆ । ਦਰਜੋਧਨ ਹੰਕਾਰੀ ਦਿਸ ਨਾ ਆਇਆ, ਨਾ ਕੋਈ ਛੱਪਰ ਛਾਈਆ । ਇਕ ਯੁਧਿਸ਼ਟਰ ਗਲੇ ਲਗਾਇਆ, ਧਰਮ ਸੁਤ ਉਪਜਾਈਆ ਆਪ ਆਪਣਾ ਅੰਤ ਕਰਾਇਆ, ਯਾਦਵ ਬੈਠੇ ਮੁਖ ਸ਼ਰਮਾਈਆ । ਕਲਜੁਗ ਸਾਚਾ ਸੁਤ ਉਪਜਾਇਆ, ਧਰਤਮਾਤ ਮਾਤ ਬਣਾਈਆ । ਕਾਲਾ ਮੁਖ ਆਪ ਕਰਾਇਆ, ਪ੍ਰਭ ਸਾਚੇ ਲਾਈ ਸ਼ਾਹੀਆ । ਹਉਮੇ ਰੋਗ ਦੁੱਖ ਝੋਲੀ ਪਾਇਆ, ਜੀਵਾਂ ਜੰਤਾਂ ਰਿਹਾ ਪਿਆਈਆ । ਆਤਮ ਸੁੱਖ ਆਪਣੇ ਹੱਥ ਰਖਾਇਆ, ਦਸਮ ਦਵਾਰੀ ਕੁੰਡਾ ਬੈਠਾ ਲਾਈਆ । ਤ੍ਰਿਸ਼ਨਾ ਭੁੱਖ ਜਗਤ ਵਧਾਇਆ, ਅਗਨੀ ਅਗਨ ਜਲਾਈਆ । ਮਾਤ ਕੁੱਖ ਨਾ ਕੋਈ ਸੁਫਲ ਕਰਾਇਆ, ਠੱਗ ਚੋਰ ਯਾਰ ਨਿੰਦਕ ਦੁਸ਼ਟ ਦੁਰਾਚਾਰ ਰਿਹਾ ਉਪਾਈਆ । ਗੁਰਮੁਖ ਵਿਰਲੇ ਉਜਲ ਮੁਖ ਕਰਾਇਆ, ਰਸਨਾ ਜਿਹਵਾ ਰਿਹਾ ਗਾਈਆ । ਨਿਹਕਲੰਕਾ ਤੇਰੀ ਸਚ ਸਰਨਾਇਆ, ਲੱਖ ਚੁਰਾਸੀ ਫੰਦ ਕਟਾਈਆ । ਗੁਰ ਗੋਬਿੰਦਾ ਬੈਠਾ ਸੀਸ ਝੁਕਾਇਆ, ਦਰ ਦਵਾਰਾ ਰਿਹਾ ਸੁਹਾਈਆ । ਨਾਨਕ ਨਿਰਗੁਣ ਨਿਝ ਘਰ ਡੇਰਾ ਲਾਇਆ, ਆਪ ਆਪਣਾ ਮੇਟ ਮਿਟਾਈਆ । ਸਰਗੁਣ ਭਰਮਾ ਡੇਰਾ ਢਾਇਆ, ਭੇਖ ਪਖੰਡਾ ਦਏ ਮਿਟਾਈਆ । ਚੰਡੀ ਚੰਡਾ ਰਿਹਾ ਉਠਾਇਆ, ਜੁਗ ਚੌਥਾ ਚੌਥਾ ਡੰਡਾ ਪਾਰ ਕਰਾਈਆ । ਆਪੇ ਚੜ੍ਹਿਆ ਹਰਿ ਬ੍ਰਹਿਮੰਡਾ, ਹਰ ਘਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਮੀਤ ਆਪ ਹੋ ਜਾਈਆ ਸਾਜਣ ਮੀਤਾ ਪਾਰਬ੍ਰਹਮਾ, ਬ੍ਰਹਮ ਰੂਪ ਸਮਾਇਆ । ਆਪ ਕਰਾਏ ਆਪਣਾ ਕਰਮਾ, ਕਰਮ ਕੁਕਰਮੀ ਆਪ ਹੋ ਆਇਆ । ਜੁਗ ਜੁਗ ਚਲਾਏ ਸਾਚਾ ਧਰਮਾ, ਅਧਰਮੀ ਮੇਟ ਮਿਟਾਇਆ । ਨਾ ਕੋਈ ਦਿਸੇ ਜ਼ਾਤ ਪਾਤਾ ਵਰਨਾਂ ਬਰਨਾਂ, ਅਠਾਰਾਂ ਬਰਨ ਦਏ ਦੁਹਾਇਆ । ਇਕ ਰਖਾਏ ਸਾਚੀ ਸਰਨਾ, ਚਾਰ ਵਰਨਾਂ ਰਾਹ ਤਕਾਇਆ । ਗੁਰਮੁਖ ਵਿਰਲੇ ਸਾਚੀ ਤਰਨੀ ਤਰਨਾ, ਕਲਜੁਗ ਡੂੰਘਾ ਸਾਗਰ ਆਪ ਵਹਾਇਆ । ਧਰਮ ਰਾਏ ਤੇਰਾ ਦਰ ਦਵਾਰ ਅੰਤਮ ਭਰਨਾ, ਕਲਜੁਗ ਸਾਚਾ ਸੰਗ ਨਿਭਾਇਆ । ਲਾੜੀ ਮੌਤ ਘਰ ਘਰ ਨਰ ਨਾਰੀ ਵਰਨਾ, ਬੈਠੀ ਤਨ ਸ਼ਿੰਗਾਰ ਕਰਾਇਆ । ਗੁਰਮੁਖ ਵਿਰਲੇ ਆਪ ਰਖਾਏ ਆਪਣੀ ਸਰਨਾ, ਸਰਨ ਸਰਨਾਈ ਇਕ ਰਘੁਰਾਇਆ । ਦੇਵੇ ਵਡਿਆਈ ਉਪਰ ਧਰਤ ਧਵਲ ਧਰਨੀ ਧਰਨਾ, ਸਾਵਲ ਸੁੰਦਰ ਰੂਪ ਵਟਾਇਆ । ਮਾਣ ਦਵਾਏ ਇੰਦ ਇੰਦਰਾ, ਸੁਰਪਤ ਰਹਿਣ ਨਾ ਪਾਇਆ । ਬੀਸ ਬੀਸੇ ਮਾਰਿਆ ਜੰਦਰਾ, ਨਾ ਕੋਈ ਸਕੇ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਇਆ । ਗੁਰਮੁਖ ਸਾਚੇ ਆਪ ਜਗਾਏ, ਸਰਬ ਕਲਾ ਸਮਰਥਾ । ਨਾਮ ਧਨ ਹਰਿ ਝੋਲੀ ਪਾਏ, ਸਿਰ ਰੱਖੇ ਦੇ ਕਰ ਹੱਥਾ । ਸਾਚੀ ਗੋਲੀ ਆਪ ਅਖਵਾਏ, ਸ਼ਬਦ ਜਣਾਏ ਅਕੱਥ ਅਕੱਥਾ । ਚੇਤਰ ਸੱਤ ਹਰਿ ਦੇ ਮਤ ਗੁਰਮੁਖ ਸਮਝਾਏ, ਨਾਮ ਚੜ੍ਹਾਏ ਸਾਚੇ ਰਥਾ । ਗੁਰ

ਗੋਬਿੰਦ ਘਰ ਡੇਰਾ ਲਾਏ, ਸਗਲੀ ਚਿੰਦਾ ਦਏ ਮਿਟਾਏ, ਸਾਗਰ ਸਿੰਧਾ ਹਰਿ ਧਾਰ ਵਹਾਏ, ਗੁਰਮੁਖ ਬਣਾਏ ਸਾਚੀ ਬਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲਾ ਦੇਵੇ ਵਰ, ਮਨਮੁਖ ਲਗਾਏ ਨਿੰਦਾ । ਮਨਮੁਖ ਨਿੰਦਿਆ ਮੁਖ ਰਖਾਈ, ਪ੍ਰਭ ਅਗਨ ਅਗਨ ਜਲਾਈਆ । ਗੁਰਮੁਖਾਂ ਚਿੰਦਿਆ ਰਿਹਾ ਮਿਟਾਈ, ਸਾਚਾ ਸਗਨ ਕਰਾਈਆ । ਸੰਮਤ ਚੌਦਾਂ ਰੁੱਤ ਸੁਹਾਈ, ਪਹਿਲੀ ਚੇਤਰ ਖ਼ੁਸ਼ੀ ਮਨਾਈਆ । ਦੂਜੇ ਘਰ ਦਏ ਵਧਾਈ, ਤੀਜੇ ਘਰ ਵੇਖਣ ਆਈਆ । ਚੌਥੇ ਘਰ ਸ਼ਬਦ ਕੁੜਮਾਈ, ਪੰਚਮ ਸਹਿਜ ਸੁਖਦਾਈਆ । ਛੇਵੇਂ ਢੋਲ ਮਰਦੰਗ ਨਾ ਕੋਈ ਰਖਾਈ, ਸੱਤਵੇਂ ਸਤਿ ਪੁਰਖ ਨਿਰੰਜਣ ਬੈਠਾ ਆਸਣ ਲਾਈਆ । ਅੱਠ ਤਤ ਵਸਤ ਹਰਿ ਰੱਤੀ ਏਕਾ ਨਾਮ ਰਖਾਈ, ਨੌਂ ਦਰ ਖੇਲ ਸਰਬ ਲੁਕਾਈਆ । ਦਸ ਲੇਖੇ ਹਰਿਜਨ ਲਾਈਆ । ਗੁਰਮੁਖ ਵਿਰਲਾ ਚੜ੍ਹੇ ਜਗਤ ਚੜ੍ਹਾਈ, ਪ੍ਰਭ ਸਾਚਾ ਆਪ ਚੜ੍ਹਾਈਆ । ਪੰਜਾਂ ਚੋਰਾਂ ਕਰ ਲੜਾਈ, ਮੂੰਹ ਦੇ ਭਾਰ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਲਈ ਵਰ, ਸ਼ਬਦ ਕਰੇ ਕੁੜਮਾਈਆ । ਗੁਰਮੁਖ ਆਤਮ ਸਤਿ ਸਵਾਨੀ, ਘਰ ਸਾਚਾ ਵੇਖ ਵਖਾਈਆ । ਦਸਮ ਦਵਾਰੀ ਬਹਿ ਗਈ ਬਣ ਕੇ ਰਾਣੀ, ਸਾਚਾ ਤਨ ਸ਼ਿੰਗਾਰ ਕਰਾਈਆ । ਜੋਤ ਨਿਰੰਜਣ ਵਾਰਿਆ ਪਾਣੀ, ਹਰਿ ਸਾਚੀ ਸੇਵਾ ਲਾਈਆ । ਅਨਹਦ ਸੁਣਾਏ ਇਕ ਸਾਚੀ ਬਾਣੀ, ਰਾਗ ਅਨਾਦਾ ਰਿਹਾ ਵਜਾਈਆ । ਪੁਰਖ ਅਬਿਨਾਸ਼ੀ ਸਾਚੀ ਆਤਮ ਬੈਠਾ ਸੇਜਾ ਚਿੱਟੇ ਬਸਤਰ ਤਨ ਤਾਣੀ, ਚਿੱਟੀ ਧਾਰ ਰਖਾਈਆ । ਆਪੇ ਹੋਇਆ ਜਾਣ ਜਾਣੀ, ਜਾਣਨਹਾਰ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਡੱਲਾ ਤੇਰਾ ਬਾਗ਼ ਸੁਹਾਈਆ । ਜਗਤ ਡੱਲਾ ਨਾ ਹੋਏ ਵੈਰਾਨਾ, ਗੁਰ ਗੋਬਿੰਦਾ ਗਿਆ ਲਿਖਾਈਆ । ਕਾਇਆ ਮੰਦਰ ਇਕ ਮਕਾਨਾ, ਹਰਿ ਬੈਠਾ ਆਸਣ ਲਾਈਆ । ਦੇਵੇ ਨਾਮ ਗੁਣ ਨਿਧਾਨਾ, ਦਰ ਦਵਾਰੇ ਰਿਹਾ ਟਿਕਾਈਆ । ਨਾਮ ਫੜਾਏ ਤੀਰ ਕਮਾਨਾ, ਸਾਚੇ ਚਿੱਲੇ ਆਪ ਚੜ੍ਹਾਈਆ । ਸੋਇਆ ਸੁਤ ਉਠਾਏ ਸ੍ਰੀ ਭਗਵਾਨਾ, ਪੂਤ ਸਪੂਤਾ ਆਪ ਬਣਾਈਆ । ਆਤਮ ਅੰਤਰ ਬੰਨ੍ਹੇ ਗਾਨਾ, ਜਗਤ ਬਸੰਤਰ ਰਿਹਾ ਲਗਾਈਆ । ਪੰਚਮ ਪੰਚਾਂ ਕਰ ਪਰਧਾਨਾ, ਪੰਚਾਂ ਮੇਟ ਮਿਟਾਈਆ । ਆਦਿ ਜੁਗਾਦੀ ਹਰਿ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਵਟਾਈਆ । ਸੋ ਪੁਰਖ ਨਿਰਜੰਣ ਸਾਖਿਆਤ, ਭੇਖੀ ਭੇਖ ਅਪਾਰਿਆ । ਹੰ ਨਿਭਾਏ ਸਾਚਾ ਨਾਤ, ਵਡ ਵੱਡਾ ਸੰਸਾਰਿਆ । ਵਾਵਾ ਵੇਖੇ ਮਾਰ ਝਾਤ, ਭੇਵ ਅਭੇਦਾ ਭੇਵ ਨਿਵਾਰਿਆ । ਸੱਸਾ ਸ਼ਾਮ ਮੇਟੇ ਅੰਧੇਰੀ ਰਾਤ, ਕਲਜੁਗ ਰੈਣ ਅੰਧਿਆਰਿਆ । ਨੱਨਾ ਨਿਰਗੁਣ ਵੇਖੇ ਮਾਰ ਝਾਤ, ਏਕਾ ਨੈਣ ਉਘਾੜਿਆ । ਦੋਆ ਔਂਕੜ ਇਕ ਇਕਾਂਤ, ਦੋ ਜਹਾਨਾਂ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਧਨ ਗਲੇ ਲਗਾ ਲਿਆ । ਧੰਨ ਸੁਭਾਗੀ ਰੈਣ, ਨੇਤਰ ਦਰਸ਼ਨ ਪਾਇਆ । ਜਨ ਭਗਤਾਂ ਚੁਕਾਏ ਲਹਿਣ ਦੇਣ, ਵਡ ਵਡਭਾਗੀ ਦਰਸ ਦਿਖਾਇਆ । ਗੁਰ ਸੰਗਤ ਬਣਾਏ ਭਾਈ ਭੈਣ, ਨਾਤਾ ਬਿਧਾਤਾ ਰਿਹਾ ਜੁੜਾਇਆ । ਪ੍ਰਭ ਕਾ ਭਾਣਾ ਸਿਰ ਤੇ ਸਹਿਣ, ਕਲਜੁਗ ਅੰਤ ਅੰਧੇਰਾ ਛਾਇਆ । ਮਾਇਆ ਮਮਤਾ ਵਹੇ ਵਹਿਣ, ਬੇਮੁਖਾਂ ਰਹੀ ਰੁੜ੍ਹਾਇਆ । ਦਰ ਦਰ ਘਰ ਘਰ ਮੰਦਰ ਅੰਦਰ ਸਾਰੇ ਬਹਿ ਬਹਿ ਕਹਿਣ, ਗੋਬਿੰਦ ਕਿਸੇ ਹੱਥ ਨਾ ਆਇਆ । ਹਰਿਜਨ ਨੇਤਰ ਲੋਚਣ ਪਰਖੇ ਨੈਣ, ਕਲਗੀ ਤੋੜਾ ਸੀਸ ਸਜਾਇਆ । ਬਸਤਰ ਸ਼ਸਤਰ ਤਨ ਸਾਚਾ ਗਹਿਣ, ਏਕਾ

੪੮੮
੦੬

ਨਾਮ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਰੂਪ ਸ਼ਬਦ ਵਿਸਮਾਦ ਅਨੂਪ ਰੂਪ ਸਮਾਇਆ । ਰੂਪ ਅਨੂਪ ਸ਼ਾਹੋ ਭੂਪਾ, ਜੋਤੀ ਜੋਤ ਜਗਾਇੰਦਾ । ਕਰੇ ਪਰਕਾਸ਼ ਅੰਧ ਕੂਪਾ, ਅਗਿਆਨ ਅੰਧੇਰ ਮਿਟਾਇੰਦਾ । ਦਰ ਦਰ ਘਰ ਘਰ ਧੁੱਖਦੇ ਧੂਪਾ, ਸਾਚਾ ਹਵਨ ਨਾ ਕੋਇ ਕਰਾਇੰਦਾ । ਪਾਰਬ੍ਰਹਮ ਨਾ ਕੋਇ ਰੰਗ ਨਾ ਕੋਇ ਰੂਪਾ, ਰੂਪ ਰੰਗ ਨਾ ਕੋਇ ਵਿਖਾਇੰਦਾ । ਆਪੇ ਵੇਖੇ ਦਹਿ ਦਿਸ਼ਾ ਚਾਰੇ ਕੂਟਾ, ਲੋਆਂ ਪੁਰੀਆਂ ਭੇਵ ਉਪਾਇੰਦਾ । ਗੁਰਮੁਖਾਂ ਦੇਵੇ ਸ਼ਬਦ ਹੁਲਾਰਾ ਸਾਚਾ ਹੂਟਾ, ਆਪਣੀ ਹੱਥੀਂ ਆਪ ਹਿਲਾਇੰਦਾ । ਕਲਜੁਗ ਦਵਾਰੇ ਬੈਠਾ ਰੁਠਾ, ਮੁੱਠ ਖਾਲੀ ਹੱਥ ਵਿਖਾਇੰਦਾ । ਲੱਖ ਚੁਰਾਸੀ ਟੰਗਿਆ ਪੁੱਠਾ, ਰਾਏ ਧਰਮ ਖ਼ੁਸ਼ੀ ਮਨਾਇੰਦਾ । ਜੀਵਾਂ ਜੰਤਾਂ ਵਣਜ ਵਪਾਰਾ ਕੀਤਾ ਝੂਠਾ, ਜਗਤ ਮਲਾਹ ਨਾ ਕੋਈ ਬਚਾਇੰਦਾ । ਭਗਤ ਸੁਹੇਲਾ ਇਕ ਇਕੇਲਾ ਪੁਰਖ ਅਬਿਨਾਸ਼ੀ ਆਪੇ ਤੁੱਠਾ, ਹਰਿਜਨ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਦੇਵਤ ਸੁਰ ਨਰ, ਗਣ ਗੰਧਰਬ ਆਪ ਅਖਵਾਇੰਦਾ ।

## ❊ ੮ ਚੇਤ ੨੦੧੪ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ❊



ਗੁਰਸਿਖ ਵਡਿਆਈ ਧੰਨ ਹੈ, ਧਨ ਪਾਇਆ ਹਰਿ ਹਰਿ ਨਾਮਾ । ਗੁਰਸਿਖ ਵਡਿਆਈ ਧੰਨ ਹੈ, ਲੇਖੇ ਲਾਇਆ ਕਾਇਆ ਚਾਮਾ । ਗੁਰਸਿਖ ਵਡਿਆਈ ਧੰਨ ਹੈ, ਤਨ ਵਜਾਏ ਸ਼ਬਦ ਦਮਾਮਾ । ਗੁਰਸਿਖ ਵਡਿਆਈ ਧੰਨ ਹੈ, ਏਕਾ ਰੱਖੇ ਚਰਨ ਧਿਆਨਾ । ਗੁਰਸਿਖ ਵਡਿਆਈ ਧੰਨ ਹੈ, ਰਸਨਾ ਗਾਏ ਗੁਣ ਨਿਧਾਨਾ । ਗੁਰਸਿਖ ਵਡਿਆਈ ਧੰਨ ਹੈ, ਸੇਵਕ ਸੇਵਾ ਕਰੇ ਸ੍ਰੀ ਭਗਵਾਨਾ । ਗੁਰਸਿਖ ਵਡਿਆਈ ਧੰਨ ਹੈ, ਦੇਵੀ ਦੇਵ ਨਾ ਕੋਈ ਮਨਾਨਾ । ਗੁਰਸਿਖ ਵਡਿਆਈ ਧੰਨ ਹੈ, ਸ਼ਿਵ ਸ਼ੰਕਰ ਨਾ ਸੀਸ ਝੁਕਾਨਾ । ਗੁਰਸਿਖ ਵਡਿਆਈ ਧੰਨ ਹੈ, ਬ੍ਰਹਮੇ ਮੇਲ ਨਾ ਵਿਚ ਜਹਾਨਾ । ਗੁਰਸਿਖ ਵਡਿਆਈ ਧੰਨ ਹੈ, ਏਕਾ ਇਸ਼ਟ ਗੁਰਦੇਵ ਰਖਾਨਾ । ਗੁਰਸਿਖ ਵਡਿਆਈ ਧੰਨ ਹੈ, ਸ੍ਰਿਸ਼ਟ ਸਬਾਈ ਵੇਖ ਵਖਾਨਾ । ਗੁਰਸਿਖ ਵਡਿਆਈ ਧੰਨ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦੇਵੇ ਮਾਣਾ । ਗੁਰਸਿਖ ਵਡਿਆਈ ਧੰਨ ਹੈ, ਆਤਮ ਤਨ ਸ਼ਿੰਗਾਰਿਆ । ਆਪਣਾ ਬੇੜਾ ਆਪੇ ਬੰਨ੍ਹ ਹੈ, ਆਪ ਆਪਣਾ ਭਾਰ ਉਠਾ ਰਿਹਾ । ਭਰਮ ਭੁਲੇਖਾ ਕੱਢੇ ਜਨ ਹੈ, ਜਿਸ ਜਨ ਬਖ਼ਸ਼ੇ ਚਰਨ ਪਿਆਰਿਆ । ਨਿਰਮਲ ਜੋਤ ਜਗਾਏ ਤਨ ਹੈ, ਅਗਿਆਨ ਅੰਧੇਰ ਮਿਟਾ ਰਿਹਾ । ਏਕਾ ਏਕ ਦੇਵੇ ਸੱਚਾ ਮਾਲ ਧਨ ਹੈ, ਠੱਗ ਚੋਰ ਯਾਰ ਨਾ ਕੋਈ ਚੁਰਾ ਰਿਹਾ । ਰਾਗ ਰਾਗਨੀ ਸੁਣਾਏ ਕੰਨ ਹੈ, ਰਸਨਾ ਜਿਹਵਾ ਨਾ ਕੋਈ ਹਿਲਾ ਰਿਹਾ । ਜੋਤ ਨਿਰੰਜਣ ਚਾੜ੍ਹੇ ਚੰਨ ਹੈ, ਏਕਾ ਦੀਪ ਵਖਾ ਰਿਹਾ । ਗਾ ਗਾ ਥੱਕੇ ਗੰਧਰਬ ਗਨ ਹੈ, ਅਰੰਭਾ ਨਾਚ ਕਰਾ ਰਿਹਾ । ਗੁਰਮੁਖ ਵਿਰਲੇ ਆਤਮ ਗਈ ਮੰਨ ਹੈ, ਪ੍ਰਭ ਸਾਚਾ ਆਪ ਮਨਾ ਰਿਹਾ । ਧਰਮ ਰਾਏ ਨਾ ਦੇਵੇ ਡੰਨ ਹੈ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਗੁਰਮੁਖ ਵਡਿਆਈ ਧੰਨ ਹੈ, ਪਾਇਆ ਹਰਿ ਭਗਵੰਤਾ । ਗੁਰਸਿਖ ਵਡਿਆਈ ਧੰਨ ਹੈ, ਸ਼ਬਦ ਜਣਾਏ ਸਾਚੇ ਸੰਤਾਂ । ਗੁਰਮੁਖ ਵਡਿਆਈ ਧੰਨ ਹੈ, ਮੇਲ ਮਿਲਾਏ ਆਦਿਨ ਅੰਤਾ । ਗੁਰਮੁਖ ਵਡਿਆਈ ਧੰਨ ਹੈ, ਪਾਇਆ ਕੰਤ ਸੁਹਾਗੀ ਕੰਤਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬਣਾਏ ਸਾਚੀ ਬਣਤਾ । ਗੁਰਮੁਖ ਵਡਿਆਈ ਧੰਨ ਹੈ, ਗੁਰ ਸਾਚਾ ਪਾਇਆ । ਗੁਰਮੁਖ ਵਡਿਆਈ ਧੰਨ ਹੈ, ਜੀਓ ਪਿੰਡ ਤਨ ਕਾਚਾ ਜੂਠ ਝੂਠ ਰਖਾਈਆ । ਪੰਚ ਦਵਾਰ ਨਾ ਦਰ ਤੇ ਨਾਚਾ, ਏਕਾ ਏਕ ਰਾਹ ਤਕਾਈਆ । ਗੁਰਸਿਖ ਵਡਿਆਈ ਧੰਨ ਹੈ, ਗੁਰ ਕਾ ਸ਼ਬਦ ਹਿਰਦੇ ਵਾਚਾ, ਮਨ ਮਤ ਬੁੱਧ ਨਾ ਵਿਚ ਚਤੁਰਾਈਆ । ਗੁਰਸਿਖ ਵਡਿਆਈ ਧੰਨ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਰਿਹਾ ਪੈਜ ਰਖਾਈਆ । ਗੁਰਸਿਖ ਤੇਰਾ ਧੰਨ ਦਵਾਰਾ, ਵੱਜਦੀ ਰਹੇ ਵਧਾਈਆ । ਸਤਿਜੁਗ ਸਾਚਾ ਖੋਲ੍ਹ ਕਿਵਾੜਾ, ਚਾਰ ਵਰਨ ਰਿਹਾ ਜਗਾਈਆ । ਆਪ ਜਣਾਏ ਸੁਭਾਗੀ ਦਿਹਾੜਾ, ਪ੍ਰਭ ਖ਼ੁਸ਼ੀਆਂ ਨਾਲ ਰਿਹਾ ਮਨਾਈਆ । ਧਰਮ ਰਾਏ ਦਰ ਵੱਜੇ ਤਾੜਾ, ਅਚਰਜ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਸਚ ਦਰ, ਦਰ ਦਵਾਰਾ ਰਿਹਾ ਸੁਹਾਈਆ । ਗੁਰਸਿਖ ਵਡਿਆਈ ਧੰਨ ਹੈ, ਮਿਲਿਆ ਮੇਲ ਹਰਿ ਰਾਏ । ਏਕਾ ਆਤਮ ਗਈ ਮੰਨ ਹੈ, ਪਾਰਬ੍ਰਹਮ ਬ੍ਰਹਮ ਸਰਨਾਏ । ਜਗਤ ਵਿਕਾਰਾ ਕੀਤਾ ਖੰਨ ਖੰਨ ਹੈ, ਏਕਾ ਦੂਜਾ ਭਉ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੀਜੇ ਲੋਚਨ ਦਰਸ ਵਿਖਾਏ । ਤੀਜਾ ਲੋਚਨ ਹਰਿ ਨਿਰੰਕਾਰ, ਆਪੇ ਬੰਦ ਕਰਾਈਆ । ਆਪੇ ਹੋਇਆ ਕਿਰਪਾ ਧਾਰ, ਦੂਈ ਦਵੈਤੀ ਗੰਦ ਮਿਟਾਈਆ । ਨਿਰਮਲ ਜੋਤੀ ਕਰ ਆਕਾਰ, ਨੂਰ ਨੁਰਾਨੀ ਦਰਸ ਦਿਖਾਈਆ । ਸ਼ਬਦ ਸਰੂਪੀ ਕਰ ਪਿਆਰ, ਜਨ ਭਗਤਾਂ ਰਿਹਾ ਜਗਾਈਆ । ਸੰਮਤ ਚੌਦਾਂ ਵੇਖ ਵਿਚਾਰ, ਗੋਬਿੰਦ ਗੋਬਿੰਦ ਸੇਵ ਕਮਾਈਆ । ਰੈਣ ਦਿਵਸ ਕਰੇ ਪਿਆਰ, ਉਠ ਉਠ ਆਵੇ ਜਾਵੇ ਕਰ ਕਰ ਧਾਈਆ । ਮਾਨਸ ਜਨਮ ਲਾਏ ਲੇਖੇ, ਹਰਿ ਸਾਚੇ ਵੱਡੀ ਵਡਿਆਈਆ । ਆਪੇ ਹੋਇਆ ਦਸ ਦਸਮੇਸ਼ੇ, ਦਹਿ ਦਿਸ਼ ਵੇਖ ਵਖਾਈਆ । ਜੋਧਾ ਸੂਰ ਨਰ ਨਰੇਸ਼ੇ, ਸ਼ਬਦ ਸਿੰਘਾਸਣ ਬੈਠਾ ਆਸਣ ਲਾਈਆ । ਜੋਤੀ ਜਾਮਾ ਧਰਿਆ ਭੇਸੇ, ਨਿਹਕਲੰਕਾ ਨਾਉਂ ਰਖਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਖੜ੍ਹੇ ਦਰ ਦਰਵੇਸ਼ੇ, ਕਲਜੁਗ ਅੰਤਮ ਰੋ ਰੋ ਦਏ ਦੁਹਾਈਆ । ਘਰ ਸਦ ਸਾਚੇ ਸੰਤ ਸੁਹੇਲੇ, ਸਾਚਾ ਮੇਲਾ ਆਪੇ ਮੇਲੇ, ਲੋਆਂ ਪੁਰੀਆਂ ਧਾਮ ਸੁਹਾਈਆ । ਆਪੇ ਲਿਖਣਹਾਰਾ ਰੇਖੇ, ਜੁਗ ਜੁਗ ਆਪ ਮਿਟਾਈਆ । ਆਪ ਆਪਣੇ ਨੇਤਰ ਪੇਖੇ, ਜਗਤ ਨੇਤਰ ਨੈਣ ਦੋਵੇਂ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਰਿਹਾ ਵਰ, ਸੁਰਤੀ ਸ਼ਬਦ ਸਰਨਾਈਆ । ਸੁਰਤੀ ਸ਼ਬਦ ਹਰਿ ਸਰਨਾਏ, ਸਾਚਾ ਕੰਤ ਭਤਾਰਿਆ । ਸਾਚੀ ਥਿਤ ਵਾਰ ਲਿਖਾਏ, ਪਹਿਲੀ ਚੇਤਰ ਦਿਵਸ ਵਿਚਾਰਿਆ । ਏਕਾ ਇੱਕੀ ਰਿਹਾ ਪਾਏ, ਧੁਰਦਰਗਾਹੀ ਸਾਚਾ ਲਾੜਿਆ । ਸਾਚੀ ਸਿੱਖੀ ਰਿਹਾ ਬਣਾਏ, ਨੇੜ ਨਾ ਆਏ ਪੰਚਮ ਧਾੜਿਆ । ਲਿਖੀ ਰੇਖ ਨਾ ਕੋਈ ਮਿਟਾਏ, ਗੁਰ ਗੋਬਿੰਦ ਰਸਨਾ ਜਿਹਵਾ ਆਪ ਚਲਾ ਰਿਹਾ । ਸਗਲ ਚਿੰਤਾ ਅੰਤ ਮਿਟਾਏ, ਸਾਚੀ ਬਿੰਦਾ ਆਪ ਅਖਵਾ ਲਿਆ । ਸਾਗਰ ਸਿੰਧਾ ਧਾਰ ਵਹਾਏ, ਜਲ ਧਾਰਾ ਨੀਰ ਉਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚਾ ਸਾਚੇ ਧਾਮ ਸੁਹਾ ਰਿਹਾ । ਗੁਰਸਿਖ ਵਡਿਆਈ ਧੰਨ ਹੈ, ਏਕਾ ਨਾਉਂ ਜੋਗ । ਸਾਚੀ ਜੋਤ ਧਰੇ ਤਨ ਹੈ, ਰਸਨਾ ਤਜਾਏ ਮਾਇਆ ਭੋਗ । ਰਾਗ ਸੁਣਾਏ ਕੰਨ ਹੈ, ਹੋਇਆ ਧੁਰ ਸੰਜੋਗ । ਗੜ੍ਹ ਹੰਕਾਰੀ ਦੇਵੇ ਭੰਨ ਹੈ, ਆਦਿ ਅੰਤ ਨਾ ਹੋਏ ਵਿਯੋਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਸਾਚਾ ਘਰ, ਦੇਵੇ ਵਡਿਆਈ ਤ੍ਰੈਲੋਕ । ਨਾਥ ਤ੍ਰੈਲੋਕੀ, ਆਪਣੇ ਹੱਥ ਰਖਾਈਆ । ਇਕ ਸੁਣਾਏ


੪੯੦
੦੬

੪੯੧
੦੬

ਸ਼ਬਦ ਸਲੋਕੀ, ਸੋਹੰ ਜੈ ਜੈ ਜੈਕਾਰ ਕਰਾਈਆ । ਭਰਮੇ ਭੁੱਲੇ ਕੋਟਨ ਕੋਟੀ, ਗੁਰਮੁਖ ਵਿਰਲੇ ਰਿਹਾ ਉਠਾਈਆ । ਆਪੇ ਚੜ੍ਹਿਆ ਦਸਮ ਦਵਾਰੀ ਉਪਰ ਚੋਟੀ, ਬੈਠਾ ਮੁਖ ਛੁਪਾਈਆ । ਲੱਖ ਚੁਰਾਸੀ ਹੋਈ ਖੋਟੀ, ਅੰਤਮ ਕਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਉਠਾਏ ਸ਼ਬਦ ਸੋਟੀ, ਨੌ ਖੰਡ ਪ੍ਰਿਥਮੀ ਰਿਹਾ ਉਠਾਈਆ । ਸ਼ਬਦ ਸੋਟੀ ਵਡ ਬਲਵਾਨ, ਪ੍ਰਭ ਆਪਣੇ ਹੱਥ ਰਖਾਈਆ । ਚਾਰੋਂ ਕੁੰਟਾਂ ਵੇਖੇ ਮਾਰ ਧਿਆਨ, ਰਾਜ ਰਾਜਾਨਾਂ ਰਿਹਾ ਹਿਲਾਈਆ । ਪੰਚਮ ਮੀਤਾ ਮੇਟ ਮਿਟਾਏ ਪੰਚ ਸ਼ੈਤਾਨ, ਪੰਚਮ ਡੋਰੀ ਰਿਹਾ ਬੰਧਾਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਆਪ ਆਪਣੇ ਰੰਗ ਰੰਗਾਈਆ । ਦਰ ਦਵਾਰੇ ਦੇਵੇ ਮਾਣ, ਦਰ ਦਰਵੇਸ਼ਾ ਹਰਿ ਅਖਵਾਈਆ । ਆਪੇ ਰੱਖੇ ਏਕਾ ਆਣ, ਦੂਸਰ ਦਰ ਨਾ ਕੋਇ ਸੀਸ ਝੁਕਾਈਆ । ਕਲਜੁਗ ਵਿਦਿਆ ਹੋਈ ਹੈਰਾਨ, ਪਾਰਬ੍ਰਹਮ ਰਿਹਾ ਧੱਕਾ ਲਾਈਆ । ਨਾ ਕੋਈ ਕਰੇ ਜਗਤ ਪਛਾਣ, ਨੌ ਨਿਧਿਆ ਰਹੀ ਕੁਰਲਾਈਆ । ਅਠਾਰਾਂ ਸਿਧਿਆ ਡੁੱਬੀ ਡੂੰਘੇ ਵਹਿਣ, ਨਾ ਕੋਈ ਪਾਰ ਕਰਾਈਆ । ਗੁਰਸਿਖ ਵਿਰਲੇ ਆਤਮ ਵਿਧਿਆ, ਗੁਰ ਸ਼ਬਦ ਤੀਰ ਚਲਾਈਆ । ਸਾਢੇ ਤਿੰਨ ਹੱਥ ਕਾਇਆ ਅਯੁਧਿਆ, ਰਾਮ ਰਾਮਾ ਬੈਠਾ ਜੋਤ ਜਗਾਈਆ । ਕਲਜੁਗ ਰਾਵਣ ਤੇਰੇ ਮਾਰਨ ਦੀ ਕਰ ਕਰ ਵੇਖੇ ਬਿਧਿਆ, ਆਪਣੇ ਹੱਥ ਰੱਖੇ ਚਤੁਰਾਈਆ । ਹਨਵੰਤਾ ਰਾਹ ਤਕਾਵੇ ਸਿਧਿਆ, ਉਚੇ ਪਰਬਤ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਦਰ ਬੈਠਾ ਖੇਲ ਖਿਲਾਈਆ । ਕਾਇਆ ਨਗਰ ਸਚ ਦਵਾਰ, ਅਵਧ ਅਯੁਧਿਆ ਰਖਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਮਨ ਮਤ ਬੁੱਧ ਵਿਚ ਟਿਕਾਈਆ । ਏਕਾ ਫੜੇ ਤੀਰ ਕਮਾਨ, ਰਸਨਾ ਚਿੱਲੇ ਰਿਹਾ ਚੜ੍ਹਾਈਆ । ਗੁਰਸਿਖ ਸਾਚੇ ਨੌਜਵਾਨ, ਸੱਸੇ ਕਿਲ੍ਹੇ ਵਿਚ ਬਹਾਈਆ । ਚਾਰੋਂ ਕੁੰਟ ਫਿਰੇ ਭਗਵਾਨ, ਏਕਾ ਰਾਮ ਬਾਂਹ ਉਠਾਈਆ । ਦੋ ਜਹਾਨੀ ਵੇਖੇ ਮਾਰ ਧਿਆਨ, ਹਾਹਾ ਥੱਲੇ ਮੁਖ ਛੁਪਾਈਆ । ਆਪੇ ਮੋੜੇ ਮੋੜ ਮੁੜਾਨ, ਅੰਦਰ ਰਾਹ ਤਕਾਈਆ । ਆਪੇ ਖੋਲ੍ਹੇ ਜਗਤ ਦੁਕਾਨ, ਨੌ ਦਵਾਰੇ ਰਿਹਾ ਵਖਾਈਆ । ਕਲਜੁਗ ਭੁੱਲੇ ਜੀਵ ਨਾਦਾਨ, ਪ੍ਰਭ ਸਾਚੇ ਭੇਵ ਨਾ ਰਾਈਆ । ਸੀਤਾ ਸੁਰਤੀ ਹੋਏ ਹੈਰਾਨ, ਸਾਚਾ ਰਾਮ ਦਿਸ ਨਾ ਆਈਆ । ਖੁਲ੍ਹੇ ਕੇਸ ਤਨ ਵੈਰਾਨ, ਬਨ ਬਿੰਦਰਾ ਦਏ ਦੁਹਾਈਆ । ਪੰਖੀ ਪੰਛੀ ਸੁੰਵ ਮਸਾਣ, ਬੈਠੇ ਰਾਹ ਤਕਾਈਆ । ਰਾਮ ਰਾਮਾ ਮਾਰੇ ਬਾਣ, ਰਾਵਣ ਰਿਹਾ ਕੁਰਲਾਈਆ । ਅੰਤਮ ਵੇਲਾ ਕਲਜੁਗ ਮਿਟੇ ਨਿਸ਼ਾਨ, ਪ੍ਰਭ ਸਾਚੇ ਰਚਨ ਰਚਾਈਆ । ਸੋਹੰ ਚਿੱਲਾ ਇਕ ਕਮਾਨ, ਹਰਿ ਆਪਣੇ ਹੱਥ ਉਠਾਈਆ । ਬੂਰਾ ਕੱਕਾ ਕਰੇ ਪਛਾਣ, ਪੰਚਮ ਜੇਠੀ ਬਣਤ ਬਣਾਈਆ । ਪਕੜ ਉਠਾਏ ਮੁਗਲ ਪਠਾਣ, ਕਲਜੁਗ ਤੇਰਾ ਲਹਿਣਾ ਝੋਲੀ ਪਾਈਆ । ਨਾਲ ਰਲਾਏ ਸ਼ਾਹ ਅਫਗਾਨ, ਈਰਾਨ ਹੋਏ ਜੁਦਾਈਆ । ਕਲਜੁਗ ਤੇਰਾ ਇਕ ਮਕਾਨ, ਫਨਾਹ ਨਾਉਂ ਰਖਾਈਆ । ਆਪ ਬੈਠ ਸ਼ਬਦ ਬਿਬਾਣ, ਪ੍ਰਭ ਸਾਚਾ ਵੇਖਣ ਆਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਆਣ, ਹਰਿ ਸਾਚਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਘਰ, ਦੇਵੇ ਨਾਮ ਵਡ ਵਡਿਆਈਆ । ਕਲਜੁਗ ਤੇਰਾ ਗੜ੍ਹ ਹੰਕਾਰ, ਚਾਰ ਕੁੰਟ ਵਖਾਇਆ । ਰਾਵਣ ਫੜ ਤੇਜ ਕਟਾਰ, ਦਹਿ ਦਿਸ਼ਾ ਵੇਖ ਵਖਾਇਆ । ਗਊ ਗਰੀਬਾਂ ਮਾਰੇ ਮਾਰ, ਦਿਵਸ ਰੈਣ ਰਿਹਾ ਸਤਾਇਆ । ਦਰ ਦਰ ਘਰ ਘਰ ਹੋਏ ਪੁਕਾਰ, ਪੁਰਖ ਅਬਿਨਾਸ਼ੀ ਰਾਹ ਤਕਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਅੰਤਮ ਭੇਖ ਵਟਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਹੰ ਡੰਕਾ ਰਿਹਾ

੪੯੨ ੦੬

ਵਜਾਇਆ । ਭਗਤ ਜਨਾਂ ਹਰਿ ਮੀਤ ਮੁਰਾਰ, ਦਵਾਰ ਬੰਕਾ ਇਕ ਸੁਹਾਇਆ । ਗੋਬਿੰਦ ਕਾਇਆ ਖੇਲ ਨਿਆਰ, ਜਨ ਜਨ ਕਾ ਰੂਪ ਸਮਾਇਆ । ਦੇਸ ਦੇਸੰਤਰ ਪਾਵੇ ਸਾਰ, ਦਰ ਦਰਵੇਸ਼ੀ ਭੇਖ ਵਟਾਇਆ । ਅੰਤਰ ਮੰਤਰ ਇਕ ਅਧਾਰ, ਸੋਹੰ ਨਾਉਂ ਜਪਾਇਆ । ਜਗਤ ਬਸੰਤਰ ਕਰ ਉਜਿਆਰ, ਤ੍ਰੈਗੁਣ ਰਿਹਾ ਲਾਇਆ । ਤ੍ਰੈਗੁਣ ਵਸਤ ਹੱਥ ਕਰਤਾਰ, ਆਪਣੇ ਰਿਹਾ ਕਰਾਇਆ । ਕਲਜੁਗ ਤੇਰੀ ਅੰਤਮ ਵਾਰ, ਲਹਿਣਾ ਦੇਣ ਚੁਕਾਇਆ । ਇੱਕੀ ਜੇਠ ਕਰੇ ਵਿਹਾਰ, ਏਕਾ ਲੰਬੂ ਲਾਇਆ । ਵਡ ਵਡ ਸੇਠੀ ਮਾਰੇ ਮਾਰ, ਕੌੜੇ ਰੇਠੀ ਭੰਨ ਵਖਾਇਆ । ਆਪ ਕਰਾਏ ਧੁੰਦੂਕਾਰ, ਜ਼ਿਮੀ ਅਸਮਾਨਾਂ ਰਿਹਾ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਗਨ ਰਿਹਾ ਮਨਾਇਆ । ਤ੍ਰੈਗੁਣ ਮਾਇਆ ਤੇਰਾ ਅੰਤ, ਪ੍ਰਭ ਅੰਤਮ ਅੰਤ ਕਰਾਈਆ । ਨਾ ਕੋਈ ਦਿਸੇ ਧੀਰਜ ਯਤ, ਸਤਿ ਸੰਤੋਖ ਦਿਸ ਨਾ ਆਈਆ । ਜੂਠੀ ਝੂਠੀ ਕਾਇਆ ਰੱਤ, ਅੰਤ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਲੱਥੀ ਪਤ, ਪਤ ਪਤਵੰਤਾ ਰਿਹਾ ਗਵਾਈਆ । ਆਪ ਤਪਾਏ ਆਪਣੀ ਹੱਥੀਂ ਮੱਠ, ਚਾਰੋਂ ਕੁੰਟ ਲਕਾਰ ਲਗਾਈਆ । ਠੰਢੇ ਠਾਰ ਕਰਾਏ ਅਠ ਸਠ, ਸਚ ਵਸਤ ਰਹਿਣ ਨਾ ਪਾਈਆ । ਗੁਰਦਰ ਮੰਦਰ ਜਾਣ ਢੱਠ, ਰਾਗੀ ਰਾਗ ਨਾ ਕੋਈ ਅਲਾਈਆ । ਗੁਰ ਸੰਗਤ ਮੇਲਾ ਇਕ ਇਕੱਠ, ਏਕਾ ਇੱਕੀ ਰਿਹਾ ਪਾਈਆ । ਆਪੇ ਗੇੜੇ ਉਲਟੀ ਲੱਠ, ਕਲਜੁਗ ਰਿਹਾ ਭਵਾਈਆ । ਸੰਮਤ ਸੋਲਾਂ ਆਉਣਾ ਨੱਠ, ਹਰਿ ਚਰਨ ਸੱਚੀ ਸਰਨਾਈਆ । ਸੰਮਤ ਚੌਦਾਂ ਕਰੇ ਚੱਠ, ਗੁਰ ਸੰਗਤ ਸੰਗ ਰਲਾਈਆ । ਲੇਖ ਚੁਕਾਏ ਤਤ ਅੱਠ, ਤ੍ਰੈਗੁਣ ਮਾਇਆ ਰੂਪ ਚੜ੍ਹਾਈਆ । ਨੌ ਦਵਾਰੇ ਜੂਠੀ ਝੂਠੀ ਗੇੜੇ ਲੱਠ, ਕਾਇਆ ਗਠੜੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਰਿਹਾ ਏਕਾ ਮੱਠ ਤਪਾਈਆ । ਕਲਜੁਗ ਤੇਰਾ ਮੱਠ ਤਪਾਵਣਾ, ਹਰਿ ਸਾਚਾ ਹਵਨ ਕਰਾਇੰਦਾ । ਲੱਖ ਚੁਰਾਸੀ ਭੇਟ ਚੜ੍ਹਾਵਣਾ, ਆਪਣੀ ਸੇਵ ਕਮਾਇੰਦਾ । ਜੂਠਾ ਝੂਠਾ ਕੋਈ ਰਹਿਣ ਨਾ ਪਾਵਣਾ, ਖਾਲੀ ਠੂਠਾ ਆਪ ਕਰਾਇੰਦਾ । ਜਗਤ ਸੁਗੰਧੀ ਦੇਵੇ ਪਵਣਾ, ਪਵਣ ਪਾਣੀ ਸੇਵਾ ਲਾਇੰਦਾ । ਤਖ਼ਤ ਤਾਜ ਨਾ ਮਿਲੇ ਕਿਸੇ ਸੌਵਣਾ, ਜਗਤ ਖਾਟ ਖਟੋਲਾ ਨਾ ਕੋਈ ਵਿਛਾਇੰਦਾ । ਖੇਲੇ ਖੇਲ ਰਾਮ ਰਾਮਾ ਰਾਵਣਾ, ਦੁਸ਼ਟ ਹੰਕਾਰੀ ਮਾਰ ਮੁਕਾਇੰਦਾ । ਨਾਲ ਰਲਾਏ ਦੁਸ਼ਟ ਦਮਨਾ, ਦਾਮਨ ਆਪਣਾ ਆਪ ਫੜਾਇੰਦਾ । ਨੇਤਰ ਨੀਰ ਕਿਸੇ ਹੱਥ ਨਾ ਆਏ ਜਮਨਾ, ਗੰਗਾ ਗੋਦਾਵਰੀ ਵਹਿਣ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖ ਲਿਖਾਇੰਦਾ । ਤ੍ਰੈਗੁਣ ਮਾਇਆ ਤੇਰਾ ਮਠ ਦਵਾਲਾ, ਆਪੇ ਆਪ ਬਣਾਈਆ । ਜੋਤੀ ਜਗੇ ਇਕ ਅਕਾਲਾ, ਦੂਸਰ ਕੋਈ ਰਹਿਣ ਨਾ ਪਾਈਆ । ਦੀਨਾ ਬੰਧਪ ਦੀਨ ਦਿਆਲਾ, ਚਾਰ ਵਰਨ ਕਰੇ ਸਰਨਾਈਆ । ਗੁਰਮੁਖ ਉਠਾਏ ਸਾਚਾ ਲਾਲਾ, ਤਨ ਗਹਿਣਾ ਇਕ ਪਹਿਨਾਈਆ । ਦਿਵਸ ਰੈਣ ਹੋਏ ਰਖਵਾਲਾ, ਨੇਤਰ ਨੈਣਾਂ ਦਰਸ ਦਿਖਾਈਆ । ਸੇਵਕ ਸੇਵਾ ਲਾਏ ਕਾਲ ਮਹਾਕਾਲਾ, ਗੁਰ ਗੋਬਿੰਦ ਸੇਵ ਕਮਾਈਆ । ਜੁਗ ਜੁਗ ਚਲੇ ਅਵੱਲੜੀ ਚਾਲਾ, ਕਲਜੁਗ ਤੇਰੀ ਧਾਰ ਵਹਾਈਆ । ਸਾਚੀ ਇਕ ਵਖਾਏ ਧਰਮਸਾਲਾ, ਹਰਿ ਬੈਠਾ ਆਸਣ ਲਾਈਆ । ਨਾ ਕੋਈ ਸ਼ਾਹ ਨਾ ਕੰਗਾਲਾ, ਪੱਲੇ ਧਨ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ ਬੈਠਾ ਆਸਣ ਲਾਈਆ । ਤ੍ਰੈਗੁਣ ਮਾਇਆ ਤੇਰੀ ਗੱਤ, ਪ੍ਰਭ ਸਾਚਾ ਅੰਤ ਮਿਟਾਇੰਦਾ । ਪੁਰਖ ਪੁਰਖੋਤਮ ਵੇਖੇ ਮਾਰ ਝਾਤ, ਨੇਤਰ ਨੈਣ ਉਠਾਇੰਦਾ । ਜੂਠੀ ਝੂਠੀ ਜਗਤ ਬਰਾਤ, ਲਾੜੀ

੪੯੩
੦੬

ਮੌਤ ਨਾਲ ਪਰਨਾਇੰਦਾ । ਕੋਈ ਨਾ ਦਿਸੇ ਅੰਤਮ ਮਾਤ, ਲਹਿਣਾ ਲਹਿਣੇ ਝੋਲੀ ਪਾਇੰਦਾ । ਗੁਰਮੁਖ ਤੇਰੀ ਸਾਚੀ ਦਾਤ, ਪ੍ਰਭ ਤੇਰੇ ਆਤਮ ਘਰ ਟਿਕਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤ, ਵਿਛੜ ਕਦੇ ਨਾ ਜਾਇੰਦਾ । ਏਕਾ ਏਕ ਕਰਾਏ ਜ਼ਾਤ ਪਾਤ, ਊਚ ਨੀਚ ਆਪ ਹੋ ਆਇੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸਾਂਤਕ ਸਾਂਤ, ਸੀਤਲ ਧਾਰਾ ਆਪ ਵਹਾਇੰਦਾ । ਆਪੇ ਬੈਠਾ ਇਕ ਇਕਾਂਤ, ਆਪ ਆਪਣਾ ਕਰਮ ਕਮਾਇੰਦਾ । ਜੁਗ ਜੁਗ ਪੁੱਛੇ ਆਪੇ ਵਾਤ, ਜਗ ਦਾਤਾ ਆਪ ਹੋ ਆਇੰਦਾ । ਕਲਜੁਗ ਦੁਆਪਰ ਤੁੱਟਾ ਨਾਤ, ਕਲਜੁਗ ਜੋੜ ਜੁੜਾਇੰਦਾ । ਸਤਿਜੁਗ ਤੇਰੀ ਪੁੱਛੇ ਵਾਤ, ਸੰਗ ਮੁਹੰਮਦ ਨਾਲ ਰਲਾਇੰਦਾ । ਦੋਹਾਂ ਸੌਣਾ ਇਕ ਖਾਟ, ਪ੍ਰਭ ਸਾਚਾ ਆਪ ਕਰਾਇੰਦਾ । ਕਾਲਾ ਕਾਇਆ ਚੋਲੀ ਗਈ ਪਾਟ, ਦੂਜਾ ਬਸਤਰ ਨਾ ਕੋਈ ਵਖਾਇੰਦਾ । ਸਾਚਾ ਸ਼ਬਦ ਨਾ ਵਿਕੇ ਕਿਸੇ ਹਾਟ, ਚੌਦਾਂ ਹਾਟ ਖਾਲੀ ਆਪ ਕਰਾਇੰਦਾ । ਨਾ ਕੋਈ ਤੀਰਥ ਨਾ ਕੋਈ ਤਾਟ, ਅਠ ਸਠ ਨਾ ਕੋਈ ਮਾਣ ਰਖਾਇੰਦਾ । ਨਾ ਕੋਈ ਚੜ੍ਹਾਏ ਔਖਾ ਘਾਟ, ਬਜਰ ਕਪਾਟੀ ਨਾ ਕੋਈ ਖੁਲ੍ਹਾਇੰਦਾ । ਸਾਧ ਸੰਤ ਲਾ ਲਾ ਬੈਠੇ ਠਾਠ, ਆਸਣ ਸਿੰਘਾਸਣ ਨਾ ਕੋਈ ਹੰਢਾਇੰਦਾ । ਦੀਪਕ ਜੋਤ ਨਾ ਜਗੇ ਲਿਲਾਟ, ਰਸਨਾ ਪੜ੍ਹ ਪੜ੍ਹ ਜਗਤ ਸੁਣਾਇੰਦਾ । ਦੁਰਮਤ ਮੈਲ ਨਾ ਦੇਵੇ ਕੋਈ ਕਾਟ, ਨੇਤਰ ਨੈਣ ਨਾ ਕੋਈ ਤ੍ਰਿਖਾ ਬੁਝਾਇੰਦਾ । ਦੂਰ ਦੁਰਾਡੀ ਨਾ ਕੋਈ ਜਾਣੇ ਵਾਟ, ਜੀਵ ਜੰਤ ਨਾ ਭੇਵ ਖੁਲ੍ਹਾਇੰਦਾ । ਖੇਲੇ ਖੇਲ ਬਾਜੀਗਰ ਨਾਟ, ਕਲਜੁਗ ਨਾਟਕ ਇਕ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਦੇਵਣਹਾਰਾ ਵਰ, ਆਪ ਆਪਣੀ ਝੋਲੀ ਪਾਇੰਦਾ । ਤ੍ਰੈਗੁਣ ਤੇਰਾ ਅੰਤਮ ਲਹਿਣਾ, ਪ੍ਰਭ ਸਾਚਾ ਆਪ ਚੁਕਾਇੰਦਾ । ਦਰਸ ਦਿਖਾਏ ਸਾਚੇ ਨੈਣਾ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਲੱਖ ਚੁਰਾਸੀ ਵਹਿਣ ਵਹਿਣਾ, ਏਕਾ ਧੱਕਾ ਲਾਇੰਦਾ । ਗੁਰਮੁਖ ਵਿਰਲੇ ਭਾਣਾ ਸਹਿਣਾ, ਹਰਿ ਸਾਚਾ ਬੇੜਾ ਬੰਨ੍ਹ ਵਖਾਇੰਦਾ । ਦਰ ਦਰ ਘਰ ਘਰ ਖਾਏ ਲਾੜੀ ਮੌਤ ਡੈਣਾ, ਡੌਰੂ ਡੰਕਾ ਏਕਾ ਵਾਹਿੰਦਾ । ਗੁਰ ਪੂਰੇ ਦਾ ਸਾਚਾ ਕਹਿਣਾ, ਗੁਰ ਗੋਬਿੰਦ ਭੇਖ ਵਟਾਇੰਦਾ । ਅੰਤਮ ਵਹਿਣ ਕਲਜੁਗ ਵਹਿਣਾ, ਨਾ ਕੋਈ ਕਿਸੇ ਛੁਡਾਇੰਦਾ । ਜੁਗ ਜੁਗ ਦੇਵਣਹਾਰਾ ਲਹਿਣਾ ਦੇਣਾ, ਦਾਤਾ ਦਾਨੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਦਰ ਝੋਲੀ ਪਾਇੰਦਾ । ਤ੍ਰੈਗੁਣ ਤੇਰੀ ਸੁਗ਼ਾਤ, ਪ੍ਰਭ ਲੱਖ ਚੁਰਾਸੀ ਇਕ ਰਖਾਈਆ । ਅੰਤਮ ਨਿਭਾਏ ਤੇਰਾ ਸਾਥ, ਜਗਤ ਡੋਲੀ ਰਿਹਾ ਬਹਾਈਆ । ਪਰਗਟ ਹੋਏ ਤ੍ਰੈਲੋਕੀ ਨਾਥ, ਤੇਰੀ ਗੋਲੀ ਦਏ ਬਣਾਈਆ । ਮਸਤਕ ਟਿੱਕਾ ਕਾਲਾ ਮਾਥ, ਦੋਵੇਂ ਨੈਣ ਰਿਹਾ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰ ਕਰਾਏ ਤੇਰਾ ਵਰ, ਅੰਤ ਹਿਸਾਬ ਮੁਕਾਈਆ । ਤ੍ਰੈਗੁਣ ਮਾਇਆ ਕਰ ਵਿਚਾਰ, ਰੋ ਰੋ ਕਰੇ ਪੁਕਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੁੱਖ ਨਾ ਜਾਏ ਸਹਾਰਿਆ । ਚਾਰੋਂ ਕੁੰਟ ਕੂੜ ਕੁੜਿਆਰ, ਧਰਮ ਰਾਏ ਕਰੇ ਪੁਕਾਰਿਆ । ਨਾ ਕੋਈ ਦਿਸੇ ਸਾਚਾ ਯਾਰ, ਅੰਤਮ ਮੁਹੰਮਦ ਆਪਣਾ ਮੁਖ ਛੁਪਾ ਰਿਹਾ । ਖਾਲਸ ਖਾਲਸਾ ਨਾ ਪਾਵੇ ਸਾਰ, ਗੁਰ ਗੋਬਿੰਦ ਨਾ ਵੇਖ ਵਖਾ ਰਿਹਾ । ਜਗਤ ਲਾਲਸਾ ਮਾਰੀ ਮਾਰ, ਤ੍ਰਿਸ਼ਨਾ ਅਗਨ ਵਧਾ ਰਿਹਾ । ਤਾਮਸ ਰੂਪ ਕਰੋਧ ਲੋਭ ਮੋਹ ਹੰਕਾਰ, ਕਾਮ ਕਾਮਨ ਸਮਾ ਰਿਹਾ । ਸਾਂਤਕ ਸਤਿ ਕਰੇ ਸਰਨਾ, ਸਾਚਾ ਡੰਕਾ ਇਕ ਵਜਾ ਰਿਹਾ । ਉਬਲੇ ਰੱਤ ਨਾ ਵਿਚ ਸੰਸਾਰ, ਪੰਚਮ ਤਤ ਆਪ ਸੁਹਾ ਲਿਆ । ਮਤ ਮਨ ਹੱਥ ਕਰਤਾਰ, ਆਪ ਆਪਣੀ ਬਣਤ ਬਣਾ ਰਿਹਾ । ਇਕ ਵਛਾਏ ਸੱਥ ਲੱਖ ਚੁਰਾਸੀ ਤੇਰੇ ਅਧਵਿਚਕਾਰ, ਪ੍ਰਭ ਸਾਚੀ ਸਫਾ

ਉਠਾ ਰਿਹਾ । ਗੁਰਮੁਖ ਵਿਰਲੇ ਸੰਤ ਦੁਲਾਰ, ਏਕਾ ਆਪਣਾ ਚਰਨ ਵਖਾ ਰਿਹਾ । ਦਰ ਦਵਾਰੇ ਬਣ ਭਿਖਾਰ, ਹਰਿ ਮੰਗਣ ਮੰਗਤਾ ਆ ਰਿਹਾ । ਆਪੇ ਵੇਖੇ ਦਰ ਦਵਾਰ, ਹਰਿ ਸੰਗਤ ਜੋੜ ਜੁੜਾ ਰਿਹਾ । ਏਕਾ ਇੱਕੀ ਏਕੰਕਾਰ, ਓਅੰਕਾਰ ਆਪੇ ਪਾ ਰਿਹਾ । ਸਾਚੀ ਸਿੱਖੀ ਕਰ ਤਿਆਰ, ਸਤਿਜੁਗ ਤੇਰੀ ਧਾਰ ਬੰਨ੍ਹਾ ਰਿਹਾ । ਮਦਿਰਾ ਮਾਸ ਤਨ ਨਿਵਾਰ, ਮੁਖ ਸਾਚਾ ਸਗਨ ਲਗਾ ਰਿਹਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਵੇਦ ਸ਼ਾਸਤਰ ਨਾ ਕੋਈ ਪੜ੍ਹਾ ਰਿਹਾ । ਖਾਣੀ ਬਾਣੀ ਨਾ ਕਰੇ ਵਿਚਾਰ, ਵੇਦ ਪੁਰਾਣੀ ਵਕਤ ਚੁਕਾ ਰਿਹਾ । ਸ਼ਬਦ ਨਿਸ਼ਾਨੀ ਇਕ ਸਰਕਾਰ, ਦੋ ਜਹਾਨੀ ਆਪ ਵਖਾ ਰਿਹਾ । ਸੋਹੰ ਕਾਨੀ ਤੇਜ ਕਟਾਰ, ਪੰਚਾਂ ਦੁਸ਼ਟਾ ਮਾਰ ਮੁਕਾ ਰਿਹਾ । ਪਦ ਨਿਰਬਾਨੀ ਇਕ ਦਰਬਾਰ, ਹਰਿ ਸਿੱਖਾਂ ਆਪ ਜਣਾ ਰਿਹਾ । ਅੰਮ੍ਰਿਤ ਆਤਮ ਠੰਡਾ ਪਾਣੀ, ਸੁਰਤ ਸਵਾਣੀ ਦਰ ਪਿਆ ਰਿਹਾ । ਮਿਲਿਆ ਮੇਲ ਸਾਚੇ ਹਾਣੀ, ਗੋਬਿੰਦ ਗੋਬਿੰਦ ਗੋਬਿੰਦ ਖ਼ੁਸ਼ੀ ਮਨਾ ਰਿਹਾ । ਨਿਹਕਲੰਕਾ ਚੁਕਾਏ ਅੰਤਮ ਕਾਨੀ, ਆਪ ਆਪਣਾ ਸੰਗ ਨਿਭਾ ਰਿਹਾ । ਨੌਂ ਖੰਡ ਸੱਤ ਦੀਪ ਰਿੜਕੇ ਸ਼ਬਦ ਮਧਾਣੀ, ਏਕਾ ਨੇਤਰਾ ਨਾਉਂ ਰਖਾ ਰਿਹਾ । ਸੱਤ ਸਾਗਰ ਪਾਏ ਠੰਢਾ ਪਾਣੀ, ਗੁਰਮੁਖ ਸਾਚੇ ਮੱਖਣ ਵਿਰੋਲ ਬਾਹਰ ਕਰਾ ਰਿਹਾ । ਲੱਖ ਚੁਰਾਸੀ ਝੂਠੀ ਛਾਛ ਵਿਖਾਣੀ, ਪ੍ਰਭ ਵਹਿੰਦੇ ਵਹਿਣ ਵਹਾ ਰਿਹਾ । ਨਾ ਕੋਈ ਦਿਸੇ ਰਾਜਾ ਰਾਣੀ, ਰਾਜ ਰਾਜਾਨਾਂ ਨਾ ਕੋਈ ਸਦਾ ਰਿਹਾ । ਗੁਰਸਿਖ ਸਾਚਾ ਹਰਿ ਚਰਨ ਬਲਿਹਾਰੀ, ਚਰਨ ਕਵਲ ਵਿਚ ਬਹਾ ਰਿਹਾ ।

੪੯੪ ੦੬

ਹਰਿ ਭਗਤ ਅਧਾਰੀ ਆਪ, ਪ੍ਰਭ ਜਗਤ ਉਪਾਇੰਦਾ । ਹਰਿ ਨਾਮ ਭੰਡਾਰੀ ਆਪ, ਜੁਗ ਜੁਗ ਵਰਤਾਇੰਦਾ । ਹਰਿ ਜੋਤ ਨਿਰੰਕਾਰੀ ਆਪ, ਆਪਣੀ ਜੋਤ ਜਗਾਇੰਦਾ । ਹਰਿ ਗੁਰ ਪੀਰ ਸਾਧ ਸੰਤ ਅਵਤਾਰੀ ਆਪ, ਆਪਣੀ ਬਣਤ ਬਣਾਇੰਦਾ । ਹਰਿ ਸ਼ਬਦ ਅਧਾਰੀ ਆਪ, ਆਪ ਆਪਣਾ ਸ਼ਬਦ ਅਲਾਇੰਦਾ । ਹਰਿ ਮੀਤ ਮੁਰਾਰੀ ਆਪ, ਸੱਜਣ ਆਪ ਅਖਵਾਇੰਦਾ । ਹਰਿ ਸ਼ਬਦ ਕਟਾਰੀ ਆਪ, ਆਪਣੀ ਆਪ ਉਠਾਇੰਦਾ । ਹਰਿ ਸੰਤ ਅਧਾਰੀ ਆਪ, ਬਸਤਰ ਆਪਣਾ ਤਨ ਸਜਾਇੰਦਾ । ਹਰਿ ਨਾਮ ਖੁਮਾਰੀ ਆਪ, ਆਪਣਾ ਜਾਮ ਪਿਆਇੰਦਾ । ਹਰਿ ਸ੍ਰਿਸ਼ਟ ਅਧਾਰੀ ਆਪ, ਬ੍ਰਹਿਮੰਡ ਖੰਡ ਸਜਾਇੰਦਾ । ਹਰਿ ਜੁਗ ਜੁਗ ਅਧਾਰੀ ਆਪ, ਆਪਣਾ ਨਾਉਂ ਰਖਾਇੰਦਾ । ਰੂਪ ਰੰਗ ਰੇਖ ਭੇਖ ਨਿਆਰੀ ਆਪ, ਆਪਣਾ ਲੇਖ ਲਿਖਾਇੰਦਾ । ਆਪ ਆਪਣਾ ਕਰੇ ਵਾਰੀ ਪਰਤਾਪ, ਆਪ ਆਪਣੇ ਵਿਚ ਸਮਾਇੰਦਾ । ਹਰਿ ਆਪੇ ਜਾਣੇ ਆਪਣਾ ਜਾਪ, ਆਪੇ ਆਪ ਅਲਾਇੰਦਾ । ਹਰਿ ਆਪੇ ਪੁੰਨ ਆਪੇ ਪਾਪ, ਆਪੇ ਮੇਟ ਮਿਟਾਇੰਦਾ । ਆਪੇ ਵਰ ਆਪੇ ਸਰਾਫ, ਜਗਤ ਜੁਗਤ ਆਪ ਬਣਾਇੰਦਾ । ਆਪੇ ਮਾਈ ਆਪੇ ਬਾਪ, ਲੱਖ ਚੁਰਾਸੀ ਆਪ ਉਪਾਇੰਦਾ । ਤ੍ਰੈਗੁਣ ਮਾਇਆ ਥਾਪਣ ਥਾਪ, ਆਪਣੀ ਰਚਨ ਰਚਾਇੰਦਾ । ਵੇਦ ਕਿਤੇਬ ਜਾਪਣ ਜਾਪ, ਸੇਵਕ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਵ ਅਭੇਦਾ ਦਿਸ ਕਿਸੇ ਨਾ ਆਇੰਦਾ । ਆਪ ਆਪਣੀ ਜੋਤ ਅਧਾਰਾ, ਏਕਾ ਏਕ ਅਖਵਾਇਆ । ਸ਼ਬਦ ਸਰੂਪੀ ਹਰਿ ਜੈਕਾਰਾ, ਜੁਗ ਜੁਗ ਰਿਹਾ ਕਰਾਇਆ । ਕਲਜੁਗ ਤੇਰੀ ਅੰਤਮ ਵਾਰਾ, ਚਾਰ ਵਰਨਾਂ ਰਿਹਾ ਜਗਾਇਆ । ਰਾਮ ਰਮਈਆ ਪਾਰ ਕਿਨਾਰਾ, ਰਾਧਾ ਕ੍ਰਿਸ਼ਨ ਨਾ ਕੋਈ ਧਿਆਇਆ । ਵਾਹ ਵਾਹ ਗੁਰੂ ਗੁਰ ਦਰਬਾਰਾ, ਨਾਮ ਸਤਿ ਹਰਿ ਝੋਲੀ ਪਾਇਆ । ਆਪੇ ਬਣ ਮਾਤ

ਵਰਤਾਰਾ, ਸਾਚੀ ਸੇਵਾ ਲਾਇਆ । ਆਪੇ ਜਾਣੇ ਹਰਿ ਭੰਡਾਰਾ, ਘਰ ਆਪਣੇ ਆਪ ਸੁਹਾਇਆ । ਆਪ ਆਪਣੀ ਪਾਵੇ ਸਾਰਾ ਜੁਗ ਜੁਗ ਵੇਖ ਵਖਾਇਆ । ਕਲਜੁਗ ਤੇਰਾ ਲਾਹਿਆ ਭਾਰਾ, ਨਿਹਕਲੰਕ ਲਏ ਅਵਤਾਰਾ, ਸਤਿਜੁਗ ਸਾਚਾ ਖੋਲ੍ਹ ਦਵਾਰਾ, ਹਰਿ ਸਾਚਾ ਸੁਤ ਬਣਾਇਆ । ਸੋਹੰ ਸ਼ਬਦ ਇਕ ਜੈਕਾਰਾ, ਧੁਰਦਰਗਾਹੀ ਲੈ ਕੇ ਆਇਆ । ਬ੍ਰਹਮਾ ਵਿਸ਼ਨ ਸ਼ਿਵ ਮੰਗਣ ਬਣ ਭਿਖਾਰਾ, ਕਰੋੜ ਤੇਤੀਸਾ ਦਰ ਦਵਾਰ ਰਿਹਾ ਫਿਰਾਇਆ । ਜਗਾਏ ਜੋਤ ਇਕ ਨਿਰੰਕਾਰਾ, ਜੋਤ ਨਿਰੰਜਣ ਇਕ ਆਕਾਰ ਰਖਾਇਆ । ਗੁਰਮੁਖ ਸਾਚੇ ਸੋਹਣ ਬੰਕ ਦਵਾਰਾ, ਹਰਿ ਸਾਚਾ ਮੇਲ ਮਿਲਾਇਆ । ਆਦਿ ਅੰਤ ਇਕ ਇਕੱਲਾ ਏਕੰਕਾਰਾ, ਸ਼ਬਦ ਮਹੱਲਾ ਰਿਹਾ ਵਸਾਇਆ । ਨਾ ਕੋਈ ਬਾਂਗ ਹੱਥ ਮਸੱਲਾ, ਸਵਾਂਗੀ ਸਵਾਂਗ ਨਾ ਕੋਈ ਵਰਤਾਇਆ । ਪੰਡਤ ਪਾਂਧਾ ਨਾ ਕੋਈ ਬਹੇ ਇਕੱਲਾ, ਮਸਤਕ ਤਿਲਕ ਨਾ ਕੋਈ ਲਗਾਇਆ । ਪਾਰਬ੍ਰਹਮ ਚਾਰ ਵਰਨਾਂ ਰਲਾ, ਬ੍ਰਹਮ ਅੰਸ ਆਪਣੀ ਆਪ ਉਪਾਇਆ । ਆਪ ਉਠਾਏ ਦਇਆ ਕਮਾਏ ਗੋਬਿੰਦ ਡੱਲਾ, ਸਾਚਾ ਧਾਮ ਸੁਹਾਇਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਕਰਾਇਆ । ਸ਼ਬਦ ਸਿੰਘਾਸਣ ਜਲ ਥਲਾ, ਜਲ ਧਾਰਾ ਉਪਰ ਵਹਾਇਆ । ਵੇਖੇ ਖੇਲ ਘੜੀ ਘੜੀ ਪਲ ਪਲਾ, ਦੋ ਜਹਾਨਾਂ ਆਵਣ ਜਾਵਣ ਬਣਤ ਬਣਾਇਆ । ਗੁਰਮੁਖਾਂ ਦਰ ਦਵਾਰ ਮੱਲਾ, ਆਤਮ ਬੈਠਾ ਆਸਣ ਲਾਇਆ । ਦੂਈ ਦਵੈਤੀ ਮੇਟੇ ਸਲਾ, ਏਕਾ ਰੰਗਣ ਰੰਗ ਚੜ੍ਹਾਇਆ । ਸੋਹੰ ਫੜੇ ਹੱਥ ਵਿਚ ਭੱਲਾ, ਦੂਤਾਂ ਦੁਸ਼ਟਾਂ ਮੁਕਾਇਆ । ਪੰਚਮ ਜੇਠੀ ਕਰੇ ਪਹਿਲਾ ਹੱਲਾ, ਏਕਾ ਰਾਹ ਤਕਾਇਆ । ਸੀਸ ਗੁੰਦਾਏ ਕਰੇ ਰੰਗਾ, ਸਾਚਾ ਸੀਸ ਲਸ਼ਕਾਇਆ । ਗੁਰਸਿਖ ਤੇਰਾ ਧਾਮ ਅਟੱਲਾ, ਪ੍ਰਭ ਸਾਚੇ ਆਪ ਸੁਹਾਇਆ । ਜੋਤੀ ਸ਼ਬਦੀ ਆਪੇ ਰੱਲਾ, ਪਵਣੀ ਪਵਣ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਵੇਖਿਆ ਇਕ ਦਰ, ਦੂਸਰ ਦਰ ਦਿਸ ਨਾ ਆਇਆ । ਗੁਰ ਸੰਗਤ ਤੇਰਾ ਦਰ ਦਰਵਾਜ਼ਾ, ਗੁਰ ਪੂਰਾ ਕਰੇ ਪਿਆਰਿਆ । ਪਰਗਟ ਹੋਏ ਗਰੀਬ ਨਿਵਾਜਾ, ਆਵੇ ਜਾਵੇ ਅੰਦਰ ਬਾਹਰਿਆ । ਚਿੱਟਾ ਅਸਵ ਸਾਚਾ ਤਾਜਾ, ਵਾਗਾਂ ਆਪਣੇ ਹੱਥ ਰਖਾ ਰਿਹਾ । ਕਲਜੁਗ ਅੰਤਮ ਰੱਖੇ ਲਾਜਾ, ਸੇਵਕ ਸੇਵਾ ਆਪ ਕਮਾ ਰਿਹਾ । ਧੁਰਦਰਗਾਹੀ ਆਇਆ ਭਾਜਾ, ਗੋਬਿੰਦ ਸੋਇਆ ਆਪ ਜਗਾ ਰਿਹਾ । ਸ਼ਬਦ ਅਗੰਮਾ ਮਾਰੇ ਆਵਾਜ਼ਾ, ਦਿਸ ਕਿਸੇ ਨਾ ਆ ਰਿਹਾ । ਨਾ ਕੋਈ ਸੁਣਾਏ ਅਨਹਦ ਰਾਗ ਸਾਚਾ ਵਾਜਾ, ਤਾਲ ਹੋਰ ਨਾ ਕੋਈ ਖੜਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਤੇਰੀ ਸੇਵਾ ਆਪ ਕਮਾ ਰਿਹਾ । ਸਤਿਗੁਰ ਪੂਰਾ ਮਿਹਰਵਾਨ ਹੈ, ਗੁਰਸਿਖਾਂ ਸੇਵ ਕਮਾਏ । ਅੱਠੇ ਪਹਿਰ ਨਿਗਾਹਬਾਨ ਹੈ, ਠੱਗ ਚੋਰ ਨੇੜ ਨਾ ਆਏ । ਆਪੇ ਵੇਖੇ ਮਾਰ ਧਿਆਨ ਹੈ, ਅੰਧ ਘੋਰ ਹੋਏ ਸਹਾਏ । ਪੰਚ ਉਠਾਏ ਤੀਰ ਨਿਸ਼ਾਨ ਹੈ, ਆਪਣੇ ਚਿੱਲੇ ਰਿਹਾ ਚੜ੍ਹਾਏ । ਦਸਮ ਦਵਾਰੀ ਸਚ ਮਕਾਨ ਹੈ, ਬੈਠਾ ਬੰਦ ਕਰਾਏ । ਹਰਿ ਦਾਤਾ ਦਰ ਦਰਬਾਨ ਹੈ, ਗੁਰਸਿਖ ਤੇਰਾ ਰਾਹ ਤਕਾਏ । ਆਪੇ ਕਰੇ ਕਰਾਏ ਜਾਣ ਪਛਾਣ ਹੈ, ਆਪਣੀ ਦਇਆ ਕਮਾਏ । ਦੇਵਣਹਾਰ ਸਰਬ ਜਹਾਨ ਹੈ, ਗੁਰਮੁਖ ਸਾਚੇ ਲਏ ਤਰਾਏ । ਸੇਵਾ ਲਾਏ ਪਵਣ ਮਸਾਣ ਹੈ, ਆਪਣਾ ਰਾਹ ਵਖਾਏ । ਗੁਰ ਪੂਰਾ ਜਗਤ ਨਿਸ਼ਾਨ ਹੈ, ਗੁਰਸਿਖਾਂ ਹੱਥ ਫੜਾਏ । ਗੁਰਮੁਖ ਸਾਚਾ ਬਲੀ ਬਲਵਾਨ ਹੈ, ਦੋ ਜਹਾਨਾਂ ਰਿਹਾ ਝੁਲਾਏ । ਸਾਚਾ ਮੇਲਾ ਸ੍ਰੀ ਭਗਵਾਨ ਹੈ, ਜੋਤੀ ਸ਼ਬਦ ਜਗਾਏ । ਚਰਨ ਧੂੜ ਬਖ਼ਸ਼ੇ ਮਾਣ ਹੈ, ਰਾਏ ਧਰਮ ਨਾ ਦਏ ਸਜ਼ਾਏ । ਅੰਮ੍ਰਿਤ ਆਤਮ ਪੀਣ ਖਾਣ ਹੈ, ਤ੍ਰਿਸ਼ਨਾ ਭੁੱਖ ਮਿਟਾਏ ।

ਕਾਹਨਾ ਕ੍ਰਿਸ਼ਨਾ ਨਾ ਬਾਲ ਨਾਦਾਨ ਹੈ, ਰਾਮ ਰਮਈਆ ਇਕ ਰਘੁਰਾਏ । ਨਾਨਕ ਗੋਬਿੰਦ ਧੁਰ ਫ਼ਰਮਾਣ ਹੈ, ਲੋਕਮਾਤੀ ਰਿਹਾ ਜਗਾਏ । ਨਿਹਕਲੰਕਾ ਡੰਕਾ ਇਕ ਮਹਾਨ ਹੈ, ਪ੍ਰਭ ਸਾਚਾ ਰਿਹਾ ਵਜਾਏ । ਮੇਟ ਮਿਟਾਏ ਪੰਜ ਸ਼ੈਤਾਨ ਹੈ, ਰਹਿਣ ਕੋਈ ਨਾ ਪਾਏ । ਸਤਿਜੁਗ ਤੇਰਾ ਇਕ ਬਣਾਏ ਵਿਧਾਨ ਹੈ, ਆਪ ਆਪਣੀ ਸੇਵ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਤੇਰੇ ਆਇਆ ਦਰ, ਸੇਵਕ ਸੇਵਾ ਰਿਹਾ ਕਮਾਏ । ਸੇਵਕ ਸੇਵਕ ਸੇਵਾਦਾਰ, ਗੁਰ ਪੂਰਾ ਆਪ ਹੋ ਆਇੰਦਾ । ਗੁਰਮੁਖਾਂ ਕਰੇ ਖ਼ਬਰਦਾਰ, ਫੜ ਬਾਹੋਂ ਆਪ ਉਠਾਇੰਦਾ । ਏਕਾ ਇੱਕੀ ਪਹਿਲੀ ਵਾਰ, ਲੋਕਮਾਤ ਹਰਿ ਆਪੇ ਪਾਇੰਦਾ । ਨਾ ਕੋਈ ਜਾਣੇ ਮੁਨੀ ਰਿਖੀ, ਪੰਡਤ ਪਾਂਧੇ ਭੇਵ ਨਾ ਪਾਇੰਦਾ । ਦਰ ਦਰ ਘਰ ਘਰ ਗੁਰਸਿਖਾਂ ਲੇਖ ਰਿਹਾ ਲਿਖੀ, ਲਿਖਿਆ ਲੇਖ ਨਾ ਕੋਈ ਮਿਟਾਇੰਦਾ । ਆਪੇ ਮੰਗੇ ਚਰਨ ਪ੍ਰੀਤੀ ਸਾਚੀ ਭਿਖੀ, ਅੱਗੇ ਝੋਲੀ ਡਾਹਿੰਦਾ । ਚਰਨ ਧੂੜ ਗੁਰ ਸੰਗਤ ਤੇਰੀ ਪ੍ਰਭ ਸਾਚੇ ਆਪਣੇ ਮਸਤਕ ਲਿਖੀ, ਧੂੰਆਂਧਾਰ ਜਗਤ ਕਰਾਇੰਦਾ । ਨੇਤਰ ਲੋਚਨ ਨੈਣ ਲੈਣ ਵੇਖੀ, ਪ੍ਰਭ ਸਾਚਾ ਆਪ ਵਖਾਇੰਦਾ । ਜੋਤੀ ਜਾਮਾ ਧਰਿਆ ਭੇਸੀ, ਦਸ ਦਸਮੇਸ਼ੀ ਸੰਗ ਰਲਾਇੰਦਾ । ਤਖ਼ਤ ਸੁਲਤਾਨ ਰਾਜ ਰਾਜਾਨ ਹਰਿ ਸ਼ਾਹ ਨਰ ਨਰੇਸ਼ੀ, ਨੂਰ ਨੁਰਾਨੇ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤੀ ਰੂਪ ਸਮਾਇੰਦਾ । ਭਗਵਾਨ ਭਗਵੰਤ ਭਗਤ ਸਮਾਇਆ, ਭੇਵ ਰਹੇ ਨਾ ਰਾਈਆ । ਆਦਿਨ ਅੰਤਾ ਜੁਗਾ ਜੁਗੰਤਾ ਸਾਧਾਂ ਸੰਤਾਂ ਮੇਲ ਮਿਲਾਇਆ, ਧੁਰ ਦੀ ਬਾਣ ਰਖਾਈਆ । ਦੇਵ ਦੰਤਾ ਹੋਏ ਨੰਗ ਮੇਟ ਮਿਟਾਇਆ, ਸ਼ਬਦ ਖੰਡਾ ਇਕ ਉਠਾਈਆ । ਭੁੱਖਾ ਨੰਗਾ ਗਲੇ ਲਗਾਇਆ, ਹੰਕਾਰ ਵਿਕਾਰਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਵੇਸ਼ਾ ਨਰ ਨਰੇਸ਼ਾ ਧਾਰੀ ਕੇਸ਼ਾ ਦਸ ਦਸਮੇਸ਼ਾ ਗੁਰਸਿਖਾਂ ਰਿਹਾ ਸੇਵ ਕਮਾਈਆ ।

ਹਰਿਜਨ ਭਾਗ ਮਥੋਰ, ਹਰਿ ਹਰਿ ਪਾਇਆ । ਸ੍ਰਿਸ਼ਟ ਸਬਾਈ ਅੰਧ ਘੋਰ, ਚਾਰ ਕੁੰਟ ਅੰਧੇਰ ਛਾਇਆ । ਪੰਚਮ ਲੁੱਟੀ ਜਾਇਣ ਚੋਰ, ਸਚ ਧਨ ਰਹਿਣ ਨਾ ਪਾਇਆ । ਕਾਇਆ ਝੂਠੀ ਮੜ੍ਹੀ ਗੋਰ, ਸੁੱਤਾ ਹਰਿ ਰਘੁਰਾਇਆ । ਜਨ ਭਗਤਾਂ ਵੇਖੇ ਦੌੜ ਦੌੜ, ਆਰ ਪਾਰ ਅੱਧ ਵਿਚਕਾਰ ਬੈਠਾ ਆਸਣ ਲਾਇਆ । ਚੜ੍ਹੇ ਚੜ੍ਹਾਏ ਸਾਚੇ ਘੋੜ, ਨਾਮ ਕਟਾਰ ਉਠਾਇਆ । ਲੋਕਮਾਤੀ ਪਏ ਬਹੁੜ, ਆਪਣੀ ਧਾਰ ਵਹਾਇਆ । ਪ੍ਰਭ ਮਿਲਣ ਦੀ ਗਲੀ ਸੌੜ, ਨਾ ਕੋਈ ਸਕੇ ਪੰਧ ਮੁਕਾਇਆ । ਜੀਵ ਜੰਤ ਸਾਧ ਸੰਤ ਵੇਖੇ ਮਿੱਠੇ ਕੌੜ, ਜੂਠੇ ਝੂਠੇ ਭੰਨ ਵਖਾਇਆ । ਜਗਤ ਵਿਕਾਰਾ ਡੁੱਬੇ ਜੌਹੜ, ਦਿਵਸ ਰੈਣ ਦੁੱਖ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਆਪ ਅਖਵਾਇਆ । ਸਤਿਗੁਰ ਹੱਥ ਵਡਿਆਈਆ, ਗੁਰਮੁਖ ਸੇਵਾ ਲਾਏ । ਗੁਰਸਿਖ ਕਮਾਈ ਧੰਨ ਹੈ, ਪ੍ਰਭ ਅਬਿਨਾਸ਼ੀ ਪਾਏ । ਪ੍ਰਭ ਅਬਿਨਾਸ਼ੀ ਦਏ ਸਲਾਹੀਆ, ਏਕਾ ਸ਼ਬਦ ਜਣਾਏ । ਸ਼ਬਦ ਧੁਨ ਉਪਜਾਈਆ, ਸੁਨ ਮੁਨ ਤੁੜਾਏ । ਸੁਨ ਮੁਨ ਰਹਿਣ ਨਾ ਪਾਈਆ, ਸ਼ਬਦ ਹਥੌੜਾ ਲਾਏ । ਸਚ ਸ਼ਬਦ ਉਪਜਾਈਆ, ਲੋਆਂ ਪੁਰੀਆਂ ਰਿਹਾ ਸੁਣਾਏ । ਲੋਆਂ ਪੁਰੀਆਂ ਪਾਰ ਕਰਾਈਆ, ਹਰ ਘਟ ਬੈਠਾ ਆਸਣ ਲਾਏ । ਹਰ ਘਟ ਬੈਠਾ ਆਸਣ ਲਾਈਆ, ਦਿਸ

੪੯੭
੦੬

ਕਿਸੇ ਨਾ ਆਏ । ਦਿਸ ਕਿਸੇ ਨਾ ਆਈਆ, ਕੋਟਨ ਕੋਟ ਸਾਧ ਸੰਤ ਫਿਰਨ ਹਲਕਾਏ । ਸਾਧ ਸੰਤ ਭੇਵ ਨਾ ਪਾਈਆ, ਪ੍ਰਭ ਅਬਿਨਾਸ਼ੀ ਅਗੰਮ ਅਥਾਹੇ । ਅਗੰਮ ਅਥਾਹ ਬੇਪਰਵਾਹਿਆ, ਗੁਰ ਪੀਰ ਰਹੇ ਧਿਆਏ । ਗੁਰ ਪੀਰਾਂ ਨਾਉਂ ਧਿਆਇਆ, ਹਰਿ ਸਾਚਾ ਰਿਹਾ ਜਣਾਏ । ਆਪ ਆਪਣੀ ਬਣਤ ਬਣਾਇਆ, ਨਾਨਕ ਸਾਚੀ ਸੇਵਾ ਲਾਏ । ਦਰ ਭਿਖਾਰੀ ਇਕ ਰਖਾਇਆ, ਹਰਿ ਬੈਠਾ ਸਾਚੇ ਥਾਂਏਂ । ਏਕਾ ਅੱਗੇ ਝੋਲੀ ਡਾਹਿਆ, ਦੋਏ ਜੋੜ ਰਹੇ ਸਰਨਾਏ । ਹੌਲੀ ਬੋਲ ਆਖ ਸੁਣਾਇਆ, ਪਾਰਬ੍ਰਹਮ ਹੋਏ ਸਹਾਏ । ਆਪ ਆਪਣਾ ਮੇਲ ਮਿਲਾਇਆ, ਬ੍ਰਹਮ ਪਾਰਬ੍ਰਹਮ ਭੇਵ ਨਾ ਰਾਏ । ਆਪ ਆਪਣਾ ਅੰਗ ਕਟਾਇਆ, ਨਾਨਕ ਰੂਪ ਸਮਾਏ । ਨਾਨਕ ਨਿਰਗੁਣ ਅੰਕ ਲਗਾਇਆ, ਸਰਗੁਣ ਰੂਪ ਵਟਾਏ । ਸਰਗੁਣ ਦੇ ਮਤ ਸਮਝਾਇਆ, ਕਲਜੁਗ ਮਾਰਗ ਇਕ ਚਲਾਏ । ਆਪ ਆਪਣਾ ਤਤ ਰਖਾਇਆ, ਆਪੇ ਦਏ ਵਿਚ ਟਿਕਾਏ । ਸਰਬ ਕਲ ਸਮਰਥ ਆਪ ਅਖਵਾਇਆ, ਨਾਨਕ ਭੇਵ ਨਾ ਪਾਏ । ਸਤਿਗੁਰ ਸਾਚਾ ਨਾਨਕ ਰਿਹਾ ਗਾਇਆ, ਰਸਨਾ ਜਿਹਵਾ ਸੇਵਾ ਲਾਏ । ਪਾਰਬ੍ਰਹਮ ਤੇਰੀ ਸਰਨਾਇਆ, ਦੋਏ ਜੋੜ ਬੈਠਾ ਸੀਸ ਝੁਕਾਏ । ਪੁਰਖ ਅਬਿਨਾਸ਼ੀ ਘਰ ਬੈਠਾ ਰਿਹਾ ਸੁਣਾਇਆ, ਸ਼ਬਦ ਵਿਚੋਲਾ ਇਕ ਰਖਾਏ । ਦੋ ਜਹਾਨੀ ਧਾਰ ਚਲਾਇਆ, ਸਾਚਾ ਢੋਲਾ ਸੋਹੰ ਆਪ ਉਪਾਏ । ਨਾਨਕ ਗੋਲਾ ਆਪ ਅਖਵਾਇਆ, ਏਕਾ ਬੋਲਾ ਰਸਨਾ ਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਵੇਖ ਆਸਣ ਲਾਇਆ । ਨਾਨਕ ਮੰਗੇ ਸ਼ਬਦ ਨਿਧਾਨ, ਹਰਿ ਸਾਚਾ ਕਰ ਪਰਵਾਨਿਆ । ਇਕ ਵਖਾਏ ਧੁਰ ਫ਼ਰਮਾਣ, ਬੰਨ੍ਹੇ ਸਾਚਾ ਗਾਨਿਆ । ਲੱਖ ਚੁਰਾਸੀ ਕਰ ਪਰਵਾਨ, ਵਡ ਦੇਵੇ ਦਾਤ ਦਾਨੀ ਦਾਨਿਆ । ਨਾਨਕ ਗਾਏ ਜਗਤ ਸੁਣਾਏ, ਨਾ ਕੋਈ ਜਾਣੇ ਜੀਵ ਨਾਦਾਨਿਆ । ਅੰਤਮ ਕਲਜੁਗ ਨਾਨਕ ਗਿਆ ਸਮਝਾਏ, ਨਿਹਕਲੰਕ ਵਜਾਏ ਡੰਕਾ ਰਾਓ ਰੰਕਾ ਮਿਟਾਏ ਪੰਚ ਸ਼ੈਤਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾਏ । ਨਾਨਕ ਓਟ ਰਖਾਈਆ, ਕਲਜੁਗ ਅੰਤਮ ਵਾਰਿਆ । ਪ੍ਰਭ ਸਾਚਾ ਜੋਤ ਜਗਾਈਆ, ਸ਼ਬਦ ਡੰਕਾ ਅਪਰ ਅਪਾਰਿਆ । ਰਾਓ ਰੰਕਾਂ ਲਏ ਉਠਾਈਆ, ਨਿਹਕਲੰਕ ਲਏ ਅਵਤਾਰਿਆ । ਗੁਰਮੁਖ ਸਾਚੇ ਬਣਾਏ ਭਗਤ ਜਨਕਾ, ਆਪ ਛੁਹਾਏ ਚਰਨ ਸੱਚੀ ਦਾਹੜਿਆ । ਹਉਮੇ ਹੰਗਤਾ ਰੋਗ ਸ਼ੰਕਾ ਮੇਟ ਮਿਟਾਈਆ, ਆਪੇ ਹੋਏ ਪਿੱਛੇ ਅਗਾੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਆਪੇ ਵਰ, ਵਰ ਦਾਤਾ ਆਪ ਹੋ ਜਾਈਆ । ਨਾਨਕ ਰਸਨਾ ਗਾਇੰਦਾ, ਗੋਬਿੰਦ ਓਟ ਰਖਾਈਆ । ਪ੍ਰਭ ਸਾਚਾ ਵੇਖ ਵਖਾਇੰਦਾ, ਕਲਜੁਗ ਤੇਰੀ ਰੁੱਤ ਸੁਹਾਈਆ । ਨਿਹਕਲੰਕਾ ਡੰਕ ਵਜਾਇੰਦਾ, ਚੋਟ ਏਕਾ ਤਨ ਨਗਾਰੇ ਲਾਈਆ । ਗੋਬਿੰਦ ਸਾਚਾ ਨਾਲ ਸਜਾਇੰਦਾ, ਬਸਤਰ ਏਕਾ ਤਨ ਸਜਾਈਆ । ਗਾਤਰਾ ਨਾਮ ਲਟਕਾਇੰਦਾ, ਸੱਸੇ ਕਿਲ੍ਹੇ ਵਿਚ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰਾ ਵੇਖੇ ਘਰ, ਕਲਜੁਗ ਲੇਖਾ ਗਿਆ ਲਿਖਾਈਆ । ਨਾਨਕ ਮੰਗੇ ਸਾਚਾ ਦਾਨ, ਦਰ ਕਰੇ ਪੁਕਾਰਿਆ । ਅੰਤਮ ਮੇਲਾ ਵਿਚ ਜਹਾਨ, ਹੋਵੇ ਦਰ ਦਵਾਰਿਆ । ਦੇਵੇ ਵਡਿਆਈ ਵਾਲੀ ਦੋ ਜਹਾਨ, ਸਾਚਾ ਸ਼ਬਦ ਧੁਰ ਫ਼ਰਮਾਨਿਆ । ਅੰਤਮ ਪਰਗਟੇ ਨਿਹਕਲੰਕ ਬਲੀ ਬਲਵਾਨ, ਭੇਵ ਚੁਕਾਏ ਖਾਣੀ ਬਾਣੀਆ । ਨਾਨਕ ਅੱਗੇ ਦਰ ਦਰਬਾਨ, ਪ੍ਰਭ ਸਾਚਾ ਕਰੇ ਪਰਵਾਨਿਆ । ਹੱਥ ਫੜਾਏ ਸੋਹੰ ਸ਼ਬਦ ਨਿਸ਼ਾਨ, ਬੀਸ ਬੀਸਾ ਖੇਲ ਮਹਾਨਿਆ । ਛਤਰ ਝੁਲਾਏ ਇਕ ਜਹਾਨ, ਇਕ ਇਕੀਸਾ ਇਕ ਵਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਆਪੇ ਜਾਣੇ ਆਪਣੇ ਭਾਣਿਆ । ਹਰ ਗੁਣ ਹਰਿ ਸਮਾਇਆ, ਭੇਵ ਕਿਸੇ ਨਾ ਆਇੰਦਾ । ਆਪੇ ਛਾਣ ਪੁਣ ਕਰਾਇਆ, ਆਪੇ ਖ਼ਾਕ ਰਲਾਇੰਦਾ । ਮਾਣ ਅਭਿਮਾਨ ਆਪ ਵਧਾਇਆ, ਨਿਮਾਣਿਆ ਮਾਣ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਖੇਲ ਖਿਲਾਇੰਦਾ । ਸਾਚਾ ਖੇਲ ਹਰਿ ਖਿਲਾਏ, ਬੀਸ ਬੀਸਾ ਰਿਹਾ ਜਗਾਈਆ । ਨਾਨਕ ਸਤਿਗੁਰ ਪ੍ਰਭ ਸਾਚੀ ਸੇਵਾ ਲਾਏ, ਸੋਹੰ ਝੰਡਾ ਹੱਥ ਫੜਾਈਆ । ਨੌ ਖੰਡ ਪ੍ਰਿਥਮੀ ਰਿਹਾ ਫਿਰਾਏ, ਸ਼ਬਦ ਘੋੜੇ ਆਪ ਚੜ੍ਹਾਈਆ । ਆਪ ਆਪਣਾ ਲੜ ਫੜਾਏ, ਜੁਗ ਜੁਗ ਆਪਣਾ ਸੰਗ ਨਿਭਾਈਆ । ਗੁਰ ਗੋਬਿੰਦ ਬੈਠਾ ਸੀਸ ਝੁਕਾਏ, ਪ੍ਰਭ ਤੇਰਾ ਰਾਹ ਤਕਾਈਆ । ਵਡ ਮਰਗਿੰਦਾ ਹਰਿ ਰਘੁਰਾਏ, ਸਗਲੀ ਚਿੰਤ ਮਿਟਾ ਰਿਹਾ । ਲੱਖ ਚੁਰਾਸੀ ਕਰੇ ਨਿੰਦਾ, ਕਲਜੁਗ ਜੀਆਂ ਦਿਸ ਨਾ ਆ ਰਿਹਾ । ਹਰਿਜਨ ਉਪਜਾਏ ਸਾਚੀ ਬਿੰਦਾ, ਪੂਤ ਸਪੂਤਾ ਆਪ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਧਾਮ ਸੁਹਾ ਲਿਆ । ਬੀਸ ਬੀਸਾ ਵਡ ਬਲਕਾਰੀ, ਆਪਣੀ ਰਚਨ ਰਚਾਵਣੀ । ਨਾਲ ਰਲਾਏ ਨਾਨਕ ਨਿਰਗੁਣ ਹਾਰੀ, ਸਾਚੀ ਸੇਵਾ ਇਕ ਵਖਾਵਣੀ । ਖੇਲੇ ਖੇਲ ਅਗੰਮ ਅਪਾਰੀ, ਚਾਰ ਕੁੰਟ ਏਕਾ ਰਸਨਾ ਜੈ ਜੈ ਜੈਕਾਰ ਕਰਾਵਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਪੂਰ ਕਰਾਏ ਭਾਵਨੀ । ਗੋਬਿੰਦ ਤੇਰੀ ਅੰਤਮ ਆਸਾ, ਪ੍ਰਭ ਸਾਚਾ ਪੂਰ ਕਰਾਈਆ । ਦੋ ਜਹਾਨ ਦਿਤਾ ਭਰਵਾਸਾ, ਚਰਨ ਧੂੜ ਸਾਚੀ ਖ਼ਾਕ ਰਮਾਈਆ । ਆਪੇ ਵੇਖਣ ਆਇਆ ਤਮਾਸ਼ਾ, ਨਿਹਕਲੰਕਾ ਜਾਮਾ ਪਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼ਾ, ਲੋਆਂ ਪੁਰੀਆਂ ਭੇਵ ਚੁਕਾਈਆ । ਭਗਤ ਜਨਾਂ ਦਰ ਹੋਇਆ ਦਾਸਾ, ਦਰ ਦਰ ਆਵੇ ਜਾਵੇ ਫੇਰਾ ਪਾਈਆ । ਸਾਚੇ ਮੰਡਲ ਏਕਾ ਰਾਸਾ, ਏਕਾ ਸਵਾਂਗ ਵਰਤਾਈਆ । ਪਰਗਟ ਹੋਏ ਸਰਬ ਗੁਣਤਾਸਾ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਨਿਝ ਘਰ ਆਤਮ ਰੱਖੇ ਵਾਸਾ, ਜਨ ਭਗਤਾਂ ਰਿਹਾ ਜਗਾਈਆ । ਸਾਚਾ ਮੇਲਾ ਹਰਿ ਸ਼ਾਹੋ ਸ਼ਾਬਾਸਾ, ਸ਼ਾਹੋ ਭੂਪ ਵਿਛੜ ਨਾ ਜਾਈਆ । ਕਿਸੇ ਹੱਥ ਨਾ ਆਏ ਰੱਤੀ ਤੋਲਾ ਮਾਸਾ, ਨਾਮ ਗਠੜੀ ਪ੍ਰਭ ਬੈਠਾ ਤਨ ਛੁਪਾਈਆ । ਸਾਧ ਸੰਤ ਜੀਵ ਜੰਤ ਗੁਰ ਦਰ ਬਹਿ ਬਹਿ ਕਰਨ ਹਾਸਾ, ਮਹੱਲ ਅਟੱਲ ਨਾ ਡੇਰਾ ਲਾਈਆ । ਅੰਤਮ ਕਲਜੁਗ ਸਰਬ ਵਿਨਾਸਾ, ਸਚ ਤਖ਼ਤ ਨਾ ਕੋਈ ਹੰਢਾਈਆ । ਗੁਰ ਪੂਰੇ ਹਉਂ ਬਲ ਬਲ ਜਾਸਾ, ਜਿਸ ਜਨ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰਾ ਲੇਖ ਲਿਖਾਈਆ । ਨਾਨਕ ਲੇਖਾ ਅਪਰ ਅਪਾਰ, ਹਰਿ ਸਾਚਾ ਆਪ ਲਿਖਾਇੰਦਾ । ਸਤਿਜੁਗ ਤੇਰੀ ਬੰਨ੍ਹੇ ਧਾਰ, ਸਾਚਾ ਮਾਰਗ ਲਾਇੰਦਾ । ਸੇਵ ਕਮਾਏ ਸੇਵਾਦਾਰ, ਪੁਰੀਆਂ ਲੋਆਂ ਸੇਵ ਕਰਾਇੰਦਾ । ਗੋਬਿੰਦ ਸ਼ਬਦ ਇਕ ਜੈਕਾਰ, ਚਾਰ ਵਰਨਾਂ ਆਪ ਜਣਾਇੰਦਾ । ਅੰਧ ਅੰਧੇਰਾ ਮਿਟੇ ਧੂੰਆਂਧਾਰ, ਸਾਚਾ ਚੰਦ ਚੜ੍ਹਾਇੰਦਾ । ਗੁਰਮੁਖਾਂ ਖੋਲ੍ਹੇ ਬੰਦ ਕਿਵਾੜ, ਅੱਠੇ ਪਹਿਰ ਦਰਸ ਦਿਖਾਇੰਦਾ । ਵਾ ਨਾ ਲੱਗੇ ਤਤੀ ਹਾੜ, ਅੰਮ੍ਰਿਤ ਮੇਘ ਬਰਖਾਇੰਦਾ । ਆਕਾਸ਼ ਪਰਕਾਸ਼ ਨਾੜ ਨਾੜ, ਨਾੜੀ ਨਾੜ ਆਪ ਉਪਜਾਇੰਦਾ । ਨੇੜ ਨਾ ਆਏ ਪੰਚਮ ਧਾੜ, ਏਕਾ ਖੰਡਾ ਹੱਥ ਉਠਾਇੰਦਾ । ਤ੍ਰੈਗੁਣ ਮਾਇਆ ਦੇਵੇ ਸਾੜ, ਸਾਚੀ ਵੰਡ ਆਪ ਵੰਡਾਇੰਦਾ । ਧਰਤ ਮਾਤ ਤੇਰਾ ਵੇਖ ਅਖਾੜ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੋਲ ਫੁਲਾਇੰਦਾ । ਗੁਰਮੁਖ ਬਹਾਏ ਸਾਚੇ ਕਿਲ੍ਹੇ, ਨਾ ਕੋਈ ਤੋੜ ਤੁੜਾਇੰਦਾ । ਆਪੇ ਵੇਖੇ ਚੜ੍ਹ ਕੇ ਘੋੜੇ ਨੀਲੇ, ਨੀਲੀ ਛੱਤੋਂ ਪਾਰ ਕਰਾਇੰਦਾ ।

੪੯੮
੦੬

੪੯੯
੦੬

ਤਨ ਛੁਹਾਏ ਬਸਤਰ ਪੀਲੇ, ਰੁੱਤ ਬਸੰਤੀ ਇਕ ਕਰਾਇੰਦਾ । ਪ੍ਰਭ ਮਿਲਣ ਦੇ ਅੰਤਮ ਵੇਲੇ, ਦੇ ਮਤ ਸਮਝਾਇੰਦਾ । ਜੋਤੀ ਅਗਨੀ ਲਾਏ ਤੀਲੇ, ਬਚਿਆ ਕੋਈ ਰਹਿਣ ਨਾ ਪਾਇੰਦਾ । ਗੁਰਮੁਖ ਵਿਰਲਾ ਨਾਮ ਨਿਧਾਨ ਅੰਮ੍ਰਿਤ ਪੀ ਲੇ, ਪ੍ਰਭ ਸਾਚਾ ਆਪ ਪਿਆਇੰਦਾ । ਤਨ ਪਾਟਾ ਨਾਮ ਧਾਗਾ, ਸਾਚੀ ਸੂਈ ਸੀ ਲੈ, ਦੂਈ ਦਵੈਤੀ ਪੜਦਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਸਾਚਾ ਘਰ, ਕਵਣ ਆਸਣ ਕਵਣ ਸਿੰਘਾਸਣ ਪੁਰਖ ਅਬਿਨਾਸ਼ਣ ਮੇਲ ਮਿਲਾਇੰਦਾ । ਨਾ ਕੋਈ ਆਸਣ ਧਾਮ ਭੂਮਿਕਾ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਨਾ ਕੋਈ ਪ੍ਰਿਥਮੀ ਨਾ ਕੋਈ ਆਕਾਸ਼ਨ, ਨਾ ਕੋਈ ਪਵਣ ਨਾ ਸਵਾਸਨ, ਨਾ ਕੋਈ ਸ਼ਬਦ ਨਾ ਜੋਤ ਪਰਕਾਸ਼ਨ, ਹਰਿ ਕਵਣ ਧਾਮ ਸੁਹਾਇੰਦਾ ।

ਉਠ ਸਿੱਖ ਚੜ੍ਹ ਕਰ ਅਸਵਾਰੀ, ਪ੍ਰਭ ਸਾਚਾ ਆਪ ਕਰਾਇੰਦਾ । ਨੌ ਦਵਾਰੇ ਵੇਖ ਬਾਹਰੀ, ਨਿਰਮਲ ਜੋਤ ਵਖਾਇੰਦਾ । ਸ਼ਬਦ ਧੁਨ ਅਪਰ ਅਪਾਰੀ, ਧਾਰਾ ਗੁਰਸਿਖ ਬਿਲਲਾਇੰਦਾ । ਵਸਾਏ ਮਹੱਲ ਉਚ ਅਟਾਰੀ, ਦਰ ਦਰਵਾਜ਼ਾ ਆਪ ਖੁਲ੍ਹਾਇੰਦਾ । ਨਾਮ ਰੰਗੀਲੀ ਸੇਜ ਪਿਆਰੀ, ਸਾਚੀ ਆਪ ਸੁਹਾਇੰਦਾ । ਮਿਲ ਸਖੀ ਵਰ ਪਾਇਆ ਕੰਤ ਭਤਾਰੀ, ਘਰ ਸਾਚੇ ਵੇਖਣ ਆਇੰਦਾ । ਸਤਿ ਸਤਿਵਾਦਨ ਸਾਚੀ ਨਾਰੀ, ਮੁਖ ਪੱਲੂ ਆਪੇ ਲਾਹਿੰਦਾ । ਚਰਨ ਪ੍ਰੀਤੀ ਬਖ਼ਸ਼ ਨਿਆਰੀ, ਨਿਰਗੁਣ ਸੇਵਾ ਲਾਇੰਦਾ । ਆਪਣੇ ਤਨ ਆਪ ਸ਼ਿੰਗਾਰੀ, ਸਚ ਸ਼ਿੰਗਾਰ ਕਰਾਇੰਦਾ । ਤਨ ਬਸਤਰ ਗਹਿਣਾ ਇਕ ਅਪਾਰੀ, ਆਪਣਾ ਨਾਮ ਪਹਿਨਾਇੰਦਾ । ਸੰਮਤ ਚੌਦਾਂ ਗੁਰਸਿਖ ਖਾਰਿਉਂ ਰਿਹਾ ਉਤਾਰੀ, ਸਤਿਜੁਗ ਘੋੜੇ ਆਪ ਚੜ੍ਹਾਇੰਦਾ । ਧਰਤ ਮਾਤ ਪਾਣੀ ਰਹੀ ਵਾਰੀ, ਜੋਤੀ ਜੋੜੇ ਮੇਲ ਮਿਲਾਇੰਦਾ । ਸੁਰਤ ਸਵਾਣੀ ਚਰਨ ਪਨਿਹਾਰੀ, ਸੱਸੇ ਹੋੜੇ ਰਾਹ ਤਕਾਇੰਦਾ । ਗੁਰਸਿਖ ਸਦ ਸਦ ਸਦ ਬਲਿਹਾਰੀ, ਨੇਤਰ ਅੱਖ ਪਰਤੱਖ ਆਪ ਖੁਲ੍ਹਾਇੰਦਾ । ਨੇਤਰ ਖੋਲ੍ਹ ਜਲਵਾ ਨੂਰ, ਆਪਣਾ ਆਪ ਦਿਖਾਈਆ । ਸ਼ਬਦ ਬੋਲ ਸਾਚੀ ਤੂਰ, ਸਰਬ ਭਰਪੂਰ ਸਮਾਈਆ । ਆਪੇ ਹੋਇਆ ਹਾਜ਼ਰ ਹਜ਼ੂਰ, ਵੱਡ ਸ਼ਾਹੋ ਬੇਪਰਵਾਹੀਆ । ਨਾਤਾ ਤੋੜੇ ਕੂੜੋ ਕੂੜ, ਛੁੱਟੀ ਜਗਤ ਜੁਦਾਈਆ । ਮਸਤਕ ਲਾਏ ਸਾਚੀ ਧੂੜ, ਸੋਹੰ ਸ਼ਬਦ ਕਰੇ ਕੁੜਮਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਬਜਵਾੜਾ ਲੇਖੇ ਲਾਈਆ । ਸਾਚਾ ਮੇਲਾ ਕੰਤ ਕੰਤੂਹਲ, ਦਿਨ ਦਿਹਾੜਾ ਰਿਹਾ ਮਿਲਾਈਆ । ਰਵੀਦਾਸੇ ਕੱਟਣਹਾਰਾ ਜੂੜ, ਕੁਲਾਹੀਣ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਮਲ ਜੋਤੀ ਇਕ ਵਿਖਾਈਆ । ਨਿਰਮਲ ਜੋਤੀ ਦੀਪਕ ਜਗਾ, ਕਰੇ ਆਪ ਰੁਸ਼ਨਾਈਆ । ਕਾਗ ਹੰਸ ਰਿਹਾ ਬਣਾ, ਵੇਖੇ ਥਾਉਂ ਥਾਈਆ । ਜੂਠਾ ਝੂਠਾ ਦਾਗ ਮਿਟਾ, ਫੜ ਫੜ ਤਾਰੇ ਹੱਥੀਂ ਬਾਂਹੀਆ । ਏਕਾ ਸਾਚਾ ਰਾਹ ਵਖਾ, ਸਾਚੀ ਸੇਵਾ ਰਿਹਾ ਕਮਾਈਆ । ਰਾਗ ਅਨਾਦੀ ਦਏ ਸੁਣਾ, ਅੱਖਰ ਵੱਖਰ ਇਕ ਅਲਾਈਆ । ਬ੍ਰਹਿਮਾਦੀ ਬ੍ਰਹਮ ਰਿਹਾ ਸਮਾ, ਪਾਰਬ੍ਰਹਮ ਸਰਨਾਈਆ । ਆਦਿ ਜੁਗਾਦੀ ਖੇਲ ਖਿਲਾ, ਜਨਮ ਮਰਨ ਕਟਾਈਆ । ਬੂੰਦ ਸਵਾਂਤੀ ਅੰਮ੍ਰਿਤ ਆਤਮ ਪਿਲਾ, ਗੁਰ ਚੇਲਾ ਰੂਪ ਸਮਾਈਆ । ਸ੍ਰਿਸ਼ਟ ਸਬਾਈ ਆਪ ਹਿਲਾ, ਗੁਰਮੁਖ ਸਾਚੇ ਰਿਹਾ ਤਰਾਈਆ । ਚੌਦਾਂ ਚੌਦਸ ਲੇਖ ਲਿਖਾ, ਲਹਿਣਾ ਝੋਲੀ ਪਾਈਆ । ਚੇਤਰ ਚਿਤ ਠਗੋਰੀ ਕਰੇ ਨਾ, ਹਰਿ ਸਾਚਾ ਦਏ ਸਜ਼ਾ । ਕਾਇਆ ਕਵਰੀ ਮਰੇ ਨਾ, ਦੇਵੇ ਬਾਹਰ ਕਢਾ । ਅਵਣੀ ਗਵਣੀ ਫਿਰੇ ਨਾ, ਹਰਿ ਬਖ਼ਸ਼ੇ ਸਚ ਸਰਨਾ । ਕਾਮਨੀ ਕਾਮਨ ਹੜ੍ਹੇ ਨਾ, ਨਾਮ ਰਸਨਾ ਦਏ

ਚਖਾ । ਡੂੰਘੀ ਕੰਦਰ ਵੜੇ ਨਾ, ਥਿਰ ਘਰ ਆਸਣ ਦੇਵੇ ਲਾ । ਮਾਇਆ ਮਮਤਾ ਸੜੇ ਨਾ, ਦੇਵੇ ਠੰਢੀ ਛਾਂ । ਕਲਜੁਗ ਵਹਿਣ ਹੜ੍ਹੇ ਨਾ, ਸਤਿਗੁਰ ਫੜੇ ਬਾਂਹ । ਅੱਗੇ ਕੋਈ ਅੜੇ ਨਾ, ਸੋਹੰ ਖੰਡਾ ਹੱਥ ਉਠਾ । ਬਿਨ ਗੁਰ ਪੂਰੇ ਨਾ ਭੰਨੇ ਕੋਈ ਘੜੇ ਨਾ, ਘੜਨ ਭੰਨਣਹਾਰ ਆਪ ਅਖਵਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲੇ ਰਿਹਾ ਮਿਲਾ ।

ਆਦਿ ਪੁਰਖ ਸ਼ਬਦ ਅਨਾਦੀ, ਆਪਣੀ ਬਣਤ ਬਣਾਇੰਦਾ । ਸ਼ਬਦ ਜਣਾਏ ਬੋਧ ਅਗਾਧੀ, ਜੁਗ ਜੁਗ ਲੇਖ ਲਿਖਾਇੰਦਾ । ਭਗਤ ਸੁਹੇਲੇ ਆਪੇ ਲਾਧੀ, ਲੋਕਮਾਤ ਉਪਜਾਇੰਦਾ । ਦਿਵਸ ਰੈਣ ਰਹੇ ਅਰਾਧੀ, ਭਗਵੰਤ ਭੇਵ ਖੁਲ੍ਹਾਇੰਦਾ । ਮੇਲ ਮਿਲਾਏ ਮੋਹਣ ਮਾਧਵ ਮਾਧੀ, ਰੂਪ ਅਨੂਪਾ ਸਤਿ ਸਰੂਪਾ ਸ਼ਾਹੋ ਭੂਪਾ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਰਿਹਾ ਵਰ, ਦਰ ਦਰ ਘਰ ਘਰ ਵੇਖ ਵਖਾਇੰਦਾ । ਸੰਤ ਸੁਹੇਲਾ ਸਾਚਾ ਮੀਤਾ, ਜੁਗ ਜੁਗ ਸੰਗ ਰਖਾਇਆ । ਆਪੇ ਪਰਖਣਹਾਰਾ ਨੀਤਾ, ਦਿਹੁਰਾ ਮੰਦਰ ਮਸੀਤ ਨਾ ਕੋਈ ਰਖਾਇਆ । ਅੱਠੇ ਪਹਿਰ ਵਸਿਆ ਚੀਤਾ, ਜਿਸ ਜਨ ਚਰਨ ਧਿਆਨ ਰਖਾਇਆ । ਅਰਜਨ ਸੁਣਾਏ ਇਕ ਗੀਤਾ, ਏਕਾ ਨਾਮ ਅਲਾਇਆ । ਨਾਮ ਨਿਧਾਨਾ ਗੁਰਮੁਖ ਵਿਰਲੇ ਪੀਤਾ, ਦੂਈ ਦਵੈਤੀ ਪੜਦਾ ਲਾਹਿਆ । ਇਕ ਕਰਾਏ ਹਸਤ ਕੀਟਾ, ਊਚਾਂ ਨੀਚਾਂ ਵਿਚ ਸਮਾਇਆ । ਜਗਤ ਮਾਇਆ ਜੂਠਾ ਝੂਠਾ ਪੀਸਣ ਪੀਸਾ, ਸਚ ਵਸਤ ਹੱਥ ਨਾ ਆਇਆ । ਲੱਖ ਚੁਰਾਸੀ ਕੌੜਾ ਰੀਠਾ, ਪੰਜ ਤਤ ਹੰਕਾਰ ਭਰਾਇਆ । ਗੁਰਮੁਖ ਵਿਰਲਾ ਆਤਮ ਮੀਠਾ, ਆਤਮ ਰਸ ਰਿਹਾ ਚੁਆਇਆ । ਦੇਵੇ ਸ਼ਬਦ ਦਾਨ ਇਕ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆਇਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਬੀਠਲਾ ਬੀਠਾ, ਹਰਿਜਨ ਸਾਚੇ ਰਿਹਾ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਦਰ, ਦਰ ਦਵਾਰਾ ਖੋਲ੍ਹ ਵਖਾਇਆ । ਦਰ ਦਰਵਾਜ਼ਾ ਆਪੇ ਖੋਲ੍ਹ, ਆਪਣੀ ਕਲ ਵਰਤਾਈਆ । ਸ਼ਬਦ ਸਰੂਪੀ ਅੰਦਰ ਬੋਲ, ਸੁਰਤ ਸਵਾਣੀ ਰਿਹਾ ਜਗਾਈਆ । ਨਾਦ ਵਜਾਏ ਅਨਹਦ ਢੋਲ, ਸਾਚੀ ਸੇਵ ਕਮਾਈਆ । ਇਕ ਇਕੇਲਾ ਸਦਾ ਸੁਹੇਲਾ ਆਤਮ ਸੇਜਾ ਵਸੇ ਕੋਲ, ਮਨਮੁਖ ਭੇਵ ਨਾ ਰਾਈਆ । ਜਨ ਭਗਤਾਂ ਆਤਮ ਅੰਤਰ ਪੜਦਾ ਰਿਹਾ ਖੋਲ੍ਹ, ਆਪਣੀ ਦਇਆ ਕਮਾਈਆ । ਜੋ ਜਨ ਚਰਨ ਪ੍ਰੀਤੀ ਦੇਵੇ ਘੋਲ, ਚਰਨ ਚਰਨੋਧਕ ਸਾਚਾ ਮੁਖ ਚੁਆਈਆ । ਬਜਰ ਕਪਾਟੀ ਪੜਦਾ ਖੋਲ੍ਹ, ਸਾਚੀ ਹਾਟੀ ਇਕ ਵਸਤ ਦਿਖਾਈਆ । ਔਖੀ ਘਾਟੀ ਆਪ ਚੜ੍ਹਾਈਆ । ਨਾ ਕੋਈ ਤੀਰਥ ਤਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰੇ ਸਰ ਸਰੋਵਰ ਇਕ ਇਸ਼ਨਾਨ ਕਰਾਈਆ । ਤੀਰਥ ਤਟ ਇਕ ਕਿਨਾਰਾ, ਹਰਿ ਏਕਾ ਏਕ ਰਖਾਇਆ । ਏਕਾ ਹੱਟ ਇਕ ਵਣਜਾਰਾ, ਏਕਾ ਸ਼ਬਦ ਟਿਕਾਇਆ । ਭਗਤ ਜਨਾਂ ਹਰਿ ਕਰ ਪਿਆਰਾ, ਜੁਗ ਜੁਗ ਆਪੇ ਦੇਵਣ ਆਇਆ । ਸ਼ਬਦ ਰਖਾਏ ਸਚ ਭੰਡਾਰਾ, ਤੋਟ ਕਦੇ ਨਾ ਆਇਆ । ਦੋ ਜਹਾਨੀ ਪਾਵੇ ਸਾਰਾ, ਸ਼ਬਦ ਨਾਮ ਪੱਲੇ ਗੰਢ ਬੰਧਾਇਆ । ਅੰਦਰ ਬਾਹਰ ਗੁਪਤ ਜ਼ਾਹਿਰ, ਨੇਤਰ ਨੈਣ ਦਿਵਸ ਰੈਣ ਦਰਸ ਦਿਖਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਜਿਸ ਜਨ ਦਰਸ਼ਨ ਪਾਇਆ । ਕਲਜੁਗ ਜੀਵ ਮਾਇਆ ਰੁੱਲੇ ਜੂਠੇ ਝੂਠੇ ਵਹਣ ਵਹਿਣ, ਸਾਗਰ ਸਿੰਧ ਨਾ ਕੋਈ ਪਾਰ ਕਰਾਇਆ । ਅੰਤਮ ਰਾਏ ਧਰਮ

ਚੁਕਾਏ ਲਹਿਣ ਦੇਣ, ਚਿਤਰ ਗੁਪਤ ਹਿਸਾਬ ਦਿਖਾਇਆ । ਲਾੜੀ ਮੌਤ ਖਾਏ ਡੈਣ, ਤਨ ਰਹੀ ਸ਼ਿੰਗਾਰ ਕਰਾਇਆ । ਗੁਰਮੁਖ ਵਿਰਲੇ ਪ੍ਰਭ ਚਰਨੀ ਰਹਿਣ, ਅੰਤਮ ਜੋਤੀ ਸ਼ਬਦੀ ਮੇਲ ਮਿਲਾਇਆ । ਏਕਾ ਨਾਮ ਸਾਧ ਸੰਤ ਭਾਈ ਭੈਣ, ਸੱਜਣ ਮੀਤ ਹਰਿ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਜਨ ਹਰਿ ਸਾਚਾ ਦਰ ਪਿਆਰ, ਪ੍ਰਭ ਆਪਣਾ ਆਪ ਕਰਾਇਆ । ਆਪੇ ਬਣੇ ਦਰ ਭਿਖਾਰ, ਦਰ ਦਰਵੇਸ਼ਾ ਹੋ ਕੇ ਆਇਆ । ਸ਼ਬਦ ਦੇਵੇ ਨਾਮ ਭੰਡਾਰ, ਆਤਮ ਬ੍ਰਹਮ ਜਣਾਇਆ । ਪਾਰਬ੍ਰਹਮ ਭੇਵ ਨਿਆਰ, ਆਪਣੇ ਹੱਥ ਰਖਾਇਆ । ਸ਼ਬਦ ਡੰਕਾ ਅਪਰ ਅਪਾਰ, ਕਲਜੁਗ ਅੰਤ ਵਜਾਇਆ । ਕਲਜੁਗ ਅੰਤਮ ਰਿਹਾ ਵਿਚਾਰ, ਰਾਓ ਰੰਕਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਹਿਲਾਇਆ । ਸਾਧਾਂ ਸੰਤਾਂ ਪਾਵੇ ਸਾਰ, ਜੀਵਾਂ ਜੰਤਾਂ ਰਿਹਾ ਉਠਾਇਆ । ਕਲਜੁਗ ਤੇਰਾ ਧੁੰਦੂਕਾਰ, ਚਾਰੋਂ ਕੁੰਟ ਅੰਧੇਰਾ ਛਾਇਆ । ਜੂਠਾ ਝੂਠਾ ਕਰ ਪਸਾਰ, ਹਉਮੇ ਹੰਗਤਾ ਰੋਗ ਵਧਾਇਆ । ਕੋਈ ਨਾ ਪਾਵੇ ਪੁਰਖ ਅਪਾਰ, ਮਨ ਮਤੀ ਜਗਤ ਚਲਾਇਆ । ਗੁਰ ਸਤਿਗੁਰ ਵੇਖੇ ਜਗਤ ਕਿਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖਣ ਆਇਆ । ਕਲਜੁਗ ਤੇਰਾ ਅੰਤਮ ਭੇਖ, ਹਰਿ ਸਾਚਾ ਵੇਖ ਵਖਾਇੰਦਾ । ਆਪੇ ਲਿਖਣਹਾਰਾ ਲੇਖ, ਆਪੇ ਮੇਟ ਮਿਟਾਇੰਦਾ । ਵੇਖ ਵਖਾਣੇ ਧਾਰੀ ਕੇਸ, ਮੂੰਡ ਮੁੰਡਾਏ ਕੋਈ ਰਹਿਣ ਨਾ ਪਾਇੰਦਾ । ਆਪੇ ਦਾਤਾ ਦਸ ਦਸਮੇਸ਼, ਕਾਹਨਾ ਕ੍ਰਿਸ਼ਨਾ ਰੂਪ ਵਟਾਇੰਦਾ । ਬ੍ਰਹਮਾ ਸ਼ਿਵ ਸ਼ੰਕਰ ਗਣੇਸ਼, ਆਪੇ ਸੇਵਾ ਲਾਇੰਦਾ । ਆਪੇ ਜੋਧਾ ਸੂਰਾ ਨਰ ਨਰੇਸ਼, ਸਚ ਸਿੰਘਾਸਣ ਆਸਣ ਲਾਇੰਦਾ । ਕਲਜੁਗ ਅੰਤਮ ਕਰਿਆ ਵੇਸ, ਨਿਹਕਲੰਕ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਦੇਵੇ ਭਗਤੀ ਵਰ, ਸੋਏ ਮਾਤ ਉਠਾਇੰਦਾ । ਸੋਇਆ ਪੂਤ ਆਪ ਉਠਾਏ, ਆਪਣੀ ਕਲ ਧਾਰਿਆ । ਚਾਰੇ ਕੁੰਟਾਂ ਵੇਖ ਵਖਾਏ, ਦਹਿ ਦਿਸ਼ਾ ਪਾਵੇ ਸਾਰਿਆ । ਸ਼ਬਦ ਨਿਰਾਲਾ ਤੀਰ ਇਕ ਚਲਾਏ, ਚਾਰੋਂ ਕੁੰਟ ਰਹੇ ਖੁਆਰਿਆ । ਜੋਤ ਜਵਾਲਾ ਇਕ ਵਖਾਏ, ਆਪ ਆਪਣਾ ਵੇਸ ਵਟਾ ਲਿਆ । ਆਦਿ ਸ਼ਕਤ ਹਰਿ ਬਣਤ ਬਣਾਏ, ਨਿਰਮਲ ਜੋਤੀ ਇਕ ਜਗਾ ਲਿਆ । ਵਰਨ ਗੋਤ ਕੋਈ ਦਿਸ ਨਾ ਆਏ, ਮਾਤ ਪਿਤ ਨਾ ਕੋਈ ਅਖਵਾ ਲਿਆ । ਸਾਧ ਸੰਤ ਪ੍ਰਭ ਆਪ ਬਣਾਏ, ਗੁਰ ਪੀਰਾ ਬਣਤ ਬਣਾ ਲਿਆ । ਲੋਕਮਾਤ ਹਰਿ ਜਨਮ ਦਵਾਏ, ਆਪ ਆਪਣੀ ਸੇਵਾ ਲਾ ਲਿਆ । ਆਪ ਆਪਣਾ ਦਰਸ ਦਿਖਾਏ, ਭੇਖਾਧਾਰੀ ਭੇਖ ਵਟਾ ਲਿਆ । ਸਤਿਜੁਗ ਦੁਆਪਰ ਤ੍ਰੇਤਾ ਪਾਰ ਕਰਾਏ, ਕਲਜੁਗ ਭੇਖ ਵਟਾ ਲਿਆ । ਕਲਜੁਗ ਵੇਲਾ ਅੰਤਮ ਆਏ, ਚਾਰੋਂ ਕੁੰਟ ਵੇਖ ਵਖਾ ਲਿਆ । ਨਿਹਕਲੰਕਾ ਜਾਮਾ ਪਾਏ, ਸੋਹੰ ਸ਼ਬਦ ਚਲਾ ਲਿਆ । ਦੂਸਰ ਕੋਈ ਰਹਿਣ ਨਾ ਪਾਏ, ਸਤਿਜੁਗ ਤੇਰਾ ਰਾਹ ਤਕਾ ਲਿਆ । ਪੁਰਖ ਅਬਿਨਾਸ਼ੀ ਇਕ ਸਰਨਾਏ, ਚਾਰ ਵਰਨਾਂ ਆਪ ਸਿਖਾ ਲਿਆ । ਧੁਰ ਦਰਗਾਹੀ ਬਣ ਮਿਲਾਏ, ਲੋਆਂ ਪੁਰੀਆਂ ਰਾਹ ਵਿਖਾ ਲਿਆ । ਬ੍ਰਹਮਾ ਸ਼ਿਵ ਦੇਵਤ ਸੁਰ ਰਿਹਾ ਜਣਾਏ, ਏਕਾ ਅੱਖਰ ਆਪ ਪੜ੍ਹਾ ਲਿਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਰਾਹੇ ਪਾਏ, ਏਕਾ ਗਿਆਨ ਜਣਾ ਰਿਹਾ । ਜ਼ਾਤ ਪਾਤ ਕੋਈ ਰਹਿਣ ਨਾ ਪਾਏ, ਊਚੋਂ ਨੀਚ ਨੀਚੋਂ ਊਚ ਬਣਾ ਲਿਆ । ਧਰਮ ਨਿਸ਼ਾਨ ਇਕ ਝੁਲਾਏ, ਸੋਹੰ ਅੱਖਰ ਜਗਤ ਵਿਖਾ ਲਿਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜੀਵ ਅੰਵਾਣਾ ਕੋਈ ਦਿਸ ਨਾ ਆਏ, ਹਰਿ ਸਾਚਾ ਮਾਰਗ ਲਾ ਰਿਹਾ । ਗੁਣਵੰਤਾ ਗੁਣ ਨਿਧਾਨਾ ਹਰਿ ਆਪ ਅਖਵਾਏ, ਗੁਰਮੁਖਾਂ ਸ਼ਬਦ ਜਣਾ ਰਿਹਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਭਗਤੀ ਵਰ, ਆਤਮ ਗਿਆਨ ਜਣਾ ਰਿਹਾ । ਆਤਮ ਬ੍ਰਹਮ ਸ਼ਬਦ ਜਣਾਈ, ਦੇਵੇ ਆਪ ਭਗਵਾਨਿਆ । ਗੁਰ ਸ਼ਬਦ ਕਰੇ ਮਾਤ ਕੁੜਮਾਈ, ਧੁਰਦਰਗਾਹੀ ਇਕ ਨਿਸ਼ਾਨਿਆ । ਸਾਚੇ ਮੰਦਰ ਕਾਇਆ ਅੰਦਰ ਵੱਜੇ ਵਧਾਈ, ਨੇੜ ਨਾ ਆਇਣ ਪੰਜ ਸ਼ੈਤਾਨਿਆ । ਪੰਚਮ ਗਾਇਣ ਚਾਈਂ ਚਾਈਂ, ਅਨਹਦ ਸ਼ਬਦ ਸੁਣਾ ਰਿਹਾ । ਦਸਮ ਦਵਾਰੀ ਕੁੰਡਾ ਲਾਹੀ, ਆਪੇ ਵੇਖੇ ਸ੍ਰੀ ਭਗਵਾਨਿਆ । ਘਰ ਮੰਦਰ ਸਾਚਾ ਧਾਮ ਆਪ ਸੁਹਾਈ, ਦਰ ਘਰ ਕਰੇ ਪਰਵਾਨਿਆ । ਜੋਤੀ ਜੋਤ ਰਿਹਾ ਮਿਲਾਈ, ਸ਼ਬਦੀ ਸ਼ਬਦ ਤਰਾਨਿਆ । ਸੋ ਪੁਰਖ ਨਿਰੰਜਣ ਦਇਆ ਕਮਾਈ, ਹੰ ਹੰਗਤਾ ਮੇਟ ਮਿਟਾਨਿਆ । ਘਰ ਚੌਥਾ ਪਦ ਰਿਹਾ ਵਖਾਈ, ਸੋਹੰ ਸ਼ਬਦ ਬਣਾਨਿਆ । ਸੋ ਸਾਜਣ ਹਰਿ ਰਘੁਰਾਈ, ਹਰ ਘਟ ਵੇਖੇ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਦਰ, ਆਪੇ ਰਿਹਾ ਸੁਹਾਈ । ਸਾਚਾ ਦਰ ਦਰ ਦਰਵਾਜ਼ਾ ਏਕਾ ਏਕ ਬਣਾਈਆ । ਕਿਸੇ ਹੱਥ ਨਾ ਆਵੇ ਨੌ ਦਰਵਾਜਾ, ਭਰਮੇ ਭੁੱਲੀ ਸਰਬ ਲੋਕਾਈਆ । ਜਨ ਭਗਤਾਂ ਦੇਵੇ ਚਿੱਟਾ ਅਸਵ ਸਾਚਾ ਸ਼ਬਦ ਘੋੜਾ ਤਾਜਾ, ਆਪੇ ਉਪਰ ਚੜ੍ਹਾਈਆ । ਦਰਸ ਦਿਖਾਏ ਗਰੀਬ ਨਿਵਾਜਾ, ਸਚ ਸਰੂਪ ਆਪ ਹੋ ਆਈਆ । ਜੁਗ ਜੁਗ ਰੱਖਣਹਾਰਾ ਲਾਜਾ, ਜਨ ਭਗਤਾਂ ਪੈਜ ਰਖਾਈਆ । ਅੰਦਰ ਮੰਦਰ ਬਹਿ ਬਹਿ ਮਾਰੇ ਆਵਾਜ਼ਾ, ਦਿਵਸ ਰੈਣ ਰਿਹਾ ਜਗਾਈਆ । ਸਤਿਜੁਗ ਚਲਾਏ ਸਚ ਜੈਕਾਰਾ, ਸੋਹੰ ਨਾਉਂ ਰਖਾਈਆ । ਆਪ ਰਚਾਇਆ ਆਪਣਾ ਕਾਜਾ, ਬਣ ਕੇ ਆਇਆ ਹਰਿ ਰਖਵਾਹੀਆ । ਲੱਖ ਚੁਰਾਸੀ ਦੇਵੇ ਦਾਜਾ, ਕਲਜੁਗ ਤੇਰੀ ਅੰਤਮ ਵਾਰ, ਏਕਾ ਵਾਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਦਰ, ਏਕਾ ਰਿਹਾ ਕਰਾਈਆ । ਇਕ ਇਕੱਲਾ ਹਰਿ ਨਿਰੰਕਾਰਾ, ਏਕਾ ਰੰਗ ਸਮਾਇਆ । ਸ਼ਬਦ ਰਖਾਏ ਸਾਚੀ ਧਾਰਾ, ਬ੍ਰਹਿਮੰਡਾਂ ਆਪ ਵਹਾਇਆ । ਜੇਰਜ ਅੰਡਾਂ ਪਾਵੇ ਸਾਰਾ, ਉਤਭੁਜ ਸੇਤਜ ਵਿਚ ਸਮਾਇਆ । ਜੁਗ ਜੁਗ ਮਾਤ ਲਏ ਅਵਤਾਰਾ, ਆਪਣਾ ਸ਼ਬਦ ਜਣਾਇਆ । ਆਪੇ ਰਾਮ ਕ੍ਰਿਸ਼ਨ ਮੁਰਾਰਾ, ਆਪੇ ਲੇਖ ਲਿਖਾਇਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰਾ, ਐੜਾ ਅਥਰਬਣ ਅਲ੍ਹਾ ਰਾਣੀ ਨਾਲ ਵਿਆਹਿਆ । ਨਾਨਕ ਗੋਬਿੰਦ ਸ਼ਬਦ ਧਾਰਾ, ਹਰਿ ਆਪਣੀ ਸੇਵਾ ਲਾਇਆ । ਲਿਖ ਲਿਖ ਥੱਕੇ ਲੇਖ ਲਿਖਾਰਾ, ਵੇਦ ਵਿਆਸਾ ਰਿਹਾ ਅਲਾਇਆ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕ ਜੋਤੀ ਜਾਮਾ ਭੇਖ ਵਟਾਇਆ । ਗੋਬਿੰਦ ਮੇਲਾ ਏਕਾ ਵਾਰਾ, ਹਰਿ ਸਾਚਾ ਮੇਲ ਮਿਲਾਇਆ । ਸ਼ਬਦ ਖੰਡਾ ਤੇਜ ਕਟਾਰਾ, ਸੋਹੰ ਨਾਉਂ ਰਖਾਇਆ । ਸੋ ਪੁਰਖ ਨਿਰੰਜਣ ਪਾਵੇ ਸਾਰਾ, ਆਦਿ ਸ਼ਕਤ ਆਦਿ ਭਵਾਨੀ ਜੋਤ ਬਨਵਾਲੀ ਸਾਚਾ ਸੰਗ ਨਿਭਾਇਆ । ਮਾਰੇ ਤੀਰ ਤਿੱਖੀ ਕਾਨੀ, ਦੋ ਜਹਾਨਾਂ ਪਾਰ ਕਰਾਇਆ । ਪੜ੍ਹ ਪੜ੍ਹ ਸੁਣ ਸੁਣ ਵਡ ਵਿਦਵਾਨੀ, ਗਿਆਨੀ ਧਿਆਨੀ ਦਿਸ ਨਾ ਆਇਆ । ਪੜ੍ਹ ਪੜ੍ਹ ਥੱਕੇ ਅੰਜ਼ੀਲ ਕੁਰਾਨੀ, ਅਹਿਨਲ ਹੱਕ ਨਾ ਕੋਈ ਗਾਇਆ । ਪੰਡਤ ਪਾਂਧੇ ਹੋਏ ਹੈਰਾਨੀ, ਪੂਤ ਸਪੂਤਾ ਬ੍ਰਹਿਮਣ ਗੌੜਾ, ਦਿਸ ਕਿਸੇ ਨਾ ਆਇਆ । ਵਾਚਕ ਵਾਚਨ ਵੇਦ ਪੁਰਾਨੀ, ਉਚਾ ਪੌੜਾ ਨਾ ਕੋਈ ਲੰਮਾ ਚੌੜਾ ਚੜ੍ਹਾਏ ਪਾਰ ਨਾ ਕੋਈ ਕਰਾਇਆ । ਧੁਰਦਰਗਾਹੀ ਆਇਆ ਦੌੜਾ, ਭਗਤ ਜਨਾਂ ਘਰ ਆਪੇ ਬਹੁੜਾ, ਵੇਖੇ ਪਰਖੇ ਮਿੱਠਾ ਕੌੜਾ, ਆਤਮ ਦਰਸੀ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਜਨਾਂ ਹਰਿ ਵਸਿਆ ਘਰ, ਘਰ ਬਾਹਰ ਇਕ ਰਖਾਇਆ । ਏਕਾ ਘਰ ਏਕਾ ਦਰ ਏਕਾ ਵਰ ਏਕਾ ਹਰਿ, ਏਕਾ ਰਾਮ ਅਖਵਾਇੰਦਾ ।

੫੦੨
੦੬

ਨਾ ਜਨਮੇ ਨਾ ਜਾਏ ਮਰ, ਜੁਗ ਜੁਗ ਭੇਖ ਵਟਾਇੰਦਾ । ਸੰਤ ਸੁਹੇਲੇ ਲਏ ਫੜ, ਆਪ ਆਪਣਾ ਲੜ ਫੜਾਇੰਦਾ । ਕਾਇਆ ਮੰਦਰ ਅੰਦਰ ਜਾਏ ਚੜ੍ਹ, ਦਿਸ ਕਿਸੇ ਨਾ ਆਇੰਦਾ । ਆਪੇ ਤੋੜ ਕਿਲ੍ਹਾ ਹੰਕਾਰੀ ਗੜ੍ਹ, ਸਾਂਤਕ ਸਤਿ ਵਰਤਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਸਾਚੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲਾ ਵਸਿਆ ਇਕ ਘਰ, ਦੂਸਰ ਘਰ ਨਾ ਕੋਈ ਵਿਖਾਇੰਦਾ ।

## ❊ ੯ ਚੇਤ ੨੦੧੪ ਬਿਕ੍ਰਮੀ ਬੱਗਾ ਸਿੰਘ ਦੇ ਗ੍ਰਹਿ ਪਿੰਡ ਨੱਤ ਜ਼ਿਲਾ ਲੁਧਿਆਣਾ ਵਿਖੇ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਤੇ ਸ਼ਬਦ ਦੀ ਰਹਿਮਤ ਕੀਤੀ ❊

ਹਰਿ ਨਾਮਾ ਧਨਵੰਤ ਹੈ, ਆਦਿ ਜੁਗਾਦਿ ਸਮਾਏ । ਦੇਵਣਹਾਰਾ ਹਰਿ ਭਗਵੰਤ ਹੈ, ਗੁਰਮੁਖ ਸਾਚੇ ਰਿਹਾ ਜਗਾਏ । ਮੇਲ ਮਿਲਾਵਾ ਸਾਚੇ ਸੰਤ ਹੈ, ਗੁਰ ਸ਼ਬਦੀ ਮੇਲ ਮਿਲਾਏ । ਹਰਿ ਏਕਾ ਸਾਚਾ ਕੰਤ ਹੈ, ਸ੍ਰਿਸ਼ਟ ਸਬਾਈ ਵੇਖ ਵਖਾਏ । ਆਪ ਉਪਾਏ ਜੀਵ ਜੰਤ ਹੈ, ਲੱਖ ਚੁਰਾਸੀ ਰਚਨ ਰਚਾਏ । ਜੁਗ ਜੁਗ ਮਾਇਆ ਪਾਏ ਬੇਅੰਤ ਹੈ, ਕਲਜੁਗ ਕਾਲਾ ਟਿੱਕਾ ਮਸਤਕ ਲਾਏ । ਪਾਰਬ੍ਰਹਮ ਅਬਿਨਾਸ਼ੀ ਆਦਿ ਪੁਰਖ ਬੇਅੰਤ ਹੈ, ਲਿਖਿਆ ਲੇਖ ਨਾ ਸਕੇ ਕੋਈ ਮਿਟਾਏ । ਜਨ ਭਗਤਾਂ ਪਤ ਪਤਵੰਤ ਹੈ, ਦਿਵਸ ਰੈਣ ਹੋਏ ਸਹਾਏ । ਆਪ ਬਣਾਏ ਸਾਚੀ ਬਣਤ ਹੈ, ਜੁਗ ਜੁਗ ਭੇਖੀ ਭੇਖ ਵਟਾਏ । ਇਕ ਜਪਾਏ ਸਾਚਾ ਜਾਪ ਹੈ, ਅੱਖਰ ਵੱਖਰ ਆਪ ਉਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਰਿਹਾ ਲਿਖਾਏ । ਜਨ ਭਗਤਾਂ ਪਤ ਪਤਵੰਤ ਹੈ, ਦਿਵਸ ਰੈਣ ਹੋਏ ਸਹਾਏ । ਆਪ ਬਣਾਏ ਸਾਚੀ ਬਣਤ ਹੈ, ਜੁਗ ਜੁਗ ਭੇਖੀ ਭੇਖ ਵਟਾਏ । ਇਕ ਜਪਾਏ ਸਾਚਾ ਕੰਤ ਹੈ, ਅੱਖਰ ਵੱਖਰ ਆਪ ਉਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਰਿਹਾ ਗਿਣਾਏ । ਲੇਖਾ ਲਿਖਣਹਾਰ ਦਾਤਾਰਾ, ਜੁਗ ਜੁਗ ਲੇਖ ਲਿਖਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਆਪਣੀ ਬਣਤ ਬਣਾਇੰਦਾ । ਸਾਧ ਸੰਤ ਦਏ ਸ਼ਬਦ ਹੁਲਾਰਾ, ਆਪ ਆਪਣਾ ਨਾਮ ਜਪਾਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਸਹਾਰਾ, ਚਰਨ ਪ੍ਰੀਤੀ ਇਕ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਰੰਗ ਰੰਗਾਏ ਸ਼ਬਦ ਲਲਾਰੀ, ਏਕਾ ਰੰਗ ਚੜ੍ਹਾਇੰਦਾ । ਜਨ ਭਗਤਾਂ ਪੈਜ ਰਿਹਾ ਸਵਾਰੀ, ਜੁਗ ਜੁਗ ਮੇਲ ਮਿਲਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਲੱਖ ਚੁਰਾਸੀ ਵੇਖ ਵਖਾਇੰਦਾ । ਚਾਰੋਂ ਕੁੰਟ ਰੈਣ ਅੰਧਿਆਰੀ, ਦਹਿ ਦਿਸ਼ਾ ਅੰਧੇਰਾ ਛਾਇੰਦਾ । ਭਰਮੇ ਭੁੱਲੇ ਭਰਮ ਗਵਾਰੀ, ਨਾਮ ਹਿੱਸਾ ਨਾ ਕੋਈ ਵੰਡਾਇੰਦਾ । ਕਾਇਆ ਮੰਦਰ ਅੰਦਰ ਲੋਭ ਮੋਹ ਪੰਚਮ ਤਤ ਹੰਕਾਰੀ, ਸੀਤਲ ਸਾਂਤਕ ਸਤਿ ਨਾ ਕੋਈ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਵਰ, ਆਪ ਆਪਣੇ ਅੰਕ ਲਗਾਇੰਦਾ । ਗੁਰਮੁਖ ਸਾਚੇ ਸਚ ਨਿਸ਼ਾਨ, ਤੇਰਾ ਮਾਤ ਉਪਾਇੰਦਾ । ਸ਼ਬਦ ਲਿਆਏ ਇਕ ਬਿਬਾਨ, ਲੋਆਂ ਪੁਰੀਆਂ ਪਾਰ ਕਰਾਇੰਦਾ । ਗੁਣਵੰਤਾ ਹਰਿ ਗੁਣ ਨਿਧਾਨ, ਆਤਮ ਜੋਤੀ ਬ੍ਰਹਮ ਗਿਆਨ, ਆਤਮ ਬ੍ਰਹਮ ਜਣਾਇੰਦਾ । ਦਸਮ ਦਵਾਰੀ


੫੦੩
੦੬

ਇਕ ਮਕਾਨ, ਸਾਚੇ ਮੰਦਰ ਆਸਣ ਲਾਇੰਦਾ । ਫੂਲਨ ਸੇਜਾ ਹਰਿ ਅਪਾਰ, ਆਪਣੀ ਆਪ ਵਖਾਇੰਦਾ । ਉਪਰ ਬੈਠ ਸ੍ਰੀ ਭਗਵਾਨ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਹਰਿ ਨਿਰੰਕਾਰ, ਏਕਾ ਏਕ ਬਣਾਇਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਇਆ । ਨਾ ਕੋਈ ਦਿਸੇ ਪਹਿਰੇਦਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਇ ਨਜ਼ਰ ਨਾ ਆਇਆ । ਏਕਾ ਜੋਤ ਹਰਿ ਨਿਰੰਕਾਰ, ਨੂਰੋ ਨੂਰ ਕਰਾਇਆ । ਸ਼ਬਦ ਸੁਤ ਹਰਿ ਬਲਵਾਨ, ਏਕਾ ਆਪੇ ਜਾਇਆ । ਬ੍ਰਹਿਮੰਡਾਂ ਵੇਖੇ ਮਾਰ ਧਿਆਨ, ਜੇਰਜ ਅੰਡ ਵਿਚ ਸਮਾਇਆ । ਜੁਗ ਜੁਗ ਦੇਵੇ ਸਾਧਾਂ ਸੰਤਾਂ ਜੀਆ ਦਾਨ, ਗੁਰ ਪੂਰਾ ਸੇਵਾ ਲਾਇਆ । ਕਲਜੁਗ ਤੇਰੀ ਅੰਤ ਕਰੇ ਪਛਾਨ, ਨਿਹਕਲੰਕਾ ਜਾਮਾ ਪਾਇਆ । ਗੁਰਮੁਖਾਂ ਵੇਖੇ ਮਾਰ ਧਿਆਨ, ਸੋਹੰ ਖੰਡਾ ਹੱਥ ਉਠਾਇਆ । ਤੇਜ ਪਰਚੰਡ ਵਿਚ ਜਹਾਨ, ਹਰਿ ਸਾਚਾ ਰਿਹਾ ਚਲਾਇਆ । ਨੌ ਖੰਡ ਪ੍ਰਿਥਮੀ ਇਕ ਗਿਆਨ, ਸੱਤਾਂ ਦੀਪਾਂ ਰਿਹਾ ਕਰਾਇਆ । ਆਪੇ ਵੇਖੇ ਮਾਰ ਧਿਆਨ, ਦਿਸ ਕਿਸੇ ਨਾ ਆਇਆ । ਨਾ ਕੋਈ ਜਾਣੇ ਚਤੁਰ ਸੁਘੜ ਸਿਆਣ, ਗਿਆਨੀ ਧਿਆਨੀ ਭੇਵ ਨਾ ਰਾਇਆ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਖਾਣੀ ਬਾਣੀ ਹੋਈ ਹੈਰਾਨਿਆ । ਚਾਰੋਂ ਕੁੰਟ ਅੰਧ ਅੰਧਿਆਰ, ਜੂਠਾ ਝੂਠਾ ਅੰਧ ਅੰਧਿਆਨਿਆ । ਸੰਤ ਸੁਹੇਲੇ ਅੰਦਰ ਬਹਿ ਬਹਿ ਕੁਰਲਾਣ, ਮਨਮੁਖ ਜੀਵਾਂ ਮਾਤ ਸੁਣਾਇਆ । ਮਨਮੁਖ ਜੀਵ ਹੋਏ ਪਰਧਾਨ, ਹਉਮੇ ਹੰਗਤਾ ਰੋਗ ਵਧਾਇਆ । ਰਸਨਾ ਮਦਿਰਾ ਮਾਸ ਖਾਣ, ਆਤਮ ਬ੍ਰਹਮ ਗਵਾਇਆ । ਭੇਵ ਨਾ ਪਾਇਣ ਸ੍ਰੀ ਭਗਵਾਨ, ਪਾਰਬ੍ਰਹਮ ਦਿਸ ਨਾ ਆਇਆ । ਗੁਰ ਕਾ ਸ਼ਬਦ ਨਾ ਰਸਨਾ ਗਾਣ, ਗੋਬਿੰਦ ਗੁਰ ਭੁਲਾਇਆ । ਨਾਨਕ ਨਾਉਂ ਨਾ ਨਾਮ ਵਿਖਾਣ, ਦਰ ਦਵਾਰ ਬੰਦ ਕਰਾਇਆ । ਨੌ ਦਵਾਰੇ ਭੁੱਲੇ ਨਾਦਾਨ, ਕੂੜੋ ਕੂੜ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਰਿਹਾ ਵਜਾਇਆ । ਕਲਜੁਗ ਤੇਰੀ ਅੰਤਮ ਵਾਰਾ, ਤੇਰਾ ਏਕਾ ਡੰਕ ਵਜਾਇੰਦਾ । ਕਰੇ ਕਰਾਏ ਖ਼ਬਰਦਾਰਾ, ਰਾਓ ਰੰਕਾਂ ਆਪ ਉਠਾਇੰਦਾ । ਨੌ ਖੰਡ ਪ੍ਰਿਥਮੀ ਦਏ ਹੁਲਾਰਾ, ਸੱਤਾਂ ਦੀਪਾਂ ਆਪ ਜਗਾਇੰਦਾ । ਲੱਖ ਚੁਰਾਸੀ ਪਾਵੇ ਸਾਰਾ, ਚਾਰੇ ਖਾਣੀ ਵੇਖ ਵਖਾਇੰਦਾ । ਸ਼ਬਦ ਖੰਡਾ ਤੇਜ ਕਟਾਰਾ, ਹਰਿ ਆਪਣੇ ਹੱਥ ਉਠਾਇੰਦਾ । ਸੰਮਤ ਚੌਦਾਂ ਮਾਰੇ ਪਹਿਲੀ ਵਾਰਾ, ਪੰਚਮ ਜੇਠੀ ਰੁੱਤ ਸੁਹਾਇੰਦਾ । ਸ੍ਰਿਸ਼ਟ ਸਬਾਈ ਕਰੇ ਦੋ ਫਾੜਾ, ਸੀਸ ਧੜ ਹਰਿ ਵਖਾਇੰਦਾ । ਧਰਤਮਾਤ ਤੇਰਾ ਇਕ ਅਖਾੜਾ, ਹਰਿ ਆਪੇ ਵੇਖਣ ਆਇੰਦਾ । ਸ਼ਬਦ ਉਠਾਏ ਅਗੰਮੀ ਧਾੜਾ, ਆਪਣੀ ਬਣਤ ਬਣਾਇੰਦਾ । ਧੁਰਦਰਗਾਹੀ ਸਾਚਾ ਲਾੜਾ, ਸਾਧ ਸੰਤ ਆਪ ਪਰਨਾਇੰਦਾ । ਨੇੜ ਨਾ ਆਏ ਪੰਚਮ ਧਾੜਾ, ਕਾਮ ਕਰੋਧ ਲੋਭ ਮੋਹ ਚੁਕਾਇੰਦਾ । ਜੋਤ ਜਗਾਏ ਬਹੱਤਰ ਨਾੜਾ, ਆਕਾਸ਼ ਪਰਕਾਸ਼ ਵਿਖਾਇੰਦਾ । ਰੱਖੇ ਲਾਜ ਚਰਨ ਛੁਹਾਏ ਦਾਹੜਾ, ਸਤਿਜੁਗ ਸਾਚਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਘਰ, ਸਚ ਘਰ ਇਕ ਸੁਹਾਇੰਦਾ । ਸਾਚਾ ਘਰ ਹਰਿ ਸੁਲਤਾਨ, ਏਕਾ ਏਕ ਸੁਹਾਇਆ । ਨਾ ਕੋਈ ਜਾਣੇ ਜੀਵ ਜਹਾਨ, ਭੇਵ ਕਿਸੇ ਨਾ ਪਾਇਆ । ਨੌ ਦਰ ਫਿਰਨ ਮੂਰਖ ਮੁਗਧ ਅੰਞਾਣ, ਦਸਵਾਂ ਕੋਈ ਨਾ ਵੇਖ ਵਖਾਇਆ । ਮੰਦਰ ਅੰਦਰ ਬਹਿ ਬਹਿ ਸਰਬ ਕੁਰਲਾਨ, ਰਸਨਾ ਜਿਹਵਾ ਕਲ ਹਲਕਾਇਆ । ਗੁਣਵੰਤਾ ਗੁਣ ਕੋਇ ਨਾ ਸਕੇ ਵਖਾਣ, ਹਰਿ ਮੇਲ ਨਾ ਕੋਈ ਮਿਲਾਇਆ । ਕਲਜੁਗ ਅੰਤ ਜੀਵ ਜੰਤ ਸਰਬ ਪਛਤਾਨ, ਨਾ

ਕੋਈ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਦੇਵੇ ਭਗਤੀ ਵਰ, ਭਗਵੰਤਾ ਮੇਲ ਮਿਲਾਇਆ । ਹਰਿ ਭਗਵੰਤ ਸਰਬ ਸਮਰਥ, ਅਕਲ ਕਲਾ ਅਖਵਾਇਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਸ੍ਰਿਸ਼ਟ ਸਬਾਈ ਕਰ ਕਰ ਵਲ ਛਲ ਜਗਤ ਭੁਲਾਇਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਇਆ । ਸ੍ਰਿਸ਼ਟ ਸਬਾਈ ਦਏ ਮਥ, ਲੱਖ ਚੁਰਾਸੀ ਦਏ ਮਿਟਾਇਆ । ਜਨ ਭਗਤਾਂ ਆਤਮ ਡੋਰੀ ਸ਼ਬਦ ਸਰੂਪੀ ਪਾਏ ਨੱਥ, ਦਰ ਸਾਚੇ ਖਿੱਚ ਲਿਆਇਆ । ਜੀਵਾਂ ਜੰਤਾਂ ਸੀਆਂ ਦੇਵੇ ਸਾਢੇ ਤਿੰਨ ਹੱਥ, ਕਲਜੁਗ ਲਹਿਣਾ ਦੇਣਾ ਮੂਲ ਚੁਕਾਇਆ । ਸਤਿਜੁਗ ਸ਼ਬਦ ਚਲਾਏ ਇਕ ਅਕੱਥ, ਸੋਹੰ ਨਾਉਂ ਰਖਾਇਆ । ਚਾਰ ਵਰਨਾਂ ਇਕ ਸਰਨਾ, ਸਗਲ ਵਸੂਰੇ ਜਾਇਣ ਲੱਥ, ਪੁਰਖ ਅਬਿਨਾਸ਼ੀ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰ ਘਟ ਵੇਖੇ ਵੇਖ ਵਖਾਇਆ । ਹਰ ਘਟ ਵੇਖੇ ਵੇਖਣਹਾਰਾ, ਨਿਝ ਘਰ ਆਸਣ ਲਾਇਆ । ਭਰਮੇ ਭੁੱਲੇ ਭਰਮ ਗਵਾਰਾ, ਪਾਰਬ੍ਰਹਮ ਭੇਵ ਨਾ ਰਾਇਆ । ਅੰਤਮ ਕਲਜੁਗ ਹੋਇਣ ਖੁਆਰਾ, ਕਰਮ ਧਰਮ ਜਰਮ ਕੋਇ ਨਾ ਲੇਖੇ ਲਾਇਆ । ਮਾਇਆ ਰੁੱਲੇ ਭਰਮੇ ਭੁੱਲੇ ਨਾ ਮਿਲਿਆ ਨਾਮ ਅਧਾਰਾ, ਫੜ ਪੱਲੂ ਕੋਇ ਨਾ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰਾਇਣ ਨਰ ਆਪ ਅਖਵਾਇਆ । ਨਰ ਨਰਾਇਣ ਸਦਾ ਨਿਹਕਾਮੀ, ਆਦਿ ਨਾ ਆਦਿ ਅੰਤਾ । ਹਰ ਘਟ ਵੇਖੇ ਅੰਤਰਜਾਮੀ, ਪਾਰਬ੍ਰਹਮ ਬੇਅੰਤ ਬੇਅੰਤਾ । ਜਨ ਭਗਤਾਂ ਮੇਟੇ ਰੈਣ ਅੰਧੇਰੀ ਸ਼ਾਮੀ, ਮੇਲ ਮਿਲਾਏ ਸਾਚੇ ਸੰਤਾਂ । ਇਕ ਜਪਾਏ ਸਾਚਾ ਨਾਮੀ, ਮਹਿਮਾ ਗਣਤ ਅਗਣਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੇਲ ਕਰ, ਆਪੇ ਹੋਏ ਪਤ ਪਤਵੰਤਾ । ਪਤ ਪਤਵੰਤਾ ਹਰਿ ਪਰਮਾਤਮ, ਏਕਾ ਏਕ ਅਖਵਾਇੰਦਾ । ਆਪੇ ਜਲ ਮੀਨਾ ਜੀਵ ਆਤਮ, ਭੇਵ ਅਭੇਦ ਚੁਕਾਇੰਦਾ । ਨਾ ਕੋਈ ਜਾਣੇ ਧਰਮ ਸਨਾਤਮ, ਵਰਨ ਬਰਨ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਬਾਹਰ ਜ਼ਾਤਮ, ਜ਼ਾਤ ਪਾਤ ਔਲੀਏ ਸ਼ੇਖ਼ ਮੁਸਾਇਕ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਇੰਦਾ । ਰੰਕ ਰਾਜਾਨਾਂ ਇਕ ਦਵਾਰਾ, ਹਰਿ ਸਾਚੇ ਆਪ ਰਖਾਇਆ । ਜਨ ਭਗਤਾਂ ਦੇਵੇ ਨਾਮ ਭੰਡਾਰਾ, ਆਪੇ ਆਪ ਵਰਤਾਇਆ । ਜੁਗ ਜੁਗ ਲਏ ਮਾਤ ਅਵਤਾਰਾ, ਲੱਖ ਚੁਰਾਸੀ ਵੇਖ ਵਖਾਇਆ । ਸਤਿਜੁਗ ਦੁਆਪਰ ਤ੍ਰੇਤਾ ਉਤਰਿਆ ਪਾਰਾ, ਕਲਜੁਗ ਲਹਿਣਾ ਦੇਣਾ ਰਿਹਾ ਚੁਕਾਇਆ । ਨਾਨਕ ਨਿਰਗੁਣ ਪਾਇਆ ਪੁਰਖ ਅਪਾਰਾ, ਰਸਨਾ ਸੋ ਕਮਾਇਆ । ਗੋਬਿੰਦ ਬਣਿਆ ਲੇਖ ਲਿਖਾਰਾ, ਹਰਿ ਨੇਤਰ ਵੇਖ ਵਖਾਇਆ । ਅਗੰਮ ਅਗੰਮੜਾ ਅਗੰਮੜੀ ਧਾਰਾ, ਆਪ ਆਪਣੀ ਰਿਹਾ ਚਲਾਇਆ । ਨਿਹਕਲੰਕ ਲਏ ਅਵਤਾਰਾ, ਜੋਤੀ ਜੋਤ ਉਪਾਇਆ । ਸ਼ਬਦ ਖੰਡਾ ਤੇਜ ਕਟਾਰਾ, ਏਕਾ ਏਕ ਰਖਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰਾ, ਬ੍ਰਹਮਾ ਸ਼ਿਵ ਦੇਵਤ ਸੁਰ ਰਿਹਾ ਹਿਲਾਇਆ । ਨੌਂ ਖੰਡ ਪ੍ਰਿਥਮੀ ਤੇਰੀ ਵਾਰਾ, ਸੰਮਤ ਚੌਦਾਂ ਰਿਹਾ ਜਗਾਇਆ । ਸੱਤਾਂ ਦੀਪਾਂ ਹਾਹਾਕਾਰਾ, ਭਾਣਾ ਆਪਣੇ ਹੱਥ ਰਖਾਇਆ । ਵੇਖ ਵਖਾਏ ਸਰਬ ਸੰਸਾਰਾ, ਵਡ ਸੰਸਾਰੀ ਆਪ ਹੋ ਆਇਆ । ਭਰਮੇ ਭੁੱਲੇ ਜੀਵ ਗਵਾਰਾ, ਭਰਮ ਗੜ੍ਹ ਨਾ ਕੋਈ ਤੁੜਾਇਆ । ਜਨ ਭਗਤਾਂ ਪਾਵੇ ਆਪੇ ਸਾਰਾ, ਬਾਹੋਂ ਫੜ ਪਾਰ ਕਰਾਇਆ । ਏਕਾ ਦੇਵੇ ਨਾਮ ਅਧਾਰਾ, ਅੰਦਰ ਵੜ ਸਾਚੇ ਮੰਦਰ ਚੜ੍ਹ, ਪ੍ਰਭ ਸਾਚਾ ਦਰਸ ਦਿਖਾਇਆ । ਨਾ ਕੋਈ ਸੀਸ ਨਾ ਕੋਈ ਧੜ, ਚੌਥੇ ਪੌੜੇ ਬੈਠਾ

੫੦੫
੦੬

ਚੜ੍ਹ, ਘਰ ਸਾਚਾ ਧਾਮ ਸੁਹਾਇਆ । ਭਗਤ ਜਨਾਂ ਹਰਿ ਅੱਗੇ ਖੜ੍ਹ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੀਤਾ ਦੇਵੇ ਵਰ, ਭਗਤ ਭਗਤੀ ਸੇਵਾ ਲਾਇਆ ।

ਨੌਂ ਦਰ ਜਗਤ ਦਵਾਰਿਆ, ਕਾਇਆ ਤਨ ਮਕਾਨ । ਮਨਮਤ ਰੁੱਲੇ ਜੀਵ ਗਵਾਰਿਆ, ਨਾਲ ਰਲਾਏ ਪੰਜ ਸ਼ੈਤਾਨ । ਜੂਠਾ ਝੂਠਾ ਪੀਣ ਖਾਣਿਆ, ਮਾਇਆ ਮਮਤਾ ਮੋਹ ਮਤ ਬੁਧ ਕਰੇ ਵੈਰਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਮਾਰ ਧਿਆਨ । ਆਪੇ ਵੇਖੇ ਮਾਰ ਧਿਆਨਾ, ਪਾਰਬ੍ਰਹਮ ਅਬਿਨਾਸ਼ਿਆ । ਗਿਆਨੀ ਧਿਆਨੀ ਚਤੁਰ ਸੁਜਾਨਾ, ਜਾਣ ਪਛਾਣ ਪ੍ਰਿਥਮੀ ਆਕਾਸ਼ਿਆ । ਗੁਰਮੁਖ ਵਿਰਲੇ ਬਖ਼ਸ਼ ਚਰਨ ਧਿਆਨਾ, ਨਾਮ ਜਪਾਏ ਰਸਨ ਸਵਾਸਿਆ । ਆਤਮ ਜੋਤੀ ਮੇਲ ਮਿਲਾਨਾ, ਸ਼ਬਦੀ ਗੁਰ ਭਰਵਾਸਿਆ । ਜੋਤ ਨਿਰੰਜਣ ਤੇਲ ਚੜ੍ਹਾਨਾ, ਸਾਚਾ ਸਗਨ ਮਨਾਸਿਆ । ਪੰਚਮ ਰਾਗ ਅਨਾਦ ਏਕਾ ਗਾਨਾ ਸੁਣਾਨਾ, ਰਾਗ ਨਾਦੀ ਇਕ ਅਨਾਦਿਆ । ਗੁਰ ਪੂਰਾ ਹਰਿ ਏਕਾ ਪਾਨਾ, ਮੇਲ ਮਿਲਾਏ ਵਿਚ ਬ੍ਰਹਿਮਾਦਿਆ । ਦੇਵਣਹਾਰਾ ਜੀਵਾਂ ਦਾਨਾ, ਦਾਤਾ ਦਾਨੀ ਆਦਿ ਜੁਗਾਦਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖੇ ਘਰ, ਗੁਰਮੁਖ ਆਪੇ ਲਾਧਿਆ । ਗੁਰਮੁਖ ਲਾਧਾ ਪਾਰਬ੍ਰਹਮ, ਆਪਣੀ ਕਿਰਪਾ ਧਾਰਿਆ । ਮਨ ਮਤ ਬੁਧ ਕਾਇਆ ਚੰਮ, ਨੌਂ ਦਰ ਉਪਾ ਲਿਆ । ਰਸਨ ਸਵਾਸ ਲੇਖੇ ਲਾਏ ਚੰਮ, ਜਿਹਵਾ ਸਾਚੀ ਸੇਵ ਕਮਾ ਰਿਹਾ । ਏਕਾ ਆਹਾਰ ਖਵਾਏ ਤਮ, ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਨਾ ਮਰੇ ਨਾ ਪਏ ਜੰਮ, ਲੱਖ ਚੁਰਾਸੀ ਫੰਦ ਕਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਬੇੜਾ ਇਕ ਬਣਾ ਲਿਆ । ਕਲਜੁਗ ਬੇੜਾ ਬੰਨ੍ਹ ਕਰ ਤਿਆਰ, ਏਕਾ ਏਕੰਕਾਰਿਆ । ਜੋਤ ਸਰੂਪੀ ਲਏ ਅਵਤਾਰ, ਖੇਲੇ ਵਿਚ ਸੰਸਾਰਿਆ । ਭਗਤ ਜਨਾਂ ਹਰਿ ਕਰ ਪਿਆਰ, ਦਰਸ ਦਿਖਾਏ ਅਗੰਮ ਅਪਾਰਿਆ । ਆਤਮਕ ਧੁਨ ਸ਼ਬਦ ਜੈਕਾਰ, ਅਨਹਦ ਰਾਗ ਸੁਣਾ ਰਿਹਾ । ਆਤਮ ਸੇਜਾ ਧਾਮ ਨਿਆਰ, ਆਪਣਾ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਏਕਾ ਸਰ, ਤੀਰਥ ਨੁਹਾਵਣ ਸਚ ਨੁਹਾ ਰਿਹਾ । ਸਾਚਾ ਤੀਰਥ ਪ੍ਰਭ ਚਰਨ ਦਵਾਰ, ਜਨ ਭਗਤਾਂ ਆਪ ਵਿਖਾਇੰਦਾ । ਅਠ ਸਠ ਨਾ ਪਾਵੇ ਕੋਈ ਸਾਰ, ਵੇਲੇ ਅੰਤ ਨਾ ਕੋਈ ਛੁੜਾਇੰਦਾ । ਕਲਜੁਗ ਕਾਇਆ ਕਾਲੀ ਧਾਰ, ਮੁਖ ਮਾਇਆ ਪੜਦਾ ਪਾਇੰਦਾ । ਲੱਖ ਚੁਰਾਸੀ ਜੀਵ ਗਵਾਰ, ਸਾਧ ਸੰਤ ਨਾ ਕੋਈ ਜਣਾਇੰਦਾ । ਪਰਗਟ ਹੋਏ ਹਰਿ ਅਵਤਾਰ, ਗੋਬਿੰਦ ਗੋਬਿੰਦ ਮੇਲ ਮਿਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਸਾਚੇ ਤਨ ਪਵਾਇੰਦਾ । ਆਪੇ ਵੇਖੇ ਦਰ ਦਵਾਰ, ਗੁਰਮੁਖ ਸਾਚੇ ਮਾਤ ਜਗਾਇੰਦਾ । ਅੰਦਰ ਬਾਹਰ ਗੁਪਤ ਜਾਹਿਰ, ਹਰ ਘਟ ਬੈਠਾ ਆਸਣ ਲਾਇੰਦਾ । ਨਾਰੀ ਕੰਤਾ ਸਚ ਭਤਾਰ, ਆਤਮ ਸੇਜਾ ਇਕ ਹੰਢਾਇੰਦਾ । ਸ਼ਬਦ ਸੁਨੇਹੜਾ ਭੇਜਾ ਵਿਚ ਸੰਸਾਰ, ਜੁਗ ਜੁਗ ਬਣਤ ਬਣਾਇੰਦਾ । ਜੋਤੀ ਨੂਰ ਅਪਰ ਅਪਾਰ, ਨਿਹਕਲੰਕ ਆਪ ਕਰਾਇੰਦਾ । ਸੋਹੰ ਡੰਕਾ ਅਪਰ ਅਪਾਰ, ਪੁਰੀਆਂ ਲੋਆਂ ਪਾਵੇ ਸਾਰ, ਬ੍ਰਹਿਮੰਡਾਂ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੇ ਨਵੇਂ ਦਰ, ਅੰਤਮ ਵੇਖ ਵਖਾਇੰਦਾ । ਨੌਂ ਦਰ ਨੌਂ ਖੰਡ, ਏਕਾ ਭੇਖ ਵਟਾਇਆ । ਜਗਤ ਤ੍ਰਿਸ਼ਨਾ

ਘਰ ਘਰ, ਅੰਮ੍ਰਿਤ ਆਤਮ ਨਾ ਕੋਇ ਪਿਆਇਆ । ਭੇਵ ਨਾ ਪਾਇਣ ਨਾਰੀ ਨਰ, ਨਰਾਇਣ ਦਿਸ ਨਾ ਆਇਆ । ਨਾ ਕੋਈ ਨੁਹਾਏ ਸਾਚੇ ਸਰ, ਸਚ ਸਰੋਵਰ ਕਿਸੇ ਹੱਥ ਨਾ ਆਇਆ । ਨਾ ਕੋਈ ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਪੰਚਾਂ ਗੜ੍ਹ ਬਣਾਇਆ । ਭਗਤ ਜਨਾਂ ਪ੍ਰਭ ਅੱਗੇ ਖੜ੍ਹ, ਸਾਚਾ ਰਾਹ ਵਖਾਇਆ । ਸ਼ਬਦ ਸਰੂਪੀ ਅੰਦਰ ਵੜ, ਸਾਚੇ ਮੰਦਰ ਚੜ੍ਹ, ਸ਼ਬਦ ਸਰੂਪੀ ਦਏ ਤੁੜਾਇਆ । ਆਪ ਆਪਣਾ ਘਾੜਣ ਘੜ, ਗੁਰ ਸ਼ਬਦ ਫੜੇ ਸਾਚਾ ਲੜ, ਸਾਚਾ ਧਾਮ ਸੁਹਾਇਆ । ਲੇਖ ਚੁਕਾਏ ਬਹੱਤਰ ਨੜ, ਆਪ ਆਪਣੇ ਸੰਗ ਨਿਭਾਇਆ । ਏਕ ਅੱਖਰ ਜਾਣਾ ਪੜ੍ਹ, ਏਕਾ ਦੂਜਾ ਭਉ ਚੁਕਾਇਆ । ਤ੍ਰੈਗੁਣ ਮਾਇਆ ਗਿਆ ਸੜ, ਪੰਚਾਂ ਲੇਖ ਲਿਖਾਇਆ । ਚੌਥੇ ਘਰ ਜਾਣਾ ਵੜ, ਹਰਿ ਸਾਚਾ ਮੇਲ ਮਿਲਾਇਆ । ਪੰਚਮ ਫੜਾਏ ਆਪਣਾ ਲੜ, ਸਿੰਘ ਸ਼ੇਰ ਰੂਪ ਵਟਾਇਆ । ਛੇਵੇਂ ਨਾ ਕੋਈ ਸੀਸ ਨਾ ਕੋਈ ਧੜ, ਹਰਿ ਆਪਣਾ ਰੂਪ ਵਿਖਾਇਆ । ਸਤਿ ਪੁਰਖ ਨਿਰੰਜਣ ਨਾ ਜਨਮੇ ਨਾ ਜਾਏ ਮਰ, ਆਦਿਨ ਅੰਤਾ ਏਕਾ ਧਾਮ ਸੁਹਾਇਆ । ਅੱਠਾਂ ਤਤਾਂ ਘਾੜਨ ਘੜ, ਲੱਖ ਚੁਰਾਸੀ ਆਪ ਉਪਾਇਆ । ਆਪ ਸੁਹਾਏ ਨੌ ਦਰ, ਕਾਇਆ ਮੰਦਰ ਆਪ ਸੁਹਾਇਆ । ਦਸਮ ਦਵਾਰੀ ਸਾਚੇ ਮੰਦਰ, ਆਪੇ ਰਹਿਣਾ ਦਿਸ ਕਿਸੇ ਨਾ ਆਇਆ । ਤ੍ਰੈਗੁਣ ਮਾਇਆ ਮਾਰੇ ਜੰਦਰ, ਆਪੇ ਬੰਦ ਕਰਾਇਆ । ਮਨਮੁਖ ਜੀਵ ਭੌਂਦੇ ਬੰਦਰ, ਰਾਹ ਸਾਚਾ ਹੱਥ ਨਾ ਆਇਆ । ਕੋਟਨ ਕੋਟ ਸਾਧ ਸੰਤ ਬੈਠੇ ਡੂੰਘੀ ਕੰਦਰ, ਪ੍ਰਭ ਸਾਚਾ ਦਿਸ ਨਾ ਆਇਆ । ਉਚੇ ਟਿੱਲੇ ਭੌਂਦੇ ਗੋਰਖ ਮਛੰਦਰ, ਪਾਰਬ੍ਰਹਮ ਭੇਵ ਨਾ ਰਾਇਆ । ਗੁਰਮੁਖ ਤੇਰੇ ਸਾਚੇ ਅੰਦਰ, ਦੀਪਕ ਜੋਤੀ ਇਕ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਰਿਹਾ ਲੇਖ ਲਿਖਾਇਆ । ਕਲਜੁਗ ਤੇਰਾ ਅੰਤਮ ਭੇਖ, ਹਰਿ ਸਾਚਾ ਜਗਤ ਮਿਟਾਏ ਝੂਠੀ ਰੇਖ, ਨਾ ਕੋਈ ਮਾਤ ਬਚਾਇੰਦਾ । ਨੇਤਰ ਲੋਚਨ ਨੈਣਾ ਲੈਣਾ ਵੇਖ, ਜਨ ਭਗਤਾਂ ਵੇਖ ਵਖਾਇੰਦਾ । ਆਪ ਮਿਟਾਏ ਔਲੀਏ ਪੀਰ ਸ਼ੇਖ਼, ਦਸਤਗੀਰ ਖ਼ਾਕ ਮਿਲਾਇੰਦਾ । ਆਪੇ ਜਾਣੇ ਧਾਰੀ ਕੇਸ, ਮੁੰਡ ਮੁੰਡਾਇਆ ਵਿਚ ਸਮਾਇੰਦਾ । ਦਾਤਾ ਜੋਧਾ ਸੂਰਾ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਇੰਦਾ । ਸ਼ਬਦ ਸਿੰਘਾਸਣ ਨਰ ਨਰੇਸ਼, ਕਲਗੀ ਤੋੜਾ ਸੀਸ ਝੁਕਾਇੰਦਾ । ਨੀਲਾ ਘੋੜਾ ਆਪੇ ਵੇਖ, ਸੋਲਾਂ ਕਲੀਆਂ ਆਸਣ ਲਾਇੰਦਾ । ਲੋਕਮਾਤ ਲਾਏ ਮੇਖ, ਪਹਿਲਾ ਪੌੜਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਾਓ ਰੰਕਾਂ ਆਪ ਉਠਾਇੰਦਾ । ਰਾਓ ਰੰਕ ਹਰਿ ਆਪ ਉਠਾਏ, ਕਲਜੁਗ ਤੇਰੀ ਅੰਤਮ ਵਾਰਿਆ । ਦਵਾਰ ਬੰਕਾ ਇਕ ਸੁਹਾਏ, ਚਾਰ ਵਰਨ ਕਰੇ ਭਿਖਾਰਿਆ । ਊਚੋਂ ਨੀਚ ਇਕ ਥਾਂ ਬਹਾਏ, ਸੂਚੇ ਸੂਚ ਵਡ ਬਲਕਾਰਿਆ । ਸ੍ਰਿਸ਼ਟ ਸਬਾਈ ਏਕਾ ਨਾਮ ਜਪਾਏ, ਸਤਿਜੁਗ ਤੇਰੀ ਸਾਚੀ ਧਾਰਿਆ । ਕਲਜੁਗ ਤੇਰੀ ਕਾਲੀ ਧਾਰ ਮੇਟ ਮਿਟਾਏ, ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਪਾਇਣ ਸਾਰ ਅੰਜ਼ੀਲ ਕੁਰਾਨਾਂ ਕਰੇ ਖੁਆਰਿਆ । ਏਕਾ ਖੰਡਾ ਤੇਜ ਕਟਾਰ ਉਠਾਏ, ਸੋਹੰ ਨਾਉਂ ਉਪਾਏ, ਸੋ ਪੁਰਖ ਨਿਰੰਜਣ ਹਰਿ ਰਘੁਰਾਏ, ਹੰ ਹੰਗਤਾ ਦਏ ਨਿਵਾਰਿਆ । ਏਕਾ ਏਕ ਕਰਾਏ ਜੈ ਜੈ ਜੈਕਾਰ, ਚਾਰੋਂ ਕੁੰਟ ਜੈ ਜੈ ਕਾਰਿਆ । ਲੇਖ ਚੁਕਾਏ ਤੂੰ ਤੂੰ ਮੈਂ, ਮੇਟ ਮਿਟਾਏ ਵਡ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਧਾ ਸੂਰ ਬਲੀ ਬਲਕਾਰਿਆ । ਜੋਧਾ ਸੂਰ ਬਲੀ ਬਲਵਾਨਾ, ਆਦਿ ਪੁਰਖ ਅਬਿਨਾਸਿਆ । ਲੱਖ ਚੁਰਾਸੀ ਬੰਨ੍ਹੇ ਗਾਨਾ, ਲੋਆਂ ਪੁਰੀਆਂ ਵਿਚ ਬ੍ਰਹਿਮਾਦਿਆ । ਕਲਜੁਗ ਅੰਤਮ ਮੇਟੇ ਪੰਚ ਸ਼ੈਤਾਨਾ, ਹਰਿ ਮੋਹਣ ਮਾਧਵ

ਮਾਧਿਆ । ਨਾ ਕੋਈ ਗਾਏ ਰਾਗ ਤਰਾਨਾ, ਰਸਨਾ ਜਿਹਵਾ ਨਾ ਲਾਏ ਸਾਧਿਆ । ਗੁਰਮੁਖਾਂ ਹੱਥੀਂ ਬੰਨ੍ਹੇ ਗਾਨਾ, ਦੇਵੇ ਦਾਤ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਚਲਾਏ ਬੋਧ ਅਗਾਧਿਆ । ਸ਼ਬਦ ਜਣਾਏ ਬੋਧ ਅਗਾਧ, ਹਰਿ ਆਪਣੇ ਹੱਥ ਰਖਾਈਆ । ਵੇਖ ਵਖਾਣੇ ਸੰਤ ਸਾਧ, ਲੱਖ ਚੁਰਾਸੀ ਰਿਹਾ ਜਗਾਈਆ । ਰਾਗ ਸੁਣਾਏ ਅਨਾਦੀ ਅਨਾਦ, ਧੁਨ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਗੁਣ ਆਪੇ ਰਿਹਾ ਜਣਾਈਆ । ਹਰਿ ਗੁਣਵੰਤਾ ਗੁਣ ਨਿਧਾਨ, ਦਿਸ ਕਿਸੇ ਨਾ ਆਇਆ । ਪੰਚਮ ਮਿਲਿਆ ਵਿਚ ਜਹਾਨ, ਪੰਚਮ ਮੇਲ ਮਿਲਾਇਆ । ਆਪ ਆਪਣਾ ਕਰ ਧਿਆਨ, ਸਤਿਜੁਗ ਸਾਚਾ ਰਿਹਾ ਚਲਾਇਆ । ਕਿਸੇ ਹੱਥ ਨਾ ਆਏ ਦਿਹੁਰੇ ਮੰਦਰ ਮਸੀਤਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਆਪੇ ਪਰਖਣਹਾਰਾ ਨੀਤਾ, ਕਾਇਆ ਮੰਦਰ ਅੰਦਰ ਆਸਣ ਲਾਈਆ । ਗੁਰਮੁਖ ਵਿਰਲਾ ਰੱਖੇ ਚੀਤਾ, ਪ੍ਰਭ ਸਾਚਾ ਦਰਸ ਦਿਖਾਈਆ । ਸੰਮਤ ਤੇਰਾਂ ਮਾਤ ਬੀਤਾ, ਨਾਨਕ ਤੇਰਾਂ ਤੇਰਾਂ ਗਾਈਆ । ਗੋਬਿੰਦ ਵੇਖੇ ਹਸਤ ਕੀਟਾ, ਊਚਾਂ ਨੀਚਾਂ ਵਿਚ ਸਮਾਈਆ । ਜੀਵ ਜੰਤ ਕੌੜਾ ਰੀਠਾ, ਅੰਤਮ ਵੇਖਣ ਆਈਆ । ਸ਼ਬਦ ਚਲਾਏ ਇਕ ਅਨਡੀਠਾ, ਦਿਸ ਕਿਸੇ ਨਾ ਆਈਆ । ਕਲਜੁਗ ਮਾਇਆ ਜੂਠਾ ਝੂਠਾ ਪੀਸਣ ਪੀਠਾ, ਮੋਹ ਮਮਤਾ ਨਾਲ ਰਲਾਈਆ । ਤ੍ਰੈਗੁਣ ਮਾਇਆ ਤੇਰਾ ਇਕ ਅੰਗੀਠਾ, ਪ੍ਰਭ ਸਾਚਾ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਖੇਲ ਖਿਲਾਈਆ । ਤ੍ਰੈਗੁਣ ਮਾਇਆ ਤੇਰਾ ਅੰਤ, ਅੰਤਮ ਕਲ ਕਰਾਇੰਦਾ । ਭੇਵ ਨਾ ਪਾਇਣ ਸਾਧ ਸੰਤ, ਮਨ ਮਨੂਆ ਆਪ ਡੁਲਾਇੰਦਾ । ਮਨਮੁਖਾਂ ਉਬਲੇ ਬਹੱਤਰ ਨਾੜੀ ਰੱਤ, ਨਾ ਕੋਈ ਧੀਰ ਧਰਾਇੰਦਾ । ਗੁਰਦਰ ਮੰਦਰ ਅੰਦਰ ਨਾ ਦਿਸੇ ਧੀਰਜ ਯਤ, ਸਤਿ ਸੰਤੋਖ ਨਾ ਕੋਈ ਰਖਾਇੰਦਾ । ਆਪੇ ਜਾਣੇ ਮਿਤ ਗਤ, ਜੁਗ ਜੁਗ ਵੇਖ ਵਖਾਇੰਦਾ । ਲੇਖ ਚੁਕਾਏ ਅੱਠ ਸੱਠ, ਹਿੰਦੂ ਮੁਸਲਿਮ ਹਿਸਾਬ ਚੁਕਾਇੰਦਾ । ਅੰਦਰ ਮੰਦਰ ਜਾਏ ਢੱਠ, ਗੜ੍ਹ ਹੰਕਾਰੀ ਆਪ ਤੁੜਾਇੰਦਾ । ਸੰਮਤ ਸੰਮਤੀ ਰਹਿਣ ਨਾ ਪਾਏ ਲੱਖ ਚੁਰਾਸੀ ਚਾਰੇ ਕੁੰਟ ਰਹੀ ਨੱਠ, ਸਾਧਾਂ ਸੰਤਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਭਿੱਖ ਮੰਗਾਇੰਦਾ । ਗੁਰਮੁਖ ਵਿਰਲੇ ਲਏ ਰੱਖ, ਗੁਰ ਚਰਨ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸ਼ਬਦ ਵਰ, ਆਤਮ ਬ੍ਰਹਮ ਜਣਾਇੰਦਾ । ਆਤਮ ਬ੍ਰਹਮ ਸ਼ਬਦ ਜਣਾਈ, ਹਰਿ ਏਕਾ ਏਕ ਕਰਾਇੰਦਾ । ਤਨ ਮੰਦਰ ਅੰਦਰ ਵੱਜੇ ਵਧਾਈ, ਰਾਗ ਅਨਾਦੀ ਇਕ ਸੁਣਾਇੰਦਾ । ਜੋਤ ਨਿਰੰਜਣ ਕਰ ਕੁੜਮਾਈ, ਸਾਚਾ ਸਗਣ ਮਨਾਇੰਦਾ । ਪੰਚਮ ਰਾਗ ਰਹੇ ਗਾਈ, ਅਨਹਦ ਤਾਲ ਵਜਾਇੰਦਾ । ਆਤਮ ਸੇਜਾ ਇਕ ਸੁਹਾਈ, ਫੂਲਨ ਬਰਖਾ ਲਾਇੰਦਾ । ਪਲੰਘ ਰੰਗੀਲਾ ਹਰਿ ਵਿਛਾਈ, ਉਪਰ ਆਸਣ ਲਾਇੰਦਾ । ਗੁਰਸਿਖ ਗੋਬਿੰਦ ਏਕ ਥਾਈਂ, ਹਰਿ ਸੱਚਾ ਮੇਲ ਮਿਲਾਇੰਦਾ । ਆਪ ਪਕੜੇ ਫੜ ਫੜ ਬਾਂਹੀ, ਵਿਛੜ ਕਦੇ ਨਾ ਜਾਇੰਦਾ । ਗੁਰਸਿਖ ਆਏ ਚਾਈਂ ਚਾਈਂ, ਦਸਮ ਦਵਾਰੀ ਧਾਮ ਸੁਹਾਇੰਦਾ । ਫੜ ਫੜ ਹੰਸ ਬਣਾਏ ਕਾਈਂ, ਸਾਚੀ ਚੋਗ ਚੁਗਾਇੰਦਾ । ਆਪ ਰਖਾਏ ਠੰਢੀ ਛਾਈਂ, ਦਿਵਸ ਰੈਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਸਾਚਾ ਗੜ੍ਹ, ਹਰਿ ਸਾਚਾ ਆਪ ਸੁਹਾਇੰਦਾ । ਗੋਬਿੰਦ ਕਾਇਆ ਗੜ੍ਹ ਅਪਾਰ, ਹਰਿ ਸਾਚੇ ਆਪ ਸੁਹਾਇਆ । ਉਪਰ ਚੜ੍ਹ ਨਰ ਨਿਰੰਕਾਰ, ਸ਼ਬਦ ਸਿੰਘਾਸਣ ਡੇਰਾ ਲਾਇਆ ।

ਸੋਹੰ ਖੰਡਾ ਤੇਜ ਕਟਾਰ, ਹੱਥ ਉਠਾਇਆ । ਬ੍ਰਹਮਾ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਕਰੇ ਖ਼ਬਰਦਾਰ, ਸੰਮਤ ਚੌਦਾਂ ਰਿਹਾ ਜਗਾਇਆ । ਈਸਾ ਮੂਸਾ ਹੋ ਤਿਆਰ, ਸੰਗ ਮੁਹੰਮਦ ਚਾਰ ਯਾਰ ਅਹਿਨਲ ਹੱਕ ਅਲ੍ਹਾ ਰਾਣੀ ਕਰ ਪਿਆਰ, ਹੂ ਹੂ ਨਾਅਰਾ ਲਾਇਆ । ਕਾਲੇ ਬਸਤਰ ਦੇਵੇ ਪਾੜ, ਕਲਜੁਗ ਫਿਰੇ ਦਰ ਹਲਕਾਇਆ । ਆਪ ਉਠਾਏ ਆਪਣੀ ਧਾੜ, ਦਿਸ ਕਿਸੇ ਨਾ ਆਇਆ । ਜੀਵਾਂ ਜੰਤਾਂ ਅੱਗ ਲਗਾਏ ਨਾੜ ਨਾੜ, ਅਗਨੀ ਜੋਤ ਲਗਾਇਆ । ਗੁਰਸਿਖ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ ਸਾਚੇ ਅੰਦਰ ਦੇਵੇ ਵਾੜ, ਆਤਮ ਦਰਸੀ ਦਰਸ ਦਿਖਾਇਆ । ਘੜੇ ਘੜਾਏ ਆਪਣੇ ਘਾੜ, ਘੜਨ ਭੰਨਣਹਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਮਾਤ ਦਰ, ਦਰ ਦਵਾਰ ਇਕ ਰਖਾਇਆ ।

ਗੁਰ ਗੋਬਿੰਦਾ ਬਣ ਭਿਖਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪਣੀ ਝੋਲੀ ਅੱਗੇ ਡਾਹਿੰਦਾ । ਸਾਚੀ ਸਿੱਖੀ ਕਰ ਪਿਆਰ, ਏਕਾ ਇੱਕੀ ਪਾਇੰਦਾ । ਏਕਾ ਇੱਕੀ ਵਿਚ ਸੰਸਾਰ, ਸਾਚੀ ਗਣਤ ਗਿਣਾਇੰਦਾ । ਸਾਚੀ ਸਿੱਖੀ ਕਰ ਹਰਿ ਵਿਚਾਰ, ਆਪਣਾ ਮੇਲ ਮਿਲਾਇੰਦਾ । ਨਾਮ ਧਾਰਾ ਰੱਖੀ ਤਿੱਖੀ, ਦਿਸ ਕਿਸੇ ਨਾ ਆਇੰਦਾ । ਭੇਵ ਨਾ ਪਾਇਣ ਮੁਨੀ ਰਿਖੀ, ਆਪ ਆਪਣਾ ਖੇਲ ਖਿਲਾਇੰਦਾ । ਆਪਣੇ ਨੇਤਰ ਆਪੇ ਪੇਖੀ, ਆਪਣੀ ਜੋਤ ਜਗਾਇੰਦਾ । ਵੇਖ ਵਖਾਏ ਧਾਰੀ ਕੇਸੀ, ਧਰਮ ਸਤਿ ਆਪ ਰਖਾਇੰਦਾ । ਲਿਖਣਹਾਰਾ ਜੁਗ ਜੁਗ ਲੇਖੀ, ਲਿਖਿਆ ਲੇਖ ਮੰਗਾਇੰਦਾ । ਦੋ ਜਹਾਨਾਂ ਨਰ ਨਰੇਸ਼ੀ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦੇਵਣਹਾਰਾ ਵਰ, ਵਰ ਦਾਤਾ ਆਪ ਅਖਵਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣੀ ਦਇਆ ਕਮਾਈਆ । ਗੁਰ ਗੋਬਿੰਦਾ ਖੇਲ ਅਪਾਰ, ਆਪਣਾ ਸੰਗ ਨਿਭਾਈਆ । ਕਲਜੁਗ ਤੇਰੀ ਅੰਤਮ ਵਾਰ, ਘਰ ਸਾਚਾ ਮੇਲ ਮਿਲਾਈਆ । ਸੰਬਲ ਨਗਰ ਗੜ੍ਹ ਅਪਾਰ, ਕਿਲ੍ਹਾ ਕੋਟ ਇਕ ਸੁਹਾਈਆ । ਉਪਰ ਚੜ੍ਹ ਨਰ ਨਿਰੰਕਾਰ, ਸ਼ਬਦ ਚੋਟ ਇਕ ਲਗਾਈਆ । ਚਾਰ ਕੁੰਟ ਸੁਣਾਏ ਏਕਾ ਵਾਰ, ਇਕ ਇਕੱਲਾ ਕਰੇ ਜਣਾਈਆ । ਜਲਾਂ ਥਲਾਂ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜਾਂ ਆਪੇ ਰਿਹਾ ਜਣਾਈਆ । ਜੁਗ ਜੁਗ ਮਾਰਨਹਾਰਾ ਮਾਰ, ਕਲਜੁਗ ਅੰਤਮ ਵਾਰ ਮਿਟਾਈਆ । ਗੁਰ ਗੋਬਿੰਦੇ ਕਰ ਪਿਆਰ, ਆਪਣੇ ਅੰਗ ਲਗਾਈਆ । ਪਾਰਬ੍ਰਹਮ ਪ੍ਰਭ ਮੀਤ ਮੁਰਾਰ, ਗੋਬਿੰਦ ਗੁਰ ਇਕੋ ਯਾਰ, ਆਪਣੀ ਗੋਦ ਉਠਾਈਆ । ਆਪੇ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਹਰਿ ਸ਼ਬਦ ਬਣਾਏ ਵਿਚ ਦਲਾਲ, ਦੋਹਾਂ ਮੇਲ ਮਿਲਾਈਆ । ਸੰਗ ਕਰਾਏ ਕਾਲ ਮਹਾਂਕਾਲ, ਸੇਵਕ ਸੇਵਾ ਸਾਚੀ ਲਾਈਆ । ਦਇਆਵਾਨ ਹਰਿ ਦੀਨ ਦਿਆਲ, ਦਇਆਨਿਧ ਅਖਵਾਈਆ । ਗੁਰਸਿਖ ਕਾਇਆ ਫਲ ਵੇਖੇ ਡਾਲ੍ਹ, ਨੇਤਰ ਆਪਣਾ ਆਪ ਉਠਾਈਆ । ਸੰਤ ਸੁਹੇਲੇ ਰਿਹਾ ਭਾਲ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਸ੍ਰਿਸ਼ਟ ਸਬਾਈ ਹਾਲ ਬੇਹਾਲ, ਸੁਰਤੀ ਸੁਰਤ ਭਵਾਈਆ । ਕਾਲ ਨਗਾਰਾ ਵੱਜੇ ਤਾਲ, ਡੌਰੂ ਡੰਕ ਵਜਾਈਆ । ਰਾਜ ਰਾਜਾਨਾਂ ਹੋਏ ਦਿਵਾਲ, ਦੀਵਾ ਬੱਤੀ ਕਿਸੇ ਦਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਵਾ ਤਤੀ ਨੇੜ ਨਾ

ਆਈਆ । ਗੋਬਿੰਦ ਹਰਿ ਇਕ ਸਲਾਹ, ਏਕਾ ਮਤਾ ਪਕਾਇਆ । ਚੇਲਾ ਗੁਰ ਏਕਾ ਰਾਹ, ਧੀਰਜ ਯਤ ਇਕ ਰਖਾਇਆ । ਲੇਖਾ ਧੁਰ ਏਕਾ ਨਾਂ, ਸਾਚਾ ਰਿਹਾ ਜਪਾਇਆ । ਆਪੇ ਪਿਤਾ ਆਪੇ ਮਾਂ, ਵੇਖ ਵਖਾਣੇ ਥਾਉਂ ਥਾਂ, ਗੁਰਮੁਖ ਸਾਚੇ ਗੋਦ ਉਠਾਇਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਸਾਚੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੋਬਿੰਦ ਸੇਵਾ ਲਾਇਆ । ਗੋਬਿੰਦ ਹਰਿ ਗੋਪਾਲ, ਸੇਵਕ ਸੇਵਾ ਲਾਈਆ । ਦੀਨਾਂ ਬੰਧਪ ਦੀਨ ਦਿਆਲ, ਦੀਨਾਂ ਨਾਥਾਂ ਹੋਏ ਸਹਾਈਆ । ਸੰਤ ਸੁਹੇਲੇ ਪਰਖੇ ਸਾਚੇ ਲਾਲ, ਜੁਗ ਜੁਗ ਸਗਲਾ ਸਾਥ ਨਿਭਾਈਆ । ਜੂਠੀ ਝੂਠੀ ਕਾਇਆ ਮਾਟੀ ਖਾਲ, ਅੰਤਮ ਸੰਗ ਨਾ ਜਾਈਆ । ਕਾਇਆ ਮੰਦਰ ਅੰਦਰ ਸਚ ਸੱਚੀ ਧਰਮਸਾਲ, ਗੁਰ ਪੂਰਾ ਬੈਠਾ ਆਸਣ ਲਾਈਆ । ਪੰਚਮ ਗਾਇਣ ਸਾਚਾ ਰਾਗ, ਕਿਰਤੀ ਕੀਰਤਨ ਰਹੇ ਸੁਣਾਈਆ । ਜਨ ਭਗਤਾਂ ਮੇਲਾ ਆਦਿ ਜੁਗਾਦਿ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਰਸਨਾ ਜਿਹਵਾ ਰਹੇ ਅਰਾਧ, ਆਤਮ ਤ੍ਰਿਸ਼ਨਾ ਭੁੱਖ ਰਖਾਈਆ । ਦੋ ਜਹਾਨਾਂ ਸੁਣੇ ਸੁਣਾਏ ਹਰਿ ਫਰਿਆਦ, ਆਵੇ ਜਾਵੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਝੂਠਾ ਡੇਰਾ ਦੇਵੇ ਢਾਹੀਆ । ਸੋਹੇ ਡੇਰਾ ਗੜ੍ਹ ਹੰਕਾਰ, ਪੰਚਮ ਤਤ ਵਸਾਇਆ । ਜੂਠਾ ਝੂਠਾ ਮਹੱਲ ਉਸਾਰ, ਮਨ ਮਤ ਨਾਲ ਪਰਨਾਇਆ । ਬੁਧ ਮਤ ਗਈ ਹਾਰ, ਕਲਜੁਗ ਮਾਇਆ ਪੜਦਾ ਪਾਇਆ । ਰੱਤੀ ਰੱਤ ਨਾ ਨਾਮ ਅਧਾਰ, ਸਤਿਗੁਰ ਪੂਰਾ ਦਿਸ ਨਾ ਆਇਆ । ਕਰੇ ਕਰਾਏ ਕਰਨੇਹਾਰ, ਆਪ ਆਪਣਾ ਕਰਮ ਕਮਾਇਆ । ਮਰਨੀ ਮਰੇ ਜਗਤ ਸੰਸਾਰ, ਧਰਮ ਰਾਏ ਰਾਹ ਤਕਾਇਆ । ਦਰ ਦਰ ਘਰ ਘਰ ਫਿਰਨ ਭਿਖਾਰ, ਸਾਚੀ ਵਸਤ ਏਕਾ ਨਾਉਂ ਕਿਸੇ ਹੱਥ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲਾ ਸਮਰਥ, ਸਮਰਥ ਪੁਰਖ ਅਖਵਾਇਆ । ਸਰਬ ਕਲ ਆਪੇ ਸਮਰਥ, ਪਾਰਬ੍ਰਹਮ ਅਬਿਨਾਸ਼ਾ । ਜਨ ਭਗਤਾਂ ਰੱਖੇ ਦੇ ਕਰ ਹੱਥ, ਹੋਏ ਸਹਾਈ ਪ੍ਰਿਥਮੀ ਆਕਾਸ਼ਾ । ਸੋਹੰ ਦੇਵੇ ਸਾਚੀ ਵੱਥ, ਨਿਝ ਘਰ ਆਤਮ ਕਰੇ ਵਾਸਾ । ਲਹਿਣਾ ਦੇਣਾ ਚੁਕਾਏ ਸਾਢੇ ਤਿੰਨ ਤਿੰਨ ਹੱਥ, ਹੋਇਆ ਦਾਸੀ ਦਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਲਿਖਿਆ ਲੇਖ ਵਖਾਏ ਮਸਤਕ ਮਾਥਾ । ਸਤਿਗੁਰ ਸਾਚਾ ਮੀਤੜਾ, ਜੁਗ ਜੁਗ ਆਦਿ ਜੁਗਾਦਿ । ਕਾਇਆ ਚੋਲੀ ਰੰਗੇ ਚੀਥੜਾ, ਸੰਤ ਸੁਹੇਲੇ ਲਾਧ । ਆਪੇ ਜਾਣੇ ਆਪਣੀ ਰੀਤੜਾ, ਆਪ ਵਜਾਏ ਆਪਣਾ ਨਾਦ । ਆਪ ਸੁਣਾਏ ਸ਼ਬਦ ਸੁਹਾਗੀ ਗੀਤੜਾ, ਗੋਬਿੰਦ ਰਸਨ ਅਰਾਧ । ਆਪੇ ਪਰਖਣਹਾਰਾ ਨੀਤੜਾ, ਆਪੇ ਬੈਠ ਰਿਹਾ ਵਿਸਮਾਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਜਣਾਏ ਬੋਧ ਅਗਾਧ । ਸਤਿਗੁਰ ਸਾਚਾ ਸੱਜਣਾ, ਏਕਾ ਮੀਤ ਮੁਰਾਰ । ਚਰਨ ਧੂੜ ਕਰਾਏ ਮਜਨਾ, ਲੱਖ ਚੁਰਾਸੀ ਉਤਰੇ ਪਾਰ । ਜੋ ਘੜਿਆ ਸੋ ਭੱਜਣਾ, ਅੰਤ ਅੰਤਮ ਵਾਰ । ਲੋਕਮਾਤ ਪੜਦਾ ਕਿਸੇ ਨਾ ਕੱਜਣਾ, ਰਾਏ ਧਰਮ ਕਰੇ ਖੁਆਰ । ਗੁਰਮੁਖ ਅੰਮ੍ਰਿਤ ਆਤਮ ਪੀ ਪੀ ਰੱਜਣਾ, ਤ੍ਰਿਸ਼ਨਾ ਭੁੱਖ ਦਏ ਨਿਵਾਰ । ਨੇਤਰ ਨੈਣ ਦਰਸ਼ਨ ਮੱਕਾ ਕਾਅਬਾ ਹਾਜੀ ਹੱਜਨਾ, ਚਰਨ ਕਵਲ ਸਚ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਭਰੇ ਨਾਮ ਭੰਡਾਰ । ਨਾਮ ਭੰਡਾਰਾ ਹੱਥ ਦਾਤਾਰਾ, ਆਪਣੇ ਹੱਥ ਰਖਾਇਆ । ਵਰਤੇ ਵਰਤਾਵੇ ਵਿਚ ਸੰਸਾਰਾ, ਜੁਗ ਜੁਗ ਭੇਖ ਵਟਾਇਆ । ਸਾਧਾਂ ਸੰਤਾਂ ਪਾਵੇ ਸਾਰਾ, ਭਗਤ ਸੁਹੇਲੇ ਲਏ ਮਿਲਾਇਆ । ਆਦਿਨ ਅੰਤਾ ਏਕੰਕਾਰਾ, ਏਕਾ

ਧੰਦੇ ਰਿਹਾ ਲਗਾਇਆ । ਕਲਜੁਗ ਤੇਰੀ ਕਾਲੀ ਧਾਰਾ, ਕਾਲਾ ਟਿੱਕਾ ਰਿਹਾ ਲਗਾਇਆ । ਚਾਰੋਂ ਕੁੰਟ ਕੂੜ ਕੁੜਿਆਰਾ, ਸਚ ਸੁੱਚ ਦਿਸ ਨਾ ਆਇਆ । ਮਾਇਆ ਮਮਤਾ ਤਨ ਸ਼ਿੰਗਾਰਾ, ਏਕਾ ਬਸਤਰ ਪਾਇਆ । ਆਤਮ ਅੰਧ ਅੰਧਿਆਰਾ, ਗਿਆਨ ਗੋਝ ਕਿਸੇ ਭੇਵ ਨਾ ਪਾਇਆ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਨਾ ਕੋਈ ਲਟਕਾਇਆ । ਮਿਲਿਆ ਮੇਲ ਨਾ ਪੁਰਖ ਭਤਾਰਾ, ਨਾਰੀ ਕੰਤ ਨਾ ਕੋਇ ਹੰਢਾਇਆ । ਗੁਰਮੁਖ ਮੇਲਾ ਸਚ ਦਵਾਰਾ, ਆਪ ਆਪਣਾ ਰਿਹਾ ਕਰਾਇਆ । ਇਕ ਇਕੇਲਾ ਵਿਚ ਸੰਸਾਰਾ, ਨੌਂ ਖੰਡ ਪ੍ਰਿਥਮੀ ਬਣਤ ਬਣਾਇਆ । ਸੱਤਾਂ ਦੀਪਾਂ ਇਕ ਹੁਲਾਰਾ, ਏਕਾ ਰਾਹ ਵਖਾਇਆ । ਚਾਰ ਵਰਨ ਦਰ ਦਰਬਾਨ, ਦਹਿ ਦਿਸ਼ਾਂ ਵੇਖ ਵਖਾਇਆ । ਪਰਗਟ ਹੋਏ ਸ੍ਰੀ ਭਗਵਾਨ, ਨਰ ਨਰੇਸ਼ਾ ਰੂਪ ਵਟਾਇਆ । ਹਰਿਜਨ ਦੇਵੇ ਜੀਆ ਦਾਨ, ਸਾਚੀ ਵਸਤੂ ਝੋਲੀ ਪਾਇਆ । ਆਤਮ ਉਪਜੇ ਬ੍ਰਹਮ ਗਿਆਨ, ਪਾਰਬ੍ਰਹਮ ਬ੍ਰਹਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਰਮ ਇਕ ਰਖਾਇਆ । ਸਾਚਾ ਧਰਮ ਧੁਰ ਦੀ ਬਾਣ, ਏਕਾ ਏਕ ਰਖਾਇੰਦਾ । ਚਾਰ ਵਰਨ ਇਕ ਧਿਆਨ, ਏਕਾ ਨਾਉਂ ਰਖਾਇੰਦਾ । ਇਕ ਬਿਠਾਏ ਸ਼ਬਦ ਬਿਬਾਣ, ਲੋਆਂ ਪੁਰੀਆਂ ਪਾਰ ਕਰਾਇੰਦਾ । ਗੁਰਮੁਖ ਸਾਚੇ ਚਤਰ ਸੁਜਾਨ, ਪੁਰਖ ਨਿਰੰਜਣ ਆਪ ਮਿਲਾਇੰਦਾ । ਆਪ ਚੁਕਾਏ ਜਮ ਕੀ ਕਾਨ, ਆਵਣ ਜਾਵਣ ਫੰਦ ਕਟਾਇੰਦਾ । ਏਕਾ ਦੇਵੇ ਨਾਮ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਰਾਹ, ਸ਼ਬਦ ਸਰੂਪੀ ਬਣ ਮਲਾਹ, ਲੋਕਮਾਤ ਆਪ ਝੁਲਾਇੰਦਾ । ਲੋਕਮਾਤ ਦਰ ਦਵਾਰ, ਹਰਿ ਏਕਾ ਏਕ ਖੁਲ੍ਹਾਇੰਦਾ । ਪਰਗਟ ਹੋ ਗਰੀਬ ਨਿਵਾਜ, ਗੁਰਮੁਖ ਸਾਚੇ ਪਕੜ ਉਠਾਇੰਦਾ ।
੫੧੧
੦੬
ਚਿੱਟਾ ਘੋੜਾ ਸਾਚਾ ਤਾਜਾ, ਸੋਲਾਂ ਕਲੀਆਂ ਆਸਣ ਲਾਇੰਦਾ । ਸ਼ਾਹੋ ਭੂਪ ਵਡ ਰਾਜਨ ਰਾਜਾ, ਲੋਆਂ ਪੁਰੀਆਂ ਵੇਖ ਵਖਾਇੰਦਾ । ਬ੍ਰਹਮਾ ਦੇਵਤਾ ਮਾਰੇ ਆਵਾਜ਼ਾ, ਚਾਰੇ ਮੁਖ ਉਠਾਇੰਦਾ । ਸ਼ਿਵ ਸ਼ੰਕਰ ਵੇਖੇ ਕਲ ਕਿ ਆਜਾ, ਨੇਤਰ ਨੈਣ ਖੁਲ੍ਹਾਇੰਦਾ । ਲਾੜੀ ਮੌਤ ਮੰਗੇ ਦਾਜਾ, ਵੇਲਾ ਅੰਤਮ ਅਲਾਇੰਦਾ । ਜਨ ਭਗਤਾਂ ਧੋਵੇ ਦੁਰਮਤ ਮੈਲ ਦਾਗ਼ਾ, ਆਪਣੀ ਦਇਆ ਕਮਾਇੰਦਾ । ਦੀਪਕ ਜੋਤੀ ਜਗੇ ਚਿਰਾਗਾ, ਅੰਧ ਅੰਧੇਰ ਮਿਟਾਇੰਦਾ । ਸੁਰਪਤ ਰਾਜਾ ਇੰਦ ਰਿਹਾ ਭਾਜਾ, ਕਰੋੜ ਤੇਤੀਸਾ ਸੰਗ ਰਲਾਇੰਦਾ । ਕੋਈ ਨਾ ਅੰਤਮ ਪੜਦਾ ਕਾਜਾ, ਕਲਜੁਗ ਆਪਣਾ ਕਰਮ ਕਮਾਇੰਦਾ । ਜੂਠਾ ਝੂਠਾ ਵੱਜਿਆ ਵਾਜਾ, ਸਾਚਾ ਰਾਗ ਨਾ ਕੋਈ ਅਲਾਇੰਦਾ । ਇਕ ਵਜਾਏ ਸ਼ਬਦ ਅਨਹਦ ਵਾਜਾ, ਚਰਨ ਧੂੜ ਕਰਾਏ ਅੰਤ ਮਜਨ ਮਾਘਾ, ਕਾਇਆ ਚੋਲੀ ਰੰਗ ਰੰਗਾਇੰਦਾ । ਫੜ ਫੜ ਹੰਸ ਬਣਾਏ ਕਾਗਾ, ਸੋ ਪੁਰਖ ਨਿਰੰਜਣ ਸਾਚੀ ਚੋਗ ਆਪ ਚੁਗਾਇੰਦਾ । ਅੰਤਮ ਵੇਲੇ ਰੱਖੇ ਲਾਜਾ, ਆਪ ਆਪਣੇ ਲੜ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਸਤਿਗੁਰ ਸਾਚਾ ਸਤਿ ਹੈ, ਮੀਤ ਮੁਰਾਰਾ ਏਕ । ਇਕ ਸੁਣਾਏ ਸੁਹਾਗੀ ਗੀਤ ਹੈ, ਚਰਨ ਕਵਲ ਜਨ ਟੇਕ । ਮਾਨਸ ਦੇਹੀ ਗੁਰਮੁਖ ਵਿਰਲਾ ਰਿਹਾ ਜੀਤ ਹੈ, ਮਾਨਸ ਦੇਹੀ ਬੁਧ ਬਿਬੇਕ । ਕਰੇ ਕਾਇਆ ਠੰਢੀ ਸੀਤ ਹੈ, ਨੇਤਰ ਲੋਚਨ ਆਪੇ ਵੇਖ । ਏਕਾ ਰੰਗ ਰੰਗਾਏ ਹਸਤ ਕੀਟ ਹੈ, ਲਿਖਣਹਾਰਾ ਲੇਖ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬੀਠਲਾ ਬੀਠ ਹੈ, ਹਰ ਘਟ ਅੰਦਰ ਮੰਦਰ ਬੈਠਾ ਰਿਹਾ ਵੇਖ । ਲੱਖ ਚੁਰਾਸੀ ਜੂਠਾ ਝੂਠਾ ਪੀਸਣ ਰਿਹਾ ਪੀਠ ਹੈ, ਅੰਤਮ ਵੇਲੇ ਲਾਏ ਠੇਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਕਲਜੁਗ ਭੰਨੇ ਕੌੜੇ ਰੇਠ । ਕਲਜੁਗ

ਜੀਵ ਕੌੜਾ ਰੀਠਾ, ਤਨ ਵਿਕਾਰ ਵਧਾਇਆ । ਗੁਰ ਕਾ ਸ਼ਬਦ ਨਾ ਨੇਤਰ ਡੀਠਾ, ਰਸਨਾ ਗੁਣ ਨਾ ਗਾਇਆ । ਮਦਿਰਾ ਮਾਸ ਕਰਿਆ ਮੀਠਾ, ਗੋਬਿੰਦ ਤਨੋਂ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਦਰ ਘਰ ਘਰ ਫੇਰਾ ਰਿਹਾ ਪਾਇਆ । ਸਤਿਗੁਰ ਸਾਚਾ ਸਾਖਿਆਤ, ਅਕਲ ਕਲਾ ਭਰਪੂਰਾ । ਗੁਰਮੁਖ ਬਣਾਏ ਪਾਰਜ਼ਾਤ, ਅਨਹਦ ਉਪਜਾਏ ਸਾਚੀ ਤੂਰਾ । ਮੇਲ ਮਿਲਾਏ ਪੁਰਖ ਬਿਧਾਤ ਹੈ, ਆਪੇ ਵਸੇ ਨੇੜੇ ਦੂਰਾ । ਚਰਨ ਪ੍ਰੀਤੀ ਸਾਚਾ ਨਾਤ ਹੈ, ਲੱਖ ਚੁਰਾਸੀ ਨਾਤਾ ਕੂੜਾ । ਨਾ ਕੋਈ ਪੁੱਛੇ ਜ਼ਾਤ ਪਾਤ ਹੈ, ਚਤਰ ਸੁਘੜ ਬਣਾਏ ਮੂਰਖ ਮੂੜ੍ਹਾ । ਮੇਟ ਮਿਟਾਏ ਅੰਧੇਰੀ ਰਾਤ ਹੈ, ਜਿਸ ਜਨ ਬਖ਼ਸ਼ੇ ਚਰਨ ਧੂੜਾ । ਆਪੇ ਗੇੜਨਹਾਰਾ ਉਲਟੀ ਲਾਠ ਹੈ, ਕਾਇਆ ਚੋਲੀ ਏਕਾ ਚਾੜ੍ਹੇ ਰੰਗ ਗੂੜ੍ਹਾ । ਅੰਮ੍ਰਿਤ ਆਤਮ ਦੇਵੇ ਦਾਤ ਹੈ, ਨਾਮ ਪਿਆਏ ਸਤਿਗੁਰ ਪੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਦਰ, ਜਗਤ ਜਹਾਨੀ ਨਾਤਾ ਕੂੜਾ । ਸਤਿਗੁਰ ਸਾਚਾ ਸਾਚਾ ਰੰਗ, ਕਾਇਆ ਚੋਲੀ ਆਪ ਚੜ੍ਹਨਿਆ । ਗੁਰਮੁਖ ਵਿਰਲਾ ਲਏ ਮੰਗ, ਭਾਂਡਾ ਭਰਮ ਪ੍ਰਭ ਸਾਚੇ ਭੰਨਿਆ । ਅੰਮ੍ਰਿਤ ਆਤਮ ਧਾਰਾ ਗੰਗ, ਏਕਾ ਏਕ ਵਹੰਨਿਆ । ਆਪੇ ਕੱਟਣਹਾਰਾ ਭੁੱਖ ਨੰਗ, ਆਦਿ ਅੰਤ ਬੇੜਾ ਬੰਨ੍ਹਿਆ । ਨਾਮ ਵਜਾਏ ਇਕ ਮਰਦੰਗ, ਭੇਵ ਨਾ ਜਾਨਣ ਗਣ ਗੰਧਰਬ ਭਵੰਨਿਆ । ਭਗਤ ਸੁਹੇਲਾ ਸਾਚਾ ਸੰਗ, ਦਿਸ ਨਾ ਆਏ ਆਤਮ ਅੰਨ੍ਹਿਆ । ਕਲਜੁਗ ਕਾਇਆ ਕਾਚੀ ਵੰਗ, ਅੰਤਮ ਦੇਵੇ ਭੰਨਿਆ । ਮਾਨਸ ਜਨਮ ਨਾ ਹੋਏ ਭੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਚੜ੍ਹਾਏ ਸਾਚਾ ਚੰਨਿਆ । ਗੁਰਮੁਖ ਸਾਜਣ ਸਾਚਾ ਚੰਨ, ਲੋਕਮਾਤ ਆਪ ਚੜ੍ਹਾਇੰਦਾ । ਦੋ ਜਹਾਨੀ ਬੇੜਾ ਬੰਨ੍ਹ, ਆਪੇ ਪਾਰ ਕਰਾਇੰਦਾ । ਨਾ ਕੋਈ ਛੱਪਰੀ ਨਾ ਕੋਈ ਛੰਨ, ਸਾਚਾ ਧਾਮ ਸੁਹਾਇੰਦਾ । ਏਕਾ ਰਾਗ ਸੁਣਾਏ ਕੰਨ, ਗੀਤ ਸੁਹਾਗੀ ਇਕ ਅਲਾਇੰਦਾ । ਦੇਵੇ ਨਾਮ ਸੱਚਾ ਮਾਲ ਧਨ, ਸਾਚਾ ਧਨ ਨਾ ਕੋਈ ਲੁਟਾਇੰਦਾ । ਪੰਜਾਂ ਚੋਰਾਂ ਦੇਵੇ ਡੰਨ, ਸ਼ਬਦ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮੇਲਾ ਇਕ ਦਰ, ਦਰ ਦਰਬਾਰਾ ਆਪ ਸੁਹਾਇੰਦਾ । ਦਰ ਦਰਬਾਰ ਏਕੰਕਾਰ, ਏਕਾ ਏਕ ਰਖਾਇਆ । ਸਤਿ ਸਰੂਪੀ ਪਹਿਰੇਦਾਰ, ਦੂਸਰ ਕੋਈ ਦਿਸ ਨਾ ਆਇਆ । ਤੀਜੇ ਨੇਤਰ ਵੇਖ ਵਖਾਏ, ਹਰਿ ਬੈਠਾ ਆਸਣ ਲਾਇਆ । ਨਾ ਕੋਈ ਦਿਸੇ ਪੰਚਮ ਧਾੜ, ਮਨ ਮਤ ਬੁਧ ਭੇਵ ਨਾ ਪਾਇਆ । ਜਗਤ ਤ੍ਰਿਸ਼ਨਾ ਦੇਵੇ ਮਾਰ, ਗੁਰ ਪੂਰਾ ਜਿਸ ਜਨ ਦਇਆ ਕਮਾਇਆ । ਵਾ ਨਾ ਲਗੇ ਤਤੀ ਹਾੜ, ਸੀਤਲ ਸਾਂਤਕ ਤਨ ਕਰਾਇਆ । ਆਪੇ ਹੋਇਆ ਪਿੱਛੇ ਅਗਾੜ, ਦੋ ਜਹਾਨੀ ਸੇਵ ਕਮਾਇਆ । ਜੋਤ ਜਗਾਏ ਬਹੱਤਰ ਨਾੜ, ਆਕਾਸ਼ ਪਰਕਾਸ਼ ਰਖਾਇਆ । ਦਰ ਦਵਾਰੇ ਦੇਵੇ ਵਾੜ, ਅੰਦਰ ਮੰਦਰ ਕੁੰਡਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਹਿ ਦਿਸ਼ਾ ਵੇਖ ਵਖਾਇਆ । ਦਹਿ ਦਿਸ਼ਾ ਹਰਿ ਵੇਖ ਵਖਾਏ, ਨੇਤਰ ਨੈਣ ਉਘਾੜਿਆ । ਭੇਵ ਨਾ ਪਾਇਣ ਰਾਜੇ ਰਾਣੇ, ਭਰਮੇ ਭੁੱਲੇ ਜੀਵ ਨਾਦਾਨਿਆ । ਗੁਰਮੁਖ ਸਾਚੇ ਆਪ ਪਛਾਣੇ, ਦੇਵੇ ਧੁਰ ਫ਼ਰਮਾਨਿਆ । ਏਕਾ ਬਖ਼ਸ਼ੇ ਚਰਨ ਧਿਆਨੇ, ਧੁਰਦਰਗਾਹੀ ਦੇਵੇ ਮਾਣਿਆ । ਗਊ ਗਰੀਬ ਗਲੇ ਲਗਾਣੇ, ਦਿਵਸ ਰੈਣ ਵੇਖ ਵਖਾ ਰਿਹਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਫਿਰਾਨੇ, ਕਲਜੁਗ ਅੰਤਮ ਵੇਸ ਵਟਾ ਲਿਆ । ਭੇਵ ਨਾ ਪਾਏ ਖਾਣੀ ਬਾਣੇ, ਪੜ੍ਹ ਪੜ ਥੱਕੇ ਵੇਦ ਪੁਰਾਨਿਆ । ਅੰਜੀਲ ਕੁਰਾਨਾਂ ਆਈ ਹਾਣੇ, ਮੁੱਲਾ ਸ਼ੇਖ਼ ਮੁਸਾਇਕ ਪੀਰ ਫ਼ਕੀਰ

ਦਸਤਗੀਰ ਸ਼ੇਖ ਹੋਏ ਮਸਤਾਨਿਆ । ਤੀਰ ਮਾਰੇ ਏਕਾ ਬਾਣੇ, ਸੋਹੰ ਤਿੱਖਾ ਕਾਨਿਆ । ਗੁਰਮੁਖ ਸਾਚੇ ਚਤਰ ਸੁਘੜ ਸਿਆਣੇ, ਦਰ ਦਵਾਰ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਦਰ ਰਾਓ ਰੰਕਾਂ ਨੌ ਖੰਡ ਪ੍ਰਿਥਮੀ ਆਪ ਸੁਣਾਨਿਆ । ਏਕਾ ਡੰਕਾ ਹਰਿ ਕਰਤਾਰ, ਆਪਣਾ ਆਪ ਵਜਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖੁਆਰ, ਗਊ ਗਰੀਬ ਆਪ ਉਠਾਇੰਦਾ । ਨਾਮ ਖੰਡਾ ਤੇਜ ਕਟਾਰ, ਲੋਆਂ ਪੁਰੀਆਂ ਆਪ ਵਖਾਇੰਦਾ । ਮਨਮੁਖ ਜੀਵਾਂ ਪਾਏ ਸਾਰ, ਰਾਏ ਧਰਮ ਸੀਸ ਨਿਵਾਇੰਦਾ । ਸੰਮਤ ਚੌਦਾਂ ਤੇਰੀ ਧਾਰ, ਲੋਕਮਾਤ ਆਪ ਬੰਧਾਇੰਦਾ । ਲੱਖ ਚੁਰਾਸੀ ਪੈਣੀ ਮਾਰ, ਨਾ ਕੋਈ ਕਿਸੇ ਛੁਡਾਇੰਦਾ । ਗੋਬਿੰਦ ਮੇਲਾ ਹਰਿ ਨਿਰੰਕਾਰ, ਆਪਣਾ ਰੂਪ ਸਮਾਇੰਦਾ । ਚੇਲਾ ਗੁਰ ਪੁਰਖ ਭਤਾਰ, ਨਾਰੀ ਕੰਤ ਆਪ ਅਖਵਾਇੰਦਾ । ਸੰਤ ਸੁਹੇਲੇ ਸਚ ਦੁਲਾਰ, ਗੁਰਮੁਖ ਸਾਚੇ ਆਪ ਉਠਾਇੰਦਾ । ਸੱਜਣ ਸੁਹੇਲੇ ਵਿਚ ਸੰਸਾਰ, ਸਾਚਾ ਨਾਤਾ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਰਾਹ ਵਿਖਾਇੰਦਾ । ਕਲਜੁਗ ਤੇਰੀ ਅੰਤ ਬਰਾਤ, ਪ੍ਰਭ ਏਕਾ ਏਕ ਰਖਾਈਆ । ਲੱਖ ਚੁਰਾਸੀ ਦੇਵੇ ਦਾਤ, ਲਾੜੀ ਮੌਤ ਡੋਲੀ ਪਾਈਆ । ਜੂਠ ਝੂਠ ਸੱਚਾ ਨਾਤ, ਅੰਤਮ ਤੋੜ ਨਿਭਾਈਆ । ਪਾਰਬ੍ਰਹਮ ਬੈਠ ਇਕਾਂਤ, ਦਹਿ ਦਿਸ਼ਾ ਵੇਖ ਵਖਾਈਆ । ਨਿਹਕਲੰਕ ਵੇਖੇ ਮਾਰ ਝਾਤ, ਚਾਰੋਂ ਕੁੰਟ ਰਹੀ ਕੁਰਲਾਈਆ । ਸਚ ਸੁੱਚ ਖਟੋਲੇ ਸੁੱਤਾ ਖਾਟ, ਨੇਤਰ ਨੈਣ ਰਿਹਾ ਉਘੜਾਈਆ । ਏਕਾ ਵਸਤ ਸਾਚੇ ਹਾਟ, ਘਰ ਸਾਚੇ ਵੇਖ ਵਖਾਈਆ । ਆਦਿ ਅੰਤ ਨਾ ਆਏ ਘਾਟ, ਹਰਿ ਬੈਠਾ ਬੇਪਰਵਾਹੀਆ । ਜਨ ਭਗਤਾਂ ਵੇਖੇ ਕਾਇਆ ਮਾਟ, ਸੋਹੰ ਧਾਰ ਚਲਾਈਆ । ਨਿਰਮਲ ਜੋਤੀ ਜਗੇ ਲਿਲਾਟ, ਜੋਤ ਨਿਰੰਜਣ ਆਪ ਜਗਾਈਆ । ਬਜਰ ਕਪਾਟੀ ਜਾਏ ਪਾਟ, ਆਤਮ ਦਰਸੀ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਅੰਤਮ ਤਰਸ ਕਰ, ਆਤਮ ਹਰਸ ਮਿਟਾਈਆ । ਕਲਜੁਗ ਤੇਰਾ ਜਗਤ ਦਵਾਰ, ਹਰਿ ਖੋਲ੍ਹੇ ਨੌ ਦਰਵਾਜ਼ਿਆ । ਭਰਮੇ ਭੁੱਲੇ ਜੀਵ ਗਵਾਰ, ਆਪਣਾ ਸਾਜਨ ਨਾ ਕਿਸੇ ਸਾਜਿਆ । ਮਿਲਿਆ ਮੇਲ ਨਾ ਹਰਿ ਮੀਤ ਮੁਰਾਰ, ਨਾ ਰਚਿਆ ਕਾਇਆ ਕਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਆਪ ਸਵਾਰੇ ਆਪਣਾ ਕਾਜਿਆ । ਆਪ ਆਪਣਾ ਰੱਚਿਆ ਕਾਜਾ, ਕਲਜੁਗ ਅੰਤਮ ਵੇਖ ਵਖਾਈਆ । ਸਤਿਜੁਗ ਤੇਰੀ ਰੱਖੇ ਲਾਜਾ, ਲੋਕਮਾਤ ਜਨਮ ਦਵਾਈਆ । ਧੁਰਦਰਗਾਹੀ ਆਏ ਭਾਜਾ, ਹਰਿ ਸ਼ਬਦ ਕਰੇ ਕੁੜਮਾਈਆ । ਦੋ ਜਹਾਨਾਂ ਰਾਜਨ ਰਾਜਾ, ਸ਼ਾਹ ਸੁਲਤਾਨਾ ਆਪ ਅਖਵਾਈਆ । ਆਪ ਆਪਣੀ ਮਾਰੇ ਆਵਾਜਾ, ਆਪ ਆਪਣਾ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਚਾਰ ਵਰਨਾਂ ਇਕ ਪੜ੍ਹਾਈਆ । ਚਾਰ ਵਰਨ ਇਕ ਅੱਖਰ, ਹਰਿ ਸਾਚਾ ਆਪ ਪੜ੍ਹਾਇੰਦਾ । ਬਜਰ ਕਪਾਟੀ ਪਾੜੇ ਪੱਥਰ, ਸਾਚਾ ਤੀਰ ਚਲਾਇੰਦਾ । ਨੇਤਰ ਨੀਰ ਵਰੋਲੇ ਅੱਥਰ, ਅੰਮ੍ਰਿਤ ਝਿਰਨਾ ਇਕ ਝਿਰਾਇੰਦਾ । ਪੰਜਾਂ ਚੋਰਾਂ ਕਰੇ ਸੱਥਰ, ਨਾਮ ਖੰਡਾ ਇਕ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬ੍ਰਹਿਮੰਡਾਂ ਪਾਵੇ ਵੰਡਾਂ, ਏਕਾ ਨਾਮ ਜਪਾਇੰਦਾ । ਏਕਾ ਨਾਮ ਜਗਤ ਅਪਾਰ, ਹਰਿ ਸਾਚਾ ਮਾਤ ਧਰਾਇੰਦਾ । ਚਾਰ ਵਰਨਾਂ ਇਕ ਦਵਾਰ, ਏਕਾ ਧਾਮ ਸੁਹਾਇੰਦਾ । ਊਚਾਂ ਨੀਚਾਂ ਭੇਵ ਨਿਵਾਰ, ਰਾਓ ਰੰਕਾਂ ਰਾਜ ਰਾਜਾਨਾਂ ਏਕਾ ਧਾਮ ਵਖਾਇੰਦਾ । ਜੋਤੀ

੫੧੩
੦੬

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨੂੰ ਬੰਸੀ ਆਪ ਅਖਵਾਇੰਦਾ । ਵਿਸ਼ਨੂੰ ਬੰਸੀ ਸ਼ਬਦ ਇਕਾਗਰ, ਏਕਾ ਏਕ ਬਣਾਇਆ । ਕਾਇਆ ਵੇਖੇ ਸਾਚਾ ਸਾਗਰ, ਅੰਮ੍ਰਿਤ ਜਲ ਭਰਾਇਆ । ਗੁਰਮੁਖ ਵਿਰਲੇ ਬਣੇ ਸੁਦਾਗਰ, ਰਤਨ ਅਮੋਲਕ ਪਾਇਆ । ਨਿਰਮਲ ਕਰਮ ਹੋਏ ਉਜਾਗਰ, ਹਰਿ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇਆ । ਆਪਣੇ ਰੰਗ ਆਪੇ ਰੰਗ ਰਾਤਾ, ਦੋ ਜਹਾਨਾਂ ਵਾਲੀ । ਜਨ ਭਗਤਾਂ ਦੇਵੇ ਸਾਚੀ ਦਾਤਾ, ਆਪ ਰਹੇ ਸਦਾ ਹੱਥ ਖਾਲੀ । ਆਪੇ ਪਿਤਾ ਆਪੇ ਮਾਤਾ, ਫਲ ਵੇਖੇ ਕਾਇਆ ਡਾਲ੍ਹੀ । ਕਲਜੁਗ ਮੇਟੇ ਅੰਧੇਰੀ ਰਾਤਾ, ਸ੍ਰਿਸ਼ਟ ਸਬਾਈ ਹਾਲ ਬੇਹਾਲੀ । ਗੁਰਮੁਖਾਂ ਬੰਨ੍ਹੇ ਚਰਨੀ ਨਾਤਾ, ਗੁਰ ਸ਼ਬਦ ਕਰੇ ਦਲਾਲੀ । ਮੇਟ ਮਿਟਾਏ ਜ਼ਾਤਾ ਪਾਤਾ, ਏਕਾ ਦੇਵੇ ਨੂਰ ਹੱਕ ਜਲਾਲੀ । ਰੰਗ ਰੰਗਾਏ ਦੀਪ ਸਾਤਾ, ਨੌ ਖੰਡ ਗਾਏ ਸੋਹੰ ਸਚ ਕਵਾਲੀ । ਪਾਰਬ੍ਰਹਮ ਕਮਲਾਪਾਤਾ, ਗੁਰਮੁਖ ਸਾਚੇ ਦਰ ਸਵਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪਰਗਟ ਜੋਤ ਹੋਏ ਅਕਾਲੀ । ਇਕ ਅਕਾਲ, ਆਪਣੀ ਕਲ ਵਰਤਾਇੰਦਾ । ਦੀਨਾਂ ਬੰਧਪ ਦੀਨ ਦਿਆਲ, ਗੁਰ ਚੇਲੇ ਮੇਲ ਮਿਲਾਇੰਦਾ । ਕਾਇਆ ਮੰਦਰ ਸਚ ਧਰਮਸਾਲ, ਸਤਿਗੁਰ ਪੂਰਾ ਆਸਣ ਲਾਇੰਦਾ । ਦਿਵਸ ਰੈਣ ਕਰੇ ਰਖਵਾਲ, ਦੇ ਮਤ ਆਪ ਸਮਝਾਇੰਦਾ । ਸੰਤ ਸੁਹੇਲੇ ਭਾਲ, ਜੋਤੀ ਰੂਪ ਸਮਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਭੇਖਾਧਾਰੀ ਭੇਖ ਵਟਾਇੰਦਾ । ਸ਼ਬਦ ਬਣਾਏ ਨਾਮ ਦਲਾਲ, ਸਚ ਵਣਜਾਰਾ ਵਣਜ ਕਰਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਜਿਸ ਜਨ ਸਿਰ ਆਪਣਾ ਹੱਥ ਟਿਕਾਇੰਦਾ । ਸੋਹੰ ਦੇਵੇ ਸ਼ਬਦ ਧਨ ਮਾਲ, ਚੋਰ ਯਾਰ ਲੁੱਟ ਨਾ ਕੋਈ ਲੈ ਜਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਦਾਤਾ ਦਾਨੀ ਆਪ ਅਖਵਾਇੰਦਾ । ਆਪੇ ਬਿਰਧ ਬਾਲ ਜਵਾਨ, ਆਪ ਆਪਣੇ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਰੂਪ ਵਖਾਇੰਦਾ । ਨਰ ਹਰਿ ਹਰਿ ਨਿਰੰਕਾਰ, ਹਰਿ ਹਰਿ ਰੂਪ ਸਮਾਇਆ । ਆਦਿ ਪੁਰਖ ਅਪਰੰਪਰ, ਭੇਵ ਕੋਈ ਨਾ ਪਾਇਆ । ਕਲਜੁਗ ਕਾਇਆ ਰਚਿਆ ਇਕ ਸਵੰਬਰ, ਸਚ ਨਿਸ਼ਾਨ ਲਗਾਇਆ । ਲੱਖ ਚੁਰਾਸੀ ਝੂਠ ਅਡੰਬਰ, ਅੰਤਮ ਲਏ ਮਿਟਾਇਆ । ਨਾ ਕੋਈ ਦਿਸੇ ਪੀਰ ਪੈਗ਼ੰਬਰ, ਗੁਰ ਪੀਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵਹਿਣ ਵਹਾਇਆ । ਕਲਜੁਗ ਤੇਰਾ ਝੂਠਾ ਵਹਿਣ, ਏਕਾ ਏਕ ਵਹਾਇੰਦਾ । ਮਨਮੁਖ ਜੀਵ ਸਾਰੇ ਵਹਿਣ, ਪ੍ਰਭ ਸਾਚਾ ਆਪ ਰੁੜ੍ਹਾਇੰਦਾ । ਨੇਤਰ ਲੋਚਣ ਵੇਖਣ ਨੈਣ, ਨਾ ਕੋਈ ਕਿਸੇ ਬਚਾਇੰਦਾ । ਦਰ ਮੰਗੇ ਲਾੜੀ ਮੌਤ ਡੈਣ, ਪ੍ਰਭ ਸਾਚਾ ਝੋਲੀ ਪਾਇੰਦਾ । ਭਗਤ ਸੁਹੇਲਾ ਸਾਕ ਸੱਜਣ ਸੈਣ, ਗੁਰ ਚੇਲਾ ਮੇਲ ਮਿਲਾਇੰਦਾ । ਆਪ ਚੁਕਾਏ ਲਹਿਣ ਦੇਣ, ਗੋਬਿੰਦ ਸਾਚੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗਤ ਜੋਗ ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਅੰਤਮ ਜੋਗ, ਏਕਾ ਏਕ ਵਖਾਇਆ । ਲੱਖ ਚੁਰਾਸੀ ਹੋਏ ਵਿਯੋਗ, ਨਾ ਕੋਈ ਮੇਲ ਮਿਲਾਇਆ । ਹਉਮੇ ਹੰਗਤਾ ਲੱਗਾ ਰੋਗ, ਹੰਕਾਰ ਵਿਕਾਰ ਵਧਾਇਆ । ਰਸਨਾ ਰਸ ਲੈਣਾ ਭੋਗ, ਆਤਮ ਰਸ ਕਿਸੇ ਹੱਥ ਨਾ ਆਇਆ । ਫਿਰੇ ਦੁਹਾਈ ਲੋਕ ਪਰਲੋਕ, ਸਚ ਸਲੋਕ ਨਾ ਕੋਈ ਸੁਣਾਇਆ । ਪ੍ਰਭ ਕਾ ਭਾਣਾ ਨਾ ਕੋਈ ਸਕੇ ਰੋਕ, ਸੰਮਤ ਚੌਦਾਂ ਵੇਖ ਵਖਾਇਆ । ਸ੍ਰਿਸ਼ਟ ਸਬਾਈ ਦਏ ਝੋਕ,

੫੧੫
੦੬

ਤ੍ਰੈਗੁਣ ਮਾਇਆ ਏਕਾ ਮੱਠ ਤਪਾਇਆ । ਧਰਮ ਰਾਏ ਅੰਤਮ ਵੇਖ, ਦਰ ਦਰਵਾਜਾ ਆਪਣਾ ਆਪ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਸਾਚਾ ਸੰਗ ਨਿਭਾਇਆ । ਗੋਬਿੰਦ ਗੁਰ ਸਾਚਾ ਮੀਤਾ, ਏਕਾ ਏਕ ਅਖਵਾਇੰਦਾ । ਭਗਤ ਜਨਾਂ ਸਦ ਵਸਿਆ ਚੀਤਾ, ਆਪਣੇ ਰੰਗ ਰੰਗਾਇੰਦਾ । ਆਪ ਚਲਾਏ ਆਪਣੀ ਰੀਤਾ, ਅੰਮ੍ਰਿਤ ਜਾਮ ਪਿਆਇੰਦਾ । ਸਚ ਵਖਾਏ ਮੰਦਰ ਮਸੀਤਾ, ਗੁਰੂਦਵਾਰਾ ਦਿਹੁਰਾ ਧਾਮ ਸੁਹਾਇੰਦਾ । ਨਾਮ ਜਪਾਏ ਇਕ ਅਨਡੀਠਾ, ਲੇਖਾ ਲੇਖ ਵਿਚ ਨਾ ਆਇੰਦਾ । ਭਗਤ ਜਨਾਂ ਸਦ ਲਾਗੇ ਮੀਠਾ, ਬੇਮੁਖ ਨਾ ਰਸਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਸਲੋਕ ਇਕ ਅਲਾਇੰਦਾ । ਸਾਚਾ ਸ਼ਬਦ ਨਾਮ ਧਨ, ਏਕਾ ਏਕ ਜਣਾਈਆ । ਗੁਰਮੁਖ ਸਾਚੇ ਰਹੇ ਮੰਨ, ਮਨਮੁਖ ਬੈਠੇ ਮੁਖ ਭਵਾਈਆ । ਆਪੇ ਜਾਣੇ ਗੁਣ ਅਵਗੁਣ, ਗਿਆਨੀ ਧਿਆਨੀ ਭੇਵ ਨਾ ਰਾਈਆ । ਸਾਜਣ ਸਾਚਾ ਮੀਤ ਜਨ, ਆਤਮ ਘਰ ਵੱਜੇ ਵਧਾਈਆ । ਲੱਖ ਚੁਰਾਸੀ ਛਾਣ ਪੁਣ, ਜਨ ਭਗਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਗੁਰ ਸਾਚਾ ਆਪ ਅਖਵਾਈਆ । ਸਤਿਗੁਰ ਸਾਚਾ ਸਾਚਾ ਕੰਤ, ਏਕਾ ਏਕ ਅਖਵਾਇਆ । ਮੇਲ ਮਿਲਾਵਾ ਸਾਚੇ ਸੰਤ, ਦਰ ਘਰ ਸਾਚਾ ਇਕ ਵਖਾਇਆ । ਆਪ ਬਣਾਏ ਆਪਣੀ ਬਣਤ, ਦੂਸਰ ਕੋਇ ਨਾ ਨਾਲ ਰਲਾਇਆ । ਜੁਗ ਜੁਗ ਮਹਿੰਮਾ ਗਣਤ ਅਗਣਤ, ਲਿਖਿਆ ਲੇਖ ਨਾ ਕੋਈ ਲਿਖਾਇਆ । ਆਪੇ ਖੇਲੇ ਆਦਿ ਅੰਤ, ਜੁਗ ਜੁਗ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤਮ ਲਹਿਣਾ ਦੇਣਾ ਰਿਹਾ ਚੁਕਾਇਆ । ਕਲਜੁਗ ਤੇਰਾ ਅੰਤਮ ਅੰਤ, ਅੰਤ ਹੋਏ ਜੁਦਾਈਆ । ਭਰਮੇ ਭੁੱਲੇ ਜੀਵ ਜੰਤ ਸਾਧ ਸੰਤ, ਆਤਮ ਸੁਖ ਸਹਿਜ ਕੋਈ ਨਾ ਪਾਈਆ । ਮਿਲੇ ਮੇਲ ਨਾ ਨਾਰੀ ਕੰਤ, ਸੁਰਤ ਸ਼ਬਦ ਨਾ ਮੇਲ ਮਿਲਾਈਆ । ਕਾਇਆ ਚੋਲੀ ਨਾ ਚਾੜ੍ਹੇ ਰੰਗ ਬਸੰਤ, ਰੁੱਤ ਨਾ ਕੋਈ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰਿਹਾ ਸੇਵ ਕਮਾਈਆ ।

ਸਤਿ ਪੁਰਖ ਪ੍ਰਭ ਏਕ, ਏਕਾ ਘਰ ਵਸਾਇਆ । ਸ਼ਬਦ ਰਖਾਏ ਟੇਕ, ਦੂਜਾ ਦਰ ਖੁਲ੍ਹਾਇਆ । ਤੀਜੇ ਨੇਤਰ ਵੇਖ, ਭਗਤ ਮੇਲ ਮਿਲਾਇਆ । ਚੌਥਾ ਘਰ ਵਿਸੇਖ, ਹਰਿ ਸੰਤਨ ਡੇਰਾ ਲਾਇਆ । ਪੰਚਮ ਲਿਖਿਆ ਲੇਖ, ਦੋ ਜਹਾਨੀ ਰਿਹਾ ਮਿਟਾਇਆ । ਛੇਵਾਂ ਮੂੰਡ ਮੁੰਡਾਏ ਨਾ ਧਾਰੀ ਕੇਸ, ਰੂਪ ਅਨੂਪਾ ਆਪ ਅਖਵਾਇਆ । ਘਰ ਸੱਤਵੇਂ ਇਕ ਆਦੇਸ, ਆਪਣੀ ਆਪ ਕਰਾਇਆ । ਅੱਠ ਤਤ ਦਰ ਦਰਵੇਸ਼, ਦਿਵਸ ਰੈਣ ਮੰਗ ਮੰਗਾਇਆ । ਨੌ ਦਰ ਭੁੱਲੇ ਨਰ ਨਰੇਸ਼, ਨਰ ਨਰਾਇਣ ਦਿਸ ਨਾ ਆਇਆ । ਘਰ ਦਸਵੇਂ ਰਹੇ ਹਮੇਸ਼, ਆਤਮ ਸੇਜਾ ਆਸਣ ਲਾਇਆ । ਭੇਵ ਨਾ ਪਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਹਰਿ ਭਗਵੰਤਾ ਇਕ ਇਕੰਤਾ ਸਾਚੇ ਧਾਮ ਸੁਹਾਇਆ । ਆਪੇ ਜਾਣੇ ਆਪਣੇ ਵੇਸ, ਜੁਗ ਜੁਗ ਕਰਦਾ ਆਇਆ । ਆਪੇ ਗੋਬਿੰਦ ਦਸ ਦਸਮੇਸ਼, ਕਲਗੀ ਤੋੜਾ ਸੀਸ ਟਿਕਾਇਆ । ਆਪੇ ਹੋਇਆ ਦਰ ਦਰਵੇਸ਼, ਜਨ ਭਗਤ ਦਵਾਰੇ ਅਲਖ ਜਗਾਇਆ । ਬਾਲ

ਅਵਸਥਾ ਅੱਲੜ੍ਹ ਵਰੇਸ, ਬਾਲੀ ਬੁਧ ਅਖਵਾਇਆ । ਲੋਆਂ ਪੁਰੀਆਂ ਰਿਹਾ ਵੇਖ, ਦਿਸ ਕਿਸੇ ਨਾ ਆਇਆ । ਕਲਜੁਗ ਤੇਰੀ ਅੰਤਮ ਮੇਟੇ ਰੇਖ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਖੁਲ੍ਹਾਇਆ । ਦਰ ਦਵਾਰਾ ਇਕ ਨਿਰੰਕਾਰ, ਆਪਣਾ ਆਪ ਖੁਲ੍ਹਾਇਆ । ਕਲਜੁਗ ਸਤਿਜੁਗ ਹੋਏ ਭਿਖਾਰ, ਦੋਏ ਬੈਠੇ ਸੀਸ ਝੁਕਾਇਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਵੇਲੇ ਅੰਤ ਦਏ ਦੁਹਾਇਆ । ਸਤਿਜੁਗ ਸਾਚੇ ਕਰੇ ਪਿਆਰ, ਚਰਨੀ ਸੀਸ ਝੁਕਾਇਆ । ਸੋਹੰ ਸ਼ਬਦ ਅਧਵਿਚਕਾਰ, ਪ੍ਰਭ ਸਾਲਸ ਆਪ ਕਰਾਇਆ । ਕਲਜੁਗ ਕਰਮਾਂ ਕਰੇ ਵਿਚਾਰ, ਕੂੜ ਕੁੜਿਆਰ ਅੱਗੇ ਡਾਹਿਆ । ਸਤਿਜੁਗ ਧਰਮ ਕਰੇ ਜੈਕਾਰ, ਏਕਾ ਨਾਅਰਾ ਲਾਇਆ । ਸੋ ਪੁਰਖ ਨਿਰੰਜਣ ਹਰਿ ਕਰਤਾਰ, ਆਪੇ ਵੇਖਣ ਆਇਆ । ਹਉਮੇ ਹੰਗਤ ਹੋਏ ਖੁਆਰ, ਨਾ ਦਿਸੇ ਕੋਈ ਸਹਾਇਆ । ਸਤਿਜੁਗ ਮੰਗਤਾ ਦਰ ਦਰਬਾਰ, ਪ੍ਰਭ ਅੱਗੇ ਝੋਲੀ ਡਾਹਿਆ । ਭਰਨਹਾਰਾ ਆਪ ਭੰਡਾਰ, ਘਰ ਸਾਚਾ ਵੇਖ ਵਖਾਇਆ । ਜੋਤੀ ਜਾਮਾ ਭੇਖ ਅਪਾਰ, ਲੋਕਮਾਤੀ ਫੇਰਾ ਪਾਇਆ । ਲੱਖ ਚੁਰਾਸੀ ਅੰਦਰ ਬਾਹਰ, ਗੁਪਤ ਜ਼ਾਹਿਰ ਫੋਲ ਫੁਲਾਇਆ । ਲੋਆਂ ਪੁਰੀਆਂ ਇਕ ਅਧਾਰ, ਏਕਾ ਅੰਕ ਵਖਾਇਆ । ਸੰਮਤ ਚੌਦਾਂ ਬੰਨ੍ਹੇ ਧਾਰ, ਦਸ ਚੇਤਰ ਦਿਵਸ ਸੁਹਾਇਆ । ਸੰਤ ਸੁਹੇਲੇ ਲਏ ਉਭਾਰ, ਆਪ ਆਪਣੇ ਅੰਗ ਲਗਾਇਆ । ਮਨਮੁਖ ਜੀਵ ਦੁਸ਼ਟ ਦੁਰਾਚਾਰ, ਰਾਏ ਧਰਮ ਦਏ ਸਜ਼ਾਇਆ । ਸੋਹੰ ਖੰਡਾ ਤੇਜ ਕਟਾਰ, ਬ੍ਰਹਿਮੰਡਾਂ ਰਿਹਾ ਵਖਾਇਆ । ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਲਿਖਿਆ ਲਿਖਤ ਲੇਖ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਇਕ ਦਰ, ਸਾਚੀ ਸਿੱਖੀ ਰਿਹਾ ਸਿਖਾਇਆ । ਚਾਰ ਵਰਨ ਇਕ ਭੰਡਾਰ, ਆਪੇ ਆਪ ਵਰਤਾਇੰਦਾ । ਸਤਿਜੁਗ ਸਾਚਾ ਖੋਲ੍ਹ ਦਵਾਰ, ਕਲਜੁਗ ਮੇਟ ਮਿਟਾਇੰਦਾ । ਸ਼ਬਦ ਸ਼ਬਦੀ ਜੈ ਜੈਕਾਰ, ਜੈ ਜੈ ਜੈਕਾਰਾ ਆਪ ਕਰਾਇੰਦਾ । ਨਰ ਨਰਾਇਣ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਗੋਬਿੰਦ ਕਾਇਆ ਕਰ ਪਿਆਰ, ਜੋਤੀ ਸ਼ਬਦ ਮੇਲ ਮਿਲਾਇੰਦਾ । ਗੁਰਮੁਖ ਗੁਰਸਿਖ ਭਗਤ ਅਧਾਰ, ਭਗਤੀ ਭਗਤ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗੰਮ ਅਪਾਰਾ ਦਰਸ ਦਿਖਾਇੰਦਾ ।



੫੧੬
੦੬

### ❊ ੧੦ ਚੇਤ ੨੦੧੪ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਅਜਨੌਧ ਜ਼ਿਲਾ ਲੁਧਿਆਣਾ ❊

ਜੁਗ ਜੁਗ ਮਾਣ ਨਿਮਾਣਿਆਂ, ਦੇਵਣਹਾਰ ਦਾਤਾਰ । ਚਲੇ ਚਲਾਏ ਆਪਣੇ ਭਾਣਿਆ, ਵਰਤੇ ਵਰਤਾਵੇ ਵਿਚ ਸੰਸਾਰ । ਕਿਸੇ ਹੱਥ ਨਾ ਆਏ ਰਾਜੇ ਰਾਣਿਆ, ਭਰਮੇ ਭੁੱਲੇ ਜੀਵ ਗਵਾਰ । ਜਨ ਭਗਤਾਂ ਕਰੇ ਆਪ ਪਛਾਣਿਆ, ਪਾਰਬ੍ਰਹਮ ਪ੍ਰਭ ਪਾਏ ਸਾਰ । ਏਕਾ ਬਖ਼ਸ਼ੇ ਜੀਆ ਦਾਨਿਆ, ਸਾਚਾ ਧਰਮ ਵਿਚਾਰ । ਨਾਮ ਨਿਧਾਨਾ ਦੇਵੇ ਗੁਣ ਨਿਧਾਨਿਆ, ਪੂਰਬ ਕਰਮ ਵਿਚਾਰ । ਦਰ ਦਵਾਰ ਕਰੇ ਪਰਵਾਨਿਆ, ਆਪ ਆਪਣੀ ਕਿਰਪਾ ਧਾਰ, ਦਰ ਘਰ ਸਾਚਾ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫੜ ਬਾਂਹੋ ਲਾਏ ਪਾਰ ।

ਗੁਰਮੁਖ ਸਾਚਾ ਬਾਲ ਅੰਞਾਣਾ, ਪ੍ਰਭ ਸਾਚਾ ਆਪਣੀ ਗੋਦ ਉਠਾਇੰਦਾ । ਕਿਸੇ ਹੱਥ ਨਾ ਆਏ ਰਾਜੇ ਰਾਣਾ, ਭਰਮੇ ਭੁੱਲੇ ਭਰਮ ਭੁਲਾਇੰਦਾ । ਦਰ ਦਵਾਰੇ ਦੇਵੇ ਮਾਣਾ, ਹੋਏ ਨਿਮਾਣਾ ਜੋ ਸੀਸ ਝੁਕਾਇੰਦਾ । ਸ਼ਬਦ ਬਿਠਾਏ ਸਚ ਬਿਬਾਣਾ, ਪੁਰੀਆਂ ਲੋਆਂ ਆਪ ਉਡਾਇੰਦਾ । ਅੰਮ੍ਰਿਤ ਆਤਮ ਪੀਣਾ ਖਾਣਾ, ਸਾਚਾ ਰਾਗ ਅਲਾਇੰਦਾ । ਧੁਰਦਰਗਾਹੀ ਇਕ ਫ਼ਰਮਾਣਾ, ਜੁਗ ਜੁਗ ਮਾਤ ਸੁਣਾਇੰਦਾ । ਭਗਤ ਜਨਾਂ ਦਰ ਕਰ ਪਰਵਾਨਾ, ਆਪਣੀ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚਾ ਸਾਜਣ ਮੀਤਾ, ਹਰਿ ਏਕਾ ਏਕ ਰਖਾਇਆ । ਜੁਗ ਜੁਗ ਚਲਾਏ ਅਚਰਜ ਰੀਤਾ, ਆਪ ਆਪਣੇ ਰੰਗ ਰੰਗਾਇਆ । ਇਕ ਸੁਣਾਏ ਸੁਹਾਗੀ ਗੀਤਾ, ਸਾਚਾ ਛੰਦ ਸੁਣਾਇਆ । ਇਕ ਕਰਾਏ ਹਸਤ ਕੀਟਾ, ਊਚੋ ਨੀਚ ਕਰਾਇਆ । ਦੇਵੇ ਸ਼ਬਦ ਨਾਮ ਅਨਡੀਠਾ, ਅੰਤਮ ਝੋਲੀ ਰਿਹਾ ਪਾਇਆ । ਮਨਮੁਖ ਵੇਖੇ ਕੌੜਾ ਰੀਠਾ, ਗੜ੍ਹ ਹੰਕਾਰ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਸਾਚਾ ਮੇਲਾ ਹਰਿ ਬਨਵਾਰੀ, ਆਪਣਾ ਆਪ ਕਰਾਇੰਦਾ । ਭਗਤ ਜਨਾਂ ਸਦ ਪਹਿਰੇਦਾਰੀ, ਦਿਵਸ ਰੈਣ ਅਖਵਾਇੰਦਾ । ਕਲਜੁਗ ਤੇਰੀ ਅੰਤਮ ਵਾਰੀ, ਆਪ ਆਪਣਾ ਰੰਗ ਰੰਗਾਇੰਦਾ । ਖੇਲੇ ਖੇਲ ਵਡ ਸੰਸਾਰੀ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵਸਿਆ ਘਰ, ਘਰ ਬਾਹਰੀ ਇਕ ਅਖਵਾਇੰਦਾ । ਗੁਰਮੁਖ ਚਤਰ ਸੁਜਾਨ, ਏਕਾ ਏਕ ਅਖਵਾਇਆ । ਆਤਮ ਜੋਤੀ ਬ੍ਰਹਮ ਗਿਆਨ, ਦੀਪਕ ਏਕਾ ਸ਼ਬਦ ਜਗਾਇਆ । ਸ਼ਬਦ ਫੜਾਏ ਧਰਮ ਨਿਸ਼ਾਨ, ਚਾਰੇ ਕੁੰਟਾਂ ਰਿਹਾ ਵਖਾਇਆ । ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ, ਏਕਾ ਦੂਜਾ ਭੇਵ ਚੁਕਾਇਆ । ਜੋਧਾ ਸੂਰ ਬਲੀ ਬਲਵਾਨ, ਹਰਿ ਵੱਡਾ ਸ਼ਾਹੋ ਭੂਪ ਆਪ ਅਖਵਾਇਆ । ਜਨ ਭਗਤਾਂ ਦੇਵੇ ਨਾਮ ਨਿਧਾਨ, ਅੰਮ੍ਰਿਤ ਆਤਮ ਇਕ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਆਤਮ ਘਰ, ਘਰ ਬਾਹਰ ਇਕ ਸੁਹਾਇਆ । ਗੁਰਸਿਖ ਤੇਰੀ ਆਤਮ ਸਿੱਕ, ਹਰਿ ਸਾਚਾ ਆਪ ਬੁਝਾਇੰਦਾ । ਧੁਰਦਰਗਾਹੀ ਲੇਖ ਲਿਖ, ਅੰਤਮ ਮੇਲ ਮਿਲਾਇੰਦਾ । ਨੇਤਰ ਲੋਚਨ ਆਪੇ ਪੇਖ, ਦਰ ਦਵਾਰ ਅੰਤ ਸੁਹਾਇੰਦਾ । ਮਸਤਕ ਲਾਏ ਸਾਚੀ ਮੇਖ, ਨਾ ਕੋਈ ਜੜ੍ਹ ਉਖੜਾਇੰਦਾ । ਦੂਈ ਦਵੈਤੀ ਲਾਹੇ ਵਿੱਖ, ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੰਗ ਨਿਭਾਇੰਦਾ । ਪਾਰਬ੍ਰਹਮ ਪ੍ਰਭ ਸਗਲਾ ਸਾਥ, ਏਕਾ ਏਕ ਰਖਾਇਆ । ਮਸਤਕ ਲਹਿਣਾ ਦੇਵੇ ਮਾਥ, ਜੁਗ ਜੁਗ ਮੂਲ ਚੁਕਾਇਆ । ਨਾਮ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਆਪ ਅਖਵਾਇਆ । ਮਿਲਿਆ ਮੇਲ ਤ੍ਰੈਲੋਕੀ ਨਾਥ, ਵਿਛੜ ਕਦੇ ਨਾ ਜਾਇਆ । ਸ਼ਬਦ ਚਲਾਏ ਮਹਿੰਮਾ ਅਕੱਥ, ਜਿਹਵਾ ਕਥ ਨਾ ਸਕੇ ਰਾਇਆ । ਸਗਲ ਵਸੂਰੇ ਜਾਇਣ ਲੱਥ, ਆਤਮ ਦਰਸੀ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਗਰੀਬ ਨਿਮਾਣਾ ਗਲੇ ਲਗਾਇਆ । ਗੁਰਮੁਖ ਸਾਚੇ ਸਾਚਾ ਹਿਤ, ਹਰਿ ਸਾਚਾ ਆਪ ਕਰਾਇਆ । ਦੋ ਜਹਾਨਾਂ ਸਾਚਾ ਮਿਤ, ਏਕਾ ਏਕ ਅਖਵਾਇਆ । ਦਰਸ ਦਿਖਾਏ ਨਿਤ ਨਵਿਤ, ਆਪਣਾ ਭੇਖ ਵਟਾਇਆ । ਲੇਖੇ ਲਾਏ ਬੂੰਦ ਰਿਤ, ਮਾਨਸ ਦੇਹੀ ਲੇਖੇ ਲਾਇਆ । ਪਾਰਬ੍ਰਹਮ ਪ੍ਰਭ ਦਸ ਚੇਤ, ਚਿਤ ਵਿਤ ਨਾ ਠਗੋਰੀ ਪਾਇਆ । ਅੰਮ੍ਰਿਤ ਆਤਮ ਕਾਇਆ ਸਿਤ, ਹਰਿ ਹਰਿ ਹਵਨ ਰਿਹਾ ਕਰਾਇਆ । ਆਪੇ ਮਾਤ ਆਪੇ ਪਿਤ, ਆਪਣੀ ਗੋਦ

ਉਠਾਇਆ । ਆਪੇ ਜਾਣੇ ਵਾਰ ਥਿਤ, ਗੁਰਮੁਖ ਸਾਚੇ ਲਏ ਤਰਾਇਆ । ਧੰਨ ਭਾਗ ਦਿਹਾੜਾ ਮਹੀਨਾ ਚੇਤ, ਦਸ ਦਸਵਾਂ ਦਸ ਘਰ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਆਤਮ ਤ੍ਰਿਸ਼ਨਾ ਭੁੱਖ ਮਿਟਾਇਆ । ਗੁਰਮੁਖ ਸਾਚੇ ਸਦ ਬਲਿਹਾਰ, ਹਰਿ ਸਾਚੀ ਸੇਵ ਕਮਾਈਆ । ਦੋ ਜਹਾਨਾਂ ਲਾਏ ਪਾਰ, ਬੇੜਾ ਬੰਨੇ ਲਾਈਆ । ਮਨਮੁਖ ਜੀਵ ਡੋਬੇ ਵਿਚ ਮੰਝਧਾਰ, ਕਲਜੁਗ ਕੂਕੇ ਦਏ ਦੁਹਾਈਆ । ਮੀਤ ਮੁਰਾਰ ਸਾਕ ਸੱਜਣ ਮਾਤ ਪਿਤ ਭਾਈ ਭੈਣ ਕੋਇ ਨਾ ਸੰਗ ਨਿਭਾਈਆ । ਜੂਠੇ ਝੂਠੇ ਜੀਵ ਗਵਾਰ, ਖਾਲੀ ਠੂਠੇ ਹੱਥ ਫੜਾਈਆ । ਮਾਇਆ ਰੁਠੇ ਵਿਚ ਸੰਸਾਰ, ਭੇਵ ਕੋਈ ਨਾ ਪਾਈਆ । ਭਗਤ ਜਨਾਂ ਹਰਿ ਸਾਚਾ ਤੁੱਠੇ, ਅਤੁਟ ਭੰਡਾਰ ਰਖਾਈਆ । ਆਪ ਬੰਧਾਏ ਏਕਾ ਮੁੱਠੇ, ਗੁਰ ਸੰਗਤ ਪੈਜ ਰਖਾਈਆ । ਚਰਨ ਦਵਾਰੇ ਚਰਨੋਧਕ ਰਸ ਸਾਚਾ ਲੁੱਟੇ, ਆਤਮ ਤ੍ਰਿਸ਼ਨਾ ਭੁੱਖ ਮਿਟਾਈਆ । ਹੋਏ ਪਰਕਾਸ਼ ਦਹਿ ਦਿਸ਼ਾ ਚਾਰ ਕੂਟੇ, ਲੋਆਂ ਪੁਰੀਆਂ ਆਪ ਕਰਾਈਆ । ਸਤਿਜੁਗ ਲਗਾਏ ਸਾਚੇ ਬੂਟੇ, ਫਲ ਫੁਲਵਾੜੀ ਆਪ ਰਖਾਈਆ । ਸੋਹੰ ਸ਼ਬਦ ਹੁਲਾਰਾ ਦੇਵੇ ਝੂਟੇ, ਦੋ ਜਹਾਨਾਂ ਪਾਰ ਕਰਾਈਆ । ਜੁਗਾਂ ਜੁਗਾਂ ਦੇ ਵਿਛੜੇ ਰੁਠੇ, ਕਲਜੁਗ ਅੰਤਮ ਰਿਹਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵਸਿਆ ਤੇਰੇ ਘਰ, ਦਰ ਦਵਾਰ ਬੰਕ ਸੁਹਾਈਆ । ਗੁਰਮੁਖ ਸਾਚੇ ਚਰਨ ਪਿਆਰ, ਏਕਾ ਏਕ ਰਖਾਇਆ । ਆਪ ਆਪਣਾ ਕਰ ਅਧਾਰ, ਏਕਾ ਨਾਉਂ ਜਣਾਇਆ । ਸੰਗੀ ਸਾਥੀ ਮੀਤ ਮੁਰਾਰ, ਸਗਲਾ ਸਾਥ ਤਜਾਇਆ । ਗੁਰ ਸੰਗਤ ਇਕ ਵਿਹਾਰ, ਇਕ ਦਵਾਰ ਸੁਹਾਇਆ । ਨਾਮ ਰੰਗਤ ਤਨ ਸ਼ਿੰਗਾਰ, ਕਾਇਆ ਚੋਲੀ ਆਪ ਚੜ੍ਹਾਇਆ । ਜਿਉਂ ਨਾਨਕ ਅੰਗਦ ਪਹਿਲਾ ਅਪਰ ਅਪਾਰ ਜੋਤੀ ਜੋਤ ਟਿਕਾਇਆ । ਦੂਸਰ ਦਰ ਨਾ ਕੋਈ ਮੰਗਤ, ਭਿਖਿਆ ਭਿਛਿਆ ਰਿਹਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਧਨ ਏਕਾ ਏਕ ਅਖਵਾਇਆ । ਗੁਰਮੁਖ ਤੇਰਾ ਸ਼ਬਦ ਮਲਾਹ, ਹਰਿ ਸਾਚਾ ਆਪ ਬਣਾਇੰਦਾ । ਤਖ਼ਤ ਸੁਲਤਾਨ ਬੈਠ ਬੇਪਰਵਾਹ, ਦੋ ਜਹਾਨਾਂ ਵੇਖ ਵਖਾਇੰਦਾ । ਲੱਖ ਚੁਰਾਸੀ ਕਟੇ ਫਾਹ, ਸਾਚੇ ਮਾਰਗ ਲਾਇੰਦਾ । ਇਕ ਜਪਾਏ ਸਾਚਾ ਨਾਂ, ਨਿਰਗੁਣ ਮੇਲ ਮਿਲਾਇੰਦਾ । ਸਰਗੁਣ ਉਠਾਏ ਸਾਚਾ ਥਾਂ, ਆਪਣੀ ਬੂਝ ਬੁਝਾਇੰਦਾ । ਸ਼ਬਦ ਸਰੂਪੀ ਪਕੜੇ ਬਾਂਹ, ਜਗਤ ਵਿਛੋੜਾ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਆਪਣੀ ਗੋਦ ਉਠਾਇੰਦਾ ।

ਜਨ ਮਜਨ ਇਸ਼ਨਾਨ, ਚਰਨ ਗੁਰ ਧੂੜਿਆ । ਅਮਰਾਪਦ ਪਾਨ, ਮੂਰਖ ਮੁਗਧ ਮੂੜ੍ਹਿਆ । ਹਰਿ ਸਾਚਾ ਮਿਹਰਵਾਨ, ਲੱਖ ਚੁਰਾਸੀ ਕਟੇ ਜੂੜਿਆ । ਜਿਸ ਜਨ ਦੇਵੇ ਜੀਆ ਦਾਨ, ਨਾਤਾ ਤੋੜੇ ਕੂੜੋ ਕੂੜਿਆ । ਮਿਲੇ ਮੇਲ ਸ੍ਰੀ ਭਗਵਾਨ, ਏਕਾ ਰੰਗ ਚੜ੍ਹਾਏ ਗੂੜ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਖ਼ਸ਼ੇ ਚਰਨ ਧੂੜ੍ਹਿਆ । ਚਰਨ ਧੂੜ ਸੱਚਾ ਇਸ਼ਨਾਨਾ, ਮਸਤਕ ਖ਼ਾਕ ਰਮਾਈਆ । ਆਤਮ ਉਪਜੇ ਬ੍ਰਹਮ ਗਿਆਨਾ, ਅੰਧ ਅਗਿਆਨ ਮਿਟਾਈਆ । ਦੀਪਕ ਜੋਤੀ ਜਗੇ ਮਹਾਨਾ, ਜੋਤ ਨਿਰੰਜਣ ਆਪ ਜਗਾਈਆ । ਸ਼ਬਦ ਬਿਠਾਏ ਸਚ ਬਿਬਾਣਾ, ਗੁਰ ਪੂਰਾ ਆਪ ਉਡਾਈਆ । ਜਗਤ ਦਵਾਰੇ ਪਾਰ ਕਰਾਨਾ, ਭਗਤ ਦਵਾਰਾ ਇਕ ਵਿਖਾਈਆ । ਨਾਮ ਸ਼ਸਤਰ ਇਕ ਮਹਾਨਾ,

੫੧੯ ੦੬

ਹਰਿ ਸਾਚਾ ਤਨ ਪਹਿਨਾਈਆ । ਤੀਰ ਨਿਸ਼ਾਨਾ ਇਕ ਰਖਾਨਾ, ਦੋ ਜਹਾਨਾਂ ਰਿਹਾ ਚਲਾਈਆ । ਆਤਮ ਧੁਨ ਸ਼ਬਦ ਤਰਾਨਾ, ਅਨਹਦ ਰਿਹਾ ਉਪਜਾਈਆ । ਭਗਤ ਭਗਵੰਤਾ ਮੇਲ ਮਿਲਾਨਾ, ਸੰਤ ਸੁਹੇਲਾ ਆਪ ਅਖਵਾਈਆ । ਜੀਵ ਜੰਤ ਭੇਵ ਨਾ ਪਾਨਾ, ਮਨ ਮਮਤਾ ਰਹੀ ਕੁਰਲਾਈਆ । ਆਦਿ ਅੰਤ ਧੁਰ ਫ਼ਰਮਾਣਾ, ਜੁਗ ਜੁਗ ਰਿਹਾ ਸੁਣਾਈਆ । ਕਲਜੁਗ ਖੇਲੇ ਖੇਲ ਮਹਾਨਾ, ਚਾਰ ਵਰਨਾਂ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ਼ਰੀਬ ਨਿਮਾਣੇ ਜਗਤ ਨਿਧਾਨੇ ਆਪ ਆਪਣੇ ਗਲੇ ਲਗਾਈਆ । ਸਤਿ ਪੁਰਖ ਨਿਰੰਜਣ ਆਪਣੀ ਧਾਰ, ਸਾਚੀ ਆਪ ਬਣਾਈਆ । ਆਪ ਆਪਣਾ ਕਰ ਆਕਾਰ, ਆਪੇ ਰਿਹਾ ਸਮਾਈਆ । ਜੋਤੀ ਨੂਰ ਅਪਰ ਅਪਾਰ, ਏਕਾ ਏਕ ਕਰੇ ਰੁਸ਼ਨਾਈਆ । ਨਾ ਕੋਈ ਦਿਸੇ ਗੁਰਦਰ ਮੰਦਰ ਚਾਰ ਦਿਵਾਰ, ਖਾਣੀ ਬਾਣੀ ਕੋਇ ਨਜ਼ਰ ਨਾ ਆਈਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰ, ਏਕਾ ਏਕ ਰੂਪ ਸਮਾਈਆ । ਨਾ ਕੋਈ ਸ਼ਸਤਰ ਬਸਤਰ ਤੇਜ ਕਟਾਰ, ਨਾ ਕੋਈ ਖੰਡਾ ਹੱਥ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਾ ਕੋਇ ਧਾਰ, ਦੇਵਤ ਸੁਰ ਦਿਸ ਨਾ ਆਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਪਸਾਰ, ਨਾ ਕੋਈ ਬਣਤ ਬਣਾਈਆ । ਨਾ ਕੋਈ ਨਰ ਨਾ ਕੋਈ ਨਾਰ, ਪੂਤ ਸਪੂਤ ਨਾ ਕੋਇ ਜਣਾਈਆ । ਨਾ ਕੋਈ ਬਸਤਰ ਤਨ ਸ਼ਿੰਗਾਰ, ਨੇਤਰ ਨੈਣ ਨਾ ਕੋਈ ਵਖਾਈਆ । ਰੂਪ ਰੰਗ ਨਾ ਕੋਇ ਕਰਤਾਰ, ਕਰਤਾ ਪੁਰਖ ਆਪ ਅਖਵਾਈਆ । ਸਰ ਸਰੋਵਰ ਨਾ ਕੋਈ ਗੰਗ, ਅਠ ਸਠ ਦਿਸ ਨਾ ਆਈਆ । ਵੇਦ ਪੁਰਾਨ ਅੰਜੀਲ ਕੁਰਾਨ ਨਾ ਕੋਈ ਮੰਗੇ ਮੰਗ, ਈਸਾ ਮੂਸਾ ਮੁਹੰਮਦ ਦਿਸ ਨਾ ਆਈਆ । ਨਾ ਕੋਈ ਸੂਰਬੀਰ ਦਿਸੇ ਸੰਗ, ਰਾਜ ਰਾਜਾਨ ਸ਼ਾਹ ਸੁਲਤਾਨ ਤਖ਼ਤ ਤਾਜ ਨਾ ਰਿਹਾ ਵਖਾਈਆ । ਚਾਰ ਦਿਵਾਰੀ ਨਾ ਦਿਸੇ ਕੋਈ ਮਕਾਨ, ਅੰਡਜ ਜੇਰਜ ਉਤਭੁਜ ਸੇਤਜ ਖਾਣੀ ਕੋਈ ਦਿਸ ਨਾ ਆਈਆ । ਆਪ ਆਪਣੀ ਮਹਿੰਮਾ ਵਿਚ ਰਿਹਾ ਲੁਝ, ਆਪਣੇ ਭਾਣੇ ਵਿਚ ਸਮਾਈਆ । ਅਵਰ ਨਾ ਸਕੇ ਕੋਈ ਬੁੱਝ, ਅਭੇਦ ਅਭੇਦਾ ਹਰਿ ਰਘੁਰਾਈਆ । ਆਪਣਾ ਭੇਵ ਰਖਾਇਆ ਗੁੱਝ, ਸਚ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਏਕ ਅਖਵਾਈਆ । ਆਦਿ ਪੁਰਖ ਇਕ ਆਕਾਰਾ, ਏਕਾ ਏਕ ਕਰਾਇਆ । ਆਪੇ ਜਾਣੇ ਆਪ ਪਸਾਰਾ, ਭੇਵ ਕੋਇ ਨਾ ਰਾਇਆ । ਲੋਆਂ ਪੁਰੀਆਂ ਨਾ ਕੋਈ ਪਾਰ ਕਿਨਾਰਾ, ਬ੍ਰਹਿਮੰਡ ਖੰਡ ਕੋਈ ਦਿਸ ਨਾ ਆਇਆ । ਗਗਨ ਪਾਤਾਲ ਆਕਾਸ਼ ਪਰਕਾਸ਼, ਸੂਰਜ ਚੰਦ ਰਵ ਸਸ ਨਾ ਕੋਇ ਚੜ੍ਹਾਇਆ । ਏਕਾ ਏਕ ਸਰਬ ਗੁਣਤਾਸ, ਘਰ ਸਾਚੇ ਬੈਠਾ ਆਸਣ ਲਾਇਆ । ਪਾਰਬ੍ਰਹਮ ਪੁਰਖ ਅਬਿਨਾਸ਼, ਪੁਰਖ ਅਬਿਨਾਸ਼ੀ ਆਪ ਅਖਵਾਇਆ । ਸਾਚੇ ਮੰਡਲ ਪਾਵੇ ਰਾਸ, ਏਕਾ ਰਚਨ ਰਚਾਇਆ । ਆਦਿ ਅੰਤ ਨਾ ਜਾਏ ਵਿਨਾਸ਼, ਏਕੰਕਾਰ ਏਕਾ ਧਾਮ ਸੁਹਾਇਆ । ਰੈਣ ਦਿਵਸ ਨਾ ਕੋਈ ਮਾਸ, ਸਾਲ ਸੰਮਤੀ ਨਾ ਕੋਇ ਜਣਾਇਆ । ਜੰਗਲ ਜੂਹ ਉਜਾੜ ਪਹਾੜ, ਜਲ ਥਲ ਨਾ ਕੋਈ ਵਾਸ, ਪਾਤਾਲ ਪਾਤਾਲੀ ਦਿਸ ਨਾ ਆਇਆ । ਧਰਤ ਧਵਲ ਨਾ ਕੋਇ ਧਰਵਾਸ, ਪਵਣ ਪਵਣੀ ਨਾ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਏਕਾ ਰਿਹਾ ਸੁਹਾਇਆ । ਸਤਿ ਪੁਰਖ ਨਿਰੰਜਣ ਆਦਿ ਅੰਤ, ਏਕਾ ਏਕ ਅਖਵਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਜੀਵ ਜੰਤ ਨਾ ਕੋਈ ਵਖਾਇੰਦਾ । ਨਾ ਕੋਈ ਦੇਵ ਨਾ ਕੋਈ ਦੰਤ, ਪਾਰਬ੍ਰਹਮ ਮਹਿੰਮਾ ਅਗਣਤ, ਨਾ ਕੋਈ ਗਣਤ ਗਿਣਾਇੰਦਾ । ਆਪ ਬਣਾਏ ਆਪਣੀ ਬਣਤ,

ਆਪਣਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ ਇਕ ਰਖਾਇੰਦਾ । ਆਦਿ ਪੁਰਖ ਇਕ ਅਕਾਲ, ਏਕਾ ਏਕ ਅਖਵਾਇਆ । ਆਪੇ ਹੋਏ ਦੀਨ ਦਿਆਲ, ਆਪਣੇ ਬੰਧਨ ਆਪ ਕਟਾਇਆ । ਆਪਣੀ ਕਰੇ ਆਪ ਰਖਵਾਲ, ਪਹਿਰੇਦਾਰ ਕੋਈ ਦਿਸ ਨਾ ਆਇਆ । ਆਪੇ ਬੈਠ ਸੱਚੀ ਧਰਮਸਾਲ, ਗ੍ਰੰਥ ਪੰਥ ਨਾ ਕੋਇ ਰਚਾਇਆ । ਨਾ ਕੋਈ ਕਾਲ ਮਹਾਂਕਾਲ, ਧਰਮ ਰਾਏ ਨਾ ਵੇਖ ਵਖਾਇਆ । ਚਿਤਰ ਗੁਪਤ ਨਾ ਦਿਸੇ ਨਾਲ, ਨਾ ਕੋਇ ਹਿਸਾਬ ਕਰਾਇਆ । ਪੰਜ ਤਤ ਨਾ ਦਿਸੇ ਡਾਲ੍ਹ, ਤ੍ਰੈਗੁਣ ਮਾਇਆ ਨਾ ਮੂਲ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਆਦਿ ਪੁਰਖ ਆਦਿ ਅੰਤਾ, ਏਕਾ ਏਕ ਅਖਵਾਇੰਦਾ । ਆਪ ਬਣਾਏ ਆਪਣੀ ਬਣਤਾ, ਆਪੇ ਪਤ ਆਪ ਪਤਵੰਤਾ, ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਜੀਵ ਆਪੇ ਜੰਤਾ, ਆਪੇ ਕਾਇਆ ਚੋਲੀ ਰੰਗ ਬਸੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਾਚਾ ਘਰ, ਸਾਚਾ ਧਾਮ ਸੁਹਾਇੰਦਾ । ਆਦਿ ਪੁਰਖ ਇਕ ਅਕਾਲਾ, ਏਕਾ ਧਾਮ ਸੁਹਾਇਆ । ਨਾਮ ਰਖਾਏ ਸਚ ਮਹੱਲਾ, ਘਰ ਬੈਠਾ ਆਸਣ ਲਾਇਆ । ਊਚੋ ਊਚ ਊਚ ਅਟੱਲਾ, ਥਿਰ ਘਰ ਰਿਹਾ ਉਪਾਇਆ । ਜੋਤੀ ਜੋਤ ਆਪੇ ਰਲਾ, ਆਪ ਆਪਣਾ ਆਸਣ ਲਾਇਆ । ਦਰ ਦਵਾਰਾ ਏਕਾ ਮੱਲਾ, ਸਾਚੀ ਸੇਜ ਹੰਢਾਇਆ । ਸਰ ਸਰੋਵਰ ਨਾ ਕੋਈ ਦਿਸੇ ਥਲਾ, ਨੀਰ ਸੀਰ ਨਾ ਕੋਇ ਰਖਾਇਆ । ਦੁਸ਼ਟ ਦੂਤ ਦੁਰਾਚਾਰ ਸੰਗ ਨਾ ਕੋਈ ਠੱਗ ਚੋਰ ਯਾਰ, ਕਾਮ ਕਾਮਨੀ ਨਜ਼ਰ ਨਾ ਆਇਆ । ਮਨ ਮਤ ਬੁਧ ਨਾ ਦੂਈ ਦਵੈਤੀ ਸੱਲਾ, ਏਕਾ ਧਾਰ ਨਾ ਕੋਈ ਵਖਾਇਆ । ਤੀਜਾ ਚੌਥਾ ਨਾ ਕੋਈ ਰੱਲਾ, ਪੰਚਮ ਰਾਗ ਨਾ ਕੋਈ ਅਲਾਇਆ । ਛੇਵਾਂ ਸੱਤਵਾਂ ਨਾ ਕੋਈ ਕਰੇ ਮੇਲਾ, ਸਤਿ ਪੁਰਖ ਨਿਰੰਜਣ ਆਦਿ ਜੁਗਾਦੀ ਏਕਾ ਧਾਮ ਸੁਹਾਇਆ । ਸੰਤ ਸਾਧ ਨਾ ਕੋਈ ਦਰ ਦਵਾਰ ਖਲਾ, ਨਾ ਕੋਈ ਭਿਖ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਨਿਰੰਜਣ ਆਪਣੇ ਰੰਗ ਰੰਗਾਇਆ । ਆਦਿ ਪੁਰਖ ਨਰ ਨਿਰੰਕਾਰ, ਏਕਾ ਰੰਗ ਰੰਗਾਈਆ । ਆਪੇ ਬਣੇ ਦਰ ਭਿਖਾਰ, ਆਪੇ ਭਿਛਿਆ ਪਾਈਆ । ਆਪੇ ਬਣੇ ਹਰਿ ਵਰਤਾਰ, ਆਪੇ ਮੰਗਣ ਜਾਈਆ । ਆਪੇ ਭਰਨਹਾਰ ਭੰਡਾਰ, ਆਪੇ ਖਾਲੀ ਰਿਹਾ ਕਰਾਈਆ । ਆਪ ਆਪਣਾ ਦਏ ਹੁਦਾਰ, ਆਪੇ ਮੁਖ ਭਵਾਈਆ । ਆਪੇ ਕਰਾਏ ਵਣਜ ਵਪਾਰ, ਲੇਖਾ ਰਿਹਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਿਰੰਜਣ ਏਕਾ ਘਰ ਸਾਚਾ ਧਾਮ ਸੁਹਾਈਆ । ਸਾਚਾ ਧਾਮ ਜੋਤ ਨਿਰੰਜਣ, ਏਕਾ ਏਕ ਜਗਾਈਆ । ਪੁਰਖ ਅਬਿਨਾਸ਼ੀ ਸਾਚਾ ਸੱਜਣ, ਘਰ ਸਾਚੇ ਬੈਠਾ ਆਸਣ ਲਾਈਆ । ਦੂਸਰ ਨਾ ਕੋਈ ਦਿਸੇ ਪੜਦੇ ਕੱਜਣ, ਦੂਸਰ ਕੋਇ ਨਾ ਸੰਗ ਨਿਭਾਈਆ । ਤਾਲ ਤਲਵਾੜੇ ਨਾ ਕੋਈ ਵੱਜਣ, ਅਨਹਦ ਰਾਗ ਨਾ ਕੋਈ ਸੁਣਾਈਆ । ਨਾ ਕੋਈ ਹਾਜੀ ਕਰੇ ਹੱਜਨ, ਅੱਠ ਸੱਠ ਤੀਰਥ ਨਾ ਕੋਇ ਨੁਹਾਈਆ । ਦਰ ਮੰਦਰ ਅੰਦਰ ਮਜਨ, ਦਰ ਦਵਾਰ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਧਾਮ ਖੁਲ੍ਹੜਾ, ਏਕਾ ਏਕ ਸੁਹਾਇਆ । ਆਪੇ ਬੈਠਾ ਇਕ ਇਕੱਲੜਾ, ਆਪ ਆਪਣਾ ਸੰਗ ਨਿਭਾਇਆ । ਸਤਿ ਪੁਰਖ ਨਿਰੰਜਣ ਇਕ ਵਸਾਏ ਸਚ ਮਹੱਲੜਾ, ਸਾਚੀ ਬਣਤ ਬਣਾਇਆ । ਨਾ ਕੋਈ ਛੱਪਰ ਛੰਨ ਛੰਨੜਾ, ਚਾਰ ਦਿਵਾਰ ਨਾ ਕੋਈ ਰਖਾਇਆ । ਆਪਣਾ ਬੇੜਾ ਆਪੇ ਬੰਨ੍ਹੜਾ,

ਖੇਵਟ ਕੋਇ ਨਾ ਨਾਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਏਕਾ ਘਰ ਸਾਚਾ ਸ਼ਾਹੋ ਆਪ ਵਸਾਇਆ । ਸਾਚਾ ਘਰ ਹਰਿ ਅਗੰਮ ਅਥਾਹ, ਆਪਣਾ ਆਪ ਉਪਾ ਰਿਹਾ । ਉਤੇ ਬੈਠਾ ਬੇਪਰਵਾਹ, ਸਤਿ ਸਰੂਪ ਸਮਾ ਰਿਹਾ । ਨਾ ਕੋਈ ਸ਼ਬਦ ਨਾ ਕੋਈ ਰਾਗ, ਨਾ ਕੋਈ ਜਿਹਵਾ ਗਾ ਰਿਹਾ । ਨਾ ਕੋਈ ਪਿਤਾ ਨਾ ਕੋਈ ਮਾਂ, ਪੂਤ ਸਪੂਤਾ ਨਾ ਕੋਈ ਗੋਦ ਉਠਾ ਰਿਹਾ । ਨਾ ਕੋਈ ਧੁੱਪ ਨਾ ਕੋਈ ਛਾਂ, ਸੂਰਜ ਚੰਨ ਨਾ ਕੋਈ ਚੜ੍ਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਸਾਚਾ ਘਰ, ਦਰ ਦਵਾਰ ਇਕ ਸੁਹਾ ਰਿਹਾ । ਦਰ ਦਵਾਰ ਹਰਿ ਭਗਵੰਤਾ, ਏਕਾ ਏਕ ਸੁਹਾਇਆ । ਆਦਿ ਜੁਗਾਦੀ ਜੁਗਾ ਜੁਗੰਤਾ, ਜਗਤ ਜਗਦੀਸਾ ਆਪ ਅਖਵਾਇਆ । ਆਪ ਬਣਾਈ ਆਪਣੀ ਬਣਤਾ, ਆਪ ਆਪਣੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਦਿਤਾ ਵਰ, ਆਪਣੀ ਦਇਆ ਕਮਾਇਆ । ਸਤਿ ਪੁਰਖ ਨਿਰੰਜਣ ਵਡ ਦਾਤਾਰ, ਆਪਣੀ ਦਇਆ ਕਮਾਇੰਦਾ । ਨਿਰਮਲ ਜੋਤੀ ਕਰ ਪਿਆਰ, ਏਕਾ ਰੂਪ ਵਟਾਇੰਦਾ । ਸ਼ਬਦ ਸ਼ਸਤਰ ਹਰਿ ਅਪਾਰ, ਸਾਰ ਨਾਉਂ ਰਖਾਇੰਦਾ । ਤਿੱਖੀ ਰੱਖੇ ਆਪੇ ਧਾਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਗ ਲਗਾਇੰਦਾ । ਆਪ ਆਪਣੇ ਅੰਗ ਲਗਾਇਆ, ਸ਼ਬਦੀ ਪੂਤ ਉਪਾਇੰਦਾ । ਦੂਸਰ ਦਰ ਨਾ ਮੰਗਣ ਜਾਇਆ, ਸਾਚਾ ਸੰਗ ਨਿਭਾਇੰਦਾ । ਜੋਤੀ ਰੰਗਣ ਇਕ ਚੜ੍ਹਾਇਆ, ਨੂਰੋ ਨੂਰ ਕਰਾਇੰਦਾ । ਚਿੱਟੇ ਅਸਵ ਤੰਗ ਕਸਾਇਆ, ਸੋਲਾਂ ਕਲੀਆਂ ਆਸਣ ਲਾਇੰਦਾ । ਸਾਚਾ ਦਰ ਦਵਾਰ ਲੰਘ ਵਖਾਇਆ, ਪੁਰਖ ਅਬਿਨਾਸ਼ੀ ਸੀਸ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਦੇਵੇ ਵਰ, ਪੂਤ ਸਪੂਤਾ ਆਪ ਅਖਵਾਇੰਦਾ । ਸ਼ਬਦ ਸੁਤ ਹਰਿ ਬਲਵਾਨ, ਆਪਣਾ ਆਪ ਉਪਾਇਆ । ਆਪੇ ਵੇਖੇ ਮਾਰ ਧਿਆਨ, ਦਿਵਸ ਰੈਣ ਸੇਵ ਕਮਾਇਆ । ਹੱਥ ਫੜਾਏ ਇਕ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਇਆ । ਏਕਾ ਨੂਰ ਇਕ ਗਿਆਨ, ਇਕ ਧਿਆਨ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਰਿਹਾ ਉਪਾਇਆ । ਸਾਚਾ ਸ਼ਬਦ ਹਰਿ ਸਿਕਦਾਰ, ਆਪਣਾ ਆਪ ਬਣਾਇਆ । ਆਪੇ ਕੀਤਾ ਖ਼ਬਰਦਾਰ, ਦੇ ਮਤ ਸਮਝਾਇਆ । ਬ੍ਰਹਿਮੰਡਾਂ ਖੰਡਾਂ ਪੌਣੀ ਸਾਰ, ਲੋਆਂ ਪੁਰੀਆਂ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰਾ ਰਿਹਾ ਵਿਖਾਇਆ । ਸਾਚੀ ਧਾਰਾ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਸ਼ਬਦ ਸਰੂਪੀ ਕਰ ਜੈਕਾਰ, ਏਕਾ ਖੰਡਾ ਰਖਾਈਆ । ਪੰਚਮ ਮੀਤਾ ਹੋ ਤਿਆਰ, ਆਪਣੀ ਬਣਤ ਬਣਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜਾਹਿਰ ਹਰਿ ਸਮਾਈਆ । ਚੌਥੇ ਘਰ ਖੋਲ੍ਹ ਕਿਵਾੜ, ਬੈਠਾ ਆਸਣ ਲਾਈਆ । ਨਾ ਕੋਈ ਦਿਸੇ ਪੰਚਮ ਧਾੜ, ਹਰਿ ਨਿਰੰਕਾਰ ਆਪਣੀ ਆਪ ਸਲਾਹੀਆ । ਨਾ ਕੋਈ ਦਿਸੇ ਬਹੱਤਰ ਨਾੜ, ਨੌ ਦਰ ਨਾ ਵੇਖ ਵਖਾਈਆ । ਵਾ ਨਾ ਲੱਗੇ ਤਤੀ ਹਾੜ, ਪ੍ਰਭ ਸਾਚੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਚੌਥਾ ਰਿਹਾ ਵਖਾਈਆ । ਚੌਥੇ ਘਰ ਸ਼ਬਦ ਨਿਸ਼ਾਨ, ਹਰਿ ਏਕਾ ਏਕ ਰਖਾਇਆ । ਆਪੇ ਹੋਏ ਪੁਰਖ ਸੁਲਤਾਨ, ਸਾਚੇ ਰਾਹ ਚਲਾਇਆ । ਦਰ ਦਵਾਰੇ ਕਰ ਪਰਵਾਨ, ਸੇਵਕ ਸੇਵਾ ਲਾਇਆ । ਗੁਣਵੰਤਾ ਹਰਿ ਨਿਧਾਨ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਆਪ ਸੁਹਾਇਆ ।

੫੨੧
੦੬

ਚੌਥਾ ਘਰ ਹਰਿ ਭਗਵੰਤ, ਏਕਾ ਏਕ ਸੁਹਾਇੰਦਾ । ਆਪੇ ਮੇਲੇ ਸਾਚੇ ਸੰਤ, ਸਾਚਾ ਰਾਹ ਵਖਾਇੰਦਾ । ਏਕਾ ਨਾਰੀ ਏਕਾ ਕੰਤ, ਏਕਾ ਸੇਜ ਹੰਢਾਇੰਦਾ । ਏਕਾ ਏਕ ਸ਼ਬਦ ਸੁੱਤ, ਏਕਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਆਪ ਸੁਹਾਇੰਦਾ । ਚੌਥਾ ਘਰ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਨਾ ਕੋਈ ਪਵਣ ਨਾ ਮਸਾਣ, ਨਾ ਕੋਈ ਦੀਪ ਜਗਾਇਆ । ਸਤਿ ਸਰੂਪ ਹਰਿ ਭਗਵਾਨ, ਰੂਪ ਅਨੂਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾ ਕੋਈ ਦਿਸ਼ਾ ਨਾ ਕੋਈ ਕੂਟ, ਏਕਾ ਰੰਗ ਵਖਾਇਆ । ਚੌਥਾ ਘਰ ਹਰਿ ਭਗਵੰਤ, ਏਕਾ ਏਕ ਸੁਹਾਇਆ । ਆਪ ਬਣਾਏ ਆਪਣੀ ਬਣਤ, ਬਾਡੀ ਕੋਇ ਨਾ ਨਾਲ ਲਗਾਇਆ । ਮੇਲ ਮਿਲਾਵਾ ਸਾਚੇ ਕੰਤ, ਹਰਿ ਸਾਚਾ ਰਿਹਾ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਰਿਹਾ ਲਿਖਾਇਆ । ਚੌਥੇ ਘਰ ਖੋਲ੍ਹ ਕਿਵਾੜ, ਆਪ ਆਪਣੀ ਕਲ ਧਾਰਿਆ । ਤ੍ਰੈਗੁਣ ਮਾਇਆ ਕਰ ਪਸਾਰ, ਬ੍ਰਹਮਾ ਸੇਵਾ ਲਾ ਰਿਹਾ । ਕਵਲ ਕਵਲਾ ਕਰ ਉਜਿਆਰ, ਪੂਤ ਸਪੂਤਾ ਆਪ ਉਪਾ ਰਿਹਾ । ਧਰਤੀ ਧਵਲਾ ਧਰਤ ਅਪਾਰ, ਜਲ ਧਾਰਾ ਆਪ ਟਿਕਾ ਰਿਹਾ । ਲੋਆਂ ਪੁਰੀਆਂ ਕਰ ਆਕਾਰ, ਪਾਤਾਲ ਆਕਾਸ਼ਾਂ ਬਣਤ ਬਣਾ ਰਿਹਾ । ਸੂਰਜ ਚੰਦ ਪਸਰ ਪਸਾਰ, ਤਾਰਾ ਮੰਡਲ ਹਰਿ ਲਟਕਾ ਰਿਹਾ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਆਸਣ ਲਾ ਰਿਹਾ । ਆਪੇ ਲਿਖੇ ਲੇਖ ਲਿਖਾਰ, ਆਪੇ ਸ਼ਬਦ ਜਣਾ ਰਿਹਾ । ਬ੍ਰਹਮਾ ਨੇਤਰ ਰਿਹਾ ਉਘਾੜ, ਮੁਖ ਚਾਰੇ ਰਸਨਾ ਗਾ ਰਿਹਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਏਕਾ ਓਟ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸ਼ਬਦ ਜਣਾ ਰਿਹਾ । ਬ੍ਰਹਮਾ ਮੰਗੇ ਦਰ ਭਿਖਾਰ, ਪ੍ਰਭ ਸਾਚੇ ਦਇਆ ਕਮਾਈਆ । ਬਖ਼ਸ਼ੇ ਦਾਤਾ ਸ਼ਬਦ ਭੰਡਾਰ, ਲੇਖਾ ਰਿਹਾ ਲਿਖਾਈਆ । ਚਾਰੇ ਵੇਦਾਂ ਪਾਵੇ ਸਾਰ, ਗਣਤ ਗਣੀ ਨਾ ਜਾਈਆ । ਸਤਿਜੁਗ ਦੁਆਪਰ ਤ੍ਰੇਤਾ ਕਲਜੁਗ ਧਾਰ, ਲੇਖਾ ਰਿਹਾ ਲਿਖਾਈਆ । ਪੰਚਮ ਤਤ ਕਰ ਤਿਆਰ, ਪੰਝੀ ਮੇਲ ਮਿਲਾਈਆ । ਅੱਠਾਂ ਵੱਖਰ ਭੇਵ ਨਿਆਰ, ਨੌ ਦਰ ਖੋਲ੍ਹ ਵਖਾਈਆ । ਦਸਵੇਂ ਬੈਠਾ ਨਰਾਇਣ ਨਰ ਨਿਰੰਕਾਰ, ਸਾਚੀ ਸੇਜਾ ਆਸਣ ਲਾਈਆ । ਬਹੱਤਰ ਨਾੜੀ ਜੋੜ ਜੁੜਾਰ, ਏਕਾ ਧਾਰ ਵਹਾਈਆ । ਤਿੰਨ ਸੌ ਸੱਠ ਹਾਡੀ ਸਾਚੀ ਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸੰਗ ਨਿਭਾਈਆ । ਸੇਵਕ ਸੇਵਾ ਦਰ ਪਰਵਾਨ, ਆਪੇ ਆਪ ਕਰਾਇੰਦਾ । ਆਪੇ ਵੇਖੇ ਮਾਰ ਧਿਆਨ, ਦੇ ਮਤ ਆਪ ਸਮਝਾਇੰਦਾ । ਇਕ ਸ਼ਬਦ ਇਕ ਗਿਆਨ, ਏਕਾ ਬ੍ਰਹਮ ਸਮਝਾਇੰਦਾ । ਨੂਰੋ ਨੂਰ ਹਰਿ ਭਗਵਾਨ, ਨੂਰ ਨੁਰਾਨੀ ਜੋਤ ਜਗਾਇੰਦਾ । ਨਾਦ ਤੂਰਤ ਇਕ ਮਹਾਨ, ਆਤਮ ਧੁਨ ਉਪਜਾਇੰਦਾ । ਸਾਚਾ ਮੀਤਾ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਧੰਦੇ ਆਪੇ ਲਾਇੰਦਾ । ਆਪਣੇ ਧੰਦੇ ਆਪੇ ਲਾਏ, ਦਿਸ ਕਿਸੇ ਨਾ ਆਇਆ । ਵਿਸ਼ਨੂੰ ਵੰਸੀ ਆਪ ਹੋ ਜਾਏ, ਭੇਖਾਧਾਰੀ ਭੇਖ ਵਟਾਇਆ । ਸ਼ਿਵ ਸ਼ੰਕਰ ਬੈਠਾ ਸੰਗ ਰਲਾਏ, ਬਾਸ਼ਕ ਤਸ਼ਕਾ ਗਲ ਲਟਕਾਇਆ । ਇਕ ਭੰਡਾਰੀ ਇਕ ਸੰਸਾਰੀ, ਮਾਰਨਹਾਰ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਆਂ ਪੁਰੀਆਂ ਬਣਤ ਬਣਾਇਆ । ਲੋਕਮਾਤ ਹਰਿ ਬਣਤ ਬਣਾਈ, ਵਰਭੰਡੀ ਬਣਤ ਬਣਾਇੰਦਾ । ਲੱਖ ਚੁਰਾਸੀ ਰਿਹਾ ਉਪਾਈ, ਸਾਚੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਖੇਲ ਖਿਲਾਰੀ, ਆਪੇ ਮੇਲ ਵਿਛੋੜੇ ਵਿਛੜੇ ਮੇਲ ਮਿਲਾਇੰਦਾ । ਜੋਤ ਨਿਰੰਜਣ ਦੀਪ ਜਗਾਈ, ਏਕਾ ਰਾਹ ਵਖਾਇੰਦਾ । ਸਾਚੇ ਸ਼ਬਦ ਕਰੇ ਕੁੜਮਾਈ,

ਸਾਚਾ ਸਗਨ ਮੁਖ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਵਸਿਆ ਆਪਣੇ ਘਰ, ਜੁਗ ਜੁਗ ਬਣਤ ਬਣਾਇੰਦਾ । ਜੁਗ ਜੁਗ ਬਣਤ ਬਣਾਈ, ਆਪਣਾ ਪਸਰ ਪਸਾਰਿਆ । ਆਪੇ ਵੇਖੇ ਖੇਲ ਰਘੁਰਾਈ, ਭੇਵ ਕਿਸੇ ਨਾ ਪਾ ਲਿਆ । ਸਤਿਜੁਗ ਤ੍ਰੇਤਾ ਰਚਨ ਰਚਾਈ, ਆਪ ਆਪਣਾ ਰੂਪ ਵਟਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਅਖਵਾ ਲਿਆ । ਆਪ ਆਪਣਾ ਭੇਖ ਵਟਾਏ, ਲਏ ਜੁਗ ਅਵਤਾਰਾ । ਸਾਚਾ ਲੇਖਾ ਲੇਖ ਲਿਖਾਏ, ਕਰੇ ਪਸਰ ਪਸਾਰਾ । ਸਤਿਜੁਗ ਸਾਚਾ ਪਾਰ ਕਰਾਏ, ਵਾਰ ਅਠਾਰਾਂ ਜੋਤ ਜਗਾਏ ਇਕ ਇਕੱਲਾ ਏਕੰਕਾਰਾ । ਤ੍ਰੇਤਾ ਤੇਰੀ ਧਾਰ ਵਹਾਏ, ਦੋਏ ਦੋਈ ਵਾਰਾ । ਰਾਮ ਰਾਮਾ ਆਪ ਹੋ ਜਾਏ, ਰਾਵਣ ਦੁਸ਼ਟ ਕਰੇ ਸੰਘਾਰਾ । ਦੁਆਪਰ ਬੇੜਾ ਬੰਨ੍ਹ ਵਿਖਾਏ, ਵੇਦ ਵਿਆਸਾ ਲੇਖ ਲਿਖਾਏ, ਕਾਹਨਾ ਕ੍ਰਿਸ਼ਨਾ ਰੂਪ ਵਟਾਏ, ਮੇਟ ਮਿਟਾਏ ਧੁੰਦੂਕਾਰਾ । ਕਲਜੁਗ ਅੰਤਮ ਰਚਨ ਰਚਾਏ, ਐੜਾ ਅੱਲਾ ਨੂਰ ਉਪਾਏ, ਅੱਥਰਬਣ ਵੇਦ ਗਿਆ ਲਿਖਾਏ, ਈਸਾ ਮੂਸਾ ਲਏ ਜਗਾਏ, ਸੰਗ ਮੁਹੰਮਦ ਚਾਰ ਯਾਰ ਰਲਾਏ, ਅਲ੍ਹਾ ਰਾਣੀ ਲੇਖ ਲਿਖਾਏ, ਵੇਖੇ ਵਾਰਿਆ । ਨਾਨਕ ਨਿਰਗੁਣ ਸੇਵਾ ਲਾਏ, ਲੋਕਮਾਤੀ ਜਨਮ ਦਵਾਏ, ਵਡ ਦੇਵੀ ਦੇਵਾ ਆਪ ਅਖਵਾਏ, ਭੇਵ ਅਭੇਦਾ ਭੇਵ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਘਰ ਸਾਚਾ ਇਕ ਸੁਹਾ ਰਿਹਾ । ਨਾਨਕ ਨਾਨਕ ਜੋਤ ਜਗਾਈ, ਹਰਿ ਸਾਚੇ ਹੱਥ ਵਡਿਆਈਆ । ਦਿਵਸ ਰੈਣ ਰਿਹਾ ਰਸਨਾ ਗਾਈ, ਪ੍ਰਭ ਮਿਲਣ ਦੀ ਆਸ ਰਖਾਈਆ । ਪੁਰਖ ਅਬਿਨਾਸ਼ੀ ਦਇਆ ਕਮਾਈ, ਸ਼ਬਦੀ ਮੇਲ ਮਿਲਾਈਆ । ਦਰ ਦਵਾਰੇ ਆਇਆ ਚਾਈਂ ਚਾਈਂ, ਦੋਏ ਜੋੜ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਪਕੜੇ ਬਾਂਹੀ, ਆਪੇ ਵੇਖੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਲੋਆਂ ਪੁਰੀਆਂ ਦੇ ਮਤ ਰਿਹਾ ਸਮਝਾਈਆ । ਨਾਨਕ ਏਕਾ ਗੋਬਿੰਦ ਧਾਰ, ਹਰਿ ਗੋਬਿੰਦ ਦਇਆ ਕਮਾਇੰਦਾ । ਮੰਗੇ ਮੰਗ ਬਣ ਭਿਖਾਰ, ਹਰਿ ਸਾਚਾ ਝੋਲੀ ਪਾਇੰਦਾ । ਸਤਿ ਨਾਮ ਇਕ ਅਧਾਰ, ਸਾਚੀ ਵਸਤ ਵਿਖਾਇੰਦਾ । ਸਤਿ ਪੁਰਖ ਇਕ ਇਕੱਲਾ ਓਅੰਕਾਰ, ਨਿਰੰਕਾਰ ਰੂਪ ਸਮਾਇੰਦਾ । ਨਾਨਕ ਵਰ ਪਾਇਆ ਪੁਰਖ ਭਤਾਰ, ਸਾਚੀ ਨਾਰੀ ਆਪ ਹੋ ਜਾਇੰਦਾ । ਮਿਲਿਆ ਮੀਤ ਹਰਿ ਮੁਰਾਰ, ਵਿਛੜ ਕਦੇ ਨਾ ਜਾਇੰਦਾ । ਹਰਬੰਸ ਦਰਸ ਅਪਾਰ, ਸਗਲੀ ਚਿੰਤ ਮਿਟਾਇੰਦਾ । ਆਤਮ ਤ੍ਰਿਸ਼ਨਾ ਭੁੱਖ ਨਿਵਾਰ, ਏਕਾ ਰਾਗ ਅਲਾਇੰਦਾ । ਸ਼ਬਦ ਸਰੂਪੀ ਸਾਚੀ ਧਾਰ, ਨਿਝਰ ਇਕ ਝਿਰਾਇੰਦਾ । ਆਪੇ ਅੰਦਰ ਆਪੇ ਬਾਹਰ, ਦਸਮ ਦਵਾਰੀ ਭੇਵ ਖੁਲ੍ਹਾਇੰਦਾ । ਸੁਨ ਅਗੰਮੋ ਹੋਇਆ ਬਾਹਰ, ਓਅੰਕਾਰਾ ਦੇਸ ਸੁਹਾਇੰਦਾ । ਸਤਿ ਪੁਰਖ ਨਿਰੰਜਣ ਪਾਵੇ ਸਾਰ, ਆਪ ਆਪਣੀ ਬੂਝ ਬੁਝਾਇੰਦਾ । ਨਿਰਮਲ ਜੋਤੀ ਕਰ ਅਕਾਰ, ਦੀਪਕ ਏਕਾ ਏਕ ਜਗਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਸਾਚੀ ਹੱਥ ਫੜਾਇੰਦਾ । ਲੋਕਮਾਤ ਕਰਾਏ ਵਣਜ ਵਪਾਰ, ਲੱਖ ਚੁਰਾਸੀ ਦੇ ਮਤ ਸਮਝਾਇੰਦਾ । ਨਾਨਕ ਛੱਡਿਆ ਦਰ ਦਰਬਾਰ, ਦਰ ਦਵਾਰੇ ਸੀਸ ਝੁਕਾਇੰਦਾ । ਮਾਤਲੋਕ ਆਏ ਵਿਚ ਸੰਸਾਰ, ਸਾਚੀ ਸੇਵ ਕਮਾਇੰਦਾ । ਨਾਮ ਸਤਿ ਜਗਤ ਅਧਾਰ, ਚਾਰ ਵਰਨ ਗਿਆਨ ਦ੍ਰਿੜਾਇੰਦਾ । ਚਾਰੋਂ ਕੁੰਟ ਮਾਰ ਉਡਾਰ, ਜੀਆਂ ਜੰਤਾਂ ਸਾਧਾਂ ਸੰਤਾਂ ਗੜ੍ਹ ਹੰਕਾਰੀ ਤੋੜ ਤੁੜਾਇੰਦਾ । ਕਲਜੁਗ ਕਾਇਆ ਗਈ ਹਾਰ, ਮਨਮੁਖ ਜੀਵ ਭੇਵ ਨਾ ਪਾਇੰਦਾ । ਨਾਨਕ ਅੰਗਦ ਕਰ ਪਿਆਰ, ਆਪ ਆਪਣੀ ਜੋਤ ਟਿਕਾਇੰਦਾ । ਪਾਰਬ੍ਰਹਮ ਪ੍ਰਭ ਤੇਰੀ ਸਾਰ, ਭੇਵ ਕੋਈ ਨਾ ਪਾਇੰਦਾ । ਜੀਵ ਜੰਤ ਹੋਏ ਵਿਭਚਾਰ, ਸਾਧ ਸੰਤ

ਆਤਮ ਬ੍ਰਹਮ ਨਾ ਕੋਈ ਗਿਆਨ ਜਣਾਇੰਦਾ । ਕਲਜੁਗ ਹੋਏ ਅੰਤਮ ਅੰਤ, ਨਿਹਕਲੰਕ ਵਜਾਏ ਡੰਕ, ਆਪ ਉਠਾਏ ਰਾਓ ਰੰਕ, ਜੂਠ ਝੂਠ ਮਾਇਆ ਲੂਠ, ਅੰਤ ਨਿਸ਼ਾਨ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇੰਦਾ । ਨਿਹਕਲੰਕਾ ਨਰ ਨਿਰੰਕਾਰ, ਏਕਾ ਏਕ ਅਖਵਾਇਆ । ਏਕਾ ਖੰਡਾ ਤੇਜ ਕਟਾਰ, ਸਾਚੇ ਤਨ ਸਜਾਇਆ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਰਿਹਾ ਹਿਲਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਰਾਓ ਰੰਕਾਂ ਰਿਹਾ ਜਗਾਇਆ । ਗੁਰਮੁਖਾਂ ਕਰੇ ਸਦ ਪਿਆਰ, ਸੱਜਣ ਸੁਹੇਲਾ ਆਪ ਅਖਵਾਇਆ । ਅੰਮ੍ਰਿਤ ਆਤਮ ਬਖ਼ਸ਼ੇ ਠੰਢਾ ਠਾਰ, ਨਿਝਰ ਰਸ ਚੁਆਇਆ । ਮੇਲ ਮਿਲਾਵਾ ਸਚ ਦਵਾਰ, ਬਜਰ ਕਪਾਟੀ ਤੋੜ ਤੁੜਾਇਆ । ਸਾਚੀ ਹਾਟੀ ਸਚ ਦਰਬਾਰ, ਸੋਹੰ ਅੱਖਰ ਜਗਤ ਵੱਖਰ ਵਣਜ ਵਪਾਰ ਕਰਾਇਆ । ਏਕਾ ਦੇਵੇ ਨਾਮ ਅਧਾਰ, ਤ੍ਰਿਸ਼ਨਾ ਭੁੱਖ ਮਿਟਾਇਆ । ਕਾਇਆ ਗੜ੍ਹ ਤੁੱਟੇ ਹੰਕਾਰ, ਕਾਇਆ ਸਾਂਤਕ ਸਤਿ ਵਰਤਾਇਆ । ਉਪਰ ਚੜ੍ਹ ਸੱਚੀ ਸਰਕਾਰ, ਆਤਮ ਸੇਜਾ ਆਸਣ ਲਾਇਆ । ਗੁਰਮੁਖ ਸਾਚੇ ਕਰ ਪਿਆਰ, ਆਪ ਆਪਣੀ ਭੁਜਾ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਭੇਵ ਚੁਕਾਇਆ । ਏਕਾ ਦੂਜਾ ਭਉ ਚੁਕਾਏ, ਮਿਲੇ ਮੇਲ ਅਬਿਨਾਸ਼ਾ । ਤੀਜਾ ਨੇਤਰ ਖੋਲ੍ਹ ਵਿਖਾਏ, ਜੋਤ ਜਗਾਏ ਪ੍ਰਿਥਮੀ ਆਕਾਸ਼ਾ । ਚੌਥੇ ਘਰ ਸਹਿਜ ਸਮਾਏ, ਨਿਝ ਘਰ ਆਤਮ ਰੱਖੇ ਵਾਸਾ । ਪੰਚਮ ਢੋਲ ਮਰਦੰਗ ਵਜਾਏ, ਅਨਹਦ ਪਾਵੇ ਰਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਮਿਲਾਏ, ਨਾਮ ਜਪਾਏ ਰਸਨ ਸਵਾਸ ਸਵਾਸਾ । ਸਾਚਾ ਮੇਲਾ ਆਤਮ ਘਰ, ਆਪਣਾ ਆਪ ਕਰਾਇੰਦਾ । ਆਪੇ ਬਖ਼ਸ਼ੇ ਕਿਰਪਾ ਧਾਰ, ਆਪਣੀ ਦਇਆ ਕਮਾਇੰਦਾ । ਆਪੇ ਕਰੇ ਬੰਦ ਕਿਵਾੜ, ਆਪੇ ਮੁਖ ਭਵਾਇੰਦਾ । ਆਪ ਉਠਾਏ ਪੰਚਮ ਧਾੜ, ਆਪੇ ਮੇਟ ਮਿਟਾਇੰਦਾ । ਆਪੇ ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਗਵਾਇੰਦਾ । ਆਪੇ ਮਾਇਆ ਮਮਤਾ ਮੋਹ ਅਗਨੀ ਦੇਵੇ ਸਾੜ, ਸਾਂਤਕ ਸਤਿ ਆਪ ਕਰਾਇੰਦਾ । ਆਪ ਪਰਨਾਏ ਨਾਲ ਮੌਤ ਲਾੜ, ਆਪੇ ਸ਼ਬਦ ਬਿਬਾਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਘਰ, ਘਰ ਸਾਚਾ ਆਪ ਸੁਹਾਇੰਦਾ । ਸਾਚਾ ਘਰ ਸਾਚਾ ਬੰਕ, ਹਰਿ ਏਕਾ ਏਕ ਸੁਹਾਇਆ । ਨਾ ਕੋਈ ਰਾਓ ਨਾ ਕੋਈ ਰੰਕ, ਊਚ ਨੀਚ ਦਿਸ ਨਾ ਆਇਆ । ਭਗਤ ਸੁਹੇਲਾ ਮੇਲ ਮਿਲਾਏ ਜਿਉਂ ਜਨ ਜਨਕ, ਸਾਚਾ ਰਾਹ ਵਿਖਾਇਆ । ਪਰਗਟ ਹੋਏ ਵਾਸੀ ਪੁਰੀ ਘਨਕ, ਨਿਹਕਲੰਕਾ ਨਾਉਂ ਰਖਾਇਆ । ਸਾਧਾਂ ਸੰਤਾਂ ਗੁਰੂਆਂ ਪੀਰਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੱਢੇ ਸ਼ੰਕ, ਨੌ ਖੰਡ ਪ੍ਰਿਥਮੀ ਭੇਖ ਮਿਟਾਇਆ । ਇਕ ਵਜਾਏ ਸਾਚਾ ਡੰਕ, ਸੋਹੰ ਜੈ ਜੈਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਵਟਾਇਆ । ਨਿਹਕਲੰਕ ਨਰਾਇਣ ਨਰ, ਆਪਣੀ ਕਲ ਵਰਤਾਈਆ । ਕਲਜੁਗ ਤੇਰੀ ਕਾਲੀ ਧਾਰ, ਅੰਤਮ ਵੇਖ ਵਿਖਾਈਆ । ਗੁਰ ਗੋਬਿੰਦ ਕਰ ਤਿਆਰ, ਸਾਚਾ ਸੰਗ ਨਿਭਾਈਆ । ਸੰਬਲ ਨਗਰ ਇਕ ਅਪਾਰ, ਬੈਠਾ ਆਸਣ ਲਾਈਆ । ਅੰਤਮ ਵੇਲਾ ਕਰ ਪਿਆਰ, ਗੁਰਮੁਖ ਆਤਮ ਜੋਤ ਜਗਾਈਆ । ਭਰਮੇ ਭੁੱਲੇ ਜੀਵ ਗਵਾਰ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਦੇਵੇ ਸਦ ਦਰਸ ਅਪਾਰ, ਆਤਮ ਦਰਸੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਤੇਰਾ

੫੨੪
੦੬

ਵੇਖੇ ਘਰ, ਦਰ ਸਾਚਾ ਆਪ ਸੁਹਾਈਆ । ਗੋਬਿੰਦ ਤੇਰਾ ਸਾਚਾ ਘਰ, ਆਤਮ ਵੇਖ ਵਖਾਇੰਦਾ । ਲੱਖ ਚੁਰਾਸੀ ਆਵੇ ਡਰ, ਨਾ ਕੋਈ ਭੇਵ ਪਾਇੰਦਾ । ਪਾਰਬ੍ਰਹਮ ਪ੍ਰਭ ਬੈਠਾ ਵੜ, ਕਿਲ੍ਹਾ ਬਣਾਏ ਕੋਟ ਗੜ੍ਹ, ਨਾ ਕੋਈ ਤੋੜ ਤੁੜਾਇੰਦਾ । ਸੰਤ ਸੁਹੇਲੇ ਲਏ ਫੜ, ਨੌਂ ਦਵਾਰੇ ਪਾਰ ਕਰਾਇੰਦਾ । ਏਕਾ ਸ਼ਬਦ ਸਰੂਪੀ ਲਏ ਫੜ, ਅੰਦਰ ਮੰਦਰ ਮੇਲ ਮਿਲਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਸਿੰਘ ਸ਼ੇਰ ਸੀਸ ਕਟਾਇੰਦਾ । ਕਲਜੁਗ ਅਗਨੀ ਗਿਆ ਸੜ, ਜੋਤੀ ਜਾਮਾ ਪਾਇੰਦਾ । ਲੋਆਂ ਪੁਰੀਆਂ ਰਿਹਾ ਲੜ, ਬ੍ਰਹਮਾ ਸ਼ਿਵ ਉਠਾਇੰਦਾ । ਕਰੋੜ ਤੇਤੀਸਾ ਰਿਹਾ ਸੜ, ਅੰਮ੍ਰਿਤ ਮੇਘ ਨਾ ਕੋਈ ਬਰਸਾਇੰਦਾ । ਦਿਸ਼ਾ ਲਹਿੰਦੀ ਕਰੇ ਦੋ ਧੜ, ਸਾਚਾ ਲੇਖ ਲਿਖਾਇੰਦਾ । ਪੰਚਮ ਜੇਠੀ ਇਕ ਵਹਾਏ ਹੜ੍ਹ, ਲੱਖ ਚੁਰਾਸੀ ਆਪ ਰੁੜ੍ਹਾਇੰਦਾ । ਕਲਜੁਗ ਤੇਰਾ ਕਾਇਆ ਗੜ੍ਹ, ਹਰਿ ਆਪੇ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰੀ ਰੁੱਤ ਸੁਹਾਏ ਮਨਮੁਖਾਂ ਵੱਢੇ ਨੱਕ ਗੁਤ, ਲਜ ਪਤ ਨਾ ਕੋਇ ਰਖਾਇੰਦਾ । ਸੰਮਤ ਚੌਦਾਂ ਤੇਰੀ ਧਾਰ, ਪ੍ਰਭ ਸਾਚਾ ਰਿਹਾ ਵਹਾਈਆ । ਪਹਿਲੀ ਚੇਤਰ ਦਿਵਸ ਵਿਚਾਰ, ਗੁਰਸਿਖਾਂ ਰਿਹਾ ਜਗਾਈਆ । ਏਕਾ ਇੱਕੀ ਏਕਾ ਵਾਰ, ਕਲਜੁਗ ਰਿਹਾ ਪਾਈਆ । ਗੁਰ ਗੋਬਿੰਦਾ ਸਾਚੀ ਸਿੱਖੀ ਕਰ ਪਿਆਰ, ਵਾਲੀ ਹਿੰਦੇ ਰਿਹਾ ਉਠਾਈਆ । ਨੇਤਰ ਪੇਖ ਵਿਚ ਸੰਸਾਰ, ਜੋ ਸਰਸੇ ਗਿਆ ਰੁੜ੍ਹਾਈਆ । ਲੇਖ ਲਿਖੇ ਅਪਰ ਅਪਾਰ, ਦਰ ਸਾਚੇ ਲੇਖ ਲਿਖਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਜਗਤ ਵਿਦਿਆ ਭੇਵ ਨਾ ਰਾਈਆ । ਅੱਖਰ ਵੱਖਰ ਹਰਿ ਨਿਰੰਕਾਰ, ਆਪਣਾ ਆਪ ਲਿਖਾਈਆ । ਬਜਰ ਕਪਾਟੀ ਪਾੜੇ ਪੱਥਰ, ਜੋ ਜਨ ਰਸਨਾ ਗਾਈਆ । ਸੋ ਪੁਰਖ ਨਿਰੰਜਣ ਸਾਚੀ ਵਸਤ, ਸੱਸੇ ਹੋੜੇ ਨਾਲ ਰਲਾਈਆ । ਹੰ ਹੰਗਤਾ ਦੇਵੇ ਮਾਰ, ਹਰਿ ਹੱਥ ਰੱਖੀ ਵਡਿਆਈਆ । ਸਾਚੀ ਸੰਗਤ ਕਰ ਪਿਆਰ, ਦਰ ਦਵਾਰੇ ਫੇਰਾ ਪਾਈਆ । ਆਪੇ ਮੰਗਤਾ ਬਣ ਭਿਖਾਰ, ਏਕਾ ਮੰਗਣ ਮੰਗ ਮੰਗਾਈਆ । ਭੁੱਖਾ ਨੰਗਤਾ ਨਾ ਕੋਈ ਦਰਬਾਰ, ਬੀਸ ਇਕੀਸਾ ਦਏ ਦੁਹਾਈਆ । ਜਗਤ ਜਗਦੀਸਾ ਹੋਏ ਉਜਿਆਰ, ਛਤਰ ਸੀਸਾ ਇਕ ਝੁਲਾਈਆ । ਵਿਚ ਉਨੀਸਾ ਹੋਏ ਖੁਆਰ, ਅਲ੍ਹਾ ਰਾਣੀ ਬੈਠੀ ਮੁਖ ਛੁਪਾਈਆ । ਅੱਠ ਅਠਾਰਾਂ ਜਲ ਜਲ ਧਾਰ, ਦਹਿ ਦਿਸ਼ਾ ਰਹੀ ਢਾਹੀਆ । ਸੰਮਤ ਸਤਾਰਾਂ ਮਾਰੇ ਮਾਰ, ਸਰ ਅੰਮ੍ਰਿਤ ਥੇਹ ਕਰਾਈਆ । ਸੰਮਤ ਸੋਲਾਂ ਵੇਖ ਵਿਚਾਰ, ਬਿਆਸ ਕਿਨਾਰਾ ਪਾਰ ਕਰਾਈਆ । ਪੰਦਰਾਂ ਵੇਖੇ ਇਕ ਜੈਕਾਰ, ਸ੍ਰਿਸ਼ਟ ਸਬਾਈ ਰਿਹਾ ਰੁਲਾਈਆ । ਚੌਦਾਂ ਲੋਕਾਂ ਸੰਮਤ ਚੌਦਾਂ ਪਾਵੇ ਸਾਰ, ਪੰਚਮ ਜੇਠ ਰਿਹਾ ਉਠਾਈਆ । ਵਾਲੀ ਹਿੰਦ ਰਹਿਣਾ ਖ਼ਬਰਦਾਰ, ਨਿਹਕਲੰਕ ਰਿਹਾ ਕਰਾਈਆ । ਸ਼ਬਦ ਡੰਕਾ ਵੱਜੇ ਅਪਰ ਅਪਾਰ, ਸੁਣੇ ਸਰਬ ਲੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਿਆਸਤ ਵਿਰਾਸਤ ਕਿਸੇ ਰਹਿਣ ਨਾ ਪਾਈਆ । ਨਾ ਕੋਈ ਸੁਘੜ ਨਾ ਕੋਈ ਸਿਆਣ, ਰਾਜ ਰਾਜਾਨ ਨਾ ਕੋਈ ਅਖਵਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਭਾਣਾ ਆਪਣੇ ਹੱਥ ਰਖਾਇੰਦਾ । ਰਸਨਾ ਚਿੱਲੇ ਚਾੜ੍ਹੇ ਤੀਰ ਕਮਾਨ, ਸੋਹੰ ਮੁਖੀ ਤਿੱਖੀ ਧਾਰ ਕਰਾਇੰਦਾ । ਨੌਂ ਖੰਡ ਪ੍ਰਿਥਮੀ ਇਕ ਨਿਸ਼ਾਨ, ਮੁਨੀ ਰਿਖੀ ਭੇਵ ਨਾ ਪਾਇੰਦਾ । ਨਾ ਕੋਈ ਜਾਣੇ ਵੇਦ ਪੁਰਾਨ, ਅੰਜੀਲ ਕੁਰਾਨ ਦਿਸ ਨਾ ਆਇੰਦਾ । ਖਾਣੀ ਬਾਣੀ ਹੋਏ ਹੈਰਾਨ, ਅਭੇਦ ਅਭੇਦਾ ਮੁਖ ਛੁਪਾਇੰਦਾ ।

੫੨੫
੦੬

### ✻ ੧੧ ਚੇਤ ੨੦੧੪ ਬਿਕ੍ਰਮੀ ਬਚਨ ਸਿੰਘ ਦੇ ਗ੍ਰਿਹਿ ਪਿੰਡ ਧਿਆਨ ਪੁਰ ਜ਼ਿਲਾ ਅੰਬਾਲਾ ✻

ਗੁਰ ਸਤਿਗੁਰ ਗੁਰਦੇਵ, ਏਕਾ ਏਕ ਮਨਾਇਆ । ਪਾਰਬ੍ਰਹਮ ਪ੍ਰਭ ਏਕਾ ਏਕ ਅਲਖ ਅਭੇਵ, ਦੂਸਰ ਕੋਈ ਦਿਸ ਨਾ ਆਇਆ । ਹਰਿਜਨ ਲਗਾਏ ਸਾਚੀ ਸੇਵ, ਆਪ ਆਪਣੀ ਦਇਆ ਕਮਾਇਆ । ਅੰਮ੍ਰਿਤ ਆਤਮ ਬਖ਼ਸ਼ੇ ਸਾਚਾ ਮੇਵ, ਰਸਨਾ ਜਿਹਵਾ ਫਲ ਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੂਲ ਮੂਲਾ ਰਿਹਾ ਚੁਕਾਇਆ । ਚੁੱਕਿਆ ਮੂਲ ਹਰਿ ਆਪ ਚੁਕਾਈ, ਆਪਣੀ ਦਇਆ ਕਮਾਈਆ । ਜਗਤ ਭੂਲ ਰਹੇ ਨਾ ਰਾਈ, ਸਾਚਾ ਸਈਆ ਮੇਲ ਮਿਲਾਈਆ । ਨਾਮ ਕੰਢੇ ਤੋਲ ਤੁਲਾਈ, ਤੋਲਣਹਾਰਾ ਹਰਿ ਰਘੁਰਾਈਆ । ਸ਼ਬਦ ਭੰਡਾਰਾ ਖੋਲ੍ਹ ਵਖਾਈ, ਗੁਰਮੁਖ ਸਾਚੇ ਸੰਗ ਨਿਭਾਈਆ । ਆਪ ਅਡੁਲ ਅਡੋਲ ਡੁੱਲ ਕਦੇ ਨਾ ਜਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਸਾਚਾ ਵਰ, ਧੀਰਜ ਯਤ ਮਤ ਇਕ ਸਮਝਾਈਆ । ਗੁਰਸਿਖ ਸਾਚਾ ਚਤਰ ਸੁਜਾਨ, ਚਰਨ ਕਵਲ ਚਿਤ ਲਾਇਆ । ਆਪੇ ਵੇਖੇ ਮਾਰ ਧਿਆਨ, ਨਿਤ ਨਵਿਤਾ ਮੇਲ ਮਿਲਾਇਆ । ਦਰਸ ਦਿਖਾਏ ਦਰ ਘਰ ਆਏ, ਮਾਨਸ ਦੇਹੀ ਲੇਖੇ ਲਾਇਆ । ਲੱਖ ਚੁਰਾਸੀ ਫੰਦ ਕਟਾਨ, ਧਰਮ ਰਾਏ ਨਾ ਦਏ ਸਜ਼ਾਇਆ । ਸਾਚਾ ਮੇਲਾ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇਆ । ਆਤਮ ਦੇਵੇ ਜੀਆ ਦਾਨ, ਜੀਵਤ ਜੀਵ ਹਰਿ ਹਰਿ ਸੁੱਖ ਪਾਇਆ । ਤੁੱਟੇ ਮਾਣ ਅਭਿਮਾਨ, ਆਤਮ ਉਪਜੇ ਇਕ ਬ੍ਰਹਮ ਗਿਆਨ, ਇਕ ਧਿਆਨ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਦੇਵੇ ਭਗਤੀ ਵਰ, ਨਾਮ ਦਾਤ ਹਰਿ ਝੋਲੀ ਪਾਇਆ । ਨਾਮ ਦਾਤ ਸਚ ਸੁਗ਼ਾਤ, ਧੁਰਦਰਗਾਹੀ ਲਿਆਈਆ । ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਚੰਦ ਚੜ੍ਹਾਈਆ । ਨਾ ਕੋਈ ਪੁੱਛੇ ਜ਼ਾਤ ਪਾਤ, ਨੀਚ ਊਚ ਊਚ ਨੀਚ ਏਕਾ ਰੰਗ ਰੰਗਾਈਆ । ਸਾਚਾ ਮੇਲਾ ਕਮਲਾਪਾਤ, ਕੰਤ ਕੰਤੂਹਲ ਸਖਾ ਸਖਾਈ ਆਪ ਸਹਾਈਆ । ਦੁਰਮਤ ਮੈਲ ਦੇਵੇ ਕਾਟ, ਸਾਚਾ ਨਾਮ ਜਾਪ ਜਪਾਈਆ । ਏਕਾ ਵਸਤ ਸਾਚੇ ਹਾਟ, ਹਰਿ ਸਾਚੇ ਆਪ ਰਖਾਈਆ । ਭਾਗ ਲਗਾਏ ਕਾਇਆ ਮਾਟ, ਜੋਤ ਨਿਰੰਜਣ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕ ਵਿਖਾਏ ਤੀਰਥ ਤਾਟ, ਅਠ ਸਠ ਮੂਲ ਚੁਕਾਈਆ । ਤੀਰਥ ਤਟ ਸਚ ਕਿਨਾਰਾ, ਏਕਾ ਚਰਨ ਦਵਾਰਿਆ । ਗੁਰ ਪੂਰਾ ਕਰੇ ਪਾਰ ਉਤਾਰਾ, ਜੁਗ ਜੁਗ ਪਾਵੇ ਸਾਰਾ, ਕਲਜੁਗ ਅੰਤਮ ਲਏ ਉਤਾਰਾ, ਗਊ ਗਰੀਬਾਂ ਰਿਹਾ ਉਧਾਰਿਆ । ਆਤਮ ਭਰੇ ਨਾਮ ਭੰਡਾਰਾ, ਆਪੇ ਬਣਿਆ ਮਾਤ ਵਰਤਾਰਿਆ । ਦੇਵਣ ਦੇਵੇ ਵਾਰੋ ਵਾਰਾ, ਆਦਿਨ ਅੰਤਾ ਏਕੰਕਾਰਿਆ । ਆਪੇ ਜਾਣੇ ਗੁਣ ਅਵਗੁਣ, ਪਾਰਬ੍ਰਹਮ ਪੁਰਖ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਦੇਵੇ ਵਰ, ਏਕਾ ਵਸਤ ਝੋਲੀ ਪਾ ਰਿਹਾ । ਏਕਾ ਵਸਤ ਨਾਮ ਖਜ਼ਾਨਾ, ਹਰਿ ਸਾਚਾ ਝੋਲੀ ਪਾਇੰਦਾ । ਦਾਨੀ ਦਾਤਾ ਦਾਤਾਰ, ਦਿਸ ਕਿਸੇ ਨਾ ਆਇੰਦਾ । ਅੰਮ੍ਰਿਤ ਆਤਮ ਜਾਮ ਪਿਆਏ ਠਾਂਢਾ ਸੀਨਾ, ਸਾਂਤਕ ਸਤਿ ਵਰਤਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਮਜੀਠਾ, ਸਾਚੀ ਰੁੱਤ ਸੁਹਾਇੰਦਾ । ਵੇਖ ਵਖਾਏ ਲੋਕ ਤੀਨਾ, ਜੋਤ ਸਰੂਪੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਦਰ, ਦਰ ਦਵਾਰਾ ਇਕ ਸੁਹਾਇੰਦਾ । ਹਰਿਜਨ ਤੇਰੀ ਸਚ ਪੁਕਾਰ, ਦਿਵਸ ਰੈਣ ਰਹੀ ਜਗਾਈਆ । ਪਾਰਬ੍ਰਹਮ ਹੋਏ ਖ਼ਬਰਦਾਰ, ਜਨ ਭਗਤਾਂ ਰਾਹ ਤਕਾਈਆ । ਲੋਕਮਾਤ ਲਏ ਅਵਤਾਰ, ਜੁਗ

ਜੁਗ ਵਿਛੜੇ ਲਏ ਮਿਲਾਈਆ । ਪੰਚਮ ਮੀਤਾ ਹਰਿ ਨਿਰੰਕਾਰ, ਏਕਾ ਏਕ ਸੁਹਾਈਆ । ਗੁਰਮੁਖ ਸਾਚੇ ਕਰ ਤਿਆਰ, ਹਰਿ ਸਾਚੀ ਸੇਵਾ ਲਾਈਆ । ਕਲਜੁਗ ਤੇਰੀ ਕਾਲੀ ਧਾਰ, ਮਨਮੁਖ ਜੀਵਾਂ ਰਹੀ ਭੁਲਾਈਆ । ਰੈਣ ਅੰਧੇਰੀ ਸੁੱਤੇ ਪੈਰ ਪਸਾਰ, ਕਲਜੁਗ ਮਾਇਆ ਰਹੀ ਸਵਾਈਆ । ਗੁਰਮੁਖ ਵਿਰਲੇ ਦੇਵੇ ਸ਼ਬਦ ਹੁਲਾਰ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਹਰਿ ਹਰਿ ਜਨ ਆਪਣੇ ਅੰਕ ਰਖਾਈਆ । ਅੰਗੀਕਾਰ ਕਰੇ ਪ੍ਰਭ ਅੰਕ, ਬਿਰਦ ਸਮਾਲਿਆ । ਨਾ ਕੋਈ ਰਾਓ ਨਾ ਕੋਈ ਰੰਕ, ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਅਖਵਾ ਲਿਆ । ਜਨ ਭਗਤਾਂ ਸੁਹਾਏ ਦਵਾਰ ਬੰਕ, ਬੰਕ ਦਵਾਰੀ ਆਪ ਅਖਵਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਡਿਆਈ ਭਗਤ ਜਿਉਂ ਜਨ ਜਨਕ, ਦਰ ਦਵਾਰੇ ਦਰਸ਼ਨ ਪਾ ਲਿਆ ।

### ❊ ੧੧ ਚੇਤ ੨੦੧੪ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਰੰਗੀਲ ਪੁਰ ਜ਼ਿਲਾ ਅੰਬਾਲਾ ❊

ਪਾਰਬ੍ਰਹਮ ਪ੍ਰਭ ਏਕ, ਏਕਾ ਏਕ ਅਖਵਾਇੰਦਾ । ਲੱਖ ਚੁਰਾਸੀ ਟੇਕ, ਚਰਨ ਕਵਲ ਧਰਾਇੰਦਾ । ਭਗਤ ਸੁਹੇਲੇ ਆਪੇ ਵੇਖ, ਆਪਣਾ ਮੇਲ ਮਿਲਾਇੰਦਾ । ਆਪੇ ਲਿਖਣਹਾਰਾ ਲੇਖ, ਲੇਖ ਲਿਖਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖ ਵਟਾਇੰਦਾ । ਪਾਰਬ੍ਰਹਮ ਪ੍ਰਭ ਸਚ ਸੁਲਤਾਨ, ਏਕਾ ਏਕ ਅਖਵਾਇਆ ਪਰਗਟ ਜੋਤ ਸ੍ਰੀ ਭਗਵਾਨ, ਹਰ ਘਟ ਬੈਠਾ ਆਸਣ ਲਾਇਆ । ਭਰਮੇ ਭੁੱਲੇ ਜੀਵ ਨਾਦਾਨ, ਦਿਸ ਕਿਸੇ ਨਾ ਆਇਆ । ਗੁਰਮੁਖ ਸਾਚੇ ਚਤਰ ਸੁਘੜ ਸਿਆਣ, ਪ੍ਰਭ ਆਪਣੀ ਗੋਦ ਉਠਾਇਆ । ਏਕਾ ਦੇਵੇ ਸ਼ਬਦ ਗੁਣ ਨਿਧਾਨ, ਆਤਮ ਬ੍ਰਹਮ ਜਣਾਇਆ । ਦੀਪਕ ਜੋਤੀ ਜਗੇ ਮਹਾਨ, ਅੰਧ ਅੰਧੇਰ ਮਿਟਾਇਆ । ਧਰਮ ਵਖਾਏ ਸਚ ਨਿਸ਼ਾਨ, ਸਾਚੇ ਹੱਥ ਉਠਾਇਆ । ਨੌ ਦਵਾਰੇ ਝੂਠ ਦੁਕਾਨ, ਲੱਖ ਚੁਰਾਸੀ ਰਿਹਾ ਵਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਆਪ ਆਪਣੀ ਬਣਤ ਬਣਾਇਆ । ਪਾਰਬ੍ਰਹਮ ਹਰਿ ਨਿਰੰਕਾਰ, ਏਕਾ ਗੋਬਿੰਦ ਰਾਇਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇਆ । ਜੁਗ ਜੁਗ ਲਏ ਮਾਤ ਅਵਤਾਰ, ਲੱਖ ਚੁਰਾਸੀ ਦਏ ਸਵਾਇਆ । ਭਗਤ ਜਨਾਂ ਹਰਿ ਕਰ ਪਿਆਰ, ਆਪ ਆਪਣਾ ਮੇਲ ਮਿਲਾਇਆ । ਮਨਮੁਖ ਜੀਵਾਂ ਪਾਰ ਉਤਾਰ, ਦੁਸ਼ਟ ਦੁਰਾਚਾਰ ਮੇਟ ਮਿਟਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰ, ਕਲਜੁਗ ਅੰਤਮ ਆਇਆ । ਨਾਨਕ ਗੋਬਿੰਦ ਬਣ ਲਿਖਾਰ, ਲਿਖਿਆ ਲੇਖ ਮੁਕਾਇਆ । ਸੰਗ ਮੁਹੰਮਦ ਚਾਰ ਯਾਰ, ਦਿਵਸ ਰੈਣ ਰਹੇ ਧਿਆਇਆ । ਹਰਿ ਭਗਤ ਸਾਚਾ ਮੀਤ ਮੁਰਾਰ, ਏਕਾ ਰਾਹ ਤਕਾਇਆ । ਧਰਤ ਮਾਤ ਕਰੇ ਪੁਕਾਰ, ਰੋ ਰੋ ਨੀਰ ਵਹਾਇਆ । ਗੋਬਿੰਦ ਕਾਇਆ ਘਰ ਅਪਾਰ, ਸੰਬਲ ਨਗਰ ਧਾਮ ਸੁਹਾਇਆ । ਪੂਤ ਸਪੂਤ ਬ੍ਰਿਹਿਮਣ ਗੌੜ ਉਚ ਮਿਨਾਰ, ਉਚਾ ਟਿੱਲਾ ਪਰਬਤ ਆਸਣ ਲਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਧਰਤ ਮਾਤ ਤੇਰੀ ਸਾਚੀ ਗੋਦ ਬਹਾਇਆ । ਨਿਹਕਲੰਕ ਨਰਾਇਣ ਨਰ, ਹਰਿ ਜੋਤੀ ਜੋਤ ਜਗਾਈਆ । ਸ਼ਬਦ ਸੁਹੇਲੇ ਲਏ ਵਰ, ਵੇਖੇ ਥਾਉਂ

ਬਾਈਆ । ਲੱਖ ਚੁਰਾਸੀ ਆਉਣਾ ਡਰ, ਅੰਤਮ ਹੋਣੀ ਮਾਤ ਜੁਦਾਈਆ । ਨਾ ਕੋਈ ਨੁਹਾਏ ਤੀਰਥ ਸਰ, ਗੁਰ ਦਰ ਮੰਦਰ ਮਸਜਿਦ ਨਾ ਫੇਰਾ ਪਾਈਆ । ਆਪਣਾ ਕੀਤਾ ਲੈਣ ਭਰ, ਕਲਜੁਗ ਘੇਰਾ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਆਪ ਆਪਣਾ ਮੇਲ ਮਿਲਾਈਆ । ਮੇਲ ਮਿਲਾਵਾ ਹਰਿ ਨਿਰੰਕਾਰ, ਆਪਣੀ ਕਿਰਪਾ ਧਾਰਿਆ । ਸ਼ਬਦੀ ਜੋਤੀ ਇਕ ਜੈਕਾਰ, ਏਕਾ ਰੂਪ ਸਮਾ ਰਿਹਾ । ਵਰਨਾਂ ਬਰਨਾਂ ਵਸੇ ਬਾਹਰ, ਆਦਿ ਅੰਤ ਨਾ ਕੋਈ ਰਖਾ ਰਿਹਾ । ਅੰਮ੍ਰਿਤ ਆਤਮ ਦੇਵੇ ਠੰਢੀ ਧਾਰ, ਸਾਚਾ ਜਾਮ ਪਿਆ ਰਿਹਾ । ਸੋਹੰ ਕਰੇ ਤਨ ਸ਼ਿੰਗਾਰ, ਸਾਚਾ ਬਸਤਰ ਤਨ ਸਜਾ ਰਿਹਾ । ਸਾਚੇ ਘੋੜੇ ਕਰ ਅਸਵਾਰ, ਚੌਥੇ ਪੌੜੇ ਆਪ ਚੜ੍ਹਾ ਰਿਹਾ । ਨੌ ਦਵਾਰੇ ਪਾਰ ਕਿਨਾਰ, ਦਸਵੇਂ ਬੂਝ ਬੁਝਾ ਰਿਹਾ । ਆਪੇ ਕਰੇ ਬੰਦ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹ ਰਿਹਾ । ਮੇਲ ਮਿਲਾਏ ਦਸਮ ਦਵਾਰ, ਸ਼ਬਦ ਸਿੰਘਾਸਣ ਇਕ ਵਖਾ ਰਿਹਾ । ਆਤਮ ਸੇਜਾ ਕਰ ਪਿਆਰ, ਗੁਰਮੁਖ ਸਾਚੇ ਵਿਚ ਬਹਾ ਰਿਹਾ । ਅਨਹਦ ਸੇਵਕ ਸੇਵਾਦਾਰ, ਪੰਚਮ ਰਾਗ ਸੁਣਾ ਰਿਹਾ । ਜੋਤੀ ਨੂਰ ਕਰ ਉਜਿਆਰ, ਸਾਧ ਸੰਤ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਦਰ ਦਰ ਘਰ ਘਰ ਫੇਰੀ ਪਾ ਰਿਹਾ । ਸੰਤ ਸੁਹੇਲਾ ਸਾਚਾ ਮੀਤਾ, ਹਰਿ ਏਕਾ ਏਕ ਵਖਾਨਿਆ । ਆਪੇ ਵਸਿਆ ਅੰਦਰ ਬਾਹਰ ਆਤਮ ਚੀਤਾ, ਘਟ ਘਟ ਆਪੇ ਜਾਨਿਆ । ਲੱਖ ਚੁਰਾਸੀ ਪਰਖੇ ਨੀਤਾ, ਵੇਖ ਵਖਾਏ ਰਾਜੇ ਰਾਣਿਆ । ਨਾ ਕੋਈ ਹਸਤ ਨਾ ਕੋਈ ਕੀਟਾ, ਗੁਰ ਸ਼ਬਦੀ ਜਨ ਲਾਗਾ ਮੀਠਾ, ਮੇਲ ਮਿਲਾਏ ਆਪਣੇ ਹਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਧੁਰ ਦਰਗਾਹੀ ਏਕਾ ਵਾਰਿਆ । ਧੁਰ ਦਰਗਾਹੀ ਏਕਾ ਦਾਤ, ਹਰਿ ਆਪਣੇ ਹੱਥ ਰਖਾਈਆ । ਆਤਮ ਜੋਤੀ ਬ੍ਰਹਮ ਗਿਆਨ, ਜਨ ਭਗਤਾਂ ਭਰੇ ਭੰਡਾਰਿਆ । ਏਕਾ ਨਾਮ ਸ਼ਬਦ ਬਿਬਾਣ, ਲੋਆਂ ਪੁਰੀਆਂ ਪਾਰ ਕਰਾ ਰਿਹਾ । ਮੇਲ ਮਿਲਾਏ ਸ੍ਰੀ ਭਗਵਾਨ, ਦਿਵਸ ਰੈਣ ਸੇਵ ਕਮਾ ਰਿਹਾ । ਭਰਮੇ ਭੁੱਲੇ ਜੀਵ ਨਾਦਾਨ, ਮਾਇਆ ਭਰਮ ਭੁੱਲਾ ਰਿਹਾ । ਸਾਧਨ ਸੰਤਾ ਜੀਆ ਜੰਤਾ ਆਦਿਨ ਅੰਤਾ ਹਰਿ ਭਗਵਾਨ, ਦਿਸ ਕਿਸੇ ਨਾ ਆ ਰਿਹਾ । ਗੁਰਮੁਖ ਮੇਲਾ ਸਾਚੇ ਕੰਤਾ, ਨਾਰ ਸੁਹਾਗਣ ਇਕ ਵਖਾ ਰਿਹਾ । ਕਾਇਆ ਚੋਲੀ ਰੰਗ ਚਾੜ੍ਹੇ ਬਸੰਤਾ, ਉਤਰ ਕਦੇ ਨਾ ਜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਬਣਾਏ ਤੇਰੀ ਬਣਤ, ਜੁਗ ਜੁਗ ਵਿਛੜੇ ਮੇਲ ਮਿਲਾ ਰਿਹਾ । ਜੁਗ ਜੁਗ ਵਿਛੜੇ ਸਾਚਾ ਮੇਲਾ, ਆਪਣਾ ਆਪ ਕਰਾਇਆ । ਆਪੇ ਗੋਬਿੰਦ ਗੁਰੂ ਗੁਰ ਚੇਲਾ, ਆਪ ਆਪਣੇ ਧਾਮ ਸੁਹਾਇਆ । ਆਪੇ ਹੋਏ ਸੱਜਣ ਸੁਹੇਲਾ, ਰਾਮ ਰਮਈਆ ਆਪ ਅਖਵਾਇਆ । ਆਪੇ ਵਸਿਆ ਸਦ ਨਵੇਲਾ, ਸਦ ਭੇਦ ਅਭੇਦ ਚੁਕਾਇਆ । ਕਲਜੁਗ ਤੇਰਾ ਅੰਤਮ ਵੇਲਾ, ਗੁਰਮੁਖ ਸਾਚੇ ਰਿਹਾ ਤਰਾਇਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਪ੍ਰਭ ਸਾਚੀ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਲਏ ਵਰ, ਸ਼ਬਦ ਸਰੂਪੀ ਬਣ ਮਲਾਹ, ਘਰ ਸਾਚਾ ਇਕ ਵਿਖਾਇਆ । ਸਾਚਾ ਘਰ ਏਕੰਕਾਰਾ, ਏਕਾ ਏਕ ਸੁਹਾਇੰਦਾ । ਗੁਰਮੁਖ ਕੰਚਨ ਬੰਕ ਦਵਾਰਾ, ਹਰਿ ਸਾਚੇ ਧਾਮ ਸੁਹਾਇੰਦਾ । ਸ਼ਬਦ ਸੁਹਾਗੀ ਛੰਤ ਸੁਣੇ ਸੁਣਾਏ ਸੁਣਨੇਹਾਰਾ, ਏਕਾ ਏਕ ਅਲਾਇੰਦਾ । ਸਤਿ ਪੁਰਖ ਨਿਰੰਜਣ ਅਪਰ ਅਪਾਰਾ, ਸਾਚਾ ਮੀਤਾ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ,

ਸੰਤ ਸੁਹੇਲੇ ਇਕ ਇਕੇਲੇ ਘਰ ਸਾਚੇ ਮੇਲ ਮਿਲਾਇੰਦਾ । ਘਰ ਸਾਚੇ ਪਰਵਾਨ, ਗੁਰ ਪੂਰਾ ਪਾਇਆ । ਮੇਟੇ ਪੰਜ ਸ਼ੈਤਾਨ, ਪੰਚਮ ਮੇਲ ਮਿਲਾਇਆ । ਸਾਚਾ ਮੇਲਾ ਗੁਣ ਨਿਧਾਨ, ਪੰਚਮ ਨਾਦ ਵਜਾਇਆ । ਧੁਰ ਫ਼ਰਮਾਣ, ਸਾਚਾ ਰਾਗ ਅਲਾਇਆ । ਆਪ ਚੁਕਾਏ ਝੂਠੀ ਕਾਨ, ਰਾਏ ਧਰਮ ਨੇੜ ਨਾ ਆਇਆ । ਗੁਰਮੁਖ ਸਾਚਾ ਚਤਰ ਸੁਘੜ ਸਿਆਣ, ਆਤਮ ਬ੍ਰਹਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਜਰਮ ਕਰਮ, ਕਰਮ ਜਰਮ ਆਪਣੇ ਹੱਥ ਰਖਾਇਆ । ਗੁਰਸਿਖ ਤੇਰੀ ਧੰਨ ਕਮਾਈ, ਗੁਰ ਪੂਰਾ ਪਾਇਆ । ਆਤਮ ਦਰ ਵੱਜੀ ਵਧਾਈ, ਮੰਗਲਾਚਾਰ ਕਰਾਇਆ । ਪੰਚਮ ਗਾਇਣ ਚਾਈਂ ਚਾਈਂ, ਸਾਚੀ ਸੇਵਾ ਲਾਇਆ । ਆਪੇ ਵੇਖੇ ਥਾਉਂ ਥਾਈਂ, ਹਰਿ ਸਾਚਾ ਥਾਨ ਸੁਹਾਇਆ । ਪਕੜ ਉਠਾਏ ਫੜ ਫੜ ਬਾਹੀਂ, ਜੁਗ ਜੁਗ ਵਿਛੜੇ ਮੇਲ ਮਿਲਾਇਆ । ਹੰਸ ਬਣਾਏ ਫੜ ਫੜ ਕਾਈਂ, ਸੋਹੰ ਸਾਚੀ ਚੋਗ ਚੁਗਾਇਆ । ਇਕ ਜਪਾਏ ਸਾਚਾ ਨਾਈਂ, ਨਰ ਨਿਰੰਕਾਰਾ ਆਪ ਅਖਵਾਇਆ । ਦੂਸਰ ਕੋਈ ਜਾਣੇ ਨਾਹੀਂ, ਅਭੇਵ ਅਭੇਦਾ ਭੇਵ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਇਆ । ਗੁਰਸਿਖ ਤੇਰੀ ਧੰਨ ਕਮਾਈ, ਗੁਰ ਪੂਰਾ ਪਾਇਆ । ਆਤਮ ਦਰ ਵੱਜੀ ਵਧਾਈ, ਮੰਗਲਾਚਾਰ ਕਰਾਇਆ । ਪੰਚਮ ਗਾਇਣ ਚਾਈਂ ਚਾਈਂ, ਸਾਚੀ ਸੇਵਾ ਲਾਇਆ । ਗੁਰ ਸ਼ਬਦ ਹੋਈ ਕੁੜਮਾਈ, ਮਿਲ ਸਈਆਂ ਮੰਗਲ ਗਾਇਆ । ਨੌਂ ਦਵਾਰੇ ਦੇਣ ਦੁਹਾਈ, ਬੈਠੇ ਮੁਖ ਭਵਾਇਆ । ਪੰਚਮ ਰੋਵਣ ਮਾਰਨ ਧਾਈਂ, ਨੈਣਾਂ ਨੀਰ ਵਹਾਇਆ । ਪੰਚਮ ਮੇਲਾ ਚਾਈਂ ਚਾਈਂ, ਤਾਲ ਤਲਵਾੜਾ ਇਕ ਰਖਾਇਆ । ਦਸਮ ਦਵਾਰੀ ਅਗੰਮ ਅਥਾਹੀ, ਹਰਿ ਬੈਠਾ ਆਸਣ ਲਾਇਆ । ਜਨ ਭਗਤਾਂ ਰਾਗ ਰਿਹਾ ਸੁਣਾਈ, ਦਿਵਸ ਰੈਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮੰਦਰ ਸਾਚੇ ਅੰਦਰ ਬੈਠਾ ਆਸਣ ਲਾਇਆ । ਕਾਇਆ ਮੰਦਰ ਸਚ ਟਿਕਾਣਾ, ਹਰਿ ਬੈਠਾ ਆਸਣ ਲਾਈਆ । ਆਪੇ ਪੁਰਖ ਸ਼ਾਹ ਸੁਲਤਾਨਾ, ਆਪ ਆਪਣਾ ਤਖ਼ਤ ਸਜਾਈਆ । ਹਰਿ ਭਗਵਾਨਾ ਰਾਜ ਰਾਜਾਨਾ, ਸ਼ਾਹੋ ਭੂਪ ਆਪ ਅਖਵਾਈਆ । ਨਾ ਕੋਈ ਸੂਰਜ ਚੰਨ , ਆਪੇ ਬੈਠਾ ਮੰਡਲ ਰਾਸ ਰਚਾਈਆ । ਆਪੇ ਤੀਰ ਆਪ ਨਿਸ਼ਾਨਾ, ਸ਼ਬਦ ਕਟਾਰ ਆਪ ਹੋ ਜਾਈਆ । ਆਪੇ ਨਾਮ ਗੁਣ ਨਿਧਾਨਾ, ਆਪ ਆਪਣਾ ਗਾਈਆ । ਆਪੇ ਦੇਵੇ ਧੁਰ ਫ਼ਰਮਾਣਾ, ਆਪ ਆਪਣੀ ਸੇਵਾ ਲਾਈਆ । ਆਪੇ ਜੋਤੀ ਦੀਪਕ ਇਕ ਮਹਾਨਾ, ਬੈਠਾ ਹਰਿ ਜਗਾਈਆ । ਭੇਵ ਅਭੇਦਾ ਭੇਵ ਜਹਾਨਾ, ਸਚ ਮਹੱਲਾ ਇਕ ਸੁਹਾਈਆ । ਨਾ ਕੋਈ ਜਾਣੇ ਵੇਦ ਪੁਰਾਨਾ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਜੀਲ ਕੁਰਾਨਾਂ ਨਾ ਮਿਲੇ ਨਿਸ਼ਾਨਾ, ਗਾ ਗਾ ਹੋਈ ਹਲਕਾਈਆ । ਖਾਣੀ ਬਾਣੀ ਹੋਏ ਹੈਰਾਨਾ, ਅਗੰਮ ਅਗੰਮੜਾ ਭੇਵ ਨਾ ਰਾਈਆ । ਗਿਆਨੀ ਧਿਆਨੀ ਪੰਡਤ ਪਾਂਧੇ ਰੋਵਣ ਛੰਮ ਛੰਮ, ਜੋਤ ਨਿਰੰਜਣ ਕਿਸੇ ਦਿਸ ਨਾ ਆਈਆ । ਮਾਇਆਧਾਰੀ ਲੁੱਟਿਆ ਮਾਲ ਧਨ, ਨਾਮ ਧਨ ਨਾ ਕੋਈ ਵਰਤਾਈਆ । ਛੱਤੀ ਰਾਗ ਸੁਣ ਸੁਣ ਥੱਕੇ ਕੰਨ, ਆਤਮ ਨਾਦ ਨਾ ਕੋਈ ਵਜਾਈਆ । ਭਾਂਡਾ ਭਰਮ ਨਾ ਕੋਈ ਦੇਵੇ ਭੰਨ, ਸਾਧ ਸੰਤ ਬੈਠੇ ਧੂਣੀਆਂ ਤਾਈਆ । ਭਰਮ ਭੁਲੇਖਾ ਨਾ ਕੋਈ ਕੱਢੇ ਜਨ, ਗੋਬਿੰਦ ਕਾਇਆ ਨਾ ਮੇਲ ਮਿਲਾਈਆ । ਧਰਮ ਰਾਏ ਨਾ ਮੇਟੇ ਕੋਈ ਡੰਨ, ਨਾ ਕੋਈ ਹੋਏ ਅੰਤ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਬੈਠਾ ਆਸਣ ਲਾਈਆ । ਗੁਰਮੁਖ ਤੇਰੀ ਧੰਨ ਕਮਾਈ, ਪਾਇਆ ਧਨ ਹਰਿ ਨਾਮਾ । ਆਦਿ ਅੰਤ ਨਾ ਹੋਏ ਜੁਦਾਈ,

੫੩੦
੦੬

ਮਿਟੇ ਅੰਧੇਰੀ ਸ਼ਾਮਾ । ਸਾਚੇ ਘਰ ਵੱਜੇ ਵਧਾਈ, ਏਕਾ ਰਾਗ ਅਨਾਦੀ ਸੋਹੰ ਸੱਚਾ ਗਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਧੁਰ ਫ਼ਰਮਾਨਾ । ਧੁਰ ਫ਼ਰਮਾਣਾ ਨਾਮ ਨਿਰੰਕਾਰ, ਏਕਾ ਏਕ ਸੁਣਾਇਆ । ਜੁਗ ਜੁਗ ਲਏ ਮਾਤ ਅਵਤਾਰ, ਆਪਣੀ ਬਣਤ ਬਣਾਇਆ । ਸੰਤ ਸੁਹੇਲੇ ਲਏ ਉਭਾਰ, ਸੇਵਕ ਸੇਵਾ ਰਿਹਾ ਕਮਾਇਆ । ਗੁਰ ਚੇਲੇ ਸੋਹੇ ਇਕ ਦਵਾਰ, ਬੰਕ ਦਵਾਰੀ ਆਪ ਅਖਵਾਇਆ । ਕੰਚਨ ਗੜ੍ਹ ਮਹੱਲ ਅਟੱਲ ਉਚ ਮੁਨਾਰ, ਹਰਿ ਇਕ ਰਖਾਇਆ । ਦੀਪਕ ਜੋਤੀ ਕਰ ਉਜਿਆਰ, ਆਕਾਰ ਆਕਾਸ਼ੀ ਕਰਾਇਆ । ਆਪ ਆਪਣੀ ਪਾਏ ਸਾਰ, ਆਪ ਆਪਣੇ ਵਿਚ ਸਮਾਇਆ । ਨਾ ਕੋਈ ਸਾਜਣ ਮੀਤ ਮੁਰਾਰ, ਦੂਸਰ ਕੋਈ ਦਿਸ ਨਾ ਆਇਆ । ਜੁਗ ਜੁਗ ਕਿਰਪਾ ਆਪਣੀ ਧਾਰ, ਲੋਕਮਾਤ ਲਏ ਅਵਤਾਰ, ਲੱਖ ਚੁਰਾਸੀ ਵੇਖਣ ਆਇਆ । ਕਲਜੁਗ ਤੇਰੀ ਵੇਖੇ ਧਾਰ, ਚਾਰੋਂ ਕੁੰਟ ਕੂੜ ਕੁੜਿਆਰ, ਜੀਵਾਂ ਜੰਤਾਂ ਹਾਹਾਕਾਰ, ਸਾਧਾਂ ਸੰਤਾਂ ਸਾਚਾ ਰਾਹ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਰਿਹਾ ਵਰ, ਦਰ ਦਰਵੇਸ਼ ਆਪ ਅਖਵਾਇਆ । ਗੁਰਮੁਖ ਤੇਰੀ ਧੰਨ ਕਮਾਈ, ਚਰਨ ਕਵਲ ਬਲਿਹਾਰਿਆ । ਪ੍ਰਭ ਅਬਿਨਾਸ਼ੀ ਮੇਲ ਮਿਲਾਈ, ਮੇਲ ਮਿਲਾਏ ਵਿਚ ਸੰਸਾਰਿਆ । ਕਾਲ ਮਹਾਂਕਾਲ ਨੇੜ ਨਾ ਆਈ, ਹਰਿ ਸਾਚੇ ਦਰ ਦੁਰਕਾਰਿਆ । ਅੰਤਮ ਵੇਲੇ ਹੋਏ ਸਹਾਈ, ਦਰਸ ਦਿਖਾਏ ਅਗੰਮ ਅਪਾਰਿਆ । ਦਰ ਘਰ ਸਾਚਾ ਧਾਮ ਸੁਹਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਰਾਓ ਰੰਕ ਇਕ ਕਰਾ ਰਿਹਾ । ਗੁਰਮੁਖ ਤੇਰੀ ਵਡ ਵਡਿਆਈ, ਵਡ ਵੱਡਾ ਹਰਿ ਪਾਇਆ । ਜੋਤ ਨਿਰੰਜਣ ਇਕ ਜਗਾਈ, ਅਗਿਆਨ ਅੰਧੇਰਾ ਮਿਟਾਇਆ । ਸਾਚਾ ਗਹਿਣਾ ਤਨ ਪਹਿਨਾਈ, ਘਰ ਸਾਚੇ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਤੇਰੀ ਅੰਤਮ ਵਾਰ, ਸਾਚਾ ਮਾਰਗ ਰਿਹਾ ਲਾਇਆ । ਗੁਰਮੁਖ ਸਾਚਾ ਸੰਤ ਦੁਲਾਰ, ਹਰਿ ਆਪਣੇ ਅੰਗ ਲਗਾਇਆ । ਆਪ ਆਪਣੀ ਭੁਜਾ ਪਸਾਰ, ਆਪਣੀ ਗੋਦੀ ਰਿਹਾ ਟਿਕਾਇਆ । ਸ਼ਬਦ ਦੁਸ਼ਾਲਾ ਕਰ ਤਿਆਰ, ਏਕਾ ਉਪਰ ਪਾਇਆ । ਉਤਰ ਨਾ ਜਾਏ ਦੂਜੀ ਵਾਰ, ਚੇਤਰ ਚਿਤ ਨਾ ਕੋਈ ਰਖਾਇਆ । ਆਪੇ ਹੋਏ ਪਹਿਰੇਦਾਰ, ਸੇਵਕ ਸੇਵਾ ਰਿਹਾ ਕਮਾਇਆ । ਸ਼ਿਵ ਸ਼ੰਕਰ ਤੀਰ ਕਟਾਰ, ਸੋਹੰ ਖੰਡਾ ਤਨ ਗਾਤਰੇ ਆਪ ਲਟਕਾਇਆ । ਪੰਚਾਂ ਕਰੇ ਖ਼ਬਰਦਾਰ, ਪੰਚਾਂ ਰਿਹਾ ਜਗਾਇਆ । ਪੰਚਮ ਮੇਲਾ ਮੀਤ ਮੁਰਾਰ, ਪੰਚਮ ਮੋਹ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਦਰ, ਦਰ ਦਵਾਰਾ ਇਕ ਸੁਹਾਇਆ । ਦਰ ਦਵਾਰਾ ਅਗੰਮ ਅਥਾਹ, ਹਰਿ ਆਪਣਾ ਆਪ ਰਖਾਇਆ । ਹਰਿ ਬੈਠਾ ਆਪੇ ਬੇਪਰਵਾਹ, ਦਿਸ ਕਿਸੇ ਨਾ ਆਇਆ । ਦੋ ਜਹਾਨੀ ਬਣ ਮਲਾਹ, ਜਨ ਭਗਤਾਂ ਬੇੜਾ ਪਾਰ ਕਰਾਇਆ । ਸੋਹੰ ਸ਼ਬਦ ਦੇਵੇ ਸਚ ਸਲਾਹ, ਸਤਿਜੁਗ ਸਾਚਾ ਰਾਹ ਚਲਾਇਆ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਤੇਰੇ ਦਰ, ਦਰ ਦਰਵੇਸ਼ਾ ਬਣ ਕੇ ਆਇਆ । ਦਰ ਦਰਵੇਸ਼ਾ ਹਰਿ ਭਿਖਾਰੀ, ਏਕਾ ਮੰਗ ਮੰਗਾਈਆ । ਗੁਰਮੁਖ ਤੇਰੀ ਪਹਿਲੀ ਵਾਰੀ, ਜਗਤ ਕਾਜ ਰਚਾਈਆ । ਸ਼ਬਦ ਸਰੂਪੀ ਖੇਲ ਨਿਆਰੀ, ਸ਼ਬਦੀ ਸ਼ਬਦ ਜਣਾਈਆ । ਆਤਮ ਬ੍ਰਹਮ ਪਾਰਬ੍ਰਹਮ ਰਿਹਾ ਵਿਚਾਰੀ, ਜੀਵ ਜੰਤ ਭੇਵ ਨਾ ਰਾਈਆ । ਪੂਰਬ ਕਰਮਾਂ ਪਾਵੇ ਸਾਰੀ, ਲਹਿਣਾ ਦੇਣਾ ਮੂਲ ਚੁਕਾਈਆ । ਲਹਿਣਾ ਦੇਣਾ ਦਰ ਚੁਕਾਏ ਕਲਜੁਗ ਤੇਰੀ ਅੰਤਮ ਵਾਰੀ, ਭਾਣਾ

ਸਹਿਣਾ ਹੁਕਮ ਜਣਾਈਆ । ਭਾਣਾ ਸਹਿਣਾ ਵੱਡ ਸੰਸਾਰੀ, ਹਰਿ ਸਾਚੇ ਰਚਨ ਰਚਾਈਆ । ਆਦਿ ਅੰਤ ਏਕੰਕਾਰੀ, ਏਕਾ ਧਾਰਾ ਰਿਹਾ ਚਲਾਈਆ । ਪੁਰਖ ਪੁਰਖੋਤਮ ਖੇਲ ਨਿਆਰੀ, ਜਨ ਭਗਤਾਂ ਰਿਹਾ ਵਖਾਈਆ । ਸਾਚਾ ਵੇਖ ਇਕ ਲਾੜਾ ਨਾਰੀ, ਨਾਰੀ ਕੰਤ ਆਪ ਹੋ ਜਾਈਆ । ਅੰਮ੍ਰਿਤ ਆਤਮ ਦੇਵੇ ਠੰਢੀ ਧਾਰੀ, ਸੀਤਲ ਸਾਂਤਕ ਸਤਿ ਵਰਤਾਈਆ । ਆਪੇ ਖੋਲ੍ਹੇ ਬੰਦ ਕਿਵਾੜੀ, ਬਜਰ ਕਪਾਟੀ ਤੋੜ ਵਖਾਈਆ । ਇਕ ਵਖਾਏ ਸਚ ਦਵਾਰੀ, ਚੌਦਾਂ ਹੱਟਾਂ ਭੇਵ ਖੁਲ੍ਹਾਈਆ । ਆਪੇ ਹੋਏ ਪਸਰ ਪਸਾਰੀ, ਹਰਿ ਆਪਣੀ ਰਚਨ ਰਚਾਈਆ । ਗੁਰਮੁਖ ਸਾਚੇ ਕਰ ਤਿਆਰਾ ਇਕ ਕਰਾਏ ਵਣਜ ਵਪਾਰੀ, ਏਕਾ ਨਾਮ ਵਸਤ ਝੋਲੀ ਪਾਈਆ । ਸੋਹੰ ਸ਼ਬਦ ਰਸਨਾ ਜੈ ਜੈ ਜੈਕਾਰੀ, ਏਕਾ ਆਪ ਕਰਾਈਆ । ਮਿਲੇ ਮੇਲ ਪੁਰਖ ਭਤਾਰੀ, ਦੇਵੇ ਮਾਣ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਬਣਤ ਬਣਾਈਆ । ਗੁਰ ਸ਼ਬਦ ਅਭੇਵ, ਭੇਦ ਨਾ ਰਾਇਆ । ਗਾ ਗਾ ਥੱਕੇ ਦੇਵੀ ਦੇਵ, ਕਰੋੜ ਤੇਤੀਸਾ ਸੇਵਾ ਲਾਇਆ । ਸ਼ਿਵ ਸ਼ੰਕਰ ਲਾਏ ਰਸਨਾ ਜਿਹਵ, ਹਰਿ ਸਾਚਾ ਆਪੇ ਮੁਖ ਉਘੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਹਰਿ ਸ਼ਬਦੀ ਸ਼ਬਦ ਜਣਾਇਆ । ਸ਼ਬਦ ਭੰਡਾਰ ਅਤੁੱਟ, ਹਰਿ ਰਖਾਇਆ । ਤਨ ਨਗਾਰੇ ਲਾਏ ਚੋਟ, ਗੁਰਮੁਖ ਸੋਏ ਰਿਹਾ ਜਗਾਇਆ । ਹਉਮੇ ਕਾਇਆ ਕੱਢੇ ਖੋਟ, ਦੁਰਮਤ ਮੈਲ ਦਏ ਗਵਾਇਆ । ਮਨਮੁਖ ਜੀਵਾਂ ਮਾਇਆ ਮਮਤਾ ਹਉਮੇ ਹੰਗਤਾ ਅਜੇ ਨਾ ਭਰੀ ਪੋਟ, ਜੂਠ ਝੂਠ ਭੇਖ ਵਟਾਇਆ । ਸਾਧ ਸੰਤ ਅੱਠ ਸੱਠ ਤੀਰਥ ਭੌਂਦੇ ਕੋਟੀ ਕੋਟ, ਪ੍ਰਭ ਬੈਠਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਦਰ ਦਵਾਰੇ ਫੇਰਾ ਪਾਇਆ । ਸਾਚਾ ਘਰ ਗੁਰਸਿਖ ਸਾਜਨ ਮੀਤ, ਮੁਰਾਰ ਏਕਾ ਏਕ ਸਖਾਇਆ । ਇਕ ਸੁਣਾਏ ਸੁਹਾਗੀ ਗੀਤ, ਸਾਚਾ ਛੰਦ ਅਲਾਇਆ । ਕਾਇਆ ਕਰੇ ਪਤਤ ਪੁਨੀਤ, ਅਚਰਜ ਰੀਤ ਵਖਾਇਆ । ਨਾ ਕੋਈ ਜਾਣੇ ਹਸਤ ਕੀਟ, ਊਚ ਨੀਚ ਏਕਾ ਰੰਗ ਸਮਾਇਆ । ਪਾਰਬ੍ਰਹਮ ਅਬਿਨਾਸ਼ੀ ਬੀਠਲਾ ਬੀਠ, ਆਪ ਆਪਣੇ ਰੰਗ ਰੰਗਾਇਆ । ਦੇਵੇ ਨਾਮ ਸ਼ਬਦ ਅਨਡੀਠ, ਦਿਸ ਕਿਸੇ ਨਾ ਆਇਆ । ਕਲਜੁਗ ਕਾਇਆ ਕੌੜਾ ਰੀਠ, ਆਪੇ ਭੰਨ ਵਖਾਇਆ । ਆਤਮ ਸੇਜਾ ਸੁੱਤਾ ਦੇ ਕਰ ਪੀਠ, ਮਨਮੁਖਾਂ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਮਿਲਾਇਆ । ਗੁਰਮੁਖ ਤੇਰੀ ਆਤਮ ਧੰਨ, ਹਰਿ ਸਾਚਾ ਮੇਲ ਮਿਲੰਨਿਆ । ਏਕਾ ਰਾਗ ਸੁਣਾਏ ਕੰਨ, ਭਾਂਡਾ ਭਰਮ ਭਉ ਭੰਨਿਆ । ਚੋਟ ਲਗਾਏ ਸਾਚੇ ਤਨ, ਆਪ ਚੜ੍ਹਾਏ ਸਾਚਾ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਤੇਰੇ ਦਰ, ਵਰ ਦਾਤਾ ਆਪੇ ਬਣਿਆ । ਆਤਮ ਸ਼ਬਦ ਵੱਜੇ ਵਧਾਈ, ਆਪੇ ਆਪ ਅਲਾਇੰਦਾ । ਜੁਗ ਜੁਗ ਮੇਲਾ ਸਹਿਜ ਸੁਭਾਈ, ਏਕਾ ਏਕ ਵੇਖ ਵਖਾਇੰਦਾ । ਭਗਤ ਵਛਲ ਆਪ ਰਘੁਰਾਈ, ਭਗਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਮੇਲੇ ਬਾਲ ਅੰਞਾਣੇ ਆਪਣੀ ਗੋਦ ਉਠਾਇੰਦਾ । ਗੁਰਮੁਖ ਸਾਚਾ ਬਾਲ ਨੀਕਾ, ਨੀਕਾ ਨੀਕ ਅਖਵਾਇਆ । ਭੇਵ ਨਾ ਜਾਣੇ ਹਰਿਜਨ ਜੀਅ ਕਾ, ਜੀਵ ਜੰਤ ਭੇਵ ਨਾ ਰਾਇਆ । ਭੇਵ ਚੁਕਾਏ ਸਾਚੇ ਤਿੰਨ ਹੱਥ ਸੀਅ ਕਾ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੇਲ ਮਿਲਾਇਆ । ਗੁਰਮੁਖ ਤੇਰੀ ਧੰਨ ਕਮਾਈ, ਸਚ

ਨਿਸ਼ਾਨ ਬਣਾਇਆ । ਸ੍ਰਿਸ਼ਟ ਸਬਾਈ ਵੇਖ ਵਖਾਈ, ਹਰਿ ਸਾਚਾ ਵੇਖਣ ਆਇਆ । ਸਾਢੇ ਤਿੰਨ ਹੱਥ ਚਾਰੋਂ ਕੁੰਟ ਰਖਾਈ, ਸੱਤ ਰੰਗ ਆਪ ਰੰਗਾਇਆ । ਲਾਲ ਕੰਚਨ ਸੂਹਾ ਵੇਸ ਹਰਿ ਨਰੇਸ਼, ਆਪਣਾ ਆਪ ਵਟਾਇਆ । ਚਿੱਟੀ ਧਾਰੀ ਦਸ ਦਸਮੇਸ਼, ਦਸਮ ਦਵਾਰੀ ਡੇਰਾ ਲਾਇਆ । ਪੀਲੀ ਧਾਰੀ ਜਗਤ ਵੇਸ, ਲੋਕਮਾਤੀ ਰਾਹ ਤਕਾਇਆ । ਨੀਲਾ ਨੀਲੀ ਧਾਰੀ ਕਰੇ ਪਿਆਰ, ਕਲਜੁਗ ਤੇਰੀ ਅੰਤਮ ਵਾਰ, ਏਕਾ ਰਾਹ ਵਖਾਇਆ । ਕਾਲਾ ਕਲਜੁਗ ਸੂਸਾ ਦੇਵੇ ਪਾੜ, ਅਗਨ ਲਗਾਏ ਬਹੱਤਰ ਨਾੜ, ਨਾ ਕੋਈ ਸਕੇ ਬੁਝਾਇਆ । ਅੱਲਾ ਰਾਣੀ ਤੇਰੀ ਚੁੰਨੀ ਦੇਵੇ ਪਾੜ, ਈਸਾ ਮੂਸਾ ਬੈਠੇ ਮੁਖ ਛੁਪਾਇਆ । ਸੰਗ ਮੁਹੰਮਦ ਚਾਰ ਯਾਰ ਰੋਵਣ ਜ਼ਾਰੋ ਜ਼ਾਰ, ਕੋਇ ਨਾ ਅੰਤ ਸਹਾਇਆ । ਵੇਦ ਪੁਰਾਨ ਅੰਜੀਲ ਕੁਰਾਨ ਕਰਨ ਪੁਕਾਰ, ਕਲਜੁਗ ਕਾਲਾ ਟਿੱਕਾ ਮਸਤਕ ਲਾਇਆ । ਖਾਣੀ ਬਾਣੀ ਗਈ ਹਾਰ, ਕੋਈ ਨਾ ਸੁਣੇ ਅੰਤ ਪੁਕਾਰ, ਮਾਇਆ ਮਮਤਾ ਮੋਹ ਵਧਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਸ਼ਬਦ ਖੰਡਾ ਤੇਜ ਕਟਾਰ, ਏਕਾ ਹੱਥ ਉਠਾਇਆ । ਲੋਆਂ ਪੁਰੀਆਂ ਕਰੇ ਖ਼ਬਰਦਾਰ ਮਾਰੇ ਮਾਰ, ਆਪ ਆਪਣਾ ਸਮਾਂ ਸੁਹਾਇਆ । ਗੁਰਮੁਖ ਸਾਚੇ ਲਏ ਉਭਾਰ, ਫੜ ਫੜ ਬਾਂਹੋ ਰਿਹਾ ਤਾਰ, ਸੰਮਤ ਚੌਦਾਂ ਸਾਚੀ ਥਿਤ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਹਰਿ ਨਿਰੰਜਣਾ, ਏਕਾ ਰੰਗ ਰੰਗਾਇੰਦਾ । ਆਪੇ ਮੀਤ ਮੁਰਾਰ ਸੱਜਣਾ, ਆਪੇ ਸ਼ੱਤਰੂ ਰੂਪ ਵਟਾਇੰਦਾ । ਆਪੇ ਚਰਨ ਧੂੜੀ ਮਜਨਾ, ਆਪੇ ਕਾਲਾ ਟਿੱਕਾ ਮਸਤਕ ਲਾਇੰਦਾ । ਆਪੇ ਹੋਇਆ ਪੜਦਾ ਕੱਜਣਾ, ਆਪੇ ਚੀਰ ਸਬਾਹ ਲੁਹਾਇੰਦਾ । ਆਪੇ ਅੰਮ੍ਰਿਤ ਆਤਮ ਪੀ ਪੀ ਰੱਜਣਾ, ਆਪੇ ਤ੍ਰਿਸ਼ਨਾ ਤ੍ਰਿਪਤ ਮਿਟਾਇੰਦਾ । ਆਪੇ ਰੱਖਣਹਾਰਾ ਲਜਨਾ, ਆਪੇ ਲਜ ਪਤ ਮਾਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਾਏ ਲੜ, ਲੱਖ ਚੁਰਾਸੀ ਜੋ ਘੜਿਆ ਸੋ ਭੱਜਣਾ । ਘੜੇ ਭੰਨੇ ਭੰਨਣਹਾਰ, ਅਕਲ ਕਲਾ ਭਰਪੂਰਾ । ਗੁਰਸਿਖ ਸੰਤ ਸੁਹੇਲੇ ਲਏ ਫੜ, ਬਖ਼ਸ਼ੇ ਚਰਨ ਧੂੜਾ । ਗੁਰਮੁਖ ਚੇਲੇ ਸੋਹਣ ਅੱਗੇ ਦਰ, ਗੋਬਿੰਦ ਗੁਰ ਗੁਰੂ ਗੁਰ ਚੇਲੇ ਹਰਿ ਦਾਤਾ ਜੋਧਾ ਸੂਰਾ । ਸੋਹੰ ਸ਼ਬਦ ਪੈਜ ਰਿਹਾ ਸਵਾਰ, ਆਪੇ ਵਸੇ ਨੇੜੇ ਦੂਰਾ । ਮਨਮੁਖ ਜੀਵ ਗਵਾਰ, ਜੂਠਾ ਝੂਠਾ ਰਸ ਰਸਨਾ ਕੂੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਏਕਾ ਏਕ ਚਰਨ ਧੂੜਾ । ਚਰਨ ਧੂੜ ਸੱਚਾ ਇਸ਼ਨਾਨਾ, ਏਕਾ ਏਕ ਕਰਾਈਆ । ਸੋਹੰ ਬੈਠੇ ਸ਼ਬਦ ਬਿਬਾਨਾ, ਦੋ ਜਹਾਨਾਂ ਹੋਏ ਸਹਾਈਆ । ਆਤਮ ਉਪਜੇ ਬ੍ਰਹਮ ਗਿਆਨਾ, ਨਿਰਮਲ ਜੋਤ ਰਿਹਾ ਜਗਾਈਆ । ਮੇਟ ਮਿਟਾਏ ਪੰਜ ਸ਼ੈਤਾਨਾ, ਨੇੜ ਰਹਿਣ ਨਾ ਪਾਈਆ । ਪੰਚ ਰਖਾਏ ਵੱਡ ਬਲਵਾਨਾ, ਏਕਾ ਰੂਪ ਵਖਾਈਆ । ਗੁਰਮੁਖ ਸਾਚਾ ਚਤਰ ਸੁਘੜ ਸਿਆਣਾ, ਗੁਰ ਸ਼ਬਦੀ ਜੋੜ ਜੁੜਾਈਆ । ਸੁਰਤ ਸਵਾਣੀ ਮਿਲੇ ਸਾਚਾ ਹਾਣਾ, ਸਾਚਾ ਹਾਣੀ ਹਾਣ ਮਿਲਾਈਆ । ਦਰ ਦਵਾਰ ਕਰ ਪਰਵਾਨਾ, ਪੱਲੂ ਇਕ ਫੜਾਈਆ । ਡੂੰਘੀ ਕੰਦਰ ਪਾਰ ਕਰਾਨਾ, ਔਖੀ ਘਾਟੀ ਆਪ ਚੜ੍ਹਾਈਆ । ਸੋਹੰ ਗਾਏ ਇਕ ਤਰਾਨਾ, ਸਾਚਾ ਨਾਉਂ ਵਖਾਈਆ । ਦਸਮ ਦਵਾਰੀ ਮਹੱਲ ਮਹਾਨਾ, ਵੇਖੇ ਚਾਈਂ ਚਾਈਂਆ । ਏਕਾ ਏਕ ਸ੍ਰੀ ਭਗਵਾਨਾ, ਬੈਠਾ ਰਾਹ ਤਕਾਈਆ । ਚਰਨ ਧੂੜ ਵਿਟਹੋਂ ਕੁਰਬਾਨਾ, ਗੁਰਸਿਖ ਬੈਠਾ ਸੀਸ ਕਟਾਈਆ । ਮਿਲਿਆ ਮੇਲ ਵਾਲੀ ਦੋ ਜਹਾਨਾਂ, ਵਿਛੜ ਕਦੇ ਨਾ ਜਾਈਆ । ਦਸਮ ਦਵਾਰੀ ਪਾਰ ਟਿਕਾਨਾ, ਹਰਿ ਸਾਚਾ ਇਕ ਵਖਾਈਆ । ਚੌਥਾ ਘਰ ਪਦ ਨਿਰਬਾਨਾ, ਆਪੇ ਰਿਹਾ ਉਪਾਈਆ । ਚਾਰ

ਦਿਵਾਰੀ ਨਾ ਕੋਈ ਦਿਸੇ ਹਰਿ ਭਗਵਾਨਾ, ਸਚ ਮਕਾਨਾ ਇਕ ਸੁਹਾਈਆ । ਚੌਦਾਂ ਲੋਕ ਨਾ ਕੋਈ ਦੁਕਾਨਾ, ਤ੍ਰੈਲੋਕ ਨਾ ਵੇਖ ਵਿਖਾਈਆ । ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਖਾਣੀ ਬਾਣੀ ਨਾ ਕੋਈ ਗਾਈਆ । ਪਾਰਬ੍ਰਹਮ ਇਕ ਸੁਲਤਾਨਾਂ, ਬੈਠਾ ਆਸਣ ਲਾਈਆ । ਸੰਤ ਸੁਹੇਲੇ ਕਰ ਪਰਵਾਨਾ, ਆਪ ਆਪਣੇ ਅੰਗ ਲਗਾਈਆ । ਰਾਗ ਸੁਣਾਏ ਸਚ ਤਰਾਨਾ, ਸੋਹੰ ਨਾਉਂ ਜਪਾਈਆ । ਸੋ ਪੁਰਖ ਨਿਰੰਜਣ ਵਡ ਬਲਵਾਨਾ, ਆਪੇ ਰਿਹਾ ਵਿਚ ਸਮਾਈਆ । ਹਾਹਾ ਹੰਗਤਾ ਨਾ ਕੋਈ ਨਿਸ਼ਾਨਾ ਨਾ ਕੋਈ ਵੇਖ ਵਖਾਈਆ । ਨਾ ਕੋਈ ਮਾਣ ਨਾ ਅਭਿਮਾਨਾ, ਮਤ ਤਤ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚੇ ਘਰ, ਆਪ ਬਹਾਏ ਧੁਰਦਰਗਾਹੀਆ । ਧੁਰਦਰਗਾਹੀ ਸਤਿਗੁਰ ਪੂਰਾ, ਏਕਾ ਏਕ ਅਖਵਾਇੰਦਾ । ਜਨ ਭਗਤਾਂ ਦੇਵੇ ਸਾਚੀ ਧੂੜਾ, ਮਸਤਕ ਟਿੱਕਾ ਇਕ ਲਗਾਇੰਦਾ । ਨਾਮ ਤਨ ਸ਼ਿੰਗਾਰ ਕਰਾਏ ਸੋਹੰ ਸਾਚਾ ਚੂੜਾ, ਏਕਾ ਕੰਗਣ ਹੱਥ ਪਹਿਨਾਇੰਦਾ । ਏਕਾ ਚਾੜ੍ਹੇ ਰੰਗ ਗੂੜ੍ਹਾ, ਆਤਮ ਅੰਤਰ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚੇ ਦਰ ਬਹਾਇੰਦਾ । ਸਾਚਾ ਸ਼ਬਦ ਹਰਿ ਬ੍ਰਹਿਮਾਦੀ, ਏਕਾ ਏਕ ਅਖਵਾਇਆ । ਜੀਵ ਜੰਤ ਨਾ ਕੋਈ ਨਿਧਾਨੀ, ਸਾਧ ਸੰਤ ਸਾਚਾ ਮੇਲ ਮਿਲਾਇਆ । ਆਪਣਾ ਰਸ ਰਸਨਾ ਗਾਣ, ਨਾ ਕੋਈ ਦੂਸਰ ਰਿਹਾ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਸੰਤ ਸੁਹੇਲੇ ਲਏ ਮਿਲਾਇਆ । ਸੰਤ ਸੁਹੇਲੇ ਦਰ ਬੁਲਾਏ, ਆਪਣੀ ਕਿਰਪਾ ਧਾਰਿਆ । ਆਪੇ ਵੇਖੇ ਮਾਰ ਧਿਆਨੇ, ਚਾਰੋਂ ਕੁੰਟ ਪਸਰ ਪਸਾਰਿਆ । ਸਤਿ ਪੁਰਖ ਨਿਰੰਜਣ ਪਕੜੇ ਬਾਂਹੇ, ਦਰ ਦਵਾਰਾ ਪਾਰ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਨ ਅਗੰਮ ਨਾ ਕੋਈ ਪਵਣ ਸਵਾਸੀ ਲਏ ਦਮ, ਨਾ ਕੋਈ ਹੱਡ ਮਾਸ ਨਾੜੀ ਚੰਮ, ਰਕਤ ਬੂੰਦ ਨਾ ਕੋਇ ਰਖਾ ਰਿਹਾ । ਨਾ ਕਦੇ ਮਰੇ ਨਾ ਪਏ ਜੰਮ, ਨਾ ਕੋਈ ਸੁਰਤ ਨਾ ਕੋਈ ਨਾਮ, ਨਾ ਕੋਈ ਦੂਜਾ ਸ਼ਬਦ ਪੜ੍ਹਾ ਰਿਹਾ । ਨਾ ਕੋਈ ਖਾਏ ਪੀਏ ਤਮ, ਨਾ ਕੋਈ ਨੇਤਰ ਰੋਏ ਛੰਮ ਛੰਮ, ਜਲ ਧਾਰ ਨਾ ਕੋਈ ਪਿਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਗੁਰਸਿਖ ਫੜਾਏ ਆਪਣਾ ਲੜ, ਆਪ ਆਪਣਾ ਰਾਹ ਵਖਾ ਰਿਹਾ । ਗੁਰਮੁਖ ਸਾਚੇ ਲੜ, ਹਰਿ ਆਪਣਾ ਆਪ ਫੜਾਇੰਦਾ । ਪੌੜੇ ਪੌੜੇ ਗਿਆ ਚੜ੍ਹ, ਦਰ ਸਾਚਾ ਇਕ ਸੁਹਾਇੰਦਾ । ਨਾ ਕੋਈ ਸੀਸ ਨਾ ਕੋਈ ਧੜ, ਰੰਗ ਅਨੂਪ ਸਮਾਇੰਦਾ । ਨਾ ਕੋਈ ਕਿਲ੍ਹਾ ਨਾ ਕੋਈ ਗੜ੍ਹ, ਬੰਦ ਮਕਾਨ ਦਿਸ ਨਾ ਆਇੰਦਾ । ਅਗਨੀ ਹਵਨ ਨਾ ਜਾਏ ਸੜ, ਨਾ ਕੋਇ ਧਰਤੀ ਖ਼ਾਕ ਦਬਾਇੰਦਾ । ਜਗਤ ਵਿਦਿਆ ਨਾ ਜਾਏ ਪੜ੍ਹ, ਨਾ ਕੋਈ ਅੱਖਰ ਹੋਰ ਪੜ੍ਹਾਇੰਦਾ । ਨਾ ਕੋਈ ਸਕੇ ਨਾਲ ਲੜ, ਸ਼ਸਤਰ ਬਸਤਰ ਨਾ ਕੋਈ ਵਖਾਇੰਦਾ । ਉਚੇ ਮੰਦਰ ਆਪੇ ਚੜ੍ਹ, ਆਪੇ ਕੁੰਡਾ ਲਾਹਿੰਦਾ । ਗੁਰਮੁਖ ਸਾਚੇ ਤੇਰੇ ਦਰ, ਏਕਾ ਆਸਣ ਲਾਇੰਦਾ । ਅਬਿਨਾਸ਼ੀ ਪੁਰਖ ਜਾਮਾ ਧਰ, ਸਾਚੀ ਨਾਰੀ ਕੰਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇੰਦਾ । ਦਰ ਦਵਾਰ ਹਰਿ ਨਿਰੰਕਾਰ, ਏਕਾ ਏਕ ਸੁਹਾਇਆ । ਗੁਰਮੁਖ ਸਾਚੇ ਕਰ ਪਿਆਰ, ਜੋਤੀ ਜੋਤ ਸਮਾਇਆ । ਪਵਣ ਪਾਣੀ ਨਾ ਕੋਏ ਅਧਾਰ, ਅਗੰਮ ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਜੋਤ ਸਰੂਪੀ ਏਕਾ ਹਰਿ, ਏਕਾ ਰੰਗ ਰੰਗਾਇਆ । ਏਕਾ ਰੰਗ ਹਰਿ ਰੰਗ ਰਾਤਾ, ਏਕਾ ਕਲ ਵਖਾਈਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਨਾ ਕੋਈ ਬਾਲ ਗੋਦ

੫੩੩
੦੬

ਉਠਾਈਆ । ਨਾ ਕੋਈ ਦੇਵੇ ਦਾਨੀ ਦਾਤਾ, ਨਾ ਕੋਈ ਭਗਤ ਭਿਖਾਰੀ ਦਿਸ ਆਈਆ । ਨਾ ਕੋਈ ਦਿਵਸ ਨਾ ਕੋਈ ਰਾਤਾ, ਸੰਞ ਸਵੇਰ ਨਾ ਕੋਈ ਵਖਾਈਆ । ਨਾ ਕੋਈ ਭੈਣ ਨਾ ਕੋਈ ਭਰਾਤਾ, ਨਾ ਕੋਈ ਜੋੜੇ ਸੰਗੀ ਸਗਲਾ ਨਾਤਾ, ਸਾਜਣ ਨਾ ਕੋਈ ਅਖਵਾਈਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਰਾਓ ਰੰਕ ਰਾਜਾਨ ਕੋਇ ਦਿਸ ਨਾ ਆਈਆ । ਨਾ ਕੋਈ ਦੇਵੇ ਸਾਚੀ ਦਾਤਾ, ਜੋਤੀ ਜੋਤ ਨਾ ਕੋਈ ਉਪਾਈਆ । ਏਕਾ ਏਕ ਪੁਰਖ ਬਿਧਾਤਾ, ਘਰ ਸਾਚੇ ਬੈਠਾ ਆਸਣ ਲਾਈਆ । ਤ੍ਰੈਗੁਣ ਮਾਇਆ ਨਾ ਦਿਸੇ ਨਾਰ ਕਮਜ਼ਾਤਾ, ਦੁਹਾਗਣ ਰੂਪ ਨਾ ਕੋਇ ਵਟਾਈਆ । ਪੰਚਮ ਤਤ ਨਾ ਦਿਸੇ ਜਗਤ ਸੁਗਾਤਾ, ਨਾ ਕੋਈ ਬਣਤ ਬਣਾਈਆ । ਆਪਣੀ ਪੁੱਛੇ ਆਪੇ ਵਾਤਾ, ਆਪ ਆਪਣਾ ਹੋਏ ਸਹਾਈਆ । ਆਪੇ ਹੋਇਆ ਕਮਲਾਪਾਤਾ, ਆਪੇ ਨਾਰੀ ਸਚ ਹੰਢਾਈਆ । ਨਿਰਮਲ ਜੋਤੀ ਇਕ ਇਕਾਂਤਾ, ਹਰਿ ਏਕਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਘਰ ਏਕਾ ਏਕ ਵਖਾਈਆ । ਏਕਾ ਘਰ ਹਰਿ ਇਕੱਲਾ, ਆਪਣਾ ਆਪ ਸੁਹਾਇਆ । ਦੂਜਾ ਦਰ ਸ਼ਬਦ ਮਹੱਲਾ, ਸਾਚੀ ਬਣਤ ਬਣਾਇਆ । ਤੀਜਾ ਦਰ ਨਿਹਚਲ ਧਾਮ ਅਟੱਲਾ, ਸੋ ਪੁਰਖ ਨਿਰੰਜਣ ਰੂਪ ਵਟਾਇਆ । ਚੌਥਾ ਘਰ ਦਸਮ ਦਵਾਰੀ, ਜੋਤ ਉਜਿਆਰੀ ਪਾਵੇ ਸਾਰੀ, ਗੁਰਮੁਖਾਂ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਮੀਤਾ ਪ੍ਰਭ ਸ਼ਬਦ ਸੁਣਾਏ ਸਾਚੀ ਗੀਤਾ, ਅਨਾਦ ਅਨਾਦਾ ਇਕ ਸੁਣਾਇਆ । ਰਾਗ ਅਨਾਦ ਆਤਮ ਧੁਨ, ਹਰਿ ਸਾਚੇ ਇਕ ਜਣਾਈਆ । ਆਪੇ ਤੋੜੇ ਸੁਨ ਮੁਨ, ਬਜਰ ਕਪਾਟੀ ਰਿਹਾ ਤੁੜਾਈਆ । ਸੰਤ ਸੁਹੇਲੇ ਸਾਜਣ ਚੁਣ, ਗੁਣ ਅਵਗੁਣ ਵੇਖ ਵਖਾਈਆ । ਦੋ ਜਹਾਨਾਂ ਏਕਾ ਧੁਨ, ਏਕਾ ਬਖ਼ਸ਼ੇ ਚਰਨ ਸੱਚੀ ਸਰਨਾਈਆ । ਸ੍ਰਿਸ਼ਟ ਸਬਾਈ ਛਾਣ ਪੁਣ, ਏਕਾ ਇੱਕੀ ਰਿਹਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਘਰ ਸਾਚੇ ਸਾਚੀ ਸਿਖਿਆ ਰਿਹਾ ਸਮਝਾਈਆ । ਸਾਚੀ ਸਿਖਿਆ ਗੁਰ ਵਿਚਾਰ, ਏਕਾ ਧਾਮ ਜਣਾਈਆ । ਆਤਮ ਵਿਦਿਆ ਬ੍ਰਹਮ ਵਿਚਾਰ, ਆਪੇ ਰਿਹਾ ਸਮਝਾਈਆ । ਲੇਖਾ ਲਿਖਿਆ ਧੁਰ ਦਰਬਾਰ, ਅੰਤਮ ਵੇਖਣ ਆਈਆ । ਕਲਜੁਗ ਕੂੜਾ ਕੁੜਿਆਰ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਜੀਵ ਜੰਤ ਗਏ ਹਾਰ, ਕਲਜੁਗ ਮਾਇਆ ਦਏ ਦੁਹਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਗੁਰਮੁਖ ਸਾਚੇ ਲਏ ਤਰਾਈਆ । ਦੇਵੇ ਸ਼ਬਦ ਇਕ ਹੁਲਾਰ, ਚਾਰੋਂ ਕੁੰਟ ਰਿਹਾ ਭਵਾਈਆ । ਆਪੇ ਹੋਏ ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਗੁਰਮੁਖ ਸੁੱਤੇ ਪੈਰ ਪਸਾਰ, ਆਵੇ ਜਾਵੇ ਸੁੱਤਿਆਂ ਦਰਸ ਦਿਖਾਈਆ । ਕਲਜੁਗ ਜੀਵਾਂ ਮਾਨਸ ਜਨਮ ਗਿਆ ਹਾਰ, ਨਾ ਕੋਈ ਹੋਏ ਸਹਾਈਆ । ਅੰਤਮ ਵੇਲਾ ਪੈਣੀ ਮਾਰ, ਸੰਮਤ ਚੌਦਾਂ ਲੇਖ ਲਿਖਾਈਆ । ਸੰਮਤ ਪੰਦਰਾਂ ਹਾਹਾਕਾਰ, ਸ੍ਰਿਸ਼ਟ ਸਬਾਈ ਰਿਹਾ ਕਰਾਈਆ । ਸੰਮਤ ਸੋਲਾਂ ਦੁਸ਼ਟ ਦੁਰਾਚਾਰ, ਧਰਤਮਾਤ ਤੇਰੀ ਗੋਦ ਦਏ ਸਵਾਈਆ । ਸੰਮਤ ਸਤਾਰਾਂ ਨਾਰੀ ਨਾਰ, ਖੁਲ੍ਹੜੇ ਕੇਸ ਦੇਣ ਦੁਹਾਈਆ । ਅੱਠ ਅਠਾਰਾਂ ਤੇਰੀ ਧਾਰ, ਜਲ ਰੂਪ ਇਕ ਸਮਾਈਆ । ਇਕ ਉਨੀਸਾ ਓਅੰਕਾਰ, ਈਸਾ ਮੂਸਾ ਦਏ ਮਿਟਾਈਆ । ਬੀਸ ਬੀਸਾ ਹੋਏ ਖ਼ਬਰਦਾਰ, ਜਗਤ ਜਗਦੀਸਾ ਆਪ ਅਖਵਾਈਆ । ਛਤਰ ਸੀਸਾ ਦਿੱਲੀ ਦਰਬਾਰ, ਪੰਚਮ ਮੁਖ ਤਾਜ ਰਿਹਾ ਟਿਕਾਈਆ । ਇਕ ਇਕੀਸਾ ਕਰ ਪਿਆਰ, ਏਕਾ ਇੱਕੀ ਰਿਹਾ ਪਾਈਆ । ਸਾਚੀ ਸਿੱਖੀ ਕਰ ਤਿਆਰ, ਚਾਰ ਵਰਨਾਂ ਬਖ਼ਸ਼ੇ ਸਚ ਸੱਚੀ ਸਰਨਾਈਆ । ਨੌ ਖੰਡ ਪ੍ਰਿਥਮੀ ਏਕਾ ਧਾਰ, ਸੱਤਾਂ ਦੀਪਾਂ ਸ਼ਬਦ ਜਣਾਈਆ । ਸੋਹੰ


੫੩੪
੦੬

ਸ਼ਬਦ ਜੈ ਜੈਕਾਰ, ਰਾਜ ਰਾਜਾਨ ਏਕਾ ਰਸਨਾ ਗਾਈਆ । ਬ੍ਰਹਮਾ ਸ਼ਿਵ ਦਰ ਦਵਾਰ, ਦੋਏ ਜੋੜ ਸੀਸ ਝੁਕਾਈਆ । ਕਰੋੜ ਤੇਤੀਸਾ ਵੇਖੇ ਮਾਰ ਧਿਆਨ, ਕਲਜੁਗ ਤੇਰੀ ਅੰਤਮ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਵਿਛੜੇ ਮੇਲ ਮਿਲਾਈਆ । ਗੁਰਮੁਖ ਸਿੱਖ ਗੁਰੂ ਗੁਰ ਚੇਲਾ, ਅੰਤਮ ਮੇਲ ਮਿਲਾਇਆ । ਆਪੇ ਹੋਇਆ ਸੱਜਣ ਸੁਹੇਲਾ, ਆਪ ਆਪਣਾ ਮੂਲ ਚੁਕਾਇਆ । ਪਾਰਬ੍ਰਹਮ ਖੇਲ ਕਲ ਖੇਲਾ, ਖੇਲਣਹਾਰ ਇਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਵਸਿਆ ਘਰ, ਘਰ ਬਾਹਰਾ ਇਕ ਸੁਹਾਇਆ । ਸਤਿਜੁਗ ਬੰਨ੍ਹੇ ਸਾਚੀ ਧਾਰ, ਸਤਿ ਸਤਿ ਵਰਤਾਈਆ । ਗੁਰਸਿਖ ਰਲਾਏ ਨਾਲ ਕਰਤਾਰ, ਸਗਲਾ ਸੰਗ ਨਿਭਾਈਆ । ਏਕਾ ਨਾਉਂ ਨਾਮ ਭੰਡਾਰ, ਆਪੇ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸੇਵ ਕਮਾਈਆ । ਸਤਿਜੁਗ ਸਾਚਾ ਇਕ ਗਿਆਨ, ਏਕਾ ਏਕ ਜਣਾਈਆ । ਚਾਰ ਵਰਨ ਇਕ ਧਿਆਨ, ਏਕਾ ਪੁਰਖ ਰਘੁਰਾਈਆ । ਰਾਓ ਰੰਕ ਰਾਜ ਰਾਜਾਨ, ਏਕਾ ਧਾਮ ਸੁਹਾਈਆ । ਏਕਾ ਰਾਗ ਸਾਰੇ ਗਾਣ, ਏਕਾ ਨਾਦ ਵਜਾਈਆ । ਏਕਾ ਨਾਮ ਪੀਣ ਖਾਣ, ਏਕਾ ਰੰਗ ਸਮਾਈਆ । ਉਤਮ ਜ਼ਾਤਾ ਵਿਚ ਜਹਾਨ, ਜੋ ਜਨ ਰਸਨਾ ਰਹੇ ਗਾਈਆ । ਮਿਲੇ ਮੇਲ ਸ੍ਰੀ ਭਗਵਾਨ, ਹਰਿ ਸਾਚਾ ਆਪ ਮਿਲਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਸਚ ਕਟਾਰਾ ਨਾਮ ਕਿਰਪਾਨ, ਆਪਣੀ ਹੱਥੀਂ ਪਹਿਨਾਈਆ । ਪੰਚਮ ਤਤ ਕਰ ਪਛਾਣ, ਤੀਨੋ ਤਤ ਸਮਾਈਆ । ਗੁਰਮਤ ਵਿਚ ਜਹਾਨ, ਪ੍ਰਭ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਵਖਾਏ ਇਕ ਦਰ, ਦਰ ਦਵਾਰਾ ਇਕ ਵਖਾਈਆ । ਸਤਿਜੁਗ ਸਾਚਾ ਸ਼ਬਦ ਮਲਾਹ, ਏਕਾ ਏਕ ਰਖਾਇੰਦਾ । ਦਾਤਾ ਦਾਨੀ ਬੇਪਰਵਾਹ, ਆਪੇ ਝੋਲੀ ਪਾਇੰਦਾ । ਇਕ ਰਖਾਏ ਸਾਚਾ ਨਾਂ, ਸੋਹੰ ਸੋ ਉਪਾਇੰਦਾ । ਜਨ ਭਗਤਾਂ ਫੜੇ ਆਤਮ ਅੰਤਰ ਬਾਂਹ, ਆਪ ਆਪਣਾ ਰਾਹ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਗੁਰ ਪੂਰਾ ਆਪ ਅਖਵਾਇੰਦਾ । ਸਤਿਗੁਰ ਪੂਰਾ ਦੀਨ ਦਿਆਲ, ਦੀਨਾ ਬੰਧਪ ਤੋੜਿਆ । ਦਰਸ ਦਿਖਾਏ ਇਕ ਅਕਾਲ, ਹਉਮੇ ਹੰਗਤਾ ਰਿਹਾ ਰੋੜ੍ਹਿਆ । ਗੁਰਸਿਖ ਉਠਾਏ ਸਾਚੇ ਲਾਲ, ਕਲਜੁਗ ਅੰਤਮ ਆਪੇ ਬਹੁੜਿਆ । ਫਲ ਲਗਾਏ ਕਾਇਆ ਡਾਲ੍ਹ, ਮਨਮੁਖ ਵੇਖੇ ਮਿੱਠਾ ਕੌੜਿਆ । ਚਰਨ ਪ੍ਰੀਤੀ ਜਨ ਰਹੇ ਘਾਲ, ਇਕ ਚੜ੍ਹਾਏ ਸ਼ਬਦ ਸਾਚੇ ਘੋੜਿਆ । ਆਪੇ ਹੋਏ ਨਾਲ ਨਾਲ, ਕਾਇਆ ਮੰਦਰ ਦਸਮ ਦਵਾਰੀ ਸਾਚੇ ਪੌੜਿਆ । ਸਾਚਾ ਘਰ ਸਾਚਾ ਵਰ ਸਾਚਾ ਸਰ ਸਾਚੀ ਧਰਮਸਾਲ, ਗੁਰਸਿਖ ਵਰ ਪਾਇਆ ਜਿਹਾ ਲੋੜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਵਾਗਾਂ ਮੋੜਿਆ । ਆਪੇ ਆਏ ਜਗਤ ਜੋਗ ਕਮਾਏ, ਹਰਿ ਦਾਤਾ ਸਿਰਜਨਹਾਰਿਆ । ਗੁਰ ਗੋਬਿੰਦ ਭੇਖ ਵਟਾਏ, ਸਗਲੀ ਚਿੰਦਾ ਮੇਟ ਮਿਟਾਏ, ਦਰਸ ਦਿਖਾਏ ਅਗੰਮ ਅਪਾਰਿਆ । ਮਨਮੁਖ ਜੀਵ ਜੰਤ ਰੁਲਾਏ, ਸਾਗਰ ਸਿੰਧ ਧਾਰ ਵਹਾਏ, ਨਾ ਕੋਈ ਦਿਸੇ ਪਾਰ ਕਿਨਾਰਿਆ । ਗੁਰਮੁਖ ਸਾਚੇ ਸੁਤ ਉਪਜਾਏ, ਦੇ ਮਤ ਆਪ ਸਮਝਾਏ, ਰਸਨ ਕਰਾਏ ਜੈ ਜੈਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਉਠਾ ਰਿਹਾ । ਉਠ ਜਾਗ ਸੰਤ ਦੁਲਾਰ, ਹਰਿ ਸਾਚਾ ਆਪ ਜਗਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਫੇਰਾ ਪਾਇੰਦਾ । ਸੋਹੰ ਖੰਡਾ ਤੇਜ ਕਟਾਰ, ਆਪਣੇ ਹੱਥ ਰਖਾਇੰਦਾ । ਜੀਆਂ

੫੩੫
੦੬

ਜੰਤਾਂ ਮਾਰੇ ਮਾਰ, ਅੱਗੇ ਹੋ ਨਾ ਕੋਈ ਬਚਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਅੱਠੇ ਪਹਿਰ ਨੀਰ ਵਹਾਇੰਦਾ । ਸ਼ਿਵ ਸ਼ੰਕਰ ਕਰੇ ਖ਼ਬਰਦਾਰ, ਬਾਸ਼ਕ ਤਸ਼ਕਾ ਨਾਲ ਰਲਾਇੰਦਾ । ਕਰੋੜ ਤੇਤੀਸਾ ਕਰੇ ਪਿਆਰ, ਸੁਰਪਤ ਰਾਜਾ ਇੰਦ ਗਲੇ ਨਾ ਕੋਈ ਲਗਾਇੰਦਾ । ਨੌ ਖੰਡ ਪ੍ਰਿਥਮੀ ਨਾਰ ਵਿਭਚਾਰ, ਕੰਤ ਸੁਹਾਗ ਨਾ ਕੋਈ ਹੰਢਾਇੰਦਾ । ਸੱਤਾਂ ਦੀਪਾਂ ਏਕਾ ਧਾਰ, ਇਕ ਇਕੱਲਾ ਆਪ ਬੰਧਾਇੰਦਾ । ਸਚ ਮਹੱਲਾ ਵਿਚ ਸੰਸਾਰ, ਜਲਾਂ ਥਲਾਂ ਆਪ ਸਮਾਇੰਦਾ । ਗੋਬਿੰਦ ਡੱਲਾ ਇਕ ਪਿਆਰ, ਸਾਚਾ ਧਾਮ ਵੇਖ ਵਖਾਇੰਦਾ । ਜੋਤੀ ਸ਼ਬਦੀ ਆਪੇ ਰੱਲਾ, ਜਨ ਭਗਤਾਂ ਫੜਾਏ ਆਪਣਾ ਪੱਲਾ, ਬੇਮੁਖ ਦਿਸ ਨਾ ਆਇੰਦਾ । ਪੰਚਮ ਘਰ ਕਰਿਆ ਹੱਲਾ, ਦੂਈ ਦਵੈਤੀ ਲੱਗਾ ਸੱਲਾ, ਕਾਮ ਕਰੋਧ ਲੋਭ ਮੋਹ ਹੰਕਾਰ ਜੀਵਾਂ ਜੰਤਾਂ ਮਾਤ ਜਲਾਇੰਦਾ । ਗੁਰਮੁਖ ਸਾਚਾ ਗੁਰ ਸੰਗਤ ਸਾਚੀ ਰੱਲਾ, ਏਕਾ ਵਸਿਆ ਨਿਹਚਲ ਨਾਮ ਅਟੱਲਾ, ਊਚੋ ਊਚ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਸਤਿਜੁਗ ਕਲਜੁਗ ਦੋਹਾਂ ਬੰਨ੍ਹੇ ਧਾਰ, ਨਿਰਗੁਣ ਸਰਗੁਣ ਖੇਲ ਖਿਲਾਇਆ । ਤ੍ਰੈਗੁਣ ਮਾਇਆ ਤੇਰਾ ਪਸਰ ਪਸਾਰ, ਅੰਤਮ ਮੇਟ ਮਿਟਾਇਆ । ਮਤ ਮਨ ਬੁਧ ਗਈ ਹਾਰ, ਸਤਿ ਸੰਤੋਖ ਰਹਿਣ ਨਾ ਪਾਇਆ । ਧੀਰਜ ਯਤ ਹਾਹਾਕਾਰ, ਪੰਚਮ ਬੈਠਾ ਮੁਖ ਛੁਪਾਇਆ । ਅਠ ਸਠ ਕਰੇ ਪੁਕਾਰ, ਤੀਰਥ ਤਟ ਦਏ ਦੁਹਾਇਆ । ਗੁਰ ਦਰ ਮੰਦਰ ਅੰਦਰ ਮਸਜਿਦ ਸ਼ਿਵਦਵਾਲਾ ਮਠ, ਬੇਮੁਖ ਬੈਠੇ ਡੇਰਾ ਲਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਪ੍ਰਭ ਚਰਨ ਦਵਾਰੇ ਇਕ ਇਕੱਠ, ਹਰਿ ਸਾਚੇ ਦਰਸ ਦਿਖਾਇਆ । ਕਲਜੁਗ ਗੇੜੇ ਉਲਟੀ ਲੱਠ, ਲੱਖ ਚੁਰਾਸੀ ਰਿਹਾ ਹਿਲਾਇਆ । ਉਚੇ ਮੰਦਰ ਜਾਣੇ ਢੱਠ, ਰਾਜ ਰਾਜਾਨ ਕੋਈ ਦਿਸ ਨਾ ਆਇਆ । ਜੋਤੀ ਅਗਨੀ ਲਾਏ ਮੱਠ, ਏਕਾ ਏਕ ਤਤੀ ਵਾਓ ਵਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦਵਾਰਾ ਇਕ ਦਰ, ਗੋਬਿੰਦ ਸੰਗ ਰਲਾਇਆ । ਗੋਬਿੰਦ ਸੰਗ ਹਰਿ ਰੰਗ ਰਾਤਾ, ਏਕਾ ਰੰਗ ਰੰਗਾਇੰਦਾ । ਜਨ ਭਗਤਾਂ ਆਤਮ ਧਾਰ ਵਹਾਏ ਗੰਗਾ, ਅੰਮ੍ਰਿਤ ਸਾਚੀ ਧਾਰ ਵਹਾਇੰਦਾ । ਅਨਹਦ ਵਜਾਏ ਸਚ ਮਰਦੰਗਾ, ਏਕਾ ਢੋਲ ਵਜਾਇੰਦਾ । ਦਰ ਦਵਾਰਾ ਏਕਾ ਮੰਗਾ, ਸਾਚੀ ਭਿਛਿਆ ਝੋਲੀ ਪਾਇੰਦਾ । ਸ਼ਬਦ ਘੋੜੇ ਕਸਿਆ ਤੰਗਾ, ਸੋਲਾਂ ਕਲੀਆਂ ਆਸਣ ਲਾਇੰਦਾ । ਚਿੱਟਾ ਅਸਵ ਸਚ ਦਵਾਰਾ ਆਪੇ ਲੰਘਾ, ਪੁਰੀਆਂ ਲੋਆਂ ਰਾਹ ਤਕਾਇੰਦਾ । ਆਪਣੀ ਹੱਥੀਂ ਪਾਏ ਵੰਡਾ, ਜੇਰਜ ਅੰਡਾਂ ਵੇਖ ਵਖਾਇੰਦਾ । ਉਤਭੁਜ ਸੇਤਜ ਹੋਈ ਰੰਡਾ, ਧਰਤੀ ਧਵਲ ਆਕਾਸ਼ ਪਰਕਾਸ਼ ਨਾ ਕੋਈ ਵੇਖ ਵਖਾਇੰਦਾ । ਜੀਵ ਜੰਤ ਆਤਮ ਰੰਡਾ, ਤਤ ਵਿਕਾਰ ਭਰਿਆ ਘਮੰਡਾ, ਝੂਠਾ ਗੜ੍ਹ ਬਣਾਇੰਦਾ । ਪਾਰਬ੍ਰਹਮ ਹੱਥ ਫੜਿਆ ਖੰਡਾ, ਨੌ ਖੰਡ ਪ੍ਰਿਥਮੀ ਪਾਵੇ ਵੰਡਾ, ਸਾਚੀ ਵੰਡ ਵੰਡਾਇੰਦਾ । ਮੇਟ ਮਿਟਾਏ ਭੇਖ ਪਖੰਡਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਸਤਿਜੁਗ ਏਕਾ ਦਰ, ਦੋਹਾਂ ਮੇਲ ਮਿਲਾਇੰਦਾ । ਕਲਜੁਗ ਸਤਿਜੁਗ ਇਕ ਦਵਾਰ, ਬੈਠੇ ਸੀਸ ਝੁਕਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਜਗਤ ਜਗਦੀਸ਼ ਹੱਥ ਵਡਿਆਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਜੂਠ ਝੂਠ ਰਹੀ ਸ਼ਰਮਾਈਆ । ਸਤਿਜੁਗ ਮੰਗੇ ਭਿੱਖ ਅਪਾਰ, ਸਚ ਵਸਤ ਹਰਿ ਝੋਲੀ ਪਾਈਆ । ਦੋਹਾਂ ਬਣਿਆ ਸਾਂਝਾ ਯਾਰ, ਏਕਾ ਏਕ ਹਰਿ ਰਘੁਰਾਈਆ । ਆਪੇ ਵੇਖੇ ਵਿਚ ਸੰਸਾਰ, ਪਰਦਾ ਓਹਲਾ ਰਹਿਣ ਨਾ ਪਾਈਆ । ਸੰਗ ਮੁਹੰਮਦ ਚਾਰ ਯਾਰ, ਕਲਜੁਗ ਤੇਰਾ ਸੰਗ


੫੩੬
੦੬

ਨਿਭਾਈਆ । ਈਸਾ ਮੂਸਾ ਨਾਲ ਤਿਆਰ, ਅੱਲਾ ਰਾਣੀ ਨਾਲ ਪਰਨਾਈਆ । ਹੂ ਹੂ ਨਾਅਰਾ ਰਹੀ ਮਾਰ, ਤੂੰ ਤੂੰ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਦੇਵੇ ਵਰ, ਆਪਣੇ ਹੱਥ ਰੱਖੀ ਵਡਿਆਈਆ । ਕਲਜੁਗ ਤੇਰਾ ਸਾਚਾ ਸੰਗ, ਸੰਗ ਮੁਹੰਮਦ ਆਪ ਨਿਭਾਇੰਦਾ । ਏਕ ਰੰਗਾਇਆ ਕਾਲਾ ਰੰਗ, ਕਾਲਾ ਸੂਸਾ ਤਨ ਛੁਹਾਇੰਦਾ । ਚਾਰ ਕੁੰਟ ਭੁੱਖ ਨੰਗ, ਈਸਾ ਮੂਸਾ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਮਤ ਨਬੀ ਰਸੂਲ ਦੀ ਬਿਸਮਿਲਾ ਆਪ ਕਰਾਇੰਦਾ । ਬਿਸਮਿਲਾ ਨੂਰ ਅਲਾਹੀ, ਏਕਾ ਏਕ ਅਖਵਾਇਆ । ਆਪੇ ਜਾਣੇ ਧੁਰਦਰਗਾਹੀ, ਪਰਵਰਦਿਗਾਰਾ ਆਪ ਅਖਵਾਇਆ । ਏਕਾ ਏਕ ਸਚ ਸੁਲਤਾਨੀ, ਖ਼ੁਦੀ ਖ਼ੁਦਾਈ ਲੈ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਲਿਆ ਵਰ, ਦੋਹਾਂ ਲਹਿਣਾ ਦੇਣਾ ਰਿਹਾ ਮੁਕਾਇਆ । ਕਲਜੁਗ ਤੇਰਾ ਅੰਤਮ ਲਹਿਣਾ, ਗਹਿਣਾ ਤਨ ਪਹਿਨਾਇਆ । ਸੰਗ ਮੁਹੰਮਦ ਵੇਖੇ ਨੈਣਾ, ਪ੍ਰਭ ਸਾਚਾ ਦਏ ਵਿਖਾਇਆ । ਮੱਕਾ ਮਦੀਨਾ ਅੰਤਮ ਢਹਿਣਾ, ਹਰਿ ਆਪਣੀ ਬਣਤ ਬਣਾਇਆ । ਅੱਲਾ ਰਾਣੀ ਤੇਰਾ ਕੋਈ ਨਾ ਮੰਨੇ ਕਹਿਣਾ, ਨੇਤਰ ਨੈਣਾ ਝੂਠਾ ਖੇਲ ਰਚਾਇਆ । ਪ੍ਰਭ ਕਾ ਭਾਣਾ ਸਿਰ ਤੇ ਸਹਿਣਾ, ਸੰਮਤ ਚੌਦਾਂ ਵੇਖ ਵਖਾਇਆ । ਲਾੜੀ ਮੌਤ ਖਾਏ ਡੈਣਾ, ਔਲੀਆ ਪੀਰ ਸ਼ੇਖ਼ ਦਸਤਗੀਰ ਸ਼ਾਹ ਹਕੀਰ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਪੱਲਾ ਰਿਹਾ ਲਾਹਿਆ, ਕਲਜੁਗ ਤੇਰੀ ਅੰਤਮ ਵਾਰ, ਆਪਣਾ ਮੇਲਾ ਰਿਹਾ ਮਿਲਾਇਆ । ਕਲਜੁਗ ਮੇਲਾ ਆਪ ਕਰਾਏ, ਸੰਗ ਮੁਹੰਮਦੀ ਦੀਨਾ । ਸਾਚਾ ਮਰਦੰਗ ਇਕ ਵਜਾਏ, ਆਪ ਸੁਣਾਏ ਰੂਸਾ ਚੀਨਾ । ਦੂਈ ਦਵੈਤੀ ਵਿਚ ਕੰਧ ਰਖਾਏ, ਚਾਰ ਕੁੰਟ ਵਜਾਏ ਹੰਕਾਰੀ ਬੀਨਾ । ਸੰਮਤ ਚੌਦਾਂ ਤੇਰਾ ਪੰਧ ਮੁਕਾਏ, ਧਰਤ ਮਾਤ ਤੇਰਾ ਠੰਢਾ ਸੀਨਾ । ਸ੍ਰਿਸ਼ਟ ਸਬਾਈ ਅੰਧ ਕਰਾਏ, ਪਾਣੀ ਠੰਢਾ ਕਿਸੇ ਨਾ ਪੀਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਏਕਾ ਦਰ, ਵੇਖ ਵਖਾਏ ਲੋਕ ਤੀਨਾ । ਸਤਿਜੁਗ ਸਾਚਾ ਦਰ ਦਰਵੇਸ਼ੇ, ਪ੍ਰਭ ਅੱਗੇ ਕਰੇ ਨਿਮਸਕਾਰਿਆ । ਗਲ ਪਾਏ ਖੁਲ੍ਹੜੇ ਕੇਸੇ, ਰੋਵੇ ਜ਼ਾਰੋ ਜ਼ਾਰਿਆ । ਮੇਲ ਦਸ ਦਸਮੇਸ਼ੇ, ਸੁਣੇ ਮਾਤ ਪੁਕਾਰਿਆ । ਪਵਣ ਪਵਣੀ ਰਲਾ ਬ੍ਰਹਮਾ ਵਿਸ਼ਨੂੰ ਸ਼ਿਵ ਗਣੇਸ਼ੇ, ਮੰਗਣ ਵਾਰੋ ਵਾਰਿਆ । ਏਕਾ ਦਾਤਾ ਮਿਲੇ ਰਿਖੀ ਕੇਸੇ, ਲੋਕਮਾਤ ਆਪ ਉਠਾਏ ਗਵਰਧਨ ਭਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਦੇਵੇ ਸਾਚਾ ਵਰ, ਸਿਰ ਆਪਣਾ ਹੱਥ ਟਿਕਾ ਰਿਹਾ । ਸਤਿਜੁਗ ਤੇਰੀ ਮਤ, ਪ੍ਰਭ ਏਕਾ ਏਕ ਰਖਾਈਆ । ਭਗਤ ਜਨਾਂ ਦੀ ਰੱਖੀ ਪਤ, ਸਾਚਾ ਸੰਗ ਨਿਭਾਈਆ । ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰੱਤ ਰਹਿਣ ਨਾ ਪਾਈਆ । ਮੇਲ ਮਿਲਾਏ ਕਮਲਾਪਤ, ਪੁਰਖ ਅਬਿਨਾਸ਼ੀ ਰਿਹਾ ਸੁਣਾਈਆ । ਸਤਿ ਸੰਤੋਖ ਧੀਰਜ ਯਤ, ਗੁਰ ਸ਼ਬਦੀ ਬੰਧ ਬੰਧਾਈਆ । ਸੋਹੰ ਚੜ੍ਹਾਉਣਾ ਸਾਚੇ ਰਥ, ਵੰਞ ਮੁਹਾਣਾ ਤੇਰੇ ਹੱਥ ਰਖਾਈਆ । ਰੱਖੇ ਹੱਥ ਸਿਰ ਸਮਰਥ, ਜੁਗ ਜੁਗ ਹੋਏ ਸਹਾਈਆ । ਏਕਾ ਬਖ਼ਸ਼ੇ ਸਾਚੀ ਵੱਥ, ਤੇਰੀ ਝੋਲੀ ਪਾਈਆ । ਪੰਜਾਂ ਚੋਰਾਂ ਪਾਏ ਨੱਥ, ਸੋਹੰ ਸ਼ਬਦ ਕਰੇ ਕੁੜਮਾਈਆ । ਲਹਿਣਾ ਦੇਣਾ ਚੁਕਾਉਣਾ ਸੀਆਂ ਸਾਢੇ ਤਿੰਨ ਤਿੰਨ ਹੱਥ, ਲੱਖ ਚੁਰਾਸੀ ਫੰਦ ਕਟਾਈਆ । ਜਗਤ ਵਿਕਾਰਾ ਦੇਣਾ ਵੱਥ, ਨਾਮ ਮਧਾਣਾ ਇਕ ਰਖਾਈਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਦਰ ਦਵਾਰੇ ਆਏ ਦਰਸ਼ਨ ਪਾਈਆ । ਸ਼ਬਦ ਜਣਾਏ ਅਕਥਨਾ ਅਕੱਥ, ਅਕੱਥ ਕਥ ਰਹੀ ਲੋਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਹਰਿ ਮੇਲਾ ਸਹਿਜ ਸੁਭਾਈਆ । ਸਤਿਜੁਗ ਸਾਚੇ ਦਰ ਸਾਚਾ ਪਾਇਆ, ਆਤਮ ਖ਼ੁਸ਼ੀ ਮਨਾਈਆ । ਏਕਾ ਕਾਇਆ ਰੰਗਣ ਰੰਗ ਚੜ੍ਹਾਇਆ, ਉਤਰ ਕਦੇ ਨਾ ਜਾਈਆ । ਗੁਰਮੁਖ ਦਰ ਦਵਾਰ ਮੰਗਣ ਆਇਆ, ਅੱਗੇ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਗੁਰਮੁਖ ਸਾਚੇ ਸਾਚੇ ਦਰ ਬੈਠਾ ਆਸਣ ਲਾਈਆ । ਸਤਿਜੁਗ ਤੇਰਾ ਸਾਚਾ ਸੰਗ, ਜਨ ਭਗਤਾਂ ਆਪ ਕਰਾਇੰਦਾ । ਨੌ ਦਵਾਰੇ ਪਾਰ ਲੰਘ, ਦਸਵੇਂ ਮੇਲ ਮਿਲਾਇੰਦਾ । ਸ਼ਬਦ ਰੰਗੀਲਾ ਇਕ ਪਲੰਘ, ਆਤਮ ਸੇਜ ਵਛਾਇੰਦਾ । ਚਾਰੋਂ ਕੁੰਟ ਅੰਮ੍ਰਿਤ ਧਾਰਾ ਗੰਗ, ਸਰ ਸਰੋਵਰ ਇਕ ਵਿਖਾਇੰਦਾ । ਏਕਾ ਚਲੇ ਚਾਲ ਬੇਹੰਗ, ਬੇਹੰਗਮ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਘਰ ਸਾਚਾ ਧਾਮ ਸੁਹਾਇੰਦਾ ।

ਗੁਰਸਿਖ ਵਡਿਆਈਆ । ਹਰਿ ਸੇਵਕ ਸੇਵਾਦਾਰ, ਪਾਰਬ੍ਰਹਮ ਸਰਨਾਈਆ । ਪ੍ਰਭ ਪਾਇਆ ਏਕੰਕਾਰ, ਗੁਰ ਸ਼ਬਦ ਸੱਚੀ ਕੁੜਮਾਈਆ । ਦੋ ਜਹਾਨੀ ਉਤਰੇ ਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਵੈਰ ਰੂਪ ਸਮਾਈਆ । ਨਿਰਵੈਰ ਨਿਰੰਕਾਰ ਨਿਰਗੁਣ ਸਮਾਇਆ । ਜਨ ਭਗਤਾਂ ਉਧਾਰੇ ਕਰ ਕਰ ਮਿਹਰ, ਆਪ ਆਪਣੀ ਦਇਆ ਕਮਾਇਆ । ਨੇੜ ਨਾ ਆਇਣ ਐਰ ਗੈਰ, ਪੰਚਮ ਕਹਿਰ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਕਰ, ਗੁਰ ਸੰਗਤ ਰਿਹਾ ਮਿਲਾਇਆ । ਗੁਰ ਸੰਗਤ ਧੰਨ ਕਮਾਈ, ਗੁਰ ਪੂਰਾ ਪਾਇਆ । ਆਤਮ ਸੁਖ ਮੇਲ ਸਦਾ ਸੁਖਦਾਈ, ਹਉਮੇ ਦੁੱਖ ਗਵਾਇਆ । ਸੁਫਲ ਕਰਾਉਣੀ ਮਾਤ ਕੁੱਖ, ਆਵਣ ਜਾਵਣ ਫੰਦ ਕਟਾਇਆ । ਮਾਤ ਗਰਭ ਨਾ ਉਲਟਾ ਰੁੱਖ, ਧਰਮ ਰਾਏ ਨਾ ਦਏ ਸਜ਼ਾਇਆ । ਆਪ ਉਤਾਰੇ ਤ੍ਰਿਸ਼ਨਾ ਭੁੱਖ, ਜਿਸ ਜਨ ਨੇਤਰ ਲੋਚਨ ਨੈਣ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਉਮੇ ਹੰਗਤਾ ਰਿਹਾ ਰੋਗ ਗਵਾਇਆ । ਹਉਮੇ ਹੰਗਤਾ ਰੋਗ ਕੱਟ, ਪ੍ਰਭ ਸਾਚਾ ਰੰਗ ਚੜ੍ਹਾਇੰਦਾ । ਚਰਨ ਧੂੜ ਨੁਹਾਵੇ ਸਾਚੇ ਤੀਰਥ ਤਟ, ਇਕ ਇਸ਼ਨਾਨ ਕਰਾਇੰਦਾ । ਦੂਈ ਦਵੈਤੀ ਕੱਢੇ ਵਟ, ਭਰਮਾਂ ਗੜ੍ਹ ਤੁੜਾਇੰਦਾ । ਤਨ ਨਗਾਰੇ ਲਾਏ ਸੱਟ, ਸੋਹੰ ਚੋਟ ਲਗਾਇੰਦਾ । ਇਕ ਵਖਾਏ ਸਾਚਾ ਹੱਟ, ਚੌਦਾਂ ਤਬਕਾਂ ਵੇਖ ਵਿਖਾਇੰਦਾ । ਤਨ ਪਹਿਨਾਏ ਨਾਮ ਪੱਟ, ਉਤਰ ਕਦੇ ਨਾ ਜਾਇੰਦਾ । ਜੋਤ ਨਿਰੰਜਣ ਲਟ ਲਟ, ਸਾਚੇ ਸੁਤ ਆਪ ਜਗਾਇੰਦਾ । ਰਸਨਾ ਜਿਹਵਾ ਲਿਆ ਰਟ, ਸੋਹੰ ਸਾਚਾ ਜਾਪ ਜਪਾਇੰਦਾ । ਭਾਗ ਲਗਾਏ ਕਾਇਆ ਮਟ, ਪੰਚਮ ਮੋਹ ਚੁਕਾਇੰਦਾ । ਕਲਜੁਗ ਖੇਲ ਬਾਜ਼ੀਗਰ ਨਟ, ਜੀਵ ਜੰਤ ਭੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚਾ ਸੰਤ, ਸਾਚੇ ਧਾਮ ਸੁਹਾਇੰਦਾ । ਗੁਰਮੁਖ ਸਾਜਣ ਸਾਚਾ ਸੰਤ, ਹਰਿ ਸਾਚੇ ਮੇਲ ਮਿਲਾਇਆ । ਮੇਲ ਮਿਲਾਵਾ ਸਾਚੇ ਕੰਤ, ਸਾਚੀ ਸੇਜ ਹੰਢਾਇਆ । ਆਪ ਗਿਣਾਏ ਮਹਿਮਾ ਅਗਣਤ, ਭੇਵ ਕਿਸੇ ਨਾ ਪਾਇਆ । ਰਸਨਾ ਜਿਹਵਾ ਮਣੀਆ ਮੰਤ, ਸਾਚਾ ਸ਼ਬਦ ਲਾਇਆ । ਰੱਖੇ ਪਤ ਪਤ ਪਤਵੰਤ, ਜੁਗ ਜੁਗ ਰੱਖਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚਾ ਮੀਤ, ਸਰਨ ਸਰਨਾਈ ਇਕ ਰਖਾਇਆ ।।

੫੩੮
੦੬

## ✻ ੧੨ ਚੇਤ ੨੦੧੪ ਬਿਕ੍ਰਮੀ ਸੁਰਜੀਤਮ ਸਿੰਘ ਦੇ ਗ੍ਰਿਹ ਪਿੰਡ ਰਾਜੋ ਮਾਜਰਾ ਜ਼ਿਲਾ ਅੰਬਾਲਾ ✻



ਗੁਰਮੁਖ ਪੂਰਾ ਜਾਣੀਏ, ਹਰਿ ਨਾਮ ਦ੍ਰਿੜਾਏ । ਗੁਰਮੁਖ ਪੂਰਾ ਜਾਣੀਏ, ਅੰਤਰ ਲਿਵ ਲਾਏ । ਗੁਰਮੁਖ ਪੂਰਾ ਜਾਣੀਏ, ਰਸਨਾ ਗੁਣ ਗਾਏ । ਗੁਰਮੁਖ ਪੂਰਾ ਜਾਣੀਏ, ਨੇਤਰ ਦਰਸ਼ਨ ਪਾਏ । ਗੁਰਮੁਖ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਸਾਚੇ ਲਏ ਮਿਲਾਏ । ਗੁਰਮੁਖ ਪੂਰਾ ਜਾਣੀਏ, ਮਿਲੇ ਮੇਲ ਭਗਵੰਤਾ । ਗੁਰਮੁਖ ਪੂਰਾ ਜਾਣੀਏ, ਹਰਿ ਮੀਤਾ ਸਾਜਨ ਸੰਤਾ । ਗੁਰਮੁਖ ਪੂਰਾ ਜਾਣੀਏ, ਮੇਲ ਮਿਲਾਏ ਏਕਾ ਕੰਤਾ । ਗੁਰਮੁਖ ਪੂਰਾ ਜਾਣੀਏ, ਮਿਲੇ ਨਾਮ ਧਨ ਧੰਨਵੰਤਾ । ਗੁਰਮੁਖ ਪੂਰਾ ਜਾਣੀਏ, ਪਾਰਬ੍ਰਹਮ ਅਬਿਨਸ਼ੀ ਪਾਇਆ ਪਤ ਪਤਵੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਸੁਹੰਤਾ । ਗੁਰਮੁਖ ਪੂਰਾ ਜਾਣੀਏ, ਆਤਮ ਤਨ ਵੈਰਾਗ । ਗੁਰਮੁਖ ਪੂਰਾ ਜਾਣੀਏ, ਜਗਤ ਤ੍ਰਿਸ਼ਨਾ ਬੁਝਾਏ ਆਗ । ਗੁਰਮੁਖ ਪੂਰਾ ਜਾਣੀਏ, ਗੁਰ ਚਰਨ ਧੂੜੀ ਮਸਤਕ ਲਾਏ ਵਡ ਵਡ ਭਾਗ । ਗੁਰਮੁਖ ਪੂਰਾ ਜਾਣੀਏ, ਹੰਸ ਸਰੋਵਰ ਨੁਹਾਏ ਕਾਗ । ਗੁਰਮੁਖ ਪੂਰਾ ਜਾਣੀਏ, ਚਰਨ ਕਵਲ ਉਪਰ ਧਵਲ ਜਨ ਜਾਏ ਲਾਗ । ਗੁਰਮੁਖ ਪੂਰਾ ਜਾਣੀਏ, ਸੁਰਤ ਸਵਾਣੀ ਜਾਏ ਜਾਗ । ਗੁਰਮੁਖ ਪੂਰਾ ਜਾਣੀਏ, ਮਿਲੇ ਮੇਲ ਗੁਰ ਸਾਚੇ ਹਾਣੀ, ਮਾਇਆ ਡੱਸੇ ਨਾ ਡੱਸਣੀ ਨਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਪਕੜੇ ਵਾਗ । ਗੁਰਮੁਖ ਪੂਰਾ ਜਾਣੀਏ, ਹੋਏ ਚਤਰ ਸੁਜਾਨਾ । ਗੁਰਮੁਖ ਪੂਰਾ ਜਾਣੀਏ, ਦਿਵਸ ਰੈਣ ਰੱਖੇ ਚਰਨ ਧਿਆਨਾ । ਗੁਰਮੁਖ ਪੂਰਾ ਜਾਣੀਏ, ਦਰ ਦਰਸੀ ਦਰ ਪਰਵਾਨਾ । ਗੁਰਮੁਖ ਪੂਰਾ ਜਾਣੀਏ, ਏਕਾ ਬੰਨ੍ਹੇ ਨਾਮ ਹੱਥੀਂ ਗਾਨਾ । ਗੁਰਮੁਖ ਪੂਰਾ ਜਾਣੀਏ, ਸਚ ਸੁੱਚ ਰਖਾਏ ਧਰਮ ਇਕ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਨਿਧਾਨਾ । ਗੁਰਮੁਖ ਪੂਰਾ ਜਾਣੀਏ, ਮਿਲੇ ਮੇਲ ਭਤਾਰ । ਗੁਰਮੁਖ ਪੂਰਾ ਜਾਣੀਏ, ਹਰਿ ਦੇਵੇ ਪੈਜ ਸਵਾਰ । ਗੁਰਮੁਖ ਪੂਰਾ ਜਾਣੀਏ, ਏਕਾ ਸ਼ਬਦ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਦਰਸ ਅਗੰਮ ਅਪਾਰ । ਗੁਰਮੁਖ ਗੋਬਿੰਦ ਪਾਇਆ, ਆਤਮ ਭਇਆ ਅਨੰਦ । ਕਾਇਆ ਰੰਗ ਚੜ੍ਹਾਇਆ, ਏਕਾ ਏਕ ਪਰਮਾਨੰਦ । ਹਉਮੇ ਰੋਗ ਮਿਟਾਇਆ, ਰਸਨਾ ਗਾਇਆ ਬੱਤੀ ਦੰਦ । ਧੁਰ ਸੰਜੋਗ ਮਿਲਾਇਆ, ਜੋਤ ਚੜ੍ਹਾਇਆ ਸਾਚਾ ਚੰਦ । ਰਸਨਾ ਭੋਗ ਲਗਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਟ ਮਿਟਾਏ ਅੰਧੇਰ ਅੰਧ । ਅੰਧ ਅੰਧੇਰ ਜਗਤ ਗੁਬਾਰ, ਤਨ ਰਹਿਣ ਨਾ ਪਾਈਆ । ਜਗਤ ਤ੍ਰਿਸ਼ਨਾ ਝੂਠੀ ਧਾਰ, ਪ੍ਰਭ ਸਾਚਾ ਰਿਹਾ ਮਿਟਾਈਆ । ਏਕਾ ਦੇਵੇ ਨਾਮ ਪਿਆਰ, ਏਕਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਮਲਾਹ ਆਪ ਅਖਵਾਈਆ । ਜਗਤ ਮਲਾਹ ਸਾਚਾ ਬੇੜਾ, ਏਕਾ ਏਕ ਰਖਾਇਆ । ਚਾਰ ਵਰਨ ਕਰਾਏ ਹੱਕ ਨਿਬੇੜਾ, ਲਹਿਣਾ ਦੇਣਾ ਰਿਹਾ ਚੁਕਾਇਆ । ਆਪੇ ਜਾਣੇ ਕਾਇਆ ਨਗਰ ਖੇੜਾ, ਅੰਦਰ ਬਾਹਰ ਗੁਪਤ ਜ਼ਾਹਿਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇਆ । ਗੁਰਮੁਖ ਤੇਰਾ ਸਚ ਦਵਾਰ, ਹੋਏ ਥਾਨ ਸੁਹੰਜਣਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਜੋਤ ਜਗਾਏ ਇਕ ਨਿਰੰਜਣਾ । ਸ਼ਬਦ ਸਰੂਪੀ ਦਏ ਅਧਾਰ, ਚਰਨ ਧੂੜ ਕਰਾਏ ਸਾਚਾ ਮਜਨਾ । ਮੂਰਖ ਮੁਗਧ ਗੁਰ ਅਧਾਰ ਲਾਏ ਪਾਰ, ਅੰਤਮ ਪੜਦਾ ਕੱਜਣਾ । ਆਪੇ ਹੋਇਆ ਮੀਤ ਮੁਰਾਰ, ਜੋਤੀ

੫੩੯ ੦੬

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਆਤਮ ਵਰ, ਅੰਮ੍ਰਿਤ ਪੀ ਪੀ ਰੱਜਣਾ । ਅੰਮ੍ਰਿਤ ਆਤਮ ਸਚ ਪਿਆਲਾ, ਏਕਾ ਏਕ ਲਿਆਈਆ । ਭਗਤ ਸੁਹੇਲਾ ਸਦ ਰਖਵਾਲਾ, ਜੁਗ ਜੁਗ ਪੈਜ ਰਖਾਈਆ । ਫਲ ਲਗਾਏ ਕਾਇਆ ਡਾਲ੍ਹਾ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਰੀਬ ਨਿਮਾਣੇ ਆਪਣੀ ਬੈਠਾ ਗੋਦ ਉਠਾਈਆ ।

५੪० ੦੬

### ❊ ੧੨ ਚੇਤ ੨੦੧੪ ਬਿਕ੍ਰਮੀ ਗਿਆਨ ਚੰਦ ਦੇ ਗ੍ਰਹਿ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਮਿਰਜਾ ਪੁਰ ਜ਼ਿਲਾ ਹੁਸ਼ਿਆਰ ਪੁਰ ❊

ਆਦਿ ਪੁਰਖ ਅਕਾਲ, ਏਕਾ ਜੋਤ ਜਗਾਈਆ । ਦੀਨਾਂ ਬੰਧਪ ਦੀਨ ਦਿਆਲ, ਘਰ ਸਾਚੇ ਬੈਠਾ ਆਸਣ ਲਾਈਆ । ਆਪਣੀ ਕਰੇ ਆਪ ਪ੍ਰਿਤਪਾਲ, ਸ਼ਬਦ ਸਿੰਘਾਸਣ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਵੇਖ ਵਖਾਈਆ । ਸਾਚਾ ਘਰ ਇਕ ਸੁਹੰਜਣਾ, ਹਰਿ ਆਪਣਾ ਆਪ ਰਖਾਇਆ । ਜਗੇ ਜੋਤ ਆਦਿ ਪੁਰਖ ਨਿਰੰਜਣਾ, ਦੂਸਰ ਕੋਇ ਦਿਸ ਨਾ ਆਇਆ । ਨਾ ਕੋਈ ਦਿਸੇ ਗੁਰ ਪੀਰ ਸਾਧ ਸੰਤ ਸਾਕ ਸੈਣ ਸੱਜਣਾ, ਸਗਲਾ ਸਾਥ ਨਾ ਕੋਈ ਨਿਭਾਇਆ । ਨਾ ਕੋਈ ਕਰਮ ਜਰਮ ਧਰਮ ਮਜਨਾ, ਮਸਤਕ ਸੀਸ ਨਾ ਕੋਈ ਨਿਵਾਇਆ । ਢੋਲ ਮਰਦੰਗ ਨਗਾਰ ਤਾਲ ਨਾ ਕੋਈ ਵੱਜਣਾ, ਨਾ ਕੋਈ ਰਸਨਾ ਜਿਹਵਾ ਗਾਇਆ । ਨਾ ਘੜਿਆ ਨਾ ਭੱਜਣਾ, ਮਾਤ ਪਿਤ ਪਿਤਾ ਪੂਤ ਨਾ ਕੋਈ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਸਤਿ ਦਰ, ਏਕਾ ਏਕ ਬਣਾਇਆ । ਨਿਰਮਲ ਜੋਤੀ ਕਰ ਅਕਾਰ, ਆਪਣੀ ਬਣਤ ਬਣਾਇਆ । ਆਪੇ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਆਪ ਸੁਹਾਇਆ । ਨਾ ਕੋਈ ਦਿਸੇ ਚਾਰ ਦਿਵਾਰ, ਮਹੱਲ ਅਟੱਲ ਉਚ ਮੁਨਾਰ ਇਕ ਰਖਾਇਆ । ਗੁਰ ਪੀਰ ਨਾ ਪਾਏ ਸਾਰ, ਸਾਧ ਸੰਤ ਭੇਵ ਨਾ ਪਾਇਆ । ਬੇਅੰਤ ਬੇਅੰਤ ਬੇਅੰਤ ਕਰਤਾਰ, ਕਰਤਾ ਪੁਰਖ ਆਪ ਅਖਵਾਇਆ । ਦੇਵ ਦੰਤ ਨਾ ਕੋਈ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਨਿਰੰਜਣ ਏਕਾ ਧਾਮ ਸੁਹਾਇਆ । ਸਾਚਾ ਧਾਮ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਨਾ ਕੋਈ ਖਾਣੀ ਨਾ ਕੋਈ ਬਾਣੀ ਨਾ ਕੋਈ ਵੇਦ ਪੁਰਾਨ, ਅੰਜੀਲ ਕੁਰਾਨ ਨਾ ਕੋਈ ਜਣਾਇਆ । ਨਾ ਕੋਈ ਸ਼ਬਦੀ ਸ਼ਬਦ ਜਣਾਏ, ਲੱਖ ਚੁਰਾਸੀ ਦਿਸ ਨਾ ਆਇਆ । ਨਾ ਕੋਈ ਵੇਲਾ ਨਾ ਕੋਈ ਵਕਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਸਾਚਾ ਧਾਮ ਇਕ ਸੁਹਾਇਆ । ਸਾਚਾ ਘਰ ਪੁਰਖ ਅਬਿਨਾਸ਼, ਏਕਾ ਏਕ ਰਖਾਇਆ । ਸਰਬ ਘਟ ਕੀਆ ਵਾਸ, ਦਿਸ ਕਿਸੇ ਨਾ ਆਇਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਪਾਤਾਲ ਨਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਬੈਠਾ ਆਸਣ ਲਾਇਆ । ਸਾਚਾ ਘਰ ਪੁਰਖ ਸੁਲਤਾਨ, ਏਕਾ ਏਕ ਸੁਹਾਇਆ । ਆਦਿ ਜੁਗਾਦੀ ਆਦਿਨ ਅੰਤਾ, ਏਕਾ ਰੰਗ ਵਟਾਇਆ । ਆਪ ਬਣਾਏ ਆਪਣੀ ਬਣਤਾ, ਘੜਨ

੫੪੧
੦੬

ਭੰਨਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਸੁਹਾਏ, ਜੋਤੀ ਨੂਰ ਸਵਾਇਆ । ਅਕਾਲ ਪੁਰਖ ਆਦਿ ਸ਼ਕਤ, ਏਕਾ ਰੂਪ ਵਟਾਇਆ । ਨਾ ਕੋਈ ਜੋਗ ਜੁਗਤ ਨਾ ਭਗਤ, ਨਾ ਸਾਧ ਸੰਤ ਕੋਈ ਰਖਾਇਆ । ਨਾ ਕੋਈ ਦਿਵਸ ਰਾਤ ਨਾ ਵਕਤ, ਸੰਞ ਸਵੇਰ ਨਾ ਕੋਈ ਰਖਾਇਆ । ਨਾ ਕੋਈ ਬੂੰਦ ਰਕਤ, ਹੱਡ ਮਾਸ ਨਾੜੀ ਚੰਮ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਘਰ ਸਾਚੇ ਹਰਿ ਸਾਜਣ ਮੀਤਾ, ਏਕਾ ਏਕ ਉਪਾਇੰਦਾ । ਆਪੇ ਪਤਤ ਪੁਨੀਤਾ, ਆਪ ਆਪਣੇ ਰੰਗ ਰੰਗਾਇੰਦਾ । ਆਪੇ ਠੰਢਾ ਆਪੇ ਸੀਤਾ, ਆਪੇ ਆਪਣੀ ਜੋਤ ਜਗਾਇੰਦਾ । ਆਪਣੀ ਜੋਤ ਆਪ ਜਗਾ, ਅਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਨਾਦ ਵਜਾਇੰਦਾ । ਪੂਤ ਸਪੂਤਾ ਇਕ ਉਪਾਇਆ, ਸ਼ਬਦੀ ਨਾਉਂ ਰਖਾਈਆ । ਸਾਚੀ ਸੇਵਾ ਆਪੇ ਲਾਇਆ, ਬ੍ਰਹਿਮੰਡਾਂ ਵਿਚ ਰਿਹਾ ਸਮਾਈਆ । ਪਾਰ ਕੰਢਾ ਕਿਸੇ ਦਿਸ ਨਾ ਆਈਆ । ਸਾਧ ਸੰਤ ਗੁਰ ਪੀਰ ਬੇਅੰਤ ਬੇਅੰਤ ਗਏ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚਾ ਘਰ ਏਕਾ ਰਾਹ ਰਖਾਈਆ । ਸ਼ਬਦ ਸੁਤ ਹਰਿ ਬਲਵਾਨ, ਏਕਾ ਏਕ ਉਪਾਇਆ । ਆਪ ਫੜਾਏ ਹੱਥ ਨਿਸ਼ਾਨ, ਜੁਗ ਜੁਗ ਰਿਹਾ ਝੁਲਾਇਆ । ਸੂਰਜ ਚੰਨ ਨਾ ਕੋਈ ਵਖਾਨ, ਤਾਰਾ ਮੰਡਲ ਦਿਸ ਨਾ ਆਇਆ । ਪਵਣ ਹਵਣ ਨਾ ਕੋਈ ਗਵਣ ਸਵਣ, ਕੋਈ ਵਰਨ ਦਿਸ ਨਾ ਆਇਆ । ਕਾਮਨੀ ਨਾ ਕਮਨ, ਨਾ ਕੋਈ ਰਾਮ ਰਾਮਾ ਕ੍ਰਿਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਸਾਚਾ ਘਰ, ਅੰਤਮ ਆਪ ਸੁਹਾਇਆ । ਪੰਚਮ ਦਰ ਖੋਲ੍ਹ ਕਿਵਾੜ, ਪ੍ਰਭ ਆਪਣੀ ਦਇਆ ਕਮਾਇੰਦਾ । ਸ਼ਬਦ ਸੁਤ ਅੰਦਰ ਵਾੜ, ਏਕਾ ਨਾਦ ਵਜਾਇੰਦਾ । ਆਪ ਬਣਾਏ ਸਾਚਾ ਲਾੜ, ਸਾਚਾ ਤਨ ਸਜਾਇੰਦਾ । ਨਾ ਕੋਈ ਦਿਸੇ ਬਹੱਤਰ ਨਾੜ, ਪੰਜ ਤਤ ਨਾ ਕੋਈ ਵਿਖਾਇੰਦਾ । ਆਪੇ ਹੋਏ ਪਿੱਛੇ ਅਗਾੜ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇੰਦਾ । ਪੰਚਮ ਘਰ ਇਕ ਨਿਸ਼ਾਨ, ਪ੍ਰਭ ਸਾਚੇ ਆਪ ਰਖਾਇਆ । ਸਤਿ ਪੁਰਖ ਨਿਰੰਜਣ ਇਕ ਗਿਆਨ, ਆਪਣਾ ਆਪ ਦਵਾਇਆ । ਸਤਿਨਾਮ ਕਰ ਪਰਧਾਨ, ਘਰ ਸਾਚੇ ਰਿਹਾ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਇਆ । ਸਾਚਾ ਘਰ ਇਕ ਇਕੱਲਾ, ਹਰਿ ਆਪਣਾ ਆਪ ਵਸਾਇਆ । ਚੌਥਾ ਦਰ ਨਾਮ ਮਹੱਲਾ, ਆਪੇ ਲਿਆ ਉਪਾਇਆ । ਨਾ ਕੋਈ ਜਲ ਨਾ ਕੋਈ ਥਲਾ, ਸਰ ਸਰੋਵਰ ਦਿਸ ਨਾ ਆਇਆ । ਨਾ ਕੋਈ ਜੰਗਲ ਜੂਹ ਉਜਾੜ ਪਹਾੜ ਉਚਾ ਟਿੱਲਾ, ਨਾ ਕੋਈ ਪੇੜ ਬਨ ਖੰਡ ਨਜ਼ਰੀ ਆਇਆ । ਨਾ ਕੋਈ ਤੀਰ ਕਮਾਨ ਦਿਸੇ ਚਿੱਲਾ, ਨਾ ਕੋਈ ਖੰਡਾ ਹੱਥ ਉਠਾਇਆ । ਨਾ ਕੋਈ ਜਾਣੇ ਘੋੜਾ (ਨੀਲਾ), ਨਾ ਕੋਈ ਪੌੜਾ ਰਖਾਇਆ । ਨਾ ਕੋਈ ਵੇਖੇ ਬਸਤ ਪੀਲਾ, ਨਾ ਕੰਚਨ ਰੰਗ ਵਟਾਇਆ । ਪਾਰਬ੍ਰਹਮ ਏਕਾ ਸੀਤਲ ਸੀਤਲਾ, ਘਰ ਸਾਚੇ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਚੌਥਾ ਘਰ, ਏਕਾ ਹਰਿ ਉਪਾਇਆ । ਚੌਥਾ ਘਰ ਏਕਾ ਹਰਿ, ਸਾਚਾ ਨਾਦ ਵਜਾਇਆ । ਨਾਮ ਵਜਾਏ ਸਾਚਾ ਨਾਦ, ਧੁਨ ਆਤਮਕ ਰਿਹਾ ਵਜਾਇਆ । ਸੁਣੇ ਸੁਣਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮਾਦੀ ਵੇਖ ਵਖਾਇਆ । ਮਹੱਲ ਅਟੱਲ ਆਦਿ ਜੁਗਾਦਿ, ਜੁਗਾ ਜੁਗਾਦੀ ਆਪ ਰਖਾਇਆ । ਸੰਤ ਸੁਹੇਲੇ ਹਰਿ ਹਰਿ ਲਾਧ,

ਆਪ ਆਪੇ ਲਏ ਬੁਲਾਇਆ । ਸਾਚਾ ਮੇਲਾ ਮਾਧਵ ਮਾਧ, ਘਰ ਚੌਥੇ ਮੇਲ ਮਿਲਾਇਆ । ਮਨਮੁਖ ਜੀਵ ਰਸਨਾ ਲੈਣ ਸਵਾਦ, ਅੰਦਰ ਮੰਦਰ ਸਾਚੇ ਵਾੜ, ਚੌਥੇ ਪੌੜੇ ਡੰਡੇ ਚੜ੍ਹ ਸਤਿਗੁਰ ਪੂਰਾ ਹੱਥ ਨਾ ਆਇਆ । ਜੂਠਾ ਝੂਠਾ ਘਾੜਨ ਘੜ, ਪੰਜਾਂ ਚੋਰਾਂ ਨਾਲ ਲੜ, ਹਉਮੇ ਹੰਗਤਾ ਗਏ ਸੜ, ਕਾਮ ਕਰੋਧ ਲੋਭ ਮੋਹ ਹੰਕਾਰ ਤਨ ਵਸਾਇਆ । ਜੋਤ ਨਾ ਜਗੇ ਬਹੱਤਰ ਨੜ, ਮਿਲਿਆ ਮੇਲ ਨਾ ਪ੍ਰਭ, ਕਲਜੁਗ ਅਗਨੀ ਗਏ ਸੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਖਾਇਆ । ਚੌਥਾ ਘਰ ਪਦ ਨਿਰਬਾਣਾ, ਹਰਿ ਏਕਾ ਏਕ ਰਖਾਇਆ । ਆਪੇ ਚਤਰ ਸੁਘੜ ਸਿਆਣਾ, ਸੰਤ ਸੁਹੇਲਾ ਆਪ ਅਖਵਾਇਆ । ਆਪੇ ਜੋਤੀ ਮੇਲਾ ਸ੍ਰੀ ਭਗਵਾਨਾ, ਆਪੇ ਸ਼ਬਦੀ ਸ਼ਬਦ ਜਣਾਇਆ । ਆਪੇ ਰਾਗ ਆਪ ਤਰਾਨਾ, ਆਪੇ ਸੁਣੇ ਸੁਣਾਏ ਕਾਨਾ, ਸੁਣਨ ਸੁਣਾਵਣਹਾਰ ਆਪ ਅਖਵਾਇਆ । ਆਸਣ ਸਿੰਘਾਸਣ ਇਕ ਵਛਾਨਾ, ਪਾਵਾ ਚੂਲ ਨਾ ਕੋਇ ਰਖਾਇਆ । ਉਪਰ ਬੈਠ ਸ੍ਰੀ ਭਗਵਾਨਾ, ਨਿਰਮਲ ਜੋਤੀ ਇਕ ਜਗਾਇਆ । ਪਾਰਬ੍ਰਹਮ (ਨਾ) ਛੱਪਰ ਛੰਨਨਾ, ਨਾ ਕੋਈ ਬਾਡੀ ਰਿਹਾ ਬਣਾਇਆ । ਪੰਚਮ ਚੋਰ ਨਾ ਦੇਵੇ ਡੰਨਣਾ, ਧਰਮ ਰਾਏ ਦਿਸ ਨਾ ਆਇਆ । ਬ੍ਰਹਮਾ ਸ਼ਿਵ ਦੇਵਤ ਸੁਰ ਮੁਖ ਬੈਠੇ ਬੰਨ੍ਹਣਾ, ਰਾਗ ਨਾਦ ਨਾ ਕੋਈ ਸੁਣਾਇਆ । ਨਾ ਕੋਈ ਜਾਣੇ ਰਿਖ ਮੁਨ, ਗਿਆਨ ਧਿਆਨ ਨਾ ਕੋਈ ਜਣਾਇਆ । ਪਾਰਬ੍ਰਹਮ ਪ੍ਰਭ ਆਪੇ ਜਾਣੇ ਗੁਣ ਅਵਗੁਣ, ਗੁਰਮੁਖ ਸਾਚੇ ਲਏ ਜਗਾਇਆ । ਲੱਖ ਚੁਰਾਸੀ ਗੁਰਮੁਖ ਚੁਣ, ਧੁਨ ਆਤਮਕ ਦਏ ਉਪਜਾਇਆ । ਮਨਮੁਖ ਜੀਵ ਛਾਣ ਪੁਣ, ਨਾਮ ਮਧਾਣਾ ਏਕਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੜਿਆ ਚੌਥੇ ਘਰ, ਸੰਤ ਸੁਹੇਲੇ ਰਿਹਾ ਮਿਲਾਇਆ । ਚੌਥਾ ਘਰ ਹਰਿ ਭਗਵੰਤ, ਏਕਾ ਏਕ ਰਖਾਇਆ । ਮੇਲ ਮਿਲਾਵਾ ਸਾਚੇ ਕੰਤ, ਨਾਰੀ ਕੰਤਾ ਏਕਾ ਰੂਪ ਸਮਾਇਆ । ਸਾਚੀ ਸੇਜਾ ਰੰਗ ਬਸੰਤ, ਰੁੱਤ ਸੁਹੰਜਣੀ ਦਏ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੜਿਆ ਆਪਣੇ ਘਰ, ਆਪ ਆਪਣਾ ਨਾਦ ਵਜਾਇਆ । ਕਿੰਗਰੀ ਨਾਦ ਹੱਥ ਕਰਤਾਰ, ਆਪਣਾ ਆਪ ਵਜਾਇੰਦਾ । ਭੇਵ ਨਾ ਪਾਇਣ ਜੀਵ ਗਵਾਰ, ਰਸਨਾ ਪੜ੍ਹ ਪੜ੍ਹ ਵਾਦ ਵਧਾਇੰਦਾ । ਸਤਿ ਸਾਂਤਕ ਨਿਰਗੁਣ ਰੂਪ ਅਪਾਰ, ਪ੍ਰਭ ਸਾਚੀ ਸੇਵਾ ਲਾਇੰਦਾ । ਨਾਨਕ ਮੰਗੇ ਦਰ ਭਿਖਾਰ, ਪ੍ਰਭ ਸਾਚਾ ਭਿਛਿਆ ਪਾਇੰਦਾ । ਆਪ ਆਪਣਾ ਕਰ ਆਕਾਰ, ਜੋਤ ਸਰੂਪੀ ਦਰਸ ਦਿਖਾਇੰਦਾ । ਸਤਿਨਾਮ ਦਏ ਅਧਾਰ, ਲੋਕਮਾਤ ਰਾਹ ਤਕਾਇੰਦਾ । ਆਪੇ ਹੋਇਆ ਪਹਿਰੇਦਾਰ, ਸੀਸ, ਆਪਣਾ ਹੱਥ ਟਿਕਾਇੰਦਾ । ਲੱਖ ਚੁਰਾਸੀ ਕਰਨਾ ਖ਼ਬਰਦਾਰ, ਭਾਣਾ ਸਹਿਣਾ ਨੇਤਰ ਨੈਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਇਕ ਵਰ, ਏਕਾ ਮਤ ਰਖਾਇੰਦਾ । ਏਕਾ ਮਤ ਏਕਾ ਨੱਤ, ਇਕ ਧਿਆਨ ਰਖਾਇਆ । ਨਾਨਕ ਪਾਇਆ ਪ੍ਰਭ ਕਮਲਾਪਤ, ਸਾਚੀ ਨਾਰੀ ਆਪ ਅਖਵਾਇਆ । ਬਹੱਤਰ ਨਾੜ ਨਾ ਉਬਲੀ ਰਤ, ਸੀਤਲ ਸ਼ਾਂਤਕ ਅੰਮ੍ਰਿਤ ਧਾਰ ਸਾਚੀ ਮੁਖ ਚੁਆਇਆ । ਬੀਜੇ ਬੀਜ ਜੀਆਂ ਜੰਤਾਂ ਆਤਮ ਵੱਤ, ਧੁਰਦਰਗਾਹੀ ਲੈ ਕੈ ਆਇਆ । ਪਾਰਬ੍ਰਹਮ ਤੇਰਾ ਸਾਚਾ ਨੱਤ, ਰਸਨਾ ਬਹਿ ਬਹਿ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦੇਵੇ ਇਕ ਵਰ, ਵਰ ਦਾਤਾ ਆਪ ਅਖਵਾਇਆ । ਨਾਨਕ ਪਾਇਆ ਪਦ ਨਿਰਬਾਨ, ਆਤਮ ਦਰ ਵੱਜੀ ਵਧਾਈਆ । ਮਿਲਿਆ ਮੇਲ ਸ੍ਰੀ ਭਗਵਾਨ, ਦਿਵਸ ਰੈਣ ਰਸਨਾ ਗਾਈਆ । ਚਾਰੇ ਕੁੰਟ ਵੇਖੇ ਮਾਰ ਧਿਆਨ, ਲੱਖ ਚੁਰਾਸੀ ਭਰਮ ਭੁਲਾਈਆ । ਏਕਾ ਦੇਵੇ ਸ਼ਬਦ ਗਿਆਨ, ਆਤਮ ਬੂਝ

ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਦਿਤਾ ਇਕ ਵਰ, ਚਾਰ ਵਰਨ ਸਚੀ ਸਰਨਾਈਆ । ਚਾਰ ਵਰਨ ਇਕ ਸਰਨਾਈ, ਨਾਨਕ ਗੁਰ ਸਿਖਾਈਆ । ਕਲਜੁਗ ਜੀਵ ਭੇਵ ਨਾ ਰਾਈ, ਫਿਰੇ ਭੁੱਲੀ ਸਰਬ ਲੋਕਾਈਆ । ਆਦਿਨ ਅੰਤਾ ਨਾ ਦਰਸ਼ਨ ਪਾਈ, ਸਾਚਾ ਕੰਤ ਨਾ ਕੋਈ ਮੇਲ ਮਿਲਾਈਆ । ਜੀਵਾਂ ਜੰਤਾਂ ਦੇਣ ਵਧਾਈ, ਰਸਨਾ ਕਹਿ ਕਹਿ ਗੁਰ ਦਰ ਮੰਦਰ ਅੰਦਰ ਮਾਇਆ ਮਮਤਾ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਰਘੁਰਾਈਆ । ਨਾਨਕ ਆਪਣੀ ਕਿਰਪਾ ਧਾਰ, ਏਕਾ ਅੰਕ ਬਣਾਇਆ । ਅੰਗਦ ਲਹਿਣਾ ਪਾਰ ਉਤਾਰ, ਸਾਚਾ ਰੰਗ ਚੜ੍ਹਾਇਆ । ਅਮਰਦਾਸ ਕਰ ਪਿਆਰ, ਅਮਰਾਪਦ ਦਵਾਇਆ । ਰਾਮਦਾਸੇ ਕਰ ਪਿਆਰ, ਸੇਵਕ ਸੇਵਾ ਲਾਇਆ । ਗੁਰ ਅਰਜਨ ਬਖ਼ਸ਼ੇ ਚਰਨ ਪਿਆਰ, ਦੋਏ ਜੋੜ ਬੈਠੇ ਸੀਸ ਝੁਕਾਇਆ । ਸ਼ਬਦ ਬੋਧ ਅਗਾਧ ਸੁਣੇ ਸੁਣਾਏ ਸੁਣਨੇਹਾਰ, ਰਸਨਾ ਜਿਹਵਾ ਰਿਹਾ ਗਾਇਆ । ਇਕਵੰਜਾ ਬਵੰਜਾ ਬੰਨ੍ਹੇ ਧਾਰ, ਭੇਵ ਅਭੇਦਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲੇਖ ਲਿਖਾਇਆ । ਅਰਜਨ ਲਿਖਿਆ ਲੇਖ ਅਪਾਰ, ਗੋਬਿੰਦ ਰਸਨਾ ਗਾਈਆ । ਪੁਰਖ ਅਬਿਨਾਸ਼ੀ ਕਰ ਪਿਆਰ, ਸਾਚਾ ਰਾਹ ਗਿਆ ਵਿਖਾਈਆ । ਜੋ ਜਨ ਮੰਗੇ ਬਣ ਭਿਖਾਰ, ਦੇਵਣਹਾਰ ਹਰਿ ਕੰਤ ਸਭਨੀਂ ਥਾਈਂਆ । ਭਰਮੇ ਭੁੱਲੇ ਜੀਵ ਗਵਾਰ, ਹਉਮੇ ਗੜ੍ਹ ਨਾ ਕੋਈ ਤੁੜਾਈਆ । ਮਿਲਿਆ ਮੇਲ ਨਾ ਪੁਰਖ ਭਤਾਰ, ਆਤਮ ਸੇਜ ਨਾ ਕਿਸੇ ਹੰਢਾਈਆ । ਨਿਰਮਲ ਦੀਪਕ ਜੋਤੀ ਕਰ ਉਜਿਆਰ, ਨਾਦ ਧੁਨ ਨਾ ਕੋਈ ਵਜਾਈਆ । ਪੰਚਮ ਸ਼ਬਦ ਨਾ ਗਾਇਣ ਵਾਰੋ ਵਾਰ, ਆਪ ਆਪਣਾ ਰਾਗ ਅਲਾਈਆ । ਪੁਰਖ ਅਬਿਨਾਸ਼ੀ ਨਾ ਕਰੇ ਪਿਆਰ, ਅੰਦਰ ਮੰਦਰ ਬੈਠਾ ਆਸਣ ਲਾਈਆ । ਦਸਮ ਦਵਾਰੀ ਬੰਦ ਕਿਵਾੜ, ਨਾ ਕੋਈ ਕੁੰਡਾ ਲਾਹੀਆ । ਮਨਮੁਖਾਂ ਮਗਰ ਲੱਗੀ ਪੰਚਮ ਧਾੜ, ਦਿਵਸ ਰੈਣ ਰਹੀ ਭਵਾਈਆ । ਸਚ ਧੀਰਜ ਨਾ ਵੇਖ ਇਕ ਆਕਾਰ, ਵਰਨ ਗੋਤ ਨਾ ਕੋਈ ਅਖਵਾਈਆ । ਧੁਰਦਰਗਾਹੀ ਏਕਾ ਲਾੜ, ਹਰਿ ਆਪੇ ਆਪ ਅਖਵਾਈਆ । ਜੁਗ ਜੁਗ ਮਾਤ ਲੈ ਅਵਤਾਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਨਰਾਇਣ ਨਰ, ਸ਼ਬਦ ਖੰਡਾ ਤੇਜ ਕਟਾਰ, ਆਪਣਾ ਰਿਹਾ ਉਠਾਈਆ । ਭੇਵ ਖੋਲ੍ਹ ਦਸਮ ਦਵਾਰ, ਚੌਥਾ ਘਰ ਹਰਿ ਜਣਾਈਆ । ਸਤਿ ਪੁਰਖ ਨਿਰੰਜਣ ਹਰਿ ਗਿਰਧਾਰ, ਹਉਮੇ ਹੰਗਤਾ ਰਿਹਾ ਮਿਟਾਈਆ । ਸੋਹੰ ਅੱਖਰ ਵਣਜ ਵਪਾਰ, ਸਤਿਜੁਗ ਸਾਚੇ ਰਿਹਾ ਕਰਾਈਆ । ਕਲਜੁਗ ਅੰਤਮ ਪਾਰ ਕਿਨਾਰ, ਬੀਸ ਇਕੀਸਾ ਦਏ ਦੁਹਾਈਆ । ਛੱਡਣਾ ਪਏ ਮਹਲ ਮੁਨਾਰ, ਉਚਾ ਮੰਦਰ ਕੋਈ ਦਿਸ ਨਾ ਆਈਆ । ਅੰਮ੍ਰਿਤ ਆਤਮ ਮਿਲੇ ਨਾ ਠੰਢੀ ਠਾਰ, ਅੱਠ ਸੱਠ ਭਰਮ ਭੁਲਾਈਆ । ਗੁਰ ਸ਼ਬਦ ਨਾ ਮਿਲਿਆ ਮੀਤ ਮੁਰਾਰ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸਿਆ ਸਾਚੇ ਘਰ, ਸਾਚਾ ਧਾਮ ਸੁਹਾਈਆ ।

ਨਾਨਕ ਜੋਤ ਕਵਣ ਰੰਗ, ਕਾਇਆ ਤਨ ਰਖਾਈਆ । ਕਵਣ ਬੈਠਾ ਆਪ ਪਲੰਘ, ਬੈਠਾ ਆਸਣ ਲਾਈਆ । ਕਵਣ ਵਜਾਏ ਢੋਲ ਮਰਦੰਗ, ਸ਼ਬਦ ਕਰੇ ਕੁੜਮਾਈਆ । ਕਵਣ ਆਤਮ ਧਾਰਾ ਗੰਗ, ਚਾਰੋਂ ਕੁੰਟ ਰਿਹਾ ਵਹਾਈਆ । ਕਵਣ ਸਰੂਪ ਲਾਏ ਅੰਗ, ਅੰਗੀਕਾਰ ਆਪ ਅਖਵਾਈਆ ।


੫੪੩
੦੬

ਕਵਣ ਦਵਾਰੇ ਰਿਹਾ ਲੰਘ, ਦਰ ਦਵਾਰਾ ਕਵਣ ਖੁਲ੍ਹਾਈਆ । ਕਵਣ ਮਾਰੇ ਤੀਰ ਤੁਫੰਗ, ਸ਼ਬਦ ਖੰਡਾ ਹੱਥ ਉਠਾਈਆ । ਮਾਨਸ ਜਨਮ ਮਨਮੁਖਾਂ ਹੋਇਆ ਭੰਗ, ਗੁਰ ਪੂਰਾ ਦਿਸ ਨਾ ਆਈਆ । ਮਨਮਤ ਜਗਤ ਪਰਧਾਨ ਹੈ, ਮਨਮੁਖ ਹੋਏ ਹਲਕਾਏ । ਗੁਰ ਸ਼ਬਦ ਸੱਚਾ ਗਿਆਨ ਹੈ, ਗੁਰਸਿਖ ਹਿਰਦੇ ਲਏ ਵਸਾਏ । ਚਰਨ ਪ੍ਰੀਤੀ ਇਕ ਧਿਆਨ ਹੈ, ਏਕਾ ਦੂਜਾ ਭਉ ਚੁਕਾਏ । ਏਕਾ ਏਕ ਧੁਰ ਨਿਸ਼ਾਨ ਹੈ, ਨਾ ਕੋਈ ਮੇਟੇ ਮੇਟ ਮਿਟਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨਾਂ ਰਿਹਾ ਜਣਾਏ । ਚਾਰ ਵਰਨ ਇਕ ਦਵਾਰ, ਏਕਾ ਹਰਿ ਨਿਰੰਕਾਰਿਆ । ਵਰਤੇ ਵਰਤਾਵੇ ਵਿਚ ਸੰਸਾਰ, ਜੁਗ ਜੁਗ ਲਏ ਮਾਤ ਅਵਤਾਰਿਆ । ਸਤਿਜੁਗ ਤ੍ਰੇਤਾ ਉਤਰੇ ਪਾਰ, ਦੁਆਪਰ ਵੇਖ ਵਖਾ ਰਿਹਾ । ਕਲਜੁਗ ਤੇਰੀ ਅੰਤਮ ਧਾਰ, ਕਾਲਾ ਵੇਸ ਵਟਾ ਲਿਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਕਲਜੁਗ ਵਿਦਿਆ ਗੜ੍ਹ ਬਣਾ ਲਿਆ । ਸਚ ਸ਼ਬਦ ਨਾ ਕੋਈ ਪਿਆਰ, ਦਰ ਆਤਮ ਇਕ ਭੁਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੱਖ ਚੁਰਾਸੀ ਵੇਖ ਘਰ, ਕਲਜੁਗ ਅੰਤਮ ਜੋਤ ਜਗਾ ਲਿਆ । ਲੱਖ ਚੁਰਾਸੀ ਤੇਰਾ ਆਤਮ ਰਥ, ਦਿਵਸ ਰੈਣ ਰਿਹਾ ਚਲਾਇਆ । ਆਵੇ ਜਾਵੇ ਵਾਰੋ ਵਾਰਿਆ । ਮਨਮੁਖ ਜੀਵ ਭਰਮ ਭੁਲਾਇਆ, ਮਾਨਸ ਜਨਮ ਨਾ ਕੋਈ ਸਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਅੰਧ ਅੰਧਿਆਰਿਆ । ਕਲਜੁਗ ਤੇਰਾ ਅੰਧੇਰ ਅੰਧ, ਲੱਖ ਚੁਰਾਸੀ ਰਸਨ ਲਗਾਇਆ ਮਦਿਰਾ ਮਾਸ ਗੰਦ, ਸ਼ਬਦ ਨਾ ਚੜ੍ਹਿਆ ਸਾਚਾ ਚੰਦ, ਆਤਮ ਧੁਨ ਨਾ ਸੁਣੀ ਪਰਮਾਨੰਦ, ਬਜਰ ਕਪਾਟੀ ਨਾ ਤੁਟਾ ਜੰਦ, ਨੌ ਦਵਾਰੇ ਖੇਲ ਨਿਆਰਾ । ਆਪੇ ਸੁੱਤਾ ਦੇ ਕਰ ਕੰਡ, ਪੈਰ ਪਸਾਰਾ । ਮਨਮਤ ਮਨਮੁਖ ਜੀਵਾਂ ਰਿਹਾ ਵੰਡ, ਕਾਮ ਕਰੋਧ ਲੋਭ ਮੋਹ ਹੰਕਾਰਾ । ਕਰੇ ਖੰਡ ਖੰਡ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਸ਼ਬਦ ਚੰਡ ਪਰਚੰਡ, ਹਰਿ ਰੱਖੇ ਤਿੱਖੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਪਰ ਅਪਾਰਾ । ਮਨਮਤ ਅੰਞਾਣ ਸੁਰਤੀ ਸੁਰਤ ਭਵਾਈਆ । ਭਰਮੇ ਭੁੱਲੇ ਜੀਵ ਨਾਦਾਨ, ਪੰਜ ਤਤ ਕਰੇ ਕੁੜਮਾਈਆ । ਗੁਣਵੰਤਾ ਹਰਿ ਗੁਣ ਨਿਧਾਨ, ਦਿਸ ਕਿਸੇ ਨਾ ਆਈਆ । ਸਾਧਾਂ ਸੰਤਾਂ ਜੀਆਂ ਜੰਤਾਂ ਆਦਿਨ ਅੰਤਾ ਹਰਿ ਭਗਵੰਤਾ, ਜੁਗ ਜੁਗ ਸੇਵਾ ਲਾਈਆ । ਕਿਸੇ ਹੱਥ ਨਾ ਆਏ ਕਾਸ਼ੀ ਪੰਡਤਾ, ਗ੍ਰੰਥੀ ਪੰਥੀ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸਿਆ ਸਾਚੇ ਘਰ, ਹਰਿ ਮੰਦਰ ਇਕ ਸੁਹਾਈਆ । ਹਰਿ ਮੰਦਰ ਹਰਿ ਭਗਵਾਨਾ, ਏਕਾ ਏਕ ਰਖਾਈਆ । ਚੜ੍ਹੇ ਚੜ੍ਹਾਏ ਸ਼ਬਦ ਬਿਬਾਣਾ, ਦਹਿ ਦਿਸ਼ਾ ਨਾ ਕੋਈ ਰਖਾਈਆ । ਆਪੇ ਬੈਠ ਸ੍ਰੀ ਭਗਵਾਨਾ, ਸ਼ਾਹ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣਾ ਰੂਪ ਵਟਾਈਆ । ਗੁਰਮੁਖ ਆਤਮ ਸਦ ਬਿਲਲਾਏ, ਆਤਮ ਤ੍ਰਿਖਾ ਰਖਾਈਆ । ਗੁਰ ਪੂਰਾ ਅੰਮ੍ਰਿਤ ਆਤਮ ਵਰਖਾਏ, ਬੂੰਦ ਸਵਾਂਤੀ ਰਿਹਾ ਮੁਖ ਚੁਆਈਆ । ਧੁਰਦਰਗਾਹੀ ਲਿਖਿਆ ਲੇਖ ਮਿਟਾਏ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਆਤਮ ਦਰ, ਦਰ ਦਵਾਰਾ ਵੇਖ ਵਖਾਈਆ । ਗੁਰਮੁਖ ਚਾਤ੍ਰਿਕ ਸਦ ਬਿਲਲਾਏ, ਦਿਵਸ ਰੈਣ ਪੁਕਾਰਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਮੇਲ ਮਿਲਾਏ ਵਿਚ ਸੰਸਾਰਾ । ਆਪ ਆਪਣਾ ਦਰਸ ਦਿਖਾਏ, ਫੜ ਫੜ ਬਾਹੋਂ ਲਾਏ ਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲੇ ਰਿਹਾ ਉਧਾਰਾ । ਭਗਤ


੫੪੪
੦੬

ਸੁਹੇਲਾ ਸਾਚਾ ਸੱਜਣ, ਏਕਾ ਏਕ ਅਖਵਾਇਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਗਵਾਇਆ । ਆਪੇ ਹੋਇਆ ਪੜਦੇ ਕੱਜਣ, ਦੇ ਮਤ ਰਿਹਾ ਸਮਝਾਇਆ । ਮਦਿਰਾ ਮਾਸ ਜੋ ਜਨ ਤੱਜਣ, ਆਪ ਆਪਣੇ ਰੰਗ ਰੰਗਾਇਆ । ਤਾਲ ਨਗਾਰੇ ਏਕਾ ਵੱਜਣ, ਰਾਗ ਅਨਾਹਦ ਰਿਹਾ ਸੁਣਾਇਆ । ਭਾਂਡੇ ਭਰਮ ਗੜ੍ਹ ਹੰਕਾਰੀ ਭੱਜਣ, ਹਰਿ ਸਾਚਾ ਰਿਹਾ ਭੰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਇਆ । ਮੇਲ ਮਿਲਾਏ ਨਰ ਅਵਤਾਰਾ, ਜੁਗ ਜੁਗ ਲੇਖ ਲਿਖਾਇੰਦਾ । ਜੁਗ ਜੁਗ ਦੇਵੇ ਨਾਮ ਅਧਾਰਾ, ਆਪ ਆਪਣੀ ਬੂਝ ਬੁਝਾਇੰਦਾ । ਨਿਰਮਲ ਜੋਤੀ ਕਰ ਉਜਿਆਰਾ, ਅੰਧ ਅਗਿਆਨ ਮਿਟਾਇੰਦਾ । ਅੰਮ੍ਰਿਤ ਆਤਮ ਠੰਢੀ ਧਾਰਾ, ਏਕਾ ਜਾਮ ਪਿਆਇੰਦਾ । ਆਪੇ ਬਣੇ ਹਰਿ ਵਰਤਾਰਾ, ਜੁਗ ਜੁਗ ਮਾਤ ਵਰਤਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਏਕਾ ਦਾਤ ਹਰਿ ਸੁਗ਼ਾਤ ਧੁਰਦਰਗਾਹੀ ਆਪ ਲਿਆਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਜੂਠੇ ਝੂਠੇ ਰਹਿਣ ਨਾ ਪਾਇੰਦਾ । ਜਨ ਭਗਤਾਂ ਪੁੱਛੇ ਅੰਤਮ ਵਾਤ, ਰੂਪ ਅਨੂਪਾ ਸਤਿ ਸਰੂਪਾ ਆਪ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਚਾਰੇ ਕੂਟਾਂ, ਦਹਿ ਦਿਸ਼ਾ ਵੇਖ ਵਖਾਇੰਦਾ । ਦਹਿ ਦਿਸ਼ਾ ਇਕ ਹੁਲਾਰਾ, ਹਰਿ ਸਾਚਾ ਰਿਹਾ ਦਵਾਈਆ । ਗੁਰਮੁਖ ਸਾਚਾ ਮੀਤ ਮੁਰਾਰਾ, ਆਪ ਆਪਣੀ ਗੋਦ ਉਠਾਈਆ । ਵੇਖ ਵਖਾਏ ਦਰ ਦਵਾਰਾ, ਸ਼ਬਦ ਸਿੰਘਾਸਣ ਹਰਿ ਸੁਹਾਈਆ । ਇਕ ਇਕੱਲਾ ਏਕੰਕਾਰਾ, ਏਕਾ ਰੂਪ ਵਟਾਈਆ । ਜੁਗ ਜੁਗ ਲਏ ਮਾਤ ਅਵਤਾਰਾ, ਆਪ ਆਪਣੀ ਰਚਨ ਰਚਾਈਆ । ਕਲਜੁਗ ਤੇਰੀ ਕਾਲੀ ਧਾਰਾ, ਚਾਰੋਂ ਕੁੰਟ ਦਏ ਦੁਹਾਈਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰਾ, ਧੀਰਜ ਧੀਰ ਨਾ ਕੋਈ ਧਰਾਈਆ । ਸਾਧ ਸੰਤ ਹੋਏ ਗਵਾਰਾ, ਸਤਿ ਸੰਤੋਖ ਨਾ ਕੋਈ ਰਖਾਈਆ । ਭਰਮੇ ਭੁੱਲੇ ਸਰਬ ਸੰਸਾਰਾ, ਭਰਮ ਭੁਲੇਖਾ ਰਿਹਾ ਪਾਈਆ । ਏਕਾ ਏਕ ਵਿਸਰਿਆ ਕਰਤਾਰਾ, ਰਾਮ ਰਾਮਾ ਹਰਿ ਹਰਿ ਸਾਚਾ ਕੋਇ ਨਾ ਰਸਨਾ ਗਾਈਆ । ਭੇਖ ਪਖੰਡਾ ਜਗਤ ਅਖਾੜਾ, ਚਾਰੇ ਕੁੰਟਾਂ ਵੰਡਾਂ ਰਿਹਾ ਵੰਡਾਈਆ । ਮਨਮੁਖ ਜੀਵਾਂ ਲੱਗੀ ਮਗਰ ਧਾੜਾ, ਪੰਚਮ ਰਿਹਾ ਲਗਾਈਆ । ਏਕਾ ਵਾ ਤਤੀ ਹਾੜਾ, ਕਲਜੁਗ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਲਏ ਵਰ, ਦਰ ਦਵਾਰੇ ਆਪ ਬਹਾਈਆ । ਗੁਰਮੁਖ ਆਤਮ ਕਰ ਪਰਵਾਨਾ, ਆਪਣੀ ਦਇਆ ਕਮਾਇੰਦਾ । ਆਪ ਬਿਠਾਏ ਵਿਚ ਬਿਬਾਣਾ, ਸਾਚੇ ਮਾਰਗ ਲਾਇੰਦਾ । ਆਵਣ ਜਾਵਣ ਚੁੱਕੇ ਕਾਨਾ, ਧਰਮ ਰਾਏ ਨੇੜ ਨਾ ਆਇੰਦਾ । ਲੱਖ ਚੁਰਾਸੀ ਫੰਦ ਕਟਾਨਾ, ਹਰਿ ਗੋਬਿੰਦ ਮਿਟਾਇੰਦਾ । ਹਰਿਜਨ ਸਾਚਾ ਚਤਰ ਸੁਘੜ ਸਿਆਨਾ, ਆਪ ਆਪਣੇ ਰੰਗ ਰੰਗਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਬ੍ਰਹਮਾ ਵਿਸ਼ਨੂੰ ਸ਼ਿਵ ਆਪ ਉਠਾਇੰਦਾ । ਏਕਾ ਰਾਗ ਸੁਣਾਏ ਕਾਨਾ, ਦੋ ਅੱਖਰ ਆਪ ਲਿਖਾਇੰਦਾ । ਕਰੋੜ ਤੇਤੀਸਾ ਇਕ ਗਿਆਨਾ, ਸੁਰਪਤ ਰਾਜਾ ਇੰਦ ਅਲਾਇੰਦਾ । ਨੌ ਖੰਡ ਹਰਿ ਗੁਣ ਵਿਖਾਨਾ, ਏਕਾ ਗੁਣ ਲੱਖ ਚੁਰਾਸੀ ਪੁਕਾਰ ਸੁਣ ਆਪਣਾ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਸੁਹੇਲੇ ਰਿਹਾ ਵਰ, ਵਰ ਦਾਤਾ ਆਪ ਹੋ ਆਇੰਦਾ । ਵਰਭੰਡੀ ਹਰਿ ਬਣਤ ਬਣਾਏ, ਏਕਾ ਰੰਗ ਰੰਗਾਈਆ । ਸ਼ਬਦ ਚੰਡੀ ਹੱਥ ਉਠਾਏ, ਚਾਰ ਕੁੰਟ ਰਿਹਾ ਵਿਖਾਈਆ । ਭੇਖ ਪਖੰਡੀ ਦਏ ਮਿਟਾਏ, ਕਲਜੁਗ ਅੰਤਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਪਾਈਆ । ਹਰਿਜਨ ਸਾਚੇ ਆਪ ਉਪਾਇਆ, ਆਪ ਆਪਣਾ ਦਰਸ ਦਿਖਾਇਆ,

੫੪੫ ੦੬

ਏਕਾ ਦੂਜਾ ਭਉ ਚੁਕਾਇੰਦਾ । ਆਤਮ ਤ੍ਰਿਸ਼ਨਾ ਵਿਸ ਮਿਟਾਇਆ, ਸਾਂਤਕ ਸਤਿ ਵਰਤਾਇੰਦਾ । ਕਾਹਨਾ ਕ੍ਰਿਸ਼ਨਾ ਰੂਪ ਵਖਾਇਆ, ਮੁਕੰਦ ਮਨੋਹਰ ਲਖਮੀ ਨਰਾਇਣ ਮੋਰ ਮੁਕਟ ਸੀਸ ਟਿਕਾਇੰਦਾ । ਪੀਰ ਦਸਤਗੀਰ ਔਲੀਏ ਸ਼ੇਖ਼ ਭਰਮ ਭੁਲਾਇੰਦਾ । ਨੌ ਖੰਡ ਸੱਤ ਦੀਪ ਬ੍ਰਹਿਮੰਡ ਵੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਤੇਰਾ ਘਰ ਆਪੇ ਫੋਲ ਫੁਲਾਇੰਦਾ । ਲੱਖ ਚੁਰਾਸੀ ਤੇਰਾ ਦਰ, ਆਪੇ ਫੋਲ ਫੁਲਾਇਆ । ਆਪੇ ਵੇਖੇ ਅੰਦਰ ਵੜ, ਗੁਣ ਅਵਗੁਣ ਵੇਖ ਵਖਾਇਆ । ਸੰਤ ਸੁਹੇਲੇ ਲਏ ਫੜ ਆਪ ਆਪਣੀ ਦਇਆ ਕਮਾਇਆ । ਆਪ ਬੰਧਾਏ ਆਪਣੇ ਲੜ, ਆਪ ਆਪਣੇ ਅੰਗ ਲਗਾਇਆ । ਜੋਤ ਜਗਾਏ ਬਹੱਤਰ ਨੜ, ਅਗਿਆਨ ਅੰਧੇਰ ਮਿਟਾਇਆ । ਬਜਰ ਕਪਾਟੀ ਦਏ ਤੋੜ, ਹਰਿ ਸਾਚੇ ਮੰਦਰ ਆਪੇ ਵੜ, ਆਤਮ ਸੇਜਾ ਦਏ ਸੁਹਾਇਆ । ਪੁਰਖ ਅਬਿਨਾਸ਼ੀ ਲਏ ਫੜ, ਆਪਣੀ ਗੋਦ ਉਠਾਇਆ । ਨਾ ਜਨਮੇ ਨਾ ਜਾਏ ਮਰ, ਹਰਿ ਏਕਾ ਰੰਗ ਰੰਗਾਇਆ । ਆਪ ਨੁਹਾਏ ਸਾਚੇ ਸਰ, ਸਰ ਸਰੋਵਰ ਇਕ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਜਣ ਮੀਤ ਆਪਣਾ ਮੇਲ ਮਿਲਾਇਆ । ਮੇਲ ਮਿਲਾਏ ਦੋ ਜਹਾਨ, ਅਕਲ ਕਲਾ ਭਰਪੂਰਿਆ । ਮੇਟ ਮਿਟਾਏ ਪੰਜ ਸ਼ੈਤਾਨ, ਆਤਮਕ ਧੁਨ ਉਪਜਾਏ ਅਨਹਦ ਸਾਚੀ ਤੂਰਿਆ । ਦਰ ਦਵਾਰ ਕਰ ਪਰਵਾਨ, ਮਸਤਕ ਬਖ਼ਸ਼ੇ ਸਾਚੀ ਧੂੜਿਆ । ਚਰਨ ਧੂੜ ਇਕ ਇਸ਼ਨਾਨ, ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਿਆ । ਭਰਮੇ ਭੁੱਲੇ ਭਰਮ ਨਾਦਾਨ, ਮਨ ਮੂਰਖ ਮਤ ਮੂੜ੍ਹਿਆ । ਆਤਮ ਬ੍ਰਹਮ ਬ੍ਰਹਮ ਪਛਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਜਗਤ ਨਾਤਾ ਕੂੜੋ ਕੂੜਿਆ । ਜਗਤ ਨਾਤਾ ਕੂੜ ਕੁੜਿਆਰ, ਸਤਿਸੰਗ ਨਾ ਭਾਈਆ । ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣ ਮੀਤ ਮੁਰਾਰ, ਸਗਲਾ ਸੰਗ ਤਜਾਈਆ । ਪਾਰਬ੍ਰਹਮ ਪ੍ਰਭ ਏਕਾ ਪਾਏ ਸਾਰ, ਵੇਲੇ ਅੰਤਮ ਹੋਏ ਸਹਾਈਆ । ਅਗੰਮ ਅਗੰਮੜਾ ਅਗੰਮੜੇ ਧਾਮ, ਗੁਰਮੁਖ ਸਾਚੇ ਦਏ ਬਹਾਈਆ । ਲੇਖੇ ਲਾਏ ਕਾਇਆ ਚੰਮੜਾ, ਜੋ ਜਨ ਦਰਸ਼ਨ ਪਾਈਆ । ਕੋਈ ਨਾ ਮੰਗੇ ਪੈਸਾ ਧੇਲਾ ਦਮੜਾ, ਚਰਨ ਪ੍ਰੀਤੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਤੇਰੇ ਦਰ, ਦਰ ਦਵਾਰੇ ਇਕ ਸੁਹਾਈਆ । ਜੋਤ ਨਿਰੰਜਣ ਇਕ ਅਲਖ ਜਗਾਈਆ । ਗੁਰਮੁਖ ਮੀਤ ਮੁਰਾਰ ਸੱਜਣਾ, ਹਰਿ ਵੇਖੇ ਚਾਈਂ ਚਾਈਆ । ਅੰਮ੍ਰਿਤ ਆਤਮ ਪੀ ਪੀ ਰੱਜਣਾ, ਹਰਿ ਕਾਗੋਂ ਹੰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਏਕਾ ਰੰਗਣ ਰੰਗ ਰੰਗਾਈਆ । ਨਾਮ ਰੰਗਣ ਕਾਇਆ ਚੋਲੀ, ਗੁਰਮੁਖ ਵਿਰਲਾ ਮਾਤ ਰੰਗਾਇੰਦਾ । ਸੁਣੇ ਸ਼ਬਦ ਅਨਹਦ ਅਨਾਹਦ ਹੌਲੀ ਹੌਲੀ, ਆਤਮਕ ਧੁਨ ਉਪਜਾਇੰਦਾ । ਕਾਇਆ ਖੇਤਰ ਸਭ ਦੀ ਮੌਲੀ, ਮੌਲਾ ਕਿਸੇ ਹੱਥ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁੰਦਰ ਸਵਲਾ ਰੂਪ ਵਟਾਇੰਦਾ । ਸਾਵਲ ਸੁੰਦਰ ਹਰਿ ਮੁਰਾਰ, ਆਪਣੀ ਜੋਤ ਜਗਾਈਆ । ਗਊ ਗਰੀਬਾਂ ਪਾਵੇ ਸਾਰ, ਵਰਨ ਗੋਤ ਭੇਵ ਮਿਟਾਈਆ । ਅਗੰਮ ਅਗੰਮੜਾ ਏਕਾ ਆਕਾਰ, ਓਅੰਕਾਰਾ ਰੂਪ ਕਰਾਈਆ । ਸ਼ਬਦ ਰਖਾਏ ਤਿੱਖੀ ਧਾਰ, ਸੋਹੰ ਨਾਉਂ ਜਪਾਈਆ । ਸੋ ਪੁਰਖ ਨਿਰੰਜਣ ਅਪਰ ਅਪਾਰ, ਘਰ ਸਾਚੇ ਬੈਠਾ ਆਸਣ ਲਾਈਆ । ਹੰ ਹੰਗਤਾ ਦਏ ਮਾਰ, ਸਾਚੀ ਸੰਗਤਾ ਰਿਹਾ ਮਿਲਾਈਆ । ਆਪੇ ਮੰਗਤਾ ਦਰ ਭਿਖਾਰ, ਜਨ ਭਗਤ ਦਵਾਰੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ


੫੪੬
੦੬

ਭੇਖ ਵਟਾਈਆ । ਜੋਤੀ ਜਾਮਾ ਹਰਿ ਹਰਿ ਰਾਮਾ, ਆਪਣਾ ਭੇਖ ਵਟਾਇਆ । ਇਕ ਰਖਾਏ ਸ਼ਬਦ ਦਮਾਮਾ, ਦੋ ਜਹਾਨੀ ਰਿਹਾ ਵਜਾਇਆ । ਜੁਗ ਜੁਗ ਜਾਣੇ ਆਪਣਾ ਕਾਮਾ, ਕਰਨ ਕਰਾਵਣਹਾਰ ਆਪ ਅਖਵਾਇਆ । ਆਪ ਉਪਾਏ ਆਪਣਾ ਨਾਮਾ, ਆਪ ਆਪਣੇ ਵਿਚ ਸਮਾਇਆ । ਅੰਮ੍ਰਿਤ ਆਤਮ ਪਿਆਏ ਸਾਚਾ ਜਾਮਾ, ਅੱਠੇ ਪਹਿਰ ਖੁਮਾਰ ਰਖਾਇਆ । ਤ੍ਰੈਗੁਣ ਮਾਇਆ ਕਰੇ ਅੰਤਮ ਤਾਮਾ, ਲੋਕਮਾਤ ਰਹਿਣ ਨਾ ਪਾਇਆ । ਕਲਜੁਗ ਮਿਟੇ ਅੰਧੇਰੀ ਸ਼ਾਮਾ, ਸਤਿਗੁਰ ਸਾਚਾ ਚੰਦ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਦੇਵੇ ਸਾਚਾ ਵਰ, ਅੰਧ ਅਗਿਆਨ ਮਿਟਾਇਆ । ਅੰਧ ਅਗਿਆਨ ਹੋਏ ਵਿਨਾਸ, ਹਰਿ ਦਰਸੀ ਦਰਸ਼ਨ ਪਾਈਆ । ਆਤਮ ਜੋਤੀ ਬ੍ਰਹਮ ਗਿਆਨ, ਦੀਪਕ ਇਕ ਜਗਾਈਆ । ਬ੍ਰਹਮਾ ਵੇਖ ਹੋਏ ਹੈਰਾਨ, ਕਲਜੁਗ ਅੰਤਮ ਦਏ ਦੁਹਾਈਆ । ਸ਼ਿਵ ਸ਼ੰਕਰ ਮਾਰੇ ਉਠ ਧਿਆਨ, ਹਰਿ ਖੇਲੇ ਖੇਲ ਰਘੁਰਾਈਆ । ਸੁਰਪਤ ਰਾਜਾ ਇੰਦ ਬਾਲ ਨਾਦਾਨ, ਭੇਵ ਨਾ ਜਾਣੇ ਰਾਈਆ । ਨੌ ਖੰਡ ਪ੍ਰਿਥਮੀ ਇਕ ਗਿਆਨ, ਹਰਿ ਸਾਚਾ ਰਿਹਾ ਜਣਾਈਆ । ਸੱਤਾਂ ਦੀਪਾਂ ਏਕਾ ਆਣ, ਆਪਣੀ ਆਪੇ ਪਾਈਆ । ਕਲਜੁਗ ਤੇਰਾ ਮਿਟੇ ਨਿਸ਼ਾਨ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸੁਤ ਸਤਿ ਸਰੂਪਾ ਧਰਤ ਮਾਤ ਤੇਰੀ ਗੋਦ ਬਿਠਾਈਆ । ਭਰਮੇ ਭੁੱਲੇ ਜੀਵ ਨਾਦਾਨ, ਗੋਬਿੰਦ ਕਾਇਆ ਭੇਖ ਵਟਾਈਆ । ਭੇਖਾਧਾਰੀ ਖੇਲ ਮਹਾਨ, ਲੱਖ ਚੁਰਾਸੀ ਵੇਖ ਵਖਾਈਆ । ਏਕਾ ਦੇਵੇ ਧੁਰ ਫ਼ਰਮਾਣ, ਸੋਹੰ ਸਾਚਾ ਗੀਤ ਅਲਾਈਆ । ਜਨ ਭਗਤਾਂ ਆਤਮ ਜੋਤੀ ਬ੍ਰਹਮ ਗਿਆਨ, ਸ਼ਬਦੀ ਸ਼ਬਦ ਮਿਲਾਈਆ । ਪਾਰਬ੍ਰਹਮ ਪ੍ਰਭ ਵੇਖ ਵਖਾਨ, ਏਕਾ ਦੂਜਾ ਭਉ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਸਾਚੇ ਦਰ, ਨੇਤਰ ਤੀਜਾ ਖੋਲ੍ਹ ਵਖਾਈਆ । ਨੇਤਰ ਤੀਜਾ ਸ਼ਬਦ ਗਿਆਨ, ਹਰਿ ਏਕਾ ਏਕ ਰਖਾਇਆ । ਚੌਥਾ ਘਰ ਮਾਰ ਧਿਆਨ, ਆਪ ਆਪਣੇ ਵਿਚ ਸਮਾਇਆ । ਪੰਚਮ ਮੇਟੇ ਇਕ ਨਿਸ਼ਾਨ, ਏਕਾ ਏਕ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਇਕ ਦਰ, ਦਰ ਰਿਹਾ ਤਰਾਇਆ । ਦਰ ਦਵਾਰਾ ਏਕ, ਏਕਾ ਏਕ ਅਕਾਲਿਆ । ਹਰਿ ਸ਼ਬਦ ਰਖਾਈ ਸਾਚੀ ਟੇਕ, ਮੇਲ ਮਿਲਾਏ ਦੋ ਜਹਾਨਿਆ । ਕਲਜੁਗ ਮਾਇਆ ਨਾ ਲਾਏ ਸੇਕ, ਆਪੇ ਬੈਠਾ ਨਾਮ ਬਿਬਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਅੰਤ ਨਿਸ਼ਾਨੀਆ । ਕਲਜੁਗ ਤੇਰੀ ਅੰਤ ਨਿਸ਼ਾਨੀ, ਪ੍ਰਭ ਸਾਚਾ ਵੇਖ ਵਖਾਇੰਦਾ । ਚਾਰ ਕੁੰਟ ਹੋਏ ਵੈਰਾਨੀ, ਲੱਖ ਚੁਰਾਸੀ ਮੇਟ ਮਿਟਾਇੰਦਾ । ਸ਼ਬਦ ਮਾਰੇ ਤਿੱਖੀ ਕਾਨੀ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਭੇਵ ਨਾ ਪਾਇਣ ਵਡ ਵਿਦਵਾਨੀ, ਜਗਤ ਵਿਦਿਆ ਮੂਲ ਚੁਕਾਇੰਦਾ । ਗਾ ਗਾ ਥੱਕੇ ਵੇਦ ਪੁਰਾਨੀ, ਖਾਣੀ ਬਾਣੀ ਦਿਵਸ ਰੈਣ ਅਲਾਇੰਦਾ । ਅੰਜ਼ੀਲ ਕੁਰਾਨ ਹੋਏ ਹੈਰਾਨੀ, ਸੰਗ ਮੁਹੰਮਦ ਰੋ ਰੋ ਨੀਰ ਵਹਾਇੰਦਾ । ਅਲ੍ਹਾ ਰਾਣੀ ਦਰ ਪਰਨਾਨੀ, ਘਰ ਪਹਿਲਾ ਇਕ ਵਖਾਇੰਦਾ । ਕਲਜੁਗ ਖੇਲੇ ਖੇਲ ਮਹਾਨੀ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਲਾੜੀ ਮੌਤ ਖ਼ੁਸ਼ੀ ਮਨਾਨੀ, ਸੰਮਤ ਚੌਦਾਂ ਹਰਿ ਅਲਾਇੰਦਾ । ਪੰਚਮ ਜੇਠ ਰੁੱਤ ਸੁਹਾਨੀ, ਸਾਚਾ ਸਗਨ ਮਨਾਇੰਦਾ । ਆਪੇ ਬਣੇ ਸਾਚੀ ਰਾਣੀ, ਕੰਤ ਸੁਹਾਗੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਆਪ ਉਠਾਇੰਦਾ । ਕਲਜੁਗ ਤੇਰਾ ਅੰਤਮ ਵੇਖ, ਹਰਿ ਸਾਚਾ ਵੇਖ ਵਖਾਇੰਦਾ । ਆਪੇ ਹੋਏ ਧਾਰੀ ਭੇਖ, ਭੇਖਾਧਾਰੀ ਭੇਖ ਮਿਟਾਇੰਦਾ । ਆਪੇ ਹੋਏ ਧਾਰੀ ਕੇਸ,

ਮੁੰਡ ਮੁੰਡਾਏ ਨਾ ਭੇਵ ਛੁਪਾਇੰਦਾ । ਜੋਤੀ ਜਾਮਾ ਨਰ ਨਰੇਸ਼, ਨਿਰਗੁਣ ਰੂਪ ਸਮਾਇੰਦਾ । ਆਪੇ ਹੋਏ ਦਸ ਦਸਮੇਸ਼, ਆਪੇ ਗੋਬਿੰਦ ਰੂਪ ਵਟਾਇੰਦਾ । ਸੋ ਰਖਾਏ ਬ੍ਰਹਮਾ ਵਿਸ਼ਨ ਮਹੇਸ਼, ਆਪ ਆਪਣੇ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਸੰਗ ਨਿਭਾਇੰਦਾ । ਕਲਜੁਗ ਤੇਰਾ ਦਰ ਦਰਵਾਜਾ, ਏਕਾ ਏਕ ਖੁਲ੍ਹਾਇਆ । ਨੌ ਖੰਡ ਪ੍ਰਿਥਮੀ ਰਚਿਆ ਕਾਜਾ, ਲੱਖ ਚੁਰਾਸੀ ਲਏ ਪਰਨਾਇਆ । ਲਾੜੀ ਮੌਤ ਮੰਗੇ ਦਾਜਾ, ਮਨਮੁਖ ਜੀਵ ਡੋਲੀ ਪਾਇਆ । ਜਨ ਭਗਤਾਂ ਮਾਰੇ ਸ਼ਬਦ ਸਰੂਪੀ ਆਵਾਜਾ, ਦਿਵਸ ਰੈਣ ਰਿਹਾ ਜਗਾਇਆ । ਚਿੱਟਾ ਅਸਵ ਸਾਚਾ ਤਾਜਾ, ਧੁਰਦਰਗਾਹੀ ਚੜ੍ਹ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਚੁਕਾਇਆ । ਕਲਜੁਗ ਤੇਰਾ ਲਹਿਣਾ ਦੇਣਾ, ਅੰਤਮ ਆਪ ਚੁਕਾਇੰਦਾ । ਜੂਠ ਝੂਠ ਤਨ ਪਾਏ ਗਹਿਣਾ, ਮਾਇਆ ਲੋਭ ਮੋਹ ਹੰਕਾਰ ਵਕਾਰ ਤੇਰੇ ਸੰਗ ਰਲਾਇੰਦਾ । ਮਨਮੁਖ ਜੀਵ ਵੇਖ ਨੈਣਾ, ਚਾਰੋਂ ਕੁੰਟ ਕੁਰਲਾਇੰਦਾ । ਮਾਇਆ ਵਹਿਣ ਅੰਤਮ ਵਹਿਣਾ, ਤ੍ਰੈਗੁਣ ਮੂਲ ਚੁਕਾਇੰਦਾ । ਪ੍ਰਭ ਕਾ ਭਾਣਾ ਸਭ ਨੇ ਸਹਿਣਾ, ਰਾਜ ਰਾਜਾਨ ਨਾ ਕੋਈ ਬਚਾਇੰਦਾ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣਾਂ, ਸਾਕ ਸੱਜਣ ਕੋਈ ਦਿਸ ਨਾ ਆਇੰਦਾ । ਗੁਰਮੁਖ ਵਿਰਲਾ ਮਾਤ ਰਹਿਣਾ, ਜਿਸ ਜਨ ਹੱਥ ਸਮਰਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਇੰਦਾ । ਨਿਹਕਲੰਕ ਏਕਾ ਡੰਕ, ਰਾਓ ਰੰਕ ਜਣਾਈਆ । ਪਰਗਟ ਹੋਏ ਵਾਸੀ ਪੁਰੀ ਘਨਕ, ਸਾਚੇ ਧਾਮ ਸੁਹਾਈਆ । ਜਨ ਭਗਤ ਉਧਾਰੇ ਜਿਉਂ ਜਨਕ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਜੋਤ ਨਿਰੰਜਣ ਤੇਲ ਚੜ੍ਹਾਈਆ । ਜੋਤ ਨਿਰੰਜਣ ਤੇਲ ਚੜ੍ਹਾਏ, ਹਰਿ ਸਾਚੇ ਖ਼ੁਸ਼ੀ ਮਨਾਈਆ । ਪੰਚਮ ਸਈਆਂ ਮਿਲ ਮਿਲ ਗਾਏ, ਸਾਚਾ ਰਾਗ ਅਲਾਈਆ । ਸ਼ਬਦ ਤਾਲ ਇਕ ਵਜਾਏ, ਤਾਲ ਤਲਵਾੜਾ ਆਪਣੇ ਹੱਥ ਰਖਾਈਆ । ਦਰ ਦਵਾਰਾ ਇਕ ਸੁਹਾਏ, ਦਰ ਦਰਵਾਜ਼ਾ ਖੋਲ੍ਹ ਵਖਾਈਆ । ਆਤਮ ਸੇਜਾ ਡੇਰਾ ਲਾਏ, ਗਰੀਬ ਨਿਵਾਜਾ ਵੇਖ ਵਖਾਈਆ । ਗੁਰਮੁਖਾਂ ਸਦ ਮੇਲ ਮਿਲਾਏ, ਏਕਾ ਰੂਪ ਸਮਾਈਆ । ਨਿੰਦਕ ਦੁਸ਼ਟ ਦੁਰਾਚਾਰ ਕੋਇ ਦਿਸ ਨਾ ਆਈਆ । ਸਾਚੀ ਸਿੱਖੀ ਆਪ ਉਪਾਏ, ਹਰਿ ਭਗਤ ਸੁਹੇਲੇ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਦਵਾਰੇ ਵੇਖੇ ਘਰ, ਘਰ ਸਾਚਾ ਇਕ ਸੁਹਾਈਆ ।

ਤ੍ਰੈਗੁਣ ਮਾਇਆ ਤੇਰੀ ਧਾਰ, ਜੁਗ ਜੁਗ ਦਏ ਦੁਹਾਈਆ । ਪੰਜ ਤਤ ਹੋਏ ਵਿਭਚਾਰ, ਸਾਚਾ ਕੰਤ ਨਾ ਕੋਇ ਹੰਢਾਇਆ । ਧਰਤ ਮਾਤ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਰੈਣ ਅੰਧੇਰੀ ਛਾਈਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਤਮ ਜੋਤ ਜਗਾਈਆ । ਨਿਹਕਲੰਕ ਲਏ ਅਵਤਾਰ, ਸਾਚਾ ਡੰਕ ਇਕ ਵਜਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਨੌ ਖੰਡ ਪ੍ਰਿਥਮੀ ਇਕ ਜੈਕਾਰ, ਸੱਤਾਂ ਦੀਪਾਂ ਆਪ ਸੁਣਾਈਆ । ਬ੍ਰਹਮਾ ਸ਼ਿਵ ਕਰੇ ਪਿਆਰ, ਆਪਣੀ ਸੇਵਾ ਲਾਈਆ । ਸੁਰਪਤ ਬਾਲਾ ਵਡ ਹੁਸ਼ਿਆਰ, ਪ੍ਰਭ ਨੇਤਰ ਦਰਸ਼ਨ ਪਾਈਆ । ਜੋਤ ਅਕਾਲਾ ਵਿਚ ਸੰਸਾਰ, ਆਪਣੀ ਕਲ ਵਰਤਾਈਆ । ਚਾਲ ਨਿਰਾਲਾ ਅਪਰ ਅਪਾਰ,

ਭੇਖੀ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖ ਵਖਾਈਆ । ਤ੍ਰੈਗੁਣ ਮਾਇਆ ਤੇਰਾ ਰੰਗ, ਲੱਖ ਚੁਰਾਸੀ ਆਪ ਚੜ੍ਹਾਇਆ । ਬ੍ਰਹਮਾ ਕੀਨਾ ਸੰਗ, ਸਾਚਾ ਸੰਗ ਨਿਭਾਇਆ । ਸ਼ਿਵ ਸ਼ੰਕਰ ਮੰਗੇ ਆਤਮ ਮੰਗ, ਖਾਲੀ ਬੁੱਤ ਰਖਾਇਆ । ਵਿਸ਼ਨੂੰ ਵੇਖੇ ਭੁੱਖ ਨੰਗ, ਸਚ ਵਸਤ ਹੱਥ ਨਾ ਆਇਆ । ਜੋਤ ਨਿਰੰਜਣ ਵਜਾਏ ਮਰਦੰਗ, ਪੰਚਮ ਸੇਵਾ ਲਾਈਆ । ਲੋਕਮਾਤ ਨਾ ਦਿਸੇ ਧਾਰਾ ਗੰਗ, ਸਰ ਸਰੋਵਰ ਦਿਸ ਨਾ ਆਇਆ । ਸਾਧ ਸੰਤ ਗੁਰ ਪੀਰ ਨਾ ਲਾਏ ਕੋਈ ਅੰਗ, ਅੰਗੀਕਾਰ ਨਾ ਕੋਈ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਦਰ, ਚਾਰੋਂ ਕੁੰਟ ਵੇਖ ਵਖਾਇਆ । ਤ੍ਰੈਗੁਣ ਮਾਇਆ ਤੇਰਾ ਜਾਲ, ਲੱਖ ਚੁਰਾਸੀ ਰਿਹਾ ਫਸਾਈਆ । ਆਪੇ ਵੇਖੇ ਦੀਨ ਦਿਆਲ, ਦਇਆਨਿਧ ਆਪ ਅਖਵਾਈਆ । ਭਗਤ ਸੁਹੇਲਾ ਸਦ ਕਿਰਪਾਲ, ਅਛਲ ਅਛੱਲ ਆਪ ਹੋ ਜਾਈਆ । ਲੱਖ ਚੁਰਾਸੀ ਫਲ ਵੇਖੇ ਡਾਲ੍ਹ, ਅੰਦਰ ਮੰਦਰ ਖੋਜ ਖੁਜਾਈਆ । ਭਗਤ ਸੁਹੇਲਾ ਨਾਲ ਨਾਲ, ਆਪ ਆਪਣਾ ਚਰਨ ਉਠਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਕਾਲ ਮਹਾਂਕਾਲਾ ਆਪ ਅਖਵਾਈਆ । ਜਿਸ ਜਨ ਦੇਵੇ ਨਾਮ ਸੱਚਾ ਧਨ ਮਾਲ, ਨਾਮ ਖਜ਼ਾਨਾ ਇਕ ਭਰਾਈਆ । ਆਦਿ ਅੰਤ ਨਾ ਹੋਏ ਕੰਗਾਲ, ਇਕ ਭੰਡਾਰ ਕਰਾਈਆ । ਆਤਮ ਜੋਤੀ ਨੂਰ ਮਹਾਨ, ਆਕਾਸ਼ ਪਰਕਾਸ਼ ਵਖਾਈਆ । ਧਰਮ ਝੁਲਾਏ ਇਕ ਨਿਸ਼ਾਨ, ਹੱਥ ਆਪਣੇ ਰਿਹਾ ਉਠਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਸ਼ਬਦ ਜਣਾਈਆ । ਰਸਨਾ ਜਿਹਵਾ ਸਾਰੇ ਗਾਣ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਰੂਪ ਆਪੇ ਵੇਖ ਵਿਖਾਈਆ । ਤ੍ਰੈਗੁਣ ਮਾਇਆ ਤੇਰਾ ਰੂਪ, ਆਪੇ ਆਪ ਵਖਾਨਿਆ । ਭਰਮੇ ਭੁੱਲੇ ਸ਼ਾਹੋ ਭੂਪ, ਨਾ ਕੋਈ ਦਿਸੇ ਸੁਘੜ ਸਿਆਨਿਆ । ਰੈਣ ਅੰਧੇਰੀ ਚਾਰੋਂ ਕੂਟ, ਕੋਈ ਨਾ ਚਲੇ ਹਰਿ ਹਰਿ ਭਾਣਿਆ । ਮੋਹ ਹੁਲਾਰਾ ਰਹੇ ਝੂਟ, ਜੂਠਾ ਝੂਠਾ ਛਤਰ ਤਾਣਿਆ । ਪੰਚ ਵਿਕਾਰਾ ਰਿਹਾ ਲੂਟ, ਰਸਨਾ ਗਾਏ ਨਾ ਹਰਿ ਹਰਿ ਬਾਣਿਆ । ਧਰਮ ਰਾਏ ਦਰ ਟੰਗੇ ਪੁੱਠ, ਅੰਤਮ ਲਹਿਣਾ ਦੇਣ ਚੁਕਾਨਿਆ । ਜਨ ਭਗਤਾਂ ਹਰਿ ਜਾਏ ਤੁੱਠ, ਦੇਵੇ ਦਰਸ ਮਹਾਨਿਆ । ਲੁਕਿਆ ਰਹੇ ਨਾ ਕੋਈ ਗੁੱਠ, ਦਹਿ ਦਿਸ਼ਾ ਵੇਖੇ ਮਾਰ ਧਿਆਨਿਆ । ਆਪ ਕਰਾਏ ਏਕਾ ਮੁੱਠ, ਸੰਮਤ ਚੌਦਾਂ ਪਹਿਲੀ ਚੇਤਰ ਸਾਚੀ ਬਣਤ ਬਣਾਨਿਆ । ਪੰਚ ਵਿਕਾਰਾ ਦੇਵੇ ਕੁੱਠ, ਮੇਟ ਮਿਟਾਏ ਪੰਜ ਸ਼ੈਤਾਨਿਆ । ਜੁਗਾਂ ਜੁਗਾਂ ਦੇ ਵਿਛੜੇ ਗਏ ਰੁੱਠ, ਕਲਜੁਗ ਅੰਤਮ ਮੇਲ ਮਿਲਾਨਿਆ । ਮਨਮੁਖ ਜੀਵਾਂ ਖਾਲੀ ਹੱਥ ਠੁੱਠ, ਦਰ ਦਰ ਫਿਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਦਰ ਅੰਤ ਕਰੇ ਪਛਾਨਿਆ । ਤ੍ਰੈਗੁਣ ਮਾਇਆ ਤੇਰਾ ਰਾਜ, ਚਾਰੋਂ ਕੁੰਟ ਕਰੇ ਜੈਕਾਰਿਆ । ਰਾਜ ਰਾਜਾਨਾਂ ਸੀਸ ਲੱਥੇ ਤਾਜ, ਨਾ ਕੋਈ ਦਿਸੇ ਦਰ ਦਰਬਾਨਿਆ । ਜੂਠਾ ਝੂਠਾ ਰਚਿਆ ਕਾਜ, ਲੋਕਮਾਤ ਹੋਏ ਪਰਧਾਨਿਆ । ਜਨ ਭਗਤਾਂ ਕੋਇ ਨਾ ਰੱਖੇ ਲਾਜ, ਮਨਮੁਖ ਜੀਵ ਮਾਰਨ ਤਾਅਨਿਆ । ਪਰਗਟ ਹੋਏ ਗਰੀਬ ਨਿਵਾਜ, ਦਰ ਦਵਾਰ ਕਰੇ ਪਰਵਾਨਿਆ । ਸ਼ਬਦ ਰਖਾਏ ਸਾਚਾ ਜਹਾਜ਼, ਦੋ ਜਹਾਨ ਕਰੇ ਪਰਵਾਨਿਆ । ਤ੍ਰੈਗੁਣ ਮਾਇਆ ਤੇਰਾ ਕਾਜ, ਹਰਿ ਸਾਚਾ ਆਪ ਰਚਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਦਰ ਵੇਖ ਵਿਖਾਨਿਆ । ਕਲਜੁਗ ਮਾਇਆ ਤੇਰਾ ਸਾਥ, ਮਨਮੁਖ ਰਹੇ ਨਿਭਾਈਆ । ਏਕਾ ਭੁੱਲਿਆ ਹਰਿ ਰਘੁਨਾਥ, ਬੈਠੇ ਮੁਖ ਭਵਾਈਆ । ਮਿਲੇ ਮੇਲ ਨਾ ਤ੍ਰੈਲੋਕੀ ਨਾਥ, ਤ੍ਰੈਗੁਣ ਮਾਇਆ ਝੋਲੀ ਪਾਈਆ । ਅੰਤਮ ਸੀਆਂ ਸਾਢੇ ਤਿੰਨ ਹਾਥ, ਆਪਣੀ ਵੰਡ ਵੰਡਾਈਆ ।

੫੪੯
੦੬

ਲਹਿਣਾ ਦੇਣ ਚੁੱਕੇ ਮਸਤਕ ਮਾਥ, ਚਿੱਤਰ ਗੁਪਤ ਹਿਸਾਬ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਜਗਾਈਆ । ਤ੍ਰੈਗੁਣ ਮਾਇਆ ਜਗਤ ਪਰਧਾਨ, ਚਾਰੋਂ ਕੁੰਟ ਕਰੇ ਜਣਾਈਆ । ਅੰਤਮ ਮੇਟੇ ਜਗਤ ਨਿਸ਼ਾਨ, ਲੱਖ ਚੁਰਾਸੀ ਦਿਸ ਨਾ ਆਈਆ । ਗੁਰਮੁਖ ਸਾਚੇ ਸੰਤ ਪਛਾਨ, ਜਮ ਕੀ ਫਾਸੀ ਆਪ ਕਟਾਈਆ । ਏਕਾ ਬਖ਼ਸ਼ੇ ਚਰਨ ਧਿਆਨ, ਏਕਾ ਰੀਤ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੀਟ ਹਸਤ ਏਕਾ ਰੰਗ ਰੰਗਾਈਆ । ਰੰਗੇ ਰੰਗ ਹਰਿ ਅਨਮੁਲਾ, ਸਿਰ ਆਪਣਾ ਹੱਥ ਰਖਾਇਆ । ਗੁਰਮੁਖ ਵਿਰਲਾ ਪੂਰੇ ਤੋਲ ਤੁਲਾ, ਹਰਿ ਸਾਚੇ ਕੰਡੇ ਨਾਮ ਤੁਲਾਇਆ । ਭਾਗ ਲਗਾਏ ਸਾਚੀ ਕੁਲਾ, ਕਲ ਕੁਲਵੰਤਾ ਨਾਮ ਪਾਇਆ । ਦਰ ਦਵਾਰੇ ਜੋ ਜਨ ਆਏ ਭੁੱਲਾ, ਦੁਰਮਤ ਮੈਲ ਰਿਹਾ ਮੇਟ ਮਿਟਾਇਆ । ਲੋਕਮਾਤ ਫਲਿਆ ਫੁੱਲਾ, ਫਲ ਫੁਲਵਾੜੀ ਫਲ ਲਗਾਇਆ । ਕਲਜੁਗ ਬੂਟਾ ਅੰਤਮ ਹੁੱਲਾ, ਪਤ ਡਾਲ੍ਹੀ ਰਹਿਣ ਨਾ ਪਾਇਆ । ਅੰਧ ਅੰਧੇਰ ਇਕ ਝੁੱਲਾ, ਸੰਮਤ ਚੌਦਾਂ ਵੇਖ ਵਖਾਇਆ । ਪੰਚਮ ਜੇਠ ਮਾਰੇ ਬੁੱਲਾ, ਨੌ ਖੰਡ ਦਏ ਹਿਲਾਇਆ । ਧਰਤ ਮਾਤ ਤੇਰਾ ਵਿਹੜਾ ਖੁੱਲਾ, ਪ੍ਰਭ ਸਾਚਾ ਦਏ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਘਰ, ਅੰਤਮ ਦੇਵੇ ਢਾਹਿਆ । ਤ੍ਰੈਗੁਣ ਮਾਇਆ ਉਚ ਮੁਨਾਰ, ਏਕਾ ਏਕ ਉਸਾਰਿਆ । ਨਿਹਕਲੰਕਾ ਲਏ ਅਵਤਾਰ, ਅੰਤਮ ਕਰੇ ਪਾਰ ਉਤਾਰਿਆ । ਕਲਜੁਗ ਰੋਵੇ ਧਾਹਾਂ ਮਾਰ, ਨਾ ਦਿਸੇ ਕੋਈ ਸਹਾਰਿਆ । ਸਤਿਜੁਗ ਸੱਚਾ ਦਰ ਭਿਖਾਰ, ਮੰਗੇ ਮੰਗ ਅਪਰ ਅਪਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸੋ ਸਾਚਾ ਰਾਹ ਵਿਖਾ ਲਿਆ । ਸਤਿਜੁਗ ਤੇਰੀ ਸੁਣ ਪੁਕਾਰ, ਸੰਗ ਮੁਹੰਮਦ ਨਾਲ ਰਲਾ ਲਿਆ । ਸੰਮਤ ਚੌਦਾਂ ਮਾਰੇ ਮਾਰ, ਚੌਦਾਂ ਤਬਕਾਂ ਆਪ ਹਿਲਾ ਰਿਹਾ । ਅੱਲਾ ਰਾਣੀ ਹੋਏ ਖੁਆਰ, ਈਸਾ ਮੂਸਾ ਵੇਖ ਵਖਾ ਰਿਹਾ । ਸਤਿਜੁਗ ਸਾਚਾ ਖ਼ਬਰਦਾਰ, ਪੂਤ ਸਪੂਤਾ ਆਪ ਅਖਵਾ ਲਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੋਏ ਜੋੜ ਸੀਸ ਝੁਕਾ ਲਿਆ । ਸ਼ਬਦ ਵਿਚੋਲਾ ਇਕ ਅਪਾਰ, ਪ੍ਰਭ ਸਾਚਾ ਝੋਲੀ ਪਾ ਰਿਹਾ । ਸੋਹੰ ਢੋਲਾ ਵਿਚ ਸੰਸਾਰ, ਚਾਰ ਵਰਨਾਂ ਇਕ ਜਣਾ ਰਿਹਾ । ਸਚ ਦਵਾਰਾ ਏਕਾ ਖੋਲ੍ਹਾ, ਸਾਚਾ ਮਾਰਗ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਵਰ, ਤੇਰੀ ਝੋਲੀ ਪਾ ਰਿਹਾ । ਤ੍ਰੈਗੁਣ ਮਾਇਆ ਤੇਰੀ ਦਾਤ, ਤੇਰੇ ਸੰਗ ਰਖਾਈਆ । ਬ੍ਰਹਮਾ ਵੇਤਾ ਨਾ ਪੁੱਛੇ ਵਾਤ, ਬੈਠਾ ਮੁਖ ਛੁਪਾਈਆ । ਅੰਤਮ ਵਿਕਣਾ ਹਾਟੋ ਹਾਟ, ਸਾਚਾ ਸ਼ਬਦ ਹਾਥ ਨਾ ਆਈਆ । ਧੀਰਜ ਧੀਰ ਨਾ ਦੇਵੇ ਕੋਈ ਤੀਰਥ ਤਾਟ, ਅਠ ਸਠ ਰੋਵਣ ਦੇਣ ਦੁਹਾਈਆ । ਗੁਰ ਦਰ ਮੰਦਰ ਸ਼ਿਵਦਵਾਲਾ ਮੱਠ, ਨਿਰਮਲ ਜੋਤ ਰਹਿਣ ਨਾ ਪਾਈਆ । ਪ੍ਰਭ ਚਰਨ ਦਵਾਰੇ ਇਕ ਇਕੱਠ, ਸਾਚਾ ਧਾਮ ਸੁਹਾਈਆ । ਉਚੇ ਮੰਦਰ ਨੌ ਖੰਡ ਪ੍ਰਿਥਮੀ ਜਾਣੇ ਢੱਠ, ਸੰਮਤ ਪੰਦਰਾਂ ਨੇੜੇ ਆਈਆ । ਪ੍ਰਭ ਗੇੜਨਹਾਰਾ ਉਲਟੀ ਲੱਠ, ਲੱਖ ਚੁਰਾਸੀ ਪੀੜ ਪਿੜਾਈਆ । ਅਗਨੀ ਜੋਤੀ ਲਾਏ ਮੱਠ, ਸੰਮਤ ਸੋਲਾਂ ਏਕਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਦਰ, ਆਪੇ ਵੇਖ ਵਖਾਈਆ । ਤ੍ਰੈਗੁਣ ਮਾਇਆ ਤੇਰਾ ਮੂਲ, ਹਰਿ ਸਾਚਾ ਆਪ ਚੁਕਾਇੰਦਾ । ਸ਼ਿਵ ਸ਼ੰਕਰ ਫੜੇ ਹੱਥ ਤ੍ਰਿਸੂਲ, ਪ੍ਰਭ ਅੱਗੇ ਸੀਸ ਝੁਕਾਇੰਦਾ । ਬ੍ਰਹਮਾ ਵੇਖੇ ਕੰਤ ਕੰਤੂਹਲ, ਸਾਚਾ ਕੰਤ ਵੇਖ ਵਖਾਇੰਦਾ । ਕਰੋੜ ਤੇਤੀਸਾ ਰਿਹਾ ਫੂਲ, ਸੁਰਪਤ ਰਾਜਾ ਸੇਵ ਕਮਾਇੰਦਾ । ਨੌ ਖੰਡ ਪ੍ਰਿਥਮੀ ਗਈ ਭੂਲ, ਪਾਰਬ੍ਰਹਮ ਨਾ ਕੋਈ ਮਿਲਾਇੰਦਾ । ਕਲਜੁਗ ਫਲ ਗਿਆ ਫੂਲ, ਪ੍ਰਭ


੫੫੦
੦੬

ਅੰਤਮ ਤੋੜ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਦੇ ਮਤ ਆਪ ਸਮਝਾਇੰਦਾ । ਅੰਤਮ ਮਿਟਣਾ ਜਗਤ ਨਿਸ਼ਾਨ, ਲਿਖਿਆ ਲੇਖ ਚੁਕਾਇੰਦਾ । ਸਤਿਜੁਗ ਸਾਚਾ ਦਰ ਪਰਵਾਨ, ਪ੍ਰਭ ਸਾਚੀ ਭਿਛਿਆ ਪਾਇੰਦਾ । ਕਲਜੁਗ ਅੰਤਮ ਹੋਏ ਵੈਰਾਨ, ਲੋਕਮਾਤ ਰਹਿਣ ਨਾ ਪਾਇੰਦਾ । ਚਾਰ ਵਰਨਾਂ ਵੇਖੇ ਮਾਰ ਧਿਆਨ, ਗਿਆਨ ਧਿਆਨ ਦਿਸ ਨਾ ਆਇੰਦਾ । ਸਤਿਜੁਗ ਸਾਚਾ ਨਿਗਾਹਬਾਨ, ਏਕਾ ਏਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਮਾਇਆ ਤੇਰਾ ਲੇਖ ਮਿਟਾਇੰਦਾ । ਤ੍ਰੈਗੁਣ ਮਾਇਆ ਤੇਰਾ ਭੇਖ, ਕਲਜੁਗ ਰੰਗ ਰਤੜਾ । ਆਪੇ ਵੇਖੇ ਔਲੀਏ ਪੀਰ ਸ਼ੇਖ਼, ਜੀਵ ਜੰਤ ਸਾਧ ਸੰਤ ਮੁਸ਼ਟੰਡੜਾ । ਆਪੇ ਮੇਟਣਹਾਰਾ ਰੇਖ, ਆਪੇ ਦੇ ਸਮਝਾਵੇ ਮਤੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਚੁੱਕੇ ਡਰ, ਆਪੇ ਪਾਏ ਡੂੰਘੇ ਖਤੜਾ, ਤ੍ਰੈਗੁਣ ਮਾਇਆ ਡੂੰਘੇ ਖਾਤ, ਪ੍ਰਭ ਸਾਚਾ ਆਪ ਰਖਾਇੰਦਾ । ਆਪੇ ਵੇਖੇ ਮਾਰ ਝਾਤ, ਦਿਸ ਕਿਸੇ ਨਾ ਆਇੰਦਾ । ਸਤਿਜੁਗ ਦੇਵੇ ਸਾਚੀ ਦਾਤ, ਸਤਿ ਸੰਤੋਖ ਧੀਰਜ ਯਤ ਝੋਲੀ ਪਾਇੰਦਾ । ਜਨ ਭਗਤਾਂ ਬੰਧਾਵੇ ਸਾਚਾ ਨਾਤ, ਸੰਮਤ ਚੌਦਾਂ ਵੇਖ ਵਖਾਇੰਦਾ । ਮਿਲੇ ਮੇਲ ਕਮਲਾਪਾਤ, ਵਿਛੜ ਕਦੇ ਨਾ ਜਾਇੰਦਾ । ਅੰਮ੍ਰਿਤ ਆਤਮ ਦੇਵੇ ਸਾਤਕ ਸਾਂਤ, ਸਤਿ ਸਰੋਵਰ ਇਕ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਮਾਇਆ ਧਾਰ, ਆਪੇ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਰਹੀ ਕੁਰਲਾ, ਅੰਤਮ ਹੋਈ ਜੁਦਾਈਆ । ਜੂਠ ਝੂਠ ਪਾਇਆ ਫਾਹ, ਨਾ ਸਕੇ ਕੋਈ ਤੁੜਾਈਆ । ਨਾ ਕੋਈ ਦਿਸੇ ਮਾਤ ਮਲਾਹ, ਫੜ ਫੜ ਬੰਨੇ ਲਾਈਆ । ਨਾ ਕੋਈ ਬਖ਼ਸ਼ੇ ਜਗਤ ਗੁਨਾਹ, ਰੋ ਰੋ ਦਏ ਦੁਹਾਈਆ । ਨਾ ਕੋਈ ਪਿਤਾ ਦਿਸੇ ਮਾਂ, ਨਾ ਕੋਈ ਦਿਸੇ ਧੀ ਜਵਾਈਆ । ਨਾ ਕੋਈ ਭੈਣ ਨਾ ਭਰਾ, ਨਾਰੀ ਕੰਤ ਨਾ ਕੋਈ ਹੰਢਾਈਆ । ਨਾ ਕੋਈ ਜਪਾਏ ਸਾਚਾ ਨਾਂ, ਸੋਹੰ ਅੱਖਰ ਜਗਤ ਤਰਾਈਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਸਾਚੇ ਬਾਲ ਅੰਵਾਣੇ ਬੈਠਾ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਘਰ ਅੰਤਮ ਪੂਰ ਕਰਾਈਆ । ਤ੍ਰੈਗੁਣ ਮਾਇਆ ਤੇਰਾ ਘਰ, ਅੰਤਮ ਬੰਦ ਕਰਾਇੰਦਾ । ਚਾਰੋਂ ਕੁੰਟ ਦਿਸੇ ਡਰ, ਕਲਜੁਗ ਦਰ ਨਾ ਕੋਈ ਬਹਾਇੰਦਾ । ਸਰ ਸਰੋਵਰ ਨਾ ਕੋਈ ਦਿਸੇ ਸਰ, ਤੀਰਥ ਤਟ ਨਾ ਕੋਈ ਵਖਾਇੰਦਾ । ਨਾ ਕੋਈ ਨਾਰੀ ਨਾ ਕੋਈ ਨਰ, ਨਰ ਨਰਾਇਣ ਨਾ ਕੋਈ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਘਰ, ਘਰ ਬਾਹਰਾ ਵੇਖ ਵਖਾਇੰਦਾ । ਕਲਜੁਗ ਉਠ ਬਾਲ ਨਾਦਾਨ, ਹਰਿ ਸਾਚਾ ਆਪ ਜਗਾਇੰਦਾ । ਨੇਤਰ ਖੋਲ੍ਹ ਮਾਰ ਧਿਆਨ, ਲੱਖ ਚੁਰਾਸੀ ਅੰਤ ਕੁਰਲਾਇੰਦਾ । ਕਿਸੇ ਨਾ ਦਿਸੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਇੰਦਾ । ਮਗਰ ਲੱਗੇ ਪੰਜ ਸ਼ੈਤਾਨ, ਚਾਰੋਂ ਕੁੰਟ ਮੁਖ ਭਵਾਇੰਦਾ । ਗੁਰਮੁਖ ਵਿਰਲਾ ਚਤਰ ਸੁਜਾਨ, ਪ੍ਰਭ ਚਰਨੀ ਸੀਸ ਝੁਕਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਭਗਤ ਭਗਤੀ ਸੇਵਾ ਲਾਇੰਦਾ । ਇਕ ਵਖਾਏ ਸਚ ਮਕਾਨ, ਨੌਂ ਦਰ ਦਵਾਰੇ ਬੰਦ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਵਰ, ਤੇਰੀ ਝੋਲੀ ਪਾਇੰਦਾ । ਸਤਿਜੁਗ ਸਾਚਾ ਸਚ ਮਲਾਹ, ਏਕਾ ਏਕ ਕਰਾਇਆ । ਗੁਰ ਸ਼ਬਦੀ ਦੇਵੇ ਇਕ ਸਲਾਹ, ਸਾਚਾ ਮਾਰਗ ਲਾਇਆ । ਇਕ ਜਪਾਏ ਸਾਚਾ ਨਾਂ, ਚਾਰ ਵਰਨਾਂ ਰਿਹਾ ਜਣਾਇਆ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਥਾਂ, ਹਰਿ

ਸਾਚਾ ਰਿਹਾ ਬਹਾਇਆ । ਜ਼ਾਤ ਪਾਤ ਮਿਟੇ ਨਿਸ਼ਾਨ, ਬੀਸ ਬੀਸਾ ਰਿਹਾ ਲਿਖਾਇਆ । ਸੋਹੰ ਰਸਨਾ ਸਾਰੇ ਗਾਨ, ਇਕ ਇਕੀਸਾ ਦਏ ਦੁਹਾਇਆ । ਜਗਤ ਜਗਦੀਸਾ ਛਤਰ ਸੀਸ ਝੁਲਾਨ, ਰਾਜ ਰਾਜਾਨ ਰਹਿਣ ਨਾ ਪਾਇਆ । ਏਕਾ ਮਾਰੇ ਰਸਨਾ ਬਾਣ, ਚਿੱਲਾ ਆਪ ਚੜ੍ਹਾਇਆ । ਖਾਣੀ ਬਾਣੀ ਹੋਏ ਹੈਰਾਨ, ਵੇਦ ਪੁਰਾਨ ਰਹਿਣ ਨਾ ਪਾਇਆ । ਆਪੇ ਕਰੇ ਪੁਣ ਛਾਣ, ਅੰਜੀਲ ਕੁਰਾਨ ਦਏ ਦੁਹਾਇਆ । ਕਲਜੁਗ ਤੇਰਾ ਅੰਤ ਨਿਸ਼ਾਨ, ਪ੍ਰਭ ਸਾਚਾ ਦਏ ਮਿਟਾਇਆ । ਸੰਮਤ ਸੋਲਾਂ ਤੇਰੀ ਆਣ, ਪੁਰੀਆਂ ਲੋਆਂ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਤੇਰੀ ਧਾਰ ਚੁਕਾਇਆ । ਸੰਮਤ ਸੋਲਾਂ ਕਰ ਸ਼ਿੰਗਾਰ, ਲਾੜੀ ਮੌਤ ਖ਼ੁਸ਼ੀ ਮਨਾਈਆ । ਪਰਗਟ ਹੋਵੇ ਵਿਚ ਸੰਸਾਰ, ਚਾਰੋਂ ਕੁੰਟ ਪਏ ਦੁਹਾਈਆ । ਧਰਮ ਰਾਏ ਦੀ ਸਤਿ ਸਪੁਤਰੀ ਧੀ ਮੁਟਿਆਰ, ਲੱਖ ਚੁਰਾਸੀ ਲਏ ਪਰਨਾਈਆ । ਨਾਲ ਰਲਾਏ ਸੰਗ ਮੁਹੰਮਦ ਚਾਰ ਯਾਰ, ਆਪਣਾ ਸੰਗ ਨਿਭਾਈਆ । ਪੁਰਖ ਅਬਿਨਾਸ਼ੀ ਮਾਰੇ ਮਾਰ, ਏਕਾ ਖੰਡਾ ਹੱਥ ਉਠਾਈਆ । ਦਰ ਦਰ ਘਰ ਘਰ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਅੰਤ ਕਰਾਈਆ । ਸੰਮਤ ਸੋਲਾਂ ਤੇਰਾ ਰੰਗ, ਧਰਤਮਾਤ ਆਪ ਚੜ੍ਹਾਇੰਦਾ । ਧਰਤ ਮਾਤ ਮੰਗੀ ਮੰਗ, ਲੱਖ ਚੁਰਾਸੀ ਫੰਦ ਫੰਦਾਇੰਦਾ । ਚਿੱਟੇ ਅਸਵ ਕਸਿਆ ਤੰਗ, ਦਹਿ ਦਿਸ਼ਾ ਫੇਰਾ ਪਾਇੰਦਾ । ਏਕਾ ਵਹੇ ਧਾਰਾ ਗੰਗ, ਲਹੂ ਮਿਝ ਆਪ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤਮ ਦਰ, ਏਕਾ ਰੰਗ ਰੰਗਾਇੰਦਾ । ਕਲਜੁਗ ਅੰਤਮ ਰੰਗੇ ਰੰਗ, ਹਰਿ ਸਾਚਾ ਲਾਲ ਗੁਲਾਲਿਆ । ਸਾਚੇ ਅਸਵ ਕਸਿਆ ਤੰਗ, ਨਾਲ ਰਖਾਏ ਕਾਲ ਮਹਾਂਕਾਲਿਆ । ਲੋਆਂ ਪੁਰੀਆਂ ਪਾਰ ਲੰਘ, ਨੌ ਖੰਡ ਰਿਹਾ ਸੁਰਤ ਸੰਭਾਲਿਆ । ਲੱਖ ਚੁਰਾਸੀ ਦੇਵੇ ਟੰਗ, ਧਰਮ ਰਾਏ ਖੋਲ੍ਹ ਦਵਾਰ ਦਰ ਦਰਵਾਜ਼ਿਆ । ਮਨਮੁਖ ਜੀਵਾਂ ਮਾਨਸ ਦੇਹੀ ਹੋਈ ਭੰਗ, ਮਿਲਿਆ ਮੇਲ ਨਾ ਗੁਰ ਗੋਪਾਲਿਆ । ਝੂਠੀ ਕਾਇਆ ਕਾਚੀ ਵੰਗ, ਕਿਸੇ ਨਾ ਚਲੇ ਨਾਲਿਆ । ਕਿਸੇ ਨਾ ਲਾਉਣਾ ਅੰਤਮ ਅੰਗ, ਨਾ ਕੋਈ ਗੋਦ ਉਠਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸੱਥਰ ਮਾਤ ਵਿਛਾ ਲਿਆ । ਧਰਤ ਮਾਤ ਤੇਰੀ ਸਾਚੀ ਗੋਦ, ਲੱਖ ਚੁਰਾਸੀ ਆਪ ਟਿਕਾਇੰਦਾ । ਸ਼ਬਦ ਜਣਾਏ ਅਗਾਧ ਬੋਧ, ਬੋਧ ਅਗਾਧਾ ਆਪ ਅਖਵਾਇੰਦਾ । ਦਾਤਾ ਸੂਰਾ ਵਡ ਜੋਧਨ ਜੋਧ, ਸੂਰਬੀਰ ਆਪ ਹੋ ਜਾਇੰਦਾ । ਕਲਜੁਗ ਤੇਰਾ ਮਿਟੇ ਕਰੋਧ, ਸਤਿਜੁਗ ਸੀਤਲ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਘਰ ਸਾਚੇ ਆਸਣ ਲਾਇੰਦਾ । ਕਲਜੁਗ ਤੇਰੀ ਅਵੱਲੜੀ ਚਾਲ, ਪ੍ਰਭ ਅੰਤਮ ਰਿਹਾ ਮਿਟਾਈਆ । ਸ੍ਰਿਸ਼ਟ ਸਬਾਈ ਹਾਲ ਬੇਹਾਲ, ਦਿਵਸ ਰੈਣ ਰਹੀ ਕੁਰਲਾਈਆ । ਗੁਰਮੁਖ ਸਾਚੇ ਭਾਲ, ਆਪ ਆਪਣਾ ਮੇਲ ਮਿਲਾਈਆ । ਅੱਠੇ ਪਹਿਰ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਗੁਰਮੁਖ ਹਰਿ ਭਗਤ ਭਗਤੀ ਵਰ ਏਕਾ ਝੋਲੀ ਪਾਈਆ । ਭਗਤ ਜਨਾਂ ਦਰ ਸਾਚਾ ਪਾਇਆ, ਏਕਾ ਪੁਰਖ ਅਪਾਰਾ । ਜੂਠਾ ਝੂਠਾ ਮੋਹ ਤਜਾਇਆ, ਵਿਸਰਿਆ ਸੰਸਾਰਾ । ਸੋਹੰ ਸਾਚਾ ਰਸਨਾ ਗਾਇਆ, ਮਿਟੇ ਰੈਣ ਅੰਧਿਆਰਾ । ਏਕਾ ਦੂਜਾ ਭਉ ਚੁਕਾਇਆ, ਮੇਲਾ ਕੰਤ ਭਤਾਰਾ । ਤੀਜਾ ਨੇਤਰ ਖੋਲ੍ਹ ਵਖਾਇਆ, ਦਰਸ ਦਿਖਾਏ ਅਗੰਮ ਅਪਾਰਾ । ਚੌਥੇ ਦਰ ਲਏ ਬਹਾਇਆ,

੫੫੨
੦੬

ਆਵਣ ਜਾਵਣ ਫੰਦ ਕਟਾਇਆ । ਪੰਚਮ ਮੇਲਾ ਸਹਿਜ ਸੁਭਾਇਆ, ਸਾਚਾ ਚੰਦ ਚੜ੍ਹਾਇਆ । ਛੱਪਰ ਛੰਨ ਕੋਈ ਦਿਸ ਨਾ ਆਇਆ, ਹਰਿ ਸਾਚੇ ਸਹਿਜ ਸੁਖਦਾਇਆ । ਸਤਿ ਪੁਰਖ ਨਿਰੰਜਣ ਪਾਏ ਅੰਜਨ ਨੇਤਰ ਖੋਲ੍ਹ, ਸ਼ਬਦ ਬੋਲ ਢੋਲ ਮਰਦੰਗ ਇਕ ਵਜਾਇਆ । ਸੰਤਾਂ ਭਗਤਾਂ ਵਸੇ ਕੋਲ, ਮਨ ਮਤ ਬੁਧ ਰਿਹਾ ਵਰੋਲ, ਆਤਮ ਅੰਤਰ ਵੇਖ ਵਖਾਇਆ । ਨੌ ਦਵਾਰੇ ਕੱਢੇ ਪੋਲ, ਮਨਮੁਖ ਜੀਵ ਹੋਏ ਹਲਕਾਇਆ । ਦਸਮ ਦਵਾਰੀ ਰਿਹਾ ਮੌਲ, ਆਤਮ ਸੇਜਾ ਆਸਣ ਲਾਇਆ । ਆਪੇ ਕਰੇ ਉਲਟਾ ਕਵਲ, ਨਾਭੀ ਕਵਲੀ ਰਿਹਾ ਉਲਟਾਇਆ । ਮੇਲ ਮਿਲਾਏ ਸਾਵਲ ਸਵਲ, ਕਾਹਨਾ ਕ੍ਰਿਸ਼ਨਾ ਆਪ ਅਖਵਾਇਆ । ਲੱਖ ਚੁਰਾਸੀ ਹੋਈ ਬਵਲ, ਭੇਖਾਧਾਰੀ ਭੇਖ ਵਟਾਇਆ । ਕਲਜੁਗ ਹੰਕਾਰੀ ਦੁਸ਼ਟ ਰਵਣ, ਰਾਮ ਰਾਮਾ ਦਏ ਖਪਾਇਆ । ਜਨ ਭਗਤਾਂ ਹੋਏ ਸੱਚਾ ਜਾਮਨ, ਅੰਤਮ ਬੇੜਾ ਬੰਨੇ ਲਾਇਆ । ਆਪ ਫੜਾਏ ਆਪਣਾ ਦਾਮਨ, ਕਾਮਨੀ ਕਾਮ ਨੇੜ ਨਾ ਆਇਆ । ਮੇਟ ਮਿਟਾਏ ਅੰਧੇਰੀ ਸ਼ਾਮਨ, ਜੋਤ ਪਰਕਾਸ਼ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਸਾਚਾ ਮੀਤਾ, ਏਕਾ ਏਕ ਅਖਵਾਇਆ । ਏਕਾ ਸ਼ਬਦ ਜਣਾਏ ਅਠਾਰਾਂ ਧਿਆਏ ਗੀਤਾ, ਅਰਜਨ ਕ੍ਰਿਸ਼ਨਾ ਰੂਪ ਵਟਾਇਆ । ਆਪ ਚਲਾਏ ਆਪਣੀ ਰੀਤਾ, ਨਾ ਕੋਈ ਦਿਹੁਰਾ ਨਾ ਕੋਈ ਮੰਦਰ ਮਸੀਤਾ, ਚਰਨ ਕਵਲ ਧਿਆਨ ਰਖਾਇਆ । ਜੁਗ ਜੁਗ ਪਰਖਣਹਾਰਾ ਨੀਤਾ, ਅੰਦਰ ਮੰਦਰ ਵੇਖ ਵਖਾਇਆ । ਆਪੇ ਹੋਏ ਪਤਤ ਪੁਨੀਤਾ, ਪਤਤ ਪਾਵਨ ਆਪ ਅਖਵਾਇਆ । ਆਪੇ ਰਾਮਾ ਆਪੇ ਸੀਤਾ, ਆਪੇ ਦੁਸ਼ਟ ਹੰਕਾਰੀ ਰਾਵਣ ਮਾਰ ਮਿਟਾਇਆ । ਆਪੇ ਹਸਤ ਆਪੇ ਕੀਟਾ, ਆਪੇ ਲਛਮਣ ਬੀਰ ਬਣਾਇਆ । ਆਪੇ ਮਿੱਠਾ ਆਪੇ ਕੌੜਾ ਰੀਠਾ, ਆਪੇ ਹਨਵੰਤ ਵਿਚ ਸਮਾਇਆ । ਆਪੇ ਆਪ ਹੋਏ ਅਨਡੀਠਾ, ਨਿਰਗੁਣ ਰੂਪ ਸਮਾਇਆ । ਆਪੇ ਆਪਣੀ ਕਰੇ ਪਰੀਖਾ, ਸਰਗੁਣ ਭੇਖ ਕਰਾਇਆ । ਆਪ ਆਪਣਾ ਲਿਖੇ ਲੇਖਾ, ਭੇਖ ਭਿਖਾਰੀ ਆਪ ਅਖਵਾਇਆ । ਆਪ ਬਣਾਏ ਆਪਣੀ ਰੇਖਾ, ਆਪੇ ਦਏ ਮਿਟਾਇਆ । ਆਪੇ ਨੇੜੇ ਆਪੇ ਦੂਰ, ਆਪਣੇ ਨੇਤਰ ਆਪੇ ਵੇਖਾ, ਆਪੇ ਦਿਸ ਕਿਸੇ ਨਾ ਆਇਆ । ਜੁਗ ਜੁਗ ਧਾਰੇ ਹਰਿ ਜੀ ਭੇਸਾ, ਵਰਭੰਡੀ ਰਿਹਾ ਤਰਾਇਆ । ਆਪੇ ਦਰ ਆਪੇ ਦਰਵੇਸ਼ਾ, ਭਿੱਖਕ ਭਿਖਿਆ ਮੰਗਣ ਆਇਆ । ਆਪੇ ਆਪ ਹੋਏ ਨਰ ਨਰੇਸ਼ਾ, ਤਖ਼ਤ ਤਾਜ ਇਕ ਸੁਹਾਇਆ । ਆਪੇ ਕਰੇ ਵੇਸ ਅਨੇਕਾ, ਜੁਗ ਜੁਗ ਵੇਸ ਕਰਾਇਆ । ਆਪੇ ਆਪ ਨਾਨਕ ਗੋਬਿੰਦ ਦਸ ਦਸਮੇਸ਼ਾ, ਕੇਸਾਧਾਰੀ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਧਾਰ ਵਿਖਾਇਆ । ਆਪੇ ਰਾਜ ਜੋਗ ਸੁਲਤਾਨਾ । ਆਪੇ ਸ਼ਬਦ ਰਾਗ ਨਿਰਾਲਾ । ਆਪੇ ਭਗਤ ਵਛਲ ਭਗਵਾਨਾ । ਆਪੇ ਨਾਮ ਦੇਵੇ ਜੀਆ ਦਾਨਾ । ਆਪੇ ਚਰਨ ਧੂੜ ਇਸ਼ਨਾਨਾ । ਆਪੇ ਗੋਪੀ ਆਪੇ ਕਾਹਨਾ । ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਨਾ । ਆਪੇ ਮੋਰ ਮੁਕਟ ਸਿਰ ਤਾਜ ਰਖਾਨਾ । ਆਪੇ ਗਊ ਗਰੀਬਾਂ ਗਲੇ ਲਗਾਨਾ । ਆਪੇ ਸ਼ਬਦ ਬਿਬਾਨਿਆ । ਆਪੇ ਤੀਰ ਕਮਾਨ ਆਪੇ ਅਰਜਨ ਭਗਤਨ ਨਿਧਾਨਿਆ । ਆਪੇ ਰਥ ਰਥਵਾਹੀ ਅਖਵਾਨਿਆ । ਆਪੇ ਜੋਧਾ ਸੂਰ ਬਲੀ ਬਲਵਾਨਿਆ । ਨਿਰਧਨ ਰੂਪ ਆਪ ਸਮਾਇਆ, ਆਪੇ ਮਾਰੇ ਤੀਰ ਨਿਸ਼ਾਨਿਆ । ਆਪੇ ਮੁਖ ਭਵਾਨਾ, ਆਪੇ ਹੰਕਾਰ ਅਭਿਮਾਨਿਆ । ਆਪੇ ਬਣਤ ਬਣਾਨਾ, ਆਪੇ ਮੇਟੇ ਜਗਤ ਨਿਸ਼ਾਨਿਆ । ਜੁਗ ਜੁਗ ਖੇਲੇ ਖੇਲ ਮਹਾਨਾ, ਦੁਆਪਰ ਤੇਰਾ ਦਰ ਵਿਖਾਨਿਆ । ਦਰਯੋਧਨ ਹੋਇਆ ਬਾਲ ਨਾਦਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਗੋਕਲ ਨੰਦਨ ਰੂਪ ਵਟਾਨਿਆ । ਗੋਕਲ ਨੰਦਨ ਨੰਦ ਵਿਹਾਰੀ, ਆਪਣੀ ਜੋਤ ਜਗਾਈਆ । ਦੁਆਪਰ ਤੇਰੀ ਅੰਤਮ ਵਾਰੀ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਭਗਤ ਸੁਹੇਲਾ ਭਗਤ ਅਧਾਰੀ, ਬਿਦਰ ਸੁਦਾਮਾ ਗਲੇ ਲਗਾਈਆ । ਦਰੋਪਤ ਲੱਜਿਆ ਆਪ ਨਿਵਾਰੀ, ਬਸਤਰ ਚੀਰ ਤਨ ਪਹਿਨਾਈਆ । ਖੇਲੇ ਖੇਲ ਹਰਿ ਗਿਰਧਾਰੀ, ਜਗਤ ਗਵਰਧਨ ਹੱਥ ਉਠਾਈਆ । ਨਾਮ ਬੰਸਰੀ ਵੱਜੇ ਇਕ ਅਪਾਰੀ, ਰਾਧਕਾ ਅਰਾਧ ਰਸਨਾ ਰਹੀ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਈਆ । ਦੁਆਪਰ ਅੰਤਮ ਭੇਖ ਵਟਾਇਆ, ਕ੍ਰਿਸ਼ਨ ਕਾਹਨ ਅਖਵਾਇੰਦਾ । ਵਿਸ਼ਨ ਵਰਾਟੀ ਰੂਪ ਵਟਾਇਆ, ਭੇਵ ਕੋਇ ਨਾ ਪਾਇੰਦਾ । ਚੌਦਾਂ ਲੋਕ ਏਕਾ ਹਾਟੀ ਤਨ ਵਸਾਇਆ, ਲੋਆਂ ਪੁਰੀਆਂ ਮੁਖ ਰਖਾਇੰਦਾ । ਪਾਰ ਘਾਟ ਕਿਸੇ ਦਿਸ ਨਾ ਆਇਆ, ਨਾ ਕੋਈ ਪਾਰ ਕਰਾਇੰਦਾ । ਏਕਾ ਭਗਤ ਮਾਣ ਗਵਾਇਆ, ਏਕਾ ਰੂਪ ਵਖਾਇੰਦਾ । ਭਰਮ ਭੁਲੇਖੇ ਜਗਤ ਭੁਲਾਇਆ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਅੰਤਮ ਸਗਨ, ਆਪਣੀ ਹੱਥੀਂ ਆਪੇ ਪਾਇੰਦਾ । ਦੁਆਪਰ ਤੇਰਾ ਅੰਤ ਕਰਾ, ਆਪਣੇ ਵਿਚ ਸਮਾਇਆ । ਕਲਜੁਗ ਸਾਚਾ ਮਾਤ ਧਰਾ, ਅਥਰਬਣ ਰਾਹ ਵਖਾਇਆ । ਐੜਾ ਅੱਖਰ ਰਿਹਾ ਅਲਾ, ਅੱਲਾ ਨੂਰ ਧਰਾਇਆ । ਈਸਾ ਮੂਸਾ ਲਏ ਉਪਾ, ਆਪ ਆਪਣੀ ਸੇਵਾ ਲਾਇਆ । ਸੰਗ ਮੁਹੰਮਦ ਚਾਰ ਯਾਰ ਰਲਾ, ਏਕਾ ਨਾਅਰਾ ਲਾਇਆ । ਬਿਸਮਿਲਾ ਕਰੇ ਸਰਬ ਖ਼ੁਦਾ, ਖ਼ੁਦੀ ਨਾ ਰੱਤੀ ਇਕ ਵਖਾਇਆ । ਆਪ ਆਪਣੀ ਦਇਆ ਕਮਾ, ਨਾਨਕ ਸੇਵਾ ਲਾਇਆ । ਆਪ ਜਗਾਏ ਦੀਪਕ ਲਏ ਬੁਝਾ, ਦੀਵਾ ਬੱਤੀ ਆਪਣੇ ਹੱਥ ਰਖਾਇਆ । ਰਾਗ ਛੱਤੀ ਦਏ ਜਣਾ, ਨਾਰ ਸੁਰਸਤੀ ਨਾਲ ਰਲਾਇਆ । ਪੁਰਖ ਅਬਿਨਾਸ਼ੀ ਰਿਹਾ ਗਾ, ਆਤਮ ਦਰਸੀ ਦਰਸ਼ਨ ਪਾਇਆ । ਆਪ ਚਲਾਏ ਆਪਣਾ ਰਾਹ, ਸਾਚਾ ਹੁਕਮ ਜਣਾਇਆ । ਗੁਰ ਗੋਬਿੰਦਾ ਲਏ ਉਪਾ, ਪੂਤ ਸਪੂਤਾ ਨਾਉਂ ਰਖਾਇਆ । ਲੋਕਮਾਤੀ ਜਨਮ ਦਵਾ, ਆਪ ਆਪਣਾ ਵਿਚ ਟਿਕਾਇਆ । ਜਗਤ ਭਗਤ ਬਣ ਮਲਾਹ, ਸੇਵਕ ਸੇਵਾ ਰਿਹਾ ਕਰਾਇਆ । ਅੰਤਮ ਮੇਲਾ ਲਏ ਮਿਲਾ, ਆਵਣ ਜਾਵਣ ਗੇੜ ਕਟਾਇਆ । ਗੋਬਿੰਦ ਰਸਨਾ ਗਿਆ ਗਾ, ਕਲਜੁਗ ਅੰਤਮ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਆਪ ਅਖਵਾਇਆ । ਕਲਜੁਗ ਤੇਰਾ ਅੰਤਮ ਅੰਤ, ਪ੍ਰਭ ਹੱਥ ਵਡਿਆਈਆ । ਨਾ ਕੋਈ ਸਹਾਈ ਸਾਧ ਸੰਤ, ਸਤਿ ਪੁਰਖ ਨਾ ਕੋਈ ਮਿਲਾਈਆ । ਚਾਰੋਂ ਕੁੰਟ ਕੁਰਲਾਇਣ ਜੀਵ ਜੰਤ, ਧੀਰਜ ਧੀਰ ਨਾ ਕੋਈ ਧਰਾਈਆ । ਹੋਏ ਵਿਛੋੜਾ ਨਾਰੀ ਕੰਤ, ਕੰਤ ਸੁਹਾਗ ਨਾ ਕੋਈ ਹੰਢਾਈਆ । ਪਾਰਬ੍ਰਹਮ ਮਹਿਮਾ ਅਗਣਤ, ਗਣਤ ਗਣੀ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਸੰਤ ਦੁਲਾਰ ਆਪੇ ਗਲੇ ਲਗਾਈਆ ।

ਸੁਣ ਅਰਦਾਸ ਪ੍ਰਭ ਦਇਆ ਕਮਾਈ । ਸੋਇਆ ਸੁਤ ਉਠਾਇਆ, ਦੇਵੇ ਦਰਸ ਆਪ ਰਘੁਰਾਈ । ਰੁਠਿਆਂ ਰਿਹਾ ਮਨਾਇਆ, ਪਕੜ ਉਠਾਏ ਫੜ ਫੜ ਬਾਹੀਂ । ਸਤਾਰਾਂ ਮਾਸ ਦਿਵਸ ਸਤਾਰਾਂ, ਲਿਖਿਆ ਲੇਖ ਲਿਖਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਬੈਣੀ

ਨੈਣੀ ਰਿਹਾ ਵਿਖਾਈ । ਪੂਤ ਸਪੂਤ ਜੋਗ ਸਨਿਆਸ, ਏਕਾ ਮਾਤ ਕਰਾਇਆ । ਮਿਲੇ ਮੇਲ ਸ਼ਬਦ ਅਬਿਨਾਸ਼, ਵਿਛੜ ਕਦੇ ਨਾ ਜਾਇਆ । ਪੰਚਮ ਮੇਲਾ ਭੈਣ ਭਰਾਤ, ਭਈਆ ਬੇਬੇ ਸੰਗ ਰਲਾਇਆ । ਸਿੰਘ ਅਜੀਤ ਪ੍ਰਭ ਪੁੱਛੇ ਬਾਤ, ਗੁਰ ਪੂਰਾ ਪੂਰਨ ਪੂਰਨ ਰਿਹਾ ਜਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਾਰਾਂ ਚੇਤ ਨੇਤਨ ਨੇਤ ਨੈਣ ਨੈਣੀ ਵੇਖ ਵਖਾਇਆ ।

## ❊ ੧੩ ਚੇਤ ੨੦੧੪ ਬਿਕ੍ਰਮੀ ਦੀਦਾਰ ਸਿੰਘ ਦੇ ਗ੍ਰਹਿ ਪਿੰਡ ਆਲੋ ਵਾਲ ਹੁਸ਼ਿਆਰ ਪੁਰ ❊

ਆਪ ਸੁਹਾਏ ਥਾਨ, ਚਰਨ ਛੁਹਾਇਆ । ਵਡ ਦਾਤਾ ਮਿਹਰਬਾਨ, ਦੇਵੇ ਰਿਜਕ ਸਬਾਇਆ । ਚਰਨ ਕਵਲ ਬਖ਼ਸ਼ੇ ਇਕ ਧਿਆਨ, ਲੇਖਾ ਲੇਖੇ ਰਿਹਾ ਲਾਇਆ । ਸਾਚਾ ਮੇਲਾ ਸ੍ਰੀ ਭਗਵਾਨ, ਸਤਿ ਪੁਰਖ ਨਿਰੰਜਣ ਆਪ ਮਿਲਾਇਆ । ਏਕਾ ਸ਼ਬਦ ਸਚ ਨਿਸ਼ਾਨ, ਘਰ ਮੰਦਰ ਆਪ ਟਿਕਾਇਆ । ਦੇਵਣਹਾਰ ਵਿਚ ਜਹਾਨ, ਜਗ ਜੀਵਣ ਦਾਤਾ ਆਪ ਅਖਵਾਇਆ । ਕਰੇ ਕਰਾਏ ਜਾਣ ਪਛਾਣ, ਗਊ ਗਰੀਬਾਂ ਆਪ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰੋਗ ਸੋਗ ਚਿੰਤ ਵੈਰਾਗ ਅੰਤਮ ਮੇਟ ਮਿਟਾਇਆ । ਕਰਤਾ ਪੁਰਖ ਹਰਿ ਅਬਿਨਾਸ਼, ਆਪਣੀ ਦਇਆ ਕਮਾਇਆ । ਹਰਿਜਨ ਹੋਇਆ ਦਾਸਨ ਦਾਸ, ਨੇਤਰ ਨੈਣ ਨੀਰ ਵਹਾਇਆ । ਸਚ ਵਸਤ ਹਰਿ ਸਾਚੇ ਪਾਸ, ਝੋਲੀ ਨਾਮ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਾਮ ਘਰ ਸਾਚੇ ਆਪ ਟਿਕਾਇਆ । ਗੁਰਮੁਖ ਆਤਮ ਬੁਧ ਬਿਬੇਕ, ਏਕਾ ਏਕ ਰਖਾਈਆ । ਆਪੇ ਬੈਠਾ ਰਿਹਾ ਵੇਖ, ਏਕਾ ਟੇਕ ਸਿਖਾਈਆ । ਮੇਟਣਹਾਰਾ ਲਿਖਿਆ ਲੇਖ, ਲਿਖਿਆ ਲੇਖ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਗੋਬਿੰਦ ਦਰਸ ਦਿਖਾਈਆ । ਗੁਰਮੁਖ ਆਸ ਪਿਆਸ ਤ੍ਰਿਸ਼ਨਾ, ਦਿਵਸ ਰੈਣ ਬਿਲਲਾਏ । ਕਿਰਪਾ ਕਰੇ ਭਗਵਾਨ ਵਿਸ਼ਨਾ, ਵਿਸ਼ਨੂੰ ਰੂਪ ਵਟਾਏ । ਨੇਤਰ ਨੈਣ ਕਿਸੇ ਨਾ ਦਿਸਨਾ, ਸ੍ਰਿਸ਼ਟ ਸਬਾਈ ਰਿਜਕ ਸਬਾਏ । ਕਲਜੁਗ ਅੰਤਮ ਜਨ ਭਗਤਾਂ ਵੰਡਾਏ ਸਾਚਾ ਹਿੱਸਨਾ, ਆਪ ਆਪਣੀ ਵੰਡ ਕਰਾਏ । ਮੇਟ ਮਿਟਾਏ ਜਗਤ ਤ੍ਰਿਸ਼ਨਾ, ਭੁੱਖ ਰਹਿਣ ਨਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸੁਖ ਸੁਖ ਸਹਿਜੇ ਸਹਿਜ ਉਪਜਾਏ । ਆਤਮ ਸੁਖ ਆਤਮ ਰਸ, ਆਤਮ ਦਰ ਪਰਵਾਨਿਆ । ਮੇਲ ਮਿਲਾਏ ਨੱਸ ਨੱਸ, ਖੇਲੇ ਖੇਲ ਵਿਚ ਜਹਾਨਿਆ । ਤੀਰ ਨਿਰਾਲਾ ਕਸ ਕਸ, ਮਾਰੇ ਸ਼ਬਦ ਨਿਸ਼ਾਨਿਆ । ਆਪੇ ਹੋਇਆ ਭਗਤਾਂ ਵਸ, ਭਗਤ ਅਧੀਨ ਸ੍ਰੀ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ ਕਰੇ ਪਰਵਾਨਿਆ । ਦਰ ਪਰਵਾਨਾ ਹਰਿ ਭਗਵਾਨਾ, ਏਕਾ ਏਕ ਕਰਾਇਆ । ਆਪੇ ਦੇਵੇ ਜੀਆ ਦਾਨਾ, ਜੀਵਣ ਦਾਤਾ ਆਪ ਅਖਵਾਇਆ । ਆਪੇ ਹੋਏ ਬੀਨਾ ਦਾਨਾ, ਦਾਨਾ ਬੀਨਾ ਹਰਿ ਰਘੁਰਾਇਆ । ਜਨ ਭਗਤਾਂ ਕਰੇ ਠਾਂਡਾ ਸੀਨਾ, ਅੰਮ੍ਰਿਤ ਨਾਮ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦਰਸ ਦਿਖਾਇਆ ।

੫੫੫
੦੬

✻ ੧੩ ਚੇਤ ੨੦੧੪ ਬਿਕ੍ਰਮੀ ਸਰੂਪ ਸਿੰਘ ਦੇ ਗ੍ਰਹਿ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਮੁਧ ਜ਼ਿਲਾ ਜਲੰਧਰ ✻

ਚਰਨ ਧੂੜ ਗੁਰਦੇਵ, ਗੁਰਮੁਖ ਵਿਰਲਾ ਪਾਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਆਪ ਆਪਣਾ ਰੰਗ ਰੰਗਾਇੰਦਾ । ਜਗਤ ਨਾਤਾ ਕੂੜੋ ਕੂੜ, ਪੁਰਖ ਬਿਧਾਤਾ ਦਇਆ ਕਮਾਇੰਦਾ । ਲੱਖ ਚੁਰਾਸੀ ਕਟੇ ਜੂੜ, ਘਰ ਸਾਚੇ ਇਕ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਮਸਤਕ ਟਿੱਕਾ ਆਪ ਲਗਾਇੰਦਾ । ਚਰਨ ਧੂੜ ਗੁਰਦੇਵ, ਗੁਰਮੁਖ ਵਿਰਲੇ ਮਸਤਕ ਲਾਈਆ । ਲੇਖੇ ਲਾਏ ਸਾਚੀ ਸੇਵ, ਆਤਮ ਵੇਖ ਵਖਾਈਆ । ਹਰਿ ਹਰਿ ਗਾਇਆ ਜਿਹਵਾ ਜਿਹਵ, ਗੁਣਵੰਤਾ ਗੁਣ ਝੋਲੀ ਪਾਈਆ । ਕੌਸਤਕ ਮਣੀਆ ਮਸਤਕ ਥੇਵ, ਅਲਖ ਅਲਖਣਾ ਰਿਹਾ ਲਗਾਈਆ । ਪਾਰਬ੍ਰਹਮ ਅਬਿਨਾਸ਼ੀ ਅਭੇਵ, ਭੇਵ ਅਭੇਦਾ ਆਪ ਅਖਵਾਈਆ । ਸੋਹੰ ਸ਼ਬਦ ਸੱਚਾ ਮੇਵ, ਆਤਮ ਭੋਗ ਲਗਾਈਆ । ਕਿਸੇ ਹੱਥ ਨਾ ਆਏ ਦੇਵੀ ਦੇਵ, ਕਰੋੜ ਤੇਤੀਸ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਮਾਤ ਵਡਿਆਈਆ । ਚਰਨ ਧੂੜ ਗੁਰਦੇਵ, ਦੇਵੇ ਨਾਮ ਨਿਧਾਨਿਆ । ਗੁਰਮੁਖ ਸਾਚੇ ਲਾਏ ਸਾਚੀ ਸੇਵ, ਦਰ ਦਵਾਰ ਕਰੇ ਪਰਵਾਨਿਆ । ਚਾਰ ਵੇਦ ਨਾ ਪਾਇਣ ਭੇਵ, ਖਾਣੀ ਬਾਣੀ ਗਾਏ ਤਰਾਨਿਆ । ਦਰ ਦਰ ਘਰ ਘਰ ਮੰਦਰ ਅੰਦਰ ਬੈਠੇ ਰਹੇ ਸੇਵ, ਸੇਵਾ ਕਰੇ ਨਾ ਕੋਈ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਏਕਾ ਦੇਵੇ ਨਾਮ ਨਿਧਾਨਿਆ । ਨਾਮ ਨਿਧਾਨਾ ਹਰਿ ਗੁਣਵੰਤਾ, ਏਕਾ ਏਕ ਰਖਾਇੰਦਾ । ਜਨ ਭਗਤ ਬਣਾਏ ਸਾਚੀ ਬਣਤਾ, ਦੁਰਮਤ ਮੈਲ ਧਵਾਇੰਦਾ । ਸਤਿਜੁਗ ਉਪਜਾਏ ਸਾਚੇ ਸੰਤਾ, ਸਾਚਾ ਮਾਰਗ ਇਕ ਵਖਾਇੰਦਾ । ਪਾਰਬ੍ਰਹਮ ਬੇਅੰਤ ਬੇਅੰਤਾ, ਬੇਅੰਤ ਰੂਪ ਹੋ ਆਇੰਦਾ । ਸਾਚਾ ਮੇਲਾ ਨਾਰੀ ਕੰਤਾ, ਹਰਿ ਸਾਜਣ ਮੀਤ ਮੁਰਾਰ ਆਪ ਅਖਵਾਇੰਦਾ । ਏਕਾ ਰਾਗ ਕੰਨ ਸੁਣੰਤਾ, ਅਨਾਦ ਅਨਾਦੀ ਧੁਨ ਉਪਜਾਇੰਦਾ । ਦੇਵੇ ਵਡਿਆਈ ਜੀਵ ਜੰਤਾ, ਜੀਵ ਜੰਤ ਆਪ ਤਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਕਰ ਕਿਰਪਾ ਪਾਰ ਕਰਾਇੰਦਾ । ਚਰਨ ਧੂੜ ਮਸਤਕ ਟਿੱਕਾ, ਗੁਰਮੁਖ ਵਿਰਲਾ ਲਾਇੰਦਾ । ਪਾਰਬ੍ਰਹਮ ਪ੍ਰਭ ਨੀਕਨ ਨੀਕਾ, ਦਿਸ ਕਿਸੇ ਨਾ ਆਇੰਦਾ । ਅੰਤਮ ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਅ ਕਾ, ਨੇਤਰ ਲੋਚਨ ਨੈਣ ਦਰਸ਼ਨ ਪਾਇੰਦਾ । ਭੇਵ ਚੁਕਾਏ ਜੀਵ ਜਨ ਜੀਅ ਕਾ, ਚੇਤਨ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਚਤਰ ਸੁਜਾਨ, ਆਪੇ ਵੇਖੇ ਮਾਰ ਧਿਆਨ, ਸੋਏ ਮਾਤ ਉਠਾਇੰਦਾ । ਗੁਰਮੁਖ ਸੋਏ ਆਪ ਉਠਾਏ, ਕਲਜੁਗ ਤੇਰੀ ਅੰਤਮ ਵਾਰੀਆ । ਜੋਤ ਨਿਰੰਜਣ ਸੇਵਾ ਲਾਏ, ਦੇਵੇ ਸ਼ਬਦ ਦਲਾਸੀਆ । ਸ਼ਬਦ ਸੁਰਤ ਇਕ ਧਿਆਨ ਬੰਧਾਏ, ਏਕਾ ਦੂਜਾ ਭੇਵ ਨਿਵਾਰਿਆ । ਤੀਜੇ ਨੈਣ ਵੇਖ ਵਖਾਏ, ਘਰ ਚੌਥੇ ਆਪ ਸਮਾ ਰਿਹਾ । ਪੰਚਮ ਮੀਤਾ ਇਕ ਰਘੁਰਾਏ, ਗੋਬਿੰਦ ਗੋਬਿੰਦ ਵਿਚ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਦੁਲਾਰ, ਪਾਵੇ ਸਾਜਨ ਸਾਰਿਆ । ਸਾਜਨ ਮੀਤਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਜਨ ਭਗਤਾਂ ਕਰੇ ਮਾਤ ਪਿਆਰ, ਕਲਜੁਗ ਅੰਤਮ ਆਇਆ । ਜੂਠਾ ਝੂਠਾ ਮੀਤ ਮੁਰਾਰ, ਸਤਿਜੁਗ ਸਾਚਾ ਰਾਹ ਵਖਾਇਆ । ਏਕਾ ਅੱਖਰ ਰਸਨ ਜੈ ਜੈਕਾਰ, ਜੈ ਜੈ ਜੈਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਲੇਖਾ ਰਿਹਾ

੫੫੬
੦੬

ਲਿਖਾਇਆ । ਸਾਚਾ ਲੇਖਾ ਹਰਿ ਕਰਤਾਰ, ਆਪਣੇ ਹੱਥ ਰਖਾਇਆ । ਸੰਮਤ ਚੌਦਾਂ ਵੇਖ ਵਿਚਾਰ, ਆਪਣੀ ਕਲ ਵਰਤਾਇਆ । ਸੰਤ ਸੁਹੇਲੇ ਕਰੇ ਖ਼ਬਰਦਾਰ, ਪਹਿਲੀ ਚੇਤਰ ਦਿਵਸ ਸੁਹਾਇਆ । ਦੂਜੀ ਚੇਤਰ ਕਰ ਪਿਆਰ, ਸਾਧ ਸੰਤ ਲਏ ਮਿਲਾਇਆ । ਤੀਜੇ ਚੇਤਰ ਲੋਕਮਾਤ ਵਿਹਾਰ, ਤ੍ਰੈਲੋਕਾਂ ਰਿਹਾ ਹਿਲਾਇਆ । ਚੌਥੇ ਚੇਤਰ ਸਾਚੇ ਯਾਰ, ਘਰ ਦਸਵੇਂ ਵੇਖ ਵਖਾਇਆ । ਪੰਚਮ ਚੇਤਰ ਪੰਚਮ ਮੀਤਾ ਹਰਿ ਕਰਤਾਰ, ਰਾਗ ਅਨਾਦੀ ਧੁਨ ਵਜਾਇਆ । ਛੇ ਚੇਤਰ ਬੰਨ੍ਹੇ ਧਾਰ, ਛੱਪਰ ਛੰਨ ਕੋਇ ਰਹਿਣ ਨਾ ਪਾਇਆ । ਸੱਤ ਚੇਤਰ ਸਤਿ ਕਰਤਾਰ, ਸਤਿ ਪੁਰਖ ਨਿਰੰਜਣ ਵਿਚ ਸਮਾਇਆ । ਅੱਠ ਚੇਤਰ ਜੋਧਾ ਬਲਕਾਰ, ਅੱਠਾਂ ਤਤਾਂ ਰਿਹਾ ਰੰਗਾਇਆ । ਨੌਂ ਚੇਤਰ ਨੌਂ ਦਵਾਰ, ਲੱਖ ਚੁਰਾਸੀ ਰਿਹਾ ਫਿਰਾਇਆ । ਦਸ ਚੇਤਰ ਸ਼ਬਦ ਵਿਹਾਰ, ਗੁਰਸਿਖਾਂ ਘਰ ਕਰਾਇਆ । ਗਿਆਰਾਂ ਚੇਤ ਏਕਾ ਤਤ ਸ੍ਰਿਸ਼ਟ ਸਬਾਈ ਨਾਰ, ਕੰਤ ਕੰਤੂਹਲ ਆਪ ਅਖਵਾਇਆ । ਬਾਰਾਂ ਚੇਤਰ ਮਾਰੇ ਮਾਰ, ਬਾਰਾਂ ਮਾਸ ਰਹਿਣ ਨਾ ਪਾਇਆ । ਤੇਰਾਂ ਚੇਤਰ ਤੇਰੀ ਧਾਰ, ਨਾਨਕ ਨਿਰਗੁਣ ਗਾਇਆ । ਨਾਨਕ ਅੰਤਮ ਗਿਆ ਹਾਰ, ਕਲਜੁਗ ਡੰਕ ਵਜਾਇਆ । ਕਲਜੁਗ ਹੋਇਆ ਖ਼ਬਰਦਾਰ, ਆਪਣੀ ਧਾਰਾ ਰਿਹਾ ਵਹਾਇਆ । ਗੋਬਿੰਦ ਲਿਆ ਅੰਤ ਅਵਤਾਰ, ਪ੍ਰਭ ਚਰਨੀ ਓਟ ਰਖਾਇਆ । ਖੰਡਾ ਤੇਜ ਹੱਥ ਕਟਾਰ, ਵੰਡਾਂ ਰਿਹਾ ਵੰਡਾਇਆ । ਜੇਰਜ ਅੰਡਾਂ ਕਰੇ ਵਿਚਾਰ, ਭੇਖ ਪਖੰਡਾ ਰਿਹਾ ਮਿਟਾਇਆ । ਕਲਜੁਗ ਕਰਿਆ ਆਪਣਾ ਵਾਰ, ਆਪਣਾ ਹੱਥ ਰਿਹਾ ਉਠਾਇਆ । ਗੁਰ ਗੋਬਿੰਦਾ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਚਰਨੀ ਸੀਸ ਝੁਕਾਇਆ । ਬੰਸ ਸਰਬੰਸਾ ਦਿਤਾ ਵਾਰ ਆਪਣਾ ਆਪ ਗਵਾਇਆ । ਕਲਗੀ ਤੋੜਾ ਸੀਸ ਦਸਤਾਰ, ਆਪਣੇ ਹੱਥ ਰਖਾਇਆ । ਦਿਵਸ ਰੈਣ ਕਰੇ ਵਿਚਾਰ, ਪ੍ਰਭ ਚਰਨ ਧਿਆਨ ਰਖਾਇਆ । ਏਕਾ ਏਕ ਸੁਣ ਪੁਕਾਰ, ਰਸਨਾ ਜਿਹਵਾ ਰਿਹਾ ਅਲਾਇਆ । ਪੁਰਖ ਅਬਿਨਾਸ਼ੀ ਸੁਣ ਪੁਕਾਰ, ਧੁਨ ਨਾਦ ਵਜਾਇਆ । ਸੁਣੇ ਸੁਣਾਏ ਸੁਣਨੇਹਾਰ, ਗੋਬਿੰਦ ਰਿਹਾ ਸੁਣਾਇਆ । ਪੂਤ ਸਪੂਤਾ ਵਿਚ ਸੰਸਾਰ, ਸਤਿ ਪੁਰਖ ਆਪ ਉਪਾਇਆ । ਵੇਖ ਵਖਾਏ ਚਾਰੇ ਕੂਟਾਂ ਪਾਵੇ ਸਾਰ, ਦਹਿ ਦਿਸ਼ਾ ਫੋਲ ਫੁਲਾਇਆ । ਅੰਤਮ ਝੂਲਾ ਇਕ ਹੁਲਾਰ, ਹਰਿ ਸ਼ਬਦੀ ਦਏ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਕਲਜੁਗ ਅੰਤਮ ਵਕਤ ਸੁਹਾਇਆ । ਕਲਜੁਗ ਅੰਤਮ ਵਡ ਬਲਵਾਨ, ਲੋਕਮਾਤ ਹੰਕਾਰਿਆ । ਗੁਰ ਗੋਬਿੰਦੇ ਫੜੀ ਤੀਰ ਕਮਾਨ, ਗਿਆ ਚਰਨ ਦਵਾਰਿਆ । ਪ੍ਰਭ ਅਬਿਨਾਸ਼ੀ ਵੇਖੇ ਮਾਰ ਧਿਆਨ, ਤੇਰੀ ਕਲ ਅੰਤਮ ਵਾਰਿਆ । ਜੂਠ ਝੂਠ ਹੋਈ ਪਰਧਾਨ, ਜੀਵ ਜੰਤ ਸਾਧ ਸੰਤ ਹੋਏ ਗਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾ ਰਿਹਾ । ਤਿੰਨ ਦਸ ਤੇਰਾਂ ਤੇਰੀ ਰੁੱਤ, ਹਰਿ ਸਾਚਾ ਆਪ ਸੁਹਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਆਪਣੀ ਖੇਲ ਖਿਲਾਇੰਦਾ । ਸੰਤ ਸੁਹੇਲੇ ਜੋ ਗਏ ਰੁੱਠ, ਅੰਤਮ ਕਲ ਮਿਲਾਇੰਦਾ । ਅਗੰਮ ਅਗੰਮਾ ਗਿਆ ਤੁੱਠ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਤੀਰ ਨਿਰਾਲਾ ਰਿਹਾ ਛੁੱਟ, ਤਿੱਖੀ ਧਾਰ ਵਿਖਾਇੰਦਾ । ਨੌਂ ਖੰਡ ਪ੍ਰਿਥਮੀ ਲਏ ਲੁੱਟ, ਅੰਦਰ ਮੰਦਰ ਕੋਇ ਰਹਿਣ ਨਾ ਪਾਇੰਦਾ । ਸ਼ਾਹ ਸੁਲਤਾਨਾਂ ਹੱਥ ਖਾਲੀ ਠੁੱਠ, ਦਰ ਦਰਬਾਨ ਨਾ ਕੋਈ ਵਖਾਇੰਦਾ । ਧਰਮ ਰਾਏ ਦਰ ਟੰਗੇ ਪੁੱਠ, ਲਹਿਣਾ ਦੇਣਾ ਮੂਲ ਚੁਕਾਇੰਦਾ । ਗੁਰ ਸੰਗਤ ਬਣਾਏ ਏਕਾ ਮੁੱਠ, ਏਕਾ ਇੱਕੀ ਪਾਇੰਦਾ । ਨੇੜ ਨਾ ਆਏ ਜੂਠ ਝੂਠ, ਸਾਚੀ ਸਿੱਖੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ

ਤੇਰਾਂ ਤੇਰਾ ਵਰ, ਤੇਰੀ ਝੋਲੀ ਪਾਇੰਦਾ । ਤੇਰਾਂ ਤੇਰਾ ਧਰਮ ਵਿਚਾਰ, ਹਰਿ ਸਾਚੇ ਜੋਤ ਜਗਾਈਆ । ਕਲਜੁਗ ਕਾਇਆ ਹੋਈ ਖੁਆਰ, ਨਾ ਕੋਈ ਦਿਸੇ ਮਾਤ ਸਹਾਈਆ । ਚਾਰੋਂ ਕੁੰਟ ਧੁੰਦੂਕਾਰ, ਗੁਰਦਰ ਮੰਦਰ ਮਸਜਿਦ ਪਈ ਦੁਹਾਈਆ । ਸਾਧ ਸੰਤ ਗਏ ਹਾਰ, ਮਤ ਬੁਧ ਵਿਭਚਾਰ ਆਪ ਬਣਾਈਆ । ਮਾਇਆ ਮਮਤਾ ਤਨ ਹੰਕਾਰ, ਹਉਮੇ ਹੰਗਤਾ ਦੂਰ ਕਰਾਈਆ । ਭੁੱਖਾ ਨੰਗਾ ਨਾਮ ਵਿਹੂਣਾ ਕਲਜੁਗ ਰੋਵੇ ਜ਼ਾਰੋ ਜ਼ਾਰ, ਸੰਗ ਮੁਹੰਮਦ ਮੀਤ ਮੁਰਾਰ ਦਏ ਦੁਹਾਈਆ । ਨਾਨਕ ਵੇਖੇ ਲਹਿਣਾ ਅੰਗਦ, ਅਮਰਦਾਸ ਸਰਨਾਈਆ । ਰਾਮਦਾਸ ਤੇਰੀ ਸਾਚੀ ਸੰਗਤ, ਅਰਜਨ ਰਿਹਾ ਵਡਿਆਈਆ । ਹਰਿ ਗੋਬਿੰਦ ਵਖਾਏ ਦੂਹਰੀ ਧਾਰਾ, ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਹਰਿਜਨ ਸਾਚੇ ਰਿਹਾ ਜਗਾਈਆ । ਹਰਿ ਚਰਨ ਧੂੜ ਗੁਰਦੇਵ, ਗੋਬਿੰਦ ਮੇਲ ਮਿਲਾਇੰਦਾ । ਲੱਖ ਚੁਰਾਸੀ ਕਰੇ ਖੇਲ, ਹਰਿ ਸਾਚਾ ਦਿਸ ਨਾ ਆਇੰਦਾ । ਗੁਰਮੁਖ ਉਪਜਾਏ ਸਾਚੇ ਮੇਲ, ਆਪ ਆਪਣੀ ਬੂਝ ਬੁਝਾਇੰਦਾ । ਅੰਤ ਮਿਟਾਏ ਸਗਲੀ ਚਿੰਦ, ਭਾਂਡੇ ਭਰਮ ਗੜ੍ਹ ਹੰਕਾਰ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾਂ ਤੇਰੀ ਧਾਰ ਵਹਾਇੰਦਾ । ਤੇਰਾਂ ਤੇਰਾ ਅੰਤ ਕਿਨਾਰ, ਹਰਿ ਸਾਚੇ ਆਪ ਕਰਾਇਆ । ਨਾਨਕ ਕਰਿਆ ਜਗਤ ਵਿਹਾਰ, ਸਤਿਜੁਗ ਸਾਚਾ ਰਿਹਾ ਜਗਾਇਆ । ਸੋਹੰ ਅੱਖਰ ਦੋਹ ਵੱਖਰ ਕਰ ਵਿਚਾਰ, ਚੌਹ ਅੱਖਰ ਭੇਵ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਸਾਇਆ । ਸੰਮਤ ਤੇਰਾਂ ਤੇਰਾ ਰੰਗ, ਤ੍ਰੈਗੁਣ ਆਪ ਚੜ੍ਹੰਨਿਆ । ਚਾਰੋਂ ਕੁੰਟ ਦਿਸੇ ਨੰਗ, ਲੱਖ ਚੁਰਾਸੀ ਆਤਮ ਅੰਨ੍ਹਿਆ । ਜਲ ਨੀਰ ਨਾ ਦਿਸੇ ਜਮਨਾ ਗੰਗ, ਵੇਲੇ ਅੰਤਮ ਅੱਠ ਸੱਠ ਡੰਨਿਆ । ਮੰਦਰ ਅੰਦਰ ਕਿਸੇ ਹੱਥ ਨਾ ਆਏ ਸੇਜ ਰੰਗੀਲ ਪਲੰਘ, ਪਾਰਬ੍ਰਹਮ ਗੁਰ ਪੂਰਾ ਕਿਸੇ ਨਾ ਮੰਨਿਆ । ਜੂਠ ਝੂਠ ਜਨ ਰਹੇ ਮੰਗ, ਮਿਲੇ ਨਾਮ ਨਾ ਸੱਚਾ ਧਨ ਧਨਿਆ । ਅੰਤਮ ਭੱਜਣਾ ਕਾਚੀ ਵੰਗ, ਜੋ ਘੜਿਆ ਸੋ ਭੰਨਿਆ । ਗੁਰਮੁਖ ਵਿਰਲਾ ਉਡੇ ਸ਼ਬਦ ਡੋਰੀ ਨਾਲ ਪਤੰਗ, ਆਕਾਸ਼ ਚੜ੍ਹਾਏ ਸਾਚਾ ਚੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੇਤਰ ਤੇਰਾਂ ਤੇਰਾ ਵਰ, ਘਰ ਗੁਰਮੁਖ ਵਿਰਲੇ ਮਾਤ ਮੰਗਿਆ । ਬੀਸ ਸਦ ਚੌਦਾਂ ਸੰਮਤ ਚੜ੍ਹਿਆ, ਚੌਦਾਂ ਲੋਕ ਵੱਜੇ ਵਧਾਈਆ । ਗੁਰ ਗੋਬਿੰਦਾ ਗੁਰਮੁਖਾਂ ਦਰ ਦਵਾਰੇ ਅੱਗੇ ਖੜ੍ਹਿਆ, ਵੇਖੇ ਸਰਬ ਲੋਕਾਈਆ । ਸ਼ਬਦ ਖੰਡਾ ਹੱਥ ਫੜਿਆ, ਦੋਵੇਂ ਧਾਰਾ ਰਿਹਾ ਵਖਾਈਆ । ਅੱਗੇ ਕੋਇ ਨਾ ਦਿਸੇ ਅੜਿਆ, ਅੰਤਮ ਮੇਟ ਮਿਟਾਈਆ । ਭਗਤ ਜਨਾਂ ਦੇ ਅੰਦਰ ਵੜਿਆ, ਬੈਠਾ ਆਸਣ ਲਾਈਆ । ਨਾ ਜਨਮੇ ਨਾ ਮਰੇ ਨਾ ਕਦੇ ਸੜਿਆ, ਜੋਤੀ ਜੋਤ ਸਮਾਈਆ । ਪਾਰਬ੍ਰਹਮ ਗੁਰ ਸਰਨੀ ਪੜਿਆ, ਅੰਤਮ ਦਏ ਵਡਿਆਈਆ । ਪੁਰਖ ਅਬਿਨਾਸ਼ੀ ਘਾੜਨ ਘੜਿਆ, ਲੋਕਮਾਤ ਜਨਮ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਸੰਗ ਨਿਭਾਈਆ । ਸਾਚਾ ਸੰਗ ਆਪ ਨਿਭਾਏ, ਅਕਲ ਕਲਾ ਭਰਪੂਰਾ । ਅੰਗ ਸੰਗ ਆਪ ਹੋ ਜਾਏ, ਵਸੇ ਨੇੜੇ ਦੂਰਾ । ਵਸਤ ਕੋਈ ਨਾ ਸੰਗ ਲਿਆਏ, ਏਕਾ ਜੋਤੀ ਸਾਚਾ ਨੂਰਾ । ਗੁਰ ਗੋਬਿੰਦਾ ਅੰਗ ਲਗਾਏ, ਲਿਖਿਆ ਲੇਖ ਕਰਾਏ ਪੂਰਾ । ਗੁਰਮੁਖ ਸਾਚੇ ਸੰਤ ਜਨਾਂ ਸੰਗ ਨਿਭਾਏ, ਦਿਵਸ ਰੈਣ ਅੱਠੇ ਪਹਿਰ ਹਾਜ਼ਰ ਹਜ਼ੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਖੰਡ ਪ੍ਰਿਥਮੀ ਕਰੇ ਚੂਰਾ । ਲਾਲ ਰੰਗ ਹਰਿ ਗੋਪਾਲ, ਏਕਾ ਏਕ ਰਖਾਇਆ । ਉਪਰ ਬੈਠ ਦੀਨ ਦਿਆਲ, ਅਕਲ ਕਲਾ ਵਰਤਾਇਆ ।

ਆਪੇ ਆਪਣਾ ਮਾਰ ਉਛਾਲ, ਆਪ ਆਪਣੇ ਵਿਚ ਸਮਾਇਆ । ਆਪੇ ਨਿਕਾਲੇ ਸਾਚਾ ਲਾਲ, ਸਾਚਾ ਬਸਤਰ ਤਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਤਵੇਂ ਬੈਠਾ ਆਸਣ ਲਾਇਆ । ਸਤਵਾਂ ਘਰ ਹਰਿ ਕਰਤਾਰ, ਏਕਾ ਰੰਗ ਗੁਲਾਲਿਆ । ਜੋਤ ਸਰੂਪੀ ਕਰ ਆਕਾਰ, ਆਪੇ ਵੇਖ ਵਖਾ ਲਿਆ । ਆਪੇ ਜਾਣੇ ਆਪਣੀ ਧਾਰ, ਦੀਪਕ ਦੂਸਰ ਨਾ ਕੋਈ ਵਖਾ ਲਿਆ । ਸਤਿ ਪੁਰਖ ਨਿਰੰਜਣ ਏਕਾ ਕਾਰ, ਏਕਾ ਰੂਪ ਸਮਾ ਲਿਆ । ਲਾਲ ਭੂਸ਼ਨ ਬਸਤਰ ਅਪਾਰ, ਲੱਛਮੀ ਤਨ ਛੁਹਾ ਲਿਆ । ਸੇਵਕ ਸੇਵਾ ਕਰੇ ਦਰ ਦਰਬਾਰ, ਚਰਨਾਂ ਵਿਚ ਬਹਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਖ ਵਟਾ ਲਿਆ । ਸਾਚਾ ਸੰਗ ਹਰਿ ਨਿਰੰਕਾਰ, ਆਪਣਾ ਆਪ ਟਿਕਾਇਆ । ਛੇਵੇਂ ਘਰ ਪਾਵੇ ਸਾਰ, ਕੰਚਨ ਰੂਪ ਵਟਾਇਆ । ਸਾਚਾ ਸੁਤ ਹਰਿ ਦਾਤਾਰ, ਏਕਾ ਸ਼ਬਦ ਉਪਾਇਆ । ਬਸਤਰ ਤਨ ਹਰਿ ਨਾਮ ਸ਼ਿੰਗਾਰ, ਆਪਣੇ ਰੰਗ ਰੰਗਾਇਆ । ਨਾ ਕੋਈ ਜਾਣੇ ਜੀਵ ਗਵਾਰ, ਸਾਧ ਸੰਤ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਬਾਣਾ ਆਪੇ ਆਪ ਰੰਗਾਇਆ । ਸ਼ਬਦ ਬਾਣਾ ਹਰਿ ਸੁਲਤਾਨ, ਕੰਚਨ ਰੰਗ ਰੰਗਾਇੰਦਾ । ਵੇਖੇ ਖੇਲ ਦੋ ਜਹਾਨ, ਵਾਲੀ ਦੋ ਜਹਾਨ ਆਪ ਅਖਵਾਇੰਦਾ । ਮੇਟ ਮਿਟਾਏ ਆਪ ਨਿਸ਼ਾਨ, ਆਪਣਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਗੁਰ ਲਿਖਿਆ ਧੁਰ, ਆਪਣੇ ਲੇਖ ਆਪਣੇ ਹੱਥ ਰਖਾਇੰਦਾ । ਸ਼ਬਦ ਗੁਰ ਹਰਿ ਵਡ ਬਲਵਾਨ, ਏਕਾ ਏਕ ਅਪਾਰਿਆ । ਇਕ ਫੜਾਏ ਨਾਮ ਕਮਾਨ, ਏਕਾ ਚਿੱਲ੍ਹਾ ਰਿਹਾ ਚੜ੍ਹਾਇਆ । ਆਪੇ ਵੇਖੇ ਮਾਰ ਧਿਆਨ, ਦਿਸ ਕਿਸੇ ਨਾ ਆਇਆ । ਕੰਚਨ ਰੂਪ ਕੰਚ ਸਮਾਨ, ਹਰਿ ਸਾਚਾ ਵਿਚ ਸਮਾਇਆ । ਜੋਤੀ ਨੂਰ ਇਕ ਮਹਾਨ, ਜੋਤੀ ਰੰਗ ਵਟਾਇਆ । ਦਵਾਰ ਬੰਕਾ ਇਕ ਵਿਖਾਨ, ਏਕਾ ਦੂਜਾ ਸੰਗ ਨਿਭਾਇਆ । ਸ਼ਬਦੀ ਜੋਤੀ ਏਕਾ ਹਾਣ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੰਚਨ ਵੇਸ ਆਪਣਾ ਕਰ, ਸ਼ਬਦੀ ਨਾਉਂ ਰਖਾਇਆ । ਕੰਚਨ ਵੇਸ ਹਰਿ ਨਿਰੰਜਣ, ਸ਼ਬਦ ਸੁਤ ਕਰਾਇੰਦਾ । ਚਰਨ ਧੂੜ ਬਖ਼ਸ਼ੇ ਅੰਜਨ, ਸਚ ਇਸ਼ਨਾਨ ਕਰਾਇੰਦਾ । ਏਕਾ ਤਾਲ ਘਰ ਸਾਚੇ ਵੱਜਣ, ਵਜਾਵਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਬਣਾਏ ਸ਼ਬਦ ਗੁਰ, ਜੁਗ ਜੁਗ ਵੇਸ ਵਟਾਇੰਦਾ । ਕੰਚਨ ਰੰਗ ਇਕ ਅਪਾਰ, ਏਕਾ ਏਕ ਰੰਗਾਇਆ । ਸ਼ਬਦ ਸੁਤ ਕਰ ਪਿਆਰ, ਸਾਚਾ ਸਿਹਰਾ ਤਨ ਸਜਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪਣੀ ਖੇਲ ਆਪ ਰਚਾਇਆ । ਨਾ ਕੋਈ ਜਾਣੇ ਕਾਇਆ ਬੁੱਤ, ਪੰਜ ਤਤ ਦਿਸ ਨਾ ਆਇਆ । ਨਾ ਕੋਈ ਬਰਖ ਮਾਸ ਰੁੱਤ, ਦਿਵਸ ਰੈਣ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਟਾਇਆ । ਕੰਚਨ ਰੰਗ ਹਰਿ ਨਿਰੰਕਾਰ, ਏਕਾ ਏਕ ਰੰਗਾਇਆ । ਦੂਜੇ ਘਰ ਪਾਵੇ ਸਾਰ, ਸ਼ਬਦੀ ਸ਼ਬਦ ਜਣਾਇਆ । ਕਰੇ ਖੇਲ ਅਗੰਮ ਅਪਾਰ, ਅਗੰਮੜੇ ਧਾਮ ਸੁਹਾਇਆ । ਜੋਤੀ ਨੂਰ ਇਕ ਚਮਤਕਾਰ, ਅੰਧ ਅੰਧੇਰ ਦਿਸ ਨਾ ਆਇਆ । ਪਾਰਬ੍ਰਹਮ ਏਕਾ ਏਕੰਕਾਰ, ਏਕਾ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੰਚਨ ਕਾਇਆ ਕੋਟ ਨਾ ਕੋਈ ਵਸਾਇਆ । ਕੰਚਨ ਗੜ੍ਹ ਹਰਿ ਅਪਾਰ, ਏਕਾ ਨਾਮ ਰਖਾਇਆ । ਉਪਰ ਚੜ੍ਹ ਸੱਚੀ ਸਰਕਾਰ, ਸਚ ਸਿੰਘਾਸਣ ਆਸਣ ਲਾਇਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਭੇਖ ਵਟਾਇਆ । ਖੇਲੇ ਖੇਲ ਵਿਚ ਸੰਸਾਰ,

੫੫੯
੦੬

ਲਿਖਿਅ ਲੇਖ ਰਿਹਾ ਲਿਖਾਇਆ । ਸਚ ਦਰ ਖੋਲ੍ਹ ਕਿਵਾੜ, ਹਰਿ ਆਪਣਾ ਰੂਪ ਵਖਾਇਆ । ਵੇਸ ਵਟੰਦੜਾ ਹਰਿ ਨਿਰੰਕਾਰ, ਸੂਹੀ ਧਾਰ ਚਲਾਇਆ । ਸੋ ਪੁਰਖ ਨਿਰੰਜਣ ਅਪਰ ਅਪਾਰ, ਘਰ ਬੈਠਾ ਵੇਖ ਵਖਾਇਆ । ਇਕ ਇਕੱਲਾ ਮੀਤ ਮੁਰਾਰ, ਸਾਚੀ ਰੀਤਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਵੇਖੇ ਵੇਖ ਵਿਖਾਇਆ । ਸੂਹਾ ਵੇਸ ਦਰ ਦਰਵੇਸ਼, ਸ਼ਬਦ ਸੁਤ ਕਰਾਇਆ । ਨਾ ਕੋਈ ਨਰ ਨਾ ਨਰੇਸ਼, ਜੀਵ ਜੰਤ ਨਾ ਕੋਈ ਰਖਾਇਆ । ਨਾ ਕੋਈ ਮੂੰਡ ਮੁੰਡਾਏ ਧਾਰੀ ਕੇਸ, ਜ਼ਾਤ ਪਾਤ ਨਾ ਕੋਈ ਰਖਾਇਆ । ਨਾ ਕੋਈ ਗੁਰੂ ਨਾ ਗੋਬਿੰਦ ਨਾ ਦਸ ਦਸਮੇਸ਼, ਹਰਿ ਜੋਤੀ ਜੋਤ ਸਮਾਇਆ । ਆਪੇ ਜਾਣੇ ਆਪਣਾ ਵੇਸ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗ ਰਿਹਾ ਰੰਗਾਇਆ । ਸੂਹਾ ਰੰਗ ਸੂਹੀ ਧਾਰ, ਹਰਿ ਆਪਣੀ ਆਪ ਕਰਾਈਆ । ਜੋਤੀ ਨੂਰ ਅਪਰ ਅਪਾਰ, ਆਪਣਾ ਰੂਪ ਵਟਾਈਆ । ਸੁੰਨ ਅਗੰਮੇ ਆਇਆ ਪਾਰ, ਘਰ ਦਸਵਾਂ ਵੇਖ ਵਖਾਈਆ । ਚੌਥਾ ਘਰ ਹਰਿ ਨਿਰੰਕਾਰ, ਚਿੱਟੀ ਧਾਰਾ ਰਿਹਾ ਵਖਾਈਆ । ਆਪੇ ਬੈਠ ਨਰ ਨਿਰੰਕਾਰ, ਸ਼ਬਦ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ਣ ਦਇਆ ਕਮਾਈਆ । ਸਚ ਸਿੰਘਾਸਣ ਅਪਰ ਅਪਾਰ, ਹਰਿ ਆਪਣਾ ਆਪ ਸਜਾਇਆ । ਜੋਤ ਸਰੂਪੀ ਵੇਖੇ ਧਾਰ, ਦਸਮ ਦਵਾਰੀ ਰਿਹਾ ਵਖਾਇਆ । ਆਪੇ ਬੈਠ ਨਰ ਨਿਰੰਕਾਰ, ਸ਼ਬਦ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਖੁਲ੍ਹਾਇਆ । ਦਰ ਖੁਲ੍ਹਾਏ ਦਸਮ ਦਵਾਰ, ਚਾਰੇ ਕੁੰਟਾਂ ਵੇਖ ਵਖਾਇੰਦਾ । ਪੀਲਾ ਬਸਤਰ ਤਨ ਸ਼ਿੰਗਾਰ, ਜੀਆਂ ਜੰਤਾਂ ਆਪ ਵਖਾਇੰਦਾ । ਭਰਮੇ ਭੁੱਲੇ ਭਰਮ ਗੁਆਰ, ਪੰਜ ਤਤ ਮੋਹ ਵਿਚ ਸਮਾਇੰਦਾ । ਕੋਈ ਨਾ ਪਾਵੇ ਹਰਿ ਹਰਿ ਸਾਰ, ਹਰਿ ਭਾਣਾ ਭੇਵ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੰਚਨ ਵੇਸ ਨਰ ਨਰੇਸ਼, ਆਪਣਾ ਰੂਪ ਵਟਾਇੰਦਾ । ਪੀਲਾ ਰੰਗ ਪੀਲੀ ਧਾਰ, ਹਰਿ ਆਪਣੀ ਆਪ ਰਖਾਈਆ । ਜੋਤੀ ਨੂਰ ਅਪਰ ਅਪਾਰ, ਆਪਣਾ ਵੇਸ ਵਟਾਈਆ । ਗੁਰਮੁਖ ਵਿਰਲਾ ਪਾਏ ਸਾਰ, ਜਿਸ ਜਨ ਬੂਝ ਬੁਝਾਈਆ । ਤ੍ਰੈਕੁਟੀ ਛੁਟੇ ਲਾਹਾ ਸਾਚਾ ਲੂਟੇ, ਅੰਮ੍ਰਿਤ ਧਾਰਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਈਆ । ਨੀਲੀ ਧਾਰ ਨੀਲਾ ਅਸਵਾਰ, ਨੀਲੀ ਛੱਤੋਂ ਪਾਰ ਕਰਾਇੰਦਾ । ਵੇਖ ਵਖਾਏ ਵਿਚ ਸੰਸਾਰ, ਲੋਕਮਾਤੀ ਫੇਰਾ ਪਾਇੰਦਾ । ਅਜਪਾ ਜਾਪ ਨਾ ਵਿਸਰੇ, ਬੇਪਰਵਾਹ ਏਕਾ ਧਾਰ ਰਸਨ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਆਪ ਆਪ ਜਣਾਇੰਦਾ । ਕਾਲਾ ਰੰਗ ਕਾਲਾ ਸੂਸਾ, ਕਲਜੁਗ ਰੰਗ ਸ਼ਿੰਗਾਰਿਆ । ਆਪੇ ਵੇਖੇ ਦੇਵੇ ਡੰਨ, ਪਰਦਾ ਖੋਲ੍ਹ ਚਾਰ ਦਵਾਰਿਆ । ਘੜੇ ਭੰਨੇ ਅੰਤ ਡੰਨੇ, ਵਡ ਵਡ ਜੀਵ ਹੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰਿਆ । ਸੱਤ ਰੰਗ ਹਰਿ ਸਚ ਨਿਸ਼ਾਨ, ਏਕਾ ਏਕ ਜਣਾਈਆ । ਮਾਤਲੋਕੀ ਖੇਲ ਮਹਾਨ, ਆਪੇ ਵੇਖ ਵਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਪਰ ਲੇਖ ਲਿਖਾਈਆ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਜੀਆਂ ਜੰਤਾਂ ਰਿਹਾ ਜਣਾਈਆ । ਹੰ ਹੰਗਤਾ ਮਿਟੇ ਜਗਤ ਨਿਸ਼ਾਨ, ਸਾਚੀ ਸੰਗਤਾ ਰਿਹਾ ਬਣਾਈਆ । ਲੱਖਣ ਦੀਪ ਏਕਾ ਆਣ, ਆਪਣੀ ਰਿਹਾ ਕਰਾਈਆ । ਆਪੇ ਵੇਖ ਗੁਣ ਨਿਧਾਨ, ਗੁਰਮੁਖ ਸੋਏ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ

੫੬੦
੦੬

ਆਪਣੀ ਜੋਤ ਧਰ, ਹਰਿ ਸ਼ਬਦ ਰੱਖੇ ਵਡਿਆਈਆ । ਹਰਿ ਸ਼ਬਦ ਵਡਿਆਈ, ਹਰਿ ਆਪਣੇ ਹੱਥ ਰਖਾਈਆ । ਕਰੌਚ ਕਰੌਚ ਵੱਜੇ ਵਧਾਈ, ਹਰਿ ਸਾਚਾ ਰਿਹਾ ਸੁਣਾਈਆ । ਜੂਠ ਝੂਠ ਹੋਏ ਜੁਦਾਈ, ਸੰਮਤ ਚੌਦਾਂ ਨੇੜੇ ਆਈਆ । ਕਰੌਚ ਵੇਖੇ ਚਾਈਂ ਚਾਈਂ, ਪ੍ਰਭ ਸਾਚੇ ਖੇਲ ਰਚਾਈਆ । ਜਨ ਭਗਤਾਂ ਪਕੜੇ ਆਪੇ ਬਾਹੀਂ, ਸੁਤਿਆਂ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੱਤਾਂ ਦੀਪਾਂ ਵੇਖ ਵਖਾਈਆ । ਪੁਸ਼ਕਰ ਦੀਪ ਕਰੇ ਜੁਦਾ, ਅੰਤਮ ਦਏ ਦੁਹਾਈਆ । ਪੰਚਮ ਜੇਠ ਦਿਵਸ ਵਿਚਾਰ, ਪ੍ਰਭ ਸਾਚਾ ਲੇਖ ਲਿਖਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਦਰਸ ਦਿਖਾਈਆ । ਪੂਰਬ ਲਹਿਣਾ ਕਰਮ ਵਿਚਾਰ, ਪਿਛਲਾ ਮੂਲ ਚੁਕਾਈਆ । ਦੇਵੇ ਦਰਸ ਅਗੰਮ ਅਪਾਰ, ਆਤਮ ਜੋਤੀ ਨੂਰ ਸਵਾਈਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਰਖਾਈਆ । ਗੁਰਮੁਖਾਂ ਕਰੇ ਖ਼ਬਰਦਾਰ, ਪਹਿਰੇਦਾਰ ਆਪ ਹੋ ਆਈਆ । ਕਲਜੁਗ ਰੈਣ ਅੰਧ ਅੰਧਿਆਰ, ਚਾਰ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਸ਼ਕਰ ਵੇਖੇ ਤੇਰੀ ਵਡਿਆਈਆ । ਜੰਬੂ ਦੀਪ ਨਾ ਜੰਬਕ ਗਰਾਸੇ, ਹਰਿ ਜੋਤੀ ਨੂਰ ਉਪਾਇਆ । ਸ਼ਾਹ ਸੁਲਤਾਨ ਰਹਿਣ ਚਰਨ ਭਰਵਾਸੇ, ਪ੍ਰਭ ਸਾਚਾ ਲੇਖ ਲਿਖਾਇਆ । ਵੇਖ ਵਖਾਏ ਪ੍ਰਿਥਮੀ ਆਕਾਸੇ, ਲੋਆਂ ਪੁਰੀਆਂ ਵੇਖ ਵਖਾਇਆ । ਸਾਚੇ ਮੰਡਲ ਪਾਵੇ ਰਾਸੇ, ਆਪ ਆਪਣਾ ਭੇਖ ਵਟਾਇਆ । ਆਦਿ ਅੰਤ ਨਾ ਕਦੇ ਵਿਨਾਸੇ, ਅਬਿਨਾਸ਼ੀ ਕਰਤਾ ਆਪ ਅਖਵਾਇਆ । ਭਗਤ ਜਨਾਂ ਹਰਿ ਹਿਰਦੇ ਰੱਖੇ ਵਾਸੇ, ਆਤਮ ਬ੍ਰਹਮ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੰਬੂ ਦੇਸ਼ ਦੇਵੇ ਵਰ, ਵਰ ਦਾਤਾ ਆਪ ਅਖਵਾਇਆ । ਸੱਤਾਂ ਦੀਪਾਂ ਸੁਣ ਪੁਕਾਰ, ਚਾਰ ਕੁੰਟ ਰਹੇ ਕੁਰਲਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਬੈਠੇ ਮੁਖ ਛੁਪਾਈਆ । ਤ੍ਰੈਗੁਣ ਮਾਇਆ ਚੜ੍ਹਿਆ ਤਾਪ, ਬੈਠੀ ਮਠ ਤਪਾਈਆ । ਮਨਮੁਖ ਜੀਵਾਂ ਭੁੱਲੇ ਆਪਣਾ ਆਪ, ਸੁਧ ਰਹਿਣ ਨਾ ਪਾਈਆ । ਆਪੇ ਵੇਖੇ ਪੁੰਨ ਪਾਪ, ਵੇਖਣਹਾਰ ਆਪ ਅਖਵਾਈਆ । ਏਕਾ ਭੁੱਲਿਆ ਹਰਿ ਹਰਿ ਜਾਪ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਨ ਦੀਪ ਤੇਰੀ ਕਲ ਆਪਣੇ ਹੱਥ ਰਖਾਈਆ । ਸਲਮਲ ਦੀਪ ਰਿਹਾ ਪੁਕਾਰ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਢਹਿ ਪਿਆ ਦਵਾਰਿਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਸੰਮਤ ਚੌਦਾਂ ਚਰਨ ਛੁਹਾ ਰਿਹਾ । ਸੰਮਤ ਚੌਦਾਂ ਦਏ ਹੁਲਾਰ, ਸਿਰ ਆਪਣਾ ਹੱਥ ਟਿਕਾ ਰਿਹਾ । ਦੂਸਰ ਕੋਈ ਨਾ ਮਾਰੇ ਮਾਰ, ਨਾ ਕੋਈ ਸ਼ਸਤਰ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਆਪਣੇ ਹੱਥ ਰਖਾ ਰਿਹਾ । ਕੁਸ਼ਾ ਦੀਪ ਕਰ ਕਲਿਆਣ, ਹਰਿ ਏਕਾ ਰੰਗ ਰੰਗਾਵਣਾ । ਆਪੇ ਵੇਖੇ ਮਾਰ ਧਿਆਨ, ਸਗਲਾ ਸੰਗ ਨਾ ਕੋਇ ਨਿਭਾਵਣਾ । ਜੀਵ ਜੰਤ ਬਾਲ ਨਾਦਾਨ, ਅੱਗੇ ਹੋ ਨਾ ਕਿਸੇ ਬਚਾਵਣਾ । ਰਸਨਾ ਚਿਲ੍ਹਾ ਤੀਰ ਕਮਾਨ, ਸਾਚਾ ਤੀਰ ਆਪ ਚਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਪਾਂ ਲੋਆਂ ਵੇਖ ਵਿਖਾਵਣਾ । ਸੱਤਾਂ ਦੀਪਾਂ ਵੇਖ ਵਿਖਾਏ, ਹਰਿ ਆਪਣੀ ਜੋਤ ਅਧਾਰਿਆ । ਆਪਣਾ ਲੇਖਾ ਰਿਹਾ ਲਿਖਾਏ, ਵਰਤੇ ਵਰਤਾਵੇ ਵਿਚ ਸੰਸਾਰਿਆ । ਸੰਮਤ ਚੌਦਾਂ ਚੌਦਾਂ ਲੋਕ ਮਿਟਾਏ, ਚੌਦਾਂ ਲੋਕਾਂ ਬੂਹਾ ਲਾਹ ਰਿਹਾ । ਚੌਦਾਂ ਤਬਕਾਂ ਮਾਰ ਮਰਾਏ, ਸੰਗ ਮੁਹੰਮਦ ਨਾਲ ਰਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾ ਲਿਆ । ਭੇਖਾਧਾਰੀ ਭੇਖ ਵਟਾਏ, ਜੋਤੀ ਨੂਰ ਸਵਾਇਆ । ਕੁਲਾ ਖੰਡ ਹਰਿ ਵੇਖ

੫੬੧
੦੬

ਵਖਾਏ, ਪੰਚਮ ਜੇਠੀ ਫੇਰਾ ਪਾਇਆ । ਇਲਾਬ੍ਰਤ ਦਏ ਦੁਹਾਏ, ਨਾ ਕੋਈ ਧੀਰ ਧਰਾਇਆ । ਕੇਤਮਾਲ ਪ੍ਰਭ ਆਪ ਸੁਹਾਏ, ਸਿਰ ਆਪਣਾ ਹੱਥ ਟਿਕਾਇਆ । ਕਿੰਪੁਰਖ ਪਿਆ ਸਰਨਾਏ, ਹਰਿ ਸਾਚਾ ਲਏ ਬਚਾਇਆ । ਹਰਵਰਖ ਦਏ ਦੁਹਾਏ, ਅੰਗ ਅੰਗ ਰਿਹਾ ਤੁੜਾਇਆ । ਹਰਣਯਮਹ ਏਕਾ ਲਿਵ ਲਾਏ, ਪ੍ਰਭ ਚਰਨੀ ਓਟ ਰਖਾਇਆ । ਰਮਕ ਰੋ ਰੋ ਗਲ ਪਲੜਾ ਪਾਏ, ਨੇਤਰ ਨੀਰ ਵਹਾਇਆ । ਭਦਰ ਬੈਠਾ ਰਿਹਾ ਸ਼ਰਮਾਏ, ਨਾ ਕੋਈ ਮੇਲੀ ਮੇਲ ਮਿਲਾਇਆ । ਭਾਰਤ ਖੰਡ ਹਰਿ ਪਾਏ ਵੰਡ, ਪੁਰਖ ਅਬਿਨਾਸ਼ੀ ਜੋਤ ਜਗਾਇਆ । ਨੌ ਖੰਡ ਪ੍ਰਿਥਮੀ ਦੇਵੇ ਦੰਡ, ਏਕਾ ਖੰਡਾ ਹੱਥ ਉਠਾਇਆ । ਆਪੇ ਵੇਖੇ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਇਆ । ਮੇਟ ਮਿਟਾਏ ਭੇਖ ਭਖੰਡ, ਕਲਜੁਗ ਤੇਰੀ ਧਾਰਾ ਰਿਹਾ ਮੁਕਾਇਆ । ਲੱਖ ਚੁਰਾਸੀ ਨਾਰ ਦੁਹਾਗਣ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤਨ ਘਮੰਡ, ਮੋਹ ਵਿਕਾਰਾ ਇਕ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਖੰਡ ਸਤ ਦੀਪ ਆਪਣੇ ਭਾਣੇ ਵਿਚ ਰਖਾਇਆ । ਨੌ ਖੰਡ ਹਰਿ ਵੰਡ ਵੰਡਾਈ, ਆਪਣੀ ਬਣਤ ਬਣਾਈਆ । ਸ਼ਬਦ ਚੰਡ ਪਰਚੰਡ ਹੱਥ ਉਠਾਈ, ਚੌਦਾਂ ਲੋਕਾਂ ਰਿਹਾ ਵਖਾਈਆ । ਸੰਮਤ ਚੌਦਾਂ ਕਰ ਕੁੜਮਾਈ, ਗੁਰ ਗੋਬਿੰਦੇ ਸੰਗ ਮਿਲਾਈਆ । ਜਨ ਭਗਤਾਂ ਘਰ ਵੱਜੇ ਵਧਾਈ, ਮਨਮੁਖ ਰੋਵਣ ਮਾਰਨ ਧਾਈਆ । ਹਰਿਜਨ ਮੇਲਾ ਚਾਈਂ ਚਾਈਂ, ਚੇਤਰ ਤੇਰਾਂ ਤੇਰੀ ਰੁਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵੇਖ ਦਰ, ਦਰ ਦਰਵਾਜ਼ਾ ਰਿਹਾ ਖੁਲ੍ਹਾਈਆ । ਗੋਬਿੰਦ ਕਾਇਆ ਸਾਚਾ ਘਰ, ਹਰਿ ਸਾਚੇ ਮਾਤ ਉਸਾਰਿਆ । ਆਪੇ ਦੇਵਣਹਾਰਾ ਵਰ, ਆਪੇ ਕਰਮ ਕਮਾ ਰਿਹਾ । ਆਪ ਚੁਕਾਏ ਆਵਣ ਜਾਵਣ ਡਰ, ਆਪੇ ਲੇਖ ਲਿਖਾ ਰਿਹਾ । ਆਪ ਨੁਹਾਇਆ ਸਾਚੇ ਸਰ, ਚਰਨ ਸਰੋਵਰ ਇਕ ਵਿਖਾ ਰਿਹਾ । ਸ਼ਬਦ ਭੰਡਾਰਾ ਆਪੇ ਭਰ, ਜਗਤ ਵਰਤਾਰਾ ਆਪ ਕਰਾ ਰਿਹਾ । ਤੀਰ ਕਟਾਰਾ ਹੱਥ ਫੜ, ਸੋਹੰ ਖੰਡਾ ਮਾਤ ਚਮਕਾ ਰਿਹਾ । ਨੌਵਾਂ ਖੰਡਾਂ ਏਕਾ ਪੌੜੇ ਚੜ੍ਹ, ਏਕਾ ਡੰਡਾ ਮਾਤ ਵਖਾ ਰਿਹਾ । ਸ਼ਬਦ ਭੰਡਾਰਾ ਆਪੇ ਭਰ, ਜਗਤ ਵਰਤਾਰਾ ਆਪ ਕਰਾ ਰਿਹਾ । ਤੀਰ ਕਟਾਰਾ ਹੱਥ ਫੜ, ਸੋਹੰ ਖੰਡਾ ਮਾਤ ਚਮਕਾ ਰਿਹਾ । ਭਗਤ ਜਨਾਂ ਦੇ ਦਰ ਦਵਾਰੇ ਅੱਗੇ ਖੜ੍ਹ, ਹਰਿ ਆਪਣੀ ਬੂਝ ਬੁਝਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਲਿਖਿਆ ਲੇਖ ਲਿਖਤ ਭਵਿਖਤ ਸੱਜਣ ਸਖਾ ਆਪ ਵਰਤਾ ਰਿਹਾ ।

ਸਤਿ ਪੁਰਖ ਮਿਹਰਵਾਨ, ਸਾਚਾ ਸਤਿ ਰਖਾਇਆ । ਸਤਿ ਸਤਿਵਾਦੀ ਦੋ ਜਹਾਨ, ਏਕਾ ਏਕ ਹੋ ਆਇਆ । ਏਕਾ ਦੂਜਾ ਭੇਵ ਕਟਾਨ, ਹਰਿ ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਧਾ ਸੂਰ ਆਪ ਅਖਵਾਇਆ । ਏਕਾ ਦੂਜੀ ਧਾਰ ਮਿਟਾਏ, ਏਕਾ ਜੋਤ ਅਕਾਲਿਆ । ਦੀਨਾਂ ਬੰਧਪ ਦੀਨ ਦਿਆਲ ਅਖਵਾਏ, ਜਨ ਭਗਤਾਂ ਕਰੇ ਸਦਾ ਪ੍ਰਿਤਪਾਲਿਆ । ਗੁਰ ਭੰਡਾਰ ਹਰਿ ਵਰਤਾਏ, ਦਿਵਸ ਰੈਣ ਰਹੇ ਸਵਾਲੀਆ । ਪ੍ਰਭ ਅਬਿਨਾਸ਼ੀ ਭਿਖਿਆ ਪਾਏ, ਧੁਰਦਰਗਾਹੀ ਸਾਚਾ ਮਾਲੀਆ । ਲੋਕਮਾਤ ਹਰਿ ਜਨਮ ਦਵਾਏ, ਆਪ ਆਪਣੇ ਮੇਲ ਮਿਲਾ ਲਿਆ । ਕਲਜੁਗ ਅੰਤਮ ਸੰਗ ਨਿਭਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਜੋਤੀ ਰੂਪ ਸਮਾ ਲਿਆ । ਗੋਬਿੰਦ

੫੬੨
੦੬

ਕਾਇਆ ਸ਼ਬਦ ਧਾਰ, ਹਰਿ ਏਕਾ ਏਕ ਰਖਾਇਆ । ਆਪੇ ਵਸਿਆ ਨਰ ਨਿਰੰਕਾਰ, ਆਪੇ ਸੇਵਾ ਲਾਇਆ । ਆਪ ਸੁਹਾਏ ਬੰਕ ਦਵਾਰ, ਦਰ ਦਰਵਾਜ਼ਾ ਆਪ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਹਰਿ ਹਰਿ ਗੋਬਿੰਦ ਏਕਾ ਧਾਮ ਸੁਹਾਇਆ । ਹਰਿ ਗੋਬਿੰਦ ਏਕਾ ਧਾਮ, ਏਕਾ ਰੂਪ ਸਮਾਇਆ । ਆਪੇ ਕ੍ਰਿਸ਼ਨਾ ਆਪੇ ਸ਼ਾਮ, ਆਪੇ ਰਾਮ ਰੂਪ ਹੋ ਆਇਆ । ਆਪੇ ਅੰਮ੍ਰਿਤ ਮਧ ਪਿਆਏ ਜਾਮ, ਆਪੇ ਸਦ ਦਰ ਘਰ ਲਏ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਘਰ ਸੁਹਾਇਆ । ਗੋਬਿੰਦ ਘਰ ਹਰਿ ਸੁਲਤਾਨ, ਏਕਾ ਏਕ ਸੁਹਾਇਆ । ਧਰਮ ਵਿਖਾਏ ਸ਼ਬਦ ਨਿਸ਼ਾਨ, ਸਾਚੇ ਹੱਥ ਉਠਾਇਆ । ਰਸਨਾ ਚਿਲ੍ਹਾ ਤੀਰ ਕਮਾਨ, ਏਕਾ ਏਕ ਰਖਾਇਆ । ਸੋਹੰ ਸ਼ਬਦ ਨੌਜਵਾਨ, ਸਾਚਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਆਪ ਅਖਵਾਇਆ । ਗੁਰ ਚੇਲਾ ਭਗਵੰਤ, ਏਕਾ ਏਕ ਅਖਵਾਇਆ । ਆਪੇ ਜਾਣੇ ਸਾਧ ਸੰਤ, ਸਾਜਣ ਮੀਤ ਆਪ ਹੋ ਆਇਆ । ਗੋਬਿੰਦ ਪਾਇਆ ਸਾਚਾ ਕੰਤ, ਘਰ ਸਾਚੀ ਖ਼ੁਸ਼ੀ ਮਨਾਇਆ । ਲੋਕਮਾਤ ਬਣਾਏ ਬਣਤ, ਕਲਜੁਗ ਅੰਤਮ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੀਸ ਹੱਥ ਰਿਹਾ ਟਿਕਾਇਆ । ਗੋਬਿੰਦ ਹੱਥ ਹਰਿ ਸਮਰਥ, ਆਪਣਾ ਸੀਸ ਰਖਾਇੰਦਾ । ਸ਼ਬਦ ਦੇਵੇ ਸਾਚੀ ਵੱਥ, ਕਾਇਆ ਤਨ ਭਰਾਇੰਦਾ । ਆਪ ਚੜ੍ਹਾਇਆ ਸਾਚੇ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਦਏ ਮਥ, ਨਾਮ ਖੰਡਾ ਏਕਾ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕੁਲਾਖੰਡ ਵੇਖ ਵਖਾਇੰਦਾ । ਕੁਲਾਖੰਡ ਤੇਰਾ ਕਾਲਾ ਦਾਗ਼, ਅੰਤਮ ਮੇਟ ਮਿਟਾਇੰਦਾ । ਨਾਰੀ ਕੰਤ ਇਕ ਸੁਹਾਗ, ਕੰਤ ਕੰਤੂਹਲ ਹੰਢਾਇੰਦਾ । ਏਕਾ ਉਪਜੇ ਸ਼ਬਦ ਵੈਰਾਗ, ਅੱਠੇ ਪਹਿਰ ਧਿਆਇੰਦਾ । ਚਰਨ ਕਵਲ ਜਾਏ ਲਾਗ, ਮਸਤਕ ਧੂੜੀ ਖ਼ਾਕ ਰਮਾਇੰਦਾ । ਆਪ ਬੁਝਾਏ ਤ੍ਰਿਸ਼ਨਾ ਆਗ, ਤਾਮਸ ਮਿਟਾਇੰਦਾ । ਹੰਸ ਬਣਾਏ ਪ੍ਰਭ ਸਾਚਾ ਕਾਗ, ਸੋਹੰ ਚੋਗ ਚੁਗਾਇੰਦਾ । ਆਪ ਆਪਣੇ ਹੱਥ ਰੱਖੇ ਵਾਗ, ਦੋ ਜਹਾਨਾਂ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਦਰ ਸੁਹਾਇੰਦਾ । ਇਲਾਬੁਤ ਤੇਰਾ ਏਕਾ ਏਕ, ਅਲ੍ਹਾ ਨੂਰ ਅਲਾਹੀਆ । ਪਾਰਬ੍ਰਹਮ ਪ੍ਰਭ ਆਪੇ ਵੇਖ, ਨਾ ਕੋਈ ਦੂਸਰ ਲਏ ਸਲਾਹੀਆ । ਅਮਾਮ ਮਹਿੰਦੀ ਧਾਰੇ ਭੇਖ, ਨੀਲੇ ਬਸਤਰ ਤਨ ਛੁਹਾਈਆ । ਜਾਣੇ ਪਛਾਣੇ ਔਲੀਏ ਪੀਰ ਸ਼ੇਖ਼, ਗੌਂਸ ਮਜੌਰ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਐਲੀ ਅੱਲਾ ਨਾਮ ਰਖਾਈਆ । ਐਲੀ ਅੱਲਾ ਅਲਾਹੀ ਨੂਰ, ਏਕਾ ਏਕ ਅਖਵਾਇਆ । ਸ਼ਬਦ ਵਜਾਏ ਸਾਚੀ ਤੂਰ, ਹਰਿ ਪਰਵਰਦਿਗਾਰ ਰਿਹਾ ਸੁਣਾਇਆ । ਤੋੜ ਤੁੜਾਏ ਮਾਣ ਗ਼ਰੂਰ, ਚਾਰੋਂ ਕੁੰਟ ਹੋਏ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਡੰਕਾ ਡੌਰੂ ਵਾਹਿਆ । ਡੌਰੂ ਡੰਕਾ ਨਾਮ ਅਮਾਮ, ਹਰਿ ਸਾਚਾ ਆਪ ਅਖਵਾਇੰਦਾ । ਆਪ ਪਿਆਏ ਮਦਿ ਮਦਿਰਾ ਜਾਮ, ਆਬੇ ਹਯਾਤ ਆਪਣੇ ਹੱਥ ਰਖਾਇੰਦਾ । ਆਪ ਕਰਾਏ ਏਕਾ ਤਾਮ, ਕਾਇਆ ਤ੍ਰਿਪਤ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਲਾਬੁਤ ਤੇਰੀ ਵੇਖੇ ਰੁੱਤ, ਸੰਮਤ ਚੌਦਾਂ ਵੇਖ ਵਖਾਇੰਦਾ । ਇਲਾਬੁਤ ਤੇਰਾ ਅਲਾਹੀ ਨੂਰ, ਹਰਿ ਸਾਚੇ ਵੇਖ ਵਖਾਨਿਆ । ਆਪੇ ਵੇਖੇ ਜੋਤੀ ਨੂਰ ਕੋਹਤੂਰ, ਆਪੇ ਆਪ ਕਰੇ ਪਛਾਨਿਆ । ਵੱਜੇ ਡੰਕਾ ਕੂੜੋ ਕੂੜ, ਅੰਤਮ ਹੋਏ ਵੈਰਾਨਿਆ । ਚਾਰੋਂ

੫੬੩
੦੬

ਕੁੰਟ ਉਡੇ ਧੂੜ, ਮਿਟੇ ਮਾਤ ਨਿਸ਼ਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸ੍ਰੀ ਭਗਵਾਨਿਆ । ਕੇਤਮਾਲ ਹੋ ਬੇਹਾਲ, ਖੁਲ੍ਹੜੇ ਕੇਸ ਰਖਾਈਆ । ਨਾ ਕੋਈ ਦਿਸੇ ਮਾਤ ਦਲਾਲ, ਵੇਲੇ ਅੰਤ ਲਏ ਛੁਡਾਈਆ । ਫਲ ਨਾ ਦਿਸੇ ਕਿਸੇ ਡਾਲ੍ਹ, ਕਲਜੁਗ ਹਲੂਣਾ ਰਿਹਾ ਲਗਾਈਆ । ਕਲਜੁਗ ਘਰ ਘਰ ਖਾਏ ਕਾਲ, ਕਾਲੀ ਧਾਰ ਵਹਾਈਆ । ਪਾਰਬ੍ਰਹਮ ਤੇਰੀ ਅਵੱਲੜੀ ਚਾਲ, ਮੁੱਲਾ ਸ਼ੇਖ਼ਾਂ ਹੱਥ ਨਾ ਆਈਆ । ਅਮਾਮ ਮਹਿੰਦੀ ਰਹੇ ਭਾਲ, ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕੇਤਮਾਲ ਆਪਣਾ ਡੰਕ ਵਜਾਈਆ । ਕੇਤਮਾਲ ਹਰਿ ਮਰਦੰਗ, ਏਕਾ ਏਕ ਵਜਾਵਣਾ । ਲਾੜੀ ਮੌਤ ਮਹਿੰਦੀ ਲਾਲ ਲਾਏ ਅੰਗ, ਸਾਚਾ ਵੇਸ ਕਰਾਵਣਾ । ਦਰ ਦਵਾਰੇ ਮੰਗੇ ਮੰਗ, ਜੀਵ ਜੰਤ ਫੰਦ ਕਟਾਵਣਾ । ਧਰਮ ਦਵਾਰੇ ਦੇਵੇ ਟੰਗ, ਸੰਗ ਨਾ ਕੋਈ ਰਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੂਰ ਕਰਾਏ ਭਾਵਨਾ । ਕਿੰਪੁਰਖ ਕਿਰਪਾ ਕਰ, ਕ੍ਰਿਤਮ ਵੇਖ ਵਖਾਇੰਦਾ । ਗੁਣ ਅਵਗੁਣ ਜੀਆਂ ਜੰਤਾਂ ਅੱਗੇ ਧਰ, ਛਾਣ ਪੁਣ ਆਪ ਕਰਾਇੰਦਾ । ਸੰਤ ਸੁਹੇਲੇ ਲਏ ਵਰ, ਆਪ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, (ਭਾਵਨਾ ਪੂਰ ਆਪ ਕਰਾਇੰਦਾ) । ਹਰਵਰਖ ਹਰਿ ਮਾਰ ਧਿਆਨਾ, ਰਾਜ ਰਾਜਾਨਾਂ ਰਿਹਾ ਜਗਾਈਆ । ਨਾਤਾ ਤੁੱਟੇ ਪੰਜ ਸ਼ੈਤਾਨਾ, ਜੂਠ ਝੂਠ ਰਹਿਣ ਨਾ ਪਾਈਆ । ਚੌਦਾਂ ਲੋਕਾਂ ਇਕ ਦੁਕਾਨਾ, ਹਰਿ ਸਾਚਾ ਹੱਟ ਖੁਲ੍ਹਾਈਆ । ਸ੍ਰਿਸ਼ਟ ਸਬਾਈ ਫਨਾਹ ਮਕਾਨਾ, ਅੰਤਮ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਵਰਖ ਏਕਾ ਵਰਖਾ ਲਾਈਆ । ਹਰਣਯਮਹ ਅੰਤਮ ਗਿਆ ਹਰ, ਹਰਿ ਹਰਿ ਰਸਨ ਧਿਆਇਆ । ਚਾਰੋਂ ਕੁੰਟ ਆਉਣਾ ਡਰ, ਸਾਚਾ ਖੇਤਰ ਆਪ ਬਣਾਇਆ । ਇਕ ਦੂਜੇ ਨੂੰ ਲੈਣ ਵਰ, ਲਾੜੀ ਜੋੜੀ ਰਿਹਾ ਬਣਾਇਆ । ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਘੋੜੀ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਘਟ ਘਟ ਜਾਏ ਘਰ, ਅੰਦਰ ਡੇਰਾ ਲਾਇਆ । ਰਮਕ ਰਾਮ ਰਿਹਾ ਚਿਤਾਰ, ਦਿਵਸ ਰੈਣ ਅਰਾਧਿਆ । ਪੁਰਖ ਅਬਿਨਾਸ਼ੀ ਸੁਣ ਪੁਕਾਰ, ਲੇਖੇ ਲਾਏ ਸੁਨ ਸਮਾਧਿਆ । ਮਨਮੁਖ ਡੋਬੇ ਅੱਧ ਵਿਚਕਾਰ, ਅੰਤਮ ਬੇੜਾ ਬਾਂਧਿਆ । ਸੰਮਤ ਚੌਦਾਂ ਧੱਕਾ ਦੇਵੇ ਮਾਰ, ਢਾਹੇ ਕੱਲਰ ਰੇਤੀ ਕਾਂਧਿਆ । ਆਪੇ ਢਾਹੇ ਲਏ ਉਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਪਾਏ ਫਾਂਦੀ ਫਾਂਦਿਆ । ਭਦਰ ਭਰਮ ਦਏ ਮਿਟਾ, ਹਰਿ ਸਾਚੇ ਜੋਤ ਜਗਾਈਆ । ਏਕਾ ਸ਼ਬਦ ਡੰਕਾ ਵਜਾ, ਚਾਰੇ ਕੁੰਟਾਂ ਰਿਹਾ ਸੁਣਾਈਆ । ਰਾਜ ਰਾਜਾਨਾਂ ਦਏ ਸੁਣਾ, ਏਕਾ ਡੰਕ ਵਜਾਈਆ । ਗੁਰਮੁਖ ਸਾਚੇ ਗਲੇ ਲਗਾ, ਆਪਣੀ ਗੋਦ ਉਠਾਈਆ । ਅੰਮ੍ਰਿਤ ਆਤਮ ਜਾਮ ਪਿਆ, ਤ੍ਰਿਖਾ ਤ੍ਰਿਸ਼ਨ ਮਿਟਾਈਆ । ਫੜ ਫੜ ਬਾਹੋਂ ਰਾਹੇ ਪਾ, ਸਾਚਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਰਮ ਗੜ੍ਹ ਰਿਹਾ ਤੁੜਾਈਆ । ਭਾਰਤ ਖੰਡ ਤੇਰੀ ਅੰਤਮ ਵੰਡ, ਚੌਥੇ ਜੁਗ ਕਰਾਈਆ । ਪੁਰਖ ਅਬਿਨਾਸ਼ੀ ਮੇਟ ਮਿਟਾਏ ਭੇਖ ਪਖੰਡ, ਨੌ ਖੰਡ ਦਿਸੇ ਰੰਡ, ਗੁਰਮੁਖ ਵਿਰਲੇ ਸ਼ਬਦ ਕੁੜਮਾਈਆ । ਸੋਹੰ ਫੜਾਏ ਚੰਡ ਪਰਚੰਡ, ਸ੍ਰਿਸ਼ਟ ਸਬਾਈ ਖੰਡ ਖੰਡ, ਲੱਖ ਚੁਰਾਸੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਨੌ ਖੰਡ ਤੇਰਾ ਅੰਤ ਵਿਹਾਰ, ਪ੍ਰਭ ਆਪੇ ਆਪ ਕਰਾਇੰਦਾ । ਸੰਤ ਸੁਹੇਲੇ

ਸਾਚੇ ਭਾਲ, ਆਪਣੇ ਸੰਗ ਨਿਭਾਇੰਦਾ । ਫਲ ਲਗਾਏ ਕਾਇਆ ਡਾਲ੍ਹ, ਅੰਮ੍ਰਿਤ ਆਤਮ ਫਲ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਸੰਮਤ ਚੌਦਾਂ ਸਾਚਾ ਚੰਨ, ਗੋਬਿੰਦ ਗੁਰ ਚੜ੍ਹਾਇਆ । ਪਾਰਬ੍ਰਹਮ ਪ੍ਰਭ ਬੇੜਾ ਬੰਨ੍ਹ, ਗੁਰਮੁਖਾਂ ਦਰਸ ਦਿਖਾਇਆ । ਇਕ ਰਖਾਇਆ ਨਾਮ ਧਨ, ਘਰ ਘਰ ਵੰਡਣ ਆਇਆ । ਰਾਗ ਸੁਣਾਏ ਸਾਚਾ ਕੰਨ, ਸੋਹੰ ਸ਼ਬਦ ਅਲਾਇਆ । ਆਪੇ ਬੇੜਾ ਦੇਵੇ ਬੰਨ੍ਹ, ਆਪੇ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੋਬਿੰਦ ਭੇਖ ਵਟਾਇਆ । ਗੋਬਿੰਦ ਭੇਖ ਅਪਰ ਅਪਾਰ, ਕਲਜੁਗ ਅੰਤ ਕਰਾਈਆ । ਪਰਗਟ ਹੋ ਵਿਚ ਸੰਸਾਰ, ਗੁਰ ਚੇਲਾ ਆਪ ਅਖਵਾਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਰਿਹਾ ਲਟਕਾਈਆ । ਪੀਲੇ ਬਸਤਰ ਤਨ ਸ਼ਿੰਗਾਰ, ਨੀਲੇ ਵਾਲਾ ਆਪ ਰਘੁਰਾਈਆ । ਨੀਲਾ ਨੀਲੀ ਛੱਤੋਂ ਕਰੇ ਬਾਹਰ, ਵਾਗ ਆਪਣੇ ਹੱਥ ਉਠਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਸ਼ਿਵ ਉਠਾਈਆ । ਦੇਵਤ ਸੁਰ ਦਏ ਹੁਲਾਰ, ਏਕਾ ਸ਼ਬਦ ਜਣਾਈਆ । ਸੱਤਾਂ ਦੀਪਾਂ ਪਾਏ ਸਾਰ, ਕਲਜੁਗ ਅੰਤਮ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਇਕ ਅਧਾਰ, ਸੋਹੰ ਸ਼ਬਦ ਰਖਾਈਆ । ਚਾਰੋਂ ਕੁੰਟ ਜੈ ਜੈ ਜੈਕਾਰ, ਚਾਰ ਵਰਨਾਂ ਰਿਹਾ ਕਰਾਈਆ । ਊਚ ਨੀਚ ਏਕਾ ਧਾਰ, ਏਕਾ ਧਾਮ ਸੁਹਾਈਆ । ਪਰਗਟ ਹੋਏ ਨਿਹਕਲੰਕ ਨਰ ਅਵਤਾਰ, ਰੂਪ ਵਟਾਈਆ । ਸੋਹੰ ਅੱਖਰ ਅਪਰ ਅਪਾਰ, ਧੁਰਦਰਗਾਹੀ ਲੈ ਕੇ ਆਈਆ । ਗੋਬਿੰਦ ਗੁਰ ਪੂਤ ਸਪੂਤਾ ਸੇਵਾਦਾਰ, ਸੇਵਾ ਰਿਹਾ ਕਮਾਈਆ । ਗੁਰਮੁਖਾਂ ਕਰੇ ਖ਼ਬਰਦਾਰ, ਪਹਿਲੀ ਚੇਤਰ ਰਿਹਾ ਜਗਾਈਆ । ਮਨਮੁਖ ਜੀਵਾਂ ਆਈ ਹਾਰ, ਮਾਨਸ ਜਨਮ ਗਏ ਗਵਾਈਆ । ਕਲਜੁਗ ਅੰਤਮ ਪੈਣੀ ਮਾਰ, ਧਰਮ ਰਾਏ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਡੰਕਾ ਇਕ ਵਜਾਈਆ । ਗੋਬਿੰਦ ਡੰਕ ਅਪਰ ਅਪਾਰ, ਏਕਾ ਏਕ ਵਜਾਇੰਦਾ । ਆਪੇ ਹੋਇਆ ਖ਼ਬਰਦਾਰ, ਗੁਰਮੁਖ ਸੋਏ ਮਾਤ ਜਗਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਚਾਰੋਂ ਕੁੰਟ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਗੁਰਮੁਖ ਸੁੱਤਾ ਪੈਰ ਪਸਾਰ, ਪ੍ਰਭ ਸੁੱਤਿਆਂ ਆਪ ਜਗਾਇੰਦਾ । ਸ੍ਰਿਸ਼ਟ ਸਬਾਈ ਅੰਧ ਅੰਧਿਆਰ, ਦਿਸ ਕਿਸੇ ਨਾ ਆਇੰਦਾ । ਜੂਠਾ ਝੂਠਾ ਮੋਹ ਪਿਆਰ, ਜਗਤ ਵਿਕਾਰ ਹਰ ਘਟ ਆਪ ਟਿਕਾਇੰਦਾ । ਨਾਤਾ ਤੁੱਟੇ ਮੀਤ ਮੁਰਾਰ, ਸੰਮਤ ਚੌਦਾਂ ਸਗਨ ਮਨਾਇੰਦਾ । ਪੰਚਮ ਜੇਠੀ ਕਰ ਵਿਹਾਰ, ਪ੍ਰਭ ਆਪਣੀ ਬਣਤ ਬਣਾਇੰਦਾ । ਚਿੱਟੇ ਅਸਵ ਹੋ ਅਸਵਾਰ, ਏਕਾ ਖੰਡਾ ਹੱਥ ਲਿਸ਼ਕਾਇੰਦਾ । ਬ੍ਰਹਿਮੰਡਾਂ ਵੰਡਾਂ ਰਿਹਾ ਵੰਡਾਏ ਅਪਰ ਅਪਾਰ, ਆਪ ਆਪਣਾ ਖੇਲ ਖਿਲਾਇੰਦਾ । ਚੰਡ ਪਰਚੰਡ ਸੱਚੀ ਸਰਕਾਰ, ਚਾਰੋਂ ਕੁੰਟ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰੀ ਸਾਚੀ ਸੇਵਾ ਅੰਤਮ ਕਲ ਲਗਾਇੰਦਾ । ਗੋਬਿੰਦ ਸੇਵਾ ਕਰ ਪਰਵਾਨ, ਅੰਤਮ ਖ਼ੁਸ਼ੀ ਮਨਾਈਆ । ਆਪੇ ਉਠਿਆ ਨੌਜਵਾਨ, ਗੁਰਮੁਖ ਸਾਚੇ ਰਿਹਾ ਜਗਾਈਆ । ਨਾ ਕੋਈ ਤੀਰ ਨਾ ਕਮਾਨ, ਨਾ ਕੋਈ ਸ਼ਸਤਰ ਤਨ ਸਜਾਈਆ । ਏਕਾ ਚਿਲ੍ਹਾ ਰਸਨਾ ਤੀਰ ਕਮਾਨ, ਸੋਹੰ ਰਿਹਾ ਚਲਾਈਆ । ਜੋਧਾ ਸੂਰ ਬਲੀ ਬਲਵਾਨ, ਸੰਮਤ ਚੌਦਾਂ ਵਿਚ ਮੈਦਾਨੇ ਆਈਆ । ਖੇਲੇ ਖੇਲ ਦੋ ਜਹਾਨ, ਦਿਸ ਕਿਸੇ ਨਾ ਆਈਆ । ਗੁਰਮੁਖਾਂ ਵੇਖੇ ਮਾਰ ਧਿਆਨ, ਲੇਖਾ ਕੋਈ ਰਹਿਣ ਨਾ ਪਾਈਆ । ਸਰਸਾ ਤੇਰੀ ਰੱਖੀ ਸ਼ਾਨ, ਜੋਧੇ ਭੇਟ ਚੜ੍ਹਾਈਆ । ਅੰਤਮ ਮੇਲਾ ਆਪ ਮਿਲਾਨ, ਪਾਰਬ੍ਰਹਮ ਆਪ ਅਖਵਾਈਆ ।


੫੬੫
੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੂਰਬੀਰ ਰਿਹਾ ਉਪਜਾਈਆ । ਸੂਰਬੀਰ ਬਲੀ ਜੋਧੇ, ਗੁਰਸਿਖ ਆਪ ਰਖਾਇੰਦਾ । ਗੁਰ ਚਰਨ ਧਿਆਨ ਸ਼ਬਦ ਅਗਾਧ ਬੋਧੇ, ਬ੍ਰਹਮ ਗਿਆਨ ਜਣਾਇੰਦਾ । ਸ਼ਬਦ ਖੰਡੇ ਪੰਚਮ ਸੋਧੇ, ਪੰਚਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਸੰਗ ਨਿਭਾਇੰਦਾ । ਗੋਬਿੰਦ ਸੂਰਾ ਹਰਿ ਬਲਵਾਨਾ, ਏਕਾ ਏਕ ਉਪਾਇਆ । ਏਕਾ ਬਖ਼ਸ਼ੇ ਨਾਮ ਨਿਧਾਨਾ, ਪਹਿਰੇਦਾਰ ਆਪ ਅਖਵਾਇਆ । ਗੁਣਵੰਤਾ ਹਰਿ ਸ੍ਰੀ ਭਗਵਾਨਾ, ਸਾਚੀ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਦੇਵੀ ਦੇਵ ਨਾ ਕੋਈ ਮਨਾਇਆ । ਨਾ ਕੋਈ ਦੇਵੀ ਨਾ ਕੋਈ ਦੇਵ, ਨਾ ਕੋਈ ਸਲਾਹ ਪਕਾਈਆ । ਪੁਰਖ ਅਬਿਨਾਸ਼ੀ ਬੱਧਾ ਨੱਤ, ਸੀਸ ਆਪਣਾ ਹੱਥ ਟਿਕਾਈਆ । ਆਪੇ ਵਸਿਆ ਨੇੜੇ ਦੂਰ, ਅੰਦਰ ਬੈਠਾ ਆਸਣ ਲਾਈਆ । ਕਲਜੁਗ ਤੇਰਾ ਨਾਤਾ ਤੋੜ ਕੂੜੋ ਕੂੜ, ਚਾਰ ਵਰਨ ਵਿਖਾਈਆ । ਗੁਰਮੁਖਾਂ ਬਖ਼ਸ਼ੇ ਚਰਨ ਧੂੜ, ਦਰ ਦਵਾਰੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਾਇਆ ਚੋਲੀ ਰੰਗ ਚੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਕਾਇਆ ਚੋਲੀ ਰੰਗ ਬਸੰਤਾ, ਹਰਿ ਏਕਾ ਏਕ ਚੜ੍ਹਾਇਆ । ਗੋਬਿੰਦ ਪਾਇਆ ਹਰਿ ਸਾਚਾ ਕੰਤਾ, ਏਕਾ ਸੇਜ ਸੁਹਾਇਆ । ਮੇਲ ਮਿਲਾਵਾ ਆਦਿਨ ਅੰਤਾ, ਵਿਛੜ ਕਦੇ ਨਾ ਜਾਇਆ । ਪਾਵੇ ਸਾਰ ਲੱਖ ਚੁਰਾਸੀ ਜੀਵ ਜੰਤਾ, ਪ੍ਰਭ ਅੰਤਮ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਤੇਰਾ ਧਾਮ ਸੁਹਾਇਆ । ਗੋਬਿੰਦ ਗੁਰ ਹੋ ਤਿਆਰ, ਪ੍ਰਭ ਸਾਚਾ ਆਪ ਜਗਾਇੰਦਾ । ਸੰਮਤ ਚੌਦਾਂ ਵੇਖ ਵਿਚਾਰ, ਨੇਤਰ ਨੈਣ ਉਠਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪ ਜਗਦੀਸ ਸਾਚੇ ਸੀਸ ਟਿਕਾਇੰਦਾ । ਲੱਖ ਚੁਰਾਸੀ ਮਾਰੇ ਮਾਰ, ਬੀਸ ਇਕੀਸ ਵਕਤ ਸੁਹਾਇੰਦਾ । ਨਾ ਕੋਈ ਜਾਣੇ ਭੇਵ ਰਾਗ ਛਤੀਸ, ਖਾਣੀ ਬਾਣੀ ਦਿਸ ਨਾ ਆਇੰਦਾ । ਲਖ ਨਾ ਸਕੇ ਕੋਈ ਬਤੀਸ, ਤੀਸ ਨਾ ਸੇਵ ਕਮਾਇੰਦਾ । ਨਾ ਕੋਈ ਜਾਣੇ ਪਾਰਬ੍ਰਹਮ ਤੇਰੀ ਹਦੀਸ, ਏਕਾ ਸ਼ਬਦ ਚਲਾਇੰਦਾ । ਲੱਖ ਚੁਰਾਸੀ ਜੂਠਾ ਝੂਠਾ ਪੀਸਣ ਪੀਸ, ਕਲਜੁਗ ਮਾਇਆ ਚੱਕੀ ਆਪ ਚਲਾਇੰਦਾ । ਰਾਜ ਰਾਜਾਨਾਂ ਖਾਲੀ ਖੀਸ, ਦਰ ਦਰ ਆਪ ਫਿਰਾਇੰਦਾ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸ, ਜਗਤ ਜਗਦੀਸ ਆਪ ਹੋ ਆਇੰਦਾ । ਗੋਬਿੰਦ ਤੇਰੀ ਕੋਈ ਨਾ ਕਰੇ ਰੀਸ, ਪੂਤ ਸਪੂਤਾ ਭੇਟ ਚੜ੍ਹਾਇੰਦਾ । ਗੁਰ ਤੇਗ ਬਹਾਦਰ ਏਕਾ ਸੀਸ, ਪ੍ਰਭ ਸਾਚਾ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾਇੰਦਾ । ਗੁਰ ਤੇਗ ਬਹਾਦਰ ਤੇਰੀ ਧਾਰ, ਪ੍ਰਭ ਸਾਚਾ ਰਿਹਾ ਬਣਾਈਆ । ਮਾਤਲੋਕ ਪੈਜ ਸਵਾਰ, ਸਾਚੇ ਧਾਮ ਸੁਹਾਈਆ । ਆਪ ਆਪਣਾ ਬਖ਼ਸ਼ੇ ਚਰਨ ਪਿਆਰ, ਸਿੰਘ ਪਾਲ ਰਿਹਾ ਧਰਾਈਆ । ਆਪੇ ਵੇਖੇ ਕਰੇ ਵਿਚਾਰ, ਬ੍ਰਹਮਾ ਬ੍ਰਹਮ ਧਾਮ ਬੈਠ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਪਾਰਬ੍ਰਹਮ ਅਚੁੱਤ ਅਬਿਨਾਸ਼ੀ, ਦੇ ਮਤ ਆਪ ਸਮਝਾਇੰਦਾ । ਪਰਗਟ ਹੋਏ ਘਨਕਪੁਰ ਵਾਸੀ, ਬ੍ਰਹਮੇ ਮੂਲ ਚੁਕਾਇੰਦਾ । ਜੋ ਉਪਜੇ ਸੋ ਹੋਏ ਵਿਨਾਸੀ, ਅੰਤ ਕੋਈ ਰਹਿਣ ਨਾ ਪਾਇੰਦਾ । ਏਕਾ ਏਕ ਆਦਿ ਪੁਰਖ ਅਬਿਨਾਸ਼ੀ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਲੋਆਂ ਪੁਰੀਆਂ ਮੰਡਲ ਮੰਡਪ ਪਾਵੇ ਰਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਾਚੇ ਧਾਮ

ਸੁਹਾਇੰਦਾ । ਸਾਚਾ ਧਾਮ ਹਰਿ ਦਵਾਰ, ਏਕਾ ਏਕ ਸੁਹਾਇਆ । ਆਪੇ ਬਖ਼ਸ਼ੇ ਚਰਨ ਪਿਆਰ, ਚਰਨੋਦਕ ਮੁਖ ਲਗਾਇਆ । ਅੰਮ੍ਰਿਤ ਆਤਮ ਦੇਵੇ ਅਪਰ ਅਪਾਰ, ਹਰਿ ਸਾਚੇ ਸੀਰ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਭੇਖ ਵਟਾਇਆ । ਨਿਰਗੁਣ ਭੇਖ ਅਪਾਰ, ਭੇਵ ਨਾ ਜਾਣਿਆ । ਪਰਗਟ ਹੋਏ ਵਿਚ ਸੰਸਾਰ, ਖੇਲੇ ਖੇਲ ਸ੍ਰੀ ਭਗਵਾਨਿਆ । ਗੋਬਿੰਦ ਮੇਲਾ ਅਪਰ ਅਪਾਰ, ਚਲੇ ਚਲਾਏ ਆਪਣੇ ਭਾਣਿਆ । ਗੁਰ ਚੇਲਾ ਸੋਹੇ ਇਕ ਦਰਬਾਰ, ਦਰ ਦਵਾਰਾ ਇਕ ਵਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਿਰਪਾ ਦੇਵੇ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਉਠ ਜੀਵ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਉਠ ਜੀਵ ਜਾਗ, ਕਲਜੁਗ ਅੰਤਮ ਲੱਗਾ ਭਾਗ, ਹਰਿਜਨ ਸਾਚਾ ਮੇਲ ਮਿਲਾਇੰਦਾ । ਉਠ ਜੀਵ ਜਾਗ, ਸੁਣ ਸਾਚਾ ਰਾਗ, ਹਰਿ ਸਾਚਾ ਆਪ ਉਪਾਇੰਦਾ । ਉਠ ਜੀਵ ਜਾਗ, ਚਰਨ ਧੂੜ ਮਜਨ ਮਾਘ ਇਕ ਕਰਾਇੰਦਾ । ਉਠ ਜੀਵ ਜਾਗ, ਧੋ ਕਾਇਆ ਦਾਗ਼, ਹਰਿ ਦਰ ਸਾਚਾ ਆਪ ਧਵਾਇੰਦਾ । ਉਠ ਜੀਵ ਹੰਸ ਬਣ ਕਾਗ, ਸੋਹੰ ਚੋਗ ਮੋਤੀ ਆਪ ਚੁਗਾਇੰਦਾ । ਤਨ ਬੁਝਾ ਤ੍ਰਿਸ਼ਨਾ ਆਗ, ਅੰਮ੍ਰਿਤ ਮੇਘ ਆਪ ਬਰਸਾਇੰਦਾ । ਉਠ ਜੀਵ ਜਾਗ, ਨਾ ਡੱਸੇ ਡੱਸਣੀ ਨਾਗ, ਮਾਇਆ ਮਮਤਾ ਮੋਹ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੋਏ ਆਪ ਜਗਾਇੰਦਾ । ਉਠ ਜੀਵ ਜਾਗ, ਜਾਗਣ ਵੇਲਾ ਅੰਤਮ ਆਇਆ । ਆਪੇ ਗੁਰ ਆਪੇ ਚੇਲਾ, ਆਪ ਆਪਣਾ ਰੂਪ ਵਟਾਇਆ । ਆਪੇ ਹੋਇਆ ਸੱਜਣ ਸੁਹੇਲਾ, ਜਨ ਭਗਤ ਦਵਾਰੇ ਆਇਆ । ਅਚਰਜ ਖੇਲ ਆਪੇ ਖੇਲਾ, ਕਲਧਾਰੀ ਕਲ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਇਆ । ਉਠ ਜੀਵ ਜਾਗ, ਮਿਲ ਸਾਜਣ ਮੀਤਾ । ਉਠ ਜੀਵ ਜਾਗ, ਪ੍ਰਭ ਇਕ ਸੁਣਾਏ ਸੁਹਾਗੀ ਗੀਤਾ । ਉਠ ਜੀਵ ਜਾਗ, ਏਕਾ ਬਖ਼ਸ਼ੇ ਹਰਿ ਚਰਨ ਪ੍ਰੀਤਾ । ਉਠ ਜੀਵ ਜਾਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਮਾਣ ਰਖਾਏ ਅਠਾਰਾਂ ਧਿਆਏ, ਗੀਤਾ । ਉਠ ਜੀਵ ਜਾਗ, ਮਨ ਹੋਏ ਵੈਰਾਗ । ਬੁਝੇ ਤ੍ਰਿਸ਼ਨਾ ਆਗ, ਚਰਨ ਕਵਲ ਲਾਗ । ਮਾਨਸ ਜਨਮ ਧੋ ਦਾਗ਼ । ਦੀਪਕ ਜੋਤੀ ਜਗੇ ਚਿਰਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਹੰਸ ਬਣਾਏ ਕਾਗ । ਉਠ ਜੀਵ ਜਾਗ ਵਕਤ ਸੁਹੰਜਣਾ, ਹਰਿ ਸਾਚੀ ਜੋਤ ਜਗਾਈਆ । ਨੇਤਰ ਨੈਣ ਦਰਸ ਗੁਰ ਸ਼ਬਦ ਸੱਚਾ ਅੰਜਨਾ, ਅੰਧ ਅੰਧੇਰ ਰਿਹਾ ਮਿਟਾਈਆ । ਕਾਇਆ ਭਾਂਡਾ ਅੰਤਮ ਭੱਜਣਾ, ਸੰਮਤ ਚੌਦਾਂ ਦਏ ਦੁਹਾਈਆ । ਕਾਲ ਨਗਾਰਾ ਸਿਰ ਤੇ ਵੱਜਣਾ, ਕੋਇ ਨਾ ਕਿਸੇ ਬਚਾਈਆ । ਘਰ ਬਾਹਰ ਮੰਦਰ ਅੰਦਰ ਸਭ ਤੱਜਣਾ, ਨਾ ਕੋਈ ਸੌਵੇ ਲੇਫ਼ ਤਲਾਈਆ । ਅੰਮ੍ਰਿਤ ਪੀ ਪੀ ਕਿਸੇ ਨਾ ਰੱਜਣਾ, ਨੀਰ ਸੀਰ ਹੱਥ ਨਾ ਆਈਆ । ਲੋਕਮਾਤ ਬਿਨ ਗੁਰ ਪੂਰੇ ਪੜਦਾ ਕਿਸੇ ਨਾ ਕੱਜਣਾ, ਤਨ ਬਸਤਰ ਚੀਰ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਗੁਰਮਤ ਜਗਤ ਨਿਸ਼ਾਨ, ਹਰਿ ਸਾਚਾ ਆਪ ਉਠਾਇੰਦਾ । ਜਨ ਭਗਤਾਂ ਮਾਰੇ ਧਿਆਨ, ਦਰ ਦਵਾਰੇ ਵੇਖ ਵਖਾਇੰਦਾ । ਰਸਨਾ ਸਾਰੇ ਸੋਹੰ ਗਾਨ, ਗੋਬਿੰਦ ਮੇਲ ਮਿਲਾਇੰਦਾ । ਘਰ ਦਰ ਪਾਇਆ ਸ੍ਰੀ ਭਗਵਾਨ, ਏਕਾ ਧਾਮ ਸਾਚਾ ਸ਼ਾਮ ਵਿਚ ਬਿਬਾਣ ਸੰਬਲ ਨਗਰੀ ਇਕ ਨਾਉਂ ਰਖਾਇੰਦਾ । ਸੰਬਲ ਨਗਰ ਸਚ ਗਰਾਮ, ਗੋਬਿੰਦ ਆਸਣ ਲਾਇੰਦਾ । ਗੋਬਿੰਦ ਗੁਰ ਕਰ ਬਿਸਰਾਮ,


੫੬੭
੦੬

ਸਾਚੀ ਸੇਜ ਸੁਹਾਇੰਦਾ । ਮਨਮੁਖ ਜੀਵਾਂ ਦੱਸੇ ਕਾਇਆ ਮਾਟੀ ਚਾਮ, ਸਾਚੀ ਹਾਟੀ ਸ਼ਬਦ ਨਾ ਕੋਈ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਆਪ ਸਮਝਾਇੰਦਾ । ਸਾਚੀ ਮਤ ਗੁਰ ਏਕ ਰਖਾਈ, ਲੋਕਮਾਤ ਵੱਜੇ ਵਧਾਈਆ । ਏਕਾ ਸਗਨ ਮੁਖ ਲਗਾਈ, ਆਤਮ ਅੰਤਰ ਵੱਜੇ ਵਧਾਈਆ । ਕਲਜੁਗ ਬਸੰਤਰ ਰਿਹਾ ਬੁਝਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰ ਮੰਤਰ ਏਕਾ ਏਕ ਜਣਾਈਆ । ਗੁਰ ਮੰਤਰ ਜਗਤ ਸ਼ਬਦ ਅਨਮੋਲ, ਹਰਿ ਏਕਾ ਏਕ ਰਖਾਇਆ । ਗੁਰਸਿਖ ਰਸਨਾ ਬੋਲ, ਦਿਵਸ ਰੈਣ ਰਸਨਾ ਜਿਹਵਾ ਗਾਇਆ । ਮੇਲ ਮਿਲਾਏ ਕੰਤ ਕੰਤੂਹਲ, ਦਰ ਦਵਾਰੇ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਏ ਪੂਤ ਰਿਹਾ ਉਠਾਇਆ । ਸੋਇਆ ਸੁਤ ਦੁਲਾਰ, ਰੈਣ ਅੰਧੇਰੀ ਛਾਈਆ । ਆਪੇ ਹੋਇਆ ਖ਼ਬਰਦਾਰ, ਪਿਤਾ ਪੂਤ ਸਮਾਈਆ । ਦਿਵਸ ਰੈਣ ਪਹਿਰੇਦਾਰ, ਗੋਬਿੰਦ ਭੇਖ ਵਟਾਈਆ । ਸੇਵਕ ਸੇਵਾ ਕਰੇ ਅਪਾਰ, ਨੌਂ ਖੰਡ ਵੇਖ ਵਿਖਾਈਆ । ਭਾਰਤ ਖੰਡ ਤੇਰੀ ਬੰਨ੍ਹੇ ਧਾਰ, ਗੁਰਮੁਖ ਸਾਚੇ ਲਏ ਜਗਾਈਆ । ਜੰਬੂ ਦੀਪ ਅੱਧਵਿਚਕਾਰ, ਪ੍ਰਭ ਬੈਠਾ ਆਸਣ ਲਾਈਆ । ਪੁਸ਼ਕਰ ਨੇਤਰ ਵੇਖੇ ਉਘਾੜ, ਸਾਨ ਚਰਨਾਂ ਹੇਠ ਦਬਾਈਆ । ਕਰੌਚ ਲੱਗੇ ਪੰਚ ਦਵਾਰ, ਸਲਮਲ ਬੈਠਾ ਦਏ ਦੁਹਾਈਆ । ਲੱਖਣ ਕਰੇ ਇਕ ਪਿਆਰ, ਕੁਸ਼ਾ ਮੇਟ ਮਿਟਾਈਆ । ਗੁਰਮੁਖ ਸਾਚੇ ਸੰਤ ਦੁਲਾਰ, ਹਰਿ ਆਪਣੀ ਗੋਦ ਉਠਾਈਆ । ਆਪੇ ਬਣਿਆ ਦਰ ਭਿਖਾਰ, ਦਰ ਦਵਾਰੇ ਮੰਗਣ ਆਈਆ । ਏਕਾ ਇੱਕੀ ਵਿਚ ਸੰਸਾਰ, ਗੁਰ ਗੋਬਿੰਦ ਤੇਰੀ ਰਿਹਾ ਪਾਈਆ । ਮੰਗੀ ਮੰਗ ਦਰ ਦਰਬਾਰ, ਹਰਿ ਗੋਬਿੰਦ ਕਰਾਈਆ । ਆਪੇ ਰੱਖੇ ਤਿੱਖੀ ਧਾਰ, ਦੋਏ ਧਾਰਾਂ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਗੁਰਮਤ ਜਗਤ ਪਰਧਾਨ, ਹਰਿ ਏਕਾ ਏਕ ਕਰਾਈਆ । ਹੱਥ ਫੜਾਏ ਧਰਮ ਨਿਸ਼ਾਨ, ਚੌਦਾਂ ਕੁੰਟਾਂ ਰਿਹਾ ਵਿਖਾਈਆ । ਨਾ ਕੋਈ ਦਿਸੇ ਜੀਵ ਸ਼ੈਤਾਨ, ਨੌਂ ਦਰ ਨਾ ਕੋਈ ਭਵਾਈਆ । ਏਕਾ ਦਾਤਾ ਦਾਨੀ ਦਾਨ, ਗੁਣ ਨਿਧਾਨ ਨਾਮ ਭੰਡਾਰਾ ਰਿਹਾ ਵਰਤਾਈਆ । ਸੋਹੰ ਸਾਚਾ ਧਰਮ ਨਿਸ਼ਾਨ, ਏਕਾ ਏਕ ਰਖਾਈਆ । ਸੋਹੰ ਸਾਰੇ ਰਸਨਾ ਗਾਨ, ਪ੍ਰਭ ਸਾਚੀ ਸੇਵਾ ਲਾਈਆ । ਜੈ ਜੈ ਜੈਕਾਰ ਸ੍ਰੀ ਭਗਵਾਨ, ਲੋਆਂ ਪੁਰੀਆਂ ਆਪ ਕਰਾਈਆ । ਬ੍ਰਹਮਾ ਵੇਖੇ ਮਾਰ ਧਿਆਨ, ਅੱਠੇ ਨੇਤਰ ਖੋਲ੍ਹ ਵਖਾਈਆ । ਸ਼ਿਵ ਸ਼ੰਕਰ ਮੰਗੇ ਏਕਾ ਦਾਨ, ਪ੍ਰਭ ਸਾਚਾ ਝੋਲੀ ਪਾਈਆ । ਸੁਰਪਤ ਰਾਜਾ ਚਰਨ ਧਿਆਨ, ਦਿਵਸ ਰੈਣ ਲਗਾਈਆ । ਨੌਂ ਖੰਡ ਪ੍ਰਿਥਮੀ ਏਕਾ ਆਣ, ਹਰਿ ਸਾਚੇ ਅੰਤਮ ਪਾਈਆ । ਸੱਤਾਂ ਦੀਪਾਂ ਕਰ ਪਛਾਣ, ਏਕਾ ਧਾਰ ਵਹਾਈਆ । ਲੱਖ ਚੁਰਾਸੀ ਤੁੱਟੇ ਮਾਣ, ਕਲਜੁਗ ਅੰਤਮ ਦਏ ਸਜ਼ਾਈਆ । ਲਾੜੀ ਮੌਤ ਹੋਏ ਪ੍ਰਧਾਨ, ਹੱਥੀਂ ਬੈਠੀ ਮਹਿੰਦੀ ਲਾਈਆ । ਮਨਮੁਖ ਜੀਵ ਸ਼ੈਤਾਨ, ਅੰਤ ਲਏ ਪਰਨਾਈਆ । ਗੁਰ ਚਰਨ ਪ੍ਰੀਤੀ ਵਿਟਹੋਂ ਕੁਰਬਾਨ, ਸੀਸ ਜਗਦੀਸ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸੇਵਾ ਰਿਹਾ ਕਰ, ਆਪ ਆਪਣਾ ਮੂਲ ਚੁਕਾਈਆ ।

ਆਪ ਆਪਣਾ ਮੂਲ ਚੁਕਾਇਆ, ਗੁਰ ਸੰਗਤ ਭੇਟ ਸੀਸਾ । ਪੰਚਮ ਤਤ ਦਿਸ ਨਾ ਆਇਆ, ਖੇਲੇ ਖੇਲ ਬੀਸ ਇਕੀਸਾ । ਗਤ ਮਿਤ

੫੬੮
੦੬

੫੬੯
੦੬

ਆਪ ਜਣਾਇਆ, ਛਤਰ ਝੁਲਾਏ ਸਾਚਾ ਸੀਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣਾ ਵੇਸਾ । ਉਠ ਜੀਵ ਜਾਗ, ਕਲਜੁਗ ਰੈਣ ਦਏ ਦੁਹਾਈਆ । ਚਾਰੋਂ ਕੁੰਟ ਲੱਗੀ ਆਗ, ਨਾ ਸਕੇ ਕੋਈ ਬੁਝਾਈਆ । ਅੰਤਮ ਘਰ ਘਰ ਬੁਝਣਾ ਮਾਤ ਚਿਰਾਗ, ਦੀਵਾ ਬੱਤੀ ਨਾ ਕੋਈ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਚੇ ਰਿਹਾ ਉਠਾਈਆ । ਉਠ ਜੀਵ ਜਾਗ, ਵਕਤ ਵਿਹਾਇੰਦਾ । ਪ੍ਰਭ ਅਬਿਨਾਸ਼ੀ ਚਰਨੀ ਲਾਗ, ਸੰਮਤ ਚੌਦਾਂ ਰਾਹ ਤਕਾਇੰਦਾ । ਲੱਗੇ ਅੱਗ ਕੋਲ ਵਾਘ, ਹਰਿ ਸਾਚਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਧਾਮ ਸੁਹਾਇੰਦਾ । ਸੰਬਲ ਨਗਰੀ ਧਾਮ ਉਜਾਗਰ, ਹਰਿ ਸਾਚੇ ਧਾਮ ਸੁਹਾਇਆ । ਗੁਰ ਗੋਬਿੰਦਾ ਬਣ ਸੌਦਾਗਰ, ਵਣਜ ਵਣਜਾਰਾ ਇਕ ਅਖਵਾਇਆ । ਆਪੇ ਵਸੇ ਕਾਇਆ ਗਾਗਰ, ਦਿਸ ਕਿਸੇ ਨਾ ਆਇਆ । ਅੰਮ੍ਰਿਤ ਧਾਰ ਸਿੰਧ ਸਾਗਰ, ਹਰਿ ਸਾਚਾ ਰਿਹਾ ਵਹਾਇਆ । ਹਰਿਜਨ ਉਠ ਉਠ ਜਾਗ, ਹਰਿ ਸਾਚਾ ਆਪ ਉਠਾਇੰਦਾ । ਲੱਖ ਚੁਰਾਸੀ ਤੁੱਟਾ ਤਾਗ, ਤੰਦਨ ਤੰਦ ਨਾ ਕੋਈ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਚੌਦਾਂ ਲੋਕ ਹੱਟ ਪਸਾਰਾ, ਆਪਣਾ ਆਪ ਕਰਾਇੰਦਾ । ਆਪੇ ਜਾਣੇ ਪਾਰ ਕਿਨਾਰਾ, ਵੰਞ ਮੁਹਾਣਾ ਆਪ ਚਲਾਇੰਦਾ । ਆਪੇ ਬੰਨ੍ਹਣਹਾਰਾ ਧਾਰਾ, ਆਪੇ ਮੇਟ ਮਿਟਾਇੰਦਾ । ਆਪੇ ਬਣੇ ਹਰਿ ਵਣਜਾਰਾ, ਆਪੇ ਵਣਜ ਕਰਾਇੰਦਾ । ਆਪੇ ਭਰਿਆ ਨਾਮ ਭੰਡਾਰਾ, ਆਪੇ ਆਪ ਪਿਲਾਇੰਦਾ । ਆਪੇ ਖੋਲ੍ਹ ਇਕ ਦਵਾਰਾ, ਆਪੇ ਰਾਹ ਵਖਾਇੰਦਾ । ਚਾਰ ਵਰਨ ਸਚ ਪਿਆਰਾ, ਚਰਨ ਪ੍ਰੀਤੀ ਇਕ ਵਖਾਇੰਦਾ । ਸਤਿਜੁਗ ਤੇਰਾ ਖੇਲ ਨਿਆਰਾ, ਸਤਿ ਸੰਤੋਖੀ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਾਹ ਚਲਾਇੰਦਾ । ਚੌਦਾਂ ਲੋਕ ਸਾਚਾ ਘਰ, ਏਕਾ ਏਕ ਖੁਲ੍ਹਾਇਆ । ਇਕ ਸ਼ਬਦ ਇਕ ਸਲੋਕ, ਏਕਾ ਰਸਨਾ ਗਾਇਆ । ਕੋਈ ਨਾ ਸਕੇ ਦੋ ਜਹਾਨਾਂ ਰੋਕ, ਤ੍ਰੈਲੋਕਾਂ ਬਣਤ ਬਣਾਇਆ । ਮਨਮੁਖ ਜੀਵਾਂ ਦੇਵੇ ਝੋਕ, ਤ੍ਰੈਗੁਣ ਮਾਇਆ ਅਗਨੀ ਮੱਠ ਤਪਾਇਆ । ਜੂਠ ਝੂਠ ਭੋਗਣ ਭੋਗ, ਆਤਮ ਰਸ ਕਿਸੇ ਨਾ ਆਇਆ । ਅੰਤਮ ਹੋਏ ਮਾਤ ਵਿਜੋਗ, ਸਗਲਾ ਸੰਗ ਨਾ ਕੋਈ ਨਿਭਾਇਆ । ਹਉਮੇ ਹੰਗਤਾ ਲੱਗਾ ਰੋਗ, ਵਿਕਾਰ ਹੰਕਾਰ ਚਲਾਇਆ । ਗੁਰਮੁਖਾਂ ਦੇਵੇ ਸਾਚਾ ਜੋਗ, ਸੋਹੰ ਤਨ ਭਬੂਤ ਰਮਾਇਆ । ਦੇਵੇ ਦਰਸ ਹਰਿ ਅਮੋਘ, ਚਾਰੇ ਕੁੰਟ ਹੋਏ ਸਹਾਇਆ । ਅੰਤਮ ਮੇਲਾ ਧੁਰ ਸੰਜੋਗ, ਹਰਿ ਸੰਜੋਗੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਲੋਕਾਂ ਵੇਖ ਵਖਾਇਆ । ਚੌਦਾਂ ਲੋਕਾਂ ਮਾਰ ਧਿਆਨ, ਹਰਿ ਸਾਚਾ ਵੇਖ ਵਖਾਇੰਦਾ । ਇਤਲ ਵਿਤਲ ਸਿਤਲ ਇਕ ਗਿਆਨ, ਏਕਾ ਰੂਪ ਵਟਾਇੰਦਾ । ਤਲਾਤਲ ਮਹਾਤਲ ਸ਼ਬਦ ਨਿਸ਼ਾਨ, ਹਰਿ ਸਾਚਾ ਆਪ ਝੁਲਾਇੰਦਾ । ਰਸਾਤਲ ਤਲਾਤਲ ਇਕ ਧਿਆਨ, ਹਰਿ ਆਪੇ ਆਪ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਗਿਆਨ ਇਕ ਧਿਆਨ ਏਕਾ ਨਾਮ ਜਪਾਇੰਦਾ । ਏਕਾ ਨਾਮ ਧੁਰ ਫ਼ਰਮਾਣ, ਹਰਿ ਸਾਚਾ ਮਾਤ ਲਿਆਇੰਦਾ । ਜੀਵ ਜੰਤ ਸਰਬ ਗਾਨ, ਸਾਧ ਸੰਤਾਂ ਸੇਵਾ ਲਾਇੰਦਾ । ਪਾਰਬ੍ਰਹਮ ਪ੍ਰਭ ਬਣਿਆ ਕਾਹਨ, ਦਰ ਮੰਦਰ ਅੰਦਰ ਇਕ ਸੁਹਾਇੰਦਾ । ਦੇਵੇ ਦਰਸ ਕਵਲ ਕਾਹਨ, ਕਾਹਨਾ ਕ੍ਰਿਸ਼ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਹੱਟ ਇਕ ਵਖਾਇੰਦਾ ।

ਚੌਦਾਂ ਲੋਕ ਨਾਮ ਹੱਟ, ਪ੍ਰਭ ਸਾਚੇ ਮਾਤ ਖੁਲ੍ਹਾਇਆ । ਜਨ ਭਗਤਾਂ ਤਨ ਪਹਿਨਾਏ ਸਾਚਾ ਪੱਟ, ਇਕ ਸ਼ਿੰਗਾਰ ਕਰਾਇਆ । ਦੁਰਮਤ ਮੈਲ ਦੇਵੇ ਕੱਟ, ਰੋਗ ਸੋਗ ਰਹਿਣ ਨਾ ਪਾਇਆ । ਦੀਪਕ ਜੋਤੀ ਲਟ ਲਟ, ਗੁਰਮੁਖਾਂ ਅੰਧੇਰ ਮਿਟਾਇਆ । ਸ਼ਬਦ ਤੀਰ ਮਾਰੇ ਸੱਟ, ਸੋਹੰ ਚੋਟ ਲਗਾਇਆ । ਇਕ ਵਿਖਾਏ ਤੀਰਥ ਤਟ, ਸਰ ਸਰੋਵਰ ਰਿਹਾ ਸੁਹਾਇਆ । ਖੇਲੇ ਖੇਲ ਕਾਇਆ ਮਟ, ਚੌਦਾਂ ਹੱਟ ਰਿਹਾ ਉਪਾਇਆ । ਆਪ ਉਸਾਰੇ ਕਿਰਪਾ ਧਾਰੇ ਅੰਤਮ ਬਣਾਏ ਜੂਠਾ ਮੱਠ, ਅਗਨੀ ਜੋਤ ਲਗਾਇਆ । ਗੁਰਸਿਖ ਪ੍ਰਭ ਚਰਨ ਦਵਾਰੇ ਇਕੱਠ, ਸਾਚਾ ਧਾਮ ਸੁਹਾਇਆ । ਪੰਚਮ ਜੇਠੀ ਆਉਣਾ ਨੱਠ, ਵੇਲੇ ਅੰਤ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰਿਹਾ ਜਗਾਇਆ । ਗੁਰਸਿਖ ਅਧਾਰ, ਪਾਰ ਕਰਾਇਆ । ਆਏ ਚਰਨ ਦਵਾਰ, ਦਰਸ਼ਨ ਪਾਇਆ । ਦਰਸ ਅਮੋਘਾ ਵਿਚ ਸੰਸਾਰ, ਨੇਤਰ ਨੈਣ ਵਿਖਾਇਆ । ਨੇਤਰ ਨੈਣ ਖੋਲ੍ਹ ਕਿਵਾੜ, ਸ਼ਬਦੀ ਜੋੜ ਜੁੜਾਇਆ । ਸ਼ਬਦ ਡੰਕ ਅਪਰ ਅਪਾਰ, ਤਨ ਮੰਦਰ ਆਪ ਵਜਾਇਆ । ਤਨ ਮੰਦਰ ਅੰਦਰ ਸਚ ਦਰਬਾਰ, ਦਸਮ ਦਵਾਰੀ ਇਕ ਰਖਾਇਆ । ਦਸਮ ਦਵਾਰੀ ਸਚ ਘਰ ਬਾਹਰ, ਹਰਿ ਸਾਚੇ ਆਸਣ ਲਾਇਆ । ਹਰਿ ਸਾਚਾ ਜੋਤ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਮੇਲਾ ਅਪਰ ਅਪਾਰ, ਸਰਗੁਣ ਲੇਖੇ ਲਾਇਆ । ਸਰਗੁਣ ਸਾਚਾ ਲਏ ਅਧਾਰ, ਆਪ ਆਪਣੀ ਦਇਆ ਕਮਾਇਆ । ਦਇਆਨਿਧ ਵਡ ਦਾਤਾਰ, ਕਾਰਜ ਸਿੱਧ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਤਰਾਇਆ । ਗੁਰਸਿਖ ਸਾਚੇ ਚਰਨ ਪਿਆਸ, ਏਕਾ ਏਕ ਰਖਾਈਆ । ਸਤਿਗੁਰ ਪੂਰਾ ਹੋਇਆ ਦਾਸ, ਦਰ ਦਵਾਰੇ ਅੱਗੇ

੫੭੦ ੦੬

ਦਰਸ਼ਨ ਪਾਈਆ । ਰਸਨਾ ਗਾਏ ਸਵਾਸ ਸਵਾਸ, ਸੇਵਕ ਸੇਵਾ ਲੇਖੇ ਲਾਈਆ । ਵੇਖ ਵਿਖਾਏ ਪ੍ਰਿਥਮੀ (ਆਕਾਸ਼), ਗੁਪਤ ਜ਼ਾਹਿਰ ਭੇਵ ਨਾ ਰਾਈਆ । ਲੇਖੇ ਲਾਏ ਦਸ ਦਸ ਮਾਸ, ਗਰਭਵਾਸ ਫੰਦ ਕਟਾਈਆ । ਨਿਜ ਘਰ ਆਤਮ ਰੱਖੇ ਵਾਸ, ਆਤਮ ਬ੍ਰਹਮ ਜਣਾਈਆ । ਜੋਤੀ ਨੂਰ ਕਰੇ ਪਰਕਾਸ਼, ਕੋਟਨ ਭਾਨ ਤੇਜ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਸੇਵਾ ਰਿਹਾ ਕਮਾਈਆ । ਗੁਰ ਸੰਗਤ ਗੁਰ ਦਵਾਰ, ਸਾਚਾ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਜਮ ਕਾ ਸੰਗਲ ਰਿਹਾ ਕਟਾਇਆ । ਦਰ ਦਵਾਰੇ ਬਣ ਭਿਖਾਰ, ਭੇਖਾਧਾਰੀ ਬਣ ਕੇ ਆਇਆ । ਮੰਗੇ ਮੰਗ ਇਕ ਅਪਾਰ, ਚਰਨ ਪ੍ਰੀਤੀ ਰਿਹਾ ਸਿਖਾਇਆ । ਮਨਮੁਖ ਅੰਤਮ ਗਿਆ ਹਾਰ, ਮੁਖ ਕਾਲਾ ਟਿੱਕਾ ਮਸਤਕ ਲਾਇਆ । ਸਤਿਜੁਗ ਸਾਚਾ ਹੋ ਤਿਆਰ, ਸਾਚਾ ਚੰਦ ਰਿਹਾ ਚੜ੍ਹਾਇਆ । ਗੁਰਮੁਖ ਸਾਚੇ ਨਾਲ ਪਿਆਰ, ਆਪਣਾ ਰਿਹਾ ਬੰਧਾਇਆ । ਸ਼ਬਦ ਵਿਚੋਲਾ ਵਿਚ ਸੰਸਾਰ, ਸੋਹੰ ਇਕ ਰਖਾਇਆ । ਸਾਚਾ ਢੋਲਾ ਹਰਿ ਨਿਰੰਕਾਰ, ਏਕਾ ਬੋਲਾ ਰਿਹਾ ਜਣਾਇਆ । ਕਲਾ ਸੋਲਾਂ ਹਰਿ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਕਾਇਆ ਚੋਲਾ ਤਜ ਗਿਰਧਾਰ, ਗੁਰ ਸੰਗਤ ਭੇਟ ਚੜ੍ਹਾਇਆ । ਸ਼ਬਦ ਸਿੰਘਾਸਣ ਇਕ ਅਪਾਰ, ਹਰਿ ਆਪਣਾ ਆਸਣ ਲਾਇਆ । ਜੋਤੀ ਨੂਰ ਕਰ ਉਜਿਆਰ, ਚਾਰੇ ਕੁੰਟਾਂ ਵੇਖ ਵਖਾਇਆ । ਪਰਗਟ ਹੋਵੇ ਵਿਚ ਸੰਸਾਰ, ਗੋਬਿੰਦ ਕਾਇਆ ਵਿਚ ਸਮਾਇਆ । ਗੋਬਿੰਦ ਕਾਇਆ ਖੇੜਾ ਅਪਰ ਅਪਾਰ, ਸੰਬਲ ਨਗਰੀ ਨਾਉਂ ਧਰਾਇਆ । ਸੰਬਲ ਨਗਰੀ ਵਿਚ ਸੰਸਾਰ, ਸਾਢੇ ਤਿੰਨ ਹੱਥ ਰਿਹਾ ਬਣਾਇਆ । ਸਾਢੇ ਤਿੰਨ ਹੱਥ ਮਹੱਲ ਉਸਾਰ, ਨੌ ਦਵਾਰੇ ਆਪ ਲਗਾਇਆ । ਦਸਵੇਂ ਖੇਲ ਅਪਰ ਅਪਾਰ, ਆਪਣੀ ਬਣਤ ਆਪ ਜਣਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਸਾਚੇ ਮਾਰਗ ਰਿਹਾ ਲਗਾਇਆ । ਸਾਚਾ ਮਾਰਗ ਇਕ ਲਗਾਵਣਾ, ਚਾਰ ਵਰਨ ਜਣਾਈਆ । ਊਚਾਂ ਨੀਚਾਂ ਰਾਜ ਰਾਜਾਨਾਂ ਏਕਾ ਥਾਂ ਬਹਾਵਣਾ, ਜ਼ਾਤ ਪਾਤ ਰਹਿਣ ਨਾ ਪਾਈਆ । ਏਕਾ ਨਾਮ ਏਕਾ ਖੰਡਾ ਏਕਾ ਤੀਰ ਏਕਾ ਬਸਤਰ ਏਕਾ ਸ਼ਸਤਰ ਤਨ ਪਹਿਨਾਵਣਾ, ਦੂਈ ਦਵੈਤੀ ਮੇਟ ਮਿਟਾਈਆ । ਏਕਾ ਨੇਤਰ ਏਕਾ ਨੈਣਾ ਏਕਾ ਸ਼ਬਦ ਸਾਚਾ ਗਹਿਣਾ ਤਨ ਛੁਹਾਵਣਾ, ਤਨ ਸ਼ਿੰਗਾਰ ਕਰਾਈਆ । ਏਕਾ ਨਾਤਾ ਭਾਈ ਭੈਣਾਂ, ਗੁਰ ਸੰਗਤ ਆਪ ਕਰਾਈਆ । ਕਲਜੁਗ ਜੀਵਾਂ ਝੂਠੇ ਵਹਿਣ ਵਹਿਣਾ, ਕਲਜੁਗ ਅੰਤਮ ਰਿਹਾ ਰੁੜ੍ਹਾਈਆ । ਨਾ ਕੋਈ ਸਾਕ ਸੱਜਣ ਦਿਸੇ ਸੈਣਾ, ਮਾਤ ਪਿਤ ਨਾ ਕੋਈ ਅਖਵਾਈਆ । ਗੁਰ ਪੀਰ ਜੁਗ ਜੁਗ ਚੁਕਾਏ ਲਹਿਣਾ ਦੇਣਾ, ਲਹਿਣਾ ਦੇਣਾ ਮੂਲ ਚੁਕਾਈਆ । ਹਰਿ ਭਾਣੇ ਅੰਦਰ ਗੁਰਸਿਖ ਰਹਿਣਾ, ਭਾਣਾ ਸਹਿਣਾ ਸ਼ਬਦ ਜਣਾਈਆ । ਦਰਸ ਦਿਖਾਏ ਤੀਜੇ ਨੈਣਾ, ਨੇਤਰ ਨੈਣ ਵੇਖ ਵਖਾਈਆ । ਲਾੜੀ ਮੌਤ ਨਾ ਖਾਏ ਡੈਣਾ, ਸ਼ਬਦ ਖੰਡਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੇਰਜ ਅੰਡਾਂ ਫੰਦ ਰਿਹਾ ਕਟਾਈਆ । ਜੇਰਜ ਅੰਡ ਕਟੇ ਫੰਦ, ਆਪ ਆਪਣੀ ਕਲ ਧਾਰਿਆ । ਜੋ ਜਨ ਗਾਏ ਬੱਤੀ ਦੰਦ, ਲੱਖ ਚੁਰਾਸੀ ਪਾਵੇ ਸਾਰਿਆ । ਸਦਾ ਸੁਹੇਲਾ ਸਦ ਬਖ਼ਸ਼ੰਦ, ਆਪ ਕਰਾਏ ਪਾਰ ਕਿਨਾਰਿਆ । ਜੋ ਜਨ ਤਜਾਏ ਮਦਿਰਾ ਮਾਸ ਗੰਦ, ਨਿਰਮਲ ਜੋਤ ਕਰੇ ਉਜਿਆਰਿਆ । ਖ਼ੁਸ਼ੀ ਕਰਾਏ ਬੰਦ ਬੰਦ, ਮੇਟ ਮਿਟਾਏ ਧੂੰਆਂਧਾਰਿਆ । ਇਕ ਸੁਣਾਏ ਸੁਹਾਗੀ ਛੰਦ, ਰਾਗ ਨਾਦ ਇਕ ਸੁਣਾ ਰਿਹਾ । ਦੂਈ ਦਵੈਤੀ ਢਾਹੇ ਭਰਮਾਂ ਕੰਧ, ਸਤਿਗੁਰ ਸਾਚਾ ਮੇਲਾ ਆਪ ਮਿਲਾ ਰਿਹਾ । ਮਨਮੁਖ ਜੀਵ ਭਾਗਾਂ ਮੰਦ, ਪ੍ਰਭ ਸਾਚਾ ਦਰ ਦੁਰਕਾ ਰਿਹਾ । ਗੁਰਮੁਖ ਚੜ੍ਹਾਏ ਸਾਚੇ ਚੰਦ, ਸਤਿਜੁਗ ਸਾਚੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਉਪਜਾਏ ਸਾਚੇ ਸੰਤ, ਸੰਤ ਕੰਤ ਭਗਵੰਤ ਏਕਾ ਧਾਮ ਸੁਹਾ ਰਿਹਾ ।


੫੭੧
੦੬

ਜਨਮ ਕਰਮ ਪ੍ਰਭ ਹੱਥ, ਜੁਗ ਜੁਗ ਮੇਲ ਮਿਲਾਇੰਦਾ । ਜਿਸ ਜਨ ਰੱਖੇ ਦੇ ਕਰ ਹੱਥ, ਦੇ ਮਤ ਆਪ ਸਮਝਾਇੰਦਾ । ਸਗਲ ਵਸੂਰੇ ਦੇਵੇ ਮਥ, ਆਤਮ ਬ੍ਰਹਮ ਜਣਾਇੰਦਾ । ਪੰਚਾਂ ਚੋਰਾਂ ਪਾਏ ਨੱਥ, ਸ਼ਬਦ ਡੋਰੀ ਇਕ ਰਖਾਇੰਦਾ । ਨਾਮ ਜਣਾਈ ਮਹਿੰਮਾ ਅਕੱਥ, ਅਕਥ ਕਥਾ ਅਖਵਾਇੰਦਾ । ਜਿਸ ਜਨ ਚੜ੍ਹਾਏ ਸਾਚੇ ਰਥ, ਫੜ ਬਾਹੋਂ ਪਾਰ ਕਰਾਇੰਦਾ । ਏਕਾ ਨਾਮ ਧੁਰਦਰਗਾਹੀ ਵੱਥ, ਜਨ ਭਗਤਾਂ ਝੋਲੀ ਪਾਇੰਦਾ । ਸਗਲ ਵਸੂਰੇ ਜਾਣ ਲੱਥ, ਜੋ ਜਨ ਦਰਸ਼ਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇ ਮਤ ਆਪ ਸਮਝਾਇੰਦਾ । ਸਾਚੀ ਮਤ ਗੁਰ ਚਰਨ ਧਿਆਨ । ਪੰਚਮ ਤਤ ਮਿਟੇ ਨਿਸ਼ਾਨ । ਨੌਂ ਦਰ ਝੂਠ ਮਕਾਨ । ਕਾਇਆ ਮਾਟੀ ਜਗਤ ਦੁਕਾਨ । ਔਖੀ ਘਾਟੀ ਵਿਚ ਜਹਾਨ । ਬਜਰ ਕਪਾਟੀ ਜਿਸ ਜਨ ਪਾਟੀ, ਸਾਚਾ ਮੇਲਾ ਸ੍ਰੀ ਭਗਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਬਖ਼ਸ਼ੇ ਸਚ ਸੱਚੀ ਸਰਨਾਈਆ । ਨੌਂ ਦਵਾਰੇ ਜਗਤ ਦਵਾਰ, ਹਰਿ ਸਾਚੀ ਰਚਨ ਰਚਾਈਆ । ਗੁਰਮੁਖਾਂ ਕਰੇ ਆਪ ਪਿਆਰ, ਆਪਣੀ ਬੂਝ ਬੁਝਾਈਆ । ਨੇੜ ਨਾ ਆਏ ਪੰਚਮ ਧਾੜ, ਸ਼ਬਦ ਖੰਡਾ ਰਿਹਾ ਡਰਾਈਆ । ਡੂੰਘੀ ਭਵਰੀ ਪਾਰ ਕਿਨਾਰ, ਆਪੇ ਆਪ ਕਰਾਈਆ । ਕਾਇਆ

ਕਵਰੀ ਅੰਧ ਅੰਧਿਆਰ, ਹਰਿ ਸਾਚਾ ਵੇਖ ਵਿਖਾਈਆ । ਗੁਰ ਪੂਰਾ ਕਰੇ ਇਕ ਪਿਆਰ, ਆਪਣਾ ਪੱਲਾ ਨਾਮ ਫੜਾਈਆ । ਆਪ ਤਜਾਏ ਨੌ ਦਵਾਰ, ਦਰ ਦਵਾਰਾ ਇਕ ਸੁਹਾਈਆ । ਸੁਖਮਨ ਨਾੜੀ ਕਰੇ ਪਾਰ, ਟੇਡੀ ਬੰਕ ਲੰਘਾਈਆ । ਸਾਚੇ ਘੋੜੇ ਹੋ ਅਸਵਾਰ, ਅੱਗੇ ਪਿੱਛੇ ਰਿਹਾ ਦੁੜਾਈਆ । ਬਜਰ ਕਪਾਟੀ ਪੜਦਾ ਪਾੜ, ਸਾਚਾ ਰਾਹ ਵਖਾਈਆ । ਹਰਿਜਨ ਸਾਚਾ ਸਾਚਾ ਲਾੜ, ਪ੍ਰਭ ਸਾਚਾ ਰਿਹਾ ਉਠਾਈਆ । ਦਸਮ ਦਵਾਰੀ ਅੰਦਰ ਵਾੜ, ਆਪਣਾ ਮੁਖ ਛੁਪਾਈਆ । ਜੋਤ ਨਿਰੰਜਣ ਕਰ ਆਕਾਰ, ਜੋਤ ਸਰੂਪੀ ਡਗਮਗਾਈਆ । ਏਕਾ ਜੋਤ ਕਰ ਆਕਾਰ, ਆਪਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਗੁਰਸਿਖ ਦੇ ਮਤ ਰਿਹਾ ਸਮਝਾਈਆ । ਦਸਮ ਦਵਾਰੀ ਸਾਚਾ ਘਰ ਬਾਹਰ, ਹਰਿ ਸਾਚੇ ਆਪ ਬਣਾਇਆ । ਨਿਰਮਲ ਜੋਤੀ ਕਰ ਆਕਾਰ, ਆਪਣਾ ਰੰਗ ਰੰਗਾਇਆ । ਖੇਲੇ ਖੇਲ ਅਪਰ ਅਪਾਰ, ਸਾਚਾ ਸੰਗ ਨਿਭਾਇਆ । ਦਸਮ ਦਵਾਰੀ ਨਿਜ ਘਰ, ਆਪਣਾ ਆਪ ਵਖਾਨਿਆ । ਆਪੇ ਵਸਿਆ ਆਪਣੇ ਦਰ, ਗੁਰਮੁਖ ਸਿੱਖ ਸੁਘੜ ਸਿਆਨਿਆ । ਆਪਣੀ ਜੋਤੀ ਆਪੇ ਵਰ, ਆਪੇ ਨਾਰੀ ਕੰਤ ਹੰਢਾਨਿਆ । ਆਪ ਨੁਹਾਏ ਆਪਣੇ ਸਰ, ਸਰ ਸਰੋਵਰ ਇਕ ਵਖਾਨਿਆ । ਬਿਨ ਗੁਰ ਪੂਰੇ ਦਸਮ ਦਵਾਰੀ ਨਾ ਸਕੇ ਪਾਰ ਕਰ, ਨਾ ਦਿਸੇ ਵੰਞ ਮੁਹਾਨਿਆ । ਦਸਮ ਅਧਵਿਚਕਾਰ, ਲੋਕਮਾਤ ਬਨਿਆ ਹਰਿ ਟਿਕਾਨਿਆ । ਸਰਨ ਸਰਨਾਈ ਜੋ ਜਨ ਜਾਏ ਪੜ, ਪ੍ਰਭ ਪਾਰ ਕਰਾਏ ਦੋ ਜਹਾਨਿਆ । ਨਾ ਜਨਮੇ ਨਾ ਮਰੇ ਨਾ ਜਾਏ ਸੜ, ਲੱਖ ਚੁਰਾਸੀ ਫੰਦ ਕਟਾਨਿਆ । ਦਰ ਦਵਾਰੇ ਅੱਗੇ ਖੜ੍ਹ, ਦੇਵੇ ਦਰਸ ਸ੍ਰੀ ਭਗਵਾਨਿਆ । ਸੰਤ ਸੁਹੇਲੇ ਆਪ ਫੜਾਏ ਆਪਣੇ ਲੜ, ਚਰਨ ਧੂੜ ਸਚ ਇਸ਼ਨਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿ ਸਰੂਪ ਹਰਿ ਸ਼ਾਹੋ ਭੂਪ ਦੇਵੇ ਦਰਸ ਮਹਾਨਿਆ । ਦੇਵੇ ਦਰਸ ਹਰਿ ਪਰਤੱਖ, ਵੱਡ ਵੱਡੀ ਵਡਿਆਈਆ । ਦੋ ਜਹਾਨਾਂ ਰਿਹਾ ਰੱਖ, ਬਖ਼ਸ਼ੇ ਚਰਨ ਸੱਚੀ ਸਰਨਾਈਆ । ਅਗੰਮ ਅਗੰਮਾ ਅਲਖਣਾ ਅਲੱਖ, ਲਿਖਿਆ ਲੇਖ ਨਾ ਸਕੇ ਕੋਇ ਮਿਟਾਈਆ । ਸੰਤ ਸੁਹੇਲੇ ਚੁਣ ਚੁਣ ਕੱਢੇ ਵੱਖ, ਕਲਜੁਗ ਤੇਰੀ ਏਕਾ ਇੱਕੀ ਪਾਈਆ । ਸਾਧਾਂ ਸੰਤਾਂ ਕਾਇਆ ਭਾਂਡੇ ਕੀਨੇ ਸੱਖ, ਦੀਪਕ ਜੋਤ ਨਾ ਕੋਈ ਜਗਾਈਆ । ਗੁਰ ਸ਼ਬਦ ਨਾ ਚੜ੍ਹਨਾ ਕਿਸੇ ਰਥ, ਕਲਜੁਗ ਮੰਤਰ ਮੂਲ ਚੁਕਾਈਆ । ਸੋਹੰ ਸ਼ਬਦ ਹਰਿ ਸਮਰਥ, ਸੰਮਤ ਚੌਦਾਂ ਧਾਰ ਚਲਾਈਆ । ਚੌਦਾਂ ਲੋਕਾਂ ਦਏ ਵੱਥ, ਲੋਕਮਾਤ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਾਸ ਦਾਸਨ ਹਰਿ ਹਰ ਥਾਈਆ ।



### ✳ ੧੪ ਚੇਤਰ ੨੦੧੪ ਬਿਕ੍ਰਮੀ ਨਸੀਬ ਸਿੰਘ ਦੇ ਗ੍ਰਿਹ ਪਿੰਡ ਬੋਪਰਾਏ ਜ਼ਿਲਾ ਜਲੰਧਰ ✳

ਮਸਤਕ ਲੇਖ ਲਿਲਾਟ, ਜੁਗ ਜੁਗ ਵੇਖ ਵਖਾਇੰਦਾ । ਆਪ ਚੜ੍ਹਾਏ ਔਖੇ ਘਾਟ, ਗੁਰ ਪੂਰਾ ਦਇਆ ਕਮਾਇੰਦਾ । ਏਕਾ ਵਣਜ ਕਰਾਏ ਸਾਚੇ ਹਾਟ, ਸਚ ਵਣਜਾਰਾ ਆਪ ਅਖਵਾਇੰਦਾ । ਲੇਖਾ ਚੁੱਕੇ ਆਣ ਬਾਟ, ਆਵਣ ਜਾਵਣ ਗੇੜ ਕਟਾਇੰਦਾ । ਸਚ ਸਰੋਵਰ ਤੀਰਥ ਤਾਟ, ਚਰਨ ਦਵਾਰਾ ਇਕ ਸੁਹਾਇੰਦਾ । ਨਿਰਮਲ ਜੋਤੀ ਕਾਇਆ ਮਾਟ, ਅੰਧ ਅਗਿਆਨ ਮਿਟਾਇੰਦਾ । ਸ਼ਬਦ ਪਹਿਨਾਏ ਤਨ ਸਾਚਾ ਪਾਟ, ਏਕਾ

ਬਸਤਰ ਆਪਣੇ ਹੱਥ ਰਖਾਇੰਦਾ । ਜਨ ਭਗਤਾਂ ਨੇੜੇ ਦੱਸੇ ਵਾਟ, ਮਨਮੁਖ ਭੇਵ ਨਾ ਕੋਈ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਤਰਾਇੰਦਾ । ਚਰਨ ਕਵਲ ਪਿਆਸ, ਦਿਵਸ ਰੈਣ ਰਖਾਈਆ । ਹਰਿਜਨ ਮੇਲਾ ਹਰਿ ਗੁਣ ਤਾਸ, ਆਤਮ ਤ੍ਰਿਖਾ ਬੁਝਾਈਆ । ਨਿਜ ਆਤਮ ਅੰਤਰ ਰੱਖੇ ਵਾਸ, ਵਾਸ ਨਿਵਾਸਾ ਆਪ ਅਖਵਾਈਆ । ਕਾਇਆ ਜੰਗਲ ਜੂਹ ਉਜਾੜ ਪ੍ਰਭਾਸ, ਪ੍ਰਭ ਸਾਚੇ ਜੋਤ ਜਗਾਈਆ । ਜਨ ਭਗਤਾਂ ਹੋਇਆ ਆਪੇ ਦਾਸ, ਦਰ ਦਵਾਰੇ ਫੇਰਾ ਪਾਈਆ । ਸਾਚੇ ਮੰਡਲ ਏਕਾ ਰਾਸ, ਆਪ ਆਪਣੀ ਰਿਹਾ ਵਖਾਈਆ । ਆਦਿ ਅੰਤ ਨਾ ਹੋਏ ਵਿਨਾਸ, ਅਬਿਨਾਸ਼ੀ ਕਰਤਾ ਆਪ ਅਖਵਾਈਆ । ਭਗਤ ਸੁਹੇਲਾ ਸਦ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਪਾਰ ਕਰਾਈਆ । ਚਰਨ ਕਵਲ ਜਨ ਪ੍ਰੀਤ, ਏਕਾ ਓਟ ਰਖਾਈਆ । ਕਾਇਆ ਠੰਢੀ ਸੀਤ, ਹਉਮੇ ਰੋਗ ਮਿਟਾਈਆ । ਆਪੇ ਕਰੇ ਪਤਤ ਪੁਨੀਤ, ਸੋਹੰ ਚੋਗ ਚੁਗਾਈਆ । ਅੰਮ੍ਰਿਤ ਧਾਰਾ ਸੀਤਲ ਸੀਤ, ਏਕਾ ਮੁਖ ਚੁਆਈਆ । ਇਕ ਸੁਣਾਏ ਸੁਹਾਗੀ ਗੀਤ, ਨਾਦ ਅਨਾਦੀ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇ ਮਤ ਰਿਹਾ ਸਮਝਾਈਆ । ਅੱਠੇ ਪਹਿਰ ਦਰਸ ਭਗਵਾਨ, ਏਕਾ ਆਸ ਰਖਾਈਆ । ਚਰਨ ਕਵਲ ਕਰ ਧਿਆਨ, ਸਦ ਬੈਠਾ ਸੀਸ ਝੁਕਾਈਆ । ਦਰ ਦਵਾਰ ਕਰ ਪਰਵਾਨ, ਹਰਿ ਸਾਚਾ ਮੇਲ ਮਿਲਾਈਆ । ਦੇਵੇ ਨਾਮ ਗੁਣ ਨਿਧਾਨ, ਗੁਣਵੰਤਾ ਝੋਲੀ ਪਾਈਆ । ਏਕਾ ਅੰਮ੍ਰਿਤ ਆਤਮ ਪੀਣ ਖਾਣ, ਸੋਹੰ ਨਾਉਂ ਰਖਾਈਆ । ਆਪ ਬਿਠਾਏ ਵਿਚ ਬਿਬਾਣ, ਸ਼ਬਦ ਬਿਬਾਣਾ ਇਕ ਉਪਾਈਆ । ਹਰਿਜਨ ਵੇਖੇ ਮਾਰ ਧਿਆਨ, ਇਕ ਇਕੱਲਾ ਸੇਵ ਕਮਾਈਆ । ਆਤਮ ਜੋਤੀ ਬ੍ਰਹਮ ਗਿਆਨ, ਜਿਸ ਜਨ ਆਪਣੀ ਬੂਝ ਬੁਝਾਈਆ । ਦਰ ਦਵਾਰ ਕਰੇ ਪਰਵਾਨ, ਏਕਾ ਧਾਮ ਸੁਹਾਈਆ । ਆਵਣ ਜਾਵਣ ਚੁੱਕੇ ਕਾਣ, ਜੁਗਤ ਜੋਗ ਰਿਹਾ ਇਕ ਵਖਾਈਆ । ਦੀਪਕ ਜੋਤੀ ਕੋਟਨ ਭਾਨ, ਧੁਰ ਸੰਜੋਗ ਮਿਲਾਈਆ । ਦੇਵਣਹਾਰਾ ਦਾਤਾ ਦਾਨੀ ਦਾਨ, ਸ਼ਬਦ ਭੰਡਾਰਾ ਇਕ ਖੁਲ੍ਹਾਈਆ । ਦੋ ਜਹਾਨੀ ਸਾਚਾ ਮਾਣ, ਦਰਗਾਹ ਸਾਚੀ ਸਾਚਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸਚ ਦਰਬਾਰ, ਏਕਾ ਏਕ ਸੁਹਾਇਆ । ਸਖਾ ਸੁਹੇਲਾ ਮੀਤ ਮੁਰਾਰ, ਚੋਬਦਾਰ ਬਣ ਕੇ ਆਇਆ । ਆਪੇ ਹੋਇਆ ਪਹਿਰੇਦਾਰ, ਸੋਏ ਪੂਤ ਰਿਹਾ ਜਗਾਇਆ । ਨਾਮ ਖੰਡਾ ਤੇਜ ਕਟਾਰ, ਏਕਾ ਏਕ ਰਿਹਾ ਵਖਾਇਆ । ਆਪ ਪਹਿਨਾਏ ਤਨ ਵਿਚ ਸੰਸਾਰ, ਸਾਚੇ ਤਨ ਰਿਹਾ ਲਟਕਾਇਆ । ਗੁਰਮੁਖ ਸਾਚੇ ਕਰ ਸ਼ਿੰਗਾਰ, ਹਰਿ ਆਪੇ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਿਰਵੈਰ ਆਪ ਅਖਵਾਇਆ । ਨਰਾਇਣ ਨਿਰਵੈਰ ਨਿਰੰਕਾਰ, ਏਕਾ ਏਕ ਰੰਗ ਰਤਿਆ । ਜਨ ਭਗਤ ਉਧਾਰੇ ਕਰ ਕਰ ਮਿਹਰ, ਏਕਾ ਬਖ਼ਸ਼ੇ ਚੇਤਨ ਸਤਿਆ । ਦਰਸ ਦਿਖਾਏ ਨਾ ਲਾਏ ਦੇਰ, ਆਤਮ ਬੀਜ ਬੀਜੇ ਸਾਚੇ ਵੱਤਿਆ । ਭਾਂਡਾ ਭਰਮ ਢਹਿ ਢਹਿ ਹੋਏ ਢੇਰ, ਪੈਜ ਸਵਾਰੇ ਗੁਰੂ ਗੁਰ ਮਿਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੂਰ ਕਰਾਏ ਜਨ ਭਗਤਾਂ ਲੋਕਮਾਤ ਘਾਟਿਆ । ਲੋਕਮਾਤ ਕਲਜੁਗ ਘਾਟ, ਏਕਾ ਏਕ ਰਖਾਈਆ । ਹਰਿ ਸ਼ਬਦ ਨਾ ਵਿਕੇ ਕਿਸੇ ਹਾਟ, ਚੌਦਾਂ ਹਟ ਵੇਖ ਵਿਖਾਈਆ । ਚਾਰੋਂ ਕੁੰਟ ਖੇਲ ਬਾਜ਼ੀਗਰ ਨਾਟ, ਕਲਜੁਗ ਨਟੂਆ ਨਾਚ ਕਰਾਈਆ । ਨਾਮ

੫੭੩
੦੬

੫੭੪
੦੬

ਖਟੋਲਾ ਨਾ ਮਿਲੇ ਖਾਟ, ਨਾ ਕੋਈ ਬੈਠਾ ਆਸਣ ਲਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਸਰ ਸਰੋਵਰ ਬੈਠੇ ਮੁਖ ਛੁਪਾਈਆ । ਗੁਰਮੁਖ ਸਾਚੇ ਮਸਤਕ ਲੇਖ ਲਿਲਾਟ, ਹਰਿ ਸਾਚਾ ਤਿਲਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਤ ਅੱਠ ਲੇਖੇ ਲਾਈਆ । ਅੱਠ ਤਤ ਤਨ ਸ਼ਿੰਗਾਰ, ਹਰਿ ਆਪਣਾ ਆਪ ਕਰਾਇਆ । ਪੰਚਮ ਮੇਲਾ ਵਿਚ ਸੰਸਾਰ, ਮਨ ਮਤ ਬੁਧ ਨਾਲ ਰਲਾਇਆ । ਖੇਲੇ ਖੇਲ ਅਪਰ ਅਪਰ, ਕਲਜੁਗ ਕਾਇਆ ਤੇਰਾ ਯੁੱਧ, ਪ੍ਰਭ ਸਾਚੇ ਮਾਤ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਘੋੜੇ ਬੈਠ ਕੁੱਦ, ਸ਼ਾਹ ਅਸਵਾਰ ਆਪ ਅਖਵਾਇਆ । ਦਿਵਸ ਰੈਣ ਏਕਾ ਧਾਰ, ਏਕਾ ਰੰਗ ਵਖਾਇਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਏਕਾ ਸੰਗ ਨਿਭਾਇਆ । ਫੜ ਫੜ ਬਾਹੋਂ ਲਾਏ ਪਾਰ, ਵੰਞ ਮੁਹਾਨਾ ਰਿਹਾ ਚਲਾਇਆ । ਲਹਿਣਾ ਦੇਣਾ ਕਰਜ਼ ਉਤਾਰ, ਪਿਛਲਾ ਮੂਲ ਚੁਕਾਇਆ । ਨਾਮ ਗਹਿਣਾ ਤਨ ਸ਼ਿੰਗਾਰ, ਤੀਜੇ ਨੇਤਰ ਕੱਜਲ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਸੱਜਣ ਮੇਲ ਮਿਲਾਇਆ । ਹਰਿ ਸਾਜਣ ਪੁਰਖ ਅਬਿਨਾਸ਼, ਏਕਾ ਏਕ ਅਖਵਾਇੰਦਾ । ਆਦਿ ਅੰਤ ਨਾ ਜਾਏ ਵਿਨਾਸ, ਦਾਸਨ ਦਾਸ ਆਪ ਅਖਵਾਇੰਦਾ । ਦਿਵਸ ਰੈਣ ਸਦ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਹੋਏ ਸਹਾਈ ਦਸ ਦਸ ਮਾਸ, ਮਾਤ ਗਰਭ ਆਪ ਤਜਾਇੰਦਾ । ਹਰਿਜਨ ਕਦੇ ਨਾ ਹੋਏ ਨਿਰਾਸ, ਜੁਗ ਜੁਗ ਪੂਰਨ ਆਸ ਕਰਾਇੰਦਾ । ਰਸਨਾ ਜਿਹਵਾ ਸ਼ਬਦ ਸਵਾਸ, ਪਵਣ ਪਵਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਘਰ ਸਾਚਾ ਇਕ ਸੁਹਾਇੰਦਾ । ਗੁਰ ਚਰਨ ਦਵਾਰ ਸਾਚਾ ਸਚਖੰਡ । ਗੁਰ ਚਰਨ ਦਵਾਰ ਨੇਤਰ ਦਰਸ ਨੈਣ ਬ੍ਰਹਿਮੰਡ । ਗੁਰ ਚਰਨ ਦਵਾਰ ਲੇਖਾ ਚੁੱਕੇ ਆਵਣ ਜਾਵਣ ਜੇਰਜ ਅੰਡ । ਗੁਰ ਚਰਨ ਦਵਾਰ ਗੁਰਮੁਖ ਵਿਰਲਾ ਪਾਏ ਵਿਚ ਵਰਭੰਡ । ਗੁਰ ਚਰਨ ਦਵਾਰ ਹਰਿ ਚਰਨ ਪ੍ਰੀਤੀ ਏਕਾ ਰਿਹਾ ਵੰਡ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਮੇਟੇ ਭੇਖ ਪਖੰਡ । ਸਚਖੰਡ ਹਰਿ ਚਰਨ ਦਵਾਰੇ, ਸਾਚਾ ਧਾਮ ਸੁਹਾਇਆ । ਚਰਨ ਛੁਹਾਏ ਜਿਸ ਘਰ ਬਾਹਰੇ, ਘਰ ਸਾਚਾ ਮਾਤ ਵਸਾਇਆ । ਜਨ ਭਗਤਾਂ ਹਰਿ ਕਰ ਪਿਆਰੇ, ਜੁਗ ਜੁਗ ਦਰ ਦਰ ਅਲਖ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਨਸੀਬ ਬਣ ਰਕੀਬ ਆਪਣਾ ਸੰਗ ਨਿਭਾਇਆ ।

ਪਾਰਬ੍ਰਹਮ ਪੁਰਖ ਅਬਿਨਾਸ਼ਾ, ਏਕਾ ਏਕੰਕਾਰਿਆ । ਵੇਖੇ ਖੇਲ ਪ੍ਰਿਥਮੀ ਆਕਾਸ਼ਾ, ਲੋਆਂ ਪੁਰੀਆਂ ਪਸਰ ਪਸਾਰਿਆ । ਆਦਿ ਅੰਤ ਨਾ ਕਦੇ ਵਿਨਾਸਾ, ਜੁਗ ਜੁਗ ਲਏ ਅਵਤਾਰਿਆ । ਭਗਤ ਜਨਾਂ ਹਰਿ ਦਾਸਨ ਦਾਸਾ, ਦਰ ਦਵਾਰੇ ਦਰਸ ਦਿਖਾ ਰਿਹਾ । ਸਾਚੇ ਮੰਡਲ ਪਾਵੇ ਰਾਸਾ, ਅਚਰਜ ਰੀਤ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾ ਰਿਹਾ । ਆਦਿ ਪੁਰਖ ਆਦਿ ਸ਼ਕਤ, ਅਕਲ ਕਲਾ ਭਰਪੂਰਿਆ । ਆਪੇ ਜਾਣੇ ਸਾਧ ਸੰਤ, ਜੀਵ ਜੰਤਾਂ ਦਏ ਅਧਾਰਿਆ । ਮਹਿੰਮਾ ਅਗਾਧ ਬੋਧ ਭੇਵ ਅਗਣਤ, ਕੋਇ ਜੀਵ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖਾਧਾਰੀ ਭੇਖ ਵਟਾ ਰਿਹਾ । ਭੇਖਾਧਾਰੀ ਹਰਿ ਭੇਖ ਵਟਾਏ, ਆਪ ਆਪਣੀ ਕਲ ਧਾਰਿਆ । ਸਤਿਜੁਗ ਤ੍ਰੇਤਾ ਪਾਰ ਕਰਾਏ, ਦੁਆਪਰ ਜੋਤ ਜਗਾਇਆ । ਰਾਮ ਕ੍ਰਿਸ਼ਨ ਆਪ ਹੋ ਆਏ, ਰਾਮ

ਰਮਈਆ ਆਪ ਅਖਵਾਇਆ । ਕਲਜੁਗ ਤੇਰੀ ਬਣਤ ਰਿਹਾ ਬਣਾਏ, ਐੜਾ ਅਥਰਬਣ ਸੰਗ ਨਿਭਾਇਆ । ਸੰਗ ਮੁਹੰਮਦ ਵੇਖ ਵਖਾਏ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੋਬਿੰਦ ਸਾਚੀ ਸੇਵਾ ਲਾਇਆ । ਨਾਨਕ ਗੋਬਿੰਦ ਮਾਤ, ਹਰਿ ਸਾਚੇ ਸੇਵ ਲਗਾਇਆ । ਏਕਾ ਬਖ਼ਸ਼ੇ ਚਰਨ ਦਾਤ, ਚਰਨ ਧੂੜ ਖ਼ਾਕ ਰਮਾਇਆ । ਅੰਤਮ ਪੁੱਛੇ ਆਪੇ ਵਾਤ, ਜੋਤੀ ਜਾਮਾ ਭੇਖ ਵਟਾਇਆ । ਲੱਖ ਚੁਰਾਸੀ ਜੂਠ ਝੂਠ ਨਾਤ, ਗੋਬਿੰਦ ਰਸਨਾ ਰਿਹਾ ਸੁਣਾਇਆ । ਕਿਸੇ ਨਾ ਮਿਲਿਆ ਕਮਲਾਪਾਤ, ਸਾਚੀ ਨਾਰੀ ਕੰਤ ਨਾ ਕੋਈ ਹੰਢਾਇਆ । ਭਰਮ ਭੁੱਲੇ ਜ਼ਾਤ ਪਾਤ, ਊਚ ਨੀਚ ਰੋਵਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਲੇਖਾ ਰਿਹਾ ਲਿਖਾਇਆ । ਕਲਜੁਗ ਤੇਰਾ ਕਾਲਾ ਰੰਗ, ਹਰਿ ਸਾਚਾ ਵੇਖ ਵਿਖਾਇੰਦਾ । ਕੋਈ ਨਾ ਦਿਸੇ ਕਿਸੇ ਸੰਗ, ਜੀਵ ਜੰਤ ਸਰਬ ਕੁਰਲਾਇੰਦਾ । ਨਾਮ ਵਿਹੂਣੇ ਹੋਏ ਨੰਗ, ਕਾਇਆ ਚੋਲੀ ਰੰਗਣ ਨਾ ਕੋਈ ਚੜ੍ਹਾਇੰਦਾ । ਜੂਠ ਝੂਠ ਧਾਰਾ ਵਹੇ ਗੰਗ, ਅੰਮ੍ਰਿਤ ਜਾਮ ਨਾ ਕੋਈ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਣਾ ਆਪਣੇ ਹੱਥ ਰਖਾਇੰਦਾ । ਕਲਜੁਗ ਤੇਰਾ ਅੰਤਮ ਭਾਣਾ, ਪ੍ਰਭ ਆਪਣੇ ਹੱਥ ਰਖਾਇਆ । ਨਾ ਕੋਈ ਜਾਣੇ ਚਤਰ ਸੁਘੜ ਸਿਆਣਾ, ਰਾਜ ਰਾਜਾਨਾਂ ਭੇਵ ਨਾ ਪਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾਂ, ਅੰਜੀਲ ਕੁਰਾਨਾਂ ਮੁਖ ਭਵਾਇਆ । ਖਾਣੀ ਬਾਣੀ ਹੋਏ ਹੈਰਾਨਾ, ਪਾਰਬ੍ਰਹਮ ਭੇਵ ਅਭੇਦਾ ਅਛਲ ਅਛੱਲਾ ਦਿਸ ਕਿਸੇ ਨਾ ਆਇਆ । ਕਲਜੁਗ ਤੇਰਾ ਅੰਤ ਇਕ ਨਿਸ਼ਾਨਾ, ਹਰਿ ਸਾਚਾ ਰਿਹਾ ਬਣਾਇਆ । ਲੱਖ ਚੁਰਾਸੀ ਲਾੜੀ ਮੌਤ ਮੰਗੇ ਦਾਨਾ, ਪ੍ਰਭ ਸਾਚਾ ਝੋਲੀ ਪਾਇਆ । ਧਰਮ ਰਾਏ ਹੋਏ ਨਿਮਾਣਾ, ਬੈਠਾ ਸੀਸ ਝੁਕਾਇਆ । ਬ੍ਰਹਮਾ ਸ਼ਿਵ ਦੇਵਤ ਸੁਰ ਵੇਖਣ ਮਾਰ ਧਿਆਨਾ, ਪ੍ਰਭ ਸਾਚਾ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲਹਿਣਾ ਦੇਣਾ ਆਪਣੇ ਹੱਥ ਰਖਾਇਆ । ਕਲਜੁਗ ਲਹਿਣਾ ਜਾਏ ਮੁੱਕ, ਹਰਿ ਸਾਚੇ ਜੋਤ ਜਗਾਈਆ । ਜੂਠਾ ਝੂਠਾ ਕਾਇਆ ਬੂਟਾ ਜਾਣਾ ਸੁੱਕ, ਨਾ ਹਰਿਆ ਕੋਈ ਕਰਾਈਆ । ਸੰਮਤ ਚੌਦਾਂ ਪੈਂਡਾ ਰਿਹਾ ਮੁੱਕ, ਪ੍ਰਭ ਸਾਚਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਜੋਤ ਨਿਰੰਜਣ, ਲੋਕਮਾਤ ਜਗਾਇੰਦਾ । ਤਾਲ ਨਗਾਰੇ ਸਾਚੇ ਵੱਜਣ, ਚਾਰੋਂ ਕੁੰਟ ਆਪ ਵਜਾਇੰਦਾ । ਆਪੇ ਘਾੜਨ ਘੜਨੇਹਾਰ ਘੜਨ ਭੰਨਣਹਾਰ ਆਪ ਅਖਵਾਇੰਦਾ । ਭਾਈ ਭੈਣ ਮਾਤ ਪਿਤ ਸਾਕ ਸੈਣ ਸਰਬ ਤੱਜਣ, ਨਾ ਕੋਈ ਸੰਗ ਨਿਭਾਇੰਦਾ । ਨਾ ਕੋਈ ਮੱਕਾ ਕਾਅਬਾ ਹਾਜੀ ਹੱਜਨ, ਮੁੱਲਾ ਮੁਸਾਇਕ ਸ਼ੇਖ਼ ਦਸਤਗੀਰ ਕੋਈ ਦਿਸ ਨਾ ਆਇੰਦਾ । ਨਾ ਕੋਈ ਢੋਲਕ ਛੈਣੇ ਵੱਜਣ, ਸੰਮਤ ਸੋਲਾਂ ਨੇੜੇ ਆਇੰਦਾ । ਸੰਮਤ ਸਤਾਰਾਂ ਸਰ ਅੰਮ੍ਰਿਤ ਛੱਡ ਛੱਡ ਭੱਜਣ, ਬਿਆਸ ਕਿਨਾਰਾ ਰਾਹ ਵਖਾਇੰਦਾ । ਸੰਮਤ ਅਠਾਰਾਂ ਕੋਈ ਨਾ ਰੱਖੇ ਕਿਸੇ ਲਜਣ, ਜਲ ਧਾਰਾ ਆਪ ਵਹਾਇੰਦਾ । ਉਨੀ ਉਨੀਸਾ ਨਾ ਕੋਈ ਦਿਸੇ ਈਸਾ ਮੂਸਾ, ਅੱਲਾ ਰਾਣੀ ਲਾਲ ਚੁੰਨੀ ਜਗਤ ਜਗਦੀਸ਼ ਆਪ ਪਹਿਨਾਇੰਦਾ । ਬੀਸ ਬੀਸਾ ਹਰਿ ਜਗਦੀਸਾ ਏਕਾ ਛਤਰ ਝੁਲਾਏ ਸੀਸਾ, ਦੂਸਰ ਕੋਈ ਦਿਸ ਨਾ ਆਇੰਦਾ । ਇਕ ਇਕੀਸਾ ਤ੍ਰੈਗੁਣ ਮਾਇਆ ਪੀਸਣ ਪੀਸਾ, ਅੰਤਮ ਮੂਲ ਚੁਕਾਇੰਦਾ । ਰਾਜ ਰਾਜਾਨਾਂ ਖਾਲੀ ਖੀਸਾ, ਦਰ ਦਰ ਘਰ ਘਰ ਆਪ ਫਿਰਾਇੰਦਾ । ਪਾਰਬ੍ਰਹਮ ਕੋਇ ਨਾ ਕਰੇ ਤੇਰੀ ਰੀਸਾ, ਵਰਨ ਬਰਨ ਚਰਨ ਸਰਨ ਆਪਣੀ ਆਪ ਰਖਾਇੰਦਾ । ਨਾ ਕੋਈ ਗਾਏ ਰਾਗ

੫੭੫
੦੬

ਛਤੀਸਾ, ਵੇਦ ਪੁਰਾਨ ਨਾ ਕੋਈ ਅਲਾਇੰਦਾ । ਸੋਹੰ ਸ਼ਬਦ ਇਕ ਹਦੀਸਾ, ਚਾਰ ਵਰਨ ਹਰਿ ਆਪ ਸੁਣਾਇੰਦਾ । ਸਤਿਜੁਗ ਮਾਰਗ ਅਨਡੀਠਾ, ਜਨ ਭਗਤਾਂ ਆਪ ਵਖਾਇੰਦਾ । ਕਲਜੁਗ ਕਾਇਆ ਭੰਨੇ ਕੌੜਾ ਰੀਠਾ, ਸੰਮਤ ਚੌਦਾਂ ਨੀਂਹ ਰਖਾਇੰਦਾ । ਸੰਮਤ ਪੰਦਰਾਂ ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਕਲਜੁਗ ਚੱਕੀ ਆਪ ਚਲਾਇੰਦਾ । ਆਪ ਬਣਾਏ ਇਕ ਅੰਗੀਠਾ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਨਰ ਨਿਰੰਕਾਰ ਨਿਰਾਕਾਰ ਸਰਗੁਣ ਵਿਚ ਸਮਾਇੰਦਾ । ਸਰਗੁਣ ਜੀਵ ਬੰਨ੍ਹੇ ਧਾਰ, ਨਿਰਗੁਣ ਖੇਲ ਅਪਰ ਅਪਾਰ, ਦੋ ਜਹਾਨਾਂ ਪਾਵੇ ਸਾਰ, ਲੋਆਂ ਪੁਰੀਆਂ ਬੰਧ ਬੰਧਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਉਠਾਇੰਦਾ । ਲੱਖ ਚੁਰਾਸੀ ਮਾਰੇ ਮਾਰ, ਜਮ ਕੀ ਫਾਸੀ ਨਾ ਕੋਈ ਕਟਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਦਰਸ ਦਿਖਾਇੰਦਾ । ਫੜ ਫੜ ਬਾਹੋਂ ਲਾਏ ਪਾਰ, ਚੇਤਰ ਚੌਦਾਂ ਲਿਖਤ ਲਿਖਾਇੰਦਾ । ਭਰਮੇ ਭੁੱਲੇ ਜੀਵ ਗਵਾਰ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਮਾਇਆ ਰੁੱਲੇ ਵਿਚ ਸੰਸਾਰ, ਸਾਚਾ ਰਾਹ ਨਾ ਕੋਈ ਵਖਾਇੰਦਾ । ਜੂਠ ਝੂਠ ਗੜ੍ਹ ਹੰਕਾਰ, ਤਨ ਮੰਦਰ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਭਾਣਾ ਆਪਣੇ ਹੱਥ ਰਖਾਇੰਦਾ । ਭਾਣਾ ਹਰਿ ਸਮਰਥ, ਜੁਗ ਜੁਗ ਵੇਖ ਵਖਾਇੰਦਾ । ਆਪ ਚਲਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਦਏ ਮਥ, ਆਪੇ ਆਪ ਉਪਾਇੰਦਾ । ਸ਼ਬਦ ਚਲਾਏ ਜਗਤ ਅਕੱਥ, ਭੇਵ ਕੋਈ ਨਾ ਪਾਇੰਦਾ । ਮਨਮੁਖ ਜੀਵਾਂ ਪਾਏ ਨੱਥ, ਰਾਏ ਧਰਮ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰੋਂ ਕੁੰਟ ਲਹਿਣਾ ਦੇਣਾ ਮੂਲ ਚੁਕਾਇੰਦਾ । ਕਲਜੁਗ ਤੇਰਾ ਅੰਤਮ ਵੇਲਾ, ਕਲਜੁਗ ਰੈਣ ਅੰਧੇਰੀ ਛਾਈਆ । ਨਾ ਕੋਈ ਦਿਸੇ ਸੱਜਣ ਸੁਹੇਲਾ, ਸਾਚਾ ਸੰਗ ਨਾ ਕੋਈ ਨਿਭਾਈਆ । ਪਾਰਬ੍ਰਹਮ ਪ੍ਰਭ ਅਬਿਨਾਸ਼ੀ ਇਕ ਇਕੇਲਾ, ਚਾਰੋਂ ਕੁੰਟ ਦਹਿ ਦਿਸ਼ਾ ਵੇਖ ਵਖਾਈਆ । ਨਾ ਕੋਈ ਗੁਰੂ ਨਾ ਕੋਈ ਚੇਲਾ, ਭੇਖ ਪਖੰਡਾ ਵੇਖੇ ਸ੍ਰਿਸ਼ਟ ਸਬਾਈਆ । ਗੁਰਮੁਖ ਵਿਰਲੇ ਕਾਇਆ ਮੰਦਰ ਅੰਦਰ ਗੁਰ ਪੂਰੇ ਮੇਲਾ, ਸ਼ਬਦ ਸ਼ਬਦੀ ਮੇਲ ਮਿਲਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਘਰ ਸਾਚੇ ਖ਼ੁਸ਼ੀ ਮਨਾਈਆ । ਪੰਚਮ ਮਿਲ ਮਿਲ ਪਾਇਣ ਵੇਲਾ, ਅਨਹਦ ਰਾਗ ਸੁਣਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਜਨ ਭਗਤਾਂ ਰਿਹਾ ਜਗਾਈਆ । ਆਪੇ ਹੋਇਆ ਸੱਜਣ ਸੁਹੇਲਾ, ਸ਼ਬਦ ਸਿੰਘਾਸਣ ਆਤਮ ਦਵਾਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਖੇਲ ਲੋਕਮਾਤ ਰਿਹਾ ਕਰਾਈਆ । ਭਾਣਾ ਹੱਥ ਕਰਤਾਰ, ਆਪਣੀ ਕਲ ਵਰਤਾਇੰਦਾ । ਵੇਖ ਵਖਾਏ ਸਾਚਾ ਥਾਂ, ਚੌਦਾਂ ਲੋਕਾਂ ਆਪ ਹਿਲਾਇੰਦਾ । ਚੌਦਾਂ ਤਬਕਾਂ ਮਾਰੇ ਮਾਰ, ਸੰਗ ਮੁਹੰਮਦ ਖ਼ਾਕ ਰਲਾਇੰਦਾ । ਈਸਾ ਮੂਸਾ ਹਾਹਾਕਾਰ, ਅਲ੍ਹਾ ਹੂ ਹੂ ਨਾਅਰਾ ਲਾਇੰਦਾ । ਜੀਵ ਜੰਤ ਸਾਧ ਸੰਤ ਆਤਮ ਸਤਿਆ ਗਏ ਹਾਰ, ਸਤਿ ਧਰਮ ਨਾ ਕੋਈ ਵਿਖਾਇੰਦਾ । ਜੂਠ ਝੂਠ ਤਪਿਆ ਅੰਗਿਆਰ, ਅਗਨੀ ਅੱਗ ਲਗਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਜੋਤ ਜਗਾਇੰਦਾ । ਗੁਰਮੁਖ ਸਾਚੇ ਲਾਏ ਪਾਰ, ਸੋਹੰ ਸਾਚੇ ਰਥ ਚੜ੍ਹਾਇੰਦਾ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਸਾਗਰ ਸਿੰਧ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਾਣਾ ਰਾਣਾ ਆਪ ਹੋ ਆਇੰਦਾ ।

੫੭੬
੦੬

੫੭੭
੦੬

## ✻ ੧੪ ਚੇਤਰ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਨੂਰਪੁਰ ਜ਼ਿਲਾ ਜਲੰਧਰ ✻

ਅੰਮ੍ਰਿਤ ਨਾਮ ਭੰਡਾਰ, ਹਰਿ ਰਖਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਦਿਸ ਕਿਸੇ ਨਾ ਆਇਆ । ਜਨ ਭਗਤਾਂ ਕਰ ਪਿਆਰ, ਅੰਮ੍ਰਿਤ ਆਤਮ ਇਕ ਜਾਮ ਪਿਆਇਆ । ਆਪੇ ਖੋਲ੍ਹੇ ਬੰਦ ਕਿਵਾੜ, ਦੂਈ ਦਵੈਤੀ ਪੜਦਾ ਲਾਹਿਆ । ਜੋਤ ਜਗਾਏ ਬਹੱਤਰ ਨਾੜ, ਅੰਧ ਅਗਿਆਨ ਮਿਟਾਇਆ । ਹਰਿਜਨ ਬਣਾਏ ਸਾਚੇ ਲਾੜ, ਦਰ ਦਵਾਰੇ ਦਏ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਇਕ ਵਖਾਇਆ । ਅੰਮ੍ਰਿਤ ਆਤਮ ਨਾਮ ਨਿਧਾਨ, ਗੁਰਮੁਖ ਵਿਰਲੇ ਪਾਇਆ । ਆਪੇ ਦੇਵੇ ਪੀਣ ਖਾਣ, ਆਤਮ ਤ੍ਰਿਸ਼ਨਾ ਭੁੱਖ ਮਿਟਾਇਆ । ਆਵਣ ਜਾਵਣ ਚੁੱਕੇ ਕਾਣ, ਲੱਖ ਚੁਰਾਸੀ ਫੰਦ ਕਟਾਇਆ । ਮਨਮੁਖ ਭੁੱਲੇ ਜੀਵ ਨਾਦਾਨ, ਹਰਿ ਰਸ ਕਿਸੇ ਹੱਥ ਨਾ ਆਇਆ । ਰਸਨਾ ਬਹਿ ਬਹਿ ਸਾਰੇ ਗਾਨ, ਆਤਮ ਬ੍ਰਹਮ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਰਿਹਾ ਪਿਆਇਆ । ਅੰਮ੍ਰਿਤ ਆਤਮ ਜਾਮ ਨਿਆਰ, ਹਰਿ ਆਪਣੇ ਹੱਥ ਰਖਾਇਆ । ਨਾ ਕੋਈ ਜਾਣੇ ਜੀਵ ਗਵਾਰ, ਰਸਨਾ ਰਸ ਨਾ ਕੋਈ ਵਖਾਇਆ । ਗੁਰਮੁਖ ਵਿਰਲੇ ਪਾਵੇ ਸਾਰ, ਜਿਸ ਜਨ ਆਪਣੀ ਦਇਆ ਕਮਾਇਆ । ਕਾਇਆ ਸੀਤਲ ਠੰਢੀ ਠਾਰ, ਏਕਾ ਏਕ ਰਿਹਾ ਕਰਾਇਆ । ਇਕ ਇਕੱਲਾ ਏਕੰਕਾਰ, ਸਚ ਮਹੱਲਾ ਰਿਹਾ ਵਸਾਇਆ । ਸ਼ਬਦ ਸਰੂਪੀ ਬਣ ਵਰਤਾਰ, ਲੱਖ ਚੁਰਾਸੀ ਰਿਹਾ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵੇਖੇ ਸਚ ਦਰ, ਅੰਮ੍ਰਿਤ ਆਤਮ ਤਾਲ ਸੁਹਾਇਆ । ਅੰਮ੍ਰਿਤ ਆਤਮ ਸਾਚਾ ਤਾਲ, ਹਰਿ ਸਾਚੇ ਆਪੇ ਆਪ ਬੰਨ੍ਹਿਆ । ਸੰਤ ਸੁਹੇਲੇ ਆਪ ਭਾਲ, ਆਪ ਪਿਆਏ ਸਾਚੇ ਤਨਿਆ । ਨੇੜ ਨਾ ਆਏ ਕਾਲ ਮਹਾਂਕਾਲ, ਧਰਮ ਰਾਏ ਨਾ ਦੇਵੇ ਡੰਨਿਆ । ਦੋ ਜਹਾਨਾਂ ਕਰੇ ਪ੍ਰਿਤਪਾਲ, ਅੰਦਰ ਮੰਦਰ ਦਿਵਸ ਰੈਣ ਆਵੇ ਭੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨੁਹਾਏ ਏਕਾ ਸਰ, ਸਰ ਸਰੋਵਰ ਏਕਾ ਬੰਨ੍ਹਿਆ । ਸਰ ਸਰੋਵਰ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਗੁਰਮੁਖ ਵਿਰਲਾ ਪਾਵੇ ਸਾਰ, ਨੇਤਰ ਦਏ ਵਖਾਇਆ । ਤੀਜਾ ਨੇਤਰ ਅਪਰ ਅਪਾਰ, ਤੀਜਾ ਲੋਇਣ ਵੇਖ ਵਖਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਬੰਦ ਕਿਵਾੜਾ ਰਿਹਾ ਕਰਾਇਆ । ਮੇਟ ਮਿਟਾਏ ਪੰਚਮ ਧਾੜ, ਸ਼ਬਦ ਖੰਡਾ ਹੱਥ ਉਠਾਇਆ । ਆਪੇ ਹੋਏ ਪਿੱਛੇ ਅਗਾੜ, ਗੁਰਮੁਖ ਸਾਚੇ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਆਤਮ ਦੇਵੇ ਵਰ, ਆਤਮ ਦਰਸੀ ਦਰਸ ਦਿਖਾਇਆ । ਅੰਮ੍ਰਿਤ ਆਤਮ ਸਚ ਵਸਤ, ਹਰਿ ਆਪਣੇ ਹੱਥ ਟਿਕਾਈਆ । ਨਾ ਕੋਈ ਜਾਣੇ ਕੀਟ ਹਸਤ, ਊਚਾਂ ਨੀਚਾਂ ਰੰਗ ਰੰਗਾਈਆ । ਗੁਰਮੁਖ ਵਿਰਲਾ ਕਰੇ ਪ੍ਰੀਤ, ਚਰਨ ਕਵਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਸਾਚੇ ਦਰ, ਏਕਾ ਧਾਮ ਰਖਾਈਆ । ਏਕਾ ਧਾਮ ਹਰਿ ਨਿਰੰਕਾਰ, ਆਪਣਾ ਆਪ ਸੁਹਾਇਆ । ਜੋਤ ਸਰੂਪੀ ਕਰ ਆਕਾਰ, ਸਚ ਸਿੰਘਾਸਣ ਲਾਇਆ । ਸ਼ਬਦ ਸਿੰਘਾਸਣ ਉਚ ਮੁਨਾਰ, ਆਪੇ ਆਪ ਡਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਅੰਮ੍ਰਿਤ ਜਾਮ ਪਿਆਇਆ । ਅੰਮ੍ਰਿਤ ਜਾਮ ਨਿਝਰ ਰਸ, ਗੁਰਮੁਖ ਵਿਰਲੇ ਪਾਇਆ । ਜਨ

ਭਗਤਾਂ ਦੇਵੇ ਹੱਸ ਹੱਸ, ਆਦਿ ਜੁਗਾਦੀ ਜੁਗ ਜੁਗ ਦੇਂਦਾ ਆਇਆ । ਮਾਤਲੋਕ ਵੇਖੇ ਨੱਸ ਨੱਸ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖ ਵਖਾਇਆ । ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਪਾਰ ਕਰਾਇਆ । ਏਕਾ ਰਾਹ ਸਾਚਾ ਦੱਸ, ਨੌ ਦਵਾਰੇ ਬਾਹਰ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਏਕਾ ਰਾਹ ਰਿਹਾ ਵਖਾਇਆ । ਨੌ ਦਵਾਰੇ ਪਾਰ ਕਿਨਾਰ, ਜਨ ਭਗਤਾਂ ਆਪ ਕਰਾਇੰਦਾ । ਸ਼ਬਦ ਸਰੂਪੀ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਆਪੇ ਹੋਏ ਪਿੱਛੇ ਅਗਾੜ, ਡੂੰਘੀ ਕੰਦਰ ਪਾਰ ਕਰਾਇੰਦਾ । ਮਨਮੁਖ ਜੀਵ ਦੁਸ਼ਟ ਦੁਰਾਚਾਰ, ਏਕਾ ਬਖ਼ਸ਼ੇ ਸ਼ਬਦ ਪਿਆਰ, ਹਉਮੇ ਹੰਗਤਾ ਦੇਵੇ ਸਾੜ, ਅਗਨੀ ਜੋਤੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਨਾਮ ਰੰਗਣ ਇਕ ਚੜ੍ਹਾਇੰਦਾ । ਨਾਮ ਰੰਗਣ ਇਕ ਕਰਤਾਰ, ਗੁਰਮੁਖ ਵਿਰਲੇ ਚੜ੍ਹਾਈਆ । ਫੜ ਬਾਂਹੋਂ ਲਾਏ ਪਾਰ, ਸਤਿ ਸਰੂਪੀ ਦਇਆ ਕਮਾਈਆ । ਅੰਦਰ ਮੰਦਰ ਖੇਲ ਅਪਾਰ, ਹਰਿ ਸਾਚਾ ਮੇਲ ਮਿਲਾਈਆ । ਡੂੰਘੀ ਕੰਦਰ ਟੇਢੀ ਧਾਰ, ਆਪੇ ਪਾਰ ਕਰਾਈਆ । ਵੇਖ ਵਿਖਾਏ ਸੁਣੇ ਸੁਣਾਏ ਹਰਿ ਪੁਕਾਰ, ਜਨ ਭਗਤਾਂ ਸੰਗ ਰਲਾਈਆ । ਆਪੇ ਖੋਲ੍ਹੇ ਦਸਮ ਦਵਾਰ, ਆਪਣੀ ਹੱਥੀਂ ਕੁੰਡਾ ਲਾਹੀਆ । ਪੰਚਮ ਗਾਵਣ ਵਾਰੋ ਵਾਰ, ਹਰਿ ਸਾਚੀ ਸੇਵਾ ਲਾਈਆ । ਆਤਮ ਸੇਜਾ ਕਰ ਸ਼ਿੰਗਾਰ, ਬੈਠਾ ਹਰਿ ਰਘੁਰਾਈਆ । ਜੋਤ ਸਰੂਪੀ ਇਕ ਅਧਾਰ, ਏਕਾ ਓਟ ਰਖਾਈਆ । ਜਨ ਭਗਤਾਂ ਵੇਖੇ ਭੁਜਾ ਪਸਾਰ, ਆਪ ਆਪਣੀ ਗੋਦ ਉਠਾਈਆ । ਸ੍ਰਿਸ਼ਟ ਸਬਾਈ ਏਕਾ ਧਾਰ, ਏਕਾ ਰੰਗ ਰੰਗਾਈਆ । ਸਚ ਖਟੋਲਾ ਅਪਰ ਅਪਾਰ, ਪਾਵਾ ਚੂਲ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਬੈਠਾ ਜੋਤ ਜਗਾਈਆ । ਪੁਰਖ ਅਬਿਨਾਸ਼ੀ ਘਰ ਸਾਚੇ ਵਸਿਆ, ਏਕਾ ਜੋਤ ਜਗਾਈਆ । ਜਨ ਭਗਤਾਂ ਰਾਹ ਸਾਚਾ ਦੱਸਿਆ, ਗੁਰ ਸ਼ਬਦ ਕਰੇ ਕੁੜਮਾਈਆ । ਮਨਮੁਖ ਦਰ ਤੋਂ ਜਾਏ ਨੱਸਿਆ, ਚਾਰੋਂ ਕੁੰਟ ਰਿਹਾ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਸਰ, ਸਰ ਸਰੋਵਰ ਆਪ ਨੁਹਾਈਆ । ਸਰ ਸਰੋਵਰ ਕਰ ਇਸ਼ਨਾਨ, ਗੁਰਸਿਖ ਪਾਰ ਕਰਾਇਆ । ਆਪੇ ਵੇਖੇ ਮਾਰ ਧਿਆਨ, ਚਾਰੋਂ ਕੁੰਟ ਵੇਖ ਵਿਖਾਇਆ । ਜਿਸ ਜਨ ਦੇਵੇ ਜੀਆ ਦਾਨ, ਦਾਤਾ ਦਾਨੀ ਆਪ ਅਖਵਾਇਆ । ਜੁਗ ਜੁਗ ਦਾਤਾ ਹਰਿ ਮਿਹਰਵਾਨ, ਮਿਹਰਵਾਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਕਿਰਪਾ ਕਰ, ਚਰਨ ਧੂੜ ਮਸਤਕ ਲਾਇਆ । ਚਰਨ ਧੂੜ ਮਸਤਕ ਲੇਖ, ਗੁਰਮੁਖ ਵਿਰਲੇ ਪਾਇਆ । ਲੱਖ ਚੁਰਾਸੀ ਰਹੀ ਵੇਖ, ਸਾਧਾਂ ਸੰਤਾਂ ਦਿਸ ਨਾ ਆਇਆ । ਨਾ ਕੋਈ ਜਾਣੇ ਧਾਰੀ ਕੇਸ, ਮੂੰਡ ਮੁੰਡਾਇਆ ਭੇਵ ਨਾ ਪਾਇਆ । ਆਪੇ ਗੋਬਿੰਦ ਦਾਤਾ ਦਸ ਦਸਮੇਸ਼, ਨਾਨਕ ਨਿਰਗੁਣ ਸਮਾਇਆ । ਦਰ ਦਵਾਰੇ ਤੱਕਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰਵੇਸ਼ ਸੀਸ ਝੁਕਾਇਆ । ਗੁਰਮੁਖ ਸਾਚੇ ਸੰਤ ਦੁਲਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਅੰਮ੍ਰਿਤ ਆਤਮ ਸਾਚਾ ਜਾਮ ਪਿਆਇਆ । ਗੁਰਮੁਖ ਚਾੜ੍ਹੇ ਸਾਚਾ ਰੰਗ, ਹਰਿ ਕਾਇਆ ਚੋਲੀ ਰੱਤੀਆ । ਏਕਾ ਮੰਗੇ ਨਾਮ ਮੰਗ, ਦਰ ਦਵਾਰ ਹੋਏ ਸਹਾਈਆ । ਮਾਨਸ ਜਨਮ ਨਾ ਹੋਏ ਭੰਗ, ਨਿਰਮਲ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸਭ ਘਟ ਘਟੀ, ਘਟ ਘਟ ਅੰਤਮ ਆਪ ਸਮਾਈਆ । ਆਦਿ ਪੁਰਖ ਅਬਿਨਾਸ਼ਾ, ਭਗਤ ਜਨਾਂ ਹਰਿ ਰਸਨਾ ਗਾਇਆ । ਦੇਵੇ ਸ਼ਬਦ

੫੭੯
੦੬

ਭਰਵਾਸਾ, ਆਦਿ ਜੁਗਾਦੀ ਖੇਲ ਰਚਾਇਆ । ਖੇਲੇ ਖੇਲ ਜਗਤ ਤਮਾਸ਼ਾ, ਨਾ ਮਰੇ ਨਾ ਕਦੇ ਜਾਇਆ । ਆਪੇ ਪਾਏ ਮੰਡਲ ਰਾਸਾ, ਗੁਰਮੁਖ ਸਾਚਾ ਰਿਹਾ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਮਿਲੇ ਮੇਲ ਪ੍ਰਿਥਮੀ ਆਕਾਸ਼ਾ । ਅੰਮ੍ਰਿਤ ਆਤਮ ਰਸਨਾ ਰਸ ਪੀ, ਹਰਿਜਨ ਖ਼ੁਸ਼ੀ ਮਨਾਈਆ । ਨਿਰਮਲ ਹੋਇਆ ਹਰਿਜਨ ਜੀਅ, ਜੀਵ ਜੰਤ ਰਿਹਾ ਤਰਾਈਆ । ਲੇਖਾ ਚੁੱਕੇ ਸਾਢੇ ਤਿੰਨ ਹੱਥ ਸੀਂ, ਧਰਮ ਰਾਏ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰਦਰਗਾਹੀ ਲੈ ਕੇ ਆਈਆ । ਧੁਰਦਰਗਾਹੀ ਏਕਾ ਨਾਮ, ਲੋਕਮਾਤ ਲਿਆਇੰਦਾ । ਜਨ ਭਗਤਾਂ ਦੇਵੇ ਥਾਉਂ ਥਾਈਂ, ਦਹਿ ਦਿਸ਼ਾ ਵੇਖ ਵਖਾਇੰਦਾ । ਖੇਲੇ ਖੇਲ ਬੇਪਰਵਾਹੀ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਕਰਮ ਕਮਾਇੰਦਾ । ਆਪ ਆਪਣੀ ਬੂਝ ਬੁਝਾਏ, ਅਕਲ ਕਲਾ ਕਲ ਧਾਰਿਆ । ਏਕਾ ਦੂਜਾ ਭਉ ਚੁਕਾਏ, ਦੇਵੇ ਦਰਸ ਅਪਾਰਿਆ । ਚੌਥੇ ਦਰ ਮੇਲ ਮਿਲਾਏ, ਚੌਥੇ ਘਰ ਬਹਾ ਰਿਹਾ । ਪੰਚਮ ਮੇਲਾ ਸਹਿਜ ਸੁਭਾਏ, ਧੁਨੀ ਨਾਦ ਵਜਾ ਰਿਹਾ । ਛੇਵੇਂ ਛੱਪਰ ਨਾ ਕੋਈ ਰਖਾਏ, ਹਰਿ ਬੈਠਾ ਪੁਰਖ ਸੁਲਤਾਨਿਆ । ਸੱਤਵੇਂ ਘਰ ਹਰਿ ਰਘੁਰਾਏ, ਜੋਤ ਸਰੂਪੀ ਜੋਤ ਜਗਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਅੰਮ੍ਰਿਤ ਆਤਮ ਜਾਮ ਪਿਆ ਲਿਆ । ਅੰਮ੍ਰਿਤ ਆਤਮ ਜਾਮ, ਗੁਰਮੁਖ ਵਿਰਲੇ ਪਾਇਆ । ਕੋਈ ਨਾ ਲਾਏ ਹਰਿ ਜੀ ਦਾਮ, ਦਿਵਸ ਰੈਣ ਸੇਵ ਕਮਾਇਆ । ਮੇਟ ਮਿਟਾਏ ਤ੍ਰਿਸ਼ਨਾ ਤਾਮ, ਰਸਨਾ ਰਸ ਰਿਹਾ ਗਵਾਇਆ । ਅੰਧ ਅੰਧੇਰੀ ਮਿਟੇ ਸ਼ਾਮ, ਅਗਿਆਨ ਅੰਧੇਰ ਰਹਿਣ ਨਾ ਪਾਇਆ । ਇਕ ਵਰਤਾਏ ਸਾਚਾ ਨਾਮ, ਨਾਉਂ ਨਿਰੰਕਾਰਾ ਆਪ ਰਖਾਇਆ । ਭਗਤ ਜਨਾਂ ਹਰਿ ਸਵਾਰੇ ਕਾਜ, ਜੁਗ ਜੁਗ ਸਾਚਾ ਕਾਜ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਏਕਾ ਵਰ, ਜਨ ਭਗਤਾਂ ਝੋਲੀ ਪਾਇਆ । ਪਾਇਆ ਵਰ ਪੁਰਖ ਅਬਿਨਾਸ਼ਾ, ਨਾ ਹੋਏ ਮਾਤ ਜੁਦਾਈਆ । ਅੱਠੇ ਪਹਿਰ ਦਾਸੀ ਦਾਸਾ, ਸੇਵਕ ਸੇਵਾ ਰਿਹਾ ਕਮਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼ਾ, ਪੁਰੀਆਂ ਲੋਆਂ ਪਾਰ ਕਰਾਈਆ । ਸਾਚੇ ਮੰਡਲ ਪਾਵੇ ਰਾਸਾ, ਸੂਰਜ ਚੰਨ ਰਵ ਸਸ ਬੈਠੇ ਸੀਸ ਝੁਕਾਈਆ । ਜਨ ਭਗਤਾਂ ਵਖਾਏ ਆਪਣਾ ਆਪ ਤਮਾਸ਼ਾ, ਕਾਇਆ ਮੰਡਲ ਮੰਡਪ ਇਕ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਏਕਾ ਵਰ, ਵਰ ਦਾਤਾ ਆਪ ਅਖਵਾਈਆ । ਦੇਵਣਹਾਰ ਹਰਿ ਦਾਤਾਰ, ਏਕਾ ਆਦਿ ਜੁਗਾਦਿਆ । ਭਗਤ ਸੁਹੇਲੇ ਲਏ ਉਭਾਰ, ਖੇਲੇ ਖੇਲ ਵਿਚ ਬ੍ਰਹਿਮਾਦਿਆ । ਸ਼ਬਦ ਕਰਾਏ ਤਨ ਜੈਕਾਰ, ਲੇਖਾ ਚੁੱਕੇ ਨੌਂ ਦਰਵਾਜ਼ਿਆ । ਸ਼ਬਦ ਸਰੂਪੀ ਪਹਿਰੇਦਾਰ, ਅੱਗੇ ਪਿੱਛੇ ਫਿਰੇ ਭਾਗਿਆ । ਅਨਹਦ ਰਾਗ ਅਨਾਹਦ ਧਾਰ, ਆਪ ਵਜਾਏ ਸਾਚਾ ਵਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਘਰ, ਆਪੇ ਚੜ੍ਹੇ ਚਿੱਟੇ ਅਸਵ ਸਾਚੇ ਤਾਜਿਆ । ਚਿੱਟੇ ਅਸਵ ਹਰਿ ਨਿਰੰਕਾਰ, ਏਕਾ ਆਸਣ ਲਾਇੰਦਾ । ਸੋਲਾਂ ਕਲੀਆਂ ਤਨ ਸ਼ਿੰਗਾਰ, ਜੋਤੀ ਨੂਰ ਉਪਾਇੰਦਾ । ਜੋਤੀ ਨੂਰ ਅਪਰ ਅਪਾਰ, ਨੂਰੀ ਬਣਤ ਬਣਾਇੰਦਾ । ਸ਼ਬਦ ਗੁਰ ਸੱਚਾ ਸਰਦਾਰ, ਉਪਰ ਆਸਣ ਲਾਇੰਦਾ । ਨਾਮ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਸਰਗੁਣ ਨਿਰਗੁਣ ਖੇਲ ਅਪਾਰ, ਦੋਵੇਂ ਧਾਰਾ ਮਾਤ ਚਲਾਇੰਦਾ । ਲੋਕਮਾਤ ਲਏ ਅਵਤਾਰ, ਸ਼ਬਦ ਰੰਗ ਰੰਗੀਲਾ ਭੇਖ ਅਪਣਾ ਆਪ ਵਟਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਆਪ

ਉਪਾਏ ਆਪੇ ਮੇਟ ਮਿਟਾਇੰਦਾ । ਜਨ ਭਗਤਾਂ ਦੇਵੇ ਏਕਾ ਧਾਰ, ਅੰਮ੍ਰਿਤ ਜਿਹਵਾ ਨਾਮ ਪਿਆਇੰਦਾ । ਮਨਮੁਖ ਭੁੱਲੇ ਭਰਮ ਗਵਾਰ, ਭਾਂਡਾ ਭਰਮ ਨਾ ਕੋਈ ਭੰਨਾਇੰਦਾ । ਮਾਇਆ ਰੁੱਲੇ ਭਰਮ ਸੰਸਾਰ, ਤ੍ਰੈਗੁਣ ਮਾਇਆ ਝੋਲੀ ਪਾਇੰਦਾ । ਪੰਜ ਤਤ ਹੋਏ ਤਿਆਰ, ਹਰਿ ਪੰਚਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਉਭਾਰ, ਜੋਤੀ ਜੋੜੇ ਮੇਲ ਮਿਲਾਇੰਦਾ । ਸ਼ਬਦ ਘੋੜਾ ਹਰਿ ਸੁਲਤਾਨ, ਏਕਾ ਏਕ ਰਖਾਇਆ । ਆਪੇ ਵੇਖੇ ਮਾਰ ਧਿਆਨ, ਗੁਰਮੁਖ ਸਾਚੇ ਰਿਹਾ ਜਗਾਇਆ । ਪਰਗਟ ਹੋਏ ਵਾਲੀ ਦੋ ਜਹਾਨ, ਦਿਸ ਕਿਸੇ ਨਾ ਆਇਆ । ਧਰਮ ਝੁਲਾਏ ਸਚ ਨਿਸ਼ਾਨ, ਨੌ ਖੰਡ ਪ੍ਰਿਥਮੀ ਰਿਹਾ ਝੁਲਾਇਆ । ਆਪੇ ਗੋਪੀ ਆਪੇ ਕਾਹਨ, ਰਾਮ ਰਮਈਆ ਆਪ ਅਖਵਾਇਆ । ਨਿਰਗੁਣ ਨਾਨਕ ਰਿਹਾ ਵਖਾਣ, ਰਸਨਾ ਜਿਹਵਾ ਸੇਵ ਕਮਾਇਆ । ਗੋਬਿੰਦ ਪਾਇਆ ਗੁਣ ਨਿਧਾਨ, ਦੋਏ ਜੋੜ ਸੀਸ ਝੁਕਾਇਆ । ਪੂਤ ਸਪੂਤਾ ਵਡ ਬਲਵਾਨ, ਲੋਕਮਾਤੀ ਸ਼ਬਦ ਜਣਾਇਆ । ਨਾਮ ਖੰਡਾ ਸਚ ਕਿਰਪਾਨ, ਆਪ ਆਪਣਾ ਰਿਹਾ ਵਖਾਇਆ । ਪੰਚਮ ਮੇਟੇ ਜਗਤ ਨਿਸ਼ਾਨ, ਪੰਚਮ ਮੇਲ ਮਿਲਾਇਆ । ਵੇਖੇ ਖੇਲ ਸ੍ਰੀ ਭਗਵਾਨ, ਪੰਚਮ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਜਗਤ ਵਰ, ਜੀਵਨ ਦਾਤਾ ਆਪ ਅਖਵਾਇਆ । ਜਗਤ ਜੋਗ ਸ਼ਬਦ ਅਭਿਆਸ, ਗੁਰਮੁਖ ਵਿਰਲੇ ਪਾਇਆ । ਨਾ ਕੋਈ ਵੇਖੇ ਪ੍ਰਿਥਮੀ ਆਕਾਸ਼, ਧੁੰਦੂਕਾਰ ਜਗਤ ਕਰਾਇਆ । ਲੇਖੇ ਲਾਏ ਨਾ ਕੋਈ ਸਵਾਸ, ਰਸਨਾ ਜਿਹਵਾ ਹੋਈ ਹਲਕਾਇਆ । ਗੁਰ ਕਾ ਸ਼ਬਦ ਗੁਰਸਿਖ ਵਿਰਲੇ ਪਾਸ, ਲੋਚਨ ਨੈਣ ਪੇਖ ਏਕਾ ਓਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਵਖਾਇਆ । ਲੱਖ ਚੁਰਾਸੀ ਤੇਰਾ ਅੰਤ ਦਰ ਦਰਵਾਜ਼ਾ, ਕਲਜੁਗ ਅੰਤ ਖੁਲ੍ਹਾਇੰਦਾ । ਜੂਠ ਝੂਠ ਮਾਰੇ ਆਵਾਜ਼ਾ, ਮਾਇਆ ਲੋਭ ਸੰਗ ਰਲਾਇੰਦਾ । ਮਾਇਆ ਰਾਣੀ ਕਸਿਆ ਤਾਜਾ, ਚਾਰੋਂ ਕੁੰਟ ਦੁੜਾਇੰਦਾ । ਤ੍ਰੈਗੁਣ ਤੇਰਾ ਰਚਿਆ ਕਾਜਾ, ਬ੍ਰਹਮਾ ਨੇਤਰ ਨੀਰ ਵਹਾਇੰਦਾ । ਸ਼ਿਵ ਸ਼ੰਕਰ ਉਠ ਉਠ ਮਾਰੇ ਆਵਾਜ਼ਾ, ਵਿਸ਼ਨੂੰ ਬੰਸੀ ਭੇਵ ਨਾ ਪਾਇੰਦਾ । ਸੁਰਪਤ ਰਾਜਾ ਇੰਦ ਤੇਰੀ ਕੋਈ ਨਾ ਰੱਖੇ ਲਾਜਾ, ਕਲਜੁਗ ਵੇਲਾ ਅੰਤਮ ਆਇੰਦਾ । ਲੋਕਮਾਤ ਨਾ ਕੋਈ ਮੱਕਾ ਕਾਅਬਾ ਹਾਜਾ, ਨਾ ਕੋਈ ਹਾਜੀ ਹੱਜ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਇਕ ਦਰ, ਦਰ ਦਵਾਰਾ ਇਕ ਸੁਹਾਇੰਦਾ ।

ਸਤਿ ਪੁਰਖ ਨਿਰੰਜਣ ਆਦਿ ਜੁਗਾਦਿ, ਏਕਾ ਰੰਗ ਸਮਾਇਆ । ਖੇਲੇ ਖੇਲ ਵਿਚ ਬ੍ਰਿਹਮਾਦ, ਦਿਸ ਕਿਸੇ ਨਾ ਆਇਆ । ਸ਼ਬਦ ਜਣਾਏ ਬੋਧ ਅਗਾਧ, ਅਗਾਧ ਬੋਧ ਆਪ ਅਖਵਾਇਆ । ਤੂਰਤ ਨਾਦ ਵਜਾਏ ਸਾਚਾ ਨਾਦ, ਅਨਹਦ ਸੇਵਾ ਲਾਇਆ । ਸਾਧ ਸੰਤ ਦਿਵਸ ਰੈਣ ਰਸਨਾ ਰਹੇ ਅਰਾਧ, ਆਪੇ ਵੇਖੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਦਰ ਏਕਾ ਏਕ ਸੁਹਾਇਆ । ਸਤਿ ਪੁਰਖ ਨਿਰੰਜਣ ਨਰ ਨਿਰੰਕਾਰ, ਏਕਾ ਧਾਮ ਸੁਹਾਇਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਛਾਇਆ । ਸ਼ਬਦ ਸੁਰਤ ਨਾ ਕੋਈ ਪਿਆਰ, ਗੁਰ ਪੀਰ ਦਿਸ ਨਾ ਆਇਆ । ਸੰਤ ਕੰਤ ਨਾ ਕੋਈ ਨਾਰੀ ਨਾ ਭਤਾਰ, ਜੀਵ ਜੰਤ ਨਾ ਵੇਖ ਵਖਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਚ ਮਹੱਲਾ ਬੈਠਾ ਆਸਣ ਲਾਇਆ । ਸ਼ਬਦ ਮਹੱਲਾ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਕਿਸੇ ਦਿਸ ਨਾ ਆਏ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਹੱਥ ਨਾ ਆਇਆ । ਜੋਤੀ ਸ਼ਬਦੀ ਆਪੇ ਰਲਾ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇਆ । ਦਰ ਦਰਬਾਰਾ ਹਰਿ ਦਾਤਾਰ, ਏਕਾ ਏਕ ਸੁਹਾਇਆ । ਜੋਤ ਸਰੂਪੀ ਕਰ ਅਕਾਰ, ਦੀਪਕ ਜੋਤ ਜਗਾਇਆ । ਆਪ ਆਪਣਾ ਕਰ ਪਸਾਰ, ਆਪੇ ਵੇਖ ਵਖਾਇਆ । ਆਪ ਆਪਣੀ ਬੰਨ੍ਹੇ ਧਾਰ, ਆਪੇ ਧੰਦੇ ਲਾਇਆ । ਆਪੇ ਵੇਖੇ ਕਰ ਵਿਚਾਰ, ਆਪੇ ਬੈਠਾ ਮੁਖ ਛੁਪਾਇਆ । ਆਤਮ ਜੋਤੀ ਨੂਰ ਅਪਾਰ, ਸੁਤ ਸ਼ਬਦੀ ਆਪ ਉਪਾਇਆ । ਸਚ ਸ਼ਬਦ ਕਰੇ ਜੈ ਜੈਕਾਰ, ਦੋਏ ਜੋੜ ਸੀਸ ਝੁਕਾਇਆ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਦੇ ਮਤ ਰਿਹਾ ਸਮਝਾਇਆ । ਬ੍ਰਹਿਮੰਡ ਵੰਡ ਹਰਿ ਗਿਰਧਾਰ, ਏਕਾ ਏਕ ਰਿਹਾ ਕਰਾਇਆ । ਜੇਰਜ ਅੰਡ ਕਰ ਪਸਾਰ, ਉਤਭੁਜ ਸੇਤਜ ਵਿਚ ਸਮਾਇਆ । ਪੰਜ ਤਤ ਸ਼ਬਦ ਅਧਾਰ, ਜੋਤ ਨਿਰੰਜਣ ਸੰਗ ਰਲਾਇਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਨਿਰੰਜਣ ਨਿਰਗੁਣ ਰੂਪ ਸਮਾਇਆ । ਨਿਰਗੁਣ ਰੂਪ ਹਰਿ ਅਗੰਮ, ਅਗੰਮੜੇ ਧਾਮ ਸੁਹਾਇਆ । ਨਾ ਮਰੇ ਨਾ ਪਏ ਜੰਮ, ਨਾ ਕੋਈ ਗੋਦ ਉਠਾਇਆ । ਆਪ ਉਪਾਏ ਆਪ ਆਪਣਾ ਨਾਉਂ ਰਖਾਏ, ਨਰ ਨਿਰੰਕਾਰ ਆਪ ਅਖਵਾਇਆ । ਆਪੇ ਜਾਣੇ ਆਪਣਾ ਕੰਮ, ਲੋਆਂ ਪੁਰੀਆਂ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਹਰਿ ਨਿਰੰਕਾਰਾ ਏਕਾ ਏਕ ਸੁਹਾਇਆ । ਜੋਤ ਸਰੂਪੀ ਕਰ ਅਕਾਰਾ, ਆਪਣਾ ਰਾਹ ਚਲਾਇੰਦਾ । ਸ਼ਬਦ ਸੁਤ ਵਡ ਬਲਕਾਰਾ, ਜੋਧਾ ਸੂਰ ਅਖਵਾਇੰਦਾ । ਆਪ ਬਣਾਏ ਸਾਚਾ ਲਾੜਾ, ਲੋਕਮਾਤ ਵੇਖ ਵਖਾਇੰਦਾ । ਬ੍ਰਹਮਾ ਬਖ਼ਸ਼ੇ ਚਰਨ ਪਿਆਰਾ, ਕਵਲ ਕਵਲੀ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਕਰ ਪਿਆਰਾ, ਸਾਰ ਸ਼ਬਦ ਸਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਮਾਤ ਚਲਾਇੰਦਾ । ਸਾਚੀ ਧਾਰ ਵਿਚ ਸੰਸਾਰ, ਜੁਗ ਜੁਗ ਮੇਲ ਮਿਲਾਈਆ । ਖੇਲੇ ਖੇਲ ਅਪਰ ਅਪਾਰ, ਵਲ ਛਲ ਸ੍ਰਿਸ਼ਟ ਸਬਾਈਆ । ਜਨ ਭਗਤਾਂ ਦਰਸ ਘੜੀ ਘੜੀ ਪਲ ਪਲ, ਰੂਪ ਅਨੂਪਾ ਸਤਿ ਸਰੂਪਾ ਰਿਹਾ ਕਰਾਈਆ । ਆਪੇ ਬਾਵਨ ਰਿਹਾ ਛਲ, ਬਲ ਦਵਾਰੇ ਫੇਰਾ ਪਾਈਆ । ਆਪੇ ਰਾਮ ਰਾਮਾ ਰਿਹਾ ਰਮ, ਰਾਵਣ ਹੰਕਾਰੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਵੇਖ ਵਖਾਈਆ । ਰਾਮ ਰਾਵਣ ਦੁਸ਼ਟ ਹੰਕਾਰ, ਅਚਰਜ ਖੇਲ ਵਖਾਈਆ । ਸੀਤਾ ਸੁਰਤੀ ਕਰ ਪਿਆਰ, ਭਗਤ ਸੁਹੇਲੇ ਰਿਹਾ ਪਰਨਾਈਆ । ਅਕਾਲ ਮੂਰਤੀ ਇਕ ਅਕਾਰ, ਆਪਣਾ ਆਪ ਕਰਾਈਆ । ਨਾਦ ਤੂਰਤੀ ਡੰਕ ਅਪਾਰ, ਰਾਓ ਰੰਕਾਂ ਕਰੇ ਖ਼ਬਰਦਾਰ, ਚਾਰੇ ਕੁੰਟਾਂ ਰਿਹਾ ਵਖਾਈਆ । ਲੇਖੇ ਲਾਏ ਸਪੁੱਤਰੀ ਜਨਕ, ਆਪ ਆਪਣੇ ਸੰਗ ਮਿਲਾਈਆ । ਆਪ ਸੁਹਾਏ ਦਵਾਰ ਬੰਕ, ਦਰ ਦਵਾਰੇ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤ੍ਰੇਤਾ ਵੇਖ ਵਿਖਾਈਆ । ਸਤਿਜੁਗ ਸਾਚਾ ਸਾਗਰ, ਲਏ ਮਾਤ ਅਵਤਾਰਾ । ਆਪੇ ਵੇਖੇ ਕਾਇਆ ਗਾਗਰ, ਖੇਲੇ ਖੇਲ ਅਪਰ ਅਪਾਰਾ । ਨਿਰਮਲ ਕਰਮ ਕਰੇ ਉਜਾਗਰ, ਲੱਖ ਚੁਰਾਸੀ ਬੰਨ੍ਹੇ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ

ਖੇਲ ਸਰਗੁਣ ਮੇਲ ਵਡ ਵੱਡਾ ਸੰਸਾਰਾ । ਨਿਰਗੁਣ ਖੇਲ ਹਰਿ ਬ੍ਰਹਿਮੰਡਾ, ਆਪਣਾ ਭੇਖ ਵਟਾਇਆ । ਦਰ ਦਵਾਰ ਜਨ ਭਗਤਾਂ ਮੰਗਾ, ਭੇਖਾਧਾਰੀ ਭੇਸ ਕਰਾਇਆ । ਆਪੇ ਹੋਇਆ ਭੁੱਖਾ ਨੰਗਾ, ਕਾਲ ਨਗਾਰਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਰਾਮਾ ਰੂਪ ਸਮਾਇਆ । ਭੇਖਾਧਾਰੀ ਹਰਿ ਭਗਵਾਨਾ, ਭਗਤ ਦਏ ਵਡਿਆਈਆ । ਹੱਥੀਂ ਬੰਨ੍ਹੇ ਨਾਮ ਗਾਨਾ, ਦੇਵੇ ਨਾਮ ਵਡਿਆਈਆ । ਇਕ ਸੁਣਾਏ ਰਾਗ ਅਨਾਦ ਤਰਾਨਾ, ਆਤਮਕ ਧੁਨ ਰਿਹਾ ਉਪਜਾਈਆ । ਤੋੜੇ ਮਾਣ ਗੜ੍ਹ ਅਭਿਮਾਨਾ, ਸਾਂਤਕ ਸਤਿ ਵਰਤਾਈਆ । ਏਕਾ ਬਖ਼ਸ਼ੇ ਚਰਨ ਧਿਆਨਾ, ਦਿਵਸ ਰੈਣ ਦਰਸ ਦਿਖਾਈਆ । ਏਕਾ ਸ਼ਬਦ ਸੁਣਾਏ ਕਾਨਾ, ਏਕਾ ਨਾਦ ਵਜਾਈਆ । ਮਿਲੇ ਮੇਲ ਪੁਰਖ ਸੁਲਤਾਨਾ, ਆਤਮ ਸੇਜਾ ਰਿਹਾ ਹੰਢਾਈਆ । ਗੋਬਿੰਦ ਮੇਲਾ ਗੁਰਸਿਖ ਚਤਰ ਸੁਜਾਨਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਰਾਮਾ ਰੂਪ ਸਮਾਈਆ । ਰਾਮ ਰਾਮਾ ਹਰਿ ਕਰਤਾਰ, ਖੇਲੇ ਖੇਲ ਸੰਸਾਰਿਆ । ਦੁਆਪਰ ਮੇਲਾ ਅਪਰ ਅਪਾਰ, ਜੋਧਾ ਸੂਰਬੀਰ ਬਲਕਾਰਿਆ । ਕਾਹਨਾ ਕ੍ਰਿਸ਼ਨਾ ਕ੍ਰਿਸ਼ਨ ਮੁਰਾਰ, ਅਰਜਨ ਰਥ ਚਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਰਿਹਾ ਮਥ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਲੱਖ ਚੁਰਾਸੀ ਆਪੇ ਮਥ, ਆਪੇ ਰਥ ਰਥਵਾਹੀਆ । ਗੁਰਮੁਖ ਸਾਚੇ ਲਏ ਰੱਖ, ਦੇਵੇ ਮਾਤ ਵਡਿਆਈਆ । ਮਹਿੰਮਾ ਜਗਤ ਸਦਾ ਅਕੱਥ, ਕੋਈ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਲੇਖ ਚੁਕਾਈਆ । ਦੁਆਪਰ ਲੇਖਾ ਗਿਆ ਚੁੱਕ, ਹੋਣੀ ਮਾਤ ਜੁਦਾਈਆ । ਕਲਜੁਗ ਨੇੜੇ ਗਿਆ ਢੁੱਕ, ਧਰਤਮਾਤ ਗੋਦ ਉਠਾਈਆ । ਅੰਤਮ ਲਹਿਣਾ ਦੇਣਾ ਜਾਏ ਮੁੱਕ, ਸੰਮਤ ਚੌਦਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਰਿਹਾ ਬਣਤ ਬਣਾਈਆ । ਸੰਮਤ ਚੌਦਾਂ ਚੌਦਾਂ ਲੋਕ, ਹਰਿ ਸਾਚਾ ਆਪ ਜਗਾਇੰਦਾ । ਸੋਹੰ ਸ਼ਬਦ ਸਚ ਸਲੋਕ, ਲੋਆਂ ਪੁਰੀਆਂ ਵੇਖ ਵਿਖਾਇੰਦਾ । ਹਰਿ ਕਾ ਭਾਣਾ ਨਾ ਕੋਈ ਸਕੇ ਰੋਕ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਲੱਖ ਚੁਰਾਸੀ ਦੇਵੇ ਝੋਕ, ਸਾਧ ਸੰਤ ਨਾ ਕੋਈ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਰਾਓ ਰੰਕਾਂ ਆਪ ਸੁਣਾਇੰਦਾ । ਏਕਾ ਡੰਕ ਹਰਿ ਕਰਤਾਰ, ਆਪਣਾ ਆਪ ਵਜਾਇਆ । ਸੰਮਤ ਚੌਦਾਂ ਕਰੇ ਖ਼ਬਰਦਾਰ, ਸ੍ਰਿਸ਼ਟ ਸਬਾਈ ਰਿਹਾ ਜਗਾਇਆ । ਜਨ ਭਗਤਾਂ ਮੇਲਾ ਮੀਤ ਮੁਰਾਰ, ਆਪ ਆਪਣਾ ਰਿਹਾ ਕਰਾਇਆ । ਆਪ ਸੁਹਾਏ ਬੰਕ ਦਵਾਰ, ਦਰ ਦਵਾਰ ਆਪ ਸੁਹਾਇਆ । ਗਊ ਗਰੀਬਾਂ ਕਰ ਪਿਆਰ, ਚਰਨ ਪ੍ਰੀਤੀ ਰਿਹਾ ਸਿਖਾਇਆ । ਇਕ ਕਰਾਏ ਜੈ ਜੈ ਜੈਕਾਰ, ਏਕਾ ਸ਼ਬਦ ਚਲਾਇਆ । ਨਾਤਾ ਤੋੜੇ ਭਾਈ ਭੈਣ ਸਾਕ ਸੈਣ ਸਰਬ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਆਪਣਾ ਲੜ ਫੜਾਇਆ ।

ਦਇਆ ਸਿੰਘ ਦਇਆ ਪ੍ਰਭ ਧਾਰ, ਲੋਕਮਾਤ ਜਨਮ ਦਵਾਇਆ । ਆਪ ਆਪਣਾ ਕਰੇ ਪਿਆਰ, ਆਪਣੀ ਸੇਵਾ ਲਾਇਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇਆ । ਆਪੇ ਹੋਏ ਪਹਿਰੇਦਾਰ, ਵੇਦ ਸ਼ਾਸਤਰ ਭੇਵ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਸਗਲਾ ਸੰਗ ਰਿਹਾ ਨਿਭਾਇਆ । ਦਇਆ ਸਿੰਘ ਹਰਿ ਦਿਆਲ, ਦਇਆ ਰੂਪ ਸਮਾਇੰਦਾ । ਆਪ ਉਪਾਏ ਸਾਚਾ ਲਾਲ, ਸਿੰਘ ਬਿਸ਼ਨ ਨਾਮ ਰਖਾਇੰਦਾ । ਫਲ ਲੱਗਾ ਕਾਇਆ ਡਾਲ੍ਹ, ਗੋਬਿੰਦ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਰੂਪ ਵਟਾਇੰਦਾ । ਚੇਲਾ ਗੁਰ ਗੁਰ ਗੋਬਿੰਦ, ਗੋਬਿੰਦ ਰੂਪ ਸਮਾਇਆ । ਲਿਖਿਆ ਲੇਖ ਮਸਤਕ ਚੰਦ, ਲਹਿਣਾ ਦੇਣਾ ਮੂਲ ਚੁਕਾਇਆ । ਸੰਤ ਮਨੀ ਸਿੰਘ ਜੋੜੇ ਜੋੜ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਦਰਸ਼ਨ ਪਾਇਆ । ਦਇਆ ਸਿੰਘ ਦਇਆਨਿਧ ਧਾਰ, ਆਪਣੀ ਦਇਆ ਕਮਾਈਆ । ਗੁਰ ਸ਼ਬਦ ਮੇਲਾ ਅਪਰ ਅਪਾਰ, ਸੱਜਣ ਸੁਹੇਲਾ ਆਪ ਅਖਵਾਈਆ । ਚੇਲਾ ਗੁਰ ਇਕ ਦਵਾਰ, ਏਕਾ ਰੂਪ ਵਟਾਈਆ । ਸਾਚਾ ਮੇਲਾ ਵਿਚ ਸੰਸਾਰ, ਸਤਿਗੁਰ ਪੂਰਾ ਰਿਹਾ ਮਿਲਾਈਆ । ਸੱਜਣ ਸੁਹੇਲਾ ਮੀਤ ਮੁਰਾਰ, ਸੇਵਕ ਸੇਵਾ ਰਿਹਾ ਕਮਾਈਆ । ਨਾਮ ਧਨ ਅਪਰ ਅਪਾਰ, ਆਤਮ ਝੋਲੀ ਆਪ ਭਰਾਈਆ । ਸਚ ਕਰਾਏ ਵਣਜ ਵਪਾਰ, ਏਕਾ ਵਸਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਮੇਲ ਮਿਲਾਈਆ । ਸੰਤ ਮਨੀ ਸਿੰਘ ਦਇਆ ਕਮਾਈ, ਅੰਤਮ ਰਾਹ ਵਖਾਇਆ । ਆਤਮ ਘਰ ਵੱਜੀ ਵਧਾਈ, ਸਤਿਗੁਰ ਪੂਰਾ ਪਾਇਆ । ਸਤਿਗੁਰ ਪੂਰਾ ਸ਼ਬਦ ਕੁੜਮਾਈ, ਸੁਰਤ ਸਵਾਣੀ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਕਾਜ ਰਚਾਇਆ । ਗੁਰਮੁਖ ਰਚਿਆ ਸਾਚਾ ਕਾਜ, ਮਿਲੇ ਮਾਤ ਵਡਿਆਈਆ । ਆਪੇ ਰੱਖਣਹਾਰਾ ਲਾਜ, ਗੋਬਿੰਦ ਰੂਪ ਵਟਾਈਆ । ਜੋਤੀ ਜੋੜਾ ਸੀਸ ਤਾਜ, ਨੀਲਾ ਘੋੜਾ ਇਕ ਵਖਾਈਆ । ਪਰਗਟ ਹੋਏ ਦੇਸ ਮਾਝ, ਸੰਬਲ ਨਗਰੀ ਧਾਮ ਸੁਹਾਈਆ । ਸਤਿ ਸਰੂਪੀ ਮਾਰੇ ਆਵਾਜ਼, ਦਿਵਸ ਰੈਣ ਰਿਹਾ ਜਗਾਈਆ । ਆਪੇ ਰੱਖਣਹਾਰਾ ਲਾਜ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਲੱਖ ਚੁਰਾਸੀ ਨਾਰ ਬਾਂਝ, ਪੂਤ ਸਪੂਤਾ ਕੋਈ ਨਾ ਜਾਈਆ । ਗੁਰਮੁਖ ਵਿਰਲੇ ਸਾਚੀ ਸਾਂਝ, ਜਗਤ ਰਹਿ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਤਰ ਨੈਣਾਂ ਦਰਸ ਦਿਖਾਈਆ । ਨੇਤਰ ਨੈਣਾਂ ਦਰਸ ਅਪਾਰ, ਨਿਰਮਲ ਜੋਤ ਜਗਾਈਆ । ਨਾਮ ਗਹਿਣਾ ਤਨ ਸ਼ਿੰਗਾਰ, ਸਾਚਾ ਬਸਤਰ ਪਾਈਆ । ਮਿਲੇ ਮੇਲ ਕੰਤ ਭਤਾਰ, ਨਾਰੀ ਕੰਤ ਰੂਪ ਸਮਾਈਆ । ਆਤਮ ਸੇਜਾ ਕਰ ਪਿਆਰ, ਬੈਠਾ ਆਸਣ ਲਾਈਆ । ਹਉਮੇ ਦੁਖੜਾ ਦਏ ਨਿਵਾਰ, ਉਜਲ ਮੁਖੜਾ ਰਿਹਾ ਕਰਾਈਆ । ਸੁਫਲ ਕੁਖੜਾ ਵਿਚ ਸੰਸਾਰ, ਮਾਤ ਪਿਤ ਪਿਤਾ ਪੂਤ ਆਪੇ ਮੇਲ ਮਿਲਾਈਆ । ਨੇਤਰ ਨੈਣ ਦਰਸ ਭੁਖੜਾ, ਆਤਮ ਤ੍ਰਿਸ਼ਨਾ ਭੁੱਖ ਗਵਾਈਆ । ਮਾਤ ਗਰਭ ਨਾ ਹੋਏ ਉਲਟਾ ਰੁਖੜਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਤਰਾਈਆ । ਗੁਰਮੁਖ ਸਾਚਾ ਸਤਿ ਸਤਿਵਾਦ, ਇਕ ਧਿਆਨ ਲਗਾਇਆ । ਆਤਮ ਵੱਜੇ ਸ਼ਬਦ ਨਾਦ, ਅਨਾਦੀ ਧੁਨ ਉਪਜਾਇਆ । ਹਰਿ ਦਰਸ਼ਨ ਵੇਖੇ ਵਿਚ ਬ੍ਰਹਿਮਾਦ, ਪ੍ਰਭ ਸਾਚਾ ਰਿਹਾ ਵਖਾਇਆ । ਭਗਤ ਸੁਹੇਲਾ ਆਦਿ ਜੁਗਾਦਿ, ਜੁਗ ਜੁਗ ਮੇਲ ਮਿਲਾਇਆ । ਗੁਰ ਗੋਬਿੰਦਾ ਆਪੇ ਲਾਧ, ਗੁਰਮੁਖ ਸਾਚਾ ਰਿਹਾ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਮਨੀ ਸਿੰਘ ਤੇਰਾ ਵਰ, ਅੰਤਮ ਪੂਰ ਕਰਾਇਆ । ਗੁਰ ਪੂਰਾ ਹਾਜ਼ਰ ਹਜ਼ੂਰ, ਦਿਵਸ ਰੈਣ ਪਰਭਾਤ । ਆਪੇ ਵਸੇ ਨੇੜੇ ਦੂਰ, ਆਪੇ ਪਿਤਾ ਮਾਤ । ਜਗਤ ਨਾਤਾ ਤੋੜੇ ਕੂੜੋ ਕੂੜ, ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤ । ਜਿਸ ਜਨ ਬਖ਼ਸ਼ੇ ਚਰਨ ਧੂੜ, ਮੇਟ

੫੮੩
੦੬

ਮਿਟਾਏ ਅੰਧੇਰੀ ਰਾਤ । ਮਨਮੁਖ ਭੁੱਲੇ ਮੂਰਖ ਮੂੜ੍ਹ, ਭਰਮ ਭੁਲੇਖਾ ਜ਼ਾਤ ਪਾਤ । ਗੁਰਮੁਖ ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਦੁਰਮਤ ਮੈਲ ਦੇਵੇ ਕਾਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਾਲ, ਇਕ ਰਖਾਏ ਆਪਣਾ ਹਾਟ । ਗੁਰਮੁਖ ਸਾਚਾ ਲਾਲ, ਹਰਿ ਆਪਣੇ ਹੱਟ ਰਖਾਇਆ । ਮਿਲਿਆ ਮੇਲ ਗੁਰ ਗੋਪਾਲ, ਤਨ ਸਾਚੀ ਬਣਤ ਬਣਾਇਆ । ਸਿੰਘ ਬਿਸ਼ਨ ਪ੍ਰਭ ਆਪੇ ਭਾਲ, ਆਤਮ ਸੇਜਾ ਸਾਚੀ ਖਾਟ, ਸ਼ਬਦ ਸ਼ਬਦ ਮਿਲਾਇਆ । ਫਲ ਲਗਾਏ ਕਾਇਆ ਡਾਲ੍ਹ, ਜੋਤੀ ਨੂਰ ਨੂਰ ਲਟ ਲਟ ਕਰਾਇਆ । ਦੋ ਜਹਾਨਾਂ ਪੁੱਛੇ ਵਾਤ, ਨੇੜਾ ਦੂਰ ਦਿਸ ਨਾ ਆਇਆ । ਗੁਰ ਗੋਬਿੰਦਾ ਪੂਰਾ ਕਰੇ ਘਾਟ, ਕਲਜੁਗ ਅੰਤਮ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵਸਿਆ ਸਾਚੇ ਘਰ, ਘਰ ਸਾਚਾ ਧਾਮ ਸੁਹਾਇਆ । ਚਰਨ ਪ੍ਰੀਤੀ ਸਾਚੀ ਭੇਟ, ਕਰੇ ਦਰ ਪਰਵਾਨਿਆ । ਆਪੇ ਹੋਏ ਖੇਵਟ ਖੇਟ, ਪਾਰ ਕਰਾਏ ਦੋ ਜਹਾਨਿਆ । ਆਪੇ ਮਾਤ ਪਿਤ ਬੇਟੀ ਬੇਟ, ਗੁਰਸਿਖ ਗੋਬਿੰਦ ਰੂਪ ਸਮਾਨਿਆ । ਸ਼ਬਦ ਦਾਤ ਲਏ ਲੁੱਟ, ਆਪ ਆਪਣੀ ਸੇਵ ਕਮਾਨਿਆ । ਜੂਠੀ ਝੂਠੀ ਦੂਈ ਦਵੈਤੀ ਕਲਜੁਗ ਕਾਲੀ ਧਾਰ ਦਏ ਰੁੜ੍ਹਾ, ਸਤਿਜੁਗ ਸਾਚਾ ਚੰਨ ਚੜ੍ਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਅੰਤਮ ਪਿਆਰ, ਮੇਲ ਮਿਲਾਏ ਸ੍ਰੀ ਭਗਵਾਨਿਆ । ਗੁਰਮੁਖ ਤੇਰੀ ਆਤਮ ਸਿੱਕ, ਦਿਵਸ ਰੈਣ ਰਹੀ ਜਗਾਈਆ । ਕਿਸੇ ਹੱਥ ਨਾ ਆਏ ਮੁਨ ਰਿਖ, ਕੋਟਨ ਕੋਟ ਬੈਠੇ ਧੂਣੀਆਂ ਤਾਈਆ । ਸਾਧ ਸੰਤ ਦਰ ਦਰ ਮੰਗਦੇ ਭਿੱਖ, ਨਾਮ ਵਸਤ ਕੋਇ ਨਾ ਝੋਲੀ ਪਾਈਆ । ਜੀਵ ਜੰਤ ਆਪਣਾ ਲੇਖ ਬਹਿ ਬਹਿ ਰਹੇ ਲਿਖ, ਅੰਤਮ ਲੇਖ ਨਾ ਕੋਈ ਮਿਟਾਈਆ । ਕੋਟਨ ਕੋਟ ਧਾਰੀ ਭੇਖ, ਭੇਖਾਧਾਰੀ ਭੇਖ ਪਖੰਡ ਤਨ ਬੈਠੇ ਖ਼ਾਕ ਰਮਾਈਆ । ਕੋਟਨ ਕੋਟ ਧਾਰੀ ਦਸ ਦਸਮੇਸ਼, ਨੇਤਰ ਨੈਣ ਵੇਖ ਨਾ ਪਾਈਆ । ਕੋਟਨ ਕੋਟ ਪੂਜਣ ਸ਼ਿਵ ਸ਼ੰਕਰ ਗਣੇਸ਼, ਨਾਮ ਤ੍ਰਿਸੂਲ ਕੋਇ ਨਾ ਹੱਥ ਫੜਾਈਆ । ਕੋਟਨ ਕੋਟ ਨਰ ਨਰੇਸ਼, ਰਾਜ ਰਾਜਾਨ ਸ਼ਾਹ ਸੁਲਤਾਨ ਰੋ ਰੋ ਦੇਣ ਦੁਹਾਈਆ । ਕੋਟੀ ਕੋਟ ਮੁੱਲਾ ਸ਼ੇਖ਼ ਮੁਸਾਇਕ, ਪੀਰ ਦਸਤਗੀਰ ਦਿਸ ਨਾ ਆਈਆ । ਕੋਟਨ ਕੋਟ ਉਠਣ ਰਾਤ, ਆਤਮ ਖੁਲ੍ਹਿਆ ਨਾ ਕਿਸੇ ਤਾਕ, ਜੂਠੇ ਝੂਠੇ ਰਹੇ ਕੁਰਲਾਈਆ । ਕੋਟਨ ਕੋਟ ਵਿਚਾਰੇ ਭਵਿਖਤ ਵਾਕ, ਪ੍ਰਭ ਸਾਚਾ ਭੇਵ ਨਾ ਰਾਈਆ । ਲੱਖ ਚੁਰਾਸੀ ਆਪੇ ਵੇਖੇ ਮਾਰ ਝਾਤ, ਅੰਦਰ ਬੈਠਾ ਆਸਣ ਲਾਈਆ । ਗੁਰਮੁਖ ਸੱਜਣ ਸੁਹੇਲੇ ਸਾਚੇ ਸਾਕ, ਆਪ ਆਪਣੇ ਮਾਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਤੇਰਾ ਸਾਚਾ ਘਰ, ਦਵਾਰ ਬੰਕਾ ਆਪ ਸੁਹਾਈਆ । ਦਵਾਰ ਬੰਕਾ ਗੁਰ ਗੋਬਿੰਦ, ਏਕਾ ਚਰਨ ਛੁਹੰਦੜਾ । ਜੀਵ ਜੰਤ ਕਰਨ ਨਿੰਦ, ਦਾਤਾ ਦਾਨੀ ਆਪ ਬਖ਼ਸ਼ਿੰਦੜਾ । ਗੁਰਮੁਖ ਉਪਜਾਏ ਸਾਚੀ ਬਿੰਦ, ਆਪ ਆਪਣਾ ਲੜ ਫੜੰਦੜਾ । ਪਰਗਟ ਹੋਏ ਵਿਚ ਹਿੰਦ, ਵਾਲੀ ਹਿੰਦ ਆਪ ਉਠੰਦੜਾ । ਦਾਤਾ ਜੋਧਾ ਸੂਰਾ ਵਡ ਮਰਗਿੰਦ, ਸੂਰਬੀਰ ਆਪ ਅਖਵੰਦੜਾ । ਜਨ ਭਗਤਾਂ ਮੇਟੇ ਸਗਲੀ ਚਿੰਦ, ਨੇਤਰ ਨੈਣਾਂ ਦਰਸ ਦਿਖੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਸੁਹੰਦੜਾ । ਸਾਚਾ ਧਾਮ ਹਰਿ ਸੁਹਾਏ, ਰੈਣ ਭਿੰਨੜੀ ਖ਼ੁਸ਼ੀ ਮਨਾਈਆ । ਗੁਰਮੁਖ ਸਾਚੇ ਸੰਗ ਰਲਾਏ, ਦਰ ਦਰ ਵੱਜੀ ਵਧਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਸੁਣਨੇ ਆਏ, ਦਰ ਬੈਠੇ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਜੋਤ ਜਗਾਏ, ਲੋਆਂ ਪੁਰੀਆਂ ਕਰੇ ਰੁਸ਼ਨਾਈਆ । ਏਕਾ ਸ਼ਬਦ ਡੰਕ ਵਜਾਏ, ਚਾਰੇ ਕੁੰਟਾਂ ਰਿਹਾ ਸੁਣਾਈਆ । ਰਾਓ ਰੰਕ ਆਪ ਉਠਾਏ, ਰਾਜ


੫੮੪
੦੬

ਰਾਜਾਨਾਂ ਰਿਹਾ ਹਿਲਾਈਆ । ਦਵਾਰ ਬੰਕਾ ਗੁਰਸਿਖ ਸੁਹਾਏ, ਗੁਰ ਪੂਰਾ ਦਇਆ ਕਮਾਈਆ । ਜਗਤ ਵਡਿਆਈ ਜਿਉਂ ਜਨ ਜਨਕਾ, ਵਾਸੀ ਪੁਰੀ ਘਨਕਾ ਆਪ ਕਰਾਈਆ । ਲਹਿਣਾ ਦੇਣਾ ਮੁਕਾਏ ਜਿਉਂ ਨਾਨਕ ਅੰਗਦਾ, ਆਪ ਆਪਣੇ ਰੰਗ ਰੰਗਾਈਆ । ਕਾਇਆ ਚੋਲੀ ਆਪੇ ਰੰਗਤਾ, ਨਾਮ ਰੰਗਣ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਰਿਹਾ ਚੁਕਾਇਆ । ਪੂਰਬ ਲਹਿਣਾ ਜਗਤ ਅਧਾਰ, ਪ੍ਰਭ ਆਪਣਾ ਆਪ ਚੁਕਾਇਆ । ਆਪੇ ਬਖ਼ਸ਼ੇ ਚਰਨ ਪਿਆਰ, ਸੇਵਕ ਸੇਵਾ ਲਾਇਆ । ਨੇਤਰ ਨੈਣ ਅੱਖ ਉਘਾੜ, ਲੋਚਨ ਤੀਜਾ ਰਿਹਾ ਖੁਲ੍ਹਾਇਆ । ਦਰ ਦਵਾਰੇ ਸਾਚੇ ਵਾੜ, ਚੌਥੇ ਪਦ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਕਾਇਆ ਘਰ ਅਨਹਦ ਸੇਵਾ ਲਾਇਆ । ਅਨਹਦ ਸੇਵਾ ਸੇਵ ਕਮਾਏ, ਗੁਰ ਪੂਰੇ ਆਪ ਲਗਾਈਆ । ਗੁਰਮੁਖ ਸੋਏ ਰਿਹਾ ਉਠਾਏ, ਅੰਦਰ ਮੰਦਰ ਆਪ ਜਗਾਈਆ । ਏਕਾ ਸਰ ਏਕਾ ਤਾਲ ਰਿਹਾ ਖੜਕਾਏ, ਧੁਨ ਆਤਮਕ ਵੱਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਿੰਘ ਬਿਸ਼ਨ ਤੇਰਾ ਦਵਾਰ ਬੰਕ ਰਿਹਾ ਸੁਹਾਈਆ ।

### ❊ ੧੫ ਚੇਤਰ ੨੦੧੪ ਰੇਸ਼ਮ ਸਿੰਘ ਦੇ ਗ੍ਰਹਿ ਪਿੰਡ ਖਹਿਰਾ ਮਜਾ ਜ਼ਿਲਾ ਜਲੰਧਰ ❊



ਪੂਰਬ ਲਹਿਣਾ ਭਗਤ ਅਧਾਰ, ਜੁਗ ਜੁਗ ਆਪ ਚੁਕਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪਣਾ ਆਪ ਮੇਲ ਮਿਲਾਇੰਦਾ । ਸੁਰਤੀ ਸ਼ਬਦ ਕਰ ਪਿਆਰ, ਸਚ ਨਾਤਾ ਜੋੜ ਜੁੜਾਇੰਦਾ । ਮੇਟ ਮਿਟਾਏ ਅੰਧ ਅੰਧਿਆਰ, ਦੂਈ ਦਵੈਤੀ ਫੰਦ ਕਟਾਇੰਦਾ । ਅੰਮ੍ਰਿਤ ਆਤਮ ਠੰਢੀ ਧਾਰ, ਗੁਰਮੁਖਾਂ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮਾਤ ਜਗਾਇੰਦਾ । ਜੁਗ ਜੁਗ ਲਹਿਣਾ ਚੁੱਕਣਾ ਮੂਲ, ਗੁਰਮੁਖ ਆਪ ਚੁਕਾਇਆ । ਮੇਲ ਮਿਲਾਵਾ ਕੰਤ ਕੰਤੂਹਲ, ਆਤਮ ਸੇਜਾ ਇਕ ਸੁਹਾਇਆ । ਸ਼ਬਦ ਬਰਖਾ ਸਾਚੇ ਫੂਲ, ਆਪੇ ਰਿਹਾ ਕਰਾਇਆ । ਸ਼ਬਦ ਪੰਘੂੜਾ ਸਾਚਾ ਝੂਲ, ਦੋ ਜਹਾਨੀ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਸਾਚਾ ਜਗਤ ਅਧਾਰ, ਕਰ ਕਿਰਪਾ ਪਾਰ ਕਰਾਇਆ । ਜਗਤ ਲੇਖਾ ਲਹਿਣ ਦੇਣ, ਆਦਿ ਅੰਤ ਚੁਕਾਇੰਦਾ । ਦਰਸ ਦਿਖਾਏ ਤੀਜੇ ਨੈਣ, ਸਾਚੇ ਸੰਤ ਆਪ ਉਪਾਇੰਦਾ । ਹੋਏ ਸਹਾਈ ਦਿਵਸ ਰੈਣ, ਅੱਠੇ ਪਹਿਰ ਸੇਵ ਕਮਾਇੰਦਾ । ਹਰਿਜਨ ਸਾਚੇ ਭਾਣਾ ਸਹਿਣ, ਲੋਕ ਲਾਜ ਤਜਾਇੰਦਾ । ਤਨ ਪਹਿਨਾਏ ਸ਼ਬਦ ਗਹਿਣ, ਬਸਤਰ ਸ਼ਸਤਰ ਇਕ ਵਿਖਾਇੰਦਾ । ਮਨਮੁਖ ਵਹੇ ਝੂਠੇ ਵਹਿਣ, ਕਲਜੁਗ ਧਾਰ ਵਹਾਇੰਦਾ । ਅੰਤਮ ਖਾਏ ਲਾੜੀ ਮੌਤ ਡੈਣ, ਧਰਮ ਰਾਏ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਪਿਛਲਾ ਮੂਲ ਚੁਕਾਇੰਦਾ । ਲਹਿਣਾ ਦੇਣਾ ਜਗਤ ਜਗ, ਦੇਵਣਹਾਰ ਦਾਤਾਰ । ਗੁਰਮੁਖ ਸਾਚੇ ਆਪੇ ਚੁਗ, ਬਖ਼ਸ਼ੇ ਚਰਨ ਪਿਆਰ । ਦਰਸ ਦਿਖਾਏ ਇਕ ਅਮੋਘ, ਪਰਗਟ ਹੋ ਨਰ ਨਿਰੰਕਾਰ । ਸਾਚਾ ਮੇਲਾ ਧੁਰ ਸੰਜੋਗ, ਕਰੇ ਕਰਾਏ ਕਰਾਵਣਹਾਰ । ਦੂਈ ਦਵੈਤੀ ਹਉਮੇ ਕਟੇ ਰੋਗ, ਏਕਾ ਸ਼ਬਦ ਅਧਾਰ । ਸੋਹੰ ਸ਼ਬਦ ਸਾਚੀ ਚੋਗ, ਹਰਿ ਹੰਸਾ ਰਿਹਾ ਖਲਾਰ । ਆਤਮ ਰਸ ਰਸਨਾ ਭੋਗ, ਏਕਾ ਏਕ ਅਪਾਰ । ਆਦਿ ਅੰਤ ਨਾ ਹੋਏ

ਵਿਜੋਗ, ਮਿਲਿਆ ਮੇਲ ਮੀਤ ਮੁਰਾਰ । ਗੁਰ ਕਾ ਸ਼ਬਦ ਸਾਚਾ ਜੋਗ, ਦੋ ਜਹਾਨੀ ਕਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਹਿਣਾ ਦੇਣਾ ਰਿਹਾ ਕਰਜ਼ ਉਤਾਰ । ਲਹਿਣਾ ਦੇਣਾ ਆਦਿ ਜੁਗਾਦਿ, ਜੁਗ ਜੁਗ ਬਣਿਆ ਆਇਆ । ਵੇਖ ਵਖਾਏ ਹਰਿ ਬ੍ਰਹਿਮਾਦ, ਅਗੰਮ ਅਗੰਮੜੇ ਧਾਮ ਸੁਹਾਇਆ । ਸੰਤ ਸੁਹੇਲੇ ਆਪੇ ਲਾਧ, ਲੋਕਮਾਤ ਮੇਲ ਮਿਲਾਇਆ । ਆਤਮਕ ਧੁਨ ਉਪਜਾਏ ਸਾਚਾ ਨਾਦ, ਨਾਦ ਅਨਾਦੀ ਆਪ ਵਜਾਇਆ । ਸ਼ਬਦ ਜਣਾਏ ਬੋਧ ਅਗਾਧ, ਭੇਵ ਕਿਸੇ ਨਾ ਪਾਇਆ । ਕੋਟਨ ਕੋਟ ਰਹੇ ਅਰਾਧ, ਪਾਰਬ੍ਰਹਮ ਦਿਸ ਕਿਸੇ ਨਾ ਆਇਆ । ਗੁਰਮੁਖ ਵਿਰਲੇ ਮੇਲਾ ਮਾਧਵ ਮਾਧ, ਜਿਸ ਜਨ ਕਰ ਕਿਰਪਾ ਲਏ ਮਿਲਾਇਆ । ਨਾਮ ਵਸਤ ਦੇਵੇ ਸਾਚੀ ਦਾਤ, ਧੁਰਦਰਗਾਹੀ ਲੈ ਕੇ ਆਇਆ । ਸੁਣੇ ਸੁਣਾਏ ਸਦ ਫਰਿਆਦ, ਦੋ ਜਹਾਨਾਂ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਝੋਲੀ ਪਾਇਆ । ਜਗਤ ਲਹਿਣਾ ਗੁਰਮੁਖ ਹੱਕ, ਹੱਕਾ ਹੱਕ ਵਡਿਆਈਆ । ਭਗਤੀ ਫਲ ਗਿਆ ਪੱਕ, ਜਨਮ ਲਹਿਣਾ ਲੇਖੇ ਲਾਈਆ । ਪਾਰਬ੍ਰਹਮ ਪ੍ਰਭ ਆਪੇ ਤੱਕ, ਦੂਰ ਦੁਰਾਡੇ ਲਏ ਉਠਾਈਆ । ਏਕਾ ਸ਼ਬਦ ਜਣਾਏ ਨਾਅਰਾ ਅਹਿਨਲ ਹੱਕ, ਹਕ਼ ਹਕੂਕ ਇਕ ਵਖਾਈਆ । ਸਾਧ ਸੰਤ ਜੀਵ ਜੰਤ ਪੜ੍ਹ ਪੜ੍ਹ ਜਗਤ ਵਿਦਿਆ ਗਏ ਥੱਕ, ਗੁਰ ਪੂਰਾ ਦਿਸ ਨਾ ਆਈਆ । ਕਲਜੁਗ ਮਾਇਆ ਨਕੇਲ ਪਾਏ ਨੱਕ, ਚਾਰੋਂ ਕੁੰਟ ਰਿਹਾ ਫਿਰਾਈਆ । ਖਾਲੀ ਦਿਸੇ ਮਦੀਨਾ ਮੱਕ, ਹੂ ਹੂ ਨਾਅਰਾ ਕੋਈ ਨਾ ਲਾਈਆ । ਗੁਰਦਰ ਮਸਜਿਦ ਮੰਦਰ ਦਿਸਣ ਢੱਕ, ਚੋਰ ਯਾਰ ਠੱਗ ਬੈਠੇ ਆਸਣ ਲਾਈਆ । ਚਾਰੋਂ ਕੁੰਟ ਅੰਤਮ ਉਡਣੇ ਕੱਖ, ਕਲਜੁਗ ਅਗਨੀ ਰਿਹਾ ਲਗਾਈਆ । ਦਰ ਦਵਾਰੇ ਹੋਏ ਸੱਖ, ਭਰਿਆ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਕੋਇ ਨਾ ਸਕੇ ਰੱਖ, ਰੱਖਣਹਾਰਾ ਆਪ ਭੁਲਾਈਆ । ਕਲਜੁਗ ਅੰਗੀਠਾ ਰਿਹਾ ਭਖ, ਨੌ ਖੰਡ ਪ੍ਰਿਥਮੀ ਧੂਣੀ ਤਾਈਆ । ਸੱਤਾਂ ਦੀਪਾਂ ਹੋ ਪਰਤੱਖ, ਅਗਨੀ ਲੰਬੂ ਲਾਈਆ । ਜੂਠ ਝੂਠ ਪਾਏ ਕੱਖ, ਹੰਕਾਰ ਵਿਕਾਰ ਨਾਲ ਰਲਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਪਾਰਬ੍ਰਹਮ ਪ੍ਰਭ ਲਏ ਰੱਖ, ਜਿਸ ਜਨ ਚਰਨੀ ਓਟ ਰਖਾਈਆ । ਦਰਸ ਵਿਖਾਏ ਹੋ ਪਰਤੱਖ, ਨਿਹਕਲੰਕਾ ਡੰਕ ਵਜਾਈਆ । ਤੀਰ ਨਿਰਾਲਾ ਏਕਾ ਕਸ, ਸੋਹੰ ਰਸਨਾ ਚਿੱਲੇ ਰਿਹਾ ਚੜ੍ਹਾਈਆ । ਭਗਤ ਜਨਾਂ ਦਰ ਹੋਇਆ ਵਸ, ਸੇਵਕ ਸੇਵਾ ਰਿਹਾ ਕਮਾਈਆ । ਕਲਜੁਗ ਰੈਣ ਅੰਧੇਰੀ ਮੱਸ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਰਵ ਸਸ ਰਹੇ ਨੱਸ, ਦਿਵਸ ਰੈਣ ਪੰਧ ਮੁਕਾਈਆ । ਧਰਮ ਰਾਏ ਰਿਹਾ ਹੱਸ, ਕਲਜੁਗ ਅੰਤਮ ਰੁੱਤ ਸੁਹਾਈਆ । ਲਾੜੀ ਮੌਤ ਰਹੀ ਦੱਸ, ਹੱਥੀਂ ਲਾਲ ਮਹਿੰਦੀ ਲਾਈਆ । ਚਿਤਰ ਗੁਪਤ ਲੇਖਾ ਕਰੇ ਬੱਸ, ਅੰਤ ਹਿਸਾਬ ਵਖਾਈਆ । ਪੁਰਖ ਅਬਿਨਾਸ਼ੀ ਲੱਖ ਚੁਰਾਸੀ ਚਰਨਾਂ ਹੇਠ ਦੇਵੇ ਦੱਬ, ਨਾ ਕੋਈ ਸਕੇ ਬਚਾਈਆ । ਤ੍ਰੈਗੁਣ ਮਾਇਆ ਡੱਸਣੀ ਡੱਸ, ਪੰਜਾਂ ਤਤਾਂ ਡੰਗ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਲਹਿਣਾ ਦੇਣਾ ਰਿਹਾ ਚੁਕਾਈਆ । ਲਹਿਣਾ ਦੇਣਾ ਹਰਿ ਦਾਤਾਰ, ਜਨ ਭਗਤਾਂ ਆਪ ਚੁਕਾਇੰਦਾ । ਪਰਗਟ ਹੋ ਵਿਚ ਸੰਸਾਰ, ਸ਼ਬਦੀ ਸ਼ਬਦ ਮਿਲਾਇੰਦਾ । ਏਕਾ ਬਖ਼ਸ਼ੇ ਚਰਨ ਪਿਆਰ, ਨਾਤਾ ਬਿਧਾਤਾ ਆਪ ਕਰਾਇੰਦਾ । ਨਾਮ ਖੰਡਾ ਤੇਜ ਕਟਾਰ, ਸਾਚਾ ਸ਼ਸਤਰ ਤਨ ਪਹਿਨਾਇੰਦਾ । ਆਪੇ ਰੱਖੇ ਤਿੱਖੀ ਧਾਰ, ਪੰਜਾਂ ਚੋਰਾਂ ਮਾਰ ਮੁਕਾਇੰਦਾ । ਮਨ ਪੰਖੀ ਨਾ ਉਡੇ ਉਡਾਰ, ਸ਼ਬਦ ਡੋਰੀ ਆਪ ਬੰਧਾਇੰਦਾ । ਮਤ ਬੁਧ ਕਰੇ ਨਿਮਸਕਾਰ, ਭੈ ਭਿਆਨਕ ਰੂਪ ਵਖਾਇੰਦਾ । ਭਗਤ ਜਨਾਂ ਕਰੇ ਕਾਰਜ

ਸੁਧ, ਕਾਇਆ ਮੰਦਰ ਇਕ ਸੁਹਾਇੰਦਾ । ਸ਼ਬਦ ਘੋੜੇ ਚਿੱਟੇ ਅਸਵ ਕੁੱਦ, ਸ਼ਾਹ ਅਸਵਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਦੇਵੇ ਵਰ, ਏਕਾ ਨਾਮ ਝੋਲੀ ਪਾਇੰਦਾ । ਨਾਮ ਵਰ ਹਰਿ ਨਿਰੰਕਾਰ, ਏਕਾ ਏਕ ਝੋਲੀ ਪਾਇਆ । ਗੁਰਮੁਖਾਂ ਜੁਗ ਜੁਗ ਕਰ ਪਿਆਰ, ਦਰ ਦਰਵੇਸ਼ਾ ਦੇਵਣ ਆਇਆ । ਭਗਵੰਤ ਭਗਤ ਲਏ ਅਧਾਰ, ਭਗਵਨ ਮੇਲ ਮਿਲਾਇਆ । ਆਦਿਨ ਅੰਤਾ ਓਅੰਕਾਰ, ਏਕਾ ਏਕ ਰੂਪ ਸਮਾਇਆ । ਸੋਹੰ ਸ਼ਬਦ ਵਿਚ ਸੰਸਾਰ, ਸਤਿਜੁਗ ਸਾਚਾ ਰਾਹ ਚਲਾਇਆ । ਕਲਜੁਗ ਅੰਤਮ ਆਈ ਹਾਰ, ਬੈਠਾ ਮੁਖ ਛੁਪਾਇਆ । ਸੰਗ ਮੁਹੰਮਦ ਚਾਰ ਯਾਰ, ਨਾ ਕੋਈ ਹੋਏ ਸਹਾਇਆ । ਅੱਲਾ ਰਾਣੀ ਹਾਹਾਕਾਰ, ਨੇਤਰ ਨੀਰ ਰਹੀ ਬਹਾਇਆ । ਵੇਦ ਪੁਰਾਨਾਂ ਪੈਣੀ ਮਾਰ, ਨਾ ਕੋਈ ਸਕੇ ਬਚਾਇਆ । ਖਾਣੀ ਬਾਣੀ ਹੋਏ ਹੈਰਾਨ, ਚਾਰੋਂ ਕੁੰਟ ਰਹੀ ਕੁਰਲਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਬਣਤ ਬਣਾਇਆ । ਧਰਤ ਮਾਤ ਤੇਰੀ ਸੁਣ ਪੁਕਾਰ, ਜੋਤੀ ਜਾਮਾ ਭੇਖ ਵਟਾਇਆ । ਨਾਨਕ ਗੋਬਿੰਦ ਇਕ ਪਿਆਰ, ਏਕਾ ਧਾਰ ਵਿਖਾਇਆ । ਗੋਬਿੰਦ ਮੇਲਾ ਕੰਤ ਭਤਾਰ, ਸਾਚੀ ਸੇਜਾ ਅਪਰ ਅਪਾਰ, ਪੁਰਖ ਅਬਿਨਾਸ਼ੀ ਇਕ ਸੁਹਾਇਆ । ਪੁਰਖ ਅਬਿਨਾਸ਼ੀ ਵਡ ਸਿਕਦਾਰ, ਦੋ ਜਹਾਨਾਂ ਆਪ ਅਖਵਾਇਆ । ਦਰ ਦਰਬਾਨ ਪਾਵੇ ਸਾਰ, ਲੋਕਮਾਤੀ ਫੇਰਾ ਪਾਇਆ । ਲੋਕਮਾਤੀ ਕਰ ਵਿਚਾਰ, ਆਪ ਆਪਣਾ ਰੰਗ ਰੰਗਾਇਆ । ਸੋਹੰ ਖੰਡਾ ਤੇਜ ਕਟਾਰ, ਹਰਿ ਸਾਚੇ ਹੱਥ ਉਠਾਇਆ । ਦੇਵਤ ਸੁਰ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਲੋਆਂ ਪੁਰੀਆਂ ਦਏ ਹਿਲਾਇਆ । ਨਿਹਕਲੰਕਾ ਲਏ ਅਵਤਾਰ, ਸਾਚਾ ਡੰਕਾ ਇਕ ਵਜਾਇਆ । ਰਾਜ ਰਾਜਾਨ ਸ਼ਾਹ ਸੁਲਤਾਨ ਹੋਣ ਖੁਆਰ, ਦਰ ਦਰ ਮੰਗਣ ਭਿਖਿਆ ਜਾਇਆ । ਮਨਮੁਖ ਰੋਵਣ ਜ਼ਾਰੋ ਜ਼ਾਰ, ਸਾਚੀ ਸਿਖਿਆ ਗਏ ਭੁਲਾਇਆ । ਗੁਰ ਗੋਬਿੰਦੇ ਲਿਖਿਆ ਲੇਖ ਅਪਾਰ, ਕਲ ਸਕੇ ਨਾ ਕੋਈ ਮਿਟਾਇਆ । ਨੇਤਰ ਲੋਚਨ ਨੈਣ ਗੁਰਮੁਖ ਪੇਖਾ, ਆਤਮ ਦਰਸੀ ਦਰਸ ਦਿਖਾਇਆ । ਆਪੇ ਜਾਣੇ ਧਾਰੀ ਕੇਸਾ, ਦਸ ਦਸਮੇਸ਼ਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਦਰ ਦਵਾਰੇ ਫੇਰਾ ਪਾਇਆ । ਦਰ ਦਵਾਰ ਗੁਰਮੁਖ ਤੇਰਾ, ਸਾਚੀ ਸੇਵ ਕਮਾਈਆ । ਭਰਮਾਂ ਢਾਹੇ ਆਪੇ ਡੇਰਾ, ਦੂਈ ਦਵੈਤੀ ਮੇਟ ਮਿਟਾਈਆ । ਇਕ ਕਰਾਏ ਸੰਞ ਸਵੇਰਾ, ਨਿਰਮਲ ਜੋਤ ਜਗਾਈਆ । ਪੰਚਾਂ ਤੋੜੇ ਗੜ੍ਹ ਹੰਕਾਰੀ ਪੰਚਾਂ ਮੇਲ ਮਿਲਾਈਆ । ਸਤਿਗੁਰ ਪੂਰਾ ਸ਼ੇਰ ਦਲੇਰਾ, ਸਿੰਘ ਰੂਪ ਆਪ ਕਰਾਈਆ । ਕਾਇਆ ਮੰਦਰ ਸਚ ਵਸੇਰਾ, ਆਤਮ ਸੇਜਾ ਆਸਣ ਲਾਈਆ । ਆਪੇ ਕਰੇ ਹੱਕ ਨਬੇੜਾ, ਜਨ ਭਗਤਾਂ ਲੇਖ ਚੁਕਾਈਆ । ਭਾਗ ਲੱਗੇ ਸਾਚੇ ਖੇੜਾ, ਧਾਮ ਸਾਚਾ ਇਕ ਸੁਹਾਈਆ । ਇਕ ਵਖਾਏ ਖੁਲ੍ਹਾ ਵਿਹੜਾ, ਚਾਰੋਂ ਕੁੰਟ ਆਪ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਲਹਿਣਾ ਦੇਣਾ ਮੂਲ ਚੁਕਾਈਆ । ਲਹਿਣਾ ਦੇਣਾ ਦੇਵਣਹਾਰ, ਆਦਿ ਪੁਰਖ ਅਬਿਨਾਸ਼ਿਆ । ਜਨ ਭਗਤਾਂ ਦੇਵੇ ਕਿਰਪਾ ਕਰ, ਰਸਨਾ ਸਵਾਸ ਸਵਾਸਿਆ । ਫੜ ਫੜ ਬਾਹੋਂ ਕਰੇ ਪਾਰ, ਵੇਖ ਵਿਖਾਏ ਪ੍ਰਿਥਮੀ ਆਕਾਸ਼ਿਆ । ਆਪੇ ਪੁਰਖ ਆਪੇ ਨਾਰ, ਸਾਚੇ ਮੰਡਲ ਪਾਵੇ ਰਾਸਿਆ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸਚ ਆਤਮ ਰੱਖੇ ਵਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਸਾਚਾ ਦੀਪ ਕਰੇ ਪਰਕਾਸ਼ਿਆ । ਦੀਪਕ ਜੋਤੀ ਇਕ ਨਿਰੰਜਣਾ, ਏਕਾ ਜੋਤ ਜਗਾਈਆ । ਚਰਨ ਧੂੜ ਸਾਚਾ ਮਜਨਾ, ਆਪਣਾ ਆਪ ਕਰਾਈਆ । ਮਿਲਿਆ

੫੮੮
੦੬

ਮੇਲ ਗੁਰ ਪੂਰੇ ਸੱਜਣਾ, ਵਿਛੜ ਕਦੇ ਨਾ ਜਾਈਆ । ਸਾਚਾ ਹਾਜੀ ਹੱਜ ਕਰਾਏ ਮਜਨਾ, ਚਰਨ ਧੂੜ ਇਕ ਵਿਖਾਈਆ । ਲੋਕਮਾਤ ਆਇਆ ਪੜਦੇ ਕੱਜਣਾ, ਮਾਨਸ ਜਨਮ ਲੇਖੇ ਲਾਈਆ । ਜੂਠੇ ਝੂਠੇ ਤਾਲ ਘਰ ਘਰ ਵੱਜਣਾ, ਤਨ ਨਗਾਰੇ ਚੋਟ ਨਾ ਕੋਈ ਲਗਾਈਆ । ਨਾ ਕੋਈ ਰੱਖੇ ਮਾਤ ਲਜਣਾ, ਕੂੜੋ ਕੂੜ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੇ ਸਾਚੇ ਦਰ, ਤੇਰਾ ਮੂਲ ਚੁਕਾਈਆ । ਗੁਰਮੁਖ ਤੇਰਾ ਅੰਤਮ ਰੰਗ, ਹਰਿ ਸਾਚਾ ਵੇਖ ਵਖਾਨਿਆ । ਸ਼ਬਦ ਸਰੂਪੀ ਸਾਚਾ ਸੰਗ, ਆਪ ਆਪਣਾ ਹਰਿ ਨਿਭਾਨਿਆ । ਨਾਮ ਡੋਰੀ ਇਕ ਪਤੰਗ, ਉਡਾਏ ਦੋ ਜਹਾਨਿਆ । ਅੰਮ੍ਰਿਤ ਆਤਮ ਧਾਰਾ ਬਖ਼ਸ਼ੇ ਗੰਗ, ਸਰ ਸਰੋਵਰ ਇਕ ਇਸ਼ਨਾਨਿਆ । ਆਪੇ ਕੱਟਣਹਾਰਾ ਭੁੱਖ ਨੰਗ, ਦੇਵੇ ਮਾਣ ਜਗਤ ਨਿਮਾਣਿਆ । ਆਪ ਲਗਾਏ ਆਪਣੇ ਅੰਗ, ਸ਼ਬਦ ਜਣਾਏ ਧੁਰ ਫ਼ਰਮਾਣਿਆ । ਪੰਚ ਵਿਕਾਰਾ ਦੇਵੇ ਟੰਗ, ਪੰਚਮ ਗਾਏ ਸਾਚਾ ਗਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੱਸਿਆ ਘਰ, ਮਿਲਿਆ ਮੇਲ ਸ੍ਰੀ ਭਗਵਾਨਿਆ । ਹਰਿ ਭਗਵੰਤਾ ਹਰਿ ਰੰਗ ਰਾਤਾ, ਦਿਵਸ ਰੈਣ ਪਰਭਾਤ । ਜਨ ਭਗਤਾਂ ਦੇਵੇ ਸਾਚੀ ਦਾਤਾ, ਆਪੇ ਪਿਤਾ ਆਪੇ ਮਾਤ । ਚਰਨ ਪ੍ਰੀਤੀ ਸਾਚਾ ਨਾਤਾ, ਮੇਟ ਮਿਟਾਏ ਅੰਧੇਰੀ ਰਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕੋਈ ਪੁੱਛੇ ਜ਼ਾਤ ਪਾਤ ।

## ❋ ੧੫ ਚੇਤਰ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਭਲਾਈ ਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❋

ਪਾਰਬ੍ਰਹਮ ਪ੍ਰਭ ਏਕ ਹੈ, ਏਕ ਏਕ ਸਰਨਾਏ । ਸ੍ਰਿਸ਼ਟ ਸਬਾਈ ਏਕਾ ਟੇਕ ਹੈ, ਏਕਾ ਓਟ ਰਖਾਏ । ਗੁਰਮੁਖ ਵਿਰਲੇ ਬੁੱਧ ਬਿਬੇਕ ਹੈ, ਪ੍ਰਭ ਸਾਚਾ ਹਰਿ ਘਰ ਪਾਏ । ਜੀਵ ਜੰਤ ਰਹੇ ਵੇਖੀ ਵੇਖ ਹੈ, ਵੇਖਣਹਾਰ ਦਿਸ ਨਾ ਆਏ । ਆਪੇ ਲਿਖਣਹਾਰਾ ਲੇਖ ਹੈ, ਆਪੇ ਦੇਵੇ ਅੰਤ ਮਿਟਾਏ । ਆਪ ਉਪਾਏ ਮੁੱਲਾ ਸ਼ੇਖ਼ ਹੈ, ਗੁਰ ਪੀਰ ਮਾਤ ਉਪਾਏ । ਆਪੇ ਵੇਖੇ ਧਾਰੀ ਕੇਸ ਹੈ, ਵੇਖਣਹਾਰ ਮੂੰਡ ਮੁੰਡਾਏ । ਆਪੇ ਦਾਤਾ ਦਸ ਦਸਮੇਸ਼ ਹੈ, ਗੋਬਿੰਦ ਰੂਪ ਵਟਾਏ । ਆਪੇ ਨਾਨਕ ਨਰ ਨਰੇਸ਼ ਹੈ, ਨਿਰਗੁਣ ਮੇਲ ਮਿਲਾਏ । ਆਪੇ ਵੇਖੇ ਬ੍ਰਹਮਾ ਵਿਸ਼ਨ ਮਹੇਸ਼ ਹੈ, ਆਪ ਆਪਣੀ ਸੇਵਾ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਏ । ਹਰਿਜਨ ਸਾਚੇ ਮਾਤ ਵਡਿਆਈ, ਅੰਤਮ ਮਾਤ ਸਖਾਈਆ । ਗੁਰ ਸ਼ਬਦ ਹੋਈ ਕੁੜਮਾਈ, ਮਿਲਿਆ ਮੇਲ ਸਾਚੇ ਮਾਹੀਆ । ਆਤਮ ਦਰ ਵੱਜੀ ਵਧਾਈ, ਪੰਚਮ ਗਾਇਣ ਚਾਈਂ ਚਾਈਂਆ । ਜੋਤ ਨਿਰੰਜਣ ਏਕਾ ਪਾਈ, ਅੰਧ ਅੰਧੇਰ ਮਿਟਾਈਆ । ਸਾਕ ਸੱਜਣ ਸੈਣ ਬਣ ਰਘੁਰਾਈ, ਨਾਤਾ ਤੁੱਟੇ ਜੂਠੇ ਝੂਠੇ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਅੰਤਮ ਵਰ, ਵਰ ਦਾਤਾ ਆਪ ਅਖਵਾਈਆ । ਗੁਰਮੁਖ ਤੇਰੀ ਵਡ ਵਡਿਆਈ, ਪਾਇਆ ਏਕੰਕਾਰਿਆ । ਆਦਿ ਅੰਤ ਨਾ ਹੋਏ ਜੁਦਾਈ, ਦੋ ਜਹਾਨੀ ਪਾਵੇ ਸਾਰਿਆ । ਏਕਾ ਨਾਮ ਮਿਲੀ ਵਡਿਆਈ, ਘਰ ਸਾਚੇ ਸੇਵ ਕਮਾ

ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾ ਰਿਹਾ । ਜੋਤੀ ਜਾਮਾ ਹਰਿ ਨਿਰੰਕਾਰ, ਕਲਜੁਗ ਅੰਤਮ ਪਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਗੁਰਮੁਖਾਂ ਕਰਾਏ ਚਰਨ ਪਿਆਰ, ਸਾਚੀ ਰੀਤੀ ਆਪ ਵਖਾਇੰਦਾ । ਭਰਮੇ ਭੁੱਲੇ ਭਰਮ ਸੰਸਾਰ, ਮੰਦਰ ਮਸੀਤੀ ਡੇਰੇ ਲਾਇੰਦਾ । ਮਾਨਸ ਦੇਹੀ ਕਿਸੇ ਨਾ ਜੀਤੀ, ਰੋ ਰੋ ਦਰ ਦਰ ਘਰ ਘਰ ਨੇਤਰ ਨੀਰ ਵਹਾਇੰਦਾ । ਆਤਮ ਮਦਿ ਹਰਿ ਕਾ ਨਾਉਂ ਕਿਸੇ ਨਾ ਪੀਤੀ, ਨਾਮ ਖੁਮਾਰੀ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਸਾਚਾ ਦਰ, ਦਰ ਦਵਾਰਾ ਆਪ ਸੁਹਾਇੰਦਾ । ਗੁਰਮੁਖ ਸਾਚੇ ਦਰ ਦਵਾਰ, ਏਕਾ ਏਕ ਵਿਖਾਇਆ । ਨਿਰਮਲ ਜੋਤੀ ਕਰ ਆਕਾਰ, ਆਕਾਸ਼ਾ ਪਰਕਾਸ਼ ਸਮਾਇਆ । ਸ਼ਬਦ ਸੁਰਤ ਸੱਚੀ ਧੁਨਕਾਰ, ਅਨਹਦ ਰਿਹਾ ਨਾਦ ਵਜਾਇਆ । ਸੁਣੇ ਸੁਣਾਏ ਸੁਣਨੇਹਾਰ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਰਹੀ ਪੁਕਾਰ, ਸਾਧ ਸੰਤ ਰਹੇ ਕੁਰਲਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪਾਰਬ੍ਰਹਮ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਅਗੰਮੜੇ ਧਾਮ ਸੁਹਾਇਆ । ਗੁਰਮੁਖ ਤੇਰੀ ਆਤਮ ਸੇਜ, ਹਰਿ ਏਕਾ ਏਕ ਵਿਛਾਈਆ । ਸ਼ਬਦ ਸੰਦੇਸਾ ਰਿਹਾ ਭੇਜ, ਦਿਵਸ ਰੈਣ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਤੇਰਾ ਸਾਚਾ ਘਰ, ਪੰਦਰਾਂ ਚੇਤ ਕਾਇਆ ਖੇਤ, ਪੁਰ ਭਲਾਈ ਵੱਜੀ ਵਧਾਈਆ । ਵੱਜੇ ਵਧਾਈ ਡੰਕ ਅਪਾਰ, ਹਰਿ ਸਾਚਾ ਆਪ ਵਜਾਇੰਦਾ । ਬੇਮੁਖ ਜੀਵਾਂ ਕਰੇ ਖ਼ਬਰਦਾਰ, ਅੰਤਮ ਵੇਲਾ ਆਇੰਦਾ । ਸਾਧ ਸੰਤ ਕਰਨ ਹਾਹਾਕਾਰ, ਨਾ ਕੋਈ ਕਿਸੇ ਬਚਾਇੰਦਾ । ਨਿਹਕਲੰਕਾ ਲਏ ਅਵਤਾਰ, ਗੁਰ ਗੋਬਿੰਦੇ ਸੰਗ ਰਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਦੋ ਜਹਾਨਾਂ ਆਪ ਵਖਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਰੋਵਣ ਧਾਹਾਂ ਮਾਰ, ਹਰਿ ਸਾਚਾ ਭੇਖ ਵਟਾਇੰਦਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਆਪ ਹਿਲਾਇੰਦਾ । ਲੱਖ ਚੁਰਾਸੀ ਵੇਖ ਵਿਚਾਰ, ਕਲਜੁਗ ਤੇਰੀ ਅੰਤਮ ਵਾਰ, ਏਕਾ ਧਾਰ ਵਹਾਇੰਦਾ । ਜਨ ਭਗਤਾਂ ਕਰੇ ਪਿਆਰ, ਜੋਤੀ ਨੂਰ ਕਰੇ ਉਜਿਆਰ, ਆਤਮ ਬ੍ਰਹਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਅੰਕ ਸਮਾਇੰਦਾ । ਆਤਮ ਜੋਤੀ ਨੂਰ ਆਕਾਰ, ਏਕਾ ਏਕ ਜਗਾਈਆ । ਗੁਰਮੁਖ ਸਾਚੇ ਮੇਟੇ ਧੁੰਦੂਕਾਰ, ਦੀਪਕ ਇਕ ਕਰੇ ਰੁਸ਼ਨਾਈਆ । ਸ਼ਬਦ ਆਪਣਾ ਹਰਿ ਸੁਣਾਏ ਸਾਚੀ ਧਾਰ, ਅੰਦਰ ਮੰਦਰ ਕਾਇਆ ਇਕ ਬਣਾਈਆ । ਮਿਲੇ ਮੇਲ ਮੋਹਣ ਮਾਧਵ ਮਾਧ, ਜੁਗ ਜੁਗ ਵਿਛੜੇ ਰਿਹਾ ਮਿਲਾਈਆ । ਪਰਗਟ ਹੋਵੇ ਆਦਿ ਜੁਗਾਦਿ, ਜੁਗ ਜੁਗ ਭੇਖਾਧਰੀ ਭੇਖ ਵਟਾਈਆ । ਸੰਤ ਸੁਹੇਲੇ ਲਏ ਲਾਧ, ਪੂਰਬ ਲਹਿਣਾ ਝੋਲੀ ਪਾਈਆ । ਰਸਨਾ ਰਸ ਜੋ ਜਨ ਰਹੇ ਅਰਾਧ, ਹਰਿ ਗੋਬਿੰਦ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪੇ ਆਈਆ । ਗੋਬਿੰਦ ਤੇਰਾ ਸਚ ਦਰਬਾਰ, ਹਰਿ ਸਾਚੇ ਆਪ ਪਛਾਨਿਆ । ਪਰਗਟ ਹੋ ਵਿਚ ਸੰਸਾਰ, ਜੋਤੀ ਜਾਮਾ ਭੇਖ ਵਟਾਨਿਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾਨਿਆ । ਸ਼ਬਦ ਘੋੜਾ ਇਕ ਅਪਾਰ, ਨੀਲੀ ਛੱਤੋਂ ਪਾਰ ਕਰਾਨਿਆ । ਵੇਖੇ ਪਰਖੇ ਮਿੱਠਾ ਕੌੜਾ, ਹਰਿ ਵਾਲੀ ਦੋ ਜਹਾਨਿਆ । ਕਲਜੁਗ ਤੇਰਾ ਦੂਰ ਕਿਨਾਰ ਆਪੇ ਵੇਖੇ ਲੰਬਾ ਚੌੜਾ, ਖੇਲੇ ਖੇਲ ਸ੍ਰੀ ਭਗਵਾਨਿਆ । ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਦ ਵਿਆਸਾ ਕਰ ਪਰਵਾਨਿਆ । ਜੋਤੀ ਜੋਤ ਸਰੂਪ

੫੮੯
੦੬

ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਬਲ ਨਗਰੀ ਆਪ ਸੁਹਾਨਿਆ । ਸੰਬਲ ਨਗਰੀ ਧਾਮ ਅਵੱਲਾ, ਹਰਿ ਸਾਚੇ ਜੋਤ ਜਗਾਈਆ । ਗੋਬਿੰਦ ਜੋਤੀ ਇਕ ਇਕੱਲਾ, ਨਿਰਗੁਣ ਖੇਲ ਖਿਲਾਈਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਮਨਮੁਖਾਂ ਅਗਨੀ ਰਿਹਾ ਲਗਾਈਆ । ਸੋਹੰ ਫੜਿਆ ਹੱਥ ਵਿਚ ਭੱਲਾ, ਚਾਰੇ ਕੁੰਟਾਂ ਰਿਹਾ ਵਿਖਾਈਆ । ਮੇਲ ਮਿਲਾਏ ਗੋਬਿੰਦ ਡੱਲਾ, ਇੱਕੀ ਜੇਠ ਰੁੱਤ ਸੁਹਾਈਆ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਆਪ ਕਰਾਈਆ । ਆਪੇ ਵਸੇ ਨਿਹਚਲ ਧਾਮ ਅਟੱਲਾ, ਉਚ ਮਹੱਲਾ ਡੇਰਾ ਲਾਈਆ । ਕਲਜੁਗ ਤੇਰੀ ਮਿਟੇ ਕਲ, ਸੋਲਾ ਕਲ ਮਾਤ ਵਰਤਾਈਆ । ਆਪੇ ਵੇਖੇ ਜਲ ਥਲਾ, ਉਚੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਈਆ । ਗੁਰਮੁਖ ਸਾਚਾ ਸੰਤ ਦੁਲਾਰ ਪ੍ਰਭ ਚਰਨ ਦਵਾਰਾ ਬੈਠਾ ਮੱਲਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਆਤਮ ਬੈਠਾ ਆਸਣ ਲਾਈਆ । ਨਿਜ ਘਰ ਆਸਣ ਸਚ ਟਿਕਾਣਾ, ਹਰਿ ਸਾਚੀ ਜੋਤ ਜਗਾਈਆ । ਸ਼ਬਦ ਸਰੂਪੀ ਇਕ ਬਿਬਾਣਾ, ਗੁਰਮੁਖਾਂ ਰਿਹਾ ਚੜ੍ਹਾਈਆ । ਭਰਮੇ ਭੁੱਲੇ ਰਾਜਾ ਰਾਣਾ, ਰਾਜ ਰਾਜਾਨਾਂ ਹੱਥ ਨਾ ਆਈਆ । ਲੱਖ ਚੁਰਾਸੀ ਅੰਤ ਕੁਰਲਾਣਾ, ਕਲਜੁਗ ਦੇਵੇ ਮਾਤ ਦੁਹਾਈਆ । ਸੰਮਤ ਚੌਦਾਂ ਧੁਰ ਫ਼ਰਮਾਣਾ, ਪ੍ਰਭ ਸਾਚਾ ਰਿਹਾ ਜਣਾਈਆ । ਨੌ ਖੰਡ ਪ੍ਰਿਥਮੀ ਇਕ ਮੈਦਾਨਾ, ਪੰਚਮ ਜੇਠੀ ਰਿਹਾ ਬਣਾਈਆ । ਏਕਾ ਰਸਨਾ ਤੀਰ ਕਮਾਨਾ, ਗੋਬਿੰਦ ਚਿੱਲੇ ਰਿਹਾ ਚੜ੍ਹਾਈਆ । ਆਪੇ ਵੇਖੇ ਦੋ ਜਹਾਨਾਂ, ਲੋਕਮਾਤ ਫੇਰਾ ਪਾਈਆ । ਲਾੜੀ ਮੌਤ ਬੰਨ੍ਹੇ ਗਾਨਾ, ਵੇਲੇ ਅੰਤਮ ਖ਼ੁਸ਼ੀ ਮਨਾਈਆ । ਗੁਰਮੁਖ ਵਿਰਲੇ ਚਤਰ ਸੁਜਾਨਾ, ਪ੍ਰਭ ਆਤਮ ਬੂਝ ਬੁਝਾਈਆ । ਏਕਾ ਦੇਵੇ ਜੀਆ ਦਾਨਾ, ਦਾਤਾ ਦਾਨੀ ਆਪ ਅਖਵਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਗੁਰ ਪੂਰੇ ਵੱਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਸਾਚੇ ਰਿਹਾ ਤਰਾਈਆ । ਹਰਿਜਨ ਸਾਚੇ ਤੇਰਾ ਸਚ ਦਵਾਰ, ਹਰਿ ਸਾਚਾ ਆਪ ਸੁਹਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਪਾਰ ਕਰਾਇੰਦਾ । ਸਾਚੀ ਹਾਟੀ ਇਕ ਵਣਜਾਰ, ਸਾਚਾ ਵਣਜ ਕਰਾਇੰਦਾ । ਸ੍ਰਿਸ਼ਟ ਸਬਾਈ ਹੋਏ ਖੁਆਰ, ਅੱਠ ਸੱਠ ਮੂਲ ਚੁਕਾਇੰਦਾ । ਤ੍ਰੈਗੁਣ ਮਾਇਆ ਤਪੀ ਭੱਠੀ, ਅੰਤਮ ਆਪ ਜਲਾਇੰਦਾ । ਨਾ ਕੋਈ ਜਾਣੇ ਪੂਜਾ ਪਾਠੀ, ਆਤਮ ਅਗਿਆਨ ਨਾ ਕੋਇ ਮਿਟਾਇੰਦਾ । ਗੁਰਮੁਖ ਵਿਰਲਾ ਸਾਚਾ ਹਾਠੀ, ਪ੍ਰਭ ਚਰਨ ਧਿਆਨ ਲਗਾਇੰਦਾ । ਦੁਰਮਤ ਮੈਲ ਦਰ ਤੋਂ ਜਾਏ ਨਾਠੀ, ਅੰਮ੍ਰਿਤ ਆਤਮ ਸਰ ਸਰੋਵਰ ਜਿਸ ਜਨ ਇਸ਼ਨਾਨ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚੇ ਬੇੜਾ ਬੰਨ੍ਹ, ਆਪੇ ਆਪ ਚਲਾਇਆ । ਏਕਾ ਰਾਗ ਸੁਣਾਏ ਕੰਨ, ਰਾਗ ਰਾਗਣੀ ਭੇਵ ਨਾ ਪਾਇਆ । ਆਤਮ ਚੜ੍ਹਿਆ ਸਾਚਾ ਚੰਨ, ਗੁਰ ਸ਼ਬਦੀ ਆਪ ਚੜ੍ਹਾਇਆ । ਪੰਜਾਂ ਚੋਰਾਂ ਦੇਵੇ ਡੰਨ, ਭਾਂਡਾ ਭਰਮ ਦਏ ਭੰਨਾਇਆ । ਆਪੇ ਬਖ਼ਸ਼ੇ ਚਰਨ ਧਿਆਨ, ਨਾਮ ਧਨ, ਚੋਰ ਯਾਰ ਲੁੱਟ ਕੋਇ ਨਾ ਲੈ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਆਤਮ ਵੇਖ, ਆਪਣੀ ਬੂਝ ਬੁਝਾਈਆ । ਆਪੇ ਲਿਖਣਹਾਰਾ ਲੇਖ, ਮਸਤਕ ਮੇਖ ਲਗਾਈਆ । ਨੇਤਰ ਲੋਚਨ ਸਾਚੇ ਪੇਖ, ਸੋਏ ਸੁਤ ਰਿਹਾ ਜਗਾਈਆ । ਗੋਬਿੰਦ ਕਾਇਆ ਧਾਰੀ ਕੇਸ, ਸਚ ਧਰਮ ਇਕ ਵਖਾਈਆ । ਸਾਚਾ ਮੇਲਾ ਦਸ ਦਸਮੇਸ਼,

ਦਸਮ ਦਵਾਰੀ ਆਪ ਕਰਾਈਆ । ਆਪੇ ਧਾਰੇ ਆਪਣਾ ਭੇਸ, ਭੇਖਾਧਾਰੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸੇਜਾ ਨਰ ਨਰੇਸ਼ ਬੈਠਾ ਆਸਣ ਲਾਈਆ । ਆਤਮ ਸੇਜਾ ਸਚ ਦਵਾਰ, ਬੈਠਾ ਆਸਣ ਲਾਈਆ । ਨਾ ਕੋਈ ਦਿਸੇ ਅੰਧ ਅੰਧਿਆਰ, ਜੂਠ ਝੂਠ ਦਿਸ ਨਾ ਆਈਆ । ਕੂੜ ਕੂੜਾ ਨਾ ਕੋਈ ਪਸਾਰ, ਨਾ ਕੋਈ ਦਿਸੇ ਭੈਣ ਭਾਈਆ । ਏਕਾ ਸ਼ਬਦ ਸੱਚੀ ਧੁਨਕਾਰ, ਅਨਹਦ ਰਿਹਾ ਸੁਣਾਈਆ । ਅੰਮ੍ਰਿਤ ਆਤਮ ਠੰਢੀ ਠਾਰ, ਨਿਝਰ ਧਾਰਾ ਰਿਹਾ ਵਹਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਦਰ ਦਵਾਰਾ ਆਪ ਖੁਲ੍ਹਾਈਆ । ਗੁਰਸਿਖ ਸਾਜਣ ਸਾਚਾ ਲਾੜ, ਸ਼ਬਦ ਘੋੜੇ ਆਪ ਚੜ੍ਹਾਈਆ । ਦਸਮ ਦਵਾਰੀ ਦੇਵੇ ਵਾੜ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਘਰ ਮੇਲਾ ਸਹਿਜ ਸੁਭਾਈਆ । ਦਸਮ ਦਵਾਰੀ ਸਾਚਾ ਮੇਲਾ, ਹਰਿ ਆਪਣਾ ਆਪ ਕਰਾਇਆ । ਚੁੱਕਿਆ ਭੇਵ ਗੁਰੂ ਗੁਰ ਚੇਲਾ, ਚੇਲਾ ਗੁਰ ਏਕਾ ਰੂਪ ਸਮਾਇਆ । ਗੋਬਿੰਦ ਗੁਰ ਸੱਜਣ ਸੁਹੇਲਾ, ਘਰ ਸਾਚੇ ਵੇਖ ਵਖਾਇਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਪੰਚਮ ਮੰਗਲ ਸਾਚਾ ਗਾਇਆ । ਮਿਲ ਮਿਲ ਸਖੀਆਂ ਪਾਵਣ ਵੇਲਾ, ਸੰਤ ਸੁਹੇਲੇ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਸ਼ਬਦੀ ਸ਼ਬਦ ਜਣਾਇਆ । ਸ਼ਬਦ ਗੁਰ ਵਡ ਭੰਡਾਰ, ਏਕਾ ਏਕ ਵਰਤਾਇੰਦਾ । ਕੋਟਨ ਕੋਟ ਖੜ੍ਹੇ ਦਵਾਰ, ਦੇਵਣਹਾਰ ਆਪ ਅਖਵਾਇੰਦਾ । ਮਨਮੁਖ ਭੁੱਲੇ ਜੀਵ ਗਵਾਰ, ਗੂੜ੍ਹੀ ਨੀਂਦ ਸਵਾਇੰਦਾ । ਮਦਿਰਾ ਮਾਸ ਰਸਨ ਅਹਾਰ, ਆਪ ਆਪਣਾ ਮੂਲ ਗਵਾਇੰਦਾ । ਨਾਨਕ ਨਿਰਗੁਣ ਖੇਲ ਅਪਾਰ, ਸਤਿ ਪੁਰਖ ਨਿਰੰਜਣ ਸੰਗ ਸੁਹਾਇੰਦਾ । ਏਕਾ ਅੰਜਨ ਵਿਚ ਸੰਸਾਰ, ਸਤਿਨਾਮ ਨੇਤਰ ਪਾਇੰਦਾ । ਚਰਨ ਧੂੜ ਮਜਨ ਹਰਿ ਦਾਤਾਰ, ਤੀਰਥ ਤੱਟ ਆਪ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੁਰਮਤ ਮੈਲ ਦੇਵੇ ਕੱਟ, ਆਪ ਆਪਣੀ ਦਇਆ ਕਮਾਇੰਦਾ । ਦੁਰਮਤ ਮੈਲ ਹਰਿਜਨ ਕੱਟ, ਆਤਮ ਜੋਤ ਜਗਾਈਆ । ਮੇਲ ਮਿਲਾਏ ਕਾਇਆ ਮੱਟ, ਆਪ ਆਪਣੀ ਬੂਝ ਬੁਝਾਈਆ । ਲੇਖਾ ਚੁੱਕੇ ਤੀਰਥ ਤਟ, ਜਿਸ ਜਨ ਆਤਮ ਅੰਮ੍ਰਿਤ ਸਰ ਸਰੋਵਰ ਇਕ ਇਸ਼ਨਾਨ ਕਰਾਈਆ । ਏਕਾ ਸੌਦਾ ਏਕਾ ਹੱਟ, ਇਕ ਵਣਜਾਰਾ ਰਾਮ ਕਰਾਈਆ । ਆਪੇ ਵਸਿਆ ਘਟ ਘਟ, ਹਰ ਘਟ ਬੈਠਾ ਆਸਣ ਲਾਈਆ । ਜੁਗ ਜੁਗ ਖੇਲੇ ਖੇਲ ਬਾਜ਼ੀਗਰ ਨਟ, ਆਵੇ ਜਾਵੇ ਫੇਰੀ ਪਾਈਆ । ਜੋਤ ਅਕਾਲਾ ਲਟ ਲਟ, ਆਦਿ ਜੁਗਾਦਾ ਇਕ ਰਹਾਈਆ । ਨਾ ਜਨਮੇ ਨਾ ਮਰੇ ਨਾ ਉਸਰੇ ਨਾ ਜਾਏ ਢੱਠ, ਨਾ ਕੋਈ ਬਣਤ ਬਣਾਈਆ । ਨਾ ਕੋਈ ਗੁਰਦਰ ਮੰਦਰ ਮਸਜਿਦ ਮੱਠ, ਪ੍ਰਭ ਬੈਠਾ ਆਸਣ ਲਾਈਆ । ਸ਼ਬਦ ਸਰੂਪੀ ਇਕ ਇਕੱਠ, ਹਰਿ ਸ਼ਬਦੀ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਨਿਰੰਕਾਰ, ਆਪਣਾ ਆਪ ਸੁਹਾਇਆ । ਆਪੇ ਬੈਠ ਸੱਚੀ ਸਰਕਾਰ, ਆਪਣਾ ਰੰਗ ਵਟਾਇਆ । ਨਾ ਕੋਈ ਸਾਜਣ ਮੀਤ ਮੁਰਾਰ, ਗੁਰ ਪੀਰ ਨਾ ਕੋਈ ਅਖਵਾਇਆ । ਸੰਤ ਸੁਹੇਲਾ ਨਾ ਕੋਈ ਅਧਾਰ, ਗੁਰ ਚੇਲਾ ਕੋਈ ਦਿਸ ਨਾ ਆਇਆ । ਇਕ ਇਕੱਲਾ ਜੋਤ ਅਕਾਰ, ਆਪ ਆਪਣੀ ਰਿਹਾ ਕਰਾਇਆ । ਸ਼ਬਦ ਸਰੂਪੀ ਪਹਿਰੇਦਾਰ, ਆਪ ਆਪਣੀ ਸੇਵ ਕਮਾਇਆ । ਆਪੇ ਹੋਇਆ ਖ਼ਬਰਦਾਰ, ਜਨ ਭਗਤਾਂ ਰਿਹਾ ਜਗਾਇਆ । ਭਗਤ ਸੁਹੇਲਾ ਮੀਤ ਮੁਰਾਰ, ਜੁਗ ਜੁਗ ਪੈਜ ਰੱਖਦਾ ਆਇਆ । ਪਰਗਟ ਹੋਏ ਵਿਚ ਸੰਸਾਰ, ਆਪ ਆਪਣੀ ਕਲ ਵਰਤਾਇਆ । ਸਤਿਜੁਗ

ਤ੍ਰੇਤਾ ਉਤਰੇ ਪਾਰ, ਦੁਆਪਰ ਖੇਲ ਖਿਲਾਇਆ । ਕਲਜੁਗ ਤੇਰੀ ਅੰਤਮ ਵਾਰ, ਪ੍ਰਭ ਸਾਚਾ ਵੇਖਣ ਆਇਆ । ਨਿਹਕਲੰਕ ਲਏ ਅਵਤਾਰ, ਗੋਬਿੰਦ ਸੰਗ ਰਖਾਇਆ । ਗੋਬਿੰਦ ਖੇਲੇ ਖੇਲ ਅਪਾਰ, ਗੁਰ ਚੇਲਾ ਆਪ ਅਖਵਾਇਆ । ਸੱਜਣ ਸੁਹੇਲਾ ਮੀਤ ਮੁਰਾਰ, ਸ਼ਬਦ ਖੰਡਾ ਰਿਹਾ ਉਠਾਇਆ । ਪਾਏ ਵੰਡਾਂ ਵਿਚ ਸੰਸਾਰ, ਨੌ ਖੰਡਾਂ ਰਿਹਾ ਹਿਲਾਇਆ । ਜੇਰਜ ਅੰਡਾਂ ਮਾਰੇ ਮਾਰ, ਉਤਭੁਜ ਸੇਤਜ ਦਏ ਹਿਲਾਇਆ । ਵਿਚ ਬ੍ਰਹਿਮੰਡਾਂ ਹਾਹਾਕਾਰ, ਲੋਆਂ ਪੁਰੀਆਂ ਦਏ ਸਜ਼ਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਲਏ ਉਭਾਰ, ਸੰਮਤ ਚੌਦਾਂ ਮੇਲ ਮਿਲਾਇਆ । ਸੰਮਤ ਪੰਦਰਾਂ ਹਾਹਾਕਾਰ, ਦਰ ਦਰ ਘਰ ਘਰ ਦਏ ਕਰਾਇਆ । ਸੰਮਤ ਸੋਲਾਂ ਲਾੜੀ ਮੌਤ ਕਰ ਸ਼ਿੰਗਾਰ, ਮਨਮੁਖ ਜੀਵ ਫਿਰੇ ਹਲਕਾਇਆ । ਸੰਮਤ ਸਤਾਰਾਂ ਛੱਡਣਾ ਘਰ ਬਾਹਰ, ਛੱਪਰ ਛੰਨ ਨਾ ਕੋਈ ਵਸਾਇਆ । ਅੱਠ ਅਠਾਰਾਂ ਏਕਾ ਧਾਰ, ਹਰਿ ਸਾਚਾ ਜਲ ਵਹਾਇਆ । ਉਨੀ ਉਨੀਸਾ ਮੇਟ ਮਿਟਾਏ ਹਰਿ ਈਸਾ ਮੂਸਾ, ਅੱਲਾ ਰਾਣੀ ਲਾਹੇ ਕਾਲੀ ਚੁੰਨੀ ਮੁਖ ਆਪਣਾ ਰਹੀ ਵਖਾਇਆ । ਬੀਸ ਬੀਸਾ ਹਰਿ ਜਗਦੀਸਾ, ਏਕਾ ਛਤਰ ਝੁਲਾਏ ਸੀਸਾ, ਆਪ ਆਪਣਾ ਭੇਖ ਵਟਾਇਆ । ਇਕ ਇਕੱਲਾ ਇਕ ਇਕੀਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਦੋਵੇਂ ਖੇਲ ਖਲਾਇਆ । ਨਿਰਗੁਣ ਰੂਪ ਅਪਾਰ, ਦਿਸ ਕਿਸੇ ਨਾ ਆਇਆ । ਸਰਗੁਣ ਸ਼ਬਦ ਅਧਾਰ, ਸਾਚਾ ਸ਼ਬਦ ਸੁਣਾਇਆ । ਦੋਹਾਂ ਮੇਲਾ ਵਿਚ ਸੰਸਾਰ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਆਪ ਅਖਵਾਇਆ । ਨਿਰਗੁਣ ਖੇਲ ਅਪਾਰ, ਜਗਤ ਅਮੋਲਿਆ । ਸਰਗੁਣ ਸ਼ਬਦ ਅਧਾਰ, ਪੂਰੇ ਤੋਲ ਤੋਲਿਆ । ਆਪੇ ਬੈਠਾ ਅੱਧਵਿਚਕਾਰ, ਆਦਿ ਅੰਤ ਕਦੇ ਨਾ ਡੋਲਿਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਸਰਗੁਣ ਮੇਲਾ ਵਿਚ ਸੰਸਾਰ, ਗੁਰ ਪੀਰ ਲਏ ਉਪਾਇਆ । ਆਪੇ ਦੇਵੇ ਸ਼ਬਦ ਅਧਾਰ, ਆਪੇ ਜੋਤੀ ਨੂਰ ਸਵਾਇਆ । ਈਸਾ ਮੂਸਾ ਲਾਏ ਪਾਰ, ਵੇਲੇ ਅੰਤ ਸੁਹਾਇਆ । ਸੰਗ ਮੁਹੰਮਦ ਚਾਰ ਯਾਰ, ਆਪ ਆਪਣੇ ਰੰਗ ਰੰਗਾਇਆ । ਅੱਲਾ ਰਾਣੀ ਤੇਰੀ ਸੁਣ ਪੁਕਾਰ, ਹਰਿ ਗੋਬਿੰਦ ਭੇਖ ਵਟਾਇਆ । ਚਾਰੋਂ ਕੁੰਟ ਹਾਹਾਕਾਰ, ਜੀਵ ਜੰਤ ਰਿਹਾ ਕੁਰਲਾਇਆ । ਨਾਨਕ ਗਾਇਆ ਅਪਰ ਅਪਾਰ, ਦਰ ਦਵਾਰਾ ਵੇਖ ਵਖਾਇਆ । ਏਕਾ ਮੇਲਾ ਸਚ ਦਰਬਾਰ, ਸਾਚੀ ਭਿਛਿਆ ਪੂਰਨ ਇਛਿਆ ਮੰਗਣ ਮੰਗ ਮੰਗਾਇਆ । ਮੰਗਣਹਾਰਾ ਕਿਸੇ ਨਾ ਦਿਸਿਆ, ਗੁਰੂਆਂ ਪੀਰਾਂ ਦੇਵੇ ਸਿਖਿਆ, ਸਾਚਾ ਸ਼ਬਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਆਪਣਾ ਖੇਲ ਵੇਖਣ ਆਇਆ । ਜੁਗ ਜੁਗ ਖੇਲੇ ਖੇਲ ਵਡ ਸੰਸਾਰਿਆ । ਕਲਜੁਗ ਅੰਤਮ ਵੇਲ, ਲੱਖ ਚੁਰਾਸੀ ਪਾਸਾ ਹਾਰਿਆ । ਨਾ ਕੋਈ ਦੀਸੇ ਸੱਜਣ ਸੁਹੇਲ, ਨਾ ਕੋਈ ਮੀਤ ਮੁਰਾਰਿਆ । ਨਾ ਕੋਈ ਗੁਰੂ ਨਾ ਕੋਈ ਚੇਲ, ਨਾ ਕੋਈ ਸੇਵਕ ਸੇਵ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਨਾਉਂ ਉਪਾ ਲਿਆ । ਗੁਰ ਚੇਲਾ ਨਾ ਕੋਈ ਸਦਾਏ, ਕਲਜੁਗ ਕਲਾ ਵਰਤਾਈਆ । ਭੁੱਲ ਭੁੱਲ ਮਾਇਆ ਭਰਮ ਭੁਲਾਏ, ਝੂਠੇ ਵਹਿਣ ਵਹਾਈਆ । ਕਾਇਆ ਡਾਲ੍ਹ ਨਾ ਫਲ ਕੋਈ ਲਗਾਏ, ਅੰਮ੍ਰਿਤ ਫਲ ਨਾ ਕੋਇ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਤੇਰਾ ਮੁੱਲ, ਪ੍ਰਭ ਸਾਚੇ ਅੰਤਮ ਪਾਵਣਾ । ਕਲਜੁਗ ਬੂਟਾ ਰਿਹਾ ਹੁੱਲ, ਫਲ ਕਿਸੇ ਨਾ ਖਾਵਣਾ । ਮਾਇਆ ਮਮਤਾ ਸਾਧ ਸੰਤ ਰਹੇ ਰੁੱਲ, ਹਰਿ

ਹਰਿ ਨਾਉਂ ਨਾ ਕਿਸੇ ਧਿਆਵਣਾ । ਕਲਜੁਗ ਅੰਧੇਰ ਰਿਹਾ ਝੁੱਲ, ਗੜ੍ਹ ਹੰਕਾਰੀ ਆਪ ਡੁਬਾਵਣਾ । ਮਦਿਰਾ ਮਾਸ ਨਾ ਕੋਈ ਲਾਏ ਬੁੱਲ੍ਹ, ਪ੍ਰਭ ਸਾਚਾ ਸਮਾਂ ਸੁਹਾਵਣਾ । ਧਰਤ ਮਾਤ ਤੇਰਾ ਵਿਹੜਾ ਜਾਏ ਖੁੱਲ੍ਹ, ਨੌ ਖੰਡ ਪ੍ਰਿਥਮੀ ਏਕਾ ਰੰਗ ਰੰਗਾਵਣਾ । ਗੁਰਮੁਖ ਵਿਰਲਾ ਉਪਜੇ ਸਾਚੀ ਕੁੱਲ, ਜਿਸ ਜਨ ਪ੍ਰਭ ਆਪਣਾ ਮੇਲ ਮਿਲਾਵਣਾ । ਗੁਰਮੁਖ ਨਾਉਂ ਕੋਇ ਨਾ ਤੇਰੇ ਤੁੱਲ, ਰਾਏ ਧਰਮ ਮੁਖ ਭਵਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਰਸਨਾ ਕਰਾਵਣਾ । ਕਲਜੁਗ ਤੇਰਾ ਅੰਤ ਕਰਾ, ਹਰਿ ਸਾਚੇ ਭੇਵ ਚੁਕਾਵਣਾ । ਜੂਠੇ ਝੂਠੇ ਮੇਟ ਮਿਟਾ, ਸਚ ਸੁੱਚ ਵਰਤਾਵਣਾ । ਗੋਬਿੰਦ ਖੰਡਾ ਹੱਥ ਫੜਾ, ਲੱਖ ਚੁਰਾਸੀ ਮੇਟ ਮਿਟਾਵਣਾ । ਧਰਮ ਝੰਡਾ ਇਕ ਚੜ੍ਹਾ, ਸਚ ਨਿਸ਼ਾਨ ਵਖਾਵਣਾ । ਬ੍ਰਹਿਮੰਡਾਂ ਸ਼ਬਦ ਦਏ ਜਣਾ, ਹਰਿ ਰਸਨਾ ਆਪ ਅਲ੍ਹਾਵਣਾ । ਜੇਰਜ ਅੰਡਾ ਰਾਹੇ ਪਾ, ਸਾਚਾ ਮਾਰਗ ਇਕ ਵਖਾਵਣਾ । ਭੇਖ ਪਖੰਡਾ ਦਏ ਮਿਟਾ, ਭੇਖਾਧਾਰੀ ਕੋਈ ਦਿਸ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤ ਕਰਾਵਣਾ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚਾ ਰਿਹਾ ਮਿਟਾਈਆ । ਖੇਲੇ ਖੇਲ ਅਪਰ ਅਪਾਰ, ਜੋਤੀ ਜਾਮਾ ਭੇਖ ਵਟਾਈਆ । ਗੋਬਿੰਦ ਚੇਲਾ ਇਕ ਦਵਾਰ, ਸੱਜਣ ਸੁਹੇਲਾ ਵੇਖ ਵਖਾਈਆ । ਆਦਿ ਪੁਰਖ ਏਕੰਕਾਰ, ਓਅੰਕਾਰਾ ਰੂਪ ਸੁਹਾਈਆ । ਨਾਮ ਸਤਿ ਜਗਤ ਵਰਤਾਰ, ਸਤਿ ਸੰਤੋਖ ਧੀਰਜ ਮਤ ਰਿਹਾ ਦਵਾਈਆ । ਕਲਜੁਗ ਭੁੱਲੇ ਭਰਮ ਗਵਾਰ, ਮਾਇਆ ਪੜਦਾ ਰਹੀ ਪਾਈਆ । ਜੂਠੇ ਝੂਠੇ ਤੋਲ ਤੁਲੇ ਵਿਚ ਸੰਸਾਰ, ਸਾਚਾ ਤੋਲ ਨਾ ਕੋਈ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਨਕ ਦਰ ਦਵਾਰ ਪੁਕਾਰ, ਸ੍ਰਿਸ਼ਟ ਸਬਾਈ ਰਿਹਾ ਤੁਲਾਈਆ । ਕਲਜੁਗ ਤੇਰਾ ਅੰਤਮ ਰਾਹ, ਹਰਿ ਸਾਚੇ ਵੇਖ ਵਖਾਵਣਾ । ਲੱਖ ਚੁਰਾਸੀ ਦਏ ਫਾਹ, ਧਰਮ ਰਾਏ ਅੰਤ ਵਿਖਾਵਣਾ । ਗੁਰਸਿਖ ਵਿਰਲੇ ਮਿਲਿਆ ਸਾਚਾ ਨਾਂ, ਗੋਬਿੰਦ ਗੁਰ ਮਿਲਾਵਣਾ । ਆਪੇ ਪਕੜੇ ਹਰਿ ਜੀ ਬਾਂਹ, ਆਪ ਆਪਣਾ ਭੇਖ ਵਟਾਵਣਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਵਣਾ । ਦੇਵਣਹਾਰਾ ਜੁਗ ਜੁਗ ਠੰਢੀ ਛਾਂ, ਜਨ ਭਗਤਾਂ ਸਿਰ ਹੱਥ ਟਿਕਾਵਣਾ । ਮਨਮੁਖ ਜੀਵ ਕਾਗ ਰਹੇ ਕੁਰਲਾ, ਜੂਠਾ ਝੂਠਾ ਵਿਸ਼ਟਾ ਮੁਖ ਰਖਾਵਣਾ । ਗੁਰਮੁਖ ਸੰਤ ਸੁਹੇਲੇ ਸਚ ਸਰੋਵਰ ਸਾਚੇ ਹੰਸ ਦਏ ਨੁਹਾ, ਆਤਮ ਸਾਚੇ ਮੋਤੀ ਚੋਗ ਚੁਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕਾਵਣਾ । ਕਲਜੁਗ ਤੇਰਾ ਵੇਖ ਦਵਾਰ, ਪ੍ਰਭ ਸਾਚਾ ਖ਼ੁਸ਼ੀ ਮਨਾਇੰਦਾ । ਕੂੜ ਕੁੜਿਆਰੇ ਮੀਤ ਮੁਰਾਰ, ਕੂੜਾ ਡੰਕ ਵਜਾਇੰਦਾ । ਕੂੜ ਕੁੜਿਆਰਾ ਕਰ ਪਸਾਰ, ਰਾਓ ਰੰਕ ਪਿਸਾਇੰਦਾ । ਕੂੜ ਕੁੜਿਆਰਾ ਬੱਧੀ ਧਾਰ, ਕੂੜੇ ਮੋਹ ਚਲਾਇੰਦਾ । ਗੁਰਮੁਖ ਵਿਰਲਾ ਮੰਗੇ ਭਿੱਖ ਪ੍ਰਭ ਚਰਨ ਦਵਾਰ, ਦੋਏ ਜੋੜ ਸੀਸ ਝੁਕਾਇੰਦਾ । ਜੀਵ ਜੰਤ ਤਾਅਨਾ ਰਹੇ ਮਾਰ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਭਗਤਨ ਮੇਲਾ ਹਰਿ ਦਵਾਰ, ਹਰਿ ਸਾਚਾ ਆਪ ਮਿਲਾਇੰਦਾ । ਨਿਰਮਲ ਜੋਤੀ ਕਰ ਆਕਾਰ, ਦੀਪਕ ਜੋਤ ਜਗਾਇੰਦਾ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਆਪੇ ਹੋਇਆ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਗੁਰ ਗੋਬਿੰਦਾ ਖ਼ਬਰਦਾਰ, ਸੰਬਲ ਨਗਰੀ ਵੇਖ ਵਖਾਇੰਦਾ । ਸਰ ਸਰੋਵਰ ਅਪਰ ਅਪਾਰ, ਚਾਰੋਂ ਕੁੰਟ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਕਲਜੁਗ

ਤੇਰੀ ਅੰਤਮ ਵਾਰ, ਫੜ ਬਾਹੋਂ ਪਕੜ ਉਠਾਇੰਦਾ । ਕਲਜੁਗ ਤੇਰੀ ਅੰਧੇਰੀ ਰਾਤ, ਚਾਰੋਂ ਕੁੰਟ ਛਾਈਆ । ਲੱਖ ਚੁਰਾਸੀ ਭਰਮੇ ਭੁੱਲੀ ਜ਼ਾਤ ਪਾਤ, ਵਰਨ ਬਰਨ ਰੱਖੇ ਮੁਖ ਵਖਾਈਆ । ਪਾਰਬ੍ਰਹਮ ਤੇਰਾ ਏਕਾ ਨਾਤ, ਨਾ ਕੋਈ ਭੇਵ ਜਣਾਈਆ । ਸ੍ਰਿਸ਼ਟ ਸਬਾਈ ਦੇਵੇ ਦਾਤ, ਦੇਵਣਹਾਰਾ ਹਰਿ ਰਘੁਰਾਈਆ । ਇਕ ਇਕੱਲਾ ਬੈਠ ਇਕਾਂਤ, ਜੀਵਾਂ ਜੰਤਾਂ ਜੋਤੀ ਦੇਵੇ ਨੂਰ ਸਬਾਈਆ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤ, ਤ੍ਰਿਸ਼ਨਾ ਭੁੱਖ ਮਿਟਾਈਆ । ਵੇਲੇ ਅੰਤਮ ਪੁੱਛੇ ਵਾਤ, ਲੋਕਮਾਤ ਨਾ ਹੋਏ ਜੁਦਾਈਆ । ਆਪ ਚੜ੍ਹਾਏ ਔਖੇ ਘਾਟ, ਵੰਞ ਮੁਹਾਣਾ ਇਕ ਚਲਾਈਆ । ਸ਼ਬਦ ਚੜ੍ਹਾਏ ਸਾਚੇ ਰਾਥ, ਰਥ ਰਥਵਾਹੀ ਆਪ ਅਖਵਾਈਆ । ਪਰਗਟ ਹੋਏ ਤ੍ਰੈਲੋਕੀ ਨਾਥ, ਤ੍ਰੈ ਲੋਆਂ ਰਚਨ ਰਚਾਈਆ । ਕਲਜੁਗ ਤੇਰਾ ਲਹਿਣਾ ਚੁਕਾਏ ਸਾਢੇ ਤਿੰਨ ਹਾਥ, ਮਨਮੁਖ ਜੀਵਾਂ ਸੀਆਂ ਵੰਡ ਵੰਡਾਈਆ । ਜਨ ਭਗਤਾਂ ਸਗਲ ਵਸੂਰੇ ਜਾਣ ਲੱਥ, ਪ੍ਰਭ ਨੇਤਰ ਦਰਸ਼ਨ ਪਾਈਆ । ਸ਼ਬਦ ਜਣਾਏ ਅਕਥਨਾ ਅਕੱਥ, ਕਥਨੀ ਕੱਥ ਨਾ ਸਕੇ ਰਾਈਆ । ਜਿਸ ਜਨ ਦੇਵੇ ਸਾਚੀ ਵੱਥ, ਆਤਮ ਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖ ਸਾਚੇ ਪਾਰ ਕਰਾਈਆ । ਗੁਰਮੁਖ ਸਾਚੇ ਸ਼ਬਦ ਅਧਾਰ, ਏਕਾ ਸ਼ਬਦ ਜਣਾਈਆ । ਆਦਿ ਅੰਤ ਏਕੰਕਾਰ, ਏਕਾ ਰੰਗ ਰੰਗਾਈਆ । ਜੂਠੀ ਝੂਠੀ ਮਿਟੇ ਪੰਚਮ ਧਾੜ, ਨੇੜ ਰਹਿਣ ਨਾ ਪਾਈਆ । ਇਕ ਵਖਾਏ ਧਰਮ ਅਖਾੜ, ਪੰਚਮ ਸ਼ਬਦ ਤਾਲ ਵਜਾਈਆ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਮਿਟਾਈਆ । ਆਪੇ ਹੋਏ ਪਿੱਛੇ ਅਗਾੜ, ਜਨ ਭਗਤਾਂ ਸੇਵ ਕਮਾਈਆ । ਮਨਮੁਖ ਚਬਾਏ ਆਪਣੀ ਦਾੜ੍ਹ, ਬਚਿਆ ਕੋਈ ਰਹਿਣ ਨਾ ਪਾਈਆ । ਕਲਜੁਗ ਅਗਨੀ ਤਤੀ ਹਾੜ, ਜੀਵਾਂ ਜੰਤਾਂ ਰਹੀ ਜਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਤਨ ਬੈਠੇ ਘਰ ਬਣਾਈਆ । ਗੁਰ ਸ਼ਬਦ ਨਾ ਕਰੇ ਕੋਈ ਪਿਆਰ, ਨਾਨਕ ਗੋਬਿੰਦ ਗਿਆ ਸਮਝਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਰਸਨਾ ਹੋਈ ਹਲਕਾਈਆ । ਮਿਲਿਆ ਮੇਲ ਨਾ ਕੰਤ ਭਤਾਰ, ਆਤਮ ਸੇਜ ਨਾ ਕਿਸੇ ਹੰਢਾਈਆ । ਨਾ ਕੋਈ ਸ਼ਬਦ ਕਰੇ ਤਨ ਸ਼ਿੰਗਾਰ, ਸੋਹਣੀ ਸੂਰਤ ਅਕਾਲ ਮੂਰਤ ਕਿਸੇ ਦਿਸ ਨਾ ਆਈਆ । ਨਾ ਕੋਈ ਵਜਾਏ ਨਾਦ ਤੂਰਤ, ਝੂਠੇ ਸੰਖ ਰਹੇ ਵਜਾਈਆ । ਜਗਤ ਜੁਗਤ ਨਾਤਾ ਕੂੜੇ ਕੂੜਤ, ਅੰਤ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਮੰਗੇ ਚਰਨ ਧੂੜਤ, ਹਰਿ ਬਖ਼ਸ਼ੇ ਸਚ ਸਰਨਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਤ, ਉਤਰ ਕਦੇ ਨਾ ਜਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤਮ ਦਰ, ਆਪੇ ਵੇਖ ਵਖਾਈਆ । ਕਲਜੁਗ ਤੇਰਾ ਕਾਲਾ ਰੰਗ, ਚਾਰੋਂ ਕੁੰਟ ਹੋਏ ਪ੍ਰਧਾਨਿਆ । ਜੂਠ ਝੂਠ ਵਜਾਏ ਮਰਦੰਗ, ਭੱਜੇ ਫਿਰਨ ਪੰਜ ਸ਼ੈਤਾਨਿਆ । ਜੀਵ ਜੰਤ ਹੋਏ ਨੰਗ, ਕੋਈ ਨਾ ਪਾਏ ਪਦ ਨਿਰਬਾਨਿਆ । ਸਾਧਾਂ ਸੰਤਾਂ ਕਾਇਆ ਭੰਗ, ਤਨ ਵਸਿਆ ਮਾਣ ਅਭਿਮਾਨਿਆ । ਗੁਰਮੁਖ ਵਿਰਲਾ ਨੌ ਦਵਾਰੇ ਜਾਏ ਲੰਘ, ਪ੍ਰਭ ਰੱਖੇ ਚਰਨ ਧਿਆਨਿਆ । ਦਸਮ ਦਵਾਰੀ ਵੇਖ ਪਲੰਘ, ਸਾਚੀ ਖ਼ੁਸ਼ੀ ਮਨਾਨਿਆ । ਸਤਿਗੁਰ ਪੂਰਾ ਹੋਏ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਖ਼ਸ਼ੇ ਚਰਨ ਧਿਆਨਿਆ ।

ਹਰਿ ਗੋਬਿੰਦ ਗੋਬਿੰਦ ਗੁਰ ਗੁਰ ਗੋਬਿੰਦ ਉਪਾਇਆ । ਆਪ ਮਿਟਾਈ ਸਗਲੀ ਚਿੰਦ, ਆਤਮ ਤ੍ਰਿਪਤ ਕਰਾਇਆ । ਮਿਲਿਆ ਮੇਲ ਹਰਿ ਮਰਗਿੰਦ, ਹਰਿ ਹਰਿ ਮੰਗਲ ਗਾਇਆ । ਅੰਮ੍ਰਿਤ ਆਤਮ ਧਾਰਾ ਸਾਗਰ ਸਿੰਧ, ਆਪੇ ਮੁਖ ਚੁਆਇਆ । ਮਨਮੁਖ ਜੀਵ ਕਰਨ ਨਿੰਦ, ਗੁਰ ਸਾਚਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਰੂਪ ਵਟਾਇਆ । ਗੋਬਿੰਦ ਰੂਪ ਹਰਿ ਨਿਰੰਕਾਰ, ਆਪਣਾ ਆਪ ਵਟਾਇਆ । ਜੋਤ ਸਰੂਪੀ ਕਰ ਅਕਾਰ, ਸ਼ਬਦੀ ਬਣਤ ਬਣਾਇਆ । ਪੰਜ ਤਤ ਤਨ ਕਰ ਪਿਆਰ, ਨੂਰੋ ਨੂਰ ਦਰਸਾਇਆ । ਆਪੇ ਗੁਪਤ ਆਪੇ ਜ਼ਾਹਿਰ, ਅੰਦਰ ਬਾਹਰ ਆਪ ਹੋ ਆਇਆ । ਕਾਇਆ ਮੰਦਰ ਕਰ ਤਿਆਰ, ਸਾਚਾ ਆਸਣ ਲਾਇਆ । ਗੁਰ ਗੋਬਿੰਦਾ ਸਚ ਦੁਲਾਰ, ਪੂਤ ਸਪੂਤਾ ਆਪ ਉਪਾਇਆ । ਦੋ ਜਹਾਨਾਂ ਪਾਵੇ ਸਾਰ, ਚਾਰੇ ਕੁੰਟਾਂ ਵੇਖ ਵਖਾਇਆ । ਨਾਮ ਖੰਡਾ ਤੇਜ ਕਟਾਰ, ਤਨ ਸ਼ਿੰਗਾਰ ਕਰਾਇਆ । ਬਸਤਰ ਸ਼ਸਤਰ ਅਪਰ ਅਪਾਰ, ਏਕਾ ਏਕ ਤਨ ਪਹਿਨਾਇਆ । ਪੰਚਮ ਮੀਤਾ ਪੰਚਮ ਪਿਆਰ, ਪੰਚਮ ਰੱਖਦਾ ਆਇਆ । ਪੰਚਮ ਮੇਲਾ ਕੰਤ ਭਤਾਰ, ਪੰਚਮ ਰੂਪ ਵਟਾਇਆ । ਪੰਚਮ ਚਿੰਤਾ ਵਿਚ ਸੰਸਾਰ, ਪੰਚਮ ਮੋਹ ਚੁਕਾਇਆ । ਪੰਚਮ ਰੀਤਾ ਅਪਰ ਅਪਾਰ, ਪੰਚਮ ਸੋ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਿਚ ਸਮਾਇਆ । ਗੋਬਿੰਦ ਕਾਇਆ ਸ਼ਬਦ ਧਾਰ, ਹਰਿ ਏਕਾ ਏਕ ਰਖਾਈਆ । ਚਰਨ ਕਵਲ ਬਖ਼ਸ਼ੇ ਪਿਆਰ, ਲੋਕਮਾਤ ਪਾਵੇ ਸਾਰ, ਹਰਿ ਨੈਣਾ ਦਰਸ ਦਿਖਾਈਆ । ਹਰਿ ਹਰਿ ਰੂਪ ਅਗੰਮ ਅਪਾਰ, ਲੇਖਾ ਲੇਖ ਨਾ ਲਿਖਿਆ ਜਾਈਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਆਪਣੀ ਖੇਲ ਰਚਾਈਆ । ਲੱਖ ਚੁਰਾਸੀ ਵਸੇ ਬਾਹਰ, ਲੇਖ ਲਿਖਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰੀ ਪੂਰਨ ਆਸ ਅੰਤਮ ਕਲ ਕਰਾਈਆ । ਗੋਬਿੰਦ ਆਸਣ ਪ੍ਰਭ ਚਰਨ ਦਵਾਰ, ਕਰੇ ਸਦ ਬੇਨੰਤੀਆ । ਸੁਣੇ ਸੁਣਾਏ ਹਰਿ ਪੁਕਾਰ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤੀਆ । ਏਕਾ ਦੇਵੇ ਸ਼ਬਦ ਅਧਾਰ, ਮੇਲ ਮਿਲਾਏ ਸਾਚੇ ਕੰਤਿਆ । ਪਰਗਟ ਹੋਏ ਨਰ ਅਵਤਾਰ, ਨਿਹਕਲੰਕ ਜੁਗ ਜੁਗ ਬਣਾਏ ਬਣਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵਸਿਆ ਕਾਇਆ ਘਰ, ਸਾਚਾ ਧਾਮ ਸੁਹੰਤਿਆ । ਗੋਬਿੰਦ ਮੰਗੀ ਸਾਚੀ ਭਿਖ, ਪ੍ਰਭ ਸਾਚੇ ਝੋਲੀ ਪਾਈਆ । ਸਾਚੀ ਸਿਖਿਆ ਏਕਾ ਸਿਖ, ਚਰਨ ਕਵਲ ਧਿਆਨ ਰਖਾਈਆ । ਆਪੇ ਲੇਖਾ ਰਿਹਾ ਲਿਖ, ਆਪੇ ਮੇਟ ਮਿਟਾਈਆ । ਨੇਤਰ ਲੋਚਨ ਆਪੇ ਪੇਖ, ਗੁਰਮੁਖ ਸਾਚੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਮੇਲ ਮਿਲਾਈਆ । ਗੋਬਿੰਦ ਗੁਰਦਵਾਰ ਇੱਕ, ਏਕਾ ਧਾਮ ਸੁਹਾਇਆ । ਭੇਵ ਨਾ ਪਾਇਣ ਮੁਨ ਰਿਖ, ਸਾਧ ਸੰਤ ਦਿਸ ਨਾ ਆਇਆ । ਦੂਈ ਦਵੈਤੀ ਜਗਤ ਲੱਗੀ ਤ੍ਰਿਖ, ਆਤਮ ਅੰਧ ਅੰਧੇਰ ਕਰਾਇਆ । ਮਾਇਆ ਮਮਤਾ ਮੰਗਣ ਭਿਖ, ਸਚ ਵਸਤ ਨਾਮ ਨਾ ਕੋਈ ਝੋਲੀ ਪਾਇਆ । ਹਰਿ ਕਾ ਨਾਉਂ ਸ਼ਬਦ ਅਨਡਿਠ, ਗੁਰਮੁਖ ਵਿਰਲੇ ਵੇਖ ਵਖਾਇਆ । ਮਨਮੁਖਾਂ ਸੁੱਤਾ ਦੇ ਕਰ ਪਿਠ, ਅੰਤਮ ਭੰਨੇ ਕੌੜੇ ਰੇਠ, ਕਲਜੁਗ ਦਏ ਦੁਹਾਇਆ । ਮਾਇਆਧਾਰੀ ਕੋਈ ਰਹਿਣ ਨਾ ਪਾਇਆ । ਵੇਖ ਵਖਾਏ ਪੰਚਮ ਜੇਠ, ਸੰਮਤ ਚੌਦਾਂ ਰੁੱਤ ਸੁਹਾਇਆ । ਜਨ ਭਗਤਾਂ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇਆ । ਨੇਤਰ ਲੋਚਨ ਲੈਣਾ ਵੇਖ, ਗੋਬਿੰਦ ਗੋਬਿੰਦ ਰੂਪ ਵਟਾਇਆ । ਧੁਰ ਮਸਤਕ ਲਾਵਣ ਆਇਆ ਮੇਖ, ਜੁਗ ਜੁਗ ਵਿਛੜੇ ਲਏ ਮਿਲਾਇਆ । ਜੋਤੀ



੫੯੫
੦੬

ਜਾਮਾ ਧਰਿਆ ਮਾਝੇ ਦੇਸ, ਸਾਚਾ ਧਾਮ ਸੁਹਾਇਆ । ਪਕੜ ਉਠਾਏ ਨਰ ਨਰੇਸ਼, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਹਿਲਾਇਆ । ਪਰਗਟ ਹੋਏ ਦਸ ਦਸਮੇਸ਼, ਪੰਥ ਖਾਲਸਾ ਰਿਹਾ ਜਗਾਇਆ । ਇੱਕੀ ਚੇਤਰ ਜਾਏ ਲੇਖ, ਹਰਿਮੰਦਰ ਆਪ ਪੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਵੇਖ ਵਖਾਇਆ । ਗੋਬਿੰਦ ਜੋਧਾ ਸੂਰ ਬਲਵਾਨ, ਏਕਾ ਏਕ ਰਖਾਇਆ । ਸੰਗ ਰਖਾਇਆ ਸ੍ਰੀ ਭਗਵਾਨ, ਸ਼ਬਦ ਘੋੜੇ ਤੰਗ ਕਸਾਇਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਆਪ ਆਪਣਾ ਪੰਧ ਮੁਕਾਇਆ । ਲੋਕਮਾਤ ਆਵੇ ਵਿਚ ਬਿਬਾਣ, ਸ਼ਬਦ ਖੰਡਾ ਹੱਥ ਉਠਾਇਆ । ਜਨ ਭਗਤਾਂ ਕਰੇ ਆਪ ਪਛਾਣ, ਲਹਿਣਾ ਦੇਣਾ ਮੂਲ ਚੁਕਾਇਆ । ਸਰਸਾ ਤੇਰਾ ਰੱਖੇ ਮਾਣ, ਪੁਰੀ ਅਨੰਦ ਆਪ ਤਜਾਇਆ । ਲੱਖ ਚੁਰਾਸੀ ਜੂਠਾ ਝੂਠਾ ਪੀਣ ਖਾਣ, ਅੰਮ੍ਰਿਤ ਆਤਮ ਕਿਸੇ ਹੱਥ ਨਾ ਆਇਆ । ਖਾਣੀ ਬਾਣੀ ਹੋਈ ਹੈਰਾਨ, ਹਰਿ ਕਾ ਭੇਵ ਕਿਸੇ ਨਾ ਪਾਇਆ । ਨਾ ਕੋਈ ਕਰੇ ਜਾਣ ਪਛਾਣ, ਗ੍ਰੰਥੀ ਪੰਥੀ ਪੜ੍ਹ ਪੜ੍ਹ ਵਾਦ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵੇਖੇ ਸਾਚਾ ਘਰ, ਕਾਇਆ ਸੇਜ ਇਕ ਬਣਾਇਆ । ਗੋਬਿੰਦ ਗੁਰ ਸ਼ਬਦ ਸੁਲਤਾਨ, ਲੋਕਮਾਤ ਲਏ ਅਵਤਾਰਾ । ਮੇਟ ਮਿਟਾਏ ਜੀਵ ਨਾਦਾਨ, ਜੂਠ ਝੂਠ ਪਸਰ ਪਸਾਰਾ । ਨਾ ਕੋਈ ਦਿਸੇ ਬੇਈਮਾਨ, ਨਾ ਕੋਈ ਮਦਿਰਾ ਮਾਸ ਰਸਨਾ ਕਰੇ ਅਹਾਰਾ । ਏਕਾ ਦੇਵੇ ਨਾਮ ਨਿਧਾਨ, ਸੋਹੰ ਸ਼ਬਦ ਜੈ ਜੈ ਕਾਰਾ । ਚਾਰ ਵਰਨ ਰਸਨਾ ਗਾਨ, ਊਚ ਨੀਚ ਪਾਰ ਕਿਨਾਰਾ । ਏਕਾ ਏਕ ਚਰਨ ਧਿਆਨ, ਪੁਰਖ ਅਬਿਨਾਸ਼ੀ ਏਕੰਕਾਰਾ । ਨਾ ਕੋਈ ਪੂਜੇ ਸ਼ਿਵ ਸ਼ੰਕਰ ਬ੍ਰਹਮਾ ਕਰੋੜ ਤੇਤੀਸਾ ਅੰਤ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਸਚ ਵਰਤਾਰਾ । ਗੋਬਿੰਦ ਤੇਰੀ ਸਾਚੀ ਧਾਰ, ਪਾਰਬ੍ਰਹਮ ਕਰਾਇੰਦਾ । ਅੰਮ੍ਰਿਤ ਆਤਮ ਅਪਰ ਅਪਾਰ, ਗੁਰਮੁਖਾਂ ਆਪ ਪਿਆਇੰਦਾ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਪਹਿਨਾਇੰਦਾ । ਸੀਸ ਜਗਦੀਸ ਸ਼ਬਦ ਦਸਤਾਰ, ਆਪਣੀ ਹੱਥੀਂ ਆਪ ਪਹਿਨਾਇੰਦਾ । ਚਾਰ ਵਰਨਾਂ ਇਕ ਵਿਹਾਰ, ਏਕਾ ਧਾਰ ਬੰਧਾਇੰਦਾ । ਰਾਓ ਰੰਕ ਕਰਾਏ ਖ਼ਬਰਦਾਰ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਤੇਰਾ ਵਰ, ਅੰਤਮ ਪੂਰ ਕਰਾਇੰਦਾ । ਗੁਰ ਗੋਬਿੰਦ ਚੜ੍ਹਿਆ ਚਾਅ, ਘਰ ਸਾਚੇ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਮਿਲਿਆ ਇਕ ਮਲਾਹ, ਲੋਕਮਾਤ ਬੇੜਾ ਬੰਨੇ ਲਾਈਆ । ਹਰਿ ਸ਼ਬਦੀ ਦੇਵੇ ਸਚ ਸਲਾਹ, ਸੁੱਤਾ ਕੋਈ ਰਹਿਣ ਨਾ ਪਾਈਆ । ਏਕਾ ਅੱਖਰ ਏਕਾ ਨਾਂ, ਏਕਾ ਗੁਰ ਏਕਾ ਗੋਬਿੰਦ ਏਕਾ ਰਸਨਾ ਗਾਈਆ । ਏਕਾ ਪਿਤਾ ਏਕਾ ਮਾਂ, ਪੂਤ ਸਪੂਤਾ ਏਕਾ ਜਾਈਆ । ਇਕ ਵਖਾਏ ਸੱਚਾ ਥਾਂ, ਚਰਨ ਦਵਾਰ ਸੱਚੀ ਸਰਨਾਈਆ । ਚਾਰ ਵਰਨਾਂ ਫੜਾਏ ਬਾਂਹ, ਵਰਨ ਬਰਨ ਭੇਵ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰੀ ਖੇਲ ਲੋਕਮਾਤ ਵਰਤਾਈਆ । ਗੋਬਿੰਦ ਤੇਰਾ ਸਾਚਾ ਖੇਲ, ਲੋਕਮਾਤ ਵਰਤਾਇਆ । ਗੁਰਮੁਖ ਸਾਚੇ ਸਾਜਣ ਮੇਲ, ਸਾਚਾ ਮੇਲ ਮਿਲਾਇਆ । ਆਪੇ ਵਸਿਆ ਰੰਗ ਨਵੇਲ, ਗੁਰ ਚੇਲ ਰੂਪ ਵਟਾਇਆ । ਆਪੇ ਹੋਇਆ ਸੱਜਣ ਸੁਹੇਲ, ਸਖਾ ਸਹਾਈ ਆਪ ਅਖਵਾਇਆ । ਕੱਟਣਹਾਰਾ ਧਰਮ ਰਾਏ ਦੀ ਜੇਲ, ਲੱਖ ਚੁਰਾਸੀ ਫੰਦ ਕਟਾਇਆ । ਕਲਜੁਗ ਤੇਰੀ ਅੰਤਮ ਵੇਲ, ਜਨ ਭਗਤਾਂ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਵੇਖ ਵਖਾਇਆ । ਗੋਬਿੰਦ ਗੁਰ ਹਰਿ ਸਰਨਾਈ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਦਇਆ ਕਮਾਈ,

ਮਿਲਿਆ ਮੇਲ ਵਿਚ ਸੰਸਾਰਿਆ । ਸਾਚੇ ਘਰ ਵੱਜੇ ਵਧਾਈ, ਨੌ ਖੰਡ ਹਾਹਾਕਾਰਿਆ । ਗੋਬਿੰਦ ਕਰੇ ਗੁਰਸਿਖ ਕੁੜਮਾਈ, ਸਾਚਾ ਸਗਨ ਮੁਖ ਲਗਾ ਰਿਹਾ । ਪੰਚਮ ਮੇਲਾ ਸਹਿਜ ਸੁਭਾਈ, ਸਤਿਗੁਰ ਪੂਰਾ ਆਪ ਕਰਾ ਰਿਹਾ । ਮਨਮੁਖ ਭੁੱਲੇ ਕੋਈ ਪਾਏ ਨਾ ਥਾਈਂ, ਚਾਰੋਂ ਕੁੰਟ ਫਿਰਾ ਰਿਹਾ । ਜਨ ਭਗਤ ਉਠਾਏ ਫੜ ਫੜ ਬਾਂਹੀ, ਸੇਵਕ ਸੇਵਾ ਆਪ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੀ ਦੇਵਾ ਨਾ ਕੋਈ ਰਖਾ ਰਿਹਾ । ਦੇਵੀ ਦੇਵ ਨਾ ਕੋਹਤੂਰ, ਨਾ ਪਰਬਤ ਵੇਖ ਵਖਾਈਆ । ਗੁਰ ਗੋਬਿੰਦਾ ਆਸਾ ਮਨਸਾ ਪੂਰ, ਪੂਰਨ ਪੂਰ ਕਰਾਈਆ । ਸ਼ਬਦ ਅਨਾਦੀ ਵੱਜੇ ਤੂਰ, ਅਨਹਦ ਧਾਰ ਚਲਾਈਆ । ਆਪੇ ਵਸੇ ਨੇੜੇ ਦੂਰ, ਦੂਰ ਨੇੜੇ ਆਪ ਹੋ ਜਾਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਅੱਠੇ ਪਹਿਰ ਨੇਤਰ ਨੈਣ ਰਿਹਾ ਦਰਸ ਦਿਖਾਈਆ । ਮਨਮੁਖ ਜੀਵਾਂ ਨਾਤਾ ਕੂੜ, ਅੰਤਮ ਰਿਹਾ ਤੁੜਾਈਆ । ਗੁਰਮੁਖਾਂ ਬਖ਼ਸ਼ੇ ਚਰਨ ਧੂੜ, ਬੈਠੇ ਮਸਤਕ ਲਾਈਆ । ਕਾਇਆ ਚੋਲੀ ਰੰਗ ਚੜ੍ਹਿਆ ਗੂੜ੍ਹ, ਨਾ ਕੋਈ ਸਕੇ ਲਾਹੀਆ । ਭਰਮੇ ਭੁੱਲੇ ਮੂਰਖ ਮੂੜ੍ਹ, ਗੁਰ ਗੋਬਿੰਦਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਗੁਰ ਗੋਬਿੰਦ ਚੜ੍ਹਿਆ ਘੋੜ, ਵਾਗ ਆਪਣੇ ਹੱਥ ਰਖਾਈਆ । ਧੁਰਦਰਗਾਹੀ ਆਇਆ ਦੌੜ, ਲੋਕਮਾਤ ਜੋਤ ਜਗਾਈਆ । ਉਚੇ ਪਰਬਤ ਲੱਭਦੇ ਪੂਤ ਸਪੂਤਾ ਬ੍ਰਹਿਮਣ ਗੌੜ, ਦਿਸ ਕਿਸੇ ਨਾ ਆਈਆ । ਸੰਬਲ ਨਗਰੀ ਨਾ ਕੋਈ ਜਾਣੇ ਲੰਮਾ ਚੌੜ, ਗੁਰ ਬੈਠਾ ਆਸਣ ਲਾਈਆ । ਵੇਖੇ ਪਰਖੇ ਮਿੱਠੇ ਕੌੜ, ਲੱਖ ਚੁਰਾਸੀ ਵੇਖ ਵਖਾਈਆ । ਸ਼ਬਦ ਖੰਡਾ ਰਿਹਾ ਦੌੜ, ਆਪਣੇ ਹੱਥ ਉਠਾਈਆ । ਨੀਲਾ ਮਾਰੇ ਪਹਿਲਾ ਪੌੜ, ਸੰਮਤ ਚੌਦਾਂ ਪੰਚਮ ਜੇਠੀ ਰੁੱਤ ਸੁਹਾਈਆ । ਜਨ ਭਗਤਾਂ ਅੰਮ੍ਰਿਤ ਆਤਮ ਲੱਗੀ ਔੜ, ਨਿਝਰ ਧਾਰਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਅਪਣੀ ਗੋਦ ਉਠਾਈਆ । ਗੋਬਿੰਦ ਸਚ ਸਪੂਤ, ਪ੍ਰਭ ਆਪਣੀ ਗੋਦ ਉਠਾਇਆ । ਵੇਖ ਵਖਾਣੇ ਚਾਰੇ ਕੂਟ, ਦਹਿ ਦਿਸ਼ਾ ਉਠ ਉਠ ਧਾਹਿਆ । ਸੰਤ ਸੁਹੇਲੇ ਜੁਗ ਜੁਗ ਵਿਛੜੇ ਗਏ ਰੂਠ, ਵੇਲੇ ਅੰਤਮ ਲਏ ਮਨਾਇਆ । ਮਨਮੁਖ ਜੀਵ ਹੱਥ ਖਾਲੀ ਠੂਠ, ਦਰ ਦਰ ਫਿਰਨ ਹਲਕਾਇਆ । ਤੀਰ ਨਿਰਾਲਾ ਰਿਹਾ ਛੂਟ, ਰਸਨਾ ਚਿਲ੍ਹਾ ਸੋਹੰ ਏਕਾ ਨਾਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੂਤ ਸਪੂਤਾ ਸਾਚੇ ਧਾਮ ਬਹਾਇਆ । ਪੂਤ ਸਪੂਤਾ ਜੋਧਾ ਬੀਰ, ਹਰਿ ਹਰਿ ਏਕਾ ਏਕ ਰਖਾਇਆ । ਸੋਹੰ ਬਖ਼ਸ਼ੇ ਸਾਚਾ ਤੀਰ, ਰਸਨਾ ਚਿਲ੍ਹੇ ਆਪ ਚੜ੍ਹਾਇਆ । ਮੇਟ ਮਿਟਾਏ ਪੀਰ ਫ਼ਕੀਰ, ਔਲੀਆ ਸ਼ੇਖ਼ ਕੋਈ ਰਹਿਣ ਨਾ ਪਾਇਆ । ਕਾਇਆ ਲੱਥੇ ਚੀਰ, ਚਾਰੋਂ ਕੁੰਟ ਦਏ ਦੁਹਾਇਆ । ਸਾਧਾਂ ਸੰਤਾਂ ਹੋਈ ਅਖ਼ੀਰ, ਮਾਇਆ ਮਮਤਾ ਮਨ ਹਲਕਾਇਆ । ਦੂਈ ਦਵੈਤੀ ਨਾ ਕੋਈ ਕੱਢੇ ਪੀੜ, ਸਾਂਤਕ ਸਤਿ ਨਾ ਕੋਈ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਪੰਚਮ ਤਤ, ਤ੍ਰੈਗੁਣ ਮਾਇਆ ਫੋਲ ਫੁਲਾਇਆ । ਗੁਰ ਗੋਬਿੰਦ ਸਾਚਾ ਚੀਰਾ, ਆਪਣੇ ਸੀਸ ਟਿਕਾਇਆ । ਨਾਮ ਰਖਾਇਆ ਸਾਚਾ ਹੀਰਾ, ਮਸਤਕ ਵੇਖ ਵਖਾਇਆ । ਮਿਲਿਆ ਮੇਲ ਗੁਣੀ ਗਹੀਰਾ, ਏਕਾ ਦੂਜਾ ਭਉ ਚੁਕਾਇਆ । ਇਕ ਰਖਾਇਆ ਸਾਚਾ ਤੀਰਾ, ਤਿੱਖੀ ਧਾਰ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਸਿੱਖੀ ਦੇ ਮਤ ਰਿਹਾ ਸਮਝਾਇਆ । ਗੁਰ ਗੋਬਿੰਦੇ ਦੇ ਮਤ, ਪ੍ਰਭ ਸਾਚਾ ਆਪ ਸਮਝਾਇੰਦਾ । ਸ੍ਰਿਸ਼ਟ ਸਬਾਈ ਏਕਾ ਤਤ, ਚਾਰ ਵਰਨਾਂ ਮਾਤ ਧਰਾਇੰਦਾ ।

ਸਤਿ ਸੰਤੋਖੀ ਧੀਰਜ ਯਤ, ਸਾਚੀ ਕੱਛ ਪਵਾਇੰਦਾ । ਸਚ ਧਰਮ ਹਰਿ ਸਮਰਥ, ਏਕਾ ਏਕ ਵਿਖਾਇੰਦਾ । ਪੰਜਾਂ ਚੋਰਾਂ ਪਾਈ ਨੱਥ, ਆਤਮ ਬ੍ਰਹਮ ਗਿਆਨ ਜਣਾਇੰਦਾ । ਜਨ ਭਗਤੀ ਦੇਵੇ ਸਾਚੀ ਵੱਥ, ਸੋਹੰ ਝੋਲੀ ਪਾਇੰਦਾ । ਕਲਜੁਗ ਅੰਤਮ ਗੁਰਦਰ ਮੰਦਰ ਮਸਜਿਦ ਜਾਣੇ ਢੱਠ, ਉਚਾ ਟਿੱਲਾ ਕੋਈ ਰਹਿਣ ਨਾ ਪਾਇੰਦਾ । ਗੇੜਨਹਾਰਾ ਉਲਟੀ ਲੱਠ, ਆਪੇ ਵੇਖ ਵਖਾਇੰਦਾ । ਨਾਤਾ ਤੁੱਟੇ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਨੀਰ ਸੁਕਾਇੰਦਾ । ਨਾ ਕੋਈ ਸ਼ਿਵਦਵਾਲਾ ਦਿਸੇ ਮੱਠ, ਗਣਪਤ ਗਣੇਸ਼ ਨਾ ਕੋਈ ਮਨਾਇੰਦਾ । ਪ੍ਰਭ ਚਰਨ ਦਵਾਰੇ ਜੋ ਜਨ ਜਾਏ ਢੱਠ, ਆਪ ਆਪਣੀ ਸਰਨ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੁਰ ਗੁਰ ਗੋਬਿੰਦ ਸਗਲੀ ਚਿੰਦ ਮਿਟਾਇੰਦਾ । ਗੋਬਿੰਦ ਆਸਾ ਹਰਿ ਹਰਿ ਪੂਰ, ਆਤਮ ਤ੍ਰਿਪਤ ਕਰਾਈਆ । ਸਰਬ ਕਲਾ ਆਪੇ ਭਰਪੂਰ, ਆਪ ਆਪਣਾ ਰਿਹਾ ਵਖਾਈਆ । ਨਾਦ ਅਨਾਦੀ ਬਖ਼ਸ਼ੇ ਸਾਚੀ ਤੂਰ, ਧੁਰ ਫ਼ਰਮਾਣ ਜਣਾਈਆ । ਲੱਖ ਚੁਰਾਸੀ ਜੂਠ ਝੂਠ ਕਰਨੀ ਚੂਰ, ਕੂੜ ਕੁੜਿਆਰਾ ਦਏ ਮਿਟਾਈਆ । ਜਨ ਭਗਤਾਂ ਬਖ਼ਸ਼ੇ ਚਰਨ ਧੂੜ, ਨੇਤਰ ਨੈਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਵਟਾਈਆ । ਭੇਖ ਵਟਾਇਆ ਹਰਿ ਅਵੱਲਾ, ਅਵੱਲੜੀ ਕਾਰ ਕਮਾਈਆ । ਗੁਰ ਗੋਬਿੰਦੇ ਵਸਾਇਆ ਇਕ ਮਹੱਲਾ, ਸਾਚਾ ਧਾਮ ਸੁਹਾਈਆ । ਆਪੇ ਹੋਇਆ ਅਛਲ ਅਛੱਲਾ, ਦਿਸ ਕਿਸੇ ਨਾ ਆਈਆ । ਸ਼ਬਦ ਜੋਤੀ ਆਪੇ ਰਲਾ, ਪਵਣ ਪਵਣੀ ਰਿਹਾ ਸਮਾਈਆ । ਆਪੇ ਵਸਿਆ ਜਲ ਥਲਾ, ਡੂੰਘੀ ਕੰਦਰ ਡੇਰਾ ਲਾਈਆ । ਸ਼ਬਦ ਸੁਨੇਹੜਾ ਆਪ ਆਪਣਾ ਘੱਲਾ, ਗੁਰ ਗੋਬਿੰਦ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਏਕਾ ਡੰਕਾ ਹਰਿ ਵਜਾਏ, ਚਾਰੋਂ ਕੁੰਟ ਜੈ ਜੈ ਜੈ ਕਾਰਿਆ । ਰਾਓ ਰੰਕ ਰਿਹਾ ਉਠਾਏ, ਚਾਰ ਵਰਨਾਂ ਆਪ ਉਠਾ ਰਿਹਾ । ਸ੍ਰਿਸ਼ਟ ਸਬਾਈ ਦੇ ਮਤ ਸਮਝਾਏ, ਸੋਹੰ ਖੰਡਾ ਤੇਜ ਕਟਾਰਿਆ । ਗਤ ਮਿਤ ਆਪਣੇ ਹੱਥ ਰਖਾਏ, ਵਡ ਦਾਤਾ ਜੋਧਾ ਸੂਰ ਬਲੀ ਬਲਕਾਰਿਆ । ਬੁਧ ਮਤ ਕੋਈ ਭੇਵ ਨਾ ਪਾਏ, ਪੜ੍ਹ ਪੜ੍ਹ ਥੱਕੇ ਜੀਵ ਗਵਾਰਿਆ । ਦੇਵੀ ਦੇਵ ਰਹੇ ਮਨਾਏ, ਕਰੋੜ ਤੇਤੀਸਾ ਸੇਵ ਕਮਾ ਰਿਹਾ । ਸ਼ਿਵ ਸ਼ੰਕਰ ਬੈਠੇ ਸੀਸ ਝੁਕਾਏ, ਨਾਮ ਤ੍ਰਿਸੂਲ ਨਾ ਕੋਈ ਚਲਾ ਰਿਹਾ । ਬ੍ਰਹਮਾ ਬ੍ਰਹਮ ਰੂਪ ਸਮਾਏ, ਅੱਠੇ ਨੇਤਰ ਵੇਖ ਵਖਾ ਰਿਹਾ । ਚਾਰੇ ਮੁਖ ਰਸਨਾ ਗਾਏ, ਪ੍ਰਭ ਚਰਨ ਧਿਆਨ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾ ਰਿਹਾ । ਨਿਰਗੁਣ ਨਿਰੰਕਾਰ, ਨਿਰਾਹਾਰ ਅਖਵਾਇਆ । ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕਾ ਡੰਕ ਅਪਾਰ, ਏਕਾ ਏਕ ਵਜਾਇਆ । ਆਪ ਉਠਾਏ ਰਾਓ ਰੰਕਾਂ, ਰੰਕ ਰਾਜਾਨਾਂ ਰਿਹਾ ਜਗਾਇਆ । ਸ੍ਰਿਸਟ ਸਬਾਈ ਗਿਆਨੀਆਂ ਧਿਆਨੀਆਂ ਵਡ ਵਿਦਵਾਨੀਆਂ ਵੇਦ ਪੁਰਾਨੀਆਂ ਅੰਜੀਲ ਕੁਰਾਨੀਆਂ ਕੱਢੇ ਸ਼ੰਕਾ, ਜੋ ਜਨ ਚਲ ਦਵਾਰੇ ਆਏ । ਪਰਗਟ ਹੋਏ ਵਾਸੀ ਪੁਰੀ ਘਨਕਾ, ਸੰਭਲ ਨਗਰੀ ਧਾਮ ਸੁਹਾਏ । ਖੇਲੇ ਖੇਲ ਜੁਗ ਜੁਗ ਬਾਰ ਅਨਕਾ, ਅਨਕ ਕਲ ਵਰਤਾਏ । ਜਨ ਭਗਤਾਂ ਜੋਤੀ ਲਾਏ ਤਨਕਾ, ਆਤਮ ਬੂਝ ਬੁਝਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਰੂਪ ਵਟਾਏ । ਹਰਿ ਭਗਵਾਨਾ ਤੀਰ ਨਿਸ਼ਾਨਾ, ਏਕਾ ਏਕ ਉਠਾਇਆ । ਖੇਲੇ

੫੯੮
੦੬

ਖੇਲ ਵਾਲੀ ਦੋ ਜਹਾਨਾਂ, ਮੇਟ ਮਿਟਾਏ ਪੰਜ ਸ਼ੈਤਾਨਾ, ਲੋਕਮਾਤ ਡੇਰਾ ਲਾਇਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਆਪੇ ਦੇਵੇ ਨਾਮ ਦਾਨਾ, ਧੁਰਦਰਗਾਹੀ ਲੈ ਕੇ ਆਇਆ । ਆਪੇ ਗੋਪੀ ਆਪੇ ਕਾਹਨਾ, ਰਾਸ ਮੰਡਲ ਆਪ ਸੁਹਾਇਆ । ਸਚ ਸਮਗਰੀ ਇਕ ਰਖਾਇਆ । ਆਪੇ ਰਾਗ ਆਪ ਤਰਾਨਾ, ਆਪੇ ਰਿਹਾ ਨਾਦ ਵਜਾਇਆ । ਆਪੇ ਗੁਰ ਜੋਧਾ ਸੂਰ ਬਲੀ ਬਲਵਾਨਾ, ਸ਼ਸਤਰ ਧਾਰੀ ਆਪ ਅਖਵਾਇਆ । ਆਪੇ ਖੰਡਾ ਰੱਖ ਮਿਆਨਾ, ਆਪੇ ਲੋਕਮਾਤ ਰਿਹਾ ਚਮਕਾਇਆ । ਆਪੇ ਜਾਣੇ ਵੇਦ ਪੁਰਾਨਾਂ, ਆਪੇ ਆਪ ਰਿਹਾ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਝ ਘਰ ਬੈਠਾ ਆਸਣ ਲਾਇਆ । ਨਿਝ ਘਰ ਆਸਣ ਹਰਿ ਹਰਿ ਲਾਏ, ਹਰਿ ਹਰਿ ਰੂਪ ਸਮਾਇਆ । ਥਿਰ ਘਰ ਕੋਈ ਨਾ ਵੇਖਣ ਜਾਏ, ਦਿਸ ਕਿਸੇ ਨਾ ਆਇਆ । ਲੋਕਮਾਤ ਪ੍ਰਭ ਫੇਰਾ ਪਾਏ, ਜੁਗ ਜੁਗ ਭੇਖ ਵਟਾਇਆ । ਨਾਨਕ ਗੋਬਿੰਦ ਗਿਆ ਗਾਏ, ਗੋਬਿੰਦ ਗੋਬਿੰਦ ਰੂਪ ਸਮਾਇਆ । ਦਰ ਦਰਵੇਸ਼ਾ ਆਪ ਹੋ ਜਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਸਾਚੇ ਲਏ ਮਿਲਾਏ । ਗੁਰਮੁਖ ਮੇਲਾ ਸਚ ਦਵਾਰ, ਆਪਣਾ ਆਪ ਕਰਾਇਆ । ਪਾਰਬ੍ਰਹਮ ਬ੍ਰਹਮ ਪਾਏ ਸਾਰ, ਏਕਾ ਦੂਜਾ ਭਉ ਚੁਕਾਇਆ । ਤੀਜੇ ਨੇਤਰ ਦਰਸ ਅਪਾਰ, ਚੌਥਾ ਘਰ ਚੌਥਾ ਪਦ ਹਰਿ ਦਰ ਸਚ ਸੁਹਾਇਆ । ਪੰਚਮ ਸੁਹਾਏ ਸੁਹਾਗੀ ਛੰਦ, ਏਕਾ ਰਾਗ ਅਲਾਇਆ । ਛੇਵੇਂ ਖ਼ੁਸ਼ੀ ਕਰਾਏ ਬੰਦ ਬੰਦ, ਹਉਮੇ ਦੁਖੜਾ ਮੇਟ ਮਿਟਾਇਆ । ਸਤਵੇਂ ਸਤਿ ਪੁਰਖ ਉਪਜਾਏ ਪਰਮਾਨੰਦ, ਨਿਜ਼ਾਨੰਦ ਵੇਖ ਵਖਾਇਆ । ਅੱਠਾਂ ਤਤਾਂ ਦੂਈ ਦਵੈਤੀ ਢਾਹੇ ਕੰਧ, ਆਪਣਾ ਪੜਦਾ ਲਾਹਿਆ । ਨੌਂ ਦਵਾਰੇ ਕਰੇ ਬੰਦ, ਦਸਵੇਂ ਮੇਲ ਮਿਲਾਇਆ । ਇਕ ਗਿਆਰਾਂ ਪੁਰੀ ਅਨੰਦ, ਹਰਿ ਸਾਚਾ ਵੇਖ ਵਖਾਇਆ । ਦੋ ਬਾਰਾਂ ਚੜ੍ਹੇ ਚੰਦ, ਸਤਿਗੁਰ ਸਾਚਾ ਵੇਖਣ ਆਇਆ । ਤ੍ਰੈ ਤੇਰਾਂ ਤ੍ਰੈਗੁਣ ਬੰਧਾ ਤੰਦ, ਤੇਰਾਂ ਤੇਰਾਂ ਗਿਆ ਨਾਨਕ ਗਾਇਆ । ਸੰਮਤ ਚੌਦਾਂ ਪ੍ਰਭ ਭਏ ਅਨੰਦ, ਗੁਰਮੁਖ ਸੋਏ ਮਾਤ ਜਗਾਇਆ । ਸੋਹੰ ਸ਼ਬਦ ਸੁਣਾਏ ਸੁਹਾਗੀ ਛੰਦ, ਚੌਦਾਂ ਲੋਕਾਂ ਆਪ ਜਣਾਇਆ । ਜੋ ਜਨ ਰਸਨਾ ਲਗਾਏ ਮਦਿਰਾ ਮਾਸ ਗੰਦ, ਰਾਏ ਧਰਮ ਦਏ ਸਜ਼ਾਇਆ । ਪੰਚਮ ਪੰਦਰਾਂ ਚੜ੍ਹਿਆ ਚੰਦ, ਗੁਰਮੁਖ ਗੁਰਸਿਖ ਸਾਚਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਗੁਰ ਸਾਚਾ ਇਕ ਅਖਵਾਇਆ ।

ਜਾਨਣਹਾਰ ਸਰਬ ਕੁਛ ਦਾਤਾ, ਅਗੰਮ ਅਥਾਹ ਬੇਪਰਵਾਹੀਆ । ਭਗਤ ਜਨਾਂ ਦੀ ਉਤਮ ਜ਼ਾਤਾ, ਏਕਾ ਏਕ ਰਖਾਈਆ । ਮੇਟਣ ਆਇਆ ਅੰਧੇਰੀ ਰਾਤਾ, ਸਾਚਾ ਚੰਦ ਚੜ੍ਹਾਈਆ । ਮਿਲਿਆ ਮੇਲ ਪੁਰਖ ਬਿਧਾਤਾ, ਵਿਛੜ ਕਦੇ ਨਾ ਜਾਈਆ । ਚਰਨ ਕਵਲ ਹਰਿ ਬੱਧਾ ਨਾਤਾ, ਜੋੜੀ ਜੋੜ ਜੁੜਾਈਆ । ਲੇਖ ਚੁਕਾਏ ਆਨ ਬਾਟਾ, ਗਰਭ ਵਾਸ ਫੇਰ ਨਾ ਆਈਆ । ਨਾਮ ਵਣਜਾਰਾ ਸਾਚਾ ਹਾਟਾ, ਏਕਾ ਏਕ ਕਰਾਈਆ । ਅੰਮ੍ਰਿਤ ਜਾਮ ਪਿਆਏ ਸੋਹੰ ਬਾਟਾ, ਦਿਵਸ ਰੈਣ ਖੁਮਾਰ ਰਖਾਈਆ । ਦੀਪਕ ਜੋਤੀ ਜਗੇ ਲਿਲਾਟਾ, ਜੋਤ ਨਿਰੰਜਣ ਡਗਮਗਾਈਆ । ਆਪੇ ਕਰੇ ਨੇੜ ਵਾਟਾ, ਸਿੰਘ ਪਾਲ ਗਲੇ ਲਗਾਈਆ । ਭਾਗ ਲਗਾਏ ਕਾਇਆ ਵਾਤਾ, ਨੇਤਰ ਨੀਰ ਰਿਹਾ ਵਹਾਈਆ । ਇਕ ਵਖਾਏ ਤੀਰਥ ਤਾਟਾ, ਚਰਨ

੬੦੦
੦੬

ਧੂੜ ਇਸ਼ਨਾਨ ਕਰਾਈਆ । ਕਰਨਹਾਰਾ ਪੂਰਾ ਘਾਟਾ, ਜੁਗ ਜੁਗ ਵਿਛੜੇ ਰਿਹਾ ਮਿਲਾਈਆ । ਧੁਰਦਰਗਾਹੀ ਆਇਆ ਨਾਠਾ, ਲੋਕਮਾਤ ਫੇਰਾ ਪਾਈਆ । ਗੁਰਮੁਖ ਤੇਰਾ ਸਾਚਾ ਹਾਠਾ, ਅੰਤਮ ਤੋੜ ਨਿਭਾਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਆਤਮ ਮਾਰੇ ਠਾਠਾਂ, ਗੁਰਸਿਖ ਸਾਚਾ ਰਿਹਾ ਤਾਰੀਆਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਝੋਲੀ ਪਾਈਆ । ਗੁਰਸਿਖ ਨਾਰੀ ਕੰਤ ਭਤਾਰ, ਰੋ ਰੋ ਕਰੇ ਪੁਕਾਰਿਆ । ਪੁਰਖ ਅਗੰਮਾ ਪਾਵੇ ਸਾਰ, ਆਏ ਚਲ ਦਵਾਰਿਆ । ਲੇਖੇ ਲਾਏ ਦਮ ਦਮਾ, ਰਸਨਾ ਜਿਹਵਾ ਨਾਮ ਉਚਾਰਿਆ । ਨੇਤਰ ਨੀਰ ਵਹਾਏ ਛੰਮ ਛੰਮਾ, ਰੋਵੇ ਜ਼ਾਰੋ ਜ਼ਾਰਿਆ । ਪਾਰਬ੍ਰਹਮ ਪ੍ਰਭ ਆਪਣਾ ਜਾਣੇ ਆਪੇ ਕੰਮਾ, ਗੁਰਮੁਖ ਸਾਚੇ ਗੋਦ ਉਠਾ ਰਿਹਾ । ਨਾ ਮਰੇ ਨਾ ਕਦੇ ਜੰਮਾ, ਆਵਣ ਜਾਵਣ ਖੇਲ ਬਣਾ ਲਿਆ । ਏਕਾ ਦੇਵੇ ਨਾਮ ਤਮਾ, ਆਤਮ ਤ੍ਰਿਪਤ ਕਰਾ ਰਿਹਾ । ਸਰ ਸਰੋਵਰ ਏਕਾ ਜਾਮਾ, ਆਪਣੀ ਹੱਥੀਂ ਆਪ ਪਿਲਾ ਰਿਹਾ । ਮੇਟੇ ਤਨ ਅੰਧੇਰੀ ਸ਼ਾਮਾ, ਅੰਧ ਅੰਧੇਰ ਗਵਾ ਰਿਹਾ । ਸ਼ਬਦ ਵਜਾਏ ਸਚ ਦਮਾਮਾ, ਆਪਣਾ ਤਾਲ ਵਜਾ ਰਿਹਾ । ਆਪੇ ਹੋਇਆ ਅੰਤਰ ਜਾਮਾ, ਅੰਦਰ ਮੰਦਰ ਵੇਖ ਵਖਾ ਰਿਹਾ । ਇਕ ਜਪਾਏ ਸਾਚਾ ਨਾਮਾ, ਸੋਹੰ ਨਾਉਂ ਰਖਾ ਲਿਆ । ਆਪੇ ਦਾਤਾ ਹੋਏ ਦਾਨੀ ਦਾਨਾ, ਦੇਵਣਹਾਰ ਆਪ ਅਖਵਾ ਲਿਆ । ਆਪ ਬਿਠਾਏ ਸ਼ਬਦ ਬਿਬਾਣਾ, ਨੌਂ ਦਵਾਰੇ ਪਾਰ ਕਰਾ ਰਿਹਾ । ਸਾਚਾ ਹਵਨ ਇਕ ਕਰਾਨਾ, ਇਕ ਸਮਗਰੀ ਪਾ ਰਿਹਾ । ਤ੍ਰੈਗੁਣ ਮਾਇਆ ਤੇਰਾ ਅੰਤ ਵਖਾਨਾ, ਕਲਜੁਗ ਮੋਹ ਚੁਕਾ ਰਿਹਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਏਕਾ ਤੰਦ ਰਖਾ ਰਿਹਾ । ਏਕਾ ਦੇਵੇ ਧੁਰ ਫ਼ਰਮਾਨਾ, ਬੋਧ ਅਗਾਧ ਸ਼ਬਦ ਜਣਾ ਰਿਹਾ । ਪਰਗਟ ਹੋ ਸ੍ਰੀ ਭਗਵਾਨਾ, ਗੁਰਮੁਖ ਸਾਚੇ ਮੇਲ ਮਿਲਾ ਰਿਹਾ । ਏਕਾ ਤੀਰ ਇਕ ਨਿਸ਼ਾਨਾ, ਏਕਾ ਚਿੱਲੇ ਆਪ ਚੜ੍ਹਾ ਰਿਹਾ । ਏਕਾ ਗੋਬਿੰਦ ਮਿਹਰਵਾਨਾ, ਗੁਰਸਿਖ ਰੂਪ ਸਮਾ ਰਿਹਾ । ਏਕਾ ਰਾਗ ਏਕਾ ਗਾਨਾ, ਏਕਾ ਨਾਦ ਵਜਾ ਰਿਹਾ । ਏਕਾ ਗੋਤ ਏਕਾ ਵਰਨ ਜ਼ਾਤ ਪਾਤ ਨਾ ਕੋਈ ਰਾਖਾਨਾ, ਏਕਾ ਧਾਮ ਸੁਹਾ ਰਿਹਾ । ਰਾਓ ਰੰਕ ਨਾ ਕੋਇ ਰਾਜਾਨਾ, ਸ਼ਾਹ ਸੁਲਤਾਨ ਨਾ ਕੋਇ ਵੇਖ ਵਖਾ ਲਿਆ । ਨਾ ਕੋਈ ਪਵਣ ਨਾ ਕੋਈ ਮਸਾਣਾ, ਰੂਪ ਰੰਗ ਕਿਸੇ ਦਿਸ ਨਾ ਆ ਰਿਹਾ । ਨਾ ਕੋਈ ਵੇਦ ਨਾ ਕੋਈ ਪੁਰਾਨਾ, ਨਾ ਕੋਈ ਬ੍ਰਹਮ ਬ੍ਰਹਮਾ ਰਸਨਾ ਗਾ ਰਿਹਾ । ਨਾ ਕੋਈ ਅੰਜੀਲ ਨਾ ਕੁਰਾਨਾ, ਈਸਾ ਮੂਸਾ ਦਿਸ ਨਾ ਆ ਰਿਹਾ । ਨਾ ਕੋਈ ਖਾਣੀ ਬਾਣੀ ਗਾਏ ਗੁਣ ਨਿਧਾਨਾ, ਭੇਖਾਧਾਰੀ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਬਹਾਏ ਸਾਚੇ ਘਰ, ਏਕਾ ਧਾਮ ਸੁਹਾ ਲਿਆ । ਗੁਰਸਿਖ ਆਤਮ ਰਹੀ ਰੋ, ਹਰਿ ਸਾਚੇ ਸੁਣ ਪੁਕਾਰਿਆ । ਦੁਰਮਤ ਮੈਲ ਕਾਇਆ ਧੋ, ਕਲਜੁਗ ਅੰਤਮ ਪਾਸਾ ਦਿਸੇ ਹਾਰਿਆ । ਮਨਮਤ ਤਨ ਨਾ ਜਾਏ ਛੋਹ, ਏਕਾ ਦੇਵੇ ਨਾਮ ਭੰਡਾਰਿਆ । ਮੇਲ ਮਿਲਾਵਾ ਘਰ ਸਾਚੇ ਹੋ, ਬਜਰ ਕਪਾਟੀ ਕੁੰਡਾ ਲਾਹ ਰਿਹਾ । ਆਪ ਚੁਕਾਏ ਜਗਤ ਨਾਤਾ ਝੂਠਾ ਮੋਹ, ਸਚ ਵਸਤ ਇਕ ਵਿਖਾ ਰਿਹਾ । ਤੀਜੇ ਨੇਤਰ ਕਰੇ ਲੋਅ, ਆਤਮ ਦਰਸੀ ਦਰਸ ਦਿਖਾ ਰਿਹਾ । ਸੋਹੰ ਬੀਜ ਸਾਚਾ ਬੋ, ਏਕਾ ਫਲ ਲਗਾ ਰਿਹਾ । ਸੱਸੇ ਹੋੜਾ ਏਕਾ ਹੋ, ਸੋਹੰ ਨਾਮ ਜਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾ ਰਿਹਾ । ਗੁਰਸਿਖ ਬਾਲ ਨਾਦਾਨ, ਢਹਿ ਪਿਆ ਦਵਾਰਿਆ । ਪੁਰਖ ਅਬਿਨਾਸ਼ੀ ਕਰ ਪਛਾਨ, ਦੇਵੇ ਮਾਤ ਸਹਾਰਿਆ । ਅੰਤਮ ਮੇਲਾ ਵਿਚ ਜਹਾਨ, ਮਿਲਿਆ ਕੰਤ ਭਤਾਰਿਆ । ਨਾ ਕੋਈ

ਜਾਣੇ ਜੀਵ ਨਾਦਾਨ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਤ੍ਰੇਤਾ ਤੇਰਾ ਚੁਕਿਆ ਕਾਣ, ਕਲਜੁਗ ਅੰਤਮ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਹਰਿਜਨ ਸਾਚਾ ਆਪੇ ਵੇਖ, ਆਪੇ ਰਿਹਾ ਜਗਾਈਆ । ਲਿਖਣਹਾਰਾ ਜੁਗ ਜੁਗ ਲੇਖ, ਲੇਖਾ ਆਪਣੇ ਹੱਥ ਰਖਾਈਆ । ਧੁਰ ਮਸਤਕ ਲਾਏ ਆਪੇ ਮੇਖ, ਆਪੇ ਮੇਟ ਮਿਟਾਈਆ । ਆਪੇ ਦਾਤਾ ਨਰ ਨਰੇਸ਼, ਨਿਜ ਘਰ ਬੈਠਾ ਆਸਣ ਲਾਈਆ । ਜੋਤੀ ਜਾਮਾ ਦਸ ਦਸਮੇਸ਼, ਗੋਬਿੰਦ ਗੋਬਿੰਦ ਨਾਉਂ ਰਖਾਈਆ । ਆਪੇ ਜਾਣੇ ਆਪਣਾ ਵੇਸ, ਜੁਗ ਜੁਗ ਰਿਹਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਵਡਿਆਈਆ । ਮਾਣ ਵਡਿਆਈ ਭਗਤੀ ਭਗਤ, ਏਕਾ ਏਕ ਰਖਾਈਆ । ਸੋਹੰ ਸ਼ਬਦ ਜੁਗਤੀ ਜੁਗਤ, ਸਾਚਾ ਜਾਪ ਜਪਾਈਆ । ਦਰ ਦਵਾਰੇ ਮੁਕਤੀ ਮੁਕਤ, ਦਿਵਸ ਰੈਣ ਫਿਰੇ ਹਲਕਾਈਆ । ਇਕ ਵਖਾਏ ਆਤਮ ਸ਼ਕਤ, ਨੂਰੋ ਨੂਰ ਜੋਤ ਸਵਾਈਆ । ਲੇਖੇ ਲਾਏ ਬੂੰਦ ਰਕਤ, ਮਾਨਸ ਦੇਹੀ ਆਪਣੀ ਝੋਲੀ ਪਾਈਆ । ਆਪੇ ਜਾਣੇ ਆਪਣਾ ਵਕਤ, ਕਵਣ ਦਵਾਰੇ ਆਵੇ ਜਾਵੇ ਫੇਰੀ ਪਾਈਆ । ਪੰਚਮ ਧਾੜ ਮਿਟਾਵੇ ਕਟਕ, ਸ਼ਬਦ ਖੰਡਾ ਰਿਹਾ ਉਠਾਈਆ । ਮਨਮਤ ਬੁਧ ਹੰਕਾਰ ਦੇਵੇ ਝਟਕ, ਪੰਚਮ ਮੀਤਾ ਪੰਚਮ ਰਿਹਾ ਉਠਾਈਆ । ਮਨਮੁਖ ਜੀਵ ਅੱਧ ਵਿਚਕਾਰੇ ਰਹੇ ਲਟਕ, ਪਾਰ ਕਿਨਾਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਆਪਣੀ ਗੋਦ ਉਠਾਈਆ । ਗੁਰਮੁਖ ਦਰ ਭਿਖਾਰ, ਏਕਾ ਮੰਗ ਮੰਗਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਅੰਦਰ ਮੰਦਰ ਕੁੰਡਾ ਲਾਹੀਆ । ਸਚ ਘਰ ਦੇਵੇ ਵਾੜ, ਬਜਰ ਕਪਾਟੀ ਜੰਦਰ ਰਿਹਾ ਤੁੜਾਈਆ । ਦੁਰਮਤ ਮੈਲ ਦੇਵੇ ਸਾੜ, ਅਗਨੀ ਜੋਤੀ ਲਾਈਆ । ਵਾ ਨਾ ਲੱਗੇ ਤਤੀ ਹਾੜ, ਸਾਂਤਕ ਸਤਿ ਵਰਤਾਈਆ । ਆਪੇ ਹੋਇਆ ਪਿੱਛੇ ਅਗਾੜ, ਗੁਰ ਸੇਵਕ ਸੇਵਾ ਰਿਹਾ ਕਮਾਈਆ । ਗੁਰਮੁਖ ਸਾਜਣ ਸਾਚੇ ਲਾੜ, ਸ਼ਬਦ ਘੋੜੇ ਆਪ ਚੜ੍ਹਾਈਆ । ਆਪੇ ਹੋਏ ਪਿੱਛੇ ਅਗਾੜ, ਚਾਰੇ ਕੁੰਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਤਰਾਈਆ । ਹਰਿਜਨ ਸਾਚੇ ਏਕਾ ਓਟ, ਪ੍ਰਭ ਚਰਨ ਦੁਆਰਿਆ । ਪੁਰਖ ਅਬਿਨਾਸ਼ੀ ਲਾਏ ਚੋਟ, ਸੋਹੰ ਸ਼ਬਦ ਜੈ ਜੈ ਜੈਕਾਰਿਆ । ਭਰਮੇ ਭੁੱਲੇ ਕੋਟੀ ਕੋਟ, ਹਰਿ ਦਿਸ ਕਿਸੇ ਨਾ ਆ ਰਿਹਾ । ਮਾਇਆ ਮਮਤਾ ਅਜੇ ਨਾ ਭਰੀ ਪੋਟ, ਗੁਰ ਦਰ ਮੰਦਰ ਡੇਰਾ ਲਾ ਲਿਆ । ਪ੍ਰਭ ਕੱਢਣ ਆਇਆ ਖੋਟ, ਸੰਮਤ ਚੌਦਾਂ ਲੇਖ ਲਿਖਾ ਲਿਆ । ਸੰਮਤ ਪੰਦਰਾਂ ਆਲ੍ਹਣਿਉਂ ਡਿੱਗੇ ਬੋਟ, ਨਾ ਕੋਈ ਕਿਸੇ ਬਚਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਚ ਦੁਲਾਰ, ਆਪੇ ਵੇਖ ਵਖਾ ਲਿਆ । ਗੁਰਮੁਖ ਤੇਰੀ ਸੁਣ ਪੁਕਾਰ, ਹਰਿ ਸਾਚਾ ਵੇਖ ਵਖਾਇੰਦਾ । ਆਦਿ ਅੰਤਾ ਏਕੰਕਾਰ, ਏਕਾ ਰੂਪ ਸਮਾਇੰਦਾ । ਸ਼ਬਦ ਸਰੂਪੀ ਕਰ ਜੈਕਾਰ, ਲੋਆਂ ਪੁਰੀਆਂ ਆਪ ਜਗਾਇੰਦਾ । ਨਾਮ ਤਰਾਨਾ ਅਪਰ ਅਪਾਰ, ਚਾਰ ਵਰਨਾਂ ਆਪ ਸੁਣਾਇੰਦਾ । ਧੁਰ ਫ਼ਰਮਾਣਾ ਵਿਚ ਸੰਸਾਰ, ਆਪਣੀ ਰਸਨਾ ਆਪ ਅਲਾਇੰਦਾ । ਸ਼ਬਦ ਗਾਨਾ ਅਪਰ ਅਪਾਰ, ਜਨ ਭਗਤਾਂ ਹੱਥ ਆਪ ਬੰਨ੍ਹਾਇੰਦਾ । ਦੋ ਜਹਾਨੀ ਕਰ ਪਿਆਰ, ਸਮਰਥ ਸੰਗ ਮਿਲਾਇੰਦਾ । ਫੜ ਫੜ ਬਾਹੋਂ ਲਾਏ ਪਾਰ, ਅਕੱਥ ਕਥਾ ਇਕ ਸੁਣਾਇੰਦਾ । ਜੀਵ ਜੰਤ ਹੋਏ ਗਵਾਰ, ਗਵਣਹਾਰਾ ਦਿਸ ਨਾ ਆਇੰਦਾ । ਪਰਗਟ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਏਕਾ ਡੰਕ ਵਜਾਇੰਦਾ । ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਮਾਇਆ ਪੜਦਾ ਪਾਇੰਦਾ ।


੬੦੧
੦੬

ਜੂਠਾ ਝੂਠਾ ਤਨ ਸ਼ਿੰਗਾਰ, ਮਾਇਆ ਮਮਤਾ ਵੇਸ ਕਰਾਇੰਦਾ । ਅੰਤਮ ਹੋਣਾ ਮਾਤ ਖੁਆਰ, ਨਾ ਕੋਈ ਕਿਸੇ ਬਚਾਇੰਦਾ । ਸੰਤ ਸੁਹੇਲੇ ਲਏ ਉਭਾਰ, ਆਪ ਆਪਣੀ ਦਇਆ ਕਮਾਇੰਦਾ । ਜੋ ਜਨ ਡੁੱਬੇ ਸਰਸਾ ਤੇਰੇ ਅੱਧਵਿਚਕਾਰ, ਲੋਕਮਾਤ ਜਨਮ ਦਵਾਇੰਦਾ । ਖਾਣੀ ਬਾਣੀ ਕਰ ਪਿਆਰ, ਗੁਰ ਗੋਬਿੰਦ ਸੰਗ ਰਲਾਇੰਦਾ । ਮਾਣਕ ਮੋਤੀ ਅਪਰ ਅਪਾਰ, ਸੋਹੰ ਤਨ ਪਹਿਨਾਇੰਦਾ । ਸ਼ਬਦ ਸੁਹਾਗੀ ਛੰਦੇ ਹਰਿ ਨਿਰੰਕਾਰ, ਆਪਣਾ ਆਪ ਅਲਾਇੰਦਾ । ਵਾਕ ਭਵਿਖਤ ਕੋਈ ਨਾ ਪਾਵੇ ਸਾਰ, ਗੁਰ ਸਰਸੇ ਭੇਟ ਚੜ੍ਹਾਇੰਦਾ । ਆਪੇ ਕੱਢਣਹਾਰ ਪਾਰ, ਸੰਮਤ ਚੌਦਾਂ ਵੇਖ ਵਖਾਇੰਦਾ । ਜੂਠੇ ਝੂਠੇ ਮੀਤ ਮੁਰਾਰ, ਚਾਰੋ ਕੁੰਟ ਆਪ ਦੁਰਕਾਇੰਦਾ । ਸੰਤ ਸੁਹੇਲੇ ਕਰ ਤਿਆਰ, ਗੁਰਮੁਖ ਨਾਉਂ ਰਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਏਕਾ ਇੱਕੀ ਮਾਤ ਉਪਾਇੰਦਾ । ਸਾਚੀ ਸਿੱਖੀ ਕਰ ਤਿਆਰ, ਗੋਬਿੰਦ ਰੰਗ ਚੜ੍ਹਾਇੰਦਾ । ਗੋਬਿੰਦ ਗੁਰ ਅਪਰ ਅਪਾਰ, ਧਾਰ ਤਿੱਖੀ ਇਕ ਵਿਖਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਦੋ ਧਾਰਾ ਨਾਉਂ ਰਖਾਇੰਦਾ । ਜਨ ਭਗਤਾਂ ਕਰ ਪਿਆਰ, ਤਨ ਸ਼ਿੰਗਾਰ ਆਪ ਕਰਾਇੰਦਾ । ਆਪੇ ਵੇਖਣ ਆਇਆ ਵਿਚ ਸੰਸਾਰ, ਸੰਬਲ ਨਗਰੀ ਜੋਤ ਜਗਾਇੰਦਾ । ਪੰਚਮ ਮੀਤਾ ਕਰ ਤਿਆਰ, ਸਿੰਘ ਪ੍ਰੀਤਮ ਪਹਿਰੇਦਾਰ, ਹਰਿ ਸਾਚਾ ਆਪ ਅਖਵਾਇੰਦਾ । ਸਿੰਘ ਬਿਸ਼ਨ ਹਰਿ ਸੇਵਾਦਾਰ, ਦਿਵਸ ਰੈਣ ਦਰਸ ਦਿਖਾਇੰਦਾ । ਇੰਦਰ ਇੰਦਰਾਸਣ ਕਰ ਪਿਆਰ, ਆਤਮ ਸੇਜਾ ਇਕ ਹੰਢਾਇੰਦਾ । ਗੁਰਮੁਖ ਪਾਲ ਸਾਚੇ ਲਾਲ, ਕੰਤਾ ਨਾਰੀ ਆਪ ਅਖਵਾਇੰਦਾ । ਵਿਛੜ ਨਾ ਜਾਇਣ ਵਿਚ ਸੰਸਾਰ, ਸਾਚਾ ਜੋੜਾ ਜੋੜ ਜੁੜਾਇੰਦਾ । ਏਕਾ ਰੱਖੇ ਸਾਂਝਾ ਪਿਆਰ, ਏਕਾ ਦੂਜਾ ਭੇਵ ਚੁਕਾਇੰਦਾ । ਹੀਰ ਰਾਂਝਾ ਸੁਰਤ ਸ਼ਬਦ ਪਿਆਰ, ਨਾਮ ਵੰਝਲੀ ਇਕ ਵਜਾਇੰਦਾ । ਨਾਰ ਬਾਂਝ ਸਰਬ ਸੰਸਾਰ, ਪੂਤ ਸਪੂਤਾ ਨਾ ਕੋਈ ਗੋਦ ਉਠਾਇੰਦਾ । ਪਰਗਟ ਦੇਸ ਵਿਚ ਮਾਝਾ, ਜਨ ਭਗਤਾਂ ਰਚਿਆ ਸਾਚਾ ਕਾਜਾ, ਕਲਜੁਗ ਅੰਤਮ ਵੰਡ ਵੰਡਾਇੰਦਾ । ਚਿੱਟੇ ਅਸਵ ਚੜ੍ਹਿਆ ਤਾਜਾ, ਧੁਰਦਰਗਾਹੀ ਆਇਆ ਭਾਜਾ, ਨਾਲ ਰਖਾਇਆ ਅਨਹਦ ਵਾਜਾ, ਸੋਹੰ ਸੇਵਾ ਲਾਇੰਦਾ । ਭਗਤ ਜਨਾਂ ਦੀ ਰੱਖੇ ਲਾਜਾ, ਦਰ ਦਰ ਘਰ ਘਰ ਮਾਰੇ ਆਵਾਜਾ, ਏਕਾ ਧਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਜਣ ਸਾਚੇ ਮੀਤ, ਆਪ ਆਪਣੇ ਅੰਗ ਲਗਾਇੰਦਾ । ਗੁਰਮੁਖ ਤੇਰੀ ਅੰਤਮ ਧਾਰ, ਪ੍ਰਭ ਸਾਚੇ ਆਪ ਚਲਾਈਆ । ਪਰਗਟ ਹੋਇਆ ਬੇਪਰਵਾਹ, ਲੋਕਮਾਤ ਜੋਤ ਜਗਾਈਆ । ਇਕ ਜਪਾਏ ਸਾਚਾ ਨਾਂ, ਚਾਰ ਵਰਨ ਇਕ ਸਰਨਾਈਆ । ਸੰਤ ਸੁਹੇਲੇ ਆਪੇ ਫੜੇ ਬਾਂਹ, ਆਪ ਆਪਣਾ ਮੇਲ ਮਿਲਾਈਆ । ਲੱਖ ਚੁਰਾਸੀ ਦਰ ਦਰ ਘਰ ਘਰ ਉਡਦੇ ਕਾਂ, ਖਾਲੀ ਮੰਦਰ ਰਿਹਾ ਵਖਾਈਆ । ਕੋਇ ਨਾ ਦੇਵੇ ਕਿਸੇ ਠੰਢੀ ਛਾਂ, ਕਲਜੁਗ ਅਗਨੀ ਇਕ ਲਗਾਈਆ । ਨਾਤਾ ਤੁੱਟੇ ਪੁੱਤਰਾਂ ਮਾਂ, ਨਾ ਕੋਈ ਵੇਖੇ ਧੀ ਜਵਾਈਆ । ਗੁਰਮੁਖ ਸਾਚੇ ਸਦ ਬਲ ਬਲ ਜਾਂ, ਆਏ ਹਰਿ ਸ਼ਰਨਾਈਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਚੋਗ ਚੁਗਾਈਆ । ਏਕਾ ਏਕ ਗੁਰ ਚਰਨ ਟੇਕ, ਪ੍ਰਭ ਸਾਚਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਠਾਈਆ । ਹਰਿਜਨ ਸਾਜਣ ਸਾਚਾ ਮੀਤ, ਏਕਾ ਏਕ ਅਖਵਾਇਆ । ਆਪ ਚਲਾਏ ਅਚਰਜ ਰੀਤ, ਸਾਚਾ ਰਾਹ ਵਿਖਾਇਆ । ਨਾ ਕੋਈ ਦਿਹੁਰਾ ਗੁਰਦਵਾਰਾ ਮੰਦਰ ਮਸੀਤ, ਚਰਨ ਦਵਾਰ ਇਕ ਰਖਾਇਆ । ਨਾ ਕੋਈ ਹਸਤ ਨਾ ਕੋਈ ਕੀਟ, ਊਚ ਨੀਚ ਨਾ ਕੋਈ ਰਖਾਇਆ । ਨਾ ਕੋਈ ਜੂਠ ਝੂਠ ਬੀਸਨ ਬੀਸ, ਮਾਇਆ ਮਮਤਾ ਲੋਭ ਨਾ ਕੋਈ ਹਲਕਾਇਆ ।


੬੦੨
੦੬

ਰਹਿਣ ਨਾ ਦੇਵੇ ਕੂੜਾ ਪਖੰਡ, ਸ਼ਬਦ ਖੰਡਾ ਹੱਥ ਉਠਾਇਆ । ਏਕਾ ਸ਼ਬਦ ਜਣਾਏ ਤਰਾਨਾ ਬ੍ਰਹਿਮੰਡ, ਖਾਣੀ ਬਾਣੀ ਹੱਥ ਨਾ ਆਇਆ । ਭਗਤ ਜਨਾਂ ਹਰਿ ਕਰ ਪ੍ਰੀਖ, ਵੇਲੇ ਅੰਤਮ ਵੇਖਣ ਆਇਆ । ਪਹਿਲੀ ਚੇਤਰ ਸਚ ਤਾਰੀਖ, ਸੰਮਤ ਚੌਦਾਂ ਆਪ ਪਵਾਇਆ । ਆਪੇ ਮੰਗਣ ਆਇਆ ਭੀਖ, ਆਪਣੀ ਝੋਲੀ ਅੱਗੇ ਡਾਹਿਆ । ਸਾਚੀ ਸਿਖਿਆ ਲੈਣੀ ਸੀਖ, ਦੇ ਮਤ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਤੇਰੀ ਅੰਤਮ ਵਰ, ਤੇਰੀ ਆਤਮ ਅੰਤਰ ਹਰਿ ਵਸੇਰਾ, ਆਤਮ ਜੋਤ ਜਗਾਇਆ । ਆਤਮ ਅੰਤਰ ਹਰਿ ਵਸੇਰਾ, ਰਿਹਾ ਜੋਤ ਜਗਾਈਆ । ਆਪੇ ਕਰੇ ਸਚ ਨਿਬੇੜਾ, ਦਿਵਸ ਰੈਣ ਵੇਖ ਵਖਾਈਆ । ਭਾਗ ਲੱਗੇ ਕਾਇਆ ਖੇੜਾ, ਸਿੰਘ ਪਾਲ ਨਾ ਹੋਏ ਜੁਦਾਈਆ । ਆਪ ਚੁਕਾਵਣਹਾਰਾ ਝੇੜਾ, ਹੋਏ ਅੰਤ ਸਹਾਈਆ । ਆਤਮ ਵਖਾਏ ਖੁੱਲ੍ਹਾ ਵਿਹੜਾ, ਆਤਮ ਸੇਜਾ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਕਾਇਆ ਬੈਠਾ ਆਸਣ ਲਾਈਆ । ਕਾਇਆ ਮੰਦਰ ਆਤਮ ਸੇਜ, ਹਰਿ ਬੈਠਾ ਆਪ ਨਿਰੰਕਾਰਿਆ । ਆਪੇ ਨੇਤਰ ਰਿਹਾ ਵੇਖ, ਦਿਸ ਨਾ ਆਏ ਜੀਵ ਸੰਸਾਰਿਆ । ਆਪੇ ਲਿਖਣਹਾਰਾ ਲੇਖ, ਲੇਖ ਲਿਖਾਰਾ ਆਪ ਅਖਵਾ ਰਿਹਾ । ਆਪੇ ਹੋਇਆ ਧਾਰੀ ਕੇਸ, ਦਸ ਦਸਮੇਸ਼ਾ ਰੂਪ ਵਟਾ ਰਿਹਾ । ਕਿਸੇ ਨਾ ਚਲਣੀ ਮਾਤ ਪੇਸ਼, ਨੌ ਖੰਡਾਂ ਆਪ ਉਠਾ ਰਿਹਾ । ਮਨਮੁਖ ਜੀਵ ਰਹੇ ਵੇਖੀ ਵੇਖ, ਵੇਲਾ ਗਿਆ ਹੱਥ ਨਾ ਆ ਰਿਹਾ । ਅੰਤਮ ਮਿਟਣੀ ਸਭ ਦੀ ਰੇਖ, ਲੋਕਮਾਤ ਦਿਸ ਕੋਈ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੀਤ ਆਪਣੇ ਆਪ ਬਣਾ ਰਿਹਾ । ਮੀਤ ਮੁਰਾਰਾ ਸਾਚਾ ਸੱਜਣ, ਗੋਬਿੰਦ ਰੂਪ ਸਮਾਇਆ । ਚਰਨ ਧੂੜ ਕਰਾਏ ਸਾਚਾ ਮਜਨ, ਸ਼ਾਹੋ ਭੂਪ ਅਖਵਾਇਆ । ਆਪੇ ਹੋਇਆ ਪੜਦੇ ਕੱਜਣ, ਸ਼ਬਦ ਦੁਸ਼ਾਲਾ ਹੱਥ ਉਠਾਇਆ । ਤਾਲ ਤਲਵਾੜੇ ਸਾਚੇ ਵੱਜਣ, ਅਨਹਦ ਸੇਵਾ ਲਾਇਆ । ਗੜ੍ਹ ਹੰਕਾਰੀ ਝੂਠੇ ਭੱਜਣ, ਪ੍ਰਭ ਸਾਚਾ ਦਏ ਭੰਨਾਇਆ । ਮਦਿਰਾ ਮਾਸ ਜੋ ਜਨ ਤਜਣ, ਆਪ ਆਪਣੀ ਗੋਦ ਉਠਾਇਆ । ਅੰਮ੍ਰਿਤ ਆਤਮ ਪੀ ਪੀ ਰੱਜਣ, ਸਰ ਸਰੋਵਰ ਇਕ ਵਖਾਇਆ । ਇਕ ਵਖਾਏ ਮੱਕਾ ਕਾਅਬਾ ਹਾਜੀ ਹਜਨ, ਸਾਚਾ ਦਰ ਖੁਲ੍ਹਾਇਆ । ਗ੍ਰੰਥੀ ਪੰਥੀ ਗੁਰ ਦਰ ਮੰਦਰ ਛਡ ਛਡ ਭੱਜਣ, ਸੰਮਤ ਚੌਦਾਂ ਨੇੜੇ ਆਇਆ । ਮਹੱਲ ਅਟਾਰੀ ਸਾਰੇ ਛੱਡਣ, ਉਚ ਨਿਸ਼ਾਨ ਨਾ ਕੋਈ ਚੜ੍ਹਾਇਆ । ਗੁਰਮੁਖ ਸਾਚੇ ਸਾਚੇ ਰਾਜਨ, ਸੋਹੰ ਜੈ ਜੈ ਜੈਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਸੇਵਕ ਸੇਵਾ ਕਰਨੇ ਆਇਆ । ਸੇਵਕ ਸੇਵਾ ਹਰਿ ਨਿਰੰਕਾਰ ਹੈ, ਦਿਵਸ ਰੈਣ ਕਮਾਏ । ਅੱਠੇ ਪਹਿਰ ਖ਼ਬਰਦਾਰ ਹੈ, ਹਰਿਜਨ ਸੋਏ ਰਿਹਾ ਜਗਾਏ । ਚਾਰੋਂ ਕੁੰਟ ਵੇਖ ਵਿਚਾਰ ਹੈ, ਦਹਿ ਦਿਸ਼ਾ ਫੇਰੀ ਪਾਏ । ਨਾਮ ਖੰਡਾ ਅਪਰ ਅਪਾਰ ਹੈ, ਹੱਥ ਆਪਣੇ ਰਿਹਾ ਰਖਾਏ । ਬ੍ਰਹਿਮੰਡਾਂ ਪਾਵੇ ਸਾਰ ਹੈ, ਜੇਰਜ ਅੰਡਾਂ ਵੇਖ ਵਖਾਏ । ਉਤਭੁਜ ਸੇਤਜ ਬੰਨ੍ਹੇ ਧਾਰ ਹੈ, ਆਪ ਆਪਣੀ ਕਲ ਵਰਤਾਏ । ਨੌ ਖੰਡ ਪ੍ਰਿਥਮੀ ਮਾਰੇ ਮਾਰ ਹੈ, ਸੱਤਾਂ ਦੀਪਾਂ ਦਏ ਸਜਾਏ । ਜਨ ਭਗਤਾਂ ਕਰੇ ਪਿਆਰ ਹੈ, ਆਪ ਆਪਣਾ ਮੇਲ ਮਿਲਾਏ । ਸਾਚੀ ਨਾਰੀ ਕੰਤ ਭਤਾਰ ਹੈ, ਆਤਮ ਸੇਜ ਹੰਢਾਏ । ਰੰਗ ਬਸੰਤੀ ਏਕਾ ਧਾਰ ਹੈ, ਏਕਾ ਰੰਗ ਰੰਗਾਏ । ਜੀਵ ਜੰਤ ਨਾ ਪਾਇਣ ਸਾਰ ਹੈ, ਮਦਿਰਾ ਮਾਸ ਹੋਏ ਹਲਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ

ਸੇਵਾ ਰਿਹਾ ਕਮਾਏ । ਸੇਵਕ ਆਇਆ ਚਰਨ ਭਿਖਾਰ, ਗੁਰ ਸੰਗਤ ਸੰਗ ਰਲਾਈਆ । ਮੰਗੇ ਮੰਗ ਅਪਰ ਅਪਾਰ, ਵਿਚ ਸੰਸਾਰ ਏਕਾ ਮੰਗ ਮੰਗਾਈਆ । ਜੂਠਾ ਝੂਠਾ ਛੱਡ ਵਿਹਾਰ, ਸਚ ਸੁੱਚ ਵਰਤਾਈਆ । ਮਾਇਆ ਲੂਠਾ ਹੋਏ ਖੁਆਰ, ਜਗਤ ਰਹਿਣ ਨਾ ਪਾਈਆ । ਖਾਲੀ ਠੂਠਾ ਫਿਰੇ ਦਰ ਦਵਾਰ, ਭਿਛਿਆ ਕੋਇ ਨਾ ਪਾਈਆ । ਗੁਰਮੁਖ ਸਾਜਣ ਹੋਏ ਤਿਆਰ, ਪ੍ਰਭ ਸ਼ਬਦ ਰਿਹਾ ਜਣਾਈਆ । ਵੇਖ ਵਖਾਏ ਚਾਰੇ ਕੂਟਾਂ, ਸੇਵਕ ਸਾਚੀ ਸੇਵ ਕਮਾਈਆ । ਜਨ ਭਗਤਾਂ ਦੇਵੇ ਨਾਮ ਹੂਟਾ, ਇਕ ਹੁਲਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਧਨ ਆਪ ਅਖਵਾਈਆ । ਨਿਰਧਨ ਹਰਿ ਨਿਰੰਕਾਰ, ਹੈ, ਨਿਰਗੁਣ ਰੂਪ ਸਮਾਇਆ । ਨਿਰਧਨ ਹਰ ਘਟ ਪਸਰ ਪਸਾਰ ਹੈ, ਨਿਰਗੁਣ ਸੇਵਾ ਰਿਹਾ ਕਮਾਇਆ । ਨਿਰਗੁਣ ਦਿਸ ਨਾ ਆਏ ਵਿਚ ਸੰਸਾਰ ਹੈ, ਆਪ ਆਪਣਾ ਕਾਜ ਰਚਾਇਆ । ਗੁਰਮੁਖ ਸਾਜਣ ਲਏ ਉਭਾਰ ਹੈ, ਹਰਿ ਸਰਗੁਣ ਵੇਖ ਵਖਾਇਆ । ਚਰਨ ਪ੍ਰੀਤੀ ਇਕ ਪਿਆਰ ਹੈ, ਗੁਰ ਗੋਬਿੰਦਾ ਮੇਲ ਮਿਲਾਇਆ । ਸਾਗਰ ਸਿੰਧ ਏਕਾ ਅੰਮ੍ਰਿਤ ਧਾਰ ਹੈ, ਪੰਚਮ ਮੀਤਾ ਰਿਹਾ ਪਿਆਇਆ । ਆਪੇ ਹੋਇਆ ਸੱਚਾ ਸਿਕਦਾਰ ਹੈ, ਸਾਚੀ ਸਿਖਿਆ ਰਿਹਾ ਸਮਝਾਇਆ । ਸ੍ਰਿਸ਼ਟ ਸਬਾਈ ਵਿਚ ਮੰਝਧਾਰ ਹੈ, ਕਲਜੁਗ ਬੇੜਾ ਰਿਹਾ ਡੁਬਾਇਆ । ਜਿਸ ਜਨ ਅੰਤਮ ਉਤਾਰਨਾ ਪਾਰ ਹੈ, ਸੋਹੰ ਚਪੂ ਲਏ ਲਗਾਇਆ । ਆਪ ਵਖਾਏ ਪਾਰ ਕਿਨਾਰ ਹੈ, ਵੰਞ ਮੁਹਾਣਾ ਰਿਹਾ ਚਲਾਇਆ । ਨਿਹਕਲੰਕਾ ਨਰ ਅਵਤਾਰ ਹੈ, ਜਨ ਭਗਤ ਦਵਾਰੇ ਆਪ ਆਪਣੀ ਸੇਵ ਕਮਾਇਆ ।



ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੋਗ ਏਕਾ ਏਕ ਵਖਾਇਆ । ਜੋਗ ਜਗਤ ਸ਼ਬਦ ਅਭਿਆਸ, ਏਕਾ ਏਕ ਵਖਾਈਆ । ਏਕਾ ਜਪੁ ਜੀ ਏਕਾ ਰਹਿਰਾਸ, ਏਕਾ ਨਾਮ ਧਿਆਈਆ । ਏਕਾ ਮੰਦਰ ਏਕਾ ਅੰਦਰ ਏਕਾ ਵਾਸ, ਏਕਾ ਰੰਗ ਰੰਗਾਈਆ । ਏਕਾ ਸੰਗ ਰੱਖ ਪੁਰਖ ਅਬਿਨਾਸ਼, ਵਿਛੜ ਕਦੇ ਨਾ ਜਾਈਆ । ਏਕਾ ਆਸ ਏਕਾ ਪਿਆਸ, ਤ੍ਰਿਸਨਾ ਰਿਹਾ ਮਿਟਾਈਆ । ਏਕਾ ਰਾਮ ਇਕ ਸਵਾਸ, ਏਕਾ ਕ੍ਰਿਸ਼ਨ ਰਸਨ ਅਲਾਈਆ । ਏਕਾ ਅੱਲਾ ਵਿਚ ਪਰਭਾਸ, ਹੂ ਹੂ ਨਾਅਰਾ ਲਾਈਆ । ਜਨ ਭਗਤਾਂ ਹਰਿ ਸਦਾ ਵਸੇ ਪਾਸ, ਜ਼ਾਤ ਪਾਤ ਨਾ ਵੇਖ ਵਖਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਗਊ ਗਰੀਬਾਂ ਗਲੇ ਲਗਾਈਆ । ਜਿਸ ਜਨ ਮਿਲੇ ਮੇਲ ਸਰਬ ਗੁਣਤਾਸ, ਲੱਖ ਚੁਰਾਸੀ ਫੰਦ ਕਟਾਈਆ । ਜੋ ਦੀਸੇ ਸੋ ਅੰਤ ਵਿਨਾਸ, ਥਿਰ ਰਹਿਣ ਨਾ ਪਾਈਆ । ਪਾਰਬ੍ਰਹਮ ਹਰਿ ਜੋਤ ਪਰਕਾਸ਼, ਆਦਿ ਅੰਤ ਇਕ ਅਖਵਾਈਆ । ਆਪੇ ਵੇਖੇ ਮੰਡਲ ਰਾਸ, ਸਾਚੀ ਰਸਨਾ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਕਰੇ ਪੂਰੀ ਆਸ, ਪੂਰਨ ਬ੍ਰਹਮ ਰਿਹਾ ਜਣਾਈਆ । ਪੂਰਨ ਬ੍ਰਹਮ ਪਾਰਬ੍ਰਹਮ ਜਣਾਈ, ਆਤਮ ਜੋਤ ਜਗਾਈਆ । ਜਨਮ ਕਰਮ ਹਰਿ ਵੇਖ ਵਿਖਾਈ, ਪੂਰਬ ਲਹਿਣਾ ਝੋਲੀ ਪਾਈਆ । ਸਾਚਾ ਧਰਮ ਇਕ ਜਣਾਈ, ਗੁਰ ਸੰਗਤ ਸੰਗ ਪਿਆਰਿਆ । ਗੁਰ ਸ਼ਬਦ ਹੋਏ ਨਾਮ ਕੁੜਮਾਈ, ਦਿਵਸ ਰੈਣ ਇਕ ਪਿਆਰਿਆ । ਆਤਮ ਘਰ ਵੱਜੇ ਵਧਾਈ, ਪੰਚਮ ਸਈਆਂ ਮੰਗਲ ਗਾ ਲਿਆ । ਪਾਰਬ੍ਰਹਮ ਤੇਰੀ ਇਕ ਸਰਨਾਈ, ਦੂਸਰ ਕੋਇ ਨਾ ਓਟ ਰਖਾ ਲਿਆ । ਗੁਰਮੁਖ ਸਾਚੇ ਰਿਹਾ ਤਰਾਈ, ਏਕਾ ਪਲੂ ਨਾਮ ਫੜਾ ਲਿਆ । ਪਾਰ ਕਿਨਾਰਾ ਇਕ ਵਖਾਈ, ਬੀਸ ਬੀਸਾ ਹੁਕਮ ਸੁਣਾ ਲਿਆ । ਇਕ ਇਕੀਸਾ ਛਤਰ ਝੁਲਾਈ, ਹਰਿ ਸੰਗਤ ਸੰਗ ਰਲਾ ਲਿਆ । ਚਾਰ ਵਰਨ ਹਦੀਸਾ ਆਪੇ ਪਾਈ, ਸਤਿਜੁਗ ਸਾਚਾ ਮਾਰਗ ਲਾ ਰਿਹਾ । ਵਰਨ ਅਵਰਨ ਆਪ

੬੦੪
੦੬

ਅਖਵਾਈ, ਵਰਨ ਬਰਨ ਮੇਟ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾ ਲਿਆ । ਨਰ ਨਰਾਇਣ ਰੂਪ ਵੈਰਾਟ, ਆਪਣਾ ਆਪ ਵਟਾਇਆ । ਲੋਆਂ ਪੁਰੀਆਂ ਵੇਖੇ ਏਕਾ ਘਾਟ, ਪਾਰ ਕਿਨਾਰਾ ਕੋਈ ਰਹਿਣ ਨਾ ਪਾਇਆ । ਚੌਦਾਂ ਲੋਕ ਵਖਾਏ ਏਕਾ ਹਾਟ, ਵਣਜ ਵਣਜਾਰਾ ਆਪ ਹੋ ਆਇਆ । ਆਪੇ ਵੇਖੇ ਤੀਰਥ ਤਾਟ, ਗੁਰਦਰ ਮੰਦਰ ਅੰਦਰ ਫੋਲ ਫੁਲਾਇਆ । ਆਪੇ ਜਾਣੇ ਪੂਜਾ ਪਾਠ, ਗਾਇਤਰੀ ਮੰਤਰ ਰਿਹਾ ਉਪਜਾਇਆ । ਆਪੇ ਗੇੜਨਹਾਰਾ ਉਲਟੀ ਲਾਠ, ਆਪ ਆਪਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਪਰਗਟ, ਜਨ ਭਗਤਾਂ ਦਰਸ ਦਿਖਾਇਆ ।

ਹਰਿ ਸੰਗਤ ਹਰਿ ਚਰਨ ਧਿਆਨ, ਏਕਾ ਲਿਵ ਲਾਈਆ । ਏਕਾ ਸ਼ਬਦ ਬ੍ਰਹਮ ਗਿਆਨ, ਪੂਜਾ ਪਾਠ ਨਾ ਕੋਈ ਕਰਾਈਆ । ਏਕਾ ਨਾਮ ਧਰਮ ਨਿਸ਼ਾਨ, ਸੋਹੰ ਰਿਹਾ ਚੜ੍ਹਾਈਆ । ਏਕਾ ਜਾਮ ਪੀਣ ਖਾਣ, ਅੰਮ੍ਰਿਤ ਆਤਮ ਰਿਹਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਹੱਥ ਰਿਹਾ ਟਿਕਾਈਆ । ਸਿਰ ਹੱਥ ਸਮਰਥ, ਸਗਲ ਭਉ ਵਿਨਾਸਿਆ । ਆਦਿ ਅੰਤ ਲਏ ਰੱਖ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਜੋ ਜਨ ਚੜ੍ਹਾਏ ਸੋਹੰ ਰਥ, ਘਰ ਸਚ ਕਰਾਏ ਵਾਸਿਆ । ਸਗਲ ਵਸੂਰੇ ਗਏ ਲੱਥ, ਜਿਸ ਜਨ ਮਿਲਿਆ ਹਰਿ ਸ਼ਾਹੋ ਸ਼ਾਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਚਰਨ ਕਵਲ ਧਰਵਾਸਿਆ । ਗੁਰਮੁਖ ਮੰਗ ਹੈ ਮੰਗਦਾ, ਪ੍ਰਭ ਅੱਗੇ ਰਸਨਾ ਬੋਲ । ਲੋਕ ਲਾਜੋਂ ਮੂਲ ਨਾ ਸੰਗਦਾ, ਰਸਨਾ ਕਹਿ ਕਹਿ ਗਜਾਏ ਢੋਲ । ਹਰਿ ਏਕਾ ਚੋਲੀ ਰੰਗਦਾ, ਏਕਾ ਨਾਮ ਵਸਤ ਅਨਮੋਲ । ਚਿੱਟੇ ਅਸਵ ਤੰਗ ਕਸਦਾ, ਜਨ ਭਗਤਾਂ ਵਸੇ ਸਦ ਕੋਲ । ਨੌ ਦਵਾਰੇ ਆਪੇ ਲੰਘਦਾ, ਦਸਵੇਂ ਕੁੰਡਾਂ ਲੈਣਾ ਖੋਲ੍ਹ । ਲੇਖਾ ਚੁੱਕੇ ਕਾਇਆ ਕਾਚੀ ਵੰਗ ਦਾ, ਏਕਾ ਸ਼ਬਦ ਸੁਣਾਏ ਸੋਹੰ ਸੱਚਾ ਬੋਲ । ਪੁਰੀਆਂ ਲੋਆਂ ਆਪੇ ਲੰਘਦਾ, ਜ਼ਿਮੀ ਅਸਮਾਨਾ ਰਿਹਾ ਫੋਲ । ਗੁਰ ਸਾਜਣ ਸਾਚੀ ਮੰਗ ਏਕਾ ਮੰਗਦਾ, ਜੋਤੀ ਜੋਤ ਮੇਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦਾ ਸਦਾ ਸਦ ਰਖੇ ਆਪਣੇ ਕੋਲ ।

✻ ੧੬ ਚੇਤ ੨੦੧੪ ਬਿਕ੍ਰਮੀ ਕੈਪਟਨ ਬੰਤਾ ਸਿੰਘ ਦੇ ਗ੍ਰਿਹਿ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ
ਪਿੰਡ ਪੰਜ ਗਰਾਂਈਆ ਜ਼ਿਲਾ ਗੁਰਦਾਸਪੁਰ ✻

ਸਤਿ ਪੁਰਖ ਸੁਲਤਾਨ, ਏਕਾ ਏਕ ਏਕੰਕਾਰਿਆ । ਰੂਪ ਰੰਗ ਨਾ ਵੇਖੇ ਕੋਈ ਨਿਸ਼ਾਨ, ਦਿਸ ਕਿਸੇ ਨਾ ਆ ਰਿਹਾ । ਆਪੇ ਵੇਖੇ ਮਾਰ ਧਿਆਨ, ਵੇਖਣਹਾਰਾ ਆਪ ਅਖਵਾ ਰਿਹਾ । ਨਾ ਕੋਈ ਸ਼ਬਦ ਨਾ ਕੋਈ ਗਿਆਨ, ਨਾ ਕੋਈ ਵਿਦਿਆ ਕੋਲ ਰਖਾ ਰਿਹਾ । ਨਾ ਕੋਈ ਬ੍ਰਹਮ ਨਾ ਕਰੇ ਪਛਾਣ, ਪਾਰਬ੍ਰਹਮ ਆਪਣਾ ਆਪ ਉਪਾ ਰਿਹਾ । ਨਾ ਮਰੇ ਨਾ ਪਏ ਜੰਮ, ਲੱਖ ਚੁਰਾਸੀ ਨਾ ਕੋਈ ਰਖਾ ਰਿਹਾ । ਨਾ ਪਵਣ ਸਵਾਸੀ

ਲਏ ਦਮ, ਨੇਤਰ ਨੀਰ ਨਾ ਕੋਇ ਵਹਾ ਰਿਹਾ । ਆਪੇ ਜਾਣੇ ਆਪਣਾ ਕੰਮ, ਸਾਧ ਸੰਤ ਨਾ ਕੋਈ ਨਾਲ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਆਪ ਅਖਵਾ ਰਿਹਾ । ਸਤਿ ਪੁਰਖ ਨਿਰੰਜਣ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਸਾਚਾ ਮੰਦਰ ਕਰ ਤਿਆਰ, ਥਿਰ ਘਰ ਨਾਉਂ ਰਖਾਇਆ । ਛੱਪਰ ਛੰਨ ਨਾ ਕੋਈ ਦੀਵਾਰ, ਬਾਡੀ ਕੋਈ ਨਾ ਲਾਇਆ । ਨਾ ਕੋਈ ਸਾਧ ਮੀਤ ਮੁਰਾਰ, ਨਾ ਕੋਈ ਸੰਗ ਨਿਭਾਇਆ । ਨਾ ਕੋਈ ਪੰਡਤ ਕਾਸ਼ੀ ਵੇਖੇ ਵੇਦ ਵਿਚਾਰ, ਮੁੱਲਾ ਪੀਰ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਏਕਾ ਧਾਮ ਸੁਹਾਇਆ । ਏਕਾ ਰੂਪ ਹਰਿ ਸ਼ਾਬਾਸ਼, ਆਪਣਾ ਆਪ ਉਪਾਇਆ । ਆਦਿ ਅੰਤ ਨਾ ਜਾਏ ਵਿਨਾਸ, ਏਕਾ ਧਾਮ ਸੁਹਾਇਆ । ਸਾਚੇ ਮੰਡਲ ਪਾਵੇ ਰਾਸ, ਸਾਧ ਸੰਤ ਵੇਖਣ ਕੋਇ ਨਾ ਜਾਇਆ । ਨਾ ਕੋਈ ਪ੍ਰਿਥਮੀ ਨਾ ਕੋਈ ਆਕਾਸ਼, ਚੰਦ ਸੂਰਜ ਕੋਈ ਦਿਸ ਨਾ ਆਇਆ । ਨਾ ਕੋਈ ਦਿਵਸ ਨਾ ਕੋਈ ਰਾਤ, ਨਾ ਕੋਈ ਬਰਸ ਨਾ ਕੋਈ ਮਾਸ, ਘੜੀ ਪਲ ਨਾ ਕੋਈ ਗਿਣਾਇਆ । ਨਾ ਕੋਈ ਦਾਸੀ ਨਾ ਕੋਈ ਦਾਸ, ਨਾ ਕੋਈ ਸੇਵਕ ਸੇਵ ਕਮਾਇਆ । ਨਾ ਕੋਈ ਰਸਨ ਨਾ ਸਵਾਸ, ਬੱਤੀ ਦੰਦ ਨਾ ਕੋਈ ਰਖਾਇਆ । ਆਪ ਆਪਣੇ ਵਿਚ ਰੱਖਿਆ ਵਾਸ, ਆਪਣਾ ਬੈਠਾ ਮੁਖ ਛੁਪਾਇਆ । ਏਕਾ ਏਕ ਧੁਰ ਧਰਵਾਸ, ਘਰ ਸਾਚੇ ਆਪ ਰਖਾਇਆ । ਪਾਰਬ੍ਰਹਮ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਨਾਉਂ ਰਖਾਇਆ । ਸਤਿ ਪੁਰਖ ਨਿਰੰਜਣ ਏਕਾ ਨਾਉਂ, ਹਰਿ ਆਪਣਾ ਆਪ ਉਪਾਇਆ । ਬੇਅੰਤ ਬੇਅੰਤ ਬੇਅੰਤ ਅਗੰਮ ਅਥਾਹੇ, ਅਲਖ ਅਲਖਣਾ ਲਿਖ ਨਾ ਸਕੇ ਕੋਈ ਰਾਇਆ । ਵਡ ਦਾਤਾ ਬੇਪਰਵਾਹੋ, ਸਾਚੇ ਸਿੰਘਾਸਣ ਆਸਣ ਲਾਇਆ । ਆਪੇ ਕਰੇ ਆਪਣਾ ਆਪ ਨਿਆਉਂ, ਆਪਣਾ ਲੇਖਾ ਆਪ ਲਿਖਾਇਆ । ਆਪੇ ਪਕੜੇ ਆਪਣੀ ਬਾਹੋਂ, ਆਪ ਆਪਣਾ ਸੰਗ ਰਲਾਇਆ । ਆਪੇ ਪਿਤਾ ਆਪੇ ਮਾਉਂ, ਪਿਤਾ ਪੂਤ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਾਚਾ ਵੇਸ ਕਰਾਇਆ । ਸਤਿ ਪੁਰਖ ਨਿਰੰਜਣ ਏਕਾ ਵੇਸ, ਆਪਣਾ ਆਪ ਕਰਾਇਆ । ਆਪੇ ਕਰੇ ਆਪਣਾ ਵੇਸ, ਆਪੇ ਰਿਹਾ ਅਲਖ ਜਗਾਇਆ । ਨਾ ਕੋਈ ਦਿਸੇ ਧਾਰੀ ਕੇਸ, ਮੂੰਡ ਮੁੰਡਾਇਆ ਦਿਸ ਨਾ ਆਇਆ । ਨਾ ਕੋਈ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਨਾ ਬਣਤ ਬਣਾਇਆ । ਨਾ ਕੋਈ ਗੁਰ ਪੀਰ ਸਾਧ ਸੰਤ ਦਏ ਉਪਦੇਸ, ਖਾਣੀ ਬਾਣੀ ਨਾ ਕੋਈ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਨਿਰੰਜਣ ਏਕਾ ਘਰ ਆਪਣਾ ਆਪ ਵਸਾਇਆ । ਸਤਿ ਪੁਰਖ ਨਿਰੰਜਣ ਸਾਚਾ ਘਰ, ਏਕਾ ਏਕ ਵਸਾਇਆ । ਕਿਸੇ ਦਿਸ ਨਾ ਆਏ ਸਾਚਾ ਦਰ, ਦਰਵਾਜ਼ਾ ਇਕ ਰਖਾਇਆ । ਨਾ ਕੋਈ ਨਾਰੀ ਨਾ ਕੋਈ ਨਰ, ਨਰਾਇਣ ਨੈਣ ਨਾ ਵੇਖਣ ਪਾਇਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਲਾੜੀ ਮੌਤ ਨਾ ਦੇਵੇ ਡਰ, ਧਰਮ ਰਾਏ ਨਾ ਲੇਖ ਚੁਕਾਇਆ । ਅੱਖਰ ਵੱਖਰ ਨਾ ਜਾਏ ਪੜ੍ਹ, ਨਾ ਕੋਈ ਵਿਦਿਆ ਰਿਹਾ ਅਲਾਇਆ । ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਦਿਸ ਨਾ ਆਇਆ । ਉਪਰ ਨਾ ਕੋਈ ਵੇਖੇ ਚੜ੍ਹ, ਸਾਧ ਸੰਤ ਬੈਠੇ ਧੂਣੀਆਂ ਤਾਇਆ । ਅੰਤਮ ਮੇਟੇ ਗੋਰ ਮੜ੍ਹ, ਸਾਢੇ ਤਿੰਨ ਹੱਥ ਸੀਂ ਵੰਡਾਇਆ । ਪੁਰਖ ਅਗੰਮ ਅਗੰਮਾ ਆਪਣੇ ਧਾਮ ਆਪੇ ਬੈਠਾ ਚੜ੍ਹ, ਥਿਰ ਘਰ ਆਸਣ ਲਾਇਆ । ਆਪ ਬਣਾਏ ਅਪਣਾ ਗੜ੍ਹ, ਕਿਲ੍ਹਾ ਕੋਟ

ਨਾਉਂ ਰਖਾਇਆ । ਆਪਣਾ ਘਾੜਨ ਆਪੇ ਘੜ, ਆਪ ਆਪਣੀ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਤਿ ਸਰੂਪੀ ਆਪ ਸਮਾਇਆ । ਸਤਿ ਸਰੂਪੀ ਸਤਿ ਸਤਿਵਾਦ, ਏਕਾ ਏਕ ਰਖਾਇਆ । ਆਪੇ ਸ਼ਾਹ ਆਪੇ ਭੂਪ, ਆਪ ਆਪਣੀ ਕਲ ਵਰਤਾਇਆ । ਆਪੇ ਜਾਣੇ ਆਪਣੀ ਕੂਟ, ਆਪਣੀ ਦਿਸ਼ਾ ਵੇਖ ਵਖਾਇਆ । ਆਪਣਾ ਹੁਲਾਰਾ ਰਿਹਾ ਝੂਟ, ਆਪੇ ਰਿਹਾ ਦਵਾਇਆ । ਆਪ ਆਪਣੇ ਉਤੇ ਗਿਆ ਤੁੱਠ, ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਏਕਾ ਘਰ, ਏਕਾ ਬੰਕ ਸੁਹਾਇਆ । ਸਤਿ ਪੁਰਖ ਨਿਰੰਜਣ ਏਕਾ ਬੰਕ, ਦਰ ਦਵਾਰ ਖੁਲ੍ਹਾਇਆ । ਨਾ ਕੋਈ ਰਾਓ ਨਾ ਕੋਈ ਰੰਕ, ਜ਼ਾਤ ਪਾਤ ਦਿਸ ਨਾ ਆਇਆ । ਨਾ ਕੋਈ ਢੋਲਕ ਛੈਣਾ ਵਜਾਏ ਡੰਕ, ਰਾਗ ਨਾਦ ਨਾ ਕੋਈ ਗਾਇਆ । ਮਤ ਬੁਧ ਨਾ ਮਨੂਆ ਮਨਕ, ਹੱਡ ਮਾਸ ਨਾੜੀ ਬੁੱਤ ਦਿਸ ਨਾ ਆਇਆ । ਆਪਣਾ ਖੇਲ ਖੇਲੇ ਬਾਰ ਅੰਕ, ਆਪ ਆਪਣੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਾਚਾ ਸਰ ਇਕ ਸੁਹਾਇਆ । ਸਾਚਾ ਸਰ ਹਰਿ ਦਵਾਰ, ਏਕਾ ਏਕ ਰਖਾਇਆ । ਆਪ ਆਪਣਾ ਭਰ ਭੰਡਾਰ, ਆਪੇ ਰਿਹਾ ਵਰਤਾਇਆ । ਆਪੇ ਪਾਵਣਹਾਰਾ ਸਾਰ, ਆਪ ਆਪਣਾ ਭੇਵ ਛੁਪਾਇਆ । ਨਾ ਕੋਈ ਦਿਸੇ ਨੌਂ ਦਵਾਰ, ਦਸਮ ਦਵਾਰ ਨਾ ਬਣਤ ਬਣਾਇਆ । ਚੌਥਾ ਪਦ ਚੌਥਾ ਘਰ ਨਾ ਲਿਆ ਉਸਾਰ, ਨਾ ਕੋਈ ਰਾਹ ਵਖਾਇਆ । ਪੰਚਮ ਬੋਲ ਨਾ ਧੁਨਕਾਰ, ਨਾਦ ਅਨਾਦਾ ਨਾ ਕੋਇ ਵਜਾਇਆ । ਛੱਪਰੀ ਛੰਨ ਨਾ ਕਰ ਤਿਆਰ, ਮੰਦਰ ਅੰਦਰ ਨਾ ਕੋਈ ਵਖਾਇਆ । ਸਤਿ ਪੁਰਖ ਨਿਰੰਜਣ ਜੋਤ ਅਕਾਰ, ਜੋਤੀ ਨੂਰ ਸਬਾਇਆ । ਨਾ ਕੋਈ ਧੂੰਆਂ ਧੁੰਦੂਕਾਰ, ਆਕਾਸ਼ ਪਰਕਾਸ਼ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣਾ ਘਰ, ਥਿਰ ਘਰ ਨਾਉਂ ਰਖਾਇਆ । ਸਾਚਾ ਦਰ ਦਸਮ ਦਵਾਰ, ਏਕਾ ਏਕ ਬਣਾਇਆ । ਆਪੇ ਵਸਿਆ ਨਰ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਸਰਗੁਣ ਭੇਵ ਨਾ ਪਾਏ ਕੋਈ ਸੰਸਾਰ, ਗੁਰ ਪੀਰ ਸਾਧ ਸੰਤ ਪ੍ਰਭ ਸਾਚੇ ਸੇਵਾ ਲਾਇਆ । ਆਪੇ ਵਸਿਆ ਸਭ ਤੋਂ ਬਾਹਰ, ਘਟ ਘਟ ਆਪੇ ਵੇਖ ਵਖਾਇਆ । ਆਪ ਬਣਾਏ ਮਹੱਲ ਅਟੱਲ ਅਚੱਲ ਉਚ ਮੁਨਾਰ, ਆਪ ਆਪਣੀ ਸੇਵ ਕਮਾਇਆ । ਨਾ ਕੋਈ ਲਾਏ ਇੱਟ ਗਾਰਾ, ਨਾ ਕੋਈ ਜੋੜ ਜੁੜਾਇਆ । ਆਪ ਆਪਣਾ ਕਰ ਪਸਾਰਾ, ਆਪਣਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਤਿ ਸਤਿਵਾਦ ਏਕਾ ਏਕ ਰਖਾਇਆ । ਸਤਿ ਪੁਰਖ ਨਿਰੰਜਣ ਸਤਿ ਸੰਤੋਖ, ਏਕ ਏਕ ਵਖਾਇਆ । ਨਾ ਕੋਈ ਮੁਕਤੀ ਨਾ ਕੋਈ ਮੋਖ, ਸੁਰਗ ਨਰਕ ਨਾ ਕੋਈ ਵਖਾਇਆ । ਨਾ ਕੋਈ ਹਰਖ ਨਾ ਕੋਈ ਸੋਗ, ਚਿੰਤਾ ਆਲਸ ਨਿੰਦਰਾ ਵਿਚ ਨਾ ਆਇਆ । ਨਾ ਕੋਈ ਰਸਨਾ ਨਾ ਕੋਈ ਭੋਗ, ਨਾ ਕੋਈ ਸੰਜੋਗ ਹੰਢਾਇਆ । ਨਾ ਕੋਈ ਸ਼ਬਦ ਨਾ ਕੋਈ ਚੋਗ, ਨਾ ਜਿਹਵਾ ਰਿਹਾ ਹਿਲਾਇਆ । ਨਾ ਕੋਈ ਦਰਸ ਦਏ ਅਮੋਘ, ਤ੍ਰਿਪਤ ਨਾ ਕੋਈ ਕਰਾਇਆ । ਆਪੇ ਜਾਣੇ ਆਪਣੀ ਮੌਜ, ਆਪ ਆਪਣੇ ਘਰ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਸਾਚੇ ਧਾਮ ਸੁਹਾਇਆ । ਸਾਚਾ ਧਾਮ ਪੁਰਖ ਅਬਿਨਾਸ਼, ਏਕਾ ਏਕ ਰਖਾਇਆ । ਆਪੇ ਕਰਿਆ ਆਪਣਾ ਵਾਸ, ਇਕ ਵਸੇਰ ਰਖਾਇਆ । ਆਪੇ ਹੋਇਆ ਦਾਸਨ ਦਾਸ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਦੇਵੀ ਦੇਵ ਨਾ ਕੋਈ ਰਖਾਇਆ । ਦੇਵੀ ਦੇਵ ਨਾ ਕੋਈ ਦਵਾਰ, ਹਰਿ ਆਪਣੇ ਰੰਗ ਸਮਾਇਆ । ਵਿਸ਼ਨੂੰ ਵੰਸੀ ਨਾ ਕਰ ਆਕਾਰ, ਨਾ ਕੋਈ ਰੂਪ ਵਟਾਇਆ । ਸ਼ਿਵ ਸ਼ੰਕਰ ਨਾ ਮੰਗੇ ਦਰ ਭਿਖਾਰ, ਬਾਸ਼ਕ ਤਸ਼ਕਾ ਨਾ ਗਲ ਲਟਕਾਇਆ । ਬ੍ਰਹਮਾ ਨੇਤਰ ਵੇਖੇ ਉਘਾੜ, ਚਾਰੇ ਮੁਖ ਨਾ ਰਸਨਾ ਗਾਇਆ । ਆਪ ਆਪਣੇ ਘਰ ਆਇਆ ਵਾੜ, ਆਪਣੀ ਬਣਤ ਬਣਾਇਆ । ਆਪੇ ਲਾੜੀ ਆਪੇ ਲਾੜ, ਕੰਤਾ ਨਾਰੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਏਕਾ ਅੰਜਨ ਨੇਤਰ ਪਾਇਆ । ਸਾਚਾ ਅੰਜਨ ਹਰਿ ਨਿਰੰਕਾਰ, ਆਪਣੇ ਨੇਤਰ ਪਾਇਆ । ਆਪੇ ਸੱਜਣ ਮੀਤ ਮੁਰਾਰ, ਮੀਤ ਮੁਰਾਰਾ ਆਪ ਅਖਵਾਇਆ । ਆਪੇ ਦਰ ਆਪੇ ਦਰਬਾਰ, ਦਰ ਦਰਬਾਰ ਸੇਵ ਕਮਾਇਆ । ਆਪੇ ਤਖ਼ਤ ਸੁਲਤਾਨ ਸਚ ਸਰੋਵਰ, ਸਿਕਦਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਘਰ ਸੱਤਵੇਂ ਬੈਠਾ ਆਸਣ ਲਾਇਆ ।

ਹਰਿ ਸਾਜਣ ਜਗ ਮੀਤੜਾ, ਏਕਾ ਏਕ ਅਖਵਾਏ । ਜੁਗ ਜੁਗ ਚਲਾਏ ਸਾਚੀ ਰੀਤੜਾ, ਆਪ ਆਪਣੀ ਜੋਤ ਜਗਾਏ । ਜੀਵ ਜੰਤ ਭੰਨੇ ਕੌੜਾ ਰੀਠੜਾ, ਸ਼ਬਦ ਖੰਡਾ ਹੱਥ ਉਠਾਏ । ਜਨ ਭਗਤਾਂ ਦੇਵੇ ਨਾਮ ਅਨਡੀਠੜਾ, ਲਿਖਣ ਪੜ੍ਹਨ ਵਿਚ ਨਾ ਆਏ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠੜਾ, ਉਤਰ ਕਦੇ ਨਾ ਜਾਏ । ਰਸਨਾ ਜਿਹਵਾ ਫਲ ਖਵਾਏ ਮੀਠੜਾ, ਹਰਿ ਨਾਉਂ ਨਾਂ ਰਖਾਏ । ਅੰਮ੍ਰਿਤ ਆਤਮ ਨਾਮ ਨਿਧਾਨ ਗੁਰਮੁਖ ਵਿਰਲੇ ਪੀਤੜਾ, ਦਿਵਸ ਰੈਣ ਖੁਮਾਰ ਰਖਾਏ । ਦੋ ਜਹਾਨੀ ਆਪੇ ਜੀਤੜਾ, ਜੁਗ ਜੁਗ ਮੇਲ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾਏ । ਹਰਿ ਸਾਚਾ ਜਗ ਮੀਤੜਾ, ਵਾਲੀ ਦੋ ਜਹਾਨਿਆ । ਜਨ ਭਗਤਾਂ ਪਰਖੇ ਨੀਤੜਾ, ਵੇਖ ਵਖਾਏ ਕਾਇਆ ਮੰਦਰ ਸਚ ਮਕਾਨਿਆ । ਆਪੇ ਜਾਣੇ ਆਪਣਾ ਕੀਤੜਾ, ਵਜਾਏ ਨਾਦ ਅਨਾਹਦ ਧੁਨ ਸਾਚੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਮਹਾਨਿਆ । ਜੁਗ ਜੁਗ ਖੇਲੇ ਖੇਲ, ਹਰਿ ਨਿਰੰਕਾਰਿਆ । ਜਨ ਭਗਤਾਂ ਲਏ ਮੇਲ, ਵਿਚ ਸੰਸਾਰਿਆ । ਜੋਤ ਨਿਰੰਜਣ ਚਾੜ੍ਹੇ ਤੇਲ, ਹਰਿ ਜੀ ਸੇਵਾ ਲਾ ਰਿਹਾ । ਆਪੇ ਵਸਿਆ ਰੰਗ ਨਵੇਲ, ਦਿਸ ਕਿਸੇ ਨਾ ਆ ਰਿਹਾ । ਆਪੇ ਗੁਰ ਆਪੇ ਚੇਲ, ਆਪੇ ਗੋਬਿੰਦ ਰੂਪ ਵਟਾ ਲਿਆ । ਲੱਖ ਚੁਰਾਸੀ ਮਾਇਆ ਮਮਤਾ ਜੂਠੀ ਝੂਠੀ ਖੇਲ, ਹਰਿ ਕਾ ਨਾਉਂ ਭੇਵ ਨਾ ਪਾ ਲਿਆ । ਅੰਤਮ ਧਰਮ ਰਾਏ ਦੀ ਸੁੱਟੇ ਜੇਲ੍ਹ, ਨਾ ਕੋਈ ਕਿਸੇ ਬਚਾ ਲਿਆ । ਗੁਰਮੁਖ ਸਾਚੇ ਸੱਜਣ ਸੁਹੇਲ, ਪ੍ਰਭ ਜੋਤੀ ਸੀਸ ਝੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾ ਲਿਆ । ਭੇਖਾਧਾਰੀ ਹਰਿ ਅਬਿਨਾਸ਼ਾ, ਜੁਗ ਜੁਗ ਭੇਖ ਵਟਾਇੰਦਾ । ਵੇਖੇ ਖੇਲ ਪ੍ਰਿਥਮੀ ਆਕਾਸ਼ਾ, ਦਿਸ ਕਿਸੇ ਨਾ ਆਇੰਦਾ । ਲੱਖ ਚੁਰਾਸੀ ਤੇਰਾ ਵੇਖੇ ਅੰਤ ਤਮਾਸ਼ਾ, ਕਲਜੁਗ ਧਾਰ ਵਹਾਇੰਦਾ । ਨਾ ਕੋਈ ਮੰਡਲ ਨਾ ਕੋਈ ਰਾਸਾ, ਮੰਡਪ ਨਾ ਕੋਈ ਸੁਹਾਇੰਦਾ । ਗੁਰਮੁਖ ਸਾਚਾ ਹੋਏ ਦਾਸੀ ਦਾਸਾ, ਦਾਸਨ ਦਾਸ ਆਪ ਅਖਵਾਇੰਦਾ । ਏਕਾ ਨਾਮ ਗੁਰ ਚਰਨ ਰੱਖੇ ਭਰਵਾਸਾ, ਗੋਬਿੰਦ ਸਾਚਾ ਮੇਲ ਮਿਲਾਇੰਦਾ । ਨਿਝ ਘਰ ਆਤਮ ਰੱਖੇ ਵਾਸਾ, ਵਿਛੜ ਕਦੇ ਨਾ ਜਾਇੰਦਾ । ਚਰਨ ਪ੍ਰੀਤੀ ਧੁਰ ਭਰਵਾਸਾ, ਦੋ ਜਹਾਨਾਂ ਪਾਰ ਕਰਾਇੰਦਾ ।

ਲੇਖੇ ਲਾਏ ਨਾੜੀ ਹੱਡ ਕਾਇਆ ਮਾਸਾ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਰੂਪ ਵਟਾਇੰਦਾ । ਰੂਪ ਵਟਾਏ ਹਰਿ ਅਗੰਮਾ, ਅਕਲ ਕਲਾ ਵਰਤਾਈਆ । ਪੰਜ ਤਤ ਰਲਾਏ ਨਾੜੀ ਚੰਮਾ, ਅੱਠਾਂ ਤਤਾਂ ਸੰਗ ਰਲਾਈਆ । ਮਨ ਮਤ ਬੁਧ ਰਹਾਏ ਬਿਨ ਬਿਨ ਥੰਮ੍ਹਾ, ਦਿਸ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਤੇਰਾ ਤਾਮਾ, ਆਪੇ ਰਿਹਾ ਬਣਾਈਆ । ਨਾਮ ਅਨਮੁਲਾ ਏਕਾ ਨਾਮਾ, ਹਰਿ ਆਪਣਾ ਨਾਉਂ ਰਖਾਈਆ । ਮੇਟ ਮਿਟਾਏ ਅੰਧੇਰੀ ਰੈਣ ਸ਼ਾਮਾ, ਜਿਸ ਜਨ ਆਪਣੀ ਬੂਝ ਬੁਝਾਈਆ । ਸ਼ਬਦ ਵਜਾਏ ਸਚ ਦਮਾਮਾ, ਅੰਦਰ ਮੰਦਰ ਕਰੇ ਜਣਾਈਆ । ਧੁਨ ਆਤਮਕ ਸੁਣਾਏ ਸਾਚੇ ਕਾਨਾ, ਸੁਣਨਹਾਰ ਆਪ ਅਖਵਾਈਆ । ਬਜਰ ਕਪਾਟੀ ਤੋੜ ਤੁੜਾਨਾ, ਸਾਚੀ ਹਾਟੀ ਇਕ ਵਖਾਈਆ । ਔਖੀ ਘਾਟੀ ਇਕ ਚੜ੍ਹਾਨਾ, ਗੁਰ ਸ਼ਬਦੀ ਮੇਲ ਮਿਲਾਈਆ । ਸ਼ਬਦ ਗੁਰ ਜੋਧਾ ਸੂਰ ਬਲੀ ਬਲਵਾਨਾ, ਹਰਿ ਗੋਬਿੰਦ ਰੂਪ ਸਮਾਈਆ । ਗੋਬਿੰਦ ਰੂਪ ਸ੍ਰੀ ਭਗਵਾਨਾ, ਸਚ ਸਿੰਘਾਸਣ ਬੈਠਾ ਆਸਣ ਲਾਈਆ । ਵੇਖੇ ਖੇਲ ਵਿਚ ਜਹਾਨਾਂ, ਆਵਣ ਜਾਵਣ ਰਚਨ ਰਚਾਈਆ । ਗੁਰਮੁਖ ਸਾਚੇ ਚਤਰ ਸੁਘੜ ਸਿਆਣਾ, ਆਪ ਆਪਣੀ ਬੂਝ ਬੁਝਾਈਆ । ਇਕ ਸੁਣਾਏ ਨਾਮ ਤਰਾਨਾ, ਆਪ ਆਪਣਾ ਆਪੇ ਗਾਈਆ । ਹੱਥੀਂ ਬੰਨ੍ਹੇ ਸਗਨੀ ਗਾਨਾ, ਸਾਚਾ ਮੰਗਲ ਇਕ ਸੁਣਾਈਆ । ਆਤਮ ਸੇਜਾ ਹਰਿ ਸੁਹਾਨਾ, ਹਰਿ ਸਾਚੇ ਆਪ ਵਛਾਈਆ । ਸ਼ਬਦ ਰੰਗੀਲਾ ਪਲੰਘ ਬਣਾਨਾ, ਪਾਵਾ ਚੂਲ ਨਾ ਕੋਈ ਰਖਾਈਆ । ਤਖ਼ਤ ਤਾਜ ਸੀਸ ਜਗਦੀਸ਼ ਹਰਿ ਸੁਲਤਾਨਾਂ, ਆਪਣਾ ਆਪ ਟਿਕਾਈਆ । ਆਪੇ ਹੋਏ ਮਿਹਰਵਾਨਾ, ਦਇਆਨਿਧ ਦਇਆਵਾਨ ਆਪ ਅਖਵਾਈਆ । ਆਪ ਝੁਲਾਏ ਸਚ ਨਿਸ਼ਾਨਾ, ਧਰਮ ਨਿਸ਼ਾਨਾ ਇਕ ਵਖਾਈਆ । ਗੁਰਮੁਖ ਸਾਚੇ ਮੇਲ ਮਿਲਾਨਾ, ਸੁਰਤ ਸਵਾਣੀ ਲਏ ਪਰਨਾਈਆ । ਸ਼ਬਦ ਕੰਤ ਘਰ ਸਾਚੇ ਪਾਨਾ, ਆਤਮ ਵੱਜੀ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭੇਖਾਧਾਰੀ ਰਿਹਾ ਭੇਖ ਵਟਾਈਆ । ਭੇਖਾਧਾਰੀ ਭੇਖ ਅਵੱਲਾ, ਅਕਲ ਕਲਾ ਭਰਪੂਰਾ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਵਡ ਦਾਤਾ ਜੋਧਾ ਸੂਰਾ । ਪਾਵੇ ਸਾਰ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵੇਖ ਵਖਾਏ ਪਸਾਰਾ ਕੂੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਬਖ਼ਸ਼ੇ ਮਸਤਕ ਧੂੜਾ । ਮਸਤਕ ਧੂੜੀ ਹਰਿ ਇਸ਼ਨਾਨ, ਜਨ ਭਗਤਾਂ ਆਪ ਕਰਾਇੰਦਾ । ਕਾਇਆ ਰੰਗਣ ਚਾੜ੍ਹੇ ਗੂੜ੍ਹੀ, ਸਚ ਲਲਾਰੀ ਆਪ ਅਖਵਾਇੰਦਾ । ਨਾਤਾ ਤੋੜੇ ਕੂੜੋ ਕੂੜੀ, ਪੰਚ ਵਿਕਾਰਾ ਨੇੜ ਨਾ ਆਇੰਦਾ । ਧਰਮ ਰਾਏ ਕਟੇ ਜੂੜੀ, ਲੱਖ ਚੁਰਾਸੀ ਫੰਦ ਕਟਾਇੰਦਾ । ਮਨਮੁਖ ਮੁਗਧ ਨਾ ਜਾਨਣ ਮੂੜ੍ਹੀ, ਪ੍ਰਭ ਕਾ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਅਲਖ ਜਗਾਇੰਦਾ । ਜੁਗ ਜੁਗ ਅਲਖ ਹਰਿ ਜਗਾਏ, ਲੋਕਮਾਤ ਫੇਰਾ ਪਾਇਆ । ਹਰਿਜਨ ਸਾਚੇ ਲਏ ਜਗਾਏ, ਦਿਵਸ ਰੈਣ ਵੇਖ ਵਖਾਇਆ । ਪਰਗਟ ਹੋ ਪਰਤੱਖ ਦਰਸ ਦਿਖਾਏ, ਜਿਸ ਜਨ ਚਰਨ ਧਿਆਨ ਲਗਾਇਆ । ਨੇਤਰ ਨੈਣ ਲੋਚਨ ਅੱਖ ਖੁਲ੍ਹਾਏ, ਆਤਮ ਦਰਸੀ ਦਰਸ ਦਿਖਾਇਆ । ਅੰਤਮ ਵੇਲੇ ਰੱਖ ਵਖਾਏ, ਗੁਰ ਸ਼ਬਦੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਧਾ ਸੂਰ ਬਲੀ ਬਲਵਾਨਾ, ਇਕ ਰਖਾਏ ਤੀਰ ਕਮਾਨਾ, ਰਸਨਾ ਚਿਲ੍ਹਾ ਇਕ ਰਖਾਇਆ । ਕਲਜੁਗ ਅੰਤਮ ਆਪ ਚੜ੍ਹਾਏ, ਏਕਾ ਚਿਲ੍ਹਾ ਨਰ ਨਿਰੰਕਾਰਿਆ । ਚਾਰੋਂ ਕੁੰਟ ਵੇਖ ਵਖਾਏ, ਸਾਧ ਸੰਤ ਹੋਏ ਹਲਕਾਏ,

੬੦੯
੦੬

ਜੀਵ ਜੰਤ ਭਰਮ ਭੁਲਾਏ, ਨਾ ਦੇਵੇ ਕੋਈ ਸਹਾਰਿਆ । ਗੁਰਮਤ ਸਾਚੀ ਗਏ ਭੁਲਾਏ, ਅੰਤਮ ਵੇਲਾ ਓਅੰਕਾਰਿਆ । ਪੰਚ ਤਤ ਰਹੇ ਬਿਲਲਾਏ, ਪੰਚਾਂ ਮੋਹ ਵਿਕਾਰਿਆ । ਪੰਚਾਂ ਦੇ ਮਤ ਸਮਝਾਏ, ਪੰਚਾਂ ਰਾਗ ਅਲਾ ਰਿਹਾ । ਪੰਚਾਂ ਆਪਣੀ ਬੂਝ ਬੁਝਾਏ, ਪੰਚਾਂ ਸੰਗ ਮਿਲਾ ਲਿਆ । ਪੰਚਾਂ ਏਕਾ ਦੂਜਾ ਭਉ ਚੁਕਾਏ, ਤੀਜਾ ਨੈਣ ਆਪ ਖੁਲ੍ਹਾਏ, ਚੌਥੇ ਘਰ ਹਰਿ ਮਿਲਾਏ, ਸੰਤ ਸੁਹੇਲੇ ਇਕ ਇਕੇਲੇ ਆਪਣਾ ਧਾਮ ਸੁਹਾ ਲਿਆ । ਪਦ ਨਿਰਬਾਣਾ ਸ੍ਰੀ ਭਗਵਾਨਾ ਏਕਾ ਏਕ ਰਖਾਏ, ਡੋਰੀ ਆਪਣੇ ਹੱਥ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੇਖਾ ਮਾਤ ਕਰ, ਆਪਣਾ ਵੇਸ ਵਟਾ ਲਿਆ । ਆਪੇ ਹੋਏ ਜਗਤ ਬਿਬੇਕਾ, ਆਪ ਆਪਣਾ ਸੰਗ ਬਣਾਈਆ । ਆਪ ਬੰਧਾਏ ਆਪਣੀ ਟੇਕਾ, ਆਪ ਆਪਣਾ ਨਾਦ ਵਜਾਈਆ । ਆਪੇ ਹੋਏ ਲਿਖਣਹਾਰਾ ਲੇਖਾ, ਅੰਤਮ ਲਹਿਣਾ ਦੇਣਾ ਮੂਲ ਚੁਕਾਈਆ । ਗੁਰਮੁਖ ਸਾਚੇ ਸੁਘੜ ਸਿਆਣੇ ਨੇਤਰ ਪੇਖਾ, ਸੁਰਤ ਸ਼ਬਦ ਮੇਲ ਮਿਲਾਈਆ । ਆਪੇ ਜਾਣੇ ਧਾਰੀ ਕੇਸਾ, ਪਰਗਟ ਹੋਏ ਦਸ ਦਸਮੇਸ਼ਾ, ਗੋਬਿੰਦ ਕਾਇਆ ਭੇਖ ਵਟਾਈਆ । ਨਾ ਕੋਈ ਜਾਣੇ ਨਰ ਨਰੇਸ਼ਾ, ਨਿਰਗੁਣ ਅਚਰਜ ਖੇਲ ਖਿਲਾਈਆ । ਸਰਗੁਣ ਤੇਰਾ ਸਾਚਾ ਵੇਸਾ, ਪੰਚਾਂ ਤਤਾ ਰਿਹਾ ਉਪਾਈਆ । ਤ੍ਰੈਗੁਣ ਮਾਇਆ ਕਰਿਆ ਵੇਸਾ, ਬ੍ਰਹਮੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਮਲ ਜੋਤੀ ਇਕ ਜਗਾਈਆ । ਨਿਰਮਲ ਜੋਤੀ ਕਰ ਉਜਾਗਰ, ਏਕਾ ਏਕ ਰਖਾਇੰਦਾ । ਗੁਰਮੁਖ ਵਿਰਲਾ ਮਾਤ ਸੌਦਾਗਰ, ਮਨਮੁਖ ਜੀਵ ਭੁਲਾਇੰਦਾ । ਭਾਗ ਲਗਾਏ ਕਾਇਆ ਗਾਗਰ, ਅੰਧ ਅੰਧੇਰ ਮਿਟਾਇੰਦਾ । ਏਕਾ ਨਾਮ ਰੱਤੀ ਰਤਨਾਗਰ, ਕਾਇਆ ਚੋਲੀ ਆਪ ਰੰਗਾਇੰਦਾ । ਅੰਮ੍ਰਿਤ ਆਤਮ ਧਾਰ ਵਹਾਏ ਸਾਚਾ ਸਾਗਰ, ਅੱਠ ਸੱਠ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਇੰਦਾ । ਕਲਜੁਗ ਤੇਰਾ ਅੰਤਮ ਗਹਿਣਾ, ਤੇਰੇ ਤਨ ਪਹਿਨਾਇਆ । ਆਪ ਚੁਕਾਏ ਲਹਿਣਾ ਦੇਣਾ, ਜੋਤੀ ਜਾਮਾ ਭੇਖ ਵਟਾਇਆ । ਲੱਖ ਚੁਰਾਸੀ ਭਾਣਾ ਸਹਿਣਾ, ਹਰਿ ਸਾਚਾ ਵੇਖ ਵਖਾਇਆ । ਜਨ ਭਗਤਾਂ ਵਖਾਏ ਨੇਤਰ ਨੈਣਾ, ਸਿਰ ਆਪਣਾ ਹੱਥ ਟਿਕਾਇਆ । ਕਲਜੁਗ ਜੀਵ ਜੂਠੀ ਝੂਠੀ ਧਾਰ ਵਹਿਣਾ, ਹਰਿ ਆਪੇ ਰਿਹਾ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜਾਮਾ ਹਰਿ ਬਲਕਾਰੀ, ਆਪਣਾ ਆਪ ਵਟਾਇਆ । ਸ਼ਬਦ ਖੰਡਾ ਤੇਜ ਕਟਾਰੀ, ਤਨ ਗਾਤਰੇ ਆਪ ਲਟਕਾਇਆ । ਖਿੱਚੀ ਆਏ ਵਾਰੋ ਵਾਰੀ, ਵੇਦ ਸ਼ਾਸਤਰਾਂ ਭੇਵ ਨਾ ਪਾਇਆ । ਨਿਹਕਲੰਕ ਨਰਾਇਣ ਨਰ ਅਵਤਾਰੀ, ਨਰ ਨਰਾਇਣ ਆਪ ਹੋ ਆਇਆ । ਸਤਿਜੁਗ ਤੇਰੀ ਬੰਨ੍ਹੇ ਸਾਚੀ ਧਾਰੀ, ਏਕਾ ਰਾਹ ਚਲਾਇਆ । ਚਾਰ ਵਰਨਾਂ ਇਕ ਦਰਬਾਰੀ, ਇਕ ਸਲਾਹ ਬਣਾਇਆ । ਸੋਹੰ ਸ਼ਬਦ ਸਚ ਸਿਕਦਾਰੀ, ਤ੍ਰੈ ਲੋਆਂ ਰਿਹਾ ਜਣਾਇਆ । ਖੇਲੇ ਖੇਲ ਮਾਤ ਖਿਲਾਰੀ, ਕਲਜੁਗ ਖੇਲਣ ਆਇਆ । ਸੰਮਤ ਚੌਦਾਂ ਕਰੇ ਦਾਰੀ, ਪਹਿਲੀ ਚੇਤਰ ਵੇਖਣ ਆਇਆ । ਜਨ ਭਗਤਾਂ ਕਰੇ ਮਾਤ ਪਿਆਰੀ, ਸੋਏ ਰਿਹਾ ਜਗਾਇਆ । ਚਿੱਟੇ ਅਸਵ ਕਰ ਅਸਵਾਰੀ, ਸੋਲਾਂ ਕਲੀਆਂ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਤੇਰੀ ਧਾਰ ਚਲਾਇਆ । ਨਿਹਕਲੰਕ ਹਰਿ ਨਰਾਇਣ, ਆਪਣੀ ਕਲ ਵਰਤਾਇੰਦਾ । ਕਲਜੁਗ ਤੇਰਾ ਲਹਿਣਾ ਦੇਣ, ਅੰਤ ਹਿਸਾਬ ਮੁਕਾਇੰਦਾ । ਨਾਤਾ ਤੁੱਟੇ ਭਾਈ ਭੈਣ, ਪੰਚਮ ਜੇਠੀ ਦਿਵਸ ਸੁਹਾਇੰਦਾ । ਲਾੜੀ ਮੌਤ ਘਰ ਘਰ ਫਿਰੇ ਡੈਣ, ਮਨਮੁਖ ਕੋਈ ਨਾ ਬਚਿਆ ਪਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਤੇਰੀ ਧਾਰ ਚਲਾਇੰਦਾ । ਸੰਮਤ ਚੌਦਾਂ ਚੌਦਾਂ ਹੱਟ, ਹਰਿ ਸਾਚਾ ਵੇਖ ਵਖਾਇੰਦਾ । ਆਪੇ ਵੇਖੇ ਤੀਰਥ ਤਟ, ਗੁਰ ਮੰਦਰ ਅੰਦਰ ਮਸਜਿਦ ਫੇਰਾ ਪਾਇੰਦਾ । ਖੇਲੇ ਖੇਲ ਬਾਜੀਗਰ ਨਟ, ਨਟ ਨਟੂਆ ਸਵਾਂਗ ਵਰਤਾਇੰਦਾ । ਜਨ ਭਗਤਾਂ ਦੁਰਮਤ ਮੈਲ ਰਿਹਾ ਕੱਟ, ਨੇਤਰ ਲੋਚਨ ਦਰਸ ਦਿਖਾਇੰਦਾ । ਤਨ ਪਹਿਨਾਏ ਸਾਚਾ ਪਟ, ਏਕਾ ਨਾਉਂ ਰਖਾਇੰਦਾ । ਦੀਪਕ ਜੋਤੀ ਲਟ ਲਟ, ਆਪਣੀ ਆਪ ਜਗਾਇੰਦਾ । ਭਾਗ ਲਗਾਏ ਕਾਇਆ ਮੱਟ, ਅੰਧ ਅੰਧੇਰ ਮਿਟਾਇੰਦਾ । ਸ਼ਬਦ ਤਾਲ ਮਾਰੇ ਸੱਟ, ਸਾਚੀ ਸੇਵ ਕਮਾਇੰਦਾ । ਗੜ੍ਹ ਹੰਕਾਰੀ ਜਾਏ ਢੱਠ, ਉਚਾ ਟਿੱਲਾ ਦਿਸ ਨਾ ਆਇੰਦਾ । ਤ੍ਰੈਗੁਣ ਮਾਇਆ ਅਗਨੀ ਮੱਠ, ਆਪੇ ਆਪ ਬੁਝਾਇੰਦਾ । ਪੰਜ ਤਤ ਕਰ ਇਕੱਠ, ਆਪਣੇ ਵਿਚ ਸਮਾਇੰਦਾ । ਧੁਰਦਰਗਾਹੀ ਆਇਆ ਨੱਠ, ਸੰਤ ਸੁਹੇਲੇ ਗੁਰੂ ਗੁਰ ਚੇਲੇ ਸੋਏ ਮਾਤ ਜਗਾਇੰਦਾ । ਆਪੇ ਗੇੜਨਹਾਰਾ ਉਲਟੀ ਲੱਠ, ਜੁਗ ਜੁਗ ਗੇੜਾ ਆਪ ਗਿੜਾਇੰਦਾ । ਸਰਬ ਕਲਾ ਆਪੇ ਸਮਰਥ, ਸਮਰਥ ਕਲ ਆਪ ਵਰਤਾਇੰਦਾ । ਲੱਖ ਚੁਰਾਸੀ ਪਾਏ ਨੱਥ, ਚਾਰੋਂ ਕੁੰਟ ਦਹਿ ਦਿਸ਼ਾ ਆਪ ਭਵਾਇੰਦਾ । ਲੋਆਂ ਪੁਰੀਆਂ ਦਏ ਮਥ, ਬ੍ਰਹਮਾ ਸ਼ਿਵ ਆਪ ਉਠਾਇੰਦਾ । ਕਰੋੜ ਤੇਤੀਸਾ ਦਏ ਝੱਸ, ਸੁਰਪਤ ਰਾਜਾ ਇੰਦ ਕੁਰਲਾਇੰਦਾ । ਤ੍ਰੈਗੁਣ ਮਾਇਆ ਤੇਰਾ ਕੋਈ ਨਾ ਚਲੇ ਵਸ, ਆਪ ਉਪਾਏ ਆਪ ਮਿਟਾਇੰਦਾ । ਪੰਚਾਂ ਤਤਾਂ ਰਿਹਾ ਦੱਸ, ਭੁੱਲਿਆ ਕੋਈ ਰਹਿਣ ਨਾ ਪਾਇੰਦਾ । ਅੰਤਮ ਪੈਂਡਾ ਮੁੱਕਣਾ ਨੱਸ ਨੱਸ, ਭੁਜਾ ਪਸਾਰ ਨਾ ਕੋਈ ਉਠਾਇੰਦਾ । ਤੀਰ ਨਿਰਾਲਾ ਪ੍ਰਭ ਰਿਹਾ ਕਸ, ਨੌ ਖੰਡ ਪ੍ਰਿਥਮੀ ਆਪ ਚਲਾਇੰਦਾ । ਸੱਤਾਂ ਦੀਪਾਂ ਚਰਨਾਂ ਹੇਠਾਂ ਰਿਹਾ ਝੱਸ, ਏਕਾ ਮਾਰਗ ਲਾਇੰਦਾ । ਕਿਸੇ ਨਾ ਚਲਣਾ ਕੋਈ ਵਸ, ਕਲਜੁਗ ਆਪਣਾ ਕਾਲ ਮਰਦੰਗ ਵਜਾਇੰਦਾ । ਜੋਤੀ ਅਗਨੀ ਖਿੱਚ ਜਵਾਲਾ, ਆਪ ਆਪਣੇ ਵਿਚ ਸਮਾਇੰਦਾ । ਸੰਗ ਮੁਹੰਮਦ ਚਾਰ ਯਾਰ ਗਏ ਥੱਕ, ਅੱਲਾ ਰਾਣੀ ਹੂ ਹੂ ਨਾਅਰਾ ਲਾਇੰਦਾ । ਸੰਗ ਰਲਾਏ ਕਾਲ ਮਹਾਂਕਾਲਾ, ਸਾਚਾ ਸ਼ਬਦ ਜਣਾਇੰਦਾ । ਧਰਮ ਰਾਏ ਤੇਰੀ ਸੱਚੀ ਧਰਮਸਾਲਾ, ਮਨਮੁਖਾਂ ਨਾਲ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਪਾਇੰਦਾ । ਜੋਤੀ ਜਾਮਾ ਹਰਿ ਬਲਵਾਨਾ, ਏਕਾ ਏਕ ਉਪਾਇਆ । ਮੇਟ ਮਿਟਾਏ ਪੰਜ ਸ਼ੈਤਾਨਾ, ਪੰਚਮ ਰਹਿਣ ਨਾ ਪਾਇਆ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਆਤਮ ਤ੍ਰਿਸ਼ਨ ਮਿਟਾਇਆ । ਏਕਾ ਰਾਗ ਇਕ ਤਰਾਨਾ, ਏਕਾ ਧੁਨ ਉਪਜਾਇਆ । ਏਕਾ ਕਾਹਨ ਸੁਣ ਸੁਣਾਨਾ, ਅਗਾਧ ਬੋਧ ਰਿਹਾ ਜਣਾਇਆ । ਆਪ ਆਪਣੀ ਜੋਤ ਜਗਾਨਾ, ਗੁਰਮੁਖ ਸਾਚੇ ਰਿਹਾ ਉਪਾਇਆ । ਗੁਰਮੁਖ ਸਾਚਾ ਸਚ ਦਵਾਰ, ਪ੍ਰਭ ਚਰਨ ਧਿਆਨ ਲਗਾਇਆ । ਆਪ ਆਪਣਾ ਕਰ ਪਿਆਰ, ਦੇ ਮਤ ਰਿਹਾ ਸਮਝਾਇਆ । ਸ਼ਬਦ ਖੰਡਾ ਤੇਜ ਕਟਾਰ, ਸਾਚੇ ਤਨ ਪਹਿਨਾਇਆ । ਆਪੇ ਹੋਏ ਪਹਿਰੇਦਾਰ, ਮਨ ਮਨੂਆ ਆਪ ਬੰਧਾਇਆ । ਵੇਖੀ ਜਾਏ ਵਾਰੋ ਵਾਰ, ਸੁਰਤ ਸਵਾਣੀ ਏਕਾ ਪੱਲੂ ਨਾਮ ਫੜਾਇਆ । ਸੁਖਮਨ ਨਾੜੀ ਕਰੇ ਪਾਰ, ਅੱਗੇ ਪਿੱਛੇ ਆਪ ਹੋ ਜਾਇੰਦਾ । ਇਕ ਵਖਾਏ ਸਚ ਦਰਬਾਰ, ਦਰ ਦਵਾਰ ਇਕ ਸੁਹਾਇੰਦਾ । ਅੰਮ੍ਰਿਤ ਆਤਮ ਠੰਢੀ ਧਾਰ, ਨਿਝਰ ਮੁਖ ਚੁਆਇੰਦਾ । ਕਵਲ ਕਵਲਾ ਕਰ ਉਜਿਆਰ, ਬੂੰਦ ਸਵਾਂਤੀ ਇਕ ਵਖਾਇੰਦਾ । ਦਸਮ ਦਵਾਰੀ ਸਚ ਘਰ ਬਾਹਰ, ਗੁਰਮੁਖ ਸਾਚੇ ਆਪ ਮਿਲਾਇੰਦਾ । ਇਕ ਇਕੱਲਾ ਓਅੰਕਾਰ, ਏਕੰਕਾਰ ਰੂਪ ਸਮਾਇੰਦਾ । ਏਕਾ ਸ਼ਬਦ ਅਪਰ ਅਪਾਰ, ਤੀਜੇ ਲੋਇਣ ਆਪ ਵਖਾਇੰਦਾ । ਚੌਥੇ

੬੧੧
੦੬

ਘਰ ਮੀਤ ਮੁਰਾਰ, ਸਾਜਣ ਮੀਤ ਮਿਲਾਇੰਦਾ । ਪੰਚਮ ਮੇਲਾ ਪੰਚ ਘਰ ਬਾਹਰ, ਪੰਚਮ ਜੋੜ ਜੁੜਾਇੰਦਾ । ਛੇਵੇਂ ਛੱਪਰ ਛੰਨ ਨਾ ਲਿਆ ਉਸਾਰ, ਆਪ ਆਪਣਾ ਘਰ ਸੁਹਾਇੰਦਾ । ਸਤਿ ਪੁਰਖ ਨਿਰੰਜਣ ਕਰ ਆਕਾਰ, ਏਕਾ ਰੂਪ ਵਟਾਇੰਦਾ । ਅੱਠਾਂ ਤਤਾਂ ਵਸੇ ਬਾਹਰ, ਦਿਸ ਕਿਸੇ ਨਾ ਆਇੰਦਾ । ਨੌ ਦਵਾਰੇ ਭਰਮੇ ਭੁੱਲੇ ਜੀਵ ਗਵਾਰ, ਗੁਰ ਕਾ ਸ਼ਬਦ ਨਾ ਕੋਈ ਜਣਾਇੰਦਾ । ਦਸ ਦਸਮੇਸ਼ਾ ਪਾਵੇ ਸਾਰ, ਜੋ ਜਨ ਚਰਨੀ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਇੰਦਾ । ਏਕਾ ਡੰਕ ਨਰ ਨਿਰੰਕਾਰ, ਆਪਣਾ ਆਪ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਸੰਮਤ ਤੇਰਾਂ ਨਾਨਕ ਗਾਈ ਤੇਰਾਂ ਤੇਰਾਂ ਧਾਰ, ਸ੍ਰਿਸ਼ਟ ਸਬਾਈ ਤੋਲ ਤੁਲਾਇਆ । ਸੰਮਤ ਚੌਦਾਂ ਤੇਰਾ ਸਚ ਵਿਹਾਰ, ਪੁਰਖ ਅਬਿਨਾਸ਼ੀ ਕਰਨੇ ਆਇਆ । ਪੰਚਮ ਜੇਠੀ ਦਰਸ ਦਿਖਾਏ ਵਡ ਵਡ ਸੇਠੀ ਕਰੇ ਖੁਆਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਰਿਹਾ ਫਿਰਾਇਆ । ਗੁਰਮੁਖ ਸਾਚੇ ਬਾਲ ਨਾਦਾਨ, ਆਪ ਆਪਣੀ ਗੋਦ ਉਠਾਇਆ । ਏਕਾ ਦੇਵੇ ਬ੍ਰਹਮ ਗਿਆਨ, ਜਗਤ ਵਿਦਿਆ ਨਾ ਕੋਇ ਪੜ੍ਹਾਇਆ । ਨੇਤਰ ਲੋਚਨ ਇਕ ਨਿਸ਼ਾਨ, ਤ੍ਰੈਗੁਣ ਮਾਇਆ ਫੰਦ ਕਟਾਇਆ । ਪੰਚਮ ਸ਼ੈਤਾਨ ਹੋਏ ਹੈਰਾਨ, ਬੈਠੇ ਮੁਖ ਛੁਪਾਇਆ । ਪੁਰਖ ਅਬਿਨਾਸ਼ੀ ਵਡ ਬਲਵਾਨ, ਸ਼ਬਦ ਖੰਡਾ ਰਿਹਾ ਉਠਾਇਆ । ਜੋਤੀ ਨੂਰ ਇਕ ਮਹਾਨ, ਦੋ ਜਹਾਨ ਕਰੇ ਰੁਸ਼ਨਾਇਆ । ਕਾਇਆ ਮੰਦਰ ਸਚ ਮਕਾਨ, ਪ੍ਰਭ ਸਾਚੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਏਕਾ ਧਾਮ ਸੁਹਾਇਆ । ਸਚ ਸਿੰਘਾਸਣ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਜੋਤ ਸਰੂਪੀ ਕਰ ਉਜਿਆਰ, ਏਕਾ ਰੰਗ ਰੰਗਾਇਆ । ਆਪ ਆਪਣੀ ਭੁਜਾ ਪਸਾਰ, ਗੁਰਮੁਖ ਸਾਚੇ ਰਿਹਾ ਉਠਾਇਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਨਾਉਂ ਰਖਾਇਆ । ਹਰਿਜਨ ਉਪਜਾਏ ਜਿਉਂ ਜਨ ਜਨਕਾ, ਸਹਿੰਸਾ ਰੋਗ ਮਿਟਾਇਆ । ਪਰਗਟ ਹੋਏ ਵਾਸੀ ਪੁਰੀ ਘਨਕਾ, ਬਾਰ ਅਨਕਾ ਜੋਤ ਜਗਾਇਆ । ਜੁਗ ਜੁਗ ਮੇਟਣਹਾਰਾ ਸ਼ੰਕਾ, ਏਕਾ ਦੂਜਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਸਾਚਾ ਵੇਖ ਵਖਾਇੰਦਾ । ਕੋਈ ਨਾ ਦਿਸੇ ਸਚ ਮਲਾਹ, ਬੇੜਾ ਬੰਨ੍ਹੇ ਲਾਇੰਦਾ । ਜ਼ਾਤ ਪਾਤਾਂ ਪਿਆ ਫਾਹ, ਜਮ ਕਾ ਫਾਸ ਨਾ ਕੋਈ ਕਟਾਇੰਦਾ । ਇਕ ਜਪਾਏ ਸਾਚਾ ਨਾਂ, ਜਨ ਭਗਤਾਂ ਪਾਰ ਕਰਾਇੰਦਾ । ਹੋਏ ਸਹਾਈ ਸਭਨੀ ਥਾਂ, ਘਟ ਘਟ ਵੇਖ ਵਖਾਇੰਦਾ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਆਪ ਅਖਵਾਇੰਦਾ । ਹੰਸ ਬਣਾਏ ਫੜ ਫੜ ਕਾਂ, ਚਰਨ ਧੂੜ ਸਚ ਸਰੋਵਰ ਇਕ ਇਸ਼ਨਾਨ ਕਰਾਇੰਦਾ । ਕਲਜੁਗ ਅੰਤਮ ਦੇਵੇ ਠੰਢੀ ਛਾਂ, ਜਗਤ ਜਗਦੀਸ਼ ਆਪਣੇ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਵਜਾਏ ਨਾਮ ਦਮਾਮਾ, ਏਕਾ ਡੰਕ ਰਖਾਇੰਦਾ । ਨਾਮ ਦਮਾਮਾ ਵੱਜੇ ਡੰਕ, ਚਾਰੋਂ ਕੁੰਟ ਜਣਾਈਆ । ਜਨ ਭਗਤਾਂ ਆਤਮ ਜੋਤੀ ਲਾਏ ਤਨਕ, ਖਿੱਚੀ ਜਾਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਮਿਹਰਵਾਨ, ਆਪਣਾ ਆਪ ਉਪਾਇਆ । ਜੋਧਾ ਸੂਰ ਬਲੀ ਬਲਵਾਨ, ਏਕਾ ਏਕ ਅਖਵਾਇਆ । ਸ਼ਬਦ ਖੰਡਾ ਤੀਰ ਕਮਾਨ, ਆਪਣੇ ਹੱਥ ਰਖਾਇਆ । ਸੰਮਤ ਚੌਦਾਂ ਮਾਰ ਧਿਆਨ, ਨੌ ਖੰਡ ਪ੍ਰਿਥਮੀ ਰਿਹਾ ਜਗਾਇਆ । ਪੰਚਮ ਜੇਠੀ ਇਕ ਮੈਦਾਨ, ਸ੍ਰਿਸ਼ਟ ਸਬਾਈ ਰਿਹਾ



੬੧੨
੦੬

ਜਣਾਇਆ । ਸੰਮਤ ਪੰਦਰਾਂ ਪਾਵੇ ਆਨ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਚਿਆ ਕੋਈ ਰਹਿਣ ਨਾ ਪਾਇਆ । ਲਾੜੀ ਮੌਤ ਮੰਗੇ ਦਾਨ, ਪ੍ਰਭ ਅੱਗੇ ਸੀਸ ਝੁਕਾਇਆ । ਧਰਮ ਰਾਏ ਦਰ ਕਰ ਪਰਵਾਨ, ਹਰਿ ਸਾਚਾ ਨਾਉਂ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚੌਦਾਂ ਲੋਕਾਂ ਵੇਖ ਵਖਾਇਆ । ਸੰਮਤ ਚੌਦਾਂ ਕਰ ਧਿਆਨਾ, ਚੌਦਾਂ ਲੋਕ ਵੇਖ ਵਖਾਇੰਦਾ । ਮਨਮੁਖ ਜੀਵਾਂ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇੰਦਾ । ਆਪੇ ਮਾਰੇ ਤੀਰ ਨਿਸ਼ਾਨਾ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਸੰਮਤ ਸੋਲਾਂ ਹੋਏ ਵੈਰਾਨਾ, ਮਾੜੀ ਮੰਡਪ ਕੋਈ ਦਿਸ ਨਾ ਆਇੰਦਾ । ਸਾਧ ਸੰਤ ਨਾ ਕੋਇ ਬਚਾਇਆ ਪ੍ਰਭ ਕਾ ਭਾਣਾ, ਨਾ ਕੋਈ ਮੇਟ ਮਿਟਾਇੰਦਾ । ਜੁਗ ਜੁਗ ਜੋਤੀ ਪਹਿਰਿਆ ਬਾਨਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਕਲਜੁਗ ਤੇਰਾ ਖੇਲ ਮਹਾਨਾ, ਨਿਰਗੁਣ ਸਰਗੁਣ ਹਰਿ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਭੇਖ ਵਟਾਇੰਦਾ । ਭੇਖਾਧਾਰੀ ਭੇਖ ਅਪਾਰ, ਆਪਣਾ ਆਪ ਵਟਾਇਆ । ਜੁਗ ਜੁਗ ਵੇਖੇ ਵੇਖ ਵਿਚਾਰ, ਜੀਵ ਜੰਤ ਰਿਹਾ ਤਰਾਇਆ । ਸਾਧ ਸੰਤ ਪ੍ਰਭ ਪਾਵੇ ਸਾਰ, ਜੋ ਜਨ ਰਸਨਾ ਰਿਹਾ ਗਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਤੋੜ ਤੁੜਾਇਆ । ਔਖੀ ਘਾਟੀ ਫੜ ਫੜ ਬਾਹੋਂ ਪਾਰ ਕਰਾਇਆ । ਜੋਤ ਲਿਲਾਟੀ ਪ੍ਰਭ ਮਸਤਕ ਰਿਹਾ ਜਗਾਇਆ । ਨੇੜੇ ਵਾਟੀ ਸਚ ਦਰਬਾਰ, ਆਪਣਾ ਰਾਹ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਇਕ ਦਰ, ਘਰ ਸਾਚਾ ਇਕ ਸੁਹਾਇਆ । ਸੰਤਨ ਮੇਲਾ ਸਚ ਦਵਾਰ, ਹਰਿ ਆਪਣਾ ਆਪ ਕਰਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਚਾਰੇ ਕੁੰਟਾਂ ਵੇਖ ਵਖਾਇੰਦਾ । ਨਾ ਕੋਈ ਦਿਸੇ ਜੂਠੀ ਝੂਠੀ ਧਾੜ, ਮਾਇਆ ਮੋਹ ਨਾ ਕੋਈ ਰਖਾਇੰਦਾ । ਸੰਤ ਸੁਹੇਲਾ ਸਾਚਾ ਲਾੜ, ਸਾਚੇ ਘੋੜੇ ਆਪ ਚੜ੍ਹਾਇੰਦਾ । ਦਰ ਦਵਾਰੇ ਦੇਵੇ ਵਾੜ, ਆਪ ਆਪਣਾ ਮੇਲ ਮਿਲਾਇੰਦਾ । ਏਕਾ ਜੋਤੀ ਨੂਰ ਅਪਾਰ, ਨਿਰਮਲ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਸਾਚੇ ਵਰ, ਨਾਰੀ ਕੰਤ ਆਪ ਹੋ ਆਇੰਦਾ । ਸੰਤ ਸੁਹੇਲਾ ਸਾਚੀ ਨਾਰੀ, ਪਾਇਆ ਹਰਿ ਹਰਿ ਕੰਤਾ । ਵਿਛੜ ਨਾ ਜਾਏ ਦੂਜੀ ਵਾਰੀ, ਆਪ ਬਣਾਈ ਸਾਚੀ ਬਣਤਾ । ਆਤਮ ਸੇਜਾ ਇਕ ਸ਼ਿੰਗਾਰੀ, ਆਤਮ ਧਾਮ ਸੁਹੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਮਹਿੰਮਾ ਅਗਣਤ ਅਗਣਤਾ । ਸੰਤ ਸੁਹੇਲੇ ਸਾਚੇ ਮੀਤਾ, ਆਪਣੇ ਆਪ ਬਣਾਇੰਦਾ । ਇਕ ਸੁਣਾਏ ਸੁਹਾਗੀ ਗੀਤਾ, ਨਾਦ ਅਨਾਦੀ ਧੁਨ ਉਪਜਾਇੰਦਾ । ਆਪ ਆਪਣੇ ਜਿਹਾ ਕੀਤਾ, ਭੇਵ ਅਭੇਦਾ ਭੇਵ ਚੁਕਾਇੰਦਾ । ਜੋਤੀ ਨਿਰਮਲ ਠਾਂਢਾ ਸੀਤਾ, ਸਤਿ ਸਤਿ ਵਿਚ ਸਮਾਇੰਦਾ । ਨਾ ਕੋਈ ਹਸਤ ਨਾ ਕੋਈ ਕੀਟਾ, ਊਚ ਨੀਚ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਵਰ ਦਾਤਾ ਆਪ ਅਖਵਾਇੰਦਾ । ਸੰਤ ਸੁਹੇਲਾ ਸਾਚਾ ਸੱਜਣਾ, ਆਏ ਸਚ ਦਵਾਰਿਆ । ਪਾਰਬ੍ਰਹਮ ਬਖ਼ਸ਼ੇ ਚਰਨ ਧੂੜ ਮਜਨਾ, ਸਾਚਾ ਕਰ ਪਿਆਰਿਆ । ਅੰਮ੍ਰਿਤ ਆਤਮ ਪੀ ਪੀ ਰੱਜਣਾ, ਤ੍ਰਿਸ਼ਨਾ ਤ੍ਰਿਪਤ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਨ ਭਗਤਾਂ ਆਇਆ ਪੜਦੇ ਕੱਜਣ, ਸ਼ਬਦ ਦੁਸ਼ਾਲਾ ਏਕਾ ਪਾ ਰਿਹਾ । ਸ਼ਬਦ ਦੁਸ਼ਾਲਾ ਸਾਚਾ ਲਾਲ, ਆਪਣੇ ਹੱਥ ਰਖਾਇੰਦਾ । ਸੰਤ ਸੁਹੇਲੇ ਮਾਤ ਭਾਲ, ਸਾਚੀ ਵੱਥ ਝੋਲੀ ਪਾਇੰਦਾ । ਕੰਚਨ ਰੂਪ ਇਕ ਅਕਾਲ,

ਆਪਣਾ ਆਪ ਚੜ੍ਹਾਇੰਦਾ । ਸੂਹਾ ਵੇਸ ਸ਼ਬਦ ਜਲਾਲ, ਸਾਚਾ ਸੰਗ ਨਿਭਾਇੰਦਾ । ਚਿੱਟੀ ਧਾਰਾ ਦਸਮ ਦਵਾਰ, ਹਰਿ ਆਪਣੀ ਆਪ ਵਿਖਾਇੰਦਾ । ਪੀਲੀ ਕਰੇ ਅਪਰ ਅਪਾਰ, ਤ੍ਰੈਕੁਟਾਂ ਵੇਖ ਵਖਾਇੰਦਾ । ਨੀਲਾ ਨੀਲੀ ਆਇਆ ਬਾਹਰ, ਭੇਵ ਕੋਇ ਨਾ ਪਾਇੰਦਾ । ਕਲਜੁਗ ਕਾਲਾ ਕਰਮ ਵਿਚਾਰ, ਲੱਖ ਚੁਰਾਸੀ ਵੇਖ ਵਖਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਨਰ ਨਿਰੰਕਾਰਾ ਹੱਥ ਉਠਾਇੰਦਾ । ਆਪੇ ਵੇਖੇ ਵੇਖਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਆਪ ਆਪਣੀ ਦਇਆ ਕਮਾਇੰਦਾ । ਦਇਆ ਕਮਾਏ ਹਰਿ ਰੰਗ ਰਾਤਾ, ਆਸਾ ਮਨਸਾ ਪੂਰਿਆ । ਮਿਲੇ ਮੇਲ ਪੁਰਖ ਬਿਧਾਤਾ, ਵਸੇ ਨੇੜੇ ਦੂਰਿਆ । ਮੇਟ ਮਿਟਾਏ ਅੰਧੇਰੀ ਰਾਤਾ, ਪਰਗਟ ਹੋਏ ਹਾਜ਼ਰ ਹਜ਼ੂਰਿਆ । ਨਾ ਕੋਈ ਪੁੱਛੇ ਜ਼ਾਤਾ ਪਾਤਾ, ਏਕਾ ਨਾਤਾ ਗੁਰ ਚਰਨ ਸਾਚੀ ਧੂੜਿਆ । ਮਿਲੇ ਮੇਲ ਪ੍ਰਭ ਕਮਲਾਪਾਤਾ, ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਿਆ । ਲੱਖ ਚੁਰਾਸੀ ਨਾਰ ਕਮਜ਼ਾਤਾ, ਸਾਚਾ ਕੰਤ ਨਾ ਕੋਈ ਹੰਢਾ ਰਿਹਾ । ਜਨ ਭਗਤਾਂ ਦੇਵੇ ਸਾਚੀ ਦਾਤਾ, ਏਕਾ ਨਾਉਂ ਝੋਲੀ ਪਾ ਰਿਹਾ । ਵੇਲੇ ਅੰਤਮ ਪੁੱਛੇ ਵਾਤਾ, ਅਗੰਮ ਅਗੰਮੜੇ ਧਾਮ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਕਾਇਆ ਮੇਲ ਮਿਲਾ ਰਿਹਾ । ਗੋਬਿੰਦ ਕਾਇਆ ਸਾਚਾ ਗੜ੍ਹ, ਪ੍ਰਭ ਸਾਚੇ ਆਪ ਉਸਾਰਿਆ । ਸ਼ਬਦ ਸਰੂਪੀ ਅੰਦਰ ਵੜ, ਵੇਖੇ ਸਰਬ ਸੰਸਾਰਿਆ । ਨਾ ਕੋਈ ਸੀਸ ਨਾ ਕੋਈ ਧੜ, ਨੇਤਰ ਨੈਣ ਨਾ ਕੋਈ ਵਖਾ ਰਿਹਾ । ਤੋੜ ਵਿਖਾਏ ਕਿਲ੍ਹਾ ਹੰਕਾਰੀ ਗੜ੍ਹ, ਕਲਜੁਗ ਅੰਤਮ ਤੋੜ ਤੁੜਾ ਰਿਹਾ । ਲੱਖ ਚੁਰਾਸੀ ਮਾਇਆ ਮਮਤਾ ਵਹਿਣਾ ਝੂਠੇ ਹੜ, ਸੰਮਤ ਸੋਲਾਂ ਆਪ ਵਹਾ ਰਿਹਾ । ਗੁਰਮੁਖ ਸਾਚੇ ਸੰਤ ਸੁਹੇਲੇ ਲਏ ਫੜ, ਗੁਰ ਸ਼ਬਦੀ ਜੋੜ ਜੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾ ਰਿਹਾ । ਸੰਮਤ ਸੋਲਾਂ ਤੇਰੀ ਧਾਰ, ਚਾਰੋਂ ਕੁੰਟ ਕਰੇ ਖੁਆਰਿਆ । ਅੱਲਾ ਰਾਣੀ ਹਾਹਾਕਾਰ, ਸੰਗ ਮੁਹੰਮਦ ਰੋ ਰੋ ਰਿਹਾ ਪੁਕਾਰਿਆ । ਐਲੀ ਅੱਲਾ ਛੁਡਾਇਆ ਨਾਅਰਾ, ਹੂ ਹੂ ਨਾ ਕੋਇ ਵਖਾ ਰਿਹਾ । ਖ਼ੁਦੀ ਖ਼ੁਦਾਈ ਮਾਰੇ ਮਾਰ, ਬੇਐਬ ਪਰਵਰਦਿਗਾਰ ਏਕਾ ਨਾਅਰਾ ਹੱਕ ਵਖਾਇਆ । ਅਹਿਨਲ ਹੱਕ ਚਰਨ ਦਵਾਰ, ਤੂੰ ਹੀ ਤੂੰ ਜਣਾ ਰਿਹਾ । ਚਾਰੋਂ ਕੁੰਟ ਹੋਇਣ ਸੱਖ, ਮੱਕਾ ਮਦੀਨਾ ਆਪੇ ਢਾਹ ਰਿਹਾ । ਗੌਂਸ ਪੀਰ ਸ਼ੇਖ਼ ਮੁਸਾਇਕ ਜਾਇਣ ਨੱਸ, ਅਮਾਮ ਮਹਿੰਦੀ ਭੇਖ ਵਟਾ ਰਿਹਾ । ਸ੍ਰਿਸ਼ਟ ਸਬਾਈ ਰਾਹ ਸਾਚਾ ਰਿਹਾ ਦੱਸ, ਨਿਹਕਲੰਕੀ ਜਾਮਾ ਪਾ ਲਿਆ । ਲੋਆਂ ਪੁਰੀਆਂ ਰਿਹਾ ਝੱਸ, ਬ੍ਰਹਮਾ ਅੱਠੇ ਨੇਤਰ ਵੇਖ ਵਖਾ ਰਿਹਾ । ਸ਼ਿਵ ਸ਼ੰਕਰ ਚਾਰੋਂ ਕੁੰਟ ਰਿਹਾ ਨੱਸ, ਦੂਰ ਦੁਰਾਡਾ ਪੰਧ ਮੁਕਾ ਰਿਹਾ । ਇੰਦ ਇੰਦਰਾਸਨ ਖਿੜ ਖਿੜ ਰਿਹਾ ਹੱਸ, ਅੰਤਮ ਮੇਲਾ ਹਰਿ ਸਾਚਾ ਆਪ ਮਿਲਾ ਰਿਹਾ । ਨੌ ਖੰਡ ਪ੍ਰਿਥਮੀ ਰਿਹਾ ਵਸ, ਸੱਤਾਂ ਦੀਪਾਂ ਵਿਚ ਸਮਾ ਰਿਹਾ । ਲੱਖ ਚੁਰਾਸੀ ਤੀਰ ਨਿਰਾਲਾ ਕਸ ਕਸ, ਇਕ ਨਿਸ਼ਾਨ ਬਣਾ ਰਿਹਾ । ਪੰਜ ਤਤ ਪ੍ਰਭ ਦੇਵੇ ਝੱਸ, ਤ੍ਰੈਗੁਣ ਮਾਇਆ ਮੱਠ ਤਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਮਰਥ ਕਲਾ ਅਖਵਾ ਲਿਆ । ਸਮਰਥ ਕਲਾ ਹਰਿ ਵਰਤਾਰਾ, ਆਪਣੀ ਕਲ ਵਰਤਾਈਆ । ਚਾਰੋਂ ਕੁੰਟ ਧੁੰਦੂਕਾਰਾ, ਸੰਮਤ ਸਤਾਰਾਂ ਦਏ ਵਖਾਈਆ । ਮਾਝਾ ਦੇਸ ਪਾਰ ਕਿਨਾਰਾ, ਆਪੇ ਰਿਹਾ ਕਰਾਈਆ । ਆਪ ਉਠਾਏ ਅਗੰਮੀ ਧਾੜਾ, ਗੋਬਿੰਦ ਖੰਡਾ ਹੱਥ ਉਠਾਈਆ । ਧੁਰਦਰਗਾਹੀ ਸਾਚਾ ਲਾੜਾ, ਕਲਗੀ ਤੋੜਾ ਸੀਸ ਲਟਕਾਈਆ । ਮਨਮੁਖ ਜੀਵਾਂ ਮਾਰੇ ਝਾੜਾ, ਬਚਿਆ ਕੋਈ ਰਹਿਣ ਨਾ ਪਾਈਆ ।


੬੧੪
੦੬

ਵਰਤੇ ਖੇਲ ਦਿਨ ਦਿਹਾੜਾ, ਪੰਚਮ ਜੇਠ ਰਿਹਾ ਲਿਖਾਈਆ । ਮਾਵਾਂ ਪੁੱਤਰਾਂ ਨਾਤਾ ਤੁੱਟੇ ਸਤਾਰਾਂ ਹਾੜਾ, ਭੁੱਲ ਰਹੇ ਨਾ ਰਾਈਆ । ਲੱਗੇ ਅੱਗ
ਬਹੱਤਰ ਨਾੜਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਚਾਰੋਂ ਕੁੰਟ ਰਿਹਾ ਫਿਰਾਈਆ । ਆਪੇ ਜਾਣੇ ਧਰਤ ਮਾਤ ਤੇਰਾ ਇਕ ਅਖਾੜਾ, ਲੱਖਣ ਦੀਪ ਵੇਖ
ਵਖਾਈਆ । ਕਰੌਂਚ ਤੇਰਾ ਮਿਟੇ ਪਸਾਰਾ, ਪੁਸ਼ਕਰ ਚਰਨ ਛੁਹਾਈਆ । ਜੰਬੂ ਦੀਪ ਕੱਢੇ ਹਾੜਾ, ਪ੍ਰਭ ਅੱਗੇ ਸੀਸ ਝੁਕਾਈਆ । ਸਾਨ ਤੇਰਾ
ਕੋਈ ਨਾ ਦਿਸੇ ਲਾੜਾ, ਨਾਰਾ ਨਾਰੀ ਕੰਤ ਨਾ ਕੋਈ ਹੰਢਾਈਆ । ਸਲਮਲ ਦੀਪ ਮੰਗੇ ਭਾੜਾ, ਅੰਤਮ ਬੈਠਾ ਮੁਖ ਛੁਪਾਈਆ । ਕੁਸ਼ਾ ਤੇਰੀ
ਅੰਤਮ ਵਾਰਾ, ਹਰਿ ਚਰਨ ਦਏ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਰਿਹਾ
ਕਰਾਈਆ । ਸੱਤਾਂ ਦੀਪਾਂ ਵੇਖ ਵਿਚਾਰ, ਸੰਮਤ ਤੇਰਾਂ ਲੇਖ ਲਿਖਾਇਆ । ਪਰਗਟ ਹੋ ਵਿਚ ਸੰਸਾਰ, ਏਕਾ ਖੰਡਾ ਨਾਮ ਚਮਕਾਇਆ । ਵਾਲੀ
ਹਿੰਦ ਰਹਿਣਾ ਖ਼ਬਰਦਾਰ, ਇੱਕੀ ਚੇਤਰ ਲੇਖ ਲਿਖਾਇਆ । ਸਾਧ ਸੰਤ ਕੋਈ ਨਾ ਪਾਵੇ ਸਾਰ, ਪ੍ਰਭ ਗੂੜ੍ਹੀ ਨੀਂਦ ਸਵਾਇਆ । ਮਾਤ ਸੇਜਾ ਕਰ
ਤਿਆਰ, ਗੁਰਮੁਖ ਆਸਣ ਰਿਹਾ ਵਿਛਾਇਆ । ਪੰਜਾਂ ਤਤਾਂ ਕਰ ਪਿਆਰ, ਮਨਮਤ ਨਾਲ ਪਰਨਾਇਆ । ਕਲਜੁਗ ਤੇਰੀ ਕਾਲੀ ਧਾਰ, ਆਪਣਾ
ਰੰਗ ਚੜ੍ਹਾਇਆ । ਜੂਠ ਝੂਠ ਕਰ ਪਸਾਰ, ਸਾਚਾ ਦਰ ਸੁਹਾਇਆ । ਪੰਚਮ ਖਾਲੀ ਦਿਸੇ ਠੂਠ ਨਾ ਕੋਈ ਦਿਸੇ ਬੰਕ ਦਵਾਰ,
ਨਾ ਕਿਸੇ ਸੁਹਾਇਆ । ਧੁਰਦਰਗਾਹੀ ਲਏ ਫੜ, ਕਾਮ ਕਰੋਧ ਲੋਭ ਮੋਹ ਹੰਕਾਰ ਤਨ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੬੧੫ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇਆ । ਸੰਮਤ ਤੇਰਾਂ ਤੇਰਾ ਸਾਚਾ ਰੰਗ, ਨੌ ਖੰਡ ਪ੍ਰਿਥਮੀ ਆਪ ਚੜ੍ਹਾਇੰਦਾ । ੬੧੫
੦੬ ਧਰਤ ਮਾਤ ਮੰਗੀ ਮੰਗ, ਪ੍ਰਭ ਸਾਚੀ ਪੂਰ ਕਰਾਇੰਦਾ । ਹੱਥੀਂ ਲਾਲ ਮਹਿੰਦੀ ਰੰਗ, ਮੌਤ ਲਾੜੀ ਖ਼ੁਸ਼ੀ ਮਨਾਇੰਦਾ । ਇਕ ਵਹਾਏ ਧਾਰਾ ਗੰਗ, ੦੬
ਲਹੂ ਮਿਝ ਕਾਂਗ ਵਹਾਇੰਦਾ । ਕੋਈ ਨਾ ਸਕੇ ਪਾਰ ਲੰਘ, ਕਲਜੁਗ ਤ੍ਰੈਗੁਣ ਮਾਇਆ ਜਾਲ ਵਿਛਾਇੰਦਾ । ਕਿਸੇ ਨਾ ਮਿਲਣਾ ਸੌਣਾ ਉਪਰ ਪਲੰਘ,
ਧਰਤ ਮਾਤ ਤੇਰੀ ਗੋਦ ਆਪ ਉਠਾਇੰਦਾ । ਜੀਵ ਜੰਤ ਸਾਧ ਸੰਤ ਹੋਏ ਨੰਗ, ਸਚ ਵਸਤ ਕਿਸੇ ਹੱਥ ਨਾ ਆਇੰਦਾ । ਲਹਿਣਾ ਦੇਣਾ ਚੁੱਕੇ ਗੋਦਾਵਰੀ
ਗੰਗ, ਅਠ ਸਠ ਤੀਰਥ ਨਾ ਕੋਈ ਨੁਹਾਇੰਦਾ । ਜੀਵ ਜੰਤ ਭੰਨੇ ਕਾਚੀ ਵੰਗ, ਸ਼ਬਦ ਹਥੌੜਾ ਹੱਥ ਉਠਾਇੰਦਾ । ਮਾਇਆ ਰਾਣੀ ਮਾਰੇ ਡੰਗ,
ਪੰਜ ਤਤ ਕੋਈ ਬਚ ਨਾ ਪਾਇੰਦਾ । ਮਨਮੁਖ ਜੀਵ ਮਾਨਸ ਦੇਹੀ ਹੋਈ ਭੰਗ, ਗੁਰ ਗੋਬਿੰਦਾ ਦਿਸ ਨਾ ਆਇੰਦਾ । ਸਤਿਜੁਗ ਚੜ੍ਹਨਾ ਸਾਚਾ
ਚੰਦ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਜਨ ਭਗਤਾਂ ਕਰਾਏ ਖ਼ੁਸ਼ੀ ਬੰਦ ਬੰਦ, ਆਤਮ ਜੋਤੀ ਨੂਰ ਰਖਾਇੰਦਾ । ਇਕ ਸੁਣਾਏ ਸੁਹਾਗੀ ਛੰਦ,
ਸੋਹੰ ਨਾਉਂ ਰਖਾਇੰਦਾ । ਜੋ ਜਨ ਤਜਾਏ ਮਦਿਰਾ ਮਾਸ ਗੰਦ, ਧਰਮ ਰਾਏ ਦੀ ਜੇਲ੍ਹ ਕਟਾਇੰਦਾ । ਦੂਈ ਦਵੈਤੀ ਢਾਹੇ ਭਰਮਾਂ ਕੰਧ, ਸੰਮਤ
ਅਠਾਰਾਂ ਵੇਖ ਵਖਾਇੰਦਾ । ਜਲ ਧਾਰਾ ਵਹਾਏ ਏਕਾ ਪੰਧ, ਉਚੇ ਟਿੱਲੇ ਆਪ ਰੁੜ੍ਹਾਇੰਦਾ । ਨਾ ਕੋਈ ਗਾਏ ਬੱਤੀ ਦੰਦ, ਰਸਨਾ ਜਿਹਵਾ ਨਾ
ਕੋਈ ਹਿਲਾਇੰਦਾ । ਮਨਮੁਖ ਜੀਵ ਕੋਈ ਨਾ ਮੇਟੇ ਲੱਗੀ ਚਿੰਦ, ਸਗਲਾ ਸਾਥ ਨਾ ਕੋਈ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤਮ ਕਾਜਾ, ਧੁਰਦਰਗਾਹੀ ਸਾਚਾ ਰਾਣਾ ਭਾਣਾ ਆਪਣੇ ਹੱਥ ਰਖਾਇੰਦਾ । ਸੰਮਤ ਅਠਾਰਾਂ
ਅੱਠ ਤਤ, ਪ੍ਰਭ ਸਾਚਾ ਦਏ ਰੁੜ੍ਹਾਈਆ । ਕੋਈ ਨਾ ਕਿਸੇ ਸਕੇ ਰੱਖ ਪਤ, ਬੈਠਣ ਮੁਖ ਛੁਪਾਈਆ । ਨਾਤਾ ਤੁਟੇ ਝੂਠੇ ਤਤ, ਸਤਿ ਸੰਤੋਖ ਦਿਸ

ਨਾ ਆਈਆ । ਦਰ ਦਰ ਘਰ ਘਰ ਬਹੱਤਰ ਨਾੜੀ ਉਬਲੇ ਰੱਤ, ਤਿੰਨ ਸੌ ਸਠ ਹਾਡੀ ਰਹੀ ਕੁਰਲਾਈਆ । ਤ੍ਰੈਗੁਣ ਮਾਇਆ ਤਪਿਆ ਭੱਠ, ਅਗਨੀ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰਚਨਾ ਆਪ ਰਚਾਈਆ । ਇਕ ਇਕੀਸਾ ਹਰਿ ਜਗਦੀਸਾ, ਆਪਣੀ ਰਚਨ ਰਚਾਇੰਦਾ । ਨਾ ਕੋਈ ਦਿਸੇ ਈਸਾ ਮੂਸਾ, ਸੰਗ ਮੁਹੰਮਦ ਖ਼ਾਕ ਮਿਲਾਇੰਦਾ । ਚਾਰ ਯਾਰਾਂ ਖਾਲੀ ਖੀਸਾ, ਦੂਸਰ ਕੋਈ ਨਾ ਸੰਗ ਨਿਭਾਇੰਦਾ । ਨਾ ਕੋਈ ਗਾਏ ਤੀਸ ਬਤੀਸਾ, ਨਾ ਕੋਈ ਨਾਅਰਾ ਲਾਇੰਦਾ । ਇਕ ਸੁਣਾਏ ਸਚ ਹਦੀਸਾ, ਸਾਚਾ ਰਾਹ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵੇਖੇ ਸਾਚਾ ਘਰ, ਆਪ ਆਪਣਾ ਮੇਲ ਮਿਲਾਇੰਦਾ । ਬੀਸ ਬੀਸਾ ਹਰਿ ਨਿਰੰਕਾਰ, ਆਪ ਆਪਣੀ ਜੋਤ ਜਗਾਈਆ । ਆਪੇ ਵੇਖੇ ਜਮਨ ਕਿਨਾਰ, ਚਰਨ ਕਵਲ ਛੁਹਾਈਆ । ਸੰਤ ਸੁਹੇਲੇ ਲਏ ਉਭਾਰ, ਜੋਤੀ ਸ਼ਬਦ ਜਣਾਈਆ । ਇਕ ਅਕਾਲਾ ਮੀਤ ਮੁਰਾਰ, ਏਕਾ ਧਾਮ ਸੁਹਾਈਆ । ਨੌ ਖੰਡ ਪ੍ਰਿਥਮੀ ਇਕ ਪਿਆਰ, ਸਾਚੀ ਬਣਤ ਬਣਾਈਆ । ਊਚਾਂ ਨੀਚਾਂ ਭੇਵ ਨਿਵਾਰ, ਰਾਓ ਰੰਕਾਂ ਏਕਾ ਰੰਗ ਰੰਗਾਈਆ । ਸਾਧਾਂ ਸੰਤਾਂ ਪਾਵੇ ਸਾਰ, ਜੀਵਾਂ ਜੰਤਾਂ ਰਿਹਾ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸੇ ਕਰ ਸ਼ਬਦ ਕੁੜਮਾਈਆ । ਬੀਸ ਬੀਸਾ ਹਰਿ ਜਗਦੀਸਾ, ਏਕਾ ਏਕ ਅਖਵਾਇਆ । ਛਤਰ ਝੁੱਲੇ ਪ੍ਰਭ ਸਾਚੇ ਸੀਸਾ, ਦੂਸਰ ਕੋਈ ਦਿਸ ਨਾ ਆਇਆ । ਨੌ ਖੰਡ ਪ੍ਰਿਥਮੀ ਇਕ ਹਦੀਸਾ, ਏਕਾ ਸ਼ਬਦ ਚਲਾਇਆ । ਜੂਠਾ ਝੂਠਾ ਪੀਸਣ ਜਾਏ ਪੀਠਾ, ਮਾਤਲੋਕ ਰਹਿਣ ਨਾ ਪਾਇਆ । ਵੇਖੇ ਖੇਲ ਹਰਿ ਬੀਸ ਬੀਸਾ, ਬੀਸ ਬੀਸਾ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਸੇਵਾ ਸੇਵਕ ਰਿਹਾ ਕਮਾਈਆ । ਇਕ ਇਕੀਸਾ ਹਰਿ ਕਰਤਾਰ, ਆਪਣੀ ਕਲ ਵਰਤਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਏਕਾ ਧਾਰ ਚਲਾਈਆ । ਆਪੇ ਗੁਰ ਪੀਰ ਹੋਏ ਅਵਤਾਰ, ਸਾਧ ਸੰਤ ਆਪ ਅਖਵਾਈਆ । ਜੀਵ ਜੰਤ ਆਪੇ ਲਏ ਉਭਾਰ, ਆਪ ਲਏ ਮਿਟਾਈਆ । ਚਾਰ ਵਰਨਾਂ ਇਕ ਪਿਆਰ, ਹਰਿ ਸ਼ਬਦੀ ਰਿਹਾ ਜਣਾਈਆ । ਏਕਾ ਦੂਜਾ ਭਉ ਨਿਵਾਰ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖੇ ਸ੍ਰਿਸ਼ਟ ਸਬਾਈਆ । ਇਕ ਇਕੀਸਾ ਹਰਿ ਨਿਰੰਜਣ, ਅਕਲ ਕਲਾ ਭਰਪੂਰਾ । ਸ੍ਰਿਸ਼ਟ ਸਬਾਈ ਬਖ਼ਸ਼ੇ ਮਜਨ, ਚਰਨ ਸਾਚੀ ਧੂੜਾ । ਏਕਾ ਤਾਲ ਨਗਾਰੇ ਵੱਜਣ, ਨਾ ਕੋਈ ਮੂਰਖ ਮੂੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਮੇਟੇ ਅੰਤ ਪਸਾਰਾ ਕੂੜਾ । ਏਕਾ ਬੋਲ ਸ਼ਬਦ ਜੈਕਾਰਾ । ਜੁਗ ਜੁਗ ਲਏ ਮਾਤ ਅਵਤਾਰਾ । ਹਰਿ ਕਾ ਨਾਉਂ ਅਪਰ ਅਪਾਰਾ । ਵਰਤੇ ਵਰਤਾਵੇ ਵਿਚ ਸੰਸਾਰਾ । ਪਾਰਬ੍ਰਹਮ ਪ੍ਰਭ ਭੇਵ ਨਿਆਰਾ । ਦੇਵੀ ਦੇਵ ਨਾ ਪਾਇਣ ਸਾਰਾ । ਮਨਮੁਖ ਭੁੱਲੇ ਮੁਗਧ ਗਵਾਰਾ । ਗੁਰਮੁਖ ਸਾਚੇ ਸੋਹਣ ਸਚ ਦਵਾਰਾ । ਆਤਮ ਖੋਲ੍ਹੇ ਬੰਦ ਕਿਵਾੜਾ । ਅੰਮ੍ਰਿਤ ਆਤਮ ਮਿਲਿਆ ਸਾਚੀ ਧਾਰਾ । ਨਿਰਮਲ ਜੋਤੀ ਦੀਪ ਹੋਏ ਉਜਿਆਰਾ । ਵਰਨ ਗੋਤੀ ਮਿਟਿਆ ਭੇਵ, ਊਚ ਨੀਚ ਪਾਰ ਕਿਨਾਰਾ । ਸਤਿਗੁਰ ਪੂਰਾ ਸਾਚਾ ਖੇਵਟ ਖੇਟ, ਇਕ ਵਖਾਏ ਵੰਞ ਮੁਹਾਣਾ । ਚਰਨ ਪ੍ਰੀਤੀ ਬੇਟੀ ਬੇਟ, ਪਿਤਾ ਪੂਤ ਏਕ ਅਖਵਾਣਾ । ਹਰਿਜਨ ਸਾਚੇ ਸਾਚੇ ਸ਼ਬਦ ਲਏ ਲਪੇਟ, ਆਪ ਆਪਣੀ ਕਿਰਪਾ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਹਰਿ ਗਿਰਧਾਰਾ । ਸ਼ਬਦ ਜੈਕਾਰ

ਹਰਿ ਨਿਰੰਕਾਰ, ਆਪਣਾ ਆਪ ਕਰਾਇੰਦਾ । ਆਪੇ ਬੰਨ੍ਹਣਹਾਰ ਧਾਰ, ਆਪੇ ਮਾਤ ਉਪਾਇੰਦਾ । ਆਪ ਚਲਾਏ ਵਿਚ ਸੰਸਾਰ, ਜੀਆਂ ਜੰਤਾਂ ਧੰਦੇ ਲਾਇੰਦਾ । ਨਾਮ ਅਮੋਲਾ ਅਪਰ ਅਪਾਰ, ਬੰਦੀ ਬੰਧਨ ਕੱਟ ਵਖਾਇੰਦਾ । ਜੋ ਜਨ ਥਿਰ ਘਰ ਪਾਏ ਚਰਨ ਦਵਾਰ, ਸਾਚਾ ਢੋਲਾ ਇਕ ਸੁਣਾਇੰਦਾ । ਸਾਚਾ ਬੋਲਾ ਏਕੰਕਾਰ, ਏਕਾ ਏਕ ਕਰਾਇੰਦਾ । ਜਿਸ ਜਨ ਆਤਮ ਪੜਦਾ ਖੋਲ੍ਹਾ, ਸੋ ਜਨ ਦਰਸ਼ਨ ਪਾਇੰਦਾ । ਏਕਾ ਤੋਲਣਹਾਰਾ ਸਾਚਾ ਤੋਲਾ, ਨਿਰਗੁਣ ਸਰਗੁਣ ਤੋਲ ਤੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਾ ਸੋਲਾਂ ਕਲ ਵਰਤਾਇੰਦਾ । ਸ਼ਬਦ ਨਾਉਂ ਸਚ ਜੈਕਾਰ, ਜਨ ਭਗਤਾਂ ਆਪ ਕਰਾਇਆ । ਆਪੇ ਹੋਇਆ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇਆ । ਮਨਮਤ ਕਰੇ ਖੁਆਰ, ਗੁਰਮਤ ਬੇੜਾ ਬੰਨੇ ਲਾਇਆ । ਧੀਰਜ ਯਤ ਗਿਆ ਹਾਰ, ਸਤਿ ਸੰਤੋਖ ਬੈਠਾ ਮੁਖ ਛੁਪਾਇਆ । ਕਲਜੁਗ ਕਾਲਾ ਕਰ ਪਸਾਰ, ਕੂੜੇ ਧੰਦੇ ਰਿਹਾ ਲਗਾਇਆ । ਆਤਮ ਹੋਈ ਅੰਧ ਅੰਧਿਆਰ, ਗਿਆਨ ਗੁਰ ਕਿਸੇ ਹੱਥ ਨਾ ਆਇਆ । ਪੰਚਮ ਲੁੱਟਣ ਠੱਗ ਚੋਰ ਯਾਰ, ਦਿਵਸ ਰੈਣ ਰਿਹਾ ਤਕਾਇਆ । ਗੁਰਮੁਖ ਮੰਗਣ ਮੰਗ ਚਰਨ ਭਿਖਾਰ, ਗੁਰ ਪੂਰਾ ਝੋਲੀ ਪਾਇਆ । ਆਪ ਸਾਇਆ ਬੰਕ ਦਵਾਰ, ਕਾਇਆ ਡੋਲੀ ਆਪ ਉਠਾਇਆ । ਚਰਨ ਪ੍ਰੀਤੀ ਕਵਲ ਘੋਲ ਘੋਲੀ, ਹਉਮੇ ਹੰਗਤਾ ਰੋਗ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਸਾਚਾ ਰੰਗ ਚੜ੍ਹਾਇਆ । ਹਰਿ ਸੰਗਤ ਹਰਿ ਰੂਪ ਸਮਾਏ, ਏਕਾ ਰੰਗ ਰੱਤਿਆ । ਸ਼ਾਹੋ ਭੂਪ ਇਕ ਅਖਵਾਏ, ਆਪੇ ਦੇ ਸਮਝਾਏ ਮਤਿਆ । ਚਾਰੇ ਕੂਟ ਵੇਖ ਵਖਾਏ, ਪੰਚ ਤਤ ਠੰਢਾ ਤੱਤਿਆ । ਜੂਠ ਝੂਠ ਅੰਤ ਮਿਟਾਏ, ਕਿਸੇ ਰਹਿਣ ਨਾ ਦੇਵੇ ਹੱਠਿਆ । ਹਰਿਜਨ ਸਾਚੇ ਆਪ ਤਰਾਏ, ਦਰਸ ਵਖਾਏ ਦਰ ਦਵਾਰੇ ਆਏ ਨੱਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸਚ ਮਹੱਲਾ ਕਰੇ ਸਚ ਇਕੱਠਿਆ । ਸ਼ਬਦ ਮਹੱਲਾ ਸਚ ਟਿਕਾਣਾ, ਹਰਿ ਆਪਣਾ ਇਕ ਰਖਾਇਆ । ਗੁਰਮੁਖ ਬਿਠਾਏ ਵਿਚ ਬਿਬਾਣਾ, ਲੋਆਂ ਪੁਰੀਆਂ ਪਾਰ ਕਰਾਇਆ । ਨਾ ਕੋਈ ਜਾਣੇ ਜੀਵ ਨਾਦਾਨਾ, ਨਿਜ ਆਤਮ ਨਾ ਵੇਖ ਵਖਾਇਆ । ਸੁਰਤ ਸ਼ਬਦ ਨਾ ਮੇਲ ਮਿਲਾਨਾ, ਨਾਰੀ ਕੰਤ ਨਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਸਾਚਾ ਸਰ, ਸਚ ਸਮਗਰੀ ਇਕ ਰਖਾਇਆ । ਸਚ ਸਮਗਰੀ ਸਾਚੀ ਰਾਸ, ਗੁਰਮੁਖ ਵਿਰਲੇ ਮਾਤ ਰਖਾਈਆ । ਮਿਲੇ ਮੇਲ ਪੁਰਖ ਅਬਿਨਾਸ਼, ਵਿਛੜ ਕਦੇ ਨਾ ਜਾਈਆ । ਆਦਿ ਅੰਤ ਨਾ ਹੋਏ ਵਿਨਾਸ, ਮਨਮੁਖ ਭੁੱਲੇ ਜੀਵ ਦੇਣ ਦੁਹਾਈਆ । ਲੇਖੇ ਲੱਗੇ ਨਾ ਸਾਸ ਗਰਾਸ, ਜੋ ਜਨ ਬੈਠੇ ਮੁਖ ਭਵਾਈਆ । ਗੁਰਮੁਖ ਵਿਰਲੇ ਮੇਲਾ ਸਰਬ ਗੁਣਤਾਸ, ਸਾਚੇ ਧਾਮ ਸੁਹਾਈਆ । ਪੂਰ ਕਰਾਏ ਜਨ ਭਗਤਾਂ ਆਸ, ਜੁਗ ਜੁਗ ਪੈਜ ਰਖਾਈਆ । ਨਿੱਝ ਆਤਮ ਸਦ ਰੱਖੇ ਵਾਸ, ਨਿਜਾਨੰਦ ਸਮਾਈਆ । ਪਰਮਾਨੰਦ ਹਰਿ ਪੁਰਖ ਸ਼ਾਹੋ ਸ਼ਾਬਾਸ਼, ਸਿੱਖ ਸੁਹੇਲੇ ਸਹਿਜ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਸਚ ਕੋਹਤੂਰ, ਆਪਣੀ ਆਪ ਜਗਾਈਆ । ਜੋਤੀ ਨੂਰ ਸਚ ਰੁਸ਼ਨਾਈ, ਆਪਣੀ ਆਪ ਕਰਾਇੰਦਾ । ਗੁਰਮੁਖ ਵੇਖਣ ਚਾਈਂ ਚਾਈਂ, ਸਾਚਾ ਦੀਪਕ ਇਕ ਜਗਾਇੰਦਾ । ਆਪੇ ਮੇਲੇ ਫੜ ਫੜ ਬਾਹੀਂ, ਸ਼ਬਦ ਮਿਲਾਵਾ ਆਪ ਕਰਾਇੰਦਾ । ਪਕੜ ਉਠਾਏ ਥਾਉਂ ਥਾਈਂ, ਗੁਰਮੁਖ ਸੋਏ ਮਾਤ ਉਠਾਇੰਦਾ । ਜੂਠੇ ਝੂਠੇ ਰੋਵਣ ਮਾਰਨ ਧਾਈਂ, ਕਾਗ ਵਾਂਗ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਧਾਮ ਸੁਹਾਇੰਦਾ । ਕਲਜੁਗ ਜੀਵ ਉਠ

੬੧੭
੦੬

ਜਾਗ, ਸੋਇਆ ਰੈਣ ਵਿਹਾਈਆ । ਮਾਇਆ ਮਮਤਾ ਲੱਗਾ ਦਾਗ਼, ਦੂਸਰ ਨਾ ਕੋਇ ਧਵਾਈਆ । ਦੀਪਕ ਜੋਤੀ ਬੁਝਿਆ ਚਿਰਾਗ, ਸਚ ਬਾਤੀ ਨਾ ਕੋਇ ਲਗਾਈਆ । ਹਉਮੇ ਹੰਗਤਾ ਤ੍ਰਿਸ਼ਨਾ ਲੱਗੀ ਆਗ, ਨਾ ਕੋਈ ਸਕੇ ਬੁਝਾਈਆ । ਕੋਈ ਨਾ ਪਕੜੇ ਦੋ ਜਹਾਨਾਂ ਵਾਗ, ਨਾ ਦੇਵੇ ਸਚ ਸਰਨਾਈਆ । ਚਰਨ ਕਵਲ ਪ੍ਰਭ ਏਕਾ ਲਾਗ, ਵਡ ਵੱਡੀ ਵਡਿਆਈਆ । ਸਾਚਾ ਮਜਨ ਧੂੜੀ ਮਾਘ, ਧੂੜੀ ਰਿਹਾ ਕਰਾਈਆ । ਹੰਸ ਬਣਾਏ ਫੜ ਫੜ ਕਾਗ, ਦੁਰਮਤ ਮੈਲ ਧਵਾਈਆ । ਇਕ ਸੁਣਾਏ ਸ਼ਬਦ ਅਨਰਾਗ, ਅਨਹਦ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਧਾਮ ਇਕ ਵਖਾਈਆ । ਸਾਚਾ ਧਾਮ ਸਾਚਾ ਨਾਉਂ, ਏਕਾ ਏਕ ਵਸਾਇਆ । ਏਕਾ ਨਗਰ ਏਕਾ ਗਰਾਉਂ, ਏਕਾ ਥਾਂ ਸੁਹਾਇਆ । ਏਕਾ ਪਿਤਾ ਏਕਾ ਮਾਉਂ, ਏਕਾ ਗੋਦ ਉਠਾਇਆ । ਏਕਾ ਦੇਵਣਹਾਰਾ ਠੰਢੀ ਛਾਉਂ, ਜੁਗ ਜੁਗ ਦੇਂਦਾ ਆਇਆ । ਜੁਗ ਜੁਗ ਕਰੇ ਸਚ ਨਿਆਉਂ, ਜੋਤੀ ਜਾਮਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਹਰਿ ਸ਼ਬਦ ਅਲਾਇਆ । ਹਰਿ ਹਰਿ ਸ਼ਬਦ ਗਹਿਰ ਗੰਭੀਰ, ਗੁਣਵੰਤਾ ਗੁਣ ਨਿਧਾਨਾ । ਜਨ ਭਗਤਾਂ ਕਰੇ ਸ਼ਾਂਤ ਸਰੀਰ, ਤੋੜੇ ਮਾਣ ਅਭਿਮਾਨਾ । ਹਉਮੇ ਕੱਢੇ ਵਿਚੋਂ ਪੀੜ, ਏਕਾ ਰੰਗ ਰੰਗਾਨਾ । ਦੋ ਜਹਾਨਾਂ ਬੰਨ੍ਹੇ ਬੀੜ, ਹਰਿ ਸਾਜਨ ਸ਼ਾਹ ਸੁਲਤਾਨਾਂ । ਆਪੇ ਜਾਣੇ ਹਸਤ ਕੀੜ, ਊਚ ਨੀਚ ਰੰਕ ਰਾਜਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ । ਕਾਇਆ ਬੰਨ੍ਹੇ ਡੋਰੀ, ਆਪਣੀ ਦਇਆ ਕਮਾਇੰਦਾ । ਮਨਮੁਖਾਂ ਕੋਲੋਂ ਕਰੇ ਸਦਾ ਚੋਰੀ, ਦਿਸ ਕਿਸੇ ਨਾ ਆਇੰਦਾ । ਆਪੇ ਵੱਸਿਆ ਕੰਦਰ ਅੰਧੇਰ ਘੋਰੀ, ਆਪ ਆਪਣਾ ਮੁਖ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰਾ ਸਹਿੰਸਾ ਰੋਗ ਜਗਤ ਦੁੱਖ ਤ੍ਰਿਸ਼ਨਾ ਭੁੱਖ ਮਿਟਾਇੰਦਾ । ਜਗਤ ਦੁਖ ਰੋਗ ਸੰਤਾਪ, ਜਨ ਭਗਤਾਂ ਆਪ ਮਿਟਾਇੰਦਾ । ਇਕ ਜਪਾਏ ਸਾਚਾ ਜਾਪ, ਜੁਗ ਜੁਗ ਮਾਤ ਰਖਾਇੰਦਾ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਮਾਇਆ ਤਤ ਸਮਾਇੰਦਾ । ਨਾ ਕੋਈ ਪੁੰਨ ਨਾ ਕੋਈ ਪਾਪ, ਹਰਿ ਏਕਾ ਰੰਗ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਉਠਾਇੰਦਾ । ਉਠ ਜਾਗ ਕਲਜੁਗ ਜੀਵ, ਕਾਲੀ ਰੈਣ ਅੰਧੇਰੀ ਛਾਈਆ । ਪੁਰਖ ਅਬਿਨਾਸ਼ੀ ਧੋਵੇ ਦਾਗ਼, ਭਿੰਨੜੀ ਰੈਣ ਰਸਨਾ ਰਹੀ ਗਾਈਆ । ਭਿੰਨੜੀ ਰੈਣ ਪਕੜੇ ਵਾਗ, ਗੁਰਮੁਖਾਂ ਸੇਵ ਕਮਾਈਆ । ਨੇਤਰ ਲੋਚਨ ਦਰਸ ਨੈਣ, ਨਿਰਗੁਣ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਨਾਮ ਵਰ, ਭਿੰਨੜੀ ਰੈਣ ਸੰਗ ਰਲਾਈਆ । ਭਿੰਨੀ ਰੈਨੜੀਏ ਤੇਰਾ ਵਕਤ ਸੁਹੇਲਾ, ਜਨ ਭਗਤਾਂ ਮੰਗਲ ਗਾਇਆ । ਆਪੇ ਗੁਰੂ ਆਪੇ ਚੇਲਾ, ਆਪ ਆਪਣੇ ਵਿਚ ਸਮਾਇਆ । ਦਰ ਦਵਾਰੇ ਸਾਚਾ ਮੇਲਾ, ਮੇਲਣਹਾਰ ਆਪ ਅਖਵਾਇਆ । ਆਪੇ ਹੋਇਆ ਸੱਜਣ ਸੁਹੇਲਾ, ਮੀਤ ਮੁਰਾਰ ਬਣ ਕੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਤੇਰਾ ਵੇਲਾ ਰਿਹਾ ਸੁਹਾਇਆ । ਭਿੰਨੜੀ ਰੈਣ ਚੜ੍ਹਿਆ ਚਾਅ, ਸਾਚੀ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਸਚ ਮਲਾਹ, ਬੇੜਾ ਬੰਨੇ ਲਾਈਆ । ਜਨ ਭਗਤਾਂ ਕਟੇ ਜਮ ਕਾ ਫਾਹ, ਲੱਖ ਚੁਰਾਸੀ ਫੰਦ ਕਟਾਇਆ । ਆਪ ਜਪਾਏ ਸਾਚਾ ਨਾਂ, ਚਾਰ ਵਰਨਾਂ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਏਕਾ ਤਤ ਬੁਝਾਈਆ । ਗੁਰਮਤ ਸਾਚਾ ਜਗਤ ਗਿਆਨ, ਆਪੇ ਆਪ ਦਵਾਇੰਦਾ । ਸਤਿਜੁਗ



੬੧੮
੦੬

੬੧੯
੦੬

ਵੇਖੇ ਮਾਰ ਧਿਆਨ, ਸਾਚਾ ਰਾਹ ਵਿਖਾਇੰਦਾ । ਨੌ ਖੰਡ ਪ੍ਰਿਥਮੀ ਏਕਾ ਆਨ, ਆਪਣੀ ਆਪ ਰਖਾਇੰਦਾ । ਤੀਰ ਨਿਰਾਲਾ ਸ਼ਬਦ ਬਾਨ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਉਚੇ ਟਿੱਲੇ ਪਰਬਤ ਵੇਖ ਵਖਾਇੰਦਾ । ਉਚੇ ਟਿੱਲੇ ਜੰਗਲ ਜੂਹ ਉਜਾੜ ਪਹਾੜ, ਪ੍ਰਭ ਸਾਚਾ ਵੇਖਣ ਆਇਆ । ਸੰਤ ਸੁਹੇਲੇ ਸਾਚੇ ਲਾੜ, ਆਪਣੇ ਸੰਗ ਰਖਾਇਆ । ਦਰ ਘਰ ਸਾਚੇ ਦੇਵੇ ਵਾੜ, ਸਾਚੇ ਘੋੜੇ ਤੰਗ, ਕਸਾਇਆ । ਮਨਮੁਖ ਚਬਾਏ ਆਪਣੀ ਦਾੜ੍ਹ, ਆਪਣੇ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਨਾਨਕ ਨਿਰਗੁਣ ਰੂਪ ਹੈ, ਥਿਰ ਘਰ ਰਿਹਾ ਸਮਾਇਆ । ਆਪੇ ਸਤਿ ਸਰੂਪ ਹੈ, ਸਤਵੇਂ ਆਸਣ ਲਾਇਆ । ਆਪੇ ਰੱਖਣਹਾਰਾ ਲਜ ਪਤ ਹੈ, ਪਾਰਬ੍ਰਹਮ ਇਕ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਮਾਤ ਉਪਾਇਆ । ਨਾਨਕ ਗੁਰ ਮਾਤ ਉਪਾਇਆ, ਪ੍ਰਭ ਆਪਣੀ ਦਇਆ ਕਮਾਈਆ । ਸ਼ਬਦੀ ਸ਼ਬਦ ਮੇਲ ਮਿਲਾਇਆ, ਦਿਵਸ ਰੈਣ ਕਰੇ ਜਣਾਈਆ । ਆਪ ਆਪਣੇ ਦਰ ਬੁਲਾਇਆ । ਲੋਆਂ ਪੁਰੀਆਂ ਪਾਰ ਕਰਾਈਆ । ਸਚਖੰਡ ਹਰਿ ਡੇਰਾ ਲਾਇਆ । ਨਿਰੰਕਾਰਾ ਨੂਰ ਸਵਾਈਆ । ਜੋਤ ਸਰੂਪੀ ਖੇਲ ਰਚਾਇਆ, ਭੇਵ ਕੋਈ ਨਾ ਪਾਈਆ । ਨਾਨਕ ਦਰ ਦਵਾਰੇ ਬਣ ਭਿਖਾਰਾ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਛੱਡ ਸਿੰਘਾਸਣ ਬਾਹਰ ਬੈਠਾ ਆਈਆ । ਨਾਨਕ ਗੁਰ ਕਰ ਪਿਆਰਾ, ਆਪਣੀ ਗੋਦ ਉਠਾਈਆ । ਦਰਸ ਦਿਖਾਏ ਅਗੰਮ ਅਪਾਰਾ, ਬੇਅੰਤ ਬੇਅੰਤ ਬੇਅੰਤ ਰਸਨਾ ਗਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰਾ, ਗੁਰ ਨਾਨਕ ਦਏ ਵਡਿਆਈਆ । ਸਤਿਨਾਮ ਅਪਰ ਅਪਾਰਾ, ਵਸਤ ਝੋਲੀ ਪਾਈਆ । ਲੋਕਮਾਤ ਬਣ ਵਰਤਾਰਾ, ਜੀਵਾਂ ਜੰਤਾਂ ਪਾਰ ਕਰਾਈਆ । ਨਾਨਕ ਗੁਰ ਸਚ ਵਸਤ, ਧੁਰਦਰਗਾਹੀ ਲੈ ਕੇ ਆਈਆ । ਚਾਰ ਵਰਨ ਚਾਰ ਕੁੰਟ, ਜੀਵਾਂ ਜੰਤਾਂ ਸਾਧਾਂ ਸੰਤਾਂ ਰਾਓ ਰੰਕਾਂ ਝੋਲੀ ਪਾਈਆ । ਮਨਮੁਖ ਨਾ ਸਮਝਣ ਜੀਵ ਗਵਾਰਾ, ਮਨਮਤ ਹੋਈ ਹਲਕਾਈਆ । ਨਾਨਕ ਗੋਬਿੰਦ ਅੰਤਮ ਵਾਰਾ, ਆਪ ਆਪਣੀ ਦਇਆ ਕਮਾਈਆ । ਛੱਡਿਆ ਤਨ ਪੰਚਮ ਤਤ ਦਿਤਾ ਡੰਨ, ਜੋਤ ਅੰਗਦ ਵਿਚ ਟਿਕਾਈਆ । ਅੰਗਦ ਅੰਗ ਲਗਾ ਲਿਆ, ਲਹਿਣਾ ਲਹਿਣੇ ਝੋਲੀ ਪਾਇਆ, ਪਿਛਲਾ ਮੂਲ ਚੁਕਾਈਆ । ਅਮਰਦਾਸ ਅਮਰ ਕਰਾਇਆ, ਚਰਨ ਕਵਲ ਸੇਵ ਕਮਾਈਆ । ਰਾਮਦਾਸ ਗਲੇ ਲਗਾਇਆ, ਬਾਲੀ ਬੁਧ ਤਰਾਈਆ । ਗੁਰ ਅਰਜਨ ਦੇ ਵਡਿਆਇਆ, ਸਿਰ ਆਪਣਾ ਹੱਥ ਟਿਕਾਈਆ । ਬੋਧ ਅਗਾਧਾ ਸ਼ਬਦ ਜਣਾਇਆ, ਗੁਰੂ ਗ੍ਰੰਥ ਸੇਵ ਕਮਾਈਆ । ਇਕਵੰਜਾ ਬਵੰਜਾ ਏਕਾ ਧਾਮ ਸੁਹਾਇਆ, ਛੱਤੀ ਰਾਗਾਂ ਰਾਗ ਅਲਾਈਆ । ਮਨਮੁਖ ਜੀਵਾਂ ਹੰਸ ਕਾਗ ਰਿਹਾ ਬਣਾਇਆ, ਜੋ ਜਨ ਰਸਨਾ ਰਹੇ ਗਾਈਆ । ਗੁਰ ਗੋਬਿੰਦ ਹਰਿ ਹਰਿ ਗੋਬਿੰਦ ਪਾਇਆ, ਮੀਰੀ ਪੀਰੀ ਆਪ ਅਖਵਾਈਆ । ਹਰਿਰਾਏ ਹਰਿ ਜੋਤ ਟਿਕਾਇਆ, ਸਪਤਮ ਗੁਰ ਮਿਲੀ ਵਡਿਆਈਆ । ਹਰਿਕ੍ਰਿਸ਼ਨ ਬਾਲ ਅਵਸਥਾ ਲੇਖੇ ਲਾਇਆ, ਸਾਚੀ ਸੇਵਾ ਸੇਵ ਕਮਾਈਆ । ਸਿੰਘ ਤੇਗ ਬਹਾਦਰ ਲਿਆ ਵਰ, ਪ੍ਰਭ ਦੇਵੇ ਆਦਰ, ਦਿੱਲੀ ਜਾਏ ਸੀਸ ਲਗਾਈਆ । ਗੁਰ ਗੋਬਿੰਦਾ ਪਰਗਟ ਹੋਇਆ ਵਾਲੀ ਹਿੰਦਾ, ਜਗਤ ਮਿਟਾਏ ਸਗਲੀ ਚਿੰਦਾ, ਪੰਥ ਖਾਲਸਾ ਰਿਹਾ ਰਚਾਈਆ । ਬਾਲ ਵਾਰੇ ਮਿਟਾਏ ਕਲਜੁਗ ਚਿੰਦਾ, ਆਪ ਆਪਣਾ ਸੰਗ ਨਿਭਾਈਆ । ਜੋਧਾ ਸੂਰ ਵਡ ਮਰਗਿੰਦਾ, ਪੰਜ ਪਿਆਰੇ ਕਰ ਤਿਆਰ, ਆਪਣਾ ਰੂਪ ਵਟਾਈਆ । ਦੋਏ ਜੋੜ ਕਰੇ ਨਿਮਸਕਾਰ, ਝੋਲੀ ਅੱਗੇ ਡਾਹੀਆ । ਆਪੇ ਗੁਰ ਚੇਲਾ ਵਸੇ ਵਿਚ ਸੰਸਾਰ, ਚੇਲਾ

੬੩੦ ੦੬

ਗੁਰ ਆਪ ਅਖਵਾਈਆ । ਗਿਆ ਅਨੰਦਪੁਰ ਅੰਤਮ ਹਾਰ, ਜੂਠ ਝੂਠ ਖ਼ਾਕ ਮਿਲਾਈਆ । ਦੱਖਣ ਦਿਸ਼ਾ ਵੇਖ ਵਿਚਾਰ, ਗੰਗਾ ਗੋਦਾਵਰੀ ਦਏ ਸੁਹਾਈਆ । ਤੀਰ ਨਿਰਾਲਾ ਏਕਾ ਮਾਰ, ਸਚ ਤਖ਼ਤ ਧਾਮ ਸੁਹਾਈਆ । ਅੰਤਮ ਤਜਿਆ ਮਾਤ ਸੰਸਾਰ, ਗੁਰਮੁਖਾਂ ਗਿਆ ਸੁਣਾਈਆ । ਪਰਗਟ ਹੋਣਾ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਅੰਤਮ ਵੇਲਾ ਆਈਆ । ਸ਼ਬਦ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਉਠਾਈਆ । ਗੁਰਮੁਖ ਸਾਚੇ ਲਏ ਉਭਾਰ, ਜੋ ਸਰਸੇ ਭੇਟ ਚੜ੍ਹਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਪੰਜ ਤਤ ਦਿਸ ਨਾ ਆਈਆ । ਜੋਤ ਸ਼ਬਦ ਗੁਰ ਅਵਤਾਰ, ਜੁਗ ਜੁਗ ਆਪ ਅਖਵਾਈਆ । ਜੋਤ ਸਰੂਪੀ ਹਰਿ ਭਗਵਾਨ, ਏਕਾ ਏਕ ਅਖਵਾਈਆ । ਏਕਾ ਭੂਮਿਕਾ ਇਕ ਅਸਥਾਨ, ਏਕਾ ਧਾਮ ਸੁਹਾਈਆ । ਏਕਾ ਸ਼ਬਦ ਇਕ ਬਿਬਾਣ, ਏਕਾ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਸੋਲਾਂ ਚੇਤਰ ਸੋਲਾਂ ਕਲ, ਆਪਣੀ ਆਪ ਵਰਤਾਇੰਦਾ । ਆਪੇ ਵੇਖਣਹਾਰਾ ਜਲ ਥਲ, ਥਲ ਜਲ ਆਪੇ ਵੇਖ ਵਖਾਇੰਦਾ । ਆਪ ਆਪਣੇ ਵਿਚ ਗਿਆ ਰਲ, ਵਿਸਮਾਦੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਸੋਲਾਂ ਕਲ ਵਖਾਇੰਦਾ । ਸੋਲਾ ਕਲ ਹਰਿ ਵਰਤਾਰ, ਆਪਣੀ ਕਲ ਵਰਤਾਈਆ । ਵਲ ਛਲ ਵਿਚ ਸੰਸਾਰ, ਭੇਵ ਨਾ ਜਾਣੇ ਰਾਈਆ । ਜੋਤੀ ਨੂਰ ਖੇਲੇ ਖੇਲ ਘੜੀ ਘੜੀ ਪਲ ਪਲ ਅੰਦਰ ਬਾਹਰ, ਗੁਪਤ ਜਾਹਿਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਬਣਤਾ ਆਪ ਬਣਾਈਆ । ਜੁਗ ਜੁਗ ਬਣਤ ਬਣਾਇੰਦਾ । ਆਪ ਆਪਣੀ ਕਲ ਧਾਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਜੋਗ ਜੁਗਤ ਜਗਤ ਇਕ ਚਲਾਇੰਦਾ । ਆਪ ਆਪਣੀ ਕਿਰਪਾ ਧਾਰ, ਸਾਚੀ ਭਗਤੀ ਭਗਤ ਕਰਾਇੰਦਾ । ਅੱਖਰ ਵੱਖਰ ਨਾਮ ਅਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਲਗਾਇੰਦਾ । ਸਤਿਜੁਗ ਤੇਰਾ ਸਾਚਾ ਰੰਗ, ਹਰਿ ਆਪੇ ਆਪ ਚੜ੍ਹਾਇਆ । ਸ਼ਬਦ ਗੁਰ ਨਿਭਾਏ ਸਾਚਾ ਸੰਗ, ਸਗਲਾ ਸਾਥ ਆਪ ਅਖਵਾਇਆ । ਇਕ ਧਾਰਾ ਵਹਾਏ ਗੰਗ, ਅੰਮ੍ਰਿਤ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੈਠਾ ਆਸਣ ਲਾਇਆ । ਸਤਿਜੁਗ ਤੇਰੀ ਸਚ ਸਲਾਹ, ਹੋਇਆ ਦਰ ਪਰਵਾਨਿਆ । ਸਾਚਾ ਸ਼ਬਦ ਜਗਤ ਮਲਾਹ, ਦੇਵੇ ਗੁਣ ਨਿਧਾਨਿਆ । ਗੁਣ ਨਿਧਾਨਾ ਹਰਿ ਨਿਰੰਕਾਰਾ, ਸਰਗੁਣ ਰੂਪ ਸਮਾਨਿਆ । ਖੇਲੇ ਖੇਲ ਅਪਰ ਅਪਾਰਾ, ਸਰਗੁਣ ਭੇਵ ਨਾ ਰਾਨਿਆ । ਸਰਗੁਣ ਮੇਲੇ ਵਿਚ ਸੰਸਾਰਾ, ਆਪ ਆਪਣੀ ਦਇਆ ਕਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਤੇਰਾ ਲਹਿਣਾ ਦੇਣਾ ਮੂਲ ਚੁਕਾਨਿਆ । ਕਲਜੁਗ ਤੇਰਾ ਅੰਤ ਕਿਨਾਰ, ਲੋਕਮਾਤ ਆਪ ਕਰਾਇੰਦਾ । ਸਤਿਜੁਗ ਸਾਚੇ ਹੋ ਤਿਆਰ, ਧਰਤ ਮਾਤ ਗੋਦ ਉਠਾਇੰਦਾ । ਸ਼ਬਦ ਸੁਤ ਕਰ ਪਿਆਰ, ਸਾਚੀ ਬਣਤ ਬਣਾਇੰਦਾ । ਚਾਰ ਵਰਨ ਇਕ ਦਵਾਰ, ਏਕਾ ਧਾਮ ਸੁਹਾਇੰਦਾ । ਏਕਾ ਸ਼ਬਦ ਜੈ ਜੈਕਾਰ, ਚਾਰੋਂ ਕੁੰਟ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਵਨ ਭਗਵਨ ਰੂਪ ਵਟਾਇੰਦਾ । ਹਰਿ ਭਗਵਾਨ ਸ਼ਬਦ ਨਿਸ਼ਾਨ, ਏਕਾ ਵਾਰ ਰਖਾਇਆ । ਆਪ ਝੁਲਾਏ ਵਿਚ ਜਹਾਨ, ਜੁਗ ਜੁਗ ਰਿਹਾ ਝੁਲਾਇਆ । ਜਨ ਭਗਤਾਂ ਦੇਵੇ ਜੀਆ ਦਾਨ, ਨਾਮ ਦਾਨ ਝੋਲੀ ਪਾਇਆ । ਦਰ ਦਵਾਰੇ ਬਖ਼ਸ਼ੇ ਮਾਨ, ਸਾਚਾ ਧਾਮ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਭਗਵੰਤਾ, ਆਪਣਾ ਆਪ ਬਣਾਇਆ । ਆਪੇ ਵਸਿਆ ਆਦਿਨ ਅੰਤਾ, ਆਦਿ ਅੰਤ ਰਹਾਇਆ । ਆਪੇ ਹੋਇਆ ਸਾਚਾ ਕੰਤਾ, ਸਾਚੇ ਸੰਤਾਂ ਰਿਹਾ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਧੁਰ ਧਾਮ ਏਕਾ ਏਕ ਟਿਕਾਇਆ । ਧੁਰ ਧਾਮ ਧੁਰ ਦਰਗਾਹ, ਏਕਾ ਏਕ ਸੁਹਾਈਆ । ਸ਼ਬਦ ਸਰੂਪੀ ਬਣ ਮਲਾਹ, ਜਨ ਭਗਤਾਂ ਰਿਹਾ ਮਿਲਾਈਆ । ਸਤਿਜੁਗ ਸਾਚੇ ਪਕੜੇ ਬਾਂਹ, ਸੋਇਆ ਪੂਤ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰੇ ਕੁੰਟ ਦਹਿ ਦਿਸ਼ਾ ਰਿਹਾ ਵਖਾਈਆ । ਸਤਿਜੁਗ ਸਾਚਾ ਨੇਤਰ ਖੋਲ੍ਹ, ਚਾਰ ਕੁੰਟ ਵੇਖ ਵਖਾਇੰਦਾ । ਸੋਹੰ ਅੱਖਰ ਮੁਖੋਂ ਬੋਲ, ਸਾਚਾ ਗੀਤ ਅਲਾਇੰਦਾ । ਸਤਿਜੁਗ ਸਾਚਾ ਵੱਜਾ ਢੋਲ, ਪ੍ਰਭ ਸਾਚਾ ਆਪ ਵਜਾਇੰਦਾ । ਭਗਤ ਜਨਾਂ ਪ੍ਰਭ ਵਸੇ ਕੋਲ, ਦਿਵਸ ਰੈਣ ਰੰਗ ਰੰਗਾਇੰਦਾ । ਆਪੇ ਵਰਤੇ ਕਲਾ ਸੋਲ, ਅਕਲ ਕਲ ਆਪ ਵਰਤਾਇੰਦਾ । ਸ੍ਰਿਸ਼ਟ ਸਬਾਈ ਰਿਹਾ ਮੌਲ, ਮੌਲਾ ਰੂਪ ਅਖਵਾਇੰਦਾ । ਜਨ ਭਗਤਾਂ ਉਲਟਾ ਕਰੇ ਨਾਭ ਕੌਲ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਤੇਰਾ ਦਰ ਘਰ ਪੂਰ ਕਰਾਇੰਦਾ ।

ਧੰਨ ਵਡਿਆਈ ਭਗਤ ਜਨ, ਹਰਿ ਨਾਮ ਜਪੰਦੇ । ਧੰਨ ਵਡਿਆਈ ਸੰਤ ਜਨ, ਹਰਿ ਧਿਆਨ ਰਖੰਦੇ । ਧੰਨ ਵਡਿਆਈ ਭਗਤ ਜਨ, ਏਕਾ ਓਟ ਰਖੰਦੇ । ਧੰਨ ਵਡਿਆਈ ਸੰਤ ਜਨ, ਜੀਆਂ ਜੰਤਾਂ ਪਾਰ ਕਰੰਦੇ । ਦੋਹਾਂ ਮੇਲਾ ਇਕ ਦਰ, ਮਿਲੇ ਮੇਲ ਗੁਰ ਭਗਵੰਤੇ । ਧੰਨ ਕਮਾਈ ਭਗਤ ਜਨ, ਆਤਮ ਤ੍ਰਿਪਤ ਕਰਾਈਆ । ਧੰਨ ਕਮਾਈ ਸੰਤ ਜਨ, ਦਿਵਸ ਰੈਣ ਰਹੇ ਗਾਈਆ । ਧੰਨ ਕਮਾਈ ਭਗਤ ਜਨ, ਹਰਿ ਹਿਰਦੇ ਲਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਮੇਲਾ ਏਕਾ ਥਾਈਂਆ । ਸੰਤ ਸੁਹੇਲਾ ਸਾਚਾ ਮੀਤ, ਏਕਾ ਰੰਗ ਰੰਗਾਇੰਦਾ । ਆਪ ਸੁਣਾਏ ਸੁਹਾਗੀ ਗੀਤ, ਪ੍ਰਭ ਆਪਣੀ ਦਇਆ ਕਮਾਇੰਦਾ । ਆਪੇ ਪਰਖਣਹਾਰਾ ਨੀਤ, ਹਰ ਘਟ ਅੰਦਰ ਡੇਰਾ ਲਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਾਇਆ ਕਰੇ ਠੰਢੀ ਸੀਤ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਨਾ ਕੋਈ ਹਸਤ ਨਾ ਕੋਈ ਕੀਟ, ਊਚ ਨੀਚ ਰੰਕ ਰਾਜਾਨ ਨਾ ਕੋਈ ਅਖਵਾਇੰਦਾ । ਏਕਾ ਸ਼ਬਦ ਗੁਰ ਅਨਡੀਠ, ਦਿਸ ਕਿਸੇ ਨਾ ਆਇੰਦਾ । ਜਿਸ ਜਨ ਕਾਇਆ ਚੋਲੀ ਰੰਗ ਚਾੜ੍ਹੇ ਮਜੀਠ, ਆਪੇ ਵੇਖ ਵਖਾਇੰਦਾ । ਮਨਮੁਖ ਜੂਠਾ ਝੂਠਾ ਪੀਸਣ ਰਹੇ ਪੀਠ, ਸਚ ਵਸਤ ਨਾ ਕੋਈ ਵਿਖਾਇੰਦਾ । ਕਾਇਆ ਕਲਜੁਗ ਕੌੜਾ ਰੀਠ, ਰਸ ਰਸਨਾ ਨਾ ਆਤਮ ਕੋਈ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਭਗਤ ਸੁਹੇਲਾ ਸਾਚਾ ਸੱਜਣ, ਵਾਲੀ ਦੋ ਜਹਾਨਿਆ । ਦਰਸ ਦਿਖਾਏ ਦਇਆ ਕਮਾਏ ਧੁਰਦਰਗਾਹੀ ਆਇਆ ਪੜਦੇ ਕੱਜਣ, ਹੋਏ ਦਰ ਸਵਾਲਿਆ । ਮਦਿਰਾ ਮਾਸ ਜੋ ਜਨ ਤਜਣ, ਮਿਲੇ ਮੇਲ ਜੋਤ ਅਕਾਲਿਆ । ਅਨਹਦ ਤਾਲ ਨਗਾਰੇ ਸਾਚੇ ਵੱਜਣ, ਪੰਚਮ ਗਾਇਣ ਇਕ ਕਵਾਲਿਆ । ਭਾਂਡੇ ਭਰਮ ਗੜ੍ਹ ਹੰਕਾਰੀ ਭੱਜਣ, ਅੰਦਰ ਮਜਨ ਜੋਤੀ ਨੂਰ ਲਾਲ ਗੁਲਾਲਿਆ । ਆਤਮ ਸੇਜਾ ਬਹਿ ਬਹਿ ਸਜਣ, ਜਨ ਮਿਲਿਆ ਮੇਲ ਹਰਿ ਬਨਵਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਏ ਭਗਤਾਂ ਦਰ, ਜੁਗ ਜੁਗ ਬਣੇ ਸਵਾਲਿਆ ।


੬੨੧
੦੬

੬੨੨
੦੬

ਧੰਨ ਕਮਾਈ ਸੰਤ ਜਨ, ਪਾਇਆ ਪਰਮਾਨੰਦ । ਧੰਨ ਕਮਾਈ ਸੰਤ ਜਨ, ਦੂਈ ਦਵੈਤੀ ਢਾਹੇ ਭਰਮਾਂ ਕੰਧ । ਧੰਨ ਕਮਾਈ ਸੰਤ ਜਨ, ਗੁਰ ਸ਼ਬਦ ਚੜ੍ਹਾਇਆ ਸਾਚਾ ਚੰਦ । ਧੰਨ ਕਮਾਈ ਭਗਤ ਜਨ, ਮੇਟ ਮਿਟਾਏ ਆਤਮ ਅੰਧ । ਧੰਨ ਕਮਾਈ ਸੰਤ ਜਨ, ਇਕ ਸੁਣਾਵਣ ਸੁਹਾਗੀ ਛੰਦ । ਧੰਨ ਕਮਾਈ ਭਗਤ ਜਨ, ਮਿਲੇ ਵਡਿਆਈ ਵਿਚ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਅੰਤਮ ਮੇਲਾ ਲਏ ਮਿਲਾਈਆ । ਕਿਰਪਾ ਕਰੇ ਆਪ ਮਿਹਰਵਾਨ, ਮਾਨਸ ਜਨਮ ਲੇਖੇ ਲਾਇੰਦਾ । ਸਾਚੀ ਭਗਤੀ ਭਗਤ ਭਗਵਾਨ, ਗੁਰ ਚਰਨ ਧਿਆਨ ਲਗਾਇੰਦਾ । ਆਪੇ ਦੇਵੇ ਨਾਮ ਨਿਧਾਨ, ਆਪਣੀ ਹੱਥੀਂ ਆਪ ਵਰਤਾਇੰਦਾ । ਏਕਾ ਸ਼ਬਦ ਇਕ ਨਿਸ਼ਾਨ, ਏਕਾ ਤੀਰ ਚਲਾਇੰਦਾ । ਏਕਾ ਮੰਦਰ ਇਕ ਮਕਾਨ, ਹਰਿ ਏਕਾ ਏਕ ਸੁਹਾਇੰਦਾ । ਏਕਾ ਜੋਧਾ ਸੂਰ ਬਲੀ ਬਲਵਾਨ, ਨਰ ਨਿਰੰਕਾਰ ਆਪ ਅਖਵਾਇੰਦਾ । ਆਪੇ ਕਰੇ ਆਪਣੀ ਆਪ ਪਛਾਣ, ਦੂਸਰ ਕੋਈ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਵੇਖ ਵਖਾਇੰਦਾ । ਸੰਤ ਸੁਹੇਲੇ ਸਾਚਾ ਗੁਰ, ਏਕਾ ਰੂਪ ਸਮਾਇਆ । ਲਿਖਿਆ ਲੇਖ ਗਿਆ ਜੁੜ, ਨਾ ਕੋਈ ਤੋੜ ਤੁੜਾਇਆ । ਆਪੇ ਚੜ੍ਹਿਆ ਸ਼ਬਦ ਘੋੜ, ਚਾਰੇ ਕੁੰਟ ਰਿਹਾ ਦੁੜਾਇਆ । ਜਨ ਭਗਤਾਂ ਲੱਗੀ ਆਤਮ ਔੜ, ਅੰਮ੍ਰਿਤ ਆਤਮ ਦਏ ਜਾਮ ਪਿਆਇਆ । ਕਲਜੁਗ ਅੰਤਮ ਮਾਰੇ ਪਹਿਲਾ ਪੌੜ, ਚੌਥਾ ਪੌੜਾ ਰਿਹਾ ਲਗਾਇਆ । ਵੇਖੇ ਪਰਖੇ ਮਿੱਠਾ ਕੌੜ, ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਖ ਵਖਾਣੇ ਸੰਬਲ ਨਗਰ ਨਾ ਕੋਈ ਜਾਣੇ ਲੰਬਾ ਚੌੜਾ, ਗੋਬਿੰਦ ਡੇਰਾ ਲਾਇਆ । ਜਨ ਭਗਤਾਂ ਆਤਮ ਅੰਤਰ ਜਾਏ ਬਹੁੜ, ਅੰਦਰ ਮੰਦਰ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਵਿਚੋਲਾ ਸ਼ਬਦ ਬਣਾਇਆ । ਸ਼ਬਦ ਵਿਚੋਲਾ ਵਿਚ ਸੰਸਾਰ, ਹਰਿ ਏਕਾ ਏਕ ਰਖਾਇਆ । ਜਨ ਭਗਤਾਂ ਕਰੇ ਖ਼ਬਰਦਾਰ, ਦਿਵਸ ਰੈਣ ਰਿਹਾ ਜਗਾਇਆ । ਪੰਚਮ ਮੇਟੇ ਕਾਮ ਕਰੋਧ ਲੋਭ ਮੋਹ ਹੰਕਾਰ, ਪੰਚਾਂ ਮੇਲ ਮਿਲਾਇਆ । ਜਿਸ ਜਨ ਕਿਰਪਾ ਦੇਵੇ ਧਾਰ, ਲਹਿਣਾ ਦੇਣਾ ਮੂਲ ਚੁਕਾਇਆ । ਏਕਾ ਕੰਤ ਇਕ ਭਤਾਰ, ਗੁਰਮੁਖ ਸਾਚੀ ਨਾਰ ਕਰ ਪਿਆਰ, ਆਤਮ ਸੇਜਾ ਰਿਹਾ ਹੰਢਾਇਆ । ਦੋਹਾਂ ਮੇਲਾ ਇਕ ਦਵਾਰ, ਨਾ ਕੋਈ ਦੂਸਰ ਪਹਿਰੇਦਾਰ, ਸ਼ਸਤਰ ਬਸਤਰ ਕੋਈ ਦਿਸ ਨਾ ਆਇਆ । ਨਾ ਕੋਈ ਖੰਡਾ ਨਾ ਕੋਈ ਕਟਾਰ, ਆਪੇ ਪਾਏ ਆਪਣੀ ਵੰਡਾ ਹਰਿ ਨਿਰੰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਕਰਾਏ ਭਵਜਲ ਪਾਰ । ਧੰਨ ਕਮਾਈ ਭਗਤ ਜਨ, ਸਾਚਾ ਧਾਮ ਸੁਹੰਦੜਾ । ਦੂਈ ਦਵੈਤੀ ਮਿਟਿਆ ਜਨ, ਗੁਰ ਪਾਇਆ ਹਰਿ ਗੋਬਿੰਦੜਾ । ਜੋਤ ਜਗਾਈ ਕਾਇਆ ਨਿਰਮਲ ਤਨ, ਇਕ ਪਰਕਾਸ਼ ਵਖੰਦੜਾ । ਸ਼ਬਦ ਡੋਰੀ ਮਨ ਮਨੂਆ ਬੰਨ੍ਹ, ਬੁਧ ਮਤ ਆਪ ਸਮਝੰਦੜਾ । ਗੁਰ ਸ਼ਬਦ ਜਣਾਏ ਸਾਚੇ ਗੁਣ, ਰਾਗ ਅਨਾਦੀ ਇਕ ਵਜੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵੇਖ ਵਖੰਦੜਾ । ਸੰਤ ਸਾਜਣ ਸਹਿਜ ਸੁਭਾਏ, ਰਸ ਰਸਨਾ ਰਿਹਾ ਗਾਇਆ । ਸਤਿਗੁਰ ਪੂਰਾ ਦਏ ਮਿਲਾਏ, ਜਿਸ ਜਨ ਸੰਗ ਨਿਭਾਇਆ । ਸਚ ਵਸਤ ਗੁਰ ਚੋਲੀ ਪਾਏ, ਅੰਗੀਕਾਰ ਆਪ ਅਖਵਾਇਆ । ਦੂਜਾ ਦਰ ਨਾ ਮੰਗਣ ਜਾਏ, ਜਿਸ ਜਨ ਆਪਣੀ ਦਇਆ ਕਮਾਇਆ । ਕਾਇਆ ਕਾਚੀ ਵੰਗ ਭੰਨਾਏ, ਮਨਮੁਖ ਜੀਵ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਰਿਹਾ ਵਰ, ਨੌ ਖੰਡ ਪ੍ਰਿਥਮੀ ਵੇਖ ਵਖਾਇਆ । ਨੌ ਖੰਡ ਪ੍ਰਿਥਮੀ ਇਕ ਦਰਵਾਜ਼ਾ, ਪ੍ਰਭ ਸਾਚੇ ਆਪ ਖੁਲ੍ਹਾਇਆ ।

ਵੇਖ ਵਖਾਏ ਗਰੀਬ ਨਿਵਾਜਾ, ਆਪ ਆਪਣਾ ਭੇਖ ਵਟਾਇਆ । ਜਨ ਭਗਤਾਂ ਮਾਰੇ ਅੰਦਰ ਮੰਦਰ ਆਵਾਜਾ, ਦਿਵਸ ਰੈਣ ਰਿਹਾ ਜਗਾਇਆ । ਸ਼ਬਦ ਗੁਰ ਰਚਿਆ ਕਾਜਾ, ਗੁਰਮੁਖ ਸੁਰਤੀ ਲਏ ਪਰਨਾਇਆ । ਵੇਖੇ ਖੇਲ ਕਲ ਕਿ ਆਜਾ, ਆਪਣੇ ਭਾਣੇ ਵਿਚ ਸਮਾਇਆ । ਆਪੇ ਵੇਖੇ ਮੱਕਾ ਕਾਅਬਾ ਹਾਜੀ ਹਾਜਾ, ਸਾਚਾ ਹੱਜ ਇਕ ਵਖਾਇਆ । ਜੁਗ ਜੁਗ ਰੱਖਣਹਾਰਾ ਲਾਜਾ, ਜਨ ਭਗਤਾਂ ਹੋਏ ਸਹਾਇਆ । ਮਨਮੁਖਾਂ ਖੋਲ੍ਹੇ ਜੂਠਾ ਝੂਠਾ ਪਾਜਾ, ਪੰਚਮ ਦੇਵੇ ਗੰਢ ਖੁਲ੍ਹਾਇਆ । ਕਲਜੁਗ ਤੇਰਾ ਸਾਜਣ ਸਾਜਾ, ਵੇਖੇ ਖੇਲ ਰਾਜਨ ਰਾਜਾ, ਏਕਾ ਸ਼ਾਹੋ ਭੂਪ ਆਪ ਅਖਵਾਇਆ । ਪਰਗਟ ਜੋਤ ਦੇਸ਼ ਮਾਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਜੀਵਾਂ ਰਿਹਾ ਭੁਲਾਇਆ । ਮਾਝੇ ਦੇਸ਼ ਪ੍ਰਭ ਜੋਤ ਜਗਾਈ, ਗੁਰ ਸ਼ਬਦ ਵੱਜੀ ਵਧਾਈਆ । ਪੰਚਮ ਤਤ ਨਾ ਦੇਹ ਉਪਾਈ, ਮਨ ਮਤ ਬੁਧ ਨਾ ਨਾਲ ਰਲਾਈਆ । ਰਕਤ ਬੂੰਦ ਨਾ ਕੋਈ ਰਖਾਈ, ਪਿਤਾ ਪੂਤ ਨਾ ਕੋਈ ਸਦਾਈ, ਭਾਈ ਭੈਣ ਨਾ ਮੇਲ ਮਿਲਾਈ, ਨਾਤਾ ਜਗਤ ਨਾ ਕੋਈ ਰਖਾਈਆ । ਆਪ ਆਪਣੀ ਖੇਲ ਰਚਾਈ, ਜੋਤੀ ਜਾਮਾ ਭੇਖ ਵਟਾਈਆ । ਗੁਰਮੁਖ ਸਾਚੇ ਕਰ ਕੁੜਮਾਈ, ਆਪ ਆਪਣੇ ਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਥਾਉਂ ਥਾਈਂਆ । ਵੇਖਣਹਾਰਾ ਸਰਬ ਸੰਸਾਰ, ਅਕਲ ਕਲਾ ਭਰਪੂਰਾ । ਜੁਗ ਜੁਗ ਲਏ ਮਾਤ ਅਵਤਾਰ, ਸ਼ਬਦ ਵਜਾਏ ਨਾਦ ਅਨਾਦੀ ਤੂਰਾ । ਸਤਿਜੁਗ ਤ੍ਰੇਤਾ ਕਰਾਏ ਪਾਰ, ਦੁਆਪਰ ਆਸਾ ਮਨਸਾ ਪੂਰਾ । ਕਲਜੁਗ ਅੰਤਮ ਰਿਹਾ ਵਿਚਾਰ, ਮੁਖ ਸ਼ਰਮਾਏ ਜੂਠਾ ਝੂਠਾ ਕੂੜਾ । ਸੰਗ ਮੁਹੰਮਦ ਚਾਰ ਯਾਰ, ਕੋਈ ਨਾ ਦੇਵੇ ਸਾਚੀ ਧੂੜਾ । ਕਰਮ ਧਰਮ ਗਿਆ ਹਾਰ, ਅੰਤ ਪਛਤਾਏ ਮੂਰਖ ਮੂੜ੍ਹਾ । ਪਾਰਬ੍ਰਹਮ ਪ੍ਰਭ ਮਾਰੇ ਮਾਰ, ਲੋਕਮਾਤ ਮਾਰੇ ਝਾਤ, ਇਕ ਇਕਾਂਤ ਮੇਟ ਮਿਟਾਏ ਪਸਾਰਾ ਕੂੜਾ । ਕਲਜੁਗ ਅੰਤਮ ਰਿਹਾ ਰੋ, ਨਾ ਦਿਸੇ ਕੋਈ ਸਹਾਈਆ । ਜੂਠਾ ਝੂਠਾ ਬੀਜ ਲਿਆ ਬੋ, ਅੰਤਮ ਕੋਇ ਨਾ ਸੰਗ ਨਿਭਾਈਆ । ਪਰਗਟ ਹੋਇਆ ਪ੍ਰਭ ਛੱਬੀ ਪੋਹ, ਜੋਤ ਸਰੂਪੀ ਜਾਮਾ ਪਾਈਆ । ਨਾਤਾ ਤੋੜੇ ਝੂਠਾ ਮੋਹ, ਜਗਤ ਤ੍ਰਿਸ਼ਨਾ ਰਿਹਾ ਮਿਟਾਈਆ । ਜਨ ਭਗਤ ਹਰਿ ਬਿਨ ਅਵਰ ਨਾ ਜਾਣੇ ਕੋ, ਸ੍ਰਿਸ਼ਟ ਸਬਾਈ ਬੈਠੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਪੇ ਵੇਖ ਵਖਾਈਆ । ਹਰਿਜਨ ਸਾਚਾ ਸ਼ਬਦ ਦੁਲਾਰਾ, ਪੂਤ ਸਪੂਤਾ ਜਾਇਆ । ਪਾਰਬ੍ਰਹਮ ਪ੍ਰਭ ਦਏ ਹੁਲਾਰਾ, ਅਗੰਮ ਅਗੰਮੜੇ ਧਾਮ ਸੁਹਾਇਆ । ਜੀਵ ਜੰਤ ਨਾ ਜਾਣੇ ਪਾਰ ਕਿਨਾਰਾ, ਦਮੜੀ ਦਮੜੇ ਹੱਥ ਨਾ ਆਇਆ । ਵਰਤੇ ਵਰਤਾਏ ਵਿਚ ਸੰਸਾਰਾ, ਆਪ ਆਪਣਾ ਵੇਖ ਵਖਾਇਆ । ਕਲਜੁਗ ਤੇਰੀ ਕਾਲੀ ਧਾਰਾ, ਕਾਲਖ ਟਿੱਕਾ ਮਸਤਕ ਲਾਇਆ । ਸੰਤ ਸੁਹੇਲੇ ਰੋਵਣ ਜਾਰੋ ਜਾਰਾ, ਦਿਵਸ ਰੈਣ ਰਹੇ ਕੁਰਲਾਇਆ । ਧਰਤ ਮਾਤ ਕਰੇ ਪੁਕਾਰਾ, ਪ੍ਰਭ ਅੱਗੇ ਸੀਸ ਝੁਕਾਇਆ । ਰਾਏ ਧਰਮ ਖੋਲ੍ਹ ਕਿਵਾੜਾ, ਨੇਤਰ ਨੀਰ ਰਿਹਾ ਵਹਾਇਆ । ਲਾੜੀ ਮੌਤ ਮੰਗੇ ਏਕਾ ਲਾੜਾ, ਲੱਖ ਚੁਰਾਸੀ ਲਏ ਪਰਨਾਇਆ । ਵਰਤੇ ਖੇਲ ਦਿਨ ਦਿਹਾੜਾ, ਪ੍ਰਭ ਸਾਚੇ ਆਪ ਵਰਤਾਇਆ । ਧਰਤ ਮਾਤ ਤੇਰਾ ਇਕ ਅਖਾੜਾ, ਅੰਤਮ ਦਏ ਬਣਾਇਆ । ਆਪ ਉਠਾਏ ਅਗੰਮੀ ਧਾੜਾ, ਧਾੜ ਧਾੜਵੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵੰਡ ਵੰਡਾਇਆ । ਕਲਜੁਗ ਤੇਰੀ ਅੰਤਮ ਵੰਡ ਵੰਡਾਏ, ਲੋਕਮਾਤ ਵੇਖ ਵਖਾਈਆ । ਕੁਲਾਖੰਡ ਹਰਿ ਕਲ ਵਰਤਾਏ, ਭੇਵ ਕੋਇ ਨਾ ਪਾਈਆ । ਇਲਾਬ੍ਰਤ ਹਰਿ ਡੇਰਾ ਲਾਏ, ਆਪ ਆਪਣਾ ਰਾਹ ਵਖਾਈਆ । ਕੇਤਮਾਲ ਹਰਿ ਰਿਹਾ

ਜਗਾਏ, ਏਕਾ ਸ਼ਬਦ ਜਣਾਈਆ । ਹਰਿਵਰਖ ਹਰਿ ਬੂਝ ਬੁਝਾਏ, ਏਕਾ ਡੰਕ ਵਜਾਈਆ । ਕਿੰਪੁਰਖ ਭੇਵ ਖੁਲ੍ਹਾਏ, ਲੇਖਾ ਲੇਖ ਦਏ ਪੁਚਾਈਆ । ਹਰਣਯਮਹ ਹਰਿ ਜੋਤ ਜਗਾਏ, ਜੋਗ ਜੁਗੀਸ਼ਰ ਰਿਹਾ ਉਠਾਈਆ । ਭਦਰ ਭਰਮ ਸਰਬ ਮਿਟਾਏ, ਹਰ ਘਟ ਵੇਖ ਵਖਾਈਆ । ਰਮਕ ਰੰਗ ਰਹਿਣ ਨਾ ਪਾਏ, ਹਰਿ ਅਚਰਜ ਕਲ ਵਰਤਾਈਆ । ਭਾਰਤ ਖੰਡ ਪ੍ਰਭ ਜੋਤ ਜਗਾਏ, ਮਾਝੇ ਦੇਸ ਵੱਜੀ ਵਧਾਈਆ । ਗੁਰਮੁਖ ਸਾਚੇ ਲਏ ਜਗਾਏ, ਸੋਏ ਮਾਤ ਉਠਾਈਆ । ਏਕਾ ਏਕ ਬਖ਼ਸ਼ੇ ਸਚ ਸਰਨਾਏ, ਆਪ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਨਈਆ ਨਾਮ ਚੜ੍ਹਾਈਆ । ਸਾਚੀ ਨਈਆ ਵਿਚ ਮੰਝਧਾਰ, ਏਕਾ ਏਕ ਚਲਾਇੰਦਾ । ਸਤਿਗੁਰ ਪੂਰਾ ਮੀਤ ਮੁਰਾਰ, ਗੁਰਮੁਖਾਂ ਪਾਰ ਕਰਾਇੰਦਾ । ਵੰਞ ਮੁਹਾਣਾ ਅਪਰ ਅਪਾਰ, ਆਪਣੇ ਹੱਥ ਰਖਾਇੰਦਾ । ਮਨਮੁਖ ਡੁੱਬੇ ਜੀਵ ਗਵਾਰ, ਆਤਮ ਅੰਧ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਬੇੜਾ ਆਪੇ ਆਪ ਤਰਾਇੰਦਾ ।

### ✵ ੧੭ ਚੇਤ ੨੦੧੪ ਬਿਕ੍ਰਮੀ ਅਜੀਤ ਸਿੰਘ ਇੱਕੀ ਪਰਿਵਾਰਾਂ ਦੇ ਇਕੱਠ ਸਮੇਂ ਸ਼ਬਦ ਦੀ ਕਿਰਪਾ ਕੀਤੀ ਬਟਾਲਾ ਸ਼ਹਿਰ ✵



ਹਰਿ ਕਾ ਸ਼ਬਦ ਅਪਾਰ, ਹਰਿ ਉਪਾਇਆ । ਗੁਰ ਕਾ ਸ਼ਬਦ ਅਧਾਰ, ਜਨ ਭਗਤਾਂ ਰਿਹਾ ਤਰਾਇਆ । ਜਨ ਭਗਤਨ ਪਾਇਣ ਸਾਰ, ਰਸਨਾ ਜਿਹਵਾ ਗਾਇਆ । ਮਨਮੁਖਾਂ ਵਸੇ ਬਾਹਰ, ਆਤਮ ਲੋਅ ਕੋਈ ਨਾ ਲਾਇਆ । ਮਨਮੁਖ ਜੀਵ ਮੁਗਧ ਗਵਾਰ, ਸ਼ਬਦ ਦੇਵ ਨਾ ਮਨਾਇਆ । ਭਗਤ ਜਨਾਂ ਹਰਿ ਸ਼ਬਦ ਭੰਡਾਰ, ਗੁਰ ਪੂਰੇ ਵਰਤਾਇਆ । ਗੁਰ ਪੂਰਾ ਵਰਤਾਵੇ ਵਿਚ ਸੰਸਾਰ, ਹਰਿ ਸਾਚੀ ਸੇਵਾ ਲਾਇਆ । ਪਾਰਬ੍ਰਹਮ ਬ੍ਰਹਮ ਖੇਲ ਨਿਆਰ, ਆਪਣਾ ਆਪ ਕਰਾਇਆ । ਹਰਿ ਸ਼ਬਦ ਅਪਾਰ, ਹਰਿ ਸ਼ਬਦ ਰੂਪ ਵਟਾਇਆ । ਸਤਿਗੁਰ ਪੂਰਾ ਮਾਤ ਵਰਤਾਰ, ਸਾਚੇ ਧੰਦੇ ਲਾਇਆ । ਜਨ ਭਗਤਾਂ ਦੇਵੇ ਇਕ ਅਧਾਰ, ਆਪਣੀ ਦਇਆ ਕਮਾਇਆ । ਮਨਮੁਖ ਸੁੱਤੇ ਪੈਰ ਪਸਾਰ, ਗੁਰ ਕਾ ਸ਼ਬਦ ਹੱਥ ਨਾ ਆਇਆ । ਹਰਿ ਕਾ ਸ਼ਬਦ ਅਮੋਲ, ਆਦਿ ਅਮੋਲਿਆ । ਗੁਰ ਪੂਰਾ ਰਿਹਾ ਤੋਲ, ਅੰਦਰ ਮੰਦਰ ਆਪੇ ਬੋਲਿਆ । ਜਨ ਭਗਤਾਂ ਵਸੇ ਕੋਲ, ਆਦਿ ਅੰਤ ਕਦੇ ਨਾ ਡੋਲਿਆ । ਮਨਮੁਖ ਜੀਵ ਰਹੇ ਅਨਭੋਲ, ਆਪਣਾ ਘਰ ਕੋਈ ਨਾ ਫੋਲਿਆ । ਹਰਿ ਕਾ ਸ਼ਬਦ ਅਗੰਮ ਅਥਾਹ ਹੈ । ਸਤਿਗੁਰ ਪੂਰਾ ਬੇਪਰਵਾਹ ਹੈ । ਇਕ ਜਪਾਏ ਸਾਚਾ ਨਾਉਂ, ਜਨ ਭਗਤਾਂ ਫੜ ਫੜ ਬਾਂਹੋਂ, ਆਪੇ ਪਿਤਾ ਆਪੇ ਮਾਂ ਹੈ । ਮਨਮੁਖ ਦਰ ਦਰ ਘਰ ਘਰ ਉਡਣੇ ਕਾਉਂ, ਦਰਗਾਹ ਵਿਚ ਨਾ ਕੋਈ ਥਾਉਂ ਹੈ । ਹਰਿ ਕਾ ਸ਼ਬਦ ਅਨਰਾਗ, ਰਾਗ ਕਿਸੇ ਨਾ ਗਾਇਆ । ਗੁਰ ਪੂਰੇ ਹੋਇਣ ਵਡ ਵਡ ਭਾਗ, ਪ੍ਰਭ ਸਾਚੇ ਝੋਲੀ ਪਾਇਆ । ਸੰਤ ਸੁਹੇਲੇ ਜਾਇਣ ਜਾਗ, ਜਿਸ ਜਨ ਦਇਆ ਕਮਾਇਆ । ਮਨਮੁਖ ਮਨਮਤ ਗਏ ਲਾਗ, ਮਾਨਸ ਜਨਮ ਗਵਾਇਆ । ਹਰਿ ਕਾ ਸ਼ਬਦ ਅਤੁਲ, ਨਾ ਕੋਈ ਤੋਲ ਤੁਲਾਇੰਦਾ । ਗੁਰ ਭੰਡਾਰ ਇਕ ਅਤੁਲ, ਲੋਕਮਾਤ ਰਖਾਇੰਦਾ । ਸੰਤ ਜਨਾਂ ਦੀ ਸਾਚੀ ਕੁੱਲ, ਵਰਨ ਗੋਤ ਨਾ ਕੋਈ ਰਖਾਇੰਦਾ । ਮਨਮੁਖਾਂ ਅੰਮ੍ਰਿਤ ਆਤਮ ਰਿਹਾ ਡੁੱਲ੍ਹ, ਨਿਝਰ ਧਾਰ ਨਾ ਕੋਈ ਮੁਖ ਚੁਆਇੰਦਾ । ਹਰਿ ਕਾ ਸ਼ਬਦ ਸਚ ਭੰਡਾਰ,

ਆਪੇ ਆਪ ਵਰਤਾਇਆ । ਸਤਿਗੁਰ ਪੂਰਾ ਕਰ ਤਿਆਰ, ਲੋਕਮਾਤ ਫੇਰਾ ਪਾਇਆ । ਜਨ ਸੰਤਾਂ ਪਾਵੇ ਸਾਰ, ਜੁਗ ਜੁਗ ਵੇਖਣ ਆਇਆ । ਮਨਮੁਖਾਂ ਹੋਇਆ ਅੰਧ ਅੰਧਿਆਰ, ਆਤਮ ਪਰਦਾ ਪਾਇਆ । ਹਰਿ ਕਾ ਸ਼ਬਦ ਬਲਵਾਨ, ਏਕਾ ਏਕ ਅਖਵਾਇਆ । ਸਤਿਗੁਰ ਪੂਰਾ ਨੌਜਵਾਨ, ਨਾ ਮਰੇ ਨਾ ਜਾਇਆ । ਜਨ ਭਗਤਾਂ ਦੇਵੇ ਇਕ ਨਿਸ਼ਾਨ, ਧੁਰਦਰਗਾਹੀ ਲੈ ਕੇ ਆਇਆ । ਮਨਮੁਖ ਭੁੱਲੇ ਜੀਵ ਨਾਦਾਨ, ਮਨ ਕਾ ਪੜਦਾ ਕਿਸੇ ਨਾ ਲਾਹਿਆ । ਹਰਿ ਕਾ ਸ਼ਬਦ ਬਿਬਾਨ, ਏਕਾ ਏਕ ਰਖਾਇਆ । ਸਤਿਗੁਰ ਪੂਰਾ ਦੇਵੇ ਆਨ, ਏਕਾ ਹੁਕਮ ਜਣਾਇਆ । ਜਨ ਸੰਤਾਂ ਦਰ ਘਰ ਕਰ ਪਰਵਾਨ, ਆਪਣਾ ਭੇਵ ਖੁਲ੍ਹਾਇਆ । ਮਨਮੁਖ ਜੀਵ ਨਾ ਕਰਨ ਪਛਾਨ, ਹਉਮੇ ਰੋਗ ਵਧਾਇਆ । ਹਰਿ ਕਾ ਸ਼ਬਦ ਅਤੁਟ, ਆਪ ਰਖਾਇਆ । ਤੀਰ ਨਿਰਾਲਾ ਜਾਏ ਛੁੱਟ, ਲੋਕਮਾਤੀ ਵੇਖ ਵਖਾਇਆ । ਜਨ ਭਗਤਾਂ ਬਜਰ ਕਪਾਟੀ ਜਾਏ ਤੁੱਟ, ਆਤਮ ਦਰਸੀ ਦਰਸ ਦਿਖਾਇਆ । ਮਨਮੁਖ ਜੀਵਾਂ ਪੰਜੇ ਚੋਰ ਰਹੇ ਲੁੱਟ, ਦਿਵਸ ਰੈਣ ਡੇਰਾ ਲਾਇਆ । ਹਰਿ ਕਾ ਸ਼ਬਦ ਸਾਚਾ ਤੀਰ, ਏਕਾ ਏਕ ਰਖਾਇਆ । ਗੁਰ ਪੂਰਾ ਕੱਢੇ ਹਉਮੇ ਪੀੜ, ਆਪਣੀ ਦਇਆ ਕਮਾਇਆ । ਭਗਤ ਜਨ ਸੰਤ ਸੁਹੇਲੇ ਚੋਟੀ ਚੜ੍ਹਨ ਅਖੀਰ, ਦਿਸ ਕਿਸੇ ਨਾ ਆਇਆ । ਮਨਮੁਖ ਜੀਵਾਂ ਹੱਡੀ ਟੁੱਟੀ ਰੀੜ, ਨਾ ਕੋਈ ਸਕੇ ਭਾਰ ਉਠਾਇਆ । ਹਰਿ ਕਾ ਸ਼ਬਦ ਦਿਆਲ, ਇਕ ਅਕਾਲਿਆ । ਸਤਿਗੁਰ ਪੂਰਾ ਲਏ ਭਾਲ, ਵਿਚ ਜਹਾਨਿਆ । ਜਨ ਭਗਤਾਂ ਕਰੇ ਰਖਵਾਲ, ਹੋਏ ਸਹਾਈ ਦੋ ਜਹਾਨਿਆ । ਮਨਮੁਖ ਜੀਵ ਜੰਤ ਕੰਗਾਲ, ਮਿਲਿਆ ਨਾਮ ਨਾ ਘਰ ਨਿਧਾਨਿਆ । ਹਰਿ ਕਾ ਸ਼ਬਦ ਅਨਰੰਗ, ਨਾ ਕੋਈ ਰੰਗ ਰੰਗਾਇਆ । ਸਤਿਗੁਰ ਪੂਰੇ ਸਾਚਾ ਸੰਗ, ਆਪ ਆਪਣਾ ਸੰਗ ਨਿਭਾਇਆ । ਸੰਤ ਸੁਹੇਲੇ ਦਰ ਦਵਾਰੇ ਰਹੇ ਮੰਗ, ਪ੍ਰਭ ਸਾਚਾ ਝੋਲੀ ਪਾਇਆ । ਮਨਮੁਖ ਜੀਵ ਹੋਏ ਨੰਗ, ਕਾਇਆ ਪੜਦਾ ਨਾ ਕੋਈ ਪਾਇਆ । ਹਰਿ ਕਾ ਸ਼ਬਦ ਬੇਪਰਵਾਹ, ਭੇਵ ਕਿਸੇ ਨਾ ਪਾਇਆ । ਸਤਿਗੁਰ ਪੂਰਾ ਜਗਤ ਮਲਾਹ, ਜੁਗ ਜੁਗ ਬਣ ਕੇ ਆਇਆ । ਸਾਧਾਂ ਸੰਤਾਂ ਆਪਣਾ ਆਪ ਦਏ ਜਣਾ, ਅੰਦਰ ਮੰਦਰ ਵੇਖ ਵਖਾਇਆ । ਮਨਮੁਖ ਜੀਵ ਦਏ ਭੁਲਾ, ਮਾਇਆ ਪੜਦਾ ਪਾਇਆ । ਹਰਿ ਕਾ ਸ਼ਬਦ ਸਚ ਸੁਲਤਾਨ, ਏਕਾ ਏਕ ਵਖਾਇਆ । ਸਤਿਗੁਰ ਪੂਰਾ ਮਿਹਰਵਾਨ, ਦਇਆਵਾਨ ਅਖਵਾਇਆ । ਭਗਤਨ ਦੇਵੇ ਧੁਰ ਫ਼ਰਮਾਨ, ਏਕਾ ਨਾਮ ਬਤਾਇਆ । ਮਨਮੁਖ ਜੀਵ ਜਗਤ ਨਾਦਾਨ, ਬੈਠੇ ਮੁਖ ਭਵਾਇਆ । ਹਰਿ ਕਾ ਸ਼ਬਦ ਨਿਰਵੈਰ, ਨਿਝ ਘਰ ਵਸਿਆ । ਸਤਿਗੁਰ ਪੂਰਾ ਆਪੇ ਕਰੇ ਮਿਹਰ, ਜਨ ਭਗਤਾਂ ਰਾਹ ਸਾਚਾ ਦੱਸਿਆ । ਹਰਿਜਨ ਨਾ ਲਾਏ ਦੇਰ, ਦਰ ਦਵਾਰੇ ਆਏ ਨੱਸਿਆ । ਮਨਮੁਖ ਭੁਲਾਏ ਕਰ ਕਰ ਹੇਰ ਫੇਰ, ਤੀਰ ਨਿਰਾਲਾ ਏਕਾ ਕੱਸਿਆ । ਹਰਿ ਕਾ ਸ਼ਬਦ ਏਕਾ ਸ਼ਾਹ, ਏਕਾ ਏਕ ਅਖਵਾਇਆ । ਸਤਿਗੁਰ ਪੂਰਾ ਫੜੇ ਬਾਂਹ, ਆਪ ਆਪਣਾ ਸੰਗ ਨਿਭਾਇਆ । ਜਨ ਭਗਤਾਂ ਜਪਾਏ ਏਕਾ ਨਾਂ, ਏਕੰਕਾਰਾ ਵੇਖ ਵਖਾਇਆ । ਬੇਮੁਖਾਂ ਨਾ ਦਿਸੇ ਕੋਈ ਥਾਂ, ਸਚ ਦਵਾਰਾ ਦਿਸ ਨਾ ਆਇਆ । ਹਰਿ ਕਾ ਸ਼ਬਦ ਹਰਿ ਧਾਰ, ਆਪਣਾ ਆਪ ਕਰਾਇਆ । ਸਤਿਗੁਰ ਪੂਰਾ ਕਰ ਤਿਆਰ, ਲੋਕਮਾਤੀ ਜਨਮ ਦਵਾਇਆ । ਸੰਤ ਸੁਹੇਲੇ ਲਏ ਉਭਾਰ, ਜੁਗ ਜੁਗ ਮੇਲ ਮਿਲਾਇਆ । ਮਨਮੁਖ ਜੀਵਾਂ ਕਰੇ ਖੁਆਰ, ਅੰਤਮ ਮੇਟ ਮਿਟਾਇਆ । ਸਤਿਜੁਗ ਤ੍ਰੇਤਾ ਦੁਆਪਰ ਵਾਰੋ ਵਾਰ, ਆਪ ਆਪਣੀ ਬਣਤ ਬਣਾਇਆ । ਸੰਤ ਸੁਹੇਲਾ ਇਕ ਇਕੇਲਾ ਮੀਤ ਮੁਰਾਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਰੂਪ ਹਰਿ ਨਿਰੰਕਾਰ, ਸਤਿ ਪੁਰਖ ਨਿਰੰਜਣ ਆਪ ਅਖਵਾਇਆ । ਜਨ ਭਗਤਾਂ


੬੨੫
੦੬

ਦੇਵੇ ਨੇਤਰ ਅੰਜਨ, ਸ਼ਬਦ ਗਿਆਨ ਪਾਇਆ । ਚਰਨ ਧੂੜੀ ਸੱਚਾ ਮਜਨ, ਦੁਰਮਤ ਮੈਲ ਗਵਾਇਆ । ਧੁਰਦਰਗਾਹੀ ਸਾਚਾ ਸੱਜਣ, ਘਰ ਬੈਠਾ ਆਸਣ ਲਾਇਆ । ਤਾਲ ਨਗਾਰੇ ਸਾਚੇ ਵੱਜਣ, ਪੰਚਮ ਸੇਵਾ ਲਾਇਆ । ਭਾਂਡੇ ਭਰਮ ਹਰਿਜਨ ਭੱਜਣ, ਪ੍ਰਭ ਨੇਤਰ ਦਰਸ਼ਨ ਪਾਇਆ । ਆਪੇ ਰੱਖਣਹਾਰਾ ਲਜਣ, ਆਤਮ ਸੇਜਾ ਆਸਣ ਲਾਇਆ । ਹਰਿਜਨ ਅੰਮ੍ਰਿਤ ਆਤਮ ਪੀ ਪੀ ਰੱਜਣ, ਸਰ ਸਰੋਵਰ ਇਕ ਵਖਾਇਆ । ਲੋਕਮਾਤ ਆਇਆ ਪੜਦੇ ਕੱਜਣ, ਸ਼ਬਦ ਦੁਸ਼ਾਲਾ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਹਰਿ ਰੰਗ ਆਪਣੇ ਆਪ ਰੰਗਾਇਆ । ਹਰਿ ਰੰਗ ਰਾਤਾ ਹਰਿ ਸ਼ਬਦ, ਏਕਾ ਏਕ ਰੰਗ ਰਤਿਆ । ਆਪ ਨਿਭਾਏ ਆਪਣਾ ਸੰਗ, ਦੇ ਸਮਝਾਵੇ ਮਤਿਆ । ਏਕਾ ਅਸਵ ਕਸੇ ਤੰਗ, ਸ੍ਰਿਸ਼ਟ ਸਬਾਈ ਰਿਹਾ ਮਿਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਦਰ ਦਰ, ਮਨਮੁਖ ਸੁੱਤੇ ਸੱਥਰ ਘੱਤਿਆ । ਹਰਿ ਕਾ ਸ਼ਬਦ ਹਰ ਘਟ ਵਾਸ, ਏਕਾ ਏਕ ਰਖਾਇਆ । ਸਤਿਗੁਰ ਪੂਰਾ ਦਾਸੀ ਦਾਸ, ਜਨ ਭਗਤਾਂ ਆਪ ਅਖਵਾਇਆ । ਹਰਿ ਸੰਤਨ ਵੇਖਣ ਮੰਡਲ ਰਾਸ, ਕਾਇਆ ਮੰਦਰ ਆਪ ਵਖਾਇਆ । ਮਨਮੁਖ ਸੁੱਤੇ ਵਿਚ ਪਰਭਾਸ, ਚਾਰੋਂ ਕੁੰਟ ਅੰਧੇਰ ਛਾਇਆ । ਆਦਿ ਪੁਰਖ ਸਦਾ ਅਬਿਨਾਸ਼, ਨਾ ਮਰੇ ਨਾ ਜਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਆਪ ਉਠਾਇਆ । ਬ੍ਰਹਮਾ ਸ਼ਿਵ ਹੋਏ ਉਦਾਸ, ਕਲਜੁਗ ਅੰਤਮ ਆਇਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਇਕ ਰਖਾਈ ਆਸ, ਅੰਤਮ ਵੇਲਾ ਆਇਆ । ਨੌ ਖੰਡ ਸੱਤ ਦੀਪ ਹਰਿ ਸ਼ਾਹੋ ਸ਼ਾਬਾਸ਼, ਏਕਾ ਜੋਤੀ ਨੂਰ ਜਗਾਇਆ । ਲੱਖ ਚੁਰਾਸੀ ਰੱਖੇ ਵਾਸ, ਆਤਮ ਸੇਜਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਨੇਹੜਾ ਮਾਤ ਭੇਜ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਨਰ ਨਰਾਇਣ ਅਵਤਾਰ, ਨਿਰਗੁਣ ਰੂਪ ਸਮਾਇਆ । ਸਰਗੁਣ ਕਰੇ ਖ਼ਬਰਦਾਰ, ਸ਼ਬਦ ਡੰਕਾ ਇਕ ਵਜਾਇਆ । ਨੌ ਦਵਾਰੇ ਵਸਿਆ ਬਾਹਰ, ਪੰਚਮ ਧਾੜ ਨੇੜ ਨਾ ਆਇਆ । ਸੁਖਮਨ ਨਾੜੀ ਪਾਰ ਕਿਨਾਰ, ਆਪਣੀ ਆਪੇ ਰਿਹਾ ਕਰਾਇਆ । ਸਹੰਸ ਦਲ ਚਰਨ ਧੋਵੇ ਰੋਵੇ ਜ਼ਾਰੋ ਜ਼ਾਰ, ਬੈਠਾ ਮੁਖ ਖੁਲ੍ਹਾਇਆ । ਪ੍ਰਭ ਅਬਿਨਾਸ਼ੀ ਤੇਰਾ ਦਰਸ ਅਪਾਰ, ਜੋਤ ਨਿਰੰਜਣ ਰਿਹਾ ਦਰਸ ਦਿਖਾਇਆ । ਆਪੇ ਵੇਖੇ ਦਸਮ ਦਵਾਰ, ਸ਼ਬਦ ਖੰਡਾ ਕੁੰਡਾ ਲਾਹਿਆ । ਜੋਤ ਸਰੂਪੀ ਕਰ ਆਕਾਰ, ਸ਼ਬਦ ਸਿੰਘਾਸਣ ਆਸਣ ਲਾਇਆ । ਉਪਰ ਬੈਠ ਸੱਚੀ ਸਰਕਾਰ, ਸਚ ਸੁਲਤਾਨ ਆਪ ਅਖਵਾਇਆ । ਨਿਰਗੁਣ ਨਿਰਾਧਾਰ ਏਕਾ ਧਾਰ, ਸਤਿ ਸਫੇਦੀ ਰਿਹਾ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਰਤ ਸਵਾਣੀ ਲਏ ਪਰਨਾਇਆ । ਸੁਰਤ ਸ਼ਬਦ ਸਾਚਾ ਮੇਲਾ, ਆਪਣਾ ਆਪ ਕਰਾਇਆ । ਮਿਟਿਆ ਭੇਵ ਗੁਰੂ ਗੁਰ ਚੇਲਾ, ਏਕਾ ਅੰਗ ਸਮਾਇਆ । ਆਪੇ ਹੋਇਆ ਸੱਜਣ ਸੁਹੇਲਾ, ਆਪਣਾ ਲੜ ਫੜਾਇਆ । ਦਸਮ ਦਵਾਰੀ ਕਰ ਤਿਆਰੀ, ਆਪਣਾ ਚਰਨ ਰਖਾਇਆ । ਚੌਥੇ ਘਰ ਹਰਿ ਨਿਰੰਕਾਰੀ, ਏਕਾ ਧਾਮ ਸੁਹਾਇਆ । ਨਾ ਕੋਈ ਵਜਾਏ ਨਾਦ ਨਦ, ਨਾ ਕੋਈ ਸੁਣ ਸੁਣਾਇਆ । ਏਕਾ ਏਕ ਹਰਿ ਬ੍ਰਹਿਮਦ, ਪਾਰਬ੍ਰਹਮ ਅਖਵਾਇਆ । ਸੰਤ ਸੁਹੇਲੇ ਲਏ ਸੱਦ, ਆਪ ਆਪਣਾ ਘਰ ਵਸਾਇਆ । ਆਪੇ ਜਾਣੇ ਬੋਧ ਅਗਾਧ, ਅਗਾਧ ਬੋਧਾ ਆਪ ਅਖਵਾਇਆ । ਹਰਿਜਨ ਮੇਲਾ ਮਾਧਵ ਮਾਧ, ਮੋਹਣੀ ਮੋਹਣ ਰੂਪ ਵਟਾਇਆ । ਆਪੇ ਸੰਤ ਆਪੇ ਸਾਧ, ਆਪੇ ਸਤਿਗੁਰ ਵਿਚ ਸਮਾਇਆ । ਸੰਤ ਸੁਹੇਲੇ ਜੁਗ ਜੁਗ ਲਾਧ, ਆਪ ਆਪਣਾ ਮੇਲ ਮਿਲਾਇਆ । ਜਨ ਭਗਤਾਂ ਦੇਵੇ ਨਾਮ ਦਾਦ,

੬੨੬
੦੬

ਏਕਾ ਭਿਛਿਆ ਪਾਇਆ । ਦਿਵਸ ਰੈਣ ਰਹੇ ਅਰਾਧ, ਅੰਤਮ ਇਛਿਆ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਵ ਜੰਤ ਬਾਲ ਅੰਞਾਣ ਕਿਸੇ ਦਿਸ ਨਾ ਆਇਆ । ਜਨ ਭਗਤਾਂ ਦਰ ਦਵਾਰੇ ਰਿਹਾ ਸੇਵ ਕਮਾਇਆ । ਸ਼ਬਦ ਗੁਰ ਵਡ ਬਲਵਾਨ, ਏਕਾ ਏਕ ਅਖਵਾਇੰਦਾ । ਨਾ ਕੋਈ ਰੱਖੇ ਤੀਰ ਕਮਾਨ, ਸ਼ਸਤਰ ਬਸਤਰ ਨਾ ਕੋਈ ਸਜਾਇੰਦਾ । ਨਾ ਕੋਈ ਭੂਮਿਕਾ ਨਾ ਅਸਥਾਨ, ਨਾ ਕੋਈ ਵੰਡ ਵੰਡਾਇੰਦਾ । ਨਾ ਕੋਈ ਕਰਮ ਨਾ ਕੋਈ ਧਰਮ, ਨਾ ਕੋਈ ਬ੍ਰਹਮ ਨਾ ਕੋਈ ਗਿਆਨ, ਨਾ ਕੋਈ ਧਿਆਨ ਲਗਾਇੰਦਾ । ਏਕਾ ਏਕ ਆਪ ਮਿਹਰਵਾਨ, ਮਿਹਰਵਾਨਾ ਨਾਉਂ ਰਖਾਇੰਦਾ । ਜੁਗ ਜੁਗ ਦੇਵਣਹਾਰਾ ਦਾਨ, ਦਾਤਾ ਦਾਨੀ ਆਪ ਅਖਵਾਇੰਦਾ । ਪਰਗਟ ਹੋ ਵਿਚ ਜਹਾਨ, ਸਤਿਗੁਰ ਸਾਚਾ ਰੂਪ ਵਟਾਇੰਦਾ । ਜਨ ਭਗਤਾਂ ਦੇਵੇ ਨਾਮ ਨਿਸ਼ਾਨ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਜੇਰਜ ਅੰਡਾਂ ਪਾਵੇ ਆਣ, ਉਤਭੁਜ ਸੇਤਜ ਮਾਰਗ ਲਾਇੰਦਾ । ਵਰਨ ਅਵਰਨਾ ਇਕ ਭਗਵਾਨ, ਸਾਚੀ ਸਰਨਾ ਇਕ ਰਖਾਇੰਦਾ । ਹਰਨਾ ਫਰਨਾ ਖੋਲ੍ਹ ਦੇਵੇ ਦਰਸ ਮਹਾਨ, ਜਿਸ ਜਨ ਦਇਆ ਕਮਾਇੰਦਾ । ਭਰਮੇ ਭੁੱਲੇ ਜੀਵ ਸ਼ੈਤਾਨ, ਪੰਚਾਂ ਸੰਗ ਨਿਭਾਇੰਦਾ । ਜਨ ਭਗਤਾਂ ਦੇਵੇ ਨਾਮ ਬਿਬਾਨ, ਅੰਤਮ ਆਪ ਚੜ੍ਹਾਇੰਦਾ । ਆਪੇ ਹੋਇਆ ਨਿਗਾਹਬਾਨ, ਪਿੱਛੇ ਅੱਗੇ ਸੇਵ ਕਮਾਇੰਦਾ । ਹਰਿਜਨ ਸਾਚੇ ਚਤਰ ਸੁਘੜ ਸਿਆਨ, ਏਕਾ ਜੋਤੀ ਮੇਲ ਮਿਲਾਇੰਦਾ । ਚਰਨ ਕਵਲ ਪ੍ਰਭ ਬਖ਼ਸ਼ੇ ਇਕ ਧਿਆਨ, ਲੱਖ ਚੁਰਾਸੀ ਫੰਦ ਕਟਾਇੰਦਾ । ਔਖੀ ਘਾਟੀ ਵਿਚ ਜਹਾਨ, ਬੱਤੀ ਦੰਦ ਰਸਨਾ ਜਿਹਵਾ ਜਨ ਹਰਿ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਵਰ ਦਾਤਾ ਆਪ ਅਖਵਾਇੰਦਾ । ਹਰਿਜਨ ਸਾਚਾ ਸਾਜਣ ਮੀਤ, ਮਿਲਿਆ ਕੰਤ ਭਤਾਰਾ । ਏਕਾ ਸੁਣਿਆ ਸੁਹਾਗੀ ਗੀਤ, ਨਾਤਾ ਤੁੱਟਾ ਨੌ ਦਵਾਰਾ । ਪਾਰਬ੍ਰਹਮ ਪ੍ਰਭ ਵਸਿਆ ਚੀਤ, ਮਿਲਿਆ ਇਕ ਸਹਾਰਾ । ਆਪੇ ਜਾਣੇ ਆਪਣੀ ਰੀਤ, ਜੁਗ ਜੁਗ ਲਏ ਮਾਤ ਅਵਤਾਰਾ । ਨਾ ਕੋਈ ਦਿਹੁਰਾ ਮੰਦਰ ਮਸੀਤ, ਕਾਇਆ ਸੱਚਾ ਸਚ ਗੁਰਦਵਾਰਾ । ਮਨਮੁਖਾਂ ਸੁੱਤਾ ਦੇ ਕਰ ਪੀਠ, ਆਤਮ ਹੋਈ ਅੰਧ ਅੰਧਿਆਰਾ । ਜਿਸ ਜਨ ਦੇਵੇ ਨਾਮ ਸ਼ਬਦ ਅਨਡੀਠ, ਆਪੇ ਖੋਲ੍ਹੇ ਬੰਦ ਕਿਵਾੜਾ । ਜੂਠਾ ਝੂਠਾ ਕਾਇਆ ਕੌੜਾ ਰੀਠ, ਅੰਮ੍ਰਿਤ ਸਰ ਨੁਹਾਏ ਦੁਰਮਤ ਮੈਲ ਗਵਾਏ ਕਰੇ ਪਾਰ ਉਤਾਰਾ । ਨਾਮ ਸ਼ਬਦ ਸਾਚਾ ਮੀਠ, ਏਕਾ ਰਸ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਵਖਾਏ ਸਚ ਭੰਡਾਰਾ । ਹਰਿ ਸ਼ਬਦ ਏਕਾ ਏਕ ਰਖਾਇਆ । ਜੁਗ ਜੁਗ ਕਰੇ ਵਰਤਾਰ, ਵਰਤਾਵਣਹਾਰ ਆਪ ਅਖਵਾਇਆ । ਕਲਜੁਗ ਤੇਰੀ ਅੰਤਮ ਵਾਰ, ਕੇਸਾਧਾਰੀ ਭੇਖ ਵਟਾਇਆ । ਸ਼ਬਦ ਡੰਕਾ ਅਪਰ ਅਪਾਰ, ਰਾਓ ਰੰਕਾਂ ਰਿਹਾ ਜਣਾਇਆ । ਵੇਖ ਵਖਾਏ ਸ੍ਰਿਸ਼ਟ ਸਬਾਈ ਪਾਵੇ ਸਾਰ, ਵੇਖਣਹਾਰਾ ਦਿਸ ਨਾ ਆਇਆ । ਇਕ ਇਕੱਲਾ ਏਕੰਕਾਰ, ਏਕਾ ਧਾਰ ਰਿਹਾ ਚਲਾਇਆ । ਨਾਮ ਖੰਡਾ ਤੇਜ ਕਟਾਰ, ਚਾਰ ਵਰਨਾਂ ਰਿਹਾ ਵਖਾਇਆ । ਊਚਾਂ ਨੀਚਾਂ ਭੇਵ ਨਿਵਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਥਾਂ ਬਹਾਇਆ । ਏਕਾ ਅੱਖਰ ਵਣਜ ਵਪਾਰ, ਜੰਤ ਜਹਾਨਾਂ ਰਿਹਾ ਕਰਾਇਆ । ਬਜਰ ਕਪਾਟੀ ਪੱਥਰ ਪਾੜ, ਔਖੀ ਘਾਟੀ ਦਏ ਚੜ੍ਹਾਇਆ । ਵਾ ਨਾ ਲੱਗੇ ਤਤੀ ਹਾੜ, ਅੰਮ੍ਰਿਤ ਠੰਢਾ ਨੀਰ ਵਰਤਾਇਆ । ਪੰਚ ਵਿਕਾਰਾ ਦੇਵੇ ਸਾੜ, ਹਉਮੇ ਪੀੜ ਕਢਾਇਆ । ਆਪੇ ਹੋਇਆ ਪਿੱਛੇ ਅਗਾੜ, ਏਕਾ ਪੱਲੂ ਨਾਮ ਫੜਾਇਆ । ਦਰ ਘਰ ਸਾਚੇ ਦੇਵੇ ਵਾੜ, ਗੁਰ ਸ਼ਬਦੀ ਮੇਲ ਮਿਲਾਇਆ । ਗੁਰ ਸ਼ਬਦ ਅਪਰ ਅਪਾਰ, ਹਰ ਘਟ ਵੇਖ ਵਖਾਈਆ । ਤੀਰਥ ਤਟ ਨਾ ਕੋਈ

੬੨੭
੦੬

ਦਏ ਉਧਾਰ, ਨੁਹਾ ਨੁਹਾ ਥੱਕੇ ਜੀਵ ਸਬਾਇਆ । ਹਰਿ ਗੁਣ ਰਸਨਾ ਜਿਹਵਾ ਹਰਿਜਨ ਰਹੇ ਉਚਾਰ, ਪ੍ਰਭ ਚਰਨ ਕਵਲ ਧਿਆਨ ਲਗਾਇਆ । ਅੰਦਰ ਮੰਦਰ ਪਾਵੇ ਸਾਰ, ਡੂੰਘੀ ਕੰਦਰ ਡੇਰਾ ਲਾਇਆ । ਆਪੇ ਤੋੜੇ ਹੰਕਾਰੀ ਜੰਦਰ, ਸ਼ਬਦ ਖੰਡਾ ਹੱਥ ਉਠਾਇਆ । ਮੇਲ ਮਿਲਾਵੇ ਸਾਚੇ ਮੰਦਰ, ਨੌ ਦਰਵਾਜ਼ੇ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵਸਿਆ ਆਤਮ ਘਰ, ਨਿਝ ਆਤਮ ਆਸਣ ਲਾਇਆ । ਨਿਝ ਆਸਣ ਹਰਿ ਬਿਸਰਾਮ, ਆਪਣਾ ਆਪ ਕਰਾਇਆ । ਆਪੇ ਆਪ ਰਮਈਆ ਰਾਮ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਆਪੇ ਮਦਿ ਆਤਮ ਜਾਮ, ਆਪੇ ਸਾਕੀ ਬਣ ਪਿਆਇਆ । ਆਪੇ ਦੇਵੇ ਸਾਚਾ ਦਾਮ, ਆਪੇ ਬੰਦ ਤਾਕੀ ਰਿਹਾ ਖੁਲ੍ਹਾਇਆ । ਆਪੇ ਜਾਣੇ ਆਪਣਾ ਕਾਮ, ਬੰਦਾ ਖ਼ਾਕੀ ਭੇਵ ਨਾ ਪਾਇਆ । ਕਲਜੁਗ ਤੇਰੀ ਅੰਧੇਰੀ ਸ਼ਾਮ, ਸਤਿਗੁਰ ਸਾਚਾ ਸ਼ਬਦ ਰਾਕੀ ਏਕਾ ਘੋੜੇ ਚੜ੍ਹ ਕੇ ਆਇਆ । ਵੇਖ ਵਖਾਣੇ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਕਾਇਆ ਚਾਮ, ਲਹਿਣਾ ਦੇਣਾ ਮੂਲ ਚੁਕਾਇਆ । ਏਕਾ ਏਕ ਸੁਹਾਏ ਸਾਚਾ ਧਾਮ, ਗੁਰਸਿਖ ਕਾਇਆ ਸੇਜ ਵਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਗ ਜਗਤ ਜੁਗ ਆਪਣੇ ਹੱਥ ਰਖਾਇਆ । ਜੋਗ ਜੁਗਤ ਜਗਤ ਕਰਤਾਰ, ਆਪਣੇ ਹੱਥ ਰਖਾਈਆ । ਭਗਤ ਸੁਹੇਲਾ ਮੀਤ ਮੁਰਾਰ, ਦਿਵਸ ਰੈਣ ਸੇਵ ਕਮਾਈਆ । ਇਕ ਇਕੇਲਾ ਵਿਚ ਸੰਸਾਰ, ਵਰਭੰਡੀ ਬਣਤ ਬਣਾਈਆ । ਮੇਟ ਮਿਟਾਏ ਭੇਖ ਪਖੰਡੀ, ਭੇਖ ਪਖੰਡਾ ਰਹਿਣ ਨਾ ਪਾਈਆ । ਸ਼ਬਦ ਫੜੇ ਹੱਥ ਸਾਚੀ ਚੰਡੀ, ਦੋਵੇਂ ਧਾਰ ਰਿਹਾ ਚਮਕਾਈਆ । ਜੂਠੀ ਝੂਠੀ ਲੱਗੀ ਮੰਡੀ, ਮਨਮਤ ਫਿਰੇ ਹਲਕਾਈਆ । ਸਾਧ ਸੰਤ ਲੋਕਮਾਤ ਪਾਇਣ ਵੰਡੀ, ਆਪਣਾ ਆਪਣਾ ਬੈਠੇ ਰਾਹ ਚਲਾਈਆ । ਮਨਮੁਖ ਜੀਵਾਂ ਵੱਢੇ ਕੰਡੀ, ਦਿਵਸ ਰੈਣ ਵਾਹੋ ਦਾਹੀਆ । ਪਾਰਬ੍ਰਹਮ ਤੇਰੇ ਮਿਲਣ ਦੀ ਏਕਾ ਡੰਡੀ, ਨਾਨਕ ਕਬੀਰਾ ਗਿਆ ਗਾਈਆ । ਮਨਮੁਖ ਜੀਵਾਂ ਆਤਮ ਰੰਡੀ, ਕੰਤ ਸੁਹਾਗ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਕਲਜੁਗ ਤੇਰਾ ਭੇਖ ਪਖੰਡਾ, ਪ੍ਰਭ ਸਾਚੇ ਅੰਤ ਮਿਟਾਵਣਾ । ਆਪੇ ਵੇਖੇ ਨੌ ਨੌਂ ਖੰਡਾ, ਕੁਲਾਖੰਡ ਹਿਲਾਵਣਾ । ਇਲਾਬ੍ਰਤ ਤੇਰੀ ਪਾਏ ਵੰਡਾ, ਕੇਤਮਾਲ ਨਾਲ ਰਲਾਵਣਾ । ਕਿੰਪੁਰਸ਼ ਵਖਾਏ ਏਕਾ ਡੰਡਾ, ਹਰਿਵਰਖ ਹਰਿ ਪੁਰਖ ਮਨਾਵਣਾ । ਹਰਣਯਮਹ ਤੇਰੀ ਆਤਮ ਰੰਡਾ, ਰੰਡ ਰੰਡੇਪਾ ਇਕ ਹੰਢਾਵਣਾ । ਰਮਕ ਵੇਖੇ ਆਤਮ ਅੰਧਾ, ਅੰਧ ਅੰਧੇਰ ਇਕ ਰਖਾਵਣਾ । ਭਦਰ ਰੋਏ ਭਾਗਾਂ ਮੰਦਾਂ, ਭਰਮ ਗੜ੍ਹ ਨਾ ਕਿਸੇ ਤੁੜਾਵਣਾ । ਭਾਰਤ ਖੰਡ ਤੇਰੀ ਪਈ ਵੰਡਾ, ਪ੍ਰਭ ਸਾਚਾ ਧਾਮ ਸੁਹਾਵਣਾ । ਵੇਖ ਵਖਾਣੇ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਵਣਾ । ਖੇਲੇ ਖੇਲ ਵਿਚ ਬ੍ਰਹਿਮੰਡਾਂ, ਲੋਆਂ ਪੁਰੀਆਂ ਆਪ ਉਠਾਵਣਾ । ਸੂਰਜ ਚੰਨ ਰਵ ਸਸ ਤਾਰਾ ਮੰਡਲ ਨਾ ਕੋਈ ਦਿਸੇ ਚੰਨ ਚੰਦਾ, ਹਰਿ ਸਾਚੇ ਮੇਟ ਮਿਟਾਵਣਾ । ਨਾ ਕੋਈ ਦਿਸੇ ਖ਼ਾਕੀ ਬੰਦਾ, ਪੰਜ ਤਤ ਚੋਲਾ ਨਾ ਕਿਸੇ ਹੰਢਾਵਣਾ । ਨਾ ਕੋਈ ਸੁਣਾਏ ਸੁਹਾਗੀ ਛੰਦਾ, ਰਾਗ ਰਾਗਣੀ ਕਿਸੇ ਨਾ ਗਾਵਣਾ । ਨਾ ਕੋਈ ਖ਼ੁਸ਼ੀ ਕਰਾਏ ਬੰਦ ਬੰਦਾ, ਅੰਮ੍ਰਿਤ ਜਾਮ ਨਾ ਕਿਸੇ ਪਿਆਵਣਾ । ਮਨਮੁਖ ਜੀਵ ਆਤਮ ਅੰਧਾ, ਰੁੱਠਾ ਮਾਤ ਨਾ ਕਿਸੇ ਮਨਾਵਣਾ । ਧਰਮ ਰਾਏ ਗਲ ਪਾਏ ਫੰਦਾ, ਅੰਤ ਹਿਸਾਬ ਚੁਕਾਵਣਾ । ਕੁੰਭੀ ਨਰਕ ਮਾਰੇ ਜਿੰਦਾ, ਜਨਮੀ ਜਨਮ ਭਵਾਵਣਾ । ਸਤਿਗੁਰ ਪੂਰਾ ਜਾਣੇ ਆਪਣਾ ਆਪੇ ਧੰਦਾ, ਜੁਗ ਜੁਗ ਖੇਲ ਖਿਲਾਵਣਾ । ਭਗਤ ਜਨਾਂ ਹਰਿ ਸਦ ਬਖ਼ਸ਼ਿੰਦਾ, ਆਪ ਆਪਣਾ ਮੇਲ ਮਿਲਾਵਣਾ । ਸਾਚਾ ਧਾਮ ਇਕ ਸੁਹੰਦਾ, ਗੁਰਮੁਖ ਤੇਰੀ ਆਤਮ

੬੨੮
੦੬

ਸੇਜਾ ਡੇਰਾ ਲਾਵਣਾ । ਆਪੇ ਜਾਣੇ ਪਾਰ ਕੰਢਾ, ਆਰ ਪਾਰ ਵੇਖ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਿਮੰਡ ਜੇਰਜ ਅੰਡ ਨੌ ਖੰਡ ਆਪਣਾ ਆਪ ਕਰਾਵਣਾ ।

ਹਰਿ ਜੋਤ ਅਗੰਮ ਅਥਾਹ ਬੇਪਰਵਾਹੀਆ । ਸ਼ਬਦ ਉਪਾਏ ਸਚ ਮਲਾਹ, ਆਪ ਆਪਣੀ ਦਇਆ ਕਮਾਈਆ । ਲੋਆਂ ਪੁਰੀਆਂ ਦਏ ਵਸਾ, ਬ੍ਰਹਿਮੰਡਾਂ ਵੰਡ ਵੰਡਾਈਆ । ਆਪ ਧਰਾਏ ਆਪਣਾ ਨਾਂ, ਨਰ ਨਿਰੰਕਾਰਾ ਆਪ ਅਖਵਾਈਆ । ਵੇਖ ਵਖਾਣੇ ਥਾਉਂ ਥਾਂ, ਹਰ ਘਟ ਬੈਠਾ ਆਸਣ ਲਾਈਆ । ਆਪੇ ਪਿਤਾ ਆਪੇ ਮਾਂ, ਗੁਰ ਪੀਰ ਅਵਤਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਘਰ ਸੁਹਾਈਆ । ਜੋਤ ਅਗੰਮ ਬੇਪਰਵਾਹ, ਬੇਅੰਤ ਬੇਅੰਤ ਬੇਅੰਤਿਆ । ਨਾ ਕੋਈ ਦਮ ਨਾ ਕੋਈ ਸਾਹ, ਨਾ ਕੋਈ ਸਾਜਣ ਸੰਤਿਆ । ਨਾ ਕੋਈ ਮੀਤ ਨਾ ਕੋਈ ਮੁਰਾਰ, ਨਾ ਕੋਈ ਨਾਰੀ ਕੰਤਿਆ । ਨਾ ਕੋਈ ਦੇਵੇ ਠੰਢੀ ਛਾਂ, ਨਾ ਕੋਈ ਰੁੱਤ ਬਸੰਤਿਆ । ਨਾ ਕੋਈ ਫੜੇ ਕਿਸੇ ਬਾਂਹ, ਨਾ ਕੋਈ ਜੋਗ ਜੁਗੰਤਿਆ । ਆਪੇ ਜਾਣੇ ਆਪਣਾ ਨਾਂ, ਆਪ ਆਪਣੇ ਧਾਮ ਰਹੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਖੇਲ ਸਚ ਖਿਲੰਤਿਆ । ਜੋਤ ਅਗੰਮ ਅਥਾਹ, ਨੂਰੋ ਨੂਰ ਸਮਾਇਆ । ਸ਼ਬਦ ਉਪਜਾਏ ਸਾਚੀ ਤੂਰ, ਸਾਚਾ ਸੁਤ ਉਪਾਇਆ । ਆਪੇ ਵੇਖੇ ਨੇੜੇ ਦੂਰ, ਦੂਰ ਦੁਰਾਡੇ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਸਾ ਮਨਸਾ ਪੂਰ ਆਪ ਅਖਵਾਇਆ । ਸ਼ਬਦ ਸੁਤ ਹਰਿ ਬਲਵਾਨ, ਏਕਾ ਏਕ ਅਖਵਾਇਆ । ਆਪ ਬਿਠਾਏ ਸਚ ਬਿਬਾਨ, ਚਾਰੋਂ ਕੁੰਟ ਰਿਹਾ ਫਿਰਾਇਆ । ਅੱਠੇ ਪਹਿਰ ਨਿਗਾਹਬਾਨ, ਦਿਵਸ ਰੈਣ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਦਾਨ ਆਪਣੀ ਹੱਥੀਂ ਗੁਰ ਸ਼ਬਦੀ ਝੋਲੀ ਪਾਇਆ । ਸ਼ਬਦ ਮੰਗੇ ਮੰਗ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਚਾੜ੍ਹੇ ਰੰਗ, ਉਤਰ ਨਾ ਜਾਏ ਵਿਚ ਸੰਸਾਰਿਆ । ਲੋਆਂ ਪੁਰੀਆਂ ਜਾਵਾਂ ਲੰਘ, ਰਾਹ ਵਿਚ ਨਾ ਕੋਈ ਅਟਕਾ ਰਿਹਾ । ਏਕਾ ਡੋਰ ਲਾਲ ਪਤੰਗ, ਲਾਲ ਡੋਰੀ ਇਕ ਵਖਾ ਰਿਹਾ । ਕੰਚਨ ਗੜ੍ਹ ਵੇਖ ਪਲੰਘ, ਉਪਰ ਆਸਣ ਲਾ ਰਿਹਾ । ਆਪ ਆਪਣਾ ਰੱਖਣਾ ਸੰਗ, ਤੇਰੀ ਓਟ ਤਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾ ਰਿਹਾ । ਸ਼ਬਦ ਸੁਤ ਬਾਲ ਨਿਧਾਨ, ਪ੍ਰਭ ਸਾਚਾ ਆਪ ਸੁਣਾਇੰਦਾ । ਏਕਾ ਬਖ਼ਸ਼ੇ ਚਰਨ ਧਿਆਨ, ਏਕਾ ਰਾਹ ਵਿਖਾਇੰਦਾ । ਏਕਾ ਓਟ ਹਰਿ ਭਗਵਾਨ, ਸਾਚੀ ਸਿਖਿਆ ਦੇ ਸਮਝਾਇੰਦਾ । ਜੋਤੀ ਨੂਰ ਸਚ ਮਹਾਨ, ਏਕਾ ਏਕ ਵਖਾਇੰਦਾ । ਆਪ ਬਿਠਾਏ ਆਪਣੇ ਹਰਿ ਬਿਬਾਨ, ਨੌ ਖੰਡ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬ੍ਰਹਮਾ ਸ਼ਿਵ ਦੇਵਤ ਸੁਰ ਲਏ ਵਰ, ਸ਼ਬਦੀ ਬਣਤ ਬਣਾਇੰਦਾ । ਸ਼ਬਦ ਸੁਤ ਹੋ ਤਿਆਰ, ਚਾਰੋਂ ਕੁੰਟ ਵੇਖ ਵਿਖਾਇੰਦਾ । ਪੁਰਖ ਅਬਿਨਾਸ਼ੀ ਤੇਰੀ ਧਾਰ, ਏਕਾ ਰੂਪ ਸਮਾਇੰਦਾ । ਇਕ ਇਕੱਲਾ ਏਕੰਕਾਰ, ਏਕਾ ਰੰਗ ਰੰਗਾਇੰਦਾ । ਇਕ ਵਖਾਇਆ ਸਚ ਮਹੱਲਾ, ਦੂਆ ਹੋਰ ਨਾ ਕੋਈ ਨਜ਼ਰੀ ਆਇੰਦਾ । ਦੀਪਕ ਜੋਤੀ ਏਕਾ ਬੱਲਾ, ਏਕਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਆਪ ਆਪਣਾ ਮੇਲ ਮਿਲਾਇੰਦਾ । ਸ਼ਬਦ ਸੁਤ

੬੩੯
੦੬

ਚੜ੍ਹਿਆ ਚਾਅ, ਪ੍ਰਭ ਦਰ ਖ਼ੁਸ਼ੀ ਮਨਾਈਆ । ਆਦਿ ਪੁਰਖ ਜੋਤ ਨਿਰੰਜਣ ਕਰ ਸਲਾਹ, ਜਗਤ ਮਲਾਹ ਬਣਾਈਆ । ਆਪ ਵਖਾਇਆ ਆਪਣਾ ਰਾਹ, ਆਪੇ ਬੂਝ ਬੁਝਾਈਆ । ਆਪੇ ਹੋਇਆ ਪਿਤਾ ਮਾਂ, ਆਪ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਸਾਚੀ ਸਿਖਿਆ ਇਕ ਸਮਝਾਈਆ । ਸ਼ਬਦ ਸੁਤ ਕਰ ਪਿਆਰ, ਹਰਿ ਸੁਣਾਏ ਏਕਾ ਰਾਗਿਆ । ਇਕ ਇਕੱਲਾ ਏਕਾ ਧਾਰ, ਏਕਾ ਦੇਵੇ ਨਾਮ ਵੈਰਾਗਿਆ । ਜਲਾਂ ਥਲਾਂ ਪਾਵੇ ਸਾਰ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਫਿਰੇ ਭਾਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਤੇਰਾ ਦਰ, ਦਰ ਦਵਾਰਾ ਏਕਾ ਜਾਗਿਆ । ਸ਼ਬਦ ਸੁਤ ਉਠ ਜਾਗ, ਹਰਿ ਸਾਚਾ ਆਪ ਜਗਾਇੰਦਾ । ਬ੍ਰਹਿਮੰਡ ਖੰਡ ਹੱਥ ਤੇਰੇ ਵਾਗ, ਆਪਣੀ ਹੱਥੀਂ ਆਪ ਫੜਾਇੰਦਾ । ਲੱਖ ਚੁਰਾਸੀ ਬੰਨ੍ਹਣਾ ਤਾਗ, ਏਕਾ ਡੋਰੀ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤ ਦੁਲਾਰੇ ਦੇਵੇ ਵਰ, ਪੂਰਨ ਇਛਿਆ ਆਪ ਕਰਾਇੰਦਾ । ਸੁਤ ਦੁਲਾਰ ਵਰ ਘਰ ਪਾਇਆ, ਪਾਇਆ ਪੁਰਖ ਅਗੰਮਾ । ਆਪ ਆਪਣਾ ਮੇਲ ਮਿਲਾਇਆ, ਨਾ ਕੋਈ ਮਰੇ ਨਾ ਜਾਇਆ ਨਾ ਮੁਖ ਮੁੰਮਾ । ਭਾਈ ਭੈਣ ਸਾਕ ਸੈਣ ਨਾ ਕੋਈ ਅਖਵਾਇਆ, ਪੰਜ ਤਤ ਹੱਡ ਮਾਸ ਨਾੜੀ ਨਾ ਕੋਈ ਦੀਸੇ ਚੰਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਤੇਰਾ ਦਰ, ਆਪ ਲਗਾਇਆ ਆਪਣਾ ਕੰਮਾ । ਸ਼ਬਦ ਸੁਤ ਤੇਰਾ ਸਾਚਾ ਕਾਜ, ਪ੍ਰਭ ਆਪਣਾ ਆਪ ਰਚਾਇੰਦਾ । ਏਕਾ ਦੇਵੇ ਸਾਚਾ ਦਾਜ, ਧੁਰਦਰਗਾਹੀ ਹੱਥ ਫੜਾਇੰਦਾ । ਅਗੰਮ ਅਗੰਮੀ ਧੁਨ ਆਤਮਕ ਮਾਰੀ ਏਕਾ ਆਵਾਜ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਦੋ ਜਹਾਨੀ ਆਉਣਾ ਜਾਣਾ ਭਾਗ, ਏਕਾ ਪੰਧ ਰਖਾਇੰਦਾ । ਲੋਆਂ ਪੁਰੀਆਂ ਵੇਖਣਾ ਜੋਤੀ ਜਗੇ ਚਿਰਾਗ, ਤੇਰਾ ਸੰਗ ਨਿਭਾਇੰਦਾ । ਲੱਖ ਚੁਰਾਸੀ ਲਾਉਣੀ ਜਾਗ, ਨਿਰਗੁਣ ਰੂਪ ਸਮਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਹੱਥ ਪਕੜੀ ਤੇਰੇ ਵਾਗ, ਤ੍ਰੈਗੁਣ ਮਾਇਆ ਤੇਰਾ ਤਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਏਕਾ ਮਤ ਸਮਝਾਇੰਦਾ । ਏਕਾ ਮਤ ਏਕਾ ਨੱਤ, ਏਕਾ ਬ੍ਰਹਮ ਗਿਆਨਿਆ । ਏਕਾ ਧੀਰਜ ਏਕਾ ਯਤ, ਏਕਾ ਸਤਿ ਸ੍ਰੀ ਭਗਵਾਨਿਆ । ਏਕਾ ਰਤ ਏਕਾ ਹੱਠ ਏਕਾ ਇਕੱਠ, ਵੇਖ ਵਖਾਣੇ ਇਕ ਦੁਕਾਨਿਆ । ਲੋਆਂ ਪੁਰੀਆਂ ਵੇਖਣਾ ਨੱਠ ਨੱਠ, ਚਾਰੋਂ ਕੁੰਟਾਂ ਫੋਲ ਫੁਲਾਨਿਆ । ਲੱਖ ਚੁਰਾਸੀ ਕਾਇਆ ਤਪਿਆ ਮਠ, ਜਗੇ ਜੋਤ ਗੁਣ ਨਿਧਾਨਿਆ । ਸ਼ਬਦ ਖੇੜਾ ਜਾਏ ਵਸ, ਸਾਚੀ ਧੁਨ ਉਪਜਾਨਿਆ । ਆਪ ਆਪਣਾ ਰਾਹ ਰਿਹਾ ਦੱਸ, ਖੇਲੇ ਖੇਲ ਦੋ ਜਹਾਨਿਆ । ਨਾ ਕੋਈ ਭੇਵ ਜਾਣੇ ਰਵ ਸਸ, ਸੂਰਜ ਚੰਨ ਨਾ ਵੇਖ ਵਖਾਨਿਆ । ਤਾਰਾ ਮੰਡਲ ਕੁਛ ਨਾ ਸਕੇ ਦੱਸ, ਨਾ ਕੋਈ ਜ਼ਿਮੀ ਅਸਮਾਨਿਆ । ਪੁਰਖ ਅਬਿਨਾਸ਼ੀ ਜੋਤ ਸਰੂਪ ਸ਼ਬਦ ਸੁਤ ਹੋਏ ਵਸ, ਆਪ ਆਪਣਾ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਵਰ ਗੁਣ ਨਿਧਾਨਿਆ । ਸ਼ਬਦ ਸੁਤ ਵੇਖ ਦਰ, ਪ੍ਰਭ ਅੱਗੇ ਕਰੇ ਅਰਦਾਸਿਆ । ਏਕਾ ਏਕ ਮਿਲਿਆ ਵਰ, ਚਰਨ ਕਵਲ ਭਰਵਾਸਿਆ । ਨਾ ਕੋਈ ਨਾਰੀ ਨਾ ਕੋਈ ਨਰ, ਮੰਡਲ ਮੰਦਰ ਰੱਖਿਆ ਵਾਸਿਆ । ਨਾ ਕੋਈ ਸਰੋਵਰ ਨਾ ਸਰ, ਤੀਰਥ ਤਟ ਨਾ ਕੋਈ ਨਹਾਸਿਆ । ਆਪਣਾ ਭੰਡਾਰਾ ਦਿਤਾ ਭਰ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਇਕ ਦਲਾਸਿਆ । ਸ਼ਬਦ ਸੁਤ ਦਏ ਦਿਲਾਸਾ, ਸੀਸ ਆਪਣਾ ਹੱਥ ਰਖਾਇਆ ।

ਚਰਨ ਕਵਲ ਸਚ ਭਰਵਾਸਾ, ਆਦਿ ਪੁਰਖ ਨਿਰੰਜਣ ਆਪ ਰਖਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼ਾ, ਤੇਰਾ ਸੰਗ ਨਿਭਾਇਆ । ਆਦਿ ਅੰਤ ਨਾ ਹੋਏ ਵਿਨਾਸਾ, ਥਿਰ ਘਰ ਧਾਮ ਸੁਹਾਇਆ । ਨਾ ਕੋਈ ਜਾਣੇ ਦਿਵਸ ਰੈਣ ਬਰਸ ਮਾਸਾ, ਘੜੀ ਪਲ ਨਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਨਿਹਚਲ ਧਾਮ ਸੁਹਾਇਆ । ਸ਼ਬਦ ਸੁਤ ਉਠ ਬਲਕਾਰ, ਸਾਚੀ ਖ਼ੁਸ਼ੀ ਮਨਾਈਆ । ਲੋਕਮਾਤੀ ਕਰ ਵਿਚਾਰ, ਆਪੇ ਕਰੇ ਧਾਈਆ । ਬ੍ਰਹਮਾ ਤ੍ਰੈਗੁਣ ਤਤ ਪਸਾਰ, ਪੰਚਮ ਤਤ ਬਣਤ ਬਣਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਆਪਣੀ ਬੂਝ ਨਾ ਕਿਸੇ ਬੁਝਾਈਆ । ਮਨ ਮਤ ਬੁੱਧ ਕਰ ਪਿਆਰ, ਜੀਵਾਂ ਜੰਤਾਂ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੀ ਵਡਿਆਈਆ । ਸ਼ਬਦ ਸੁਤ ਹਰਿ ਦਏ ਹੁਲਾਰਾ, ਆਪੇ ਆਪ ਹਿਲਾਇੰਦਾ । ਆਪੇ ਜਾਣੇ ਪਾਰ ਕਿਨਾਰਾ, ਆਪੇ ਮੇਲ ਮਿਲਾਇੰਦਾ । ਏਕਾ ਦੂਜਾ ਤੀਜਾ ਭੇਵ ਨਿਆਰਾ, ਚੌਥੇ ਘਰ ਸੁਹਾਇੰਦਾ । ਪੰਚਮ ਮੇਲਾ ਮੀਤ ਮੁਰਾਰਾ, ਸਾਚੇ ਧਾਮ ਰਖਾਇੰਦਾ । ਛੇਵੇਂ ਛੱਪਰ ਛੰਨ ਨਿਆਰਾ, ਦਿਸ ਕਿਸੇ ਨਾ ਆਇੰਦਾ । ਸਤਵੇਂ ਸਤਿ ਪੁਰਖ ਨਿਰੰਜਣ ਅਗੰਮ ਅਪਾਰਾ, ਥਿਰ ਘਰ ਆਸਣ ਲਾਇੰਦਾ । ਅੱਠਾਂ ਤਤਾਂ ਨਰ ਨਿਰੰਕਾਰਾ, ਸਾਚੀ ਬਣਤ ਬਣਾਇੰਦਾ । ਨੌ ਦਵਾਰੇ ਵਸੇ ਬਾਹਰਾ, ਜੀਆਂ ਜੰਤਾਂ ਦਿਸ ਨਾ ਆਇੰਦਾ । ਦਸਮ ਦਵਾਰੀ ਇਕ ਘਰ ਬਾਹਰਾ, ਗੁਰਮੁਖ ਵਿਰਲੇ ਮੇਲ ਮਿਲਾਇੰਦਾ । ਆਤਮ ਸੇਜਾ ਕਰ ਤਿਆਰਾ, ਸ਼ਬਦ ਸਿੰਘਾਸਣ ਆਸਣ ਲਾਇੰਦਾ । ਪੰਚਮ ਧੁਨ ਗਾਇਣ ਵਾਰੋ ਵਾਰਾ, ਸਾਚੀ ਸੇਵ ਕਮਾਇੰਦਾ । ਆਪੇ ਪੁਰਖ ਆਪੇ ਨਾਰਾ, ਨਾਰੀ ਕੰਤਾ ਮੇਲ ਮਿਲਾਇੰਦਾ । ਗੁਰਮੁਖ ਮਿਲਿਆ ਸਚ ਭਤਾਰਾ, ਸਾਚੀ ਸੇਜ ਹੰਢਾਇੰਦਾ । ਕੀਆ ਵਣਜ ਨਾਮ ਵਣਜਾਰਾ, ਸਾਚਾ ਵਣਜ ਕਰਾਇੰਦਾ । ਸੁਰਤ ਸਵਾਣੀ ਭਰ ਭੰਡਾਰਾ, ਸ਼ਬਦੀ ਮੇਲ ਮਿਲਾਇੰਦਾ । ਦਸਮ ਦਵਾਰੀ ਪਾਰ ਕਿਨਾਰਾ, ਸੁੰਨ ਅਗੰਮੇ ਪਾਰ ਕਰਾਇੰਦਾ । ਚੌਥੇ ਘਰ ਖੋਲ੍ਹ ਕਿਵਾੜਾ, ਸੰਤ ਸੁਹੇਲੇ ਆਪ ਮਿਲਾਇੰਦਾ । ਨਾ ਕੋਈ ਦਿਸੇ ਪੰਚਮ ਧਾੜਾ, ਪੰਚਮ ਤਤ ਨਜ਼ਰ ਨਾ ਆਇੰਦਾ । ਨਾ ਕੋਈ ਰਾਗ ਰਾਗਣੀ ਲਾਏ ਅਖਾੜਾ, ਛੱਤੀ ਰਾਗ ਨਾ ਕੋਈ ਗਾਇੰਦਾ । ਨਾ ਕੋਈ ਵੱਜੇ ਬਹੱਤਰ ਨਾੜ ਤਾੜਾ, ਬੱਤੀ ਦੰਦ ਨਾ ਕੋਈ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦਿਤਾ ਵਰ, ਸਾਚਾ ਧਾਮ ਆਪ ਸੁਹਾਇੰਦਾ । ਸਾਚਾ ਧਾਮ ਹਰਿ ਅਵੱਲਾ, ਚੌਥਾ ਦਰ ਰਖਾਇਆ । ਆਪੇ ਬੈਠ ਸਚ ਮਹੱਲਾ, ਗੁਰਮੁਖ ਸਾਚੇ ਲਏ ਫੜ, ਆਪਣਾ ਮੇਲ ਮਿਲਾਇਆ । ਆਤਮ ਵਜਾਏ ਏਕਾ ਨਦ, ਅਨਾਦੀ ਆਪ ਅਖਵਾਇਆ । ਅੰਮ੍ਰਿਤ ਆਤਮ ਜਾਮ ਪਿਆਏ ਸਾਚੀ ਮਦਿ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਬੈਠਾ ਆਸਣ ਲਾਇਆ । ਸ਼ਬਦ ਸੁਤ ਕਰੇ ਸਲਾਹ, ਸਾਚੀ ਖ਼ੁਸ਼ੀ ਮਨਾਈਆ । ਆਪੇ ਬਣਿਆ ਜਗਤ ਮਲਾਹ, ਸੰਤ ਸੁਹੇਲੇ ਰਿਹਾ ਉਠਾਈਆ । ਫੜ ਫੜ ਬਾਹੋਂ ਲਾਏ ਪਾਰ, ਆਪਣੀ ਬੂਝ ਬੁਝਾਈਆ । ਲੱਖ ਚੁਰਾਸੀ ਫੰਦ ਕਟਾ, ਆਵਣ ਜਾਵਣ ਫੰਦ ਕਟਾਈਆ । ਆਪ ਬਹਾਏ ਸਾਚੇ ਥਾਂ, ਊਚ ਅਗੰਮ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੇ ਸ਼ਬਦੀ ਮੇਲ ਮਿਲਾਈਆ । ਸ਼ਬਦ ਸੁਤ ਹਰਿ ਦੁਲਾਰ, ਏਕਾ ਏਕ ਰਖਾਇਆ । ਜਨ ਭਗਤਾਂ ਕਰੇ ਮਾਤ ਪਿਆਰ, ਦੇ ਮਤ ਆਪ ਸਮਝਾਇਆ । ਦਿਵਸ ਰੈਣ ਸੇਵਾਦਾਰ, ਸੇਵਕ ਸੇਵਾ ਰਿਹਾ ਕਰਾਇਆ । ਆਪੇ ਗੁਪਤ ਜ਼ਾਹਿਰ ਅੰਦਰ ਬਾਹਰ, ਆਪੇ ਡੇਰਾ ਲਾਇਆ ।


੬੩੧ ੦੬

ਆਪੇ ਜਾਣੇ ਪਾਰ ਕਿਨਾਰ, ਡੂੰਘੀ ਕੰਦਰ ਵੇਖ ਵਖਾਇਆ । ਆਪੇ ਜਾਣੇ ਅੰਮ੍ਰਿਤ ਆਤਮ ਸਾਚੀ ਧਾਰ, ਨਿਝਰ ਝਿਰਨਾ ਰਿਹਾ ਝਿਰਾਇਆ । ਆਪੇ ਜਾਣੇ ਜੋਤ ਨਿਰੰਜਣ ਘਰ ਉਜਿਆਰ, ਦੀਪਕ ਜੋਤੀ ਇਕ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਸਾਚੀ ਸੇਵ ਕਮਾਇਆ । ਸ਼ਬਦ ਸੁਤ ਸੇਵਾਦਾਰ, ਪ੍ਰਭ ਆਪਣਾ ਆਪ ਕਰਾਇਆ । ਜਨ ਭਗਤਾਂ ਕਰੇ ਖ਼ਬਰਦਾਰ, ਜੁਗ ਜੁਗ ਮੇਲ ਮਿਲਾਇਆ । ਆਪੇ ਹੋਇਆ ਪਹਿਰੇਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਵੇਖ ਵਖਾਣੇ ਸਾਜਣ ਮੀਤ ਮੁਰਾਰ, ਦਰ ਘਰ ਮੰਦਰ ਅੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਬਜਰ ਕਪਾਟੀ ਜਿੰਦਾ ਤੋੜ ਵਖਾਇਆ । ਬਜਰ ਕਪਾਟੀ ਜਿੰਦਾ ਤੋੜ, ਪ੍ਰਭ ਆਪਣੀ ਦਇਆ ਕਮਾਇੰਦਾ । ਸੁਰਤ ਸਵਾਣੀ ਜਾਏ ਬਹੁੜ, ਸਾਚੇ ਮਾਰਗ ਲਾਇੰਦਾ । ਆਪੇ ਚੜ੍ਹਿਆ ਸਾਚੇ ਘੋੜ, ਚਿੱਟਾ ਅਸਵ ਆਪ ਦੁੜਾਇੰਦਾ । ਪੰਜਾਂ ਚੋਰਾਂ ਮਾਰੇ ਪਹਿਲਾ ਪੌੜ, ਧੁਰਦਰਗਾਹੀ ਆਪ ਉਠਾਇੰਦਾ । ਹੰਕਾਰ ਵਿਕਾਰਾ ਭੰਨੇ ਰੀਠਾ ਕੌੜ, ਜੂਠ ਝੂਠ ਰਹਿਣ ਨਾ ਪਾਇੰਦਾ । ਧੁਰਦਰਗਾਹੀ ਆਇਆ ਦੌੜ, ਜਨ ਭਗਤਾਂ ਮੇਲ ਮਿਲਾਇੰਦਾ । ਨਾ ਕੋਈ ਜਾਣੇ ਲੰਬਾ ਚੌੜ, ਸ੍ਰਿਸ਼ਟ ਸਬਾਈ ਦਿਸ ਕਿਸੇ ਨਾ ਆਇੰਦਾ । ਉਚੇ ਟਿੱਲੇ ਪੂਤ ਸਪੂਤਾ ਲੱਭਦੇ ਬ੍ਰਹਿਮਣ ਗੌੜ, ਗੌੜ ਬ੍ਰਹਿਮਣ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜਾ, ਸ਼ਬਦ ਸੁਤ ਉਪਾਇਆ । ਧੁਰਦਰਗਾਹੀ ਆਇਆ ਦੌੜਾ, ਲੱਖ ਚੁਰਾਸੀ ਵੇਖ ਵਖਾਇਆ । ਗੁਰ ਗੋਬਿੰਦੇ ਹਰਿ ਸਾਚਾ ਬਹੁੜਾ, ਆਪਣਾ ਮੇਲ ਮਿਲਾਇਆ । ਦੋ ਜਹਾਨਾਂ ਲੱਗੀ ਔੜਾ, ਏਕਾ ਅੰਮ੍ਰਿਤ ਦੋ ਜਹਾਨਾਂ ਰਿਹਾ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇ ਵਰ, ਲੋਕਮਾਤੀ ਰਿਹਾ ਵਡਿਆਇਆ । ਸ਼ਬਦ ਸੁਤ ਸਚ ਸਿਕਦਾਰ, ਏਕਾ ਏਕ ਰਖਾਇਆ । ਅੱਠੇ ਪਹਿਰ ਦਿਵਸ ਰੈਣ ਕਰੇ ਵਿਚਾਰ, ਗਊ ਗਰੀਬ ਨਿਮਾਣਿਆਂ ਲਏ ਉਠਾਇਆ । ਹਉਮੇ ਹੰਗਤਾ ਦੇਵੇ ਮਾਰ, ਸ਼ਬਦ ਖੰਡਾ ਰਿਹਾ ਚਮਕਾਇਆ । ਦਰ ਦਰ ਮੰਗਦੇ ਫਿਰਨ ਭਿਖਾਰ, ਹਰਿਜਨ ਸੋਏ ਰਿਹਾ ਜਗਾਇਆ । ਭੁੱਖਾ ਨੰਗਾ ਅਪਰ ਅਪਾਰ, ਦਿਸ ਕਿਸੇ ਨਾ ਆਇਆ । ਜਿਸ ਜਨ ਕਾਇਆ ਚੋਲੀ ਰੰਗਦਾ, ਏਕਾ ਰੰਗ ਰਿਹਾ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਵਰ ਘਰ ਏਕਾ ਨਾਮ ਵਖਾਇਆ । ਹਰਿ ਸ਼ਬਦ ਅਧਾਰ, ਏਕਾ ਏਕ ਰਖਾਇਆ । ਜੁਗ ਜੁਗ ਵੇਖੇ ਪਸਰ ਪਸਾਰ, ਆਪ ਆਪਣਾ ਰੂਪ ਵਟਾਇਆ । ਸਾਧ ਸੰਤ ਜੀਵ ਉਭਾਰ, ਸਾਚਾ ਕਰਮ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਧਾਰਾ ਰਿਹਾ ਚਲਾਇਆ । ਸਾਚੀ ਧਾਰ ਹਰਿ ਨਿਰੰਕਾਰ, ਆਪਣੀ ਆਪ ਚਲਾਈਆ । ਜੁਗ ਜੁਗ ਲਏ ਮਾਤ ਅਵਤਾਰ, ਲੋਕਮਾਤ ਵੇਖ ਵਖਾਈਆ । ਰਾਮ ਰਾਮਾ ਖੇਲ ਅਪਾਰ, ਦੁਸ਼ਟ ਹੰਕਾਰੀ ਰਾਵਣ ਮਾਰ ਮੁਕਾਈਆ । ਸੀਤਾ ਸੁਰਤੀ ਕਰ ਪਿਆਰ, ਭਗਤ ਸੁਹੇਲੇ ਲਏ ਮਿਲਾਈਆ । ਅਕਾਲ ਮੂਰਤੀ ਇਕ ਆਕਾਰ, ਆਪਣਾ ਆਪ ਕਰਾਈਆ । ਆਪ ਉਪਾਏ ਆਪੇ ਮੇਟਣਹਾਰ, ਆਦਿ ਅੰਤ ਆਪ ਕਰਾਈਆ । ਜੁਗ ਜੁਗ ਲੇਖਾ ਲਿਖਣਹਾਰ, ਲੇਖਾ ਆਪਣੇ ਹੱਥ ਰਖਾਈਆ । ਮਨਮੁਖ ਰਖਾਏ ਭਰਮ ਭੁਲੇਖੇ, ਭਰਮ ਗੜ੍ਹ ਨਾ ਕੋਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮ ਰਾਮਾ ਰਿਹਾ ਵਡਿਆਈਆ । ਰਾਮ ਰਾਮਾ ਰਾਮ ਰਮਈਆ, ਏਕਾ ਕਰਮ ਕਮਾਇਆ । ਜੁਗ

੬੩੨
੦੬

ਤ੍ਰੇਤਾ ਪਾਰ ਕਰਈਆ, ਆਪਣਾ ਮੁਖ ਛੁਪਾਇਆ । ਦੁਆਪਰ ਚਲਾਈ ਮਾਤ ਨਈਆ, ਵੰਞ ਮੁਹਾਣਾ ਇਕ ਰਖਾਇਆ । ਪਰਗਟ ਹੋਏ ਸ਼ਾਮ ਘਨਈਆ, ਲਹਿਣਾ ਦੇਣਾ ਦਏ ਚੁਕਾਇਆ । ਅਰਜਨ ਜੋੜੀ ਜੋੜ ਜੁੜਈਆ, ਇਕ ਗਿਆਨ ਸੁਣਾਇਆ । ਧਰਮ ਰਾਏ ਦਰ ਕੱਢੇ ਵਹੀਆ, ਆਪਣਾ ਲੇਖਾ ਰਿਹਾ ਵਖਾਇਆ । ਕੋਇ ਨਾ ਦਿਸੇ ਸਾਚਾ ਸਈਆ, ਬੈਠੇ ਮੁਖ ਛੁਪਾਇਆ । ਪੁਰਖ ਅਬਿਨਾਸ਼ੀ ਡੋਬੇ ਨਈਆ, ਏਕਾ ਪੂਰ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਸ਼ਾਮ ਸੁੰਦਰ, ਸੋਲਾਂ ਕਲ ਕਲ ਧਾਰਿਆ । ਲੋਕਮਾਤ ਵੇਖੇ ਡੂੰਘੀ ਕੰਦਰ, ਲੱਖ ਚੁਰਾਸੀ ਪਾਵੇ ਸਾਰਿਆ । ਚਾਰ ਕੁੰਟ ਅੰਧੇਰਾ ਦਿਸੇ ਧੁੰਦੂਕਾਰ, ਰਾਜ ਰਾਜਾਨਾਂ ਮਨ ਹੰਕਾਰਿਆ । ਅੰਤਮ ਸੁੱਤੇ ਮੰਦਰ ਅੰਦਰ, ਦੁਸ਼ਟ ਦੁਰਯੋਧਨ ਦਏ ਸੰਘਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਥ ਰਥਵਾਹੀ ਆਪ ਅਖਵਾ ਰਿਹਾ । ਰਥ ਰਥਵਾਹੀ ਗਰੀਬ ਨਿਵਾਜਾ, ਆਪ ਆਪਣੀ ਸੇਵ ਕਮਾਇੰਦਾ । ਆਪ ਆਪਣਾ ਰਚਿਆ ਕਾਜਾ, ਸਤਿਜੁਗ ਤ੍ਰੇਤਾ ਦੁਆਪਰ ਵੇਖਣ ਆਇੰਦਾ । ਸੀਸ ਯੁਧਿਸ਼ਟਰ ਦੇਵੇ ਤਾਜਾ, ਸਾਚੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੁਖ ਛੁਪਾਇੰਦਾ । ਦੁਆਪਰ ਅੰਤਮ ਪਾਰ ਕਿਨਾਰਾ, ਲੋਕਮਾਤ ਵੱਜੀ ਵਧਾਈਆ । ਕਲਜੁਗ ਲੈ ਲਿਆ ਅਵਤਾਰਾ, ਘਰ ਸਾਚੇ ਖ਼ੁਸ਼ੀ ਮਨਾਈਆ । ਮੰਗੀ ਮੰਗ ਦਰ ਭਿਖਾਰਾ, ਪ੍ਰਭ ਅੱਗੇ ਝੋਲੀ ਡਾਹੀਆ । ਜੂਠ ਝੂਠ ਕਰ ਪਿਆਰਾ, ਪੰਜ ਤਤ ਨਾਲ ਰਲਾਈਆ । ਹੰਕਾਰ ਵਿਕਾਰ ਇਕ ਆਧਾਰਾ, ਮਾਇਆ ਮਮਤਾ ਲਈ ਕੁੜਮਾਈਆ । ਧਰਤ ਮਾਤ ਕਰ ਪਿਆਰਾ, ਬੈਠਾ ਗੋਦ ਆਸਣ ਲਾਈਆ । ਆਪ ਆਪਣਾ ਕਰੇ ਪਸਾਰਾ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਭਿਛਿਆ ਝੋਲੀ ਪਾਈਆ । ਕਲਜੁਗ ਕਾਲੀ ਰੱਖ ਧਾਰ, ਆਪਣਾ ਕਰਮ ਕਮਾਇਆ । ਜੀਵਾਂ ਜੰਤਾਂ ਆਪ ਵਿਚਾਰ, ਆਪਣਾ ਤਤ ਸਮਾਇਆ । ਜੂਠ ਝੂਠ ਕਰ ਵਿਹਾਰ, ਰਸਨਾ ਗੁਣ ਜਣਾਇਆ । ਇਕ ਭੁਲਾਏ ਨਰ ਨਿਰੰਕਾਰ, ਨਿਰਗੁਣ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਏਕਾ ਧੰਦੇ ਲਾਇਆ । ਪੁਰਖ ਅਬਿਨਾਸ਼ੀ ਸ਼ਬਦ ਜਣਾਏ, ਕਲਜੁਗ ਕਰ ਪਰਵਾਨਿਆ । ਲੱਖ ਚੁਰਾਸੀ ਮਸਤਕ ਲਾਉਣੀ ਝੂਠੀ ਛਾਹੀ, ਮਿਲਿਆ ਧੁਰ ਫ਼ਰਮਾਨਿਆ । ਬਚਿਆ ਕੋਈ ਰਹਿਣ ਨਾ ਪਾਈ, ਦਰ ਦਰ ਘਰ ਘਰ ਵੇਖ ਵਖਾਨਿਆ । ਤ੍ਰੈਗੁਣ ਮਾਇਆ ਜਾਲ ਵਿਛਾਈ, ਅੰਤਮ ਫਾਸ ਫਸਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾਨਿਆ । ਕਲਜੁਗ ਮਾਤ ਲੈ ਅਵਤਾਰਾ, ਆਪਣਾ ਕਰਮ ਕਮਾਇਆ । ਦਿਵਸ ਰੈਣ ਕਰ ਵਿਹਾਰਾ, ਆਪਣਾ ਸਮਾਂ ਸੁਹਾਇਆ । ਏਕਾ ਮੰਗੇ ਮੰਗ ਭਿਖਾਰਾ, ਇਕ ਇਕੱਲਾ ਕੀ ਕਰੇ ਵਿਚਾਰਾ, ਲੱਖ ਚੁਰਾਸੀ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਐੜਾ ਅਥਰਬਣ ਵੇਖ ਘਰ, ਅੱਲਾ ਨਾਲ ਰਲਾਇਆ । ਐੜਾ ਅੱਲਾ ਕਰ ਤਿਆਰ, ਇਲਾਬੁਤ ਟਿਕਾਇੰਦਾ । ਸਚ ਮਹੱਲਾ ਇਕ ਪਸਾਰ, ਸੰਗ ਮੁਹੰਮਦ ਆਪ ਅਲਾਇੰਦਾ । ਚਾਰ ਯਾਰੀ ਇਕ ਪਿਆਰ, ਏਕਾ ਮਤਾ ਪਕਾਇੰਦਾ । ਹੂ ਹੂ ਰਹੀ ਪੁਕਾਰ, ਏਕਾ ਨਾਅਰਾ ਲਾਇੰਦਾ । ਤੂੰ ਤੂੰ ਵਿਸਰੇ ਅੰਤ ਕਰਤਾਰ, ਤੇਰਾ ਰੂਪ ਸੁਹਾਇੰਦਾ । ਆਪ ਆਪਣੀ ਕਿਰਪਾ ਧਾਰ, ਦੋਹਾਂ ਸੰਗ ਨਿਭਾਇੰਦਾ । ਸੰਗ ਮੁਹੰਮਦ ਚਾਰ ਯਾਰ, ਕਲਜੁਗ ਮਤਾ ਪਕਾਇਆ । ਖੇਲੇ ਖੇਲ ਵਿਚ ਸੰਸਾਰ, ਸਖਾ ਸਹਾਈ ਆਪ ਅਖਵਾਇਆ । ਜੂਠਾ ਝੂਠਾ ਕਰ ਪਸਾਰ, ਕਾਇਆ

੬੩੪
੦੬

ਠੂਠਾ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪੇ ਵੇਖਣ ਆਇਆ । ਕਲਜੁਗ ਕੂੜਾ ਕੂੜ ਕੁੜਿਆਰਾ, ਚਾਰੋਂ ਕੁੰਟ ਪਸਾਰਿਆ । ਜੀਵ ਜੰਤ ਹਾਹਾਕਾਰਾ, ਦਿਵਸ ਰੈਣ ਰੋਵਣ ਜ਼ਾਰੋ ਜ਼ਾਰਿਆ । ਸਤਿਗੁਰ ਸਾਚਾ ਪਾਵੇ ਸਾਰਾ, ਪਾਰਬ੍ਰਹਮ ਪੁਰਖ ਅਪਾਰਿਆ । ਨਾਨਕ ਗੁਰ ਲਿਆ ਅਵਤਾਰਾ, ਹਰਿ ਸਾਚਾ ਸੇਵਾ ਲਾ ਰਿਹਾ । ਏਕਾ ਦਿਤਾ ਨਾਮ ਭੰਡਾਰਾ, ਲੋਕਮਾਤ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਇਕ ਸੁਣਾ ਰਿਹਾ । ਨਾਨਕ ਗੁਰ ਸ਼ਬਦ ਮਲਾਹ, ਏਕਾ ਏਕ ਰਖਾਇਆ । ਦਿਵਸ ਰੈਣ ਦਏ ਸਲਾਹ, ਦੋ ਜਹਾਨਾਂ ਮੇਲ ਮਿਲਾਇਆ । ਪਾਰਬ੍ਰਹਮ ਪ੍ਰਭ ਪਿਤਾ ਮਾਂ, ਆਪਣੀ ਗੋਦ ਉਠਾਇਆ । ਸਤਿਨਾਮ ਸਾਚਾ ਨਾਂ, ਲੋਕਮਾਤੀ ਰਿਹਾ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੀਵਾ ਏਕਾ ਬਾਤੀ, ਹਰਿ ਏਕਾ ਰਿਹਾ ਜਗਾਇਆ । ਏਕਾ ਬਾਤੀ ਨਾਮ ਜਗਾਈ, ਹੋਏ ਮਾਤ ਰੁਸ਼ਨਾਈਆ । ਨਾਨਕ ਦਰ ਵੱਜੀ ਵਧਾਈ, ਹਰਿ ਗਾਏ ਚਾਈਂ ਚਾਈਂਆ । ਹਰਿ ਸ਼ਬਦ ਹੋਈ ਕੁੜਮਾਈ, ਮਿਲਿਆ ਮੇਲ ਸਾਚੇ ਮਾਹੀਆ । ਆਪੇ ਵੇਖੇ ਸਾਚੇ ਥਾਈਂ, ਹਰ ਘਟ ਵੇਖ ਵਖਾਈਆ । ਅੰਗਦ ਲਹਿਣਾ ਲੈਣਾ ਝੋਲੀ ਪਾਈ, ਅੰਤਮ ਬੈਠਾ ਮੁਖ ਛੁਪਾਈਆ । ਅਮਰ ਅਮਰਾਪਦ ਇਕ ਵਿਖਾਈ, ਰਾਮਦਾਸੇ ਹੋਏ ਸਹਾਈਆ । ਅਰਜਨ ਲੇਖਾ ਆਪ ਲਿਖਾਈ, ਆਪੇ ਕਰੇ ਜਣਾਈਆ । ਹਰਿਗੋਬਿੰਦ ਹਰਿ ਦਏ ਵਡਿਆਈ, ਦੋ ਧਾਰਾ ਵੇਖ ਵਖਾਈਆ । ਹਰਿਰਾਏ ਹਰਿ ਦਏ ਸਲਾਹੀ, ਸਾਚੇ ਮਾਰਗ ਲਾਈਆ । ਹਰਿਕ੍ਰਿਸ਼ਨ ਬਾਲ ਨਿਧਾਨਾ, ਆਪਣੀ ਗੋਦ ਉਠਾਈਆ । ਗੁਰ ਤੇਗ ਬਹਾਦਰ ਤੇਰਾ ਨਿਸ਼ਾਨਾ, ਲੋਕਮਾਤ ਰਿਹਾ ਵਖਾਈਆ । ਦਿੱਲੀ ਦਰ ਹੋ ਕੁਰਬਾਨਾ, ਆਪ ਆਪਣਾ ਭੇਟ ਚੜ੍ਹਾਈਆ । ਗੋਬਿੰਦ ਗੁਰ ਜੋਧਾ ਸੂਰ ਬਲੀ ਬਲਵਾਨਾ, ਬੈਠਾ ਖ਼ੁਸ਼ੀ ਮਨਾਈਆ । ਏਕਾ ਰੱਖਿਆ ਪਾਰਬ੍ਰਹਮ ਚਰਨ ਕਵਲ ਧਿਆਨਾ, ਪੁਰਖ ਅਕਾਲ ਰਿਹਾ ਮਨਾਈਆ । ਪਾਰਬ੍ਰਹਮ ਵੇਖੇ ਮਾਰ ਧਿਆਨਾ, ਆਪ ਆਪਣੀ ਦਇਆ ਕਮਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਸਾਚੇ ਸ਼ਬਦ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੈਨਨ ਨੈਣੀ ਦਰਸ ਵਖਾਈਆ । ਨੈਨਨ ਨੈਣੀ ਨੈਣਾ ਦੇਵ, ਆਪਣਾ ਰੂਪ ਵਖਾਇਆ । ਗੁਰ ਗੋਬਿੰਦ ਕਰੀ ਸੇਵ, ਅਲਖ ਅਭੇਵਾ ਪਾਇਆ । ਰਸਨਾ ਲਾਇਆ ਸਾਚਾ ਮੇਵ, ਅੰਮ੍ਰਿਤ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਖੰਡਾ ਤੇਜ ਪਰਚੰਡ, ਗੋਬਿੰਦ ਤਨ ਛੁਹਾਇਆ । ਨਾਮ ਖੰਡਾ ਤੇਜ ਕਟਾਰ, ਗੋਬਿੰਦ ਹੱਥ ਉਠਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਚਾ ਘਰ ਸੁਹਾਈਆ । ਆਪੇ ਵੇਖੇ ਵਿਚ ਸੰਸਾਰ, ਵੇਖਣਹਾਰ ਆਪ ਅਖਵਾਈਆ । ਸ਼ਬਦ ਸੁਨੇਹੜਾ ਅਪਰ ਅਪਾਰ, ਗੁਰ ਗੋਬਿੰਦੇ ਕਰੇ ਕੁੜਮਾਈਆ । ਪੰਥ ਖਾਲਸਾ ਕਰ ਤਿਆਰ, ਤੇਰੀ ਸੇਵਕ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਰਿਹਾ ਸਮਝਾਈਆ । ਗੁਰ ਗੋਬਿੰਦ ਉਠਿਆ ਜਾਗ, ਪ੍ਰਭ ਸਾਚੇ ਆਪ ਜਗਾਇਆ । ਲੋਕਮਾਤ ਲਗਾਇਆ ਭਾਗ, ਹਰਿਜਨ ਸਾਚੇ ਲਏ ਤਰਾਇਆ । ਆਪ ਆਪਣੇ ਹੱਥ ਰੱਖੀ ਵਾਗ, ਚਾਰੋਂ ਕੁੰਟ ਰਿਹਾ ਦੁੜਾਇਆ । ਫੜ ਫੜ ਹੰਸ ਬਣਾਏ ਕਾਗ, ਸਾਚੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਗੋਬਿੰਦ ਗੋਬਿੰਦ ਰੂਪ ਸਮਾਇਆ । ਗੋਬਿੰਦ ਗੁਰ ਦੋਏ ਜੋੜ, ਪ੍ਰਭ ਚਰਨ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਮਾਤ ਬਹੁੜ, ਮੰਗੇ ਮੰਗ ਭਿਖਾਰਿਆ । ਦੋ ਜਹਾਨੀ ਨਾ ਕੋਈ ਪੈਂਡਾ ਲੰਮਾ ਚੌੜ, ਨਾ ਕੋਈ ਦਿਸੇ ਪਾਰ ਕਿਨਾਰਿਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਵਿਚੋਲਾ ਵਿਚ ਰਖਾ ਰਿਹਾ । ਸ਼ਬਦ ਵਿਚੋਲਾ ਮਾਰ ਫੇਰਾ, ਗੋਬਿੰਦੇ ਸੰਗ ਅਲਾਇੰਦਾ । ਉਠ ਸਿੰਘ ਸ਼ੇਰ ਦਲੇਰਾ, ਏਕਾ ਬੁਰਕਾ ਤਨ ਪਹਿਨਾਇੰਦਾ । ਭਰਮਾਂ ਢਾਹ ਜਗਤ ਡੇਰਾ, ਝੂਠੀ ਕੰਧ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਪੰਧ ਮੁਕਾਇੰਦਾ । ਗੁਰ ਗੋਬਿੰਦ ਏਕਾ ਧਾਰ, ਆਪਣੀ ਮਾਤ ਚਲਾਈਆ । ਪੰਚਮ ਮੀਤਾ ਕਰ ਤਿਆਰ, ਪੰਚਮ ਭੇਟ ਚੜ੍ਹਾਈਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਰਖਾਈਆ । ਮੰਗੇ ਮੰਗ ਵਾਰੋ ਵਾਰ, ਗੁਰਮੁਖ ਸਾਚੇ ਰਿਹਾ ਉਠਾਈਆ । ਜੋਧਾ ਸੂਰ ਬਲੀ ਬਲਕਾਰ, ਸੂਰਬੀਰ ਆਪ ਅਖਵਾਈਆ । ਮਨਮੁਖ ਜੀਵ ਆਪਣਾ ਆਪ ਗਏ ਹਾਰ, ਗੋਬਿੰਦੇ ਸਾਚੇ ਮਾਣ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਪੰਚ ਪਿਆਰਾ ਕਰ ਤਿਆਰ, ਏਕਾ ਰੂਪ ਸਮਾਇਆ । ਖੇਲੇ ਖੇਲ ਵਿਚ ਸੰਸਾਰ, ਕਲਜੁਗ ਅੰਤਮ ਵੇਖ ਵਖਾਇਆ । ਚਾਰੋਂ ਕੁੰਟ ਧੁੰਦੂਕਾਰ, ਧਰਮ ਜੈਕਾਰ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਲ੍ਹਾ ਕੋਟ ਗੜ੍ਹ ਤੁੜਾਇਆ । ਕਿਲ੍ਹਾ ਕੋਟ ਹਰਿ ਅੰਤਮ ਅੰਤ, ਅੰਤ ਤਜਾਇਆ । ਨਾ ਕੋਈ ਦਿਸੇ ਚਾਰ ਦਿਵਾਰ ਕੰਧ, ਦਰ ਦਰਵਾਜ਼ਾ ਨਾ ਕੋਈ ਲਗਾਇਆ । ਆਪ ਮੁਕਾਇਆ ਆਪਣਾ ਪੰਧ, ਸਰਸਾ ਚਰਨ ਛੁਹਾਇਆ । ਗੁਰਮੁਖ ਸਾਜਣ ਸਾਚੇ ਚੰਦ, ਸਾਚੀ ਭੇਟ ਕਰਾਇਆ । ਸਾਢੇ ਤਿੰਨ ਕਰੋੜ ਲਿਖਿਆ ਛੰਦ, ਸਰਸਾ ਤੇਰੇ ਵਿਚ ਸਮਾਇਆ । ਕੋਈ ਗਾ ਨਾ ਸਕੇ ਬੱਤੀ ਦੰਦ, ਵੇਦ ਪੁਰਾਨਾਂ ਭੇਵ ਨਾ ਪਾਇਆ । ਖਾਣੀ ਬਾਣੀ ਨਾ ਵਖਾਣੇ ਅਗੰਮੀ ਛੰਦ, ਆਪਣਾ ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਾਰੀ ਕੇਸਾ ਨਾਮ ਰਖਾਇਆ । ਆਪ ਮਿਟਾਈ ਆਪਣੀ ਚਿੰਦ, ਲੇਖਾ ਲੇਖੇ ਲਾਇਆ । ਜੋਧਾ ਸੂਰ ਵਡ ਮਰਗਿੰਦ, ਨੇਤਰ ਲੋਚਨ ਪੇਖੇ ਆਪਣੀ ਹੱਥੀਂ ਆਪ ਸੁਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਏ ਵਰ, ਸਰਸਾ ਤੇਰਾ ਸਾਚਾ ਸਰ, ਅੰਤਮ ਦਏ ਬਣਾਇਆ । ਗੁਰ ਗੋਬਿੰਦੇ ਖ਼ੁਸ਼ੀ ਮਨਾਈ, ਮੰਨਿਆ ਹਰਿ ਹਰਿ ਭਾਣਿਆ । ਸਰਸੇ ਤੇਰੀ ਭੇਟ ਚੜ੍ਹਾਈ, ਸਿੰਘ ਸੂਰਬੀਰ ਵਡ ਵਡ ਜਵਾਨਿਆ । ਆਪਣੇ ਹੱਥ ਕਲਮ ਚਲਾਈ, ਲਿਖਿਆ ਲੇਖ ਧੁਰ ਫ਼ਰਮਾਨਿਆ । ਵਾਕ ਭਵਿਖਤ ਗਿਆ ਛੁਪਾਈ, ਕਿਸੇ ਹੱਥ ਨਾ ਆਏ ਵੰਞ ਮੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਕਲਜੁਗ ਅੰਤਮ ਵਰਤੇ ਤੇਰਾ ਭਾਣਿਆ । ਗੁਰ ਗੋਬਿੰਦਾ ਪਾਰ ਕਿਨਾਰਾ, ਆਪਣਾ ਆਪ ਕਰਾਇੰਦਾ । ਦੱਖਣ ਦਿਸ਼ਾ ਵੇਖ ਵਿਚਾਰਾ, ਆਸਣ ਸਿੰਘਾਸਣ ਇਕ ਵਿਛਾਇੰਦਾ । ਹਰਿਜਨ ਤੇਰੇ ਦਰ ਦਵਾਰਾ, ਹਰਿ ਗੋਬਿੰਦ ਰੂਪ ਵਟਾਇੰਦਾ । ਘੋੜਾ ਜੋੜਾ ਕਲਗੀ ਤੋੜਾ ਅਪਰ ਅਪਾਰਾ, ਹਵਨ ਹਵਨੀ ਹਵਨ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਾਮਨ ਆਪਣਾ ਆਪ ਫੜਾਇੰਦਾ । ਗੁਰ ਗੋਬਿੰਦ ਲੋਕਮਾਤ ਤਜ, ਸਾਚੇ ਧਾਮ ਸੁਹਾਇਆ । ਸ਼ਬਦ ਸੁਨੇਹੜਾ ਗੁਰ ਸ਼ਬਦ ਮਿਹਰਵਾਨ, ਏਕਾ ਏਕ ਭਗਵਾਨ, ਜੁਗ ਜੁਗ ਵੇਖੇ ਮਾਰ ਧਿਆਨ, ਵੇਖਣਹਾਰ ਆਪ ਅਖਵਾਇਆ । ਏਕਾ ਏਕ ਬ੍ਰਹਮ ਗਿਆਨ, ਅਗੰਮ ਬ੍ਰਹਮ ਜਣਾਇਆ । ਹਰਿਜਨ ਸਾਚੇ ਚਤਰ ਸੁਜਾਨ, ਆਪੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ ਰਿਹਾ ਰੰਗਾਇਆ । ਹਰਿ ਸ਼ਬਦ ਸਰਜੀਤ, ਏਕਾ ਏਕ ਰਖਾਇਆ । ਜੁਗ ਜੁਗ ਰਹੇ ਅਤੀਤ, ਨਾ ਮਰੇ ਨਾ ਜਾਇਆ । ਸਦਾ ਸੁਹੇਲਾ ਠਾਂਢਾ ਸੀਤ, ਏਕਾ ਰੰਗ ਰੰਗਾਇਆ । ਆਪੇ

੬੩੫
੦੬

ਵਸਿਆ ਹਸਤ ਕੀਟ, ਉਚਾਂ ਨੀਚਾਂ ਵਿਚ ਸਮਾਇਆ । ਸਾਜਣ ਸਾਚਾ ਮੀਠ, ਏਕਾ ਰਸ ਦਿਖਾਇਆ । ਆਪੇ ਹੋਇਆ ਜਗਤ ਅਨਡੀਠ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਹਰਿ ਸ਼ਬਦ ਜਗ ਗਿਆਨ, ਏਕਾ ਏਕ ਵਖਾਇਆ । ਸਤਿਗੁਰ ਪੂਰਾ ਹੋ ਮਿਹਰਵਾਨ, ਜੀਵਾਂ ਜੰਤਾਂ ਝੋਲੀ ਪਾਇਆ । ਧੁਰਦਰਗਾਹੀ ਦੇਵੇ ਦਾਨ, ਦੇਵਣਹਾਰ ਆਪ ਅਖਵਾਇਆ । ਸੰਤ ਸੁਹੇਲੇ ਕਰ ਪਛਾਣ, ਆਪ ਆਪਣਾ ਮੇਲ ਮਿਲਾਇਆ । ਆਤਮ ਜੋਤੀ ਕੋਟਨ ਭਾਨ, ਦੀਪਕ ਰਿਹਾ ਜਗਾਇਆ । ਸ਼ਬਦ ਧੁਨ ਸੱਚੀ ਧੁਨਕਾਨ, ਅਨਹਦ ਰਾਗ ਅਲਾਇਆ । ਕਾਇਆ ਮੰਦਰ ਸਚ ਮਕਾਨ, ਭਰਮਾਂ ਡੇਰਾ ਲਾਇਆ । ਭਰਮੇ ਭੁੱਲੇ ਜੀਵ ਨਾਦਾਨ, ਚਾਰੋਂ ਕੁੰਟ ਫਿਰਨ ਹਲਕਾਇਆ । ਪੰਚ ਰਲਾਏ ਨਾਲ ਸ਼ੈਤਾਨ, ਡੰਕ ਡੋਰੂ ਆਪਣਾ ਵਾਹਿਆ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨ, ਚਰਨ ਧੂੜ ਮਸਤਕ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭੇਖਾਧਾਰੀ ਭੇਖ ਵਟਾਇਆ । ਭੇਖਾਧਾਰ ਹਰਿ ਨਿਰੰਕਾਰ, ਏਕਾ ਭੇਖ ਵਟਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਲੋਆਂ ਪੁਰੀਆਂ ਪਾਰ ਕਰਾਇੰਦਾ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਵੇਸ ਵਖਾਇੰਦਾ । ਮਨਮੁਖ ਡੋਬੇ ਅੱਧ ਵਿਚਕਾਰ, ਕਲਜੁਗ ਬੇੜਾ ਸ਼ੌਹ ਦਰਿਆ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇੜਾ ਇਕ ਵਸਾਇੰਦਾ । ਸਾਚਾ ਖੇੜਾ ਇਕ ਵਸਾਏ, ਹਰਿ ਆਪਣੀ ਜੋਤ ਜਗਾਈਆ । ਜਨ ਭਗਤਾਂ ਬੇੜਾ ਬੰਨ੍ਹ ਵਖਾਏ, ਨਾਮ ਮੁਹਾਣਾ ਇਕ ਵਖਾਈਆ । ਸੰਞ ਸਵੇਰਾ ਇਕ ਕਰਾਏ, ਏਕਾ ਜੋਤ ਕਰੇ ਰੁਸ਼ਨਾਈਆ । ਹੇਰਾ ਫੇਰ ਚੁਕਾਏ, ਵਰਨ ਗੋਤ ਭੇਵ ਨਾ ਪਾਈਆ । ਸੰਮਤ ਤੇਰਾਂ ਪਾਰ ਕਰਾਏ, ਵੀਹ ਸਦ ਤੇਰੀ ਰੁੱਤ ਸੁਹਾਈਆ । ਨਾਨਕ ਨਿਰਗੁਣ ਗਿਆ ਗਾਏ, ਰਸਨਾ ਇਕ ਅਲਾਈਆ । ਪੁਰਖ ਅਬਿਨਾਸ਼ੀ ਸਚ ਸਰਨਾਈ ਸਰਨ ਆਏ, ਅੰਤਮ ਵੇਖ ਵਖਾਈਆ । ਜੋਤੀ ਜਾਮਾ ਭੇਖ ਵਟਾਏ, ਅਗੰਮ ਅਗੰਮੜੀ ਕਾਰ ਕਮਾਈਆ । ਲੱਖ ਚੁਰਾਸੀ ਵੇਖ ਵਖਾਏ, ਦੋ ਜਹਾਨੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਉਠਾਈਆ । ਲੱਖ ਚੁਰਾਸੀ ਵੇਖਣਹਾਰ, ਆਦਿ ਪੁਰਖ ਅਬਿਨਾਸ਼ੀ । ਕਰੇ ਖੇਲ ਅਪਰ ਅਪਾਰ, ਪਰਗਟ ਹੋਏ ਘਨਕਪੁਰ ਵਾਸੀ । ਗੋਬਿੰਦ ਗੁਰ ਸੀਸ ਦਸਤਾਰ, ਕਲਗੀ ਤੋੜਾ ਇਕ ਵਿਖਾਸੀ । ਨਾਮ ਖੰਡਾ ਤੇਜ ਕਟਾਰ, ਏਕਾ ਹੱਥ ਉਠਾਸੀ । ਦੋਵੇਂ ਰੱਖੇ ਤਿੱਖੀ ਧਾਰ, ਗੁਰਮੁਖਾਂ ਕਰੇ ਬੰਦ ਖੁਲਾਸੀ । ਮਨਮੁਖ ਜੀਵਾਂ ਕਰੇ ਖੁਆਰ, ਧਰਮ ਰਾਏ ਦਰ ਦੇਵੇ ਫਾਸੀ । ਸੰਮਤ ਚੌਦਾਂ ਕਰੇ ਵਿਚਾਰ, ਸਾਚੇ ਮੰਡਲ ਪਾਵੇ ਰਾਸੀ । ਬ੍ਰਹਮਾ ਨੇਤਰ ਰਿਹਾ ਉਘਾੜ, ਦੋਏ ਜੋੜ ਹੋਇਆ ਦਾਸਨ ਦਾਸੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਮੇਲ ਮਿਲਾਏ ਪ੍ਰਿਥਮੀ ਆਕਾਸ਼ੀ । ਬ੍ਰਹਮਾ ਅੰਤਰ ਅੱਖ ਉਘਾੜ, ਚਾਰੋਂ ਕੁੰਟ ਵੇਖ ਵਖਾਈਆ । ਪੁਰਖ ਅਬਿਨਾਸ਼ੀ ਕਰ ਆਕਾਰ, ਲੋਕਮਾਤ ਰਿਹਾ ਜੋਤ ਜਗਾਈਆ । ਨਿਹਕਲੰਕਾ ਲਏ ਅਵਤਾਰ, ਸਾਚਾ ਡੰਕਾ ਰਿਹਾ ਵਜਾਈਆ । ਸ਼ਿਵ ਸ਼ੰਕਰ ਹੋਇਆ ਖ਼ਬਰਦਾਰ, ਹੱਥ ਤ੍ਰਿਸੂਲ ਉਠਾਈਆ । ਸੰਮਤ ਚੌਦਾਂ ਤੇਰੀ ਧਾਰ, ਪ੍ਰਭ ਸਾਚਾ ਰਿਹਾ ਬੰਧਾਈਆ । ਕਰੋੜ ਤੇਤੀਸਾ ਦਏ ਹੁਲਾਰ, ਸੁਰਪਤ ਰਾਜਾ ਇੰਦ ਜਗਾਈਆ । ਪੁਰੀ ਅਨੰਦ ਖ਼ਬਰਦਾਰ, ਆਪੇ ਰਿਹਾ ਕਰਾਈਆ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਸ਼ਬਦ ਜਣਾਈਆ । ਲੱਖ ਚੁਰਾਸੀ ਪੈਣੀ ਮਾਰ, ਨਾ ਸਕੇ ਕੋਈ ਛੁਡਾਈਆ । ਕਲਜੁਗ ਤੇਰਾ ਅੰਧ ਅੰਧਿਆਰ, ਦੇਵੇ ਤਤ ਮਿਟਾਈਆ । ਸੰਗ

ਮੁਹੰਮਦ ਚਾਰ ਯਾਰ, ਰੋ ਰੋ ਦੇਣ ਦੁਹਾਈਆ । ਅੱਲਾ ਰਾਣੀ ਹੋ ਖੁਆਰ, ਮੁਖ ਕਾਲੀ ਚੁੰਨੀ ਪਾਈਆ । ਵੇਦ ਪੁਰਾਨਾਂ ਆਈ ਹਾਰ, ਬੈਠਣ ਮੁਖ ਛੁਪਾਈਆ । ਖਾਣੀ ਬਾਣੀ ਕਰੇ ਵਿਚਾਰ, ਭੇਵ ਨਾ ਪਾਇਆ ਹਰਿ ਰਘੁਰਾਈਆ । ਪਰਗਟ ਹੋਏ ਨਰ ਨਿਰੰਕਾਰ, ਸਰਬ ਜੀਆਂ ਦਾ ਸਾਚਾ ਸਾਈਆ । ਵੇਖ ਵਖਾਣੇ ਵਾਰੋ ਵਾਰ, ਕਾਇਆ ਮਾਟੀ ਭਾਂਡਾ ਕਾਚਾ ਥਿਰ ਰਹਿਣ ਨਾ ਪਾਈਆ । ਗੁਰਮੁਖ ਸਾਚੇ ਕਿਰਪਾ ਧਾਰ, ਏਕਾ ਸਾਚਾ ਨਾਉਂ ਦਰ ਗਾਈਆ । ਵੇਖ ਵਖਾਣੇ ਮਦੀਨਾ ਮੱਕਾ, ਕਲਜੁਗ ਅੰਤਮ ਫਲ ਪੱਕਾ, ਉਮਤ ਨਬੀ ਰਸੂਲ ਦਏ ਖਵਾਈਆ । ਪੰਚਮ ਜੇਠ ਨਾਲ ਰਲਾਏ ਬੂਰਾ ਕੱਕਾ, ਆਪ ਆਪਣੀ ਬਣਤ ਬਣਾਈਆ । ਸਲਮਲ ਦੀਪ ਲੱਗੇ ਧੱਕਾ, ਹਰਿ ਸਾਚਾ ਵੇਖ ਵਖਾਈਆ । ਗੁਰ ਸ਼ਬਦ ਬਣਿਆ ਭਾਈ ਸਕਾ, ਬਾਹੂ ਬਲ ਰਿਹਾ ਵਖਾਈਆ । ਨਕ ਨਕੇਲ ਪਾਏ ਨੱਥਾ, ਸ਼ਾਹ ਸੁਲਤਾਨਾਂ ਰਿਹਾ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਪਹਿਲੀ ਚੇਤਰ ਕਰ ਤਿਆਰੀ, ਪ੍ਰਭ ਸਾਚੇ ਜੋਤ ਜਗਾਈਆ । ਦੂਜੀ ਚੇਤਰ ਵੇਖ ਵਿਚਾਰੀ, ਦੋ ਜਹਾਨੀ ਫੇਰਾ ਪਾਈਆ । ਤੀਜੇ ਚੇਤਰ ਅੱਖ ਉਘਾੜੀ, ਤ੍ਰੈਲੋਕਾਂ ਵੇਖ ਵਖਾਈਆ । ਚੌਥੇ ਚੇਤਰ ਕਰ ਤਿਆਰੀ, ਚੌਥਾ ਪਦ ਰਿਹਾ ਉਪਾਈਆ । ਪੰਚਮ ਚੇਤਰ ਪੰਚ ਉਧਾਰੀ, ਪੰਚਾਂ ਰਿਹਾ ਮਿਟਾਈਆ । ਛੇਵੇਂ ਚੇਤਰ ਹਰਿ ਛਤਰ ਝੁਲਾਰੀ, ਘਰ ਛੇਵਾਂ ਇਕ ਸੁਹਾਈਆ । ਸਤਵੇਂ ਚੇਤਰ ਸਤਿ ਪੁਰਖ ਨਿਰੰਜਣ ਜੋਤ ਨਿਰੰਕਾਰੀ, ਸੱਤਾਂ ਦੀਪਾਂ ਆਪ ਉਠਾਈਆ । ਅੱਠ ਚੇਤਰ ਹਰਿ ਗਿਰਧਾਰੀ, ਅੱਠਾਂ ਤਤਾਂ ਭੇਵ ਖੁਲ੍ਹਾਈਆ । ਨੌ ਚੇਤਰ ਨਰ ਨਿਰਾਹਾਰੀ, ਸ੍ਰਿਸ਼ਟ ਸਬਾਈ ਬੈਠਾ ਅਗਨੀ ਲਾਈਆ । ਦਸ ਚੇਤ ਜਨ ਭਗਤਾਂ ਵੇਖੇ ਕਾਇਆ ਖੇਤ, ਦਸਮ ਦਵਾਰੀ ਬੈਠਾ ਕੁੰਡਾ ਲਾਹੀਆ । ਦਸ ਇਕ ਗਿਆਰਾਂ ਜਨ ਭਗਤਾਂ ਦੇਵੇ ਨਾਮ ਸਹਾਰਾ, ਮਨਮੁਖਾਂ ਰਿਹਾ ਜਲਾਈਆ । ਦਸ ਦੋ ਬਾਰਾਂ ਖੇਲੇ ਖੇਲ ਵਿਚ ਸੰਸਾਰਾ, ਹਾੜ ਸਤਾਰਾਂ ਰੁੱਤ ਸੁਹਾਈਆ । ਦਸ ਤਿੰਨ ਤੇਰਾਂ ਤੇਰੀ ਧਾਰ, ਨਾਨਕ ਰਸਨਾ ਗਿਆ ਉਚਾਰ, ਮੋਦੀਖਾਨੇ ਤੋਲੇ ਤੋਲ ਅਪਾਰ, ਤੇਰਾਂ ਤੇਰਾਂ ਰਸਨਾ ਗਾਈਆ । ਪਰਗਟ ਹੋਏ ਹਰਿ ਵਿਚ ਸੰਸਾਰ, ਗੁਰਮੁਖ ਸਾਚੇ ਆਪ ਅਧਾਰ, ਏਕਾ ਬਖ਼ਸ਼ੇ ਚਰਨ ਪਿਆਰ, ਨਿਰਮਲ ਜੋਤੀ ਕਰ ਪਿਆਰ, ਸ਼ਬਦ ਧੁਨ ਸੱਚੀ ਧੁਨਕਾਰ, ਆਤਮ ਧੁਨ ਉਪਜਾਈਆ । ਪਰਗਟ ਹੋਇਆ ਵਿਚ ਸੰਸਾਰ, ਸ੍ਰਿਸ਼ਟ ਸਬਾਈ ਦਏ ਹੁਲਾਰ, ਸੋਹੰ ਖੰਡਾ ਅਪਰ ਅਪਾਰ, ਲੱਖ ਚੁਰਾਸੀ ਏਕਾ ਛਾਬੇ ਪਾਇਆ । ਗੁਰ ਗੋਬਿੰਦਾ ਨਾਲ ਤਿਆਰ, ਧਰਤ ਮਾਤ ਰਹੀ ਕੁਰਲਾਈਆ । ਜੀਵ ਜੰਤ ਗਊ ਗਰੀਬ ਨਿਮਾਣੇ ਕਰਨ ਹਾਹਾਕਾਰ, ਸਾਧਾਂ ਸੰਤਾਂ ਆਤਮ ਹੋਈ ਵਿਭਚਾਰ, ਨਾਰ ਦੁਹਾਗਣ ਸਾਚਾ ਕੰਤ ਨਾ ਕੋਈ ਹੰਢਾਈਆ । ਗੁਰਮੁਖ ਵਿਰਲਾ ਸੰਤ ਸੁਹਾਗਣ, ਆਤਮ ਉਪਜਿਆ ਇਕ ਵੈਰਾਗਣ, ਨੇੜ ਨਾ ਆਈ ਮਾਇਆ ਨਾਗਣ, ਹਰਿ ਚਰਨ ਓਟ ਰਖਾਈਆ । ਸੰਮਤ ਚੌਦਾਂ ਗੁਰਮੁਖ ਵਿਰਲੇ ਜਾਗਣ, ਪ੍ਰਭ ਚੌਦਾਂ ਚੇਤ ਚੌਦਾਂ ਤਬਕਾਂ ਚੌਦਾਂ ਲੋਕਾਂ ਰਿਹਾ ਹਿਲਾਈਆ । ਪੰਦਰਾਂ ਚੇਤ ਹਰਿ ਵੇਖੇ ਨੇਤਨ ਨੇਤ, ਜੀਵ ਜੰਤ ਜੂਠੇ ਝੂਠੇ ਪਸੂ ਪ੍ਰੇਤ, ਲੱਖ ਚੁਰਾਸੀ ਰਿਹਾ ਭਵਾਈਆ । ਸੰਮਤ ਸੋਲਾਂ ਸੋਲਾਂ ਕਲ ਧਾਰ, ਪਰਗਟ ਹੋਏ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕਾ ਡੰਕ ਵਜਾਈਆ । ਨਿਹਕਲੰਕਾ ਡੰਕ ਅਪਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸੁੱਤਾ ਕੋਈ ਰਹਿਣ ਨਾ ਪਾਈਆ । ਨਿਰਮਲ ਜੋਤੀ ਕਰ ਆਕਾਰ, ਆਪ ਆਪਣਾ ਵੇਖ ਵਿਚਾਰ, ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਕਲਜੁਗ ਤੇਰੀ ਰੁੱਤ ਸੁਹਾਈਆ । ਚੇਤ ਸਤਾਰਾਂ ਸਤਿ ਸਤਿਵਾਦ, ਵੇਖ ਵਖਾਣੇ ਹਰਿ ਬ੍ਰਹਿਮਾਦ,

੬੩੭
੦੬

ਇਕ ਵਜਾਏ ਸੋਹੰ ਨਾਦ, ਸਾਚੀ ਧੁਨ ਵਜਾਈਆ । ਸ਼ਬਦ ਜਣਾਏ ਬੋਧ ਅਗਾਧ, ਭਗਤ ਜਨਾਂ ਹਰਿ ਦੇਵੇ ਦਾਦ, ਮਿਲੇ ਮੇਲ ਮੋਹਣ ਮਾਧਵ ਮਾਧ, ਵਿਛੜ ਕਦੇ ਨਾ ਜਾਈਆ । ਕੋਟਨ ਕੋਟ ਰਹੇ ਅਰਾਧ, ਕੋਟਨ ਕੋਟ ਜੀਵ ਵਿਸਮਾਦ, ਕੋਟਨ ਕੋਟ ਪਾਂਧੀ ਚਲ ਚਲ ਰਹੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੇਤ ਸਤਾਰਾਂ ਕਰ ਵਿਹਾਰ, ਕਲਜੁਗ ਤੇਰੀ ਵੇਖੇ ਕਾਲੀ ਧਾਰ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਸਤਿ ਸਤਾਰਾਂ ਸਤਿ ਸਤਿਵਾਦ, ਆਪਣਾ ਰੰਗ ਰੰਗਾਇੰਦਾ । ਜੀਵ ਜਹਾਨਾਂ ਰੱਖਣਾ ਯਾਦ, ਵੇਲਾ ਗਿਆ ਹੱਥ ਨਾ ਆਇੰਦਾ । ਗੁਰਮੁਖ ਮਨਮੁਖ ਅੰਤ ਵਰੋਲੇ ਆਪ ਆਪਣੇ ਲਏ ਕਾਢ, ਨਾਮ ਮਧਾਣਾ ਇਕ ਰਖਾਇੰਦਾ । ਜਨ ਭਗਤਾਂ ਲਡਾਏ ਸਾਚਾ ਲਾਡ, ਹਰਿ ਆਪਣੀ ਗੋਦ ਉਠਾਇੰਦਾ । ਇਕ ਇਕੱਲਾ ਅੱਲਾ ਵਾਹਿਦ ਗਾਡ, ਖ਼ੁਦੀ ਖ਼ੁਦਾਈ ਸਰਬ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰਾਇਣ ਰੂਪ ਵਟਾਇੰਦਾ । ਖ਼ੁਦੀ ਖ਼ੁਦਾਈ ਹੋਈ ਜੁਦਾਈ, ਅਲਖ ਨੂਰ ਛੁਪਾਇਆ । ਪਰਗਟ ਹੋਇਆ ਬੇਪਰਵਾਹੀ, ਪਰਵਰਦਿਗਾਰ ਆਪ ਅਖਵਾਇਆ । ਕਲਜੁਗ ਤੇਰਾ ਬਣ ਮਲਾਹੀ, ਬੇੜਾ ਰਿਹਾ ਚਲਾਇਆ । ਅੱਠ ਅਠਾਰਾਂ ਵਹਾਏ ਏਕਾ ਧਾਰੀ, ਏਕਾ ਧਾਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾਇਆ । ਆਤਮ ਭਿਛਿਆ ਏਕਾ ਪਾ, ਆਪਣੀ ਦਇਆ ਕਮਾਇੰਦਾ । ਦੀਪਕ ਜੋਤੀ ਏਕ ਜਗਾ, ਅਗਿਆਨ ਅੰਧੇਰ ਮਿਟਾਇੰਦਾ । ਬਜਰ ਕਪਾਟੀ ਦਏ ਤੁੜਾ, ਆਤਮ ਕੁੰਡਾ ਲਾਹਿੰਦਾ । ਦਸਮ ਦਵਾਰੀ ਲਏ ਮਿਲਾ, ਆਪਣਾ ਲੜ ਫੜਾਇੰਦਾ । ਆਤਮ ਸੇਜਾ ਦਏ ਵਿਛਾ, ਫੂਲਨ ਬਰਖਾ ਲਾਇੰਦਾ । ਚਾਰ ਕੁੰਟ ਅੰਮ੍ਰਿਤ ਜਲ ਧਾਰਾ ਰਿਹਾ ਵਹਾ, ਠੰਢੀ ਧਾਰਾ ਧਾਰ ਵਹਾਇੰਦਾ । ਦਰ ਦਰਵਾਜ਼ਾ ਕਿਸੇ ਦਿਸੇ ਨਾ, ਗਰੀਬ ਨਿਵਾਜਾ ਆਸਣ ਲਾਇੰਦਾ । ਪਰਗਟ ਹੋਏ ਦੇਸ ਮਾਝਾ, ਜਨ ਭਗਤਾਂ ਰੱਖੇ ਅੰਤਮ ਲਾਜਾ, ਬੇਮੁਖਾਂ ਪਾਰ ਕਿਨਾਰਾ ਇਕ ਵਖਾਇੰਦਾ । ਸੰਮਤ ਸੋਲਾਂ ਪਾਏ ਭਾਜਾ, ਚਿੱਟੇ ਅਸਵ ਚੜ੍ਹਿਆ ਤਾਜਾ, ਦਰ ਦਰਬਾਨ ਨਾ ਕੋਈ ਰਖਾਇੰਦਾ । ਭਗਤ ਜਨਾਂ ਹਰਿ ਮਾਰੇ ਆਵਾਜਾ, ਦੂਰ ਦੁਰਾਡਾ ਆਇਆ ਭਾਜਾ, ਸੰਮਤ ਚੌਦਾਂ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾਇੰਦਾ । ਨਿਰਗੁਣ ਰੂਪ ਨਿਰੰਕਾਰ, ਸਰਗੁਣ ਰਿਹਾ ਜਗਾਇਆ । ਸ਼ਬਦ ਸਰੂਪੀ ਕਰੇ ਖ਼ਬਰਦਾਰ, ਸ਼ਬਦ ਡੰਕ ਵਜਾਇਆ । ਪਵਣ ਪਵਣੀ ਕਰ ਪਿਆਰ, ਤ੍ਰੈ ਲੋਆਂ ਰਿਹਾ ਕਰਾਇਆ । ਤ੍ਰੈਲੋਕੀ ਨਾਥ ਹਰਿ ਕਰਤਾਰ, ਕਰਤਾ ਪੁਰਖ ਆਪ ਅਖਵਾਇਆ । ਭਗਤ ਸੁਹੇਲਾ ਆਪ ਨਿਭਾਏ ਸਗਲਾ ਸਾਥ, ਸੰਗੀ ਸਾਥੀ ਆਪ ਅਖਵਾਇਆ । ਆਪੇ ਰਾਮ ਰਘੁਪਤ ਰਘੁਨਾਥ, ਰਾਵਣ ਦੁਸ਼ਟ ਹੰਕਾਰੀ ਮਾਰ ਮਿਟਾਇਆ । ਆਪੇ ਕਾਹਨ ਘਨਈਆ ਕ੍ਰਿਸ਼ਨ ਸਾਂਤਕ ਰੂਪ ਵੇਖ ਵਖਾਇਆ । ਕਲਜੁਗ ਤੇਰਾ ਵਧਿਆ ਪਾਪ, ਨਾ ਕੋਈ ਮਾਈ ਨਾ ਕੋਈ ਬਾਪ, ਪਿਤਾ ਪੂਤ ਨਾ ਕੋਈ ਅਖਵਾਇਆ । ਤ੍ਰੈਗੁਣ ਮਾਇਆ ਚੜ੍ਹਿਆ ਤਾਪ, ਪੰਚਾਂ ਤਤਾਂ ਰਹੀ ਜਲਾਇਆ । ਕੋਈ ਨਾ ਜਾਣੇ ਆਪਣਾ ਆਪ, ਬ੍ਰਹਮ ਪਾਰਬ੍ਰਹਮ ਦਿਸ ਕਿਸੇ ਨਾ ਆਇਆ । ਏਕਾ ਭੁੱਲਿਆ ਹਰਿ ਹਰਿ ਜਾਪ, ਅਜਪਾ ਜਾਪ ਨਾ ਕਿਸੇ ਸੁਣਾਇਆ । ਦੁਰਮਤ ਮੈਲ ਨਾ ਕੋਈ ਧੋਵੇ ਦਾਗ਼, ਸਾਧ ਸੰਤ ਹੋਏ ਹਲਕਾਇਆ । ਕੋਈ ਨਾ ਚੜ੍ਹਾਏ ਔਖੇ ਘਾਟ, ਦਸਮ ਦਵਾਰ ਨਾ ਡੇਰਾ ਲਾਇਆ । ਜਗੀ ਜੋਤ ਨਾ ਕਾਇਆ ਮਾਟ, ਗੁਰ ਕਾ ਗਿਆਨ ਹੱਥ ਨਾ ਆਇਆ । ਅੰਮ੍ਰਿਤ ਆਤਮ ਨਾ ਮਾਰੀ ਠਾਠ, ਸਰ ਸਰੋਵਰ ਨਾ ਨਹਾਵਣ ਨੁਹਾਇਆ ।

੬੩੮
੦੬

੬੩੯ ੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਵੇਖ ਦਰ, ਸੰਤ ਸੁਹੇਲੇ ਆਪ ਉਠਾਵਣ ਆਇਆ । ਸੰਮਤ ਚੌਦਾਂ ਤੇਰਾ ਹੱਟ ਪਸਾਰ, ਲੋਕਮਾਤ ਰਖਾਇੰਦਾ । ਚੌਦਾਂ ਤਬਕਾਂ ਮਾਰੇ ਮਾਰ, ਏਕਾ ਖੰਡਾ ਹੱਥ ਉਠਾਇੰਦਾ । ਚੌਦਾਂ ਲੋਕਾਂ ਵੇਖ ਵਖਾਣ, ਏਕਾ ਸੌਖਾ ਨਾਉਂ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਹੋਏ ਪਹਿਰੇਦਾਰ, ਸੇਵਕ ਸੇਵ ਕਮਾਇੰਦਾ । ਚੌਦਾਂ ਲੋਕ ਚੌਦਾਂ ਹੱਟ, ਹਰਿ ਸਾਚਾ ਵੇਖ ਵਖਾਇੰਦਾ । ਜਨ ਭਗਤਾਂ ਤਨ ਪਹਿਨਾਏ ਸਾਚਾ ਪਟ, ਸੋਹੰ ਨਾਉਂ ਰਖਾਇੰਦਾ । ਭੇਖ ਮਿਟਾਏ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਨਾ ਕੋਇ ਵਖਾਇੰਦਾ । ਜੋਤ ਜਗਾਏ ਕਾਇਆ ਮੰਦਰ ਲਟ ਲਟ, ਜੋਤ ਨਿਰੰਜਣ ਸੇਵਾ ਲਾਇੰਦਾ । ਸਾਚਾ ਲਾਹਾ ਲੈਣਾ ਖੱਟ, ਪ੍ਰਭ ਚਰਨੀ ਸੀਸ ਝੁਕਾਇੰਦਾ । ਦੁਰਮਤ ਮੈਲ ਦੇਵੇ ਕੱਟ, ਆਪ ਆਪਣੀ ਦਇਆ ਕਮਾਇੰਦਾ । ਮੰਦਰ ਕਾਇਆ ਜੂਠਾ ਝੂਠਾ ਜਾਣਾ ਢੱਠ, ਥਿਰ ਰਹਿਣ ਨਾ ਪਾਇੰਦਾ । ਤ੍ਰੈਗੁਣ ਮਾਇਆ ਤੇਰਾ ਮਠ, ਇੱਕੀ ਜੇਠ ਆਪ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦੇਵੇ ਵਰ, ਗੋਬਿੰਦ ਕਾਇਆ ਵਿਚ ਸਮਾਇੰਦਾ । ਗੋਬਿੰਦ ਕਾਇਆ ਕਰ ਪਿਆਰ, ਹਰਿ ਜੋਤੀ ਇਕ ਟਿਕਾਈਆ । ਸੰਬਲ ਨਗਰੀ ਪਾਵੇ ਸਾਰ, ਵਰਨ ਗੋਤ ਨਾ ਕੋਈ ਰਖਾਈਆ । ਮਹੱਲ ਅਟੱਲ ਅਚੱਲ ਇਕ ਉਸਾਰ, ਬੈਠਾ ਆਸਣ ਲਾਈਆ । ਸੋਹੰ ਖੰਡਾ ਤੇਜ ਕਟਾਰ, ਆਪਣੇ ਸੰਗ ਲਿਆਈਆ । ਨੌ ਖੰਡ ਪ੍ਰਿਥਮੀ ਵੇਖੇ ਮਾਰ ਉਡਾਰ, ਚਿੱਟੇ ਅਸਵ ਰਿਹਾ ਦੁੜਾਈਆ । ਚਿੱਟਾ ਅਸਵ ਕਰ ਤਿਆਰ, ਸੋਲਾਂ ਕਲੀਆਂ ਆਸਣ ਲਾਈਆ । ਸੋਲਾਂ ਕਲ ਨਰ ਨਿਰੰਕਾਰ, ਲੋਕਮਾਤੀ ਜੋਤ ਜਗਾਈਆ । ਲੋਕਮਾਤੀ ਵੇਖ ਵਿਚਾਰ, ਲੱਖ ਚੁਰਾਸੀ ਫੋਲ ਫੁਲਾਈਆ । ਲੱਖ ਚੁਰਾਸੀ ਹਾਹਾਕਾਰ, ਕਲਜੁਗ ਅੰਤਮ ਦਏ ਦੁਹਾਈਆ । ਕਲਜੁਗ ਤੇਰੀ ਅੰਤਮ ਵਾਰ, ਧਰਤ ਮਾਤ ਰਹੀ ਕੁਰਲਾਈਆ । ਧਰਮ ਰਾਏ ਕਰੇ ਪੁਕਾਰ, ਪ੍ਰਭ ਸਾਚੇ ਦਇਆ ਕਮਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਰਾਏ ਧਰਮ ਰਿਹਾ ਸੁਣਾਈਆ । ਰਾਏ ਧਰਮ ਖੋਲ੍ਹ ਕਿਵਾੜ, ਅਠਾਈ ਕੁੰਡਾਂ ਬੂਹਾ ਲਾਹੀਆ । ਅਠਾਈ ਕੁੰਡਾਂ ਖੋਲ੍ਹ ਕਿਵਾੜ, ਧਰਮ ਰਾਏ ਵੇਖੇ ਨੇਤਰ ਨੈਣ ਉਠਾਈਆ । ਲਾੜੀ ਮੌਤ ਕਰ ਪਿਆਰ, ਧਰਮ ਸਪੁੱਤਰੀ ਰਿਹਾ ਜਗਾਈਆ । ਏਕਾ ਦੇਵੇ ਸਚ ਪਿਆਰ, ਹੱਥੀਂ ਮਹਿੰਦੀ ਲਾਈਆ । ਸੂਹਾ ਵੇਸ ਅਪਰ ਅਪਾਰ, ਤਨ ਬਸਤਰ ਇਕ ਛੁਹਾਈਆ । ਲੋਕਮਾਤ ਮਾਰ ਝਾਤ, ਲੱਖ ਚੁਰਾਸੀ ਰਹੀ ਸਗਨ ਮਨਾਈਆ । ਕਲਜੁਗ ਤੇਰੀ ਅੰਧੇਰੀ ਰਾਤ, ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਤੇਰੇ ਨਾਲ ਕਰੇ ਕੁੜਮਾਈਆ । ਜੂਠ ਝੂਠ ਮਾਇਆ ਮਮਤਾ ਮੋਹ ਹੰਕਾਰ ਬਣੇ ਬਰਾਤ, ਕਾਲ ਨਗਾਰਾ ਏਕਾ ਡੰਕਾ ਰਿਹਾ ਵਜਾਈਆ । ਨਾ ਕੋਈ ਵੇਖਣ ਜ਼ਾਤ ਪਾਤ, ਵਰਨ ਬਰਨ ਨਾ ਕੋਈ ਤਕਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਦਰ ਦਵਾਰੇ ਵੇਖੇ ਘਾਟ, ਦਰ ਘਰ ਜਾ ਜਾ ਫੇਰਾ ਪਾਈਆ । ਚੌਦਾਂ ਲੋਕ ਚੌਦਾਂ ਹਾਟ, ਹਰਿ ਸਾਚਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦਿਵਸ ਸਤਾਰਾਂ ਚੇਤਰ ਮਹੀਨਾ ਸਾਚੀ ਖ਼ੁਸ਼ੀ ਮਨਾਈਆ । ਧਰਮ ਰਾਏ ਖੋਲ੍ਹ ਕਿਵਾੜ, ਅੰਤਮ ਖ਼ੁਸ਼ੀ ਮਨਾਈਆ । ਪ੍ਰਭ ਅਬਿਨਾਸ਼ੀ ਚਰਨ ਦਵਾਰ, ਬੈਠਾ ਸੀਸ ਝੁਕਾਈਆ । ਚਿਤਰ ਗੁਪਤ ਨਾਲ ਪਿਆਰ, ਦੇ ਮਤ ਰਿਹਾ ਸਮਝਾਈਆ । ਲਿਖਿਆ ਲੇਖ ਅੰਤਮ ਵਾਰ, ਲਹਿਣਾ ਦੇਣਾ ਮੂਲ ਚੁਕਾਈਆ । ਮਨਮੁਖ ਜੀਵ ਹੋਏ ਗਵਾਰ, ਹਰਿ ਹਰਿ ਨਾਉਂ ਗਏ ਭੁਲਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਧਰਤ ਮਾਤ ਕਰੇ ਸਫ਼ਾਈਆ । ਸਤਿਜੁਗ ਸਾਚੇ ਕਰ ਪਿਆਰ, ਆਪ ਆਪਣੀ ਦਇਆ ਕਮਾਈਆ ।

ਕਲਜੁਗ ਰੋਵੇ ਧਾਹਾਂ ਮਾਰ, ਦਰ ਦਰ ਦਏ ਦੁਹਾਈਆ । ਦਰ ਦਵਾਰੇ ਮੁਹੰਮਦੀ ਯਾਰ, ਨਾ ਕੋਈ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਤੇਰਾ ਘਰ, ਏਕਾ ਏਕ ਵਖਾਈਆ । ਸੰਮਤ ਚੌਦਾਂ ਦਰ ਦਰਵਾਜਾ, ਏਕਾ ਏਕ ਖੁਲ੍ਹਾਇਆ । ਪਰਗਟ ਹੋਏ ਨਰ ਨਿਰੰਕਾਰਾ, ਗਊ ਗਰੀਬਾਂ ਗਲੇ ਲਗਾਇਆ । ਕਲਜੁਗ ਤੇਰਾ ਰਚਿਆ ਕਾਜਾ, ਅੰਤਮ ਦਏ ਪਰਨਾਇਆ । ਪਰਗਟ ਹੋਏ ਦੇਸ ਮਾਝਾ, ਗੋਬਿੰਦ ਗੁਰ ਅਖਵਾਇਆ । ਜਨ ਭਗਤ ਜਗਾਏ ਦਇਆ ਕਮਾਏ ਅਨਹਦ ਵਜਾਏ ਵਾਜਾ, ਏਕਾ ਤਾਲ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਤੇਰੀ ਧਾਰ ਬੰਧਾਇਆ । ਸੰਮਤ ਚੌਦਾਂ ਕਰ ਪਿਆਰ, ਹਰਿ ਸਾਚੀ ਰਚਨ ਰਚਾਈਆ । ਬ੍ਰਹਮਾ ਦੇਵਤ ਸੁਰ ਦਏ ਹੁਲਾਰ, ਸ਼ਿਵ ਸ਼ੰਕਰ ਰਿਹਾ ਹਿਲਾਈਆ । ਬਾਸ਼ਕ ਤਸ਼ਕਾ ਗਲ ਸ਼ਿੰਗਾਰ, ਕੰਠ ਮਾਲਾ ਏਕਾ ਪਾਈਆ । ਚਾਰੇ ਮੁਖ ਰਿਹਾ ਉਘਾੜ, ਅੱਠੇ ਨੇਤਰ ਵੇਖ ਵਖਾਈਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਮੀਤ ਮੁਰਾਰ, ਨੇਤਰ ਰੋ ਰੋ ਨੀਰ ਵਹਾਈਆ । ਅੰਤਮ ਛੱਡਣਾ ਸਭ ਘਰ ਬਾਹਰ, ਹਰੀ ਮੰਦਰ ਰਹਿਣ ਨਾ ਪਾਈਆ । ਪਰਗਟ ਹੋਇਆ ਨਰ ਅਵਤਾਰ, ਜਨ ਭਗਤਾਂ ਰਿਹਾ ਵਡਿਆਈਆ । ਮਨ ਮਨਵੰਤਰ ਗਏ ਹਾਰ, ਰਿਖੀ ਕੇਸ਼ ਦਿਸ ਨਾ ਆਈਆ । ਦਰ ਦਰਵੇਸ਼ ਕਰ ਆਕਾਰ, ਜੋਤੀ ਜਾਮਾ ਭੇਖ ਵਟਾਈਆ । ਨਰ ਨਰੇਸ਼ ਸੱਚੀ ਸਰਕਾਰ, ਇਕ ਸਿੰਘਾਸਣ ਆਸਣ ਲਾਈਆ । ਬ੍ਰਹਮਾ ਵਿਸ਼ਨ ਮਹੇਸ਼ ਬੈਠੇ ਦਰ ਦਵਾਰ, ਕੋਟਨ ਕੋਟ ਬੈਠੇ ਸੀਸ ਝੁਕਾਈਆ । ਗਣਪਤ ਗਣੇਸ਼ ਨਾ ਪਾਇਣ ਸਾਰ, ਨਾ ਕੋਈ ਭੇਵ ਖੁਲ੍ਹਾਈਆ । ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾ ਰਿਹਾ ਵਿਚਾਰ, ਨਾਨਕ ਨਿਰਗੁਣ ਰੂਪ ਸਮਾਈਆ । ਈਸਾ ਮੂਸਾ ਅੱਧਵਿਚਕਾਰ, ਸੰਗ ਮੁਹੰਮਦ ਬੈਠੇ ਆਸਣ ਲਾਈਆ । ਇਕ ਕਬੀਰਾ ਕਰ ਦੀਦਾਰ, ਨਾਨਕ ਮੇਲ ਮਿਲਾਈਆ । ਪ੍ਰਭ ਅਬਿਨਾਸ਼ੀ ਤੇਰਾ ਸਚ ਦਰਬਾਰ, ਦੂਸਰ ਕੋਈ ਨਾ ਵੇਖ ਵਖਾਈਆ । ਜੋਤ ਸਰੂਪੀ ਇਕ ਅਕਾਰ, ਇਕ ਇਕੱਲਾ ਰਿਹਾ ਸੁਹਾਈਆ । ਸਚ ਮਹੱਲਾ ਕਰ ਤਿਆਰ, ਥਿਰ ਘਰ ਨਾਉਂ ਰਖਾਈਆ । ਆਪੇ ਹੋਇਆ ਪਹਿਰੇਦਾਰ, ਚੋਬਦਾਰ ਨਾ ਕੋਈ ਵਖਾਈਆ । ਗੁਰ ਪੀਰ ਸਾਧ ਸੰਤ ਨਾ ਕੋਈ ਅਵਤਾਰ, ਸਤਿ ਪੁਰਖ ਨਿਰੰਜਣ ਏਕਾ ਬੈਠਾ ਜੋਤ ਜਗਾਈਆ । ਆਦਿ ਪੁਰਖ ਆਦਿ ਅਬਿਨਾਸ਼ਾ ਆਪਣਾ ਆਪ ਕਰ ਆਕਾਰ, ਆਪ ਉਪਜਾਏ ਪ੍ਰਿਥਮੀ ਆਕਾਸਾ, ਲੋਆਂ ਪੁਰੀਆਂ ਬਣਤ ਬਣਾਈਆ । ਬ੍ਰਹਮਾ ਸ਼ਿਵ ਦਏ ਭਰਵਾਸਾ, ਤ੍ਰੈਗੁਣ ਮਾਇਆ ਦਾਸੀ ਦਾਸਾ, ਪੰਜ ਤਤ ਕਰੇ ਵਾਸਾ, ਲੱਖ ਚੁਰਾਸੀ ਜੋਤ ਉਪਾਈਆ । ਆਵੇ ਜਾਵੇ ਲੋਕਮਾਤ ਵੇਖੇ ਤਮਾਸ਼ਾ, ਜੁਗ ਜੁਗ ਆਪਣੀ ਰਚਨ ਰਚਾਈਆ । ਕਲਜੁਗ ਤੇਰਾ ਅੰਤ ਵਿਨਾਸਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਨਾ ਕੋਈ ਖਾਏ ਮਦਿਰਾ ਮਾਸਾ, ਸਾਚਾ ਮਾਰਗ ਏਕਾ ਲਾਈਆ । ਜਨ ਭਗਤਾਂ ਨਿਜ ਘਰ ਆਤਮ ਰੱਖੇ ਵਾਸਾ, ਆਤਮ ਬ੍ਰਹਮ ਜਣਾਈਆ । ਮੇਲ ਮਿਲਾਏ ਸਰਬ ਗੁਣਤਾਸਾ, ਸਗਲੀ ਚਿੰਦ ਮਿਟਾਈਆ । ਮਨਮੁਖ ਜੀਵ ਨਾ ਧਰਨ ਧਰਵਾਸਾ, ਧੀਰਜ ਧੀਰ ਗਵਾਈਆ । ਜੋ ਜਨ ਚਰਨ ਧਿਆਨ ਪ੍ਰਭ ਪੂਰਨ ਕਰੇ ਆਸਾ, ਸਗਲੀ ਚਿੰਦ ਮਿਟਾਈਆ । ਕੋਈ ਨਾ ਜਾਏ ਦਰ ਤੋਂ ਨਿਰਾਸਾ, ਸਰਬ ਪੂਰਬਕ ਇਛਿਆ ਆਪ ਕਰਾਈਆ । ਨਾ ਕੋਈ ਰਤੀ ਨਾ ਕੋਈ ਤੋਲਾ ਨਾ ਕੋਈ ਮਾਸਾ, ਗੁਰ ਕਾ ਸ਼ਬਦ ਨਾ ਕੋਈ ਤੋਲ ਤੁਲਾਈਆ । ਨਾ ਕੋਈ ਮੰਡਲ ਨਾ ਕੋਈ ਰਾਸਾ, ਨਾ ਕੋਈ ਵੇਖੇ ਹਰਿ ਕਾ ਵਾਸਾ, ਕਵਣ ਘਰ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦੇਵੇ

ਵਰ, ਸਚ ਸਿੰਘਾਸਣ ਸੇਜ ਵਿਛਾਈਆ । ਸਚ ਮਹੱਲਾ ਕਰ ਤਿਆਰ, ਹਰਿ ਆਪਣਾ ਆਪ ਟਿਕਾਇਆ । ਆਵੇ ਪੁਰਖ ਏਕੰਕਾਰ, ਏਕਾ ਰੂਪ ਸਮਾਇਆ । ਲੋਕਮਾਤ ਲਏ ਅਵਤਾਰ, ਜੁਗ ਜੁਗ ਬੇੜਾ ਬੰਨੇ ਲਾਇਆ । ਦੁਆਪਰ ਤ੍ਰੇਤਾ ਸਤਿਜੁਗ ਪਾਰ ਕਿਨਾਰ, ਅੰਤਮ ਕਲਜੁਗ ਆਇਆ । ਈਸਾ ਮੂਸਾ ਮੁਹੰਮਦੀ ਯਾਰ, ਆਪ ਆਪਣਾ ਡੰਕ ਵਜਾਇਆ । ਨਾਨਕ ਗੋਬਿੰਦ ਬੰਨ੍ਹੀ ਧਾਰ, ਪੰਥ ਖਾਲਸਾ ਮਾਤ ਰਚਾਇਆ । ਵੇਦ ਪੁਰਾਨ ਰਹੇ ਪੁਕਾਰ, ਗੀਤਾ ਗਿਆਨ ਦਵਾਇਆ । ਵਰਨ ਬਰਨ ਰੋਵਣ ਹਾਹਾਕਾਰ, ਸਾਚੀ ਸਰਨ ਨਾ ਕੋਈ ਰਖਾਇਆ । ਜ਼ਾਤ ਪਾਤੀ ਝੂਠਾ ਨਾਤੀ, ਜਗਤ ਵਿਵਾਦ ਵਧਾਇਆ । ਮਾਨਸ ਮਾਨਸਾ ਕਰਨ ਘਾਤੀ, ਬ੍ਰਹਮ ਗਿਆਨ ਨਾ ਬ੍ਰਹਮ ਰਖਾਇਆ । ਕਿਸੇ ਨਾ ਮਿਲਿਆ ਕਮਲਾਪਾਤੀ, ਨਾਰੀ ਕੰਤ ਨਾ ਕੋਈ ਹੰਢਾਇਆ । ਕਲਜੁਗ ਰੈਣ ਅੰਧੇਰੀ ਰਾਤੀ, ਚਾਰੋਂ ਕੁੰਟ ਅੰਧੇਰਾ ਛਾਇਆ । ਪਾਰਬ੍ਰਹਮ ਆਪੇ ਵੇਖੇ ਮਾਰ ਝਾਤੀ, ਵੇਲਾ ਅੰਤਮ ਆਇਆ । ਆਪੇ ਖੋਲ੍ਹੇ ਆਪਣੀ ਤਾਕੀ, ਅੰਦਰ ਮੰਦਰ ਆਪੇ ਬਾਹਰ ਹੋਇਆ । ਵੇਖ ਵਖਾਏ ਪ੍ਰਿਥਮੀ ਆਕਾਸ਼ੀ, ਲੱਖ ਚੁਰਾਸੀ ਬੰਦਾ ਖ਼ਾਕੀ, ਪਾਕੀ ਪਾਕ ਆਪ ਅਖਵਾਇਆ । ਏਕਾ ਅਸਵ ਚੜ੍ਹਿਆ ਰਾਕੀ, ਦਹਿ ਦਿਸ਼ਾ ਰਿਹਾ ਦੁੜਾਇਆ । ਜਨ ਭਗਤਾਂ ਅੰਮ੍ਰਿਤ ਜਾਮ ਪਿਆਏ ਬਣ ਬਣ ਸਾਕੀ, ਸੋਹੰ ਪਿਆਲਾ ਇਕ ਲਿਆਇਆ । ਜੁਗਾਂ ਜੁਗਾਂ ਦੇ ਵਿਛੜੇ ਮੇਲ ਮਿਲਾਏ ਪ੍ਰਭ ਦੇਵਣ ਆਇਆ ਬਾਕੀ, ਦੀਨ ਦਿਆਲਾ ਦਇਆ ਕਮਾਇਆ । ਆਪੇ ਜਾਣੇ ਆਪਣਾ ਭਵਿਖਤ ਵਾਕੀ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਤੇਰੀ ਧਾਰ, ਸਰਗੁਣ ਸ਼ਬਦ ਚਲਾਈਆ । ਸਰਗੁਣ ਸ਼ਬਦ ਅਧਾਰ, ਲੋਕਮਾਤ ਵੱਜੇ ਵਧਾਈਆ । ਲੋਕਮਾਤ ਖ਼ਬਰਦਾਰ, ਗੁਰਮੁਖ ਸਾਚੇ ਆਪ ਕਰਾਈਆ । ਗੁਰਮੁਖ ਸਾਚੇ ਕਰ ਤਿਆਰ, ਕਾਇਆ ਖੇੜਾ ਵੇਖ ਵਖਾਈਆ । ਕਾਇਆ ਖੇੜਾ ਅਪਰ ਅਪਾਰ, ਨਾਮ ਬੀਜ ਸਾਚਾ ਪਾਈਆ । ਨਾਮ ਬੀਜ ਹਰਿ ਨਿਰੰਕਾਰ, ਅੰਮ੍ਰਿਤ ਆਤਮ ਤਨ ਮਨ ਸੀਜ ਕਰਾਈਆ । ਜਨ ਭਗਤਾਂ ਕਰੇ ਆਪੇ ਰੀਝ, ਆਪਣੀ ਹੱਥੀਂ ਸ਼ਿੰਗਾਰ ਲਗਾਈਆ । ਦਰਸ ਦਿਖਾਏ ਨੈਣ ਤੀਜ, ਲੋਚਨ ਏਕਾ ਏਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਸਾਚੇ ਮੇਲ ਮਿਲਾਵਾ, ਏਕਾ ਏਕ ਕਰਾਇਆ । ਗਰੀਬ ਨਿਮਾਣਾ ਜਗਤ ਨਿਥਾਵਾਂ, ਪ੍ਰਭ ਆਪਣੀ ਗੋਦ ਉਠਾਇਆ । ਆਪ ਉਠਾਏ ਆਪਣੀਆਂ ਬਾਹਵਾਂ, ਦੀਨਾਂ ਬੰਧਪ ਆਪ ਅਖਵਾਇਆ । ਹੰਸ ਬਣਾਏ ਫੜ ਫੜ ਕਾਵਾਂ, ਸੋਹੰ ਸਾਚੀ ਚੋਗ ਚੁਗਾਇਆ । ਕਰੇ ਪਿਆਰ ਜਿਉਂ ਪੁੱਤਰਾਂ ਮਾਵਾਂ, ਅੰਮ੍ਰਿਤ ਆਤਮ ਮੁਖ ਸੀਰ ਚੁਆਇਆ । ਸਦਾ ਸੁਹੇਲਾ ਰੱਖੇ ਠੰਢੀ ਛਾਵਾਂ, ਤਤੀ ਹਾੜ ਨਾ ਅਗਨ ਸਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨੁਹਾਏ ਸਾਚੇ ਸਰ, ਚਰਨ ਧੂੜ ਇਕ ਇਸ਼ਨਾਨ ਕਰਾਇਆ । ਚਰਨ ਧੂੜ ਸਚ ਇਸ਼ਨਾਨਾ, ਹਰਿ ਆਪਣਾ ਆਪ ਕਰਾਇੰਦਾ । ਗੁਰਮੁਖ ਸਾਚੇ ਚਤਰ ਸੁਘੜ ਸਿਆਣਾ, ਸਾਚੇ ਥਾਉਂ ਇਕ ਬਹਾਇੰਦਾ । ਏਕਾ ਰੱਖੇ ਪ੍ਰਭ ਚਰਨ ਧਿਆਨਾ, ਚਰਨ ਚਰਨੋਦਕ ਮੁਖ ਚੁਆਇੰਦਾ । ਆਪ ਆਪਣੀ ਕਰ ਪਛਾਨਾ, ਆਪ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਕਾਇਆ ਚੋਲੀ ਰੰਗ ਇਕ ਰੰਗਾਨਾ, ਏਕਾ ਦੂਜਾ ਭਉ ਚੁਕਾਇੰਦਾ । ਏਕਾ ਦੂਜਾ ਭਉ ਚੁਕਾਏ, ਆਪ ਆਪਣੀ ਕਲ ਧਾਰਿਆ । ਤੀਜਾ ਨੈਣ ਖੋਲ੍ਹ ਵਖਾਏ, ਦਰਸ ਦਿਖਾਏ ਅਗੰਮ ਅਪਾਰਿਆ । ਚੌਥੇ ਘਰ ਮੇਲ ਮਿਲਾਏ, ਸੰਤ ਸੁਹੇਲੇ

ਕਰ ਪਿਆਰਿਆ । ਪੰਚਮ ਮੀਤਾ ਆਪ ਅਖਵਾਏ, ਸਤਿ ਸ਼ਬਦ ਦਵਾਰਾ ਹਰਿ ਦਰਬਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਜਨਮ ਮਰਨ ਮਰਨ ਜਨਮ ਦੁੱਖ ਮਿਟਾ ਰਿਹਾ । ਜਨਮ ਮਰਨ ਜਗ ਤੁੱਟਾ ਨਾਤਾ, ਪੂਰਾ ਸਤਿਗੁਰ ਪਾਇਆ । ਨੇੜ ਨਾ ਆਏ ਲਾੜੀ ਮੌਤ ਕਮਜ਼ਾਤਾ, ਦਰ ਦਵਾਰੇ ਰਹਿਣ ਨਾ ਪਾਇਆ । ਆਪ ਵਿਕਾਇਆ ਸਾਚੇ ਹਾਟਾ, ਤਨ ਮਨ ਭੇਟ ਚੜ੍ਹਾਇਆ । ਆਏ ਨਾ ਜਾਏ ਆਨ ਬਾਟਾ, ਗਰਭਵਾਸ ਨਾ ਵੇਸ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦਇਆ ਕਮਾਇਆ । ਭਗਤ ਵਛਲ ਗਿਰਧਾਰ, ਹਰਿ ਰਘੁਰਾਇਆ । ਫੜ ਫੜ ਬਾਹੋਂ ਲਾਏ ਪਾਰ, ਸਾਚਾ ਮੇਲ ਮਿਲਾਇਆ । ਮਨਮੁਖ ਸੁੱਤੇ ਪੈਰ ਪਸਾਰ, ਪ੍ਰਭ ਗੂੜ੍ਹੀ ਨੀਂਦ ਸਵਾਇਆ । ਗੁਰਮੁਖ ਨੇਤਰ ਰਹੇ ਉਘਾੜ, ਆਲਸ ਨਿੰਦਰਾ ਵਿਚ ਨਾ ਆਇਆ । ਦਰ ਦਵਾਰੇ ਹਰਿ ਘਰ ਸਾਚੇ ਦੇਵੇ ਵਾੜ, ਲੱਖ ਚੁਰਾਸੀ ਫੰਦ ਕਟਾਇਆ । ਆਪੇ ਹੋਏ ਪਿੱਛੇ ਅਗਾੜ, ਜਿਸ ਜਨ ਬੱਤੀ ਦੰਦ ਗਾਇਆ । ਮੂਰਖ ਮੂੜ੍ਹ ਭਾਗਾਂ ਮਾੜ, ਆਤਮ ਅੰਧ ਅਗਿਆਨ ਰਖਾਇਆ । ਗੁਰਮੁਖ ਵਿਰਲੇ ਜੋਤ ਜਗਾਏ ਬਹੱਤਰ ਨਾੜ, ਆਕਾਸ਼ ਪਰਕਾਸ਼ ਰਖਾਇਆ । ਮਨਮੁਖ ਜੀਵ ਚਬਾਏ ਆਪਣੀ ਦਾੜ੍ਹ, ਸੰਮਤ ਸੋਲਾਂ ਰਿਹਾ ਜਗਾਇਆ । ਆਪ ਉਠਾਏ ਅਗੰਮੀ ਧਾੜ, ਗੁਰ ਗੋਬਿੰਦ ਸੰਗ ਰਲਾਇਆ । ਮਾਝਾ ਦੇਸ ਹੋਏ ਉਜਾੜ, ਚਾਰੋਂ ਕੁੰਟ ਪਏ ਦੁਹਾਇਆ । ਧਰਤ ਮਾਤ ਤੇਰਾ ਇਕ ਅਖਾੜ, ਪ੍ਰਭ ਸਾਚਾ ਵੇਖਣ ਆਇਆ । ਮੰਗੀ ਮੰਗ ਮੌਤ ਲਾੜ, ਪ੍ਰਭ ਸਾਚੇ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿਖ ਗੁਰਸਿਖ ਗੁਰ ਚੇਲਾ ਆਪ ਅਖਵਾਇਆ । ਸਤਿਗੁਰ ਪੂਰਾ ਸ਼ਬਦ ਭਰਪੂਰ, ਆਦਿ ਅੰਤ ਅਖਵਾਇਆ । ਨਾ ਨੇੜੇ ਨਾ ਦਿਸੇ ਦੂਰ, ਹਰਿਜਨ ਤੇਰੇ ਮੰਦਰ ਅੰਦਰ ਡੇਰਾ ਲਾਇਆ । ਜਗਤ ਨਾਤਾ ਕੂੜੋ ਕੂੜ, ਥਿਰ ਰਹਿਣ ਨਾ ਪਾਇਆ । ਜੋ ਜਨ ਮਸਤਕ ਲਾਏ ਚਰਨ ਧੂੜ, ਲਿਲਾਟ ਲਿਲਾਟੀ ਦਏ ਜਗਾਇਆ । ਮਨਮੁਖ ਮੂਰਖ ਨਾ ਸਮਝੇ ਮੂੜ, ਬੈਠੇ ਮੁਖ ਛੁਪਾਇਆ । ਸ਼ਬਦ ਵੇਲਣੇ ਪੀੜੇ ਬੂੜ, ਕਲਜੁਗ ਗੇੜਾ ਰਿਹਾ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸੰਗਤ ਦੇਵੇ ਨਾਮ ਵਰ, ਹਰਿ ਕਾ ਰੂਪ ਉਪਾਇਆ । ਹਰਿ ਸੰਗਤ ਹਰਿ ਬਲਿਹਾਰ, ਹਰਿ ਗੁਣ ਗਾਇਆ । ਦਰਸ ਅਪਰ ਅਪਾਰ, ਨੈਨਨ ਦਰਸਾਇਆ । ਨਾ ਮਰੇ ਨਾ ਪਏ ਜੰਮ, ਆਵਣ ਜਾਵਣ ਖੇਲ ਰਚਾਇਆ । ਲੇਖੇ ਲਾਏ ਕਾਇਆ ਚੰਮ, ਜਿਸ ਜਨ ਸਾਧ ਸੰਗਤ ਬਹਿ ਬਹਿ ਮੰਗਲ ਗਾਇਆ । ਪਾਰ ਕਰਾਏ ਦਇਆ ਕਮਾਏ ਜੋ ਜਨ ਰਸਨਾ ਗਾਏ ਸੋਹੰ (ਦਮਾ) ਦਮ, ਸੋ ਪੁਰਖ ਨਿਰੰਜਣ ਵਿਛੜ ਨਾ ਜਾਇਆ । ਮਨ ਵੈਰਾਗ ਜਗਤ ਤਿਆਗ ਨੇਤਰ ਨੀਰ ਛਮ ਛਮ, ਦੁਰਮਤ ਮੈਲ ਦਏ ਧਵਾਇਆ । ਨਾ ਕੋਈ ਖ਼ੁਸ਼ੀ ਨਾ ਕੋਈ ਗ਼ਮ, ਜੋ ਜਨ ਗੁਰ ਚਰਨ ਰਿਹਾ ਲਿਪਟਾਇਆ । ਜੁਗ ਜੁਗ ਬੇੜਾ ਰਿਹਾ ਬੰਨ੍ਹ, ਬੰਨ੍ਹਣਹਾਰ ਆਪ ਅਖਵਾਇਆ । ਆਪੇ ਘੜੇ ਆਪੇ ਲਏ ਭੰਨ, ਲੱਖ ਚੁਰਾਸੀ ਆਪ ਫਿਰਾਇਆ । ਗੁਰਸਿਖ ਚੜ੍ਹਾਏ ਸਾਚੇ ਚੰਨ, ਸਤਿਜੁਗ ਸਚ ਪਰਕਾਸ਼ ਕਰਾਇਆ । ਨੌ ਖੰਡ ਪ੍ਰਿਥਮੀ ਖੰਨ ਖੰਨ, ਜੇਰਜ ਅੰਡ ਵੰਡ ਵੰਡਾਇਆ । ਬ੍ਰਹਿਮੰਡ ਪ੍ਰਭ ਦੇਵੇ ਡੰਨ, ਸੋਹੰ ਖੰਡਾ ਹੱਥ ਉਠਾਇਆ । ਜਨ ਭਗਤਾਂ ਰਾਗ ਸੁਣਾਏ ਕੰਨ, ਏਕਾ ਅਨਾਦੀ ਨਾਦ ਵਜਾਇਆ । ਜਨਣੀ ਜਣਿਆ ਹਰਿ ਜਨ, ਸੁਫਲ ਕੁੱਖ ਕਰਾਇਆ । ਗੁਰਮੁਖ ਵਿਰਲੇ ਆਤਮ ਗਈ ਮੰਨ, ਜਿਸ ਜਨ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਦੇਵੇ ਨਾਮ ਵਰ, ਆਤਮ ਝੋਲੀ ਪਾਇਆ । ਜੋ

ਜਨ ਆਏ ਦਰਸ ਪਿਆਸ, ਪ੍ਰਭ ਆਤਮ ਤ੍ਰਿਪਤ ਬੁਝਾਈਆ । ਜੋਤ ਸਰੂਪੀ ਕਰ ਪਰਕਾਸ਼, ਵੇਖ ਵਖਾਣੇ ਥਾਉਂ ਥਾਈਆ । ਚਰਨ ਕਵਲ ਸਚ ਨਿਵਾਸ, ਏਕਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਸੇਵਕ ਸੇਵਾਦਾਰ ਅਖਵਾਈਆ । ਸਤਿਗੁਰ ਪੂਰਾ ਸੇਵਾਦਾਰ, ਗੁਰ ਸੰਗਤ ਸੇਵ ਕਮਾਇੰਦਾ । ਦਿਵਸ ਰੈਣ ਸੇਵਾਦਾਰ, ਜਿਉਂ ਅੰਗਦ ਅੰਗ ਲਗਾਇੰਦਾ । ਨੇੜ ਨਾ ਆਏ ਕੋਈ ਚੋਰ ਯਾਰ, ਸ਼ਬਦ ਖੰਡਾ ਹੱਥ ਉਠਾਇੰਦਾ । ਅੱਠੇ ਪਹਿਰ ਮਾਰੇ ਮਾਰ, ਪੰਚਮ ਤਤ ਦੁਰਕਾਇੰਦਾ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਸਾਚਾ ਦਵਾਰਾ ਇਕ ਵਖਾਇੰਦਾ । ਆਪ ਆਪਣੀ ਕਿਰਪਾ ਧਾਰ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਗੁਰਮੁਖਾਂ ਪਿਛਲਾ ਮੂਲ ਚੁਕਾਇੰਦਾ । ਧੂੰਆਂ ਧੁਖੇ ਵਿਚ ਸੰਸਾਰ, ਉਲਟਾ ਰੁੱਖ ਆਪ ਵਖਾਇੰਦਾ । ਮਨਮੁਖ ਹੋਇਆ ਜੀਵ ਗਵਾਰ, ਆਤਮ ਸੁੱਖ ਨਾ ਕਿਸੇ ਦਿਸਾਇੰਦਾ । ਮਾਇਆ ਮਮਤਾ ਮੋਹ ਤ੍ਰਿਸ਼ਨਾ ਭੁੱਖ ਵਿਚ (ਸੰਸਾਰ), ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰ ਹਾਹਾਕਾਰ ਮਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸੰਤ ਜੰਤ ਕੰਤ ਅੰਤ ਮੇਲ ਮਿਲਾਇੰਦਾ । ਅੰਤ ਕੰਤ ਸਾਧ ਸੰਤ ਮੇਲ ਮਿਲਾਵਾ, ਪ੍ਰਭ ਆਪਣੀ ਦਇਆ ਕਮਾਈਆ । ਬਣਾਏ ਬਣਤ ਧੁਰਦਰਗਾਹੀ ਨਾਵਾਂ, ਨਾ ਕੋਈ ਮੇਟ ਮਿਟਾਈਆ । ਪਾਰ ਕਰਾਏ ਫੜ ਫੜ ਬਾਹਵਾਂ, ਸਾਚੇ ਬੇੜੇ ਰਿਹਾ ਚੜ੍ਹਾਈਆ । ਗੁਰ ਪੂਰੇ ਸਦ ਬਲ ਬਲ ਜਾਵਾਂ, ਗੁਰਸਿਖ ਸਾਚੇ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦ ਹਰਿ ਰੂਪ, ਹਰ ਘਟ ਬੈਠਾ ਆਸਣ ਲਾਈਆ । ਸ਼ਬਦ ਗੁਰ ਜਗਤ ਸਿਕਦਾਰ, ਏਕਾ ਏਕ ਅਖਵਾਇਆ । ਖੇਲੇ ਖੇਲ ਵਿਚ ਸੰਸਾਰ, ਖੇਲਣਹਾਰ ਦਿਸ ਨਾ ਆਇਆ । ਮੇਲੇ ਮੇਲ ਭਗਤ ਦੁਲਾਰ, ਆਪ ਆਪਣਾ ਮੇਲ ਮਿਲਾਇਆ । ਪੂਰਬ ਕਰਮਾਂ ਕਰਮ ਵਿਚਾਰ, ਜਨਮ ਜਨਮਾ ਸੁਫਲ ਕਰਾਇਆ । ਸਾਚਾ ਧਰਮ ਪ੍ਰਭ ਚਰਨ ਦਵਾਰ, ਲੋਕ ਲਾਜ ਜਗਤ ਤਜਾਇਆ । ਗੁਰ ਪੀਰ ਤਰਨੀ ਤਰਨਾ, ਪਾਰ ਕਿਨਾਰਾ ਰਿਹਾ ਵਖਾਇਆ । ਗੁਰਸਿਖ ਗੁਰ ਏਕਾ ਮਾਂਗੇ ਸਰਨਾ, ਗੁਰ ਮੰਤਰ ਏਕਾ ਨਾਮ ਦ੍ਰਿੜਾਇਆ । ਆਪੇ ਖੋਲ੍ਹਣਹਾਰਾ ਹਰਨਾ ਫਰਨਾ, ਆਪ ਆਪਣਾ ਦਰਸ ਦਿਖਾਇਆ । ਪ੍ਰਭ ਕਾ ਭਾਣਾ ਗੁਰਮੁਖ ਵਿਰਲੇ ਜਰਨਾ, ਜੀਵ ਜੰਤ ਹੋਏ ਹਲਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਆਪਣੇ ਭਾਣੇ ਵਿਚ ਸਮਾਇਆ ।

ਪਾਰਬ੍ਰਹਮ ਅਲੱਖ ਅਲੱਖਣਾ, ਲਖ ਨਾ ਸਕਿਆ ਜਾਈਆ । ਨਾ ਭਰਿਆ ਨਾ ਸੱਖਣਾ, ਨਾ ਡੋਲੇ ਡੋਲ ਡੁਲਾਈਆ । ਨਾ ਨੇਤਰ ਨਾ ਕੋਈ ਅੱਖਣਾ, ਨਾ ਕੋਈ ਬਣਤ ਬਣਾਈਆ । ਜੋਤੀ ਸ਼ਬਦੀ ਹਰਿ ਪਰਤੱਖਣਾ, ਪਰਤੱਖ ਰੂਪ ਵਟਾਈਆ । ਗੁਰਮੁਖ ਵਿਰੋਲੇ ਮੱਖਣਾ, ਲੱਖ ਚੁਰਾਸੀ ਛਾਛ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਕਲ ਆਪ ਵਰਤਾਈਆ । ਅਚਰਜ ਕਲ ਹਰਿ ਨਿਰੰਕਾਰ, ਏਕਾ ਏਕ ਵਰਤਾਇੰਦਾ । ਭੇਵ ਨਾ ਪਾਇਣ ਜੀਵ ਗਵਾਰ, ਭੇਵ ਅਭੇਦਾ ਆਪ ਅਖਵਾਇੰਦਾ । ਦੇਵੀ ਦੇਵਾ ਰਹੇ ਪੁਕਾਰ, ਦੇਵਤ ਸੁਰ ਸਰਬ ਸੁਣਾਇੰਦਾ ।


੬੪੩ ੦੬

ਸੰਤ ਸੁਹੇਲੇ ਰੋਵਣ ਧਾਹਾਂ ਮਾਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਹਰਿਜਨ ਵੇਖਣ ਨੈਣ ਉਘਾੜ, ਕਵਣ ਕੂਟੇ ਪ੍ਰਭ ਸਾਚਾ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਜੋਗ ਇਕ ਵਿਖਾਇੰਦਾ । ਸਾਚਾ ਜੋਗ ਚਰਨ ਦਵਾਰ, ਏਕਾ ਏਕ ਰਖਾਇਆ । ਏਕਾ ਮੇਲਾ ਧੁਰ ਸੰਜੋਗ, ਆਪਣਾ ਆਪ ਕਰਾਇਆ । ਦੇਵੇ ਦਰਸ ਹਰਿ ਅਮੋਘ, ਆਤਮ ਤ੍ਰਿਸ਼ਨ ਮਿਟਾਇਆ । ਦੂਈ ਦਵੈਤੀ ਹਉਮੇ ਕਟੇ ਰੋਗ, ਅੰਧ ਅਗਿਆਨ ਮਿਟਾਇਆ । ਰਸ ਰਸਨਾ ਆਤਮ ਭੋਗ, ਰਸ ਮੀਠਾ ਇਕ ਵਖਾਇਆ । ਸੋਹੰ ਸ਼ਬਦ ਚੁਗਾਏ ਸਾਚੀ ਚੋਗ, ਹੰਸ ਮੁਖ ਰਖਾਇਆ । ਆਦਿ ਅੰਤ ਨਾ ਹੋਏ ਵਿਜੋਗ, ਵਿਛੜ ਕਦੇ ਨਾ ਜਾਇਆ । ਜੂਠਾ ਝੂਠਾ ਮਾਇਆ ਭੋਗ, ਨਾਤਾ ਰਿਹਾ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਕਲਜੁਗ ਰਿਹਾ ਤਰਾਇਆ । ਹਰਿਜਨ ਤੇਰੀ ਅੰਤਮ ਕਲ, ਆਪਣੀ ਬਣਤ ਬਣਾਇੰਦਾ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲ, ਅਛਲ ਛਲ ਆਪ ਕਰਾਇੰਦਾ । ਭੇਖਾਧਾਰੀ ਬਾਵਨ ਬਲ, ਜਨ ਭਗਤ ਦਵਾਰੇ ਮੰਗਣ ਆਇੰਦਾ । ਆਪ ਆਪਣੇ ਅੰਦਰ ਰਿਹਾ ਰਲ, ਦਿਸ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਵੇਖੇ ਝੂਠੀ ਝਲ, ਸਾਚਾ ਸੰਗ ਕੋਈ ਦਿਸ ਨਾ ਆਇੰਦਾ । ਨਾਮ ਖੰਡਾ ਏਕਾ ਭਲ, ਲੱਖ ਚੁਰਾਸੀ ਚਮਕ ਆਪ ਡਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸਰੂਪੀ ਵਾਹੇ ਹੱਲ ਜੜ੍ਹ ਕੋਈ ਰਹਿਣ ਨਾ ਪਾਇੰਦਾ । ਨਾ ਕੋਈ ਜੜ੍ਹ ਨਾ ਕੋਈ ਚੇਤਨ, ਹਰਿ ਚੇਤਨ ਚਿਤ ਨਾ ਆਇਆ । ਹਰਿ ਆਪੇ ਵੇਖੇ ਕਾਇਆ ਨੇਤਨ, ਨੈਨਨ ਨੈਣ ਆਪ ਅਖਵਾਇਆ । ਜਨ ਭਗਤਾਂ ਹੋਇਆ ਮੀਤਨ, ਨਿਜ ਘਰ ਦਰਸ ਦਿਖਾਇਆ । ਲੱਖ ਚੁਰਾਸੀ ਜਗਤ ਪ੍ਰੀਤਨ, ਅਜੂਨ ਅਜੂਨੀ ਰਿਹਾ ਫਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਨੇਤਰ ਆਪੇ ਵੇਖ, ਆਪਣਾ ਮੇਲ ਮਿਲਾਇਆ । ਨੇਤਰ ਲੋਚਨ ਹਰਿ ਵਸਾਲ, ਏਕਾ ਏਕ ਰਖਾਇਆ । ਗੁਰਮੁਖ ਸਾਚੇ ਸਾਜਣ ਲਾਲ, ਫੜ ਫੜ ਬਾਹਰ ਕਢਾਇਆ । ਸੋਹੰ ਸ਼ਬਦ ਬਣ ਦਲਾਲ, ਜਗਤ ਵਿਚੋਲਾ ਇਕ ਰਖਾਇਆ । ਦਰ ਬੰਧਾਏ ਕਾਲ ਮਹਾਂਕਾਲ, ਪ੍ਰਭ ਏਕਾ ਡੋਰੀ ਪਾਇਆ । ਜਨ ਭਗਤਾਂ ਕਰੇ ਮਾਤ ਸੰਭਾਲ, ਪਰਗਟ ਹੋਏ ਦਰਸ ਦਿਖਾਇਆ । ਏਕਾ ਦੇਵੇ ਨਾਮ ਸੱਚਾ ਧਨ ਮਾਲ, ਚੋਰ ਯਾਰ ਲੁੱਟ ਨਾ ਕੋਈ ਲਜਾਇਆ । ਕਾਇਆ ਮੰਦਰ ਸਚ ਸੱਚੀ ਧਰਮਸਾਲ, ਹਰਿ ਮੰਦਰ ਬੈਠਾ ਆਸਣ ਲਾਇਆ । ਇਕ ਸੁਹਾਏ ਸਾਚਾ ਤਾਲ, ਸਰ ਸਰੋਵਰ ਇਕ ਭਰਾਇਆ । ਦਿਵਸ ਰੈਣ ਸਦਾ ਸੁਹੇਲਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇਆ । ਲੱਖ ਚੁਰਾਸੀ ਤੋੜੇ ਜਗਤ ਜੰਜਾਲ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਜਣ ਮੀਤ ਸਾਚਾ ਚੰਦ ਚੜ੍ਹਾਇਆ । ਗੁਰਮੁਖ ਸਾਜਣ ਤੇਰੀ ਸਾਚੀ ਲੋਅ, ਲੋਕਮਾਤ ਕਰੇ ਰੁਸ਼ਨਾਈਆ । ਹਰਿ ਬਿਨ ਅਵਰ ਨਾ ਜਾਣੇ ਕੋ, ਨਾ ਕੋਈ ਵੇਖੇ ਵੇਖ ਵਖਾਈਆ । ਲੱਖ ਚੁਰਾਸੀ ਰਹੀ ਰੋ, ਨੇਤਰ ਨੀਰ ਵਹਾਈਆ । ਜੂਠਾ ਝੂਠਾ ਲੱਗਾ ਮੋਹ, ਪੰਚ ਵਿਕਾਰ ਵੱਜੀ ਵਧਾਈਆ । ਗੁਰਮੁਖ ਵਿਰਲਾ ਭੇਵ ਨਾ ਜਾਣੇ ਸੋ, ਸੋ ਪੁਰਖ ਨਿਰੰਜਣ ਰਿਹਾ ਜਪਾਈਆ । ਆਪਣਾ ਆਪ ਤਜਾਇਆ ਛੱਬੀ ਪੋਹ, ਗੁਰਸਿਖਾਂ ਅੱਗੇ ਭੇਟ ਕਰਾਈਆ । ਜੋਤੀ ਜਾਮਾ ਪਰਗਟ ਹੋ, ਹੰ ਹੰਗਤਾ ਦਏ ਮਿਟਾਈਆ । ਪੁਰਖ ਨਿਰੰਜਣ ਸਰਗੁਣ ਨਿਰਗੁਣ ਏਕਾ ਦੋ, ਦੋਆ ਏਕਾ ਰੂਪ ਵਟਾਇਆ । ਗੁਰ ਗੋਬਿੰਦਾ ਫੜ ਅੱਗੇ ਲਿਆ ਜੋਹ, ਸਾਚਾ ਰਥ ਸਾਚਾ ਸ਼ਬਦ ਚਲਾਈਆ । ਜਨ ਭਗਤਾਂ ਆਤਮ ਅੰਦਰ ਬੀ ਰਿਹਾ ਬੋ, ਤ੍ਰਿਸ਼ਨਾ ਭੁੱਖ ਮਿਟਾਈਆ ।

ਦੁਰਮਤ ਮੈਲ ਕੱਢੇ ਧੋ, ਨਾਮ ਰੰਗਣ ਇਕ ਚੜ੍ਹਾਈਆ । ਆਪੇ ਕਰੇ ਕਰਾਏ ਸੋਈ ਕਲ ਹੋ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤ ਨਿਰੰਜਣ ਕਰੇ ਲੋਅ, ਅੰਧ ਅੰਧੇਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸ਼ਬਦ ਧੁਨ, ਆਪਣਾ ਆਪ ਕਰਾਇਆ । ਜੁਗ ਜੁਗ ਪੁਕਾਰ ਸੁਣ, ਭੇਖਾਧਾਰੀ ਭੇਖ ਵਟਾਇਆ । ਲੱਖ ਚੁਰਾਸੀ ਜਾਣੇ ਗੁਣ ਅਵਗੁਣ, ਗੁਣ ਦਾਤਾ ਆਪ ਅਖਵਾਇਆ । ਸ੍ਰਿਸ਼ਟ ਸਬਾਈ ਛਾਣ ਪੁਣ, ਗੁਰਮੁਖ ਸਾਚੇ ਬਾਹਰ ਕਢਾਇਆ । ਸ਼ਬਦ ਸੁਹੇਲੇ ਸਾਚੇ ਚੁਣ, ਏਕਾ ਚੋਗ ਨਾਮ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਦਾਤਾ ਦਾਨੀ ਦਰਸ ਪਾਇਆ । ਸਤਿਗੁਰ ਸ਼ਬਦ ਗਿਆਨ ਹੈ, ਗੁਰਮੁਖ ਵਿਰਲੇ ਪਾਇਆ । ਗੁਰਮੁਖ ਇਕ ਧਿਆਨ ਹੈ, ਏਕਾ ਦੂਜਾ ਭਉ ਚੁਕਾਇਆ । ਤੀਜਾ ਨੇਤਰ ਇਕ ਨਿਧਾਨ ਹੈ, ਦਿਸ ਕਿਸੇ ਨਾ ਆਇਆ । ਕਾਇਆ ਮੰਦਰ ਸਚ ਮਕਾਨ ਹੈ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਆਪੇ ਵੇਖ ਵਖਾਇਆ । ਹਰਿਜਨ ਸਾਜਨ ਸਾਚਾ ਮੀਤਾ, ਏਕਾ ਏਕ ਅਖਵਾਇੰਦਾ । ਆਪੇ ਬੈਠਾ ਵਿਚ ਅਤੀਤਾ, ਦਿਸ ਕਿਸੇ ਨਾ ਆਇੰਦਾ । ਅੰਮ੍ਰਿਤ ਆਤਮ ਦੇਵੇ ਠੰਢਾ ਸੀਤਾ, ਜੋ ਜਨ ਮੰਗਤਾ ਆਇੰਦਾ । ਏਕਾ ਰਾਗ ਸੁਣਾਏ ਛੰਦ ਮਾਣ ਰਖਾਏ ਅਠਾਰਾਂ ਧਿਆਏ ਗੀਤਾ, ਏਕਾ ਰੰਗ ਰੰਗਾਇੰਦਾ । ਵੇਖਣਹਾਰਾ ਹਸਤ ਕੀਟਾ, ਉਚਾਂ ਨੀਚਾਂ ਏਕਾ ਧਾਮ ਬਹਾਇੰਦਾ । ਸਾਚਾ ਸ਼ਬਦ ਹਰਿ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਕਲਜੁਗ ਜੀਵ ਜੂਠਾ ਝੂਠਾ ਪੀਸਣ ਪੀਠਾ, ਮਾਇਆ ਚੱਕੀ ਆਪ ਚਲਾਇੰਦਾ । ਪੰਜ ਤਤ ਕੌੜਾ ਰੀਠਾ, ਨਾ ਕੋਈ ਮਾਤ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਸਾਚੀ ਵਸਤ ਹਰਿ ਝੋਲੀ ਪਾਇੰਦਾ । ਸਾਚੀ ਵਸਤ ਨਾਮ ਅਨਮੋਲ, ਜਨ ਭਗਤਾਂ ਆਪ ਦਵਾਇੰਦਾ । ਅੰਦਰ ਮੰਦਰ ਕੰਤ ਕੰਤੂਹਲ, ਸਾਚਾ ਰਾਹ ਵਖਾਇੰਦਾ । ਨਾਦ ਅਨਾਦੀ ਸ਼ਬਦ ਬੋਲ, ਢੋਲ ਮਰਦੰਗ ਵਜਾਇੰਦਾ । ਆਤਮ ਸੇਜਾ ਰਿਹਾ ਫੋਲ, ਆਪਣੀ ਹੱਥੀਂ ਆਪ ਕਰਾਇੰਦਾ । ਸੁਰਤੀ ਸ਼ਬਦੀ ਰਿਹਾ ਮੌਲ, ਆਪਣੇ ਰੂਪ ਸਮਾਇੰਦਾ । ਆਪੇ ਕਰੇ ਉਲਟਾ ਕੌਲ, ਨਿਝਰ ਧਾਰਾ ਆਪ ਵਹਾਇੰਦਾ । ਮਿਲੇ ਵਡਿਆਈ ਉਪਰ ਧਵਲ ਧੌਲ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਦੁਲਾਰ, ਸਾਚੇ ਧਾਮ ਸੁਹਾਇੰਦਾ । ਸਾਚਾ ਧਾਮ ਹਰਿ ਨਿਰੰਕਾਰ, ਏਕਾ ਏਕ ਸੁਹਾਇਆ । ਜਨ ਭਗਤਾਂ ਕਰੇ ਪਿਆਰ, ਜੁਗ ਜੁਗ ਲਏ ਜਗਾਇਆ । ਵੇਖੇ ਵਿਗਸੇ ਵਿਚ ਸੰਸਾਰ, ਵੇਖਣਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਖੇਲ ਰਖਾਇਆ । ਨਿਰਗੁਣ ਨਿਰਾਕਾਰ ਨਿਰਵੈਰ ਅਖਵਾਇਆ । ਸਰਗੁਣ ਦੇਵੇ ਸ਼ਬਦ ਅਧਾਰ, ਪੰਜ ਤਤ ਵਿਚ ਸਮਾਇਆ । ਪੰਜ ਤਤ ਕਰ ਪਿਆਰ, ਦੀਪਕ ਜੋਤੀ ਇਕ ਜਗਾਇਆ । ਦੀਪਕ ਜੋਤੀ ਕਰ ਉਜਿਆਰ, ਦਿਵਸ ਰੈਣ ਕਰਾਇਆ । ਮਨਮੁਖ ਭੁੱਲੇ ਜੀਵ ਗਵਾਰ, ਜੋਤ ਨਿਰੰਜਣ ਨਾ ਦਰਸ਼ਨ ਪਾਇਆ । ਆਦਿ ਪੁਰਖ ਆਪ ਨਿਰੰਕਾਰ, ਅਗੰਮ ਅਗੰਮੜੇ ਧਾਮ ਸੁਹਾਇਆ । ਨਾ ਮਰੇ ਨਾ ਪਏ ਜੰਮ, ਨਾ ਕੋਈ ਸਰੂਪ ਵਟਾਇਆ । ਆਪੇ ਜਾਣੇ ਆਪਣਾ ਕੰਮ, ਦੂਸਰ ਕਿਸੇ ਭੇਵ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਦਵਾਰ ਵੇਖਣ ਆਇਆ । ਕਲਜੁਗ ਤੇਰਾ ਬੰਕ ਦਵਾਰ, ਹਰਿ

੬੪੫
੦੬

ਸਾਚੇ ਨੈਣ ਵਖਾਨਿਆ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਈ ਚੜ੍ਹਾਨਿਆ । ਭਰਮੇ ਭੁੱਲੇ ਜੀਵ ਗਵਾਰ, ਪਾਰਬ੍ਰਹਮ ਨਾ ਕੋਇ ਪਛਾਨਿਆ । ਗੁਰ ਕਾ ਸ਼ਬਦ ਨਾ ਕਰੇ ਪਿਆਰ, ਆਤਮ ਉਪਜੇ ਨਾ ਬ੍ਰਹਮ ਗਿਆਨਿਆ । ਮਾਇਆ ਮਮਤਾ ਮੋਹ ਹੰਕਾਰ ਵਿਕਾਰ, ਜੀਵਾਂ ਜੰਤਾਂ ਮਿਲਿਆ ਦਾਨਿਆ । ਭਰਮੇ ਭੁੱਲੇ ਸਰਬ ਸੰਸਾਰ, ਹਰਿ ਰੰਗ ਗੁਰਮੁਖ ਵਿਰਲੇ ਮਾਣਿਆ । ਰੈਣ ਅੰਧੇਰੀ ਅੰਧ ਅੰਧਿਆਰ, ਤ੍ਰੈਗੁਣ ਮਾਇਆ ਤਾਣੀ ਬੈਠੀ ਤਾਣਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਆਪ ਚਲਾਏ ਆਪਣੇ ਭਾਣਿਆ । ਸਾਚਾ ਭਾਣਾ ਹਰਿ ਕਰਤਾਰ, ਏਕਾ ਏਕ ਰਖਾਇੰਦਾ । ਜੁਗ ਜੁਗ ਲਏ ਮਾਤ ਅਵਤਾਰ, ਹਰਿਜਨ ਸੋਏ ਮਾਤ ਜਗਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਦਏ ਹੁਲਾਰ, ਸੁਰਪਤ ਰਾਜਾ ਇੰਦ ਉਠਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਏਕਾ ਧਾਰ ਆਪਣੀ ਆਪ ਵਹਾਇੰਦਾ । ਕਰਮ ਕੁਕਰਮਾਂ ਰਿਹਾ ਵਿਚਾਰ, ਪੂਰਬ ਲਹਿਣਾ ਝੋਲੀ ਪਾਇੰਦਾ । ਧਰਮ ਯਤ ਸਤਿ ਵਿਚ ਸੰਸਾਰ, ਤੀਰਥ ਤਟ ਦਿਸ ਨਾ ਆਇੰਦਾ । ਗੁਰ ਮੰਦਰ ਅੰਦਰ ਮਸਜਿਦ ਹਾਹਾਹਾਰ, ਸਾਚਾ ਗ੍ਰਿਹਿ ਨਾ ਕੋਈ ਵਸਾਇੰਦਾ । ਪੜ੍ਹ ਪੜ੍ਹ ਥੱਕੇ ਵੇਦ ਵਿਚਾਰ, ਆਤਮ ਵਿਦਿਆ ਨਾ ਕੋਈ ਜਣਾਇੰਦਾ । ਜਗਤ ਵਿਦਿਆ ਕਰ ਪਿਆਰ, ਲਹਿਣਾ ਮੂਲ ਚੁਕਾਇੰਦਾ । ਕੋਟੀ ਕੋਟ ਭੁੱਲੇ ਵਿਚ ਨੌ ਨਿਧਿਆ, ਮਾਣ ਤਾਣ ਇਕ ਰਖਾਇੰਦਾ । ਪ੍ਰਭ ਮਿਲਣ ਦੀ ਸਾਚੀ ਬਿਧਿਆ, ਏਕਾ ਓਟ ਹਰਿ ਚਰਨ ਕਵਲ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਸਾਚੀ ਸਿਖਿਆ ਝੋਲੀ ਪਾਇੰਦਾ । ਸਾਚੀ ਸਿਖਿਆ ਗੁਰ ਮਤ ਹੈ, ਏਕਾ ਏਕ ਰਖਾਈ । ਝੂਠਾ ਨਾਤਾ ਪੰਜ ਤਤ ਹੈ, ਅੰਤ ਰਹਿਣ ਨਾ ਪਾਈ । ਬਹੱਤਰ ਨਾੜ ਨਾ ਉਬਲੇ ਰੱਤ ਹੈ, ਜੋ ਜਨ ਰਸਨਾ ਰਹੇ ਗਾਈ । ਸਤਿ ਸੰਤੋਖ ਧੀਰਜ ਯਤ ਹੈ, ਹਰਿ ਚਰਨ ਸੀਸ ਝੁਕਾਈ । ਆਤਮ ਬੀਜ ਬੀਜੇ ਸਾਚੇ ਵੱਤ ਹੈ, ਵੇਲਾ ਅੰਤਮ ਇਕ ਵਿਖਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਰੱਖਣਹਾਰਾ ਪਤ ਹੈ, ਪਤ ਪਤਵੰਤਾ ਆਪ ਅਖਵਾਈ । ਪਤ ਪਤਵੰਤ ਹਰਿ ਭਗਵੰਤ, ਜੁਗਾ ਜੁਗੰਤਰ ਆਪ ਨਿਭਾਇਆ । ਰੱਖੇ ਲਾਜ ਸਾਧ ਸੰਤ, ਆਪ ਆਪਣੇ ਅੰਗ ਲਗਾਇਆ । ਜੂਠੇ ਝੂਠੇ ਮੇਟ ਮਿਟਾਏ ਜੀਵ ਜੰਤ, ਦੁਸ਼ਟ ਦੂਤ ਕੋਈ ਰਹਿਣ ਨਾ ਪਾਇਆ । ਹਰਿਜਨ ਮੇਲ ਮਿਲਾਏ ਸਾਚਾ ਕੰਤ, ਕੰਤ ਕੰਤੂਹਲਾ ਇਕ ਸੁਹਾਇਆ । ਆਤਮ ਸੇਜਾ ਬਣਾਏ ਸਾਚੀ ਬਣਤ, ਫੂਲਨ ਬਰਖਾ ਲਾਇਆ । ਪਾਰਬ੍ਰਹਮ ਮਹਿੰਮਾ ਅਗਣਤ, ਨਾ ਕੋਈ ਲੇਖਾ ਲੇਖ ਲਿਖਾਇਆ । ਲੋਕਮਾਤ ਪਰਗਟੇ ਜੋਤ ਬਾਰ ਅਨਕ, ਅੰਕ ਬਾਰੀ ਆਪ ਅਖਵਾਇਆ । ਪਰਗਟ ਹੋਏ ਵਾਸੀ ਪੁਰੀ ਘਨਕ, ਘਨਕਪੁਰੀ ਆਪ ਅਖਵਾਇਆ । ਗੁਰਸਿਖ ਉਠਾਏ ਜਿਉਂ ਜਨ ਜਨਕ, ਮਨ ਮਣਕਾ ਆਪ ਭਵਾਇਆ । ਇਕ ਸੁਣਾਏ ਸ਼ਬਦ ਅੰਕ, ਦਿਵਸ ਰੈਣ ਰਿਹਾ ਜਗਾਇਆ । ਆਪ ਸੁਹਾਏ ਦਵਾਰ ਬੰਕ, ਬੰਕ ਦਵਾਰੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਦਰ, ਦਰ ਦਵਾਰਾ ਇਕ ਸੁਹਾਇਆ । ਦਰ ਦਵਾਰਾ ਇਕ ਦਰਵੇਸ਼, ਏਕਾ ਅਲਖ ਜਗਾਈਆ । ਆਪੇ ਨਰ ਆਪੇ ਨਰੇਸ਼, ਆਪਣੇ ਰੂਪ ਸਮਾਈਆ । ਕਰਨਹਾਰਾ ਜੁਗ ਜੁਗ ਵੇਸ, ਏਕ ਅਨੇਕਾ ਲੱਖ ਨਾ ਸਕੇ ਕੋਈ ਰਾਈਆ । ਸਹੰਸਰ ਮੁਖ ਗਾਏ ਸ਼ੇਸ਼, ਦਿਵਸ ਰੈਣ ਸੇਵ ਕਮਾਈਆ । ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਜਿਹਵਾ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੬੪੬
੦੬

ਸਚ ਸਿੰਘਾਸਣ ਪੁਰਖ ਅਬਿਨਾਸਣ ਇਕ ਇਕੱਲਾ ਉਚ ਮਹੱਲਾ, ਪ੍ਰਭ ਏਕਾ ਏਕ ਸੁਹਾਈਆ । ਜੋਤ ਸਰੂਪੀ ਕਰ ਆਕਾਰ, ਦੀਪਕ ਇਕ ਜਗਾਇਆ । ਨਾ ਕੋਈ ਦਿਸੇ ਸੱਜਣ ਮੀਤ ਮੁਰਾਰ, ਸਗਲਾ ਸੰਗ ਨਾ ਕੋਈ ਨਿਭਾਇਆ । ਨਾ ਕੋਈ ਚੰਦ ਸੂਰਜ ਨਾ ਦਿਸੇ ਤਾਰਾ ਮੰਡਲ, ਮੰਡਪ ਕੋਈ ਦਿਸ ਨਾ ਆਇਆ । ਪ੍ਰਿਥਮੀ ਆਕਾਸ਼ ਨਾ ਕੋਈ ਵਿਹਾਰ, ਲੋਆਂ ਪੁਰੀਆਂ ਨਾ ਖ਼ੁਸ਼ੀ ਮਨਾਇਆ । ਲੱਖ ਚੁਰਾਸੀ ਨਾ ਕੋਈ ਪਸਾਰ, ਨਾ ਕੋਈ ਖੇਲ ਖਿਲਾਇਆ । ਆਪ ਆਪਣਾ ਕਰ ਉਜਿਆਰ, ਆਪਣੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਥਿਰ ਆਸਣ ਡੇਰਾ ਲਾਇਆ ।

### ❊ ੧੮ ਚੇਤ ੨੦੧੪ ਬਿਕਮੀ ਕਰਤਾਰ ਸਿੰਘ ਦੇ ਗ੍ਰਿਹ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਭੂਮਲੀ ਜ਼ਿਲਾ ਗੁਰਦਾਸਪੁਰ ❊

ਦੀਨ ਦਿਆਲ ਦਇਆਨਿਧ ਦਾਤਾ, ਦਇਆਵਾਨ ਅਖਵਾਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤਾ, ਆਤਮ ਬ੍ਰਹਮ ਜਣਾਇੰਦਾ । ਆਪੇ ਹੋਏ ਪਿਤਾ ਮਾਤਾ, ਆਪ ਆਪਣੀ ਗੋਦ ਉਠਾਇੰਦਾ । ਮੇਟ ਮਿਟਾਏ ਅੰਧੇਰੀ ਰਾਤਾ, ਏਕਾ ਜੋਤ ਜਗਾਇੰਦਾ । ਧੁਰਦਰਗਾਹੀ ਸਚ ਸੁਗ਼ਾਤਾ, ਆਪਣਾ ਨਾਮ ਝੋਲੀ ਪਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਪਰਗਟ ਹੋ ਤ੍ਰੈਲੋਕੀ ਨਾਥਾ, ਕਲਜੁਗ ਅੰਤਮ ਵੇਖ ਵਖਾਇੰਦਾ । ਭਗਤ ਜਨਾਂ ਹਰਿ ਸਗਲਾ ਸਾਥਾ, ਜੁਗ ਜੁਗ ਸੰਗ ਨਿਭਾਇੰਦਾ । ਇਕ ਚਲਾਏ ਨਾਮ ਰਾਥਾ, ਰਥ ਰਥਵਾਹੀ ਆਪ ਅਖਵਾਇੰਦਾ । ਸੋਹੰ ਸ਼ਬਦ ਅਕਥਨਾ ਅਕਾਥਾ, ਅਕੱਥ ਕਥਾ ਕਹਾਇੰਦਾ । ਸਗਲ ਵਸੂਰਾ ਹਰਿਜਨ ਲਾਥਾ, ਜੋ ਜਨ ਨੇਤਰ ਦਰਸ਼ਨ ਪਾਇੰਦਾ । ਸਰਬ ਕਲਾ ਆਪੇ ਸਮਰਾਥਾ, ਅਕਲ ਕਲ ਵਰਤਾਇੰਦਾ । ਕਲਜੁਗ ਤੇਰਾ ਲਹਿਣਾ ਦੇਣਾ ਮੂਲ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥਾ, ਲੱਖ ਚੁਰਾਸੀ ਵੰਡ ਵੰਡਾਇੰਦਾ । ਵੇਖ ਵਖਾਣੇ ਨੌ ਖੰਡ, ਸੱਤਾਂ ਦੀਪਾਂ ਫੇਰਾ ਪਾਇੰਦਾ । ਆਪੇ ਜਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਇੰਦਾ । ਗੁਰਮੁਖਾਂ ਨਾਮ ਰਿਹਾ ਵੰਡ, ਆਤਮ ਝੋਲੀ ਆਪ ਭਰਾਇੰਦਾ । ਮਨਮੁਖਾਂ ਸੁੱਤਾ ਦੇ ਕਰ ਕੰਡ, ਦਿਸ ਕਿਸੇ ਨਾ ਆਇੰਦਾ । ਜੂਠ ਝੂਠ ਬੱਤੀ ਦੰਦ ਪਾਇਣ ਡੰਡ, ਹਰਿ ਕਾ ਨਾਮ ਨਾ ਕੋਈ ਧਿਆਇੰਦਾ । ਪ੍ਰਭ ਖੇਲੇ ਖੇਲ ਵਿਚ ਬ੍ਰਹਿਮੰਡ, ਉਚੇ ਟਿੱਲੇ ਵੇਖ ਵਖਾਇੰਦਾ । ਮੇਟ ਮਿਟਾਏ ਭੇਖ ਪਖੰਡ, ਕਾਲੀ ਰੇਖ ਰਹਿਣ ਨਾ ਪਾਇੰਦਾ । ਕਲਜੁਗ ਜੀਵ ਨਾਰ ਦੁਹਾਗਣ ਰੰਡ, ਸਾਚਾ ਕੰਤ ਨਾ ਕੋਈ ਹੰਢਾਇੰਦਾ । ਮਨਮੁਖ ਜੀਵਾਂ ਆਤਮ ਭਰਿਆ ਹੰਕਾਰ ਵਿਕਾਰ ਘਮੰਡ, ਸੀਤਲ ਸਾਂਤ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕਾਂਤ ਡੇਰਾ ਲਾਇੰਦਾ । ਇਕ ਇਕਾਂਤ ਹਰਿ ਇਕੱਲਾ, ਏਕਾ ਏਕ ਅਖਵਾਇਆ । ਸ਼ਬਦ ਵਖਾਏ ਸਚ ਮਹੱਲਾ, ਆਪਣਾ ਆਸਣ ਲਾਇਆ । ਦੀਪਕ ਜੋਤੀ ਏਕਾ ਬਲਾ, ਅਗਿਆਨ ਅੰਧੇਰ ਰਹਿਣ ਨਾ ਪਾਇਆ । ਆਪੇ ਹੋਇਆ ਅਛਲ ਅਛੱਲਾ, ਵਲ ਛਲਧਾਰੀ ਆਪ ਅਖਵਾਇਆ । ਸ਼ਬਦੀ ਜੋਤੀ ਆਪੇ ਰਲਾ, ਦਿਸ ਕਿਸੇ ਨਾ ਆਇਆ । ਸੋਹੰ ਫੜਿਆ ਹੱਥ ਵਿਚ ਭੱਲਾ, ਲੋਆਂ ਪੁਰੀਆਂ ਵੰਡ ਵੰਡਾਇਆ । ਪੁਰਖ ਨਿਰੰਜਣ ਪਾਏ ਤਰਥਲਾ, ਹੰ ਹੰਗਤਾ ਦਏ ਮਿਟਾਇਆ ।

ਸਾਚਾ ਮੇਲਾ ਗੋਬਿੰਦ ਡੱਲਾ, ਕਲਜੁਗ ਅੰਤਮ ਦਏ ਮਿਲਾਇਆ । ਪੰਚਮ ਜੇਠੀ ਬੋਲੇ ਹੱਲਾ, ਨੌ ਖੰਡ ਪ੍ਰਿਥਮੀ ਦਏ ਹਿਲਾਇਆ । ਜਨ ਭਗਤਾਂ ਦੂਈ ਦਵੈਤੀ ਮੇਟੇ ਸੱਲਾ, ਏਕਾ ਨਾਮ ਜਪਾਇਆ । ਨਿਜ ਘਰ ਆਤਮ ਸਾਚਾ ਮੱਲਾ, ਸਾਚੀ ਸੇਜਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਤਰਾਇਆ । ਹਰਿ ਚਰਨ ਸਾਚੀ ਏਕਾ ਓਟ, ਪ੍ਰਭ ਚਰਨ ਰਖਾਈਆ । ਗੁਰ ਮਾਰੇ ਸ਼ਬਦ ਚੋਟ, ਬਚਿਆ ਕੋਈ ਰਹਿਣ ਨਾ ਪਾਈਆ । ਮਨਮੁਖ ਆਲ੍ਹਣਿਓ ਡਿੱਗੇ ਬੋਟ, ਨਾ ਸਕੇ ਕੋਈ ਉਠਾਈਆ । ਦਰ ਦਰ ਘਰ ਘਰ ਅੰਦਰ ਮੰਦਰ ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਬੈਠੇ ਕੋਟੀ ਕੋਟ, ਸਾਚਾ ਦਰ ਨਾ ਕੋਈ ਖੁਲ੍ਹਾਈਆ । ਹਰਿ ਕਾ ਤੀਰ ਨਿਰਾਲਾ ਰਿਹਾ ਛੂਟ, ਜਨ ਭਗਤਾਂ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਮਾਤ ਲੁਕਾਈਆ । ਮਾਤਲੋਕ ਹਰਿ ਵੇਖਣ ਆਇਆ, ਜੋਤੀ ਜਾਮਾ ਪਾਇੰਦਾ । ਗੁਰਮੁਖ ਸੋਏ ਆਪ ਜਗਾਵਣ ਆਇਆ, ਭੇਖਾਧਾਰੀ ਭੇਖ ਵਟਾਇੰਦਾ । ਸ਼ਬਦ ਗਹਿਣਾ ਤਨ ਪਹਿਨਾਵਣ ਆਇਆ, ਲਹਿਣਾ ਦੇਣਾ ਲੇਖ ਚੁਕਾਇੰਦਾ । ਨੇਤਰ ਨੈਣਾਂ ਦਰਸ ਦਿਖਾਵਣ ਆਇਆ, ਦਰਸ ਅਮੋਘ ਦਿਖਾਇੰਦਾ । ਭਾਣਾ ਸਹਿਣਾ ਦੇ ਮਤ ਸਮਝਾਵਣ ਆਇਆ, ਗੁਰ ਮਤ ਇਕ ਰਖਾਇੰਦਾ । ਸੋਹੰ ਸ਼ਬਦ ਰਸਨਾ ਕਹਿਣਾ, ਚਾਰ ਵਰਨ ਏਕਾ ਧਾਮ ਬਹਾਇੰਦਾ । ਊਚ ਨੀਚ ਰੰਕ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਰਹਿਣਾ, ਪ੍ਰਭ ਸਾਚਾ ਹੁਕਮ ਜਣਾਇੰਦਾ । ਜੂਠ ਝੂਠ ਪੰਜ ਤਤ ਵਿਕਾਰੀ ਲੋਕਮਾਤ ਅੰਤਮ ਕਲ ਵਹਿਣਾ, ਪ੍ਰਭ ਸਾਚਾ ਆਪ ਵਹਾਇੰਦਾ । ਕਲਜੁਗ ਲਹਿਣਾ ਦੇਣਾ, ਪਿਛਲਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਸੋਏ ਮਾਤ ਉਠਾਇੰਦਾ । ਗੁਰਮੁਖ ਸੋਏ ਆਪ ਜਗਾਏ, ਦਿਵਸ ਰੈਣ ਸੇਵ ਕਮਾਈਆ । ਮਨਮੁਖ ਗੂੜ੍ਹੀ ਨੀਂਦ ਸਵਾਏ, ਤਨ ਵਸਾਇਆ ਇਕ ਵਿਕਾਰਿਆ । ਜੋਤ ਨਿਰੰਜਣ ਨਾ ਕੋਈ ਜਗਾਏ, ਨੌ ਦਵਾਰੇ ਹੋਏ ਖੁਆਰਿਆ । ਗੁਰਮੁਖ ਮੇਲਾ ਸਹਿਜ ਸੁਭਾਏ, ਜਿਸ ਜਨ ਬਖ਼ਸ਼ੇ ਚਰਨ ਪਿਆਰਿਆ । ਡੂੰਘੀ ਕੰਦਰ ਪਾਰ ਕਰਾਏ, ਦੇਵੇ ਨਾਮ ਅਧਾਰਿਆ । ਪੰਚਮ ਨਾਦੀ ਸੇਵ ਕਮਾਏ, ਅਨਹਦ ਧੁਨ ਅਪਰ ਅਪਾਰਿਆ । ਆਤਮ ਸੇਜਾ ਇਕ ਵਖਾਏ, ਜੋਤ ਸਰੂਪੀ ਕਰ ਆਕਾਰਿਆ । ਸਰ ਸਰੋਵਰ ਇਸ਼ਨਾਨ ਇਕ ਕਰਾਏ, ਦੁਰਮਤ ਮੈਲ ਉਤਾਰਿਆ । ਕਾਗੋਂ ਹੰਸ ਆਪ ਬਣਾਏ, ਆਪਣੀ ਕਿਰਪਾ ਧਾਰਿਆ । ਰਾਗ ਨਾਦ ਇਕ ਸੁਣਾਏ, ਆਤਮਕ ਧੁਨ ਕਰੇ ਉਜਿਆਰਿਆ । ਵਿਚ ਬ੍ਰਹਿਮਾਦ ਹਰਿ ਵੇਖ ਵਖਾਏ, ਆਵੇ ਜਾਵੇ ਵਾਰੋ ਵਾਰਿਆ । ਸਾਧ ਸੰਤ ਹਰਿ ਲਏ ਤਰਾਏ, ਦੇਵੇ ਦਰਸ ਅਪਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਖੇਲੇ ਖੇਲ ਅਪਾਰਿਆ । ਕਲਜੁਗ ਖੇਲ ਖਿਲਾਵਣ ਆਇਆ, ਦੋ ਜਹਾਨਾਂ ਵਾਲੀ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਹਿਲਾਵਣ ਆਇਆ, ਚਲੀ ਅਵੱਲੜੀ ਚਾਲੀ । ਜੋਤੀ ਜਾਮਾ ਭੇਖ ਵਟਾਇਆ, ਸ਼ਬਦ ਰਖਾਏ ਮਾਤ ਦਲਾਲੀ । ਲੱਖ ਚੁਰਾਸੀ ਵੇਖ ਵਖਾਇਆ, ਕਲਜੁਗ ਰੈਣ ਅੰਧੇਰੀ ਕਾਲੀ । ਔਲੀਆ ਪੀਰ ਸ਼ੇਖ਼ ਮੁਸਾਇਕ ਰਿਹਾ ਮਿਟਾਇਆ, ਹੱਥ ਉਠਾਏ ਏਕਾ ਭਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਰਿਹਾ ਡੰਕ ਵਜਾਇਆ । ਵੱਜੇ ਡੰਕ ਹਰਿ ਕਰਤਾਰ, ਲੋਆਂ ਪੁਰੀਆਂ ਕਰੇ ਜਣਾਈਆ । ਬ੍ਰਹਮਾ ਹੋਇਆ ਖ਼ਬਰਦਾਰ, ਲਏ ਇਕ ਅੰਗੜਾਈਆ । ਸ਼ਿਵ ਸ਼ੰਕਰ ਨੇਤਰ ਰਿਹਾ ਉਘਾੜ, ਲੋਕਮਾਤ ਵੇਖੇ ਬੇਪਰਵਾਹੀਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਰੋਵੇ ਜ਼ਾਰੋ ਜ਼ਾਰ,

੬੪੮ ੦੬

ਉਚੀਆਂ ਬਾਹੀਆਂ ਉਠਾਈਆ । ਕਲਜੁਗ ਕਾਲਾ ਕਰੇ ਹਾਹਾਕਾਰ, ਵੇਲਾ ਅੰਤਮ ਆਈਆ । ਸੰਗ ਮੁਹੰਮਦ ਚਾਰ ਯਾਰ, ਬੈਠਣ ਮੁਖ ਛੁਪਾਈਆ । ਅੱਲਾ ਰਾਣੀ ਜੂਠ ਝੂਠ ਪਿਆਰ, ਮੁਖ ਕਾਲੀ ਚੁੰਨੀ ਪਾਈਆ । ਈਸਾ ਮੂਸਾ ਛੁੱਟੇ ਮੀਤ ਮੁਰਾਰ, ਸਾਚਾ ਸੰਗ ਨਾ ਕੋਇ ਨਿਭਾਈਆ । ਪੁਰਖ ਅਬਿਨਾਸ਼ੀ ਜਾਮਾ ਧਾਰ, ਗੋਬਿੰਦ ਕਾਇਆ ਰੂਪ ਵਟਾਈਆ । ਸੋਹੰ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਰਖਾਈਆ । ਨਾਮ ਤੋੜਾ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾਈਆ । ਸਾਚਾ ਘੋੜਾ ਕਰ ਸ਼ਿੰਗਾਰ, ਸੋਲਾਂ ਕਲੀਆਂ ਆਸਣ ਲਾਈਆ । ਲੋਆਂ ਪੁਰੀਆਂ ਕਰਿਆ ਬਾਹਰ, ਨੀਲੀ ਛੱਤੋਂ ਪਾਰ ਕਰਾਈਆ । ਅਗੰਮ ਅਗੰਮਾ ਮਾਰੇ ਧਾੜ, ਦਿਸ ਕਿਸੇ ਨਾ ਆਈਆ । ਤ੍ਰੈਗੁਣ ਮਾਇਆ ਦੇਵੇ ਸਾੜ, ਏਕਾ ਅਗਨੀ ਲਾਈਆ । ਲੱਗੇ ਅੱਗ ਤਤੀ ਹਾੜ, ਪੰਚਮ ਜੇਠੀ ਰਿਹਾ ਲਗਾਈਆ । ਜਨ ਭਗਤਾਂ ਫਿਰੇ ਪਿੱਛੇ ਅਗਾੜ, ਆਪ ਆਪਣੀ ਦਇਆ ਕਮਾਈਆ । ਮਨਮੁਖ ਚਬਾਏ ਆਪਣੀ ਦਾੜ੍ਹ, ਅੰਤਮ ਵੇਲੇ ਮਾਤ ਖਪਾਈਆ । ਮੰਗੇ ਵਰ ਮੌਤ ਲਾੜ, ਪ੍ਰਭ ਅੱਗੇ ਸੀਸ ਝੁਕਾਈਆ । ਸਾਚਾ ਮੇਲਾ ਸਤਾਰਾਂ ਹਾੜ, ਸਾਚੀ ਸਈਆ ਮੰਗਲ ਗਾਈਆ । ਨੌਂ ਖੰਡ ਪ੍ਰਿਥਮੀ ਇਕ ਅਖਾੜ, ਹਰਿ ਸਾਚਾ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਵਰ ਘਰ ਏਕਾ ਏਕ ਏਕ ਵਖਾਈਆ ।



ਹਰਿ ਸਾਜਣ ਜਗ ਮੀਤ, ਜੁਗ ਜੁਗ ਅਖਵਾਇਆ । ਹਰਿ ਸਾਜਣ ਜਗ ਮੀਤ, ਹਰਿਜਨ ਸਾਚੇ ਲਏ ਤਰਾਇਆ । ਹਰਿ ਸਾਜਣ ਜਗ ਮੀਤ, ਦੋ ਜਹਾਨਾਂ ਵੇਖ ਵਖਾਇਆ । ਹਰਿ ਸਾਜਣ ਜਗ ਮੀਤ, ਸ਼ਬਦ ਨਿਸ਼ਾਨਾ ਤੀਰ ਚਲਾਇਆ । ਹਰਿ ਸਾਜਣ ਜਗ ਮੀਤ, ਗੁਣ ਨਿਧਾਨਾ ਇਕ ਰਖਾਇਆ । ਹਰਿ ਸਾਜਣ ਜਗ ਮੀਤ, ਜਨ ਭਗਤਾਂ ਦੇਵੇ ਧੁਰ ਫ਼ਰਮਾਣਾ, ਏਕਾ ਨਾਉਂ ਅਲਾਇਆ । ਹਰਿ ਸਾਜਣ ਜਗ ਮੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿ ਸਾਜਣ ਜਗ ਸਜਣਾ, ਏਕਾ ਏਕ ਅਖਵਾਇਆ । ਚਰਨ ਧੂੜ ਕਰਾਏ ਸਾਚਾ ਮਜਨਾ, ਮਸਤਕ ਟਿੱਕਾ ਲਾਇੰਦਾ । ਜੂਠੇ ਝੂਠੇ ਭਾਂਡੇ ਭਰਮ ਭੱਜਣਾ, ਏਕਾ ਰੰਗ ਰੰਗਾਇੰਦਾ । ਕਾਲ ਨਗਾਰਾ ਏਕਾ ਵੱਜਣਾ, ਏਕਾ ਧੁਨ ਉਪਜਾਇੰਦਾ । ਚਰਨ ਦਵਾਰੇ ਗੁਰਮੁਖ ਬਹਿ ਬਹਿ ਸਜਣਾ, ਮਨਮੁਖ ਦਰ ਦੁਰਕਾਇੰਦਾ । ਪੀ ਅੰਮ੍ਰਿਤ ਆਤਮ ਰੱਜਣਾ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਜੁਗ ਜੁਗ ਇਕ ਅਖਵਾਇੰਦਾ । ਹਰਿ ਸਾਜਣ ਜਗ ਮੀਤ, ਏਕਾ ਏਕੰਕਾਰਿਆ । ਜੁਗ ਜੁਗ ਚਲਾਏ ਆਪਣੀ ਰੀਤ, ਆਪ ਆਪਣਾ ਕਰ ਪਸਾਰਿਆ । ਦੇਵੇ ਨਾਮ ਇਕ ਅਤੀਤ, ਨਿਰਗੁਣ ਖੇਲ ਖਿਲਾ ਰਿਹਾ । ਆਪੇ ਵੇਖੇ ਹਸਤ ਕੀਟ, ਮਿਲੇ ਸ੍ਰੀ ਭਗਵਾਨਿਆ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਦੋ ਜਹਾਨੀ ਪਾਰ ਕਰਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੀਤ ਏਕਾ ਏਕ ਅਖਵਾ ਰਿਹਾ । ਹਰਿਜਨ ਸਾਚਾ ਮੀਤ ਜੋਤ ਨਿਰੰਜਣਾ, ਆਪੇ ਜੋਤ ਜਗਾਈਆ । ਆਦਿ ਅੰਤ ਸਤਿਗੁਰ ਪੂਰੇ ਪੜਦਾ ਕੱਜਣਾ, ਦੂਸਰ ਕੋਈ ਦਿਸ ਨਾ ਆਈਆ । ਅੰਤ ਨਗਾਰਾ ਸਿਰ ਤੇ ਵੱਜਣਾ, ਧਰਮ ਰਾਏ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜਨ ਸਾਜਨ ਮੇਲ ਮਿਲਾਈਆ । ਹਰਿਜਨ ਸਾਚਾ ਸਾਚਾ ਮੇਲ, ਏਕ ਏਕ ਕਰਾਇਆ ।

੬੪੯
੦੬

ਆਪੇ ਗੁਰ ਆਪੇ ਚੇਲ, ਗੋਬਿੰਦ ਰੂਪ ਵਟਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲ, ਦਿਸ ਕਿਸੇ ਨਾ ਆਇਆ । ਆਪੇ ਵਸੇ ਰੰਗ ਨਵੇਲ, ਏਕਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਣ ਮੀਤ ਫੜ ਬਾਹੋਂ ਪਾਰ ਕਰਾਇਆ । ਹਰਿ ਸਾਜਣ ਜਗ ਏਕ ਹੈ, ਜੋਤੀ ਜੋਤ ਸਮਾਇਆ । ਆਪੇ ਬਖ਼ਸ਼ੇ ਸਾਚੀ ਟੇਕ ਹੈ, ਵਰਨ ਗੋਤ ਮੇਟ ਮਿਟਾਇਆ । ਹਰਿਜਨ ਕਰੇ ਕਾਇਆ ਬੁੱਧ ਬਿਬੇਕ ਹੈ, ਦੁਰਮਤ ਮੈਲ ਧਵਾਇਆ । ਭਰਮੇ ਭੁੱਲੇ ਕੋਟੀ ਕੋਟ ਹੈ, ਭਰਮ ਗੜ੍ਹ ਨਾ ਕੋਈ ਤੁੜਾਇਆ । ਨਾ ਕੋਈ ਚੜ੍ਹੇ ਉਪਰ ਚੋਟ ਹੈ, ਦਸਮ ਦਵਾਰ ਡੇਰਾ ਕਿਸੇ ਨਾ ਲਾਇਆ । ਹਉਮੇ ਕਾਇਆ ਹੰਗਤਾ ਖੋਟ ਹੈ, ਭਰਮ ਗੜ੍ਹ ਨਾ ਕੋਈ ਤੁੜਾਇਆ । ਮਾਇਆ ਮਮਤਾ ਤ੍ਰਿਸ਼ਨਾ ਨਾ ਭਰੀ ਪੋਟ ਹੈ, ਕਾਮ ਕਰੋਧ ਲੋਭ ਮੋਹ ਫਿਰੇ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਚੇ ਰਿਹਾ ਉਪਾਇਆ । ਹਰਿਜਨ ਸਾਚੇ ਆਪ ਉਪਾ, ਆਪਣੀ ਕਲ ਧਾਰਿਆ । ਲੱਖ ਚੁਰਾਸੀ ਵੇਖ ਵਖਾਏ, ਦਿਵਸ ਰੈਣ ਸੇਵ ਕਮਾ ਰਿਹਾ । ਦਹਿ ਦਿਸ਼ਾ ਚਾਰੇ ਕੁੰਟ ਭਰਿਆ ਪਾਪ, ਡੂੰਘੀ ਕੰਦਰ ਡੇਰਾ ਲਾਇਆ । ਅੰਧ ਅੰਧੇਰ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਤੇਰਾ ਸਾਚਾ ਸੰਗ, ਹਰਿ ਸਾਚਾ ਆਪ ਨਿਭਾਇੰਦਾ । ਚਰਨ ਦਵਾਰੇ ਮੰਗੀ ਮੰਗ, ਏਕਾ ਰੰਗਣ ਰੰਗ ਚੜ੍ਹਾਇੰਦਾ । ਨੌ ਦਵਾਰੇ ਪਾਰ ਲੰਘ, ਘਰ ਸਾਚੇ ਬੂਝ ਬੁਝਾਇੰਦਾ । ਸ਼ਬਦ ਰੰਗੀਲਾ ਇਕ ਪਲੰਘ, ਆਤਮ ਸੇਜ ਵਿਛਾਇੰਦਾ । ਮਾਇਆ ਡੱਸਣੀ ਨਾ ਮਾਰੇ ਡੰਗ, ਪੰਚਮ ਨੱਤ ਤੁੜਾਇੰਦਾ । ਅੰਮ੍ਰਿਤ ਆਤਮ ਧਾਰਾ ਦੇਵੇ ਗੰਗ, ਸਰ ਸਰੋਵਰ ਇਕ ਵਖਾਇੰਦਾ । ਦਰ ਦਵਾਰਾ ਪਾਰ ਲੰਘ, ਹਰਿਜਨ ਸਾਚੇ ਮੇਲ ਮਿਲਾਇੰਦਾ । ਆਪੇ ਵੇਖਣਹਾਰਾ ਦੂਈ ਦਵੈਤੀ ਭੁੱਖ ਨੰਗ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਖੇਵਟ ਖੇਟ ਆਪ ਅਖਵਾਇੰਦਾ । ਖੇਵਟ ਖੇਟਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਬੇਟੀ ਬੇਟਾ ਹਰਿ ਭਗਤ ਦੁਲਾਰ, ਹਰਿ ਆਪਣਾ ਆਪ ਬਣਾਇਆ । ਵੇਖ ਵਖਾਣੇ ਜਗਤ ਸੰਸਾਰ, ਭਰਮੇ ਭਰਮ ਭੁਲਾਇਆ । ਲਿਖੀ ਲੇਖ ਨਾ ਹਰਿ ਗਿਰਧਾਰ, ਕਲਜੁਗ ਮੋਹ ਫਸਾਇਆ । ਧਾਰੀ ਕੇਸ ਨਾ ਪਾਇਣ ਸਾਰ, ਮੂੰਡ ਮੁੰਡਾਇਆ ਦਿਸ ਨਾ ਆਇਆ । ਦਸ ਦਸਮੇਸ਼ਾ ਅਪਰ ਅਪਾਰ, ਆਪਣੀ ਜੋਤ ਜਗਾਇਆ । ਸ਼ਬਦ ਸਰੂਪੀ ਇਕ ਅਕਾਰ, ਸ਼ਬਦੀ ਆਪ ਸਮਾਇਆ । ਜੋਤ ਸਰੂਪੀ ਇਕ ਅਧਾਰ, ਜੋਤੀ ਨੂਰ ਸਵਾਇਆ । ਪੰਜ ਤਤ ਕਰ ਪਿਆਰ, ਸਚ ਸਿੰਘਾਸਣ ਆਸਣ ਲਾਇਆ । ਆਪੇ ਗੁਪਤ ਆਪੇ ਜ਼ਾਹਿਰ, ਅੰਦਰ ਬਾਹਰ ਆਪ ਅਖਵਾਇਆ । ਗੁਰਮੁਖ ਫੜ ਫੜ ਜਾਏ ਤਾਰ, ਕਲਜੁਗ ਅੰਤਮ ਵੇਖਣ ਆਇਆ । ਏਕਾ ਦੇਵੇ ਨਾਮ ਅਧਾਰ, ਏਕਾ ਦੋਆ ਭੇਵ ਚੁਕਾਇਆ । ਸੋਹੰ ਅੱਖਰ ਅਪਰ ਅਪਾਰ, ਸੋ ਪੁਰਖ ਨਿਰੰਜਣ ਆਪ ਉਪਾਇਆ । ਚਰਨ ਧੂੜ ਸਾਚਾ ਮਜਨ ਵਿਚ ਸੰਸਾਰ, ਅੱਠ ਸੱਠ ਰਿਹਾ ਮਾਣ ਗਵਾਇਆ । ਅੰਦਰ ਮੰਦਰ ਸੱਚਾ ਗੁਰਦਵਾਰ, ਕਾਇਆ ਇਕ ਵਖਾਇਆ । ਨਾਤਾ ਤੋੜ ਨੌ ਦਵਾਰ, ਘਰ ਦਸਵਾਂ ਦਏ ਦਿਖਾਇਆ । ਆਪ ਆਪਣੀ ਕਿਰਪਾ ਧਾਰ, ਜਨ ਭਗਤਾਂ ਹਿੱਸਾ ਰਿਹਾ ਵੰਡਾਇਆ । ਕਲਜੁਗ ਤੇਰੀ ਵਹਾਈ ਧਾਰ, ਨੌਵਾਂ ਖੰਡਾਂ ਅੰਧੇਰਾ ਛਾਇਆ । ਸੱਤਾਂ ਦੀਪਾਂ ਹਾਹਾਕਾਰ, ਨਾ ਕੋਈ ਧੀਰ ਧਰਾਇਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰ, ਦਿਵਸ ਰੈਣ ਰਹੀ ਕੁਰਲਾਇਆ । ਧਰਤ ਮਾਤ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਇਆ । ਖੁਲ੍ਹੇ ਕੇਸ ਦੁਹਾਗਣ ਨਾਰ, ਲਾੜੀ ਮੌਤ


੬੫੦
੦੬

ਰਹੀ ਸ਼ਰਮਾਇਆ । ਕੰਤ ਸੁਹਾਗੀ ਵਰਨ ਕਲਜੁਗ ਤੇਰੀ ਅੰਤਮ ਵਾਰ, ਲੱਖ ਚੁਰਾਸੀ ਏਕਾ ਕੰਤ ਬਣਾਇਆ । ਧਰਮ ਰਾਏ ਖੋਲ੍ਹ ਦਵਾਰ, ਲੋਕਮਾਤ ਬੈਠਾ ਰਾਹ ਤਕਾਇਆ । ਪ੍ਰਭ ਅਬਿਨਾਸ਼ੀ ਦੋਏ ਜੋੜ ਕਰੇ ਨਿਮਸਕਾਰ, ਬੈਠਾ ਸੀਸ ਝੁਕਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰ, ਲਹਿਣਾ ਦੇਣਾ ਦੇਵੇ ਮੂਲ ਚੁਕਾਇਆ । ਜਨ ਭਗਤਾਂ ਕਰੇ ਸਚ ਪਿਆਰ, ਸ਼ਬਦ ਗਹਿਣਾ ਤਨ ਪਹਿਨਾਇਆ । ਏਕਾ ਦੇਵੇ ਦਰਸ ਅਪਾਰ, ਆਤਮ ਤ੍ਰਿਸ਼ਨਾ ਭੁੱਖ ਮਿਟਾਇਆ । ਫੜ ਫੜ ਬਾਹੋਂ ਲਾਏ ਪਾਰ, ਵਿਸ਼ਨੂੰ ਵੰਸੀ ਆਪ ਅਖਵਾਇਆ । ਮਨਮੁਖ ਜੀਵ ਦਏ ਸੰਘਾਰ, ਸ਼ਬਦ ਖੰਡਾ ਹੱਥ ਉਠਾਇਆ । ਸੋਹੰ ਖੰਡਾ ਤੇਜ ਕਟਾਰ, ਦੋ ਜਹਾਨੀ ਰਿਹਾ ਚਲਾਇਆ । ਗੁਰੂ ਗੁਰ ਜੋਧਾ ਸੂਰਬੀਰ ਸੱਚੀ ਸਰਕਾਰ, ਸਾਚੀ ਸੇਵਾ ਰਿਹਾ ਕਮਾਇਆ । ਲੋਆਂ ਪੁਰੀਆਂ ਮਾਰੇ ਮਾਰ, ਬ੍ਰਹਮਾ ਸ਼ਿਵ ਆਪ ਉਠਾਇਆ । ਦੇਵਤ ਸੁਰ ਦਏ ਹੁਲਾਰ, ਥਿਰ ਕੋਇ ਰਹਿਣ ਨਾ ਪਾਇਆ । ਇਕ ਇਕੱਲਾ ਏਕੰਕਾਰ, ਏਕਾ ਰੰਗ ਰੰਗਾਇਆ । ਸ਼ਬਦ ਮਹੱਲਾ ਕਰ ਤਿਆਰ, ਆਪਣੀ ਬਣਤ ਬਣਾਇਆ । ਆਪੇ ਹੋਇਆ ਪਹਿਰੇਦਾਰ, ਸਗਲਾ ਸਾਥ ਨਾ ਕੋਈ ਰਖਾਇਆ । ਨਾ ਕੋਈ ਪੁਰਖ ਨਾ ਕੋਈ ਨਾਰ, ਪਿਤਾ ਪੂਤ ਨਾ ਕੋਈ ਅਖਵਾਇਆ । ਜੋਤੀ ਸ਼ਬਦੀ ਇਕ ਪਿਆਰ, ਆਪ ਆਪਣੀ ਸੇਜਾ ਰਿਹਾ ਹੰਢਾਇਆ । ਲੋਕਮਾਤ ਹਰਿ ਲਏ ਅਵਤਾਰ, ਜੁਗ ਜੁਗ ਖੇਲ ਰਚਾਇਆ । ਸਤਿਜੁਗ ਤ੍ਰੇਤਾ ਵੇਖ ਵਿਚਾਰ, ਦੁਆਪਰ ਪਾਰ ਕਰਾਇਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਲਏ ਅਵਤਾਰ, ਲੱਖ ਚੁਰਾਸੀ ਵੇਖਣ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਮੇਟੇ ਔਲੀਏ ਪੀਰ ਸ਼ੇਖ਼ਾਂ, ਪੀਰ ਦਸਤਗੀਰ ਰਹਿਣ ਨਾ ਪਾਇਆ । ਪੀਰ ਦਸਤਗੀਰ ਵੇਖ ਵਖਾਏ, ਐਲੀ ਅਲ੍ਹਾ ਆਪ ਅਖਵਾਇਆ । ਬਿਸਮਿਲਾ ਰਹਿਣ ਨਾ ਪਾਏ, ਏਕਾ ਤੀਰ ਨਾਮ ਚਲਾਏ, ਹੂ ਹੂ ਨਾਅਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭਾਣਾ ਆਪਣੇ ਹੱਥ ਰਖਾਇਆ । ਸਾਚਾ ਭਾਣਾ ਹੱਥ ਕਰਤਾਰ, ਆਪਣੇ ਹੱਥ ਰਖਾਇਆ । ਵਰਤੇ ਵਰਤਾਵੇ ਵਿਚ ਸੰਸਾਰ, ਸਰਬ ਕਲ ਸਮਰਥ ਆਪ ਅਖਵਾਇਆ । ਲੱਖ ਚੁਰਾਸੀ ਮਾਰੇ ਮਾਰ, ਜਮ ਕੀ ਫਾਸੀ ਗਲ ਪਵਾਇਆ । ਸੰਤ ਸੁਹੇਲੇ ਲਏ ਉਭਾਰ, ਦਾਸੀ ਦਾਸ ਆਪ ਹੋ ਆਇਆ । ਪੰਡਤ ਕਾਸ਼ੀ ਦਏ ਹੁਲਾਰ, ਵੇਦ ਪੁਰਾਨਾਂ ਰਿਹਾ ਜਗਾਇਆ । ਅੰਜੀਲ ਕੁਰਾਨਾਂ ਆਈ ਹਾਰ, ਹਰਿ ਅੰਤਮ ਵੇਖ ਵਖਾਇਆ । ਖਾਣੀ ਬਾਣੀ ਰਹੀ ਪੁਕਾਰ, ਸਚ ਸੁੱਚ ਕਿਸੇ ਹੱਥ ਨਾ ਆਇਆ । ਕਲਜੁਗ ਕਾਇਆ ਕੀਟ ਕਾਮ ਕਰੋਧ ਲੋਭ ਮੋਹ ਹੰਕਾਰ, ਪੰਚਾਂ ਬੰਧ ਬੰਧਾਇਆ । ਜੂਠ ਝੂਠ ਤਨ ਸ਼ਿੰਗਾਰ, ਮਾਇਆ ਮਮਤਾ ਗਹਿਣਾ ਤਨ ਪਾਇਆ । ਖਾਲੀ ਠੂਠਾ ਜੀਵ ਗਵਾਰ, ਕਾਇਆ ਕਾਸਾ ਸਾਚਾ ਨਾਮ ਕਿਸੇ ਖੈਰ ਨਾ ਪਾਇਆ । ਗਏ ਰੂਠ ਦਰ ਦਰਬਾਰ, ਮਦਿਰਾ ਮਾਸ ਰਸਨ ਲਗਾਇਆ । ਪਾਰਬ੍ਰਹਮ ਲਹਿਣਾ ਦੇਣਾ ਪੂਰਬ ਕਰਮ ਰਿਹਾ ਵਿਚਾਰ, ਚਿਤਰ ਗੁਪਤ ਸੇਵਾ ਲਾਇਆ । ਧਰਮ ਰਾਏ ਵੇਖੇ ਵਾਰੋ ਵਾਰ, ਭੁੱਲਿਆ ਕੋਈ ਰਹਿਣ ਨਾ ਪਾਇਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕ ਲਏ ਅਵਤਾਰ, ਜੋਤੀ ਜਾਮਾ ਭੇਖ ਅਪਾਰ, ਸ਼ਬਦ ਖੰਡਾ ਤੇਜ ਕਟਾਰ, ਲੱਖ ਚੁਰਾਸੀ ਮਾਰੇ ਮਾਰ, ਆਪ ਆਪਣੀ ਦਇਆ ਕਮਾਈਆ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਲੋਕਮਾਤ ਵੱਜੀ ਵਧਾਈਆ । ਜੋਤੀ ਸ਼ਬਦ ਹੋਈ ਕੁੜਮਾਈ, ਏਕਾ ਰੰਗ ਰੰਗਾਈਆ । ਮਿਲਿਆ ਮੇਲਾ ਸਹਿਜ ਸੁਭਾਈ, ਸਾਚਾ ਧਾਮ ਸੁਹਾਈਆ । ਆਦਿ ਅੰਤ ਨਾ ਹੋਏ ਜੁਦਾਈ, ਵਿਛੜ ਕਦੇ ਨਾ ਜਾਈਆ । ਗੁਰਮੁਖ ਨਾਰੀ ਹਰਿ ਗੋਬਿੰਦ ਪਰਨਾਈ, ਨਾਰੀ ਕੰਤ

ਆਪ ਅਖਵਾਈਆ । ਅੰਮ੍ਰਿਤ ਧਾਰਾ ਸਿੰਧ ਵਹਾਈ, ਤੋਟ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਲ ਵਰਤਾਈਆ । ਆਪਣੀ ਕਲ ਹਰਿ ਵਰਤਾ, ਅਚਰਜ ਖੇਲ ਰਚਾਇਆ । ਲੱਖ ਚੁਰਾਸੀ ਭਰਮ ਭੁਲਾ, ਝੂਠੇ ਧੰਦੇ ਲਾਇਆ । ਮਾਇਆ ਮਮਤਾ ਮੋਹ ਵਧਾ, ਹਉਮੇ ਰੋਗ ਲਗਾਇਆ । ਕਾਮ ਕਰੋਧ ਤਨ ਵਸਾ, ਹਰਿ ਕਾ ਨਾਮ ਭੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਤੇਰਾ ਵੇਖਣ ਆਇਆ । ਕਲਜੁਗ ਤੇਰੀ ਚਾਲ ਨਿਰਾਲੀ, ਲੋਕਮਾਤ ਵੇਖ ਵਖਾਈਆ । ਮਨਮੁਖ ਜੀਵ ਦਿਸਣ ਖਾਲੀ, ਸਾਚਾ ਨਾਉਂ ਕਿਸੇ ਪਾਸ ਦਿਸ ਨਾ ਆਈਆ । ਜੂਠੇ ਝੂਠੇ ਸਾਧ ਸੰਤ ਬਣੇ ਮਾਲੀ, ਸਾਚਾ ਫਲ ਨਾ ਕੋਈ ਖਵਾਈਆ । ਕਾਇਆ ਸੁੱਕਦੀ ਜਾਏ ਡਾਲ੍ਹੀ, ਅੰਮ੍ਰਿਤ ਸਿੰਚ ਹਰੀ ਨਾ ਕੋਈ ਕਰਾਈਆ । ਜੋਤ ਨਿਰੰਜਣ ਕਿਸੇ ਨਾ ਭਾਲੀ, ਦੀਪਕ ਦਏ ਜਗਾਈਆ । ਹਰਿ ਕਾ ਸ਼ਬਦ ਮਿਲਿਆ ਸਾਚਾ ਹਾਲੀ, ਆਤਮ ਬੀਜ ਦਏ ਬਿਜਾਈਆ । ਗੁਰ ਪੂਰਾ ਨਾ ਮਿਲਿਆ ਕਰੇ ਰਖਵਾਲੀ, ਪੰਜਾਂ ਚੋਰਾਂ ਦਏ ਦੁਰਕਾਈਆ । ਗੁਰਮੁਖ ਵਿਰਲਾ ਬਣੇ ਦਰ ਸਵਾਲੀ, ਪ੍ਰਭ ਭਿਛਿਆ ਦੇਵੇ ਪਾਈਆ । ਸ਼ਬਦ ਵਜਾਏ ਸਾਚੀ ਤਾਲੀ, ਅਨਹਦ ਰਾਗ ਅਲਾਈਆ । ਦੋ ਜਹਾਨਾਂ ਆਪੇ ਵਾਲੀ, ਡੂੰਘੀ ਕੰਦਰ ਪਾਰ ਕਰਾਈਆ । ਸੋਹੰ ਸ਼ਬਦ ਦੇਵੇ ਮਾਤ ਦਲਾਲੀ, ਜਨ ਭਗਤਾਂ ਰਾਹ ਜਣਾਈਆ । ਸੰਤ ਸੁਹੇਲੇ ਸਾਚੇ ਭਾਲੀ, ਰਿਹਾ ਮੇਲ ਮਿਲਾਈਆ । ਪੂਰਬ ਜਨਮ ਜਨਮਾਂ ਘਾਲ ਘਾਲੀ, ਲਹਿਣਾ ਦੇਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਜਣ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸਚ ਦਵਾਰ, ਏਕਾ ਏਕ ਕਰਾਇਆ । ਨਾਮ ਖਜਾਨਾ ਭਰ ਭੰਡਾਰ, ਆਤਮ ਝੋਲੀ ਰਿਹਾ ਭਰਾਇਆ । ਦਾਨਾ ਬੀਨਾ ਨਰ ਨਿਰੰਕਾਰ, ਕਾਇਆ ਡੋਲੀ ਰਿਹਾ ਚਲਾਇਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਰਿਹਾ ਲਟਕਾਇਆ । ਆਪੇ ਹੋਇਆ ਪਹਿਰੇਦਾਰ, ਸ਼ਸਤਰ ਬਸਤਰ ਇਕ ਵਖਾਇਆ । ਜੋਤੀ ਸ਼ਬਦੀ ਇਕ ਪਿਆਰ, ਏਕਾ ਰੰਗ ਰੰਗਾਇਆ । ਸਤਿ ਪੁਰਖ ਨਿਰੰਜਣ ਸਾਚੀ ਧਾਰ, ਸਾਚੀ ਧਾਰਾ ਰਿਹਾ ਵਹਾਇਆ । ਸਤਮ ਘਰ ਪਾਇਆ ਅਪਾਰ, ਹਰਿ ਛੇਵੇਂ ਚਰਨ ਛੁਹਾਇਆ । ਪੰਚਮ ਖੋਲ੍ਹ ਦਰ ਦਰਬਾਰ, ਰਾਗ ਅਨਾਦੀ ਇਕ ਅਲਾਇਆ । ਚੌਥਾ ਘਰ ਚੌਥਾ ਪਦ, ਸੰਤ ਸੁਹੇਲੇ ਲਏ ਸੱਦ, ਆਪ ਆਪਣਾ ਦਰਸ ਦਿਖਾਇਆ । ਏਕਾ ਜਾਮ ਪਿਆਏ ਅੰਮ੍ਰਿਤ ਮਦਿ, ਉਤਰ ਕਦੇ ਨਾ ਜਾਇਆ । ਦਸਮ ਦਵਾਰੀ ਸਾਚੀ ਹੱਦ, ਅਧਵਿਚਕਾਰ ਰਖਾਇਆ । ਏਕਾ ਸ਼ਬਦ ਨਾਮ ਬ੍ਰਹਿਮਦ, ਬ੍ਰਹਿਮਾਦ ਦਏ ਸੁਹਾਇਆ । ਅੱਖਰ ਵੱਖਰ ਆਦਿ ਜੁਗਾਦਿ, ਨਾ ਕੋਈ ਮੇਟੇ ਮੇਟ ਮਿਟਾਇਆ । ਜੁਗ ਜੁਗ ਸੁਣੇ ਜਗਤ ਫਰਿਆਦ, ਜਨ ਭਗਤਾਂ ਖੇਲ ਰਚਾਇਆ । ਨਿਤ ਨਵਿਤ ਕਰ ਕਰ ਹਿਤ, ਹਰਿਜਨ ਸਾਚੇ ਲਏ ਤਰਾਇਆ । ਧੰਨ ਭਾਗ ਦਿਹਾੜਾ ਮਹੀਨਾ ਚੇਤ, ਅਠਾਰਾਂ ਦਿਵਸ ਦਏ ਸੁਹਾਇਆ । ਹਰਿਜਨ ਤੇਰੀ ਵੇਖੇ ਕਾਇਆ ਖੇਤ, ਸਾਚਾ ਬੀਜ ਬਿਜਾਇਆ । ਮਨਮੁਖ ਜੀਵ ਸਿਰ ਤਤੀ ਰੇਤ, ਕਲਜੁਗ ਰਿਹਾ ਅੰਤਮ ਪਾਇਆ । ਲੱਖ ਚੁਰਾਸੀ ਜੂਠੇ ਝੂਠੇ ਜਿਨ ਪ੍ਰੇਤ, ਗੁਰਮੁਖ ਵਿਰਲਾ ਗੋਬਿੰਦ ਮੇਲ ਮਿਲਾਇਆ । ਸ਼ਬਦ ਗੁਰ ਕਰੇ ਸਾਚਾ ਹੇਤ, ਸੁਰਤ ਸਵਾਣੀ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਦਰ, ਦਰ ਦਰਵੇਸ਼ਾ ਬਣ ਕੇ ਆਇਆ । ਦਰ ਦਰਵੇਸ਼ਾ ਹਰਿ ਨਿਰੰਕਾਰ, ਜੁਗ ਜੁਗ ਅਲੱਖ ਜਗਾਇੰਦਾ । ਸੰਤ ਸੁਹੇਲੇ ਲਏ ਉਭਾਰ, ਆਪ ਆਪਣੀ ਸੇਵ ਕਮਾਇੰਦਾ । ਨੇਤਰ ਨੈਣ ਦਰਸ

ਅਪਾਰ, ਅਗੰਮ ਅਗੰਮਾ ਰੂਪ ਸੁਹਾਇੰਦਾ । ਅਲੱਖ ਅਲਖਣਾ ਕਰ ਪਿਆਰ, ਹੋ ਪਰਤੱਖਣਾ ਵੇਖ ਵਖਾਇੰਦਾ । ਗੁਰਮੁਖ ਵਰੋਲੇ ਸਾਚੇ ਮੱਖਣਾ, ਕਲਜੁਗ ਛਾਛ ਆਪ ਰਖਾਇੰਦਾ । ਗੁਰਮੁਖ ਕੋਇ ਨਾ ਹੋਏ ਸਖਣਾ, ਪ੍ਰਭ ਆਤਮ ਝੋਲੀ ਸ਼ਬਦ ਪਾਇੰਦਾ । ਕਲਜੁਗ ਅੰਤਮ ਉਡਣੇ ਕੱਖਣਾ, ਘਰ ਘਰ ਅਗਨ ਲਗਾਇੰਦਾ । ਹੋ ਸਹਾਈ ਕਿਸੇ ਨਾ ਰੱਖਣਾ, ਮਾਤ ਪਿਤਾ ਪੂਤ ਨਾਤਾ ਅੰਤ ਤੁੜਾਇੰਦਾ । ਚਾਰੋਂ ਕੁੰਟ ਅੰਗਿਆਰ ਏਕਾ ਭਖਣਾ, ਅਗਨੀ ਜੋਤੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਤੇਰਾ ਸਗਨ ਮਨਾਇੰਦਾ । ਸੰਮਤ ਚੌਦਾਂ ਤੇਰਾ ਸਗਨ, ਪ੍ਰਭ ਸਾਚੇ ਆਪ ਮਨਾਇਆ । ਗੁਰਮੁਖਾਂ ਕਰੇ ਆਤਮ ਮਗਨ, ਦੇਵੇ ਨਾਮ ਦਾਨ ਸਵਾਇਆ । ਦੀਪਕ ਜੋਤੀ ਸਾਚੇ ਜਗਨ, ਅੰਧ ਅੰਧੇਰ ਮਿਟਾਇਆ । ਮਨਮੁਖ ਜੀਵ ਫਿਰਦੇ ਨਗਨ, ਸ਼ਬਦ ਪੜਦਾ ਨਾ ਕੋਈ ਪਾਇਆ । ਅੰਤਮ ਕਲਜੁਗ ਮਾਇਆ ਦਗਨ, ਤ੍ਰਿਸ਼ਨਾ ਨਾ ਕੋਈ ਬੁਝਾਇਆ । ਝੂਠੇ ਧੰਦੇ ਸਾਰੇ ਲੱਗਨ, ਅੰਧ ਅਗਿਆਨ ਵਖਾਇਆ । ਨਾ ਕੋਈ ਚੜ੍ਹੇ ਸਾਚੇ ਗਗਨ, ਸਚ ਪਰਕਾਸ਼ ਨਾ ਵੇਖ ਵਖਾਇਆ । ਨਾ ਕੋਈ ਰੰਗੇ ਸਾਚੀ ਰੰਗਨ, ਨਾਮ ਮਜੀਠ ਨਾ ਕੋਈ ਚੜ੍ਹਾਇਆ । ਸਤਿਗੁਰ ਪੂਰਾ ਨਾ ਮਾਤ ਮੰਗਣ, ਭੇਖ ਪਖੰਡਾ ਸੀਸ ਝੁਕਾਇਆ । ਅੰਤਮ ਭੰਨੇ ਕਾਚੀ ਵੰਗਨ, ਥਿਰ ਰਹਿਣ ਨਾ ਪਾਇਆ । ਮਾਨਸ ਦੇਹੀ ਹੋਈ ਭੰਗਨ, ਲੱਖ ਚੁਰਸੀ ਗੇੜ ਰਖਾਇਆ । ਜਨ ਭਗਤਾਂ ਹੱਥੀਂ ਬੰਨ੍ਹੇ ਸੋਹੰ ਤੰਦਨ, ਧੁਰਦਰਗਾਹੀ ਲੈ ਕੇ ਆਇਆ । ਆਪ ਰਖਾਏ ਆਪਣੇ ਅੰਗਨ, ਆਪਣੀ ਗੋਦ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਮੇਲ ਮਿਲਾਇਆ । ਹਰਿਜਨ ਸਾਚਾ ਸਚ ਸਪੂਤਾ, ਹਰਿ ਵੇਖੇ ਵੇਖ ਵਖਾਇੰਦਾ । ਵੇਖਣਹਾਰਾ ਚਾਰੇ ਕੂਟਾ, ਦਹਿ ਦਿਸ਼ਾ ਫੋਲ ਫੁਲਾਇੰਦਾ । ਸੋਹੰ ਤੇਰਾ ਸਾਚਾ ਬੂਟਾ, ਫਲ ਫੁਲਵਾੜੀ ਆਪ ਲਗਾਇੰਦਾ । ਸੋਹੰ ਸ਼ਬਦ ਦੇਵੇ ਸਾਚਾ ਹੂਟਾ, ਪਾਰ ਕਿਨਾਰਾ ਇਕ ਵਖਾਇੰਦਾ । ਧਰਮ ਦਵਾਰੇ ਰਾਏ ਧਰਮ ਬੈਠਾ ਰੂਠਾ, ਗੁਰਮੁਖਾਂ ਕੋਲੋਂ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਜਣ ਸਾਚੀ ਨੀਂਹ ਇਕ ਇਕੀਸਾ ਆਪ ਰਖਾਇੰਦਾ । ਹਰਿਜਨ ਸਾਜਣ ਸਾਚੇ ਮੀਤ, ਸੋਹੇ ਬੰਕ ਦਵਾਰਿਆ । ਇਕ ਸੁਣਾਏ ਸੁਹਾਗੀ ਗੀਤ, ਸਾਚਾ ਰਾਗ ਅਲਾ ਰਿਹਾ । ਕਾਇਆ ਕਰੇ ਠੰਢੀ ਸੀਤ, ਸੀਤਲ ਧਾਰਾ ਮੁਖ ਚੁਆ ਰਿਹਾ । ਚਰਨ ਪ੍ਰੀਤੀ ਸਚ ਪ੍ਰੀਤ, ਏਕਾ ਰਾਹ ਵਖਾ ਰਿਹਾ । ਆਪੇ ਪਰਖਣਹਾਰਾ ਨੀਤ, ਨਾ ਕੋਈ ਪੜਦਾ ਪਾ ਰਿਹਾ । ਨਾ ਕੋਈ ਦਿਹੁਰਾ ਨਾ ਕੋਈ ਮਸੀਤ, ਕਾਇਆ ਮੰਦਰ ਅੰਦਰ ਮੇਲ ਮਿਲਾ ਰਿਹਾ । ਬੈਠਾ ਰਹੇ ਇਕ ਅਤੀਤ, ਜੋਤੀ ਜੋਤ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਹਰਿਜਨ ਮੇਲਾ ਸਾਚੇ ਮੰਦਰ, ਆਪਣਾ ਆਪ ਕਰਾਇਆ । ਭਾਗ ਲਗਾਏ ਡੂੰਘੀ ਕੰਦਰ, ਦੀਪਕ ਜੋਤ ਜਗਾਇਆ । ਆਪੇ ਤੋੜੇ ਬਜਰ ਕਪਾਟੀ ਵੱਜਾ ਜੰਦਰ, ਸੋਹੰ ਖੰਡਾ ਹੱਥ ਉਠਾਇਆ । ਪੰਜ ਚੋਰ ਭੌਂਦੇ ਫਿਰਨ ਬੰਦਰ, ਨੇੜ ਕੋਈ ਨਾ ਆਇਆ । ਆਪ ਬਹਾਏ ਸਾਚੇ ਮੰਦਰ, ਸ਼ਬਦ ਸਿੰਘਾਸਣ ਇਕ ਵਿਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਣ ਲਏ ਮਿਲਾਇਆ । ਹਰਿ ਸਾਜਨ ਕਰ ਪਿਆਰ, ਮੇਲ ਮਿਲਾਈਆ । ਨਿਰਮਲ ਜੋਤੀ ਕਰ ਉਜਿਆਰ, ਅੰਧ ਅੰਧੇਰ ਮਿਟਾਈਆ । ਸ਼ਬਦ ਧੁਨ ਅਪਰ ਅਪਾਰ, ਪੰਚਮ ਸੇਵਾ ਲਾਈਆ । ਅੰਮ੍ਰਿਤ ਆਤਮ ਸਾਚੀ ਧਾਰ, ਚਾਰੋਂ ਕੁੰਟ ਵਹਾਈਆ । ਸਚ ਸਿੰਘਾਸਣ ਕਰ ਤਿਆਰ, ਪਾਵਾ ਚੂਲ ਨਾ ਕੋਈ ਰਖਾਈਆ ।

੬੫੩
੦੬

ਉਪਰ ਬੈਠ ਸੱਚੀ ਸਰਕਾਰ, ਗੁਰਮੁਖ ਸਾਚੇ ਵੇਖ ਵਖਾਈਆ । ਸੁਰਤ ਸਵਾਣੀ ਕਰ ਤਿਆਰ, ਆਪਣੇ ਅੰਗ ਲਗਾਈਆ । ਮਿਲਿਆ ਮੇਲ ਸ਼ਬਦ ਸਾਚੇ ਹਾਣੀ, ਸਾਚਾ ਕੰਤ ਰਹੀ ਹੰਢਾਈਆ । ਲੇਖਾ ਚੁਕਿਆ ਖਾਣੀ ਬਾਣੀ, ਜੋਤੀ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਏਕਾ ਧਾਮ ਸੁਹਾਈਆ । ਸਾਚਾ ਧਾਮ ਪੁਰਖ ਅਬਿਨਾਸ਼ੀ, ਏਕਾ ਏਕ ਰਖਾਇਆ । ਆਪ ਆਪਣਾ ਕਰਿਆ ਦਾਸੀ, ਦੂਸਰ ਕੋਈ ਨਾ ਸੰਗ ਰਖਾਇਆ । ਨਾ ਕੋਈ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਪੰਡਤ ਕਾਸ਼ੀ, ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਧਾਮ ਇਕ ਸੁਹਾਇਆ । ਸਾਚਾ ਧਾਮ ਹਰਿ ਅਵੱਲੜਾ, ਏਕਾ ਏਕ ਸੁਹਾਇਆ । ਆਪੇ ਬੈਠ ਇਕ ਇਕੱਲੜਾ, ਆਪਣਾ ਰੰਗ ਰੰਗਾਇਆ । ਆਪ ਵਸਾਏ ਆਪਣਾ ਸਚ ਮਹੱਲੜਾ, ਸਾਚਾ ਥਾਂ ਸੁਹਾਇਆ । ਆਪ ਫੜਾਇਆ ਆਪਣਾ ਪਲੜਾ, ਆਪ ਆਪਣਾ ਲਏ ਪਰਨਾਇਆ । ਨਾ ਕੋਈ ਪੈਸਾ ਨਾ ਕੋਈ ਦਮੜਾ, ਮਾਇਆ ਮਮਤਾ ਦਿਸ ਨਾ ਆਇਆ । ਨਾ ਕੋਈ ਹੱਡ ਮਾਸ ਨਾ ਦਿਸੇ ਚੰਮੜਾ, ਪੰਜ ਤਤ ਨਾ ਕੋਈ ਵਟਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ੀ ਅਗੰਮ ਅਗੰਮੜਾ, ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ ਇਕ ਸੁਹਾਇਆ । ਬੰਕ ਦਵਾਰੀ ਆਪ ਪ੍ਰਭ, ਏਕਾ ਏਕ ਅਖਵਾਇਆ । ਨਾ ਕੋਈ ਤਪ ਤਾਪ ਜਾਪ ਹੱਠ, ਪੂਜਾ ਪਾਠ ਨਾ ਕੋਈ ਰਖਾਇਆ । ਨਾ ਕੋਈ ਤੀਰਥ ਅਠ ਸਠ, ਗੰਗਾ ਗੋਦਾਵਰੀ ਦਿਸ ਨਾ ਆਇਆ । ਨਾ ਕੋਈ ਸ਼ਿਵਦਵਾਲਾ ਮੱਠ, ਮਸਜਿਦ ਮੰਦਰ ਗੁਰਦਵਾਰ ਮਠ ਦਿਹੁਰਾ ਮਸੀਤ ਨਾ ਕੋਈ ਬਣਾਇਆ । ਨਾ ਕੋਈ ਜਪ ਤਪ ਹੱਠ, ਨਾ ਕੋਈ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਇਕ ਸੁਹਾਏ । ਆਦਿ ਪੁਰਖ ਜੋਤ ਨਿਰੰਜਣਾ । ਦੂਸਰ ਕੋਈ ਦਿਸ ਨਾ ਆਏ, ਨਾ ਕੋਈ ਕਰਾਏ ਮਜਨਾ । ਤੀਸਰ ਨਾ ਕੋਈ ਸੰਗ ਨਿਭਾਏ, ਸਾਕ ਸੈਣ ਸਜਨਾ । ਚੌਥੇ ਨਾ ਕੋਈ ਮੇਲ ਮਿਲਾਏ, ਨਾ ਘੜਿਆ ਨਾ ਭੱਜਣਾ । ਪੰਚਮ ਮੀਤਾ ਇਕ ਅਖਵਾਏ, ਧੁਰਦਰਗਾਹੀ ਬੇਪਰਵਾਹੀ ਏਕਾ ਏਕ ਸੱਜਣਾ । ਥਿਰ ਘਰ ਬੈਠਾ ਆਸਣ ਲਾਏ, ਆਪ ਆਪਣੀ ਬਣਤ ਬਣਾਏ, ਨਾ ਘੜਿਆ ਨਾ ਭੱਜਣਾ । ਘੜੇ ਨਾ ਭੱਜੇ ਹਰਿ ਨਿਰੰਕਾਰ, ਨਾ ਕੋਈ ਬਣਤ ਬਣਾਇੰਦਾ । ਨਾ ਚੜ੍ਹੇ ਨਾ ਉਤਰੇ ਪਾਰ, ਮੰਞਧਾਰ ਨਾ ਕੋਈ ਵਹਾਇੰਦਾ । ਲੋਆਂ ਪੁਰੀਆਂ ਨਾ ਕੋਈ ਸੰਸਾਰ, ਵਿਕਾਰ ਹੰਕਾਰ ਨਾ ਕੋਈ ਰਖਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਦਰ ਦਰਬਾਰ, ਦੋਏ ਜੋੜ ਨਾ ਸੀਸ ਕੋਈ ਝੁਕਾਇੰਦਾ । ਨਾ ਕੋਈ ਪੀਣ ਨਾ ਕੋਈ ਖਾਣ, ਨਾ ਕੋਈ ਜਾਮ ਪਿਆਇੰਦਾ । ਨਾ ਕੋਈ ਮਾਣ ਨਾ ਅਭਿਮਾਨ, ਨਾ ਕੋਈ ਤਾਣ ਚੁਕਾਇੰਦਾ । ਨਾ ਕੋਈ ਪੁਣ ਨਾ ਕੋਈ ਛਾਨ, ਸਚ ਝੂਠ ਨਾ ਕੋਈ ਜਣਾਇੰਦਾ । ਨਾ ਕੋਈ ਪਵਣ ਨਾ ਕੋਈ ਮਸਾਨ, ਨਾ ਕੋਈ ਰੂਪ ਵਟਾਇੰਦਾ । ਏਕਾ ਜੋਤੀ ਸ੍ਰੀ ਭਗਵਾਨ, ਆਪਣੀ ਜੋਤ ਜਗਾਇੰਦਾ । ਉਪਰ ਬੈਠੇ ਸੱਚੇ ਅਸਥਾਨ, ਆਪਣਾ ਆਸਣ ਲਾਇੰਦਾ । ਧੁਰਦਰਗਾਹੀ ਸਚ ਮਕਾਨ, ਚਾਰ ਦਿਵਾਰ ਕੋਈ ਦਿਸ ਨਾ ਆਇੰਦਾ । ਛੱਪਰ ਛੰਨ ਨਾ ਕੋਈ ਨਿਸ਼ਾਨ, ਨਾ ਕੋਈ ਬਾਡੀ ਬਣਤ ਬਣਾਇੰਦਾ । ਨਾ ਕੋਈ ਦੇਵੇ ਨਾ ਕੋਈ ਮੰਗੇ ਦਾਨ, ਨਾ ਕੋਈ ਝੋਲੀ ਡਾਹਿੰਦਾ । ਨਾ ਕੋਈ ਧੂੜ ਨਾ ਇਸ਼ਨਾਨ, ਨਾ ਮਜਨ ਕੋਈ ਕਰਾਇੰਦਾ । ਜੋਤ ਸਰੂਪੀ ਇਕ ਭਗਵਾਨ, ਘਰ ਆਪਣੇ ਆਪ ਸੁਹਾਇੰਦਾ । ਆਪਣਾ ਘਰ ਆਪ ਸੁਹਾਇਆ, ਪਾਰਬ੍ਰਹਮ ਅਬਿਨਾਸ਼ਾ । ਦਰ ਦਵਾਰ ਦਿਸ

੬੫੫
੦੬

ਨਾ ਕਿਸੇ ਆਇਆ, ਭੇਵ ਨਾ ਪਾਵੇ ਪ੍ਰਿਥਮੀ ਆਕਾਸ਼ਾ । ਗੁਰ ਪੀਰ ਸਾਧ ਸੰਤ ਅਵਤਾਰ ਮਾਤ ਉਪਾਇਆ, ਏਕਾ ਦੇਵੇ ਸ਼ਬਦ ਭਰਵਾਸਾ । ਆਪ ਆਪਣਾ ਨੂਰ ਟਿਕਾਇਆ, ਦੇਵੇ ਪਵਣ ਸਵਾਸਾ । ਸ਼ਬਦ ਸੁਨੇਹੜਾ ਰਿਹਾ ਘਲਾਇਆ, ਨਿਜ ਘਰ ਆਤਮ ਕਰਿਆ ਵਾਸਾ । ਨਾਨਕ ਗੋਬਿੰਦ ਸੇਵਾ ਲਾਇਆ, ਪ੍ਰਭ ਦੇਵੇ ਸਚ ਭਰਵਾਸਾ । ਕਲਜੁਗ ਅੰਤਮ ਦਏ ਦੁਹਾਇਆ, ਜੀਵ ਹੰਕਾਰੀ ਮਦਿਰਾ ਮਾਸਾ । ਧਰਤ ਮਾਤ ਰਹੀ ਕੁਰਲਾਇਆ, ਵਿਭਚਾਰੀ ਵੇਖਣ ਮਾਤ ਤਮਾਸ਼ਾ । ਪ੍ਰਭ ਅਬਿਨਾਸ਼ੀ ਦਇਆ ਕਮਾਇਆ, ਧਰਮ ਰਾਏ ਹੁਕਮ ਸੁਣਾਇਆ, ਹੱਥ ਰਖਾ ਜਮ ਕਾ ਫਾਸਾ । ਨਿਹਕਲੰਕ ਜਾਮਾ ਪਾਇਆ, ਸਾਚਾ ਡੰਕ ਰਿਹਾ ਵਜਾਇਆ, ਰਾਓ ਰੰਕ ਰਿਹਾ ਉਠਾਇਆ, ਗੁਰਮੁਖਾਂ ਦੇਵੇ ਚਰਨ ਭਰਵਾਸਾ । ਸੰਮਤ ਚੌਦਾਂ ਰੁੱਤ ਸੁਹਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਲੋਕਮਾਤ ਡੇਰਾ ਲਾਇਆ । ਵੇਖ ਵਖਾਏ ਚਾਰੇ ਕੁੰਟ, ਦਹਿ ਦਿਸ਼ਾ ਫੇਰਾ ਪਾਇਆ । ਤੀਰ ਨਿਰਾਲਾ ਰਿਹਾ ਛੁੱਟ, ਰਸਨਾ ਚਿਲ੍ਹੇ ਆਪ ਚੜ੍ਹਾਇਆ । ਨੌ ਖੰਡ ਪ੍ਰਿਥਮੀ ਪਾਏ ਫੁੱਟ, ਆਪਣੀ ਬਿਧ ਆਪਣੇ ਹੱਥ ਰਖਾਇਆ । ਸੱਤਾਂ ਦੀਪਾਂ ਪਏ ਲੁੱਟ, ਪੰਜਾਂ ਚੋਰਾਂ ਰਿਹਾ ਕਰਾਇਆ । ਮਨਮੁਖ ਜੀਵਾਂ ਜੜ੍ਹ ਦੇਵੇ ਪੁੱਟ, ਇਕ ਹੁਲਾਰ ਲਗਾਇਆ । ਧਰਮ ਰਾਏ ਦਰ ਦੇਵੇ ਸੁੱਟ, ਲਾੜੀ ਮੌਤ ਨਾਲ ਪਰਨਾਇਆ । ਲਹਿਣਾ ਦੇਣਾ ਚੁੱਕੇ ਜੂਠ ਝੂਠ, ਅੰਤ ਹਿਸਾਬ ਚੁਕਾਇਆ । ਸੰਤ ਸੁਹੇਲੇ ਜੁਗ ਜੁਗ ਵਿਛੜੇ ਗਏ ਰੁੱਠ, ਪ੍ਰਭ ਸਾਚਾ ਮੇਲ ਮਿਲਾਇਆ । ਪੁਰਖ ਅਗੰਮਾ ਗਿਆ ਤੁੱਠ, ਸ਼ਬਦੀ ਜੋੜ ਜੁੜਾਇਆ । ਆਪ ਕਰਾਏ ਏਕਾ ਮੁੱਠ, ਏਕਾ ਇੱਕੀ ਪਾਇਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠ, ਸਾਚੀ ਸਿੱਖੀ ਰਿਹਾ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਰੱਖੀ ਧਾਰ ਤਿੱਖੀ, ਵਿਰਲਾ ਪਾਰ ਕਰਾਇਆ । ਸੋਹੰ ਤੇਰੀ ਤਿੱਖੀ ਧਾਰ, ਸੋ ਪੁਰਖ ਨਿਰੰਜਣ ਆਪ ਕਰਾਈਆ । ਭਰਮੇ ਭੁੱਲੇ ਜੀਵ ਗਵਾਰ, ਭਰਮ ਗੜ੍ਹ ਨਾ ਕੋਈ ਤੁੜਾਈਆ । ਮਾਇਆ ਮਮਤਾ ਕਰ ਪਿਆਰ, ਰਸਨ ਕਰੀ ਹਲਕਾਈਆ । ਮਿਲਿਆ ਮੇਲ ਨਾ ਗੋਬਿੰਦ ਮੀਤ ਮੁਰਾਰ, ਰੈਣ ਅੰਧੇਰੀ ਛਾਈਆ । ਲੁੱਟਿਆ ਜਾਏ ਅੰਤਮ ਘਰ ਬਾਹਰ, ਪੰਚਮ ਰਹੇ ਰਾਹ ਤਕਾਈਆ । ਨਾ ਕੋਈ ਕੰਤ ਨਾ ਕੋਈ ਨਾਰ, ਪਿਤਾ ਪੂਤ ਨਾ ਕੋਈ ਅਖਵਾਈਆ । ਭੈਣ ਭਰਾਤਾ ਝੂਠ ਪਿਆਰ, ਕਲਜੁਗ ਦਏ ਦੁਹਾਈਆ । ਧੀ ਜਵਾਈ ਹਾਹਾਕਾਰ, ਆਤਮ ਸੁਖ ਨਾ ਕੋਇ ਉਪਜਾਈਆ । ਕਵਾਰ ਕੰਨਿਆ ਕਰ ਸ਼ਿੰਗਾਰ, ਆਪਣੀ ਪਤ ਗਵਾਈਆ । ਲੱਖ ਚੁਰਾਸੀ ਵਿਭਚਾਰ ਨਾਰ, ਗੁਰਮੁਖ ਵਿਰਲਾ ਕੰਤ ਹੰਢਾਈਆ । ਸ਼ਬਦ ਸੁਹਾਗਣ ਕਰੇ ਪਿਆਰ, ਸਾਚੇ ਕੰਤ ਸੇਵ ਕਮਾਈਆ । ਗੁਰਮੁਖ ਸੋਏ ਜਾਗਣ ਵਿਚ ਸੰਸਾਰ, ਮਨਮੁਖ ਗੂੜ੍ਹੀ ਨੀਂਦ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਿਰਵੈਰ ਰੂਪ ਸਮਾਈਆ । ਨਿਰਵੈਰ ਨਿਰਗੁਣ ਹਰਿ ਨਿਰੰਕਾਰ, ਨਿਜ ਘਰ ਆਤਮ ਵਸਿਆ । ਸੁਣੇ ਸੁਣਾਏ ਸਚ ਪੁਕਾਰ, ਧੁਰਦਰਗਾਹੀ ਆਏ ਨੱਸਿਆ । ਮਨਮੁਖ ਸੁੱਤੇ ਪੈਰ ਪਸਾਰ, ਆਤਮ ਰੈਣ ਅੰਧੇਰੀ ਮਸਿਆ । ਗੁਰਮੁਖ ਰਸਨਾ ਰਹੇ ਉਚਾਰ, ਗੁਰ ਪੂਰੇ ਮਾਰਗ ਦੱਸਿਆ । ਜੋਤ ਨਿਰੰਜਣ ਕਰ ਉਜਿਆਰ, ਕਰੇ ਪਰਕਾਸ਼ ਕੋਟਨ ਕੋਟ ਰਵ ਸੱਸਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਭਗਤ ਜਨਾਂ ਦੇ ਹਿਰਦੇ ਵਸਿਆ । ਦੇਵੇ ਦਰਸ ਅਗੰਮ ਅਪਾਰ, ਦੂਈ ਦਵੈਤੀ ਲਾਹੇ ਵਿਸਿਆ । ਤਨ ਪਹਿਨਾਏ ਸਾਚਾ ਹਾਰ, ਦਿਵਸ ਰੈਣ ਕੋਲ ਬਹਿ ਬਹਿ ਹੱਸਿਆ । ਗੁਰਮੁਖ ਤੇਰਾ ਸਚ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤੀਰ ਨਿਰਾਲਾ ਏਕਾ ਕੱਸਿਆ । ਤੀਰ

ਨਿਰਾਲਾ ਤੇਜ ਕਟਾਰੀ, ਹਰਿ ਏਕਾ ਏਕ ਰਖਾਈਆ । ਏਕਾ ਵੇਖੇ ਵੱਡ ਸੰਸਾਰੀ, ਰਾਜ ਰਾਜਾਨਾਂ ਰਿਹਾ ਜਗਾਈਆ । ਖਾਲੀ ਕਰੇ ਵਡ ਭੰਡਾਰੀ, ਸੇਠ ਸਿਠਾਣੇ ਰਿਹਾ ਮਿਟਾਈਆ । ਗਊ ਗਰੀਬਾਂ ਪਾਵੇ ਸਾਰੀ, ਆਪ ਆਪਣੇ ਗਲੇ ਲਗਾਈਆ । ਦਿਵਸ ਰੈਣ ਬਣੇ ਭਿਖਾਰੀ, ਮੰਗਣ ਦਰ ਇਕ ਬੇਪਰਵਾਹੀਆ । ਪੁਰਖ ਅਬਿਨਾਸ਼ੀ ਪੈਜ ਸਵਾਰੀ, ਹੋਏ ਮਾਤ ਸਹਾਈਆ । ਸੰਮਤ ਚੌਦਾਂ ਕਰ ਤਿਆਰੀ, ਚਾਰੋਂ ਕੁੰਟ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰੀ, ਧੀਰਜ ਧੀਰ ਨਾ ਕੋਈ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਖਿਲਾਰੀ, ਆਪਣੀ ਦਇਆ ਕਮਾਈਆ । ਭਿੰਨੀ ਰੈਨੜੀਏ ਤੇਰੀ ਧੰਨ ਕਮਾਈ, ਹਰਿ ਹਰਿ ਮੰਗਲ ਗਾਇਆ । ਭਗਤ ਜਨਾਂ ਦਰ ਵੱਜੀ ਵਧਾਈ, ਸਤਿਗੁਰ ਪੂਰ ਪਾਇਆ । ਗੁਰ ਸ਼ਬਦ ਹੋਈ ਮਾਤ ਕੁੜਮਾਈ, ਸਾਚਾ ਸਗਨ ਮਨਾਇਆ । ਸਖੀਆਂ ਮਿਲ ਮਿਲ ਗਾਇਣ ਚਾਈਂ ਚਾਈਂ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਜਗਾਇਆ । ਭਿੰਨੀ ਰੈਨੜੀਏ ਤੇਰੀ ਸਾਚੀ ਰੈਣ, ਜਨ ਭਗਤਾਂ ਮਿਲੇ ਵਡਿਆਈਆ । ਦਰਸ ਪੇਖਣ ਲੋਚਨ ਨੈਣ, ਜਗਤ ਤ੍ਰਿਸ਼ਨ ਮਿਟਾਈਆ । ਅੰਤ ਨਾ ਪੈਣ ਡੂੰਘੇ ਵਹਿਣ, ਗੁਰ ਪੂਰਾ ਲਏ ਬਚਾਈਆ । ਆਪੇ ਹੋਇਆ ਸਾਕ ਸੱਜਣ ਸੈਣ, ਮਾਇਆ ਮਮਤਾ ਭਾਈ ਭੈਣ ਆਪ ਅਖਵਾਈਆ । ਜੁਗ ਜੁਗ ਚੁਕਾਏ ਲਹਿਣਾ ਦੇਣ, ਜਗਤ ਵਿਛੜੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਤੇਰਾ ਦਰ ਦਵਾਰਾ ਰਿਹਾ ਸੁਹਾਈਆ । ਭਿੰਨੜੀ ਰੈਣ ਕਰ ਸਲਾਹ, ਸੰਗ ਰਲਾਇਆ ਪੁਰਖ ਅਬਿਨਾਸ਼ੀ ਜਗਤ ਮਲਾਹ, ਲੋਕਮਾਤੀ ਫੇਰਾ ਪਾਇਆ । ਦੋ ਜਹਾਨੀ ਪਕੜੇ ਬਾਂਹ, ਏਕਾ ਪੱਲੂ ਨਾਮ ਫੜਾਇਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਸਿਰ ਆਪਣਾ ਹੱਥ ਉਠਾਇਆ । ਸੋਹੰ ਜਪਾਏ ਸਾਚਾ ਨਾਂ, ਸਤਿਜੁਗ ਸਾਚਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਤੇਰਾ ਦਰ ਸੁਹਾਇਆ । ਭਿੰਨੜੀ ਰੈਣ ਧੁਰਦਰਗਾਹ, ਗੁਰਮੁਖਾਂ ਮੇਲ ਮਿਲਾਇਆ । ਆਪ ਕਟਾਏ ਜਮ ਕਾ ਫਾਹ, ਲੱਖ ਚੁਰਾਸੀ ਗੇੜ ਕਟਾਇਆ । ਕਾਚੀ ਮਾਟੀ ਨਾ ਕੋਈ ਵਸਾਹ, ਥਿਰ ਰਹਿਣ ਨਾ ਪਾਇਆ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੇਰਾ ਸਾਚਾ ਮੇਲ ਮਿਲਾਇਆ । ਹਰਿ ਸੰਗਤ ਹਰਿ ਕਰ ਪਿਆਰ, ਆਪਣੀ ਦਇਆ ਕਮਾਈਆ । ਚਰਨ ਕਵਲ ਇਕ ਪਿਆਰ, ਸਾਚੀ ਰੀਤੀ ਰਿਹਾ ਸਿਖਾਈਆ । ਵਰਨ ਬਰਨ ਭੇਵ ਨਿਵਾਰ, ਊਚ ਨੀਚ ਏਕਾ ਧਾਮ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਆਪਣੇ ਰੰਗ ਸਮਾਈਆ । ਸਤਿ ਪੁਰਖ ਨਿਰੰਜਣ ਹਰਿ ਨਿਰੰਕਾਰ, ਏਕਾ ਕਾਰ ਕਮਾਇੰਦਾ । ਸੋਹੰ ਸ਼ਬਦ ਸਚ ਸਿਕਦਾਰ, ਲੋਕਮਾਤ ਬਣਾਇੰਦਾ । ਸਤਿਜੁਗ ਹੋਵੇ ਪਹਿਰੇਦਾਰ, ਸਾਚਾ ਸੰਗ ਨਿਭਾਇੰਦਾ । ਚਾਰ ਵਰਨ ਇਕ ਦਵਾਰ, ਊਚ ਨੀਚ ਏਕਾ ਧਾਮ ਸੁਹਾਇੰਦਾ । ਏਕਾ ਏਕ ਵਖਾਏ ਮੰਦਰ ਮਸਜਿਦ ਗੁਰੂਦਵਾਰ, ਦੂਸਰ ਕੋਇ ਦਿਸ ਨਾ ਆਇੰਦਾ । ਆਪ ਜਾਣੇ ਮੂੰਡ ਮੁੰਡਾਏ ਕੇਸਾਧਾਰ, ਹਰ ਘਟ ਵੇਖ ਵਖਾਇੰਦਾ । ਏਕਾ ਬਖ਼ਸ਼ੇ ਨਾਮ ਅਧਾਰ, ਏਕਾ ਰਾਹ ਚਲਾਇੰਦਾ । ਸਚ ਸੁੱਚ ਕਰ ਵਿਹਾਰ, ਜੂਠ ਝੂਠ ਮੇਟ ਮਿਟਾਇੰਦਾ । ਨਾਮ ਖੰਡਾ ਤੇਜ ਕਟਾਰ, ਲੱਖ ਚੁਰਾਸੀ ਤਨ ਪਹਿਨਾਇੰਦਾ । ਨੌ ਖੰਡ ਪ੍ਰਿਥਮੀ ਇਕ ਪਿਆਰ, ਆਪਣਾ ਆਪ ਕਰਾਇੰਦਾ । ਸੱਤਾਂ ਦੀਪਾਂ ਇਕ ਵਿਹਾਰ, ਹਰਿ ਸ਼ਬਦੀ ਬਣਤ ਬਣਾਇੰਦਾ । ਨਾ ਕੋਈ ਰਾਜ ਰਾਜਾਨ ਸ਼ਾਹ ਸੁਲਤਾਨ,

ਵਿਚ ਜਹਾਨ ਦਿਸ ਨਾ ਆਇੰਦਾ । ਏਕਾ ਏਕ ਸ੍ਰੀ ਭਗਵਾਨ, ਆਪਣੀ ਬਣਤ ਬਣਾਇੰਦਾ । ਧਰਮ ਝੁਲਾਏ ਸਚ ਨਿਸ਼ਾਨ, ਲੋਕਮਾਤ ਆਪ ਉਠਾਇੰਦਾ । ਜੀਆਂ ਜੰਤਾਂ ਪਾਏ ਆਨ, ਸਾਧਾਂ ਸੰਤਾਂ ਦੇ ਮਤ ਸਮਝਾਇੰਦਾ । ਏਕਾ ਅੱਖਰ ਸਾਰੇ ਗਾਨ, ਏਕਾ ਦੂਜਾ ਭਉ ਚੁਕਾਇੰਦਾ । ਨਾ ਕੋਈ ਮੜ੍ਹੀ ਨਾ ਕੋਈ ਮਸਾਣ, ਨਾ ਕੋਈ ਗੋਰ ਪੂਜ ਪੁਜਾਇੰਦਾ । ਨਾ ਕੋਈ ਸ਼ਿਵ ਸ਼ੰਕਰ ਬ੍ਰਹਮਾ ਕਰੇ ਧਿਆਨ, ਕਰੋੜ ਤੇਤੀਸ ਨਾ ਕੋਈ ਮਨਾਇੰਦਾ । ਗਣਪਤ ਗਣੇਸ਼ ਨਾ ਵੇਖ ਵਖਾਣ, ਨਾ ਕੋਈ ਸੀਸ ਝੁਕਾਇੰਦਾ । ਨਾ ਕੋਈ ਵੇਦ ਪੁਰਾਨ ਗੀਤਾ ਗਿਆਨ, ਨਾ ਕੋਈ ਸ਼ਾਸਤਰ ਸਿਮਰਤ ਵੇਖ ਨਿਧਾਨ, ਨਾ ਕੋਈ ਓਟ ਰਖਾਇੰਦਾ । ਨਾ ਕੋਈ ਅੰਜੀਲ ਨਾ ਕੁਰਾਨ, ਨਾ ਕੋਈ ਸਪਾਰੇ ਅਲਾਇੰਦਾ । ਨਾ ਮੁਹੰਮਦ ਨਾ ਨਿਸ਼ਾਨ, ਅੱਲਾ ਨਾਅਰਾ ਨਾ ਕੋਈ ਲਾਇੰਦਾ । ਨਾ ਕੋਈ ਖਾਣੀ ਨਾ ਕੋਈ ਬਾਨ, ਨਾ ਕੋਈ ਰਾਗ ਛਤੀਸਾ ਗਾਇੰਦਾ । ਨਾ ਕੋਈ ਗਿਆਨੀ ਧਿਆਨੀ ਵਡ ਵਿਦਵਾਨ, ਜਗਤ ਵਿਦਿਆ ਮਾਣ ਰਖਾਇੰਦਾ । ਨਾ ਕੋਈ ਮਾਣ ਨਾ ਅਭਿਮਾਨ, ਅੰਧ ਅਗਿਆਨ ਰਹਿਣ ਨਾ ਪਾਇੰਦਾ । ਨਾ ਕੋਈ ਠੱਗ ਚੋਰ ਯਾਰ ਜਗਤ ਸ਼ੈਤਾਨ, ਬੇਈਮਾਨ ਦਿਸ ਨਾ ਆਇੰਦਾ । ਨਾ ਕੋਈ ਗੋਪੀ ਨਾ ਕੋਈ ਕਾਹਨ, ਨਾ ਕੋਈ ਮੰਡਲ ਰਾਸ ਰਚਾਇੰਦਾ । ਨਾ ਕੋਈ ਸੀਤਾ ਨਾ ਕੋਈ ਰਾਮ, ਰਾਮ ਰਾਮਾ ਰੂਪ ਸਮਾਇੰਦਾ । ਨਾ ਕੋਈ ਤੀਰ ਨਾ ਕੋਈ ਬਾਣ, ਨਾ ਕੋਈ ਖੰਡਾ ਹੱਥ ਉਠਾਇੰਦਾ । ਨਾ ਕੋਈ ਝੁਲਾਏ ਜਗਤ ਨਿਸ਼ਾਨ, ਨਾ ਕੋਈ ਮੰਦਰ ਅਟੱਲ ਰਖਾਇੰਦਾ । ਨਾ ਕੋਈ ਅੰਮ੍ਰਿਤ ਆਤਮ ਕਰੇ ਪਾਨ, ਨਾ ਕੋਈ ਮਾਰਗ ਲਾਇੰਦਾ । ਨਾ ਕੋਈ ਵਿਦਿਆ ਨਾ ਕੋਈ ਗਿਆਨ, ਨਾ ਧਿਆਨ ਰਖਾਇੰਦਾ । ਨਾ ਕੋਈ ਪੀਣ ਨਾ ਕੋਈ ਖਾਣ, ਮਦਿਰਾ ਮਾਸ ਦਿਸ ਨਾ ਆਇੰਦਾ । ਕਰੇ ਕਰਾਏ ਪੁਣ ਛਾਣ, ਹਰਿ ਜੋਤੀ ਜਾਮਾ ਪਾਇੰਦਾ । ਇਕ ਰਖਾਏ ਨਾਮ ਬਿਬਾਨ, ਲੋਆਂ ਪੁਰੀਆਂ ਆਪ ਉਡਾਇੰਦਾ । ਸੰਤ ਸੁਹੇਲੇ ਵੇਖ ਵਖਾਣ, ਆਪਣੇ ਅੰਗ ਲਗਾਇੰਦਾ । ਆਪੇ ਹੋਇਆ ਜਾਣੀ ਜਾਣ, ਜਾਨਣਹਾਰ ਆਪ ਅਖਵਾਇੰਦਾ । ਗਊ ਗਰੀਬਾਂ ਦੇਵੇ ਮਾਣ, ਆਪੇ ਗਲੇ ਲਗਾਇੰਦਾ । ਰਾਜ ਰਾਜਾਨ ਫਿਰਨ ਹੈਰਾਨ, ਦਰ ਦਰਬਾਨ ਕੋਈ ਦਿਸ ਨਾ ਆਇੰਦਾ । ਮਾਇਆ ਮਮਤਾ ਤੁੱਟੇ ਮਾਣ, ਤ੍ਰੈਗੁਣ ਮਾਇਆ ਖ਼ਾਕ ਰੁਲਾਇੰਦਾ । ਸੋਹੰ ਸ਼ਬਦ ਫੜ ਮਧਾਣ, ਸਾਗਰ ਸਿੰਧ ਰਿੜਕ ਵਿਖਾਇੰਦਾ । ਲੋਆਂ ਪੁਰੀਆਂ ਏਕਾ ਆਣ, ਆਪਣੀ ਆਪ ਰਖਾਇੰਦਾ । ਕਲਜੁਗ ਅੰਤਮ ਲਾਹੁਣ ਆਇਆ ਮੁਕਾਣ, ਸੰਮਤ ਚੌਦਾਂ ਵੰਡ ਵੰਡਾਇੰਦਾ । ਗੁਣਵੰਤਾ ਹਰਿ ਗੁਣ ਨਿਧਾਨ, ਭੇਖ ਪਖੰਡਾ ਮਾਤ ਮਿਟਾਇੰਦਾ । ਦੇਵੇ ਦੰਡਾ ਦੋ ਜਹਾਨ, ਸੋਹੰ ਖੰਡਾ ਹੱਥ ਉਠਾਇੰਦਾ । ਕਲਜੁਗ ਤੇਰਾ ਅੰਤਮ ਕੰਡਾ, ਨੇਤਰ ਖੋਲ੍ਹ ਮਾਰ ਧਿਆਨ, ਨਾ ਕੋਈ ਪਾਰ ਲੰਘਾਇੰਦਾ । ਮਨਮੁਖ ਪੂਜਣ ਕਰੀਰ ਜੰਡਾ, ਦੇਵੀ ਦੇਵ ਮੁਖ ਛੁਪਾਇੰਦਾ । ਖੇਲੇ ਖੇਲ ਵਿਚ ਬ੍ਰਹਿਮੰਡਾ, ਗੁਰ ਪੀਰ ਆਪਣੇ ਪੇਟੇ ਪਾਇੰਦਾ । ਆਦਿ ਅੰਤ ਨਾ ਹੋਇਆ ਕਦੀ ਰੰਡਾ, ਏਕਾ ਏਕ ਸੁਹਾਗੀ ਕੰਤ ਅਖਵਾਇੰਦਾ । ਸੋਹੰ ਫੜ ਚੰਡ ਪਰਚੰਡਾ, ਨੌ ਖੰਡਾਂ ਵੇਖ ਵਖਾਇੰਦਾ । ਮਨਮੁਖ ਜੀਵ ਦੇਵੇ ਦੰਡਾ, ਲੁਕਿਆ ਕੋਈ ਰਹਿਣ ਨਾ ਪਾਇੰਦਾ । ਆਪੇ ਵੇਖੇ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਇੰਦਾ । ਜਨ ਭਗਤਾਂ ਕਰਾਏ ਸਾਚੀ ਵੰਡਾ, ਏਕਾ ਇੱਕੀ ਅੰਤਮ ਪਾਇੰਦਾ । ਨਾਮ ਨਿਧਾਨ ਏਕਾ ਵੰਡਾ, ਹਰਿ ਸਾਚਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੀ ਗੋਲੀ ਇਕ ਰਖਾਇੰਦਾ । ਹਰਿਜਨ ਤੇਰਾ ਸ਼ਬਦ ਜੈਕਾਰ, ਚਾਰ ਕੁੰਟ ਸੁਣਾਇਆ । ਦਹਿ ਦਿਸ਼ਾ ਹਰਿ ਵੇਖ ਵਿਚਾਰ, ਭੇਖੀ ਭੇਖ ਵਟਾਇਆ । ਰਾਜ ਰਾਜਾਨ ਇਕ ਦਵਾਰ, ਗਊ ਗਰੀਬਾਂ ਮੇਲ ਮਿਲਾਇਆ ।

ਆਪੇ ਬੈਠਾ ਅੱਧਵਿਚਕਾਰ, ਜਗਤ ਵਿਚੋਲਾ ਬਣ ਕੇ ਆਇਆ । ਦੋ ਜਹਾਨੀ ਵੇਖ ਵਿਚਾਰ, ਹਰਿਜਨ ਸਾਚੇ ਲਏ ਜਗਾਇਆ । ਸ਼ਬਦ ਕਾਨੀ ਤੀਰ ਕਮਾਨ, ਰਸਨਾ ਚਿਲ੍ਹੇ ਰਿਹਾ ਚੜ੍ਹਾਇਆ । ਮੁਗਲ ਪਠਾਣੀ ਕਰ ਤਿਆਰ, ਸਾਚਾ ਰੰਗ ਰੰਗਾਇਆ । ਵੇਦ ਵਿਦਾਂਤੀ ਕਰਨ ਵਿਚਾਰ, ਵਡ ਵਿਦਵਾਨੀ ਜਗਤ ਵਿਦਿਆ ਮੂਲ ਨਾ ਭਾਇਆ । ਕੋਈ ਨਾ ਦਿਸੇ ਬ੍ਰਹਮ ਗਿਆਨੀ, ਭਾਰਤ ਖੰਡੀ ਵੇਖ ਵਖਾਇਆ । ਨੌ ਖੰਡ ਪ੍ਰਿਥਮੀ ਜਗਤ ਦਿਵਾਲੀ, ਦੀਵਾ ਸਚ ਨਾ ਕਿਸੇ ਜਗਾਇਆ । ਰਸਨਾ ਪੜ੍ਹ ਪੜ੍ਹ ਥੱਕੇ ਬਾਣੀ, ਸਾਚਾ ਬਾਣ ਕਿਸੇ ਨਾ ਲਾਇਆ । ਮਾਇਆ ਰਾਣੀ ਬੈਠੀ ਚਾਦਰ ਤਾਣੀ, ਮਨਮੁਖਾਂ ਬੈਠਾ ਪੜਦਾ ਪਾਇਆ । ਆਪੇ ਵੇਖੇ ਜੇਰਜ ਅੰਡੀ ਖਾਣੀ ਬਾਣੀ, ਹਰਿ ਵੇਖਣਹਾਰ ਅਖਵਾਇਆ । ਕਵਣ ਗੁਰ ਕਵਣ ਚੇਲਾ ਕਵਣ ਸੁਘੜ ਸਿਆਣੀ, ਕਵਣ ਸਾਚਾ ਘਰ ਰਿਹਾ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਰਾਹ ਚਲਾਇਆ । ਸਚ ਰਾਹ ਜਗਤ ਜਗਦੀਸ, ਏਕਾ ਏਕ ਚਲਾਇੰਦਾ । ਮਨਮੁਖ ਜੀਵ ਜਾਏ ਪੀਸ, ਨਾ ਕੋਈ ਮਾਤ ਬਚਾਇੰਦਾ । ਚਾਰ ਵਰਨ ਇਕ ਹਦੀਸ, ਛਤਰ ਝੁਲੇ ਪ੍ਰਭ ਸਾਚੇ ਸੀਸ, ਦੂਸਰ ਕੋਈ ਦਿਸ ਨਾ ਆਇੰਦਾ । ਚਰਨ ਕਵਲ ਸੱਚੀ ਧੂੜ, ਮੂਰਖ ਮੂੜ੍ਹ ਚਤਰ ਸੁਘੜ ਬਣਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਜੋ ਜਨ ਦਰਸ਼ਨ ਪਾਇੰਦਾ । ਧਰਮ ਰਾਏ ਦਰ ਕਟੇ ਜੂੜ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਦਰਸ਼ਨ ਨੈਣ, ਵਡ ਵਡ ਵਡਿਆਈਆ । ਜਪ ਤਪ ਹੱਠ ਸਤਿ ਪ੍ਰਭ ਚਰਨ ਦਵਾਰੇ ਬਹਿਣ ਮੰਗਦੇ ਰਹਿਣ, ਪੂਰੀ ਭਿਛਿਆ ਕਦੇ ਨਾ ਪਾਈਆ । ਅਭਿਆਸ ਸਨਿਆਸ ਵੈਰਾਗ ਤਿਆਗ ਨਾ ਗਿਆ ਜਾਗ, ਕਲਜੁਗ ਗੂੜ੍ਹੀ ਨੀਂਦ ਸਵਾਈਆ । ਦਰ ਦਰ ਘਰ ਘਰ ਮੰਦਰ ਅੰਦਰ ਲੱਗੀ ਆਗ, ਪੰਚਮ ਰਹੇ ਲਗਾਈਆ । ਮਾਇਆ ਰਾਣੀ ਡੱਸੇ ਡੱਸਣੀ ਨਾਗ, ਆਪ ਆਪਣਾ ਸਿਰ ਉਠਾਈਆ । ਕਾਮ ਕਰੋਧ ਹੱਥ ਪਕੜੀ ਵਾਗ, ਚਾਰੋਂ ਕੁੰਟ ਰਿਹਾ ਭਵਾਈਆ । ਦੁਰਮਤ ਮੈਲ ਲੱਗਾ ਦਾਗ਼, ਨਾ ਕੋਈ ਮਾਤ ਧਵਾਈਆ । ਹੰਸ ਬੁੱਧੀ ਹੋਈ ਕਾਗ, ਜਿਹਵਾ ਕਾਗ ਵਾਂਗ ਕੁਰਲਾਈਆ । ਗੁਰ ਚਰਨ ਧੂੜ ਮਿਲਿਆ ਨਾ ਮਜਨ ਮਾਘ, ਅੱਠ ਸੱਠ ਫਿਰਦੇ ਦੇਣ ਦੁਹਾਈਆ । ਸ਼ਬਦ ਨਾ ਬੰਨ੍ਹਿਆ ਕਿਸੇ ਤਾਗ, ਜੂਠਾ ਝੂਠਾ ਸੀਸ ਗੁੰਦਾਈਆ । ਮਿਲਿਆ ਮੇਲ ਨਾ ਕੰਤ ਸੁਹਾਗ, ਆਤਮ ਸੇਜ ਨਾ ਕਿਸੇ ਹੰਢਾਈਆ । ਦਰ ਦਰ ਘਰ ਘਰ ਚਾਰੋਂ ਕੁੰਟ ਰਹੇ ਭਾਗ, ਆਤਮ ਧੀਰ ਨਾ ਕੋਈ ਧਰਾਈਆ । ਗੁਰਮੁਖ ਵਿਰਲੇ ਚਰਨ ਕਵਲ ਪ੍ਰਭ ਗਏ ਲਾਗ, ਪ੍ਰਭ ਆਪਣਾ ਲੜ ਫੜਾਈਆ । ਅੰਤਮ ਕਲਜੁਗ ਗਏ ਜਾਗ, ਹਰਿ ਸਾਚਾ ਆਪ ਜਗਾਈਆ । ਇਕ ਉਪਜਾਏ ਨਾਮ ਵੈਰਾਗ, ਜਗਤ ਚਿੰਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨਾਂ ਇਕ ਜਣਾਈਆ । ਚਾਰ ਵਰਨਾਂ ਹਰਿ ਉਪਦੇਸ਼, ਏਕਾ ਏਕ ਕਰਾਇਆ । ਨਾ ਕੋਈ ਨਰ ਨਾ ਕੋਈ ਨਰੇਸ਼, ਰਾਜ ਰਾਜਾਨ ਰਹਿਣ ਨਾ ਪਾਇਆ । ਪਾਰਬ੍ਰਹਮ ਗੁਰ ਇਕ ਆਦੇਸ਼, ਲੱਖ ਚੁਰਾਸੀ ਰਿਹਾ ਤਰਾਇਆ । ਨੌ ਖੰਡ ਪ੍ਰਿਥਮੀ ਹੋਏ ਦਰ ਦਰਵੇਸ਼, ਸੱਤਾਂ ਦੀਪਾਂ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤੇਰਾ ਏਕਾ ਵੇਸ, ਅਨੇਕਾ ਰੰਗ ਵਟਾਇਆ । ਸੰਗ ਰਖਾਇਆ ਗੁਰ ਦਸਮੇਸ਼ ਵਿਸ਼ੇਖ, ਮੰਦਰ ਗੁਰੂਦਵਾਰਾ ਨਾ ਕੋਈ ਦਿਖਾਇਆ । ਪਕੜ ਉਠਾਏ ਧਾਰੀ ਕੇਸ, ਦਿਸ ਕਿਸੇ ਨਾ ਆਇਆ । ਆਪ ਸੁਹਾਈ ਬਾਸ਼ਕ ਸੇਜ, ਸਾਗੋਂ ਪਾਂਗ ਹੰਢਾਈਆ । ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼ ਗਨੇਸ਼, ਦਰ ਦਵਾਰੇ ਬੈਠੇ ਸੀਸ ਝੁਕਾਇਆ ।

ਲਛਮੀ ਦਰ ਘਰ ਸਾਚੇ ਕਰੇ ਵੇਸ, ਨਿਵ ਨਿਵ ਚਰਨੀ ਸੀਸ ਝੁਕਾਇਆ । ਚਰਨ ਝੱਸੇ ਦਰ ਹਮੇਸ਼, ਹਰਿ ਸਾਚੀ ਸੇਵਾ ਲਾਇਆ । ਕਲਜੁਗ ਮਾਇਆ ਤੇਰੀ ਕੋਈ ਨਾ ਚਲੇ ਪੇਸ਼, ਪ੍ਰਭ ਦੇਵੇ ਖ਼ਾਕ ਰੁਲਾਇਆ । ਪੰਜ ਤਤਾਂ ਛੱਡਣਾ ਪੈਣਾ ਕਾਇਆ ਦੇਸ, ਹਰਿ ਸਾਚਾ ਰਿਹਾ ਛੁਡਾਇਆ । ਅੰਤਮ ਰੋਵਣ ਗਲ ਖੁਲ੍ਹੜੇ ਕੇਸ, ਨਾ ਸਕੇ ਕੋਈ ਬਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮੇਲ ਮਿਲਾਇਆ । ਚਾਰ ਵਰਨ ਸਚ ਸਲਾਹ, ਹਰਿ ਆਪਣੀ ਆਪ ਜਣਾਇੰਦਾ । ਸਤਿਗੁਰ ਪੂਰਾ ਇਕ ਮਲਾਹ, ਭਵਜਲ ਪਾਰ ਕਰਾਇੰਦਾ । ਦੋ ਜਹਾਨਾਂ ਪਕੜੇ ਬਾਂਹ, ਜਮ ਕਾ ਫੰਦ ਕਟਾਇੰਦਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਇੰਦਾ । ਹੰਸ ਬਣਾਏ ਫੜ ਫੜ ਕਾਂ, ਦੁਰਮਤ ਮੈਲ ਗਵਾਇੰਦਾ । ਇਕ ਜਪਾਏ ਸਾਚਾ ਨਾਂ, ਸੋਹੰ ਨਾਉਂ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਏਕਾ ਸਰਨ ਏਕਾ ਧਾਮ ਸੁਹਾਇੰਦਾ । ਚਾਰ ਵਰਨ ਇਕ ਦਵਾਰ, ਹਰਿ ਏਕਾ ਧਾਮ ਸੁਹਾਇਆ । ਜੁਗ ਜੁਗ ਲਏ ਮਾਤ ਅਵਤਾਰ, ਆਪਣੇ ਧੰਦੇ ਸ੍ਰਿਸ਼ਟ ਸਬਾਈ ਰਿਹਾ ਲਗਾਇਆ । ਦੇਵੇ ਵਰ ਸੱਚੀ ਸਰਕਾਰ, ਦੇਵਣਹਾਰ ਆਪ ਅਖਵਾਇਆ । ਗੁਰਮੁਖ ਸਾਚੇ ਲਏ ਉਭਾਰ, ਮੂਰਖ ਮੂੜ੍ਹ ਪਾਪੀ ਗੰਦੇ ਦਏ ਖਪਾਇਆ । ਜਿਸ ਜਨ ਬਖ਼ਸ਼ੇ ਚਰਨ ਪਿਆਰ, ਆਤਮ ਅੰਧੇ ਗਿਆਨ ਸ਼ਬਦ ਦਏ ਜਣਾਇਆ । ਆਪੇ ਹੋਏ ਵਡ ਬਖ਼ਸ਼ਿੰਦੇ, ਮਿਹਰਬਾਨ ਆਪ ਅਖਵਾਇਆ । ਮਨਮੁਖ ਜੀਵ ਲਾਏ ਝੂਠੇ ਧੰਦੇ, ਨਿੰਦਕ ਨਿੰਦਿਆ ਰਿਹਾ ਲਗਾਇਆ । ਦੋ ਜਹਾਨੀ ਵੱਜੇ ਜਿੰਦੇ, ਗੁਰ ਚਰਨ ਦਵਾਰਾ ਦਿਸ ਨਾ ਆਇਆ । ਧਰਮ ਰਾਏ ਦੀ ਪਾਏ ਬੰਦੀ, ਬੰਦੀਖਾਨਾ ਇਕ ਰਖਾਇਆ । ਗੁਰ ਸੰਗਤ ਵਿਚ ਰੱਖੀ ਜਿਸ ਵਾਸਨਾ ਗੰਦੀ, ਲੱਖ ਚੁਰਾਸੀ ਵਿਚ ਫਿਰਾਇਆ । ਜੋ ਜਨ ਰਸਨਾ ਗਾਇਣ ਬੱਤੀ ਦੰਦੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹੋਏ ਸਹਾਇਆ । ਏਕਾ ਚੜ੍ਹਿਆ ਗੁਰਸਿਖ ਚੰਦ ਨੌ ਚੰਦੀ, ਅੰਧ ਅੰਧੇਰ ਮਿਟਾਇਆ । ਸੋਹੰ ਸ਼ਬਦ ਸੁਹਾਗੀ ਛੰਦੀ, ਕੰਤ ਸੁਹਾਗ ਇਕ ਸੁਣਾਇਆ । ਗੁਰਸਿਖ ਤੇਰੀ ਸੁਰਤ ਗੁਰ ਚਰਨ ਦਵਾਰੇ ਰੋ ਰੋ ਕਹਿੰਦੀ, ਵਿਛੜ ਕਦੇ ਨਾ ਜਾਇਆ । ਬ੍ਰਹਮ ਰੰਗਣ ਲਾਏ ਮਹਿੰਦੀ, ਚਰਨੀ ਸੇਵ ਕਮਾਇਆ । ਪ੍ਰਭ ਦਾ ਭਾਣਾ ਸਿਰ ਤੇ ਸਹਿੰਦੀ, ਲੱਖ ਲੱਖ ਸ਼ੁਕਰ ਮਨਾਇਆ । ਸਾਧ ਸੰਗਤ ਸਾਚੀ ਸਈਆਂ ਉਠ ਉਠ ਕਹਿੰਦੀ, ਵੇਲਾ ਗਿਆ ਹੱਥ ਨਾ ਆਇਆ । ਵੇਖੇ ਖੇਲ ਦਿਸ਼ਾ ਲਹਿੰਦੀ, ਪ੍ਰਭ ਸਾਚੀ ਖੇਲ ਰਚਾਇਆ । ਅੰਜੀਲ ਕੁਰਾਨ ਇਕੱਠੀ ਹੋ ਹੋ ਬਹਿੰਦੀ, ਏਕਾ ਮਤਾ ਪਕਾਇਆ । ਅਮਾਮ ਮੁੱਲਾ ਸ਼ੇਖ਼ ਮੁਸਾਇਕ ਮਸਲੇ ਪੜ੍ਹ ਪੜ੍ਹ ਵੇਖਣ ਅਮਾਮ ਮਹਿੰਦੀ, ਕਿਹੜੀ ਕੂਟੇ ਡੇਰਾ ਲਾਇਆ । ਗੁਰ ਸੰਗਤ ਪ੍ਰਭ ਚਰਨ ਦਵਾਰੇ ਇਕੱਠੀ ਹੋ ਹੋ ਬਹਿੰਦੀ, ਪਹਿਲੀ ਚੇਤਰ ਖ਼ੁਸ਼ੀ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰੇ ਅੱਗੇ ਸੀਸ ਝੁਕਾਇਆ ।

✻ ੧੯ ਚੇਤ ੨੦੧੪ ਬਿਕ੍ਰਮੀ ਗਿਰਧਾਰਾ ਸਿੰਘ ਦੇ ਗ੍ਰਿਹ ਇੱਕੀ ਪਰਿਵਾਰ ਇਕੱਠੇ ਹੋਏ
ਪਿੰਡ ਬਲੋਵਾਲੀ ਜ਼ਿਲਾ ਅੰਮ੍ਰਿਤਸਰ ✻

ਅਕਲ ਕਲਾ ਭਰਪੂਰ, ਆਪ ਅਖਵਾਇਆ । ਨਾਦ ਅਨਾਦੀ ਤੂਰ, ਏਕਾ ਸ਼ਬਦ ਅਲਾਇਆ । ਗੁਰਮੁਖਾਂ ਸਦ ਹਾਜ਼ਰ ਹਜ਼ੂਰ, ਨੇਤਰ

੬੫੯
੦੬

ਨੈਣਾਂ ਦਰਸ਼ਨ ਪਾਇਆ । ਆਪੇ ਵਸੇ ਨੇੜੇ ਦੂਰ, ਮਨਮੁਖਾਂ ਦਿਸ ਨਾ ਆਇਆ । ਜਗਤ ਨਾਤਾ ਕੂੜੋ ਕੂੜ, ਥਿਰ ਕੋਈ ਰਹਿਣ ਨਾ ਪਾਇਆ । ਜਿਸ ਜਨ ਬਖ਼ਸ਼ੇ ਆਪਣੀ ਚਰਨ ਧੂੜ, ਦੁਰਮਤ ਮੈਲ ਦਏ ਗਵਾਇਆ । ਆਪ ਮਿਟਾਏ ਦਇਆ ਕਮਾਏ ਮੂਰਖ ਮੂੜ੍ਹ, ਏਕਾ ਗਿਆਨ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਅਕਲ ਕਲਾ ਭਰਪੂਰ, ਹਰਿ ਨਿਰੰਕਾਰਿਆ । ਜਨ ਭਗਤਾਂ ਦੇਵੇ ਨਾਦ ਸ਼ਬਦ ਸਾਚੀ ਤੂਰ, ਅਨਹਦ ਧੁਨ ਉਪਜਾ ਰਿਹਾ । ਅੰਮ੍ਰਿਤ ਆਤਮ ਬਖ਼ਸ਼ੇ ਭੂਰ, ਸਾਂਤਕ ਸਤਿ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾ ਰਿਹਾ । ਹਰਿਜਨ ਸਾਚੇ ਸਾਚਾ ਮੇਲਾ, ਜੁਗ ਜੁਗ ਆਪ ਕਰਾਇਆ । ਆਪੇ ਗੁਰੂ ਆਪੇ ਚੇਲਾ, ਚੇਲਾ ਗੁਰ ਆਪ ਅਖਵਾਇਆ । ਭਗਤ ਜਨਾਂ ਹਰਿ ਸੱਜਣ ਸੁਹੇਲਾ, ਲੋਕਮਾਤੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜ਼ਾਤ ਪਾਤੀ ਭੇਖ ਮਿਟਾਇਆ । ਜ਼ਾਤ ਪਾਤ ਪਾਰ ਕਿਨਾਰਾ, ਪ੍ਰਭ ਸਾਚਾ ਅੰਤ ਕਰਾਈਆ । ਕਲਜੁਗ ਤੇਰੀ ਅੰਤਮ ਵਾਰਾ, ਜੀਵ ਜੰਤ ਰਿਹਾ ਜਗਾਈਆ । ਸਤਿਜੁਗ ਸਾਚਾ ਖੋਲ੍ਹ ਦਵਾਰਾ, ਸਾਚਾ ਮਾਰਗ ਲਾਈਆ । ਸੋਹੰ ਸ਼ਬਦ ਜੈ ਜੈ ਕਾਰਾ, ਚਾਰ ਵਰਨਾਂ ਰਿਹਾ ਜਣਾਈਆ । ਇਕ ਇਕੱਲਾ ਏਕੰਕਾਰਾ, ਏਕਾ ਰੂਪ ਸਮਾਈਆ । ਪਰਗਟ ਹੋਇਆ ਵਿਚ ਸੰਸਾਰਾ, ਜੁਗ ਜੁਗ ਬਣਤ ਬਣਾਈਆ । ਕਲਜੁਗ ਚਾਰੋਂ ਕੁੰਟ ਧੁੰਦੂਕਾਰਾ, ਰੈਣ ਅੰਧੇਰੀ ਛਾਈਆ । ਜੂਠ ਝੂਠ ਦਰ ਦਵਾਰਾ, ਘਰ ਘਰ ਬੈਠਾ ਆਸਣ ਲਾਈਆ । ਜੂਠਾ ਝੂਠਾ ਮੀਤ ਮੁਰਾਰਾ, ਸਾਕ ਸੱਜਣ ਮਾਤ ਅਖਵਾਈਆ । ਨਾ ਕੋਈ ਮਿਲਾਏ ਪਾਰਬ੍ਰਹਮ ਪੁਰਖ ਅਪਾਰਾ, ਭਰਮੇ ਭੁੱਲੀ ਸਰਬ ਲੋਕਾਈਆ । ਮਨਮੁਖ ਜੀਵ ਭੌਂਦੇ ਨੌਂ ਦਵਾਰਾ, ਦਰ ਦਸਵਾਂ ਨਾ ਕੋਈ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਜਗਾਈਆ । ਹਰਿਜਨ ਸਾਚਾ ਸਾਚਾ ਲਾਲ, ਹਰਿ ਸਾਚਾ ਆਪ ਉਠਾਇੰਦਾ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣੀ ਗੋਦ ਉਠਾਇੰਦਾ । ਜੋਤੀ ਨੂਰ ਇਕ ਅਕਾਲ, ਇਕ ਇਕੱਲਾ ਧਾਮ ਸੁਹਾਇੰਦਾ । ਜਿਸ ਜਨ ਦੇਵੇ ਨਾਮ ਸ਼ਬਦ ਸੱਚਾ ਧਨ ਮਾਲ, ਆਤਮ ਝੋਲੀ ਭਰਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲ, ਲੱਖ ਚੁਰਾਸੀ ਫੰਦ ਕਟਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਆਪਣੀ ਧਾਰਾ ਇਕ ਬੰਧਾਇੰਦਾ । ਭਗਤ ਜਨਾਂ ਹੋਏ ਸਦਾ ਰਖਵਾਲ, ਨਿਤ ਨਵਿਤ ਜੋਤ ਪਰਗਟਾਇੰਦਾ । ਕਲਜੁਗ ਮਾਇਆ ਦਏ ਉਛਾਲ, ਮਾਇਆ ਮਮਤਾ ਵਹਿਣ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਸਾਚੇ ਸੰਤ ਦੁਲਾਰ, ਹਰਿ ਸਾਚਾ ਵੇਖ ਵਖਾਈਆ । ਆਪੇ ਖੋਲ੍ਹ ਬੰਦ ਕਿਵਾੜ, ਜੋਤੀ ਨੂਰ ਸਵਾਈਆ । ਨੇੜ ਨਾ ਆਏ ਪੰਚਮ ਧਾੜ, ਦਰ ਦਵਾਰੇ ਰਿਹਾ ਦੁਰਕਾਈਆ । ਇਕ ਵਖਾਏ ਸਾਚਾ ਅਖਾੜ, ਅਨਹਦ ਸਾਚਾ ਰਾਗ ਰਿਹਾ ਅਲਾਈਆ । ਮਾਇਆ ਮਮਤਾ ਬਸਤਰ ਉਤਾਰ, ਸ਼ਬਦ ਗਹਿਣਾ ਤਨ ਪਹਿਨਾਈਆ । ਪੰਚ ਵਿਕਾਰਾ ਆਪ ਚਬਾਏ ਆਪਣੀ ਦਾੜ੍ਹ, ਨੇਤਰ ਨੈਣਾਂ ਦਰਸ ਦਿਖਾਈਆ । ਵਾ ਨਾ ਲੱਗੇ ਤਤੀ ਹਾੜ, ਕਲਜੁਗ ਅਗਨੀ ਆਪ ਬੁਝਾਈਆ । ਧੁਰਦਰਗਾਹੀ ਸਾਚਾ ਲਾੜ, ਹਰਿਜਨ ਸਾਚੇ ਲਏ ਪਰਨਾਈਆ । ਆਪੇ ਹੋਇਆ ਪਿੱਛੇ ਅਗਾੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੰਤ ਜਨਾਂ ਹੋਏ ਆਪ ਸਹਾਈਆ । ਕਲਜੁਗ ਤੇਰੀ ਅੰਤਮ ਚਾਲਾ, ਚਾਰ ਕੁੰਟ ਅੰਧੇਰਾ । ਹਰਿ ਕਾ ਨਾਉਂ ਕਿਸੇ ਨਾ ਭਾਲਾ, ਨਾ ਚੁੱਕਿਆ ਤੇਰਾ ਮੇਰਾ । ਫਲ ਨਾ ਲੱਗਾ ਕਾਇਆ ਡਾਲ੍ਹਾ, ਪੰਜਾਂ ਚੋਰਾਂ

ਪਾਇਆ ਘੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੰਤ ਜਨਾਂ ਹੋਏ ਸਦਾ ਰਖਵਾਲਾ । ਕਲਜੁਗ ਤੇਰੀ ਕਾਲੀ ਰੈਣ, ਚਾਰੋਂ ਕੁੰਟ ਛਾਈਆ । ਜੂਠਾ ਝੂਠਾ ਨਾਤਾ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਕੋਈ ਦਿਸ ਨਾ ਆਇਆ । ਲੱਖ ਚੁਰਾਸੀ ਅੰਤਮ ਲਹਿਣਾ ਲੈਣ ਦੇਣ, ਦਰ ਘਰ ਹਿਸਾਬ ਕਰਾਈਆ । ਮਨਮੁਖ ਜੀਵ ਜੂਠੇ ਝੂਠੇ ਵਹਣ ਵਹਿਣ, ਨਾ ਸਕੇ ਕੋਈ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਤਰਾਈਆ । ਕਲਜੁਗ ਅੰਤਮ ਵਹਣ ਵਹਿਣਾ, ਨਾ ਸਕੇ ਕੋਈ ਬਚਾਈਆ । ਗੁਰਮੁਖ ਸਾਚਾ ਵੇਖੇ ਨੈਣਾਂ, ਹਰਿ ਸਾਚਾ ਆਪ ਵਖਾਈਆ । ਸੰਤ ਸੁਹੇਲੇ ਮਾਤ ਰਹਿਣਾ, ਮਨਮੁਖ ਡੁੱਬੇ ਨਾ ਕੋਈ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਧਾਰਾ ਇਕ ਵਹਾਈਆ । ਕਲਜੁਗ ਤਿੱਖੀ ਧਾਰ, ਰਖਾਵੇ ਵਿਚ ਸੰਸਾਰਿਆ । ਨਾ ਕੋਈ ਆਰ ਨਾ ਕੋਈ ਪਾਰ, ਮਨਮੁਖ ਡੁੱਬੇ ਅੱਧ ਵਿਚਕਾਰਆ । ਨੇਤਰ ਨੈਣ ਰੋਣਾ ਜ਼ਾਰੋ ਜ਼ਾਰ, ਰਾਏ ਧਰਮ ਕਰੇ ਖੁਆਰਿਆ । ਨਾ ਕੋਈ ਦੇਵੇ ਮਾਤ ਸਹਾਰ, ਹਰਿ ਕਾ ਨਾਉਂ ਨਾ ਰਸਨ ਉਚਾਰਿਆ । ਜੂਠੇ ਝੂਠੇ ਮੀਤ ਮੁਰਾਰ, ਛੱਡ ਚਲੇ ਨਾ ਕੋਈ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸੋਏ ਮਾਤ ਜਗਾ ਰਿਹਾ । ਕਲਜੁਗ ਤੇਰਾ ਅੰਤਮ ਵੇਲਾ, ਚਾਰ ਕੁੰਟ ਦਏ ਦੁਹਾਈਆ । ਅਚਰਜ ਖੇਲ ਪਾਰਬ੍ਰਹਮ ਆਪੇ ਖੇਲਾ, ਜੋਤੀ ਜਾਮਾ ਭੇਖ ਵਟਾਈਆ । ਭਗਤ ਜਨਾਂ ਹਰਿ ਸੱਜਣ ਸੁਹੇਲਾ, ਸਾਚਾ ਮੀਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਰੀਤੀ ਆਪ ਚਲਾਈਆ । ਸਾਚੀ ਰੀਤੀ ਹਰਿ ਸੁਲਤਾਨ, ਏਕਾ ਏਕ ਚਲਾਇੰਦਾ । ਦੋ ਜਹਾਨ ਮਾਰ ਧਿਆਨ, ਆਪਣੀ ਬਣਤ ਜਣਾਇੰਦਾ । ਕਲਜੁਗ ਹੋਏ ਅੰਤ ਵੈਰਾਨ, ਥਿਰ ਰਹਿਣ ਨਾ ਪਾਇੰਦਾ । ਸਤਿਜੁਗ ਤ੍ਰੇਤਾ ਸਚ ਨਿਸ਼ਾਨ, ਹਰਿ ਸਾਚਾ ਮਾਤ ਝੁਲਾਇੰਦਾ । ਆਪੇ ਹੋਇਆ ਨਿਗਾਹਬਾਨ, ਨਿਹਕਲੰਕੀ ਜਾਮਾ ਪਾਇੰਦਾ । ਜਗਤ ਮਿਟਾਏ ਪੰਜ ਸ਼ੈਤਾਨ, ਹਉਮੇ ਹੰਗਤਾ ਰੋਗ ਮਿਟਾਇੰਦਾ । ਏਕਾ ਬਖ਼ਸ਼ੇ ਚਰਨ ਧਿਆਨ, ਧੂੜੀ ਮਸਤਕ ਲਾਇੰਦਾ । ਆਤਮ ਉਪਜੇ ਬ੍ਰਹਮ ਗਿਆਨ, ਜੋਤੀ ਨੂਰ ਦਰਸਾਇੰਦਾ । ਚਾਰ ਵਰਨਾਂ ਦੇਵੇ ਮਾਣ, ਦਰ ਦਰ ਇਕ ਖੁਲ੍ਹਾਇੰਦਾ । ਨਾ ਕੋਈ ਰਾਓ ਰੰਕ ਰਾਜ ਰਾਜਾਨ, ਸ਼ਾਹ ਸੁਲਤਾਨ ਨਾ ਕੋਈ ਅਖਵਾਇੰਦਾ । ਪਰਗਟ ਹੋਏ ਸ੍ਰੀ ਭਗਵਾਨ, ਏਕਾ ਖੰਡਾ ਹੱਥ ਉਠਾਇੰਦਾ । ਜੂਠਾ ਝੂਠਾ ਮੇਟ ਨਿਸ਼ਾਨ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਰਵ ਸਸ ਚੰਦ ਸੂਰਜ ਸਰਬ ਮਿਟ ਜਾਣ, ਆਕਾਸ਼ ਪਰਕਾਸ਼ ਨਾ ਕੋਈ ਕਰਾਇੰਦਾ । ਬ੍ਰਹਮਾ ਮੰਗੇ ਜੀਆ ਦਾਨ, ਵੇਲਾ ਅੰਤਮ ਆਇੰਦਾ । ਸ਼ਿਵ ਸ਼ੰਕਰ ਕਰੇ ਪ੍ਰਭ ਚਰਨ ਧਿਆਨ, ਆਪਣੀ ਭੁੱਲ ਬਖ਼ਸ਼ਾਇੰਦਾ । ਕਰੋੜ ਤੇਤੀਸਾ ਹੋਏ ਸੁੰਞ ਮਸਾਣ, ਜਗਤ ਜਗਦੀਸਾ ਆਪ ਕਰਾਇੰਦਾ । ਬੀਸਨ ਬੀਸਾ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਆਪੇ ਵੇਖੇ ਰਾਗ ਛਤੀਸਾ, ਦੰਦ ਬਤੀਸਾ ਕਵਣ ਗਾਇੰਦਾ । ਨਾ ਕੋਈ ਰਾਗ ਰਾਗਨੀ ਹਦੀਸਾ, ਸਚ ਮਾਰਗ ਨਾ ਕੋਈ ਵਿਖਾਇੰਦਾ । ਮਾਇਆ ਰਾਣੀ ਜੂਠਾ ਝੂਠਾ ਪੀਸਣ ਪੀਸਾ, ਕਲਜੁਗ ਕਾਲਾ ਸੰਗ ਰਲਾਇੰਦਾ । ਲੇਖੇ ਲਾਏ ਮੂਸਾ ਈਸਾ, ਸੰਗ ਮੁਹੰਮਦ ਆਪ ਉਠਾਇੰਦਾ । ਲੇਖ ਚੁਕਾਏ ਵਿਚ ਉਨੀਸਾ, ਅੱਲਾ ਰਾਣੀ ਪੜਦਾ ਪਾਇੰਦਾ । ਏਕਾ ਛਤਰ ਝੁੱਲੇ ਪ੍ਰਭ ਸਾਚੇ ਸੀਸਾ, ਪ੍ਰਭ ਸਾਚਾ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਵਟਾਇੰਦਾ । ਨਿਰਗੁਣ ਰੂਪ ਅਪਾਰ, ਨਿਜ ਘਰ ਆਸਣ ਲਾਇੰਦਾ । ਸ਼ਬਦ

ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਵੇਖ ਵਿਖਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਰਾਓ ਰੰਕਾਂ ਆਪ ਉਠਾਇੰਦਾ । ਜਨ ਭਗਤਾਂ ਹੋਵੇ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਆਦਿ ਜੁਗਾਦੀ ਸਾਂਝਾ ਯਾਰ, ਸੇਵਕ ਸੇਵਾ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,, ਕਲਜੁਗ ਤੇਰੀ ਅੰਤਮ ਵਰ, ਭੇਖਾਧਾਰੀ ਭੇਖ ਵਟਾਇੰਦਾ । ਭੇਖਾਧਾਰੀ ਹਰਿ ਇਕੱਲਾ, ਅਕਲ ਕਲਾ ਭਰਪੂਰਾ । ਆਪੇ ਜਾਣੇ ਸਚ ਮਹੱਲਾ, ਨਿਹਚਲ ਨਗਰੀ ਸਾਚੇ ਖੇੜਾ । ਜੋਤੀ ਸ਼ਬਦੀ ਆਪੇ ਰੱਲਾ, ਆਪ ਆਪਣਾ ਬੰਨ੍ਹਿਆ ਬੇੜਾ । ਸੋਹੰ ਉਠਾਇਆ ਹੱਥ ਵਿਚ ਭੱਲਾ, ਕਲਜੁਗ ਤੇਰਾ ਕਰੇ ਹੱਕ ਨਿਬੇੜਾ । ਦੂਈ ਦਵੈਤੀ ਮੇਟੇ ਸੱਲਾ, ਲੱਖ ਚੁਰਾਸੀ ਚੁੱਕੇ ਝੇੜਾ । ਮੇਲ ਮਿਲਾਏ ਗੋਬਿੰਦ ਡੱਲਾ, ਧਰਤ ਮਾਤ ਤੇਰਾ ਖੁੱਲ੍ਹਾ ਵਿਹੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਅੰਤਮ ਕਰੇ ਹੱਕ ਨਿਬੇੜਾ । ਅੰਤਮ ਨਿਬੇੜਾ ਹੱਥ ਕਰਤਾਰ, ਆਪਣੇ ਹੱਥ ਰਖਾਇਆ । ਵੇਖੇ ਵਿਗਸੇ ਕਰ ਵਿਚਾਰ, ਵਿਚ ਸੰਸਾਰ ਸਮਰਥ ਕਲ ਅਖਵਾਇਆ । ਦੀਪਾਂ ਲੋਆਂ ਪਾਵੇ ਸਾਰ, ਵਰਭੰਡੀ ਖੇਲ ਰਚਾਇਆ । ਬ੍ਰਹਿਮੰਡਾਂ ਖੋਜ ਹਰਿ ਨਿਰੰਕਾਰ, ਭੇਖ ਪਖੰਡਾ ਦਏ ਮਿਟਾਇਆ । ਜੇਰਜ ਅੰਡਾਂ ਵੇਖ ਵਿਚਾਰ, ਲਹਿਣਾ ਦੇਣਾ ਮੂਲ ਚੁਕਾਇਆ । ਮਨਮੁਖ ਸੁੱਤੇ ਦੇ ਕਰ ਕੰਡੀ, ਨਾ ਸੋਏ ਕੋਈ ਹਿਲਾਇਆ । ਜਨ ਭਗਤਾਂ ਮੰਗ ਏਕਾ ਮੰਗੀ, ਪ੍ਰਭ ਚਰਨ ਧੂੜੀ ਮਸਤਕ ਲਾਇਆ । ਅੰਮ੍ਰਿਤ ਆਤਮ ਧਾਰ ਸਾਚੀ ਗੰਗੀ, ਸਰ ਸਰੋਵਰ ਇਕ ਵਖਾਇਆ । ਸੁਰਤ ਸਵਾਣੀ ਹੋਈ ਨੰਗੀ, ਦੁਰਮਤ ਪੜਦਾ ਲਾਹਿਆ । ਮਾਨਸ ਜਨਮ ਨਾ ਹੋਇਆ ਭੰਗੀ, ਜਿਸ ਜਨ ਗੁਰ ਪੂਰੇ ਦਰਸ਼ਨ ਪਾਇਆ । ਕਾਇਆ ਚੋਲੀ ਆਪਣੀ ਰੰਗੀ, ਏਕਾ ਗੂੜ੍ਹਾ ਰੰਗ ਚੜ੍ਹਾਇਆ । ਕੱਟਣਹਾਰਾ ਭੁੱਖ ਨੰਗੀ, ਤ੍ਰਿਸ਼ਨਾ ਭੁੱਖ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਇਆ । ਦੇ ਮਤ ਹਰਿ ਆਪ ਸਮਝਾਏ, ਕਲਜੁਗ ਅੰਤਮ ਆਇਆ । ਜੀਵ ਜੰਤ ਕੋਈ ਰਹਿਣ ਨਾ ਪਾਏ, ਧਰਮ ਰਾਏ ਦਏ ਸਜ਼ਾਇਆ । ਸਾਧ ਸੰਤ ਹੋਏ ਹਲਕਾਏ, ਧੀਰਜ ਯਤ ਗਵਾਇਆ । ਪਾਰਬ੍ਰਹਮ ਬ੍ਰਹਮ ਕੋਈ ਨਾ ਪਾਏ, ਪੜ੍ਹ ਪੜ੍ਹ ਵਾਦ ਵਿਵਾਦ ਵਧਾਇਆ । ਏਕਾ ਨਾਮ ਤਾਮ ਨਾ ਕੋਈ ਖਾਏ, ਰਸਨ ਵਿਕਾਰ ਚਲਾਇਆ । ਅੰਧੇਰੀ ਸ਼ਾਮ ਨਾ ਕੋਈ ਮਿਟਾਏ, ਸਾਚਾ ਚੰਦ ਨਾ ਕੋਈ ਚੜ੍ਹਾਇਆ । ਅੰਮ੍ਰਿਤ ਆਤਮ ਜਾਮ ਨਾ ਕੋਈ ਪਿਆਏ, ਮਦਿਰਾ ਮਾਸ ਮੁਖ ਰਖਾਇਆ । ਸਾਚਾ ਨਾਮ ਪੱਲੇ ਦਾਮ ਨਾ ਕੋਈ ਬੰਧਾਏ, ਜੂਠੀ ਝੂਠੀ ਪੰਡ ਬੰਧਾਇਆ । ਸਤਿਗੁਰ ਪੂਰਾ ਨਾ ਕੋਈ ਮਿਲਾਏ, ਭਰਮੇ ਭਰਮ ਭੁਲਾਇਆ । ਆਵਣ ਜਾਵਣ ਲੱਖ ਚੁਰਾਸੀ ਗੇੜ ਨਾ ਕੋਈ ਕਟਾਏ, ਜਮ ਕਾ ਫਾਸ ਨਾ ਕੋਈ ਤੁੜਾਇਆ । ਬੱਤੀ ਦੰਦ ਹਰਿ ਬਖ਼ਸ਼ਿੰਦ ਨਾ ਕੋਈ ਗਾਏ, ਪਰਮਾਨੰਦ ਕਿਸੇ ਦਿਸ ਨਾ ਆਇਆ । ਜੀਵ ਜੰਤ ਆਤਮ ਅਗਿਆਨ ਅੰਧ, ਜੋਤ ਪਰਕਾਸ਼ ਪੁਰਖ ਅਬਿਨਾਸ਼ ਨਾ ਕੋਈ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇ ਮਤ ਰਿਹਾ ਸਮਝਾਇਆ । ਕਲਜੁਗ ਜੀਵ ਉਠ ਜਾਗ, ਚਾਰੋਂ ਕੁੰਟ ਅੰਧੇਰਾ ਛਾਇਆ । ਮਿਲਿਆ ਮੇਲ ਨਾ ਕੰਤ ਸੁਹਾਗ, ਨਾਰੀ ਕੰਤ ਨਾ ਮੇਲ ਮਿਲਾਇਆ । ਦੂਈ ਦਵੈਤੀ ਹਉਮੇ ਲੱਗਾ ਦਾਗ਼, ਦੁਰਮਤ ਮੈਲ ਨਾ ਕੋਈ ਧਵਾਇਆ । ਹੰਸ ਸਰੋਵਰ ਨਾ ਹੋਇਆ ਕਾਗ, ਸਚ ਇਸ਼ਨਾਨ ਨਾ ਕੋਇ ਕਰਾਇਆ । ਆਤਮ ਉਪਜਿਆ ਨਾ ਇਕ ਵੈਰਾਗ, ਏਕ ਦੂਜਾ ਨਾ ਭੇਵ ਚੁਕਾਇਆ । ਚਰਨ ਧੂੜ ਮਿਲਿਆ ਨਾ ਮਜਨ ਮਾਘ, ਅਠ ਸਠ ਤੀਰਥ ਫਿਰੇ ਹਲਕਾਇਆ ।

੬੬੩
੦੬

ਮਾਇਆ ਡੱਸਣੀ ਡੱਸਿਆ ਨਾਗ, ਆਤਮ ਵਿਖ ਨਾ ਕੋਇ ਗਵਾਇਆ । ਗੁਰਮੁਖ ਵਿਰਲਾ ਪ੍ਰਭ ਚਰਨ ਕਵਲ ਜਾਏ ਲਾਗ, ਹਰਿ ਤ੍ਰਿਸ਼ਨਾ ਭੁੱਖ ਮਿਟਾਇਆ । ਆਪ ਬੁਝਾਏ ਤਨ ਲੱਗੀ ਆਗ, ਅੰਮ੍ਰਿਤ ਆਤਮ ਮੇਘ ਬਰਸਾਇਆ । ਆਪਣੇ ਹੱਥ ਪ੍ਰਭ ਰੱਖੇ ਵਾਗ, ਦੋ ਜਹਾਨਾਂ ਹੋਏ ਸਹਾਇਆ । ਹਰਿਜਨ ਸਾਚੇ ਵਡ ਵਡ ਭਾਗ, ਵਡਭਾਗੀ ਹਰਿਜਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਤੇਰੀ ਅੰਤਮ ਵਰ, ਆਤਮ ਦਰਸੀ ਦਰਸ਼ਨ ਪਾਇਆ । ਆਤਮ ਦਰਸ ਹਰਿ ਭਗਵੰਤ, ਅਗਨੀ ਅੱਗ ਬੁਝਾਈਆ । ਮਿਲਿਆ ਮੇਲ ਸਾਚੇ ਕੰਤ, ਵਿਛੜ ਕਦੇ ਨਾ ਜਾਈਆ । ਏਕਾ ਰੁੱਤ ਵਖਾਏ ਬਸੰਤ, ਫਲ ਫੁਲਵਾੜੀ ਮਾਤ ਲਗਾਈਆ । ਭਰਮੇ ਭੁੱਲੇ ਜੀਵ ਜੰਤ, ਸਾਧਾਂ ਸੰਤਾਂ ਦਿਸ ਨਾ ਆਈਆ । ਕਲਜੁਗ ਮਾਇਆ ਪਾਈ ਬੇਅੰਤ, ਬੈਠੀ ਪੜਦਾ ਪਾਈਆ । ਪ੍ਰਭ ਕਾ ਭੇਵ ਅਗੰਮ ਅਗੰਮਤ, ਅਗੰਮ ਅਗੰਮੜਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕ ਰਿਹਾ ਵਜਾਈਆ । ਏਕਾ ਡੰਕ ਹਰਿ ਕਰਤਾਰ, ਆਪਣਾ ਆਪ ਵਜਾਇਆ । ਲੱਖ ਚੁਰਾਸੀ ਕਰੇ ਖ਼ਬਰਦਾਰ, ਸੰਮਤ ਚੌਦਾਂ ਵੇਖ ਵਖਾਇਆ । ਮਨਮੁਖ ਜੀਵਾਂ ਮਾਰੇ ਮਾਰ, ਸ਼ਬਦ ਖੰਡਾ ਹੱਥ ਉਠਾਇਆ । ਨੌ ਖੰਡ ਪ੍ਰਿਥਮੀ ਹਾਹਾਕਾਰ, ਸੱਤਾਂ ਦੀਪਾਂ ਰਿਹਾ ਹਿਲਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਏ ਉਭਾਰ, ਆਪਣੀ ਕਲ ਵਰਤਾਇਆ । ਮਸਤ ਦੀਵਾਨਾ ਸ੍ਰੀ ਭਗਵਾਨਾ, ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਧੁਰਦਰਗਾਹੀ ਲੈ ਕੇ ਆਇਆ । ਰਸਨਾ ਚਿਲ੍ਹਾ ਤੀਰ ਕਮਾਨਾ, ਹਰਿ ਸੋਹੰ ਤੀਰ ਚਲਾਇਆ । ਲੱਖ ਚੁਰਾਸੀ ਕਰੇ ਪੁਣ ਛਾਣਾ, ਦਿਸ ਕਿਸੇ ਨਾ ਆਇਆ । ਮਨਮੁਖ ਜੀਵਾਂ ਤੋੜੇ ਮਾਣ ਅਭਿਮਾਨਾ, ਗੜ੍ਹ ਹੰਕਾਰੀ ਉਚਾ ਮੰਦਰ ਦੇਵੇ ਢਾਹਿਆ । ਏਕਾ ਏਕ ਹਰਿ ਨਿਸ਼ਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਆਇਆ । ਕਲਜੁਗ ਅੰਤਮ ਸ਼ਬਦ ਨਿਸ਼ਾਨਾ, ਏਕਾ ਏਕ ਰਖਾਇੰਦਾ । ਨਾ ਕੋਈ ਜਾਣੇ ਰਾਜਾ ਰਾਣਾ, ਸ਼ਾਹ ਸੁਲਤਾਨ ਦਿਸ ਨਾ ਆਇੰਦਾ । ਲੱਖ ਚੁਰਾਸੀ ਵਹਣ ਵਹਿਣਾ, ਜੂਠਾ ਝੂਠਾ ਭੇਖ ਰੁੜ੍ਹਾਇੰਦਾ । ਜੀਵ ਜੰਤ ਚੁਕਾਏ ਲਹਿਣਾ ਦੇਣਾ, ਅੰਤ ਹਿਸਾਬ ਮੁਕਾਇੰਦਾ । ਗੁਰਮੁਖ ਵਿਰਲਾ ਮਾਤ ਰਹਿਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਦਰਸ ਵਿਖਾਏ ਸਾਚੇ ਨੈਣਾ, ਨਿਜ ਘਰ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚੇ ਦਰ, ਦਰ ਦਵਾਰੇ ਆਪ ਬਹਾਇੰਦਾ । ਸਤਿਜੁਗ ਤੇਰੀ ਸਾਚੀ ਧਾਰ, ਪ੍ਰਭ ਸਾਚਾ ਮਾਤ ਬੰਧਾਇੰਦਾ । ਲੋਕਮਾਤ ਲੈ ਅਵਤਾਰ, ਚੌਬੀਸਾ ਹਰਿ ਅਖਵਾਇੰਦਾ । ਆਪੇ ਖੇਲੇ ਜਗਤ ਅਪਾਰ, ਜਗਤ ਜਗਦੀਸਾ ਆਪ ਹੋ ਆਇੰਦਾ । ਵਰਤੇ ਵਰਤਾਵੇ ਵਿਚ ਸੰਸਾਰ, ਸਾਚਾ ਸਮਾਂ ਸੁਹਾਇੰਦਾ । ਚਾਰ ਵਰਨਾਂ ਇਕ ਦਵਾਰ, ਹਰਿ ਏਕਾ ਏਕ ਖੁਲ੍ਹਾਇੰਦਾ । ਊਚਾਂ ਨੀਚਾਂ ਕਰ ਪਿਆਰ, ਰਾਓ ਰੰਕਾਂ ਏਕਾ ਧਾਮ ਬਹਾਇੰਦਾ । ਤੀਰਥ ਤੱਟਾਂ ਪਾਰ ਕਿਨਾਰ, ਅਠ ਸਠ ਮੇਟ ਮਿਟਾਇੰਦਾ । ਘਟ ਘਟਾਂ ਹਰਿ ਕਰ ਪਸਾਰ, ਹਰ ਘਟ ਵੇਖ ਵਿਖਾਇੰਦਾ । ਜੋਤ ਸਰੂਪੀ ਹਰਿ ਨਿਰੰਕਾਰ, ਜੋਤੀ ਦੀਪ ਇਕ ਜਗਾਇੰਦਾ । ਸ਼ਬਦ ਧੁਨ ਡੰਕ ਅਪਰ ਅਪਾਰ, ਏਕਾ ਡੰਕ ਵਜਾਇੰਦਾ । ਰਾਗ ਅਨਾਦੀ ਧੁਨ ਇਕ ਸੰਸਾਰ, ਰਸਨਾ ਹਰ ਖੁਲ੍ਹਾਇੰਦਾ । ਭਗਤ ਜਨਾਂ ਹਰਿ ਕਰ ਵਣਜਾਰ, ਏਕਾ ਵਣਜ ਕਰਾਇੰਦਾ । ਨਾਤਾ ਤੁਟੇ ਕੂੜ ਕੁੜਿਆਰ, ਜੂਠਾ ਝੂਠਾ ਸੰਗ ਤੁੜਾਇੰਦਾ । ਮੇਲ ਮਿਲਾਏ ਕੰਤ ਭਤਾਰ, ਨਾਰੀ ਕੰਤ ਆਪ ਸੁਹਾਇੰਦਾ । ਦੋ ਜਹਾਨੀ ਕਰ ਪਿਆਰ,

ਪੰਜ ਸ਼ੈਤਾਨੀ ਮੇਟ ਮਿਟਾਇੰਦਾ । ਤੀਰ ਕਾਨੀ ਗੁਣ ਨਿਧਾਨੀ ਜੋਤ ਭਗਵਾਨੀ, ਏਕਾ ਏਕ ਮਿਲਾਇੰਦਾ । ਸੋਹੰ ਸ਼ਬਦ ਸਭ ਦੀ ਬਾਣੀ, ਸੋ ਪੁਰਖ ਨਿਰੰਜਣ ਮਾਤ ਲਿਆਇੰਦਾ । ਸਤਿਜੁਗ ਤੇਰੀ ਸਚ ਨਿਸ਼ਾਨੀ, ਸਾਚਾ ਰਾਹ ਵਖਾਇੰਦਾ । ਪੂਜਾ ਪਾਠ ਨਾ ਕੋਈ ਕਰਾਨੀ, ਚਰਨ ਕਵਲ ਧਿਆਨ ਇਕ ਰਖਾਇੰਦਾ । ਭਰਮੇ ਭੁੱਲੇ ਵਡ ਵਿਦਵਾਨੀ, ਆਤਮ ਧਿਆਨੀ ਭੇਵ ਨਾ ਪਾਇੰਦਾ । ਦਿਸ ਨਾ ਆਏ ਜਗਤ ਗਿਆਨੀ, ਗੋਬਿੰਦ ਕਾਇਆ ਭੇਖ ਵਟਾਇੰਦਾ । ਆਪੇ ਆਪ ਹਰਿ ਬ੍ਰਹਮ ਗਿਆਨੀ, ਏਕਾ ਬ੍ਰਹਮ ਰਖਾਇੰਦਾ । ਨੌ ਖੰਡ ਪ੍ਰਿਥਮੀ ਨਿਗਾਹਬਾਨੀ, ਦਿਵਸ ਰੈਣ ਵੇਖ ਵਖਾਇੰਦਾ । ਤੇਜ ਪਰਕਾਸ਼ ਕੋਟਨ ਭਾਨੀ, ਰਵ ਸਸ ਨਾ ਕੋਈ ਤੇਜ ਵਖਾਇੰਦਾ । ਦੇਵੇ ਦਾਨ ਜੀਆ ਦਾਨੀ, ਜਨ ਭਗਤਾਂ ਝੋਲੀ ਪਾਇੰਦਾ । ਆਤਮ ਸੇਜਾ ਇਕ ਸੁਹਾਨੀ, ਸ਼ਬਦ ਸਿੰਘਾਸਣ ਡੇਰਾ ਲਾਇੰਦਾ । ਅਮਰਾਪਦ ਇਕ ਵਖਾਨੀ, ਦਰ ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਵੇਸਾ ਦਰ ਦਰਵੇਸ਼ਾ ਨੈਣੀ ਵੇਖ ਵਖਾਇੰਦਾ । ਕਾਲਾ ਸੂਸਾ ਤਨ ਸ਼ਿੰਗਾਰ, ਏਕਾ ਏਕ ਕਰਾਇਆ । ਸੰਗ ਮੁਹੰਮਦ ਚਾਰ ਯਾਰ, ਭਰਮੇ ਭਰਮ ਭੁਲਾਇਆ । ਅੱਲਾ ਰਾਣੀ ਹਾਹਾਕਾਰ, ਦਿਵਸ ਰੈਣ ਰਹੀ ਕੁਰਲਾਇਆ । ਹੂ ਹੂ ਨਾਅਰਾ ਆਪਣਾ ਮਾਰ, ਤੂੰ ਤੂੰ ਭੇਵ ਚੁਕਾਇਆ । ਅੰਜੀਲ ਕੁਰਾਨਾਂ ਆਈ ਹਾਰ, ਈਸਾ ਮੂਸਾ ਭੇਵ ਚੁਕਾਇਆ । ਸੰਮਤ ਚੌਦਾਂ ਮਾਰੇ ਮਾਰ, ਚੌਦਾਂ ਤਬਕਾਂ ਰਿਹਾ ਹਿਲਾਇਆ । ਖ਼ੁਦੀ ਖ਼ੁਦਾਈ ਖ਼ਬਰਦਾਰ, ਪਰਵਰਦਿਗਾਰ ਡੇਰਾ ਲਾਇਆ । ਨੂਰ ਅਲਾਹੀ ਵੇਖ ਵਿਚਾਰ, ਐਲੀ ਅੱਲਾ ਨਾਉਂ ਰਖਾਇਆ । ਕਲਜੁਗ ਅੰਤਮ ਪਾਵੇ ਸਾਰ, ਸਚ ਮਹੱਲਾ ਵੇਖ ਵਖਾਇਆ । ਜਲਾਂ ਥਲਾਂ ਦਏ ਹੁਲਾਰ, ਡੂੰਘੀ ਕੰਦਰ ਉਚ ਪਹਾੜ ਦਏ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਏ ਸੁਹਾਇਆ । ਕਲਜੁਗ ਕਾਲਾ ਅੰਤਮ ਰੋਏ, ਨੇਤਰ ਨੀਰ ਵਹਾਇਆ । ਸਗਲਾ ਸੰਗ ਨਾ ਦਿਸੇ ਕੋਇ, ਬੈਠੇ ਮੁਖ ਛੁਪਾਇਆ । ਚਾਰ ਯਾਰ ਸੰਗ ਮੁਹੰਮਦ ਅੰਤਮ ਸੰਗ ਨਾ ਹੋਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਏ ਸਜ਼ਾਇਆ । ਸੰਮਤ ਚੌਦਾਂ ਜੋਤ ਨਿਰੰਜਣ ਮਾਤ ਬਲੋਏ । ਸੰਮਤ ਚੌਦਾਂ ਦਏ ਹੁਲਾਰਾ, ਸ੍ਰਿਸ਼ਟ ਸਬਾਈ ਆਪ ਉਠਾਇੰਦਾ । ਪਰਗਟ ਹੋ ਨਰ ਅਵਤਾਰਾ, ਨਿਹਕਲੰਕਾ ਡੰਕ ਵਜਾਇੰਦਾ । ਸ਼ਬਦ ਖੰਡਾ ਤੇਜ ਕਟਾਰਾ, ਹਰਿ ਆਪਣੇ ਹੱਥ ਰਖਾਇੰਦਾ । ਲੋਆਂ ਪੁਰੀਆਂ ਪਾਵੇ ਸਾਰਾ, ਬ੍ਰਹਮਾ ਸ਼ਿਵ ਦੇਵਤ ਸੁਰ ਆਪ ਉਠਾਇੰਦਾ । ਕਲਜੁਗ ਤੇਰਾ ਪਾਰ ਕਿਨਾਰਾ, ਡੂੰਘੇ ਵਹਿਣ ਵਹਾਇੰਦਾ । ਸਤਿਜੁਗ ਸਾਚਾ ਲਏ ਅਵਤਾਰਾ, ਪ੍ਰਭ ਚਰਨੀ ਸੀਸ ਝੁਕਾਇੰਦਾ । ਸੋਹੰ ਸ਼ਬਦ ਬਣ ਵਰਤਾਰਾ, ਲੋਕਮਾਤੀ ਆਪ ਵਰਤਾਇੰਦਾ । ਭਗਤ ਜਨਾਂ ਦਰ ਹੋਏ ਭਿਖਾਰਾ, ਦਰ ਦਰ ਫੇਰਾ ਪਾਇੰਦਾ । ਦੇਵੇ ਦਰਸ ਅਗੰਮ ਅਪਾਰਾ, ਅਗੰਮੜਾ ਰੂਪ ਵਟਾਇੰਦਾ । ਜੋਤੀ ਨੂਰ ਕਰ ਉਜਿਆਰਾ, ਅੰਧ ਅੰਧੇਰ ਮਿਟਾਇੰਦਾ । ਏਕਾ ਸ਼ਬਦ ਸੱਚੀ ਧੁਨਕਾਰਾ, ਜੈ ਜੈ ਜੈਕਾਰ ਕਰਾਇੰਦਾ । ਰਿਖ ਮੁਨ ਨਾ ਪਾਏ ਸਾਰਾ, ਮੁੱਲਾ ਸ਼ੇਖ਼ ਮੁਸਾਇਕ ਕਾਜ਼ੀ ਗੌਸ ਕੁਤਬ ਪੀਰ ਦਸਤਗੀਰ ਸ਼ਾਹ ਹਕੀਰ ਆਪ ਉਠਾਇੰਦਾ । ਮਨਮੁਖ ਜੀਵਾਂ ਲੱਥੇ ਚੀਰ, ਤਨ ਬਸਤਰ ਨਾ ਕੋਈ ਪਹਿਨਾਇੰਦਾ । ਹਉਮੇ ਹੰਗਤਾ ਰਹੀ ਪੀੜ, ਦੂਈ ਦਵੈਤੀ ਦੁੱਖ ਨਾ ਕੋਈ ਮਿਟਾਇੰਦਾ । ਤ੍ਰੈਗੁਣ ਮਾਇਆ ਤੇਰਾ ਅੰਤ ਅਖ਼ੀਰ, ਪੰਜ ਤਤ ਰਹਿਣ ਨਾ ਪਾਇੰਦਾ । ਜਨ ਭਗਤਾਂ ਦੇਵੇ ਆਤਮ ਸੀਰ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,, ਸੰਮਤ ਚੌਦਾਂ ਤੇਰੀ ਧਾਰ ਕਲਜੁਗ ਪੂਰਬ ਕਰਮ ਵਿਚਾਰ, ਲਹਿਣਾ ਦੇਣ

੬੬੪
੦੬

ਚੁਕਾਇੰਦਾ । ਕਲਜੁਗ ਤੇਰਾ ਲਹਿਣਾ ਦੇਣ, ਪ੍ਰਭ ਅੰਤਮ ਅੰਤ ਚੁਕਾਇੰਦਾ । ਮਨਮੁਖ ਜੀਵ ਮਾਤ ਨਾ ਰਹਿਣ, ਰਾਏ ਧਰਮ ਵੇਖ ਵਖਾਇੰਦਾ । ਨਾਤਾ ਤੁੱਟੇ ਭਾਈ ਭੈਣ, ਸਾਕ ਸੱਜਣ ਦਿਸ ਨਾ ਆਇੰਦਾ । ਸੰਮਤ ਪੰਦਰਾਂ ਵਹਣ ਏਕਾ ਵਹਿਣ, ਲੱਖ ਚੁਰਾਸੀ ਆਪ ਰੁੜ੍ਹਾਇੰਦਾ । ਸੰਮਤ ਸੋਲਾਂ ਖਾਏ ਮੌਤ ਲਾੜੀ ਡੈਣ, ਕੋਈ ਨਾ ਮੁਖ ਛੁਪਾਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਮਾਤ ਰਹਿਣ, ਜਿਸ ਜਨ ਆਪਣੀ ਦਇਆ ਕਮਾਇੰਦਾ । ਸਾਚਾ ਦਰਸ ਨੇਤਰ ਲੋਚਨ ਸਾਚੇ ਨੈਣ, ਆਤਮ ਦਰਸੀ ਦਰਸ ਕਰਾਇੰਦਾ । ਸੋਹੰ ਸੋ ਸਾਰੇ ਗਾਣ, ਚਾਰ ਵਰਨਾਂ ਇਕ ਗਿਆਨ ਜਣਾਇੰਦਾ । ਪ੍ਰਭ ਕਾ ਭਾਣਾ ਸਿਰ ਤੇ ਸਹਿਣ, ਗੁਰ ਪੀਰ ਨਾ ਕੋਈ ਬਚਾਇੰਦਾ । ਜੁਗ ਜੁਗ ਚੁਕਾਏ ਲਹਿਣ ਦੇਣ, ਲੇਖਾ ਆਪਣੇ ਹੱਥ ਰਖਾਇੰਦਾ । ਸਮਰਥ ਪੁਰਖ ਸ਼ਬਦ ਅਕੱਥ, ਲੱਖ ਚੁਰਾਸੀ ਪਾਏ ਨੱਥ, ਆਤਮ ਦੇਵੇ ਮੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰਾਇਣ ਰੂਪ ਵਟਾਇੰਦਾ । ਸਮਰਥ ਹੱਥ ਵਡਿਆਈ, ਅਕਲ ਕਲਾ ਭਰਪੂਰਿਆ । ਜੀਵ ਜੰਤ ਸਾਧ ਸੰਤ ਨਾ ਚਲੇ ਕੋਈ ਚਤੁਰਾਈ, ਨਾਤਾ ਦਿਸੇ ਕੂੜੋ ਕੂੜਿਆ । ਰੈਣ ਅੰਧੇਰੀ ਮਸ ਚਾਰੋਂ ਕੁੰਟ ਛਾਈ, ਸਾਚਾ ਚੰਦ ਨਾ ਕੋਈ ਭੂਰਿਆ । ਨਿਹਕਲੰਕ ਪ੍ਰਭ ਜੋਤ ਪਰਗਟਾਈ, ਪਰਗਟ ਹੋਏ ਹਾਜ਼ਰ ਹਜ਼ੂਰਿਆ । ਆਪਣਾ ਸ਼ਬਦ ਡੰਕ ਵਜਾਈ, ਚਾਰੋਂ ਕੁੰਟ ਰਿਹਾ ਸੁਣਾਈ, ਆਪੇ ਵੇਖੇ ਨੇੜੇ ਦੂਰਿਆ । ਸੰਮਤ ਚੌਦਾਂ ਸੁਣੇ ਲੁਕਾਈ, ਪੰਚਮ ਜੇਠ ਮਿਲੇ ਵਧਾਈ, ਬੇਮੁਖ ਸੁੱਤੇ ਮੁਖ ਛੁਪਾਈ, ਨਾ ਕੋਈ ਲੇਖਾ ਮੂੜ੍ਹ ਮੂੜ੍ਹਿਆ । ਜਨ ਭਗਤਾਂ ਮੇਲਾ ਸਹਿਜ ਸੁਭਾਈ, ਦਰਸ ਦਿਖਾਏ ਅਗੰਮ ਅਥਾਹੀ, ਆਪ ਉਠਾਏ ਫੜ ਫੜ ਬਾਹੀਂ, ਚਰਨ ਬਖ਼ਸ਼ੇ ਸਾਚੀ ਧੂੜਿਆ । ਸਦਾ ਸੁਹੇਲਾ ਦੇਵੇ ਠੰਢੀਆਂ ਛਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਾਇਆ ਚੋਲੀ ਰੰਗਣ ਰੰਗ ਚਾੜ੍ਹੇ ਗੂੜ੍ਹਿਆ । ਕਾਇਆ ਚੋਲੀ ਰੰਗ ਗੂੜ੍ਹਾ, ਜਨ ਭਗਤਾਂ ਝੋਲੀ ਪਾਇੰਦਾ । ਮਨਮੁਖ ਨਾ ਸਮਝੇ ਜੀਵ ਮੂੜ੍ਹਾ, ਮਨਮਤ ਜਗਤ ਭਵਾਇੰਦਾ । ਜੂਠ ਝੂਠ ਹੂੰਝੇ ਕੂੜਾ, ਸਚ ਸੁੱਚ ਨਾ ਕੋਈ ਝੋਲੀ ਪਾਇੰਦਾ । ਮਾਇਆ ਮਮਤਾ ਪਾਏ ਹੱਥ ਚੂੜਾ, ਸਾਚਾ ਸਗਨ ਨਾ ਕੋਈ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਲੱਗੀ ਅਗਨ, ਨਾ ਕੋਈ ਮਾਤ ਬੁਝਾਇੰਦਾ । ਕਲਜੁਗ ਅਗਨੀ ਲੱਗੀ ਅੱਗ, ਚਾਰੋਂ ਕੰਟ ਰਹੀ ਜਲਾਈਆ । ਮਨਮੁਖ ਪਛਾੜੇ ਸ਼ਾਹਰਗ, ਨਾ ਹੋਏ ਕੋਇ ਸਹਾਈਆ । ਏਕਾ ਵਾ ਤਤੀ ਰਹੀ ਵਗ, ਪੰਚਮ ਜੇਠ ਅੰਧੇਰੀ ਰਹੀ ਛਾਈਆ । ਧਰਮ ਰਾਏ ਤੇਰਾ ਸਾਚਾ ਵੱਗ, ਲੱਖ ਚੁਰਾਸੀ ਦਏ ਬਣਾਈਆ । ਲਾੜੀ ਮੌਤ ਬੰਨ੍ਹੇ ਤਗ, ਬੈਠੀ ਖ਼ੁਸ਼ੀ ਮਨਾਈਆ । ਕਰੇ ਖੇਲ ਸੂਰਾ ਸਰਬਗ, ਆਪਣੇ ਹੱਥ ਰੱਖੇ ਵਡਿਆਈਆ । ਮਨਮੁਖ ਜੀਵ ਹੋਏ ਕਗ, ਕਾਇਆ ਕਾਗ ਵਾਂਗ ਕੁਰਲਾਈਆ । ਜਗਤ ਵਿਕਾਰਾ ਅਗਨੀ ਰਹੇ ਦਗ, ਨਾ ਕੋਈ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਅੰਤਮ ਜਾਮਾ ਪਾਇਆ । ਆਪ ਮਿਟਾਵਣਹਾਰਾ ਰੇਖ, ਆਪੇ ਲਏ ਉਪਾਇਆ । ਆਪੇ ਜਾਣੇ ਧਾਰੀ ਕੇਸ, ਆਪੇ ਹੋਏ ਮੂੰਡ ਮੁੰਡਾਇਆ । ਪਰਗਟ ਹੋਇਆ ਜੋਧਾ ਨਰ ਨਰੇਸ਼, ਨਰ ਨਰਾਇਣ ਨਾਉਂ ਰਖਾਇਆ । ਗੇੜ ਕਟਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਰਹਿਣ ਨਾ ਪਾਇਆ । ਏਕਾ ਏਕ ਦਾਨੀ ਦਸ ਦਸਮੇਸ਼, ਗੋਬਿੰਦ ਕਾਇਆ ਰੂਪ ਵਟਾਇਆ । ਸੰਬਲ ਨਗਰੀ ਸਾਚਾ ਵੇਸ, ਸਚ ਸਿੰਘਾਸਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਪੁਰਖ ਅਬਿਨਾਸ਼ੀ ਨਾਉਂ ਰਖਾਇਆ । ਪੁਰਖ ਅਬਿਨਾਸ਼ੀ ਹਰ ਰੰਗ ਰਾਤਾ, ਆਪਣੀ ਜੋਤ ਜਗਾਇੰਦਾ । ਪਰਗਟ ਹੋਏ ਪੁਰਖ ਬਿਧਾਤਾ, ਦਿਸ ਕਿਸੇ ਨਾ ਆਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤਾ, ਨਾ ਕੋਈ ਪੂਤ ਅਖਵਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ ਨਾ ਕੋਈ ਜ਼ਾਤਾ ਪਾਤਾ, ਵਰਨ ਅਵਰਨਾ ਆਪ ਅਖਵਾਇੰਦਾ । ਨਾ ਕੋਈ ਦੇਵੇ ਜਗਤ ਦਾਤਾ, ਨਾ ਕੋਈ ਭਿਛਿਆ ਝੋਲੀ ਪਾਇੰਦਾ । ਆਪ ਆਪਣੀ ਪੁੱਛੇ ਵਾਤਾ, ਜੁਗ ਜੁਗ ਭੇਖ ਵਟਾਇੰਦਾ । ਵੇਖ ਵਖਾਣੇ ਨੌ ਖੰਡ ਪ੍ਰਿਥਮੀ ਦੀਪ ਸਾਤਾ, ਸੱਤਾਂ ਦੀਪਾਂ ਵੇਖ ਵਿਖਾਇੰਦਾ । ਮੇਟੇ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਜਨ ਭਗਤਾਂ ਪੁੱਛੇ ਅੰਤਮ ਵਾਤਾ, ਸੋਏ ਮਾਤ ਜਗਾਇੰਦਾ । ਚਰਨ ਕਵਲ ਬੰਧਾਏ ਸਾਚਾ ਨਾਤਾ, ਨਾ ਕੋਈ ਤੋੜ ਤੁੜਾਇੰਦਾ । ਦੁਰਮਤ ਮੈਲ ਦਰ ਦਵਾਰੇ ਰਿਹਾ ਕਾਟਾ, ਸਚ ਇਸ਼ਨਾਨ ਆਪ ਕਰਾਇੰਦਾ । ਏਕਾ ਨਾਮ ਦਵਾਏ ਸਾਚਾ ਹਾਟਾ, ਚੌਦਾਂ ਤਬਕਾਂ ਏਕਾ ਹਟ ਵਿਖਾਇੰਦਾ । ਤਨ ਪਹਿਨਾਏ ਸ਼ਬਦ ਪਾਟਾ, ਸਚ ਵਸਤ ਹੱਥ ਰਖਾਇੰਦਾ । ਲਹਿਣਾ ਦੇਣਾ ਚੁਕਾਏ ਆਨ ਬਾਟਾ, ਲੱਖ ਚੁਰਾਸੀ ਪੰਧ ਚੁਕਾਇੰਦਾ । ਇਕ ਵਖਾਏ ਤੀਰਥ ਤਾਟਾ, ਅੱਠ ਸੱਠ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ, ਜੁਗ ਜੁਗ ਆਪ ਅਖਵਾਇੰਦਾ । ਸਰਬ ਜੀਆਂ ਕਾ ਏਕਾ ਦਾਤਾ, ਏਕਾ ਜੋਤ ਜਗਾਈਆ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਅਬਿਨਾਸ਼ੀ ਕਰਤਾ ਆਪ ਅਖਵਾਈਆ । ਆਪੇ ਪਿਤਾ ਆਪੇ ਮਾਤਾ, ਪਿਤਾ ਪੂਤ ਆਪ ਅਖਵਾਈਆ । ਲੋਕਮਾਤ ਜੁਗ ਜੁਗ ਪਰਗਟ ਹੋ ਪੁੱਛੇ ਵਾਤਾ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤ ਨਿਰੰਜਣ ਸੇਵਾ ਲਾਈਆ । ਜੋਤ ਨਿਰੰਜਣ ਸੇਵਾਦਾਰ, ਗੁਰਮੁਖਾਂ ਰਹੀ ਜਗਾਈਆ । ਸ਼ਬਦ ਡੰਕ ਅਪਰ ਅਪਾਰ, ਦਿਵਸ ਰੈਣ ਰਹੀ ਵਜਾਈਆ । ਸਾਚਾ ਮੇਲਾ ਸਚ ਦਰਬਾਰ, ਧੁਰਦਰਗਾਹੀ ਰਹੀ ਕਰਾਈਆ । ਜੁਗਾਂ ਜੁਗਾਂ ਦੇ ਵਿਛੜੇ ਯਾਰ, ਕਲਜੁਗ ਅੰਤਮ ਰਿਹਾ ਮਿਲਾਈਆ । ਸਤਿਜੁਗ ਦੁਆਪਰ ਤ੍ਰੇਤਾ ਉਤਰਿਆ ਪਾਰ, ਜੁਗ ਚੌਥੇ ਮਿਲੇ ਵਡਿਆਈਆ । ਨਿਹਕਲੰਕ ਹਰਿ ਲਏ ਅਵਤਾਰ, ਅਚਰਜ ਕਲ ਵਰਤਾਈਆ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਈਆ । ਵਰਤੇ ਵਰਤਾਏ ਵਿਚ ਸੰਸਾਰ, ਸਾਰੰਗ ਧਰ ਭਗਵਾਨ ਬੀਠਲਾ ਆਪ ਅਖਵਾਈਆ । ਦੂਤਾਂ ਦੁਸ਼ਟਾਂ ਮਾਰੇ ਮਾਰ, ਕੌੜਾ ਰੀਠਲਾ ਭੰਨ ਵਖਾਈਆ । ਗੁਰਮੁਖ ਸਾਚੇ ਲਏ ਉਭਾਰ, ਅਨਡਿਠਾ ਸ਼ਬਦ ਜਣਾਈਆ । ਫੜ ਫੜ ਬਾਹੋਂ ਰਿਹਾ ਤਾਰ, ਸਚ ਵਿਚੋਲਾ ਆਪ ਹੋ ਜਾਈਆ । ਸ਼ਬਦ ਵਿਚੋਲਾ ਵਿਚ ਸੰਸਾਰ, ਦੋ ਜਹਾਨਾਂ ਇਕ ਰਖਾਈਆ । ਸੋਹੰ ਢੋਲਾ ਅਪਰ ਅਪਾਰ, ਚਾਰ ਵਰਨਾਂ ਰਿਹਾ ਸੁਣਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਸਤਿਜੁਗ ਸਾਚਾ ਮਾਰਗ ਲਾਈਆ । ਏਕਾ ਅੱਖਰ ਜੈ ਜੈਕਾਰ, ਚਾਰੇ ਕੁੰਟ ਰਿਹਾ ਕਰਾਈਆ । ਜਨ ਭਗਤਾਂ ਬਜਰ ਕਪਾਟੀ ਦੇਵੇ ਪਾੜ, ਨਿਰਮਲ ਜੋਤ ਜਗਾਈਆ । ਦਰ ਘਰ ਸਾਚੇ ਦੇਵੇ ਵਾੜ, ਦਸਮ ਦਵਾਰੀ ਕੁੰਡਾ ਲਾਹੀਆ । ਆਤਮ ਸੇਜਾ ਅਪਰ ਅਪਾਰ, ਹਰਿ ਫੂਲਨ ਬਰਖਾ ਲਾਈਆ । ਜੋਤ ਨਿਰੰਜਣ ਕਰ ਸ਼ਿੰਗਾਰ, ਨੇਤਰ ਨਾਮ ਅੰਜਨ ਪਾਈਆ । ਸਤਿ ਪੁਰਖ ਤੇਰੀ ਧਾਰ, ਘਰ ਸਾਚੇ ਰਿਹਾ ਵਹਾਈਆ । ਇਕ ਇਕੱਲਾ ਏਕੰਕਾਰ, ਏਕਾ ਧਾਮ ਸੁਹਾਈਆ । ਸ਼ਬਦ ਮਹੱਲਾ ਅਪਰ ਅਪਾਰ, ਆਪਣਾ ਆਪ ਸੁਹਾਈਆ । ਜਨ ਭਗਤਾਂ ਕਰੇ ਮਾਤ ਪਿਆਰ, ਆਪਣੀ ਭੁਜਾ ਰਿਹਾ ਉਠਾਈਆ । ਦੋ ਜਹਾਨੀ ਪਾਵੇ ਸਾਰ, ਵਿਛੜ ਕਦੇ ਨਾ ਜਾਈਆ । ਤੀਰ ਨਿਸ਼ਾਨੀ

੬੬੬
੦੬

ਅਪਰ ਅਪਾਰ, ਏਕਾ ਰਿਹਾ ਚਲਾਈਆ । ਬ੍ਰਹਮ ਗਿਆਨੀ ਗੁਰਮੁਖ ਵਿਚਾਰ, ਜੋ ਜਨ ਚਰਨ ਧਿਆਨ ਲਗਾਈਆ । ਭਰਮੇ ਭੁੱਲੇ ਭਰਮ ਸੰਸਾਰ, ਭਰਮ ਗੜ੍ਹ ਨਾ ਕੋਈ ਤੁੜਾਈਆ । ਜੀਵ ਜੰਤ ਆਤਮ ਅੰਧ ਅੰਧਿਆਰ, ਦੀਪਕ ਸਚ ਨਾ ਕੋਈ ਜਗਾਈਆ । ਜੂਠਾ ਝੂਠਾ ਜਗਤ ਪਿਆਰ, ਨਾਤਾ ਬਿਧਾਤਾ ਨਾ ਕੋਈ ਜੁੜਾਈਆ । ਧਰਮ ਰਾਏ ਅੰਤ ਕਰੇ ਖੁਆਰ, ਸੰਮਤ ਸੋਲਾਂ ਦਏ ਦੁਹਾਈਆ । ਲੱਖ ਚੁਰਾਸੀ ਪਾਸਾ ਹਾਰ, ਮਾਨਸ ਦੇਹੀ ਮਾਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਰੂਪ ਸਮਾਈਆ । ਨਿਰਗੁਣ ਰੂਪ ਸਹਿਜ ਸੁਖ ਮੰਦਰ, ਹਰਿ ਆਪਣਾ ਆਪ ਵਸਾਇਆ । ਆਪੇ ਵਸਿਆ ਡੂੰਘੀ ਕੰਦਰ, ਸਚ ਸਿੰਘਾਸਣ ਆਇਆ । ਬਜਰ ਕਪਾਟੀ ਲਾਇਆ ਜੰਦਰ, ਦਿਸ ਕਿਸੇ ਨਾ ਆਇਆ । ਉਚੇ ਟਿੱਲੇ ਚੜ੍ਹ ਚੜ੍ਹ ਥੱਕੇ ਗੋਰਖ ਮਛੰਦਰ, ਪਾਰਬ੍ਰਹਮ ਕਿਸੇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਜਨ ਸਾਚੇ ਲਏ ਮਿਲਾਇਆ । ਹਰਿਜਨ ਸਾਚੇ ਤੇਰੀ ਸਾਚੀ ਰੀਤ, ਪ੍ਰਭ ਜੁਗ ਜੁਗ ਮੇਲ ਮਿਲਾਈਆ । ਨਾ ਕੋਈ ਦਿਹੁਰਾ ਗੁਰੂਦਵਾਰਾ ਮੰਦਰ ਮਸੀਤ, ਸ਼ਿਵਦਵਾਲਾ ਨਾ ਕੋਈ ਵਖਾਈਆ । ਦਿਵਸ ਰੈਣ ਸਦ ਵਸਿਆ ਚੀਤ, ਸਚ ਸਿੰਘਾਸਣ ਆਸਣ ਲਾਈਆ । ਅੱਠੇ ਪਹਿਰ ਪਰਖਣਹਾਰਾ ਨੀਤ, ਲਹਿਣਾ ਦੇਣਾ ਰਿਹਾ ਚੁਕਾਈਆ । ਹਰਿਜਨ ਗਾਉਣਾ ਸੁਹਾਗੀ ਗੀਤ, ਗੋਬਿੰਦ ਸਾਚਾ ਮੇਲ ਮਿਲਾਈਆ । ਮਾਨਸ ਦੇਹੀ ਜਾਣਾ ਜੀਤ, ਵੇਲਾ ਗਿਆ ਹੱਥ ਨਾ ਆਈਆ । ਵੇਖਣਹਾਰਾ ਹਸਤ ਕੀਟ, ਊਚਾਂ ਨੀਚਾਂ ਵਿਚ ਸਮਾਈਆ । ਜੂਠਾ ਝੂਠਾ ਜੀਵ ਜੰਤ ਪੀਸਣ ਪੀਸ, ਭੇਵ ਕੋਈ ਨਾ ਪਾਈਆ । ਹਰਿ ਕਾ ਨਾਉਂ ਇਕ ਮੀਠ, ਗੁਰਮੁਖ ਰਸਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇ ਮਤ ਰਿਹਾ ਸਮਝਾਈਆ । ਦੇ ਮਤ ਸਮਝਾਵਣ ਆਇਆ, ਦੋ ਜਹਾਨਾਂ ਵਾਲੀ । ਗੁਰਮੁਖ ਸੋਏ ਮਾਤ ਜਗਾਵਣ ਆਇਆ, ਧੁਰਦਰਗਾਹੀ ਵਾਲੀ । ਨਾਮ ਨਿਧਾਨ ਆਤਮ ਝੋਲੀ ਪਾਵਣ ਆਇਆ, ਫਲ ਲਗਾਏ ਕਾਇਆ ਡਾਲੀ । ਆਪ ਆਪਣੇ ਰੰਗ ਰੰਗਾਵਣ ਆਇਆ, ਚਾਹੜੇ ਰੰਗਣ ਰੰਗ ਗੁਲਾਲੀ । ਆਤਮ ਸੇਜਾ ਇਕ ਵਿਛਾਵਣ ਆਇਆ, ਹਰਿ ਦਾਤਾ ਸੱਚਾ ਮਾਲੀ । ਕੰਤ ਭਤਾਰ ਮੇਲ ਮਿਲਾਵਣ ਆਇਆ, ਨਾਰੀ ਕੰਤਾ ਏਕਾ ਸੇਜ ਵਿਛਾ ਲਈ । ਆਪ ਆਪਣਾ ਸੰਗ ਨਿਭਾਵਣ ਆਇਆ, ਜੁਗ ਜੁਗ ਚਲੇ ਅਵੱਲੜੀ ਚਾਲੀ । ਚਿੱਟੇ ਅਸਵ ਸ਼ਬਦ ਘੋੜੇ ਤੰਗ ਕਸਾਵਣ ਆਇਆ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਕਰੇ ਚਾਲੀ । ਗੁਰਮੁਖਾਂ ਦਰ ਮੰਗ ਮੰਗਾਵਣ ਆਇਆ, ਆਪੇ ਬਣਿਆ ਦਰ ਸਵਾਲੀ । ਅੰਗ ਸੰਗ ਸੰਗ ਅੰਗ ਆਪ ਅਖਵਾਵਣ ਆਇਆ, ਸੰਤ ਸੁਹੇਲੇ ਮਾਤ ਪਾਲੀ । ਸੋਹੰ ਕੰਗਨ ਤਨ ਪਹਿਨਾਵਣ ਆਇਆ, ਦੀਪਕ ਜਗੇ ਜੋਤ ਦਿਵਾਲੀ । ਲੋਆ ਪੁਰੀਆਂ ਪਾਰ ਲੰਘਾਵਣ ਆਇਆ, ਲੋਕਮਾਤ ਵੇਖ ਵਖਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੁਗ ਜੁਗ ਚਲੇ ਅਵੱਲੜੀ ਚਾਲੀ । ਚਰਨ ਪ੍ਰੀਤ ਧਿਆਨ, ਹਰਿਜਨ ਰਖਾਇਆ । ਆਪੇ ਦੇਵੇ ਜੀਆ ਦਾਨ, ਆਤਮ ਝੋਲੀ ਪਾਇਆ । ਹਰਿ ਹਰਿ ਸ਼ਬਦ ਜਗਤ ਗਿਆਨ, ਧੁਰ ਮੰਤਰ ਲੇਖ ਲਿਖਾਇਆ । ਆਪ ਬਿਠਾਏ ਵਿਚ ਬਬਾਣ, ਗੁਰਮੁਖ ਸਾਚੇ ਰਿਹਾ ਚੜ੍ਹਾਇਆ । ਦੋ ਜਹਾਨੀ ਦੇਵੇ ਮਾਣ, ਧੁਰਦਰਗਾਹੀ ਮਾਤ ਆਇਆ । ਧਰਮ ਝੁਲਾਏ ਇਕ ਨਿਸ਼ਾਨ, ਸੋਹੰ ਡੰਡਾ ਨਾਲ ਰਲਾਇਆ । ਆਪ ਚੁਕਾਏ ਜਮ ਕੀ ਕਾਨ, ਜਿਸ ਜਨ ਰਸਨਾ ਗਾਇਆ । ਵਡ ਦਾਤਾ ਹਰਿ ਗੁਣ ਨਿਧਾਨ, ਗੋਬਿੰਦ ਰੂਪ

੬੬੭
੦੬

ਵਟਾਇਆ । ਸੰਤ ਸੁਹੇਲੇ ਕਰ ਪਛਾਣ, ਆਪ ਆਪਣੇ ਅੰਗ ਲਗਾਇਆ । ਧੁਰਦਰਗਾਹੀ ਇਕ ਫ਼ਰਮਾਣ, ਸਾਚਾ ਰਾਗ ਸੁਣਾਇਆ । ਆਪੇ ਹੋਇਆ ਜਾਣੀ ਜਾਣ, ਦੂਸਰ ਦਿਸ ਕਿਸੇ ਨਾ ਆਇਆ । ਹਰਿਜਨ ਵਖਾਏ ਪਦ ਨਿਰਬਾਨ, ਨਿੱਜ ਘਰ ਵੇਖ ਵਖਾਇਆ । ਸਾਚੀ ਸਈਆ ਮੰਗਲ ਗਾਨ, ਘਰ ਸਾਚਾ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਇਆ ਕਮਾਇਆ । ਹਰਿਜਨ ਸਾਚੇ ਚਰਨ ਪ੍ਰੀਤੀ ਜੋੜ, ਆਪਣੀ ਦਇਆ ਕਮਾਇੰਦਾ । ਵਰ ਪਾਇਆ ਜਿਹਾ ਲੋੜ, ਵਿਛੜ ਕਦੇ ਨਾ ਜਾਇੰਦਾ । ਅੰਦਰ ਮੰਦਰ ਗਿਆ ਬਹੁੜ, ਆਪ ਆਪਣਾ ਰੰਗ ਰੰਗਾਇੰਦਾ । ਵੇਖੇ ਪਰਖੇ ਮਿੱਠਾ ਕੌੜ, ਰਸ ਏਕਾ ਆਪ ਰਖਾਇੰਦਾ । ਦਰ ਦਰਵਾਜ਼ੇ ਸਾਚਾ ਪੌੜ, ਉਚਾ ਡੰਡਾ ਇਕ ਰਖਾਇੰਦਾ । ਭਗਤ ਸੁਹੇਲਾ ਅੰਤਮ ਬਹੁੜ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੋਗ ਏਕਾ ਏਕ ਵਖਾਇੰਦਾ । ਗੁਰ ਚਰਨ ਧਿਆਨ ਜਗਤ ਜੋਗ, ਨਾ ਕੋਈ ਸਮਾਧ ਲਗਾਈਆ । ਹਰਿ ਗੁਣ ਗਾ ਏਕਾ ਭੋਗ, ਵਿਸਮਾਦੇ ਵਿਸਮਾਦ ਸਮਾਈਆ । ਮਿਲਿਆ ਮੇਲ ਧੁਰ ਸੰਜੋਗ, ਹਰਿ ਸਾਚਾ ਮੇਲ ਮਿਲਾਈਆ । ਦੂਈ ਦਵੈਤੀ ਕਟੇ ਰੋਗ, ਏਕਾ ਏਕ ਜਣਾਈਆ । ਸਾਚਾ ਦਰ ਦਰਸ ਅਮੋਘ, ਆਪ ਆਪਣਾ ਰਿਹਾ ਵਖਾਈਆ । ਵਿਛੜੇ ਮੇਲੇ ਜੀਵ ਜੰਤ ਜੂਠੇ ਝੂਠੇ ਲੋਗ, ਜਗਤ ਲੁਕਾਈ ਰਿਹਾ ਭੁਲਾਈਆ । ਇਕ ਸੁਣਾਇਆ ਸਚ ਸਲੋਕ, ਸੋਹੰ ਢੋਲਾ ਹਰਿ ਰਘੁਰਾਈਆ । ਵੇਲੇ ਅੰਤਮ ਸਾਚੀ ਮੋਖ, ਚਰਨ ਦਾਸੀ ਰਿਹਾ ਕਰਾਈਆ । ਹਰਿ ਹਰਿ ਭਾਣਾ ਕੋਈ ਨਾ ਸਕੇ ਰੋਕ, ਨਾ ਲਿਖਿਆ ਲੇਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਤਰਾਈਆ । ਚਰਨ ਪ੍ਰੀਤੀ ਸਾਚਾ ਨਾਤਾ, ਆਪਣਾ ਆਪ ਬੰਧਾਇਆ । ਦਰਸ ਦਿਖਾਏ ਪੁਰਖ ਬਿਧਾਤਾ, ਗੋਬਿੰਦ ਰੂਪ ਵਟਾਇਆ । ਆਪੇ ਪਿਤਾ ਆਪੇ ਮਾਤਾ, ਆਪ ਆਪਣੀ ਗੋਦ ਉਠਾਇਆ । ਗੁਰ ਸੰਗਤ ਬਣਾਈ ਸਚ ਬਰਾਤਾ, ਸਾਚਾ ਸਗਨ ਮਨਾਇਆ । ਧੁਰਦਰਗਾਹੀ ਇਕ ਸੁਗ਼ਾਤਾ, ਹਰਿ ਕਾਇਆ ਡੋਲੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇਆ । ਕਾਇਆ ਡੋਲੀ ਕਰ ਤਿਆਰ, ਹਰਿ ਚਾੜ੍ਹੇ ਰੰਗ ਗੁਲਾਲਾ । ਹੌਲੀ ਹੌਲੀ ਕਰ ਪਿਆਰ, ਮੇਲ ਮਿਲਾਏ ਗੁਰ ਗੋਪਾਲਾ । ਤੋਲੇ ਤੋਲ ਵਿਚ ਸੰਸਾਰ, ਧੁਰਦਰਗਾਹੀ ਆਪ ਦਲਾਲਾ । ਅਡੁਲ ਅਡੋਲੇ ਨਰ ਨਿਰੰਕਾਰ, ਗੁਰਮੁਖ ਪਛਾਣੇ ਸਾਚਾ ਲਾਲਾ । ਚਰਨ ਪ੍ਰੀਤੀ ਘੋਲ ਘੋਲੇ ਦਰ ਦਵਾਰ, ਦਿਵਸ ਰੈਣ ਚਲੇ ਨਾਲ ਨਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਜਹਾਨਾਂ ਕਰੇ ਸੰਭਾਲਾ । ਚਰਨ ਪ੍ਰੀਤੀ ਸਚ ਟਿਕਾਨਾ, ਏਕਾ ਏਕ ਵਖਾਇਆ । ਹਰਿਜਨ ਹੋਏ ਦਰ ਦਰਬਾਨਾ, ਗੁਰ ਪੂਰੇ ਦਇਆ ਕਮਾਇਆ । ਸ਼ਬਦ ਬਿਠਾਏ ਇਕ ਬਿਬਾਨਾ, ਆਪ ਆਪਣੀ ਸੇਵਾ ਲਾਇਆ । ਆਪੇ ਹੋਏ ਸੁਘੜ ਸਿਆਣਾ, ਸਾਚੀ ਸਿਖਿਆ ਦੇ ਮਤ ਰਿਹਾ ਸਮਝਾਇਆ । ਮਨਮੁਖ ਜੀਵ ਬਾਲ ਅੰਵਾਣਾ, ਭੇਵ ਕੋਈ ਨਾ ਪਾਇਆ । ਪੁਰਖ ਅਗੰਮਾ ਹਰਿ ਭਗਵਾਨਾ, ਗੋਬਿੰਦ ਗੋਬਿੰਦ ਭੇਖ ਵਟਾਇਆ । ਜਨ ਭਗਤਾਂ ਦੇਵੇ ਜੀਆ ਦਾਨਾ, ਸਾਚਾ ਲੇਖਾ ਆਪਣੇ ਹੱਥ ਰਖਾਇਆ । ਧੁਰਦਰਗਾਹੀ ਸਾਚਾ ਮਾਨਾ, ਚਰਨ ਕਵਲ ਕਵਲ ਚਰਨ ਇਕ ਧਿਆਨ ਰਖਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਊ ਗਰੀਬ ਨਿਮਾਣਿਆਂ ਆਪਣੇ ਗਲੇ ਲਗਾਇਆ ।

੬੬੮
੦੬

## ੨੦ ਚੇਤ ੨੦੧੪ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ

ਹਰਿ ਸਾਜਣ ਜਗਦੀਸ, ਜੋਤ ਜਗਾਇਆ । ਵੇਖੇ ਖੇਲ ਬੀਸ ਬੀਸ, ਬੀਸ ਬੀਸਾ ਆਪ ਅਖਵਾਇਆ । ਕਲਜੁਗ ਮਾਇਆ ਪੀਸਣ ਰਹੀ ਪੀਸ, ਸਚ ਸੁੱਚ ਨਾ ਕੋਈ ਸਮਾਇਆ । ਨਾ ਕੋਈ ਜਾਣੇ ਸਚ ਹਦੀਸ, ਰਸਨਾ ਜਿਹਵਾ ਗੁਣ ਨਾ ਹਰਿ ਹਰਿ ਗਾਇਆ । ਪੜ੍ਹ ਪੜ੍ਹ ਥੱਕੇ ਰਾਗ ਛਤੀਸ, ਨਾਦੀ ਧੁਨ ਨਾ ਕੋਇ ਉਪਜਾਇਆ । ਗਾ ਗਾ ਥੱਕੇ ਦੰਦ ਬਤੀਸ, ਦਾਤਾ ਦਾਨੀ ਦਿਸ ਨਾ ਆਇਆ । ਗਾ ਗਾ ਥੱਕੇ ਜਗਤ ਤੀਸ, ਰਸਨਾ ਜਿਹਵਾ ਜਗਤ ਹਿਲਾਇਆ । ਹਰਿ ਹਰਿ ਖੇਲੇ ਖੇਲ ਦਸ ਦਸ ਬੀਸ, ਦੋ ਜਹਾਨੀ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬੀਸ ਬੀਸਾ ਦਏ ਵਧਾਇਆ । ਬੀਸ ਬੀਸਾ ਹਰਿ ਜਗਦੀਸਾ, ਅਕਲ ਕਲਾ ਵਰਤਾਈਆ । ਮੇਟ ਮਿਟਾਏ ਖੇਲ ਉਨੀਸਾ, ਅਲ੍ਹਾ ਰਾਣੀ ਮੁਖ ਛੁਪਾਈਆ । ਛਤਰ ਝੁਲਾਏ ਪ੍ਰਭ ਸਾਚੇ ਸੀਸਾ, ਬੀਸ ਬੀਸਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਜੋਧਾ ਬਲ ਸੂਰ, ਸਤਿਗੁਰ ਸਾਚਾ ਸਾਖਿਆਤ । ਸ਼ਬਦ ਨਾਦੀ ਸਾਚੀ ਤੂਰ, ਹਰਿਜਨ ਵਖਾਏ ਅੱਠੇ ਪਹਿਰ ਦਿਵਸ ਰੈਣ ਪਰਭਾਤ । ਕਲਜੁਗ ਨਾਤਾ ਤੋੜੇ ਕੂੜ, ਦੇਵੇ ਨਾਮ ਸ਼ਬਦ ਸਾਚੀ ਦਾਤ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਬੰਨ੍ਹਾਏ ਚਰਨ ਨਾਤ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਮੇਟ ਮਿਟਾਏ ਅੰਧੇਰੀ ਰਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਪੁੱਛੇ ਵਾਤ । ਕਲਜੁਗ ਵੇਲਾ ਅੰਤ ਜੁਦਾਈ । ਚਾਰੋਂ ਕੁੰਟ ਹਾਹਾਕਾਰ, ਗੁਰਮੁਖ ਵਿਰਲੇ ਨਾਮ ਕੁੜਮਾਈ । ਸ਼ਬਦ ਸੇਹਰਾ ਸੀਸ ਬੰਧਾਇਆ, ਸਾਚਾ ਮੰਗਲ ਕਾਇਆ ਮੰਦਰ ਬਹਿ ਬਹਿ ਰਿਹਾ ਗਾਈ । ਸਾਚੇ ਘਰ ਵੱਜੀ ਵਧਾਈ । ਮਿਲ ਸਈਆਂ ਸਾਚੀ ਗਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੀਸ ਬੀਸਾ ਹਰਿ ਜਗਦੀਸਾ, ਖੇਲੇ ਖੇਲ ਹਰਿ ਰਘੁਰਾਈ । ਹਰਿ ਰਘੁਰਾਈ ਜਗਤ ਰਘੁਨਾਥ, ਏਕਾ ਏਕ ਅਖਵਾਇਆ । ਸਖਾ ਸੁਹੇਲਾ ਸਗਲਾ ਸਾਥ, ਜੁਗ ਜੁਗ ਰਿਹਾ ਨਿਭਾਇਆ । ਪਰਗਟ ਹੋ ਤ੍ਰੈਲੋਕੀ ਨਾਥ, ਪੁਰੀਆਂ ਲੋਆਂ ਵੇਖ ਵਖਾਇਆ । ਸ਼ਬਦ ਜਣਾਏ ਮਸਤਕ ਮਾਥ, ਲੱਖ ਨਾ ਸਕੇ ਕੋਈ ਰਾਇਆ । ਸ਼ਬਦ ਜਣਾਏ ਅਕੱਥਨਾ ਅਕਾਥ, ਕੱਥ ਨਾ ਸਕੇ ਕੋਈ ਰਾਇਆ । ਸੋਹੰ ਚਲਾਏ ਸਾਚੀ ਗਾਥ, ਸਤਿਜੁਗ ਸਾਚੀ ਬਣਤ ਬਣਾਇਆ । ਧੂੜ ਲਾਏ ਟਿੱਕਾ ਮਸਤਕ ਮਾਥ, ਦੁਰਮਤ ਮੈਲ ਦਏ ਗਵਾਇਆ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਦਰ ਦਵਾਰੇ ਆਏ ਦਰਸ਼ਨ ਪਾਇਆ । ਅੰਤਮ ਲੇਖਾ ਚੁੱਕੇ ਸਾਢੇ ਤਿੰਨ ਤਿੰਨ ਹਾਥ, ਪ੍ਰਭ ਅਬਿਨਾਸ਼ੀ ਆਪ ਆਪਣੀ ਗੋਦ ਉਠਾਇਆ । ਪਾਰਬ੍ਰਹਮ ਪੁਰਖ ਅਬਿਨਾਸ਼ਾ, ਅਕਲ ਕਲਾ ਕਲ ਧਾਰਿਆ । ਜਨ ਭਗਤਾਂ ਦੇਵੇ ਨਾਮ ਧਰਵਾਸਾ, ਜੋਤੀ ਨੂਰ ਕਰ ਉਜਿਆਰਿਆ । ਰਸਨ ਚਲਾਏ ਸ਼ਬਦ ਸਵਾਸ ਸਵਾਸਾ, ਸੋਹੰ ਜੈ ਜੈ ਜੈਕਾਰ ਕਰਾਇਆ । ਸਾਚੇ ਮੰਡਲ ਪਾਵੇ ਰਾਸਾ, ਹਰਿ ਸਾਚੀ ਖੇਲ ਖਿਲਾਇਆ । ਵੇਖ ਵਖਾਣੇ ਪ੍ਰਿਥਮੀ ਆਕਾਸ਼ਾ, ਗਗਨ ਪਤਾਲਾਂ ਫੇਰਾ ਪਾਇਆ । ਜਨ ਭਗਤਾਂ ਲੇਖੇ ਲਾਏ ਹੱਡ ਨਾੜੀ ਮਾਸਾ, ਲਹਿਣਾ ਦੇਣਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਵੇਖੇ ਹਰਿਜਨ ਦਰ, ਦਰ ਦਵਾਰੇ


੬੬੯
੦੬

ਫੇਰਾ ਪਾਇਆ । ਧੁਰਦਰਗਾਹੀ ਏਕਾ ਦਰ, ਅੰਮ੍ਰਿਤ ਆਤਮ ਸਾਚਾ ਸਰ, ਸਰ ਸਰੋਵਰ ਇਕ ਵਖਾਇਆ । ਬੰਦ ਕਰਾਏ ਨੌ ਦਰ, ਦਸਮ ਦਵਾਰੀ ਆਪੇ ਚੜ੍ਹ, ਗੁਰਮੁਖ ਸਾਚੇ ਲਏ ਫੜ, ਜੋਤ ਸਰੂਪੀ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਸਚ ਸਿੰਘਾਸਣ ਪੁਰਖ ਅਬਿਨਾਸ਼ੀ ਏਕਾ ਡੇਰਾ ਲਾਇਆ । ਪੁਰਖ ਅਬਿਨਾਸ਼ੀ ਜੋਤ ਅਗੰਮੀ, ਅਗੰਮੀ ਜੋਤ ਜਗਾਈਆ । ਗਗਨ ਪਾਤਾਲ ਰਹਾਏ ਬਿਨ ਥੰਮੀ, ਏਕਾ ਥੰਮੀ ਨਾਮ ਰਖਾਈਆ । ਨਾ ਮਰੇ ਨਾ ਕਦੇ ਜੰਮੀ, ਆਵਣ ਜਾਵਣ ਖੇਲ ਰਚਾਈਆ । ਨਾ ਹੱਸੇ ਨਾ ਰੋਵੇ ਛਮ ਛੰਮੀ, ਨੇਤਰ ਨੈਣ ਨੀਰ ਨਾ ਕੋਈ ਵਹਾਈਆ । ਖੇਲੇ ਖੇਲ ਪੁਰਖ ਅਗੰਮੀ, ਅਗੰਮੜੀ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਨੇਤਰ ਪੇਖਾ, ਹਰਿ ਸਾਚਾ ਰੰਗ ਰੰਗਾਇੰਦਾ । ਅੰਤਮ ਚੁਕਾਏ ਲਹਿਣਾ ਦੇਣਾ ਪਿਛਲਾ ਲੇਖਾ, ਜੁਗ ਜੁਗ ਭੇਖ ਵਟਾਇੰਦਾ । ਆਪੇ ਜਾਣੇ ਧਾਰੀ ਕੇਸਾ, ਗੋਬਿੰਦ ਕਾਇਆ ਵੇਖ ਵਖਾਇੰਦਾ । ਆਪ ਆਪਣਾ ਕਰਿਆ ਵੇਸਾ, ਦਸ ਦਸਮੇਸ਼ਾ ਆਪ ਅਖਵਾਇੰਦਾ । ਕੋਟਨ ਕੋਟ ਸ਼ਿਵ ਸ਼ੰਕਰ ਮਹੇਸ਼ਾ, ਬ੍ਰਹਮਾ ਦੇਵਤ ਸੁਰ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਖੇਲ ਖਿਲਾਇੰਦਾ । ਸਾਚਾ ਖੇਲ ਖਿਲਾਵਣਹਾਰਾ, ਏਕਾ ਏਕੰਕਾਰਾ । ਗੁਰਮੁਖ ਸਾਚੇ ਮੇਲ ਮਿਲਾਵਣਹਾਰਾ, ਦੇਵੇ ਸ਼ਬਦ ਅਧਾਰਾ । ਰਾਗ ਅਨਾਦੀ ਇਕ ਸੁਨਾਵਣਹਾਰਾ, ਸੋਹੰ ਜੈ ਜੈ ਜੈਕਾਰਾ । ਬ੍ਰਹਿਮਾਦੀ ਖੋਜ ਖੁਜਾਵਣਹਾਰਾ, ਘਰ ਚੌਥੇ ਮੇਲ ਮਿਲਾਰਾ । ਚੌਥੇ ਘਰ ਪੁਰਖ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵੇ ਸ਼ਬਦ ਸਹਾਰਾ । ਨਾਮ ਸਹਾਰਾ ਦੋ ਜਹਾਨ, ਜਨ ਭਗਤਾਂ ਆਪ ਦਵਾਇੰਦਾ । ਆਪ ਬਿਠਾਏ ਸਚ ਬਿਬਾਣ, ਲੋਆਂ ਪੁਰੀਆਂ ਪਾਰ ਕਰਾਇੰਦਾ । ਆਵਣ ਜਾਵਣ ਚੁੱਕੇ ਕਾਨ, ਲੱਖ ਚੁਰਾਸੀ ਫੰਦ ਕਟਾਇੰਦਾ । ਮਨਮੁਖ ਭੁੱਲੇ ਜੀਵ ਨਾਦਾਨ, ਗੁਣਵੰਤਾ ਦਿਸ ਨਾ ਆਇੰਦਾ । ਮਗਰ ਲੱਗੇ ਪੰਜ ਸ਼ੈਤਾਨ, ਭਰਮੀ ਭਰਮ ਭੁਲਾਇੰਦਾ । ਕੋਈ ਨਾ ਜਾਣੇ ਬ੍ਰਹਮ ਗਿਆਨ, ਆਤਮ ਦੀਪ ਨਾ ਕੋਈ ਜਗਾਇੰਦਾ । ਗੁਰਮੁਖ ਸਾਚੇ ਚਤਰ ਸੁਜਾਨ, ਪ੍ਰਭ ਸਾਚੀ ਸੇਵ ਲਗਾਇੰਦਾ । ਦੇਵੇ ਦਰਸ ਦਰ ਦਵਾਰੇ ਆਨ, ਦਰ ਦਰਵੇਸ਼ਾ ਆਪ ਅਖਵਾਇੰਦਾ । ਆਪੇ ਗੋਪੀ ਆਪੇ ਕਾਹਨ, ਰਾਮ ਰਮਈਆ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਨਈਆ ਆਪੇ ਆਪ ਚਲਾਇੰਦਾ । ਕਲਜੁਗ ਤੇਰੀ ਨਈਆ, ਪ੍ਰਭ ਸਾਚੇ ਆਪ ਚਲਾਈਆ । ਵੇਖ ਵਖਾਏ ਸੰਗ ਮੁਹੰਮਦ ਚਾਰ ਯਰੀਆ, ਕੁਤਬ ਗੌਂਸ ਦਿਸ ਨਾ ਆਈਆ । ਧਰਮ ਰਾਏ ਕੱਢੇ ਵਹੀਆ, ਲੇਖਾ ਹਿਸਾਬ ਮੁਕਾਈਆ । ਪੁਰਖ ਅਬਿਨਾਸ਼ੀ ਸਾਚਾ ਸਈਆ, ਦੋ ਜਹਾਨਾਂ ਹੋਏ ਸਹਾਈਆ । ਲੱਖ ਚੁਰਾਸੀ ਅੰਤ ਨਾ ਰਹੀਆ, ਪ੍ਰਭ ਸਾਚਾ ਮੇਟ ਮਿਟਾਈਆ । ਮਾਇਆ ਵਹਣ ਕਲਜੁਗ ਵਈਆ, ਮਨਮੁਖ ਜੀਵ ਰਹੇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਆਪਣੀ ਕਲ ਆਪ ਵਰਤਾਈਆ । ਵਰਤੇ ਕਲ ਹਰਿ ਕੁਲਵੰਤਾ, ਅਕਲ ਕਲ ਭਰਪੂਰਾ । ਗੁਰਮੁਖ ਵਿਰਲੇ ਸਾਚੇ ਮਾਤ ਜਗਾਏ, ਦੇਵੇ ਸ਼ਬਦ ਅਨਹਦ ਤੂਰਾ । ਸਤਿ ਸੰਤੋਖ ਗਿਆਨ ਦੇਵੇ, ਨਾਤਾ ਤੋੜੇ ਜੂਠਾ ਝੂਠਾ ਕੂੜਾ । ਚਰਨ ਪ੍ਰੀਤੀ ਇਕ ਧਿਆਨ ਰਖਾਏ, ਕਾਇਆ ਚੋਲੀ ਰੰਗਣ ਗੂੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਜਨ ਬਖ਼ਸ਼ੇ

ਚਰਨ ਧੂੜਾ । ਚਰਨ ਧੂੜ ਸਾਚੀ ਖ਼ਾਕ, ਗੁਰਮੁਖ ਵਿਰਲੇ ਮਸਤਕ ਲਾਈਆ । ਆਪੇ ਹੋਇਆ ਪਾਕੀ ਪਾਕ, ਪਤਤ ਪੁਨੀਤ ਰਿਹਾ ਕਰਾਈਆ । ਲੇਖ ਲਿਖਾਏ ਭਵਿਖਤ ਵਾਕ, ਲਿਖਿਆ ਲੇਖ ਨਾ ਕੋਈ ਮਿਟਾਈਆ । ਜਨ ਭਗਤਾਂ ਖੋਲ੍ਹੇ ਆਤਮ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਨਾਮ ਵਖਾਏ ਸਾਚਾ ਹਾਟ, ਚੌਦਾਂ ਲੋਕਾਂ ਵੇਖ ਵਖਾਈਆ । ਦੀਪਕ ਜੋਤੀ ਇਕ ਲਿਲਾਟ, ਪ੍ਰਭ ਆਪਣਾ ਆਪ ਜਗਾਈਆ । ਅੰਮ੍ਰਿਤ ਆਤਮ ਰਸ ਨਿਝਰ ਝਿਰਨਾ ਗੁਰਮੁਖ ਵਿਰਲਾ ਲਏ ਚਾਟ, ਪ੍ਰਭ ਸਾਚਾ ਰਿਹਾ ਵਹਾਈਆ । ਸਤਿਜੁਗ ਤੇਰੀ ਨੇੜੇ ਵਾਟ, ਕਲਜੁਗ ਰੋਵੇ ਦਏ ਦੁਹਾਈਆ । ਮੋਹ ਵਿਕਾਰਾ ਜਗਤ ਹੰਕਾਰਾ ਮਾਰੇ ਠਾਠ, ਸੰਮਤ ਚੌਦਾਂ ਏਕਾ ਲਹਿਰ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਸੰਮਤ ਚੌਦਾਂ ਤੇਰਾ ਹਾਟ, ਪ੍ਰਭ ਸਾਚੇ ਆਪ ਖੁਲ੍ਹਾਇਆ । ਨਾ ਕੋਈ ਦਿਸੇ ਤੀਰਥ ਤਾਟ, ਅੱਠ ਸੱਠ ਰਹਿਣ ਨਾ ਪਾਇਆ । ਹਰਿਜਨ ਮੇਲਾ ਕਾਇਆ ਮਾਟ, ਸਾਚਾ ਮੰਦਰ ਦਏ ਸੁਹਾਇਆ । ਲੇਖਾ ਚੁੱਕੇ ਆਨ ਬਾਟ, ਗਰਭਵਾਸ ਫੇਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਰਖਾਏ ਸਾਚਾ ਵਾਸ ਏਕਾ ਘਰ ਸੁਹਾਇਆ । ਸਾਚਾ ਘਰ ਹਰਿ ਕਰਤਾਰ, ਏਕਾ ਏਕ ਰਖਾਇਆ । ਜਨ ਭਗਤਾਂ ਬਖ਼ਸ਼ੇ ਕਰ ਪਿਆਰ, ਆਪ ਆਪਣਾ ਰਾਹ ਵਖਾਇਆ । ਫੜ ਫੜ ਬਾਹੋਂ ਲਾਏ ਪਾਰ, ਦਿਵਸ ਰੈਣ ਸੇਵ ਕਮਾਇਆ । ਕਲਜੁਗ ਭੁੱਲੇ ਜੀਵ ਗਵਾਰ, ਹਰਿ ਹਰਿ ਭੇਵ ਕਿਸੇ ਨਾ ਪਾਇਆ । ਗੁਰਮੁਖ ਸਾਚੇ ਸੰਤ ਦੁਲਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣਾ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਦਏ ਦੁਹਾਇਆ । ਚੇਤ ਬੀਸ ਦਿਵਸ ਸੁਹੰਜਣਾ, ਪ੍ਰਭ ਸਾਚੇ ਜੋਤ ਜਗਾਈਆ । ਜਨ ਭਗਤਾਂ ਚਰਨ ਧੂੜ ਕਰਾਏ ਸਾਚਾ ਮਜਨਾ, ਸਰ ਸਰੋਵਰ ਇਕ ਵਖਾਈਆ । ਦੋ ਜਹਾਨੀ ਪੜਦਾ ਕੱਜਣਾ, ਪ੍ਰਭ ਹੱਥ ਵਡੀ ਵਡਿਆਈਆ । ਜੋ ਘੜਿਆ ਸੋ ਭੱਜਣਾ, ਭੰਨਣਹਾਰ ਆਪ ਅਖਵਾਈਆ । ਘਰ ਬਾਹਰ ਲੱਖ ਚੁਰਾਸੀ ਅੰਤਮ ਤਜਣਾ, ਥਿਰ ਕੋਇ ਰਹਿਣ ਨਾ ਪਾਈਆ । ਕਾਲ ਨਗਾਰਾ ਏਕਾ ਵੱਜਣਾ, ਚਾਰੋਂ ਕੁੰਟ ਪਏ ਦੁਹਾਈਆ । ਤਖ਼ਤ ਤਾਜ ਰਾਜ ਰਾਜਾਨਾਂ ਅੰਤ ਤੱਜਣਾ, ਦਰ ਦਰ ਭਿਖਿਆ ਰਿਹਾ ਮੰਗਾਈਆ । ਜਨ ਭਗਤਾਂ ਅੰਦਰ ਸਾਚੇ ਮੰਦਰ ਦੂਈ ਦਵੈਤੀ ਹਉਮੇ ਰੋਗ ਕੱਢਣਾ, ਹੰਗਤਾ ਰਹਿਣ ਨਾ ਪਾਈਆ । ਆਪ ਫੜਾਏ ਆਪਣਾ ਲੜਨਾ, ਦਿਵਸ ਰੈਣ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੀਸ ਬੀਸੇ ਖ਼ੁਸ਼ੀ ਮਨਾਈਆ । ਬੀਸ ਬੀਸਾ ਵੇਖ ਵਿਚਾਰ, ਦਿਵਸ ਰੈਣ ਖ਼ੁਸ਼ੀ ਮਨਾਇੰਦਾ । ਪਰਗਟ ਹੋਏ ਨਰ ਨਿਰੰਕਾਰ ਜਗਤ ਮਲਾਹ ਅਖਵਾਇੰਦਾ । ਸ਼ਬਦ ਹੱਥ ਤੇਜ ਕਟਾਰ, ਮਨਮੁਖ ਪਾਰ ਕਰਾਇੰਦਾ । ਗੋਬਿੰਦ ਕਾਇਆ ਨਾਮ ਅਪਾਰ, ਨਾਮ ਨਾਮਾ ਵਣਜ ਕਰਾਇੰਦਾ । ਭਗਤ ਜਨਾਂ ਹਰਿ ਪੈਜ ਸਵਾਰ, ਆਪਣਾ ਬਿਰਦ ਰਖਾਇੰਦਾ । ਵੇਖ ਵਖਾਏ ਵਾਰੋ ਵਾਰ, ਕਲਜੁਗ ਅੰਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਤੇਰਾ ਕਰਮ ਧਰਮ ਜਰਮ ਆਪਣੇ ਹੱਥ ਰਖਾਇੰਦਾ । ਜਨਮ ਕਰਮ ਪ੍ਰਭ ਹੱਥ, ਜਗਤ ਵਡਿਆਈਆ । ਜਿਸ ਭਾਵੇ ਤਿਸ ਲਏ ਰੱਖ, ਨਾ ਕੋਈ ਮੇਟ ਮਿਟਾਈਆ । ਲੱਖ ਚੁਰਾਸੀ ਲੱਥੇ ਸੱਥ, ਹਰਿ ਸੱਥਰ ਰਿਹਾ ਵਿਛਾਈਆ । ਪੰਚਮ ਜੇਠੀ ਕਰ ਇਕੱਠ, ਸਚ ਵਿਹਾਰਾ ਰਿਹਾ ਬਣਾਈਆ । ਬੁਰਜ ਹੰਕਾਰੀ ਜਾਣਾ ਢੱਠ, ਕਿਲ੍ਹਾ ਕੋਟ ਰਹਿਣ ਨਾ ਪਾਈਆ ।

੬੭੨
੦੬

ਤ੍ਰੈਗੁਣ ਮਾਇਆ ਅਗਨੀ ਮੱਠ, ਪ੍ਰਭ ਸਾਚਾ ਆਪ ਤਪਾਈਆ । ਆਪੇ ਗੇੜਨਹਾਰਾ ਉਲਟੀ ਲੱਠ, ਕਲਜੁਗ ਅੰਤ ਕਰਾਈਆ । ਲੇਖਾ ਚੁੱਕੇ ਅੱਠ ਸੱਠ, ਗੰਗਾ ਗੋਦਾਵਰੀ ਮੁਖ ਛੁਪਾਈਆ । ਗੁਰ ਦਰ ਮੰਦਰ ਜਾਣੇ ਢੱਠ, ਸ਼ਿਵਦਵਾਲਾ ਮੱਠ ਦਿਸ ਨਾ ਆਈਆ । ਪਾਰਬ੍ਰਹਮ ਚਰਨ ਕਵਲ ਦਵਾਰੇ ਇਕ ਇਕੱਠ, ਏਕਾ ਧਾਮ ਸੁਹਾਈਆ । ਸਤਿਜੁਗ ਤੇਰਾ ਸਾਚਾ ਹੱਠ, ਸਤਿ ਸੰਤੋਖ ਗਿਆਨ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਦਏ ਵਰ, ਜਗਤ ਜਗਦੀਸਾ ਖੇਲ ਖਿਲਾਈਆ । ਬੀਸ ਬੀਸਾ ਉਠ ਤਿਆਰ, ਲੋਕਮਾਤ ਲਏ ਅੰਗੜਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਹਰਿ ਸ਼ਬਦ ਕਰੀ ਕੁੜਮਾਈਆ । ਕੂੜ ਕੁੜਿਆਰਾ ਮੇਟ ਪਸਾਰ, ਕਲਜੁਗ ਖਤੇ ਪਾਈਆ । ਇਕ ਇਕੱਲਾ ਹਰਿ ਨਿਰੰਕਾਰ, ਜੁਗ ਜੁਗ ਲਹਿਣਾ ਦੇਣਾ ਰਿਹਾ ਚੁਕਾਈਆ । ਖੇਲੇ ਖੇਲ ਅਪਰ ਅਪਾਰ, ਆਪਣੇ ਭਾਣੇ ਵਿਚ ਸਮਾਈਆ । ਸਤਿਜੁਗ ਸਾਚੇ ਕਰ ਪਿਆਰ, ਲੋਕਮਾਤ ਜਨਮ ਦਵਾਈਆ । ਏਕਾ ਸ਼ਸਤਰ ਏਕਾ ਬਸਤਰ ਏਕਾ ਖੰਡਾ ਤੇਜ ਕਟਾਰ, ਪ੍ਰਭ ਸਾਚਾ ਹੱਥ ਫੜਾਈਆ । ਪੰਚਮ ਦੁਸ਼ਟ ਦਏ ਸੰਘਾਰ, ਪੰਚਮ ਦਏ ਜਗਾਈਆ । ਪੰਚਮ ਬੈਠਾ ਅਧਵਿਚਕਾਰ, ਸਾਚਾ ਮੇਲ ਮਿਲਾਈਆ । ਪੰਚਮ ਮੀਤਾ ਹਰਿ ਨਿਰੰਕਾਰ, ਏਕਾ ਰਾਗ ਸੁਹਾਗੀ ਗੀਤਾ ਚਾਰ ਵਰਨਾਂ ਰਿਹਾ ਜਣਾਈਆ । ਆਪੇ ਹੋਇਆ ਪਤਤ ਪੁਨੀਤਾ, ਆਪੇ ਦਿਹੁਰਾ ਆਪ ਮਸੀਤਾ, ਗੁਰ ਦਰ ਮੰਦਰ ਆਪ ਅਖਵਾਈਆ । ਹਰਿਜਨ ਵਿਰਲੇ ਤਨ ਮਨ ਜੀਤਾ, ਪ੍ਰਭ ਚਰਨ ਓਟ ਰਖਾਈਆ । ਵੇਖ ਵਖਾਏ ਹਸਤ ਕੀਟਾ, ਊਚਾਂ ਨੀਚਾਂ ਭੇਵ ਨਾ ਰਾਈਆ । ਨਾਮ ਨਿਧਾਨਾ ਦੇਵੇ ਏਕਾ ਮੀਠਾ, ਸੋਹੰ ਅੱਖਰ ਵੱਖਰ ਜਗਤ ਨਿਧਾਨਾ ਆਪ ਰਖਾਈਆ । ਕਲਜੁਗ ਭੰਨੇ ਕੌੜਾ ਰੀਠਾ, ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤ੍ਰੈਗੁਣ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਪਾਈਆ । ਤ੍ਰੈਗੁਣ ਮਾਇਆ ਤੇਰਾ ਅੰਤ, ਪ੍ਰਭ ਸਾਚੇ ਅੰਤ ਮਿਟਾਵਣਾ । ਬ੍ਰਹਮਾ ਖੋਲ੍ਹੇ ਆਪਣਾ ਹੱਟ, ਪ੍ਰਭ ਅੰਤਮ ਅੰਤ ਕਰਾਵਣਾ । ਗੁਰਮੁਖ ਵਿਰਲਾ ਲਾਹਾ ਲਏ ਖੱਟ, ਜਗਤ ਜੰਜਾਲਾ ਤੋੜ ਤੁੜਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਆਪ ਸਮਾਵਣਾ । ਚਾਰ ਵਰਨ ਉਪਦੇਸ਼, ਹਰਿ ਸ਼ਬਦ ਜਣਾਈਆ । ਪਰਗਟ ਹੋਏ ਦਸ ਦਸਮੇਸ਼, ਜੋਧਾ ਸੂਰ ਆਪ ਅਖਵਾਈਆ । ਸ਼ਬਦ ਸਿੰਘਾਸਣ ਨਰ ਨਰੇਸ਼, ਪੁਰਖ ਅਬਿਨਾਸ਼ਣ ਡੇਰਾ ਲਾਈਆ । ਬ੍ਰਹਿਮੰਡ ਖੰਡ ਹੋ ਪਰਵੇਸ਼, ਆਪ ਆਪਣੇ ਵਿਚ ਸਮਾਈਆ । ਭੇਵ ਨਾ ਪਾਇਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਵੇਦ ਪੁਰਾਨਾਂ ਅੰਜੀਲ ਕੁਰਾਨਾਂ ਖਾਣੀ ਬਾਣੀ ਸਾਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖ ਵਖਾਈਆ । ਜੁਗ ਜੁਗ ਖੇਲੇ ਖੇਲ ਮਹਾਨਾ, ਲੋਕਮਾਤ ਲਏ ਅਵਤਾਰਾ । ਨਾਮ ਲਿਆਏ ਪੰਚ ਪਰਵਾਨਾ, ਵਰਤੇ ਵਰਤਾਵੇ ਵਿਚ ਸੰਸਾਰਾ । ਜਨ ਭਗਤਾਂ ਦੇਵੇ ਨਾਮ ਨਿਧਾਨਾ, ਮੇਟ ਮਿਟਾਏ ਅੰਧ ਅੰਧਿਆਰਾ । ਆਤਮ ਬ੍ਰਹਮ ਇਕ ਗਿਆਨਾ, ਚਰਨ ਕਵਲ ਸਚ ਸਹਾਰਾ । ਸੋਹੰ ਸ਼ਬਦ ਧੁਰ ਫ਼ਰਮਾਨਾ, ਚਾਰ ਵਰਨਾਂ ਕਰੇ ਪਿਆਰਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਕਲਜੁਗ ਤੇਰੀ ਅੰਤਮ ਵਾਰਾ । ਲੱਖ ਚੁਰਾਸੀ ਛੁੱਟੇ ਪੀਣਾ ਖਾਣਾ, ਦਹਿ ਦਿਸ਼ਾ ਹਾਹਾਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਲਏ ਅਤਵਾਰਾ । ਨਿਹਕਲੰਕ ਲਏ ਅਵਤਾਰ, ਧਰਤ ਮਾਤ ਧੀਰ ਧਰਾਈਆ । ਧਰਤ ਮਾਤ ਰੋਵੇ ਜ਼ਾਰੋ ਜ਼ਾਰ, ਗਲ ਪਲੜਾ ਨੇਤਰ ਨੀਰ ਵਹਾਈਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ,

ਕਲਜੁਗ ਜੀਵ ਵੱਡ ਗੁਨ੍ਹਾਈਆ । ਚੁੱਕਿਆ ਨਾ ਜਾਏ ਅੰਤਮ ਭਾਰ, ਜੂਠ ਝੂਠ ਬੈਠੀ ਸਿਰ ਉਠਾਈਆ । ਨਾ ਕੋਈ ਕਰੇ ਹੌਲਾ ਭਾਰ, ਸਾਧਾਂ ਸੰਤਾਂ ਆਤਮ ਹਲਕਾਈਆ । ਭਰਮੇ ਭੁੱਲੇ ਨਰ ਨਾਰ, ਜੀਵ ਜੰਤ ਪਤ ਗਵਾਈਆ । ਦੋਏ ਜੋੜ ਕਰੇ ਨਿਮਸਕਾਰ, ਰਤੀ ਰੱਤ ਨਾ ਰਹੀ ਰਾਈਆ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਧਰਤ ਮਾਤ ਦੇ ਦਿਲਾਸਾ, ਪ੍ਰਭ ਆਪਣਾ ਆਪ ਜਣਾਈਆ । ਆਪੇ ਵੇਖਣ ਆਏ ਮਾਤ ਤਮਾਸ਼ਾ, ਬੀਸ ਚੌਬੀਸਾ ਚਵੀਆਂ ਅਵਤਾਰਿਆ । ਵੇਖ ਵਿਖਾਣੇ ਪ੍ਰਿਥਮੀ ਆਕਾਸ਼ਾ, ਲੱਖ ਚੁਰਾਸੀ ਪਾਵੇ ਸਾਰਿਆ । ਤੋਲ ਤੁਲਾਵੇ ਰੱਤੀ ਤੋਲਾ ਮਾਸਾ, ਸਾਚਾ ਕੰਡਾ ਨਾਮ ਲਗਾ ਰਿਹਾ । ਜੋ ਜਨ ਖਾਏ ਮਦਿਰਾ ਮਾਸਾ, ਹਰਿ ਸਾਚੀ ਵੰਡਾ ਆਪ ਵੰਡਾ ਰਿਹਾ । ਅੰਤਮ ਆਉਣਾ ਹਾਰ ਪਾਸਾ, ਕਲਜੁਗ ਕੰਢਾ ਨੇੜੇ ਆ ਰਿਹਾ । ਨਾ ਕੋਈ ਕਰੇ ਬੰਦ ਖੁਲਾਸਾ, ਭੇਖ ਪਖੰਡਾ ਜਗਤ ਸੁਣਾ ਰਿਹਾ । ਜੋ ਉਪਜੇ ਸੋ ਅੰਤ ਵਿਨਾਸਾ, ਥਿਰ ਕੋਈ ਰਹਿਣ ਨਾ ਪਾ ਰਿਹਾ । ਜਨ ਭਗਤਾਂ ਹਰਿ ਦਾਸਨ ਦਾਸਾ, ਦਰ ਦਵਾਰੇ ਸੇਵ ਕਮਾ ਰਿਹਾ । ਕਾਇਆ ਮੰਡਲ ਸਾਚੀ ਰਾਸਾ, ਗੋਪੀ ਕਾਹਨਾ ਖੇਲ ਖਿਲਾ ਰਿਹਾ । ਨਿਝ ਘਰ ਆਤਮ ਰੱਖੇ ਵਾਸਾ, ਤਨ ਆਤਮ ਰਸ ਵਿਖਾ ਰਿਹਾ । ਜੋਤੀ ਨੂਰ ਕਰ ਪਰਕਾਸ਼ਾ, ਅਗਿਆਨ ਅੰਧੇਰ ਮਿਟਾ ਰਿਹਾ । ਲੇਖੇ ਲਾਏ ਰਸਨ ਸਵਾਸਾ, ਜੋ ਜਨ ਰਸਨਾ ਜਿਹਵਾ ਗਾ ਰਿਹਾ । ਸੰਮਤ ਚੌਦਾਂ ਵੇਖੇ ਮਾਤ ਤਮਾਸਾ, ਪ੍ਰਭ ਆਪਣੀ ਬਣਤ ਬਣਾ ਰਿਹਾ । ਪਰਗਟ ਹੋਏ ਸਰਬ ਗੁਣ ਤਾਸਾ, ਦੂਈ ਦਵੈਤੀ ਪੜਦਾ ਲਾਹ ਰਿਹਾ । ਜਨ ਭਗਤਾਂ ਦੇਵੇ ਚਰਨ ਕਵਲ ਸੱਚਾ ਭਰਵਾਸਾ, ਏਕਾ ਏਕ ਰਾਹ ਵਖਾ ਰਿਹਾ । ਗੁਰ ਪੂਰੇ ਸਦ ਬਲ ਬਲ ਜਾਸਾ, ਹਾਜ਼ਰ ਹਜ਼ੂਰਾ ਦਰਸ ਦਿਖਾ ਰਿਹਾ । ਹਰਿਜਨ ਨਾ ਹੋਏ ਮਾਤ ਨਿਰਾਸਾ, ਜਿਸ ਜਨ ਸੀਸ ਆਪਣਾ ਹੱਥ ਟਿਕਾ ਰਿਹਾ । ਕਦੇ ਨਾ ਆਵੇ ਹਾਰ ਪਾਸਾ, ਪ੍ਰਭ ਸਾਚਾ ਹੋਏ ਸਹਾਰਿਆ । ਮਿਲਿਆ ਮੇਲ ਹਰਿ ਸ਼ਾਹੋ ਸ਼ਾਬਾਸਾ, ਸ਼ਾਹ ਸੁਲਤਾਨਾ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਨਿਸ਼ਾਨਾ ਇਕ ਝੁਲਾ ਰਿਹਾ । ਸਚ ਨਿਸ਼ਾਨਾ ਸਚ ਰੰਗ, ਪ੍ਰਭ ਸਾਚੇ ਮਾਤ ਰੰਗਾਇਆ । ਨਾਮ ਡੋਰੀ ਇਕ ਪਤੰਗ, ਦੋ ਜਹਾਨਾਂ ਰਿਹਾ ਚੜ੍ਹਾਇਆ । ਆਪ ਲਗਾਇਆ ਆਪਣੇ ਅੰਗ, ਅੰਗੀਕਾਰ ਆਪ ਅਖਵਾਇਆ । ਸਾਢੇ ਤਿੰਨ ਹੱਥ ਸੀਆਂ ਸਚ ਪਲੰਘ, ਪ੍ਰਭ ਸਾਚੇ ਆਸਣ ਲਾਇਆ । ਧਰਤ ਮਾਤ ਮੰਗੇ ਮੰਗ, ਕਲਜੁਗ ਵੇਲਾ ਦਏ ਦੁਹਾਇਆ । ਲੱਖ ਚੁਰਾਸੀ ਹੋਈ ਭੰਗ, ਸ੍ਰਿਸ਼ਟ ਸਬਾਈ ਦਏ ਹਿਲਾਇਆ । ਚਿੱਟੇ ਅਸਵ ਕਸਿਆ ਤੰਗ, ਨੀਲੇ ਵਾਲਾ ਨੀਲੇ ਘੋੜੇ ਚਰਨ ਛੁਹਾਇਆ । ਲੋਆਂ ਪੁਰੀਆਂ ਆਏ ਲੰਘ, ਪਾਰ ਕਿਨਾਰਾ ਇਕ ਵਖਾਇਆ । ਸੋਹੰ ਸ਼ਬਦ ਵਜਾਏ ਮਰਦੰਗ, ਗੁਰਮੁਖ ਸੋਏ ਰਿਹਾ ਜਗਾਇਆ । ਲੱਖ ਚੁਰਾਸੀ ਦਏ ਟੰਗ, ਚਾਰੇ ਕੁੰਟ ਵੇਖ ਵਖਾਇਆ । ਸੰਗੀ ਸਾਥੀ ਆਪ ਅਖਵਾਏ ਕਾਇਆ ਚੋਲੀ ਚਾੜ੍ਹੇ ਰੰਗ, ਨਾਮ ਰੰਗੀਲਾ ਇਕ ਅਖਵਾਇਆ । ਮਾਇਆ ਮਮਤਾ ਡੱਸਣੀ ਨਾ ਮਾਰੇ ਡੰਗ, ਤ੍ਰਿਸ਼ਨਾ ਭੁੱਖ ਮਿਟਾਇਆ । ਕੱਟਣਹਾਰਾ ਭੁੱਖ ਨੰਗ, ਗਊ ਗਰੀਬਾਂ ਗਲੇ ਲਗਾਇਆ । ਜੂਠੀ ਝੂਠੀ ਕਲਜੁਗ ਕਾਇਆ ਭੰਨੇ ਕਾਚੀ ਵੰਗ, ਸਚ ਵਣਜਾਰਾ ਕੋਈ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਸੂਰਾ ਸਰਬੰਗ ਆਪ ਅਖਵਾਇਆ । ਸੂਰਬੀਰ ਹਰਿ ਦਾਤਾਰ, ਵਾਲੀ ਦੋ ਜਹਾਨਿਆ । ਪਰਗਟ ਹੋ ਵਿਚ ਸੰਸਾਰ, ਇਕ ਮਾਰੇ ਤੀਰ ਨਿਸ਼ਾਨਿਆ । ਨੌ ਖੰਡ ਪ੍ਰਿਥਮੀ ਵੇਖ ਵਿਚਾਰ, ਖੇਲੇ ਖੇਲ ਗੁਣ ਨਿਧਾਨਿਆ । ਸੱਤਾਂ ਦੀਪਾਂ ਆਈ ਹਾਰ, ਵੇਲਾ ਅੰਤ ਅੰਤ ਕਰਾਨਿਆ । ਵਰਭੰਡ ਖੰਡ ਹੋ

ਤਿਆਰ, ਹਰਿ ਸ਼ਬਦ ਖੋਜ ਖੁਜਾਨਿਆ । ਜੇਰਜ ਅੰਡਾਂ ਮਾਰੇ ਮਾਰ, ਉਤਭੁਜ ਸੇਤਜ ਹੋਏ ਵੈਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਦੇਵੇ ਸਰਨ ਚਰਨ ਇਕ ਧਿਆਨਿਆ । ਚਰਨ ਕਵਲ ਇਕ ਧਿਆਨ, ਹਰਿਜਨ ਆਪ ਰਖਾਇਆ । ਦੇਵਣਹਾਰਾ ਨਾਮ ਨਿਧਾਨ, ਆਤਮ ਝੋਲੀ ਰਿਹਾ ਭਰਾਇਆ । ਸੰਮਤ ਚੌਦਾਂ ਸਚ ਨਿਸ਼ਾਨ, ਚੌਦਾਂ ਲੋਕਾਂ ਰਿਹਾ ਵਖਾਇਆ । ਆਪੇ ਵੇਖ ਮੁਗਲ ਪਠਾਨ, ਈਸਾ ਮੂਸਾ ਰਿਹਾ ਹਿਲਾਇਆ । ਚੀਨਾ ਰੂਸਾ ਬਣ ਨਿਧਾਨ, ਕਿਉਂ ਬੈਠਾ ਮੁਖ ਛੁਪਾਇਆ । ਵਾਲੀ ਹਿੰਦ ਬਾਲ ਅੰਞਾਣ, ਪ੍ਰਭ ਸਾਚਾ ਰਿਹਾ ਜਗਾਇਆ । ਲੇਖਾ ਲਿਖਣਹਾਰ ਭਗਵਾਨ, ਜੁਗ ਜੁਗ ਲਿਖਦਾ ਆਇਆ । ਕਲਜੁਗ ਅੰਤਮ ਵੇਖ ਭੂਮਿਕਾ ਅਸਥਾਨ, ਭਾਰਤ ਖੰਡੀ ਡੇਰਾ ਲਾਇਆ । ਜੋਤੀ ਜੋਤ ਜਗੇ ਮਹਾਨ, ਭੇਵ ਕਿਸੇ ਨਾ ਪਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪੰਡਤ ਕਾਸ਼ੀ ਰਹਿਣ ਨਾ ਪਾਇਆ । ਗ੍ਰੰਥੀ ਪੰਥੀ ਬਹਿ ਬਹਿ ਗਾਨ, ਹਰਿ ਮੰਦਰ ਹਰਿ ਜੀ ਦਿਸ ਨਾ ਆਇਆ । ਅੰਜੀਲ ਕੁਰਾਨ ਸਰਬ ਪਛਤਾਨ, ਐਲੀ ਅੱਲਾ ਪੜ੍ਹ ਪ੍ਰਭ ਸਚ ਅਮਾਮ, ਸ਼ਬਦ ਨਾ ਵੇਖ ਵਖਾਇਆ । ਖਾਣੀ ਬਾਣੀ ਹੋਈ ਹੈਰਾਨ, ਵੇਦ ਪੁਰਾਨਾਂ ਆਈ ਹਾਨ, ਅੰਜੀਲ ਕੁਰਾਨ ਅੰਤ ਪਛਤਾਨ, ਕਲਜੁਗ ਕਾਲੀ ਰੈਣ ਦਏ ਦੁਹਾਇਆ । ਜੋਤ ਸਰੂਪ ਹਰਿ ਭਗਵਾਨ, ਸ਼ਾਹੋ ਭੂਪ ਵਾਲੀ ਦੋ ਜਹਾਨ, ਸਤਿ ਸਰੂਪ ਗੁਣ ਨਿਧਾਨ, ਗੁਣਵੰਤਾ ਭੇਵ ਨਾ ਪਾਇਆ । ਸੱਤ ਰੰਗ ਚੜ੍ਹਾਏ ਧਰਮ ਨਿਸ਼ਾਨ, ਨੌ ਖੰਡ ਪ੍ਰਿਥਮੀ ਏਕਾ ਸ਼ਾਨ, ਸੱਤਾਂ ਦੀਪਾਂ ਦੇਵੇ ਮਾਨ, ਚਰਨ ਕਵਲ ਇਕ ਸਰਨਾਇਆ । ਬੀਸ ਬੀਸਾ ਚਤਰ ਸੁਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਵਟਾਇਆ । ਨਿਰਗੁਣ ਤੇਰੀ ਨਾਮ ਧਾਰ, ਦਿਸ ਕਿਸੇ ਨਾ ਆਈਆ । ਸਾਧ ਸੰਤ ਰਹੇ ਵਿਚਾਰ, ਭੇਵ ਕੋਇ ਨਾ ਪਾਈਆ । ਜੀਵ ਜੰਤ ਹੋਏ ਗਵਾਰ, ਰਸਨਾ ਮੁਖ ਹਲਕਾਈਆ । ਗੁਰਮੁਖ ਸਾਚੇ ਕਰ ਤਿਆਰ, ਪ੍ਰਭ ਆਪਣੀ ਸੇਵ ਲਗਾਈਆ । ਸੰਮਤ ਚੌਦਾਂ ਵੇਖ ਵਿਚਾਰ, ਰੈਣ ਅੰਧੇਰੀ ਰਿਹਾ ਮਿਟਾਈਆ । ਪੂਰਬ ਜਨਮਾਂ ਲਹਿਣਾ ਦੇਣਾ ਕਰਜ਼ ਉਤਾਰ, ਪਿਛਲਾ ਮੂਲ ਚੁਕਾਈਆ । ਸਾਚਾ ਗਹਿਣਾ ਤਨ ਸ਼ਿੰਗਾਰ, ਸੋਹੰ ਤਨ ਪਹਿਨਾਈਆ । ਸੋਲਾਂ ਕਲੀਆਂ ਅਪਰ ਅਪਾਰ, ਸਾਚੀ ਪੁਰੀਆਂ ਨਾਲ ਰਲਾਈਆ । ਵਲੀਆ ਛਲੀਆ ਹਰਿ ਨਿਰੰਕਾਰ, ਵਲ ਛਲ ਆਪ ਕਰਾਈਆ । ਨਿਹਚਲ ਧਾਮ ਅਟੱਲ ਅਟਲੀਆ, ਥਿਰ ਘਰ ਡੇਰਾ ਲਾਈਆ । ਥਿਰ ਘਰ ਡੇਰਾ ਪੁਰਖ ਭਤਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਹਰਿ ਸੰਤਨ ਮੇਲਾ ਸਚ ਦਵਾਰ, ਆਪ ਆਪਣਾ ਰਿਹਾ ਕਰਾਈਆ । ਪਹਿਲੀ ਚੇਤਰ ਦਿਵਸ ਵਿਚਾਰ, ਥਿਤ ਵਾਰ ਆਪ ਉਪਾਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣੀ ਓਟ ਰਖਾਈਆ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਲੋਕਮਾਤ ਸ਼ਬਦ ਜਣਾਈਆ । ਆਪੇ ਗੁਪਤ ਆਪੇ ਜ਼ਾਹਿਰ, ਅੰਦਰ ਮੰਦਰ ਬਾਹਰ ਰਖਾਈਆ । ਭਗਤ ਸੁਹੇਲਾ ਮੀਤ ਮੁਰਾਰ, ਏਕੰਕਾਰ ਆਪ ਅਖਵਾਈਆ । ਅੰਮ੍ਰਿਤ ਆਤਮ ਬਖ਼ਸ਼ੇ ਠੰਢੀ ਠਾਰ, ਨਿਝਰ ਧਾਰ ਆਪ ਚੁਆਈਆ । ਆਪੇ ਖੋਲ੍ਹਣਹਾਰਾ ਬੰਦ ਕਿਵਾੜ, ਅੰਦਰ ਬੈਠਾ ਕੁੰਡਾ ਲਾਈਆ । ਮੇਟ ਮਿਟਾਏ ਪੰਚਮ ਧਾੜ, ਲੋਭ ਮੋਹ ਹੰਕਾਰ ਕਾਮ ਕਰੋਧ ਨੇੜ ਨਾ ਆਈਆ । ਸ਼ਬਦ ਖੰਡਾ ਤੇਜ ਕਟਾਰ, ਆਪਣਾ ਆਪ ਦਿਖਾਈਆ । ਆਪੇ ਹੋਇਆ ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਜਨ ਭਗਤਾਂ ਕਰੇ ਖ਼ਬਰਦਾਰ, ਏਕਾ ਇਕੀ ਰਿਹਾ ਪਾਈਆ । ਸਾਚੀ ਸਿੱਖੀ ਵਿਚ ਸੰਸਾਰ, ਸਤਿਜੁਗ ਤ੍ਰੇਤਾ ਮਾਤ ਉਪਾਈਆ । ਗੁਰ ਗੋਬਿੰਦੇ ਮੰਗੀ ਭਿੱਖੀ, ਪ੍ਰਭ ਆਤਮ ਝੋਲੀ ਪਾਈਆ । ਏਕਾ ਧਾਰ ਰੱਖੀ ਤਿੱਖੀ, ਸਚ ਸੁੱਚ ਸੱਚੀ ਸਰਨਾਈਆ ।


੬੮੪
੦੬

ਨਾ ਕੋਈ ਜਾਣੇ ਮੁਨੀ ਰਿਖੀ, ਜਪ ਤਪ ਹੱਠ ਸਤਿ ਭੇਵ ਨਾ ਪਾਈਆ । ਆਪਣੀ ਹੱਥੀਂ ਲੇਖ ਰਿਹਾ ਲਿਖੀ, ਦੋ ਜਹਾਨ ਨਾ ਕੋਈ ਮਿਟਾਈਆ । ਨੇਤਰ ਲੋਚਨ ਨੈਣ ਆਪੇ ਪੇਖੀ, ਆਪ ਆਪਣੀ ਬਣਤ ਬਣਾਈਆ । ਆਪ ਉਪਾਏ ਧਾਰੀ ਕੇਸੀ, ਮੁੰਡ ਮੁੰਡਾਏ ਸੰਗ ਰਲਾਈਆ । ਪਰਗਟ ਜੋਧਾ ਸੂਰ ਦਸ ਦਸਮੇਸ਼ੀ, ਕਲਜੁਗ ਦਹਿਸਰ ਮੇਟ ਮਿਟਾਈਆ । ਕਲਜੁਗ ਤੇਰੀ ਅੰਤਮ ਪੇਸ਼ੀ, ਸੰਮਤ ਚੌਦਾਂ ਆਪੇ ਪਾਈਆ । ਪੂਜਾ ਮਿਟਾਏ ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੀ, ਕਰੋੜ ਤੇਤੀਸਾ ਨਾ ਕੋਇ ਮਨਾਈਆ । ਆਕਾਲ ਆਕਾਲਾ ਦੀਨ ਦਿਆਲਾ ਗੁਰ ਗੋਪਾਲਾ ਸ਼ਬਦ ਰਖਵਾਲਾ ਚਤਰਭੁਜ ਪ੍ਰਭ ਸਾਚਾ ਰਹਿਸੀ, ਦੂਸਰ ਕੋਈ ਦਿਸ ਨਾ ਆਈਆ । ਜਨ ਭਗਤਾਂ ਫਲ ਲਗਾਏ ਕਾਇਆ ਡਾਲਾ, ਆਪ ਆਪਣੀ ਰੁੱਤ ਸੁਹਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਪ੍ਰਭ ਚਰਨ ਦਵਾਰੇ ਰਿਹਾ ਬਿਠਾਈਆ । ਏਕਾ ਦੱਸੇ ਰਾਹ ਸੁਖਾਲਾ, ਸਤਿਜੁਗ ਸਾਚਾ ਮਾਰਗ ਲਾਈਆ । ਚਾਰ ਵਰਨ ਰਖਾਏ ਇਕ ਸੱਚੀ ਧਰਮਸਾਲਾ, ਚਰਨ ਸਰਨ ਸੱਚੀ ਸਰਨਾਈਆ । ਸੋਹੰ ਸ਼ਬਦ ਗਲ ਪਾਏ ਮਾਲਾ, ਓਅੰ ਸਤਿਜੁਗ ਭੇਵ ਚੁਕਾਈਆ । ਆਪੇ ਜੋਤ ਜਗਾਏ ਜਗਤ ਜਵਾਲਾ, ਆਪੇ ਖਿੱਚ ਵਖਾਈਆ । ਕਲਜੁਗ ਹੋਇਆ ਹਾਲ ਬੇਹਾਲਾ, ਚਾਰੋਂ ਕੁੰਟ ਦਏ ਦੁਹਾਈਆ । ਸਤਿਜੁਗ ਸਾਚਾ ਮਾਰੇ ਛਾਲਾ, ਪ੍ਰਭ ਸਾਚੀ ਰੁੱਤ ਸੁਹਾਈਆ । ਦੋਹਾਂ ਵਿਚੋਲਾ ਸ਼ਬਦ ਦਲਾਲਾ, ਹਰਿ ਸਾਲਸ ਇਕ ਰਖਾਈਆ । ਆਪੇ ਹੋਇਆ ਹਰਿ ਰਖਵਾਲਾ, ਜੁਗ ਜੁਗ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਨਾਮ ਦਏ ਵਰ, ਲੱਖ ਚੁਰਾਸੀ ਲਏ ਪਰਨਾਈਆ । ਲੱਖ ਚੁਰਾਸੀ ਸਾਚੀ ਨਾਰਾ, ਏਕਾ ਕੰਤ ਹੰਢਾਇੰਦਾ । ਪਰਗਟ ਹੋ ਨਰ ਅਵਤਾਰਾ, ਗੁਰਮੁਖ ਸਾਚੇ ਆਪ ਜਗਾਇੰਦਾ । ਦੇਵੇ ਦਰਸ ਅਗੰਮ ਅਪਾਰਾ, ਲੋਕਮਾਤ ਆਪ ਉਠਾਇੰਦਾ । ਰਸਨ ਕਰਾਏ ਜੈ ਜੈ ਜੈਕਾਰਾ, ਅੱਖਰ ਵੱਖਰ ਸ਼ਬਦ ਜਣਾਇੰਦਾ । ਧਰਨੀ ਧਰਤ ਧਵਲ ਭੰਡਾਰਾ, ਨਾ ਕੋਈ ਖਾਲੀ ਮਾਤ ਕਰਾਇੰਦਾ । ਸ੍ਰਿਸ਼ਟ ਸਬਾਈ ਰਿਹਾ ਮਵਲ, ਦਿਸ ਕਿਸੇ ਨਾ ਆਇੰਦਾ । ਆਪੇ ਰਾਮਾ ਕ੍ਰਿਸ਼ਨਾ ਸਾਵਲ ਸਵਲ, ਮੁਕੰਦ ਮਨੋਹਰ ਲੱਖਮੀ ਨਰਾਇਣ ਆਪ ਅਖਵਾਇੰਦਾ । ਆਪੇ ਪਰਗਟ ਹੋਏ ਉਪਰ ਧਵਲ, ਨਿਹਕਲੰਕਾ ਡੰਕ ਵਜਾਇੰਦਾ । ਜਨ ਭਗਤਾਂ ਉਲਟਾ ਕਰ ਨਾਭ ਕਵਲ, ਅੰਮ੍ਰਿਤ ਧਾਰ ਵਹਾਇੰਦਾ । ਸੁਰਤ ਸਵਾਣੀ ਹੋਈ ਬਵਲ, ਆਪ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਸਚ ਗਿਆਨ ਦਵਾਇੰਦਾ । ਸਤਿਜੁਗ ਤੇਰਾ ਸ਼ਬਦ ਗਿਆਨ, ਹਰਿ ਏਕਾ ਏਕ ਰਖਾਇਆ । ਕਾਇਆ ਮੰਦਰ ਸਚ ਮਕਾਨ, ਪ੍ਰਭ ਏਕਾ ਓਟ ਤਕਾਇਆ । ਆਪੇ ਦਾਤਾ ਗੁਣ ਨਿਧਾਨ, ਦੇਵਣਹਾਰ ਆਪ ਅਖਵਾਇਆ । ਆਪੇ ਚਤੁਰ ਸੁਘੜ ਸੁਜਾਨ, ਮੂਰਖ ਮੂੜ੍ਹ ਆਪ ਅਖਵਾਇਆ । ਆਪੇ ਬੈਠ ਵਿਚ ਬਿਬਾਨ, ਬਿਠਾਵਣਹਾਰ ਆਪ ਹੋ ਆਇਆ । ਲੋਆ ਪੁਰੀਆਂ ਮਾਰ ਧਿਆਨ, ਹਰਿਜਨ ਸੋਏ ਰਿਹਾ ਜਗਾਇਆ । ਸੰਮਤ ਚੌਦਾਂ ਏਕਾ ਆਨ, ਏਕਾ ਇੱਕੀ ਰਿਹਾ ਪਾਇਆ । ਲੇਖਾ ਚੁੱਕੇ ਪੀਣ ਖਾਣ, ਲੱਖ ਚੁਰਾਸੀ ਰਿਹਾ ਜਣਾਇਆ । ਅੰਤਮ ਲਹਿਣਾ ਦੇਣਾ ਸਾਢੇ ਤਿੰਨ ਹੱਥ ਸੀਣ, ਸਾਚੀ ਵੰਡਾ ਰਿਹਾ ਵੰਡਾਇਆ । ਵੇਖੇ ਖੇਲ ਰੂਸਾ ਚੀਨ, ਭਾਰਤ ਖੰਡੀ ਡੇਰਾ ਲਾਇਆ । ਦਾਤਾ ਜੋਧਾ ਸੂਰਾ ਵਡ ਪਰਬੀਨ, ਪਾਰਬ੍ਰਹਮ ਅਖਵਾਇਆ । ਲੇਖਾ ਲਿਖੇ ਲੋਕ ਤੀਨ, ਤਿੰਨਾਂ ਲੋਕਾਂ ਲੇਖ ਲਿਖਾਇਆ । ਕਲਜੁਗ ਤੇਰੀ ਭੰਨੇ ਹੰਕਾਰੀ ਬੀਨ, ਸਤਿਜੁਗ ਖੰਡਾ ਹੱਥ ਉਠਾਇਆ । ਨਵ ਖੰਡਾਂ ਸੱਤਾਂ ਦੀਪਾਂ ਸਾਧਾਂ ਸੰਤਾਂ ਲਏ ਛੀਨ, ਦੀਪਕ ਜੋਤ ਨਾ ਕੋਇ

੬੭੫
੦੬

ਜਗਾਇਆ । ਗੁਰਮੁਖਾਂ ਕਰੇ ਠਾਂਢਾ ਸੀਨ, ਜਿਸ ਜਨ ਆਪਣਾ ਦਰਸ ਦਿਖਾਇਆ । ਨੇਤਰ ਲੋਚਨ ਵੇਖਣ ਤੀਨ, ਨਿਜ ਆਤਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਬੈਠਾ ਆਸਣ ਲਾਇਆ । ਨਿਜ ਘਰ ਆਤਮ ਹਰਿ ਹਰਿ ਵਸਿਆ, ਗੁਰਮੁਖ ਵਿਰਲੇ ਪਾਇਆ । ਪਾਰਬ੍ਰਹਮ ਰਾਹ ਸਾਚਾ ਦੱਸਿਆ, ਨਰ ਨਾਰੀ ਜੋਤ ਜਗਾਇਆ । ਦਸਮ ਦਵਾਰੀ ਬਹਿ ਬਹਿ ਹੱਸਿਆ, ਆਤਮ ਸੇਜਾ ਆਸਣ ਲਾਇਆ । ਮੇਟ ਮਿਟਾਏ ਰੈਣ ਅੰਧੇਰੀ ਮਸਿਆ, ਸਾਚਾ ਚੰਦ ਆਪ ਚੜ੍ਹਾਇਆ । ਤੀਰ ਨਿਰਾਲਾ ਏਕਾ ਕਸਿਆ, ਦੋ ਜਹਾਨਾਂ ਪਾਰ ਕਰਾਇਆ । ਧੁਰਦਰਗਾਹੀ ਆਇਆ ਨੱਸਿਆ, ਲੋਕਮਾਤ ਫੇਰਾ ਪਾਇਆ । ਲੱਖ ਚੁਰਾਸੀ ਜੂਠੀ ਝੂਠੀ ਫਾਹੀ ਫਸਿਆ, ਨਾ ਕੋਈ ਦੇਵੇ ਫੰਦ ਤੁੜਾਇਆ । ਮਾਇਆ ਨਾਗਨੀ ਡੰਗ ਮਾਰ ਰਹੀ ਡੱਸਿਆ, ਦੂਈ ਦਵੈਤੀ ਵਿਸ ਨਾ ਕੋਈ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਵਰਭੰਡੀ ਵੰਡ ਵੰਡਾਇਆ । ਹਰਿ ਭੰਡੀ ਹਰਿ ਵੰਡ ਵੰਡਾਏ, ਆਪਣੀ ਕਲ ਧਾਰਿਆ । ਇਲਾਬ੍ਰਤ ਹਰਿ ਦਏ ਹਿਲਾਏ, ਪੰਚਮ ਜੇਠ ਦਿਵਸ ਵਿਚਾਰਿਆ । ਕੇਤਮਾਲ ਦਏ ਦੁਹਾਏ, ਨਾ ਕੋਈ ਮਾਤ ਸਹਾਰਿਆ । ਕਿੰਪੁਰਖ ਪ੍ਰਭ ਕਿਰਪਾ ਕਰ, ਆਪੇ ਦਏ ਜਗਤ ਹੁਲਾਰਿਆ । ਧਰਤ ਮਾਤ ਤੇਰਾ ਖੁਲ੍ਹਾ ਘਰ, ਕਰੇ ਅੰਤਮ ਵਾਰਿਆ । ਧਰਮ ਰਾਏ ਭੰਡਾਰੇ ਦੇਵੇ ਭਰ, ਲੱਖ ਚੁਰਾਸੀ ਕਰ ਸੰਘਾਰਿਆ । ਆਪ ਖੁਲ੍ਹਾਏ ਅੰਤਮ ਦਰ, ਸੰਮਤ ਚੌਦਾਂ ਵੇਖ ਵਖਾ ਰਿਹਾ । ਆਪਣੀ ਕਰਨੀ ਰਿਹਾ ਕਰ, ਕਰਨਹਾਰ ਵਡ ਸਿਕਦਾਰਿਆ । ਨਾ ਜਨਮੇ ਨਾ ਜਾਏ ਮਰ, ਖੇਲੇ ਖੇਲ ਵਡ ਸੰਸਾਰਿਆ । ਜਨ ਭਗਤਾਂ ਆਤਮ ਲਏ ਵਰ, ਕੰਤ ਭਤਾਰੀ ਆਪ ਅਖਵਾ ਰਿਹਾ । ਇਕ ਨੁਹਾਏ ਸਾਚੇ ਸਰ, ਚਰਨ ਧੂੜੀ ਮਸਤਕ ਲਾ ਰਿਹਾ । ਆਵਣ ਜਾਵਣ ਚੁੱਕੇ ਡਰ, ਲੱਖ ਚੁਰਾਸੀ ਫੰਦ ਕਟਾ ਰਿਹਾ । ਇਕ ਵਖਾਏ ਸਾਚਾ ਘਰ, ਥਿਰ ਘਰ ਨਾਉਂ ਰਖਾ ਰਿਹਾ । ਚਾਰ ਵਰਨ ਉਪਾਏ ਸਾਚਾ ਦਰ, ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕ ਧਾਮ ਬਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਰਾਮ ਰਹੀਮ ਆਪ ਅਖਵਾ ਰਿਹਾ । ਰਾਮ ਰਹੀਮ ਰਹਿਮਾਨਾ, ਅੱਲਾ ਅਲਾਹੀ ਨੂਰਿਆ । ਆਪੇ ਬੰਨ੍ਹੇ ਹੱਥੀਂ ਗਾਨਾ, ਵੇਖ ਵਖਾਏ ਨੇੜੇ ਦੂਰਿਆ । ਰਸਨਾ ਚਿਲ੍ਹਾ ਤੀਰ ਕਮਾਨਾ, ਸੋਹੰ ਆਪ ਚੜ੍ਹਾ ਰਿਹਾ । ਉਠੇ ਜੋਧਾ ਸੂਰ ਬਲੀ ਬਲਵਾਨਾ, ਲੱਖ ਚੁਰਾਸੀ ਸੁੰਞ ਮਸਾਨਾ, ਘਰ ਦਿਸਦਾ ਨਾ ਕੋਈ ਵਸਾ ਰਿਹਾ । ਨਾ ਕੋਈ ਗਾਏ ਸ਼ਬਦ ਤਰਾਨਾ, ਰਾਗ ਤਾਲ ਨਾ ਕੋਈ ਰਖਾ ਰਿਹਾ । ਸੰਮਤ ਚੌਦਾਂ ਹੋਏ ਜਵਾਨਾ, ਬਾਹੂ ਬਲ ਰਖਾ ਰਿਹਾ । ਗੁਰਮੁਖ ਵਿਰਲੇ ਮੇਲ ਸ੍ਰੀ ਭਗਵਾਨਾ, ਜਿਸ ਜਨ ਆਪਣੀ ਦਇਆ ਕਮਾ ਰਿਹਾ । ਆਪੇ ਆਪ ਦੇਵੇ ਸਾਚਾ ਦਾਨਾ, ਦਾਤਾ ਦਾਨੀ ਆਪ ਅਖਵਾ ਰਿਹਾ । ਜਗਤ ਮਿਟੇ ਅੰਤ ਨਿਸ਼ਾਨਾ, ਹਰਿ ਸਾਚਾ ਮੇਟ ਮਿਟਾ ਰਿਹਾ । ਸਤਿਜੁਗ ਸਾਚਾ ਹੋਏ ਪਰਧਾਨਾ, ਧਰਤ ਮਾਤ ਗੋਦ ਬਿਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਸ਼ਨੂੰ ਵੰਸੀ ਆਪ ਅਖਵਾ ਰਿਹਾ । ਵਿਸ਼ਨੂੰ ਭਗਵਾਨ ਹੱਥ ਵਡਿਆਈਆ, ਕਲਜੁਗ ਅੰਤਮ ਵਾਰਾ । ਖੇਲੇ ਖੇਲ ਹਰ ਘਟ ਥਾਈਂਆ, ਜੋਤ ਨੂਰ ਕਰ ਉਜਿਆਰਾ । ਹਰਿਜਨ ਉਠਾਏ ਫੜ ਫੜ ਬਾਹੀਂਆ, ਦਰ ਦਰ ਘਰ ਘਰ ਆਪ ਰਖਵਾਰਾ । ਸਦਾ ਸੁਹੇਲਾ ਦੇਵੇ ਠੰਢੀਆਂ ਛਾਈਂਆ, ਏਕਾ ਪੱਲਾ ਨਾਮ ਫੜਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੬੭੬
੦੬

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੀਸ ਇਕੀਸ ਜਗਤ ਜਗਦੀਸ, ਹਰਿਜਨ ਮੇਲਾ ਮੇਲ ਮਿਲਾਰਾ, ਗੁਰਮੁਖ ਗੋਬਿੰਦ ਮੇਲ, ਹਰਿ ਹਰਿ ਗੋਬਿੰਦ ਪਾਇਆ । ਮਿਲਿਆ ਮੇਲ ਸੱਜਣ ਸੁਹੇਲ, ਜਗਤ ਚਿੰਦਿਆ ਦਏ ਮਿਟਾਇਆ । ਆਪੇ ਖੇਲਣਹਾਰਾ ਖੇਲ, ਜੁਗ ਜੁਗ ਖੇਲ ਖਿਲਾਇਆ । ਆਪ ਵਸਿਆ ਰੰਗ ਨਵੇਲ, ਆਪੇ ਬੈਠਾ ਹਰ ਘਟ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਧਾਮ ਸੁਹਾਇਆ । ਸਚ ਧਾਮ ਸਚ ਅਸਥਾਨ, ਸਾਚੀ ਬਣਤ ਬਣਾਈਆ । ਆਪੇ ਬੈਠ ਸ੍ਰੀ ਭਗਵਾਨ, ਸਾਧ ਸੰਤ ਮਾਤ ਤਰਾਈਆ । ਜੀ ਆਇਆ ਦੇਵੇ ਜੀਆ ਦਾਨ, ਆਤਮ ਘਰ ਵਧਾਈਆ । ਚਰਨ ਧੂੜ ਸੱਚਾ ਇਸ਼ਨਾਨ, ਸਰ ਸਰੋਵਰ ਇਕ ਵਖਾਈਆ । ਕਾਇਆ ਮੰਦਰ ਅੰਦਰ ਬਹਿ ਬਹਿ ਰਸਨਾ ਗਾਣ, ਗਾਵਤ ਗਾਵਤ ਹਰਿ ਸੁੱਖ ਸਹਿਜ ਸਮਾਈਆ । ਧੁਰਦਰਗਾਹੀ ਦੇਵੇ ਮਾਣ, ਜੋ ਜਨ ਆਏ ਸੀਸ ਝੁਕਾਈਆ । ਸ਼ਬਦ ਬਿਠਾਏ ਸਚ ਬਿਬਾਨ, ਆਵਣ ਜਾਵਣ ਗੇੜ ਕਟਾਈਆ । ਲੱਖ ਚੁਰਾਸੀ ਪੁਣ ਛਾਨ, ਗੁਰਮੁਖ ਸਾਚੇ ਰਿਹਾ ਤਰਾਈਆ । ਆਪੇ ਹੋਇਆ ਜਾਣੀ ਜਾਣ, ਹਰਿਜਨ ਸਾਚੇ ਵੇਖ ਵਖਾਈਆ । ਦੋ ਜਹਾਨੀ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਸੋਹੰ ਸ਼ਬਦ ਧੁਰ ਫ਼ਰਮਾਨ, ਦਰ ਦਰ ਘਰ ਘਰ ਰਿਹਾ ਅਲਖ ਜਗਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਏਕਾ ਏਕ ਧੁਰ ਦੀ ਬਾਨ, ਪ੍ਰਭ ਸਾਚਾ ਰਿਹਾ ਪਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਰਾਹ ਵਖਾਈਆ । ਮਿਲੇ ਮੇਲ ਗੁਣ ਨਿਧਾਨ, ਗੁਣਵੰਤਾ ਮੇਲ ਮਿਲਾਈਆ । ਗੁਰਮੁਖ ਸਾਚੇ ਚਤੁਰ ਸੁਘੜ ਸਿਆਨ, ਦਰ ਘਰ ਸਾਚਾ ਬੰਕ ਸੁਹਾਈਆ । ਪਾਇਆ ਪਦ ਇਕ ਨਿਰਬਾਨ, ਨਿਜ ਘਰ ਵੇਖ ਵਖਾਈਆ । ਮੇਟ ਮਿਟਾਏ ਪੰਜ ਸ਼ੈਤਾਨ, ਜਿਸ ਜਨ ਆਪਣੀ ਦਇਆ ਕਮਾਈਆ । ਚਰਨ ਦਵਾਰ ਕਰ ਪਰਵਾਨ, ਪਰਮਾਨੰਦ ਵਿਚ ਸਮਾਈਆ । ਆਤਮ ਸ਼ਬਦੀ ਬ੍ਰਹਮ ਗਿਆਨ, ਪਾਰਬ੍ਰਹਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਬਾਹਰ ਦਵਾਰ ਬੰਕ ਸੁਹਾਈਆ ।

### ❊ ੨੦ ਚੇਤ ੨੦੧੪ ਬਿਕ੍ਰਮੀ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਕਾਦਰਾਬਾਦ ਜ਼ਿਲਾ ਅੰਮ੍ਰਿਤਸਰ ❊

ਸਤਿਗੁਰ ਪੂਰਾ ਏਕ ਹੈ, ਏਕਾ ਏਕ ਅਕਾਲ । ਸ੍ਰਿਸ਼ਟ ਸਬਾਈ ਟੇਕ ਹੈ, ਦੀਨਾਂ ਬੰਧਪ ਦੀਨ ਦਿਆਲ । ਜਿਸ ਜਨ ਕਾਇਆ ਕਰੇ ਬੁਧ ਬਿਬੇਕ ਹੈ, ਦੇਵੇ ਨਾਮ ਸੱਚਾ ਧਨ ਮਾਲ । ਮਾਇਆ ਮਮਤਾ ਨਾ ਲਾਏ ਸੇਕ ਹੈ, ਨਾ ਸ਼ਾਹ ਨਾ ਕੰਗਾਲ । ਨੇਤਰ ਲੋਚਨ ਸਤਿਗੁਰ ਇਕ ਵਿਸੇਖ ਹੈ, ਕਾਇਆ ਚੋਲੀ ਰੰਗ ਚਾੜ੍ਹੇ ਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵਿਛੜੇ ਲਏ ਭਾਲ । ਸਤਿਗੁਰ ਪੂਰਾ ਸੱਜਣ, ਏਕਾ ਏਕ ਅਖਵਾਇਆ । ਜਿਸ ਜਨ ਬਖ਼ਸ਼ੇ ਚਰਨ ਧੂੜ ਸਾਚਾ ਮਜਨ, ਦੁਰਮਤ ਮੈਲ ਗਵਾਇਆ । ਆਪੇ ਹੋਇਆ ਪੜਦੇ ਕੱਜਨ, ਦੂਈ ਦਵੈਤੀ ਪੜਦਾ ਲਾਹਿਆ । ਭਾਂਡੇ ਭਰਮ ਗੜ੍ਹ ਹੰਕਾਰੀ ਭੱਜਣ, ਪ੍ਰਭ ਚਰਨ ਕਵਲ ਧਿਆਨ ਲਗਾਇਆ । ਅੰਮ੍ਰਿਤ ਆਤਮ ਪੀ ਪੀ ਰੱਜਣ, ਜਿਸ ਜਨ ਆਤਮ ਤ੍ਰਿਸ਼ਨ ਤ੍ਰਿਪਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵਿਛੜੇ ਲਏ ਮਿਲਾਇਆ । ਵਿਛੜੇ ਮੇਲੇ ਧੁਰ

ਸੰਜੋਗੀ, ਆਪਣਾ ਮੇਲ ਮਿਲਾਇੰਦਾ । ਦੂਈ ਦਵੈਤੀ ਕਟੇ ਰੋਗੀ, ਏਕਾ ਰੰਗ ਚੜ੍ਹਾਇੰਦਾ । ਰਸਨਾ ਜਿਹਵਾ ਸਾਚਾ ਭੋਗੀ, ਹਰਿ ਹਰਿ ਰਸਨਾ ਗਾਇੰਦਾ । ਦੇਵੇ ਦਰਸ ਆਤਮ ਅਮੋਘੀ, ਆਤਮ ਦਰ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰ ਸਰੋਵਰ ਇਕ ਵਿਖਾਇੰਦਾ । ਸਰ ਸਰੋਵਰ ਇਕ ਇਸ਼ਨਾਨ, ਏਕਾ ਏਕ ਵਖਾਇਆ । ਸਤਿਗੁਰ ਪੂਰਾ ਗੁਣ ਨਿਧਾਨ, ਗੁਰ ਪੂਰਾ ਦਇਆ ਕਮਾਇਆ । ਜੀਵ ਜੰਤ ਬਾਲ ਅੰਞਾਣ, ਭੁੱਲੇ ਰੁੱਲੇ ਗਲੇ ਲਗਾਇਆ । ਖੇਲੇ ਖੇਲ ਸ੍ਰੀ ਭਗਵਾਨ, ਆਪ ਉਪਾਏ ਆਪੇ ਦਏ ਮਿਟਾਇਆ । ਦੇਵਣਹਾਰਾ ਜੀਆ ਦਾਨ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਗੁਰਮੁਖ ਵਿਰਲੇ ਰਸਨਾ ਗਾਨ, ਆਤਮ ਦਰਸੀ ਦਰਸ ਵਖਾਇਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇਆ । ਰੰਗ ਰੰਗੀਲਾ ਸਤਿਗੁਰ ਨਾਉਂ, ਏਕਾ ਏਕ ਚੜ੍ਹਾਇੰਦਾ । ਵੇਖ ਵਖਾਏ ਥਾਈਂ ਥਾਉਂ, ਅੰਦਰ ਮੰਦਰ ਖੋਜ ਖੁਜਾਇੰਦਾ । ਆਪ ਉਠਾਏ ਫੜ ਫੜ ਬਾਹੋਂ, ਦਿਵਸ ਰੈਣ ਸੇਵ ਕਮਾਇੰਦਾ । ਪੁਰਖ ਅਬਿਨਾਸ਼ੀ ਅਗੰਮ ਅਥਾਹੋ, ਅਗੰਮ ਅਗੰਮੜੇ ਥਾਉਂ ਸੁਹਾਇੰਦਾ । ਕਰੇ ਕਰਾਏ ਸਚ ਨਿਆਉਂ, ਜਗਤ ਜਗਦੀਸ ਆਪਣਾ ਮੂਲ ਚੁਕਾਇੰਦਾ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਸਾਚੀ ਚੋਗ ਚੁਗਾਇੰਦਾ । ਆਪੇ ਪਿਤਾ ਆਪੇ ਮਾਉਂ, ਬਾਲੀ ਬਾਲਾ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਪਾਲਾ ਦੀਨ ਦਿਆਲਾ ਹਰਿ ਰਖਵਾਲਾ ਦਿਵਸ ਰੈਣ ਰੈਣ ਦਿਵਸ ਪੰਚਮ ਘਰ ਆਤਮ ਵੇਖ ਵਖਾਇੰਦਾ । ਨਿਜ ਘਰ ਆਤਮ ਵੇਖੇ ਵਿਗਸੇ, ਅਕਲ ਕਲਾ ਭਰਪੂਰਾ । ਭਗਤ ਜਨਾਂ ਰਾਹ ਸਾਚਾ ਦੱਸੇ, ਅੱਠੇ ਪਹਿਰ ਹਾਜ਼ਰ ਹਜ਼ੂਰਾ । ਤੀਰ ਨਿਰਾਲਾ ਏਕਾ ਕਸੇ, ਪੰਚ ਵਿਕਾਰਾ ਕਰੇ ਚੂਰ ਚੂਰਾ । ਮਿਟੇ ਰੈਣ ਅੰਧੇਰੀ ਮੱਸੇ, ਦਰਸ ਪਾਇਆ । ਨੇਤਰ ਨੈਣ ਸਤਿਗੁਰ ਪੂਰਾ ਭਗਤ ਜਨਾਂ ਹਿਰਦੇ ਵਸੇ, ਬੇਮੁਖਾਂ ਦਿਸੇ ਦੂਰਨ ਦੂਰਾ । ਜੋਤ ਪ੍ਰਕਾਸ਼ ਕੋਟਨ ਕੋਟ ਰਵ ਸਸੇ, ਉਪਜੇ ਧੁਨ ਨਾਦ ਅਨਾਹਦ ਧੁਨ ਆਤਮਕ ਤੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਚਤਰ ਬਣਾਏ ਮੂਰਖ ਮੂੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਬਖ਼ਸ਼ੇ ਚਰਨ ਮਸਤਕ ਧੂੜਾ ।

## ❊ ੨੧ ਚੇਤ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਇੱਕੀ ਪਰਿਵਾਰਾਂ ਦਾ ਇਕੱਠ ❊

ਗੋਬਿੰਦ ਤੇਰੀ ਸਾਚੀ ਧਾਰ, ਪ੍ਰਭ ਆਪਣੇ ਹੱਥ ਰਖਾਈਆ । ਪਰਗਟ ਹੋ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਬਦ ਡੰਕਾ ਅਪਰ ਅਪਾਰ, ਚਾਰੇ ਕੁੰਟਾਂ ਰਿਹਾ ਵਜਾਈਆ । ਰਾਓ ਰੰਕਾਂ ਕਰੇ ਖੁਆਰ, ਰਾਜ ਰਾਜਾਨਾਂ ਰਿਹਾ ਉਠਾਈਆ । ਸ਼ਾਹ ਸੁਲਤਾਨਾਂ ਏਕੰਕਾਰ, ਸਚ ਸਿੰਘਾਸਣ ਡੇਰਾ ਲਾਈਆ । ਸ਼ਬਦ ਖੰਡਾ ਤੇਜ ਕਟਾਰ, ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣੇ ਹੱਥ ਉਠਾਈਆ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਪ੍ਰਭ ਪਾਵੇ ਸਾਰ, ਸਮਰਥ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਮੇਲ ਮਿਲਾਈਆ । ਗੋਬਿੰਦ ਮੇਲਾ ਹਰਿ ਨਿਰੰਕਾਰ, ਪ੍ਰਭ ਸਾਚੇ ਆਪ ਮਿਲਾਇਆ । ਆਪ ਆਪਣੀ ਕਿਰਪਾ ਧਾਰ, ਆਪਣਾ ਪੱਲਾ ਨਾਮ ਫੜਾਇਆ । ਦਿਵਸ ਰੈਣ ਕਰੇ ਪਿਆਰ,

੬੭੮ ੦੬

੬੭੯
੦੬

ਅੱਠੇ ਪਹਿਰ ਵੇਖ ਵਖਾਇਆ । ਦੋ ਜਹਾਨਾਂ ਪਾਵੇ ਸਾਰ, ਵਿਛੜ ਕਦੇ ਨਾ ਜਾਇਆ । ਜੁਗ ਜੁਗ ਲਏ ਮਾਤ ਅਵਤਾਰ, ਆਪ ਧਾਰਾ ਰਿਹਾ ਚਲਾਇਆ । ਸਤਿਜੁਗ ਦੁਆਪਰ ਤ੍ਰੇਤਾ ਉਤਰਿਆ ਪਾਰ, ਕਲਜੁਗ ਅੰਤਮ ਆਇਆ । ਪਰਗਟ ਜੋਤ ਹਰਿ ਨਿਰੰਕਾਰ, ਨਾਮ ਖੰਡਾ ਰਿਹਾ ਉਠਾਇਆ । ਸ਼ਬਦ ਸਰੂਪੀ ਮਾਰੇ ਮਾਰ, ਬ੍ਰਹਿਮੰਡਾਂ ਖੋਜ ਖੁਜਾਇਆ । ਬ੍ਰਹਮਾ ਸ਼ਿਵ ਦੇਵਤ ਸੁਰ ਦਏ ਹੁਲਾਰ, ਜੇਰਜ ਅੰਡਾਂ ਵੇਖ ਵਖਾਇਆ । ਭੇਖ ਪਖੰਡਾ ਦਏ ਨਿਵਾਰ, ਨੌ ਖੰਡਾਂ ਆਪ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਅਖਵਾਇਆ । ਗੋਬਿੰਦ ਤੇਰਾ ਸਾਚਾ ਸੰਗ, ਪ੍ਰਭ ਸਾਚਾ ਆਪ ਨਿਭਾਇੰਦਾ । ਸਾਚੇ ਘੋੜੇ ਕਸ ਤੰਗ, ਲੋਕਮਾਤ ਵੇਖ ਵਖਾਇੰਦਾ । ਧਰਤ ਮਾਤ ਤੇਰੀ ਸੇਜ ਸੁਹਾਈ ਸਾਢੇ ਤਿੰਨ ਹੱਥ ਨਾਮ ਪਲੰਘ, ਸਚ ਘਰ ਆਪਣਾ ਆਪ ਟਿਕਾਇੰਦਾ । ਸ੍ਰਿਸ਼ਟ ਸਬਾਈ ਨੌ ਦਵਾਰੇ ਰਹੀ ਲੰਘ, ਜੂਠ ਝੂਠ ਭਰਮ ਭੁਲਾਇੰਦਾ । ਗੁਰਮੁਖ ਵਿਰਲਾ ਦਸਮ ਦਵਾਰੀ ਆਏ ਲੰਘ, ਪ੍ਰਭ ਸਾਚਾ ਨਜ਼ਰੀ ਆਇੰਦਾ । ਕਾਇਆ ਚੋਲੀ ਚਾੜ੍ਹੇ ਰੰਗ, ਦੁਰਮਤ ਮੈਲ ਗਵਾਇੰਦਾ । ਮਾਨਸ ਜਨਮ ਨਾ ਹੋਏ ਭੰਗ, ਹਰਿਜਨ ਚਰਨੀ ਸੀਸ ਝੁਕਾਇੰਦਾ । ਦੋਏ ਜੋੜ ਦਰ ਦਵਾਰ ਜੋ ਜਨ ਲਏ ਮੰਗ, ਪ੍ਰਭ ਪੂਰਨ ਇਛਿਆ ਆਪ ਕਰਾਇੰਦਾ । ਕਲਜੁਗ ਕਾਇਆ ਕਾਚੀ ਵੰਗ, ਅੰਤਮ ਭੰਨ ਵਖਾਇੰਦਾ । ਪ੍ਰਭ ਅੰਤਮ ਵੇਖੇ ਭੁੱਖ ਨੰਗ, ਸੰਮਤ ਚੌਦਾਂ ਰੁੱਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਅਖਵਾਇੰਦਾ । ਗੁਰ ਸ਼ਬਦ ਤੇਰੀ ਸਾਚੀ ਰਾਸ, ਪ੍ਰਭ ਸਾਚਾ ਆਪ ਵਖਾਇੰਦਾ । ਦਿਵਸ ਰੈਣ ਵਸੇ ਪਾਸ, ਵਿਛੜ ਕਦੇ ਨਾ ਜਾਇੰਦਾ । ਜੋਤ ਸਰੂਪ ਪੁਰਖ ਅਬਿਨਾਸ਼, ਅਬਿਨਾਸ਼ੀ ਪੁਰਖ ਆਪ ਅਖਵਾਇੰਦਾ । ਆਪੇ ਹੋਇਆ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਆਦਿ ਅੰਤ ਨਾ ਜਾਏ ਵਿਨਾਸ, ਜੁਗ ਜੁਗ ਅਟੱਲ ਰਹਾਇੰਦਾ । ਕਲਜੁਗ ਮੰਡਲ ਵੇਖੇ ਰਾਸ, ਲੋਆਂ ਪੁਰੀਆਂ ਫੇਰਾ ਪਾਇੰਦਾ । ਲੱਖ ਚੁਰਾਸੀ ਤੇਰਾ ਲੇਖਾ ਚੁੱਕੇ ਦਸ ਦਸ ਮਾਸ, ਆਵਣ ਜਾਵਣ ਖੇਲ ਖਿਲਾਇੰਦਾ । ਗੁਰਮੁਖ ਸਾਚੇ ਸੰਤ ਜਨਾਂ ਹਰਿ ਹਿਰਦੇ ਰੱਖੇ ਵਾਸ, ਦਿਵਸ ਰੈਣ ਦਰਸ ਦਿਖਾਇੰਦਾ । ਨਿਰਮਲ ਜੋਤੀ ਦੀਪ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਅੰਤਮ ਵੇਲਾ ਗਾਇਆ ਸਵਾਸ ਸਵਾਸ, ਸੰਮਤ ਚੌਦਾਂ ਲੇਖੇ ਲਾਇੰਦਾ । ਕਾਇਆ ਕਲਜੁਗ ਦਿਸੇ ਪਰਭਾਸ, ਸਾਚਾ ਮੰਗਲ ਨਾ ਕੋਈ ਗਾਇੰਦਾ । ਲੱਖ ਚੁਰਾਸੀ ਅੰਤਮ ਅੰਤ ਹੋਏ ਨਿਰਾਸ, ਪੱਲੇ ਨਾਮ ਨਾ ਕੋਈ ਬੰਧਾਇੰਦਾ । ਧਰਮ ਰਾਏ ਗਲ ਦੇਵੇ ਫਾਸ, ਪੰਚਮ ਜੇਠੀ ਹੱਥ ਰਖਾਇੰਦਾ । ਪਰਗਟ ਹੋਏ ਘਨਕਪੁਰ ਵਾਸ, ਨਿਹਕਲੰਕ ਨਾਉਂ ਰਖਾਇੰਦਾ । ਗੁਰਸਿਖਾਂ ਪੂਰ ਕਰਾਏ ਆਸ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਹਰਿ ਦਾਤਾ ਸਰਬ ਗੁਣਤਾਸ, ਸਾਚੀ ਭਿਛਿਆ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਬਣਤ ਬਣਾਇੰਦਾ । ਗੁਰ ਗੋਬਿੰਦ ਤੇਰੀ ਰੱਤ, ਹਰਿ ਆਪਣੇ ਲੇਖੇ ਲਾਈਆ । ਮਿਲਿਆ ਮੇਲਾ ਕਮਲਾਪਤ, ਵਿਛੜ ਕਦੇ ਨਾ ਜਾਈਆ । ਸਤਿ ਸੰਤੋਖ ਧੀਰਜ ਸਤਿ, ਸਾਂਤਕ ਸਤਿ ਕਰਾਈਆ । ਆਤਮ ਬੀਜ ਬੀਜਿਆ ਸਾਚੇ ਵੱਤ, ਕਲਜੁਗ ਅੰਤਮ ਫਲ ਖਵਾਈਆ । ਜੁਗ ਜੁਗ ਰੱਖਣਹਾਰਾ ਪਤ, ਲੋਕਮਾਤ ਦਏ ਵਡਿਆਈਆ । ਲੱਖ ਚੁਰਾਸੀ ਲੇਖਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਜਨ ਭਗਤਾਂ ਮੇਲ ਮਿਲਾਈਆ । ਮਨਮੁਖ ਜੀਵਾਂ ਪਾਏ ਨੱਥ, ਚਾਰੋਂ ਕੁੰਟ ਦਏ ਦੁਹਾਈਆ । ਜਨ ਭਗਤਾਂ ਸਗਲ ਵਸੂਰੇ ਜਾਇਣ ਲੱਥ, ਜੋ ਜਨ ਇੱਕੀ ਚੇਤਰ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ

ਨਰਾਇਣ ਨਰ, ਗੋਬਿੰਦ ਸੇਵਾ ਸੇਵ ਕਮਾਈਆ । ਗੋਬਿੰਦ ਦਾਤਾ ਹਰਿ ਗੁਰ ਦਿਆਲ, ਦਇਆਵਾਨ ਮਿਹਰਬਾਨਾ । ਗੁਰਮੁਖ ਉਠਾਏ ਸਾਚੇ ਲਾਲ, ਸੁਣਾਏ ਧੁਰ ਫ਼ਰਮਾਣਾ । ਸ਼ਬਦ ਲਪੇਟੇ ਸਚ ਦੁਸ਼ਾਲ, ਹੱਥੀਂ ਬੰਨ੍ਹੇ ਸੋਹੰ ਗਾਨਾ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਮੁਖ ਛੁਪਾਨਾ । ਏਕਾ ਮੇਲਾ ਜੋਤ ਅਕਾਲ, ਦੂਸਰ ਕੋਈ ਨਾ ਸੰਗ ਰਲਾਨਾ । ਸ਼ਬਦ ਵਜਾਏ ਸਾਚਾ ਤਾਲ, ਢੋਲਕ ਛੈਣਾ ਨਾ ਕੋਈ ਵਜਾਨਾ । ਸੋਹੰ ਪਹਿਨਾਏ ਤਨ ਸ਼ਸਤਰ ਬਾਨ, ਰਸਨਾ ਚਿਲ੍ਹਾ ਇਕ ਵਿਖਾਨਾ । ਗੋਬਿੰਦ ਗੋਬਿੰਦ ਗੋਬਿੰਦ ਸਾਰੇ ਗਾਨ, ਗੋਬਿੰਦ ਹੱਥ ਕਿਸੇ ਨਾ ਆਨਾ । ਪਰਗਟ ਹੋਏ ਜੋਧਾ ਸੂਰ ਬਲੀ ਬਲਵਾਨ, ਨੀਲੇ ਘੋੜੇ ਸੰਗ ਰਖਾਨਾ । ਕਲਗੀ ਤੋੜਾ ਇਕ ਮਹਾਨ, ਜੋਤੀ ਜੋੜਾ ਮੇਲ ਮਿਲਾਨਾ । ਮਿਲਿਆ ਮੇਲ ਸ੍ਰੀ ਭਗਵਾਨ, ਸਾਚਾ ਧਾਮ ਇਕ ਸੁਹਾਨਾ । ਸੋ ਪੁਰਖ ਨਿਰੰਜਣ ਝੁਲਾਏ ਸਚ ਨਿਸ਼ਾਨ, ਲੋਆਂ ਪੁਰੀਆਂ ਆਪ ਵਖਾਨਾ । ਚਾਰ ਵਰਨਾਂ ਦੇਵੇ ਇਕ ਗਿਆਨ, ਬ੍ਰਹਮ ਗਿਆਨੀ ਆਪ ਹੋ ਜਾਨਾ । ਸੰਤ ਸੁਹੇਲੇ ਆਪ ਪਛਾਨ, ਆਪ ਆਪਣੇ ਚਰਨ ਲਗਾਨਾ । ਦੇਵੇ ਦਾਤ ਦਾਨੀ ਹਰਿ ਗੁਣ ਨਿਧਾਨ, ਚਾਰ ਵਰਨ ਵਡ ਮਿਹਰਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦ ਤੇਰਾ ਸੰਗ ਲੋਕਮਾਤ ਆਪ ਨਿਭਾਨਾ । ਗੁਰ ਗੋਬਿੰਦੇ ਚੜ੍ਹਿਆ ਚਾਅ, ਪ੍ਰਭ ਅੱਗੇ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਮਿਲਿਆ ਸਚ ਮਲਾਹ, ਜਨ ਭਗਤਾਂ ਬੇੜਾ ਬੰਧਾਇੰਦਾ । ਆਵਣ ਜਾਵਣ ਤੁੱਟਾ ਫਾਹ, ਜੋ ਜਨ ਏਕਾ ਇੱਕੀ ਮਾਤ ਪਾਇੰਦਾ । ਮਿਲੇ ਮੇਲ ਹਰਿ ਬੇਪਰਵਾਹ, ਆਪ ਆਪਣੇ ਅੰਗ ਲਗਾਇੰਦਾ । ਲੇਖੇ ਲਾਏ ਰਸਨ ਸਵਾਸ ਸਵਾਸਾ, ਜੋ ਜਨ ਰਸਨਾ ਗਾਇੰਦਾ । ਮਨਮੁਖ ਜੀਵਾਂ ਨਾ ਦੇਵੇ ਕੋਈ ਥਾਂ, ਦਰ ਦਵਾਰੇ ਆਪ ਦੁਰਕਾਇੰਦਾ । ਜਨ ਭਗਤਾਂ ਦੇਵੇ ਠੰਢੀ ਛਾਂ, ਦਿਵਸ ਰੈਣ ਸੇਵ ਕਮਾਇੰਦਾ । ਆਪੇ ਪਿਤਾ ਆਪੇ ਮਾਂ, ਗੁਰਮੁਖ ਬਾਲ ਅੰਞਾਣੇ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਰੰਗ ਰੰਗਾਇੰਦਾ । ਗੋਬਿੰਦ ਰੰਗਾਇਆ ਰੰਗ ਗੁਲਾਲ, ਹਰਿ ਏਕਾ ਏਕ ਚੜ੍ਹਾਇਆ । ਸ਼ਬਦ ਬਣਾਇਆ ਸਚ ਦਲਾਲ, ਸਾਚਾ ਮੇਲ ਮਿਲਾਇਆ । ਜੋਤੀ ਧਾਰ ਇਕ ਅਕਾਲ, ਅਕਲ ਕਲਾ ਅਖਵਾਇਆ । ਆਪ ਆਪਣੀ ਸੁਰਤ ਸੰਭਾਲ, ਹਰਿਜਨ ਸਾਚੇ ਰਿਹਾ ਜਗਾਇਆ । ਵੇਖੇ ਫਲ ਕਾਇਆ ਲੱਗੇ ਡਾਲ੍ਹ, ਜਿਸ ਜਨ ਰਸਨਾ ਹਰਿ ਹਰਿ ਗਾਇਆ । ਕਲਜੁਗ ਵਜਾਏ ਜੂਠਾ ਝੂਠਾ ਤਾਲ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਤੇਰਾ ਸਾਚਾ ਸੰਗ, ਲੋਕਮਾਤ ਰਿਹਾ ਨਿਭਾਇਆ । ਗੋਬਿੰਦ ਤੇਰਾ ਸਾਚਾ ਸੰਗ, ਪ੍ਰਭ ਸਾਚੇ ਮਾਤ ਨਿਭਾਵਣਾ । ਦਰ ਦਵਾਰੇ ਮੰਗੀ ਮੰਗ, ਪੂਰੀ ਇਛਿਆ ਆਪ ਕਰਾਵਣਾ । ਲੋਆਂ ਪੁਰੀਆਂ ਰਿਹਾ ਲੰਘ, ਸੰਮਤ ਚੌਦਾਂ ਥਿਤ ਸੁਹਾਵਣਾ । ਪੰਚਮ ਜੇਠ ਸ਼ਬਦ ਸਿੰਘਾਸਣ ਬੈਠ ਪਲੰਘ, ਨੌ ਖੰਡ ਪ੍ਰਿਥਮੀ ਆਪ ਹਿਲਾਵਣਾ । ਚਿੱਟੇ ਅਸਵ ਕਸਿਆ ਤੰਗ, ਸੋਲਾਂ ਕਲੀਆਂ ਆਸਣ ਲਾਵਣਾ । ਤ੍ਰੈਗੁਣ ਮਾਇਆ ਮਾਰੇ ਡੰਗ, ਨਾ ਮੁਖ ਕਿਸੇ ਭਵਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦੇਵੇ ਏਕਾ ਵਰ, ਵਰ ਦਾਤਾ ਆਪ ਅਖਵਾਵਣਾ । ਗੁਰ ਗੋਬਿੰਦਾ ਕਰ ਨਿਮਸਕਾਰ, ਦਿਵਸ ਰੈਣ ਖ਼ੁਸ਼ੀ ਮਨਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇਵੇ ਮਾਤ ਵਡਿਆਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਰਿਹਾ ਲਟਕਾਈਆ । ਕਛ ਕੜਾ ਕੇਸ ਕ੍ਰਿਪਾਨ ਮਾਰ ਧਿਆਨ, ਸ਼ਸਤਰ ਬਸਤਰ ਏਕਾ ਨਾਉਂ ਸੋਹੰ ਤਨ ਪਹਿਨਾਈਆ । ਆਪੇ ਵਸਿਆ

ਹੋ ਮਿਹਰਵਾਨ, ਮੰਦਰ ਅੰਦਰ ਡੇਰਾ ਲਾਈਆ । ਆਪੇ ਗੁਪਤ ਆਪੇ ਜ਼ਾਹਿਰ, ਆਪ ਆਪਣਾ ਬੈਠਾ ਮੁਖ ਛੁਪਾਈਆ । ਜਨ ਭਗਤਾਂ ਕਰੇ ਖ਼ਬਰਦਾਰ, ਸ਼ਬਦ ਸੁਨੇਹੜਾ ਦਏ ਜਣਾਈਆ । ਸੰਮਤ ਚੌਦਾਂ ਰਿਹਾ ਪੁਕਾਰ, ਕਲਜੁਗ ਰੈਣ ਅੰਧੇਰੀ ਛਾਈਆ । ਪਹਿਲੀ ਚੇਤਰ ਹੋ ਤਿਆਰ, ਪ੍ਰਭ ਸਾਚੀ ਬਣਤ ਬਣਾਈਆ । ਗੁਰਮੁਖਾਂ ਮੰਗੇ ਜਾਏ ਦਵਾਰ, ਅੱਗੇ ਆਪਣੀ ਝੋਲੀ ਡਾਹੀਆ । ਪਾਰਬ੍ਰਹਮ ਬਣ ਭਿਖਾਰ, ਏਕਾ ਆਪਣੀ ਧਾਰ ਰਖਾਈਆ । ਗੁਰਮੁਖਾਂ ਕਰੇ ਨਿਮਸਕਾਰ, ਜਿਸ ਮਿਲਿਆ ਹਰਿ ਰਘੁਰਾਈਆ । ਗੋਬਿੰਦ ਗੁਰ ਅੱਧਵਿਚਕਾਰ, ਜਗਤ ਵਿਚੋਲਾ ਰਿਹਾ ਬਣਾਈਆ । ਮਨਮੁਖ ਡੋਬੇ ਮੰਝਧਾਰ, ਗੁਰਮੁਖ ਸਾਚੇ ਪਾਰ ਕਰਾਈਆ । ਵਰਨ ਗੋਤਾਂ ਵਸੇ ਬਾਹਰ, ਕੇਸਾਧਾਰੀ ਨਾ ਮੂੰਡ ਮੁੰਡਾਈਆ । ਜੋਤ ਸਰੂਪੀ ਇਕ ਆਕਾਰ, ਹਰ ਘਟ ਬੈਠਾ ਆਸਣ ਲਾਈਆ । ਸ਼ਬਦ ਸਰੂਪੀ ਤੇਜ ਕਟਾਰ, ਜੁਗਾ ਜੁਗੰਤਰ ਇਕ ਰਖਾਈਆ । ਨਿਹਕਲੰਕਾ ਲਏ ਅਵਤਾਰ, ਆਪਣੀ ਕਲ ਰਿਹਾ ਵਰਤਾਈਆ । ਨੌ ਖੰਡ ਪ੍ਰਿਥਮੀ ਹਾਹਾਕਾਰ, ਸੱਤਾਂ ਦੀਪਾਂ ਰਿਹਾ ਜਗਾਈਆ । ਲੋਆਂ ਪੁਰੀਆਂ ਦਏ ਹੁਲਾਰ, ਬ੍ਰਹਮਾ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਪਾਰ ਕਰਾਈਆ । ਗੁਰਮੁਖ ਸਾਚੇ ਕਰ ਤਿਆਰ, ਸਾਚੇ ਧਾਮ ਬਹਾਈਆ । ਏਕਾ ਸ਼ਬਦ ਹਰਿ ਭੰਡਾਰ, ਸਤਿਜੁਗ ਸਾਚੇ ਝੋਲੀ ਪਾਈਆ । ਸੋਹੰ ਸ਼ਬਦ ਅਪਰ ਅਪਾਰ, ਕਿਸੇ ਹੱਥ ਨਾ ਆਈਆ । ਕੋਟਨ ਕੋਟ ਮੰਗਦੇ ਪ੍ਰਭ ਚਰਨ ਦਵਾਰ, ਸਾਚੀ ਭਿਛਿਆ ਕਿਸੇ ਹੱਥ ਨਾ ਆਈਆ । ਅੰਤਮ ਰੋ ਰੋ ਗਏ ਧਾਹਾਂ ਮਾਰ, ਲੋਕਮਾਤ ਹੋਈ ਜੁਦਾਈਆ । ਪਾਰਬ੍ਰਹਮ ਤੇਰੀ ਕੋਈ ਨਾ ਪਾਵੇ ਸਾਰ, ਨਾਨਕ ਕਬੀਰਾ ਗਏ ਗਾਈਆ । ਗੋਬਿੰਦ ਬੈਠਾ ਅੱਧਵਿਚਕਾਰ, ਪ੍ਰਭ ਸਾਚੇ ਸੇਵਾ ਲਾਈਆ । ਪਰਗਟ ਹੋ ਨਰ ਨਿਰੰਕਾਰ, ਆਪਣਾ ਮੇਲ ਮਿਲਾਈਆ । ਵਰਭੰਡੀ ਵੇਖੇ ਕਰ ਵਿਚਾਰ, ਭੇਖ ਪਖੰਡੀ ਦਏ ਮਿਟਾਈਆ । ਆਤਮ ਰੰਡੀ ਨਰ ਨਾਰ, ਕੰਤ ਸੁਹਾਗ ਨਾ ਕੋਈ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਸਾਚਾ ਦਰ, ਪ੍ਰਭ ਅਬਿਨਾਸ਼ੀ ਸਾਚਾ ਘਰ ਇਕ ਸੁਹਾਈਆ । ਗੋਬਿੰਦ ਤੇਰਾ ਸਚ ਦਵਾਰ, ਪ੍ਰਭ ਸਾਚਾ ਅਲਖ ਜਗਾਇੰਦਾ । ਪਰਗਟ ਹੋ ਵਿਚ ਸੰਸਾਰ, ਏਕਾ ਨਾਮ ਮੰਗ ਮੰਗਾਇੰਦਾ । ਜੋਤ ਸਰੂਪੀ ਕਰ ਆਕਾਰ, ਨੌ ਦਵਾਰੇ ਆਪੇ ਬੰਦ ਕਰਾਇੰਦਾ । ਭੇਵ ਨਾ ਪਾਇਣ ਜੀਵ ਗਵਾਰ, ਗੁਰ ਦਰ ਮੰਦਰ ਵੇਖ ਵਖਾਇੰਦਾ । ਜੋਤ ਸਰੂਪੀ ਸ਼ਬਦ ਅਧਾਰ, ਪਵਣੀ ਬਣਤ ਬਣਾਇੰਦਾ । ਸਾਧ ਸੰਤ ਹੋਏ ਵਿਭਚਾਰ, ਸੁਰਤ ਸਵਾਣੀ ਨਾ ਕੋਈ ਪਰਨਾਇੰਦਾ । ਜੂਠ ਝੂਠ ਭਰਿਆ ਭੰਡਾਰ, ਕਲਜੁਗ ਅੰਤਮ ਮਾਤ ਵਰਤਾਇੰਦਾ । ਅਗੰਮ ਅਗੰਮੜੀ ਕਰੇ ਧਾਰ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਹੱਡ ਮਾਸ ਨਾੜੀ ਜਗਤ ਵਣਜਾਰ, ਸਾਚਾ ਵਣਜ ਨਾ ਕੋਈ ਕਰਾਇੰਦਾ । ਜੂਠ ਝੂਠ ਪੰਜ ਤਤ ਜਗਤ ਵਿਕਾਰ, ਨਾਤਾ ਆਪ ਬੰਧਾਇੰਦਾ । ਗੁਰਮੁਖ ਵਿਰਲਾ ਕਰੇ ਤਨ ਸ਼ਿੰਗਾਰ, ਗੁਰ ਕਾ ਸ਼ਬਦ ਤਨ ਪਹਿਨਾਇੰਦਾ । ਵੇਖੇ ਵਿਗਸੇ ਕਰ ਵਿਚਾਰ, ਨੇਤਰ ਲੋਚਨ ਨੈਣ ਖੋਲ੍ਹ ਵਖਾਇੰਦਾ । ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਹਰਿ ਪਾਵੇ ਸਾਰ, ਲੋਕਮਾਤ ਲੇਖਾ ਕੋਈ ਰਹਿਣ ਨਾ ਪਾਇੰਦਾ । ਦੇਵ ਦੰਤ ਹਰਿ ਦਏ ਹੁਲਾਰ, ਸੰਮਤ ਚੌਦਾਂ ਵੇਖ ਵਖਾਇੰਦਾ । ਮਨਮੁਖ ਜੀਵਾਂ ਪਾਰ ਕਿਨਾਰ, ਪ੍ਰਭ ਸਾਚੀ ਬਣਤ ਬਣਾਇੰਦਾ । ਧਰਮ ਰਾਏ ਖੋਲ੍ਹ ਕਿਵਾੜ, ਲੋਕਮਾਤੀ ਰਾਹ ਤਕਾਇੰਦਾ । ਧਰਤ ਮਾਤ ਵੇਖੇ ਇਕ ਅਖਾੜ, ਅੰਗ ਸੰਗ ਆਪ ਨਿਭਾਇੰਦਾ । ਆਪੇ ਵੇਖੇ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਤੇਰਾ ਸਾਚਾ ਦਰ, ਏਕਾ ਘਰ ਸੁਹਾਇੰਦਾ ।

ਗੋਬਿੰਦ ਤੇਰਾ ਦਰ ਦਵਾਰ, ਏਕਾ ਏਕ ਵਖਾਨਿਆ । ਜੋਤ ਸਰੂਪੀ ਕਰੇ ਆਕਾਰ, ਮਿਲੇ ਮੇਲ ਸ੍ਰੀ ਭਗਵਾਨਿਆ । ਸ਼ਬਦ ਡੰਕ ਅਪਰ ਅਪਾਰ, ਵਜਾਏ ਵਾਲੀ ਦੋ ਜਹਾਨਿਆ । ਗੁਰਮੁਖ ਸਾਚੇ ਕਰ ਪਿਆਰ, ਦਰਸ ਵਖਾਏ ਇਕ ਮਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗਤ ਦੇਵੇ ਏਕਾ ਵਰ, ਵਰ ਦਾਤਾ ਆਪ ਅਖਵਾਨਿਆ ।

ਨਾਮ ਗੜ੍ਹ ਅਪਾਰ, ਗੋਬਿੰਦ ਸੁਹਾਇਆ । ਉਪਰ ਚੜ੍ਹ ਨਰ ਨਿਰੰਕਾਰ, ਏਕਾ ਆਸਣ ਲਾਇਆ । ਜੋਤ ਸਰੂਪੀ ਕਰ ਆਕਾਰ, ਪੁਰਖ ਅਬਿਨਾਸ਼ੀ ਨਾਉਂ ਧਰਾਇਆ । ਖੇਲੇ ਖੇਲ ਘਨਕਪੁਰ ਵਾਸ, ਦਿਸ ਕਿਸੇ ਨਾ ਆਇਆ । ਆਪੇ ਦਾਤਾ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸੰਗ ਆਪ ਨਿਭਾਇਆ । ਗੋਬਿੰਦ ਕਾਇਆ ਸਚ ਮਹੱਲਾ, ਹਰਿ ਸਾਚੀ ਜੋਤ ਜਗਾਈਆ । ਆਪੇ ਵੇਖੇ ਇਕ ਇਕੱਲਾ, ਦੂਸਰ ਦਿਸ ਨਾ ਆਈਆ । ਸ਼ਬਦੀ ਜੋਤੀ ਆਪੇ ਰੱਲਾ, ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਨਿਹਚਲ ਧਾਮ ਅਟੱਲਾ, ਦਰ ਘਰ ਸਾਚਾ ਇਕ ਵਖਾਈਆ । ਗੋਬਿੰਦ ਕਾਇਆ ਸਾਚਾ ਘਰ, ਹਰਿ ਸਾਚੇ ਬਣਤ ਬਣਾਈਆ । ਦੇਵਣਹਾਰਾ ਆਪੇ ਵਰ, ਆਪਣੇ ਹੱਥ ਰੱਖੀ ਵਡਿਆਈਆ । ਲੋਕਮਾਤ ਹਰਿ ਲੈ ਅਵਤਾਰ, ਭੇਖਾਧਾਰੀ ਭੇਖ ਵਟਾਈਆ । ਗੋਬਿੰਦ ਲਿਆ ਮਾਤ ਵਰ, ਨਾਰੀ ਕੰਤਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਬਣਤਾ ਰਿਹਾ ਬਣਾਈਆ । ਗੋਬਿੰਦ ਨਾਰੀ ਕੰਤ ਭਤਾਰ, ਪਾਇਆ ਕੰਤ ਕੰਤੂਹਲਾ । ਸੂਹਾ ਕਰੇ ਤਨ ਸ਼ਿੰਗਾਰ, ਸ਼ਬਦ ਪਵਣੀ ਏਕਾ ਝੂਲਾ । ਆਪ ਝੁਲਾਏ ਹਰਿ ਨਿਰੰਕਾਰ, ਵਡ ਦਾਤਾ ਦੂਲ੍ਹੋ ਦੂਲਾ । ਕਲਜੁਗ ਅੰਤਮ ਵੇਖ ਵਿਚਾਰ, ਆਪੇ ਫਲਿਆ ਆਪੇ ਫੂਲਾ । ਲੱਖ ਚੁਰਾਸੀ ਪਾਵੇ ਸਾਰ, ਜੀਵਾਂ ਜੰਤਾਂ ਸਾਧਾਂ ਸੰਤਾਂ ਲਹਿਣਾ ਦੇਣਾ ਚੁਕਾਏ ਪਿਛਲਾ ਮੂਲਾ । ਗੁਰਮੁਖ ਸਾਚੇ ਲਏ ਉਭਾਰ, ਸੋਹੰ ਸੁਣਾਏ ਸਾਚਾ ਢੋਲਾ । ਬਾਹੋਂ ਫੜ ਫੜ ਲਾਏ ਪਾਰ, ਧੁਰਦਰਗਾਹੀ ਏਕਾ ਤੋਲਾ । ਸੰਮਤ ਸੰਮਤੀ ਰਿਹਾ ਵਿਚਾਰ, ਸ਼ਬਦ ਬਣਾਏ ਨਾਮ ਵਿਚੋਲਾ । ਸੰਮਤ ਤੇਰਾਂ ਸਾਚੀ ਧਾਰ, ਸਚ ਦਵਾਰਾ ਏਕਾ ਖੋਲ੍ਹਾ । ਚਾਰ ਵਰਨ ਜੈ ਜੈਕਾਰ, ਭੇਵ ਚੁਕਾਏ ਪੜਦਾ ਉਹਲਾ । ਸੋਹੰ ਰੱਖੇ ਤਿੱਖੀ ਧਾਰ, ਨੌ ਖੰਡ ਪ੍ਰਿਥਮੀ ਬਣਾਏ ਦਰ ਦਵਾਰੇ ਗੋਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਖੇਲਣਹਾਰਾ ਹੋਲਾ । ਗੁਰ ਗੁਰ ਸਤਿ ਸਰੂਪ, ਸਚ ਵਿਚ ਸਮਾਇਆ । ਆਪੇ ਸ਼ਾਹੋ ਆਪੇ ਭੂਪ, ਸਚ ਤਖ਼ਤ ਸੁਲਤਾਨ ਆਪ ਬਹਾਇਆ । ਆਪੇ ਵੇਖੇ ਚਾਰ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਤੀਰ ਨਿਰਾਲਾ ਰਿਹਾ ਛੂਟ, ਰਸਨਾ ਚਿਲ੍ਹੇ ਆਪ ਚੜ੍ਹਾਇਆ । ਦੋ ਜਹਾਨਾਂ ਇਕ ਹੁਲਾਰਾ ਰਿਹਾ ਝੂਟ, ਆਪਣਾ ਝੂਲਾ ਰਿਹਾ ਝੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਤ੍ਰਿਸੂਲ ਇਕ ਉਠਾਇਆ । ਗੋਬਿੰਦ ਤੇਰੀ ਜੋਗ ਜੁਗਤੀ, ਪ੍ਰਭ ਆਪਣੇ ਹੱਥ ਰਖਾਈਆ । ਆਪ ਆਪਣੀ ਦੇਵੇ ਸ਼ਕਤੀ, ਏਕਾ ਸ਼ਕਤ ਵਖਾਈਆ । ਲੇਖੇ ਲਾਏ ਬੂੰਦ ਰਕਤੀ, ਹਰਿਜਨ ਸਾਚੇ ਰਿਹਾ ਤਰਾਈਆ । ਆਪੇ ਜਾਣੇ ਵਾਕ ਭਵਿਖਤੀ, ਭਵਿਖਤ ਵਾਕ ਆਪ ਜਣਾਈਆ । ਆਪੇ ਲਿਖਣਹਾਰਾ ਲੇਖ ਲਿਖਤੀ, ਲਿਖ ਲਿਖ ਲੇਖ ਲਿਖਾਈਆ । ਗੁਰਮੁਖ ਸਾਚੇ ਵੇਖ ਵੇਖਤੀ, ਸਾਚੀ ਸਿੱਖੀ

ਰਿਹਾ ਬਣਾਈਆ । ਚਾਰ ਵਰਨਾਂ ਸਾਚਾ ਭਗਤੀ, ਚਰਨ ਪ੍ਰੀਤੀ ਰਿਹਾ ਜਣਾਈਆ । ਲੱਖ ਚੁਰਾਸੀ ਕਲਜੁਗ ਮਾਇਆ ਅਗਨੀ ਦਗਤੀ, ਚਾਰ ਕੁੰਟ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਕਾਇਆ ਖੇਲ ਖਿਲਾਈਆ । ਗੋਬਿੰਦ ਕਾਇਆ ਸਾਚਾ ਖੇਲ, ਅਚਰਜ ਆਪ ਕਰਾਇਆ । ਆਪ ਆਪਣਾ ਕੀਆ ਮੇਲ, ਗੋਬਿੰਦ ਰੂਪ ਸਮਾਇਆ । ਜੋਤ ਨਿਰੰਜਣ ਚਾੜ੍ਹੇ ਤੇਲ, ਸਾਚੀ ਸਈਆ ਮੰਗਲ ਗਾਇਆ । ਆਪੇ ਵੇਖੇ ਨਰ ਨਰਾਇਣ, ਤੀਜਾ ਨੇਤਰ ਲੋਚਨ ਖੋਲ੍ਹ ਵਖਾਇਆ । ਏਕਾ ਸਾਕ ਸੱਜਣ ਸੈਣ, ਹਰਿ ਗੋਬਿੰਦ ਆਪ ਅਖਵਾਇਆ । ਆਪ ਚੁਕਾਏ ਲਹਿਣਾ ਦੇਣ, ਜੁਗ ਜੁਗ ਵੇਸ ਵਟਾਇਆ । ਤਨ ਪਹਿਨਾਏ ਬਸਤਰ ਸ਼ਬਦ ਗਹਿਣ, ਉਤਰ ਕਦੇ ਨਾ ਜਾਇਆ । ਮਨਮੁਖ ਜੀਵ ਜੂਠੇ ਝੂਠੇ ਵਹਿਣ, ਅੰਤਮ ਦਏ ਰੁੜ੍ਹਾਇਆ । ਰਸਨਾ ਕਿਸੇ ਨਾ ਸਕੇ ਕਹਿਣ, ਪ੍ਰਭ ਅਬਿਨਾਸ਼ੀ ਤੇਰੀ ਅਚਰਜ ਮਾਇਆ । ਵੇਦ ਪੁਰਾਨ ਪੰਡਤ ਕਾਸ਼ੀ ਪੜ੍ਹ ਪੜ੍ਹ ਬਹਿਣ, ਪੂਤ ਸਪੂਤਾ ਬ੍ਰਾਹਮਣ ਗੌੜਾ ਦਿਸ ਨਾ ਆਇਆ । ਖਾਣੀ ਬਾਣੀ ਹੋਏ ਵਹਿਣ, ਗ੍ਰੰਥੀ ਪੰਥੀ ਭੇਵ ਨਾ ਰਾਇਆ । ਅੰਜੀਲ ਕੁਰਾਨ ਵੇਖੇ ਨੈਣ, ਸੰਮਤ ਚੌਦਾਂ ਹਰਿ ਰਘੁਰਾਇਆ । ਅੰਤਮ ਘਰ ਘਰ ਪਏ ਵੈਣ, ਪ੍ਰਭ ਸਭ ਦੀ ਜੜ੍ਹ ਦਏ ਉਖੜਾਇਆ । ਲਾੜੀ ਮੌਤ ਫਿਰੇ ਡੈਣ, ਚਾਰੋਂ ਕੁੰਟ ਫਿਰੇ ਹਲਕਾਇਆ । ਗੁਰਮੁਖ ਵਿਰਲੇ ਭਾਣਾ ਸਹਿਣ, ਜਿਸ ਜਨ ਚਰਨ ਧਿਆਨ ਰਖਾਇਆ । ਨੌ ਖੰਡ ਪ੍ਰਿਥਮੀ ਲੱਖ ਗਿਆਰਾਂ ਰਹਿਣ, ਦੂਸਰ ਕੋਈ ਦਿਸ ਨਾ ਆਇਆ । ਨਾਤਾ ਤੁੱਟੇ ਭਾਈ ਭੈਣ, ਸਾਕ ਸੱਜਣ ਨਾ ਕੋਈ ਜਣਾਇਆ । ਧਰਮ ਰਾਏ ਦੇ ਖੱਤੇ ਪੈਣ, ਚਿਤਰ ਗੁਪਤ ਹਿਸਾਬ ਮੁਕਾਇਆ । ਕਲਜੁਗ ਤੇਰਾ ਚੁੱਕਣਾ ਲਹਿਣ ਦੇਣ, ਪ੍ਰਭ ਸਾਚਾ ਰਿਹਾ ਚੁਕਾਇਆ । ਗੋਬਿੰਦ ਬਣਿਆ ਸਾਕ ਸੱਜਣ ਸੈਣ, ਪ੍ਰਭ ਆਪਣਾ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਗੋਬਿੰਦ ਗੁਰ ਅਖਵਾਇਆ । ਗੋਬਿੰਦ ਗੁਰ ਹਰਿ ਗੋਬਿੰਦਾ, ਗੋਬਿੰਦ ਰੂਪ ਸਮਾਇਆ । ਭਗਤ ਜਨਾਂ ਹਰਿ ਉਤਾਰੇ ਚਿੰਦਾ, ਹਰਿ ਹਰਿ ਕਾ ਨਾਉਂ ਵਸਾਇਆ । ਮਨਮੁਖ ਲਗਾਏ ਆਪਣੀ ਨਿੰਦਾ, ਆਪਣਾ ਕਰਮ ਕਮਾਇਆ । ਹਰਿਜਨ ਉਪਾਏ ਸਾਚੀ ਬਿੰਦਾ, ਘਰ ਸਾਚੇ ਆਪ ਬਹਾਇਆ । ਆਦਿ ਅੰਤ ਜੁਗਾ ਜੁਗੰਤ, ਸਦਾ ਸਦ ਬਖ਼ਸ਼ਿੰਦਾ, ਪੈਜ ਜੁਗ ਜੁਗ ਰੱਖਦਾ ਆਇਆ । ਅੰਮ੍ਰਿਤ ਆਤਮ ਧਾਰ ਵਹਾਏ ਸਾਗਰ ਸਿੰਧਾ, ਜਿਸ ਜਨ ਆਪ ਆਪਣੀ ਦਇਆ ਕਮਾਇਆ । ਬਜਰ ਕਪਾਟੀ ਤੋੜੇ ਜਿੰਦਾ, ਦੂਈ ਦਵੈਤੀ ਪੜਦਾ ਲਾਹਿਆ । ਅੰਮ੍ਰਿਤ ਮੇਘ ਇਕ ਬਰਸਿੰਦਾ, ਆਤਮ ਝਿਰਨਾ ਰਿਹਾ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਸਾਚਾ ਮੇਲ ਮਿਲਾਇਆ । ਗੋਬਿੰਦ ਮੇਲਾ ਸਚ ਸੁਲਤਾਨਾ, ਘਰ ਸਾਚੇ ਵੱਜੀ ਵਧਾਈਆ । ਮਿਲਿਆ ਮੇਲ ਹਰਿ ਭਗਵਾਨਾ, ਦੋਏ ਜੋੜ ਸੀਸ ਝੁਕਾਈਆ । ਏਕਾ ਨਾਉਂ ਇਕ ਤਰਾਨਾ, ਏਕੰਕਾਰਾ ਰਿਹਾ ਸੁਣਾਈਆ । ਏਕਾ ਪੁਰਖ ਇਕ ਸੁਲਤਾਨਾ, ਵਾਲੀ ਦੋ ਜਹਾਨਾਂ ਸ਼ਬਦ ਨਿਸ਼ਾਨਾ ਤੀਰ ਕਮਾਨਾ ਰਸਨਾ ਇਕ ਵਖਾਈਆ । ਜੋਧਾ ਸੂਰ ਬਲੀ ਬਲਵਾਨਾ, ਵੇਖ ਵਖਾਏ ਮੁਗਲ ਪਠਾਨਾ, ਨਾਲ ਰਲਾਏ ਸ਼ਾਹ ਇਰਾਨਾ, ਇੰਗਲਸਤਾਨ ਰਿਹਾ ਹਿਲਾਈਆ । ਆਪੇ ਬੈਠ ਮਸਤ ਦਿਵਾਨਾ, ਲੱਖ ਚੁਰਾਸੀ ਬੰਨ੍ਹੇ ਗਾਨਾ, ਚਲੇ ਚਲਾਏ ਆਪਣੇ ਭਾਣਾ, ਹਰਿ ਭਾਣੇ ਵਿਚ ਸਮਾਈਆ । ਵਾਲੀ ਹਿੰਦ ਉਠ ਨਾਦਾਨਾ, ਪੁਰਖ ਅਬਿਨਾਸ਼ੀ ਪਹਰਿਆ ਜਾਮਾ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਵੇਖ ਵਿਖਾਏ ਸਰਬ ਲੁਕਾਈਆ । ਸਰਬ ਲੁਕਾਈ ਆਪੇ ਵੇਖੇ, ਹਰਿ

ਤ੍ਰੈਲੋਕੀ ਨਾਥਾ । ਸ੍ਰਿਸ਼ਟ ਸਬਾਈ ਮੇਟੇ ਭਰਮ ਭੁਲੇਖੇ, ਨਾ ਕੋਈ ਜਾਣੇ ਅਗਲੀ ਗਾਥਾ । ਪ੍ਰਭ ਅਬਿਨਾਸ਼ੀ ਲਿਖਣਹਾਰਾ ਲੇਖੇ, ਸਰਬ ਕਲਾ ਸਮਰਾਥਾ । ਦੂਰ ਦੁਰਾਡਾ ਨੇਰਨ ਨੇਰਾ ਹਰ ਘਟ ਅੰਦਰ ਬਹਿ ਬਹਿ ਵੇਖੇ, ਜੀਵ ਜੰਤ ਤੇਰਾ ਤਮਾਸ਼ਾ । ਗੋਰਖ ਮਛੰਦਰ ਉਚੇ ਟਿੱਲੇ ਧੂਣੀਆਂ ਤਾ ਤਾ ਲਾਇਣ ਸੇਕੇ, ਮਿਲਿਆ ਮੇਲ ਨਾ ਮਛੰਦਰ ਗੋਰਖ ਨਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਉਪਾਏ ਜੁਗ ਜੁਗ ਬਣਾਏ ਬਣਤ, ਆਪੇ ਹੋਏ ਸਗਲਾ ਸਾਥਾ । ਸਗਲਾ ਸਾਥੀ ਹਰਿ ਭਗਵੰਤ, ਜੁਗ ਜੁਗ ਆਦਿ ਜੁਗਾਦਿਆ । ਗੁਰਮੁਖ ਵਿਰਲੇ ਮੇਲ ਨਾਰੀ ਕੰਤ, ਮਿਲੇ ਮੋਹਣ ਮਾਧਵ ਮਾਧਿਆ । ਭਰਮੇ ਭੁੱਲੇ ਜੀਵ ਜੰਤ, ਹਰਿ ਹਰਿ ਨਾਮ ਨਾ ਰਸਨ ਅਰਾਧਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਹੰ ਸ਼ਬਦ ਚਲਾਏ ਬੋਧ ਅਗਾਧਿਆ । ਸੋਹੰ ਸ਼ਬਦ ਬੋਧ ਅਗਾਧ, ਹਰਿ ਸ਼ਬਦੀ ਸ਼ਬਦ ਜਣਾਈਆ । ਗੁਰ ਗੋਬਿੰਦਾ ਰਸਨ ਅਰਾਧ, ਪਰਮ ਪੁਰਖ ਸਮਾਈਆ । ਇਕ ਵਜਾਏ ਸਾਚਾ ਨਾਦ, ਦੋ ਜਹਾਨਾਂ ਆਪ ਸੁਣਾਈਆ । ਮਿਲਿਆ ਮੇਲ ਸਾਚੇ ਸਾਧ, ਸਾਕਤ ਨਿੰਦਕ ਦੁਸ਼ਟ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਰਿਹਾ ਉਠਾਈਆ । ਹਰਿਜਨ ਸਾਚੇ ਉਠ ਰੈਣ ਸੁਹੰਜਣੀ ਭਿੰਨੜੀ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਚਰਨ ਲਾਗ, ਜੋਤ ਨਿਰੰਜਣ ਕਲਜੁਗ ਅੰਤਮ ਮੇਲ ਮਿਲਾਇੰਦਾ । ਮਿਲੇ ਮੇਲ ਕੰਤ ਸੁਹਾਗ, ਦੁਖ ਭੈ ਭੰਜਨ ਭਗਤ ਭਗਵੰਤ ਰੂਪ ਅਖਵਾਇੰਦਾ । ਚਰਨ ਕਵਲ ਪੁਰਖ ਅਬਿਨਾਸ਼ੀ ਲਾਗ, ਧੂੜ ਮਜਨ ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਨੇਤਰ ਦੇਵੇ ਗਿਆਨ ਨਾਮ ਅੰਜਨ ਅਗਿਆਨ ਅੰਧੇਰ ਮਿਟਾਇੰਦਾ । ਅਗਿਆਨ ਅੰਧੇਰ ਜਾਏ ਵਿਨਾਸ, ਰਸਨਾ ਹਰਿ ਹਰਿ ਗਾਇਆ । ਪੁਰਖ ਅਬਿਨਾਸ਼ੀ ਹੋਇਆ ਦਾਸ, ਗੋਬਿੰਦ ਸੇਵ ਕਮਾਇਆ । ਨਿਜ ਘਰ ਆਤਮ ਰੱਖੇ ਵਾਸ, ਸਾਚੀ ਨਗਰੀ ਆਪ ਸੁਹਾਇਆ । ਥਿਰ ਘਰ ਇਕ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨਾ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਚੁਕਾਇਆ । ਕਲਜੁਗ ਉਠ ਨਾਦਾਨ, ਪ੍ਰਭ ਸਾਚੇ ਆਪ ਜਗਾਇਆ । ਏਕਾ ਸੁਣ ਧੁਰ ਫ਼ਰਮਾਣ, ਸਤਿਜੁਗ ਸਾਚੇ ਲੇਖੇ ਲਾਇਆ । ਸੋਹੰ ਰਸਨਾ ਸਾਰੇ ਗਾਣ, ਦੂਜਾ ਕੋਈ ਰਹਿਣ ਨਾ ਪਾਇਆ । ਦੀਨ ਮਜ਼੍ਹਬ ਨਾ ਕੋਈ ਈਮਾਨ, ਹਿੰਦੂ ਸਿੱਖ ਮੁਸਲਿਮ ਇਸਾਈ ਥਿਰ ਕੋਈ ਰਹਿਣ ਨਾ ਪਾਇਆ । ਵੇਲੇ ਅੰਤ ਹੋਈ ਜੁਦਾਈ, ਪੰਜ ਤਤ ਝੂਠ ਕੁੜਮਾਈ, ਹੰਕਾਰ ਵਿਕਾਰ ਵੱਜੇ ਵਧਾਈ, ਸਾਚਾ ਮੰਗਲ ਨਾ ਕੋਈ ਗਾਇਆ । ਨੌ ਦਵਾਰੇ ਦੇਣ ਦੁਹਾਈ, ਮਾਇਆ ਮਮਤਾ ਤਨ ਵਸਾਈ, ਦਸਮ ਦਵਾਰ ਬੂਝ ਨਾ ਪਾਈ, ਭਰਮੇ ਭੁੱਲੇ ਭਰਮ ਲੁਕਾਈ, ਸਾਚਾ ਕੰਤ ਨਾ ਕੋਈ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸੋਇਆ ਰਿਹਾ ਉਠਾਇਆ । ਉਠ ਜਾਗ ਹੋਏ ਅੰਞਾਣ, ਕਿਉਂ ਰੈਣ ਅੰਧੇਰੀ ਛਾਈਆ । ਲੱਖ ਚੁਰਾਸੀ ਕਰ ਪਛਾਣ, ਕਵਣ ਤੇਰਾ ਸੰਗ ਨਿਭਾਈਆ । ਸਤਿਜੁਗ ਲੈ ਕੇ ਆਇਆ ਏਕਾ ਨਾਮ ਨਿਧਾਨ, ਸੋਹੰ ਅੱਗੇ ਰਿਹਾ ਵਖਾਈਆ । ਸੰਮਤ ਚੌਦਾਂ ਚੌਦਾਂ ਲੋਕ ਰਿੜਕੇ ਹਰਿ ਜਹਾਨ, ਪੰਚਮ ਜੇਠ ਰੁੱਤ ਸੁਹਾਈਆ । ਪੰਚ ਸ਼ਬਦ ਸਚ ਬਿਬਾਣ, ਲੋਆਂ ਪੁਰੀਆਂ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਪੁਣ ਛਾਣ, ਗੁਰਮੁਖ ਸਾਚੇ ਸ਼ਬਦ ਵਰੋਲ ਬਾਹਰ ਕਢਾਈਆ । ਆਪੇ ਹੋਇਆ ਨਿਗਾਹਬਾਨ, ਦਿਵਸ ਰੈਣ ਵੇਖ ਵਖਾਈਆ । ਸੱਤ

੬੮੪
੦੬

ਰੰਗ ਝੁਲਾਏ ਇਕ ਨਿਸ਼ਾਨ, ਸਾਚੀ ਬਣਤ ਆਪ ਬਣਾਈਆ । ਪਰਗਟ ਹੋ ਸ੍ਰੀ ਭਗਵਾਨ, ਜੀਵਾਂ ਜੰਤਾਂ ਰਿਹਾ ਸਮਝਾਈਆ । ਲਹਿਣਾ ਦੇਣਾ ਜਗਤ ਚੁੱਕਣਾ ਅੰਜੀਲ ਕੁਰਾਨ, ਵਿਚ ਉਨੀਸਾ ਦਏ ਖਪਾਈਆ । ਪੂਜਾ ਚੁੱਕੇ ਵੇਦ ਪੁਰਾਨ, ਬ੍ਰਹਮਾ ਵਿਸ਼ਨ ਨਾ ਕੋਈ ਧਿਆਈਆ । ਖਾਣੀ ਬਾਣੀ ਨਾ ਕਰੇ ਗਿਆਨ, ਛੱਤੀ ਰਾਗ ਨਾ ਕੋਈ ਗਾਈਆ । ਗ੍ਰੰਥੀ ਪੰਥੀ ਪੰਡਤ ਕਾਸ਼ੀ ਮੁੱਲਾ ਸ਼ੇਖ਼ ਮੁਸਾਇਕ ਨਾ ਕੋਈ ਤਰਾਨ, ਨਾ ਕੋਈ ਨਾਅਰਾ ਲਾਈਆ । ਅਲ੍ਹਾ ਹੂ ਹੂ ਬਿਸਮਿਲਾ ਹਰਿ ਪਛਾਣ, ਆਪ ਆਪਣੇ ਵਿਚ ਸਮਾਈਆ । ਰਾਮ ਸੀਤਾ ਠਾਂਢਾ ਸੀਤਾ ਰਾਮ, ਕ੍ਰਿਸ਼ਨ ਹਰਿ ਏਕਾ ਰੰਗ ਸਮਾਈਆ । ਗੋਬਿੰਦ ਬੇਪਰਵਾਹ ਨਾਮ ਸਤਿ ਪ੍ਰਭ ਰੱਖੇ ਪਤ, ਲੇਖਾ ਚੁੱਕੇ ਅੱਠ ਤਤ, ਬੀਸ ਬੀਸਾ ਪੰਧ ਮੁਕਾਈਆ । ਇਕ ਖੁਲ੍ਹਾਏ ਸਾਚਾ ਹੱਟ, ਨਾ ਕੋਈ ਤੀਰਥ ਨਾ ਕੋਈ ਤਟ, ਗੋਦਾਵਰੀ ਬੈਠੇ ਮੁਖ਼ ਛੁਪਾਈਆ । ਗੁਰ ਦਰ ਮੰਦਰ ਮਸਜਿਦ ਉਚੇ ਟਿੱਲੇ ਜਾਣੇ ਢੱਠ, ਸਚ ਸਿੰਘਾਸਣ ਕੋਇ ਦਿਸ ਨਾ ਆਈਆ । ਕਲਜੁਗ ਉਲਟੀ ਗੇੜਨਹਾਰਾ ਲੱਠ, ਸੰਮਤ ਚੌਦਾਂ ਪ੍ਰਭ ਚਰਨ ਬੈਠਾ ਸੀਸ ਝੁਕਾਈਆ । ਗੁਰ ਸੰਗਤ ਤੇਰਾ ਇਕ ਇਕੱਠ, ਦਰ ਦਰਬਾਰਾ ਇਕ ਵਖਾਈਆ । ਤ੍ਰੈਗੁਣ ਮਾਇਆ ਤੇਰਾ ਮੱਠ, ਅੰਤਮ ਅਗਨੀ ਲਾਈਆ । ਜੋਤੀ ਜਗੇ ਲਟ ਲਟ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਗੁਰਮੁਖਾਂ ਭਾਗ ਲਗਾਏ ਕਾਇਆ ਮੱਟ, ਅੰਧ ਅੰਧੇਰ ਮਿਟਾਈਆ । ਦੂਈ ਦਵੈਤੀ ਮੇਟੇ ਫੱਟ, ਏਕਾ ਰੰਗ ਚੜ੍ਹਾਈਆ । ਸ਼ਬਦ ਹਥੌੜਾ ਮਾਰੇ ਸੱਟ, ਬਜਰ ਕਪਾਟੀ ਤੋੜ ਤੁੜਾਈਆ । ਅੰਮ੍ਰਿਤ ਆਤਮ ਦੇਵੇ ਝੱਟ, ਆਪਣੀ ਆਪ ਸੇਵ ਕਮਾਈਆ । ਆਪੇ ਖੇਲੇ ਖੇਲ ਬਾਜੀਗਰ ਨਟ, ਸਵਾਂਗੀ ਸਵਾਂਗ ਵਰਤਾਈਆ । ਦਸਮ ਦਵਾਰੀ ਖੋਲ੍ਹ ਹਟ, ਆਤਮ ਸੇਜਾ ਇਕ ਵਿਛਾਈਆ । ਹੱਥ ਰਖਾਏ ਸੋਹੰ ਸਾਚਾ ਪਟ, ਜਨ ਭਗਤਾਂ ਤਨ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਏਕਾ ਘਰ, ਚਾਰ ਵਰਨਾਂ ਰਿਹਾ ਵਖਾਈਆ । ਚਾਰ ਵਰਨਾਂ ਇਕ ਦਵਾਰ, ਹਰਿ ਸਾਚਾ ਇਕ ਵਖਾਇੰਦਾ । ਸ਼ਬਦ ਭਰਿਆ ਨਾਮ ਭੰਡਾਰ, ਜੁਗ ਜੁਗ ਆਪ ਵਰਤਾਇੰਦਾ । ਅੱਖਰ ਵੱਖਰ ਵਸਤ ਅਪਾਰ, ਦੋ ਅੱਖਰ ਧਾਰ ਵਖਾਇੰਦਾ । ਰੋੜੀ ਸੱਖਰ ਕਰ ਪਿਆਰ, ਸੋਇਆ ਪੂਤ ਉਠਾਇੰਦਾ । ਸ੍ਰਿਸ਼ਟ ਸਬਾਈ ਹੋਣਾ ਸੱਬਰ, ਧਰਤ ਮਾਤ ਗੋਦ ਸਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਤੇਰੀ ਕਾਇਆ ਰੰਗ ਚੜ੍ਹਾਇੰਦਾ । ਗੋਬਿੰਦ ਕਾਇਆ ਰੰਗ ਚਲੂਲ, ਹਰਿ ਏਕਾ ਏਕ ਚੜ੍ਹਾਇੰਦਾ । ਸਾਧ ਸੰਤ ਨਾ ਜਾਏ ਕੋਈ ਭੂਲ, ਲਹਿਣਾ ਦੇਣਾ ਆਪ ਚੁਕਾਇੰਦਾ । ਸ਼ਿਵ ਸ਼ੰਕਰ ਫੜੇ ਹੱਥ ਤ੍ਰਿਸੂਲ, ਦੋਏ ਜੋੜ ਸੀਸ ਝੁਕਾਇੰਦਾ । ਬ੍ਰਹਮਾ ਦਰਸ ਮੰਗੇ ਕੰਤ ਕੰਤੂਹਲ, ਅੱਠੇ ਨੇਤਰ ਆਪ ਉਠਾਇੰਦਾ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਬਰਸੇ ਫੂਲ, ਦਿਵਸ ਰੈਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਧਾਮ ਆਪ ਸੁਹਾਇੰਦਾ । ਸਾਚਾ ਧਾਮ ਹਰਿ ਦਵਾਰ, ਏਕਾ ਏਕ ਵਖਾਇਆ । ਜੋਤ ਸਰੂਪੀ ਬੈਠ ਘਰ, ਆਪਣੀ ਕਾਰ ਕਰਾਇਆ । ਨਾ ਕਿਸੇ ਫੜਾਏ ਆਪਣਾ ਲੜ, ਨਾ ਕੋਈ ਸੰਗੀ ਸਾਥ ਰਖਾਇਆ । ਦੀਪਕ ਜੋਤੀ ਏਕਾ ਬਲੜਾ, ਇਕ ਗਿਆਨ ਕਰਾਇਆ । ਸਚ ਦਵਾਰ ਆਪੇ ਮਲੜਾ, ਥਿਰ ਘਰ ਨਾਉਂ ਰਖਾਇਆ । ਹਰਿ ਹਰਿ ਅਗੰਮ ਅਗੰਮੜਾ, ਅਗੰਮੜੇ ਧਾਮ ਸੁਹਾਇਆ । ਨਾ ਕੋਈ ਹੱਡ ਮਾਸ ਨਾੜੀ ਦਿਸੇ ਚੰਮੜਾ, ਪੰਜ ਤਤ ਦਿਸ ਨਾ ਆਇਆ । ਨਾ ਕੋਈ ਪੱਲੇ ਪੈਸਾ ਧੇਲਾ ਦਮੜਾ, ਤ੍ਰੈਗੁਣ ਮਾਇਆ ਨਾ ਤਤ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ

ਦਰ ਦਵਾਰੇ ਅੱਗੇ ਖਲੜਾ, ਦਿਸ ਕਿਸੇ ਨਾ ਆਇਆ । ਗੁਰਮੁਖ ਤੇਰਾ ਸਚ ਦਵਾਰ, ਪ੍ਰਭ ਸਾਚਾ ਵੇਖ ਵਖਾਨਿਆ । ਆਪ ਆਪਣੀ ਕਿਰਪਾ ਧਾਰ, ਦੇਵੇ ਧੁਰ ਫ਼ਰਮਾਨਿਆ । ਸੋਹੰ ਸ਼ਬਦ ਜੈ ਜੈ ਜੈਕਾਰ, ਚਾਰ ਵਰਨਾਂ ਇਕ ਸੁਣਾਨਿਆ । ਸਤਿਜੁਗ ਤੇਰੀ ਸਾਚੀ ਧਾਰ, ਲੋਕਮਾਤ ਹੋਏ ਪਰਧਾਨਿਆ । ਕਲਜੁਗ ਅੰਤਮ ਹੋਏ ਖੁਆਰ, ਮਿਟ ਜਾਏ ਜਗਤ ਨਿਸ਼ਾਨਿਆ । ਸੰਮਤ ਪੰਦਰਾਂ ਹਾਹਾਕਾਰ, ਘਰ ਘਰ ਹੋਏ ਵੈਰਾਨਿਆ । ਸੋਲਾਂ ਤੇਰਾ ਕੋਈ ਨਾ ਕਰੇ ਸ਼ਿੰਗਾਰ, ਪੱਟੀ ਸੀਸ ਨਾ ਕੋਈ ਗੁੰਦਾਨਿਆ । ਨਾ ਕੋਈ ਮਹੱਲ ਨਾ ਅਟਾਰ, ਮੰਦਰ ਅੰਦਰ ਨਾ ਕੋਈ ਰਾਗ ਸੁਣਾਨਿਆ । ਡੂੰਘੀ ਕੰਦਰ ਵੇਖ ਵਿਚਾਰ, ਜੀਵ ਜੰਤ ਸੀਸ ਲੁਕਾਨਿਆ । ਧਰਤ ਮਾਤ ਤੇਰਾ ਇਕ ਅਖਾੜ, ਪ੍ਰਭ ਵੇਖੇ ਜੋਧਾ ਸੂਰ ਬਲੀ ਬਲਵਾਨਿਆ । ਆਪ ਉਠਾਏ ਅਗੰਮੀ ਧਾੜ, ਸਾਚੀ ਖੇਲ ਖਿਲਾਨਿਆ । ਨੌ ਖੰਡ ਪ੍ਰਿਥਮੀ ਦੇਵੇ ਝਾੜ, ਮੇਟ ਮਿਟਾਏ ਜੀਵ ਸ਼ੈਤਾਨਿਆ । ਪੰਜ ਤਤ ਵਿਕਾਰਾ ਦੇਵੇ ਸਾੜ, ਇਕ ਚਲਾਏ ਤੀਰ ਨਿਸ਼ਾਨਿਆ । ਅੰਤਮ ਖੇਲ ਖੇਲੇ ਸਤਾਰਾਂ ਹਾੜ, ਨਾ ਕੋਈ ਭੁੱਲੇ ਜੀਵ ਨਾਦਾਨਿਆ । ਕਾਇਆ ਚੋਲੀ ਸ਼ਬਦੀ ਦੇਵੇ ਪਾੜ, ਏਕਾ ਮਾਰੇ ਸਚ ਨਿਸ਼ਾਨਿਆ । ਗੁਰਮੁਖ ਸਾਜਣ ਸਾਚੇ ਲਾੜ, ਦਰ ਘਰ ਕਰੇ ਪਰਵਾਨਿਆ । ਸ਼ਬਦ ਘੋੜੇ ਆਪੇ ਚਾੜ੍ਹ, ਵਾਗ ਆਪਣੇ ਹੱਥ ਰਖਾਨਿਆ । ਨੇੜ ਨਾ ਆਏ ਜਗਤ ਵਿਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਹੰ ਖੰਡਾ ਤੇਜ ਕਟਾਰ ਏਕਾ ਹੱਥ ਉਠਾਨਿਆ । ਸੋਹੰ ਖੰਡਾ ਵਿਚ ਵਰਭੰਡ, ਆਪਣੀ ਵੰਡ ਵੰਡਾਇਆ । ਮੰਗੇ ਮੰਗ ਗੋਬਿੰਦ ਬ੍ਰਹਿਮੰਡ, ਜੇਰਜ ਅੰਡ ਉਤਭੁਜ ਸੇਤਜ ਵੇਖ ਵਖਾਇਆ । ਮਨਮੁਖਾਂ ਵੱਢੇ ਅੰਤਮ ਕੰਡ, ਨਾਰ ਦੁਹਾਗਣ ਦਿਸੇ ਰੰਡ, ਸਾਚਾ ਕੰਤ ਨਾ ਕੋਈ ਹੰਢਾਇਆ । ਸਾਧਾਂ ਸੰਤਾਂ ਭਰਿਆ ਇਕ ਘਮੰਡ, ਅੰਤਮ ਆਪਣੀ ਵੰਡਾਂ ਰਿਹਾ ਵੰਡ, ਜੂਠ ਝੂਠ ਭਾਰ ਉਠਾਇਆ । ਅੰਤਮ ਮਿਟੇ ਭੇਖ ਪਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਦੂਜਾ ਭਉ ਚੁਕਾਇਆ । ਏਕਾ ਦੂਜਾ ਭਉ ਜਾਏ ਚੁੱਕ, ਹਰਿ ਸਾਚੇ ਆਪ ਚੁਕਾਵਣਾ । ਕਲਜੁਗ ਵੇਲਾ ਰਿਹਾ ਢੁੱਕ, ਸੰਮਤ ਚੌਦਾਂ ਲੇਖ ਲਿਖਾਵਣਾ । ਸੰਮਤ ਪੰਦਰਾਂ ਮਾਨਸ ਦੇਹੀ ਵੇਖ ਮਨੁੱਖ, ਏਕਾ ਧੱਕਾ ਲਾਵਣਾ । ਸੰਮਤ ਸੋਲਾਂ ਬਾਲ ਨਾ ਦਿਸੇ ਕਿਸੇ ਕੁੱਖ, ਨਾ ਕੋਈ ਧੀਰ ਧਰਾਵਣਾ । ਸੰਮਤ ਸਤਾਰਾਂ ਘਰ ਘਰ ਦੁਖੀਏ ਰੋਂਦੇ ਦੁੱਖ, ਸਾਂਤਕ ਸਤਿ ਨਾ ਕੋਇ ਵਰਤਾਵਣਾ । ਸੰਮਤ ਅਠਾਰਾਂ ਜੀਵ ਜੰਤ ਮੇਟੇ ਭੁੱਖ, ਜਲ ਧਾਰਾ ਆਪ ਵਹਾਵਣਾ । ਉਨੀ ਉਨੀਸਾ ਹਰਿ ਜਗਦੀਸਾ ਖੇਲ ਕਰਾਏ ਧਰਤਮਾਤ ਤੇਰੀ ਕੁੱਖ, ਈਸਾ ਮੂਸਾ ਮੇਟ ਮਿਟਾਵਣਾ । ਬੀਸ ਬੀਸਾ ਸੁਖਣਾ ਰਿਹਾ ਸੁੱਖ, ਨਿਹਕਲੰਕ ਦਰਸ਼ਨ ਪਾਵਣਾ । ਸਤਿਜੁਗ ਉਤਰੇ ਤੇਰੀ ਭੁੱਖ, ਪ੍ਰਭ ਸਾਚੇ ਚਰਨ ਛੁਹਾਵਣਾ । ਦੋਏ ਜੋੜ ਸੀਸ ਰਿਹਾ ਝੁੱਕ, ਸੋਹੰ ਰਸਨਾ ਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਰੂਪ ਵਟਾਵਣਾ । ਬੀਸ ਬੀਸਾ ਕਰੇ ਵਿਚਾਰ, ਪ੍ਰਭ ਚਰਨ ਧਿਆਨ ਲਗਾਇਆ । ਦਿਵਸ ਰੈਣ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇਆ । ਗੋਬਿੰਦ ਗੁਰ ਹੋ ਤਿਆਰ, ਤੇਰਾ ਰਾਹ ਤਕਾਇਆ । ਨੀਲੇ ਵਾਲਾ ਹਰਿ ਅਸਵਾਰ, ਨੀਲੀ ਛੱਤੋਂ ਬਾਹਰ ਕਰਾਇਆ । ਪੀਲੇ ਬਸਤਰ ਤਨ ਸ਼ਿੰਗਾਰ, ਸੋਹੰ ਸ਼ਸਤਰ ਹੱਥ ਉਠਾਇਆ । ਕਲਗੀ ਤੋੜਾ ਇਕ ਅਪਾਰ, ਜੋਤੀ ਜੋੜਾ ਮੇਲ ਮਿਲਾਇਆ । ਚਾਰ ਵਰਨਾਂ ਬਹਾਏ ਇਕ ਦਰਬਾਰ, ਦਰ ਦਰਬਾਰੀ ਆਪ ਅਖਵਾਇਆ । ਆਪੇ ਹੋਇਆ ਪਹਿਰੇਦਾਰ, ਨੰਗੀ ਪੈਰੀ ਸੇਵ ਕਮਾਇਆ । ਗੁਰਮੁਖਾਂ ਕਰੇ ਖ਼ਬਰਦਾਰ, ਕਲਜੁਗ ਅੰਤਮ ਰਿਹਾ ਜਗਾਇਆ ।

ਆਪੇ ਹੋਇਆ ਸੇਵਾਦਾਰ, ਜੁਗ ਜੁਗ ਸੇਵਾ ਰਿਹਾ ਕਮਾਇਆ । ਮੀਤ ਮੁਰਾਰਾ ਹਰਿ ਨਿਰੰਕਾਰ, ਨਿਰਗੁਣ ਭੇਖ ਵਟਾਇਆ । ਸਰਗੁਣ ਤੇਰੀ ਬੰਨ੍ਹੇ ਧਾਰ, ਸਤਿ ਪੁਰਖ ਨਿਰੰਜਣ ਦਇਆ ਕਮਾਇਆ । ਨੌ ਖੰਡ ਪ੍ਰਿਥਮੀ ਇਕ ਵਿਚਾਰ, ਏਕਾ ਗਿਆਨ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਰਿਹਾ ਸਮਝਾਇਆ । ਬੀਸ ਬੀਸੇ ਰੱਖ ਧੀਰ, ਪ੍ਰਭ ਸਾਚਾ ਆਪ ਧਰਾਇੰਦਾ । ਕਲਜੁਗ ਤੇਰਾ ਅੰਤ ਅਖੀਰ, ਵਿਚ ਉਨੀਸੇ ਆਪ ਕਰਾਇੰਦਾ । ਸਤਿਜੁਗ ਤੇਰੇ ਸਾਚੇ ਬਸਤਰ ਚੀਰ, ਤਨ ਸ਼ਿੰਗਾਰ ਕਰਾਇੰਦਾ । ਗੁਰਮੁਖ ਸਾਜਣ ਵੀਰ, ਇਕ ਦੂਜੇ ਨਾਲ ਮਿਲਾਇੰਦਾ । ਗੁਰ ਗੋਬਿੰਦ ਤੇਰੀ ਕਟੇ ਭੀੜ, ਮਾਛੀਵਾੜੇ ਜੋ ਅਲਾਇੰਦਾ । ਅੰਤਮ ਵੇਲਾ ਬੰਨ੍ਹੇ ਬੀੜ, ਗੁਰਸਿਖ ਸਾਚੇ ਆਪ ਤਰਾਇੰਦਾ । ਏਕਾ ਇੱਕੀ ਅੰਤ ਅਖੀਰ, ਸਾਚੀ ਸਿੱਖੀ ਮਾਤ ਉਪਾਇੰਦਾ । ਰੱਖੀ ਧਾਰ ਪ੍ਰਭ ਸਾਚੇ ਤਿੱਖੀ, ਮਦਿਰਾ ਮਾਸ ਕੋਈ ਨੇੜ ਨਾ ਆਇੰਦਾ । ਨੇਤਰ ਲੋਚਨ ਦਰ ਦਰ ਘਰ ਘਰ ਜਾ ਜਾ ਪੇਖੀ, ਆਪ ਆਪਣੀ ਸੇਵ ਕਮਾਇੰਦਾ । ਕਿਸੇ ਹੱਥ ਨਾ ਆਏ ਮੁਨੀ ਰਿਖੀ, ਗਿਆਨ ਧਿਆਨ ਕੋਟਨ ਕੋਟ ਲਗਾਇੰਦਾ । ਨਾਅਰਾ ਲਾ ਲਾ ਥੱਕੇ ਪੀਰ ਸ਼ੇਖ਼ੀ, ਐਲੀ ਅੱਲਾ ਨੂਰ ਦਿਸ ਨਾ ਆਇੰਦਾ । ਕਲਜੁਗ ਤੇਰੀ ਅੰਤਮ ਪੇਸ਼ੀ, ਸੰਮਤ ਚੌਦਾਂ ਪੰਜ ਜੇਠ ਕਰਾਇੰਦਾ । ਨਾਲ ਰਲਾਏ ਗਣਪਤ ਗਣੇਸ਼ੀ, ਬ੍ਰਹਮਾ ਸ਼ਿਵ ਦੇਵਤ ਸੁਰ ਸਚ ਗਵਾਹ ਬਣਾਇੰਦਾ । ਪਰਗਟ ਹੋਏ ਦਰ ਦਰਵੇਸ਼ੀ, ਦਸਤਗੀਰ ਸ਼ਾਹ ਹਕੀਰ ਸਾਚਾ ਸੰਗ ਨਿਭਾਇੰਦਾ । ਵੇਖਣਹਾਰਾ ਧਾਰੀ ਕੇਸੀ, ਗੋਬਿੰਦ ਰੂਪ ਵਟਾਇੰਦਾ । ਜੋਧਾ ਸੂਰਾ ਦਸ ਦਸਮੇਸ਼ੀ, ਸ਼ਬਦ ਖੰਡਾ ਖਿੱਚ ਵਖਾਇੰਦਾ । ਆਪ ਉਠਾਏ ਨਰ ਨਰੇਸ਼ੀ, ਤਖ਼ਤ ਤਾਜ ਕੋਈ ਰਹਿਣ ਨਾ ਪਾਇੰਦਾ । ਆਪੇ ਕਰਿਆ ਆਪਣਾ ਵੇਸੀ, ਵੇਸ ਅਨੇਕਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੀਸ ਬੀਸੇ ਤੇਰੀ ਰੁੱਤ ਸੁਹਾਇੰਦਾ । ਬੀਸ ਬੀਸੇ ਤੇਰੇ ਹੱਥ ਵਡਿਆਈ, ਪ੍ਰਭ ਸਾਚੇ ਆਪ ਰਖਾਈਆ । ਚਾਰ ਵਰਨ ਕਰੇ ਸ਼ਬਦ ਕੁੜਮਾਈ, ਸੋਹੰ ਮੁਖ ਸਗਨ ਲਗਾਈਆ । ਕਲਜੁਗ ਅੰਤਮ ਹੋਏ ਜੁਦਾਈ, ਬੈਠੇ ਮੁਖ ਛੁਪਾਈਆ । ਸਤਿਜੁਗ ਸਾਚੇ ਵੱਜੇ ਵਧਾਈ, ਚਾਰੋਂ ਕੁੰਟ ਹੋਏ ਜਣਾਈਆ । ਹਰਿਜਨ ਗਾਇਣ ਚਾਈਂ ਚਾਈਂ, ਸਚ ਮਹੱਲਾ ਏਕਾ ਸੋਹਲਾ ਰਿਹਾ ਸੁਣਾਈਆ । ਆਪ ਉਠਾਏ ਫੜ ਫੜ ਬਾਹੀਂ, ਕਲਜੁਗ ਅੰਤਮ ਮੇਲ ਮਿਲਾਈਆ । ਦੇਵਣਹਾਰਾ ਠੰਢੀਆਂ ਛਾਈਂ, ਸੀਸ ਆਪਣਾ ਹੱਥ ਟਿਕਾਈਆ । ਫੜ ਫੜ ਕਾਗੋਂ ਹੰਸ ਬਣਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੀਸ ਬੀਸੇ ਤੇਰੀ ਰੁੱਤ ਸੁਹਾਈਆ । ਬੀਸ ਬੀਸੇ ਹਰਿ ਜਗਦੀਸ, ਆਪਣੀ ਕਲ ਵਰਤਾਇੰਦਾ । ਛਤਰ ਝੁਲਾਏ ਸਾਚੇ ਸੀਸ, ਸਚ ਸੁਲਤਾਨਾ ਆਪ ਅਖਵਾਇੰਦਾ । ਕੋਇ ਨਾ ਕਰੇ ਪ੍ਰਭ ਤੇਰੀ ਰੀਸ, ਸਭ ਭਾਣੇ ਵਿਚ ਸਮਾਇੰਦਾ । ਖੇਲੇ ਖੇਲ ਹਰਿ ਬੀਸ ਬੀਸ, ਹਰਿ ਬੀਸ ਬੀਸਾ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਖੇਲ ਖਿਲਾਇੰਦਾ । ਬੀਸ ਬੀਸੇ ਸੁਣ ਪੁਕਾਰ, ਹਰਿ ਸਾਚੇ ਦਇਆ ਕਮਾਈਆ । ਭਗਤ ਜਨਾਂ ਹਰਿ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਨੌ ਖੰਡ ਪ੍ਰਿਥਮੀ ਇਕ ਅਧਾਰ, ਏਕਾ ਸ਼ਬਦ ਜਣਾਈਆ । ਏਕਾ ਧਰਮ ਵਿਚ ਸੰਸਾਰ, ਹਰਿ ਸਾਚਾ ਰਿਹਾ ਲਗਾਈਆ । ਪੂਰਬ ਲਹਿਣਾ ਕਰਮ ਵਿਚਾਰ, ਪ੍ਰਭ ਸਾਚਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੂਠੇ ਝੂਠੇ ਕਾਇਆ ਮਾਟੀ ਭਾਂਡੇ ਭੰਨ ਵਖਾਈਆ ।

੬੮੭
੦੬

ਪਾਰਬ੍ਰਹਮ ਸਰਨਾਈ, ਵਡ ਪਰਤਾਪਿਆ । ਪਾਰਬ੍ਰਹਮ ਸਰਨਾਈ, ਸਰਬ ਭਉ ਵਿਆਪਿਆ । ਪਾਰਬ੍ਰਹਮ ਸਰਨਾਈ, ਕੋਟਨ ਕੋਟ ਉਤਾਰੇ ਪਾਪਿਆ । ਪਾਰਬ੍ਰਹਮ ਸਰਨਾਈ, ਇਕ ਜਪਾਏ ਸਾਚਾ ਜਾਪਿਆ । ਪਾਰਬ੍ਰਹਮ ਸਰਨਾਈ, ਮੇਟ ਮਿਟਾਏ ਤੀਨੋ ਤਾਪਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰਸ ਦਿਖਾਏ ਆਪਣਾ ਆਪਿਆ । ਪਾਰਬ੍ਰਹਮ ਸਰਨਾਈ, ਚਰਨ ਗੁਰ ਦੇਵਿਆ । ਪਾਰਬ੍ਰਹਮ ਸਰਨਾਈ, ਲੇਖੇ ਲਾਏ ਸਾਚੀ ਸੇਵਿਆ । ਪਾਰਬ੍ਰਹਮ ਸਰਨਾਈ, ਮਿਲੇ ਮੇਲ ਅਲਖ ਅਭੇਵਿਆ । ਪਾਰਬ੍ਰਹਮ ਸਰਨਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਵਕ ਸੇਵਾ ਸਚ ਕਮਾਈ । ਪਾਰਬ੍ਰਹਮ ਸਰਨਾਈ, ਗੁਰ ਪੂਰੇ ਮੇਲ ਮਿਲਾਇਆ । ਗੁਰ ਪੂਰੇ ਹੱਥ ਵਡਿਆਈ, ਲੋਕਮਾਤ ਰਿਹਾ ਤਰਾਇਆ । ਮਾਤਲੋਕ ਵੱਜੇ ਵਧਾਈ, ਗੁਰ ਪੂਰਾ ਰਿਹਾ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਮਸਤਕ ਲੇਖ ਲਿਖਾਇਆ । ਮਸਤਕ ਲਿਖਿਆ ਸਾਚਾ ਲਹਿਣਾ, ਅੰਤਮ ਅੰਤ ਚੁਕਾਇੰਦਾ । ਨੇਤਰ ਲੋਚਨ ਦਰਸ਼ਨ ਨੈਣਾ, ਆਪੇ ਆਪ ਕਰਾਇੰਦਾ । ਆਪੇ ਜਾਣੇ ਜੁਗ ਜੁਗ ਲਹਿਣਾ, ਦੇਣਾ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਵੇਖ ਵਖਾਇੰਦਾ । ਇਕ ਇਕੱਲਾ ਏਕੰਕਾਰ, ਏਕਾ ਧਾਰ ਬੰਧਾਈਆ । ਪਰਗਟ ਹੋ ਵਿਚ ਸੰਸਾਰ, ਪੁਰਖ ਅਬਿਨਾਸ਼ੀ ਕਰਤਾ ਆਪ ਅਖਵਾਈਆ । ਘਟ ਘਟ ਅੰਦਰ ਰੱਖੇ ਵਾਸ, ਹਰ ਘਟ ਖੋਜ ਖੁਜਾਈਆ । ਹਰਿਜਨ ਮੇਲਾ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨਾਂ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਮੰਡਲ ਏਕਾ ਰਾਸ, ਏਕਾ ਅੰਤਮ ਪਾਈਆ । ਕਲਜੁਗ ਮੰਡਲ ਸਾਚੀ ਰਾਸ, ਏਕਾ ਏਕ ਵਖਾਇੰਦਾ । ਜੋਤ ਸਰੂਪੀ ਹਰਿ ਅਬਿਨਾਸ਼, ਦਹਿ ਦਿਸ਼ਾ ਵੇਖ ਵਖਾਇੰਦਾ । ਹਰਿਜਨ ਵੇਖੇ ਨਾਮ ਸਵਾਸ, ਸ਼ਬਦੀ ਸ਼ਬਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਦੇ ਮਤ ਸਮਝਾਇੰਦਾ । ਸਾਚੀ ਸਿਖਿਆ ਸਚ ਸੁਲਤਾਨ, ਏਕਾ ਏਕ ਰਖਾਈਆ । ਚਾਰ ਵਰਨਾਂ ਇਕ ਗਿਆਨ, ਏਕਾ ਤਤ ਬੁਝਾਈਆ । ਇਕ ਵਖਾਏ ਧਰਮ ਨਿਸ਼ਾਨ, ਧੁਰਦਰਗਾਹੀ ਬਣਤ ਬਣਾਈਆ । ਦਾਤਾ ਦਾਨੀ ਹਰਿ ਮਿਹਰਵਾਨ, ਮਿਹਰਵਾਨਾ ਆਪ ਹੋ ਆਈਆ । ਹਰਿਜਨ ਸਾਚੇ ਮਾਤ ਪਛਾਣ, ਆਪ ਆਪਣੇ ਲੜ ਬੰਧਾਈਆ । ਲੱਖ ਚੁਰਾਸੀ ਜੀਵ ਨਾਦਾਨ, ਸੁੱਤਿਆਂ ਰੈਣ ਵਿਹਾਈਆ । ਅੰਤਮ ਫਲ ਆਪਣਾ ਖਾਣ, ਰਸ ਰਸਨਾ ਰਹੀ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਪਾਈਆ । ਹਰਿਜਨ ਸਾਚੇ ਮੀਤ ਮੁਰਾਰ, ਲੋਕਮਾਤ ਕੁੜਮਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸੋਹੰ ਮੌਲੀ ਤੰਦ ਬੰਧਾਈਆ । ਇਕ ਇਕੱਲਾ ਪਾਵੇ ਸਾਰ, ਨਾਭੀ ਕਵਲ ਵੇਖ ਵਖਾਈਆ । ਸਚ ਮਹੱਲਾ ਖੋਲ੍ਹ ਕਿਵਾੜ, ਉਪਰ ਧਵਲ ਦਏ ਵਡਿਆਈਆ । ਹਰਿਜਨ ਸਾਚੇ ਅੰਦਰ ਵਾੜ, ਸਾਵਲ ਸਵਲਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਧਾਰਾ ਇਕ ਵਹਾਈਆ । ਜੋਤੀ ਧਾਰ ਹਰਿ ਨਿਰੰਕਾਰ, ਏਕਾ ਏਕ ਵਹਾਇੰਦਾ । ਗੁਰਮੁਖ ਸਾਚੇ ਕਰ ਤਿਆਰ, ਸੋਏ ਮਾਤ ਜਗਾਇੰਦਾ । ਸੰਮਤ ਚੌਦਾਂ ਦਿਵਸ ਵਿਚਾਰ, ਪਹਿਲੀ ਚੇਤਰ ਰੁਤ ਸੁਹਾਇੰਦਾ । ਦੂਜਾ ਤੀਜਾ ਖੋਲ੍ਹ ਕਿਵਾੜ, ਘਰ ਚੌਥੇ ਮੇਲ ਮਿਲਾਇੰਦਾ । ਅੰਤਮ ਮੇਟੇ ਪੰਚਮ ਧਾੜ, ਛੇਵੇਂ ਛੱਪਰ ਛੰਨ ਨਾ ਕੋਇ ਵਖਾਇੰਦਾ । ਸਤਿ ਪੁਰਖ ਨਿਰੰਜਣ ਜੋਤ ਅਕਾਰ, ਅੱਠ ਤਤਾਂ ਵਿਚ ਸਮਾਇੰਦਾ । ਨੌ ਦਵਾਰੇ ਖੋਲ੍ਹ ਕਿਵਾੜ, ਜਗਤ ਦਵਾਰਾ ਇਕ ਵਖਾਇੰਦਾ ।

ਸੱਤਵੇਂ ਬੈਠ ਸੱਚੀ ਸਰਕਾਰ, ਸ਼ਬਦ ਸਿੰਘਾਸਣ ਆਸਣ ਲਾਇੰਦਾ । ਦਸਵਾਂ ਘਰ ਅਪਰ ਅਪਾਰ, ਹਰਿ ਜੋਤੀ ਨੂਰ ਜਗਾਇੰਦਾ । ਨੌ ਦਵਾਰੇ ਵਸਿਆ ਬਾਹਰ, ਦਿਸ ਕਿਸੇ ਨਾ ਆਇੰਦਾ । ਅੱਠਾਂ ਤਤਾਂ ਮਾਰੇ ਮਾਰ, ਆਪਣੀ ਧਾਰ ਬੰਧਾਇੰਦਾ । ਸਤਿ ਪੁਰਖ ਨਿਰੰਜਣ ਏਕਾ ਕਾਰ, ਏਕਾ ਰੂਪ ਸਮਾਇੰਦਾ । ਛੇਵੇਂ ਛੱਪਰ ਨਾ ਲਏ ਕੋਈ ਉਸਾਰ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਪੰਚਮ ਮੀਤਾ ਪਹਿਰੇਦਾਰ, ਸਾਚੀ ਸੇਵ ਕਮਾਇੰਦਾ । ਚੌਥੇ ਘਰ ਬੈਠ ਸੱਚੀ ਸਰਕਾਰ, ਸੰਤ ਸੁਹੇਲੇ ਆਪ ਮਿਲਾਇੰਦਾ । ਤੀਜੇ ਨੈਣ ਦਰਸ ਅਪਾਰ, ਆਤਮ ਲੋਚਨ ਆਪ ਖੁਲ੍ਹਾਇੰਦਾ । ਦੋ ਜਹਾਨੀ ਮੇਲ ਭਤਾਰ, ਨਾਰੀ ਕੰਤਾ ਆਪ ਹੋ ਆਇੰਦਾ । ਏਕਾ ਅੱਖਰ ਅਪਰ ਅਪਾਰ, ਸਾਚੀ ਸਿਖਿਆ ਦੇ ਮਤ ਆਪ ਸਮਝਾਇੰਦਾ । ਏਕਾ ਅੱਖਰ ਸੋ, ਪੁਰਖ ਨਿਰਜੰਣ ਆਪ ਚਲਾਇਆ । ਦੂਜਾ ਅੱਖਰ ਅੱਗੇ ਹੋ, ਹਾਹਾ ਨਾਂ ਰਖਾਇਆ । ਤੀਜੇ ਅੰਮ੍ਰਿਤ ਆਤਮ ਚੋ, ਠਾਂਢੀ ਧਾਰ ਵਹਾਇਆ । ਚੌਥੇ ਘਰ ਨਾਤਾ ਤੁੱਟੇ ਜਗਤ ਮੋਹ, ਗੁਰ ਪੂਰਾ ਨਜ਼ਰੀ ਆਇਆ । ਪੰਚਮ ਜੂਠ ਝੂਠ ਨਾ ਸਕੇ ਛੋਹ, ਏਕਾ ਨਾਦ ਧੁਨ ਉਪਜਾਇਆ । ਛੇਵੇਂ ਘਰ ਅੱਗੇ ਹੋ, ਪ੍ਰਭ ਜੋਤੀ ਨੂਰ ਦਰਸਾਇਆ । ਸੰਤ ਸੁਹੇਲੇ ਸਤਿ ਪੁਰਖ ਨਿਰਜੰਣ ਏਕਾ ਦੋ, ਦੋ ਏਕਾ ਭੇਵ ਮਿਟਾਇਆ । ਅੱਠਵੇਂ ਅੱਠ ਤਤ ਰਹੇ ਰੋ, ਨੇਤਰ ਨੀਰ ਵਹਾਇਆ । ਨੌ ਦਰ ਆਪਣੀ ਪਤ ਰਹੇ ਖੋਹ, ਨਾ ਕੋਈ ਹੋਏ ਸਹਾਇਆ । ਦਸਵੇਂ ਮੇਲਾ ਸਾਜਨ ਸੋ, ਸੱਸਾ ਕਿਲ੍ਹਾ ਰਿਹਾ ਸੁਹਾਇਆ । ਏਕਾ ਹੋੜਾ ਰੱਖੇ ਨਿਰਮੋਹ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਇਆ । ਦਸਮ ਘਰ ਦਸਮ ਦਵਾਰਾ, ਹਰਿ ਦਹਿ ਦਿਸ਼ਾ ਵੇਖ ਵਖਾਨਿਆ । ਨੌ ਦਵਾਰੇ ਝੂਠੀ ਧਾੜਾ, ਲੁੱਟੇ ਰਾਜੇ ਰਾਣਿਆ । ਅੱਠਾਂ ਤਤਾਂ ਇਕ ਅਖਾੜਾ, ਪੰਜਾਂ ਤਤਾਂ ਮੇਲ ਮਿਲਾਨਿਆ । ਸਤਿ ਪੁਰਖ ਨਿਰੰਜਣ ਇਕ ਆਕਾਰਾ, ਏਕਾ ਰੂਪ ਸਮਾਨਿਆ । ਛੇਵੇਂ ਖੋਲ੍ਹੇ ਸ਼ਬਦ ਕਿਵਾੜਾ, ਜਣਾਏ ਧੁਰ ਫ਼ਰਮਾਣਿਆ । ਪੰਚਮ ਮੇਲਾ ਹਰਿ ਗਿਰਧਾਰਾ, ਗੁਣ ਗਾਵਣ ਗੁਣ ਨਿਧਾਨਿਆ । ਚੌਥੇ ਘਰ ਪਦ ਨਿਰਬਾਣਾ, ਗੁਰਮੁਖ ਵਿਰਲਾ ਪਾਣਿਆ । ਤੀਜੇ ਨੇਤਰ ਇਕ ਅਖਾੜਾ, ਵੇਖੇ ਖੇਲ ਸ੍ਰੀ ਭਗਵਾਨਿਆ । ਦੂਜੇ ਮੇਟੇ ਝੂਠੀ ਧਾੜਾ, ਨਾਮ ਖੰਡਾ ਹੱਥ ਉਠਾਨਿਆ । ਇਕ ਇਕੱਲਾ ਜਗਤ ਅਖਾੜਾ, ਆਪ ਬਣਾਏ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਹਿਲੀ ਚੇਤਰ ਦੇਵੇ ਧੁਰ ਫ਼ਰਮਾਣਿਆ । ਪਹਿਲੀ ਚੇਤਰ ਸ਼ਬਦ ਬਿਬਾਣ, ਪ੍ਰਭ ਏਕਾ ਏਕ ਰਖਾਇਆ । ਦੂਜੇ ਚੇਤਰ ਮਾਰ ਧਿਆਨ, ਗੁਰਮੁਖਾਂ ਰਿਹਾ ਚੜ੍ਹਾਇਆ । ਤੀਜੇ ਚੇਤਰ ਕਰ ਪਛਾਨ, ਆਪਣਾ ਰੰਗ ਰਿਹਾ ਰੰਗਾਇਆ । ਚੌਥੇ ਚੇਤਰ ਹਰਿ ਮਿਹਰਬਾਨ, ਜੀਆ ਦਾਨ ਝੋਲੀ ਪਾਇਆ । ਪੰਚਮ ਚੇਤਰ ਸ਼ਬਦ ਨਿਸ਼ਾਨ, ਏਕਾ ਧਰਮ ਚਲਾਇਆ । ਛੇ ਚੇਤਰ ਬ੍ਰਹਮ ਗਿਆਨ, ਗੁਰਮੁਖਾਂ ਰਿਹਾ ਦਵਾਇਆ । ਸੱਤ ਚੇਤਰ ਗੁਣ ਨਿਧਾਨ, ਜੁਗ ਜੁਗ ਵਿਛੜੇ ਰਿਹਾ ਮਿਲਾਇਆ । ਅੱਠ ਚੇਤ ਸੁੰਞ ਮਸਾਣ, ਅੱਠਾਂ ਤਤਾਂ ਰਿਹਾ ਕਰਾਇਆ । ਨੌ ਚੇਤਰ ਬਣ ਨਿਗਾਹਬਾਨ, ਨੌ ਦਵਾਰੇ ਬਾਹਰ ਕਰਾਇਆ । ਦਸ ਚੇਤਰ ਕਰ ਪਛਾਣ, ਗੁਰਮੁਖ ਸਾਚੇ ਰਿਹਾ ਜਗਾਇਆ । ਗਿਆਰਾਂ ਚੇਤਰ ਖੋਲ੍ਹ ਦੁਕਾਨ, ਗਊ ਗਰੀਬਾਂ ਏਕਾ ਹੱਟ ਵਖਾਇਆ । ਬਾਰਾਂ ਚੇਤਰ ਪਦ ਨਿਰਬਾਨ, ਸ਼ਬਦ ਡੰਕਾ ਰਿਹਾ ਵਜਾਇਆ । ਤੇਰਾਂ ਚੇਤਰ ਤੇਰੀ ਧਾਰ ਸਾਰੇ ਗਾਨ, ਊਚਾਂ ਨੀਚਾਂ ਰਿਹਾ ਸੁਣਾਇਆ । ਚੌਦਾਂ ਚੇਤਰ ਵੇਖ ਮਕਾਨ, ਗੁਰ ਗੋਬਿੰਦ ਪੂਰਬ ਲਹਿਣਾ ਰਿਹਾ ਚੁਕਾਇਆ । ਸਿੰਘ ਦਇਆ ਤੇਰਾ ਮੁੱਕਿਆ ਆਵਣ ਜਾਣ, ਹਰਿ ਸਾਚੀ ਗੋਦ ਉਠਾਇਆ । ਬਿਸ਼ਨ ਸਿੰਘ ਹਰਿ ਕਰ ਪਰਵਾਨ,

੬੮੯
੦੬

ਸ਼ਬਦ ਪੜਦਾ ਉਤੇ ਪਾਇਆ । ਪੰਚਮ ਮੇਲਾ ਹਰਿ ਭਗਵਾਨ, ਵਿਛੜ ਕਦੇ ਨਾ ਜਾਇਆ । ਪੰਦਰਾਂ ਚੇਤਰ ਏਕਾ ਆਣ, ਸ੍ਰਿਸ਼ਟ ਸਬਾਈ ਰਿਹਾ ਕਰਾਇਆ । ਸੋਲਾਂ ਚੇਤਰ ਚਰਨ ਧੂੜ ਇਸ਼ਨਾਨ, ਸਤਿਗੁਰ ਪੂਰਾ ਆਪ ਨੁਹਾਇਆ । ਸਤਾਰਾਂ ਚੇਤਰ ਇਕ ਮਕਾਨ, ਕਾਇਆ ਮੰਦਰ ਆਪ ਸੁਹਾਇਆ । ਅਠਾਰਾਂ ਚੇਤਰ ਨਿਗਾਹਬਾਨ, ਦਿਵਸ ਰੈਣ ਸੇਵ ਕਮਾਇਆ । ਉਨੀ ਚੇਤਰ ਸੁਘੜ ਸਿਆਣ, ਧੁਰ ਫ਼ਰਮਾਣ ਰਿਹਾ ਜਗਾਇਆ । ਵੀਹ ਚੇਤਰ ਦੇਵੇ ਮਾਣ, ਗੁਰ ਸੰਗਤ ਵਿਚ ਸਮਾਇਆ । ਇੱਕੀ ਚੇਤਰ ਤੇਰਾ ਚੜ੍ਹੇ ਨਿਸ਼ਾਨ, ਸੱਤ ਰੰਗਾ ਆਪ ਚੜ੍ਹਾਇਆ । ਸੱਤਾਂ ਦੀਪਾਂ ਵੇਖੇ ਮਾਰ ਧਿਆਨ, ਨੌ ਖੰਡ ਪ੍ਰਿਥਮੀ ਵੇਖ ਵਖਾਇਆ । ਲੱਖ ਚੁਰਾਸੀ ਤੇਰਾ ਇਕ ਗਿਆਨ, ਸੋਹੰ ਅੱਖਰ ਚਲਾਇਆ । ਪਾਰਬ੍ਰਹਮ ਆਪ ਪਰਧਾਨ, ਵਡ ਪਰਧਾਨਗੀ ਰਿਹਾ ਕਮਾਇਆ । ਅੱਠੇ ਪਹਿਰ ਨੌਜਵਾਨ, ਬਿਰਧ ਬਾਲ ਅਵਸਥਾ ਨਾ ਕੋਈ ਰਖਾਇਆ । ਏਕਾ ਚਿੱਲਾ ਏਕਾ ਤੀਰ ਕਮਾਨ, ਜੁਗ ਜੁਗ ਰਿਹਾ ਚਲਾਇਆ । ਨਾ ਕੋਈ ਕੱਟਿਆ ਚਾਲੀਆ, ਗੁਰ ਪੀਰ ਕੋਈ ਦਿਸ ਨਾ ਆਇਆ । ਨਾ ਕੋਈ ਕਿਲ੍ਹਾ ਨਾ ਕੋਈ ਕੋਟ, ਨਾ ਕੋਈ ਚਾਰ ਦਿਵਾਰ ਬਣਾਇਆ । ਨਾ ਕੋਈ ਪਰਬਤ ਨਾ ਕੋਈ ਟਿੱਲਾ, ਜੰਗਲ ਜੂਹ ਉਜਾੜ ਨਾ ਡੇਰਾ ਲਾਇਆ । ਜਨ ਭਗਤਾਂ ਆਪਣੀ ਕਿਰਪਾ ਕਰ, ਪੂਜਾ ਪਾਠ ਨਾ ਕੋਈ ਕਰਾਇਆ । ਆਪ ਬਣਾਇਆ ਆਪਣਾ ਚਿਲ੍ਹਾ, ਨਾਲ ਰਖਾਇਆ ਸ਼ਬਦ ਨੀਲਾ, ਪੀਲਾ ਬਸਤਰ ਤਨ ਛੁਹਾਇਆ । ਅੰਮ੍ਰਿਤ ਨਾਮ ਨਿਧਾਨ ਇੱਕੀ ਚੇਤਰ ਗੁਰ ਸੰਗਤ ਨਾਮ ਪਿਆਇਆ । ਦੀਪਕ ਜੋਤੀ ਲਾਏ ਤੀਲਾ, ਅਗਿਆਨ ਅੰਧੇਰ ਮਿਟਾਇਆ । ਪਰਗਟ ਹੋਇਆ ਛੈਲ ਛਬੀਲਾ, ਸਿੰਘ ਸ਼ੇਰ ਨਾਉਂ ਰਖਾਇਆ । ਵੇਖ ਵਖਾਣੇ ਲੋਕ ਤੀਨਾ, ਨਾਥ ਤ੍ਰੈਲੋਕੀ ਆਪ ਅਖਵਾਇਆ । ਗੁਰਮੁਖ ਬਿਲਲਾਏ ਜਿਉਂ ਜਲ ਮੀਨਾ, ਦੇ ਦਰਸ ਤ੍ਰਿਖਾ ਬੁਝਾਇਆ । ਜੁਗ ਜੁਗ ਕਰਨਹਾਰਾ ਠਾਂਡਾ ਸੀਨਾ, ਜਨ ਭਗਤਾਂ ਗਲੇ ਲਗਾਇਆ । ਆਪੇ ਦਾਤਾ ਦਾਨਾ ਬੀਨਾ, ਸਾਚੀ ਵਸਤੂ ਝੋਲੀ ਪਾਇਆ । ਵੇਖੇ ਖੇਲ ਰੂਸਾ ਚੀਨਾ, ਪੰਚਮ ਜੇਠੀ ਦਰਸ ਦਿਖਾਇਆ । ਮਾਣ ਅਭਿਮਾਨ ਲੱਖ ਚੁਰਾਸੀ ਨੌ ਖੰਡ ਪ੍ਰਿਥਮੀ ਤੇਰਾ ਛੀਨਾ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਸੇਵ ਕਮਾਇਆ । ਪਹਿਲੀ ਚੇਤਰ ਇਕ ਆਕਾਰ, ਹਰਿ ਸਾਚੇ ਆਪ ਕਰਾਇਆ । ਸ਼ਬਦ ਖੰਡਾ ਦੂਹਰੀ ਧਾਰ, ਦੋ ਚੇਤਰ ਵੇਖ ਵਖਾਇਆ । ਤੀਜੇ ਚੇਤਰ ਖੋਲ੍ਹ ਕਿਵਾੜ, ਜਨ ਭਗਤਾਂ ਦਰਸ਼ਨ ਪਾਇਆ । ਚੌਥੇ ਚੇਤਰ ਅੰਦਰ ਵਾੜ, ਸ਼ਬਦ ਸੁਰਤ ਮੇਲ ਮਿਲਾਇਆ । ਪੰਚਮ ਚੇਤਰ ਪੰਚਮ ਧਾੜ, ਜੂਠੀ ਝੂਠੀ ਰਹਿਣ ਨਾ ਪਾਇਆ । ਛੇ ਚੇਤਰ ਅੱਗ ਨਾ ਲੱਗੇ ਤਤੀ ਹਾੜ, ਸਾਂਤਕ ਸਤਿ ਵਰਤਾਇਆ । ਸੱਤ ਚੇਤਰ ਵਖਾਏ ਸਾਚਾ ਲਾੜ, ਗੁਰਮੁਖ ਨਾਰੀ ਵਿਆਹਵਣ ਆਇਆ । ਅੱਠਾਂ ਤਤਾਂ ਵਸਿਆ ਬਾਹਰ, ਹਰਿ ਦਿਸ ਕਿਸੇ ਨਾ ਆਇਆ । ਨੌ ਦਵਾਰੇ ਖੋਲ੍ਹ ਦਰਬਾਰ, ਮਨਮੁਖ ਜੀਵਾਂ ਰਿਹਾ ਵਖਾਇਆ । ਦਸਵੇਂ ਭੇਵ ਸੱਚੀ ਸਰਕਾਰ, ਗੁਰਮੁਖਾਂ ਅੱਗੇ ਸੀਸ ਝੁਕਾਇਆ । ਗਿਆਰਵਾਂ ਹੋਇਆ ਖ਼ਬਰਦਾਰ, ਲਾਲ ਕਿਲ੍ਹੇ ਚਰਨ ਛੁਹਾਇਆ । ਬਾਰਹਵੇਂ ਵੇਖੇ ਖੇਲ ਅਪਰ ਅਪਾਰ, ਸਤਾਰਾਂ ਹਾੜੀ ਦਿਵਸ ਸੁਹਾਇਆ । ਸੰਮਤ ਤੇਰਾਂ ਕਰਮ ਵਿਚਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਮਿਲਾਇਆ । ਚੌਦਾਂ ਮਾਰੇ ਚੌਦਾਂ ਤਬਕਾਂ ਮਾਰ, ਆਪਣਾ ਆਪ ਹਿਲਾਇਆ । ਚੌਦਾਂ ਲੋਕ ਵੇਖ ਵਿਚਾਰ, ਚਾਰੋਂ ਕੁੰਟ ਫਿਰਾਇਆ । ਤੇਰਾਂ ਤੇਰੀ ਸਾਚੀ ਧਾਰ, ਨਾਨਕ ਗਿਆ ਗਾਇਆ । ਬਾਰਾਂ ਬਾਰਾਂ ਦਿਵਸ ਵਿਚਾਰ, ਮਾਸ ਵਰਖ ਵੇਖ ਵਖਾਇਆ । ਗਿਆਰਾਂ ਤੇਰਾ ਇਕ ਘਰ ਬਾਹਰ, ਲੱਖ ਚੁਰਾਸੀ


੬੯੦
੦੬

ਦਏ ਵਖਾਇਆ । ਗਿਆਰਾਂ ਚੇਤਰ ਨਰ ਨਾਰ, ਹਰਿ ਲੀਲਾ ਆਪ ਕਰਾਇਆ । ਬਾਰਾਂ ਚੇਤਰ ਮੀਤ ਮੁਰਾਰ, ਆਪ ਆਪਣਾ ਦਰਸ ਦਿਖਾਇਆ । ਤੇਰਾਂ ਚੇਤਰ ਨਰ ਅਵਤਾਰ, ਨਿਰਗੁਣ ਰੂਪ ਸਮਾਇਆ । ਚੌਦਾਂ ਚੇਤਰ ਧਰਮ ਅਖਾੜ, ਘਰ ਸਾਚੇ ਡੰਕ ਵਜਾਇਆ । ਪੰਦਰਾਂ ਚੇਤਰ ਜੜ੍ਹ ਦਏ ਉਖਾੜ, ਸ੍ਰਿਸ਼ਟ ਸਬਾਈ ਦਏ ਹਿਲਾਇਆ । ਸੋਲਾਂ ਚੇਤਰ ਅੱਗ ਲਗਾਏ ਬਹੱਤਰ ਨਾੜ, ਹਰਿ ਸੋਲਾਂ ਕਲ ਵਰਤਾਇਆ । ਸਤਾਰਾਂ ਚੇਤਰ ਦੇਵੇ ਸਾੜ, ਪੰਜ ਤਤ ਰਹਿਣ ਨਾ ਪਾਇਆ । ਅਠਾਰਾਂ ਚੇਤਰ ਇਕ ਵਖਾਏ ਅਗੰਮੀ ਧਾੜ, ਚਾਰੋਂ ਕੁੰਟ ਦਏ ਦੁਹਾਇਆ । ਉਨੀ ਚੇਤਰ ਖ਼ੁਸ਼ੀ ਮਨਾਏ ਮੌਤ ਲਾੜ, ਵਾਹਵਾ ਮੰਗਲ ਗਾਇਆ । ਬੀਸ ਚੇਤਰ ਤੇਰਾ ਸਚ ਦਿਹਾੜ, ਗੁਰ ਸੰਗਤ ਮੇਲ ਮਿਲਾਇਆ । ਇੱਕੀ ਚੇਤਰ ਹਰਿਜਨ ਬਣਾਏ ਸਾਚਾ ਲਾੜ, ਸੋਹੰ ਸ਼ਬਦ ਦਸਤਾਰ ਸਾਚੀ ਸੀਸ ਬੰਧਾਇਆ । ਘੜਨਹਾਰਾ ਸਾਚਾ ਘਾੜ, ਜੁਗ ਜੁਗ ਘੜਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ । ਇੱਕੀ ਚੇਤਰ ਭਿੰਨੜੀ ਰੈਣ, ਦਰ ਆਏ ਸੀਸ ਝੁਕਾਈਆ । ਖੋਲ੍ਹ ਨੇਤਰ ਵੇਖੇ ਨੈਣ, ਗੁਰ ਸੰਗਤ ਦਰਸ ਪ੍ਰਭ ਦਰਸ ਬੈਠੀ ਤਿਹਾਈਆ । ਅੱਗੇ ਹੋ ਹੋ ਪਾਵੇ ਵੈਣ, ਵੇਲਾ ਗਿਆ ਹੱਥ ਨਾ ਆਈਆ । ਗੁਰਮੁਖ ਵਿਰਲੇ ਮਾਤ ਰਹਿਣ, ਇਕ ਇਕੀਸਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਦਏ ਵਧਾਈਆ । ਭਿੰਨੜੀ ਰੈਣ ਖ਼ੁਸ਼ੀ ਮਨਾਏ, ਪ੍ਰਭ ਅੱਗੇ ਸੀਸ ਝੁਕਾਇਆ । ਗੁਰਮੁਖ ਸਾਚੇ ਲਏ ਜਗਾਏ, ਮਨਮੁਖ ਗੂੜ੍ਹੀ ਨੀਂਦ ਸਵਾਇਆ । ਦੇ ਮਤ ਰਹੀ ਸਮਝਾਏ, ਗਲ ਪੱਲੂ ਆਪਣਾ ਪਾਇਆ । ਭੁੱਲ ਰਹੇ ਨਾ ਰਾਏ, ਨਿਹਕਲੰਕਾ ਜਾਮਾ ਪਾਇਆ । ਮੈਨੂੰ ਸੁਤਿਆਂ ਨੀਂਦ ਨਾ ਆਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਸਰੂਪੀ ਰਿਹਾ ਜਗਾਇਆ । ਭਿੰਨੜੀ ਰੈਣ ਚੜ੍ਹਿਆ ਰੰਗ, ਦਰ ਦਵਾਰ ਖ਼ੁਸ਼ੀ ਮਨਾਇੰਦੀ । ਗੁਰ ਸੰਗਤ ਤੇਰਾ ਸਾਚਾ ਸੰਗ, ਅੱਗੇ ਪਿੱਛੇ ਹੋ ਆਪ ਨਿਭਾਇੰਦੀ । ਪ੍ਰਭ ਚਰਨ ਦਵਾਰੇ ਬੈਠ ਪਲੰਘ, ਦੇ ਮਤ ਜਗਤ ਸਮਝਾਇੰਦੀ । ਪਿਤਾ ਪੂਤ ਕੋਲੋਂ ਨਾ ਜਾਏ ਸੰਗ, ਏਕਾ ਨਾਤਾ ਮਾਤ ਬੰਧਾਇੰਦੀ । ਅੰਮ੍ਰਿਤ ਧਾਰਾ ਵਹਿੰਦੀ ਗੰਗ, ਗੁਰਮੁਖ ਫੜ ਫੜ ਗੁਰਚਰਨ ਦਵਾਰੇ ਆਪ ਨੁਹਾਇੰਦੀ । ਮਨਮੁਖ ਜੀਵਾਂ ਕੀਤਾ ਤੰਗ, ਕਾਲੀ ਰੈਣ ਪੜਦਾ ਪਾਇੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਭਿੰਨੜੀ ਰੈਣ ਸੀਸ ਝੁਕਾਇੰਦੀ । ਭਿੰਨੜੀ ਰੈਨੜੀਏ ਤੇਰਾ ਵਕਤ ਸੁਹੰਣਾ, ਜਨ ਭਗਤਾਂ ਵਜੀ ਵਧਾਈਆ । ਜਗੇ ਜੋਤ ਇਕ ਨਿਰੰਜਣਾ, ਸੋਹੰ ਸ਼ਬਦ ਹੋਈ ਕੁੜਮਾਈਆ । ਏਕਾ ਤਾਲ ਨਗਾਰਾ ਸਾਚਾ ਵੱਜਣਾ, ਪ੍ਰਭ ਸਾਚਾ ਆਪ ਵਜਾਈਆ । ਜੋ ਘੜਿਆ ਸੋ ਭੱਜਣਾ, ਥਿਰ ਰਹਿਣ ਨਾ ਪਾਈਆ । ਘਰ ਬਾਹਰ ਸਭ ਨੇ ਤੱਜਣਾ, ਸਚ ਸੇਜ ਨਾ ਕੋਈ ਹੰਢਾਈਆ । ਵੇਲੇ ਅੰਤਮ ਨਾ ਰੱਖੇ ਕੋਈ ਲਜਨਾ, ਕਲਜੁਗ ਰੈਣ ਅੰਧੇਰੀ ਛਾਈਆ । ਗੁਰ ਪੀਰ ਪੜਦਾ ਕਿਸੇ ਨਾ ਕੱਜਣਾ, ਜੂਠੇ ਝੂਠੇ ਬੈਠਣ ਮੁਖ ਸ਼ਰਮਾਈਆ । ਗੁਰ ਸੰਗਤ ਗੁਰ ਚਰਨ ਦਵਾਰੇ ਬਹਿ ਬਹਿ ਸਜਣਾ, ਭਿੰਨੜੀ ਰੈਣ ਖ਼ੁਸ਼ੀ ਮਨਾਈਆ । ਇਕ ਕਰਾਏ ਸਾਚਾ ਹਾਜੀ ਹੱਜਣਾ, ਮੱਕਾ ਕਾਅਬਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਦੇਵੇ ਵਰ, ਸਾਚੀ ਭਿਛਿਆ ਝੋਲੀ ਪਾਈਆ । ਭਿੰਨੜੀ ਰੈਣ ਦਏ ਸਲਾਹ, ਗੁਰਮੁਖ ਸੋਏ ਮਾਤ ਉਠਾਵੰਦੀ । ਸਤਿਗੁਰ ਪੂਰਾ ਇਕ ਮਲਾਹ, ਜੁਗ ਜੁਗ ਆਪ ਸਮਝਾਵੰਦੀ । ਧਰਮ ਰਾਏ ਗਲ ਪਾਏ ਫਾਹ, ਨਾ ਕੋਈ ਤੋੜ ਤੁੜਾਵੰਦੀ । ਏਕਾ ਏਕ ਵਿਖਾਏ ਸਾਚਾ ਨਾਂ, ਸੋਹੰ

੬੯੧ ੦੬

ਦਰ ਦਰ ਘਰ ਘਰ ਸੁਣਾਵੰਦੀ । ਏਕਾ ਪਿਤਾ ਏਕਾ ਮਾਂ, ਪੂਤ ਸਪੂਤਾ ਇਕ ਵਖਾਵੰਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਿੰਨੜੀ ਰੈਣ ਰੈਣ ਭਿੰਨੜੀ ਏਕਾ ਰੰਗ ਰੰਗਾਵੰਦੀ ।

## ❊ ਪਹਿਲੀ ਵਿਸਾਖ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਦਿਆਲ, ਆਪ ਅਖਵਾਇਆ । ਗੁਰਮੁਖ ਸਾਚੇ ਲਾਲ, ਲੋਕਮਾਤੀ ਲਏ ਉਠਾਇਆ । ਏਕਾ ਦੇਵੇ ਸ਼ਬਦ ਉਛਾਲ, ਸਾਚੀ ਹਾਟੀ ਫਲ ਲਗਾਏ ਸਾਚੇ ਡਾਲ੍ਹ, ਤੀਰਥ ਤਟ ਨਾ ਕੋਇ ਰਖਾਇਆ । ਅੰਮ੍ਰਿਤ ਆਤਮ ਨੁਹਾਏ ਸਾਚੇ ਤਾਲ, ਦਰ ਦਵਾਰਾ ਇਕ ਵਖਾਇਆ । ਦੇਵੇ ਨਾਮ ਸੱਚਾ ਧਨ ਮਾਲ, ਧੁਰਦਰਗਾਹੀ ਲੈ ਕੇ ਆਇਆ । ਆਪੇ ਸ਼ਾਹ ਆਪੇ ਕੰਗਾਲ, ਮਾਲ ਖਜ਼ਾਨਾ ਆਪਣੇ ਹੱਥ ਰਖਾਇਆ । ਜਗਤ ਚਲੇ ਅਵੱਲੜੀ ਚਾਲ, ਭੇਖਾਧਾਰੀ ਭੇਖ ਵਟਾਇਆ । ਦਰ ਭਿਖਾਰੀ ਕਾਲ ਮਹਾਂਕਾਲ, ਦੋਏ ਬੈਠੇ ਸੀਸ ਝੁਕਾਇਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੋਏ ਜੋੜ ਕਰਨ ਨਿਮਸਕਾਰ, ਕਲਜੁਗ ਵੇਲਾ ਅੰਤਮ ਆਇਆ । ਪੁਰਖ ਅਬਿਨਾਸ਼ੀ ਪਾਏ ਸਾਰ, ਸੰਮਤ ਚੌਦਾਂ ਕਰ ਵਿਚਾਰ, ਗੁਰ ਗੋਬਿੰਦ ਕਰ ਤਨ ਸ਼ਿੰਗਾਰ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਰਿਹਾ ਵਜਾਇਆ ।



ਸਤਿਗੁਰ ਪੁਰਖ ਸਤਿ ਸਤਿਵਾਦ, ਸਤਿ ਸਰੂਪ ਸਮਾਇਆ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਖੇਲ ਖਿਲਾਇਆ । ਵੇਖੇ ਖੇਲ ਵਿਚ ਬ੍ਰਹਿਮਾਦ, ਵੇਖਣਹਾਰਾ ਆਪ ਅਖਵਾਇਆ । ਉਠਾਏ ਜਗਾਏ ਸੰਤ ਸਾਧ, ਸੰਤ ਸੁਹੇਲਾ ਦਇਆ ਕਮਾਇਆ । ਮੇਲ ਮਿਲਾਏ ਮਾਧਵ ਮਾਧ, ਵਿਛੜ ਕਦੇ ਨਾ ਜਾਇਆ । ਜੋ ਜਨ ਰਸਨਾ ਰਹੇ ਅਰਾਧ, ਨੇਤਰ ਨੈਣਾਂ ਦਰਸ ਦਿਖਾਇਆ । ਸ਼ਬਦ ਜਣਾਏ ਬੋਧ ਅਗਾਧ, ਭੇਵ ਅਭੇਦਾ ਭੇਵ ਖੁਲ੍ਹਾਇਆ । ਇਕ ਵਜਾਏ ਸਾਚਾ ਨਾਦ, ਸੋਹੰ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤੀ ਜੋਤ ਕਮਾਇਆ । ਏਕਾ ਜੋਤੀ ਸਾਚਾ ਜੋਗ, ਸ਼ਬਦੀ ਖਾਕ ਰਮਾਈਆ । ਏਕਾ ਰਸ ਏਕਾ ਭੋਗ, ਇਕ ਸੰਜੋਗ ਕਰਾਈਆ । ਏਕਾ ਦਰਸ ਦਰ ਅਮੋਘ, ਆਪਣਾ ਆਪ ਕਰਾਈਆ । ਏਕਾ ਭੋਗੀ ਭੋਗੇ ਭੋਗ, ਆਤਮ ਤ੍ਰਿਸ਼ਨਾ ਭੁੱਖ ਗਵਾਈਆ । ਏਕਾ ਕੱਟਣਹਾਰਾ ਰੋਗ, ਤ੍ਰਿਸ਼ਨਾ ਰਹਿਣ ਨਾ ਪਾਈਆ । ਇਕ ਚੁਗਾਏ ਸਾਚੀ ਚੋਗ, ਬੱਤੀ ਦੰਦਾਂ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਸ਼ਬਦੀ ਬਣਤ ਬਣਾਈਆ । ਜੋਤੀ ਸ਼ਬਦੀ ਸਾਚਾ ਮੇਲ, ਕਰੇ ਕਰਾਏ ਹਰਿ ਭਗਵਾਨਿਆ । ਆਪੇ ਖੇਲਣਹਾਰਾ ਖੇਲ, ਖੇਲੇ ਖੇਲ ਦੋ ਜਹਾਨਿਆ । ਦੋ ਜਹਾਨੀ ਸੱਜਣ ਸੁਹੇਲ, ਦੋ ਜਹਾਨ ਕਰੇ ਪਰਵਾਨਿਆ । ਆਪੇ ਵਸੇ ਰੰਗ ਨਵੇਲ, ਹਰ ਘਟ ਵੇਖੇ ਵੇਖ ਵਿਖਾਨਿਆ । ਆਪੇ ਗੁਰ ਆਪੇ ਚੇਲ, ਆਪੇ ਸ਼ਸਤਰ ਬਸਤਰ ਤਨ ਪਹਿਨਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜੋਤੀ ਸ਼ਬਦੀ ਧੁਰ ਫ਼ਰਮਾਣਿਆ । ਜੋਤੀ ਸ਼ਬਦੀ ਧੁਰ ਫ਼ਰਮਾਨਾ, ਏਕਾ ਏਕ ਸੁਣਾਇੰਦਾ । ਆਪ ਉਠਾਏ ਜੀਵ ਜਹਾਨਾ, ਜੀਵਾਂ ਜੰਤਾਂ ਆਪ ਸਮਝਾਇੰਦਾ । ਵੇਖ ਵਖਾਏ ਰਾਜ ਰਾਜਾਨਾਂ, ਸ਼ਾਹ ਸੁਲਤਾਨਾਂ ਆਪ

ਹਿਲਾਇੰਦਾ । ਸਾਧਾਂ ਸੰਤਾਂ ਦੇਵੇ ਨਾਮ ਨਿਧਾਨਾ, ਨਿਰਗੁਣ ਝੋਲੀ ਪਾਇੰਦਾ । ਜੋਤ ਸਰੂਪੀ ਬੰਨ੍ਹੇ ਗਾਨਾ, ਸਤਿ ਸੰਤੋਖੀ ਗੰਢ ਦਵਾਇੰਦਾ । ਸੋਹੰ ਬਖ਼ਸ਼ੇ ਤੀਰ ਕਮਾਨਾ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਇਕ ਸੁਣਾਏ ਸਾਚਾ ਗਾਣਾ, ਅਨਹਦ ਸਾਚੀ ਸੇਵਾ ਲਾਇੰਦਾ । ਕਾਇਆ ਮੰਦਰ ਸਚ ਮਕਾਨਾ, ਗੁਰ ਪੂਰਾ ਦਰਸ ਦਿਖਾਇੰਦਾ । ਇਕ ਰਖਾਏ ਨਾਮ ਬਿਬਾਣਾ, ਹਰਿਜਨ ਸਾਚੇ ਆਪ ਚੜ੍ਹਾਇੰਦਾ । ਆਪੇ ਬਖ਼ਸ਼ੇ ਪੀਣਾ ਖਾਣਾ, ਧੀਰਜ ਧੀਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਸ਼ਬਦੀ ਬਣਤ ਬਣਾਇੰਦਾ । ਜੋਤੀ ਸ਼ਬਦੀ ਜੁੜਿਆ ਜੋੜ, ਹਰਿ ਸਾਚਾ ਆਪ ਜੁੜਾਇੰਦਾ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜ, ਕਲਜੁਗ ਵੇਲਾ ਆਪ ਸੁਹਾਇੰਦਾ । ਧੁਰਦਰਗਾਹੀ ਆਇਆ ਦੌੜ, ਭੇਖਾਧਾਰੀ ਭੇਖ ਵਟਾਇੰਦਾ । ਆਦਿ ਪੁਰਖ ਬ੍ਰਾਹਮਣ ਗੌੜ, ਜੋਤ ਨਿਰੰਜਣ ਪੂਤ ਉਪਜਾਇੰਦਾ । ਸੰਬਲ ਨਗਰ ਸਾਢੇ ਤਿੰਨ ਹੱਥ ਲੰਬਾ ਚੌੜ, ਗੋਬਿੰਦ ਗੜ੍ਹ ਵਸਾਇੰਦਾ । ਏਕਾ ਲਾਇਆ ਹਰਿ ਜੀ ਪੌੜ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਸ਼ਬਦੀ ਬਣਤ ਬਣਾਇੰਦਾ । ਜੋਤੀ ਸ਼ਬਦ ਸਚ ਬੇਨੰਤੀ, ਪ੍ਰਭ ਆਪਣੀ ਆਪ ਉਪਾਈਆ । ਜੁਗ ਜੁਗ ਮਹਿਮਾ ਅਗਣਤ ਗਿਣਤੀ, ਕੋਈ ਗਿਣ ਸਕੇ ਨਾ ਰਾਈਆ । ਭਰਮੇ ਭੁੱਲੇ ਜੀਵ ਜੰਤ ਗੋਬਿੰਦ ਕਾਇਆ ਰੰਗ ਬਸੰਤੀ, ਏਕਾ ਹਰਿ ਚੜ੍ਹਾਈਆ । ਜਗੇ ਜੋਤ ਭਗਤ ਭਗਵੰਤੀ, ਭਗਵਨ ਰੂਪ ਵਟਾਈਆ । ਗੁਰਮੁਖਾਂ ਮਿਲੇ ਮੇਲ ਪਤ ਪਤਵੰਤੀ, ਪਤਿਪਰਮੇਸ਼ਵਰ ਆਪ ਅਖਵਾਈਆ । ਮੇਟ ਮਿਟਾਏ ਦੇਵ ਦੰਤੀ, ਭੇਖ ਪਖੰਡਾ ਰਹਿਣ ਨਾ ਪਾਈਆ । ਏਕਾ ਏਕ ਆਕਾਰ ਅਕੰਤੀ, ਸਚ ਸਿੰਘਾਸਣ ਬੈਠਾ ਆਸਣ ਲਾਈਆ । ਜੋਤੀ ਖੇਲ ਅਗੰਮ ਅਗੰਮਤੀ, ਅਗੰਮੜੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਸ਼ਬਦੀ ਜੋੜ ਜੁੜਾਈਆ । ਜੋਤੀ ਸ਼ਬਦੀ ਜੁੜਿਆ ਜੋੜਾ, ਹਰਿ ਸਾਚਾ ਆਪ ਜੁੜਾਇੰਦਾ । ਸੋਹੰ ਸ਼ਬਦ ਸਾਚਾ ਘੋੜਾ, ਚਾਰੋਂ ਕੁੰਟ ਆਪ ਦੁੜਾਇੰਦਾ । ਸਾਚਾ ਖੇਲ ਬ੍ਰਾਹਮਣ ਗੌੜਾ, ਪੂਤ ਸਪੂਤਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਗੜ੍ਹ ਇਕ ਸੁਹਾਇੰਦਾ । ਗੋਬਿੰਦ ਗੜ੍ਹ ਇਕ ਮਹੱਲਾ, ਹਰਿ ਸਾਚੇ ਆਪ ਉਸਾਰਿਆ । ਵੇਖੇ ਖੇਲ ਇਕ ਇਕੱਲਾ, ਜੋਤ ਸਰੂਪੀ ਕਰ ਆਕਾਰਿਆ । ਸ਼ਬਦ ਸੁਨੇਹੜਾ ਏਕਾ ਘੱਲਾ, ਜੁਗ ਜੁਗ ਲਏ ਮਾਤ ਅਵਤਾਰਿਆ । ਆਪੇ ਵੇਖੇ ਜਲ ਥਲਾ, ਜੰਗਲ ਜੂਹ ਉਜਾੜ ਪਹਾੜਿਆ । ਮਿਲੇ ਮੇਲ ਗੋਬਿੰਦ ਡੱਲਾ, ਹਰਿ ਸਾਚਾ ਮੇਲ ਮਿਲਾ ਰਿਹਾ । ਦੂਈ ਦਵੈਤੀ ਮਿਟੇ ਸੱਲਾ, ਸਤਿ ਸਤਿਵਾਦੀ ਸਾਂਤਕ ਸਤਿ ਵਰਤਾ ਰਿਹਾ । ਸੋਹੰ ਫੜਿਆ ਹੱਥ ਵਿਚ ਭੱਲਾ, ਚਾਰ ਵਰਨਾਂ ਮਾਤ ਡਰਾ ਰਿਹਾ । ਏਕੰਕਾਰਾ ਇਕ ਇਕੱਲਾ, ਧਰਤਮਾਤ ਤੇਰਾ ਅਖਾੜਾ ਵੇਖ ਵਖਾ ਰਿਹਾ । ਪੰਚਮ ਬੋਲੇ ਸਾਚਾ ਹੱਲਾ, ਸਾਚਾ ਰਾਹ ਵਖਾ ਰਿਹਾ । ਗੁਰਮੁਖ ਵਿਰਲੇ ਸਚ ਦਵਾਰਾ ਕਲਜੁਗ ਅੰਤਮ ਮੱਲਾ, ਪ੍ਰਭ ਚਰਨ ਧਿਆਨ ਲਗਾ ਰਿਹਾ । ਮਨਮੁਖ ਜੀਵਾਂ ਜੂਠੀ ਝੂਠੀ ਕਾਇਆ ਖੱਲਾ, ਸਚ ਵਸਤ ਨਾ ਕੋਇ ਵਿਚ ਟਿਕਾ ਰਿਹਾ । ਦੀਪਕ ਜੋਤੀ ਨਾ ਕਿਸੇ ਬੱਲਾ, ਅੰਧ ਅੰਧੇਰ ਨਾ ਕੋਇ ਮਿਟਾ ਰਿਹਾ । ਜਨ ਭਗਤਾਂ ਫੜਾਏ ਆਪਣਾ ਪੱਲਾ, ਸੰਝ ਸਵੇਰ ਇਕ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਸ਼ਬਦੀ ਸੰਗ ਨਿਭਾ ਰਿਹਾ । ਜੋਤੀ ਸ਼ਬਦੀ ਸੰਗ ਨਿਭਾਏ, ਸਾਚਾ ਫੜਾਏ ਦਾਮਨ । ਵਰਨ ਗੋਤੀ ਕੋਈ ਰਹਿਣ ਨਾ ਪਾਏ, ਸੋਹੰ

ਇਕ ਰਖਾਇਆ ਜਾਮਨ । ਉਪਰ ਚੋਟੀ ਹਰਿ ਡੇਰਾ ਲਾਏ, ਨੇੜ ਨਾ ਆਏ ਕਾਮਨੀ ਕਾਮਨ । ਨਾਮ ਚੌਗਿਰਦੀ ਘੇਰਾ ਪਾਏ, ਮੇਟ ਮਿਟਾਏ ਅੰਧੇਰੀ ਸ਼ਾਮਨ । ਸੰਞ ਸਵੇਰਾ ਇਕ ਵਖਾਏ, ਕਲਜੁਗ ਦੁਸ਼ਟ ਸੰਘਾਰੇ ਰਾਵਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਜਪਾਏ ਨਾਮਨ । ਕਲਜੁਗ ਰਾਵਣ ਦੁਸ਼ਟ ਹੰਕਾਰ, ਲੋਕਮਾਤ ਗੜ੍ਹ ਉਸਾਰਿਆ । ਲੱਖ ਚੁਰਾਸੀ ਸੁਰਤੀ ਰਿਹਾ ਹਰ, ਸੀਤਾ ਸੁਰਤੀ ਛਲ ਛਿਲਾ ਰਿਹਾ । ਰਾਮ ਰਾਮਾ ਵੇਖੇ ਦਰ, ਚਾਰੋਂ ਕੁੰਟ ਵੇਖ ਵਖਾ ਰਿਹਾ । ਹਨਵੰਤਾ ਸੋਹੰ ਹੱਥ ਫੜ, ਆਪ ਆਪਣਾ ਸੰਗ ਬਣਾ ਰਿਹਾ । ਪੰਚਮ ਜੇਠ ਜਾਏ ਚੜ੍ਹ, ਸ਼ਾਹ ਸੁਲਤਾਨ ਆਪੇ ਵੇਖੇ ਅੱਗੇ ਖੜ੍ਹ, ਆਪ ਆਪਣਾ ਰੂਪ ਵਟਾ ਲਿਆ । ਕਲਜੁਗ ਤੇਰੀ ਉਖੇੜੇ ਜੜ੍ਹ, ਰਾਵਣ ਰਾਮਾ ਮੇਟ ਮਿਟਾ ਲਿਆ । ਸੰਤ ਸੁਹੇਲੇ ਲਏ ਫੜ, ਸਚ ਭਬੀਖਣ ਚਰਨ ਲਗਾ ਲਿਆ । ਆਦਿ ਅੰਤ ਜੁਗਾ ਜੁਗੰਤ ਨਾ ਜਨਮੇ ਨਾ ਮਰੇ ਨਾ ਜਾਏ ਸੜ, ਗੋਰ ਮੜ੍ਹੀ ਨਾ ਕਿਸੇ ਛੁਪਾ ਲਿਆ । ਜੁਗਾ ਜੁਗੰਤ ਸਾਧ ਸੰਤ ਜੀਵ ਜੰਤ ਹਰ ਘਟ ਅੰਦਰ ਬੈਠਾ ਵੜ, ਆਪ ਆਪਣੀ ਬਣਤ ਬਣਾ ਲਿਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਸਕੇ ਮਾਤ ਫੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਪਤ ਡਾਲ ਨਾ ਕੋਈ ਵਖਾ ਲਿਆ । ਆਪੇ ਤੋੜੇ ਹੰਕਾਰੀ ਗੜ੍ਹ, ਸ਼ਬਦ ਸਰੂਪੀ ਖੰਡਾ ਫੜ, ਕਲਜੁਗ ਤੇਰੀ ਅੰਤਮ ਵਰ, ਹਰਿ ਜੋਤੀ ਭੇਖ ਵਟਾ ਲਿਆ । ਕਲਜੁਗ ਕਾਇਆ ਕੰਸ ਹੈ, ਦੂਤ ਦੁਸ਼ਟ ਦੁਰਾਚਾਰ । ਜੂਠ ਝੂਠ ਮਾਇਆ ਮੋਹ ਵਿਕਾਰ ਹੰਕਾਰ ਇਹਦਾ ਬੰਸ ਹੈ, ਲੋਕਮਾਤੀ ਤੇਰਾ ਵਡ ਪਰਿਵਾਰ । ਕੋਟਨ ਕੋਟ ਭਰਮੇ ਭੁੱਲੇ ਸਹੰਸਰ ਸਹੰਸ ਹੈ, ਦਿਵਸ ਰੈਣ ਕਰਨ ਹਾਹਾਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਖੇਲੇ ਖੇਲ ਵਿਚ ਸੰਸਾਰ । ਕਲਜੁਗ ਕੰਸ ਵਡ ਬਲਕਾਰਾ, ਲੋਕਮਾਤ ਹੰਕਾਰਿਆ । ਕਾਹਨਾ ਕ੍ਰਿਸ਼ਨਾ ਰੂਪ ਅਪਾਰਾ, ਹਰਿ ਸਾਚਾ ਭੇਖ ਵਟਾ ਲਿਆ । ਅਰਜਨ ਸੋਹੰ ਇਕ ਪਿਆਰਾ, ਰਥ ਰਥਵਾਹੀ ਆਪ ਅਖਵਾ ਰਿਹਾ । ਜੁਗਾ ਜੁਗੰਤਰ ਖੇਲੇ ਖੇਲ ਅਪਾਰਾ, ਵਾਰੋ ਵਾਰਾ ਵੇਖ ਵਖਾ ਲਿਆ । ਸ਼ਬਦ ਖੰਡਾ ਤੇਜ ਕਟਾਰਾ, ਹਰਿ ਆਪਣੇ ਹੱਥ ਉਠਾ ਲਿਆ । ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਸੱਤਾਂ ਦੀਪਾਂ ਆਪ ਜਗਾ ਰਿਹਾ । ਬ੍ਰਹਮਾ ਸ਼ਿਵ ਦਏ ਹੁਲਾਰਾ, ਕਰੋੜ ਤੇਤੀਸਾ ਆਪ ਹਿਲਾ ਰਿਹਾ । ਲੱਖ ਚੁਰਾਸੀ ਪਾਰ ਕਿਨਾਰਾ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਜਨ ਭਗਤਾਂ ਬਖ਼ਸ਼ੇ ਚਰਨ ਪਿਆਰਾ, ਗੁਰ ਗੋਬਿੰਦ ਮੇਲ ਮਿਲਾ ਰਿਹਾ । ਗੋਬਿੰਦ ਮੇਲਾ ਵਿਚ ਸੰਸਾਰਾ, ਸਤਿ ਪੁਰਖ ਨਿਰੰਜਣ ਆਪ ਕਰਾ ਰਿਹਾ । ਭਰਮੇ ਭੁੱਲੇ ਜੀਵ ਗਵਾਰਾ, ਭਰਮ ਗੜ੍ਹ ਨਾ ਕੋਈ ਤੁੜਾ ਰਿਹਾ । ਮਾਇਆ ਮਮਤਾ ਲੋਭ ਮੋਹ ਹੰਕਾਰਾ, ਜੀਵਾਂ ਜੰਤਾਂ ਮੁਖ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਜੋਤ ਧਰ, ਜੋਤੀ ਜਾਮਾ ਭੇਖ ਵਟਾ ਰਿਹਾ । ਕਲਜੁਗ ਅੰਤਮ ਵਡ ਬਲਵਾਨ, ਚਾਰ ਕੁੰਟ ਹੰਕਾਰਿਆ । ਪੰਚ ਰਲਾਏ ਜਗਤ ਸ਼ੈਤਾਨ, ਜੂਠਾ ਝੂਠਾ ਪੈਰ ਪਸਾਰਿਆ । ਮਾਇਆ ਮਮਤਾ ਖੋਲ੍ਹ ਦੁਕਾਨ, ਹਉਮੇ ਹੰਗਤਾ ਵਣਜ ਕਰਾ ਰਿਹਾ । ਮਦਿਰਾ ਮਾਸ ਪੀਣ ਖਾਣ, ਝੂਠੀ ਰੰਗਣ ਰੰਗ ਰੰਗਾ ਰਿਹਾ । ਗੋਬਿੰਦ ਗੋਬਿੰਦ ਸਾਰੇ ਗਾਨ, ਗੋਬਿੰਦ ਗੁਰ ਦਿਸ ਕਿਸੇ ਨਾ ਰਿਹਾ । ਗਿਆਨੀ ਧਿਆਨੀ ਵਡ ਵਿਦਵਾਨੀ ਸਰਬ ਪਛਤਾਨ, ਗੁਣ ਨਿਧਾਨੀ ਭੇਵ ਨਾ ਪਾ ਰਿਹਾ । ਵੇਦ ਪੁਰਾਨੀ ਹੋਈ ਹੈਰਾਨ, ਪਾਰਬ੍ਰਹਮ ਮੁਖ ਛੁਪਾ ਰਿਹਾ । ਅੰਜੀਲ ਕੁਰਾਨੀ ਆਈ ਹਾਨ, ਅਲ੍ਹਾ ਹੂ ਹੂ ਨਾਅਰਾ ਲਾ ਰਿਹਾ । ਖਾਣੀ ਬਾਣੀ ਜਗਤ ਨਿਧਾਨ, ਹਉਂ

ਹਉਂ ਤੂ ਤੂ ਭਰਮ ਭੁਲਾ ਰਿਹਾ । ਪੁਰਖ ਅਬਿਨਾਸ਼ੀ ਚਤਰ ਸੁਜਾਨ, ਹਰਿਜਨ ਪੜਦਾ ਕਲਜੁਗ ਪਾ ਰਿਹਾ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਏਕਾ ਦੂਜਾ ਭੇਵ ਮਿਟਾ ਲਿਆ । ਆਤਮ ਦੇਵੇ ਬ੍ਰਹਮ ਗਿਆਨ, ਨੇਤਰ ਤੀਜਾ ਆਪ ਖੁਲ੍ਹਾ ਲਿਆ । ਆਤਮ ਦਰਸੀ ਦਰਸ ਸਦ ਪਾਣ, ਦਰ ਘਰ ਸੋਏ ਆਪ ਉਠਾ ਰਿਹਾ । ਏਕਾ ਅੱਖਰ ਸੋਹੰ ਗਾਨ, ਗੋਬਿੰਦ ਗੁਰ ਵਖਾ ਲਿਆ । ਅਮਰਾਪਦ ਸਾਰੇ ਪਾਣ, ਹਰਿ ਸੰਗਤ ਮੇਲ ਮਿਲਾ ਲਿਆ । ਵੱਜੇ ਨਦ ਦੋ ਜਹਾਨ, ਰਾਗ ਰਾਗਨੀ ਸੇਵਾ ਲਾ ਲਿਆ । ਆਪੇ ਲਏ ਸੱਦ ਸ੍ਰੀ ਭਗਵਾਨ, ਜਿਸ ਜਨ ਮਾਨਸ ਜਨਮ ਦਵਾ ਲਿਆ । ਅੰਮ੍ਰਿਤ ਆਤਮ ਪਿਆਏ ਸਾਚੀ ਮਦਿ, ਦਿਵਸ ਰੈਣ ਖੁਮਾਰ ਰਖਾ ਲਿਆ । ਨੌ ਦਵਾਰੇ ਪਾਰ ਲੰਘ, ਹਰਿਜਨ ਸਾਚੇ ਆਪ ਕਰਾ ਲਿਆ । ਵਿਸ਼ਨੂੰ ਵੰਸੀ ਸਾਚੀ ਯਦ, ਸੰਮਤ ਚੌਦਾਂ ਆਪ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਅੱਖਰ ਨਾਂ ਪੜ੍ਹਾ ਰਿਹਾ । ਏਕਾ ਏਕ ਹਰਿ ਜਗਦੀਸ਼, ਆਪਣਾ ਆਪ ਜਣਾਇੰਦਾ । ਭੇਵ ਨਾ ਪਾਇਣ ਰਾਗ ਛਤੀਸ਼, ਨਾਰਦ ਸੁਰਸਤੀ ਸੇਵਾ ਲਾ ਰਿਹਾ । ਖੇਲੇ ਖੇਲ ਬੀਸ ਇਕੀਸ, ਦੇਵੀ ਦੇਵਾ ਮੁਖ ਛੁਪਾ ਰਿਹਾ । ਛਤਰ ਝੁਲਾਏ ਸਾਚੇ ਸੀਸ, ਬ੍ਰਹਮਾ ਸ਼ਿਵ ਰਾਹ ਤਕਾ ਰਿਹਾ । ਕਲਜੁਗ ਜੂਠਾ ਝੂਠਾ ਪੀਸਣ ਪੀਸ, ਅੰਤਮ ਆਪਣਾ ਆਪ ਰਖਾ ਰਿਹਾ । ਸਤਿਜੁਗ ਤੇਰੀ ਸਚ ਹਦੀਸ, ਨੌ ਖੰਡ ਪ੍ਰਿਥਮੀ ਆਪ ਬਣਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਗ ਧੁਰ ਸੰਯੋਗ ਹਰਿ ਸਾਚਾ ਮੇਲ ਮਿਲਾ ਰਿਹਾ । ਸਤਿਜੁਗ ਤੇਰਾ ਸਾਚਾ ਜੋਗ, ਹਰਿ ਸਾਚੇ ਆਪ ਵਿਖਾਨਿਆ । ਆਤਮ ਦਰਸ ਸਾਚਾ ਭੋਗ, ਗੁਣਵੰਤਾ ਦੇਵੇ ਗੁਣ ਨਿਧਾਨਿਆ । ਦੂਈ ਦਵੈਤੀ ਕਟੇ ਰੋਗ, ਚਾਰ ਵਰਨ ਕਰੇ ਦਰ ਪਰਵਾਨਿਆ । ਗੁਰਮੁਖ ਵਿਰਲੇ ਮੇਲਾ ਧੁਰ ਸੰਜੋਗ, ਲੇਖਾ ਧੁਰ ਆਪ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਕਾਇਆ ਰੂਪ ਵਟਾਨਿਆ । ਗੋਬਿੰਦ ਕਾਇਆ ਸਾਚੀ ਧਾਰ, ਹਰਿ ਆਪਣੀ ਆਪ ਕਰਾਈਆ । ਸ਼ਬਦ ਸਰੂਪੀ ਕਰ ਜੈਕਾਰ, ਚਾਰ ਕੁੰਟ ਜੈ ਜੈਕਾਰ ਕਰਾਈਆ । ਜਨ ਭਗਤਾਂ ਕਰੇ ਖ਼ਬਰਦਾਰ, ਏਕੰਕਾਰ ਸੇਵ ਕਮਾਈਆ । ਜੋਤ ਨਿਰੰਜਣ ਪਹਿਰੇਦਾਰ, ਅੱਠੇ ਪਹਿਰ ਰਿਹਾ ਜਗਾਈਆ । ਆਪੇ ਹੋਏ ਅੰਦਰ ਬਾਹਰ, ਗੁਪਤ ਜ਼ਾਹਿਰ ਫੇਰਾ ਪਾਈਆ । ਆਪੇ ਮੇਟ ਮਿਟਾਏ ਅੰਧ ਅੰਧਿਆਰ, ਡੂੰਘੀ ਕੰਦਰ ਵੇਖ ਵਖਾਈਆ । ਮੇਲ ਮਿਲਾਏ ਮੀਤ ਮੁਰਾਰ, ਸਾਚਾ ਸੰਗ ਨਿਭਾਈਆ । ਅਨਹਦ ਵਜਾਏ ਸਾਚਾ ਤਾਲ, ਵਾਰੋ ਵਾਰ ਪੰਚਮ ਰਾਗ ਅਲਾਈਆ । ਪੰਚਮ ਮੇਲਾ ਕੰਤ ਭਤਾਰ, ਛੰਦ ਸੁਹਾਗੀ ਏਕਾ ਗਾਈਆ । ਛੰਦ ਸੁਹਾਗੀ ਸੱਚੀ ਧੁਨਕਾਰ, ਕਾਇਆ ਮੰਦਰ ਅੰਦਰ ਆਪ ਉਪਜਾਈਆ । ਆਪੇ ਕਰੇ ਬੰਦ ਕਿਵਾੜ, ਸਚ ਦਵਾਰੇ ਕੁੰਡਾ ਲਾਹੀਆ । ਦਰਸ ਦਿਖਾਏ ਅਗੰਮ ਅਪਾਰ, ਦਸਮ ਦਵਾਰੀ ਧਾਮ ਸੁਹਾਈਆ । ਜੋਤ ਸਰੂਪੀ ਇਕ ਆਕਾਰ, ਅੱਠੇ ਪਹਿਰ ਡਗਮਗਾਈਆ । ਆਤਮ ਸੇਜਾ ਸਚ ਸ਼ਿੰਗਾਰ, ਫੂਲਨ ਬਰਖਾ ਏਕਾ ਲਾਈਆ । ਅੰਮ੍ਰਿਤ ਆਤਮ ਠੰਢੀ ਧਾਰ, ਚਾਰੋਂ ਕੁੰਟ ਰਿਹਾ ਵਹਾਈਆ । ਏਕਾ ਦੂਜਾ ਭੇਵ ਨਿਵਾਰ, ਤੀਜੇ ਲੇਖਾ ਰਿਹਾ ਮੁਕਾਈਆ । ਚੌਥੇ ਘਰ ਪੈਰ ਪਸਾਰ, ਆਪ ਆਪਣਾ ਰੰਗ ਚੜ੍ਹਾਈਆ । ਸਰਗੁਣ ਨਿਰਗੁਣ ਇਕ ਆਕਾਰ, ਏਕਾ ਰੰਗ ਸਮਾਈਆ । ਸੋ ਪੁਰਖ ਨਿਰੰਜਣ ਪਾਵੇ ਸਾਰ, ਹੰ ਹੰਗਤਾ ਮੇਟ ਮਿਟਾਈਆ । ਆਪ ਸੁਹਾਏ ਬੰਕ ਦਵਾਰ, ਬੰਕ ਦਵਾਰੀ ਆਪ ਅਖਵਾਈਆ । ਚੌਥਾ ਘਰ ਸੱਚੀ ਸਰਕਾਰ, ਸੰਤ ਸੁਹੇਲੇ ਰਿਹਾ ਬਹਾਈਆ । ਪੰਚਮ ਮੇਲਾ ਮੀਤ ਮੁਰਾਰ, ਆਪ ਆਪਣਾ

ਆਪ ਕਰਾਈਆ । ਛੇਵੇਂ ਸ਼ਬਦੀ ਸਾਚੀ ਧਾਰ, ਅਗੰਮ ਅਗੰਮਾ ਰਿਹਾ ਵਹਾਈਆ । ਸਤਿ ਪੁਰਖ ਨਿਰੰਜਣ ਏਕ ਏਕੰਕਾਰ, ਏਕਾ ਰੂਪ ਵਖਾਈਆ । ਇਕ ਇਕੱਲਾ ਸਿਰਜਣਹਾਰ, ਥਿਰ ਘਰ ਆਸਣ ਲਾਈਆ । ਮਹੱਲ ਅਟੱਲ ਉਚ ਮੁਨਾਰ, ਦਿਸ ਕਿਸੇ ਨਾ ਆਈਆ । ਨਿਰਮਲ ਜੋਤੀ ਕਰ ਆਕਾਰ, ਰੰਗ ਰੰਗੀਲਾ ਆਪ ਰਘੁਰਾਈਆ । ਲਾਲ ਕੰਚਨ ਸੂਹਾ ਚਿੱਟਾ ਪੀਲਾ ਨੀਲਾ ਕਾਲਾ ਤਨ ਛੁਹਾਈਆ । ਸਤਿ ਸਤਿਵਾਦੀ ਏਕਾ ਧਾਰ, ਸਤਿ ਪੁਰਖ ਨਿਰੰਜਣ ਆਪ ਚਲਾਈਆ । ਖੇਲੇ ਖੇਲ ਵਾਰੋ ਵਾਰ, ਵੇਖਣਹਾਰਾ ਵੇਖ ਵਖਾਈਆ । ਦਸਮ ਦਵਾਰੀ ਅਧਵਿਚਕਾਰ, ਹਰਿ ਬੈਠਾ ਜੋਤ ਜਗਾਈਆ । ਗੁਰਮੁਖ ਸਾਚੇ ਲਏ ਉਭਾਰ, ਏਕਾ ਪੱਲਾ ਨਾਮ ਫੜਾਈਆ । ਸ਼ਬਦ ਸਰੂਪੀ ਲਾਏ ਪਾਰ, ਇਕ ਇਕੱਲਾ ਸੇਵ ਕਮਾਈਆ । ਸ਼ਾਹੋ ਭੂਪੀ ਵਡ ਸਿਕਦਾਰ, ਜੁਗ ਜੁਗ ਆਪ ਅਖਵਾਈਆ । ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ ਗੁਰ ਗੋਬਿੰਦ ਸੇਵਾ ਲਾਈਆ । ਸਤਿਗੁਰ ਹੱਥ ਵਡਿਆਈ, ਜੁਗ ਜੁਗ ਦਇਆ ਕਮਾਇੰਦਾ । ਸਤਿਗੁਰ ਹੱਥ ਵਡਿਆਈ, ਜੁਗ ਜੁਗ ਭੇਖ ਵਟਾਇੰਦਾ । ਸਤਿਗੁਰ ਹੱਥ ਵਡਿਆਈ, ਜੁਗ ਜੁਗ ਲੇਖ ਲਿਖਾਇੰਦਾ । ਸਤਿਗੁਰ ਹੱਥ ਵਡਿਆਈ, ਜੁਗ ਜੁਗ ਵੇਖ ਵਖਾਇੰਦਾ । ਸਤਿਗੁਰ ਹੱਥ ਵਡਿਆਈ, ਜੁਗ ਜੁਗ ਮੇਖ ਲਗਾਇੰਦਾ । ਸਤਿਗੁਰ ਹੱਥ ਵਡਿਆਈ, ਨਰ ਨਰੇਸ਼ ਆਪ ਅਖਵਾਇੰਦਾ । ਸਤਿਗੁਰ ਹੱਥ ਵਡਿਆਈ, ਬ੍ਰਹਮਾ ਵਿਸ਼ਨ ਮਹੇਸ਼ ਸੇਵ ਲਗਾਇੰਦਾ । ਸਤਿਗੁਰ ਹੱਥ ਵਡਿਆਈ, ਦਰ ਦਰਵੇਸ਼ ਆਪ ਅਖਵਾਇੰਦਾ । ਸਤਿਗੁਰ ਹੱਥ ਵਡਿਆਈ, ਆਪੇ ਜਾਣੇ ਧਾਰੀ ਕੇਸ, ਮੂੰਡ ਮੁੰਡਾਏ ਵੇਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੇੜਾ ਆਪਣੇ ਹੱਥ ਰਖਾਇੰਦਾ । ਕਲਜੁਗ ਬੇੜਾ ਡੂੰਘੀ ਗਾਰ, ਲੱਖ ਚੁਰਾਸੀ ਦਏ ਦੁਹਾਈਆ । ਕੋਈ ਨਾ ਦਿਸੇ ਪਾਰ ਕਿਨਾਰ, ਜੀਵ ਜੰਤ ਰਿਹਾ ਕੁਰਲਾਈਆ । ਮਾਇਆ ਮਮਤਾ ਤਨ ਸ਼ਿੰਗਾਰ, ਸਾਧ ਸੰਤ ਬੈਠੇ ਵੇਸ ਕਰਾਈਆ । ਮਨਮੁਖ ਜੀਵ ਦੁਹਾਗਣ ਨਾਰ, ਸਾਚਾ ਕੰਤ ਨਾ ਕੋਈ ਹੰਢਾਈਆ । ਭਰਮੇ ਭੁੱਲੇ ਭਰਮ ਗਵਾਰ, ਕਾਇਆ ਗੜ੍ਹ ਨਾ ਕੋਈ ਤੁੜਾਈਆ । ਮਾਇਆ ਰੁੱਲੇ ਵਿਚ ਸੰਸਾਰ, ਉਪਰ ਚੜ੍ਹ ਦਰਸ ਕੋਈ ਨਾ ਪਾਈਆ । ਖੇਲੇ ਖੇਲ ਨਾ ਵਿਚ ਸੰਸਾਰ, ਅੰਮ੍ਰਿਤ ਮੇਘ ਨਾ ਤ੍ਰਿਖਾ ਕੋਈ ਬੁਝਾਈਆ । ਏਕਾ ਅਗਨੀ ਤਤੀ ਹਾੜ, ਚਾਰੋਂ ਕੁੰਟ ਰਹੀ ਜਲਾਈਆ । ਮਨਮੁਖ ਕਾਇਆ ਰਹੀ ਸਾੜ, ਪੰਚਾਂ ਦਿਵਸ ਰੈਣ ਲੜਾਈਆ । ਆਪੇ ਘੜਨ ਘਾੜਨਹਾਰ, ਭੰਨਣਹਾਰ ਆਪ ਅਖਵਾਈਆ । ਗੁਰਮੁਖ ਸਾਜਣ ਸਾਚਾ ਲਾੜ, ਕਲਜੁਗ ਅੰਤਮ ਸੋਏ ਰਿਹਾ ਜਗਾਈਆ । ਆਪ ਮਿਟਾਏ ਪੰਚਮ ਧਾੜ, ਪੰਚਮਨਾਮਾ ਸ਼ਸਤਰ ਅਸਤਰ ਗਹਿਣਾ ਤਨ ਪਹਿਨਾਈਆ । ਲੱਖ ਚੁਰਾਸੀ ਚਬਾਏ ਆਪਣੀ ਦਾੜ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਤੇਰੀ ਧਾਰ, ਤ੍ਰੈਗੁਣ ਤਤ ਵਿਚਾਰਨਾ । ਪੁਰਖ ਅਬਿਨਾਸ਼ੀ ਪਾਵੇ ਸਾਰ, ਲੱਖ ਚੁਰਾਸੀ ਮਾਰੇ ਮਾਰਨਾ । ਮਨਮੁਖ ਡੋਬੇ ਅਧਵਿਚਕਾਰ, ਨਾ ਕੋਈ ਦਿਸੇ ਪਾਰ ਕਿਨਾਰਨਾ । ਗੁਰਮੁਖ ਸਾਜਣ ਲਾਏ ਪਾਰ, ਫੜ ਬਾਹੋਂ ਪਾਰ ਉਤਾਰਨਾ । ਆਪੇ ਬੈਠਾ ਅੱਧਵਿਚਕਾਰ, ਸ਼ਬਦ ਮਿਲਾਵਾ ਏਕੰਕਾਰਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਪਾਰ ਉਤਾਰਨਾ । ਹਰਿਜਨ ਸਾਚੇ ਤੇਰਾ ਬੇੜਾ, ਪ੍ਰਭ ਆਪਣੇ ਕੰਧ ਉਠਾਇੰਦਾ । ਆਪੇ ਵੇਖੇ ਕਾਇਆ ਖੇੜਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਪੰਚਾਂ ਮੇਟਣਹਾਰਾ ਝੇੜਾ, ਏਕਾ ਛੰਦ ਸੁਹਾਗੀ ਸੁਣਾਇੰਦਾ ।


੬੯੬
੦੬

ਕਾਇਆ ਮੰਦਰ ਅੰਦਰ ਖੁੱਲ੍ਹਾ ਵਿਹੜਾ, ਵਡਭਾਗੀ ਦਰਸ ਦਿਖਾਇੰਦਾ । ਆਪੇ ਬੰਨ੍ਹਣਹਾਰਾ ਬੇੜਾ, ਜੁਗ ਜੁਗ ਬੰਨੇ ਲਾਇੰਦਾ । ਕਲਜੁਗ ਤੇਰਾ ਅੰਤਮ ਗੇੜਾ, ਲੱਖ ਚੁਰਾਸੀ ਵੇਖ ਵਖਾਇੰਦਾ । ਜਨ ਭਗਤਾਂ ਦੇਵੇ ਸ਼ਬਦ ਸੁਨੇਹੜਾ, ਜਮ ਕੀ ਫਾਸੀ ਆਪ ਕਟਾਇੰਦਾ । ਆਪੇ ਵਸੇ ਦੂਰ ਨੇੜਾ, ਨਿਝ ਘਰ ਆਤਮ ਡੇਰਾ ਲਾਇੰਦਾ । ਸਦਾ ਕਰਾਏ ਖੁਲ੍ਹਾ ਵਿਹੜਾ, ਆਪ ਆਪਣੀ ਦਇਆ ਕਮਾਇੰਦਾ । ਕਰੇ ਕਰਾਏ ਹੱਕ ਨਿਬੇੜਾ, ਹਕ ਹਕੀਕਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੇਖ ਲਿਖਾਇੰਦਾ । ਜੁਗ ਜੁਗ ਲੇਖਾ ਲਿਖਣਹਾਰਾ, ਏਕਾ ਏਕੰਕਾਰਿਆ । ਹਰਿਜਨ ਸਾਚਾ ਵੇਖਣਹਾਰਾ, ਲੋਆਂ ਪੁਰੀਆਂ ਕਰੇ ਪਸਾਰਿਆ । ਕਲਜੁਗ ਰੇਖ ਮੇਟਣਹਾਰਾ, ਲੋਕਮਾਤ ਲਏ ਅਵਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਕਾਇਆ ਪੈਜ ਸਵਾਰਿਆ । ਗੋਬਿੰਦ ਕਾਇਆ ਏਕਾ ਰੰਗ, ਸਾਚਾ ਹਰਿ ਚੜ੍ਹਾਇਆ । ਸ਼ਬਦ ਡੋਰੀ ਨਾਮ ਪਤੰਗ, ਦਹਿ ਦਿਸ਼ਾ ਰਿਹਾ ਉਡਾਇਆ । ਸਦਾ ਸੁਹੇਲਾ ਅੰਗ ਸੰਗ, ਸਗਲਾ ਸੰਗ ਰਿਹਾ ਨਿਭਾਇਆ । ਗੁਰ ਗੋਬਿੰਦੇ ਮੰਗੀ ਮੰਗ, ਪ੍ਰਭ ਅੰਤਮ ਪੂਰ ਕਰਾਇਆ । ਸ਼ਬਦ ਘੋੜੇ ਕਸੇ ਤੰਗ, ਸ਼ਾਹ ਅਸਵਾਰ ਚੜ੍ਹ ਕੇ ਆਇਆ । ਲੋਆਂ ਪੁਰੀਆਂ ਪਾਰ ਲੰਘ, ਵਰਭੰਡੀ ਡੇਰਾ ਲਾਇਆ । ਰਵ ਸਸ ਮੋੜਨ ਅੰਗ, ਅੰਗੀਕਾਰ ਨਾ ਕੋਇ ਰਖਾਇਆ । ਬ੍ਰਹਮਾ ਸ਼ਿਵ ਰਹੇ ਮੰਗ, ਪ੍ਰਭ ਨੇਤਰ ਦਿਸ ਨਾ ਆਇਆ । ਕਰੋੜ ਤੇਤੀਸਾ ਹੋਇਆ ਭੰਗ, ਹਰਿ ਸਾਚਾ ਰਿਹਾ ਮਿਟਾਇਆ । ਨੌ ਖੰਡ ਪ੍ਰਿਥਮੀ ਮਾਰੇ ਡੰਗ, ਬਾਸ਼ਕ ਸੇਜਾ ਸੀਸ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਗਣਪਤ ਗਣੇਸ਼, ਦਰ ਦਰਵੇਸ਼ ਦਿਵਸ ਰੈਣ ਕਰੇ ਪੁਕਾਰਿਆ । ਆਪੇ ਜਾਣੇ ਆਪਣਾ ਵੇਸ, ਮਿਲੇ ਮੇਲ ਦਸ ਦਸਮੇਸ਼, ਗੁਰ ਗੋਬਿੰਦੇ ਕਰ ਪਿਆਰਿਆ । ਨਿਸ਼ਅੱਖਰ ਵੱਖਰ ਧਾਰੀ ਕੇਸ, ਨਿਝ ਘਰ ਰੂਪ ਨਾ ਕਿਸੇ ਵਿਚਾਰਿਆ । ਸ਼ਬਦ ਸਿੰਘਾਸਣ ਨਰ ਨਰੇਸ਼, ਜੋਤੀ ਆਸਣ ਲਾ ਰਿਹਾ । ਆਪੇ ਵੇਖੇ ਪ੍ਰਿਥਮੀ ਆਕਾਸ਼ਨ, ਆਕਾਸ਼ ਆਕਾਸ਼ਾਂ ਵਿਚ ਸਮਾ ਰਿਹਾ । ਪਾਰਬ੍ਰਹਮ ਪੁਰਖ ਅਬਿਨਾਸ਼ਨ, ਅਬਿਨਾਸ਼ੀ ਪੁਰਖ ਅਖਵਾ ਰਿਹਾ । ਜਨ ਭਗਤਾਂ ਦਾਸੀ ਦਾਸਨ, ਸੇਵਕ ਸੇਵਾ ਅੰਤ ਕਮਾ ਰਿਹਾ । ਸਾਚੇ ਮੰਡਲ ਪਾਵੇ ਰਾਸਨ, ਕਾਇਆ ਮੰਡਪ ਇਕ ਸੁਹਾ ਰਿਹਾ । ਪਰਗਟ ਹੋਏ ਘਨਕ ਪੁਰ ਵਾਸਨ, ਹਰਿ ਜੋਤੀ ਨੂਰ ਉਪਾ ਲਿਆ । ਦਾਤਾ ਦਾਨੀ ਸ਼ਾਹੋ ਸ਼ਾਬਾਸ਼ਣ, ਸਾਚੇ ਘੋੜੇ ਤੰਗ ਕਸਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਜਣ ਮੀਤ ਵੇਖ ਵਖਾ ਲਿਆ । ਹਰਿਜਨ ਬੇੜਾ ਸਾਚਾ ਬੰਨ੍ਹ, ਜੁਗ ਜੁਗ ਨਈਆ ਆਪ ਚਲਾਈਆ । ਨਾਲ ਰਖਾਇਆ ਨਾਮ ਧਨ, ਚੋਰ ਯਾਰ ਲੁੱਟ ਨਾ ਜਾਈਆ । ਦੋ ਜਹਾਨ ਨਾ ਲੱਗੇ ਸੰਨ੍ਹ ਪ੍ਰਭ ਪੱਲੇ ਗੰਢ ਬੰਧਾਈਆ । ਜਨਣੀ ਜਣਿਆ ਸਾਚਾ ਜਨ, ਗੁਰਮੁਖ ਸਾਚਾ ਨਾਉਂ ਰਖਾਈਆ । ਭਾਗ ਲੱਗਾ ਕਾਇਆ ਤਨ, ਸੁਰਤ ਸ਼ਬਦ ਹੋਈ ਕੁੜਮਾਈਆ । ਪੰਜਾਂ ਚੋਰਾਂ ਦੇਵੇ ਡੰਨ, ਨਾਮ ਖੰਡਾ ਹੱਥ ਉਠਾਈਆ । ਗੜ੍ਹ ਹੰਕਾਰੀ ਦੇਵੇ ਭੰਨ, ਜੇਰਜ ਅੰਡਾਂ ਵੇਖ ਵਖਾਈਆ । ਅੰਤਮ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਆਪ ਅਖਵਾਈਆ । ਗੁਰਮੁਖ ਚੜ੍ਹਾਏ ਸਾਚੇ ਚੰਨ, ਸੀਤਲ ਧਾਰਾ ਇਕ ਵਹਾਈਆ । ਲੱਖ ਚੁਰਾਸੀ ਖਨ ਖਨ, ਚੌਦਾਂ ਚੌਦਾਂ ਰਿਹਾ ਕਰਾਈਆ । ਜੋ ਘੜਿਆ ਸੋ ਦੇਵੇ ਭੰਨ, ਜੁਗ ਜੁਗ ਆਪਣੇ ਹੱਥ ਰੱਖੀ ਵਡਿਆਈਆ । ਆਪੇ ਦੇਵਣਹਾਰਾ ਡੰਨ, ਆਪੇ ਪੈਜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਏਕਾ ਵਰ, ਏਕਾ ਕੰਤ ਮਿਲਾਈਆ । ਏਕਾ ਕੰਤ ਹਰਿ

ਹਰਿ ਪਾਇਆ । ਗੁਰ ਗੋਬਿੰਦੇ ਮਨ ਵਧਾਈਆ । ਸਾਧ ਸੰਤ ਨਾ ਕੋਈ ਮਨਾਇਆ, ਜਗਤ ਚਿੰਦਿਆ ਨੇੜ ਨਾ ਆਈਆ । ਜੀਵ ਜੰਤ ਨਾ ਭਰਮ ਭੁਲਾਇਆ, ਸਾਚੀ ਬਿੰਦਿਆ ਇਕ ਉਪਜਾਈਆ । ਮਹਿੰਮਾ ਅਗਣਤ ਨਾ ਕੋਈ ਗਿਣਾਇਆ, ਦੇਵੀ ਦੇਵ ਨਾ ਕੋਈ ਮਨਾਈਆ । ਆਪ ਆਪਣੀ ਬਣਤ ਬਣਾਇਆ, ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਏਕਾ ਵਰ, ਏਕਾ ਦਰ ਸੁਹਾਈਆ । ਏਕਾ ਵਰ ਕੰਤ ਭਤਾਰਾ, ਪਾਰਬ੍ਰਹਮ ਪ੍ਰਭ ਪਾਇਆ । ਮਿਲਿਆ ਮੇਲ ਦੂਜੀ ਵਾਰਾ, ਹਰਿ ਸਾਚਾ ਮੇਲ ਮਿਲਾਇਆ । ਕਲਜੁਗ ਤੇਰਾ ਅੰਤ ਕਿਨਾਰਾ, ਵੰਞ ਮੁਹਾਣਾ ਇਕ ਰਖਾਇਆ । ਜੀਵ ਜੰਤ ਨਾ ਪਾਵੇ ਸਾਰਾ, ਗੁਣ ਨਿਧਾਨ ਦਇਆ ਕਮਾਇਆ । ਪਰਗਟ ਜੋਤ ਸ੍ਰੀ ਭਗਵਾਨਾ, ਏਕਾ ਤੀਰ ਇਕ ਕਮਾਨਾ, ਇਕ ਰਖਾਏ ਨਾਮ ਨਿਸ਼ਾਨਾ, ਲੱਖ ਚੁਰਾਸੀ ਪਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮਿਲਿਆ ਸਾਚਾ ਵਰ, ਕੰਤ ਸੁਹਾਗੀ ਗੋਬਿੰਦ ਪਾਇਆ । ਪੁਰਖ ਅਗੰਮਾ, ਮਨ ਵੈਰਾਗੀ ਇਕ ਕਰਾਇਆ । ਨਾਤਾ ਤੁੱਟਾ ਹੱਡ ਮਾਸ ਨਾੜੀ ਚੰਮਾ, ਵਡ ਵਡਭਾਗੀ ਦਰਸ਼ਨ ਪਾਇਆ । ਨਾ ਮਰੇ ਨਾ ਕਦੇ ਜੰਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਮਿਲਿਆ ਸਾਚੇ ਘਰ, ਸਾਚਾ ਕੰਤ ਮਿਲਾਇਆ । ਸਾਚਾ ਕੰਤ ਹਰਿ ਭਗਵੰਤ, ਏਕਾ ਏਕ ਅਖਵਾਇੰਦਾ । ਆਪੇ ਦਾਤਾ ਪਤ ਪਤਵੰਤ, ਪਤਵੰਤ ਆਪ ਅਖਵਾਇੰਦਾ । ਆਪ ਉਪਾਏ ਸਾਧ ਸੰਤ, ਆਪੇ ਮੇਟ ਮਿਟਾਇੰਦਾ । ਲੇਖਾ ਜਾਣੇ ਜੀਵ ਜੰਤ, ਜੁਗ ਜੁਗ ਵੇਖ ਵਖਾਇੰਦਾ । ਗੋਬਿੰਦ ਮਿਲਿਆ ਸਾਚਾ ਕੰਤ, ਹਰਿ ਗੋਬਿੰਦ ਰੂਪ ਸਮਾਇੰਦਾ । ਸ਼ਬਦ ਬਣਾਏ ਸਾਚੀ ਬਣਤ, ਜੋਤੀ ਸੇਵ ਕਮਾਇੰਦਾ । ਜੋਤੀ ਸੇਵਾ ਆਦਿ ਅੰਤ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਸਾਚਾ ਮੇਲ ਮਿਲਾਇੰਦਾ । ਗੋਬਿੰਦ ਨਾਰ ਜਗਤ ਸੁਹਾਗੀ, ਘਰ ਸਾਚੇ ਵੱਜੀ ਵਧਾਈਆ । ਮਿਲਿਆ ਮੇਲ ਪੁਰਖ ਅਬਿਨਾਸ਼ੀ, ਨੇਤਰ ਨੈਣਾਂ ਦਰਸ਼ਨ ਪਾਈਆ । ਏਕਾ ਰਾਗ ਸਵਾਸ ਸਵਾਸੀ, ਦਿਵਸ ਰੈਣ ਰਿਹਾ ਗਾਈਆ । ਹਰਿ ਜੀ ਪਾਇਆ ਸ਼ਾਹੋ ਸ਼ਾਬਾਸ਼ੀ, ਸਚ ਸਿੰਘਾਸਣ ਬੈਠਾ ਡੇਰਾ ਲਾਈਆ । ਵਰ ਘਰ ਪਾਇਆ ਸਰਬ ਗੁਣਤਾਸੀ, ਤ੍ਰਿਸ਼ਨਾ ਭੁੱਖ ਮਿਟਾਈਆ । ਲਜ ਪਤ ਰੱਖੇ ਨਿਜ ਘਰ ਵਾਸੀ, ਘਟ ਮੰਦਰ ਅੰਦਰ ਬੈਠਾ ਸੇਜ ਵਿਛਾਈਆ । ਆਪੇ ਕਰੇ ਭੋਗ ਬਿਲਾਸੀ, ਦਿਵਸ ਰੈਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਗੋਬਿੰਦ ਮੇਲਾ ਸਚ ਦਰਗਾਹ, ਆਪੇ ਆਪ ਕਰਾਇੰਦਾ । ਆਪੇ ਬੈਠਾ ਬੇਪਰਵਾਹ, ਬਿਨ ਥੰਮਾਂ ਗਗਨ ਰਹਾਇੰਦਾ । ਜੁਗ ਜੁਗ ਦੇਵੇ ਸਚ ਸਲਾਹ, ਸਾਚਾ ਸ਼ਬਦ ਉਪਾਇੰਦਾ । ਕਲਜੁਗ ਅੰਤਮ ਪਕੜੇ ਬਾਂਹ, ਗੁਰਮੁਖ ਸੋਏ ਆਪ ਉਠਾਇੰਦਾ । ਸੋਹੰ ਸ਼ਬਦ ਜਪਾਏ ਸਾਚਾ ਨਾਂ, ਸਤਿਜੁਗ ਸਾਚਾ ਰਾਹ ਰਖਾਇੰਦਾ । ਆਪ ਪਿਤਾ ਆਪੇ ਮਾਂ, ਗੁਰਮੁਖ ਸਾਚੇ ਬਾਲ ਅੰਞਾਣੇ ਆਪਣੀ ਗੋਦ ਉਠਾਇੰਦਾ । ਦੋ ਜਹਾਨੀ ਦੇਵੇ ਠੰਢੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਫੜ ਫੜ ਹੰਸ ਬਣਾਏ ਕਾਂ, ਸੋਹੰ ਚੋਗ ਮੋਤੀ ਆਪ ਚੁਗਾਇੰਦਾ । ਇਕ ਵਖਾਏ ਸਾਚਾ ਥਾਂ, ਦਰ ਦਵਾਰਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਰਾਮ ਰਾਮ ਗੋਬਿੰਦ ਆਪ ਮਿਲਾਇੰਦਾ ।

੬੯੮
੦੬

ਗੁਣ ਨਿਧਾਨ ਹਰਿ ਭਗਵੰਤਾ, ਪਾਰਬ੍ਰਹਮ ਅਬਿਨਾਸ਼ਾ । ਸਾਧਾਂ ਸੰਤਾਂ ਇਕ ਭਰਵਾਸਾ, ਦੇਵਣਹਾਰ ਜੀਆਂ ਜੰਤਾਂ । ਲੱਖ ਚੁਰਾਸੀ ਬਣਾਏ ਬਣਤਾ, ਹਰ ਘਟ ਅੰਦਰ ਕਰੇ ਵਾਸਾ । ਆਤਮ ਸੇਜਾ ਧਾਮ ਸੁਹੰਤਾ, ਜੋਤੀ ਨੂਰ ਕਰੇ ਪਰਕਾਸ਼ਾ । ਧੁਨ ਆਤਮਕ ਨਾਦ ਅਨਾਹਦ ਇਕ ਸੁਣੰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਵਿਦਿਆ ਕੂੜ ਭਰਵਾਸਾ । ਜਗਤ ਕੂੜ ਜੁਗੋ ਜੁਗ, ਪ੍ਰਭ ਹੱਥ ਰੱਖੀ ਵਡਿਆਈਆ । ਮੁਨ ਰਿਖ ਭੁੱਲੇ ਮੂਲ ਮੂੜ੍ਹ, ਨਰ ਹਰਿ ਭੇਵ ਕੋਈ ਨਾ ਪਾਈਆ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧੂੜ, ਕੌਸਤਕ ਮਣੀਆ ਟਿੱਕਾ ਇਕ ਲਗਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਰਸਨਾ ਰਸ ਏਕਾ ਏਕ ਵਖਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਏਕਾ ਨਾਉਂ ਸੋਹੰ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਥਾਉਂ ਥਾਈਆ । ਜੁਗ ਜੁਗ ਖੇਲ ਖਿਲਾਵਣਹਾਰਾ, ਆਦਿ ਪੁਰਖ ਅਗੰਮਾ । ਹਰਿਜਨ ਸੋਏ ਮਾਤ ਉਠਾਵਣਹਾਰਾ, ਆਪੇ ਜਾਣੇ ਆਪਣਾ ਕੰਮਾ । ਏਕਾ ਨਾਦ ਅਨਾਦੀ ਸਾਚਾ ਗਾਵਣਹਾਰਾ, ਨਾ ਮਰੇ ਨਾ ਕਦੇ ਜੰਮਾ । ਸ਼ਬਦ ਬ੍ਰਹਿਮਾਦੀ ਆਦਿ ਜੁਗਾਦੀ ਲੋਆਂ ਪੁਰੀਆਂ ਵਿਚ ਸਮਾਵਣਹਾਰਾ, ਆਪ ਜਪਾਏ ਆਪਣਾ ਨਮਾ । ਲੱਖ ਚੁਰਾਸੀ ਉਪਾਏ ਆਪ ਮਿਟਾਏ ਖੇਲ ਖਿਲਾਏ ਖਿਲਾਵਣਹਾਰਾ, ਨੇਤਰ ਨੀਰ ਨਾ ਵਹਾਏ ਛਮ ਛਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਇਕ ਚੜ੍ਹਾਏ ਲੋਕਮਾਤ ਚੰਨਾ । ਸਾਚਾ ਚੰਨ ਸ਼ਬਦ ਗੁਰਦੇਵ, ਏਕਾ ਏਕ ਚੜ੍ਹਨਿਆ । ਨੌ ਖੰਡ ਪ੍ਰਿਥਮੀ ਲਾਏ ਸੇਵ, ਸੱਤਾਂ ਦੀਪਾਂ ਬੇੜਾ ਬੰਨ੍ਹਿਆ । ਪਾਰਬ੍ਰਹਮ ਪ੍ਰਭ ਅਲਖ ਅਭੇਵ, ਦੇਵੀ ਦੇਵ ਦੇਵਤ ਸੁਰ ਬ੍ਰਹਮਾ ਸ਼ਿਵ ਦੇਵੇ ਡੰਨਿਆ । ਗੁਰਮੁਖ ਵਿਰਲਾ ਰਸਨਾ ਗਾਏ ਸਾਚੀ ਜਿਹਵ, ਕਾਇਆ ਗੜ੍ਹ ਹੰਕਾਰੀ ਭੰਨਿਆ । ਹਰਿ ਕਾ ਨਾਮਾ ਨਾਮ ਸ਼ਬਦ ਨਿਹਕੇਵ, ਨਿਹਚਲ ਧਾਮ ਟਿਕਾਏ ਬਿਨ ਹਰਿ ਹਰਿ ਥੰਮ੍ਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ਼ਬਦ ਸਰੂਪੀ ਸ਼ਬਦੀ ਗੁਰ ਸ਼ਬਦ ਜਣਨੀ ਜਨਿਆ । ਮਾਤ ਪਿਤ ਪਿਤਾ ਪੂਤ ਸੁਤ ਉਪਾ, ਸਗਲ ਸ੍ਰਿਸ਼ਟ ਸਮਾਇਆ । ਜੁਗ ਜੁਗ ਜਾਣੇ ਅਪਣਾ ਵਡ ਪਰਤਾਪਾ, ਆਪ ਆਪਣਾ ਰੂਪ ਵਟਾਇਆ । ਜਾਣੇ ਜਣਾਏ ਆਪਣਾ ਜਾਪਾ, ਆਪ ਆਪਣਾ ਨਾਉਂ ਧਰਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਥਾਪਣ ਥਾਪਾ, ਲਹਿਣਾ ਦੇਣਾ ਮੂਲ ਚੁਕਾਇਆ । ਪਰਗਟ ਹੋ ਤ੍ਰਿਲੋਕੀ ਨਾਥਾ, ਹੁਕਮ ਜਣਾਇਆ । ਜਨ ਭਗਤ ਹਰਿ ਸਗਲਾ ਸਾਥਾ, ਸਾਚਾ ਸੰਗ ਹਰਿ ਨਿਭਾਇਆ । ਆਪ ਚੜ੍ਹਾਏ ਸੋਹੰ ਸਾਚੇ ਰਾਥਾ, ਰਥ ਰਥਵਾਹੀ ਆਪ ਅਖਵਾਇਆ । ਆਪੇ ਰਾਮ ਪਿਤਾ ਪੂਤ ਦਸਰਾਥਾ, ਰਾਵਣ ਦੁਸ਼ਟ ਮੇਟ ਮਿਟਾਇਆ । ਕਾਹਨਾ ਕ੍ਰਿਸ਼ਨਾ ਸਰਬ ਕਲਾ ਸਮਰਾਥਾ, ਕੰਸ ਹੰਕਾਰੀ ਦਏ ਮਿਟਾਇਆ । ਕਲਜੁਗ ਅੰਤਮ ਅੰਤ ਚਲਾਏ ਸਾਚੀ ਗਾਥਾ, ਏਕਾ ਖੰਡਾ ਹੱਥ ਉਠਾਇਆ । ਲੱਖ ਚੁਰਾਸੀ ਸੀਆਂ ਸਾਵੇ ਤਿੰਨ ਤਿੰਨ ਹਾਥਾ, ਚਾਰੋਂ ਕੁੰਟਾਂ ਰਿਹਾ ਵੰਡਾਇਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਮਸਤਕ ਮਾਥਾ, ਧੁਰ ਕਰਮੀ ਕਰਮ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਸਾਚੀ ਰੁੱਤ ਸੁਹਾਇਆ । ਸੰਮਤ ਚੌਦਾਂ ਸਾਚੀ ਧਾਰ, ਆਪਣੇ ਹੱਥ ਰਖਾਈਆ । ਗੁਰਮੁਖ ਸਾਚੇ ਕਰ ਤਿਆਰ, ਸਾਚੇ ਬੇੜੇ ਰਿਹਾ ਚੜ੍ਹਾਈਆ । ਲੱਖ ਚੁਰਾਸੀ ਆਰ ਪਾਰ, ਧਰਮ ਰਾਏ ਮੁਖ ਛੁਪਾਈਆ । ਬ੍ਰਹਮਾ ਅੱਠੇ ਨੇਤਰ ਰਿਹਾ ਉਘਾੜ, ਲੋਕਮਾਤੀ ਰਾਹ ਤਕਾਈਆ । ਸ਼ਿਵ ਸ਼ੰਕਰ ਮੀਤ ਮੁਰਾਰ, ਬਾਸ਼ਕ ਤਸ਼ਕਾ ਗਲ ਲਟਕਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਕਰ ਪੁਕਾਰ, ਦਿਵਸ ਰੈਣ ਰਿਹਾ ਗਾਈਆ । ਨੌ ਖੰਡ ਪ੍ਰਿਥਮੀ

ਲੱਖ ਚੁਰਾਸੀ ਕਲਜੁਗ ਬੇੜਾ ਮੰਝਧਾਰ, ਆਪੇ ਡੋਬੇ ਆਪੇ ਲਏ ਤਰਾਈਆ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ, ਰਾਣੀ ਅੱਲਾ ਮਤਾ ਪਕਾਈਆ । ਚਾਰੋਂ ਕੁੰਟ ਧੁੰਆਂਧਾਰ, ਰੈਣ ਅੰਧੇਰੀ ਛਾਈਆ । ਉਤਰ ਪੂਰਬ ਪੱਛਮ ਦੱਖਣ ਦਿਸ਼ਾ ਵਿਚਾਰ, ਚਾਰੇ ਕੁੰਟਾਂ ਵੇਖ ਵਖਾਈਆ । ਸੁਰ ਨਰ ਮੁਨ ਜਨ ਨਾ ਪਾਇਣ ਸਾਰ, ਸਾਰੰਗ ਧਰ ਬੀਠਲਾ ਏਕਾ ਏਕ ਅਖਵਾਈਆ । ਜੁਗ ਜੁਗ ਲਏ ਮਾਤ ਅਵਤਾਰ, ਪੁਰਖ ਕਰਤਾ ਰੂਪ ਵਟਾਈਆ । ਭਗਤ ਸੁਹੇਲੇ ਲਏ ਉਭਾਰ, ਸ਼ਾਹੋ ਭੂਪ ਮੇਲ ਮਿਲਾਈਆ । ਫੜ ਫੜ ਬਾਹੋਂ ਲਾਏ ਪਾਰ, ਅੰਧ ਕੂਪ ਬੇੜਾ ਪਾਰ ਕਰਾਈਆ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ ਭੇਖ ਸਾਰ ਨਾ ਰਾਈਆ । ਸਰਬ ਜੀਆਂ ਪ੍ਰਭ ਰਿਹਾ ਵੇਖ, ਦਿਸ ਕਿਸੇ ਨਾ ਆਈਆ । ਲੇਖਾ ਚੁੱਕੇ ਧਾਰੀ ਕੇਸ, ਧੁਰ ਦੀ ਬਾਣ ਹੁਕਮ ਜਣਾਈਆ । ਕਲਜੁਗ ਕਾਲਾ ਨਰ ਨਰੇਸ਼, ਸਭ ਦੀ ਚੋਟੀ ਰਿਹਾ ਮੁੰਨਾਈਆ । ਜੋਧਾ ਸੂਰਾ ਦਸ ਦਸਮੇਸ਼, ਸਾਚੀ ਸੋਟੀ ਸ਼ਬਦ ਹੱਥ ਉਠਾਈਆ । ਆਪੇ ਹੋਏ ਨਰ ਨਰੇਸ਼, ਨਿਜ ਘਰ ਏਕਾ ਵੇਖ ਵਖਾਈਆ । ਸਤਿਜੁਗ ਸਾਚਾ ਕਰੇ ਆਦੇਸ਼, ਚਰਨ ਦਵਾਰੇ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖੇ ਲਾਏ ਸ਼ਿਵ ਸ਼ੰਕਰ ਗਣੇਸ਼, ਏਕਾ ਆਦੇਸ਼ ਆਪਣੀ ਆਪ ਸੁਹਾਈਆ ।

੭੦੦

੦੬

## ✻ ੨੫ ਵਿਸਾਖ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੀ ਮਾਤਾ ਤਾਬੋ ਦੇ ਅੰਤਮ ਸੰਸਕਾਰ ਸਮੇਂ ਵਿਹਾਰ ਹੋਇਆ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✻

ਜਗਤ ਨਾਤਾ ਤੱਜ, ਤੱਜ ਸੰਸਾਰਿਆ । ਹਰਿ ਮੰਦਰ ਬਹਿਣ ਭੱਜ, ਹੋਏ ਪਾਰ ਕਿਨਾਰਿਆ । ਪ੍ਰਭ ਚਰਨ ਦਵਾਰੇ ਜਾਣਾ ਸਜ, ਦਰ ਦਵਾਰਾ ਇਕ ਵਖਾ ਰਿਹਾ । ਲੋਕਮਾਤ ਪੜਦਾ ਲਿਆ ਕੱਜ, ਸਿੰਘ ਗੁਰਮੁਖ ਪੂਤ ਸਪੂਤਾ ਚਿੱਟੀ ਚਾਦਰ ਉਤੇ ਪਾ ਰਿਹਾ । ਬੰਸ ਸਰਬੰਸਾ ਰੱਖੀ ਲਜ, ਲਜ ਪਤ ਦਾਤਾ ਆਪ ਅਖਵਾ ਰਿਹਾ । ਕਾਲ ਨਗਾਰਾ ਲੱਖ ਚੁਰਾਸੀ ਸਿਰ ਤੇ ਰਿਹਾ ਵੱਜ, ਨਾ ਕੋਈ ਕਿਸੇ ਛੁਡਾ ਰਿਹਾ । ਜੋ ਘੜਿਆ ਸੋ ਗਿਆ ਭੱਜ, ਘੜਨ ਭੰਨਣਹਾਰ ਆਪ ਅਖਵਾ ਰਿਹਾ । ਨੇਤਰ ਦਰਸ ਅੰਮ੍ਰਿਤ ਆਤਮ ਪੀਆ ਰੱਜ, ਦੋ ਜਹਾਨੀ ਤ੍ਰਿਸ਼ਨ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਲਹਿਣਾ ਦੇਣਾ ਪ੍ਰਭ ਚਰਨ ਦਵਾਰ, ਆਦਿ ਅੰਤ ਰਖਾਇੰਦਾ । ਕੋਟਨ ਕੋਟੀ ਕੋਟ ਰਹੇ ਉਚਾਰ ਵਿਚਾਰ, ਪ੍ਰਭ ਦਰਸ਼ਨ ਕੋਇ ਨਾ ਪਾਇੰਦਾ । ਗੁਰਮੁਖ ਗੁਰਸਿਖ ਵਿਰਲਾ ਪਰਾਨੀ ਪਰਾਨ ਅਧਾਰ, ਪਰਮ ਪੁਰਖ ਪਦ ਸਾਚਾ ਪਾਇੰਦਾ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਜੁਗ ਜੁਗ ਭੇਖ ਵਟਾਇੰਦਾ । ਕਾਇਆ ਕੂੜ ਕੁੜਿਆਰਾ ਕਪੜ ਤਨ ਉਤਾਰ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਦੂਸਰ ਕੋਈ ਨਾ ਸਕੇ ਅੱਪੜ ਵਿਚ ਸੰਸਾਰ, ਗੁਰ ਗੋਬਿੰਦ ਹੱਥ ਨਾ ਆਇੰਦਾ । ਮਨਮੁਖ ਰੋਵਣ ਧਾਹਾਂ ਮਾਰ, ਨੇਤਰ ਨੀਰ ਵਹਾਇੰਦਾ । ਪ੍ਰਭ ਚਰਨ ਛੁਹਾਏ ਸੀਸ ਸ਼ਿੰਗਾਰ, ਜੋਤੀ ਲੰਬੂ ਏਕਾ ਲਾਇੰਦਾ । ਅਗਨ ਸਗਨ ਕਲ ਏਕਾ ਵਾਰ, ਇਕ ਇਕੱਲਾ ਆਪ ਮਨਾਇੰਦਾ । ਭੇਖਾਧਾਰੀ ਭੇਖ ਅਪਾਰ, ਭਗਤ ਵਛਲ ਸਦਾ ਅਖਵਾਇੰਦਾ । ਲੇਖਾ ਲਿਖੇ ਵਿਚ ਸੰਸਾਰ, ਲਿਖਤ ਲੇਖ ਆਪਣੇ ਹੱਥ ਰਖਾਇੰਦਾ । ਹਰਿਜਨ ਸਾਚੇ ਆਪੇ ਵੇਖ, ਆਪ ਆਪਣੇ ਦਰ ਬਹਾਇੰਦਾ । ਦਾਤਾ ਦਾਨੀ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਇੰਦਾ । ਥਿਰ ਘਰ ਬੈਠ ਨਰ ਨਰੇਸ਼, ਨਿਰਗੁਣ

੭੦੦

੦੬

ਖੇਲ ਖਿਲਾਇੰਦਾ । ਸਰਗੁਣ ਮੇਲ ਸਦਾ ਹਮੇਸ਼, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਅੰਤ ਨਾਰੀ ਕੰਤ ਸਾਜਨ ਸੰਤ ਸਤਿ ਪੁਰਖ ਨਿਰੰਜਣ ਆਦਿ ਅਬਿਨਾਸ਼ੀ ਜੋਤ ਸਰੂਪ ਘਨਕਪੁਰ ਵਾਸੀ ਦਰ ਘਰ ਵਰ ਹਰਿ ਏਕਾ ਏਕ ਸੁਹਾਇੰਦਾ । ਸੁਲਖਣੀ ਮਾਤ ਪੂਤ ਸਪੂਤਾ ਜਾਇਆ, ਮਿਲੇ ਮੇਲ ਹਰਿ ਪੁਰਖ ਬਿਧਾਤ । ਚਾਰੇ ਕੁੰਟਾਂ ਵੇਖ ਵਖਾਇਆ, ਲੱਖ ਚੁਰਾਸੀ ਰੈਣ ਅੰਧੇਰੀ ਰਾਤ । ਹਰਿ ਦਰਸੀ ਦਰਸ ਦਿਖਾਇਆ, ਜਨ ਹਰਿ ਬਣਾਏ ਪਾਰਜ਼ਾਤ । ਮਾਨਸ ਮਾਨੁਖ ਲੇਖੇ ਲਾਇਆ, ਅੰਤਮ ਵੇਲੇ ਪੁੱਛੇ ਬਾਤ । ਉਲਟਾ ਬਿਰਖ ਗਰਭ ਟਿਕਾਇਆ, ਲੇਖੇ ਲਾਏ ਦਸ ਦਸ ਮਾਸ । ਸਾਸ ਗਰਾਸ ਜੋ ਪੀਆ ਖਾਇਆ, ਨਿਜ ਘਰ ਆਪਣੇ ਕੀਆ ਵਾਸ । ਨਾ ਮਰੇ ਨਾ ਆਇਆ ਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਾਨੀ ਪਰਾਨ ਪਤ ਅਧਾਰ, ਪਰਮ ਪੁਰਖ ਪਦ ਪਾਇਆ ।

### ❊ ਪਹਿਲੀ ਜੇਠ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਦਿਆਲ, ਆਪ ਅਖਵਾਇਆ । ਕਰਤਾ ਪੁਰਖ ਅਕਾਲ, ਰੂਪ ਵਟਾਇਆ । ਸਰਬ ਕਰੇ ਪ੍ਰਿਤਪਾਲ, ਦਿਸ ਕਿਸੇ ਨਾ ਆਇਆ । ਆਪਣੀ ਆਪ ਕਰੇ ਸੰਭਾਲ, ਪਿਤਾ ਪੂਤ ਨਾ ਕੋਈ ਰਖਾਇਆ । ਆਪੇ ਚਲੇ ਆਪਣੀ ਚਾਲ, ਮਾਰਗ ਕਿਸੇ ਹੱਥ ਨਾ ਆਇਆ । ਆਪ ਆਪਣੇ ਵਸਿਆ ਨਾਲ, ਦੂਸਰ ਕੋਈ ਨਾ ਸੰਗ ਰਖਾਇਆ । ਆਪੇ ਸ਼ਾਹ ਆਪੇ ਕੰਗਾਲ, ਮੰਗਣਹਾਰਾ ਆਪ ਅਖਵਾਇਆ । ਜੋਤੀ ਨੂਰਾ ਇਕ ਆਕਾਰ, ਨੂਰੋ ਨੂਰ ਰਿਹਾ ਉਪਾਇਆ । ਸ਼ਬਦੀ ਸ਼ਬਦ ਸੱਚੀ ਧੁਨਕਾਰ, ਸਚ ਨਾਦ ਧੁਨ ਆਪਣੀ ਰਿਹਾ ਉਪਜਾਇਆ । ਆਪ ਆਪੇ ਵਸਿਆ ਬਾਹਰ, ਘਰ ਆਪਣਾ ਆਪ ਸੁਹਾਇਆ । ਅੰਦਰ ਮੰਦਰ ਨਾ ਕੋਈ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਟਿਕਾਇਆ । ਦੀਵਾ ਬੱਤੀ ਨਾ ਕੋਈ ਉਜਿਆਰ, ਹਵਣ ਪਵਣ ਨਾ ਕੋਇ ਰਖਾਇਆ । ਖਾਣੀ ਬਾਣੀ ਵੇਦ ਪਾਠ ਨਾ ਕੋਈ ਪੁਰਾਨ, ਅੰਜੀਲ ਕੁਰਾਨ ਨਾ ਕੋਈ ਗਾਇਆ । ਗੁਰ ਪੀਰ ਸਾਧ ਸੰਤ ਜੀਵ ਜੰਤ ਨਾ ਕੋਈ ਵੇਖੇ ਮਾਰ ਧਿਆਨ, ਪੰਚਮ ਪਤ ਨਾ ਕੋਈ ਵਸਾਇਆ । ਹੱਡ ਮਾਸ ਨਾੜੀ ਰੱਤ ਨਾ ਪਵਣ ਮਸਾਨ, ਮਨ ਮਤ ਬੁਧ ਨਾ ਡੇਰਾ ਲਾਇਆ । ਜੇਰਜ ਅੰਡਜ ਸੇਤਜ ਨਾ ਕੋਈ ਦਿਸੇ ਖਾਣੀ ਖਾਣ, ਨਾ ਕੋਈ ਰਚਨਾ ਰਚਨ ਰਚਾਇਆ । ਨਾ ਕੋਈ ਜੋਧਾ ਸੂਰ ਬਲੀ ਬਲਵਾਨ, ਸ਼ਸਤਰ ਅਸਤਰ ਬਸਤਰ ਨਾ ਕੋਈ ਵੇਖ ਵਖਾਇਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਨਾਰੀ ਕੰਤ ਨਾ ਕੋਈ ਹੰਢਾਇਆ । ਪੁੱਤਰ ਧੀਆਂ ਸਾਕ ਸਨਬੰਧ ਬਿਰਧ ਬਾਲ ਨਾ ਕੋਈ ਜਵਾਨ, ਮਾਤਾ ਗੋਦ ਨਾ ਕੋਈ ਉਠਾਇਆ । ਕਰਮ ਧਰਮ ਜਰਮ ਨਾ ਕੋਇ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਦਿਸ ਕੋਈ ਨਾ ਆਇਆ । ਖਾਣ ਪੀਣ ਨਾ ਕੋਇ ਪਕਵਾਨ, ਭੋਜਨ ਭੱਖ ਨਾ ਕੋਈ ਰਖਾਇਆ । ਦੇਵਤ ਸੁਰ ਬ੍ਰਹਮਾ ਸ਼ਿਵ ਨਾ ਕੋਈ ਖੋਲ੍ਹੇ ਕਿਸੇ ਦੁਕਾਨ, ਬ੍ਰਹਮ ਹਟ ਨਾ ਕਿਸੇ ਵਿਕਾਇਆ । ਤੀਰਥ ਤਟ ਗੁਰ ਦਰ ਮੰਦਰ ਨਾ ਕੋਇ ਅਸਥਾਨ, ਮੱਕਾ ਕਾਅਬਾ ਦੋਆਬਾ ਨਜ਼ਰ ਨਾ ਆਇਆ । ਰਾਗ ਰਾਗਣੀ ਨਾ ਕੋਈ ਰਸਨਾ ਗਾਨ, ਬੱਤੀ ਦੰਦ ਨਾ ਕੋਇ ਹਿਲਾਇਆ । ਪੰਖੀ ਪੰਛੀ ਸਰਵਰ ਤਰਵਰ ਨਾ ਕੋਈ ਪਛਤਾਨ, ਗੁੰਗ ਮੁਖ ਨਾ ਰਸਨ ਹਿਲਾਇਆ । ਖੰਡਾ ਤੇਜ ਕਟਾਰ ਨਾ ਕੋਈ ਤੀਰ ਕਮਾਨ, ਰਾਮ ਕ੍ਰਿਸ਼ਨ ਨਾਨਕ ਗੋਬਿੰਦ ਸੰਗ ਮੁਹੰਮਦ ਚਾਰ ਯਾਰ ਦਿਸ

ਕੋਈ ਨਾ ਆਇਆ । ਥਿਰ ਘਰ ਵਾਸੀ ਹਰਿ ਭਗਵਾਨ, ਘਰ ਬੈਠਾ ਆਸਣ ਲਾਇਆ । ਆਪੇ ਆਪਣੀ ਕਰ ਪਛਾਨ, ਆਪ ਆਪਣਾ ਰੰਗ ਰੰਗਾਇਆ । ਆਪ ਆਪਣਾ ਬਣਿਆ ਹਾਣੀ ਹਾਣ, ਆਪ ਆਪਣੀ ਸੇਜ ਹੰਢਾਇਆ । ਆਪੇ ਨਾਰੀ ਕਰਤਾ ਪੁਰਖ ਮਹਾਨ, ਪੰਚਾਂ ਰਸ ਭੋਗੀ ਆਪ ਅਖਵਾਇਆ । ਆਪੇ ਜਨਣੀ ਮਾਤਾ ਜੋਧਾ ਸੂਰਾ ਪੂਤ ਸਪੂਤਾ ਜਨ ਬਲਵਾਨ, ਸ਼ਬਦੀ ਸੁਤ ਉਪਜਾਇਆ । ਸ਼ਬਦੀ ਸੁਤ ਕਰੇ ਪਰਨਾਮ, ਦੋਏ ਜੋੜ ਸੀਸ ਝੁਕਾਇਆ । ਸਤਿ ਪੁਰਖ ਨਿਰੰਜਣ ਤੇਰਾ ਧਾਮ, ਨੇਤਰ ਨੈਣ ਰਿਹਾ ਤਰਸਾਇਆ । ਪੁਰਖ ਅਬਿਨਾਸ਼ੀ ਦੇਵੇ ਮਾਨ, ਸੀਸ ਆਪਣਾ ਹੱਥ ਟਿਕਾਇਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਇਕ ਗਿਆਨ, ਏਕਾ ਨਾਮ ਝੋਲੀ ਪਾਇਆ । ਨਾਮ ਨਿਧਾਨ ਹਰਿ ਮਿਹਰਵਾਨ, ਆਪਣੇ ਹੱਥ ਰਖਾਇਆ । ਦਿਸ ਨਾ ਆਏ ਬੇਪਛਾਨ, ਆਪ ਆਪਣਾ ਬੈਠਾ ਮੁਖ ਛੁਪਾਇਆ । ਆਪੇ ਦੇਵੇ ਧੁਰ ਫ਼ਰਮਾਣ, ਮੰਨਣਹਾਰ ਆਪ ਅਖਵਾਇਆ । ਆਪੇ ਖੇਲੇ ਖੇਲ ਮਹਾਨ, ਖੇਲ ਖਿਲਾਰੀ ਹਰਿ ਰਘੁਰਾਇਆ । ਜੋਤੀ ਸ਼ਬਦੀ ਇਕ ਨਿਸ਼ਾਨ, ਹਰਿ ਆਪਣਾ ਆਪ ਉਪਾਇਆ । ਆਪਣਾ ਆਪ ਕਰ ਗਿਆਨ, ਆਪੇ ਆਪ ਰਿਹਾ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਅਖਵਾਇਆ । ਨਿਹਕਲੰਕ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਆਪੇ ਜਾਣੇ ਆਪਣੀ ਭੂਮਿਕਾ ਸਚ ਅਸਥਾਨਾ, ਭੇਵ ਕੋਈ ਨਾ ਪਾਇੰਦਾ । ਆਪ ਆਪਣੀ ਹੱਥੀਂ ਬੰਨ੍ਹੇ ਗਾਨਾ, ਆਪ ਆਪਣਾ ਸਗਨ ਮਨਾਇੰਦਾ । ਆਪੇ ਦਾਤਾ ਗੁਣ ਨਿਧਾਨਾ, ਆਪੇ ਰੰਗ ਵਟਾਇੰਦਾ । ਆਪੇ ਭੋਗੀ ਭੋਗ ਭੁਗਾਨਾ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਉਤਪਤ ਦੋ ਜਹਾਨਾਂ, ਆਪ ਆਪਣੀ ਬਣਤ ਬਣਾਇੰਦਾ । ਸਾਚਾ ਸ਼ਬਦ ਜੋਤੀ ਦਾਨਾ, ਦਾਤਾ ਦਾਨੀ ਆਪੇ ਝੋਲੀ ਪਾਇੰਦਾ । ਆਪੇ ਦੇਵਣਹਾਰਾ ਮਾਨਾ, ਆਪੇ ਹੁਕਮ ਮਨਾਇੰਦਾ । ਆਪੇ ਜਾਣੇ ਆਪਣਾ ਗਾਣਾ, ਸੁਣਨੇਹਾਰ ਆਪ ਅਖਵਾਇੰਦਾ । ਆਪ ਉਪਜਾਏ ਧੁਨ ਤਰਾਨਾ, ਰਾਗ ਰਾਗਨੀ ਭੇਵ ਕੋਈ ਨਾ ਪਾਇੰਦਾ । ਆਪੇ ਸ਼ਾਹ ਆਪ ਸੁਲਤਾਨਾ, ਰੰਕ ਰਾਜਾਨ ਆਪ ਹੋ ਆਇੰਦਾ । ਤਖ਼ਤ ਬੈਠ ਸ੍ਰੀ ਭਗਵਾਨਾ, ਸਾਚਾ ਸ਼ਾਹੋ ਭੂਪ ਅਖਵਾਇੰਦਾ । ਏਕਾ ਤੀਰ ਇਕ ਨਿਸ਼ਾਨਾ, ਏਕਾ ਨਾਮ ਰਖਾਇੰਦਾ । ਖੇਲੇ ਖੇਲ ਹਰਿ ਮਹਾਨਾ, ਦਿਸ ਕਿਸੇ ਨਾ ਆਇੰਦਾ । ਨਿਹਕਲੰਕ ਬਲੀ ਬਲਵਾਨਾ, ਜੋਤੀ ਜੋਤ ਸਮਾਇੰਦਾ । ਨਿਹਕਲੰਕ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਆਪੇ ਨਾਰੀ ਆਪੇ ਕੰਤ, ਆਪ ਆਪਣੇ ਧਾਮ ਸੁਹਾਇੰਦਾ । ਨਾ ਕੋਈ ਸਾਧ ਨਾ ਕੋਈ ਸੰਤ, ਗੁਰ ਪੀਰ ਨਾ ਕੋਈ ਸੰਗ ਰਖਾਇੰਦਾ । ਨਾ ਕੋਈ ਰਸਨਾ ਨਾ ਕੋਈ ਜਿਹਵਾ ਨਾ ਕੋਈ ਮਣੀਆ ਮੰਤ, ਗਾਇਣ ਗਾਇਤਰੀ ਨਾ ਕੋਈ ਸਗਨ ਮਨਾਇੰਦਾ । ਨਾ ਕੋਈ ਜਾਣੇ ਆਦਿ ਅੰਤ, ਬੇਅੰਤ ਬੇਅੰਤ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਰਖਾਇੰਦਾ । ਆਦਿ ਪੁਰਖ ਨਿਹਕਲੰਕ, ਏਕਾ ਏਕ ਅਖਵਾਇਆ । ਆਪ ਵਜਾਏ ਆਪਣਾ ਡੰਕ, ਦਿਸ ਕਿਸੇ ਨਾ ਆਇਆ । ਰਾਮ ਰਾਮਾ ਨਾ ਚੁੱਕੇ ਧਨੁੱਖ, ਜਨਕ ਸਪੁੱਤਰੀ ਨਾ ਸੀਤਾ ਕੋਈ ਵਿਆਹਿਆ । ਖੇਲੇ ਖੇਲ ਆਪ ਆਪਣੇ ਬੰਕ, ਦੂਸਰ ਦਰ ਨਾ ਕੋਈ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕਾ ਹਰਿ ਭਗਵਾਨਾ, ਏਕਾ ਏਕ ਅਖਵਾਇੰਦਾ । ਏਕਾ ਤੀਰ ਇਕ ਨਿਸ਼ਾਨਾ, ਆਪਣੇ ਹੱਥ ਰਖਾਇੰਦਾ । ਸ਼ਬਦ ਸੁਤ ਵਡ ਬਲਵਾਨਾ, ਏਕਾ ਤੀਰ ਚਲਾਇੰਦਾ । ਇਛਿਆ ਭਿਛਿਆ ਪਾਵੇ ਦਾਨਾ, ਧੁਰ ਫ਼ਰਮਾਨਾ ਆਪ ਜਣਾਇੰਦਾ । ਬ੍ਰਹਮਾ ਉਤਪਤ ਕਰ ਨਿਧਾਨਾ, ਕਵਲ ਕਵਲਾ

ਮੁਖ ਰਖਾਇੰਦਾ । ਤ੍ਰੈਗੁਣ ਤੇਰਾ ਸਚ ਮਕਾਨਾ, ਪ੍ਰਭ ਸਾਚਾ ਆਪ ਬਣਾਇੰਦਾ । ਪੰਜ ਤਤ ਕਰ ਪਰਵਾਨਾ, ਸੇਵਕ ਸੇਵਾ ਲਾਇੰਦਾ । ਮਨ ਮਤ ਬੁਧ ਧਰ ਨਿਸ਼ਾਨਾ, ਨਿਰਗੁਣ ਝੋਲੀ ਪਾਇੰਦਾ । ਸਰਗੁਣ ਤੇਰਾ ਖੇਲ ਮਹਾਨਾ, ਸਤਿ ਪੁਰਖ ਨਿਰੰਜਣ ਵੇਖ ਵਖਾਇੰਦਾ । ਸ਼ਬਦੀ ਸ਼ਬਦ ਸਚ ਤਰਾਨਾ, ਏਕਾ ਰਾਗ ਅਲਾਇੰਦਾ । ਆਪੇ ਵੇਖੇ ਮਾਰ ਧਿਆਨਾ, ਆਪਣਾ ਮੁਖ ਛੁਪਾਇੰਦਾ । ਆਪੇ ਹੋਇਆ ਜਾਣੀ ਜਾਣਾ, ਭੇਵ ਕੋਈ ਨਾ ਪਾਇੰਦਾ । ਆਪੇ ਸ਼ਾਹ ਸੁਲਤਾਨ ਰਾਜ ਰਾਜਾਨਾ, ਭਿੱਖਕ ਭਿਖਾਰੀ ਆਪ ਅਖਵਾਇੰਦਾ । ਆਪੇ ਦੇਵਣਹਾਰਾ ਦਾਨਾ, ਆਪੇ ਝੋਲੀ ਅੱਗੇ ਡਾਹਿੰਦਾ । ਆਪੇ ਦੇਵੇ ਧੁਰ ਫ਼ਰਮਾਨਾ, ਆਪੇ ਮੁਖ ਭਵਾਇੰਦਾ । ਲੱਖ ਚੁਰਾਸੀ ਆਪੇ ਹੱਥੀਂ ਬੱਧਾ ਗਾਨਾ, ਅੰਤਮ ਆਪੇ ਗੰਢ ਖੁਲ੍ਹਾਇੰਦਾ । ਖੇਲੇ ਖੇਲ ਮਹਾਨਾ, ਸੇਵਕ ਸਾਚੀ ਸੇਵ ਕਮਾਇੰਦਾ । ਸ਼ਿਵ ਸ਼ੰਕਰ ਵੇਖੇ ਮਾਰ ਧਿਆਨਾ, ਅੱਠੇ ਪਹਿਰ ਰਾਹ ਤਕਾਇੰਦਾ । ਬ੍ਰਹਮਾ ਸੁਤ ਹੋਏ ਹੈਰਾਨਾ, ਪਾਰਬ੍ਰਹਮ ਅਬਿਨਾਸ਼ੀ ਅਚੁੱਤ ਕਵਣ ਖੇਲ ਖਿਲਾਇੰਦਾ । ਆਪੇ ਜਾਣੇ ਆਪਣੀ ਰੁੱਤ, ਦੇਵਤ ਸੁਰ ਕੋਈ ਭੇਵ ਨਾ ਪਾਇੰਦਾ । ਲੱਖ ਚੁਰਾਸੀ ਆਪ ਉਪਾਏ ਆਪ ਮਿਟਾਏ, ਬ੍ਰਹਿਮੰਡ ਖੰਡ ਜੇਰਜ ਅੰਡ ਆਪੇ ਵੰਡ ਵੰਡਾਇੰਦਾ । ਆਪੇ ਚੜ੍ਹਿਆ ਉਪਰ ਚੋਟ, ਆਪੇ ਖ਼ਾਕੀ ਖ਼ਾਕ ਸਮਾਇੰਦਾ । ਆਪ ਉਧਾਰੇ ਕੋਟੀ ਕੋਟਨ ਕੋਟ, ਕੋਟਾਂ ਕੋਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕ ਹਰਿ ਬਨਵਾਰੀ, ਅਕਲ ਕਲਾ ਸਮਾਇਆ । ਖੇਲੇ ਖੇਲ ਵਾਰੋ ਵਾਰੀ, ਜੁਗ ਜੁਗ ਵੇਸ ਕਰੇਂਦਾ ਆਇਆ । ਸਤਿਜੁਗ ਤੇਰਾ ਖੇਲ ਖਿਲਾਰੀ, ਆਪ ਆਪਣਾ ਰੂਪ ਵਟਾਇਆ । ਬਾਵਨ ਗਾਵਣ ਨਰ ਨਿਰੰਕਾਰੀ, ਨਰ ਨਰਾਇਣ ਦਿਸ ਕਿਸੇ ਨਾ ਆਇਆ । ਤ੍ਰੇਤਾ ਤ੍ਰੀਆ ਬੰਨ੍ਹੇ ਧਾਰੀ, ਤ੍ਰੈਗੁਣ ਵਿਚ ਸਮਾਇਆ ।

੭੦੩ ਰਾਮ ਰਾਮਾ ਖੇਲ ਨਿਆਰੀ, ਖੇਲਣਹਾਰ ਆਪ ਅਖਵਾਇਆ । ਦੁਆਪਰ ਤੇਰਾ ਦਰ ਵਿਚਾਰੀ, ਨੈਣ ਮੁਧਾਰੀ ਆਪ ਅਖਵਾਇਆ । ਕਾਹਨਾ ਕ੍ਰਿਸ਼ਨਾ ੭੦੩

੦੬ ਕ੍ਰਿਸ਼ਨ ਮੁਰਾਰੀ, ਨਾਮ ਬੰਸਰੀ ਇਕ ਵਜਾਇਆ । ਭਗਤ ਭਗਵੰਤਾ ਰਿਹਾ ਤਾਰੀ, ਦੁਸ਼ਟ ਹੰਕਾਰੀ ਰਿਹਾ ਮਿਟਾਇਆ । ਆਪੇ ਹੋਇਆ ਖੇਲ ੦੬

ਖਿਲਾਰੀ, ਜਿੱਤ ਹਾਰ ਆਪਣੇ ਹੱਥ ਰਖਾਇਆ । ਕਲਜੁਗ ਮਿਲੀ ਮਾਤ ਸਿਕਦਾਰੀ, ਪ੍ਰਭ ਦਰ ਆਏ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰੀ, ਮੁਹੰਮਦ ਸੰਗ ਰਲਾਇਆ । ਅੱਲਾ ਰਾਣੀ ਕਰ ਪਿਆਰੀ, ਲਾਲ ਚੁੰਨੀ ਉਪਰ ਪਾਇਆ । ਅਹਿਨਲ ਹੱਕ ਆਵਾਜ ਏਕਾ ਮਾਰੀ, ਮੁਕਾਮ ਹੱਕ ਇਕ ਵਖਾਇਆ । ਮੱਕਾ ਕਾਅਬਾ ਚਾਰ ਦਿਵਾਰੀ, ਕਾਇਆ ਕੋਟ ਸਮਝਾਇਆ । ਉਪਰ ਚੜ੍ਹ ਸ਼ਾਹ ਸ਼ਿਕਾਰੀ, ਤੀਰ ਨਿਰਾਲਾ ਏਕਾ ਲਾਇਆ । ਲੱਖ ਚੁਰਾਸੀ ਤੇਰੀ ਪਾਵੇ ਸਾਰੀ, ਸਾਚੀ ਵੰਡਨ ਵੰਡ ਵੰਡਾਇਆ । ਦੇਵੇ ਫ਼ਰਮਾਣ ਧੁਰ ਦਰਬਾਰੀ, ਅਜ਼ਰਾਈਲ ਮੇਕਾਈਲ ਜ਼ਬਰਾਈਲ ਅਸਰਾਫੀਲ, ਸਾਚੀ ਸੇਵਾ ਰਿਹਾ ਕਰਾਇਆ । ਆਪ ਰੰਗਾਏ ਬਸਤਰ ਨੀਲ, ਨੀਲੀ ਧਾਰੋਂ ਪਾਰ ਕਰਾਇਆ । ਨਾਨਕ ਮਿਲਿਆ ਇਕ ਵਕੀਲ, ਪ੍ਰਭ ਸਾਚੇ ਮਾਤ ਉਪਜਾਇਆ । ਸ਼ਬਦ ਦਿਤੀ ਸਚ ਦਲੀਲ, ਏਕਾ ਰਾਹ ਚਲਾਇਆ । ਧੁਰਦਰਗਾਹੀ ਕਰੇ ਇਕ ਅਪੀਲ, ਦੋਏ ਜੋੜ ਸੀਸ ਝੁਕਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਛੈਲ ਛਬੀਲ, ਘਰ ਸਤਵੇਂ ਅਨਹਦ ਮਾਰੇ ਤੀਰ, ਅਲੱਖ ਅਲੱਖਣਾ ਆਇਆ । ਕੰਚਨ ਧਾਰੀ ਸਾਚਾ ਘਰ ਏਕਾ ਰੂਪ ਸ਼ਾਹੋ ਭੂਪ ਵੇਖ ਵਖਾਣੇ ਚਾਰੋਂ ਕੂਟ, ਦਹਿ ਦਿਸ਼ਾ ਫੋਲ ਫੁਲਾਇਆ । ਏਕਾ ਨਾਉਂ ਗੁਣ ਨਿਧਾਨਾ, ਸਾਚਾ ਇਕ ਜਣਾਇਆ । ਆਪੇ ਹੋਇਆ ਨਿਗਹਬਾਨਾ, ਨਾਨਕ ਨਿਰਗੁਣ ਆਪਣੇ ਗਲੇ ਲਗਾਇਆ । ਆਪ ਆਪਣੀ ਦਏ ਪਛਾਨਾ, ਸਿਰ ਆਪਣਾ ਹੱਥ ਟਿਕਾਇਆ । ਨਾਨਕ ਵਿਟਹੋਂ

ਜਾਏ ਕੁਰਬਾਨਾ, ਪ੍ਰਭ ਚਰਨੀ ਸੀਸ ਟਿਕਾਇਆ । ਪੁਰਖ ਅਬਿਨਾਸ਼ੀ ਗੁਣ ਨਿਧਾਨਾ, ਸਤਿਨਾਮ ਨਾਨਕ ਝੋਲੀ ਪਾਇਆ । ਧੁਰ ਫ਼ਰਮਾਣਾ ਇਕ ਗਿਆਨਾ, ਲੋਕਮਾਤੀ ਲੈ ਕੇ ਆਇਆ । ਚਾਰੋਂ ਕੁੰਟ ਵੇਖ ਵਖਾਨਾ, ਜੀਵਾਂ ਜੰਤਾਂ ਰਿਹਾ ਸਮਝਾਇਆ । ਗਊ ਗਰੀਬਾਂ ਦੇਵੇ ਦਰ ਦਰ ਮਾਣਾ, ਹੰਕਾਰ ਹੰਕਾਰੀਆਂ ਰਿਹਾ ਗਵਾਇਆ । ਆਪੇ ਹੋਇਆ ਦਰ ਦਰਬਾਨਾ, ਹੱਥ ਮਸਲਾ ਇਕ ਰਖਾਇਆ । ਮੱਕਾ ਕਾਅਬਾ ਵੇਖ ਬਗਲ ਕੁਰਾਨਾ, ਹਾਜੀ ਹੱਜ ਕਰੇਂਦਾ ਆਇਆ । ਸਤਿਨਾਮ ਸਾਚਾ ਕਾਜੀ, ਪ੍ਰਭ ਸਾਚੇ ਹੱਥ ਰਖਾਇਆ । ਗੁਰ ਪੂਰਾ ਪ੍ਰਭ ਹਾਜੀ, ਪੁਰਖ ਅਬਿਨਾਸ਼ੀ ਸਾਚੀ ਸੇਵਾ ਲਾਇਆ । ਪਰਗਟ ਹੋਏ ਜਿਸ ਸਾਜਨਾ ਸਾਜੀ, ਨਿਹਕਲੰਕ ਨਾਉਂ ਰਖਾਇਆ । ਭੁਲਣਾ ਨਾ ਮਾਤ ਮੁੱਲਾ ਕਾਜੀ, ਸ਼ੇਖ਼ ਮੁਸਾਇਕਾਂ ਆਪ ਸਮਝਾਇਆ । ਆਪੇ ਚੜ੍ਹੇ ਸਾਚੇ ਤਾਜੀ, ਸੋਹੰ ਘੋੜਾ ਇਕ ਰਖਾਇਆ । ਰਸਨਾ ਗਾਏ ਨਾਨਕ ਹਾਜੀ, ਦਿਸ ਕਿਸੇ ਨਾ ਆਇਆ । ਪਾਰਬ੍ਰਹਮ ਪ੍ਰਭ ਮਾਰੇ ਆਵਾਜ਼ੀ, ਦਿਵਸ ਰੈਣ ਰਿਹਾ ਜਗਾਇਆ । ਅੰਤਮ ਵੇਲੇ ਰੱਖੇ ਲਾਜੀ, ਦੇ ਮਤ ਆਪ ਸਮਝਾਇਆ । ਪੰਜ ਤਤ ਤਨ ਝੂਠਾ ਨਾਜੀ, ਨਾਨਕ ਗਿਆ ਮਾਤ ਤਜਾਇਆ । ਗੁਰ ਅੰਗਦ ਸਿਰ ਤੇਰੇ ਰੱਖੀ ਬਾਜੀ, ਆਪ ਆਪਣੀ ਦਇਆ ਕਮਾਇਆ । ਅਮਰਦਾਸ ਤੇਰੀ ਸਾਜਨਾ ਸਾਜੀ, ਬਿਰਧ ਬਾਲਾ ਰੂਪ ਵਟਾਇਆ । ਰਾਮਦਾਸ ਮਿਲਿਆ ਗਰੀਬ ਨਿਵਾਜੀ, ਸਚ ਸਰੋਵਰ ਇਸ਼ਨਾਨ ਕਰਾਇਆ । ਗੁਰ ਅਰਜਨ ਮਿਲਿਆ ਇਸ਼ਕ ਮਿਜਾਜੀ, ਏਕਾ ਰੰਗ ਰੰਗਾਇਆ । ਹਰਿ ਗੋਬਿੰਦ ਮਾਰੇ ਫੜ ਫੜ ਗਾਜੀ, ਏਕਾ ਖੰਡਾ ਹੱਥ ਉਠਾਇਆ । ਹਰਿਰਾਏ ਭੁਲਾਏ ਜਗਤ ਨਿਮਾਜੀ, ਰਾਮ ਰਾਏ ਲੇਖੇ ਲਾਇਆ । ਹਰਿ ਕ੍ਰਿਸ਼ਨ ਚੜ੍ਹਿਆ ਸਚ ਜਹਾਜ਼ੀ, ਪ੍ਰਭ ਨਾਮ ਜਹਾਜ਼ ਇਕ ਵਖਾਇਆ । ਗੁਰ ਤੇਗ ਬਹਾਦਰ ਤੇਰੀ ਰੱਖੇ ਲਾਜੀ, ਦਿੱਲੀ ਸੀਸ ਲਵਾਇਆ । ਗੁਰ ਗੋਬਿੰਦ ਤੇਰੀ ਸਾਜਨਾ ਸਾਜੀ, ਨਰ ਨਿਰੰਕਾਰ ਰਿਹਾ ਭੇਖ ਵਟਾਇਆ । ਪੂਤ ਸਪੂਤਾ ਆਪੇ ਸ਼ਾਹ ਰਾਜਨ ਰਾਜੀ, ਆਪ ਆਪਣਾ ਹੁਕਮ ਸੁਣਾਇਆ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਹਰਿ ਬਲਕਾਰਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਸ਼ਬਦੀ ਸੇਵਾ ਲਾਇੰਦਾ । ਸ਼ਬਦ ਸੁਤ ਅਪਰ ਅਪਾਰਾ, ਦਿਵਸ ਰੈਣ ਸੇਵ ਕਮਾਇੰਦਾ । ਗੁਰ ਗੋਬਿੰਦਾ ਕਰ ਪਿਆਰਾ, ਪ੍ਰਭ ਆਪਣੀ ਗੋਦ ਉਠਾਇੰਦਾ । ਏਕਾ ਦੇਵੇ ਨਾਮ ਹੁਲਾਰਾ, ਸਾਚਾ ਝੂਲਾ ਆਪ ਝੁਲਾਇੰਦਾ । ਆਪ ਕਰਾਏ ਪਾਰ ਕਿਨਾਰਾ, ਅੱਧ ਵਿਚ ਨਾ ਕੋਈ ਅਟਕਾਇੰਦਾ । ਆਪੇ ਵਸੇ ਸਭ ਤੋਂ ਬਾਹਰਾ, ਆਪ ਆਪਣਾ ਭੇਵ ਚੁਕਾਇੰਦਾ । ਗੁਰ ਗੋਬਿੰਦਾ ਸੁਤ ਦੁਲਾਰ, ਪ੍ਰਭ ਸਾਚੀ ਸੇਵ ਕਮਾਇੰਦਾ । ਮਿਲਿਆ ਮੇਲ ਪੁਰਖ ਭਤਾਰਾ, ਏਕਾ ਚੰਡੀ ਬ੍ਰਹਿਮੰਡੀ ਆਪਣੀ ਹੱਥ ਫੜਾਇੰਦਾ । ਲੋਕਮਾਤੀ ਸਾਚੀ ਡੰਡੀ, ਸਾਚਾ ਰਾਹ ਚਲਾਇੰਦਾ । ਏਕਾ ਵੰਡ ਗੁਰ ਗੋਬਿੰਦੇ ਵੰਡੀ, ਚਾਰ ਵਰਨਾਂ ਏਕਾ ਸਰਨ ਰਖਾਇੰਦਾ । ਕੋਈ ਨਾ ਦੀਸੇ ਜਗਤ ਘਮੰਡੀ, ਸਭ ਦੀ ਵੱਢੀ ਜਾਏ ਕੰਡੀ, ਏਕਾ ਖੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਹੋ ਜਾਇੰਦਾ । ਗੁਰ ਗੋਬਿੰਦੇ ਵੰਡ ਵੰਡਾਈ, ਪ੍ਰਭ ਅੱਗੇ ਸੀਸ ਝੁਕਾਈਆ । ਦਿਵਸ ਰੈਣ ਨਾ ਹੋਏ ਜੁਦਾਈ, ਅੱਗੇ ਝੋਲੀ ਡਾਹੀਆ । ਹਰਿ ਗੋਬਿੰਦ ਗੁਰ ਗੋਬਿੰਦ ਇਕ ਧਿਆਨ ਰਖਾਈ, ਆਪ ਮਿਟਾਏ ਸਗਲੀ ਚਿੰਦ, ਸਾਚਾ ਰਾਹ ਵਖਾਈਆ । ਜੋਧਾ ਸੂਰ ਵਡ ਮਰਗਿੰਦ, ਵਡ ਮਲਾਹ ਹੋ ਆਈਆ । ਆਪ ਉਪਜਾਏ ਆਪਣੀ ਬਿੰਦ, ਪਿਤਾ ਪੂਤ ਅਖਵਾਈਆ । ਅੰਮ੍ਰਿਤ ਬਖ਼ਸ਼ੇ ਧਾਰਾ ਸਿੰਧ, ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੦੪
੦੬

ਜੋਤ ਧਰ, ਗੁਰ ਗੋਬਿੰਦੇ ਮੇਲ ਮਿਲਾਈਆ । ਗੁਰ ਗੋਬਿੰਦਾ ਚਰਨ ਭਿਖਾਰੀ, ਏਕਾ ਓਟ ਰਖਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਕਾਇਆ ਚੋਟ ਲਗਾਇੰਦਾ । ਸ਼ਬਦ ਡੰਕ ਅਪਰ ਅਪਾਰੀ, ਪੰਜ ਤਤ ਖੋਟ ਗਵਾਇੰਦਾ । ਅਗੰਮ ਅਗੰਮੜਾ ਪਾਵੇ ਸਾਰੀ, ਏਕਾ ਰੰਗ ਰੰਗਾਇੰਦਾ । ਦਮ ਦਮੜੇ ਕਰੇ ਵਣਜ ਵਪਾਰੀ, ਸਾਚਾ ਵਣਜ ਵਪਾਰੀ, ਸਾਚਾ ਵਣਜ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮੇਲਾ ਮੇਲ ਮਿਲਾਇੰਦਾ । ਗੋਬਿੰਦ ਮੇਲਾ ਹਰਿ ਗੋਬਿੰਦ, ਹਰਿ ਹਰਿ ਵਿਚ ਸਮਾਇਆ । ਸ਼ਬਦ ਸ਼ਬਦੀ ਸਾਚੀ ਬਿੰਦ, ਪੂਤ ਸਪੂਤਾ ਆਪ ਅਖਵਾਇਆ । ਪਰਗਟ ਹੋਇਆ ਹਰਿ ਹਰਿ ਹਿੰਦ, ਸਿਰ ਮਸਤਕ ਹੱਥ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਖਾਇਆ । ਆਪ ਆਪਣਾ ਰੂਪ ਵਖਾਏ, ਅਕਲ ਕਲਾ ਕਲ ਧਾਰੀ । ਗੁਰ ਗੋਬਿੰਦੇ ਵੇਖ ਵਖਾਏ, ਦੋਏ ਜੋੜ ਕਰੇ ਨਿਮਸਕਾਰੀ । ਪੁਰਖ ਅਬਿਨਾਸ਼ੀ ਹੁਕਮ ਜਣਾਏ, ਵੇਖੇ ਵਿਗਸੇ ਕਰ ਵਿਚਾਰੀ । ਪੰਜ ਤਤ ਇਕ ਰੁੱਤ ਸੁਹਾਏ, ਅੱਠ ਤਤ ਨਾ ਪਾਇਣ ਸਾਰੀ । ਸਤਿ ਸਰੂਪ ਅਨੂਪ ਸ਼ਾਹੋ ਭੂਪ ਆਪ ਵਟਾਏ, ਕਲਗੀ ਤੋੜਾ ਸੀਸ ਜਗਦੀਸ਼ ਅਪਰ ਅਪਾਰੀ । ਘੋੜਾ ਜੋੜਾ ਇਕ ਵਖਾਏ, ਲੋਆਂ ਪੁਰੀਆਂ ਵਸੇ ਬਾਹਰੀ । ਸਾਚਾ ਪੌੜਾ ਇਕ ਚੜ੍ਹਾਏ, ਏਕੰਕਾਰਾ ਇਕ ਇਕੱਲਾ ਏਕਾ ਵਾਰੀ । ਮਿੱਠਾ ਕੌੜਾ ਵੇਖ ਵਖਾਏ, ਲੱਖ ਚੁਰਾਸੀ ਵੇਖੇ ਪਰਖੇ ਸਾਚੀ ਖੇਲੇ ਖੇਲ ਖਿਲਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਲੋਕਮਾਤ ਲਾ ਸੱਚੀ ਫੁਲਵਾੜੀ । ਲੋਕਮਾਤ ਸੱਚੀ ਫੁਲਵਾੜੀ, ਏਕਾ ਏਕ ਲਗਾਵਨੀ । ਗੁਰ ਨਾਨਕ ਨਾਮ ਸ਼ਬਦ ਵਾੜੀ, ਚਾਰੋਂ ਕੁੰਟ ਕਰਾਵਨੀ । ਫਸਲ ਪੱਕੇ ਅੰਤਮ ਏਕਾ ਹਾੜੀ, ਨਿਹਕਲੰਕ ਓਟ ਰਖਾਵਨੀ । ਆਪੇ ਹੋਏ ਪਿੱਛੇ ਅਗਾੜੀ, ਜੋਤ ਸ਼ਬਦ ਮੇਲ ਮਿਲਾਵਨੀ । ਰੱਖੇ ਲਾਜ ਲੋਕਮਾਤ ਤੇਰੀ ਰੱਖੀ ਦਾੜ੍ਹੀ, ਪੂਰ ਕਰਾਏ ਭਾਵਨੀ । ਤ੍ਰੈਗੁਣ ਮਾਇਆ ਦੇਵੇ ਸਾੜੀ, ਸੰਮਤ ਚੌਦਾਂ ਲੋਕਮਾਤ ਇੱਕੀ ਜੇਠ ਦੇਵੇ ਜਾਮਨੀ । ਸਾਧਾਂ ਸੰਤਾਂ ਜੀਆਂ ਜੰਤਾਂ ਲੱਗੇ ਅੱਗ ਬਹੱਤਰ ਨਾੜੀ, ਨਾ ਕੋਈ ਹੋਏ ਹੋਰ ਬੁਝਾਵਨੀ । ਮਨਮੁਖ ਜੀਵਾਂ ਕਿਸਮਤ ਹੋਏ ਮਾੜੀ, ਚਾਰੋਂ ਕੁੰਟ ਰੈਣ ਅੰਧੇਰੀ ਸ਼ਾਮਨੀ । ਲਾੜੀ ਮੌਤ ਫਿਰੇ ਜੰਗਲ ਜੂਹ ਉਜਾੜ ਪਹਾੜੀ, ਗੁਰ ਗੋਬਿੰਦੇ ਤੇਰੀ ਚੰਡੀ ਚਮਕੇ ਦਾਮਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਸਮਝਾਵਨੀ । ਗੁਰ ਗੋਬਿੰਦੇ ਸ਼ਬਦ ਜਣਾ, ਪ੍ਰਭ ਆਪਣਾ ਮੁਖ ਛੁਪਾਇਆ । ਗੁਰ ਗੋਬਿੰਦਾ ਬਣ ਮਲਾਹ, ਸੇਵਕ ਸੇਵਾ ਰਿਹਾ ਕਮਾਇਆ । ਗੁਰਮੁਖ ਸਾਚੇ ਦਰ ਬਹਾ, ਲੇਖਾ ਲੇਖ ਰਿਹਾ ਚੁਕਾਇਆ । ਪੰਜ ਪਿਆਰੇ ਲਏ ਉਠਾ, ਆਪਣਾ ਭੇਵ ਖੁਲ੍ਹਾਇਆ । ਆਪੇ ਲੇਖੇ ਲਏ ਲਾ, ਲੇਖਾ ਕਿਸੇ ਹੱਥ ਨਾ ਆਇਆ । ਜ਼ਾਤ ਪਾਤੀ ਊਚ ਨੀਚ ਏਕਾ ਥਾਂ ਬਹਾ, ਅੱਗੇ ਝੋਲੀ ਡਾਹਿਆ । ਪਾਰਬ੍ਰਹਮ ਸਾਚਾ ਪਿਤਾ ਆਦਿ ਸ਼ਕਤ ਬਣਾਈ ਸਾਚੀ ਮਾਂ, ਸ਼ਬਦ ਮੁੰਮਾ ਸੀਰ ਪਿਆਇਆ । ਅੰਮ੍ਰਿਤ ਆਤਮ ਇਕ ਵਖਾ, ਨਾਮ ਖੰਡਾ ਵਿਚ ਫਿਰਾਇਆ । ਰਸ ਮਿਠਾ ਹਰਿ ਗੁਣ ਸੱਚਾ ਗਾ, ਦੇ ਮਤ ਜਗਤ ਸਮਝਾਇਆ । ਗੁਰਮੁਖ ਤੇਰਾ ਰੂਪ ਅਨਡੀਠਾ, ਚਾਰ ਵਰਨ ਦਿਸ ਨਾ ਆਇਆ । ਸਾਚੀ ਧਾਰਾ ਇਕ ਸਵਾ ਗਿੱਠਾ, ਘਰ ਸਾਚੇ ਰਿਹਾ ਵਹਾਇਆ । ਆਪੇ ਬੈਠਾ ਪ੍ਰਭ ਚਰਨ ਹੇਠਾਂ, ਗੁਰਸਿਖ ਆਪਣੇ ਹੇਠ ਰਿਹਾ ਬਿਠਾਇਆ । ਵੇਖੇ ਪਰਖੇ ਮਿੱਠਾ ਕੌੜਾ ਰੀਠਾ, ਫਲ ਅੰਮ੍ਰਿਤ ਏਕਾ ਏਕ ਚਖਾਇਆ । ਆਪਣੀ ਹੱਥੀਂ ਪੀਸਣ ਪੀਠਾ, ਸਚ ਸੁੱਚ ਪਕਵਾਨ ਪਕਾਇਆ ।ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਇਹ ਸਮਝਾਇਆ । ਗੁਰ ਗੋਬਿੰਦੇ ਚੜ੍ਹਿਆ ਚਾਅ,



੭੦੫ ੦੬

ਘਰ ਸਾਚੇ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਜਗਤ ਮਲਾਹ, ਸਿਰ ਆਪਣਾ ਹੱਥ ਟਿਕਾਈਆ । ਏਕਾ ਦੇਵੇ ਸਚ ਸਲਾਹ, ਪੰਚਮ ਹੁਕਮ ਜਣਾਈਆ । ਪੰਚਮ ਪੰਚਮ ਦਏ ਮਿਟਾ, ਪੰਚਮ ਮੇਲ ਮਿਲਾਈਆ । ਪੰਚਮ ਹਰਿ ਹਰਿ ਸਾਚਾ ਗਾ, ਪੰਚਮ ਭੇਵ ਚੁਕਾਈਆ । ਪੰਚਮ ਵੇਖੇ ਏਕਾ ਥਾਂ, ਪੰਚਮ ਦਏ ਦੁਹਾਈਆ । ਪੰਚਮ ਮੀਤਾ ਏਕਾ ਨਾਮ ਨਿਧਾਨ, ਨਿਰਗੁਣ ਵਸਤ ਝੋਲੀ ਪਾਈਆ । ਆਪੇ ਹੋਇਆ ਮਿਹਰਵਾਨ, ਮਿਹਰਵਾਨ ਦਇਆ ਕਮਾਈਆ । ਸ਼ਬਦ ਖੰਡਾ ਸਚ ਨਿਸ਼ਾਨ, ਗੁਰ ਗੋਬਿੰਦੇ ਹੱਥ ਫੜਾਈਆ । ਬਸਤਰ ਸ਼ਸਤਰ ਇਕ ਕਮਾਨ, ਰਸਨਾ ਚਿੱਲਾ ਰਿਹਾ ਵਖਾਈਆ । ਨੇਤਰ ਲੋਚਨ ਵੇਖਣਾ ਇਕ ਧਿਆਨ, ਇਕ ਗਿਆਨ ਜਣਾਈਆ । ਆਪੇ ਹੋਏ ਬੇਪਛਾਣ, ਬੈਠੇ ਮੁਖ ਛੁਪਾਈਆ । ਪੁਰੀ ਅਨੰਦ ਨਾ ਸਚ ਮਕਾਨ, ਅੰਤਮ ਢਹਿ ਢਹਿ ਜਾਈਆ । ਹਰਿ ਕਾ ਸ਼ਬਦ ਬ੍ਰਹਮ ਨਿਸ਼ਾਨ, ਜੁਗ ਜੁਗ ਅਟੱਲ ਰਖਾਈਆ । ਗੁਰ ਗੋਬਿੰਦਾ ਵੇਖੇ ਮਾਰ ਧਿਆਨ, ਨੈਣਾ ਦੇਵੀ ਆਸਣ ਲਾਈਆ । ਆਦਿ ਸ਼ਕਤ ਰੂਪ ਭਗਵਾਨ, ਪਰਗਟ ਹੋਏ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਖੰਡਾ ਸਚ ਕਿਰਪਾਨ, ਗੁਰ ਗੋਬਿੰਦੇ ਤਨ ਗਾਤਰੇ ਵਿਚ ਲਟਕਾਈਆ । ਗੁਰ ਗੋਬਿੰਦੇ ਤੇਰਾ ਜਗਤ ਤਨ, ਪ੍ਰਭ ਸਚ ਮਿਆਨ ਬਣਾਇਆ । ਛੱਪਰ ਛੰਨ ਨਾ ਕਿਸੇ ਕਿੱਲੀ ਦਿਤਾ ਟੰਗ, ਸਿਰ ਆਪਣਾ ਹੱਥ ਟਿਕਾਇਆ । ਭਾਈ ਭੈਣ ਨਾ ਕੋਈ ਖੜ੍ਹੇ ਮੰਗ, ਸਾਕ ਸੈਣ ਕਿਸੇ ਦਿਸ ਨਾ ਆਇਆ । ਆਦਿ ਪੁਰਖ ਪ੍ਰਭ ਚਾੜ੍ਹੇ ਰੰਗ, ਪੀਲਾ ਬਸਤਰ ਤਨ ਛੁਹਾਇਆ । ਸਚ ਘਰ ਵਖਾਇਆ ਸ਼ਬਦ ਸਰੂਪੀ ਇਕ ਪਲੰਘ, ਪਾਰਬ੍ਰਹਮ ਆਸਣ ਲਾਇਆ । ਚਾਰੋਂ ਕੁੰਟ ਨਾ ਕੋਈ ਦਿਸੇ ਸੰਗ, ਪ੍ਰਭ ਆਲਸ ਨਿੰਦਰਾ ਵਿਚ ਨਾ ਆਇਆ । ਗੁਰ ਗੋਬਿੰਦਾ ਨਾ ਗਿਆ ਸੰਗ, ਦੋਏ ਜੋੜ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਆਪ ਲਗਾਇਆ ਆਪਣੇ ਅੰਗ, ਪੂਰਬ ਝੋਲੀ ਲਹਿਣਾ ਪਾਇਆ । ਤੇਰਾ ਅੰਤਮ ਕਲ ਆਪ ਵਜਾਏ ਮਰਦੰਗ, ਕਾਇਆ ਢੋਲ ਇਕ ਵਜਾਇਆ । ਸ਼ਬਦ ਡੋਰੀ ਚਾੜ੍ਹੇ ਪਤੰਗ, ਆਕਾਸ਼ ਪਰਕਾਸ਼ ਦਏ ਵਖਾਇਆ । ਗਊ ਗਰੀਬਾਂ ਕੱਟੀ ਭੁੱਖ ਨੰਗ, ਜਨ ਸਰਸੇ ਜਾਈ ਰੁੜ੍ਹਾਇਆ । ਨੀਲੇ ਘੋੜੇ ਕਸਿਆ ਤੰਗ, ਸ਼ਾਹ ਅਸਵਾਰ ਆਪ ਅਖਵਾਇਆ । ਜਲ ਧਾਰਾ ਵੇਖੇ ਸਾਚੀ ਗੰਗ, ਪਹਿਲਾ ਪੌੜਾ ਵਿਚ ਰਖਾਇਆ । ਧਰਤ ਮਾਤ ਮੰਗੇ ਮੰਗ, ਅੱਗੇ ਬੈਠੀ ਝੋਲੀ ਡਾਹਿਆ । ਸੱਤ ਸਰੋਵਰ ਹੋਣੇ ਨੰਗ, ਮੇਰੀ ਤ੍ਰਿਖਾ ਨਾ ਕੋਈ ਬੁਝਾਇਆ । ਗੰਗਾ ਗੋਦਾਵਰੀ ਹੋਈ ਭੰਗ, ਗੁਰ ਗੋਬਿੰਦੇ ਮੈਂ ਤੇਰੀ ਓਟ ਰਖਾਇਆ । ਗੁਰ ਗੋਬਿੰਦਾ ਖੋਲ੍ਹੇ ਨੀਲੇ ਤੰਗ, ਸ਼ਬਦ ਆਸਣ ਆਪਣਾ ਇਕ ਵਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੀਸ ਆਪਣਾ ਹੱਥ ਟਿਕਾਇਆ । ਗੁਰ ਗੋਬਿੰਦੇ ਸ਼ਬਦ ਗਿਆਨ, ਪ੍ਰਭ ਸਾਚੇ ਇਕ ਦਵਾਇਆ । ਗੁਰ ਗੋਬਿੰਦਾ ਹਰਿ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਬਾਹਰ ਡੇਰਾ ਲਾਇਆ । ਇਹ ਸਰਸੇ ਮੰਗੀ ਮੰਗ ਮਹਾਨ, ਲੇਖਾ ਲਿਖਤ ਝੋਲੀ ਦਏ ਪਾਇਆ । ਸਿੰਘ ਸਵਾ ਸੱਤ ਸੌ ਮੰਗੇ ਦਾਨ, ਪ੍ਰਭ ਪਹਿਲੀ ਭੇਟ ਚੜ੍ਹਾਇਆ । ਸੱਤਾਂ ਦੀਪਾਂ ਤੇਰਾ ਝੁੱਲੇ ਨਿਸ਼ਾਨ, ਵੇਲਾ ਕਲਜੁਗ ਦਏ ਸੁਹਾਇਆ । ਨੌ ਖੰਡ ਪ੍ਰਿਥਮੀ ਬਹਿ ਬਹਿ ਸਾਰੇ ਗਾਣ, ਚਾਰ ਵਰਨਾਂ ਪਾਰਬ੍ਰਹਮ ਦੇ ਮਤ ਸਮਝਾਇਆ । ਗੁਰ ਗੋਬਿੰਦਾ ਕਰ ਪਰਵਾਨ, ਲੇਖ ਲਿਖਤ ਗ੍ਰੰਥ ਪੰਥ ਮਾਲ ਧਨ ਸਾਚੀ ਭੇਟ ਚੜ੍ਹਾਇਆ । ਪੁਰਖ ਅਬਿਨਾਸ਼ੀ ਮਾਰੇ ਬਾਨ, ਧੁਰਦਰਗਾਹੀ ਇਕ ਨਿਸ਼ਾਨ, ਸਾਚਾ ਤੀਰ ਰਿਹਾ ਚਲਾਇਆ । ਆਪੇ ਵੇਖੇ ਵਿਚ ਮੈਦਾਨ, ਲਾਲ ਦੁਪੱਟਾ ਇਕ ਰੰਗਾਇਆ । ਸਾਚਾ ਚੀਰਾ ਬਾਲ ਨਾਦਾਨ, ਆਪਣੀ ਹੱਥੀਂ ਸੀਸ ਬੰਧਾਇਆ । ਖੇਲੇ ਖੇਲ ਵਿਚ ਜਹਾਨ, ਜਗਤ ਨਾਤਾ ਮੋਹ

ਚੁਕਾਇਆ । ਗੁਰਮੁਖਾਂ ਬਖ਼ਸ਼ੇ ਇਕ ਅਸਥਾਨ, ਪਾਰਬ੍ਰਹਮ ਤੇਰਾ ਚਰਨ ਧਿਆਨ ਵਖਾਇਆ । ਆਪੇ ਹੋਇਆ ਜਾਣੀ ਜਾਣ, ਜਾਨਣਹਾਰ ਆਪ ਹੋ ਆਇਆ । ਆਪ ਆਪਣਾ ਕਰ ਕੁਰਬਾਨ, ਬੰਸ ਸਰਬੰਸਾ ਰੂਪ ਵਟਾਇਆ । ਸ੍ਰਿਸ਼ਟ ਸਬਾਈ ਮੰਗੇ ਦਾਨ, ਦਾਤਾ ਦਾਨੀ ਬੈਠਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਏਕਾ ਰੰਗ ਰੰਗਾਇਆ । ਗੁਰ ਗੋਬਿੰਦੇ ਰੰਗ ਗੁਲਾਲ, ਏਕਾ ਏਕ ਚੜ੍ਹਨਿਆ । ਆਪੇ ਵਾਰ ਆਪਣੇ ਲਾਲ, ਆਪ ਆਪਣੇ ਅੰਦਰ ਮੰਨਿਆ । ਆਪ ਆਪਣਾ ਲਏ ਭਾਲ, ਨਾ ਕੋਈ ਦਿਸੇ ਸੂਰਜ ਚੰਨਿਆ । ਨਾਨਕ ਰੱਖਿਆ ਸ਼ਬਦ ਸੰਭਾਲ, ਜਨਣੀ ਜਨ ਨਾ ਕਿਸੇ ਜਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਅੰਤਮ ਵਾਰੀ ਆਪੇ ਮੰਨਿਆ । ਅੰਤਮ ਵਾਰ ਹਰਿ ਸਚ ਟਿਕਾਨਾ, ਏਕਾ ਏਕ ਰਖਾਇਆ । ਮੜ੍ਹੀ ਗੋਰ ਨਾ ਮੱਠ ਬਨਾਣਾ, ਨਾ ਕੋਈ ਨਿਸ਼ਾਨ ਵਸਾਇਆ । ਅੱਠ ਸੱਠ ਤੀਰਥ ਨਾ ਕੋਈ ਮਨਾਨਾ, ਸਰ ਸਰੋਵਰ ਨਾ ਕੋਈ ਨੁਹਾਵਣ ਨੁਹਾਇਆ । ਮੰਦਰ ਮਸਜਿਦ ਗੁਰੂਦਵਾਰੇ ਜਾਣੇ ਢੱਠ, ਪਾਰਬ੍ਰਹਮ ਲੇਖਾ ਆਪਣੇ ਹੱਥ ਰਖਾਇਆ । ਵਿਚ ਨਦੇੜ ਕਰ ਇਕੱਠ, ਸਾਧ ਸੰਗਤ ਗਿਆ ਸਮਝਾਇਆ । ਆਤਮ ਅੰਦਰ ਰੱਖਣਾ ਹੱਠ, ਗੁਰ ਗੋਬਿੰਦ ਨਾ ਮਰੇ ਨਾ ਆਇਆ ਜਾਇਆ । ਕੋਇ ਨਾ ਫੋਲੇ ਮੇਰਾ ਮੱਠ, ਸਾਚਾ ਧਾਮ ਸੁਹਾਇਆ । ਮਨ ਮਤੀ ਜੀਵ ਜਗਤ ਕੁਰੀਤੀ ਪਏ ਨੱਠ, ਗੁਰ ਕਾ ਸ਼ਬਦ ਭੁਲਾਇਆ । ਅੰਤਮ ਵੇਲੇ ਪਾਏ ਭੱਠ, ਗੁਰ ਪੂਰਾ ਦਏ ਸਜ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਆਪਣੇ ਵਿਚ ਮਿਲਾਇਆ । ਗੁਰ ਗੋਬਿੰਦੇ ਮੇਲ ਮਿਲਾਇਆ, ਪਾਰਬ੍ਰਹਮ ਅਬਿਨਾਸ਼ੀ । ਚੇਲਾ ਗੁਰ ਆਪ ਅਖਵਾਇਆ, ਘਟ ਘਟ ਅੰਦਰ ਰੱਖੇ ਵਾਸੀ । ਸੱਜਣ ਸੁਹੇਲਾ ਜੁਗ ਜੁਗ ਬਣਦਾ ਆਇਆ, ਜਨ ਭਗਤਾਂ ਦਾਸਨ ਦਾਸੀ । ਜੁਗ ਜੁਗ ਵੇਲਾ ਵਕਤ ਸੁਹਾਇਆ, ਸਾਚੀ ਜੋਤ ਕਰੇ ਪਰਕਾਸ਼ੀ । ਸਤਿਜੁਗ ਦੁਆਪਰ ਤ੍ਰੇਤਾ ਪਾਰ ਕਰਾਇਆ, ਕਲਜੁਗ ਵੇਖੇ ਅੰਤ ਉਦਾਸੀ । ਸ਼ਾਮ ਯੁਜਰ ਰਿਗ ਦਏ ਤਰਾਇਆ, ਅਥਰਬਣ ਘਰ ਘਰ ਬਹਿ ਬਹਿ ਕਰੇ ਹਾਸੀ । ਅੱਲਾ ਰਾਣੀ ਮੇਲ ਮਿਲਾਇਆ, ਸੰਗ ਮੁਹੰਮਦ ਖੇਲ ਖਿਲਾਇਆ, ਮਨਮੁਖ ਜੀਵ ਕਰਾਏ ਮਦਿਰਾ ਮਾਸੀ । ਗੁਰ ਗੋਬਿੰਦਾ ਰਚਨ ਰਚਾਇਆ, ਪ੍ਰਭ ਅਬਿਨਾਸ਼ੀ ਮੇਲ ਮਿਲਾਇਆ, ਕਿਰਪਾ ਕਰ ਘਨਕਪੁਰ ਵਾਸੀ । ਚਾਰੋਂ ਕੁੰਟ ਅੰਧੇਰਾ ਛਾਇਆ, ਮਾਂ ਪੁੱਤਰ ਨਿਹੁ ਲਗਾਇਆ, ਨਾ ਕੋਈ ਦੀਸੇ ਪੰਡਤ ਕਾਸ਼ੀ । ਗੁਰ ਦਰ ਮੰਦਰ ਅੰਦਰ ਵੇਸਵਾ ਘਰ ਬਣਾਇਆ, ਰਾਮਦਾਸ ਤੇਰਾ ਸਾਚਾ ਸਰ ਜਲ ਧਾਰਾ ਰੂਪ ਗਿਆ ਵਟਾਇਆ, ਨਾ ਕੋਈ ਕਰੇ ਸਾਚੀ ਰਾਸੀ । ਇਕ ਲਏ ਅੰਗੜਾਇਆ, ਜੋਤੀ ਨੂਰ ਕਰੇ ਰੁਸ਼ਨਾਇਆ, ਪੰਜ ਤਤ ਬਣਤ ਬਣਾਇਆ, ਆਪ ਆਪਣਾ ਭੇਖ ਵਟਾਇਆ, ਪਰਗਟ ਹੋ ਹਰਿ ਸ਼ਾਹੋ ਸ਼ਾਬਾਸ਼ੀ । ਆਪਣਾ ਮੁਖ ਰਿਹਾ ਛੁਪਾਇਆ, ਸਾਚੇ ਸੰਤ ਰਿਹਾ ਜਗਾਇਆ, ਖੇਲੇ ਖੇਲ ਆਦਿ ਅਬਿਨਾਸ਼ੀ । ਰਾਜ ਰਾਜਾਨਾਂ ਰਿਹਾ ਸੁਣਾਇਆ, ਆਪ ਆਪਣਾ ਭੇਖ ਵਟਾਇਆ, ਸੰਤ ਸੁਹੇਲੇ ਆਪ ਉਠਾਇਆ, ਆਪੇ ਹੋਇਆ ਦਾਸਨ ਦਾਸੀ । ਕਲਜੁਗ ਚੋਲਾ ਜਗਤ ਹੰਢਾਇਆ, ਸ਼ਬਦ ਬੋਲਾ ਨਾ ਕੋਈ ਅਲਾਇਆ, ਜਗਤ ਭੰਡਾਰ ਨਾ ਕੋਈ ਖੁਲ੍ਹਾਇਆ, ਦਿਸ ਨਾ ਆਇਆ ਘਨਕਪੁਰ ਵਾਸੀ । ਬੀਸ ਬੀਸ ਵਕਤ ਸੁਹਾਇਆ । ਜਗਤ ਜਗਦੀਸ ਜੋਤ ਜਗਾਇਆ । ਆਪ ਆਪਣਾ ਰਚਨ ਰਚਾਇਆ । ਗੁਰ ਤੇਗ ਬਹਾਦਰ ਸੰਗ ਰਲਾਇਆ । ਚਿੱਟੀ ਚਾਦਰ ਸੋਹੰ ਪੜਦਾ ਏਕਾ ਪਾਇਆ । ਕਾਇਆ ਗਾਗਰ ਅੰਮ੍ਰਿਤ ਤਾਲ ਸੁਹਾਇਆ । ਦਿਤਾ ਨਾਮ ਸੱਚਾ ਰੱਤੀ ਰਤਨਾਗਰ, ਗੁਰਸਿਖਾਂ ਬੇੜਾ ਪਾਰ ਕਰਾਇਆ । ਦੋ

ਜਹਾਨ ਡੂੰਘੇ ਸਾਗਰ, ਸਚ ਧਾਮ ਸੁਹਾਇਆ । ਆਪੇ ਬਣਿਆ ਘਰ ਸੁਦਾਗਰ, ਜੋਤ ਸਪੂਤਾ ਵਣਜ ਕਰਾਇਆ । ਨਿਰਮਲ ਜੋਤ ਕਰੇ ਉਜਾਗਰ, ਗੁਰ ਗੋਬਿੰਦਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰਦਰਗਾਹੀ ਏਕਾ ਵਰ, ਵਰਦਾਤਾ ਆਪ ਅਖਵਾਇਆ । ਗੁਰ ਗੋਬਿੰਦਾ ਸਾਚਾ ਮੀਤ, ਹਰਿ ਆਪਣਾ ਆਪ ਰਖਾਇੰਦਾ । ਇਕ ਸੁਣਾਏ ਸੁਹਾਗੀ ਗੀਤ, ਦਿਵਸ ਰੈਣ ਅਲਾਇੰਦਾ । ਕਲਜੁਗ ਅੰਤਮ ਤੇਰੀ ਚਲੀ ਅਵੱਲੜੀ ਰੀਤ, ਭੇਵ ਕੋਈ ਨਾ ਪਾਇੰਦਾ । ਮੁੱਲਾ ਕਾਜ਼ੀ ਸ਼ੇਖ਼ ਮੁਸਾਇਕ ਲੱਭਦੇ ਫਿਰਦੇ ਵਿਚ ਮਸੀਤ, ਉਚੀ ਕੂਕੇ ਬਾਂਗ ਅਲਾਇੰਦਾ । ਖਾਣੀ ਬਾਣੀ ਬਹਿ ਬਹਿ ਗਾਉਂਦੇ ਗੀਤ, ਗੁਰ ਗੋਬਿੰਦਾ ਕਿਸੇ ਹੱਥ ਨਾ ਆਇੰਦਾ । ਵੇਦ ਪੁਰਾਨ ਬੈਠ ਅਤੀਤ, ਪੰਡਤ ਕਾਸ਼ੀ ਧਿਆਨ ਲਗਾਇੰਦਾ । ਹਰਿ ਹਰਿ ਕਾ ਰੂਪ ਕਿਸੇ ਨਾ ਵਸਿਆ ਚੀਤ, ਨਾ ਕੋਈ ਸੰਗ ਨਿਭਾਇੰਦਾ । ਆਪੇ ਵਸਿਆ ਹਸਤ ਕੀਟ, ਗ੍ਰੰਥਾਂ ਪੰਥਾਂ ਮੁਖ ਛੁਪਾਇੰਦਾ । ਏਕਾ ਏਕ ਜਗਤ ਜਗਦੀਸ਼, ਅਨਡਿਠ ਵਸਤ ਆਪਣੀ ਝੋਲੀ ਪਾਇੰਦਾ । ਲੱਖ ਚੁਰਾਸੀ ਅੰਦਰ ਮੰਦਰ ਸੁੱਤਾ ਦੇ ਕਰ ਪੀਠ, ਗੁਰਮੁਖ ਵਿਰਲੇ ਮੁਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਬੀਸ ਇਕ ਹਰਿ ਰੰਗ ਵਟਾਇਆ, ਅਕਲ ਕਲਾ ਵਰਤਾਈਆ । ਦੂਸਰ ਨਾ ਕੋਈ ਸੰਗ ਰਖਾਇਆ, ਖੇਲੇ ਖੇਲ ਹਰਿ ਰਘੁਰਾਈਆ । ਤੀਜਾ ਦਰ ਵੇਖ ਵਖਾਇਆ, ਘਰ ਘਰ ਬੈਠਾ ਆਸਣ ਲਾਈਆ । ਚੌਥਾ ਦਰ ਇਕ ਸੁਹਾਇਆ, ਸੰਤ ਸੁਹੇਲੇ ਲਏ ਮਿਲਾਈਆ । ਪੰਚਮ ਦਰ ਸਾਚੀ ਸੇਵਾ ਲਾਇਆ, ਅਨਹਦ ਤਾਲ ਵਜਾਈਆ । ਛੇਵੇਂ ਛੱਪਰ ਛੰਨ ਨਾ ਕੋਈ ਰਖਾਇਆ, ਪ੍ਰਭ ਬੈਠਾ ਆਸਣ ਲਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾਇਆ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਅੱਠਵੇਂ ਅੱਠਾਂ ਤਤਾਂ ਵਿਚ ਨਾ ਆਇਆ, ਨਾ ਮਰੇ ਨਾ ਜਾਈਆ । ਨੌਂ ਦਵਾਰ ਨਾ ਕੋਇ ਉਪਾਇਆ, ਨਾ ਕੋਈ ਬਣਤ ਬਣਾਈਆ । ਦਸਵੇਂ ਦਸਮ ਦਵਾਰੀ ਸਚ ਮਹੱਲਾ ਇਕ ਵਸਾਇਆ, ਬੈਠਾ ਜੋਤ ਜਗਾਈਆ । ਦਸ ਇਕ ਗਿਆਰਾਂ ਇਕ ਇਕੱਲਾ ਵੇਖ ਵਖਾਇਆ, ਚਾਰੋਂ ਕੁੰਟ ਸ੍ਰਿਸ਼ਟ ਸਬਾਈਆ । ਦਸ ਦੋ ਬਾਰਾਂ ਸ੍ਰਿਸ਼ਟ ਸਬਾਈ ਤੇਰੀ ਬੰਨ੍ਹੇ ਧਾਰਾ, ਕਲਜੁਗ ਜੀਵ ਦਏ ਦੁਹਾਈਆ । ਗੁਰ ਸੰਗਤ ਸਾਚੀ ਕਰ ਤਿਆਰਾ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਗੁਰ ਗੋਬਿੰਦਾ ਕਰ ਪਿਆਰਾ, ਸਿੱਖੀ ਇਕ ਵਖਾਈਆ । ਜੋ ਜਨ ਢਹਿ ਪਏ ਦਵਾਰਾ, ਦੁੱਖ ਰਹੇ ਨਾ ਰਾਈਆ । ਸੰਮਤ ਤੇਰਾਂ ਤੇਰਾ ਖੇਲ ਨਿਆਰਾ, ਪਹਿਲੀ ਚੇਤਰ ਰੁੱਤ ਸੁਹਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸਾਧਾਂ ਸੰਤਾਂ ਰਿਹਾ ਉਠਾਈਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਮਾਣ ਅਭਿਮਾਨ ਸਭ ਦਾ ਦਏ ਗਵਾਈਆ । ਸ਼ਬਦ ਖੰਡਾ ਤੇਜ ਕਟਾਰਾ, ਹੱਥ ਆਪਣੇ ਰਿਹਾ ਉਠਾਈਆ । ਦੋਵੇਂ ਰੱਖੀਆਂ ਤਿੱਖੀਆਂ ਧਾਰਾ, ਨਿਰਗੁਣ ਸਰਗੁਣ ਭੇਵ ਨਾ ਰਾਈਆ । ਸੰਮਤ ਤੇਰਾਂ ਤੇਰੀ ਸਾਚੀ ਧਾਰਾ, ਨਾਨਕ ਗਿਆ ਗਾਈਆ । ਮੋਦੀਖਾਨੇ ਕਰ ਵਿਹਾਰਾ, ਏਕਾ ਤੋਲਾ ਆਪ ਅਖਵਾਈਆ । ਸ੍ਰਿਸ਼ਟ ਸਬਾਈ ਤੋਲਣਹਾਰਾ, ਏਕਾ ਕੰਡਾ ਰਿਹਾ ਉਠਾਈਆ । ਸੋਹੰ ਬੋਲਾ ਬੋਲਣਹਾਰਾ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਹੰ ਹੰਗਤਾ ਰੋਲਣਹਾਰਾ, ਏਕਾ ਛਾਬਾ ਰਿਹਾ ਭਰਾਈਆ । ਪ੍ਰਭ ਦਰ ਮੰਗਣ ਮੰਗਣੇ ਵਾਲਾ, ਅੱਗੇ ਝੋਲੀ ਰਿਹਾ ਡਾਹੀਆ । ਸਾਚੀ ਸੰਗਤਾ ਰੰਗਣਹਾਰਾ, ਨਿਹਕਲੰਕ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਤੇਰੀ ਤੇਰਾਂ ਧਾਰਾ, ਸਾਧਾਂ ਸੰਤਾਂ ਸੁਣੀ ਪੁਕਾਰਾ, ਆਤਮ ਘਰ ਵੇਖ ਵਿਚਾਰਾ, ਅੰਦਰ ਮੰਦਰ ਸਾਚੀ ਸੇਜ ਨਾ ਬੈਠਾ ਕੋਈ ਵਿਛਾਈਆ । ਸਾਧ ਸੰਤ ਜਗਤ ਵਿਚਾਰ,

੭੦੮
੦੬

ਪ੍ਰਭ ਸਾਚਾ ਵੇਖ ਵਖਾਇੰਦਾ । ਕਿਸੇ ਨਾ ਦਿਸੇ ਤਨ ਸ਼ਿੰਗਾਰ, ਫੂਲਨ ਹਾਰ ਨਾ ਕੋਈ ਟੰਗਾਇੰਦਾ । ਕਿਸੇ ਨਾ ਮਿਲਿਆ ਕੰਤ ਭਤਾਰ, ਗਲਵਕੜੀ ਕੋਈ ਨਾ ਪਾਇੰਦਾ । ਆਸਣ ਬਹਿ ਬਹਿ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਜਗਤ ਸਤਿ ਵਹਾਇੰਦਾ । ਪੰਡਤ ਫ਼ਕੀਰ ਕਰੇ ਹਾਹਾਕਾਰ, ਪ੍ਰਭ ਸਾਚਾ ਦਿਸ ਨਾ ਆਇੰਦਾ । ਕਾਇਆ ਬਸਤਰ ਏਕਾ ਲੱਭੇ ਚੀਰ, ਸਾਲ ਬਸਾਲਾ ਖ਼ਾਕ ਰਮਾਇੰਦਾ । ਸੁਰਤ ਸਵਾਣੀ ਨਾ ਬਣੀ ਸਾਚੀ ਹੀਰ, ਪ੍ਰਭ ਰਾਂਝਾ ਦਿਸ ਨਾ ਆਇੰਦਾ । ਚਿੱਟੇ ਕਾਗਜ਼ ਕੱਢਦਾ ਜਾਏ ਲਕੀਰ, ਅਖ਼ੀਰ ਨਾ ਕੋਈ ਵਖਾਇੰਦਾ । ਅੰਤਮ ਹੋਣਾ ਧਰਮ ਰਾਏ ਦਰ ਫ਼ਕੀਰ, ਨਾ ਕੋਈ ਕਿਸੇ ਬਚਾਇੰਦਾ । ਸਾਧਾਂ ਸੰਤਾਂ ਏਕਾ ਲੱਗੀ ਹਉਮੇ ਪੀੜ, ਹੰਗਤਾ ਰੋਗ ਜਲਾਇੰਦਾ । ਮਾਇਆ ਮਮਤਾ ਡੱਸਣੀ ਕੀੜ, ਨਾਗ ਨਾਗਣੀ ਡੰਗ ਚਲਾਇੰਦਾ । ਪਾਰਬ੍ਰਹਮ ਸ਼ਬਦ ਵੇਲਣੇ ਦੇਵੇ ਪੀੜ, ਸੰਮਤ ਸੋਲਾਂ ਰੁੱਤ ਸੁਹਾਇੰਦਾ । ਸਤਿਗੁਰ ਸਾਚਾ ਹਰਿ ਸੰਤਾਂ ਆਪੇ ਬੰਨ੍ਹੇ ਬੀੜ, ਏਕਾ ਧਾਰ ਵਹਾਇੰਦਾ । ਆਪੇ ਵੇਖੇ ਚੋਟੀ ਚੜ੍ਹ ਅਖ਼ੀਰ, ਪਾਰ ਕਿਨਾਰਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਸਾਚਾ ਵੇਖ ਵਖਾਇੰਦਾ । ਸੰਮਤ ਤੇਰਾਂ ਤੇਰਾ ਰੰਗ, ਪ੍ਰਭ ਸਾਚੇ ਵੇਖ ਵਖਾਣਿਆ । ਸਾਧ ਸੰਤ ਬੈਠੇ ਨੰਗ, ਕਿਸੇ ਮਿਲੇ ਨਾ ਧੁਰ ਫ਼ਰਮਾਣਿਆ । ਘਰ ਘਰ ਬੈਠੇ ਸਾਵਣ ਸਾਵਣ ਰਹੇ ਮੰਗ, ਸਾਵਣ ਸੁਰਤ ਨਾ ਕਰੇ ਪਰਵਾਨਿਆ । ਅੰਤਮ ਹੋਣੇ ਜਨਮ ਭੰਗ, ਮਿਲੇ ਢੋਈ ਨਾ ਵਿਚ ਦੋ ਜਹਾਨਿਆ । ਸਿਰ ਪੈਰ ਧੜ ਦਿਸੇ ਨੰਗ, ਚਾਰੋਂ ਕੁੰਟ ਦਰ ਦਰ ਆਪ ਭਵਾਨਿਆ । ਕਿਸੇ ਮਿਲਿਆ ਨਾ ਸ਼ਬਦ ਪਲੰਘ, ਗੁਰ ਚਰਨ ਧੂੜ ਨਾ ਕਰਿਆ ਇਸ਼ਨਾਨਿਆ । ਏਕਾ ਏਕ ਨਾ ਮੰਗੀ ਮੰਗ, ਨਾ ਹੋਏ ਦਰ ਪਰਵਾਨਿਆ । ਕਾਇਆ ਮਾਟੀ ਕਾਚੀ ਵੰਗ, ਥਿਰ ਕੋਈ ਰਹਿਣ ਨਾ ਪਾਨਿਆ । ਨਾਨਕ ਤੇਰਾ ਇਕ ਮਰਦੰਗ, ਸਤਿਨਾਮ ਸਚ ਸਿਤਾਰ ਹਰਿ ਸੁਰੰਗਾ ਆਪ ਵਜਾਨਿਆ । ਆਪੇ ਗਾਇਆ ਨਿਰੰਕਾਰ ਨਿਰੰਕਾਰ ਨਿਰੰਕਾਰ, ਨਿਰਗੁਣ ਰੂਪ ਪਛਾਨਿਆ । ਸਰਗੁਣ ਕੋਈ ਨਾ ਪਾਵੇ ਸਾਰ, ਪ੍ਰਭ ਹੋਇਆ ਬੇਪਛਾਨਿਆ । ਤੇਰਾਂ ਤੇਰੀ ਏਕਾ ਧਾਰ, ਸ੍ਰਿਸ਼ਟ ਸਬਾਈ ਵੇਖ ਵਖਾਨਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਖੇਲੇ ਖੇਲ ਦੋ ਜਹਾਨਿਆ । ਭਾਰਤ ਖੰਡ ਵੇਖ ਵਿਚਾਰ, ਵਾਲੀ ਹਿੰਦ ਉਠਾਨਿਆ । ਸੰਮਤ ਚੌਦਾਂ ਰਿਹਾ ਖ਼ਬਰਦਾਰ, ਆਏ ਦਰ ਸੱਚਾ ਪਰਵਾਨਿਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਕਲਜੁਗ ਅੰਤਮ ਮਾਰੇ ਮਾਰ, ਨਾ ਕੋਈ ਕਿਸੇ ਬਚਾਨਿਆ । ਲੋਆਂ ਪੁਰੀਆਂ ਹਾਹਾਕਾਰ, ਬ੍ਰਹਮਾ ਉਠੇ ਨੇਤਰ ਵੇਖੇ ਲੋਕਮਾਤ ਕਰੇ ਧਿਆਨਿਆ । ਬਾਸ਼ਕ ਤਸ਼ਕਾ ਗਲ ਪਰੋਏ ਹਾਰ, ਸ਼ਿਵ ਸ਼ੰਕਰ ਹੋਏ ਹੈਰਾਨਿਆ । ਲੋਕਮਾਤ ਇਕ ਇਕਾਂਤ, ਕਵਣ ਖੇਲੇ ਖੇਲ ਇਕ ਨਿਧਾਨਿਆ । ਕਰੋੜ ਤੇਤੀਸਾ ਕਰੇ ਹਦੀਸਾ ਝੁਕਾਏ ਸੀਸਾ ਮੰਗੇ ਵਰ ਜਗਤ ਜਗਦੀਸਾ, ਨਾ ਹੋਏ ਦਰ ਪਰਵਾਨਿਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਲੋਕਮਾਤ ਪੀਸਨ ਪੀਸਾ, ਹਰਿ ਵੇਖੇ ਖਾਣੀ ਬਾਣੀਆ । ਈਸਾ ਮੂਸਾ ਖਾਲੀ ਖੀਸਾ, ਅੰਜੀਲ ਕੁਰਾਨਾਂ ਆਈ ਹਾਨੀਆ । ਨਾ ਕੋਈ ਗਾਏ ਰਾਗ ਛਤੀਸਾ, ਨਾ ਕੋਈ ਗਾਏ ਪਾਠ ਪੁਰਾਨੀਆ । ਨਾ ਕੋਈ ਗਾਏ ਦੰਦ ਬਤੀਸਾ, ਰਸਨਾ ਜਿਹਵਾ ਨਾ ਗੁਣ ਵਖਾਨੀਆ । ਵਰਤੇ ਖੇਲ ਹਰਿ ਜਗਦੀਸਾ, ਆਪੇ ਵੇਖੇ ਗੁਰਮੁਖ ਸਾਚੇ ਸੁਘੜ ਸਵਾਨੀਆ । ਕਵਣ ਸੀਸ ਝੁੱਲੇ ਛਤਰ ਇਕ ਜਗਦੀਸਾ, ਕਵਣ ਸੁਣਾਏ ਅਕੱਥ ਕਹਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਏਕਾ ਵਰ, ਸ੍ਰਿਸ਼ਟ ਸਬਾਈ ਵੇਖੇ ਦਰ, ਸੋਹੰ ਸ਼ਬਦ ਹੱਥ ਫੜ, ਲੱਖ ਚੁਰਾਸੀ ਰਿੜਕੇ ਵਾਂਗ ਮਧਾਨੀਆ । ਗੁਰ ਗੋਬਿੰਦਾ ਸਾਚਾ ਸੰਗੀ, ਆਪਣਾ

੭੦੯
੦੬

ਆਪ ਰਖਾਇਆ । ਲੱਖ ਚੁਰਾਸੀ ਆਏ ਤੰਗੀ, ਕਲਜੁਗ ਅੰਤਮ ਦਏ ਦੁਹਾਇਆ । ਲਾੜੀ ਮੌਤ ਏਕਾ ਮੰਗ ਮੰਗੀ, ਲਾਲ ਚੁੰਨੀ ਅੱਗੇ ਡਾਹਿਆ । ਕਾਲ ਸਿਰ ਵਾਹੇ ਕੰਘੀ, ਸਾਚੀ ਪੱਟੀ ਦਏ ਗੁੰਦਾਇਆ । ਲੱਖ ਚੁਰਾਸੀ ਨਾਰ ਦੁਹਾਗਣ ਲੱਗੇ ਚੰਗੀ, ਸੰਮਤ ਸੋਲਾਂ ਪੰਚਮ ਜੇਠ ਸਗਨ ਦੇਵੇ ਝੋਲੀ ਪਾਇਆ । ਧਰਮ ਰਾਏ ਚਿਤਰ ਗੁਪਤ ਨਾਲ ਫਰੰਗੀ, ਦੇਵੇ ਜੰਞ ਚੜ੍ਹਾਇਆ । ਧਰਤ ਮਾਤ ਇਕ ਸੋਹਣੀ ਥਾਂ ਮੰਗੀ, ਜੰਬੂ ਦੀਪ ਦਏ ਸੁਹਾਇਆ । ਖੇਲੇ ਖੇਲ ਦਾਤਾ ਸੂਰਾ ਜੋਧਾ ਸਰਬੰਗੀ, ਦੋ ਜਹਾਨਾਂ ਪਾਰ ਆਸਣ ਲਾਇਆ । ਇਕ ਵਜਾਏ ਵਡ ਮਰਦੰਗੀ, ਕਾਲ ਨਗਾਰਾ ਹੱਥ ਫੜਾਇਆ । ਗੁਰਮੁਖਾਂ ਚੋਲੀ ਜਾਏ ਰੰਗੀ, ਜੋਤ ਨਿਰੰਜਣ ਸੇਵਾ ਲਾਇਆ । ਬਜਰ ਕਪਾਟੀ ਪਾੜ ਆਤਮ ਕਰਦੀ ਜਾਏ ਨੰਗੀ, ਏਕਾ ਰਾਹ ਵਖਾਇਆ । ਨਿਹਕਲੰਕ ਮਿਲਿਆ ਸਾਚਾ ਸੰਗੀ, ਗੁਰ ਗੋਬਿੰਦੇ ਲੜ ਫੜਾਇਆ । ਜੁਗ ਜੁਗ ਜਾਣੇ ਆਪਣਾ ਢੰਗੀ, ਬਿਧ ਆਪਣੇ ਹੱਥ ਰਖਾਇਆ । ਨਾਨਕ ਤੇਰੀ ਨਾਮ ਸੁਰੰਗੀ, ਗੁਰਮੁਖ ਤੇਰੇ ਤਨ ਮੰਦਰ ਅੰਦਰ ਦਏ ਵਜਾਇਆ । ਗੁਰ ਗੋਬਿੰਦੇ ਮੰਗ ਏਕਾ ਮੰਗੀ, ਮਾਛੂਵਾੜੇ ਝਾੜੀਂ ਬੈਠਾ ਆਸਣ ਲਾਇਆ । ਨੰਗੀ ਪੈਰੀ ਫਿਰੇ ਪ੍ਰਭ ਲਾਏ ਅੰਗੀ, ਅੰਗੀਕਾਰ ਆਪ ਅਖਵਾਇਆ । ਤੇਰੀ ਕਟੇ ਅੰਤਮ ਪਰਗਟ ਹੋ ਹੋ ਤੰਗੀ, ਕਿਲ੍ਹਾ ਪੁਰ ਅਨੰਦ ਛੁਡਾਇਆ । ਅਨੰਦ ਪੁਰ ਨਾ ਕਿਸੇ ਦਾ ਸੰਗੀ, ਇੱਟ ਪੱਥਰ ਨਾਲ ਰਲਾਇਆ । ਪ੍ਰਭ ਦੀ ਜੋਤ ਸਭ ਤੋਂ ਚੰਗੀ, ਆਵਣ ਜਾਵਣ ਦਏ ਮਿਟਾਇਆ । ਗੁਰ ਗੋਬਿੰਦਾ ਏਕਾ ਮੰਗ ਆਪਣੀ ਮੰਗੀ, ਪੁਰੀ ਅਨੰਦ ਦਏ ਸਮਝਾਇਆ । ਪਾਰਬ੍ਰਹਮ ਆਪ ਸਮਝਾਏ, ਗੁਰ ਗੋਬਿੰਦ ਸਪੂਤਾ । ਪੁਰੀ ਅਨੰਦ ਇਕ ਵਿਖਾਏ, ਨਾ ਕੋਈ ਦਿਸੇ ਕੂਟਾ । ਸੂਰਜ ਚੰਨ ਨਾ ਕੋਈ ਚੜ੍ਹਾਏ, ਪਵਣ ਨਾ ਦੇਵੇ ਹੂਟਾ । ਖਾਣੀ ਬਾਣੀ ਕੋਈ ਦਿਸ ਨਾ ਆਏ, ਲੋਕਮਾਤ ਨਾ ਕੋਈ ਬੂਟਾ । ਪੀਣ ਖਾਣ ਕੋਈ ਦਿਸ ਨਾ ਆਏ, ਨਾ ਕੋਈ ਦਿਸੇ ਹੱਥ ਠੂਠਾ । ਤੀਰ ਕਮਾਨ ਨਾ ਕੋਇ ਰਖਾਏ, ਨਾ ਭੱਥਾ ਭੰਨੇ ਪਿੱਛੇ ਮੁੱਠਾ । ਪਹਾੜ ਉਜਾੜ ਨਾ ਕੋਈ ਨਿਸ਼ਾਨ ਜਣਾਏ, ਨਾ ਕੋਈ ਵਿਖਾਏ ਗੁੱਠਾ । ਸਚ ਧਾਮ ਇਕ ਮਕਾਨ ਸੁਹਾਏ, ਗੁਰ ਗੋਬਿੰਦ ਸੁਣਾਏ ਹਰਿ ਅਨਡਿਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਦਿਤਾ ਭਰ, ਰਸ ਮਾਣਿਆ ਏਕਾ ਮਿੱਠਾ । ਐੜਾ ਆਕਾਰ ਹਰਿ ਨਿਰੰਕਾਰ, ਏਕਾ ਏਕ ਵਖਾਇਆ । ਆਪ ਆਪਣਾ ਖੇਲ ਅਪਾਰ, ਆਪਣੇ ਰੰਗ ਸਮਾਇਆ । ਨੱਨਾ ਨਿਰਗੁਣ ਰੂਪ ਨਿਰੰਕਾਰ, ਨਿਰਵੈਰ ਅਖਵਾਇਆ । ਆਪ ਆਪਣਾ ਕਰ ਤਿਆਰ, ਸਰਗੁਣ ਰਿਹਾ ਉਪਜਾਇਆ । ਦੱਦਾ ਦੋ ਜਹਾਨਾਂ ਵਸਿਆ ਬਾਹਰ, ਲਿਖਣ ਪੜ੍ਹਨ ਵਿਚ ਨਾ ਆਇਆ । ਪੱਪਾ ਪੁਰਖ ਹਰਿ ਸੁਲਤਾਨ, ਏਕਾ ਸ਼ਾਹੋ ਅਖਵਾਇਆ । ਇਕ ਇਕੱਲੜਾ ਵੇਖ ਬਾਲ ਨਿਧਾਨ, ਚਰਨ ਜੋੜਾ ਛੁਹਾਇਆ । ਰਾਰਾ ਰੇਖ ਨਾ ਕੋਈ ਜਹਾਨ, ਨਾ ਕੋਈ ਨਜ਼ਰੀ ਆਇਆ । ਨਾ ਕੋਈ ਧਾਰੀ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਇਆ । ਨੱਨਾ ਨਾਨਕ ਗੁਰ ਦਸਮੇਸ਼ ਹਰਿ ਜੋਤੀ ਸਵਾਇਆ । ਹਰਿ ਕਾ ਰੂਪ ਪੰਜ ਤਤ ਪ੍ਰਵੇਸ਼, ਸੋ ਸਤਿਗੁਰ ਆਪ ਬਣਾਇਆ । ਸੋ ਪੁਰਖ ਨਿਰੰਜਣ ਕਰੇ ਆਦੇਸ, ਆਪ ਆਪਣਾ ਦੇਸ ਰਿਹਾ ਵਸਾਇਆ । ਪੁਰ ਅਨੰਦ ਇਕ ਨਰੇਸ਼, ਹਰਿ ਸਾਚਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਸ ਦਸਮੇਸ਼ ਮੇਲ ਮਿਲਾਇਆ । ਦਸ ਦਸਮੇਸ਼ ਗੁਰ ਗੋਬਿੰਦ, ਆਤਮ ਵੱਜੀ ਵਧਾਈਆ । ਦੋ ਜਹਾਨੀ ਵੱਜੀ ਵਧਾਈ ਮਿਟੀ ਚਿੰਦ, ਹਰਿ ਜੋਤ ਹੋਈ ਕੁੜਮਾਈਆ । ਮਿਲਿਆ ਵਰ ਵਡ ਮਰਗਿੰਦ, ਡਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਰਿਹਾ ਸਮਝਾਈਆ । ਪਾਰਬ੍ਰਹਮ

੭੧੦ ੦੬

ਪ੍ਰਭ ਆਪ ਸਮਝਾਏ, ਗੁਰ ਸ਼ਬਦੀ ਸ਼ਬਦ ਜਣਾਇਆ । ਦਰ ਦਵਾਰਾ ਵੇਖ ਵਖਾਏ, ਕਲਜੁਗ ਦਏ ਦੁਹਾਇਆ । ਸੰਮਤ ਚੌਦਾਂ ਰੁੱਤ ਸੁਹਾਏ, ਚੌਦਾਂ ਲੋਕਾਂ ਹੱਟ ਖੁਲ੍ਹਾਇਆ । ਕਾਇਆ ਬੁੱਤ ਪ੍ਰਭ ਡੇਰਾ ਲਾਏ, ਦਿਸ ਕਿਸੇ ਨਾ ਆਇਆ । ਗੁਰਮੁਖ ਸਾਚੇ ਸੰਤ ਉਠਾਏ, ਚਰਨ ਕਵਲ ਉਪਰ ਧਵਲ ਸਾਚਾ ਨਾਤਾ ਰਿਹਾ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਸਾਚਾ ਲੇਖ ਰਿਹਾ ਲਿਖਾਇਆ । ਪੰਚਮ ਜੇਠ ਵਡ ਬਲਵਾਨ, ਖੇਲੇ ਖੇਲ ਸੰਸਾਰੀ । ਸਾਧਾਂ ਸੰਤਾਂ ਕੋਈ ਨਾ ਮਿਲੇ ਉਚ ਮਕਾਨ, ਬੈਠੇ ਰਹਿਣ ਨੌ ਦਵਾਰੀ । ਮਗਰ ਲੱਗੇ ਰਹਿਣ ਪੰਜ ਸ਼ੈਤਾਨ, ਮੰਗਦੇ ਰਹਿਣ ਵਾਰੋ ਵਾਰੀ । ਗੁਰ ਪੀਰ ਸਭ ਮੁਖ ਛੁਪਾਨ, ਨਜ਼ਰ ਨਾ ਆਇਣ ਵਿਚ ਸੰਸਾਰੀ । ਥਾਂ ਥਾਂ ਬੈਠੇ ਸਾਰੇ ਗਾਨ, ਬ੍ਰਹਮਾ ਸ਼ਿਵ ਵਿਸ਼ਨ ਵਡ ਭਿਖਾਰੀ । ਦੋਏ ਜੋੜ ਮੰਗਣ ਦਾਨ, ਦਰ ਦਵਾਰੇ ਬਣ ਭਿਖਾਰੀ । ਪੁਰਖ ਅਬਿਨਾਸ਼ੀ ਗੁਣ ਨਿਧਾਨ ਏਕਾ ਵਣਜ ਕਰਾਏ, ਲੋਆਂ ਪੁਰੀਆਂ ਦੇ ਮਤ ਸਮਝਾਏ, ਦੋ ਜਹਾਨਾਂ ਪਾਵੇ ਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਹੰ ਤੇਰੀ ਲੋਕਮਾਤ ਕਰੇ ਜੈ ਜੈਕਾਰੀ । ਸੋਹੰ ਸ਼ਬਦ ਤੇਰਾ ਜੈਕਾਰਾ, ਦੋ ਜਹਾਨਾਂ ਆਪ ਸੁਣਾਇੰਦਾ । ਸਾਧਾਂ ਸੰਤਾਂ ਬੰਦ ਦਵਾਰਾ, ਅੱਧ ਵਿਚ ਆਪ ਰਖਾਇੰਦਾ । ਪੰਚਮ ਜੇਠ ਸੁਭਾਗੀ ਦਿਹਾੜਾ, ਕਲਜੁਗ ਤੇਰਾ ਭੇਖ ਮਿਟਾਇੰਦਾ । ਕਲਜੁਗ ਅੱਗੇ ਕੱਢੇ ਹਾੜਾ, ਪ੍ਰਭ ਦਰ ਸੀਸ ਝੁਕਾਇੰਦਾ । ਗੁਰਮੁਖ ਮੰਗੇ ਨਾਮ ਭਾੜਾ, ਦਰ ਦਵਾਰੇ ਫੇਰੀ ਪਾਇੰਦਾ । ਮਸਤਕ ਰਗੜੇ ਚਰਨ ਛੁਹਾਏ ਦਾਹੜਾ, ਕਾਲਾ ਰੂਪ ਦਰਸਾਇੰਦਾ । ਪੁਰਖ ਅਬਿਨਾਸ਼ੀ ਇਕ ਵਖਾਏ ਅਖਾੜਾ, ਮੱਕਾ ਮਦੀਨਾ ਨਜ਼ਰੀ ਆਇੰਦਾ । ਮਗਰ ਲਗਾਏ ਅਗੰਮੀ ਧਾੜਾ, ਰੂਸਾ ਚੀਨਾ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਤੇਰਾ ਤਤ ਸਾੜਾ, ਇੱਕੀ ਜੇਠ ਰੰਗ ਰੰਗਾਇੰਦਾ । ਨੌ ਖੰਡ ਪ੍ਰਿਥਮੀ ਤੇਰਾ ਵੱਜੇ ਤਾੜਾ, ਸੱਸਾ ਹੋੜਾ ਤੰਦੀ ਵਿਚ ਪਾਇੰਦਾ । ਨਿਰਗੁਣ ਸਰਗੁਣ ਵੇਖੇ ਖੇਲ ਦਿਨ ਦਿਹਾੜਾ, ਜੰਗਲ ਜੂਹ ਉਜਾੜ ਪਹਾੜਾ ਉਚੇ ਟਿੱਲੇ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸਤਾਰਾਂ ਵੇਖ ਵਖਾਏ ਚਾਰ ਯਾਰਾਂ, ਬੂਰੇ ਬਿੱਲੇ ਕੱਕਿਆਂ ਉਠਾਇੰਦਾ । ਬੂਰੇ ਕੱਕੇ ਬਿੱਲੇ ਪ੍ਰਭ ਦਏ ਉਠਾ, ਆਪਣੀ ਬਣਤ ਬਣਾਈਆ । ਰਸਨਾ ਚਿੱਲੇ ਤੀਰ ਚੜ੍ਹਾ, ਆਪੇ ਰਿਹਾ ਚਲਾਈਆ । ਗੜ੍ਹ ਹੰਕਾਰੀ ਦਏ ਤੁੜਾ, ਤੋੜਨਹਾਰ ਆਪ ਅਖਵਾਈਆ । ਫੜ ਫੜ ਬਾਹੋਂ ਦਏ ਉਠਾ, ਸੁਤਿਆਂ ਰੈਣ ਵਿਹਾਈਆ । ਵਾਲੀ ਹਿੰਦ ਨਾ ਅੰਤਮ ਪਛਤਾ, ਨੌ ਜੇਠ ਪ੍ਰਭ ਸਾਚਾ ਲੇਖ ਲਿਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕੋਈ ਨਾ ਮਿਲਣਾ ਥਾਂ, ਨਾ ਸਕੇ ਕੋਈ ਬਚਾਈਆ । ਅੰਤਮ ਨਾਤਾ ਤੁੱਟਣਾ ਪੁੱਤਰਾਂ ਮਾਂ, ਭੈਣਾਂ ਭਈਆ ਹੋਏ ਜੁਦਾਈਆ । ਲੋਕਮਾਤ ਘਰ ਘਰ ਉਡਣੇ ਕਾਂ, ਸੰਮਤ ਸੋਲਾਂ ਦਏ ਦੁਹਾਈਆ । ਗੁਰਮੁਖ ਵਿਰਲੇ ਪ੍ਰਭ ਦੇਵੇ ਠੰਢੀ ਛਾਂ, ਜਿਸ ਜਨ ਆਪਣੀ ਦਇਆ ਕਮਾਈਆ । ਪੰਚਮ ਜੇਠ ਸਾਧ ਸੰਤ ਫ਼ਕੀਰ ਪੀਰ ਦਸਤਗੀਰ ਪੰਡਤ ਪਾਂਧਾ ਕੋਈ ਨਾ ਕਰੇ ਹਾਂ, ਸੁਰਤ ਸਵਾਣੀ ਸ਼ਬਦ ਮਿਲਾਈਆ । ਅੱਠ ਸੱਠ ਤੀਰਥ ਬੈਠੇ ਮੁਖ ਭਵਾ, ਗੰਗਾ ਗੋਦਾਵਰੀ ਰਹੀ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਤੇਰੀ ਜਗਤ ਰੀਤ, ਆਪਣੀ ਹੱਥੀਂ ਲਏ ਮਨਾਈਆ । ਜਗਤ ਰੀਤ ਆਪ ਮਨਾ, ਆਪਣੀ ਬਣਤ ਬਣਾਉਣੀ । ਬੀਸ ਸਿੱਖ ਨਾਲ ਰਲਾ, ਸਾਚੀ ਸਿਖਿਆ ਇਕ ਸਮਝਾਉਣੀ । ਇਕ ਇਕੀਸਾ ਆਪ ਅਖਵਾ, ਨਿਰਮਲ ਜੋਤ ਜਗਾਉਣੀ । ਸਰ ਅੰਮ੍ਰਿਤ ਵੇਖੇ

ਏਕਾ ਥਾਂ, ਪੂਰ ਕਰਾਏ ਭਾਉਣੀ । ਇੱਕੀ ਛਟਾਂਕ ਅੰਨ ਤਨ ਬੰਧਾ, ਦੋ ਜਹਾਨਾਂ ਪਾਰ ਕਰਾਉਣੀ । ਜੂਠੀ ਝੂਠੀ ਕੰਧ ਦਏ ਢਾਹ, ਤੇਜ ਕਟਾਰ ਇਕ ਉਠਾਉਣੀ । ਗੁੰਬੀ ਪੰਬੀ ਭੁੱਲਣ ਰਾਹ, ਸਾਚੀ ਬੂਝ ਕਿਸੇ ਨਾ ਪਾਉਣੀ । ਸਿੰਘ ਸ਼ੇਰ ਆਪਣਾ ਤਖ਼ਤ ਆਪੇ ਦਏ ਹਿਲਾ, ਲੋਆਂ ਪੁਰੀਆਂ ਦਏ ਭਵਾਉਣੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਤੇਰੀ ਸਾਚੀ ਥਿਤ ਖ਼ੁਸ਼ੀਆਂ ਨਾਲ ਮਨਾਉਣੀ । ਬੀਸ ਸਿੱਖ ਪ੍ਰਭ ਕਰ ਤਿਆਰ, ਆਪਣਾ ਸੰਗ ਨਿਭਾਇੰਦਾ । ਦੂਸਰ ਨਾ ਕੋਈ ਆਏ ਦਵਾਰ, ਦੇ ਮਤ ਸਮਝਾਇੰਦਾ । ਤੀਜੇ ਨੇਤਰ ਵੇਖ ਵਿਚਾਰ, ਸਾਚੀ ਖੇਲ ਖਿਲਾਇੰਦਾ । ਚੌਥੇ ਘਰ ਪਾਵੇ ਸਾਰ, ਸਰ ਸਰੋਵਰ ਵੇਖ ਵਖਾਇੰਦਾ । ਰਾਮਦਾਸ ਤੇਰਾ ਦਰ ਦਰਬਾਰ, ਦਰ ਦਰਵਾਜ਼ਾ ਇਕ ਸੁਹਾਇੰਦਾ । ਹਰਿ ਜੂ ਹਰਿ ਮੰਦਰ ਆਵੇ ਪਹਿਰੇਦਾਰ, ਸੁਤਿਆਂ ਕੋਈ ਨਾ ਜਗਾਇੰਦਾ । ਸੰਮਤ ਪੰਦਰਾਂ ਕਰ ਵਿਚਾਰ, ਇਕ ਹਲੂਣਾ ਲਾਇੰਦਾ । ਪੰਚਮ ਜੇਠੀ ਹੋ ਤਿਆਰ, ਖੇਲ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਤੇਰਾ ਦਰ, ਕਲਜੁਗ ਤੇਰਾ ਪੂਰ ਵਰ, ਅੰਤਮ ਆਪ ਕਰਾਇੰਦਾ ।

ਬੀਸ ਬੀਸਾ ਹਰਿ ਨਿਰੰਕਾਰਾ, ਖੇਲੇ ਖੇਲ ਸੰਸਾਰੀ । ਜਗਤ ਜੋਗ ਕਰ ਵਿਹਾਰਾ, ਦਾਤਾ ਵਡ ਭੰਡਾਰੀ । ਨਾਮ ਖੰਡਾ ਤੇਜ ਕਟਾਰਾ, ਸ਼ਬਦ ਸ਼ਸਤਰ ਧਾਰੀ । ਰਾਮਦਾਸ ਦਰ ਦਵਾਰਾ, ਕਰੇ ਖੇਲ ਅਪਾਰੀ । ਅਰਜਨ ਗੁਰ ਗੁਰ ਅਰਜਨ ਬਣ ਲਿਖਾਰਾ, ਮੰਗੇ ਮੰਗ ਭਿਖਾਰੀ । ਹਰਿ ਜੂ ਹਰਿ ਮੰਦਰ ਮਹੱਲ ਅਪਾਰਾ, ਸ਼ਬਦ ਸਰੂਪੀ ਚਾਰ ਦਿਵਾਰੀ । ਸਰ ਸਰੋਵਰ ਤਾਲ ਸੁਹਾਵਾ, ਅੰਮ੍ਰਿਤ ਏਕਾ ਧਾਰੀ । ਸਤਿਗੁਰ ਪੂਰਾ ਬਣ ਨਿਥਾਵਾਂ, ਆਪੇ ਵਸਿਆ ਬਾਹਰੀ । ਹੰਸਾਂ ਚੋਗ ਖਾਧੀ ਕਾਵਾਂ, ਨਾ ਹੋਏ ਅੰਤ ਅਧਾਰੀ । ਇਕ ਦੂਜੇ ਗਲ ਪਾ ਪਾ ਰੋਵਣ ਬਾਹਵਾਂ, ਗੁੰਬੀ ਪੰਬੀ ਮਾਸ ਆਹਾਰੀ । ਗੁਰ ਤੇਗ ਬਹਾਦਰ ਬਲ ਬਲ ਜਾਵਾਂ, ਦਰ ਦਵਾਰੇ ਗਿਆ ਹਾਰੀ । ਗੁਰ ਗੋਬਿੰਦਾ ਨਾ ਦੇਵੇ ਠੰਢੀਆਂ ਛਾਂਵਾਂ, ਅਗਨੀ ਅਗਨ ਲਗਾਏ ਤਤੀ ਹਾੜੀ । ਪੂਤ ਸਪੂਤਾ ਨਾ ਜਣਿਆ ਮਾਵਾਂ, ਪਤ ਗਵਾਈ ਆਪਣੀ ਦਾਹੜੀ । ਪੰਚਮ ਜੇਠ ਘਰ ਸਾਚੇ ਜਾਵਾਂ, ਨਾਲ ਰਲਾਵਾਂ ਮੌਤ ਲਾੜੀ । ਆਪ ਆਪਣਾ ਭੇਵ ਛੁਪਾਵਾਂ, ਲੁੱਟੀ ਜਾਵਾਂ ਦਿਨ ਦਿਹਾੜੀ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਭੇਖ ਕਰ, ਗੁਰ ਗੋਬਿੰਦੇ ਅੰਦਰ ਵੜ, ਆਪ ਛੁਪਾਇਆ ਆਪਣਾ ਨਾਵਾਂ । ਪੰਚਮ ਜੇਠ ਸਾਢੇ ਦਸ, ਵੇਖ ਜਗਤ ਲੁਕਾਈ । ਹਰਿ ਮੰਦਰ ਵੇਖੇ ਹੱਸ ਹੱਸ, ਭਰਮੀ ਭਰਮ ਭੁਲਾਈ । ਤੀਰ ਨਿਰਾਲਾ ਕਸ ਕਸ, ਮਾਇਆ ਮਮਤਾ ਰਿਹਾ ਜਗਾਈ । ਮਨਮੁਖਾਂ ਰਾਹ ਦੱਸ ਦੱਸ, ਕੂੜੀ ਕਿਰਿਆ ਰਿਹਾ ਕਰਾਈ । ਕਲਜੁਗ ਅੰਤਮ ਨੱਸ ਨੱਸ, ਜੁਗ ਚੌਥੇ ਪੈਂਡਾ ਰਿਹਾ ਮੁਕਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਅੰਦਰ ਅੰਦਰ ਮੰਦਰ ਆਪਣਾ ਚਰਨ ਛੁਹਾਈ । ਸੱਜਾ ਚਰਨ ਅੱਗੇ ਟਿਕਾ, ਟਿੱਕਾ ਮਸਤਕ ਲਾਏ । ਸਾਚਾ ਸਿੱਕਾ ਜਗਤ ਚਲਾ, ਸੋਹੰ ਨਾਮ ਲਿਖਾਏ । ਏਕਾ ਏਕ ਦਏ ਵਖਾ, ਗੋਬਿੰਦ ਨਾਲ ਰਲਾਏ । ਅਕਾਲ ਤਖ਼ਤ ਤਖ਼ਤ ਅਕਾਲ ਵੇਖ ਵਖਾ, ਭਾਂਡਾ ਭਰਮ ਭੰਨਾਏ । ਲੇਖਾ ਲੇਖ ਲਿਖਤ ਲਿਖਾ, ਅਰਜਨ ਆਸਾ ਪੂਰ ਕਰਾਏ । ਕੇਸਾਧਾਰੀ ਆਪ ਸਵਾ, ਕਲਜੁਗ ਮਾਇਆ ਸੇਵਾ ਲਾਏ । ਸੰਮਤ ਚੌਦਾਂ ਰੁੱਤ ਸੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੧੨
੦੬

੭੧੩ ੦੬

ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ ਤੇਰਾ ਲੇਖ ਲਿਖਿਆ ਦਏ ਪੂਰ ਕਰਾ । ਪੂਰਾ ਲੇਖਾ ਆਪੇ ਕਰ, ਆਪਣੀ ਕਲ ਵਰਤਾਏ । ਚਰਨ ਦਹਿਲੀਜੋਂ ਅੰਦਰ ਧਰ, ਮਹੱਲ ਅਟੱਲ ਸੁਹਾਏ । ਮਦਿਰਾ ਮਾਸੀ ਜਾਇਣ ਹਰ, ਅੰਦਰ ਰਹਿਣ ਨਾ ਕੋਈ ਪਾਏ । ਸੰਮਤ ਸੋਲਾਂ ਆਏ ਡਰ, ਚਾਰੋਂ ਕੁੰਟ ਫਿਰੇ ਹਲਕਾਏ । ਆਪੇ ਜਾਣੇ ਆਪਣਾ ਘਰ, ਭੇਵ ਕਿਸੇ ਨਾ ਆਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬੀਸ ਬੀਸਾ ਇਕ ਇਕੀਸਾ ਗੁਰ ਸੰਗਤ ਸੰਗ ਨਿਭਾਏ । ਸਤਿਗੁਰ ਪੂਰਾ ਧੰਨ ਹੈ, ਗੁਰਮੁਖ ਲਏ ਤਰਾਏ । ਗੁਰਮੁਖ ਜਾਏ ਮੰਨ ਹੈ, ਮਨ ਚਿੰਦਿਆ ਫਲ ਪਾਏ । ਏਕਾ ਦੇਵੇ ਮਾਲ ਸੱਚਾ ਨਾਮ ਧਨ ਹੈ, ਚੋਰ ਯਾਰ ਠੱਗ ਲੁੱਟ ਨਾ ਕੋਈ ਲੈ ਜਾਏ । ਸਾਚਾ ਰਾਗ ਸੁਣਾਏ ਕੰਨ ਹੈ, ਨਾਦ ਅਨਾਦੀ ਧੁਨ ਉਪਜਾਏ । ਆਪੇ ਬੇੜਾ ਦੇਵੇ ਬੰਨ੍ਹ ਹੈ, ਬੰਨ੍ਹਣਹਾਰ ਸਦਾ ਅਖਵਾਏ । ਭਾਂਡਾ ਭਰਮ ਦੇਵੇ ਭੰਨ ਹੈ, ਗੜ੍ਹ ਹੰਕਾਰੀ ਰਹਿਣ ਨਾ ਪਾਏ । ਜੋਤੀ ਨੂਰ ਚੜ੍ਹਾਏ ਸਾਚਾ ਚੰਨ ਹੈ, ਅਗਿਆਨ ਅੰਧੇਰ ਮਿਟਾਏ । ਪੰਚ ਵਿਕਾਰਾ ਕਰੇ ਖੰਨ ਖੰਨ ਹੈ, ਨਾਮ ਖੰਡਾ ਏਕਾ ਵਾਹੇ । ਜਗਤ ਰਤ ਨਾ ਦਿਸੇ ਤਨ ਹੈ, ਰੰਗ ਰਤੀ ਰੰਗ ਵਖਾਏ । ਆਪੇ ਦੇਵਣਹਾਰਾ ਡੰਨ ਹੈ, ਦੇ ਮਤ ਆਪ ਸਮਝਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਤਰਾਏ । ਸਤਿਗੁਰ ਪੂਰਾ ਮੀਤ ਮੁਰਾਰਾ, ਏਕਾ ਏਕ ਅਖਵਾਇਆ । ਆਪ ਕਰਾਏ ਪਾਰ ਕਿਨਾਰਾ, ਏਕਾ ਦੂਜਾ ਭਉ ਚੁਕਾਇਆ । ਤੀਜੇ ਨੈਣ ਕਰ ਉਜਿਆਰਾ, ਦੇਵੇ ਦਰਸ ਰਘੁਰਾਇਆ । ਚੌਥੇ ਘਰ ਖੇਲ ਅਪਾਰਾ, ਸੰਤ ਸੁਹੇਲੇ ਲਏ ਮਿਲਾਇਆ । ਪੰਚਮ ਮੇਲਾ ਕੰਤ ਭਤਾਰਾ, ਸਾਚਾ ਮੰਗਲ ਏਕਾ ਗਾਇਆ । ਛੇਵੇਂ ਛਲ ਵਲ ਖੇਲ ਨਿਆਰਾ, ਅਛਲ ਅਛੱਲ ਅਖਵਾਇਆ । ਸਤਿ ਪੁਰਖ ਨਿਰੰਜਣ ਸਾਚੀ ਧਾਰਾ, ਘਰ ਸਾਚੇ ਡੇਰਾ ਲਾਇਆ । ਅੱਠ ਤਤ ਵੇਖ ਦਵਾਰਾ, ਤਤ ਮਤ ਸਮਝਾਇਆ । ਨੌਂ ਦਰ ਕਰਾਏ ਆਰ ਪਾਰਾ, ਅੱਧਵਿਚਕਾਰ ਦਰਸ ਦਿਖਾਇਆ । ਦਸਮ ਦਵਾਰੀ ਸਚ ਦਰਬਾਰਾ, ਆਪੇ ਕੁੰਡਾ ਦਏ ਲਾਹਿਆ । ਆਤਮ ਸੇਜਾ ਕਰ ਤਿਆਰਾ, ਸ਼ਬਦ ਸਿੰਘਾਸਣ ਸੇਜ ਵਿਛਾਇਆ । ਜੋਤੀ ਨੂਰ ਕਰ ਉਜਿਆਰਾ, ਘਰ ਬੈਠਾ ਆਸਣ ਲਾਇਆ । ਗੁਰਮੁਖ ਸਾਜਣ ਸਾਚੀ ਨਾਰਾ, ਆਪ ਆਪਣੇ ਅੰਕ ਲਗਾਇਆ । ਰਲੀਆਂ ਮਾਣੇ ਸੇਜ ਭਤਾਰਾ, ਸਹਿਜ ਸੁਰਤ ਸਚ ਪਾਇਆ । ਏਕਾ ਰੰਗ ਰੰਗ ਕਰਤਾਰਾ, ਆਪਣੇ ਰੂਪ ਸਮਾਇਆ । ਦੂਜੀ ਬਖ਼ਸ਼ੇ ਸ਼ਬਦ ਧਾਰਾ, ਅਨਹਦ ਸੇਵਾ ਲਾਇਆ । ਤੀਜੇ ਖੋਲ੍ਹੇ ਬੰਦ ਕਿਵਾੜਾ, ਮਾਇਆ ਮੋਹ ਚੁਕਾਇਆ । ਚੌਥੇ ਘਰ ਨਾ ਆਏ ਪੰਚ ਵਿਕਾਰਾ, ਰੋ ਰੋ ਰਿਹਾ ਦੁਰਕਾਇਆ । ਪੰਚਮ ਖੇਲੇ ਖੇਲ ਪਿੱਛੇ ਅਗਾੜਾ, ਸੇਵਕ ਸੇਵਾ ਰਿਹਾ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰਜੰਣ ਸਤਿਗੁਰ ਪੂਰਾ ਆਪੇ ਆਪ ਹੋ ਆਇਆ । ਸਤਿਗੁਰ ਪੂਰਾ ਸਾਚਾ ਸੱਜਣ, ਨਿਰਮਲ ਜੋਤ ਅਕਾਲੀਆ । ਆਪ ਕਰਾਏ ਆਪਣਾ ਹੱਜਣ, ਸੰਤ ਸੁਹੇਲੇ ਸਾਚੇ ਭਾਲੀਆ । ਅੰਮ੍ਰਿਤ ਆਤਮ ਪੀ ਪੀ ਰੱਜਣ, ਦੋਵੇਂ ਹੱਥ ਵਖਾਏ ਖਾਲੀਆ । ਆਪਣਾ ਪੜਦਾ ਆਪੇ ਕੱਜਣ, ਜਿਸ ਜਨ ਸਤਿਗੁਰ ਪੂਰਾ ਮਿਲਿਆ ਦੋ ਜਹਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਫਲ ਲਗਾਏ ਕਾਇਆ ਸੱਚੀ ਡਾਲੀਆ ।

ਆਤਮ ਦਰਸੀ ਦਰਸ ਅਘਾਏ । ਕਰ ਦਰਸ ਤਨ ਮਨ ਤ੍ਰਿਪਤਾਏ । ਅੰਮ੍ਰਿਤ ਮੇਘ ਬਰਸ, ਹਰਿ ਤ੍ਰਿਖਾ ਬੁਝਾਏ । ਜਗਤ ਮਿਟਾਏ ਹਰਸ, ਸੰਸਾ ਰੋਗ ਗਵਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਨੂਰ ਡਗਮਗਾਏ । ਦਰਸ ਨੈਣ ਆਤਮ ਤ੍ਰਿਪਤਾਸਿਆ । ਮਿਟੇ ਸਗਲ ਵਸੂਰਾ ਰਸਨਾ ਸਕੇ ਨਾ ਕਹਿਣ, ਭੇਵ ਪੁਰਖ ਅਬਿਨਾਸਿਆ । ਆਪੇ ਨੇੜੇ ਦੂਰਾ ਆਪ ਚੁਕਾਏ ਲਹਿਣਾ ਦੇਣ, ਕਰੇ ਕਰਾਏ ਬੰਦ ਖੁਲਾਸਿਆ । ਮਨਮੁਖ ਜੀਵ ਆਪਣੇ ਵਹਿਣ ਵਹਣ, ਮਿਲੇ ਮੇਲ ਨਾ ਸ਼ਾਹੋ ਸ਼ਾਬਾਸਿਆ । ਕਾਇਆ ਨਾਤਾ ਕੂੜੋ ਕੂੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਮਾਤ ਪਰਭਾਸਿਆ । ਜਨ ਭਗਤਾਂ ਰੰਗਣ ਰੰਗ ਚਾੜ੍ਹੇ ਗੂੜ੍ਹਾ । ਜਗਤ ਨੇਤਰ ਦਰਸ ਤਰਸ, ਦਿਵਸ ਰੈਣ ਬਿਲਲਾਏ । ਜਨ ਹਰਿ ਸਾਚਾ ਆਪ ਮਿਟਾਏ ਆਪਣੀ ਹਰਸ, ਪੰਚਮ ਬੰਧ ਬੰਧਾਏ । ਪੰਚਮ ਲਹਿਣਾ ਦੇਣਾ ਪਿਛਲਾ ਕਰਜ਼, ਕੋਇ ਨਾ ਮਾਤ ਚੁਕਾਏ । ਪੰਚਮ ਮੀਤਾ ਰਿਹਾ ਵਰਜ, ਮਨ ਮਤ ਬੁਧ ਸਮਝਾਏ । ਸ਼ਬਦ ਅਨਾਹਦ ਰਿਹਾ ਗਰਜ, ਡੌਰੂ ਡੰਕ ਵਜਾਏ । ਨਾਦ ਅਨਾਦੀ ਸੁਣਾਏ ਸਾਚੀ ਤਰਜ, ਰਾਗ ਰਾਗਣੀ ਭੇਵ ਨਾ ਪਾਏ । ਗੁਰਮੁਖ ਲੱਗੀ ਏਕਾ ਮਰਜ, ਵੈਦ ਹਕੀਮ ਨਾ ਕੋਈ ਹਟਾਏ । ਪ੍ਰਭ ਮਿਲਣ ਦੀ ਸਾਚੀ ਗਰਜ਼, ਗਫ਼ਲਤ ਨੀਂਦ ਗਵਾਏ । ਜਗਤ ਵਿਕਾਰਾ ਹੋਵੇ ਹਰਜ, ਹਰਿ ਹਰਿ ਵਿਸਰ ਨਾ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਆਪੇ ਲਏ ਜਗਾਏ । ਜਾਗਣਹਾਰਾ ਆਪ ਜਗਾਏ, ਜੁਗ ਜੁਗ ਅਵੱਲੜੀ ਰੀਤਾ । ਜੀਵ ਜੰਤ ਕੋਈ ਭੇਵ ਨਾ ਪਾਏ, ਰਸਨਾ ਗਾਏ ਅਠਾਰਾਂ ਧਿਆਏ ਗੀਤਾ । ਵੇਦ ਵਿਆਸਾ ਗਿਆ ਲਿਖਾਏ, ਮੁਨੀ ਮੁਨੀਸਰ ਇਕ ਅਤੀਤਾ । ਪੁਰਾਨ ਅਠਾਰਾਂ ਦੇ ਮਤ ਸਮਝਾਏ, ਪ੍ਰਭ ਮਿਲਣ ਦੀ ਸਾਚੀ ਰੀਤਾ । ਆਦਿ ਪੁਰਖ ਹਰਿ ਭੇਵ ਖੁਲ੍ਹਾਏ, ਸੋ ਬੈਠਾ ਰਹੇ ਅਤੀਤਾ । ਗੌੜ ਬ੍ਰਹਿਮਣ ਪੂਤ ਉਪਜਾਏ, ਨਾ ਮਰੇ ਨਾ ਜੀਤਾ । ਪਿਤਾ ਪੂਤ ਆਪ ਹੋ ਜਾਏ, ਗੁਰ ਦਰ ਅੰਦਰ ਮੰਦਰ ਨਾ ਦਿਸੇ ਮਸੀਤਾ । ਡੂੰਘੀ ਕੰਦਰ ਡੇਰਾ ਲਾਏ, ਆਪ ਆਪਣਾ ਆਪੇ ਚੀਤਾ । ਤ੍ਰੈਗੁਣ ਮਾਇਆ ਨਾਰ ਦੁਹਾਗਣ ਰਹੀ ਬਿਲਲਾਏ, ਅੰਤਮ ਪਾਏ ਆਪਣਾ ਕੀਤਾ । ਕਲਜੁਗ ਸ਼ਾਹੋ ਖ਼ੁਸ਼ੀ ਮਨਾਏ, ਵੇਖੇ ਖੇਲ ਅਨਡੀਠਾ । ਪੁਰਖ ਅਬਿਨਾਸ਼ੀ ਭੇਵ ਛੁਪਾਏ, ਕਿਸੇ ਹੱਥ ਨਾ ਆਏ ਹਰਿ ਰਸ ਮੀਠਾ । ਅਗੰਮ ਅਗੋਚਰ ਆਪ ਅਖਵਾਏ, ਅਲਖ ਨਿਰੰਜਣ ਇਕ ਅਨਡੀਠਾ । ਦਮੋ ਦਮ ਵੇਖ ਵਖਾਏ, ਕਾਇਆ ਹਾਟੀ ਮਾਟੀ ਕੌੜਾ ਰੀਠਾ । ਨਗਰ ਧਾਮ ਇਕ ਸੁਹਾਏ, ਪੁਰਖ ਅਬਿਨਾਸ਼ੀ ਬੀਠਲਾ ਬੀਠਾ । ਸੰਬਲ ਸਾਚਾ ਮੇਲ ਮਿਲਾਏ, ਚਾੜ੍ਹੇ ਰੰਗ ਇਕ ਮਜੀਠਾ । ਅਚਰਜ ਆਪਣਾ ਖੇਲ ਰਚਾਏ, ਪੰਚ ਤਤ ਬਣਾਏ ਇਕ ਅੰਗੀਠਾ । ਬੁਧ ਮਤ ਕਲ ਭੇਵ ਨਾ ਪਾਏ, ਮਨ ਮਤ ਜਗਤ ਦੀ ਰੀਤਾ । ਸੁਰ ਨਰ ਮੁਨ ਜਨ ਰਹੇ ਧਿਆਏ, ਆਪ ਆਪਣਾ ਮੀਤਾ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲ ਲਟਕਾਏ, ਦਿਵਸ ਰੈਣ ਰਹੇ ਉਡੀਕਾ । ਬ੍ਰਹਮਾ ਵੇਤਾ ਸਾਚਾ ਨੇਤਾ ਅੱਠੇ ਨੇਤਰ ਖੋਲ੍ਹ ਵਖਾਏ, ਚਾਰੇ ਮੁਖ ਅਲਾਏ ਵੇਦ ਵਿਦੇਤਾ । ਸਾਮ ਯੁਜਰ ਰਿਗ ਪਾਰ ਕਰਾਏ, ਅਥਰਬਣ ਤੇਰੀ ਰੀਤਾ । ਲੋਆਂ ਪੁਰੀਆਂ ਵੇਖ ਵਖਾਏ, ਲੱਖ ਚੁਰਾਸੀ ਹਸਤ ਕੀਟਾ । ਵਰਨ ਬਰਨ ਹਰਿ ਰਿਹਾ ਜਣਾਏ, ਇਕ ਇਕੱਲਾ ਸ੍ਰਿਸ਼ਟ ਸਬਾਈ ਜੀਤਾ । ਚਰਨ ਸਰਨ ਇਕ ਰਘੁਰਾਏ, ਆਦਿ ਜੁਗਾਦੀ ਸਾਚੀ ਰੀਤਾ । ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ, ਗਿਆਨੀ ਧਿਆਨੀ ਵਡ ਵਿਦਵਾਨੀ ਰਹੇ ਧਿਆਨ ਲਗਾਏ, ਹਰਿ ਮਿਲਿਆ ਨਾ ਸਾਚਾ ਮੀਤਾ । ਸਾਰ ਪਾਸ਼ਾ ਚੌਪਟ ਬਾਜੀ ਜਗਤ ਕਾਨੀ ਰਹੇ ਲਗਾਏ, ਹਾਰ ਜਿੱਤ ਨਾ ਦਿਸੇ ਪਾਸਾ । ਆਤਮ ਧਿਆਨੀ ਰਹੇ ਬਿਲਲਾਏ, ਉਚੇ


੭੧੪
੦੬

ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਕੀਆ ਵਾਸਾ । ਰਿਖ ਮੁਨ ਫਿਰਨ ਹਲਕਾਏ, ਰਸਨਾ ਗਾ ਗਾ ਥੱਕੇ ਸਵਾਸ ਸਵਾਸਾ । ਸਾਰੰਗ ਧਰ ਭਗਵਾਨ ਬੀਠਲਾ ਬੈਠਾ ਮੁਖ ਛੁਪਾਏ, ਖੇਲੇ ਖੇਲ ਪ੍ਰਿਥਮੀ ਆਕਾਸ਼ਾ । ਆਪੇ ਜਾਣੇ ਆਪਣੀ ਰੀਤਾ । ਵੇਖੇ ਖੇਲ ਦਿਵਸ ਰੈਣ ਪਰਭਾਤਾ । ਗੁਰਮੁਖਾਂ ਕਾਇਆ ਕਰੇ ਸੀਤਲ ਸੀਤਲਾ, ਅੰਮ੍ਰਿਤ ਆਤਮ ਜਾਮ ਪਿਆਤਾ । ਕਲਜੁਗ ਵੇਲਾ ਅੰਤਮ ਬੀਤਲਾ, ਰੋ ਰੋ ਕਰੇ ਪੁਕਾਰ ਧਰਤ ਮਾਤਾ । ਸਤਿਜੁਗ ਸਾਚਾ ਸੱਜਣ ਮੀਤਲਾ, ਮੰਗੇ ਮੰਗ ਇਕ ਸੁਗ਼ਾਤਾ । ਪੁਰਖ ਅਬਿਨਾਸ਼ੀ ਪਰਖੇ ਨੀਤਲਾ, ਧੁਰਦਰਗਾਹੀ ਦੇਵੇ ਦਾਤਾ । ਸੋਹੰ ਸ਼ਬਦ ਇਕ ਅਤੀਤਲਾ, ਭੇਵ ਚੁਕਾਏ ਜ਼ਾਤ ਪਾਤਾ । ਲੇਖਾ ਚੁੱਕੇ ਗੁਰ ਦਰ ਮੰਦਰ ਮਸੀਤਲਾ, ਮੱਕਾ ਕਾਅਬਾ ਆਪ ਪਛਾਤਾ । ਜਨ ਹਰਿ ਹਰਿ ਜਨ ਸਾਚੇ ਕਾਇਆ ਕੱਪੜ ਹੋਇਆ ਪਲੀਤਲਾ, ਹਰਿ ਧੋਵਣ ਆਇਆ ਦਾਗ਼ਾ । ਜੁਗ ਜੁਗ ਚਲਾਏ ਆਪਣੀ ਰੀਤਲਾ, ਰਥ ਰਥਵਾਹੀ ਹੱਥ ਆਪਣੇ ਰੱਖੇ ਵਾਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਸਤਿਜੁਗ ਸਤਿਜੁਗ ਕਲਜੁਗ ਮੇਲ ਵਿਛੋੜਾ ਆਪ ਕਰਾਏ ਭਾਈ ਭਰਾਤਾ ।

### ❊ ੫ ਜੇਠ ੨੦੧੪ ਬਿਕ੍ਰਮੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਭੁਪਿੰਦਰ ਸਿੰਘ ਗ੍ਰੰਥੀ ਨਾਲ ਬਚਨ ਹੋਏ ❊

ਸਤਿਗੁਰ ਸ਼ਬਦ ਨਿਸ਼ਾਨ, ਜੁਗ ਜੁਗ ਅਟੱਲ ਹੈ । ਆਪੇ ਵੇਖੇ ਵਾਲੀ ਦੋ ਜਹਾਨ, ਸ੍ਰਿਸ਼ਟ ਸਬਾਈ ਵਲ ਛਲ ਹੈ । ਬ੍ਰਹਿਮੰਡ ਖੰਡ ਜੇਰਜ ਅੰਡ ਪਾਏ ਵੰਡ ਹਰਿ ਭਗਵਾਨ, ਨਾ ਕੋਈ ਜੀਵ ਨਾਦਾਨ ਹੈ । ਲੱਖ ਚੁਰਾਸੀ ਸੁੱਤਾ ਦੇ ਕਰ ਕੰਡ, ਹੋਇਆ ਆਪ ਬੇਪਛਾਨ ਹੈ । ਕਲਜੁਗ ਤੇਰੀ ਅੰਤਮ ਵੰਡ, ਗੁਣਵੰਤਾ ਪਾਏ ਗੁਣ ਨਿਧਾਨ ਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਵੇਖੇ ਵੜ, ਜੀਵ ਜੰਤ ਕਾਇਆ ਸੁੰਞ ਮਸਾਣ ਹੈ । ਸਾਚਾ ਨਿਸ਼ਾਨ ਸ਼ਬਦ ਡੋਰ, ਪ੍ਰਭ ਸਾਚਾ ਮਾਤ ਚੜ੍ਹਾਇੰਦਾ । ਸੰਤ ਸੁਹੇਲੇ ਸਤਿਗੁਰ ਮਾਤ ਤੋਰ, ਆਪਣਾ ਹੁਕਮ ਜਣਾਇੰਦਾ । ਕਰੇ ਪਰਕਾਸ਼ ਅੰਧ ਘੋਰ, ਸਚ ਗਿਆਨ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਗੁਰ ਸਾਚਾ ਸਰ, ਜਗਤ ਨਿਸ਼ਾਨ ਉਚ ਮਹਾਨ ਆਪੇ ਵੇਖ ਵਖਾਇੰਦਾ । ਵੇਖਣਹਾਰਾ ਹਰਿ ਭਗਵੰਤਾ, ਅਕਲ ਕਲਾ ਭਰਪੂਰਾ । ਦਇਆ ਕਮਾਏ ਸਾਧਨ ਸੰਤਾ, ਆਤਮ ਧੁਨ ਉਪਜਾਏ ਸਾਚੀ ਤੂਰਾ । ਜੁਗ ਜੁਗ ਮਹਿੰਮਾ ਗਣਤ ਅਗਣਤਾ, ਗੋਬਿੰਦ ਕਾਇਆ ਸਤਿ ਸਰੋਵਰ ਸ੍ਰਿਸ਼ਟ ਸਬਾਈ ਨਾਤਾ ਦਿਸੇ ਕੂੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵਸੇ ਆਪਣੇ ਘਰ, ਵੇਖੇ ਖੇਲ ਦਰ ਦਰ, ਸਚ ਨਿਸ਼ਾਨਾ ਹਰਿ ਭਗਵਾਨਾ ਏਕਾ ਰੰਗ ਚੜ੍ਹਾਏ ਗੂੜ੍ਹਾ । ਸਚ ਨਿਸ਼ਾਨ ਰਿਹਾ ਝੁੱਲ, ਪ੍ਰਭ ਸਾਚਾ ਆਪ ਝੁਲਾਇੰਦਾ । ਸੰਮਤ ਸੰਮਤੀ ਪੈਣਾ ਮੁੱਲ, ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਗੋਬਿੰਦੇ ਤੇਰੀ ਸਾਚੀ ਕੁਲ, ਆਪੇ ਵੇਖ ਵਖਾਇੰਦਾ । ਮਨ ਮਤੀ ਜੀਵਾਂ ਅੰਮ੍ਰਿਤ ਆਤਮ ਗਿਆ ਡੁੱਲ, ਸਚ ਜਾਮ ਨਾ ਕੋਇ ਪਿਲਾਇੰਦਾ । ਮਾਇਆ ਮਮਤਾ ਰਹੇ ਰੁੱਲ, ਆਤਮ ਰਸ ਨਾ ਕੋਈ ਚਖਾਇੰਦਾ । ਅੰਤਮ ਤੋਲਣਹਾਰਾ ਪੂਰੇ ਤੋਲ, ਏਕਾ ਖੰਡਾ ਨਾਮ ਰਖਾਇੰਦਾ । ਜੋ ਜਨ ਚਰਨ ਪ੍ਰੀਤੀ ਗੁਰ ਸਤਿਗੁਰ ਪੂਰੇ ਗਿਆ ਘੁਲ, ਦੋ ਜਹਾਨੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ

੭੧੫
੦੬

ਸੁਹਾਇੰਦਾ । ਸਚ ਨਿਸ਼ਾਨ ਸਚਖੰਡ, ਪ੍ਰਭ ਸਾਚੇ ਆਪ ਚੜ੍ਹਾਇਆ । ਲੋਕਮਾਤ ਕਲ ਪਾਈ ਵੰਡ, ਰਾਮਦਾਸ ਦਰਸ ਦਿਖਾਇਆ । ਨੌ ਖੰਡ ਪ੍ਰਿਥਮੀ ਖੰਡ ਖੰਡ, ਹਰਿ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਏਕਾ ਦਰ, ਦਵਾਰਾ ਬੰਕ ਇਕ ਸੁਹਾਇਆ । ਸਾਚਾ ਧਨ ਅੱਗੇ ਰੱਖ, ਆਪਣੀ ਦਇਆ ਕਮਾਇੰਦਾ । ਪਰਗਟ ਹੋਏ ਹਰਿ ਸਮਰਥ, ਦਿਸ ਕਿਸੇ ਨਾ ਆਇੰਦਾ । ਜਨ ਭਗਤਾਂ ਲੱਜਿਆ ਲਏ ਰੱਖ, ਰੱਖਣਹਾਰਾ ਆਪ ਅਖਵਾਇੰਦਾ । ਮਨਮੁਖਾਂ ਪਾਏ ਨੱਥ, ਨਾ ਕੋਈ ਕਿਸੇ ਬਚਾਇੰਦਾ । ਜਗਤ ਦਵਾਰਾ ਬੰਦ, ਭਗਤ ਖੁਲ੍ਹਾਇਆ । ਸ਼ਬਦ ਜਣਾਏ ਪਰਮਾਨੰਦ, ਆਤਮ ਬ੍ਰਹਮ ਜਣਾਇਆ । ਹਉਮੇ ਹੰਗਤਾ ਦੂਈ ਦਵੈਤੀ ਢਾਈ ਕੰਧ, ਕੂੜੀ ਕਾਇਆ ਮੁਕਾਇਆ । ਸਦਾ ਸੁਹੇਲਾ ਹਰਿ ਬਖ਼ਸ਼ੰਦ, ਬਖ਼ਸ਼ਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖੀ ਭੇਖ ਵਟਾਇਆ । ਜੁਗ ਜੁਗ ਭੇਖ ਅਵੱਲਾ, ਹਰਿ ਨਿਰੰਕਾਰਿਆ । ਆਪੇ ਵਸੇ ਇਕ ਅਕੱਲਾ, ਭੇਵ ਕੋਇ ਨਾ ਪਾ ਰਿਹਾ । ਵੇਖ ਵਖਾਏ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾ ਰਿਹਾ । ਗੁਰਮੁਖ ਵਿਰਲੇ ਸੰਤ ਦੁਲਾਰ ਦਰ ਦਵਾਰਾ ਏਕਾ ਮੱਲਾ, ਦਰ ਘਰ ਸਾਚੇ ਸੇਵ ਕਮਾ ਰਿਹਾ । ਆਪ ਬਹਾਏ ਨਿਹਚਲ ਧਾਮ ਅਟੱਲਾ, ਊਚੋ ਊਚ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਮਦਾਸ ਤੇਰਾ ਸਾਚਾ ਦਰ, ਦਰ ਦਵਾਰਾ ਵੇਖ ਵਖਾ ਰਿਹਾ । ਸਚ ਨਗਰ ਸ਼ਬਦ ਦਵਾਰ, ਹਰਿ ਸਾਚੀ ਬਣਤ ਬਣਾਈਆ । ਨਾ ਕੋਈ ਦੀਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਈਆ । ਦੀਪਕ ਜੋਤੀ ਇਕ ਉਜਿਆਰ, ਅੱਠੇ ਪਹਿਰ ਕਰੇ ਰੁਸ਼ਨਾਈਆ । ਪੰਚਮ ਗਾਇਣ ਵਾਰੋ ਵਾਰ, ਪ੍ਰਭ ਸਾਚਾ ਸੇਵਾ ਲਾਈਆ । ਆਪੇ ਸੁਣੇ ਸੁਣਨੇਹਾਰ, ਸੁਣਨਹਾਰ ਆਪ ਅਖਵਾਈਆ । ਗੁਣ ਅਵਗੁਣ ਨਾ ਸਕੇ ਕੋਈ ਵਿਚਾਰ, ਗੁਣਵੰਤਾ ਹਰਿ ਰਘੁਰਾਈਆ । ਭਰਮੇ ਭੁੱਲੇ ਭਰਮ ਗਵਾਰ, ਪ੍ਰਭ ਕਾ ਭੇਵ ਕੋਈ ਨਾ ਪਾਈਆ । ਸਾਧ ਸੰਤ ਮਾਇਆ ਰੁੱਲੇ, ਕਲਜਗ ਤੇਰੀ ਅੰਤਮ ਵਰ, ਕਾਲਾ ਟਿੱਕਾ ਮਸਤਕ ਛਾਹੀਆ । ਗੁਰਮੁਖ ਵਿਰਲੇ ਸਾਜਣ ਸੰਤ ਪ੍ਰਭ ਚਰਨ ਪ੍ਰੀਤੀ ਘੋਲ ਘੁੱਲੇ, ਆਤਮ ਦਰਸੀ ਦਰਸਨ ਪਾਈਆ । ਲੋਕਮਾਤ ਫਲੇ ਫੁਲੇ, ਗੁਰ ਗੋਬਿੰਦੇ ਵੇਲ ਲਗਾਈਆ । ਅੰਤਮ ਪੂਰੇ ਤੋਲ ਤੁਲੇ, ਨਾਨਕ ਕੰਡੇ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਵੇਖੇ ਦਰ, ਜੇਰਜ ਅੰਡਜ ਫੋਲ ਫੁਲਾਈਆ । ਸਾਚਾ ਘਰ ਇਕ ਦਰਵਾਜ਼ਾ, ਏਕਾ ਏਕ ਵਖਾਇੰਦਾ । ਆਪੇ ਵਸੇ ਗਰੀਬ ਨਿਵਾਜਾ, ਚਾਰੋਂ ਕੁੰਟ ਫੇਰਾ ਪਾਇੰਦਾ । ਆਪ ਆਪਣਾ ਸਾਜਣ ਸਾਜਾ, ਇਕ ਵਜਾਏ ਅਨਹਦ ਵਾਜਾ, ਰਾਗ ਰਾਗਨੀ ਸੇਵਾ ਲਾਇੰਦਾ । ਸ਼ਬਦ ਘੋੜਾ ਰੱਖੇ ਲਾਜਾ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਦੋ ਜਹਾਨਾਂ ਰਾਜਨ ਰਾਜਾ, ਸ਼ਾਹੋ ਭੂਪ ਆਪ ਅਖਵਾਇੰਦਾ । ਅੰਤਮ ਕਲ ਪਰਗਟ ਹੋਏ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਇੰਦਾ । ਜਨ ਭਗਤਾਂ ਅੰਦਰ ਮੰਦਰ ਬਹਿ ਬਹਿ ਮਾਰੇ ਅਵਾਜ਼ਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦਰ ਦਵਾਰਾ ਵੇਖ ਵਖਾਇੰਦਾ । ਦਰ ਦਵਾਰਾ ਸਾਚਾ ਤਾਲ, ਹਰਿ ਸਾਚੇ ਵੇਖ ਵਖਾਨਿਆ । ਲੱਖ ਚੁਰਾਸੀ ਜਗਤ ਜੰਜਾਲ, ਭਰਮੇ ਭੁੱਲੇ ਜੀਵ ਨਾਦਾਨਿਆ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਦਏ ਉਛਾਲ, ਦੁਰਮਤ ਮੈਲ ਗਵਾਇੰਦਾ । ਮਨਮੁਖ ਜੀਵ ਆਪਣਾ ਕੀਤਾ ਪਾਣ, ਨਾ ਕੋਈ ਅੰਤ ਛੁਡਾਇੰਦਾ । ਮਨਮਤ ਅਗਨੀ ਅੱਗ ਹੈ, ਚਾਰ ਕੁੰਟ ਪਰਧਾਨ । ਹਰਿ ਦਾਤਾ ਸੂਰਾ ਸਰਬਗ ਹੈ,

ਬਖ਼ਸ਼ੇ ਜੀਆ ਦਾਨ । ਆਪ ਬਣਾਏ ਫੜ ਫੜ ਹੰਸ ਕੱਗ ਹੈ, ਦੇਵੇ ਨਾਮ ਸੱਚਾ ਗੁਣ ਨਿਧਾਨ । ਮੇਲ ਮਿਲਾਏ ਉਪਰ ਸ਼ਾਹ ਰਗ ਹੈ, ਜੋਤੀ ਸ਼ਬਦੀ ਹਰਿ ਬਲਵਾਨ । ਕਲਜੁਗ ਵਾ ਤਤੀ ਅੰਧੇਰੀ ਰਹੀ ਵਗ ਹੈ, ਪਾਰਬ੍ਰਹਮ ਪ੍ਰਭ ਭੇਵ ਅਨ ਜਬਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਮੰਦਰ ਵੇਖੇ ਸਾਚਾ ਘਰ, ਕਵਣ ਹੰਸ ਕਵਣ ਕਾਗ ਕਵਣ ਚੋਗ ਮੁਖ ਰਖਾਨ । ਹੰਸ ਕਾਗ ਦਰ ਦਵਾਰ, ਆਪ ਆਪਣੇ ਰੰਗ ਰੱਤਿਆ । ਗੁਰਮੁਖ ਵਿਰਲੇ ਪਾਇਣ ਸਾਰ, ਜਿਸ ਜਨ ਦੇ ਸਮਝਾਵੇ ਮਤਿਆ । ਜੋਤੀ ਨੂਰ ਕਰ ਆਕਾਰ, ਮੇਲ ਮਿਲਾਏ ਕਮਲਾਪਤਿਆ । ਪਤ ਪਤਵੰਤਾ ਹਰਿ ਨਿਰੰਕਾਰ, ਹਰਿਜਨ ਦੇਵੇ ਧੀਰਜ ਸਤਿਆ । ਧੀਰਜ ਯਤ ਵਿਚ ਸੰਸਾਰ, ਬਹੱਤਰ ਨਾੜ ਨਾ ਉਬਲੇ ਰੱਤਿਆ । ਰੱਤੀ ਰੱਤ ਨਾ ਹੋਏ ਖੁਆਰ, ਪੰਚ ਵਿਕਾਰਾ ਹੋਏ ਸਥਿਆ । ਪੰਚ ਵਿਕਾਰਾ ਰੋਵੇ ਧਾਹਾਂ ਮਾਰ, ਆਤਮ ਬੀਜ ਗੁਰ ਪੂਰੇ ਏਕਾ ਘੱਤਿਆ । ਗੁਰ ਪੂਰਾ ਪੂਰਬ ਕਰਮ ਲਹਿਣਾ ਦਏ ਉਤਾਰ, ਸ਼ਬਦ ਚੜ੍ਹਾਏ ਸਾਚੇ ਰਥਿਆ । ਰਥ ਰਥਵਾਹੀ ਇਕ ਗਿਰਧਾਰ, ਲੱਖ ਚੁਰਾਸੀ ਰਿਹਾ ਮਥਿਆ । ਲੱਖ ਚੁਰਾਸੀ ਤੇਰੀ ਪਾਵੇ ਸਾਰ, ਕਲਜੁਗ ਅੰਤਮ ਸੀਆਂ ਵੰਡ ਵੰਡਾਏ ਸਾਢੇ ਤਿੰਨ ਤਿੰਨ ਹੱਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸਰਬ ਕਲਾ ਸਮਰਥਿਆ । ਸਰਬ ਕਲਾ ਸਮਰਥ, ਨਿਰਗੁਣ ਸਮਾਇਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਕਲਜੁਗ ਵੇਲਾ ਅੰਤਮ ਨੇੜੇ ਆਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਪਾਏ ਨੱਥ, ਡੋਰੀ ਇਕ ਰਖਾਇਆ । ਬ੍ਰਹਮਾ ਸ਼ਿਵ ਦੇਵਤ ਸੁਰ ਆਪੇ ਰਿਹਾ ਉਠਾਇਆ । ਸ਼ਬਦ ਜਣਾਏ ਅਲਖਣਾ ਅਲੱਖ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਦਰ ਦਵਾਰਾ ਇਕ ਰਖਾਇਆ ।

੭੧੭ ੭੧੭

੦੬ ੦੬

ਗੁਰਮੁਖ ਵਡ ਵਡਿਆਈਆ, ਦੇਵਣਹਾਰ ਦਾਤਾਰ । ਗੁਰ ਸ਼ਬਦ ਸੱਚੀ ਕੁੜਮਾਈਆ, ਘਰ ਪਾਇਆ ਏਕਾ ਵਾਰ । ਦਿਵਸ ਰੈਣ ਨਾ ਹੋਏ ਜੁਦਾਈਆ, ਮਿਲੇ ਮੇਲ ਪੁਰਖ ਭਤਾਰ । ਆਤਮ ਘਰ ਵੱਜੇ ਵਧਾਈਆ, ਪੰਚਮ ਗਾਇਣ ਵਾਰੋ ਵਾਰ । ਨਿਰਮਲ ਜੋਤੀ ਇਕ ਜਗਾਈਆ, ਮੇਟ ਮਿਟਾਏ ਅੰਧ ਅੰਧਿਆਰ । ਵਰਨ ਗੋਤ ਭੇਵ ਨਾ ਰਾਈਆ, ਚਾਰ ਵਰਨਾਂ ਇਕ ਦਵਾਰ । ਸਾਧ ਸੰਤ ਹਰਿ ਸ਼ਬਦ ਜਣਾਈਆ, ਆਪ ਕਰਾਏ ਏਕਾ ਏਕੰਕਾਰ । ਕਲਜੁਗ ਵੇਲਾ ਅੰਤਮ ਦਏ ਦੁਹਾਈਆ, ਗੁਰ ਗੋਬਿੰਦਾ ਲੇਖ ਲਿਖਾਰ । ਚਾਰੋਂ ਕੁੰਟ ਉਠ ਉਠ ਧਾਈਆ, ਸ਼ਾਹੋ ਭੂਪ ਸ਼ਬਦ ਸਵਾਰ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖ ਵਖਾਈਆ । ਦਰ ਦਵਾਰ ਲੋਕਮਾਤ ਸਾਚਾ ਧਾਮ, ਹਰਿ ਮੰਦਰ ਹਰਿ ਆਪ ਸਮਾਈਆ । ਰਾਮਦਾਸ ਗੁਰ ਸੇਵਾ ਕਰ ਅਪਰ ਅਪਾਰ, ਗੁਰ ਅਰਜਨ ਸ਼ਬਦ ਜਣਾਈਆ । ਮਿਲਿਆ ਮੇਲ ਹਰਿ ਨਿਰੰਕਾਰ, ਅਗਾਧ ਬੋਧ ਬੋਧ ਅਗਾਧ ਭਗਤਨ ਹਰਿ ਸਰਨਾਈਆ । ਏਕਾ ਏਕ ਸ਼ਬਦ ਜੈਕਾਰ, ਗੁਰੂ ਗ੍ਰੰਥ ਦੇ ਮਤ ਆਪ ਸਮਝਾਈਆ । ਪੰਥ ਖਾਲਸਾ ਰਹਿਣਾ ਖ਼ਬਰਦਾਰ, ਮਨ ਮਤ ਬੁਧ ਨਾ ਕੋਈ ਜਗਤ ਚਤੁਰਾਈਆ । ਭੇਵ ਅਭੇਦਾ ਅਛਲ ਅਛੇਦਾ, ਏਕਾ ਏਕ ਅਧਾਰ । ਕਿਸੇ ਹੱਥ ਨਾ ਆਏ ਚਾਰੇ ਵੇਦਾ, ਪੜ੍ਹ ਪੜ੍ਹ ਥੱਕੇ ਜਗਤ ਕਿਤੇਬਾ ਵਸੇ ਬਾਹਰ । ਗੁਰਮੁਖ ਸਾਚੇ ਹਰਿਜਨ ਰਸਨਾ ਗਾਏ ਜਗਤ ਜਿਹਵਾ, ਤਨ ਮੰਦਰ ਅੰਦਰ ਕਰ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਗੁਰ ਨਾਨਕ ਦਿਤਾ ਨਾਮ ਵਰ, ਨਾਮ ਸਤਿ ਜਗਤ ਭੰਡਾਰ । ਨਾਮ ਸਤਿ ਜਗਤ ਭੰਡਾਰ, ਪ੍ਰਭ ਸਾਚਾ ਝੋਲੀ ਪਾਇਆ ।

ਨਾਨਕ ਗੁਰ ਬਣ ਵਰਤਾਰ, ਚਾਰੋਂ ਕੁੰਟ ਆਪ ਵਰਤਾਇਆ । ਗੁਰ ਅੰਗਦ ਕਰ ਇਕ ਪਿਆਰ, ਲਹਿਣਾ ਲਹਿਣੇ ਝੋਲੀ ਪਾਇਆ । ਅਮਰਦਾਸ ਦਰਸ ਦਰ ਭਿਖਾਰ, ਸੇਵਕ ਸੇਵਾ ਰਿਹਾ ਕਰਾਇਆ । ਰਾਮਦਾਸ ਗੁਰ ਸਤਿਗੁਰ ਖੋਲ੍ਹ ਦਵਾਰ, ਸਾਚਾ ਧਾਮ ਇਕ ਵਸਾਇਆ । ਸਰ ਸਰੋਵਰ ਅਪਰ ਅਪਾਰ, ਅੰਮ੍ਰਿਤ ਧਾਰਾ ਰੂਪ ਵਖਾਇਆ । ਗੁਰ ਅਰਜਨ ਖੋਲ੍ਹੇ ਜਗਤ ਕਿਵਾੜ, ਸਾਚਾ ਲੇਖਾ ਲੇਖ ਲਿਖਾਇਆ । ਨੇੜ ਨਾ ਆਏ ਪੰਚਮ ਧਾੜ, ਜਿਸ ਜਨ ਰਸਨਾ ਹਰਿ ਹਰਿ ਗੁਣ ਗਾਇਆ । ਗੁਰਮੁਖ ਗੁਰਸਿਖ ਸਾਜਣ ਸੰਤ ਮੇਲ ਮਿਲਾਏ ਦਿਨ ਦਿਹਾੜ, ਵਿਛੜ ਕਦੇ ਨਾ ਜਾਇਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜ, ਦਿਵਸ ਰੈਣ ਅੱਠੇ ਪਹਿਰ ਹੋਏ ਆਪ ਸਹਾਇਆ । ਧੰਨ ਧੰਨ ਗੁਰਮੁਖ ਗੁਰਸਿਖ ਜੋ ਜਨ ਗੁਰ ਸਤਿਗੁਰ ਤੇਰੀ ਸਾਚੀ ਸੇਵਾ ਰਹੇ ਕਮਾਇਆ । ਗੁਰ ਅਰਜਨ ਵਡ ਵਡਿਆਈਆ, ਲਿਖਿਆ ਲੇਖ ਅਪਾਰਾ । ਪ੍ਰਭ ਸ਼ਬਦ ਕਰੀ ਕੁੜਮਾਈਆ, ਮਿਟਿਆ ਧੁੰਦੂਕਾਰਾ । ਧੁਨ ਆਤਮਕ ਇਕ ਵਜਾਈਆ, ਪਾਇਆ ਪੁਰਖ ਅਪਾਰਾ । ਪੁਰਖ ਅਗੰਮਾ ਏਕਾ ਧਾਮ ਸੁਹਾਈਆ, ਪੰਚਮ ਤਤ ਨਾ ਕੋਈ ਅਕਾਰਾ । ਏਕਾ ਰੰਗਣ ਰੰਗ ਰੰਗਾਈਆ, ਸ਼ਬਦੀ ਜੋਤੀ ਦਏ ਹੁਲਾਰਾ । ਸਾਚੇ ਘਰ ਵੱਜੀ ਵਧਾਈਆ, ਮਿਲਿਆ ਮੇਲ ਪੁਰਖ ਭਤਾਰਾ । ਗੁਰ ਅਰਜਨ ਆਸ ਰਖਾਈਆ, ਹਰਿ ਜੂ ਹਰਿ ਮੰਦਰ ਆਏ ਦਇਆ ਕਮਾਏ, ਜਨ ਭਗਤਾਂ ਬੇੜਾ ਪਾਰ ਕਰਾਏ ਦੇਵੇ ਦਰਸ ਅਗੰਮ ਅਪਾਰਾ ।



## ❊ ੫ ਜੇਠ ੨੦੧੪ ਬਿਕ੍ਰਮੀ ਮੋਤਾ ਸਿੰਘ ਦੇ ਘਰ ਸੱਚੇ ਪਾਤਸ਼ਾਹ ਜੀ ਨੇ ਸਿੰਘਾਸਣ ਉਲਟਾ ਕੀਤਾ ਕਲਸੀਆਂ ਜ਼ਿਲਾ ਅੰਮ੍ਰਿਤਸਰ ❊

੭੧੮ ੦੬

ਦਿਆਲ ਭਏ, ਹਰਿ ਜੂ ਅਵਤਰਾ । ਏਕਾ ਏਕ ਰਹੇ, ਨਾ ਜਨਮਾ ਨਾ ਮਰਾ । ਆਦਿ ਅੰਤ ਸਦਾ ਨਿਰਭੈ, ਨਿਰਗੁਣ ਰੂਪ ਰਹਾ । ਆਪ ਕਰਾਏ ਆਪਣੀ ਜੈ, ਆਪਣਾ ਭਾਣਾ ਆਪੇ ਆਪ ਸਹਾ । ਸ੍ਰਿਸ਼ਟ ਸਬਾਈ ਹੋਵੇ ਖੈ, ਗੁਰਮੁਖ ਵਿਰਲਾ ਮਾਤ ਰਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਏ ਆਪ ਉਠਾਏ ਆਪ ਬਣਾਏ ਆਪਣਾ ਥਾਂ । ਥਾਨ ਥਾਨੰਤਰ ਹਰਿ ਅਗੰਮ, ਏਕਾ ਏਕ ਰਖਾਇਆ । ਸ਼ਬਦ ਸਿੰਘਾਸਣ ਨਾ ਕੋਈ ਦਿਸੇ ਥੰਮ੍ਹ, ਆਕਾਸ਼ ਆਕਾਸ਼ਾਂ ਉਪਰ ਟਿਕਾਇਆ । ਏਕਾ ਮੇਲਾ ਸਾਚੇ ਨਾਮ ਨਮ, ਪਾਵਾ ਚੂਲ ਨਾ ਕੋਈ ਰਖਾਇਆ । ਲੋਕਮਾਤ ਜਾਣੇ ਆਪਣਾ ਕੰਮ, ਕਾਰਜ ਕਰਤਾ ਆਪ ਅਖਵਾਇਆ । ਸ੍ਰਿਸ਼ਟ ਸਬਾਈ ਰੋਵੇ ਛੰਮ ਛੰਮ, ਧਰਨੀ ਧਰਤ ਧਵਲ ਦਏ ਉਲਟਾਇਆ । ਮਾਤ ਪਿਤ ਪਿਤਾ ਪੂਤ ਹੋਏ ਗ਼ਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਖਆਸਣ ਪੁਰਖ ਅਬਿਨਾਸ਼ਣ ਜਗਤ ਦੇਵੇ ਮੁਖ ਭਵਾਇਆ । ਸੁਖਆਸਣ ਪ੍ਰਭ ਆਪ ਉਠਾ, ਆਪੇ ਮੁਖ ਭਵਾਇੰਦਾ । ਪੰਜ ਤਤ ਜਗਤ ਦਏ ਲੁਟਾ, ਲੁੱਟਣਹਾਰਾ ਦਿਸ ਨਾ ਆਇੰਦਾ । ਮਨ ਮਤ ਦਏ ਮਿਟਾ, ਮਤ ਬੁਧ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸੰਮਤ ਚੌਦਾਂ ਬੀਸ ਬੀਸ ਚੌਦਾਂ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਚਰਨ ਹੇਠ ਟਿਕਾ, ਚਾਰ ਜੁਗ ਚਾਰ ਪਾਵੇ ਆਪ ਉਲਟਾਇੰਦਾ । ਖੇਲੇ ਖੇਲ

ਅਗੰਮ ਅਥਾਹੋ, ਬੇਪਰਵਾਹੋ ਭੇਵ ਕੋਈ ਨਾ ਪਾਇੰਦਾ । ਸਤਿਜੁਗ ਦੁਆਪਰ ਤ੍ਰੇਤਾ ਕਰੇ ਆਪ ਨਿਆਉਂ, ਕਲਜੁਗ ਸਾਲਸ ਸ਼ਬਦ ਬਣਾਇੰਦਾ । ਜਨ ਭਗਤਾਂ ਦੇਵੇ ਠੰਢੀ ਛਾਉਂ, ਖਾਲਸਾ ਖਾਲਸ ਇਕ ਵਖਾਇੰਦਾ । ਕਿਸੇ ਦਿਸ ਨਾ ਆਏ ਨਗਰ ਸ਼ਹਿਰ ਗਰਾਉਂ, ਕਾਇਆ ਨਗਰ ਇਕ ਸੁਹਾਇੰਦਾ । ਜਨ ਹਰਿ ਉਠਾਏ ਫੜ ਫੜ ਬਾਹੋਂ, ਸੇਵਕ ਸੇਵਾ ਸਚ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰੀਆਂ ਲੋਆਂ ਵੇਖ ਵਖਾਇੰਦਾ । ਪੰਚਮ ਜੇਠ ਦਇਆ ਕਮਾ, ਗੁਰਮੁਖਾਂ ਸੇਵ ਕਮਾਇੰਦਾ । ਸਤਿ ਸੰਤੋਖ ਝੋਲੀ ਪਾ, ਦੇ ਮਤ ਸਮਝਾਇੰਦਾ । ਹੌਲੀ ਹੌਲੀ ਸ਼ਬਦ ਜਣਾ, ਸੁਰਤੀ ਸੁਰਤ ਜਗਾਇੰਦਾ । ਆਪ ਆਪਣੇ ਰਾਹੇ ਪਾ, ਮਾਰਗ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਣਦਾਤਾ ਅਵਗੁਣ ਆਪਣੇ ਹੱਥ ਰਖਾਇੰਦਾ । ਸੰਮਤ ਚੌਦਾਂ ਤੇਰਾ ਰੰਗ, ਲੋਕਮਾਤ ਚੜ੍ਹਾਇੰਦਾ । ਪੁਰਖ ਅਬਿਨਾਸ਼ੀ ਬੈਠ ਪਲੰਘ, ਸਿੰਘ ਮਨੀ ਤੇਰਾ ਲਹਿਣਾ ਕਰਜ਼ ਲਾਹਿੰਦਾ । ਦਰ ਦਵਾਰੇ ਮੰਗੀ ਮੰਗ, ਭਾਣਾ ਸਹਿਣਾ ਹੁਕਮ ਜਣਾਇੰਦਾ । ਆਪ ਲਗਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਭੁੱਖ ਨੰਗ, ਜਨ ਭਗਤਾਂ ਭੁੱਖ ਮਿਟਾਇੰਦਾ । ਨੌਂ ਖੰਡ ਪ੍ਰਿਥਮੀ ਦਿਸੇ ਨੰਗ, ਹਰਿਜਨ ਪੜਦਾ ਨਾਮ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗ ਨਿਭਾਇੰਦਾ । ਸ਼ਬਦ ਰੰਗੀਲਾ ਪਲੰਘ, ਸੇਜ ਵਿਛਾਈਆ । ਜਗਤ ਦਵਾਰੇ ਆਪੇ ਲੰਘ, ਹਰਿ ਮੰਦਰ ਵੇਖ ਵਖਾਈਆ । ਆਪੇ ਜਾਣੇ ਧਾਰਾ ਗੰਗ, ਆਪੇ ਆਪ ਰਿਹਾ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਖ਼ੁਸ਼ੀਆਂ ਨਾਲ ਮਨਾਈਆ । ਪੰਚਮ ਜੇਠ ਭਗਤ ਸੁਲਤਾਨ, ਜਗਤ ਵੇਖ ਵਖਾਇੰਦਾ । ਹਰਿਜਨ ਦੇਵੇ ਜੀਆ ਦਾਨ, ਮਨਮੁਖ ਖਾਲੀ ਹੱਥ ਫਿਰਾਇੰਦਾ । ਆਪਣਾ ਕੀਤਾ ਆਪੇ ਪਾਣ, ਨਾ ਕੋਈ ਕਿਸੇ ਛੁਡਾਇੰਦਾ । ਪਾਏ ਮੁੱਲ ਵਿਚ ਜਹਾਨ, ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਸਾਢੇ ਦਸ ਸ਼ਬਦ ਰੰਗੀਲੇ ਨਾਮ ਪਲੰਘ ਬੈਠੇ ਹੱਸ ਹੱਸ ਉਲਟਾ ਮੁਖ ਕਰਾਇੰਦਾ । ਉਲਟਾ ਮੁਖ ਉਲਟੀ ਧਾਰ, ਉਲਟੀ ਗੰਗ ਵਹਾਈਆ । ਉਤਰ ਪੂਰਬ ਪੱਛਮ ਦੱਖਣ ਦਿਸ਼ਾ ਵਿਚਾਰ, ਦਹਿ ਦਿਸ਼ਾ ਵੇਖ ਵਖਾਈਆ । ਚਾਰ ਕੁੰਟ ਸੁਣ ਪੁਕਾਰ, ਮਾਤ ਪਾਤਾਲ ਆਕਾਸ਼ ਗਗਨ ਗਗਨੰਤਰ ਲੱਗੀ ਬਸੰਤਰ ਨਾ ਸਕੇ ਕੋਈ ਬੁਝਾਈਆ । ਬ੍ਰਹਮਾ ਤੇਰਾ ਪੂਰਨ ਪੂਰ ਕਰੇ ਮਨਵੰਤਰ, ਮਨ ਇਛਿਆ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਨੂਰੋ ਨੂਰ ਸਵਾਈਆ । ਜੋਤੀ ਨੂਰ ਜਗਤ ਉਜਾਲਾ, ਇਕ ਪਰਕਾਸ਼ ਰਖਾਇਆ । ਪਰਗਟ ਹੋਏ ਹਰਿ ਗੋਪਾਲਾ, ਦੀਨ ਦਿਆਲਾ ਨਾਉਂ ਰਖਾਇਆ । ਲੇਖਾ ਲੇਖ ਲਿਖਾਏ ਸਾਲ ਬਸਾਲਾ, ਹਾਲ ਬੇਹਾਲਾ ਵੇਖ ਵਖਾਇਆ । ਕਲਜੁਗ ਚਲੇ ਅਵੱਲੜੀ ਚਾਲਾ, ਭੇਵ ਕਿਸੇ ਨਾ ਪਾਇਆ । ਏਕਾ ਸ਼ਬਦ ਇਕ ਦਲਾਲਾ, ਦੋ ਜਹਾਨਾਂ ਆਪ ਰਖਾਇਆ । ਚਰਨ ਭਿਖਾਰੀ ਦਰ ਦਵਾਰੇ ਕਾਲ ਮਹਾਂਕਾਲਾ, ਰੋ ਰੋ ਰਹੇ ਨੀਰ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੇਲ ਆਪੇ ਰਿਹਾ ਖਿਲਾਇਆ । ਸਾਲ ਬਵੰਜਾ ਸੇਜ

ਹੰਢਾਈ, ਲੋਕਮਾਤ ਅਵਤਾਰਾ । ਬਾਲ ਜਵਾਨੀ ਖੇਲ ਖਿਲਾਈ, ਬੁੜੇਪਾ ਵੇਖ ਵਿਚਾਰਾ । ਮਾਤ ਪਿਤ ਭਈਆ ਭੈਣਾ ਸਾਕ ਸੱਜਣ ਸੈਣ ਅਖਵਾਈ, ਨਾਰੀ ਕੰਤ ਕੀਆ ਪਿਆਰਾ । ਸੇਵਕ ਸੇਵਾ ਗੁਰਸਿਖ ਲਗਾਈ, ਚਰਨ ਕਵਲ ਦਏ ਅਧਾਰਾ । ਦੁੱਖ ਭੁੱਖ ਸੁੱਖ ਇਕ ਰੰਗ ਸਮਾਈ, ਚਿੰਤਾ ਸੋਗ ਵਸਿਆ ਬਾਹਰਾ । ਮੁਨ ਸੁਨ ਇਕ ਜੋਗ ਹੰਢਾਈ, ਜੋਤੀ ਨੂਰ ਪਿਆਰਾ । ਪਾਰਬ੍ਰਹਮ ਭੋਗ ਇਕ ਰਖਾਈ, ਅੱਠੇ ਪਹਿਰ ਅਧਾਰਾ । ਆਪ ਆਪਣਾ ਮੁਖ ਛੁਪਾਈ, ਜੀਵ ਜੰਤ ਨਾ ਪਾਏ ਸਾਰਾ । ਦਿਸ ਨਾ ਆਏ ਧੀ ਜਵਾਈ, ਖੇਲੇ ਖੇਲ ਅਪਰ ਅਪਾਰਾ । ਪਿਤਾ ਪੂਤ ਭੇਵ ਨਾ ਰਾਈ, ਸੇਵਕ ਸੇਵ ਨਾ ਕਰੇ ਬਣ ਭਿਖਾਰਾ । ਦੋਏ ਜੋੜ ਨਾ ਸੀਸ ਝੁਕਾਈ, ਦਰ ਦਵਾਰ ਨਾ ਕਰ ਨਿਮਸਕਾਰਾ । ਆਪ ਆਪਣਾ ਖੇਲ ਖਿਲਾਈ, ਆਪੇ ਖੇਲੇ ਵਿਚ ਸੰਸਾਰਾ । ਜਗਤ ਸਿੰਘਾਸਣ ਇਕ ਬਣਾਈ, ਉਪਰ ਆਸਣ ਲਾਏ ਪਾਰਬ੍ਰਹਮ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਅਵਤਾਰਾ । ਪੰਜ ਤਤ ਹਰਿ ਜੋਤ ਛੁਪਾਈ, ਕਾਇਆ ਮੰਦਰ ਇਕ ਵਖਾਈ, ਹੱਡ ਮਾਸ ਨਾੜੀ ਰੱਤ ਲਾਇਆ ਇੱਟਾਂ ਗਾਰਾ । ਕਾਲੀ ਛੱਤ ਇਕ ਟਿਕਾਈ, ਘਾਸ ਫੂਸ ਰਿਹਾ ਉਗਾਈ, ਪੜਦਾ ਪਾਏ ਸੀਸ ਦਸਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਅਪਰ ਅਪਾਰਾ । ਆਪ ਆਪਣਾ ਖੇਲ ਖਿਲਾਇਆ, ਪਾਰਬ੍ਰਹਮ ਬੇਅੰਤਾ । ਸੰਤ ਮਨੀ ਸਿੰਘ ਸੰਗ ਰਲਾਇਆ, ਸੇਵਾ ਲਾਈ ਸਾਚੇ ਸੰਤਾਂ । ਕਲਮ ਲੇਖਣੀ ਹੱਥ ਫੜਾਇਆ, ਲੇਖਾ ਲਿਖੇ ਜੀਵਾਂ ਜੰਤਾਂ । ਦੋ ਜਹਾਨਾਂ ਮੇਖ ਰਿਹਾ ਲਗਾਇਆ, ਸ਼ਬਦ ਜਣਾਏ ਸਾਚੇ ਕੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਬੇਅੰਤ ਬੇਅੰਤਾ । ਸੰਤ ਮਨੀ ਸਿੰਘ ਸ਼ਬਦ ਜੈਕਾਰਾ, ਏਕਾ ਧੁਨ ਉਪਜਾਈਆ । ਅੱਠੇ ਪਹਿਰ ਬਣ ਲਿਖਾਰਾ, ਦਿਵਸ ਰੈਣ ਸੇਵ ਕਮਾਈਆ । ਦੋਏ ਜੋੜ ਕਰੇ ਨਿਮਸਕਾਰਾ, ਕਾਗਜ਼ ਕਲਮ ਦੋਵੇਂ ਰਹੇ ਮੁਸਕਰਾਈਆ । ਗੁਰ ਸਤਿਗੁਰ ਵੇਖੇ ਇਕ ਦਵਾਰਾ, ਦਰ ਦਰਵਾਜ਼ਾ ਖੋਲ੍ਹ ਵਖਾਈਆ । ਪਰਗਟ ਹੋਏ ਗਰੀਬ ਨਿਵਾਜਾ, ਸ੍ਰਿਸ਼ਟ ਸਬਾਈ ਅਨਭੋਲ ਰਖਾਈਆ । ਜਗੇ ਜੋਤ ਦੇਸ ਸਾਝਾ, ਦਿਸ ਕਿਸੇ ਨਾ ਆਈਆ । ਅੰਤਮ ਰਚਿਆ ਕਲਜੁਗ ਕਾਜਾ, ਸਤਿ ਪੁਰਖ ਨਿਰੰਜਣ ਰਿਹਾ ਸਾਹ ਸੁਧਾਈਆ । ਜਨ ਭਗਤਾਂ ਮਾਰੇ ਮਾਤ ਆਵਾਜਾ, ਸਾਚੀ ਬਣਤ ਰਿਹਾ ਬਣਾਈਆ । ਵੇਲੇ ਅੰਤ ਰੱਖੇ ਲਾਜਾ, ਲਾਜਾਵੰਤ ਆਪ ਅਖਵਾਈਆ । ਇਕ ਚਲਾਏ ਨਾਮ ਜਹਾਜ਼ਾ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਕਾਇਆ ਵਿਚ ਸਮਾਈਆ । ਸਰਗੁਣ ਕਾਇਆ ਪੰਜ ਤਤ, ਆਪਣੀ ਆਪ ਹੰਢਾਇੰਦਾ । ਆਪੇ ਬਣਿਆ ਕਮਲਾਪਤ, ਪਤਿਪਰਮੇਸ਼ਵਰ ਆਪ ਅਖਵਾਇੰਦਾ । ਆਪੇ ਰੰਗਣ ਰੰਗਾ ਰੱਤ, ਏਕਾ ਰੰਗਣ ਰੰਗ ਚੜ੍ਹਾਇੰਦਾ । ਆਪੇ ਚੜ੍ਹਿਆ ਸ਼ਬਦੀ ਰਥ, ਰਥ ਰਥਵਾਹੀ ਆਪ ਹੋ ਜਾਇੰਦਾ । ਆਪੇ ਸੁੱਤਾ ਅੰਤਮ ਸੱਥ, ਲੋਕਮਾਤੀ ਸੇਜ ਵਿਛਾਇੰਦਾ । ਆਪੇ ਵੰਡ ਵੰਡਾਈ ਸੀਆਂ ਸਾਢੇ ਤਿੰਨ ਹੱਥ, ਸਮਰਥ ਆਸਣ ਲਾਇੰਦਾ । ਆਪੇ ਮਹਿੰਮਾ ਰਖਾਏ ਅਕਥਨਾ ਅਕੱਥ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਇਕ ਰਖਾਇੰਦਾ । ਜਗਤ ਸਿੰਘਾਸਣ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਸੇਵਕ ਸੇਵਾ ਕਰੇ ਅਪਾਰ, ਚਾਰੋਂ ਕੁੰਟ ਵੇਖ ਵਖਾਇਆ । ਦੇਵੀ ਦੇਵਤ ਆਇਣ ਦਵਾਰ, ਦਰ ਦਵਾਰਿਉਂ ਦਏ ਦੁਰਕਾਇਆ । ਬ੍ਰਹਮਾ ਸ਼ਿਵ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਰਹੇ ਵਹਾਇਆ । ਗੁਰਮੁਖਾਂ ਕਰੇ ਇਕ ਪਿਆਰ, ਆਪ ਆਪਣਾ ਦਰਸ ਦਿਖਾਇਆ । ਮਨਮੁਖਾਂ ਮਾਰੇ

ਅੰਤਮ ਮਾਰ, ਮਦਿਰਾ ਜਾਮ ਇਕ ਪਿਆਇਆ । ਖੇਲੇ ਖੇਲ ਅਪਰ ਅਪਾਰ, ਲੱਖ ਚੁਰਾਸੀ ਤਾਮ ਬਣਾਇਆ । ਭਰਮੇ ਭੁੱਲੇ ਜੀਵ ਗਵਾਰ, ਹੱਡ ਮਾਸ ਨਾੜੀ ਚੰਮ ਕਿਸੇ ਹੱਥ ਨਾ ਆਇਆ । ਕਲਜੁਗ ਰੈਣ ਅੰਧੇਰੀ ਸ਼ਾਮ, ਅੰਧ ਅੰਧੇਰਾ ਰਿਹਾ ਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਮੁਖ ਛੁਪਾਇਆ । ਆਪ ਆਪਣਾ ਮੁਖ ਛੁਪਾਏ, ਨੇਤਰ ਨੈਣ ਮੁਧਾਈਆ । ਦੁੱਖ ਸੁੱਖ ਵਿਚ ਨਾ ਕਦੇ ਆਏ, ਤ੍ਰਿਸ਼ਨਾ ਭੁੱਖ ਨਾ ਕੋਈ ਰਖਾਈਆ । ਮਾਨਸ ਦੇਹੀ ਮਨੁੱਖ ਅਖਵਾਏ, ਮਾਤ ਕੁੱਖ ਸੁਫਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਬੈਠਾ ਆਸਣ ਲਾਈਆ । ਦਰ ਦਵਾਰਾ ਸਿੰਘ ਜਵੰਦ, ਤੇਰਾ ਆਪ ਸੁਹਾਇਆ । ਚਾਰ ਦੀਵਾਰੀ ਹੋਇਆ ਬੰਦ, ਦਿਸ ਕਿਸੇ ਨਾ ਆਇਆ । ਮਾਇਆ ਪੜਦਾ ਪਾਇਆ ਕੰਧ, ਅੰਧ ਅੰਧੇਰ ਰਖਾਇਆ । ਗੁਰਮੁਖਾਂ ਵਖਾਏ ਸਾਚਾ ਚੰਦ, ਏਕਾ ਨੂਰ ਦਰਸਾਇਆ । ਖ਼ੁਸ਼ੀ ਕਰਾਏ ਬੰਦ ਬੰਦ, ਜਿਸ ਜਨ ਆਪਣੀ ਦਇਆ ਕਮਾਇਆ । ਦਿਵਸ ਰੈਣ ਗਾਇਣ ਬੱਤੀ ਦੰਦ, ਸੇਵਕ ਸੇਵਾ ਆਪ ਲਗਾਇਆ । ਅੰਤਮ ਮੁਕਾਏ ਕਲਜੁਗ ਪੰਧ, ਲਹਿਣਾ ਦੇਣਾ ਰਿਹਾ ਚੁਕਾਇਆ । ਇਕ ਸੁਣਾਇਆ ਸੁਹਾਗੀ ਛੰਦ, ਅੱਖਰ ਵੱਖਰ ਨਾਮ ਧਰਾਇਆ । ਗੁਰਮੁਖ ਸਮਾਇਆ ਪਰਮਾਨੰਦ, ਨਿਜ ਘਰ ਆਸਣ ਡੇਰਾ ਲਾਇਆ । ਮਦਿਰਾ ਮਾਸ ਤਜਾਇਆ ਰਸਨਾ ਗੰਦ, ਗੋਬਿੰਦ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਲੇਖਾ ਰਿਹਾ ਮੁਕਾਇਆ । ਕਾਇਆ ਲੇਖਾ ਹਰਿ ਸੰਸਾਰ, ਆਪਣਾ ਆਪ ਚੁਕਾਇੰਦਾ । ਪੰਚਮ ਜੇਠੀ ਲੈ ਅਵਤਾਰ, ਕਲਜੁਗ ਵੇਖ ਵਖਾਇੰਦਾ । ਮਨਮੁਖ ਜੀਵਾਂ ਮਾਰੇ ਮਾਰ, ਮਾਰਨਹਾਰਾ ਮੁਖ ਛੁਪਾਇੰਦਾ । ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪ ਅਖਵਾਇੰਦਾ ।

੭੨੧ ਮਨੀ ਸਿੰਘ ਗਿਆ ਹਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਜੀਵਾਂ ਜੰਤਾਂ ਆਪ ਹਿਲਾਇੰਦਾ । ਪਾਰਬ੍ਰਹਮ ਪ੍ਰਭ ਭੇਵ ਅਪਾਰ, ਭਾਣਾ ਆਪਣੇ ਹੱਥ ੭੨੧

੦੬ ਰਖਾਇੰਦਾ । ਗੁਰਮੁਖਾਂ ਲਹਿਣਾ ਦੇਣਾ ਕਰਜ਼ ਉਤਾਰ, ਆਪਣੀ ਭੇਟਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ੦੬

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰੂਪ ਸਮਾਇੰਦਾ । ਜਗਤ ਨਾਤਾ ਤੋੜ, ਜੋਤੀ ਜੋੜ ਜੁੜਾਇਆ । ਸ਼ਬਦ ਚੜ੍ਹਿਆ ਸਾਚੇ ਘੋੜ, ਘਰ ਸਾਚੇ ਆਸਣ ਲਾਇਆ । ਸਤਿ ਪੁਰਖ ਨਿਰੰਜਣ ਆਪੇ ਬਹੁੜ, ਆਪੇ ਰਿਹਾ ਵਿਚ ਸਮਾਇਆ । ਧੁਰਦਰਗਾਹੀ ਆਇਆ ਦੌੜ, ਜੋਤੀ ਜਾਮਾ ਭੇਖ ਵਟਾਇਆ । ਪੂਤ ਸਪੂਤਾ ਬ੍ਰਹਿਮਣ ਗੌੜ, ਲੇਖਾ ਵੇਖ ਵਖਾਇਆ । ਵੇਖੇ ਪਰਖੇ ਮਿੱਠਾ ਕੌੜ, ਲੱਖ ਚੁਰਾਸੀ ਵੇਖ ਵਖਾਇਆ । ਸੰਬਲ ਨਗਰ ਸਾਢੇ ਤਿੰਨ ਹੱਥ ਲੰਬਾ ਚੌੜ, ਗੁਰ ਗੋਬਿੰਦਾ ਸੰਗ ਰਲਾਇਆ । ਨੀਲਾ ਮਾਰੇ ਪਹਿਲਾ ਪੌੜ, ਸੋਹੰ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤੀ ਖੇਲ ਖਿਲਾਇਆ । ਲੋਕਮਾਤ ਖੇਲ ਖਿਲਾਏ, ਹਰਿ ਹਰਿ ਇਕ ਇਕੱਲਾ । ਜ਼ਾਤ ਪਾਤੀ ਮੇਟ ਮਿਟਾਏ, ਆਪ ਵਸਾਏ ਸਚ ਮਹੱਲਾ । ਤੀਰਥ ਤਾਟੀ ਰਹਿਣ ਨਾ ਪਾਏ, ਸ਼ਬਦ ਉਠਾਏ ਸਾਚਾ ਭੱਲਾ । ਔਖੀ ਘਾਟੀ ਆਪ ਚੜ੍ਹਾਏ, ਸੰਗ ਨਿਭਾਏ ਗੋਬਿੰਦ ਡੱਲਾ । ਪੰਚਮ ਹਾਟੀ ਸ਼ਬਦ ਵਿਕਾਏ, ਸਚ ਸੁਨੇਹੜਾ ਏਕਾ ਘੱਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਸਿੰਘਾਸਣ ਵੇਖ ਵਖਾਏ । ਜਗਤ ਸਿੰਘਾਸਣ ਹਰਿ ਨਿਰੰਕਾਰ, ਆਪੇ ਵੇਖ ਵਖਾਇੰਦਾ । ਹੱਡ ਮਾਸ ਨਾੜੀ ਰੱਤ ਛੱਡ ਪਿਆਰ, ਪੰਜ ਤਤ ਮੁਖ ਭਵਾਵਿੰਦਾ । ਜੋਤੀ ਸ਼ਬਦੀ ਮੀਤ ਮੁਰਾਰ, ਸਾਚੀ ਰੀਤ ਚਲਾਇੰਦਾ । ਛੱਬੀ ਪੋਹ ਦਿਵਸ ਵਿਚਾਰ, ਆਪ ਆਪਣੇ ਰੰਗ ਰੰਗਾਇੰਦਾ ।

ਰੰਗ ਰੰਗੀਲਾ ਅਪਰ ਅਪਾਰ, ਸੂਹਾ ਪੀਲਾ ਵੇਸ ਵਟਾਇੰਦਾ । ਛੈਲ ਛਬੀਲਾ ਵਿਚ ਸੰਸਾਰ, ਸਚ ਕਬੀਲਾ ਇਕ ਬਣਾਇੰਦਾ । ਨੀਲਾ ਨੀਲੀ ਧਾਰੋਂ ਕਰੇ ਬਾਹਰ, ਸੋਹੰ ਚੀਰਾ ਤਨ ਸਜਾਇੰਦਾ । ਮਸਤਕ ਹੀਰਾ ਗੁਰਸਿਖ ਪਿਆਰ, ਨਾਮ ਟਿੱਕਾ ਏਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠੀ ਜੋਤ ਪਰਗਟਾਇੰਦਾ । ਪੰਚਮ ਜੇਠੀ ਜੋਤ ਜਗਾ, ਆਪਣਾ ਰਾਹ ਵਖਾਇਆ । ਪੁੱਤਰ ਧੀਆਂ ਭਰਮ ਭੁਲਾ, ਭੇਵ ਕਿਸੇ ਨਾ ਪਾਇਆ । ਆਪ ਆਪਣਾ ਸ੍ਵਾਂਗ ਵਰਤਾ, ਪੁਰੀ ਘਨਕ ਚਰਨ ਛੁਹਾਇਆ । ਸਚ ਸਿੰਘਾਸਣ ਡੇਰਾ ਲਾ, ਸਾਢੇ ਤਿੰਨ ਹੱਥ ਵੇਖ ਵਖਾਇਆ । ਸਿੰਘ ਸ਼ੇਰ ਰਖਾਇਆ ਆਪਣਾ ਨਾਂ, ਆਪ ਆਪਣੀ ਰਸਨਾ ਗਾਇਆ । ਗੁਰਮੁਖ ਵਿਰਲਾ ਕਰੇ ਦਰ ਦਵਾਰੇ ਹਾਂ, ਜੁਗ ਬੈਠਾ ਮੁਖ ਭਵਾਇਆ । ਪੁਰਖ ਅਬਿਨਾਸ਼ੀ ਲੱਗਾ ਸੱਚਾ ਥਾਂ, ਥਾਨ ਥਨੰਤਰ ਇਕ ਸੁਹਾਇਆ । ਆਪੇ ਵੇਖੇ ਉਡਦੇ ਕਾਂ, ਆਪੇ ਹੰਸਾਂ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਸਿੰਘਾਸਣ ਜਗਤ ਸੰਜੋਗ ਧੁਰ ਦਾ ਲੇਖ ਲਿਖਾਇਆ । ਪੰਚਮ ਜੇਠ ਜਗਤ ਸਿੰਘਾਸਣ, ਬੀਸ ਸਦ ਚਰਨ ਛੁਹਾਇਆ । ਸਚਖੰਡ ਵਜਾਇਆ ਏਕਾ ਨਦ, ਬ੍ਰਹਿਮੰਡ ਹੋਏ ਜਣਾਇਆ । ਪੰਜ ਤਤ ਤੇਰੀ ਪਾਰ ਹੱਦ, ਤਨ ਮਾਟੀ ਖੇਹ ਕਰਾਇਆ । ਸੰਤ ਸੁਹੇਲੇ ਸਾਚੇ ਸੱਦ, ਸ਼ਬਦ ਕਰੇ ਕੁੜਮਾਇਆ । ਭਾਗ ਲਗਾਏ ਵਿਸ਼ਨੂੰ ਯਦ, ਭਗਵਨ ਰੂਪ ਵਟਾਇਆ । ਇਕ ਪਿਆਏ ਸਾਚੀ ਮਦਿ, ਅੰਮ੍ਰਿਤ ਨਾਉਂ ਰਖਾਇਆ । ਆਪਣਾ ਭਾਰ ਆਪੇ ਲੱਦ, ਸੀਸ ਆਪਣੇ ਗਿਆ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇਆ । ਆਪ ਆਪਣੀ ਰਚਨ ਰਚਾਏ, ਖੇਲੇ ਖੇਲਣਹਾਰਾ । ਸ਼ਬਦ ਜਣਾਈ ਇਕ ਕਰਾਏ, ਦੇਵੇ ਨਾਮ ਅਧਾਰਾ । ਸਾਚਾ ਧਾਮ ਇਕ ਸੁਹਾਏ, ਚਾਰ ਕੁੰਟ ਚਾਰ ਦਵਾਰਾ । ਚਾਰ ਮੁਖ ਆਪ ਰਖਾਏ, ਅੱਧ ਵਿਚ ਕੀਆ ਉਤਾਰਾ । ਸ੍ਰਿਸ਼ਟ ਸਬਾਈ ਰਿਹਾ ਹਿਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਪਾਰ ਕਿਨਾਰਾ । ਪਾਰ ਕਿਨਾਰਾ ਆਪਣੇ ਹੱਥ, ਪ੍ਰਭ ਸਾਚੇ ਆਪ ਰਖਾਇਆ । ਸ੍ਰਿਸ਼ਟ ਸਬਾਈ ਪਾਈ ਨੱਥ, ਦਿਸ ਕਿਸੇ ਨਾ ਆਇਆ । ਕਲਜੁਗ ਤੇਰਾ ਕੂੜਾ ਰਥ, ਕੂੜ ਕੁੜਿਆਰਾ ਰਿਹਾ ਚਲਾਇਆ । ਪੁਰਖ ਅਬਿਨਾਸ਼ੀ ਪਾਈ ਨੱਥ, ਚਾਰੋਂ ਕੁੰਟ ਰਿਹਾ ਭਵਾਇਆ । ਮਨਮੁਖ ਜੀਵ ਹੋਏ ਸੱਥ, ਸੱਥਰ ਹੇਠ ਵਿਛਾਇਆ । ਗੁਰਮੁਖਾਂ ਸਗਲ ਵਸੂਰੇ ਗਏ ਲੱਥ, ਨੇਤਰ ਨੈਣ ਦਰਸ਼ਨ ਪਾਇਆ । ਹਰਿ ਚਰਨ ਦਵਾਰੇ ਸਚ ਇਕੱਠ, ਸਾਚਾ ਧਾਮ ਸੁਹਾਇਆ । ਮੰਡਲ ਮੰਡਪ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਇਆ । ਆਪੇ ਗੇੜਨਹਾਰਾ ਉਲਟੀ ਲੱਠ, ਉਲਟੇ ਵਹਿਣ ਵਹਾਇਆ । ਲੇਖਾ ਚੁੱਕੇ ਅੱਠ ਸੱਠ, ਤਿੰਨ ਸੌ ਸੱਠ ਮੂਲ ਨਾ ਭਾਇਆ । ਲਹਿਣਾ ਦੇਣਾ ਗੁਰ ਦਰ ਮਸਜਿਦ ਮੱਠ, ਪ੍ਰਭ ਸਾਚਾ ਰਿਹਾ ਮਿਟਾਇਆ । ਜੁਗ ਜੁਗ ਕਰਨੇਹਾਰਾ ਚੱਠ, ਏਕਾ ਦੂਜਾ ਤੀਜਾ ਚੌਥਾ ਪੰਚਮ ਰਾਗ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਲਹਿਣਾ ਰਿਹਾ ਚੁਕਾਇਆ । ਬੀਸ ਸੌ ਸਦ ਹਰਿ ਨਿਰੰਕਾਰੀ, ਏਕਾ ਜੋਤ ਜਗਾਈਆ । ਬੀਸ ਸੌ ਦੋ ਖੇਲ ਅਪਾਰੀ, ਚਾਰੋਂ ਕੁੰਟ ਵਖਾਈਆ । ਵੀਹ ਸੌ ਤਿੰਨ ਸ਼ਬਦ ਉਡਾਰੀ, ਸਚ ਸਿੰਘਾਸਣ ਇਕ ਵਿਛਾਈਆ । ਵੀਹ ਸੌ ਚਾਰ ਕਰ ਖੁਆਰੀ, ਆਰ ਪਾਰ ਰਿਹਾ ਕਰਾਈਆ । ਬੀਸ ਪੰਜ ਖੇਲ ਨਿਆਰੀ, ਪੰਚਮ ਮੀਤਾ ਮੇਲ ਮਿਲਾਈਆ । ਬੀਸ ਸਦ ਛੇ ਜਗਤ ਸ਼ਿਕਾਰੀ, ਸੋਹੰ ਚਿੱਲਾ ਰਿਹਾ ਚੜ੍ਹਾਈਆ । ਬੀਸ ਸਤ ਜੋਤ ਅਧਾਰੀ, ਜੋਤੀ ਸ਼ਬਦੀ ਬਣਤ ਬਣਾਈਆ । ਬੀਸ ਅੱਠ ਅੱਠ ਵਿਚਾਰੀ, ਬਿਆਸ ਕਿਨਾਰਾ ਪਾਰ


੭੨੨
੦੬

ਕਰਾਈਆ । ਬੀਸ ਨੌ ਨੌ ਦਵਾਰੀ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਬੀਸ ਦਸ ਹਰਿ ਗਿਰਧਾਰੀ, ਗੁਰਮੁਖਾਂ ਦਰ ਸੁਹਾਈਆ । ਬੀਸ ਗਿਆਰਾਂ ਵਡ ਸਿਕਦਾਰੀ, ਜਗਤ ਮਾਇਆ ਲਹਿਣਾ ਦੇਣਾ ਮੂਲ ਸੰਤ ਮਨੀ ਸਿੰਘ ਤੇਰਾ ਆਪ ਚੁਕਾਈਆ । ਸੰਮਤ ਬਾਰਾਂ ਧਾਮ ਅਸਥੂਲ, ਹਾੜ ਸਤਾਰਾਂ ਗੁਰ ਸੰਗਤ ਰਿਹਾ ਬਣਾਈਆ । ਸੰਮਤ ਤੇਰਾਂ ਚੁਕਾਏ ਮੂਲ, ਪਹਿਲੀ ਚੇਤਰ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਸਾਧਾਂ ਸੰਤਾਂ ਵੇਖ ਵਖਾਈਆ । ਨਾਨਕ ਤੇਰਾ ਤੋਲਿਆ ਤੋਲ, ਵਾਲੀ ਹਿੰਦ ਕਰੇ ਜਣਾਈਆ । ਨੌ ਖੰਡ ਪ੍ਰਿਥਮੀ ਆਪੇ ਫੋਲ, ਪੁਰੀਆਂ ਲੋਆਂ ਵੇਖ ਵਖਾਈਆ । ਆਦਿ ਅੰਤ ਬੈਠ ਅਡੋਲ, ਭਗਤ ਜਨਾਂ ਸਦ ਵਸੇ ਕੋਲ, ਮਨਮੁਖਾਂ ਦਿਸ ਨਾ ਆਈਆ । ਸੰਮਤ ਚੌਦਾਂ ਚੌਦਾਂ ਲੋਕਾਂ ਪੜਦੇ ਖੋਲ੍ਹ, ਏਕਾ ਹੱਟ ਰਿਹਾ ਵਖਾਈਆ । ਸ਼ਬਦ ਮਰਦੰਗਾ ਵਜਾਏ ਢੋਲ, ਚਾਰੇ ਕੁੰਟਾਂ ਰਿਹਾ ਜਣਾਈਆ । ਪਹਿਲੀ ਚੇਤਰ ਤੋਲਿਆ ਤੋਲ, ਗੁਰਮੁਖ ਸਾਚੇ ਤੋਲ ਤੁਲਾਈਆ । ਏਕਾ ਇੱਕੀ ਸਿੱਖੀ ਕੋਲ, ਇਕ ਇਕੱਲਾ ਹਰਿ ਰਘੁਰਾਈਆ । ਸਾਚੀ ਸਿੱਖੀ ਪੂਰਾ ਬੋਲ, ਗੁਰ ਗੋਬਿੰਦੇ ਇਕ ਕਰਾਈਆ । ਆਤਮ ਅੰਤਰ ਆਪੇ ਮੌਲ, ਆਪ ਆਪਣੀ ਰੁੱਤ ਸੁਹਾਈਆ । ਆਪੇ ਅੰਦਰ ਰਿਹਾ ਬੋਲ, ਰਾਗ ਰਾਗਨੀ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਤੇਰੀ ਧਾਰ ਪ੍ਰਭ ਸਾਚਾ ਆਪ ਚਲਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਆਪ ਹਿਲਾਇੰਦਾ । ਗੂੰਬੀ ਪੰਥੀ ਕਰੇ ਖ਼ਬਰਦਾਰ, ਪੰਚਮ ਜੇਠੀ ਦਿਵਸ ਸੁਹਾਇੰਦਾ । ਰਾਮਦਾਸ ਤੇਰਾ ਦਰ ਦਰਬਾਰ, ਹਰਿ ਅੰਤਮ ਲੇਖੇ ਲਾਇੰਦਾ । ਪੰਚਮ ਗੁਰ ਮੰਗੇ ਮੰਗ ਭਿਖਾਰ, ਹਰਿ ਭਿਖਿਆ ਝੋਲੀ ਪਾਇੰਦਾ । ਹਰਿ ਮੰਦਰ ਅੰਦਰ ਹਰਿ ਨਿਰੰਕਾਰ, ਆਪ ਆਪਣਾ ਰੰਗ ਵਟਾਇੰਦਾ । ਖੇਲੇ ਖੇਲ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਣਾ ਆਪਣੇ ਹੱਥ ਰਖਾਇੰਦਾ । ਪੰਚਮ ਜੇਠ ਦਿਵਸ ਸੁਭਾਗਾ, ਸੰਮਤ ਚੌਦਾਂ ਰੁੱਤ ਸੁਹਾਈਆ । ਆਪੇ ਸੋਇਆ ਆਪੇ ਜਾਗਾ, ਆਪੇ ਲਏ ਮਾਤ ਅੰਗੜਾਈਆ । ਆਪ ਆਪਣਾ ਧੋਵਣ ਆਇਆ ਦਾਗ਼ਾ, ਆਪ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਸਿੰਘਾਸਣ ਵੇਖ ਵਖਾਈਆ । ਜਗਤ ਸਿੰਘਾਸਣ ਜਗਤ ਮਹੱਲਾ, ਹਰਿ ਸਾਚਾ ਵੇਖ ਵਖਾਇੰਦਾ । ਪੰਚਮ ਜੇਠੀ ਕਰਿਆ ਹੱਲਾ, ਪਹਿਲਾ ਵਾਰ ਕਰਾਇੰਦਾ । ਆਪੇ ਉਪਰ ਆਪੇ ਥੱਲਾ, ਆਪੇ ਮੁਖ ਭਵਾਇੰਦਾ । ਆਪੇ ਹੋਇਆ ਵਲ ਛੱਲਾ, ਅਛਲ ਅਛੱਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਸਿੰਘਾਸਣ ਆਪ ਵਖਾਇੰਦਾ । ਜਗਤ ਸਿੰਘਾਸਣ ਆਪ ਉਲਟਾ, ਆਪਣੀ ਕਲ ਵਰਤਾਈਆ । ਚਾਰੇ ਪੈਰ ਉਪਰ ਉਠਾ, ਚਾਰੇ ਜੁਗ ਝੋਲੀ ਪਾਈਆ । ਸੰਤ ਸੁਹੇਲੇ ਚਰਨ ਬਿਠਾ, ਆਪ ਆਪਣਾ ਸੰਗ ਨਿਭਾਈਆ । ਪ੍ਰਭ ਕਾ ਭਾਣਾ ਲਾਗੇ ਮੀਠਾ, ਹਰਿ ਸ਼ਬਦੀ ਸ਼ਬਦ ਜਣਾਈਆ । ਖੇਲੇ ਖੇਲ ਜਗਤ ਅਨਡੀਠਾ, ਵੇਖ ਕੋਇ ਨਾ ਪਾਈਆ । ਜਗਤ ਪਲੰਘ ਉਲਟੀ ਪਿੱਠਾ, ਧਰਤ ਮਾਤ ਬੈਠੀ ਸੱਥ ਵਛਾਈਆ । ਹਰਿਜਨ ਰੱਖੇ ਸਾਇਆ ਹੇਠਾਂ, ਸਿਰ ਆਪਣਾ ਹੱਥ ਟਿਕਾਈਆ । ਵਕਤ ਸੁਹਾਏ ਪੰਚਮ ਜੇਠਾ, ਵੀਹ ਸੌ ਚੌਦਾਂ ਖ਼ੁਸ਼ੀ ਮਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਲਟੀ ਲੱਠ ਗਿੜਾਈਆ । ਜਗਤ ਤਖ਼ਤ ਆਪ ਉਲਟਾਏ, ਆਪਣੀ ਕਲ ਵਰਤਾਈਆ । ਸ਼ਾਹ ਸੁਲਤਾਨ ਹੋਣ ਹਲਕਾਏ, ਨਾ ਕੋਇ ਧੀਰ ਧਰਾਈਆ । ਫੜ ਫੜ ਬਾਹੋਂ ਲਏ ਜਗਾਏ, ਸੋਇਆ ਕੋਈ ਰਹਿਣ ਨਾ ਪਾਈਆ । ਪਹਿਲੀ ਕੂਟੇ ਮੇਲ ਮਿਲਾਏ, ਲੇਖਾ ਲਿਖਿਆ ਪੂਰ ਕਰਾਈਆ । ਖਾਲੀ

੭੨੩
੦੬

ਠੂਠੇ ਹੱਥ ਫੜਾਏ, ਈਸਾ ਮੂਸਾ ਦਏ ਦੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੋ ਜਹਾਨਾਂ ਵੇਖ ਵਖਾਈਆ । ਜਗਤ ਸਿੰਘਾਸਣ ਹੋਇਆ ਪੁੱਠਾ, ਉਲਟੀ ਰੀਤ ਚਲਾਈਆ । ਪੁਰਖ ਅਬਿਨਾਸ਼ੀ ਆਪੇ ਤੁੱਠਾ, ਮੰਦਰ ਮਸਜਿਦ ਗੁਰਦਵਾਰਾ ਜਗਤ ਮਸੀਤ ਕੋਈ ਰਹਿਣ ਨਾ ਪਾਈਆ । ਰਾਜ ਰਾਜਾਨ ਲੁਕਿਆ ਰਹੇ ਨਾ ਕੋਈ ਗੁੱਠਾ, ਸਭ ਦੀ ਰਿਹਾ ਜੜ੍ਹ ਹਿਲਾਈਆ । ਆਸਣ ਚੁੱਕਿਆ ਜੂਠਾ ਝੂਠਾ, ਉਪਰ ਹੇਠਾਂ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵੀਹ ਸਦ ਚੌਦਾਂ ਤੇਰੀ ਧਾਰ ਵਿਚ ਸੰਸਾਰ ਅੰਤਮ ਵਾਰ ਉਲਟੀ ਆਪ ਚਲਾਈਆ । ਉਲਟੀ ਧਾਰ ਉਲਟੀ ਨਭ, ਉਲਟੀ ਗੰਗ ਵਹਾਇੰਦਾ । ਨਾਤਾ ਤੁੱਟੇ ਸਾਕ ਸੱਜਣ ਸੈਣ ਸਭ, ਧਰਮ ਰਾਏ ਲੇਖਾ ਮੰਗੇ ਕੱਢ ਕੱਢ ਵਹੀਆ, ਚਿਤਰ ਗੁਪਤ ਵੇਖ ਵਖਾਇੰਦਾ । ਨਾ ਕੋਈ ਭਾਈ ਮਾਤ ਪਿਤ ਪਿਤਾ ਪੂਤ ਮਈਆ, ਭੈਣਾਂ ਭਈਆ ਸੰਗ ਨਿਭਾਇੰਦਾ । ਗੁਰਮੁਖ ਵਿਰਲਾ ਗੁਰ ਚਰਨ ਦਵਾਰੇ ਮਾਤ ਰਹੀਆ, ਰਾਹ ਖਹਿੜਾ ਬੰਦ ਕਰਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਏਕਾ ਡੰਕ ਵਜਾਇੰਦਾ ।

### ❋ ੫ ਜੇਠ ੨੦੧੪ ਬਿਕ੍ਰਮੀ ਸੈਨਾਪਤੀ ਕ੍ਰਿਸ਼ਨਾ ਮੈਨਨ ਅਤੇ ਰਾਸ਼ਟਰਪਤੀ ਡਾ੦ ਰਾਜਿੰਦਰ ਪ੍ਰਸਾਦ ਨੂੰ ਸ਼ਬਦ ਭੇਜੇ ਗਏ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ❋

ਭਾਰਤ ਖੰਡ ਸੈਨਾਪਤ, ਉਠ ਬਾਲ ਨਾਦਾਨ । ਪੁਰਖ ਅਬਿਨਾਸ਼ੀ ਦੇ ਸਮਝਾਵੇ ਮਤ, ਰਾਜ ਇੰਦਰ ਵੇਖ ਵਿਖਾਨ । ਜੂਠਾ ਝੂਠਾ ਲੇਖਾ ਪੰਚਮ ਤਤ, ਮਨਮੁਖ ਜੀਵ ਅੰਤ ਪਛਤਾਨ । ਲੱਖ ਚੁਰਾਸੀ ਟੁੱਟੇ ਧੀਰਜ ਯਤ, ਦਰ ਘਰ ਸਰਬ ਪਛਤਾਨ । ਨਾੜੀ ਨਾੜ ਉਬਲੇ ਰੱਤ, ਵੇਖੇ ਖੇਲ ਮੁਗਲ ਪਠਾਨ । ਜਗਤ ਸਿਆਸਤ ਪਾਈ ਨੱਥ, ਭੁੱਲਿਆ ਗੁਣ ਨਿਧਾਨ । ਪੰਚਮ ਜੇਠ ਮੰਗੀ ਇਕ ਵੱਥ, ਲਿਖਣਾ ਲੇਖ ਮਹਾਨ । ਸੰਮਤ ਚੌਦਾਂ ਚੜ੍ਹਿਆ ਸਾਚੇ ਰਥ, ਜੋਤ ਸਰੂਪ ਸ੍ਰੀ ਭਗਵਾਨ । ਜੁਗ ਜੁਗ ਮਹਿੰਮਾ ਅਕਥਨਾ ਅਕੱਥ, ਰਾਮ ਰਾਮਾ ਕ੍ਰਿਸ਼ਨਾ ਕਾਹਨ । ਪੂਤ ਸਪੂਤਾ ਆਪੇ ਦਸਰਥ, ਗੋਕਲ ਮਥਰਾ ਵੇਖ ਵਿਖਾਨ । ਕਲਜੁਗ ਅੰਤਮ ਵੇਖੇ ਵੱਥ, ਨੌ ਖੰਡ ਪ੍ਰਿਥਮੀ ਮਾਰ ਧਿਆਨ । ਜਗਤ ਹੰਕਾਰੀ ਝੂਠਾ ਯਸ਼, ਰਾਜ ਮੰਤਰੀ ਸਰਬ ਕੁਰਲਾਨ । ਅੰਤਮ ਨੇਤਰ ਨੀਰ ਵਹਾਇਣ ਅੱਥ, ਰੋ ਰੋ ਮਾਤ ਕੁਰਲਾਨ । ਜਗਤ ਮੁਨਾਰਾ ਜਾਏ ਢੱਠ, ਏਕਾ ਝੁੱਲੇ ਧਰਮ ਨਿਸ਼ਾਨ । ਲੇਖਾ ਚੁੱਕੇ ਅੱਠ ਸੱਠ, ਤੀਰਥ ਤਟ ਮੁਖ ਛੁਪਾਨ । ਕਲਜੁਗ ਕਾਲਾ ਰਿਹਾ ਨੱਠ, ਦਹਿ ਦਿਸ਼ਾ ਵੇਖ ਵਖਾਨ, ਪੰਚਮ ਜੇਠੀ ਸਾਚੀ ਚੱਠ, ਜਗਤ ਸਿੰਘਾਸਣ ਚਰਨਾਂ ਹੇਠ ਰਖਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੇਤਰ ਖੋਲ੍ਹੇ ਇਕ ਗਿਆਨ । ਨੇਤਰ ਬੰਦ ਜਗਤ ਕਿਵਾੜਾ, ਬੁੱਧ ਮਤ ਚਤੁਰਾਈਆ । ਕਲਜੁਗ ਮਾਇਆ ਲੁੱਟੀ ਜਾਏ ਦਿਨ ਦਿਹਾੜਾ, ਪੰਚਮ ਚੋਰਾਂ ਨਾਲ ਰਲਾਈਆ । ਅੱਠੇ ਪਹਿਰ ਧਾੜਾ, ਸੁਖਆਸਣ ਚੈਨ ਨਾ ਪਾਈਆ । ਪਰਗਟ ਹੋਇਆ ਧੁਰਦਰਗਾਹੀ ਸਾਚਾ ਲਾੜਾ, ਨਿਹਕਲੰਕਾ ਨਾਉਂ ਰਖਾਈਆ । ਧਰਤ ਮਾਤ ਵੇਖੇ ਇਕ ਅਖਾੜਾ, ਸ਼ਾਹ ਈਰਾਨ ਰਿਹਾ ਜਗਾਈਆ । ਲਾਲ ਗੁਲਾਲਾ ਰੰਗ ਚਾੜ੍ਹੇ ਗਾੜ੍ਹਾ, ਸਾਚਾ ਪੱਲੂ ਰਿਹਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਪੰਚਮ ਲੇਖਾ ਰਿਹਾ ਜਣਾਈਆ । ਪੰਚਮ ਲੇਖਾ ਧੁਰ ਫ਼ਰਮਾਨ, ਦੇਵੇ ਹਰਿ ਭਗਵਾਨਿਆ । ਵੇਲੇ ਅੰਤ ਸਰਬ ਪਛਤਾਨ, ਸ਼ਾਹ ਸੁਲਤਾਨ ਰਾਜ ਰਾਜਾਨਿਆ । ਸੁੰਞਾ ਦਿਸੇ ਮੰਦਰ ਮਕਾਨ, ਲੋਕਮਾਤ ਹੋਏ ਵੈਰਾਨਿਆ । ਪ੍ਰਭ ਕਾ ਭਾਣਾ ਖੇਲ ਮਹਾਨ, ਖੇਲੇ ਖੇਲ ਦੋ ਜਹਾਨਿਆ । ਰਸਨਾ ਚਿਲ੍ਹਾ ਤੀਰ ਕਮਾਨ, ਸੋਹੰ ਖੰਡਾ ਹੱਥ ਉਠਾਨਿਆ । ਆਪ ਉਠਾਏ ਮੁਗਲ ਪਠਾਨ, ਸ਼ਾਹ ਤਹਿਰਾਨ ਸੰਗ ਅਫਗਾਨਿਆ । ਮੱਕਾ ਕਾਅਬਾ ਵੇਖ ਦੁਕਾਨ, ਦੇਵੇ ਦਾਨ ਧੁਰ ਫ਼ਰਮਾਨਿਆ । ਸੰਗ ਫਰੰਗੀ ਜਗਤ ਸ਼ੈਤਾਨ, ਏਕਾ ਦੂਜਾ ਸੰਗ ਨਿਭਾਨਿਆ । ਈਸਾ ਮੂਸਾ ਏਕਾ ਗਾਨ, ਏਕਾ ਨਾਦ ਤਰਾਨਿਆ । ਚੀਨਾ ਰੂਸਾ ਵੇਖ ਨਾਦਾਨ, ਕਾਲਾ ਸੂਸਾ ਤਨ ਪਹਿਨਾਨਿਆ । ਸ਼ਬਦ ਹਦੀਸਾ ਵਿਚ ਜਹਾਨ, ਹਰਿ ਸਾਚਾ ਵੇਖ ਵਖਾਨਿਆ । ਖਾਲੀ ਖੀਸਾ ਸ਼ਾਹ ਸੁਲਤਾਨ, ਮਾਇਆ ਰਾਣੀ ਮੁਖ ਭਵਾਨਿਆ । ਬੀਸ ਇਕੀਸਾ ਹਰਿ ਭਗਵਾਨ, ਧਰਮ ਝੁਲਾਏ ਇਕ ਨਿਸ਼ਾਨਿਆ । ਵਿਚ ਉਨੀਸਾ ਹੋਏ ਵੈਰਾਨ, ਅੱਲਾ ਰਾਣੀ ਮੁਖ ਛੁਪਾਨਿਆ । ਅੱਠ ਅਠਾਰਾਂ ਬੇਪਛਾਨ, ਜਲ ਧਾਰ ਰੂਪ ਸਮਾਨਿਆ । ਸੱਤ ਸਤਾਰਾਂ ਸਰਬ ਕੁਰਲਾਨ, ਮੁਗਲ ਪਠਾਣ ਸੰਗ ਹਿੰਦਵਾਨਿਆ । ਸੰਮਤ ਸੋਲਾਂ ਜਾਣੀ ਜਾਣ, ਬਿਆਸ ਕਿਨਾਰਾ ਪਾਰ ਕਰਾਨਿਆ । ਪੰਦਰਾਂ ਅੰਦਰ ਵੇਖੇ ਮਾਰ ਧਿਆਨ, ਡੂੰਘੀ ਕੁੰਦਰਾ ਜੀਵ ਸ਼ੈਤਾਨਿਆ । ਸੰਮਤ ਚੌਦਾਂ ਲਿਖਿਆ ਲੇਖ ਮਹਾਨ, ਇੱਕੀ ਚੇਤਰ ਦਿਵਸ ਸੁਜਾਨਿਆ । ਮੰਗੀ ਮੰਗ ਇਕ ਅਨਜਾਣ, ਲਿਖਣਾ ਲੇਖ ਦਰ ਪਰਵਾਨਿਆ । ਪੰਚਮ ਜੇਠ ਗੁਣ ਨਿਧਾਨ, ਖੇਲੇ ਖੇਲ ਦੋ ਜਹਾਨਿਆ । ਜਗਤ ਸਿੰਘਾਸਣ ਮੁਖ ਭਵਾਨ, ਉਲਟੀ ਕਲ ਵਰਤਾਨਿਆ । ਕੋਈ ਨਾ ਦੇਵੇ ਕਿਸੇ ਦਾਨ, ਸਾਧ ਸੰਤ ਹੋਏ ਹੈਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਸੈਨਾਪਤ ਵੇਖੇ ਘਰ, ਘਰ ਸਾਚਾ ਕਵਣ ਪਛਾਨਿਆ । ਸੈਨਾਪਤ ਸਾਜਨ ਸਾਜ, ਏਕਾ ਸਾਜ ਬਣਾਇਆ । ਜੋਧਾ ਸੂਰਾ ਰਾਜਨ ਰਾਜ, ਬਲੀ ਬਲਵਾਨ ਅਖਵਾਇਆ । ਸੱਤ ਰੰਗ ਨਿਸ਼ਾਨਾ ਜਗਤ ਜਹਾਨ, ਪ੍ਰਭ ਸਾਚੇ ਆਪ ਝੁਲਾਇਆ । ਪੰਚਮ ਮੁਖ ਬਖ਼ਸ਼ਿਆ ਤਾਜ ਮਹਾਨ, ਭੁੱਲ ਕਿਉਂ ਮੁਖ ਛੁਪਾਇਆ । ਪੰਚਮ ਲੇਖਾ ਸੋਹੰ ਦਾਜ, ਪ੍ਰਭ ਸਾਚੇ ਝੋਲੀ ਪਾਇਆ । ਚਰਨ ਜੋੜਾ ਸ਼ਬਦ ਘੋੜਾ ਰਕਾਬ, ਨੌ ਸੱਤ ਸੋਲਾਂ ਆਸਣ ਲਾਇਆ । ਸ਼ਬਦ ਸੋਟੀ ਦਏ ਅਜ਼ਾਬ, ਮਨਮੁਖ ਜੀਵਾਂ ਦਏ ਸਜ਼ਾਇਆ । ਵੇਖ ਵਖਾਣੇ ਸ਼ਾਹ ਨਵਾਬ, ਜਗਤ ਅਹਿਬਾਬ ਇਕ ਅਖਵਾਇਆ । ਨਾਮ ਸਿਤਾਰ ਵਜਾਏ ਰਬਾਬ, ਸਾਰੰਗੀ ਸਾਰੰਗਾ ਰਿਹਾ ਹਿਲਾਇਆ । ਨਾ ਕੋਈ ਖਾਏ ਭੁੰਨ ਕਬਾਬ, ਮਦਿਰਾ ਮਾਸ ਨਾ ਮੁਖ ਲਗਾਇਆ । ਕਿਸੇ ਹੱਥ ਨਾ ਆਏ ਹਯਾਤ ਆਬ, ਮੌਲਾਨਾ ਆਜ਼ਾਦ ਰਿਹਾ ਸਮਝਾਇਆ । ਪੰਡਤ ਨਹਿਰੂ ਵੇਖ ਹਿਸਾਬ, ਪੰਡਤ ਪਾਂਧੇ ਸੰਗ ਰਲਾਇਆ । ਇੰਦਰ ਪ੍ਰਸਾਦ ਕਵਣ ਖਿਤਾਬ, ਕਵਣ ਸੀਸ ਤਾਜ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਏ ਰਿਹਾ ਜਗਤ ਉਠਾਇਆ । ਸੈਨਾਪਤ ਤੇਜ ਕਟਾਰ, ਪ੍ਰਭ ਸਾਚੇ ਹੱਥ ਉਠਾਇਆ । ਕਲਜੁਗ ਅੰਤਮ ਲਏ ਅਵਤਾਰ, ਸ਼ਬਦ ਘੋੜੇ ਤੰਗ ਕਸਾਈਆ । ਪੰਚਮ ਅੱਸੂ ਆਇਆ ਦਿੱਲੀ ਦਰਬਾਰ, ਪੀਲੇ ਬਸਤਰ ਤਨ ਛੁਹਾਈਆ । ਸੰਮਤ ਚੌਦਾਂ ਕਰਿਆ ਖ਼ਬਰਦਾਰ, ਭੁੱਲ ਰਹੇ ਨਾ ਰਾਈਆ । ਦੇਸ ਪਰਦੇਸ਼ਾ ਨਾਤਾ ਤੁੱਟੇ ਮੀਤ ਮੁਰਾਰ, ਹਰਿ ਬਿਨ ਸੰਗ ਨਾ ਕੋਇ ਨਿਭਾਈਆ । ਕਲਜੁਗ ਮਾਇਆ ਭੱਠ ਤਪੇ ਅੰਗਿਆਰ, ਪ੍ਰਭ ਸਾਚਾ ਰਿਹਾ ਤਪਾਈਆ । ਇੱਕੀ ਜੇਠ ਵੇਖ ਵਿਚਾਰ, ਤ੍ਰੈਗੁਣ ਮਾਇਆ ਲੰਬੂ ਲਾਈਆ । ਪੰਜ ਤਤ ਹੋਏ ਖੁਆਰ, ਚਾਰੋਂ ਕੁੰਟ ਜਗਤ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਜੋਤ ਧਰ, ਨਿਹਕਲੰਕ ਨਰਾਇਣ


੭੨੫
੦੬

ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਲਿਖਿਆ ਲੇਖ ਦਰ ਪੁਜਾਈਆ । ਪੰਚਮ ਲੇਖਾ ਅੰਤਮ ਆਉਣਾ, ਘਰ ਮੰਦਰ ਹਰਿ ਵਿਚਾਰਨਾ । ਸਾਚੀ ਸੇਜ ਨਾ ਮਿਲੇ ਸੌਣਾ, ਪ੍ਰਭ ਸਾਚਾ ਮਨ ਵਿਸਾਰਨਾ । ਕਲਜੁਗ ਖੇਲ ਹਰਿ ਕਲ ਵਰਤਾਉਣਾ, ਨਾ ਕੋਈ ਦੀਸੇ ਹੋਰ ਸਹਾਰਨਾ । ਸੰਮਤ ਚੌਦਾਂ ਚੌਦਾਂ ਲੋਕ ਹਿਲਾਉਣਾ, ਗੜ੍ਹ ਤੋੜ ਕਿਲ੍ਹਾ ਹੰਕਾਰਨਾ । ਲਿਖਿਆ ਲੇਖ ਪੂਰ ਕਰਾਉਣਾ, ਆਪ ਆਪਣਾ ਕਾਜ ਸਵਾਰਨਾ । ਭਰਮ ਭੁਲੇਖਾ ਦੂਰ ਕਰਾਉਣਾ, ਜੋ ਆਏ ਦਰ ਦਵਾਰਨਾ । ਧਾਰੀ ਕੇਸ ਨਾ ਸੰਗ ਨਿਭਾਉਣਾ, ਮੁੰਡ ਮੁੰਡਾਏ ਨਾ ਮੁਖ ਭਵਾਵਨਾ । ਵਰਨ ਬਰਨ ਪ੍ਰਭ ਮੇਟ ਮਿਟਾਉਣਾ, ਏਕਾ ਰਾਗ ਅਪਾਰਨਾ । ਸੋਹੰ ਸਾਚਾ ਜਾਪ ਜਪਾਉਣਾ, ਸਤਿ ਪੁਰਖ ਨਿਰੰਜਣ ਗੁਰਮੁਖਾਂ ਉਤੋਂ ਕਰੇ ਸਲਵਾਰਨਾ । ਏਕਾ ਡੰਕਾ ਰਾਓ ਰੰਕ ਵਜਾਉਣਾ, ਮਾਇਆ ਸ਼ੰਕਾ ਸਰਬ ਨਿਵਾਰਨਾ । ਸੰਮਤ ਪੰਦਰਾਂ ਪੰਦਰਾਂ ਕੱਤਕ ਲੰਕਾ ਗੜ੍ਹ ਸਪੂਤਾ ਰਾਵਣਾ, ਰਾਮਾ ਦੁੱਖ ਨਿਵਾਰਨਾ । ਸ਼ਾਹ ਭਬੀਖਨ ਸੰਗ ਰਲਾਉਣਾ, ਲਹਿਣਾ ਦੇਣਾ ਕਰਜ਼ ਉਤਾਰਨਾ । ਅੰਤ ਦਵਾਰੇ ਸਾਚੇ ਆਉਣਾ, ਪ੍ਰਭ ਸਾਚੇ ਕਾਜ ਸਵਾਰਨਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਦੇਸ ਮਾਝੇ ਪਾਉਣਾ, ਜੋਤੀ ਜਾਮਾ ਭੇਖ ਸ਼ਬਦ ਅਧਾਰਨਾ । ਅਲਖ ਅਗੋਚਰ ਅਗੰਮ ਅਥਾਹ ਏਕਾ ਧਾਮ ਸੁਹਾਉਣਾ, ਦਿੱਲੀ ਦਰ ਸੱਚੇ ਦਰਬਾਰਨਾ । ਨੌ ਖੰਡ ਪ੍ਰਿਥਮੀ ਮਥ ਵਖਾਉਣਾ, ਏਕਾ ਮਾਰੇ ਨਾਮ ਮਾਰਨਾ । ਸਾਢੇ ਤਿੰਨ ਹੱਥ ਸੀਆਂ ਵੰਡ ਵੰਡਾਉਣਾ, ਮਾਨਸ ਦੇਹੀ ਕਾਜ ਸਵਾਰਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੀ ਬੀਸ ਬੀਸੇ ਬੰਨ੍ਹੇ ਧਾਰਨਾ ।



## ✳ ੨੦ ਜੇਠ ੨੦੧੪ ਬਿਕ੍ਰਮੀ ਸੋਹਣ ਸਿਘ ਦੇ ਗ੍ਰਹਿ ਪਿੰਡ ਮੁੰਡੀ ਜਮਾਲ ਜ਼ਿਲਾ ਫਿਰੋਜ਼ਪੁਰ ✳

ਪੰਚਮ ਜੇਠ ਖੋਜ ਬ੍ਰਹਿਮੰਡ, ਜੋਤੀ ਵੰਡ ਵੰਡਾਇਆ । ਵੇਖ ਵਖਾਣੇ ਜੇਰਜ ਅੰਡ, ਉਤਭੁਜ ਸੇਤਜ ਭੇਵ ਖੁਲ੍ਹਾਇਆ । ਆਪੇ ਸੁੱਤਾ ਦੇ ਕਰ ਕੰਡ, ਪੁਰਖ ਅਬਿਨਾਸ਼ੀ ਦਿਸ ਨਾ ਆਇਆ । ਨੌ ਖੰਡ ਪ੍ਰਿਥਮੀ ਖੰਡ ਖੰਡ, ਸ਼ਬਦ ਖੰਡਾ ਰਿਹਾ ਵਖਾਇਆ । ਤ੍ਰੈਗੁਣ ਮਾਇਆ ਦੁਹਾਗਣ ਹੋਵੇ ਰੰਡ, ਬ੍ਰਹਮਾ ਰੋਵੇ ਦਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,, ਪੰਚਮ ਜੇਠਾ ਮੋਖ ਦਵਾਇਆ । ਪੰਚਮ ਜੇਠਾ ਦੋ ਜਹਾਨਾਂ, ਜਗਤ ਨਿਸ਼ਾਨਾ ਰਿਹਾ ਵਖਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਹਰਿ ਭਗਵਨ ਰੂਪ ਵਟਾਈਆ । ਨਾ ਕੋਈ ਜਾਣੇ ਜੀਵ ਨਾਦਾਨਾ, ਗਿਆਨ ਧਿਆਨ ਭੇਵ ਨਾ ਪਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾਂ, ਅੰਜੀਲ ਕੁਰਾਨਾਂ ਦਿਸ ਨਾ ਆਈਆ । ਖਾਣੀ ਬਾਣੀ ਹੋਏ ਹੈਰਾਨਾ, ਗ੍ਰੰਥੀ ਪੰਥੀ ਬੈਠੇ ਮੁਖ ਛੁਪਾਈਆ । ਏਕਾ ਚੱਲੇ ਤੀਰ ਨਿਸ਼ਾਨਾ, ਸ਼ਿਵ ਸ਼ੰਕਰ ਮੁਖ ਭਵਾਈਆ । ਸ਼ਿਵ ਸ਼ੰਕਰ ਵੇਖੇ ਮਾਰ ਧਿਆਨਾ, ਪ੍ਰਭ ਚਰਨ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਜਾਣੀ ਜਾਣਾ, ਲੋਆਂ ਪੁਰੀਆਂ ਖੋਜ ਖੁਜਾਈਆ । ਆਪ ਉਪਾਏ ਆਪ ਮਿਟਾਏ, ਆਪੇ ਖੇਲੇ ਖੇਲ ਜਹਾਨਾਂ, ਆਪ ਆਪਣੀ ਬਣਤ ਬਣਾਈਆ । ਕਲਜੁਗ ਤੇਰਾ ਅੰਤ ਨਿਸ਼ਾਨਾ, ਹਰਿ ਏਕਾ ਏਕ ਵੇਖ ਵਖਾਈਆ । ਤ੍ਰੈਗੁਣ ਮਾਇਆ ਬੱਧਾ ਗਾਨਾ, ਲੱਖ ਚੁਰਾਸੀ ਬਣਤ ਬਣਾਈਆ । ਪੰਚਮ ਤਤ ਦਰ ਕਰ ਪਰਵਾਨਾ, ਮਨ ਮਤ ਬੁਧ ਸੰਗ ਰਲਾਈਆ । ਅੱਠ ਤਤ ਕਲ ਚਤਰ ਸੁਜਾਨਾ, ਗੋਬਿੰਦ ਭੇਵ ਨਾ ਰਾਈਆ । ਗੋਬਿੰਦ ਹਰਿ ਹਰਿ ਗੁਣ ਨਿਧਾਨਾ, ਨਿਰਗੁਣ ਰੂਪ ਸਮਾਈਆ । ਸਰਗੁਣ ਵੇਖੇ ਮਾਰ ਧਿਆਨਾ, ਚਤਰਭੁਜ ਅਖਵਾਈਆ । ਲੋਆਂ

ਪੁਰੀਆਂ ਇਕ ਬਿਬਾਨਾ, ਮਾਤ ਪਤਾਲ ਆਕਾਸ਼ ਰਿਹਾ ਚੜ੍ਹਾਈਆ । ਜੋਧਾ ਸੂਰ ਬਲੀ ਬਲਵਾਨਾ, ਏਕਾ ਖੰਡਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਕਲ ਵਰਤਾਈਆ । ਪੰਚਮ ਜੇਠਾ ਜਗਤ ਨਿਧਾਨ, ਗੋਬਿੰਦ ਭੇਵ ਨਾ ਰਾਇਆ । ਪਾਰਬ੍ਰਹਮ ਖੇਲ ਮਹਾਨ, ਜੁਗ ਜੁਗ ਕਰਦਾ ਆਇਆ । ਕਲਜੁਗ ਵੇਖੇ ਮਾਰ ਧਿਆਨ, ਦਰ ਦਰਵੇਸ਼ਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੁਗਤ ਜਗ ਆਪਣੇ ਹੱਥ ਰਖਾਇਆ । ਆਪਣੇ ਹੱਥ ਹਰਿ ਵਡਿਆਈ, ਏਕਾ ਏਕ ਰਖਾਈਆ । ਸ੍ਰਿਸ਼ਟ ਸਬਾਈ ਆਪ ਉਪਾਈ, ਆਪੇ ਰੁੱਤ ਮਿਟਾਈਆ । ਸੂਰਜ ਚੰਨ ਰਵ ਸਸ ਦੇਣ ਦੁਹਾਈ, ਦਰ ਦਵਾਰ ਰਹੇ ਕੁਰਲਾਈਆ । ਕਰੋੜ ਤੇਤੀਸਾ ਰੋਵੇ ਮਾਰੇ ਧਾਈਂ, ਨੇਤਰ ਨੈਣਾਂ ਨੀਰ ਵਹਾਈਆ । ਸੁਰਪਤ ਰਾਜਾ ਇੰਦ ਗਲ ਵਿਚ ਪਾਏ ਬਾਹੀਂ, ਹੋਣੀ ਅੰਤ ਜੁਦਾਈਆ । ਸ਼ਿਵ ਸ਼ੰਕਰ ਉਠਾਏ ਥਾਉਂ ਥਾਈਂ, ਪ੍ਰਭ ਸਾਚੇ ਸੇਵਾ ਲਾਈਆ । ਬ੍ਰਹਮਾ ਵੇਖੇ ਚਾਈਂ ਚਾਈਂ, ਕਲਜੁਗ ਰੈਣ ਅੰਧੇਰੀ ਛਾਈਆ । ਲੱਖ ਚੁਰਾਸੀ ਰਹਿਣੀ ਨਾਹੀਂ, ਖਾਣੀ ਬਾਣੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਨਿਰੰਜਣ ਆਪ ਜਗਾਈਆ । ਆਦਿ ਨਿਰੰਜਣ ਜੋਤ ਪਰਕਾਸ਼ਾ, ਅਕਲ ਕਲਾ ਭਰਪੂਰਾ । ਆਦਿ ਅੰਤ ਨਾ ਕਦੇ ਵਿਨਾਸਾ, ਆਪੇ ਨੇੜੇ ਆਪੇ ਦੂਰਾ । ਹਰ ਘਟ ਅੰਦਰ ਕਰੇ ਵਾਸਾ, ਦੀਪਕ ਜੋਤੀ ਬਖ਼ਸ਼ੇ ਨੂਰਾ । ਆਪੇ ਦੇਵੇ ਪਵਣ ਸਵਾਸਾ, ਧੁਨ ਅਨਾਦੀ ਸ਼ਬਦ ਤੂਰਾ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਜਨ ਭਗਤਾਂ ਸਦ ਹਾਜ਼ਰ ਹਜ਼ੂਰਾ । ਸਾਚੇ ਮੰਡਲ ਪਾਵੇ ਰਾਸਾ, ਦਿਸ ਨਾ ਆਏ ਮੂਰਖ ਮੂੜ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਵਰ, ਕਲਜੁਗ ਅੰਤ ਕਰਾਏ ਪੂਰਾ । ਕਲਜੁਗ ਤੇਰੀ ਅੰਤਮ ਵਾਰ, ਤ੍ਰੈਗੁਣ ਭੇਟ ਚੜ੍ਹਾਈਆ । ਆਪੇ ਬਖ਼ਸ਼ਣਹਾਰਾ ਦਾਤ, ਆਪ ਆਪਣੀ ਕਲ ਵਰਤਾਈਆ । ਆਪੇ ਹੋਏ ਸਾਂਤਕ ਸਾਂਤ, ਸਤਿ ਸਰੂਪ ਸਮਾਈਆ । ਰਾਜਸ ਤਾਮਸ ਬੰਨ੍ਹੇ ਨਾਤ, ਨਿਜ ਘਰ ਵੇਖ ਵਖਾਈਆ । ਆਪੇ ਬੈਠਾ ਇਕ ਇਕਾਂਤ, ਆਪਣੀ ਰਚਨਾ ਆਪਣੇ ਹੱਥ ਰਖਾਈਆ । ਜੁਗ ਜੁਗ ਵੇਖੇ ਮਾਰ ਝਾਤ, ਆਪ ਆਪਣਾ ਪੜਦਾ ਲਾਹੀਆ । ਹਰਿਜਨ ਮੇਲਾ ਕਮਲਾਪਾਤ, ਨੇਤਰ ਨੈਣਾ ਦਰਸ ਦਖਾਈਆ । ਸਰਬ ਕਲਾ ਆਪੇ ਸਮਰਾਥ, ਅਕਲ ਕਲ ਅਖਵਾਈਆ । ਹਰਿਜਨ ਰੱਖੇ ਦੇ ਕਰ ਹਾਥ, ਤ੍ਰੈਗੁਣ ਤਤ ਸਮਾਈਆ । ਸੇਵਕ ਸੇਵਾ ਤ੍ਰੈਲੋਕੀ ਨਾਥ, ਤ੍ਰੈਗੁਣ ਆਪੇ ਲਾਈਆ । ਆਦਿ ਜੁਗਾਦੀ ਅਕਥਨਾ ਅਕਾਥ, ਕਥ ਨਾ ਸਕੇ ਜੀਵ ਲੋਕਾਈਆ । ਆਪ ਚਲਾਏ ਆਪਣਾ ਰਾਥ, ਬਣਿਆ ਰਹੇ ਸ਼ਬਦ ਰਥਵਾਹੀਆ । ਭਗਤ ਸੁਹੇਲਾ ਸਗਲਾ ਸਾਥ, ਆਪ ਆਪਣਾ ਸੰਗ ਨਿਭਾਈਆ । ਕਲਜੁਗ ਲਹਿਣ ਦੇਣ ਚੁਕਾ ਸੀਆਂ ਸਾਢੇ ਤਿੰਨ ਤਿੰਨ ਹਾਥ, ਏਕਾ ਵੰਡਣ ਵੰਡ ਵੰਡਾਈਆ । ਲੇਖਾ ਚੁੱਕੇ ਨੌਂ ਨੌਂ ਹਾਥ, ਸਿਧ ਚੁਰਾਸੀ ਮੁਖ ਭਵਾਈਆ । ਨਾ ਕੋਈ ਮੇਖ ਲਗਾਏ ਮਸਤਕ ਮਾਥ, ਜੂਠੀ ਝੂਠੀ ਰੇਖ ਮਿਟਾਈਆ । ਮਾਣ ਮੋਹ ਵਿਕਾਰ ਹੰਕਾਰਾ ਵਿਕਾਰਾ ਨਾ ਮਾਰੇ ਠਾਠ, ਕਲਜੁਗ ਕਾਇਆ ਸੰਗ ਰੁੜ੍ਹਾਈਆ । ਲੇਖਾ ਚੁੱਕੇ ਅੱਠ ਸੱਠ ਤਾਟ, ਤੀਰਥ ਰਹਿਣ ਨਾ ਪਾਈਆ । ਤ੍ਰੈਗਣ ਮਾਇਆ ਤੇਰਾ ਇਕ ਮਾਠ, ਪ੍ਰਭ ਸਾਚਾ ਰਿਹਾ ਬਣਾਈਆ । ਮੰਦਰ ਮੰਡਲ ਮੰਡਪ ਜਾਣੇ ਢਾਠ, ਨਾ ਹੋਵੇ ਕੋਈ ਸਹਾਈਆ । ਪੰਜ ਪੰਝੀ ਕਰ ਇਕਾਠ, ਤ੍ਰੈ ਤ੍ਰੈ ਵੇਖ ਵਖਾਈਆ । ਜੋਤ ਨਿਰੰਜਣ ਨੱਠ ਨਾਠ, ਏਕਾ ਰਹੀ ਹਵਨ ਕਰਾਈਆ । ਲੱਕੜੀ ਪਾਏ ਹਾਡੀ ਤਿੰਨ ਸੌ ਸਾਠ, ਜੋਤੀ ਲੰਬੂ ਲਾਈਆ । ਲੱਖ ਚੁਰਾਸੀ ਹੋਈ ਭਾਠ, ਖ਼ਾਕੀ ਖ਼ਾਕ ਮਿਲਾਈਆ । ਆਪੇ ਗੇੜਨਹਾਰਾ

ਉਲਟੀ ਲਾਠ, ਧਰਤ ਮਾਤ ਦਏ ਦੁਹਾਈਆ । ਹਰਿਜਨ ਮੇਲਾ ਚਰਨ ਦਵਾਰੇ ਨੱਠ ਨਾਠ, ਪ੍ਰਭ ਏਕਾ ਰਾਹ ਵਖਾਈਆ । ਪੱਲੇ ਬੰਨੇ ਨਾਮ ਗਾਠ, ਠੱਗ ਚੋਰ ਯਾਰ ਲੁੱਟ ਕੋਈ ਨਾ ਜਾਈਆ । ਹਰਿਜਨ ਸਾਚੇ ਸ਼ਬਦ ਇਕਾਠ, ਗੁਰ ਸ਼ਬਦੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤੇਰਾ ਵੇਖ ਦਰ, ਕਲਜੁਗ ਅੰਤਮ ਜੋਤ ਜਗਾਈਆ । ਤ੍ਰੈਗੁਣ ਤੇਰਾ ਦਰ ਦਰਵਾਜ਼ਾ, ਲੋਕ ਤਿੰਨ ਵਿਚਾਰਿਆ । ਪਰਗਟ ਹੋਏ ਗਰੀਬ ਨਿਵਾਜਾ, ਗਿਣ ਗਿਣ ਲੇਖ ਚੁਕਾ ਰਿਹਾ । ਆਪ ਆਪਣਾ ਸਾਜਨ ਸਾਜਾ, ਸਾਜਣਹਾਰ ਆਪ ਅਖਵਾ ਰਿਹਾ । ਆਪ ਰਚਾਇਆ ਕਲਜੁਗ ਕਾਜਾ, ਸਾਚਾ ਮੇਲ ਮਿਲਾ ਰਿਹਾ । ਜੋਤ ਨਿਰੰਜਣ ਮੰਗੇ ਦਾਜਾ, ਆਦਿ ਪੁਰਖ ਅਬਿਨਾਸ਼ੀ ਕਰਤਾ ਝੋਲੀ ਪਾ ਰਿਹਾ । ਤ੍ਰੈਗੁਣ ਮਾਇਆ ਤੇਰਾ ਮਾਤ ਜਹਾਜ਼ਾ, ਪੰਜ ਤਤ ਚਲਾ ਰਿਹਾ । ਵੇਲੇ ਅੰਤਮ ਕੋਇ ਨਾ ਰੱਖੇ ਲਾਜਾ, ਬ੍ਰਹਮਾ ਮੁਖ ਭਵਾ ਰਿਹਾ । ਅਕਾਲ ਅਕਾਲਾ ਏਕਾ ਗਾਜਾ, ਏਕ ਕਲ ਵਰਤਾ ਰਿਹਾ । ਦੋ ਜਹਾਨੀ ਰਾਜਨ ਰਾਜਾ, ਸ਼ਾਹ ਸੁਲਤਾਨ ਭੇਵ ਖੁਲ੍ਹਾ ਰਿਹਾ । ਧੁਰਦਰਗਾਹੀ ਆਇਆ ਭਾਜਾ, ਲੋਕਮਾਤੀ ਭੇਖ ਵਟਾ ਰਿਹਾ । ਸ਼ਬਦ ਘੋੜਾ ਅਸਤਰ ਸ਼ਸਤਰ ਤਾਜਾ, ਬਸਤਰ ਪੀਲਾ ਤਨ ਸਜਾ ਲਿਆ । ਸਾਚਾ ਤੋੜਾ ਨਾਮ ਬਾਜਾ, ਪ੍ਰੇਮ ਉਂਗਲੀ ਆਪ ਟਿਕਾ ਰਿਹਾ । ਭਗਤ ਸੁਹੇਲਾ ਰੱਖੇ ਲਾਜਾ, ਨਿਤ ਨਵਿਤਾ ਖੇਲ ਖਿਲਾ ਰਿਹਾ । ਪਰਗਟ ਹੋਏ ਦੇਸ ਮਾਝਾ, ਪੁਰੀ ਘਨਕ ਧਾਮ ਸੁਹਾ ਲਿਆ । ਕਰੇ ਖੇਲ ਕਲ ਕਿ ਆਜਾ, ਸੰਮਤ ਚੌਦਾਂ ਸੰਗ ਨਿਭਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਚੇਲਾ ਇਕ ਦਰ, ਹਰਿ ਸਾਚੀ ਸੇਵਾ ਲਾ ਰਿਹਾ । ਤ੍ਰੈਗੁਣ ਮਾਇਆ ਤੇਰਾ ਰੂਪ, ਦਿਸ ਕਿਸੇ ਨਾ ਆਇਆ । ਕਿਸੇ ਹੱਥ ਨਾ ਆਏ ਚਾਰੇ ਕੂਟ, ਦਹਿ ਦਿਸ਼ਾ ਵੇਖ ਵਖਾਇਆ । ਲੋਆਂ ਪੁਰੀਆਂ ਇਕ ਹੁਲਾਰਾ ਰਿਹਾ ਝੂਟ, ਪ੍ਰਭ ਸਾਚਾ ਰਿਹਾ ਝੁਲਾਇਆ । ਲੱਖ ਚੁਰਾਸੀ ਲਾਇਆ ਬੂਟ, ਅੰਮ੍ਰਿਤ ਆਤਮ ਪਾਣੀ ਪਾਇਆ । ਪੰਜ ਤਤ ਵਿਕਾਰਾ ਗਿਆ ਰੁਠ, ਖਾਲੀ ਠੂਠ ਹੱਥ ਰਖਾਇਆ । ਕਲਜੁਗ ਮੇਲਾ ਜੂਠ ਝੂਠ, ਮਨਮਤ ਸੰਗ ਨਿਭਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਰਗੁਣ ਧਾਰਾ, ਸ਼ਬਦ ਪਾਰ ਕਰਾਇਆ । ਨਿਰਗੁਣ ਰੂਪ ਸ਼ਬਦ ਧਾਰਾ, ਸਰਗੁਣ ਵਿਚ ਸਮਾਈਆ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕ ਨਾਉਂ ਰਖਾਈਆ । ਚਾਰੋਂ ਕੁੰਟ ਹਾਹਾਕਾਰਾ, ਜੀਵ ਜੰਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਹਰਿ ਸ਼ਬਦ ਭੇਵ ਅਥਾਹ, ਭੇਵ ਕੋਈ ਨਾ ਪਾਇੰਦਾ । ਹਰਿ ਦਾਤਾ ਬੇਪਰਵਾਹ, ਆਪੇ ਵੇਖ ਵਖਾਇੰਦਾ । ਸ੍ਰਿਸ਼ਟ ਸਬਾਈ ਬਣ ਮਲਾਹ, ਏਕਾ ਬੇੜਾ ਆਪ ਚਲਾਇੰਦਾ । ਜਨ ਭਗਤਾਂ ਦੱਸੇ ਸਾਚਾ ਰਾਹ, ਨਗਰ ਖੇੜਾ ਇਕ ਸੁਹਾਇੰਦਾ । ਸਚਖੰਡ ਦਵਾਰਾ ਸੱਚਾ ਥਾਂ, ਘਰ ਚੌਥੇ ਮੇਲ ਮਿਲਾਇੰਦਾ । ਗੁਰ ਸ਼ਬਦੀ ਪਕੜੇ ਬਾਂਹ, ਸੁਰਤ ਸਵਾਣੀ ਸੰਗ ਰਲਾਇੰਦਾ । ਇਕ ਜਪਾਏ ਆਪਣਾ ਨਾਂ, ਜੁਗ ਜੁਗ ਆਪ ਜਪਾਇੰਦਾ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਇਆ ਕੂੜਾ ਰੂਪ ਅੰਤਮ ਮੇਟ ਮਿਟਾਇੰਦਾ । ਸ਼ਬਦ ਗੁਰਦੇਵ ਸਾਜਣ ਮੀਤ, ਹਰਿ ਸਾਚੇ ਆਪ ਉਪਨਿਆ । ਹਰ ਘਟ ਪਰਖਣਹਾਰਾ ਨੀਤ, ਵੇਖ ਵਖਾਣੇ ਕਾਇਆ ਛੱਪਰ ਛੰਨਿਆ । ਬੈਠਾ ਰਹੇ ਅਤੀਤ, ਦਿਸ ਨਾ ਆਏ ਮਨਮੁਖ ਅੰਨ੍ਹਿਆ । ਹਰਿਜਨ ਕਾਇਆ ਸੀਤਲ ਸੀਤ, ਦੂਈ ਦਵੈਤੀ ਭਾਂਡਾ ਭੰਨਿਆ । ਮਿਲੇ ਮੇਲ ਪ੍ਰਭ ਸਾਚਾ ਮੀਤ, ਜੋਤ ਨਿਰੰਜਣ

ਚਾੜ੍ਹੇ ਚੰਨਿਆ । ਇਕ ਸੁਣਾਏ ਸੁਹਾਗੀ ਗੀਤ, ਦੇਵੇ ਨਾਮ ਸੱਚਾ ਧਨ ਧਨਿਆ । ਅੱਠੇ ਪਹਿਰ ਵਸੇ ਚੀਤ, ਹਰਿ ਹਰਿ ਭਾਣਾ ਜਿਸ ਜਨ ਮੰਨਿਆ । ਆਪੇ ਜਾਣੇ ਹਸਤ ਕੀਟ, ਰਾਓ ਰੰਕ ਰਾਜ ਰਾਜਾਨਾ ਸਾਹ ਸੁਲਤਾਨਾਂ ਦੇਵੇ ਡੰਨਿਆ । ਲੱਖ ਚੁਰਾਸੀ ਕੌੜਾ ਰੀਠ, ਗੜ੍ਹ ਹੰਕਾਰੀ ਭਾਂਡਾ ਭੰਨਿਆ । ਗੁਰਮੁਖ ਮੇਲਾ ਇਕ ਅਨਡੀਠ, ਮਿਲੇ ਮੇਲ ਸਾਚੇ ਤਨਿਆ । ਤ੍ਰੈਗੁਣ ਮਾਇਆ ਪੀਸਣ ਰਿਹਾ ਪੀਠ, ਪੰਜ ਤਤ ਵਿਕਾਰਾ ਪੂਤ ਸਪੂਤਾ ਏਕਾ ਜਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬੇੜਾ ਆਪੇ ਬੰਨ੍ਹਿਆ । ਬੇੜਾ ਬੰਨ੍ਹਣਹਾਰ ਦਾਤਾਰਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਆਪਣੀ ਬਣਤ ਬਣਾਇੰਦਾ । ਸਾਧ ਸੰਤ ਦਰਸ ਪੁਕਾਰਾ, ਭੇਖੀ ਭੇਖ ਵਟਾਇੰਦਾ । ਲੱਖ ਚੁਰਾਸੀ ਹਾਹਾਕਾਰਾ, ਨੈਣ ਲੋਚਨ ਨੇਤਰ ਪੇਖੀ ਮਾਇਆ ਪੜਦਾ ਮੋਹ ਚੁਕਾਇੰਦਾ । ਆਪੇ ਲਿਖਣਹਾਰਾ ਲੇਖੀ, ਲੇਖਾ ਲਿਖਣਹਾਰ ਆਪ ਅਖਵਾਇੰਦਾ । ਆਪੇ ਜਾਣੇ ਧਾਰੀ ਕੇਸੀ, ਮੂੰਡ ਮੁੰਡਾਏ ਆਪ ਅਖਵਾਇੰਦਾ । ਆਪੇ ਦਾਤਾ ਜੋਧਾ ਦਸ ਦਸਮੇਸ਼ੀ, ਗੋਬਿੰਦ ਨਾਉਂ ਧਰਾਇੰਦਾ । ਸੇਵਾ ਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੀ, ਦਰ ਦਰਵੇਸ਼ੀ ਆਪ ਅਖਵਾਇੰਦਾ । ਸਤਿ ਪੁਰਖ ਨਿਰੰਜਣ ਨਰ ਨਰੇਸ਼ੀ, ਨਿਰਗੁਣ ਰੂਪ ਸਮਾਇੰਦਾ । ਕਲਜੁਗ ਤੇਰੀ ਕਲ ਅੰਤਮ ਵੇਖੀ, ਹਰਿ ਕਾਲਾ ਰੂਪ ਵਟਾਇੰਦਾ । ਧੁਰ ਮਸਤਕ ਲੱਗੀ ਮਾਤ ਮੇਖੀ, ਦੂਸਰ ਕੋਈ ਨਾ ਵੇਖ ਵਖਾਇੰਦਾ । ਮੀਤ ਮੁਰਾਰਾ ਮੁੱਲਾ ਸ਼ੇਖ਼ੀ, ਪੀਰ ਦਸਤਗੀਰ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਅੰਕ ਵਖਾਇੰਦਾ । ਏਕਾ ਏਕਾ ਏਕੰਕਾਰਾ, ਏਕਾ ਰੂਪ ਸਮਾਇਆ । ਪਾਰਬ੍ਰਹਮ ਪ੍ਰਭ ਭੇਵ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਇਆ । ਖੇਲੇ ਖੇਲ ਵਿਚ ਸੰਸਾਰਾ, ਖੇਲਣਹਾਰ ਆਪ ਅਖਵਾਇਆ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕਾ ਨਾਉਂ ਰਖਾਇਆ । ਗੁਰ ਗੋਬਿੰਦਾ ਕਰ ਪਿਆਰਾ, ਆਪਣੇ ਅੰਗ ਲਗਾਇਆ । ਸ਼ਬਦ ਖੰਡਾ ਤੇਜ ਕਟਾਰਾ, ਤਨ ਗਾਤਰੇ ਰਿਹਾ ਲਟਕਾਇਆ । ਦੋ ਜਹਾਨੀ ਅੱਧਵਿਚਕਾਰਾ, ਸ਼ਬਦ ਸਿੰਘਾਸਣ ਡੇਰਾ ਲਾਇਆ । ਲੱਖ ਚੁਰਾਸੀ ਪਾਵੇ ਸਾਰਾ, ਨਿਰਗੁਣ ਸਰਗੁਣ ਖੇਲ ਖਲਾਇਆ । ਆਪੇ ਵੇਖੇ ਬੰਕ ਦਵਾਰਾ, ਬੰਕ ਦਵਾਰੀ ਆਪ ਹੋ ਆਇਆ । ਜੋਤ ਨਿਰੰਜਣ ਕਰ ਉਜਿਆਰਾ, ਦੀਪਕ ਜੋਤੀ ਇਕ ਜਗਾਇਆ । ਸੋਹੰ ਸ਼ਬਦ ਜੈ ਜੈ ਜੈਕਾਰਾ, ਘਰ ਚੌਥਾ ਵੇਖ ਵਖਾਇਆ । ਚੌਥਾ ਪਦ ਹਰਿ ਨਿਰੰਕਾਰਾ, ਆਪਣੇ ਹੱਥ ਰਖਾਇਆ । ਗੁਰਮੁਖ ਵਿਰਲਾ ਪਾਵੇ ਸਾਰਾ, ਜਿਸ ਜਨ ਆਪਣੀ ਦਇਆ ਕਮਾਇਆ । ਆਪੇ ਮੇਲੇ ਮੇਲਣਹਾਰਾ, ਵਿਛੜ ਕਦੇ ਨਾ ਜਾਇਆ । ਗੁਰ ਚੇਲੇ ਸੋਹਣ ਇਕ ਦਵਾਰਾ, ਘਰ ਏਕਾ ਧਾਮ ਸੁਹਾਇਆ । ਪਾਰਬ੍ਰਹਮ ਪ੍ਰਭ ਭਗਤ ਵਛਲ ਗਿਰਧਾਰਾ, ਰੂਪ ਅਨੂਪਾ ਸ਼ਾਹੋ ਭੂਪਾ ਭੇਖਾਧਾਰੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਮੇਲ ਕਰ, ਸਾਚਾ ਧਾਮ ਸੁਹਾਇਆ । ਨਿਰਗੁਣ ਸਰਗੁਣ ਸਾਚਾ ਮੇਲਾ, ਏਕਾ ਧਾਮ ਸੁਹੰਦੜਾ । ਆਪੇ ਗੁਰੂ ਗੁਰੂ ਗੁਰ ਚੇਲਾ, ਆਪੇ ਜੋਤ ਜਗੰਦੜਾ । ਆਪੇ ਹੋਇਆ ਸੱਜਣ ਸੁਹੇਲਾ, ਆਪੇ ਮੇਲ ਵਿਛੰਦੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਮਾਇਆ ਤੇਰਾ ਖੇਲ ਆਪੇ ਆਪ ਵਰਤੰਦੜਾ । ਤ੍ਰੈਗੁਣ ਮਾਇਆ ਤੇਰਾ ਮੇਲਾ, ਪੰਜ ਤਤ ਕਰਾਇਆ । ਪੁਰਖ ਅਬਿਨਾਸ਼ੀ ਅਚਰਜ ਖੇਲ ਆਪੇ ਖੇਲਾ, ਬ੍ਰਹਮਾ ਸੇਵਾ ਲਾਇਆ । ਵਿਸ਼ਨੂੰ ਵੰਸੀ ਵਸੇ ਇਕੇਲਾ, ਬੰਸ ਸਰਬੰਸਾ ਵੇਖ ਵਖਾਇਆ । ਆਦਿ ਨਿਰੰਜਣ ਚਾੜ੍ਹੇ ਤੇਲਾ, ਜੋਤ ਨਿਰੰਜਣ ਸੇਵ ਕਮਾਇਆ । ਪੰਚਮ ਮਿਲ ਮਿਲ

ਗਾਇਣ ਪਾਇਣ ਵੇਲਾ, ਸਾਚੀ ਸਖੀਆਂ ਮੰਗਲ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਮੇਲਾ ਇਕ ਦਰ, ਸਰਗੁਣ ਭੇਵ ਖੁਲ੍ਹਾਇਆ । ਨਿਰਗੁਣ ਮੇਲਾ ਸਚ ਸੁਲਤਾਨ, ਏਕਾ ਏਕ ਅਖਵਾਇੰਦਾ । ਪਰਗਟ ਹੋਏ ਦੋ ਜਹਾਨ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਤੀਰ ਕਮਾਨ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਚਾਰੇ ਕੁੰਟਾਂ ਵੇਖੇ ਮਾਰ ਧਿਆਨ, ਦਹਿ ਦਿਸ਼ਾ ਫੋਲ ਫੁਲਾਇੰਦਾ । ਲੋਆਂ ਪੁਰੀਆਂ ਪਾਵੇ ਏਕਾ ਆਨ, ਬ੍ਰਹਮਾ ਵਿਸ਼ਨੂੰ ਦੇਵਤ ਸੁਰ ਸ਼ਿਵ ਸ਼ੰਕਰ ਹੁਕਮ ਜਣਾਇੰਦਾ । ਲੋਕਮਾਤ ਮਾਰ ਝਾਤ ਇਕ ਇਕਾਂਤ, ਵੇਖੇ ਪਰਖੇ ਮਿੱਠੇ ਕੌੜਾ ਫੋਲ ਫੁਲਾਇੰਦਾ । ਲੱਖ ਚੁਰਾਸੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਬਣਤ ਆਪ ਬਣਾਇੰਦਾ । ਆਪੇ ਦਰ ਬਣ ਭਿਖਾਰੀ, ਮੰਗੇ ਮੰਗ ਅਪਾਰ । ਲੇਖਾ ਲਿਖਣਹਾਰ ਲਿਖਾਰੀ, ਆਦਿ ਅੰਤਾ ਏਕੰਕਾਰ । ਜੀਵ ਜੰਤ ਹਰਿ ਜੋਤ ਅਧਾਰੀ, ਲੱਖ ਚੁਰਾਸੀ ਖੇਲ ਅਪਾਰ । ਜਨਮੇ ਮਰੇ ਮਰੇ ਮਰ ਜਨਮੇ ਵਾਰੋ ਵਾਰੀ, ਬਿਨ ਗੁਰ ਪੂਰੇ ਕੋਈ ਨਾ ਲਾਵੇ ਪਾਰ । ਸਾਧ ਸੰਗਤ ਸਦ ਸਦ ਸਦ ਬਲਿਹਾਰੀ, ਰਸਨਾ ਗਾਏ ਗੁਣ ਹਰਿ ਕਰਤਾਰ । ਨੇਤਰ ਪੇਖਤ ਉਤਰੇ ਪਾਰੀ, ਜੋ ਜਨ ਸੋਹੇ ਬੰਕ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਪੂਰਬ ਕਰਮਾਂ ਰਿਹਾ ਵਿਚਾਰ । ਪੂਰਬ ਜਨਮਾ ਜਗਤ ਜਗ ਮਾਇਆ, ਸੁਧ ਬੁੱਧ ਨਾ ਰਾਈ । ਬੰਨ ਖੰਡ ਤਨ ਡੇਰਾ ਲਾਇਆ, ਬੈਠਾ ਮੁਖ ਛੁਪਾਈ । ਸੰਤਨ ਚੇਰਾ ਦਰ ਦਵਾਰੇ ਆਇਆ, ਨੇਤਰ ਨੈਣ ਦਿਸ ਨਾ ਪਾਈ । ਕੁਕਰਮੀ ਆਪਣਾ ਕਰਮ ਕਮਾਇਆ, ਡੱਸ ਡੱਸਣੀ ਡੰਕ ਚਲਾਈ । ਰਸਨਾ ਬੋਲ ਜਨ ਬਚਨ ਸੁਣਾਇਆ, ਤਨ ਪੀੜਾ ਰਿਹਾ ਸਤਾਈ । ਬਿਛੂ ਜਨਮ ਵਿਚ ਬਨਵਾਸ ਰਖਾਇਆ, ਭੇਵ ਨਾ ਆਇਆ ਰਾਈ । ਜੀਵ ਜੰਤ ਜਗਤ ਨਾਦਾਨਾ, ਆਤਮ ਬ੍ਰਹਮ ਨਾ ਕੋਈ ਜਣਾਈ । ਮਾਇਆ ਮਮਤਾ ਬੋਝ ਹੰਕਾਰਾ ਬੱਧਾ ਗਾਨਾ, ਜੂਠ ਝੂਠ ਮੁਖ ਰਖਾਈ । ਹਰਿ ਹਰਿ ਹਰਿ ਨਾਉਂ ਨਾ ਕਿਸੇ ਪਛਾਨਾ, ਮਾਨਸ ਜਨਮਾ ਗਏ ਰੁਲਾਈ । ਮਿਲਿਆ ਮੇਲ ਨਾ ਗੁਣ ਨਿਧਾਨਾ, ਆਵਣ ਜਾਵਣ ਨਾ ਦਇਆ ਕਮਾਈ । ਗੁਰ ਸਤਿਗੁਰ ਨਾ ਕਿਸੇ ਪਛਾਨਾ, ਭਰਮੇ ਭੁੱਲੀ ਭਰਮ ਲੋਕਾਈ । ਆਤਮਕ ਧੁਨ ਨਾਦ ਨਾ ਕੋਇ ਵਜਾਨਾ, ਅਨਹਦ ਰਾਗ ਨਾ ਕੋਇ ਅਲਾਈ । ਸ਼ਬਦ ਸੇਜ ਨਾ ਕੋਈ ਹੰਢਾਨਾ, ਮਿਲੇ ਮੇਲ ਨਾ ਸਾਚੇ ਮਾਹੀ । ਰੋਗ ਸੋਗ ਚਿੰਤਾ ਜਗਤ ਮਿਟਾਨਾ, ਦਿਵਸ ਰੈਣ ਰਹੀ ਸਤਾਈ । ਗੁਰਮੁਖ ਵਿਰਲੇ ਬਖ਼ਸ਼ੇ ਚਰਨ ਧਿਆਨਾ, ਜਿਸ ਜਨ ਆਪਣੀ ਦਇਆ ਕਮਾਈ । ਦੇਵੇ ਨਾਮ ਧੁਰ ਫ਼ਰਮਾਣਾ, ਵੇਦ ਕਿਤੇਬਾ ਦਿਸ ਨਾ ਆਈ । ਆਪੇ ਹੋਇਆ ਜਾਣੀ ਜਾਨਾ, ਜਾਨਣਹਾਰ ਆਪ ਅਖਵਾਈ । ਏਕਾ ਘਰ ਵਖਾਏ ਪਦ ਨਿਰਬਾਨਾ, ਅਮਰਾਪਦ ਸਮਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਸਾਚੇ ਮੀਤਾ, ਆਪੇ ਰਿਹਾ ਉਠਾਈ ।

ਸਤਿਗੁਰ ਸ਼ਬਦ ਦਿਆਲ, ਦੀਨ ਦਿਆਲਿਆ । ਸਤਿਗੁਰ ਸ਼ਬਦ ਅਕਾਲ, ਜੋਤ ਅਕਾਲਿਆ । ਸਤਿਗੁਰ ਸ਼ਬਦ ਰਖਵਾਲ, ਜੁਗ ਜੁਗ ਆਪ ਅਖਵਾ ਲਿਆ । ਸਤਿਗੁਰ ਸ਼ਬਦ ਪ੍ਰਿਤਪਾਲ, ਪ੍ਰਿਤਪਾਲਕ ਦੋ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਕਰੇ ਦਰ ਪਰਵਾਨਿਆ । ਸ਼ਬਦ ਮਿਲਾਵਾ ਦੋ ਜਹਾਨ, ਹਰਿ ਸਾਚਾ ਆਪ ਕਰਾਈਆ । ਆਪੇ ਵੇਖੇ ਭੂਮਿਕਾ ਅਸਥਾਨ, ਮੰਡਲ ਮੰਡਪ

ਆਪ ਸੁਹਾਈਆ । ਸ਼ਬਦ ਸਿੰਘਾਸਣ ਸਚ ਰਾਜਾਨ, ਏਕਾ ਆਸਣ ਰਿਹਾ ਸਜਾਈਆ । ਤਖ਼ਤ ਤਾਜ ਸ਼ਾਹੋ ਸ਼ਾਬਾਸ, ਆਪ ਆਪਣਾ ਰਿਹਾ ਸੁਹਾਈਆ । ਆਦਿ ਸ਼ਕਤ ਜੋਤ ਅਬਿਨਾਸ਼, ਕਰਤਾ ਪੁਰਖ ਅਖਵਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਗਗਨ ਪਤਾਲਾਂ ਵੇਖ ਵਖਾਈਆ । ਆਪੇ ਹੋਇਆ ਸ਼ਾਹੋ ਸ਼ਾਬਾਸ਼, ਰੰਕ ਰਾਜਾਨਾਂ ਵਿਚ ਸਮਾਈਆ । ਭਗਤ ਜਨਾਂ ਹਰਿ ਦਾਸੀ ਦਾਸ, ਸੇਵਕ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਬੰਕ ਦਵਾਰਾ, ਏਕਾ ਏਕ ਵਸਾਇੰਦਾ । ਜੋਤ ਸਰੂਪੀ ਕਰ ਆਕਾਰਾ, ਅਗਿਆਨ ਅੰਧੇਰ ਮਿਟਾਇੰਦਾ । ਏਕਾ ਸ਼ਬਦ ਸੱਚੀ ਧੁਨਕਾਰਾ, ਏਕਾ ਤਾਲ ਵਜਾਇੰਦਾ । ਆਪੇ ਸੁਣੇ ਸੁਣਾਏ ਸੁਣਨੇਹਾਰਾ, ਦੂਸਰ ਕੋਇ ਨਾ ਸੰਗ ਰਖਾਇੰਦਾ । ਪਵਣ ਉਨੰਜਾ ਕਰ ਪਿਆਰਾ, ਸਵਾਸ ਸਵਾਸੀ ਵਿਚ ਸਮਾਇੰਦਾ । ਆਪੇ ਵਸਿਆ ਹਰਿ ਹਰਿ ਬਾਹਰਾ, ਹਰ ਘਟ ਵੇਖ ਵਖਾਇੰਦਾ । ਕਾਇਆ ਮੰਦਰ ਚਾਰ ਦਵਾਰਾ, ਸਚ ਮਹੱਲ ਅਟੱਲ ਇਕ ਰਖਾਇੰਦਾ । ਨੌ ਦਵਾਰੇ ਖੋਲ੍ਹ ਕਿਵਾੜਾ, ਲੱਖ ਚੁਰਾਸੀ ਵੇਖ ਵਖਾਇੰਦਾ । ਨਾਲ ਰਲਾਏ ਪੰਚਮ ਧਾੜਾ, ਪੰਚਮ ਮੋਹ ਵਧਾਇੰਦਾ । ਆਪੇ ਵੇਖੇ ਵਿਕਾਰ ਹੰਕਾਰ ਅਖਾੜਾ, ਸਾਚਾ ਜੋੜ ਜੁੜਾਇੰਦਾ । ਗੁਰਮੁਖ ਵਿਰਲਾ ਸਾਚਾ ਲਾੜਾ, ਪ੍ਰਭ ਚਰਨ ਓਟ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਮਹੱਲਾ ਉਚ ਅਟੱਲਾ ਆਪ ਸੁਹਾਇੰਦਾ । ਉਚ ਮਹੱਲਾ ਹਰਿ ਸਾਚਾ ਇਕ ਸੁਹਾਈਆ । ਜੋਤ ਨਿਰੰਜਣ ਕਰ ਉਜਿਆਰੀ, ਦੀਪਕ ਰਿਹਾ ਜਗਾਈਆ । ਦਸਮ ਦਵਾਰੀ ਖੋਲ੍ਹ ਕਿਵਾੜੀ, ਆਪਣੀ ਬੂਝ ਬੁਝਾਈਆ । ਆਪੇ ਹੋਇਆ ਪਿੱਛੇ ਅਗਾੜੀ, ਡੂੰਘੀ ਕਵਰੀ ਪਾਰ ਕਰਾਈਆ । ਨੇੜ ਨਾ ਆਏ ਮੌਤ ਲਾੜੀ, ਰਾਏ ਧਰਮ ਬੈਠਾ ਮੁਖ ਛੁਪਾਈਆ । ਲੇਖੇ ਲਾਏ ਚਰਨ ਛੁਹਾਈ ਦਾਹੜੀ, ਜੋ ਜਨ ਦਰ ਅੱਗੇ ਬੈਠੇ ਸੀਸ ਝੁਕਾਈਆ । ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜੀ, ਡੂੰਘੀ ਕੰਦਰ ਲਏ ਤਰਾਈਆ । ਅੰਤਮ ਮੇਲਾ ਸਤਾਰਾਂ ਹਾੜੀ, ਗੁਰ ਪੂਰਾ ਮੇਲ ਮਿਲਾਈਆ । ਮਨਮੁਖ ਜੀਵਾਂ ਅਗਨ ਲਗਾਏ ਬਹੱਤਰ ਨਾੜੀ, ਤਨ ਬਸਤਰ ਆਪ ਜਲਾਈਆ । ਲੁਕਿਆ ਰਹਿਣ ਨਾ ਦੇਵੇ ਕੋਈ ਝਾੜੀ, ਨੌ ਖੰਡ ਪ੍ਰਿਥਮੀ ਫੋਲ ਫੁਲਾਈਆ । ਤ੍ਰੈਗੁਣ ਮਾਇਆ ਕੱਢੇ ਹਾੜੀ, ਵੇਲੇ ਅੰਤ ਨਾ ਕੋਈ ਸਹਾਈਆ । ਆਪ ਚਬਾਏ ਆਪਣੀ ਦਾੜ੍ਹੀ, ਸੰਮਤ ਚੌਦਾਂ ਵੇਖ ਵਖਾਈਆ । ਧਰਤ ਮਾਤ ਤੇਰੀ ਇਕ ਅਖਾੜੀ, ਸੱਤਾਂ ਦੀਪਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਘਰ, ਆਪ ਉਸਾਰੇ ਆਪੇ ਦਏ ਮਿਟਾਈਆ । ਤ੍ਰੈਗੁਣ ਮਾਇਆ ਤਤ ਵਿਰੋਲ, ਆਪਣੀ ਕਲ ਵਰਤਾਇੰਦਾ । ਲੱਖ ਚੁਰਾਸੀ ਪੜਦਾ ਫੋਲ, ਪੰਚਮ ਵੇਖ ਵਖਾਇੰਦਾ । ਨਾਮ ਵਸਤ ਨਾ ਕਿਸੇ ਕੋਲ, ਪੂਰਾ ਤੋਲ ਨਾ ਕੋਈ ਤੁਲਾਇੰਦਾ । ਜੂਠਾ ਝੂਠਾ ਕਰਿਆ ਕੌਲ, ਸਾਚਾ ਵਣਜ ਨਾ ਕੋਈ ਕਰਾਇੰਦਾ । ਕਲਜੁਗ ਮਾਇਆ ਉਠ ਸੁੱਤੀ ਅਨਭੋਲ, ਹਰਿ ਸਾਚਾ ਆਪ ਜਗਾਇੰਦਾ । ਢੋਲ ਮਰਦੰਗਾ ਵੱਜੇ ਏਕਾ ਢੋਲ, ਹਰਿ ਸਾਚਾ ਆਪ ਸੁਣਾਇੰਦਾ । ਕਵਣ ਵਸਤ ਤੇਰੇ ਕੋਲ, ਹਰਿ ਬ੍ਰਹਮੇ ਪੁੱਛ ਪੁਛਾਇੰਦਾ । ਸੋਹੰ ਕੰਡੇ ਤੋਲੇ ਸਾਚਾ ਤੋਲ, ਨਾਨਕ ਤੋਲਾ ਇਕ ਅਖਵਾਇੰਦਾ । ਆਪੇ ਵਸਿਆ ਕਾਇਆ ਚੋਲ, ਆਪੇ ਜੋਤੀ ਜੋਤ ਸਮਾਇੰਦਾ । ਨਿਸ਼ਅੱਖਰ ਵੱਖਰ ਆਪੇ ਬੋਲ, ਸ਼ਬਦ ਅਨਾਦੀ ਆਪ ਜਣਾਇੰਦਾ । ਕਲਜੁਗ ਮਾਇਆ ਤੇਰਾ ਖੇਲ ਹੋਲ, ਅੰਤਮ ਏਕਾ ਮੱਠ ਤਪਾਇੰਦਾ । ਥਿਰ ਘਰ ਵਾਸੀ ਬੈਠ ਅਡੋਲ, ਆਪਣੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਏਕ ਅਖਵਾਇੰਦਾ ।

੭੩੧
੦੬

ਤ੍ਰੈਗੁਣ ਮਾਇਆ ਤੇਰਾ ਰੰਗ, ਦਿਸ ਕਿਸੇ ਨਾ ਆਇਆ । ਜੀਵ ਜੰਤ ਸਾਧ ਸੰਤ ਹੋਏ ਨੰਗ, ਨਾਮ ਹਿੱਸਾ ਨਾ ਕਿਸੇ ਵੰਡਾਇਆ । ਜੂਠ ਝੂਠ ਵਹੇ ਧਾਰਾ ਗੰਗ, ਸਚ ਸਰੋਵਰ ਨਾ ਕੋਈ ਇਸ਼ਨਾਨ ਕਰਾਇਆ । ਮਾਨਸ ਜਨਮ ਨਾ ਹੋਇਆ ਭੰਗ, ਗੁਰ ਪੂਰਾ ਨਜ਼ਰ ਨਾ ਆਇਆ । ਕਾਇਆ ਮਾਟੀ ਕਾਚੀ ਵੰਗ, ਥਿਰ ਰਹਿਣ ਨਾ ਪਾਇਆ । ਮਾਇਆ ਮਮਤਾ ਮਾਰੇ ਡੰਗ, ਆਪ ਆਪਣਾ ਅੰਗ ਰਖਾਇਆ । ਗੁਰਮੁਖ ਵਿਰਲਾ ਨਾਮ ਵਸਤ ਦਰ ਲਏ ਮੰਗ, ਆਤਮ ਝੋਲੀ ਲਏ ਭਰਾਇਆ । ਸਦਾ ਸੁਹੇਲਾ ਅੰਗ ਸੰਗ, ਵਿਛੜ ਕਦੇ ਨਾ ਜਾਇਆ । ਚਿੱਟੇ ਅਸਵ ਕਸਿਆ ਤੰਗ, ਨੀਲਾ ਨੀਲੀ ਧਾਰੋਂ ਪਾਰ ਕਰਾਇਆ । ਨਾਮ ਵਜਾਏ ਇਕ ਮਰਦੰਗ, ਲੋਆਂ ਪੁਰੀਆਂ ਰਿਹਾ ਸੁਣਾਇਆ । ਧਰਤ ਮਾਤ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹਿਆ । ਦਰ ਦਵਾਰਾ ਬੈਠੀ ਲੰਘ, ਨੇਤਰ ਨੈਣ ਰਹੇ ਸ਼ਰਮਾਇਆ । ਕਲਜੁਗ ਕਾਇਆ ਲੱਗਾ ਅੰਗ, ਜੂਠਾ ਝੂਠਾ ਦਾਗ਼ ਲਵਾਇਆ । ਮਾਇਆ ਡੋਰੀ ਚੜ੍ਹੀ ਪਤੰਗ, ਆਕਾਸ਼ ਆਕਾਸ਼ਾਂ ਵੇਖ ਵਖਾਇਆ । ਜਗਤ ਵਿਕਾਰਾ ਹੋਇਆ ਸੰਗ, ਮਨਮਤੀ ਮਤਾ ਪਕਾਇਆ । ਕੋਈ ਨਾ ਚਾੜ੍ਹੇ ਸਾਚਾ ਰੰਗ, ਰੰਗਣਹਾਰਾ ਦਿਸ ਨਾ ਆਇਆ । ਗੁਰਮੁਖ ਵਿਰਲਾ ਸੰਤ ਸੁਹੇਲਾ ਇਕ ਇਕੇਲਾ ਪੁਰਖ ਅਬਿਨਾਸ਼ੀ ਸ਼ਬਦ ਰੰਗੀਲੇ ਬੈਠ ਪਲੰਘ, ਦੋਏ ਜੋੜ ਬੈਠਾ ਸੀਸ ਝੁਕਾਇਆ । ਅੰਮ੍ਰਿਤ ਆਤਮ ਧਾਰਾ ਸਚ ਸਰੋਵਰ ਇਕ ਤਰੰਗ, ਗੁਰ ਪੂਰਾ ਰਿਹਾ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਖਾਧਾਰੀ ਭੇਖ ਵਟਾਇਆ । ਭੇਖਾਧਾਰੀ ਸ਼ਬਦੀ ਬਾਣਾ, ਏਕਾ ਏਕ ਰਖਾਇੰਦਾ । ਕਿਸੇ ਹੱਥ ਨਾ ਆਏ ਰਾਜਾ ਰਾਣਾ, ਸ਼ਾਹ ਸੁਲਤਾਨਾਂ ਭੇਵ ਨਾ ਪਾਇੰਦਾ । ਨਾ ਕੋਈ ਜਾਣੇ ਚਤਰ ਸੁਘੜ ਸਿਆਨਾ, ਗਿਆਨੀ ਧਿਆਨੀ ਨਾ ਵੇਖ ਵਖਾਇੰਦਾ । ਲੇਖਾ ਲਿਖ ਨਾ ਸਕੇ ਵੇਦ ਪੁਰਾਨਾ, ਅੰਜੀਲ ਕੁਰਾਨਾ ਹਿਸਾਬ ਮੁਕਾਇੰਦਾ । ਖਾਣੀ ਬਾਣੀ ਹੋਏ ਹੈਰਾਨਾ, ਹਰਿ ਕਾ ਭੇਵ ਅਭੇਦ ਕੋਈ ਨਾ ਪਾਇੰਦਾ । ਪੜ੍ਹ ਪੜ੍ਹ ਥੱਕੇ ਜੀਵ ਜਹਾਨਾ, ਜੋਗ ਜੁਗੀਸ਼ਰ ਜਗਤ ਕਮਾਇੰਦਾ । ਤਪੀ ਤਪੀਸ਼ਰ ਵੇਖਣ ਮਾਰ ਧਿਆਨਾ, ਮੁਨੀ ਮੁਨੀਸ਼ਰ ਨਾ ਮੋਨ ਖੁਲ੍ਹਾਇੰਦਾ । ਖੇਲੇ ਖੇਲ ਈਸ਼ਰ ਜਗਦੀਸ਼ਰ, ਈਸ਼ਵਰ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੂਪ ਵਟਾਇੰਦਾ । ਹਰਿ ਕਾ ਰੂਪ ਸ਼ਬਦ ਪਰਮੁਖ, ਜੁਗ ਜੁਗ ਜਗਤ ਜਣਾਈਆ । ਸੰਤ ਸੁਹੇਲੇ ਕਰ ਕਰ ਵੱਖ, ਪ੍ਰਭ ਆਪਣੀ ਬੂਝ ਬੁਝਾਈਆ । ਦਰਸ ਦਿਖਾਏ ਅਲਖਣਾ ਅਲੱਖ, ਏਕਾ ਅਲਖ ਜਗਾਈਆ । ਹਰਿਜਨ ਰੱਖੇ ਦੇ ਕਰ ਹੱਥ, ਸਮਰਥ ਹੱਥ ਵਡਿਆਈਆ । ਸ੍ਰਿਸ਼ਟ ਸਬਾਈ ਦਏ ਮਥ, ਨਾਮ ਨੇਤਰਾ ਏਕਾ ਪਾਈਆ । ਮਾਨੁਖ ਮਾਨਸ ਸੀਆਂ ਸਾਵੇ ਤਿੰਨ ਤਿੰਨ ਹੱਥ, ਆਪਣੀ ਵੰਡ ਵੰਡਾਈਆ । ਮਨਮੁਖ ਜੀਵਾਂ ਪਾਏ ਨੱਥ, ਡੋਰੀ ਆਪਣੇ ਹੱਥ ਰਖਾਈਆ । ਧਰਤ ਮਾਤ ਤੇਰੀ ਗੋਦੀ ਸੱਥ, ਲੱਖ ਚੁਰਾਸੀ ਰਿਹਾ ਸਵਾਈਆ । ਜਨ ਹਰਿ ਹਰਿਜਨ ਸਾਚੇ ਸਗਲ ਵਸੂਰੇ ਗਏ ਲੱਥ, ਆਤਮ ਦਰਸੀ ਹਰਿ ਦਰਸ਼ਨ ਨੇਤਰ ਲੋਚਨ ਪਾਈਆ । ਨਾਮ ਚਲਾਏ ਸਾਚਾ ਰਥ, ਰਥ ਰਥਵਾਹੀ ਇਕ ਅਖਵਾਈਆ । ਸਤਿਜੁਗ ਤੇਰੀ ਸਾਚੀ ਗਥ, ਸੋਹੰ ਧਾਰਾ ਰਿਹਾ ਵਹਾਈਆ । ਧੁਰ ਮਸਤਕ ਲੇਖ ਲਿਖਣਹਾਰਾ ਮਥ, ਅੰਤਮ ਮੇਲ ਮਿਲਾਈਆ । ਜੁਗ ਜੁਗ ਮਹਿੰਮਾ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਸਰਬ ਕਲ ਪ੍ਰਭ ਆਪ ਸਮਰਥ, ਜਨ ਭਗਤਨ ਦਏ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸੋਹਣ ਰਿਹਾ ਤਰਾਈਆ ।

## ❋ ੨੧ ਜੇਠ ੨੦੧੪ ਬਿਕ੍ਰਮੀ ਬਗੀਚਾ ਸਿੰਘ ਦੇ ਗ੍ਰਿਹ ਮੁੰਡੀ ਜਮਾਲ ਜ਼ਿਲਾ ਫਿਰੋਜ਼ਪੁਰ ❋



ਮਾਇਆ ਮਮਤਾ ਮੋਹ ਜਗਤ ਜੰਜਾਲ, ਜੀਆਂ ਜੰਤਾਂ ਰਹੀ ਸਤਾਈਆ । ਨਾਮ ਧਨ ਨਾ ਦਿਸੇ ਸੱਚਾ ਨਾਲ, ਸਾਧਾਂ ਸੰਤਾਂ ਘਰ ਲੜਾਈਆ । ਫ਼ਲ ਨਾ ਦਿਸੇ ਕਾਇਆ ਡਾਲ, ਲੱਖ ਚੁਰਾਸੀ ਵੇਖ ਵਖਾਈਆ । ਦੀਪਕ ਜੋਤੀ ਨਾ ਜਗੇ ਮਸਤਕ ਥਾਲ, ਗਗਨ ਮੰਡਲ ਨਾ ਚੰਦ ਚੜ੍ਹਾਈਆ । ਮਨ ਮਤੀ ਜੀਵ ਹਾਲ ਬੇਹਾਲ, ਦਿਵਸ ਰੈਣ ਦੇਣ ਦੁਹਾਈਆ । ਵੇਖੇ ਖੇਲ ਸ਼ਾਹ ਕੰਗਾਲ, ਹਰਿ ਸਾਚਾ ਬੇਪਰਵਾਹੀਆ । ਵੇਖ ਵਿਖਾਣੇ ਬਿਰਧ ਬਾਲ ਜਵਾਨ, ਗਊ ਗਰੀਬਾਂ ਭੇਵ ਖੁਲ੍ਹਾਈਆ । ਸਰਬ ਜੀਆਂ ਪ੍ਰਭ ਜਾਣੀ ਜਾਣ, ਜਾਗਰਤ ਦਿਸ਼ਾ ਵੇਖ ਵਖਾਈਆ । ਹਰਿਜਨ ਸਾਚੇ ਦੇਵੇ ਮਾਣ, ਬਾਲ ਅੰਞਾਣੇ ਗਲੇ ਲਗਾਈਆ । ਸ਼ਬਦ ਜਣਾਏ ਧੁਰ ਫ਼ਰਮਾਣ, ਘਰ ਸਾਚੇ ਰਿਹਾ ਜਣਾਈਆ । ਆਪੇ ਹੋਏ ਨਿਮਾਣਿਆ ਤਾਣ, ਨਿਤਾਣਾ ਆਪ ਅਖਵਾਈਆ । ਆਪ ਚੁਕਾਏ ਜਮ ਕੀ ਕਾਨ, ਲੱਖ ਚੁਰਾਸੀ ਫੰਦ ਕਟਾਈਆ । ਦੇਵਣਹਾਰਾ ਜੀਆ ਦਾਨ, ਦਾਤਾ ਦਾਨੀ ਆਪ ਹੋ ਜਾਈਆ । ਗੁਰਮੁਖ ਵਿਰਲੇ ਦਰ ਦਵਾਰੇ ਸਾਚਾ ਮਾਨ, ਮਨਮੁਖ ਬੈਠੇ ਮੁਖ ਭਵਾਈਆ । ਆਪੇ ਹੋਇਆ ਬੇਪਛਾਨ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਬੰਕ ਦਵਾਰਾ ਵੇਖ ਵਖਾਈਆ । ਭਗਤ ਸੁਹੇਲਾ ਸਾਚਾ ਮੀਤਾ, ਏਕਾ ਏਕੰਕਾਰਿਆ । ਜੁਗ ਜੁਗ ਚਲਾਏ ਆਪਣੀ ਰੀਤਾ, ਹਰਿ ਭਗਤਨ ਭਰੇ ਭੰਡਾਰਿਆ । ਏਕਾ ਰੰਗ ਰੰਗਾਏ ਹਸਤ ਕੀਟਾ, ਊਚਾਂ ਨੀਚਾਂ ਭੇਵ ਨਿਵਾਰਿਆ । ਏਕਾ ਨਾਮ ਜਪਾਏ ਸਚ ਅਨਡੀਠਾ, ਚਾਰ ਵਰਨਾਂ ਇਕ ਜਣਾ ਰਿਹਾ । ਤ੍ਰੈਗੁਣ ਮਾਇਆ ਤੇਰਾ ਅੰਗੀਠਾ, ਸ਼ਬਦ ਭੱਠਾ ਨਾਮ ਰਖਾ ਰਿਹਾ । ਤ੍ਰੈਗੁਣ ਮਾਇਆ ਕਰ ਇਕੱਠਾ, ਇਕ ਇਕੱਲਾ ਵੇਖ ਵਿਖਾ ਰਿਹਾ । ਦੋ ਜਹਾਨੀ ਫਿਰਦਾ ਨੱਠਾ, ਆਵਣ ਜਾਵਣ ਖੇਲ ਖਿਲਾ ਰਿਹਾ । ਆਪ ਉਠਾਏ ਆਪਣੀ ਗੱਠਾ, ਦੂਸਰ ਭਾਰ ਨਾ ਕੋਈ ਵੰਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠਾ ਮੁਖ ਵਖਾ ਰਿਹਾ । ਪੰਚਮ ਜੇਠ ਜਗਤ ਵਿਹਾਜੀ, ਏਕਾ ਵਣਜ ਕਰਾਇਆ । ਆਪ ਆਪਣਾ ਸਾਜਣ ਸਾਜੀ, ਅੰਤਮ ਆਪੇ ਮੇਟ ਮਿਟਾਇਆ । ਲੋਕਮਾਤ ਤੇਰਾ ਸਾਚਾ ਹਾਜੀ, ਗੁਰ ਸ਼ਬਦੀ ਬਣ ਬਣ ਆਇਆ । ਵੇਖ ਵਖਾਏ ਮੁੱਲਾ ਕਾਜੀ, ਸ਼ੇਖ਼ ਮੁਸਾਇਕਾਂ ਰਿਹਾ ਉਠਾਇਆ । ਚਿੱਟਾ ਅਸਵ ਸਾਚਾ ਤਾਜੀ, ਸਚ ਸਿੰਘਾਸਣ ਆਸਣ ਲਾਇਆ । ਨੌ ਖੰਡ ਪ੍ਰਿਥਮੀ ਮਾਰੇ ਆਵਾਜ਼ੀ, ਉਚੇ ਟਿੱਲੇ ਰਿਹਾ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚੇ ਹਰਿਜਨ ਸਾਚਾ ਮੇਲ ਮਿਲਾਇਆ । ਸਾਚਾ ਮੇਲਾ ਸ਼ਬਦ ਸਿੰਘਾਸਣ, ਹਰਿ ਆਪਣਾ ਆਪ ਕਰਾਇੰਦਾ । ਮਿਲੇ ਮੇਲ ਪੁਰਖ ਅਬਿਨਾਸ਼ਣ, ਵਿਛੜ ਕਦੇ ਨਾ ਜਾਇੰਦਾ । ਨਾਨਕ ਗੋਬਿੰਦ ਰਸਨ ਸਵਾਸਨ, ਰਸਨਾ ਜਿਹਵਾ ਸੇਵਾ ਲਾਇੰਦਾ । ਭਏ ਪਰਕਾਸ਼ ਪ੍ਰਿਥਮੀ ਆਕਾਸ਼ਨ, ਪਰਕਾਸ਼ ਆਕਾਸ਼ਾਂ ਵਿਚ ਸਮਾਇੰਦਾ । ਭਗਤ ਜਨਾਂ ਹਰਿ ਦਾਸੀ ਦਾਸਨ, ਦਰ ਦਵਾਰੇ ਸੇਵ ਕਮਾਇੰਦਾ । ਜਗਤ ਵਿਕਾਰਾ ਰੋਗ ਵਿਨਾਸਨ, ਸਹਿੰਸਾ ਚਿੰਤਾ ਮੂਲ ਚੁਕਾਇੰਦਾ । ਨਿਜ ਘਰ ਆਤਮ ਰੱਖੇ ਵਾਸਨ, ਮਹਿੰਮਾ ਅਗਣਤ ਜਣਾਇੰਦਾ । ਚਲੇ ਚਲਾਏ ਰਸਨ ਸਵਾਸਨ, ਸਵਾਸ ਸਵਾਸੀ ਸੰਗ ਨਿਭਾਇੰਦਾ । ਕਾਇਆ ਮੰਡਲ ਪਾਵੇ ਰਾਸਨ, ਗੋਪੀ ਕਾਹਨ ਆਪ ਅਖਵਾਇੰਦਾ । ਨਿਰਮਲ ਜੋਤੀ ਕਰ ਪਰਕਾਸ਼ਨ, ਅਗਿਆਨ ਅੰਧੇਰ ਮਿਟਾਇੰਦਾ । ਪੰਚਮ ਸ਼ਬਦ ਮੇਲ ਸਰਬ ਗੁਣਤਾਸਨ, ਏਕਾ ਤਾਲ ਵਜਾਇੰਦਾ । ਖੇਲੇ ਖੇਲ ਘਨਕਪੁਰ ਵਾਸਨ, ਕਾਹਨ ਘਨਈਆ ਭੇਵ ਛੁਪਾਇੰਦਾ । ਜੋਤੀ ਜੋਤ

੭੩੩ ੦੬

ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਨਈਆ, ਚਾਰ ਵਰਨ ਕਰਾਏ ਭੈਣਾ ਭਈਆ, ਏਕਾ ਰਾਹ ਚਲਾਇੰਦਾ । ਸਤਿਜੁਗ ਤੇਰੀ ਸਾਚੀ ਨਈਆ, ਪ੍ਰਭ ਸਾਚਾ ਆਪ ਚਲਾਇੰਦਾ । ਗੁਰਮੁਖਾਂ ਲਹਿਣਾ ਦੇਣਾ ਚੁਕਈਆ, ਲੇਖਾ ਕੋਈ ਰਹਿਣ ਨਾ ਪਾਇੰਦਾ । ਧਰਮ ਰਾਏ ਨਾ ਕੱਢੇ ਵਹੀਆ, ਚਿਤਰ ਗੁਪਤ ਨਾ ਮੁਖ ਵਖਾਇੰਦਾ । ਸਰਨ ਸਰਨਾਈ ਜੋ ਜਨ ਸਾਚੀ ਪਈਆ, ਸਚਖੰਡ ਦਵਾਰਾ ਇਕ ਵਖਾਇੰਦਾ । ਲੋਕਲਾਜ ਲੋਕਮਾਤ ਅੰਤਮ ਰਹੀਆ, ਜਿਸ ਜਨ ਆਪਣੀ ਦਇਆ ਕਮਾਇੰਦਾ । ਪਾਰਬ੍ਰਹਮ ਬ੍ਰਹਮ ਸਾਚਾ ਸਈਆ, ਸਾਚਾ ਨਾਇਕ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਸ਼ਬਦ ਭੰਡਾਰਾ, ਏਕਾ ਏਕ ਰਖਾਇਆ । ਪੁਰਖ ਨਿਰੰਜਣ ਬਣ ਵਰਤਾਰਾ, ਲੋਕਮਾਤ ਰਿਹਾ ਵਰਤਾਇਆ । ਖੇਲੇ ਖੇਲ ਵਿਚ ਸੰਸਾਰਾ, ਕਲ ਧਾਰਾ ਆਪ ਅਖਵਾਇਆ । ਕਲਜੁਗ ਤੇਰਾ ਕੂੜ ਪਸਾਰਾ, ਅੰਤਮ ਮੇਟੇ ਮੇਟ ਮਿਟਾਇਆ । ਵੇਖ ਵਖਾਣੇ ਗੁਰ ਦਰ ਮੰਦਰ ਮਸਜਿਦ ਗੁਰੂਦਵਾਰਾ, ਸ਼ਿਵਦਵਾਲਾ ਮੱਠ ਤੀਰਥ ਤਟ ਅੱਠ ਸੱਠ ਭੇਵ ਚੁਕਾਇਆ । ਖੇਲ ਖਿਲਾਏ ਵੇਖ ਵਖਾਏ ਸੰਗ ਮੁਹੰਮਦ ਚਾਰ ਯਾਰਾ, ਅਲ੍ਹਾ ਰਾਣੀ ਕਰ ਪਛਾਣੀ, ਕਲਜੁਗ ਮੇਲਾ ਸਾਚੇ ਹਾਣੀ, ਮੁਖ ਝੂਠਾ ਘੁੰਗਟ ਲਾਹਿਆ । ਖਾਣੀ ਬਾਣੀ ਵੇਦ ਪੁਰਾਨੀ ਅੰਜੀਲ ਕੁਰਾਨੀ, ਰੰਗ ਅਨਰੰਗਾ ਸੂਰਾ ਸਰਬੰਗਾ ਵੇਖੇ ਵੇਖ ਵਖਾਇਆ । ਨਿਰਮਲ ਜਲ ਨੀਰ ਧਾਰਾ ਗੋਦਾਵਰੀ ਗੰਗਾ, ਜਟਾ ਜੂਟ ਧਾਰੀ ਰਿੱਖੀ ਕੇਸ ਗਵਰਧਨ ਸੁਤ ਹੋਇਆ ਨੰਗਾ, ਕੋਇ ਨਾ ਪਾਵੇ ਸਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਣ ਸਾਚੇ ਮੀਤਾ, ਮੇਲ ਮਿਲਾਏ ਦਰ ਦਰਬਾਰੀ । ਮਿਲਿਆ ਮੇਲ ਆਦਿ ਨਿਰੰਜਣ, ਸਾਚਾ ਵਕਤ ਸੁਹਾਇੰਦਾ । ਨੇਤਰ ਨੈਣ ਸਾਚਾ ਅੰਜਣ, ਏਕਾ ਨਾਮ ਪਾਇੰਦਾ । ਚਰਨ ਧੂੜ ਕਰਾਏ ਸਾਚਾ ਮਜਣ, ਦੁਰਮਤ ਮੈਲ ਗਵਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਸ਼ਬਦ ਖੰਡਾ ਤੇਜ ਕਟਾਰ ਸਾਚੀ ਧਾਰ ਵਖਾਇੰਦਾ । ਭਗਤ ਸੁਹੇਲਾ ਆਇਆ ਪੜਦੇ ਕੱਜਣ, ਸਚ ਦੁਸ਼ਾਲਾ ਉਪਰ ਪਾਇੰਦਾ । ਕਾਲ ਨਗਾਰੇ ਸਿਰ ਤੇ ਵੱਜਣ, ਕਲਜੁਗ ਡੌਰੂ ਵਾਹਿੰਦਾ । ਧਰਮ ਰਾਏ ਦਰ ਸਾਚਾ ਹੱਜਣ, ਲੱਖ ਚੁਰਾਸੀ ਹੱਜ ਕਰਾਇੰਦਾ । ਲਾੜੀ ਮੌਤ ਮੰਗੇ ਦਾਜਨ, ਤ੍ਰੈਗੁਣ ਮਾਇਆ ਤਨ ਪਹਿਨਾਇੰਦਾ । ਆਪ ਰਚਾਇਆ ਤੇਰਾ ਕਾਜਨ, ਬ੍ਰਹਮਾ ਲਾੜਾ ਵੇਖ ਵਖਾਇੰਦਾ । ਆਪੇ ਹੋਇਆ ਸਾਜੀ ਸਾਜਨ, ਆਪ ਆਪਣੀ ਬਣਤ ਬਣਾਇੰਦਾ । ਆਪੇ ਹੋਇਆ ਜਗਤ ਦੁਹਾਗਣ, ਸੁਹਾਗੀ ਕੰਤ ਆਪ ਅਖਵਾਇੰਦਾ । ਤ੍ਰੈਗੁਣ ਮਾਇਆ ਹੋਈ ਵੈਰਾਗਣ, ਬਿਰਹੋਂ ਤੀਰ ਲਗਾਇੰਦਾ । ਲੋਆਂ ਪੁਰੀਆਂ ਖੰਡ ਬ੍ਰਹਿਮੰਡ ਲੱਗੀ ਦਿਸੇ ਆਗਣ, ਅਗਨੀ ਅੱਗ ਨਾ ਕੋਈ ਬੁਝਾਇੰਦਾ । ਗੁਰਮੁਖ ਵਿਰਲੇ ਸੋਏ ਮਾਤ ਜਾਗਣ, ਜਿਸ ਜਨ ਪ੍ਰਭ ਸਾਚਾ ਆਪ ਜਗਾਇੰਦਾ । ਆਪ ਸੁਣਾਏ ਆਪਣਾ ਰਾਗਣ, ਰਾਗ ਅਨਾਦੀ ਇਕ ਅਲਾਇੰਦਾ । ਹੰਸ ਬਣਾਏ ਫੜ ਫੜ ਕਾਗਨ, ਸੋਹੰ ਸਾਚੀ ਚੋਗ ਚੁਗਾਇੰਦਾ । ਮਾਇਆ ਡੱਸੇ ਨਾ ਡੱਸਣੀ ਨਾਗਣ, ਤ੍ਰਿਸ਼ਨਾ ਭੁੱਖ ਮਿਟਾਇੰਦਾ । ਸਰਨ ਸਰਨਾਈ ਜੋ ਜਨ ਲਾਗਣ, ਸਤਿ ਸਰੂਪ ਵਿਚ ਸਮਾਇੰਦਾ । ਚਰਨ ਧੂੜ ਕਰਾਏ ਸਾਚਾ ਮਾਘਨ, ਸੰਤ ਸੁਹੇਲਾ ਆਪ ਹੋ ਜਾਇੰਦਾ । ਜੁਗ ਜੁਗ ਧੋਵਣਹਾਰਾ ਦਾਗਣ, ਅੰਮ੍ਰਿਤ ਆਤਮ ਧਾਰਾ ਨਿਰਮਲ ਨੀਰ ਵਹਾਇੰਦਾ । ਗੁਰਮੁਖ ਨਾਰੀ ਕੰਤ ਸੁਹਾਗਣ, ਹਰਿ ਸਾਚਾ ਸ਼ਾਹੋ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਚਰਨ ਦਵਾਰਾ ਇਕ ਸੁਹਾਇੰਦਾ । ਚਰਨ ਦਵਾਰਾ ਸਾਚਾ ਧਾਮ, ਹਰਿ ਸਾਚਾ ਆਪ ਰਖਾਇੰਦਾ ।


੭੩੪ ੦੬

ਪੂਰ ਕਰਾਏ ਹਰਿਜਨ ਕਾਮ, ਇਛਿਆ ਭਿਛਿਆ ਏਕਾ ਪਾਇੰਦਾ । ਕੋਈ ਨਾ ਮੰਗੇ ਦਾਮਨੀ ਦਾਮ, ਕਾਮਨ ਤ੍ਰਿਸ਼ਨਾ ਨਾ ਕੋਈ ਵਖਾਇੰਦਾ । ਅੰਮ੍ਰਿਤ ਆਤਮ ਪਿਆਏ ਸਾਚਾ ਜਾਮ, ਦਿਵਸ ਰੈਣ ਰੰਗ ਰੰਗਾਇੰਦਾ । ਮਿਟੇ ਰੈਣ ਅੰਧੇਰੀ ਸ਼ਾਮ, ਅੰਧ ਅਗਿਆਨ ਗਵਾਇੰਦਾ । ਲੇਖੇ ਲੱਗੇ ਕਾਇਆ ਮਾਟੀ ਚਾਮ, ਜੋ ਜਨ ਹਰਿ ਚਰਨ ਧਿਆਨ ਰਖਾਇੰਦਾ । ਸਚ ਵਸਤ ਹਰਿ ਹਰਿ ਨਾਮਾ ਨਾਮ, ਨਾਮ ਅਮੋਲਕ ਸਾਚਾ ਹੀਰਾ ਏਕਾ ਹੱਟ ਵਿਕਾਇੰਦਾ । ਸਾਚਾ ਖੇੜਾ ਨਗਰ ਗਰਾਮ, ਕਾਇਆ ਮੰਦਰ ਇਕ ਵਖਾਇੰਦਾ । ਜੋਤ ਸਰੂਪ ਰਮਈਆ ਰਾਮ, ਦਰ ਘਰ ਸਾਚੇ ਆਸਣ ਲਾਇੰਦਾ । ਜਨ ਭਗਤਾਂ ਪੂਰ ਕਰਾਏ ਕਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਤੀ ਮਾਰਗ ਲਾਇੰਦਾ ।

੭੩੫ ੦੬

❋ ੨੧ ਜੇਠ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹਿ ਪਿੰਡ ਕਾਦਰ ਵਾਲਾ ਜ਼ਿਲਾ ਫਿਰੋਜ਼ਪੁਰ ❋

ਗੁਰ ਚਰਨ ਦਵਾਰ ਸਾਚਾ ਸੁਖ, ਸਾਂਤਕ ਸਤਿ ਵਰਤਾਈਆ । ਦੋ ਜਹਾਨੀ ਉਜਲ ਮੁਖ, ਇਕ ਇਕਾਂਤ ਕਰਾਈਆ । ਜਗਤ ਤ੍ਰਿਸ਼ਨਾ ਮੇਟੇ ਭੁੱਖ, ਰਾਜਸ ਤਾਮਸ ਬੈਠੀ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਰਿਹਾ ਜਗਾਈਆ । ਜਾਗਣ ਵੇਲਾ ਵਕਤ ਸੁਹਾਏ, ਪਾਰਬ੍ਰਹਮ ਪ੍ਰਭ ਕਰਤਾ । ਸੰਤ ਸੁਹਾਗੀ ਮੇਲ ਮਿਲਾਏ, ਕਾਇਆ ਚੋਲੀ ਰੰਗ ਚੜ੍ਹਾਏ ਇਕ ਬਸੰਤਾ । ਜੀਵਾਂ ਜੰਤਾਂ ਭੇਵ ਨਾ ਰਾਏ, ਜੁਗ ਜੁਗ ਖੇਲੇ ਖੇਲ ਆਦਿਨ ਅੰਤਾ । ਆਪਣੇ ਭਾਣੇ ਵਿਚ ਸਮਾਏ, ਘਰ ਸਾਚਾ ਧਾਮ ਸੁਹੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਕਲ ਵਰਤੰਤਾ । ਵਰਤੇ ਕਲ ਜਗਤ ਅੰਧੇਰਾ, ਚਾਰ ਕੁੰਟ ਰੈਣ ਅੰਧੇਰੀ ਛਾਈਆ । ਕਿਸੇ ਨਾ ਦਿਸੇ ਸੰਞ ਸਵੇਰਾ, ਰਵ ਸਸ ਬੈਠੇ ਮੁਖ ਛੁਪਾਈਆ । ਪੰਚਮ ਪੰਚਾਂ ਲੱਗਾ ਝੇੜਾ, ਤਤ ਮਤ ਲੜਾਈਆ । ਬਿਨ ਗੁਰ ਪੂਰੇ ਪਾਰ ਲੰਘਾਵੇ ਕਿਹੜਾ, ਮਨਮਤ ਰਹੀ ਕੁਰਲਾਈਆ । ਸਤਿਗੁਰ ਸਾਚਾ ਬੰਨ੍ਹਣਹਾਰਾ ਬੇੜਾ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਕਰੇ ਕਰਾਏ ਸਚ ਨਿਬੇੜਾ, ਤ੍ਰੈਗੁਣ ਮਾਇਆ ਵੇਖ ਵਖਾਈਆ । ਲੱਖ ਚੁਰਾਸੀ ਉਲਟਾ ਗੇੜਾ, ਆਪਣੀ ਹੱਥੀਂ ਰਿਹਾ ਦਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਸਾਚੇ ਮੇਲ ਮਿਲਾਈਆ । ਮਿਲੇ ਮੇਲ ਗੁਰੂ ਗੁਰਦੇਵਾ, ਗੋਬਿੰਦ ਰੰਗ ਸਮਾਇਆ । ਜਨਮ ਜਨਮ ਜਗ ਸਾਚੀ ਸੇਵਾ, ਪ੍ਰਭ ਨੈਣੀ ਦਰਸ਼ਨ ਪਾਇਆ । ਮਿਲੇ ਮੇਲ ਪ੍ਰਭ ਅਲਖ ਅਭੇਵਾ, ਮੇਲ ਵਿਛੋੜਾ ਪ੍ਰਭ ਆਪੇ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚੇ ਰੰਗ ਰੰਗਾਈਆ । ਕਾਇਆ ਚੋਲੀ ਹਰਿ ਰੰਗ ਰੱਤਾ, ਏਕਾ ਰੰਗ ਮਜੀਠਿਆ । ਵੇਖ ਵਖਾਏ ਪੰਚਮ ਮੀਤਾ, ਦਿਸ ਨਾ ਆਏ ਹਰਿ ਹਰਿ ਅਨਡੀਠਿਆ । ਗੁਰਮੁਖ ਵਿਰਲਾ ਬੀਜੇ ਨਾਮ ਵੱਤਾ, ਹਰਿ ਸ਼ਬਦ ਰਸ ਰਸ ਮੀਠਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤ੍ਰੈਗੁਣ ਮਾਇਆ ਅੰਤ ਤਪਾਏ ਕਲਜੁਗ ਤੇਰਾ ਜਗਤ ਅੰਗੀਠਿਆ ।

### ✻ ੨੧ ਜੇਠ ੨੦੧੪ ਬਿਕ੍ਰਮੀ ਨਾਜਰ ਸਿੰਘ ਦੇ ਗ੍ਰਿਹ ਤ੍ਰੈਗੁਣ ਮਾਇਆ ਦੇ ਅੰਤ ਕਰਨ ਦੇ ਬਾਰੇ ਲਿਖਤ ਹੋਈ ਪਿੰਡ ਨਾਥੇ ਵਾਲ ਜ਼ਿਲਾ ਫਿਰੋਜ਼ਪੁਰ ✻

ਆਦਿ ਪੁਰਖ ਅਬਿਨਾਸ਼ ਆਪ ਉਪਾਇਆ । ਆਪ ਆਪਣਾ ਕਰ ਪਰਕਾਸ਼, ਵਿਚ ਸਮਾਇਆ । ਆਦਿ ਅੰਤ ਨਾ ਹੋਏ ਵਿਨਾਸ, ਏਕਾ ਏਕ ਏਕ ਅਖਵਾਇਆ । ਆਪੇ ਖੇਲੇ ਖੇਲ ਸਰਬ ਗੁਣਤਾਸ, ਗੁਣਵੰਤਾ ਗੁਣ ਸਬਾਇਆ । ਸਾਚਾ ਮੰਡਲ ਸਾਚੀ ਰਾਸ, ਸਚ ਦਵਾਰਾ ਇਕ ਸੁਹਾਇਆ । ਆਪ ਉਪਾਏ ਦਇਆ ਕਮਾਏ ਪ੍ਰਿਥਮੀ ਆਕਾਸ਼, ਆਕਾਸ਼ ਆਕਾਸ਼ਾ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣੀ ਜੋਤ ਪਰਗਟਾਏ, ਆਦਿ ਪੁਰਖ ਅਕਾਲਾ । ਦੂਸਰ ਨਾ ਕੋਈ ਸੰਗ ਰਲਾਏ, ਦੀਨਾ ਬੰਧਪ ਦੀਨ ਦਿਆਲਾ । ਦਰ ਘਰ ਨਾ ਕੋਈ ਵਖਾਏ, ਰਾਜਨ ਰਾਜ ਨਾ ਕੋਈ ਸ਼ਾਹ ਕੰਗਾਲਾ । ਆਪ ਆਪਣਾ ਰੰਗ ਵਟਾਏ, ਜੋਤੀ ਨੂਰ ਕਰ ਉਜਾਲਾ । ਦਾਤਾ ਸੂਰਾ ਸਰਬੰਗ ਅਖਵਾਏ, ਆਪਣੀ ਆਪ ਕਰੇ ਪ੍ਰਿਤਪਾਲਾ । ਭੁੱਖ ਨੰਗ ਨਾ ਕੋਈ ਦਿਸਾਏ, ਖੇਲੇ ਖੇਲ ਨਿਰਾਲਾ । ਆਪ ਆਪਣਾ ਰੰਗ ਰੰਗਾਏ, ਗੋਬਿੰਦ ਗੁਰ ਗੋਪਾਲਾ । ਆਪ ਆਪਣਾ ਪਲੰਘ ਵਿਛਾਏ, ਹਰਿ ਆਸਣ ਬੇਮਿਸਾਲਾ । ਗੁਰ ਪੀਰ ਸਾਧ ਸੰਤ ਅਵਤਾਰ ਨਾ ਕੋਈ ਸੰਗ ਰਖਾਏ, ਅਕਲ ਕਲਾ ਕਲ ਵਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਸੁਰਤ ਸੰਭਾਲਾ । ਆਪ ਆਪਣੀ ਜੋਤ ਜਗਾਏ, ਅਕਲ ਕਲਾ ਭਰਪੂਰਾ । ਦੂਸਰ ਨਾ ਕੋਈ ਸੰਗ ਰਲਾਏ, ਨਾ ਕੋਈ ਦਿਸਾਏ ਨੇੜ ਦੂਰਾ । ਪ੍ਰਿਥਮੀ ਆਕਾਸ਼ ਪਰਕਾਸ਼ ਨਾ ਕੋਈ ਵਖਾਏ, ਰਵ ਸਸ ਨਾ ਕੋਈ ਤੂਰਾ । ਬ੍ਰਹਿਮੰਡ ਖੰਡ ਨਾ ਵੰਡ ਵੰਡਾਏ, ਜੇਰਜ ਅੰਡ ਉਤਭੁਜ ਸੇਤਜ ਨਾ ਕੋਈ ਵਖਾਏ ਰੰਗ ਗੂੜ੍ਹਾ । ਵੈਰਾਗ ਤਿਆਗ ਨਾ ਕੋਈ ਜਣਾਏ, ਤ੍ਰਿਸ਼ਨਾ ਅੱਗ ਨਾ ਕੋਈ ਬੁਝਾਏ, ਗਿਆਨ ਧਿਆਨ ਕੋਈ ਦਿਸ ਨਾ ਆਏ, ਭੇਵ ਨਾ ਪਾਏ ਮੂਰਖ ਮੂੜ੍ਹਾ । ਚਤਰਭੁਜ ਆਪ ਅਖਵਾਏ, ਭੇਵ ਗੁਝ ਕੋਈ ਦੇਵੀ ਦੇਵ ਨਾ ਪਾਏ, ਬ੍ਰਹਮਾ ਸੁਰਪਤ ਸ਼ਿਵ ਗਣੇਸ਼ ਵਿਸ਼ਨੂੰ ਹਰਿ ਸੇਵਾ ਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਿਹਾ ਉਪਾਏ । ਆਪ ਆਪਣਾ ਕਰ ਪਸਾਰਾ, ਆਪਣੀ ਕਲ ਵਰਤਾਈਆ । ਜੋਤੀ ਨੂਰ ਕਰ ਉਜਿਆਰਾ, ਘਰ ਬੈਠਾ ਆਸਣ ਲਾਈਆ । ਜੀਵ ਜੰਤ ਨਾ ਕੋਈ ਅਧਾਰਾ, ਲੱਖ ਚੁਰਾਸੀ ਦਿਸ ਨਾ ਆਈਆ । ਸਾਧ ਸੰਤ ਨਾ ਕੋਈ ਅਵਤਾਰਾ, ਗੁਰ ਪੀਰ ਨਾ ਕੋਈ ਰਖਾਈਆ । ਮੁੱਲਾ ਕਾਜ਼ੀ ਸ਼ੇਖ਼ ਪੀਰ ਫ਼ਕੀਰ ਦਸਤਗੀਰ ਨਾ ਕੋਈ ਨਾਰੀ ਨਾਰਾ, ਨਰ ਨਰਾਇਣ ਨਾ ਕੋਈ ਗਾਈਆ । ਰਵ ਸਸ ਸੂਰਜ ਚੰਦ ਨਾ ਕੋਈ ਦਿਸੇ ਮੰਡਲ ਤਾਰਾ, ਧਰਤ ਧਵਲ ਨਾ ਕੋਈ ਉਪਾਈਆ । ਲੋਆਂ ਪੁਰੀਆਂ ਨਾ ਕੋਈ ਪਸਾਰਾ, ਬ੍ਰਹਮਾ ਸ਼ਿਵ ਨਜ਼ਰ ਨਾ ਆਈਆ । ਰਾਜ ਰਾਜਾਨ ਸ਼ਾਹ ਸੁਲਤਾਨ ਰਾਓ ਰੰਕ ਨਾ ਦੀਸੇ ਕੋਈ ਬੰਕ ਦਵਾਰਾ, ਦਰ ਦਵਾਰ ਕੋਈ ਵੇਖ ਨਾ ਪਾਈਆ । ਸੰਤ ਕੰਤ ਭਗਵੰਤ ਜੰਤ ਨਾ ਮੇਲ ਭਤਾਰਾ, ਪਵਣ ਹੁਲਾਰਾ ਨਾ ਕੋਈ ਵਖਾਈਆ । ਨਾ ਕੋਈ ਸ਼ਬਦ ਧੁਨ ਸੱਚੀ ਧੁਨਕਾਰਾ, ਅਨਹਦ ਰਾਗ ਨਾ ਕੋਈ ਅਲਾਈਆ । ਅਵਣ ਗਵਣ ਨਾ ਕੋਈ ਪਸਾਰਾ, ਬ੍ਰਹਿਮੰਡ ਖੰਡ ਨਾ ਕੋਈ ਵੰਡ ਵੰਡਾਈਆ । ਆਪ ਆਪਣਾ ਕਰ ਆਕਾਰਾ, ਪਾਰਬ੍ਰਹਮ ਪ੍ਰਭ ਪੁਰਖ ਅਪਾਰਾ, ਘਰ ਏਕਾ ਏਕ ਸੁਹਾਈਆ । ਆਪ ਆਪਣਾ ਕਰ ਪਰਕਾਸ਼, ਅਕਲ ਕਲਾ ਵਰਤਾਈਆ । ਆਦਿ ਅੰਤ ਨਾ ਹੋਏ ਵਿਨਾਸ, ਭੇਵ ਕੋਈ ਨਾ ਪਾਈਆ । ਆਪ ਆਪਣਾ ਦਾਸੀ ਦਾਸ,

੭੩੬
੦੬

ਆਪ ਆਪਣੀ ਸੇਵ ਕਮਾਈਆ । ਨਾ ਕੋਈ ਹੱਡ ਨਾੜੀ ਦਿਸੇ ਮਾਸ, ਪੰਜ ਤਤ ਨਾ ਕੋਇ ਰਖਾਈਆ । ਪਵਣ ਨਾ ਗਾਏ ਰਸਨ ਸਵਾਸ, ਜਿਹਵਾ ਮੁਖ ਨਾ ਕੋਇ ਹਿਲਾਈਆ । ਮਾਤ ਗਰਭ ਨਾ ਆਏ ਦਸ ਦਸ ਮਾਸ, ਪਿਤਾ ਪੂਤ ਨਾ ਕੋਈ ਅਖਵਾਈਆ । ਆਪ ਆਪਣੇ ਘਰ ਰੱਖੇ ਵਾਸ, ਆਪ ਆਪਣਾ ਆਸਣ ਲਾਈਆ । ਆਪੇ ਦਾਤਾ ਸ਼ਾਹ ਸ਼ਾਬਾਸ, ਸ਼ਾਹ ਸੁਲਤਾਨ ਆਪ ਅਖਵਾਈਆ । ਥਿਰ ਘਰ ਵੇਖੇ ਸਾਚੀ ਰਾਸ, ਦਰ ਦਵਾਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਨੂਰ ਉਪਾਈਆ । ਜੋਤੀ ਨੂਰ ਇਕ ਇਕੱਲਾ, ਏਕਾ ਏਕ ਉਪਾਇਆ । ਆਪ ਵਸਾਇਆ ਸਚ ਮਹੱਲਾ, ਦਿਸ ਕਿਸੇ ਨਾ ਆਇਆ । ਨਾ ਕੋਈ ਦੀਸੇ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਬਨ ਖੰਡਾ ਨਾ ਡੇਰਾ ਲਾਇਆ । ਦਿਵਸ ਰੈਣ ਨਾ ਕੋਈ ਘੜੀ ਪੱਲਾ, ਵੇਲਾ ਵਕਤ ਨਾ ਕੋਈ ਵਖਾਇਆ । ਨਾ ਕੋਈ ਵੇਖੇ ਦੂਈ ਦਵੈਤੀ ਸੱਲਾ, ਏਕਾ ਦੂਜਾ ਦੂਜਾ ਏਕਾ ਨਜ਼ਰ ਨਾ ਆਇਆ । ਇਕ ਵਸਾਇਆ ਨਿਹਚਲ ਧਾਮ ਅਟੱਲਾ, ਹਰਿ ਥਿਰ ਘਰ ਨਾਉਂ ਰਖਾਇਆ । ਆਪ ਆਪਣਾ ਦਵਾਰਾ ਮੱਲਾ, ਆਪ ਆਪਣੀ ਅਲਖ ਜਗਾਇਆ । ਅਲੱਖ ਨਿਰੰਜਣ ਭੇਖ ਵਟਾਇਆ । ਅਗੰਮ ਅਗੋਚਰ ਨਾ ਕੋਈ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਰਖਾਇਆ । ਆਪ ਆਪਣਾ ਨਾਉਂ ਰਖਾਏ, ਏਕਾ ਏਕ ਅਕਾਲਾ । ਸਾਚਾ ਧਾਮ ਇਕ ਸੁਹਾਏ, ਆਪੇ ਹੋਏ ਆਪ ਰਖਵਾਲਾ । ਪੰਖੀ ਪੰਛੀ ਕੋਈ ਦਿਸ ਨਾ ਆਏ, ਨਾ ਕੋਈ ਦੀਸੇ ਸ਼ਾਹ ਕੰਗਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਬਣਾਏ ਆਪਣੀ ਮਾਲਾ । ਆਪਣੀ ਜੋਤ ਆਪ ਜਗਾ, ਆਪਣੀ ਬਣਤ ਬਣਾਈਆ । ਆਪਣੇ ਭਾਣੇ ਰਿਹਾ ਸਮਾ, ਹਰਿ ਭਾਣਾ ਭੇਵ ਨਾ ਰਾਈਆ । ਦੂਸਰ ਨਾ ਕੋਈ ਵੇਖ ਵਿਖਾ, ਤੀਜੇ ਨਾ ਕੋਈ ਬਣਤ ਬਣਾਈਆ । ਚੌਥੇ ਘਰ ਨਾ ਨਾਦ ਸੁਣਾ, ਸਾਧ ਸੰਤ ਨਾ ਵੇਖ ਵਖਾਈਆ । ਪੰਚਮ ਰਾਗ ਨਾ ਕੋਈ ਅਲਾ, ਖਾਣੀ ਬਾਣੀ ਨਜ਼ਰ ਨਾ ਆਈਆ । ਛੇਵੇਂ ਛੱਪਰ ਛੰਨ ਨਾ ਕੋਈ ਵਖਾ, ਮੰਦਰ ਅੰਦਰ ਜੋਤ ਜਗਾਈਆ । ਸੱਤਵੇਂ ਸਤਿ ਪੁਰਖ ਆਪ ਅਖਵਾ, ਆਪ ਆਪਣਾ ਨਾਉਂ ਰਖਾਈਆ । ਅੱਠ ਤਤ ਨਾ ਜਣੇਂਦੀ ਕੋਈ ਮਾਂ, ਧਰਤਮਾਤ ਨਾ ਖ਼ੁਸ਼ੀ ਮਨਾਈਆ । ਨੌ ਦਰ ਨਾ ਬਣਤ ਬਣਾ, ਲੱਖ ਚੁਰਾਸੀ ਨਾ ਵੇਖ ਵਖਾਈਆ । ਦਸਮ ਦਵਾਰੀ ਰਾਹ ਰਿਹਾ ਤਕਾ, ਅੱਧਵਿਚਕਾਰੀ ਡੇਰਾ ਲਾਈਆ । ਪਾਰਬ੍ਰਹਮ ਤੇਰਾ ਸਾਚਾ ਥਾਂ, ਏਕਾ ਏਕ ਅਖਵਾਈਆ । ਆਪ ਉਪਾਏ ਆਪਣਾ ਨਾਂ, ਆਪ ਆਪਣੀ ਇਛਿਆ ਆਪਣੀ ਝੋਲੀ ਪਾਈਆ । ਜੋਤੀ ਨੂਰ ਜੋਤ ਜਗਾ, ਦੇ ਮਤ ਰਿਹਾ ਸਮਝਾਈਆ । ਨਾਰੀ ਕੰਤ ਆਪ ਅਖਵਾ, ਆਪ ਆਪਣੀ ਸੇਜ ਹੰਢਾਈਆ । ਪੂਤ ਸਪੂਤਾ ਇਕ ਆਪਣਾ, ਹਰਿ ਸ਼ਬਦੀ ਨਾਉਂ ਰਖਾਈਆ । ਹਰਿ ਜੋਤ ਬਣਾਏ ਸਾਚੀ ਮਾਂ, ਏਕਾ ਤਤ ਝੋਲੀ ਪਾਈਆ । ਆਪ ਆਪਣੀ ਬਣਤ ਬਣਾ, ਆਪਣੇ ਹੱਥ ਰੱਖੀ ਵਡਿਆਈਆ । ਬ੍ਰਹਿਮੰਡ ਵਿਚ ਗਿਆ ਸਮਾ, ਪ੍ਰਭ ਅੱਗੇ ਸੀਸ ਝੁਕਾਈਆ । ਦਿਸ ਨਾ ਆਏ ਕਿਸੇ ਥਾਂ, ਹਰ ਘਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਈਆ । ਸ਼ਬਦ ਸੁਤ ਸਚ ਬਲਵਾਨ, ਸੁਣੇ ਧੁਰ ਫ਼ਰਮਾਨਿਆ । ਦੇਵਣਹਾਰਾ ਗੁਣ ਨਿਧਾਨ, ਕਰੇ ਜਾਣ ਪਛਾਨਿਆ । ਹੱਥ ਫੜਾਏ ਇਕ ਨਿਸ਼ਾਨ, ਜੋਤੀ ਨੂਰ ਮਹਾਨਿਆ । ਇਕ ਰਖਾਏ ਆਪਣੀ ਆਨ, ਏਕਾ ਏਕ ਵਖਾਨਿਆ । ਏਕਾ ਏਕ ਨਾਉਂ ਵਖਾਨ, ਏਕਾ ਏਕ ਸ੍ਰੀ ਭਗਵਾਨਿਆ । ਏਕਾ ਏਕ ਦੇਵੇ ਮਾਣ, ਏਕਾ ਏਕ ਮਾਣ ਨਿਮਾਣਿਆਂ । ਏਕਾ ਏਕ ਦੇਵੇ ਦਾਨ, ਦਾਤਾ

ਦਾਨੀ ਆਪ ਅਖਵਾਨਿਆ । ਏਕਾ ਏਕ ਜਾਣੀ ਜਾਣ, ਜਾਨਣਹਾਰ ਆਪ ਪਛਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਤਤ ਦੇਵੇ ਵਰ, ਦਰ ਘਰ ਕਰੇ ਪਰਵਾਨਿਆ । ਸ਼ਬਦ ਸੁਤ ਸਚ ਦੁਲਾਰਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਆਪ ਆਪਣੀ ਕਰ ਨਿਮਸਕਾਰਾ, ਏਕਾ ਮੰਗ ਮੰਗਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਵੇਖ ਵਖਾਇੰਦਾ । ਪਾਰਬ੍ਰਹਮ ਕਰੇ ਵਿਚਾਰਾ, ਕਵਣ ਖੇਲ ਖਿਲਾਇੰਦਾ । ਸੁਤ ਸ਼ਬਦ ਖ਼ਬਰਦਾਰਾ, ਏਕਾ ਨਾਅਰਾ ਲਾਇੰਦਾ । ਕਵਣ ਦਰ ਕਵਣ ਘਰ ਲੈ ਅਵਤਾਰਾ, ਕਵਣ ਧਾਮ ਰਹਾਇੰਦਾ । ਪੁਰਖ ਅਗੰਮਾ ਪਾਵੇ ਸਾਰਾ, ਆਪ ਆਪਣਾ ਵੇਖ ਵਖਾਇੰਦਾ । ਇਕ ਇਕੱਲਾ ਏਕ ਏਕੰਕਾਰਾ, ਏਕਾ ਰੂਪ ਸਮਾਇੰਦਾ । ਆਪ ਆਪਣਾ ਕਰ ਪਸਾਰਾ, ਓਅੰਕਾਰਾ ਰੂਪ ਵਟਾਇੰਦਾ । ਸੋ ਪੁਰਖ ਨਿਰੰਜਣ ਸਿਰਜਣਹਾਰਾ, ਸਾਚੀ ਕਲ ਵਰਤਾਇੰਦਾ । ਪੂਤ ਸਪੂਤਾ ਕਰ ਪਿਆਰਾ, ਸ਼ਬਦ ਸੁਤ ਅਲਾਇੰਦਾ । ਲੋਆਂ ਪੁਰੀਆਂ ਇਕ ਪਸਾਰਾ, ਆਪ ਆਪਣੀ ਝਲਕ ਵਖਾਇੰਦਾ । ਆਪੇ ਬਖ਼ਸ਼ੇ ਚਰਨ ਪਿਆਰਾ, ਦੇ ਮਤ ਆਪ ਸਮਝਾਇੰਦਾ । ਸਚ ਸੁੱਚ ਜਗਤ ਵਰਤਾਰਾ, ਹਰਿ ਗਿਰਧਾਰਾ ਆਪ ਰਖਾਇੰਦਾ । ਏਕਾ ਭਰਿਆ ਨਾਮ ਭੰਡਾਰਾ, ਭਰਨਹਾਰਾ ਆਪ ਹੋ ਜਾਇੰਦਾ । ਨਿਖੁੱਟ ਨਾ ਜਾਏ ਵਾਰੋ ਵਾਰਾ, ਆਦਿ ਅੰਤ ਏਕਾ ਧਾਰ ਰਖਾਇੰਦਾ । ਆਪੇ ਤੋਲਾ ਤੋਲਣਹਾਰਾ, ਸਾਚਾ ਤੋਲ ਤੁਲਾਇੰਦਾ । ਆਪਣਾ ਬੋਲਾ ਆਪੇ ਬੋਲਣਹਾਰਾ, ਹਰਿ ਸ਼ਬਦੀ ਨਾਉਂ ਰਖਾਇੰਦਾ । ਲੋਆਂ ਪੁਰੀਆਂ ਕਰ ਪਸਾਰਾ, ਇਕ ਦਵਾਰਾ ਆਪ ਰਖਾਇੰਦਾ । ਆਪ ਆਪਣਾ ਕਰ ਉਜਿਆਰਾ, ਰੂਪ ਅਨੂਪ ਸਤਿ ਸਰੂਪ ਸਾਚੀ ਕੂਟ ਸੁਹਾਇੰਦਾ । ਜੋਤ ਨਿਰੰਜਣ ਕਰ ਪਿਆਰਾ, ਆਦਿ ਨਿਰੰਜਣ ਦਇਆ ਕਮਾਇੰਦਾ । ਆਪ ਆਪਣਾ ਕਰ ਵਿਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤ ਦੁਲਾਰਾ ਸੰਗ ਰਲਾਇੰਦਾ । ਸ਼ਬਦ ਸੁਤ ਇਕ ਧਿਆਨ, ਇਕ ਓਟ ਰਖਾਈਆ । ਏਕਾ ਨਾਮ ਇਕ ਗਿਆਨ, ਏਕਾ ਚੋਟ ਲਗਾਈਆ । ਏਕਾ ਧਰਮ ਇਕ ਨਿਸ਼ਾਨ, ਏਕਾ ਏਕ ਵਖਾਈਆ । ਏਕਾ ਰਾਗ ਏਕਾ ਗਾਨ, ਏਕਾ ਕਾਨ ਸੁਣਾਈਆ । ਏਕਾ ਦਾਨੀ ਏਕਾ ਦਾਨ, ਦੇਵਣਹਾਰ ਇਕ ਅਖਵਾਈਆ । ਏਕਾ ਮਾਣ ਏਕਾ ਤਾਨ, ਏਕਾ ਨਾਮ ਚਲਾਈਆ । ਆਪ ਆਪਣੀ ਕਰ ਪਛਾਨ, ਆਪਣਾ ਨੇਤਰ ਵੇਖ ਵਖਾਈਆ । ਆਪੇ ਮੇਲੇ ਆਪਣਾ ਹਾਣ, ਆਪ ਆਪਣੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਸਾਚੇ ਵਰ, ਘਰ ਸਾਚੇ ਰਿਹਾ ਸੁਹਾਈਆ । ਸਾਚੇ ਦਰ ਕਰ ਪਰਵਾਨ, ਏਕਾ ਖ਼ੁਸ਼ੀ ਮਨਾਈਆ । ਆਪੇ ਵੇਖੇ ਮਾਰ ਧਿਆਨ, ਆਪ ਆਪਣੀ ਉਤਪਤ ਰਿਹਾ ਕਰਾਈਆ । ਆਪੇ ਦੇਵਣਹਾਰਾ ਮਾਣ, ਦਰ ਦਵਾਰਾ ਰਿਹਾ ਸੁਹਾਈਆ । ਸਚਖੰਡ ਇਕ ਗਿਆਨ, ਏਕਾ ਰਾਗ ਅਲਾਈਆ । ਨਾ ਕੋਈ ਪਵਣ ਨਾ ਮਸਾਨ, ਨਾ ਕੋਈ ਹਵਨ ਕਰਾਈਆ । ਨਾ ਕੋਈ ਪੂਜਾ ਪਾਠ ਗਿਆਨ ਧਿਆਨ, ਖਾਣੀ ਬਾਣੀ ਰਸਨਾ ਜਿਹਵਾ ਕੋਈ ਨਾ ਗਾਈਆ । ਨਾ ਕੋਈ ਪੜ੍ਹੇ ਵੇਦ ਪੁਰਾਨ, ਬ੍ਰਹਮਾ ਮੁਖ ਨਾ ਕੋਈ ਰਖਾਈਆ । ਨਾ ਕੋਈ ਦੀਸੇ ਅੰਜੀਲ ਕੁਰਾਨ, ਅੱਲਾ ਹੂ ਨਾਅਰਾ ਕੋਈ ਨਾ ਲਾਈਆ । ਨਾ ਕੋਈ ਦੀਸੇ ਜੰਤ ਜਹਾਨ, ਜੀਵ ਜੁਗਤ ਨਾ ਕੋਈ ਰਖਾਈਆ । ਨਾ ਕੋਈ ਭੂਮਿਕਾ ਨਾ ਅਸਥਾਨ, ਮੰਡਲ ਮੰਡਪ ਕੋਈ ਦਿਸ ਨਾ ਆਈਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਨਾ ਕੋਈ ਬੰਸਰੀ ਰਿਹਾ ਵਜਾਈਆ । ਨਾ ਕੋਈ ਸੀਤਾ ਨਾ ਕੋਈ ਰਾਮ, ਲੰਕਾ ਗੜ੍ਹ ਨਾ ਕੋਈ ਵਖਾਈਆ । ਨਾਨਕ ਗੋਬਿੰਦ ਕੋਇ ਨਾ ਨਾਮ, ਨਾ ਕੋਈ ਬਣਤ ਬਣਾਈਆ । ਏਕਾ ਏਕ ਸ੍ਰੀ ਭਗਵਾਨ, ਜੋਤੀ ਜੋਤ ਸਮਾਈਆ । ਸਾਚਾ


੭੩੮
੦੬

ਸੁਤ ਨੌਜਵਾਨ, ਆਪਣੇ ਸੰਗ ਰਲਾਈਆ । ਆਪ ਆਪਣਾ ਕਰ ਧਿਆਨ, ਲੋਆਂ ਪੁਰੀਆਂ ਬਣਤ ਬਣਾਈਆ । ਪੁਰਖ ਅਬਿਨਾਸ਼ੀ ਚਤਰ ਸੁਜਾਨ, ਆਪਣਾ ਭੇਖ ਵਟਾਈਆ । ਆਪੇ ਖੇਲੇ ਖੇਲ ਮਹਾਨ, ਆਪਣਾ ਅੰਗ ਕਟਾਈਆ । ਵਿਸ਼ਨੂੰ ਰੂਪ ਇਕ ਨਿਸ਼ਾਨ, ਏਕਾ ਏਕ ਰਖਾਈਆ । ਆਪੇ ਵੇਖੇ ਅੰਦਰ ਮੰਦਰ ਮਾਰ ਧਿਆਨ, ਕਵਣ ਧਾਮ ਦਵਾਰਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰਿਹਾ ਉਪਾਈਆ । ਆਪ ਆਪਣੀ ਮਾਰੇ ਝਾਕੀ, ਆਪਣਾ ਖੋਲ੍ਹ ਦਵਾਰਿਆ । ਨਾ ਕੋਈ ਦੀਸੇ ਬੰਦਾ ਖ਼ਾਕੀ, ਨਾ ਕੋਈ ਮਹੱਲ ਅਟਾਰਿਆ । ਨਾ ਕੋਈ ਦੀਸੇ ਸੱਜਣ ਸਾਕੀ, ਭਰ ਪਿਆਲਾ ਨਾ ਕੋਈ ਪਿਲਾ ਰਿਹਾ । ਨਾ ਕੋਈ ਲੇਖਾ ਮੰਗੇ ਬਾਕੀ, ਧਰਮ ਰਾਏ ਚਿਤਰ ਗੁਪਤ ਨਾ ਕੋਈ ਉਪਾ ਰਿਹਾ । ਨਾ ਕੋਈ ਜਾਣੇ ਭਵਿਖਤ ਵਾਕੀ, ਲੇਖਾ ਲੇਖ ਨਾ ਕੋਈ ਲਿਖਾ ਰਿਹਾ । ਨਾ ਕੋਈ ਅਸਤਰ ਸ਼ਸਤਰ ਘੋੜਾ ਰਾਕੀ, ਬਸਤਰ ਕੋਈ ਨਾ ਤਨ ਸਜਾ ਲਿਆ । ਨਾ ਕੋਈ ਚਲੇ ਚਾਲ ਬਾਂਕੀ, ਕਲਗੀ ਤੋੜਾ ਨਾ ਸੀਸ ਟਿਕਾ ਲਿਆ । ਖੇਲ ਜਾਣੇ ਪ੍ਰਭ ਖੇਲਣਹਾਰਾ ਬਾਂਕੀ, ਦੂਸਰ ਕੋਈ ਨਾ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਘਰ, ਘਰ ਮੰਦਰ ਇਕ ਸੁਹਾ ਲਿਆ । ਆਪ ਆਪਣਾ ਆਪੇ ਵੇਖੇ, ਵੇਖਣਹਾਰ ਅਖਵਾਇਆ । ਨਾ ਕੋਈ ਲਿਖੇ ਲੇਖੇ, ਰੇਖੇ ਨਾ ਕੋਈ ਮਿਟਾਇਆ । ਆਪਣੀ ਜੋਤੀ ਆਪੇ ਭੇਖੇ, ਵੇਸ ਅਨੇਕੇ ਰਿਹਾ ਕਰਾਇਆ । ਨਾ ਕੋਈ ਦਿਸੇ ਧਾਰੀ ਕੇਸੇ, ਨਾ ਕੋਈ ਮੂੰਡ ਮੁੰਡਾਇਆ । ਨਾ ਕੋਈ ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਗਣੇਸ਼ੇ, ਸੁਰਪਤ ਰਾਜਾ ਇੰਦ ਦਿਸ ਨਾ ਆਇਆ । ਨਾ ਕੋਈ ਲੋਕ ਪਰਲੋਕ ਦੇਸ ਪਰਦੇਸੇ, ਗਗਨ ਪਾਤਾਲ ਨਾ ਕੋਈ ਰਹਾਇਆ । ਨਾ ਕੋਈ ਰਾਜ ਰਾਜਾਨ ਨਰ ਨਰੇਸ਼ੇ, ਸ਼ਾਹ ਸੁਲਤਾਨ ਨਾ ਵੇਖ ਵਖਾਇਆ । ਨਾ ਕੋਈ ਕਾਇਆ ਗੋਬਿੰਦ ਦਸ ਦਸਮੇਸ਼ੇ, ਪੰਜ ਤਤ ਨਾ ਨਜ਼ਰੀ ਆਇਆ । ਆਦਿ ਪੁਰਖ ਸਦਾ ਅਡੋਲ ਰਹੇ ਹਮੇਸ਼ੇ, ਨਾ ਮਰੇ ਨਾ ਜਾਇਆ । ਆਪੇ ਜਾਣੇ ਆਪਣਾ ਵੇਸੇ, ਆਪ ਆਪਣਾ ਰੂਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨੂਰ ਟਿਕਾਇਆ । ਆਪ ਆਪਣਾ ਨੂਰ ਟਿਕਾਏ, ਆਪਣੀ ਬਣਤ ਬਣਾਈਆ । ਕਵਲੀ ਕਵਲਾ ਇਕ ਉਪਾਏ, ਅੰਮ੍ਰਿਤ ਮੁਖ ਚੁਆਈਆ । ਧਰਤ ਧਵਲ ਨਾ ਕੋਈ ਦਿਸਾਏ, ਆਫ ਤਾਬ ਨਾ ਕੋਈ ਚੜ੍ਹਾਈਆ । ਸ਼ਾਹ ਨਵਾਬ ਕੋਈ ਨਜ਼ਰ ਨਾ ਆਏ, ਇਕ ਅਹਿਬਾਬ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਆਬ ਕਵਲ ਨਾਭ ਬਣਾਏ ਦੋ ਆਬ, ਸਾਚੀ ਰਚਨ ਰਚਾਈਆ । ਆਪ ਆਪਣਾ ਨੂਰ ਉਜਿਆਰਾ, ਆਪੇ ਰਿਹਾ ਕਰਾਇਆ । ਕਵਲ ਕਵਲਾ ਕਰ ਪਿਆਰਾ, ਕਵਲਾ ਮੁਖ ਛੁਪਾਇਆ । ਜੁਗ ਸਤਾਈ ਬੰਨ੍ਹੇ ਧਾਰਾ, ਧਰਨੀ ਧਰਨਾ ਆਪ ਅਖਵਾਇਆ । ਆਪੇ ਵੇਖੇ ਪਾਰ ਕਿਨਾਰਾ, ਆਪੇ ਬੇੜਾ ਰਿਹਾ ਚਲਾਇਆ । ਪਾਰਬ੍ਰਹਮ ਪ੍ਰਭ ਪੁਰਖ ਅਪਾਰਾ, ਭੇਵ ਕਿਸੇ ਨਾ ਪਾਇਆ । ਪੁਰਖ ਅਗੰਮੜਾ ਅਗੰਮੜੀ ਕਾਰਾ, ਆਪ ਆਪਣੀ ਕਰਦਾ ਆਇਆ । ਨਾਭੀ ਕਵਲਾ ਕਰ ਉਜਿਆਰਾ, ਬ੍ਰਹਮਾ ਸੁਤ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਅਚੁਤ ਬੁੱਤ ਆਪਣੇ ਰੂਪ ਸਮਾਇਆ । ਆਪ ਆਪਣਾ ਕਰ ਸਹਾਰਾ, ਆਪਣਾ ਭੇਖ ਵਟਾਇਆ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਖੇਲਣਹਾਰ ਅਖਵਾਇਆ । ਮੰਗੇ ਮੰਗ ਬਣ ਭਿਖਾਰਾ, ਦਰ ਦਰਵੇਸ਼ ਅਖਵਾਇਆ । ਲਿਖੇ ਲੇਖ ਲਿਖਣਹਾਰਾ, ਲੇਖਾ ਆਪਣੇ ਹੱਥ ਰਖਾਇਆ । ਵੇਖ ਵਿਖਾਏ ਵੇਖਣਹਾਰਾ, ਦਿਸ ਕਿਸੇ ਨਾ ਆਇਆ । ਰੂਪ ਅਨੂਪਾ ਹਰਿ ਗਿਰਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੭੩੯
੦੬

ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਪ ਆਪਣਾ ਕਰ ਆਕਾਰਾ, ਆਪਣੀ ਕਲ ਵਰਤਾਈਆ । ਆਪ ਆਪਣਾ ਕਰ ਵਿਚਾਰਾ, ਆਪਣੀ ਬੂਝ ਬੁਝਾਈਆ । ਤ੍ਰੈਗੁਣ ਮਾਇਆ ਕਰ ਪਸਾਰਾ, ਆਪਣੇ ਹੱਥ ਰੱਖੀ ਵਡਿਆਈਆ । ਰਾਜਸ ਤਾਮਸ ਸਤਿ ਵਿਚਾਰਾ, ਸਾਂਤਕ ਸਹਿਜ ਸੁਖਦਾਈਆ । ਬ੍ਰਹਮਾ ਮੇਲਾ ਇਕ ਦਵਾਰਾ, ਏਕਾ ਝੋਲੀ ਪਾਈਆ । ਸ਼ਬਦ ਜਣਾਏ ਅਪਰ ਅਪਾਰਾ, ਆਤਮਕ ਧੁਨ ਉਪਜਾਈਆ । ਸੁਣੇ ਸੁਣਾਏ ਸੁਣਨੇਹਾਰਾ, ਏਕਾ ਨਾਦ ਰਖਾਈਆ । ਬ੍ਰਹਮਾ ਬ੍ਰਹਮ ਕਰੇ ਵਿਚਾਰਾ, ਪਾਰਬ੍ਰਹਮ ਭੇਵ ਨਾ ਰਾਈਆ । ਆਪ ਆਪਣਾ ਲਿਆ ਵਿਚਾਰਾ, ਨਾ ਆਪਣੀ ਬੂਝ ਬੁਝਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰਾ, ਦੇਵੇ ਸ਼ਬਦ ਜਣਾਈਆ । ਸੁਣਿਆ ਸ਼ਬਦ ਅਗੰਮ ਅਪਾਰਾ, ਬ੍ਰਹਮਾ ਵੇਖ ਵਖਾਈਆ । ਚਰਨ ਕਵਲ ਪ੍ਰਭ ਇਕ ਧਿਆਨਾ, ਇਕ ਆਵਾਜ਼ ਲਗਾਈਆ । ਇਕ ਸ਼ਬਦ ਇਕ ਗਿਆਨਾ, ਆਪਣਾ ਆਪ ਸੁਣਾਈਆ । ਮੁਖ ਪ੍ਰਮੁਖ ਵਿਚ ਜਹਾਨਾਂ, ਉਤਪਤ ਆਪ ਕਰਾਈਆ । ਆਪੇ ਦੇਵੇ ਦਾਨੀ ਦਾਨਾ, ਇਕ ਭੰਡਾਰ ਵਖਾਈਆ । ਆਪ ਕਰਾਏ ਆਪਣੀ ਪਛਾਨਾ, ਆਪਣਾ ਮੁਖ ਵਖਾਈਆ । ਚਾਰੇ ਮੁਖ ਹੋਏ ਹੈਰਾਨਾ, ਪ੍ਰਭ ਨੇਤਰ ਦਰਸ਼ਨ ਪਾਈਆ । ਅੱਠੇ ਨੇਤਰ ਬ੍ਰਹਮੇ ਸ਼ਰਮਾਨਾ, ਨਰ ਹਰਿ ਨਾ ਵੇਖ ਵਖਾਈਆ । ਪਰਕਾਸ਼ ਪਰਕਾਸ਼ ਕੋਟਨ ਭਾਨਾ, ਅੰਧ ਅੰਧੇਰ ਮਿਟਾਈਆ । ਨਿਵਾਸ ਨਿਵਾਸਾ ਸਚ ਅਸਥਾਨਾ, ਬ੍ਰਹਮੇ ਧਾਮ ਭੂਮਿਕਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਵੱਡੀ ਵਡਿਆਈਆ । ਬ੍ਰਹਮੇ ਦਰ ਘਰ ਸਾਚਾ ਪਾਇਆ, ਏਕਾ ਨਾਮ ਅਨਮੁੱਲਾ । ਪ੍ਰਭ ਅਬਿਨਾਸ਼ੀ ਰਿਹਾ ਜਣਾਇਆ, ਦਰ ਦਵਾਰਾ ਏਕਾ ਖੁਲ੍ਹਾ । ਏਕਾ ਰੰਗਣ ਰੰਗ ਰੰਗਾਇਆ, ਇਕ ਰਖਾਏ ਆਪਣੀ ਕੁਲਾ । ਆਪਣੇ ਤੰਦਨ ਤੰਦ ਬੰਨ੍ਹਾਇਆ, ਆਦਿ ਅੰਤ ਸਦਾ ਅਤੁੱਲਾ । ਆਪਣੇ ਅੰਗਣ ਆਪ ਰਖਾਇਆ, ਆਪੇ ਫਲਿਆ ਆਪੇ ਫੁੱਲਾ । ਨਾਮ ਮਰਦੰਗਨ ਇਕ ਵਜਾਇਆ, ਇਕ ਸੁਣਾਇਆ ਸਾਚਾ ਢੋਲਾ । ਹੱਥੀਂ ਕੰਗਣ ਇਕ ਪਹਿਨਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਗ ਲਗਾਇਆ ਬ੍ਰਹਮਾ ਚੋਲਾ । ਬ੍ਰਹਮੇ ਚੋਲੀ ਰੰਗ ਕਰਤਾਰ, ਆਪਣੀ ਕਲ ਵਰਤਾਈਆ । ਹੌਲੀ ਹੌਲੀ ਸ਼ਬਦ ਧੁਨਕਾਰ, ਆਪਣੀ ਰਿਹਾ ਸੁਣਾਈਆ । ਨਾਭੀ ਕਵਲੀ ਅੰਮ੍ਰਿਤ ਧਾਰ, ਨਿਝਰ ਝਿਰਨਾ ਰਿਹਾ ਝਿਰਾਈਆ । ਲੱਖ ਚੁਰਾਸੀ ਕਰ ਤਿਆਰ, ਆਪ ਆਪਣੀ ਸੇਵਾ ਲਾਈਆ । ਵਿਸ਼ਨੂੰ ਮੇਲਾ ਮੀਤ ਮੁਰਾਰ, ਸਾਚਾ ਸੰਗ ਨਿਭਾਈਆ । ਸ਼ਿਵ ਸ਼ੰਕਰ ਬਣੇ ਦਰ ਭਿਖਾਰ, ਪ੍ਰਭ ਸਾਚਾ ਸੰਗ ਨਿਭਾਈਆ । ਤਿੰਨਾਂ ਮੇਲਾ ਇਕ ਦਵਾਰ, ਦਰ ਦਵਾਰਾ ਇਕ ਸੁਹਾਈਆ । ਆਪ ਆਪਣੀ ਕਿਰਪਾ ਧਾਰ, ਆਪਣੇ ਰੂਪ ਸਮਾਈਆ । ਨਿਰਗੁਣ ਸਰਗੁਣ ਖੇਲ ਸੰਸਾਰ, ਆਪਣੀ ਰਚਨ ਰਚਾਈਆ । ਤ੍ਰੈਗੁਣ ਮਾਇਆ ਕਰ ਤਿਆਰ, ਪ੍ਰਭ ਤਿੰਨਾਂ ਮੁਖ ਲਗਾਈਆ । ਆਪਣੀ ਹੱਥੀਂ ਗਲ ਪਾਇਆ ਹਾਰ, ਨਾ ਕੋਈ ਸਕੇ ਹੋਰ ਲੁਹਾਈਆ । ਛੱਤੀ ਜੁਗ ਵੇਖ ਵਿਚਾਰ, ਫੂਲਨ ਬਰਖਾ ਏਕਾ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰਨ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਆਪੇ ਬੈਠ ਸੱਚੀ ਸਰਕਾਰ, ਸਚ ਸਿੰਘਾਸਣ ਰਿਹਾ ਬਣਾਈਆ । ਪੰਜ ਤਤ ਤਤ ਕਰ ਤਿਆਰ, ਏਕਾ ਤਤ ਰਖਾਈਆ । ਹੱਡ ਮਾਸ ਨਾੜੀ ਰੱਤ ਬਖ਼ਸ਼ੇ ਸਾਚੀ ਧਾਰ, ਆਪ ਆਪਣਾ ਰੰਗ ਰੰਗਾਈਆ । ਭਗਵੰਤ ਭਗਤ ਬਣ ਭਿਖਾਰ, ਦੇਵਣਹਾਰ ਆਪ ਅਖਵਾਈਆ । ਸ੍ਰਿਸ਼ਟ ਸਬਾਈ ਕਰ ਤਿਆਰ, ਬ੍ਰਹਮੇ ਤੇਰੀ ਸੇਵਾ ਲਾਈਆ । ਵਿਸ਼ਨੂੰ ਵੰਸਾ ਰਹਿਣਾ ਖ਼ਬਰਦਾਰ, ਬਾਲ ਅੰਞਾਣੇ ਜੋਤ ਜਗਾਈਆ । ਸ਼ਿਵ ਸ਼ੰਕਰ ਮਾਰੀ ਏਕਾ ਮਾਰ, ਆਪਣੀ ਗੋਦੀ ਲਏ ਉਠਾਈਆ । ਤਿੰਨਾਂ ਮੇਲਾ ਇਕ ਦਵਾਰ, ਪ੍ਰਭ ਸਾਚਾ

੭੪੦
੦੬

੭੪੧
੦੬

ਰਿਹਾ ਸਮਝਾਈਆ । ਆਪੇ ਵਸਿਆ ਸਭ ਤੋਂ ਬਾਹਰ, ਘਰ ਆਪਣਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਦਿਤਾ ਵਰ, ਤ੍ਰੈ ਤ੍ਰੈ ਵੇਖ ਵਖਾਈਆ । ਤ੍ਰੈਗੁਣ ਮਾਇਆ ਕਰ ਪਰਵਾਨ, ਬ੍ਰਹਮਾ ਸੀਸ ਝੁਕਾਇੰਦਾ । ਵਿਸ਼ਨੂੰ ਵੇਖੇ ਮਾਰ ਧਿਆਨ, ਪ੍ਰਭ ਸਾਚਾ ਖ਼ੁਸ਼ੀ ਮਨਾਇੰਦਾ । ਸ਼ਿਵ ਸ਼ੰਕਰ ਬੈਠਾ ਹੋ ਹੈਰਾਨ, ਭੇਵ ਕੋਈ ਨਾ ਪਾਇੰਦਾ । ਪੁਰਖ ਅਬਿਨਾਸ਼ੀ ਖੋਲ੍ਹੀ ਇਕ ਦੁਕਾਨ, ਤਿੰਨੇ ਸੇਵਾ ਲਾਇੰਦਾ । ਆਦਿ ਸ਼ਕਤ ਬਣੀ ਮਾਤ ਪਰਧਾਨ, ਜਗਤ ਮਾਤ ਆਪ ਹੋ ਜਾਇੰਦਾ । ਆਪੇ ਦੇਵੇ ਸਾਚਾ ਦਾਨ, ਜੋਤੀ ਨੂਰ ਇਕ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਘਰ ਆਪੇ ਆਪ ਅਪਣਾਇੰਦਾ । ਤ੍ਰੈਗੁਣ ਮਾਇਆ ਤੇਰਾ ਘਰ, ਪ੍ਰਭ ਸਾਚੇ ਆਪ ਸੁਹਾਇਆ । ਆਪੇ ਦੇਵਣਹਾਰਾ ਵਰ, ਆਪੇ ਲਏ ਉਪਾਇਆ । ਆਪਣੀ ਕਿਰਪਾ ਆਪੇ ਕਰ, ਕਰਨ ਕਰਾਵਣਹਾਰ ਅਖਵਾਇਆ । ਆਪਣਾ ਭਾਣਾ ਆਪੇ ਜਰ, ਆਪਣੇ ਭਾਣੇ ਸਦ ਸਮਾਇਆ । ਇਕ ਇਕੱਲਾ ਹਰੀ ਹਰ, ਨਿਰਗੁਣ ਰੂਪ ਅਖਵਾਇਆ । ਤ੍ਰੈਗੁਣ ਮਾਇਆ ਵੇਸ ਕਰ, ਵਿਸ਼ਨੂੰ ਵੰਸ ਉਪਾਇਆ । ਬ੍ਰਹਮਾ ਦਰ ਦਰਵੇਸ ਕਰ, ਦਰ ਦਰਬਾਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਖਿਲਾਇਆ । ਬ੍ਰਹਮਾ ਸ਼ਿਵ ਕਰਨ ਸਲਾਹ, ਵਿਸ਼ਨੂੰ ਸੰਗ ਰਲਾਇਆ । ਆਪ ਆਪਣਾ ਮਤਾ ਪਕਾ, ਆਪਣਾ ਅੰਗ ਉਪਾਇਆ । ਪੰਜ ਤਤ ਏਕਾ ਨਾਂ, ਏਕਾ ਥਾਂ ਸਮਾਇਆ । ਅਪ ਤੇਜ ਵਾਏ ਪ੍ਰਿਥਮੀ ਆਕਾਸ, ਵਾਸ ਨਿਵਾਸਾ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਤ ਆਪਣੇ ਹੱਥ ਰਖਾਇਆ । ਪੰਜ ਤਤ ਕਰ ਤਿਆਰੀ, ਤਿੰਨਾਂ ਵੇਖ ਵਖਾਨਿਆ । ਬੁੱਤ ਸੁਤ ਅਪਰ ਅਪਾਰੀ, ਵੇਖਣ ਵੇਖ ਵਖਾਨਿਆ । ਵੱਜੇ ਧੁਨ ਨਾਦ ਧੁਨਕਾਰੀ, ਨਾ ਕੋਈ ਬੋਲ ਬੁਲਾਨਿਆ । ਤੁੱਟਾ ਮਾਣ ਗੜ੍ਹ ਹੰਕਾਰੀ, ਹੋਏ ਬਾਲ ਅੰਞਾਨਿਆ । ਨੇਤਰ ਵੇਖੇ ਖੋਲ੍ਹ ਉਘਾੜੀ, ਚਾਰੋਂ ਕੁੰਟ ਸੁੰਞ ਮਸਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਏਕਾ ਏਕ ਪਛਾਨਿਆ । ਪੰਜ ਤਤ ਕਰ ਤਿਆਰੀ, ਬ੍ਰਹਮਾ ਵੇਖ ਵਖਾਇੰਦਾ । ਸਰਗੁਣ ਰੂਪ ਪਸਰ ਪਸਾਰੀ, ਨਿਰਗੁਣ ਕੋਇ ਨਾ ਵੇਖ ਵਖਾਇੰਦਾ । ਨਾ ਕੋਈ ਬੋਲੇ ਸ਼ਬਦ ਜੈਕਾਰੀ, ਨਾ ਕੋਈ ਚਾਲ ਚਲਾਇੰਦਾ । ਵਿਸ਼ਨੂੰ ਵੇਖੇ ਚਾਰ ਦਿਵਾਰੀ, ਚਾਰੇ ਕੁੰਟਾਂ ਨਾ ਕੋਈ ਨਜ਼ਰੀ ਆਇੰਦਾ । ਦੋਵੇਂ ਰੋਵਣ ਮਾਰਨ ਧਾਹੀਂ, ਪੂਰਨ ਇਛਿਆ ਨਾ ਕੋਈ ਕਰਾਇੰਦਾ । ਪਾਰਬ੍ਰਹਮ ਦਰ ਕਰ ਨਿਮਸਕਾਰੀ, ਦੋਏ ਜੋੜ ਚਰਨ ਸੀਸ ਝੁਕਾਇੰਦਾ । ਬਖ਼ਸ਼ੀ ਬਖ਼ਸ਼ਣਹਾਰ ਵਸਤ ਅਪਾਰੀ, ਬ੍ਰਹਮਾ ਅੱਗੇ ਝੋਲੀ ਡਾਹਿੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ, ਆਦਿ ਨਿਰੰਜਣ ਆਦਿ ਸ਼ਕਤ ਆਪਣੀ ਅੰਸ ਉਪਾਇੰਦਾ । ਜੋਤ ਨਿਰੰਜਣ ਕਰ ਤਿਆਰੀ, ਬ੍ਰਹਮੇ ਝੋਲੀ ਪਾਇੰਦਾ । ਲੱਖ ਚੁਰਾਸੀ ਦਏ ਅਧਾਰੀ, ਆਪ ਆਪਣੇ ਵਿਚ ਸਮਾਇੰਦਾ । ਮਨ ਮਤ ਬੁਧ ਤੇਰੀ ਸਿਕਦਾਰੀ, ਬ੍ਰਹਮੇ ਹੱਥ ਫੜਾਇੰਦਾ । ਜੋਤੀ ਸ਼ਬਦੀ ਖੇਲ ਅਪਾਰੀ, ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਆਪਣਾ ਵਰ, ਘਰ ਆਪਣਾ ਇਕ ਸੁਹਾਇੰਦਾ । ਬ੍ਰਹਮੇ ਵਰ ਸਾਚਾ ਪਾਇਆ, ਜੀਵ ਜੰਤ ਉਪਾਇੰਦਾ । ਥਾਨ ਥਨੰਤਰ ਕੋਈ ਦਿਸ ਨਾ ਆਇਆ, ਕਵਣ ਧਾਮ ਟਿਕਾਇੰਦਾ । ਗਗਨ ਗਗਨੰਤਰ ਵੇਖ ਵਖਾਇਆ, ਜੋਤ ਬਸੰਤਰ ਇਕ ਡਰਾਇੰਦਾ । ਪ੍ਰਭ ਅਬਿਨਾਸ਼ੀ ਜਾਣੀ ਅੰਤਰ, ਅੰਤਰ ਧਿਆਨ ਲਗਾਇੰਦਾ । ਬ੍ਰਹਮੇ ਫੁਰਨਾ ਸਾਚਾ ਮੰਤਰ, ਹਰਿ ਪੂਰਨ ਪੂਰ ਕਰਾਇੰਦਾ । ਧਰਤ ਧਵਲ ਧਾਮ ਸੁਹੰਤਰ, ਜਲ ਬਿੰਬ ਆਪ ਟਿਕਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਰਚਨ ਰਚਾਇੰਦਾ । ਧਰਤ ਧਵਲ ਹਰਿ ਉਪਾਈ, ਬ੍ਰਹਮੇ ਮਿਲੀ ਵਧਾਈਆ । ਜੀਵ ਜੰਤ ਰਿਹਾ ਉਪਾਈ, ਦਵਾਰ ਬੰਕਾ ਰਿਹਾ ਸੁਹਾਈਆ । ਆਪੇ ਲੇਖਾ ਰਿਹਾ ਲਿਖਾਈ, ਬ੍ਰਹਮੇ ਸੁਤ ਸ਼ਬਦ ਜਣਾਈ, ਦਿਵਸ ਰੈਣ ਰਿਹਾ ਸੁਣਾਈਆ । ਆਪਣੀ ਵੰਡ ਆਪ ਵੰਡਾਈ, ਸ਼ਬਦ ਖੇਲ ਬ੍ਰਹਿਮੰਡ ਚਲਾਈ, ਜੇਰਜ ਅੰਡ ਰਿਹਾ ਉਪਾਈ, ਉਤਭੁਜ ਸੇਤਜ ਸੰਗ ਮਿਲਾਈ, ਚਾਰੇ ਕੂਟਾਂ ਵੇਖ ਵਖਾਈਆ । ਮਾਤ ਪਾਤਾਲ ਆਕਾਸ਼ ਸੁਹਾਈ, ਲੋਕ ਪਰਲੋਕ ਰਿਹਾ ਉਪਾਈ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਇਛਿਆ ਆਪੇ ਪੂਰ ਕਰਾਈਆ । ਆਪਣੀ ਇਛਿਆ ਬ੍ਰਹਮੇ ਭਿਛਿਆ, ਏਕਾ ਏਕ ਪਾਈਆ । ਵਿਸ਼ਨੂੰ ਵੰਸੀ ਕਰੇ ਰੱਛਿਆ, ਪ੍ਰਭ ਸਾਚੇ ਸੇਵਾ ਲਾਈਆ । ਲੋਕਮਾਤ ਕਿਸੇ ਨਾ ਦਿਸਿਆ, ਵੇਖਣਹਾਰ ਹਰਿ ਹਰ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਲੇਖਾ ਰਿਹਾ ਲਿਖਾਈਆ । ਬ੍ਰਹਮੇ ਲੇਖ ਲਿਖਾਵਣਹਾਰਾ, ਏਕਾ ਏਕ ਏਕੰਕਾਰਿਆ । ਆਪਣਾ ਭੇਵ ਖੁਲ੍ਹਾਵਣਹਾਰਾ, ਦੇਵੇ ਸ਼ਬਦ ਹੁਲਾਰਿਆ । ਅੱਖਰ ਵੱਖਰ ਚਲਾਵਣਹਾਰਾ, ਵੇਖ ਵਖਾਣੇ ਸਰਬ ਘਟ ਜਾਣੇ, ਅੰਦਰ ਬਾਹਰ ਗੁਪਤ ਜਾਹਰਿਆ । ਚਾਰੇ ਮੁਖ ਚਾਰੇ ਲੇਖ, ਧੁਰਦਰਗਾਹੀ ਲਾਏ ਮੇਖ, ਅੱਠੇ ਨੇਤਰ ਬ੍ਰਹਮਾ ਵੇਖ, ਵੇਦ ਵਿਦਾਂਤਾਂ ਆਪ ਲਿਖਾ ਰਿਹਾ । ਸ਼ਾਮ ਰਿਗ ਯੁਜਰ ਕਿਤੇਬ, ਅਥਰਬਣ ਨਾਲ ਰਲਾ ਲਿਆ । ਸਤਿਜੁਗ ਤ੍ਰੇਤਾ ਦੁਆਪਰ ਕਰ ਹਸੇਬ, ਕਲਜੁਗ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾ ਲਿਆ । ਬ੍ਰਹਮਾ ਲੇਖ ਲਿਖਾਰੀ ਬਣਿਆ, ਪ੍ਰਭ ਸਾਚਾ ਵੇਖ ਵਖਾਇੰਦਾ । ਮਾਤ ਪਿਤ ਕਿਸੇ ਨਾ ਜਣਿਆ, ਨਾ ਕੋਈ ਗੋਦ ਉਠਾਇੰਦਾ । ਨਾ ਕੋਈ ਘੜੇ ਨਾ ਕਿਸੇ ਭੰਨਿਆ, ਨਾ ਕੋਈ ਬਣਤ ਬਣਾਇੰਦਾ । ਬਿਨ ਹਰਿ ਦੇਵੇ ਨਾ ਕੋਈ ਡੰਨਿਆ, ਨਾ ਕੋਈ ਡੰਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਰਖਾਇੰਦਾ । ਆਪ ਆਪਣਾ ਸੰਗ ਨਿਭਾਏ, ਆਪਣੀ ਕਲ ਵਰਤਾਈਆ । ਬ੍ਰਹਮੇ ਸੁਤ ਆਪ ਉਪਾਏ, ਸਨਕ ਸਨੰਦਨ ਸਨਾਤਨ ਸੰਤ ਕੁਮਾਰ ਅਖਵਾਈਆ । ਏਕਾ ਗਾਨ ਏਕਾ ਧਿਆਨ (ਕਰਾਏ), ਬ੍ਰਹਮ ਗਿਆਨ ਜਣਾਈਆ । ਦਰ ਦਵਾਰੇ ਆਪ ਮਿਲਾਏ, ਆਪ ਆਪਣੀ ਬਣਤ ਬਣਾਈਆ । ਵਰ ਸਰਾਪ ਹੋ ਜਾਏ, ਦਵਾਰ ਪਾਲ ਆਪ ਅਖਵਾਈਆ । ਬ੍ਰਹਮਾ ਸੁਤ ਸੇਵਾ ਲਾਏ, ਲੋਕਮਾਤ ਹਰਿ ਰਘੁਰਾਈਆ । ਵਿਸ਼ਨੂੰ ਰੂਪ ਭਗਵਨ ਵਟਾਏ, ਭਗਤਨ ਮੇਲ ਮਿਲਾਈਆ । ਹੰਕਾਰ ਵਿਕਾਰ ਸੰਗ ਰਖਾਏ, ਨਾਮ ਧਾਰ ਇਕ ਚਲਾਈਆ । ਸ਼ਬਦ ਵਿਚੋਲਾ ਵਿਚ ਸੰਸਾਰ ਧਰਾਏ, ਨਾ ਮਰੇ ਨਾ ਜਾਈਆ । ਏਕਾ ਢੋਲਾ ਆਪ ਉਪਾਏ, ਆਪਣਾ ਰਾਗ ਅਲਾਈਆ । ਸਤਿਜੁਗ ਚੋਲਾ ਮਾਤ ਸੁਹਾਏ, ਸਤਿ ਸੰਤੋਖੀ ਰੰਗ ਚੜ੍ਹਾਈਆ । ਸੇਵਕ ਗੋਲਾ ਆਪ ਅਖਵਾਏ, ਸਾਚੀ ਸੇਵਾ ਰਿਹਾ ਕਮਾਈਆ । ਵਾਰ ਅਠਾਰਾਂ ਜੋਤ ਜਗਾਏ, ਬਾਵਨ ਹੰਸਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਲੇਖਾ ਲੇਖ ਲਿਖਾਈਆ । ਸਤਿਜੁਗ ਬੈਠਾ ਪਾਰ ਕਿਨਾਰਾ, ਅੰਤਮ ਮੇਲ ਮਿਲਾਇਆ । ਸਤਾਰਾਂ ਲੱਖ ਅਠਾਈ ਹਜ਼ਾਰਾ, ਆਰਜ਼ੂ ਆਪ ਲਿਖਾਇਆ । ਲੇਖਾ ਲੇਖ ਨਾ ਕਿਸੇ ਵਿਚਾਰਾ, ਮੁਨ ਰਿਖ ਭੇਵ ਨਾ ਪਾਇਆ । ਪੜ੍ਹ ਪੜ੍ਹ ਥੱਕੇ ਵੇਦ ਕਿਤੇਬਾਂ ਮਿਲਿਆ ਮੇਲ ਨਾ ਪੁਰਖ ਭਤਾਰਾ, ਨਰ ਨਿਰੰਕਾਰ ਦਿਸ ਨਾ ਆਇਆ । ਅਲਖ ਅਗੰਮ ਅਥਾਹ ਬੇਪਰਵਾਹ ਵਸਿਆ ਉਚ ਮੁਨਾਰਾ, ਧਾਮ ਅਟੱਲ ਸ਼ਬਦ ਮਹੱਲ ਡੇਰਾ ਲਾਇਆ । ਜੋਤੀ ਦੀਪਕ ਰਿਹਾ ਬਲ, ਦਿਵਸ ਰੈਣ ਨਾ ਕੋਈ ਰਖਾਇਆ ।

੭੪੨
੦੬

ਆਪਣਾ ਧਾਮ ਆਪੇ ਮੱਲ, ਆਪ ਆਪਣਾ ਸੰਗ ਨਿਭਾਇਆ । ਲੋਕਮਾਤ ਖੇਲ ਸੂਰਾ ਸਰਬੰਗ, ਆਪ ਆਪਣੀ ਰਿਹਾ ਖਿਲਾਇਆ । ਧਰਤ ਮਾਤ ਮੰਗੇ ਆਪਣੀ ਮੰਗ, ਪ੍ਰਭ ਅੱਗੇ ਝੋਲੀ ਡਾਹਿਆ । ਦੇਵਣਹਾਰ ਨਾ ਜਾਏ ਸੰਗ, ਜੁਗ ਜੁਗ ਦੇਂਦਾ ਆਇਆ । ਰਿਗ ਵੇਦ ਤੇਰਾ ਚਾੜ੍ਹੇ ਰੰਗ, ਰਘੁਬੰਸਾ ਦਏ ਉਪਾਇਆ । ਭਗਤ ਸੁਹੇਲਾ ਸਾਚਾ ਸੰਗ, ਆਪ ਆਪਣਾ ਦਏ ਨਿਭਾਇਆ । ਹਰਿਜਨ ਲਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇਆ । ਗੜ੍ਹ ਹੰਕਾਰੀ ਦੇਵੇ ਭੰਨ, ਏਕਾ ਤੀਰ ਨਿਸ਼ਾਨ ਚਲਾਇਆ । ਤ੍ਰੇਤੇ ਮੰਗੇ ਤ੍ਰੀਆ ਮੰਗ, ਪ੍ਰਭ ਆਪਣਾ ਰੂਪ ਵਟਾਇਆ । ਰਾਮ ਪਰਸਾ ਨਾਤਾ ਸਾਚਾ ਗੰਗ, ਜੋਤੀ ਜੋਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੇਤੇ ਤੇਰੇ ਦੋ ਪਰ, ਦੋਏ ਰੂਪ ਵਖਾਇਆ । ਤ੍ਰੇਤਾ ਤੇਰਾ ਪਾਰ ਕਿਨਾਰਾ, ਅੰਤ ਰਹਿਣ ਨਾ ਪਾਇਆ । ਦੁਆਪਰ ਪਰਗਟੇ ਵਿਚ ਸੰਸਾਰਾ । ਆਪ ਚਲਾਏ ਆਪਣੀ ਧਾਰਾ । ਵੇਦ ਵਿਆਸਾ ਲਏ ਅਵਤਾਰਾ । ਬਨ ਖੰਡ ਵੇਖ ਬਣਿਆ ਲੇਖ ਲਿਖਾਰਾ । ਨਾਰਦ ਮੁਨ ਪੁਕਾਰ ਸੁਣ, ਆਏ ਦਰ ਬਣ ਭਿਖਾਰਾ । ਚਾਰ ਸਲੋਕ ਧੁਰ ਦਾ ਮੋਖ, ਗੀਤਾ ਗਿਆਨ ਨਾ ਕੋਈ ਵਿਚਾਰਾ । ਪੁਰਾਨ ਅਠਾਰਾਂ ਸਲੋਕ ਇਕ ਲੱਖ ਹਜ਼ਾਰ ਸਤਾਰਾਂ, ਲੇਖਾ ਗਿਆ ਲਿਖਾਰਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਪੁਰਖ ਅਬਿਨਾਸ਼ੀ ਫੇਰਾ ਪਾਏ, ਵਰਨ ਗੋਤ ਜ਼ਾਤ ਪਾਤ ਉਚਾਂ ਨੀਚਾਂ ਵਸੇ ਬਾਹਰਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨਾ ਕੋਈ ਸੰਗ ਰਖਾਏ, ਭਗਤਨ ਮੀਤਾ ਕਰ ਪਿਆਰਾ । ਆਪਣਾ ਰੰਗ ਚੜ੍ਹਾਏ ਪੂਤ ਸਪੂਤਾ ਬ੍ਰਹਮਣ ਗੌੜਾ, ਏਕਾ ਲਾਏ ਆਪਣਾ ਪੌੜਾ, ਨਾ ਕੋਈ ਜਾਣੇ ਲੰਮਾ ਚੌੜਾ, ਦੋ ਜਹਾਨੀ ਉਚ ਮੁਨਾਰਾ । ਵੇਖੇ ਖੇਲ ਮਿੱਠਾ ਕੌੜਾ, ਧੁਰਦਰਗਾਹੀ ਆਇਆ ਦੌੜਾ, ਸ਼ਬਦ ਘੋੜਾ ਮਾਰੇ ਪੌੜਾ, ਸੰਮਤ ਚੌਦਾਂ ਪਹਿਲੀ ਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਵੇਖ ਘਰ, ਵੇਦ ਵਿਆਸ ਕਰੇ ਪਿਆਰਾ । ਕਲਜੁਗ ਤੇਰੀ ਕਾਲੀ ਧਾਰ, ਦਿਸ ਕਿਸੇ ਨਾ ਆਈਆ । ਦੁਆਪਰ ਤੇਰੀ ਪਾਵੇ ਸਾਰ, ਦੋ ਜਹਾਨਾਂ ਵੇਖ ਵਖਾਈਆ । ਸਾਵਲ ਸੁੰਦਰ ਰੂਪ ਅਪਾਰ, ਕਾਹਨਾ ਕ੍ਰਿਸ਼ਨਾ ਭੇਖ ਵਟਾਈਆ । ਕਵਲ ਨੈਣ ਮਧੁਰ ਬੈਨ ਸਾਚੇ ਕੁੰਡਲ ਮੋਰ ਮੁਕਟ ਸੀਸ ਸਾਚਾ ਤਾਜ ਸੁਹਾਈਆ । ਬਿਦਰ ਸੁਦਾਮਾ ਉਧਾਰੇ ਜੁਗਤੀ ਜਗਤ ਦਰੋਪਦ ਲੱਜਿਆ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੁਆਪਰ ਤੇਰਾ ਵੇਖੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦੁਆਪਰ ਤੇਰਾ ਅੰਤ ਕਿਨਾਰਾ । ਪ੍ਰਭ ਖੇਲੇ ਖੇਲ ਨਿਆਰਾ । ਸੋਲਾਂ ਕਲ ਲੈ ਅਵਤਾਰਾ । ਮੇਲ ਮਿਲਾਏ ਭਗਤ ਦਵਾਰਾ । ਅਰਜਨ ਇਕ ਗਿਆਨ ਸੁਣਾਏ, ਅਠਾਰਾਂ ਧਿਆਏ ਗੀਤਾ ਇਕ ਅਧਾਰਾ । ਗਿਆਨ ਧਿਆਨ ਕੋਈ ਰਹਿਣ ਨਾ ਪਾਏ, ਹੰਕਾਰ ਵਿਕਾਰਾ ਦਿਸ ਨਾ ਆਏ, ਜੋਧੇ ਸੂਰਬੀਰ ਰਣਭੂਮੀ ਸੁੱਤੇ ਪੈਰ ਪਸਾਰਾ । ਰਥ ਰਥਵਾਹੀ ਆਪ ਹੋ ਜਾਏ, ਨਾਥ ਤ੍ਰੈਲੋਕੀ ਵਿਚ ਸੰਸਾਰਾ । ਸਾਚਾ ਧਾਮ ਇਕ ਸੁਹਾਏ, ਭਗਤਨ ਮੀਤਾ ਹਰਿ ਪਿਆਰਾ । ਹਾਰ ਜੀਤ ਆਪਣੇ ਹੱਥ ਰਖਾਏ, ਖੇਲੇ ਖੇਲ ਖੇਲਣਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਵੇ ਜਾਵੇ ਵਾਰੋ ਵਾਰਾ । ਦੁਆਪਰ ਤੇਰਾ ਅੰਤ ਚੁਕਾਇਆ, ਯੁਜਰ ਪੰਧ ਮੁਕਾਈਆ । ਕਲਜੁਗ ਕਾਲਾ ਚੰਦ ਚੜ੍ਹਾਇਆ, ਅੰਧ ਅੰਧੇਰ ਕਰਾਈਆ । ਸਵੇਰ ਸੰਝ ਕੋਈ ਦਿਸ ਨਾ ਆਇਆ, ਨਾ ਕੋਈ ਦੀਪ ਕਰੇ ਰੁਸ਼ਨਾਈਆ । ਮਾਇਆ ਮਮਤਾ ਘੇਰਾ ਪਾਇਆ, ਹਉਮੇ ਹੰਗਤਾ ਰੋਗ ਗਵਾਈਆ । ਲੋਭ ਵਿਕਾਰਾ ਸੰਗ ਰਲਾਇਆ, ਕਾਮ ਕਰੋਧ ਹੋਈ ਕੁੜਮਾਈਆ । ਜੂਠਾ ਝੂਠਾ ਤਨ ਸ਼ਿੰਗਾਰਾ, ਵੇਸ ਅਵੇਸਾ ਆਪ ਅਖਵਾਈਆ । ਈਸਾ ਮੂਸਾ

ਕਰ ਤਿਆਰਾ, ਕਾਲਾ ਸੂਸਾ ਤਨ ਛੁਹਾਈਆ । ਸੰਗ ਮੁਹੰਮਦ ਚਾਰ ਯਾਰਾ, ਏਕਾ ਰਾਹ ਵਖਾਈਆ । ਮੁਹੰਮਦ ਰੋਵੇ ਜ਼ਾਰੋ ਜ਼ਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਕਿਰਪਾ ਕਰ ਪਰਵਰਦਿਗਾਰਾ, ਏਕਾ ਬਖ਼ਸ਼ੇ ਸਚ ਸਲਾਹੀਆ । ਪੁਰਖ ਅਬਿਨਾਸ਼ੀ ਕਰ ਪਿਆਰਾ, ਦੇਵੇ ਵਰ ਚਾਈਂ ਚਾਈਆ । ਕਲਜੁਗ ਵੇਖੇ ਖੇਲ ਨਿਆਰਾ, ਚਾਰੇ ਕੁੰਟਾਂ ਦਹਿ ਦਿਸ਼ਾ ਰਿਹਾ ਵਖਾਈਆ । ਨਾ ਕੋਈ ਮੀਤ ਮੀਤ ਮੁਰਾਰਾ, ਸੱਜਣ ਸੁਹੇਲ ਨਾ ਕੋਈ ਅਖਵਾਈਆ । ਧਰਤ ਮਾਤ ਤੇਰਾ ਸੁਤ ਦੁਲਾਰਾ, ਏਕਾ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਦਏ ਸਹਾਰਾ, ਏਕਾ ਹੁਕਮ ਪੜ੍ਹਾਈਆ । ਹੂ ਅੱਲਾ ਏਕਾ ਨਾਅਰਾ, ਅੱਲਾ ਹੂ ਸਮਝਾਈਆ । ਅਹਿਨਲ ਹੱਕ ਕਰ ਪਿਆਰਾ, ਹੱਕ ਹਕੀਕਤ ਵੇਖ ਵਖਾਈਆ । ਆਪੇ ਹੋਏ ਸ਼ਾਹ ਅਸਵਾਰਾ, ਐਲੀ ਅੱਲਾ ਨੂਰ ਵਖਾਈਆ । ਮਿਲੇ ਮੇਲ ਸਖੀ ਸਰਵਰ ਸੱਚੀ ਸਰਕਾਰਾ, ਅਜਮਤੋ ਕਸਮਤੋ ਅਜ਼ਿਬਵਾ ਅਤਿਲਹੇ ਮਹਿਬਾਨ ਰਹਿਮਾਨ ਰਹੀਮ ਏਕਾ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਗ ਮੁਹੰਮਦ ਮੇਲ ਕਰ, ਏਕਾ ਏਕ ਕਰੇ ਜਣਾਈਆ । ਸੰਗ ਮੁਹੰਮਦ ਸਾਚਾ ਮੀਤਾ, ਏਕਾ ਏਕ ਅਖਵਾਇਆ । ਕਲਜੁਗ ਤੇਰੀ ਵੇਖੇ ਨੀਤਾ, ਨੇਤਰ ਨੈਣ ਉਠਾਇਆ । ਵਾਸਾ ਕਰੇ ਵਿਚ ਮਸੀਤਾ, ਉਚੇ ਮੰਦਰ ਢਾਹਿਆ । ਏਕਾ ਕਲਮਾ ਲਾਗਾ ਮੀਠਾ, ਰਸਨ ਰਸਾਇਨੀ ਗਾਇਆ । ਨਾਮ ਖ਼ੁਦਾਈ ਇਕ ਅਨਡੀਠਾ, ਖ਼ੁਦਾਵੰਦ ਕਰੀਮ ਰਖਾਇਆ । ਕਲਜੁਗ ਤੇਰਾ ਜਗਤ ਅੰਗੀਠਾ, ਅੰਤਮ ਅੰਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਸੰਗ ਮੁਹੰਮਦ ਸ਼ਬਦ ਸਲਾਹ, ਹਰਿ ਸਾਚੇ ਮਤਾ ਪਕਾਈਆ । ਲੱਖ ਚੁਰਾਸੀ ਬਣ ਮਲਾਹ, ਮੰਝਧਾਰਾ ਰਿਹਾ ਵਖਾਈਆ । ਪਕੜ ਉਠਾਏ ਥਾਂ ਥਾਂ, ਸੋਇਆ ਕੋਈ ਰਹਿਣ ਨਾ ਪਾਈਆ । ਇਕ ਮੁਹੰਮਦ ਕਰੇ ਹਾਂ, ਪ੍ਰਭ ਅੱਗੇ ਸੀਸ ਝੁਕਾਈਆ । ਸਦੀ ਚੌਦਵੀਂ ਉਡਾਵਾਂ ਕਾਂ, ਇਕ ਤੇਰੀ ਓਟ ਰਖਾਈਆ । ਹੋਏ ਵਿਛੋੜਾ ਪੁੱਤਰਾਂ ਮਾਂ, ਨਾ ਦੀਸੇ ਧੀ ਜਵਾਈਆ । ਕੋਈ ਨਾ ਗਾਏ ਬੇਐਬ ਤੇਰਾ ਨਾਂ, ਮੁੱਲਾਂ ਸ਼ੇਖ਼ ਮੁਸਾਇਕ ਪੀਰ ਦਸਤਗੀਰ ਦੇਣ ਦੁਹਾਈਆ । ਮੱਕਾ ਕਾਅਬਾ ਦੋ ਦੋ ਆਬਾ ਨਾ ਦੇਵੇ ਠੰਢੀ ਛਾਂ, ਨਾ ਕੋਈ ਹਾਜੀ ਹੱਜ ਕਰਾਈਆ । ਅਹਿਮਦੀ ਮੁਹੰਮਦੀ ਰੋਵਣ ਮਾਰਨ ਧਾਹ, ਐਲੀ ਅੱਲਾ ਦਿਸ ਨਾ ਆਈਆ । ਕੋਈ ਨਾ ਪਕੜੇ ਕਿਸੇ ਬਾਂਹ, ਨਾ ਹੋਵੇ ਕੋਈ ਸਹਾਈਆ । ਪੁਰਖ ਅਬਿਨਾਸ਼ੀ ਇਕ ਤੇਰੀ ਓਟ ਰਿਹਾ ਤਕਾ, ਵੇਲੇ ਅੰਤ ਨਾ ਹੋਏ ਜੁਦਾਈਆ । ਪੁਰਖ ਅਬਿਨਾਸ਼ੀ ਇਕ ਸੁਣਾਏ ਨਾਮ ਸਦਾ, ਮੁਹੰਮਦ ਆਪ ਸਮਝਾਈਆ । ਅਮਾਮ ਅਮਾਮਾ ਆਪ ਅਖਵਾ, ਏਕਾ ਰੰਗਣ ਨਾਮ ਮਹਿੰਦੀ ਹੱਥੀਂ ਲਾਈਆ । ਦਿਸ਼ਾ ਲਹਿੰਦੀ ਫੇਰੀ ਦੇਵੇ ਪਾ, ਨੀਲੇ ਬਸਤਰ ਤਨ ਛੁਹਾਈਆ । ਉਮਤ ਉਮਤੀ ਦਏ ਉਠਾ, ਨਬੀ ਰਸੂਲਾਂ ਆਪ ਹਿਲਾਈਆ । ਇਕ ਹਦੀਸਾ ਦਏ ਪੜ੍ਹਾ, ਕੁਰਾਨ ਕੁਰਾਨਾ ਭੇਵ ਚੁਕਾਈਆ । ਈਸਾ ਮੂਸਾ ਵਿਚ ਸਮਾ, ਕਾਲਾ ਸੂਸਾ ਵੇਖ ਵਖਾਈਆ । ਅੱਲਾ ਰਾਣੀ ਜਾਏ ਸ਼ਰਮਾ, ਲਾਲ ਚੁੰਨੀ ਮੁਖ ਬੈਠੀ ਘੁੰਗਟ ਪਾਈਆ । ਪ੍ਰਭ ਅਬਿਨਾਸ਼ੀ ਪੜਦਾ ਦੇਵੇ ਲਾਹ, ਅਮਾਮ ਮਹਿੰਦੀ ਨਾਮ ਰਖਾਈਆ । ਗੁਰ ਚੇਲੇ ਉਠਾਏ ਫੜ ਫੜ ਥਾਂ ਥਾਂ, ਲੁਕਿਆ ਕੋਈ ਰਹਿਣ ਨਾ ਪਾਈਆ । ਚੌਦਾਂ ਤਬਕਾਂ ਦਏ ਹਿਲਾ, ਏਕਾ ਖੰਡਾ ਨਾਮ ਉਠਾਈਆ । ਚਤੁਰਭੁਜ ਆਪ ਅਖਵਾ, ਏਕਾ ਦੂਜਾ ਭੇਵ ਚੁਕਾਈਆ । ਮਾਤਲੋਕ ਪ੍ਰਭ ਜੋਤ ਜਗਾ, ਜੋਤੀ ਨੂਰ ਕਰੇ ਰੁਸ਼ਨਾਈਆ । ਕੋਹਨੂਰ ਕੋਹਤੂਰ ਦਏ ਚਮਕਾ, ਜਲਵਾ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੁਹੰਮਦ ਦੇਵੇ ਸਾਚਾ ਵਰ, ਵਰ ਦਾਤਾ ਆਪ ਅਖਵਾਈਆ ।

ਮੁਹੰਮਦ ਵਰ ਘਰ ਸਾਚਾ ਪਾਇਆ, ਆਤਮ ਵੱਜੀ ਵਧਾਈਆ । ਆਪਣਾ ਕਰਮ ਰਿਹਾ ਕਮਾਇਆ, ਦਿਵਸ ਰੈਣ ਸੇਵ ਕਮਾਈਆ । ਤਤ ਮਤ ਪ੍ਰਭ ਮੇਲ ਮਿਲਾਇਆ, ਨਾੜੀ ਰੱਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਛਲ ਅਛੱਲ ਆਪਣਾ ਛਲ ਕਰਾਈਆ । ਆਪ ਆਪਣਾ ਛਲ ਕਰਾਏ, ਜੁਗ ਜੁਗ ਵੇਸ ਅਨੇਕਾ । ਸ੍ਰਿਸ਼ਟ ਸਬਾਈ ਵੇਖ ਵਖਾਏ, ਲੇਖ ਲਿਖਾਏ ਬੁਧ ਬਿਬੇਕਾ । ਦਰ ਦਰਵੇਸ਼ਾ ਫੇਰਾ ਪਾਏ, ਆਪੇ ਜਾਣੇ ਆਪਣਾ ਭੇਖਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਵੇਖੇ ਰੇਖਾ । ਕਲਜੁਗ ਤੇਰੀ ਲਿਖੀ ਰੇਖੇ, ਵੇਖੇ ਹਰਿ ਤਕਦੀਰਿਆ । ਚਾਰੋਂ ਕੁੰਟ ਮੁੱਲਾ ਸ਼ੇਖ਼ੇ, ਪੀਰ ਦਸਤਗੀਰ ਸ਼ਾਹ ਫ਼ਕੀਰਿਆ । ਜੀਵ ਜੰਤ ਭਰਮ ਭੁਲੇਖੇ, ਨਾ ਕੋਈ ਦੇਵੇ ਕਿਸੇ ਧੀਰਿਆ । ਅਗੰਮ ਅਗੰਮੜਾ ਧਾਮ ਵੇਖੇ, ਵਰਨ ਬਰਨ ਜਗਤ ਜੰਜ਼ੀਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਪੀਰਨ ਪੀਰਿਆ । ਆਪ ਆਪਣੀ ਕਿਰਪਾ ਕਰ, ਨਾਨਕ ਨਾਮ ਉਪਾਇਆ । ਜੋਤੀ ਨੂਰ ਸਾਚਾ ਧਰ, ਲੋਕਮਾਤ ਵਡਿਆਇਆ । ਇਕ ਕਬੀਰਾ ਮੇਲ ਕਰ, ਸੌਦਾ ਸਚ ਕਰਾਇਆ । ਸਾਚਾ ਸੱਜਣ ਸੁਹੇਲ ਇਕ ਦਰ, ਦਵਾਰਾ ਰਿਹਾ ਸੁਹਾਇਆ । ਪੁਰਖ ਅਬਿਨਾਸ਼ੀ ਖੇਲ ਕਰ, ਨਾਨਕ ਨਿਰਧਨ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਰਿਹਾ ਜਣਾਇਆ । ਨਾਨਕ ਮਿਲੀ ਨਾਮ ਵਡਿਆਈ, ਦਿਵਸ ਰੈਣ ਜਣਾਈਆ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਆਪਣੀ ਬੂਝ ਬੁਝਾਈਆ । ਸ਼ਬਦ ਸ਼ਬਦੀ ਮੇਲ ਮਿਲਾਈ, ਮੇਲਣਹਾਰ ਆਪ ਅਖਵਾਈਆ । ਪੰਜ ਤਤ ਲੋਕ ਤਜਾਈ, ਸਚ ਵਸਤ ਹਰਿ ਸਾਚੇ ਪਾਸ ਟਿਕਾਈਆ । ਧਰੂ ਪ੍ਰਹਿਲਾਦ ਵੇਖਣ ਚਾਈਂ ਚਾਈਂ, ਦੋਏ ਜੋੜ ਸੀਸ ਝੁਕਾਈਆ । ਦਰ ਦਵਾਰਾ ਵੇਖੇ ਸਾਚਾ ਥਾਈਂ, ਦਰ ਦਰਵੇਸ਼ ਏਕਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੈਠਾ ਆਸਣ ਲਾਈਆ । ਨਾਨਕ ਗੁਰ ਕਰ ਪੁਕਾਰ, ਨਿਰੰਕਾਰ ਨਿਰੰਕਾਰ ਨਿਰੰਕਾਰ ਪੁਕਾਰਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਖੋਲ੍ਹੇ ਬੰਦ ਕਿਵਾੜਿਆ । ਸਤਿ ਪੁਰਖ ਨਿਰੰਜਣ ਆਇਆ ਬਾਹਰ, ਘਰ ਸੋਹਿਆ ਬੰਕ ਦਵਾਰਿਆ । ਸਾਚਾ ਮੇਲਾ ਮੀਤ ਮੁਰਾਰ, ਏਕਾ ਦੂਜਾ ਭਉ ਨਿਵਾਰਿਆ । ਤੀਜਾ ਨੇਤਰ ਵੇਖ ਉਘਾੜ, ਮਿਲਿਆ ਮੇਲ ਪਰਵਰਦਿਗਾਰਿਆ । ਨਾਨਕ ਗੁਰ ਜਾਏ ਬਲਿਹਾਰ, ਢਹਿ ਪਿਆ ਪ੍ਰਭ ਚਰਨ ਦਵਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਆਪਣੇ ਗਲੇ ਲਗਾ ਰਿਹਾ । ਦੋ ਜਹਾਨੀ ਪਾਵੇ ਸਾਰ, ਏਕਾ ਨਾਮ ਸੁਣਾ ਲਿਆ । ਸਤਿ ਨਾਮ ਮੰਤਰ ਜਗਤ ਅਧਾਰ, ਗੁਰ ਨਾਨਕ ਝੋਲੀ ਅੱਗੇ ਡਾਹ ਲਿਆ । ਦੇਵੇ ਦੇਵਣਹਾਰ ਦਾਤਾਰ, ਸਿਰ ਆਪਣਾ ਹੱਥ ਟਿਕਾ ਲਿਆ । ਏਕਾ ਸ਼ਬਦ ਸੱਚੀ ਧੁਨਕਾਰ, ਦਿਵਸ ਰੈਣ ਸੁਣਾ ਲਿਆ । ਜੋਤੀ ਜਗੇ ਅਗੰਮ ਅਪਾਰ, ਨਾ ਕੋਈ ਮਾਤ ਬੁਝਾ ਲਿਆ । ਆਪੇ ਹੋਇਆ ਪਹਿਰੇਦਾਰ, ਨਾਨਕ ਤੇਰੀ ਸੇਵਾ ਆਪ ਕਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਚੇਲਾ ਆਪ ਅਖਵਾ ਲਿਆ । ਨਾਨਕ ਚੇਲਾ ਦਰ ਦਵਾਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਸਤਿਗੁਰ ਮੇਲਾ ਨਰ ਨਿਰੰਕਾਰ, ਗੁਰ ਪੂਰਾ ਆਪ ਅਖਵਾਇੰਦਾ । ਖਾਣੀ ਬਾਣੀ ਰਹੀ ਪੁਕਾਰ, ਸੱਚਾ ਸ਼ਾਹੋ ਇਕ ਅਖਵਾਇੰਦਾ । ਗੁਰ ਪੀਰ ਜੋ ਲਏ ਮਾਤ ਅਵਤਾਰ, ਪ੍ਰਭ ਸਾਚੇ ਦੀ ਸਾਚੀ ਸੇਵ ਕਮਾਇੰਦਾ । ਇਕ ਇਕੱਲਾ ਖ਼ਬਰਦਾਰ, ਸਾਧਾਂ ਸੰਤਾਂ ਆਪ ਜਗਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਜੁਗ ਜੁਗ ਆਪਣੇ ਹੱਥ ਰਖਾਇੰਦਾ । ਪਾਵੇ ਵੰਡਾਂ ਵਿਚ ਸੰਸਾਰ, (ਦੀਨਾਂ ਮਜ਼੍ਹਬਾਂ ਵੰਡ) ਵੰਡਾਇੰਦਾ ।

੭੪੫ ੦੬

ਨਾਨਕ ਮੇਲਾ ਇਕ ਗਿਰਧਾਰ, ਰਸਨਾ ਨਿਰੰਕਾਰ ਗਾਇੰਦਾ । ਆਪੇ ਤੋਲਾ ਤੋਲਣਹਾਰ, ਸਾਚਾ ਤੋਲ ਤੁਲਾਇੰਦਾ । ਮੋਦੀਖਾਨਾ ਹੱਟ ਪਸਾਰ, ਤੇਰਾਂ ਤੇਰਾਂ ਨਾਮ ਅਲ੍ਹਾਇੰਦਾ । ਸੰਮਤ ਤੇਰਾਂ ਗਿਆ ਹਾਰ, ਪ੍ਰਭ ਚੌਦਾਂ ਰੁੱਤ ਸੁਹਾਇੰਦਾ । ਨਾਨਕ ਮੇਲਾ ਇਕ ਦਵਾਰ, ਨਿਰਗੁਣ ਆਪ ਕਰਾਇੰਦਾ । ਸਰਗੁਣ ਖੇਲੇ ਵਿਚ ਸੰਸਾਰ, ਭੇਵ ਕੋਈ ਨਾ ਪਾਇੰਦਾ । ਅੱਖਰ ਵੱਖਰ ਵਸਿਆ ਬਾਹਰ, ਲਿਖਤ ਲੇਖ ਵਿਚ ਨਾ ਆਇੰਦਾ । ਬਾਣੀ ਰਹੀ ਗੁਣ ਵਿਚਾਰ, ਗੁਰ ਗੁਰ ਜੋ ਆਪ ਅਲਾਇੰਦਾ । ਗੁਰ ਮੂਰਤ ਅਕਾਲ, ਜੋਤ ਨਿਰੰਜਣ ਸਤਿ ਪੁਰਖ ਆਪ ਅਖਵਾਇੰਦਾ । ਜੁਗ ਜੁਗ ਬੰਨਣਹਾਰਾ ਧਾਰ, ਭੇਵ ਕੋਈ ਨਾ ਪਾਇੰਦਾ । ਪਰਗਟ ਹੋ ਵਿਚ ਸੰਸਾਰ, ਨਾਨਕ ਗੁਰ ਅਖਵਾਇੰਦਾ । ਲਹਿਣਾ ਦੇਵੇ ਕਰਜ਼ ਉਤਾਰ, ਅੰਗਦ ਅੰਗ ਲਗਾਇੰਦਾ । ਅਮਰਦਾਸ ਕਰ ਪਿਆਰ, ਸੇਵਕ ਸੇਵਾ ਝੋਲੀ ਪਾਇੰਦਾ । ਸੋਢੀ ਬੰਸ ਖ਼ਬਰਦਾਰ, ਰਾਮਦਾਸ ਸੀਸ ਹੱਥ ਟਿਕਾਇੰਦਾ । ਸਰ ਸਰੋਵਰ ਕਰ ਤਿਆਰ, ਅੰਮ੍ਰਿਤ ਤਾਲ ਸੁਹਾਇੰਦਾ । ਹਰਿਮੰਦਰ ਤੇਰਾ ਇਕ ਦਵਾਰ, ਚਾਰ ਵਰਨਾਂ ਇਕ ਵਖਾਇੰਦਾ । ਰਸਨਾ ਗਾਏ ਨਰ ਨਿਰੰਕਾਰ, ਸੇਵਕ ਸੇਵ ਕਮਾਇੰਦਾ । ਅਰਜਨ ਮੀਤਾ ਇਕ ਮੁਰਾਰ, ਏਕਾ ਹੁਕਮ ਜਣਾਇੰਦਾ । ਠਾਂਢਾ ਸੀਤਾ ਵਿਚ ਸੰਸਾਰ, ਸਾਂਤਕ ਸਤਿ ਸਮਾਇੰਦਾ । ਬੋਧ ਅਗਾਧ ਜਣਾਏ ਸ਼ਬਦ ਅਪਾਰ, ਗੁਰੂ ਗ੍ਰੰਥ ਉਪਾਇੰਦਾ । ਪੰਥੀ ਪੰਧ ਨਾ ਹੋਇਆ ਖ਼ਬਰਦਾਰ, ਕਲਜੁਗ ਮਾਇਆ ਪੜਦਾ ਪਾਇੰਦਾ । ਹਰਿਗੋਬਿੰਦ ਸ਼ਬਦ ਕਟਾਰ, ਸਾਚਾ ਖੰਡਾ ਹੱਥ ਫੜਾਇੰਦਾ । ਸਾਚੇ ਘੋੜੇ ਹੋ ਅਸਵਾਰ, ਚਾਰੋਂ ਕੁੰਟ ਭਵਾਇੰਦਾ । ਗੁਰਮੁਖ ਕਰੇ ਖ਼ਬਰਦਾਰ, ਆਪਣੇ ਲੜ ਬੰਧਾਇੰਦਾ । ਆਪੇ ਬੰਦੀਖਾਨੇ ਜਾਏ ਵਿਚ ਸੰਸਾਰ, ਕਿਲ੍ਹਾ ਇਕ ਸੁਹਾਇੰਦਾ । ਰਾਜਨ ਰਾਜ ਕਰ ਪਿਆਰ, ਆਪਣਾ ਪੱਲੂ ਆਪ ਫੜਾਇੰਦਾ । ਬਵੰਜਾ ਅੱਖਰ ਬਵੰਜਾ ਰਾਜਨ ਕਰੇ ਪਾਰ, ਸਾਚਾ ਚੋਲਾ ਤਨ ਛੁਹਾਇੰਦਾ । ਗੁਰ ਅੰਗਦ ਪੈਂਤੀ ਅੱਖਰ ਲਿਖੇ ਵਿਚ ਸੰਸਾਰ, ਸਤਾਰਾਂ ਕੋਇ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਦੇਸ਼ਾਂ ਬਵੰਜਾ ਰਾਜਾਨ ਰਾਜ ਪ੍ਰਮੁਖ ਕਲ ਬਣਾਇੰਦਾ । ਹਰਿਗੋਬਿੰਦ ਤੇਰਾ ਸਿਕਦਾਰ, ਪ੍ਰਭ ਸਾਚੇ ਮਾਤ ਰਖਾਈਆ । ਬਵੰਜਾ ਦੇਸ਼ਾਂ ਕਰੇ ਖ਼ਬਰਦਾਰ, ਸੰਮਤ ਪੰਦਰਾਂ ਰੁੱਤ ਸੁਹਾਈਆ । ਹਾੜ ਸਤਾਰਾਂ ਦਿਵਸ ਵਿਚਾਰ, ਲੇਖਾ ਲੇਖ ਪੁਜਾਈਆ । ਲਹਿਣਾ ਦੇਣਾ ਕਰਜ਼ ਉਤਾਰ, ਮੰਗੀ ਮੰਗ ਦੇਵੇ ਝੋਲੀ ਪਾਈਆ । ਸ਼ਬਦ ਖੰਡਾ ਤੇਜ ਕਟਾਰ, ਸੋਹੰ ਏਕਾ ਦਏ ਵਖਾਈਆ । ਸੋ ਪੁਰਖ ਨਿਰੰਜਣ ਸ਼ਬਦ ਧਾਰ, ਜੀਵ ਹੰ ਹੰਗਤਾ ਦਏ ਮਿਟਾਈਆ । ਸਾਚੀ ਸੰਗਤਾ ਕਰ ਪਿਆਰ, ਦੇ ਮਤ ਦਏ ਸਮਝਾਈਆ । ਅੰਤਮ ਮੰਗਤਾ ਸਰਬ ਸੰਸਾਰ, ਨੌ ਖੰਡ ਪ੍ਰਿਥਮੀ ਫਿਰੇ ਹਲਕਾਈਆ । ਨਿਹਕਲੰਕਾ ਲਏ ਅਵਤਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਡੰਕ ਵਜਾਈਆ । ਹਰਿਰਾਏ ਤੇਰੀ ਸਾਚੀ ਰਾਸ, ਪ੍ਰਭ ਸਾਚਾ ਆਪ ਪੁਆਇੰਦਾ । ਗੁਰਮੁਖਾਂ ਲੇਖੇ ਲਾਏ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਇੰਦਾ । ਸ਼ਬਦ ਡੋਰੀ ਆਪ ਉਡਾਏ ਪ੍ਰਿਥਮੀ ਆਕਾਸ਼, ਲੋਆਂ ਪੁਰੀਆਂ ਪਾਰ ਕਰਾਇੰਦਾ । ਚਰਨ ਦਵਾਰ ਸਚ ਨਿਵਾਸ, ਸਾਚਾ ਧਾਮ ਸੁਹਾਇੰਦਾ । ਅੱਠੇ ਪਹਿਰ ਵਸੇ ਪਾਸ, ਦਿਸ ਕਿਸੇ ਨਾ ਆਇੰਦਾ । ਹਰਿਕ੍ਰਿਸ਼ਨ ਤੇਰੀ ਪੂਰੀ ਕਰੇ ਆਸ, ਬਾਲ ਅਵਸਥਾ ਲੇਖੇ ਲਾਇੰਦਾ । ਚਰਨ ਛੁਹਾਏ ਦਿੱਲੀ ਗੁਣਤਾਸ, ਵੇਲਾ ਵਕਤ ਨੇੜੇ ਆਇੰਦਾ । ਗੁਰ ਤੇਗ ਬਹਾਦਰ ਲੇਖੇ ਲੱਗੇ ਸਵਾਸ ਸਵਾਸ, ਮਾਤਲੋਕ ਹਿਸਾਬ ਮੁਕਾਇੰਦਾ । ਸ੍ਰਿਸ਼ਟ ਸਬਾਈ ਕਰੇ ਨਾਸ, ਸੀਸ ਗੰਜ ਚਰਨ ਛੁਹਾਇੰਦਾ । ਆਪਣੇ ਅੰਦਰ ਆਪੇ ਕਰੇ ਵਾਸ, ਨਾ ਕੋਈ ਬਾਹਰ ਕਢਾਇੰਦਾ । ਵਾਲੀ ਹਿੰਦ ਰੱਖਣੀ ਆਸ, ਪੰਦਰਾਂ ਕੱਤਕ ਬੀਸ ਬੀਸਾ, ਹਰਿ

ਸਾਚੀ ਜੋਤ ਜਗਾਇੰਦਾ । ਜਮਨ ਕਿਨਾਰਾ ਵੇਖ ਨਿਰੰਕਾਰ, ਵੇਲਾ ਵਕਤ ਸੁਹਾਇੰਦਾ । ਕਲਜੁਗ ਤੇਰੀ ਬੰਨ੍ਹੇ ਧਾਰ, ਗੁਰ ਗੋਬਿੰਦਾ ਲੈ ਅਵਤਾਰ, ਸ਼ਬਦ ਖੰਡਾ ਤੇਜ ਕਟਾਰ, ਪੰਜ ਸਿਕਦਾਰ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਰ ਦਾਤਾ ਆਪ ਅਖਵਾਇੰਦਾ । ਗੋਬਿੰਦ ਗੁਰ ਜਗਤ ਬਲਵਾਨਾ, ਏਕਾ ਏਕ ਅਖਵਾਇਆ । ਪੂਤ ਸਪੂਤਾ ਸ੍ਰੀ ਭਗਵਾਨਾ, ਏਕਾ ਏਕ ਅਖਵਾਇਆ । ਚਾਰੇ ਕੂਟਾਂ ਵੇਖੇ ਮਾਰ ਧਿਆਨਾ, ਗਊ ਗਰੀਬਾਂ ਗਲੇ ਲਗਾਇਆ । ਸ਼ਬਦ ਖੰਡਾ ਕਾਇਆ ਤਨ ਪਹਿਨਾਨਾ, ਦਿਸ ਕਿਸੇ ਨਾ ਆਇਆ । ਰਸਨਾ ਚਿੱਲਾ ਤੀਰ ਕਮਾਨਾ, ਪ੍ਰਭ ਆਪੇ ਰਿਹਾ ਚੜ੍ਹਾਇਆ । ਆਪ ਉਠਾਏ ਮੁਗਲ ਪਠਾਨਾ, ਸ਼ਾਹ ਈਰਾਨਾ ਸੰਗ ਰਲਾਇਆ । ਈਸਾ ਮੂਸਾ ਹੋਏ ਹੈਰਾਨਾ, ਚੀਨਾ ਰੂਸਾ ਮਰਦੰਗ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਮੇਲ ਦਰ ਦਰ, ਦਰ ਦਵਾਰਾ ਵੇਖ ਵਖਾਇਆ । ਗੁਰ ਗੋਬਿੰਦਾ ਜੋਧਾ ਬਲਕਾਰਾ, ਏਕਾ ਏਕ ਅਖਵਾਇੰਦਾ । ਪੁਰ ਅਨੰਦ ਕਰ ਤਿਆਰਾ, ਆਪਣਾ ਆਸਣ ਲਾਇੰਦਾ । ਸ਼ਬਦ ਛੰਦ ਹਰਿ ਕਰਤਾਰਾ, ਏਕਾ ਏਕ ਸੁਣਾਇੰਦਾ । ਦੂਸਰ ਨਾ ਕੋਈ ਜਾਣੇ ਬੱਤੀ ਦੰਦ, ਲਿਖੀ ਰੇਖ ਨਾ ਕੋਈ ਮਿਟਾਇੰਦਾ । ਤ੍ਰੈਗੁਣ ਮਾਇਆ ਪਾਇਆ ਅੰਧ, ਨੇਤਰ ਨੈਣ ਨਾ ਕੋਈ ਖੁਲ੍ਹਾਇੰਦਾ । ਕਲਜੁਗ ਮੁਕਾਵਣ ਆਇਆ ਪੰਧ, ਦੇ ਮਤ ਆਪ ਸਮਝਾਇੰਦਾ । ਪੁਰ ਅਨੰਦ ਸਾਚੀ ਕੰਧ, ਨਾ ਕੋਈ ਮਾਤ ਢਾਹਿੰਦਾ । ਸਤਿ ਸੰਤੋਖ ਰੱਖਣਾ ਬੰਦ ਬੰਦ, ਮਾਤਾ ਗੁਜਰੀ ਆਪ ਸਮਝਾਇੰਦਾ । ਕਲਜੁਗ ਝੂਠਾ ਚੜ੍ਹਿਆ ਚੰਦ, ਗੁਰ ਪੂਰਾ ਦਿਸ ਨਾ ਆਇੰਦਾ । ਗੁਰਸਿਖਾਂ ਨਾ ਪਾਇਆ ਨਿਜ਼ਾਨੰਦ, ਪਰਮਾਨੰਦ ਨਾ ਕੋਈ ਸਮਾਇੰਦਾ । ਤ੍ਰਿਸ਼ਨਾ ਭੁੱਖ ਰੱਖਿਆ ਆਤਮ ਗੰਦ, ਚਰਨ ਧਿਆਨ ਗਵਾਇੰਦਾ । ਗੁਰਮਤ ਗੁਰ ਸਾਚਾ ਸੁਣਾਏ ਇਕ ਛੰਦ, ਹਰਿ ਹਰਿ ਭਾਣਾ ਸਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਵਾਲੀ ਹਿੰਦੇ ਏਕਾ ਰਾਹ ਵਖਾਇੰਦਾ । ਗੁਰ ਗੋਬਿੰਦਾ ਦਏ ਸਲਾਹ, ਗੁਰਸਿਖਾਂ ਆਪ ਸਮਝਾਈਆ । ਕੋਈ ਨਾ ਦਿਸੇ ਹੋਰ ਮਲਾਹ, ਜੇ ਕੋਈ ਪਾਰ ਲੰਘਾਈਆ । ਸਰਸਾ ਦਏ ਨਾ ਅੱਗੇ ਰਾਹ, ਪ੍ਰਭ ਸਾਚੇ ਖੇਲ ਖਿਲਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਸਾਕ ਸੱਜਣ ਨਾ ਕੋਈ ਅਖਵਾਈਆ । ਗੁਰ ਗੋਬਿੰਦੇ ਚਰਨ ਮਾਣੇ ਸਾਚੀ ਛਾਂ, ਕਿਲ੍ਹਾ ਪੁਰ ਅਨੰਦ ਦਏ ਸੁਹਾਈਆ । ਸਿੱਖ ਅੱਗੋਂ ਕਰ ਗਏ ਨਾਹ, ਵਿਚ ਹਾਂ ਨਾ ਕਿਸੇ ਹਾਂ ਮਿਲਾਈਆ । ਗੁਰ ਗੋਬਿੰਦਾ ਨੇਤਰ ਨੀਰ ਰਿਹਾ ਵਹਾ, ਪ੍ਰਭ ਅੱਗੇ ਬੈਠਾ ਸੀਸ ਝੁਕਾਈਆ । ਪਾਰਬ੍ਰਹਮ ਬਿਨਾ ਤੇਰੇ ਕੋਈ ਨਾ ਪਕੜੇ ਮੇਰੀ ਬਾਂਹ, ਸਾਰੇ ਬੈਠੇ ਮੁਖ ਭਵਾਈਆ । ਸਿੰਘ ਦਇਆ ਲਿਆ ਉਠਾ, ਛਾਤੀ ਨਾਲ ਲਗਾਈਆ । ਗੁਰਮੁਖ ਸਾਚੇ ਦਿਆਂ ਸਮਝਾ, ਕਲਜੁਗ ਵੇਲ ਅੱਜ ਵਧਾਈਆ । ਦੇਣਾ ਸੀ ਛੇਤੀ ਪੰਧ ਮੁਕਾ, ਗੁਰਮੁਖਾਂ ਸਿਰ ਏਕਾ ਛਤਰ ਝੁਲਾਈਆ । ਮਾਤਾ ਗੁਜਰੀ ਰੋ ਰੋ ਪੱਲੂ ਗਲ ਵਿਚ ਪਾ, ਮੇਰਾ ਹਿਰਦਾ ਰਹੀ ਡੁਲਾਈਆ । ਪਾਰਬ੍ਰਹਮ ਤੇਰੀ ਸਾਚੀ ਸਰਨਾ, ਮਸਤਕ ਧੂੜੀ ਆਪ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਰਿਹਾ ਸਮਝਾਈਆ । ਗੁਰ ਗੋਬਿੰਦ ਪੂਤ ਸਪੂਤੇ, ਪ੍ਰਭ ਸਾਚੇ ਸ਼ਬਦ ਸੁਣਾਇਆ । ਕਲਜੁਗ ਸੰਗੀ ਸਾਥੀ ਝੂਠੇ, ਖਾਲੀ ਠੂਠੇ ਹੱਥ ਫੜਾਇਆ । ਦਰ ਦਵਾਰਿਉਂ ਜੋ ਗਏ ਰੂਠੇ, ਦੋ ਜਹਾਨੀ ਦਏ ਸਜ਼ਾਇਆ । ਪੁਰਖ ਅਬਿਨਾਸ਼ੀ ਅੰਤਮ ਤੁੱਠੇ, ਤੇਰਾ ਬੇੜਾ ਦਏ ਬੰਧਾਇਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠੇ, ਆਪ ਆਪੇ ਲਏ ਮਿਲਾਇਆ । ਆਪ ਬੰਧਾਏ ਏਕਾ ਮੁੱਠੇ, ਸਾਚੀ ਤੰਦਨ ਤੰਦ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ

ਮਤ ਆਪ ਸਮਝਾਇਆ । ਗੁਰ ਗੋਬਿੰਦਾ ਕਰ ਨਿਮਸਕਾਰ, ਦੋਏ ਨੈਣਾਂ ਨੀਰ ਵਹਾਈਆ । ਸਾਚੀ ਸਿੱਖੀ ਕਰ ਤਿਆਰ, ਜਗਤ ਵਿਛੋੜਾ ਝੱਲਿਆ ਨਾ ਜਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਫਲ ਫੁਲਵਾੜੀ ਆਪਣੀ ਹੱਥੀਂ ਮਾਤ ਮਹਿਕਾਈਆ । ਕੇਸ ਦਾਹੜੀ ਮੁੱਛ ਕਰ ਤਿਆਰ, ਵੱਖਰੀ ਚਾਲ ਚਲਾਈਆ । ਅੰਮ੍ਰਿਤ ਆਤਮ ਸਾਚੀ ਧਾਰ, ਬੈਠਾ ਮੁਖ ਚੁਆਈਆ । ਸਾਚਾ ਖੰਡਾ ਤਨ ਸ਼ਿੰਗਾਰ, ਪੰਜਾਂ ਰਿਹਾ ਪਹਿਨਾਈਆ । ਆਪੇ ਮੰਗਿਆ ਬਣ ਭਿਖਾਰ, ਦੋਵੇਂ ਜੋੜ ਅੱਗੇ ਡਾਹੀਆ । ਦੋਹਾਂ ਵਿਚੋਲਾ ਨਰ ਨਿਰੰਕਾਰ, ਗੁਰ ਗੋਬਿੰਦਾ ਗਿਆ ਬਣਾਈਆ । ਗੁਰ ਗੋਬਿੰਦੇ ਸੁਣ ਪੁਕਾਰ, ਪ੍ਰਭ ਸਾਚੇ ਖ਼ੁਸ਼ੀ ਮਨਾਈਆ । ਅੰਤਮ ਮੇਲਾ ਵਿਚ ਸੰਸਾਰ, ਬੀਸ ਬੀਸਾ ਦਏ ਕਰਾਈਆ । ਖੇਲੇ ਖੇਲ ਹਰਿ ਨਿਰੰਕਾਰ, ਛਤਰ ਸੀਸ ਇਕ ਝੁਲਾਈਆ । ਚਰਨ ਛੁਹਾਏ ਦਿੱਲੀ ਦਰਬਾਰ, ਨੌ ਖੰਡ ਪ੍ਰਿਥਮੀ ਏਕਾ ਰਾਹ ਵਖਾਈਆ । ਸੱਤਾਂ ਦੀਪਾਂ ਦਏ ਹੁਲਾਰ, ਆਪ ਆਪਣਾ ਦਏ ਜਣਾਈਆ । ਬ੍ਰਹਮਾ ਦੇਵਤ ਸੁਰ ਆਇਣ ਬੰਕ ਦਵਾਰ, ਮੰਗਣ ਭਿਛਿਆ ਵਾਹੋ ਦਾਹੀਆ । ਪਾਰਬ੍ਰਹਮ ਨਾ ਪਾਏ ਸਾਰ, ਵੇਲਾ ਵਕਤ ਚੁਕਾਈਆ । ਇਕ ਇਕੀਸਾ ਨਰ ਨਿਰੰਕਾਰ, ਜਗਤ ਜਗਦੀਸਾ ਆਪ ਅਖਵਾਈਆ । ਸੁਰਪਤ ਰਾਜਾ ਇੰਦ ਦਏ ਉਤਾਰ, ਆਪ ਆਪਣੇ ਅੰਕ ਸਮਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲ ਲਾਹੇ ਹਾਰ, ਤ੍ਰਿਸੂਲ ਦਏ ਹੱਥ ਸੁਟਾਈਆ । ਪ੍ਰਭ ਅਬਿਨਾਸ਼ੀ ਕਰ ਪਿਆਰ, ਆਪ ਆਪਣੀ ਗੋਦ ਉਠਾਈਆ । ਬ੍ਰਹਮਾ ਅੱਠੇ ਨੇਤਰ ਵੇਖੇ ਉਘਾੜ, ਕਵਣ ਕੂਟੇ ਪ੍ਰਭ ਸਾਚੇ ਜੋਤ ਜਗਾਈਆ । ਸੰਮਤ ਇੱਕੀ ਸਤਾਰਾਂ ਹਾੜ, ਬ੍ਰਹਮਾ ਬ੍ਰਹਮ ਰੂਪ ਸਮਾਈਆ । ਕਲਜੁਗ ਤੇਰਾ ਮਿਟੇ ਅੰਤ ਅਖਾੜ, ਸਤਿਜੁਗ ਸਾਚੀ ਚਲਤ ਚਲਾਈਆ । ਗੁਰ ਗੋਬਿੰਦਾ ਮੀਤ ਮੁਰਾਰ, ਹੋਵੇ ਆਣ ਸਹਾਈਆ । ਜੋਧਾ ਸੂਰ ਬਲੀ ਬਲਕਾਰ,
੭੪੮ ਏਕਾ ਖੰਡਾ ਹੱਥ ਉਠਾਈਆ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਕਲਜੁਗ ਤੇਰੀ ਅੰਤਮ ਵਾਰ, ਪ੍ਰਭ ਸਾਚੇ ੭੪੮
੦੬ ਜੋਤ ਜਗਾਈਆ । ਲਿਖਤ ਲੇਖ ਗੋਬਿੰਦ ਅਪਾਰ, ਨਾ ਕੋਈ ਮੇਟ ਮਿਟਾਈਆ । ਮਾਛੂਵਾੜੇ ਕਰੇ ਪੁਕਾਰ, ਨੰਗੀ ਪੈਰੀ ਆਸਣ ਲਾਈਆ । ਸਚ ੦੬
ਸੁਨੇਹੜਾ ਮੀਤ ਮੁਰਾਰ, ਏਕਾ ਏਕ ਅਖਵਾਈਆ । ਪਾਏ ਝੇੜੇ ਕਲ ਦਸਤਾਰ, ਕਲਗੀ ਤੋੜਾ ਦਿਸ ਨਾ ਆਈਆ । ਨੀਲਾ ਘੋੜਾ ਨਾ ਮਾਰੇ ਝਨਕਾਰ, ਨਾ ਪੌੜਾ ਰਿਹਾ ਉਠਾਈਆ । ਪੰਜ ਪਿਆਰੇ ਨਾ ਮੀਤ ਮੁਰਾਰ, ਨਾ ਕੋਈ ਵਾਗਾਂ ਰਿਹਾ ਭਵਾਈਆ । ਸੁਤ ਮਾਤ ਨਾ ਕੋਈ ਦੁਲਾਰ, ਰਣਭੂਮੀ ਸੁੱਤੇ ਆਸਣ ਲਾਈਆ । ਸਿੱਖ ਸਾਜਣ ਨਾ ਮੀਤ ਮੁਰਾਰ, ਧਰਤਮਾਤ ਗੋਦ ਬੈਠੇ ਸੇਜ ਵਛਾਈਆ । ਬਿਨ ਹਰਿ ਤੇਰੇ ਕੋਈ ਨਾ ਦਿਸੇ ਯਾਰ, ਏਕਾ ਸੱਥਰ ਬੈਠਾ ਵਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਸੁਣ ਪੁਕਾਰ, ਏਕਾ ਸ਼ਬਦ ਸੁਣਾਈਆ । ਗੁਰ ਗੋਬਿੰਦੇ ਤੇਰਾ ਰੰਗ, ਪ੍ਰਭ ਸਾਚਾ ਵੇਖ ਵਖਾਇੰਦਾ । ਪਾਟੇ ਚੀਰ ਚੜ੍ਹਨਾ ਰੰਗ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਸੂਲਾਂ ਸੇਜ ਧੁਰਦਰਗਾਹੀ ਸ਼ਬਦ ਪਲੰਘ, ਲੋਕਮਾਤ ਆਪ ਵਿਛਾਇੰਦਾ । ਪੁਰਖ ਅਗੰਮਾ ਤੇਰੇ ਸਦਾ ਸੰਗ, ਦੋ ਜਹਾਨ ਨਾ ਮੁਖ ਭਵਾਇੰਦਾ । ਏਕਾ ਮੰਗ ਅੰਤਮ ਮੰਗ, ਪ੍ਰਭ ਅਬਿਨਾਸ਼ੀ ਪੂਰ ਕਰਾਇੰਦਾ । ਚਿੱਟੇ ਅਸਵ ਕਸਿਆ ਤੰਗ, ਨੀਲੇ ਵਾਲੇ ਕੋਲ ਫੇਰੀ ਪਾਇੰਦਾ । ਗੁਰ ਗੋਬਿੰਦੇ ਤੇਰੀ ਕਾਇਆ ਜਗਤ ਵੱਜੇ ਮਰਦੰਗ, ਹਰਿ ਕਾ ਸ਼ਬਦ ਡੰਕਾ ਆਪ ਵਜਾਇੰਦਾ । ਲੱਖ ਚੁਰਾਸੀ ਕਰੇ ਭੰਗ, ਤੇਰੀ ਚੋਲੀ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਤੇਰਾ ਵਰ ਆਪੇ ਪੂਰ ਕਰਾਇੰਦਾ ।

ਸਤਿਗੁਰ ਪੁਰਖ ਦਿਆਲ ਸਰਬ ਸਮਾਇਆ । ਦੀਨਾ ਬੰਧਪ ਦੀਨ ਦਿਆਲ, ਦੀਨਾ ਨਾਥ ਆਪ ਅਖਵਾਇਆ । ਸੰਗ ਰਖਾਏ ਕਾਲ ਮਹਾਂਕਾਲ, ਕਾਲ ਨਗਾਰਾ ਹੱਥ ਫੜਾਇਆ । ਲਾੜੀ ਮੌਤ ਵਜਾਏ ਤਾਲ, ਤਾਲ ਤਲਵਾੜਾ ਇਕ ਰਖਾਇਆ । ਧਰਮ ਰਾਏ ਹੋਇਆ ਕੰਗਾਲ, ਲੇਖਾ ਮੰਗੇ ਦਰ ਦਰ ਦਏ ਦੁਹਾਇਆ । ਚਿਤਰ ਗੁਪਤ ਖੋਲ੍ਹ ਹਿਸਾਬ, ਜੀਆਂ ਜੰਤਾਂ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸਾਚਾ ਏਕਾ ਹੋ ਆਇਆ । ਸਤਿਗੁਰ ਸਾਚਾ ਸਾਚਾ ਮੀਤ, ਅਕਲ ਕਲਾ ਭਰਪੂਰਾ । ਆਪੇ ਬਖ਼ਸ਼ੇ ਚਰਨ ਪ੍ਰੀਤ, ਆਪੇ ਵਸੇ ਨੇੜੇ ਦੂਰਾ । ਆਪ ਚਲਾਏ ਰੀਤ, ਜਗ ਤੋੜੇ ਨਾਤਾ ਕੂੜਾ । ਗੁਰਮੁਖ ਕਾਇਆ ਠੰਢੀ ਸੀਤ, ਫਲ ਵੇਖੇ ਮਿੱਠਾ ਕੌੜਾ । ਕਰੇ ਕਰਾਏ ਪਤਤ ਪੁਨੀਤ, ਧੁਰਦਰਗਾਹੀ ਆਇਆ ਦੌੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦੇ ਆਪੇ ਬਹੁੜਾ । ਸਤਿਗੁਰ ਸਾਜਣ ਸਾਖਿਆਤ, ਸਖਾ ਸੁਹੇਲਾ ਆਪ । ਮੇਟ ਮਿਟਾਏ ਤੀਨੋਂ ਤਾਪ, ਨਾ ਕੋਈ ਜਾਣੇ ਪੁੰਨ ਪਾਪ । ਕਲਜੁਗ ਲੇਖਾ ਰੋਗ ਸੰਤਾਪ, ਨਾ ਕੋਈ ਮਾਈ ਨਾ ਕੋਈ ਬਾਪ । ਏਕਾ ਏਕ ਹਰਿ ਹਰਿ ਜਪਾਏ ਅਜਪਾ ਜਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖਣਹਾਰਾ ਆਪ । ਕਲਜੁਗ ਅੰਤਮ ਕਾਲਾ ਪੱਲਾ, ਚਾਰੋਂ ਕੁੰਟ ਹਿਲਾਇੰਦਾ । ਵੇਖੇ ਖੇਲ ਇਕ ਇਕੱਲਾ, ਏਕਾ ਧਾਮ ਸੁਹਾਇੰਦਾ । ਨੌ ਖੰਡ ਪ੍ਰਿਥਮੀ ਜਗਤ ਮਹੱਲਾ, ਸਾਚਾ ਨਾਉਂ ਉਪਾਇੰਦਾ । ਕੁਲਾਖੰਡ ਪਏ ਤਰਥਲਾ, ਨਾ ਕੋਈ ਧੀਰ ਧਰਾਇੰਦਾ । ਇਲਾਬੁਤ ਪਹਿਲਾ ਬੁਲਾ, ਹਰਿ ਸਾਚਾ ਆਪ ਲਗਾਇੰਦਾ । ਕੇਤਮਾਲ ਫਲ ਝੂਠਾ ਹੁੱਲਾ, ਪਤ ਡਾਲੀ ਨਾ ਕੋਈ ਰਖਾਇੰਦਾ । ਕਿੰਪੁਰਖ ਤੇਰਾ ਕੋਈ ਨਾ ਪੈਣਾ ਮੁੱਲਾ, ਕਲਜੁਗ ਮੁਖ ਭਵਾਇੰਦਾ । ਹਰਵਰਖ ਅੰਮ੍ਰਿਤ ਆਤਮ ਡੁੱਲ੍ਹਾ, ਸੀਰ ਨੀਰ ਨਾ ਕੋਈ ਮੁਖ ਚੁਆਇੰਦਾ । ਹਰਣਯਮਹ ਤਨ ਖ਼ਾਕੀ ਰੁੱਲਾ, ਬਸਤਰ ਸ਼ਸਤਰ ਨਾ ਤਨ ਸਜਾਇੰਦਾ । ਭਦਰ ਦਰ ਦਵਾਰਾ ਤੇਰਾ ਖੁਲ੍ਹਾ, ਝੂਠਾ ਗੜ੍ਹ ਤੁੜਾਇੰਦਾ । ਰਮਕ ਵੇਖੇ ਆਪਣੀ ਕੁੱਲਾ, ਕੁਲਾਵੰਤ ਅੰਤ ਪਛਤਾਇੰਦਾ । ਭਾਰਤ ਖੰਡ ਤੇਰਾ ਪੈਣਾ ਮੁੱਲਾ, ਪ੍ਰਭ ਸਾਚਾ ਆਪ ਪੁਆਇੰਦਾ । ਤ੍ਰੈਗੁਣ ਮਾਇਆ ਬਣਾਏ ਚੁੱਲ੍ਹਾ, ਸਾਚਾ ਭੱਠ ਤਪਾਇੰਦਾ । ਲੱਖ ਚੁਰਾਸੀ ਆਪੇ ਫਲਿਆ ਆਪੇ ਫੁੱਲਾ, ਆਪਣੀ ਜੜ੍ਹ ਆਪ ਉਖੜਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਮਤ ਤਤ ਜਗਤ ਰੁੱਲਾ, ਨਾ ਕੋਈ ਮੁੱਲ ਪਵਾਇੰਦਾ । ਜੂਠ ਝੂਠ ਗਾਇਆ ਢੋਲਾ, ਸ਼ਬਦ ਅਨਾਦੀ ਬੋਧ ਅਗਾਧੀ ਨਾ ਕੋਈ ਜਣਾਇੰਦਾ । ਕੂੜ ਕੁੜਿਆਰਾ ਵੱਜੇ ਬੋਲਾ, ਚਾਰ ਵਰਨਾਂ ਆਪ ਜਣਾਇੰਦਾ । ਗੁਰਮੁਖ ਵਿਰਲਾ ਪੂਰੇ ਤੋਲ ਤੁਲਾ, ਤੋਲਣਹਾਰ ਆਪ ਅਖਵਾਇੰਦਾ । ਪਰਗਟ ਹੋਏ ਕਲਾ ਸੋਲਾ, ਨਿਹਕਲੰਕਾ ਨਾਉਂ ਰਖਾਇੰਦਾ । ਕਲਜੁਗ ਕਾਇਆ ਬਦਲਿਆ ਚੋਲਾ, ਗੋਬਿੰਦ ਸੰਗ ਨਿਭਾਇੰਦਾ । ਸਾਚੇ ਮੰਦਰ ਅੰਦਰ ਆਪੇ ਮੌਲਾ, ਜੋਤੀ ਨੂਰ ਉਪਾਇੰਦਾ । ਭਾਗ ਲਗਾਏ ਧਰਨੀ ਧਵਲਾ, ਧਰਤ ਧਵਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌ ਖੰਡ ਪ੍ਰਿਥਮੀ ਵੇਖੇ ਦਰ, ਆਪ ਆਪਣਾ ਫੇਰਾ ਪਾਇੰਦਾ । ਨੌ ਖੰਡ ਪ੍ਰਿਥਮੀ ਤੇਰਾ ਘਰ, ਹਰਿ ਸਾਚਾ ਵੇਖ ਵਖਾਇੰਦਾ । ਸੱਤਾਂ ਦੀਪਾਂ ਦੇਵੇ ਵਰ, ਲੇਖਾ ਲੇਖ ਲਿਖਾਇੰਦਾ । ਲੱਖਣ ਦੀਪ ਆਏ ਡਰ, ਘਰ ਸੱਖਣ ਵੇਖ ਵਖਾਇੰਦਾ । ਕ੍ਰੌਚ ਵਿਛੋੜਾ ਨਾਰੀ ਨਰ, ਨਾ ਕੋਈ ਸੰਗ ਨਿਭਾਇੰਦਾ । ਪੁਸ਼ਕਰ ਰੋਵੇ ਜ਼ਾਰੋ ਜ਼ਰ, ਜ਼ਰ ਦੌਲਤ ਖ਼ਾਕ ਮਿਲਾਇੰਦਾ । ਜੰਬੁ ਦੀਪ ਪ੍ਰਭ ਜੋਤ ਧਰ, ਜੋਬਨ ਏਕਾ ਏਕ ਵਖਾਇੰਦਾ । ਭਾਰਤ ਖੰਡ ਮਿਲਿਆ ਵਰ, ਬ੍ਰਹਿਮੰਡੀ ਵੇਖ ਵਖਾਇੰਦਾ । ਸਾਨ ਦੀਪ ਜਾਏ ਹਰ, ਹਰਿ ਹਰਿ ਸਾਚਾ ਮੁਖ ਭਵਾਇੰਦਾ ।

ਸਲਮਲ ਨਾ ਸੀਸ ਨਾ ਧੜ, ਨਾ ਕਿਲ੍ਹਾ ਨਾ ਗੜ੍ਹ, ਜਲ ਧਾਰ ਵਹਾਏ ਸਾਚਾ ਹੜ, ਨਾ ਕੋਈ ਮੇਟ ਮਿਟਾਇੰਦਾ । ਕੁਸ਼ਾ ਵੇਖੇ ਇਕ ਅਖਾੜ, ਕਲਜੁਗ ਤੇਰਾ ਘਾੜਨ ਘੜ, ਸੰਮਤ ਚੌਦਾਂ ਲਾਏ ਜੜ੍ਹ, ਤ੍ਰੈਗੁਣ ਮਾਇਆ ਹੱਥੀਂ ਫੜ, ਆਪ ਬਣਾਏ ਗੋਰ ਮੜ੍ਹ, ਜੋਤੀ ਲੰਬੂ ਲਾਇੰਦਾ । ਸੱਤ ਦੀਪ ਤੇਰਾ ਜਗਤ ਨਿਸ਼ਾਨਾ, ਏਕਾ ਏਕ ਰਖਾਇਆ । ਧਰਮ ਝੁਲਾਏ ਹਰਿ ਨਿਸ਼ਾਨਾ, ਦਹਿ ਦਿਸ਼ਾ ਵੇਖ ਵਖਾਇਆ । ਚਾਰੇ ਕੁੰਟਾਂ ਇਕ ਗਿਆਨਾ, ਪ੍ਰਭ ਸਾਚਾ ਰਿਹਾ ਸੁਣਾਇਆ । ਜੂਠਾ ਝੂਠਾ ਢਹਿ ਮਕਾਨਾ, ਕੱਲਰ ਕੰਧ ਰਹਿਣ ਨਾ ਪਾਇਆ । ਤ੍ਰੈਗੁਣ ਮਾਇਆ ਤੇਰਾ ਦਾਨਾ, ਪ੍ਰਭ ਬ੍ਰਹਮੇ ਝੋਲੀ ਪਾਇਆ । ਇੱਕੀ ਜੇਠ ਕਰ ਇਸ਼ਨਾਨਾ, ਤੇਰੀ ਅਰਥੀ ਰਿਹਾ ਬਣਾਇਆ । ਸ਼ਬਦ ਸ਼ਸਤਰ ਪੀਲਾ ਬਸਤਰ ਖੇਲ ਮਹਾਨਾ, ਭੇਵ ਕੋਈ ਨਾ ਪਾਇਆ । ਸ਼ਬਦ ਨਿਰਾਲਾ ਮਾਰੇ ਬਾਨਾ, ਰਸਨਾ ਚਿੱਲੇ ਤੀਰ ਚੜ੍ਹਾਇਆ । ਨੌ ਖੰਡ ਪ੍ਰਿਥਮੀ ਲੱਥੇ ਘਾਨਾ, ਬੂਰੇ ਕੱਕੇ ਬਿੱਲੇ ਦਏ ਹਿਲਾਇਆ । ਤ੍ਰੈ ਦੇਸ਼ ਵਖਾਏ ਇਕ ਅਸਥਾਨਾ, ਕੁਸ਼ਾ ਖੇਲ ਖਿਲਾਇਆ । ਚੌਦਾਂ ਜੋਜਨ ਸਚ ਭੂਮਿਕਾ ਅਸਥਾਨਾ, ਕਲਜੁਗ ਤੇਰੀ ਵੰਡ ਵੰਡਾਇਆ । ਚੌਦਾਂ ਚੌਦਾਂ ਜੀਵ ਜਹਾਨਾ, ਪ੍ਰਭ ਸਾਚਾ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਸੱਤ ਦੀਪ ਏਕਾ ਰੰਗ ਰੰਗਾਇਆ । ਦੀਪ ਖੰਡ ਜਗਤ ਅਖਾੜਾ, ਬ੍ਰਹਿਮੰਡ ਪਏ ਦੁਹਾਈਆ । ਵਡ ਵਡ ਭਾਗੀ ਸਤਾਰਾਂ ਹਾੜਾ, ਪ੍ਰਭ ਸਾਚੀ ਬਣਤ ਬਣਾਈਆ । ਇੱਕੀ ਜੇਠ ਬਣਿਆ ਲਾੜਾ, ਤ੍ਰੈਗੁਣ ਮਾਇਆ ਲਏ ਪਰਨਾਈਆ । ਤ੍ਰੈਗੁਣ ਮਾਇਆ ਤੇਰੀ ਧਾੜਾ, ਪੰਚਮ ਕਰੇ ਲੜਾਈਆ । ਪੰਚਮ ਰੋਵੇ ਜ਼ਾਰੋ ਜ਼ਾਰਾ, ਕਲਜੁਗ ਦਏ ਦੁਹਾਈਆ । ਕਲਜੁਗ ਬਣੇ ਦਰ ਭਿਖਾਰਾ, ਆਵੇ ਵਾਹੋ ਵਾਹੀਆ । ਸੰਮਤ ਚੌਦਾਂ ਸਚ ਦਵਾਰਾ, ਚੌਦਾਂ ਲੋਕਾਂ ਰਿਹਾ ਵਖਾਈਆ । ਭੂਅ ਦੂਵਹ ਸਵਰਗ ਮਹਰ ਜਪ ਤਪ ਸਤਿ ਅਵਤਾਰਾ, ਧਾਮ ਭੂਮਿਕਾ ਵੇਖ ਵਖਾਈਆ । ਇਤਲ ਵਿਤਲ ਸਿਤਲ ਤੇਰਾ ਪਾਰ ਕਿਨਾਰਾ, ਤਲਾਤਲ ਮਹਾਤਲ ਰਸਾਤਲ ਖੋਜ ਖੁਜਾਈਆ । ਪਾਤਾਲ ਲੋਕ ਪ੍ਰਭ ਲੈ ਅਵਤਾਰਾ, ਸਾਂਗੋ ਪਾਂਗ ਬਾਸ਼ਕ ਸੇਜ ਰਿਹਾ ਹੰਢਾਈਆ । ਸਹੰਸਰ ਮੁਖ ਗੁਣ ਦੋ ਸਹੰਸਰ ਜਿਹਵਾ ਰਿਹਾ ਹਿਲਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਜਪ ਲੋਕ ਤਪ ਲੋਕ ਬੈਠਾ ਮੁਖ ਛੁਪਾਈਆ । ਸਤ ਲੋਕ ਪ੍ਰਭ ਕਰ ਪਸਾਰਾ, ਸਤਿ ਪੁਰਖਾ ਰੰਗ ਵਟਾਈਆ । ਆਦਿ ਸ਼ਕਤ ਇਕ ਆਕਾਰਾ, ਏਕਾ ਏਕ ਵਖਾਈਆ । ਕਲਜੁਗ ਤੇਰੀ ਅੰਤਮ ਵਾਰਾ, ਦਸ ਦਸਮੇਸ਼ ਜਗਾਈਆ । ਸ਼ਬਦ ਸਰੂਪੀ ਕਰ ਪਿਆਰਾ, ਆਪਣੀ ਗੋਦ ਉਠਾਈਆ । ਅੰਮ੍ਰਿਤ ਆਤਮ ਬਖ਼ਸ਼ੇ ਠੰਢੀ ਧਾਰਾ, ਦਿਵਸ ਰੈਣ ਮੁਖ ਚੁਆਈਆ । ਬਸਤਰ ਸ਼ਸਤਰ ਇਕ ਕਟਾਰਾ, ਨਾਮ ਖੰਡਾ ਹੱਥ ਫੜਾਈਆ । ਆਪੇ ਹੋਇਆ ਪਹਿਰੇਦਾਰਾ, ਬ੍ਰਹਿਮੰਡਾਂ ਸੇਵ ਕਮਾਈਆ । ਤ੍ਰੈਗੁਣ ਮਾਇਆ ਕਰ ਪਸਾਰਾ, ਲੱਖ ਚੁਰਾਸੀ ਰਚਨ ਰਚਾਈਆ । ਆਪੇ ਹੋਇਆ ਮੇਟਣਹਾਰਾ, ਆਪ ਆਪਣੀ ਜੋਤ ਜਗਾਈਆ । ਆਪੇ ਖੇਵਟ ਖੇਟਾ ਵਿਚ ਸੰਸਾਰਾ, ਜੀਵ ਜੀਵਣ ਨਈਆ ਰਿਹਾ ਚਲਾਈਆ । ਮਾਂ ਪਿਉ ਬੇਟਾ ਹਰਿ ਗਿਰਧਾਰਾ, ਪਿਤਾ ਪੂਤ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤ੍ਰੈਗੁਣ ਮਾਇਆ ਤੇਰੀ ਧਾਰ, ਗੋਬਿੰਦ ਵੇਖ ਵਖਾਈਆ । ਚਲੇ ਚਲਾਏ ਵਿਚ ਸੰਸਾਰ, ਭਰਮ ਭੁਲਾਏ ਰਾਜੇ ਰਾਣਿਆ । ਮਨਮੁਖ ਡੋਬੇ ਅੱਧ ਵਿਚਕਾਰ, ਨਾ ਕੋਈ ਦੀਸੇ ਵੰਞ ਮੁਹਾਣਿਆ । ਗੁਰਮੁਖ ਵਿਰਲੇ ਉਤਰੇ ਪਾਰ, ਜਿਸ ਜਨ ਮਿਲਿਆ ਹਰਿ ਭਗਵਾਨਿਆ । ਦੇਵਣਹਾਰਾ ਨਾਮ ਸਹਾਰ, ਸਤਿਗੁਰ ਸਾਚਾ ਸਖੀ ਸੁਲਤਾਨਿਆ । ਦਰ ਦਵਾਰੇ ਕਰ ਪਰਵਾਨ, ਹੱਥੀਂ ਬੰਨ੍ਹੇ ਸਾਚਾ ਗਾਨਿਆ ।

੭੫੦
੦੬

ਭਗਤ ਵਛਲ ਦੇਵੇ ਇਕ ਨਿਸ਼ਾਨ, ਹਉਮੇ ਸਹਿੰਸਾ ਰੋਗ ਮਿਟਾਨਿਆ । ਆਤਮ ਜੋਤੀ ਬ੍ਰਹਮ ਗਿਆਨ, ਸ਼ਬਦ ਧੁਨ ਇਕ ਉਪਜਾਨਿਆ । ਖਾਣੀ ਬਾਣੀ ਹੋਏ ਹੈਰਾਨ, ਵੇਦ ਪੁਰਾਨੀ ਆਈ ਹਾਨਿਆ । ਅੰਜ਼ੀਲ ਕੁਰਾਨ ਬਹਿ ਬਹਿ ਕੁਰਲਾਨ, ਇਕ ਦੂਜੇ ਮਾਰਨ ਤਾਅਨਿਆ । ਪਰਗਟ ਹੋਇਆ ਹਰਿ ਵਾਲੀ ਦੋ ਜਹਾਨ, ਚਾਰ ਵਰਨ ਸੁਣਾਏ ਏਕਾ ਸੱਚੀ ਬਾਣੀਆ । ਸੋਹੰ ਸ਼ਬਦ ਧੁਰ ਫ਼ਰਮਾਣ, ਘਰ ਚੌਥੇ ਮੇਲ ਮਿਲਾਨਿਆ । ਏਕਾ ਪਦ ਪਦ ਨਿਰਬਾਨ, ਘਰ ਸਾਚਾ ਵੇਖ ਵਿਖਾਨਿਆ । ਸੰਤ ਸੁਹੇਲੇ ਲਏ ਵਰ ਸਦ ਨਿਗਾਹਬਾਨ, ਭਰਮ ਭੁਲੇਖਾ ਦੂਰ ਕਰਾਨਿਆ । ਆਪ ਚੁਕਾਏ ਆਵਣ ਜਾਣ ਕਾਨ, ਜਗਤ ਝੇੜਾ ਫੰਦ ਕਟਾਨਿਆ । ਸ੍ਰਿਸ਼ਟ ਸਬਾਈ ਫਨਾਹ ਮਕਾਨ, ਥਿਰ ਰਹੇ ਨਾ ਕੋਈ ਸ਼ਾਹ ਸੁਲਤਾਨਿਆ । ਬਿਨ ਗੁਰ ਪੂਰੇ ਨਾ ਕਰੇ ਕੋਈ ਪਛਾਨ, ਦਰਗਹਿ ਦੇਵੇ ਨਾ ਸੱਚਾ ਮਾਨਿਆ । ਆਪਣਾ ਕੀਤਾ ਆਪੇ ਪਾਣ, ਮਨਮੁਖ ਭੁੱਲੇ ਗੁਣ ਨਿਧਾਨਿਆ । ਰਾਮ ਸੀਤਾ ਸਾਰੇ ਗਾਣ, ਸੀਤਾ ਸੁਰਤੀ ਰਾਮ ਸ਼ਬਦ ਨਾ ਕੋਈ ਪ੍ਰਨਾਨਿਆ । ਰਾਧਾ ਕ੍ਰਿਸ਼ਨ ਬੋਲ ਸੁਣਾਨ, ਨਾਮ ਬੰਸਰੀ ਨਾ ਕੋਈ ਵਜਾਨਿਆ । ਨਾਨਕ ਗੋਬਿੰਦ ਰਹੇ ਵਖਾਨ, ਮਿਲਿਆ ਮੇਲ ਨਾ ਹਰਿ ਸੁਲਤਾਨਿਆ । ਖਾਣੀ ਬਾਣੀ ਵੇਖਣ ਮਾਰ ਧਿਆਨ, ਹੱਥ ਆਏ ਨਾ ਵੇਦ ਪੁਰਾਨਿਆ । ਗੁਰਮੁਖ ਤੇਰਾ ਸਚ ਨਿਸ਼ਾਨ, ਪ੍ਰਭ ਸਾਚਾ ਆਪ ਝੁਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਲਏ ਵਰ, ਨਾਰੀ ਕੰਤ ਆਪ ਅਖਵਾਨਿਆ । ਗੁਰ ਗੋਬਿੰਦਾ ਸਾਚਾ ਵਰਿਆ, ਪੁਰਖ ਅਬਿਨਾਸ਼ੀ ਕੰਤਾ । ਇਕ ਵਖਾਏ ਸਾਚਾ ਸਰਿਆ, ਸਰ ਸਰੋਵਰ ਇਕ ਵਿਖੰਤਾ । ਅੰਮ੍ਰਿਤ ਤਾਲ ਸਾਚਾ ਭਰਿਆ, ਨਾ ਕੋਈ ਮੇਟ ਮਿਟੰਤਾ । ਜੰਗਲ ਉਜਾੜ ਹੋਇਆ ਹਰਿਆ, ਡੱਲਾ ਵੇਖ ਵੇਖ ਡਰਿਆ, ਪ੍ਰਭ ਸਾਚਾ ਧੀਰ ਧਰੰਤਾ । ਫਲ ਫੁਲਵਾੜੀ ਬਗ਼ੀਚਾ ਭਰਿਆ, ਊਚਾਂ ਨੀਚਾਂ ਭੇਵ ਨਿਵਰਿਆ, ਏਕਾ ਰੰਗ ਰੰਗਾਏ ਹਸਤ ਕੀਟਾ । ਚਾਰ ਵਰਨ ਅਠਾਰਾਂ ਬਰਨ ਇਕ ਖੁਲ੍ਹਾਏ ਦਰਿਆ, ਦਰ ਦਰਵਾਜ਼ਾ ਇਕ ਅਨਡੀਠਾ । ਤ੍ਰੈਗੁਣ ਮਾਇਆ ਆਪਣਾ ਕੀਤਾ ਭਰਿਆ, ਕਲਜੁਗ ਅੰਤ ਬਣਾਏ ਇਕ ਅੰਗੀਠਾ । ਲਹਿਣਾ ਦੇਣਾ ਕਾਰਜ ਸਰਿਆ, ਗੁਰ ਗੋਬਿੰਦੇ ਲੱਗਾ ਭਾਣਾ ਮੀਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖੇ ਲਾਏ ਕੌੜਾ ਰੀਠਾ । ਡੱਲਾ ਝੱਲਾ ਸਾਂਝਾ ਯਾਰ, ਗੁਰ ਪੂਰੇ ਇਕ ਰਖਾਇਆ । ਕਲਜੁਗ ਮੇਲਾ ਅੰਤਮ ਵਾਰ, ਸੱਜਣ ਸੁਹੇਲਾ ਮੇਲ ਮਿਲਾਇਆ । ਗੁਰ ਚੇਲਾ ਸੋਹੇ ਇਕ ਦਵਾਰ, ਚੇਲਾ ਗੁਰ ਰੂਪ ਵਟਾਇਆ । ਇਕ ਇਕੇਲਾ ਨਰ ਨਿਰੰਕਾਰ, ਨਿਝ ਘਰ ਵੇਖਣ ਆਇਆ । ਗੁਰ ਗੋਬਿੰਦਾ ਕਰ ਪਿਆਰ, ਸਦ ਬਖ਼ਸ਼ਿੰਦਾ ਫੇਰਾ ਪਾਇਆ । ਸਾਚੀ ਬਿੰਦਾ ਕਰ ਤਿਆਰ, ਮਾਨਸ ਜਨਮ ਦਵਾਇਆ । ਮਨਮੁਖ ਕਰਨ ਨਿੰਦਾ ਨਾ ਪਾਇਣ ਸਾਰ, ਭਰਮੀ ਭਰਮ ਭੁਲਾਇਆ । ਹਰਿਜਨ ਮੇਟੇ ਆਪੇ ਚਿੰਦਾ, ਤਨ ਸਾਚਾ ਚੰਦ ਚੜ੍ਹਾਇਆ । ਬਜਰ ਕਪਾਟੀ ਤੋੜੇ ਜਿੰਦਾ, ਅੰਧ ਅੰਧੇਰ ਮਿਟਾਇਆ । ਰਾਗ ਸੁਣਾਏ ਸੁਹਾਗੀ ਛੰਦਾ, ਪੰਚਮ ਸੇਵਾ ਲਾਇਆ । ਜੋਤ ਜਗਾਏ ਬੰਦ ਬੰਦਾ, ਬੰਦੀ ਤੋੜ ਆਪ ਅਖਵਾਇਆ । ਗੁਰਮੁਖ ਸਾਚਾ ਚੰਦ ਨੌ ਚੰਦਾ, ਸੀਤਲ ਸਾਂਤਕ ਠਾਂਢੀ ਧਾਰ ਰਿਹਾ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਵੇਖ ਵਖਾਇਆ । ਸੰਮਤ ਚੌਦਾਂ ਸਾਚਾ ਰੰਗ, ਹਰਿ ਏਕਾ ਵੇਖ ਵਖਾਨਿਆ । ਗੋਬਿੰਦ ਡੱਲੇ ਮੰਗੀ ਮੰਗ, ਮਿਲੇ ਮੇਲ ਵਿਚ ਜਹਾਨਿਆ । ਆਪ ਆਪਣਾ ਵੇਖੇ ਸੰਗ, ਲੇਖਾ ਜਾਣੇ ਧੁਰ ਫ਼ਰਮਾਣਿਆ । ਆਪੇ ਕੱਟਣਹਾਰਾ ਭੁੱਖ ਨੰਗ, ਗਊ ਗਰੀਬਾਂ ਦੇਵੇ ਦਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਕਲਜੁਗ ਤੇਰੀ ਅੰਤਮ ਵਰ, ਜੋਤ ਸਰੂਪੀ ਪਹਿਰਿਆ ਬਾਨਿਆ । ਜੋਤ ਸਰੂਪੀ ਪਹਿਰੇ ਬਾਣਾ, ਗੋਬਿੰਦ ਸੰਗ ਰਲਾਇਆ । ਡੱਲਾ ਵੇਖੇ ਮਾਰ ਧਿਆਨਾ, ਚਾਰੇ ਕੂਟਾਂ ਵੇਖ ਵਖਾਇਆ । ਪੁਰਖ ਅਗੰਮਾ ਹਰਿ ਭਗਵਾਨਾ, ਏਕਾ ਝੂਟਾ ਰਿਹਾ ਦਵਾਇਆ । ਸ਼ਬਦ ਸੁਹਾਗੀ ਬੰਨ੍ਹੇ ਗਾਨਾ, ਨਾਮ ਮੋਤੀ ਤੰਦ ਬੰਨ੍ਹਾਇਆ । ਸਾਚਾ ਬਖ਼ਸ਼ੇ ਤੀਰ ਨਿਸ਼ਾਨਾ, ਸੋਹੰ ਭੱਥਾ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋ ਹਰਿ ਸਮਰਥਾ, ਸਰਬ ਕਲ ਵਰਤਾਇਆ । ਗੁਰ ਗੋਬਿੰਦੇ ਮੇਲ ਮਿਲਾਏ, ਡੱਲੇ ਜੋਤ ਜਗਾਈਆ । ਡੱਲੇ ਝੱਲੇ ਵਡ ਵਡਿਆਏ, ਵਡ ਵੱਡਾ ਵੇਖ ਵਖਾਈਆ । ਜਗਤ ਨਿਸ਼ਾਨਾ ਰਿਹਾ ਬਣਾਏ, ਹਰਿ ਸਾਚਾ ਆਪ ਝੁਲਾਈਆ । ਇਕੀਸ ਇਕੀਸਾ ਵੇਖ ਵਿਖਾਏ, ਸੰਮਤ ਇੱਕੀ ਕਰ ਰੁਸ਼ਨਾਈਆ । ਪੰਦਰਾਂ ਕੱਤਕ ਰੁੱਤ ਸੁਹਾਏ, ਪ੍ਰਭ ਸਾਚੀ ਮੇਖ ਲਗਾਈਆ । ਸਿੰਘ ਨਾਜਰ ਸਤਿ ਸੁਤ ਤਰਾਏ, ਮੁਖ ਲਾਹੇ ਕਾਲਾ ਟਿੱਕਾ ਮਸਤਕ ਛਾਹੀਆ । ਫਲ ਫੁਲਵਾੜੀ ਇਕ ਵਖਾਏ, ਹਰਿ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਵਿਛੋੜੇ ਆਪੇ ਜੋੜੇ, ਮੇਲਣਹਾਰ ਆਪ ਅਖਵਾਈਆ । ਮੇਲ ਵਿਛੋੜਾ ਹਰਿ ਸਮਰਥ, ਜੁਗ ਜੁਗ ਕਰਦਾ ਆਇਆ । ਗੁਰਮੁਖ ਸੁਹੇਲੇ ਲਏ ਰੱਖ, ਆਪ ਆਪਣੇ ਅੰਗ ਲਗਾਇਆ । ਪਰਗਟ ਹੋ ਹਰਿ ਪਰਤੱਖ, ਸਵੱਛ ਸਰੂਪੀ ਦਰਸ ਦਿਖਾਇਆ । ਚਾਰੋਂ ਕੁੰਟ ਲਾਉਂਦੇ ਭੱਖ, ਇਕ ਅੰਗਿਆਰ ਤਪਾਇਆ । ਲੱਖ ਚੁਰਾਸੀ ਤੇਰੇ ਬਣੇ ਕੱਖ, ਹੱਡੀ ਬਾਲਣ ਰਿਹਾ ਤਪਾਇਆ । ਗੁਰਮੁਖ ਵਿਰਲੇ ਲਏ ਰੱਖ, ਜਿਸ ਜਨ ਆਪਣੀ ਚਰਨੀ ਲਾਇਆ । ਨੌਂ ਖੰਡ ਪ੍ਰਿਥਮੀ ਦੀਪ ਸੱਤ ਕਰੇ ਸੱਖ, ਏਕਾ ਗੇੜ ਰਿਹਾ ਦਵਾਇਆ । ਤ੍ਰੈਗੁਣ ਮਾਇਆ ਕਰ ਵਿਛੋੜਾ ਹੋਈ ਵੱਖ, ਪ੍ਰਭ ਸਾਚਾ ਰਿਹਾ ਕਰਾਇਆ । ਉਤਰ ਪੂਰਬ ਪੱਛਮ ਦੱਖਣ ਵੱਖ ਵੱਖ, ਦਹਿ ਦਿਸ਼ਾ ਵੇਖ ਵਖਾਇਆ । ਦਰ ਦਰ ਘਰ ਘਰ ਮੰਦਰ ਅੰਦਰ ਕਲ ਜਗਾਉਂਦੀ ਰਹੀ ਅਲੱਖ, ਅਲਖ ਅਲਖ ਗੁਣ ਗਾਇਆ । ਅੰਤਮ ਭਾਂਡਾ ਹੋਇਆ ਸੱਖ, ਸਚ ਵਸਤ ਨਜ਼ਰ ਨਾ ਆਇਆ । ਸ਼ਬਦ ਸਰੂਪੀ ਤਪਿਆ ਮੱਠ, ਪ੍ਰਭ ਸਾਚੇ ਆਪ ਤਪਾਇਆ । ਸਚ ਸਪੁੱਤਰੀ ਪਈ ਭੱਠ, ਜੂਠਾ ਝੂਠਾ ਭਾਰ ਬੰਧਾਇਆ । ਕਲਜੁਗ ਕਾਲਾ ਰਿਹਾ ਨੱਠ, ਚਾਰੋਂ ਕੁੰਟ ਫਿਰੇ ਹਲਕਾਇਆ । ਪੰਜ ਤਤ ਮੁਨਾਰਾ ਜਾਣਾ ਢੱਠ, ਢਾਵਣਹਾਰਾ ਰਿਹਾ ਢਾਹਿਆ । ਹੋਏ ਵਿਛੋੜਾ ਅਸ਼ਟਮ ਅੱਠ, ਨੌਂ ਦਰ ਨਾ ਵੇਖ ਵਖਾਇਆ । ਗੁਰਮੁਖਾਂ ਮੇਲਾ ਇਕ ਇਕੱਠ, ਹਰਿ ਚਰਨ ਦਵਾਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਮੱਠ, ਲੋਕਮਾਤੀ ਰਿਹਾ ਤਪਾਇਆ । ਮਾਇਆ ਮਠ ਕਰ ਤਿਆਰ, ਅਗਨੀ ਇਕ ਲਗਾਈਆ । ਹੱਡ ਨਾੜੀ ਮਾਸ ਭਰ ਭੰਡਾਰ, ਸਾਚਾ ਹਵਨ ਕਰਾਈਆ । ਤਤ ਮਤ ਰੋਵੇ ਜ਼ਾਰੋ ਜ਼ਾਰ, ਅੰਤ ਵਿਛੋੜਾ ਆਈਆ । ਬੁਧ ਮਤ ਨਾ ਬੰਨ੍ਹੇ ਧਾਰ, ਬੈਠੀ ਸੱਥ ਵਿਛਾਈਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰ, ਬ੍ਰਹਮਾ ਦਏ ਦੁਹਾਈਆ । ਵਿਸ਼ਨੂੰ ਬੰਸੀ ਸੁਣ ਪੁਕਾਰ, ਬੈਠਾ ਮੁਖ ਛੁਪਾਈਆ । ਸ਼ਿਵ ਸ਼ੰਕਰ ਹੋਇਆ ਖ਼ਬਰਦਾਰ, ਇਕ ਤ੍ਰਿਸੂਲ ਹੱਥ ਉਠਾਈਆ । ਕਲਜੁਗ ਲਹਿਣਾ ਦੇਣਾ ਕਰਜ ਉਤਾਰ, ਹੌਲਾ ਭਾਰ ਕਰਾਈਆ । ਭਾਣਾ ਸਹਿਣਾ ਵਿਚ ਸੰਸਾਰ, ਗੁਰਮੁਖਾਂ ਰਿਹਾ ਸਮਝਾਈਆ । ਜੂਠਾ ਝੂਠਾ ਮੇਟ ਪਸਾਰ, ਕੂੜ ਕੁੜਿਆਰਾ ਰਿਹਾ ਮਿਟਾਈਆ । ਸਚ ਸੁੱਚ ਸਚ ਵਰਤਾਰ, ਗੁਰਮਤ ਗੁਰ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਮੱਠ, ਜੋਤ ਨਿਰੰਜਣ ਕਰ ਇਕੱਠ, ਆਪੇ ਰਹੀ ਤਪਾਈਆ । ਜੋਤ ਨਿਰੰਜਣ ਸੇਵ ਕਮਾਏ, ਏਕਾ ਮੱਠ ਤਪਾਇਆ ।

੭੫੨
੦੬

ਦੇਵੀ ਦੇਵ ਸੰਗ ਰਲਾਏ, ਕਰੋੜ ਤੇਤੀਸਾ ਆਪ ਬੁਲਾਇਆ । ਰਸਨਾ ਜਿਹਵਾ ਨਾ ਕੋਈ ਧਿਆਏ, ਹਰਿ ਹਰਿ ਗੁਣ ਗਏ ਭੁਲਾਇਆ । ਕੌਸਤਕ ਮਨੀ ਮਸਤਕ ਥੇਵ ਨਾ ਕੋਈ ਲਗਾਏ, ਨਾ ਕੋਈ ਰੂਪ ਵਟਾਏ, ਅਲਖ ਅਭੇਵ ਨਾ ਰਾਏ, ਅਛਲ ਅਛੱਲ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਮਾਇਆ ਬੰਦ ਦਰ, ਆਪੇ ਆਪ ਰਿਹਾ ਕਰਾਇਆ । ਤ੍ਰੈਗੁਣ ਮਾਇਆ ਬੰਦ ਦਰਵਾਜ਼ਾ, ਪੰਜ ਤਤ ਵਿਛੋੜਾ । ਕਰੇ ਕਰਾਏ ਗਰੀਬ ਨਿਵਾਜਾ, ਹੋਏ ਮਾਤ ਅਜੋੜਾ । ਆਪੇ ਆਪ ਸਾਜਣ ਸਾਜਾ, ਆਪੇ ਤੋੜਨਹਾਰ ਰਿਹਾ ਤੋੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,, ਵੇਖੇ ਖੇਲ ਘਰ ਘਰ ਚਿੱਟੇ ਅਸਵ ਚੜ੍ਹ ਚੜ੍ਹ ਸਾਚੇ ਘੋੜਾ । ਦਸਮ ਦਵਾਰੀ ਸਾਚੀ ਧਾਰ, ਲੋਕਮਾਤ ਉਪਜਾਈਆ । ਚਿੱਟਾ ਰੰਗ ਅਪਰ ਅਪਾਰ, ਏਕਾ ਨੂਰ ਸਵਾਈਆ । ਪਾਰਬ੍ਰਹਮ ਕਰ ਪਿਆਰ, ਬ੍ਰਹਮ ਵੇਖ ਵਖਾਈਆ । ਦੋਹਾਂ ਮੇਲਾ ਅੱਧ ਵਿਚਕਾਰ, ਆਰ ਪਾਰ ਆਪ ਸੁਹਾਈਆ । ਗੁਰਮੁਖ ਗੁਰਸਿਖ ਫੜ ਫੜ ਲਾਏ ਪਾਰ, ਸਾਚਾ ਬੇੜਾ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਥੇ ਵਾਲਾ ਖੇੜਾ ਰਿਹਾ ਤਰਾਈਆ । ਸਾਚਾ ਖੇੜਾ ਕਰੇ ਉਤਪਤ, ਹੋਏ ਮਾਤ ਪਸਾਰਾ । ਸਾਲ ਵਸਾਲ ਰਹੇ ਸਤਿ, ਦੀਪਕ ਜੋਤ ਕਰੇ ਉਜਿਆਰਾ । ਸਾਚਾ ਧਾਮ ਸਚ ਭੂਮਿਕਾ ਸਚ ਅਸਥਾਨ ਰੰਗ ਚੜ੍ਹਾਏ ਸਤਿ, ਏਕਾ ਏਕ ਏਕੰਕਾਰਾ । ਸਤਿਜੁਗ ਤੇਰਾ ਬੰਨ੍ਹੇ ਸਾਚਾ ਨੱਤ, ਸੁਹਾਏ ਤਾਲ ਅਪਰ ਅਪਾਰਾ । ਗੇੜ ਰਖਾਏ ਕਰਮ ਤਿੰਨ ਸੌ ਸੱਠ, ਪੂਰਬ ਦੱਖਣ ਹਰਿ ਗੋਬਿੰਦ ਅੱਧਵਿਚਕਾਰਾ । ਤ੍ਰੈਗੁਣ ਮਾਇਆ ਬਣਿਆ ਮੱਠ, ਆਪ ਬਣਾਏ ਬਣਾਵਣਹਾਰਾ । ਕਲਜੁਗ ਅੰਤਮ ਗਿੜਨੀ ਉਲਟੀ ਲੱਠ, ਗੁਰ ਸੰਗਤ ਰਲ ਮਿਲ ਕੀਆ ਸਸਕਾਰਾ । ਇੱਕੀ ਜੇਠ ਹਰਿ ਸਮਰਥ, ਖੇਲ ਕਰੇ ਅਪਰ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਦੇਵੇ ਦਾਨ, ਸਤਿਜੁਗ ਤੇਰਾ ਚਲਦਾ ਰਹੇ ਸਦਾ ਭੰਡਾਰਾ । ਸੰਮਤ ਵੀਹ ਸੌ ਇੱਕੀ ਪੰਦਰਾਂ ਕੱਤਕ ਪ੍ਰਭ ਆਏ ਚਰਨ ਦਵਾਰਾ । ਰੱਖੇ ਸ਼ਬਦ ਪੰਥ ਪੰਥਕ, ਗੁਰ ਗੋਬਿੰਦਾ ਸ਼ਬਦ ਸੀਸ ਜਗਦੀਸ ਇਕ ਦਸਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜ ਕੁੜਿਆਰਾ ਮੇਟੇ ਮਾਤ ਪਸਾਰਾ । ਤ੍ਰੈਗੁਣ ਮਾਇਆ ਕਰ ਪੁਕਾਰ, ਉਠ ਚਲੀ ਕਰ ਕਰ ਧਾਈਆ । ਨੇਤਰ ਨੈਣ ਨੀਰ ਵਹਾਏ ਰੋਵੇ ਜ਼ਾਰੋ ਜ਼ਾਰ, ਲੋਕਮਾਤ ਰਾਹ ਤਕਾਈਆ । ਖੁਲ੍ਹੜੇ ਕੇਸ ਗਲ ਵਿਚ ਹਾਰ, ਸੀਸ ਖ਼ਾਕ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇੱਕੀ ਜੇਠ ਪੰਚਮ ਜੇਠਾ ਸੋਲਾਂ ਕਲੀਆਂ ਏਕਾ ਸੇਜਾ ਆਪਣੇ ਹੇਠ ਵਿਛਾਈਆ । ਪੰਚਮ ਜੇਠਾ ਕਰ ਵਿਹਾਰ, ਆਪਣੀ ਕਲ ਵਰਤਾਇੰਦਾ । ਸ਼ਬਦ ਸਿੰਘਾਸਣ ਮੂਧਾ ਮਾਰ, ਉਪਰ ਆਸਣ ਲਾਇੰਦਾ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਕੁਲਾਖੰਡ ਡੇਰਾ ਲਾਇੰਦਾ । ਛੇ ਜੇਠ ਤੇਰਾ ਜਗਤ ਵਿਹਾਰ, ਭੇਵ ਨਾ ਕੋਈ ਪਾਇੰਦਾ । ਸੱਤ ਜੇਠ ਪ੍ਰਭ ਬੰਨ੍ਹੇ ਧਾਰ, ਇਲਾਬ੍ਰਤ ਜੋਤ ਜਗਾਇੰਦਾ । ਅੱਠ ਜੇਠ ਪ੍ਰਭ ਵਸਿਆ ਬਾਹਰ, ਕੇਤਮਾਲ ਹਿਲਾਇੰਦਾ । ਨੌ ਜੇਠ ਪ੍ਰਭ ਸੁਣ ਪੁਕਾਰ, ਕਿੰਪੁਰਖ ਉਲਟਾਇੰਦਾ । ਦਸ ਜੇਠ ਦਰ ਦਰਬਾਰ, ਹਰਵਰਖ ਸੁਹਾਇੰਦਾ । ਗਿਆਰਾਂ ਜੇਠ ਇਕ ਕਰਤਾਰ, ਹਰਣਯਮਹ ਹਰੀ ਹਰਿ ਰੰਗ ਰੰਗਾਇੰਦਾ । ਬਾਰਾਂ ਜੇਠ ਹੋ ਤਿਆਰ, ਭਦਰ ਫੇਰਾ ਪਾਇੰਦਾ । ਤੇਰਾਂ ਜੇਠ ਕਲ ਆਪਣੀ ਧਾਰ, ਰਮਕ ਰਾਮ ਜਪਾਇੰਦਾ । ਚੌਦਾਂ ਜੇਠ ਸਾਂਝਾ ਯਾਰ, ਚੌਦਾਂ ਲੋਕਾਂ ਭਾਰਤ ਖੰਡ ਵੰਡ

੭੫੩ ੦੬

ਵੰਡਾਇੰਦਾ । ਪੰਦਰਾਂ ਜੇਠ ਮੋੜ ਮੁਹਾਰ, ਦੀਪ ਲੱਖਣ ਲੇਖ ਲਿਖਾਇੰਦਾ । ਸੋਲਾਂ ਜੇਠ ਤਨ ਸ਼ਿੰਗਾਰ, ਕਰੌਚ ਰੂਪ ਵਟਾਇੰਦਾ । ਸਤਾਰਾਂ ਜੇਠ ਤੇਜ ਕਟਾਰ, ਪੁਸ਼ਕਰ ਆਪ ਹਿਲਾਇੰਦਾ । ਅਠਾਰਾਂ ਜੇਠ ਬੰਨ੍ਹੇ ਧਾਰ, ਜੰਬੂ ਆਪ ਜਗਾਇੰਦਾ । ਉਨੀ ਜੇਠ ਵਿਚ ਸੰਸਾਰ, ਸਲਮਲ ਸੋਭਾ ਪਾਇੰਦਾ । ਵੀਹ ਜੇਠ ਕਰ ਉਜਿਆਰ, ਸਾਨ ਸਖੀ ਤਰਾਇੰਦਾ । ਇੱਕੀ ਜੇਠ ਕਰ ਨਿਰੰਕਾਰ, ਕੁਸ਼ਾ ਫੇਰਾ ਪਾਇੰਦਾ । ਤ੍ਰੈਗੁਣ ਮਾਇਆ ਮੱਠ ਅਪਾਰ, ਸੋਲਾਂ ਸੋਲਾਂ ਸੋਲਾਂ ਤਨ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇੱਕੀ ਜੇਠ ਆਪਣੀ ਬਣਤ ਬਣਾਇੰਦਾ ।

### ✻ ੨੨ ਜੇਠ ੨੦੧੪ ਬਿਕ੍ਰਮੀ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਨਾਥੇ ਵਾਲ ਜ਼ਿਲਾ ਫਿਰੋਜ਼ਪੁਰ ✻

ਗ੍ਰਿਹ ਮੰਦਰ ਸੁਹੰਜਣਾ, ਮਿਲੇ ਮੇਲ ਗੋਪਾਲ । ਜਗੇ ਜੋਤ ਇਕ ਨਿਰੰਜਣਾ, ਗੁਰ ਗੋਬਿੰਦ ਸਾਚੇ ਲਾਲ । ਚਰਨ ਧੂੜੀ ਮਨ ਮਜਨਾ, ਸਚ ਸੁਹਾਵੇ ਤਾਲ । ਪੀ ਅੰਮ੍ਰਿਤ ਆਤਮ ਰੱਜਨਾ, ਫਲ ਲੱਗੇ ਕਾਇਆ ਡਾਲ੍ਹ । ਹਰਿ ਮੇਲਾ ਸਾਚੇ ਸਜਨਾ, ਦੇਵੇ ਨਾਮ ਸ਼ਬਦ ਦਲਾਲ । ਧਰਮ ਦਵਾਰੇ ਬਹਿ ਬਹਿ ਸਜਨਾ, ਨੇੜ ਨਾ ਆਏ ਕਾਲ ਮਹਾਂਕਾਲ । ਜਗਤ ਨਗਾਰਾ ਏਕਾ ਵੱਜਨਾ, ਆਪ ਵਜਾਏ ਏਕਾ ਤਾਲ । ਮੋਹ ਮਮਤਾ ਮਾਇਆ ਦੱਝਨਾ, ਪੰਜ ਵਿਕਾਰਾ ਦਏ ਉਛਾਲ । ਸਚ ਵਖਾਏ ਏਕਾ ਹੱਜਨਾ, ਦਰ ਮੰਦਰ ਸੱਚੀ ਧਰਮਸਾਲ । ਆਪੇ ਆਪ ਪੜਦਾ ਕੱਜਨਾ, ਸੋਹੰ ਦੇਵੇ ਸਚ ਦੁਸ਼ਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਫਲ ਲਗਾਇਆ ਕਾਇਆ ਡਾਲ । ਕਾਇਆ ਫਲ ਅੰਮ੍ਰਿਤ ਮੇਵਾ, ਏਕਾ ਏਕ ਰਖਾਇਆ । ਕਿਸੇ ਹੱਥ ਨਾ ਆਏ ਦੇਵੀ ਦੇਵਾ, ਕਰੋੜ ਤੇਤੀਸਾ ਰਿਹਾ ਕੁਰਲਾਇਆ । ਗੁਰਮੁਖ ਗੁਰ ਹਰਿ ਸਾਚੀ ਸੇਵਾ, ਦਰ ਘਰ ਸਾਚੇ ਰਿਹਾ ਕਮਾਇਆ । ਮਿਲੇ ਮੇਲ ਅਲਖ ਅਭੇਵਾ, ਵੇਦ ਕਿਤੇਬਾ ਭੇਵ ਨਾ ਰਾਇਆ । ਰਸਨਾ ਗਾਇਆ ਹਰਿ ਹਰਿ ਜਿਹਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਮੇਲ ਮਿਲਾਇਆ । ਜਗ ਵਿਛੜੇ ਜਗ ਮੇਲਿਆ, ਜਗਤ ਜੋਗ ਪ੍ਰਭ ਹੱਥ । ਲੇਖਾ ਲੇਖ ਗੁਰ ਗੁਰ ਚੇਲਿਆ, ਹੰਕਾਰ ਵਿਕਾਰਾ ਦੇਵੇ ਮੱਥ । ਪੁਰਖ ਅਬਿਨਾਸ਼ੀ ਸੱਜਣ ਸੁਹੇਲਿਆ, ਸ਼ਬਦ ਡੋਰੀ ਪਾਏ ਨੱਥ । ਕਲਜੁਗ ਤੇਰਾ ਅੰਤਮ ਵੇਲਿਆ, ਪਰਗਟ ਹੋਏ ਸਮਰਥ । ਆਪਣਾ ਖੇਲ ਆਪੇ ਖੇਲਿਆ, ਨਾਮ ਜਣਾਏ ਜਗਤ ਅਕੱਥ । ਸਦ ਵਸੇ ਰੰਗ ਨਵੇਲਿਆ, ਲੋਕਮਾਤ ਚਲਾਏ ਸਾਚਾ ਰਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਚ ਦਰ, ਲੇਖ ਚੁਕਾਏ ਸਾਢੇ ਤਿੰਨ ਤਿੰਨ ਹੱਥ । ਲੇਖਾ ਲੇਖ ਕਰਮ ਚੁਕਾਉਣਾ, ਕਰਮ ਧਰਮ ਪ੍ਰਭ ਦਾਤਾ । ਏਕਾ ਮਾਰਗ ਸਾਚਾ ਲਾਉਣਾ, ਮਿਲੇ ਮੇਲ ਪੁਰਖ ਬਿਧਾਤਾ । ਕਲਜੁਗ ਕਾਇਆ ਦੇ ਮਤ ਆਪ ਸਮਝਾਉਣਾ, ਮਿਟੇ ਰੈਣ ਅੰਧੇਰੀ ਰਾਤਾ । ਬੰਕ ਦਵਾਰਾ ਇਕ ਸੁਹਾਉਣਾ, ਸਾਚੀ ਦੇਵੇ ਨਾਮ ਸੁਗ਼ਾਤਾ । ਭਰਮ ਭੁਲੇਖਾ ਦੂਰ ਕਰਾਉਣਾ, ਚਰਨ ਪ੍ਰੀਤ ਨਿਭਾਉਣਾ ਸਾਚਾ ਨਾਤਾ । ਪਵਣ ਪਵਣਾ ਸ਼ਬਦ ਚਲਾਉਣਾ, ਅਗੰਮ ਅਗੰਮੜਾ ਸਾਥਾ । ਆਪ ਚੁਕਾਏ ਆਉਣਾ ਜਾਣਾ, ਲੱਖ ਚੁਰਾਸੀ ਤੁੱਟੇ ਸਾਥਾ । ਬੰਕ ਦਵਾਰਾ ਇਕ ਵਖਾਉਣਾ, ਕਲ ਮੇਲ ਤ੍ਰੈਲੋਕੀ ਨਾਥਾ । ਧਰਮ ਰਾਏ ਮੁਖ ਭਵਾਉਣਾ, ਲੇਖਾ ਜਾਣੇ ਮਸਤਕ ਮਾਥਾ । ਚਰਨ ਕਵਲ ਜਨ ਇਕ

ਵਖਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਚੜ੍ਹਾਏ ਸਾਚੇ ਰਾਥਾ । ਨਾਮ ਰਥ ਹਰਿ ਰਥਵਾਹੀ, ਏਕਾ ਏਕ ਚਲਾਇੰਦਾ । ਆਪੇ ਬੈਠ ਬੇਪਰਵਾਹੀ, ਸਾਚਾ ਮਾਰਗ ਲਾਇੰਦਾ । ਗੁਰਸਿਖ ਉਠਾਏ ਫੜ ਫੜ ਬਾਹੀਂ, ਅੰਤਮ ਮੇਲ ਮਿਲਾਇੰਦਾ । ਲੋਕਮਾਤ ਮਾਰ ਝਾਤ ਦਰ ਦਵਾਰ ਵੇਖੇ ਚਾਈਂ ਚਾਈਂ, ਆਵਣ ਜਾਵਣ ਖੇਲ ਖਿਲਾਇੰਦਾ । ਮਨਮੁਖ ਭੁੱਲੇ ਮਾਰਨ ਧਾਈਂ, ਹਰਿ ਗੋਬਿੰਦ ਦਿਸ ਨਾ ਆਇੰਦਾ । ਬਿਨ ਗੁਰ ਪੂਰੇ ਕੋਈ ਨਾ ਦੇਵੇ ਠੰਢੀਆਂ ਛਾਈਂ, ਦੋ ਜਹਾਨ ਕੋਈ ਨਾ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਦਰਸ ਦ੍ਰਿਸ਼ਟ ਖੁਲ੍ਹਾਇੰਦਾ । ਆਤਮ ਦਰ ਖੋਲ੍ਹ ਦਵਾਰਾ, ਦਰ ਘਰ ਇਕ ਬੁਝਾਇਆ । ਨੌਂ ਦਵਾਰੇ ਪਾਰ ਕਿਨਾਰਾ, ਪੰਚ ਵਿਕਾਰਾ ਨੇੜ ਨਾ ਆਇਆ । ਸ਼ਬਦ ਖੰਡਾ ਤੇਜ ਕਟਾਰਾ, ਤਨ ਸਾਚੇ ਆਪ ਪਹਿਨਾਇਆ । ਅੱਠੇ ਪਹਿਰ ਖ਼ਬਰਦਾਰਾ, ਦਿਵਸ ਰੈਣ ਰਿਹਾ ਜਗਾਇਆ । ਪਾਰਬ੍ਰਹਮ ਪਹਿਰੇਦਾਰਾ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਨੂਰ ਕਰ ਉਜਿਆਰਾ, ਦੀਪਕ ਰਿਹਾ ਜਗਾਇਆ । ਸ਼ਬਦ ਉਪਜਾਏ ਸੱਚੀ ਧੁਨਕਾਰਾ, ਧੁਨ ਨਾਦੀ ਰਿਹਾ ਵਜਾਇਆ । ਅਨਹਦ ਗਾਵੇ ਵਾਰੋ ਵਾਰਾ, ਪੰਚਮ ਸੇਵਾ ਲਾਇਆ । ਦਸਮ ਦਵਾਰੀ ਖੋਲ੍ਹ ਕਿਵਾੜਾ, ਏਕਾ ਧਾਮ ਸੁਹਾਇਆ । ਬਹੱਤਰ ਨਾੜੀ ਵੱਜੇ ਤਾੜਾ, ਪ੍ਰਭ ਏਕਾ ਰਾਗ ਅਲਾਇਆ । ਸਾਚੇ ਮੰਦਰ ਏਕਾ ਅੰਦਰ ਧਰਮ ਅਖਾੜਾ, ਆਪੇ ਵੇਖੇ ਵੇਖ ਵਖਾਇਆ । ਆਤਮ ਸੇਜਾ ਕਰ ਪਿਆਰਾ, ਨਾਮ ਸਿੰਘਾਸਣ ਇਕ ਵਿਛਾਇਆ । ਜੋਤ ਸਰੂਪੀ ਕਰ ਆਕਾਰਾ, ਪੁਰਖ ਅਬਿਨਾਸ਼ੀ ਡੇਰਾ ਲਾਇਆ । ਗੁਰਮੁਖ ਸਾਚਾ ਸਚ ਦੁਲਾਰਾ, ਆਪਣੀ ਗੋਦ ਉਠਾਇਆ । ਅੰਤ ਨਾ ਪਾਇਣ ਪਾਰਾਵਾਰਾ, ਪਾਰਬ੍ਰਹਮ ਅਖਵਾਇਆ । ਦਸਮ ਦਵਾਰੀ ਪਾਰ ਕਿਨਾਰਾ, ਏਕਾ ਧਾਮ ਸੁਹਾਇਆ । ਵੱਜੇ ਨਾਦ ਸਚ ਜੈਕਾਰਾ, ਏਕਾ ਰਾਗ ਅਲਾਇਆ । ਸੋਹੰ ਸ਼ਬਦ ਸੋ ਪੁਰਖ ਨਿਰੰਜਣ ਏਕਾ ਏਕੰਕਾਰਾ, ਰਿਹਾ ਵਜਾਇਆ । ਹੰ ਹੰਗਤਾ ਨਾ ਕੋਈ ਪਸਾਰਾ, ਹਰਿ ਹਰ ਰੂਪ ਸਮਾਇਆ । ਜੋਤੀ ਸ਼ਬਦੀ ਏਕਾ ਰੰਗਤਾ, ਏਕਾ ਰੰਗਣ ਰੰਗ ਚੜ੍ਹਾਇਆ । ਪੰਚਮ ਮੀਤਾ ਹੋਏ ਮੰਗਤਾ, ਗੁਰਮੁਖ ਸਾਚੇ ਲਏ ਜਗਾਇਆ । ਪੰਚਮ ਦਰ ਆਪ ਲਾਏ ਅੰਗਤਾ, ਅੰਗੀਕਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਮੇਲ, ਸਚ ਦਵਾਰੇ ਰਿਹਾ ਕਰਾਇਆ । ਸਚ ਦਵਾਰੇ ਸਾਚਾ ਮੇਲਾ, ਜੁਗ ਜੁਗ ਆਪ ਕਰਾਇਆ । ਆਪੇ ਗੁਰੂ ਗੁਰ ਚੇਲਾ, ਗੁਰ ਚੇਲਾ ਆਪ ਅਖਵਾਇਆ । ਆਪੇ ਵਸੇ ਇਕ ਇਕੇਲਾ, ਹਰ ਘਟ ਆਪ ਸਮਾਇਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਤਤ ਮਤ ਨਾ ਕੋਈ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਸਾਚਾ ਦਰ, ਦਰ ਦਵਾਰਾ ਵੇਖ ਵਖਾਇਆ । ਗੁਰਮੁਖ ਤੇਰਾ ਸਚ ਦਵਾਰਾ, ਪ੍ਰਭ ਆਪਣੇ ਹੱਥ ਰਖਾਇਆ । ਮਨਮੁਖ ਭੁੱਲੇ ਜੀਵ ਗਵਾਰਾ, ਹੱਥ ਕਿਸੇ ਨਾ ਆਇਆ । ਸੁਰਤ ਸਵਾਣੀ ਰੋਵੇ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਇਆ । ਮਨਮਤ ਦਏ ਮਾਤ ਲਲਕਾਰਾ, ਬੁੱਧੀ ਬੈਠੀ ਮੁਖ ਛੁਪਾਇਆ । ਗੁਰ ਪੂਰਾ ਲਏ ਅੰਤ ਅਵਤਾਰਾ, ਗੁਰਮੁਖ ਸਾਚੇ ਲਏ ਜਗਾਇਆ । ਏਕਾ ਨਾਮ ਏਕਾ ਧੁਨ ਏਕਾ ਸ਼ਬਦ ਇਕ ਜੈਕਾਰਾ, ਸੁਨ ਮੁਨ ਦਏ ਤੁੜਾਇਆ । ਆਪੇ ਮੇਟੇ ਧੁੰਦੂਕਾਰਾ, ਦੀਪਕ ਜੋਤੀ ਸਾਚਾ ਚੰਨ ਚੜ੍ਹਾਇਆ । ਸੋਲਾਂ ਕਲੀਆਂ ਤਨ ਸ਼ਿੰਗਾਰਾ, ਸ਼ਬਦ ਸਿੰਘਾਸਣ ਲਾਇਆ । ਪੁਰਖ ਅਬਿਨਾਸ਼ੀ ਕਰ ਵਿਚਾਰਾ, ਜੁਗ ਜੁਗ ਆਪਣਾ ਭੇਖ ਵਟਾਇਆ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕੀ ਜਾਮਾ ਪਾਇਆ । ਰਾਓ ਰੰਕਾਂ ਕਰੇ ਖ਼ਬਰਦਾਰਾ,


੭੫੫
੦੬

ਏਕਾ ਡੰਕਾ ਨਾਮ ਵਜਾਇਆ । ਊਚਾਂ ਨੀਚਾਂ ਪਾਵੇ ਸਾਰਾ, ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਸੁਣਾਇਆ । ਆਪ ਸੁਹਾਏ ਆਪਣਾ ਬੰਕ ਦਰ ਦਵਾਰਾ, ਘਰ ਸਾਚਾ ਵੇਖ ਵਖਾਇਆ । ਪਰਗਟ ਹੋਏ ਵਿਚ ਸੰਸਾਰਾ, ਹਰਿਜਨ ਸਾਚੇ ਮੇਲ ਮਿਲਾਇਆ । ਆਪ ਆਪਣੀ ਕਿਰਪਾ ਧਾਰਾ, ਜੋਤ ਨਿਰੰਜਣ ਤੇਲ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰਾ ਸੋਹੇ ਦਰ, ਦਰ ਘਰ ਘਰ ਦਰ ਏਕਾ ਏਕ ਵਖਾਇਆ । ਸਾਚਾ ਘਰ ਨਾਮ ਦਰਵਾਜ਼ਾ, ਸ਼ਬਦੀ ਬਣਤ ਬਣਾਈਆ । ਆਪੇ ਵਸੇ ਗਰੀਬ ਨਿਵਾਜਾ, ਦੀਪਕ ਜੋਤੀ ਦੀਪ ਜਗਾਈਆ । ਚਾਰ ਕੁੰਟ ਸਾਜਨ ਸਾਜਾ, ਦਹਿ ਦਿਸ਼ਾ ਵੇਖ ਵਖਾਈਆ । ਹਰਿਜਨ ਤੇਰਾ ਰਚਿਆ ਕਾਜਾ, ਸੁਰਤ ਸਵਾਣੀ ਲਏ ਪਰਨਾਈਆ । ਦਿਵਸ ਰੈਣ ਮਾਰੇ ਆਪੇ ਆਵਾਜਾ, ਆਪੇ ਰਿਹਾ ਜਗਾਈਆ । ਕਲਜੁਗ ਅੰਤਮ ਪਰਗਟ ਹੋਏ ਦੇਸ ਮਾਝਾ, ਗੁਰ ਗੋਬਿੰਦਾ ਸੰਗ ਨਿਭਾਈਆ । ਸ਼ਬਦ ਘੋੜਾ ਏਕਾ ਤਾਜਾ, ਵਾਗ ਆਪਣੇ ਹੱਥ ਰਖਾਈਆ । ਧੁਰਦਰਗਾਹੀ ਆਇਆ ਭਾਜਾ, ਲੋਆਂ ਪੁਰੀਆਂ ਪਾਰ ਕਰਾਈਆ । ਗੁਰਮੁਖਾਂ ਅੰਤਮ ਰੱਖੇ ਲਾਜਾ, ਬਖ਼ਸ਼ੇ ਚਰਨ ਸਰਨ ਸੱਚੀ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੁਗ ਜੁਗ ਆਪਣੀ ਰਚਨਾ ਆਪ ਰਚਾਈਆ ।


੭੫੬
੦੬

### ❊ ੨੨ ਜੇਠ ੨੦੧੪ ਬਿਕ੍ਰਮੀ ਬੱਗਾ ਸਿੰਘ ਦੇ ਗ੍ਰਹਿ ਪਿੰਡ ਨਾਥੇ ਵਾਲਾ ਜ਼ਿਲਾ ਫਿਰੋਜ਼ਪੁਰ ❊

ਜਲ ਮੀਨਾ ਸਚ ਸਾਗਰਾ, ਸਰੋਵਰ ਸਤਿ ਸਮਾਏ । ਹਰਿਜਨ ਨੁਹਾਏ ਕਾਇਆ ਸਾਚੀ ਗਾਗਰਾ, ਅੰਮ੍ਰਿਤ ਆਤਮ ਤਾਲ ਸੁਹਾਏ । ਕਰੇ ਕਰਾਏ ਵਣਜ ਨਾਮ ਸੁਦਾਗਰਾ, ਵਣਜ ਵਪਾਰੀ ਆਪ ਅਖਵਾਏ । ਨਿਰਮਲ ਕਰਮ ਕਰੇ ਉਜਾਗਰਾ, ਦੁਰਮਤ ਮੈਲ ਗਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਾਇਆ ਮਾਟੀ ਔਖੀ ਘਾਟੀ ਪਾਰ ਕਰਾਏ । ਕਾਇਆ ਮਾਟੀ ਪੰਜ ਤਤ, ਰੱਤੀ ਰੱਤ ਉਪਾਈਆ । ਆਪੇ ਜਾਣੇ ਬੁਧ ਮਤ, ਮਨ ਮਨਸਾ ਪੂਰ ਕਰਾਈਆ । ਬੀਜ ਬੀਜੇ ਸਾਚੇ ਵਤ, ਰਸਨਾ ਜਿਹਵਾ ਹਲ ਚਲਾਈਆ । ਫਲ ਲਗਾਏ ਸਾਚੀ ਵੱਥ, ਏਕਾ ਏਕਾ ਖਵਾਈਆ । ਮੋਹ ਵਿਕਾਰਾ ਦਏ ਮਥ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਸ਼ਬਦ ਜਣਾਏ ਅਕੱਥਨਾ ਅਕੱਥ, ਅਕੱਥ ਕਥਾ ਸੁਣਾਈਆ । ਸੋਹੰ ਚੜ੍ਹਾਏ ਸਾਚੇ ਰਥ, ਸੋ ਪੁਰਖ ਨਿਰੰਜਣ ਰਿਹਾ ਆਪ ਚਲਾਈਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਧਨ ਸਰਧਨ ਏਕਾ ਧਾਮ ਸੁਹਾਈਆ । ਨਿਰਧਨ ਹਰਿ ਚਰਨ ਦਵਾਰ, ਸਰਧਨ ਭੇਖ ਵਟਾਇਆ । ਸਰਧਨ ਮੰਗੇ ਬਣ ਭਿਖਾਰ, ਨਿਰਧਨ ਝੋਲੀ ਡਾਹਿਆ । ਵਸਤ ਗੁਣ ਹਰਿ ਇਕ ਅਪਾਰ, ਆਪਣੇ ਹੱਥ ਰਖਾਇਆ । ਕੋਟਨ ਕੋਟ ਮੰਗਣ ਦਰ ਦਵਾਰ, ਬ੍ਰਹਮਾ ਸ਼ਿਵ ਦੇਵਤ ਸੁਰ ਬੈਠੇ ਸੀਸ ਝੁਕਾਇਆ । ਲੱਖ ਚੁਰਾਸੀ ਕਰੇ ਪੁਕਾਰ, ਦਿਵਸ ਰੈਣ ਰਹੀ ਬਿਲਲਾਇਆ । ਪੁਰਖ ਅਬਿਨਾਸ਼ੀ ਸੁੱਤਾ ਪੈਰ ਪਸਾਰ, ਆਪ ਆਪਣੀ ਸੇਜਾ ਆਸਣ ਲਾਇਆ । ਜੁਗ ਜੁਗ ਆਪਣਾ ਲੈ ਅਵਤਾਰ, ਨਿੱਤ ਨਵਿਤਾ ਖੇਲ ਖਿਲਾਇਆ । ਪਰਗਟ ਹੋਏ ਵਿਚ ਸੰਸਾਰ, ਮੀਤਨ ਮੀਤਾ ਮੀਤ ਹੋ ਆਇਆ । ਕਲਜੁਗ ਤੇਰੀ ਅੰਤਮ ਵਾਰ, ਅਚਰਜ ਰੀਤਾ ਰਿਹਾ ਚਲਾਇਆ । ਏਕਾ ਸ਼ਬਦ ਮਾਣ ਰਖਾਏ ਅਠਾਰਾਂ

੭੫੭
੦੬

ਧਿਆਏ ਗੀਤਾ, ਸਤਿ ਪੁਰਖ ਨਿਰੰਜਣ ਆਪ ਅਲਾਇਆ । ਕਲਜੁਗ ਤੇਰਾ ਅੰਤਮ ਲਹਿਣਾ ਦੇਣਾ ਜੀਤਾ, ਲੇਖਾ ਲੇਖ ਰਿਹਾ ਮੁਕਾਇਆ । ਨੌ ਖੰਡ ਪ੍ਰਿਥਮੀ ਪਰਖੇ ਨੀਤਾ, ਹਰਿਜਨ ਸਾਚੇ ਵੇਖ ਵਖਾਇਆ । ਪਾਰਬ੍ਰਹਮ ਪੁਰਖ ਅਤੀਤਾ, ਘਰ ਮੰਦਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੋਗ ਏਕਾ ਏਕ ਕਮਾਇਆ । ਏਕਾ ਏਕ ਜੋਗ ਸਨਿਆਸ, ਇਕ ਵੈਰਾਗ ਰਖਾਇੰਦਾ । ਏਕਾ ਰਸਨ ਸ਼ਬਦ ਸਵਾਸ, ਏਕਾ ਜਾਪ ਜਪਾਇੰਦਾ । ਏਕਾ ਮੇਲਾ ਹਰਿ ਗੁਣ ਤਾਸ, ਗੁਣਵੰਤਾ ਵੇਖ ਵਖਾਇੰਦਾ । ਆਦਿ ਅੰਤ ਨਾ ਜਾਏ ਵਿਨਾਸ, ਅਬਿਨਾਸ਼ੀ ਕਰਤਾ ਆਪ ਹੋ ਜਾਇੰਦਾ । ਹਰਿਜਨ ਲੇਖਾ ਚੁੱਕੇ ਗਰਭਵਾਸ, ਦਸ ਦਸ ਮਾਸ ਲੇਖੇ ਲਾਇੰਦਾ । ਮੇਲਾ ਚੇਲਾ ਸ਼ਾਹੋ ਸ਼ਾਬਾਸ, ਸੱਜਣ ਸੁਹੇਲਾ ਵੇਖ ਵਖਾਇੰਦਾ । ਹਰਿਜਨ ਹੋਇਆ ਦਾਸੀ ਦਾਸ, ਦਾਸਨ ਦਾਸੀ ਸੇਵ ਕਮਾਇੰਦਾ । ਪ੍ਰਿਥਮੀ ਅਕਾਸ਼ ਸਾਚੀ ਰਾਸ, ਮੰਡਪ ਮਾੜੀ ਆਪੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗਰੀਬ ਨਿਮਾਣੇ ਲਏ ਵਰ, ਕੰਤ ਸੰਤ ਆਪ ਅਖਵਾਇੰਦਾ । ਕੰਤ ਸੰਤ ਹਰਿ ਗਿਰਧਾਰਾ, ਏਕਾ ਏਕ ਅਖਵਾਇਆ । ਗੁਰਮੁਖ ਨਾਰੀ ਕਰ ਪਿਆਰਾ, ਆਤਮ ਸੇਜ ਹੰਢਾਇੰਦਾ । ਸੋਲਾਂ ਕਲੀਆਂ ਸਚ ਸ਼ਿੰਗਾਰਾ, ਆਪਣਾ ਆਪ ਕਰਾਇਆ । ਆਪੇ ਵੇਖੇ ਵੇਖਣਹਾਰਾ, ਆਤਮ ਘਰ ਡੇਰਾ ਲਾਇਆ । ਸਈਆ ਮੰਗਲ ਗਾਇਣ ਵਾਰੋ ਵਾਰਾ, ਪੰਚਮ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਏ ਵਰ, ਨੇਤਰ ਨੈਣਾ ਦਰਸ ਦਿਖਾਇਆ । ਲੋਚਨ ਨੇਤਰ ਨੈਣ, ਦਰਸ ਪਾਇਆ ਸਚ ਦਵਾਰਿਆ । ਰਸਨਾ ਕਿਸੇ ਨਾ ਸਕੇ ਕਹਿਣ, ਕਵਣ ਰੂਪ ਸ਼ਾਹੋ ਭੂਪ ਹਰਿ ਰੰਗ ਸੱਚੀ ਸਰਕਾਰਿਆ । ਆਪ ਚੁਕਾਏ ਲਹਿਣਾ ਦੇਣ, ਭਗਤ ਸੁਹੇਲਾ ਜੁਗ ਜੁਗ ਲਏ ਮਾਤ ਅਵਤਾਰਿਆ । ਲਾੜੀ ਮੌਤ ਨਾ ਖਾਏ ਡੈਣ, ਆਵਣ ਜਾਵਣ ਗੇੜ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦਰ ਘਰ ਘਰ ਦਰ ਏਕਾ ਵੇਖ ਵਖਾ ਰਿਹਾ ।

### ❊ ੨੨ ਜੇਠ ੨੦੧੪ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ❊

ਘਰ ਮੰਦਰ ਮੰਗਲਾਚਾਰ, ਦਿਵਸ ਰੈਣ ਕਰਾਈਆ । ਹਰਿਜਨ ਸਾਚੇ ਮੀਤ ਮੁਰਾਰ, ਦਿਵਸ ਰੈਣ ਰਹੇ ਗਾਈਆ । ਗਾਵਤ ਗਾਵਤ ਗਾਵਤ ਤਨ ਅਹਾਰ, ਕਾਇਆ ਤ੍ਰਿਪਤ ਕਰਾਈਆ । ਤ੍ਰਿਸ਼ਨਾ ਭੁੱਖ ਦਏ ਨਿਵਾਰ, ਮਾਇਆ ਮਮਤਾ ਪੇਟ ਕਟਾਈਆ । ਨਾਮ ਖੰਡਾ ਮਾਰ ਕਟਾਰ, ਦੋ ਧਾਰੀ ਧਾਰ ਚਲਾਈਆ । ਉਚ ਅਟਾਰੀ ਕਰ ਪਸਾਰ, ਸਚ ਮਹੱਲਾ ਰਿਹਾ ਵਸਾਈਆ । ਨਾ ਕੋਈ ਦੀਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਛਾਈਆ । ਚੰਨ ਸੂਰਜ ਨਾ ਕੋਈ ਚਮਤਕਾਰ, ਤਾਰ ਸਿਤਾਰ ਦਿਸ ਨਾ ਆਈਆ । ਗੁਰਮੁਖ ਵਿਰਲਾ ਹਰਿ ਦਵਾਰ, ਬੈਠਾ ਸੀਸ ਝੁਕਾਈਆ । ਸਾਚਾ ਮੇਲਾ ਵਿਚ ਸੰਸਾਰ, ਜੁਗ ਜੁਗ ਆਪ ਕਰਾਈਆ । ਕਲਜੁਗ ਤੇਰੀ ਕਾਲੀ ਧਾਰ, ਲੱਖ ਚੁਰਾਸੀ ਰਹੀ ਰੁੜ੍ਹਾਈਆ । ਮਨਮੁਖ ਭੁੱਲੇ ਜੀਵ ਗਵਾਰ, ਜਮ ਕੀ ਫਾਸੀ ਗਲ ਲਗਾਈਆ । ਮਦਿਰਾ ਮਾਸੀ ਨਾਰ ਵਿਭਚਾਰ, ਕੰਤ ਕੰਤੂਹਲ ਨਾ ਕੋਇ ਹੰਢਾਈਆ । ਰਸਨ ਸਵਾਸੀ ਸ਼ਬਦ ਪਿਆਰ, ਹਰਿ ਸਾਚਾ ਵਿਸਰ ਨਾ ਜਾਈਆ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਸਦ ਬਖ਼ਸ਼ਿੰਦਾ ਆਪ ਅਖਵਾਈਆ । ਜਨ ਹਰਿ ਹਰਿਜਨ ਢਹਿ ਪਿਆ

ਦਵਾਰ, ਫੜ ਬਾਹੋਂ ਲਏ ਉਠਾਈਆ । ਮੰਗੇ ਮੰਗ ਬਣ ਭਿਖਾਰ, ਆਤਮ ਇਛਿਆ ਪਾਏ ਭਿੱਛਿਆ, ਕਾਇਆ ਚੋਲੀ ਇਕ ਭਰਾਈਆ । ਨਰ ਨਰਾਇਣ ਨੌਂ ਦਵਾਰ ਕਿਸੇ ਨਾ ਦਿਸਿਆ, ਸ੍ਰਿਸ਼ਟ ਸਬਾਈ ਫਿਰੇ ਹਲਕਾਈਆ । ਸਾਧਾਂ ਸੰਤਾਂ ਮਾਇਆ ਮਮਤਾ ਲੱਗੀ ਵਿਸਿਆ, ਅੱਠੇ ਪਹਿਰ ਰਹੇ ਸਤਾਈਆ । ਗੁਰਸਿਖ ਵੰਡਾਏ ਸਾਚਾ ਹਿਸਿਆ, ਕਲਜੁਗ ਅੰਤਮ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਕਰ ਪਰੀਖਿਆ, ਨਾਮ ਸੋਟੀ ਏਕਾ ਲਾਈਆ । ਆਪੇ ਦੇਵਣਹਾਰਾ ਸਾਚੀ ਸਿਖਿਆ, ਦੀਵਾ ਬੱਤੀ ਇਕ ਜਗਾਈਆ । ਧੁਰਦਰਗਾਹੀ ਲੇਖਾ ਲਿਖਿਅ, ਲੋਕਮਾਤ ਮੇਟ ਨਾ ਸਕੇ ਰਾਈਆ । ਸ੍ਰਿਸ਼ਟ ਸਬਾਈ ਦੀਸੇ ਮਿਥਿਆ, ਥਿਰ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲਾ ਇਕ ਦਰ, ਦਰ ਦਵਾਰੇ ਰਿਹਾ ਕਰਾਈਆ । ਦਰ ਦਵਾਰਾ ਉਚ ਅਗੰਮਾ, ਏਕਾ ਏਕ ਰਖਾਇਆ । ਨਾ ਮਰਿਆ ਨਾ ਕਦੇ ਜੰਮਾ, ਆਵਣ ਜਾਵਣ ਵਿਚ ਨਾ ਆਇਆ । ਗਗਨ ਪਾਤਾਲ ਰਹਾਏ ਬਿਨ ਬਿਨ ਥੰਮਾ, ਅਕਾਸ਼ ਪਰਕਾਸ਼ ਸਮਾਇਆ । ਜੋਤੀ ਨੂਰ ਚੜ੍ਹਾਏ ਸਾਚਾ ਚੰਨਾ, ਚੰਨ ਸੂਰਜ ਰਹੇ ਸ਼ਰਮਾਇਆ । ਆਪ ਆਪਣਾ ਜਾਣੇ ਬੰਨਾ, ਚਾਰ ਕੁੰਟ ਭੇਵ ਨਾ ਰਾਇਆ । ਨਾ ਕੋਈ ਛੱਪਰ ਨਾ ਛੰਨਾ, ਗੁਰਦਵਾਰਾ ਮੰਦਰ ਮਸਜਿਦ ਦਿਹੁਰਾ ਮਸੀਤ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਬੈਠ ਅਤੀਤ, ਲੱਖ ਚੁਰਾਸੀ ਪਰਖੇ ਨੀਤ, ਹਰਿਜਨ ਮੇਲਾ ਸਾਚੇ ਮੀਤ, ਜੁਗ ਜੁਗ ਵਿਛੜੇ ਰਿਹਾ ਮਿਲਾਇਆ । ਮੇਲ ਵਿਛੋੜੇ ਜੁਗ ਜੁਗ ਰੀਤਾ, ਆਪਣੀ ਕਲ ਵਰਤਾਇੰਦਾ । ਆਪੇ ਸਾਜਣ ਸਾਚਾ ਮੀਤਾ, ਗੀਤ ਸੁਹਾਗੀ ਇਕ ਸੁਣਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟਾ, ਊਚਾਂ ਨੀਚਾਂ ਏਕਾ ਧਾਮ ਸੁਹਾਇੰਦਾ । ਦੇਵੇ ਨਾਮ ਸ਼ਬਦ ਅਨਡੀਠਾ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਮਿੱਠਾ ਕਰੇ ਕਾਇਆ ਕੌੜਾ ਰੀਠਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਮਜੀਠਾ, ਰੰਗ ਮਜੀਠੀ ਇਕ ਚੜ੍ਹਾਇੰਦਾ । ਤ੍ਰੈਗੁਣ ਮਾਇਆ ਜੂਠਾ ਝੂਠਾ ਪੀਸਣ ਪੀਠਾ, ਕਲਜੁਗ ਚੱਕੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਿਖਿਆ ਲੇਖ ਧੁਰ ਮਸਤਕ ਵੇਖ, ਲਹਿਣਾ ਦੇਣਾ ਮੂਲ ਚੁਕਾਇੰਦਾ । ਲਿਖਿਆ ਲੇਖ ਪੂਰਬ ਕਰਮਾਂ, ਪ੍ਰਭ ਸਾਚੇ ਆਪ ਵਿਚਾਰਿਆ । ਮਾਨਸ ਮਾਨੁਖ ਮਿਲਿਆ ਜਨਮਾ, ਜਨਮੀ ਜਨਮ ਸੁਧਾਰਿਆ । ਇਕ ਵਖਾਏ ਸਾਚਾ ਧਰਮਾ, ਧਰਮੀ ਧਰਮ ਕਮਾ ਰਿਹਾ । ਸਰਨ ਪੜੇ ਦੀ ਰੱਖੇ ਸਰਨਾ, ਲਜ ਪਤ ਆਪਣੇ ਹੱਥ ਰਖਾ ਰਿਹਾ । ਆਪ ਚੁਕਾਏ ਮਰਨਾ ਡਰਨਾ, ਧਰਮ ਰਾਏ ਦਰ ਦੁਰਕਾਰਿਆ । ਨੇਤਰ ਖੋਲ੍ਹੇ ਹਰਨਾ ਫਰਨਾ, ਤੀਜਾ ਲੋਚਨ ਵੇਖ ਉਘਾੜਿਆ । ਆਪੇ ਦਾਤਾ ਕਰਨੀ ਕਰਨਾ, ਕਰਨ ਕਰਾਵਣ ਕਰਮ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਨਾਰੀ ਕੰਤ ਰੂਪ ਵਟਾ ਲਿਆ । ਨਾਰੀ ਕੰਤ ਸ਼ਬਦ ਸੁਹਾਗ, ਏਕਾ ਏਕ ਉਠਾਇੰਦਾ । ਆਪੇ ਸੋਇਆ ਆਪੇ ਗਿਆ ਜਾਗ, ਆਪ ਆਪਣੀ ਆਲਸ ਨਿੰਦਰਾ ਲਾਹਿੰਦਾ । ਆਪੇ ਲਾਹਵਣਹਾਰਾ ਭਾਗ, ਆਪ ਉਪਜਾਏ ਇਕ ਵੈਰਾਗ, ਵੈਰਾਗੀ ਆਪ ਅਖਵਾਇੰਦਾ । ਹਰਿਜਨ ਚਰਨ ਕਵਲ ਜਨ ਗਿਆ ਲਾਗ, ਪ੍ਰਭ ਸਾਚੀ ਦਇਆ ਕਮਾਇੰਦਾ । ਜਗਤ ਬੁਝਾਏ ਤ੍ਰਿਸ਼ਨਾ ਆਗ, ਮਾਇਆ ਮੋਹ ਤਜਾਇੰਦਾ । ਆਪ ਆਪਣੇ ਹੱਥ ਰੱਖੇ ਵਾਗ, ਚਾਰੋਂ ਕੁੰਟ ਵੇਖ ਵਖਾਇੰਦਾ । ਹੰਸ ਬਣਾਏ ਫੜ ਫੜ ਕਾਗ, ਸੋਹੰ ਸਾਚੀ ਚੋਗ ਚੁਗਾਇੰਦਾ । ਚਰਨ ਧੂੜੀ ਸਾਚਾ ਮਜਨ ਮਾਘ, ਸੰਤ ਸੁਹੇਲੇ ਫੜ ਲਿਆਇੰਦਾ । ਦੁਰਮਤ ਮੈਲ ਧੋਵੇ ਦਾਗ਼,

ਆਪ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇੰਦਾ । ਦੀਪਕ ਜੋਤੀ ਕਰ ਉਜਾਲਾ, ਅਗਿਆਨ ਅੰਧੇਰ ਮਿਟਾਇਆ । ਪਰਗਟ ਹੋਏ ਗੁਰ ਗੋਪਾਲਾ, ਗੁਰਮੁਖ ਮੇਲ ਮਿਲਾਇਆ । ਕਾਇਆ ਮੰਦਰ ਅੰਦਰ ਬੈਠ ਸੱਚੀ ਧਰਮਸਾਲਾ, ਸਚ ਸਿੰਘਾਸਣ ਇਕ ਵਿਛਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਏਕਾ ਦਰ, ਦਰ ਘਰ ਘਰ ਦਰ ਵਰ ਸਾਚਾ ਜੀਓ ਪਿੰਡ ਤਨ ਕਾਚਾ ਕੰਚਨ ਗੜ੍ਹ, ਪੁਰਖ ਅਬਿਨਾਸ਼ੀ ਉਪਰ ਚੜ੍ਹ, ਆਪ ਫੜਾਇਆ ਆਪਣਾ ਲੜ, ਬੰਦ ਕਿਵਾੜੀ ਕੁੰਡਾ ਲਾਹਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਅਬਿਨਾਸ਼ੀ ਕਰਤਾ ਜੋਤ ਨਿਰੰਜਣ ਆਵਣ ਜਾਵਣ ਪਤਤ ਪਾਵਨ ਭੇਖ ਬਾਵਨ ਰੂਪ ਵਟਾਇਆ ।

### ❋ ੨੨ ਜੇਠ ੨੦੧੪ ਬਿਕ੍ਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਨਾਥੇ ਵਾਲ ਜ਼ਿਲਾ ਫਿਰੋਜ਼ਪੁਰ ❋

ਚਰਨ ਕਵਲ ਜਨ ਧਿਆਨ, ਸਤਿ ਕਮਾਈਆ । ਚਰਨ ਕਵਲ ਜਨ ਧਿਆਨ, ਤਤ ਸਮਾਈਆ । ਚਰਨ ਕਵਲ ਜਨ ਧਿਆਨ, ਏਕਾ ਮਤ ਰਖਾਈਆ । ਚਰਨ ਕਵਲ ਜਨ ਧਿਆਨ, ਸਤਿ ਸੰਤੋਖ ਧੀਰਜ ਯਤ ਧਰਾਈਆ । ਚਰਨ ਕਵਲ ਜਨ ਧਿਆਨ, ਆਪੇ ਰੱਖਣਹਾਰਾ ਪਤ, ਹਰਿਜਨ ਸਾਚੇ ਲਏ ਤਰਾਈਆ । ਚਰਨ ਕਵਲ ਜਨ ਧਿਆਨ, ਸਚ ਪ੍ਰੀਤ ਬੰਧਾਏ ਨੱਤ, ਨਾ ਕੋਇ ਤੋੜ ਤੁੜਾਈਆ । ਚਰਨ ਕਵਲ ਜਨ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,ਏਕਾ ਸ਼ਬਦ ਗਿਆਨ ਦਵਾਈਆ । ਸ਼ਬਦ ਗਿਆਨ ਜੋਤ ਪਰਕਾਸ਼ੇ, ਮਿਟੇ ਅੰਧ ਅੰਧੇਰਾ । ਮਿਲੇ ਮੇਲ ਹਰਿ ਸ਼ਾਹੋ ਸ਼ਾਬਾਸ਼ੇ, ਚੁੱਕੇ ਮੇਰਾ ਤੇਰਾ । ਨਿਝ ਘਰ ਮੰਦਰ ਨਿਝ ਆਤਮ ਕਰੇ ਵਾਸੇ, ਇਕ ਵਖਾਏ ਸੰਝ ਸਵੇਰਾ । ਰਸਨਾ ਰਸ ਸਵਾਸ ਸਵਾਸੇ, ਭਰਮਾਂ ਢਾਹੇ ਡੇਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਕਰਾਏ ਹੱਕ ਨਿਬੇੜਾ । ਹੱਕ ਨਿਬੇੜਾ ਸਚ ਸੁਲਤਾਨਾ, ਕਲਜੁਗ ਅੰਤ ਕਰਾਇਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਏਕਾ ਤੰਦ ਬੰਧਾਇਆ । ਆਤਮ ਮਾਰੇ ਤੀਰ ਨਿਸ਼ਾਨਾ, ਰਸਨਾ ਚਿਲ੍ਹਾ ਇਕ ਚੜ੍ਹਾਇਆ । ਹਰਿਜਨ ਸਾਚਾ ਹੋਏ ਹੈਰਾਨਾ, ਹੰਕਾਰੀ ਕਿਲ੍ਹਾ ਕਿਸ ਢਾਹਿਆ । ਅੰਦਰ ਬੈਠ ਸ੍ਰੀ ਭਗਵਾਨਾ, ਸਾਚਾ ਤਿਲਾ ਤਿਲਕ ਆਪ ਲਗਾਇਆ । ਵੇਖ ਵਖਾਣੇ ਦੋ ਜਹਾਨਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੀਵਣ ਦਾਤਾ ਆਪ ਹੋ ਆਇਆ । ਜੀਵਣ ਦਾਤਾ ਜਗਤ ਜੁਗੀਸ਼ਰ, ਏਕਾ ਏਕ ਅਖਵਾਇੰਦਾ । ਸ਼ਬਦ ਮਿਲਾਵਾ ਰਿਖੀ ਰਿਖੀਸ਼ਰ, ਏਕਾ ਧਾਮ ਸੁਹਾਇੰਦਾ । ਈਸ਼ਰ ਈਸ਼ਰ ਆਪ ਪਰਮੇਸ਼ਰ, ਰੂਪ ਅਨੂਪ ਰਖਾਇੰਦਾ । ਜਨ ਭਗਤਾਂ ਮਸਤਕ ਟਿੱਕਾ ਲਾਏ ਨਾਮ ਕੇਸਰ, ਰੱਤੀ ਰੱਤ ਰੰਗਾਇੰਦਾ । ਸਾਚਾ ਮੇਲਾ ਵਿਚ ਥਨੇਸਰ, ਧਾਮ ਸੁਹਾਵਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਵੇਖ ਵਖਾਇੰਦਾ । ਜਗਤ ਥਨੇਸਰ ਧਾਮ ਅਵੱਲਾ, ਪ੍ਰਭ ਆਪਣਾ ਆਪ ਉਪਨਿਆ । ਪੰਜ ਤਤ ਯੁਧ ਕਰੇ ਇਕੱਲਾ, ਆਪੇ ਦੇਵਣਹਾਰਾ ਡੰਨ੍ਹਿਆ । ਏਕੰਕਾਰਾ ਏਕਾ ਵਾਰ ਪਾਏ ਤਰਥੱਲਾ, ਜੋ ਘੜਿਆ ਸੋ ਭੰਨਿਆ । ਆਪੇ ਆਪਣਾ ਬੋਲਣਹਾਰਾ ਹੱਲਾ, ਆਪ ਆਪਣਾ ਬੇੜਾ ਬੰਨ੍ਹਿਆ । ਗੁਰਮੁਖ ਵਿਰਲਾ ਚਰਨ ਦਵਾਰਾ ਸਾਚਾ ਮੱਲਾ, ਵੇਖ ਵਖਾਏ ਨਿਹਚਲ ਧਾਮ ਅਟੱਲਿਆ ।



੭੫੯
੦੬

ਪਵਣੀ ਜੋਤੀ ਸ਼ਬਦੀ ਰਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਦੇਵੇ ਨਾਮ ਇਕ ਸੁਖਲਿਆ । ਦੇਵੇ ਨਾਮ ਸਾਚੀ ਧਾਰ, ਚਾਰ ਵਰਨ ਜਣਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਰਮੀ ਰਿਹਾ ਕਰਮ ਕਮਾਈਆ । ਜਗਤ ਜੁਗਤ ਜਗ ਸਾਚੀ ਕਾਰ, ਜੁਗ ਜੁਗ ਰਿਹਾ ਕਮਾਈਆ । ਭਗਤਨ ਮੀਤ ਕਰ ਪਿਆਰ, ਆਵਣ ਜਾਵਣ ਖੇਲ ਰਚਾਈਆ । ਧਰਤ ਧਵਲ ਸੁਣ ਪੁਕਾਰ, ਆਪ ਆਪਣੀ ਲਏ ਅੰਗੜਾਈਆ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰ, ਕਲਜੁਗ ਕਾਇਆ ਕਾਗ ਵਾਂਗ ਕੁਰਲਾਈਆ । ਸੰਤ ਸੁਹੇਲੇ ਗਏ ਹਾਰ, ਬੇੜਾ ਕੋਇ ਨਾ ਬੰਨੇ ਲਾਈਆ । ਵੰਞ ਮੁਹਾਣਾ ਦੀਸੇ ਵਿਚ ਮੰਝਧਾਰ, ਜੂਠੀ ਝੂਠੀ ਨਈਆ ਰਿਹਾ ਡੁਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਜੋਤ ਜਗਾਈਆ । ਜੋਤ ਸਰੂਪੀ ਕਰ ਆਕਾਰ, ਸ਼ਬਦੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਸ਼ਬਦ ਧਾਰਾ ਜੋਤ ਨਿਰੰਜਣ, ਏਕਾ ਏਕ ਅਕਾਰਿਆ । ਲੱਖ ਚੁਰਾਸੀ ਵੇਖੇ ਸੱਜਣ, ਰਾਏ ਧਰਮ ਮੀਤ ਮੁਰਾਰਿਆ । ਗੁਰਮੁਖ ਵਿਰਲੇ ਸੰਤ ਸੁਹੇਲੇ ਇਕ ਇਕੇਲਾ ਆਪੇ ਪੜਦੇ ਕੱਜਣ, ਅੰਦਰ ਬਾਹਰ ਗੁਪਤ ਜਾਹਿਰ ਪਾਵੇ ਸਾਰਿਆ । ਕਾਇਆ ਮੰਦਰ ਅੰਦਰ ਡੂੰਘੀ ਕੰਦਰ ਸਚ ਦਵਾਰ ਕਰਾਏ ਸਾਚਾ ਹੱਜਨ, ਮੱਕਾ ਕਾਅਬਾ ਦੋ ਦੋ ਆਬਾ ਸ਼ਾਹ ਨਵਾਬਾ ਇਕ ਵਖਾ ਰਿਹਾ । ਜੋਤੀ ਨੂਰ ਨਾ ਕੋਈ ਝੱਲੇ ਤਾਬਾ, ਰਵ ਸਸ ਦਏ ਅਜ਼ਾਬਾ, ਬ੍ਰਹਮੇ ਉਲਟੀ ਕਵਲ ਨਾਭਾ, ਨਾਭ ਕਵਲੀ ਆਪ ਭਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤਨ ਮੇਲਾ ਏਕਾ ਦਰ, ਦਰ ਦਵਾਰਾ ਇਕ ਸੁਹਾ ਰਿਹਾ । ਹਰਿ ਸੰਤਨ ਸਾਚਾ ਜੋਗ, ਏਕਾ ਏਕ ਰਖਾਇੰਦਾ । ਰਸ ਰਸਨਾ ਸਾਚਾ ਭੋਗ, ਏਕਾ ਨਾਮ ਜਪਾਇੰਦਾ । ਆਪ ਕਰਾਏ ਰਖਾਏ ਦਰਸ ਅਮੋਘ, ਆਤਮ ਦਰਸੀ ਦਰਸ ਦਿਖਾਇੰਦਾ । ਸੋ ਪੁਰਖ ਨਿਰੰਜਣ ਚੁਗਾਏ ਸਾਚੀ ਚੋਗ, ਹੰ ਹੰਗਤਾ ਮੇਟ ਮਿਟਾਇੰਦਾ । ਦੂਈ ਦਵੈਤੀ ਕਟੇ ਰੋਗ, ਏਕਾ ਰੰਗਣ ਰੰਗ ਚੜ੍ਹਾਇੰਦਾ । ਮੇਲ ਵਿਛੋੜਾ ਸੰਜੋਗ ਵਿਜੋਗ, ਪ੍ਰਭ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਵਰ, ਵੇਖਣਹਾਰਾ ਦਰ ਘਰ, ਦਰ ਦਵਾਰਾ ਫੋਲ ਫੁਲਾਇੰਦਾ । ਆਤਮ ਦਰ ਸਚ ਮਹੱਲਾ, ਏਕਾ ਏਕ ਉਸਾਰਿਆ । ਪੁਰਖ ਅਬਿਨਾਸ਼ੀ ਬੈਠ ਇਕੱਲਾ, ਵੇਖੇ ਸਰਬ ਪਸਾਰਿਆ । ਹਰਿਜਨ ਦੇਵੇ ਨਾਮ ਸੁਖੱਲਾ, ਮੁਖ ਪੱਲਾ ਏਕਾ ਪਾ ਰਿਹਾ । ਸ਼ਬਦ ਫੜਾਏ ਤਿੱਖਾ ਭੱਲਾ, ਪੰਜਾਂ ਚੋਰਾਂ ਮੇਟ ਮਿਟਾ ਰਿਹਾ । ਧਾਮ ਸੁਹਾਏ ਇਕ ਅਟੱਲਾ, ਨਿਹਚਲ ਨਾਉਂ ਰਖਾ ਲਿਆ । ਵੇਖ ਵਖਾਏ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਧਾਮ ਸੁਹਾ ਰਿਹਾ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਸਚ ਸਮਗਰੀ ਝੋਲੀ ਪਾ ਰਿਹਾ । ਸ੍ਰਿਸ਼ਟ ਸਬਾਈ ਮਨਮੁਖ ਜੀਵ ਆਪ ਭੁਲਾਏ ਕਰ ਕਰ ਵਲ ਛਲਾ, ਅਛਲ ਛਲ ਕਰਾ ਰਿਹਾ । ਗਿਆਨੀ ਧਿਆਨੀ ਵਡ ਵਿਦਵਾਨੀ ਰਹੇ ਕੁਰਲਾਏ, ਪੜ੍ਹ ਪੜ੍ਹ ਵਾਦ ਵਧਾ ਰਿਹਾ । ਸਤਿਗੁਰ ਪੂਰਾ ਦਿਸ ਨਾ ਆਏ, ਨਾਨਕ ਗੋਬਿੰਦ ਨਾਮ ਧਿਆ ਲਿਆ । ਗੁਣ ਨਿਧਾਨਾ ਦਿਸ ਨਾ ਆਏ, ਦਸਮ ਦਵਾਰੀ ਕੁੰਡਾ ਲਾ ਲਿਆ । ਬਜਰ ਕਪਾਟੀ ਨਾ ਕੁੰਡਾ ਕੋਇ ਤੁੜਾਏ, ਹਉਮੇ ਹੰਗਤਾ ਸੰਗ ਨਿਭਾ ਲਿਆ । ਸਾਚਾ ਮੰਗਤਾ ਨਾ ਕੋਈ ਅਖਵਾਏ, ਨਾ ਭਿਛਿਆ ਝੋਲੀ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਜਨ ਸਾਚੇ ਘਰ ਸਚ ਮੇਲ ਲਿਆ । ਸਾਚਾ ਮੇਲਾ ਹਰਿ ਪਰਤੱਖ, ਏਕਾ ਏਕ ਕਰਾਇਆ । ਇਕ ਇਕੱਲਾ ਕਰੇ ਵੱਖ, ਏਕਾ ਅੱਖਰ ਰਿਹਾ

ਪੜ੍ਹਾਇਆ । ਦੂਜਾ ਭਾਂਡਾ ਕਰੇ ਸੱਖ, ਸਹਿਜ ਜੋਗ ਕਮਾਇਆ । ਤੀਜੇ ਮੇਲ ਅਲੱਖਣਾ ਅਲੱਖ, ਲੇਖਾ ਲਿਖ ਨਾ ਸਕੇ ਰਾਇਆ । ਚੌਥੇ ਘਰ ਸਾਚੀ ਵੱਥ, ਹਰਿ ਸਮਰਥ ਭਗਤੀ ਝੋਲੀ ਪਾਇਆ । ਮਨਮੁਖ ਜੀਵਾਂ ਮਨਮਤ ਪਾਏ ਨੱਥ, ਚਾਰੋਂ ਕੁੰਟ ਰਿਹਾ ਫਿਰਾਇਆ । ਅੰਤਮ ਲਹਿਣਾ ਸੀਆਂ ਸਾਢੇ ਤਿੰਨ ਤਿੰਨ ਹੱਥ, ਰਾਏ ਧਰਮ ਲਿਖਾਇਆ । ਧਰਤ ਮਾਤ ਵਛਾਈ ਬੈਠੀ ਸੱਥ, ਮੰਗੇ ਮੰਗ ਦਿਵਸ ਰੈਣ ਸਬਾਇਆ । ਸਤਿਗੁਰ ਸਾਚਾ ਰੱਖੇ ਦੇ ਕਰ ਹੱਥ, ਸਮਰਥ ਪੁਰਖ ਅਖਵਾਇਆ । ਆਵਣ ਜਾਵਣ ਲੱਖ ਚੁਰਾਸੀ ਦੇਵੇ ਮਥ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਵਰ ਘਰ ਹਰਿ ਨਰ ਏਕਾ ਗੁਰਮੁਖ ਪਾਇਆ । ਏਕਾ ਦਰ ਏਕਾ ਹਰਿ, ਏਕਾ ਨਰ ਕੰਤ ਸੁਹਾਗੀਆ । ਗੁਰਮੁਖ ਨਾਰੀ ਵਸੇ ਘਰ, ਦਿਵਸ ਰੈਣ ਰਹੇ ਵੈਰਾਗੀਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਹੰਸ ਬਣਾਏ ਫੜ ਫੜ ਕਾਗੀਆ । ਅੰਦਰ ਮੰਦਰ ਸਾਚੇ ਪੌੜੇ ਆਪੇ ਚੜ੍ਹ, ਕਿਲ੍ਹਾ ਤੋੜ ਹੰਕਾਰੀ ਗੜ੍ਹ, ਪੰਚ ਉਖੇੜੇ ਝੂਠੀ ਜੜ੍ਹ, ਗੀਤ ਸੁਣਾਏ ਪੰਚਮ ਰਾਗ ਇਕ ਅਨਾਦੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੇਲਾ ਸਾਚੇ ਘਰ, ਪਾਰਬ੍ਰਹਮ ਬ੍ਰਹਮ ਬ੍ਰਹਿਮਾਦੀਆਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਪੁਰਖ ਖੇਲੇ ਖੇਲ ਆਦਿ ਜੁਗਾਦੀਆ ।



## ❊ ੨੨ ਜੇਠ ੨੦੧੪ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਹਿ ਪਿੰਡ ਨਾਥੇ ਵਾਲ ਜ਼ਿਲਾ ਫਿਰੋਜ਼ਪੁਰ ❊

ਚਰਨ ਕਵਲ ਜਨ ਟੇਕ, ਏਕਾ ਏਕ ਰਖਾਈਆ । ਤਨ ਬੁੱਧੀ ਹੋਏ ਬਿਬੇਕ, ਧੀਰਜ ਧੀਰ ਧਰਾਈਆ । ਕਲਜੁਗ ਮਾਇਆ ਨਾ ਲਾਏ ਸੇਕ, ਹਉਮੇ ਰੋਗ ਨਾ ਪੀੜ ਸਤਾਈਆ । ਨੇਤਰ ਨੈਣਾ ਦਰਸ ਪੇਖ, ਸਗਲੀ ਚਿੰਤ ਗਵਾਈਆ । ਸਾਚਾ ਮੇਲਾ ਦਸ ਦਸਮੇਸ਼, ਦਹਿ ਦਿਸ਼ਾ ਹੋਏ ਸਹਾਈਆ । ਕਲਜੁਗ ਮਿਟੇ ਕੂੜਾ ਵੇਸ, ਸਤਿਜੁਗ ਸਾਚਾ ਰਾਹ ਚਲਾਈਆ । ਬਾਲ ਅਵਸਥਾ ਅਲ੍ਹੜ ਵਰੇਸ, ਗੁਣ ਨਿਧਾਨਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲੇ ਖੇਲ ਸਭਨੀ ਥਾਈਂਆ । ਜੁਗ ਜੁਗ ਖੇਲੇ ਖੇਲ ਖਿਲਾਰੀ, ਖੇਲਣਹਾਰ ਖਿਲੰਤਾ । ਭਗਤ ਜਨਾਂ ਦਰ ਬਣ ਭਿਖਾਰੀ, ਕਾਇਆ ਚੋਲੀ ਰੰਗਣ ਰੰਗਤਾ । ਦੇਵੇ ਨਾਮ ਸੱਚੀ ਸਿਕਦਾਰੀ, ਦੂਸਰ ਦਰ ਨਾ ਹੋਏ ਮੰਗਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਮੇਲ ਹਰਿ, ਸੰਗ ਰਲਾਏ ਸਾਚੀ ਸੰਗਤਾ । ਸਾਚੀ ਸੰਗਤ ਸਾਚਾ ਸਾਥ, ਗੁਰ ਸਾਚਾ ਆਪ ਰਖਾਇੰਦਾ । ਆਪੇ ਰੱਖੇ ਦੇ ਕਰ ਹਾਥ, ਦਿਵਸ ਰੈਣ ਸੇਵ ਕਮਾਇੰਦਾ । ਲੱਭ ਲੱਭ ਥੱਕੇ ਨੌਂ ਨੌਂ ਨਾਥ, ਲੱਖ ਚੁਰਾਸੀ ਭਰਮ ਭੁਲਾਇੰਦਾ । ਆਪ ਆਪਣੇ ਦਰ ਰਹੇ ਵਿਸਮਾਦ, ਆਪੇ ਸਿਮਲ ਰੂਪ ਹੋ ਜਾਇੰਦਾ । ਆਪ ਵਜਾਏ ਆਪਣਾ ਨਾਦ, ਆਪ ਆਪਣੀ ਧੁਨ ਸੁਣਾਇੰਦਾ । ਸੁਨਣੇਹਾਰ ਜਗਤ ਫਰਿਆਦ, ਆਪਣਾ ਭੇਖ ਵਟਾਇੰਦਾ । ਸੰਤ ਸੁਹੇਲੇ ਸਾਚੇ ਲਾਧ, ਮਸਤਕ ਲੇਖ ਲਿਖਾਇੰਦਾ । ਮੇਲ ਮਿਲਾਏ ਮੋਹਣ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸਾਥ ਨਿਭਾਇੰਦਾ ।।

## ✻ ੨੨ ਜੇਠ ੨੦੧੪ ਇੰਦਰ ਸਿੰਘ ਦੇ ਗ੍ਰਿਹ ਪਿੰਡ ਨਾਥੇ ਵਾਲ ਜ਼ਿਲਾ ਫਿਰੋਜ਼ਪੁਰ ✻

ਗੁਰ ਸੰਗਤ ਤੇਰਾ ਕਰਮ ਵਿਚਾਰ, ਪੂਰਬ ਲਹਿਣਾ ਝੋਲੀ ਪਾਇਆ । ਮਿਲਿਆ ਮੇਲ ਵਿਚ ਸੰਸਾਰ, ਅੰਗਦ ਅੰਗ ਲਗਾਇਆ । ਲਹਿਣਾ ਦੇਣਾ ਕਰਜ ਉਤਾਰ, ਸਾਚਾ ਸੰਗ ਨਿਭਾਇਆ । ਡੱਲਾ ਰਹੇ ਅੱਧਵਿਚਕਾਰ, ਬਾਗ ਬਗੀਚਾ ਇਕ ਰਖਾਇਆ । ਪਰਗਟ ਹੋ ਵਿਚ ਸੰਸਾਰ, ਊਚਾਂ ਨੀਚਾਂ ਭੇਵ ਮਿਟਾਇਆ । ਗੋਬਿੰਦ ਧਾਰਾ ਅਪਰ ਅਪਾਰ, ਜੋਤੀ ਨੂਰ ਸਵਾਇਆ । ਸੋਹੰ ਖੰਡਾ ਤੇਜ ਕਟਾਰ, ਹਰਿਜਨ ਸਾਚੇ ਹੱਥ ਫੜਾਇਆ । ਦੇਂਦਾ ਜਾਏ ਵਾਰੋ ਵਾਰ, ਭੁੱਲ ਰਹੇ ਨਾ ਰਾਇਆ । ਏਕਾ ਕਲ ਏਕਾ ਵਾਰ, ਚਰਨ ਪ੍ਰੀਤੀ ਦਏ ਚੁਕਾਇਆ । ਨਾ ਕੋਈ ਉਪਜੇ ਜੀਵ ਗਵਾਰ, ਹਟ ਪਸਾਰ ਨਾ ਕੋਈ ਰਖਾਇਆ । ਨਿੱਕੀ ਸਿੱਖੀ ਤਿੱਖੀ ਧਾਰ, ਸ਼ਬਦ ਸ਼ਬਦੀ ਰਿਹਾ ਬਣਾਇਆ । ਮੰਗੀ ਭਿੱਖੀ ਬਣ ਭਿਖਾਰ, ਗੋਬਿੰਦ ਗੁਰ ਝੋਲੀ ਡਾਹਿਆ । ਪ੍ਰਭ ਅਬਿਨਾਸ਼ੀ ਬਣ ਵਰਤਾਰ, ਪੱਲੂ ਦਏ ਭਰਾਇਆ । ਸੰਗ ਸੁਹੇਲਾ ਮੀਤ ਮੁਰਾਰ, ਅੰਗ ਸੰਗ ਅਖਵਾਇਆ । ਗੁਰ ਚੇਲਾ ਸੋਹੇ ਬੰਕ ਦਵਾਰ, ਬੰਕ ਦਵਾਰ ਸੁਹਾਇਆ । ਹਰਿ ਸੰਗਤ ਮੀਤਾ ਆਪ ਕਰਤਾਰ, ਅਚਰਜ ਰੀਤਾ ਰਿਹਾ ਚਲਾਇਆ । ਠਾਂਢਾ ਸੀਤਾ ਨਿਝਰ ਧਾਰ, ਅੰਮ੍ਰਿਤ ਮੁਖ ਚੁਆਇਆ । ਗੁਰਮੁਖ ਗੁਰਸਿਖ ਹਰਿਜਨ ਸਾਚੇ ਉਤਰੇ ਪਾਰ, ਹਰਿ ਸਾਚੀ ਸੇਵ ਕਮਾਇਆ । ਮਨਮੁਖ ਦੁਰਜਨ ਡੁੱਬੇ ਅਧ ਵਿਚਕਾਰ, ਨਾ ਕੋਈ ਬੇੜਾ ਬੰਨ੍ਹੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਤੇਰਾ ਜਗਤ ਮਲਾਹ ਏਕਾ ਏਕ ਅਖਵਾਇਆ ।



## ✻ ੨੨ ਜੇਠ ੨੦੧੪ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਿਹ ਪਿੰਡੇ ਰੋਡੇ ਵਾਲ ਜ਼ਿਲਾ ਫਿਰੋਜ਼ਪੁਰ ✻

ਪੁਰਖ ਅਬਿਨਾਸ਼ੀ ਸ੍ਰੀ ਭਗਵਾਨਾ, ਅਕਲ ਕਲਾ ਸਮਾਇਆ । ਖੇਲੇ ਖੇਲ ਦੋ ਜਹਾਨਾਂ, ਦਿਸ ਕਿਸੇ ਨਾ ਆਇਆ । ਜੋਤੀ ਨੂਰ ਹਰਿ ਮਹਾਨਾ, ਆਪਣਾ ਆਪ ਉਪਾਇਆ । ਸ਼ਬਦ ਜਣਾਏ ਸਚ ਤਰਾਨਾ, ਏਕਾ ਨਾਦ ਵਜਾਇਆ । ਧੁਨ ਅਨਾਦੀ ਗਾਏ ਗਾਨਾ, ਗਾਵਣਹਾਰ ਸਦਾ ਅਖਵਾਇਆ । ਸੰਤ ਸੁਹੇਲੇ ਗੁਰਮੁਖ ਵਿਰਲੇ ਸਾਚਾ ਮੇਲਾ ਮੇਲ ਮਿਲਾਨਾ, ਦਰ ਘਰ ਸਾਚਾ ਇਕ ਵਖਾਇਆ । ਮਨ ਮਤ ਬੁਧ ਹੋਏ ਹੈਰਾਨਾ ਭੇਵ ਨਾ ਪਾਏ ਚਤੁਰ ਸੁਘੜ ਸਿਆਨਾ, ਜੋਤ ਨਿਰੰਜਣ ਕਵਣ ਟਿਕਾਨਾ, ਆਪ ਆਪਣਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਬਿਨਾਸ਼ੀ ਕਰਤਾ ਆਪ ਅਖਵਾਇਆ । ਇਕ ਇਕੱਲਾ ਏਕੰਕਾਰਾ, ਏਕਾ ਧਾਰ ਵਹਾਈਆ । ਸ੍ਰਿਸ਼ਟ ਸਬਾਈ ਕਰ ਪਸਾਰਾ, ਹਰ ਘਟ ਬੈਠਾ ਆਸਣ ਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਖ਼ਸ਼ੇ ਸਚ ਸੱਚੀ ਸਰਨਾਈਆ । ਭੇਵ ਅਭੇਦਾ ਅਛਲ ਅਛੇਦਾ ਖੇਲੇ ਖੇਲ ਖੇਲਣਹਾਰਾ, ਜੁਗ ਜੁਗ ਆਪਣਾ ਭੇਖ ਵਟਾਈਆ । ਆਦਿ ਸ਼ਕਤ ਆਦਿ ਨਿਰੰਜਣ ਪੁਰਖ ਅਗੰਮਾ ਖੇਲ ਅਪਾਰਾ, ਵਿਚ ਸੰਸਾਰਾ ਆਪਣਾ ਆਪੇ ਰਿਹਾ ਕਰਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਲਏ ਹੁਲਾਰਾ, ਸਾਚਾ ਝੂਲਾ ਆਪ ਝੁਲਾਈਆ । ਸੰਤ ਸੁਹੇਲੇ ਕਰ ਪਿਆਰਾ, ਮਿਲੇ ਮੇਲ ਗਿਰਵਰ ਗਿਰਧਾਰਾ, ਨਿਰਗੁਣ ਸਰਗੁਣ

ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਆਸਣ ਲਾਈਆ । ਨਿਰਗੁਣ ਰੂਪ ਹਰਿ ਸਮਾਇਆ, ਸਰਗੁਣ ਜੋਤ ਜਗਾਇੰਦਾ । ਸਰਗੁਣ ਸਾਚਾ ਜੋਗ ਕਮਾਇਆ, ਏਕਾ ਰਾਗ ਸੁਣਾਇੰਦਾ । ਏਕਾ ਰਾਗ ਨਾਦ ਵਜਾਇਆ, ਪੰਚਮ ਸੇਵਾ ਲਾਇੰਦਾ । ਪੰਚਮ ਸੇਵਕ ਸੇਵ ਕਮਾਇਆ, ਸਚ ਤਰਾਨਾ ਇਕ ਸੁਣਾਇੰਦਾ । ਅਲੱਖ ਅਭੇਵਾ ਵਡ ਵੱਡਾ ਦੇਵੀ ਦੇਵਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਗੁਰਮੁਖ ਵਿਰਲਾ ਗਾਏ ਰਸਨਾ ਜਿਹਵਾ, ਕੌਸਤਕ ਮਣੀਆ ਲਾਏ ਸਾਚਾ ਥੇਵਾ, ਔਖੀ ਘਾਟੀ ਪਾਰ ਕਰਾਇੰਦਾ । ਆਪ ਜਗਾਏ ਜੋਤ ਜਲਾਏ ਪਾਰ ਕਰਾਏ ਔਖੀ ਘਾਟੀ, ਸ਼ਬਦ ਸਹਾਰਾ ਹਰਿ ਨਿਰੰਕਾਰਾ ਏਕਾ ਏਕ ਸਿਖਾਇੰਦਾ । ਅੰਮ੍ਰਿਤ ਆਤਮ ਸਤਿ ਸਰੋਵਰ ਤੀਰਥ ਤਾਟੀ, ਏਕਾ ਏਕ ਵਖਾਇੰਦਾ । ਜੋਤ ਜਗਾਏ ਕਾਇਆ ਮਾਟੀ, ਅਗਿਆਨ ਅੰਧੇਰ ਮਿਟਾਇੰਦਾ । ਬਜਰ ਕਪਾਟੀ ਜਿਸ ਜਨ ਪਾਟੀ, ਸਾਚੀ ਹਾਟੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਭਗਤਨ ਮੀਤਾ ਇਕ ਅਤੀਤਾ, ਨਾਮ ਸੁਣਾਏ ਸਾਚੀ ਗੀਤਾ, ਸਾਚਾ ਸ਼ਬਦ ਜਣਾਇੰਦਾ । ਨਾਮ ਗੀਤਾ ਸਚ ਗਿਆਨ, ਗੁਰਮੁਖ ਵਿਰਲਾ ਪਾਇੰਦਾ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਆਪ ਆਪਣੀ ਬੂਝ ਬੁਝਾਇੰਦਾ । ਜੋਤ ਲਲਾਟੀ ਤੇਜ ਮਹਾਨ, ਕਾਇਆ ਮੰਦਰ ਅੰਦਰ ਇਕ ਟਿਕਾਇੰਦਾ । ਗੁਰਮੁਖ ਸਾਚੇ ਕਰ ਪਛਾਨ, ਮਾਇਆ ਜੰਦਰ ਆਪ ਤੁੜਾਇੰਦਾ । ਸਚ ਭੂਮਿਕਾ ਹਰਿ ਅਸਥਾਨ, ਦਸਮ ਦਵਾਰੀ ਇਕ ਸੁਹਾਇੰਦਾ । ਸ਼ਬਦ ਸਿੰਘਾਸਣ ਵੇਖ ਵਿਖਾਨ, ਆਤਮ ਸੇਜਾ ਆਸਣ ਲਾਇੰਦਾ । ਪੰਚਮ ਵਾਰੋ ਵਾਰ ਗਾਇਣ, ਸਾਚੀ ਸੇਵ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰੇ ਆਤਮ ਦਰ, ਸਾਚੀ ਮੰਡਲ ਸਾਚੀ ਰਾਸ ਰਚਾਇੰਦਾ । ਸਾਚੇ ਮੰਡਲ ਸਾਚੀ ਰਾਸ, ਏਕਾ ਏਕ ਵਖਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਪਤਾਲਾਂ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਆਪ ਉਪਾਏ, ਆਪੇ ਕਰੇ ਕਰਾਵਣਹਾਰਾ, ਮਾਸ ਥਿਤ ਵਾਰ ਰੁੱਤ ਆਪਣੇ ਹੱਥ ਰਖਾਈਆ । ਮਨਮੁਖ ਕਾਇਆ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਦਿਸੇ ਪਰਭਾਸ, ਸਤਿ ਸਰੂਪ ਨਾ ਨਜ਼ਰੀ ਆਈਆ । ਕਲਜੁਗ ਮਮਤਾ ਮਦਿਰਾ ਮਾਸ, ਰਸਨਾ ਰਸ ਕਰੇ ਹਲਕਾਈਆ । ਹਰਿਜਨ ਸਾਚਾ ਹਰਿ ਹਰਿ ਦਾਸ, ਹਰਿ ਗੁਣ ਸਾਚਾ ਰਿਹਾ ਗਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਲੇਖੇ ਲਾਏ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਈਆ । ਜੁਗ ਜੁਗ ਜਨ ਭਗਤਾਂ ਪੂਰੀ ਕਰੇ ਆਸ, ਪੂਰਬ ਲਹਿਣਾ ਝੋਲੀ ਪਾਈਆ । ਆਪੇ ਹੋਇਆ ਦਾਸੀ ਦਾਸ, ਸੇਵਕ ਸੇਵਾ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਭੇਖ ਅਪਾਰ, ਭੇਵ ਕਿਸੇ ਨਾ ਪਾਇਆ । ਸ਼ਬਦ ਡੰਕ ਅਪਰ ਅਪਾਰ, ਚਾਰੋਂ ਕੁੰਟ ਰਿਹਾ ਵਜਾਇਆ । ਰਾਓ ਰੰਕ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇਆ । ਕਲਜੁਗ ਤੇਰੀ ਅੰਤਮ ਵਾਰਾ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਚਾਰ ਵਰਨ ਸੁਹਾਏ ਇਕ ਦਵਾਰਾ, ਊਚਾਂ ਨੀਚਾਂ ਭੇਵ ਚੁਕਾਇਆ । ਸ਼ਬਦ ਖੰਡਾ ਤੇਜ ਕਟਾਰਾ, ਦੋ ਜਹਾਨੀ ਪਾਵੇ ਸਾਰਾ, ਲੋਆਂ ਪੁਰੀਆਂ ਵੇਖ ਕਿਨਾਰਾ, ਆਪ ਆਪਣਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਕਲਜੁਗ ਵੇਲਾ ਵਕਤ ਸੁਹਾਇਆ । ਕਲਜੁਗ ਤੇਰੀ ਕਾਲੀ ਧਾਰ, ਚਾਰ ਕੁੰਟ ਅੰਧੇਰਾ ਛਾਇਆ । ਧਰਤਮਾਤ ਕਰੇ ਪੁਕਾਰ, ਨੇਤਰ ਰੋ ਰੋ ਨੀਰ ਵਹਾਇਆ । ਪ੍ਰਭ ਦਰ ਰੋਵੇ ਧਾਹਾਂ

੭੬੩ ੦੬

ਮਾਰ, ਦੋਏ ਜੋੜ ਸੀਸ ਝੁਕਾਇਆ । ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਗਲ ਵਿਚ ਪੱਲਾ ਪਾਇਆ । ਈਸਾ ਮੂਸਾ ਬਣ ਭਿਖਾਰ, ਕਾਲਾ ਸੂਸਾ ਤਨ ਛੁਹਾਇਆ । ਨਾਨਕ ਗੋਬਿੰਦ ਕਰ ਵਿਚਾਰ, ਦਰ ਦਵਾਰਾ ਮੰਗਣ ਆਇਆ । ਵੇਦ ਵਿਆਸਾ ਲੇਖ ਲਿਖਾਰ, ਲਿਖ ਲਿਖ ਲੇਖਾ ਆਪ ਸਮਝਾਇਆ । ਬ੍ਰਹਿਮਣ ਗੌੜ ਪੂਤ ਸਪੂਤਾ ਮੀਤ ਮੁਰਾਰ, ਪਰਗਟ ਹੋਏ ਵਿਚ ਸੰਸਾਰ, ਉਚ ਪਹਾੜੇ ਡੇਰਾ ਲਾਇਆ । ਬਜਰ ਕਪਾਟੀ ਸਿਲਾ ਪਾੜ, ਮੇਟ ਮਿਟਾਏ ਝੂਠੀ ਧਾੜ, ਏਕਾ ਵੇਖੇ ਸਚ ਅਖਾੜ, ਜੰਬੂ ਦੀਪ ਰੁਤ ਸੁਹਾਇਆ । ਖੇਲੇ ਖੇਲ ਸਤਾਰਾਂ ਹਾੜ, ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ, ਨਾਲ ਰਲਾਏ ਮੌਤ ਲਾੜੀ ਕਾਲ ਮਹਾਂਕਾਲ, ਦਰ ਦਵਾਰੇ ਫੇਰਾ ਪਾਇਆ । ਧਰਮ ਰਾਏ ਅੱਖ ਰਿਹਾ ਉਘਾੜ, ਤੈਗੁਣ ਮਾਇਆ ਤੇਰਾ ਤਤ ਪ੍ਰਭ ਸਾਚਾ ਦੇਵੇ ਸਾੜ, ਪੰਜ ਤਤ ਨਾ ਉਬਲੇ ਰੱਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਵਿਚ ਸੰਸਾਰ । ਕਲਜੁਗ ਖੇਲ ਖੇਲਣਹਾਰਾ, ਪਾਰਬ੍ਰਹਮ ਬੇਅੰਤਾ । ਹਰਿਜਨ ਸਾਚੇ ਮੇਲਣਹਾਰਾ, ਮੇਲ ਮਿਲਾਏ ਸਾਚੇ ਸੰਤਾ । ਨਾਰੀ ਕੰਤ ਹੰਢਾਵਣਹਾਰਾ, ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ । ਅੰਮ੍ਰਿਤ ਆਤਮ ਧਾਰ ਇਕ ਵਹਾਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਗੰਗ ਵਹੰਤਾ । ਸਾਚੀ ਗੰਗਾ ਆਤਮ ਜਲ, ਏਕਾ ਧਾਰ ਵਹਾਈਆ । ਦੂਈ ਦਵੈਤੀ ਮੇਟੇ ਸੱਲ, ਸਾਂਤਕ ਸਤਿ ਵਰਤਾਈਆ । ਰਾਜਸ ਤਾਮਸ ਮੰਗੇ ਦਰ, ਬੈਠੇ ਝੋਲੀ ਡਾਹੀਆ । ਹਰਿ ਹਰਿ ਆਪਣੀ ਕਿਰਪਾ ਕਰ, ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਭਗਵਾਨਾ, ਏਕਾ ਜੋਤ ਜਗਾਈਆ । ਅਗਾਧ ਬੋਧੀ ਧੁਰ ਫ਼ਰਮਾਨਾ, ਸ਼ਬਦੀ ਸ਼ਬਦ ਜਣਾਈਆ । ਲੋਆਂ ਪੁਰੀਆਂ ਖੰਡਾਂ ਬ੍ਰਹਿਮੰਡਾਂ ਵੇਖੇ ਮਾਰ ਧਿਆਨਾ, ਉਤਭੁਜ ਸੇਤਜ ਜੇਰਜ ਅੰਡਾ ਵੇਖ ਵਖਾਈਆ । ਆਪੇ ਗੋਪੀ ਆਪੇ ਕਾਹਨਾ, ਆਪੇ ਆਪਣੀ ਰਾਸ ਰਚਾਈਆ । ਆਪੇ ਰਾਵਣ ਆਪੇ ਰਾਮਾ, ਲੰਕਾ ਗੜ੍ਹ ਆਪ ਤੁੜਾਈਆ । ਆਪ ਵਜਾਏ ਸ਼ਬਦ ਦਮਾਮਾ, ਸਾਚਾ ਡੰਕਾ ਇਕ ਰਖਾਈਆ । ਜੁਗ ਜੁਗ ਪੂਰ ਕਰਾਏ ਆਪਣਾ ਕਾਮਾ, ਦੂਸਰ ਕੋਇ ਨਾ ਸੰਗ ਰਖਾਈਆ । ਕਲਜੁਗ ਮਿਟੇ ਰੈਣ ਅੰਧੇਰੀ ਸ਼ਾਮਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਲੱਖ ਚੁਰਾਸੀ ਕਰੇ ਕਾਮਾ, ਸੋਹੰ ਏਕਾ ਬਾਜ ਉਡਾਈਆ । ਪੁਰਖ ਅਬਿਨਾਸ਼ੀ ਅੰਤਰਯਾਮਾ, ਹਰ ਘਟ ਅੰਦਰ ਮੰਦਰ ਵੇਖ ਵਖਾਈਆ । ਪੱਲੇ ਨਾ ਦਿਸੇ ਕਿਸੇ ਸੱਚਾ ਦਾਮਾ, ਸਾਧ ਸੰਤ ਜੀਵ ਜੰਤ ਮਾਇਆ ਮਮਤਾ ਲੋਭ ਹੰਕਾਰਾ ਬੈਠੇ ਝੋਲੀ ਭਰਾਈਆ । ਇਕ ਇਕੱਲਾ ਏਕੰਕਾਰਾ, ਸ੍ਰਿਸ਼ਟ ਸਬਾਈ ਪਾਵੇ ਸਾਰਾ, ਗੁਰਮੁਖਾਂ ਵੇਖੇ ਸਚ ਦਵਾਰਾ, ਕਵਣ ਵਸਤ ਮਿਲੀ ਦਸਤ ਗੁਰ ਪੂਰੇ ਹੱਥ ਫੜਾਈਆ । ਏਕਾ ਰੰਗ ਰੰਗਾਏ ਕੀਟ ਹਸਤ, ਊਚ ਨੀਚ ਰਾਓ ਰੰਕ, ਇਕ ਸੁਹਾਏ ਦਵਾਰ ਬੰਕ, ਬੰਕ ਦਵਾਰੀ ਆਪ ਅਖਵਾਈਆ । ਖੇਲੇ ਖੇਲ ਵਾਸੀ ਪੁਰੀ ਘਨਕ, ਗੁਰਮੁਖ ਸਾਚੇ ਅੰਗ ਲਗਾਏ ਜਿਉਂ ਜਨ ਜਨਕ, ਸੁਰਤ ਸਵਾਣੀ ਸਚ ਸਪੁਤਰੀ ਸੀਤਾ ਰਾਮਾ ਆਪ ਪਰਨਾਈਆ । ਕਲਜੁਗ ਤੇਰਾ ਜੂਠਾ ਝੂਠਾ ਧਨੁਖ, ਅੰਤਮ ਵਾਰ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਸ੍ਰਿਸ਼ਟ ਸਬਾਈ ਝੂਠਾ ਨਾਤਾ, ਕਲਜੁਗ ਸੰਗ ਰਲਾਇਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਪਿਤਾ ਪੂਤ ਨਾ ਕੋਈ ਅਖਵਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਨਾ ਕੋਈ ਜਗਤ ਜੁਗਤ ਸਾਚੀ ਦਾਤ, ਬਿਨ

ਹਰਿ ਨਾਮੇ ਖਾਲੀ ਹੱਥ ਰਖਾਇਆ । ਗੁਰਮੁਖ ਵਿਰਲੇ ਮੇਲਾ ਕਮਲਾਪਾਤ, ਪਤਿਪਰਮੇਸ਼ਵਰ ਏਕਾ ਪਾਇਆ । ਵੇਲੇ ਅੰਤਮ ਪੁੱਛੇ ਵਾਤ, ਦਰ ਦਰਬਾਨ ਦਰ ਦਰ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਦੀਪਕ ਜੋਤੀ ਆਪਣਾ ਆਪ ਜਗਾਇਆ ।

## ❊ ੨੨ ਜੇਠ ੨੦੧੪ ਬਿਕ੍ਰਮੀ ਮਾਲਾ ਸਿੰਘ ਦੇ ਘਰ ਪਿੰਡ ਸਮਾਲਸਰ ਜ਼ਿਲਾ ਫਿਰੋਜ਼ਪੁਰ ❊

ਕਲਜੁਗ ਕੂੜ ਪਸਾਰ ਅੰਧੇਰਾ ਛਾਇਆ । ਚਾਰੋਂ ਕੁੰਟ ਅੰਧ ਅੰਧਿਆਰ, ਜੀਵ ਜੰਤ ਰਹੇ ਬਿਲਲਾਇਆ । ਸਾਧ ਸੰਤ ਨਾ ਪਾਇਨ ਸਾਰ, ਬੈਠੇ ਮੁਖ ਛੁਪਾਇਆ । ਮਿਲਿਆ ਮੇਲ ਨਾ ਕੰਤ ਭਤਾਰ, ਆਤਮ ਸੇਜ ਨਾ ਕੋਇ ਹੰਢਾਇਆ । ਮਾਇਆ ਸੁੱਤੇ ਪੈਰ ਪਸਾਰ, ਗੂੜ੍ਹੀ ਨੀਂਦ ਨਾ ਕੋਏ ਉਠਾਇਆ । ਪੰਜ ਤਤ ਵਿਕਾਰਾ ਕਰ ਅਹਾਰ, ਤ੍ਰਿਸ਼ਨਾ ਮੋਹ ਵਧਾਇਆ । ਕਾਮ ਕ੍ਰੋਧ ਤਨ ਸ਼ਿੰਗਾਰ, ਜੂਠਾ ਝੂਠਾ ਬਸਤਰ ਪਾਇਆ । ਹਉਮੇ ਹੰਗਤਾ ਰੋਗ ਅਪਾਰ, ਕੂੜ ਕੱਪੜ ਇਕ ਹੰਢਾਇਆ । ਭੁੱਖਾ ਨੰਗਤਾ ਵਿਚ ਸੰਸਾਰ, ਕਲਜੁਗ ਡੌਰੂ ਰਿਹਾ ਵਾਹਿਆ । ਗੁਰਮੁਖ ਵਿਰਲਾ ਸੰਤ ਦੁਲਾਰ, ਪੁਰਖ ਅਬਿਨਾਸ਼ੀ ਰਿਹਾ ਗਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਦਇਆ ਕਮਾਇਆ । ਆਤਮ ਦਰਸੀ ਸ਼ਬਦ ਅਪਾਰ, ਧੁਨ ਆਤਮਕ ਇਕ ਉਪਜਾਇਆ । ਉਪਜੇ ਧੁਨ ਸੱਚੀ ਧੁਨਕਾਰ, ਅਨਹਦ ਸਾਚੀ ਸੇਵਾ ਲਾਇਆ । ਪੰਚਮ ਮੇਲਾ ਹਰਿ ਨਿਰੰਕਾਰ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਜੁਗ ਜੁਗ ਮੇਲਾ ਆਪਣੇ ਹੱਥ ਰਖਾਇਆ । ਜੁਗ ਜੁਗ ਮੇਲ ਮਿਲਾਵਣਹਾਰਾ, ਏਕਾ ਏਕੰਕਾਰਾ । ਸ੍ਰਿਸ਼ਟ ਸਬਾਈ ਕਰ ਪਸਾਰਾ, ਆਪੇ ਬੰਨ੍ਹੇ ਆਪਣੀ ਧਾਰਾ । ਜੁਗ ਜੁਗ ਲੈ ਮਾਤ ਅਵਤਾਰਾ, ਖੇਲੇ ਖੇਲ ਸਿਰਜਨਹਾਰਾ । ਸਤਿਜੁਗ ਤ੍ਰੇਤਾ ਦੁਆਪਰ ਵੇਖ ਪਸਾਰਾ, ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਪਰ ਅਪਾਰਾ । ਕਲਜੁਗ ਖੇਲ ਖਿਲਾਵਣਹਾਰਾ, ਏਕਾ ਏਕ ਗੋਬਿੰਦਾ । ਗੁਰ ਗੋਬਿੰਦਾ ਮੇਲ ਮਿਲਾਵਣਹਾਰਾ, ਮੇਟ ਮਿਟਾਏ ਸਗਲੀ ਚਿੰਦਾ । ਹਰਿਜਨ ਸਾਚੇ ਉਠਾਵਣਹਾਰਾ, ਆਪ ਉਪਜਾਏ ਸਾਚੀ ਬਿੰਦਾ । ਹਸਤ ਕੀਟ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਰੰਗ ਰੰਗਾਵਣਹਾਰਾ, ਦੇਵੇ ਨਾਮ ਇਕ ਅਨਡੀਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਕਾਇਆ ਚੋਲੀ ਚਾਹੜੇ ਰੰਗ ਮਜੀਠਾ । ਕਾਇਆ ਚੋਲੀ ਰੰਗ ਰੰਗਾਏ, ਰੰਗਣਹਾਰ ਦਾਤਾਰਾ । ਹਰਿਜਨ ਸਾਚਾ ਸੰਗ ਨਿਭਾਏ, ਆਦਿਨ ਅੰਤਾ ਏਕੰਕਾਰਾ । ਏਕਾ ਅੱਖਰ ਜਾਪ ਜਪਾਏ, ਏਕਾ ਦੂਜਾ ਜਾਪ ਜਪਾਏ, ਤੀਜਾ ਨੇਤਰ ਖੋਲ੍ਹ ਵਖਾਏ, ਦਰਸ ਦਿਖਾਏ ਨੈਣ ਮੁੰਧਾਰਾ । ਚੌਥੇ ਘਰ ਮੇਲ ਮਿਲਾਏ, ਆਪ ਅਪਣਾ ਭੇਖ ਵਟਾਏ, ਸ਼ਬਦ ਸਰੂਪੀ ਰਚਨ ਰਚਾਏ, ਜੋਤ ਸਰੂਪੀ ਕਰ ਅਕਾਰਾ । ਪੰਚਮ ਮੇਲਾ ਸਹਿਜ ਸੁਭਾਏ, ਏਕਾ ਤਨ ਰਬਾਬ ਵਜਾਏ, ਰਸਨਾ ਖਿਚੇ ਵਾਰੋ ਵਾਰਾ । ਛੇਵਾਂ ਦਰ ਸਹਿਜ ਸੁਭਾਏ, ਛੱਪਰ ਛੰਨ ਨਾ ਕੋਇ ਰਖਾਏ, ਚਾਰ ਦੀਵਾਰ ਨਾ ਕੋਇ ਰਖਾਏ, ਗੁਰਦਰ ਮੰਦਰ ਮਸਜਿਦ ਕੋਇ ਦਿਸ ਨਾ ਆਏ, ਖਾਣੀ ਬਾਣੀ ਨਾ ਕੋਈ ਅਲ੍ਹਾਏ, ਬ੍ਰਹਮਾ ਲੇਖ ਨਾ ਕੋਈ ਲਿਖਾਰਾ । ਵੇਦ ਵਿਆਸਾ ਨਜ਼ਰ ਨਾ ਆਏ, ਅੰਜੀਲ ਕੁਰਾਨ ਨਾ ਕੋਈ ਪੜ੍ਹਾਏ, ਦਰ ਸਾਚਾ ਇਕ ਸੁਹਾਈਆ । ਆਪ ਆਪਣੀ

੭੬੬
੦੬

ਜੋਤ ਜਗਾਏ, ਨਿਝ ਘਰ ਬੈਠਾ ਆਸਣ ਲਾਏ, ਸਤਿ ਪੁਰਖ ਨਿੰਰਜਨ ਆਦਿ ਜੁਗਾਦਿ ਵਿਚ ਬ੍ਰਹਮਾਦਿ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਦਰ ਘਰ ਸਾਚਾ ਇਕ ਸੁਹਾਏ । ਸਾਚਾ ਘਰ ਸ਼ਬਦ ਬਨਵਾਰੀ, ਏਕਾ ਏਕ ਰਖਾਇਆ । ਮਹਲ ਅਟਲ ਉਚ ਅਟਾਰੀ, ਏਕਾ ਨਾਉਂ ਧਰਾਇਆ । ਸਚ ਸਿੰਘਾਸਣ ਬੈਠ ਗਿਰਧਾਰੀ, ਆਪਣਾ ਆਸਣ ਲਾਇਆ । ਨਾ ਕੋਈ ਦਿਸੇ ਚੋਬਦਾਰੀ, ਨਾ ਕੋਈ ਸੇਵਕ ਸੇਵਾ ਰਿਹਾ ਕਮਾਇਆ । ਨਾ ਕੋਈ ਸਾਧ ਸੰਤ ਗੁਰ ਪੀਰ ਅਵਤਾਰ ਕਰੇ ਨਿਮਸਕਾਰੀ, ਇਕ ਇਕੱਲਾ ਨਰ ਨਿਰੰਕਾਰ ਸਚ ਸਿੰਘਾਸਣ ਡੇਰਾ ਲਾਇਆ । ਨਾ ਕੋਈ ਖੰਡਾ ਨਾ ਕੋਈ ਕਟਾਰੀ, ਤਨ ਬਸਤਰ ਸ਼ਸਤਰ ਨਾ ਕੋਈ ਸਜਾਇਆ । ਅਬਿਨਾਸ਼ੀ ਕਰਤਾ ਆਪ ਅਪਣਾ ਕਰ ਉਜਿਆਰੀ, ਆਪ ਆਪਣੇ ਰੰਗ ਸਮਾਇਆ । (ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ,) ਸਤਿ ਪੁਰਖ ਨਿਰੰਜਨ ਆਦਿ ਸ਼ਕਤ ਆਦਿਨ ਅੰਤਾ ਏਕਾ ਰੂਪ ਸ਼ਾਹੋ ਭੂਪ ਸਤਿ ਸਰੂਪ ਸਮਾਇਆ । ਸਤਿ ਸਰੂਪ ਸਤਿ ਸਤਿਵਾਦ, ਹਰਿ ਸਾਚਾ ਘਰ ਸਜਾਇੰਦਾ । ਆਪੇ ਹੋਏ ਆਦਿ ਜੁਗਾਦਿ, ਦੂਸਰ ਕੋਈ ਨਾ ਸੰਗ ਰਖਾਇੰਦਾ । ਧੁਰ ਦਰਗਾਹੀ ਵਜਾਏ ਏਕਾ ਨਾਦ, ਲੋਆਂ ਪੁਰੀਆਂ ਰਿਹਾ ਸੁਣਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਅਰਾਧ, ਦਿਵਸ ਰੈਣ ਇਕ ਧਿਆਨ ਲਗਾਇੰਦਾ । ਲੱਖ ਚੁਰਾਸੀ ਆਪ ਉਪਾਏ ਮੋਹਣ ਮਾਧਵ ਮਾਧ, ਏਕਾ ਰਾਹ ਚਲਾਏ ਸ਼ਬਦ ਜਣਾਈ ਬੋਧ ਅਗਾਧ, ਸੰਤ ਸੁਹੇਲੇ ਆਪ ਜਗਾਇੰਦਾ । ਅੱਖਰ ਵੱਖਰ ਦੇਵੇ ਦਾਦ, ਹਰਿ ਨਾਮਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਦਰ ਘਰ ਸਾਚਾ ਇਕ ਸੁਹਾਇੰਦਾ । ਸਾਚਾ ਦਰ ਸ਼ਬਦ ਹੁਲਾਰਾ, ਏਕਾ ਏਕ ਰਖਾਇਆ । ਆਪੇ ਦੇਵੇ ਦੇਵਣਹਾਰਾ, ਚਾਰੋਂ ਕੁੰਟ ਰਿਹਾ ਫਿਰਾਇਆ । ਧਰਤ ਧਵਲ ਅਕਾਸ਼ ਪ੍ਰਕਾਸ਼ ਪਾਰ ਕਿਨਾਰਾ, ਲੋਕ ਪ੍ਰਲੋਕ ਅਵਣ ਗਵਣ ਭਵਣ ਰਿਹਾ ਫਿਰਾਇਆ । ਏਕਾ ਸ਼ਬਦ ਇਕ ਸਲੋਕ, ਆਪ ਸੁਣਾਏ ਤੀਨੋ ਲੋਕ, ਤ੍ਰੈਗੁਣ ਮਾਇਆ ਭੇਵ ਨਾ ਰਾਇਆ । ਬ੍ਰਹਿਮੰਡ ਖੰਡ ਪਾਏ ਵੰਡ ਜੇਰਜ ਅੰਡ ਉਤਭਜ ਸੇਤਜ ਕੋਇ ਨਾ ਸਕੇ ਰੋਕ, ਖਾਣੀ ਬਾਣੀ ਰਹੀ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਇਕ ਵਖਾਏ ਸਾਚਾ ਘਰ ਦਵਾਰਾ ਦਿਸ ਨਾ ਆਇਆ । ਦਰ ਦਰਵਾਜ਼ਾ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਲੋਆਂ ਪੁਰੀਆਂ ਵਸਿਆ ਬਾਹਰ, ਭੇਵ ਕੋਈ ਨਾ ਪਾਇਆ । ਰਵ ਸਸ ਸੂਰਜ ਚੰਨ ਗਏ ਹਾਰ, ਚਾਰੋਂ ਕੁੰਟ ਫੇਰ ਫਿਰਾਇਆ । ਰਿਖ ਮੁਨ ਗੁਰ ਪੀਰ ਸਾਧ ਸੰਤ ਕੋਇ ਨਾ ਪਾਵੇ ਸਾਰ, ਅਗੰਮ ਅਗੰਮ ਅਗੰਮੜੇ ਧਾਮ ਸੁਹਾਇਆ । ਔਲੀਆ ਪੀਰ ਸ਼ੇਖ ਮੁਸਾਇਕ ਦਸਤਗੀਰ ਚੜ੍ਹ ਚੜ੍ਹ ਗਏ ਹਾਰ, ਸਾਚਾ ਡੰਡਾ ਕਿਸੇ ਹੱਥ ਨਾ ਆਇਆ । ਜੁਗ ਜੁਗ ਪ੍ਰਭ ਲਏ ਅਵਤਾਰ, ਬ੍ਰਹਿਮੰਡਾਂ ਖੋਜ ਖੁਜਾਇਆ । ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਾਮਾ ਭੇਖ ਵਟਾਇਆ । ਮਨਮੁਖ ਭੁੱਲੇ ਜੀਵ ਗਵਾਰ, ਅਭੇਦ ਭੇਦਾ ਭੇਵ ਨਾ ਰਾਇਆ । ਅਛਲ ਅਛੱਲਾ ਵਿਚ ਸੰਸਾਰ, ਜੁਗ ਜੁਗ ਕਰਦਾ ਆਇਆ । ਇਕ ਅਕੱਲਾ ਏਕੰਕਾਰ, ਏਕੰਕਾਰਾ ਰੂਪ ਸਮਾਇਆ । ਸ਼ਬਦ ਮਹੱਲਾ ਕਰ ਤਿਆਰ, ਆਪ ਅਪਣਾ ਦਰ ਸੁਹਾਇਆ । ਨਿਰਮਲ ਜੋਤੀ ਕਰ ਉਜਿਆਰ, ਸਚ ਪ੍ਰਕਾਸ਼ ਵਖਾਇਆ । ਨਾ ਕੋਈ ਦੀਸੇ ਧੂਆਂਧਾਰ, ਅੰਧ ਅੰਧੇਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਇਕ ਸੁਹਾਏ ਸਾਚਾ ਦਰ, ਦਵਾਰਾ ਇਕ ਰਖਾਇਆ । ਬੰਦ ਦਰਵਾਜਾ ਗ਼ਰੀਬ ਨਿਵਾਜਾ, ਆਪਣਾ ਆਪ ਕਰਾਇਆ । ਆਪ ਆਪਣਾ ਸਾਜਨ ਸਾਜਾ, ਬਾਡੀ ਕੋਇ ਨਾ ਅੰਗ ਲਗਾਇਆ । ਏਕਾ ਰੱਖੇ ਸਾਚਾ ਤਾਜਾ, ਗੁਰ ਸ਼ਬਦੀ ਨਾਉਂ ਰਖਾਇਆ । ਦੋ ਜਹਾਨੀ

੭੬੭
੦੬

ਰੱਖੇ ਲਾਜਾ, ਆਵਣ ਜਾਵਣ ਆਪਣਾ ਗੇੜ ਕਟਾਇਆ । ਕਲਜੁਗ ਜੋਤ ਜਗਾਏ ਦੇਸ ਮਾਝਾ, ਭੇਵ ਰਹੇ ਨਾ ਰਾਇਆ । ਭਗਤ ਸੁਹੇਲਾ ਰੱਖੇ ਲਾਜਾ, ਲਾਜਾਵੰਤ ਆਪ ਅਖਵਾਇਆ । ਕਲਜੁਗ ਤੇਰਾ ਰਚਿਆ ਕਾਜਾ, ਲੱਖ ਚੁਰਾਸੀ ਤੇਰਾ ਸੰਗ ਬਣਾਇਆ । ਲਾੜੀ ਮੌਤ ਮੰਗੇ ਦਾਜਾ, ਅੱਗੇ ਆਪਣੀ ਝੋਲੀ ਡਾਹਿਆ । ਧਰਮ ਰਾਏ ਖੋਲ੍ਹ ਦਰਵਾਜਾ, ਖਾਲੀ ਕੁੰਡਾਂ ਰਿਹਾ ਕਰਾਇਆ । ਕਾਲ ਦਵਾਰੇ ਆਇਆ ਭਾਜਾ, ਹਰਿ ਸਾਚਾ ਸੇਵਾ ਲਾਇਆ । ਮਹਾਂਕਾਲ ਦਰ ਰਿਹਾ ਸਾਜਾ, ਦੋਏ ਜੋੜ ਸੀਸ ਝੁਕਾਇਆ । ਚਾਰੋਂ ਕੁੰਟ ਲਗਾਏ ਆਂਚਾ, ਏਕਾ ਜੋਤੀ ਲੰਬੂ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਰ ਇਕ ਸੁਹਾਇਆ । ਕਾਲ ਮਹਾਂਕਾਲ ਬਣ ਭਿਖਾਰ, ਪ੍ਰਭ ਅੱਗੇ ਦੇਣ ਦੁਹਾਈਆ । ਕਲਜੁਗ ਤੇਰੀ ਅੰਤਮ ਵਾਰ, ਦੋਵੇਂ ਬੈਠੇ ਸੀਸ ਝੁਕਾਈਆ । ਲਾੜੀ ਮੌਤ ਕਰ ਸ਼ਿੰਗਾਰ, ਗਲ ਬੈਠੀ ਪੱਲਾ ਪਾਈਆ । ਧਰਮ ਸਪੁੱਤਰੀ ਸਚ ਦੁਲਾਰ, ਵਰ ਮੰਗੇ ਬੇਪਰਵਾਹੀਆ । ਲੱਖ ਚੁਰਾਸੀ ਵੇਖ ਵਿਚਾਰ, ਹੱਥ ਫੂਲਨ ਮਾਲਾ ਰਹੀ ਉਠਾਈਆ । ਮਿਲੇ ਮੇਲ ਕੰਤ ਭਤਾਰ, ਨੇਤਰ ਨੈਣ ਕੱਜਲ ਰਹੀ ਪਾਈਆ । ਸੰਮਤ ਚੌਦਾਂ ਹੋ ਤਿਆਰ, ਹੱਥੀਂ ਮਹਿੰਦੀ ਲਾਲ ਰੰਗਾਈਆ । ਧਰਮ ਰਾਏ ਦੀ ਸਚ ਸਪੁਤਰੀ ਕੰਨਿਆ ਮੁਟਿਆਰ, ਦੋਵੇਂ ਭੁਜਾਂ ਰਹੀ ਉਠਾਈਆ । ਖੁਲ੍ਹੇ ਕੇਸ ਰੋਵੇ ਜ਼ਾਰੋ ਜ਼ਾਰ, ਵਿਸ਼ਨੂੰ ਅੱਗੇ ਰਹੀ ਕੁਰਲਾਈਆ । ਬ੍ਰਹਮਾ ਅੱਠੇ ਨੇਤਰ ਰਿਹਾ ਉਘਾੜ, ਚਾਰੋਂ ਕੁੰਟ ਵੇਖ ਵਖਾਈਆ । ਸ਼ਿਵ ਸ਼ੰਕਰ ਰੋਵੇ ਧਾਹਾਂ ਮਾਰ, ਬਾਸ਼ਕ ਤਸਕਾ ਗਲ ਲਟਕਾਈਆ । ਕ੍ਰੋੜ ਤੇਤੀਸਾ ਤੇਰੀ ਕੋਈ ਨਾ ਸੁਣੇ ਪੁਕਾਰ, ਜਗਤ ਜਗਦੀਸੇ ਜੋਤ ਜਗਾਈਆ । ਕਲਜੁਗ ਅੰਤਮ ਆਈ ਹਾਰ, ਮਾਇਆ ਰਾਣੀ ਦਰ ਪ੍ਰਨਾਈਆ । ਪ੍ਰਗਟ ਹੋਇਆ ਨਿਹਕਲੰਕ ਨਰਾਇਣ ਨਰ ਅਵਤਾਰ, ਸ਼ਬਦ ਖੰਡਾ ਹੱਥ ਉਠਾਈਆ । ਖੇਲੇ ਖੇਲ ਅਪਰ ਅਪਾਰ, ਬ੍ਰਹਿਮੰਡਾਂ ਖੋਜ ਖੁਜਾਈਆ । ਜੇਰਜ ਅੰਡਾਂ ਪਾਵੇ ਸਾਰ, ਲੁਕਿਆ ਕੋਈ ਰਹਿਣ ਨਾ ਪਾਈਆ । ਭੇਖ ਪਖੰਡਾ ਕਰੇ ਪੁਕਾਰ, ਏਕਾ ਮਾਰਗ ਸਚ ਚਲਾਈਆ । ਚਾਰ ਵਰਨਾਂ ਇਕ ਦਵਾਰ ਊਚਾ ਨੀਚਾ ਭੇਵ ਚੁਕਾਈਆ । ਏਕਾ ਅੱਖਰ ਕਰਾਏ ਜੈ ਜੈਕਾਰ, ਦੀਪਾਂ ਲੋਆਂ ਰਿਹਾ ਸੁਣਾਈਆ । ਨੌਂ ਖੰਡ ਪ੍ਰਿਥਮੀ ਕਰ ਵਿਚਾਰ, ਸਤਿ ਸੰਤੋਖੀ ਧੀਰ ਧਰਾਈਆ । ਨਾਤਾ ਤੁੱਟੇ ਕਾਮ ਕਰੋਧ ਲੋਭ ਮੋਹ ਹੰਕਾਰ, ਮਨਮਤ ਰਹੀ ਕੁਰਲਾਈਆ । ਗੁਰਮਤ ਦੇਵੇ ਸਹਿਜ ਸਾਚੀ ਧਾਰ, ਕਾਇਆ ਮੰਦਰ ਅੰਦਰ ਆਪ ਟਿਕਾਇਆ । ਨਿਰਮਲ ਜੋਤੀ ਕਰ ਆਕਾਰ, ਮਸਤਕ ਗਗਨ ਜੋਤ ਨਿਰੰਜਣ ਕਰੇ ਰੁਸ਼ਨਾਈਆ । ਮੁਖ ਲਗਾਏ ਸਾਚਾ ਸਗਨ, ਸੋਹੰ ਸਾਚੀ ਚੋਗ ਚੁਗਾਈਆ । ਤਨ ਬਸਤਰ ਚਾੜ੍ਹੇ ਏਕਾ ਰੰਗਨ, ਲੋਕਮਾਤ ਉਤਰ ਨਾ ਜਾਈਆ । ਆਪ ਰਖਾਏ ਆਪਣੇ ਅੰਗਨ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੁਹਾਏ ਸਾਚਾ ਦਰ, ਦਰ ਦਵਾਰਾ ਬੰਦ ਕਰਾਈਆ । ਦਰ ਦਰਵਾਜਾ ਕੀਆ ਬੰਦ, ਆਪਣੀ ਕਲ ਵਰਤਾਈਆ । ਪੜ੍ਹ ਪੜ੍ਹ ਥੱਕੇ ਰਾਗ ਛਤੀਸਾ ਛੰਦ, ਰਾਗ ਰਾਗਨੀ ਰਹੇ ਅਲਾਈਆ । ਕਿਸੇ ਨਾ ਪਾਇਆ ਪਰਮਾਨੰਦ, ਨਿਜਾਨੰਦ ਰਹੇ ਗਵਾਈਆ । ਸਤਿ ਪੁਰਖ ਨਾ ਜਾਣੇ ਛੰਦ, ਸੀਤਲ ਸਾਂਤਕ ਧਾਰ ਨਾ ਕੋਈ ਵਹਾਈਆ । ਮਨਮਤੀ ਜੀਵ ਆਤਮ ਅੰਧ, ਦੂਰ ਦੁਰਾਡਾ ਦਿਸੇ ਪੰਧ, ਔਖੇ ਘਾਟ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਕਿਰਪਾ ਦੇਵੇ ਕਰ, ਆਤਮ ਖੋਲ੍ਹੇ ਸਾਚਾ ਦਰ, ਬੰਦ ਕਵਾੜੀ ਤੋੜ ਤੁੜਾਈਆ । ਗੁਰਮੁਖ ਧੰਨ ਕਮਾਈ, ਹਰਿ ਧਨ ਪਾਇਆ । ਮਨਮੁਖ ਸਦਾ ਜੁਦਾਈ, ਰੋ ਰੋ ਦਏ ਦੁਹਾਇਆ । ਗੁਰਮੁਖ ਸਚ ਕੁੜਮਾਈ, ਗੁਰ ਸ਼ਬਦੀ ਜੋੜ ਜੋੜ

ਜੁੜਾਇਆ । ਮਨਮੁਖ ਭੇਵ ਨਾ ਰਾਈ, ਜੂਠੇ ਝੂਠੇ ਧੰਦੇ ਲਾਇਆ । ਗੁਰਮੁਖ ਧੰਨ ਵਧਾਈ, ਘਰ ਸਾਚਾ ਇਕ ਸੁਹਾਇਆ । ਮਨਮੁਖ ਪਈ ਫਾਹੀ, ਗਲ ਫਾਸੀ ਇਕ ਲਟਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਰਾਇਆ । ਹਰਿਜਨ ਸਾਜਨ ਸਾਚੇ ਮੀਤ, ਸਤਿਗੁਰ ਪੁਰਖ ਮਨਾਇਆ । ਸਤਿਗੁਰ ਸਾਚਾ ਠਾਂਡਾ ਸੀਤ, ਏਕਾ ਰੰਗ ਸਮਾਇਆ । ਆਪੇ ਵਸਣਹਾਰਾ ਚੀਤ, ਚਿਤ ਵਿਤ ਨਾ ਕੋਇ ਠਗੌਰੀ ਪਾਇਆ । ਜਿਸ ਜਨ ਬਖ਼ਸ਼ੇ ਚਰਨ ਪ੍ਰੀਤ, ਚਰਨੋਧਕ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰਾਹ ਵਖਾਈਆ । ਏਕਾ ਰਾਹ ਸ਼ਬਦ ਮਲਾਹ, ਹਰਿ ਸਾਚਾ ਮਾਤ ਰਖਾਇੰਦਾ । ਦੇਵਣਹਾਰਾ ਸਚ ਸਲਾਹ, ਸਾਚੇ ਮਾਰਗ ਲਾਇੰਦਾ । ਪਕੜ ਉਠਾਏ ਫੜ ਫੜ ਬਾਂਹ, ਬੇੜਾ ਪਾਰ ਕਰਾਇੰਦਾ । ਨਿਥਾਵਿਆਂ ਦੇਵੇ ਸਾਚਾ ਥਾਂ, ਚਰਨ ਦਵਾਰਾ ਇਕ ਵਖਾਇੰਦਾ । ਕਾਗ ਹੰਸ ਦਏ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਧਾਮ ਸੁਹਾਇੰਦਾ ।



### ❊ ਪਹਿਲੀ ਹਾੜ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਤ੍ਰੈਗੁਣ ਮਾਇਆ ਤੇਰੀ ਧਾਰ, ਪ੍ਰਭ ਸਾਚੇ ਮਾਤ ਵਹਾਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਤਿਆਰ, ਸਾਚੀ ਸੇਵਾ ਲਾਈਆ । ਆਪੇ ਹੋਇਆ ਪਹਿਰੇਦਾਰ, ਦਿਵਸ ਰੈਣ ਰਿਹਾ ਗਾਈਆ । ਪੰਜ ਤਤ ਕਰ ਖ਼ਬਰਦਾਰ, ਏਕਾ ਡੰਕ ਵਜਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਆਕਾਰ, ਸਰਗੁਣ ਰੂਪ ਵਟਾਈਆ । ਨਿਰਗੁਣ ਖੇਲੇ ਖੇਲ ਅਪਾਰ, ਦਿਸ ਕਿਸੇ ਨਾ ਆਈਆ । ਮਨ ਮਤ ਬੁਧ ਜੋਤ ਅਧਾਰ, ਜੋਤੀ ਜੋਤ ਸਮਾਈਆ । ਜੋਤ ਨਿਰੰਜਣ ਕਰ ਅਕਾਰ, ਦੀਪਕ ਹੱਥ ਫੜਾਈਆ । ਵੇਖਣਹਾਰਾ ਅੰਦਰ ਬਾਹਰ, ਗੁਪਤ ਜ਼ਾਹਿਰ ਭੇਵ ਨਾ ਰਾਈਆ । ਲੱਖ ਚੁਰਾਸੀ ਕਰ ਤਿਆਰ, ਆਪ ਆਪਣੀ ਰਚਨ ਰਚਾਈਆ । ਰੂਪ ਅਨੂਪਾ ਸਤਿ ਸਰੂਪਾ ਹਰਿ ਨਿਰੰਕਾਰ, ਨਿਜ ਘਰ ਬੈਠਾ ਆਸਣ ਲਾਈਆ । ਧਾਮ ਅਵੱਲਾ ਅਪਰ ਅਪਾਰ, ਚਾਰ ਦਿਵਾਰ ਨਾ ਕੋਈ ਰਖਾਈਆ । ਅਗੰਮ ਅਗੋਚਰ ਅਲੱਖ ਅਧਾਰ, ਭੇਵ ਅਭੇਦਾ ਭੇਦ ਛੁਪਾਈਆ । ਵੇਦ ਕਿਤੇਬਾ ਨਾ ਪਾਇਣ ਸਾਰ, ਪੜ੍ਹ ਪੜ੍ਹ ਥੱਕੇ ਮਾਤ ਲੋਕਾਈਆ । ਜੀਵ ਜੰਤ ਸਾਧ ਸੰਤ ਗੁਰ ਪੀਰ ਲੈ ਅਵਤਾਰ, ਆਵਣ ਜਾਵਣ ਰਚਨ ਰਚਾਈਆ । ਪੁਰਖ ਅਗੰਮਾ ਵਸਿਆ ਬਾਹਰ, ਅਗੰਮ ਅਗੰਮੜੇ ਧਾਮ ਸੁਹਾਈਆ । ਇਕ ਇਕੱਲਾ ਨਰ ਨਿਰੰਕਾਰ, ਨਿਰਗੁਣ ਰੂਪ ਸਮਾਈਆ । ਜੋਤ ਸਰੂਪੀ ਕਰ ਆਕਾਰ, ਆਦਿ ਸ਼ਕਤ ਆਦਿ ਭਵਾਨੀ ਏਕਾ ਨਾਉਂ ਰਖਾਈਆ । ਸ਼ਬਦ ਜਣਾਏ ਧੁਰ ਫ਼ਰਮਾਣਾ, ਅਗਾਧ ਬੋਧ ਜਣਾਈਆ । ਅਗਾਧ ਬੋਧ ਅਕੱਥ ਕਥਾ ਕਹਾਣੀ, ਰਸਨਾ ਕਥ ਨਾ ਸਕੇ ਰਾਈਆ । ਸਰਬ ਕਲਾ ਆਪੇ ਸਮਰਥ, ਵੇਖ ਵਖਾਏ ਥਾਉਂ ਥਾਈਂਆ । ਜੁਗ ਜੁਗ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਈਆ । ਕਲਜੁਗ ਅੰਤਮ ਸੀਆਂ ਚੁਕਾਏ ਸਾਢੇ ਤਿੰਨ ਤਿੰਨ ਹੱਥ, ਅੱਠ ਸੱਠ ਵੇਖ ਵਖਾਈਆ । ਸਤਿਜੁਗ ਚਲਾਏ ਸਾਚੀ ਗਥ, ਸਤਿ ਪੁਰਖ ਨਿਰੰਜਣ ਆਪ ਰਘੁਰਾਈਆ । ਖੇਲੇ ਖੇਲ ਜਿਉਂ ਰਾਮਾ ਘਰ ਦਸਰਥ, ਕਾਹਨਾ ਕ੍ਰਿਸ਼ਨਾ ਭੇਖ ਵਟਾਈਆ । ਪਰਗਟ

੭੬੮
੦੬

ਹੋਏ ਕਮਲਾਪਤ, ਕਵਲ ਨੈਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਵੇਖ ਘਰ, ਵੇਖਣਹਾਰਾ ਵੇਖ ਵਖਾਈਆ । ਤ੍ਰੈਗੁਣ ਮਾਇਆ ਹੱਟ ਪਸਾਰ, ਪ੍ਰਭ ਸਾਚੇ ਵੇਖ ਵਿਚਾਰ, ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕ ਸ਼ਬਦ ਡੰਕਾ ਚਾਰੋਂ ਕੁੰਟਾਂ ਆਪ ਵਜਾ ਰਿਹਾ । ਰਾਓ ਰੰਕਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਆਪ ਉਠਾ ਰਿਹਾ । ਬ੍ਰਹਮਾ ਸ਼ਿਵ ਦੇਵਤ ਸੁਰ ਦਏ ਹੁਲਾਰ, ਪੁਰੀਆਂ ਲੋਆਂ ਆਪ ਜਗਾ ਰਿਹਾ । ਦੋ ਜਹਾਨਾਂ ਰਾਜ ਰਾਜਾਨਾਂ ਕਰੇ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾ ਰਿਹਾ । ਗੁਰ ਗੋਬਿੰਦ ਕਰ ਤਿਆਰ, ਹਰਿ ਸਾਚਾ ਸੰਗ ਨਿਭਾ ਰਿਹਾ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾ ਰਿਹਾ । ਕਲਗੀ ਤੋੜਾ ਸੀਸ ਅਪਾਰ, ਨਾਮ ਨਾਮਾ ਆਪ ਵਖਾ ਰਿਹਾ । ਜੋਤੀ ਜੋੜਾ ਵਿਚ ਸੰਸਾਰ, ਸ਼ਬਦ ਘੋੜਾ ਆਪ ਦੁੜਾ ਰਿਹਾ । ਵੇਖੇ ਪਰਖੇ ਮਿੱਠਾ ਕੌੜਾ, ਲੱਖ ਚੁਰਾਸੀ ਫੋਲ ਫੁਲਾ ਰਿਹਾ । ਧੁਰਦਰਗਾਹੀ ਆਇਆ ਦੌੜਾ, ਬ੍ਰਹਿਮਣ ਗੌੜਾ ਨਾਉਂ ਰਖਾ ਲਿਆ । ਪੂਤ ਸਪੂਤਾ ਲਾਏ ਪਹਿਲਾ ਪੌੜਾ, ਬਜਰ ਕਪਾਟੀ ਸਾਚੀ ਸਿਲਾ ਉਚੇ ਪਰਬਤ ਚਰਨ ਛੁਹਾ ਰਿਹਾ । ਆਪੇ ਤੋੜਨਹਾਰਾ ਕਿਲ੍ਹਾ ਕੋਟ ਹੰਕਾਰੀ ਗੜ੍ਹ, ਕਲਜੁਗ ਤੇਰਾ ਛਿਲਾ ਪੂਰ ਕਰਾ ਰਿਹਾ । ਸਤਿ ਪੁਰਖ ਨਿਰੰਜਣ ਅੱਗੇ ਖੜ, ਗੁਰ ਗੋਬਿੰਦਾ ਵੇਖ ਵਖਾ ਰਿਹਾ । ਦਸਮ ਦਵਾਰੀ ਚੋਟੀ ਚੜ੍ਹ, ਅੰਦਰ ਮੰਦਰ ਕੁੰਡਾ ਲਾ ਰਿਹਾ । ਸ਼ਬਦ ਸਰੂਪੀ ਬਾਹੋਂ ਫੜ, ਪਵਣ ਉਨੰਜਾ ਇਕ ਹੁਲਾਰ ਵਖਾ ਰਿਹਾ । ਤ੍ਰੈਗੁਣ ਮਾਇਆ ਜਾਏ ਸੜ, ਬ੍ਰਹਮਾ ਨੇਤਰ ਨੀਰ ਵਹਾ ਰਿਹਾ । ਸ਼ਿਵ ਸ਼ੰਕਰ ਏਕਾ ਅੱਖਰ ਪੜ੍ਹ, ਸੋ ਪੁਰਖ ਨਿਰੰਜਣ ਗਾ ਰਿਹਾ । ਹੰ ਹੰਗਤਾ ਜਾਏ ਮਰ, ਮਾਇਆ ਮੋਹ ਚੁਕਾ ਰਿਹਾ । ਸਾਚੀ ਸੰਗਤਾ ਜਾਏ ਤਰ, ਲੋਕਮਾਤੀ ਰਾਹ ਵਖਾ ਰਿਹਾ । ਨਿਹਕਲੰਕਾ ਖੋਲ੍ਹੇ ਦਰ, ਪੁਰਖ ਅਬਿਨਾਸ਼ੀ ਭੇਖ ਵਟਾ ਰਿਹਾ । ਚਾਰ ਵਰਨ ਨੁਹਾਏ ਏਕਾ ਸਰ, ਸਰ ਸਰੋਵਰ ਇਕ ਬਣਾ ਰਿਹਾ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਵਿਚ ਨਾ ਆ ਰਿਹਾ । ਆਪਣੀ ਕਰਨੀ ਆਪੇ ਕਰ, ਆਪ ਆਪਣੀ ਬਣਤ ਬਣਾ ਰਿਹਾ । ਸਾਧ ਸੰਤ ਹਰਿ ਜੋਤ ਧਰ, ਆਪ ਆਪਣੀ ਬੂਝ ਬੁਝਾ ਰਿਹਾ । ਗਿਆਨ ਧਿਆਨ ਦੇਵੇ ਵਰ, ਚਰਨ ਧੂੜ ਇਸ਼ਨਾਨ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਤੇਰਾ ਦਰ ਤੇਰੀ ਝੋਲੀ ਪਾ ਰਿਹਾ । ਤ੍ਰੈਗੁਣ ਮਾਇਆ ਤੇਰਾ ਦਾਨ, ਹਰਿ ਝੋਲੀ ਪਾਇੰਦਾ । ਲੋਕਮਾਤੀ ਕਰ ਇਸ਼ਨਾਨ, ਅੰਤਮ ਡੋਲੀ ਪਾਇੰਦਾ । ਜੂਠ ਝੂਠ ਨਾਲ ਰਲ ਜਾਨ, ਸਾਚਾ ਸੰਗ ਨਿਭਾਇੰਦਾ । ਖਾਲੀ ਠੂਠ ਦੋ ਜਹਾਨ, ਨਾਮ ਭਿਛਿਆ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲਹਿਣਾ ਦੇਣਾ ਮੂਲ ਅੰਤਮ ਅੰਤ ਚੁਕਾਇੰਦਾ । ਲਹਿਣਾ ਦੇਣਾ ਮੂਲ ਚੁਕਾਏ, ਅੰਤਮ ਵਾਰਿਆ । ਪੰਜ ਤਤ ਤ੍ਰਿਸੂਲ ਲਗਾਏ, ਸ਼ਿਵ ਸ਼ੰਕਰ ਭੁਜਾ ਉਸਾਰਿਆ । ਕੰਤ ਕੰਤੂਹਲ ਦੇ ਮਤ ਸਮਝਾਏ, ਏਕਾ ਦੇਵੇ ਸ਼ਬਦ ਹੁਲਾਰਿਆ । ਸੋਹੰ ਸੋ ਰਸਨਾ ਗਾਏ, ਏਕਾ ਦੂਜਾ ਭਉ ਨਿਵਾਰਿਆ । ਬਾਸ਼ਕ ਤਸ਼ਕਾ ਗਲ ਲਟਕਾਏ, ਢਹਿ ਪਏ ਚਰਨ ਦਵਾਰਿਆ । ਬ੍ਰਹਮਾ ਨੇਤਰ ਰਿਹਾ ਉਠਾਏ, ਚਾਰੇ ਮੁਖ ਰਸਨ ਉਚਾਰਿਆ । ਕਰੋੜ ਤੇਤੀਸਾ ਰਿਹਾ ਬਿਲਲਾਏ, ਸਪੁਤਰ ਰਾਜਾ ਇੰਦ ਹਾਹਾਕਾਰਿਆ । ਨੌ ਖੰਡ ਪ੍ਰਿਥਮੀ ਵੇਖ ਵਖਾਏ, ਸੱਤਾਂ ਦੀਪਾਂ ਕਰੇ ਖੁਆਰਿਆ । ਜੇਰਜ ਅੰਡਾ ਭੇਵ ਨਾ ਰਾਏ, ਉਤਭੁਜ ਸੇਤਜ ਪਾਰ ਕਿਨਾਰਿਆ । ਬ੍ਰਹਿਮੰਡਾਂ ਖੰਡਾਂ ਵੰਡ ਵੰਡਾਏ, ਲੋਆਂ ਪੁਰੀਆਂ ਪਾਸਾ ਹਾਰਿਆ । ਸੂਰਜ ਚੰਨਾ ਦਿਸ ਨਾ ਆਏ, ਰਵ ਸਸ ਅੰਧ ਅੰਧਿਆਰਿਆ । ਤਾਰਾ ਮੰਡਲ ਮੁਖ ਛੁਪਾਏ, ਊਚ ਨੀਚ ਨਾ ਕੋਈ ਵਖਾ ਰਿਹਾ । ਭੇਖ ਪਖੰਡਾ

੭੬੯
੦੬

ਰਹਿਣ ਨਾ ਪਾਏ, ਕਲਜੁਗ ਤੇਰੀ ਅੰਤਮ ਵਾਰਿਆ । ਕਲਜੁਗ ਕੰਢਾ ਇਕ ਵਖਾਏ, ਲੱਖ ਚੁਰਾਸੀ ਖੜੇ ਕਿਨਾਰਿਆ । ਧਰਮ ਰਾਏ ਡੰਡਾ ਇਕ ਵਖਾਏ, ਲਾੜੀ ਮੌਤ ਕਰੇ ਸ਼ਿੰਗਾਰਿਆ । ਚਿੱਤਰ ਗੁਪਤ ਲੇਖਾ ਲੇਖ ਲਿਖਾਏ, ਲਹਿਣਾ ਮੂਲ ਚੁਕਾ ਰਿਹਾ । ਪੁਰਖ ਅਬਿਨਾਸ਼ੀ ਭੇਖਾਧਾਰੀ ਭੇਖ ਵਟਾਏ, ਜੋਤੀ ਜਾਮਾ ਭੇਸ ਵਟਾ ਰਿਹਾ । ਧਾਰੀ ਕੇਸਾ ਪਕੜ ਹਿਲਾਏ, ਮੂੰਡ ਮੁੰਡਾਏ ਆਪ ਉਠਾ ਲਿਆ । ਨਰ ਨਰੇਸ਼ਾ ਕੋਈ ਰਹਿਣ ਨਾ ਪਾਏ, ਦਸ ਦਸਮੇਸ਼ ਜੋਤ ਜਗਾ ਲਿਆ । ਵਿਸ਼ਨ ਮਹੇਸ਼ਾ ਸੇਵਾ ਲਾਏ, ਗਣਪਤ ਨਾ ਪੂਜ ਪੁਜਾ ਲਿਆ । ਕੁਰਾਨ ਅੰਜ਼ੀਲ ਨਾ ਕੋਈ ਪੜ੍ਹਾਏ, ਈਸਾ ਮੂਸਾ ਖਾਕ ਮਿਲਾ ਰਿਹਾ । ਨੇਤਰ ਨੈਣ ਨੀਰ ਵਹਾਏ, ਗਲ ਪਲੜਾ ਏਕਾ ਪਾ ਲਿਆ । ਖਾਣੀ ਬਾਣੀ ਦਏ ਦੁਹਾਏ, ਭੇਵ ਅਭੇਦਾ ਭੇਵ ਨਾ ਆ ਲਿਆ । ਵੇਦ ਪੁਰਾਨ ਬੈਠੇ ਮੁਖ ਛੁਪਾਏ, ਵੇਦ ਵਿਆਸਾ ਦਿਸ ਨਾ ਆ ਰਿਹਾ । ਕਲਜੁਗ ਅੰਤਮ ਵੇਖ ਵਖਾਏ, ਪੁਰਖ ਅਬਿਨਾਸ਼ੀ ਬਣਤ ਬਣਾ ਲਿਆ । ਲੇਖਾ ਲੇਖ ਆਪਣੇ ਹੱਥ ਰਖਾਏ, ਲਿਖਣਹਾਰਾ ਆਪ ਅਖਵਾ ਲਿਆ । ਧਰਤ ਮਾਤ ਮਸਤਕ ਮੇਖ ਲਗਾਏ, ਆਪ ਆਪਣੀ ਦਇਆ ਕਮਾ ਰਿਹਾ । ਨੇਤਰ ਪੇਖ ਖੇਲ ਰਚਾਏ, ਸਾਚਾ ਸੰਗ ਨਿਭਾ ਰਿਹਾ । ਦਰ ਦਰਵੇਸ਼ ਆਪ ਅਖਵਾਏ, ਦਰ ਭਗਤਾਂ ਡੇਰਾ ਲਾ ਲਿਆ । ਜੋਤੀ ਮੇਲਾ ਸਹਿਜ ਸੁਖਦਾਏ, ਹਰਿ ਸ਼ਬਦੀ ਜੋਗ ਕਮਾ ਲਿਆ । ਰਾਗ ਅਨਾਦੀ ਇਕ ਅਲ੍ਹਾਏ, ਅਨਹਦ ਢੋਲ ਵਜਾ ਲਿਆ । ਦੀਪਕ ਜੋਤੀ ਜੋਤ ਜਗਾਏ, ਅੰਧ ਅੰਧੇਰ ਮਿਟਾ ਲਿਆ । ਵਰਨ ਗੋਤ ਕੋਈ ਰਹਿਣ ਨਾ ਪਾਏ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾ ਲਿਆ । ਦਵਾਰ ਬੰਕਾ ਇਕ ਸੁਹਾਏ, ਆਪ ਆਪਣਾ ਭੇਖ ਵਟਾ ਲਿਆ । ਗੁਰਮੁਖ ਉਧਾਰੇ ਜਿਉਂ ਜਨ ਜਨਕਾ, ਨਾਮ ਦਾਨ ਹਰਿ ਝੋਲੀ ਪਾ ਲਿਆ । ਲੇਖੇ ਲਾਏ ਪੂਤ ਸਪੂਤਾ, ਸਨਕ ਸਨੰਦਨ ਸੰਤ ਕੁਮਾਰਾ ਵੇਖ ਵਖਾ ਲਿਆ । ਖੇਲੇ ਖੇਲ ਬਾਰ ਅਨਕਾ, ਏਕਾ ਏਕ ਹਰਿ ਰਘੁਰਾਏ । ਪਰਗਟ ਹੋਏ ਵਾਸੀ ਪੁਰੀ ਘਨਕਾ, ਏਕਾ ਡੰਕ ਵਜਾ ਲਿਆ । ਜਨ ਭਗਤਾਂ ਆਤਮ ਜੋਤੀ ਲਾਏ ਤਨਕਾ, ਨੇਤਰ ਲੋਚਨ ਨੈਣ ਦਿਸ ਨਾ ਆ ਰਿਹਾ । ਆਪੇ ਫੇਰਨਹਾਰਾ ਮਨ ਕਾ ਮਣਕਾ, ਪੰਜ ਤਤ ਹਰਿ ਮੋਹ ਚੁਕਾ ਲਿਆ । ਜੋਤੀ ਸ਼ਬਦੀ ਮੇਲਾ ਤਨ ਕਾ, ਮਤ ਤਤ ਹਰਿ ਇਕ ਬੁਝਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਦਰ, ਕਲਜੁਗ ਅੰਤਮ ਵੇਖ ਵਖਾ ਲਿਆ । ਕਲਜੁਗ ਮਾਇਆ ਤੇਰਾ ਜਾਲ, ਤ੍ਰੈਗੁਣ ਆਪ ਪਸਾਰਿਆ । ਆਪੇ ਵੇਖੇ ਸ਼ਾਹ ਕੰਗਾਲ, ਵੇਖਣਹਾਰਾ ਦਿਸ ਨਾ ਆ ਰਿਹਾ । ਦੋ ਜਹਾਨਾਂ ਬਣ ਦਲਾਲ, ਆਰ ਪਾਰ ਆਪ ਜਣਾ ਰਿਹਾ । ਲੱਖ ਚੁਰਾਸੀ ਹਾਲ ਬੇਹਾਲ, ਧਰਮਸਾਲ ਨਾ ਕੋਈ ਜਣਾ ਰਿਹਾ । ਫਲ ਨਾ ਦਿਸੇ ਕਿਸੇ ਡਾਲ੍ਹ, ਕਾਇਆ ਖਾਲੀ ਖੱਲ ਵਖਾ ਰਿਹਾ । ਜੂਠਾ ਝੂਠਾ ਵੱਜੇ ਤਾਲ, ਨਾਮ ਤਲਵਾੜਾ ਨਾ ਕੋਈ ਵਜਾ ਲਿਆ । ਅੰਮ੍ਰਿਤ ਆਤਮ ਭਰੇ ਨਾ ਸਾਚਾ ਤਾਲ, ਸਰ ਸਰੋਵਰ ਨਾ ਕੋਈ ਨੁਹਾ ਰਿਹਾ । ਬਿਨ ਗੁਰ ਪੂਰੇ ਕੋਈ ਨਾ ਤੋੜੇ ਜਗਤ ਜੰਜਾਲ, ਆਵਣ ਜਾਵਣ ਨਾ ਕੋਈ ਮਿਟਾ ਰਿਹਾ । ਦੀਪਕ ਜੋਤੀ ਮਸਤਕ ਥਾਲ, ਸਾਚੇ ਗਗਨ ਨਾ ਕੋਈ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਮਾਇਆ ਤੇਰਾ ਦਰ, ਦਰ ਦਵਾਰੇ ਫੇਰਾ ਪਾ ਰਿਹਾ । ਤ੍ਰੈਗੁਣ ਮਾਇਆ ਤੇਰਾ ਹੱਟ, ਹਰਿ ਸਾਚਾ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਤੀਰਥ ਤਟ, ਸਾਧ ਸੰਤ ਨਾ ਕੋਈ ਆਸਣ ਲਾਇੰਦਾ । ਜੋਤ ਨਾ ਜਗੇ ਕਾਇਆ ਮੱਟ, ਅੰਧ ਅੰਧੇਰ ਨਾ ਕੋਈ ਮਿਟਾਇੰਦਾ । ਪੱਲੇ ਨਾ ਦਿਸੇ ਨਾਮ ਗੱਠ, ਸਾਚਾ ਵਣਜ ਨਾ ਕੋਈ ਕਰਾਇੰਦਾ । ਝੂਠਾ

ਮੰਦਰ ਜਾਣਾ ਢੱਠ, ਅੰਤ ਰਹਿਣ ਨਾ ਪਾਇੰਦਾ । ਲੇਖਾ ਚੁੱਕੇ ਅੱਠ ਸੱਠ, ਗੰਗਾ ਗੋਦਾਵਰੀ ਵੇਖ ਵਖਾਇੰਦਾ । ਗੁਰ ਦਰ ਮੰਦਰ ਮਸਜਿਦ ਜਗਤ ਇਕੱਠ, ਜੋਗ ਜੁਗੀਸ਼ਰ ਨਾ ਕੋਈ ਵਖਾਇੰਦਾ । ਭੇਵ ਨਾ ਜਾਨਣ ਤਤ ਅੱਠ, ਨਾ ਕੋਈ ਪੰਚਮ ਮੂਲ ਚੁਕਾਇੰਦਾ । ਹਉਮੇ ਹੰਗਤਾ ਪੈਣਾ ਭੱਠ, ਤ੍ਰਿਸ਼ਨਾ ਅਗਨੀ ਨਾ ਕੋਈ ਬੁਝਾਇੰਦਾ । ਆਪੇ ਗੇੜਨਹਾਰਾ ਉਲਟੀ ਲੱਠ, ਆਪਣੀ ਕਲ ਵਰਤਾਇੰਦਾ । ਜਨ ਭਗਤਾਂ ਮੇਲ ਮਿਲਾਏ ਨੱਠ ਨੱਠ, ਦਿਵਸ ਰੈਣ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਮਾਇਆ ਜਾਏ ਹਰ, ਲੱਖ ਚੁਰਾਸੀ ਮੁਖ ਭਵਾਇੰਦਾ । ਤ੍ਰੈਗੁਣ ਮਾਇਆ ਰਹੀ ਕੁਰਲਾ, ਹੋਣੀ ਮਾਤ ਜੁਦਾਈਆ । ਬ੍ਰਹਮੇ ਰੋ ਰੋ ਰਹੀ ਸੁਣਾ, ਨਾ ਹੋਵੇ ਕੋਈ ਸਹਾਈਆ । ਬ੍ਰਹਮਾ ਬੈਠਾ ਮੁਖ ਭਵਾ, ਪ੍ਰਭ ਸਾਚੇ ਹੱਥ ਵਡਿਆਈਆ । ਖੁਲ੍ਹੜੇ ਕੇਸ ਗਲ ਵਿਚ ਪਾ, ਵਿਸ਼ਨੂੰ ਅੱਗੇ ਆਈ ਕਰ ਕਰ ਧਾਈਆ । ਵਿਸ਼ਨੂੰ ਵੰਸੀ ਰਿਹਾ ਕੁਰਲਾ, ਹਉਂ ਸੇਵਕ ਸੇਵਾ ਰਿਹਾ ਕਮਾਈਆ । ਸ਼ਿਵ ਸ਼ੰਕਰ ਫੜਾਏ ਆਪਣੀ ਬਾਂਹ, ਮਾਤ ਪਿਤ ਪੂਤ ਅਖਵਾਈਆ । ਸਾਚਾ ਹਿਤ ਨਾ ਬਣਿਆ ਮਿਤ ਕੋਈ ਨਾ, ਹੱਥ ਬੈਠਾ ਤ੍ਰਿਸੂਲ ਛੁਡਾਈਆ । ਬਿਨ ਹਰਿ ਕੋਈ ਨਾ ਦੀਸੇ ਛਾਂ, ਆਪ ਉਪਾਏ ਆਪੇ ਦਏ ਮਿਟਾਈਆ । ਕਰੋੜ ਤੇਤੀਸਾ ਤੇਰੀ ਛਾਂ, ਦੂਰ ਦੁਰਾਡੇ ਵੇਖ ਵਖਾਈਆ । ਚਾਰੋਂ ਕੁੰਟ ਦਿਸੇ ਨਾ, ਨਾ ਕੋਈ ਦੀਸੇ ਭੈਣ ਭਾਈਆ । ਰਜੋ ਤਮੋ ਸਤੋ ਨਾ ਕੋਈ ਥਾਂ, ਤ੍ਰੈਗੁਣ ਨਾ ਧੀਰ ਧਰਾਈਆ । ਸੁਰਪਤ ਰਾਜਾ ਇੰਦ ਰੋਵੇ ਗਲ ਵਿਚ ਪਾ ਬਾਂਹ, ਵੇਲਾ ਅੰਤਮ ਦਏ ਦੁਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣੀ ਰਚਨਾ ਲਈ ਰਚਾ, ਲੋਕਮਾਤੀ ਜੋਤ ਜਗਾਈਆ । ਨਿਹਕਲੰਕਾ ਨਾਉਂ ਰਖਾ, ਸ਼ਬਦ ਡੰਕਾ ਇਕ ਵਜਾਈਆ । ਪਕੜ ਉਠਾਏ ਥਾਉਂ ਥਾਂ, ਮਾਣ ਤਾਣ ਸਰਬ ਮਿਟ ਜਾਈਆ । ਲੋਆਂ ਪੁਰੀਆਂ ਘਰ ਘਰ ਉਡਣੇ ਕਾਂ, ਥਿਰ ਕੋਈ ਰਹਿਣ ਨਾ ਪਾਈਆ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਆਪ ਅਖਵਾਈਆ । ਗੁਰਮੁਖਾਂ ਪਕੜੇ ਏਕਾ ਬਾਂਹ, ਦੂਸਰ ਕਿਸੇ ਹੱਥ ਨਾ ਆਈਆ । ਆਪ ਜਪਾਏ ਆਪਣਾ ਨਾਂ, ਲਿਖਣ ਪੜ੍ਹਨ ਵਿਚ ਨਾ ਆਈਆ । ਖਾਣੀ ਬਾਣੀ ਦਏ ਉਪਾ, ਗੁਰ ਪੀਰ ਸੇਵਾ ਲਾਈਆ । ਅੰਤਮ ਆਪੇ ਦਏ ਖਪਾ, ਨਾ ਕੋਈ ਦੂਸਰ ਸੰਗ ਰਖਾਈਆ । ਚੌਦਾਂ ਲੋਕਾਂ ਰਿਹਾ ਢਾਹ, ਚੌਦਾਂ ਤਬਕਾਂ ਰਿਹਾ ਮਿਟਾਈਆ । ਸੰਗ ਮੁਹੰਮਦ ਚਾਰ ਯਾਰ ਨਾ ਕੋਈ ਦੇਵੇ ਠੰਢੀ ਛਾਂ, ਉਮਤ ਰਸੂਲ ਰਹੀ ਕੁਰਲਾਈਆ । ਸੁਣੇ ਪੁਕਾਰ ਧਰਤ ਗਊ ਮਾਂ, ਨੇਤਰ ਨੀਰ ਰਹੀ ਵਹਾਈਆ । ਕਲਜੁਗ ਮਾਇਆ ਰਹੀ ਖਾ, ਆਪ ਆਪਣਾ ਅਹਾਰ ਕਰਾਈਆ । ਤੁਧ ਬਿਨ ਕਵਣ ਦਵਾਰੇ ਜਾ, ਸਾਧ ਸੰਤ ਨਾ ਕੋਈ ਸੁਹਾਈਆ । ਪੁਰਖ ਅਬਿਨਾਸ਼ੀ ਕਰੀ ਹਾਂ, ਕਲਜੁਗ ਅੰਤਮ ਵੇਖ ਵਖਾਈਆ । ਧਰਤ ਮਾਤ ਵੇਖੇ ਰਾਹ, ਦਿਵਸ ਰੈਣ ਨੈਣ ਉਠਾਈਆ । ਪਾਰਬ੍ਰਹਮ ਪ੍ਰਭ ਸਾਚੇ ਲੱਗੇ ਚੰਗਾ ਕਿਹੜਾ ਥਾਂ, ਭੂਮਿਕਾ ਧਾਮ ਦਏ ਸੁਹਾਈਆ । ਨਗਰ ਖੇੜਾ ਇਕ ਗਰਾਂ, ਸੰਬਲ ਨਗਰੀ ਨਾਉਂ ਰਖਾਈਆ । ਗੁਰ ਗੋਬਿੰਦੇ ਪਕੜੇ ਬਾਂਹ, ਆਪ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਘਰ, ਲੋਕਮਾਤ ਮਾਰ ਧਿਆਨ, ਇਕ ਇਕਾਂਤ ਵੇਖ ਵਖਾਈਆ । ਥਿਰ ਘਰ ਸ਼ਬਦ ਅਪਾਰ, ਹਰਿ ਉਪਾਇਆ । ਨਾ ਕੋਈ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਇਆ । ਨਾ ਕੋਈ ਬਾਡੀ ਕਰੇ ਤਿਆਰ, ਨਾ ਕੋਈ ਵੇਖ ਵਖਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣਾ ਧਾਮ ਸੁਹਾਇਆ । ਦੀਪਕ ਜੋਤੀ ਕਰ ਉਜਿਆਰ, ਏਕਾ ਏਕ ਟਿਕਾਇਆ । ਪਵਣ ਪਵਣੀ ਨਾ ਦਿਸੇ ਹੁਲਾਰ,

੭੭੧
੦੬

ਨਾ ਕੋਈ ਹਵਨੀ ਹਵਨ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬਣਾਏ ਏਕਾ ਘਰ, ਸਾਚਾ ਨਾਉਂ ਰਖਾਇਆ । ਥਿਰ ਘਰ ਸਚ ਮਹੱਲਾ, ਹਰਿ ਏਕਾ ਏਕ ਉਸਾਰਿਆ । ਆਪੇ ਵਸੇ ਇਕ ਇਕੱਲਾ, ਆਪ ਆਪਣੇ ਰੂਪ ਸਮਾ ਰਿਹਾ । ਨਾ ਕੋਈ ਦੀਸੇ ਜਲ ਥਲਾ, ਨਾ ਕੋਈ ਧਰਤ ਧਵਲ ਟਿਕਾ ਰਿਹਾ । ਨਾ ਕੋਈ ਲਾਏ ਠੱਗ ਚੋਰ ਯਾਰ ਕਰ ਕਰ ਹੱਲਾ, ਨਾ ਕੋਈ ਜੰਦਰ ਅੰਦਰ ਤੁੜਾ ਰਿਹਾ । ਆਪਣਾ ਦਰ ਆਪੇ ਮੱਲਾ, ਘਰ ਸਾਚੇ ਆਸਣ ਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਆਪ ਵਸਾ ਲਿਆ । ਥਿਰ ਘਰ ਸਾਚਾ ਰੰਗ, ਹਰਿ ਏਕਾ ਏਕ ਰਖਾਇਆ । ਸ਼ਬਦ ਸਰੂਪੀ ਨਾਮ ਪਲੰਘ, ਅੰਦਰ ਮੰਦਰ ਡਾਹਿਆ । ਆਪ ਆਪਣੀ ਮੰਗੀ ਮੰਗ, ਘਰ ਆਪਣੇ ਮੰਗਣ ਆਇਆ । ਆਪ ਆਪਣੇ ਬੈਠਾ ਸੰਗ, ਨਾਰੀ ਕੰਤ ਰੂਪ ਆਪ ਅਖਵਾਇਆ । ਆਪ ਵਜਾਏ ਆਪਣਾ ਮਰਦੰਗ, ਆਪਣੀ ਤਾਰ ਸਿਤਾਰ ਹਿਲਾਇਆ । ਆਪੇ ਕਟੇ ਆਪਣੀ ਭੁੱਖ ਨੰਗ, ਆਪ ਆਪਣਾ ਆਹਾਰ ਕਰਾਇਆ । ਆਪੇ ਡੋਰੀ ਆਪ ਪਤੰਗ, ਆਪ ਆਪਣਾ ਰਿਹਾ ਉਡਾਇਆ । ਦਰ ਦਰਵਾਜਾ ਆਪਣਾ ਲੰਘ, ਆਪ ਉਪਰ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁਰਖ ਅਬਿਨਾਸ਼ੀ ਏਕਾ ਧਾਮ ਸੁਹਾਇਆ । ਸਚ ਭੂਮਿਕਾ ਸਾਚਾ ਥਾਨ, ਸਾਚੀ ਧਰਤ ਸੁਹਾਈਆ । ਸਾਚੀ ਗਊਆਂ ਸਾਚਾ ਕਾਹਨ, ਸਾਚਾ ਭੇਖ ਵਟਾਈਆ । ਸਾਚਾ ਨਾਮ ਸਚ ਨਿਸ਼ਾਨ, ਸਾਚੋ ਸਚ ਜਣਾਈਆ । ਅੰਮ੍ਰਿਤ ਸੀਰ ਪੀਣ ਖਾਣ ਧੁਰ ਦੀ ਬਾਣ ਰਖਾਈਆ । ਨਾਮ ਵਰੋਲੇ ਦੁੱਧ ਮਧਾਨ, ਕਰ ਕਿਰਪਾ ਆਪ ਵਧਾਈਆ । ਆਪੇ ਜਾਣੀ ਜਾਨਣ ਜਾਣ, ਆਪੇ ਵੇਖ ਵਖਾਈਆ । ਧਰਮ ਬਣਾਏ ਇਕ ਮਕਾਨ, ਮੰਡਲ ਮੰਡਪ ਮਾੜੀ ਸਰਬ ਢਹਿ ਜਾਈਆ । ਸੱਤ ਰੰਗ ਝੁਲਾਏ ਨਾਮ ਨਿਸ਼ਾਨ, ਅੱਖਰ ਵੱਖਰ ਲੇਖ ਲਿਖਾਈਆ । ਨੌ ਖੰਡ ਪ੍ਰਿਥਮੀ ਸਾਰੇ ਗਾਨ, ਚਾਰ ਵਰਨ ਇਕ ਸਰਨਾਈਆ । ਸੱਤਾਂ ਦੀਪਾਂ ਪਾਏ ਆਨ, ਪਾਰਬ੍ਰਹਮ ਸੱਚੀ ਸਰਨਾਈਆ । ਗੁਰਮੁਖ ਮੇਲਾ ਹਾਣੀ ਹਾਣ, ਸੱਜਣ ਸੁਹੇਲਾ ਆਪ ਮਿਲਾਈਆ । ਆਪੇ ਦੇਵੇ ਦਾਨੀ ਦਾਨ, ਆਤਮ ਝੋਲੀ ਆਪ ਭਰਾਈਆ । ਕਰੇ ਕਰਾਏ ਪੁਣ ਛਾਨ, ਚਾਰੋਂ ਕੁੰਟ ਵੇਖ ਵਖਾਈਆ । ਬਿਰਧ ਬਾਲ ਨੌਜਵਾਨ, ਵੇਸ ਅਵੇਸਾ ਵੇਸ ਵਟਾਈਆ । ਪੁਰਖ ਅਬਿਨਾਸ਼ੀ ਹਰਿ ਸੁਲਤਾਨ, ਸਾਚੇ ਘਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਜਣਾਈਆ । ਅੰਮ੍ਰਿਤ ਆਤਮ ਚਿੱਟਾ ਦੁੱਧ, ਸਾਚਾ ਸੀਰ ਵਖਾਇੰਦਾ । ਆਪੇ ਅਸਵ ਬਹਿ ਕੁੱਦ, ਚਾਰੋਂ ਕੰਟ ਦੁੜਾਇੰਦਾ । ਨਿਰਮਲ ਨਰਾਇਣ ਕਰੇ ਬੁੱਧ, ਨੌ ਧਾਰ ਵਹਾਇੰਦਾ । ਸੰਮਤ ਸੰਮਤੀ ਪਾਏ ਸੁੱਧ, ਵੇਲਾ ਆਪਣੇ ਹੱਥ ਰਖਾਇੰਦਾ । ਨੌ ਖੰਡ ਪ੍ਰਿਥਮੀ ਲੱਗਾ ਯੁੱਧ, ਧਰਮ ਯੁਧਿਸ਼ਟਰ ਆਪ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਇੰਦਾ ।

ਸਾਚਾ ਸੀਰ ਨਾਮ ਕਿਉੜਾ, ਹਰਿਜਨ ਆਪ ਭਰਾਇੰਦਾ । ਪੀਵਣਹਾਰਾ ਥੋੜਾ ਥੋੜਾ, ਜੋੜੀ ਜੋੜਾ ਜੋੜ ਜੁੜਾਇੰਦਾ । ਆਪੇ ਭੰਨੇ ਰੀਠਾ ਕੌੜਾ, ਦੁਰਮਤ ਮੈਲ ਗਵਾਇੰਦਾ । ਜਗਤ ਚੜ੍ਹਾਏ ਪਹਿਲਾ ਪੌੜਾ, ਏਕਾ ਰਾਹ ਵਖਾਇੰਦਾ । ਸੁਖਮਨ ਨਾੜੀ ਰਾਹ ਸੌੜਾ, ਬਿਨ ਗੁਰ ਪੂਰੇ ਨਾ ਕੋਈ ਪਾਰ ਕਰਾਇੰਦਾ । ਜਨ ਭਗਤਾਂ ਆਤਮ ਅੰਤਰ ਲੱਗੀ ਔੜਾ, ਦਿਵਸ ਰੈਣ ਬਿਲਲਾਇੰਦਾ । ਕਲਜੁਗ ਅੰਤਮ ਆਪੇ ਬਹੁੜਾ, ਆਪ ਆਪਣੀ

੭੭੨
੦੬

ਦਇਆ ਕਮਾਇੰਦਾ । ਧੁਰਦਰਗਾਹੀ ਆਇਆ ਦੌੜਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਾਚਾ ਨਗਰ ਸਚ ਗਰਾਮ ਸਾਚਾ ਧਾਮ ਨਾ ਕੋਈ ਜਾਣੇ ਲੰਬਾ ਚੌੜਾ, ਨਾ ਕੋਈ ਲੇਖ ਲਿਖਾਇੰਦਾ । ਆਪੇ ਮੱਖਣ ਦੁੱਧ ਵਰੋਲੇ, ਆਪ ਛਾਛ ਬਣਾਈਆ । ਹਰਿਜਨ ਮੰਦਰ ਆਪੇ ਬੋਲੇ, ਆਪੇ ਭੇਖ ਵਟਾਈਆ । ਆਪੇ ਗਊ ਆਪੇ ਚੋਅ ਲੇ, ਆਪੇ ਧਾਰ ਵਹਾਈਆ । ਕਾਇਆ ਧਰਤੀ ਆਪੇ ਮੌਲੇ, ਹਰਿ ਹਰਿਆਵਲ ਆਪ ਵਖਾਈਆ । ਆਪੇ ਉਲਟੀ ਕਰੇ ਨਾਭ ਕਵਲੇ, ਅੰਮ੍ਰਿਤ ਧਾਰ ਵਹਾਈਆ । ਮੇਲ ਮਿਲਾਏ ਸਾਵਲ ਸਵਲੇ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰਾ ਥਾਉਂ ਥਾਈਂਆ । ਦੁਧ ਦੋਹਿਆ ਕਾਇਆ ਭਾਂਡੇ, ਸਾਚੀ ਵਸਤ ਟਿਕਾਈਆ । ਜੋਤੀ ਅਗਨੀ ਮਾਇਆ ਹਾਂਡੇ, ਇਕ ਉਬਾਲ ਲਗਾਈਆ । ਨਾਮ ਪਿਆਲੇ ਪਾਇਆ ਠਾਂਢੇ, ਸੀਤਲ ਧਾਰ ਰਖਾਈਆ । ਅਰਜਨ ਪੁੱਛੇ ਆਂਢ ਗਵਾਂਢੇ, ਕਵਣ ਰੂਪ ਹਰਿ ਰਘੁਰਾਈਆ । ਜੀਵ ਜੰਤ ਥੱਕੇ ਮਾਂਦੇ, ਨਾ ਕੋਈ ਭੇਵ ਖੁਲ੍ਹਾਈਆ । ਰਸਨਾ ਬਹਿ ਬਹਿ ਸਾਰੇ ਗਾਂਦੇ, ਦਿਸ ਕਿਸੇ ਨਾ ਆਈਆ । ਚਰਨ ਧੂੜ ਜੋ ਜਨ ਨਹਾਂਦੇ, ਦੁਰਮਤ ਮੈਲ ਗਵਾਈਆ । ਦਰ ਦਵਾਰਾ ਏਕਾ ਪਾਂਦੇ, ਸਾਚੀ ਭੂਮਿਕਾ ਧਾਮ ਸੁਹਾਈਆ । ਆਸੀ ਪਾਸੀ ਰੋਂਦੇ ਜਾਂਦੇ, ਛੇੜੂ ਰਹੇ ਛੇੜ ਛਿੜਾਈਆ । ਜੰਗਲ ਜੂਹ ਉਜਾੜ ਦਸਾਂਦੇ, ਉਤਰ ਪੂਰਬ ਪੱਛਮ ਦੱਖਣ ਦਿਸ਼ਾ ਵੇਖ ਵਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਖ ਵਟਾਈਆ । ਗੱਗਾ ਗੁਰ ਗੋਬਿੰਦ ਗਾਂ, ਨਾਮ ਸੀਰ ਚੁਆਇਆ । ਦਸਮ ਦਵਾਰੀ ਸਾਚਾ ਥਾਂ, ਇਕ ਅਖ਼ੀਰ ਵਿਖਾਇਆ । ਆਪੇ ਪਕੜੇ ਪਕੜਨਹਾਰਾ ਬਾਂਹ, ਮਹੱਲ ਅੱਟਲ ਇਕ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਦਰ, ਦਰ ਦਵਾਰਾ ਰਿਹਾ ਸੁਹਾਇਆ । ਦੱਖਣ ਦਿਸ਼ਾ ਗੋਬਿੰਦ ਰਾਸ, ਆਪਣੀ ਆਪ ਟਿਕਾਇਆ । ਪਰਗਟ ਹੋਵੇ ਨੌ ਦਸ ਮਾਸ, ਦਹਿ ਦਿਸ਼ਾ ਵੇਖ ਵਖਾਈਆ । ਸਰਬ ਵਸਤ ਗੁਰ ਸਤਿਗੁਰ ਪਾਸ, ਦੇਵਣਹਾਰ ਆਪ ਅਖਵਾਈਆ । ਗੁਰਸਿਖ ਨਾ ਹੋਏ ਮਾਤ ਉਦਾਸ, ਭਿਖਕ ਭਿਛਿਆ ਝੋਲੀ ਪਾਈਆ । ਭਾਗ ਲਗਾਏ ਜੰਗਲ ਜੂਹ ਵਿਚ ਪਰਭਾਸ, ਆਸ ਪਾਸ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਚਰਨ ਟਿਕਾਈਆ । ਤ੍ਰੈਗੁਣ ਮਾਇਆ ਤੇਰੀ ਰਾਸ, ਕਲਜੁਗ ਅੰਤ ਵਖਾਈਆ । ਖੇਲੇ ਖੇਲ ਪ੍ਰਿਥਮੀ ਆਕਾਸ, ਸਾਧ ਸੰਤ ਸੰਗ ਰਲਾਈਆ । ਗੁਰ ਦਰ ਮੰਦਰ ਅੰਦਰ ਕਰ ਕਰ ਵਾਸ, ਬੈਠੀ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਰਾ ਲੇਖਾ ਲੇਖ ਵਖਾਈਆ ।

ਤ੍ਰੈਗੁਣ ਮਾਇਆ ਤੇਰੀ ਧਾਰ, ਚਾਰੋਂ ਕੁੰਟ ਪਸਾਰਿਆ । ਨੌ ਖੰਡ ਪ੍ਰਿਥਮੀ ਅੰਧ ਅੰਧਿਆਰ, ਦੀਵਾ ਬੱਤੀ ਨਾ ਕੋਈ ਜਗਾ ਰਿਹਾ । ਸੱਤਾਂ ਦੀਪਾਂ ਆਈ ਹਾਰ, ਕਮਲਾਪਤੀ ਨਾ ਕੋਈ ਮਨਾ ਰਿਹਾ । ਲੱਖ ਚੁਰਾਸੀ ਰੋਵੇ ਜ਼ਾਰੋ ਜ਼ਾਰ, ਧਰਤ ਧਵਲ ਨਾ ਧੀਰ ਧਰਾ ਲਿਆ । ਰਾਏ ਧਰਮ ਖੋਲ੍ਹ ਕਿਵਾੜ, ਏਕਾ ਰਾਹ ਵਖਾ ਰਿਹਾ । ਸੰਗ ਰਖਾਏ ਮੌਤ ਲਾੜ, ਹੱਥੀਂ ਮਹਿੰਦੀ ਲਾਲ ਰੰਗਾ ਲਿਆ । ਸਗਨ ਮਨਾਏ ਸਤਾਰਾਂ ਹਾੜ, ਲੋਕਮਾਤੀ ਲੇਖ ਲਿਖਾ ਲਿਆ । ਮਿਲੇ ਮੇਲ ਜੰਗਲ ਜੂਹ ਉਜਾੜ ਪਹਾੜ, ਜਲ ਥਲ ਵੇਖ ਵਿਖਾ ਲਿਆ । ਆਪ ਉਠਾਏ ਆਪਣੀ ਧਾੜ, ਏਕਾ ਪੱਲਾ ਨਾਮ ਕਰਾ ਲਿਆ । ਧਰਤਮਾਤ ਤੇਰਾ ਇਕ ਉਖਾੜ, ਸ਼ਬਦ ਅਖਾੜਾ ਆਪ ਰਚਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੭੭੩ ੦੬

ਤ੍ਰੈਗੁਣ ਮਾਇਆ ਭੇਟ ਚੜ੍ਹਾ ਲਿਆ । ਤ੍ਰੈਗੁਣ ਮਾਇਆ ਤੇਰੀ ਭੇਟਾ, ਪ੍ਰਭ ਸਾਚੇ ਆਪ ਚੜ੍ਹਾਈਆ । ਆਪੇ ਹੋਏ ਖੇਵਟ ਖੇਟਾ, ਬੇਪਰਵਾਹ ਮਲਾਹ ਅਖਵਾਈਆ । ਨੇਤਰ ਲੋਚਨ ਤੇਰਾ ਰਾਹ ਆਪੇ ਵੇਖਾ, ਆਪੇ ਮਾਰਗ ਪਾਈਆ । ਲਹਿਣਾ ਦੇਣਾ ਚੁਕਾਏ ਦੇਸ ਪਰਦੇਸਾ, ਲੱਖਣ ਰੂਪ ਵਟਾਈਆ । ਕਰੌਂਚ ਧਾਰੇ ਆਪਣਾ ਭੇਸਾ, ਪੁਸ਼ਕਰ ਮੁਖ ਛੁਪਾਈਆ । ਜੰਬੂ ਮੇਲਾ ਨਰ ਨਰੇਸ਼ਾ, ਸਾਨ ਕਰੇ ਕੁੜਮਾਈਆ । ਸਲਮਲ ਦੇਵੇ ਜਗਤ ਅੰਦੇਸਾ, ਕੁਸ਼ਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਮੇਟ ਮਿਟਾਈਆ । ਤ੍ਰੈਗੁਣ ਮਾਇਆ ਤੇਰਾ ਰੰਗ, ਪ੍ਰਭ ਸਾਚਾ ਆਪ ਮਿਟਾਇੰਦਾ । ਨੌ ਖੰਡ ਪ੍ਰਿਥਮੀ ਵੇਖ ਪਲੰਘ, ਘਰ ਸਾਚੇ ਆਸਣ ਲਾਇੰਦਾ । ਇਕ ਵਜਾਏ ਜਗਤ ਮਰਦੰਗ, ਸਾਚੀ ਤਾਰ ਹਿਲਾਇੰਦਾ । ਕੁਲਾਖੰਡ ਪ੍ਰਭ ਪਾਏ ਵੰਡ, ਇਲਾਬ੍ਰਤ ਸਮਝਾਇੰਦਾ । ਕੇਤਮਾਲ ਮਾਲ ਭੰਗ, ਕਿੰਪੁਰਖ ਜੋਬਨ ਹੰਢਾਇੰਦਾ । ਹਰਵਰਖ ਕਲ ਦੀਸੇ ਨੰਗ, ਖੰਡ ਭਾਰਤ ਜੋੜ ਜੁੜਾਇੰਦਾ । ਹਰਣਯਮਹ ਤਨ ਰੋਵੇ ਰੰਡ, ਨਾਰੀ ਕੰਤ ਵਿਛੋੜਾ ਪਾਇੰਦਾ । ਭਦਰ ਤੇਰਾ ਤੋੜ ਘਮੰਡ, ਏਕਾ ਖੰਡਾ ਵਾਹਿੰਦਾ । ਰਮਕ ਰੋ ਰੋ ਪਾਵੇ ਵੰਡ, ਨੇਤਰ ਨੀਰ ਵਹਾਇੰਦਾ । ਨੌ ਖੰਡ ਪ੍ਰਿਥਮੀ ਤੇਰੀ ਵੰਡ, ਤ੍ਰੈਗੁਣ ਮਾਇਆ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਉਪਾਏ ਆਪ ਮਿਟਾਏ ਆਪੇ ਲੇਖ ਲਿਖਾਇੰਦਾ । ਤ੍ਰੈਗੁਣ ਮਾਇਆ ਤੇਰੀ ਰੱਤ, ਪ੍ਰਭ ਆਪਣੇ ਵਿਚ ਸਮਾਈਆ । ਨਾ ਕੋਈ ਡਾਲ੍ਹੀ ਨਾ ਕੋਈ ਪਤ, ਫੁਲ ਫੁਲਵਾੜੀ ਰਹਿਣ ਨਾ ਪਾਈਆ । ਨਾ ਕੋਈ ਰਥਵਾਹੀ ਨਾ ਕੋਈ ਰਥ, ਮਹਾਂਸਾਰਥੀ ਨਾ ਕੋਈ ਅਖਵਾਈਆ । ਨਾ ਕੋਈ ਪੂਜਾ ਪਾਠ ਨਾ ਕੋਈ ਗਥ, ਰਸਨਾ ਜਿਹਵਾ ਕੋਈ ਨਾ ਗਾਈਆ । ਨਾ ਕੋਈ ਪੰਜ ਤਤ ਨੱਕ ਮੂੰਹ ਨਾ ਦੀਸੇ ਹੱਥ, ਨੇਤਰ ਨੈਣ ਵੇਖ ਵਖਾਈਆ । ਚੌਦਸ ਚੌਦਾਂ ਬੁਰਜ ਗਿਆ ਢੱਠ, ਨਾ ਕੋਈ ਮਾਤ ਬਣਾਈਆ । ਸ਼ਬਦ ਸਰੂਪੀ ਤਪਿਆ ਮੱਠ, ਜੋਤੀ ਅਗਨੀ ਲਾਈਆ । ਪਾਣੀ ਵਾਰਨ ਅੱਠ ਸੱਠ, ਧਰਤਮਾਤ ਹੱਥ ਉਠਾਈਆ । ਗੁਰਦਰ ਮੰਦਰ ਮਸਜਿਦ ਕਰਨ ਚੱਠ, ਬੈਠੇ ਸੀਸ ਝੁਕਾਈਆ । ਕਲਜੁਗ ਤੇਰਾ ਅੰਤਮ ਹੱਠ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਚਰਨ ਦਵਾਰੇ ਗਿਆ ਢੱਠ, ਪ੍ਰਭ ਅੱਗੇ ਸੀਸ ਝੁਕਾਈਆ । ਗੁਰਮੁਖਾਂ ਮੇਲਾ ਇਕ ਇਕੱਠ, ਸਚ ਸੱਚੀ ਸਰਨਾਈਆ । ਆਪੇ ਗੇੜਨਹਾਰਾ ਉਲਟੀ ਲੱਠ, ਉਲਟੀ ਧਾਰ ਵਹਾਈਆ । ਲੇਖੇ ਲਾਏ ਹਾਡੀ ਤਿੰਨ ਸੌ ਸੱਠ, ਬਹੱਤਰ ਨਾੜੀ ਵੇਖ ਵਖਾਈਆ । ਤ੍ਰੈਗੁਣ ਮਾਇਆ ਪਈ ਭੱਠ, ਅੰਤਮ ਅੰਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਜ ਤਤ ਤੇਰੀ ਜਗਤ ਲੜਾਈਆ । ਤ੍ਰੈਗੁਣ ਮਾਇਆ ਗਈ ਸਮਾ, ਆਪਣਾ ਮੁਖ ਛੁਪਾਇਆ । ਗੁਰਮੁਖਾਂ ਮਾਤ ਗਈ ਸਮਝਾ, ਰਾਹ ਸਾਚਾ ਇਕ ਵਖਾਇਆ । ਬਿਨ ਗੁਰ ਪੂਰੇ ਕੋਈ ਨਾ ਪਕੜੇ ਬਾਂਹ, ਵੇਲਾ ਅੰਤਮ ਆਇਆ । ਧਰਮ ਰਾਏ ਦਏ ਸਜਾ, ਨੇਤਰ ਨੈਣ ਰਿਹਾ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਭੱਠ, ਸਾਧ ਸੰਗਤ ਕਰ ਇਕੱਠ, ਆਪਣੀ ਨਈਆ ਆਪ ਚਲਾਇਆ । ਸਾਧ ਸੰਗਤ ਤੇਰਾ ਹਵਨ, ਅੰਤਮ ਕਲਜੁਗ ਕਰਾਇਆ । ਨੌ ਖੰਡ ਪ੍ਰਿਥਮੀ ਦਏ ਸੁਨੇਹੜਾ ਪਵਨ, ਪਵਣੀ ਸੇਵਾ ਲਾਇਆ । ਵੇਖ ਵਖਾਏ ਅਵਣ ਗਵਨ, ਬਾਵਨ ਬਵਨ ਭੇਖ ਵਟਾਇਆ । ਮਨਮੁਖ ਸ਼ੰਘਾਰੇ ਜਿਉਂ ਰਾਮਾ ਰਵਨ, ਏਕਾ ਖੰਡਾ ਹੱਥ ਉਠਾਇਆ । ਖੇਲੇ ਖੇਲ ਨਾਥ ਤ੍ਰੈਲੋਕੀ ਵਿਚ ਤ੍ਰੈਭਵਨ, ਤ੍ਰੈ ਦੇਸ਼ਾਂ ਵੇਖ ਵਖਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨਾ ਮਿਲੇ ਸਵਨ, ਗੂੜ੍ਹੀ ਨੀਂਦ ਨਾ ਕੋਇ ਰਖਾਇਆ । ਹਰਿ ਕਾ ਭਾਣਾ ਜਾਣੇ ਕਵਨ, ਪੜ੍ਹ ਪੜ੍ਹ ਥੱਕੇ ਜੀਵ ਸਬਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਅੱਗੇ ਧਰ, ਏਕਾ ਅਗਨੀ ਭੇਟ ਚੜ੍ਹਾਇਆ । ਤ੍ਰੈਗੁਣ ਮਾਇਆ ਅੱਗੇ ਰੱਖ, ਪ੍ਰਭ ਆਪਣੀ ਕਲ ਵਰਤਾਈਆ । ਪਰਗਟ ਹੋਏ ਹਰਿ ਪਰਤੱਖ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਸੰਤ ਸੁਹੇਲੇ ਲਏ ਰੱਖ, ਅੱਖਰ ਵੱਖਰ ਇਕ ਪੜ੍ਹਾਈਆ । ਚਾਰ ਕੁੰਟ ਉਡਾਏ ਰੱਖ, ਦਹਿ ਦਿਸ਼ਾ ਅੰਧੇਰਾ ਛਾਈਆ । ਸਾਧਾਂ ਸੰਤਾਂ ਭਾਂਡੇ ਸੱਖ, ਸਚ ਵਸਤ ਨਾ ਕੋਈ ਟਿਕਾਈਆ । ਭਾਗ ਨਿਖੁਟੇ ਮਸਤਕ ਮੱਥ, ਬਿਧਨਾ ਰੇਖਾ ਰਿਹਾ ਮਿਟਾਈਆ । ਲੇਖ ਚੁਕਾਏ ਨੌ ਨਾਥ, ਸਿਧ ਚੁਰਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਜ਼ਰ, ਤੇਰੇ ਗਲ ਪਹਿਨਾਈਆ । ਤ੍ਰੈਗੁਣ ਮਾਇਆ ਕਰ ਸ਼ਿੰਗਾਰ, ਆਪਣਾ ਆਪ ਵਿਚਾਰਿਆ । ਜੂਠਾ ਝੂਠਾ ਮੀਤ ਮੁਰਾਰ, ਲੋਕਮਾਤ ਪਾਸਾ ਹਾਰਿਆ । ਨਾ ਕੋਈ ਦੀਸੇ ਸਾਂਝਾ ਯਾਰ, ਦੇਵੇ ਅੰਤ ਸਹਾਰਿਆ । ਰੋ ਰੋ ਕਰੇ ਗਿਰਿਆਜ਼ਾਰ, ਨੇਤਰ ਨੈਣ ਨੀਰ ਵਹਾ ਰਿਹਾ । ਕਰਮ ਕੁਕਰਮੀ ਮਾਰੀ ਮਾਰ, ਧਰਮੀ ਧਰਮ ਨਾ ਕੋਈ ਵਖਾ ਲਿਆ । ਸ਼ਰਮੀ ਸ਼ਰਮਾ ਹੋਈ ਸ਼ਰਮਸਾਰ, ਮੁਖ ਕਾਲਾ ਘੁੰਗਟ ਪਾ ਲਿਆ । ਧਰਮ ਰਾਏ ਦਾ ਪੁਛ ਦਵਾਰ, ਆਪ ਆਪਣਾ ਕਦਮ ਉਠਾ ਲਿਆ । ਆਪੇ ਖੜੀ ਅਧਵਿਚਕਾਰ, ਸੱਜਾ ਚਰਨ ਉਠਾ ਲਿਆ । ਦਰ ਦਹਿਲੀਜੋਂ ਪਾਰ ਆਰ, ਅੰਦਰ ਬਾਹਰ ਵੇਖ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤ੍ਰੈਗੁਣ ਮਾਇਆ ਖੇਲ ਕਰ, ਅੰਤਮ ਮੇਟ ਮਿਟਾ ਲਿਆ । ਅੰਤਮ ਮੇਟੇ ਮੇਟਣਹਾਰ, ਜੁਗ ਜੁਗ ਰਚਨ ਰਚਾਈਆ । ਕਲਜੁਗ ਅੰਤਮ ਉਤਰਿਆ ਪਾਰ, ਸੰਗ ਮੁਹੰਮਦ ਚਾਰ ਯਾਰ ਬੈਠੇ ਸੰਗ ਨਿਭਾਈਆ । ਅਲ੍ਹਾ ਰਾਣੀ ਕਰ ਪਿਆਰ, ਹੂ ਹੂ ਨਾਅਰਾ ਲਾਈਆ । ਐਲੀ ਅਲ੍ਹਾ ਸ਼ਾਹ ਸਵਾਰ, ਇਕ ਇਕੱਲਾ ਆਪ ਅਖਵਾਈਆ । ਸਚ ਮੁਸੱਲਾ ਅਪਰ ਅਪਾਰ, ਆਸਣ ਸਿੰਘਾਸਣ ਰਿਹਾ ਵਛਾਈਆ । ਰੋਜ਼ਾ ਕੂਜਾ ਬਾਂਗ ਅਧਾਰ, ਸਵਾਂਗੀ ਸਵਾਂਗ ਵਰਤਾਈਆ । ਦਲਾਲ ਐਲੀ ਸ਼ਾਹ ਅਸਵਾਰ, ਇਕ ਇਕੱਲਾ ਆਪ ਅਖਵਾਈਆ । ਦਸਤਗੀਰ ਵਿਚ ਸੰਸਾਰ, ਮਹਿਬਾਨ ਰੂਪ ਸਮਾਈਆ । ਖਲਕ ਖ਼ੁਦਾਏ ਵੇਖ ਵਿਚਾਰ, ਖ਼ੁਦੀ ਤਕਬਰ ਰਿਹਾ ਢਾਹੀਆ । ਬੇਪਰਵਾਹੇ ਪਰਵਰਦਿਗਾਰ, ਅਹਿਨਲ ਹੱਕ ਨਾਅਰਾ ਲਾਈਆ । ਖਵਾਜਾ ਖਿਜਰ ਮੀਤ ਮੁਰਾਰ, ਨੇਤਰ ਨੀਰ ਵਹਾਈਆ । ਮਦੀਨਾ ਮੱਕਾ ਡੂੰਘੀ ਗਾਰ, ਏਕਾ ਖੰਦਕ ਰਿਹਾ ਖ਼ੁਦਾਈਆ । ਕਲਜੁਗ ਲੇਖੇ ਲੱਗੇ ਲੱਖ ਚਾਰ ਬੱਤੀ ਹਜ਼ਾਰ, ਵੇਦ ਵਿਆਸਾ ਗਿਆ ਲਿਖਾਈਆ । ਛੱਤੀ ਜੁਗ ਖੇਲ ਕਰਤਾਰ, ਖੇਲਣਹਾਰ ਸ੍ਰਿਸ਼ਟ ਸਬਾਈਆ । ਜਗੀ ਜੋਤ ਅਗੰਮ ਅਗੰਮ ਅਪਾਰ, ਜੋਤੀ ਜਾਮਾ ਭੇਖ ਵਟਾਈਆ । ਸ਼ਬਦ ਧੁਨ ਸੱਚੀ ਧੁਨਕਾਰ, ਪਾਰਬ੍ਰਹਮ ਬ੍ਰਹਮ ਜਣਾਈਆ । ਇਕ ਇਕੱਲਾ ਏਕੰਕਾਰ, ਓਅੰਕਾਰਾ ਰੂਪ ਸਮਾਈਆ । ਜਗਤ ਅੰਦਰ ਪਾਵੇ ਸਾਰ, ਸਾਗਰ ਸਿੰਧ ਵੇਖ ਵਖਾਈਆ । ਗੋਬਿੰਦ ਡੱਲਾ ਇਕ ਪਿਆਰ, ਇਕ ਮਹੱਲਾ ਰਿਹਾ ਵਸਾਈਆ । ਘੜੀ ਘੜੀ ਪਲ ਪਲਾ ਦਰਸ ਪਿਆਰ, ਨੇਤਰ ਲੋਚਨ ਆਪ ਵਖਾਈਆ । ਵਲੀਆ ਛਲੀਆ ਵਿਚ ਸੰਸਾਰ, ਕਲਜੁਗ ਅੰਤਮ ਭੇਖ ਵਟਾਈਆ । ਚਿੱਟੇ ਅਸਵ ਹੋ ਅਸਵਾਰ, ਨੀਲਾ ਨੀਲੀ ਧਾਰੋਂ ਪਾਰ ਕਰਾਈਆ । ਸੋਲਾਂ ਕਲ ਸੀਆਂ ਤਨ ਸ਼ਿੰਗਾਰ, ਏਕਾ ਆਸਣ ਲਾਈਆ । ਸ਼ਸਤਰ ਬਸਤਰ ਤੇਜ ਕਟਾਰ, ਆਪ ਆਪਣੇ ਹੱਥ ਉਠਾਈਆ । ਸੰਮਤ ਤੇਰਾਂ ਨਾਨਕ ਧਾਰ, ਲੋਕਮਾਤ ਆਪ ਚਲਾਈਆ । ਤੋਲਾ ਬਣ ਵਡ ਬਲਕਾਰ, ਸੋਹੰ ਕੰਡਾ ਹੱਥ ਉਠਾਈਆ । ਦੋ ਜਹਾਨਾਂ ਦਏ ਹੁਲਾਰ, ਇਕ ਹੁਲਾਰਾ ਨਾਮ ਲਗਾਈਆ । ਸੰਮਤ ਚੌਦਾਂ ਕਿਰਪਾ ਧਾਰ, ਗੁਰਮੁਖ ਸਾਚੇ ਲਏ ਤਰਾਈਆ । ਆਪੇ ਵੇਖੇ ਦਰ ਦਵਾਰ, ਦਰ ਦਰਵੇਸ਼ਾ ਫੇਰਾ

ਪਾਈਆ । ਪੰਚ ਜੇਠਾ ਮੀਤ ਮੁਰਾਰ, ਆਪ ਆਪਣੀ ਕਲ ਵਰਤਾਈਆ । ਜਨ ਭਗਤਾਂ ਰੱਖੇ ਸਾਇਆ ਹੇਠਾਂ, ਸਾਚਾ ਸੰਗ ਸੱਚੀ ਸਰਨਾਈਆ । ਲੱਖ ਚੁਰਾਸੀ ਭੰਨੇ ਕੌੜਾ ਰੀਠਾ, ਏਕਾ ਖੰਡਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬ੍ਰਹਿਮੰਡ ਵੰਡ ਵੰਡਾਈਆ । ਪੰਚਮ ਜੇਠ ਜੋਤ ਨਿਰੰਜਣ, ਏਕਾ ਚੰਦ ਚੜ੍ਹਾਇਆ । ਅੰਮ੍ਰਿਤ ਆਤਮ ਪੀ ਪੀ ਰੱਜਣ, ਸਰ ਸਰੋਵਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦ ਸਾਚਾ ਮੇਲਾ, ਪ੍ਰਭ ਸਾਚਾ ਮੇਲ ਮਿਲਾਇਆ । ਆਪੇ ਹੋਇਆ ਸੱਜਣ ਸੁਹੇਲਾ, ਆਪਣੀ ਗੋਦ ਉਠਾਇੰਦਾ । ਜੋਤ ਸਰੂਪੀ ਚਾੜ੍ਹੇ ਤੇਲਾ, ਸਾਚਾ ਮੰਗਲ ਗਾਇੰਦਾ । ਪੰਚਮ ਸਖੀਆਂ ਪਾਇਣ ਵੇਲਾ, ਸਾਚੀ ਰੁੱਤ ਸੁਹਾਇੰਦਾ । ਆਦਿ ਅੰਤ ਜੁਗਾ ਜੁਗੰਤ ਛੈਲ ਛਬੀਲਾ, ਏਕਾ ਰੰਗ ਸਮਾਇੰਦਾ । ਤ੍ਰੈਗੁਣ ਮਾਇਆ ਜੋਤੀ ਅਗਨੀ ਲਾਏ ਤੀਲਾ, ਤਤ ਮਤ ਨਾ ਕੋਈ ਰਖਾਇੰਦਾ । ਗੁਰ ਗੋਬਿੰਦ ਕਾਇਆ ਬਸਤਰ ਪਾਏ ਪੀਲਾ, ਏਕਾ ਚੋਲੀ ਨਾਮ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਗੁਣ ਮਾਇਆ ਤੇਰਾ ਦਰ ਲੋਕਮਾਤੀ ਬੰਦ ਕਰਾਇੰਦਾ । ਲੋਕਮਾਤ ਮਾਰ ਝਾਤ, ਪ੍ਰਭ ਆਪਣੀ ਕਲ ਵਰਤਾਈਆ । ਆਪੇ ਬੈਠਾ ਇਕ ਇਕਾਂਤ, ਥਿਰ ਘਰ ਡੇਰਾ ਲਾਈਆ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤ, ਨਿਝਰ ਰਸ ਮੁਖ ਚੁਆਈਆ । ਮੇਟ ਮਿਟਾਏ ਅੰਧੇਰੀ ਰਾਤ, ਦੀਪਕ ਸਾਚੀ ਜੋਤ ਜਗਾਈਆ । ਡੂੰਘਾ ਸਾਗਰ ਨਾ ਆਏ ਹਾਥ, ਨਾ ਕੋਈ ਫੋਲ ਫੁਲਾਈਆ । ਸੰਮਤ ਚੌਦਾਂ ਤੇਰੀ ਗਾਥ, ਵੇਦ ਪੁਰਾਨਾਂ ਮੂਲ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਦਾਂ ਹੱਟਾਂ ਵੇਖ ਵਖਾਈਆ । ਚੌਦਾਂ ਹੱਟਾਂ ਖੋਲ੍ਹ ਕਿਵਾੜ, ਪ੍ਰਭ ਨੇਤਰ ਨੈਣ ਉਘਾੜਿਆ । ਖੇਲੇ ਖੇਲ ਸਤਾਰਾਂ ਹਾੜ, ਜੰਗਲ ਜੂਹ ਉਜਾੜ ਪਹਾੜਿਆ । ਸਤਿਜੁਗ ਸਾਚਾ ਘੜੇ ਘਾੜ, ਘੜਨਹਾਰਾ ਆਪ ਅਖਵਾ ਰਿਹਾ । ਸ੍ਰਿਸ਼ਟ ਸਬਾਈ ਲੁੱਟੀ ਜਾਏ ਦਿਨ ਦਿਹਾੜ, ਹੱਥ ਕਿਸੇ ਨਾ ਆ ਰਿਹਾ । ਮਨਮੁਖ ਸੁੱਤੇ ਪੈਰ ਪਸਾਰ, ਮਾਇਆ ਪੜਦਾ ਪਾ ਰਿਹਾ । ਹਰਿਜਨ ਸਾਚੇ ਮੀਤ ਮੁਰਾਰ, ਸੋਏ ਆਪ ਉਠਾ ਰਿਹਾ । ਤ੍ਰੈ ਦੇਸ਼ਾਂ ਵੇਖੇ ਵੇਖ ਵਿਚਾਰ, ਤ੍ਰੈਗੁਣ ਮੁਖ ਛੁਪਾ ਲਿਆ । ਧਾਰੀ ਕੇਸਾ ਰਹਿਣਾ ਖ਼ਬਰਦਾਰ, ਸੁਫਲ ਕੁੱਖ ਨਾ ਕੋਇ ਕਰਾ ਰਿਹਾ । ਲਹਿਣਾ ਦੇਣਾ ਮੁਹੰਮਦੀ ਯਾਰ, ਦਰ ਦਵਾਰੇ ਆਪ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦੇਵੇ ਵਰ, ਦੋ ਜਹਾਨਾ ਧਰਨੀ ਧਰ, ਧਰਤ ਧਵਲ ਧਾਮ ਸੁਹਾ ਲਿਆ । ਧਰਤ ਮਾਤ ਤੇਰਾ ਜਗਤ ਅਖਾੜਾ, ਹਰਿ ਸਾਚਾ ਆਪ ਬਣਾਇੰਦਾ । ਲੇਖ ਲਿਖਾਏ ਸਤਾਰਾਂ ਹਾੜਾ, ਤ੍ਰੈ ਦੇਸ਼ਾਂ ਆਪ ਉਠਾਇੰਦਾ । ਤ੍ਰੈਗੁਣ ਮਾਇਆ ਮੰਗੇ ਭਾੜਾ, ਅੰਤਮ ਝੋਲੀ ਆਪ ਭਰਾਇੰਦਾ । ਲਾੜੀ ਮੌਤ ਕੱਢੇ ਹਾੜਾ, ਧਰਮ ਰਾਏ ਡੋਲੀ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜ ਤਤ ਤੇਰੀ ਬਣਾਏ ਗੋਲੀ, ਮਨ ਮਤ ਬੁਧ ਖੇਡੇ ਹੋਲੀ, ਏਕਾ ਰੰਗਣ ਰੰਗ ਚੜ੍ਹਾਇੰਦਾ । ਸੰਮਤ ਚੌਦਾਂ ਚੌਦਾਂ ਲੋਕ, ਪ੍ਰਭ ਸਾਚਾ ਆਪ ਹਿਲਾਇੰਦਾ । ਇਕ ਜਣਾਈ ਸ਼ਬਦ ਸਲੋਕ, ਧੁਰਦਰਗਾਹੀ ਆਪ ਸੁਣਾਇੰਦਾ । ਹਰਿ ਕਾ ਭਾਣਾ ਕੋਈ ਨਾ ਸਕੇ ਰੋਕ, ਨਾ ਕੋਈ ਮੇਟ ਮਿਟਾਇੰਦਾ । ਮਨਮੁਖ ਜੀਵਾਂ ਦੇਵੇ ਝੋਕ, ਨਾ ਕੋਈ ਮੋਖ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚੌਦਾਂ ਚੌਦਸ ਵੇਖ ਵਿਖਾਇੰਦਾ । ਤ੍ਰੈ ਦੇਸ ਕਰ ਕਰ ਵੇਸ, ਆਏ ਵਿਚ ਮੈਦਾਨਿਆ । ਪਕੜ ਉਠਾਏ ਨਰ ਨਰੇਸ਼, ਮਗਰ ਲਗਾਏ ਪੰਜ ਸ਼ੈਤਾਨਿਆ । ਖੇਲੇ ਖੇਲ ਦਸ ਦਸਮੇਸ਼,

੭੭੬
੦੬

੭੭੭
੦੬

ਰਸਨਾ ਚਿਲ੍ਹਾ ਤੀਰ ਕਮਾਨਿਆ । ਭਰਮੇ ਭੁੱਲੇ ਧਾਰੀ ਕੇਸ, ਮਿਲੇ ਮੇਲ ਨਾ ਵਿਚ ਜਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਗੋਪੀ ਆਪੇ ਕਾਹਨਿਆ । ਗੋਪੀ ਕਾਹਨਾ ਹਰਿ ਮੁਰਾਰੀ, ਭੇਖੀ ਭੇਖ ਵਟਾਇੰਦਾ । ਗੁਰਮੁਖ ਮੇਲਾ ਬੰਕ ਦਵਾਰੀ, ਦਰ ਦਵਾਰਾ ਇਕ ਸੁਹਾਇੰਦਾ । ਸੰਮਤ ਪੰਦਰਾਂ ਕਰ ਤਿਆਰੀ, ਤੀਰਥ ਤੱਟਾਂ ਵੇਖ ਵਖਾਇੰਦਾ । ਵੇਖਣਹਾਰਾ ਵਡ ਸੰਸਾਰੀ, ਦੇਸ ਪਰਦੇਸ਼ਾਂ ਫੇਰਾ ਪਾਇੰਦਾ । ਲੰਕਾ ਗੜ੍ਹ ਤੋੜ ਹੰਕਾਰੀ, ਆਪ ਆਪਣਾ ਚਰਨ ਟਿਕਾਇੰਦਾ । ਰੂਸਾ ਚੀਨਾ ਪੈਜ ਸਵਾਰੀ, ਈਸਾ ਮੂਸਾ ਦਰ ਰੁਲਾਇੰਦਾ । ਕਾਲਾ ਸੂਸਾ ਤਨ ਸ਼ਿੰਗਾਰੀ, ਨੇਤਰ ਨੈਣਾਂ ਮੁਖ ਛਪਾਇੰਦਾ । ਪਰਗਟ ਹੋਵੇ ਪਰਵਰਦਿਗਾਰੀ, ਅਹਿਮਦ ਮੁਹੰਮਦ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਦਰਾਂ ਅੰਦਰ ਡੇਰਾ ਲਾਇੰਦਾ । ਸੰਮਤ ਸੋਲਾਂ ਲਏ ਰੱਖ, ਗੁਰਮੁਖ ਚਰਨ ਦਵਾਰਿਆ । ਲਾਹੌਰ ਸ਼ਹਿਰ ਹੋ ਪਰਤੱਖ, ਚਰਨ ਛੁਹਾਏ ਵਿਚ ਦਰਬਾਰਿਆ । ਚਾਰੋਂ ਕੁੰਟ ਉਡਾਏ ਕੱਖ, ਦਹਿ ਦਿਸ਼ਾ ਹੋਏ ਉਜਾੜਿਆ । ਮਾਝਾ ਦੇਸ ਜਗਤ ਢੱਕ, ਸਿੰਘ ਸ਼ੇਰ ਸ਼ੇਰ ਲਲਕਾਰਿਆ । ਗੁੰਥੀ ਪੰਥੀ ਦੇਵੇ ਧੱਕ, ਪਾਰ ਕਰਾਏ ਬਿਆਸ ਕਿਨਾਰਿਆ । ਗੁਰਮੁਖ ਸਾਚੇ ਕੀਨੇ ਵੱਖ, ਏਕਾ ਵੇਖੇ ਨਾਮ ਅਧਾਰਿਆ । ਮਨਮੁਖ ਜੀਵ ਮਾਰਨ ਝੱਖ, ਵੇਲਾ ਵਕਤ ਨਾ ਕਿਸੇ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਕਰੇ ਸ਼ਿੰਗਾਰਿਆ । ਸੰਮਤ ਸੋਲਾਂ ਕਰ ਸ਼ਿੰਗਾਰ, ਆਪਣਾ ਵੇਸ ਵਟਾਇੰਦਾ । ਦਸ ਦਸਮੇਸ਼ ਕਿਰਪਾ ਧਾਰ, ਰੂਪ ਅਨੂਪਾ ਆਪ ਹੋ ਜਾਇੰਦਾ । ਵੇਖ ਵਖਾਏ ਬਿਆਸ ਕਿਨਾਰ, ਗੁਰ ਗੁਰ ਚੇਲੇ ਪਕੜ ਹਿਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਪੰਜ ਤਤ ਆਪ ਜਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਵਾਰ ਵੇਖ ਵਖਾਇੰਦਾ । ਅੰਤ ਦਵਾਰਾ ਆਪੇ ਵੇਖੇ, ਆਪੇ ਲਏ ਉਪਾਈਆ । ਸਾਵਣ ਜੈਮਲ ਲਾਏ ਲੇਖੇ, ਲਹਿਣਾ ਦੇਣ ਚੁਕਾਈਆ । ਪਾਰ ਕਿਨਾਰਾ ਏਕਾ ਵੇਖੇ, ਥਲ ਕਪੂਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਜ ਰਾਜਾਨਾਂ ਮੇਲ ਮਿਲਾਈਆ । ਥਲ ਕਪੂਰ ਚਰਨ ਟਿਕਾ, ਆਪਣੀ ਜੋਤ ਜਗਾਇੰਦਾ । ਮਾਝਾ ਦੇਸ ਦਏ ਤਜਾ, ਨਾ ਕੋਈ ਸੰਗ ਨਿਭਾਇੰਦਾ । ਦੋ ਦੋ ਆਬਾ ਮੇਲ ਮਿਲਾ, ਪੱਲੂ ਨਾਮ ਫੜਾਇੰਦਾ । ਬਸਤਰ ਗਹਿਣਾ ਤਨ ਛੁਹਾ, ਕਾਇਆ ਚੋਲਾ ਵੇਖ ਵਿਖਾਇੰਦਾ । ਆਪ ਆਪਣਾ ਰਾਹ ਤਕਾ, ਗੁਰ ਸੰਗਤ ਸੰਗ ਨਿਭਾਇੰਦਾ । ਮਸਤੂਆਣੇ ਡੇਰਾ ਲਾ, ਜੋਤ ਪਰਕਾਸ਼ ਇਕ ਵਖਾਇੰਦਾ । ਪੰਚਮ ਮੀਤਾ ਪੰਚਮ ਜੋਤ ਜਗਾ, ਅੰਧ ਅੰਧੇਰ ਮਿਟਾਇੰਦਾ । ਗੁਰ ਸੰਗਤ ਚਰਨ ਲਏ ਬਹਾ, ਦੂਈ ਦਵੈਤੀ ਪੜਦਾ ਲਾਹਿੰਦਾ । ਬਜਰ ਕਪਾਟੀ ਦਏ ਤੁੜਾ, ਸਾਚੀ ਹਾਟੀ ਹੱਟ ਵਿਕਾਇੰਦਾ । ਦਰਸ ਅਨਮੁਲਾ ਦਏ ਵਖਾ, ਸਵੱਛ ਸਰੂਪ ਆਪ ਹੋ ਜਾਇੰਦਾ । ਕਾਇਆ ਕੁੱਲਾ ਭਾਗ ਲੱਗਾ, ਹਰਿਜਨ ਭੁੱਲਾ ਮਾਰਗ ਲਾਇੰਦਾ । ਅੰਮ੍ਰਿਤ ਡੁੱਲਾ ਮੁਖ ਚੁਆ, ਨਾਭੀ ਕਵਲ ਆਪ ਉਲਟਾਇੰਦਾ । ਫਲ ਫੁਲਵਾੜੀ ਦਏ ਉਗਵਾ, ਏਕਾ ਝਿਰਨਾ ਨਾਮ ਝਿਰਾਇੰਦਾ । ਸ਼ਾਹ ਸੰਗਰੂਰ ਸੇਵਾ ਲਾ, ਪਟ ਪਟਿਆਲਾ ਨਾਲ ਰਖਾਇੰਦਾ । ਬੈਠ ਸਿੰਘਾਸਣ ਬੇਪਰਵਾਹ, ਏਕਾ ਸ਼ਬਦ ਅਲਾਇੰਦਾ । ਸੁਨ ਮੁਨ ਕਰਾਏ ਥਾਉਂ ਥਾਂ, ਸਾਧਕ ਸਿਧ ਨਾ ਕੋਈ ਕਹਾਇੰਦਾ । ਚੁਣ ਚੁਣ ਗੁਰਸਿਖ ਲਏ ਜਗਾ, ਜਾਗਰਤ ਦਿਸ਼ਾ ਇਕ ਵਿਖਾਇੰਦਾ । ਗੁਣ ਅਵਗੁਣ ਨਾ ਕੋਈ ਜਣਾ, ਜਗਤ ਜੋਗ ਇਕ ਕਮਾਇੰਦਾ । ਚਾਰ ਵਰਨ ਜਪਾਏ ਏਕਾ ਨਾਂ, ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਮਨੀ ਸਿੰਘ

ਤੇਰਾ ਲਿਖਿਆ ਲੇਖ, ਜੋਤੀ ਜਾਮਾ ਧਰ ਧਰ ਭੇਖ, ਅੰਤਮ ਪੂਰ ਕਰਾਇੰਦਾ । ਹਰਿ ਸੰਗਤ ਦਰ ਆਏ, ਚਰਨ ਕਵਲ ਚਿਤ ਲਾਇਆ । ਮੰਗ ਮੰਗਣ ਨਾ ਸਕੇ, ਦਰ ਅੱਗੇ ਝੋਲੀ ਡਾਹਿਆ । ਰੋਗ ਸੋਗ ਚਿਤਾ ਦੁੱਖ ਰਹੇ ਸਤਾਏ, ਨੇਤਰ ਨੈਣ ਚੈਨ ਨਾ ਪਾਇਆ । ਗੁਰਸਿਖ ਆਤਮ ਰਹੀ ਬਿਲਲਾਏ, ਅੰਮ੍ਰਿਤ ਬੂੰਦ ਸਵਾਂਤੀ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਸਾ ਮਨਸਾ ਪੂਰ ਕਰਾਇਆ । ਗੁਰਮੁਖ ਮੰਗੇ ਨਾਮ ਸੁੱਖ, ਤਨ ਮਨ ਠਾਂਢਾ ਸੀਤ । ਜੂਠਾ ਝੂਠਾ ਉਤਰੇ ਦੁੱਖ, ਬਖ਼ਸ਼ੇ ਚਰਨ ਪ੍ਰੀਤ । ਸੁਫਲ ਕਰਾਏ ਮਾਤ ਕੁੱਖ, ਕਾਇਆ ਸੀਤਲ ਸੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਅੰਦਰ ਬੈਠਾ ਪਰਖੇ ਨੀਤ । ਹਰਿ ਸੰਗਤ ਹਰਿ ਰਤ ਹੈ, ਰਤੀ ਰੱਤ ਪਿਆਰ । ਆਪੇ ਦੇ ਸਮਝਾਏ ਮਤ ਹੈ, ਮਿਲੇ ਗੁਰ ਸ਼ਬਦੀ ਨਾਮ ਅਧਾਰ । ਹਰਿ ਸ਼ਬਦ ਸਾਚੀ ਵੱਥ ਹੈ, ਰਸਨਾ ਜਿਹਵਾ ਗੁਣ ਵਿਚਾਰ । ਜਗਤ ਵਸੂਰਾ ਦੇਵੇ ਮਥ ਹੈ, ਹਉਮੇ ਰੋਗ ਨਿਵਾਰ । ਗੁਰ ਸਤਿਗੁਰ ਪੂਰਾ ਆਪੇ ਲਏ ਰੱਖ ਹੈ, ਜੋ ਜਨ ਆਏ ਬੰਕ ਦਵਾਰ । ਮਾਨਸ ਦੇਹੀ ਕਲ ਨਾ ਲੱਖ ਨਾ ਕੱਖ ਹੈ, ਨਾ ਕੋਈ ਹੀਰਾ ਪਰਖੇ ਪਰਖਣਹਾਰਾ ਵਿਚ ਸੰਸਾਰ । ਹਰਿਜਨ ਆਪੇ ਕਰੇ ਪਰਖ ਹੈ, ਆਪਣੀ ਕਿਰਪਾ ਧਾਰ । ਦੇਵੇ ਦਰਸ ਹਰਿ ਪਰਤੱਖ ਹੈ, ਨੇਤਰ ਤੀਜਾ ਦਏ ਉਘਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋ ਜਨ ਆਏ ਸਾਚੇ ਦਰ ਹੈ, ਆਪ ਕਰਾਏ ਪਾਰ ਕਿਨਾਰ । ਰੋਗ ਸੋਗ ਪਵਣ ਮਸਾਨਾ, ਪੰਜ ਤਤ ਸਮਾਇਆ । ਜੋ ਜਨ ਕਰੇ ਚਰਨ ਧਿਆਨਾ, ਦੁੱਖ ਰੋਗ ਰਹਿਣ ਨਾ ਪਾਇਆ । ਇਕ ਬਿਠਾਏ ਸ਼ਬਦ ਬਿਬਾਨਾ, ਚਿੰਤਾ ਰੋਗ ਸੋਗ ਗਵਾਇਆ । ਪਤਿਪਰਮੇਸ਼ਵਰ ਘਰ ਸਾਚੇ ਪਾਣਾ, ਨਾਰੀ ਕੰਤਾ ਏਕਾ ਸੇਜ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਨਿੱਝ ਘਰ ਵੇਖ ਵਿਖਾਈਆ । ਨਿੱਝ ਘਰ ਆਤਮ ਸ਼ਬਦ ਸਲਾਹ, ਏਕਾ ਏਕ ਰਖਾਈਆ । ਸਤਿਗੁਰ ਸਾਚਾ ਬਣ ਮਲਾਹ, ਬੇੜਾ ਬੰਨੇ ਲਾਈਆ । ਲੱਖ ਚੁਰਾਸੀ ਕਟੇ ਫਾਹ, ਆਵਣ ਜਾਵਣ ਫੰਦ ਕਟਾਈਆ । ਹੋਏ ਸਹਾਈ ਥਾਉਂ ਥਾਂ, ਜਿਸ ਜਨ ਓਟ ਰਖਾਈਆ । ਸੋਹੰ ਜਣਾਏ ਸਾਚਾ ਨਾਂ, ਸੋ ਪੁਰਖ ਨਿਰੰਜਣ ਮੇਲ ਮਿਲਾਈਆ । ਹੰ ਹੰਗਤਾ ਦਏ ਗਵਾ, ਸਾਚੀ ਸੰਗਤਾ ਸੰਗ ਨਿਭਾਈਆ । ਨਾਨਕ ਅੰਗਦ ਗਲੇ ਲਗਾ, ਗੁਰਮੁਖ ਸਾਚੇ ਰਿਹਾ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤ ਆਸਾ ਪੂਰ ਕਰ, ਨਿਰਾਸਾ ਕੋਈ ਰਹਿਣ ਨਾ ਪਾਈਆ । ਮਨਮੁਖ ਸਦਾ ਨਿਰਾਸ, ਦਰ ਦਵਾਰ ਕੁਰਲਾਈਆ । ਲੇਖੇ ਲੱਗੇ ਨਾ ਸਵਾਸ ਸਵਾਸ, ਮਾਨਸ ਜਨਮਾ ਰਿਹਾ ਗਵਾਈਆ । ਆਵਣ ਜਾਵਣ ਗਰਭ ਵਾਸ, ਲੱਖ ਚੁਰਾਸੀ ਫਾਸੀ ਪਾਈਆ । ਪੰਚ ਵਿਕਾਰਾ ਦਾਸੀ ਦਾਸ, ਪੰਚਮ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮਨਮੁਖ ਵੇਖ ਵਖਾਈਆ । ਮਨਮੁਖ ਮਾਇਆ ਗਿਆ ਭੁੱਲ, ਆਤਮ ਦਰ ਹੰਕਾਰਿਆ । ਜਗਤ ਵਿਕਾਰੇ ਗਿਆ ਰੁੱਲ, ਜੂਠਾ ਝੂਠਾ ਤਨ ਸ਼ਿੰਗਾਰਿਆ । ਕਾਇਆ ਬੂਟਾ ਗਿਆ ਹੁਲ, ਫਲ ਲੱਗੇ ਨਾ ਵਿਚ ਸੰਸਾਰਿਆ । ਪਾਣੀ ਪਿਆ ਕਾਇਆ ਚੁਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਮੁਨ ਰਿਖ ਅਕੇਲੇ ਦਰ ਦਵਾਰਿਆ । ਹਰਿ ਸੰਗਤ ਸਚ ਰੰਗ, ਏਕਾ ਨਾਮ ਚੜ੍ਹਾਨਿਆ । ਦਰਸ ਦਾਨ ਦਰ ਲਏ ਮੰਗ, ਮਿਲੇ ਮੇਲ ਸ੍ਰੀ ਭਗਵਾਨਿਆ । ਅੰਮ੍ਰਿਤ ਆਤਮ ਧਾਰ ਵਹਾਏ ਸਾਚੀ ਗੰਗ, ਕਰੇ ਕਰਾਏ ਸਚ ਇਸ਼ਨਾਨਿਆ । ਆਪੇ ਕੱਟਣਹਾਰਾ ਭੁੱਖ ਨੰਗ, ਹਰਿ ਹਰਿ ਭਾਣਾ ਜਿਸ ਜਨ ਮੰਨਿਆ । ਕਾਇਆ ਮਾਟੀ ਕਾਚੀ ਵੰਗ, ਜੋ

੭੭੮
੦੬

ਘੜਿਆ ਸੋ ਭੰਨਿਆ । ਗੁਰਮੁਖ ਲਗਾਏ ਆਪਣੇ ਅੰਗ, ਅੰਗੀਕਾਰ ਆਪ ਅਖਵੰਨਿਆ । ਸ਼ਬਦ ਰੰਗੀਲੇ ਬੈਠ ਪਲੰਘ, ਦੇਵੇ ਨਾਮ ਸਚਾ ਧਨ ਧਨਿਆ । ਮਾਣਸ ਜਨਮ ਨਾ ਹੋਏ ਭੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਆਤਮ ਮੰਨਿਆ ।

✻ ੧੭ ਹਾੜ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਸਤਿਜੁਗ ਤੇਰੀ ਸਾਚੀ ਧਾਰ, ਪ੍ਰਭ ਆਪਣੇ ਹੱਥ ਰਖਾਈਆ । ਜੋਤ ਸਰੂਪੀ ਕਰ ਆਕਾਰ, ਅਕਲ ਕਲਾ ਅਖਵਾਈਆ । ਖੰਡਾਂ ਬ੍ਰਹਿਮੰਡਾਂ ਪਾਵੇ ਸਾਰ, ਖੋਜਣਹਾਰਾ ਖੋਜ ਖੁਜਾਈਆ । ਕਲਜੁਗ ਤੇਰੀ ਅੰਤਮ ਵਾਰ, ਲਹਿਣਾ ਦੇਣਾ ਮੂਲ ਚੁਕਾਈਆ । ਤ੍ਰੈਗੁਣ ਮਾਇਆ ਕਰ ਖੁਆਰ, ਪੰਚਮ ਪੰਧ ਮੁਕਾਈਆ । ਸ਼ਬਦ ਘੋੜੇ ਹੋ ਅਸਵਾਰ, ਪੁਰੀਆਂ ਲੋਆਂ ਪਾਰ ਕਰਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਕਰੇ ਖ਼ਬਰਦਾਰ, ਲੋਕਮਾਤੀ ਫੇਰਾ ਪਾਈਆ । ਹਾੜ ਸਤਾਰਾਂ ਵੇਖ ਵਿਚਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਜਨ ਭਗਤਾਂ ਲਹਿਣਾ ਦੇਣਾ ਬਾਕੀ ਆਪ ਆਪਣਾ ਕਰਜ ਉਤਾਰ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਆਤਮ ਦੇਵੇ ਬਾਕੀ, ਭਰ ਪਿਆਲਾ ਅੰਦਰ ਮੰਦਰ ਆਪ ਪਿਆਈਆ । ਕਾਇਆ ਮੰਦਰ ਸਚ ਟਿਕਾਣਾ, ਹਰਿ ਸਾਚੇ ਜੋਤ ਜਗਾਈਆ । ਆਪੇ ਬੈਠ ਸ੍ਰੀ ਭਗਵਾਨਾ, ਆਤਮ ਸੇਜਾ ਰਿਹਾ ਹੰਢਾਈਆ ।
੭੭੯ ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਅੰਤਮ ਬੂਝ ਬੁਝਾਈਆ । ਭਰਮੇ ਭੁੱਲੇ ਜੀਵ ਨਾਦਾਨਾ, ਮਨਮੁਖਾਂ ਸਾਰ ਨਾ ਰਾਈਆ । ਨੌ ਖੰਡ ਪ੍ਰਿਥਮੀ ਝੁੱਲੇ ੭੭੯
੦੬ ਇਕ ਨਿਸ਼ਾਨਾ, ਪ੍ਰਭ ਸਾਚਾ ਆਪ ਝੁਲਾਈਆ । ਸੰਮਤ ਚੌਦਾਂ ਵੇਖੇ ਮਾਰ ਧਿਆਨਾ, ਬਵੰਜਾ ਦੇਸਾਂ ਆਪ ਉਠਾਈਆ । ਗੁਰ ਗੋਬਿੰਦ ਤੇਰਾ ਦਰ ੦੬
ਪਰਵਾਨਾ, ਸ਼ਬਦੀ ਸ਼ਬਦ ਰਿਹਾ ਪੁਜਾਈਆ । ਸੇਵਾ ਲਾਏ ਪਵਣ ਮਸਾਨਾ, ਪਵਣ ਪਵਣਾਂ ਵਿਚ ਸਮਾਈਆ । ਅਵਣ ਗਵਣ ਹਰਿ ਸ਼ਬਦ ਖੁਲ੍ਹਾਣਾ, ਹਰ ਘਟ ਵੇਖ ਵਖਾਈਆ । ਗੁਰਮੁਖ ਸਾਚੇ ਚਤਰ ਸੁਜਾਨਾ, ਸਾਚਾ ਰਾਹ ਤਕਾਈਆ । ਜੂਠਾ ਝੂਠਾ ਪੀਣਾ ਖਾਣਾ, ਰਾਓ ਰੰਕਾਂ ਸਾਧਾਂ ਸੰਤਾਂ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਸੰਗਤ ਰਿਹਾ ਸਮਝਾਈਆ । ਗੁਰ ਸੰਗਤ ਤੇਰਾ ਸਚ ਵਿਹਾਰ, ਆਪਣੇ ਹੱਥ ਰਖਾਇਆ । ਆਪ ਕਰਾਏ ਅੰਤਮ ਵਾਰ, ਸੇਵਕ ਸੇਵਕ ਬਣ ਕੇ ਆਇਆ । ਮੰਗੇ ਮੰਗ ਦਰ ਬਣ ਭਿਖਾਰ, ਅੱਗੇ ਝੋਲੀ ਡਾਹਿਆ । ਜੂਠਾ ਝੂਠਾ ਨਾਤਾ ਮੀਤ ਮੁਰਾਰ, ਸਾਕ ਸੱਜਣ ਸੈਣ ਭਾਈ ਭੈਣ ਦਿਸ ਨਾ ਆਇਆ । ਇਕ ਇਕੱਲਾ ਏਕੰਕਾਰ, ਇਕ ਮਹੱਲਾ ਰਿਹਾ ਵਸਾਇਆ । ਨੌ ਖੰਡ ਪ੍ਰਿਥਮੀ ਆਪ ਉਠਾਏ ਲੱਖ ਚੁਰਾਸੀ ਨੌ ਦਵਾਰ, ਜੁਗ ਜੁਗ ਆਪਣੀ ਬਣਤ ਬਣਾਇਆ । ਦਸਵੇਂ ਬੈਠ ਕੰਤ ਭਤਾਰ, ਏਕਾ ਰਿਹਾ ਸੇਜ ਵਿਛਾਇਆ । ਹਰਿ ਸੰਤ ਨਾਰੀ ਕਰ ਪਿਆਰ, ਹਾੜ ਸਤਾਰਾਂ ਲਏ ਪਰਨਾਇਆ । ਚਾਰੋਂ ਕੁੰਟ ਵੇਖ ਵਿਚਾਰ, ਦਹਿ ਦਿਸ਼ਾ ਫੇਰਾ ਪਾਇਆ । ਬੀਸ ਬੀਸਾ ਹਰਿ ਜਗਦੀਸਾ ਇਕ ਇਕੀਸਾ ਆਪ ਅਖਵਾਇਆ । ਛਤਰ ਝੁਲਾਏ ਸਾਚੇ ਸੀਸਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਤੇਰਾ ਸਾਚਾ ਰਾਹ, ਸ਼ਬਦ ਸਰੂਪੀ ਬਣ ਮਲਾਹ, ਸਤਿਜੁਗ ਸਾਚਾ ਰਿਹਾ ਜਗਾਇਆ । ਹਰਿ ਸੰਗਤ ਦਰ ਪਰਵਾਨ, ਸਿਰ ਆਪਣਾ ਹੱਥ ਟਿਕਾਇਆ । ਏਕਾ ਦੇਵੇ ਧੁਰ ਫ਼ਰਮਾਣ,

ਅਭੇਦ ਅਭੇਦਾ ਭੇਵ ਨਾ ਰਾਇਆ । ਇਕ ਵਖਾਏ ਚਰਨ ਧਿਆਨ, ਨਾ ਕੋਈ ਰਖਾਏ ਜਣਾਏ ਚਤਰ ਸੁਜਾਨ, ਆਪ ਆਪਣਾ ਖੇਲ ਖਿਲਾਇਆ । ਪਾਰਬ੍ਰਹਮ ਭੇਵ ਨਾ ਪਾਣ, ਸਾਧਾਂ ਸੰਤਾਂ ਤੋੜੇ ਮਾਣ, ਜੀਵ ਜੰਤ ਰਿਹਾ ਸਮਝਾਇਆ । ਸੋਹੰ ਸ਼ਬਦ ਬ੍ਰਹਮ ਗਿਆਨ, ਇਕ ਧਿਆਨ ਲਗਾਇਆ । ਜੁਗ ਜੁਗ ਖੇਲੇ ਖੇਲ ਮਹਾਨ, ਵੇਦ ਪੁਰਾਨ ਗ੍ਰੰਥ ਕਿਤੇਬ ਕਿਸੇ ਨਾ ਦੇਖਿਆ ਕਵਣ ਦਰ ਕਵਣ ਘਰ ਕਵਣ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੇਵਕ ਸੇਵਾਦਾਰ ਅਖਵਾਇਆ । ਸੇਵਕ ਹਰਿ ਬਲਵਾਨ, ਏਕਾ ਏਕ ਅਖਵਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਜੁਗ ਜੁਗ ਸੰਗ ਨਿਭਾਇੰਦਾ । ਮਾਣ ਨਿਮਾਣਿਆਂ ਦੇਵੇ ਮਾਣ, ਨਿਤਾਣਿਆਂ ਤਾਣ ਆਪ ਹੋ ਆਇੰਦਾ । ਖਾਣੀ ਬਾਣੀ ਕਰ ਪਛਾਣ, ਵੇਦ ਪੁਰਾਨੀ ਵੇਖ ਵਖਾਇੰਦਾ । ਦਾਤਾ ਦਾਨੀ ਮਿਹਰਵਾਨ, ਏਕਾ ਅੱਖਰ ਜਗਤ ਵੱਖਰ ਆਪਣਾ ਨਾਮ ਰਖਾਇੰਦਾ । ਸਾਚਾ ਮੇਲਾ ਰੋੜੀ ਸੱਖਰ, ਪੰਦਰਾਂ ਪੰਦਰਾਂ ਆਪ ਮਲਾਇੰਦਾ । ਲਿਖਿਆ ਲੇਖ ਉਪਰ ਪੱਥਰ, ਚਾਰ ਯਾਰਾਂ ਸੰਗ ਮੁਹੰਮਦ ਨਬੀ ਰਸੂਲਾਂ ਕਰੇ ਸੱਥਰ, ਅੱਲਾ ਰਾਣੀ ਨੇਤਰ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵੇਸ ਅਵੇਸਾ ਦਰ ਦਰਵੇਸਾ ਏਕਾ ਏਕ ਅਖਵਾਇੰਦਾ । ਦਰ ਦਰਵੇਸ਼ਾ ਬਣ ਭਿਖਾਰੀ, ਅਕਲ ਕਲਾ ਵਰਤਾਈਆ । ਸੰਮਤ ਪੰਦਰਾਂ ਕਰ ਤਿਆਰੀ, ਸ਼ਾਹ ਪਾਕ ਰਿਹਾ ਉਠਾਈਆ । ਨੀਲੇ ਬਸਤਰ ਗਲ ਮੁਖ ਨਕਾਬ, ਦਰ ਦਰਵੇਸ਼ਾ ਭੇਖ ਵਟਾਈਆ । ਹੱਥ ਨਾ ਆਏ ਕਿਸੇ ਕਿਤੇਬਾ, ਮੁੱਲਾ ਕਾਜ਼ੀ ਸ਼ੇਖ਼ ਮੁਸਾਇਕ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰ ਘਰ ਘਰ ਜਾ ਜਾ ਰਿਹਾ ਜਗਾਈਆ ।

੭੮੦ ੭੮੦

੦੬ ੦੬

ਇਕ ਇਕੱਲਾ ਏਕੰਕਾਰ, ਏਕਾ ਰੰਗ ਸਮਾਇਆ । ਜੋਤੀ ਨੂਰ ਕਰ ਉਜਿਆਰ, ਆਪਣਾ ਆਪ ਉਪਾਇਆ । ਸ਼ਬਦ ਸੁਤ ਸਚ ਦੁਲਾਰ, ਆਪਣੀ ਗੋਦ ਉਠਾਇਆ । ਏਕਾ ਦੂਜਾ ਮੀਤ ਮੁਰਾਰ, ਘਰ ਤੀਜਾ ਵੇਖ ਵਖਾਇਆ । ਚੌਥੇ ਘਰ ਖੇਲ ਨਿਆਰ, ਆਪ ਆਪਣਾ ਰਿਹਾ ਕਰਾਇਆ । ਸੰਤ ਸੁਹੇਲੇ ਸਾਚੇ ਯਾਰ, ਜੁਗ ਜੁਗ ਮੇਲ ਮਿਲਾਇਆ । ਪੰਚਮ ਮੀਤਾ ਕਰ ਪਿਆਰ, ਪੰਚਮ ਰਾਗ ਅਲਾਇਆ । ਛੇਵੇਂ ਛੱਪਰ ਛੰਨਾਂ ਵਸਿਆ ਬਾਹਰ, ਦਿਸ ਕਿਸੇ ਨਾ ਆਇਆ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਸਤਿ ਸਤਿਵਾਦੀ ਕਰਦਾ ਆਇਆ । ਅੱਠ ਤਤ ਨਾ ਵੇਖ ਵਿਚਾਰ, ਹੱਡ ਮਾਸ ਨਾੜੀ ਰੱਤ ਨਾ ਕੋਈ ਬਣਾਇਆ । ਨੌਂ ਦਰ ਨਾ ਦਿਸੇ ਨੌਂ ਕਿਵਾੜ, ਕਾਇਆ ਮੰਦਰ ਨਾ ਕੋਈ ਸੁਹਾਇਆ । ਦਸ ਦਸਮੇਸ਼ਾ ਏਕਾ ਯਾਰ, ਸ਼ਬਦ ਸਿੰਘਾਸਣ ਕਰ ਤਿਆਰ, ਜੋਤੀ ਨੂਰ ਪਸਰ ਪਸਾਰ, ਬੈਠਾ ਆਸਣ ਲਾਇਆ । ਆਸਣ ਲਾਇਆ ਹਰਿ ਨਿਰੰਕਾਰ, ਏਕਾ ਜੋਤ ਜਗਾਇਆ । ਸ਼ਬਦ ਚਲਾਏ ਸਾਚੀ ਧਾਰ, ਅਚਰਜ ਖੇਲ ਰਚਾਇਆ । ਆਦਿਨ ਅੰਤਾ ਜੁਗਾ ਜੁਗੰਤਾ ਏਕੰਕਾਰ, ਅਗੰਮ ਅਗੰਮੜੇ ਧਾਮ ਸੁਹਾਇਆ । ਕਲਜੁਗ ਤੇਰੀ ਅੰਤਮ ਵਾਰ, ਖੇਲੇ ਖੇਲ ਸ੍ਰਿਸ਼ਟ ਸਬਾਇਆ । ਲੱਖ ਚੁਰਾਸੀ ਭਰਮੇ ਭੁੱਲੇ ਜੀਵ ਗਵਾਰ, ਮਾਇਆ ਪੜਦਾ ਉਪਰ ਪਾਇਆ । ਜੂਠੇ ਝੂਠੇ ਫਲੇ ਫੁਲੇ ਨਾ ਕੋਈ ਅੰਤਮ ਪਾਵੇ ਸਾਰ, ਚਾਰੋਂ ਕੁੰਟ ਰਹੇ ਕੁਰਲਾਇਆ । ਗੁਰਮੁਖ ਵਿਰਲੇ ਭਾਗ ਲਗਾਏ ਕਾਇਆ ਡਾਲ੍ਹ, ਆਪ ਆਪਣੀ

ਦਇਆ ਕਮਾਇਆ । ਮਾਨੁਸ ਬੂਟੇ ਮਾਨੁੱਖ ਹੁੱਲੇ, ਸਾਚਾ ਫਲ ਨਾ ਕੋਈ ਦਿਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਖੇਲੇ ਖੇਲ ਖੇਲਣਹਾਰ ਅਖਵਾਇਆ । ਕਲਜੁਗ ਖੇਲ ਖਿਲਾਵਣ ਆਇਆ, ਦੋ ਜਹਾਨਾਂ ਵਾਲੀ । ਗੁਰਮੁਖ ਸੋਇਆ ਮਾਤ ਜਗਾਵਣ ਆਇਆ, ਚਾਲ ਅਵੱਲੜੀ ਚਾਲੀ । ਗੋਬਿੰਦ ਕਾਇਆ ਭਾਗ ਲਗਾਵਣ ਆਇਆ, ਧੁਰਦਰਗਾਹੀ ਸਾਚਾ ਬਾਲੀ । ਆਪ ਆਪਣਾ ਸੰਗ ਨਿਭਾਵਣ ਆਇਆ, ਦੋਵਾਂ ਹੱਥਾਂ ਰੱਖੇ ਖਾਲੀ । ਸਤਿਜੁਗ ਤੇਰਾ ਸਾਚਾ ਰਾਹ ਚਲਾਵਣ ਆਇਆ, ਫਲ ਲਗਾਏ ਸਾਚੀ ਡਾਲ੍ਹੀ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਲੱਖ ਚੁਰਾਸੀ ਗੁਰਮੁਖਾਂ ਕਾਇਆ ਮੰਦਰ ਹੱਲ ਚਲਾਵਣ ਆਇਆ, ਅੰਮ੍ਰਿਤ ਬੀਜ ਬੀਜੇ ਸਾਚਾ ਬਣਿਆ ਆਪੇ ਹਾਲੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਚ ਦਰ, ਕਲਜੁਗ ਤੇਰਾ ਵੇਖੇ ਘਰ, ਖੋਲ੍ਹ ਦਵਾਰ ਲੱਗਾ ਫਲ, ਪਤ ਪਤ ਡਾਲ੍ਹੀ । ਗੋਬਿੰਦ ਦਾਤਾ ਬਣ ਭਿਖਾਰ, ਪ੍ਰਭ ਅੱਗੇ ਪੁਕਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਅੰਤਮ ਵਾਰਿਆ । ਪੂਤ ਸਪੂਤਾ ਦਿਤਾ ਵਾਰ, ਨਾ ਲੱਗਾ ਪਾਰ ਕਿਨਾਰਿਆ । ਨਾਨਕ ਸ਼ਬਦ ਲੇਖ ਲਿਖਾਰ, ਦੋਏ ਜੋੜ ਕਰੇ ਨਿਮਸਕਾਰਿਆ । ਪੁਰਖ ਅਗੰਮਾ ਤੇਰਾ ਦਰ ਦਰਬਾਰ, ਲੋਕਮਾਤ ਨਾ ਕਿਸੇ ਵਿਚਾਰਿਆ । ਕਾਲੀ ਰੈਣ ਅੰਧ ਅੰਧਿਆਰ, ਰਵ ਸਸ ਸੂਰਜ ਚੰਨ ਮੁਖ ਛੁਪਾ ਰਿਹਾ । ਸਾਧ ਸੰਤ ਗੁਰ ਪੀਰ ਔਲੀਏ ਸ਼ੇਖ਼ ਮੁਸਾਇਕ ਗਏ ਹਾਰ, ਜੀਵਾਂ ਜੰਤਾਂ ਭਾਰ ਨਾ ਕੋਈ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਦੇ ਮਤ ਆਪ ਸਮਝਾ ਰਿਹਾ । ਗੁਰ ਗੋਬਿੰਦ ਅੰਤ ਸਮਝਾਈ, ਏਕਾ ਧੁਰ ਫ਼ਰਮਾਨਿਆ । ਅੰਤਮ ਵੇਲਾ ਹੋਏ ਜੁਦਾਈ, ਰਾਹ ਖਹਿੜਾ ਨਾ ਕੋਈ ਰਖਾਨਿਆ । ਪੈਣਾ ਰਾਹ ਲੰਬੇ ਪੰਧ ਜਗਤ ਨਾਤਾ ਆਪ ਤੁੜਾਨਿਆ । ਕਲਜੁਗ ਅੰਤਮ ਦੇਵੇ ਠੰਡੀਆਂ ਛਾਂਈ, ਸੀਸ ਤੋੜਾ ਨਾਮ ਨਿਸ਼ਾਨੀਆ । ਗੁਰਮੁਖ ਉਠਾਏ ਫੜ ਫੜ ਬਾਂਹੀ, ਸਰਸੇ ਤੇਰੀ ਭੇਟ ਚੜ੍ਹਾਨਿਆ । ਮਾਤਾ ਗੁਜਰੀ ਨਾ ਰੋਵੇ ਗਲ ਵਿਚ ਪਾਏ ਬਾਹੀਂ, ਹਰਿ ਭਾਣੇ ਵਿਚ ਸਮਾਨਿਆ । ਪੰਥ ਖਾਲਸਾ ਸੁੱਤਾ ਪੈਰ ਪਸਾਰੀ, ਸੰਮਤ ਪੰਦਰਾਂ ਫੜ ਦਾਹੜਿਉਂ ਆਪ ਹਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਬੇੜਾ ਪਾਰ ਕਰਾਨਿਆ । ਕਲਜੁਗ ਤੇਰਾ ਕਾਲਾ ਰੰਗ, ਚਾਰ ਕੁੰਟ ਵਖਾਨਿਆ । ਕੋਇ ਨਾ ਦਿਸੇ ਸੰਗ, ਰਾਜ ਰਾਜਾਨ ਹੋਏ ਵੈਰਾਨਿਆ । ਲੱਖ ਚੁਰਾਸੀ ਹੋਣੀ ਭੰਗ, ਕਿਸੇ ਦਰ ਨਾ ਮੰਗੇ ਨਾਮ ਸੱਚਾ ਦਾਨਿਆ । ਕਾਚੀ ਮਾਟੀ ਕਾਚੀ ਵੰਗ, ਨਾ ਕੋਈ ਦਿਸੇ ਅੰਤ ਨਿਸ਼ਾਨੀਆ । ਮਨ ਮਤ ਬੁਧ ਪ੍ਰਭ ਲਾਇਆ ਜੰਗ, ਸੰਮਤ ਚੌਦਾਂ ਤੇਰੀ ਇਹ ਨਿਸ਼ਾਨੀਆ । ਲਾੜੀ ਮੌਤ ਘਰ ਘਰ ਬਸਤਰ ਰਹੀ ਮੰਗ, ਧਰਮ ਰਾਏ ਦਰ ਕਰੇ ਪਰਵਾਨਿਆ । ਗੁਰ ਸੰਗਤ ਤੇਰਾ ਅੰਗ ਸੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਲੋਆਂ ਪੁਰੀਆਂ ਆਪੇ ਲੰਘ, ਦੇਵਤ ਸੁਰ ਬ੍ਰਹਮਾ ਸ਼ਿਵ ਦੋਏ ਜੋੜ ਸੀਸ ਕਰਨ ਨਿਮਸਕਾਰਿਆ । ਅੰਮ੍ਰਿਤ ਧਾਰਾ ਵਹਾਏ ਗੰਗ, ਹਾੜ ਸਤਾਰਾਂ ਸੰਮਤ ਚੌਦਾਂ ਪ੍ਰਭ ਦਾਤਾ ਵਡ ਮਿਹਰਬਾਨਿਆ । ਆਪੇ ਕੱਟਣਹਾਰਾ ਭੁੱਖ ਨੰਗ, ਦੇਵੇ ਦਾਨ ਹਰਿ ਭਗਵਾਨ ਆਤਮ ਬ੍ਰਹਮ ਗਿਆਨ ਸ਼ਬਦ ਧੁਰ ਫ਼ਰਮਾਨਿਆ । ਭਰਮੇ ਭੁੱਲੇ ਜੀਵ ਨਾਦਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਹੋਇਆ ਜਾਣੀ ਜਾਣਿਆ ।

ਬੀਸ ਸਦ ਚੌਦਾਂ ਚੌਦਾਂ ਲੋਕ, ਹਰਿ ਨਾਮੇ ਵੱਜੀ ਵਧਾਈਆ । ਨਾਮ ਜੈਕਾਰਾ ਸਚ ਸਲੋਕ, ਪ੍ਰਭ ਸਾਚਾ ਰਿਹਾ ਸੁਣਾਈਆ । ਦੋ ਜਹਾਨਾਂ ਨਾ ਕੋਈ ਸਕੇ ਰੋਕ, ਰਾਹ ਵਿਚ ਨਾ ਕੋਈ ਅਟਕਾਈਆ । ਲੋਕਮਾਤੀ ਜਨ ਭਗਤਾਂ ਦੇਵੇ ਸਾਚੀ ਮੋਖ, ਏਕਾ ਅੱਖਰ ਜਾਪ ਜਪਾਈਆ । ਹਉਮੇ ਦੂਈ ਦਵੈਤੀ ਕੱਢੇ ਖੋਟ, ਤ੍ਰਿਸ਼ਨਾ ਭੁੱਖ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਚੌਥੇ ਵੇਸ ਵਟਾਈਆ । ਚੌਥੇ ਜੁਗ ਵੇਸ ਅਵੱਲਾ, ਹਰਿ ਆਪਣਾ ਆਪ ਕਰਾਇਆ । ਆਪ ਵਸਾਇਆ ਸਚ ਮਹੱਲਾ, ਗੋਬਿੰਦ ਸੇਵਾ ਲਾਇਆ । ਗੋਬਿੰਦ ਮੇਲਾ ਸਾਚਾ ਡੱਲਾ, ਏਕਾ ਰੰਗ ਰੰਗਾਇਆ । ਪੰਚਮ ਮੀਤਾ ਪੰਚ ਪਿਆਰਾ ਪੰਚਮ ਕਰੇ ਹੱਲਾ, ਏਕਾ ਖੰਡਾ ਹੱਥ ਉਠਾਇਆ । ਏਕਾ ਸ਼ਬਦ ਏਕਾ ਢੋਲਾ ਏਕਾ ਸੋਹਲਾ ਏਕਾ ਰਾਗ ਇਕ ਸੁਣਾਏ ਮਹੱਲਾ, ਏਕਾ ਜੋਗ ਕਮਾਇਆ । ਜੁਗ ਜੁਗ ਵੇਖੇ ਜੋਤ ਨਿਰੰਜਣ, ਆਪਣੀ ਜੋਤ ਜਗਾਈਆ । ਜਨ ਭਗਤਾਂ ਨੇਤਰ ਪਾਏ ਅੰਜਨ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਚਰਨ ਧੂੜ ਬਖ਼ਸ਼ੇ ਸਾਚਾ ਮਜਨ, ਸੰਮਤ ਚੌਦਾਂ ਹਾੜ ਸਤਾਰਾਂ ਜਿਸ ਜਨ ਦਰ ਦਵਾਰੇ ਨੇਤਰ ਨੈਣਾ ਦਰਸ਼ਨ ਪਾਈਆ । ਭਾਂਡੇ ਗੜ੍ਹ ਹੰਕਾਰੀ ਦਰ ਦਵਾਰੇ ਭੱਜਣ, ਨਾਮ ਖੰਡਾ ਰਿਹਾ ਵਖਾਈਆ । ਰਾਗ ਨਗਾਰੇ ਅਨਹਦ ਤਾਲ ਅਨਾਦੀ ਵੱਜਣ, ਸਾਚੀ ਧੁਨ ਰਿਹਾ ਸੁਣਾਈਆ । ਗੁਰ ਗੋਬਿੰਦਾ ਆਇਆ ਪੜਦੇ ਕੱਜਣ, ਨਾਲ ਰਲਿਆ ਪੁਰਖ ਅਬਿਨਾਸ਼ੀ ਸਾਚਾ ਮਾਹੀਆ । ਦਰ ਦਵਾਰ ਬੰਕ ਉਚ ਮਹੱਲ ਅਟੱਲ ਰਾਜੇ ਰਾਣੇ ਸਰਬ ਤੱਜਣ, ਥਿਰ ਕੋਇ ਰਹਿਣ ਨਾ ਪਾਈਆ । ਸਰ ਅੰਮ੍ਰਿਤ ਕੋਈ ਨਾ ਦਿਸਣਾ ਸੱਜਣ, ਪ੍ਰਭ ਇੱਟ ਨਾਲ ਇੱਟ ਖੜਕਾਈਆ । ਕੋਈ ਨਾ ਕਿਸੇ ਰੱਖੇ ਲਜਨ, ਦਾਹੜੀ ਮੁੱਛ ਨਾ ਕੋਈ ਵਖਾਈਆ । ਨਿਰਗੁਣ ਹਰਿ ਸ਼ਾਹੋ ਭੂਪ ਸਤਿ ਸਰੂਪ, ਵੇਖ ਵਖਾਏ ਥਾਉਂ ਥਾਈਂਆ । ਰਾਮਦਾਸ ਤੇਰੇ ਦਰ ਦਵਾਰੇ ਕੂੜ ਕੁੜਿਆਰਾ ਜੂਠ ਝੂਠ, ਬੈਠਾ ਆਸਣ ਲਾਈਆ । ਗੋਬਿੰਦ ਨਾਨਕ ਗਿਆ ਰੁਠ, ਚਾਰੇ ਕੁੰਟਾਂ ਬੈਠਾ ਮੁਖ ਭਵਾਈਆ । ਸਾਧਾਂ ਸੰਤਾਂ ਹੱਥ ਖਾਲੀ ਠੂਠ ਦਰ ਦਰ ਮਾਇਆ ਭਿਛਿਆ ਮੰਗਣ, ਕੋਇ ਨਾਮ ਵਸਤ ਖੈਰ ਨਾ ਪਾਈਆ । ਪੁਰਖ ਅਬਿਨਾਸ਼ੀ ਗਿਆ ਤੁੱਠ, ਗੁਰਮੁਖ ਵਿਰਲੇ ਏਕਾ ਮੁਠ ਆਪਣੀ ਤੰਦੀ ਸੋਹੰ ਸੁਗੰਧੀ, ਮਸਤਕ ਟਿੱਕਾ ਚਰਨ ਧੂੜੀ ਖਾਕ ਇਕ ਰਮਾਈਆ । ਸਤਿਜੁਗ ਮਾਇਆ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਸੁਘੜ ਸਿਆਣ ਬਣਾਏ ਮੂਰਖ ਮੂੜ੍ਹ, ਚਾਰ ਵਰਨ ਏਕਾ ਸਰਨ ਊਚਾਂ ਨੀਚਾਂ ਫੜ ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦੇ ਦਿਤਾ ਵਰ, ਸੰਬਲ ਨਗਰੀ ਡੇਰਾ ਕਰ, ਸਾਚਾ ਮੇਲ ਮਿਲਾਈਆ । ਮਿਲਿਆ ਮੇਲ ਗੁਰ ਗੋਬਿੰਦਾ, ਜੋਤੀ ਚਿੰਤ ਮਿਟਾਈਆ । ਸ੍ਰਿਸ਼ਟ ਸਬਾਈ ਕਰੇ ਨਿੰਦਾ, ਗੁਰਮੁਖਾਂ ਮਿਲੀ ਵਧਾਈਆ । ਤ੍ਰੈਗੁਣ ਮਾਇਆ ਸਚ ਦਵਾਰੇ ਮਾਰੀ ਬੈਠਾ ਜਿੰਦਾ, ਕੁੰਜੀ ਬ੍ਰਹਮੇ ਹੱਥ ਫੜਾਈਆ । ਵਿਸ਼ਨੂੰ ਬੰਸੀ ਸਦਾ ਬਖ਼ਸ਼ਿੰਦਾ, ਦੇਵੇ ਰਿਜਕ ਸਬਾਈਆ । ਏਕਾ ਦਰਸ ਦਾਨ ਹੋ ਮਿਹਰਵਾਨ ਜੁਗ ਜੁਗ ਹਰਿ ਭਗਤਨ ਦਿੰਦਾ, ਆਪ ਆਪਣਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਸੰਬਲ ਨਗਰੀ ਹਰਿ ਵੇਸ ਕਰ, ਗੁਰ ਗੋਬਿੰਦਾ ਮੇਲ ਦਰ, ਘਰ ਸਾਚਾ ਇਕ ਸੁਹਾਇਆ । ਸੰਬਲ ਨਗਰੀ ਤੇਰੀ ਧਾਰ, ਤ੍ਰੈਲੋਕ ਕਰੇ ਉਜਿਆਰਿਆ । ਸ਼ਬਦ ਖੰਡਾ ਤੇਜ ਕਟਾਰ, ਸ਼ਸਤਰ ਬਸਤਰ ਇਕ ਸ਼ਿੰਗਾਰਿਆ । ਨੀਲਾ ਨੀਲੀ ਛੱਤੋਂ ਕਰੇ ਬਾਹਰ, ਨੀਲੇ ਵਾਲਾ ਸ਼ਾਹ ਅਸਵਾਰਿਆ । ਬਸਤਰ ਪੀਲਾ ਤਨ ਸ਼ਿੰਗਾਰ, ਸੁੰਨ ਅਗੰਮੋ ਵੇਖ ਵਖਾ ਰਿਹਾ । ਦਮੋ ਦਮ ਨਾ ਪਾਵੇ ਕੋਈ ਸਾਰ, ਖਾਣੀ ਬਾਣੀ ਬਹਿ ਬਹਿ ਸਾਰੇ ਘਰ ਘਰ ਵੇਖ ਵਿਚਾਰਿਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਪਰਗਟ ਹੋ ਵਿਚ ਸੰਸਾਰ, ਆਪ ਆਪਣਾ ਬਲ ਆਪੇ ਧਾਰਿਆ । ਆਪਣਾ ਬਲ ਆਪੇ ਧਾਰ, ਆਪਣੀ ਕਲ ਵਰਤਾਈਆ । ਗੁਰ ਗੋਬਿੰਦਾ ਕਰ ਪਿਆਰ, ਖੇਲੇ ਖੇਲ ਹਰਿ ਰਘੁਰਾਈਆ । ਵਲ ਛਲ ਅਪਰ ਅਪਾਰ, ਭੇਖੀ ਭੇਖ ਵਟਾਈਆ । ਦੀਪਕ ਜੋਤੀ ਰਹੀ ਬਲ, ਦਿਸ ਕਿਸੇ ਨਾ ਆਈਆ । ਉਚੇ ਮੰਦਰ ਬੈਠਾ ਖੜ, ਹਰਿ ਦਵਾਰ ਸੁਹਾਈਆ । ਹਰਿ ਮੰਦਰ ਮਿਲਿਆ ਵਰ, ਪ੍ਰਭ ਆਪਣਾ ਚਰਨ ਛੁਹਾਈਆ । ਮਨਮੁਖ ਜੀਵਾਂ ਬੰਦ ਦਰ, ਨਾ ਸਕੇ ਕੋਈ ਖੁਲ੍ਹਾਈਆ । ਰਾਮਦਾਸ ਤੇਰਾ ਸਰੋਵਰ ਸਰ, ਅੰਮ੍ਰਿਤ ਆਤਮ ਕਿਸੇ ਹੱਥ ਨਾ ਆਈਆ । ਮਰਨੀ ਮਰਨੀ ਗਏ ਮਰ, ਮਾਰਨਹਾਰਾ ਦਿਸ ਨਾ ਆਈਆ । ਆਪਣੀ ਕਰਨੀ ਲੈਣ ਭਰ, ਪ੍ਰਭ ਦੇਵਣਹਾਰ ਸਜਾਈਆ । ਜੋ ਜਨ ਸਚ ਸਰਨਾਈ ਜਾਇਣ ਪੜ, ਫੜ ਬਾਹੋਂ ਲਏ ਤਰਾਈਆ । ਆਪੇ ਵੇਖੇ ਕਿਲੇ ਕੋਟ ਉਪਰ ਚੜ੍ਹ, ਉਚੇ ਟਿਲੇ ਰਿਹਾ ਹਿਲਾਈਆ । ਹੰਕਾਰੀ ਬੁਰਜ ਜਾਏ ਸੜ, ਜੋਤੀ ਲੰਬੂ ਏਕਾ ਲਾਈਆ । ਲੱਗੇ ਅੱਗ ਬਹੱਤਰ ਨੜ, ਨਾ ਸਕੇ ਕੋਈ ਬੁਝਾਈਆ । ਸੰਤ ਸੁਹੇਲੇ ਸ਼ਬਦ ਸਰੂਪੀ ਕਰ ਕਰ ਮੇਲੇ ਪੁਰਖ ਅਗੰਮਾ ਲਏ ਫੜ, ਗੋਬਿੰਦ ਗੁਰ ਸੰਗ ਰਖਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਵਿਦਿਅ ਅੱਖਰ ਗਿਆ ਖੜ, ਗ੍ਰੰਥ ਪੰਥ ਨਾ ਕੋਈ ਰਖਾਈਆ । ਸ੍ਰਿਸ਼ਟ ਸਬਾਈ ਨਾਲ ਰਿਹਾ ਲੜ, ਲੱਖ ਚੁਰਾਸੀ ਤੇਰੀ ਆਪ ਉਖੇੜੇ ਜੜ, ਬ੍ਰਹਮਾ ਸੰਗ ਰਖਾਈਆ । ਕੋਇ ਨਾ ਸਕੇ ਅੱਗੇ ਅੜ, ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਰ, ਬਾਸ਼ਕ ਤਸ਼ਕਾ ਗਲ ਲਟਕਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰ ਕਰ ਮੇਲੇ ਏਕਾ ਅੱਖਰ ਜਾਇਣ ਪੜ੍ਹ, ਪ੍ਰਭ ਸਾਚਾ ਰਿਹਾ ਪੜ੍ਹਾਈਆ । ਪ੍ਰਭ ਸਾਚਾ ਘਾੜਨ ਘੜ, ਲੋਕਮਾਤ ਰਿਹਾ ਤਰਾਈਆ । ਪਹਿਲਾ ਪੌੜਾ ਆਪਣਾ ਆਪੇ ਚੜ੍ਹ, ਗੁਰਮੁਖਾਂ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਰਿਹਾ ਸਿਖਾਈਆ । ਸਾਚੀ ਸਿਖਿਆ ਸਿਖ ਅਪਾਰ, ਏਕਾ ਇਕ ਰਖਾਈਆ । ਏਕਾ ਇੱਕੀ ਏਕਾ ਵਾਰ, ਏਕੰਕਾਰਾ ਰਿਹਾ ਪਾਈਆ । ਗੋਬਿੰਦ ਰੱਖੀ ਤਿੱਖੀ ਧਾਰ, ਨਾ ਕੋਈ ਮੇਟ ਮਿਟਾਈਆ । ਅੰਤ ਰੁੜ੍ਹਾਈ ਵਿਚ ਸਰਸੇ ਅੰਤਮ ਵਾਰ, ਹੱਥ ਕਿਸੇ ਨਾ ਆਈਆ । ਪ੍ਰਭ ਅਬਿਨਾਸ਼ੀ ਦਏ ਕਰ ਨਿਮਸਕਾਰ, ਗੁਰ ਗੋਬਿੰਦੇ ਖ਼ੁਸ਼ੀ ਮਨਾਈਆ । ਤੇਰੀ ਸੇਵਾ ਅਪਰ ਅਪਾਰ, ਤੇਰੇ ਅੱਗੇ ਟਿਕਾਈਆ । ਅੰਤਮ ਵੇਲਾ ਵਿਚ ਸੰਸਾਰ, ਕਲਜੁਗ ਅੰਤਮ ਲਹਿਣਾ ਰਿਹਾ ਚੁਕਾਈਆ । ਪ੍ਰਭ ਅਬਿਨਾਸ਼ੀ ਕਰ ਵਿਚਾਰ, ਵਰ ਦੇਵੇ ਘਰ ਸਲਾਹੀਆ । ਪਰਗਟ ਹੋ ਨਰ ਨਿਰੰਕਾਰ, ਪਕੜ ਉਠਾਏ ਫੜ ਫੜ ਬਾਂਹੀਆ । ਗੁਰ ਤੇਗ ਬਹਾਦਰ ਲੱਖ ਚੁਰਾਸੀ ਪੈਜ ਸਵਾਰ, ਸ੍ਰਿਸ਼ਟ ਸਬਾਈ ਦਏ ਨਹਾਈਆ । ਗੁਰ ਗੋਬਿੰਦੇ ਕਰ ਪਿਆਰ, ਆਪ ਆਪਣੀ ਗੋਦ ਉਠਾਈਆ । ਏਕਾ ਦੂਜਾ ਭਉ ਨਿਵਾਰ, ਤੀਜਾ ਚੌਥਾ ਘਰ ਵਸਾਈਆ । ਪੰਚਮ ਮੇਲਾ ਕਰ ਪਿਆਰ, ਛੇਵੇਂ ਸ਼ਬਦ ਰੰਗ ਰੰਗਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਆਪ ਕਰਤਾਰ, ਗੋਬਿੰਦੇ ਵਿਚ ਸਮਾਈਆ । ਨੇਤਰ ਅੰਜਨ ਪਾਇਆ ਇਕ ਅਪਾਰ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਤੇਰੀ ਰੁੱਤ ਆਪੇ ਆਪ ਸੁਹਾਈਆ । ਸੰਮਤ ਚੌਦਾਂ ਤੇਰੀ ਰੁੱਤ, ਪ੍ਰਭ ਸਾਚਾ ਆਪੇ ਆਪ ਸੁਹਾਇੰਦਾ । ਖੇਲੇ ਖੇਲ ਪ੍ਰਭ ਅਬਿਨਾਸ਼ੀ ਅਚੁਤ, ਭੇਵ ਕੋਈ ਨਾ ਪਾਇੰਦਾ । ਕਲਜੁਗ ਜੀਵ ਜੂਠਾ ਝੂਠਾ ਕਾਇਆ ਭਾਂਡਾ ਜਾਣਾ ਫੁੱਟ, ਅੰਤ ਕੋਇ ਰਹਿਣ ਨਾ ਪਾਇੰਦਾ । ਗੁਰਮੁਖ ਲਾਹਾ ਰਹੇ ਲੁੱਟ, ਨੇਤਰ ਨੈਣ ਦਰਸ਼ਨ ਪਾਇੰਦਾ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠ, ਦਿਵਸ

੭੮੩
੦੬

ਰੈਣ ਸੇਵ ਕਮਾਇੰਦਾ । ਮਨਮੁਖ ਜੀਵ ਧਰਮ ਰਾਏ ਦਰ ਟੰਗੇ ਪੁੱਠ, ਲਾੜੀ ਮੌਤ ਹੁਕਮ ਜਣਾਇੰਦਾ । ਧੁਰ ਦਰਗਾਹੋਂ ਗਏ ਰੁੱਠ, ਨਾ ਕੋਈ ਫੇਰ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਅੰਤਮ ਵਰ, ਪ੍ਰਭ ਸਾਚਾ ਪੂਰ ਕਰਾਇੰਦਾ । ਗੋਬਿੰਦ ਤੇਰਾ ਸਾਚਾ ਰਾਹ, ਆਪਣਾ ਆਪੇ ਰਿਹਾ ਚਲਾਈਆ । ਸ਼ਬਦ ਸਰੂਪੀ ਬਣ ਮਲਾਹ, ਹਰਿ ਸਾਜਨ ਮੇਲ ਮਿਲਾਈਆ । ਸੰਮਤ ਚੌਦਾਂ ਦਏ ਸਲਾਹ, ਗੁਰਮੁਖਾਂ ਆਪ ਸਮਝਾਈਆ । ਏਕਾ ਇੱਕੀ ਦਿਤੀ ਪਾ, ਸਾਚਾ ਲੇਖ ਲਿਖਾਈਆ । ਸਾਚੀ ਸਿਖੀ ਲਈ ਬਣਾ, ਆਪਣਾ ਸੰਗ ਰਖਾਈਆ । ਧਾਰੋਂ ਤਿਖੀ ਲਈ ਰਖਾ, ਚਾਰ ਵਰਨਾਂ ਰਹੀ ਕਟਾਈਆ । ਰਿਖੀ ਮੁਨੀ ਰੋਵਣ ਮਾਰਨ ਧਾਹ, ਪ੍ਰਭ ਸਾਚਾ ਦਿਸ ਨਾ ਆਈਆ । ਗੁਰ ਗੋਬਿੰਦੇ ਤੇਰਾ ਤੱਕਣ ਰਾਹ, ਸਿਰ ਨੀਲੇ ਚੀਰੇ ਰਹੇ ਬੰਨ੍ਹਾਈਆ । ਰਾਏ ਧਰਮ ਵਖਾਏ ਅੱਧ ਵਿਚ ਲੱਗਾ ਫਾਹ, ਨਾ ਕੋਈ ਤੋੜੇ ਤੋੜ ਤੁੜਾਈਆ । ਦਿਵਸ ਰੈਣ ਗਵਾਇਆ ਮਾਨੁਖ ਮਾਨਸ          ਪ੍ਰਭ ਸਾਚਾ ਸ਼ਾਹੋ ਦਿਸ ਨਾ ਆਈਆ । ਵੱਡ ਦਾਤਾ ਬੇਪਰਵਾਹ, ਬੈਠਾ ਮੁਖ ਛੁਪਾਈਆ । ਦੋ ਜਹਾਨੀ ਸਾਚਾ ਸ਼ਾਹ, ਸ਼ਹਿਨਸ਼ਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮਿਲਿਆ ਤੇਰਾ ਦਰ, ਦਰ ਦਵਾਰਾ ਆਪ ਸੁਹਾਈਆ । ਗੁਰ ਗੋਬਿੰਦੇ ਖੋਲ੍ਹ ਦਰ, ਪ੍ਰਭ ਸਾਚੀ ਜੋਤ ਜਗਾਇੰਦਾ । ਸੰਮਤ ਚੌਦਾਂ ਸਤਾਰਾਂ ਹਾੜ, ਸ੍ਰਿਸ਼ਟ ਸਬਾਈ ਮੇਟੇ ਚਿੰਤ ਸੰਤ ਸੁਹੇਲੇ ਆਪ ਉਠਾਇੰਦਾ । ਆਪੇ ਹੋਏ ਪਿਛੇ ਅਗਾੜ, ਫੜ ਬਾਹੋਂ ਪਾਰ ਕਰਾਇੰਦਾ । ਵੇਖ ਵਖਾਣੇ ਨਾੜੀ ਨੜ, ਸਾਚਾ ਵੈਦ ਵੈਦ ਇਕ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਮਿਲਿਆ ਦਰ, ਦਰ ਦਵਾਰ ਆਪ ਸੁਹਾਇੰਦਾ । ਗੁਰ ਗੋਬਿੰਦ ਸਾਚਾ ਮਿਹਰਵਾਨ, ਹਰਿ ਭਗਤਨ ਦਏ ਵਡਿਆਈਆ । ਸੰਮਤ ਪੰਦਰਾਂ ਹੋਏ ਬੇਪਛਾਨ, ਆਪ ਆਪਣਾ ਭੇਖ ਵਟਾਈਆ । ਸੰਮਤ ਸੋਲਾਂ ਨੇੜੇ ਆਏ ਵਿਚ ਜਹਾਨ, ਸੰਮਤ ਸਤਾਰਾਂ ਵਾਹੋ ਦਾਹੀਆ । ਸੰਮਤ ਅਠਾਰਾਂ ਨਾ ਕੋਈ ਵੇਖੇ ਕਿਸੇ ਮਾਰ ਧਿਆਨ, ਜਲ ਧਾਰਾ ਆਪ ਰੁੜ੍ਹਾਈਆ । ਸੰਮਤ ਉਨੀਸਾ ਹੋਏ ਹੈਰਾਨ, ਅੱਲਾ ਰਾਣੀ ਬੈਠੀ ਮੁਖ ਛੁਪਾਈਆ । ਬੀਸ ਬੀਸਾ ਹਰਿ ਭਗਵਾਨ, ਬੀਸ ਸਿਖਾਂ ਸੇਵਾ ਰਿਹਾ ਲਗਾਈਆ । ਇਕ ਇਕੀਸਾ ਵਿਚ ਜਹਾਨ, ਸਿੰਘ ਦਰਸ਼ਨ ਲਿਖਾਰੀ ਰਿਹਾ ਬਣਾਈਆ । ਸ਼ਬਦ ਵਰਤਾਰੀ ਵਰਤੇ ਵਿਚ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਵਡ ਭੰਡਾਰੀ ਆਪ ਦਾਤਾਰ, ਗੁਰ ਗੋਬਿੰਦੇ ਵਿਚ ਸਮਾਈਆ । ਨਾਮ ਖੰਡਾ ਤੇਜ ਕਟਾਰੀ ਵਿਚ ਦਰਬਾਰ, ਏਕਾ ਏਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਘਰ, ਘਰ ਸਾਚੇ ਬੈਠਾ ਆਸਣ ਲਾਈਆ । ਗੋਬਿੰਦ ਤੇਰਾ ਮੱਲ ਦਰਵਾਜਾ, ਪ੍ਰਭ ਸਾਚੇ ਖ਼ੁਸ਼ੀ ਮਨਾਈਆ । ਪਰਗਟ ਹੋ ਗਰੀਬ ਨਿਵਾਜਾ, ਜਨ ਭਗਤਾਂ ਰੱਖੇ ਲੋਕਮਾਤ ਲਾਜਾ, ਲਾਜਾਵੰਤ ਆਪ ਹੋ ਜਾਈਆ । ਬਰਸ ਤਰਤਾਲੀ ਨਾ ਚਰਨ ਛੁਹਾਇਆ ਦੇਸ ਮਾਝਾ, ਪੁਰੀ ਅਨੰਦ ਗਿਆ ਤਜਾਈਆ । ਅੰਤਮ ਕਲਜੁਗ ਮਾਰੇ ਅਵਾਜਾ, ਸੰਬਲ ਨਗਰੀ ਧਾਮ ਸੁਹਾਈਆ । ਸਤਿਜੁਗ ਤੇਰਾ ਰਚਿਆ ਕਾਜਾ, ਅਨਹਦ ਵਾਜਾ ਇਕ ਵਜਾਈਆ । ਧੁਰਦਰਗਾਹੀ ਆਇਆ ਭਾਜਾ, ਗੁਰ ਪੂਰੇ ਵਿਚ ਸਮਾਈਆ । ਚਿੱਟਾ ਅਸਵ ਸਾਚਾ ਤਾਜਾ, ਸੋਲਾਂ ਕਲੀਆਂ ਆਸਣ ਲਾਈਆ । ਭਾਗ ਲਗਾਇਆ ਦੇਸ ਮਾਝਾ, ਧਾਮ ਧਾਮਾ ਰਿਹਾ ਸੁਣਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸਚ ਸਿੰਘਾਸਣ ਇਕ ਵਖਾਈਆ । ਲੱਖ ਚੁਰਾਸੀ ਤੇਰਾ ਖੋਲ੍ਹੇ ਪਾਜਾ, ਸਾਧ ਸੰਤ ਜੂਠ ਝੂਠ ਅੰਤ ਰਹਿਣ ਨਾ ਪਾਈਆ । ਮਾਨਸ ਮਾਨੁਖ ਭੁਲੇ ਨੌ ਦਰਵਾਜਾ, ਗੁਰਮੁਖ

ਦਸਵੇਂ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਘਰ, ਆਪ ਆਪਣਾ ਚਰਨ ਛੁਹਾਈਆ । ਗੋਬਿੰਦ ਤੇਰਾ ਸਚ ਦਵਾਰ, ਪ੍ਰਭ ਆਪਣਾ ਚਰਨ ਛੁਹਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਆਪੇ ਕੁੰਡਾ ਲਾਹਿਆ । ਰੁੱਤ ਸੁਹਾਏ ਸਤਾਰਾਂ ਹਾੜ, ਸੰਮਤ ਸੰਮਤੀ ਦਏ ਮਿਟਾਇਆ । ਮਨਮੁਖਾਂ ਮਗਰ ਲਗਾਏ ਪੰਚਮ ਧਾੜ, ਦਿਵਸ ਰੈਣ ਚੈਨ ਨਾ ਆਇਆ । ਗੁਰਮੁਖਾਂ ਮਾਇਆ ਮਮਤਾ ਦੇਵੇ ਸਾੜ, ਅੰਮ੍ਰਿਤ ਆਤਮ ਏਕਾ ਜਾਮ ਪਿਆਇਆ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਮਿਟਾਇਆ । ਸਾਚੇ ਮੰਦਰ ਦੇਵੇ ਵਾੜ, ਨਾ ਕੋਈ ਸਕੇ ਫੇਰ ਢਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਘਰ, ਘਰ ਸਾਚੇ ਮੰਗਲ ਗਾਇਆ । ਗੁਰ ਗੋਬਿੰਦ ਘਰ ਮੰਗਲਾਚਾਰ, ਹਰਿ ਆਪੇ ਵੇਖ ਵਖਾਇੰਦਾ । ਪੰਚਮ ਗਾਇਣ ਵਾਰੋ ਵਾਰ, ਹਰਿ ਸਾਚੀ ਸੇਵਾ ਲਾਇੰਦਾ । ਰਾਗ ਛੱਤੀ ਨਾ ਪਾਇਣ ਸਾਰ, ਨਾ ਕੋਈ ਭੇਵ ਜਣਾਇੰਦਾ । ਵੇਦ ਕਿਤੇਬ ਕੁਰਾਨ ਅੰਜੀਲ ਗਏ ਹਾਰ, ਰਸਨਾ ਜਿਹਵਾ ਨਾ ਕੋਈ ਅਲਾਇੰਦਾ । ਖਾਣੀ ਬਾਣੀ ਕਰ ਵਿਚਾਰ, ਧੀਰਜ ਧੀਰ ਨਾ ਕੋਈ ਧਰਾਇੰਦਾ । ਪਰਗਟ ਹੋਏ ਹਰਿ ਨਿਰੰਕਾਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦੇ ਕਰ ਪਿਆਰ, ਏਕਾ ਮੇਲ ਮਿਲਾਇੰਦਾ । ਸਾਚਾ ਮੇਲਾ ਹਰਿ ਦਵਾਰ, ਏਕਾ ਅੱਖਰ ਕਰ ਅਧਾਰ, ਸਾਚੀ ਸਿਖਿਆ ਆਪ ਸਿਖਾਇੰਦਾ । ਲਿਖਿਆ ਲੇਖ ਹਰਿ ਕਰਤਾਰ, ਸ੍ਰਿਸ਼ਟ ਸਬਾਈ ਦਏ ਵੱਥ, ਆਪ ਉਪਾਏ ਆਪੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਸਰ, ਸਰ ਸਰੋਵਰ ਇਕ ਵਖਾਇੰਦਾ । ਗੁਰ ਗੋਬਿੰਦ ਤੇਰਾ ਸਾਚਾ ਸਰ, ਹਰਿ ਮਿਲਿਆ ਇਕ ਭਗਵਾਨਿਆ । ਸੰਤ ਸੁਹੇਲੇ ਰਹੇ ਤਰ, ਕਰ ਧੂੜ ਸਚ ਇਸ਼ਨਾਨਿਆ । ਕਲਜੁਗ ਜੀਵ ਰਹੇ ਡਰ, ਨਾ ਹੋਇਣ ਦਰ ਪਰਵਾਨਿਆ । ਜਨ ਭਗਤਾਂ ਚੁਕਾਏ ਜਮ ਕਾ ਡਰ, ਆਵਣ ਜਾਵਣ ਫੰਦ ਕਟਾਨਿਆ । ਇਕ ਵਖਾਏ ਸਾਚਾ ਘਰ, ਹਰਿ ਥਿਰ ਘਰ ਨਾਉਂ ਰਖਾਨਿਆ । ਨਾ ਜਨਮੇ ਨਾ ਜਾਏ ਮਰ, ਸਾਚੇ ਧਾਮ ਹਰਿ ਸੁਹਾਨਿਆ । ਜਨ ਭਗਤਾਂ ਦੇਵੇ ਵਰਨੀ ਵਰ, ਵਰ ਦਾਤਾ ਆਪ ਅਖਵਾਨਿਆ । ਆਪਣੀ ਕਰਨੀ ਰਿਹਾ ਕਰ, ਕਰਨਹਾਰ ਆਪ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਦਰ, ਖੇਲੇ ਖੇਲ ਦੋ ਜਹਾਨਿਆ । ਭਗਤ ਜਨਾਂ ਸਾਚਾ ਮੇਲ, ਮੇਲ ਮਿਲਾਏ ਸ੍ਰੀ ਭਗਵਾਨਾ । ਜੋਤ ਨਿਰੰਜਣ ਚਾੜ੍ਹੇ ਤੇਲ, ਹੱਥੀਂ ਬੰਨੇ ਸਾਚਾ ਗਾਨਾ । ਪੰਚਮ ਸਖੀਆਂ ਮਿਲ ਮਿਲ ਪਾਇਣ ਵੇਲ, ਅਨਹਦ ਗਾਏ ਸਾਚਾ ਗਾਨਾ । ਸੰਤ ਸੁਹੇਲੇ ਸੱਜਣ ਆਪੇ ਮੇਲ, ਆਪ ਸੁਣਾਏ ਧੁਰਦਰਗਾਹੀ ਸਚ ਫ਼ਰਮਾਨਾ । ਆਪੇ ਵਸਿਆ ਰੰਗ ਨਵੇਲ, ਹਰ ਘਟ ਅੰਦਰ ਆਪ ਸਮਾਨਾ । ਆਪੇ ਗੁਰੂ ਗੁਰ ਚੇਲ, ਆਪੇ ਗੋਬਿੰਦ ਰੂਪ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਦਰ, ਦਰ ਦਵਾਰਾ ਇਕ ਸੁਹਾਨਾ । ਗੁਰ ਗੋਬਿੰਦਾ ਦਰ ਸੁਹਾਏ, ਹਰਿ ਦਾਤਾ ਬੇਪਰਵਾਹੀਆ । ਸੰਤ ਸੁਹੇਲੇ ਲਏ ਮਿਲਾਏ, ਆਪ ਆਪਣਾ ਮੇਲ ਮਿਲਾਈਆ । ਨਾਮ ਤੰਦਨ ਤੰਦ ਬੰਨ੍ਹਾਏ, ਸਾਚਾ ਸਗਨ ਮੁਖ ਲਗਾਈਆ । ਕਾਇਆ ਚੋਲੀ ਰੰਗਣ ਰੰਗ ਚੜ੍ਹਾਏ, ਉਤਰ ਕਦੇ ਨਾ ਜਾਈਆ । ਦੂਜਾ ਦਰ ਨਾ ਕੋਈ ਮੰਗਣ ਜਾਏ, ਜੋ ਆਏ ਹਰਿ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਵੇਖ ਘਰ, ਘਰ ਬੈਠਾ ਆਸਣ ਲਾਈਆ । ਗੋਬਿੰਦ ਤੇਰਾ ਸਚ ਟਿਕਾਨਾ, ਹਰਿ ਆਪੇ ਆਪ ਬਣਾਇੰਦਾ । ਸ਼ਬਦ ਸਰੂਪੀ ਇਕ ਬਿਬਾਨਾ, ਦੋ ਜਹਾਨਾਂ ਆਪ ਚਲਾਇੰਦਾ । ਸੇਵ ਲਗਾਏ ਪਵਣ ਮਸਾਨਾ,

ਅਵਨ ਗਵਣ ਮੇਟ ਮਿਟਾਇੰਦਾ । ਨਾ ਕੋਈ ਧੂਪ ਨਾ ਕੋਈ ਹਵਨ ਨਾ ਤਰਾਨਾ, ਨਾ ਕੋਈ ਦੀਪ ਜਗਾਇੰਦਾ । ਖਾਣੀ ਬਾਣੀ ਨਾ ਕੋਈ ਵੇਦ ਪੁਰਾਨ, ਕੁਰਾਨ ਅੰਜੀਲ ਨਾ ਕੋਈ ਗਾਇੰਦਾ । ਏਕਾ ਅੱਖਰ ਧੁਰ ਫ਼ਰਮਾਨਾ, ਸੋਹੰ ਜਾਪ ਜਪਾਇੰਦਾ । ਨਾਨਕ ਪਾਇਆ ਪਦ ਨਿਰਬਾਨਾ, ਸ੍ਰਿਸ਼ਟ ਸਬਾਈ ਰਾਹ ਵਖਾਇੰਦਾ । ਸਤਿ ਪੁਰਖ ਅਗੰਮਾ ਹਰਿ ਭਗਵਾਨਾ, ਘਰ ਸਾਚੇ ਆਸਣ ਲਾਇੰਦਾ । ਇਕ ਕਬੀਰ ਦਰ ਪਰਵਾਨਾ, ਆਪਣਾ ਦਰਸ ਦਿਖਾਇੰਦਾ । ਕਲਜੁਗ ਭੁੱਲੇ ਜੀਵ ਨਾਦਾਨਾ, ਹਰਿ ਭੇਖੀ ਭੇਖ ਵਟਾਇੰਦਾ । ਬਲ ਦਵਾਰੇ ਬਣ ਨਾਦਾਨਾ, ਵੇਸੀ ਵੇਸ ਵਟਾਇੰਦਾ । ਨਿਹਕਲੰਕ ਪਹਿਰਿਆ ਬਾਣਾ, ਗੋਬਿੰਦ ਸੰਗ ਰਲਾਇੰਦਾ । ਗੁਰਮੁਖ ਸਾਚੇ ਵੇਖ ਵਖਾਨਾ, ਵੇਦ ਵਿਆਸਾ ਲੇਖ ਲਿਖਾਇੰਦਾ । ਉਚ ਪਰਬਤ ਸਚ ਟਿਕਾਨਾ, ਬਜਰ ਕਪਾਟੀ ਸਾਚੀ ਸਿਲ੍ਹਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਹਰਿ, ਹਰਿ ਸਾਚਾ ਮੇਲ ਮਿਲਾਇੰਦਾ । ਗੋਬਿੰਦ ਮੇਲਾ ਹਰਿ ਦਵਾਰ, ਹਰਿ ਹਰਿ ਆਪ ਕਰਾਇੰਦਾ । ਆਪ ਆਪਣੀ ਕਿਰਪਾ ਧਾਰ, ਆਪ ਆਪਣੇ ਰੰਗ ਰੰਗਾਇੰਦਾ । ਪੂਤ ਸਪੂਤ ਇਕ ਵਰਤਾਰ, ਚਾਰੋਂ ਕੁੰਟ ਵੇਖ ਵਖਾਇੰਦਾ । ਸਾਚੇ ਘਰ ਦਏ ਵਾੜ, ਜੋਤੀ ਜੋਤ ਆਪ ਮਿਲਾਇੰਦਾ । ਪਹਿਲੇ ਪੌੜੇ ਪਹਿਲੀ ਵਾਰ, ਫੜ ਬਾਹੋਂ ਆਪ ਚੜ੍ਹਾਇੰਦਾ । ਵੇਖੇ ਪਰਖੇ ਮਿੱਠੇ ਕੌੜੇ ਵਿਚ ਸੰਸਾਰ, ਜੀਵ ਜੰਤ ਵੇਖ ਵਖਾਇੰਦਾ । ਸ਼ਬਦ ਹਥੌੜੇ ਮਾਰੇ ਮਾਰ, ਆਪ ਆਪਣੀ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਰੂਪ ਸਮਾਇੰਦਾ । ਭਗਵਨ ਰੂਪ ਹਰਿ ਸਮਾਇਆ, ਭਗਤਨ ਦਰ ਵਧਾਈਆ । ਮਨਮੁਖ ਜੀਵ ਦਿਸ ਨਾ ਆਇਆ, ਜੂਠ ਝੂਠ ਕਰੀ ਕੁੜਮਾਈਆ । ਮਨ ਮਤ ਬੁਧ ਭੇਵ ਨਾ ਰਾਇਆ, ਜਗਤ ਵਿਦਿਆ ਸਾਰ ਨਾ ਆਈਆ । ਦੇਵੀ ਦੇਵ ਕਿਸੇ ਨਜ਼ਰ ਨਾ ਆਇਆ, ਅਲਖ ਅਭੇਵ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਇਕ ਘਰ, ਏਕਾ ਰੰਗ ਵਖਾਈਆ । ਏਕਾ ਰੰਗ ਨਰ ਨਰਾਇਣ, ਆਪਣਾ ਆਪ ਵਖਾਇਆ । ਗੋਬਿੰਦ ਮੇਲਾ ਸਾਚੇ ਸੱਜਣ, ਆਪਣਾ ਆਪ ਕਰਾਇਆ । ਤਾਲ ਨਗਾਰੇ ਸਾਚੇ ਵੱਜਣ, ਵਜਾਵਣਹਾਰ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ ।

ਹਰਿ ਕਲਕੀ ਅਵਤਾਰ, ਜੋਤ ਜਗਾਇੰਦਾ । ਹਰਿ ਕਲਕੀ ਅਵਤਾਰ, ਭੇਖ ਵਟਾਇੰਦਾ । ਹਰਿ ਕਲਕੀ ਅਵਤਾਰ, ਲੇਖ ਲਿਖਾਇੰਦਾ । ਹਰਿ ਕਲਕੀ ਅਵਤਾਰ, ਵੇਖ ਵਖਾਇੰਦਾ । ਹਰਿ ਕਲਕੀ ਅਵਤਾਰ, ਗੋਬਿੰਦ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਗੀ ਤੋੜਾ ਇਕ ਵਖਾਇੰਦਾ । ਹਰਿ ਕਲਕੀ ਅਵਤਾਰ, ਏਕਾ ਏਕ ਅਖਵਾਇਆ । ਖੇਲੇ ਖੇਲ ਅਪਾਰ, ਅਕਲ ਕਲਾ ਵਰਤਾਇਆ । ਗੁਰ ਚੇਲੇ ਪਾਵੇ ਸਾਰ, ਸਾਰੰਗ ਧਰ ਆਪ ਹੋ ਆਇਆ । ਮੇਲੇ ਮੇਲ ਨਾਮ ਦਰਬਾਰ, ਦਰ ਦਰਬਾਰੀ ਇਕ ਅਖਵਾਇਆ । ਸੱਜਣ ਸੁਹੇਲੇ ਲਏ ਤਾਰ, ਤਾਰਨਹਾਰਾ ਸ੍ਰਿਸ਼ਟ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਕਲਗੀ ਧਰ ਹਰਿ ਅਵਤਾਰ, ਜਾਗਰਤ ਜੋਤ ਜਗਾਈਆ । ਜੋਤ ਸਰੂਪੀ ਕਰ ਉਜਿਆਰ, ਕਲਜੁਗ ਰੈਣ ਅੰਧੇਰੀ ਰਿਹਾ ਮਿਟਾਈਆ । ਸ਼ਬਦ ਸਰੂਪੀ ਇਕ


੭੯੬
੦੬

ਜੈਕਾਰ, ਚਾਰੋਂ ਕੁੰਟ ਰਿਹਾ ਕਰਾਈਆ । ਸਤਿਜੁਗ ਸਾਚਾ ਵਣਜ ਵਪਾਰ, ਆਪ ਆਪਣਾ ਨਾਉਂ ਰਖਾਈਆ । ਸੰਮਤ ਚੌਦਾਂ ਬੰਨ੍ਹੇ ਧਾਰ, ਸਤਿ ਪੁਰਖ ਨਿਰੰਜਣ ਹੱਥ ਵਡਿਆਈਆ । ਗੁਰਮੁਖ ਸਾਚੇ ਕਰ ਪਿਆਰ, ਸਾਚੀ ਸਿਖਿਆ ਰਿਹਾ ਸਿਖਾਈਆ । ਏਕਾ ਇੱਕੀ ਏਕਾ ਵਾਰ, ਇਕ ਇਕੇਲਾ ਰਿਹਾ ਪਾਈਆ । ਗੁਰ ਗੋਬਿੰਦ ਬਣ ਭਿਖਾਰ, ਦਰ ਦਵਾਰਾ ਮੰਗ ਮੰਗਾਈਆ । ਕਲਜੁਗ ਤੇਰੀ ਅੰਤਮ ਵਾਰ, ਪੂਰਬ ਲਹਿਣਾ ਝੋਲੀ ਪਾਈਆ । ਸ਼ਬਦ ਗਹਿਣਾ ਤਨ ਸ਼ਿੰਗਾਰ, ਅਸਤਰ ਸ਼ਸਤਰ ਵੇਖ ਵਖਾਈਆ । ਚਿੱਟਾ ਅਸਵ ਕਰ ਤਿਆਰ, ਆਸਣ ਸਿੰਘਾਸਣ ਇਕ ਵਛਾਈਆ । ਪਰਗਟ ਹੋਏ ਸ਼ਾਹ ਅਸਵਾਰ, ਵਾਗ ਆਪਣੇ ਹੱਥ ਰਖਾਈਆ । ਸਚਖੰਡੀ ਖੋਲ੍ਹ ਆਪ ਦਵਾਰ, ਲੋਕਮਾਤੀ ਰਾਹ ਤਕਾਈਆ । ਆਪੇ ਜਾਣੇ ਆਰ ਪਾਰ ਕਿਨਾਰ, ਮੰਝਧਾਰ ਵੇਖ ਵਖਾਈਆ । ਸਵੇਰ ਸੰਞ ਸੂਰਜ ਚੰਨ ਸਿਤਾਰ, ਬੈਠੇ ਮੁਖ ਛੁਪਾਈਆ । ਆਪ ਵਜਾਏ ਕਾਲ ਨਗਾਰ, ਏਕਾ ਡੌਰੂ ਰਿਹਾ ਵਾਹੀਆ । ਧਰਮ ਰਾਏ ਦਰ ਬਣ ਭਿਖਾਰ, ਬੈਠਾ ਸੀਸ ਝੁਕਾਈਆ । ਲਾੜੀ ਮੌਤ ਕਰ ਤਿਆਰ, ਹੱਥੀਂ ਮਹਿੰਦੀ ਰਿਹਾ ਲਾਲ ਰੰਗਾਈਆ । ਨੈਣ ਕੱਜਲ ਪਾਇਆ ਭਾਰ, ਸੀਸ ਮੈਂਢੀ ਰਿਹਾ ਗੁੰਦਾਈਆ । ਨਾਰ ਕੰਨਿਆ ਹੋਈ ਮੁਟਿਆਰ, ਵਰ ਢੂੰਡੇ ਸ੍ਰਿਸ਼ਟ ਸਬਾਈਆ । ਲੱਖ ਚੁਰਾਸੀ ਵੇਖੇ ਕੰਤ ਭਤਾਰ, ਕਵਣ ਹਾਣੀਆਂ ਹਾਣ ਮਿਲਾਈਆ । ਉਚੇ ਟਿੱਲੇ ਪਰਬਤ ਸੁਹਾਏ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਫੇਰਾ ਪਾਈਆ । ਧਰਤ ਮਾਤ ਤੇਰਾ ਵੇਖ ਅਖਾੜ, ਸੂਰਬੀਰਾਂ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਗੀ ਧਰ ਆਪ ਅਖਵਾਈਆ । ਕਲਗੀ ਧਰ ਹਰਿ ਜਗਦੀਸਾ, ਜਗਤ ਜੋਗ ਵਖਾਇੰਦਾ । ਖੇਲੇ ਖੇਲ ਬੀਸ ਇਕੀਸਾ, ਰਾਗ ਛਤੀਸਾ ਮੇਟ ਮਿਟਾਇੰਦਾ । ਨਾ ਕੋਈ ਕੁਰਾਨ ਅੰਜ਼ੀਲ ਹਦੀਸਾ, ਨਾ ਕੋਈ ਮੁੱਲਾ ਸਬਕ ਪੜ੍ਹਾਇੰਦਾ । ਰਾਜ ਰਾਜਾਨ ਨਾ ਕੋਈ ਛਤਰ ਰੱਖੇ ਸੀਸਾ, ਤਖ਼ਤ ਤਾਜ ਨਾ ਕੋਈ ਹੰਢਾਇੰਦਾ । ਲਿਖਿਆ ਲੇਖ ਚੁੱਕੇ ਵਿਚ ਉਨੀਸਾ, ਅਹਿਨਲ ਹੱਕ ਪ੍ਰਭ ਝੋਲੀ ਪਾਇੰਦਾ । ਮੁਹੰਮਦ ਮੁਹੰਮਦੀ ਫਲ ਗਿਆ ਪੱਕ, ਅਹਿਮਦ ਅਹਿਮਦੀ ਆਪ ਅਖਵਾਇੰਦਾ । ਚਾਰ ਯਾਰੀ ਲਾਏ ਧੱਕ, ਅੱਲਾ ਰਾਣੀ ਸੰਗ ਰਲਾਇੰਦਾ । ਲੋਕਮਾਤੀ ਦਏ ਹੱਕ, ਪਰਵਰਦਿਗਾਰ ਰਾਹ ਵਖਾਇੰਦਾ । ਚਾਰ ਯਾਰ ਸੰਗ ਮੁਹੰਮਦ ਗਏ ਥੱਕ, ਚੌਦਾਂ ਤਬਕਾਂ ਪੰਧ ਮੁਕਾਇੰਦਾ । ਮੱਕਾ ਮਦੀਨਾ ਵੇਖੇ ਢੱਕ, ਸਿੰਘ ਸ਼ੇਰ ਸ਼ੇਰ ਆਪ ਹੋ ਜਾਇੰਦਾ । ਨਬੀ ਰਸੂਲਾਂ ਨਾ ਕੋਈ ਸਕੇ ਰੱਖ, ਨਾ ਕੋਈ ਹਾਜ਼ੀ ਹੱਜ ਕਰਾਇੰਦਾ । ਉਮਤ ਉਮਤੀ ਕਰੇ ਵੱਖ, ਆਪ ਆਪਣੀ ਦਇਆ ਕਮਾਇੰਦਾ । ਕੂਜਾ ਬਾਂਗ ਰੋਜਾ ਹੋਏ ਸੱਖ, ਹੂ ਅੱਲਾ ਨਾਅਰਾ ਨਾ ਕੋਈ ਲਾਇੰਦਾ । ਪਰਗਟ ਹੋਏ ਹਰਿ ਪਰਤੱਖ, ਸੰਮਤ ਪੰਦਰਾਂ ਆਪ ਜਗਾਇੰਦਾ । ਚਾਰ ਕੁੰਟ ਉਡਣੇ ਕੱਖ, ਕੰਧੀ ਡਾਹ ਆਪ ਲਗਾਇੰਦਾ । ਸਖੀ ਸਰਵਰ ਸ਼ੇਖ਼ ਮੁਸਾਇਕ ਪੀਰ ਦਸਤਗੀਰ ਨਾ ਕੋਈ ਪਛਾਣੇ ਆਪਣਾ ਹੱਕ, ਹਕੀਕਤ ਹੱਕ ਸਰਬ ਗਵਾਇੰਦਾ । ਏਕਾ ਸ਼ਬਦ ਸੋਹੰ ਨਕੇਲ ਪਾਏ ਨੱਕ, ਡੋਰ ਆਪਣੇ ਹੱਥ ਰਖਾਇੰਦਾ । ਕਲਜੁਗ ਫਲ ਗਿਆ ਪੱਕ, ਚੌਦਾਂ ਲੋਕਾਂ ਆਪ ਖੁਆਇੰਦਾ । ਸੰਤ ਸੁਹੇਲੇ ਲਏ ਰੱਖ, ਆਪ ਆਪਣਾ ਦਰਸ ਦਿਖਾਇੰਦਾ । ਫੜ ਫੜ ਬਾਹੋਂ ਕਰੇ ਵੱਖ, ਏਕਾ ਵੱਖਰੀ ਧਾਰ ਚਲਾਇੰਦਾ । ਵਰੋਲੇ ਛਾਛ ਜਿਉਂ ਮੱਖ, ਨਾਮ ਮਧਾਣਾ ਏਕਾ ਪਾਇੰਦਾ । ਆਪ ਉਘਾੜੇ ਤੀਜੀ ਅੱਖ, ਸੋਹੰ ਅੰਜਨ ਏਕਾ ਪਾਇੰਦਾ । ਕਾਇਆ ਮੰਦਰ ਜਾਣੇ ਢੱਠ, ਨਾ ਕੋਈ ਸਾਥ ਨਿਭਾਇੰਦਾ । ਪ੍ਰਭ ਆਪੇ ਗੇੜੇ ਉਲਟੀ ਲੱਠ, ਸ਼ਬਦ ਗੇੜਾ ਆਪਣੇ ਆਪ ਚਲਾਇੰਦਾ । ਤ੍ਰੈਗੁਣ ਮਾਇਆ ਤੇਰਾ ਭੱਠ, ਹਰਿ ਜੋਤੀ ਲੰਬੂ ਲਾਇੰਦਾ । ਵਿਚ ਪਾਏ ਤੀਰਥ

ਅੱਠ ਸੱਠ, ਨਾ ਕੋਈ ਸ਼ਾਂਤ ਕਰਾਇੰਦਾ । ਗੁਰਦਰ ਮੰਦਰ ਮਸਜਿਦ ਪਏ ਭੱਠ, ਇੱਟ ਗਾਰਾ ਨਾ ਕੋਇ ਲਗਾਇੰਦਾ । ਚਰਨ ਦਵਾਰ ਜੋ ਜਨ ਆਏ ਜਾਏ ਢੱਠ, ਦੋ ਜਹਾਨੀ ਪਾਰ ਕਰਾਇੰਦਾ । ਸਾਧਾਂ ਸੰਤਾਂ ਪੈਂਡਾ ਨਾ ਮੁੱਕਣਾ ਨੱਠ ਨੱਠ, ਗ੍ਰੰਥ ਪੰਥ ਨਾ ਕੋਈ ਬਚਾਇੰਦਾ । ਪੁਰਖ ਅਬਿਨਾਸ਼ੀ ਕਰ ਇਕੱਠ, ਮਸਤੂਆਣਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬੀਸ ਬੀਸਾ ਜਗਤ ਉਨੀਸਾ ਏਕਾ ਰਾਹ ਵਿਖਾਇੰਦਾ । ਏਕਾ ਉਨੀ ਪ੍ਰਭ ਚੁਣੀ, ਕਲਜੁਗ ਵੱਜੀ ਵਧਾਈਆ । ਲੇਖਾ ਚੁੱਕੇ ਮੁਸਲਿਮ ਸੁੰਨੀ, ਅੰਤਮ ਲਹਿਣਾ ਦੇਣ ਮੁਕਾਈਆ । ਵਡ ਵਡ ਗੁਣ ਗੁਣੀ, ਗੁਣ ਅਵਗੁਣ ਵੇਖ ਵਖਾਈਆ । ਧਰਤਮਾਤ ਤੇਰੀ ਪੁਕਾਰ ਸੁਣੀ, ਜੋਤੀ ਜਾਮਾ ਭੇਖ ਵਟਾਈਆ । ਸੰਬਲ ਨਗਰੀ ਸਾਚਾ ਧਾਮ ਚੁਣੀ, ਆਪ ਬੈਠਾ ਆਸਣ ਲਾਈਆ । ਏਕਾ ਸ਼ਬਦ ਏਕਾ ਧੁਨੀ, ਏਕਾ ਰਾਗ ਏਕਾ ਕੰਤ ਇਕ ਸੁਹਾਗ ਇਕ ਸ਼ਬਦ ਇਕ ਅਵਾਜ, ਆਪ ਆਪਣੀ ਰਿਹਾ ਲਗਾਈਆ । ਏਕਾ ਰਾਜ ਏਕਾ ਕਾਜ ਏਕਾ ਸਾਜ ਏਕਾ ਬਾਜ, ਗਰੀਬ ਨਿਵਾਜ ਆਪ ਆਪਣਾ ਰਿਹਾ ਵਖਾਈਆ । ਜੁਗ ਜੁਗ ਰੱਖਣਹਾਰਾ ਲਾਜ, ਜਨ ਭਗਤਾਂ ਸੇਵਾ ਰਿਹਾ ਕਮਾਈਆ । ਪਰਗਟ ਹੋ ਦੇਸ ਮਾਝ, ਸਾਚੇ ਸ਼ਬਦ ਕਰੇ ਕੁੜਮਾਈਆ । ਕਲਜੁਗ ਲਹਿਣਾ ਦੇਣ ਚੁਕਾਏ ਕਲ ਕਿ ਆਜ, ਕਾਲਾ ਟਿੱਕਾ ਮਸਤਕ ਲਾਏ ਛਾਈਆ । ਮਾਇਆ ਰਾਣੀ ਗੁਰ ਦਰ ਮੰਦਰ ਅੰਦਰ ਕਰੇ ਨਾਚ, ਮੁਖ ਬੈਠੀ ਘੁੰਗਟ ਲਾਹੀਆ । ਤ੍ਰੈਗੁਣ ਤੇਰੀ ਲੱਗੀ ਆਂਚ, ਨਾ ਸਕੇ ਕੋਈ ਬੁਝਾਈਆ । ਲਹਿਣਾ ਚੁੱਕੇ ਤਤ ਵਿਕਾਰਾ ਪਾਂਚ, ਸਰਗੁਣ ਭਰਮ ਭੁਲਾਈਆ । ਕਾਇਆ ਮਾਟੀ ਝੂਠਾ ਕਾਂਚ, ਅੰਤਮ ਭੰਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਗੀ ਧਰ ਜਗਤ ਜਗਦੀਸ ਇਕ ਹੋ ਜਾਈਆ । ਕਲਗੀ ਧਰ ਹਰਿ ਜਗਦੀਸਾ, ਏਕਾ ਏਕ ਅਖਵਾਏ । ਏਕਾ ਛਤਰ ਝੁਲਾਏ ਸੀਸਾ, ਦੂਸਰ ਕੋਈ ਦਿਸ ਨਾ ਆਏ । ਬ੍ਰਹਮਾ ਵਿਸ਼ਨ ਮਹੇਸ਼ ਸ਼ਿਵ ਗਣੇਸ਼ਾ ਦਰ ਕਰਨ , ਬੈਠਣ ਸੀਸ ਝੁਕਾਏ । ਆਪੇ ਜਾਣੇ ਧਾਰੀ ਕੇਸਾ, ਮੂੰਡ ਮੁੰਡਾਏ ਵੇਖ ਵਖਾਏ । ਸਤਿਜੁਗ ਤੇਰੀ ਸਚ ਹਦੀਸਾ, ਹਰਿ ਸਾਚੀ ਰਿਹਾ ਪੜ੍ਹਾਏ । ਸੋਹੰ ਸ਼ਬਦ ਇਕ ਇਕੀਸਾ, ਏਕਾ ਇੱਕੀ ਪਾਏ । ਸੋ ਪੁਰਖ ਨਿਰੰਜਣ ਆਪ ਆਪਣੀ ਕਰੇ ਰੀਸਾ, ਹੰ ਹੰਗਤਾ ਮੇਟ ਮਿਟਾਏ । ਸਾਚੀ ਸੰਗਤਾ ਇਕ ਹਦੀਸਾ, ਏਕਾ ਜਾਪ ਜਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਗੀ ਧਰ ਆਪ ਹੋ ਆਏ । ਕਲਗੀ ਧਰ ਹਰਿ ਭਗਵਾਨਾ, ਆਪਣੀ ਕਲ ਵਰਤਾਇੰਦਾ । ਇਕ ਇਕੀਸਾ ਧੁਰ ਫ਼ਰਮਾਣਾ, ਧੁਰਦਰਗਾਹੀ ਆਪ ਅਲਾਇੰਦਾ । ਬੀਸ ਬੀਸੇ ਸ਼ਬਦ ਨਿਸ਼ਾਨਾ, ਲੋਕਮਾਤੀ ਆਪ ਝੁਲਾਇੰਦਾ । ਉਨੀ ਉਨੀਸਾ ਝੂਠ ਦੁਕਾਨਾ, ਚਾਰ ਯਾਰੀ ਮੇਟ ਮਿਟਾਇੰਦਾ । ਅੱਠ ਅਠਾਰਾਂ ਮਾਰ ਧਿਆਨਾ, ਜਲ ਧਾਰਾ ਮੇਲ ਮਿਲਾਇੰਦਾ । ਸੰਮਤ ਸਤਾਰਾਂ ਕਰ ਵੈਰਾਨਾ, ਦੀਵਾ ਬੱਤੀ ਨਾ ਕੋਈ ਜਗਾਇੰਦਾ । ਚੌਦਾਂ ਹੱਟਾਂ ਖੇਲ ਵਖਾਨਾ, ਬਾਜੀਗਰ ਨਟਾਂ ਨਾਚ ਨਚਾਇੰਦਾ । ਤੀਰਥ ਤੱਟਾਂ ਨਾ ਕੋਈ ਕਰ ਪਰਵਾਨਾ, ਧੂੜੀ ਧੂੜ ਖ਼ਾਕ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਗੀ ਧਰ ਕਲਗੀ ਤੋੜਾ ਸੀਸ ਟਿਕਾਇੰਦਾ । ਸੰਮਤ ਸੋਲਾਂ ਕਰ ਸ਼ਿੰਗਾਰ, ਏਕਾ ਜੋਤ ਜਗਾਇੰਦਾ । ਆਪ ਆਪਣਾ ਕਰ ਪਿਆਰ, ਆਪਣੀ ਸੇਜ ਹੰਢਾਇੰਦਾ । ਗੁਰਮੁਖ ਸਾਚੇ ਵੇਖ ਵਿਚਾਰ, ਨੇਤਰ ਨੈਣ ਖੁਲ੍ਹਾਇੰਦਾ । ਨੇਤਰ ਪੇਖਣ ਦਰਸ ਅਪਾਰ, ਦਰਸ ਦਰਸੀ ਆਪ ਕਰਾਇੰਦਾ । ਮਨਮੁਖ ਜੀਵ ਰੋਵਣ ਧਾਹਾਂ ਮਾਰ, ਚਾਰੋਂ ਕੁੰਟ ਸਭ ਕੁਰਲਾਇੰਦਾ । ਰਾਜ ਰਾਜਾਨ ਛੱਡਣ ਦਰ ਦਰਬਾਰ, ਤਖ਼ਤ ਤਾਜ ਨਾ ਕੋਈ ਵਖਾਇੰਦਾ । ਨਾ ਕੋਈ ਵੇਖੇ ਕਰੇ

੭੮੮ ੦੬

੭੮੯
੦੬

ਕਿਸੇ ਵਿਚਾਰ, ਪਿਤਾ ਪੂਤ ਨਾ ਕੋਈ ਸਮਝਾਇੰਦਾ । ਨਾ ਕੋਈ ਨਾਰੀ ਕੰਤ ਭਤਾਰ, ਨਾ ਕੋਈ ਧੀ ਜਵਾਈ ਕਰ ਕੁੜਮਾਈ ਖ਼ੁਸ਼ੀਆਂ ਸਗਨ ਮਨਾਇੰਦਾ । ਨਾ ਕੋਈ ਵਿਦਿਆ ਮਾਤ ਪੜ੍ਹਾਈ, ਨਾ ਕੋਈ ਅੱਖਰ ਲੇਖ ਹੱਥ ਫੜਾਇੰਦਾ । ਲੱਖ ਚੁਰਾਸੀ ਲੱਭੀ ਸੱਬਰ, ਧਰਤ ਮਾਤ ਗੋਦ ਵਖਾਇੰਦਾ । ਨਾ ਕੋਈ ਨੇਤਰ ਨੀਰ ਵਹਾਏ ਅੱਥਰ, ਨਾ ਕੋਈ ਧੀਰਜ ਧੀਰ ਧਰਾਇੰਦਾ । ਗੁਰਮੁਖ ਸਾਚੇ ਸੰਤ ਸੁਹੇਲੇ ਕਰ ਕਰ ਵੱਖਰ, ਏਕਾ ਰਾਹ ਵਖਾਇੰਦਾ । ਸ਼ਬਦ ਅੰਧੇਰੀ ਚਲੇ ਝੱਖੜ, ਪ੍ਰਭ ਸੋਹੰ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਵੇਖ ਘਰ, ਆਪ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਹਰਿ ਨਿਰੰਕਾਰ, ਗੋਬਿੰਦ ਜੋਤ ਜਗਾਈਆ । ਸ਼ੇਰ ਸਿੰਘ ਪ੍ਰਭ ਹੋ ਤਿਆਰ, ਪੂਰਨ ਵਿਚ ਸਮਾਈਆ । ਪੂਰਨ ਜੋਤ ਕਰ ਆਕਾਰ, ਗੋਬਿੰਦ ਰੰਗ ਰੰਗਾਈਆ । ਗੋਬਿੰਦ ਮੇਲਾ ਨਰ ਨਿਰੰਕਾਰ, ਚੇਲਾ ਗੁਰ ਆਪ ਅਖਵਾਈਆ । ਸਾਚਾ ਮੇਲਾ ਵਿਚ ਸੰਸਾਰ, ਸੰਬਲ ਨਗਰੀ ਆਪ ਕਰਾਈਆ । ਸਾਢੇ ਤਿੰਨ ਹੱਥ ਮੰਦਰ ਕਰ ਤਿਆਰ, ਚਾਰ ਦੀਵਾਰੀ ਨਾ ਕੋਈ ਬਣਾਈਆ । ਨਾ ਕੋਈ ਬਾਡੀ ਫੜੇ ਹੱਥ ਹਥਿਆਰ, ਪਾਰਬ੍ਰਹਮ ਬਣਤ ਬਣਾਈਆ । ਨਾ ਕੋਈ ਦਿਸੇ ਦਰ ਦਵਾਰ, ਨੌਂ ਦਵਾਰੇ ਵੇਖ ਵਖਾਈਆ । ਦਸਵਾਂ ਕੀਤਾ ਬੰਦ ਕਿਵਾੜ, ਗੁਰ ਗੋਬਿੰਦਾ ਬੈਠਾ ਆਸਣ ਲਾਈਆ । ਧੰਨ ਸੁਭਾਗ ਦਿਹਾੜਾ ਸਤਾਰਾਂ ਹਾੜ, ਗੁਰਮੁਖਾਂ ਅੱਗੇ ਬੈਠਾ ਸੇਜ ਵਛਾਈਆ । ਸ੍ਰਿਸ਼ਟ ਸਬਾਈ ਆਪ ਚਬਾਏ ਆਪਣੀ ਦਾੜ੍ਹ, ਬਚਿਆ ਰਹਿਣ ਕੋਈ ਨਾ ਪਾਈਆ । ਮਗਰ ਲਗਾਏ ਅਗੰਮੀ ਧਾੜ, ਗੁਰ ਗੋਬਿੰਦਾ ਸ਼ਬਦ ਖੰਡਾ ਇਕ ਰਖਾਈਆ । ਨਾਲ ਰਲਾਏ ਮੌਤ ਲਾੜ, ਘਰ ਘਰ ਵੇਖੇ ਫੇਰੀਆਂ ਪਾਈਆ । ਮਨਮੁਖ ਜੀਵਾਂ ਟੋਹੇ ਨਾੜ ਨਾੜ, ਤਿੰਨ ਸੌ ਸੱਠ ਹਾੜੀ ਵੇਖ ਵਖਾਈਆ । ਮੜ੍ਹੀ ਗੋਰ ਜਗ ਦੇਵੇ ਸਾੜ, ਬਚਿਆ ਰਹਿਣ ਕੋਈ ਨਾ ਪਾਈਆ । ਸੰਤ ਸੁਹੇਲੇ ਗੁਰਮੁਖ ਦਸਮ ਦਵਾਰੀ ਦੇਵੇ ਚਾੜ੍ਹ, ਲਾੜੀ ਮੌਤ ਨੇੜ ਨਾ ਆਈਆ । ਆਪੇ ਹੋਏ ਪਿੱਛੇ ਅਗਾੜ, ਗਲ ਫੁਲਨਹਾਰ ਟਿਕਾਈਆ । ਚੌਥੇ ਘਰ ਸਾਚਾ ਮੇਲਾ ਕੰਤ ਭਤਾਰ, ਨਾਰੀ ਪੁਰਖਾ ਆਪ ਹੋ ਜਾਈਆ । ਆਪਣੀ ਸੇਜਾ ਆਪ ਸਵਾਰ, ਗੁਰਮੁਖ ਸਾਚੇ ਗਲੇ ਲਗਾਈਆ । ਨਾਰੀ ਕੰਤਾ ਇਕ ਪਿਆਰ, ਬੈਠਾ ਆਸਣ ਲਾਈਆ । ਆਪੇ ਸੁੱਤਾ ਪੈਰ ਪਸਾਰ, ਦਿਸ ਕਿਸੇ ਨਾ ਆਈਆ । ਆਪੇ ਅੰਦਰ ਆਪੇ ਬਾਹਰ, ਆਪੇ ਗੁਪਤ ਆਪੇ ਜ਼ਾਹਿਰ, ਆਪੇ ਬੈਠਾ ਰੰਗ ਰੰਗਾਈਆ । ਗੁਰਮੁਖ ਤੇਰਾ ਕਰ ਪਿਆਰ, ਲੋਕਮਾਤੀ ਫੇਰਾ ਪਾਈਆ । ਗੁਰ ਗੋਬਿੰਦਾ ਸਾਚਾ ਯਾਰ, ਵੇਲੇ ਅੰਤਮ ਮੇਲ ਮਿਲਾਈਆ । ਦੁਸ਼ਟ ਦਮਨ ਤੇਰਾ ਹਰਿ ਸਿਕਦਾਰ, ਤੇਰੀ ਸੇਵਾ ਰਿਹਾ ਕਮਾਈਆ । ਬੀਸ ਬੀਸਾ ਹਰਿ ਦਾਤਾਰ, ਛਤਰ ਸੀਸਾ ਰਿਹਾ ਟਿਕਾਈਆ । ਵੇਖੇ ਦਰ ਦਿੱਲੀ ਦਰਬਾਰ, ਨੌ ਖੰਡ ਪ੍ਰਿਥਮੀ ਚਰਨਾ ਹੇਠ ਦਬਾਈਆ । ਸੱਤਾਂ ਦੀਪਾਂ ਮਾਰੇ ਮਾਰ, ਲੇਖਾ ਕੋਈ ਰਹਿਣ ਨਾ ਪਾਈਆ । ਦੇਵਤ ਸੁਰ ਸੁਣੇ ਪੁਕਾਰ, ਅੰਤਮ ਮੇਲਾ ਲਏ ਮਿਲਾਈਆ । ਗੁਰਮੁਖ ਸਾਚੇ ਕਰ ਤਿਆਰ, ਸਾਚੀ ਘੋੜੀ ਰਿਹਾ ਚੜ੍ਹਾਈਆ । ਆਪਣੀ ਹੱਥੀਂ ਤਨ ਸ਼ੰਗਾਰ, ਸੋਹਣਾ ਸੀਸ ਗੁੰਦਾਈਆ । ਸੋਹੰ ਸ਼ਬਦ ਅਪਰ ਅਪਾਰ, ਝੋਲੀ ਰਿਹਾ ਭਰਾਈਆ । ਗਾਉਂਦੇ ਜਾਂਦੇ ਵਾਰੋ ਵਾਰ, ਦਰ ਦਵਾਰੇ ਰਿਹਾ ਪੁਜਾਈਆ । ਆਪੇ ਉਪਰ ਬੈਠ ਸੱਚੀ ਸਰਕਾਰ, ਲੋਕਮਾਤੀ ਵੇਖ ਵਖਾਈਆ । ਲੋਕਮਾਤੀ ਮਾਰ ਝਾਤੀ, ਸਾਚੀ ਸੇਵਾ ਆਪ ਲਗਾਈਆ । ਪੁਰੀ ਬ੍ਰਹਮ ਪ੍ਰਭ ਖੋਲ੍ਹੇ ਤਾਕੀ, ਗੁਰਮੁਖ ਸਾਚੇ ਆਪ ਬਿਠਾਈਆ । ਸੋਹੰ ਸ਼ਬਦ ਮਿਲਿਆ ਸਾਚਾ ਰਾਕੀ, ਪ੍ਰਭ ਸਾਚਾ ਰਿਹਾ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਗੀ ਧਰ

ਆਪ ਹੋ ਜਾਈਆ । ਕਲਗੀ ਧਰ ਹਰਿ ਬਲਵਾਨਾ, ਏਕਾ ਏਕ ਅਖਵਾਇਆ । ਸ਼ਬਦ ਫੜ ਤੀਰ ਕਮਾਨਾ, ਲੋਕਮਾਤੀ ਫੇਰਾ ਪਾਇਆ । ਗੁਰਸਿਖ ਉਠਾਏ ਬਾਲ ਨਿਧਾਨਾ, ਆਪਣੇ ਗਲੇ ਲਗਾਇਆ । ਏਕਾ ਦੇਵੇ ਧੁਰ ਫ਼ਰਮਾਨਾ, ਸੋਹੰ ਸ਼ਬਦ ਜਣਾਇਆ । ਨਾਨਕ ਨਾਨਕ ਗੋਬਿੰਦ ਗੋਬਿੰਦ ਰਸਨਾ ਗਾਣਾ, ਆਤਮ ਤਰਾਨਾ ਧੁਨ ਨਾਦ ਨਾ ਕੋਈ ਵਜਾਇਆ । ਪੁਰਖ ਅਬਿਨਾਸ਼ੀ ਜਾਣੀ ਜਾਣਾ, ਜਾਣਨਹਾਰ ਆਪ ਅਖਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇਆ ।

ਹਰਿ ਗੋਬਿੰਦ ਸ਼ਬਦ ਸ਼ਬਦ ਅਧਾਰ, ਗੁਰ ਗੋਬਿੰਦ ਰਿਹਾ ਜਗਾਈਆ । ਗੁਰ ਗੋਬਿੰਦ ਸ਼ਬਦ ਪਿਆਰ, ਪ੍ਰਭ ਸਾਚਾ ਰਿਹਾ ਜਣਾਈਆ । ਗੁਰ ਸ਼ਬਦ ਸ਼ਬਦ ਗੁਰ ਸਦਾ ਬਲਿਹਾਰ, ਗੁਰ ਸਤਿਗੁਰ ਬਲ ਬਲ ਜਾਈਆ । ਗੁਰ ਗੋਬਿੰਦ ਸ਼ਬਦ ਕਟਾਰ, ਹਰਿ ਗੋਬਿੰਦ ਤਨ ਕਰਾਈਆ । ਹਰਿ ਗੋਬਿੰਦ ਖੇਲ ਅਪਾਰ, ਤਨ ਗਾਤਰੇ ਰਿਹਾ ਸਜਾਈਆ । ਤਨ ਗਾਤਰਾ ਅਪਰ ਅਪਾਰ, ਸਚ ਮਿਆਨਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਨਿਸ਼ਾਨਾ ਰਿਹਾ ਵਖਾਈਆ । ਗੋਬਿੰਦ ਕਾਇਆ ਸਚ ਮਿਆਨਾ, ਹਰਿ ਸਾਚੀ ਵਸਤ ਟਿਕਾਈਆ । ਸਾਚਾ ਖੰਡਾ ਤੀਰ ਕਮਾਨਾ, ਗਲ ਸਾਚੇ ਆਪ ਲਟਕਾਈਆ । ਮਾਰੇ ਮਾਰ ਦੋ ਜਹਾਨਾਂ, ਏਕਾ ਚਿਲ੍ਹੇ ਰਿਹਾ ਚੜ੍ਹਾਈਆ । ਗੋਬਿੰਦ ਸ਼ਬਦੀ ਪਹਰਿਆ ਬਾਣਾ, ਸ਼ਬਦ ਖੰਡਾ ਰਿਹਾ ਉਠਾਈਆ । ਜੋਧਾ ਸੂਰ ਬਲੀ ਬਲਵਾਨਾ, ਬ੍ਰਹਿਮੰਡਾਂ ਰਿਹਾ ਸਮਾਈਆ । ਬ੍ਰਹਿਮੰਡਾਂ ਖੇਲੇ ਗੁਣ ਨਿਧਾਨਾ, ਗੁਣਵੰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਸੰਗ ਨਿਭਾਈਆ । ਗੁਰ ਗੋਬਿੰਦਾ ਸਾਚਾ ਗੁਰ, ਏਕਾ ਸ਼ਬਦ ਅਲਾਇਆ । ਮੇਲ ਮਿਲਾਇਆ ਲਿਖਿਆ ਧੁਰ, ਲਹਿਣਾ ਦੇਣ ਚੁਕਾਇਆ । ਏਕਾ ਨਾਲ ਰਲਾਇਆ ਸੁਰ, ਏਕਾ ਰਾਗ ਨਾਦ ਤਾਰ ਸੁਣਾਇਆ । ਏਕਾ ਵਸਤ ਏਕਾ ਦਾਦ, ਏਕਾ ਧੁਨ ਏਕਾ ਮਾਧਵ ਮਾਧ ਰੂਪ ਵਟਾਇਆ । ਏਕਾ ਸ਼ਬਦ ਬੋਧ ਅਗਾਧ, ਬੋਧ ਅਗਾਧੀ ਰਿਹਾ ਜਣਾਇਆ । ਏਕਾ ਰਸਨਾ ਏਕਾ ਸਾਦ, ਏਕਾ ਸੁੱਖ ਏਕਾ ਭੋਗ ਕਰਾਇਆ । ਏਕਾ ਮਾਤ ਏਕਾ ਕੁੱਖ, ਪੂਤ ਸਪੂਤਾ ਸਾਚੀ ਸੁੱਖਣਾ ਸੁੱਖ, ਪ੍ਰਭ ਸਾਚੀ ਗੋਦ ਉਠਾਇਆ । ਆਪੇ ਮੇਟ ਮਿਟਾਏ ਜਗਤ ਤ੍ਰਿਸ਼ਨਾ ਭੁੱਖ, ਸਾਚੀ ਸੇਵਾ ਸੇਵਕ ਰਿਹਾ ਕਮਾਇਆ । ਮਾਤ ਗਰਭ ਨਾ ਉਲਟਾ ਰੁੱਖ, ਰਕਤ ਬੂੰਦ ਨਾ ਕੋਈ ਰਖਾਇਆ । ਆਪਣੀ ਹੱਥੀਂ ਲਾਇਆ ਬੂਟਾ, ਫਲ ਫੁਲਵੜੀ ਸੰਗ ਵਖਾਇਆ । ਪਵਣ ਹੁਲਾਰਾ ਰਿਹਾ ਝੂਟ, ਦੇਵਣਹਾਰ ਆਪ ਅਖਵਾਇਆ । ਗੁਰਮੁਖ ਵੇਖ ਵਖਾਏ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇਆ । ਗੁਰ ਗੋਬਿੰਦਾ ਤੀਰ ਨਿਰਾਲਾ ਰਿਹਾ ਛੂਟ, ਰਸਨਾ ਚਿਲ੍ਹਾ ਇਕ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹੰਕਾਰੀ ਕਿਲ੍ਹਾ ਤੋੜ ਤੁੜਾਇਆ । ਹੰਕਾਰੀ ਕਿਲ੍ਹਾ ਤੋੜ ਗੜ੍ਹ, ਗੋਬਿੰਦ ਹੱਥ ਵਡਿਆਈਆ । ਸ਼ਬਦ ਖੰਡਾ ਲਿਆ ਫੜ, ਲੋਕਮਾਤ ਆਇਆ ਵਾਹੋ ਦਾਹੀਆ । ਆਪ ਆਪਣਾ ਘਾੜਨ ਘੜ, ਬਣਤ ਆਪਣੀ ਰਿਹਾ ਬਣਾਈਆ । ਆਪੇ ਅਗਨੀ ਗਿਆ ਸੜ, ਆਪੇ ਜੋਤੀ ਨੂਰ ਕਰੇ ਰੁਸ਼ਨਾਈਆ । ਗੋਬਿੰਦ ਕਾਇਆ ਅੰਦਰ ਵੜ, ਬੈਠਾ ਆਸਣ ਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਪੰਚਮ ਤਤ ਨਾ ਕੋਈ ਰਖਾਈਆ । ਸੰਤ ਸੁਹੇਲੇ ਰਿਹਾ ਫੜ, ਦਿਵਸ ਰੈਣ ਫੇਰੀ ਪਾਈਆ । ਆਪੇ ਵੇਖੇ ਚੋਟੀ ਜੜ੍ਹ, ਗਗਨ

ਪਤਾਲਾਂ ਆਪ ਸੁਹਾਈਆ । ਕਲਜੁਗ ਕੂੜ ਕੁੜਿਆਰਾ ਜਾਏ ਸੜ, ਵੇਲਾ ਅੰਤਮ ਦਏ ਦੁਹਾਈਆ । ਮੰਗੇ ਮੰਗ ਗੋਰ ਮੜ੍ਹ, ਧਰਤ ਮਾਤ ਨੇਤਰ ਨੈਣ ਵਖਾਈਆ । ਖਵਾਜਾ ਖਿਜਰ ਨੇਤਰ ਨੀਰ ਮੰਗੇ ਏਕਾ ਹੜ, ਦੋਏ ਜੋੜ ਸੀਸ ਝੁਕਾਈਆ । ਧਰਮ ਰਾਏ ਚਿਤਰ ਗੁਪਤ ਫੜਾਏ ਲੜ, ਲੇਖਾ ਇਕ ਦੂਜੇ ਅੱਗੇ ਰਹੇ ਟਿਕਾਈਆ । ਵਿਸ਼ਨੂੰ ਬੰਸੀ ਅੱਗੇ ਖੜ, ਬ੍ਰਹਮੇ ਰਿਹਾ ਉਠਾਈਆ । ਸ਼ਿਵ ਸ਼ੰਕਰ ਹੱਥ ਤ੍ਰਿਸੂਲ ਫੜ, ਬੈਠਾ ਨੈਣ ਉਠਾਈਆ । ਕਰੋੜ ਤੇਤੀਸਾ ਵੇਖੇ ਦਰ, ਦਿਸ ਕਿਸੇ ਨਾ ਆਈਆ । ਭਗਤਾਂ ਫੜਾਏ ਆਪਣਾ ਲੜ, ਜਨ ਜਨਣੀ ਆਪ ਹੋ ਜਾਈਆ । ਕੋਈ ਨਾ ਸਕੇ ਅੱਗੇ ਅੜ, ਕਲਜੁਗ ਕਾਲਾ ਦਏ ਦੁਹਾਈਆ । ਸਤਿਜੁਗ ਸਾਚਾ ਲੜ ਰਿਹਾ ਫੜ, ਪ੍ਰਭ ਅੱਗੇ ਬੈਠਾ ਸੀਸ ਝੁਕਾਈਆ । ਨਾ ਕੋਈ ਪੀਵੇ ਹੁੱਕਾ ਨੜ, ਨਾ ਕੋਈ ਮਦਿਰਾ ਰਸਨ ਲਗਾਈਆ । ਮਨਮੁਖ ਜੀਵਾਂ ਉਖੇੜੇ ਆਪ ਜੜ੍ਹ, ਪਹਿਲਾ ਹੱਲਾ ਰਿਹਾ ਕਰਾਈਆ । ਪੰਚਮ ਜੇਠ ਸੰਮਤ ਚੌਦਾਂ ਘਾੜਨ ਘੜ, ਪੰਜ ਤਤ ਕਰੇ ਲੜਾਈਆ । ਮਨ ਮਤ ਬੁਧ ਦੇਸ ਤਿੰਨੇ ਲਏ ਫੜ, ਸ਼ਹਿਨਸ਼ਾਹ ਵਡ ਸਿਕਦਾਰ ਆਪ ਅਖਵਾਈਆ । ਦਸਮ ਦਵਾਰੀ ਬੈਠਾ ਚੜ੍ਹ, ਘਰ ਘਰ ਪਈ ਤਨ ਲੜਾਈਆ । ਕਾਇਆ ਗੋਰ ਰਹੇ ਸੜ, ਰਾਜ ਰਾਜਾਨ ਸ਼ਾਹ ਸੁਲਤਾਨ ਬਚਿਆ ਰਹਿਣ ਕੋਇ ਨਾ ਪਾਈਆ । ਸੰਤ ਸੁਹੇਲੇ ਸੋਹੰ ਅੱਖਰ ਰਹੇ ਪੜ੍ਹ, ਜਗਤ ਦੋਖ ਨੇੜ ਨਾ ਆਈਆ । ਲਾੜੀ ਮੌਤ ਵਹਾਏ ਵਹਿਣ ਹੜ, ਪੰਦਰਾਂ ਕੱਤਕ ਦਏ ਦੁਹਾਈਆ । ਆਪਣੀ ਅਗਨੀ ਆਪੇ ਜਾਣ ਸੜ, ਨਾ ਕੋਈ ਸਕੇ ਕਿਸੇ ਬਚਾਈਆ । ਚੌਦਾਂ ਤਬਕਾਂ ਉਖੇੜੇ ਜੜ੍ਹ, ਚੌਦਾਂ ਲੋਕ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਵੇਖ ਘਰ, ਰਾਸ਼ਟਰਪਤ ਰਿਹਾ ਜਗਾਈਆ । ਰਾਸ਼ਟਰਪਤ ਜਗਤ ਨਾਦਾਨ, ਨਾ ਹੋਏ ਦਰ ਪਰਵਾਨਿਆ । ਤਿੰਨਾਂ ਦੇਸ਼ਾਂ ਵੇਖ ਮੈਦਾਨ, ਨੌ ਖੰਡ ਪ੍ਰਿਥਮੀ ਮਾਰ ਧਿਆਨਿਆ । ਖੇਲੇ ਖੇਲ ਸ੍ਰੀ ਭਗਵਾਨ, ਗੁਣ ਨਿਧਾਨ ਕਿਸੇ ਨਾ ਜਾਣਿਆ । ਭਰਮੇ ਭੁੱਲੇ ਜੀਵ ਨਾਦਾਨ, ਹਰਿ ਵਰਤੇ ਆਪਣੇ ਭਾਨਿਆ । ਸੰਮਤ ਚੌਦਾਂ ਦੇਵੇ ਇਕ ਨਿਸ਼ਾਨ, ਲਾੜੀ ਮੌਤ ਮੰਗੇ ਦਾਨਿਆ । ਘਰ ਘਰ ਨੇਤਰ ਨੀਰ ਵਹਾਇਨ, ਨਾਰੀ ਨਾਰ ਸਰਬ ਪਛਤਾਨ, ਨਾ ਦਿਸੇ ਕੋਈ ਮਕਾਨ, ਭੈਣਾਂ ਭਾਈਆਂ ਬੰਨ੍ਹਣ ਗਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦਿਤਾ ਵਰ, ਪੰਚਮ ਜੇਠ ਦਰ ਪਰਵਾਨਿਆ । ਪੰਚਮ ਜੇਠ ਭਾਗ ਲਗਾ, ਨੌ ਖੰਡ ਵੱਜੀ ਵਧਾਈਆ । ਪੰਚਮ ਤਤ ਅੱਗ ਲਗਾ, ਤੈ ਦੇਸਾਂ ਭੇੜ ਭਿੜਾਈਆ । ਤ੍ਰੈ ਦੇਸਾਂ ਵੇਸ ਆਪ ਵਟਾ, ਲੇਖਾ ਰਿਹਾ ਲਿਖਾਈਆ । ਸ਼ਾਹ ਸੁਲਤਾਨ ਨਾ ਸਕੇ ਕੋਈ ਬਚਾ, ਨਾ ਕੋਈ ਸ਼ਸਤਰ ਅੱਗੇ ਡਾਹੀਆ । ਨਾ ਕੋਈ ਢਾਲ ਹੱਥ ਰਿਹਾ ਵਿਖਾ, ਨਾ ਕੋਈ ਤੀਰ ਕਮਾਨ ਚਲਾਈਆ । ਨਾ ਕੋਈ ਅਗਨੀ ਬਾਣ ਰਿਹਾ ਉਠਾ, ਬ੍ਰਹਮ ਅਸਤਰ ਨਾ ਵੇਖ ਵਖਾਈਆ । ਨਾ ਕੋਈ ਤਨ ਬਸਤਰ ਨਾ ਕਮਰ ਕਸਾ, ਨਾ ਤਨ ਗਾਤਰੇ ਕ੍ਰਿਪਾਨ ਲਟਕਾਈਆ । ਸ਼ਬਦ ਸਿੰਘਾਸਣ ਬੈਠ ਪ੍ਰਭ ਸਚਾ ਸ਼ਾਹ, ਸਾਚਾ ਹੁਕਮ ਜਣਾਈਆ । ਸਿੰਘ ਦਰਸ਼ਨ ਸਾਚੀ ਸੇਵਾ ਲਾ, ਵੀਹ ਸਿੱਖਾਂ ਸੰਗ ਰਲਾਈਆ । ਲਾੜੀ ਮੌਤ ਦਰ ਆਏ ਗੁਰਮੁਖ ਨਾ ਲਏ ਪਰਨਾ, ਮੁਖ ਘੁੰਗਟ ਬੈਠੀ ਮੁਖ ਸ਼ਰਮਾਈਆ । ਪ੍ਰਭ ਅਬਿਨਾਸ਼ੀ ਅੱਗੇ ਬੈਠ ਗਲ ਵਿਚ ਪੱਲੂ ਪਾ, ਤਨ ਫੂਲਨ ਹਾਰ ਸ਼ਿੰਗਾਰ ਕਰਾਈਆ । ਆਪਣੀ ਗੋਦ ਆਪ ਬਿਠਾ, ਧੁਰ ਧਾਮ ਦਏ ਪੁਜਾ, ਅਹਿਨਲ ਹੱਕ ਏਕਾ ਨਾਅਰਾ ਲਾਈਆ । ਹੱਕ ਹਕੀਕਤ ਲਾਸ਼ਰੀਕ ਵਾਹਿਦ ਇਕ ਖ਼ੁਦਾ, ਕਲਜੁਗ ਤਾਰੀਖ ਇਕ ਵਖਾਈਆ । ਗੁਰਮੁਖ ਹੋਣਾ ਨਾ ਕਦੇ ਜੁਦਾ, ਵਿਛੜ ਕਦੇ ਨਾ ਜਾਈਆ । ਪੁਰਖ ਅਬਿਨਾਸ਼ੀ ਦਰ ਦਵਾਰੇ ਕਰੇ ਸਦਾ, ਏਕਾ

ਮੰਗਣ ਮੰਗ ਮੰਗਾਈਆ । ਗੁਰਮੁਖ ਸਾਚੇ ਲਏ ਪਰਨਾ, ਆਪਣਾ ਸੀਸ ਅਗਨੀ ਭੇਟ ਚੜ੍ਹਾਈਆ । ਸੋਹੰ ਗਦਾਗਰ ਕਰੇ ਇਕ ਸਦਾ, ਚਾਰ ਵਰਨਾਂ ਰਿਹਾ ਬੁਝਾਈਆ । ਮਨਮੁਖਾਂ ਘਰ ਲਾੜੀ ਮੌਤ ਗਲ ਫਾਹੀ ਪਾ, ਅੰਤਮ ਖ਼ੁਸ਼ੀ ਮਨਾਈਆ । ਨੌਂ ਅਠਾਰਾਂ ਰੋਵੇ ਮਾਰੇ ਧਾਹ ਰਹੀ ਕੁਰਲਾ, ਦਰ ਦਵਾਰੇ ਰਹਿਣ ਨਾ ਪਾਈਆ । ਪੁਰਖ ਅਬਿਨਾਸ਼ੀ ਬਣਤ ਲਈ ਬਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਜੇਠ ਦਿਤਾ ਵਰ, ਸਾਚੀ ਬਣਤ ਬਣਾਈਆ । ਪੰਚਮ ਜੇਠ ਵਰ ਘਰ ਪਾਇਆ, ਨੌਂ ਖੰਡ ਵੱਜੀ ਵਧਾਈਆ । ਨਿਹਕਲੰਕ ਕਲ ਜਾਮਾ ਪਾਇਆ, ਤ੍ਰੈਗੁਣ ਵੇਖ ਵਖਾਈਆ । ਆਪ ਆਪਣਾ ਹਰਿ ਸੰਗ ਰਖਾਇਆ, ਸਗਲਾ ਸੰਗ ਨਿਭਾਈਆ । ਸਾਚੇ ਘੋੜੇ ਤੰਗ ਕਸਾਇਆ, ਨਾਮ ਸਾਰਥੀ ਇਕ ਰਖਾਈਆ । ਸੋਹੰ ਕਾਠੀ ਜੀਨ ਰਖੀਨ ਰਖਾਇਆ, ਸ਼ਾਹ ਅਸਵਾਰ ਆਪ ਹੋ ਜਾਈਆ । ਸਰ ਸਰੋਵਰ ਮਾਰੇ ਠਾਠੀ, ਕਲਜੁਗ ਤਾਲ ਪਾਰ ਕਰਾਈਆ । ਏਕਾ ਡੰਡਾ ਵਿਚ ਬ੍ਰਹਿਮੰਡਾਂ ਸੋਹੰ ਖੰਡਾ ਫੜੇ ਸਾਚੀ ਲਾਠੀ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਡਰਾਈਆ । ਗੁਰਮੁਖਾਂ ਦੇਵੇ ਨਾਮ ਨਿਧਾਨਾ , ਚਰਨ ਦਵਾਰਾ ਇਕ ਵਖਾਈਆ । ਨਾ ਕੋਈ ਪੂਜਾ ਨਾ ਕੋਈ ਪਾਠੀ, ਨਾ ਕੋਈ ਗ੍ਰੰਥ ਪੜ੍ਹਾਈਆ । ਦੋ ਜਹਾਨਾਂ ਚਿੰਤਾ ਸਗਲੀ ਲਾਥੀ, ਜਿਸ ਜਨ ਨੇਤਰ ਦਰਸ ਦਿਖਾਈਆ । ਲਿਖਿਆ ਲੇਖ ਮਸਤਕ ਮਾਥੀ, ਲਹਿਣਾ ਮੂਲ ਚੁਕਾਈਆ । ਆਪ ਚੜ੍ਹਾਏ ਸਾਚੇ ਰਾਥੀ, ਰਬ ਰਥਵਾਹੀ ਆਪ ਅਖਵਾਈਆ । ਪਰਗਟ ਹੋਏ ਤ੍ਰੈਲੋਕੀ ਨਾਥੀ, ਤੁਰੀਆ ਦੇਸ ਇਕ ਵਖਾਈਆ । ਆਪੇ ਜਾਣੇ ਆਪਣੀ ਗਾਥੀ, ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਸਾਚਾ ਵਰ, ਵਰ ਦਾਤਾ ਆਪ ਹੋ ਜਾਈਆ । ਪੰਚਮ ਜੇਠ ਜਗਤ ਸੰਦੇਸ, ਹਰਿ ਸ਼ਬਦੀ ਸ਼ਬਦ ਜਣਾਈਆ । ਗੋਬਿੰਦ ਕਾਇਆ ਹਰਿ ਪਰਵੇਸ਼, ਰਵ ਸਸ ਦਿਸ ਨਾ ਆਈਆ । ਆਪੇ ਨਰ ਆਪੇ ਨਰੇਸ਼, ਰਾਜਨ ਰਾਜ ਆਪ ਅਖਵਾਈਆ । ਆਪੇ ਦਾਤਾ ਦਾਨੀ ਗੁਰ ਸ਼ਬਦ ਦਸ ਦਸਮੇਸ਼, ਨਾਨਕ ਸੰਗ ਨਿਭਾਈਆ । ਕਲਜੁਗ ਕਾਇਆ ਤੇਰਾ ਵੇਖੇ ਵੇਸ, ਕਾਲੇ ਕੇਸ ਦਰ ਦਰਵੇਸ਼ ਫੇਰੀ ਪਾਈਆ । ਨਾਲ ਰਲਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਲਿਖਿਆ ਲੇਖ ਰਿਹਾ ਜਗਾਈਆ । ਅੰਗ ਲਾਏ ਬਾਸ਼ਕ ਸ਼ੇਸ਼, ਸਾਂਗੋਂ ਪਾਂਗ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਤੇਰਾ ਘਰ, ਸਾਚਾ ਅੰਤਮ ਦਏ ਸੁਹਾਈਆ । ਸੰਮਤ ਚੌਦਾਂ ਚੜ੍ਹਿਆ ਚਾਅ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਪੰਚਮ ਤਤ ਨਾ ਦਿਸੇ ਕੋਈ ਰਾਹ, ਨਾ ਕੋਈ ਮਾਰਗ ਲਾਇੰਦਾ । ਮਨ ਮਤ ਬੁੱਧ ਰਹੀ ਸਮਝਾ, ਸਮਝ ਵਿਚ ਨਾ ਕੋਈ ਰਖਾਇੰਦਾ । ਇਕ ਜੰਜੀਰ ਪ੍ਰਭ ਆਪਣੇ ਹੱਥ ਲਈ ਰਖਾ, ਧੁਨ ਅਨਾਦੀ ਸ਼ਬਦ ਦਰ ਆਪੇ ਬੰਦ ਕਰਾਇੰਦਾ । ਗੁਰਮੁਖ ਵਿਰਲੇ ਸੋਝੀ ਦੇਵੇ ਪਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਧੁਨ ਆਤਮਕ ਰਾਗ ਦਏ ਅਲ੍ਹਾ, ਆਪਣਾ ਗਾਣਾ ਆਪ ਸੁਣਾਇੰਦਾ । ਆਤਮ ਸੇਜਾ ਦਏ ਵਖਾ, ਨੂਰੀ ਦਰਸ ਆਪ ਕਰਾਇੰਦਾ । ਫੂਲਨ ਬਰਖਾ ਆਪੇ ਲਾ, ਮੇਘ ਮੇਘਲਾ ਇਕ ਬਰਸਾਇੰਦਾ । ਰੁੱਤ ਬਸੰਤੀ ਦਏ ਖਿੜਾ, ਫਲ ਫੁਲਵਾੜੀ ਆਪ ਲਗਾਇੰਦਾ । ਨਾਰੀ ਕੰਤਾ ਦਏ ਮਿਲਾ, ਏਕਾ ਧਾਮ ਸੁਹਾਇੰਦਾ । ਏਕਾ ਰੰਗਣ ਰੰਗ ਰੰਗਾ, ਏਕਾ ਦੂਜਾ ਭੇਵ ਚੁਕਾਇੰਦਾ । ਤੀਜਾ ਦਰ ਦਏ ਖੁਲ੍ਹਾ, ਆਪੇ ਮੇਟ ਮਿਟਾਇੰਦਾ । ਚੌਥੇ ਡੇਰਾ ਆਪੇ ਲਾ, ਆਪਣੇ ਰੂਪ ਸਮਾਇੰਦਾ । ਪੰਚਮ ਮੇਲਾ ਸਹਿਜ ਸੁਭਾ, ਸਾਚਾ ਕੰਤ ਸੁਹਾਇੰਦਾ । ਛੇਵਾਂ ਦਰ ਹਰਿ ਖੁਲ੍ਹਾ, ਸ਼ਬਦੀ ਸ਼ਬਦ ਜਣਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਜੋਤ ਜਗਾ,

ਅਲਖ ਅਲਖਣਾ ਅਗੰਮ ਅਗੰਮੜੇ ਧਾਮ ਸੁਹਾਇੰਦਾ । ਪੈਸਾ ਧੇਲਾ ਨਾ ਕੋਈ ਦਮੜਾ, ਨਾ ਕੋਈ ਬਣਤ ਰਿਹਾ ਬਣਾ, ਸੋਨਾ ਰੂਪਾ ਨਾ ਕੋਈ ਅੰਗ ਲਗਾਇੰਦਾ । ਨਾ ਕੋਈ ਹਵਨ ਨਾ ਕੋਈ ਧੂਪਾ, ਨਾ ਕੋਈ ਪਾਠ ਨਾ ਕੋਈ ਪੂਜਾ, ਨਾ ਕੋਈ ਗ੍ਰੰਥ ਨਾ ਕੋਈ ਪੰਥ, ਨਾ ਕੋਈ ਵਰਨ ਨਾ ਕੋਈ ਗੋਤ, ਨਾ ਕੋਈ ਦੀਪਕ ਨਾ ਕੋਈ ਜੋਤ, ਦੀਵਾ ਬੱਤੀ ਨਾ ਕੋਈ ਜਗਾਇੰਦਾ । ਨਾ ਕੋਈ ਦੀਵਾ ਨਾ ਕੋਈ ਬਾਤੀ, ਨਾ ਕੋਈ ਮਾਤ ਪਿਤਾ ਨਾ ਭੈਣ ਭਰਾਤੀ, ਨਾ ਕੋਈ ਨਾਰੀ ਨਾ ਕੋਈ ਕੰਤ, ਨਾ ਕੋਈ ਜੀਵ ਨਾਂ ਕੋਈ ਜੰਤ, ਨਾ ਕੋਈ ਸਾਧ ਨਾ ਕੋਈ ਸੰਤ, ਨਾ ਕੋਈ ਬਣਾਏ ਕਿਸੇ ਦੀ ਬਣਤ, ਨਾ ਕੋਈ ਧੀਰ ਧਰਾਇੰਦਾ । ਨਾ ਕੋਈ ਗੁਰ ਨਾ ਕੋਈ ਪੀਰ, ਨਾ ਕੋਈ ਰਾਂਝਾ ਨਾ ਕੋਈ ਹੀਰ, ਨਾ ਕੋਈ ਚੋਟੀ ਚੜ੍ਹੇ ਅਖ਼ੀਰ, ਨਾ ਕੋਈ ਸ਼ਸਤਰ ਨਾ ਕੋਈ ਤੀਰ, ਨਾ ਕੋਈ ਬਸਤਰ ਨਾ ਕੋਈ ਚੀਰ, ਨਾ ਕੋਈ ਤਨ ਰਖਾਇੰਦਾ । ਨਾ ਕੋਈ ਪੀਣਾ ਨਾ ਕੋਈ ਖਾਣਾ, ਨਾ ਕੋਈ ਰਾਜਾ ਨਾ ਕੋਈ ਰਾਣਾ, ਨਾ ਕੋਈ ਵੇਖ ਵਖਾਇੰਦਾ । ਨਾ ਕੋਈ ਤਤ ਨਾ ਕੋਈ ਮਤ, ਨਾ ਕੋਈ ਨਾੜੀ ਨਾ ਕੋਈ ਰੱਤ, ਨਾ ਕੋਈ ਧੀਰਜ ਨਾ ਕੋਈ ਯਤ, ਨਾ ਕੋਈ ਤੀਰਥ ਦਿਸੇ ਅੱਠ ਸੱਠ, ਨਾ ਕੋਈ ਗੰਗਾ ਗੋਦਾਵਰੀ ਨੁਹਾਏ ਨੱਠ ਨੱਠ, ਨਾ ਕੋਈ ਧਾਮ ਰਖਾਇੰਦਾ । ਨਾ ਕੋਈ ਜਾਪ ਨਾ ਕੋਈ ਤਾਪ, ਨਾ ਕੋਈ ਪੁੰਨ ਨਾ ਕੋਈ ਪਾਪ, ਆਪੇ ਜਾਣੇ ਆਪਣਾ ਆਪ, ਦੂਸਰ ਕੋਈ ਨਾ ਸੰਗ ਰਖਾਇੰਦਾ । ਨਾ ਕੋਈ ਅਗਨੀ ਨਾ ਕੋਈ ਘਿਰਤ, ਨਾ ਕੋਈ ਕਿਰਿਆ ਨਾ ਕੋਈ ਕਿਰਤ, ਨਾ ਕੋਈ ਕਾਰ ਕਰਾਇੰਦਾ । ਨਾ ਕੋਈ ਆਲਸ ਨਾ ਕੋਈ ਨਿੰਦਰਾ, ਨਾ ਕੋਈ ਦਰ ਦਵਾਰ ਅੰਦਰ ਮੰਦਰ ਲਗਾਏ ਜਿੰਦਰਾ, ਨਾ ਕੋਈ ਪਹਾੜ ਨਾ ਕੋਈ ਟਿੱਲਾ, ਨਾ ਕੋਈ ਪਰਬਤ ਡੂੰਘੀ ਕੰਦਰਾ, ਨਾ ਕੋਈ ਸਾਗਰ ਨਾ ਕੋਈ ਨੀਰ, ਨਾ ਕੋਈ ਮਛਲੀ ਜਾਲ ਵਛਾਇੰਦਾ । ਨਾ ਕੋਈ ਸਾਗਰ ਨਾ ਕੋਈ ਗਾਗਰ, ਨਾ ਕੋਈ ਕਰਮ ਕਰੇ ਉਜਾਗਰ, ਨਾ ਕੋਈ ਨਾਮ ਨਾ ਕੋਈ ਤਾਮ, ਨਾ ਕੋਈ ਸੁਬਾਹ ਨਾ ਕੋਈ ਸ਼ਾਮ, ਨਾ ਕੋਈ ਸੂਰਜ ਨਾ ਕੋਈ ਚੰਨ, ਨਾ ਕੋਈ ਬੇੜਾ ਦੇਵੇ ਬੰਨ੍ਹ, ਰਵ ਸਸ ਨਾ ਕੋਈ ਵਖਾਇੰਦਾ । ਨਾ ਕੋਈ ਮਾਇਆ ਨਾ ਕੋਈ ਕੋਈ ਧਨ, ਨਾ ਕੋਈ ਛੱਪਰੀ ਨਾ ਕੋਈ ਛੰਨ, ਨਾ ਕੋਈ ਰਾਜ ਦਰਬਾਰੀ ਦੇਵੇ ਡੰਨ, ਨਾ ਕੋਈ ਬੁਧ ਮਤ ਦਿਸੇ ਮਨ, ਨਾ ਕੋਈ ਪੰਜ ਤਤ ਰਖਾਇੰਦਾ । ਨਾ ਕੋਈ ਲਾੜਾ ਨਾ ਕੋਈ ਜੰਞ, ਨਾ ਕੋਈ ਹੱਥੀਂ ਬੰਨੇ ਮੌਲੀ ਤੰਦ, ਨਾ ਕੋਈ ਗਾਏ ਬੱਤੀ ਦੰਦ, ਨਾ ਕੋਈ ਰਾਗ ਨਾ ਕੋਈ ਵੈਰਾਗ, ਨਾ ਕੋਈ ਸੋਇਆ ਨਾ ਜਾਏ ਜਾਗ, ਆਲਸ ਨਿੰਦਰਾ ਨਾ ਕੋਈ ਵਖਾਇੰਦਾ । ਨਾ ਕੋਈ ਰਾਗ ਨਾ ਕੋਈ ਗੌੜੀ, ਨਾ ਕੋਈ ਕੀਰਤਨ ਨਾ ਪੜ੍ਹੇ ਪੌੜੀ, ਨਾ ਕੋਈ ਜਾਪ ਸੁਖਮਨੀ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾਇੰਦਾ । ਨਾ ਕੋਈ ਗਗਨ ਨਾ ਕੋਈ ਥਾਲ, ਨਾ ਕੋਈ ਧਰਤ ਧਵਲ ਆਕਾਸ਼ ਪਾਤਾਲ, ਲੋਆਂ ਪੁਰੀਆਂ ਨਾ ਬਣਤ ਬਣਾਇਆ । ਨਾ ਕੋਈ ਮਾਇਆ ਨਾ ਕੋਈ ਛਾਇਆ, ਨਾ ਕੋਈ ਕਾਲ ਨਾ ਮਹਾਂਕਾਲ, ਧਰਮ ਰਾਏ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖਣ ਆਇਆ । ਆਪ ਆਪਣਾ ਵੇਖਣਹਾਰੀ, ਏਕਾ ਏਕੰਕਾਰਾ । ਜੋਤ ਸਰੂਪੀ ਜੋਤ ਉਜਿਆਰੀ, ਸ਼ਬਦ ਸਰੂਪੀ ਤੇਜ ਕਟਾਰਾ । ਮਾਰੀ ਜਾਵੇ ਵਾਰੋ ਵਾਰੀ, ਅੰਦਰ ਬਾਹਰ ਗੁਪਤ ਜ਼ਾਹਿਰਾ । ਪੰਜ ਤਤ ਲਸ਼ਕਰ ਭਾਰੀ, ਖੇਲੇ ਖੇਲ ਵਿਚ ਸੰਸਾਰਾ । ਮਨ ਸ਼ਹਿਨਸ਼ਾਹ ਮਤ ਬੁਧ ਸਿਕਦਾਰੀ, ਦਿਵਸ ਰੈਣ ਕਰਨ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ

ਨਰਾਇਣ ਨਰ, ਧਰਤ ਮਾਤ ਤੇਰਾ ਲਾਏ ਇਕ ਅਖਾੜਾ । ਧਰਤ ਮਾਤ ਵੇਖ ਅਖਾੜਾ, ਘਰ ਘਰ ਖ਼ੁਸ਼ੀ ਮਨਾਈਆ । ਪੰਚਮ ਪੰਚਮ ਕੱਢੇ ਹਾੜਾ, ਰੋ ਰੋ ਦਏ ਦੁਹਾਈਆ । ਸ਼ਬਦੀ ਸ਼ਬਦ ਲੱਗੀ ਅਗੰਮੀ ਧਾੜਾ, ਦਿਵਸ ਰੈਣ ਰਹੀ ਸਤਾਈਆ । ਲੁੱਟੀ ਜਾਏ ਦਿਨ ਦਿਹਾੜਾ, ਨਾ ਕੋਈ ਸਕੇ ਮਾਤ ਬਚਾਈਆ । ਗੁਰਮੁਖਾਂ ਲੇਖ ਲਿਖਾਏ ਸਤਾਰਾਂ ਹਾੜਾ, ਸਤਿਗੁਰ ਹੱਥ ਰੱਖੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਆਪ ਕਮਾਈਆ ।

ਹਰਿ ਸ਼ਬਦ ਗੁਰ ਮੰਤਰਾ, ਸ਼ਬਦੀ ਸ਼ਬਦ ਜਣਾਏ । ਤਨ ਬੁਝਾਏ ਲੱਗੀ ਬਸੰਤਰਾ, ਹਉਮੇ ਰੋਗ ਜਲਾਏ । ਮੇਲ ਮਿਲਾਏ ਸਾਚੇ ਕੰਤਰਾ, ਵਿਛੜ ਕਦੇ ਨਾ ਜਾਏ । ਨਾ ਕੋਈ ਟੂਣਾ ਜਾਦੂ ਚਲੇ ਜੰਤਰਾ, ਗੁਰਮੁਖਾਂ ਪ੍ਰਭ ਦਇਆ ਕਮਾਏ । ਆਪੇ ਜਾਣੇ ਆਦਿ ਅੰਤਰਾ, ਦੇਵਤ ਸੁਰ ਜਿਨ ਖਵੀਸ ਬੰਧ ਬੰਧਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਧਾਰਾ ਮੁਖ ਚੁਆਏ । ਗੁਰ ਸੰਗਤ ਤੇਰਾ ਲੱਥਾ ਰੋਗ, ਹਰਿ ਸਾਚੇ ਦਇਆ ਕਮਾਈਆ । ਰਸਨਾ ਚੁਗੇ ਸਾਚੀ ਚੋਗ, ਅੰਮ੍ਰਿਤ ਮੁਖ ਚੁਆਈਆ । ਆਤਮ ਰਸ ਸਾਚਾ ਭੋਗ, ਦਰ ਦਵਾਰੇ ਰਿਹਾ ਕਰਾਈਆ । ਆਦਿ ਅੰਤ ਨਾ ਹੋਏ ਵਿਯੋਗ, ਹਰਿ ਮੀਤਾ ਮੇਲ ਮਿਲਾਈਆ । ਦੇਵੇ ਦਰਸ ਆਪ ਅਮੋਘ, ਦਰਸੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਮ੍ਰਿਤ ਜਾਮ ਰਿਹਾ ਪਿਲਾਈਆ । ਅੰਮ੍ਰਿਤ ਜਲ ਸਾਚਾ ਨੀਰ, ਪ੍ਰਭ ਸਾਚੇ ਹੱਥ ਕਟੋਰੀਆ । ਨੇੜ ਨਾ ਆਏ ਬੇਤਾਲਾ ਬੀਰ, ਮੇਟ ਮਿਟਾਏ ਆਤਮ ਘੋਰੀਆ । ਸ਼ਬਦ ਨਿਰਾਲਾ ਮਾਰੇ ਤੀਰ, ਕੱਢੇ ਪੰਚਮ ਚੋਰੀਆ । ਰਸਨਾ ਜਿਹਵਾ ਮੁਖ ਲਗਾਏ ਸਾਚਾ ਸੀਰ, ਮਨ ਮਨੂਆ ਰਿਹਾ ਹੋੜੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਰਤੀ ਰਿਹਾ ਜੋੜੀਆ । ਸੁਰਤ ਸ਼ਬਦ ਏਕਾ ਰਾਹ, ਗੁਰ ਪੂਰਾ ਇਕ ਵਖਾਇੰਦਾ । ਅੰਦਰ ਮੰਦਰ ਬਣ ਮਲਾਹ, ਸਾਚਾ ਮਾਰਗ ਲਾਇੰਦਾ । ਮਨ ਮੂਰਖ ਨਾ ਦਏ ਸਲਾਹ, ਆਪੇ ਮੁਖ ਭਵਾਇੰਦਾ । ਕਾਗੋਂ ਹੰਸ ਦਏ ਬਣਾ, ਸੋਹੰ ਸਾਚੀ ਚੋਗ ਚੁਗਾਇੰਦਾ । ਗੁਰਮੁਖ ਸਾਚਾ ਬੰਸ ਰਿਹਾ ਸੁਹਾ, ਸਾਚੀ ਅੰਸ ਤਰਾਇੰਦਾ । ਪੰਚ ਵਿਕਾਰਾ ਕੰਸਾ ਦਏ ਮਿਟਾ, ਕਾਹਨਾ ਰੂਪ ਵਟਾਇੰਦਾ । ਵਿਚ ਸਹੰਸਾ ਗੁਰਮੁਖ ਸਾਚੇ ਲਏ ਉਪਾ, ਆਪ ਆਪਣੇ ਮਾਰਗ ਲਾਇੰਦਾ । ਇਕ ਜਪਾਏ ਸਾਚਾ ਨਾਂ, ਨਰ ਨਰਾਇਣ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਭਗਤੀ ਵਰ, ਅੰਮ੍ਰਿਤ ਧਾਰਾ ਮੁਖ ਚੁਆਇੰਦਾ । ਸਤਿਜੁਗ ਪਰਭਾਤੀ ਉਠ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਇਕ ਸੁਣਾ ਸਾਚਾ ਰਾਗ, ਰਾਗੀ ਰਾਗ ਅਲਾਇੰਦਾ । ਜਨ ਭਗਤਾਂ ਧੋ ਦੁਰਮਤ ਦਾਗ਼, ਨਿਰਮਲ ਨੀਰ ਵਹਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇੰਦਾ । ਹੰਸ ਬਣਾਏ ਫੜ ਫੜ ਕਾਗ, ਸਾਚੀ ਚੋਗ ਇਕ ਵਖਾਇੰਦਾ । ਜਗਤ ਬੁਝਾ ਤ੍ਰਿਸ਼ਨਾ ਆਗ, ਤ੍ਰਿਖਾ ਭੁੱਖ ਮਿਟਾਇੰਦਾ । ਮਾਇਆ ਡੱਸਣੀ ਨਾ ਡੱਸੇ ਨਾਗ, ਸਾਚੀ ਸਿਖਿਆ ਸਿੱਖ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰਭਾਤੀ ਮੇਲ ਮਿਲਾਇੰਦਾ । ਉਠ ਪ੍ਰਭਾਤੀ ਮੁਖੜਾ ਧੋ, ਹਰਿ ਅੰਮ੍ਰਿਤ ਮੇਘ ਬਰਸਾਇੰਦਾ । ਅੰਮ੍ਰਿਤ ਆਤਮ ਘਰ ਗੁਰਮੁਖਾਂ ਚੋ, ਕਲਸ ਕਟੋਰਾ ਹੱਥ ਫੜਾਇੰਦਾ । ਦਰ ਦਰਬਾਨ ਅੱਗੇ ਹੋ, ਸਾਚੀ ਸੇਵਾ ਲਾਇੰਦਾ । ਪੰਜ ਤਤ ਹੰਕਾਰੀ

ਰਹੇ ਰੋ, ਨੇਤਰ ਨੀਰ ਵਹਾਇੰਦਾ । ਹਰਿ ਸੰਗਤ ਗਾਇਆ ਸੋਹੰ ਸੋ, ਸੋ ਪੁਰਖ ਨਿਰੰਜਣ ਮੇਲ ਮਿਲਾਇੰਦਾ । ਅਬਿਨਾਸ਼ੀ ਕਰਤਾ ਆਪੇ ਹੋ, ਲੋਕਮਾਤੀ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰਭਾਤੀ ਆਪ ਉਠਾਇੰਦਾ । ਸਚ ਪ੍ਰਭਾਤੀ ਉਠ ਜਾਗ, ਪ੍ਰਭ ਸਾਚਾ ਵਕਤ ਸੁਹਾਇੰਦਾ । ਆਪੇ ਫੜੇ ਹੱਥ ਤੇਰੀ ਵਾਗ, ਗੁਰਮੁਖਾਂ ਰਾਹ ਵਖਾਇੰਦਾ । ਦਰ ਦਰ ਘਰ ਘਰ ਲਾਉਣਾ ਭਾਗ, ਭਾਗਾਂਵੰਤੀ ਆਪ ਸਮਝਾਇੰਦਾ । ਸੋਹੰ ਤੰਦਨ ਤੰਦ ਬੰਨ੍ਹਣਾ ਤਾਗ, ਸਾਚੀ ਸੇਵ ਕਮਾਇੰਦਾ । ਇਕ ਵਖਾਉਣਾ ਕੰਤ ਸੁਹਾਗ, ਨਰ ਨਾਰੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਪ੍ਰਭਾਤੀ ਵੇਖ ਵਖਾਇੰਦਾ । ਉਠ ਪ੍ਰਭਾਤੀ ਲਏ ਅੰਗੜਾਈ, ਆਪਣਾ ਤਨ ਸਵਾਰਿਆ । ਜੋਤ ਨਿਰੰਜਣ ਡਗਮਗਾਈ, ਮਿਟਿਆ ਅੰਧ ਅੰਧਿਆਰਿਆ । ਮਿਲਿਆ ਸ਼ਬਦ ਵਰ ਘਰ ਸਾਚੇ ਥਾਈਂ, ਗਾਇਆ ਪੁਰਖ ਅਗੰਮ ਅਪਾਰਿਆ । ਪਕੜ ਉਠਾਏ ਫੜ ਫੜ ਬਾਹੀਂ, ਅੰਤ ਨਾ ਪਾਰਾਵਾਰਿਆ । ਏਕਾ ਨਾਮ ਅੰਮ੍ਰਿਤ ਜਾਮ ਰਿਹਾ ਪਿਲਾਈ, ਕਾਇਆ ਸੀਤਲ ਧਾਰ ਠੰਢੀ ਠਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰਭਾਤੀ ਰਿਹਾ ਪੁਕਾਰਿਆ । ਨਾਮ ਪ੍ਰਭਾਤੀ ਕਰ ਸਲਾਹ, ਏਕਾ ਮਤਾ ਪਕਾਇਆ । ਪੁਰਖ ਅਬਿਨਾਸ਼ੀ ਬੇਪਰਵਾਹ, ਦਾਤਾ ਦਾਨੀ ਆਇਆ । ਅੱਗੇ ਝੋਲੀ ਰਹੀ ਡਾਹ, ਰਸਨਾ ਜਿਹਵਾ ਮੁਖ ਹਿਲਾਇਆ । ਗੁਰਮਤ ਮੇਰੀ ਝੋਲੀ ਪਾ, ਆਪ ਆਪਣੀ ਦਇਆ ਕਮਾਇਆ । ਗੁਰਮੁਖਾਂ ਘਰ ਘਰ ਦੇਵਾਂ ਵਰਤਾ, ਤਨ ਮੰਦਰ ਦਏ ਸੁਹਾਇਆ । ਫੜ ਫੜ ਬਾਹੋਂ ਰਾਹੇ ਪਾ, ਨੇਤਰ ਨੈਣਾਂ ਵੇਖ ਵਖਾਇਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਤੇਰੀ ਓਟ ਇਕ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਪ੍ਰਭਾਤੀ ਸਾਚਾ ਰਾਹ ਵਖਾਇਆ । ਸਚ ਪ੍ਰਭਾਤੀ ਸਚ ਮਕਾਨ, ਹਰਿ ਸਾਚਾ ਘਰ ਵਖਾਇੰਦਾ । ਕਲਜੁਗ ਜੂਠ ਝੂਠ ਦੁਕਾਨ, ਆਪਣਾ ਮੁਖ ਭਵਾਇੰਦਾ । ਸਤਿਜੁਗ ਵੇਖ ਭੂਮਿਕਾ ਅਸਥਾਨ, ਧਰਤ ਮਾਤ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਪ੍ਰਭਾਤੀ ਇਕ ਇਕਾਂਤੀ ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਧੀਰਜ ਧੀਰ ਧਰਾਇੰਦਾ । ਅੰਮ੍ਰਿਤ ਪੀ ਪਿਆਲਾ, ਆਤਮ ਵੱਜੀ ਵਧਾਈਆ । ਮਿਲਿਆ ਮੇਲ ਦੀਨ ਦਿਆਲਾ, ਦੀਨਾ ਬੰਧਪ ਦਇਆ ਕਮਾਈਆ । ਹਰਿ ਸੰਗਤ ਤੇਰਾ ਬਣ ਰਖਵਾਲਾ, ਲੋਕਮਾਤ ਵੇਖ ਵਖਾਈਆ । ਜੋਤੀ ਖਿਚੇ ਅਗਨੀ ਲਾਟ ਜਵਾਲਾ, ਥਿਰ ਰਹਿਣ ਨਾ ਪਾਈਆ । ਸਾਧ ਸੰਤ ਹੋਏ ਕੰਗਾਲਾ, ਅੱਠ ਸੱਠ ਧੀਰ ਨਾ ਕੋਈ ਧਰਾਈਆ । ਮੰਦਰ ਮਸਜਿਦ ਨਾ ਦਿਸੇ ਕੋਈ ਸ਼ਿਵਦਵਾਲਾ, ਮਠ ਹੱਠ ਨਾ ਕੋਈ ਰਖਾਈਆ । ਪਰਗਟ ਹੋਇਆ ਗੁਰ ਗੋਪਾਲਾ, ਗੋਬਿੰਦ ਰੂਪ ਵਟਾਈਆ । ਜਨ ਭਗਤਾਂ ਦੇਵੇ ਨਾਮ ਦੁਸ਼ਾਲਾ, ਸੋਹੰ ਪੱਲੂ ਉਪਰ ਪਾਈਆ । ਆਪੇ ਸ਼ਾਹ ਆਪੇ ਕੰਗਾਲਾ, ਆਪੇ ਧੰਨ ਧੰਨਵਾਦ ਅਖਵਾਈਆ । ਆਪੇ ਫੁਲ ਫੁਲਵਾੜੀ ਵੇਖੇ ਫਲ ਲਗਾਏ ਕਾਇਆ ਡਾਲ੍ਹਾ, ਅੰਮ੍ਰਿਤ ਮੇਵਾ ਇਕ ਖਵਾਈਆ । ਆਪੇ ਚਲੇ ਅਵੱਲੜੀ ਚਾਲਾ, ਜੁਗ ਜੁਗ ਵੇਸ ਵਟਾਈਆ । ਆਪ ਵਜਾਏ ਨਾਦ ਅਨਾਦੀ ਤਾਲਾ, ਤਾਲ ਤਲਵਾੜਾ ਰਿਹਾ ਵਜਾਈਆ । ਗੁਰਮੁਖ ਤੇਰੀ ਕਾਇਆ ਸੱਚੀ ਧਰਮਸਾਲਾ, ਹਰਿ ਬੈਠਾ ਆਸਣ ਲਾਈਆ । ਗਲ ਪਾਈ ਏਕਾ ਓਅੰ ਸੋਹੰ ਸਾਚੀ ਮਾਲਾ, ਦੋਏ ਬੈਠਾ ਸੀਸ ਝੁਕਾਈਆ । ਨੇੜ ਨਾ ਆਏ ਕਾਲ ਮਹਾਂਕਾਲਾ, ਨਾਮ ਖੰਡਾ ਰਿਹਾ ਡਰਾਈਆ । ਅੰਮ੍ਰਿਤ ਆਤਮ ਸੁਹਾਏ ਸਾਚਾ ਤਾਲਾ, ਸਰ ਸਰੋਵਰ ਇਕ ਵਖਾਈਆ । ਬਜਰ ਕਪਾਟੀ ਤੇਰਾ ਤੋੜੇ ਤਾਲਾ, ਹਰਿ ਮੰਦਰ ਦਏ ਵਖਾਈਆ । ਆਤਮ ਸੇਜਾ ਖੇਲ ਨਿਰਾਲਾ, ਜੋਤ ਸਰੂਪੀ ਡਗਮਗਾਈਆ । ਪੰਚਮ ਵਜਾਇਣ ਆਪਣਾ ਤਾਲਾ,

ਬੈਠੇ ਰਹੇ ਸੇਵ ਕਮਾਈਆ । ਸਤਿ ਪੁਰਖ ਨਿਰਜੰਣ ਦੀਨ ਦਿਆਲਾ, ਸਚ ਸਿੰਘਾਸਣ ਵੇਖ ਵਖਾਈਆ । ਚੌਥੇ ਘਰ ਇਕ ਦੁਸ਼ਾਲਾ, ਸੋਹੰ ਨਾਉਂ ਰਖਾਈਆ । ਪਹਿਲਾ ਵਰ ਮਿਲਿਆ ਸਿੰਘ ਪਾਲਾ, ਲੋਕਮਾਤ ਤਨ ਪਹਿਨਾਈਆ । ਆਪੇ ਹੋਇਆ ਹਾਲ ਬੇਹਾਲਾ, ਸ੍ਰਿਸ਼ਟ ਸਬਾਈ ਰਿਹਾ ਹਿਲਾਈਆ । ਕਲਜੁਗ ਤੇਰੀ ਵੇਖੇ ਚਾਲਾ, ਅਵੱਲੜੀ ਚਾਲ ਦਰ ਕਰਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਨ ਭਗਤਾਂ ਰਿਹਾ ਤਰਾਈਆ । ਭਾਗ ਲਗਾਏ ਕਾਇਆ ਖਾਲਾ, ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰੀ ਸਚ ਪ੍ਰਭਾਤੀ, ਮਿਲਿਆ ਮੇਲ ਸੰਮਤ ਚੌਦਾਂ ਸਤਾਰਾਂ ਹਾੜੀ ਸ੍ਰਿਸ਼ਟ ਸਬਾਈ ਸੁਤਿਆਂ ਰਾਤੀ, ਹਰਿਜਨ ਸਾਚੇ ਮੇਲ ਮਿਲਾਈਆ । ਹਰਿਜਨ ਮੇਲਾ ਦਏ ਕਰਾ, ਇਕ ਦਵਾਰ ਸੁਹਾਇਆ । ਸਤਿਜੁਗ ਪ੍ਰਭਾਤੀ ਦਏ ਜਗਾ, ਮੁਖ ਤੋਂ ਪੜਦਾ ਲਾਹਿਆ । ਜੋਤ ਨਿਰੰਜਣ ਦੀਪ ਜਗਾ, ਸਾਚੀ ਸੇਵਾ ਲਾਇਆ । ਗੁਰਮੁਖਾਂ ਅਗਨੀ ਅੱਗ ਦਏ ਬੁਝਾ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਪਾ ਕਰ ਨਾਮ ਪ੍ਰਭਾਤੀ ਸਚ ਸੁਗਾਤੀ ਆਦਿ ਸ਼ਕਤ ਆਦਿ ਭਵਾਨੀ ਦੇਵੇ ਦਾਨੀ, ਹਰਿਜਨ ਸਾਚੇ ਝੋਲੀ ਪਾਇਆ । ਆਦਿ ਸ਼ਕਤੀ ਹਰਿ ਭਗਵੰਤ, ਜੋਤੀ ਖੇਲ ਖਿਲਾਇੰਦਾ । ਸਾਚਾ ਮੇਲਾ ਨਾਰੀ ਕੰਤ, ਨਾਰੀ ਕੰਤਾ ਆਪ ਅਖਵਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਮੇਟ ਮਿਟਾਏ ਦੇਵ ਦੰਤ, ਹੰਕਾਰੀ ਗੜ੍ਹ ਰਹਿਣ ਨਾ ਪਾਇੰਦਾ । ਜਨ ਭਗਤਾਂ ਬਣਾਏ ਬਣਤ, ਆਦਿ ਅੰਤ ਦਇਆ ਕਮਾਇੰਦਾ । ਰੋਗ ਗਵਾਏ ਹਉਮੇ ਹੰਗਤ, ਹਾਹਾ ਸੰਗ ਨਿਭਾਇੰਦਾ । ਸੱਸਾ ਬਣਾਏ ਸਾਚੀ ਸੰਗਤ, ਹੋੜਾ ਜੋੜ ਜੁੜਾਇੰਦਾ । ਪ੍ਰਭ ਅਬਿਨਾਸ਼ੀ ਹੋਇਆ ਆਪੇ ਮੰਗਤ, ਲੋਕਮਾਤ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਪ੍ਰਭਾਤੀ ਦੇਵੇ ਵਰ, ਸਤਿ ਸੰਤੋਖੀ ਝੋਲੀ ਪਾਇੰਦਾ । ਸਤਿ ਸੰਤੋਖੀ ਝੋਲੀ ਪਾ, ਪ੍ਰਭ ਏਕਾ ਰਾਹ ਵਖਾਇਆ । ਗੁਰਮੁਖਾਂ ਲੜ ਦਏ ਫੜਾ, ਨਾ ਕੋਈ ਸਕੇ ਮਾਤ ਛੁਡਾਇਆ । ਏਕਾ ਘਰ ਏਕਾ ਵਰ ਏਕਾ ਦਰ ਦਏ ਖੁਲ੍ਹਾ, ਊਚਾਂ ਨੀਚਾਂ ਭੇਵ ਗਵਾਇਆ । ਸਾਚਾ ਸਰ ਦਏ ਬਣਾ, ਚਰਨ ਧੂੜੀ ਇਕ ਵਖਾਇਆ । ਕਾਗੋਂ ਹੰਸ ਰੂਪ ਵਟਾ, ਸੋਹੰ ਸਾਚੀ ਚੋਗ ਚੁਗਾਇਆ । ਦੀਪਕ ਜੋਤੀ ਇਕ ਜਗਾ, ਅੰਧ ਅੰਧੇਰ ਮਿਟਾਇਆ । ਆਤਮ ਭੋਗੀ ਭੋਗ ਕਰਾ, ਏਕਾ ਰਸ ਵਖਾਇਆ । ਧੁਰ ਸੰਜੋਗੀ ਮੇਲ ਮਿਲਾ, ਗੁਰ ਗੋਬਿੰਦੇ ਸੰਗ ਨਿਭਾਇਆ । ਹਉਮੇ ਰੋਗੀ ਜਗਤ ਦਏ ਗਵਾ, ਜੋ ਜਨ ਰਸਨਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਹੇ ਗਾਇਆ । ਸਾਚਾ ਜੋਗੀ ਜੋਗ ਰਿਹਾ ਕਮਾ, ਆਲਸ ਨਿੰਦਰਾ ਵਿਚ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਪ੍ਰਭਾਤੀ ਤੇਰਾ ਵਰ, ਆਪ ਆਪਣੀ ਝੋਲੀ ਪਾਇਆ । ਆਪੇ ਜੋਗੀ ਬਣ ਸਨਿਆਸ, ਆਪੇ ਭੇਖ ਵਟਾਇੰਦਾ । ਭਗਤਨ ਦਰ ਹੋਇਆ ਦਾਸੀ ਦਾਸ, ਦਾਸੀ ਦਾਸ ਸੇਵ ਕਮਾਇੰਦਾ । ਮੰਡਲ ਮੰਡਪ ਕਾਇਆ ਪਾਵੇ ਰਾਸ, ਗੋਪੀਆਂ ਕਾਹਨ ਨਾਚ ਨਚਾਇੰਦਾ । ਨਿੱਝ ਘਰ ਆਤਮ ਰੱਖੇ ਵਾਸ, ਪਰਮਾਨੰਦ ਸਮਾਇੰਦਾ । ਲੇਖੇ ਲੱਗੇ ਸਵਾਸ ਸਵਾਸ, ਜੋ ਜਨ ਰਸਨਾ ਗਾਇੰਦਾ । ਮਾਤ ਗਰਭ ਨਾ ਆਏ ਦਸ ਦਸ ਮਾਸ, ਆਵਣ ਜਾਵਣ ਫੰਦ ਕਟਾਇੰਦਾ । ਲੱਖ ਚੁਰਾਸੀ ਹੋਣੀ ਨਾਸ, ਨਾ ਕੋਈ ਧਰਵਾਸ ਧਰਾਇੰਦਾ । ਜੋ ਜਨ ਤਜਾਏ ਮਦਿਰਾ ਮਾਸ, ਪ੍ਰਭ ਅੰਮ੍ਰਿਤ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰ ਆਪ ਵਖਾਇੰਦਾ । ਸਤਿਜੁਗ ਤੇਰੀ ਸਾਚੀ ਧਾਰ, ਗੁਰ ਗੋਬਿੰਦੇ ਮਾਤ ਚਲਾਈਆ । ਅੰਮ੍ਰਿਤ

੭੯੭
੦੬

ਆਤਮ ਕਰ ਤਿਆਰ, ਗੁਰਮੁਖਾਂ ਰਿਹਾ ਪਿਆਈਆ । ਕਾਇਆ ਬਾਟਾ ਅਪਰ ਅਪਾਰ, ਆਪੇ ਰਿਹਾ ਭਰਾਈਆ । ਕਵਲ ਨਾਭੀ ਬੰਦ ਕਵਾੜ, ਨਾ ਕੋਈ ਮੁਖ ਭਵਾਈਆ । ਮਨਮੁਖਾਂ ਲੱਗੀ ਮਗਰ ਧਾੜ, ਦਿਵਸ ਰੈਣ ਰਹੇ ਤ੍ਰਿਖਾ ਤਤ ਅਗਨ ਜਲਾਈਆ । ਗੁਰਮੁਖਾਂ ਕਰੇ ਕਾਇਆ ਠੰਡੀ ਠਾਰ, ਅੰਮ੍ਰਿਤ ਮੁਖ ਚੁਆਈਆ । ਦਸਮ ਦਵਾਰੀ ਅੱਧਵਿਚਕਾਰ, ਬੈਠਾ ਆਸਣ ਲਾਈਆ । ਉਪਰ ਨੀਚੇ ਵੇਖ ਵਿਚਾਰ, ਧਰਤ ਧਵਲ ਆਕਾਸ਼ ਪਰਕਾਸ਼ ਰੰਗ ਸਮਾਈਆ । ਗੁਰਮੁਖਾਂ ਕਰੇ ਇਕ ਪਿਅਰ, ਸਾਂਝਾ ਯਾਰ ਆਪ ਅਖਵਾਈਆ । ਕਲਗੀ ਤੋੜਾ ਸੀਸ ਦਸਤਾਰ, ਏਕਾ ਨਾਮ ਰਖਾਈਆ । ਜੋਤੀ ਸ਼ਬਦੀ ਜੋੜਾ ਵਿਚ ਸੰਸਾਰ, ਪੰਚਮ ਮੀਤਾ ਆਪ ਹੋ ਜਾਈਆ । ਸਤਿਜੁਗ ਤੇਰੀ ਸਾਚੀ ਰੀਤਾ, ਨਾ ਕੋਈ ਮੰਦਰ ਦਿਹੁਰਾ ਗੁਰਦਵਾਰ ਮਸੀਤਾ, ਕਾਇਆ ਮੰਦਰ ਇਕ ਰਖਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਪੁਰਖ ਅਗੰਮਾ ਬੈਠਾ ਘਰ ਅਤੀਤਾ, ਦਿਵਸ ਰੈਣ ਤੇਰਾ ਰਾਹ ਤਕਾਈਆ । ਪੜ੍ਹ ਪੜ੍ਹ ਥੱਕੇ ਅਠਾਰਾਂ ਧਿਆਏ ਗੀਤਾ, ਕਾਹਨਾ ਕ੍ਰਿਸ਼ਨਾ ਅੰਤਮ ਰਹਿਣਾ ਏਕਾ ਅਰਜਨ ਆਪਣਾ ਆਪ ਜੀਤਾ, ਪ੍ਰਭ ਚਰਨੀ ਸੀਸ ਝੁਕਾਈਆ । ਆਪੇ ਰਾਵਣ ਆਪੇ ਸੀਤਾ, ਆਪੇ ਰਾਮਾ ਰੂਪ ਵਟਾਈਆ । ਆਪੇ ਹਸਤ ਆਪੇ ਕੀਟਾ, ਆਪੇ ਸ਼ਾਹ ਸੁਲਤਾਨ ਹੋ ਜਾਈਆ । ਆਪੇ ਹਰਿਜਨ ਮਾਧਵ ਬੀਠਲਾ ਬੀਠਾ, ਕੌੜਾ ਰੀਠਾ ਆਪ ਹੋ ਜਾਈਆ । ਗੁਰਮੁਖਾਂ ਅੰਮ੍ਰਿਤ ਆਤਮ ਦੇਵੇ ਇਕ ਅਨਡੀਠਾ, ਦੂਸਰ ਹੱਥ ਕਿਸੇ ਨਾ ਆਈਆ । ਗੁਰ ਗੋਬਿੰਦੇ ਨੈਣਾਂ ਦੇਵੀ ਚੜ੍ਹ ਚੜ੍ਹ ਪੀਤਾ, ਪੁਰਖ ਅਬਿਨਾਸ਼ੀ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਬੈਠਾ ਆਪ ਤਕਾਈਆ । ਅੰਮ੍ਰਿਤ ਆਤਮ ਸਾਚੀ ਧਾਰ, ਪ੍ਰਭ ਆਪਣੇ ਹੱਥ ਰਖਾਇੰਦਾ । ਜੁਗ ਜੁਗ ਜਨ ਭਗਤਾਂ ਕਰਮ ਵਿਚਾਰ, ਮੁਖ ਮੁਖੜੇ ਆਪ ਚੁਆਇੰਦਾ । ਲਹਿਣਾ ਦੇਣਾ ਕਰਜ ਉਤਾਰ, ਭਾਣਾ ਸਹਿਣਾ ਹੁਕਮ ਜਣਾਇੰਦਾ । ਦਿਵਸ ਰੈਣ ਵਿਚ ਸੰਸਾਰ, ਨੇਤਰ ਨੈਣੀ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਪ੍ਰਭਾਤੀ ਦਏ ਵਰ, ਅੰਤਮ ਵੇਲਾ ਆਪ ਕਰਾਇੰਦਾ । ਨਾਮ ਪ੍ਰਭਾਤੀ ਗਈ ਦਰ, ਗੁਰਮੁਖਾਂ ਕਰੀ ਕੁੜਮਾਈਆ । ਪ੍ਰਭ ਅਬਿਨਾਸ਼ੀ ਅੱਗੇ ਖੜ, ਦੋਹਾਂ ਜੋੜ ਜੁੜਾਈਆ । ਸੁਰਤ ਸਵਾਣੀ ਰਹੀ ਲੜ, ਆਪ ਆਪਣਾ ਖੰਡਾ (ਰਿਹਾ) ਉਠਾਈਆ । ਮਨ ਮਤੀਆ ਅੱਗੇ ਰਿਹਾ ਅੜ, ਆਪ ਆਪਣਾ ਡੰਕਾ ਲਾਈਆ । ਨਿਹਕਲੰਕ ਸੰਮਤ ਚੌਦਾਂ ਹਾੜ ਸਤਾਰਾਂ ਆਪ ਉਖੇੜੇ ਸਭ ਦੀ ਜੜ੍ਹ, ਦਰ ਦਵਾਰ ਫਿਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,ਗੁਰਮਤ ਗੁਰਸਿਖਾਂ ਅੰਦਰ ਧਰ, ਆਪਣੀ ਹੱਥੀਂ ਬੰਦ ਕਰਾਈਆ । ਗੁਰਮਤ ਪ੍ਰਭ ਝੋਲੀ ਪਾ, ਗੁਰਮੁਖਾਂ ਇਹ ਸਮਝਾਇੰਦਾ । ਕਾਇਆ ਡੋਲੀ ਇਕ ਵਖਾ, ਸਾਚਾ ਸਗਨ ਮਨਾਇੰਦਾ । ਪੰਜ ਤਤ ਵਿਕਾਰਾ ਗੋਲੀ ਦਏ ਬਣਾ, ਸੇਵਕ ਸੇਵਾ ਲਾਇੰਦਾ । ਅਨਹਦ ਧੁਨ ਅਨਾਹਦ ਹੌਲੀ ਹੌਲੀ ਦਏ ਜਣਾ, ਆਪ ਆਪਣਾ ਰਾਹ ਵਖਾਇੰਦਾ । ਜੋਤ ਨਿਰੰਜਣ ਦੀਪ ਟਿਕਾ, ਪਹਿਲਾ ਪੌੜਾ ਆਪ ਚੜ੍ਹਾਇੰਦਾ । ਸੁਖਮਨ ਨਾੜੀ ਤੇਰਾ ਟੇਡਾ ਰਾਹ, ਬੰਕ ਦਵਾਰੀ ਆਪ ਕਰਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਸ਼ਬਦ ਚੋਲਾ ਬਸਤਰ ਪਾਇੰਦਾ । ਅੱਧ ਵਿਚ ਬੈਠਾ ਡੇਰਾ ਲਾ, ਪੱਲੂ ਸ਼ਬਦ ਨਾਮ ਫਿਰਾਇੰਦਾ । ਗੁਰਮੁਖ ਅਗੋਂ ਕੋਈ ਨਾ ਕਰੇ ਨਾਂਹ, ਪ੍ਰਭ ਆਪਣੀ ਉਂਗਲੀ ਲਾਇੰਦਾ । ਜਿਉਂ ਬਾਲਕ ਬਾਲ ਉਠਾਏ ਸਾਚੀ ਮਾਂ, ਆਪਣੀ ਗੋਦ ਬਿਠਾਇੰਦਾ । ਦਸਮ ਦਵਾਰੀ ਠੰਢੀ ਛਾਂ, ਅੰਮ੍ਰਿਤ ਜਾਮ ਪਿਆਇੰਦਾ । ਏਕਾ ਦੂਜਾ ਤੀਜਾ ਭੁੱਲਿਆ ਨਾਂ, ਚੌਥਾ ਘਰ ਸੁਹਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਜੋਤੀ ਮੇਲ ਮਿਲਾਇੰਦਾ । ਨਾ ਕੋਈ ਮੰਦਰ ਨਾ

ਕੋਈ ਥਾਂ, ਨਾ ਕੋਈ ਪਸ਼ੂ ਪੰਛੀ ਦਿਸੇ ਕਾਂ, ਨਾ ਕੋਈ ਸੀਰ ਪਿਆਇੰਦਾ । ਨਾ ਕੋਈ ਬਾਣੀ ਨਾ ਕੋਈ ਅੱਖਰ ਨਾ ਕੋਈ ਸਾਧ ਸੰਤ ਜਪਾਏ ਨਾਂ, ਨਾ ਕੋਈ ਜਾਪ ਜਪਾਇੰਦਾ । ਗੁਰ ਪੂਰਾ ਮਿਲਿਆ ਇਕ ਮਲਾਹ, ਜਗਤ ਜੋਗ ਕੱਟਿਆ ਫਾਹ, ਆਸਾ ਮਨਸਾ ਦਈ ਜਲਾ, ਸਹਿੰਸਾ ਰੋਗ ਲਿਆ ਮਿਟਾ, ਆਤਮ ਭੋਗ ਇਕ ਕਰਾ, ਸਚ ਸੰਜੋਗ ਲਿਆ ਵਖਾ, ਏਕਾ ਧਾਮ ਸੁਹਾਇੰਦਾ । ਸਾਚਾ ਧਾਮ ਇਕ ਵਖਾ, ਆਪਣੇ ਰੂਪ ਸਮਾਇਆ । ਭੇਖਾਧਾਰੀ ਭੇਖ ਵਟਾ, ਗੁਰਸਿਖਾਂ ਰਿਹਾ ਤਰਾਇਆ । ਦੇਸ ਪਰਦੇਸਾਂ ਫੇਰਾ ਪਾ, ਸੋਏ ਰਿਹਾ ਜਗਾਇਆ । ਧਾਰੀ ਕੇਸਾ ਨਾ ਸਕੇ ਜਣਾ, ਨਾ ਕੋਈ ਮੂੰਡ ਮੁੰਡਾਇਆ । ਦਸ ਦਸਮੇਸ਼ਾ ਵੇਖ ਵਖਾ, ਆਪਣੀ ਕਾਰੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਦਰ ਘਰ ਸਾਚੇ ਲਏ ਬਹਾਇਆ ।

ਸਤਿਗੁਰ ਪੁਰਖ ਦਿਆਲ, ਸਤਿ ਸਮਾਇਆ । ਅਕਲ ਕਲਾ ਅਕਾਲ, ਏਕਾ ਏਕ ਅਖਵਾਇਆ । ਆਪ ਆਪਣੀ ਚਲੀ ਅਵਲੜੀ ਚਾਲ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਨਾਮ ਉਪਾਏ, ਨਿਰਗੁਣ ਖੇਲ ਖਿਲਾਇੰਦਾ । ਸਰਗੁਣ ਚੇਲਾ ਇਕ ਬਣਾਏ, ਸਾਚਾ ਸ਼ਬਦ ਜਣਾਇੰਦਾ । ਦੋ ਜਹਾਨੀ ਮੇਲਾ ਰਿਹਾ ਮਿਲਾਏ, ਇਕ ਇਕੇਲਾ ਵੇਖ ਵਖਾਇੰਦਾ । ਸੱਜਣ ਸੁਹੇਲਾ ਸਭਨੀ ਥਾਈਂ, ਸਤਿਗੁਰ ਪੂਰਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਵੇਖ ਵਖਾਇੰਦਾ । ਹਰਿਜਨ ਸਾਚਾ ਜਗਤ ਵਿਚਾਰ, ਭਗਤੀ ਰੰਗ ਰੰਗਾਇੰਦਾ । ਪੂਰਬ ਕਰਮਾਂ ਰਿਹਾ ਵਿਚਾਰ, ਨੇਤਰ ਨੈਣਾਂ ਵੇਖ ਵਖਾਇੰਦਾ । ਦਰ ਘਰ ਸਾਚੇ ਪਾਵੇ ਸਾਰ, ਸ਼ਬਦੀ ਦਇਆ ਕਮਾਇੰਦਾ । ਨੇਤਰ ਨੈਣ ਅੱਖ ਉਘਾੜ, ਆਪ ਆਪਣਾ ਮੁਖ ਵਖਾਇੰਦਾ । ਭਾਗ ਲਗਾਏ ਜੰਗਲ ਜੂਹ ਉਜਾੜ ਪਹਾੜ, ਵਿਚ ਪ੍ਰਭਾਸ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਵਟਾਇੰਦਾ । ਨਿਰਗੁਣ ਵੇਸ ਖੇਲ ਅਪਾਰਾ, ਸ਼ਬਦੀ ਬਣਤ ਬਣਾਈਆ । ਇਕ ਇਕੱਲਾ ਓਅੰਕਾਰਾ, ਏਕੰਕਾਰਾ ਰੂਪ ਸਮਾਈਆ । ਮਹੱਲ ਅਟੱਲ ਸਚ ਮਿਨਾਰਾ, ਥਿਰ ਘਰ ਰਿਹਾ ਉਪਾਈਆ । ਦੀਪਕ ਜੋਤੀ ਕਰ ਉਜਿਆਰਾ, ਆਪ ਆਪਣਾ ਰਿਹਾ ਟਿਕਾਈਆ । ਨਾਦ ਧੁਨ ਵਜਾਏ ਅਪਰ ਅਪਾਰਾ, ਸੁਣਨੇਹਾਰ ਆਪ ਅਖਵਾਈਆ । ਲੋਕਮਾਤ ਖੇਲੇ ਖੇਲ ਨਿਆਰਾ, ਸਾਚੀ ਰਚਨਾ ਆਪ ਰਚਾਈਆ । ਪੰਚਮ ਤਤ ਕਰ ਪਿਆਰਾ, ਨਾਮ ਵਸਤ ਦਏ ਟਿਕਾਈਆ । ਨਾਮ ਧਨ ਹਰਿ ਕਰਤਾਰਾ, ਆਪ ਆਪਣਾ ਰਿਹਾ ਵਰਤਾਈਆ । ਗੁਰ ਸਤਿਗੁਰ ਸਾਚਾ ਸ਼ਬਦ ਬਣ ਵਣਜਾਰਾ, ਏਕਾ ਵਣਜ ਕਰਾਈਆ । ਚੌਦਾਂ ਹੱਟਾਂ ਖੋਲ੍ਹ ਦਵਾਰਾ, ਚੌਦਾਂ ਲੋਕਾਂ ਆਪ ਵਰਤਾਈਆ । ਤੀਰਥ ਤਟਾਂ ਪਾਰ ਕਿਨਾਰਾ, ਭੇਖ ਪਖੰਡਾ ਰਿਹਾ ਮਿਟਾਈਆ । ਸੋਹੰ ਸ਼ਬਦ ਜੈ ਜੈ ਜੈਕਾਰਾ, ਚਾਰੋਂ ਕੁੰਟ ਆਪ ਕਰਾਈਆ । ਦੋ ਜਹਾਨੀ ਏਕਾ ਨਾਅਰਾ, ਸਤਿਗੁਰ ਸਾਚਾ ਰਿਹਾ ਲਗਾਈਆ । ਸਤਿਜੁਗ ਸਾਚਾ ਦੇਵੇ ਪਹਿਰਾ, ਦਿਵਸ ਰੈਣ ਸੇਵ ਕਮਾਈਆ । ਕਲਜੁਗ ਤੇਰਾ ਮਿਟੇ ਕਹਿਰਾ, ਅੰਧ ਅੰਧੇਰ ਮਿਟਾਈਆ । ਇਕ ਕਰਾਏ ਸੰਞ ਸਵੇਰਾ, ਏਕਾ ਰੁੱਤ ਸੁਹਾਈਆ । ਹਰਿ ਭਗਤ ਤਰਾਏ ਕਰ ਕਰ ਆਪਣੀ ਮਿਹਰਾ, ਮਿਹਰਵਾਨ ਅਖਵਾਈਆ । ਆਪੇ ਹੋਇਆ ਨੇਰਨ ਨੇਰਾ, ਨਿਜ ਘਰ ਆਤਮ ਡੇਰਾ ਲਾਈਆ । ਸ਼ਬਦ ਸਰੂਪੀ


੭੯੮
੦੬

ਪਾਏ ਘੇਰਾ, ਚਾਰ ਦਿਵਾਰ ਨਾ ਕੋਈ ਵਖਾਈਆ । ਦਸਮ ਦਵਾਰੀ ਕਰ ਵਸੇਰਾ, ਆਪ ਆਪਣਾ ਮੁਖ ਛੁਪਾਈਆ । ਕਾਇਆ ਨਗਰ ਸਾਚਾ ਖੇੜਾ, ਧਰਤ ਧਵਲ ਉਪਰ ਰਿਹਾ ਉਪਾਈਆ । ਜੁਗ ਜੁਗ ਬੇੜਾ ਬੰਨ੍ਹਣਹਾਰਾ, ਵੰਞ ਮੁਹਾਣਾ ਇਕ ਚਲਾਈਆ । ਲੱਖ ਚੁਰਾਸੀ ਦੇਵੇ ਗੇੜਾ, ਆਵਣ ਜਾਵਣ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਲੜ ਆਪ ਆਪਣੇ ਨਾਲ ਬੰਧਾਈਆ । ਸਤਿਜੁਗ ਸਾਚਾ ਮਾਤ ਮੌਲੇ, ਫੁੱਲ ਫਲ ਫੁਲਵਾੜੀਆ । ਜਨ ਭਗਤਾਂ ਉਲਟੀ ਨਾਭ ਕਵਲੇ, ਅੰਮ੍ਰਿਤ ਧਾਰਾ ਬਰਸੇ ਏਕਾ ਧਾਰਿਆ । ਮੇਲ ਮਿਲਾਏ ਸਾਵਲ ਸਵਲੇ, ਏਕਾ ਦੂਜਾ ਭਉ ਨਿਵਾਰਿਆ । ਮਨਮੁਖ ਜੀਵ ਹੋਏ ਬਵਲੇ, ਨਾ ਕੋਈ ਪਾਵੇ ਹਰਿ ਹਰਿ ਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋਏ ਵਡ ਬਲਕਾਰਿਆ । ਪਰਗਟ ਹੋਏ ਹਰਿ ਭਗਵੰਤਾ, ਆਪਣੀ ਜੋਤ ਜਗਾਈਆ । ਪਕੜ ਉਠਾਏ ਸਾਚੇ ਸੰਤਾਂ, ਭਰਮ ਭੁਲੇਖਾ ਰਿਹਾ ਮਿਟਾਈਆ । ਪਕੜ ਪਛਾੜੇ ਦੇਵ ਦੰਤਾ, ਦਰ ਦਵਾਰ ਰਿਹਾ ਦੁਰਕਾਈਆ । ਲੇਖ ਚੁਕਾਏ ਜੀਆ ਜੰਤਾ, ਲਹਿਣਾ ਦੇਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਦਰ ਵਖਾਈਆ । ਸਤਿਜੁਗ ਦਵਾਰਾ ਸਾਚਾ ਖੋਲ੍ਹ, ਸਤਿ ਪੁਰਖ ਨਿਰੰਜਣ ਵਿਚ ਸਮਾਇਆ । ਸੋਹੰ ਅੱਖਰ ਏਕਾ ਬੋਲ, ਏਕਾ ਡੰਕ ਵਜਾਇਆ । ਲੱਖ ਚੁਰਾਸੀ ਖੇਲੇ ਹੋਲ, ਗੂੜ੍ਹਾ ਰੰਗਣ ਰੰਗ ਰੰਗਾਇਆ । ਜਨ ਭਗਤਾਂ ਅੰਮ੍ਰਿਤ ਦੇਵੇ ਉਪਰ ਧੌਲ, ਸੰਮਤ ਸੋਲਾਂ ਵੇਖ ਵਖਾਇਆ । ਭਾਗ ਲਗਾਏ ਕਾਇਆ ਚੋਲ, ਗੋਬਿੰਦ ਮੇਲ ਮਿਲਾਇਆ । ਗੁਰਦਰ ਮੰਦਰ ਅੰਦਰ ਲਏ ਫੋਲ, ਫੋਲਣਹਾਰ ਵੇਖ ਵਖਾਇਆ । ਮਨ ਮਤ ਬੁਧ ਲਏ ਵਰੋਲ, ਪੰਚਮ ਤਤ ਮਧਾਣਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵਸੇ ਸਦਾ ਕੋਲ, ਦੂਸਰ ਦਿਸ ਨਾ ਆਈਆ । ਭਗਤ ਸੁਹੇਲਾ ਅੰਗੀਕਾਰ, ਆਪਣੇ ਅੰਗ ਲਗਾਇੰਦਾ । ਮਨ ਮਤ ਬੁਧ ਫਰੰਗੀ ਨਾਰ, ਦਰ ਵੇਸਵਾ ਆਪ ਫਿਰਾਇੰਦਾ । ਨਾ ਕੋਈ ਸੰਗੀ ਮੁਹੰਮਦੀ ਯਾਰ, ਨਾ ਕੋਈ ਤੋੜ ਨਿਭਾਇੰਦਾ । ਦਰ ਦਵਾਰਾ ਲੰਘੀ ਅਲ੍ਹਾ ਰਾਣੀ ਹੋ ਖੁਆਰ, ਨੰਗੀ ਪੈਰੀਂ ਆਪ ਫਿਰਾਇੰਦਾ । ਮੁਹੰਮਦ ਮੰਗ ਮੰਗੀ ਸੱਚੀ ਸਰਕਾਰ, ਪ੍ਰਭ ਸਾਚਾ ਝੋਲੀ ਪਾਇੰਦਾ । ਨਾਰ ਦੁਹਾਗਣ ਲੱਗੀ ਚੰਗੀ, ਕੰਤ ਸੁਹਾਗੀ ਵੇਖ ਵਖਾਇੰਦਾ । ਲਾਲ ਚੋਲੀ ਰਿਹਾ ਰੰਗੀ, ਤਨ ਸ਼ਿੰਗਾਰ ਕਰਾਇੰਦਾ । ਇਕ ਹਦੀਸ ਪਾਈ ਅੰਗੀ, ਏਕਾ ਪੜਦਾ ਪਾਇੰਦਾ । ਚਾਰ ਯਾਰ ਵਜਾਏ ਜਗਤ ਮਰਦੰਗੀ, ਸਾਚਾ ਢੋਲਾ ਇਕ ਸੁਣਾਇੰਦਾ । ਸ਼ਬਦ ਕਟਾਰ ਕਰ ਨੰਗੀ, ਆਪ ਆਪਣਾ ਰੰਗ ਵਖਾਇੰਦਾ । ਸੰਮਤ ਪੰਦਰਾਂ ਚਾੜ੍ਹੇ ਡੋਰ ਸ਼ਬਦ ਇਕ ਪਤੰਗੀ, ਆਕਾਸ਼ ਪਰਕਾਸ਼ ਆਪ ਉਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਇਰਾਕ ਨਾਲ ਪਾਕ, ਸੰਮਤ ਪੰਦਰਾਂ ਵੇਖ ਵਖਾਇੰਦਾ । ਸ਼ਾਹ ਪਾਕ ਜਗਤ ਦੁਰਾਨੀ, ਏਕਾ ਸ਼ਬਦ ਜਣਾਈਆ । ਸੰਮਤ ਪੰਦਰਾਂ ਮਾਰੇ ਤੀਰ ਨਿਸ਼ਾਨੀ, ਪੰਚਮ ਜੇਠਾ ਲੇਖ ਲਿਖਾਈਆ । ਨਾਲ ਰਲਾਏ ਮੁਗਲ ਪਠਾਨੀ, ਅਲ੍ਹਾ ਰਾਣੀ ਮੇਲ ਮਿਲਾਈਆ । ਅੰਤਮ ਢਲਦੀ ਜਾਏ ਜਵਾਨੀ, ਮੁੱਠ ਹੱਡੀਆਂ ਰਿਹਾ ਵਖਾਈਆ । ਪਰਗਟ ਹੋਇਆ ਸ਼ਾਹ ਸੁਲਤਾਨੀ, ਸ਼ਾਹ ਸੁਲਤਾਨਾਂ ਵੇਖ ਵਖਾਈਆ । ਪਾਰਬ੍ਰਹਮ ਮਾਰੇ ਤਿੱਖੀ ਕਾਨੀ, ਤੀਰ ਅੰਦਾਜ ਆਪ ਹੋ ਜਾਈਆ । ਨਬੀ ਰਸੂਲ ਉਮਤ ਦਿਸੇ ਖਾਲੀ, ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਸੇ ਹੱਥ ਨਾ ਦੇਵੇ ਠੰਡਾ ਪਾਣੀ, ਆਬ ਹਯਾਤ ਨਾ ਕੋਈ ਪਿਆਈਆ । ਆਬ ਹਯਾਤ ਨਾ ਠੰਡਾ ਪਾਣੀ, ਨਾ ਕੋਈ ਮੁਖ ਚੁਆਇੰਦਾ ।

੮੦੦ ੦੬

ਨਾ ਕੋਈ ਪੀਰ ਫ਼ਕੀਰ ਖੁਆਜਾ ਖਿਜਰ ਨਾ ਦਿਸੇ ਦਸਤਗੀਰ, ਨਾ ਕੋਈ ਪੀਰ ਸਦਵਾਇੰਦਾ । ਦਰ ਦਰ ਘਰ ਘਰ ਲੱਭੇ ਚੀਰ, ਕਲਜੁਗ ਵੇਲਾ ਅੰਤ ਅਖੀਰ, ਚਾਰੋਂ ਕੁੰਟਾਂ ਆਪ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਪੰਦਰਾਂ ਵੇਖੇ ਘਰ, ਆਪ ਆਪਣਾ ਚਰਨ ਛੁਹਾਇੰਦਾ । ਸ਼ਾਹ ਪਾਕ ਸੰਗ ਇਰਾਕ, ਦੇਵੇ ਧੁਰ ਫ਼ਰਮਾਨਿਆ । ਪਹਿਲੀ ਕੂਟੇ ਖੋਲ੍ਹੇ ਤਾਕ, ਲਹਿੰਦੀ ਦਿਸ਼ਾ ਵੇਖ ਵਖਾਨਿਆ । ਮੱਕਾ ਮਦੀਨਾ ਵੇਖ ਚਿਰਾਗ, ਜੋਤੀ ਨੂਰ ਕਵਣ ਕਰਾਨਿਆ । ਚਾਰੇ ਕੁੰਟਾਂ ਲੱਗੀ ਆਗ, ਨਾ ਕੋਈ ਮਾਤ ਬੁਝਾਨਿਆ । ਦਰ ਦਵਾਰੇ ਆਉਣਾ ਭਾਗ, ਨੇਤਰ ਨੀਰ ਵਹਾਨਿਆ । ਆਪੇ ਮੇਲ ਮਿਲਾਏ ਪਾਕੀ ਪਾਕ, ਪਰਵਰਦਿਗਾਰ ਆਪ ਅਖਵਾਨਿਆ । ਦੁਲਦੁਲ ਐਲੀ ਸ਼ਾਹ ਚੜ੍ਹੇ ਇਰਾਕ, ਇਕ ਸੰਜੋ ਤਨ ਹੰਢਾਨਿਆ । ਅੱਲਾ ਰਾਣੀ ਕਰ ਇਤਫਾਕ, ਤੇਰਾ ਲਹਿਣਾ ਦੇਣਾ ਹੋਏ ਬਿਬਾਕ, ਪ੍ਰਭ ਅੰਤ ਹਿਸਾਬ ਚੁਕਾਨਿਆ । ਲੇਖ ਲਿਖਾਏ ਭਵਿਖਤ ਵਾਕ, ਨਾ ਕੋਈ ਮੇਟ ਮਿਟਾਨਿਆ । ਅੰਤਮ ਮੇਲਾ ਖ਼ਾਕੀ ਖ਼ਾਕ, ਸਾਢੇ ਤਿੰਨ ਹੱਥ ਸੀਂ ਵਖਾਨਿਆ । ਗੁਰੂ ਗੁਰ ਵੇਖੇ ਮਾਰ ਝਾਕੀ, ਅੱਠੇ ਪਹਿਰ ਨੌਜਵਾਨਿਆ । ਪ੍ਰਭ ਦਰ ਅੱਗੇ ਨਾ ਦਿਸੇ ਕੋਈ ਰਾਕੀ, ਵੇਲੇ ਅੰਤਮ ਹੋਏ ਵੈਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਮ ਕਰੇ ਕੁਰਬਾਨਿਆ । ਏਕਾ ਨਾਮ ਕਰ ਕੁਰਬਾਨ, ਪ੍ਰਭ ਆਪਣੀ ਭੇਟ ਚੜ੍ਹਾਇੰਦਾ । ਸੱਤ ਰੰਗ ਵਖਾਏ ਇਕ ਨਿਸ਼ਾਨ, ਉਪਰ ਲਾਲ ਰਖਾਇੰਦਾ । ਲਾਲ ਮਹਿੰਦੀ ਖੋਲ੍ਹ ਦੁਕਾਨ, ਅਮਾਮ ਮਹਿੰਦੀ ਹੱਥ ਫੜਾਇੰਦਾ । ਅਮਾਮ ਮਹਿੰਦੀ ਹਰਿ ਭਗਵਾਨ, ਦਿਸ਼ਾ ਲਹਿੰਦੀ ਖੇਲ ਖਿਲਾਇੰਦਾ । ਉਮਤ ਰਸੂਲ ਬਹਿ ਬਹਿ ਕਹਿੰਦੀ, ਅੱਲਾ ਹੂ, ਕਵਣ ਕੂਟੇ ਨਾਅਰਾ ਲਾਇੰਦਾ । ਨਾਮ ਖੰਡਾ ਸ਼ਬਦ ਮਿਆਨੋ ਆਪੇ ਧੂ, ਪੀਰ ਪੀਰਾਂ ਆਪ ਵਖਾਇੰਦਾ । ਆਪੇ ਚੋਟੀ ਬੈਠ ਕੋਹਤੂਰ, ਨੂਰੋ ਨੂਰ ਧਰਾਇੰਦਾ । ਆਪੇ ਆਸਾ ਮਨਸਾ ਪੂਰ, ਆਪੇ ਕੂੜੋ ਕੂੜ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੀਲਾ ਬਸਤਰ ਸ਼ਬਦ ਸ਼ਸਤਰ ਆਪ ਆਪਣੇ ਤਨ ਸੁਹਾਇੰਦਾ । ਨੀਲਾ ਬਸਤਰ ਕਾਲਾ ਸੂਸਾ, ਆਪਣੇ ਤਨ ਛੁਹਾਵਨਾ । ਵੇਸ ਵਟਾਏ ਮੂਸਾ ਈਸਾ, ਮੂਸਾ ਈਸਾ ਸੰਗ ਨਿਭਾਵਨਾ । ਚਰਨ ਛੁਹਾਏ ਚੀਨਾ ਰੂਸਾ, ਸੰਮਤ ਸਤਾਰਾਂ ਪਹਿਲੀ ਚੇਤਰ ਰੁੱਤ ਸੁਹਾਵਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹੱਥ ਫੜਿਆ ਸ਼ਬਦ ਮਧਾਵਨਾ । ਚੀਨਾ ਰੂਸਾ ਚਰਨ ਛੁਹਾ, ਆਪਣੀ ਦਇਆ ਕਮਾਈਆ । ਪਹਿਲੀ ਚੇਤਰ ਖ਼ੁਸ਼ੀ ਮਨਾ, ਸੰਮਤ ਸਤਾਰਾਂ ਰਿਹਾ ਜਗਾਈਆ । ਪੰਚਮ ਜੇਠ ਸੰਮਤ ਪੰਦਰਾਂ ਲਿਖਿਆ ਦਏ ਵਖਾ, ਦਰ ਦਵਾਰੇ ਦਏ ਪੁਜਾਈਆ । ਹਰਿਮੰਦਰ ਡੇਰਾ ਆਪੇ ਲਾ, ਆਪਣਾ ਖੇਲ ਖਿਲਾਈਆ । ਮਨਮੁਖ ਜੀਵਾਂ ਬਾਹਰ ਧਕਾ, ਅੰਦਰੋਂ ਕੁੰਡਾ ਦੇਵੇ ਲਾਈਆ । ਆਪ ਆਪਣਾ ਮੁਖ ਛੁਪਾ, ਗੁਰ ਅਰਜਨ ਗੋਦ ਉਠਾਈਆ । ਰਾਮਦਾਸ ਤੇਰਾ ਹੋ ਸਹਾ, ਸੀਸ ਆਪਣਾ ਹੱਥ ਉਠਾਈਆ । ਨਾਨਕ ਸੇਵਾ ਪੂਰ ਕਰਾ, ਗੋਬਿੰਦ ਇਕ ਆਸ ਧਰਾਈਆ । ਸਾਚੀ ਸੇਵਾ ਆਪ ਕਮਾ, ਆਪਣੀ ਬਾਂਹ ਹਿਲਾਈਆ । ਸ਼ਬਦ ਖੰਡਾ ਇਕ ਉਠਾ, ਸ੍ਰਿਸ਼ਟ ਸਬਾਈ ਰਿਹਾ ਸਮਝਾਈਆ । ਧੁਰਦਰਗਾਹੀ ਵੇਖ ਵਖਾ, ਔਲੀਆ ਪੀਰ ਸ਼ੇਖ਼ ਮੇਟ ਮਿਟਾਈਆ । ਮਾਝਾ ਦੇਸ ਭੇਖ ਵਟਾ, ਭੇਖਾਧਾਰੀ ਭੇਖ ਵਟਾਈਆ । ਦਸ ਦਸਮੇਸ਼ ਆਪਣੀ ਜੋਤ ਦਏ ਜਗਾ, ਕਲਜੁਗ ਤੇਰਾ ਲਹਿਣਾ ਦੇਣਾ ਦਏ ਚੁਕਾਈਆ । ਚਰਨ ਦੁਆਬੇ ਆ ਟਿਕਾ, ਆਪਣਾ ਫੇਰਾ ਪਾਈਆ । ਏਕਾ ਹੱਲਾ ਦਏ ਕਰਾ, ਸੀਸ ਧੜ ਰਹਿਣ ਨਾ ਪਾਈਆ । ਧਰਤ ਮਾਤ ਪੱਲੂ ਦੇਵੇ ਡਾਹ, ਪ੍ਰਭ ਝੋਲੀ ਦਏ ਭਰਾਈਆ । ਕਲੂ

ਕਾਲ ਖ਼ੁਸ਼ੀਆਂ ਰਿਹਾ ਮਨਾ, ਪ੍ਰਭ ਵੇਖੇ ਚਾਈਂ ਚਾਈਂਆ । ਗੁਰ ਗੋਬਿੰਦਾ ਕਰ ਸਲਾਹ, ਨਰ ਨਰਾਇਣ ਸੰਗ ਰਖਾਈਆ । ਨੇਤਰ ਨੈਣਾ ਦਏ ਵਖਾ, ਹਰਿ ਸੰਗਤ ਵਡ ਵਡਿਆਈਆ । ਭਾਈ ਭੈਣਾ ਦਏ ਬਣਾ, ਜੋ ਜਨ ਆਏ ਚਲ ਸਰਨਾਈਆ । ਮਨਮੁਖ ਜੂਠੇ ਝੂਠੇ ਦਏ ਰੁੜਾ, ਕੋਇ ਰਹਿਣ ਨਾ ਪਾਈਆ । ਹਰਿਜਨ ਆਪ ਆਪਣਾ ਲੜ ਫੜਾ, ਏਕਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦੇ ਦੇ ਵਰ, ਗੁਰਮੁਖ ਸਾਚੇ ਰਿਹਾ ਜਗਾਈਆ । ਸੰਮਤ ਚੌਦਾਂ ਹਰਿ ਸੁਲਤਾਨਾ, ਆਪਣਾ ਆਪ ਉਠਾਇਆ । ਗੁਰਮੁਖਾਂ ਬੰਨੇ ਹੱਥੀਂ ਗਾਨਾ, ਏਕਾ ਰਾਹ ਵਖਾਇਆ । ਸੋਹੰ ਸ਼ਬਦ ਧੁਰ ਫ਼ਰਮਾਨਾ, ਰਸਨਾ ਜਿਹਵਾ ਸਾਚਾ ਟਿੱਕਾ ਲਾਇਆ । ਦਰ ਦਵਾਰੇ ਦੇਵੇ ਮਾਣਾ, ਵੱਡਾ ਨਿੱਕਾ ਜੋ ਜਨ ਦਰ ਦਵਾਰੇ ਆਇਆ । ਨਾ ਕੋਈ ਰਸ ਰਖਾਏ ਮਿੱਠਾ ਫਿਕਾ, ਏਕਾ ਏਕ ਅਨਰਸ ਅਨਡਿਠਾ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਵਰ, ਸਾਚਾ ਧਾਮ ਇਕ ਸੁਹਾਇਆ । ਗੁਰਮੁਖ ਸਾਚੇ ਸਾਚੀ ਚੋਲੀ, ਏਕਾ ਤਨ ਰੰਗਾਇਆ । ਇਕ ਸੁਣਾਏ ਆਪਣੀ ਬੋਲੀ, ਏਕਾ ਰਾਗ ਅਲਾਇਆ । ਆਤਮ ਪੜਦਾ ਰਿਹਾ ਖੋਲ੍ਹੀ, ਦੂਈ ਦਵੈਤੀ ਮੇਟ ਮਿਟਾਇਆ । ਸੁਰਤ ਸਵਾਣੀ ਭਾਲੀ ਭੋਲੀ, ਭਰਮੀ ਗੜ੍ਹ ਤੁੜਾਇਆ । ਗੁਰ ਸ਼ਬਦ ਸੁਰਤੀ ਮੌਲੀ, ਪ੍ਰਭ ਸਾਚੇ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਾਚਾ ਦਰ, ਚਾਰ ਵਰਨਾਂ ਰਿਹਾ ਦਿਖਾਇਆ ।

੮੦੧
੦੬

ਹਰਿ ਸ਼ਬਦ ਸੱਚੀ ਕੁੜਮਾਈ, ਪ੍ਰਭ ਸਾਚਾ ਆਪ ਕਰਾਇੰਦਾ । ਲੋਕਮਾਤ ਵੱਜੀ ਵਧਾਈ, ਹਰਿਜਨ ਸਾਚੇ ਆਪ ਜਗਾਇੰਦਾ । ਦਰ ਦਵਾਰੇ ਆਏ ਚਾਈਂ ਚਾਈਂ, ਆਤਮ ਇਛਿਆ ਵੇਖ ਵਖਾਇੰਦਾ । ਦੇਵੇ ਭਿਛਿਆ ਥਾਉਂ ਥਾਈਂ, ਮੰਗਣ ਮੰਗ ਜੋ ਮੰਗਾਇੰਦਾ । ਫੜ ਫੜ ਹੰਸ ਬਣਾਏ ਕਾਈਂ, ਸੋਹੰ ਚੋਗ ਚੁਗਾਇੰਦਾ । ਹਰਿ ਕਾ ਨਾਉਂ ਭੁੱਲਣਾ ਨਾਹੀਂ, ਲੱਖ ਚੁਰਾਸੀ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਮਾਤ ਪੜ੍ਹਾਇੰਦਾ । ਏਕਾ ਨਾਮ ਸਚ ਸੁਗਾਤ, ਪ੍ਰਭ ਆਪਣੇ ਹੱਥ ਰਖਾਈਆ । ਧੁਰਦਰਗਾਹੀ ਲੈ ਕੇ ਆਇਆ ਦਾਤ, ਲੋਕਮਾਤ ਰਿਹਾ ਵਰਤਾਈਆ । ਮੇਟ ਮਿਟਾਏ ਅੰਧੇਰੀ ਕਾਇਆ ਤਨ ਰਾਤ, ਜਿਸ ਜਨ ਭਿਛਿਆ ਦੇਵੇ ਪਾਈਆ । ਦਰਸ ਦਿਖਾਏ ਇਕ ਇਕਾਂਤ, ਸਵੱਛ ਸਰੂਪੀ ਨਜ਼ਰੀ ਆਈਆ । ਮੇਲ ਮਿਲਾਏ ਕਮਲਾਪਾਤ, ਹਰਿਜਨ ਸਾਚਾ ਸੰਗ ਨਿਵਾਈਆ । ਵੇਲੇ ਅੰਤਮ ਪੁੱਛੇ ਵਾਤ, ਜੋ ਜਨ ਰਸਨਾ ਰਹੇ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈਆ ।

ਸੋਹੰ ਸ਼ਬਦ ਸਚ ਜੈਕਾਰਾ, ਪ੍ਰਭ ਆਪਣਾ ਆਪ ਲਗਾਇਆ । ਧੁਰਦਰਗਾਹੀ ਸਚ ਭੰਡਾਰਾ, ਲੋਕਮਾਤ ਰਿਹਾ ਵਰਤਾਇਆ । ਜੋ ਜਨ ਮੰਗਣ ਆਏ ਦਰ ਦਵਾਰਾ, ਦੋਏ ਜੋੜ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਝੋਲੀ ਦਏ ਭਰਾਇਆ । ਸੋਹੰ ਸ਼ਬਦ ਰਸਨਾ ਗਾਉਣਾ, ਆਤਮ ਵੱਜੇ ਵਧਾਈਆ । ਮਦਿਰਾ ਮਾਸ ਰਸਨ ਤਜਾਉਣਾ, ਜੂਠਾ ਝੂਠਾ ਸੰਗ ਛੁਡਾਈਆ । ਜ਼ਾਤ ਪਾਤੀ ਭੇਵ ਚੁਕਾਉਣਾ,

ਊਚਾਂ ਨੀਚਾਂ ਏਕਾ ਰੰਗ ਵਖਾਈਆ । ਮਨ ਗਵਰੇ ਸੀਸ ਨਾ ਕਿਸੇ ਝੁਕਾਉਣਾ, ਜਗਤ ਜਗਦੀਸਾ ਇਕ ਅਖਵਾਈਆ । ਸਾਚਾ ਅੱਖਰ ਨਾ ਕਿਸੇ ਪੜ੍ਹਾਉਣਾ, ਜਗਤ ਵਿਦਿਆ ਮਾਤ ਕਰਾਈਆ । ਆਤਮ ਦਰ ਨਾ ਕਿਸੇ ਖੁਲ੍ਹਾਉਣਾ, ਬ੍ਰਹਮ ਵਿਦਿਆ ਨਾ ਕੋਈ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਨਾਮ ਵਰ, ਦਰ ਦਵਾਰ ਕਰੇ ਕੁੜਮਾਈਆ । ਸੋਹੰ ਸ਼ਬਦ ਸਾਚੀ ਦਾਤ, ਹਰਿ ਕਲਜੁਗ ਕਲ ਵਰਤਾਇੰਦਾ । ਗੁਰਮੁਖਾਂ ਦੇਵੇ ਧੁਰ ਸੁਗਾਤ, ਦੂਸਰ ਕਿਸੇ ਹੱਥ ਨਾ ਆਇੰਦਾ । ਲਹਿਣਾ ਦੇਣ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਸਿੰਘ ਮਨਜੀਤਾ ਰਾਹ ਵਖਾਇੰਦਾ । ਜਗਤ ਜਗਦੀਸਾ ਦਿਸੇ ਸਾਥ, ਨੌ ਦਵਾਰੇ ਪਾਰ ਕਰਾਇੰਦਾ । ਜੋਤ ਨਿਰੰਜਣ ਮਸਤਕ ਮਾਥ, ਸੋਹੰ ਸਾਚਾ ਤਿਲਕ ਲਗਾਇੰਦਾ । ਸਤਿ ਪੁਰਖ ਚਲਾਏ ਸਾਚਾ ਰਾਥ, ਰਥ ਰਥਵਾਹੀ ਆਪ ਅਖਵਾਇੰਦਾ । ਸਤਿਜੁਗ ਤੇਰੀ ਸਾਚੀ ਗਾਥ, ਹੰ ਹੰਗਤਾ ਮੇਟ ਮਿਟਾਇੰਦਾ । ਪਰਗਟ ਹੋਏ ਤ੍ਰੈਲੋਕੀ ਨਾਥ, ਸਾਚੀ ਸੰਗਤਾ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰੀ ਸਾਚੀ ਧਾਰ, ਪਰਗਟ ਹੋ ਵਿਚ ਸੰਸਾਰ, ਗੁਰਮੁਖਾਂ ਆਪ ਵਖਾਇੰਦਾ । ਸੋਹੰ ਸ਼ਬਦ ਅੱਖਰ ਬੋਲ, ਗੁਰਮੁਖ ਸਾਚੇ ਖ਼ੁਸ਼ੀ ਮਨਾਈਆ । ਪ੍ਰਭ ਤੋਲਣਹਾਰਾ ਪੂਰੇ ਤੋਲ, ਨਾਮ ਕੰਡੇ ਰਿਹਾ ਤੁਲਾਈਆ । ਆਦਿ ਅੰਤ ਨਾ ਜਾਏ ਡੋਲ, ਡੋਲਣਹਾਰ ਨਾ ਆਪ ਅਖਵਾਈਆ । ਪਰਗਟ ਹੋਏ ਕਲਾ ਸੋਲ, ਨੌ ਸਤ ਵੇਖ ਵਖਾਈਆ । ਸੰਤ ਸੁਹੇਲੇ ਲਏ ਵਰੋਲ, ਲੱਖ ਚੁਰਾਸੀ ਛਾਛ ਬਣਾਈਆ । ਜੂਠ ਝੂਠ ਕੱਢੇ ਪੋਲ, ਕਲਜੁਗ ਅੰਤਮ ਦਏ ਦੁਹਾਈਆ । ਦਰ ਦਵਾਰੇ ਰੋ ਰੋ ਪੁਕਾਰੇ ਧਰਤ ਧੌਲ, ਨੇਤਰ ਨੈਣਾਂ ਨੀਰ ਵਹਾਈਆ । ਗੁਰਮੁਖਾਂ ਕਰੇ ਉਲਟੀ ਨਾਭ ਕਵਲ, ਅੰਮ੍ਰਿਤ ਝਿਰਨਾ ਰਿਹਾ ਝਿਰਾਈਆ । ਕਾਇਆ ਫੁਲਵਾੜੀ ਜਾਏ ਮਵਲ, ਹਾੜ ਸਤਾਰਾਂ ਬੀਜ ਬਿਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਆਤਮ ਦੇਵੇ ਸੀਜ, ਏਕਾ ਧਾਰ ਚਲਾਈਆ । ਅੰਮ੍ਰਿਤ ਆਤਮ ਠਾਂਢਾ ਰਸ, ਗੁਰਮੁਖ ਮੁਖ ਚੁਆਇਆ । ਪੁਰਖ ਅਬਿਨਾਸ਼ੀ ਰਾਹ ਸਾਚਾ ਦੱਸ, ਸੋਹੰ ਸਾਚਾ ਸਬਕ ਪੜ੍ਹਾਇਆ । ਹਿਰਦੇ ਅੰਦਰ ਆਪੇ ਵਸ, ਤੀਰ ਨਿਰਾਲਾ ਮਾਰੇ ਕਸ, ਬਜਰ ਕਪਾਟੀ ਪਾਰ ਕਰਾਇਆ । ਕੋਟਨ ਕੋਟ ਪਰਕਾਸ਼ ਕਰੇ ਰਵ ਸਸ, ਅੰਧ ਅੰਧੇਰਾ ਦਏ ਮਿਟਾਇਆ । ਆਤਮ ਸੇਜਾ ਮੇਲਾ ਹੱਸ ਹੱਸ, ਸਾਚਾ ਧਾਮ ਦਏ ਸੁਹਾਇਆ । ਜਨ ਭਗਤਾਂ ਆਪੇ ਹੋਇਆ ਵਸ, ਦਰ ਦਵਾਰੇ ਫੇਰਾ ਪਾਇਆ । ਕਲਜੁਗ ਵਿਦਿਆ ਹੋਈ ਵਸ, ਐੜਾ ਅਥਰਬਣ ਆਪਣੀ ਝੋਲੀ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਰਾਹ ਸਾਚਾ ਦੱਸ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਨਾਅਰਾ ਰਿਹਾ ਲਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀ ਜੈ । ਆਦਿ ਅੰਤ ਜੁਗਾਂ ਜੁਗੰਤ ਰਹੈ । ਜੀਵ ਜੰਤ ਸਾਧ ਸੰਤ ਗੁਰ ਪੀਰ ਲਏ ਅਵਤਾਰ, ਹੁੰਦੇ ਆਏ ਖੈ । ਨਾਮ ਸ਼ਬਦ ਸਚ ਵਪਾਰ, ਪਾਰਬ੍ਰਹਮ ਗੁਰ ਅਵਤਾਰ ਪੁਰਖ ਅਬਿਨਾਸ਼ੀ ਏਕਾ ਰਹੈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਨਾਮ ਵਰ, ਥਿਰ ਘਰ ਦਵਾਰੇ ਬੈਠੀ ਰਹੈ । ਥਿਰ ਘਰ ਸਚ ਦਰਬਾਰ, ਪ੍ਰਭ ਆਪਣਾ ਆਪ ਸਜਾਇਆ । ਸ਼ਬਦ ਸਰੂਪੀ ਭਰ ਭੰਡਾਰ, ਦੇਵਣਹਾਰ ਮਾਤ ਹਰਿ ਆਇਆ । ਸਤਿਜੁਗ ਤੇਰੀ ਸਚ ਬਰਾਤ, ਗੁਰਮੁਖ ਸਾਚੇ ਰਿਹਾ ਬਣਾਇਆ । ਚਾਰ ਵਰਨਾਂ ਇਕ ਜਮਾਤ, ਏਕਾ ਰਾਹ ਚਲਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤ, ਨਾ ਕੋਈ ਊਚ ਨੀਚ ਵਖਾਇਆ । ਸੋਹੰ ਸ਼ਬਦ ਦੀਪ ਸਾਤ, ਸਤਿ ਨਿਸ਼ਾਨਾ

ਰਿਹਾ ਚੜ੍ਹਾਇਆ । ਨੌ ਖੰਡ ਪ੍ਰਭ ਦੇਵੇ ਦਾਤ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਮਾਰਗ ਰਿਹਾ ਚਲਾਇਆ । ਸਾਚਾ ਮਾਰਗ ਆਪ ਚਲਾਏ, ਸੋਹੰ ਹੱਥ ਵਡਿਆਈਆ । ਲੱਖਣ ਦੀਪ ਫੇਰਾ ਪਾਏ, ਕਰੇ ਸ਼ਬਦ ਜਣਾਈਆ । ਕਰੋਚ ਪੁਸ਼ਕਰ ਆਪ ਉਠਾਏ, ਜੰਬੂ ਹੋਏ ਸਹਾਈਆ । ਸਾਨ ਸਲਮਲ ਲਏ ਜਗਾਏ, ਕੁਸ਼ਾ ਵੱਜੇ ਵਧਾਈਆ । ਸੱਤਾਂ ਦੀਪਾਂ ਏਕਾ ਧਾਰ ਬੰਧਾਏ, ਸੱਤ ਰੰਗ ਨਿਸ਼ਾਨਾ ਰਿਹਾ ਵਖਾਈਆ । ਨਿਰਮਲ ਜੋਤੀ ਦੀਪ ਜਗਾਏ, ਆਪ ਆਪਣੀ ਕਰੇ ਵਡਿਆਈਆ । ਕੁਲਾਖੰਡ ਹਰਿ ਜੋਤ ਜਗਾ, ਸੋਹੰ ਸ਼ਬਦ ਕਰਾਏ ਜੈ ਜੈ ਜੈਕਾਰਿਆ । ਇਲਾਬ੍ਰਤ ਪ੍ਰਭ ਦਏ ਜਣਾ, ਕੇਤਮਾਲ ਸੁਣੇ ਪੁਕਾਰਿਆ । ਕਿੰਪੁਰਖ ਪ੍ਰਭ ਬਣਤ ਬਣਾ, ਹਰਵਰਖ ਦਏ ਸਹਾਰਿਆ । ਭਾਰਤ ਖੰਡੀ ਜੋਤ ਜਗਾ, ਹਰਣਯਮਹ ਰਿਹਾ ਲਲਕਾਰਿਆ । ਭਦਰ ਬੇੜਾ ਦਏ ਬੰਨ੍ਹਾ, ਰਮਕ ਖੇਲ ਅਪਾਰਿਆ । ਪ੍ਰਭ ਅਬਿਨਾਸ਼ੀ ਘਟ ਘਟ ਵਾਸੀ, ਏਕਾ ਜੋਤ ਕਰੇ ਪਰਕਾਸ਼ੀ, ਲੱਖ ਚੁਰਾਸੀ ਨੌ ਦਵਾਰਿਆ । ਸੋਹੰ ਸ਼ਬਦ ਚਾਰ ਵਰਨ ਦਾਸਨ ਦਾਸੀ, ਵਿਸ਼ਨੂੰ ਭਗਵਾਨ ਦੇਵੇ ਪਹਰਿਆ । ਨਾ ਕੋਈ ਦੀਸੇ ਮਦਿਰਾ ਮਾਸੀ, ਹੁੱਕਾ ਨੜ ਨਾ ਮੁਖ ਲਗਾ ਰਿਹਾ । ਬੱਤੀ ਦੰਦ ਏਕਾ ਪਾਰਬ੍ਰਹਮ ਅਕਾਲ ਪੁਰਖ ਸ੍ਰਿਸ਼ਟ ਸਬਾਈ ਗਾਸੀ, ਨਾ ਕੋਈ ਦੂਸਰ ਵੇਖ ਵਖਾ ਰਿਹਾ । ਏਕਾ ਪਵਣ ਇਕ ਸਵਾਸੀ, ਏਕਾ ਨਾਮ ਜਪਾ ਰਿਹਾ । ਇਕ ਪ੍ਰਿਥਮੀ ਇਕ ਅਕਾਸੀ, ਏਕਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜਾਪ ਵਡ ਪਰਤਾਪ ਆਪਣਾ ਆਪ ਕਰਾ ਰਿਹਾ । ਏਕਾ ਜਾਪ ਜਪੇ ਜਨ ਦੇਵਾ, ਹਰਿ ਸਾਚਾ ਰਿਹਾ ਜਪਾਈਆ । ਸੰਮਤ ਸੋਲਾਂ ਸਾਚਾ ਮੇਵਾ, ਚਰਨ ਦਵਾਰੇ ਦਏ ਖਵਾਈਆ । ਪਰਗਟ ਹੋਇਆ ਅਲਖ ਅਭੇਵਾ, ਅਲਖ ਨਿਰੰਜਣ ਆਪ ਅਖਵਾਈਆ । ਗੁਰਮੁਖਾਂ ਲੇਖੇ ਲਾਏ ਰਸਨਾ ਜਿਹਵਾ, ਗੁਣ ਰਸਨਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਰਿਹਾ ਪੜ੍ਹਾਈਆ । ਏਕਾ ਅੱਖਰ ਕਰ ਤਿਆਰ, ਹਰਿ ਸੱਸੇ ਮੇਲ ਮਿਲਾਇਆ । ਸੱਸਾ ਕਿਲ੍ਹਾ ਅਪਰ ਅਪਾਰ, ਦਸਮ ਦਵਾਰੀ ਵਿਚ ਟਿਕਾਇਆ । ਦਸਮ ਦਵਾਰੀ ਮਹੱਲ ਉਚ ਮੁਨਾਰ, ਦਿਸ ਕਿਸੇ ਨਾ ਆਇਆ । ਸਰਗੁਣ ਨਿਰਗੁਣ ਖੇਲ ਅਪਾਰ, ਹੋੜਾ ਦੋਵੇਂ ਮੁਖ ਰਖਾਇਆ । ਆਪੇ ਬੰਨ੍ਹੇ ਧਾਰ, ਆਪਣਾ ਰੂਪ ਵਟਾਇਆ । ਉਤੇ ਟਿੱਪੀ ਜੀਵ ਅਧਾਰ, ਵਿਚ ਸੰਸਾਰ ਰਿਹਾ ਵਖਾਇਆ । ਦੋਹਾਂ ਜੋੜਾ ਅਪਰ ਅਪਾਰ, ਮੇਲ ਵਿਛੋੜਾ ਆਪ ਕਰਾਇਆ । ਸ਼ਬਦ ਘੋੜਾ ਕਰ ਤਿਆਰ, ਲੋਕਮਾਤੀ ਫੇਰਾ ਪਾਇਆ । ਜੋਤੀ ਜੋੜਾ ਸ਼ਬਦ ਕਰਤਾਰ, ਧੁਰਦਰਗਾਹੀ ਵੇਖ ਵਖਾਇਆ । ਪਹਿਲਾ ਪੌੜਾ ਕਰ ਤਿਆਰ, ਸੰਮਤ ਚੌਦਾਂ ਲੋਕਮਾਤ ਰਿਹਾ ਲਗਾਇਆ । ਪੂਤ ਸਪੂਤ ਬ੍ਰਹਿਮਣ ਗੌੜ, ਕਰੇ ਖ਼ਬਰਦਾਰਿਆ । ਉਚੇ ਟਿੱਲੇ ਪਰਬਤ ਰਿਹਾ ਬਹੁੜ, ਗੁਰ ਗੋਬਿੰਦਾ ਮੀਤ ਮੁਰਾਰਿਆ । ਗੁਰ ਗੋਬਿੰਦਾ ਮੀਤ ਮੁਰਾਰ, ਆਪ ਆਪਣੇ ਰੰਗ ਰੰਗਾਇਆ । ਸ਼ਬਦ ਖੰਡਾ ਤੇਜ ਕਟਾਰ, ਸਚ ਗਾਤਰੇ ਰਿਹਾ ਪਹਿਨਾਇਆ । ਦਰ ਦਵਾਰੇ ਕਰ ਤਿਆਰ, ਸਾਚਾ ਬਸਤਰ ਤਨ ਸਜਾਇਆ । ਅੰਦਰ ਬੈਠ ਸੱਚੀ ਸਰਕਾਰ, ਏਕਾ ਰਾਗ ਅਲਾਇਆ । ਨਾਮ ਸੁਰੰਗਾ ਗਾਏ ਨਿਰੰਕਾਰ ਨਿਰੰਕਾਰ, ਨਿਰਗੁਣ ਦਿਸ ਨਾ ਆਇਆ । ਗੋਬਿੰਦ ਨਾਨਕ ਮੇਲਾ ਇਕ ਦਵਾਰ, ਅਰਜਨ ਵਿਚੋਲਾ ਰਿਹਾ ਬਣਾਇਆ । ਰਾਮਦਾਸ ਤੇਰਾ ਭਰ ਭੰਡਾਰ, ਸਰ ਸਰੋਵਰ ਰਿਹਾ ਵਰਤਾਇਆ । ਮਨਮੁਖ ਭੁੱਲੇ ਜੀਵ ਗਵਾਰ, ਦਰ ਦਵਾਰਾ ਦਿਸ ਨਾ ਆਇਆ । ਪਰਗਟ ਹੋ ਵਿਚ ਸੰਸਾਰ, ਜੋਤੀ ਜਾਮਾ ਭੇਖ


੮੦੩
੦੬

੮੦੪ ੦੬

ਵਟਾਇਆ । ਨਿਹਕਲੰਕੀ ਲੈ ਅਵਤਾਰ, ਸੰਬਲ ਨਗਰੀ ਧਾਮ ਸੁਹਾਇਆ । ਸੰਬਲ ਨਗਰੀ ਵੇਖ ਵਿਚਾਰ, ਗੁਰ ਗੋਬਿੰਦ ਸੰਗ ਰਲਾਇਆ । ਗੁਰ ਗੋਬਿੰਦਾ ਰੋਵੇ ਧਾਹਾਂ ਮਾਰ, ਜਗਤ ਵਿਛੋੜਾ ਝੱਲਿਆ ਨਾ ਜਾਇਆ । ਚਾਰੋਂ ਕੁੰਟ ਵੇਖ ਵਿਚਾਰ, ਪੁਰੀ ਅਨੰਦ ਕਿਲ੍ਹਾ ਰਿਹਾ ਵਖਾਇਆ । ਪੁਰੀ ਅਨੰਦ ਅੱਖਰ ਪੰਜ ਸੱਚੀ ਧੁਨਕਾਰ, ਏਕਾ ਮਰਦੰਗ ਰਿਹਾ ਵਜਾਇਆ । ਬੀਸ ਬੀਸਾ ਕਰੇ ਖ਼ਬਰਦਾਰ, ਇਕ ਇਕੀਸਾ ਸੰਗ ਰਲਾਇਆ । ਨਰ ਨਰਾਇਣ ਨਰ ਅਵਤਾਰ ਚੌਬੀਸਾ, ਸਚ ਹਦੀਸਾ ਰਿਹਾ ਸੁਣਾਇਆ । ਛਤਰ ਝੁਲਾਏ ਸਾਚੇ ਸੀਸਾ, ਦਿੱਲੀ ਦਰਬਾਰ ਸੇਵਾ ਲਾਇਆ । ਕੋਈ ਨਾ ਕਰੇ ਪ੍ਰਭ ਤੇਰੀ ਰੀਸਾ, ਜੁਗ ਜੁਗ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮਤ ਲੈ ਕੇ ਸਾਚੀ ਆਇਆ । ਗੁਰਮਤ ਸਾਚੀ ਗੁਰਮੁਖ ਪਾਏ, ਪ੍ਰਭ ਸਾਚੇ ਸ਼ਬਦ ਜਣਾਈਆ । ਮਦਿਰਾ ਮਾਸ ਦਏ ਤਜਾਏ, ਰਸਨਾ ਨੇੜ ਨਾ ਆਏ, ਨਿਜ਼ਾਨੰਦ ਵਿਚ ਰਿਹਾ ਸਮਾਏ, ਪਰਮਾਨੰਦ ਵਿਚ ਸਮਾਈਆ । ਦੂਈ ਦਵੈਤੀ ਡੇਰਾ ਢਾਹੇ, ਭਾਂਡਾ ਭਰਮ ਭੰਨਾਈਆ । ਜੋਤ ਨਿਰੰਜਣ ਚੰਦ ਚੜ੍ਹਾਏ, ਅੰਧ ਅੰਧੇਰ ਮਿਟਾਈਆ । ਖ਼ੁਸ਼ੀ ਬੰਦ ਬੰਦ ਵਖਾਏ, ਬੱਤੀ ਦੰਦ ਜੋ ਜਨ ਗਾਈਆ । ਆਤਮ ਅਨੰਦ ਇਕ ਵਖਾਏ, ਬ੍ਰਹਮ ਪਾਰਬ੍ਰਹਮ ਦਰਸਾਈਆ । ਸ਼ਬਦ ਸੁਹਾਗੀ ਛੰਦ ਸੁਣਾਏ, ਸੋਹੰ ਨਾਉਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੁਰੀਆਂ ਲੋਆਂ ਏਕਾ ਨਾਦ ਵਜਾਈਆ । ਏਕਾ ਨਾਦ ਸ਼ਬਦ ਜੈਕਾਰਾ, ਪ੍ਰਭ ਸਾਚਾ ਆਪ ਵਜਾਇੰਦਾ । ਬ੍ਰਹਮਾ ਉਠ ਉਠ ਕਰੇ ਵਿਚਾਰਾ, ਨਾ ਕੋਈ ਭੇਵ ਖੁਲ੍ਹਾਇੰਦਾ । ਪਰਗਟ ਹੋਇਆ ਵਿਚ ਸੰਸਾਰਾ, ਦਿਸ ਕਿਸੇ ਨਾ ਆਇੰਦਾ । ਦੋ ਜਹਾਨੀ ਬੰਨ੍ਹੇ ਧਾਰਾ, ਏਕਾ ਧਾਰ ਵਹਾਇੰਦਾ । ਨਿਹਕਲੰਕੀ ਲਏ ਅਵਤਾਰਾ, ਕਲਜੁਗ ਅੰਤ ਮਿਟਾਇੰਦਾ । ਸਤਿਜੁਗ ਮੇਲਾ ਵਿਚ ਸੰਸਾਰਾ, ਲੋਕਮਾਤੀ ਜਨਮ ਦਵਾਇੰਦਾ । ਬਾਲੀ ਬੁੱਧ ਕਰ ਉਜਿਆਰਾ, ਕਾਰਜ ਸਿਧ ਵਖਾਇੰਦਾ । ਚਿੱਟੇ ਅਸਵ ਬਹੇ ਕੁੱਦ, ਸ਼ਾਹ ਅਸਵਾਰਾ ਆਪ ਅਖਵਾਇੰਦਾ । ਸਤਿਜੁਗ ਸਤਿਵਾਦ ਵਰੋਲੇ ਚਿੱਟਾ ਦੁੱਧ, ਜਨ ਭਗਤਾਂ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਸਾਚਾ ਦਾਨ, ਜਨ ਭਗਤਾਂ ਝੋਲੀ ਪਾਇੰਦਾ ।

ਹਰਿ ਸਾਜਨ ਸਮਰਥ, ਸਰਬ ਸਮਾਇਆ । ਹਰਿਜਨ ਰੱਖੇ ਦੇ ਕਰ ਹੱਥ, ਜੁਗ ਜੁਗ ਲਏ ਤਰਾਇਆ । ਸ਼ਬਦ ਜਣਾਏ ਅਕਥਨਾ ਅਕੱਥ, ਕਥਨੀ ਕਥ ਨਾ ਸਕੇ ਰਾਇਆ । ਜਗਤ ਵਿਕਾਰਾ ਰਿਹਾ ਮਥ, ਆਪ ਆਪਣਾ ਵੇਸ ਵਟਾਇਆ । ਆਪ ਚਲਾਏ ਆਪਣਾ ਰਥ, ਰਥ ਰਥਵਾਹੀ ਆਪ ਅਖਵਾਇਆ । ਲੱਖ ਚੁਰਾਸੀ ਪਾਏ ਨੱਥ, ਸੋਹੰ ਤੰਦੀ ਇਕ ਬੰਧਾਇਆ । ਜਨ ਭਗਤਾਂ ਦੇਵੇ ਨਾਮ ਵੱਥ, ਆਤਮ ਦਰਸੀ ਝੋਲੀ ਪਾਇਆ । ਵੇਖ ਵਿਖਾਏ ਤਤ ਅੱਠ, ਨੌ ਦਰ ਖੋਜ ਖੁਜਾਇਆ । ਝੂਠਾ ਮੰਦਰ ਜਾਏ ਢੱਠ, ਥਿਰ ਘਰ ਇਕ ਵਸਾਇਆ । ਥਿਰ ਘਰ ਬੈਠਾ ਹਰਿ ਸਮਰਥ, ਆਪਣੀ ਗਾਥਾ ਰਿਹਾ ਸੁਣਾਇਆ । ਸਗਲ ਵਸੂਰੇ ਜਾਇਣ ਲੱਥ, ਜਿਸ ਜਨ ਦਰਸ਼ਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲ ਆਪਣੀ ਰਿਹਾ ਵਰਤਾਇਆ । ਸਰਬ ਕਲਾ ਸਮਰਥ ਹਰਿ ਜਗਦੀਸਰ, ਏਕਾ ਏਕ ਪਸਾਰਿਆ । ਆਪੇ ਵੇਖੇ ਜੋਗੀ ਯਤੀ ਤਪੀਸ਼ਰ,

ਚਾਰੋਂ ਕੁੰਟ ਵੇਖ ਵਿਖਾ ਰਿਹਾ । ਮੋਨੀ ਸੋਨੀ ਮੁਨੀ ਮੁਨੀਸ਼ਰ, ਨੇਤਰ ਨੈਣਾ ਫੋਲ ਫੁਲਾ ਰਿਹਾ । ਭਗਤ ਸੁਹੇਲਾ ਸ਼ਬਦ ਰਖੀਸ਼ਰ, ਰਿਖੀ ਕੇਸ਼ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਲ ਆਪ ਵਰਤਾ ਰਿਹਾ । ਸਾਚੀ ਕਲ ਵਰਤੇ ਕਰਤਾਰਾ, ਕਲਾ ਧਾਰ ਕਲ ਆਇਆ । ਖੇਲੇ ਖੇਲ ਵਿਚ ਸੰਸਾਰਾ, ਆਪਣਾ ਭੇਵ ਛੁਪਾਇਆ । ਗੁਰਮੁਖ ਸਾਜਨ ਸਾਚੇ ਕਰ ਪਿਆਰਾ, ਮੇਲਨ ਮੇਲੀ ਮੇਲ ਮਿਲਾਇਆ । ਜੋਤੀ ਸ਼ਬਦੀ ਇਕ ਹੁਲਾਰਾ, ਪਵਣ ਪਵਣੀ ਰਿਹਾ ਝੁਲਾਇਆ । ਦਾਮਨ ਦਾਮਨੀ ਚਮਤਕਾਰਾ, ਨੂਰੋ ਨੂਰ ਸਵਾਇਆ । ਕਾਮਨ ਕਾਮਨੀ ਕਰ ਖਵਾਰਾ, ਦੇਵੇ ਦਰ ਦੁਰਕਾਇਆ । ਰਾਮ ਰਾਮਨੀ ਹਰਿ ਅਵਤਾਰਾ, ਦਹਿਸਰ ਘੋਲ ਘੁਮਾਇਆ । ਕਾਹਨਾ ਕੰਸਾ ਖੇਲ ਅਪਾਰਾ, ਦੁਆਪਰ ਵੇਖ ਵਖਾਇਆ । ਕਲਜੁਗ ਅੰਤਮ ਲਏ ਹੁਲਾਰਾ, ਚਾਰੋਂ ਕੁੰਟਾਂ ਰਿਹਾ ਡੁਲਾਇਆ । ਪੁਰਖ ਅਬਿਨਾਸ਼ੀ ਕਰ ਵਿਚਾਰਾ, ਆਪਣਾ ਕਰਮ ਰਿਹਾ ਕਰਾਇਆ । ਜੋਤ ਸਰੂਪੀ ਕਰ ਉਜਿਆਰਾ, ਆਕਾਸ਼ ਪਰਕਾਸ਼ ਵਖਾਇਆ । ਗੁਰ ਗੋਬਿੰਦ ਨਾਲ ਦੁਲਾਰਾ, ਆਪ ਆਪਣੀ ਉਂਗਲੀ ਲਾਇਆ । ਆਪਣੀ ਹੱਥੀਂ ਕਰ ਸ਼ਿੰਗਾਰਾ, ਕਾਇਆ ਸਿਹਰਾ ਇਕ ਸਜਾਇਆ । ਫੜ ਫੜ ਬੰਨ੍ਹੇ ਸੀਸ ਦਸਤਾਰਾ, ਸੋਹੰ ਨਾਉਂ ਰਖਾਇਆ । ਨੀਲਾ ਘੋੜਾ ਕਰ ਤਿਆਰਾ, ਨੀਲੀ ਧਾਰੋਂ ਪਾਰ ਕਰਾਇਆ । ਬਸਤਰ ਚੋਲਾ ਹਰਿ ਗਿਰਧਾਰਾ, ਆਪਣੇ ਹੱਥ ਰਖਾਇਆ । ਲਾਲ ਮਹਿੰਦੀ ਤਨ ਅਪਾਰਾ, ਸਾਚਾ ਸੀਸ ਗੁੰਦਾਇਆ । ਪੁਰੀ ਅਨੰਦ ਵੇਖ ਦਵਾਰਾ, ਹਰਿ ਅੰਤ ਆਪ ਸਮਾਇਆ । ਅਨੰਦਪੁਰ ਨਾ ਕੋਈ ਪਾਏ ਸਾਰਾ, ਦਸਮ ਦਵਾਰੀ ਆਪ ਸੁਹਾਇਆ । ਦਸਮ ਦਵਾਰੀ ਖੇਲ ਅਪਾਰਾ, ਗੋਬਿੰਦ ਰੰਗ ਰੰਗਾਇਆ । ਗੋਬਿੰਦ ਬੈਠਾ ਸਾਚੀ ਧਾਰਾ, ਨੂਰੋ ਨੂਰ ਸਮਾਇਆ । ਪੁਰਖ ਅਗੰਮੜਾ ਅਗੰਮੜੀ ਕਾਰਾ, ਜੁਗ ਜੁਗ ਕਰਦਾ ਆਇਆ । ਜਨ ਭਗਤਾਂ ਲੇਖੇ ਲਾਏ ਕਾਇਆ ਚੰਮੜਾ, ਨਿਹਕਲੰਕ ਲਏ ਅਵਤਾਰਾ । ਜੋਤੀ ਜਾਮਾ ਨਾ ਕੋਈ ਪੱਲੇ ਪੈਸਾ ਧੇਲਾ ਦਮੜਾ, ਏਕਾ ਸ਼ਬਦ ਵਡ ਭੰਡਾਰਾ । ਆਪੇ ਮਾਤ ਪਿਤ ਅੰਮੀ ਅੰਮੜਾ, ਪਿਤਾ ਪੂਤ ਕਰੇ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਵਿਚ ਸੰਸਾਰਾ । ਵਡ ਸੰਸਾਰੀ ਆਪ ਹੋ, ਆਪਣੀ ਕਲ ਵਰਤਾਈਆ । ਗੁਰਮੁਖਾਂ ਆਤਮ ਬੀਜ ਬੋ, ਫਲ ਫੁਲਵਾੜੀ ਰਿਹਾ ਲਗਾਈਆ । ਹਰਿ ਬਿਨ ਅਵਰ ਨਾ ਜਾਣੇ ਕੋ, ਸਾਧ ਸੰਤ ਬੈਠੇ ਧੂਣੀਆਂ ਤਾਈਆ । ਮੰਦਰ ਅੰਦਰ ਗ੍ਰੰਥੀ ਪੰਥੀ ਸਾਰੇ ਰਹੇ ਰੋ, ਹਰਿ ਗੋਬਿੰਦ ਨਜ਼ਰ ਨਾ ਆਈਆ । ਫਲ ਅੰਮ੍ਰਿਤ ਕਟੋਰੀ ਮੁਖ ਨਾ ਦੇਵੇ ਕੋਈ ਚੋਅ, ਨੇਤਰ ਨੈਣ ਨਾ ਕੋਈ ਖੁਲ੍ਹਾਈਆ । ਸਤਿਜੁਗ ਤੇਰਾ ਸਾਚਾ ਜਾਪ ਏਕਾ ਸੋਹੰ ਸੋ, ਨਾਨਕ ਰਸਨਾ ਗਿਆ ਗਾਈਆ । ਪੁਰਖ ਨਿਰੰਜਣ ਪਰਗਟ ਹੋ, ਹਰਿ ਸੰਗਤ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਘਰ ਸਾਚਾ ਵੇਖ ਵਖਾਈਆ । ਸਾਚਾ ਘਰ ਜਗਤ ਸੁਹੰਜਨਾ, ਘਰ ਸਾਚੇ ਵੱਜੇ ਵਧਾਈਆ । ਮਿਲਿਆ ਮੇਲ ਪੁਰਖ ਨਿਰੰਜਣਾ, ਗੁਰਮੁਖ ਵਡ ਵਡਿਆਈਆ । ਆਪੇ ਦਾਤਾ ਦਰਦ ਦੁੱਖ ਭੈ ਭੰਜਨਾ, ਬਖ਼ਸ਼ਣਹਾਰ ਸਚ ਸਰਨਾਈਆ । ਪੀ ਅੰਮ੍ਰਿਤ ਆਤਮ ਕਲਜੁਗ ਰੱਜਣਾ, ਤ੍ਰਿਸ਼ਨਾ ਰਹਿਣ ਨਾ ਪਾਈਆ । ਆਪਣਾ ਪੜਦਾ ਆਪੇ ਕੱਜਣਾ, ਚਰਨ ਧੂੜੀ ਮਸਤਕ ਟਿੱਕਾ ਸ਼ਾਹੀਆ । ਕਾਲ ਨਗਾਰਾ ਸਿਰ ਤੇ ਵੱਜਣਾ, ਰਾਏ ਧਰਮ ਡੌਰੂ ਵਾਹੀਆ । ਹਰਿ ਸੰਗਤ ਗੁਰਸਿਖ ਸਾਚੇ ਬਹਿ ਬਹਿ ਸਜਣਾ, ਹਰਿ ਸਾਚਾ ਮੇਲ ਮਿਲਾਈਆ । ਮਦਿਰਾ ਮਾਸ ਜਗਤ ਵਿਕਾਰਾ ਤੱਜਣਾ, ਏਕਾ ਆਤਮ ਰਸ ਵਖਾਈਆ । ਅੰਤ ਸੰਤ ਕੋਈ ਨਾ ਰੱਖੇ ਲਜਨਾ, ਨਾਰ ਦੁਹਾਗਣ ਖੁਲ੍ਹੜੇ ਕੇਸ ਮਨਮੁਖ ਜੀਵ

ਰੋਵੇ ਮਾਰੇ ਧਾਹੀਆ । ਗੁਰਮੁਖ ਸੰਤ ਸੁਹੇਲਾ ਇਕ ਬੈਰਾਗਨਾ, ਪ੍ਰਭ ਮਿਲਣ ਦੀ ਆਸ ਰਖਾਈਆ । ਹੱਥੀਂ ਬੰਨ੍ਹੇ ਨਾਮ ਸਾਚਾ ਤਾਗਨਾ, ਏਕਾ ਡੋਰੀ ਰਿਹਾ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਹਾੜ ਸਤਾਰਾਂ ਭਿੰਨੜੀ ਰੈਣ ਉਠ ਉਠ ਜਾਗਣਾ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸੁਆਈਆ । ਚਰਨ ਧੂੜ ਕਰਾਏ ਮਾਜਨਾ, ਸਾਚੇ ਮਾਘਨ ਦੁਰਮਤ ਮੈਲ ਗਵਾਈਆ । ਏਕਾ ਰਾਗ ਉਪਜਾਏ ਸਾਚਾ ਰਾਗਨਾ, ਧੁਨ ਆਤਮਕ ਆਪ ਵਜਾਈਆ । ਗੁਰਸਿਖ ਪਾਇਆ ਹਰਿ ਕੰਤ ਸੁਹਾਗਨਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਿਛੜ ਕਦੇ ਨਾ ਜਾਈਆ । ਜਗਤ ਬੁਝਾਏ ਤ੍ਰਿਸ਼ਨਾ ਆਗਨਾ, ਸਾਂਤਕ ਸਤਿ ਵਰਤਾਈਆ । ਫੜ ਫੜ ਹੰਸ ਬਣਾਏ ਕਾਗਨਾ, ਮੁਖ ਏਕਾ ਜਾਮ ਪਿਆਈਆ । ਗੁਰਸਿਖ ਗੁਰਮੁਖ ਵਡ ਵਡ ਭਾਗਨਾ, ਦਰ ਦਵਾਰਾ ਏਕਾ ਏਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਹਰਿ ਸੇਵਕ ਸੇਵਾਦਾਰ ਅਖਵਾਈਆ । ਹਰਿ ਸੇਵਕ ਸੁਲਤਾਨ, ਗੁਰਮੁਖਾਂ ਸੇਵ ਕਮਾਇੰਦਾ । ਸੇਵਕ ਸੇਵਾ ਕਰ ਪਰਵਾਨ, ਜਨ ਭਗਤਾਂ ਇਹ ਸਮਝਾਇੰਦਾ । ਚਰਨ ਪ੍ਰੀਤੀ ਮੰਗੇ ਦਾਨ, ਅੱਗੇ ਝੋਲੀ ਡਾਹਿੰਦਾ । ਸ਼ਬਦੀ ਸ਼ਬਦ ਕਰਾਏ ਜਾਣ ਪਛਾਣ, ਨਾਮ ਝੋਲੀ ਇਕ ਵਖਾਇੰਦਾ । ਮੇਲ ਮਿਲਾਏ ਮਿਲਿਆ ਮੇਲ ਧੁਰ ਸੰਜੋਗੀ, ਧੁਰ ਫ਼ੁਰਮਾਨਾ ਏਕਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੇਵਕ ਕਰਤਾ ਪੁਰਖ ਅਬਿਨਾਸ਼ੀ ਸੇਵਕ ਸੇਵਾ ਆਪ ਕਮਾਇੰਦਾ । ਸਾਚੀ ਸੇਵਾ ਕਰ ਅਬਿਨਾਸ਼ੀ, ਕਰਤੇ ਖੇਲ ਰਚਾਇਆ । ਪਰਗਟ ਹੋਏ ਘਨਕਪੁਰ ਵਾਸੀ, ਸਾਚਾ ਮੇਲ ਮਿਲਾਇਆ । ਜੋਤ ਨਿਰੰਜਣ ਦਾਸਨ ਦਾਸੀ, ਸੇਵਕ ਸੇਵ ਕਮਾਇਆ । ਦਰ ਦਵਾਰੇ ਕੋਈ ਨਾ ਦਿਸੇ ਮਦਿਰਾ ਮਾਸੀ, ਦਰ ਦਵਾਰਿਉਂ ਰਿਹਾ ਦੁਰਕਾਇਆ । ਪਕੜ ਉਠਾਏ ਪੰਡਤ ਕਾਸ਼ੀ, ਸੰਮਤ ਪੰਦਰਾਂ ਨੇੜੇ ਆਇਆ । ਪਰਾਗ ਅਯੁਧਿਆ ਕਰੇ ਰਾਸੀ, ਪ੍ਰਭ ਸਾਚਾ ਵੇਖ ਵਖਾਇਆ । ਤ੍ਰੈਬੈਣੀ ਨੈਣੀ ਕਰੇ ਬੰਦ ਖੁਲਾਸੀ, ਵੇਲਾ ਅੰਤਮ ਆਇਆ । ਜਗਨ ਨਾਥ ਤੇਰਾ ਦੇਵੇ ਸਾਥੀ, ਹਰਿ ਆਪਣਾ ਚਰਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੇਵਕ ਸੇਵਾ ਰਿਹਾ ਕਰ, ਦਿਸ ਕਿਸੇ ਨਾ ਆਇਆ । ਸੇਵਕ ਸੇਵਾ ਕਰਨੇਹਾਰ ਕਰਤਾਰਾ, ਜੁਗ ਜੁਗ ਸੇਵ ਕਮਾਇੰਦਾ । ਜਨ ਭਗਤਾਂ ਦੇਵੇ ਨਾਮ ਅਧਾਰਾ, ਇਕ ਅਧਾਰ ਰਖਾਇੰਦਾ । ਪਰਗਟ ਹੋ ਵਿਚ ਸੰਸਾਰਾ, ਆਪਣਾ ਮਾਰਗ ਲਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰਾ, ਸਾਧਾਂ ਸੰਤਾਂ ਆਪ ਉਠਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਹਰ ਘਟ ਵੇਖ ਵਖਾਇੰਦਾ । ਹਰਿਜਨ ਸਾਚਾ ਮੀਤ ਮੁਰਾਰਾ, ਆਪਣੇ ਸੰਗ ਰਖਾਇੰਦਾ । ਦਿਵਸ ਰੈਣ ਕਰ ਪਿਆਰਾ, ਅੱਠੇ ਪਹਿਰ ਦਇਆ ਕਮਾਇੰਦਾ । ਨੇਤਰ ਨੈਣ ਇਕ ਉਘਾੜਾ, ਨਾਮ ਕੱਜਲ ਏਕਾ ਪਾਇੰਦਾ । ਜੋਤੀ ਨੂਰ ਕਰ ਚਮਤਕਾਰਾ, ਆਪੇ ਵੇਖ ਦਰ ਦਵਾਰਾ, ਘਰ ਮੰਦਰ ਆਪ ਸੁਹਾਇੰਦਾ । ਕਰੇ ਖੇਲ ਅਪਰ ਅਪਾਰਾ, ਗੁਰ ਮੇਲਾ ਮੇਲਾ ਗੁਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਸੇਵਾ ਸੇਵ ਕਮਾਇੰਦਾ ।

❊ ੧੮ ਹਾੜ ੨੦੧੪ ਬਿਕ੍ਰਮੀ ਆਤਮਾ ਸਿੰਘ ਦੇ ਗ੍ਰਿਹ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ❊

ਜਨ ਬਾਲਕ ਸਤਿ ਪੂਤ, ਗੁਰਮੁਖ ਆਪ ਉਪਾਇਆ । ਆਪੇ ਵੇਖੇ ਕਾਇਆ ਦਹਿ ਦਿਸ਼ਾ ਚਾਰੇ ਕੂਟ, ਅੰਦਰ ਮੰਦਰ ਫੇਰਾ ਪਾਇਆ । ਅੰਮ੍ਰਿਤ ਆਤਮ ਸੋਮਾ ਰਿਹਾ ਫੂਟ, ਨਿਝਰ ਧਾਰਾ ਮੁਖ ਚੁਆਇਆ । ਪੰਚ ਵਿਕਾਰਾ ਰਿਹਾ ਤੁਟ, ਹਰਿ ਸਾਚਾ ਦਏ ਜੜ੍ਹ ਉਖੜਾਇਆ । ਤੀਰ ਨਿਰਾਲਾ ਰਿਹਾ ਛੂਟ, ਰਸਨਾ ਚਿਲੇ ਆਪ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਗਲੇ ਲਗਾਇਆ । ਹਰਿਜਨ ਸਾਚੇ ਵੇਖ ਵਿਚਾਰ, ਆਪਣਾ ਖੇਲ ਖਿਲਾਇੰਦਾ । ਪੂਰਬ ਲਹਿਣਾ ਕਰਜ ਉਤਾਰ, ਨੇਤਰ ਨੈਣਾਂ ਦਰਸ ਦਿਖਾਇੰਦਾ । ਭਾਣਾ ਸਹਿਣਾ ਵਿਚ ਸੰਸਾਰ, ਭੋਲੇ ਭਾਓ ਗੋਬਿੰਦ ਮੇਲ ਮਿਲਾਇੰਦਾ । ਨੇਤਰ ਨੈਣਾ ਦਰਸ ਅਪਾਰ, ਕਾਹਨਾ ਕ੍ਰਿਸ਼ਨਾ ਭੇਖ ਵਟਾਇੰਦਾ । ਭਾਈ ਭੈਣਾਂ ਮੀਤ ਮੁਰਾਰ, ਸਾਕ ਸੱਜਣ ਆਪ ਅਖਵਾਇੰਦਾ । ਸਾਚੇ ਮੰਦਰ ਅੰਦਰ ਵੇਖ ਵਿਚਾਰ, ਆਪਣਾ ਸੰਗ ਨਿਭਾਇੰਦਾ । ਫੜ ਫੜ ਬਾਹੋਂ ਰਿਹਾ ਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬੇੜਾ ਲਾਏ ਪਾਰ । ਹਰਿਜਨ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਈਆ । ਦੇਵੇ ਮਾਲ ਸੱਚਾ ਨਾਮ ਧਨ, ਇਕ ਭੰਡਾਰ ਰਖਾਈਆ । ਥਿਰ ਘਰ ਵਾਸਾ ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦਿਵਾਰ ਨਾ ਕੋਈ ਬਣਾਈਆ । ਚਰਨ ਪ੍ਰੀਤੀ ਆਤਮ ਜਾਏ ਮੰਨ, ਬ੍ਰਹਮ ਪਾਰਬ੍ਰਹਮ ਮਿਲਾਈਆ । ਰਾਗ ਅਨਾਦ ਸੁਣਾਏ ਕੰਨ, ਸਾਚੀ ਧੁਨ ਇਕ ਰਖਾਈਆ । ਹਰਿਜਨ ਸਾਚੇ ਮਾਤ ਚੁਣ, ਆਪ ਆਪਣੇ ਲੜ ਬੰਧਾਈਆ । ਤੀਰਥ ਤੱਟਾਂ ਫਿਰਦੇ ਰਿਖ ਮੁਨ, ਜੰਗਲ ਜੂਹ ਦੇਣ ਦੁਹਾਈਆ । ਜਨ ਭਗਤਾਂ ਪੁਕਾਰ ਰਿਹਾ ਸੁਣ, ਦੂਰ ਦੁਰਾਡਾ ਨੇੜੇ ਆਈਆ । ਲੱਖ ਚੁਰਾਸੀ ਛਾਣ ਪੁਣ, ਹਰਿਜਨ ਸਾਚੇ ਰਿਹਾ ਤਰਾਈਆ । ਆਪੇ ਜਾਣੇ ਗੁਣ ਅਵਗੁਣ, ਗੁਣਵੰਤਾ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਨੇਤਰ ਪੇਖ, ਆਪਣਾ ਪੰਧ ਮੁਕਾਇੰਦਾ । ਆਪੇ ਕੱਟਣਹਾਰਾ ਲੇਖ, ਜੁਗ ਜੁਗ ਵੇਸ ਵਟਾਇੰਦਾ । ਮਸਤਕ ਟਿੱਕਾ ਲਾਏ ਮੇਖ, ਆਪ ਆਪਣਾ ਕਰਮ ਕਮਾਇੰਦਾ । ਪਰਗਟ ਹੋਏ ਮਾਝੇ ਦੇਸ, ਨਰ ਨਰੇਸ਼ ਦਇਆ ਕਮਾਇੰਦਾ । ਸੇਵਕ ਸੇਵਾ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰਵੇਸ਼ ਰਖਾਇੰਦਾ । ਆਪ ਤਜਾਏ ਬਾਸ਼ਕ ਸੇਜ, ਸਾਂਗੋ ਪਾਂਗ ਮੁਖ ਭਵਾਇੰਦਾ । ਗੁਰਸਿਖ ਤੇਰੀ ਇਕ ਟੇਕ, ਚਰਨ ਕਵਲ ਰਖਾਇੰਦਾ । ਪੰਜ ਤਤ ਨਾ ਲਾਏ ਮਾਇਆ ਸੇਕ, ਮੋਹ ਮਮਤਾ ਦੂਰ ਕਰਾਇੰਦਾ । ਜੋਤੀ ਜਾਮਾ ਧਰਿਆ ਭੇਸ, ਦਸ ਦਸਮੇਸ਼ ਆਪ ਹੋ ਆਇੰਦਾ । ਧਾਰ ਅਵੱਲੜੀ ਅਵੱਲੜਾ ਵੇਸ, ਵੇਸਾਧਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਗ ਨਿਭਾਇੰਦਾ । ਗੁਰਮੁਖ ਸਾਚੇ ਸਗਲਾ ਸਾਥ, ਹਰਿ ਤੇਰਾ ਆਪ ਨਿਭਾਇਆ । ਪਰਗਟ ਹੋ ਤ੍ਰੈਲੋਕੀ ਨਾਥ, ਦਰ ਦਵਾਰਾ ਇਕ ਸੁਹਾਇਆ । ਸ਼ਬਦ ਜਣਾਏ ਅਕਥਨਾ ਅਕਾਥ, ਆਪ ਆਪਣਾ ਰਿਹਾ ਵਖਾਇਆ । ਸੋਹੰ ਚਲਾਏ ਸਾਚੀ ਗਾਥ, ਜੁਗ ਜੁਗ ਵਿਛੜੇ ਰਿਹਾ ਮਿਲਾਇਆ । ਅੰਮ੍ਰਿਤ ਆਤਮ ਮਾਰੇ ਠਾਠ, ਸਰ ਸਰੋਵਰ ਇਕ ਉਛਾਲ ਲਗਾਇਆ । ਨਾ ਕੋਈ ਤੀਰਥ ਨਾ ਕੋਈ ਤਾਟ, ਨਾ ਕੋਈ ਨੀਰ ਮਾਤ ਵਹਾਇਆ । ਹਰਿਜਨ ਤੇਰਾ ਚਰਨ ਕਵਲ ਬੰਧਾਏ ਸਾਚਾ ਨਾਤ, ਆਪ ਆਪਣੀ ਦਇਆ ਕਮਾਇਆ । ਪੁਰਖ ਅਗੰਮਾ ਦੇਵੇ ਦਾਤ, ਦਾਨੀ ਦਾਤਾ ਆਪ ਹੋ ਆਇਆ । ਸੋਹੰ ਸ਼ਬਦ ਸਚ ਸੁਗਾਤ, ਪ੍ਰਭ ਸਤਿਜੁਗ ਝੋਲੀ ਪਾਇਆ । ਕਲਜੁਗ ਮਿਟੇ ਅੰਧੇਰੀ

੮੦੭
੦੬

ਰਾਤ, ਜੂਠ ਝੂਠ ਮੁਖ ਛੁਪਾਇਆ । ਆਪੇ ਬੈਠ ਇਕ ਇਕਾਂਤ, ਜਨ ਭਗਤਾਂ ਆਤਮ ਬੂੰਦ ਸਵਾਂਤ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਮਾਰ ਝਾਤ, ਹਰ ਘਟ ਅੰਦਰ ਵੇਖ ਵਖਾਇਆ । ਹਰ ਘਟ ਅੰਦਰ ਮਾਰੇ ਝਾਕੀ, ਹਰਿ ਆਪਣੀ ਦਇਆ ਕਮਾਈਆ । ਹਰਿਜਨ ਲਹਿਣਾ ਦੇਣਾ ਬਾਕੀ, ਪਿਛਲਾ ਮੂਲ ਚੁਕਾਈਆ । ਅੰਮ੍ਰਿਤ ਆਤਮ ਪਿਆਏ ਹਰਿ ਜਾਮ ਸਾਕੀ, ਦਿਵਸ ਰੈਣ ਖ਼ੁਮਾਰ ਰਖਾਈਆ । ਬਜਰ ਕਪਾਟੀ ਖੋਲ੍ਹ ਤਾਕੀ, ਏਕਾ ਏਕ ਮੇਲ ਮਿਲਾਈਆ । ਨਾ ਕੋਈ ਜਾਣੇ ਬੰਦਾ ਖ਼ਾਕੀ, ਖ਼ਾਕੀ ਖ਼ਾਕ ਸਮਾਈਆ । ਅਬਿਨਾਸ਼ੀ ਕਰਤਾ ਏਕਾ ਪਾਕੀ, ਪਤਤ ਪੁਨੀਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਤੇਰਾ ਦਰ, ਗਰੀਬ ਨਿਵਾਜ਼ਾ ਵੇਖ ਵਖਾਈਆ । ਗਰੀਬ ਨਿਵਾਜ਼ਾ ਵੇਖਣਹਾਰਾ, ਹਰਿਜਨ ਸੰਤ ਦੁਆਰਿਆ । ਏਕਾ ਤਾਜਾ ਕਰ ਤਿਆਰਾ, ਸੋਹੰ ਸ਼ਬਦ ਘੋੜਾ ਰਿਹਾ ਸ਼ਿੰਗਾਰਿਆ । ਸੋਹੰ ਮਾਰੇ ਸਾਚੀ ਅਵਾਜ਼ਾ, ਦਿਵਸ ਰੈਣ ਦੇਵੇ ਪਹਰਿਆ । ਲੋਕਮਾਤ ਰਚਿਆ ਕਾਜਾ, ਸਤਿਜੁਗ ਕਲਜੁਗ ਵੇਖ ਵਖਾ ਰਿਹਾ । ਧੁਰਦਰਗਾਹੀ ਆਏ ਭਾਜਾ, ਆਪ ਆਪਣੀ ਬਣਤ ਬਣਾ ਰਿਹਾ । ਲੱਗਿਆ ਭਾਗ ਦੇਸ ਮਾਝਾ, ਸੰਬਲ ਨਗਰ ਧਾਮ ਸੁਹਾ ਰਿਹਾ । ਸੰਬਲ ਨਗਰੀ ਵਜਾਏ ਅਨਹਦ ਵਾਜਾ, ਤਾਲ ਤਲਵਾੜਾ ਇਕ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਮੇਲ ਮਿਲਾ ਰਿਹਾ ।

੮੦੮
੦੬

ਸੱਤ ਰੰਗ ਜੋਤੀ ਧਾਰ, ਹਰਿ ਉਪਾਈਆ । ਨੌ ਦਰ ਖੋਲ੍ਹ ਕਿਵਾੜ, ਬਣਤ ਬਣਾਈਆ । ਸਾਧ ਸੰਤ ਕਰ ਵਿਚਾਰ, ਆਤਮ ਜੋਤ ਟਿਕਾਈਆ । ਜੀਵ ਜੰਤ ਪਸਰ ਪਸਾਰ, ਵਰਨ ਗੋਤ ਧੰਦੇ ਲਾਈਆ । ਹਰ ਘਟ ਵੇਖੇ ਕਿਰਪਾ ਧਾਰ, ਲੱਖ ਚੁਰਾਸੀ ਆਸਣ ਲਾਈਆ । ਹਰਿ ਸੰਗਤ ਹੋਏ ਸਚ ਸਿਕਦਾਰ, ਰਾਜਨ ਭੂਪ ਆਪ ਅਖਵਾਈਆ । ਬਖ਼ਸ਼ ਬਖ਼ਸ਼ੇ ਬਖ਼ਸ਼ਣਹਾਰ, ਬਖ਼ਸ਼ ਆਪਣੇ ਹੱਥ ਰਖਾਈਆ । ਨੌ ਸੱਤ ਵਣਜ ਵਪਾਰ, ਏਕਾ ਏਕ ਰਿਹਾ ਕਰਾਈਆ । ਸੱਤ ਨੌ ਕਰਮ ਵਿਚਾਰ, ਧਰਮੀ ਧਰਮ ਕਮਾਈਆ । ਨੌ ਸੱਤ ਸੋਲਾਂ ਇਕ ਪਿਆਰ, ਸੋਲਾਂ ਕਲੀਆਂ ਆਪ ਬੰਧਾਈਆ । ਸੋਲਾਂ ਕਲ ਲਏ ਅਵਤਾਰ, ਮਾਨਸ ਦੇਹ ਰਖਾਈਆ । ਮਾਨਸ ਦੇਹ ਤਜ ਸਰਕਾਰ, ਅਕਲ ਕਲਾ ਹੋ ਆਈਆ । ਵਰਤੇ ਵਰਤਾਵੇ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਈਆ । ਸੁਰਤ ਮਤ ਮਨ ਇਕ ਦਵਾਰ, ਤ੍ਰੈਲੋਕਾਂ ਵੇਖ ਵਖਾਈਆ । ਪੰਜ ਵਿਕਾਰ ਦਏ ਡੰਨੇ, ਡੰਨਣਹਾਰ ਆਪ ਅਖਵਾਈਆ । ਜਿਸ ਜਨ ਦਰ ਦਵਾਰੇ ਆਤਮ ਮੰਨੇ, ਬ੍ਰਹਮ ਪਾਰਬ੍ਰਹਮ ਸਮਾਈਆ । ਰਾਗ ਨਾਦ ਸੁਣਾਏ ਕੰਨੇ, ਸਾਚਾ ਕਾਨ੍ਹਾ ਇਕ ਸੁਣਾਈਆ । ਰਵ ਸਸ ਸੂਰਜ ਚੰਨੇ, ਤਾਰਾ ਮੰਡਲ ਸੰਗ ਨਿਭਾਈਆ । ਮਸਤਕ ਥਾਲ ਦੀਪਕ ਜੋਤ ਆਪ ਟਿਕਾਏ ਸਾਚੇ ਛੰਨੇ, ਆਪ ਆਪਣੀ ਆਪ ਆਪਣੇ ਹੱਥ ਉਠਾਈਆ । ਲੱਗੇ ਭਾਗ ਕਾਇਆ ਤਨੇ, ਸਾਚਾ ਮੰਦਰ ਇਕ ਸੁਹਾਈਆ । ਜੋ ਘੜਿਆ ਸੋ ਅੰਤਮ ਭੰਨੇ, ਘੜਨ ਭੰਨਣਹਾਰ ਆਪ ਅਖਵਾਈਆ । ਕਲਜੁਗ ਅੰਤਮ ਬੇੜਾ ਬੰਨ੍ਹੇ, ਤੇਰਾਂ ਚੌਦਾਂ ਰੰਗ ਰੰਗਾਈਆ । ਨਾਨਕ ਗੋਬਿੰਦ ਏਕਾ ਏਕ ਟੇਕ ਮੰਗੇ, ਦੋਏ ਜੋੜ ਕਰਨ ਸਰਨਾਈਆ । ਦਿਵਸ ਰੈਣ ਫਿਰਨ ਪੈਰ ਨੰਗੇ, ਨਾਮ ਪ੍ਰਦਖਣਾ ਰਿਹਾ ਕਰਾਈਆ । ਸਤਿ ਪੁਰਖ ਨਿਰੰਜਣ ਸਾਚਾ ਦਰ ਅੰਦਰ ਕੋਈ ਨਾ ਲੰਘੇ, ਦਰ ਦਹਿਲੀਜੇ ਬੈਠੇ ਸੀਸ ਝੁਕਾਈਆ ।

ਅਕਾਲ ਪੁਰਖ ਆਪਣਾ ਆਪ ਲਗਾਇਆ ਅੰਗੇ, ਸਚ ਸਿੰਘਾਸਣ ਲਈ ਅੰਗੜਾਈਆ । ਚਿੱਟੇ ਅਸਵ ਕਸਿਆ ਤੰਗੇ, ਸੋਲਾਂ ਕਲੀਆਂ ਆਸਣ ਲਾਈਆ । ਸਚ ਦਵਾਰਾ ਆਪੇ ਲੰਘੇ, ਆਪ ਆਪਣਾ ਮੁਖ ਵਖਾਈਆ । ਮਾਨਸ ਦੇਵਤ ਸੁਰ ਬ੍ਰਹਮਾ ਸ਼ਿਵ ਬੈਠੇ ਰਹੇ ਮੰਗੇ, ਪੂਰਨ ਇਛਿਆ ਆਪ ਕਰਾਈਆ । ਨੀਰ ਵਰੋਲੇ ਗੁਰਮੁਖ ਗੰਗੇ, ਜੋਤ ਧਾਰਾ ਵੇਖ ਵਿਖਾਈਆ । ਮਾਨਸ ਜਨਮ ਨਾ ਹੋਏ ਭੰਗੇ, ਜਿਸ ਜਨ ਆਸ ਰਖਾਈਆ । ਸੰਮਤ ਚੌਦਾਂ ਗੁਰਸਿਖਾਂ ਅੰਦਰ ਲੰਘੇ, ਪ੍ਰਭ ਬੈਠਾ ਆਸਣ ਲਾਈਆ । ਹਰਿ ਸੰਗਤ ਤੇਰੀ ਚੋਲੀ ਰੰਗੇ, ਨਾਮ ਮਜੀਠੀ ਰੰਗ ਚੜ੍ਹਾਈਆ । ਆਉਂਦਾ ਜਾਂਦਾ ਲੋਕਮਾਤ ਨਾ ਸੰਗੇ, ਮਨਮੁਖ ਚਾਰੋਂ ਕੁੰਟ ਦੇਣ ਦੁਹਾਈਆ । ਕਾਇਆ ਮਾਟੀ ਕਾਚੀ ਵੰਗੇ, ਕੰਚਨ ਰੂਪ ਬਣਾਈਆ । ਸੁਰਤ ਸਵਾਣੀ ਹੀਰ ਸਿਆਲ ਝੰਗੇ, ਸ਼ਬਦ ਰਾਂਝਾ ਰਿਹਾ ਮਿਲਾਈਆ । ਤਨ ਵਜਾਏ ਵੰਝਲੀ ਵੰਝੇ, ਸੋਹੰ ਫੁਨਕਾਰਾ ਲਾਈਆ । ਲੇਖੇ ਲਾਏ ਮਾਨਸ ਮਾਨੁਖ ਬੰਦੇ, ਜਿਸ ਜਨ ਬਖ਼ਸ਼ੇ ਸਚ ਸਰਨਾਈਆ । ਜੂਠੇ ਝੂਠੇ ਜਗਤ ਧੰਦੇ, ਅੰਤ ਕੰਮ ਨਾ ਆਈਆ । ਮਦਿਰਾ ਮਾਸੀ ਪਾਪੀ ਗੰਦੇ, ਗੁਰ ਗੋਬਿੰਦਾ ਦਰ ਦੁਰਕਾਈਆ । ਹਰਿ ਸੰਗਤ ਚੜ੍ਹਾਇਆ ਸਾਚਾ ਚੰਦੇ, ਸਤਿਜੁਗ ਕਰੇ ਰੁਸ਼ਨਾਈਆ । ਮਾਇਆ ਮਮਤਾ ਆਤਮ ਅੰਧੇ, ਬੈਠੇ ਮੁਖ ਛੁਪਾਈਆ ਹਰਿਜਨ ਗਾਉਂਦੇ ਗੀਤ ਸੁਹਾਗੀ ਛੰਦੇ, ਹਰਿ ਆਪਣੀ ਚੋਗ ਚੁਗਾਈਆ । ਬਜਰ ਕਪਾਟੀ ਤੋੜੇ ਜੰਦੇ, ਅੰਦਰ ਬੈਠਾ ਆਪੇ ਲਾਹੀਆ । ਜਨ ਭਗਤਾਂ ਉਠਾਏ ਆਪਣੇ ਕੰਧੇ, ਆਪਣੀਆਂ ਭੁਜਾਂ ਅੱਗੇ ਡਾਹੀਆ । ਮਨਮੁਖ ਜੀਵ ਭਾਗਾਂ ਮੰਦੇ, ਬੈਠੇ ਮੁਖ ਸ਼ਰਮਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਸਾਚੇ ਮੇਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਲਾਂ ਸੋਲਾਂ ਵੇਖ ਹਰਿ, ਸੋਲਾਂ ਰਿਹਾ ਜਣਾਈਆ । ਨੌਂ ਸਤ ਪ੍ਰਭ ਸਾਚੀ ਧਾਰਾ, ਪ੍ਰਭ ਆਪਣੇ ਹੱਥ ਰਖਾਈਆ । ਸਤਿ ਪੁਰਖ ਲਏ ਅਵਤਾਰਾ, ਨੌਂ ਦਰ ਖੋਲ੍ਹ ਵਖਾਈਆ । ਨੌਂ ਦਰ ਕਰੇ ਬੰਦ ਕਿਵਾੜਾ, ਦਸਵੇਂ ਫੇਰਾ ਪਾਈਆ । ਦਸਵੇਂ ਅੰਦਰ ਆਪੇ ਵਾੜਾ, ਆਪਣਾ ਮੁਖ ਵਖਾਈਆ । ਸ਼ਬਦ ਵਖਾਏ ਸਾਚਾ ਲਾੜਾ, ਆਪਣੀ ਹੱਥੀਂ ਆਪ ਆਪਣੀ ਘੋੜੀ ਰਿਹਾ ਚੜ੍ਹਾਈਆ । ਚੌਥੇ ਦਰ ਆਪੇ ਵਾੜਾ, ਸੱਸਾ ਕਿਲ੍ਹਾ ਬਣਾਈਆ । ਹੋੜਾ ਉਪਰ ਦੇਵੇ ਧਾਰਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਹਾਹਾ ਅੱਗੇ ਕਰੇ ਨਿਮਸਕਾਰਾ, ਬੈਠਾ ਸੀਸ ਝੁਕਾਈਆ । ਹਰਿ ਹਰੀ ਹਰਿ ਹਰਿ ਰਿਹਾ ਵਿਚਾਰਾ, ਹਰਿਜਨ ਆਏ ਦਰ ਸਰਨਾਈਆ । ਸਾਧਾਂ ਸੰਤਾਂ ਕਰ ਵਿਚਾਰਾ, ਨਿਰੰਕਾਰ ਕਰੇ ਕੁੜਮਾਈਆ । ਸੰਮਤ ਚੌਦਾਂ ਵੇਖ ਵਿਚਾਰਾ, ਚੌਦਾਂ ਲੋਕਾਂ ਹੱਟ ਖੁਲ੍ਹਾਈਆ । ਚੌਦਾਂ ਤਬਕਾਂ ਮਾਰੇ ਮਾਰਾ, ਨਿਹਕਲੰਕਾ ਜੋਤ ਜਗਾਈਆ । ਸੰਮਤ ਪੰਦਰਾਂ ਕਾਇਆ ਮੰਦਰ ਡੂੰਘੀ ਕੰਦਰ ਵੇਖ ਵਿਚਾਰਾ, ਸੰਤ ਸੁਹੇਲੇ ਲਏ ਮਿਲਾਈਆ । ਸੰਮਤ ਸੋਲਾਂ ਬਦਲੇ ਚੋਲਾ, ਨਾ ਰੱਤੀ ਨਾ ਮਾਸਾ ਤੋਲਾ, ਨਾ ਕੋਈ ਭਾਗ ਭਾਰ ਵੰਡਾਈਆ । ਨਾ ਕੋਈ ਕਹਾਰ ਨਾ ਕੋਈ ਚੁੱਕੇ ਡੋਲਾ, ਨਾ ਕੋਈ ਬੋਲਾ ਸ਼ਬਦ ਜਣਾਈਆ । ਨਾ ਕੋਈ ਰਾਗ ਰੰਗ ਖ਼ੁਸ਼ੀ ਖੇਲੇ ਹੋਲਾ, ਨਾ ਕੋਈ ਸਵਾਂਗ ਵਰਤਾਈਆ । ਨਾ ਕੋਈ ਲਸ਼ਕਰ ਫੌਜ ਮਾਰੇ ਤੀਰ ਅੰਦਾਜ ਨਾ ਗੋਲਾ, ਨਾ ਕੋਈ ਨਿਸ਼ਾਨ ਰਖਾਈਆ । ਮਨਮੁਖ ਜੀਵਾਂ ਖੇਲੇ ਹੋਲਾ, ਦੂਈ ਦਵੈਤੀ ਪੜਦਾ ਪਾੜ ਵਖਾਈਆ । ਗੁਰਮੁਖਾਂ ਅੰਤਮ ਵਿਆਹੇ ਬੋਲਾ, ਸਾਚਾ ਕੰਤ ਆਪ ਹੋ ਜਾਈਆ । ਸ਼ਬਦ ਕੰਡਾ ਸਾਚਾ ਤੋਲਾ, ਸਚ ਹੱਥ ਰਿਹਾ ਉਠਾਈਆ । ਪੁਰਖ ਅਬਿਨਾਸ਼ੀ ਨਾ ਅੰਨਾ ਨਾ ਹੋਏ ਬੋਲਾ, ਜਨ ਭਗਤਾਂ ਪੁਕਾਰ ਹਿਰਦੇ ਰਿਹਾ ਵਸਾਈਆ । ਆਪ ਸੁਣਾਏ ਆਪਣਾ ਢੋਲਾ, ਪਰਗਟ ਹੋ ਹੋ ਸਾਚਾ ਮਾਹੀਆ । ਨੌਂ ਖੰਡ ਪ੍ਰਿਥਮੀ ਦਵਾਰਾ ਏਕਾ ਖੋਲ੍ਹਾ, ਹਰਿ ਚਰਨ ਸੱਚੀ ਸਰਨਾਈਆ । ਕਲਜੁਗ ਅੰਤਮ ਰੱਖਿਆ ਉਹਲਾ, ਦਿਸ ਕਿਸੇ ਨਾ ਆਈਆ । ਗੁਰਮੁਖ

ਤੇਰੀ ਕਾਇਆ ਆਪੇ ਬੋਲਾ, ਸੋਹੰ ਜੈ ਜੈਕਾਰਾ ਲਾਈਆ । ਵਿਸ਼ਨੂੰ ਭਗਵਾਨ ਦੇਵੇ ਦਾਨ ਵਿਚ ਜਹਾਨ, ਕਲਾ ਸੋਲਾਂ ਆਪ ਅਖਵਾਈਆ । ਹਰਿ ਸੰਗਤ ਤੇਰੀ ਕਾਇਆ ਮੌਲਾ, ਫਲ ਫੁਲਵਾੜੀ ਮਾਤ ਲਗਾਈਆ । ਲੋਆਂ ਪੁਰੀਆਂ ਪਿਆ ਰੌਲਾ, ਬ੍ਰਹਮਾ ਉਠ ਉਠ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਰਾਹ ਤਕਾਈਆ । ਨੌ ਸਤ ਤੇਰਾ ਰੰਗ ਵੇਖ, ਪ੍ਰਭ ਆਪਣੀ ਕਲ ਵਰਤਾਇੰਦਾ । ਜੋਤੀ ਜਾਮਾ ਧਾਰਿਆ ਭੇਖ, ਸਾਧਾਂ ਸੰਤਾਂ ਮੁਖ ਭਵਾਇੰਦਾ । ਆਦਿ ਜੁਗਾਦੀ ਰਿਹਾ ਵੇਖ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾਇੰਦਾ । ਸੰਮਤ ਚੌਦਾਂ ਦੇ ਮਤ, ਹਰਿ ਸਾਚੇ ਸਿਖਿਆ ਆਪ ਦਵਾਈਆ । ਖੇਲ ਖਿਲਾਏ ਪੰਜ ਤਤ, ਮਨ ਮਤ ਬੁਧ ਕਰੇ ਲੜਾਈਆ । ਪੰਚਮ ਜੇਠ ਬੀਜੇ ਸਾਚੇ ਵਤ, ਹਰਿ ਆਪਣਾ ਬੀਜ ਪਾਈਆ । ਨਾੜ ਬਹੱਤਰ ਉਬਲੇ ਰਤ, ਚਾਰੋਂ ਕੁੰਟ ਪਏ ਦੁਹਾਈਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਸਮਰਥ ਹੱਥ ਵਡਿਆਈਆ । ਚਰਨ ਧੂੜ ਬਖ਼ਸ਼ੇ ਸਾਚੀ ਵੱਥ, ਦੁਰਮਤ ਮੈਲ ਗਵਾਈਆ । ਅਮਰਾਪਦ ਪਾਇਣ, ਏਕਾ ਦੂਜਾ ਭਉ ਚੁਕਾਈਆ । ਤੀਜਾ ਨੈਣ ਵੇਖ ਦਰ, ਘਰ ਚੌਥਾ ਵੇਖ ਵਖਾਈਆ । ਪੰਜਵੇਂ ਮੇਲੇ ਹਰੀ ਹਰਿ, ਛੇਵੇਂ ਛੱਪਰ ਛੰਨ ਨਾ ਕੋਈ ਰਖਾਈਆ । ਸਤਿ ਪੁਰਖ ਨਿਰੰਜਣ ਘਰ ਮੇਂ ਪਾਓ, ਵਿਛੜ ਕਦੇ ਨਾ ਜਾਈਆ । ਅੱਠਾਂ ਤਤਾਂ ਨਾਤਾ ਤੋੜ ਵਖਾਓ, ਨੌ ਦਰ ਜਗਤ ਬੰਦ ਕਰਾਈਆ । ਦਸਵੇਂ ਆਸਣ ਸਾਚਾ ਲਾਓ, ਹਰਿ ਜੋਤੀ ਜੋਤ ਆਸਣ ਇਕ ਵਛਾਈਆ । ਪੁਰਖ ਅਬਿਨਾਸ਼ਨ ਦਰਸ਼ਨ ਪਾਓ, ਦੂਸਰ ਕਿਸੇ ਦਿਸ ਨਾ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਜੋਤ ਧਰ, ਸੰਮਤ ਸੋਲਾਂ ਤੇਰਾ ਰਾਹ ਤਕਾਈਆ । ਨੌ ਸਤ ਤੇਰਾ ਸਚ ਮਲਾਹ, ਪ੍ਰਭ ਸਾਚਾ ਆਪ ਅਖਵਾਇੰਦਾ । ਜਨ ਭਗਤਾਂ ਦੇਵੇ ਨਾਮ ਸਲਾਹ, ਏਕਾ ਮਤਾ ਪਕਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਏਕਾ ਜਾਪ ਜਪਾਇੰਦਾ । ਇਕ ਵਖਾਏ ਸਾਚਾ ਥਾਂ, ਚਰਨ ਧੂੜ ਇਕ ਸੁਹਾਇੰਦਾ । ਅੱਠ ਸੱਠ ਤੀਰਥ ਦਿਸਣਾ ਨਾ, ਗੁਰਦਰ ਮੰਦਰ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਵੇਖੇ ਆਪਣਾ ਘਰ ਨੌ ਸਤ ਤੇਰਾ ਇਕ ਦਰ, ਦਰ ਦਵਾਰਾ ਆਪ ਖੁਲ੍ਹਾਇੰਦਾ । ਇਕ ਇਕੱਲਾ ਹਰਿ ਨਿਰੰਕਾਰਾ, ਏਕਾ ਘਰ ਵਖਾਇਆ । ਦੂਜਾ ਭਰੇ ਸ਼ਬਦ ਭੰਡਾਰਾ, ਤੀਜਾ ਨੈਣ ਖੁਲ੍ਹਾਇਆ । ਚੌਥੇ ਮੇਲਾ ਹਰਿ ਸੰਤ ਦੁਲਾਰਾ, ਪੰਚ ਸ਼ਬਦ ਅਲਾਇਆ । ਛੇਵੇਂ ਛੱਪਰ ਛੰਨ ਨਾ ਕੋਈ ਅਵਾਰਾ, ਸਤਿ ਪੁਰਖ ਨਿਰੰਜਣ ਸਾਚਾ ਖੇਲ ਰਚਾਇਆ । ਸਤਿ ਘਰ ਵੇਖੇ ਇਕ ਦਰਬਾਰਾ, ਉਪਰ ਨਾਮ ਸਿੰਘਾਸਣ ਰਿਹਾ ਵਿਛਾਇਆ । ਉਚ ਮਹੱਲ ਹਰਿ ਅਟਾਰਾ, ਏਕਾ ਧਾਮ ਸੁਹਾਇਆ । ਦੀਪਕ ਜੋਤੀ ਕਰ ਉਜਿਆਰਾ, ਆਪਣੇ ਵਿਚ ਸਮਾਇਆ । ਨਾ ਕੋਈ ਦਿਸੇ ਧੁੰਦੂਕਾਰਾ, ਨਾ ਕੋਈ ਧੂੰਆਂਧਾਰ ਰਖਾਇਆ । ਗੁਰਮੁਖ ਨਾ ਹੋਏ ਹੈਰਾਨ, ਪ੍ਰਭ ਦੇਵੇ ਦਾਨ, ਭਰਮ ਭੁਲੇਖਾ ਜਗਤ ਨਾ ਪਾਇਆ ।

ਭਿੰਨੀ ਰੈਣੜੀਏ ਉਠ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਸੰਤ ਜਨਾਂ ਤਨ ਬੱਧੀ ਤਾਗ, ਏਕਾ ਤੰਦ ਹੱਥ ਫੜਾਇੰਦਾ । ਹੰਸ ਬਣਾ ਫੜ ਫੜ ਕਾਗ, ਦੇ ਮਤ ਆਪ ਸਮਝਾਇੰਦਾ । ਜਨ ਭਗਤਾਂ ਘਰ ਦੀਪਕ ਜੋਤ ਜਗਾ ਚਿਰਾਗ, ਤੇਰੀ ਸਾਚੀ ਸੇਵਾ ਲਾਇੰਦਾ । ਧੂੜੀ ਚਰਨ

੮੨੧
੦੬

ਮਜਨ ਕਰਾ ਸਾਚਾ ਮਾਘ, ਵੇਲਾ ਵਕਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਜਿਉਂ ਨਾਨਕ ਅੰਗਦ ਆਪਣੇ ਅੰਗ ਲਗਾਇੰਦਾ । ਹਰਿਸੰਗਤ ਹਰਿ ਅੰਗ ਲਗਾ, ਆਪਣੀ ਕੁਲ ਬਣਾਇੰਦਾ । ਕਾਇਆ ਚੋਲੀ ਰੰਗ ਚੜ੍ਹਾ, ਏਕਾ ਰੂਪ ਵਖਾਇੰਦਾ । ਨਾਮ ਬਸਤਰ ਤਨ ਪਹਿਨਾ, ਸੋਹੰ ਸ਼ਸਤਰ ਤਨ ਲਗਾਇੰਦਾ । ਸਾਚਾ ਅੱਖਰ ਜਗਤ ਪੜ੍ਹਾ, ਏਕਾ ਜਾਪ ਜਪਾਇੰਦਾ । ਬਜਰ ਕਪਾਟੀ ਪੱਥਰ ਦਏ ਤੁੜਾ, ਆਪਣੀ ਦਇਆ ਕਮਾਇੰਦਾ । ਸੱਸੇ ਉਪਰ ਹੋੜਾ ਲਾ, ਹਰਿਜਨ ਮੇਲ ਮਿਲਾਇੰਦਾ । ਥੋੜਾ ਥੋੜਾ ਭੇਵ ਖੁਲ੍ਹਾ, ਆਪਣਾ ਸੰਗ ਨਿਭਾਇੰਦਾ । ਸਚ ਵਸਤ ਜਿਸ ਜਨ ਝੋਲੀ ਦੇਵੇ ਪਾ, ਸੋ ਜਨ ਮੁਖ ਭਵਾਇੰਦਾ । ਕਲਜੁਗ ਤੇਰੀ ਵਗੀ ਵਾ, ਹਰਿ ਭਾਣਾ ਨਾ ਕੋਈ ਵਿਖਾਇੰਦਾ । ਸੰਮਤ ਸੋਲਾਂ ਜਨ ਭਗਤਾਂ ਦੇਵੇ ਠੰਢੀ ਛਾਂ, ਕਲਜੁਗ ਕਾਲਾ ਮੁਖ ਛੁਪਾਇੰਦਾ । ਸਤਿਜੁਗ ਹੋਏ ਏਕਾ ਨਾਂ, ਦੂਸਰ ਖ਼ਾਕ ਮਿਲਾਇੰਦਾ । ਸਰਬ ਜੀਆਂ ਹਰਿ ਪਿਤਾ ਮਾਂ, ਵਰਨ ਬਰਨਾਂ ਬਾਹਰ ਹੋ ਜਾਇੰਦਾ । ਨੌ ਖੰਡ ਪ੍ਰਿਥਮੀ ਦੇਵੇ ਠੰਢੀ ਛਾਂ, ਸਾਚਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਤੇਰੀ ਮੰਗ ਦਿਵਸ ਰੈਣ ਮੰਗਾਇੰਦਾ । ਸੰਮਤ ਸੋਲਾਂ ਮੰਗੀ ਮੰਗ, ਧਰਤ ਮਾਤ ਦਰ ਪੁਕਾਰ । ਮੇਰੇ ਅੰਗੀ ਲੱਗੇ ਅੰਗ, ਲਾਲ ਚੁੰਨੀ ਲਏ ਉਤਾਰ । ਸਾਚਾ ਸੰਗੀ ਮੁਹੰਮਦੀ ਯਾਰ, ਦੇਵੇ ਇਕ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਕਰੇ ਖ਼ਬਰਦਾਰ । ਸੰਮਤ ਸੋਲਾਂ ਸੋਲਾਂ ਰੰਗ, ਪ੍ਰਭ ਸਾਚਾ ਆਪ ਚੜ੍ਹਾਇੰਦਾ । ਚਾਰ ਯਾਰ ਮੁਹੰਮਦ ਸੰਗ, ਸ਼ਾਹ ਐਲੀ ਨਾਲ ਰਲਾਇੰਦਾ । ਖਿਚ ਕਟਾਰ ਕਰੇ ਨੰਗੀ ਨੰਗ, ਆਪ ਆਪਣੇ ਹੱਥ ਰਖਾਇੰਦਾ । ਆਕਾਸ਼ ਆਕਾਸ਼ ਡੋਰ ਪਤੰਗ, ਆਪੇ ਟੰਗੀ ਅਧ ਵਿਚਕਾਰ ਆਪ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਤੇਰਾ ਵੇਖੇ ਘਰ, ਸੰਮਤ ਸੋਲਾਂ ਤੇਰਾ ਰਾਹ ਤਕਾਇੰਦਾ । ਸੰਮਤ ਸੋਲਾਂ ਮਾਤ ਆਏ, ਚਾਰੋਂ ਕੁੰਟ ਦੁਹਾਈਆ । ਗੁਰਮੁਖ ਵਿਰਲਾ ਖ਼ੁਸ਼ੀ ਮਨਾਏ, ਘਰ ਏਕਾ ਵੱਜੇ ਵਧਾਈਆ । ਨੌ ਖੰਡ ਪ੍ਰਿਥਮੀ ਕਰੇ ਹਾਏ ਹਾਏ, ਰਸਨਾ ਜਿਹਵਾ ਰਹੇ ਗਾਈਆ । ਹਰਿਜਨ ਸਾਚੇ ਵੇਖ ਵਖਾਏ, ਪ੍ਰਭ ਪਕੜ ਉਠਾਏ ਫੜ ਫੜ ਬਾਹੀਂਆ । ਕਲਜੁਗ ਜੀਵ ਫਿਰਨ ਹਲਕਾਏ, ਨਾ ਦੀਸੇ ਕੋਈ ਸਹਾਈਆ । ਗੁਰਮੁਖਾਂ ਘਾਲ ਪਾਏ ਥਾਏਂ, ਜੋ ਜਨ ਰਸਨਾ ਰਹੇ ਗਾਈਆ । ਆਪੇ ਵੇਖੇ ਥਾਉਂ ਥਾਏਂ, ਲੁਕਿਆ ਕੋਈ ਰਹਿਣ ਨਾ ਪਾਈਆ । ਆਪੇ ਪਿਤਾ ਆਪੇ ਮਾਏਂ, ਆਪ ਆਪਣੀ ਗੋਦ ਉਠਾਈਆ । ਹਰਿ ਸ਼ਬਦ ਫੜੇ ਸਾਚੀ ਬਾਹੇਂ, ਤੋੜ ਵਿਛੋੜਾ ਨਾ ਕੋਈ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਲਾਂ ਸੋਲਾਂ ਵੇਖ ਵਖਾਈਆ । ਸੋਲਾਂ ਰੰਗ ਜਾਏ ਚੜ੍ਹ, ਸੋਲਾਂ ਕਲ ਅਵਤਾਰਿਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਬਣਤ ਬਣਾ ਰਿਹਾ । ਨਾ ਕੋਈ ਅੱਖਰ ਵਿਦਿਆ ਗਿਆ ਪੜ੍ਹ, ਨਾ ਕੋਈ ਲੇਖ ਲਿਖਾ ਰਿਹਾ । ਅਗਨੀ ਮਾਇਆ ਨਾ ਗਿਆ ਸੜ, ਨਾ ਕੋਈ ਰਕਤ ਬੂੰਦ ਪਸਰਿਆ । ਜਨ ਭਗਤਾਂ ਅੰਦਰੇ ਅੰਦਰ ਰਿਹਾ ਫੜ, ਦਿਸ ਕਿਸੇ ਨਾ ਆ ਰਿਹਾ । ਦਸਮ ਦਵਾਰੀ ਬੈਠਾ ਵੜ, ਸ਼ਬਦ ਜਣਾਈ ਇਕ ਕਰਾ ਰਿਹਾ । ਜੋਤ ਜਗਾਏ ਬਹੱਤਰ ਨੜ, ਅੰਧ ਅੰਧੇਰ ਮਿਟਾ ਰਿਹਾ । ਆਪ ਫੜਾਏ ਆਪਣਾ ਲੜ, ਸੰਮਤ ਚੌਦਾਂ ਮੁਖ ਰਖਾ ਲਿਆ । ਪਹਿਲੀ ਚੇਤਰ ਚਿੱਟੇ ਅਸਵ ਚੜ੍ਹ, ਗੁਰ ਗੋਬਿੰਦ ਤੰਗ ਕਸਾ ਲਿਆ । ਮੜ੍ਹੀ ਗੋਰ ਨਾ ਗਿਆ ਸੜ, ਘਰ ਧਾਮ

ਆਪਣਾ ਆਪ ਰਖਾ ਲਿਆ । ਸੰਬਲ ਨਗਰੀ ਬੈਠਾ ਦੜ, ਆਪਣਾ ਮੁਖ ਛੁਪਾ ਲਿਆ । ਗੁਰਮੁਖ ਸਾਚੇ ਸੰਤ ਸੁਹੇਲੇ ਆਪ ਕਰਾਏ ਆਪਣੇ ਮੇਲੇ, ਗੁਰ ਚੇਲੇ ਰੂਪ ਸਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਸਿਖੀ ਸਿਖਿਆ ਆਪ ਸਮਝਾ ਰਿਹਾ । ਸਾਚੀ ਸਿੱਖੀ ਕਰ ਤਿਆਰਾ, ਆਪ ਪੰਥ ਚਲਾਇਆ । ਨੌ ਖੰਡ ਪ੍ਰਿਥਮੀ ਕਰੇ ਵਿਚਾਰਾ, ਭੇਵ ਕਿਸੇ ਨਾ ਪਾਇਆ । ਪੜ੍ਹ ਪੜ੍ਹ ਥੱਕੇ ਵੇਦ ਚਾਰਾ, ਪੁਰਾਨ ਅਠਾਰਾਂ ਰਹੇ ਗਾਇਆ । ਅੰਜੀਲ ਕੁਰਾਨਾਂ ਹਾਹਾਕਾਰਾ, ਮੁਲਾਂ ਸ਼ੇਖ਼ ਰਹੇ ਕੁਰਲਾਇਆ । ਗ੍ਰੰਥੀ ਪੰਥੀ ਰੋਵਣ ਜ਼ਾਰੋ ਜ਼ਾਰਾ, ਸਾਚਾ ਰਾਹ ਦਿਸ ਨਾ ਆਇਆ । ਰਾਮਦਾਸ ਤੇਰਾ ਦਰ ਦਰਬਾਰਾ, ਇਕ ਅਖਾੜਾ ਸਿਆਸਤ ਬਣਾਇਆ । ਪ੍ਰਭ ਲੁੱਟੀ ਜਾਏ ਦਿਨ ਦਿਹਾੜਾ, ਦਿਸ ਕਿਸੇ ਨਾ ਆਇਆ । ਪੰਚਮ ਜੇਠ ਮਗਰ ਲਗਾਏ ਅਗੰਮੀ ਧਾੜਾ, ਸੰਮਤ ਪੰਦਰਾਂ ਨੇੜੇ ਆਇਆ । ਅੰਤਮ ਉਜੜੇ ਭੇਡਾਂ ਵਾੜਾ, ਪਾਲੀ ਕੋਇ ਨਾ ਮਗਰੇ ਆਇਆ । ਧਰਤ ਮਾਤ ਤੇਰਾ ਇਕ ਅਖਾੜਾ, ਸੰਮਤ ਸੋਲਾਂ ਰਿਹਾ ਲਗਾਇਆ । ਕੋਈ ਨਾ ਲੁਕਿਆ ਰਹੇ ਵਿਚ ਝਾੜਾ, ਫੜ ਬਾਹੋਂ ਪਾਰ ਕਰਾਇਆ । ਆਪ ਚਬਾਏ ਆਪਣੀ ਦਾਹੜਾ, ਆਪਣਾ ਭੇਖ ਵਟਾਇਆ । ਗੁਰਮੁਖ ਸਾਜਣ ਸਾਚਾ ਲਾੜਾ, ਪ੍ਰਭ ਸਾਚੀ ਘੋੜੀ ਰਿਹਾ ਚੜ੍ਹਾਇਆ । ਲਾੜੀ ਮੌਤ ਨਾ ਮੰਗੇ ਭਾੜਾ, ਅੱਗੇ ਹੋ ਨਾ ਘੁੰਗਟ ਪਾਇਆ । ਭਗਤ ਜਨਾਂ ਦੇਵੇ ਨਾਮ ਧਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਖੇਲਣ ਆਇਆ । ਸੰਮਤ ਚੌਦਾਂ ਸਚ ਵਿਹਾਰ, ਪ੍ਰਭ ਸਾਚੇ ਮਾਤ ਕਰਾਇਆ । ਏਕਾ ਇੱਕੀ ਕਰ ਤਿਆਰ, ਗੁਰ ਸਿੱਖੀ ਧੀਰ ਧਰਾਇਆ । ਵਾਲੋਂ ਨਿੱਕੀ ਧਾਰੋਂ ਤਿਖੀ ਭੇਵ ਨਾ ਪਾਇਣ ਮੁਨੀ ਰਿਖੀ, ਕਿਸੇ ਲੇਖ ਲਿਖਤ ਵਿਚ ਨਾ ਆਇਆ । ਗੁਰ ਗੋਬਿੰਦੇ ਨੇਤਰ ਵੇਖੀ, ਆਪ ਆਪਣਾ ਰੂਪ ਵਟਾਇਆ । ਭਰਮ ਭੁਲਾਏ ਧਾਰੀ ਕੇਸੀ, ਕੇਸਾਧਾਰੀ ਦਿਸ ਨਾ ਆਇਆ । ਮੇਲ ਮਿਲਾਏ ਦਸ ਦਸਮੇਸ਼ੀ, ਨਿਰੰਕਾਰ ਵਿਚ ਸਮਾਇਆ । ਮੰਗਣ ਮੰਗ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ੀ, ਦਰ ਦਵਾਰ ਵਖਾਇਆ । ਪਾਰਬ੍ਰਹਮ ਸਦਾ ਆਦੇਸ਼ੀ, ਇਕ ਆਦੇਸ਼ ਕਰਾਇਆ । ਜੋਤੀ ਜਾਮਾ ਕਲਜੁਗ ਵੇਸੀ ਵਾਰ ਅਨੇਕੀ, ਕਲਜੁਗ ਤੇਰੀ ਵਾਰੀ ਅੰਤਮ ਆਇਆ । ਸਤਿਜੁਗ ਤੇਰਾ ਲਿਖੇ ਲੇਖੀ, ਸਾਚਾ ਮਾਰਗ ਰਿਹਾ ਲਗਾਇਆ । ਸ਼ਬਦ ਸੁਨੇਹੜਾ ਦੇਸ ਪਰਦੇਸੀ, ਲੋਆਂ ਪੁਰੀਆਂ ਆਸ ਪੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਮਤ ਚੌਦਾਂ ਤੇਰਾ ਰਾਹ, ਜਨ ਭਗਤਾਂ ਬਣ ਮਲਾਹ, ਲੋਕਮਾਤੀ ਰਿਹਾ ਵਖਾਇਆ । ਸੰਮਤ ਚੌਦਾਂ ਸਾਚਾ ਰਾਹ, ਪ੍ਰਭ ਸਾਚਾ ਮਾਤ ਚਲਾਇੰਦਾ । ਇਕ ਜਪਾਏ ਸਾਚਾ ਨਾਂ, ਸੋਹੰ ਨਾਉਂ ਰਖਾਇੰਦਾ । ਗੁਰਮੁਖ ਉਠਾਏ ਥਾਉਂ ਥਾਂ, ਦਰ ਦਵਾਰਾ ਬੰਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨੇਤਰ ਆਪ ਖੁਲਾਇੰਦਾ । ਗੁਰ ਗੋਬਿੰਦ ਨੇਤਰ ਖੋਲ੍ਹ, ਸਾਚੀ ਸਿੱਖੀ ਵੇਖ ਵਿਖਾਣਦਾ । ਸ਼ਬਦ ਦੋ ਅੱਖਰ ਏਕਾ ਬੋਲ, ਮੰਨੇ ਭਾਣਾ ਇਕ ਅਕਾਲ ਦਾ । ਅੰਤਮ ਤੋਲੇ ਪੂਰਾ ਤੋਲ, ਵੇਖੇ ਖੇਲ ਦੋ ਜਹਾਨ ਦਾ । ਨਾਮ ਮਰਦੰਗ ਵਜਾਏ ਢੋਲ, ਨਾਤਾ ਤੁੱਟੇ ਪੀਣ ਖਾਣ ਦਾ । ਪਰਗਟ ਹੋਏ ਕਲ ਸੋਲ, ਸੰਮਤ ਸੋਲਾਂ ਰਾਹ ਜਾਣਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਆਪ ਪਛਾਣਦਾ । ਸੰਤ ਸੁਹੇਲੇ ਲਏ ਲੱਭ, ਆਪਣੀ ਜੋਤ ਜਗਾਈਆ । ਉਲਟੀ ਕਰੇ ਕਵਲ ਨਭ, ਅੰਮ੍ਰਿਤ ਮੁਖ ਚੁਆਈਆ । ਪੰਚ ਵਿਕਾਰਾ ਦਏ ਦੱਬ, ਉਪਰ ਪੱਥਰ ਨਾਮ ਟਿਕਾਈਆ । ਪਿਛਲਾ ਲਹਿਣਾ ਦੇਣਾ ਮੂਲ ਚੁਕਾਏ ਸਭ, ਬਾਕੀ ਕੋਈ ਰਹਿਣ ਨਾ ਪਾਈਆ । ਹਰਿ


੮੧੨ ੦੬

੮੧੩
੦੬

ਸੰਗਤ ਹਰਿ ਚਰਨ ਦਵਾਰੇ ਰਹੀ ਫਬ, ਸੰਮਤ ਚੌਦਾਂ ਧਾਰ ਬੰਨ੍ਹਾਈਆ । ਗਿਆਨੀ ਧਿਆਨੀ ਰਹੇ ਲੱਭ, ਚਾਰੇ ਕੁੰਟਾਂ ਨੇਤਰ ਰਹੇ ਉਠਾਈਆ । ਕਾਇਆ ਚੋਲੀ ਪਏ ਡੱਬ, ਨਾ ਕੋਈ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਆਪ ਆਪਣਾ ਰਿਹਾ ਕਰਾਈਆ । ਸੰਮਤ ਚੌਦਾਂ ਸਾਚਾ ਮੇਲਾ, ਪ੍ਰਭ ਸਾਚੇ ਚਰਨ ਦਵਾਰਿਆ । ਮੇਲ ਮਿਲਾਏ ਸੱਜਣ ਸੁਹੇਲਾ, ਏਕਾ ਦੂਜਾ ਭੇਵ ਨਿਵਾਰਿਆ । ਤੀਜਾ ਨੇਤਰ ਆਪੇ ਖੋਲ੍ਹਾ, ਚੌਥੇ ਬੋਲੇ ਸ਼ਬਦ ਜੈਕਾਰਿਆ । ਪੰਚਮ ਤੋਲੇ ਸਾਚਾ ਤੋਲਾ, ਛੇਵੇਂ ਘਰ ਦਏ ਹੁਲਾਰਿਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਏਕਾ ਘਰ ਖੋਲ੍ਹਾ, ਨਾ ਹੋਏ ਬੰਦ ਕਿਵਾੜਿਆ । ਖ਼ੁਸ਼ੀ ਮਨਾਏ ਹਾੜ ਸਤਾਰਾਂ ਸੰਮਤ ਸੋਲਾਂ, ਗੁਰਮੁਖ ਸਾਚੇ ਕਰੇ ਉਜਿਆਰਿਆ । ਸਤਿਜੁਗ ਤੇਰਾ ਦਰ ਦਵਾਰਾ ਪੁਰਖ ਅਬਿਨਾਸ਼ੀ ਆਪੇ ਖੋਲ੍ਹਾ, ਚਾਰ ਵਰਨ ਵਖਾਏ ਇਕ ਭੰਡਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,, ਨਿਹਕਲੰਕ ਨਰਾਇਣ ਨਰ, ਹਰਿਜਨ ਤੇਰਾ ਆਪੇ ਆਪ ਬਣੇ ਵਰਤਾਰਿਆ ।

ਹਰਿਜਨ ਸਚ ਪ੍ਰੀਤ, ਜੁਗ ਜੁਗ ਇਕ ਰਖਾਈਆ । ਵਸਿਆ ਹਸਤ ਕੀਟ, ਹਰ ਘਟ ਰਿਹਾ ਸਮਾਈਆ । ਆਪੇ ਸੁੱਤਾ ਦੇ ਕਰ ਪੀਠ, ਬੈਠਾ ਮੁਖ ਭਵਾਈਆ । ਆਪੇ ਦੇਵੇ ਨਾਮ ਅਨਡੀਠ, ਸਚ ਵਸਤੂ ਝੋਲੀ ਪਾਈਆ । ਆਪੇ ਪੀਸਣ ਰਿਹਾ ਪੀਠ, ਆਪਣੀ ਇਛਿਆ ਪੂਰ ਕਰਾਈਆ । ਆਪਣਾ ਭਾਣਾ ਆਪੇ ਜਾਣੇ ਮੀਠ, ਸਦ ਭਾਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਮਾਤ ਉਪਾਈਆ । ਸੰਤ ਸਤਿਗੁਰ ਮਾਤ ਉਪਾ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਨੂਰ ਇਕ ਟਿਕਾ, ਦੀਪਕ ਦੀਪ ਜਗਾਇੰਦਾ । ਸ਼ਬਦ ਚੋਟ ਸਚ ਲਗਾ, ਮਨ ਖੋਟ ਕਢਾਇੰਦਾ । ਕੋਟਨ ਕੋਟ ਸਰਨ ਲਗਾ, ਸਾਚਾ ਮਾਰਗ ਲਾਇੰਦਾ । ਭੇਵ ਅਵਲੜਾ ਇਕ ਰਖਾ, ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਵੇਖ ਵਖਾਇੰਦਾ । ਸੰਤ ਦੁਲਾਰੇ ਮਾਤ ਉਪਾਏ, ਜੁਗ ਜੁਗ ਖੇਲ ਖਿਲਾਇੰਦਾ । ਆਪ ਆਪਣੀ ਦਇਆ ਕਮਾਏ, ਆਪਣੀ ਸੇਵ ਕਮਾਇੰਦਾ । ਆਪ ਆਪਣਾ ਸ਼ਬਦ ਚਲਾਏ, ਆਪ ਆਪਣੀ ਬੂਝ ਬੁਝਾਇੰਦਾ । ਆਪ ਆਪਣਾ ਰੰਗ ਰੰਗਾਏ, ਆਪਣਾ ਰੰਗ ਚੜ੍ਹਾਇੰਦਾ । ਆਪ ਆਪਣਾ ਸੰਗ ਨਿਭਾਏ, ਸਗਲਾ ਸੰਗ ਰਖਾਇੰਦਾ । ਆਪ ਆਪਣੇ ਅੰਗ ਲਗਾਏ, ਅੰਗੀਕਾਰ ਆਪ ਹੋ ਜਾਇੰਦਾ । ਆਪ ਆਪਣਾ ਮਰਦੰਗ ਵਜਾਏ, ਸਾਚੀ ਚੋਟ ਲਗਾਇੰਦਾ । ਆਪ ਆਪਣਾ ਪਲੰਘ ਵਛਾਏ, ਉਪਰ ਸੇਜਾ ਆਸਣ ਲਾਇੰਦਾ । ਆਪਣੇ ਘੋੜੇ ਆਪੇ ਤੰਗ ਕਸਾਏ, ਦੱਖਣ ਦਿਸ਼ਾ ਮੁਖ ਭਵਾਇੰਦਾ । ਦਰ ਦਰਵਾਜਾ ਲੰਘ ਵਖਾਏ, ਨਾ ਕੋਈ ਰਾਹ ਅਟਕਾਇੰਦਾ । ਜਨ ਭਗਤਾਂ ਮੰਗ ਇਕ ਮੰਗਾਏ, ਜੁਗ ਜੁਗ ਮਾਤ ਸਮਝਾਇੰਦਾ । ਭੁੱਖ ਨੰਗ ਰਿਹਾ ਕਟਾਏ, ਏਕਾ ਓਟ ਚਰਨ ਧਿਆਨ ਲਗਾਇੰਦਾ । ਕਾਇਆ ਕਾਚੀ ਵੰਗ ਪ੍ਰਭ ਲੇਖੇ ਲਾਏ, ਕੰਚਨ ਗੜ੍ਹ ਬਣਾਇੰਦਾ । ਦਸਮ ਦਵਾਰੀ ਉਪਰ ਚੜ੍ਹਾਏ, ਹਰਿ ਮਹੱਲ ਸੁਹਾਇੰਦਾ । ਆਪੇ ਪੇਖੇ ਦਰਸ਼ਨ ਪਾਏ, ਆਪ ਆਪਣੀ ਤ੍ਰਿਸ਼ਨ ਬੁਝਾਇੰਦਾ । ਗੁਰਮੁਖ ਸਾਚੇ ਲੇਖੇ ਲਾਏ, ਕੰਚਨ ਗੜ੍ਹ ਬਣਾਇੰਦਾ । ਭਰਮ ਭੁਲੇਖੇ ਦੂਰ ਕਰਾਏ, ਦੋ ਜਹਾਨਾਂ ਪਾਰ ਕਰਾਇੰਦਾ । ਦੋ ਜਹਾਨੀ ਸਾਚੀ ਮੇਖੇ ਲਾਏ, ਨਾ ਕੋਈ ਮਾਤ ਉਖੜਾਇੰਦਾ । ਸਤਿਜੁਗ ਤੇਰਾ ਦਰ ਦਵਾਰਾ ਵੇਖਣ ਆਏ, ਕਲਜੁਗ ਅੰਤਮ ਜੋਤ ਜਗਾਇੰਦਾ । ਨਰ

ਨਰੇਸ਼ ਰਿਖੀ ਕੇਸ਼ ਗਵਰਧਨ ਗੁਰਮੁਖਾਂ ਭਾਰ ਉਠਾਵਣ ਆਏ, ਹਰਿ ਦਾਤਾ ਦਾਨੀ ਦਸ ਦਸਮੇਸ਼ ਤ੍ਰੈਗੁਣ ਮਾਇਆ ਨਾਰ ਵੇਸਵਾ ਪਰੇ ਹਟਾਏ, ਦਰ ਦਰਵੇਸ਼ ਆਪ ਅਖਵਾਇੰਦਾ । ਨਾ ਕੋਈ ਜਾਣੇ ਧਾਰੀ ਕੇਸ, ਸੀਸ ਸਿਹਰਾ ਇਕ ਬੰਧਾਏ । ਗੁਰਮੁਖ ਤੇਰੀ ਵਾਗ ਗੁੰਦਾਏ । ਸਾਚੇ ਘੋੜੇ ਰਿਹਾ ਚੜ੍ਹਾਏ । ਲੋਆਂ ਪੁਰੀਆਂ ਪਾਰ ਕਰਾਏ । ਥਿਰ ਘਰ ਸਾਚਾ ਥਾਨ ਸੁਹਾਏ । ਥਿਰ ਘਰ ਸਚ ਇਕ ਦਵਾਰ । ਜਗੇ ਜੋਤ ਅਗੰਮ ਅਪਾਰ । ਇਕ ਇਕੱਲਾ ਏਕੰਕਾਰ । ਸਤਿ ਸਰੂਪੀ ਕਰ ਪਸਾਰ । ਅੱਠੇ ਪਹਿਰ ਰਹੇ ਉਜਿਆਰ । ਆਲਸ ਨਿੰਦਰਾ ਨਾ ਕੋਈ ਵਿਚਾਰ । ਦੁੱਖ ਸੁੱਖ ਤੋਂ ਵਸਿਆ ਬਾਹਰ । ਮਾਤ ਕੁੱਖ ਨਾ ਕਰਿਆ ਵਾਸ, ਨਾ ਅੰਦਰ ਨਾ ਬਾਹਰ । ਨਾ ਮਾਨਸ ਨਾ ਮਾਨੁਖ ਨਾ ਦੇਵਤ ਨਾ ਸੁਰ ਅਸੁਰ ਨਾ ਪਾਏ ਸਾਰ । ਨਾ ਪੰਖੀ ਪੰਛੀ ਤਰਵਰ ਸਰਵਰ, ਨਾ ਬਿਰਖ ਨਾ ਰੁੱਖ ਉਚਾ ਟਿੱਲਾ ਨਾ ਕੋਈ ਪਹਾੜ । ਨਾ ਸਾਗਰ ਨਾ ਸਿੰਧ, ਨਾ ਫੂਲਨ ਨਾ ਮਾਲਨ ਪਾਏ ਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਸਤਿਗੁਰ ਚੇਲੇ ਇਕ ਕਰਾਏ ਸਚ ਦਵਾਰ । ਸੰਤ ਸੁਹੇਲੇ ਜੋਤ ਜਗਾ, ਜੁਗ ਜੁਗ ਦਇਆ ਕਮਾਇੰਦਾ । ਆਪ ਆਪਣੇ ਰਾਹੇ ਪਾ, ਲੋਕਮਾਤੀ ਰਾਹ ਚਲਾਇੰਦਾ । ਚਰਨ ਨਾਤੀ ਇਕ ਬੰਧਾ, ਜੂਠਾ ਝੂਠਾ ਨਾਤਾ ਤੁੜਾਇੰਦਾ । ਅੰਮ੍ਰਿਤ ਆਤਮ ਬੂੰਦ ਸਵਾਂਤੀ ਦਏ ਪਿਆ, ਨਿਝਰ ਧਾਰਾ ਇਕ ਵਹਾਇੰਦਾ । ਦਿਵਸ ਰਾਤੀ ਭੇਵ ਚੁਕਾ, ਸੂਰਜ ਚੰਨ ਨਾ ਕੋਈ ਚੜ੍ਹਾਇੰਦਾ । ਤਾਰਾ ਮੰਡਲ ਦਏ ਖਪਾ, ਗੁਰਸਿਖ ਤੇਰੇ ਚਰਨਾਂ ਹੇਠ ਦਬਾਇੰਦਾ । ਸੋ ਹੰ ਘਰ ਦਏ ਵਖਾ, ਆਪ ਆਪਣਾ ਫੇਰਾ ਪਾਇੰਦਾ । ਗੁਰ ਸਤਿਗੁਰ ਸਾਚਾ ਕਰੇ ਸਲਾਹ, ਸ਼ਬਦੀ ਮਤਾ ਪਕਾਇੰਦਾ । ਨਿਰਗੁਣ ਰੂਪ ਬਣ ਮਲਾਹ, ਆਪਣਾ ਬੇੜਾ ਆਪ ਚਲਾਇੰਦਾ । ਸਾਚੇ ਸੰਤ ਆਪਣੀ ਉਂਗਲੀ ਲਾ, ਦੇਸ਼ ਦੇਸ਼ਾਂ ਪਾਰ ਕਰਾਇੰਦਾ । ਪੌੜੀ ਪੌੜੀ ਲਏ ਚੜ੍ਹਾ, ਸਤਿ ਪੁਰਖੇ ਮੇਲ ਮਿਲਾਇੰਦਾ । ਸਤਿ ਪੁਰਖ ਵਿਚ ਗਏ ਸਮਾ, ਸਤਿਗੁਰ ਪੂਰਾ ਸੋ ਅਖਵਾਇੰਦਾ । ਆਪ ਤਜਾਏ ਆਪਣਾ ਨਾਂ, ਪੁਰਖ ਅਕਾਲ ਆਪ ਅਖਵਾਇੰਦਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਬਾਲ ਅੰਞਾਣੇ ਆਪਣੀ ਗੋਦ ਲਏ ਉਠਾ, ਦੇ ਹੁਲਾਰਾ ਆਪ ਹਿਲਾਇੰਦਾ । ਆਪੇ ਸੀਰ ਨੀਰ ਮੁਖ ਦਏ ਚੁਆ, ਆਪੇ ਧੀਰ ਧਰਾਇੰਦਾ । ਆਪੇ ਬਸਤਰ ਚੀਰ ਤਨ ਦਏ ਸੁਹਾ, ਆਪੇ ਵੇਖ ਵਖਾਇੰਦਾ । ਚੋਟੀ ਅਖ਼ੀਰ ਦਏ ਚੜ੍ਹਾ, ਥਿਰ ਘਰ ਧਾਮ ਸੁਹਾਇੰਦਾ । ਗੁਰਮੁਖਾਂ ਬੇੜਾ ਰਿਹਾ ਬੰਨ੍ਹਾ, ਕਲਜੁਗ ਵੇਲਾ ਵਕਤ ਸੁਹਾਇੰਦਾ । ਮਨਮੁਖਾਂ ਹੱਡੀ ਰੀੜ ਰਿਹਾ ਤੁੜਾ, ਕਲਜੁਗ ਭਾਰ ਟਿਕਾਇੰਦਾ । ਹਉਮੇ ਪੀੜ ਰਿਹਾ ਲਗਾ, ਦਿਵਸ ਰੈਣ ਮੁਖ ਰਸਨ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਵੇਖ ਵਖਾਇੰਦਾ । ਸੰਤ ਜਨਾਂ ਹਰਿ ਸਾਜਨ ਮੀਤਾ, ਏਕਾ ਏਕ ਅਕਾਲਿਆ । ਜੁਗ ਜੁਗ ਚਲੇ ਚਲਾਏ ਆਪਣੀ ਰੀਤਾ, ਦੀਨਾ ਬੰਧਪ ਦੀਨ ਦਿਆਲਿਆ । ਬੈਠਾ ਰਹੇ ਸਦਾ ਅਤੀਤਾ, ਖੇਲੇ ਖੇਲ ਮਾਤ ਨਿਰਾਲਿਆ । ਆਪੇ ਹਾਰੇ ਆਪੇ ਜੀਤਾ, ਆਪੇ ਚਲੇ ਅਵੱਲੜੀ ਚਾਲਿਆ । ਆਪੇ ਦਿਹੁਰਾ ਆਪੇ ਮੰਦਰ ਮਸੀਤਾ, ਅੰਤਮ ਆਪੇ ਕਰੇ ਖਾਲੀਆ । ਆਪ ਉਪਾਏ ਵੇਦ ਪੁਰਾਨ ਰਸਨਾ ਗਾਏ ਅਠਾਰਾਂ ਧਿਆਏ ਗੀਤਾ, ਅਰਜਨ ਖੜਾ ਦਰ ਸਵਾਲੀਆ । ਆਪੇ ਮੁਹੰਮਦ ਚਾਰ ਯਾਰ ਰਲਾਏ ਆਪੇ ਪਰਖਣਹਾਰਾ ਨੀਤਾ, ਆਪੇ ਤੀਸ ਬਤੀਸ ਕਰੇ ਕਵਾਲੀਆ । ਆਪੇ ਨਾਨਕ ਅਰਜਨ ਹਸਤ ਕੀਟਾ, ਖਾਣੀ ਬਾਣੀ ਫੋਲ ਫੁਲਾਈਆ । ਆਪੇ ਗੋਬਿੰਦ ਬਣਿਆ ਭੰਨੇ ਕੌੜਾ ਰੀਠਾ, ਹੱਥ ਫੜਿਆ ਤੇਜ ਕਟਾਰੀਆ । ਆਪੇ ਮੰਨਿਆ ਭਾਣਾ ਮੀਠਾ, ਧੁਰਦਰਗਾਹੀ ਆਪ ਵਰਤਾਈਆ ।

੮੧੫ ੦੬

ਆਪੇ ਸੁੱਤਾ ਦੇ ਕਰ ਪੀਠਾ, ਕਲਜੁਗ ਤੇਰੀ ਅੰਤ ਨਿਸ਼ਾਨੀਆ । ਗੁਰਮੁਖ ਵਿਰਲੇ ਮਾਤ ਡਿਠਾ, ਜਿਸ ਮੇਲੇ ਕਰ ਕਰ ਆਪ ਆਪਣੀ ਮਿਹਰਬਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਤਿਗੁਰ ਦੇਵੇ ਨਾਮ ਨਿਸ਼ਾਨੀਆ । ਸੰਤ ਜਨਾਂ ਹਰਿ ਨਾਮ ਨਿਸ਼ਾਨੀ, ਜੁਗ ਜੁਗ ਇਕ ਵਖਾਈਆ । ਆਤਮ ਅੰਤਮ ਮਾਰੇ ਕਾਨੀ, ਬਜਰ ਕਪਾਟੀ ਪਾਰ ਕਰਾਈਆ । ਰਾਗ ਅਨਾਦੀ ਸੁਣਾਏ ਸਾਚੀ ਬਾਣੀ, ਧੁਨ ਆਤਮਕ ਰਿਹਾ ਉਪਜਾਈਆ । ਗੁਰ ਸ਼ਬਦ ਮਿਲਾਏ ਸਾਚਾ ਹਾਣੀ, ਸੁਰਤੀ ਸੁਰਤ ਲਏ ਪ੍ਰਨਾਈਆ । ਜੋਤ ਨਿਰੰਜਣ ਵਾਰੇ ਪਾਣੀ, ਪਹਿਲਾ ਦਰ ਦਰਵਾਜਾ ਲੰਘਾਈਆ । ਪੰਚਮ ਕਰੇ ਜਾਣ ਪਛਾਣੀ, ਇਕ ਦੂਜੇ ਮੇਲ ਮਿਲਾਈਆ । ਵੇਖੇ ਘਰ ਇਕ ਨਿਧਾਨੀ, ਹਰਿ ਨਿਰਗੁਣ ਵੇਖ ਵਖਾਈਆ । ਏਕਾ ਪੜਦਾ ਬੈਠਾ ਤਾਣੀ, ਦਿਸ ਕਿਸੇ ਨਾ ਆਈਆ । ਜਿਸ ਜਨ ਸੁਣਾਏ ਆਪਣੀ ਬਾਣੀ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹੰ ਹੰਗਤਾ ਮੇਟ ਮਿਟਾਈ ਸਚ ਮਧਾਣੀ ਵੇਖ ਵਖਾਈਆ । ਸੰਤ ਸਤਿਗੁਰ ਵਿਟਹੋਂ ਕੁਰਬਾਨੀ, ਹਰਿ ਸਾਜਣ ਮੇਲ ਮਿਲਾਈਆ । ਸੰਤ ਜਨਾਂ ਹਰਿ ਸਾਜਣ ਪਾਇਆ, ਮਿਟਿਆ ਸਗਲ ਵਸੂਰਾ । ਰਾਜਨ ਰਾਜ ਨਜ਼ਰੀ ਆਇਆ, ਵਸਿਆ ਨੇੜੇ ਦੂਰਾ । ਆਪਣਾ ਕਾਜ ਆਪ ਰਚਾਇਆ, ਸਰਬ ਕਲਾ ਭਰਪੂਰਾ । ਦੇਸ ਮਾਝੇ ਡੇਰਾ ਲਾਇਆ, ਗੁਰਮੁਖਾਂ ਬਖ਼ਸ਼ੇ ਚਰਨ ਧੂੜਾ । ਦੋ ਜਹਾਨਾਂ ਸਾਂਝ ਕਰਾਇਆ, ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਾ । ਤ੍ਰੈਗੁਣ ਮਾਇਆ ਆਂਚ ਬੁਝਾਇਆ, ਦੁਰਮਤ ਹੂੰਝੇ ਕੂੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤ ਸੁਹੇਲੇ ਲਏ ਵਰ, ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ । ਮੂੜੋ ਮੂੜ੍ਹ ਅੰਧ ਅਗਿਆਨੀ, ਪ੍ਰਭ ਸਾਚਾ ਦਇਆ ਕਮਾਇੰਦਾ । ਸੋਹੰ ਦੇਵੇ ਧੁਰ ਦੀ ਬਾਣੀ, ਏਕਾ ਨਾਦ ਵਜਾਇੰਦਾ । ਅੰਮ੍ਰਿਤ ਆਤਮ ਠੰਡਾ ਪਾਣੀ, ਸਾਚਾ ਸੀਰ ਮੁਖ ਚੁਆਇੰਦਾ । ਏਕਾ ਮਿਲੇ ਪਦ ਨਿਰਬਾਣੀ, ਪਦ ਚੌਥਾ ਇਕ ਵਖਾਇੰਦਾ । ਭਰਮੇ ਭੁੱਲ ਜੇਰਜ ਖਾਣੀ, ਕਲਜੁਗ ਅੰਤਮ ਆਪ ਭੁਲਾਇੰਦਾ । ਜੂਠ ਝੂਠ ਹੋਏ ਮਾਤ ਪ੍ਰਧਾਨੀ, ਸਚ ਸੁੱਚ ਨਾ ਕੋਇ ਜਣਾਇੰਦਾ । ਤ੍ਰੈਗੁਣ ਮਾਇਆ ਸਾਚੀ ਰਾਣੀ, ਆਪਣਾ ਵੇਸ ਕਰਾਇੰਦਾ । ਪੰਚਮ ਮੇਲਾ ਪੰਚ ਸ਼ੈਤਾਨੀ, ਪੰਚਮ ਰਾਹ ਭੁਲਾਇੰਦਾ । ਅੰਤਮ ਚੁਕਿਆ ਦਾਨਾ ਪਾਣੀ, ਪ੍ਰਭ ਸਾਚਾ ਵੇਖ ਵਿਖਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਵਡ ਸੂਰ ਬਲਵਾਨੀ, ਏਕਾ ਤੀਰ ਚਲਾਇੰਦਾ । ਪੂਤ ਸਪੂਤਾ ਅਰਜਨ ਗੁਰ ਮਾਤ ਭਾਨੀ, ਸਾਚੀ ਸੇਵਾ ਲੇਖੇ ਲਾਇੰਦਾ । ਦਰ ਦਵਾਰੇ ਮੰਗੇ ਦਾਨੀ, ਦਾਤਾ ਭਿਛਿਆ ਏਕਾ ਪਾਇੰਦਾ । ਏਕਾ ਅੱਖਰ ਵੇਖ ਵਖਾਨੀ, ਹਰਿ ਚਰਨ ਧਿਆਨ ਲਗਾਇੰਦਾ । ਕਲਜੁਗ ਤੇਰੀ ਸਚ ਨਿਸ਼ਾਨੀ, ਗੁਰ ਅਰਜਨ ਲੇਖ ਲਿਖਾਇੰਦਾ । ਹਰਿ ਜੂ ਹਰਿਮੰਦਰ ਚਰਨ ਛੁਹਾਨੀ, ਸ੍ਰਿਸ਼ਟ ਸਬਾਈ ਮੇਟ ਮਿਟਾਇੰਦਾ । ਨਾ ਕੋਈ ਜਾਣੇ ਜੀਵ ਨਾਦਾਨੀ, ਮਾਇਆ ਰਾਣੀ ਭਰਮ ਭੁਲਾਇੰਦਾ । ਜੋਤ ਨਿਰੰਜਣ ਖੇਲੇ ਖੇਲ ਮਹਾਨੀ, ਆਦਿ ਨਿਰੰਜਣ ਸੰਗ ਰਖਾਇੰਦਾ । ਨਰ ਨਰਾਇਣ ਸਰ ਸਰੋਵਰ ਵੇਖੇ ਠੰਡਾ ਪਾਣੀ, ਡੂੰਘੇ ਤਾਲ ਫੋਲ ਫੁਲਾਇੰਦਾ । ਚਾਰ ਦਿਵਾਰ ਚਾਰ ਮੁਖ ਪ੍ਰਭ ਆਪੇ ਚੁੱਕੀ ਰੱਖੇ ਆਪਣੀ ਕੁੱਖ, ਆਪੇ ਬੈਠਾ ਮੁਖ ਭਵਾਇੰਦਾ । ਰਾਮਦਾਸ ਨਾ ਮਾਨਸ ਨਾ ਮਨੁੱਖ ਪ੍ਰਭ ਚਰਨ ਵਿਟਹੋਂ ਕੁਰਬਾਨੀ, ਪੁਰਖ ਅਕਾਲੇ ਦੀਨ ਦਿਆਲੇ ਏਕਾ ਦਿਤਾ ਸਾਚਾ ਸੁੱਖ, ਆਪਣੇ ਚਰਨ ਲਗਾਇਆ ।

ਸੰਤ ਜਨਾਂ ਹਰਿ ਸਾਚਾ ਸੱਜਣ, ਸਖਾ ਸੁਹੇਲ ਅਖਵਾਇਆ । ਆਪੇ ਆਇਆ ਪੜਦੇ ਕੱਜਣ, ਏਕਾ ਪੜਦਾ ਪਾਇਆ । ਧੂੜੀ ਚਰਨ ਕਰਾਏ

ਸਾਚਾ ਮਜਨ, ਸਰ ਸਰੋਵਰ ਇਕ ਰਖਾਇਆ । ਕਾਲ ਨਗਾਰੇ ਸ੍ਰਿਸ਼ਟ ਸਬਾਈ ਸਿਰ ਤੇ ਵੱਜਣ, ਚਾਰੋਂ ਕੁੰਟ ਡੌਰੂ ਵਾਹਿਆ । ਬੀਰ ਬੇਤਾਲੇ ਪੀ ਪੀ ਰੱਜਣ, ਲਾਲ ਗੁਲਾਲਾ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਲ ਮਹਾਂਕਾਲ ਸੇਵਾ ਲਾਇਆ । ਸਤਿ ਪੁਰਖ ਅਕਾਲ, ਅਕਲ ਕਲਾ ਸਮਾਇਆ । ਗੋਬਿੰਦ ਬਣਾਏ ਸਾਚਾ ਲਾਲ, ਆਪਣੀ ਗੋਦ ਉਠਾਇਆ । ਫਲ ਲਗਾਏ ਕਾਇਆ ਡਾਲ, ਅੰਮ੍ਰਿਤ ਮੇਵਾ ਰਿਹਾ ਖਵਾਇਆ । ਅੰਮ੍ਰਿਤ ਸੁਹਾਏ ਸਾਚਾ ਤਾਲ, ਸਰ ਸਰੋਵਰ ਇਕ ਵਖਾਇਆ । ਦਾਸੀ ਦਾਸ ਕਰਾਏ ਕਾਲ ਮਹਾਂਕਾਲ, ਸੇਵਕ ਸੇਵਾ ਸਾਚੀ ਲਾਇਆ । ਆਪੇ ਤੋੜੇ ਜਗਤ ਜੰਜਾਲ, ਸਗਲਾ ਸੰਗ ਰਿਹਾ ਨਿਭਾਇਆ । ਦੇਵੇ ਨਾਮ ਸੱਚਾ ਧਨ ਮਾਲ, ਮਾਲ ਖ਼ਜ਼ੀਨਾ ਇਕ ਵਖਾਇਆ । ਆਪੇ ਸ਼ਾਹ ਆਪੇ ਕੰਗਾਲ, ਨਰ ਨਿਰੰਕਾਰਾ ਆਪ ਅਖਵਾਇਆ । ਗੁਰ ਗੋਬਿੰਦਾ ਬਣ ਦਲਾਲ, ਵਿਚ ਵਿਚੋਲਾ ਮਾਤ ਰਖਾਇਆ । ਦਿਵਸ ਰੈਣ ਕਰੇ ਪ੍ਰਿਤਪਾਲ, ਪਾਰਬ੍ਰਹਮ ਪ੍ਰਭ ਦਇਆ ਕਮਾਇਆ । ਆਪੇ ਜਾਣੇ ਮੁਰੀਦਾਂ ਹਾਲ, ਬੇਹਾਲ ਆਪਣਾ ਬਿਸਤਰਾ ਆਪ ਖੁਲ੍ਹਾਇਆ । ਆਪੇ ਚਲੇ ਅਵੱਲੜੀ ਚਾਲ, ਜੁਗ ਜੁਗ ਚਲਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਸ ਕਰ, ਨਰ ਨਰੇਸ਼ਾ ਰੂਪ ਵਟਾਇਆ । ਗੋਬਿੰਦ ਗੁਰ ਸਚ ਮਲਾਹ, ਪ੍ਰਭ ਸਾਚੇ ਮਾਤ ਬਣਾਇਆ । ਪ੍ਰਭ ਅਬਿਨਾਸ਼ੀ ਬੇਪਰਵਾਹ, ਆਪਣਾ ਖੇਲ ਰਚਾਇਆ । ਪੁਰੀ ਅਨੰਦ ਏਕਾ ਧਾਮ ਦਿਸਾ, ਆਪ ਆਪਣਾ ਰੰਗ ਚੜ੍ਹਾਇਆ । ਅੰਮ੍ਰਿਤ ਧਾਰਾ ਗੰਗ ਵਹਾ, ਗੁਰਮੁਖਾਂ ਮੁਖ ਚੁਆਇਆ । ਮਨਮੁਖ ਬੈਠੇ ਮੁਖ ਸ਼ਰਮਾ, ਦਿਸ ਕਿਸੇ ਨਾ ਆਇਆ । ਗੁਰਮੁਖਾਂ ਅੰਦਰ ਦੀਪਕ ਜੋਤ ਜਗਾ, ਜੋਤ ਨਿਰੰਜਣ ਸੇਵਾ ਲਾਇਆ । ਅੱਠੇ ਪਹਿਰ ਰਿਹਾ ਡਗਮਗਾ, ਪਰਕਾਸ਼ ਆਕਾਸ਼ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਆਦਿ ਅੰਤ ਏਕਾ ਏਕ ਏਕੰਕਾਰ ਕਰਤਾ ਪੁਰਖ ਆਪ ਅਖਵਾਇਆ । ਕਰਤਾ ਪੁਰਖ ਹਰਿ ਗੋਬਿੰਦ, ਗੋਬਿੰਦ ਸੇਵਾ ਲਾਈਆ । ਆਪ ਚਲਾਏ ਆਪਣੀ ਚਾਲ, ਦੇ ਮਤ ਰਿਹਾ ਸਮਝਾਈਆ । ਸਾਚਾ ਮਸਤਕ ਸਾਚਾ ਥਾਲ, ਸਾਚਾ ਲੇਖ ਇਕ ਵਖਾਈਆ । ਆਪੇ ਚਲੇ ਨਾਲ ਨਾਲ, ਦਿਸ ਕਿਸੇ ਨਾ ਆਈਆ । ਸਾਜਨ ਮੀਤਾ ਆਪੇ ਭਾਲ, ਆਪਣਾ ਸੰਗ ਨਿਭਾਈਆ । ਨਾਮ ਨਿਧਾਨਾ ਆਪਣਾ ਆਪੇ ਪੀਤਾ, ਆਪੇ ਠੰਢਾ ਆਪੇ ਸੀਤਾ, ਆਪੇ ਸੀਤਲ ਧਾਰ ਵਹਾਈਆ । ਆਪੇ ਪਤਤ ਆਪੇ ਪੁਨੀਤਾ, ਪਤਤ ਪੁਨੀਤ ਆਪ ਅਖਵਾਈਆ । ਆਪੇ ਹਸਤ ਆਪੇ ਕੀਟਾ, ਆਪੇ ਮਿਠਾ ਕੌੜਾ ਰੀਠਾ, ਆਪੇ ਅੰਮ੍ਰਿਤ ਫਲ ਖਵਾਈਆ । ਆਪੇ ਕਾਇਆ ਬਾਟੇ ਪਾਏ ਪਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸੇਵਾ ਸਾਚੀ ਲਾਈਆ । ਗੋਬਿੰਦ ਗੁਰ ਕਰ ਪੁਕਾਰ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮੰਗੇ ਮੰਗ ਢਹਿ ਪਏ ਦਵਾਰਿਆ । ਕਲਜੁਗ ਨਹਿਰ ਵਗੇ ਧਾਰਾ ਗੰਗ, ਨਾ ਕੋਈ ਕਰੇ ਪਾਰ ਉਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਅੰਮ੍ਰਿਤ ਭੰਡਾਰਾ ਦਿਤਾ ਭਰ, ਨਿਹਕਲੰਕ ਲਏ ਅਵਤਾਰਿਆ । ਨਿਹਕਲੰਕ ਲਏ ਅਵਤਾਰ, ਕਲਜੁਗ ਅੰਤਮ ਵਾਰਿਆ । ਜੀਵ ਜੰਤ ਹੋਏ ਵਿਭਚਾਰ, ਜੂਠ ਝੂਠ ਪਸਾਰਿਆ । ਗ੍ਰੰਥ ਪੰਥ ਰਹੇ ਪੁਕਾਰ, ਸੰਬਲ ਨਗਰੀ ਵੇਖ ਵਖਾ ਰਿਹਾ । ਮਿਲੇ ਮੇਲ ਨਾ ਕੰਤ ਭਤਾਰ, ਗਿਆਨੀਆਂ ਧਿਆਨੀਆਂ ਆਤਮ ਰਹੀ ਕੁਰਲਾਈਆ । ਜਨ ਭਗਤਾਂ ਕਰੇ ਪਿਆਰ, ਆਪ ਆਪਣੀ ਗੋਦ ਉਠਾਈਆ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਰਿਹਾ ਪਹਿਨਾਈਆ ।

ਸਾਚਾ ਸ਼ਬਦ ਸੀਸ ਦਸਤਾਰ, ਕਲਗੀ ਤੋੜਾ ਸਚ ਵਖਾਈਆ । ਨੀਲੇ ਘੋੜੇ ਹੋ ਅਸਵਾਰ, ਸੋਲਾਂ ਕਲੀਆਂ ਆਸਣ ਲਾਈਆ । ਨੀਲੀ ਛੱਤੋਂ ਆਇਆ ਬਾਹਰ, ਕਲਗੀ ਧਰ ਆਪ ਅਖਵਾਈਆ । ਸੰਮਤ ਪੰਦਰਾਂ ਕਰੇ ਖ਼ਬਰਦਾਰ, ਪੰਥ ਖਾਲਸਾ ਦਏ ਜਗਾਈਆ । ਹਰਿਮੰਦਰ ਫੇਰਾ ਪਾਏ ਨਰ ਨਿਰੰਕਾਰ, ਭੁੱਲ ਰਹੇ ਨਾ ਰਾਈਆ । ਸੰਮਤ ਸੋਲਾਂ ਕਰ ਸ਼ਿੰਗਾਰ, ਭੇਖਾਧਾਰੀ ਭੇਖ ਵਟਾਈਆ । ਚਾਰੋਂ ਕੁੰਟ ਰੋਏ ਨਰ ਨਾਰ, ਧੀਰਜ ਧੀਰ ਨਾ ਕੋਇ ਧਰਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸਾਧਾਂ ਸੰਤਾਂ ਰਿਹਾ ਉਠਾਈਆ । ਸ਼ਬਦ ਖੰਡਾ ਤੇਜ ਕਟਾਰ, ਏਕਾ ਰਿਹਾ ਉਠਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਰੋਵਣ ਜ਼ਾਰੋ ਜ਼ਾਰ, ਕਲਜੁਗ ਅੰਤਮ ਦੇਣ ਦੁਹਾਈਆ । ਗੋਬਿੰਦ ਮੇਲਾ ਨਰ ਨਿਰੰਕਾਰ, ਜੋਤੀ ਜੋੜਾ ਸ਼ਬਦ ਕੁੜਮਾਈਆ । ਪਹਿਲਾ ਪੌੜਾ ਮਾਰੇ ਵਿਚ ਸੰਸਾਰ, ਲੋਕਮਾਤ ਖੇਲ ਖਿਲਾਈਆ । ਧੁਰਦਰਗਾਹੀ ਆਇਆ ਦੌੜਾ, ਵੇਖੇ ਪੂਤ ਸਪੂਤਾ ਬ੍ਰਹਿਮਣ ਗੌੜਾ, ਸੰਬਲ ਨਗਰ ਸਾਢੇ ਤਿੰਨ ਹੱਥ ਲੰਬਾ ਚੌੜਾ, ਗੁਰ ਗੋਬਿੰਦ ਆਸਣ ਲਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੇਖੇ ਪਰਖੇ ਮਿਠਾ ਕੌੜਾ, ਅੰਦਰ ਮੰਦਰ ਖੋਜ ਖੁਜਾਈਆ । ਦਸਮ ਦਵਾਰੀ ਰਾਹ ਸੌੜਾ, ਮਹੱਲ ਅਟੱਲ ਉਪਰ ਚੜ੍ਹ, ਦੂਸਰ ਦਿਸ ਕਿਸੇ ਨਾ ਆਈਆ । ਪੁਰਖ ਅਕਾਲਾ ਗੁਰ ਗੋਪਾਲਾ ਦੀਨ ਦਿਆਲਾ ਇਕ ਲਗਾਏ ਪਹਿਲਾ ਪੌੜਾ, ਬਾਹੋਂ ਫੜ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਾਚਾ ਮੇਲਾ, ਪ੍ਰਭ ਸਾਚੇ ਆਪ ਕਰਾਈਆ । ਪੁਰਖ ਅਬਿਨਾਸ਼ੀ ਸਾਚਾ ਗੁਰ, ਗੁਰ ਗੋਬਿੰਦ ਚੇਲਾ ਮਾਤ ਅਖਵਾਇਆ । ਪਾਰਬ੍ਰਹਮ ਸੱਜਣ ਸੁਹੇਲਾ, ਜੁਗ ਜੁਗ ਬਣਦਾ ਆਇਆ । ਆਪੇ ਵਸਿਆ ਸਦਾ ਅਕੇਲਾ, ਹਰ ਘਟ ਆਸਣ ਲਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਨਿਹਕਲੰਕੀ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਚੇਲਾ ਏਕਾ ਧਾਮ ਸੁਹਾਇਆ । ਚੇਲਾ ਗੁਰ ਏਕਾ ਧੁਰ ਏਕਾ ਧਾਮ ਸੁਹਾਇੰਦਾ । ਏਕਾ ਰਾਗ ਏਕਾ ਨਾਦ, ਏਕਾ ਤਾਲ ਵਜਾਇੰਦਾ । ਏਕਾ ਮੋਹਣ ਮਾਧਵ ਮਾਧ, ਏਕਾ ਗੀਤ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਸਿਖਿਆ ਆਪ ਸਮਝਾਇੰਦਾ । ਸਾਚੀ ਸਿਖਿਆ ਹਰਿ ਜਗਦੀਸ਼ਾ ਏਕਾ ਏਕ ਰਖਾਈਆ । ਨੌਂ ਖੰਡ ਪ੍ਰਿਥਮੀ ਇਕ ਬਰਨ, ਬੀਸ ਬੀਸਾ ਦਏ ਬਣਾਈਆ । ਲੱਖ ਚੁਰਾਸੀ ਪਾਣੀ ਭਰਨ, ਸਾਚੀ ਸੇਵਾ ਇਕ ਲਗਾਈਆ । ਆਪੇ ਦਾਤਾ ਕਰਨੀ ਕਰਨ, ਕਰਨਹਾਰ ਆਪ ਅਖਵਾਈਆ । ਆਪ ਖੁਲ੍ਹਾਏ ਹਰਨ ਫਰਨ, ਨੇਤਰ ਨੈਣ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਭੇਖ ਵਟਾਈਆ । ਗੁਰ ਗੋਬਿੰਦ ਸਾਚਾ ਮੀਤਾ, ਆਪੇ ਆਪ ਅਖਵਾਇੰਦਾ । ਬੈਠਾ ਰਹੇ ਸਦਾ ਅਤੀਤਾ, ਆਵਣ ਜਾਵਣ ਖੇਲ ਰਚਾਇੰਦਾ । ਨਾਮ ਨਿਧਾਨ ਸਤਿ ਸਰੂਪ ਏਕਾ ਪੀਤਾ, ਇਕ ਖੁਮਾਰ ਰਖਾਇੰਦਾ । ਮਨਮੁਖ ਜੀਵਾਂ ਪਰਖੇ ਨੀਤਾ, ਅੱਠੇ ਪਹਿਰ ਵੇਖ ਵਖਾਇੰਦਾ । ਅੰਮ੍ਰਿਤ ਆਤਮ ਠੰਡਾ ਸੀਤਾ, ਨਿਝਰ ਧਾਰਾ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਭੇਖ ਨਿਰੰਜਣ, ਏਕਾ ਅਲਖ ਜਗਾਈਆ । ਜਨ ਭਗਤਾਂ ਮੇਲਾ ਸਾਚੇ ਸੱਜਣ, ਦੋ ਜਹਾਨਾਂ ਰਿਹਾ ਕਰਾਈਆ । ਤਾਲ ਤਲਵਾੜੇ ਸਾਚੇ ਵੱਜਣ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਅਨਹਦ ਸੇਵਾ ਲਾਈਆ । ਪੰਚਮ ਮੇਲਾ ਸਾਚੇ ਸੱਜਣ, ਪੰਚਮ ਰਹੇ ਰਾਗ ਅਲਾਈਆ । ਆਤਮ ਸੇਜਾ ਬਹਿ ਬਹਿ ਸਜਣ, ਪ੍ਰਭ ਸਾਚੇ ਆਪ ਵਛਾਈਆ । ਆਪੇ ਰੱਖਣਹਾਰਾ ਲਜਣ, ਗੋਬਿੰਦ ਸ਼ਬਦੀ ਰੂਪ ਸਮਾਈਆ । ਮਦਿਰਾ ਮਾਸ ਜੋ ਜਨ

ਤੱਜਣ, ਸੰਮਤ ਸੋਲਾਂ ਗੁਰ ਗੋਬਿੰਦਾ ਮੇਲ ਮਿਲਾਈਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦਰ ਦਰਬਾਨ ਛੱਡ ਛੱਡ ਨੱਠਣ, ਚਾਰੋਂ ਕੁੰਟ ਵਾਹੋ ਦਾਹੀਆ । ਵੇਖੇ ਖੇਲ ਪ੍ਰਭ ਦੇਸ ਮਾਝਣ, ਸੰਬਲ ਨਗਰੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਥ ਖਾਲਸਾ ਰਿਹਾ ਉਠਾਈਆ । ਸ਼ਬਦ ਖੰਡਾ ਨੌ ਖੰਡ ਲਏ ਘੇਰ, ਲੁਹਾਰ ਤਰਖਾਣ ਨਾ ਕਿਸੇ ਬਣਾਇਆ । ਪੁਰਖ ਅਗੰਮਾ ਨਾ ਲਾਏ ਦੇਰ, ਆਪ ਆਪਣੇ ਰਿਹਾ ਹੱਥ ਉਠਾਇਆ । ਆਪੇ ਗੁਰ ਆਪੇ ਚੇਰ, ਆਪੇ ਗੋਬਿੰਦ ਰੂਪ ਸਮਾਇਆ । ਹਰਿ ਭਗਤ ਤਰਾਏ ਕਰ ਕਰ ਆਪਣੀ ਮਿਹਰ, ਅੰਮ੍ਰਿਤ ਆਤਮ ਜਾਮ ਪਿਆਇਆ । ਇਕ ਵਖਾਏ ਸੰਞ ਸਵੇਰ, ਕਲਜੁਗ ਰੈਣ ਅੰਧੇਰੀ ਮੇਟ ਮਿਟਾਇਆ । ਕੂੜ ਕੁੜਿਆਰਾ ਢਹਿ ਢਹਿ ਹੋਏ ਢੇਰ, ਰਾਮਦਾਸ ਤੇਰਾ ਸਰ ਸਰੋਵਰ ਨਿਰਮਲ ਨੀਰ ਦਏ ਕਰਾਇਆ । ਆਪ ਚੁਕਾਏ ਮੇਰ ਤੇਰ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਇਆ । ਸਤਿਜੁਗ ਸਾਚਾ ਲਾਏ ਫੇਰ, ਜੋਤੀ ਜੋਤ ਸਰੂਪ ਹਰਿ, ਸੱਤ ਰੰਗ ਨਿਸ਼ਾਨ ਝੁਲਾਇਆ । ਨਾਮ ਝੰਡਾ ਹਰਿ ਸੱਤ ਰੰਗਾ, ਚਾਰੋਂ ਕੁੰਟ ਚੜ੍ਹਾਇਆ । ਗੁਰ ਤੇਗ ਬਹਾਦਰ ਏਕਾ ਦਾਨ ਮੰਗਾ, ਪੰਦਰਾਂ ਕੱਤਕ ਬੀਸ ਬੀਸਾ ਰੁੱਤ ਸੁਹਾਇਆ । ਵਾਲੀ ਹਿੰਦ ਭੁੱਖਾ ਨੰਗਾ, ਨੌ ਖੰਡ ਪ੍ਰਿਥਮੀ ਹਾਲ ਸੁਣੰਦਾ, ਪ੍ਰਭ ਅਬਿਨਾਸ਼ੀ ਖੇਲ ਖਿਲੰਦਾ, ਲੱਖ ਚੁਰਾਸੀ ਸੇਵਾ ਲਾਇਆ । ਗੁਰ ਗੋਬਿੰਦਾ ਚਾੜ੍ਹੇ ਸ਼ਬਦ ਸਾਚਾ ਚੰਦਾ, ਰਵ ਸਸ ਬੈਠੇ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪੇ ਵੇਖ ਵਖਾਇਆ । ਧੰਨ ਵਡਿਆਈ ਗੁਰਸਿਖ, ਗੁਰ ਪੂਰਾ ਦਰ ਪਾਇਆ । ਜਗਤ ਬੁਝਾਈ ਤ੍ਰਿਸ਼ਨਾ ਭੁੱਖ, ਹਉਮੇ ਰੋਗ ਗਵਾਇਆ । ਸੁਫਲ ਕਰਾਈ ਮਾਤ ਕੁੱਖ, ਮਾਨਸ ਜਨਮ ਲੇਖੇ ਲਾਇਆ । ਕਰ ਦਰਸ ਉਤਰੀ ਭੁੱਖ, ਆਵਣ ਜਾਵਣ ਗੇੜ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਸਾਚਾ ਇਕ ਸੁਹਾਇਆ । ਸਾਚਾ ਘਰ ਸ਼ਬਦ ਬਿਬਾਣਾ, ਪ੍ਰਭ ਏਕਾ ਏਕ ਰਖਾਇੰਦਾ । ਨਾ ਕੋਈ ਜਾਣੇ ਰਾਜਾ ਰਾਣਾ, ਚਤੁਰ ਸੁਘੜ ਸਿਆਣਾ ਭੇਵ ਨਾ ਪਾਇੰਦਾ । ਆਪੇ ਹੋਏ ਗਊ ਗਰੀਬ ਨਿਮਾਣਾ, ਨਿਮਾਣਿਆਂ ਦੇਵੇ ਦਰ ਦਰ ਘਰ ਘਰ ਮਾਣਾ, ਨਿਥਾਵਿਆਂ ਥਾਉਂ ਦਵਾਇੰਦਾ । ਥਿਰ ਘਰ ਬੈਠ ਸ੍ਰੀ ਭਗਵਾਨਾ, ਹਰਿ ਸੰਤਾਂ ਮੇਲ ਮਿਲਾਇੰਦਾ । ਸੁਰਤੀ ਸ਼ਬਦੀ ਬੰਨ੍ਹੇ ਗਾਨਾ, ਸਾਚਾ ਸਗਨ ਕਰਾਇੰਦਾ । ਆਪੇ ਹੋਇਆ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਇੰਦਾ । ਲਹਿਣਾ ਦੇਣਾ ਚੁਕਾਏ ਲੋਕ ਤੀਨਾ, ਤੀਨ ਲੋਕ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਜੋਤ ਨਿਰੰਜਣ ਅੱਗੇ ਕਰ, ਸਾਚਾ ਰਾਹ ਵਖਾਇਆ । ਸ਼ਬਦ ਸਰੂਪੀ ਅੰਦਰ ਵੜ, ਸੁਖਮਨ ਪਾਰ ਕਰਾਇਆ । ਤ੍ਰੈਬੈਣੀ ਨੈਣੀ ਲਏ ਫੜ, ਸਾਚਾ ਸੰਗਮ ਵੇਖ ਵਖਾਇਆ । ਅੰਦਰ ਬਹਿਣਾ ਸਾਚੇ ਦਰ, ਸਾਚਾ ਸਰ ਇਸ਼ਨਾਨ ਕਰਾਇਆ । ਕਾਗ ਹੰਸ ਦਏ ਕਰ, ਅੰਮ੍ਰਿਤ ਆਤਮ ਸਾਚੀ ਚੋਗ ਚੁਗਾਇਆ । ਦਸਮ ਦਵਾਰੀ ਸੁਹਾਏ ਬੰਕ ਦਵਾਰ, ਸਾਚਾ ਧਾਮ ਸੁਹਾਇਆ । ਧੁਨ ਆਤਮਕ ਵਜਾਏ ਸਾਚਾ ਤਾਲ, ਰਾਗ ਅਨਾਦੀ ਰਿਹਾ ਅਲਾਇਆ । ਗੁਰਸਿਖ ਗੁਰਮੁਖ ਗੋਬਿੰਦ ਏਕਾ ਘਰ, ਘਰ ਸਾਚਾ ਵੇਖ ਵਖਾਇਆ । ਆਪੇ ਕਰਿਆ ਬੰਦ ਦਰ, ਪੰਜ ਤਤ ਨਜ਼ਰ ਨਾ ਆਇਆ । ਸੁਨ ਅਗੰਮੇ ਪਾਰ ਕਰ, ਸਾਚੇ ਮਾਰਗ ਲਾਇਆ । ਸੋ ਹੰ ਦੇਸ਼ ਜਾਏ ਵੜ, ਸੱਸਾ ਕਿਲ੍ਹਾ ਤੁੜਾਇਆ । ਸੰਤ ਸੁਹੇਲੇ ਇਕੱਠੇ ਕਰ, ਚੌਥੇ ਪਦ ਸਮਾਇਆ । ਨਾ ਕੋਈ ਪੀਵੇ ਜਗਤ ਮਦਿ, ਏਕਾ ਸਾਚਾ

ਜਾਮ ਪਿਆਇਆ । ਦਸਮ ਦਵਾਰੀ ਤੇਰੀ ਹੱਦ, ਪ੍ਰਭ ਅਧ ਵਿਚਕਾਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਗੁਰਸਿਖ ਤੇਰਾ ਵੇਖ ਘਰ, ਦਰ ਦਰਵਾਜਾ ਰਿਹਾ ਖੁਲ੍ਹਾਇਆ । ਆਤਮ ਘਰ ਖੋਲ੍ਹ ਕਿਵਾੜ, ਸਾਚੀ ਦਇਆ ਕਮਾਈਆ । ਮੇਟ ਮਿਟਾਏ ਪੰਚਮ ਧਾੜ, ਸ਼ਬਦ ਖੰਡਾ ਰਿਹਾ ਉਠਾਈਆ । ਜੋਤ ਜਗਾਏ ਨਾੜ ਨਾੜ, ਬਹੱਤਰ ਨਾੜੀ ਵੇਖ ਵਖਾਈਆ । ਮਾਇਆ ਮਨਸਾ ਦੇਵੇ ਸਾੜ, ਅਗਨੀ ਤਤ ਰਹਿਣ ਨਾ ਪਾਈਆ । ਸ਼ਬਦ ਘੋੜੇ ਦੇਵੇ ਚਾੜ੍ਹ, ਵਾਗ ਆਪਣੇ ਹੱਥ ਰਖਾਈਆ । ਸਚ ਦਵਾਰੇ ਦੇਵੇ ਵਾੜ, ਗੁਰ ਗੋਬਿੰਦੇ ਮੇਲ ਮਿਲਾਈਆ । ਕਾਇਆ ਮੰਦਰ ਅੰਦਰ ਇਕ ਅਖਾੜ, ਗੁਰ ਪੂਰਾ ਰਿਹਾ ਵਖਾਈਆ । ਆਪੇ ਘੜਿਆ ਸਾਚਾ ਘਾੜ, ਘੜਨਹਾਰ ਆਪ ਅਖਵਾਈਆ । ਨੇੜ ਨਾ ਆਏ ਮੌਤ ਲਾੜ, ਜਿਸ ਜਨ ਆਪਣਾ ਲੜ ਫੜਾਈਆ । ਕਾਲ ਮਹਾਂਕਾਲ ਨਾ ਚਬਾਏ ਆਪਣੀ ਦਾਹੜ, ਗੁਰ ਗੋਬਿੰਦਾ ਰਿਹਾ ਦੁਰਕਾਈਆ । ਵੇਖੇ ਖੇਲ ਸਤਾਰਾਂ ਹਾੜ, ਹਰਿ ਸੰਗਤ ਵਡ ਵਡਿਆਈਆ । ਆਤਮਾ ਸਿੰਘ ਪ੍ਰਭ ਜਾਏ ਤਾਰ, ਘਰ ਸਾਚੇ ਵੱਜੀ ਵਧਾਈਆ । ਆਪੇ ਪੁਰਖ ਆਪੇ ਨਾਰ, ਆਪੇ ਕੰਤ ਪੁਰਖ ਭਤਾਰ, ਆਪ ਆਪਣੀ ਸੇਜ ਹੰਢਾਈਆ । ਆਪੇ ਅੰਮ੍ਰਿਤ ਆਤਮ ਬੰਨ੍ਹੇ ਧਾਰ, ਸਾਚੇ ਖੰਡੇ ਨਾਮ ਪਿਆਈਆ । ਤਨ ਕਟਾਰਾ ਵੇਖ ਵਿਚਾਰ, ਸਤਿ ਸ਼ਿੰਗਾਰ ਰਿਹਾ ਕਰਾਈਆ । ਗੁਰਮੁਖ ਸਾਚੇ ਕਰ ਤਿਆਰ, ਏਕਾ ਇੱਕੀ ਰਿਹਾ ਪਾਈਆ । ਸਾਚੀ ਸਿੱਖੀ ਵਿਚ ਸੰਸਾਰ, ਵਾਲੋਂ ਨਿੱਕੀ ਆਪ ਰਖਾਈਆ । ਭੇਵ ਨਾ ਪਾਇਣ ਮੁਨੀ ਰਿਖੀ ਪੰਡਤ ਪਾਂਧੇ ਕਾਸ਼ੀ ਪੜ੍ਹ ਪੜ੍ਹ ਥੱਕੇ, ਵੇਦ ਪੁਰਾਨਾਂ ਹਾਥ ਨਾ ਆਈਆ । ਮਾਇਆ ਧਾਰੀ ਪੈਣ ਧੱਕੇ, ਨਾਤਾ ਤੁੱਟੇ ਭਾਈ ਭੈਣ ਸਕੇ, ਬਿਨ ਸਤਿਗੁਰ ਨਾ ਕੋਈ ਸਹਾਈਆ । ਪੜ੍ਹ ਪੜ੍ਹ ਜੀਵ ਜੰਤ ਥੱਕੇ, ਦੂਈ ਦਵੈਤੀ ਪੜਦਾ ਕੋਈ ਨਾ ਚੁੱਕੇ, ਬਜਰ ਕਪਾਟੀ ਨਾ ਕੋਈ ਤੁੜਾਈਆ । ਸਾਚੀ ਵਸਤ ਨਾ ਦਿਸੇ ਕਿਸੇ ਹੱਟੇ, ਨਾ ਕੋਈ ਵਣਜ ਕਰਾਈਆ । ਗੁਰ ਗੋਬਿੰਦੇ ਤੇਰੀ ਚਰਨ ਪ੍ਰੀਤੀ ਲਾਹਾ ਕੋਈ ਨਾ ਖੱਟੇ, ਝੂਠੇ ਤਾਲ ਰਹੇ ਵਜਾਈਆ । ਸ਼ਬਦ ਹਥੌੜਾ ਮਾਰੇ ਪਹਿਲੀ ਸੱਟੇ, ਜੋ ਜਨ ਆਏ ਚਲ ਸਰਨਾਈਆ । ਪਿਛਲਾ ਲਹਿਣਾ ਦੇਣਾ ਮੂਲ ਚੁਕਾਏ ਪਾਏ ਖੱਤੇ, ਅਗਲਾ ਪੰਧ ਮੁਕਾਈਆ । ਹਰਿ ਪਿਆਰ ਜੋ ਜਨ ਰਤੀ ਰੱਤੇ, ਰੱਤੀ ਰੱਤ ਦਿਸ ਨਾ ਆਈਆ । ਗੁਰ ਗੋਬਿੰਦ ਤੇਰੀ ਕੋਈ ਨਾ ਝੱਲੇ ਸੱਟੇ, ਪੰਥ ਖਾਲਸਾ ਬੈਠਾ ਮੁਖ ਛੁਪਾਈਆ । ਹਰਿਮੰਦਰ ਬੈਠੇ ਹੋ ਹੋ ਤਤੇ, ਸਾਰ ਸ਼ਬਦ ਹੱਥ ਨਾ ਆਈਆ । ਨਾਨਕ ਗੋਬਿੰਦ ਚਲਾਇਆ ਇਕ ਰਥੇ, ਰਥ ਰਥਵਾਹੀ ਆਪ ਅਖਵਾਈਆ । ਪੰਚ ਵਿਕਾਰਾ ਫੜ ਫੜ ਮਥੇ, ਸ਼ਬਦ ਮਧਾਣਾ ਏਕਾ ਪਾਈਆ । ਮਨਮੁਖ ਜੀਵ ਸੱਥਰ ਲੱਥੇ, ਧਰਤ ਮਾਤ ਸੱਥਰ ਰਹੀ ਵਛਾਈਆ । ਅੰਤਮ ਲਹਿਣਾ ਦੇਣਾ ਮੂਲ ਚੁਕਾਏ ਸਾਢੇ ਤਿੰਨ ਤਿੰਨ ਹੱਥੇ, ਕਲਜੁਗ ਵੰਡ ਵੰਡਾਈਆ । ਚਰਨ ਦਵਾਰੇ ਗੁਰ ਗੋਬਿੰਦੇ ਜੋ ਜਨ ਢੱਠੇ, ਅੰਤਮ ਹੋਏ ਸਹਾਈਆ । ਤੇਰਾ ਸੁਣ ਨਾਂ, ਘਰ ਘਰ ਉਡਦੇ ਕਾਂ, ਗਿਆਨਿਆਂ ਧਿਆਨਿਆਂ ਦਿਸੇ ਨਾ, ਨਿਹਕਲੰਕਾ ਨਾਉਂ ਰਖਾਈਆ । ਅੰਤਮ ਲਹਿਣਾ ਦੇਣਾ ਚੁਕਾਏ ਤੀਰਥ ਅੱਠ ਸੱਠੇ, ਗੰਗਾ ਗੋਦਾਵਰੀ ਦਏ ਦੁਹਾਈਆ । ਉਚੇ ਮੰਦਰ ਸਾਰੇ ਢੱਠੇ, ਇੱਟ ਗਾਰੇ ਜੋ ਬਣਾਈਆ । ਗੁਰਮੁਖ ਤੇਰਾ ਏਕਾ ਰਹਿ ਜਾਏ ਹੱਠੇ, ਪ੍ਰਭ ਚਰਨ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਨਾਮ ਵਰ, ਧੁਰ ਸ਼ਬਦ ਕਰੇ ਕੁੜਮਾਈਆ । ਧੁਰ ਸ਼ਬਦ ਸਚ ਭਤਾਰ, ਗੁਰਮੁਖ ਨਾਰੀ ਆਪ ਪ੍ਰਨਾਇੰਦਾ । ਆਪੇ ਕਰੇ ਸਚ ਪਿਆਰ, ਆਪਣੇ ਗਲੇ ਲਗਾਇੰਦਾ । ਗੋਬਿੰਦ ਵਿਚੋਲਾ ਵਿਚ ਸੰਸਾਰ, ਦੋ ਜਹਾਨਾਂ ਮੇਲ ਮਿਲਾਇੰਦਾ । ਨਾਨਕ ਤੋਲਾ ਨਰ ਨਿਰੰਕਾਰ, ਏਕਾ ਕੰਡਾ ਹੱਥ ਉਠਾਇੰਦਾ ।


੮੧੯
੦੬

੮੨੦
੦੬

ਸੋਹੰ ਬੋਲਾ ਵਿਚ ਸੰਸਾਰ, ਆਪਣੀ ਰਸਨਾ ਗਾਇੰਦਾ । ਹੋਏ ਵਿਚੋਲਾ ਅੰਤਮ ਵਾਰ, ਚਰਨ ਗੋਲਾ ਰਾਹ ਤਕਾਇੰਦਾ । ਸਾਚਾ ਢੋਲਾ ਪਰਵਰਦਿਗਾਰ, ਚਾਰ ਵਰਨਾਂ ਆਪ ਸੁਣਾਇੰਦਾ । ਅਠਾਰਾਂ ਬਰਨਾਂ ਕਰੇ ਖ਼ਬਰਦਾਰ, ਏਕਾ ਸਰਨਾ ਹਰਿ ਜਣਾਇੰਦਾ । ਅਕਾਲ ਪੁਰਖ ਹਰਿ ਕਰਨੀ ਕਰਨਾ, ਗੁਰਮਤ ਗੁਰ ਆਪ ਉਪਜਾਇੰਦਾ । ਆਦਿ ਅੰਤ ਇਕ ਜਣਾਏ ਆਪਣੀ ਸਰਨਾ, ਆਪੇ ਮੰਝਧਾਰ ਰੁੜ੍ਹਾਇੰਦਾ । ਆਪਣਾ ਭਾਣਾ ਆਪੇ ਜਰਨਾ, ਆਪਣੇ ਭਾਣੇ ਵਿਚ ਸਮਾਇੰਦਾ । ਕਲਜੁਗ ਤੇਰਾ ਅੰਤਮ ਕਰਨਾ, ਸਤਿਜੁਗ ਸਾਚਾ ਰਾਹ ਵਖਾਇੰਦਾ । ਜਨ ਭਗਤਾਂ ਖੋਲ੍ਹੇ ਹਰਨਾ ਫਰਨਾ, ਤੀਜਾ ਲੋਚਨ ਆਪ ਖੁਲ੍ਹਾਇੰਦਾ । ਆਵਣ ਜਾਵਣ ਚੁਕਾਏ ਮਰਨਾ ਡਰਨਾ, ਸਾਚੀ ਸਿਖਿਆ ਇਕ ਸਿਖਾਇੰਦਾ । ਹੱਥ ਕਟਾਰ ਤੇਜ ਤਲਵਾਰ ਗੁਰਸਿਖ ਹੱਥ ਨਾ ਫੜਨਾ, ਪ੍ਰਭ ਏਕਾ ਖੰਡਾ ਵਾਹਿੰਦਾ । ਗੁਰ ਗੋਬਿੰਦਾ ਦਰ ਦਵਾਰੇ ਮਾਰ ਬੈਠਾ ਧਰਨਾ, ਆਪ ਆਪਣਾ ਹੁਕਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਘਰ ਸਾਚਾ ਧਾਮ ਸੁਹਾਇੰਦਾ । ਸਾਚਾ ਧਾਮ ਇਕ ਅਵੱਲਾ, ਉਚ ਅਟੱਲ ਮੁਨਾਰਾ । ਪੁਰਖ ਅਬਿਨਾਸ਼ੀ ਬੈਠਾ ਇਕੱਲਾ, ਖੇਲੇ ਖੇਲ ਅਪਾਰਾ । ਦੀਪਕ ਜੋਤੀ ਏਕਾ ਬੱਲਾ, ਏਕਾ ਏਕ ਕਰੇ ਉਜਿਆਰਾ । ਨਾ ਕੋਈ ਦੂਸਰ ਦੂਈ ਦਵੈਤੀ ਦਿਸੇ ਸੱਲਾ, ਨਾ ਕੋਈ ਪਸਰ ਪਸਾਰਾ । ਹਰਿ ਹਰਿ ਜੂ ਬੈਠਾ ਧਾਮ ਅਟੱਲਾ, ਆਪੇ ਜਾਣੇ ਆਪਣੀ ਕਾਰਾ । ਸ਼ਬਦ ਸੁਤ ਸਚ ਸੁਨੇਹੜਾ ਆਦਿ ਸ਼ਕਤ ਆਦਿ ਪੁਰਖ ਨਿਰੰਜਣ ਏਕਾ ਘੱਲਾ, ਲੋਕਮਾਤ ਵਾਰੋ ਵਾਰਾ । ਸਤਿਜੁਗ ਤ੍ਰੇਤਾ ਦੁਆਪਰ ਕਰ ਕਰ ਹੱਲਾ, ਖੇਲੇ ਖੇਲ ਨਾਰੀ ਨਾਰਾ । ਕਲਜੁਗ ਤੇਰਾ ਖੇਲ ਅਵੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਜ ਤਤ ਵਸਿਆ ਬਾਹਰਾ । ਪੰਜ ਤਤ ਨਾ ਰੱਖੀ ਦੇਹ, ਨਿਹਕਲੰਕ ਲਏ ਅਵਤਾਰਾ । ਜੋਤੀ ਸ਼ਬਦੀ ਸਾਚਾ ਨੇਹ, ਭਗਤਨ ਭਗਤੀ ਕਰੇ ਪਿਆਰਾ । ਅੰਮ੍ਰਿਤ ਆਤਮ ਬਰਖੇ ਮੇਹ, ਏਕਾ ਧਾਰਾ ਠੰਢੀ ਠਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਗੁਰਸਿਖ ਸੰਤ ਸੁਹੇਲੇ ਇਕ ਇਕੇਲੇ ਕਰ ਕਰ ਮੇਲੇ, ਜੁਗ ਜੁਗ ਵਿਛੜੇ ਫੜ ਫੜ ਬਾਹੋਂ ਜਾਏ ਤਾਰਾ । ਸਤਿ ਪੁਰਖ ਨਿਰੰਜਣ ਜੋਤ ਜਗਾ, ਜਗਤ ਕਰੇ ਰੁਸ਼ਨਾਈਆ । ਕਲਜੁਗ ਅੰਧੇਰ ਰਿਹਾ ਮਿਟਾ, ਆਪ ਆਪਣਾ ਭੇਖ ਮਿਟਾਈਆ । ਚਾਰੋਂ ਕੁੰਟ ਨੇਤਰ ਰਿਹਾ ਉਠਾ, ਦਿਵਸ ਰੈਣ ਵੇਖ ਵਖਾਈਆ । ਜਨ ਭਗਤਾਂ ਵੇਖੇ ਸਾਚਾ ਰਾਹ, ਆਪ ਆਪਣਾ ਪੰਧ ਮੁਕਾਈਆ । ਪਕੜ ਉਠਾਏ ਥਾਉਂ ਥਾਂ, ਥਾਨ ਸੁਹਾਵਾ ਇਕ ਵਖਾਈਆ । ਆਪ ਜਪਾਏ ਆਪਣਾ ਨਾਂ, ਹਰਿਜਨ ਸਾਚੀ ਬੂਝ ਬੁਝਾਈਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਸੀਸ ਜਗਦੀਸ ਆਪਣਾ ਹੱਥ ਟਿਕਾਈਆ । ਜਗਤ ਜੰਜਾਲਾ ਕਟੇ ਫਾਹ, ਰਾਏ ਧਰਮ ਨਾ ਦਏ ਸਜ਼ਾਈਆ । ਸੰਤ ਸੁਹੇਲੇ ਮਾਤ ਉਪਾ, ਜੁਗ ਜੁਗ ਕਰੇ ਸ਼ਬਦ ਕੁੜਮਾਈਆ । ਕਲਜੁਗ ਸਾਚਾ ਸਗਨ ਮਨਾ, ਹਰਿ ਸੰਗਤ ਨੀਂਹ ਰਖਾਈਆ । ਸੋਹੰ ਗਾਨਾ ਹੱਥ ਬੰਨ੍ਹਾ, ਨਾਮ ਮਹਿੰਦੀ ਸੱਚੀ ਲਾਈਆ । ਤਨ ਸ਼ਿੰਗਾਰਾ ਇਕ ਕਰਾ, ਸਾਚਾ ਬਸਤਰ ਆਪ ਪਹਿਨਾਈਆ । ਧੂੜੀ ਕੱਜਲ ਨੇਤਰ ਪਾ, ਅੰਧ ਅੰਧੇਰ ਮਿਟਾਈਆ । ਪ੍ਰੇਮ ਪਿਆਲਾ ਜਾਮ ਪਿਆ, ਅੰਮ੍ਰਿਤ ਮੁਖ ਚੁਆਈਆ । ਸਦਾ ਰਖਵਾਲਾ ਆਪ ਅਖਵਾ, ਸੇਵਕ ਸੇਵਾ ਰਿਹਾ ਕਮਾਈਆ । ਗੁਰ ਗੋਪਾਲਾ ਦਇਆ ਕਮਾ, ਗੁਰਮੁਖ ਗੁਰਸਿਖ ਰਿਹਾ ਬਣਾਈਆ । ਜੋਤ ਜਵਾਲਾ ਇਕ ਵਿਖਾ, ਆਤਮ ਜੋਤੀ ਨੂਰ ਸਵਾਈਆ । ਮਸਤਕ ਗਗਨ ਥਾਲਾ ਦਏ ਸੁਹਾ, ਸਾਚੇ ਘਰ ਵੱਜੇ ਵਧਾਈਆ । ਏਕਾ ਰਾਗ ਅਨਾਦੀ ਦਏ ਜਣਾ, ਬ੍ਰਹਿਮਾਦੀ ਖੋਜ ਖੁਜਾਈਆ । ਆਦਿ ਜੁਗਾਦੀ ਆਪੇ ਜਾਣੇ

ਆਪਣਾ ਨਾਂ, ਨਾਉਂ ਆਪਣਾ ਆਪ ਉਪਾਈਆ । ਧੁਰ ਦੀ ਬਾਣ ਧੁਰ ਦੀ ਵਾਦੀ, ਆਪਣਾ ਭੇਖ ਵਟਾਈਆ । ਗੋਬਿੰਦ ਨਾਨਕ ਗਏ ਅਰਾਧੀ, ਪ੍ਰਭ ਤੇਰੀ ਓਟ ਰਖਾਈਆ । ਥਿਰ ਘਰ ਬੈਠੇ ਲਾ ਸਮਾਧੀ, ਚਰਨ ਕਵਲ ਰਿਹਾ ਧਿਆਨ ਲਗਾਈਆ । ਆਪ ਉਠਾਏ ਦਇਆ ਕਮਾਏ ਇਕ ਵਜਾਏ ਸਾਚਾ ਨਾਦੀ, ਏਕਾ ਤੂਰ ਰਖਾਈਆ । ਸ਼ਬਦ ਜਣਾਏ ਬੋਧ ਅਗਾਧੀ, ਅਗਾਧ ਬੋਧ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰੀ ਕਰੇ ਮਾਤ ਕੁੜਮਾਈਆ । ਹਰਿ ਸੰਗਤ ਹਰਿ ਜਨਮ ਦਵਾ, ਸਤਿਜੁਗ ਰਾਹ ਚਲਾਇਆ । ਆਪਣੀ ਖ਼ੁਸ਼ੀ ਆਪ ਮਨਾ, ਆਪੇ ਮਾਰਗ ਪਾਇਆ । ਸੰਤ ਸੁਹੇਲੇ ਲਏ ਉਠਾ, ਜੁਗ ਜੁਗ ਵਿਛੜੇ ਮੇਲ ਮਿਲਾਇਆ । ਦੁਰਮਤ ਮੈਲ ਦਾਗ਼ ਦਏ ਧਵਾ, ਅੰਮ੍ਰਿਤ ਨਾਮ ਕਟੋਰਾ ਹੱਥ ਉਠਾਇਆ । ਸਾਚੀ ਸਿਖਿਆ ਦਏ ਪੜ੍ਹਾ, ਲਿਖਿਆ ਲੇਖ ਨਾ ਕਿਸੇ ਰਖਾਇਆ । ਨਾਮ ਭਿਛਿਆ ਝੋਲੀ ਪਾ, ਕਾਇਆ ਤਨ ਭੰਡਾਰ ਰਖਾਇਆ । ਏਕਾ ਦੂਜਾ ਭੌ ਚੁਕਾ, ਤੀਜਾ ਨੈਣ ਖੋਲ੍ਹ ਵਖਾਇਆ । ਚੌਥੇ ਘਰ ਦਏ ਸੁਹਾ, ਏਕਾ ਪਦ ਵਖਾਇਆ । ਪੰਚਮ ਨਾਦ ਦਏ ਵਜਾ, ਅਨਹਦ ਸੇਵਾ ਲਾਇਆ । ਗੁਰਮੁਖ ਸਾਚੇ ਲਏ ਉਠਾ, ਗੁਰ ਗੋਬਿੰਦ ਸੰਗ ਨਿਭਾਇਆ । ਸਰਸਾ ਤੇਰੀ ਭੇਟ ਚੜ੍ਹਾ, ਪ੍ਰਭ ਚਰਨੀ ਸੀਸ ਝੁਕਾਇਆ । ਆਪੇ ਖੇਵਟ ਖੇਟ ਬਣ ਮਲਾਹ, ਕਲਜੁਗ ਅੰਤਮ ਬੇੜੇ ਲਏ ਚੜ੍ਹਾਇਆ । ਗੁਰ ਗੋਬਿੰਦ ਨਰ ਨਿਰੰਕਾਰ ਬੈਠੇ ਕਰਨ ਸਲਾਹ, ਕਲਜੁਗ ਵੇਲਾ ਅੰਤਮ ਆਇਆ । ਆਪ ਉਠਾਏ ਫੜ ਫੜ ਬਾਂਹ, ਦਿਵਸ ਰੈਣ ਸੇਵ ਕਮਾਇਆ । ਪੰਛੀ ਪੰਖੀ ਕੋਈ ਜਾਣੇ ਨਾ, ਆਉਂਦਾ ਜਾਂਦਾ ਦਿਸ ਨਾ ਆਇਆ । ਇਕ ਉਪਾਏ ਸਾਚਾ ਨਾਂ, ਨਾਨਕ ਸੇਵਾ ਪੂਰ ਕਰਾਇਆ । ਸੋ ਪੁਰਖ ਨਿਰੰਜਣ ਜਾਣੇ ਆਪਣਾ ਥਾਂ, ਥਾਨ ਥਨੰਤਰ ਇਕ ਸੁਹਾਇਆ । ਹੰ ਹੰਗਤਾ ਦਏ ਮਿਟਾ, ਹਉਮੇ ਰੋਗ ਗਵਾਇਆ । ਸਾਚੀ ਸੰਗਤਾ ਦਏ ਬਣਾ, ਸਤਿਗੁਰ ਪੂਰਾ ਦਇਆ ਕਮਾਇਆ । ਸੱਸਾ ਸਿਖਿਆ ਇਕ ਸੁਣਾ, ਏਕਾ ਰਾਹ ਚਲਾਇਆ । ਹਰਿ ਕਾ ਅੱਖਰ ਆਪ ਪੜ੍ਹਾ, ਹਰਿ ਜੀ ਵਿਚ ਸਮਾਇਆ । ਊੜਾ ਅੱਖਰ ਆਪ ਉਪਾ, ਤ੍ਰੈਲੋਕਾਂ ਆਪ ਵੇਖ ਵਖਾਇਆ । ਐੜਾ ਲੇਖਾ ਰਿਹਾ ਲਿਖਾ, ਏਕਾ ਅੱਖ ਖੁਲ੍ਹਾਇਆ । ਈੜੀ ਇਸ਼ਟ ਆਪ ਬਣਾ, ਆਪਣਾ ਰੂਪ ਬਣਾਇਆ । ਸੱਸਾ ਕਿਲ੍ਹਾ ਦਏ ਸੁਹਾ, ਸਤਿਗੁਰ ਘੇਰਾ ਪਾਇਆ । ਹਾਹਾ ਹਰਿਜਨ ਲਏ ਬਹਾ, ਦੂਸਰ ਕੋਈ ਨੇੜ ਨਾ ਆਇਆ । ਕੱਕਾ ਕਰਮ ਰਿਹਾ ਕਮਾ, ਖੱਖਾ ਖੇਲ ਰਚਾਇਆ । ਗੱਗਾ ਗੋਬਿੰਦ ਲਏ ਉਠਾ, ਘੱਗਾ ਘੋੜਾ ਨਾਲ ਲਿਆਇਆ । ਙ ਙਿਆਨ ਦਏ ਸੁਣਾ, ਚੱਚਾ ਚਿਤ ਦਏ ਸੁਹਾ, ਸੰਮਤ ਚੌਦਾਂ ਵੇਖ ਵਿਖਾਇਆ । ਛੱਛਾ ਛੱਪਰ ਇਕ ਬਣਾ, ਜੱਜਾ ਜਹਾਜ ਲਏ ਬਣਾ, ਗੁਰਮੁਖ ਸਾਚੇ ਵਿਚ ਚੜ੍ਹਾ, ਝੱਜਾ ਝੇੜਾ ਦਏ ਛਿੜਾ, ਨਿਹਕਲੰਕੀ ਜਾਮਾ ਪਾਇਆ । ਞਵਾ ਜਨਮ ਰਿਹਾ ਵਖਾ, ਗੁਰਮੁਖ ਸਾਚੇ ਜਨਮ ਦਵਾਇਆ । ਟੈਂਕਾ ਟੱਲ ਆਪ ਵਜਾ, ਸੋਹੰ ਹੱਥ ਰਖਾਇਆ । ਠੱਠਾ ਠੋਕਰ ਦਏ ਲਾ, ਲੋਆਂ ਪੁਰੀਆਂ ਰਿਹਾ ਹਿਲਾਇਆ । ਡੱਡਾ ਡਾਲ ਰਹੇ ਤੁੜਾ, ਲੱਖ ਚੁਰਾਸੀ ਰਿਹਾ ਖਪਾਇਆ । ਢੱਡਾ ਢੋਲਕ ਇਕ ਵਜਾ, ਅਨਹਦ ਸੇਵਾ ਲਾਇਆ । ਣਾਣਾ ਆਪਣਾ ਕਰਮ ਕਮਾ, ਆਪ ਆਪਣਾ ਭੇਖ ਵਟਾਇਆ । ਤਤਾ ਤਿਲਕ ਇਕ ਰਖਾ, ਗੁਰਮੁਖਾਂ ਜੋਤ ਜਗਾਇਆ । ਥੱਥਾ ਥਿਰ ਘਰ ਦਏ ਬਹਾ, ਨਾ ਕੋਈ ਬਾਹਰ ਕਢਾਇਆ । ਦੱਦਾ ਦੁੱਖ ਦਏ ਮਿਟਾ, ਗੁਰਸਿਖ ਸਚ ਸੁੱਚ ਸਮਾਈਆ । ਧੱਧਾ ਧਵਲ ਝੋਲੀ ਪਾ, ਆਤਮ ਦਾਤ ਰਿਹਾ ਵਧਾਈਆ । ਨੱਨਾ ਨਿਰਗੁਣ ਖੇਲ ਰਚਾ, ਸਰਗੁਣ ਮੇਲ ਮਿਲਾਈਆ । ਫੱਫਾ ਫਲ ਫੁਲਵਾੜੀ ਮਾਤ ਲਗਾ, ਹਾੜ ਸਤਾਰਾਂ ਖ਼ੁਸ਼ੀ ਮਨਾਈਆ । ਪੱਪਾ ਪੂਤ ਸਪੂਤਾ

ਲਿਆ ਉਪਾ, ਖੇਲੇ ਖੇਲ ਹਰਿ ਰਘੁਰਾਈਆ । ਬੱਬਾ ਬੰਦ ਦਏ ਕਰਾ, ਨੌ ਦਰ ਵੇਖ ਵਖਾਈਆ । ਭੱਭਾ ਭੁੱਲਿਆਂ ਮਾਰਗ ਪਾ, ਏਕਾ ਚਰਨਾਂ ਰਾਹ ਵਖਾਈਆ । ਮੱਮਾ ਮੋਹਣੀ ਰੂਪ ਵਟਾ, ਮਨਮੁਖ ਜੀਵਾਂ ਰਿਹਾ ਭੁਲਾਈਆ । ਯਯਾ ਯਾਰ ਇਕ ਅਖਵਾ, ਸੱਜਣ ਮੀਤ ਆਪ ਹੋ ਆਈਆ । ਰਾਰਾ ਰੇਖਾ ਦਏ ਮਿਟਾ, ਹਰਿਜਨ ਸਾਚੇ ਲਏ ਤਰਾਈਆ । ਲੱਲਾ ਲਹਿਣਾ ਦੇਣਾ ਮੂਲ ਚੁਕਾ, ਆਪ ਆਪਣੇ ਅੰਗ ਲਗਾਈਆ । ਵਵਾ ਵਿਸ਼ਨੂੰ ਵੇਸ ਵਟਾ, ਜੋਤੀ ਨੂਰ ਸੰਗ ਰਲਾਈਆ । ਸੋਹੰ ਡੰਕ ਇਕ ਵਜਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਉਂ ਰਖਾਈਆ । ੜਾੜਾ ਅੱਖਰ ਰਾਹ ਰਿਹਾ ਤਕਾ, ਦਰ ਦਵਾਰੇ ਵੇਖੇ ਨੇਤਰ ਨੈਣ ਉਠਾ, ਦੋਵੇਂ ਮੁਖ ਪਾਰਬ੍ਰਹਮ ਦੀ ਬੈਠ ਕੁੱਖ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਈਆ । ਸਤਿਗੁਰ ਪੂਰਾ ਸਚ ਹੈ, ਸਾਚੇ ਘਰ ਸਮਾਏ । ਲੱਖ ਚੁਰਾਸੀ ਕਾਇਆ ਮਾਟੀ ਕੱਚ ਹੈ, ਥਿਰ ਰਹਿਣ ਨਾ ਪਾਏ । ਜੂਠੇ ਝੂਠੇ ਦਰ ਦਰ ਘਰ ਘਰ ਰਹੇ ਨੱਚ ਹੈ, ਨਟੂਆ ਸਵਾਂਗ ਵਰਤਾਏ । ਮਾਇਆ ਅਗਨੀ ਰਹੀ ਮੱਚ ਹੈ, ਮੋਹ ਮਮਤਾ ਕਰੇ ਹਲਕਾਏ । ਹਰਿ ਕਾ ਸ਼ਬਦ ਗੁਰਮੁਖ ਵਿਰਲੇ ਗਿਆ ਪਚ ਹੈ, ਸਾਂਤਕ ਸਤਿ ਵਰਤਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਰ ਪਿਆਲਾ ਦੀਨ ਦਿਆਲਾ ਏਕਾ ਨਾਮ ਪਿਆਏ । ਇਕ ਪਿਆਲਾ ਸਾਚਾ ਨਾਮ, ਜਨ ਭਗਤਾਂ ਆਪ ਪਿਆਇੰਦਾ । ਕੋਈ ਨਾ ਲਾਏ ਹਰਿ ਜੀ ਦਾਮ, ਚਰਨ ਪ੍ਰੀਤੀ ਇਕ ਸਿਖਾਇੰਦਾ । ਕਲਜੁਗ ਰੈਣ ਅੰਧੇਰੀ ਸ਼ਾਮ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਲੱਖ ਚੁਰਾਸੀ ਤੇਰਾ ਤਾਮ, ਹਰਿ ਅੰਤਮ ਆਪ ਪਕਾਇੰਦਾ । ਆਪੇ ਬੈਠ ਸਾਚੇ ਨਗਰ ਗਰਾਮ, ਸਾਚੀ ਰਚਨ ਰਚਾਇੰਦਾ । ਸਚ ਭੂਮਿਕਾ ਸਾਚਾ ਧਾਮ, ਸਾਚੀ ਜੋਤ ਟਿਕਾਇੰਦਾ । ਏਕਾ ਜੋਤੀ ਰਾਮਾ ਰਾਮ, ਵਰਨ ਗੋਤੀ ਵੇਖ ਵਖਾਇੰਦਾ । ਰਾਮ ਨਾਮ ਸੁਰਤੀ ਸਚ ਸਿੰਘਾਸਣ ਕਰ ਬਿਸਰਾਮ, ਏਕਾ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖੇ ਹਰਿ, ਹਰਿਜਨ ਵਿਚ ਸਮਾਈਆ । ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਰੁੱਤ ਸੁਹਾਈਆ । ਵੇਖ ਵਖਾਣੇ ਚਾਰ ਕੁੰਟ ਦਹਿ ਦਿਸ਼ਾ ਨੌ ਦਰ, ਆਪ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਆਪਣਾ ਆਪ ਰਹੀ ਹਰ, ਕਰਮ ਕੁਕਰਮ ਨਾ ਕੋਇ ਵੇਖ ਵਖਾਈਆ । ਸਾਧ ਸੰਤ ਆਪਣਾ ਧਰਮ ਗਏ ਹਰ, ਨਾ ਕੋਈ ਧੀਰਜ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਤੇਰੇ ਕਾਚੇ ਸੰਤ, ਬੈਠੇ ਧੂਣੀਆਂ ਤਾਈਆ । ਗੁਰ ਪੀਰ ਰੁੱਤ ਮਾਨਣ ਇਕ ਬਸੰਤ, ਮਾਇਆ ਰਾਣੀ ਸੇਜ ਵਛਾਈਆ । ਭਰਮੇ ਭੁੱਲੇ ਜੀਵ ਜੰਤ, ਸਚ ਸੰਦੇਸ਼ ਨਾ ਕੋਈ ਸੁਣਾਈਆ । ਮਿਲੇ ਮੇਲ ਨਾ ਸਾਚੇ ਕੰਤ, ਚਾਰ ਵਰਨ ਫਿਰਦੇ ਵਾਹੋ ਦਾਹੀਆ । ਪਾਰਬ੍ਰਹਮ ਤੇਰੀ ਮਹਿਮਾ ਅਗਣਤ, ਨਾ ਕੋਈ ਲੇਖਾ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿ ਭਾਣੇ ਵਿਚ ਸਮਾਈਆ । ਹਰਿ ਭਾਣਾ ਬਲਵਾਨ, ਆਪਣੇ ਹੱਥ ਰਖਾਇਆ । ਏਕਾ ਏਕ ਧੁਰ ਫ਼ਰਮਾਨ, ਸ਼ਬਦ ਸੰਦੇਸ਼ ਰਖਾਇਆ । ਜਨ ਭਗਤਾਂ ਦੇਵੇ ਦਰ ਦਰ ਘਰ ਘਰ ਆਨ, ਹੋ ਪਰਵੇਸ਼ ਦਇਆ ਕਮਾਇਆ । ਕਲਜੁਗ ਤੇਰੀ ਅੰਤਮ ਲਾਹੇ ਮਕਾਨ, ਹਾੜ ਸਤਾਰਾਂ ਤ੍ਰੈ ਲੋਕਾਂ ਸਤਾਰਵੀਂ ਆਪ ਕਰਾਵਣ ਆਇਆ । ਜਨ ਭਗਤਾਂ ਬਖ਼ਸ਼ੇ ਚਰਨ ਧੂੜ ਭੂਮਿਕਾ ਸਚ ਅਸਥਾਨ, ਸਾਚਾ ਮੰਦਰ ਇਕ ਸੁਹਾਇਆ । ਆਪੇ ਹੋਇਆ ਜਾਣੀ ਜਾਣ, ਜਾਨਣਹਾਰ ਆਪ ਅਖਵਾਇਆ ।

੮੨੨ ੦੬

ਗੁਰਸਿੱਖ ਗਊ ਗਰੀਬ ਨਿਮਾਣਿਆਂ ਦਰ ਦਵਾਰੇ ਦੇਵੇ ਮਾਣ, ਏਕਾ ਨਾਮ ਜਪਾਇਆ । ਮਨਮੁਖ ਕੀਤਾ ਆਪਣਾ ਪਾਣ, ਰਾਏ ਧਰਮ ਦਏ ਸਜਾਇਆ । ਹਰਿ ਹਰਿ ਹਰਿ ਸੰਗਤ ਕਰ ਪਛਾਣ, ਹਰਿਜਨ ਸਾਚਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਣ ਵੇਖਣ ਆਇਆ । ਹਰਿ ਸੰਗਤ ਰੰਗ ਸਾਚਾ ਚਾੜ੍ਹ, ਜੋਤੀ ਨੂਰ ਸਵਾਈਆ । ਦਰ ਘਰ ਸਾਚੇ ਆਪੇ ਵਾੜ, ਅੰਦਰ ਮੰਦਰ ਖੋਜ ਖੁਜਾਈਆ । ਘਾੜਨਹਾਰਾ ਸਾਚਾ ਘਾੜ, ਘੜਨ ਭੰਨਣਹਾਰ ਹਰਿ ਸਮਰਥ ਏਕਾ ਏਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਰੰਗਤ ਰੰਗ ਰੰਗਾਈਆ । ਏਕਾ ਸੰਗਤ ਏਕਾ ਭਿਛਿਆ, ਆਤਮ ਝੋਲੀ ਡਾਹੀਆ । ਹਰਿ ਸੰਗਤ ਹਰਿ ਦਰ ਪਰਵਾਨ, ਹਰਿ ਦਰ ਵੱਜੀ ਵਧਾਈਆ । ਧਰਮ ਝੁਲਾਏ ਸਚ ਨਿਸ਼ਾਨ, ਸੱਤ ਰੰਗਾਂ ਆਪ ਰੰਗਾਈਆ । ਲਾਲ ਭੂਸ਼ਨ ਵਿਚ ਜਹਾਨ, ਕੰਚਨ ਰੂਪ ਸਮਾਈਆ । ਸੂਹਾ ਵੇਸ ਹਰਿ ਭਗਵਾਨ, ਚਿੱਟੀ ਧਾਰਾ ਰਿਹਾ ਚਲਾਈਆ । ਨੀਲੀ ਧਾਰੀ ਕਰ ਪ੍ਰਵਾਨ, ਪੀਲੀ ਵਿਚ ਸਮਾਈਆ । ਕਾਲਾ ਸੂਸਾ ਪੰਜ ਸ਼ੈਤਾਨ, ਈਸਾ ਮੂਸਾ ਤਨ ਪਹਿਨਾਈਆ । ਸਚ ਹਦੀਸਾ ਅੰਜੀਲ ਕੁਰਾਨ, ਸਚ ਹਦੀਸਾ ਇਕ ਸੁਣਾਈਆ । ਆਪੇ ਵੇਖੇ ਮਾਰ ਧਿਆਨ, ਬੀਸ ਬੀਸਾ ਖੇਲ ਖਿਲਾਈਆ । ਜਗਤ ਉਨੀਸਾ ਕਰ ਪਰਵਾਨ, ਐੜਾ ਅੱਲਾ ਸੰਗ ਰਖਾਈਆ । ਅਥਰਬਣ ਤੇਰਾ ਵੇਖ ਬਿਬਾਣ, ਅੱਲਾ ਰਾਣੀ ਰਾਹ ਤਕਾਈਆ । ਧਰਤ ਮਾਤ ਤੇਰਾ ਸਚ ਮੈਦਾਨ, ਨੌ ਖੰਡ ਵੇਖ ਵਖਾਈਆ । ਸ਼ਾਹ ਅਸਵਾਰ ਉਠ ਉਠ ਸਾਰੇ ਗਾਣ, ਆਪ ਆਪਣਾ ਤੰਗ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਸਾਚਾ ਵਰ, ਦਰ ਘਰ ਸੱਚੀ ਸਰਨਾਈਆ । ਦਰ ਘਰ ਸਾਚਾ ਹਰਿ ਭਗਵਾਨਾ, ਏਕਾ ਏਕ ਰਖਾਇਆ । ਭਗਤ ਜਨਾਂ ਹਰਿ ਬੰਨ੍ਹੇ ਗਾਨਾ, ਸਾਚਾ ਸਗਨ ਮਨਾਇਆ । ਸੋਹੰ ਚਿਲ੍ਹਾ ਤੀਰ ਕਮਾਨਾ, ਸਾਚੇ ਤਨ ਪਹਿਨਾਇਆ । ਆਪੇ ਵੇਖੇ ਮਾਰ ਧਿਆਨਾ, ਦੋ ਜਹਾਨਾਂ ਵੇਖ ਵਖਾਇਆ । ਪੰਜ ਤਤ ਤੇਰਾ ਸਚ ਮੈਦਾਨਾ, ਹਰਿ ਸਚ ਅਖਾੜ ਲਗਾਇਆ । ਆਪੇ ਹੋਇਆ ਜਾਣੀ ਜਾਣਾ, ਤ੍ਰੈ ਤ੍ਰੈ ਵੇਸ ਵਟਾਇਆ । ਗੁਰ ਸੰਗਤ ਦੇਵੇ ਧੁਰ ਫ਼ਰਮਾਨਾ, ਸਚ ਸੰਦੇਸ਼ ਉਪਾਇਆ । ਚਰਨ ਕਵਲ ਕਵਲ ਚਰਨ ਹਰਿ ਇਕ ਧਿਆਨਾ, ਆਵਣ ਜਾਵਣ ਦਏ ਕਟਾਇਆ । ਸੰਮਤ ਚੌਦਾਂ ਹੋ ਪ੍ਰਧਾਨਾ, ਲੋਕਮਾਤੀ ਰਿਹਾ ਜਗਾਇਆ । ਨਾ ਕੋਈ ਸੋਏ ਰਾਜਾ ਰਾਣਾ, ਸਾਧਾਂ ਸੰਤਾਂ ਆਲਸ ਨਿੰਦਰਾ ਰਿਹਾ ਲਾਹਿਆ । ਗੁਰਮੁਖ ਸਾਚੇ ਚਤੁਰ ਸੁਜਾਨਾ, ਆਪ ਆਪਣੀ ਬੂਝ ਬੁਝਾਇਆ । ਹਾੜ ਸਤਾਰਾਂ ਕਰ ਪ੍ਰਵਾਨਾ, ਨਾਮ ਨਿਧਾਨਾ ਝੋਲੀ ਪਾਇਆ । ਆਵਣ ਜਾਵਣ ਚੁੱਕੇ ਕਾਨਾ, ਲੱਖ ਚੁਰਾਸੀ ਫੰਦ ਕਟਾਇਆ । ਗੁਰਸਿਖ ਹਰਿਜਨ ਤੇਰਾ ਲੇਖਾ ਲਾਏ ਆਉਣਾ ਜਾਣਾ, ਪੀਣਾ ਖਾਣਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਪੈਜ ਰਖਾਇਆ । ਹਰਿ ਸੰਗਤ ਤੇਰੀ ਸਾਚੀ ਮਤ, ਹਰਿ ਆਪਣੇ ਹੱਥ ਰਖਾਈਆ । ਮੇਲ ਮਿਲਾਇਆ ਕਮਲਾਪਤ, ਕੰਤ ਕੰਤੂਹਲ ਹੋਏ ਸਹਾਈਆ । ਆਤਮ ਬੀਜ ਬੀਜੇ ਸਾਚੇ ਵੱਤ, ਫਲ ਫੁਲਵਾੜੀ ਮਾਤ ਲਗਾਈਆ । ਏਕਾ ਆਤਮ ਸਚ ਸਰੋਵਰ ਠੰਡਾ ਪਾਣੀ ਦੇਵੇ ਘੱਤ, ਨੀਰ ਸੀਰ ਇਕ ਉਪਾਈਆ । ਨਾਲ ਰਲਾਏ ਧੀਰਜ ਸਤਿ, ਸੰਤੋਖੀ ਸਤਿ ਧੀਰਜ ਆਪ ਰਖਾਈਆ । ਕਾਇਆ ਮੰਦਰ ਅੰਦਰ ਤੇਰਾ ਸਾਚਾ ਹੱਟ, ਸਾਚਾ ਧਾਮ ਸੁਹਾਈਆ । ਚੌਦਾਂ ਲੋਕ ਵਖਾਏ ਏਕਾ ਹੱਟ, ਏਕਾ ਵਸਤ ਟਿਕਾਈਆ । ਹਰਿ ਸੰਗਤ ਲਾਹਾ ਲੈਣਾ ਖੱਟ, ਦੂਸਰ ਕਿਸੇ ਹੱਥ ਨਾ ਆਈਆ । ਭਾਗ ਲਗਾਏ ਕਾਇਆ ਮੱਟ, ਹਰਿ

੮੨੩
੦੬

ਜੋਤੀ ਜੋਤ ਜਗਾਈਆ । ਚਰਨ ਦਵਾਰੇ ਹਰਿਜਨ ਆਉਣਾ ਨੱਠ ਨੱਠ, ਨਾਤਾ ਤੋੜਨਾ ਭੈਣਾਂ ਭਾਈਆ । ਕਾਇਆ ਬੁਰਜ ਜਾਣਾ ਢੱਠ, ਅੰਤ ਰਹਿਣ ਨਾ ਪਾਈਆ । ਹਰਿ ਸੰਗਤ ਤੇਰਾ ਸਚ ਇਕੱਠ, ਹਰਿ ਆਪੇ ਰਿਹਾ ਕਰਾਈਆ । ਤ੍ਰੈਗੁਣ ਮਾਇਆ ਤਪਿਆ ਮੱਠ, ਹਰਿ ਜੋਤੀ ਲੰਬੂ ਲਾਈਆ । ਇੱਕੀ ਜੇਠ ਕਰੀ ਚੱਠ, ਸੰਮਤ ਚੌਦਾਂ ਦਏ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਔਧ ਹੰਢਾਈਆ । ਕਲਜੁਗ ਤੇਰਾ ਪੈਂਡਾ ਜਾਏ ਮੁੱਕ, ਵੇਲਾ ਅੰਤ ਮੁਕਾਇੰਦਾ । ਸਤਿਜੁਗ ਸਾਚਾ ਰਾਹ ਜਾਏ ਢੁਕ, ਏਕਾ ਮਾਰਗ ਲਾਇੰਦਾ । ਸਿੰਘ ਸ਼ੇਰ ਰਿਹਾ ਬੁੱਕ, ਜੰਗਲ ਜੂਹ ਉਜਾੜ ਪਹਾੜ, ਵੇਖ ਵਖਾਇੰਦਾ । ਅੱਠ ਸੱਠ ਨੀਰ ਜਾਏ ਸੁੱਕ, ਗੰਗਾ ਗੋਦਾਵਰੀ ਨਾ ਨੀਰ ਵਹਾਇੰਦਾ । ਧਰਤ ਮਾਤ ਤੇਰੀ ਖਾਲੀ ਕਰੇ ਕੁੱਖ, ਲੱਖ ਚੁਰਾਸੀ ਮੁਖ ਛੁਪਾਇੰਦਾ । ਕਲਜੁਗ ਕਾਇਆ ਮਿਟੇ ਦੁੱਖ, ਅੰਤ ਰਹਿਣ ਨਾ ਪਾਇੰਦਾ । ਜਨ ਭਗਤਾਂ ਮਿਟਾਏ ਆਤਮ ਤ੍ਰਿਸ਼ਨਾ ਭੁੱਖ, ਚਿੰਤਾ ਸੋਗ ਮਿਟਾਇੰਦਾ । ਉਜਲ ਕਰਾਏ ਮਾਤ ਮੁਖ, ਸੋਹੰ ਸਾਚਾ ਜਾਪ ਜਪਾਇੰਦਾ । ਮਾਤ ਗਰਭ ਨਾ ਉਲਟਾ ਰੁੱਖ, ਦਸ ਦਸਮੇਸ਼ਾ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਏਕਾ ਘਰ, ਏਕਾ ਧਾਮ ਸੁਹਾਇੰਦਾ । ਏਕਾ ਘਰ ਚਰਨ ਦਵਾਰ, ਹਰਿਜਨ ਆਪ ਸਮਝਾਇੰਦਾ । ਪੂਰਬ ਲਹਿਣਾ ਕਰਮ ਵਿਚਾਰ, ਤਨ ਗਹਿਣਾ ਨਾਮ ਪਹਿਨਾਇੰਦਾ । ਨੇਤਰ ਨੈਣਾ ਦਰਸ ਅਪਾਰ, ਭਾਣਾ ਸਹਿਣਾ ਆਪ ਸਮਝਾਇੰਦਾ । ਕਲਜੁਗ ਅੰਤਮ ਵਹਿਣ ਵਹਿਣਾ ਸ੍ਰਿਸ਼ਟ ਸਬਾਈ ਡੋਬੇ ਵਿਚ ਮੰਝਧਾਰ, ਨਾ ਕੋਈ ਕਿਸੇ ਬਚਾਇੰਦਾ । ਗੁਰਮੁਖ ਸਾਚੇ ਹਰਿਜਨ ਹਰਿ ਸੰਗਤ ਮਿਲ ਮਿਲ ਬਹਿਣਾ, ਹਰਿ ਆਪਣੀ ਦਇਆ ਕਮਾਇੰਦਾ । ਵੇਲੇ ਅੰਤ ਕੰਤ ਸੰਤ ਭਗਵੰਤ ਮਾਤ ਰਹਿਣਾ, ਜੀਵ ਜੰਤ ਮੁਖ ਛੁਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਆਪ ਉਪਜਾਇੰਦਾ । ਹਰਿ ਸੰਗਤ ਤੇਰਾ ਗੁਰ ਭੰਡਾਰ, ਹਰਿ ਰਸਨਾ ਭੋਗ ਲਗਾਇੰਦਾ । ਵਰਤੇ ਵਰਤਾਵੇ ਵਿਚ ਸੰਸਾਰ, ਸਹਿੰਸਾ ਰੋਗ ਚੁਕਾਇੰਦਾ । ਤਨ ਮਨ ਕਾਇਆ ਦੇਵੇ ਠਾਰ, ਅਗਨੀ ਤ੍ਰਿਖਾ ਬੁਝਾਇੰਦਾ । ਅੰਮ੍ਰਿਤ ਆਤਮ ਦੇਵੇ ਠੰਢੀ ਠਾਰ, ਏਕਾ ਜਾਮ ਪਿਆਇੰਦਾ । ਮਾਨਸ ਜਨਮ ਨਾ ਆਏ ਹਾਰ, ਪਾਰ ਕਿਨਾਰ ਲਗਾਇੰਦਾ । ਏਕਾ ਦਏ ਨਾਮ ਹੁਲਾਰ, ਸਚ ਹੁਲਾਰਾ ਇਕ ਵਖਾਇੰਦਾ । ਵੇਖ ਵਖਾਏ ਕਾਮ ਕਰੋਧ ਲੋਭ ਮੋਹ ਹੰਕਾਰ, ਆਸਾ ਤ੍ਰਿਸ਼ਨਾ ਮੇਟ ਮਿਟਾਇੰਦਾ । ਨਾਮ ਕੱਪੜ ਤਨ ਸ਼ਿੰਗਾਰ, ਸਾਚਾ ਵੇਸ ਵਖਾਇੰਦਾ । ਆਪੇ ਹੋਇਆ ਪਹਿਰੇਦਾਰ, ਦਰ ਦਰਵੇਸ਼ ਅਖਵਾਇੰਦਾ । ਕਰੇ ਕਰਾਏ ਖ਼ਬਰਦਾਰ, ਨਰ ਨਰੇਸ਼ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦਇਆ ਕਮਾਇੰਦਾ । ਹਰਿ ਸੰਗਤ ਤੇਰਾ ਸਚ ਭੰਡਾਰ, ਲੋਕਮਾਤ ਵਰਤਾਇਆ । ਨੌ ਖੰਡ ਪ੍ਰਿਥਮੀ ਇਕ ਦਵਾਰ, ਏਕਾ ਘਰ ਰਿਹਾ ਵਖਾਇਆ । ਆਪੇ ਖੋਲ੍ਹੇ ਜਗਤ ਕਵਾੜ, ਆਪੇ ਰਾਹ ਚਲਾਇਆ । ਧੰਨ ਭਾਗ ਦਿਹਾੜਾ ਸਤਾਰਾਂ ਹਾੜ, ਸੰਮਤ ਚੌਦਾਂ ਵੇਖ ਵਖਾਇਆ । ਹਰਿ ਸੰਗਤ ਤੇਰੀ ਜੋਤ ਜਗਾਏ ਨਾੜ ਨਾੜ, ਅੰਧ ਅੰਧੇਰ ਮਿਟਾਇਆ । ਹਉਮੇ ਹੰਗਤਾ ਤ੍ਰਿਸ਼ਨਾ ਦੇਵੇ ਸਾੜ, ਅੰਦਰ ਮੰਦਰ ਡੇਰਾ ਲਾਇਆ । ਸਾਚੇ ਪੌੜੇ ਦੇਵੇ ਚਾੜ੍ਹ, ਡੂੰਘੀ ਕੰਦਰ ਵੇਖ ਵਖਾਇਆ । ਗੁਰਸਿਖ ਬਣਾਏ ਸਾਚੇ ਲਾੜ, ਨਾਰੀ ਨਰ ਆਪ ਅਖਵਾਇਆ । ਤੋੜੇ ਕਿਲ੍ਹਾ ਹੰਕਾਰੀ ਗੜ੍ਹ, ਏਕਾ ਤੀਰ ਨਿਸ਼ਾਨਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਾਚੇ ਘਰ, ਸਚ ਵਿਚੋਲਾ ਨਾਮ ਰਖਾਇਆ । ਨਾਮ ਵਿਚੋਲਾ ਪਾਏ ਫੇਰੇ, ਦੋਹਾਂ ਧਿਰਾਂ ਰਿਹਾ ਜਗਾਈਆ । ਸੰਤ ਸੁਹੇਲੇ ਗੁਰੂ ਗੁਰ

੮੨੪ ੦੬

ਚੇਲੇ, ਉਠ ਉਠ ਬੈਠੇ ਵੇਖਣ ਚਾਈਂ ਚਾਈਂਆ । ਮਨਮੁਖ ਸੁੱਤੇ ਗੂੜ੍ਹੀ ਨੀਂਦ ਘਨੇਰੇ, ਨਾ ਲਈ ਮਾਤ ਅੰਗੜਾਈਆ । ਸ਼ਬਦ ਵਿਚੋਲਾ ਪ੍ਰਭ ਅਬਿਨਾਸ਼ੀ ਦੇ ਆਇਆ ਡੇਰੇ, ਰਿਹਾ ਹਾਲ ਸੁਣਾਈਆ । ਕਵਣ ਜਾਣੇ ਪ੍ਰਭ ਗੁਣ ਤੇਰੇ, ਤੇਰੇ ਹੱਥ ਵੱਡੀ ਵਡਿਆਈਆ । ਕਲਜੁਗ ਵੇਲਾ ਅੰਤਮ ਦਿਸੇ ਨੇੜੇ, ਕਾਲੇ ਲੱਛਣ ਦੇਣ ਦੁਹਾਈਆ । ਦਰ ਦਰ ਘਰ ਘਰ ਮੰਦਰ ਗੁਰਦਰ ਮਸਜਿਦ ਛੇੜੇ ਝੇੜੇ, ਦਿਵਸ ਰੈਣ ਕਰਨ ਸਲਾਹੀਆ । ਲੱਗੀ ਅੱਗ ਕਾਇਆ ਖੇੜੇ, ਨਾ ਕੋਈ ਕਿਸੇ ਬੁਝਾਈਆ । ਲਾੜੀ ਮੌਤ ਧਰਮ ਰਾਏ ਦੇ ਆ ਬੈਠੀ ਵਿਹੜੇ, ਖੁਲ੍ਹੜੇ ਕੇਸ ਗਲ ਵਿਚ ਪਾਈਆ । ਚਿਤਰ ਗੁਪਤ ਕਰੇ ਹੱਕ ਨਿਬੇੜੇ, ਲਿਖਿਆ ਲੇਖ ਰਿਹਾ ਵਖਾਈਆ । ਪ੍ਰਭ ਅਬਿਨਾਸ਼ੀ ਛੇੜਾਂ ਛੇੜੇ, ਪੰਚਮ ਤਤ ਤੇਰੀ ਲੜਾਈਆ । ਸੰਮਤ ਚੌਦਾਂ ਤੇਰੇ ਹੱਕ ਨਿਬੇੜੇ, ਤ੍ਰੈ ਦੇਸ਼ਾਂ ਵੇਖ ਵਖਾਈਆ । ਨਿਰਗੁਣ ਜੜ੍ਹ ਆਪ ਉਖੇੜੇ, ਸਰਗੁਣ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਮੇਲ ਮਿਲਾਈਆ । ਹਰਿ ਸੰਗਤ ਤੇਰਾ ਨਾਮ ਭੰਡਾਰ, ਪ੍ਰਭ ਸਾਚਾ ਆਪ ਵਰਤਾਇੰਦਾ । ਪਰਗਟ ਹੋ ਵਿਚ ਸੰਸਾਰ, ਜੋਤੀ ਜਾਮਾ ਭੇਖ ਵਟਾਇੰਦਾ । ਨਿਹਕਲੰਕੀ ਨਾਉਂ ਅਪਾਰਾ, ਸ਼ਬਦ ਡੰਕੀ ਇਕ ਵਜਾਇੰਦਾ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾਇੰਦਾ । ਸ਼ਬਦ ਘੋੜੇ ਹੋ ਅਸਵਾਰਾ, ਚਿੱਟਾ ਅਸਵ ਆਪ ਦੁੜਾਇੰਦਾ । ਲੋਕਮਾਤ ਕਰੇ ਖ਼ਬਰਦਾਰਾ, ਸ੍ਰਿਸ਼ਟ ਸਬਾਈ ਆਪ ਹਿਲਾਇੰਦਾ । ਹਰਿਜਨ ਸਾਚੇ ਲਏ ਉਭਾਰ, ਆਪ ਆਪਣੇ ਚਰਨ ਲਗਾਇੰਦਾ । ਏਕਾ ਬਖ਼ਸ਼ੇ ਨਾਮ ਅਧਾਰ, ਸਚ ਵਸਤ ਹਰਿ ਝੋਲੀ ਪਾਇੰਦਾ । ਹਰਿ ਸੰਗਤ ਤੇਰਾ ਇਕ ਪਿਆਰ, ਭੈਣਾ ਭਈਆ ਰੂਪ ਸਮਾਇੰਦਾ । ਸਾਚਾ ਸਈਆ ਆਪ ਕਰਤਾਰ, ਏਕਾ ਨਈਆ ਨਾਮ ਚੜ੍ਹਾਇੰਦਾ । ਧਰਮ ਰਾਏ ਨਾ ਕੱਢੇ ਵਹੀਆ ਲੇਖਾ ਲਿਖੇ ਨਾ ਕੋਈ ਵਿਚਾਰ, ਨਾ ਕੋਈ ਹਿਸਾਬ ਮੁਕਾਇੰਦਾ । ਜੋ ਜਨ ਆਏ ਪ੍ਰਭ ਚਰਨ ਦਵਾਰ, ਮਾਨਸ ਜਨਮ ਲੇਖੇ ਲਾਇੰਦਾ । ਕਰਮ ਜਰਮ ਧਰਮ ਵਰਨ ਹੱਥ ਸਰਕਾਰ, ਸਾਚੀ ਸਿਖਿਆ ਆਪ ਸਮਝਾਇੰਦਾ । ਲਹਿਣਾ ਦੇਣਾ ਕਰਜ ਉਤਾਰ, ਹਰਿ ਸੰਗਤ ਤੇਰੀ ਝੋਲੀ ਪਾਇੰਦਾ । ਵੇਖੇ ਵਿਗਸੇ ਕਰ ਵਿਚਾਰ, ਵੇਖਣਹਾਰਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਭੰਡਾਰਾ ਤੇਰਾ ਭਰ, ਆਪ ਆਪਣੀ ਸੇਵ ਕਮਾਇੰਦਾ । ਜੋਤੀ ਜਾਮਾ ਭੇਖ ਧਰ, ਦਰ ਦਰਵੇਸ਼ ਅਖਵਾਇੰਦਾ । ਨਿਹਕਲੰਕ ਨਰਾਇਣ ਨਰ, ਹਰਿਜਨ ਰੂਪ ਸਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਘਰ ਅਲਖ ਜਗਾਇੰਦਾ । ਹਰਿ ਸੰਗਤ ਹੋਏ ਦਰ ਪ੍ਰਵਾਨ, ਹੋ ਪਰਤੱਖ ਦਰਸ ਦਿਖਾਇੰਦਾ । ਆਪੇ ਦਾਤਾ ਦਾਨੀ ਦੇਵੇ ਸੱਚਾ ਦਾਨ, ਸੋਹੰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਸ਼ਬਦ ਸਰੂਪੀ ਸਾਚੀ ਡੋਲੀ ਆਪੇ ਆਪ ਚੜ੍ਹਾਇੰਦਾ ।



### ❋ ਪਹਿਲੀ ਸਾਵਣ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❋

ਕਵਣ ਸ਼ਬਦ ਕਵਣ ਧਾਰ, ਕਵਣ ਜੋਤ ਜਗਾਇੰਦਾ । ਕਵਣ ਰੂਪ ਰੰਗ ਅਪਾਰ, ਕਵਣ ਭੇਖ ਵਟਾਇੰਦਾ । ਕਵਣ ਸੰਗ ਸੰਤ ਦੁਲਾਰ, ਕਵਣ ਰੰਗ ਚੜ੍ਹਾਇੰਦਾ । ਕਵਣ ਵੇਖੇ ਦਰ ਦਰਬਾਰ, ਕਵਣ ਡੇਰਾ ਲਾਇੰਦਾ । ਕਵਣ ਕਰੇ ਜੋਤ ਨਿਰੰਜਣ ਇਕ ਅਕਾਰ, ਕਵਣ ਸਰਬ ਸਮਾਇੰਦਾ ।

ਕਵਣ ਰੂਪ ਵੇਖੇ ਵੇਖਣਹਾਰ, ਕਵਣ ਭੂਪ ਅਖਵਾਇੰਦਾ । ਕਵਣ ਕੂਟ ਵਸੇ ਹਰਿ ਨਿਰੰਕਾਰ, ਕਵਣ ਸਿੰਘਾਸਣ ਡੇਰਾ ਲਾਇੰਦਾ । ਕਵਣ ਤੀਰ ਨਿਰਾਲਾ ਜਾਏ ਛੂਟ, ਜੋਧਾ ਸੂਰਬੀਰ ਕਵਣ ਚਲਾਇੰਦਾ । ਕਵਣ ਭਾਂਡਾ ਕਾਇਆ ਕਾਚਾ ਜਾਏ ਫੂਟ, ਅੰਧ ਅੰਧੇਰ ਮਿਟਾਇੰਦਾ । ਕਵਣ ਫਲ ਜਾਏ ਟੂਟ, ਕਵਣ ਰਸ ਚੁਆਇੰਦਾ । ਕਵਣ ਅੰਮ੍ਰਿਤ ਆਤਮ ਸਾਚਾ ਘੁਟ, ਕਵਣ ਨਿਝਰ ਧਾਰਾ ਵਹਾਇੰਦਾ । ਕਵਣ ਰਸ ਦੋ ਜਹਾਨੀ ਰਿਹਾ ਲੂਟ, ਕਵਣ ਝੋਲੀ ਪਾਇੰਦਾ । ਕਵਣ ਪਿਤਾ ਕਵਣ ਪੂਤ, ਕਵਣ ਮਾਤ ਅਖਵਾਇੰਦਾ । ਕਵਣ ਬੈਠਾ ਕਾਇਆ ਰੂਠ, ਕਵਣ ਮੇਲ ਮਿਲਾਇੰਦਾ । ਕਵਣ ਵਖਾਏ ਖਾਲੀ ਠੂਠ, ਕਵਣ ਨਾਮ ਭਰਾਇੰਦਾ । ਕਵਣ ਮੇਟੇ ਜੂਠ ਝੂਠ, ਕਵਣ ਸੇਜ ਸੁਹਾਇੰਦਾ । ਕਵਣ ਦਾਤਾ ਜਾਏ ਤੁਠ, ਹਰਿ ਸੰਤਾਂ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਇਕ ਸੁਹਾਇੰਦਾ । ਕਵਣ ਰਾਜ ਕਵਣ ਜੋਗ, ਕਵਣ ਸ਼ਬਦ ਸੁਣਾਸਿਆ । ਕਵਣ ਤ੍ਰਿਸ਼ਨਾ ਕਵਣ ਆਸਾ ਕਵਣ ਰਸ ਰਸਨਾ ਭੋਗ, ਕਵਣ ਕਰੇ ਬੰਦ ਖੁਲ੍ਹਾਸਿਆ । ਕਵਣ ਮੇਲ ਮਿਲਾਏ ਧੁਰ ਸੰਜੋਗ, ਕਵਣ ਦੇਵੇ ਧੀਰ ਧਰਵਾਸਿਆ । ਕਵਣ ਚੁਗਾਏ ਆਤਮ ਚੋਗ, ਸਾਚਾ ਸ਼ਬਦ ਇਕ ਅਪਣਾਸਿਆ । ਕਵਣ ਦਿਸਾਏ ਦਰਸ ਅਮੋਘ, ਸਾਚੇ ਮੰਡਲ ਪਾਵੇ ਰਾਸਿਆ । ਕਵਣ ਮਿਟਾਏ ਦੂਈ ਦਵੈਤੀ ਹਉਮੇ ਰੋਗ, ਦੇਵੇ ਦਾਨ ਚਰਨ ਭਰਵਾਸਿਆ । ਕਵਣ ਉਡਾਏ ਪਾਰ ਕਰਾਏ ਤੀਨੋ ਲੋਕ, ਘਰ ਚੌਥੇ ਮੇਲ ਸ਼ਾਹੋ ਸ਼ਾਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਮੰਦਰ ਵੇਖੇ ਇਕ ਘਰ, ਦਿਵਸ ਰੈਣ ਪਰਭਾਤਿਆ । ਕਵਣ ਦਿਵਸ ਕਵਣ ਰੈਣ, ਕਵਣ ਰਵ ਸਸ ਸਿਤਾਰਿਆ । ਕਵਣ ਨੇਤਰ ਕਵਣ ਨੈਣ, ਕਵਣ ਲੋਚਨ ਨੈਣ ਮੁੰਧਾਰਿਆ । ਕਵਣ ਸਾਕ ਕਵਣ ਸੈਣ, ਕਵਣ ਸੱਜਣ ਵਿਚ ਸੰਸਾਰਿਆ । ਕਵਣ ਮਾਤ ਕਵਣ ਪਿਤ ਕਵਣ ਭਾਈ ਕਵਣ ਭੈਣ, ਕਵਣ ਕਰੇ ਸਚ ਪਿਆਰਿਆ । ਕਵਣ ਨਾਤਾ ਕਵਣ ਦਾਤਾ ਕਵਣ ਮਿਲਾਏ ਪੁਰਖ ਬਿਧਾਤਾ, ਵੇਖ ਵਖਾਣੇ ਡੂੰਘੀ ਗਾਰਿਆ । ਕਵਣ ਰੱਤ ਕਵਣ ਸਤ ਕਵਣ ਮਤ ਕਵਣ ਮਨ ਬੁਧ ਕਰੇ ਵਿਸਥਾਰਿਆ । ਕਵਣ ਧੀਰਜ ਕਵਣ ਯਤ, ਕਵਣ ਮੇਲ ਮਿਲਾਏ ਕਮਲਾਪਤ, ਪਤ ਪਤਵੰਤਾ ਕਵਣ ਮਿਲਾ ਰਿਹਾ । ਕਵਣ ਡੋਰੀ ਕਵਣ ਨੱਥ ਕਵਣ ਰੂਪ ਹਰਿ ਸਮਰਥ, ਕਵਣ ਖੇਲ ਖਿਲਾ ਰਿਹਾ । ਕਵਣ ਰਾਮਾ ਕਵਣ ਦਸਰਥ, ਕਵਣ ਤੀਰ ਕਮਾਨ ਉਠਾ ਰਿਹਾ । ਕਵਣ ਕਾਹਨਾ ਜੋਧਾ ਸੂਰਬੀਰ (ਸਮਰਥ), ਕਵਣ ਅਰਜਨ ਗੀਤਾ ਗਿਆਨ ਸੁਣਾ ਰਿਹਾ । ਕਵਣ ਨਾਨਕ ਗੋਬਿੰਦ ਦਰਸ ਸਗਲ ਵਸੂਰੇ ਜਾਇਣ ਲੱਥ, ਕਵਣ ਵਿਛੜੇ ਜੋੜ ਜੁੜਾ ਰਿਹਾ । ਕਵਣ ਲੇਖ ਚੁਕਾਏ ਸਾਢੇ ਤਿੰਨ ਤਿੰਨ ਹੱਥ, ਬੰਦੀ ਤੋੜ ਕਵਣ ਅਖਵਾ ਰਿਹਾ । ਕਵਣ ਬਿਠਾਏ ਨਾਮ ਬਿਬਾਣ ਸਾਚੇ ਰਥ, ਲੋਆਂ ਪੁਰੀਆਂ ਪਾਰ ਕਰਾ ਰਿਹਾ । ਕਵਣ ਚਲਾਏ ਜੁਗ ਜੁਗ ਮਹਿੰਮਾ ਅਕੱਥ, ਵੇਦ ਪੁਰਾਨ ਸ਼ਾਸਤਰ ਸਿਮਰਤ ਭੇਵ ਕੋਈ ਨਾ ਪਾ ਰਿਹਾ । ਕਵਣ ਕਰਾਏ ਗੁਰਮੁਖ ਗੁਰ ਗੁਰ ਚੇਲੇ ਸੰਤ ਸੁਹੇਲੇ ਦਰ ਘਰ ਇਕੱਠ, ਕਵਣ ਜੋਤੀ ਸ਼ਬਦ ਮਿਲਾ ਰਿਹਾ । ਕਵਣ ਕਾਇਆ ਕਵਣ ਮੰਦਰ ਕਵਣ ਟਿੱਲਾ ਜਾਏ ਢੱਠ, ਕਵਣ ਅਟੱਲ ਰਖਾ ਰਿਹਾ । ਕਵਣ ਨਹਾਵਣ ਤੀਰਥ ਅੱਠ ਸੱਠ, ਗੰਗਾ ਗੋਦਾਵਰੀ ਕਵਣ ਵਹਾ ਰਿਹਾ । ਕਵਣ ਪੂਜਾ ਕਵਣ ਪਾਠ ਕਵਣ ਅੱਖਰ ਹਰਿ ਵੱਖਰ, ਹਰਿ ਸੰਤਾਂ ਆਪ ਜਣਾ ਰਿਹਾ । ਕਵਣ ਤੋੜੇ ਬਜਰ ਕਪਾਟੀ ਪੱਥਰ, ਕਵਣ ਸਿਲਾ ਦੂਰ ਕਰਾ ਰਿਹਾ । ਕਵਣ ਨੇਤਰ ਨੀਰ ਵਰੋਲੇ ਅੱਥਰ, ਕਵਣ ਨਿਝਰ ਧਾਰ ਚੁਆ ਰਿਹਾ । ਕਵਣ ਤਤ ਲੱਭੇ ਸੱਥਰ, ਕਵਣ ਖੰਡਾ ਹਰਿ ਉਠਾ ਰਿਹਾ । ਕਵਣ ਰੂਪ ਹਰਿ ਸ਼ਾਹੋ ਭੂਪ, ਕਵਣ


੮੨੬ ੦੬

ਸਿੰਘਾਸਣ ਸੇਜ ਵਛਾ ਰਿਹਾ । ਕਵਣ ਜੋਤ ਪਰਕਾਸ਼ ਕਰੇ ਅੰਧ ਕੂਪ, ਸਤਿ ਸਰੂਪ ਇਕ ਵਖਾ ਰਿਹਾ । ਨੌਂ ਦਵਾਰੇ ਦਿਸਣ ਝੂਠ, ਜਗਤ ਮੰਦਰ ਇਕ ਸੁਹਾ ਰਿਹਾ । ਸੰਤ ਸੁਹੇਲੇ ਨਾਮ ਦਾਨ ਧੁਰਦਰਗਾਹੀ ਦੇਵੇ ਏਕਾ ਮੁਠ, ਆਤਮ ਝੋਲੀ ਆਪ ਭਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਖਿਲਾ ਰਿਹਾ । ਹਰਿ ਭਜਨ ਹਰਿ ਕਾ ਨਾਉਂ, ਕਵਣ ਦਵਾਰ ਵਸੇਰਾ । ਕਵਣ ਨਗਾਰਾ ਕਵਣ ਗਰਾਉਂ, ਕਵਣ ਧਾਮ ਡੇਰਾ । ਕਵਣ ਬਿਰਖ ਦੇਵੇ ਠੰਢੀ ਛਾਉਂ, ਕਵਣ ਚੁਕਾਏ ਮੇਰਾ ਤੇਰਾ । ਕਵਣ ਪਿਤਾ ਕਵਣ ਮਾਉਂ, ਕਵਣ ਕਰੇ ਹੱਕ ਨਿਬੇੜਾ । ਕਵਣ ਹੰਸ ਬਣਾਏ ਕਾਉਂ, ਮੇਲ ਮਿਲਾਏ ਕਾਇਆ ਖੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਹਰਿ ਸੰਤਨ ਦਰ ਖੁਲ੍ਹਾ ਵਿਹੜਾ ।

ਆਦਿ ਸ਼ਕਤ ਆਦਿ ਭਵਾਨੀ, ਜੋਤੀ ਜੋਤ ਅਕਾਲਿਆ । ਆਸ਼ਾ ਮਨਸਾ ਇਕ ਨਿਸ਼ਾਨੀ, ਹਰਿ ਸ਼ਬਦੀ ਸ਼ਬਦ ਮਹਾਨਿਆ । ਨਾ ਕੋਈ ਜਾਣੇ ਵੇਦ ਪੁਰਾਨੀ, ਹਰਿ ਖੇਲੇ ਖੇਲ ਮਹਾਨਿਆ । ਹਰਿ ਸਰੂਪ ਪਦ ਨਿਰਬਾਨੀ, ਏਕਾ ਏਕ ਵਖਾਨਿਆ । ਪੰਜ ਤਤ ਨਾ ਕੋਈ ਨਿਸ਼ਾਨੀ, ਮਨ ਮਤ ਬੁੱਧ ਨਾ ਕੋਈ ਰਖਾਨਿਆ । ਨਾ ਕੋਈ ਵੇਦ ਸ਼ਸਤਰ ਨਾ ਕੋਈ ਅੰਜ਼ੀਲ ਕੁਰਾਨ ਨਾਨਕ ਅਰਜਨ ਬਾਣੀ, ਨਾ ਕੋਈ ਲੇਖ ਲਿਖਾਨਿਆ । ਇਕ ਇਕੱਲਾ ਹਰਿ ਸੁਲਤਾਨੀ, ਬੈਠਾ ਸਚ ਤਖ਼ਤ ਸੁਲਤਾਨਿਆ । ਜੋਤੀ ਨੂਰ ਜਗੇ ਮਹਾਨੀ, ਅਕਲ ਕਲਾ ਅਖਵਾਨਿਆ । ਖੇਲੇ ਖੇਲ ਦੋ ਜਹਾਨੀ, ਲੋਆਂ ਪੁਰੀਆਂ ਬਣਤ ਬਣਾਨਿਆ । ਬ੍ਰਹਮਾ ਵਿਸ਼ਨ ਸ਼ਿਵ ਦੇਵੇ ਦਾਨੀ, ਦਾਤਾ ਦਾਨੀ ਆਪ ਅਖਵਾਨਿਆ । ਤ੍ਰੈਗੁਣ ਮਾਇਆ ਗੁਣ ਨਿਧਾਨੀ, ਸਾਚੀ ਰਚਨਾ ਆਪ ਰਚਾਨਿਆ । ਲੱਖ ਚੁਰਾਸੀ ਖੇਲ ਮਹਾਨੀ, ਸੇਵਕ ਸੇਵਾ ਆਪ ਕਮਾਨਿਆ । ਨਿਰਗੁਣ ਵਿਟਹੋਂ ਕਰ ਕੁਰਬਾਨੀ, ਆਪ ਆਪਣਾ ਅੰਗ ਕਟਵਾਨਿਆ । ਨਿਝ ਘਰ ਬੈਠਾ ਸਚ ਅਸਥਾਨੀ, ਸਾਚਾ ਧਾਮ ਸੁਹਾਨਿਆ । ਸਾਧਾਂ ਸੰਤਾਂ ਦੇਵੇ ਧੁਰ ਫ਼ਰਮਾਨੀ, ਏਕਾ ਸ਼ਬਦ ਸੁਣਾਨਿਆ । ਰਾਗ ਅਨਾਦੀ ਧੁਨ ਆਤਮਕ ਸੁਣਾਏ ਸਾਚੀ ਬਾਣੀ, ਛੱਤੀ ਰਾਗ ਭੇਵ ਨਾ ਜਾਨਿਆ । ਅੰਮ੍ਰਿਤ ਆਤਮ ਦੇਵੇ ਠੰਢਾ ਪਾਣੀ, ਤਟ ਤੀਰਥ ਇਕ ਵਖਾਨਿਆ । ਸੁਰਤ ਸ਼ਬਦ ਮੇਲ ਮਿਲਾਏ ਸਾਚੇ ਹਾਣੀ, ਏਕਾ ਦੂਜਾ ਸੰਗ ਨਿਭਾਨਿਆ । ਮਾਰੇ ਤੀਰ ਇਕ ਨਿਸ਼ਾਨੀ, ਬੰਦ ਕਵਾੜਾ ਖੋਲ੍ਹ ਵਿਖਾਨਿਆ । ਆਤਮ ਸੇਜਾ ਕਰ ਪਰਵਾਨੀ, ਹਰਿ ਖੇਲੇ ਨੂਰ ਜਹਾਨਿਆ । ਸਾਚੇ ਮੰਦਰ ਸਾਚੀ ਰਾਣੀ, ਸੰਤ ਸੁਹੇਲੇ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਸਮਾਨਿਆ । ਏਕਾ ਅਲ੍ਹਾ ਏਕਾ ਨੂਰ, ਏਕਾ ਰੰਗ ਅਲਾਹੀਆ । ਏਕਾ ਸ਼ਬਦ ਏਕਾ ਤੂਰ, ਇਕ ਮਰਦੰਗ ਵਜਾਈਆ । ਏਕਾ ਆਸਾ ਮਨਸਾ ਪੂਰ, ਏਕਾ ਦੂਜਾ ਭਉ ਚੁਕਾਈਆ । ਤੀਜਾ ਨੇਤਰ ਖੋਲ੍ਹ ਹਜ਼ੂਰ, ਚੌਥੇ ਘਰ ਸਮਾਈਆ । ਪੰਚਮ ਮੀਤਾ ਨਾ ਨੇੜੇ ਨਾ ਦਿਸੇ ਦੂਰ, ਸਦਾ ਅਤੀਤਾ ਆਪ ਅਖਵਾਈਆ । ਛੇਵੇਂ ਛੱਪਰ ਛੰਨ ਨਾ ਕੋਈ ਬੇੜਾ ਪੂਰ, ਵੰਞ ਮੁਹਾਣਾ ਨਾ ਕੋਈ ਰਖਾਈਆ । ਸਤਵੇਂ ਸਤਿ ਪੁਰਖ ਨਿਰੰਜਣ ਹਾਜ਼ਰ ਹਜ਼ੂਰ, ਦਰਸ ਦਿਖਾਈਆ । ਜਗਤ ਨਾਤਾ ਤੋੜੇ ਕੂੜੋ ਕੂੜ, ਜੂਠ ਝੂਠ ਨੇੜ ਨਾ ਆਈਆ । ਚਰਨ ਪ੍ਰੀਤੀ ਬਖ਼ਸ਼ੇ ਸਾਚੀ ਧੂੜ, ਕੌਸਤਕ ਮਣੀਆ ਮਸਤਕ ਟਿੱਕਾ ਏਕਾ ਲਾਈਆ । ਮਨ ਮੂਰਖ ਨਾ ਸਮਝੇ ਮੂੜ੍ਹ, ਮਨ ਮਤੀ ਭਰਮ ਭੁਆਈਆ । ਹਰਿਜਨ

ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਲਖ ਨਿਰੰਜਣ ਜੋਤ ਨਿਰੰਜਣ ਆਪਣੇ ਅੰਗ ਲਗਾਈਆ । ਏਕਾ ਅਲ੍ਹਾ ਅਹਿਨਲ ਹੱਕ, ਹਕੀਕਤ ਜਾਨਿਆ । ਪਰਵਰਦਿਗਾਰ ਰਾਹ ਰਿਹਾ ਤੱਕ, ਅਹਿਬਾਬ ਕਰੇ ਪਛਾਨਿਆ । ਅੰਤਮ ਮੇਲਾ ਮੁਕਾਮੇ ਹੱਕ, ਖ਼ੁਦੀ ਖ਼ੁਦਾਈ ਮੇਟ ਮਿਟਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਕਰ ਕਰ ਮੇਲੇ ਦਰ ਦਵਾਰ ਕਰੇ ਪਰਵਾਨਿਆ । ਸਾਚਾ ਨੂਰ ਐਲੀ ਅਲ੍ਹਾ, ਏਕਾ ਪਰਵਰਦਿਗਾਰਿਆ । ਸ਼ਬਦ ਵਸਾਏ ਸਮ ਮਹੱਲਾ, ਨਾ ਕੋਈ ਚਾਰ ਦਿਵਾਰਿਆ । ਆਪ ਸਮਾਏ ਜਲ ਥਲਾ, ਡੂੰਘੀ ਕੰਦਰ ਉਚ ਪਹਾੜਿਆ । ਲੱਖ ਚੁਰਾਸੀ ਕਾਇਆ ਅੰਦਰ ਮੌਲਾ, ਮੌਲਾ ਰੂਪ ਸਮਾ ਰਿਹਾ । ਜਨ ਭਗਤਾਂ ਉਲਟਾ ਕਰੇ ਨਾਭ ਕਵਲਾ, ਅੰਮ੍ਰਿਤ ਝਿਰਨਾ ਆਪ ਝਿਰਾ ਰਿਹਾ । ਆਬ ਹਯਾਤ ਮਿਲੇ ਕਿਰਨਾ, ਦੋ ਦੋ ਆਬ ਮੇਲ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੁੰਨ ਸਵਾਬ ਪਾਪ ਆਪਣੇ ਹੱਥ ਰਖਾ ਰਿਹਾ । ਆਪ ਆਪਣੇ ਹੱਥ ਰਖਾਏ, ਏਕਾ ਸ਼ਬਦ ਵਡਿਆਈਆ । ਲੱਖ ਚੁਰਾਸੀ ਜੋਤ ਜਗਾਏ, ਨਿਰਗੁਣ ਰੂਪ ਸਮਾਈਆ । ਨਿਰਗੁਣ ਸਰਗੁਣ ਖੇਲ ਖਿਲਾਏ, ਸਾਚੀ ਬਣਤ ਬਣਾਈਆ । ਸਤਿ ਪੁਰਖ ਨਿਰੰਜਣ ਦਇਆ ਕਮਾਏ, ਜੁਗ ਜੁਗ ਭੇਸ ਵਟਾਈਆ । ਸੰਤ ਸੁਹੇਲੇ ਆਪ ਉਪਾਏ, ਆਪ ਆਪਣਾ ਸੰਗ ਨਿਭਾਈਆ । ਦੀਪਕ ਜੋਤੀ ਇਕ ਜਗਾਏ, ਅਗਿਆਨ ਅੰਧੇਰ ਮਿਟਾਈਆ । ਸ਼ਬਦ ਅਨਾਦੀ ਧੁਨ ਉਪਜਾਏ, ਸਾਚਾ ਰਾਗ ਅਲਾਈਆ । ਪੰਚਮ ਪੰਚਮ ਸੇਵਾ ਲਾਏ, ਪੰਚਮ ਸੇਵਾ ਰਿਹਾ ਸੁਣਾਈਆ । ਸੁਨ ਸਮਾਧੀ ਆਪ ਖੁਲ੍ਹਾਏ, ਸੁਨ ਮੰਡਲ ਬਾਹਰ ਕਰਾਈਆ । ਬੋਧ ਅਗਾਧੀ ਸ਼ਬਦ ਜਣਾਏ, ਅਕੱਥ ਕਥਾ ਰਖਾਈਆ । ਮੋਹਣ ਮਾਧਵ ਮਾਧੀ ਮੇਲ ਮਿਲਾਏ, ਜੋਤ ਨਿਰੰਜਣ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਦਰ ਘਰ ਸਾਚਾ ਵੇਖ ਵਖਾਈਆ । ਹਰਿਜਨ ਸਾਜਨ ਸਾਚਾ ਸ਼ਾਹੋ, ਏਕਾ ਏਕ ਅਕਾਲਿਆ । ਆਪੇ ਦਾਤਾ ਬੇਪਰਵਾਹੋ, ਦੀਨਾ ਬੰਧਪ ਦੀਨ ਦਿਆਲਿਆ । ਜੁਗ ਜੁਗ ਬਣੇ ਮਾਤ ਮਲਾਹੋ, ਨਾਮ ਚਪੂ ਇਕ ਰਖਾ ਲਿਆ । ਗੁਰਮੁਖਾਂ ਮੇਲ ਮਿਲਾਏ ਥਾਈਂ ਥਾਉਂ, ਹਰਿ ਸ਼ਬਦੀ ਆਪ ਜਗਾ ਲਿਆ । ਪਕੜ ਉਠਾਏ ਧੁਰਦਰਗਾਹੀ ਬਾਹੋਂ, ਆਤਮ ਸੇਜਾ ਡੇਰਾ ਲਾ ਲਿਆ । ਇਕ ਵਖਾਏ ਸਾਚਾ ਨਾਉਂ, ਲਿਖਣ ਪੜ੍ਹਨ ਵਿਚ ਨਾ ਆ ਰਿਹਾ । ਮੇਲ ਮਿਲਾਏ ਅਗੰਮ ਅਥਾਹੋ, ਅਗੰਮ ਅਥਾਹ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾ ਲਿਆ । ਸਾਚਾ ਘਰ ਦਰ ਦਰਬਾਰ, ਜਗੇ ਜੋਤ ਨੁਰਾਨਿਆ । ਇਕ ਇਕੱਲਾ ਏਕੰਕਾਰ, ਓਅੰਕਾਰਾ ਰੂਪ ਸਮਾਨਿਆ । ਏਕਾ ਸ਼ਬਦ ਸੱਚੀ ਧੁਨਕਾਰ, ਬ੍ਰਹਿਮੰਡਾਂ ਵਿਚ ਸਮਾਨਿਆ । ਜੇਰਜ ਅੰਡਾਂ ਪਾਵੇ ਸਾਰ, ਉਤਭੁਜ ਸੇਤਜ ਵੇਖ ਵਖਾਨਿਆ । ਬ੍ਰਹਮਾ ਸ਼ਿਵ ਦੇਵਤ ਸੁਰ ਕਰ ਪਿਆਰ, ਵਿਸ਼ਨੂੰ ਵੰਸੀ ਮੇਲ ਮਿਲਾਨਿਆ । ਜੋਤ ਸਰੂਪੀ ਕਰ ਅਕਾਰ, ਲੋਕਮਾਤ ਖੇਲੇ ਖੇਲ ਹਰਿ ਭਗਵਾਨਿਆ । ਸਾਧ ਸੰਤ ਲਏ ਉਭਾਰ, ਦਰ ਦਵਾਰ ਕਰੇ ਪਰਵਾਨਿਆ । ਏਕਾ ਜੋਤ ਏਕਾ ਨੂਰ ਏਕਾ ਸ਼ਬਦ ਏਕਾ ਤੂਰ, ਏਕਾ ਦਾਤਾ ਆਸਾ ਮਨਸਾ ਪੂਰ, ਸਦ ਏਕਾ ਰੰਗ ਸਮਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਵੇਖੇ ਆਤਮ ਦਰ, ਕਵਣ ਸੇਜਾ ਰੰਗ ਰੰਗਾਨਿਆ । ਆਤਮ ਸੇਜਾ ਸ਼ਬਦ ਫੁਲਵਾੜੀ, ਗੁਰਮੁਖ ਮਾਤ ਲਗਾਈਆ । ਬ੍ਰਹਮ ਪਾਰਬ੍ਰਹਮ ਕਰੇ ਪਿਆਰੀ, ਆਤਮ ਸ਼ਬਦ ਜਣਾਈਆ । ਆਵੇ ਜਾਵੇ ਵਾਰੋ ਵਾਰੀ, ਸੰਤ ਸੁਹੇਲੇ ਲਏ ਜਗਾਈਆ । ਜੀਵ ਜੰਤ ਨਾ ਮਿਲਿਆ

ਕੰਤ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ, ਆਪਣੀ ਬਣਤ ਬਣਾਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲੇ, ਖੇਲਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਉਚ ਮਹੱਲ ਅਟੱਲ, ਆਪਣਾ ਆਪ ਬਣਾਇਆ । ਆਪੇ ਵੇਖੇ ਉਪਰ ਥਲ, ਦੂਸਰ ਕਿਸੇ ਦਿਸ ਨਾ ਆਇਆ । ਸਚ ਸਿੰਘਾਸਣ ਬੈਠਾ ਮੱਲ, ਪਾਵਾ ਚੂਲ ਨਾ ਕੋਈ ਰਖਾਇਆ । ਆਪੇ ਜਾਣੇ ਆਪਣਾ ਵਲ ਛਲ, ਅਛਲ ਛਲ ਅਖਵਾਇਆ । ਜੋਤੀ ਸ਼ਬਦੀ ਗਿਆ ਰਲ, ਪਵਣੀ ਪਵਣ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਾਂ ਵੇਖੇ ਸਾਚਾ ਘਰ, ਕਵਣ ਧਾਮ ਸੁਹਾਇਆ । ਜਨ ਭਗਤਾਂ ਲਹਿਣਾ ਦੇਣ ਚੁਕਾਏ, ਆਵਣ ਜਾਵਣ ਲੱਖ ਚੁਰਾਸੀ ਗੇੜਾ । ਰਾਏ ਧਰਮ ਨੇੜ ਨਾ ਆਏ, ਭਾਗ ਲਗਾਏ ਕਾਇਆ ਖੇੜਾ । ਅੰਦਰ ਮੰਦਰ ਡੇਰਾ ਲਾਏ, ਗੁਰਮੁਖ ਤੇਰਾ ਦਸਮ ਦਵਾਰੀ ਖੁਲ੍ਹਾ ਕਰਾਏ ਵਿਹੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਕਾਇਆ ਮੰਦਰ ਅੰਦਰ ਕਰੇ ਹੱਕ ਨਿਬੇੜਾ । ਏਕਾ ਮੱਕਾ ਏਕਾ ਕਾਅਬਾ, ਦੋ ਦੋਆਬਾ ਮੇਲ ਮਿਲਾਈਆ । ਚਰਨ ਘੋੜੇ ਦੇ ਰਕਾਬਾ, ਚਾਰੋਂ ਕੁੰਟ ਦੁੜਾਈਆ । ਖੇਲੇ ਖੇਲ ਦੇਸ ਮਾਝਾ, ਦਿਸ ਕਿਸੇ ਨਾ ਆਈਆ । ਅੱਸੂ ਤਿੰਨ ਰੁੱਤ ਸੁਹਾਏ, ਹਰਿ ਸਾਚੇ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਾਹ ਸੁਲਤਾਨਾਂ ਆਪ ਉਠਾਈਆ । ਅੱਸੂ ਤਿੰਨ ਸਚ ਦਿਵਸ ਦਿਹਾੜਾ, ਪ੍ਰਭ ਸਾਚਾ ਆਪ ਵਿਚਾਰਦਾ । ਨੇੜ ਨਾ ਆਏ ਪੰਚਮ ਧਾੜਾ, ਜਮਨ ਕਿਨਾਰਾ ਵੇਖ ਵਿਚਾਰਦਾ । ਖੇਲ ਖੇਲ ਅਗੰਮ ਅਪਾਰਾ, ਸਾਧਾਂ ਸੰਤਾਂ ਵੇਖ ਵਿਚਾਰਦਾ । ਹਰਿਜਨ ਮੇਲਾ ਵਿਚ ਸੰਸਾਰਾ, ਏਕਾ ਬਖ਼ਸ਼ੇ ਚਰਨ ਦਵਾਰ ਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਮਾਰਗ ਇਕ ਵਖਾਏ, ਏਕਾ ਦੂਜਾ ਭਉ ਨਿਵਾਰਦਾ । ਸ਼ਬਦ ਪਿਆਰਾ ਗੁਰੂ ਸਤਿ, ਸਤਿਗੁਰ ਆਪ ਅਖਵਾਏ । ਜੂਠ ਝੂਠ ਛੱਡਣਾ ਨੱਤ, ਮਦਿਰਾ ਮਾਸ ਰਸਨ ਤਜਾਏ । ਆਪੇ ਦੇ ਸਮਝਾਵੇ ਮਤ, ਮਨਮਤ ਦਏ ਦੁਰਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਰੰਗਣ ਰੰਗ ਚੜ੍ਹਾਏ । ਅੱਸੂ ਤਿੰਨ ਸਚ ਵਿਹਾਰਾ, ਕਰੇ ਜੋਤ ਅਕਾਲਿਆ । ਸਾਧਾਂ ਸੰਤਾਂ ਕਰ ਪਿਆਰਾ, ਆਤਮ ਜੋਤੀ ਕਰ ਅਕਾਰਾ, ਸ਼ਬਦ ਵਜਾਏ ਤਾਲਿਆ । ਆਪੇ ਵਸੇ ਅੰਦਰ ਬਾਹਰਾ, ਗੁਪਤ ਜ਼ਾਹਰ ਖੇਲ ਨਿਰਾਲਿਆ । ਆਪੇ ਕਰੇ ਸ੍ਰਿਸ਼ਟ ਸਬਾਈ ਕਲ ਖਵਾਰਾ, ਚਲੇ ਅਵੱਲੜੀ ਚਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਆਪ ਰਚਾਏ ਆਪਣਾ ਕਾਜਿਆ । ਹਰਿ ਕਰਤਾ ਅਬਿਨਾਸ਼, ਪੁਰਖ ਅਬਿਨਾਸ਼ਿਆ । ਜਨ ਭਗਤਾਂ ਦਾਸੀ ਦਾਸ, ਨਿਜ ਘਰ ਆਤਮ ਕਰੇ ਵਾਸਿਆ । ਚਲੇ ਚਲਾਏ ਪਵਣ ਸਵਾਸ, ਆਪੇ ਸ਼ਬਦ ਸੱਚਾ ਧਰਵਾਸਿਆ । ਸਾਚੇ ਮੰਡਲ ਪਾਵੇ ਰਾਸ, ਖੇਲੇ ਖੇਲ ਪ੍ਰਿਥਮੀ ਆਕਾਸਿਆ । ਆਦਿ ਅੰਤ ਨਾ ਹੋਏ ਵਿਨਾਸ, ਹਰਿ ਸਾਜਣ ਸ਼ਾਹੋ ਸ਼ਾਬਾਸਿਆ । ਲੇਖੇ ਲਾਏ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਨਾਮ ਧੁਰ ਭਰਵਾਸਿਆ । ਨਾਮ ਨਿਧਾਨਾ ਹਰਿ ਭਗਵਾਨਾ, ਜੁਗ ਜੁਗ ਆਪ ਚਲਾਇੰਦਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਸਾਚੀ ਡੋਰੀ ਇਕ ਵਖਾਇੰਦਾ । ਤਨ ਪਹਿਨਾਏ ਤੀਰ ਕਮਾਨਾ, ਬਸਤਰ ਸ਼ਸਤਰ ਨਾਮ ਸਜਾਇੰਦਾ । ਲੋਚਨ ਤੀਜੇ ਇਕ ਨਿਸ਼ਾਨਾ, ਦੋਏ ਨੇਤਰ ਮੂੰਦ ਆਪ ਲਗਾਇੰਦਾ । ਪੰਚ ਵਿਕਾਰਾ ਹੋਏ ਵੈਰਾਨਾ, ਸ਼ਾਹ ਸ਼ਿਕਾਰ ਨਾ ਕੋਇ ਵਖਾਇੰਦਾ । ਸਾਚਾ ਰਾਹ ਇਕ ਵਖਾਨਾ, ਗੁਰਮੁਖ ਮਾਰਗ

੮੨੯
੦੬

ਲਾਇੰਦਾ । ਅੱਖਰ ਵੱਖਰ ਧੁਰ ਫ਼ਰਮਾਨਾ, ਸ਼ਬਦੀ ਸ਼ਬਦ ਜਣਾਇੰਦਾ । ਰਾਗ ਅਨਾਦੀ ਏਕਾ ਗਾਨਾ, ਏਕਾ ਧੁਨ ਉਪਜਾਇੰਦਾ । ਉਪਾਏ ਸਮਾਏ ਪਵਣ ਮਸਾਨਾ, ਪਵਣੀ ਪਵਣ ਰਚਾਇੰਦਾ । ਆਰ ਪਾਰ ਇਕ ਟਿਕਾਨਾ, ਆਪਣਾ ਆਪ ਜਣਾਇੰਦਾ । ਸਤਿ ਪੁਰਖ ਨਿਰੰਜਣ ਸ਼ਬਦ ਬਿਬਾਨਾ, ਜੁਗ ਜੁਗ ਆਪ ਲਿਆਇੰਦਾ । ਸਾਧਾਂ ਸੰਤਾਂ ਦੇਵੇ ਦਾਨਾ, ਆਤਮ ਝੋਲੀ ਆਪ ਭਰਾਇੰਦਾ । ਦਰ ਦਵਾਰੇ ਕਰ ਪਰਵਾਨਾ, ਚਰਨ ਗੋਲੀ ਸੇਵ ਕਮਾਇੰਦਾ । ਚਲੇ ਚਲਾਏ ਆਪਣੇ ਭਾਣਾ, ਭਾਣਾ ਰਾਣਾ ਹਰਿ ਵਖਾਇੰਦਾ । ਇਕ ਵਖਾਏ ਪਦ ਨਿਰਬਾਨਾ, ਘਰ ਚੌਥਾ ਧਾਮ ਸੁਹਾਇੰਦਾ । ਰਕਤ ਬੂੰਦ ਨਾ ਕੋਇ ਨਿਸ਼ਾਨਾ, ਨਾਰੀ ਕੰਤ ਨਾ ਕੋਇ ਹੰਢਾਇੰਦਾ । ਪਿਤਾ ਪੂਤ ਨਾ ਸੰਗ ਰਖਾਨਾ, ਸਗਲਾ ਸੰਗ ਤੁੜਾਇੰਦਾ । ਏਕਾ ਸ਼ਬਦ ਏਕਾ ਗਾਣਾ, ਨਾਦ ਅਨਾਦੀ ਆਪ ਸੁਣਾਇੰਦਾ । ਏਕਾ ਜੋਤ ਸ੍ਰੀ ਭਗਵਾਨਾ, ਏਕਾ ਰੂਪ ਸਮਾਇੰਦਾ । ਸੰਤ ਸੁਹੇਲੇ ਕਰ ਪਛਾਨਾ, ਆਪ ਆਪਣੇ ਰੰਗ ਰੰਗਾਇੰਦਾ । ਏਕਾ ਦੂਜਾ ਭੇਵ ਚੁਕਾਨਾ, ਤੀਜਾ ਲੇਖ ਮਿਟਾਇੰਦਾ । ਚੌਥੇ ਦਰ ਕਰ ਪਰਵਾਨਾ, ਆਪਣਾ ਸੰਗ ਨਿਭਾਇੰਦਾ । ਪੰਚਮ ਪੰਚਾਂ ਖੇਲ ਮਹਾਨਾ, ਸੰਤ ਸੁਹੇਲੇ ਆਪ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਅੰਦਰ ਦਵਾਰ, ਏਕਾ ਜੋਤ ਰੁਸ਼ਨਾਈਆ । ਆਪੇ ਕਰੇ ਬੰਦ ਕਿਵਾੜ, ਆਪੇ ਖੋਲ੍ਹ ਵਖਾਈਆ । ਆਪੇ ਵੇਖੇ ਜੰਗਲ ਜੂਹ ਉਜਾੜ ਪਹਾੜ, ਆਪੇ ਰੁਤ ਬਸੰਤੀ ਫਲ ਫੁਲਵਾੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਨਾਰ ਆਪੇ ਕੰਤੀ ਆਪ ਆਪਣੀ ਸੇਜ ਹੰਢਾਈਆ । ਆਪਣੀ ਸੇਜਾ ਆਪ ਹੰਢਾ, ਆਪਣੀ ਦਇਆ ਕਮਾਇੰਦਾ । ਜੋਤੀ ਨਾਰੀ ਸੁਤ ਉਪਜਾ, ਸ਼ਬਦੀ ਨਾਉਂ ਰਖਾਇੰਦਾ । ਸ਼ਬਦ ਸੁਤ ਬੇਪਰਵਾਹ, ਬ੍ਰਹਿਮੰਡਾਂ ਵਿਚ ਸਮਾਇੰਦਾ । ਬ੍ਰਹਿਮੰਡਾਂ ਅੰਦਰ ਡੇਰਾ ਲਾ, ਦਿਸ ਕਿਸੇ ਨਾ ਆਇੰਦਾ । ਗੁਰਸਿਖ ਸੰਤ ਸੁਹੇਲੇ ਲਏ ਜਗਾ, ਚੋਰੀ ਡੋਰੀ ਘੋਰੀ ਏਕਾ ਪਾਇੰਦਾ । ਆਪ ਵਖਾਏ ਆਪਣਾ ਰਾਹ, ਜੋਤ ਨਿਰੰਜਣ ਡਗਮਗਾਇੰਦਾ । ਇਕ ਵਖਾਏ ਸਾਚਾ ਨਾਂ, ਆਪ ਆਪਣਾ ਆਪ ਅਲਾਇੰਦਾ । ਦਸਮ ਦਵਾਰੀ ਸਾਚਾ ਥਾਂ, ਦਰ ਘਰ ਸਾਚਾ ਇਕ ਸੁਹਾਇੰਦਾ । ਨਾ ਕੋਈ ਪੰਥੀ ਪੰਛੀ ਤਰਵਰ ਉਡੇ ਕਾਂ, ਮਛ ਕਛ ਨਾ ਕੋਈ ਦਿਸਾਇੰਦਾ । ਪਿਤਾ ਪੂਤ ਨਾ ਪਕੜੇ ਬਾਂਹ, ਮਾਤਾ ਗੋਦ ਨਾ ਕੋਈ ਉਠਾਇੰਦਾ । ਨਾ ਕੋਈ ਦੇਵੇ ਠੰਢੀ ਛਾਂ, ਹਿਤ ਚਿਤ ਨਾ ਕੋਈ ਦੁਖਾਇੰਦਾ । ਗੁਰ ਪੂਰੇ ਸਦ ਬਲ ਬਲ ਜਾਂ, ਹਰਿ ਸ਼ਬਦੀ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੇਲ ਕਰ, ਜਗ ਮੇਲੀ ਜੁਗ ਮਿਲਾਇੰਦਾ । ਜੁਗ ਮੇਲਾ ਜਗ ਕਰਤਾ ਆਪ, ਜੁਗ ਜੁਗ ਆਪ ਕਰਾਇੰਦਾ । ਸ੍ਰਿਸ਼ਟ ਸਬਾਈ ਧਰਤਾ ਆਪ, ਧਰਨੀ ਧਰਤ ਉਪਾਇੰਦਾ । ਅਜਪਾ ਜਾਪ ਜਪਤਾ ਆਪ, ਆਪ ਆਪਣਾ ਜਾਪ ਜਪਾਇੰਦਾ । ਹਰਤਾ ਕਰਤਾ ਵਡ ਪਰਤਾਪ, ਕਰਤਾ ਪੁਰਖ ਆਪ ਅਖਵਾਇੰਦਾ । ਨਾ ਕੋਈ ਪੁੰਨ ਨਾ ਕੋਈ ਪਾਪ, ਹਰਖ ਸੋਗ ਨਾ ਕੋਈ ਵਖਾਇੰਦਾ । ਆਪ ਆਪਣੀ ਥਾਪਣ ਥਾਪ, ਜੁਗ ਜੁਗ ਰਚਨ ਰਚਾਇੰਦਾ । ਤ੍ਰੈਗੁਣ ਤੇਰਾ ਮਿਟੇ ਤਾਪ, ਰਾਜਸ ਤਾਮਸ ਸਾਂਤਕ ਵੇਖ ਵਖਾਇੰਦਾ । ਕਲਜੁਗ ਕਾਇਆ ਰਹੀ ਕਾਂਪ, ਵੇਲਾ ਅੰਤਮ ਆਇੰਦਾ । ਪੰਜ ਤਤ ਵਿਕਾਰਾ ਰਿਹਾ ਨਾਚ, ਕਲਜੁਗ ਡੌਰੂ ਵਾਹਿੰਦਾ । ਗੁਰਮੁਖ ਵਿਰਲਾ ਚੜ੍ਹੇ ਸਾਚੇ ਘਾਟ, ਲੱਖ ਚੁਰਾਸੀ ਆਪ ਰੁੜ੍ਹਾਇੰਦਾ । ਨਾਮ ਸੌਦਾ ਹਰਿਜਨ ਹਾਟ, ਚੌਦਾਂ ਹੱਟਾਂ ਵੇਖ ਵਖਾਇੰਦਾ । ਦੀਪਕ ਜੋਤੀ ਇਕ ਲਿਲਾਟ, ਮਸਤਕ ਥਾਲੀ ਆਪ ਟਿਕਾਇੰਦਾ । ਆਤਮ ਸੇਜਾ ਸਾਚੀ ਖਾਟ, ਫੂਲਨ ਵਰਖਾ ਆਪੇ ਲਾਇੰਦਾ ।



੮੩੦
੦੬

ਅੰਮ੍ਰਿਤ ਆਤਮ ਸਰ ਸਰੋਵਰ ਮਾਰੇ ਠਾਠ, ਸਚ ਹੁਲਾਰਾ ਆਪ ਦਵਾਇੰਦਾ । ਸਤਿਜੁਗ ਤੇਰਾ ਸਾਚਾ ਪਾਠ, ਸੋਹੰ ਸੋ ਰਖਾਇੰਦਾ । ਚਾਰ ਵਰਨਾਂ ਇਕ ਇਕੱਠ, ਏਕਾ ਦਰ ਸੁਹਾਇੰਦਾ । ਜੋਧਾ ਸੂਰਾ ਵਲੀਆ ਛਲੀਆ ਹਰਿ ਹਰਿ ਰਾਠ, ਸੰਤ ਸੁਹੇਲੇ ਤੀਰ ਉਠਾਇੰਦਾ । ਨਾਮ ਸ਼ਬਦ ਗੁਰਜ ਸਾਚੀ ਲਾਠ, ਚਾਰੋਂ ਕੁੰਟ ਆਪ ਭਵਾਇੰਦਾ । ਕਲਜੁਗ ਕਾਇਆ ਅਗਨੀ ਜਲੇ ਕਾਠ, ਅਗਨੀ ਤਤ ਰੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਏਕਾ ਦਰ, ਏਕਾ ਧਾਮ ਸੁਹਾਇੰਦਾ । ਏਕਾ ਧਾਮ ਏਕਾ ਰਾਹ, ਏਕਾ ਸ਼ਬਦ ਜਣਾਈਆ । ਏਕਾ ਗੁਰ ਬੇਪਰਵਾਹ, ਏਕਾ ਨਾਮ ਵਖਾਈਆ । ਏਕਾ ਦੇਵੇ ਠੰਢੀ ਛਾਂ, ਏਕਾ ਬਿਰਖਾ ਹੇਠ ਬਠਾਈਆ । ਏਕਾ ਹੰਸ ਬਣਾਏ ਕਾਂ, ਮਾਣਕ ਮੋਤੀ ਸੋਹੰ ਚੋਗ ਚੁਗਾਈਆ । ਸੋ ਪੁਰਖ ਨਿਰੰਜਣ ਜਾਣੇ ਆਪਣਾ ਨਾਂ, ਆਪ ਆਪਣੀ ਬਣਤ ਬਣਾਈਆ । ਹੰ ਹੰਗਤਾ ਦਏ ਮਿਟਾ, ਹਾਹਾ ਹਰਿ ਗੁਣ ਵੇਖ ਵਿਖਾਈਆ । ਸੱਸਾ ਕਿਲ੍ਹਾ ਇਕ ਬਣਾ, ਚਾਰੋਂ ਕੁੰਟ ਲਕਾਰਾ ਲਾਈਆ । ਹੋੜਾ ਉਪਰ ਦਏ ਟਿਕਾ, ਦੋਵੇਂ ਮੁਖ ਭਵਾਈਆ । ਤਿੱਖੀ ਧਾਰਾ ਲਏ ਰਖਾ, ਲੇਖਾ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਵੇਖ ਵਖਾ, ਉਚੋ ਨੀਚ ਸਮਾਈਆ । ਉਪਰ ਬੈਠਾ ਬੇਪਰਵਾਹ, ਜੋਤ ਸਰੂਪੀ ਡਗਮਗਾਈਆ । ਸ਼ਬਦ ਧਾਰਾ ਰਿਹਾ ਚਲਾ, ਹੋੜੇ ਉਪਰ ਆਪ ਟਿਕਾਈਆ । ਹੋੜੇ ਮੁਖ ਦਏ ਭਵਾ, ਸੱਸੇ ਵਿਚ ਸਮਾਈਆ । ਸੱਸਾ ਕਿਲ੍ਹਾ ਦਏ ਖੁਲ੍ਹਾ, ਏਕਾ ਚੋਟ ਲਗਾਈਆ । ਸ਼ਬਦ ਸੁਤ ਦਰ ਬਹਾ, ਸਾਚੀ ਸਿਖਿਆ ਦਏ ਸਮਝਾਈਆ । ਸੰਤ ਸੁਹੇਲੇ ਲਏ ਮਿਲਾ, ਏਕਾ ਰੰਗ ਰੰਗਾਈਆ । ਏਕਾ ਘੁੰਡੀ ਪੈਰ ਲਗਾ, ਲੋਕਮਾਤੀ ਕੁੰਡਾ ਲਾਹੀਆ । ਸ਼ਬਦ ਖੂੰਡੀ ਹੱਥ ਰਖਾ, ਹਾਹਾ ਲੇਖ ਲਿਖਾਈਆ । ਹਾਹਾ ਡੰਡਾ ਲਏ ਖਿਚਾ, ਨੀਚੇ ਧਾਰ ਚਲਾਈਆ । ਆਪੇ ਅੱਗੋਂ ਲਏ ਭਵਾ, ਟੇਡਾ ਰਾਹ ਬਣਾਈਆ । ਚੌਥਾ ਘਰ ਚੌਥਾ ਪਦ ਚੌਥਾ ਹਿਸਾ ਲਏ ਵੰਡਾ, ਅੰਦਰ ਮੁਖ ਕਰਾਈਆ । ਆਪੇ ਅੰਦਰ ਫੜੇ ਬਾਂਹ, ਏਕਾ ਰਾਹ ਵਖਾਈਆ । ਉਤੇ ਟਿੱਪੀ ਦਏ ਟਿਕਾ, ਦਸਮ ਦਵਾਰੀ ਬਣਤ ਬਣਾਈਆ । ਸੁਰਤ ਸਵਾਣੀ ਬੰਦ ਕਰਾ, ਦਿਸ ਕਿਸੇ ਨਾ ਆਈਆ । ਬ੍ਰਹਮ ਸਰੂਪੀ ਭੇਵ ਛੁਪਾ, ਬ੍ਰਹਮ ਬ੍ਰਹਮ ਸਮਾਈਆ । ਪਾਰਬ੍ਰਹਮ ਪ੍ਰਭ ਬੇਪਰਵਾਹ, ਆਪੇ ਵੇਖੇ ਵੇਖ ਵਖਾਈਆ । ਆਪ ਆਪਣੀ ਦਇਆ ਕਮਾ, ਹਾਹਾ ਟਿੱਪੀ ਸੰਗ ਨਿਭਾਈਆ । ਨਾਰੀ ਕੰਤਾ ਰੂਪ ਜਣਾ, ਵਿਚਲਾ ਡੰਡਾ ਸੇਜ ਬਣਾਈਆ । ਸਤਿ ਸਰੂਪੀ ਬੀਜ ਪਾ, ਮਨ ਮਤ ਬੁੱਧ ਲਏ ਉਪਾਈਆ । ਨਿਰਗੁਣ ਤੇਰਾ ਕੋਈ ਨਾ ਜਾਣੇ ਨਾਂ, ਰੂਪ ਰੰਗ ਦਿਸ ਨਾ ਆਈਆ । ਮਨ ਜੋਤ ਸਰੂਪ ਰਿਹਾ ਅਖਵਾ, ਨਾਨਕ ਦਏ ਗਵਾਹੀਆ । ਮਤ ਬੁਧ ਸੇਵਕ ਸੇਵਾ ਲਏ ਲਗਾ, ਆਪ ਆਪਣੀ ਕਰ ਚਤੁਰਾਈਆ । ਪਾਰਬ੍ਰਹਮ ਬੈਠਾ ਮੁਖ ਭਵਾ, ਬ੍ਰਹਮ ਤੇਰੇ ਹੱਥ ਦਿਤੀ ਵਡਿਆਈਆ । ਪੰਜਾਂ ਤਤਾਂ ਬਣਤ ਬਣਾ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਵਿਚ ਸਮਾ, ਰਕਤ ਬੂੰਦ ਮੇਲ ਮਿਲਾਈਆ । ਹੱਡ ਮਾਸ ਨਾੜੀ ਤੇਰਾ ਦਏ ਉਪਾ, ਤਿੰਨ ਸੌ ਸੱਠ ਹਾਡੀ ਜੋੜ ਜੁੜਾਈਆ । ਰਥ ਰਥਵਾਹੀ ਕਾਇਆ ਰਥ ਰਿਹਾ ਚਲਾ, ਆਪ ਆਪਣੀ ਰਚਨ ਰਚਾਈਆ । ਮਨ ਮਨੂਆ ਸੇਵਾ ਦਿਤਾ ਲਾ, ਚਾਰੋਂ ਕੁੰਟ ਰਿਹਾ ਭਵਾਈਆ । ਪੰਜ ਤਤ ਆਪ ਉਪਾ, ਪੰਚਾਂ ਵੇਖ ਵਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਜਣਾ, ਜਗਤ ਵਿਦਿਆ ਇਕ ਪੜ੍ਹਾਈਆ । ਮਨ ਮਤ ਬੁੱਧ ਸੰਗ ਰਲਾ, ਅੱਠਾਂ ਤਤਾਂ ਮੇਲ ਮਿਲਾਈਆ । ਬੱਤੀ ਦੰਦਾਂ ਰਿਹਾ ਗਿਣਾ, ਜਿਹਵਾ ਲੇਖ ਲਿਖਾਈਆ । ਨੌਂ ਦਵਾਰੇ ਆਪ ਖੁਲ੍ਹਾ, ਆਪੇ ਵੇਖ ਵਖਾਈਆ । ਦਾਹੜੀ ਕੇਸ ਮੁੱਛ ਰਖਾ, ਮੂੰਡ ਮੁੰਡਾਈ ਆਪ ਹੋ ਜਾਈਆ । ਧਰਮੀ ਨੈਣੀ

ਤਿਲਕ ਲਿਲਾਟ ਲਗਾ, ਕੜਾ ਕ੍ਰਿਪਾਨ ਕਛ ਆਪ ਹੰਢਾਈਆ । ਪੰਜ ਤਤ ਤੇਰਾ ਰੰਗ ਰੰਗਾ, ਲੱਖ ਚੁਰਾਸੀ ਲਈ ਭੁਲਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਲਏ ਉਪਾ, ਦੇ ਮਤ ਸਮਝਾ, ਅੰਦਰ ਬੈਠਾ ਆਸਣ ਲਾਈਆ । ਏਕਾ ਵੰਡਣ ਰਿਹਾ ਵੰਡਾ, ਜੁਗ ਜੁਗ ਹਿਸੇ ਪਾਈਆ । ਬ੍ਰਹਿਮੰਡਾਂ ਖੋਜ ਰਿਹਾ ਖੁਜਾ, ਖੋਜਣਹਾਰਾ ਬੇਪਰਵਾਹੀਆ । ਨਾਰ ਰੰਡਾਂ ਦੁਹਾਗਣਾਂ ਅੱਡ ਕਰਾ, ਰਾਏ ਧਰਮ ਕਰੇ ਕੁੜਮਾਈਆ । ਲਾੜੀ ਮੌਤ ਮਹਿੰਦੀ ਲਾ, ਸਾਚੇ ਸਗਨ ਮਨਾਈਆ । ਪੰਚਮ ਜੇਠ ਤੇਲ ਚੜ੍ਹਾ, ਸਾਚਾ ਮੰਗਲ ਗਾਈਆ । ਅੱਸੂ ਤਿੰਨ ਗਾਨਾ ਦਏ ਬੰਨ੍ਹਾ, ਸਾਧਾਂ ਸੰਤਾਂ ਕਰੇ ਜਣਾਈਆ । ਸ਼ਬਦ ਬਰਾਤੀ ਆਪ ਬਣਾ, ਜਮਨ ਕਿਨਾਰਾ ਵੇਖ ਵਖਾਈਆ । ਸੰਤਾਂ ਸੁਰਤੀ ਆਪ ਜਗਾ, ਸ਼ਬਦ ਕੰਤ ਇਕ ਵਖਾਈਆ । ਸਾਚੀ ਵੇਦੀ ਲਏ ਗੜਾ, ਸੋਹੰ ਝੰਡਾ ਲਾਈਆ । ਸੱਤ ਰੰਗ ਨਿਸ਼ਾਨਾ ਲਏ ਉਠਾ, ਧੁਰਦਰਗਾਹੀ ਬੇਪਰਵਾਹੀਆ । ਨਾਰੀ ਕੰਤਾ ਏਕਾ ਧਾਮ ਬਹਾ, ਸੰਤ ਸਤਿਗੁਰ ਮੇਲ ਮਿਲਾਈਆ । ਆਪੇ ਫੜੇ ਪਲੂ ਬਾਂਹ, ਆਪੇ ਮੁਖ ਭਵਾਈਆ । ਆਪੇ ਜਾਣੇ ਆਪਣਾ ਰਾਹ, ਚਾਰੇ ਕੁੰਟਾਂ ਵੇਖ ਵਖਾਈਆ । ਚੌਥੇ ਜੁਗ ਤੇਰੀ ਅੰਤਮ ਵਾਰ ਫੇਰਾ ਪਾ, ਜੋਤੀ ਸ਼ਬਦੀ ਬਣਤ ਬਣਾਈਆ । ਸੰਤਾਂ ਸੁਰਤੀ ਲਏ ਪਰਨਾ, ਆਪ ਆਪਣੇ ਲੜ ਲਗਾਈਆ । ਸ਼ਬਦ ਘੋੜੀ ਲਏ ਚੜ੍ਹਾ, ਚਰਨ ਰਕਾਬੇ ਇਕ ਟਿਕਾਈਆ । ਦਸਮ ਦਵਾਰੀ ਵਿਚ ਟਿਕਾ, ਪਹਿਲਾ ਪੌੜਾ ਇਕ ਵਖਾਈਆ । ਦੂਜਾ ਪੌੜਾ ਲਏ ਉਠਾ, ਸੋਹੰ ਦੇਸ ਸੁਹਾਈਆ । ਤੀਜਾ ਪੌੜਾ ਬੇਪਰਵਾਹ, ਸੁਨ ਅਗੰਮੋ ਪਾਰ ਕਰਾਈਆ । ਚੌਥਾ ਵੇਖੇ ਸਾਚਾ ਥਾਂ, ਸਤਿ ਪੁਰਖ ਨਿਰੰਜਣ ਬੈਠਾ ਸੇਜ ਵਛਾਈਆ । ਨਾ ਕੋਈ ਜਪੇ ਕਿਸੇ ਦਾ ਨਾਂ, ਬ੍ਰਹਮਾ ਵਿਸ਼ਨੂੰ ਸ਼ਿਵ ਦਿਸ ਨਾ ਆਈਆ । ਨਾਨਕ ਗੋਬਿੰਦ ਸੰਗ ਮੁਹੰਮਦ ਚਾਰ ਯਾਰ, ਰਾਮ ਕ੍ਰਿਸ਼ਨ ਨਾ ਕੋਈ ਸੁਹਾਈਆ । ਸੰਤਾਂ ਪਕੜੇ ਆਪੇ ਬਾਂਹ, ਨਿਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਾਚੇ ਘਰ, ਸਾਚੇ ਦਰ ਵੱਜੀ ਵਧਾਈਆ । ਸਾਚੇ ਦਰ ਵੱਜੇ ਵਧਾਈ, ਹੋਏ ਸ਼ਬਦ ਕੁੜਮਾਈਆ । ਪੰਚਮ ਗਾਵਣ ਚਾਈਂ ਚਾਈਂ, ਮਿਲਿਆ ਮੇਲ ਸਾਚੇ ਮਾਹੀਆ । ਵੇਖ ਵਖਾਏ ਥਾਉਂ ਥਾਈਂ, ਊਚੋ ਨੀਚ ਆਪ ਵਖਾਈਆ । ਕੋਟਨ ਕੋਟ ਜੀਵ ਜੰਤ ਸਾਧ ਸੰਤ ਪਾਂਧੀ ਥੱਕੇ ਰਾਹੀ, ਰਾਹ ਖਹਿੜਾ ਦਿਸ ਨਾ ਆਈਆ । ਤ੍ਰੈਗੁਣ ਮਾਇਆ ਪਾਈ ਫਾਹੀ, ਨਾ ਕੋਈ ਸਕੇ ਤੁੜਾਈਆ । ਪੰਚਾਂ ਟਿੱਕਾ ਲਾਇਆ ਕਾਲਖ ਸ਼ਾਹੀ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੀ ਸਿਖੀ ਸਾਚਾ ਮਿਲਿਆ ਮਾਹੀ, ਆਪ ਆਪਣਾ ਲੜ ਫੜਾਈਆ । ਲਜ ਪਤ ਪਾਰਬ੍ਰਹਮ ਅਬਿਨਾਸ਼ੀ ਕਰਤੇ ਰੱਖੀ, ਜਿਸ ਹੱਥ ਵੱਡੀ ਵਡਿਆਈਆ । ਹਰਿ ਕਾ ਨਾਮ ਕਿਸੇ ਹੱਥ ਨਾ ਕਰੋੜ ਲੱਖੀ, ਕੀਮਤ ਕਰਤੇ ਕਿਸੇ ਨਾ ਪਾਈਆ । ਸਾਧ ਸੰਤ ਜੋ ਸੁੱਤੇ

ਲਾਲ ਅਨਮੁਲੜੇ ਲਏ ਉਠਾਈਆ । ਪਵਣ ਉਨੰਜਾ ਝੁੱਲੇ ਪੱਖੀ, ਪ੍ਰਭ ਸਾਚੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਇਕ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਸੁਹੰਦੜਾ, ਮਿਲਿਆ ਪੁਰਖ ਭਤਾਰ । ਜੁਗ ਜੁਗ ਸਦ ਬਖ਼ਸ਼ਿੰਦੜਾ, ਜੋ ਜਨ ਢਹਿ ਪਏ ਦਵਾਰ । ਮੇਲ ਮਿਲਾਏ ਸਾਚੇ ਅੰਦਰਾ, ਕਾਇਆ ਮੰਦਰ ਇਕ ਅਪਾਰ । ਇਕ ਸੁਣਾਏ ਸੁਹਾਗੀ ਛੰਦੜਾ, ਆਪ ਆਪਣੀ ਕਿਰਪਾ ਧਾਰ । ਏਕਾ ਜੋਗ ਜਗਤ ਰਖੰਦੜਾ, ਖੁਲ੍ਹੇ ਕੇਸ ਦਰ ਦਰਵੇਸ਼ ਨਰ ਨਰੇਸ਼ ਨਾ ਕੋਈ ਵਿਚਾਰ । ਹਰਿ ਸ਼ਬਦ ਏਕਾ ਏਕ ਵਖੰਦੜਾ, ਏਕਾ ਮੇਲੀ ਮੇਲਣਹਾਰ । ਦੀਪਕ ਜੋਤੀ ਇਕ ਜਗੰਦੜਾ, ਮੇਟ ਮਿਟਾਏ ਅੰਧ ਅੰਧਿਆਰ । ਦੂਈ ਦਵੈਤੀ ਢਾਹੇ ਕੰਧੜਾ, ਭਾਂਡਾ ਭਰਮ ਭਉ ਨਿਵਾਰ ।


੮੩੨ ੦੬

ਮਨਮੁਖ ਜੀਵ ਕਾਇਆ ਪੰਜ ਤਤ ਅੰਧੜਾ, ਭੇਵ ਨਾ ਪਾਏ ਸਿਰਜਨਹਾਰ । ਆਪੇ ਨੇਤਰ ਲੋਚਨ ਨੈਣ ਖੁਲ੍ਹੰਦੜਾ, ਆਪੇ ਕਰੇ ਬੰਦ ਕਿਵਾੜ । ਆਪੇ ਤੋੜਨਹਾਰਾ ਜਿੰਦੜਾ, ਬਜਰ ਕਪਾਟੀ ਦੇਵੇ ਪਾੜ । ਜੀਵ ਅੰਞਾਣਾ ਭਾਗਾਂ ਮੰਦੜਾ, ਦਰ ਦਰ ਫਿਰੇ ਭਿਖਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਸਾਚਾ ਵਰ, ਏਕਾ ਭਰੇ ਨਾਮ ਭੰਡਾਰ । ਨਾਮ ਭੰਡਾਰਾ ਸਚ ਖ਼ਜ਼ੀਨਾ, ਪ੍ਰਭ ਆਪਣੇ ਹੱਥ ਰਖਾਇਆ । ਜਨ ਭਗਤਾਂ ਦੇਵੇ ਦਾਨਾ ਬੀਨਾ, ਆਪ ਆਪਣੀ ਦਇਆ ਕਮਾਇਆ । ਸਾਂਤਕ ਸਤਿ ਕਰਾਏ ਠਾਂਡਾ ਸੀਨਾ, ਅੰਮ੍ਰਿਤ ਆਤਮ ਜਾਮ ਪਿਆਇਆ । ਕਾਇਆ ਚੋਲੀ ਰੰਗ ਰੰਗੇ ਭੀਨਾ, ਆਪ ਆਪਣਾ ਰੰਗ ਰੰਗਾਇਆ । ਨਾ ਕੋਈ ਮਜ਼੍ਹਬ ਨਾ ਕੋਈ ਦੀਨਾ, ਜ਼ਾਤ ਪਾਤ ਨਾ ਕੋਈ ਰਖਾਇਆ । ਨੌ ਖੰਡ ਪ੍ਰਿਥਮੀ ਤੇਰੀ ਭੰਨੇ ਹੰਕਾਰੀ ਬੀਨਾ, ਝੂਠਾ ਤਾਲ ਨਾ ਕੋਈ ਵਜਾਇਆ । ਆਪੇ ਵੇਖੇ ਰੂਸਾ ਚੀਨਾ, ਚੀਨਾ ਰੂਸਾ ਆਪ ਸਮਾਇਆ । ਮਿਲੇ ਮੇਲ ਸ਼ਾਹ ਅਬਨੂਸਾ, ਕੋਹਤੂਰਾ ਨੂਰ ਸਵਾਇਆ । ਨਾ ਕੋਈ ਕੁਰਾਨ ਨਾ ਹਦੀਸਾ, ਨਾ ਕੋਈ ਸਬਕ ਪੜ੍ਹਾਇਆ । ਲੇਖਾ ਚੁੱਕੇ ਈਸਾ ਮੂਸਾ, ਮੁਸਲਿਮ ਸੁਨੀ ਰਹਿਣ ਨਾ ਪਾਇਆ । ਆਪੇ ਵੇਖੇ ਕਾਲਾ ਸੂਸਾ, ਅਲ੍ਹਾ ਰਾਣੀ ਮੁਖ ਛੁਪਾਇਆ । ਖੇਲੇ ਖੇਲ ਬੀਸ ਬੀਸਾ, ਜਗਤ ਜਗਦੀਸਾ ਨਾਉਂ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਤਰਾਇਆ । ਆਪੇ ਵੇਖ ਵੇਦ ਪੁਰਾਨ, ਸਿਮਰਤ ਸ਼ਾਸਤਰ ਵੇਖ ਵਖਾਨਿਆ । ਦਾਤਾ ਦਾਨੀ ਗੁਣ ਨਿਧਾਨ, ਗੁਣ ਅਵਗੁਣ ਜਾਣੇ ਦੋ ਜਹਾਨਿਆ । ਲੱਖ ਚੁਰਾਸੀ ਪੁਣ ਛਾਣ, ਛਾਣ ਪੁਣ ਕਰੇ ਸ੍ਰੀ ਭਗਵਾਨਿਆ । ਬ੍ਰਹਮਾ ਵੇਤਾ ਦਰ ਦਰਬਾਨ, ਰੋ ਰੋ ਕਰੇ ਧਿਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਧੁਰ ਫ਼ੁਰਮਾਨਿਆ । ਏਕਾ ਸ਼ਬਦ ਧੁਰ ਫ਼ੁਰਮਾਨੀ, ਹਰਿ ਬ੍ਰਹਮੇ ਆਪ ਜਣਾਇੰਦਾ । ਕਲਜੁਗ ਅੰਤਮ ਮੇਲ ਮਿਲਾਨੀ, ਵੇਲਾ ਅੰਤ ਚੁਕਾਇੰਦਾ । ਨੇਤਰ ਅੱਠ ਬੰਦ ਕਰਾਈ, ਚਾਰੇ ਮੁਖ ਵਖਾਇੰਦਾ । ਸ਼ਾਮ ਯੁਜਰ ਰਿਗ ਥਾਉਂ ਥਾਈਂ, ਅਥਰਬਣ ਰੰਗ ਰੰਗਾਇੰਦਾ । ਐੜਾ ਅੱਲਾ ਨੂਰ ਅਲਾਹੀ, ਆਪਣਾ ਸੰਗ ਨਿਭਾਇੰਦਾ । ਪਰਗਟ ਹੋਏ ਬੇਪਰਵਾਹੀ, ਪਰਵਰਦਿਗਾਰ ਕਰੇ ਖ਼ਬਰਦਾਰ ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਸ਼ਾਹ ਹਕੀਰ ਆਪ ਚੁਕਾਇੰਦਾ । ਖ਼ਲਕ ਖ਼ਾਲਕ ਵੇਖ ਖ਼ੁਦਾਏ ਨਬੀ ਰਸੂਲ ਹਾਏ ਹਾਏ, ਧੀਰਜ ਧੀਰ ਨਾ ਕੋਈ ਧਰਾਇੰਦਾ । ਨਾ ਕੋਈ ਦੇਵੇ ਸਚ ਸਦਾਏ, ਰੋਜ਼ਾ ਬਾਂਗ ਮੁਸੱਲਾ ਕੂਜਾ ਨਾ ਕੋਈ ਵਸਤੂ ਵੇਖ ਵਖਾਇੰਦਾ । ਏਕਾ ਏਕ ਕਿਸੇ ਨਾ ਬੂਝਾ, ਵਾਹਿਦ ਖ਼ੁਦਾ ਨਾ ਕੋਈ ਰਖਾਇੰਦਾ । ਸੰਗ ਮੁਹੰਮਦ ਦਰ ਦਵਾਰਾ ਏਕਾ ਸੂਝਾ, ਦਰ ਦਰਵੇਸ਼ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਾਰੀ ਕੇਸ ਰੂਪ ਵਟਾਇੰਦਾ । ਧਾਰੀ ਕੇਸਾ ਹਰਿ ਬਲਵਾਨ, ਆਪਣੀ ਜੋਤ ਜਗਾਈਆ । ਗੋਬਿੰਦ ਦੇਵੇ ਦਾਤਾ ਦਾਨ, ਦੇਵਣਹਾਰ ਆਪ ਅਖਵਾਈਆ । ਨਾਮ ਖੰਡਾ ਤੇਜ ਕ੍ਰਿਪਾਨ, ਬ੍ਰਹਿਮੰਡਾਂ ਵੇਖ ਵਖਾਈਆ । ਹੱਥ ਕੰਗਣ ਧਰਮ ਨਿਸ਼ਾਨ, ਸਤਿ ਸੰਤੋਖੀ ਧੀਰ ਬੰਧਾਈਆ । ਤੇੜ ਕੱਛ ਪਤ ਲਏ ਰੱਖ, ਧੀਰਜ ਯਤ ਰਖਾਈਆ । ਕੰਘਾ ਕੇਸ ਦਸ ਦਸਮੇਸ਼, ਦੁਰਮਤ ਮੈਲ ਰਿਹਾ ਧਵਾਈਆ । ਜੋਤ ਸਰੂਪੀ ਹਰਿ ਪਰਵੇਸ਼, ਸ਼ਬਦੀ ਕਰੇ ਜਣਾਈਆ । ਨਰੈਣ ਨੈਣਾ ਕਰੇ ਆਦੇਸ, ਨੇਤਰ ਦਰਸ ਦਿਖਾਈਆ । ਸਚ ਸੁਗ਼ਾਤੀ ਧੁਰਦਰਗਾਹੀ ਕੇਸ, ਸੀਸ ਦਸਤਾਰ ਟਿਕਾਈਆ । ਲਹਿਣਾ ਦੇਣਾ ਚੁਕਾਇਆ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਸ਼ਿਵ ਸ਼ੰਕਰ ਨਾ ਸੀਸ ਝੁਕਾਈਆ । ਮਿਲਿਆ ਵਰ ਦਸ ਦਸਮੇਸ਼, ਪੂਤ ਸਪੂਤਾ ਗੋਦ ਉਠਾਈਆ । ਪਾਰਬ੍ਰਹਮ ਵਡ ਨਰ ਨਰੇਸ਼, ਸ਼ਾਹੋ ਭੂਪ ਆਪ ਅਖਵਾਈਆ । ਲੋਆਂ ਪੁਰੀਆਂ

੮੩੪ ੦੬

ਰਿਹਾ ਵੇਖ, ਮਾਤ ਪਾਤਾਲ ਆਕਾਸ਼ ਡੇਰਾ ਲਾਈਆ । ਪਰਗਟ ਹੋ ਗੁਰ ਦਸਮੇਸ਼, ਪੁਰਖ ਅਕਾਲ ਦੋਏ ਜੋੜ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਦੀਨ ਦਿਆਲ, ਆਪਣੇ ਗਲੇ ਰਿਹਾ ਲਗਾਈਆ । ਸ਼ਬਦ ਬਣਾਏ ਇਕ ਦਲਾਲ, ਆਵੇ ਜਾਵੇ ਫੇਰਾ ਪਾਏ ਵਾਹੋ ਦਾਹੀਆ । ਮਿਲਾਏ ਮੇਲ ਕਾਇਆ ਸੱਚੀ ਧਰਮਸਾਲ, ਸਚਖੰਡ ਧਾਮ ਸੁਹਾਈਆ । ਸਤਿ ਪੁਰਖ ਨਿਰੰਜਣ ਜਾਣੀ ਜਾਣ, ਨੇਤਰ ਅੰਜਨ ਏਕਾ ਪਾਈਆ । ਗੁਰ ਗੋਬਿੰਦਾ ਦਰ ਪਰਵਾਨ, ਸਾਚਾ ਸੱਜਣ ਆਪ ਬਣਾਈਆ । ਏਕਾ ਦੇਵੇ ਧੁਰ ਫ਼ਰਮਾਨ, ਕਲਜੁਗ ਕਰਨੀ ਅੰਤ ਲੜਾਈਆ । ਲੱਖ ਚੁਰਾਸੀ ਚੁੱਕੇ ਕਾਨ, ਲੋਕਮਾਤੀ ਬਣਤ ਬਣਾਈਆ । ਜੋਧੇ ਸੂਰ ਬਲੀ ਬਲਵਾਨ, ਪੰਜ ਤਤ ਰਿਹਾ ਉਠਾਈਆ । ਆਪ ਬਣਾਏ ਪੰਜ ਸ਼ੈਤਾਨ, ਕਲਗੀ ਤੋੜਾ ਸੀਸ ਟਿਕਾਈਆ । ਨੀਲਾ ਘੋੜਾ ਕਰ ਧਿਆਨ, ਸੋਲਾਂ ਕਲੀਆਂ ਆਸਣ ਲਾਈਆ । ਜੋਤੀ ਜੋੜਾ ਹਰਿ ਹਰਿ ਦਾਨ, ਏਕਾ ਓਟ ਰਖਾਈਆ । ਪੁਰਖ ਅਬਿਨਾਸ਼ੀ ਮਿਹਰਵਾਨ, ਕਾਇਆ ਚੋਟ ਸ਼ਬਦ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤਾ ਵਰ, ਪੁਰੀ ਅਨੰਦ ਇਕ ਵਖਾਈਆ । ਪਪਾ ਪੁਰਖ ਅਪਾਰ, ਰਾਰਾ ਰਾਮ ਅਖਵਾਇਆ । ਐੜਾ ਅੱਖ ਦਏ ਉਘਾੜ, ਨੰਨਾ ਨਿਰਗੁਣ ਵੇਖ ਵਖਾਇਆ । ਦੱਦਾ ਦਰਦ ਦੁੱਖ ਭੈ ਭੰਜਨਹਾਰ, ਸਮਰਥ ਪੁਰਖ ਆਪ ਅਖਵਾਇਆ । ਪੁਰ ਅਨੰਦ ਲਏ ਉਸਾਰ, ਗੁਰ ਗੋਬਿੰਦ ਵਿਚ ਸਮਾਇਆ । ਸ਼ਬਦ ਜਣਾਏ ਅੱਠੇ ਪਹਿਰ, ਦਿਵਸ ਰੈਣ ਰਿਹਾ ਜਗਾਇਆ । ਆਪੇ ਕਰੇ ਖ਼ਬਰਦਾਰ, ਸਾਚਾ ਖੰਡਾ ਹੱਥ ਫੜਾਇਆ । ਸਿੱਖ ਸੁਹੇਲੇ ਸੰਗੀ ਯਾਰ, ਏਕਾ ਮਤਾ ਪਕਾਇਆ । ਅੰਮ੍ਰਿਤ ਆਤਮ ਕਰ ਤਿਆਰ, ਲੋਕਮਾਤ ਆਪ ਪਿਲਾਇਆ । ਖੰਡੇ ਤਿੱਖੀ ਰੱਖੀ ਧਾਰ, ਨਿੱਕੀ ਸਿੱਖੀ ਰੂਪ ਜਣਾਇਆ । ਨੇਤਰ ਪੇਖੀ ਵਿਚ ਸੰਸਾਰ, ਵੇਲਾ ਅੰਤਮ ਆਇਆ । ਲਿਖਿਆ ਲੇਖ ਬੈਠ ਦਰਬਾਰ, ਏਕਾ ਦੂਜਾ ਸੰਗ ਤੁੜਾਇਆ । ਗੁਰ ਗੋਬਿੰਦਾ ਕਰ ਪਿਆਰ, ਮਾਝੇ ਦੇਸ ਦਏ ਵਧਾਇਆ । ਅੰਤਮ ਪਰਗਟੇ ਨਿਹਕਲੰਕ ਨਰਾਇਣ ਨਰ ਅਵਤਾਰ, ਸੰਬਲ ਨਗਰੀ ਧਾਮ ਸੁਹਾਇਆ । ਸਾਢੇ ਤਿੰਨ ਹੱਥ ਨਗਰ ਉਚ ਮੁਨਾਰ, ਸਾਚਾ ਕਿਲ੍ਹਾ ਇਕ ਸੁਹਾਇਆ । ਸ਼ਬਦ ਖੰਡਾ ਤੇਜ ਕਟਾਰ, ਆਪ ਆਪਣੇ ਹੱਥ ਲਏ ਉਠਾਇਆ । ਗੁਰਮੁਖਾਂ ਬਖ਼ਸ਼ੇ ਏਕਾ ਸ਼ਬਦ ਪਿਆਰ, ਸ਼ਸਤਰ ਬਸਤਰ ਨਾ ਕੋਇ ਵਖਾਇਆ । ਆਪ ਆਪਣੀ ਜੋਤ ਕਰ ਆਕਾਰ, ਆਦਿ ਨਿਰੰਜਣ ਵੇਖ ਵਖਾਇਆ । ਜੋਤ ਨਿਰੰਜਣ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਇਆ । ਸੰਤ ਸੁਹੇਲੇ ਕਰੇ ਖ਼ਬਰਦਾਰ, ਫੜ ਬਾਹੋਂ ਆਪ ਜਗਾਇਆ । ਅੰਤਮ ਮੇਲਾ ਪਾਰ ਬਿਆਸ ਕਿਨਾਰ, ਸਾਚਾ ਧਾਮ ਇਕ ਸੁਹਾਇਆ । ਮਨਮੁਖ ਡੋਬੇ ਅਧ ਵਿਚਕਾਰ, ਬੇੜਾ ਸ਼ੌਹ ਦਰਿਆ ਰੁੜ੍ਹਾਇਆ । ਗੁਰਮੁਖ ਸਾਚੇ ਲਏ ਉਭਾਰ, ਜਿਨ੍ਹਾਂ ਪੁਰੀ ਅਨੰਦ ਸੰਗ ਰਖਾਇਆ । ਸਰਸੇ ਡੋਬੇ ਡੂੰਘੀ ਗਾਰ, ਆਪ ਆਪਣਾ ਮੋਹ ਚੁਕਾਇਆ । ਵਿਛੜਿਆ ਮੇਲ ਮੇਲ ਵਿਛੋੜੇ ਵਿਛੜਨਹਾਰ, ਸਰਸੇ ਭੇਟ ਚੜ੍ਹਾਇਆ । ਗੁਰਮੁਖ ਮੰਗਣ ਮੰਗ ਅਪਾਰ, ਗੋਬਿੰਦ ਤੇਰਾ ਰੂਪ ਸਹਾਇਆ । ਗੁਰ ਗੋਬਿੰਦਾ ਦੇਵੇ ਵਰ, ਪੁਰਖ ਅਬਿਨਾਸ਼ੀ ਕਿਰਪਾ ਕਰ, ਬਣ ਭਿਖਾਰ ਗੁਰਸਿਖਾਂ ਰਿਹਾ ਸਮਝਾਇਆ । ਚੌਥੇ ਜੁਗ ਜੋਤ ਧਾਰ, ਗੁਰ ਗੋਬਿੰਦਾ ਨਾਰੀ ਲਏ ਵਰ, ਸੰਤ ਸੁਹੇਲੇ ਸਾਚੇ ਸੁਤ ਆਪਣੇ ਲਏ ਉਪਾਇਆ । ਮੇਲ ਮਿਲਾਏ ਅਬਿਨਾਸ਼ੀ ਅਚੁਤ, ਸੰਬਲ ਨਗਰੀ ਧਾਮ ਸੁਹਾਇਆ । ਸੰਮਤ ਚੌਦਾਂ ਸੁਹਾਏ ਸਾਚੀ ਰੁੱਤ, ਬੀਸ ਬਿਕ੍ਰਮੀ ਦਏ ਵਡਿਆਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪ ਬਣਾਏ ਆਪਣੇ ਮਿਤ, ਏਕਾ ਰਾਹ ਰਿਹਾ ਪਾਇਆ । ਸਾਚੀ ਸਿੱਖੀ ਸੱਜਣ ਸੁਹੇਲੇ, ਧਾਰ ਤਿੱਖੀ ਰਿਹਾ ਧਰਾਇਆ । ਸੋਹੰ ਖੰਡਾ ਨੇਤਰ ਪੇਖੇ, ਦੋ

ਜਹਾਨਾਂ ਲਿਖੇ ਲੇਖੇ, ਮੁਖੀ ਤਿੱਖੀ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਹਿਜ ਸੁਭਾਇਆ । ਨਿੱਕੀ ਸਿੱਖੀ ਤਿੱਖੀ ਧਾਰ, ਏਕਾ ਏਕ ਰਖਾਈਆ । ਗੁਰ ਗੋਬਿੰਦਾ ਕਰ ਪਿਆਰ, ਪਹਿਰੇਦਾਰ ਆਪ ਹੋ ਆਈਆ । ਸਾਚਾ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਬ੍ਰਹਿਮੰਡਾਂ ਨਾ ਕੋਈ ਖੋਜ ਨਾ ਕਰ ਵਿਚਾਰ, ਵੇਦ ਸ਼ਾਸਤਰ ਨਾ ਲੇਖ ਲਿਖਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਪਾਵੇ ਸਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਪੂਤ ਸਪੂਤਾ ਕਰ ਤਿਆਰ, ਸਾਚੀ ਸੇਵਾ ਲਾਈਆ । ਸਾਚੀ ਸ਼ਾਹੀ ਇਕ ਅਪਾਰ, ਏਕਾ ਬੂੰਦ ਰਖਾਈਆ । ਲੇਖਾ ਲਿਖੇ ਲਿਖਣਹਾਰ, ਜਗਤ ਜਗਦੀਸ ਤੇਰੀ ਵਡਿਆਈਆ । ਨੌ ਦਵਾਰੇ ਖੋਲ੍ਹ ਕਵਾੜ, ਨੌ ਖੰਡ ਪ੍ਰਿਥਮੀ ਰਿਹਾ ਜਣਾਈਆ । ਦਸਵੇਂ ਮੇਲਾ ਕੰਤ ਭਤਾਰ, ਸਾਚੀ ਸੇਜ ਵਛਾਈਆ । ਇਕ ਇਕੱਲਾ ਏਕੰਕਾਰ, ਬੈਠਾ ਜੋਤ ਜਗਾਈਆ । ਸ਼ਬਦ ਮਹੱਲਾ ਕਰ ਤਿਆਰ, ਸੰਤ ਸੁਹੇਲੇ ਰਿਹਾ ਵਸਾਈਆ । ਗੋਬਿੰਦ ਡੱਲਾ ਇਕ ਪਿਆਰ, ਸੁਰਤ ਸ਼ਬਦ ਸੱਚੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਮੇਲ ਦਰ, ਜੁਗ ਵਿਛੜੇ ਮੇਲ ਮਿਲਾਈਆ ।

## ❊ ਪਹਿਲੀ ਭਾਦਰੋਂ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊



ਹਰਿ ਮੂਰਤ ਅਕਾਲ, ਮੂਰਤ ਅਕਾਲਿਆ । ਦੀਨਾ ਬੰਧਪ ਦੀਨ ਦਿਆਲ, ਏਕਾ ਏਕ ਅਖਵਾਇਆ । ਕਰੇ ਕਰਾਏ ਸਰਬ ਪ੍ਰਿਤਪਾਲ, ਪ੍ਰਿਤਪਾਲਕ ਦੋ ਜਹਾਨਿਆ । ਹਰਿਜਨ ਸਾਚੇ ਲਏ ਉਛਾਲ, ਖੇਲੇ ਖੇਲ ਸ੍ਰੀ ਭਗਵਾਨਿਆ । ਦੇਵੇ ਨਾਮ ਸੱਚਾ ਧਨ ਮਾਲ, ਧੁਰਦਰਗਾਹੀ ਇਕ ਖਜ਼ਾਨਿਆ । ਅਨਹਦ ਸ਼ਬਦ ਵਜਾਏ ਸਾਚਾ ਤਾਲ, ਏਕਾ ਨਾਦ ਧੁਨ ਰਖਾਨਿਆ । ਤੋੜ ਤੁੜਾਏ ਜਗਤ ਜੰਜਾਲ, ਦੇਵੇ ਨਾਮ ਧੁਰ ਫ਼ਰਮਾਨਿਆ । ਨੇੜ ਨਾ ਆਏ ਕਾਲ ਮਹਾਂਕਾਲ, ਆਵਣ ਜਾਵਣ ਫੰਦ ਕਟਾਨਿਆ । ਕਾਇਆ ਮੰਦਰ ਇਕ ਵਖਾਏ ਸੱਚੀ ਧਰਮਸਾਲ, ਸਰ ਸਰੋਵਰ ਆਤਮ ਇਕ ਮਹਾਨਿਆ । ਭਾਗ ਲਗਾਏ ਕਾਇਆ ਮਾਟੀ ਖਾਲ, ਗੁਣਵੰਤਾ ਹਰਿ ਗੁਣ ਨਿਧਾਨਿਆ । ਹਰਿਜਨ ਸਾਚਾ ਚਤੁਰ ਸੁਜਾਨ, ਦਰ ਘਰ ਸਾਚੇ ਹੋਏ ਪਰਵਾਨਿਆ । ਬੇਮੁਖ ਜੀਵ ਸਰਬ ਪਛਤਾਨ, ਵੇਲੇ ਅੰਤ ਨਾ ਕੋਈ ਛੁਡਾਨਿਆ । ਲਾੜ੍ਹੀ ਮੌਤ ਮੰਗੇ ਦਾਨ, ਪਲੂ ਆਪਣਾ ਇਕ ਵਿਖਾਨਿਆ । ਧਰਮ ਰਾਏ ਕਰ ਪਛਾਨ, ਕਲਜੁਗ ਅੰਤਮ ਵੇਖ ਨਿਸ਼ਾਨਿਆ । ਜੀਵ ਜੰਤ ਸਾਧ ਸੰਤ ਬੇਈਮਾਨ, ਭਰਿਆ ਇਕ ਅਭਿਮਾਨਿਆ । ਬਿਰਲਾ ਸੇਠ ਪੰਜ ਤਤ, ਮਨ ਮਤ ਬੁਧ ਪਰਨਾ । ਵੇਖ ਵਖਾਣੇ ਆਤਮ ਤੀਰਥ ਤਟ, ਅੱਠ ਸੱਠ ਵੇਖ ਵਖਾ ਰਿਹਾ । ਕਵਣ ਵਸਤ ਕਾਇਆ ਮਾਟੀ ਜਗਤ ਹੱਟ, ਕਵਣ ਵਣਜ ਵਪਾਰ ਲਿਆ ਕਰਾ । ਕਵਣ ਲਾਹਾ ਲਿਆ ਖੱਟ, ਕਵਣ ਗੰਢ ਪੱਲੇ ਲਈ ਬੰਨ੍ਹਾ । ਕਾਇਆ ਜਗਤ ਅੰਦਰ ਜਾਣਾ ਢੱਠ, ਬੁਰਜ ਰੋਵਣ ਮਾਰਨ ਧਾਹ । ਪ੍ਰਭ ਦਰਸ ਨਾ ਮੇਲਾ ਨੱਠ ਨੱਠ, ਨਾ ਕੋਈ ਦੇਵੇ ਪੰਧ ਮੁਕਾ । ਲਿਖੇ ਲੇਖ ਅੱਠ ਸੱਠ, ਨੌ ਨਿਧ ਵਿਚ ਸਮਾ । ਸਿੱਧ ਅਠਾਰਾਂ ਭੱਠ ਭੱਠ, ਦਰਗਾਹ ਅਸ਼ਟਮੀ ਨੌਮੀ ਦਸਵੀਂ ਖੇਲ ਖਿਲਾ । ਪ੍ਰਭ ਚਰਨ ਦਵਾਰੇ ਇਕ ਇਕੱਠ, ਬ੍ਰਹਮਾ ਵਿਸ਼ਨ ਸ਼ਿਵ ਆਪੇ ਰਾਹ ਤਕਾ । ਕ੍ਰਿਸ਼ਨ ਰਾਮ ਪ੍ਰਭ ਗੇੜੇ ਲੱਠ, ਦੁਆਪਰ ਤ੍ਰੇਤਾ ਪੈਜ ਰਖਾ । ਕਲਜੁਗ ਤੇਰਾ ਕੂੜ ਕੁੜਿਆਰਾ ਵੇਖ ਹਠ, ਆਪਣੀ ਬਣਤ ਪ੍ਰਭ ਲਈ

ਬਣਾ । ਪਰਗਟ ਹੋਇਆ ਹਰਿ ਸਮਰਥ, ਨਿਹਕਲੰਕ ਜਾਮਾ ਪਾ । ਚਰਨ ਸਰਨ ਰਾਮਾ ਦਸਰਥ, ਕ੍ਰਿਸ਼ਨ ਕਾਹਨਾ ਵਿਚ ਸਮਾ । ਜੋਤੀ ਸ਼ਬਦੀ ਹਰਿ ਪਰਤਖ, ਪਰਮ ਪੁਰਖ ਰਿਹਾ ਅਖਵਾ । ਅਰਬ ਖਰਬ ਨਾ ਸਕਣ ਰੱਖ, ਕਾਇਆ ਕੱਖਾਂ ਹੇਠ ਜਲਾ । ਸ਼ਬਦ ਜਣਾਏ ਇਕ ਅਕੱਥ, ਦੇ ਮਤ ਰਿਹਾ ਸਮਝਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਸਾਵਣ ਸੁਰਤੀ ਸ਼ਬਦ ਮਿਲਾ । ਧਨ ਦੌਲਤ ਮਾਲ ਖਜ਼ੀਨਾ, ਕੋਇ ਨਾ ਪਾਰ ਉਤਾਰਿਆ । ਮਨ ਮੇਰਾ ਰੂਸਾ ਚੀਨਾ, ਜ਼ਾਤ ਪਾਤੀ ਵਸੇ ਬਾਹਰਿਆ । ਮਤ ਮਤਵਾਲੀ ਹੋਈ ਅੰਧੀਆ, ਲੁੱਟੀ ਗਈ ਦਿਨ ਦਿਹਾੜਿਆ । ਬੁਧ ਬਲ ਨਾ ਰਸਨਾ ਚੀਨਾ, ਵੇਖਿਆ ਜਗਤ ਅਖਾੜਿਆ । ਰੱਤ ਤਤ ਨਾ ਹੋਇਆ ਭੀਨਾ, ਅੰਮ੍ਰਿਤ ਮਿਲਿਆ ਨਾ ਠੰਢਾ ਠਾਰਿਆ । ਬਿਨ ਹਰਿ ਦਰਸ਼ਨ ਝੂਠਾ ਜੀਨਾ, ਨਾ ਕੋਈ ਪਾਰ ਕਰਾਏ ਮੰਦਰ ਅੰਦਰ ਉਚ ਮਹੱਲ ਅਟੱਲ ਅਟਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਤੇਰਾ ਘਰ, ਆਏ ਦਰ ਦਰਬਾਰਿਆ । ਜਗਤ ਘਰ ਰੈਣ ਬਸੇਰਾ, ਥਿਰ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਪਾਏ ਫੇਰਾ, ਸੰਮਤ ਚੌਦਾਂ ਰੁੱਤ ਸੁਹਾਈਆ । ਸਤਿ ਪੁਰਖ ਨਿਰੰਜਣ ਪਾਏ ਘੇਰਾ, ਚਾਰੋਂ ਕੁੰਟ ਵੇਖ ਵਖਾਈਆ । ਗਿਆਨ ਧਿਆਨ ਵਿਦਵਾਨ ਢਾਹੇ ਭਰਮਾਂ ਡੇਰਾ, ਗੜ੍ਹ ਭਰਮ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰੇ ਆਵੇ ਜਾਵੇ ਫੇਰਾ ਪਾਵੇ ਚਰਨ ਛੁਹਾਵੇ ਇਕ ਦਿਸ਼ਾ ਆਪਣੇ ਹੱਥ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕ੍ਰਿਸ਼ਨਾ ਰਾਮਾ ਰਾਮਾ ਕ੍ਰਿਸ਼ਨਾ ਆਪਣੇ ਅੰਗ ਲਗਾਈਆ । ਧਰਮ ਨਾ ਝੁੱਲੇ ਕੋਈ ਨਿਸ਼ਾਨ, ਸਤਿ ਸੰਤੋਖ ਨਾ ਖਾਣੀ ਬਾਣੀਆ । ਵੇਦ ਪੁਰਾਨਾਂ ਆਈ ਹਾਨ, ਪੰਡਤ ਪਾਂਧੇ ਰਸਨਾ ਜਿਹਵਾ ਹੋਈ ਹਲਕਾਨੀਆ । ਅੰਜ਼ੀਲ ਕੁਰਾਨਾਂ ਤੁੱਟਾ ਮਾਨ, ਮੁੱਲਾ ਸ਼ੇਖ਼ ਜੂਠ ਝੂਠ ਮਾਰਨ ਕਾਨੀਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਸਚ ਮਹੱਲਾ ਇਕ ਰਖਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖੇ ਫਲ ਕਾਇਆ ਲੱਗੀ ਡਾਲੀਆ । ਦਾਤਾ ਦਾਨੀ ਆਪ ਹਰਿ, ਏਕਾ ਏਕ ਅਖਵਾਇਆ । ਸ਼ਬਦ ਸਰੂਪੀ ਦਏ ਵਰ, ਜੋਤੀ ਦੀਪ ਜਗਾਇਆ । ਲੱਖ ਚੁਰਾਸੀ ਨਾਰੀ ਨਰ, ਹਰ ਘਟ ਰੂਪ ਸਮਾਇਆ । ਜੇਰਜ ਅੰਡਜ ਸੀਸ ਧੜ, ਉਤਭੁਜ ਸੇਤਜ ਡੇਰਾ ਲਾਇਆ । ਆਦਿਨ ਅੰਤਾ ਜੁਗਾ ਜੁਗੰਤਾ ਹਰਿ ਭਗਵੰਤਾ ਕੋਈ ਨਾ ਸਕੇ ਫੜ, ਸਗਲਾ ਸੰਗ ਨਾ ਕੋਈ ਨਿਭਾਇਆ । ਕਾਇਆ ਮੰਦਰ ਬੈਠਾ ਵੜ, ਡੂੰਘੀ ਕੰਦਰ ਡੇਰਾ ਲਾਇਆ । ਹਰਿਜਨ ਤੋੜ ਕਿਲ੍ਹਾ ਹੰਕਾਰੀ ਗੜ੍ਹ, ਆਤਮ ਦਰਸ ਦਿਖਾਇਆ । ਨਾ ਮਰੇ ਨਾ ਜਾਏ ਸੜ, ਮਾਤ ਪਿਤ ਕਿਸੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਪੁਰਖ ਆਪ ਅਖਵਾਇਆ । ਕਰਤਾ ਪੁਰਖ ਹਰਿ ਨਿਰਵੈਰਾ, ਏਕਾ ਏਕ ਅਖਵਾਇੰਦਾ । ਜਨ ਭਗਤ ਉਧਾਰੇ ਕਰ ਕਰ ਮਿਹਰਾ, ਮਿਹਰਵਾਨ ਆਪ ਹੋ ਜਾਇੰਦਾ । ਭੇਵ ਚੁਕਾਏ ਮੇਰਾ ਤੇਰਾ, ਇਕ ਵਖਾਏ ਸੰਝ ਸਵੇਰਾ, ਅੰਧ ਅੰਧੇਰਾ ਮੇਟ ਮਿਟਾਇੰਦਾ । ਲੱਖ ਚੁਰਾਸੀ ਆਪ ਫਿਰਾਏ ਕਰ ਕਰ ਹੇਰਾ ਫੇਰਾ, ਜੋਤੀ ਜੋਤ ਆਪ ਹੋ ਜਾਇੰਦਾ । ਜਨ ਭਗਤਾਂ ਢਾਹੇ ਭਰਮਾਂ ਡੇਰਾ, ਏਕਾ ਖੰਡਾ ਨਾਮ ਵਖਾਇੰਦਾ । ਸ਼ਬਦ ਸਰੂਪੀ ਪਾਏ ਘੇਰਾ, ਸੱਸਾ ਕਿਲ੍ਹਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਜੁਗ ਵੇਖ ਦਰ, ਹੱਕ ਨਿਬੇੜਾ ਆਪ ਕਰਾਇੰਦਾ । ਹੱਕ ਨਿਬੇੜਾ ਹੱਕ ਹਬੀਬ, ਏਕਾ ਏਕ ਅਖਵਾਈਆ । ਕਿਆ ਕੋਈ ਕਰੇ ਮਾਤ ਸ਼ਰੀਕ, ਨਾ ਕੋਈ ਵੰਡ ਵੰਡਾਈਆ । ਜੀਵ ਜੰਤ ਸਾਧ ਸੰਤ ਪਰਖੇ

੮੩੯
੦੬

ਨੀਤ, ਪੀਰ ਦਸਤਗੀਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਐੜਾ ਆਪਣੀ ਅੱਖ ਖੁਲ੍ਹਾਈਆ । ਐੜਾ ਅੱਖ ਆਪਣੀ ਖੋਲ੍ਹ, ਨੇਤਰ ਨੈਣ ਉਘਾੜਦਾ । ਅਥਰਬਣ ਰਸਨਾ ਰਿਹਾ ਬੋਲ, ਕਲਜੁਗ ਅੰਤ ਲਲਕਾਰਦਾ । ਜੂਠ ਝੂਠ ਵੱਜਾ ਢੋਲ, ਸੰਗ ਮੁਹੰਮਦ ਚਾਰ ਯਾਰ ਦਾ । ਪਾਰਬ੍ਰਹਮ ਤੇਰਾ ਸੱਚਾ ਕੌਲ, ਅੰਤਮ ਵੇਲਾ ਪਰਵਰਦਿਗਾਰ ਦਾ । ਚੌਦਾਂ ਤਬਕਾਂ ਕੁੰਡਾ ਖੋਲ੍ਹ, ਅਹਿਨਲ ਹੱਕ ਨਾਅਰਾ ਏਕਾ ਮਾਰਦਾ । ਉਮਤ ਨਬੀ ਰਸੂਲ ਸੁੱਤੀ ਅਨਭੋਲ, ਭੁਲਿਆ ਖੇਲ ਅਮਾਮ ਮਹਿੰਦੀ ਸੱਚੇ ਯਾਰ ਦਾ । ਦਿਸ਼ਾ ਲਹਿੰਦੀ ਵੇਖੇ ਘੋਲ, ਅੰਤਮ ਆਇਆ ਪਾਸਾ ਹਾਰ ਦਾ । ਸਾਚੇ ਕੰਡੇ ਰਿਹਾ ਤੋਲ, ਏਕਾ ਤੋਲ ਹਰਿ ਸੰਸਾਰ ਦਾ । ਕਰੇ ਕਰਾਏ ਖੇਲ ਹੌਲੀ ਹੌਲ, ਸੰਮਤ ਸੰਮਤੀ ਆਪ ਵਿਚਾਰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਇਆ ਚੋਲਾ ਇਕ ਸ਼ਿੰਗਾਰਦਾ । ਕਾਇਆ ਚੋਲਾ ਕਾਇਆ ਰੰਗ, ਹਰਿ ਆਪਣੀ ਖੇਲ ਰਚਾਈਆ । ਜੋਤ ਸਰੂਪੀ ਹਰਿ ਮਲੰਗ, ਚਾਰੋਂ ਕੁੰਟ ਫੇਰੀ ਪਾਈਆ । ਸੋ ਹੰ ਬੈਠ ਇਕ ਪਲੰਘ, ਉਤਰ ਕਦੇ ਨਾ ਜਾਈਆ । ਅਨਹਦ ਵਜਾਏ ਇਕ ਮਰਦੰਗ, ਢੋਲਕ ਛੈਣਾ ਨਾ ਕੋਈ ਰਖਾਈਆ । ਅੰਮ੍ਰਿਤ ਧਾਰ ਵਹਾਈ ਗੰਗ, ਗੰਗਾ ਜਮਨਾ ਰਹੀ ਸ਼ਰਮਾਈਆ । ਸ਼ਬਦ ਰੰਗੀਲੇ ਬੈਠ ਪਲੰਘ, ਜਗਤ ਸਿੰਘਾਸਣ ਰਿਹਾ ਤਜਾਈਆ । ਜੋਤ ਨਿਰੰਜਣ ਲਾਏ ਅੰਗ, ਆਪ ਆਪਣੇ ਅੰਗ ਸਮਾਈਆ । ਏਕਾ ਕੰਗਣ ਨਾਮ ਪਾਈ ਵੰਗ, ਹਰਿ ਸਾਚਾ ਸਗਨ ਮਨਾਈਆ । ਦਰ ਦਵਾਰੇ ਮੰਗੀ ਮੰਗ, ਵੇਲਾ ਅੰਤਮ ਦਏ ਵਿਖਾਈਆ । ਨਾਨਕ ਤੇਰਾ ਵਜਾਏ ਇਕ ਸਾਰੰਗ, ਸਾਰੰਗ ਬਹੱਤਰ ਨਾੜਾਂ ਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਤੇਰਾ ਅੰਤਮ ਲੇਖਾ, ਹਰਿ ਆਪਣੇ ਹੱਥ ਰਖਾਇਆ । ਜੋਤੀ ਜਾਮਾ ਧਰਿਆ ਭੇਖਾ, ਮੁੱਲਾਂ ਸ਼ੇਖ਼ ਰਿਹਾ ਮੁਕਾਇਆ । ਆਪ ਉਠਾਏ ਧਾਰੀ ਕੇਸਾ, ਮੂੰਡ ਮੁੰਡਾਇਆ ਰਿਹਾ ਸਮਝਾਇਆ । ਆਪੇ ਦਾਤਾ ਦਸ ਦਸਮੇਸ਼ਾ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਦੋ ਜਹਾਨਾਂ ਨਰ ਨਰੇਸ਼ਾ, ਨਿਰਗੁਣ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਅੱਖਰ ਰਿਹਾ ਪੜ੍ਹਾਇਆ । ਅੱਲਾ ਰਾਣੀ ਹੋ ਤਿਆਰ, ਹਰਿ ਸਾਚੇ ਸ਼ਬਦ ਜਣਾਈਆ । ਸੰਗ ਮੁਹੰਮਦ ਚਾਰ ਯਾਰ, ਐਲੀ ਅੱਲਾ ਰਿਹਾ ਧਿਆਈਆ । ਪੀਰ ਫ਼ਕੀਰ ਦਸਤਗੀਰ ਪਰਵਰਦਿਗਾਰ, ਹੂ ਹੂ ਨਾਅਰਾ ਲਾਈਆ । ਅੰਤਮ ਨਾਤਾ ਤੁੱਟੇ ਵਿਚ ਸੰਸਾਰ, ਇਕ ਇਕੱਲਾ ਰਿਹਾ ਤੁੜਾਈਆ । ਸ਼ਬਦ ਖੰਡਾ ਤੇਜ ਕਟਾਰ, ਆਪ ਆਪਣਾ ਰਿਹਾ ਵਖਾਈਆ । ਜਲਾਂ ਥਲਾਂ ਮਾਰੇ ਮਾਰ, ਜੰਗਲ ਜੂਹ ਉਜਾੜ ਪਹਾੜਾਂ ਵੇਖ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਐੜਾ ਅਲ੍ਹਾ ਰਿਹਾ ਏਕਾ ਅੱਖ ਵਖਾਈਆ । ਅੱਲਾ ਰਾਣੀ ਦਰ ਦਵਾਰ, ਬੈਠੀ ਮੁਖ ਛੁਪਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਨੇਤਰ ਨੀਰ ਵਹਾਈਆ । ਜੂਠਾ ਝੂਠਾ ਹੱਟ ਪਸਾਰ, ਚੌਦਾਂ ਲੋਕਾਂ ਇਕ ਵਖਾਈਆ । ਦੁਰਮਤ ਮੈਲ ਕੱਟ ਆਈ ਦਰਬਾਰ, ਚਰਨ ਧੂੜ ਮੰਗੇ ਮਸਤਕ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਕਰੇ ਜਣਾਈਆ । ਏਕਾ ਸ਼ਬਦ ਹਰਿ ਅਲਾ, ਜੁਗ ਜੁਗ ਆਪ ਰਖਾਇੰਦਾ । ਜੋਤ ਸਰੂਪੀ ਬਣ ਮਲਾਹ, ਏਕਾ ਰਾਹ ਵਿਖਾਇੰਦਾ । ਅਹਿਨਲ ਹੱਕ ਇਕ ਸਲਾਹ, ਮੁਕਾਮੇ ਹੱਕ ਬਹਾਇੰਦਾ । ਖ਼ੁਦੀ ਖ਼ੁਦਾਈ ਕੋਈ ਜਾਣੇ ਨਾ, ਖ਼ੁਦ ਖ਼ੁਦਾਵੰਦ ਆਪ ਅਖਵਾਇੰਦਾ । ਜਗਤ ਜੁਦਾਈ ਕੋਈ ਭਾਏ ਨਾ, ਕਲਜੁਗ ਵੇਲਾ ਅੰਤਮ ਆਇੰਦਾ । ਜੋਤੀ

੮੩੭ ੦੬

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਣੀ ਅੱਲਾ ਇਹ ਸਮਝਾਇੰਦਾ । ਅੱਲਾ ਰਾਣੀ ਪੜਦਾ ਲਾਹ, ਨੇਤਰ ਨੈਣ ਉਘਾੜਿਆ । ਉਠ ਉਠ ਵੇਖੇ ਚਾਰੋਂ ਰਾਹ, ਰਾਹ ਖਹਿੜਾ ਦਿਸ ਨਾ ਆ ਰਿਹਾ । ਦਿਸ ਨਾ ਆਏ ਬੇਪਰਵਾਹ, ਬਿਸਮਲ ਰੂਪ ਸਮਾ ਰਿਹਾ । ਨਾ ਕੋਈ ਦਿਸੇ ਜਗਤ ਗਵਾਹ, ਨਾ ਕੋਈ ਸਾਲਸ ਕੋਲ ਬਹਾ ਲਿਆ । ਜੂਠ ਝੂਠ ਨਾ ਕਿਸੇ ਥਾਂ, ਨਾ ਕੋਈ ਫੰਦ ਤੁੜਾ ਲਿਆ । ਸੰਗ ਮੁਹੰਮਦ ਚਾਰ ਯਾਰ ਬੈਠੇ ਕਰ ਨਾ, ਵੇਲਾ ਅੰਤਮ ਅੰਤ ਮੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਵਖਾ ਲਿਆ । ਆਪਣਾ ਰੰਗ ਹਰਿ ਸਰਬੰਗ, ਏਕਾ ਏਕ ਰਖਾਇਆ । ਸਾਚੇ ਘੋੜੇ ਕਸਿਆ ਤੰਗ, ਚੌਦਾਂ ਤਬਕਾਂ ਆਪ ਦੁੜਾਇਆ । ਦਰ ਦਰ ਘਰ ਘਰ ਵੇਖੇ ਲੰਘ, ਆਕਾਸ਼ ਪਰਕਾਸ਼ ਫੇਰਾ ਪਾਇਆ । ਮਨ ਮਤ ਬੁਧ ਤੇਰਾ ਲੱਗਾ ਜੰਗ, ਜਗਤ ਨੈਣੀ ਇਕ ਵਿਖਾਇਆ । ਦੂਈ ਦਵੈਤੀ ਢਾਹੇ ਕੰਧ, ਪੜਦਾ ਉਹਲਾ ਰਹਿਣ ਨਾ ਪਾਇਆ । ਇਕ ਵਖਾਏ ਚੰਡ ਪਰਚੰਡ, ਸਾਚਾ ਖੰਡਾ ਹੱਥ ਉਠਾਇਆ । ਲੇਖ ਲਿਖਾਏ ਜੇਰਜ ਅੰਡ, ਅੰਡਜ ਜੇਰਜ ਪਾਰ ਕਰਾਇਆ । ਖੋਜ ਖੁਜਾਏ ਵਿਚ ਬ੍ਰਹਿਮੰਡ, ਕਲਜੁਗ ਤੇਰੀ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਲਾ ਰਾਣੀ ਨਾਰ ਦੁਹਾਗਣ ਹੋਏ ਰੰਡ, ਸਾਚਾ ਕੰਤ ਨਾ ਕੋਇ ਹੰਢਾਇਆ । ਸਾਚਾ ਕੰਤ ਹਰਿ ਮੁਰਾਰ, ਏਕਾ ਏਕ ਅਖਵਾਇੰਦਾ । ਈਸਾ ਮੂਸਾ ਗਏ ਹਾਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਰੋ ਰੋ ਧਾਹਾਂ ਰਹੇ ਮਾਰ, ਸੰਗ ਮੁਹੰਮਦ ਚਾਰ ਯਾਰ ਵੇਲਾ ਅੰਤਮ ਆਇੰਦਾ । ਨਾ ਕੋਈ ਸੁਣੇ ਸੁਣਾਏ ਕਿਸੇ ਪੁਕਾਰ, ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਫ਼ਕੀਰ ਸ਼ਾਹ ਹਕੀਰ ਨਾ ਕੋਈ ਪਾਰ ਲੰਘਾਇੰਦਾ । ਏਕਾ ਵੱਝਾ ਜਗਤ ਜੰਜ਼ੀਰ, ਅੰਤਮ ਅੰਤ ਨਾ ਕੋਈ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਅੰਤ ਅਖ਼ੀਰ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਤੇਰਾ ਅੰਤ ਕਿਨਾਰਾ, ਹਰਿ ਸਾਚੇ ਜੋਤ ਜਗਾਈਆ । ਪਰਗਟ ਹੋਏ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਈਆ । ਪੂਤ ਸਪੂਤਾ ਕਰ ਤਿਆਰਾ, ਆਪ ਆਪਣੀ ਗੋਦ ਉਠਾਈਆ । ਗੁਰ ਗੋਬਿੰਦਾ ਇਕ ਦੁਲਾਰਾ, ਤਨ ਬਸਤਰ ਰਿਹਾ ਪਹਿਨਾਈਆ । ਸ਼ਬਦ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਲਟਕਾਈਆ । ਆਪੇ ਹੋਇਆ ਪਹਿਰੇਦਾਰਾ, ਦਿਵਸ ਰੈਣ ਸੇਵ ਕਮਾਈਆ । ਨੌਂ ਖੰਡ ਪ੍ਰਿਥਮੀ ਮਾਰੇ ਮਾਰਾ, ਸੱਤਾਂ ਦੀਪਾਂ ਰਿਹਾ ਜਗਾਈਆ । ਬ੍ਰਹਮਾ ਦੇਵਤ ਸੁਰ ਦਏ ਹੁਲਾਰਾ, ਸ਼ਿਵ ਸ਼ੰਕਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਜੋਤ ਕਰੇ ਰੁਸ਼ਨਾਈਆ । ਗੁਰ ਗੋਬਿੰਦਾ ਸਾਚਾ ਸੁੱਤ, ਹਰਿ ਆਪਣੇ ਅੰਗ ਲਗਾਇੰਦਾ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਸਾਚਾ ਸੰਗ ਨਿਭਾਇੰਦਾ । ਕਲਜੁਗ ਤੇਰੀ ਅੰਤਮ ਰੁੱਤ, ਲੱਖ ਚੁਰਾਸੀ ਵੇਖ ਵਿਖਾਇੰਦਾ । ਜਨ ਭਗਤਾਂ ਮੇਟੇ ਆਤਮ ਤ੍ਰਿਸ਼ਨਾ ਲੱਗੀ ਤ੍ਰਿਸ਼ਨਾ ਭੁੱਖ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਮਨਮੁਖਾਂ ਲੱਗਾ ਸਦਾ ਦੁੱਖ, ਹਉਮੇ ਰੋਗ ਸਤਾਇੰਦਾ । ਮਾਤ ਗਰਭ ਉਲਟਾ ਰੁੱਖ, ਆਵਣ ਜਾਵਣ ਗੇੜ ਰਖਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਉਜਲ ਕਰੇ ਮੁਖ, ਆਤਮ ਦਰਸੀ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,, ਨਿਹਕਲੰਕ ਨਰਾਇਣ ਨਰ, ਗੁਰ ਗੋਬਿੰਦੇ ਮੇਲ ਮਿਲਾਇੰਦਾ । ਗੁਰ ਗੋਬਿੰਦੇ ਉਠ ਬਲ ਧਾਰ, ਪ੍ਰਭ ਆਪਣੀ ਕਲ ਵਰਤਾਈਆ । ਦਰ ਦਵਾਰੇ ਮੰਗੇ ਮੰਗ ਮੁਹੰਮਦ ਯਾਰ, ਰੋ ਰੋ ਨੇਤਰ ਨੀਰ ਵਹਾਈਆ । ਸਦੀ ਚੌਧਵੀਂ ਆਈ ਹਾਰ, ਚਾਰੋਂ ਕੁੰਟ ਪਏ ਦੁਹਾਈਆ । ਗੁਰ ਗੋਬਿੰਦਾ

੮੩੮
੦੬

ਕਰ ਤਿਆਰ, ਪ੍ਰਭ ਨੈਣੀ ਨੈਣ ਮਿਲਾਈਆ । ਆਤਮ ਜੋਤੀ ਜੋਤ ਨਿਆਰ, ਸ਼ਬਦੀ ਸ਼ਬਦ ਮਿਲਾਈਆ । ਆਪ ਆਪਣਾ ਦਏ ਅਧਾਰ, ਸਿਰ ਆਪਣਾ ਹੱਥ ਟਿਕਾਈਆ । ਦੋ ਜਹਾਨਾਂ ਵਸੇ ਬਾਹਰ, ਭੇਵ ਕੋਇ ਨਾ ਪਾਈਆ । ਗੁਰ ਗੋਬਿੰਦਾ ਸੁਤ ਦੁਲਾਰ, ਏਕਾ ਏਕ ਅਖਵਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਸਚ ਵਸਤ ਝੋਲੀ ਪਾਈਆ । ਨਾਮ ਖੰਡਾ ਤੇਜ ਕਟਾਰ, ਹੱਥ ਸਮਰਥ ਰਖਾਈਆ । ਚਾਰੋਂ ਕੁੰਟ ਦਹਿ ਦਿਸ਼ਾ ਵੇਖ ਵਿਚਾਰ, ਅਲਖ ਨਿਰੰਜਣ ਏਕਾ ਅਲਖ ਰਿਹਾ ਜਗਾਈਆ । ਮੇਟ ਮਿਟਾਉਣਾ ਅੰਧ ਅੰਧਿਆਰ, ਜੂਠ ਝੂਠ ਰਹਿਣ ਨਾ ਪਾਈਆ । ਸੰਮਤ ਚੌਦਾਂ ਕਰ ਤਿਆਰ, ਨੀਲਾ ਬਸਤਰ ਤਨ ਛੁਹਾਈਆ । ਪੰਦਰਾਂ ਅੰਦਰੇ ਅੰਦਰ ਜਾਏ ਮਾਰ, ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਸੁਤ ਦੁਲਾਰਾ ਹਰਿ ਨਿਰੰਕਾਰਾ, ਏਕਾ ਏਕ ਰਖਾਈਆ । ਸੁਤ ਦੁਲਾਰਾ ਹਰਿ ਗੋਬਿੰਦ, ਏਕਾ ਏਕ ਉਪਾਇਆ । ਲੱਖ ਚੁਰਾਸੀ ਮੇਟੇ ਚਿੰਦ, ਭਰਮ ਗੜ੍ਹ ਤੁੜਾਇਆ । ਭਗਤ ਜਨਾਂ ਹਰਿ ਬਖ਼ਸ਼ਿੰਦ, ਆਪ ਆਪਣਾ ਦਰਸ ਦਿਖਾਇਆ । ਭਾਗ ਲਗਾਏ ਭਾਰਤ ਖੰਡ, ਸੰਬਲ ਨਗਰੀ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਏਕ ਸੰਗ ਨਿਭਾਇਆ । ਸਚ ਦਵਾਰਾ ਹਰਿ ਨਿਰੰਕਾਰ, ਏਕਾ ਏਕ ਰਖਾਇਆ । ਗੁਰ ਗੋਬਿੰਦਾ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਇਆ । ਮੁਹੰਮਦ ਮੰਗੇ ਮੰਗ ਅਪਾਰ, ਅੱਗੇ ਝੋਲੀ ਡਾਹਿਆ । ਦੋਹਾਂ ਵਿਚੋਲਾ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਕਲਜੁਗ ਅੰਤਮ ਹੋਇਆ ਗੋਲਾ, ਦੇ ਮਤ ਰਿਹਾ ਸਮਝਾਇਆ । ਮੁਹੰਮਦ ਮੁਹੰਮਦੀ ਬਦਲਿਆ ਚੋਲਾ, ਨਾ ਕੋਈ ਸਕੇ ਮਾਤ ਬਚਾਇਆ । ਅੱਲਾ ਰਾਣੀ ਖੇਲੇ ਹੋਲਾ, ਲਾਲ ਗੁਲਾਲਾ ਰੰਗ ਚੜ੍ਹਾਇਆ । ਮਿਲੇ ਵਡਿਆਈ ਉਪਰ ਧਵਲਾ, ਧਰਨੀ ਧਵਲ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰੇ ਬੈਠੇ ਆਸਣ ਲਾਇਆ । ਗੁਰ ਗੋਬਿੰਦਾ ਕਰ ਨਿਮਸਕਾਰ, ਦੋਏ ਜੋੜ ਸੀਸ ਝੁਕਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਜਗਤ ਜਗਦੀਸ਼ ਆਪ ਹੋ ਆਇੰਦਾ । ਪਰਗਟ ਹੋਵੇ ਵਿਚ ਸੰਸਾਰ, ਛਤਰ ਸੀਸ ਇਕ ਝੁਲਾਇੰਦਾ । ਨਿਹਕਲੰਕਾ ਸੇਵਾਦਾਰ, ਦਿਸ ਕਿਸੇ ਨਾ ਆਇੰਦਾ । ਅੱਠੇ ਪਹਿਰ ਖ਼ਬਰਦਾਰ, ਲੋਆਂ ਪੁਰੀਆਂ ਵੇਖ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਬੰਨ੍ਹੇ ਧਾਰ, ਕਲਜੁਗ ਜੋਤ ਜਗਾਇੰਦਾ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਵੇ ਸਾਰ, ਜਲਾਂ ਥਲਾਂ ਵੇਖ ਵਖਾਇੰਦਾ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਮੇਲ ਕਰ, ਦੇ ਮਤ ਆਪ ਸਮਝਾਇੰਦਾ । ਦੇ ਮਤ ਹਰਿ ਨਰਾਇਣਾ, ਗੋਬਿੰਦ ਇਹ ਸਮਝਾਇਆ । ਹਰਿ ਹਰਿ ਭਾਣਾ ਸਿਰ ਤੇ ਸਹਿਣਾ, ਸੇਵਕ ਸੇਵਾ ਰਿਹਾ ਕਰਾਇਆ । ਤਨ ਬਸਤਰ ਪਹਿਨਾਏ ਏਕਾ ਗਹਿਣਾ, ਸੋਹੰ ਨਾਉਂ ਰਖਾਇਆ । ਚਾਰ ਵਰਨ ਨਾਤਾ ਬੰਧਾਉਣਾ ਏਕਾ ਮਾਤ ਪਿਤ ਭਾਈ ਭੈਣਾਂ, ਊਚ ਨੀਚ ਕੋਈ ਰਹਿਣ ਨਾ ਪਾਇਆ । ਸ਼ਬਦ ਵਿਚੋਲਾ ਸਾਚਾ ਸਾਕ ਸੱਜਣ ਸੈਣਾ, ਨਾ ਕੋਈ ਬੰਧਨ ਬੰਧ ਬੰਧਾਇਆ । ਜੂਠੀ ਝੂਠੀ ਮਾਇਆ ਵਿਚ ਨਾ ਰਹਿਣਾ, ਭਰਮਾਂ ਡੇਰਾ ਨਾ ਕੋਈ ਭੰਨਾਈਆ । ਆਪ ਚੁਕਾਏ ਲਹਿਣਾ ਦੇਣਾ, ਪਿਛਲਾ ਘਾਟਾ ਪੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਏਕਾ ਘਰ ਰਿਹਾ ਵਖਾਇਆ । ਇਕ ਮੁਹੰਮਦ ਇਕ ਅੱਲਾ ਏਕਾ ਦਰ ਸਵਾਲੀਆ । ਏਕਾ ਹਰਿ ਇਕ ਮਲਾਹ, ਏਕਾ ਹੋਏ ਰਖਵਾਲੀਆ । ਏਕਾ ਅੱਖਰ ਏਕਾ ਨਾਂ, ਏਕਾ ਏਕ ਰਿਹਾ ਜਪਾ, ਏਕਾ ਏਕ ਹੋਏ ਸਵਾਲੀਆ । ਏਕਾ

੮੩੯
੦੬

ਏਕ ਅਗੰਮ ਅਥਾਹ ਬੇਪਰਵਾਹ, ਏਕਾ ਏਕ ਵਾਲੀ ਦੋ ਜਹਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਮਾਤ ਨਿਰਾਲੀਆ । ਸਤਿਗੁਰ ਸ਼ਬਦ ਅਨੂਪ ਆਪ ਉਪਾਇਆ । ਆਪੇ ਹੋਇਆ ਸਤਿ ਸਰੂਪ, ਸਾਂਤਕ ਸਤਿ ਸਮਾਇਆ । ਵੇਖ ਵਿਖਾਏ ਚਾਰੇ ਕੂਟ, ਦਹਿ ਦਿਸ਼ਾ ਫੇਰਾ ਪਾਇਆ । ਕਲਜੁਗ ਕਾਇਆ ਜੂਠ ਝੂਠ, ਮਾਇਆ ਮਮਤਾ ਫੰਦ ਲਗਾਇਆ । ਅੰਤਮ ਖਾਲੀ ਦਿਸੇ ਠੂਠ, ਸਚ ਵਸਤ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਵੇਖਣ ਆਇਆ । ਸਤਿਗੁਰ ਸ਼ਬਦ ਤਰੰਗ, ਏਕਾ ਏਕ ਰਖਾਇਆ । ਨਾਮ ਬਸਤਰ ਚੋਲੀ ਰੰਗ, ਆਪਣਾ ਤਨ ਸਜਾਇਆ । ਸਚ ਸੁੱਚ ਲਾਏ ਅੰਗ, ਸਤਿ ਸੰਤੋਖ ਵਰਤਾਇਆ । ਧੀਰਜ ਧੀਰ ਬੈਠ ਪਲੰਘ, ਨੀਰ ਸੀਰ ਪਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਅੰਗਣ ਆਪ ਸਮਾਇਆ । ਸਤਿ ਸੰਤੋਖ ਸ਼ਬਦ ਗਿਆਨ, ਸਤਿਗੁਰ ਮੁਖ ਉਜਾਲਿਆ । ਸਤਿਗੁਰ ਵੇਖੇ ਮਾਰ ਧਿਆਨ, ਕਲਜੁਗ ਅੰਧੇਰਾ ਕਾਲਿਆ । ਵੇਦ ਪੁਰਾਨਾਂ ਅੰਜੀਲ ਕੁਰਾਨਾਂ ਤੁੱਟਾ ਮਾਣ, ਖਾਣੀ ਬਾਣੀ ਆਪਣਾ ਰਾਹ ਵਖਾ ਲਿਆ । ਲਹਿਣਾ ਦੇਣਾ ਜਗਤ ਜਹਾਨ, ਜੁਗ ਜੁਗ ਮਾਤ ਚੁਕਾ ਲਿਆ । ਕਰੇ ਕਰਾਏ ਪੁਣ ਛਾਣ, ਆਪ ਆਪਣੀ ਬਣਤ ਬਣਾ ਲਿਆ । ਕਲਜੁਗ ਅੰਤ ਵੇਖ ਵਿਖਾਨ, ਜੋਤੀ ਜਾਮਾ ਭੇਖ ਵਟਾ ਲਿਆ । ਨਾ ਕੋਈ ਖੰਡਾ ਤੀਰ ਕਮਾਨ, ਨਾ ਕੋਈ ਸ਼ਸਤਰ ਅੰਗ ਉਪਾ ਲਿਆ । ਲਸ਼ਕਰ ਫੌਜ ਨਾ ਕੋਈ ਜਵਾਨ, ਹਸਤ ਗਜ ਨਾ ਕੋਈ ਸੰਭਾਲਿਆ । ਅੰਨ ਜਲ ਨਾ ਪੀਣ ਖਾਣ, ਲੇਫ ਤਲਾਈ ਨਾ ਕੋਈ ਸਿਰਹਾਨਿਆ । ਰਾਗ ਨਾਦ ਨਾ ਕੋਈ ਗਾਨ, ਰਸਨਾ ਜਿਹਵਾ ਨਾ ਕੋਈ ਸੁਣਾਨਿਆ । ਸ਼ਬਦੀ ਸ਼ਬਦ ਗੁਣ ਨਿਧਾਨ, ਆਪਣਾ ਆਪ ਆਪ ਪਛਾਨਿਆ । ਪਰਗਟ ਹੋ ਵਾਲੀ ਦੋ ਜਹਾਨ, ਨੌਂ ਖੰਡ ਪ੍ਰਿਥਮੀ ਵੇਖ ਵਖਾਨਿਆ । ਇਕ ਰਖਾਏ ਸਚ ਬਿਬਾਨ, ਲੋਆਂ ਪੁਰੀਆਂ ਆਪ ਉਡਾਨਿਆ । ਧਰਮ ਝੁਲਾਏ ਹਰਿ ਨਿਸ਼ਾਨ, ਰੰਗ ਰੰਗੀਲਾ ਆਪ ਰਖਾਨਿਆ । ਲਿਖਿਆ ਲੇਖ ਲੇਖ ਮਹਾਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਵਰਨ ਬਰਨ ਸਾਰੇ ਗਾਣ, ਊਚਾਂ ਨੀਚਾਂ ਇਕ ਧਿਆਨਿਆ । ਰਾਜ ਰਾਜਾਨਾਂ ਤੁਟੇ ਮਾਨ, ਸ਼ਾਹ ਸੁਲਤਾਨਾਂ ਇਕ ਫ਼ਰਮਾਨਿਆ । ਬ੍ਰਹਮਾ ਬ੍ਰਹਮ ਕਰੇ ਪਛਾਣ, ਆਤਮ ਜੋਤੀ ਇਕ ਗਿਆਨਿਆ । ਸ਼ਿਵ ਸ਼ੰਕਰ ਸੁਣੇ ਸੁਣਾਏ ਸਾਚੇ ਕਾਨ, ਹਰਿ ਏਕਾ ਸ਼ਬਦ ਵਖਾਨਿਆ । ਸੁਰਪਤ ਰਾਜਾ ਇੰਦ ਬੈਠਾ ਇਕ ਮਕਾਨ, ਕਰੋੜ ਤੇਤੀਸਾ ਬਾਲ ਨਿਧਾਨਿਆ । ਸਿੰਘ ਮਨਜੀਤਾ ਵਡ ਬਲਵਾਨ, ਮਾਰੇ ਤੀਰ ਤਿੱਖੀ ਕਾਨੀਆ । ਸੋਹੰ ਸੋ ਦੇਵੇ ਸਾਚਾ ਦਾਨ, ਸਾਚੇ ਦਰ ਕਰੇ ਪਰਵਾਨਿਆ । ਨੌਂ ਖੰਡ ਪ੍ਰਿਥਮੀ ਇਕ ਗਿਆਨ, ਏਕਾ ਜਾਪ ਜਪਾਨਿਆ । ਲੇਖਾ ਚੁੱਕੇ ਅੰਜੀਲ ਕੁਰਾਨ, ਬਤੀਸ ਤੀਸ ਹਦੀਸ ਨਾ ਕੋਈ ਪੜ੍ਹਾਨਿਆ । ਭੇਵ ਚੁਕਾਏ ਗੋਪੀ ਕਾਹਨ, ਸੀਤਾ ਰਾਮ ਆਪ ਹੋ ਜਾਨਿਆ । ਨਾਨਕ ਗੋਬਿੰਦ ਏਕਾ ਤਾਨ, ਏਕਾ ਨਾਉਂ ਵਖਾਨਿਆ । ਨਰ ਨਿਰੰਕਾਰਾ ਕਰੇ ਪਛਾਣ, ਓਅੰਕਾਰਾ ਦੋ ਜਹਾਨਿਆ । ਸ਼ਬਦ ਜੈਕਾਰਾ ਇਕ ਮਿਹਰਵਾਨ, ਧੁਰਦਰਗਾਹੀ ਆਪ ਫ਼ਰਮਾਨਿਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਣੇ ਸੁਣਾਏ ਸਾਚੇ ਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦੇਵੇ ਏਕਾ ਵਰ, ਆਪ ਰਖਾਏ ਆਪਣੀ ਆਨਿਆ । ਗੋਬਿੰਦ ਵਰ ਝੋਲੀ ਪਾ, ਆਤਮ ਖ਼ੁਸ਼ੀ ਮਨਾਈਆ । ਲੋਕਮਾਤੀ ਜੋਤ ਜਗਾ, ਚਾਰ ਕੁੰਟ ਹੋਏ ਰੁਸ਼ਨਾਈਆ । ਅੰਧ ਅੰਧੇਰ ਦਏ ਮਿਟਾ, ਦੀਪਕ ਇਕ ਜਗਾਈਆ । ਸੰਵ ਸਵੇਰ ਇਕ ਵਖਾ, ਏਕਾ ਦੂਜਾ ਭਉ ਚੁਕਾਈਆ । ਰਵ ਸਸ ਹਰਿ


੮੪੦
੦੬

ਨਾਮ ਚੜ੍ਹਾ, ਸੀਤਲ ਧਾਰ ਵਹਾਈਆ । ਮੰਡਲ ਮੰਡਪ ਦਏ ਸੁਹਾ, ਰਿਖ ਮੁਨ ਸੰਗ ਨਿਭਾਈਆ । ਆਪ ਆਪਣੇ ਲਏ ਉਪਾ, ਆਪ ਆਪਣੀ ਕਲ ਵਰਤਾਈਆ । ਜੂਠ ਝੂਠ ਦਏ ਮਿਟਾ, ਲੋਕਮਾਤ ਰਹਿਣ ਨਾ ਪਾਈਆ । ਲੱਖ ਚੁਰਾਸੀ ਦਏ ਖਪਾ, ਅੰਤਮ ਅੰਤ ਹੋਏ ਜੁਦਾਈਆ । ਗੁਰਮੁਖ ਸਾਚੇ ਲਏ ਤਰਾ, ਏਕਾ ਬੇੜਾ ਰਿਹਾ ਭਰਾਈਆ । ਸੋਹੰ ਚਪੂ ਨਾਮ ਲਗਾ, ਵੰਞ ਮੁਹਾਣਾ ਆਪਣੇ ਹੱਥ ਰਖਾਈਆ । ਮਾਇਆ ਮਮਤਾ ਅਗਨ ਬੁਝਾ, ਤ੍ਰਿਖਾ ਤ੍ਰਿਸ਼ਨ ਬੁਝਾਈਆ । ਅੱਖਰ ਵੱਖਰ ਦਏ ਪੜ੍ਹਾ, ਸੋਹੰ ਸ਼ਬਦ ਭਗਤ ਪੜ੍ਹਾਈਆ । ਜਗਤ ਵਿਦਿਆ ਮੂਲ ਚੁਕਾ, ਬ੍ਰਹਮੇ ਝੋਲੀ ਪਾਈਆ । ਅੰਤਮ ਵੇਲਾ ਰਿਹਾ ਜਣਾ, ਬੀਸ ਬੀਸਾ ਦਏ ਦੁਹਾਈਆ । ਰਾਗ ਛਤੀਸਾ ਨਾ ਕੋਈ ਗਾ, ਨਾਰਦ ਮੁਨ ਰਿਹਾ ਸ਼ਰਮਾਈਆ । ਨਾਰ ਸੁਰਸਤੀ ਰੋਵੇ ਮਾਰੇ ਧਾਹ, ਹੋਣੀ ਅੰਤ ਜੁਦਾਈਆ । ਵੇਦ ਵਿਆਸਾ ਗਿਆ ਲਿਖਾ, ਪੁਰਾਨ ਅਠਾਰਾਂ ਰਸਨਾ ਗਾਈਆ । ਪੁਰਖ ਅਬਿਨਾਸ਼ੀ ਆਏ ਵੇਸ ਵਟਾ, ਭੇਵ ਕੋਈ ਨਾ ਪਾਈਆ । ਬ੍ਰਿਹਮਣ ਗੌੜਾ ਲਏ ਉਠਾ, ਪੂਤ ਸਪੂਤਾ ਆਪ ਹੋ ਆਈਆ । ਹਰਿਜਨ ਸਾਚੇ ਪੌੜੇ ਲਏ ਚੜ੍ਹਾ, ਏਕਾ ਡੰਡਾ ਨਾਮ ਲਗਾਈਆ । ਆਪ ਬਹਾਏ ਸਾਚੇ ਥਾਂ, ਬ੍ਰਹਿਮੰਡਾਂ ਖੋਜ ਖੁਜਾਈਆ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਈਆ । ਨੌ ਖੰਡ ਪ੍ਰਿਥਮੀ ਘਰ ਘਰ ਉਡਦੇ ਕਾਂ, ਨਾ ਦੀਸੇ ਕਿਸੇ ਕੋਈ ਸਹਾਈਆ । ਨਾ ਕੋਈ ਦੇਵੇ ਠੰਢੀ ਛਾਂ, ਮਾਵਾਂ ਪੁੱਤਰਾਂ ਹੋਏ ਜੁਦਾਈਆ । ਗੁਰਮੁਖ ਸਾਚੇ ਸੰਤ ਜਨਾਂ ਹਰਿ ਸਾਚਾ ਰਿਹਾ ਜਣਾ, ਗੁਰ ਚਰਨ ਸੱਚੀ ਸਰਨਾਈਆ । ਸੰਮਤ ਪੰਦਰਾਂ ਦਏ ਹਿਲਾ, ਅੰਦਰ ਮੰਦਰ ਡੇਰਾ ਢਾਹੀਆ । ਸੰਮਤ ਸੋਲਾਂ ਦਏ ਵਖਾ, ਨੇਤਰ ਨੈਣ ਖੁਲ੍ਹਾਈਆ । ਸੰਮਤ ਸਤਾਰਾਂ ਸੱਥ ਦਏ ਵਿਛਾ, ਧਰਤ ਮਾਤ ਝੋਲੀ ਡਾਹੀਆ । ਸੰਮਤ ਅਠਾਰਾਂ ਦਏ ਰੁੜ੍ਹਾ, ਸਾਗਰ ਸਿੰਧ ਇਕ ਵਹਾਈਆ । ਉਨੀ ਉਨੀਸਾ ਵੇਖ ਵਖਾ, ਅੱਲਾ ਰਾਣੀ ਰਹੀ ਕੁਰਲਾਈਆ । ਜਗਤ ਜਗਦੀਸਾ ਜੋਤ ਜਗਾ, ਬੀਸ ਬੀਸਾ ਕਰੇ ਰੁਸ਼ਨਾਈਆ । ਏਕਾ ਛਤਰ ਸੀਸ ਝੁਲਾ, ਜਗਤ ਜਗਦੀਸ ਆਪ ਅਖਵਾਈਆ । ਰਾਜ ਮੰਤਰ ਦਏ ਬਣਾ, ਨਾਮ ਵਿਧਾਨ ਇਕ ਬਣਾਈਆ । ਪੰਚਮ ਪੰਚਾਂ ਮੁਖ ਰਖਾ, ਪੰਚਮ ਜੋਗ ਕਮਾਈਆ । ਨੌ ਖੰਡ ਪ੍ਰਿਥਮੀ ਦਏ ਵਖਾ, ਦੂਸਰ ਕੋਈ ਨਾ ਹੋਰ ਰਖਾਈਆ । ਸੱਤ ਰੰਗ ਨਿਸ਼ਾਨਾ ਦਏ ਚੜ੍ਹਾ, ਪੰਦਰਾਂ ਕੱਤਕ ਰੁੱਤ ਸੁਹਾਈਆ । ਸੋਹੰ ਅੱਖਰ ਦਏ ਪੜ੍ਹਾ, ਚਾਰ ਵਰਨਾਂ ਇਕ ਪੜ੍ਹਾਈਆ । ਜੈ ਜੈ ਕਾਰਾ ਦਏ ਕਰਾ, ਏਕਾ ਨਾਅਰਾ ਲਾਈਆ । ਆਪ ਆਪਣਾ ਲਏ ਉਪਾ, ਜੋਤੀ ਨੂਰ ਕਰੇ ਰੁਸ਼ਨਾਈਆ । ਜਨ ਭਗਤਾਂ ਜੋਤੀ ਇਕ ਜਗਾ, ਅੰਧ ਅੰਧੇਰ ਮਿਟਾਈਆ । ਸਾਚਾ ਸਗਨ ਆਪ ਮਨਾ, ਇਕ ਇਕੇਲਾ ਖ਼ੁਸ਼ੀ ਮਨਾਈਆ । ਕਾਇਆ ਚੋਲੀ ਰੰਗ ਰੰਗਾ, ਸਾਚਾ ਬਸਤਰ ਤਨ ਪਹਿਨਾਈਆ । ਨਾਮ ਮਰਦੰਗਾ ਇਕ ਵਜਾ, ਏਕਾ ਰਾਗ ਸੁਣਾਈਆ । ਏਕਾ ਧਾਮ ਦਏ ਬਹਾ, ਸਾਚਾ ਤਾਲ ਇਕ ਸੁਹਾਈਆ । ਆਤਮ ਗੰਗ ਦਏ ਨੁਹਾ, ਅੱਠ ਸੱਠ ਮਾਣ ਗਵਾਈਆ । ਦਿਹੁਰਾ ਮੰਦਰ ਮਸੀਤ ਗੁਰਦਵਾਰਾ ਨਾ ਦਿਸੇ ਕੋਈ ਥਾਂ, ਨਾ ਕੋਈ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਤੇਰਾ ਨਾਂ, ਨੌ ਖੰਡ ਪ੍ਰਿਥਮੀ ਰਹੀ ਗਾਈਆ । ਸੱਤਾਂ ਦੀਪਾਂ ਆਪ ਸੁਣਾ, ਸਤਿ ਸੰਤੋਖ ਧੀਰਜ ਆਪ ਦਵਾਈਆ । ਬ੍ਰਹਮਾ ਸ਼ਿਵ ਦਏ ਉਠਾ, ਸੁਰਪਤ ਰਹਿਣ ਨਾ ਪਾਈਆ । ਗੁਰਮੁਖ ਸਾਚੇ ਦਏ ਜਗਾ, ਆਪ ਆਪਣਾ ਸ਼ਬਦ ਜਣਾਈਆ । ਏਕਾ ਅੱਖਰ ਰਿਹਾ ਸੁਣਾ, ਆਪ ਆਪਣੀ ਦਇਆ ਕਮਾਈਆ । ਚਾਰ ਵੇਦ ਨਾ ਕੋਈ ਬਣਾ, ਨਾ ਕੋਈ ਰਚਨ ਰਚਾਈਆ । ਛੱਤੀਆਂ ਜੁਗ ਦਏ ਮਿਟਾ, ਨਿਹਕਲੰਕਾ ਨਾਉਂ ਰਖਾਈਆ । ਵ ਹ ਗ ਰ ਵਾਹਿਗੁਰੂ ਵਾਹਿਗੁਰੂ ਵੇਖ ਵਖਾ, ਵੇਖਣ

ਵਾਲਾ ਆਪ ਹੋ ਜਾਈਆ । ਨੌ ਨੌਂ ਜੁਗ ਲੇਖ ਲਿਖਾ, ਚਾਰੇ ਜੋੜ ਜੁੜਾਈਆ । ਨਾਨਕ ਗੋਬਿੰਦ ਹੋ ਸਹਾ, ਸਿਰ ਆਪਣਾ ਹੱਥ ਰਖਾਈਆ । ਅੰਤਮ ਮੇਲਾ ਲਏ ਮਿਲਾ, ਆਪ ਆਪਣੇ ਰੰਗ ਰੰਗਾਈਆ । ਚਾਰ ਯਾਰ ਸੰਗ ਮੁਹੰਮਦ ਦਏ ਮਿਟਾ, ਮੇਟੇ ਝੂਠੀ ਸ਼ਾਹੀਆ । ਅੱਲਾ ਰਾਣੀ ਜਾਏ ਮੁਖ ਛੁਪਾ, ਲਾਲ ਚੁੰਨੀ ਸੀਸ ਰਖਾਈਆ । ਮੁਸਲਿਮ ਸੁੰਨੀ ਨਾ ਕੋਈ ਰਿਹਾ ਜਣਾ, ਐਲੀ ਅੱਲਾ ਨਾ ਕੋਈ ਜਣਾਈਆ । ਪੰਡਤ ਪਾਂਧਾ ਨਾ ਰਿਹਾ ਕੋਈ ਪੜ੍ਹਾ, ਮਸਤਕ ਤਿਲਕ ਨਾ ਕੋਈ ਲਗਾਈਆ । ਸ਼ਿਵ ਸ਼ੰਕਰ ਤ੍ਰਿਸੂਲ ਨਾ ਰਿਹਾ ਵਖਾ, ਬਾਸ਼ਕ ਤਸ਼ਕ ਨਾ ਗਲ ਲਟਕਾਈਆ । ਗਣਪਤ ਗਣੇਸ਼ ਨਾ ਕੋਈ ਰਿਹਾ ਮਨਾ, ਨਾ ਕੋਈ ਸੀਸ ਝੁਕਾਈਆ । ਆਦਿ ਸ਼ਕਤ ਅੰਤ ਨਾ ਮੰਗੇ ਕੋਈ ਦੁਆ, ਗਦਾ ਚੱਕਰ ਨਾ ਕੋਈ ਹੱਥ ਉਠਾਈਆ । ਬੁਤ ਸਿਲਾ ਨਾ ਕੋਈ ਮਨਾ, ਨਾ ਕੋਈ ਪੂਜੇ ਪੂਜ ਪੁਜਾਈਆ । ਰਾਮ ਕ੍ਰਿਸ਼ਨ ਨਾ ਕੋਈ ਧਿਆ, ਗੀਤਾ ਗਿਆਨ ਨਾ ਕੋਈ ਜਣਾਈਆ । ਅੰਜੀਲ ਕੁਰਾਨ ਨਾ ਕੋਈ ਸਿਖਾ, ਈਸਾ ਮੂਸਾ ਬੈਠੇ ਮੁਖ ਛੁਪਾਈਆ । ਖਾਣੀ ਬਾਣੀ ਨਾ ਬਣੇ ਕਿਸੇ ਦੀ ਮਾਂ, ਸਾਚਾ ਸੀਰ ਨਾ ਕੋਈ ਪਿਲਾਈਆ । ਵਰਨ ਬਰਨ ਨਾ ਜਾਣੇ ਕੋਈ ਥਾਂ, ਊਚ ਨੀਚ ਨਾ ਕੋਈ ਸਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਕਰੇ ਧਿਆਨ, ਦਰ ਦਰ ਫਿਰਨ ਦੇਣ ਦੁਹਾਈਆ । ਕਲਜਗ ਅੰਤਮ ਵੇਖੇ ਮਾਰ ਧਿਆਨ, ਚਾਰੋਂ ਕੁੰਟ ਅੰਧੇਰੀ ਛਾਈਆ । ਜੂਠ ਝੂਠ ਖ਼ਾਕ ਰਹੀ ਛਾਨ, ਸਚ ਵਸਤ ਹੱਥ ਨਾ ਆਈਆ । ਲੋਭ ਮੋਹ ਹੰਕਾਰਾ ਆਪਣਾ ਕੀਤਾ ਪਾਣ, ਕਾਮ ਕਰੋਧ ਪਈ ਲੜਾਈਆ । ਮਨਮਤ ਜੀਵ ਸਰਬ ਪਛਤਾਨ, ਮਨਮੁਖਾਂ ਨਾ ਕੋਈ ਸਹਾਈਆ । ਰਾਏ ਧਰਮ ਵੇਖੇ ਮਾਰ ਧਿਆਨ, ਲੱਖ ਚੁਰਾਸੀ ਵੇਖੇ ਵੇਖ ਵਖਾਈਆ । ਲਾੜੀ ਮੌਤ ਨੌਜਵਾਨ, ਹੱਥੀਂ ਮਹਿੰਦੀ ਰਹੀ ਲਾਈਆ । ਧਰਮ ਰਾਏ ਦੀ ਸਚ ਸਪੁੱਤਰੀ ਇਕ ਰਕਾਨ, ਦਰ ਮੰਗਣ ਪ੍ਰਭ ਦਵਾਰੇ ਆਈਆ । ਪ੍ਰਭ ਅਬਿਨਾਸ਼ੀ ਕਰ ਧਿਆਨ, ਲੱਖ ਚੁਰਾਸੀ ਵੇਖ ਵਖਾਈਆ । ਮਨਮੁਖ ਜੀਵ ਜਗਤ ਸ਼ੈਤਾਨ, ਲੱਖ ਚੁਰਾਸੀ ਤੇਰਾ ਕੰਤ ਬਣਾਈਆ । ਹੱਥੀਂ ਬੰਨ੍ਹ ਜਾ ਜਾ ਗਾਨ, ਏਕਾ ਗਾਨਾ ਹੱਥ ਫੜਾਈਆ । ਪੰਜ ਵਿਕਾਰਾ ਵਜਾਏ ਤਾਲ ਤਾਨ, ਘਰ ਘਰ ਰਹੀ ਨਾਚ ਵਖਾਈਆ । ਮਨ ਮਤ ਬੁਧ ਹੋਈ ਹੈਰਾਨ, ਸੰਮਤ ਚੌਦਾਂ ਪਈ ਲੜਾਈਆ । ਚਿਤਰ ਗੁਪਤ ਮੰਗੇ ਦਾਨ, ਆਪਣਾ ਲੇਖਾ ਰਿਹਾ ਲਿਖਾਈਆ । ਕਲਜੁਗ ਜੀਵ ਸਰਬ ਸ਼ਰਮਾਨ, ਨੇਤਰ ਨੈਣ ਨਾ ਕੋਈ ਉਠਾਈਆ । ਭਾਰਤ ਖੰਡ ਮੰਗੇ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਇਲਾਬ੍ਰਤ ਵੇਖ ਮੈਦਾਨ, ਏਕਾ ਧਾਮ ਸੁਹਾਈਆ । ਕੇਤਮਾਲ ਚੜ੍ਹੇ ਅਸਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਲਹੂ ਮਿਝ ਵਹੇ ਘਾਣ, ਕਾਲਕਾ ਆਪਣਾ ਰੰਗ ਚੜ੍ਹਾਈਆ । ਸ਼ਬਦ ਖੰਡਾ ਤੇਜ ਕਿਰਪਾਨ, ਗੁਰ ਗੋਬਿੰਦਾ ਰਿਹਾ ਚਮਕਾਈਆ । ਕਾਇਆ ਗਾਤਰਾ ਵੇਖ ਮਿਆਨ, ਆਪਣੇ ਅੰਦਰ ਆਪ ਮਿਟਾਈਆ । ਸੋਹੰ ਲਾਏ ਤਿੱਖੀ (ਬਾਨ), ਦੋ ਧਾਰਾ ਆਪ ਬੰਧਾਈਆ । ਕਲਗੀ ਤੋੜਾ ਵੇਖ ਨਿਸ਼ਾਨ, ਜਗਤ ਜਗਦੀਸ ਸੀਸ ਚਮਕਾਈਆ । ਹੋਏ ਵਿਛੋੜਾ ਗੋਪੀ ਕਾਹਨ, ਮੰਡਲ ਰਾਸ ਨਾ ਕੋਇ ਰਚਾਈਆ । ਨਾਨਕ ਪਾਇਆ ਪਦ ਨਿਰਬਾਨ, ਹਰਿ ਭਗਤਨ ਰੂਪ ਸਮਾਈਆ । ਮਨਮੁਖ ਭੁੱਲੇ ਜੀਵ ਨਾਦਾਨ, ਹਰਿ ਕਾ ਨਾਉਂ ਗਏ ਭੁਲਾਈਆ । ਰਾਗ ਛਤੀਸਾ ਬਹਿ ਬਹਿ ਗਾਣ, ਭੇਵ ਅਭੇਦਾ ਭੇਵ ਨਾ ਰਾਈਆ । ਅੰਤਮ ਕੀਤਾ ਆਪਣਾ ਪਾਣ, ਅਛਲ ਅਛੇਦਾ ਛਲ ਕਰਾਈਆ । ਬੀਸ ਬੀਸਾ ਵੇਖੇ ਮਾਰ ਧਿਆਨ, ਆਪ ਆਪਣੀ ਕਲ ਵਰਤਾਈਆ । ਇਕ ਇਕੀਸਾ ਝੁੱਲੇ ਨਿਸ਼ਾਨ, ਹਰਿ ਸਾਚਾ ਰਿਹਾ ਝੁਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨੌ ਖੰਡ ਪ੍ਰਿਥਮੀ ਇਕ ਪੜ੍ਹਾਈਆ ।

ਸੰਮਤ ਵੀਹ ਸੌ ਇੱਕੀ ਪਹਿਲੀ ਚੇਤਰ, ਹਰਿ ਆਪਣਾ ਆਪ ਵਿਚਾਰਨਾ । ਨੌ ਖੰਡ ਪ੍ਰਿਥਮੀ ਤੇਰਾ ਏਕਾ ਖੇਤਰ, ਏਕਾ ਬੰਨ੍ਹੇ ਧਾਰਨਾ । ਏਕਾ ਨੈਣ ਏਕਾ ਨੇਤਰ, ਏਕਾ ਅੱਖ ਉਘਾੜਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਰੰਗ ਸੂਰੇ ਸਰਬੰਗ, ਸ੍ਰਿਸ਼ਟ ਸਬਾਈ ਸਾਚਾ ਚਾੜ੍ਹਨਾ । ਸ੍ਰਿਸ਼ਟ ਸਬਾਈ ਚਾੜ੍ਹੇ ਰੰਗ, ਹਰਿ ਸਾਚਾ ਆਪ ਰੰਗਾਇੰਦਾ । ਸਤਿਗੁਰ ਮੰਗੀ ਸਾਚੀ ਮੰਗ, ਦਾਤਾ ਦਾਨੀ ਦਾਨ ਭਿਛਿਆ ਝੋਲੀ ਪਾਇੰਦਾ । ਸੰਤ ਸੁਹੇਲੇ ਸਾਚੇ ਰੰਗ, ਅੰਗੀਕਾਰ ਇਕ ਅਖਵਾਇੰਦਾ । ਸ਼ਬਦ ਵਖਾਏ ਇਕ ਤਰੰਗ, ਚਾਰੋਂ ਕੁੰਟ ਦੁੜਾਇੰਦਾ । ਜੈ ਜੈਕਾਰ ਹੋਏ ਵਰਭੰਡ, ਬ੍ਰਹਿਮੰਡ ਆਪ ਕਰਾਇੰਦਾ । ਆਪਣੀ ਵੰਡਾ ਆਪੇ ਵੰਡ, ਵੰਡਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਿਵਸ ਸਚ ਦਿਹਾੜਾ ਆਪਣਾ ਆਪ ਮਨਾਇੰਦਾ । ਪਹਿਲੀ ਚੇਤਰ ਸਚ ਦਿਹਾੜਾ, ਹਰਿ ਏਕਾ ਏਕ ਰਖਾਇਆ । ਨੌ ਖੰਡ ਪ੍ਰਿਥਮੀ ਵੇਖੇ ਜੰਗਲ ਜੂਹ ਉਜਾੜ ਪਹਾੜਾਂ, ਜਲਾਂ ਥਲਾਂ ਫੇਰਾ ਪਾਇਆ । ਲੱਖ ਚੁਰਾਸੀ ਵੇਖੇ ਬਹੱਤਰ ਨਾੜਾਂ, ਅੰਦਰ ਮੰਦਰ ਡੇਰਾ ਲਾਇਆ । ਸਚ ਧਰਮ ਰਚਾਏ ਇਕ ਅਖਾੜਾ, ਏਕਾ ਧਾਰ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਾਰਾਂ ਹਾੜਾ ਖ਼ੁਸ਼ੀ ਮਨਾਇਆ । ਸਤਾਰਾਂ ਹਾੜ ਹੋਏ ਸੁਭਾਗ, ਲੋਕਮਾਤ ਖ਼ੁਸ਼ੀ ਮਨਾਈਆ । ਜੋਤੀ ਦੀਪਕ ਜਗੇ ਚਿਰਾਗ, ਚਾਰੋਂ ਕੁੰਟ ਹੋਏ ਰੁਸ਼ਨਾਈਆ । ਮਾਇਆ ਮਮਤਾ ਬੁਝੇ ਤ੍ਰਿਸ਼ਨਾ ਆਗ, ਹਉਮੇ ਹੰਗਤਾ ਰੋਗ ਗਵਾਈਆ । ਹੰਸ ਬਣਾਏ ਫੜ ਫੜ ਕਾਗ, ਏਕਾ ਸਾਚੀ ਚੋਗ ਚੁਗਾਈਆ । ਚਰਨ ਧੂੜੀ ਸਾਚਾ ਮਜਨ ਮਾਘ, ਸੰਤ ਸੁਹੇਲੇ ਆਪ ਤਰਾਈਆ । ਕਲਜੁਗ ਜੂਠਾ ਝੂਠਾ ਧੋਵੇ ਦਾਗ਼ ਸਚ ਸੁੱਚ ਆਪ ਵਰਤਾਈਆ । ਮਾਇਆ ਡੱਸੇ ਨਾ ਡੱਸਣੀ ਨਾਗ, ਦੁਰਮਤ ਮੈਲ ਧਵਾਈਆ । ਆਪ ਆਪਣੇ ਹੱਥ ਰੱਖੇ ਵਾਗ, ਚਾਰੋਂ ਕੁੰਟ ਫੇਰਾ ਪਾਈਆ । ਆਪੇ ਸੋਇਆ ਆਪੇ ਗਿਆ ਜਾਗ, ਜਾਗਣਹਾਰਾ ਆਪ ਅਖਵਾਈਆ । ਹਾੜ ਸਤਾਰਾਂ ਵਡ ਵਡ ਭਾਗ, ਸਤਿਜੁਗ ਤੇਰਾ ਸਾਚਾ ਸੰਮਤ ਰਿਹਾ ਚੜ੍ਹਾਈਆ । ਸਾਚਾ ਸੰਮਤ ਆਪ ਚੜ੍ਹਾਏ, ਇੱਕੀ ਏਕਾ ਏਕੰਕਾਰਿਆ । ਏਕਾ ਰੰਗਤ ਨਾਮ ਰੰਗਾਏ, ਮਿਟ ਨਾ ਜਾਏ ਵਿਚ ਸੰਸਾਰਿਆ । ਸਾਚੀ ਸੰਗਤ ਸੰਗ ਨਿਭਾਏ, ਏਕਾ ਦੂਜਾ ਭਉ ਨਿਵਾਰਿਆ । ਦੂਜਾ ਦਰ ਨਾ ਕੋਈ ਮੰਗਣ ਜਾਏ, ਨਾ ਕੋਈ ਬਣੇ ਮਾਤ ਭਿਖਾਰਿਆ । ਸੋਹੰ ਕੰਗਣ ਤਨ ਪਹਿਨਾਏ, ਆਪੇ ਕਰੇ ਮਾਤ ਰਖਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਦਿਵਸ ਵਿਚਾਰਿਆ । ਹਾੜ ਸਤਾਰਾਂ ਸਤਿ ਸੰਤੋਖ, ਪ੍ਰਭ ਏਕਾ ਏਕ ਰਖਾਇਆ । ਸਤਿਜੁਗ ਤੇਰੀ ਸਾਚੀ ਮੋਖ, ਸੋਹੰ ਚੰਦ ਧਰਾਇਆ । ਗੁਰ ਸੰਗਤ ਮਿਟੇ ਜਗਤ ਦੋਖ, ਕਾਇਆ ਦੁਖੜਾ ਰਹਿਣ ਨਾ ਪਾਇਆ । ਨਾ ਕੋਈ ਹਰਖ ਨਾ ਕੋਈ ਸੋਗ, ਆਲਸ ਨਿੰਦਰਾ ਵਿਚ ਨਾ ਆਇਆ । ਪ੍ਰਭ ਚਰਨ ਨਾ ਹੋਏ ਕਦੇ ਵਿਜੋਗ, ਜਿਸ ਜਨ ਆਪਣਾ ਲੜ ਫੜਾਇਆ । ਜੂਠਾ ਝੂਠਾ ਰਸਨਾ ਭੋਗ, ਜਨ ਭਗਤਾਂ ਦਏ ਤਜਾਇਆ । ਆਪ ਵਖਾਏ ਦਰਸ ਅਮੋਘ, ਦਰ ਦਵਾਰੇ ਫੇਰਾ ਪਾਇਆ । ਸ਼ਬਦ ਚੁਗਾਏ ਸਾਚੀ ਚੋਗ, ਅੰਮ੍ਰਿਤ ਫਲ ਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਸਾਚਾ ਦਿਵਸ ਸੁਹਾਇਆ । ਹਾੜ ਸਤਾਰਾਂ ਦਿਵਸ ਸੁਹੰਜਣਾ, ਹਰਿ ਸਾਚੀ ਜੋਤ ਜਗਾਈਆ । ਮਿਲੇ ਮੇਲ ਪੁਰਖ ਨਿਰੰਜਣਾ, ਗੁਰਮੁਖ ਹੱਥ ਵਡਿਆਈਆ । ਹਰਿ ਦਾਤਾ ਦਰਦ ਦੁੱਖ ਭੈ ਭੰਜਨਾ, ਨੇਤਰ ਅੰਜਨ ਏਕਾ ਪਾਈਆ । ਅਨਹਦ ਤਾਲ ਦਰ ਦਰ ਘਰ ਘਰ ਵੱਜਣਾ, ਪ੍ਰਭ ਸਾਚਾ ਆਪ ਵਜਾਈਆ । ਭਾਂਡਾ ਗੜ੍ਹ

ਹੰਕਾਰੀ ਭੱਜਣਾ, ਅੰਦਰ ਮੰਦਰ ਰਹਿਣ ਨਾ ਪਾਈਆ । ਗੁਰ ਸੰਗਤ ਹਰਿ ਚਰਨ ਦਵਾਰੇ ਬਹਿ ਬਹਿ ਸਜਣਾ, ਦਿੱਲੀ ਦਵਾਰੇ ਹੋਏ ਸਹਾਈਆ । ਰਾਸ਼ਟਰਪਤ ਪੜਦਾ ਕਿਸੇ ਨਾ ਕੱਜਣਾ, ਅੰਤਮ ਵੇਲੇ ਮਾਤ ਜੁਦਾਈਆ । ਜੋ ਘੜਿਆ ਸੋ ਭੱਜਣਾ, ਅੰਤ ਰਹਿਣ ਨਾ ਪਾਈਆ । ਉਠ ਜਾਗ ਭਬੀਖਣ ਯਾਰ ਸੱਜਣਾ, ਰਾਮ ਰਘਵੰਸ ਲਹਿਣਾ ਦਏ ਚੁਕਾਈਆ । ਸੰਮਤ ਸੋਲਾਂ ਤਖ਼ਤ ਤਾਜ ਤੱਜਣਾ, ਨਿਹਕਲੰਕ ਇਕ ਸਰਨਾਈਆ । ਬੀਸ ਬੀਸੇ ਇਕ ਨਗਾਰਾ ਵੱਜਣਾ, ਨੌ ਖੰਡ ਪ੍ਰਿਥਮੀ ਰਿਹਾ ਚੁਕਾਈਆ । ਚਾਰ ਵਰਨ ਵਿਖਾਏ ਇਕ ਜਹਾਜ਼ਨਾ, ਲੋਕਮਾਤ ਰਿਹਾ ਚਲਾਈਆ । ਆਪੇ ਸਾਜੇ ਆਪਣਾ ਸਾਜਨਾ, ਆਪ ਆਪੇ ਮੇਟ ਮਿਟਾਈਆ । ਆਪੇ ਸ਼ਾਹ ਆਪੇ ਰਾਜ ਰਾਜਨਾ, ਭੇਖ ਭਿਖਾਰੀ ਆਪ ਅਖਵਾਈਆ । ਆਪੇ ਸੀਸ ਆਪੇ ਤਾਜਨਾ, ਆਪੇ ਚਰਨ ਧੂੜ ਰਮਾਈਆ । ਆਪੇ ਰੱਖਣਹਾਰਾ ਲਾਜਨਾ, ਆਪੇ ਲਜ ਪਤ ਰਿਹਾ ਗਵਾਈਆ । ਜੁਗ ਜੁਗ ਸਵਾਰੇ ਆਪਣਾ ਕਾਜਨਾ, ਨਾ ਕੋਈ ਦੂਸਰ ਸੰਗ ਰਖਾਈਆ । ਕਲਜੁਗ ਅੰਤਮ ਲੋਕਮਾਤ ਭਾਜਨਾ, ਬੈਠਾ ਮੁਖ ਛੁਪਾਈਆ । ਸਤਿਜੁਗ ਸਾਚਾ ਮੰਗੇ ਸਾਚਾ ਦਾਜਨਾ, ਦੋਏ ਜੋੜ ਸੀਸ ਝੁਕਾਈਆ । ਪ੍ਰਭ ਖੇਲੇ ਖੇਲ ਦੇਸ ਮਾਝਨਾ, ਦਿਸ ਕਿਸੇ ਨਾ ਆਈਆ । ਗੁਰ ਗੋਬਿੰਦਾ ਮਾਰੇ ਆਵਾਜ਼ਨਾ, ਆਪ ਆਪਣਾ ਭੇਖ ਵਟਾਈਆ । ਸੋਹੰ ਰੱਖਿਆ ਸਾਚਾ ਤਾਜਨਾ, ਸੋਲਾਂ ਕਲੀਆਂ ਆਸਣ ਲਾਈਆ । ਆਪ ਦੁੜਾਏ ਗਰੀਬ ਨਿਵਾਜਨਾ, ਗਊ ਗਰੀਬਾਂ ਹੋਏ ਸਹਾਈਆ । ਲਹਿਣਾ ਦੇਣਾ ਚੁਕਾਏ ਕੱਲ ਕਿ ਆਜਨਾ, ਆਪਣੇ ਭਾਣੇ ਵਿਚ ਸਮਾਈਆ । ਮਹੱਲ ਅਟੱਲ ਉਚ ਮੁਨਾਰਾ ਅੰਤਮ ਸਭ ਨੇ ਛਾਡਨਾ, ਥਿਰ ਕੋਈ ਰਹਿਣ ਨਾ ਪਾਈਆ । ਸਾਕ ਸੱਜਣ ਸੈਣ ਨਾ ਬੋਲੇ ਕੋਈ ਗਵਾਂਢਨਾ, ਭੈਣ ਭਾਈ ਨਾ ਕੋਈ ਸੰਗ ਨਿਭਾਈਆ । ਮਾਤ ਪਿਤ ਪੂਤ ਨਾ ਮਾਰੇ ਆਵਾਜਨਾ, ਸੋਏ ਉਠ ਉਠ ਧਾਹੀਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜਨ ਭਗਤਾਂ ਰੱਖੇ ਲਾਜਨਾ, ਦਰ ਦਵਾਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦਿਤਾ ਇਕ ਵਰ, ਹਾੜ ਸਤਾਰਾਂ ਨੀਂਹ ਰਖਾਈਆ । ਹਾੜ ਸਤਾਰਾਂ ਚੜ੍ਹਿਆ ਚਾਅ, ਵੀਹ ਸੌ ਇੱਕੀ ਵੱਜੀ ਵਧਾਈਆ । ਸਾਚਾ ਸੰਮਤ ਦਏ ਚੜ੍ਹਾ, ਆਪ ਆਪਣਾ ਨਾਂ ਰਖਾਈਆ । ਸੰਗਤ ਹਰਿ ਸਾਚਾ ਜੋਗ ਕਮਾ, ਰਸਨਾ ਜਿਹਵਾ ਰਹੀ ਗਾਈਆ । ਆਸਣ ਸਿੰਘਾਸਣ ਨਾ ਲਿਆ ਕੋਈ ਵਛਾ, ਚਰਨ ਓਟ ਧਰਾਈਆ । ਬ੍ਰਹਮਾ ਸ਼ਿਵ ਵਿਸ਼ਨ ਨਾ ਲਿਆ ਧਿਆ, ਵੇਦ ਪੁਰਾਨ ਨਾ ਸੁਣੇ ਸੁਣਾਈਆ । ਨਾਨਕ ਗੋਬਿੰਦ ਨਾ ਲਿਆ ਮਨਾ, ਨਾ ਕੋਈ ਬੂਝ ਬੁਝਾਈਆ । ਈਸਾ ਮੂਸਾ ਨਾ ਦਿਸੇ ਖ਼ੁਦਾ, ਖ਼ੁਦੀ ਵਿਚ ਸਮਾਈਆ । ਅਹਿਮਦ ਮੁਹੰਮਦ ਹੋਏ ਜੁਦਾ, ਵੇਲੇ ਅੰਤ ਜੁਦਾਈਆ । ਅੱਲਾ ਰਾਣੀ ਹੋਏ ਜੁਦਾ, ਬਿਸਮਲ ਰੂਪ ਸਮਾਈਆ । ਕਲਜੁਗ ਨਾਤਾ ਤੁੱਟੇ ਨੌ ਨਿਧਾਂ, ਅਠਾਰਾਂ ਸਿਧਾਂ ਨਾ ਸੰਗ ਨਿਭਾਈਆ । ਦੇਵੀ ਦੇਵਤ ਸੁਰ ਨਾ ਫੜੇ ਕੋਈ ਬਾਂਹ, ਲਾਲ ਲਿਲਾਟ ਨਾ ਕੋਈ ਜਗਾਈਆ । ਬਿਨ ਹਰਿ ਪੂਰੇ ਦਿਸੇ ਨਾ ਹੋਰ ਕੋਈ ਥਾਂ, ਇਕ ਇਕੀਸਾ ਰਿਹਾ ਜਣਾਈਆ । ਏਕਾ ਅੱਖਰ ਏਕਾ ਨਾਂ, ਏਕਾ ਕਰੇ ਪੜ੍ਹਾਈਆ । ਧਰਤ ਮਾਤ ਖ਼ੁਸ਼ੀ ਮਨਾਏ ਥਾਂ ਥਾਂ, ਪ੍ਰਭ ਰਸਨਾ ਜਿਹਵਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਾੜ ਸਤਾਰਾਂ ਦੇਵੇ ਵਰ, ਹਰਿ ਸੰਗਤ ਵਡ ਵਡਿਆਈਆ । ਹਰਿ ਸੰਗਤ ਸੂਰਜ ਸਾਚਾ ਚੰਨ, ਲੋਕਮਾਤ ਆਪ ਚੜ੍ਹਾਇੰਦਾ । ਲੋਆਂ ਪੁਰੀਆਂ ਧਾਰ ਬੰਨ੍ਹ, ਸੇਵਕ ਸੇਵਾ ਲਾਇੰਦਾ । ਥਿਰ ਘਰ ਵਖਾਏ ਦਇਆ ਕਮਾਏ ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਨਾ ਕੋਈ ਤਤ ਨਾ ਕੋਈ ਮਤ ਨਾ ਦੀਸੇ ਬੁਧ ਮਨ, ਨਾ ਕੋਈ

ਵਿਕਾਰ ਰਖਾਇੰਦਾ । ਜਨ ਭਗਤਾਂ ਬੇੜਾ ਆਪੇ ਬੰਨ੍ਹ, ਭਾਰ ਆਪਣੇ ਕੰਧ ਉਠਾਇੰਦਾ । ਮਨਮੁਖਾਂ ਭਾਂਡਾ ਕਾਇਆ ਦੇਵੇ ਭੰਨ, ਰਾਏ ਧਰਮ ਸੇਵ ਕਮਾਇੰਦਾ । ਧਰਮ ਦਵਾਰੇ ਲੱਗੇ ਡੰਨ, ਨਾ ਕੋਈ ਕਿਸੇ ਬਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਖੋਲ੍ਹ ਦਰ, ਗੁਰ ਸੰਗਤ ਖੇਲ ਖਿਲਾਇੰਦਾ । ਗੁਰ ਸੰਗਤ ਲਿਖਿਆ ਲੇਖ ਕਰਤਾਰ, ਆਪਣੇ ਹੱਥ ਰਖਾਇਆ । ਕਲਜੁਗ ਮਿਟੇ ਅੰਧ ਅੰਧਿਆਰ, ਸਤਿਜੁਗ ਸਾਚਾ ਚੰਨ ਚੜ੍ਹਾਇਆ । ਸੰਮਤ ਇੱਕੀ ਕਰ ਪਿਆਰ, ਏਕਾ ਇੱਕੀ ਦਏ ਪਾਇਆ । ਸਾਚੀ ਸਿੱਖੀ ਵਿਚ ਸੰਸਾਰ, ਧਾਰੋਂ ਤਿੱਖੀ ਦਏ ਚਲਾਇਆ । ਵਾਲੋਂ ਨਿੱਕੀ ਲੇਖ ਲਿਖਾਰ, ਗੋਬਿੰਦ ਸੇਵਾ ਲਾਇਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣੇ ਨੇਤਰ ਪੇਖ, ਸੰਮਤ ਚੌਦਾਂ ਵੇਖ ਵਖਾਇਆ । ਨਾ ਕੋਈ ਜਾਣੇ ਧਾਰੀ ਕੇਸ, ਭਰਮ ਭੁਲਾਏ ਮੂੰਡ ਮੁੰਡਾਇਆ । ਆਪੇ ਦਾਤਾ ਦਾਨੀ ਜੋਧਾ ਸੂਰਬੀਰ ਦਸ ਦਸਮੇਸ਼, ਆਪ ਆਪਣਾ ਰੂਪ ਵਟਾਇਆ । ਸੇਵ ਲਗਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰਵੇਸ਼ ਰਖਾਇਆ । ਕਲਜੁਗ ਤੇਰਾ ਅੰਤਮ ਵੇਸ, ਹਰਿ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਾੜ ਸਤਾਰਾਂ ਜਗਤ ਵਿਹਾਰਾ ਏਕਾ ਏਕ ਕਰਾਇਆ । ਜਗਤ ਵਿਹਾਰਾ ਸਾਚੀ ਰੀਤ, ਏਕਾ ਏਕ ਕਰਾਈਆ । ਨਾ ਕੋਈ ਦਿਹੁਰਾ ਮੰਦਰ ਮਸੀਤ, ਸ਼ਿਵਦਵਾਲਾ ਮੱਠ ਨਾ ਕੋਈ ਬਣਾਈਆ । ਨਾ ਕੋਈ ਗੁਰੂਦਵਾਰਾ ਦਿਸੇ ਜਗਤ ਅਨਡੀਠ, ਨਾ ਕੋਈ ਮੱਠ ਵਖਾਈਆ । ਏਕਾ ਨਾਮ ਹਰਿ ਹਰਿ ਚਾਰ ਵਰਨ ਦਿਸਾਏ ਮੀਠ, ਰਸ ਮਿੱਠਾ ਇਕ ਵਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਾੜ ਸਤਾਰਾਂ ਜੋਤ ਜਗਾਈਆ । ਹਾੜ ਸਤਾਰਾਂ ਜਗਤ ਅਵੱਲਾ, ਹਰਿ ਏਕਾ ਏਕ ਰਖਾਇਆ । ਹਰਿ ਸੰਗਤ ਵਸਾਇਆ ਸਚ ਮਹੱਲਾ, ਨੌ ਦਵਾਰਾ ਖੋਲ੍ਹ ਵਖਾਇਆ । ਅੰਦਰ ਬੈਠਾ ਇਕ ਇਕੱਲਾ, ਘਰ ਦਸਵੇਂ ਡੇਰਾ ਲਾਇਆ । ਸਦਾ ਸਹਾਈ ਨਿਹਚਲ ਧਾਮ ਅਟੱਲਾ, ਥਿਰ ਘਰ ਰਿਹਾ ਦਿਸਾਇਆ । ਆਪੇ ਫਲਿਆ ਆਪੇ ਫੁੱਲਾ, ਫਲ ਫੁਲਵਾੜੀ ਮਾਤ ਲਗਾਇਆ । ਕਲਜੁਗ ਤੇਰਾ ਬੂਟਾ ਹੁੱਲਾ, ਅੰਤਮ ਫਲ ਰਹਿਣ ਨਾ ਪਾਇਆ । ਜਨ ਭਗਤਾਂ ਮਿਲਿਆ ਕੰਤ ਕੰਤੂਹਲਾ, ਨਾਮ ਝੁਲਾਏ ਸਾਚਾ ਝੂਲਾ, ਦੋ ਜਹਾਨਾਂ ਪਾਰ ਕਰਾਇਆ । ਆਪ ਚੁਕਾਏ ਜੁਗ ਜੁਗ ਜੁਗ ਲਹਿਣਾ ਦੇਣਾ ਮੂਲਾ, ਲਹਿਣਾ ਦੇਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਵੇਖ ਘਰ, ਹਰਿ ਸੰਗਤ ਜੋੜ ਜੁੜਾਇਆ । ਹਰਿ ਸੰਗਤ ਜੋੜੀ ਸਾਚੀ ਜੋੜ, ਪ੍ਰਭ ਆਪਣੇ ਚਰਨ ਜੁੜਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਸਾਚਾ ਰਾਹ ਵਖਾਇੰਦਾ । ਲੋਕਮਾਤ ਆਪੇ ਗਿਆ ਬਹੁੜ, ਆਪ ਆਪਣਾ ਭੇਖ ਵਟਾਇੰਦਾ । ਆਪੇ ਹੋਏ ਬ੍ਰਹਿਮਣ ਗੌੜ, ਪੂਤ ਸਪੂਤਾ ਆਪ ਅਖਵਾਇੰਦਾ । ਆਪ ਉਠਾਏ ਨੀਲੇ ਪੌੜ, ਪਹਿਲਾ ਪੌੜਾ ਆਪ ਟਿਕਾਇੰਦਾ । ਸੰਬਲ ਨਗਰੀ ਨਾ ਕੋਈ ਜਾਣੇ ਲੰਮਾ ਚੌੜ, ਗੁਰ ਗੋਬਿੰਦ ਜੋਤ ਜਗਾਇੰਦਾ । ਲੱਖ ਚੁਰਾਸੀ ਵੇਖੇ ਪਰਖੇ ਮਿਠਾ ਕੌੜ, ਨੌ ਖੰਡ ਪ੍ਰਿਥਮੀ ਫੋਲ ਫੁਲਾਇੰਦਾ । ਜਨ ਭਗਤਾਂ ਆਤਮ ਅੰਤਰ ਲੱਗੀ ਔੜ, ਏਕਾ ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਤੇਰੀ ਧਾਰ ਲੋਕਮਾਤ ਆਪ ਚਲਾਇੰਦਾ । ਲੋਕਮਾਤ ਚਲੀ ਧਾਰ, ਹਰਿ ਸਾਚੇ ਆਪ ਚਲਾਈਆ । ਨਾ ਕੋਈ ਦੀਵਾ ਨਾ ਕੋਈ ਬਾਤੀ, ਨਾ ਕੋਈ ਤੇਲ ਰਖਾਈਆ । ਨਾ ਕੋਈ ਤੀਰਥ ਨਾ ਕੋਈ ਤਾਟੀ, ਨਾ ਕੋਈ ਘਾਟ ਜਣਾਈਆ । ਨਾ ਕੋਈ ਪੂਜਾ ਨਾ ਕੋਈ ਪਾਠੀ, ਨਾ ਕੋਈ ਧਿਆਨ ਲਗਾਈਆ । ਨਾ ਕੋਈ

ਵਸਤ ਨਾ ਕੋਈ ਹਾਟੀ, ਨਾ ਕੋਈ ਹੱਟ ਖੁਲ੍ਹਾਈਆ । ਜਨ ਭਗਤਾਂ ਬੰਨ੍ਹੇ ਚਰਨ ਪ੍ਰੀਤੀ ਸਾਚਾ ਨਾਤੀ, ਨਾ ਕੋਈ ਤੋੜ ਤੁੜਾਈਆ । ਨਾ ਕੋਈ ਜਾਣੇ ਜ਼ਾਤੀ ਪਾਤੀ, ਊਚ ਨੀਚ ਨਾ ਕੋਈ ਵਖਾਈਆ । ਲਹਿਣਾ ਦੇਣ ਚੁਕਾਏ ਆਨ ਬਾਟੀ, ਮਾਤ ਗਰਭ ਫੰਦ ਕਟਾਈਆ । ਆਤਮ ਸੇਜ ਵਖਾਏ ਇਕ ਘਾਟੀ, ਪਲੰਘ ਰੰਗੀਲਾ ਇਕ ਵਛਾਈਆ । ਹਰਿਜਨ ਮੇਲਾ ਆਪ ਕਰਾਏ ਪਾਰ ਕਰਾਏ ਔਖੀ ਘਾਟੀ, ਗੁਰ ਚੇਲਾ ਏਕਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਦਏ ਵਰ, ਸੰਮਤ ਇੱਕੀ ਵਡ ਵਡਿਆਈਆ । ਸੰਮਤ ਇਕੀ ਸਦਾ ਸੁਹਾਗ, ਹਰਿ ਸਾਚਾ ਕੰਤ ਹੰਢਾਇਆ । ਲੱਖ ਚੁਰਾਸੀ ਉਪਜੇ ਇਕ ਵੈਰਾਗ, ਏਕਾ ਚੋਟ ਲਗਾਇਆ । ਆਪੇ ਧੋਏ ਦੁਰਮਤ ਦਾਗ਼, ਅੰਮ੍ਰਿਤ ਮੇਘ ਬਰਸਾਇਆ । ਆਪ ਉਪਜਾਏ ਆਪਣਾ ਰਾਗ, ਅਨਹਦ ਤਾਲ ਵਜਾਇਆ । ਰਸਨਾ ਨਾ ਲਾਏ ਕੋਈ ਸਵਾਦ, ਏਕਾ ਹਰਿ ਹਰਿ ਜਿਹਵਾ ਗਾਇਆ । ਮਿਲੇ ਮੇਲ ਹਰਿ ਮਾਧਵ ਮਾਧ, ਮੇਲ ਮਿਲਾਵਾ ਆਪ ਕਰਾਇਆ । ਜਨ ਭਗਤਾਂ ਦੇਵੇ ਸਾਚੀ ਦਾਦ, ਧੁਰਦਰਗਾਹੀ ਲੈ ਕੇ ਆਇਆ । ਸੱਤਾਂ ਦੀਪਾਂ ਸੁਣੇ ਆਪ ਫਰਿਆਦ, ਦਿੱਲੀ ਦਵਾਰੇ ਤਖ਼ਤ ਸੁਹਾਇਆ । ਸ਼ਬਦ ਜਣਾਏ ਬੋਧ ਅਗਾਧ, ਨੌ ਖੰਡ ਪ੍ਰਿਥਮੀ ਆਪ ਜਣਾਇਆ । ਭਗਤ ਸੁਹੇਲੇ ਲਏ ਲਾਧ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਾੜ ਸਤਾਰਾਂ ਇਕ ਮਰਦੰਗ ਵਜਾਇਆ । ਇਕ ਮਰਦੰਗ ਵੱਜੇ ਢੋਲ, ਹਰਿ ਸਾਚੇ ਆਪ ਵਜਾਵਣਾ । ਨੌ ਖੰਡ ਪ੍ਰਿਥਮੀ ਦਵਾਰਾ ਏਕਾ ਖੋਲ੍ਹ, ਏਕਾ ਰਾਹ ਵਖਾਵਣਾ । ਸੁੱਤਾ ਰਹੇ ਨਾ ਕੋਈ ਅਨਭੋਲ, ਹਰਿ ਸ਼ਬਦੀ ਆਪ ਜਗਾਵਣਾ । ਸੋਹੰ ਕੰਡਾ ਤੋਲੇ ਪੂਰੇ ਤੋਲ, ਨਾ ਕੋਈ ਦਮੜਾ ਹੋਰ ਬੰਧਾਵਣਾ । ਏਕਾ ਸ਼ਬਦ ਸੁਣਾਏ ਸਾਚਾ ਬੋਲ, ਜੈ ਜੈਕਾਰ ਆਪ ਕਰਾਵਣਾ । ਸ੍ਰਿਸ਼ਟ ਸਬਾਈ ਜਾਏ ਮੌਲ, ਆਪ ਆਪਣੇ ਵਿਚ ਸਮਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਸੰਮਤ ਇੱਕੀ ਨੌ ਖੰਡ ਪ੍ਰਿਥਮੀ ਤੇਰੀ ਸਿੱਖੀ ਸਾਚੀ ਸਿਖਿਆ ਇਕ ਸਿਖਾਵਣਾ । ਸਾਚੀ ਸਿੱਖੀ ਨੌ ਖੰਡ, ਹਰਿ ਆਪਣੀ ਆਪ ਬਣਾਇੰਦਾ । ਆਪੇ ਵੰਡਣਹਾਰਾ ਵੰਡ, ਨਾ ਕੋਈ ਦੂਸਰ ਸੰਗ ਰਖਾਇੰਦਾ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਆਪ ਜਣਾਇੰਦਾ । ਲੱਖ ਗਿਆਰਾਂ ਵਿਚ ਬ੍ਰਹਿਮੰਡ, ਹਰਿ ਜੋਤੀ ਨੂਰ ਜਗਾਇੰਦਾ । ਪਾਪ ਪੁੰਨ ਨਾ ਕੋਈ ਚੁੱਕੇ ਸੀਸ ਪੰਡ, ਨਾ ਕੋਈ ਅਹਿਸਾਨ ਯਤਲਾਇੰਦਾ । ਨਾ ਕੋਈ ਸੁਹਾਗਣ ਨਾ ਕੋਈ ਦਿਸੇ ਰੰਡ, ਨੇਤਰ ਨੀਰ ਨਾ ਕੋਈ ਵਹਾਇੰਦਾ । ਨਾ ਕੋਈ ਭੇਖ ਨਾ ਪਖੰਡ, ਨਾ ਕੋਈ ਬਸਤਰ ਤਨ ਰਖਾਇੰਦਾ । ਨਾ ਕੋਈ ਪੂਜੇ ਕਰੀਰ ਜੰਡ, ਦੇਵੀ ਇਸ਼ਟ ਨਾ ਕੋਈ ਰਖਾਇੰਦਾ । ਨਾਨਕ ਗੋਬਿੰਦ ਨਾ ਕੋਈ ਸੰਗ, ਨਾ ਕੋਈ ਸੀਸ ਝੁਕਾਇੰਦਾ । ਗੁਰ ਅੰਗਦ ਨਾ ਲਾਏ ਅੰਗ, ਅਮਰਦਾਸ ਰਾਮਦਾਸ ਨਾ ਮੇਲ ਮਿਲਾਇੰਦਾ । ਗੁਰ ਅਰਜਨ ਨਾ ਗਾਏ ਕੋਈ ਛੰਦ, ਹਰਿ ਗੋਬਿੰਦ ਨਾ ਚਰਨ ਰਕਾਬ ਕੋਈ ਟਿਕਾਇੰਦਾ । ਹਰਿਰਾਏ ਨਾ ਬਣੇ ਬਖ਼ਸ਼ੰਦ, ਹਰਿਕ੍ਰਿਸ਼ਨ ਨਾ ਕੋਈ ਮਨਾਇੰਦਾ । ਤੇਗ ਬਹਾਦਰ ਨਾ ਵਾਰੇ ਕੋਈ ਜਿੰਦ, ਨਾ ਕੋਈ ਸੀਸ ਭੇਟ ਚੜ੍ਹਾਇੰਦਾ । ਗੁਰ ਗੋਬਿੰਦ ਨਾ ਕੋਈ ਮਰਗਿੰਦ, ਨਾ ਨੀਲਾ ਨਾਲ ਰਲਾਇੰਦਾ । ਸਭ ਦੀ ਮੇਟੇ ਆਪੇ ਚਿੰਦ, ਆਪ ਆਪਣਾ ਰੂਪ ਵਟਾਇੰਦਾ । ਗੁਰੂਆਂ ਪੀਰਾਂ ਸਾਧਾਂ ਸੰਤਾਂ ਹਰਿ ਬਖ਼ਸ਼ਿੰਦ, ਜੁਗ ਜੁਗ ਦਇਆ ਕਮਾਇੰਦਾ । ਆਪੇ ਹੋਏ ਗੁਣੀ ਗਹਿੰਦ, ਗੁਣਵੰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਾੜ ਸਤਾਰਾਂ ਸੰਮਤ ਇੱਕੀ ਤੇਰਾ ਰਾਹ ਤਕਾਇੰਦਾ । ਸੰਮਤ ਇੱਕੀ ਰਾਹ ਤੱਕ, ਏਕਾ ਓਟ ਰਖਾਈਆ ।

੮੪੭
੦੬

ਉਮਤ ਉਮਤੀ ਫਲ ਗਿਆ ਪੱਕ, ਵੇਲਾ ਅੰਤਮ ਆਈਆ । ਦਰ ਪੁਕਾਰ ਸੁਣਾਏ ਅਹਿਨਲ ਹੱਕ, ਏਕਾ ਨਾਅਰਾ ਲਾਈਆ । ਪੀਰ ਪੈਗ਼ੰਬਰ ਔਲੀਏ ਸ਼ੇਖ਼ ਮੁਸਾਇਕ ਨਾ ਕੋਈ ਸਕੇ ਰੱਖ, ਨਾ ਕੋਈ ਹੋਏ ਸਹਾਈਆ । ਇਕ ਦੂਜੇ ਨਾਲੋਂ ਹੋਏ ਵੱਖ, ਪ੍ਰਭ ਸਾਚਾ ਰਿਹਾ ਕਰਾਈਆ । ਉਨੀ ਉਨੀਸਾ ਉਡਣੇ ਕੱਖ, ਮੱਕਾ ਮਦੀਨਾ ਰਹਿਣ ਨਾ ਪਾਈਆ । ਅਰਬ ਅਰਬਾਨੀਆਂ ਦਿਸੇ ਭੱਖ, ਸ਼ਾਹ ਸੁਲਤਾਨੀਆਂ ਨਾ ਕੋਈ ਜਣਾਈਆ । ਦੰਦ ਬਤੀਸਾ ਮਾਰੇ ਝੱਖ, ਸਚ ਵਸਤ ਹੱਥ ਨਾ ਆਈਆ । ਪਰਗਟ ਹੋਏ ਹਰਿ ਪਰਤੱਖ, ਆਪ ਆਪਣੀ ਕਲ ਵਰਤਾਈਆ । ਸਭ ਦੇ ਭਾਂਡੇ ਕੀਤੇ ਸੱਖ, ਹੋਏ ਵਿਛੋੜਾ ਨੂਰ ਅਲਾਹੀਆ । ਧੁਰਦਰਗਾਹੋਂ ਦੇਵੇ ਧੱਕ, ਨਾ ਮਿਲੇ ਸਚ ਮਲਾਹੀਆ । ਸਖੀ ਸਰਵਰ ਦਰ ਰਾਹ ਰਹੇ ਤੱਕ, ਨੇਤਰ ਨੈਣ ਉਠਾਈਆ । ਪੁਰਖ ਅਬਿਨਾਸ਼ੀ ਏਕਾ ਨਕੇਲ ਪਾਏ ਨੱਕ, ਡੋਰ ਆਪਣੇ ਹੱਥ ਰਖਾਈਆ । ਸੰਗ ਮੁਹੰਮਦ ਚਾਰ ਯਾਰ ਗਏ ਥੱਕ, ਉਚੀ ਘਾਟੀ ਨਾ ਕੋਈ ਚੜ੍ਹਾਈਆ । ਲੋਕਮਾਤ ਵੇਖੀ ਝੂਠੀ ਢੱਕ, ਸਿੰਘ ਸ਼ੇਰ ਸ਼ੇਰ ਦਲੇਰ ਅੱਗੇ ਬੈਠਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਦਿਤਾ ਸੱਚਾ ਵਰ, ਹਾੜ ਸਤਾਰਾਂ ਇਕ ਸਿੰਘਾਸਣ ਲੋਕਮਾਤ ਰਿਹਾ ਵਛਾਈਆ । ਇਕ ਸਿੰਘਾਸਣ ਸ਼ਬਦ ਅਡੋਲ, ਹਰਿ ਆਪਣਾ ਇਕ ਰਖਾਇਆ । ਨੌ ਦਵਾਰੇ ਜਗਤ ਖੋਲ੍ਹ, ਦੂਈ ਦਵੈਤੀ ਪੜਦਾ ਲਾਹਿਆ । ਪਰਗਟ ਹੋਏ ਕਲਾ ਸੋਲ, ਦਵਾਪਰ ਪਾਰ ਕਰਾਇਆ । ਕਲਜੁਗ ਜੀਵ ਸੁੱਤੇ ਅਨਭੋਲ, ਭੇਵ ਕਿਸੇ ਨਾ ਪਾਇਆ । ਅਕਲ ਕਲਾ ਹਰਿ ਰਿਹਾ ਮੌਲ, ਜੋਤ ਸਰੂਪੀ ਜਾਮਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਇੱਕੀ ਏਕਾ ਘਰ ਇਕ ਇਕੱਲਾ ਰਿਹਾ ਵਸਾਇਆ । ਇਕ ਇਕੱਲਾ ਇਕ ਘਰ, ਏਕਾ ਦਰ ਸੁਹਾਇੰਦਾ । ਇਕ ਵਖਾਏ ਸਾਚਾ ਸਰ, ਲੱਖ ਚੁਰਾਸੀ ਆਪ ਨੁਹਾਇੰਦਾ । ਆਪਣੀ ਕਰਨੀ ਆਪੇ ਕਰ, ਸਤਿਜੁਗ ਸਾਚੀ ਕਿਰਤ ਕਮਾਇੰਦਾ । ਧਰਨੀ ਧਰਤ ਧਵਲ ਧਰ, ਸਾਚਾ ਧਰਮ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਇੱਕੀ ਵੇਖੇ ਸਿੱਖੀ, ਸਾਚੀ ਸਿਖਿਆ ਇਕ ਸਿਖਾਇੰਦਾ । ਭਗਤ ਜਨਾਂ ਹਰ ਹਿਰਦੇ ਵਸ, ਆਪਣੀ ਬੂਝ ਬੁਝਾਈਆ । ਜਗਤ ਨਿਰਾਲਾ ਰਾਹ ਦੱਸ, ਹਰਿ ਹਿਰਦੇ ਵਿਚ ਸਮਾਈਆ । ਤੀਰ ਨਿਰਾਲਾ ਮਾਰੇ ਕਸ, ਤਿੱਖੀ ਧਾਰ ਰਖਾਈਆ । ਮਿਟੇ ਰੈਣ ਅੰਧੇਰੀ ਮੱਸ, ਅੰਧ ਅੰਧੇਰ ਗਵਾਈਆ । ਪਰਕਾਸ਼ ਪਰਕਾਸ਼ ਕੋਟਨ ਰਵ ਸਸ, ਆਪ ਆਪਣਾ ਰਿਹਾ ਵਖਾਈਆ । ਦਰ ਦਵਾਰਾ ਵੇਖੇ ਨੱਸ ਨੱਸ, ਨਰ ਨਰਾਇਣ ਸੇਵ ਕਮਾਈਆ । ਸਿੰਘ ਕਿਸ਼ਨ ਮੇਲਾ ਹੱਸ ਹੱਸ, ਦਸ ਦਸ ਕੱਤਕ ਘਰ ਵਧਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸ਼ਬਦ ਕਰੇ ਕੁੜਮਾਈਆ । ਦਸ ਦਸ ਦਸ ਗੁਰਦੇਵ, ਕੀਮਤ ਕਹੀ ਨਾ ਜਾਈਆ । ਹਰਿਜਨ ਹਰਿ ਹਰਿ ਸਾਚੀ ਸੇਵ, ਆਪਣੀ ਆਪ ਕਮਾਈਆ । ਭੇਵ ਅਭੇਦਾ ਅਲਖ ਅਭੇਵ, ਲੱਖ ਨਾ ਲਖਿਆ ਜਾਈਆ । ਵਡ ਵਡ ਵਡ ਦੇਵੀ ਦੇਵ, ਦੇਵੀ ਦੇਵਾ ਆਪ ਅਖਵਾਈਆ । ਅੰਮ੍ਰਿਤ ਆਤਮ ਫਲ ਖਵਾਏ ਸਾਚਾ ਮੇਵ, ਰੁੱਤ ਬਸੰਤੀ ਇਕ ਸੁਹਾਈਆ । ਹਰਿਜਨ ਗਾਇਆ ਰਸਨਾ ਜਿਹਵ, ਨਾਰੀ ਕੰਤਾ ਮੇਲ ਮਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨ ਕਰਾਵਣਹਾਰ ਹਰ ਘਟ ਥਾਈਂਆ । ਕੱਤਕ ਗਿਆਰਾਂ ਜਾਏ ਉਠ, ਉਠੇ ਉਠ ਬਲ ਧਾਰ । ਪੁਰਖ ਅਬਿਨਾਸ਼ੀ ਆਪੇ ਤੁੱਠ, ਬਖ਼ਸ਼ੇ ਨਾਮ ਅਧਾਰ । ਭਾਂਡੇ ਭੰਨੇ ਜੂਠੇ ਝੂਠ, ਹਉਮੇ ਰੋਗ ਨਿਵਾਰ । ਸਾਚਾ ਲਾਹਾ ਗੁਰਸਿਖ ਸਾਚੇ ਲੈਣ ਲੁੱਟ, ਪੰਚਮ ਮੇਲਾ ਮੀਤ ਮੁਰਾਰ । ਤੀਰ ਨਿਰਾਲਾ ਰਿਹਾ ਛੁੱਟ, ਦੋ ਜਹਾਨੀ ਪਾਵੇ ਸਾਰ । ਠੱਗ ਚੋਰ ਯਾਰ

ਪੰਚਮ ਕੱਢੇ ਕੁੱਟ, ਬਖ਼ਸ਼ੇ ਚਰਨ ਪਿਆਰ । ਅੰਮ੍ਰਿਤ ਆਤਮ ਪੀਣਾ ਘੁੱਟ, ਲੇਖਾ ਛੁੱਟੇ ਨੌ ਦਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਤਾਰ । ਹਰਿਜਨ ਸਾਚੇ ਸਚ ਸਲਾਹ, ਏਕਾ ਏਕ ਜਣਾਈਆ । ਚਰਨ ਚਰਨੋਦਕ ਦਏ ਪਿਆ, ਤ੍ਰਿਸ਼ਨਾ ਭੁੱਖ ਮਿਟਾਈਆ । ਏਕਾ ਸ਼ਬਦ ਸਲੋਕ ਦਏ ਸੁਣਾ, ਸਾਜਣ ਸਾਚਾ ਰਾਗ ਅਲਾਈਆ । ਨਾਮ ਵਸਤ ਹਰਿ ਝੋਲੀ ਪਾ, ਲਹਿਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋਇਆ ਸੁਤ ਆਪ ਜਗਾਈਆ । ਤੇਜ ਭਾਨ ਕਰ ਧਿਆਨ, ਨੇਤਰ ਨੈਣ ਉਘਾੜ । ਪੁਰਖ ਅਬਿਨਾਸ਼ੀ ਗੁਣ ਨਿਧਾਨ, ਦਰ ਦਵਾਰੇ ਕਰੇ ਪਰਵਾਨ । ਵੇਖ ਵਖਾਏ ਸਚ ਅਖਾੜ, ਮਿਲੇ ਮੇਲ ਗੋਪੀ ਕਾਹਨ । ਆਪ ਵਖਾਏ ਸਚ ਨਿਸ਼ਾਨ ਨੇੜ ਨਾ ਆਏ ਪੰਚਮ ਧਾੜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣ ਆਏ ਜਗਤ ਮੈਦਾਨ । ਸਾਚਾ ਘਰ ਸਾਚਾ ਧਾਮ, ਹਰਿ ਸਾਚੀ ਜੋਤ ਜਗਾਈਆ । ਭਰਮ ਭੁਮਿਕਾ ਇਕ ਅਸਥਾਨ, ਏਕਾ ਰੰਗ ਰੰਗਾਈਆ । ਜੋਤੀ ਨੂਰ ਕੋਟਨ ਭਾਨ, ਆਕਾਸ਼ ਪਰਕਾਸ਼ ਸਮਾਈਆ । ਮਿਲੇ ਮੇਲ ਸ੍ਰੀ ਭਗਵਾਨ, ਸਵਾਸ ਗਰਾਸ ਲੇਖੇ ਲਾਈਆ । ਕਰੇ ਕਰਾਏ ਆਪ ਪਛਾਨ, ਮੰਡਲ ਮੰਡਪ ਰਾਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਞ ਸਵੇਰ ਸਵੇਰ ਸੰਞ ਏਕਾ ਗੁਣ ਗਾਈਆ । ਕਲਜੁਗ ਗੜ੍ਹ ਹੰਕਾਰ, ਵਰਭੰਡ ਸਮਾਇਆ । ਜੂਠਾ ਝੂਠਾ ਮੀਤ ਮੁਰਾਰ, ਸਗਲਾ ਸੰਗ ਰਖਾਇਆ । ਕਾਮ ਕਰੋਧ ਲੋਭ ਮੋਹ ਹੰਕਾਰ, ਏਕਾ ਰੰਗਣ ਰਿਹਾ ਰੰਗਾਇਆ । ਮਾਇਆ ਮਮਤਾ ਕਰ ਪਸਾਰ, ਰਾਜ ਰਾਜਾਨ ਸ਼ਾਹ ਸੁਲਤਾਨ ਕਰੇ ਹਲਕਾਇਆ । ਹਉਮੇ ਹੰਗਤਾ ਰੋਗ ਨਿਵਾਰ, ਮਨਮੁਖ ਜੀਵਾਂ ਆਪ ਕਰਾਇਆ । ਭੁੱਖਾ ਨੰਗਤਾ ਦੁਸ਼ਟ ਦੁਰਾਚਾਰ, ਚਾਰੋਂ ਕੁੰਟ ਫਿਰੇ ਹਲਕਾਇਆ । ਵੇਖ ਵਖਾਣੇ ਮੁਹੰਮਦੀ ਯਾਰ, ਅੰਦਰ ਮੰਦਰ ਡੇਰਾ ਲਾਇਆ । ਕਰੇ ਕਰਾਏ ਖ਼ਬਰਦਾਰ, ਸੋਇਆ ਸੁਤ ਰਿਹਾ ਜਗਾਇਆ । ਏਕਾ ਏਕ ਮਾਤ ਦਵਾਰ, ਹਰਿ ਸ਼ਬਦੀ ਸ਼ਬਦ ਜਣਾਇਆ । ਗੁਰ ਗੋਬਿੰਦਾ ਕਰ ਤਿਆਰ, ਨਾਮ ਖੰਡਾ ਹੱਥ ਫੜਾਇਆ । ਜੋਧਾ ਸੂਰਾ ਵਡ ਬਲਕਾਰ, ਬ੍ਰਹਿਮੰਡਾਂ ਵੇਖ ਵਖਾਇਆ । ਕਲਜੁਗ ਮਿਟੇ ਰੈਣ ਅੰਧੇਰੀ ਅੰਧ ਅੰਧਿਆਰ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਮਨਮੁਖ ਡੋਬੇ ਵਿਚ ਮੰਝਧਾਰ, ਜੂਠਾ ਝੂਠਾ ਵਹਿਣ ਵਹਾਇਆ । ਸੰਤ ਸੁਹੇਲੇ ਲਾਏ ਪਾਰ, ਬੇੜਾ ਬੰਨ੍ਹਣਹਾਰ ਆਪ ਅਖਵਾਇਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਨਾਮ ਜਪਾਇਆ । ਏਕਾ ਬਸਤਰ ਨਾਮ ਤਨ ਸ਼ਿੰਗਾਰ, ਸਤਿਜੁਗ ਸਾਚਾ ਰਿਹਾ ਕਰਾਇਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਜੋੜ ਜੁੜਾਇਆ । ਨੀਲਾ ਘੋੜਾ ਹੋ ਅਸਵਾਰ, ਨੀਲੀ ਛੱਤੋਂ ਬਾਹਰ ਕਰਾਇਆ । ਮਾਰੇ ਪੌੜਾ ਅੱਧ ਵਿਚਕਾਰ, ਦੋ ਧੜ ਸ੍ਰਿਸ਼ਟ ਸਬਾਇਆ । ਬੀਸ ਬੀਸਾ ਰਿਹਾ ਲਲਕਾਰ, ਜਗਤ ਜਗਦੀਸਾ ਆਪ ਅਖਵਾਇਆ । ਇਕ ਇਕੀਸਾ ਏਕੰਕਾਰ, ਇਕ ਇਕੱਲਾ ਹੋਏ ਸਹਾਇਆ । ਲੋਆਂ ਪੁਰੀਆਂ ਬੰਨ੍ਹੇ ਧਾਰ, ਲੋਕਮਾਤ ਰਾਹ ਚਲਾਇਆ । ਗੁਰ ਸੰਗਤ ਤੇਰਾ ਹਰਿ ਪਿਆਰ, ਹਰਿ ਮੰਦਰ ਮੇਲ ਮਿਲਾਇਆ । ਅੱਠ ਸੱਠ ਤੀਰਥ ਹੋਏ ਸ਼ਾਰ, ਨੀਰ ਸੀਰ ਨਾ ਕੋਈ ਮੁਖ ਚੁਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਦਰ ਖੁਲ੍ਹਾਇਆ । ਏਕਾ ਦਰ ਹਰਿ ਨਿਰੰਕਾਰ, ਚਾਰ ਵਰਨ ਜਣਾਈਆ । ਊਚਾਂ ਨੀਚਾਂ ਕਰ ਪਿਆਰ, ਏਕਾ ਦੂਜਾ ਭਉ ਚੁਕਾਈਆ । ਤੀਜੇ ਮੇਲਾ ਸਾਂਝੇ ਯਾਰ, ਚੌਥੇ ਦਰ ਵੱਜੀ ਵਧਾਈਆ । ਪੰਚਮ ਗਾਇਣ ਵਾਰੋ ਵਾਰ, ਛੇਵੇਂ ਛੱਪਰ ਛੰਨ ਛੁਹਾਈਆ । ਸਤਵੇਂ ਸਤਿ ਪੁਰਖ ਨਿਰੰਜਣ ਇਕ ਆਕਾਰ, ਆਪ

ਆਪਣਾ ਰਿਹਾ ਕਰਾਈਆ । ਸੱਤਾਂ ਦੀਪਾਂ ਜੈ ਜੈਕਾਰ, ਲੱਖਣ ਲੇਖਾ ਰਿਹਾ ਲਿਖਾਈਆ । ਕਰੌਚ ਪੁਸ਼ਕਰ ਇਕ ਪਸਾਰ, ਏਕਾ ਜੋਤ ਜਗਾਈਆ । ਜੰਬੂ ਦੀਪ ਜਗਤ ਵਿਹਾਰ, ਪ੍ਰਭ ਆਪਣਾ ਆਪ ਰਖਾਈਆ । ਸਲਮਲ ਤੇਰੀ ਸੁਣ ਪੁਕਾਰ, ਸਤਿ ਸੰਤੋਖ ਝੋਲੀ ਪਾਈਆ । ਸਾਨ ਸੁਹੇਲਾ ਮੀਤ ਮੁਰਾਰ, ਜਗਤ ਵਿਛੋੜਾ ਫੰਦ ਕਟਾਈਆ । ਕੁਸ਼ਾ ਕਰਮ ਕਿਰਤ ਵਿਚਾਰ, ਲਿਖਿਆ ਲੇਖਾ ਦਏ ਮਿਟਾਈਆ । ਸਤਿ ਪੁਰਖ ਨਿਰੰਜਣ ਕਿਰਪਾ ਧਾਰ, ਸਤਿ ਸਤਿਵਾਦੀ ਬਣਤ ਬਣਾਈਆ । ਕੁਲਾਖੰਡ ਹਰਿ ਵੇਖ ਪਸਾਰ, ਗੋਬਿੰਦ ਗੀਤ ਸੁਣਾਈਆ । ਇਲਾਬ੍ਰਤ ਤੇਰੀ ਹਾਹਾਕਾਰ, ਅੰਤਮ ਮੇਟ ਮਿਟਾਈਆ । ਕੇਤਮਾਲ ਰੋਵੇ ਜ਼ਾਰੋ ਜ਼ਾਰ, ਭਦਰ ਦੇਵੇ ਦੁਹਾਈਆ । ਕਿੰਪੁਰਖ ਆਈ ਹਾਰ, ਹਰਵਰਖ ਸ਼ਬਦ ਕੁੜਮਾਈਆ । ਹਰਣਯਮਹ ਹੋਇਆ ਸ਼ਰਮਸਾਰ, ਦਰ ਬੈਠਾ ਸੀਸ ਝੁਕਾਈਆ । ਭਾਰਤ ਖੰਡ ਤੇਰੀ ਜੈ ਜੈ ਕਾਰ, ਨੌ ਖੰਡ ਪ੍ਰਿਥਮੀ ਆਪ ਕਰਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਬਣ ਭਿਖਾਰ, ਲੋਕਮਾਤ ਅੱਗੇ ਝੋਲੀ ਡਾਹੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਹੌਲੀ ਹੌਲੀ ਰਹੇ ਸੁਣਾਈਆ । ਵੇਖ ਵਿਖਾਣੇ ਨਰ ਨਿਰੰਕਾਰ, ਕਾਇਆ ਚੋਲੀ ਪੜਦਾ ਲਾਹੀਆ । ਲਹਿਣਾ ਦੇਣਾ ਚੁੱਕਣਾ ਵਿਚ ਸੰਸਾਰ, ਕਲਜੁਗ ਬੋਲੀ ਅੰਤ ਵਿਆਹੀਆ । ਸਤਿਜੁਗ ਸਾਚਾ ਹੋਏ ਖ਼ਬਰਦਾਰ, ਸੰਤ ਸੁਹੇਲੇ ਰਿਹਾ ਜਗਾਈਆ । ਗੁਰਮੁਖ ਸਾਚੇ ਕਰ ਤਿਆਰ, ਪੁਰੀਆਂ ਲੋਆਂ ਰਿਹਾ ਬਹਾਈਆ । ਧਰੂ ਪ੍ਰਹਿਲਾਦ ਰੋਵੇ ਜ਼ਾਰੋ ਜ਼ਾਰ, ਅੰਤ ਵਿਛੋੜਾ ਆਈਆ । ਮੁੱਕਿਆ ਪੰਧ ਦਰ ਦਵਾਰ, ਦਰ ਦਰਵਾਜਾ ਦਿਸ ਨਾ ਆਈਆ । ਨਾਨਕ ਮੰਗਿਆ ਬਣ ਭਿਖਾਰ, ਅੱਗੇ ਝੋਲੀ ਡਾਹੀਆ । ਗੋਬਿੰਦ ਭੇਖਾ ਵਿਚ ਸੰਸਾਰ, ਸੰਬਲ ਨਗਰੀ ਓਟ ਰਖਾਈਆ । ਗੁਰ ਚੇਲਾ ਕਰੇ ਇਕ ਪਿਆਰ, ਸਾਚਾ ਮੇਲਾ ਮੇਲ ਮਿਲਾਈਆ । ਸੱਜਣ ਸੁਹੇਲਾ ਹਰਿ ਨਿਰੰਕਾਰ, ਇਕ ਇਕੇਲਾ ਜੋਤ ਜਗਾਈਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਲੋਕਮਾਤ ਸਗਨ ਮਨਾਈਆ । ਪੰਚਮ ਸ਼ਬਦ ਪੰਚਮ ਸਖੀਆਂ ਮਿਲ ਮਿਲ ਪਾਇਣ ਵੇਲਾ, ਵਾਰੀ ਆਪਣੀ ਆਪਣੀ ਆਈਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਲੋਆਂ ਪੁਰੀਆਂ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਰੁੱਤ ਸੁਹਾਈਆ । ਕਲਜੁਗ ਵੇਖੇ ਅੰਤ ਟਿਕਾਨਾ, ਚਾਰੋਂ ਕੁੰਟ ਲਏ ਅੰਗੜਾਈਆ । ਨਾ ਕੋਈ ਸਹਾਈ ਰਾਜਾ ਰਾਣਾ, ਸਗਲਾ ਸੰਗ ਨਾ ਕੋਈ ਨਿਭਾਈਆ । ਜੂਠ ਝੂਠ ਨਾ ਦਰ ਪਰਵਾਨਾ, ਪੰਚ ਵਿਕਾਰ ਨਾ ਵੇਖ ਵਖਾਈਆ । ਸਾਧ ਸੰਤ ਨਾ ਸੁਣਾਏ ਕੋਈ ਸੱਚਾ ਗਾਣਾ, ਨਾ ਕੋਈ ਪਾਰ ਲੰਘਾਈਆ । ਪੁਰਖ ਅਬਿਨਾਸ਼ੀ ਜੁਗ ਜੁਗ ਜਣਾਏ ਦੋ ਜਹਾਨਾਂ, ਧੁਰ ਫ਼ਰਮਾਨਾ ਆਪ ਆਪਣਾ ਸ਼ਬਦ ਅਲਾਈਆ । ਕਲਜੁਗ ਤੇਰਾ ਅੰਤਮ ਵੇਖ ਵਖਾਨਾ, ਸੋਹੰ ਸ਼ਬਦ ਵੱਜੇ ਵਧਾਈਆ । ਸਤਿਜੁਗ ਮੰਗੇ ਦਰ ਦਰਬਾਨਾ, ਪ੍ਰਭ ਅੱਗੇ ਝੋਲੀ ਡਾਹੀਆ । ਪ੍ਰਭ ਅਬਿਨਾਸ਼ੀ ਚਤੁਰ ਸੁਜਾਨਾ, ਦੋਹਾਂ ਵੇਖੇ ਥਾਉਂ ਥਾਈਂਆ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਤੰਦਨ ਤੰਦ ਬੰਧਾਈਆ । ਰਾਗ ਸੁਣਾਏ ਏਕਾ ਗਾਣਾ, ਏਕਾ ਤਾਲ ਵਜਾਈਆ । ਪਤਿਪਰਮੇਸ਼ਵਰ ਏਕਾ ਪਾਣਾ, ਨਾ ਕੋਈ ਦੂਸਰ ਕੰਤ ਹੰਢਾਈਆ । ਧੁਰਦਰਗਾਹੀ ਦੇਵੇ ਸ਼ਬਦ ਬਿਬਾਨਾ, ਲੋਆਂ ਪੁਰੀਆਂ ਪਾਰ ਵਿਖਾਈਆ । ਗੁਰ ਗੋਬਿੰਦ ਰਖਾਏ ਆਪਣਾ ਭਾਣਾ, ਸਗਲੀ ਚਿੰਦ ਮਿਟਾਈਆ । ਰਸਨਾ ਚਿਲ੍ਹਾ ਤੀਰ ਕਮਾਨਾ, ਪ੍ਰਭ ਸਾਚਾ ਰਿਹਾ ਉਠਾਈਆ । ਜੋਧਾ ਸੂਰਬੀਰ ਬਲੀ ਬਲਵਾਨਾ, ਨਿਹਕਲੰਕਾ ਨਾਉਂ ਰਖਾਈਆ । ਨੌ ਖੰਡ ਪ੍ਰਿਥਮੀ ਇਕ ਨਿਸ਼ਾਨਾ, ਏਕਾ ਧਾਰ ਚਲਾਈਆ । ਜਨ ਭਗਤਾਂ ਦੇਵੇ ਸੱਚਾ ਦਾਨਾ, ਨਾਮ ਦਾਨ ਹਰਿ ਝੋਲੀ ਪਾਈਆ । ਚਰਨ ਧੂੜ ਬਖ਼ਸ਼ੇ ਇਸ਼ਨਾਨਾ, ਦੁਰਮਤ ਮੈਲ ਆਪ ਧਵਾਈਆ ।


੮੪੯
੦੬

ਮਿਲਿਆ ਮੇਲ ਗੋਪੀ ਕਾਹਨਾ, ਏਕਾ ਬੰਸਰੀ ਨਾਮ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਫੇਰਾ ਪਾ, ਹਰਿਜਨ ਸਾਚੇ ਆਪ ਜਗਾਇੰਦਾ । ਏਕਾ ਸ਼ਬਦ ਦਏ ਜਣਾ, ਏਕਾ ਦੂਜਾ ਭਉ ਚੁਕਾਇੰਦਾ । ਤੀਜਾ ਨੈਣ ਆਪ ਖੁਲ੍ਹਾ, ਆਤਮ ਦਰਸੀ ਦਰਸ ਕਰਾਇੰਦਾ । ਚੌਥੇ ਦਰ ਦਏ ਬਹਾ, ਘਰ ਸਾਚਾ ਇਕ ਸੁਹਾਇੰਦਾ । ਅੰਤਮ ਮੇਲਾ ਸਹਿਜ ਸੁਭਾ, ਹਰਿ ਗੋਬਿੰਦ ਮੇਲ ਮਿਲਾਇੰਦਾ । ਪੰਚਮ ਮੀਤਾ ਚੜ੍ਹਿਆ ਚਾਅ, ਚਾਤ੍ਰਿਕ ਅੰਮ੍ਰਿਤ ਮੇਘ ਬਰਸਾਇੰਦਾ । ਨਾਦ ਧੁਨ ਇਕ ਵਜਾ, ਢੋਲ ਮਰਦੰਗ ਸੰਗ ਤਜਾਇੰਦਾ । ਹਰਿਜਨ ਸਾਚੇ ਲਏ ਉਠਾ, ਏਕਾ ਮਾਰਗ ਲਾਇੰਦਾ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਪ ਅਖਵਾ, ਸਤਿਜੁਗ ਸਾਚਾ ਰਾਹ ਚਲਾਇੰਦਾ । ਮਦਿਰਾ ਮਾਸ ਰਸਨ ਤਜਾ, ਅੰਮ੍ਰਿਤ ਆਤਮ ਫਲ ਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਨਾਮ ਰੰਗਤ ਕਾਇਆ ਚੋਲੀ ਆਪ ਚੜ੍ਹਾਇੰਦਾ ।



## ❋ ੧੯ ਭਾਦਰੋਂ ੨੦੧੪ ਬਿਕ੍ਰਮੀ ਲਛਮਣ ਸਿੰਘ ਦਰਸ਼ਨ ਸਿੰਘ ਦੇ ਗ੍ਰਿਹ ਮਕਾਨ ਨੰ੦ ੮੯੯੭ ਪਹਾੜ ਗੰਜ ਦਿੱਲੀ ❋

ਨਿਰਗੁਣ ਸ਼ਬਦ ਬਿਬਾਣ ਇਕ ਰਖਾਇਆ । ਆਪੇ ਵੇਖੇ ਮਾਰ ਧਿਆਨ, ਵੇਖਣਹਾਰ ਆਪ ਅਖਵਾਇਆ । ਦੋ ਜਹਾਨੀ ਇਕ ਉਡਾਨ, ਆਦਿ ਜੁਗਾਦਿ ਰਿਹਾ ਲਗਾਇਆ । ਨੇਤਰ ਲੋਚਨ ਨੈਣ ਨਾ ਵੇਖ ਵਖਾਨ, ਰਸਨਾ ਜਿਹਵਾ ਭੇਵ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਖਿਲਾਇਆ । ਨਿਰਗੁਣ ਖੇਲ ਹਰਿ ਗੋਬਿੰਦ, ਆਪਣੀ ਰਚਨ ਰਚਾਈਆ । ਮੇਟ ਮਿਟਾਏ ਸਗਲੀ ਚਿੰਦ, ਭਗਤਨ ਦਇਆ ਕਮਾਈਆ । ਨਾਮ ਉਪਜਾਏ ਸਾਚੀ ਬਿੰਦ, ਉਤਪਤ ਸ੍ਰਿਸ਼ਟ ਸਬਾਈਆ । ਦਾਤਾ ਦਾਨੀ ਵਡ ਮਰਗਿੰਦ, ਏਕਾ ਏਕ ਅਖਵਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਸਤਿ ਸੰਤੋਖ ਸਮਾਈਆ । ਜਨ ਭਗਤਾਂ ਮੇਟੇ ਸਗਲੀ ਚਿੰਦ, ਜਗ ਅੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਭੂਪ ਅਖਵਾਈਆ । ਨਿਰਗੁਣ ਭੂਪ ਸਚ ਸੁਲਤਾਨ, ਸਾਚੇ ਤਖ਼ਤ ਬਿਰਾਜਿਆ । ਸਤਿ ਸਰੂਪੀ ਇਕ ਨਿਸ਼ਾਨ, ਸ਼ਬਦ ਸ਼ਬਦੀ ਮਾਰੇ ਅਵਾਜ਼ਿਆ । ਨਾ ਕੋਈ ਦੇਵੇ ਦਾਤਾ ਦਾਨੀ ਦਾਨ, ਨਾ ਕੋਈ ਰਚਨ ਰਚਾਏ ਸਵੰਬਰ ਕਾਜਿਆ । ਨਾ ਕੋਈ ਖੇਲੇ ਬਾਲ ਨਾਦਾਨਾ, ਨਾ ਕੋਈ ਗਰੀਬ ਨਾ ਕੋਈ ਰਾਜਨ ਰਾਜਿਆ । ਏਕੋ ਏਕ ਸ੍ਰੀ ਭਗਵਾਨ, ਆਪਣਾ ਸਾਜਨ ਸਾਜਿਆ । ਆਪੇ ਵੇਖੇ ਮਾਰ ਧਿਆਨ, ਲੋਆਂ ਪੁਰੀਆਂ ਫਿਰੇ ਭਾਜਿਆ । ਭਗਤਨ ਕਰੇ ਆਪ ਪਛਾਣ, ਅਸਵ ਚਿੱਟੇ ਚੜ੍ਹੇ ਤਾਜਿਆ । ਕਲਜੁਗ ਤੇਰੀ ਵੇਖ ਦੁਕਾਨ, ਜੂਠਾ ਝੂਠਾ ਸਾਜਨ ਸਾਜਿਆ । ਨਾਨਕ ਗੋਬਿੰਦ ਰਸਨਾ ਗਾਣ, ਦਿਵਸ ਰੈਣ ਮਾਰਨ ਆਵਾਜ਼ਿਆ । ਮੁੱਲਾ ਸ਼ੇਖ ਮੁਸਾਇਕ ਪੀਰ ਦਸਤਗੀਰ ਸਰਬ ਕੁਰਲਾਨ, ਵੇਖ ਵਖਾਨਣ ਪਾਕੀ ਪਾਕ ਹਾਜਨ ਹਾਜਿਆ । ਪੰਡਤ ਪਾਂਧੇ ਰਹੇ ਵਖਾਨ, ਗੀਤਾ ਗਿਆਨ ਜਗਤ ਜਹਾਜ਼ਿਆ । ਕਿਸੇ ਹੱਥ ਨਾ ਆਏ ਗੁਣ ਨਿਧਾਨ, ਅੰਤਮ ਹਾਰੀ ਬਾਜੀਆ । ਹਰਿ ਪਰਗਟ ਹੋਏ ਵਾਲੀ ਦੋ ਜਹਾਨ, ਭਾਗ ਲਗਾਏ ਦੇਸ ਮਾਝਿਆ । ਧਰਮ ਝੁਲਾਏ ਇਕ ਨਿਸ਼ਾਨ, ਨੌ ਖੰਡ ਪ੍ਰਿਥਮੀ ਰਚਿਆ ਤੇਰਾ ਕਾਜਿਆ । ਸੱਤਾਂ ਦੀਪਾਂ ਪਾਏ ਏਕਾ ਆਨ, ਜਨ ਭਗਤਾਂ ਰੱਖੇ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਨਿਹਕਲੰਕ ਨਰਾਇਣ ਨਰ, ਸਤਿਜੁਗ ਤੇਰਾ ਸਤਿ ਸੰਤੋਖ ਏਕਾ ਨਾਮ ਚਲਾਏ ਲੋਕਮਾਤ ਜਹਾਜ਼ਨਾ । ਸਤਿਜੁਗ ਬੇੜਾ ਬੇਪਰਵਾਹ, ਤੇਰਾ ਇਕ ਬੰਧਾਇੰਦਾ । ਪੁਰਖ ਅਬਿਨਾਸ਼ੀ ਬਣ ਮਲਾਹ, ਸੋਹੰ ਚਪੂ ਲਾਇੰਦਾ । ਗੁਰਮੁਖ ਸਾਚੇ ਲਏ ਚੜ੍ਹਾ, ਸਾਚੇ ਰਾਹ ਚਲਾਇੰਦਾ । ਏਕਾ ਅੱਖਰ ਨਾਮ ਪੜ੍ਹਾ, ਦੋਐਂ ਦੋ ਮਿਟਾਇੰਦਾ । ਸੋਹੰ ਜਾਪ ਅਜਪਾ ਆਪ ਕਰਾ, ਸਤਿ ਪੁਰਖ ਵਿਚ ਸਮਾਇੰਦਾ । ਆਦਿ ਪੁਰਖ ਨਿਰੰਜਣ ਆਪ ਅਖਵਾ, ਜੋਤ ਨਿਰੰਜਣ ਮਾਤ ਜਗਾਇੰਦਾ । ਸ਼ਬਦ ਸਪੂਤਾ ਆਪ ਉਪਾ, ਗੋਬਿੰਦ ਵਿਚ ਸਮਾਇੰਦਾ । ਗੋਬਿੰਦ ਸਾਚੀ ਸੇਵਾ ਲਾ, ਸੇਵਾਦਾਰ ਆਪ ਹੋ ਜਾਇੰਦਾ । ਭਗਤ ਸੁਹੇਲੇ ਲਏ ਉਠਾ, ਆਪ ਆਪਣੀ ਦਇਆ ਕਮਾਇੰਦਾ । ਏਕਾ ਮੁੱਠਾ ਦਏ ਬੰਧਾ, ਵੇਲਾ ਅੰਤ ਕੰਤ ਸੰਤ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਨਿਰਾਧਾਰ, ਨਿਰਵੈਰ ਆਪ ਹੋ ਆਇੰਦਾ । ਨਰ ਨਰਾਇਣ ਆਦਿ ਪੁਰਖ ਅਖਵਾਈਆ । ਜਨ ਭਗਤਾਂ ਨੇਤਰ ਪਾਏ ਅੰਜਨ, ਕਲਜੁਗ ਅੰਤਮ ਵੇਖ ਵਖਾਈਆ । ਨਾ ਕੋਈ ਸਾਕ ਸੈਣ ਸੱਜਣ, ਨਾ ਕੋਈ ਦਾਸੀ ਦਾਸਾ ਨਾ ਕੋਈ ਮਾਤ ਰੱਖੇ ਲਾਜ ਨਾ ਕੋਈ ਹੋਏ ਸਹਾਈਆ । ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸਾ । ਗੁਰ ਚਰਨ ਧੂੜ ਸਾਚਾ ਮਜਨ, ਮਾਨਸ ਜਨਮ ਕਰੇ ਰਹਿਰਾਸਾ । ਹਰਿਜਨ ਹਰਿ ਸ਼ਬਦ ਅੰਮ੍ਰਿਤ ਆਤਮ ਪੀ ਪੀ ਰੱਜਣ, ਅੰਤਮ ਹੋਏ ਬੰਦ ਖੁਲਾਸਾ । ਪਾਰਬ੍ਰਹਮ ਪ੍ਰਭ ਆਇਆ ਪੜਦੇ ਕੱਜਣ, ਖੇਲੇ ਖੇਲ ਪ੍ਰਿਥਮੀ ਆਕਾਸਾ । ਕਾਲ ਨਗਾਰੇ ਸਿਰ ਤੇ ਵੱਜਣ, ਲੱਖ ਚੁਰਾਸੀ ਹੋਏ ਨਾਸਾ । ਮਾਟੀ ਭਾਂਡੇ ਅੰਤਮ ਭੱਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਤਮਾਸਾ । ਨਿਰਗੁਣ ਖੇਲੇ ਖੇਲ ਖਿਲਾਰੀ, ਕਲਜੁਗ ਅੰਤਮ ਵਾਰਿਆ । ਬ੍ਰਹਮਾ ਸ਼ਿਵ ਖੜ੍ਹੇ ਦਰ ਦਰਬਾਰੀ, ਰੋਵਣ ਜ਼ਾਰੋ ਜ਼ਾਰਿਆ । ਕਰੋੜ ਤੇਤੀਸਾ ਹਾਹਾਕਾਰੀ, ਨਾ ਸੁਣੇ ਕੋਈ ਪੁਕਾਰਿਆ । ਗੋਬਿੰਦ ਖੰਡਾ ਤੇਜ ਕਟਾਰੀ, ਆਪ ਆਪਣੀ ਕਰੇ ਸ਼ਿੰਗਾਰਿਆ । ਸ਼ਸਤਰ ਬਸਤਰ ਅਪਰ ਅਪਾਰੀ, ਚਿੱਟੇ ਅਸਵ ਤੰਗ ਕਸਾ ਰਿਹਾ । ਨੀਲੀ ਛੱਤੋਂ ਆਏ ਬਾਹਰੀ, ਖੇਲੇ ਖੇਲ ਨਰ ਨਿਰੰਕਾਰਿਆ । ਭਗਤ ਜਨਾਂ ਹਰਿ ਦਰ ਭਿਖਾਰੀ, ਮੰਗੇ ਮੰਗ ਅਪਰ ਅਪਾਰਿਆ । ਉਠ ਉਠ ਵੇਖੇ ਵਾਰੋ ਵਾਰੀ, ਨੌ ਖੰਡ ਪ੍ਰਿਥਮੀ ਦਹਿ ਦਿਸ਼ਾ ਆਪ ਵਿਚਾਰਿਆ । ਇਕ ਸੁਹਾਏ ਬੰਕ ਦਵਾਰੀ, ਦਰ ਦਿੱਲੀ ਫੇਰਾ ਪਾਵੇ ਆਵੇ ਜਾਵੇ ਵਾਰੋ ਵਾਰਿਆ । ਸਾਧਾਂ ਸੰਤਾਂ ਕਰੇ ਖ਼ਬਰਦਾਰੀ, ਰਾਜ ਰਾਜਾਨਾਂ ਹਾਹਾਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਿਖਿਆ ਲੇਖ ਸ਼ਬਦ ਲਿਖਾਰੀ, ਬੀਸ ਬੀਸਾ ਦਇਆ ਕਮਾਏ ਨਿਰਗੁਣ ਅਪਰ ਅਪਾਰਿਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਕਾਲਿਆ । ਗੁਰਮੁਖ ਸਾਚੇ ਲਏ ਉਭਾਰ, ਖੇਲੇ ਖੇਲ ਨਿਰਾਲਿਆ । ਕਲਜੁਗ ਤੇਰੀ ਅੰਤਮ ਵਾਰ, ਮੇਟੇ ਘਟਾ ਕਾਲਿਆ । ਸੋਹੰ ਸ਼ਬਦ ਜੈ ਜੈ ਕਾਰ, ਦੀਪਕ ਜੋਤੀ ਜਗੇ ਦਿਵਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਚਲੇ ਅਵੱਲੜੀ ਚਾਲਿਆ ।

ਕੋਟ ਗੜ੍ਹ ਅਪਾਰ, ਹਰਿ ਉਪਾਇਆ । ਉਪਰ ਚੜ੍ਹ ਨਰ ਨਿਰੰਕਾਰ, ਡੇਰਾ ਲਾਇਆ । ਨਿਰਗੁਣ ਰੂਪ ਆਪ ਸਰਕਾਰ, ਸਤਿ ਪੁਰਖ ਨਿਰੰਜਣ ਨਾਮ ਰਖਾਇਆ । ਜੋਤੀ ਨੂਰ ਕਰ ਉਜਿਆਰ, ਜੋਤੀ ਜੋਤ ਸਮਾਇਆ । ਸਚ ਸਿੰਘਾਸਣ ਅਪਰ ਅਪਾਰ, ਧੁਰਦਰਗਾਹੀ ਆਪ ਸੁਹਾਇਆ ।

੮੫੨
੦੬

ਖੇਲੇ ਖੇਲ ਖੇਲਣਹਾਰ, ਆਪ ਆਪਣੀ ਖੇਲ ਖਿਲਾਇਆ । ਹਰਿਜਨ ਮੇਲੇ ਮੇਲਣਹਾਰ, ਜੁਗ ਜੁਗ ਮੇਲ ਮਿਲਾਇਆ । ਪਾਰਬ੍ਰਹਮ ਬ੍ਰਹਮ ਭੇਵ ਨਿਵਾਰ, ਏਕਾ ਦੂਜਾ ਭਉ ਚੁਕਾਇਆ । ਤੀਜੇ ਚੌਥੇ ਕੰਤ ਭਤਾਰ, ਪੰਚਮ ਹੋਏ ਸਹਾਇਆ ਪੰਚਮ ਮੇਲਾ ਮੀਤ ਮੁਰਾਰ, ਦਰ ਘਰ ਬੰਕ ਸੁਹਾਇਆ । ਬੰਕ ਦਵਾਰਾ ਅਪਰ ਅਪਾਰ, ਸਤਿਗੁਰ ਆਪ ਬਣਾਇਆ । ਸਤਿਗੁਰ ਪੂਰਾ ਸਾਂਝਾ ਯਾਰ, ਵਰਨ ਗੋਤ ਨਾ ਕੋਇ ਰਖਾਇਆ । ਊਚਾਂ ਨੀਚਾਂ ਕਰ ਪਿਆਰ, ਰਾਜ ਰਾਜਾਨਾਂ ਮਾਣ ਗਵਾਇਆ । ਤਿੰਨਾਂ ਲੋਕਾਂ ਪਾਵੇ ਸਾਰ, ਪੁਰੀਆਂ ਲੋਆਂ ਵੇਖ ਵਖਾਇਆ । ਬ੍ਰਹਮਾ ਸ਼ਿਵ ਦਰ ਭਿਖਾਰ, ਵਿਸ਼ਨੂੰ ਝੋਲੀ ਅੱਗੇ ਡਾਹਿਆ । ਦੇਵਤ ਸੁਰ ਕਰੇ ਪੁਕਾਰ, ਕਰੋੜ ਤੇਤੀਸਾ ਮੰਗਣ ਲਾਇਆ । ਤ੍ਰੈਗੁਣ ਮਾਇਆ ਤਤ ਅਪਾਰ, ਹਰਿ ਆਪਣੀ ਰਚਨ ਰਚਾਇਆ । ਬ੍ਰਹਮਾ ਮੀਤ ਨਾਮ ਅਧਾਰ, ਏਕਾ ਸ਼ਬਦ ਜਣਾਇਆ । ਸ੍ਰਿਸ਼ਟ ਸਬਾਈ ਕਰੇ ਅਤੀਤ, ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਆਦਿ ਨਿਰੰਜਣ ਬ੍ਰਹਿਮਾਦਿਆ । ਲੇਖਾ ਲੇਖ ਲਿਖਣਹਾਰਾ, ਜਗਤ ਜਣਾਏ ਬੋਧ ਅਗਾਧਿਆ । ਲੱਖ ਚੁਰਾਸੀ ਪਰਖਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਸਤ ਨਾਮ ਅਨਮੋਲ, ਸ਼ਬਦ ਸਿੰਘਾਸਣ ਰਿਹਾ ਤੋਲ, ਹਰਿ ਮੋਹਣ ਮਾਧਵ ਮਾਧਿਆ । ਨਿਰਗੁਣ ਰੂਪ ਸ਼ਬਦ ਪਿਆਰ, ਡੋਰੀ ਨਾਮ ਰਖਾਈਆ । ਜੁਗ ਜੁਗ ਲਏ ਮਾਤ ਅਵਤਾਰ, ਭੇਖਾਧਾਰੀ ਭੇਖ ਵਟਾਈਆ । ਰਾਮ ਰਾਮਾ ਰੂਪ ਅਪਾਰ, ਲੰਕਾ ਗੜ੍ਹ ਤੁੜਾਈਆ । ਰਾਵਣ ਰਾਮਾ ਇਕ ਅਧਾਰ, ਚੋਟੀ ਜੜ੍ਹ ਰਹਿਣ ਨਾ ਪਾਈਆ । ਕ੍ਰਿਸ਼ਨਾ ਮਿਟਾਏ ਅੰਧ ਅੰਧਿਆਰ, ਰੈਣ ਅੰਧੇਰੀ ਰਹਿਣ ਨਾ ਪਾਈਆ । ਬਿਦਰ ਸੁਦਾਮਾ ਜਾਏ ਤਾਰ, ਲਜ ਦਰੋਪਤ ਆਪ ਰਖਾਈਆ । ਅਰਜਨ ਅਰਜਨ ਇਕ ਪਿਆਰ, ਨੇਤਰ ਤੀਜਾ ਵੇਖ ਵਖਾਈਆ । ਗਿਆਨ ਗੀਤਾ ਰਸਨ ਉਚਾਰ, ਅੱਠ ਦਸ ਵੇਖ ਵਖਾਈਆ । ਅੱਠ ਦਸ ਏਕਾ ਧਾਰ, ਦੁਆਪਰ ਦਏ ਦੁਹਾਈਆ । ਨੌ ਦਵਾਰੇ ਪਾਰ ਕਿਨਾਰ, ਕਲਜੁਗ ਖੇਲ ਖਿਲਾਈਆ । ਕਲਜੁਗ ਮੇਲਾ ਅੰਤਮ ਵਾਰ, ਹਰਿ ਸਾਚਾ ਰਿਹਾ ਮਿਲਾਈਆ । ਨਾਮ ਮੁਹੰਮਦ ਮੀਤ ਮੁਰਾਰ, ਗੋਬਿੰਦ ਬਣਤ ਬਣਾਈਆ । ਨਾਨਕ ਲੇਖਾ ਅਪਰ ਅਪਾਰ, ਅਰਜਨ ਸੇਵ ਕਮਾਈਆ । ਲਹਿਣਾ ਦੇਣਾ ਵਿਚ ਸੰਸਾਰ, ਹਰਿ ਗੋਬਿੰਦ ਰਿਹਾ ਚੁਕਾਇਆ । ਗੋਬਿੰਦ ਹਰਿ ਹਰਿ ਗੋਬਿੰਦ, ਹਰਿ ਗੋਬਿੰਦ ਵਿਚ ਸਮਾਈਆ । ਨੇਤਰ ਨੈਣ ਵੇਖ ਉਘਾੜ, ਲੋਚਨ ਖੋਲ੍ਹ ਖੁਲ੍ਹਾਈਆ । ਕਾਇਆ ਕੰਦਰ ਡੂੰਘੀ ਗਾਰ, ਬੈਠਾ ਜਿੰਦਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਸੰਮਤੀ ਵੇਖ ਦਰ, ਨਿਰਗੁਣ ਆਪਣੀ ਖੇਲ ਖਿਲਾਈਆ । ਨਿਰਗੁਣ ਰੂਪ ਹਰਿ ਸਮਰਥ, ਏਕਾ ਏਕ ਅਖਵਾਇੰਦਾ । ਜੁਗ ਜੁਗ ਕਥਾ ਚਲਾਏ ਅਕੱਥ, ਕਥਨੀ ਕਥ ਨਾ ਕੋਈ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚਲਾਏ ਰਥ, ਰਥ ਰਥਵਾਹੀ ਆਪ ਹੋ ਜਾਇੰਦਾ । ਕਲਜੁਗ ਕਾਇਆ ਰਿਹਾ ਮਥ, ਚਾਰੋਂ ਕੁੰਟ ਫਿਰਾਇੰਦਾ । ਲੱਖ ਚੁਰਾਸੀ ਵੇਖੇ ਸੱਥ, ਏਕਾ ਸੱਥਰ ਖ਼ਾਕ ਵਿਛਾਇੰਦਾ । ਲੇਖਾ ਚੁੱਕੇ ਸਾਢੇ ਤਿੰਨ ਹੱਥ, ਜੁਗ ਜੁਗ ਮੂਲ ਚੁਕਾਇੰਦਾ । ਭਗਤ ਸੁਹੇਲਾ ਦੇਵੇ ਸਾਚੀ ਵੱਥ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਹੰ ਹੰਗਤਾ ਕਰੇ ਕੱਖ, ਤਨ ਮਾਇਆ ਅਗਨੀ ਲਾਇੰਦਾ । ਜੂਠਾ ਝੂਠਾ ਬੁਰਜ ਜਾਣਾ ਢੱਠ, ਜੂਠ ਝੂਠ ਨੇੜ ਨਾ ਆਇੰਦਾ । ਗੁਰ ਦਰ ਮੰਦਰ ਹੋਏ ਭੱਠ, ਹਰਿਜਨ ਵੇਖ ਵਖਾਇੰਦਾ । ਭੇਵ ਖੁਲ੍ਹਾਏ ਸ਼ਿਵਦਵਾਲਾ ਮੱਠ, ਆਪ ਆਪਣਾ ਵੇਖ ਵਖਾਇੰਦਾ । ਆਪੇ ਗੇੜਨਹਾਰਾ ਉਲਟੀ ਲੱਠ, ਰਾਮ ਰਾਮਾ ਆਪਣੇ ਵਿਚ ਸਮਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਅਨੇਕ ਕਰ, ਅਨਕ ਕਲਾ ਵਰਤਾਇੰਦਾ । ਅਕਲ ਕਲਾ ਹਰਿ ਭਰਪੂਰਿਆ, ਆਪਣੀ ਕਲ ਆਪ ਵਰਤਾਈਆ । ਏਕਾ ਸ਼ਬਦ ਏਕਾ ਤੂਰਿਆ, ਏਕਾ ਨਾਦ ਵਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਿਆ, ਗਿਆਨ ਧਿਆਨ ਇਕ ਜਣਾਈਆ । ਹਰਿਜਨ ਬਖ਼ਸ਼ੇ ਚਰਨ ਧੂੜਿਆ, ਦੁਰਮਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਖੇਲ ਕਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਜਗਦੀਸ, ਏਕਾ ਏਕ ਅਖਵਾਇਆ । ਨਾ ਕੋਈ ਪੜ੍ਹੇ ਗਾਏ ਰਾਗ ਛਤੀਸ, ਰਾਗ ਰਾਗਣੀ ਨਾ ਕੋਇ ਅਲਾਇਆ । ਨਾ ਕੋਈ ਕੁਰਾਨ ਅੰਜੀਲ ਹਦੀਸ, ਵੇਦ ਪੁਰਾਨ ਨਾ ਕੋਈ ਬਣਾਇਆ । ਨਾ ਕੋਈ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਨਾ ਕੋਈ ਅੱਲਾ ਨਾਅਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਨਿਰਗੁਣ ਰੰਗ ਸਮਾਇਆ । ਨਿਰਗੁਣ ਰੰਗ ਹਰਿ ਕਰਤਾਰ, ਏਕਾ ਏਕ ਰਖਾਇੰਦਾ । ਜੋਤੀ ਨੂਰ ਅਪਰ ਅਪਾਰ, ਆਪਣੀ ਜੋਤ ਜਗਾਇੰਦਾ । ਸ਼ਬਦ ਸੁਤ ਕਰ ਤਿਆਰ, ਸੂਤਰ ਧਾਰ ਆਪ ਅਖਵਾਇੰਦਾ । ਲੋਆਂ ਪੁਰੀਆਂ ਕਰ ਪਸਾਰ, ਬ੍ਰਹਿਮੰਡਾਂ ਵਿਚ ਸਮਾਇੰਦਾ । ਜੇਰਜ ਅੰਡਾਂ ਦਏ ਅਧਾਰ, ਉਤਭੁਜ ਸੇਤਜ ਵੇਖ ਵਖਾਇੰਦਾ । ਏਕਾ ਖੋਜੇ ਖੋਜਣਹਾਰ, ਲੱਖ ਚੁਰਾਸੀ ਡੇਰਾ ਲਾਇੰਦਾ । ਆਪੇ ਵਸਿਆ ਸਭ ਤੋਂ ਬਾਹਰ, ਆਸਣ ਸਿੰਘਾਸਣ ਇਕ ਵਿਛਾਇੰਦਾ । ਪੁਰਖ ਅਬਿਨਾਸ਼ਣ ਖੇਲ ਅਪਾਰ, ਦਰਸੀ ਦਰਸ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲ ਇਕ ਕਰ, ਸਰਗੁਣ ਧੀਰ ਧਰਾਇੰਦਾ । ਸਰਗੁਣ ਧਰ ਧਰਵਾਸ, ਗੋਬਿੰਦ ਜੋਤ ਜਗਾਈਆ । ਪਾਰਬ੍ਰਹਮ ਪੁਰਖ ਅਬਿਨਾਸ਼, ਸ਼ਬਦੀ ਬਣਤ ਬਣਾਈਆ । ਸਾਚੇ ਮੰਡਲ ਸਾਚੀ ਰਾਸ, ਏਕਾ ਰਿਹਾ ਵਖਾਈਆ । ਆਵੇ ਜਾਵੇ ਪ੍ਰਿਥਮੀ ਆਕਾਸ਼, ਦੋ ਜਹਾਨਾਂ ਚਲਤ ਚਲਾਈਆ । ਸੰਮਤ ਚੌਦਾਂ ਵੇਖ ਤਮਾਸ਼, ਤ੍ਰੈਗੁਣ ਵੇਖ ਵਖਾਈਆ । ਮਨ ਮਤ ਬੁੱਧੀ ਰੱਖੀ ਆਸ, ਬੈਠੇ ਰਾਹ ਤਕਾਈਆ । ਹਰਿਜਨ ਜੋਤੀ ਕਰ ਪਰਕਾਸ਼, ਜੋਤ ਨਿਰੰਜਣ ਰਾਹ ਵਖਾਈਆ । ਭਗਤ ਸੁਹੇਲਾ ਸਦ ਵਸਿਆ ਪਾਸ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੰਗ ਇਕ ਰਘੁਰਾਈਆ । ਨਿਰਗੁਣ ਰੰਗ ਹਰਿ ਰੰਗ ਰਾਤਾ, ਏਕਾ ਕਲ ਵਰਤਾਇੰਦਾ । ਦੀਨਾ ਬੰਧਪ ਪੁਰਖ ਬਿਧਾਤਾ, ਅਛਲ ਛਲ ਕਰਾਇੰਦਾ । ਪਰਗਟ ਹੋਏ ਤ੍ਰੈਲੋਕੀ ਨਾਥਾ, ਨਾਥ ਤ੍ਰੈਲੋਕੀ ਆਪ ਅਖਵਾਇੰਦਾ । ਜੁਗ ਜੁਗ ਚਲਾਏ ਆਪਣਾ ਰਾਥਾ, ਏਕਾ ਰਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਆਪ ਆਪਣਾ ਭੇਖ ਵਟਾਇੰਦਾ । ਭੇਖਾਧਾਰੀ ਭੇਖ ਵਟਾਇਆ, ਭੇਵ ਕੋਈ ਨਾ ਪਾਇੰਦਾ । ਲੱਖ ਚੁਰਾਸੀ ਖੇਲ ਆਪਣੇ ਹੱਥ ਰਖਾਇਆ, ਆਪ ਉਪਾਏ ਆਪ ਬਣਾਇੰਦਾ । ਧਾਰੀ ਕੇਸਾ ਰਿਹਾ ਭੁਲਾਇਆ, ਮੂੰਡ ਮੁੰਡਾਇਆ ਦਿਸ ਨਾ ਆਇੰਦਾ । ਜਗਤ ਜਗਦੀਸਾ ਲਿਖਣਹਾਰਾ ਲੇਖ ਲਿਖਾਇਆ, ਲਿਖਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਮਾਤ ਕਰ, ਕਲਜੁਗ ਤੇਰੀ ਅੰਤਮ ਵਾਰ, ਏਕਾ ਨਾਉਂ ਰਖਾਇੰਦਾ । ਏਕਾ ਨਾਉਂ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਇਆ । ਰਾਮ ਕ੍ਰਿਸ਼ਨ ਪਾਏ ਸਾਰ, ਬਿਧਰ ਸੁਦਾਮਾ ਗੋਦ ਉਠਾਇਆ । ਨਾਨਕ ਗੋਬਿੰਦ ਬਣ ਭਿਖਾਰ, ਦਿਵਸ ਰੈਣ ਮੰਗ ਮੰਗਾਇਆ । ਸੰਗ ਮੁਹੰਮਦ ਚਾਰ ਯਾਰ, ਬੈਠੇ ਰਾਹ ਤਕਾਇਆ । ਅੱਲਾ ਰਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇਆ । ਵੇਦ ਵਿਆਸਾ ਕਰੇ ਪੁਕਾਰ, ਆਪ ਆਪਣੇ ਲੇਖ ਲਿਖਾਇਆ ।



੮੫੩
੦੬

ਪੁਰਾਨ ਅਠਾਰਾਂ ਏਕਾ ਧਾਰ, ਏਕਾ ਰੰਗ ਰੰਗਾਇਆ । ਬ੍ਰਹਮਾ ਵੇਤਾ ਰਿਹਾ ਵਿਚਾਰ, ਚਾਰੇ ਵੇਦ ਆਪ ਲਿਖਾਇਆ । ਵੇਦ ਵਿਦਾਂਤਾ ਆਪ ਨਿਰੰਕਾਰ, ਜੁਗ ਜੁਗ ਬਣਦਾ ਆਇਆ । ਆਪ ਚਲਾਏ ਆਪਣੀ ਗਾਥਾ ਵਿਚ ਸੰਸਾਰ, ਸਰਬ ਕਲਾ ਸਮਰਥ ਆਪ ਅਖਵਾਇਆ । ਪਰਗਟ ਹੋ ਤ੍ਰੈਲੋਕੀ ਨਾਥ, ਕਲਜੁਗ ਤੇਰਾ ਅੰਤਮ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਰੂਪ ਸਮਾਇਆ । ਹਰਿ ਕਾ ਰੂਪ ਅਪਾਰ, ਏਕਾ ਜੋਤ ਜਗਾਈਆ । ਏਕਾ ਸ਼ਬਦ ਅਪਰ ਅਪਾਰ, ਏਕਾ ਧਾਰ ਵਹਾਈਆ । ਚਾਰ ਵਰਨਾਂ ਇਕ ਪਿਆਰ, ਏਕਾ ਨਾਮ ਜਪਾਈਆ । ਏਕਾ ਖੰਡਾ ਏਕਾ ਕਟਾਰ, ਏਕਾ ਬਸਤਰ ਤਨ ਪਹਿਨਾਈਆ । ਏਕਾ ਦੂਜਾ ਅੱਖਰ ਦਰ ਵਿਚਾਰ, ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੂਜਾ ਭੇਵ ਚੁਕਾਈਆ । ਏਕਾ ਅੱਖਰ ਇਕ ਸਲਾਹ, ਏਕਾ ਰਾਹ ਚਲਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਚਾਰ ਵਰਨਾਂ ਵੇਖ ਵਖਾਇੰਦਾ । ਗਊ ਗਰੀਬਾਂ ਪਕੜੇ ਬਾਂਹ, ਰਾਜ ਰਾਜਾਨਾਂ ਆਪ ਉਠਾਇੰਦਾ । ਵੇਖ ਵਖਾਏ ਥਾਉਂ ਥਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਉਂ ਧਰਾਇੰਦਾ । ਆਪ ਆਪਣਾ ਨਾਉਂ ਧਰਾ, ਚਾਰੋਂ ਕੁੰਟ ਕਰੇ ਵਧਾਈਆ । ਚਾਰ ਵਰਨਾਂ ਇਕ ਸਰਨਾ, ਸਾਚਾ ਘਰ ਰਿਹਾ ਵਖਾਈਆ । ਮੁੱਲਾ ਸ਼ੇਖ਼ ਕੋਈ ਰਹਿਣ ਨਾ ਪਾ, ਕਲਜੁਗ ਕਲ ਵਰਤਾਈਆ । ਹਰਿਜਨ ਵੇਖੇ ਸਾਚੇ ਨੈਣ ਮਿਲਾ, ਮਾਇਆ ਮਮਤਾ ਬੈਠੇ ਮੁਖ ਛੁਪਾਈਆ । ਪੁਰਖ ਅਬਿਨਾਸ਼ੀ ਜਾਮਾ ਪਾ, ਹਰਿ ਸ਼ਬਦ ਕਰੇ ਕੁੜਮਾਈਆ । ਸਾਚਾ ਸੁਤ ਇਕ ਉਪਾ, ਹਰਿ ਸ਼ਬਦੀ ਨਾਉਂ ਰਖਾਈਆ । ਅਬਿਨਾਸ਼ੀ ਅਚੁੱਤ ਆਪ ਅਖਵਾ, ਮਨ ਮਤ ਬੁਧ ਨਾ ਕੋਈ ਰਖਾਈਆ । ਰਾਸ਼ਟਰਪਤ ਦੇ ਮਤ ਸਮਝਾ, ਤ੍ਰੈ ਦੇਸ਼ਾਂ ਪਏ ਲੜਾਈਆ । ਦਸ ਦਸਮੇਸ਼ਾ ਫੇਰਾ ਪਾ, ਸ਼ਬਦ ਖੰਡਾ ਰਿਹਾ ਉਠਾਈਆ । ਨਰ ਨਰੇਸ਼ਾ ਵੇਖ ਵਖਾ, ਸੰਮਤ ਪੰਦਰਾਂ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ ।

ਸੰਮਤ ਚੌਦਾਂ ਚੜ੍ਹਿਆ ਚੰਦ, ਹਰਿ ਸਾਚੇ ਜੋਤ ਜਗਾਈਆ । ਦੋ ਜਹਾਨੀ ਆਪ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਈਆ । ਮਨ ਮਤ ਬੁੱਧ ਹੋਈ ਅੰਧ, ਪੰਜ ਤਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਦਿਤਾ ਵਰ, ਰਾਸ਼ਟਰਪਤ ਮਤ ਨਾ ਆਈਆ । ਲਿਖਿਆ ਲੇਖ ਪੜ੍ਹ ਵਿਚਾਰ, ਨੇਤਰ ਖੋਲ੍ਹ ਅੰਞਾਣ । ਪੁਰਖ ਅਬਿਨਾਸ਼ੀ ਬੰਨ੍ਹੇ ਧਾਰ, ਸ੍ਰਿਸ਼ਟ ਸਬਾਈ ਪੁਣ ਛਾਣ । ਸੰਮਤ ਪੰਦਰਾਂ ਪੈਣੀ ਮਾਰ, ਗੁਣ ਅਵਗੁਣ ਨਾ ਕੋਈ ਸੁਣੇ ਪੁਕਾਰ । ਰਾਜ ਮੰਤਰੀ ਮੰਤਰ ਪ੍ਰਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰ ਦਿਤਾ ਵਰ, ਰੰਗ ਸੱਤ ਇਕ ਨਿਸ਼ਾਨ । ਰੰਗ ਸੱਤ ਸੱਤ ਰੰਗ ਵਖਾ, ਪ੍ਰਭ ਆਪਣੀ ਕਲ ਵਰਤਾਈਆ । ਰਾਸ਼ਟਰਪਤ ਪ੍ਰਧਾਨ ਮੰਤਰੀ ਲਏ ਜਗਾ, ਏਕਾ ਮਤ ਤਤ ਆਪ ਸਮਝਾਈਆ । ਸੰਮਤ ਪੰਦਰਾਂ ਨੇੜੇ ਰਿਹਾ ਆ, ਸੁਰਤੀ ਸੁਰਤ ਦਏ ਭਵਾਈਆ । ਡੂੰਘੀ ਕੰਦਰ ਨਾ ਮਿਲੇ ਕੋਈ ਥਾਂ, ਨਾ ਦਿਸੇ ਮਾਤ ਸਹਾਈਆ । ਬਿਨ ਹਰਿ ਕੋਈ ਨਾ ਪਕੜੇ ਤੇਰੀ ਬਾਂਹ, ਸਿਰ ਛਤਰ ਨਾ ਕੋਈ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸੰਦੇਸ ਰਿਹਾ ਘਲਾਈਆ ।

੮੫੪
੦੬

## ✵ ੨੦ ਭਾਦਰੋਂ ੨੦੧੪ ਬਿਕ੍ਰਮੀ ਦਿੱਲੀ ਤੋਂ ਡੀਫੈਂਸ ਮਨਿਸਟਰ ਕ੍ਰਿਸ਼ਨਾ ਮੈਨਨ ਨੂੰ ਸ਼ਬਦ ਭੇਜਿਆ ✵

ਕ੍ਰਿਸ਼ਨਾ ਮੈਨਨ ਮੈਂ ਗਵਾ, ਪ੍ਰਭ ਹੱਥ ਵਡਿਆਈਆ । ਪੁਰਖ ਅਬਿਨਾਸ਼ੀ ਜੋਤ ਜਗਾ, ਲੋਕਮਾਤ ਕਰੇ ਰੁਸ਼ਨਾਈਆ । ਨਿਹਕਲੰਕਾ ਨਾਉਂ ਰਖਾ, ਕਲਜੁਗ ਮਿਟੇ ਕਾਲੀ ਸ਼ਾਹੀਆ । ਏਕਾ ਡੰਕਾ ਸ਼ਬਦ ਵਜਾ, ਰਾਜ ਰਾਜਾਨ ਸ਼ਾਹ ਸੁਲਤਾਨ ਰਿਹਾ ਜਗਾਈਆ । ਵਾਸੀ ਪੁਰੀ ਘਨਕਾ ਆਪ ਅਖਵਾ, ਦੇ ਮਤ ਰਿਹਾ ਸਮਝਾਈਆ । ਦੇਸ਼ ਪਰਦੇਸ਼ਾਂ ਦਏ ਸੁਣਾ, ਸ਼ਬਦ ਸੰਦੇਸ਼ ਇਕ ਰਘੁਰਾਈਆ । ਆਪ ਆਪਣਾ ਵੇਸ ਵਟਾ, ਪੁਰਖ ਪੁਰਖੋਤਮ ਖੇਲ ਖਿਲਾਈਆ । ਨਰ ਨਰੇਸ਼ ਇਕ ਜਣਾ, ਨੌਂ ਖੰਡ ਪ੍ਰਿਥਮੀ ਰੱਖੇ ਇਕ ਸਰਨਾਈਆ । ਸੋਹੰ ਖੰਡਾ ਰਿਹਾ ਵਖਾ, ਚੰਡ ਪਰਚੰਡ ਨਾਉਂ ਧਰਾਈਆ । ਸੱਤਾਂ ਦੀਪਾਂ ਵੰਡਾਂ ਰਿਹਾ ਵੰਡਾ, ਦਹਿ ਦਿਸ਼ਾ ਚਾਰੇ ਕੂੰਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਈਆ । ਉਠ ਜਾਗ ਜਗਤ ਸਿਆਸ, ਹਰਿ ਸਾਚਾ ਆਪ ਜਗਾਇੰਦਾ । ਕਵਣ ਨਾਮ ਵਸਤ ਤੇਰੇ ਪਾਸ, ਕਵਣ ਰਾਗ ਰਸਨਾ ਗਾਇੰਦਾ । ਕਵਣ ਤਨ ਸ਼ਬਦ ਸਵਾਸ, ਕਵਣ ਦਾਸ ਰਖਾਇੰਦਾ । ਕੰਮ ਨਾ ਆਏ ਹੱਡ ਨਾੜੀ ਮਾਸ, ਮਾਣ ਤਾਣ ਜਗਤ ਵਿਦਵਾਨ ਰਹਿਣ ਨਾ ਪਾਇੰਦਾ । ਆਤਮ ਅੰਤਰ ਇਕ ਗਿਆਨ, ਬੋਧ ਅਗਾਧੀ ਧੁਰ ਫ਼ਰਮਾਣ, ਕਵਣ ਦਵਾਰੇ ਹਾਂ ਜਣਾਇੰਦਾ । ਕਵਣ ਰੂਪ ਹਰਿ ਭਗਵਾਨ, ਨੇਤਰ ਨੈਣ ਵੇਖ ਵਿਖਾਨ, ਕਵਣ ਹਵਨੀ ਹਵਨ ਕਰਾਇੰਦਾ । ਚਤੁਰਭੁਜ ਕਵਣ ਨਿਸ਼ਾਨ, ਦੁਰਗਾ ਅਸ਼ਟਮੀ ਕਵਣ ਭਾਨ, ਕਵਣ ਤੇਜ ਪਰਕਾਸ਼ ਕਰਾਇੰਦਾ । ਕਵਣ ਸੁਰਤੀ ਕਵਣ ਗਿਆਨ, ਕਵਣ ਮੂਰਤੀ ਚਰਨ ਧਿਆਨ, ਕਵਣ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਜਾਣੀ ਜਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਾਰਤ ਮਾਤੀ ਜਗਤ ਸੁੱਤ, ਫੜ ਬਾਹੋਂ ਆਪ ਹਿਲਾਇੰਦਾ । ਜਗਤ ਸੁਤ ਭਗਤ ਦੁਲਾਰ, ਹਰਿ ਸਾਜਨ ਸੱਜਣ ਸੁਹੇਲਾ । ਆਪ ਆਪਣੀ ਕਿਰਪਾ ਧਾਰ, ਪਾਰ ਕਰਾਏ ਵਕਤ ਵੇਲਾ । ਸੰਮਤ ਚੌਦਾਂ ਕਰੇ ਖ਼ਬਰਦਾਰ, ਅਚਰਜ ਖੇਲ ਆਪੇ ਖੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪੇ ਜਾਣੇ ਆਪਣਾ ਵੇਲਾ । ਸੰਮਤ ਤੇਰਾਂ ਵੀਹ ਸਦ, ਹਰਿ ਸਾਚੇ ਦਇਆ ਕਮਾਈਆ । ਇੰਦਰ ਪ੍ਰਸ਼ਾਦ ਰਾਸ਼ਟਰਪਤ, ਲਿਖਿਆ ਲੇਖ ਹੱਥ ਫੜਾਈਆ । ਆਪੇ ਦੇ ਸਮਝਾਇਆ ਮਤ, ਬੁੱਧ ਮਤ ਇਕ ਰਖਾਈਆ । ਚਰਨ ਪ੍ਰੀਤੀ ਏਕਾ ਨੱਤ, ਪਾਰਬ੍ਰਹਮ ਸੱਚੀ ਸਰਨਾਈਆ । ਸ੍ਰਿਸ਼ਟ ਸਬਾਈ ਉਬਲੇ ਰੱਤ, ਨੌਂ ਖੰਡ ਪ੍ਰਿਥਮੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਇਆ ਗਿਆ ਫੇਰਾ ਪਾਈਆ । ਰਾਸ਼ਟਰਪਤ ਧੁਰ ਫ਼ਰਮਾਣ, ਹਰਿ ਸਾਚੇ ਆਪ ਜਣਾਇਆ । ਇਕ ਵਖਾਇਆ ਸੱਤ ਰੰਗ ਨਿਸ਼ਾਨ, ਸੋਹੰ ਉਪਰ ਲੇਖ ਲਿਖਾਈਆ । ਸੱਤਾਂ ਦੀਪਾਂ ਇਕ ਗਿਆਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈ ਜੈਕਾਰ ਕਰਾਇਆ । ਪਰਗਟ ਹੋਏ ਵਾਲੀ ਦੋ ਜਹਾਨ, ਲੋਕਮਾਤੀ ਫੇਰਾ ਪਾਇਆ । ਨਾਮ ਖੰਡਾ ਤੀਰ ਕਮਾਨ, ਰਸਨਾ ਚਿਲੇ ਆਪ ਚੜ੍ਹਾਇਆ । ਸੰਮਤ ਚੌਦਾਂ ਵੇਖੇ ਮਾਰ ਧਿਆਨ, ਤ੍ਰੈ ਦੇਸਾਂ ਭੇੜ ਭਿੜਾਇਆ । ਮਨ ਮਤ ਬੁੱਧ ਹੋਏ ਵੈਰਾਨ, ਸਾਚਾ ਖੇੜਾ ਰਹਿਣ ਨਾ ਪਾਇਆ । ਮਨ ਮਨੂਆ ਵੱਡਾ ਸ਼ਾਹ ਅਫਗਾਨ, ਜਗਤ ਝੇੜਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸਾਚਾ ਘਰ, ਪੰਚਮ ਮੁਖ ਪੰਚਮ ਤਾਜ ਧੁਰਦਰਗਾਹੀ ਸਾਚਾ ਰਾਜ, ਨੌਂ ਖੰਡ ਪ੍ਰਿਥਮੀ ਤੇਰਾ ਕਾਜ, ਲੋਕਮਾਤ ਆਪ ਬਣਾਇਆ । ਲੋਕਮਾਤ

ਰਚਿਆ ਕਾਜ, ਹਰਿ ਸਾਚੇ ਬਣਤ ਬਣਾਈਆ । ਪੰਚਮ ਮੁਖ ਬਣਿਆ ਤਾਜ, ਪੁਰਖ ਅਬਿਨਾਸ਼ੀ ਸੀਸ ਟਿਕਾਈਆ । ਆਪ ਆਪਣਾ ਸਾਜਨ ਸਾਜ, ਨਿਹਕਲੰਕਾ ਨਾਉਂ ਰਖਾਈਆ । ਚਿੱਟਾ ਅਸਵ ਸਾਚਾ ਤਾਜ, ਧੁਰਦਰਗਾਹੀ ਆਪ ਰਖਾਈਆ । ਪਰਗਟ ਹੋਏ ਦੇਸ ਮਾਝ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਾਓ ਰੰਕਾਂ ਰਿਹਾ ਜਣਾਈਆ । ਭਗਤ ਜਨਾਂ ਹਰਿ ਮਾਰੇ ਆਵਾਜ਼, ਧੁਨ ਆਤਮਕ ਇਕ ਉਪਜਾਈਆ । ਪੰਚ ਨਿਸ਼ਾਨ ਕਰ ਧਿਆਨ, ਪੰਚਮ ਜੋਗ ਕਮਾਈਆ । ਸ਼ਬਦ ਡੰਡਾ ਹਰਿ ਬਲਵਾਨ, ਰਾਸ਼ਟਰਪਤ ਹੱਥ ਫੜਾਈਆ । ਚਰਨ ਕਵਲ ਇਕ ਧਿਆਨ, ਹਰਿ ਭਗਵਾਨ ਰਿਹਾ ਵਖਾਈਆ । ਸਾਚਾ ਜੋੜਾ ਵੇਖ ਨਿਧਾਨ, ਭੁੱਲ ਰਹੇ ਨਾ ਰਾਈਆ । ਦਾਤਾ ਦਾਨੀ ਵਡ ਮਿਹਰਵਾਨ, ਜੁਗ ਜੁਗ ਆਪ ਅਖਵਾਈਆ । ਆਪੇ ਗੋਪੀ ਆਪੇ ਕਾਹਨ, ਆਪੇ ਭੇਖ ਵਟਾਈਆ । ਆਪੇ ਸੀਤਾ ਆਪੇ ਰਾਮ, ਆਦਿ ਸ਼ਕਤ ਆਪ ਅਖਵਾਈਆ । ਜੋਤ ਨੂਰਾਨੀ ਵਿਚ ਜਹਾਨ, ਸਤਿਜੁਗ ਆਪ ਵਖਾਈਆ । ਸ਼ਬਦ ਨਿਸ਼ਾਨੀ ਧੁਰ ਫ਼ਰਮਾਨ, ਨੌ ਖੰਡ ਪ੍ਰਿਥਮੀ ਰਿਹਾ ਵਖਾਈਆ । ਸੋਹੰ ਸੋ ਇਕ ਗਿਆਨ, ਜੀਵਾਂ ਜੰਤਾਂ ਰਿਹਾ ਪੜ੍ਹਾਈਆ । ਰਾਜ ਤਾਜ ਨਾ ਕੋਈ ਨਿਸ਼ਾਨ, ਮੰਦਰ ਅੰਦਰ ਨਾ ਫੇਰਾ ਪਾਈਆ । ਲਹਿਣਾ ਦੇਣਾ ਚੁੱਕਣਾ ਵੇਦ ਪੁਰਾਨ, ਅੰਜ਼ੀਲ ਕੁਰਾਨ ਰਹਿਣ ਨਾ ਪਾਈਆ । ਨਾ ਕੋਈ ਖਾਣੀ ਬਾਣੀ ਕਰੇ ਧਿਆਨ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਰਾਜ ਤਾਜ ਨਾ ਕੋਈ ਨਿਸ਼ਾਨ, ਮੰਦਰ ਅੰਦਰ ਨਾ ਫੇਰਾ ਪਾਈਆ । ਚਾਰੋਂ ਕੁੰਟ ਹੋਏ ਹੈਰਾਨ, ਨਾ ਕੋਈ ਕਿਸੇ ਧੀਰ ਧਰਾਈਆ । ਸਿਆਸਤ ਵੈਰਾਸਤ ਹੋਏ ਹੈਰਾਨ, ਥਿਰ ਰਹਿਣ ਨਾ ਪਾਈਆ । ਏਕਾ ਸ਼ਬਦ ਹਰਿ ਭਗਵਾਨ, ਅਟੱਲ ਅਟਲ ਰਖਾਈਆ । ਸੋਇਆ ਉਠ ਜੀਵ ਨਾਦਾਨ, ਪ੍ਰਭ ਸਾਚੇ ਜੋਤ ਜਗਾਈਆ । ਪਰਗਟ ਹੋਇਆ ਵਿਚ ਜਹਾਨ, ਨਿਹਕਲੰਕਾ ਨਾਉਂ ਰਖਾਈਆ । ਗੁਣਵੰਤਾ ਹਰਿ ਗੁਣ ਨਿਧਾਨ, ਵੇਖ ਵਖਾਏ ਥਾਉਂ ਥਾਈਆ । ਸੰਮਤ ਚੌਦਾਂ ਇਕ ਗਿਆਨ, ਰਾਜ ਮੰਤਰੀਆਂ ਰਿਹਾ ਦਵਾਈਆ । ਸੰਮਤ ਪੰਦਰਾਂ ਸਰਬ ਪਛਤਾਨ, ਸੁਰਤ ਸਵਾਣੀ ਬੈਠੀ ਮੁਖ ਭਵਾਈਆ । ਸੰਮਤ ਸੋਲਾਂ ਨਾ ਦਿਸੇ ਕੋਈ ਮੰਤਰੀ ਪ੍ਰਧਾਨ, ਨਾ ਕੋਈ ਬੰਧਨ ਬੰਧ ਬੰਧਾਈਆ । ਸੰਮਤ ਸਤਾਰਾਂ ਜਗਤ ਮੈਦਾਨ, ਹਰਿ ਸਾਚਾ ਵੇਖ ਵਖਾਈਆ । ਵੀਹ ਸਦ ਅਠਾਰਾਂ ਆਏ ਹਾਨ, ਜਲ ਧਾਰਾ ਦਏ ਰੁੜ੍ਹਾਈਆ । ਉਨੀ ਉਨੀਸਾ ਮੇਟ ਨਿਸ਼ਾਨ, ਅੱਲਾ ਰਾਣੀ ਮੁਖ ਛੁਪਾਈਆ । ਬੀਸ ਬੀਸੇ ਹਰਿ ਭਗਵਾਨ, ਨੌ ਖੰਡ ਪ੍ਰਿਥਮੀ ਦੇਵੇ ਜੋਤ ਜਗਾਈਆ । ਸੱਤ ਰੰਗ ਚੜ੍ਹਾਏ ਇਕ ਨਿਸ਼ਾਨ, ਦਿੱਲੀ ਦਰਬਾਰੇ ਫੇਰਾ ਪਾਈਆ । ਇੱਕੀ ਇਕੀਸਾ ਬਣਾਏ ਜਗਤ ਵਿਧਾਨ, ਆਪਣੀ ਧਾਰਾ ਆਪ ਚਲਾਈਆ । ਸੋ ਪੁਰਖ ਨਿਰੰਜਣ ਸਾਰੇ ਗਾਣ, ਹਉਮੇ ਹੰਗਤਾ ਦਏ ਮਿਟਾਈਆ । ਜੂਠ ਝੂਠ ਮਿਟੇ ਨਿਸ਼ਾਨ, ਸਚ ਸੁੱਚ ਦਏ ਵਰਤਾਈਆ । ਪੁਰਖ ਅਬਿਨਾਸ਼ੀ ਆਪੇ ਤੁੱਠ, ਪੁਰੀਆਂ ਲੋਆਂ ਵੇਖ ਵਖਾਈਆ । ਬ੍ਰਹਮਾ ਸ਼ਿਵ ਵਿਸ਼ਨ ਏਕਾ ਮੁੱਠ, ਏਕਾ ਸੇਵਾ ਲਾਈਆ । ਕਰੋੜ ਤੇਤੀਸਾ ਜਾਏ ਰੁੱਠ, ਹਰਿ ਸ਼ਬਦ ਸਾਚਾ ਛੰਦ ਰਿਹਾ ਸੁਣਾਈਆ । ਮਨਮੁਖ ਜੀਵਾਂ ਟੰਗੇ ਪੁੱਠ, ਰਾਏ ਧਰਮ ਦਰ ਵਖਾਈਆ । ਤੀਰ ਨਿਰਾਲਾ ਰਿਹਾ ਛੁੱਟ, ਦੂਈ ਦਵੈਤੀ ਕੱਢੇ ਫੁੱਟ, ਕ੍ਰਿਸ਼ਨਾ ਮੈਨਨ ਦਰਸ਼ਨ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦਰ ਦਵਾਰ ਤੇਰੇ ਮੇਰੇ ਸ਼ਬਦ ਘੇਰੇ ਰਿਹਾ ਨਾਮ ਪੁਜਾਈਆ ।


੮੫੬ ੦੬

### ❊ ੨੦ ਭਾਦਰੋਂ ੨੦੧੪ ਬਿਕ੍ਰਮੀ ਦਿੱਲੀ ਬਿਰਲਾ ਮੰਦਰ ਵਿਚ ਜੁਗਲ ਕਿਸ਼ੋਰ ਬਿਰਲਾ ਸੇਠ ਨਾਲ ਬਚਨ ਹੋਏ ❊

ਬਿਰਲਾ ਸੇਠ ਮੁੱਕਿਆ ਪੰਧ, ਵੇਲਾ ਅੰਤਮ ਆਇੰਦਾ । ਕਾਇਆ ਮੰਦਰ ਅੰਦਰ ਚੜ੍ਹਿਆ ਚੰਦ, ਧੂਪ ਦੀਪ ਹਵਨ ਨਾ ਕੋਇ ਕਰਾਇੰਦਾ । ਮਾਨਸ ਮਾਨਸ ਨਾ ਮਿਲੀ ਸੁਗੰਧ, ਆਲਸ ਤ੍ਰਿਸ਼ਨਾ ਨਾ ਕੋਇ ਮਿਟਾਇੰਦਾ । ਗਾ ਗਾ ਥੱਕੇ ਬੱਤੀ ਦੰਦ, ਹਰਿਜਨ ਨਾ ਕੋਈ ਮਿਲਾਇੰਦਾ । ਬੁਰਜ ਮੁਨਾਰਾ ਦੂਈ ਦਵੈਤੀ ਕੰਧ, ਉਚਾ ਮੰਦਰ ਅੰਦਰ ਨਾ ਕੋਈ ਢਾਇੰਦਾ । ਪੁਰਖ ਅਬਿਨਾਸ਼ੀ ਸਦਾ ਬਖ਼ਸ਼ੰਦ, ਦੇ ਦਰਸ ਕਰ ਤਰਸ ਜਨਮ ਮਰਨ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਨੇਤਰ ਨੈਣਾਂ ਜੁਗ ਜੁਗ ਆਪ ਚੁਕਾਇੰਦਾ । ਲਹਿਣਾ ਦੇਣਾ ਜਾਏ ਚੁੱਕ, ਜੁਗ ਜੁਗ ਆਪ ਚੁਕਾਇਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟ ਮਿਟਾਇਆ । ਕਾਇਆ ਬੂਟਾ ਰਿਹਾ ਸੁੱਕ, ਅੰਮ੍ਰਿਤ ਆਤਮ ਠੰਢਾ ਜਲ ਨੀਰ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਤੇਰਾ ਘਰ, ਕਵਣ ਦਰ ਡੇਰਾ ਲਾਇਆ । ਕਵਣ ਘਰ ਕਵਣ ਦਵਾਰ, ਕਵਣ ਸੇਜ ਵਿਛਾਈਆ । ਕਵਣ ਨਾਮ ਕਵਣ ਅਧਾਰ, ਕਵਣ ਮੂਰਤ ਧਿਆਨ ਲਗਾਈਆ । ਕਵਣ ਰਾਮ ਕਵਣ ਸ਼ਾਮ, ਕਵਣ ਗਣੇਸ਼ ਮਨਾਈਆ । ਕਵਣ ਕਾਇਆ ਕਵਣ ਚਾਮ, ਕਵਣ ਪਤਿਪਰਮੇਸ਼ਵਰ ਪਾਈਆ । ਕਵਣ ਮਾਇਆ ਕਵਣ ਸਾਇਆ ਪੱਲੇ ਬੱਧਾ ਧਨ ਦਾਮ, ਕਵਣ ਸੰਗ ਨਿਭਾਈਆ । ਮੰਦਰ ਅੰਦਰ ਕਾਇਆ ਅੰਧੇਰੀ ਸ਼ਾਮ, ਦੀਵਾ ਬੱਤੀ ਨਾ ਕੋਈ ਜਗਾਈਆ । ਬਿਨ ਹਰਿ ਨਾਮੇ ਝੂਠਾ ਤਾਮ, ਭੁੱਖਿਆਂ ਭੁੱਖ ਨਾ ਕੋਈ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਆਤਮ ਘਰ, ਕਵਣ ਦਵਾਰਾ ਰਿਹਾ ਸੁਹਾਈਆ । ਕਵਣ ਮੰਦਰ ਹਰਿ ਅਟੱਲ, ਕਵਣ ਚਾਰ ਦਿਵਾਰਿਆ । ਕਵਣ ਜੋਤੀ ਰਹੀ ਬਲ, ਦਿਵਸ ਰੈਣ ਕਰੇ ਉਜਿਆਰਿਆ । ਕਵਣ ਵਹੇ ਧਾਰਾ ਜਲ, ਅੱਠੇ ਪਹਿਰ ਠੰਢੀ ਠਾਰਿਆ । ਕਵਣ ਦਰਵਾਜ਼ਾ ਲਿਆ ਮੱਲ, ਮਿਲਿਆ ਮੇਲ ਰਾਮ ਕ੍ਰਿਸ਼ਨ ਅਵਤਾਰਿਆ । ਕਵਣ ਮੇਟੇ ਦੂਈ ਦਵੈਤੀ ਸਲ, ਸ਼ਿਵ ਸ਼ੰਭੂ ਪਾਏ ਸਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਸ ਕਰ, ਦਰ ਦਰਵੇਸ਼ ਆਪ ਅਖਵਾ ਰਿਹਾ ।

ਸਰਬ ਗਿਆਨ ਸਰਬਤ੍ਰ ਪੂਰਨਾ ਪਰਮ ਪੁਰਖ ਦਿਆਲ । ਸਦ ਵਸੇ ਨੇੜੇ ਦੂਰ ਦੂਰਨਾ, ਦੀਨਾਂ ਬੰਧਪ ਦੀਨ ਦਿਆਲ । ਆਸਾ ਮਨਸਾ ਜਨ ਭਗਤਾਂ ਜੁਗ ਜੁਗ ਪੂਰਨਾ, ਸਦਾ ਸਹਾਈ ਅਕਲ ਅਕਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮੇਲਾ ਮੇਲ ਕਰ, ਨਾਮ ਭਗਤੀ ਜਗਤ ਭਰ, ਦੇਵੇ ਜੀਆ ਦਾਨ । ਜੀਆ ਦਾਨ ਜਗਤ ਜੋਗ, ਏਕਾ ਨਾਮ ਰਖਾਇਆ । ਆਤਮ ਰਸ ਸਾਚਾ ਭੋਗ, ਮੰਦਰ ਅੰਦਰ ਰਿਹਾ ਕਰਾਇਆ । ਮਿਲੇ ਮੇਲ ਧੁਰ ਸੰਜੋਗ, ਹਰਿ ਸੰਜੋਗੀ ਮੇਲ ਮਿਲਾਇਆ । ਆਤਮ ਦਰਸੀ ਦਰਸ ਅਮੋਘ, ਦਰ ਦਵਾਰਕਾ ਰੂਪ ਵਖਾਇਆ । ਦੂਈ ਦਵੈਤੀ ਹਉਮੇ ਕਟੇ ਰੋਗ, ਏਕਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰਬ ਲਹਿਣਾ ਸ਼ਬਦ ਗਹਿਣਾ ਤਨ ਬਸਤਰ ਇਕ ਪਹਿਨਾਇਆ । ਜੁਗ ਜੁਗ ਮੇਲ ਮਿਲਾਏ, ਭਗਤ ਭਗਵੰਤਿਆ । ਜੋਤ ਨਿਰੰਜਣ ਵੇਖ ਵਖਾਏ, ਆਦਿ ਸ਼ਕਤ

ਆਦਿਨ ਅੰਤਿਆ । ਏਕਾ ਬੰਕ ਦਰ ਦਵਾਰ ਸੁਹਾਏ, ਪਾਰਬ੍ਰਹਮ ਪਤ ਪਤਵੰਤਿਆ । ਅੰਮ੍ਰਿਤ ਆਤਮ ਧਾਰਾ ਗੰਗ ਵਹਾਏ, ਸੁਰਸਤੀ ਸਾਚੀ ਸੇਵ ਕਮਾਏ, ਅੰਗਨ ਆਪਣੇ ਆਪ ਰਖੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਘਰ, ਵੇਖੇ ਖੇਲ ਜੀਵ ਜੰਤਿਆ । ਜੀਵ ਜੰਤ ਜਗਤ ਨਾਦਾਨ, ਰੈਣ ਅੰਧੇਰੀ ਛਾਈਆ । ਹਰਿਜਨ ਮੇਲਾ ਮੇਲ ਮਿਲਾ ਸ੍ਰੀ ਭਗਵਾਨ, ਭਗਤ ਭਗਵਾਨ ਰੂਪ ਸਮਾਈਆ । ਏਕਾ ਰੂਪ ਗੋਪੀ ਕਾਹਨ, ਕਾਹਨਾ ਕ੍ਰਿਸ਼ਨਾ ਆਪ ਅਖਵਾਈਆ । ਸੀਤਾ ਸੁਰਤੀ ਸ਼ਬਦੀ ਰਾਮ, ਰਾਮ ਰਾਮਾ ਆਪ ਹੋ ਜਾਈਆ । ਜਨ ਭਗਤਾਂ ਦੇਵੇ ਨਾਮ ਕਾਮ, ਆਤਮ ਤ੍ਰਿਸ਼ਨਾ ਭੁੱਖ ਮਿਟਾਈਆ । ਪੱਲੇ ਬੰਨ੍ਹੇ ਸਾਚਾ ਦਾਮ, ਇਕ ਖ਼ਜ਼ੀਨਾ ਹੱਥ ਰਘੁਰਾਈਆ । ਲੇਖੇ ਲਾਏ ਕਾਇਆ ਚਾਮ, ਜੋ ਜਨ ਰਸਨਾ ਰਹੇ ਧਿਆਈਆ । ਭਾਗ ਲਗਾਏ ਕਾਇਆ ਖੇੜਾ ਸਾਚਾ ਨਗਰ ਗਰਾਮ, ਮੰਡਲ ਮੰਡਪ ਦਏ ਵਸਾਈਆ । ਉਚ ਅਟੱਲਾ ਅਗੰਮਾ ਧਾਮ, ਹਰਿ ਸਾਚਾ ਇਕ ਵਿਖਾਈਆ । ਅਛਲ ਅਛੱਲਾ ਕਰੇ ਕਾਮ, ਭੇਖਾਧਾਰੀ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਘਰ ਵੇਖੇ ਏਕਾ ਘਰ, ਜਗ ਮੰਦਰ ਵੇਖ ਵਖਾਈਆ । ਕਾਇਆ ਮੰਦਰ ਸਚ ਦਵਾਰਾ, ਹਰਿ ਸਾਚਾ ਆਪ ਸੁਹਾਇੰਦਾ । ਦੀਪਕ ਜੋਤੀ ਕਰ ਉਜਿਆਰਾ, ਨੂਰੋ ਨੂਰ ਵਖਾਇੰਦਾ । ਅੰਮ੍ਰਿਤ ਆਤਮ ਠੰਢੀ ਧਾਰਾ, ਚਾਰੋਂ ਕੁੰਟ ਵਹਾਇੰਦਾ । ਹਰਿਜਨ ਸਾਚੇ ਕਰ ਪਿਆਰਾ, ਆਪ ਆਪਣੀ ਹੱਥੀਂ ਮੁਖ ਚੁਆਇੰਦਾ । ਏਕਾ ਦੂਜਾ ਭਉ ਨਿਵਾਰਾ, ਤੀਜੇ ਨੇਤਰ ਵਖਾਇੰਦਾ । ਤੁਲਸੀ ਬਨਿਆ ਲੇਖ ਲਿਖਾਰਾ, ਧੁਰ ਫ਼ਰਮਾਣ ਜਣਾਇੰਦਾ । ਵੇਦ ਵਿਆਸਾ ਕਰੇ ਪੁਕਾਰਾ, ਪੁਰਾਨ ਅਠਾਰਾਂ ਗਿਆਨ ਗੋਝ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਦਰ ਦਵਾਰਾ ਇਕ ਸੁਹਾਇੰਦਾ । ਸਾਚਾ ਸ਼ਬਦ ਸੱਜਣ ਸ਼ਾਹ, ਏਕਾ ਏਕ ਅਖਵਾਇੰਦਾ । ਹਰਿ ਨਾਮ ਬਣਾਏ ਜਗਤ ਮਲਾਹ, ਅੰਤਮ ਬੇੜਾ ਬੰਨੇ ਲਾਇੰਦਾ । ਆਵਣ ਜਾਵਣ ਲੱਖ ਚੁਰਾਸੀ ਕਟੇ ਫਾਹ, ਰਾਏ ਧਰਮ ਨੇੜ ਨਾ ਆਇੰਦਾ । ਏਕਾ ਵੱਖਰ ਨਾਮ ਰਖਾਏ ਸਾਚਾ ਨਾਂ, ਕਿਸੇ ਹੱਟ ਨਾ ਮਾਤ ਵਕਾਇੰਦਾ । ਬਜਰ ਕਪਾਟੀ ਪਾੜੇ ਪੱਥਰ, ਮਾਇਆ ਪੜਦਾ ਪਰੇ ਹਟਾਇੰਦਾ । ਨੇਤਰ ਨੀਰ ਵਰੋਲੇ ਅੱਥਰ, ਨਿਝਰ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਭੇਖਾਧਾਰੀ ਜੋਤ ਅਕਾਰ, ਏਕਾ ਏਕ ਅਖਵਾਈਆ । ਸ਼ਬਦ ਸਰੂਪੀ ਜੈ ਜੈਕਾਰ, ਜਨ ਭਗਤਾਂ ਮੰਦਰ ਅੰਦਰ ਆਪ ਕਰਾਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਜੇਰਜ ਅੰਡਾਂ ਆਪ ਸਮਾਈਆ । ਨੌ ਖੰਡ ਪ੍ਰਿਥਮੀ ਬੰਨ੍ਹੇ ਧਾਰ, ਸੱਤਾਂ ਦੀਪਾਂ ਇਕ ਜਣਾਈਆ । ਲੋਆਂ ਪੁਰੀਆਂ ਖ਼ਬਰਦਾਰ, ਬ੍ਰਹਮਾ ਵਿਸ਼ਨ ਸ਼ਿਵ ਸੋਇਆ ਰਿਹਾ ਜਗਾਈਆ । ਸ਼ਿਵ ਸ਼ੰਕਰ ਹੋਇਆ ਪਹਿਰੇਦਾਰ, ਨਾਮ ਤ੍ਰਿਸ਼ੂਲ ਹੱਥ ਉਠਾਈਆ । ਪੁਰਖ ਅਬਿਨਾਸ਼ੀ ਭੇਖ ਅਪਾਰ, ਇਕ ਇਕੱਲਾ ਰਿਹਾ ਵਖਾਈਆ । ਕਲਜੁਗ ਤੇਰੀ ਕਾਲੀ ਧਾਰ, ਜੂਠ ਝੂਠ ਕਰੀ ਕੁੜਮਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸੁੱਤੇ ਪੈਰ ਪਸਾਰ, ਚਾਰੋਂ ਕੁੰਟ ਤ੍ਰੈਗੁਣ ਮਾਇਆ ਤੇਰੀ ਪਈ ਲੜਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਸਾਧ ਸੰਤ ਲਏ ਉਭਾਰ, ਜਮਨ ਕਿਨਾਰਾ ਵੇਖ ਵਖਾਈਆ । ਸੰਮਤ ਚੌਦਾਂ ਸਦ ਬੀਸ ਬਿਕ੍ਰਮੀ ਤੇਰੀ ਧਾਰ, ਲੋਕਮਾਤ ਹਰਿ ਕਰ ਵਿਚਾਰ, ਆਏ ਵੇਖ ਦਰ ਦਰਬਾਰ, ਸਾਜਣ ਸਾਚੇ ਮੇਲ ਮਿਲਾਈਆ । ਰਾਜਨ ਰਾਜ ਇਕ ਸਿਕਦਾਰ, ਸ਼ਾਹੋ ਭੂਪ ਸੱਚੀ ਸਰਕਾਰ, ਨਰ ਨਿਰੰਕਾਰਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ

ਸਾਚਾ ਦਰ, ਦਰ ਦਵਾਰਾ ਵੇਖ ਵਖਾਈਆ । ਜਗਤ ਸੇਠ ਸ਼ਬਦ ਲੇਖ, ਪ੍ਰਭ ਆਪਣੇ ਹੱਥ ਰਖਾਇਆ । ਕਵਣ ਰੱਖੇ ਸਾਇਆ ਹੇਠ, ਕਵਣ ਪਾਰ ਕਰਾਇਆ । ਕਵਣ ਦੇਵੇ ਨਾਮ ਅਨਡੀਠ, ਕਵਣ ਤ੍ਰਿਸ਼ਨ ਬੁਝਾਇਆ । ਕਵਣ ਸੁੱਤਾ ਦੇ ਕਰ ਪੀਠ, ਕਵਣ ਮੁਖੜਾ ਰਿਹਾ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਏ ਸਾਚਾ ਘਰ, ਲਿਖਿਆ ਲੇਖ ਰਿਹਾ ਜਣਾਇਆ । ਤੇਰਾਂ ਅਰਬਾਂ ਤੇਰੀ ਧਾਰ, ਤੇਰਾਂ ਕਰੋੜ ਚਲਾਈਆ । ਤੇਰਾਂ ਲੱਖ ਕਰ ਅਧਾਰ, ਤੇਰਾਂ ਵਿਚ ਸਮਾਈਆ । ਤੇਰਾਂ ਰੂਪ ਆਪ ਕਰਤਾਰ, ਤੇਰਾਂ ਬਣਤ ਬਣਾਈਆ । ਲਿਖਿਆ ਲੇਖ ਨਾਨਕ ਅਪਰ ਅਪਾਰ, ਪ੍ਰਭ ਪੂਰਾ ਪੂਰ ਕਰਾਈਆ । ਮਿਲਿਆ ਮੇਲ ਪੁਰਖ ਅਬਿਨਾਸ਼ੀ ਸਾਚੇ ਯਾਰ, ਕਲਜੁਗ ਵਿਛੋੜਾ ਰਿਹਾ ਕਟਾਈਆ । ਦੇਵੇ ਦਰਸ ਅਗੰਮ ਅਪਾਰ, ਅੰਦਰ ਮੰਦਰ ਸੇਜ ਵਿਛਾਈਆ । ਜੋਤ ਸਰੂਪੀ ਸੁੱਤਾ ਪੈਰ ਪਸਾਰ, ਅੱਠੇ ਪਹਿਰ ਰੰਗ ਰੰਗਾਈਆ । ਧੁਨ ਆਤਮਕ ਨਾਦ ਅਨਾਹਦ ਵਜਾਏ ਇਕ ਸਿਤਾਰ, ਪੰਚਮ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੀ ਦੇਵਾ ਅਲਖ ਅਭੇਵਾ ਏਕਾ ਏਕ ਅਖਵਾਈਆ ।

### ✻ ੨੦ ਭਾਦਰੋਂ ੨੦੧੪ ਬਿਕ੍ਰਮੀ ਮਕਾਨ ਨੰ ੯੭੮੯ ਗਲੀ ਨੰ ੭ ਪਹਾੜਗੰਜ ਦਿੱਲੀ ਲਛਮਣ ਸਿੰਘ ਦਰਸ਼ਨ ਸਿੰਘ ਦੇ ਗ੍ਰਿਹ ਸਿੰਘਾਸਣ ਉਤੇ ✻



ਅਬਿਨਾਸ਼ੀ ਕਰਤਾ ਆਪ ਪ੍ਰਭ, ਜੁਗ ਜੁਗ ਜੋਤ ਜਗਾਇੰਦਾ । ਵੇਖ ਵਖਾਣੇ ਸ੍ਰਿਸ਼ਟ ਸਭ, ਭੇਵ ਅਭੇਦ ਖੁਲ੍ਹਾਇੰਦਾ । ਹਰਿ ਭਗਤਾਂ ਉਲਟੀ ਕਵਲ ਨਭ, ਆਪਣੀ ਆਪ ਕਰਾਇੰਦਾ । ਪੰਚ ਵਿਕਾਰਾ ਦੇਵੇ ਦੱਬ, ਏਕਾ ਧਾਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭਗਤ ਦਵਾਰੇ ਭੇਖ ਵਟਾਇੰਦਾ । ਜੁਗ ਜੁਗ ਭੇਖ ਅਵੱਲਾ, ਹਰਿ ਨਿਰੰਕਾਰਿਆ । ਸ਼ਬਦ ਵਸਾਏ ਇਕ ਮਹੱਲਾ, ਸ਼ਬਦ ਅਟਾਰਿਆ । ਪਾਰ ਕਿਨਾਰਾ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜ ਨਾ ਪਾਇਣ ਸਾਰਿਆ । ਗਿਆਨ ਧਿਆਨ ਵਿਦਵਾਨ ਦੂਈ ਦਵੈਤੀ ਲੱਗਾ ਸੱਲਾ, ਏਕਾ ਦੂਜਾ ਭਉ ਨਿਵਾਰਿਆ । ਪੁਰਖ ਅਬਿਨਾਸ਼ੀ ਸ਼ਬਦ ਉਠਾਏ ਸਾਚਾ ਭੱਲਾ, ਨਾਮ ਖੰਡਾ ਤੇਜ ਕਟਾਰਿਆ । ਭਾਰਤ ਖੰਡੀ ਦਰ ਦਵਾਰਾ ਮੱਲਾ, ਨੌਂ ਖੰਡ ਪ੍ਰਿਥਮੀ ਵੇਖੇ ਕਰੇ ਵਿਚਾਰਿਆ । ਸੱਤਾਂ ਦੀਪਾਂ ਪਏ ਤਰਥੱਲਾ, ਲੋਆਂ ਪੁਰੀਆਂ ਹਾਹਾਕਾਰਿਆ । ਏਕਾ ਏਕ ਧਾਮ ਸੁਹਾਏ ਨਿਹਚਲ ਧਾਮ ਅਟੱਲਾ, ਥਿਰ ਘਰ ਨਾਮ ਰਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਰਾਮ ਰਾਮਾ ਰੂਪ ਸਮਾ ਰਿਹਾ । ਰਾਮ ਰਾਮਾ ਹਰਿ ਨਿਰੰਕਾਰਿਆ, ਨਿਰਗੁਣ ਰੂਪ ਸਮਾਇਆ । ਨਿਰਗੁਣ ਰੂਪ ਅਗੰਮ ਅਪਾਰਿਆ, ਭੇਵ ਕਿਸੇ ਨਾ ਪਾਇਆ । ਨਾੜੀ ਚੰਮ ਨਾ ਕੋਈ ਵਿਸਥਾਰਿਆ, ਪੰਜ ਤਤ ਨਾ ਕੋਈ ਰਖਾਇਆ । ਰਕਤ ਬੂੰਦ ਨਾ ਕੋਇ ਹੱਡ ਮਾਸ ਨਾੜਿਆ, ਨਾੜੀ ਨਾੜ ਨਾ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਜਗਤ ਦਰ, ਦਰ ਦਵਾਰ ਵੇਖ ਵਖਾਇਆ । ਰਾਮ ਰਾਮਾ ਰਾਮ ਰਹੀਮਾ, ਨਿਰਗੁਣ ਰੂਪ ਸਮਾਇੰਦਾ । ਏਕਾ ਹੱਕ ਬਹੱਕ ਯਕੀਨਾ, ਹਕੀਕਤ ਇਕ ਜਣਾਇੰਦਾ । ਭਗਤ ਜਨਾਂ ਦਰ ਹੋਏ ਅਧੀਨਾ,

ਜੁਗ ਜੁਗ ਫੇਰੀ ਪਾਇੰਦਾ । ਲੇਖਾ ਜਾਣੇ ਰੂਸਾ ਚੀਨਾ, ਸੰਗ ਮੁਹੰਮਦ ਭੇਵ ਖੁਲ੍ਹਾਇੰਦਾ । ਲਹਿਣਾ ਦੇਣਾ ਚੁਕਾਏ ਲੋਕ ਤੀਨਾ, ਕਲਜੁਗ ਅੰਤਮ ਡੰਕ ਵਜਾਇੰਦਾ । ਰਾਓ ਰੰਕ ਰਾਜਾਨ ਸ਼ਾਹ ਸੁਲਤਾਨ ਹਰਿ ਭਗਵਾਨ ਵਿਚ ਜਹਾਨ ਏਕਾ ਰੰਗ ਰੰਗਾਏ, ਵਰਨ ਬਰਨ ਮੇਟ ਮਿਟਾਇੰਦਾ । ਅੰਮ੍ਰਿਤ ਆਤਮ ਧਾਰ ਧੁਰਦਰਗਾਹੀ ਪੀਣ ਖਾਣ, ਸਚ ਪਿਆਲੇ ਆਪ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਕਲ ਵਰਤਾਇੰਦਾ । ਜੋਤੀ ਜਾਮਾ ਭੇਖ ਅਪਾਰ ਜੋਤ ਜਗਾਈਆ । ਪਰਗਟ ਹੋ ਵਿਚ ਸੰਸਾਰ, ਏਕਾ ਡੰਕ ਵਜਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸੰਮਤ ਚੌਦਾਂ ਦਏ ਦੁਹਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਵੇਖ ਘਰ, ਖੇਲੇ ਖੇਲ ਮਾਤ ਰਘੁਰਾਈਆ । ਕਲਜੁਗ ਖੇਲ ਖਿਲਾਵਣਹਾਰਾ, ਏਕਾ ਏਕ ਰਘੁਨਾਥਿਆ । ਜੋਤੀ ਤੇਲ ਚੜ੍ਹਾਵਣਹਾਰਾ, ਵੇਖ ਵਿਖਾਣੇ ਪ੍ਰਿਥਮੀ ਆਕਾਸਿਆ । ਗੁਰਮੁਖ ਮੇਲ ਮਿਲਾਵਣਹਾਰਾ, ਵੇਖੇ ਖੇਲ ਜਗਤ ਤਮਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕਾਏ, ਸਾਢੇ ਤਿੰਨ ਤਿੰਨ ਹਾਥਿਆ । ਹਰਿ ਕਾ ਰੂਪ ਅਗੰਮ, ਭੇਵ ਕੋਈ ਨਾ ਪਾਇੰਦਾ । ਨਾ ਮਰੇ ਨਾ ਪਏ ਜੰਮ, ਨਾ ਕੋਈ ਵੇਸ ਵਟਾਇੰਦਾ । ਨਾ ਕੋਈ ਪਵਣ ਸਵਾਸੀ ਲਏ ਦਮ, ਹੱਡ ਮਾਸ ਨਾੜੀ ਨਾ ਕੋਈ ਰਖਾਇੰਦਾ । ਕਰੇ ਕਰਾਏ ਆਪਣਾ ਕੰਮ, ਲੱਖ ਚੁਰਾਸੀ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਖਾਇੰਦਾ । ਹਰਿ ਕਾ ਰੂਪ ਅਪਾਰ, ਭੇਵ ਕਿਸੇ ਨਾ ਪਾਈਆ । ਜੋਤੀ ਨੂਰ ਇਕ ਅਕਾਰ, ਬ੍ਰਹਿਮੰਡਾਂ ਵਿਚ ਸਮਾਈਆ । ਵੰਡ ਖੰਡ ਅਪਰ ਅਪਾਰ, ਜੇਰਜ ਅੰਡ ਦਏ ਉਪਾਈਆ । ਤ੍ਰੈਗੁਣ ਮਾਇਆ ਕਰ ਪਸਾਰ, ਲੱਖ ਚੁਰਾਸੀ ਬਣਤ ਦਏ ਬਣਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਉਭਾਰ, ਆਪ ਆਪਣੀ ਜੋਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਈਆ । ਜੋਤੀ ਨੂਰ ਅਪਰ ਅਪਾਰ, ਏਕਾ ਏਕ ਰਖਾਇੰਦਾ । ਸਤਿ ਸਰੂਪ ਕਰ ਆਕਾਰ, ਸਤਿ ਸਰੂਪ ਸਮਾਇੰਦਾ । ਨਿਰਗੁਣ ਖੇਲੇ ਖੇਲਣਹਾਰ, ਨਿਰ ਆਕਾਰ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰਾ ਇਕ ਸੁਹਾਇੰਦਾ । ਸਚ ਦਵਾਰਾ ਹਰਿ ਨਿਰੰਜਣ, ਏਕਾ ਏਕ ਰਖਾਇੰਦਾ । ਨਾ ਕੋਈ ਤੀਰਥ ਯਾਤਰਾ ਕਰੇ ਮਜਨ, ਨਾ ਕੋਈ ਅੱਠ ਸੱਠ ਨੁਹਾਇੰਦਾ । ਨਾ ਕੋਈ ਗੀਤਾ ਗਿਆਨ ਪੜ੍ਹੇ ਸੱਜਣ, ਨਾ ਕੋਈ ਅਰਜਨ ਰਥ ਬਣਾਇੰਦਾ । ਨਾ ਕੋਈ ਦਰ ਦਵਾਰਕਾ ਤਾਲ ਵੱਜਨ, ਨਾ ਕੋਈ ਰਾਮ ਰਾਮਾ ਦਸਰਥ ਅਖਵਾਇੰਦਾ । ਨਾ ਕੋਈ ਮੱਕਾ ਕਾਅਬਾ ਹਾਜ਼ੀ ਹੱਜਨ, ਮੁਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਅਖਵਾਇੰਦਾ । ਨਾ ਕੋਈ ਗ੍ਰੰਥ ਪੰਥ ਵੇਖੇ ਕਿਸੇ ਸਜਨ, ਬਸਤਰ ਤਨ ਨਾ ਕੋਈ ਰਖਾਇੰਦਾ । ਏਕਾ ਏਕ ਕਰਤਾ ਪੁਰਖ ਅਬਿਨਾਸ਼ੀ ਸੱਜਣ, ਦੂਸਰ ਕੋਈ ਨਾ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਰੰਗ ਰੰਗਾਇੰਦਾ । ਆਪਣੇ ਰੰਗ ਸਮਾਏ, ਆਪਣੀ ਕਲ ਧਾਰਿਆ । ਖਾਣੀ ਬਾਣੀ ਭੇਵ ਨਾ ਰਾਏ, ਲਿਖ ਲਿਖ ਥੱਕੇ ਸਾਧ ਸੰਤ ਗੁਰ ਪੀਰ ਅਵਤਾਰਿਆ । ਸਤਿਜੁਗ ਸੇਵਕ ਸੇਵਾ ਲਾਏ, ਜੁਗ ਜੁਗ ਨਿਰਗੁਣ ਖੇਲੇ ਖੇਲ ਅਪਾਰਿਆ । ਅਲਖ ਅਭੇਵਾ ਵਡ ਦੇਵੀ ਦੇਵਾ ਆਪ ਅਖਵਾਏ, ਰੂਪ ਰੰਗ ਰੇਖ ਭੇਖ ਨੇਤਰ ਵੇਖ ਨਾ ਕੋਈ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,


੮੬੦
੦੬

ਆਪ ਆਪਣਾ ਰੰਗ ਬਣਾ ਲਿਆ । ਆਪਣਾ ਰੰਗ ਹਰਿ ਕਰਤਾਰ, ਏਕਾ ਏਕ ਬਣਾਇਆ । ਸ਼ਬਦ ਸਰੂਪੀ ਕਰ ਪਿਆਰ, ਏਕਾ ਧਾਰ ਵਹਾਇਆ । ਨਾ ਕੋਈ ਦਿਸੇ ਤ੍ਰੈਗੁਣ ਮਾਇਆ ਤੇਰੀ ਧਾਰ, ਜੂਠ ਝੂਠ ਨੇੜ ਨਾ ਆਇਆ । ਇਕ ਇਕੱਲਾ ਮੀਤ ਮੁਰਾਰ, ਏਕਾ ਧਾਮ ਸੁਹਾਇਆ । ਨਿਰਗੁਣ ਰੂਪ ਹਰਿ ਨਿਰੰਕਾਰ, ਨਿਜ ਘਰ ਬੈਠਾ ਆਸਣ ਲਾਇਆ । ਸ਼ਬਦ ਸਿੰਘਾਸਣ ਅਪਰ ਅਪਾਰ, ਚਾਰ ਦਿਵਾਰ ਨਾ ਕੋਈ ਰਖਾਇਆ । ਛੱਪਰ ਛੰਨ ਨਾ ਲਿਆ ਉਸਾਰ, ਬਾਡੀ ਕੋਇ ਨਾ ਬਣਤ ਬਣਾਇਆ । ਰਵ ਸਸ ਸੂਰਜ ਚੰਨ ਨਾ ਕੋਈ ਸਿਤਾਰ, ਮੰਡਲ ਮੰਡਪ ਕੋਇ ਨਜ਼ਰ ਨਾ ਆਇਆ । ਦੀਪਕ ਜੋਤੀ ਇਕ ਉਜਿਆਰ, ਪਾਰਬ੍ਰਹਮ ਰਿਹਾ ਕਰਾਇਆ । ਖੰਡਾਂ ਬ੍ਰਹਿਮੰਡਾਂ ਸਦ ਵਸੇ ਬਾਹਰ, ਗੁਪਤ ਜ਼ਾਹਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲਣਹਾਰ ਸ੍ਰਿਸ਼ਟ ਸਬਾਇਆ । ਆਦਿ ਸ਼ਕਤ ਆਦਿ ਭਵਾਨੀ, ਹਰਿ ਏਕਾ ਜੋਤ ਜਗਾਈਆ । ਨਾ ਕੋਈ ਜਾਣੇ ਲਿਲਾਟ ਨਿਸ਼ਾਨੀ, ਜਗਤ ਵਿਦਿਆ ਰਹੇ ਪੜ੍ਹਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨੀ, ਪਾਰਬ੍ਰਹਮ ਕਿਸੇ ਹੱਥ ਨਾ ਆਈਆ । ਏਕਾ ਸ਼ਬਦ ਗੁਰ ਮੰਤਰ ਤਿੱਖੀ ਕਾਨੀ, ਬਜਰ ਕਪਾਟੀ ਪਾਰ ਕਰਾਈਆ । ਮਿਲੇ ਨਾਮ ਹਰਿ ਸਾਚਾ ਹਾਣੀ, ਹਰਿਜਨ ਸੁਰਤੀ ਲਏ ਪਰਨਾਈਆ । ਇਕ ਵਖਾਏ ਪਦ ਨਿਰਬਾਨੀ, ਦਰ ਦਵਾਰ ਸੁਹਾਈਆ । ਪੰਜ ਤਤ ਤੁਟੇ ਨਤ ਮਿਲੇ ਮੇਲ ਹਾਣ ਹਾਣੀ, ਹਰਿ ਪੁਰਖ ਬਿਧਾਤਾ ਰਾਮ ਰਾਮਾ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਭਗਤੀ ਵਰ, ਦਰ ਘਰ ਹਰਿ ਆਪਣਾ ਆਪ ਵਖਾਈਆ । ਲੱਖ ਚੁਰਾਸੀ ਕਰ ਤਿਆਰ, ਬ੍ਰਹਮੇ ਸੇਵਾ ਲਾਈਆ । ਵਿਸ਼ਨੂੰ ਹੋਏ ਖ਼ਬਰਦਾਰ, ਸ਼ਿਵ ਸ਼ੰਕਰ ਸੰਗ ਰਲਾਈਆ । ਤ੍ਰੈਗੁਣ ਮਾਇਆ ਤੇਰਾ ਇਕ ਪਿਆਰ, ਪੰਜ ਤਤ ਬੰਧਾਈਆ । ਪੰਝੀ ਪ੍ਰਕਿਰਤੀ ਪਾਏ ਸਾਰ, ਨਵਿਰਤੀ ਰਿਹਾ ਕਰਾਈਆ । ਮਨ ਮਤ ਬੁੱਧ ਕਰ ਤਿਆਰ, ਆਪ ਆਪਣਾ ਅੰਗ ਕਟਾਈਆ । ਨਿਰਮਲ ਜੋਤ ਦੀਪਕ ਅਕਾਰ, ਸਰਗੁਣ ਖੇਲ ਖਿਲਾਈਆ । ਆਪ ਲਟਕਾਏ ਅੱਧਵਿਚਕਾਰ, ਦਸਮ ਦਵਾਰੀ ਕਿਲ੍ਹਾ ਬਣਾਈਆ । ਸੋ ਪੁਰਖ ਨਿਰੰਜਣ ਤੇਰੀ ਧਾਰ, ਸੇਵਕ ਆਪਣੀ ਸੇਵ ਲਗਾਈਆ । ਇਕ ਖੁਲ੍ਹਾਏ ਜਗਤ ਦਵਾਰ, ਭਗਤ ਵਿਦਿਆ ਰਿਹਾ ਪੜ੍ਹਾਈਆ । ਲੱਖ ਚੁਰਾਸੀ ਨੌ ਦਰ ਦੇਵੇ ਵਾੜ, ਰਸ ਫੀਕਾ ਮੁਖ ਚੁਆਈਆ । ਮਾਇਆ ਮਮਤਾ ਅਗਨੀ ਸਾੜ, ਦਿਵਸ ਰੈਣ ਰਹੀ ਜਲਾਈਆ । ਜਨ ਭਗਤ ਦਵਾਰੇ ਰਿਹਾ ਬੋਲੀ, ਆਵੇ ਜਾਵੇ ਫੇਰਾ ਪਾਈਆ । ਮੇਲ ਮਿਲਾਏ ਹੌਲੀ ਹੌਲੀ, ਸਗਲਾ ਸੰਗ ਨਿਭਾਈਆ । ਅੰਮ੍ਰਿਤ ਆਤਮ ਦੇਵੇ ਨਾਭ ਕਵਲੀ, ਪ੍ਰੇਮ ਪਿਆਲਾ ਇਕ ਰਖਾਈਆ । ਮੇਲ ਮਿਲਾਏ ਸਾਵਲ ਸਵਲੀ, ਨੈਣ ਮੁੰਧਾਰ ਇਕ ਰਘੁਰਾਈਆ । ਗੁਰਮੁਖ ਆਤਮ ਸਦਾ ਬਵਲੀ, ਹਰਿ ਭਗਤ ਜਗਤ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਰ ਸੰਤਨ ਵਰ, ਏਕਾ ਭਗਤੀ ਭਗਤ ਰੂਪ ਵਖਾਈਆ । ਮੇਲ ਮਿਲਾਏ ਕੰਤ ਕੰਤੂਹਲ, ਵਿਛੜ ਕਦੇ ਨਾ ਜਾਈਆ । ਧੁਰਦਰਗਾਹੀ ਇਕ ਅਕਾਲ, ਏਕਾ ਏਕ ਅਖਵਾਈਆ । ਲੋਕਮਾਤ ਜੀਵ ਜੰਤ ਸਾਧ ਸੰਤ ਜਾਇਣ ਭੁੱਲ, ਹਰਿ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਪਾ ਨਿਧ ਆਪ ਹੋ ਜਾਈਆ । ਪੂਰਬ ਲਹਿਣਾ ਵੇਖ ਦਇਆ ਕਮਾਇੰਦਾ । ਸ਼ਬਦ ਪਾਏ ਤਨ ਸਾਚਾ ਗਹਿਣਾ, ਮਾਇਆ ਮਮਤਾ ਦੂਰ ਕਰਾਇੰਦਾ । ਦਰਸ ਦਿਖਾਏ ਤੀਜੇ ਨੈਣਾ, ਦੂਈ ਦਵੈਤੀ ਪੜਦਾ ਲਾਹਿੰਦਾ । ਗੁਰ ਪੂਰੇ ਜੋ ਮੰਨੇ ਕਹਿਣਾ, ਭਾਈ ਭੈਣਾਂ ਹੁਕਮ ਜਣਾਇੰਦਾ । ਜੂਠ ਝੂਠ ਰਹਿਣ ਨਾ ਦੇਣਾ, ਅੱਖਰ ਵੱਖਰ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ

ਹਰਿ, ਜੁਗ ਜੁਗ ਆਪਣੀ ਕਿਰਪਾ ਕਰ, ਸੰਤ ਸੁਹੇਲੇ ਦੇਵੇ ਵਰ, ਵਰ ਦਾਤਾ ਆਪ ਅਖਵਾਇੰਦਾ । ਕਿਰਪਾਨਿਧ ਦੀਨ ਦਿਆਲਾ, ਦੀਨਾ ਬੰਧਪ ਅਖਵਾਇੰਦਾ । ਅੱਠੇ ਪਹਿਰ ਸਦ ਰਖਵਾਲਾ, ਚਾਰੋਂ ਕੁੰਟ ਦਹਿ ਦਿਸ਼ਾ ਫੇਰੀ ਪਾਇੰਦਾ । ਜਨ ਭਗਤਾਂ ਤੋੜੇ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਇੰਦਾ । ਧਰਮ ਰਾਏ ਨਾ ਕੱਢੇ ਦਿਵਾਲਾ, ਚਿਤਰ ਗੁਪਤ ਨਾ ਹਿਸਾਬ ਰਖਾਇੰਦਾ । ਦਰਸ ਵਖਾਏ ਦਇਆ ਕਮਾਏ, ਆਪ ਆਪਣੇ ਰੰਗ ਰੰਗਾਏ, ਨੇੜ ਨਾ ਆਏ ਕਾਲ ਮਹਾਂਕਾਲਾ । ਸਮਰਥ ਅਕੱਥ ਰਿਹਾ ਨਾਮ ਜਪਾਏ, ਸ਼ਬਦ ਪਾਏ ਤਨ ਸਾਚੀ ਮਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਸ਼ਾਹ ਆਪੇ ਕੰਗਾਲਾ, ਹਰਿਜਨ ਵੇਖੇ ਸਾਚੇ ਲਾਲਾ । ਲਾਲ ਦੁਲਾਰੇ ਕਰ ਪਿਆਰੇ, ਆਪਣੀ ਗੋਦ ਉਠਾਈਆ । ਆਪਣੀ ਕਿਰਪਾ ਆਪੇ ਕਰ, ਹਰਿਜਨ ਦਏ ਵਡਿਆਈਆ । ਸ਼ਬਦ ਗੁਰ ਕਾਇਆ ਮੰਦਰ ਅੰਦਰ ਧਰ, ਸੁਰਤੀ ਜੋੜ ਜੁੜਾਈਆ । ਸੁਰਤ ਸਵਾਣੀ ਲਏ ਵਰ, ਏਕਾ ਸ਼ਬਦ ਹੋਈ ਕੁੜਮਾਈਆ । ਸੀਤਾ ਸੁਰਤੀ ਗਾਏ ਹਰੀ ਹਰਿ, ਹਰਿ ਹਰਿ ਸਾਚਾ ਰਾਮ ਰਘੁਰਾਈਆ । ਬੰਦ ਕਰਾਏ ਨੌ ਦਰ, ਦਸਵੇਂ ਮੇਲ ਮਿਲਾਈਆ । ਆਵਣ ਜਾਵਣ ਚੁੱਕੇ ਡਰ, ਜਗਤ ਜੰਜਾਲਾ ਰਹਿਣ ਨਾ ਪਾਈਆ । ਇਕ ਵਖਾਏ ਸਾਚਾ ਘਰ, ਓਅੰਕਾਰਾ ਦੇਸ ਵਿਖਾਈਆ । ਸੋ ਪੁਰਖ ਨਿਰੰਜਣ ਦਇਆ ਕਰ, ਹੰ ਹੰਗਤਾ ਰਿਹਾ ਮਿਟਾਈਆ । ਕਾਇਆ ਚੋਲੀ ਨਾਮ ਰੰਗਤਾ, ਏਕਾ ਰੰਗ ਮਜੀਠ ਚੜ੍ਹਾਈਆ । ਪ੍ਰਭ ਅਬਿਨਾਸ਼ੀ ਕਰਤਾ ਦਰ ਦਵਾਰੇ ਜੋ ਆਏ ਮੰਗਤਾ, ਏਕਾ ਨਾਮ ਭਿਛਿਆ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਜਨ ਭਗਤਾਂ ਕਰੇ ਰਿਛਿਆ, ਸੀਸ ਆਪਣਾ ਹੱਥ ਰਖਾਈਆ । ਪੁੰਨ ਪਾਪ ਜਗਤ ਧਾਰ, ਪ੍ਰਭ ਸਾਚੇ ਮਾਤ ਚਲਾਈਆ । ਪੰਜ ਤਤ ਕਰ ਪਿਆਰ, ਮਨ ਮਤ ਬੁੱਧ ਕਰੀ ਕੁੜਮਾਈਆ । ਮਨ ਮਨੂਆ ਕਰ ਸਿਕਦਾਰ, ਰਾਜ ਬਣਤਰ ਇਕ ਬਣਾਈਆ । ਅੱਠੇ ਪਹਿਰ ਰਹੇ ਖ਼ਬਰਦਾਰ, ਚਾਰੋਂ ਕੁੰਟ ਵੇਖ ਵਖਾਈਆ । ਮਤ ਮਤਵਾਲੀ ਹੋਈ ਮੁਰਦਾਰ, ਸੁਰਤ ਲੈਣ ਨਾ ਪਾਈਆ । ਬੁੱਧੀ ਭੇਵ ਨਾ ਪਾਏ ਹਰਿ ਨਿਰੰਕਾਰ, ਕਵਣ ਦਵਾਰੇ ਬੈਠਾ ਆਸਣ ਲਾਈਆ । ਏਕਾ ਭੁੱਲਿਆ ਨਾਮ ਮੁਰਾਰ, ਗੁਣ ਅਵਗੁਣ ਦਿਸ ਨਾ ਆਈਆ । ਨਿਰਗੁਣ ਖੇਲੇ ਖੇਲ ਅਪਾਰ, ਸਰਗੁਣ ਕੋਇ ਨਾ ਮਿਲੇ ਚਤੁਰਾਈਆ । ਪਾਪ ਪੁੰਨ ਪੁੰਨ ਪਾਪ ਜਗਤ ਧਾਰ, ਦੋਵੇਂ ਰਿਹਾ ਵਖਾਈਆ । ਮਿਲੇ ਮੇਲ ਸੰਤ ਕੰਤ ਭਤਾਰ, ਲਹਿਣਾ ਦੇਣਾ ਦਏ ਚੁਕਾਈਆ । ਦੇਵੇ ਦਰਸ ਅਗੰਮ ਅਪਾਰ, ਪਾਪ ਤਾਪ ਸਰਾਪ ਪੁੰਨ ਰਹਿਣ ਨਾ ਪਾਈਆ । ਸੋ ਜਨ ਉਤਰੇ ਪਾਰ ਵਿਚ ਸੰਸਾਰ, ਜਿਸ ਜਨ ਗੁਰ ਪੂਰੇ ਮਿਲੀ ਸਾਚੀ ਸਰਨ ਸਰਨਾਈਆ । ਜੁਗ ਜੁਗ ਬੰਨ੍ਹੇ ਧਾਰ, ਜੁਗ ਜੁਗ ਆਪ ਚਲਾਇੰਦਾ । ਜੁਗ ਜੁਗ ਭੇਖ ਅਪਾਰ, ਸਾਧ ਸੰਤ ਉਪਜਾਇੰਦਾ । ਜੁਗ ਜੁਗ ਲਏ ਅਵਤਾਰ, ਲੋਕਮਾਤੀ ਫੇਰਾ ਪਾਇੰਦਾ । ਲੱਖ ਚੁਰਾਸੀ ਪਾਵੇ ਸਾਰ, ਲੱਖ ਚੁਰਾਸੀ ਵਿਚ ਸਮਾਇੰਦਾ । ਆਪ ਆਪਣੀ ਕਿਰਪਾ ਧਾਰ, ਆਪ ਆਪਣਾ ਰੰਗ ਰੰਗਾਇੰਦਾ । ਮਨਮੁਖ ਗੁਰਮੁਖ ਵਿਚ ਸੰਸਾਰ, ਏਕਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਸ਼ਬਦ ਸੰਦੇਸ਼ ਲੋਕਮਾਤ ਸਾਚਾ ਆਪ ਸੁਣਾਇੰਦਾ । ਸ਼ਬਦ ਸੰਦੇਸ਼ ਹਰਿ ਭਗਵੰਤ, ਲੱਖ ਚੁਰਾਸੀ ਕਰੇ ਜਣਾਈਆ । ਨਾਲ ਰਲਾਏ ਸਾਧ ਸੰਤ, ਨਾਲ ਰਿਹਾ ਜਗਾਈਆ । ਜਨ ਭਗਤਾਂ ਮੇਲ ਮਿਲਾਏ ਹਰਿ ਸਾਚੇ ਸੁੱਤ, ਨਾਰੀ ਕੰਤਾ ਰੂਪ ਸਮਾਈਆ । ਏਕਾ ਘਰ ਵਖਾਏ ਅਬਿਨਾਸ਼ੀ ਅਚੁੱਤ, ਏਕਾ ਸੇਜ ਵਿਛਾਈਆ । ਹਰਿ ਕਾ ਨਾਮ ਰਸਨਾ ਗਾਓ, ਆਤਮ ਅੰਤਰ ਏਕਾ ਪਾਓ, ਸਾਚਾ ਤਨ ਰੰਗਾਈਆ । ਗੁਣ ਅਵਗੁਣ ਨਾ ਲੇਖ ਲਿਖਾਓ, ਦਿਵਸ ਰੈਣ ਹਰਿ

ਦਰਸ਼ਨ ਪਾਓ, ਭੇਵ ਅਭੇਦ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜਾਪ ਆਪਣਾ ਆਪ ਰਸਨਾ ਪੁੰਨ ਰਿਹਾ ਵਖਾਈਆ । ਏਕਾ ਨਾਮ ਜਗਤ ਅਧਾਰ, ਜੁਗ ਜੁਗ ਆਪ ਚਲਾਇੰਦਾ । ਮਨਮੁਖ ਭੁੱਲੇ ਜੀਵ ਗਵਾਰ, ਰਸਨਾ ਕੋਇ ਨਾ ਗਾਇੰਦਾ । ਰਾਏ ਧਰਮ ਕਰੇ ਖੁਆਰ, ਹਉਮੇ ਹੰਗਤਾ ਵਿਚ ਸਮਾਇੰਦਾ । ਪਾਪ ਪਰਤਾਪ ਕਰ ਤਿਆਰ, ਹਰਿਜਨ ਹਰਿ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੇ ਡੰਨ ਧਰਮ ਰਾਏ ਸੇਵਾ ਲਾਇੰਦਾ ।

ਤੁਲਸੀ ਰਾਮ ਪਛਾਣਿਆ, ਜੋ ਹਰ ਘਟ ਰਿਹਾ ਸਮਾਏ । ਚਲੇ ਚਲਾਏ ਆਪਣੇ ਭਾਣਿਆ, ਜੁਗ ਜੁਗ ਆਵੇ ਜਾਏ । ਏਕਾ ਰੱਖੇ ਸ਼ਬਦ ਬਿਬਾਣਿਆ, ਲੋਆਂ ਪੁਰੀਆਂ ਵੇਖ ਵਖਾਏ । ਸੰਤਾਂ ਭਗਤਾਂ ਦੇਵੇ ਠੰਢਾ ਪਾਣੀਆ, ਅੰਮ੍ਰਿਤ ਆਤਮ ਜਾਮ ਪਿਆਏ । ਮੇਲ ਮਿਲਾਏ ਸਾਚੇ ਹਾਣੀਆ, ਹਰਿਜਨ ਤੇਰੀ ਸੇਵ ਕਮਾਏ । ਅਨਹਦ ਗਾਈ ਸਾਚੀ ਬਾਣੀਆ, ਲਿਖ ਲਿਖ ਰਿਹਾ ਚੁਕਾਏ । ਏਕਾ ਪਾਇਆ ਪਦ ਨਿਰਬਾਣੀਆ, ਚੌਥੇ ਪਦ ਵਿਚ ਸਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਤਮ ਦਰਸੀ ਏਕਾ ਦ੍ਰਿਸ਼ਟ ਏਕਾ ਇਸ਼ਟ ਚੰਦ ਰਾਮ ਗੁਰ ਵਸ਼ਿਸ਼ਟ ਭੇਵ ਅਭੇਦ ਖੁਲ੍ਹਾਏ । ਤੁਲਸੀ ਦਾਸ ਆਤਮ ਵੱਜੀ ਵਧਾਈਆ । ਮਿਲਿਆ ਮੇਲ ਪੁਰਖ ਅਬਿਨਾਸ, ਰਸਨਾ ਰਿਹਾ ਗਾਈਆ । ਰਸਨਾ ਗਾਏ ਸਵਾਸ ਸਵਾਸ, ਦਿਵਸ ਰੈਣ ਧਿਆਈਆ । ਲੇਖੇ ਲੱਗਾ ਹੱਡ ਨਾੜੀ ਮਾਸ, ਪੰਜ ਤਤ ਹੋਈ ਕੁੜਮਾਈਆ । ਮਾਤ ਗਰਭ ਨਾ ਆਏ ਉਲਟਾ ਵਾਸ, ਨਾ ਕੋਈ ਬੰਧ ਬੰਧਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਆਕਾਸ਼ ਪਾਤਾਲਾਂ ਫੇਰਾ ਪਾਈਆ । ਨਿਝ ਘਰ ਵਸਿਆ ਹਰਿ ਹਰਿ ਪਾਸ, ਦਾਸੀ ਦਾਸ ਸੇਵ ਕਮਾਈਆ । ਲਿਖਿਆ ਲੇਖ ਬੈਠ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਸ, ਗੁਣ ਅਵਗੁਣ ਨਿਰਗੁਣ ਸਰਗੁਣ ਵੇਖ ਵਖਾਈਆ । ਕਬੀਰ ਚੋਟੀ ਚੜ੍ਹ ਅਖ਼ੀਰ ਹੈ, ਮਿਲੇ ਮੇਲ ਹਰਿ ਭਗਵਾਨਿਆ । ਤ੍ਰੈਗੁਣ ਮਾਇਆ ਤੋੜ ਜੰਜ਼ੀਰ ਹੈ, ਹੱਥ ਬੱਧਾ ਨਾਮ ਗਾਨਿਆ । ਅੰਮ੍ਰਿਤ ਆਤਮ ਧੁਰਦਰਗਾਹ ਪੀਤਾ ਸੀਰ ਹੈ, ਘਰ ਸਾਚੇ ਹੋਏ ਪਰਵਾਨਿਆ । ਨਾ ਕੋਈ ਬਚੇ ਪੀਰ ਫ਼ਕੀਰ ਹੈ, ਰਾਜ ਰਾਜਾਨ ਨਾ ਵੇਖ ਵਖਾਨਿਆ । ਹਰਿ ਕਾ ਬਾਣ ਤੀਰ ਤਿੱਖਾ ਏਕੋ ਤੀਰ ਹੈ, ਇਕ ਧਿਆਨ ਰਖਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਿਲਿਆ ਮੇਲ ਥਿਰ ਘਰ, ਦਰ ਹਰਿ ਨਰ ਇਕ ਪਛਾਨਿਆ ।

ਰਾਮ ਇਸ਼ਟ ਗੁਰਦੇਵ ਮਨਾ, ਕਰਮ ਕਰਮਾਂ ਰਿਹਾ ਬਣਾਈਆ । ਆਤਮ ਚੰਦ ਇਕ ਚੜ੍ਹਾ, ਕਰਮ ਚੰਦ ਅਖਵਾਈਆ । ਨਾਮ ਸੁਗੰਧੀ ਝੋਲੀ ਪਾ, ਕਾਇਆ ਤਨ ਭਰਾਈਆ । ਹੋਕਾ ਦੇ ਦੇ ਰਿਹਾ ਸੁਣਾ, ਚਾਰ ਕੁੰਟ ਰਿਹਾ ਜਣਾਈਆ । ਨਾਮ ਗਾਂਧੀ ਨਾਂ ਰਖਾ, ਤਨ ਪਿੰਜਰ ਲਿਆ ਸੁਖਾਈਆ । ਆਲਸ ਨਿੰਦਰਾ ਮਗਰੋਂ ਲਾਹ, ਸੇਵਕ ਸੇਵਾ ਰਿਹਾ ਕਮਾਈਆ । ਸਿਆਸਤ ਵਿਰਾਸਤ ਨਾਲ ਪਰਨਾ, ਦੋਹਾਂ ਮੇਲ ਮਿਲਾਈਆ । ਪ੍ਰਭ ਅਬਿਨਾਸ਼ੀ ਵੇਖੇ ਸਾਚਾ ਥਾਂ, ਅੱਧਵਿਚਕਾਰੇ ਡੇਰਾ ਲਾਈਆ । ਪੁਰੀ ਇੰਦਰ ਸੱਚਾ ਥਾਂ, ਇੰਦ ਇੰਦਰਾਸਣ ਨਾਮ ਰਖਾਈਆ । ਸਚ ਸਿੰਘਾਸਣ

ਇਕ ਵਿਛਾ, ਆਪੇ ਰਿਹਾ ਬਹਾਈਆ । ਅਸਵ ਘੋੜਾ ਜੋਤੀ ਜੋੜਾ ਦਏ ਬਣਾ, ਸੋਲਾਂ ਕਲੀਆਂ ਆਸਣ ਲਾਈਆ । ਏਕਾ ਦੂਜਾ ਪੌੜਾ ਦਏ ਚੜ੍ਹਾ, ਤੀਜਾ ਰਿਹਾ ਟਿਕਾਈਆ । ਚੌਥੇ ਘਰ ਚੌਥੀ ਵਾਰ ਫੂਲਨ ਮਾਲਾ ਗਲ ਪਾ, ਫਲ ਫੁਲਵਾੜੀ ਮਾਤ ਲਗਾਈਆ । ਮੇਲ ਮਿਲੇ ਦੂਜੀ ਵਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਘਟ ਹੱਟ, ਅੰਦਰ ਜਾਣੇ ਅੱਠ ਤਤ, ਆਪੇ ਵੇਖ ਵਖਾਈਆ ।

ਸੁਖਮਨ ਨਾੜੀ ਟੇਢੀ ਬੰਕ, ਹਰਿ ਸਾਚੇ ਆਪ ਬਣਾਈਆ । ਚੜ੍ਹ ਚੜ੍ਹ ਥੱਕੇ ਅੰਕ ਅੰਕ, ਅੰਕ ਨਾ ਕੋਇ ਸਮਾਈਆ । ਗੁਰਮੁਖ ਵਿਰਲਾ ਇਕ ਇਕੇਲਾ ਜਿਉਂ ਜਨ ਜਨਕ, ਹਰਿ ਹਰਿਜਨ ਰਿਹਾ ਸਮਾਈਆ । ਨਾਮ ਸਰੂਪੀ ਪਾਇਆ ਧਨੱਖ, ਏਕਾ ਹੱਥ ਉਠਾਈਆ । ਜੋਤੀ ਨੂਰ ਕੋਹਤੂਰ ਏਕਾ ਕਨਕ, ਘਰ ਤੀਜੇ ਵੇਖ ਵਿਖਾਈਆ । ਚੌਥਾ ਘਰ ਨਾ ਕੋਈ ਰਾਓ ਨਾ ਕੋਈ ਰੰਕ, ਊਚ ਨੀਚ ਦਿਸ ਨਾ ਆਈਆ । ਆਪ ਮਿਟਾਏ ਹਰਿ ਹਰਿ ਸ਼ੰਕ, ਸਹਿੰਸਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਵੇਖੇ ਸਾਚਾ ਘਰ, ਕਵਣ ਮਹੱਲ ਅਟੱਲ ਅਚਲ ਕਵਣ ਧਾਮ ਸੁਹਾਈਆ । ਕਾਇਆ ਮੰਦਰ ਉਚ ਮਿਨਾਰ, ਹਰਿ ਸਾਚੀ ਜੋਤ ਜਗਾਈਆ । ਜੋਤ ਸਰੂਪੀ ਕਰ ਆਕਾਰ, ਬੈਠਾ ਆਸਣ ਲਾਈਆ । ਸ਼ਬਦ ਸੱਚਾ ਅਪਰ ਅਪਾਰ, ਨਿਰਗੁਣ ਆਪ ਬੁਝਾਈਆ । ਸੰਤ ਸੁਹੇਲੇ ਕਰ ਪਿਆਰ, ਦਿਵਸ ਰੈਣ ਰਿਹਾ ਜਗਾਈਆ । ਪੰਚਮ ਗਾਇਣ ਵਾਰੋ ਵਾਰ, ਸੇਵਕ ਸੇਵਾ ਸਾਚੀ ਲਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਬੰਦ ਕਿਵਾੜੀ ਆਪ ਖੁਲ੍ਹਾਈਆ । ਹਰਿਜਨ ਵੇਖ ਵਖਾਏ ਬਹੱਤਰ ਨਾੜ, ਨਾੜੀ ਨਾੜ ਆਪ ਪਰਨਾਈਆ । ਮਾਇਆ ਮਮਤਾ ਦੇਵੇ ਸਾੜ, ਹਉਮੇ ਹੰਗਤਾ ਰੋਗ ਮਿਟਾਈਆ । ਆਤਮ ਰੰਗਤਾ ਹਰਿਜਨ ਬਣਾਏ ਸਾਚਾ ਲਾੜ, ਜੋ ਜਨ ਰਸਨਾ ਰਹੇ ਗਾਈਆ । ਚੌਥੇ ਘਰ ਦੇਵੇ ਵਾੜ, ਸੱਸਾ ਕਿਲ੍ਹਾ ਇਕ ਵਖਾਈਆ । ਸੋ ਪੁਰਖ ਨਿਰੰਜਣ ਆਰ ਪਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਦਰ, ਹਰਿ ਸੰਤਨ ਦੇਵੇ ਨਾਮ ਵਰ, ਜੁਗ ਜੁਗ ਏਕਾ ਧਾਮ ਵਖਾਈਆ ।

ਹਰਿ ਭਗਤਨ ਦਰ ਭਿਖਾਰ, ਜੁਗ ਜੁਗ ਆਇਆ । ਮੰਗੇ ਮੰਗ ਅਪਰ ਅਪਾਰ, ਸਚ ਪ੍ਰੀਤੀ ਰਿਹਾ ਸਿਖਾਇਆ । ਚਾਰ ਵਰਨਾਂ ਸਾਂਝਾ ਯਾਰ, ਜ਼ਾਤ ਪਾਤ ਵਿਚ ਨਾ ਆਇਆ । ਊਚਾਂ ਨੀਚਾਂ ਇਕ ਵਿਚਾਰ, ਰਾਜ ਰਾਜਾਨਾਂ ਵਿਚ ਸਮਾਇਆ । ਏਕਾ ਕਰਮ ਏਕਾ ਧਰਮ ਏਕਾ ਜਰਮ ਵਿਚ ਸੰਸਾਰ, ਲਹਿਣਾ ਦੇਣਾ ਪ੍ਰਭ ਆਪਣੇ ਹੱਥ ਰਖਾਇਆ । ਹਰਿਜਨ ਮੇਲਾ ਕੰਤ ਭਤਾਰ, ਹਰਿ ਭਗਤਾਂ ਵਿਚ ਸਮਾਇਆ । ਨਾਰ ਸੁਹਾਗਣ ਵਿਚ ਸੰਸਾਰ, ਹਰਿਜਨ ਸਾਚਾ ਆਪ ਅਖਵਾਇਆ । ਸੁਰਤ ਸਵਾਣੀ ਕਰੇ ਪਿਆਰ, ਦਿਵਸ ਰੈਣ ਸੇਵ ਕਮਾਇਆ । ਸਾਚਾ ਮੇਲਾ ਦਸਮ ਦਵਾਰ, ਸੋਹੰ ਸੋ ਜਿਸ ਜਨ ਰਸਨਾ ਜਿਹਵਾ ਹਰਿ ਹਰਿ ਜਨ ਰਸਨਾ ਗਾਇਆ । ਸੋਹੰ ਸ਼ਬਦ ਸਚ ਪਰਭਾਤੀ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਹਰਿਜਨ ਉਠਾਏ ਸੁੱਤਿਆਂ ਰਾਤੀ, ਛੱਪਰ ਛੰਨ ਫੇਰਾ ਪਾਇਆ । ਦਰਸ ਵਖਾਏ ਇਕ ਇਕਾਂਤੀ, ਰੇਖ ਭੇਖ ਨਾ ਕੋਈ ਜਣਾਇਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤੀ, ਨਿਝਰ ਧਾਰ ਵਹਾਇਆ । ਹਰਿਜਨ ਮੇਲ ਮਿਲੇ ਹਰਿ ਕਮਲਾਪਾਤੀ, ਕਵਣ ਨੈਣ ਜਗਤ ਬੈਨ ਸਾਰੰਗ ਧਰ ਭਗਵਾਨ ਬੀਠਲਾ ਅਨਡਿਠ

੮੬੪
੦੬

ਇਕ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਜਗਤ ਜੁਗਤੀ ਭਗਤੀ ਵਰ, ਆਤਮ ਦਰਸੀ ਦਰਸ ਦਿਖਾਇਆ । ਆਤਮ ਦਰਸ ਨੇਤਰ ਨੈਣ, ਲੋਚਨ ਨੈਣ ਆਪ ਖੁਲ੍ਹਾਇੰਦਾ । ਮਾਇਆ ਮਮਤਾ ਵਿਚ ਨਾ ਵਹਿਣ, ਦਰ ਦਹਿਲੀਜਾਂ ਫੇਰਾ ਪਾਇੰਦਾ । ਸੋਹੰ ਸੋ ਜਨ ਰਸਨਾ ਕਹਿਣ, ਜਾਪ ਅਜਪਾ ਇਕ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਾਚਾ ਡੰਕਾ, ਚਾਰ ਵਰਨਾਂ ਆਪ ਸੁਣਾਇੰਦਾ । ਸਾਚਾ ਡੰਕ ਢੋਲ ਮਰਦੰਗ, ਏਕਾ ਸ਼ਬਦ ਨਗਾਰਿਆ । ਨੌ ਖੰਡ ਪ੍ਰਿਥਮੀ ਲੱਗਾ ਜੰਗ, ਧਰਤ ਮਾਤ ਤੇਰਾ ਦਰ ਸੁਹਾ ਰਿਹਾ । ਲਾੜੀ ਮੌਤ ਮੰਗੇ ਮੰਗ, ਰਾਏ ਧਰਮ ਕਰੇ ਪੁਕਾਰਿਆ । ਚਾਰ ਯਾਰ ਸੰਗ ਮੁਹੰਮਦ ਅੱਲਾ ਰਾਣੀ ਦਿਸੇ ਨੰਗ, ਚਾਰੋਂ ਕੁੰਟ ਹਾਹਾਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਖੇਲੇ ਖੇਲ ਫਰੰਗ, ਦਹਿ ਦਿਸ਼ਾ ਰਿਹਾ ਲਲਕਾਰਿਆ । ਭਗਤਨ ਮੀਤਾ ਇਕ ਗੋਪਾਲ, ਦਿਵਸ ਰੈਣ ਜਗਾਇੰਦਾ । ਦੇਵੇ ਨਾਮ ਅਨਮੁਲੜਾ ਲਾਲ, ਕਾਇਆ ਮੰਦਰ ਅੰਦਰ ਆਪ ਟਿਕਾਇੰਦਾ । ਬਸਤਰ ਪਾਏ ਸਚ ਦੋਸ਼ਾਲ, ਏਕਾ ਪੜਦਾ ਪਾਇੰਦਾ । ਆਪੇ ਸ਼ਾਹ ਆਪੇ ਕੰਗਾਲ, ਦਾਤਾ ਦਾਨੀ ਆਪ ਅਖਵਾਇੰਦਾ । ਹਰਿਜਨ ਸੰਤ ਸੁਹੇਲੇ ਜੁਗ ਜੁਗ ਭਾਲ, ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਸਾਚੇ ਦਰ, ਦਰ ਦਵਾਰਾ ਬੰਕ ਸੁਹਾਇੰਦਾ । ਬੰਕ ਦਵਾਰਾ ਧੰਨ ਹੈ, ਪਾਇਆ ਹਰਿ ਗੋਬਿੰਦ । ਮਨ ਹੰਕਾਰੀ ਜਾਏ ਮੰਨ ਹੈ, ਦੇ ਮਤ ਮਿਟਾਏ ਸਗਲੀ ਚਿੰਦ । ਪ੍ਰਭ ਜੋਤ ਜਗਾਏ ਸਾਚੇ ਤਨ ਹੈ, ਦਾਤਾ ਜੋਧਾ ਸੂਰਾ ਵਡ ਮਰਗਿੰਦ । ਖੇਲੇ ਖੇਲ ਭਿੰਨ ਭਿੰਨ ਹੈ, ਭਾਗ ਲਗਾਏ ਭਾਰਤ ਖੰਡੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਜੁਗ ਜੁਗ ਮੇਲੇ ਸੇਵਕ ਸੇਵ ਕਰਾਇੰਦਾ । ਬਖ਼ਸ਼ਿੰਦ ਬਖ਼ਸ਼ਣਹਾਰ ਜਗਤ ਸਵਾਮੀ, ਏਕਾ ਏਕੰਕਾਰਿਆ । ਜੁਗ ਜੁਗ ਹੋਏ ਮਾਤ ਨਿਹਕਾਮੀ, ਨਿਹਕਰਮੀ ਕਰਮ ਵਿਚਾਰਿਆ । ਮੇਟ ਮਿਟਾਏ ਅੰਧੇਰੀ ਸ਼ਾਮੀ, ਰਾਧਾ ਕ੍ਰਿਸ਼ਨ ਰੂਪ ਵਟਾ ਗਿਆ । ਆਪੇ ਆਪ ਹਰਿ ਅੰਤਰਜਾਮੀ, ਆਪ ਆਪਣੀ ਖੇਲ ਖਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਸਾਚੇ ਵਿਦਾ ਕਰਾ ਰਿਹਾ ।

### ❊ ੨੦ ਭਾਦਰੋਂ ੨੦੧੪ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਹਿ ਗੁੜਗਾਉਂ ❊

ਹਰਿਜਨ ਬਖ਼ਸ਼ੇ ਸਚ ਸਰਨਾ, ਸਰਨ ਸਰਨਾਈ ਇਕ ਰਖਾਇਆ । ਕਾਗੋਂ ਹੰਸ ਦਏ ਬਣਾ, ਰੂਪ ਅਨੂਪਾ ਦਏ ਵਟਾਇਆ । ਸਾਚੀ ਚੋਗ ਦਏ ਚੁਗਾ, ਮਾਣਕ ਮੋਤੀ ਨਾਮ ਰਖਾਇਆ । ਆਤਮ ਭੋਗ ਦਏ ਭੁਗਾ, ਰਸ ਆਤਮਕ ਇਕ ਚੁਆਇਆ । ਜਗਤ ਜੋਗੀ ਜੋਗ ਦਏ ਵਖਾ, ਜੁਗਤ ਆਪਣੇ ਹੱਥ ਰਖਾਇਆ । ਹਉਮੇ ਰੋਗ ਰੋਗੀ ਦਏ ਮਿਟਾ, ਹੰ ਹੰਗਤਾ ਰਹਿਣ ਨਾ ਪਾਇਆ । ਦਰਸ ਅਮੋਘੀ ਅਮੋਘ ਦਏ ਵਿਖਾ, ਤ੍ਰਿਸ਼ਨਾ ਭੁੱਖ ਗਵਾਇਆ । ਧੁਰ ਸੰਜੋਗੀ ਮੇਲ ਮਿਲਾ, ਜੁਗ ਜੁਗ ਪੈਜ ਰਖਾਇਆ । ਸੰਤ ਸੁਹੇਲੇ ਪਕੜੇ ਬਾਂਹ, ਆਪ ਆਪਣੇ ਕੰਧ ਉਠਾਇਆ । ਆਪੇ ਪਿਤਾ ਆਪੇ ਮਾਂ, ਪੂਤ ਸਪੂਤਾ ਗੋਦੀ ਜਾਇਆ । ਦੋ ਜਹਾਨੀ ਦੇਵੇ ਠੰਢੀ ਛਾਂ, ਸਚ ਵਸੇਰਾ ਇਕ ਕਰਾਇਆ । ਏਕਾ ਏਕ ਜਪਾਏ ਆਪਣਾ

ਨਾਂ, ਦੂਸਰ ਕੋਈ ਨੇੜ ਨਾ ਆਇਆ । ਨੇਤਰ ਨੈਣ ਦਏ ਖੁਲ੍ਹਾ, ਦਰ ਤੀਜਾ ਵੇਖ ਵਿਖਾਇਆ । ਚੌਥੇ ਘਰ ਦਏ ਬਹਾ, ਪਦ ਨਿਰਬਾਨਾ ਰਿਹਾ ਸੁਹਾਇਆ । ਪੰਚਮ ਮੇਲਾ ਮੇਲ ਮਿਲਾ, ਰਾਗ ਅਨਾਦਾ ਰਿਹਾ ਅਲਾਇਆ । ਆਪ ਆਪਣੀ ਸੇਜ ਵਿਛਾ, ਉਪਰ ਆਸਣ ਲਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਲਏ ਪਰਨਾ, ਨਾਰੀ ਕੰਤਾ ਆਪ ਅਖਵਾਇਆ । ਆਪ ਵਖਾਏ ਆਪਣਾ ਥਾਂ, ਰੁੱਤ ਬਸੰਤੀ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇਆ । ਹਰਿਜਨ ਸਾਚੇ ਸਦ ਬਲਿਹਾਰ, ਦਿਵਸ ਰੈਣ ਵਧਾਈਆ । ਮਾਨਸ ਜਨਮ ਉਧਰੇ ਪਾਰ, ਆਵਣ ਜਾਵਣ ਫੰਦ ਕਟਾਈਆ । ਲਹਿਣਾ ਦੇਣਾ ਕਰਜ਼ ਉਤਾਰ, ਜਗ ਪਿਛਲਾ ਮੂਲ ਚੁਕਾਈਆ । ਭਾਣਾ ਸਹਿਣਾ ਵਿਚ ਸੰਸਾਰ, ਨੇਤਰ ਦਰਸ ਹਰਿ ਰਘੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਏਕਾ ਦਰ, ਦਰ ਸਾਚਾ ਇਕ ਸੁਹਾਈਆ । ਸਾਚਾ ਘਰ ਸਚ ਦਰਬਾਰਾ, ਏਕ ਏਕ ਰਖਾਇੰਦਾ । ਇਕ ਇਕੱਲਾ ਏਕੰਕਾਰਾ, ਓਅੰਕਾਰ ਰੂਪ ਸਮਾਇੰਦਾ । ਸ਼ਬਦ ਸਰੂਪੀ ਬੰਨ੍ਹੇ ਧਾਰਾ, ਜੋਤ ਸਰੂਪੀ ਖੇਲ ਖਿਲਾਇੰਦਾ । ਅਗੰਮ ਅਗੰਮਾ ਨਾ ਕੋਈ ਪਾਵੇ ਸਾਰਾ, ਨਾੜੀ ਚੰਮ ਭੇਖ ਵਟਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਾਨਕ ਗੋਬਿੰਦ ਰਸਨਾ ਗਾਇੰਦਾ । ਨਾਨਕ ਮੰਗੇ ਨਾਮ ਭਿਖਾਰਾ, ਦਰ ਆਏ ਝੋਲੀ ਡਾਹਿੰਦਾ । ਗੋਬਿੰਦ ਦੋਏ ਜੋੜ ਕਰੇ ਨਿਮਸਕਾਰਾ, ਪੂਤ ਸਪੂਤਾ ਸੀਸ ਨਿਵਾਇੰਦਾ । ਪੁਰਖ ਅਬਿਨਾਸ਼ੀ ਬੈਠਾ ਅੱਧਵਿਚਕਾਰਾ, ਦੋਹਾਂ ਹੁਕਮ ਜਣਾਇੰਦਾ । ਦੋਹਾਂ ਦੇਵੇ ਨਾਮ ਅਧਾਰਾ, ਆਪ ਆਪਣੀ ਦਇਆ ਕਮਾਇੰਦਾ । ਆਪੇ ਵਸੇ ਅੰਦਰ ਬਾਹਰ ਗੁਪਤ ਜ਼ਾਹਿਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਕਲਜੁਗ ਤੇਰਾ ਕੂੜ ਕੁੜਿਆਰਾ, ਅੰਤਮ ਡੇਰਾ ਢਾਹਿੰਦਾ । ਪਰਗਟ ਹੋ ਵਿਚ ਸੰਸਾਰਾ, ਹਰਿ ਸਾਚੀ ਬਣਤ ਬਣਾਇੰਦਾ । ਗੋਬਿੰਦ ਕਾਇਆ ਕਰ ਪਿਆਰਾ, ਸਾਚਾ ਸੰਗ ਨਿਭਾਇੰਦਾ । ਦੋ ਅੱਖਰ ਨਾਮ ਰਖਾਏ ਨੌ ਖੰਡ ਪ੍ਰਿਥਮੀ ਪਾਵੇ ਸਾਰਾ, ਦੀਪਾਂ ਲੋਆਂ ਵੇਖ ਵਖਾਇੰਦਾ । ਸੂਰਜ ਚੰਨ ਰਵ ਸਸ ਕਰਨ ਨਿਮਸਕਾਰਾ, ਬ੍ਰਹਮਾ ਸ਼ਿਵ ਦੇਵਤ ਸੁਰ ਬੈਠੇ ਮੁਖ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦੇਵੇ ਵਰ, ਧਾਮ ਅਟੱਲਾ ਇਕ ਅਵੱਲਾ ਗੁਰਮੁਖਾਂ ਆਪ ਵਖਾਇੰਦਾ । ਉਚ ਅਟੱਲਾ ਧਾਮ ਨਿਆਰ, ਹਰਿ ਸਾਚੀ ਜੋਤ ਜਗਾਈਆ । ਗੁਰਮੁਖ ਸਾਜਣ ਮੀਤ ਮੁਰਾਰ, ਏਕਾ ਵੇਖ ਵਖਾਈਆ । ਨਾ ਕੋਈ ਦਿਸੇ ਸੰਗ ਮਾਤ ਪਿਤ ਭਾਈ ਭੈਣ ਨਾਰ ਕੰਤ ਭਤਾਰ, ਨਾ ਕੋਈ ਮੇਲ ਮਿਲਾਈਆ । ਜੀਵ ਜੰਤ ਹੋਏ ਗਵਾਰ, ਸਾਧ ਸੰਤ ਭਰਮ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਘਰ, ਵੇਸ ਅਵੇਸਾ ਆਪ ਕਰਾਈਆ ।

ਹਰਿ ਕਾ ਨਾਉਂ ਸਚ ਵਪਾਰ, ਏਕਾ ਵਣਜ ਕਰਾਇੰਦਾ । ਸ਼ਬਦੀ ਸ਼ਬਦ ਗੁਰ ਸ਼ਬਦ ਅਧਾਰ, ਹਰਿ ਜੋਤੀ ਮੇਲ ਮਿਲਾਇੰਦਾ । ਜੋਤੀ ਮੇਲਾ ਅਪਰ ਅਪਾਰ, ਨੂਰੋ ਨੂਰ ਸਮਾਇੰਦਾ । ਨੂਰ ਨੁਰਾਨੀ ਕਰ ਉਜਿਆਰ, ਹਰਿਜਨ ਵੇਖ ਵਖਾਇੰਦਾ । ਹਰਿਜਨ ਮੇਲਾ ਸਚ ਦਰਬਾਰ, ਕਾਇਆ ਮੰਦਰ ਅੰਦਰ ਇਕ ਸੁਹਾਇੰਦਾ । ਬਜਰ ਕਪਾਟੀ ਦੇਵੇ ਪਾੜ, ਸਚ ਸਿੰਘਾਸਣ ਵੇਖ ਵਖਾਇੰਦਾ । ਆਤਮ ਸੇਜਾ ਰੰਗ ਕਰਤਾਰ, ਅਨਹਦ ਤਾਲ ਵਜਾਇੰਦਾ । ਪੰਚਮ ਗਾਇਣ ਵਾਰੋ ਵਾਰ, ਸੇਵਕ ਸੇਵਾ ਲਾਇੰਦਾ । ਗੁਰਮੁਖ ਮੰਗੇ ਨਾਮ ਭਿਖਾਰ, ਭਿਛਿਆ ਭਿਖਿਆ ਝੋਲੀ ਪਾਇੰਦਾ । ਸ਼ਬਦ

ਸਿੰਘਾਸਣ ਬੈਠ ਸੱਚੀ ਸਰਕਾਰ, ਦਸਮ ਦਵਾਰੀ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਠੰਢੀ ਠਾਰ, ਨਿਝਰ ਧਾਰਾ ਮੁਖ ਚੁਆਇੰਦਾ । ਨਿਰਮਲ
ਜੋਤੀ ਕਰ ਅਕਾਰ, ਅੰਧ ਅਗਿਆਨ ਮਿਟਾਇੰਦਾ । ਏਕਾ ਸ਼ਬਦ ਇਕ ਧਿਆਨ, ਇਕ ਨਿਸ਼ਾਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਵਰ ਦਾਤਾ ਆਪ ਅਖਵਾਇੰਦਾ । ਨਾਮ ਵਸਤ ਜਗਤ ਅਮੋਲ, ਪ੍ਰਭ ਆਪਣੇ ਹੱਥ ਰਖਾਈਆ ।
ਆਪੇ ਤੋਲਣਹਾਰਾ ਸਾਚਾ ਤੋਲ, ਜੁਗ ਜੁਗ ਰਿਹਾ ਤੁਲਾਈਆ । ਜਨ ਭਗਤਾਂ ਅੱਖਰ ਵੱਖਰ ਦੱਸੇ ਬੋਲ, ਰਸਨਾ ਜਿਹਵਾ ਸੇਵਾ ਲਾਈਆ । ਪੰਚਮ
ਵਜਾਏ ਸਾਚਾ ਢੋਲ, ਨਾਮ ਮਰਦੰਗਾ ਇਕ ਰਖਾਈਆ । ਆਪ ਆਪਣਾ ਪੜਦਾ ਖੋਲ੍ਹ, ਦੇਵੇ ਦਰਸ ਹਰਿ ਰਘੁਰਾਈਆ । ਕਾਇਆ ਮੰਦਰ ਰਿਹਾ
ਮੌਲ, ਆਤਮ ਸੇਜਾ ਰੁੱਤ ਸੁਹਾਈਆ । ਉਲਟੀ ਕਰੇ ਨਾਭ ਕਵਲ, ਕਵਲ ਨਾਭੀ ਮੁਖ ਭਵਾਈਆ । ਹਰਿਜਨ ਵਡਿਆਈ ਉਪਰ ਧਵਲ, ਕਾਇਆ
ਧਰਤ ਬਸੰਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਵਰ, ਕੰਤ ਭਗਵੰਤ ਮੇਲ ਮਿਲਾਈਆ ।
ਹਰਿਜਨ ਮੇਲਾ ਸਾਚੇ ਕੰਤ, ਏਕਾ ਦਰ ਦਵਾਰਿਆ । ਨਾਮ ਬਹਾਰ ਰੁੱਤ ਬਸੰਤ, ਗੁਰ ਸ਼ਬਦ ਖਿੜੀ ਗੁਲਜ਼ਾਰਿਆ । ਰਸਨਾ ਜਿਹਵਾ ਮਣੀਆ
ਮੰਤ, ਗੁਰ ਮੰਤਰ ਨਾਉਂ ਇਕ ਅਧਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਆਪ ਕਰਾਏ
ਦੋ ਜਹਾਨੀ ਪਾਰ ਕਿਨਾਰਿਆ । ਹਰਿਜਨ ਮੰਗੇ ਏਕਾ ਮੰਗ, ਝੋਲੀ ਅੱਗੇ ਡਾਹੀਆ । ਪੁਰਖ ਅਬਿਨਾਸ਼ੀ ਕਾਇਆ ਚੋਲੀ ਚਾੜ੍ਹੇ ਰੰਗ, ਰੰਗਣਹਾਰ
ਆਪ ਅਖਵਾਈਆ । ਅੰਮ੍ਰਿਤ ਆਤਮ ਧਾਰ ਵਹਾਏ ਗੰਗ, ਦੁਰਮਤ ਮੈਲ ਰੁੜ੍ਹਾਈਆ । ਆਪ ਲਗਾਏ ਆਪਣੇ ਅੰਕ, ਅੰਗੀਕਾਰ ਆਪ ਅਖਵਾਈਆ ।
ਨੌਂ ਦਵਾਰੇ ਪਾਰ ਲੰਘ, ਦਸਮ ਦਵਾਰੀ ਕੁੰਡਾ ਲਾਹੀਆ । ਸ਼ਬਦ ਰੰਗੀਲਾ ਵੇਖ ਪਲੰਘ, ਸਤਿ ਸਰੂਪੀ ਸੇਜ ਵਿਛਾਈਆ । ਹਰਿਜਨ ਹਰਿ ਹਰਿ
ਏਕਾ ਸੰਗ, ਵਿਛੜ ਕਦੇ ਨਾ ਜਾਈਆ । ਦਰ ਦਰਵਾਜ਼ਾ ਜੋ ਜਨ ਰਹੇ ਮੰਗ, ਪ੍ਰਭ ਏਕਾ ਭਿਛਿਆ ਨਾਮ ਵਸਤ ਝੋਲੀ ਪਾਈਆ । ਨਾਮ ਵਸਤ
ਸਚ ਨਾਮ ਧਨ, ਹਰਿ ਆਪਣੇ ਹੱਥ ਰਖਾਇੰਦਾ । ਏਕਾ ਰਾਗ ਸੁਣਾਏ ਕੰਨ, ਏਕਾ ਤਾਲ ਵਜਾਇੰਦਾ । ਅੰਦਰ ਮੰਦਰ ਬੇੜਾ ਦੇਵੇ ਬੰਨ੍ਹ, ਮਨ
ਮਤ ਬੁੱਧ ਸਮਝਾਇੰਦਾ । ਥਿਰ ਘਰ ਵਸਾਏ ਨਾ ਕੋਈ ਛੱਪਰੀ ਛੰਨ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਗੜ੍ਹ ਹੰਕਾਰੀ ਕਿਲ੍ਹਾ ਦੇਵੇ ਭੰਨ,
ਏਕਾ ਪ੍ਰੇਮ ਧਾਰ ਵਹਾਇੰਦਾ । ਗੁਰਮੁਖ ਜਨਣੀ ਜਣਿਆ ਜਨ, ਪੂਤ ਸਪੂਤਾ ਨਾਉਂ ਧਰਾਇੰਦਾ । ਲੋਕਮਾਤ ਚੜ੍ਹਿਆ ਚੰਨ, ਰਵ ਸਸ ਮੁਖ ਸ਼ਰਮਾਇੰਦਾ ।
ਗੁਰ ਕਾ ਸ਼ਬਦ ਜੋ ਜਨ ਲਏ ਮੰਨ, ਸੁਰਤ ਸਵਾਣੀ ਆਪ ਪਰਨਾਇੰਦਾ । ਭਾਗ ਲਗਾਏ ਕਾਇਆ ਤਨ, ਪੰਚਮ ਤਤ ਵੇਖ ਵਖਾਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਨਾਮ ਸਾਲਸ ਇਕ ਵਖਾਇੰਦਾ ।

❊ ੨੨ ਭਾਦਰੋਂ ੨੦੧੪ ਬਿਕ੍ਰਮੀ ਕਰਤਾਰ ਸਿੰਘ ਪੁਰਾ ਬਾੜੀ ਜ਼ਿਲਾ ਭਰਤਪੁਰ ਅਰਜਨ ਸਿੰਘ ਦੇ ਗ੍ਰਿਹ ❊

ਹਰਿ ਸਾਜਨ ਜਗ ਮੀਤੜਾ, ਪਰਮ ਪੁਰਖ ਅਪਾਰ । ਕਾਇਆ ਚੋਲੇ ਰੰਗੇ ਚੀਥੜਾ, ਦੇਵੇ ਨਾਮ ਅਧਾਰ । ਅੰਮ੍ਰਿਤ ਆਤਮ ਇਕ ਅਨਡੀਠੜਾ,
ਬਖ਼ਸ਼ੇ ਨਿਝਰ ਧਾਰ । ਪੰਜ ਵਿਕਾਰਾ ਕੌੜਾ ਰੀਠੜਾ, ਡੰਨੇ ਭੰਨੇ ਭੰਨਣਹਾਰ । ਆਦਿ ਨਿਰੰਜਣ ਇਕ ਅਨਡੀਠੜਾ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਜਨ ਹਰਿ ਹਰਿਜਨ ਜੁਗ ਜੁਗ ਲਏ ਅਧਾਰ । ਹਰਿ ਸਾਜਣ ਹਰਿ ਪਾਇਆ, ਪਾਰਬ੍ਰਹਮ ਅਬਿਨਾਸ਼ । ਪੰਚਮ ਬਹਿ ਬਹਿ ਮੰਗਲ ਗਾਇਆ, ਹੋਏ ਦਾਸਨ ਦਾਸ । ਆਤਮ ਧੁੰਨ ਇਕ ਵਜਾਇਆ, ਸੁਣੇ ਸੁਣਾਏ ਪ੍ਰਿਥਮੀ ਆਕਾਸ਼ । ਬੋਧ ਅਗਾਧ ਸ਼ਬਦ ਜਣਾਇਆ, ਲੇਖੇ ਲਾਏ ਸਵਾਸ ਸਵਾਸ । ਕਾਇਆ ਮੰਡਲ ਮੰਡਪ ਆਪ ਸੁਹਾਏ, ਨਿਜ ਘਰ ਆਤਮ ਰੱਖੇ ਵਾਸ । ਗੁਰ ਸਤਿਗੁਰ ਸ਼ਬਦ ਚਲਾਇਆ, ਸਦ ਵਸੇ ਆਸ ਪਾਸ । ਆਵਣ ਜਾਵਣ ਫੰਦ ਕਟਾਇਆ, ਲੱਖ ਚੁਰਾਸੀ ਬੰਦ ਖੁਲਾਸ । ਪਰਮਾਨੰਦ ਵਿਚ ਸਮਾਇਆ, ਮੇਲ ਮਿਲਾਏ ਹਰਿ ਗੁਣਤਾਸ । ਨਿਜ ਘਰ ਆਸਣ ਇਕ ਵਖਾਇਆ, ਆਤਮ ਸੇਜਾ ਪੁਰਖ ਅਬਿਨਾਸ਼ । ਜੋਤੀ ਨੂਰ ਸਦ ਸਵਾਇਆ, ਜਨ ਭਗਤਾਂ ਦਾਸੀ ਦਾਸ । ਦਸਮ ਦਵਾਰੀ ਮੇਲ ਮਿਲਾਇਆ, ਗੁਰ ਪੂਰੇ ਬਲ ਬਲ ਜਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਜਨ ਹਰਿ ਜੁਗ ਜੁਗ ਆਤਮ ਅੰਤਰ ਲਏ ਵਰ, ਆਦਿ ਅੰਤ ਨਾ ਹੋਏ ਵਿਨਾਸ । ਹਰਿ ਸਾਜਨ ਤਨ ਰੱਤਿਆ, ਰਤਨ ਨਾਮ ਅਮੋਲ । ਆਪੇ ਦੇ ਸਮਝਾਵੇ ਮੱਤਿਆ, ਸ਼ਬਦ ਅਨਾਦੀ ਏਕਾ ਬੋਲ । ਆਦਿ ਜੁਗਾਦੀ ਧੁਰਦਰਗਾਹੀ ਆਵੇ ਨੱਠਿਆ, ਜਨ ਭਗਤਾਂ ਸਦ ਵਸੇ ਕੋਲ । ਚਰਨ ਦਵਾਰੇ ਹਰਿ ਨਿਰੰਕਾਰੇ ਜੋ ਜਨ ਸਰਨਾਈ ਢੱਠਿਆ, ਕਰੇ ਪਾਰ ਉਤਾਰ । ਚਰਨ ਧੂੜ ਮਾਣ ਗਵਾਏ ਤੀਰਥ ਅੱਠ ਸੱਠਿਆ, ਮਜਨ ਮਾਘ ਇਕ ਇਸ਼ਨਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਹਰਿ ਹਰਿ ਮੰਦਰ ਕਾਇਆ ਅੰਦਰ ਮੇਲੇ ਕਰੇ ਪਛਾਣ । ਕਾਇਆ ਮੰਦਰ ਸਚ ਦਵਾਰ, ਪ੍ਰਭ ਆਤਮ ਜੋਤ ਜਗਾਈਆ । ਗੁਰਮੁਖ ਨਾਰੀ ਕੰਤ ਭਤਾਰ, ਤਨ ਮੇਲਾ ਮੇਲ ਮਿਲਾਈਆ । ਸੋਲਾਂ ਕਲੀਆਂ ਤਨ ਸ਼ਿੰਗਾਰ, ਆਸਣ ਸਿੰਘਾਸਣ ਇਕ ਵਿਛਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਲੋਇਨ ਅੰਜਨ ਏਕਾ ਪਾਈਆ । ਨਾਮ ਨਿਰੰਜਣ ਮੀਤ ਮੁਰਾਰ, ਸੱਜਣ ਸੈਣ ਅਖਵਾਈਆ । ਦੇਵੇ ਦਰਸ ਅਗੰਮ ਅਪਾਰ, ਅਗੰਮ ਅਗੰਮੜੇ ਧਾਮ ਸੁਹਾਈਆ । ਗੁਰਮੁਖ ਸਾਚੇ ਜੁਗ ਜੁਗ ਉਤਰੇ ਪਾਰ, ਕਾਇਆ ਮਾਟੀ ਚੰਮੜੇ ਲਹਿਣਾ ਦੇਣਾ ਮੂਲ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਤਮ ਵੇਖ ਘਰ, ਦਰ ਦਵਾਰਾ ਇਕ ਖੁਲ੍ਹਾਈਆ । ਦਰ ਦਵਾਰਾ ਆਤਮ ਵੇਖ ਘਰ, ਦਰ ਦਵਾਰਾ ਇਕ ਖੁਲ੍ਹਾਈਆ । ਦਰ ਦਵਾਰਾ ਆਤਮ ਘਰ, ਘਰ ਪੂਰਾ ਆਪ ਖੁਲ੍ਹਾਇੰਦਾ । ਆਪ ਆਪਣੀ ਕਿਰਪਾ ਕਰ, ਨੌ ਦਰ ਬੰਦ ਵਖਾਇੰਦਾ । ਸਰ ਸਰੋਵਰ ਨੁਹਾਏ ਏਕਾ ਸਰ, ਅੰਮ੍ਰਿਤ ਆਤਮ ਤਾਲ ਭਰਾਇੰਦਾ । ਸ਼ਬਦ ਸਰੂਪੀ ਅੰਦਰ ਵੜ, ਨਾ ਕੋਈ ਸੀਸ ਨਾ ਕੋਈ ਧੜ, ਹਰਿਜਨ ਸੋਏ ਮਾਤ ਜਗਾਇੰਦਾ । ਸੁਰਤ ਸਵਾਣੀ ਲਏ ਫੜ, ਪੌੜੀ ਪੌੜੀ ਜਾਏ ਚੜ੍ਹ, ਬਜਰ ਕਪਾਟੀ ਤੋੜ ਤੁੜਾਇੰਦਾ । ਦਸਮ ਦਵਾਰੀ ਅੱਗੇ ਖੜ੍ਹ, ਕਿਲ੍ਹਾ ਤੋੜ ਹੰਕਾਰੀ ਗੜ੍ਹ, ਪੰਚ ਵਿਕਾਰ ਮੇਟੇ ਜੜ੍ਹ, ਏਕਾ ਧਾਰ ਸ਼ਬਦ ਪਿਆਰ, ਓਅੰਕਾਰ ਇਕ ਆਕਾਰ, ਨਿਰਗੁਣ ਰੂਪ ਵਖਾਇੰਦਾ । ਸਤਿਗੁਰ ਸਾਜਣ ਮੀਤ ਮੁਰਾਰ ਨਿਰਗੁਣ ਮੇਲਾ ਕੰਤ ਭਤਾਰ, ਦੋਹਾਂ ਵਿਚੋਲਾ ਸ਼ਬਦ ਅਧਾਰ, ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਤਮ ਵੇਖ ਦਰ, ਦਰ ਘਰ ਸਾਚੇ ਆਸਣ ਲਾਇੰਦਾ । ਆਤਮ ਘਰ ਸਚ ਦਰਵਾਜ਼ਾ, ਹਰਿ ਏਕਾ ਏਕ ਖੁਲ੍ਹਾਇੰਦਾ । ਭਗਤ ਸੁਹੇਲਾ ਗਰੀਬ ਨਿਵਾਜਾ, ਆਪ ਆਪਣਾ ਰੂਪ ਵਟਾਇੰਦਾ । ਬਸਤਰ ਸ਼ਸਤਰ ਚਿੱਟਾ ਤਾਜਾ, ਸੋਲਾਂ ਕਲੀਆਂ ਆਸਣ ਲਾਇੰਦਾ । ਆਪ ਆਪਣਾ ਸਾਜਣ ਸਾਜਾ, ਦਿਸ ਨਾ ਆਏ ਰਾਜਨ ਰਾਜਾ, ਭਗਤ ਜਨਾਂ ਹਰਿ ਰਚਿਆ ਕਾਜਾ, ਜੁਗ ਜੁਗ ਬਣਤ ਬਣਾਇੰਦਾ । ਅੱਠੇ ਪਹਿਰ

੮੬੮
੦੬

ਅੰਦਰ ਮੰਦਰ ਮਾਰੇ ਅਵਾਜਾ, ਦੋ ਜਹਾਨੀ ਰੱਖੇ ਲਾਜਾ, ਪੂਤ ਸਪੂਤਾ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਤਮ ਵੇਖ ਦਰ, ਹਰਿ ਦਰਸੀ ਦਰਸ ਦਿਖਾਇੰਦਾ । ਆਤਮ ਦਰਸਨ ਲੋਚਨ ਨੈਣ, ਰਸਨਾ ਕਹਿਣ ਨਾ ਜਾਈਆ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣ, ਸਾਕ ਸੱਜਣ ਸੈਣ ਬੰਧਪ ਕੋਈ ਨਾ ਪਾਈਆ । ਨੇੜ ਨਾ ਆਏ ਲਾੜੀ ਮੌਤ ਡੈਣ, ਰਾਏ ਧਰਮ ਮੁਖ ਛੁਪਾਈਆ । ਲੱਖ ਚੁਰਾਸੀ ਆਪ ਚੁਕਾਏ ਲਹਿਣ ਦੇਣ, ਆਰ ਪਾਰ ਕਿਨਾਰਾ ਇਕ ਵਖਾਈਆ । ਏਕਾ ਬਸਤਰ ਤਨ ਪਹਿਨਾਏ ਸ਼ਬਦ ਗਹਿਣ, ਉਤਰ ਕਦੇ ਨਾ ਜਾਈਆ । ਮਾਇਆ ਮਮਤਾ ਝੂਠਾ ਵਹਿਣ, ਜਗਤ ਜੰਜਾਲਾ ਮੋਹ ਕਟਾਈਆ । ਜਨ ਹਰਿ ਹਰਿਜਨ ਭਾਣਾ ਹਰਿ ਹਰਿ ਸਹਿਣ, ਨੇਤਰ ਨੈਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਏਕਾ ਮੀਤ ਮੁਰਾਰ, ਆਪ ਆਪਣੇ ਰੰਗ ਰੰਗਾਈਆ । ਰੰਗੇ ਰੰਗ ਕਾਇਆ ਚੋਲੀ, ਏਕਾ ਏਕ ਰਖਾਇੰਦਾ । ਅੱਖਰ ਵੱਖਰ ਸੁਣਾਏ ਸ਼ਬਦ ਬੋਲੀ, ਲਿਖਣ ਪੜ੍ਹਨ ਵਿਚ ਨਾ ਆਇੰਦਾ । ਨੌ ਦਵਾਰ ਹਰਿ ਸ੍ਰਿਸ਼ਟ ਸਬਾਈ ਤੋਲੀ, ਦਸਵਾਂ ਦਰ ਨਾ ਕੋਈ ਖੁਲ੍ਹਾਇੰਦਾ । ਸੁਰਤ ਸਵਾਣੀ ਹੋਈ ਗੋਲੀ, ਮਨ ਮਨੂਆ ਕਿਰਤ ਕਮਾਇੰਦਾ । ਮਤ ਬੁਧ ਰਹੀ ਡੋਲੀ, ਨੇਤਰ ਨੈਣ ਨੀਰ ਵਹਾਇੰਦਾ । ਗੁਰਮੁਖ ਵਿਰਲੇ ਚਰਨ ਪ੍ਰੀਤੀ ਘੋਲ ਘੋਲੀ, ਫੜ ਬਾਹੋਂ ਪਾਰ ਕਰਾਇੰਦਾ । ਦੂਈ ਦਵੈਤੀ ਪੜਦਾ ਖੋਲ੍ਹੀ, ਏਕਾ ਰੰਗ ਵਖਾਇੰਦਾ । ਉਲਟੀ ਕਰੇ ਨਾਭ ਕਵਲੀ, ਅੰਮ੍ਰਿਤ ਆਤਮ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜਨ ਹਰਿ ਸੁਹਾਏ ਇਕ ਦਰ, ਬੰਕ ਦਵਾਰੀ ਆਪ ਅਖਵਾਇੰਦਾ । ਸਦਾ ਸਹਾਈ ਹਰਿ ਸਮਰਥ, ਸਮਰਥ ਪੁਰਖ ਅਪਾਰਿਆ । ਹਰਿਜਨ ਰਾਖੇ ਦੇ ਕਰ ਹੱਥ, ਆਦਿ ਜੁਗਾਦੀ ਏਕੰਕਾਰਿਆ । ਨਾਮ ਚੜ੍ਹਾਏ ਸਾਚੇ ਰਥ, ਦੋ ਜਹਾਨੀ ਪਾਰ ਕਿਨਾਰਿਆ । ਸ਼ਬਦ ਜਣਾਏ ਅਕਥਨਾ ਅਕੱਥ, ਕਥ ਕਥਾ ਸੁਣਾ ਰਿਹਾ । ਚਰਨ ਪ੍ਰੀਤੀ ਬਖ਼ਸ਼ੇ ਸਾਚੀ ਵੱਥ, ਦੂਈ ਦਵੈਤੀ ਦੁਰਮਤ ਮੈਲ ਗਵਾ ਰਿਹਾ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਜਿਸ ਜਨ ਦਰਸ਼ਨ ਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਕਰ ਕਰ ਮੇਲੇ, ਜੁਗ ਜੁਗ ਕਰੇ ਮਾਤ ਵੱਖ, ਦਰ ਸਾਚੇ ਘਰ ਸਾਚੇ ਹਰਿ ਸਾਚੇ ਭਾਂਡੇ ਕਾਚੇ ਲੇਖੇ ਲਾ ਲਿਆ । ਹਰਿ ਸਮਰਥ ਸੱਜਣਾ, ਸਾਜਨ ਮੀਤ ਮੁਰਾਰ । ਚਰਨ ਧੂੜੀ ਬਖ਼ਸ਼ੇ ਮਜਨਾ, ਹਉਮੇ ਹੰਗਤਾ ਰੋਗ ਨਿਵਾਰ । ਜੋ ਘੜਿਆ ਸੋ ਭੱਜਣਾ, ਸ਼ਬਦ ਖੰਡਾ ਏਕਾ ਮਾਰ । ਤਾਲ ਨਗਾਰਾ ਏਕਾ ਵੱਜਣਾ, ਕਾਇਆ ਮੰਦਰ ਅੰਦਰ ਡੂੰਘੀ ਗਾਰ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਪੀ ਪੀ ਰੱਜਣਾ, ਆਪ ਸੁਹਾਇਆ ਸਾਚਾ ਤਾਲ । ਹਰਿ ਚਰਨ ਦਵਾਰੇ ਬਹਿ ਬਹਿ ਸਜਨਾ, ਵੇਖ ਨਾ ਸਕੇ ਜੀਵ ਗਵਾਰ । ਧੁਰਦਰਗਾਹੀ ਰੱਖੇ ਲਜਨਾ, ਲਜ ਪਤ ਹੱਥ ਰੱਖੇ ਕਰਤਾਰ । ਹਰਿ ਵਾਰੀ ਬਲਿਹਾਰੀ ਸਾਚੇ ਸੱਜਣਾ, ਮਿਲਿਆ ਪੁਰਖ ਭਤਾਰ । ਲੋਕਮਾਤੀ ਪੜਦਾ ਕੱਜਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੇਲੇ ਮੇਲ ਮੇਲਣਹਾਰ ।

ਸੋ ਪੁਰਖ ਨਿਰੰਜਣ ਆਪ, ਮੂਰਤ ਅਕਾਲਿਆ । ਸ੍ਰਿਸ਼ਟ ਸਬਾਈ ਮਾਈ ਬਾਪ, ਦੀਨਾ ਬੰਧਪ ਦੀਨ ਦਿਆਲਿਆ । ਆਪ ਜਪਾਏ ਆਪਣਾ ਜਾਪ, ਨਾਨਕ ਗੋਬਿੰਦ ਸੇਵਾ ਲਾ ਲਿਆ । ਜੁਗਾ ਜੁਗੰਤਰ ਵਡ ਪਰਤਾਪ, ਭੇਖਾਧਾਰੀ ਭੇਖ ਵਟਾ ਲਿਆ । ਆਪੇ ਜਾਣੇ ਆਪਣਾ ਆਪ, ਜੀਵ

੮੭੦ ੦੬

ਜੰਤ ਭੇਵ ਨਾ ਪਾ ਲਿਆ । ਨਾਮ ਚਲਾਏ ਸਾਚਾ ਰਾਥ, ਰਥ ਰਥਵਾਹੀ ਆਪ ਅਖਵਾ ਲਿਆ । ਜੁਗ ਜੁਗ ਮਹਿੰਮਾ ਅਕੱਥਨਾ ਅਕਾਥ, ਅਕੱਥ ਕਥਾ ਅਖਵਾ ਲਿਆ । ਹਰਿਜਨ ਰੱਖੇ ਦੇ ਕਰ ਹਾਥ, ਸੀਸ ਆਪਣਾ ਹੱਥ ਟਿਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਾਧਾਰੀ ਭੇਖ ਵਟਾ ਲਿਆ । ਭੇਖਾਧਾਰੀ ਭੇਖ ਵਟਾਏ, ਅਕਲ ਕਲਾ ਭਰਪੂਰਿਆ । ਨਿਰਗੁਣ ਸਰਗੁਣ ਖੇਲ ਖਿਲਾਏ, ਆਪੇ ਵਸੇ ਨੇੜੇ ਦੂਰਿਆ । ਕਲਜੁਗ ਅੰਤਮ ਵੇਖ ਵਖਾਏ, ਚਾਰੋਂ ਕੁੰਟ ਅੰਧੇਰਾ ਕੂੜਿਆ । ਧਰਤ ਮਾਤ ਰਹੀ ਕੁਰਲਾਏ, ਪ੍ਰਭ ਨੇਤਰ ਨੈਣ ਮੰਗੇ ਧੂੜਿਆ । ਲੱਖ ਚੁਰਾਸੀ ਰਹੀ ਬਿਲਲਾਏ, ਮਨਮਤ ਮੂਰਖ ਜੀਵ ਮੂੜ੍ਹਿਆ । ਗੁਰਮੁਖ ਸਾਚੇ ਰਹੇ ਧਿਆਏ, ਹਰਿ ਹਰ ਆਸਾ ਮਨਸਾ ਪੂਰਿਆ । ਏਕਾ ਏਕ ਹਰਿ ਸਰਨਾਏ, ਨਾਮ ਨਿਧਾਨਾ ਸਤਿ ਸਰੂਰਿਆ । ਫੜ ਫੜ ਬਾਹੋਂ ਪਾਰ ਕਰਾਏ, ਆਪ ਉਤਾਰੇ ਆਪਣੇ ਪੂਰਿਆ । ਦੋ ਜਹਾਨਾਂ ਵੇਖ ਵਖਾਏ, ਜ਼ਿਮੀ ਅਸਮਾਨਾਂ ਹਾਜ਼ਰ ਹਜ਼ੂਰਿਆ । ਧੁਰ ਫ਼ਰਮਾਨਾ ਇਕ ਜਣਾਏ, ਸੋਹੰ ਸ਼ਬਦ ਅਨਾਦੀ ਤੂਰਿਆ । ਨਾਨਕ ਰਸਨਾ ਜਿਹਵਾ ਗਾਏ, ਮੇਲ ਮਿਲਾਏ ਗੁਣ ਭਰਪੂਰਿਆ । ਏਕਾ ਦੂਜਾ ਭਉ ਚੁਕਾਏ, ਤੀਜਾ ਲੋਚਨ ਇਕ ਵਖਾਏ, ਚੌਥੇ ਪਦ ਰਿਹਾ ਸਮਾਏ, ਪੰਚਮ ਮੇਲਾ ਸਹਿਜ ਸੁਭਾਏ, ਇਕ ਵਜਾਏ ਅਨਹਦ ਸਾਚੀ ਤੂਰਿਆ । ਛੇਵੇਂ ਛੱਪਰ ਛੰਨ ਨਾ ਕੋਈ ਰਖਾਏ, ਸਤਿ ਪੁਰਖ ਨਿਰੰਜਣ ਆਪ ਹੋ ਜਾਏ, ਅੱਠਾਂ ਤਤਾਂ ਦਿਸ ਨਾ ਆਏ, ਨੌਂ ਦਰ ਖੋਲ੍ਹ ਸ੍ਰਿਸ਼ਟ ਉਪਾਏ, ਦਸਮ ਸਿੰਘਾਸਣ ਪੁਰਖ ਅਬਿਨਾਸ਼ੀ ਆਪਣਾ ਡੇਰਾ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖ ਵਟਾ ਲਿਆ । ਭੇਖਾਧਾਰੀ ਹਰਿ ਭਗਵੰਤਾ, ਆਪਣੇ ਰੰਗ ਸਮਾਇੰਦਾ । ਮੇਲ ਮਿਲਾਏ ਸਾਚੇ ਸੰਤਾ, ਸੇਵਕ ਸੇਵਾਦਾਰ ਅਖਵਾਇੰਦਾ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਹਰਿਜਨ ਵਡਿਆਈ ਜੀਵ ਜੰਤਾ, ਭਗਤ ਅਧਾਰੀ ਆਪ ਅਖਵਾਇੰਦਾ । ਹਰਿ ਜੁਗ ਜੁਗ ਬਣਾਏ ਸਾਚੀ ਬਣਤਾ, ਉਤਭੁਜ ਸੇਤਜ ਜੇਰਜ ਅੰਡਜ ਵਿਚ ਸਮਾਇੰਦਾ । ਵੇਖ ਵਿਖਾਏ ਕਾਸ਼ੀ ਪੰਡਤਾ, ਗਿਆਨੀ ਧਿਆਨੀ ਪੰਡਤ ਪਾਂਧੇ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਦੇਵੇ ਵਰ, ਗੁਰਮੁਖਾਂ ਦਇਆ ਕਮਾਇੰਦਾ । ਗੁਰਮੁਖ ਮੇਲਾ ਵਿਚ ਸੰਸਾਰ, ਗੁਰ ਗੋਬਿੰਦ ਮੇਲ ਮਿਲਾਈਆ । ਗੋਬਿੰਦ ਮੇਲਾ ਇਕ ਦਵਾਰ, ਦੋਏ ਜੋੜ ਸੀਸ ਝੁਕਾਈਆ । ਸੱਜਣ ਸੁਹੇਲਾ ਮੀਤ ਮੁਰਾਰ, ਏਕੰਕਾਰ ਆਪ ਅਖਵਾਈਆ । ਗੁਰ ਚੇਲਾ ਸੋਹੇ ਇਕ ਦਵਾਰ, ਪਾਰਬ੍ਰਹਮ ਸੱਚੀ ਸਰਨਾਈਆ । ਮੰਗੇ ਮੰਗ ਦਰ ਭਿਖਾਰ, ਆਤਮ ਝੋਲੀ ਅੱਗੇ ਡਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਏਕਾ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਦਿਤਾ ਵਰ, ਸਤਿਜੁਗ ਮਿਲੇ ਮਾਤ ਵਡਿਆਈਆ । ਗੁਰ ਗੋਬਿੰਦੇ ਵਰ ਘਰ ਪਾਇਆ, ਆਤਮ ਵੱਜੀ ਵਧਾਈਆ । ਅੰਗੀਕਾਰ ਇਕ ਅਖਵਾਇਆ, ਸਾਚਾ ਸੰਗੀ ਸੰਗ ਨਿਭਾਈਆ । ਨੌ ਖੰਡ ਪ੍ਰਿਥਮੀ ਡੇਰਾ ਲਾਇਆ, ਬ੍ਰਹਿਮੰਡੀ ਖੋਜ ਖੁਜਾਈਆ । ਜੇਰਜ ਅੰਡੀ ਦਿਸ ਨਾ ਆਇਆ, ਬੈਠਾ ਮੁਖ ਛੁਪਾਈਆ । ਦੋ ਜਹਾਨਾਂ ਵੰਡ ਵੰਡਾਇਆ, ਵੰਡਣਹਾਰ ਸ੍ਰਿਸ਼ਟ ਸਬਾਈਆ । ਪੁਰੀਆਂ ਲੋਆਂ ਰਿਹਾ ਹਿਲਾਇਆ, ਬ੍ਰਹਮਾ ਸ਼ਿਵ ਸੁਰਪਤ ਰਾਜਾ ਇੰਦ ਦਏ ਦੁਹਾਈਆ । ਵਿਸ਼ਨੂੰ ਬੰਸੀ ਸੀਸ ਝੁਕਾਇਆ, ਦੋਏ ਜੋੜ ਖੜ੍ਹਾ ਸਰਨਾਈਆ । ਪੁਰਖ ਅਬਿਨਾਸ਼ੀ ਸ਼ਬਦ ਜਣਾਇਆ, ਬੋਧ ਅਗਾਧੀ ਇਕ ਜਣਾਈਆ । ਤ੍ਰੈਗੁਣ ਮਾਇਆ ਮੇਟ ਮਿਟਾਇਆ, ਪੰਜ ਤਤ ਰਹਿਣ ਨਾ ਪਾਈਆ । ਪੰਚਮ

ਮੀਤਾ ਇਕ ਅਖਵਾਇਆ, ਅਨਾਦ ਅਨਾਦੀ ਆਪ ਅਖਵਾਈਆ । ਰਾਗ ਰਾਗਨੀ ਭੇਵ ਨਾ ਪਾਇਆ, ਰਾਗ ਛਤੀਸਾ ਰਿਹਾ ਗਾਈਆ । ਵੇਦ ਪੁਰਾਨਾਂ ਹੱਥ ਨਾ ਆਇਆ, ਵੇਦ ਵਿਆਸਾ ਲੇਖ ਲਿਖਾਈਆ । ਅੰਜੀਲ ਕੁਰਾਨ ਦਏ ਦੁਹਾਇਆ, ਸਭ ਦਾ ਲਹਿਣਾ ਰਿਹਾ ਚੁਕਾਈਆ । ਸਾਧ ਸੰਤ ਜੀਵ ਜੰਤ ਹੋਏ ਹਲਕਾਇਆ, ਆਤਮ ਘਰ ਨਾ ਕੋਈ ਸੁਹਾਈਆ । ਗੁਰਮੁਖ ਵਿਰਲੇ ਆਤਮ ਦਰਸੀ ਪੁਰਖ ਅਬਿਨਾਸ਼ੀ ਏਕਾ ਪਾਇਆ, ਏਕਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੋਬਿੰਦ ਮੇਲਾ ਇਕ ਮਿਲਾਈਆ । ਗੋਬਿੰਦ ਮੇਲਾ ਹਰਿ ਗੋਪਾਲ, ਘਰ ਸਾਚੇ ਵੱਜੇ ਵਧਾਈਆ । ਦੀਨਾਂ ਬੰਧਪ ਦੀਨ ਦਿਆਲ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਨਾਲ ਰਖਾਏ ਕਾਲ ਮਹਾਂਕਾਲ, ਰਾਏ ਧਰਮ ਰਿਹਾ ਉਠਾਈਆ । ਲੱਖ ਚੁਰਾਸੀ ਫਲ ਵੇਖੇ ਡਾਲ੍ਹ, ਚਾਰੋਂ ਕੁੰਟ ਦਹਿ ਦਿਸ਼ਾ ਨੱਠ ਨੱਠ ਧਾਹੀਆ । ਨੌ ਖੰਡ ਪ੍ਰਿਥਮੀ ਗਗਨ ਪਤਾਲ, ਆਕਾਸ਼ ਆਕਾਸ਼ਾਂ ਪਾਰ ਕਰਾਈਆ । ਤ੍ਰੈਗੁਣ ਮਾਇਆ ਤੇਰਾ ਜਾਲ, ਪ੍ਰਭ ਸਾਚਾ ਤੋੜ ਵਖਾਈਆ । ਬ੍ਰਹਮਾ ਵੇਤਾ ਹੋਏ ਕੰਗਾਲ, ਸਚ ਵਸਤ ਹੱਥ ਨਾ ਆਈਆ । ਕਲਜੁਗ ਅੰਤਮ ਅੰਤ ਲੁੱਟਿਆ ਜਾਏ ਧਨੀ ਧਨ ਮਾਲ, ਧਨ ਧਨਾਢ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਰਿਹਾ ਚੁਕਾਈਆ । ਕਲਜੁਗ ਤੇਰੀ ਅੰਤਮ ਧਾਰ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਮਨਮੁਖ ਭੁੱਲੇ ਜੀਵ ਗਵਾਰ, ਭੇਵ ਨਾ ਪਾਇਣ ਹਰਿ ਭਗਵਾਨ, ਰਸਨ ਵਿਕਾਰਾ ਇਕ ਰਖਾਈਆ । ਪੰਚਮ ਕਰਨ ਹਾਹਾਕਾਰ, ਕੋਇ ਨਾ ਸੁਣੇ ਕਿਸੇ ਪੁਕਾਰ, ਰਾਜ ਰਾਜਾਨ ਸ਼ਾਹ ਸੁਲਤਾਨ ਬੈਠੇ ਮੁਖ ਛੁਪਾਈਆ । ਇਕ ਇਕੱਲਾ ਓਅੰਕਾਰ, ਏਕੰਕਾਰਾ ਪਸਰ ਪਸਾਰ, ਨੌ ਖੰਡ ਪ੍ਰਿਥਮੀ ਇਕ ਦਵਾਰ, ਵੇਖ ਵਖਾਏ ਥਾਉਂ ਥਾਈਂਆ । ਨਿਹਕਲੰਕ ਲਏ ਅਵਤਾਰ, ਨੌ ਖੰਡ ਪ੍ਰਿਥਮੀ ਪਾਵੇ ਸਾਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਜਗਾਈਆ । ਜਨ ਭਗਤਾਂ ਦੇਵੇ ਧੁਰ ਫ਼ਰਮਾਣ, ਆਤਮ ਅੰਤਮ ਬੰਨ੍ਹੇ ਗਾਨਾ । ਜੋਤ ਨਿਰੰਜਣ ਨੇਤਰ ਪਾਏ ਅੰਜਨ, ਚਰਨ ਧੂੜ ਬਖ਼ਸ਼ੇ ਸਾਚਾ ਮਜਨ, ਸਾਚਾ ਇਕ ਇਸ਼ਨਾਨ ਕਰਾਨਾ । ਕਾਲ ਨਗਾਰੇ ਲੱਖ ਚੁਰਾਸੀ ਸਿਰ ਤੇ ਵੱਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਨਾ । ਕਲਜੁਗ ਤੇਰਾ ਅੰਤਮ ਰੰਗ, ਏਕਾ ਏਕ ਚੜ੍ਹਾਇਆ । ਸ੍ਰਿਸ਼ਟ ਸਬਾਈ ਹੋਈ ਨੰਗ, ਨਾਮ ਵਸਤ ਨਾ ਕੋਈ ਰਖਾਇਆ । ਮਾਨਸ ਦੇਹੀ ਹੋਈ ਭੰਗ, ਆਵਣ ਜਾਵਣ ਨਾ ਕੋਈ ਕਟਾਇਆ । ਸੱਜਣ ਮੀਤ ਮੁਰਾਰ ਮਾਤ ਪਿਤ ਭਾਈ ਭੈਣ ਸਾਕ ਸੈਣ ਅੰਗ ਸੰਗ, ਵੇਲੇ ਅੰਤ ਨਾ ਕੋਇ ਛੁਡਾਇਆ । ਲਾੜੀ ਮੌਤ ਦਰ ਦਵਾਰੇ ਮੰਗੇ ਮੰਗ, ਰਾਏ ਧਰਮ ਦੀ ਸਚ ਸਪੁਤਰੀ ਕਵਾਰ ਕੰਨਿਆ ਏਕਾ ਵਰ ਲੋੜੇ, ਪ੍ਰਭ ਅਬਿਨਾਸ਼ੀ ਅੱਗੇ ਦੋਏ ਹੱਥ ਜੋੜੇ, ਪੁਰਖ ਅਬਿਨਾਸ਼ੀ ਕਿਰਪਾ ਕਰ ਅੰਤਮ ਚੜ੍ਹੇ ਸ਼ਬਦ ਘੋੜੇ, ਚਿੱਟੇ ਅਸਵ ਸੋਲਾਂ ਕਲੀਆਂ ਆਸਣ ਲਾਇਆ । ਗੁਰਮੁਖਾਂ ਦਰ ਵੇਖੇ ਦੌੜੇ, ਅਗੰਮ ਅਗੰਮਾ ਅਗੰਮੜੇ ਧਾਮ ਆਪੇ ਬਹੁੜੇ, ਵੇਸ ਵਟਾਏ ਬ੍ਰਹਿਮਣ ਗੌੜੇ, ਪੂਤ ਸਪੂਤਾ ਆਪ ਉਪਾਇਆ । ਲੱਖ ਚੁਰਾਸੀ ਵੇਖੇ ਪਰਖੇ ਮਿੱਠੇ ਕੌੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਿਖਿਆ ਲੇਖ ਚੁਕਾਇਆ । ਲਿਖਿਆ ਲੇਖ ਹੱਥ ਕਰਤਾਰ, ਆਪਣੇ ਹੱਥ ਰੱਖੀ ਵਡਿਆਈਆ । ਕਲਜੁਗ ਤੇਰੀ ਅੰਤਮ ਵਾਰ, ਲੋਕਮਾਤ ਫੇਰੀ ਪਾਈਆ । ਨਿਹਕਲੰਕ ਲਏ ਅਵਤਾਰ, ਗੁਰ ਗੋਬਿੰਦੇ ਰਿਹਾ ਜਗਾਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਆਪੇ ਹੋਇਆ

੮੭੧
੦੬

ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਜਨ ਭਗਤਾਂ ਕਰੇ ਖ਼ਬਰਦਾਰ, ਚਾਰੋਂ ਕੁੰਟ ਫੇਰਾ ਪਾਈਆ । ਮਨਮੁਖ ਸੰਘਾਰੇ ਜੀਵ ਗਵਾਰ, ਥਿਰ ਘਰ ਕੋਈ ਰਹਿਣ ਨਾ ਪਾਈਆ । ਵੇਖ ਵਖਾਏ ਮਹੱਲ ਅਟੱਲ ਉਚ ਮੁਨਾਰ, ਗੁਰ ਦਰ ਮੰਦਰ ਮਸਜਿਦ ਅੰਦਰ ਫੇਰਾ ਪਾਈਆ । ਸਾਧ ਸੰਤ ਜੀਵ ਜੰਤ ਨਾ ਕੋਈ ਦਿਸੇ ਵਿਭਚਾਰ, ਨਾਰ ਦੁਹਾਗਣ ਰਹਿਣ ਨਾ ਪਾਈਆ । ਗੁਰਮੁਖਾਂ ਵਰੇ ਮੇਲਾ ਕੰਤ ਭਤਾਰ, ਦਰ ਦਵਾਰਾ ਇਕ ਸੁਹਾਈਆ । ਆਪੇ ਗੁਰ ਆਪੇ ਚੇਲਾ, ਆਪੇ ਮੇਲ ਮਿਲਾਵਣਹਾਰ, ਜੁਗ ਜੁਗ ਵਿਛੜੇ ਰਿਹਾ ਮਿਲਾਈਆ । ਖੇਲੇ ਖੇਲ ਖੇਲਣਹਾਰ ਵਿਚ ਸੰਸਾਰ, ਕਲਜੁਗ ਤੇਰੀ ਅੰਤਮ ਵਾਰ, ਜੋਤੀ ਜਾਮਾ ਭੇਖ ਵਟਾਈਆ । ਸ਼ਬਦ ਸ਼ਬਦੀ ਪਾਵੇ ਸਾਰ, ਦੋ ਜਹਾਨਾਂ ਏਕੰਕਾਰ, ਇਕ ਇਕੱਲਾ ਹਰਿ ਰਘੁਰਾਈਆ । ਉਚੇ ਟਿੱਲੇ ਪਰਬਤ ਹਿੱਲੇ ਜੂਹ ਉਜਾੜ ਪਹਾੜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਕਰਾਈਆ । ਵੇਸ ਅਨੇਕਾਂ ਹਰਿ ਨਿਰੰਕਾਰਾ, ਅਕਲ ਕਲਾ ਭਰਪੂਰਿਆ । ਆਵੇ ਜਾਵੇ ਵਾਰੋ ਵਾਰਾ, ਖੇਲੇ ਖੇਲ ਹਾਜ਼ਰ ਹਜ਼ੂਰਿਆ । ਗੋਬਿੰਦ ਮੇਲਾ ਇਕ ਦਵਾਰਾ, ਨਾਦ ਅਨਾਦੀ ਧੁਨ ਉਪਜਾਏ ਆਤਮ ਸਾਚੀ ਤੂਰਿਆ । ਪੰਚਮ ਸੇਵਕ ਸੇਵਾਦਾਰ, ਅੰਦਰ ਮੰਦਰ ਆਸਾ ਮਨਸਾ ਪੂਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮੇਟ ਮਿਟਾਏ ਜੂਠ ਝੂਠ ਪਸਾਰਾ ਕੂੜਿਆ । ਕਲਜੁਗ ਅੰਤਮ ਰਿਹਾ ਕੁਰਲਾ, ਹਰਿ ਸਾਚੇ ਜੋਤ ਜਗਾਈਆ । ਦਿਵਸ ਰੈਣ ਉਠ ਉਠ ਮਾਰੇ ਧਾਹ, ਨਾ ਦਿਸੇ ਕੋਈ ਸਹਾਈਆ ।

੮੭੨ ਚਾਰ ਯਾਰਾਂ ਸੰਗ ਮੁਹੰਮਦ ਨਾ ਕੋਈ ਫੜੇ ਬਾਂਹ, ਅੱਲਾ ਰਾਣੀ ਬੈਠੀ ਮੁਖ ਛੁਪਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਨਾ ਕੋਈ ਕਟੇ ਫਾਹ, ਨਾ ੮੭੨

੦੬ ਕੋਈ ਸੰਗ ਰਖਾਈਆ । ਖਾਣੀ ਬਾਣੀ ਬੈਠੀ ਮੁਖ ਛੁਪਾ, ਮਨਮੁਖ ਜੀਵਾਂ ਰਸਨਾ ਹੋਈ ਹਲਕਾਈਆ । ਨਾਨਕ ਗੋਬਿੰਦ ਨਾ ਕੋਇ ਸਹਾ, ਲੇਖਾ ਆਪਣਾ ਗਏ ਲਿਖਾਈਆ । ਚਾਰੋਂ ਕੁੰਟ ਦਹਿ ਦਿਸ਼ਾ ਨਾ ਕੋਈ ਸਹਾ, ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦਏ ਜਗਾਈਆ । ਕਲਜੁਗ ਉਠ ਜਾਗ ਸੁਲਤਾਨ, ਹਰਿ ਸਾਚਾ ਆਪ ਜਗਾਇੰਦਾ । ਧਰਮ ਰਾਏ ਇਕ ਨਿਸ਼ਾਨ, ਅੱਖਰ ਵੱਖਰ ਰੂਪ ਸਮਾਇੰਦਾ । ਨੌ ਖੰਡ ਪ੍ਰਿਥਮੀ ਇਕ ਗਿਆਨ, ਦੂਸਰ ਨਾ ਕੋਈ ਹੋਰ ਜ਼ਬਾਨ, ਏਕਾ ਦੂਜਾ ਭਉ ਚੁਕਾਇੰਦਾ । ਮੇਟ ਮਿਟਾਏ ਪੰਜ ਸ਼ੈਤਾਨ, ਨਾ ਕੋਈ ਦਿਸੇ ਬੇਈਮਾਨ, ਅੱਲਾ ਹੂ ਨਾਅਰਾ ਨਾ ਕੋਈ ਲਾਇੰਦਾ । ਜਨ ਭਗਤਾਂ ਦੇਵੇ ਦਾਨੀ ਦਾਨ, ਆਤਮ ਜੋਤੀ ਬ੍ਰਹਮ ਗਿਆਨ, ਏਕਾ ਸ਼ਬਦ ਸਚ ਸੁਣਾਇੰਦਾ । ਦਿਵਸ ਰੈਣ ਰਹੀ ਪਰਭਾਤ, ਰੈਣ ਅੰਧੇਰੀ ਮੇਟ ਮਿਟਾਇੰਦਾ । ਆਪੇ ਪਿਤਾ ਆਪੇ ਮਾਤ, ਚਰਨ ਪ੍ਰੀਤ ਬੰਧਾਏ ਸਾਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਇਕ ਇਕਾਂਤ ਦੇਵੇ ਬੂੰਦ ਸਵਾਂਤ, ਜਨ ਭਗਤਾਂ ਮੁਖ ਚੁਆਇੰਦਾ । ਮਨਮੁਖ ਜੀਵਾਂ ਕੋਇ ਨਾ ਪੁਛੇ ਵਾਤ, ਚਾਰੋਂ ਕੁੰਟ ਉਠ ਉਠ ਰਹੇ ਝਾਕ, ਕਲਜੁਗ ਕੂੜ ਕੁੜਿਆਰਾ ਨਜ਼ਰ ਨਾ ਆਇੰਦਾ । ਮਾਇਆ ਮਮਤਾ ਹਉਮੇ ਹੰਗਤਾ ਡਸਨੀ ਨਾਲ ਬਰਾਤ, ਕਾਇਆ ਨਾਰੀ ਨਾਲ ਪਰਨਾਇੰਦਾ । ਰਾਗ ਨਾਦ ਨਾ ਕੋਈ ਸੁਣੇ ਸੁਣਾਏ ਪੂਜਾ ਪਾਠ, ਮੰਗਲਾਚਾਰ ਨਾ ਕੋਈ ਕਰਾਇੰਦਾ । ਨਾ ਦਿਸੇ ਤੀਰਥ ਅੱਠ ਸਾਠ, ਗੰਗਾ ਗੋਦਾਵਰੀ ਨੀਰ ਨਾ ਕੋਈ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਆਪ ਮੁਕਾਇੰਦਾ । ਕਲਜੁਗ ਲੇਖ ਆਪ ਮੁਕਾਉਣਾ, ਪ੍ਰਭ ਹੱਥ ਰੱਖੀ ਵਡਿਆਈਆ । ਜੂਠ ਝੂਠ ਝੋਲੀ ਪਾਉਣਾ, ਲੋਕਮਾਤ

ਕਰੇ ਕੁੜਮਾਈਆ । ਪੰਚ ਵਿਕਾਰਾ ਸੰਗ ਰਲਾਉਣਾ, ਚੌਥਾ ਜੁਗ ਰਿਹਾ ਸ਼ਰਮਾਈਆ । ਨਾਦ ਅਨਾਦੀ ਸ਼ਬਦ ਨਾ ਕਿਸੇ ਗਾਉਣਾ, ਤੂਰਤ ਤੂਰ ਨਾ ਕੋਈ ਵਜਾਈਆ । ਦਰ ਦਵਾਰਿਉਂ ਬਾਹਰ ਕਰਾਉਣਾ, ਬੀਸ ਬੀਸਾ ਦਏ ਦੁਹਾਈਆ । ਇਕ ਇਕੀਸਾ ਖੇਲ ਖਿਲਾਉਣਾ, ਖੇਲਣਹਾਰ ਆਪ ਅਖਵਾਈਆ । ਜਗਤ ਜਗਦੀਸਾ ਜੋਤ ਜਗਾਉਣਾ, ਕਲਜੁਗ ਅੰਤਮ ਫੇਰੀ ਪਾਈਆ । ਬ੍ਰਹਮਾ ਸ਼ਿਵ ਆਪ ਹਟਾਉਣਾ, ਸੁਰਪਤ ਰਾਜਾ ਇੰਦ ਰਹਿਣ ਨਾ ਪਾਈਆ । ਧਰੂ ਦਵਾਰਾ ਵਕਤ ਚੁਕਾਉਣਾ, ਹਰਿਜਨ ਸਾਚੇ ਮਾਣ ਦਵਾਈਆ । ਐੜਾ ਅਥਰਬਣ ਅੰਤ ਕਰਾਉਣਾ, ਅੱਲਾ ਅਲਾਹੀ ਨੂਰ ਛੁਪਾਈਆ । ਇਕ ਇਕੱਲਾ ਹਰਿ ਅਖਵਾਉਣਾ, ਅਠਾਰਾਂ ਵਰਨ ਮੇਟ ਮਿਟਾਈਆ । ਗੋਬਿੰਦ ਡੱਲਾ ਸੰਗ ਮਿਲਾਉਣਾ, ਵਲ ਛਲਾ ਜਗਤ ਭੁਲਾਈਆ । ਦੂਈ ਦਵੈਤੀ ਮੇਟ ਮਿਟਾਉਣਾ, ਨਾਮ ਹੁਲਾਰ ਇਕ ਕਰਾਈਆ । ਸੋਹੰ ਭੱਲਾ ਇਕ ਫੜਾਉਣਾ, ਚਾਰ ਵਰਨ ਸੱਚੀ ਸਰਨਾਈਆ । ਏਕਾ ਮਾਰਗ ਧਰਤ ਮਾਤ ਲਗਾਉਣਾ, ਧਰਨੀ ਧਰਤ ਆਪ ਸੁਹਾਈਆ । ਗੁਰਮੁਖ ਸਾਚੇ ਵਿਚ ਸਮਾਉਣਾ, ਆਤਮ ਸੇਜਾ ਇਕ ਵਿਛਾਈਆ । ਪੁਰਖ ਅਬਿਨਾਸ਼ੀ ਡੇਰਾ ਲਾਉਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਪੰਚਮ ਨਾਦ ਰਾਗ ਇਕ ਸੁਣਾਉਣਾ, ਅਨਹਦ ਸਾਚੀ ਸੇਵਾ ਲਾਈਆ । ਅੰਮ੍ਰਿਤ ਆਤਮ ਮੇਲ ਮਿਲਾਉਣਾ, ਸਰ ਸਰੋਵਰ ਇਕ ਵਿਖਾਈਆ । ਕਾਗ ਹੰਸ ਆਪ ਬਣਾਉਣਾ, ਗੁਰਮੁਖ ਤੇਰੀ ਵਡ ਵਡਿਆਈਆ । ਲੱਖ ਚੁਰਾਸੀ ਫੰਦ ਕਟਾਉਣਾ, ਆਪ ਆਪਣੀ ਗੋਦ ਉਠਾਈਆ । ਮਾਤ ਗਰਭ ਨਾ ਫੇਰ ਆਉਣਾ, ਦਸ ਦਸ ਮਾਸ ਨਾ ਵੇਖ ਵਖਾਈਆ । ਪ੍ਰਿਥਮੀ ਆਕਾਸੀ ਬਾਹਰ ਕਰਾਉਣਾ, ਸਾਚੇ ਧਾਮ ਦਏ ਬਹਾਈਆ । ਰਮਈਆ ਰਾਮ ਆਪ ਅਖਵਾਉਣਾ, ਕਾਹਨਾ ਕ੍ਰਿਸ਼ਨਾ ਸੰਗ ਰਖਾਈਆ । ਗੋਬਿੰਦ ਨਾਨਕ ਇਕ ਕਰਾਉਣਾ, ਏਕਾ ਧਾਰ ਵਹਾਈਆ । ਪੂਤ ਸਪੂਤ ਆਪ ਜਗਾਉਣਾ, ਹਰਿਜਨ ਸਾਚੇ ਲਏ ਉਠਾਈਆ । ਏਕਾ ਦੂਜਾ ਭਉ ਚੁਕਾਉਣਾ, ਨੇਤਰ ਤੀਜਾ ਖੋਲ੍ਹ ਵਖਾਈਆ । ਚੌਥਾ ਧਾਮ ਇਕ ਸੁਹਾਉਣਾ, ਜਨ ਸੰਤਾਂ ਦਏ ਵਡਿਆਈਆ । ਸੱਸਾ ਕਿਲ੍ਹੇ ਅੰਦਰ ਬਹਾਉਣਾ, ਉਪਰ ਹੋੜਾ ਲਗਾਈਆ । ਸੋ ਪੁਰਖ ਨਿਰੰਜਣ ਆਪ ਅਖਵਾਉਣਾ, ਨਿਰਗੁਣ ਸਰਗੁਣ ਮੇਲ ਮਿਲਾਈਆ । ਸਸਾ ਸੰਗਤਾਂ ਮੇਲ ਕਰਾਉਣਾ, ਹਉਮੇ ਰੋਗ ਗਵਾਈਆ । ਸਾਚੀ ਸੰਗਤਾ ਇਕ ਬਣਾਉਣਾ, ਚਾਰ ਵਰਨ ਸ਼ਬਦ ਇਕ ਕੁੜਮਾਈਆ । ਏਕਾ ਸ਼ਬਦ ਗੁਰ ਮੰਤਰ ਜਪਾਉਣਾ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਸ਼ਸਤਰ ਬਸਤਰ ਤਨ ਪਹਿਨਾਉਣਾ, ਨਾਮ ਗਾਤਰਾ ਤਨ ਰਖਾਈਆ । ਸਾਚੇ ਅਸਵ ਆਪ ਚੜ੍ਹਾਉਣਾ, ਆਪਣੀ ਹੱਥੀਂ ਤੰਗ ਕਸਾਈਆ । ਗੋਬਿੰਦ ਲਾੜਾ ਇਕ ਸਜਾਉਣਾ, ਲੋਕਮਾਤ ਦਏ ਵਡਿਆਈਆ । ਨਾਰੀ ਕੰਤ ਆਪ ਪਰਨਾਉਣਾ, ਏਕਾ ਰੂਪ ਸਮਾਈਆ । ਧਰਤ ਮਾਤ ਦੀ ਗੋਦ ਸਵਾਉਣਾ, ਸਾਚਾ ਚੰਦ ਚੜ੍ਹਾਈਆ । ਬ੍ਰਹਮਾ ਸ਼ਿਵ ਸੇਵਕ ਸੇਵਾਦਾਰ ਸੇਵਾ ਲਾਉਣਾ, ਵਿਸ਼ਨੂੰ ਵੇਸ ਵਟਾਈਆ । ਕਰੋੜ ਤੇਤੀਸਾ ਸੀਸ ਝੁਕਾਉਣਾ, ਸੁਰਪਤ ਇੰਦ ਰਹੇ ਸਰਨਾਈਆ । ਦਰਗਾਹ ਸਾਚੀ ਸਾਚਾ ਧਾਮ ਸੁਹਾਉਣਾ, ਅਟੱਲ ਮਹੱਲ ਅਚੱਲ ਹਰਿ ਰਘੁਰਾਈਆ । ਚਾਰ ਦਿਵਾਰ ਨਾ ਕੋਈ ਵਖਾਉਣਾ, ਛੱਪਰ ਛੰਨ ਨਾ ਕੋਈ ਰਖਾਈਆ । ਦੀਪਕ ਜੋਤੀ ਇਕ ਜਗਾਉਣਾ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਪਾਰਬ੍ਰਹਮ ਹਰਿ ਆਪ ਅਖਵਾਉਣਾ, ਪੁਰਖ ਅਬਿਨਾਸ਼ ਆਪ ਹੋ ਜਾਈਆ । ਹਰਿਜਨ ਸਾਚੇ ਵਿਚ ਸਮਾਉਣਾ, ਮੇਲਾ ਸਹਿਜ ਸੁਭਾਈਆ । ਸ਼ਬਦ ਵਿਚੋਲਾ ਇਕ ਰਖਾਉਣਾ, ਦੋ ਜਹਾਨਾਂ ਆਵੇ ਜਾਵੇ ਫੇਰਾ ਪਾਈਆ । ਓਅੰਕਾਰਾ ਦੇਸ ਸੁਹਾਉਣਾ, ਨਿਰੰਕਾਰਾ ਰੂਪ ਵਟਾਈਆ । ਸੁੰਨ ਅਗੰਮੋ ਪਾਰ ਲੰਘਾਉਣਾ, ਸਿਰ ਆਪਣਾ ਹੱਥ ਟਿਕਾਈਆ । ਆਤਮ ਦਰਸੀ ਮੇਲ

੮੭੩
੦੬

ਮਿਲਾਉਣਾ, ਵਿਛੜ ਕਦੇ ਨਾ ਜਾਈਆ । ਗੁਰਮੁਖ ਗੁਰਸਿਖ ਹਰਿਜਨ ਏਕਾ ਧਾਮ ਬਹਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੇ ਹੱਥ ਰੱਖੇ ਵਡਿਆਈਆ । ਪੰਜ ਤਤ ਪਿਆਰ, ਜਗਤ ਬੰਧਾਇਆ । ਕਾਮ ਕਰੋਧ ਲੋਭ ਮੋਹ ਹੰਕਾਰ, ਆਪ ਉਪਾਇਆ । ਮਨ ਮਤ ਬੁਧ ਕਰ ਸ਼ਿੰਗਾਰ, ਤਨ ਵਸਾਇਆ । ਕਾਇਆ ਮਾਟੀ ਅਪਰ ਅਪਾਰ, ਮੰਦਰ ਇਕ ਸੁਹਾਇਆ । ਨਾੜ ਬਹੱਤਰ ਕਰ ਉਜਿਆਰ, ਬੰਧਨ ਪਾਇਆ । ਤਿੰਨ ਸੌ ਸੱਠ ਹਾਡੀ ਕਰ ਸ਼ਿੰਗਾਰ, ਤਨ ਸਜਾਇਆ । ਰਕਤ ਬੂੰਦ ਅਪਰ ਅਪਾਰ, ਗਰਭਵਾਸ ਡੇਰਾ ਲਾਇਆ । ਰੈਣ ਅੰਧੇਰੀ ਵੇਖ ਪਰਭਾਸ, ਬਿਨ ਰਸਨਾ ਜਿਹਵਾ ਗਾਇਆ । ਪਵਣ ਪਵਣੀ ਨਾ ਕੋਈ ਸਵਾਸ, ਮਾਸ ਗਰਾਸ ਨਾ ਮੁਖ ਰਖਾਇਆ । ਪ੍ਰਭ ਮਿਲਣ ਦੀ ਏਕਾ ਆਸ, ਆਲਸ ਤ੍ਰਿਸ਼ਨਾ ਵਿਚ ਨਾ ਆਇਆ । ਛੱਪਰ ਛੰਨ ਨਾ ਕੋਈ ਨਿਵਾਸ, ਮੰਦਰ ਅੰਦਰ ਨਾ ਵੇਖ ਵਖਾਇਆ । ਸੂਰਜ ਚੰਨ ਨਾ ਕੋਇ ਪਰਕਾਸ਼, ਤਾਰਾ ਮੰਡਲ ਨਾ ਕੋਈ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਰਚਨਾ ਤੇਰੀ ਬਣਤ ਬਣਾਇਆ । ਰਕਤ ਬੂੰਦ ਅਪਰ ਅਪਾਰ, ਕਾਇਆ ਜੜਤ ਜੜਾਈਆ । ਪੰਚਮ ਪੰਚਮ ਕਰ ਪਿਆਰ, ਪੰਚਮ ਵੇਖ ਵਖਾਈਆ । ਪੰਚਮ ਪੰਚਮ ਕਰ ਉਜਿਆਰ, ਪੰਚਮ ਮੁਖ ਛੁਪਾਈਆ । ਪੰਚਮ ਗਲ ਪਾਵੇ ਹਾਰ, ਪੰਚਮ ਦਏ ਦੁਹਾਈਆ । ਪੰਚਮ ਖੇਲੇ ਖੇਲ ਅਪਾਰ, ਪੰਚਮ ਰਾਹ ਤਕਾਈਆ । ਪੰਚਮ ਗਾਏ ਵਾਰੋ ਵਾਰ, ਪੰਚਮ ਰਿਹਾ ਸੁਣਾਈਆ । ਪੰਚਮ ਵੇਖੇ ਇਕ ਪਿਆਰ, ਪੰਚਮ ਰਹੇ ਜੁਦਾਈਆ । ਪੰਚਮ ਮੇਲਾ ਇਕ ਭਤਾਰ, ਪੰਚਮ ਰੰਡ ਵਖਾਈਆ । ਪੰਚਮ ਪੰਚਮ ਕਰ ਵਪਾਰ, ਪੰਚਮ ਝੋਲੀ ਪਾਈਆ । ਪੰਚਮ ਵਸਿਆ ਆਪੇ ਬਾਹਰ, ਪੰਚਮ ਵਿਚ ਸਮਾਈਆ । ਪੰਚਮ ਵੇਖੇ ਪਾਰ ਕਿਨਾਰ, ਪੰਚਮ ਧਾਰ ਰੁੜ੍ਹਾਈਆ । ਪੰਚਮ ਮੇਲਾ ਇਕ ਦਵਾਰ, ਪੰਚਮ ਮੁਖ ਭਵਾਈਆ । ਪੰਚਮ ਮਿਲਿਆ ਸਾਂਝਾ ਯਾਰ, ਪੰਚਮ ਦਿਸ ਨਾ ਆਈਆ । ਹਰਿਜਨ ਤੇਰਾ ਇਕ ਪਿਆਰ, ਪੰਚਮ ਬੰਧ ਬੰਧਾਈਆ । ਜੋਤ ਸਰੂਪੀ ਕਰ ਆਕਾਰ, ਸ਼ਬਦ ਕਟਾਰ ਚਲਾਈਆ । ਸ਼ਬਦ ਖੰਡਾ ਅਪਰ ਅਪਾਰ, ਦਿਸ ਕਿਸੇ ਨਾ ਆਈਆ । ਬ੍ਰਹਿਮੰਡਾਂ ਖੰਡਾਂ ਪਾਵੇ ਸਾਰ, ਡੂੰਘੀ ਕੰਦਰ ਵੇਖ ਵਖਾਈਆ । ਪੰਚ ਵਿਕਾਰਾ ਵੱਢੇ ਕੰਡਾ, ਉਠੇ ਕਰ ਕਰ ਧਾਈਆ । ਤਤ ਵਿਕਾਰਾ ਖੰਡ ਖੰਡਾ, ਖੰਡ ਖੰਡ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦਰ ਪੰਚਮ ਘਰ ਪੰਚਮ ਪੰਚਮ ਰਾਗ ਅਲਾਈਆ । ਪੰਚਮ ਪੰਚਮ ਰੋਲ, ਪੰਚਮ ਪਾਇਆ । ਪੰਚਮ ਪੰਚਮ ਬੋਲ, ਪੰਚਮ ਛੁਪਾਇਆ । ਪੰਚਮ ਪੰਚਮ ਤੋਲ, ਪੰਚਮ ਜਣਾਇਆ । ਪੰਚਮ ਬੈਠਾ ਬੂਹਾ ਖੋਲ੍ਹ, ਜਗਤ ਦਵਾਰਾ ਇਕ ਰਖਾਇਆ । ਕਾਮ ਕਾਮਨੀ ਵਸੇ ਕੋਲ, ਕਿਰਤੀ ਕਿਰਤ ਕਮਾਇਆ । ਕਰੋੜ ਕਿਰਤ ਕਰੇ ਅਨਮੋਲ, ਢੋਲ ਮਰਦੰਗਾ ਇਕ ਵਜਾਇਆ । ਲੋਭ ਮੋਹ ਹੰਕਾਰਾ ਲਿਆ ਫੋਲ, ਏਕਾ ਦੂਜਾ ਪੜਦਾ ਲਾਹਿਆ । ਤ੍ਰੈਗੁਣ ਮਾਇਆ ਤੇਰਾ ਘੋਲ, ਪੰਚਮ ਨਾਲ ਕਰਾਇਆ । ਸ਼ਬਦ ਸਰੂਪੀ ਵਸਿਆ ਕੋਲ, ਅਨਡੀਠਾ ਦਿਸ ਨਾ ਆਇਆ । ਅਨਹਦ ਰਾਗ ਸੁਣਾਏ ਬੋਲ, ਗੁਰ ਮੀਠਾ ਸ਼ਬਦ ਅਲਾਇਆ । ਕਾਇਆ ਪੜਦਾ ਦੇਵੇ ਖੋਲ੍ਹ, ਨਾਮ ਖੰਡਾ ਏਕਾ ਵਾਹਿਆ । ਚਰਨ ਪ੍ਰੀਤੀ ਘੋਲੀ ਘੋਲ, ਆਪ ਆਪਣਾ ਮੂਲ ਤਜਾਇਆ । ਮੱਖਣ ਛਾਛ ਲਏ ਵਰੋਲ, ਨਾਮ ਮਧਾਣਾ ਇਕ ਰਖਾਇਆ । ਕਾਇਆ ਮਾਟੀ ਝੂਠਾ ਪੋਲ, ਜਲ ਬਿੰਬ ਰੂਪ ਦਰਸਾਇਆ । ਸ਼ਬਦ ਸਰੂਪੀ ਅੰਦਰ ਮੌਲ, ਮੌਲਾ ਰੂਪ ਅਖਵਾਇਆ । ਹਰਿਜਨ ਸੋਏ ਰਹੇ ਅਨਭੋਲ, ਹਰਿ ਬਿਨ ਸੋਏ ਨਾ ਕੋਈ ਜਗਾਇਆ । ਆਪ ਕਰਨ ਕਰਾਵਣਹਾਰਾ ਹਰਿਜਨ

੮੭੪
੦੬

੮੭੫
੦੬

ਚੋਲ, ਜੁਗ ਜੁਗ ਵੇਸ ਵਟਾਇਆ । ਪੰਚ ਵਿਕਾਰਾ ਖੇਲੇ ਹੋਲ, ਲਾਲ ਗੁਲਾਲਾ ਹੱਥ ਰਖਾਇਆ । ਪਰਗਟ ਹੋਏ ਕਲਾ ਸੋਲ, ਅਕਲ ਕਲਾ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਦੇਵੇ ਜਗਤ ਵਰ, ਵਰ ਦਾਤਾ ਆਪ ਅਖਵਾਇਆ । ਪੰਚਮ ਸੇਵਾਦਾਰ, ਸੇਵ ਕਮਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਜਗਤ ਵਰਤਾਇੰਦਾ । ਗੁਰਮੁਖ ਵੇਖੇ ਵਿਚ ਸੰਸਾਰ, ਆਪ ਆਪਣੀ ਦਇਆ ਕਮਾਇੰਦਾ । ਲੇਖੇ ਲਾਏ ਹਰਿ ਗਿਰਧਾਰ, ਨੇਤਰ ਨੈਣਾਂ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾਇੰਦਾ । ਗੁਰਮੁਖ ਸਮਝਾਵੇ ਦੇ ਮਤ, ਤਤ ਆਪਣੇ ਹੱਥ ਰਖਾਇੰਦਾ । ਬਹੱਤਰ ਨਾੜ ਨਾ ਉਬਲੇ ਰੱਤ, ਤਤ ਮਤ ਸੁਹਾਇੰਦਾ । ਸਤਿ ਸੰਤੋਖੀ ਧੀਰਜ ਯਤ, ਪੱਲੇ ਗੰਢ ਬੰਧਾਇੰਦਾ । ਚਰਨ ਦਵਾਰੇ ਏਕਾ ਹੱਠ, ਨੀਤ ਅਨੀਤੀ ਆਪ ਵਖਾਇੰਦਾ । ਲੋਭ ਵਿਕਾਰਾ ਪਏ ਭੱਠ, ਸਚ ਸੱਚੀ ਧਾਰ ਵਹਾਇੰਦਾ । ਮੇਟ ਮਿਟਾਏ ਨੱਠ ਨੱਠ, ਦਿਵਸ ਰੈਣ ਸੇਵ ਕਮਾਇੰਦਾ । ਆਪ ਆਪਣੀ ਗੇੜਣਹਾਰਾ ਲੱਠ, ਚਾਰੋਂ ਕੁੰਟ ਭਵਾਇੰਦਾ । ਪੰਚ ਵਿਕਾਰਾ ਗੁਰਸਿਖ ਚਰਨੀ ਜਾਏ ਢੱਠ, ਹਰਿ ਸਮਰਥ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਆਤਮ ਲਏ ਵਰ, ਨਾਰੀ ਕੰਤ ਰੂਪ ਸਮਾਇੰਦਾ । ਨਾਰੀ ਕੰਤ ਕੰਤ ਕੰਤੂਹਲ, ਗੁਰਮੁਖ ਸੇਜ ਹੰਢਾਈਆ । ਸ਼ਬਦ ਸਰੂਪੀ ਬਰਖੇ ਫੂਲ, ਆਪਣੀ ਬਰਖਾ ਲਾਈਆ । ਆਪ ਚੁਕਾਏ ਆਪਣਾ ਮੂਲ, ਸ਼ਬਦ ਸਿੰਘਾਸਣ ਉਪਰ ਬੈਠ, ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਡੀ ਬਣਤ ਬਣਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਦੂਲੋ ਦੂਲ, ਵਡ ਦੂਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਨਾਮ ਭੰਡਾਰਾ ਇਕ ਵਰਤਾਈਆ । ਨਾਮ ਭੰਡਾਰਾ ਇਕ ਅਤੁੱਟ, ਜੁਗ ਜੁਗ ਆਪ ਰਖਾਇਆ । ਗੁਰਮੁਖ ਲਾਹਾ ਲੈਣ ਖੱਟ, ਹੱਟ ਹਟਵਾਣਾ ਰਿਹਾ ਕਰਾਇਆ । ਤਨ ਨਗਾਰੇ ਲੱਗੇ ਚੋਟ, ਏਕਾ ਡੰਕਾ ਰਿਹਾ ਲਗਾਇਆ । ਆਸਾ ਮਨਸਾ ਕੱਢੇ ਖੋਟ, ਤ੍ਰਿਸ਼ਨਾ ਭੁੱਖ ਮਿਟਾਇਆ । ਆਪ ਉਠਾਏ ਦਇਆ ਕਮਾਏ ਆਲ੍ਹਣਿਉਂ ਡਿੱਗੇ ਬੋਟ, ਆਪ ਆਪਣੀ ਗੋਦ ਉਠਾਇਆ । ਮਨਮੁਖ ਜੀਵਾਂ ਮਾਇਆ ਮਮਤਾ ਜਗਤ ਤ੍ਰਿਸ਼ਨਾ ਅਜੇ ਨਾ ਭਰੀ ਪੇਟ, ਦਿਵਸ ਰੈਣ ਰਹੇ ਕੁਰਲਾਇਆ । ਹਰਿਜਨ ਮੇਲਾ ਜੋਤੀ ਜੋਤ, ਨੂਰੋ ਨੂਰ ਸਵਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਬੰਧਨ ਬੰਧਪ ਕੋਈ ਨਾ ਪਾਇਆ । ਲੱਭ ਲੱਭ ਥੱਕੇ ਕੋਟੀ ਕੋਟ, ਕੋਟਨ ਕੋਟ ਫਿਰੇ ਹਲਕਾਇਆ । ਭੇਖਾਧਾਰੀ ਬੰਨ੍ਹ ਲੰਗੋਟ, ਉਚੇ ਟਿੱਲੇ ਫੇਰਾ ਪਾਇਆ । ਗੁਰਮੁਖ ਸਾਚੇ ਸੰਤ ਜਨਾਂ ਏਕਾ ਦੇਵੇ ਨਾਮ ਧਨਾ, ਭਾਗ ਲਗਾਏ ਜਗਤ ਤਨਾ, ਸਚ ਭੰਡਾਰਾ ਇਕ ਭਰਾਇਆ । ਨਾਮ ਭੰਡਾਰਾ ਹਰਿ ਦਾਤਾਰ, ਏਕਾ ਏਕ ਰਖਾਇੰਦਾ । ਦਾਤਾ ਦਾਨੀ ਦੇਵੇ ਦੇਵਣਹਾਰ, ਹਰਿਜਨ ਝੋਲੀ ਪਾਇੰਦਾ । ਧੁਰ ਨਿਸ਼ਾਨੀ ਇਕ ਪਿਆਰ, ਸੇਵਕ ਸੇਵਾ ਲਾਇੰਦਾ । ਆਤਮ ਗਿਆਨੀ ਸ਼ਬਦ ਹੁਲਾਰ, ਅਨਹਦ ਬਾਣੀ ਰਾਗ ਅਲਾਇੰਦਾ । ਪਵਣ ਪਵਣੀ ਨਾ ਪਾਵੇ ਸਾਰ, ਨਾ ਕੋਈ ਭੇਵ ਖੁਲ੍ਹਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨੀ ਲਾਏ ਪਾਰ, ਬੀੜਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਜਗਤ ਵਰ, ਏਕਾ ਭਿਛਿਆ ਝੋਲੀ ਪਾਇੰਦਾ । ਸਾਚੀ ਭਿਛਿਆ ਹਰਿ ਨਿਰੰਕਾਰ, ਆਤਮ ਅੰਤਰ ਆਪ ਟਿਕਾਈਆ । ਦਿਵਸ ਰੈਣ ਕਰੇ ਰੱਛਿਆ ਵਿਚ ਸੰਸਾਰ, ਅੱਠੇ ਪਹਿਰ ਰਹੇ ਸਹਾਈਆ । ਵਿਸ਼ਨੂੰ ਵੰਸੀ ਬਣ ਵਰਤਾਰ, ਆਪਣੀ ਹੱਥੀਂ ਰਿਹਾ ਵਰਤਾਈਆ । ਬ੍ਰਹਮਾ ਵੇਤਾ ਲਿਖੇ ਲਿਖਾਰ, ਲਿਖਿਆ ਲੇਖ ਨਾ ਕੋਈ ਮਿਟਾਈਆ ।

ਧਾਰੀ ਕੇਸਾ ਪਾਵੇ ਸਾਰ, ਦਸ ਦਸਮੇਸ਼ਾ ਜੋਤ ਜਗਾਈਆ ਨਰ ਨਰੇਸਾ ਆਪ ਨਿਰੰਕਾਰ, ਨਿਰਗੁਣ ਖੇਲ ਖਿਲਾਈਆ । ਸਰਗੁਣ ਬੰਨ੍ਹੇ ਸਾਚੀ ਧਾਰ, ਸੋਹੰ ਸੋ ਜਪਾਈਆ । ਕਾਲਖ ਟਿੱਕਾ ਦਏ ਉਤਾਰ, ਚੰਦਨ ਚੰਦ ਚੜ੍ਹਾਈਆ । ਦੋ ਜਹਾਨੀ ਉਤਰੇ ਪਾਰ, ਆਪ ਆਪਣੇ ਕੰਧ ਉਠਾਈਆ । ਇਕ ਵਿਖਾਏ ਪਾਰ ਕਿਨਾਰ, ਸ਼ੌਹ ਦਰਿਆ ਨਾ ਕੋਈ ਰੁੜ੍ਹਾਈਆ । ਮਹੱਲ ਅਟੱਲ ਉਚ ਮੁਨਾਰ, ਹਰਿ ਬੈਠਾ ਆਸਣ ਲਾਈਆ । ਸੂਰਜ ਚੰਨ ਨਾ ਕੋਈ ਅਵਤਾਰ, ਤਾਰਾ ਮੰਡਲ ਨਾ ਕੋਈ ਦਿਸਾਈਆ । ਪ੍ਰਿਥਮੀ ਆਕਾਸ਼ ਨਾ ਕੋਇ ਪਾਤਾਲ, ਲੱਖ ਚੁਰਾਸੀ ਨਾ ਵਾਸ ਰਖਾਈਆ । ਜਲ ਥਲ ਨਾ ਕੋਈ ਪਹਾੜ, ਨੀਰ ਸੀਰ ਨਾ ਕੋਈ ਵਖਾਈਆ । ਪੰਚ ਪੰਚਾਇਣ ਨਾ ਦਿਸੇ ਧਾੜ, ਤੱਟ ਹੱਟ ਨਾ ਕੋਈ ਸਮਝਾਈਆ । ਵਾ ਨਾ ਲੱਗੇ ਤਤੀ ਹਾੜ, ਠੰਢੀ ਧਾਰ ਨਾ ਕੋਈ ਚਲਾਈਆ । ਦਰ ਦਵਾਰੇ ਦੇਵੇ ਵਾੜ, ਥਿਰ ਘਰ ਧਾਮ ਇਕ ਸੁਹਾਈਆ । ਹਰਿਜਨ ਸਾਜਨ ਸਾਚਾ ਲਾੜ, ਦਰ ਵੇਖੇ ਸਹਿਜ ਸੁਭਾਈਆ । ਪੁਰਖ ਅਬਿਨਾਸ਼ੀ ਆਪੇ ਹੋਏ ਪਿੱਛੇ ਅਗਾੜ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਜਗਤੀ ਵਰ, ਜਗਤ ਭੰਡਾਰਾ ਆਪ ਭਰਾਈਆ । ਹਰਿ ਭੰਡਾਰ ਸਦਾ ਭਰਪੂਰ, ਜੁਗ ਜੁਗ ਆਪ ਰਖਾਇਆ । ਕਲਜੁਗ ਨਾਤਾ ਦਿਸੇ ਕੂੜੋ ਕੂੜ, ਸਾਚਾ ਮਾਰਗ ਇਕ ਵਖਾਇਆ । ਚਰਨ ਪ੍ਰੀਤੀ ਦੇਵੇ ਸਾਚੀ ਧੂੜ, ਕੌਸਤਕ ਮਣੀਆ ਮਸਤਕ ਟਿੱਕਾ ਲਾਇਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਅਗਿਆਨ ਅੰਧੇਰ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਧਿਆਨ ਇਕ ਗਿਆਨ ਇਕ ਇਸ਼ਨਾਨ ਵਿਖਾਇਆ । ਸਚ ਗਿਆਨ ਧਰਮ ਜੈਕਾਰ, ਗੁਰਮੁਖ ਵੇਖ ਵਿਖਾਇੰਦਾ । ਨੇਤਰ ਨੈਣ ਵੇਖ ਉਘਾੜ, ਹਰਿ ਦਰਸ਼ਨ ਲੋਚਨ ਪਾਇੰਦਾ । ਜਗਤ ਵਿਕਾਰਾ ਆਪ ਚਬਾਏ ਆਪਣੀ ਦਾਹੜ, ਨੇੜ ਨਾ ਕੋਈ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਸਾਚਾ ਵਰ, ਦਿਵਸ ਰੈਣ ਦਇਆ ਕਮਾਇੰਦਾ । ਦਿਵਸ ਰੈਣ ਦਇਆ ਕਮਾਏ, ਆਪ ਆਪਣੀ ਕਲ ਧਾਰਿਆ । ਹਰਿਜਨ ਸਾਚਾ ਦਰਸ਼ਨ ਪਾਏ, ਅੱਠੇ ਪਹਿਰ ਰਹੇ ਖੁਮਾਰਿਆ । ਸਤਿ ਸੰਤੋਖੀ ਧੀਰ ਧਰਾਏ, ਯਤ ਸਤਿ ਕਰਾਏ ਵਣਜ ਵਪਾਰਿਆ । ਆਤਮ ਮੋਖੀ ਇਕ ਵਖਾਏ, ਸੋਹੰ ਸ਼ਬਦ ਜੈ ਜੈ ਕਾਰਿਆ । ਹਉਮੇ ਰੋਗ ਦੁੱਖ ਮਿਟਾਏ, ਫੰਦਨ ਫਾਂਦ ਵਿਚ ਸੰਸਾਰਿਆ । ਤ੍ਰਿਸ਼ਨਾ ਭੁੱਖ ਮਿਟਾਏ, ਅੰਮ੍ਰਿਤ ਆਤਮ ਜਾਮ ਪਿਆ ਰਿਹਾ । ਕਾਹਨਾ ਕ੍ਰਿਸ਼ਨਾ ਮੁਖ ਵਖਾਏ, ਕਵਣ ਨੈਣ ਸੀਸ ਜਗਤ ਟਿਕਾ ਲਿਆ । ਗੋਬਿੰਦ ਮੇਲਾ ਸਹਿਜ ਸੁਭਾਏ, ਕਲਗੀ ਤੋੜਾ ਸੀਸ ਟਿਕਾ ਲਿਆ । ਹਰਿਜਨ ਸਾਚੇ ਵੇਖ ਵਖਾਏ, ਜੋਤੀ ਸ਼ਬਦੀ ਜੋੜ ਜੁੜਾ ਲਿਆ । ਨੇਤਰ ਪੇਖ ਸਦਾ ਬਖ਼ਸ਼ਾਏ, ਆਪ ਆਪਣਾ ਮੂਲ ਚੁਕਾ ਰਿਹਾ । ਲਿਖੀ ਰੇਖ ਨਾ ਕੋਈ ਮਿਟਾਏ, ਪ੍ਰਭ ਲੇਖਾ ਆਪਣਾ ਹੱਥ ਰਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੱਠੇ ਪਹਿਰ ਦਿਵਸ ਰੈਣ ਹਰਿਜਨ ਵੇਖ ਵਖਾ ਲਿਆ । ਗੁਰਸਿਖ ਤੇਰੀ ਛੱਪਰ ਛੰਨ, ਜੋਤੀ ਨੂਰ ਸਵਾਈਆ । ਸੁਣੇ ਸੁਣਾਏ ਰਾਗ ਕੰਨ, ਅਨਾਦੀ ਧੁਨ ਵਜਾਈਆ । ਸ੍ਰਿਸ਼ਟ ਸਬਾਈ ਛਾਣ ਪੁਣ, ਹਰਿਜਨ ਮੇਲ ਮਿਲਾਈਆ । ਆਪੇ ਜਾਣੇ ਗੁਣ ਅਵਗੁਣ, ਦੂਸਰ ਭੇਵ ਨਾ ਰਾਈਆ । ਸੰਤ ਸੁਹੇਲੇ ਜੁਗ ਜੁਗ ਚੁਣ, ਸੋਹੰ ਡੋਰੀ ਨਾਲ ਬੰਧਾਈਆ । ਭਾਗ ਲਗਾਏ ਸਾਚੀ ਕੁਲ, ਕੁਲਵੰਤਾ ਆਪ ਅਖਵਾਈਆ । ਦੇਵੇ ਨਾਮ ਇਕ ਅਨਮੁੱਲ, ਨਾਮ ਅਨਮੁੱਲੜਾ ਝੋਲੀ ਪਾਈਆ । ਪੂਰੇ ਤੋਲ ਰਿਹਾ ਤੁਲ, ਤੋਲਣਹਾਰ ਆਪ ਅਖਵਾਈਆ । ਆਦਿ ਅੰਤਨ ਸਦਾ ਅਡੁੱਲ, ਡੁੱਲ ਕਦੇ ਨਾ ਜਾਈਆ । ਪਾਰਬ੍ਰਹਮ ਇਕ

ਅਭੁੱਲ, ਭੁੱਲ ਰਹੇ ਨਾ ਰਾਈਆ । ਲੋਕਮਾਤ ਦਵਾਰਾ ਗਿਆ ਖੁੱਲ੍ਹ, ਚੌਦਾਂ ਹੱਟਾਂ ਇਕ ਵਖਾਈਆ । ਨਾਮ ਵਸਤ ਨਾ ਲਾਏ ਮੁੱਲ, ਚਰਨ ਪ੍ਰੀਤੀ ਇਕ ਸਿਖਾਈਆ । ਮਨਮੁਖ ਜੀਵਾਂ ਕਾਇਆ ਬੂਟਾ ਗਿਆ ਹੁੱਲ, ਅੰਤਮ ਫਲ ਰਹਿਣ ਨਾ ਪਾਈਆ । ਨਾਮ ਨਾਮਾ ਗਏ ਭੁੱਲ, ਮਦਿਰਾ ਮਾਸ ਰਸਨ ਲਗਾਈਆ । ਪਾਣੀ ਪਿਆ ਕਾਇਆ ਚੁੱਲ੍ਹ, ਅੰਮ੍ਰਿਤ ਆਤਮ ਹੱਥ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਦਰ, ਅੱਠੇ ਪਹਿਰ ਹੋਏ ਸਹਾਈਆ । ਆਤਮ ਘਰ ਸਾਚਾ ਭੋਗ, ਆਪਣਾ ਆਪ ਲਗਾਇੰਦਾ । ਦੇਵਣਹਾਰ ਸਾਚੀ ਚੋਗ, ਹਰਿਜਨ ਚੋਗ ਚੁਗਾਇੰਦਾ । ਦਰਸ ਦਿਖਾਏ ਆਪ ਅਮੋਘ, ਨਿਰਮਲ ਰੂਪ ਸਮਾਇੰਦਾ । ਦੋ ਜਹਾਨੀ ਚੁੱਕੇ ਡਰ ਚਿੰਤਾ ਰੋਗ, ਸੋਗ ਮਿਟਾਇੰਦਾ । ਇਕ ਵਖਾਏ ਸਾਚਾ ਜੋਗ, ਸੋਹੰ ਸੋ ਜਾਪ ਜਪਾਇੰਦਾ । ਮਿਲੇ ਵਡਿਆਈ ਤੀਨ ਲੋਕ, ਚੌਥੇ ਪਦ ਸਮਾਇੰਦਾ । ਪੰਚਮ ਗਾਏ ਇਕ ਸਲੋਕ, ਏਕਾ ਰਾਗ ਅਲਾਇੰਦਾ । ਛੱਪਰ ਛੰਨ ਨਾ ਦੇਵੇ ਮੋਖ, ਨਾ ਕੋਈ ਪਾਰ ਕਰਾਇੰਦਾ । ਲੇਖੇ ਲਾਏ ਕਾਇਆ ਤਨ, ਰਾਗ ਸੁਣਾਏ ਸਾਚਾ ਕੰਨ, ਹਰਿਜਨ ਆਤਮ ਗਈ ਮੰਨ, ਪੁਰਖ ਅਬਿਨਾਸ਼ੀ ਬੇੜਾ ਬੰਨ੍ਹ, ਦੋ ਜਹਾਨਾਂ ਪਾਰ ਕਰਾਇੰਦਾ । ਗੁਰਸਿਖ ਤੇਰੀ ਵਡਿਆਈ ਧੰਨ ਧੰਨ ਧੰਨ, ਪ੍ਰਭ ਸੇਵਕ ਸੇਵਕ ਸੇਵਕ ਸੇਵ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦੇਵੀ ਦੇਵਾ ਅਲਖ ਅਭੇਵਾ ਆਦਿ ਨਿਰੰਜਣ ਜੋਤ ਨਿਰੰਜਣ ਇਕ ਜਗਾਇੰਦਾ । ਜੋਤ ਨਿਰੰਜਣ ਮਸਤਕ ਥਾਲ, ਆਪਣੀ ਆਪ ਟਿਕਾਈਆ । ਗੁਰਮੁਖ ਸਾਚਾ ਅਨਮੁਲੜਾ ਲਾਲ, ਆਪੇ ਵੇਖ ਵਖਾਈਆ । ਭਾਗ ਲਗਾਏ ਕਾਇਆ ਮਾਟੀ ਝੂਠੀ ਖਾਲ, ਦੀਪਕ ਦੀਪ ਕਰੇ ਰੁਸ਼ਨਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਜਗਤ ਜੰਜਾਲਾ ਨੇੜ ਨਾ ਆਈਆ । ਫਲ ਲਗਾਏ ਸਾਚੇ ਡਾਲ੍ਹ, ਫਲ ਫੁਲਵਾੜੀ ਮਾਤ ਲਗਾਈਆ । ਅਰਜਨ ਅਰਜਨ ਅਰਜਨ ਹਾਲ ਬੇਹਾਲ, ਸੁਰ ਤਾਲ ਤਾਲ ਤਲਵਾੜਾ ਬਹੱਤਰ ਨਾੜ ਪ੍ਰਭ ਏਕਾ ਏਕ ਵਜਾਈਆ । ਸਤਿਗੁਰ ਸ਼ਬਦ ਮਲਾਹ, ਆਪਣਾ ਆਪ ਬਣਾਇਆ । ਸ੍ਰਿਸ਼ਟ ਸਬਾਈ ਮਾਰਗ ਲਾ, ਏਕਾ ਰਾਹ ਚਲਾਇਆ । ਗੁਰਮਤ ਆਪ ਸਮਝਾ, ਮਨਮਤ ਮੇਟ ਮਿਟਾਇਆ । ਹਰਿ ਸੰਗਤ ਸਾਚਾ ਮੇਲ ਮਿਲਾ, ਸਚ ਸੁੱਚ ਰਿਹਾ ਵਰਤਾਇਆ । ਨਾਮ ਰੰਗਤ ਇਕ ਚੜ੍ਹਾ, ਰੰਗ ਮਜੀਠੀ ਇਕ ਵਖਾਇਆ । ਅੱਖਰ ਵੱਖਰ ਇਕ ਪੜ੍ਹਾ, ਅਜਪਾ ਜਾਪ ਰਿਹਾ ਕਰਾਇਆ । ਬਜਰ ਕਪਾਟੀ ਸਿਲ ਹਟਾ, ਨਿਰਮਲ ਜੋਤ ਰਿਹਾ ਦਰਸਾਇਆ । ਚੌਦਾਂ ਹੱਟਾ ਖੋਲ੍ਹ ਵਖਾ, ਤੀਰਥ ਤੱਟਾਂ ਪਾਰ ਕਰਾਇਆ । ਘਟ ਘਟਾ ਰਿਹਾ ਸਮਾ, ਹਰ ਘਟ ਮੇਂ ਆਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਭਗਤੀ ਵਰ, ਜਨ ਆਏ ਸਰਨਾਏ ਹਰਿ ਰਘੁਰਾਏ ਲੇਖੇ ਲਾਇਆ ।

✻ ੨੩ ਭਾਦਰੋਂ ੨੦੧੪ ਬਿਕ੍ਰਮੀ ਇੰਦਰ ਸਿੰਘ ਦੇ ਘਰ ਕਰੋਲ ਬਾਗ ਵਿਹਾਰ ਹੋਇਆ ਨਵੀਂ ਦਿੱਲੀ ✻

ਭਗਤ ਵਛਲ ਗਿਰਧਾਰ, ਆਪ ਅਖਵਾਇਆ । ਅਛਲ ਅਛੱਲ ਸੰਸਾਰ, ਜੁਗ ਜੁਗ ਕਰਦਾ ਆਇਆ । ਲੋਕਮਾਤੀ ਲਏ ਅਵਤਾਰ, ਨਿਤ ਨਵਿਤਾ ਮੇਲ ਮਿਲਾਇਆ । ਰਾਮ ਨਾਮ ਇਕ ਅਧਾਰ, ਹਰਿਜਨ ਸਾਚੇ ਤ੍ਰਿਪਤ ਕਰਾਇਆ । ਆਤਮ ਅੰਤਰ ਇਕ ਪਿਆਰ, ਚਰਨ ਪ੍ਰੀਤੀ ਰਿਹਾ ਸਿਖਾਇਆ । ਮੋਹਣ ਮਾਧਵ ਮੀਤ ਮੁਰਾਰ, ਰੂਪ ਅਨੂਪ ਦਰਸਾਇਆ । ਨੇਤਰ ਨੈਣ ਪੇਖਤ ਪੇਖ ਦਰਸ ਅਪਾਰ, ਕਲਜੁਗ ਮਾਇਆ ਮੋਹ ਚੁਕਾਇਆ ।


੮੭੭
੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਇਆ । ਸਤਿਜੁਗ ਸਾਚਾ ਸਤਿਵਾਦ, ਸਤਿ ਪੁਰਖ ਵੱਜੀ ਵਧਾਈਆ । ਤ੍ਰੇਤਾ ਤ੍ਰੀਆ ਵਿਚ ਵਿਸਮਾਦ, ਰਾਮ ਰਾਮਾ ਰੂਪ ਸਮਾਈਆ । ਦੁਆਪਰ ਵੱਜੇ ਏਕਾ ਨਾਦ, ਕਾਹਨਾ ਕ੍ਰਿਸ਼ਨਾ ਰਿਹਾ ਵਜਾਈਆ । ਕਲਜੁਗ ਖੋਜੇ ਜਗਤ ਬ੍ਰਿਹਮਾਦ, ਹਰਿ ਜੋਤੀ ਜੋਤ ਜਗਾਈਆ । ਖੇਲੇ ਖੇਲ ਅੰਤ ਆਦਿ, ਜੁਗਾ ਜੁਗੰਤ ਰਚਨ ਰਚਾਈਆ । ਭਗਤ ਸੁਹੇਲੇ ਸੰਤ ਸਾਧ, ਆਪਣੇ ਆਪ ਤਰਾਈਆ । ਦਿਵਸ ਰੈਣ ਰੈਣ ਦਿਵਸ ਰਸਨਾ ਜਿਹਵਾ ਰਹੇ ਅਰਾਧ, ਹਰਿ ਗੋਬਿੰਦ ਰਸਨਾ ਗਾਈਆ । ਜੁਗ ਜੁਗ ਵਿਛੜੇ ਆਪੇ ਲਾਧ, ਮੇਲ ਮਿਲਾਵਾ ਰਿਹਾ ਕਰਾਈਆ । ਸੁਣੇ ਸੁਣਾਏ ਦੋ ਜਹਾਨਾਂ ਫਰਿਆਦ, ਅਗੰਮ ਅਗੰਮੜਾ ਵੇਖ ਵਖਾਈਆ । ਸ਼ਬਦ ਜਣਾਏ ਬੋਧ ਅਗਾਧ, ਭੇਵ ਕੋਇ ਨਾ ਪਾਈਆ । ਧੁਰਦਰਗਾਹੀ ਸਾਚੀ ਦਾਦ, ਹਰਿਜਨ ਸਾਚੇ ਝੋਲੀ ਪਾਈਆ । ਮੇਟ ਮਿਟਾਏ ਵਾਦ ਵਿਵਾਦ, ਜਗਤ ਵਿਕਾਰ ਰਹਿਣ ਨਾ ਪਾਈਆ । ਧੁਨ ਵਜਾਏ ਆਤਮ ਨਾਦ, ਅਨਹਦ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖ ਵਖਾਈਆ । ਵੇਖਣਹਾਰ ਹਰਿ ਸਮਰਥਾ, ਸਰਬ ਕਲਾ ਭਰਪੂਰਾ । ਜਨ ਹਰਿ ਰੱਖੇ ਦੇ ਕਰ ਹੱਥਾ, ਜਗਤ ਨਾਤਾ ਆਪ ਵਖਾਏ ਕੂੜਨ ਕੂੜਾ । ਲਹਿਣਾ ਦੇਣ ਚੁਕਾਏ ਮਸਤਕ ਮੱਥਾ, ਮੂਰਖ ਮੂੜ੍ਹੀ ਬਖ਼ਸ਼ੇ ਚਰਨ ਧੂੜਾ । ਸਗਲ ਵਸੂਰਾ ਹਰਿਜਨ ਲੱਥਾ, ਦਰਸਨ ਪਾਏ ਜੋਤੀ ਨੂਰਨ ਨੂਰਾ । ਨਾਮ ਜਣਾਏ ਇਕ ਅਕੱਥਾ, ਅੱਠੇ ਪਹਿਰ ਰਸਨਾ ਜਿਹਵਾ ਸਤਿ ਸਰੂਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਇਕ ਦਰ, ਵੇਖ ਵਖਾਏ ਨੇਰਨ ਦੂਰਾ । ਨੇਰਨ ਦੂਰ ਹਰ ਘਟ ਅੰਦਰ, ਬੈਠਾ ਸੇਜ ਹੰਢਾਈਆ । ਕਾਇਆ ਮਾਟੀ ਸਾਚਾ ਮੰਦਰ, ਇਸ਼ਟ ਦੇਵ ਸ਼ਬਦ ਜਣਾਈਆ । ਆਪੇ ਤੋੜਨਹਾਰਾ ਜੰਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਭਾਗ ਲਗਾਏ ਡੂੰਘੀ ਕੰਦਰ, ਨਿਰਮਲ ਜੋਤੀ ਦੀਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਏਕਾ ਦਰ, ਦਰਸ ਦਵਾਰਾ ਇਕ ਵਖਾਈਆ । ਦਸਮ ਦਵਾਰੀ ਸਚ ਮਹੱਲਾ, ਏਕਾ ਏਕ ਰਖਾਇਆ । ਪੁਰਖ ਅਬਿਨਾਸ਼ੀ ਬੈਠ ਇਕੱਲਾ, ਸਚ ਸਿੰਘਾਸਣ ਡੇਰਾ ਲਾਇਆ । ਸ਼ਬਦੀ ਜੋਤੀ ਆਪੇ ਰੱਲਾ, ਜੋਤੀ ਰੂਪ ਸਮਾਇਆ । ਅੰਮ੍ਰਿਤ ਧਾਰਾ ਨੀਰ ਵਹਾਏ ਠਾਂਢਾ ਜਲਾ, ਸਰ ਸਰੋਵਰ ਇਕ ਭਰਾਇਆ । ਹਰਿਜਨ ਦਰਸ ਦਿਖਾਏ ਘੜੀ ਘੜੀ ਪਲ ਪਲਾ, ਅੱਠੇ ਪਹਿਰ ਸੇਵ ਕਮਾਇਆ । ਪਵਣ ਸਰੂਪੀ ਪੱਖਾ ਝੱਲਾ, ਸਾਂਤ ਸਤਿ ਵਰਤਾਇਆ । ਪੰਚ ਵਿਕਾਰਾ ਕਰੇ ਹੱਲਾ, ਦੁਸ਼ਟ ਦੁਸ਼ਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸਾਚੇ ਘਰ, ਘਰ ਸਾਚਾ ਇਕ ਵਿਖਾਇਆ । ਸਾਚੇ ਘਰ ਹਰ ਘਟ ਮੰਦਰ, ਊਚੋ ਊਚ ਮੁਨਾਰਿਆ । ਚੜ੍ਹ ਚੜ੍ਹ ਥੱਕੇ ਗੋਰਖ ਮਛੰਦਰ, ਦਿਸ ਨਾ ਆਏ ਪਾਰ ਕਿਨਾਰਿਆ । ਗੁਰਮੁਖ ਸਾਚੇ ਸੰਤ ਸੁਹੇਲੇ ਦਰ ਦਵਾਰਾ ਇਕੋ ਮੰਗਣ, ਦੋਏ ਜੋੜ ਚਰਨ ਸਰਨ ਨਿਮਸਕਾਰਿਆ । ਨਾਮ ਬਸੰਤੀ ਕਾਇਆ ਚੋਲੀ ਚਾੜ੍ਹੇ ਰੰਗਨ, ਉਤਰ ਨਾ ਜਾਏ ਵਿਚ ਸੰਸਾਰਿਆ । ਏਕਾ ਸ਼ਬਦ ਤਨ ਸ਼ਿੰਗਾਰ ਕਰਾਏ ਸਾਚਾ ਅੰਗਨ, ਬਸਤਰ ਸ਼ਸਤਰ ਇਕ ਪਹਿਨਾ ਰਿਹਾ । ਚਰਨ ਧੂੜ ਕਰਾਏ ਮਾਘੀ ਮਜਨ, ਦੁਰਮਤ ਮੈਲ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਮੀਤ ਵੇਖ ਘਰ, ਜਗਤ ਦਵਾਰਾ ਇਕ ਸੁਹਾ ਲਿਆ । ਬੰਕ ਦਵਾਰਾ ਦਰ ਦਰਵੇਸ਼, ਏਕਾ ਏਕ ਰਖਾਇਆ । ਆਪੇ ਜਾਣੇ ਰਿਖੀ ਕੇਸ਼, ਜਗਤੇਸ਼ਵਰ ਰੂਪ ਵਟਾਇਆ । ਦਾਤਾ ਦਾਨੀ ਦਸ ਦਸਮੇਸ਼, ਦੁਰਗਾ ਅਸ਼ਟਮੀ ਇਸ਼ਟ ਸਬਾਇਆ । ਦੋ

੮੭੮
੦੬

ਜਹਾਨੀ ਨਰ ਨਰੇਸ਼, ਰਾਮਾ ਵਸ਼ਿਸ਼ਟ ਆਪ ਅਖਵਾਇਆ । ਆਪੇ ਜਾਣੇ ਆਪਣੇ ਵੇਸ, ਕਾਹਨਾ ਕੰਸਾ ਮੇਟ ਮਿਟਾਇਆ । ਕਲਜੁਗ ਅੰਤਮ ਅਲੱੜ ਵਰੇਸ, ਬਾਲੀ ਬਾਲ ਵੇਖ ਵਖਾਇਆ । ਗੋਬਿੰਦ ਕਾਇਆ ਹਰਿ ਪਰਵੇਸ਼, ਨਰਾਇਣ ਨਰ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਦਰ, ਆਵਣ ਜਾਵਣ ਖੇਲ ਖਿਲਾਇਆ । ਹਰਿਜਨ ਸਾਜਨ ਸਾਚਾ ਮੀਤਾ, ਏਕਾ ਏਕ ਰਖਾਇੰਦਾ । ਏਕਾ ਸ਼ਬਦ ਧਿਆਏ ਅਠਾਰਾਂ ਗੀਤਾ, ਅੱਖਰ ਵੱਖਰ ਇਕ ਪੜ੍ਹਾਇੰਦਾ । ਸੁਰਤ ਸਵਾਣੀ ਸਾਚੀ ਸੀਤਾ, ਰਾਮ ਰਮਈਆ ਆਪ ਪ੍ਰਨਾਇੰਦਾ । ਰਾਧਾ ਰਾਧਕਾ ਰਹੇ ਅਤੀਤਾ, ਕਾਹਨਾ ਬੰਸਰੀ ਇਕ ਵਜਾਇੰਦਾ । ਨਾਮ ਨਿਰੰਜਣ ਪਤਤ ਪੁਨੀਤਾ, ਏਕਾ ਮੁਕਟ ਸੀਸ ਟਿਕਾਇੰਦਾ । ਆਪੇ ਜਾਣੇ ਆਪਣੀ ਰੀਤਾ, ਕਵਲ ਨੈਣ ਵੇਖ ਵਖਾਇੰਦਾ । ਹਰਿਜਨ ਜਨ ਹਰਿ ਮਾਨਸ ਦੇਹੀ ਜੁਗ ਜੁਗ ਜੀਤਾ, ਭਗਤ ਭਗਵੰਤੀ ਭਗਤ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਇਕ ਇਕੇਲਾ ਰੂਪ ਵਟਾਇੰਦਾ । ਇਕ ਇਕੱਲਾ ਹਰਿ ਨਿਰੰਕਾਰ, ਅਕਲ ਕਲਾ ਸਮਾਇਆ । ਭਗਤ ਸੁਹੇਲਾ ਮੀਤ ਮੁਰਾਰ, ਜੁਗ ਜੁਗ ਵੇਖਣ ਆਇਆ । ਖੇਲੇ ਖੇਲ ਅਪਰ ਅਪਾਰ, ਭੇਵ ਕਿਸੇ ਨਾ ਪਾਇਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਪਾਰਬ੍ਰਹਮ ਅਬਿਨਾਸ਼ੀ ਹੱਥ ਕਿਸੇ ਨਾ ਆਇਆ । ਚੜ੍ਹ ਚੜ੍ਹ ਥੱਕੇ ਕੋਟਨ ਕੋਟੀ ਕੋਟ ਦਵਾਰ, ਅੰਦਰ ਮੰਦਰ ਅਚੱਲ ਅਟੱਲ ਨਿਹਚਲ ਧਾਮ ਦਰਸਨ ਕੋਇ ਨਾ ਪਾਇਆ । ਗੁਰਮੁਖ ਵਿਰਲੇ ਗੁਰ ਚਰਨ ਪ੍ਰੀਤੀ ਕਰ ਪਿਆਰ, ਏਕਾ ਦੂਜਾ ਭਉ ਨਿਵਾਰ, ਤੀਜੇ ਲੋਇਣ ਦਰਸ ਘਰ ਚੌਥੇ ਆਪ ਸਮਾਇਆ । ਪੰਚਮ ਮੇਲਾ ਕੰਤ ਭਤਾਰ, ਏਕਾ ਧੁਨ ਸੱਚੀ ਧੁਨਕਾਰ, ਰਾਗ ਮੰਗਲ ਏਕਾ ਇੰਦਰ ਸਿੰਘ ਸੁਣਾਇਆ । ਸੁਣੇ ਸੁਣਾਏ ਸੁਣਨੇਹਾਰ, ਹਰਿਜਨ ਸਾਚੇ ਕਰ ਪਿਆਰ, ਵੇਖ ਵਖਾਏ ਅੰਦਰ ਬਾਹਰ ਗੁਪਤ ਜ਼ਾਹਿਰ, ਪੜਦਾ ਓਹਲਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖੇ ਦਰ, ਦਰ ਦਰਵੇਸ਼ ਫੇਰਾ ਪਾਇਆ । ਦਰ ਦਰਵੇਸ ਹਰਿ ਭਗਵੰਤਾ, ਭੇਖੀ ਭੇਖ ਵਟਾਇੰਦਾ । ਮੰਗਣ ਮੰਗ ਬ੍ਰਹਮਾ ਵਿਸ਼ਨ ਮਹੇਸ਼ਾ, ਗਣਪਤ ਭਿਛਕ ਭਿਛਿਆ ਏਕਾ ਪਾਇੰਦਾ । ਕੋਟਨ ਕੋਟ ਧਾਰੀ ਕੇਸਾ, ਦਰ ਦਰ ਆਪ ਫਿਰਾਇੰਦਾ । ਮੂੰਡ ਮੁੰਡਾਏ ਨਾ ਜਾਏ ਪੇਸ਼ਾ, ਜਗਤ ਜਗਦੀਸਾ ਨਾ ਕੋਈ ਮਨਾਇੰਦਾ । ਅਗੰਮ ਅਗੰਮਾ ਆਪੇ ਜਾਣੇ ਆਪਣਾ ਵੇਸਾ, ਅਲਖ ਨਿਰੰਜਣ ਭੇਵ ਅਭੇਦਾ ਅਛਲ ਅਛੱਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਸਾਚਾ ਘਰ, ਘਰ ਬਾਹਰਾ ਇਕ ਸੁਹਾਇੰਦਾ । ਸਾਚਾ ਘਰ ਦਰ ਦਰਬਾਰ, ਹਰਿ ਜੋਤੀ ਨੂਰ ਸਵਾਈਆ । ਏਕਾ ਸ਼ਬਦ ਸੱਚੀ ਧੁਨਕਾਰ, ਧੁਨ ਅਨਾਦੀ ਇਕ ਵਜਾਈਆ । ਅਨਹਦ ਸੇਵਾ ਸੇਵਾਦਾਰ, ਦਿਵਸ ਰੈਣ ਰਿਹਾ ਗਾਈਆ । ਨਾਮ ਕਿੰਗ ਤਾਲ ਤਲਵਾੜ, ਰਿਹਾ ਵਜਾਈਆ । ਖਿੱਚੀ ਜਾਏ ਵਾਰੋ ਵਾਰ, ਨਾੜ ਬਹੱਤਰ ਰਿਹਾ ਹਿਲਾਈਆ । ਆਤਮ ਸੇਜਾ ਕਰ ਸ਼ਿੰਗਾਰ, ਹਰਿ ਆਪਣੀ ਸੇਜ ਵਿਛਾਈਆ । ਜੋਤੀ ਨੂਰ ਅਪਰ ਅਪਾਰ, ਬੈਠਾ ਆਸਣ ਲਾਈਆ । ਭੇਵ ਨਾ ਪਾਏ ਜੀਵ ਗਵਾਰ, ਨੇਤਰ ਨੈਣ ਨਾ ਦਰਸ਼ਨ ਪਾਈਆ । ਗੁਰਮੁਖ ਵਿਰਲਾ ਸੰਤ ਦੁਲਾਰ, ਦਰ ਬੈਠਾ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੇ ਗਲੇ ਲਗਾਈਆ । ਏਕਾ ਮੇਲਾ ਕੰਤ ਭਤਾਰ, ਨਾਰੀ ਕੰਤਾ ਆਪ ਅਖਵਾਈਆ । ਸਾਚੀ ਸੇਜਾ ਅਪਰ ਅਪਾਰ, ਆਪ ਆਪਣੀ ਰਿਹਾ ਹੰਢਾਈਆ । ਪੂਤ ਸਪੂਤਾ ਕਰ ਤਿਆਰ, ਸਤਿ ਪੁਰਖਾ ਰਾਹ ਤਕਾਈਆ । ਸੁਨ ਅਗੰਮੋ ਕਰਿਆ ਪਾਰ, ਏਕਾ ਧਾਮ ਸੁਹਾਈਆ । ਸੋਹੰ ਸੋ


੮੭੯
੦੬

ttO ੦੬

ਦੇਸ ਅਪਾਰ, ਹਰਿ ਸਾਚੀ ਬਣਤ ਬਣਾਈਆ । ਕਿਲ੍ਹਾ ਕੋਟ ਨਾ ਕੋਈ ਦਵਾਰ, ਦਰ ਦਰਬਾਨ ਦਿਸ ਨਾ ਆਈਆ । ਰਾਓ ਰੰਕ ਨਾ ਕੋਈ ਰਾਜਾਨ, ਸ਼ਾਹ ਸੁਲਤਾਨ ਰਹਿਣ ਨਾ ਪਾਈਆ । ਜੰਗਲ ਜੂਹ ਨਾ ਕੋਈ ਉਜਾੜ ਪਹਾੜ, ਜਲ ਥਲ ਦਿਸ ਨਾ ਆਈਆ । ਰਾਗ ਤਾਲ ਧੁਨ ਨਾ ਕੋਈ ਧੁਨਕਾਰ, ਜਗਤ ਤਾਲ ਨਾ ਕੋਈ ਵਜਾਈਆ । ਮਾਇਆ ਮੋਹ ਨਾ ਕੋਈ ਧਨ ਮਾਲ, ਨਾ ਕੋਈ ਲਸ਼ਕਰ ਫੌਜ ਸ਼ਾਹੀਆ । ਪੁੱਤਰ ਧੀ ਨਾ ਬਾਲ ਅੰਞਾਣ, ਮਾਤ ਪਿਤ ਨਾ ਕੋਈ ਦਿਸਾਈਆ । ਸਾਕ ਸੱਜਣ ਨਾ ਬਿਰਧ ਜਵਾਨ, ਏਕਾ ਦੂਜਾ ਨਾਤਾ ਨਾ ਕੋਈ ਬੰਧਾਈਆ । ਇਕ ਇਕੱਲਾ ਸ੍ਰੀ ਭਗਵਾਨ, ਬੈਠਾ ਜੋਤ ਜਗਾਈਆ । ਜਨ ਭਗਤਾਂ ਵਖਾਏ ਨਾਮ ਨਿਸ਼ਾਨ, ਜੁਗ ਜੁਗ ਅਟੱਲ ਰਖਾਈਆ । ਹੰ ਹੰਗਤਾ ਕਰ ਕੁਰਬਾਨ, ਹਰਿ ਹਰਿ ਜੀ ਵਿਚ ਸਮਾਈਆ । ਸੋਹੰ ਅੱਖਰ ਕਰ ਪ੍ਰਧਾਨ, ਪ੍ਰਭ ਆਪਣੀ ਬਣਤ ਬਣਾਈਆ । ਕਲਜੁਗ ਤੇਰਾ ਅੰਤ ਵੇਖ ਨਿਸ਼ਾਨ, ਲੋਕਮਾਤ ਕਰੇ ਰੁਸ਼ਨਾਈਆ । ਸਾਧਾਂ ਸੰਤਾਂ ਦੇਵੇ ਦਾਨ ਬ੍ਰਹਮ ਗਿਆਨ, ਪੂਜਾ ਪਾਠ ਨਾ ਕੋਈ ਰਖਾਈਆ । ਰਸਨਾ ਹਰਿ ਹਰਿ ਜੋ ਜਨ ਗਾਣ, ਘਰ ਸਾਚੇ ਮੇਲ ਮਿਲਾਈਆ । ਸਤਿਜੁਗ ਤੇਰੀ ਸਚ ਦੁਕਾਨ, ਚੌਦਾਂ ਲੋਕਾਂ ਆਪ ਖੁਲ੍ਹਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਮੰਗਣ ਦਾਨ, ਅੱਗੇ ਬੈਠਾ ਝੋਲੀ ਡਾਹੀਆ । ਕਰੋੜ ਤੇਤੀਸਾ ਬਾਲ ਨਾਦਾਨ, ਸੁਰਪਤ ਰਾਜਾ ਇੰਦ ਰੋ ਰੋ ਦਏ ਦੁਹਾਈਆ । ਪੁਰਖ ਅਬਿਨਾਸ਼ੀ ਮਾਰ ਧਿਆਨ, ਦੇ ਮਤ ਰਿਹਾ ਸਮਝਾਈਆ । ਧੁਰ ਦਰਗਾਹੀ ਇਕ ਫ਼ਰਮਾਨ, ਲੋਆਂ ਪੁਰੀਆਂ ਕਰੇ ਜਣਾਈਆ । ਨੌ ਖੰਡ ਪ੍ਰਿਥਮੀ ਕਰੇ ਪਰਵਾਨ, ਸੱਤਾਂ ਦੀਪਾਂ ਜੈ ਜੈ ਜੈਕਾਰ ਕਰਾਈਆ । ਭਗਤ ਜਨਾਂ ਹਰਿ ਦੇਵੇ ਦਾਨ, ਦੂਸਰ ਹੱਥ ਕਿਸੇ ਨਾ ਆਈਆ । ਗੁਰਮੁਖ ਸਾਚੇ ਚਤਰ ਸੁਜਾਨ, ਆਤਮ ਇਛਿਆ ਇਕ ਰਖਾਈਆ । ਮੇਲ ਮਿਲਾਵਾ ਹਰਿ ਗੋਬਿੰਦ ਸਾਚੇ ਕਾਹਨ, ਨਾਮ ਨਈਆ ਇਕ ਚੜ੍ਹਾਈਆ । ਰਸਨਾ ਚਿਲ੍ਹਾ ਤੀਰ ਕਮਾਨ, ਪੰਚਮ ਮੇਟ ਮਿਟਾਈਆ । ਸ਼ਬਦ ਵਿਖਾਏ ਸਚ ਬਿਬਾਨ, ਧੁਰਦਰਗਾਹੀ ਡੇਰਾ ਲਾਈਆ । ਆਪ ਚੁਕਾਏ ਆਵਣ ਜਾਣ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਸੁਣ ਨਿਧਾਨ, ਹਰਿ ਸਾਚੇ ਸ਼ਬਦ ਜਣਾਈਆ । ਗੁਰਮੁਖ ਸਾਚੇ ਬਾਲ ਅੰਞਾਣ, ਪ੍ਰਭ ਆਪਣੀ ਗੋਦ ਉਠਾਈਆ । ਲਾੜੀ ਮੌਤ ਨਾ ਵੇਖੇ ਮਾਰ ਧਿਆਨ, ਮੁਖ ਘੁੰਗਟ ਬੈਠੀ ਮੁਖ ਛੁਪਾਈਆ । ਦੂਤ ਦੁਸ਼ਟ ਸਰਬ ਕੁਰਲਾਨ, ਸੋਹੰ ਖੰਡਾ ਆਪ ਵਿਖਾਈਆ । ਦਰ ਦਵਾਰਾ ਇਕ ਨਰ ਹਰਿ ਸ੍ਰੀ ਭਗਵਾਨ, ਦਿਵਸ ਰੈਣ ਕੁੰਡਾ ਰਿਹਾ ਲਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਧੁਰ ਦਰਗਾਹ ਸ਼ਬਦ ਸਰੂਪੀ ਬਣ ਮਲਾਹ, ਆਪ ਆਪਣੇ ਧਾਮ ਬਹਾਈਆ ।

ਹਰਿ ਧਨ ਨਾਮ ਸੁਗ਼ਾਤ, ਪ੍ਰਭ ਆਪਣੇ ਹੱਥ ਰਖਾਈਆ । ਜੁਗ ਜੁਗ ਦੇਵੇ ਦਾਨੀ ਦਾਤ, ਦੇਵਣਹਾਰ ਅਖਵਾਈਆ । ਮੰਗੇ ਮੰਗ ਧਰਤ ਮਾਤ, ਰੋ ਰੋ ਨੇਤਰ ਨੈਣ ਨੀਰ ਵਹਾਈਆ । ਕਲਜੁਗ ਹੋਈ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਚ ਨਾ ਦਿਸੇ ਕੋਈ ਪਰਭਾਤ, ਸਾਚਾ ਚੰਨ ਨਾ ਕੋਈ ਵਖਾਈਆ । ਰਵ ਸਸ ਨਾ ਦਿਸੇ ਕੋਈ ਪਰਤਾਪ, ਪਾਰਬ੍ਰਹਮ ਨਾ ਕੋਈ ਗਾਈਆ । ਦਹਿ ਦਿਸ਼ ਖੇਲ ਨਟੂਆ ਨਾਟ, ਜਗਤ ਨਾਟਕ ਰਿਹਾ ਵਖਾਈਆ । ਨਾਮ ਵਸਤ ਨਾ ਮਿਲੇ ਕਿਸੇ ਹਾਟ, ਗੁਰ ਦਰ ਮੰਦਰ ਵੇਖ ਵਖਾਈਆ । ਆਤਮ ਸੇਜ ਨਾ ਦਿਸੇ ਕੋਈ ਖਾਟ, ਪਲੰਘ

੮੮੧
੦੬

ਰੰਗੀਲਾ ਨਾ ਕੋਈ ਵਿਛਾਈਆ । ਆਤਮ ਰਸ ਨਾ ਲਏ ਕੋਈ ਚਾਟ, ਰਸਨਾ ਜਿਹਵਾ ਹੋਈ ਹਲਕਾਈਆ । ਭਵ ਜਲ ਪਾਰ ਨਾ ਕਰੇ ਕੋਈ ਘਾਟ, ਅੱਠ ਸੱਠ ਤੀਰਥ ਦਏ ਦੁਹਾਈਆ । ਜੂਠ ਝੂਠ ਮਾਰੇ ਠਾਠ, ਆਪ ਆਪਣੀ ਧਾਰ ਵਹਾਈਆ । ਕਲਜੁਗ ਕਾਇਆ ਅਗਨੀ ਕਾਠ, ਸ਼ਬਦ ਮੇਘ ਨਾ ਕੋਈ ਬਰਸਾਈਆ । ਆਪੇ ਗੇੜਨਹਾਰਾ ਉਲਟੀ ਲਾਠ, ਭੇਖਾਧਾਰੀ ਭੇਖ ਵਟਾਈਆ । ਆਤਮ ਅੰਤਰ ਨਾ ਕੋਈ ਪੂਜਾ ਪਾਠ, ਤਿਲਕ ਲਿਲਾਟ ਨਾ ਕੋਈ ਲਗਾਈਆ । ਪੱਲੇ ਦਿਸੇ ਨਾ ਨਾਮ ਗਾਠ, ਚਾਰੋਂ ਕੁੰਟਾਂ ਖਾਲੀ ਆਪ ਕਰਾਈਆ । ਗੁਰਮੁਖ ਵਿਰਲੇ ਮਿਲਿਆ ਏਕਾ ਨਾਮ ਹਾਠ, ਸਤਿ ਸੰਤੋਖ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਵੇ ਨਾਮ ਵਰ, ਵਡ ਭੰਡਾਰਾ ਇਕ ਰਖਾਈਆ । ਨਾਮ ਸੁਗਾਤ ਸਚ ਸੁਗੰਧ, ਏਕਾ ਏਕ ਵਰਤਾਇੰਦਾ । ਜੋ ਜਨ ਗਾਏ ਬੱਤੀ ਦੰਦ, ਪਰਮਾਨੰਦ ਸਮਾਇੰਦਾ । ਦੂਈ ਦਵੈਤੀ ਢਾਹੇ ਕੰਧ, ਨਿਜਾਨੰਦ ਵਖਾਇੰਦਾ । ਜੋਤ ਨਿਰੰਜਣ ਚਾੜ੍ਹੇ ਚੰਦ, ਦੀਪਕ ਇਕ ਵਿਖਾਇੰਦਾ । ਖ਼ੁਸ਼ੀ ਕਰਾਏ ਬੰਦ ਬੰਦ, ਪੰਚਮ ਮੇਟ ਮਿਟਾਇੰਦਾ । ਰਾਗ ਸੁਣਾਏ ਸੁਹਾਗੀ ਛੰਦ, ਸੋਹੰ ਸੋ ਨਾਉਂ ਰਖਾਇੰਦਾ । ਲੱਖ ਚੁਰਾਸੀ ਤੋੜੇ ਫੰਦ, ਆਵਣ ਜਾਵਣ ਗੇੜ ਕਟਾਇੰਦਾ । ਸਰਬ ਜੀਆਂ ਆਪੇ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਹੋ ਜਾਇੰਦਾ । ਮਨਮੁਖ ਜੀਵ ਭਾਗਾਂ ਮੰਦ, ਨੇਤਰ ਨੈਣ ਨਾ ਦਰਸਨ ਪਾਇੰਦਾ । ਰਸਨ ਲਗਾਇਆ ਮਦਿਰਾ ਮਾਸ ਗੰਦ, ਸੁਰਤ ਸ਼ਬਦ ਨਾ ਕੋਇ ਮਿਲਾਇੰਦਾ । ਬਜਰ ਕਪਾਟ ਨਾ ਖੁਲ੍ਹੇ ਜੰਦ, ਨਾਮ ਕੁੰਜੀ ਨਾ ਕੋਈ ਰਖਾਇੰਦਾ । ਮਾਇਆ ਮਮਤਾ ਕੀਨਾ ਅੰਧ, ਦ੍ਰਿਸ਼ਟ ਇਸ਼ਟ ਨਾ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਰ ਸੁਹਾਇੰਦਾ । ਨਾਮ ਭੰਡਾਰ ਹਰਿ ਵਰਤੰਤਾ, ਏਕਾ ਆਦਿ ਜੁਗਾਦਿਆ । ਮੇਲ ਮਿਲਾਏ ਸਾਜਨ ਸੰਤਾ, ਖੋਜ ਖੁਜਾਏ ਵੱਡ ਬ੍ਰਹਿਮਾਦਿਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਸ਼ਬਦ ਧੁਨ ਵਜਾਏ ਨਾਦ ਅਨਾਹਦ ਨਾਦਿਆ । ਤੋੜੇ ਗੜ੍ਹ ਹਉਮੇ ਹੰਗਤਾ, ਸਤਿ ਸਤਿ ਸਤਿਵਾਦਿਆ । ਦਰ ਭਿਖਾਰੀ ਜੋ ਜਨ ਮੰਗਤਾ, ਦੇਵੇ ਨਾਮ ਧੁਰ ਦੀ ਦਾਦਿਆ । ਗੁਣ ਅਵਗੁਣ ਨਾ ਜਾਣੇ ਜੀਵ ਜੰਤਾ, ਇਕ ਜਣਾਏ ਬੋਧ ਅਗਾਧਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਦਿਵਸ ਰੈਣ ਰਹੇ ਅਰਾਧਿਆ । ਨਾਮ ਭੰਡਾਰ ਹਰਿ ਅਨਮੁਲਾ, ਏਕਾ ਏਕ ਰਖਾਇਆ । ਆਪਣੇ ਤੋਲ ਆਪੇ ਤੁਲਾ, ਤੋਲਣਹਾਰ ਆਪ ਹੋ ਆਇਆ । ਗੁਰਮੁਖ ਵਿਰਲਾ ਚਰਨ ਪ੍ਰੀਤੀ ਘੋਲ ਘੁਲਾ, ਹਉਂ ਘੋਲੀ ਘੋਲ ਘੁਮਾਇਆ । ਮਾਇਆ ਮਮਤਾ ਮੋਹ ਵਿਚ ਨਾ ਰੁੱਲਾ, ਕਾਇਆ ਚੋਲੀ ਭਰਮ ਨਾ ਰਾਇਆ । ਕਾਇਆ ਬੂਟਾ ਮਾਤ ਨਾ ਹੁੱਲਾ, ਫਲ ਵੇਖੇ ਡਾਲ੍ਹ ਸਬਾਇਆ । ਭਾਗ ਲਗਾਏ ਆਪਣੀ ਕੁਲਾ, ਕੁਲਾਵੰਤ ਜੀਵ ਜਿਸ ਗਾਇਆ । ਦਰ ਦਵਾਰੇ ਜੋ ਜਨ ਆਏ ਭੁੱਲਾ, ਨਾਮ ਨਾਮਾ ਝੋਲੀ ਪਾਇਆ । ਸਚ ਦਵਾਰਾ ਆਦਿ ਜੁਗਾਦਿ ਜੁਗ ਜੁਗ ਖੁਲ੍ਹਾ, ਨਾ ਕੋਈ ਸਕੇ ਬੰਦ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਵਰ ਘਰ ਏਕਾ ਰਿਹਾ ਸੁਹਾਇਆ । ਪਾਇਆ ਨਾਮ ਹਰਿ ਅਤੁਟ, ਤੋਟ ਰਹੇ ਨਾ ਰਾਈਆ । ਲੱਖ ਚੁਰਾਸੀ ਜਾਏ ਛੁੱਟ, ਹਰਿ ਬੰਦ ਬੰਦ ਕਟਾਈਆ । ਪੰਚ ਵਿਕਾਰਾ ਨਾ ਸਕੇ ਲੁੱਟ, ਨਾਮ ਖੰਡਾ ਇਕ ਵਿਖਾਈਆ । ਅੰਮ੍ਰਿਤ ਆਤਮ ਪਿਆਏ ਸਾਚਾ ਘੁੱਟ, ਅੱਠੇ ਪਹਿਰ ਖੁਮਾਰ ਕਰਾਈਆ । ਤੀਰ ਨਿਰਾਲਾ ਰਿਹਾ ਛੁੱਟ, ਰਸਨਾ ਚਿਲ੍ਹੇ ਆਪ ਚੜ੍ਹਾਈਆ । ਮਨਮੁਖ ਜੀਵਾਂ ਜੜ੍ਹ ਦੇਵੇ ਪੁੱਟ, ਜਿਉਂ ਰਾਮਾ ਰਾਵਣ ਖਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਕਲਜੁਗ ਤੇਰੀ ਅੰਤਮ ਵਰ, ਭੇਖਾਧਾਰੀ ਵੇਸ ਵਟਾਈਆ । ਭੇਸ ਅਵੱਲਾ ਹਰਿ ਇਕੱਲਾ, ਜੁਗ ਜੁਗ ਕਰਦਾ ਆਇਆ । ਧਰਤ ਮਾਤ ਤੇਰਾ ਇਕ ਮਹੱਲਾ, ਹਰਿ ਸਾਚਾ ਦਏ ਵਸਾਇਆ । ਨੌ ਖੰਡ ਪ੍ਰਿਥਮੀ ਪਾਏ ਤਰਥੱਲਾ, ਸੱਤਾਂ ਦੀਪਾਂ ਦਏ ਹਿਲਾਇਆ । ਬ੍ਰਹਮਾ ਸ਼ਿਵ ਦਰ ਦਵਾਰੇ ਖੱਲਾ, ਵਿਸ਼ਨੂੰ ਵੰਸੀ ਸੀਸ ਝੁਕਾਇਆ । ਕਰੋੜ ਤੇਤੀਸਾ ਬੋਲੇ ਬਲਾ ਸੁਰਪਤ ਰਾਜਾ ਇੰਦ ਸੰਗ ਰਲਾਇਆ । ਵੇਖ ਵਖਾਏ ਜਲਾਂ ਥਲਾਂ, ਜੰਗਲ ਜੂਹ ਉਜਾੜ ਪਹਾੜਾਂ ਡੇਰਾ ਲਾਇਆ । ਦੀਪਕ ਜੋਤ ਗੁਰਮੁਖ ਵਿਰਲੇ ਮਸਤਕ ਥਾਲ ਬੱਲਾ, ਅਗਿਆਨ ਅੰਧੇਰ ਮਿਟਾਇਆ । ਧੁਰਦਰਗਾਹੀ ਸ਼ਬਦ ਸੁਨੇਹੜਾ ਏਕਾ ਘੱਲਾ, ਜੁਗ ਜੁਗ ਰਿਹਾ ਸੁਣਾਇਆ । ਮਨਮੁਖ ਭੁਲਾਏ ਕਰ ਕਰ ਵਲ ਛੱਲਾ, ਅਛਲ ਅਛੱਲ ਭੇਵ ਨਾ ਰਾਇਆ । ਨਾ ਕੋਈ ਮੇਟੇ ਦੂਈ ਦਵੈਤੀ ਸੱਲਾ, ਏਕਾ ਦੂਜਾ ਨਾ ਭੇਵ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਏਕਾ ਰੰਗਣ ਤਨ ਚੜ੍ਹਾਇਆ । ਰੰਗੇ ਰੰਗ ਕਾਇਆ ਚੋਲੀ, ਹਰਿ ਏਕਾ ਰੰਗ ਚੜ੍ਹਾਇੰਦਾ । ਪੰਚ ਵਿਕਾਰਾ ਹੋਏ ਘੋਲ, ਸੇਵਕ ਸੇਵਾਦਾਰ ਕਰਾਇੰਦਾ । ਸੋਹੰ ਅੱਖਰ ਸਤਿਜੁਗ ਤੇਰਾ ਸਾਚਾ ਬੋਲ, ਚਾਰ ਵਰਨਾਂ ਆਪ ਜਣਾਇੰਦਾ । ਜਗਤ ਭੰਡਾਰਾ ਆਪੇ ਖੋਲ੍ਹ, ਦੋ ਜਹਾਨਾਂ ਆਪ ਵਰਤਾਇੰਦਾ । ਏਕਾ ਕੰਡੇ ਰਿਹਾ ਤੋਲ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਏਕਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖਾਂ ਦੇਵੇ ਨਾਮ ਵਰ, ਏਕਾ ਮੰਗਣ ਮੰਗ ਮੰਗਾਇੰਦਾ । ਮੰਗੇ ਮੰਗ ਨਾਮ ਪਰਭਾਤ, ਸਚ ਸੁੱਚ ਵਡਿਆਈਆ । ਬੈਠਾ ਰਹੇ ਇਕ ਇਕਾਂਤ, ਦਿਵਸ ਰੈਣ ਨਾ ਕੋਇ ਜਣਾਈਆ । ਆਤਮ ਅੰਮ੍ਰਿਤ ਦੇਵੇ ਬੂੰਦ ਸਵਾਂਤ, ਭਰ ਪਿਆਲਾ ਇਕ ਪਿਆਈਆ । ਜਨ ਭਗਤਾਂ ਪੁੱਛੇ ਜੁਗ ਜੁਗ ਵਾਤ, ਆਪ ਆਪਣੀ ਜੋਤ ਜਗਾਈਆ । ਆਪੇ ਪਿਤਾ ਆਪੇ ਮਾਤ, ਆਪ ਆਪਣੀ ਗੋਦ ਉਠਾਈਆ । ਚਰਨ ਕਵਲ ਏਕਾ ਸੱਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਲੇਖਾ ਚੁੱਕੇ ਜ਼ਾਤ ਪਾਤ, ਵਰਨ ਬਰਨ ਰਹਿਣ ਨਾ ਪਾਈਆ । ਵੇਖ ਵਖਾਏ ਦੀਪ ਸਾਤ, ਨੌ ਖੰਡ ਪ੍ਰਿਥਮੀ ਇਕ ਦੁਹਾਈਆ । ਸੋਹੰ ਸ਼ਬਦ ਚਲਾਏ ਸਾਚੀ ਗਾਥ, ਅੱਖਰ ਵੱਖਰ ਆਪ ਪੜ੍ਹਾਈਆ । ਨਾਥ ਤ੍ਰੈਲੋਕੀ ਆਪ ਚਲਾਏ ਆਪਣਾ ਰਾਥ, ਰਥ ਰਥਵਾਹੀ ਆਪ ਅਖਵਾਈਆ । ਭਗਤ ਜਨਾਂ ਹਰਿ ਸਗਲਾ ਸਾਥ, ਸਾਚਾ ਸੰਗ ਨਿਭਾਈਆ । ਜਿਉਂ ਰਾਮਾ ਘਰ ਦਸਰਾਥ, ਦਹਿਸਰ ਬਾਣਾਂ ਨਾਲ ਘਾਈਆ । ਕਾਹਨਾ ਕ੍ਰਿਸ਼ਨਾ ਤ੍ਰੈਲੋਕੀ ਨਾਥ, ਅਰਜਨ ਗੀਤਾ ਇਕ ਸੁਣਾਈਆ । ਕਲਜੁਗ ਅੰਤਮ ਵੇਖੇ ਮਾਰ ਝਾਤ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਰਖਾਏ ਨਾਮ ਵਰ, ਚਾਰ ਵਰਨਾਂ ਇਹ ਸਮਝਾਈਆ । ਚਾਰ ਵਰਨ ਇਕ ਗਿਆਨ, ਹਰਿ ਸਾਚਾ ਆਪ ਦ੍ਰਿੜਾਇੰਦਾ । ਰੂਸਾ ਚੀਨਾ ਵੇਖ ਜਪਾਨ, ਸ਼ਾਹ ਇੰਗਲਸਤਾਨ ਆਪ ਹਿਲਾਇੰਦਾ । ਨਾਮ ਫਰੰਗੀ ਕੱਢੇ ਤੇਜ ਕ੍ਰਿਪਾਨ, ਚਾਰੋਂ ਕੁੰਟ ਚਲਾਇੰਦਾ । ਮੰਗਣ ਮੰਗ ਏਕਾ ਮੰਗੀ, ਈਸਾ ਮੂਸਾ ਝੋਲੀ ਡਾਹਿੰਦਾ । ਚਾਰ ਯਾਰ ਕੰਡ ਨੰਗੀ, ਸੰਗ ਮੁਹੰਮਦ ਮੁਖ ਛੁਪਾਇੰਦਾ । ਸਦੀ ਚੌਧਵੀਂ ਜਾਏ ਲੰਘੀ, ਨਾ ਕੋਈ ਧੀਰ ਧਰਾਇੰਦਾ । ਰਾਏ ਧਰਮ ਦਰ ਦਵਾਰੇ ਮੰਗ ਮੰਗੀ, ਦੋਏ ਜੋੜ ਸੀਸ ਝੁਕਾਇੰਦਾ । ਲਾੜੀ ਮੌਤ ਸੀਸ ਵਾਹੇ ਕੰਘੀ, ਤਨ ਸ਼ਿੰਗਾਰ ਕਰਾਇੰਦਾ । ਧਰਤ ਮਾਤ ਚੁੰਨੀ ਲਾਲ ਰੰਗੀ, ਪੱਲੂ ਆਪਣੇ ਹੱਥ ਵਿਖਾਇੰਦਾ । ਸੰਮਤ ਪੰਦਰਾਂ ਤੇਰੀ ਰੁੱਤ ਲੱਗੇ ਚੰਗੀ, ਪ੍ਰਭ ਖ਼ੁਸ਼ੀਆਂ ਮਾਤ ਮਨਾਇੰਦਾ । ਆਪ ਉਠਾਏ ਸ਼ਾਹ ਫਰੰਗੀ, ਮੱਕਾ ਮਦੀਨਾ ਵੇਖ ਵਖਾਇੰਦਾ । ਭਗਤ ਜਨਾਂ ਹਰਿ ਸਾਚਾ ਸੰਗੀ, ਦੇ ਮਤ ਆਪ ਸਮਝਾਇੰਦਾ ।

੮੮੨
੦੬

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਮ ਗੁਣ ਨਿਧਾਨ, ਮਾਰ ਧਿਆਨ ਦੋ ਜਹਾਨ, ਸੋਹੰ ਸੋ ਦੁਰਮਤ ਮੈਲ ਧੋ, ਹਰਿ ਬਿਨ ਅਵਰ ਨਾ ਕੋ, ਜਨ ਭਗਤਾਂ ਝੋਲੀ ਪਾਇੰਦਾ । ਰਘੁਬਰ ਹਰਿ ਰਘੁਨਾਥ, ਰਘੁਵੰਸ ਆਪ ਅਖਵਾਇਆ । ਜੁਗ ਜੁਗ ਸਗਲਾ ਸਾਥ, ਜਨ ਭਗਤਾਂ ਸੰਗ ਨਿਭਾਇਆ । ਆਪ ਆਪਣਾ ਚਲਾਏ ਰਾਥ, ਰਬ ਰਬਵਾਹੀ ਇਕ ਅਖਵਾਇਆ । ਲੇਖਾ ਲੇਖ ਲਿਖਾਏ ਮਸਤਕ ਮਾਥ, ਕੌਸਤਕ ਮਣੀਆ ਟਿੱਕਾ ਇਕ ਲਗਾਇਆ । ਮੇਲ ਮਿਲਾਵਾ ਤ੍ਰੈਲੋਕੀ ਨਾਥ, ਲੋਆਂ ਪੁਰੀਆਂ ਵਿਚ ਸਮਾਇਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ, ਲੱਖ ਚੁਰਾਸੀ ਫੰਦ ਕਟਾਇਆ । ਸੋਹੰ ਸ਼ਬਦ ਕਲ ਸਾਚੀ ਗਾਥ, ਹਰਿਜਨ ਰਸਨਾ ਜਿਹਵਾ ਦੰਦ ਬੱਤੀਸਾ ਏਕਾ ਗੁਣ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਪ੍ਰੀਤੀ ਸਾਚੀ ਰੀਤੀ ਨਾਮ ਵਸਤ ਝੋਲੀ ਇਕ ਭਰਾਇਆ ।

### ✻ ੨੪ ਭਾਦਰੋਂ ੨੦੧੪ ਬਿਕ੍ਰਮੀ ਰੇਸ਼ਮ ਸਿੰਘ ਦੇ ਗਹਿ ਮੇਰਠ ਛਾਉਣੀ ✻

ਸਤਿ ਪੁਰਖ ਸਤਿਵਾਦ, ਸਤਿ ਸਮਾਇਆ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਖੇਲ ਖਿਲਾਇਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਅਰਾਧ, ਦਿਵਸ ਰੈਣ ਰਸਨਾ ਗਾਇਆ । ਕਰੋੜ ਤੇਤੀਸਾ ਵਜਾਏ ਨਾਦ, ਸੁਰਪਤ ਰਾਜਾ ਇੰਦ ਸੰਗ ਰਲਾਇਆ । ਨੌ ਖੰਡ ਪ੍ਰਿਥਮੀ ਸ਼ਬਦ ਜਣਾਏ ਬੋਧ ਅਗਾਧ, ਹਰਿ ਏਕਾ ਏਕ ਰਖਾਇਆ । ਸੰਤ ਸੁਹੇਲੇ ਮਾਤ ਲਾਧ, ਆਪ ਆਪਣੀ ਦਇਆ ਕਮਾਇਆ । ਧੁਨ ਵਜਾਏ ਆਤਮਕ ਸਾਚਾ ਨਾਦ, ਅਨਹਦ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਵੇਸ ਵਟਾਇਆ । ਆਦਿ ਪੁਰਖ ਅਨਾਦ, ਏਕਾ ਏਕੰਕਾਰਿਆ । ਸ਼ਬਦ ਜਣਾਏ ਬੋਧ ਅਗਾਧ, ਲੋਆਂ ਪੁਰੀਆਂ ਪਾਵੇ ਸਾਰਿਆ । ਜਨ ਭਗਤਾਂ ਦੇਵੇ ਸਾਚੀ ਦਾਦ, ਲੱਖ ਚੁਰਾਸੀ ਵੇਖੇ ਖੇਲ ਨਿਆਰਿਆ । ਕੋਟਨ ਕੋਟ ਜੀਵ ਜੰਤ ਸਾਧ ਸੰਤ ਰਹੇ ਅਰਾਧ, ਦਿਸ ਕਿਸੇ ਨਾ ਆ ਰਿਹਾ । ਅਗੰਮ ਅਗੰਮਾ ਮੋਹਣ ਮਾਧਵ ਮਾਧ, ਕੇਸ਼ਵ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਵੇਸ ਵਟਾਇਆ ਹਰਿ ਅਗੰਮਾ, ਆਪਣੀ ਜੋਤ ਜਗਾਇਆ । ਥਿਰ ਘਰ ਵਸਾਏ ਸਚ ਮਹੱਲਾ, ਛੱਪਰ ਛੰਨ ਨਾ ਕੋਈ ਰਖਾਇਆ । ਨਾ ਕੋਈ ਗੰਗਾ ਗੋਦਾਵਰੀ ਦਿਸੇ ਜਲਾ, ਅੱਠ ਸੱਠ ਦਿਸ ਨਾ ਆਇਆ । ਗੁਰਦਰ ਮੰਦਰ ਮਸਜਿਦ ਪੈਣਾ ਨਾ ਕੋਈ ਮੁੱਲਾ, ਹਵਨੀ ਹਵਨ ਨਾ ਕੋਈ ਕਰਾਇਆ । ਤੀਰ ਤਲਵਾਰ ਨਾ ਕੋਈ ਢਾਲਾ, ਅਸਤਰ ਸ਼ਸਤਰ ਨਾ ਕੋਇ ਸਜਾਇਆ । ਪਾਰਬ੍ਰਹਮ ਅਬਿਨਾਸ਼ੀ ਸਚ ਸਿੰਘਾਸਣ ਏਕਾ ਬੈਠਾ ਮੱਲਾ, ਆਪ ਆਪਣਾ ਰਿਹਾ ਉਪਾਇਆ । ਜੋਤੀ ਸ਼ਬਦੀ ਆਪੇ ਰੱਲਾ, ਦਰ ਸਾਚਾ ਇਕ ਸੁਹਾਇਆ । ਧਾਮ ਦਿਖਾਏ ਇਕ ਇਕੱਲਾ, ਉਚੋ ਉਚ ਸੁਹਾਇਆ । ਜੁਗ ਜੁਗ ਸ਼ਬਦ ਸੰਦੇਸ਼ ਲੋਕਮਾਤ ਘੱਲਾ, ਰਾਮ ਰਾਮਾ ਰੂਪ ਵਟਾਇਆ । ਆਪ ਆਪਣਾ ਕਰੇ ਕਰਾਏ ਲੱਖ ਚੁਰਾਸੀ ਹੱਲਾ, ਬ੍ਰਹਮਾ ਵੇਤਾ ਵੇਦ ਵਿਦਾਨ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜੋਤੀ ਭੇਖ ਕਰ, ਲੋਕਮਾਤ ਮਾਰ ਝਾਤ, ਆਪ ਆਪਣਾ ਖੇਲ ਖਿਲਾਇਆ । ਸਤਿਜੁਗ ਤ੍ਰੇਤਾ ਪਾਰ ਕਰ, ਦੁਆਪਰ ਵੱਜੇ ਵਧਾਈਆ । ਰਾਮਾ ਕ੍ਰਿਸ਼ਨਾ ਮੇਲ ਹਰਿ, ਏਕਾ ਧਾਮ ਸੁਹਾਈਆ । ਕਲਜੁਗ ਅੰਤਮ ਵੇਸ ਕਰ, ਅਕਲ ਕਲਾ

ਵਰਤਾਈਆ । ਨਾਨਕ ਗੋਬਿੰਦ ਟੇਕ ਨਰ, ਦਿਵਸ ਰੈਣ ਰਿਹਾ ਗਾਈਆ । ਸੰਗ ਮੁਹੰਮਦ ਚਾਰ ਯਾਰ ਮੰਗਣ ਦਰ, ਦੋਏ ਜੋੜ ਬੈਠੇ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਕਿਰਪਾ ਆਪਣੀ ਰਿਹਾ ਕਰ, ਸ਼ਬਦ ਵਸਤ ਦਸਤ ਫੜਾਈਆ । ਪਰਗਟ ਹੋਏ ਵਿਚ ਸੰਸਾਰ, ਕਲਜੁਗ ਅੰਤਮ ਦਏ ਵਧਾਈਆ । ਚਾਰ ਵਰਨ ਸੁਹਾਏ ਇਕ ਦਵਾਰ, ਬੰਕ ਦਵਾਰਾ ਇਕ ਖੁਲ੍ਹਾਈਆ । ਰਾਓ ਰੰਕ ਪ੍ਰਭ ਇਕ ਕਰ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਸ੍ਰਿਸ਼ਟ ਸਬਾਈ ਵੇਖ ਹਰਿ, ਨੌ ਖੰਡ ਪ੍ਰਿਥਮੀ ਆਪ ਹਿਲਾਈਆ । ਸੱਤਾਂ ਦੀਪਾਂ ਦੇਵੇ ਵਰ, ਪੁਰੀਆਂ ਲੋਆਂ ਕਰੇ ਕੁੜਮਾਈਆ । ਨਿਹਕਲੰਕਾ ਨਾਉਂ ਧਰ, ਗੁਰ ਗੋਬਿੰਦਾ ਮੇਲ ਮਿਲਾਈਆ । ਸ਼ਬਦ ਖੰਡਾ ਹੱਥ ਫੜ, ਚਾਰੋਂ ਕੁੰਟ ਦਹਿ ਦਿਸ਼ਾ ਆਪ ਵਖਾਈਆ । ਰਵ ਸਸ ਰਹੇ ਡਰ, ਧਰਤਮਾਤ ਰਹੀ ਕੁਰਲਾਈਆ । ਤੀਰ ਨਿਰਾਲਾ ਨਿਸ਼ਾਨਾ ਮਾਰੇ ਹਰਿ, ਆਪੇ ਮੇਟ ਮਿਟਾਈਆ । ਕਿਲ੍ਹਾ ਤੋੜ ਤੁੜਾਏ ਹੰਕਾਰੀ ਗੜ੍ਹ, ਥਿਰ ਰਹਿਣ ਨਾ ਪਾਈਆ । ਆਪ ਆਪਣੀ ਬੂਝ ਬੁਝਾਈ ਨਾ ਕੋਈ ਸੀਸ ਨਾ ਕੋਈ ਧੜ, ਪੰਜ ਤਤ ਦਿਸ ਨਾ ਆਈਆ । ਹੱਡ ਮਾਸ ਨਾੜੀ ਨਾ ਕੋਈ ਨੜ, ਰਕਤ ਬੂੰਦ ਨਾ ਕੋਈ ਸੁਹਾਈਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਭੇਵ ਅਭੇਦਾ ਭੇਵ ਛੁਪਾਈਆ । ਲੱਖ ਚੁਰਾਸੀ ਨਾਲ ਰਿਹਾ ਲੜ, ਆਪੇ ਮੇਟੇ ਆਪੇ ਲਏ ਮਿਲਾਈਆ । ਸੰਤ ਸੁਹੇਲੇ ਆਤਮ ਅੰਦਰ ਲਏ ਫੜ, ਆਪ ਆਪਣਾ ਰਾਹ ਵਖਾਈਆ । ਨਾ ਮਰੇ ਨਾ ਜਾਏ ਸੜ, ਆਪ ਆਪਣਾ ਰਿਹਾ ਸੁਹਾਈਆ । ਜਨ ਭਗਤਾਂ ਫੜਾਏ ਆਪਣਾ ਲੜ, ਏਕਾ ਪੱਲੂ ਨਾਮ ਰਖਾਈਆ । ਕਲਜੁਗ ਤੇਰੀ ਕਾਲੀ ਧਾਰ ਵਹੇ ਹੜ੍ਹ, ਕਲਜੁਗ ਰਿਹਾ ਵਹਾਈਆ । ਤ੍ਰੈਗੁਣ ਮਾਇਆ ਜਾਣੀ ਸੜ, ਬ੍ਰਹਮਾ ਰੋ ਰੋ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਵੇਖ ਹਰਿ ਕਰਤਾਰ, ਆਪਣੀ ਕਲ ਵਰਤਾਇੰਦਾ । ਚੌਥੇ ਜੁਗ ਪਾਵੇ ਸਾਰ, ਮਹਾਂਸਾਰਥੀ ਆਪ ਅਖਵਾਇੰਦਾ । ਵੇਦ ਅਥਰਬਣ ਪਾਵੇ ਸਾਰ, ਪਾਰ ਕਿਨਾਰ ਐੜਾ ਅੱਲਾ ਮੁਖ ਛੁਪਾਇੰਦਾ । ਚਾਰੋਂ ਕੁੰਟ ਹਾਹਾਕਾਰ, ਸੰਗ ਮੁਹੰਮਦ ਆਪ ਕੁਰਲਾਇੰਦਾ । ਈਸਾ ਮੂਸਾ ਖ਼ਬਰਦਾਰ, ਲਿਖਿਆ ਲੇਖ ਇਕ ਸੁਣਾਇੰਦਾ । ਗੁਰ ਗੋਬਿੰਦਾ ਕਰ ਪਿਆਰ, ਆਪ ਆਪਣੀ ਸੇਵਾ ਲਾਇੰਦਾ । ਆਤਮ ਚਿੰਤਾ ਦਏ ਨਿਵਾਰ, ਬਜਰ ਕਪਾਟੀ ਜਿੰਦਾ ਆਪ ਤੁੜਾਇੰਦਾ । ਸਾਚੀ ਬੂੰਦ ਅੰਮ੍ਰਿਤ ਆਤਮ ਧਾਰ, ਕਰ ਕਿਰਪਾ ਆਪ ਪਿਲਾਇੰਦਾ । ਬੰਦ ਕਿਵਾੜਾ ਖੋਲ੍ਹ ਦਵਾਰ, ਆਤਮ ਸੇਜ ਫੋਲ ਫੁਲਾਇੰਦਾ । ਕਲਜੁਗ ਵੇਖੇ ਨਾਰ ਰੰਡਾ, ਕੰਤ ਸੁਹਾਗ ਨਾ ਕੋਈ ਹੰਢਾਇੰਦਾ । ਪੰਜ ਵਿਕਾਰਾ ਖੰਨ ਖੰਨ, ਆਪ ਆਪਣੀ ਵੰਡ ਵੰਡਾਇੰਦਾ । ਨੌ ਖੰਡ ਪ੍ਰਿਥਮੀ ਇਕ ਵਖਾਏ ਸੋਹੰ ਸ਼ਬਦ, ਸਾਚਾ ਡੰਡਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਤੇਰਾਂ ਵੇਖ ਘਰ, ਘਰ ਸਾਚੇ ਜੋਤ ਜਗਾਇੰਦਾ । ਜਗਤ ਸਿਆਸ ਅੰਧ ਅੰਧੇਰ ਵੇਖ ਪਰਭਾਸ, ਅੰਤ ਰਹਿਣ ਨਾ ਪਾਈਆ । ਪੰਡਤ ਪਾਂਧੇ ਵੇਖਣ ਮਾਰ ਧਿਆਨ, ਰੋ ਰੋ ਦੇਣ ਦੁਹਾਈਆ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਮੁੱਲਾ ਸ਼ੇਖ਼ ਰਹੇ ਸ਼ਰਮਾਈਆ । ਗ੍ਰੰਥੀ ਪੰਥੀ ਸਰਬ ਕੁਰਲਾਨ, ਗੁਰ ਗੋਬਿੰਦ ਦਿਸ ਨਾ ਆਈਆ । ਕਲਜੁਗ ਤੇਰੀ ਅੰਤਮ ਵੇਖ ਦੁਕਾਨ, ਜੂਠ ਝੂਠ ਹੱਟ ਖੁਲ੍ਹਾਈਆ । ਚੌਥੇ ਜੁਗ ਸਰਬ ਕੁਰਲਾਨ, ਮਨਮਤ ਦਏ ਦੁਹਾਈਆ । ਲੋਭ ਮੋਹ ਹੰਕਾਰਾ ਸਰਬ ਪਛਤਾਨ, ਕਾਮ ਕਰੋਧ ਕਰੇ ਚੜ੍ਹਾਈਆ । ਪੁਰਖ ਅਬਿਨਾਸ਼ੀ ਖੇਲੇ ਖੇਲ ਮਹਾਨ, ਆਪ ਆਪਣੀ ਜੋਤ ਜਗਾਈਆ । ਚਾਰ ਵਰਨ ਦੇਵੇ ਜੀਆ ਦਾਨ, ਆਤਮ ਬ੍ਰਹਮ ਜਣਾਈਆ । ਬ੍ਰਹਮ ਵਿਦਿਆ ਇਕ ਬਲਵਾਨ, ਲਿਖਣ ਪੜ੍ਹਨ ਵਿਚ

੮੮੪
੦੬

ਨਾ ਆਈਆ । ਨਾ ਕੋਈ ਜਾਣੇ ਪੰਜ ਤਤ ਸ਼ਬਦ ਮਹਾਨ, ਨਾ ਕੋਈ ਪੰਚਮ ਰਾਗ ਅਲਾਈਆ । ਇਕ ਇਕੱਲਾ ਸ੍ਰੀ ਭਗਵਾਨ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਜੰਗਲ ਜੂਹ ਉਜਾੜ, ਪਹਾੜ ਡੂੰਘੀ ਕੰਦਰ ਵੇਖੇ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਧਾਰ ਰਿਹਾ ਚਲਾਈਆ । ਇਕ ਇਕੱਲਾ ਏਕੰਕਾਰ, ਏਕਾ ਧਾਰ ਚਲਾਇੰਦਾ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਤੀਰ ਨਿਸ਼ਾਨਾ ਇਕ ਲਗਾਇੰਦਾ । ਰਸਨਾ ਚਿਲ੍ਹਾ ਤੀਰ ਕਮਾਨਾ, ਖੇਲੇ ਖੇਲ ਸ੍ਰੀ ਭਗਵਾਨਾ, ਗੋਬਿੰਦ ਮੇਲ ਮਿਲਾਇੰਦਾ । ਆਪੇ ਹੋਏ ਜਾਣੀ ਜਾਣਾ, ਦੋ ਜਹਾਨਾਂ ਕਰੇ ਪਛਾਨਾ, ਵੇਖਣਹਾਰ ਆਪ ਅਖਵਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨਾ, ਜੋਤ ਪਰਕਾਸ਼ ਕੋਟਨ ਭਾਨਾ, ਜਨ ਭਗਤਾਂ ਕਰਾਏ ਸਾਚਾ ਮਜਨ, ਏਕਾ ਮਾਘ ਕਰਾਇੰਦਾ । ਮਨਮੁਖ ਭੁੱਲੇ ਜੀਵ ਨਾਦਾਨਾ, ਹੱਥ ਨਾ ਆਏ ਧੁਰਦਰਗਾਹੀ ਨਾਮ ਨਿਸ਼ਾਨਾ, ਨਾ ਕੋਈ ਵੇਖ ਵਖਾਇੰਦਾ । ਰਾਧਾ ਕ੍ਰਿਸ਼ਨ ਨਾ ਕੋਈ ਵਖਾਨਾ, ਰਾਮ ਰਮਈਆ ਭੇਵ ਨਾ ਪਾਨਾ, ਦੁਰਗਾ ਅਸ਼ਟਮੀ ਨਾ ਕੋਈ ਸੀਸ ਝੁਕਾਇੰਦਾ । ਨਾ ਕੋਈ ਵੇਖੇ ਸ਼ਾਸਤਰ ਵੇਦ ਪੁਰਾਨਾ, ਖਾਣੀ ਬਾਣੀ ਹੋਏ ਹੈਰਾਨਾ, ਅੰਜੀਲ ਕੁਰਾਨਾਂ ਵੇਖ ਵਖਾਇੰਦਾ । ਗੁਰ ਗੋਬਿੰਦ ਹੋਏ ਹੈਰਾਨਾ, ਨਾਨਕ ਵੇਖੇ ਜਗਤ ਤਮਾਸ਼ਾ, ਆਪ ਆਪਣਾ ਭੇਵ ਮਿਟਾਇੰਦਾ । ਪੁਰਖ ਅਬਿਨਾਸ਼ੀ ਸਰਬ ਗੁਣਤਾਸਾ, ਕਲਜੁਗ ਤੇਰੇ ਆਤਮ ਅੰਤਰ ਕਰੇ ਵਾਸਾ, ਆਪ ਆਪਣਾ ਨਾਉਂ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੋਬਿੰਦ ਮੇਲ ਦਰ, ਏਕਾ ਰੰਗ ਸਮਾਇੰਦਾ । ਏਕਾ ਏਕ ਏਕੰਕਾਰ, ਏਕਾ ਰੂਪ ਸਮਾਈਆ । ਜੋਤੀ ਸ਼ਬਦੀ ਕਰ ਪਿਆਰ, ਪਵਣ ਪਵਣੀ ਸਮਾਈਆ । ਸਤਵੇਂ ਘਰ ਵਸਿਆ ਆਪ, ਛੇਵੇਂ ਛੱਪਰ ਦੇਵੇ ਪਾੜ੍ਹ, ਸ਼ਬਦੀ ਵੇਖ ਵਿਖਾਈਆ । ਪੰਚਮ ਮੇਲਾ ਹਰਿ ਮਿਹਰਵਾਨ, ਪਵਣ ਸਵਾਸੀ ਨਾਲ ਰਲਾਈਆ । ਚੌਥਾ ਘਰ ਪਦ ਨਿਰਬਾਣ, ਆਪ ਆਪਣਾ ਕੁੰਡਾ ਲਾਹੀਆ । ਸੰਤ ਸੁਹੇਲੇ ਕਰ ਪਰਵਾਨ, ਏਕਾ ਸ਼ਬਦ ਜਣਾਈਆ । ਸੋਹੰ ਸੋ ਹਰਿ ਪ੍ਰਧਾਨ, ਅਜਪਾ ਜਾਪ ਚਲਾਈਆ । ਏਕਾ ਦੂਜਾ ਵੇਖ ਵਿਖਾਨ, ਤੀਜਾ ਨੇਤਰ ਖੋਲ੍ਹ ਵਖਾਈਆ । ਨਾ ਕੋਈ ਰਾਜ ਜੋਗ ਰਸਨਾ ਭੋਗ ਵਿਚ ਜਹਾਨ, ਪੰਚਮ ਤਤ ਦਿਸ ਨਾ ਆਈਆ । ਬਹੱਤਰ ਨਾੜ ਨਾ ਉਬਲੇ ਰਤ, ਬੁਧ ਮਨ ਮਤ ਰਹੀ ਸ਼ਰਮਾਈਆ । ਜਨ ਭਗਤਾਂ ਰੱਖੇ ਦੇ ਕਰ ਹੱਥ, ਆਪ ਆਪਣਾ ਦਰ ਬੁਝਾਈਆ । ਤੀਜੇ ਘਰ ਹਰਿ ਸਰਮੱਥ, ਆਪ ਆਪਣੀ ਬੂਝ ਬੁਝਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ ਸ੍ਰਿਸ਼ਟ ਸਬਾਈ ਜਾਏ ਮੱਥ, ਜੁਗ ਜੁਗ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਲਏ ਰੱਖ, ਆਪ ਆਪਣਾ ਦਰਸ ਦਿਖਾਈਆ । ਸਤਿਜੁਗ ਤੇਰੀ ਇਕ ਚਲਾਏ ਸਾਚੀ ਗਥ, ਸਾਚੀ ਧਾਰ ਵਹਾਈਆ । ਸੋਹੰ ਸ਼ਬਦ ਬਣਾਏ ਮਾਤ ਰਥ, ਰਥ ਰਥਵਾਹੀ ਆਪ ਅਖਵਾਈਆ । ਲੱਖ ਚੁਰਾਸੀ ਪਾਏ ਨੱਥ, ਏਕਾ ਸ਼ਬਦ ਡੋਰੀ ਹੱਥ ਉਠਾਈਆ । ਭਗਤ ਜਣਾਏ ਅਕਥਨਾ ਅਕੱਥ, ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਖੇਲਣਹਾਰ ਆਪ ਅਖਵਾਈਆ । ਨਿਰਗੁਣ ਖੇਲ ਅਪਾਰ, ਹਰ ਘਟ ਸਮਾਇਆ । ਸਰਗੁਣ ਬੰਨ੍ਹੇ ਧਾਰ, ਨਿਰਗੁਣ ਵੇਖ ਵਖਾਇਆ । ਦੋਹਾਂ ਵਿਚੋਲਾ ਇਕ ਪਿਆਰ, ਹਰਿ ਸ਼ਬਦੀ ਸ਼ਬਦ ਜਣਾਇਆ । ਆਦਿ ਨਿਰੰਜਣ ਆਦਿ ਸ਼ਕਤ, ਵੇਖ ਵਖਾਏ ਸਾਚਾ ਭਗਤ, ਹਰਿ ਭਗਤਨ ਸੇਵਾ ਲਾਇਆ । ਨਾ ਕੋਈ ਬੂੰਦ ਨਾ ਕੋਈ ਰਕਤ, ਪਿਤਾ ਪੂਤ ਨਾ ਕੋਈ ਅਖਵਾਇਆ । ਨਾ ਕੋਈ ਬਣਾਏ ਸਾਚੀ ਬਣਤ, ਸਾਚੇ ਸੰਤ ਕਵਣ ਉਪਾਇਆ ।

੮੮੫
੦੬

ਏਕਾ ਏਕ ਬੰਨ੍ਹੇ ਚਰਨ ਪ੍ਰੀਤੀ ਸਾਚਾ ਨੱਤ, ਸਾਚਾ ਸੁਤ ਨਾ ਕੋਈ ਉਪਜਾਇਆ । ਰਾਮ ਰਾਮਾ ਘਰ ਦਸਰਥ, ਆਪੇ ਕ੍ਰਿਸ਼ਨਾ ਰੂਪ ਵਟਾਇਆ । ਕਲਜੁਗ ਅੰਤਮ ਦੇਵੇ ਸਾਚੀ ਵੱਥ, ਭੇਖਾਧਾਰੀ ਆਪਣਾ ਭੇਖ ਵਟਾਇਆ । ਸਗਲ ਵਸੂਰੇ ਜਾਇਣ ਲੱਥ, ਜੋ ਜਨ ਸਰਨ ਸਰਨਾਇਆ । ਕਲਜੁਗ ਤੇਰਾ ਲਹਿਣਾ ਦੇਣ ਚੁਕਾਏ ਸਾਢੇ ਤਿੰਨ ਤਿੰਨ ਹੱਥ, ਦਰ ਘਰ ਰਹਿਣ ਨਾ ਪਾਇਆ । ਗੁਰ ਦਰ ਮੰਦਰ ਮਸਜਿਦ ਜਾਣੇ ਢੱਠ, ਥਿਰ ਰਹਿਣ ਨਾ ਪਾਇਆ । ਕਲਜੁਗ ਉਲਟੀ ਗੇੜੇ ਲੱਠ, ਤੀਰਥ ਤੱਟ ਦਿਸ ਨਾ ਆਇਆ । ਗੰਗਾ ਗੋਦਾਵਰੀ ਰਹੀ ਨੱਠ, ਸ਼ਿਵ ਸ਼ੰਕਰ ਸੀਸ ਵਿਖਾਇਆ । ਪ੍ਰਭ ਚਰਨ ਦਵਾਰੇ ਇਕ ਇਕੱਠ, ਬੀਸ ਬੀਸਾ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਬ ਕਲਾ ਆਪੇ ਸਮਰਥ, ਕਲਜੁਗ ਕਲ ਰਿਹਾ ਵਰਤਾਇਆ । ਕਲਜੁਗ ਕਲ ਹਰਿ ਵਰਤਾ, ਆਪਣੀ ਕੀਮਤ ਚੁਕਾਈਆ । ਲਹਿਣਾ ਦੇਣਾ ਦਏ ਚੁਕਾ, ਜੁਗ ਜੁਗ ਆਪਣੇ ਹੱਥ ਰੱਖੀ ਵਡਿਆਈਆ । ਜਨ ਭਗਤਾਂ ਦੇਵੇ ਨਾਮ ਜੀਆ, ਅਜਪਾ ਜਾਪ ਇਕ ਰਖਾਈਆ । ਏਕਾ ਦੂਜਾ ਭਉ ਚੁਕਾ, ਤੀਜੇ ਨੈਣ ਦਰਸ ਦਿਖਾਈਆ । ਚੌਥੇ ਘਰ ਜਾਏ ਸਮਾ, ਪੰਚਮ ਮੇਲ ਮਿਲਾਈਆ । ਛੇਵੇਂ ਛੱਪਰ ਛੰਨ ਨਾ ਕੋਈ ਰਖਾ, ਸੱਤਵੇਂ ਸਤਿ ਪੁਰਖ ਜਾਏ ਸਮਾਈਆ । ਅੱਠਾਂ ਤਤਾਂ ਵਸੇ ਬਾਹਰ, ਨੌਂ ਦਰ ਸ੍ਰਿਸ਼ਟ ਸਬਾਈ ਭੁਲਾਈਆ । ਦਸਵੇਂ ਬੈਠਾ ਬੇਪਰਵਾਹ, ਆਤਮ ਸੇਜਾ ਆਸਣ ਲਾਈਆ । ਦੀਪਕ ਜੋਤੀ ਇਕ ਜਗਾ, ਜੋਤ ਨਿਰੰਜਣ ਸੇਵਾ ਲਾਈਆ । ਪੰਜ ਤਤ ਲਏ ਜਗਾ, ਤਾਲ ਤਲਵਾੜਾ ਇਕ ਵਜਾਈਆ । ਗੋਬਿੰਦ ਗੋਬਿੰਦ ਗੋਬਿੰਦ ਆਪੇ ਗਾ, ਗੋਬਿੰਦ ਵਿਚ ਸਮਾਈਆ । ਗੁਰਮੁਖ ਸਾਚਾ ਮੇਲ ਮਿਲਾ, ਜੋਤੀ ਜੋਤ ਸਮਾਈਆ । ਏਕਾ ਜੋਤੀ ਹਰਿ ਅਖਵਾ, ਆਪ ਆਪਣਾ ਰਾਹ ਤਕਾਈਆ । ਸੁਨ ਅਗੰਮੇ ਪਾਰ ਕਰਾ, ਓਅੰਕਾਰਾ ਦੇਸ ਸੁਹਾਈਆ । ਨਿਰੰਕਾਰਾ ਵੇਖੇ ਸਾਚਾ ਥਾਂ, ਸਤਿ ਪੁਰਖੇ ਸੰਗ ਮਿਲਾਈਆ । ਨਾਨਕ ਭਿਛਿਆ ਮੰਗੇ ਅੱਗੇ ਕਰ ਕਰ ਬਾਂਹ, ਦੋਵੇਂ ਬੈਠਾ ਸੀਸ ਝੁਕਾਈਆ । ਕਬੀਰੇ ਲਾਈ ਠੰਢੀ ਛਾਂ, ਨੇਤਰ ਨੈਣਾਂ ਨੀਰ ਵਹਾਈਆ । ਆਪੇ ਹੋਏ ਹਰਿ ਸਹਾ, ਆਪਣੀ ਕੀਮਤ ਅਪਣੇ ਹੱਥ ਰਖਾਈਆ । ਏਕਾ ਮੰਤਰ ਨਾਮ ਦ੍ਰਿੜਾ, ਗੁਰ ਨਾਨਕ ਦਏ ਵਧਾਈਆ । ਸਤਿਨਾਮ ਸਾਚਾ ਜਾਪ ਪੜ੍ਹਾ, ਲੋਕਮਾਤ ਰਿਹਾ ਵਖਾਈਆ । ਸਾਚਾ ਟਿੱਕਾ ਮਸਤਕ ਏਕਾ ਲਾ, ਕੌਸਤਕ ਮਨੀਆ ਜੋਤ ਜਗਾਈਆ । ਨਾਨਕ ਨਿਰਗੁਣ ਰੂਪ ਸਮਾ, ਸਰਗੁਣ ਖੇਲ ਖਿਲਾਈਆ । ਚਾਰ ਵਰਨਾਂ ਵੇਖ ਵਖਾਣੇ ਏਕਾ ਰਾਹ, ਰਾਓ ਰੰਕਾਂ ਊਚਾਂ ਨੀਚਾਂ ਏਕੋ ਥਾਂ ਆਪਣੀ ਕਰੇ ਪੜ੍ਹਾਈਆ । ਪੰਡਤ ਪਾਂਧੇ ਰਿਹਾ ਸਮਝਾ, ਏਕਾ ਨਾਅਰਾ ਲਾਈਆ । ਚਾਰੇ ਕੁੰਟਾਂ ਫੇਰੀ ਪਾ, ਅੰਤਮ ਗਿਆ ਮੁਖ ਛੁਪਾਈਆ । ਗੁਰ ਅੰਗਦ ਆਪਣੇ ਅੰਗ ਲਗਾ, ਲਹਿਣਾ ਲਹਿਣੇ ਝੋਲੀ ਪਾਈਆ । ਅਮਰਦਾਸੇ ਸੇਵਾ ਲਾ, ਰਾਮਦਾਸੇ ਜੋਤ ਜਗਾਈਆ । ਗੁਰ ਅਰਜਨ ਲੇਖਾ ਲੇਖ ਲਿਖਾ, ਹਰਿ ਬਾਣੀ ਆਪ ਜਣਾਈਆ । ਹਰਿ ਗੋਬਿੰਦੇ ਅਸਵ ਆਪ ਚੜ੍ਹਾ, ਏਕਾ ਖੰਡਾ ਹੱਥ ਫੜਾਈਆ । ਹਰਿਰਾਏ ਜਪਾਏ ਏਕਾ ਨਾਂ, ਨਿਰਗੁਣ ਵਿਚ ਸਮਾਈਆ । ਹਰਿਕਿਸ਼ਨ ਹਰਿ ਗਿਆ ਸਮਾ, ਬਾਲ ਬਾਲਾ ਲੇਖੇ ਲਾਈਆ । ਗੁਰ ਗੋਬਿੰਦ ਤੇਰੀ ਛਾਂ, ਜੀਆਂ ਜੰਤਾਂ ਹੋਏ ਸਹਾਈਆ । ਗੁਰ ਗੋਬਿੰਦਾ ਫੜੇ ਪੁਰਖ ਅਬਿਨਾਸ਼ੀ ਤੇਰੀ ਬਾਂਹ, ਲੋਕਮਾਤ ਮੰਗ ਮੰਗਾਈਆ । ਏਕਾ ਵੇਖੇ ਸਾਚਾ ਨਾਂ, ਏਕਾ ਅੱਖਰ ਨਾਉਂ ਰਖਾਈਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਏਕਾ ਦਿਤਾ ਨਾਮ ਵਰ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦੀ ਸ਼ਬਦ ਜਣਾਈਆ । ਗੁਰ ਗੋਬਿੰਦੇ ਸ਼ਬਦ ਸੰਦੇਸ਼ਾ, ਏਕਾ ਏਕ ਸੁਣਾਇਆ । ਆਪੇ ਨਰ ਆਪ

੮੮੬
੦੬

ਨਰੇਸ਼ਾ, ਸਚ ਸੁਲਤਾਨਾ ਆਪ ਅਖਵਾਇਆ । ਜੋਤ ਸਰੂਪੀ ਕਰ ਪ੍ਰਵੇਸ਼ਾ ਪਰਮਾਨੰਦ ਸਮਾਇਆ । ਗੁਰ ਗੋਬਿੰਦ ਕਰੇ ਅਦੇਸਾ, ਦੋਏ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਲੇਖ ਲਿਖਾਇਆ । ਗੁਰ ਗੋਬਿੰਦ ਬਾਲ ਅੰਞਾਣਾ, ਦੇ ਮਤ ਆਪ ਸਮਝਾਇੰਦਾ । ਹਰਿ ਨਰ ਪੁਰਖ ਸ਼ਾਹ ਸੁਲਤਾਨਾਂ, ਏਕਾ ਘਰ ਵਖਾਇੰਦਾ । ਖੇਲੇ ਖੇਲ ਵਾਲੀ ਦੋ ਜਹਾਨਾਂ, ਕਲਜੁਗ ਸਤਿਜੁਗ ਵੇਖ ਵਖਾਇੰਦਾ । ਸ਼ਬਦ ਜਣਾਏ ਧੁਰ ਫ਼ਰਮਾਨਾ, ਆਪਣਾ ਆਪ ਜਣਾਇੰਦਾ । ਹੱਥੀਂ ਬੰਨ੍ਹੇ ਏਕਾ ਗਾਨਾ, ਦਿਸ ਕਿਸੇ ਨਾ ਆਇੰਦਾ । ਸਾਚਾ ਸ਼ਬਦ ਤੀਰ ਨਿਸ਼ਾਨਾ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਗੋਬਿੰਦ ਕਾਇਆ ਖੇਲ ਮਹਾਨਾ, ਗੋਬਿੰਦ ਸਾਚੀ ਸੇਵ ਕਮਾਇੰਦਾ । ਆਪੇ ਹੋਇਆ ਦਾਨੀ ਦਾਨਾ, ਦੇਵਣਹਾਰ ਆਪ ਅਖਵਾਇੰਦਾ । ਚਰਨ ਧੂੜ ਬਖ਼ਸ਼ੇ ਇਸ਼ਨਾਨਾ, ਲੋਕਮਾਤ ਆਪ ਕਰਾਇੰਦਾ । ਪੰਚਮ ਮੀਤਾ ਪੰਚ ਪਰਧਾਨਾ, ਪੰਚਮ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਦੇਵੇ ਵਰ, ਏਕਾ ਮਤ ਤਤ ਸਮਝਾਇੰਦਾ । ਮਤ ਤਤ ਇਕ ਅਕਾਲ, ਗੋਬਿੰਦ ਰੂਪ ਜਣਾਈਆ । ਸਰਬ ਕਲਾ ਆਪੇ ਸਮਰਥ, ਆਪਣੇ ਹੱਥ ਰੱਖੀ ਵਡਿਆਈਆ । ਸ਼ਬਦ ਜਣਾਏ ਅਕਥਨਾ ਅਕਥ, ਲਿਖਿਆ ਲੇਖ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲੇ ਸਹਿਜ ਸੁਭਾਈਆ । ਗੋਬਿੰਦ ਮੇਲਾ ਹਰਿ ਗੋਬਿੰਦ, ਗੋਬਿੰਦ ਰੰਗ ਰੰਗਾਈਆ । ਆਪ ਮਿਟਾਏ ਸਗਲੀ ਚਿੰਦ, ਏਕਾ ਏਕ ਧਾਮ ਸੁਹਾਈਆ । ਮਿਲਿਆ ਸ਼ਾਹ ਦਾਤਾ ਮਰਗਿੰਦ, ਸਚ ਸੁਲਤਾਨ ਇਕ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਦੇਵਣਹਾਰਾ ਵਰ, ਵਰ ਦਾਤਾ ਆਪ ਅਖਵਾਈਆ । ਦੇਵੇ ਵਰ ਦੇਵਣਹਾਰ, ਗੋਬਿੰਦ ਦਇਆ ਕਮਾਇੰਦਾ । ਕਲਜੁਗ ਤੇਰੀ ਅੰਤਮ ਵਰ, ਆਪ ਆਪਣੀ ਨੱਈਆ ਚਲਾਇੰਦਾ । ਵੇਦ ਅਥਰਬਣ ਜਾਏ ਹਰ, ਐੜਾ ਅੱਖਰ ਇਕ ਪੜ੍ਹਾਇੰਦਾ । ਤ੍ਰੈਗੁਣ ਮਾਇਆ ਜਾਏ ਸੜ, ਪੰਚ ਤਤ ਰਹਿਣ ਨਾ ਪਾਇੰਦਾ । ਨੌ ਖੰਡ ਪ੍ਰਿਥਮੀ ਏਕਾ ਗੜ੍ਹ, ਪੁਰਖ ਅਬਿਨਾਸ਼ੀ ਆਪ ਬਣਾਇੰਦਾ । ਭਗਤ ਜਨਾਂ ਹਰਿ ਅੰਦਰ ਵੜ, ਗੁਰ ਗੋਬਿੰਦ ਮੇਲ ਮਿਲਾਇੰਦਾ । ਦਸਮ ਦਵਾਰੀ ਚੋਟੀ ਚੜ੍ਹ, ਸੁੰਨ ਅਗੰਮੋ ਵੇਖ ਵਖਾਇੰਦਾ । ਸੋਹੰ ਅੱਖਰ ਏਕਾ ਪੜ੍ਹ, ਏਕਾ ਘਰ ਸੁਹਾਇੰਦਾ । ਪੰਚ ਵਿਕਾਰਾ ਰਿਹਾ ਸੜ, ਕਲਜੁਗ ਕਾਲੀ ਧਾਰ ਵਹਾਇੰਦਾ । ਆਪ ਉਖੇੜੇ ਲੱਗੀ ਜੜ੍ਹ, ਲੋਕਮਾਤ ਆਪ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਰੂਪ ਸਮਾਇੰਦਾ । ਕਲਜੁਗ ਤੇਰਾ ਅੰਤ ਕਿਨਾਰਾ, ਹਰਿ ਸਾਚੇ ਜੋਤ ਜਗਾਈਆ । ਸ਼ਬਦ ਖੰਡਾ ਤੇਜ ਕਟਾਰਾ, ਆਪਣੇ ਹੱਥ ਉਠਾਈਆ । ਸੰਮਤ ਚੌਦਾਂ ਪਹਿਲੀ ਵਾਰਾ, ਮਨ ਮਤ ਬੁਧ ਰਿਹਾ ਲੜਾਈਆ । ਸੰਮਤ ਪੰਦਰਾਂ ਵੇਖ ਵਿਖਾਰਾ, ਧਰਤ ਮਾਤ ਖੇਲ ਖਿਲਾਈਆ । ਸੰਗ ਮੁਹੰਮਦ ਚਾਰ ਯਾਰਾ, ਈਸਾ ਮੂਸਾ ਵੇਖ ਵਖਾਈਆ । ਚਾਰੋਂ ਕੁੰਟ ਹਾਹਾਕਾਰਾ, ਨਾ ਕੋਈ ਹੋਏ ਸਹਾਈਆ । ਜਗਤ ਸਿਆਸਤ ਆਏ ਹਾਰਾ, ਸ਼ਾਹ ਸੁਲਤਾਨ ਬੈਠਣ ਮੁਖ ਛੁਪਾਈਆ । ਸੰਮਤ ਸੋਲਾਂ ਸਤਾਰਾਂ ਹਾੜਾ, ਖੇਲੇ ਖੇਲ ਹਰਿ ਰਘੁਰਾਈਆ । ਲੱਗੇ ਅੱਗ ਬਹੱਤਰ ਨਾੜਾ, ਲੁਕਿਆ ਕੋਈ ਰਹਿਣ ਨਾ ਪਾਈਆ । ਆਪ ਚਬਾਏ ਆਪਣੀ ਦਾੜ੍ਹਾ, ਆਪ ਆਪਣਾ ਭੇਖ ਵਟਾਈਆ । ਰਾਏ ਧਰਮ ਵੇਖੇ ਸਾਚਾ ਲਾੜਾ, ਲਾੜੀ ਮੌਤ ਕਰੇ ਕੁੜਮਾਈਆ । ਪੰਚਮ ਜੇਠ ਸ਼ੁੱਭ ਦਿਹਾੜਾ, ਲੋਕਮਾਤ ਸਗਨ ਮਨਾਈਆ । ਧਰਤ ਮਾਤ ਤੇਰਾ ਇਕ ਅਖਾੜਾ, ਪ੍ਰਭ ਸਾਚਾ ਰਿਹਾ ਬਣਾਈਆ । ਆਪ ਉਠਾਏ ਅਗੰਮੀ ਧਾੜਾ, ਗੁਰ ਗੋਬਿੰਦਾ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ

ਧਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਮ ਲਿਖਾਈਆ । ਨਿਹਕਲੰਕ ਨਰਾਇਣ ਨਰ, ਨੈਣ ਮੁੰਧਾਰ ਆਪ ਅਖਵਾਈਆ । ਨੌ ਖੰਡ ਪ੍ਰਿਥਮੀ ਸੁਹਾਏ ਏਕਾ ਰਾਹ, ਸੱਤਾਂ ਦੀਪਾਂ ਧਾਰ ਬੰਨ੍ਹਾਈਆ । ਸੰਤ ਸੁਹੇਲੇ ਸਾਚੇ ਸੱਜਨ, ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਗਵਾਈਆ । ਅਨਹਦ ਤਾਲ ਨਗਾਰੇ ਕਾਇਆ ਮੰਦਰ ਵੱਜਣ, ਸਾਚਾ ਗੁਰੂਦਵਾਰਾ ਧਾਮ ਸੁਹਾਈਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਮਾਣ ਤਾਣ ਰਹਿਣ ਨਾ ਪਾਈਆ । ਜਨ ਭਗਤਾਂ ਰੱਖਣਹਾਰਾ ਲਜਣ, ਭਗਤ ਵਛਲ ਹਰਿ ਰਘੁਰਾਈਆ । ਦੋ ਜਹਾਨੀ ਆਇਆ ਪਰਦੇ ਕੱਜਣ, ਸ਼ਬਦ ਦੁਸ਼ਾਲਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਾਸ਼ਟਰਪਤ ਰਿਹਾ ਸਮਝਾਈਆ । ਰਾਸ਼ਟਰਪਤ ਜਗਤ ਨਾਦਾਨ, ਪ੍ਰਭ ਸਾਚਾ ਆਪ ਉਠਾਇੰਦਾ । ਅੱਸੂ ਤਿੰਨ ਵੇਖ ਮਾਰ ਧਿਆਨ, ਲਿਖਿਆ ਲੇਖ ਦਰ ਪੁਚਾਇੰਦਾ । ਲੋਕਮਾਤ ਆਈ ਹਾਨ, ਆਤਮ ਛੁੱਟਣਾ ਪੀਣ ਖਾਣ, ਦਾਨੀ ਦਾਨ ਨਾ ਕੋਈ ਕਰਾਇੰਦਾ । ਰਾਗ ਸੰਗੀਤ ਨਾ ਕੋਈ ਜਹਾਨ, ਹਿਤ ਚਿਤ ਹਰਿ ਭਗਵਾਨ, ਏਕਾ ਏਕ ਵਖਾਇੰਦਾ । ਖਾਣੀ ਬਾਣੀ ਮਾਰ ਧਿਆਨ, ਪੰਡਤ ਪਾਂਧੇ ਸਾਰੇ ਗਾਣ, ਨੇਤਰ ਨੈਣ ਦਰਸ ਦਿਖਾਇੰਦਾ । ਨਾਲ ਰਲਾਏ ਮੰਤਰੀ ਪ੍ਰਧਾਨ, ਇਕ ਸਲਾਹ ਕਰਾਇੰਦਾ । ਆਪੇ ਹੋਇਆ ਜਾਣੀ ਜਾਣ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਆਪਣਾ ਵੇਖ ਵਖਾਇੰਦਾ । ਨਿਹਕਲੰਕ ਨਰਾਇਣ ਨਰ, ਅਕਲ ਕਲ ਵਰਤਾਇਆ । ਲੋਕਮਾਤੀ ਜੋਤ ਧਰ, ਵੇਖੇ ਖੇਲ ਨਰ ਹਰਿ ਸ੍ਰਿਸ਼ਟ ਸਬਾਇਆ । ਦੇਸ ਪਰਦੇਸਾਂ ਲਾਹੇ ਡਰ, ਆਪ ਆਪਣਾ ਵੇਸ ਵਟਾਇਆ । ਸੰਮਤ ਪੰਦਰਾਂ ਚਰਨ ਧਰ, ਲੰਕਾ ਗੜ੍ਹ ਦਏ ਸੁਹਾਇਆ । ਪੰਦਰਾਂ ਕੱਤਕ ਮਿਲੇ ਵਰ, ਰਾਮ ਰਾਮਾ ਵੇਖ ਵਖਾਇਆ । ਸੰਮਤ ਸੋਲਾਂ ਖੇਲ ਕਰ, ਕਿਲ੍ਹਾ ਸ਼ਾਹੀ ਫੇਰਾ ਪਾਇਆ । ਚੀਨਾ ਰੂਸਾ ਜਾਏ ਚੜ੍ਹ, ਸੰਮਤ ਸਤਾਰਾਂ ਦਏ ਦੁਹਾਇਆ । ਬੂਰਾ ਕੱਕਾ ਲਏ ਫੜ, ਲੇਖਾ ਕੋਈ ਰਹਿਣ ਨਾ ਪਾਇਆ । ਆਪ ਵਹਾਏ ਵਹਿੰਦੇ ਵਹਿਣ ਹੜ੍ਹ, ਅੱਠ ਅਠਾਰਾਂ ਲੇਖ ਲਿਖਾਇਆ । ਅੱਲਾ ਰਾਣੀ ਤੇਰੀ ਪੁੱਟੀ ਜੜ੍ਹ, ਉਨੀ ਉਨੀਸਾ ਵੇਖ ਵਖਾਇਆ । ਬੀਸ ਬੀਸਾ ਪੁਰਖ ਅਬਿਨਾਸ਼ੀ ਅੱਗੇ ਖੜ੍ਹ, ਜਨ ਭਗਤਾਂ ਹੋਏ ਸਹਾਇਆ । ਜਮਨ ਕਿਨਾਰਾ ਸੁਹਾਏ ਸਾਚਾ ਦਰ, ਦਰ ਦਵਾਰੇ ਦਿੱਲੀ ਫੇਰਾ ਪਾਇਆ । ਰਾਸ਼ਟਰਪਤ ਏਕਾ ਅੱਖਰ ਜਾਏ ਪੜ੍ਹ, ਪ੍ਰਭ ਸਾਚਾ ਦਏ ਪੜ੍ਹਾਇਆ । ਸਰਨ ਸਰਨਾਈ ਸਾਚੀ ਪੜ, ਦੋਏ ਬੈਠਾ ਸੀਸ ਝੁਕਾਇਆ । ਸਚ ਸਿੰਘਾਸਣ ਜਾਏ ਚੜ੍ਹ, ਕਲਗੀ ਤੋੜਾ ਸੀਸ ਟਿਕਾਇਆ । ਨਾਮ ਖੰਡਾ ਏਕਾ ਫੜ, ਨੌ ਖੰਡ ਪ੍ਰਿਥਮੀ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਵਰਨ ਏਕਾ ਗੋਤ ਲੋਕਮਾਤ ਰਿਹਾ ਬਣਾਇਆ । ਬੀਸ ਬੀਸੇ ਕਲ ਅਵਤਾਰ, ਆਪਣੀ ਜੋਤ ਜਗਾਇੰਦਾ । ਏਕਾ ਅੱਖਰ ਕਰ ਵਿਚਾਰ, ਰੋੜੀ ਸੱਖਰ ਫੇਰਾ ਪਾਇੰਦਾ । ਰੋੜੀ ਸੱਖਰ ਬੰਨ੍ਹੇ ਧਾਰ, ਦੂਈ ਦਵੈਤੀ ਪੱਥਰ ਦੂਰ ਕਰਾਇੰਦਾ । ਲੱਖ ਚੁਰਾਸੀ ਲੱਭੇ ਸੱਥਰ, ਨੇਤਰ ਅੱਥਰ ਨਾ ਕੋਈ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਦਵਾਰਾ ਇਕ ਸੁਹਾਇੰਦਾ । ਦਰ ਦਵਾਰ ਦਿੱਲੀ ਦਰਬਾਰ, ਹਰਿ ਸਾਚੇ ਸ਼ਬਦ ਜਣਾਈਆ । ਵਾਲੀ ਹਿੰਦ ਕਰੇ ਖ਼ਬਰਦਾਰ, ਸੰਮਤ ਤੇਰਾਂ ਰਿਹਾ ਕੁਰਲਾਈਆ । ਸੰਮਤ ਚੌਦਾਂ ਕਰ ਵਿਚਾਰ, ਮੈਨਨ ਆਪਣਾ ਆਪ ਰਖਾਈਆ । ਭਗਤ ਸੁਹੇਲਾ ਹਰਿ ਨਿਰੰਕਾਰ, ਲਿਖਿਆ ਲੇਖ ਨਾ ਸਕੇ ਕੋਈ ਮਿਟਾਈਆ । ਦੇਵਤ ਸੁਰ ਰੋਵਣ ਕਰਨ ਪੁਕਾਰ, ਬ੍ਰਹਮਾ ਸ਼ਿਵ ਰਹੇ ਕੁਰਲਾਈਆ । ਫੜੇ ਤ੍ਰਿਸੂਲ ਹੱਥ ਅਪਾਰ, ਸ਼ਿਵ ਸ਼ੰਕਰ ਆਪ ਉਠਾਈਆ ।

ਬ੍ਰਹਮਾ ਵੇਖੇ ਕਰ ਵਿਚਾਰ, ਚਾਰੇ ਰਸਨਾ ਮੁਖ ਉਠਾਈਆ । ਵਿਸ਼ਨੂੰ ਵੰਸੀ ਕਰ ਪਿਆਰ, ਜਨ ਭਗਤਾਂ ਦਰ ਦਵਾਰੇ ਫੇਰਾ ਪਾਈਆ । ਕਾਹਨਾ ਕੰਸੀ ਬਣ ਭਿਖਾਰ, ਦੂਤਾਂ ਦੁਸ਼ਟਾਂ ਵੇਖ ਵਿਖਾਈਆ । ਰਾਮ ਰਘੁਬੰਸੀ ਆਪ ਕਰਤਾਰ, ਕਰਤਾ ਰੂਪ ਸਮਾਈਆ । ਕਲਜੁਗ ਤੇਰੀ ਅੰਤਮ ਵਾਰ, ਧਰਨੀ ਧਰਤ ਵੇਖ ਵਖਾਈਆ । ਬੀਸ ਬੀਸਾ ਹੋ ਤਿਆਰ, ਜਗਤ ਜਗਦੀਸਾ ਆਪ ਅਖਵਾਈਆ । ਇਕ ਇਕਾਂਤ ਬੰਨ੍ਹੇ ਧਾਰ, ਛਤਰ ਸੀਸਾ ਆਪ ਝੁਲਾਈਆ । ਇਕ ਹਦੀਸਾ ਵਿਚ ਸੰਸਾਰ, ਏਕਾ ਜੋਤ ਜਗਾਈਆ । ਸੱਤ ਰੰਗ ਨਿਸ਼ਾਨਾ ਚਾੜ੍ਹ, ਪ੍ਰਭ ਸਾਚਾ ਵੇਖ ਵਖਾਈਆ । ਲੱਖਣ ਦੀਪ ਕਰ ਆਕਾਰ, ਪੁਸ਼ਕਰ ਜੋਤ ਜਗਾਈਆ । ਕਰੋਚ ਵੇਖੇ ਮਾਰ ਧਿਆਨ, ਜੰਬੂ ਡੇਰਾ ਲਾਈਆ । ਸਲਮਲ ਤੇਰਾ ਧੁੰਦੂਕਾਰ, ਆਪੇ ਮੇਟ ਮਿਟਾਈਆ । ਸਾਨ ਰੋਵੇ ਜ਼ਾਰੋ ਜ਼ਾਰ, ਵਰ ਮੰਗੇ ਭਿੱਛਿਆ ਅੱਗੇ ਝੋਲੀ ਡਾਹੀਆ । ਕੁਸ਼ਾ ਕਛ ਦਏ ਨਿਵਾਰ, ਕਲਜੁਗ ਤੋੜੇ ਗੜ੍ਹ ਹੰਕਾਰ, ਆਪਣੇ ਹੱਥ ਰੱਖੇ ਵਡਿਆਈਆ । ਸੱਤ ਰੰਗ ਨਿਸ਼ਾਨਾ ਜਾਏ ਚਾੜ੍ਹ, ਪ੍ਰਭ ਸਾਚਾ ਆਪ ਚੜ੍ਹਾਈਆ । ਸੋ ਪੁਰਖ ਨਿਰੰਜਣ ਅਪਰ ਅਪਾਰ, ਜੈ ਜੈ ਜੈਕਾਰ ਇਕ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਪਰ ਲੇਖ ਲਿਖਾਈਆ । ਰਾਸ਼ਟਰਪਤੀ ਦਿਤਾ ਜੀਆ ਦਾਨ, ਲੇਖਾ ਰਹੇ ਨਾ ਰਾਈਆ । ਸੰਮਤ ਵੀਹ ਸੌ ਪੰਦਰਾਂ ਮੰਗੇ ਮੰਗ ਆਪੇ ਆਣ, ਦੇਣਾ ਭੇਟ ਚੜ੍ਹਾਈਆ । ਪੰਚ ਮੁਖ ਤਾਜ ਨਾ ਕੋਈ ਜਾਣੇ ਰਾਜ ਰਾਜਾਨ, ਸ਼ਾਹ ਸੁਲਤਾਨ ਭੇਦ ਨਾ ਆਈਆ । ਦੋ ਜਹਾਨਾਂ ਰਚਿਆ ਕਾਜ, ਕਲਜੁਗ ਸਤਿਜੁਗ ਵੇਖ ਵਖਾਈਆ । ਸਤਿਜੁਗ ਬੈਠਾ ਦਰ ਪਰਵਾਨ, ਏਕਾ ਮੰਗਣ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਵੇਖੇ ਮਾਰ ਧਿਆਨ, ਚਾਰੋਂ ਕੁੰਟ ਵੇਖ ਵਖਾਈਆ । ਕਲਜੁਗ ਕੂੜ ਕੁੜਿਆਰਾ ਹੋਇਆ ਹੈਰਾਨ, ਰੋ ਰੋ ਨੇਤਰ ਨੀਰ ਵਹਾਈਆ । ਜੂਠ ਝੂਠ ਨਾ ਕਰੇ ਕੋਈ ਪਛਾਣ, ਨਾ ਕੋਈ ਸਖਾ ਸਖਾਈਆ । ਸਗਲਾ ਸੰਗ ਸਰਬ ਤਜ ਜਾਣ, ਅੱਲਾ ਰਾਣੀ ਘੁੰਗਟ ਮੁਖ ਤੋਂ ਲਾਹੀਆ । ਧਰਮ ਰਾਏ ਦੇਵੇ ਧੁਰ ਫ਼ਰਮਾਨ, ਆਪ ਆਪਣਾ ਡੌਰੂ ਵਾਹੀਆ । ਸਤਿਜੁਗ ਵੇਖੇ ਇਕ ਗਿਆਨ, ਲਹਿਣਾ ਦੇਣਾ ਮੂਲ ਚੁਕਾਈਆ । ਲਾੜੀ ਮੌਤ ਕਰੇ ਇਸ਼ਨਾਨ, ਹੱਥੀਂ ਮਹਿੰਦੀ ਏਕਾ ਲਾਈਆ । ਲੋਕਮਾਤ ਆਏ ਫੇਰਾ ਪਾਏ ਆਨ, ਸੰਮਤ ਪੰਦਰਾਂ ਰੁੱਤ ਸੁਹਾਈਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਉਚੇ ਪਰਬਤ ਫੋਲ ਫੁਲਾਈਆ । ਕਲਜੁਗ ਜੀਵ ਭਾਗਾਂ ਮੰਦਾ ਆਤਮ ਅੰਧਾ, ਮਦਿਰਾ ਮਾਸੀ ਗੰਦਾ, ਅੰਤ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵੀ ਦੇਵਾ ਆਪ ਅਖਵਾਈਆ । ਦੇਵੀ ਦੇਵਾ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਰਿਖ ਮੁਨ ਸੇਵਾਦਾਰ, ਸਾਚੇ ਸੰਤਾਂ ਦੇ ਮਤ ਆਪ ਸਮਝਾਇੰਦਾ । ਜੁਗ ਜੁਗ ਆਏ ਬਣ ਵਣਜਾਰ, ਸਾਚਾ ਨਾਮ ਆਪ ਵਰਤਾਇੰਦਾ । ਆਪ ਆਪਣਾ ਖੋਲ੍ਹ ਭੰਡਾਰ, ਹਰਿਜਨ ਤ੍ਰਿਪਤ ਕਰਾਇੰਦਾ । ਨਾ ਕੋਈ ਭੁੱਖਾ ਨਾ ਕੋਈ ਨੰਗਾ, ਨਾ ਕੋਈ ਰੋਗ ਸਤਾਇੰਦਾ । ਜੋ ਜਨ ਰਲੇ ਪਾਰਬ੍ਰਹਮ ਤੇਰੀ ਸਾਚੀ ਸੰਗਤਾ, ਏਕਾ ਪੱਲੂ ਨਾਮ ਫੜਾਇੰਦਾ । ਸੋ ਪੁਰਖ ਨਿਰੰਜਣ ਤੋੜੇ ਹਉਮੇ ਹੰਗਤਾ, ਹੰ ਹੰਗਤਾ ਮੇਟ ਮਿਟਾਇੰਦਾ । ਮਾਨਸ ਜਨਮ ਹੋਏ ਨਾ ਭੰਗਤਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਕਰ ਕਰ ਮੇਲੇ ਗੁਰੂ ਗੁਰ ਚੇਲੇ ਆਪ ਤਰਾਇੰਦਾ । ਗੁਰ ਚੇਲਾ ਸੋਹੰ ਬੰਕ ਦਵਾਰ, ਗੁਰ ਗੋਬਿੰਦੇ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਪਹਿਰੇਦਾਰ, ਦਿਵਸ ਰੈਣ ਸੇਵ ਕਮਾਈਆ । ਮੇਲ ਮਿਲਾਏ ਮੇਲਣਹਾਰ ਵਿਛੜ ਕਦੇ

ਨਾ ਜਾਈਆ । ਨਾਮ ਦਾਨ ਦੇਵੇ ਜੀਆ ਦਾਨ, ਜੁਗ ਜੁਗ ਦਇਆ ਕਮਾਈਆ । ਭਗਤ ਭਗਤੀ ਕਰ ਪਰਵਾਨ, ਆਦਿ ਸ਼ਕਤ ਜੋਤ ਵਖਾਈਆ । ਆਦਿ ਸ਼ਕਤ ਮੇਲ ਮਿਲਾਨ, ਜੋਤ ਨਿਰੰਜਣ ਰਹੀ ਜਗਾਈਆ । ਜੋਤ ਨਿਰੰਜਣ ਵਡ ਬਲਵਾਨ, ਏਕਾ ਏਕ ਅਖਵਾਈਆ । ਗੁਰਮੁਖ ਸਾਚੇ ਚਤੁਰ ਸੁਘੜ ਸਿਆਨ, ਮੰਗਣ ਮੰਗ ਏਕਾ ਮੰਗ ਮੰਗਾਈਆ । ਆਤਮ ਮੇਟੇ ਅੰਧ ਅੰਧਿਆਰ ਜਗਤ ਅਗਿਆਨ, ਅੰਧ ਅੰਧੇਰ ਰਹਿਣ ਨਾ ਪਾਈਆ । ਮਿਲੇ ਮੇਲ ਸ੍ਰੀ ਭਗਵਾਨ, ਸਤਿ ਪੁਰਖਾ ਦਰਸ ਦਿਖਾਈਆ । ਸਤਿ ਸਰੂਪਾ ਜਾਣੀ ਜਾਣ, ਸਤਿ ਵਸਤੂ ਹੱਥ ਰਖਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਦੀਨ ਦਿਆਲ ਜੋ ਰਹੇ ਧਿਆਈਆ । ਅੰਮ੍ਰਿਤ ਆਤਮ ਮਾਰੇ ਇਕ ਉਛਾਲ, ਸਰ ਸਰੋਵਰ ਦਏ ਨੁਹਾਈਆ । ਨਾ ਕੋਈ ਸ਼ਾਹ ਨਾ ਕੰਗਾਲ, ਹਰਿ ਸ਼ਬਦ ਵਿਖਾਏ ਧੁਰ ਦਲਾਲ, ਦੋ ਜਹਾਨਾਂ ਮੇਲ ਮਿਲਾਈਆ । ਫਲ ਲਗਾਏ ਕਾਇਆ ਡਾਲ੍ਹ, ਆਪ ਸੁਹਾਏ ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਦਸਮ ਦਵਾਰੀ ਕੁੰਡਾ ਲਾਹੀਆ । ਕੰਤ ਕੰਤੂਹਲਾ ਲੈਣਾ ਭਾਲ, ਸ਼ਬਦ ਝੁਲਾਏ ਇਕ ਨਿਸ਼ਾਨ, ਲੋਕਮਾਤ ਝੁਲਾਈਆ । ਜੋ ਜਨ ਦਰ ਆਏ ਬੋਲਾ ਚਰਨ ਕਵਲ ਕਰ ਧਿਆਨ, ਸਾਰੰਗ ਧਰ ਆਪ ਆਪਣਾ ਦਰਸ ਦਿਖਾਈਆ । ਨਾਮ ਵਸਤ ਜਗਤ ਅਨਡੀਠੜਾ, ਲਿਖਣ ਪੜ੍ਹਨ ਵਿਚ ਨਾ ਆਈਆ । ਕਾਇਆ ਕਵੜੀ ਕਰੇ ਮਿੱਠਾ ਰੀਠੜਾ, ਅੰਮ੍ਰਿਤ ਧਾਰਾ ਮੁਖ ਚੁਆਈਆ । ਗੁਰਮੁਖ ਸਾਚਾ ਛੈਲ ਛਬੀਲਾ, ਨਿਝਰ ਰਸ ਆਤਮ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖੇ ਖੇਲ ਖੇਲ ਸਬਾਈਆ ।


੮੯੦
੦੬

ਸਤਿ ਪੁਰਖ ਨਿਰੰਜਣ ਆਦਿ, ਅਕਲ ਕਲਾ ਸਮਾਇਆ । ਜਾਣੇ ਭੇਵ ਜੁਗ ਜੁਗਾਦਿ, ਆਦਿ ਜੁਗਾਦੀ ਆਪ ਅਖਵਾਇਆ । ਖੇਲੇ ਖੇਲ ਵਿਚ ਬ੍ਰਹਿਮਾਦ, ਆਪ ਆਪਣਾ ਵੇਸ ਵਟਾਇਆ । ਨਾਮ ਉਪਜਾਏ ਏਕਾ ਨਾਦ, ਏਕਾ ਧੁਨ ਉਪਜਾਇਆ । ਸੰਤ ਸੁਹੇਲੇ ਜੁਗ ਜੁਗ ਲਾਧ, ਏਕਾ ਨਾਮ ਮੰਤਰ ਦ੍ਰਿੜਾਇਆ । ਸ਼ਬਦ ਜਣਾਏ ਬੋਧ ਅਗਾਧ, ਅੱਖਰ ਵੱਖਰ ਇਕ ਸਿਖਾਇਆ । ਮੇਲ ਮਿਲਾਏ ਮਾਧਵ ਮਾਧ, ਆਪ ਆਪਣੇ ਰੂਪ ਸਮਾਇਆ । ਧੁਰਦਰਗਾਹੀ ਦੇਵੇ ਸਾਚੀ ਦਾਦ, ਨਾਮ ਅਨਮੋਲ ਝੋਲੀ ਪਾਇਆ । ਸਾਧਾਂ ਸੰਤਾਂ ਸੁਣ ਫਰਿਆਦ, ਭੇਖਾਧਾਰੀ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਇਕੱਲਾ ਸ਼ਬਦ ਮਹੱਲਾ, ਸਾਚਾ ਧਾਮ ਬਹਾਇਆ । ਆਦਿ ਪੁਰਖ ਅਨਾਦ, ਅਨਾਥਾਂ ਦਇਆ ਕਮਾਇੰਦਾ । ਜਗਤ ਸੁਹੇਲਾ ਸਗਲਾ ਸਾਥ, ਜੁਗ ਜੁਗ ਸੰਗ ਨਿਭਾਇੰਦਾ । ਨਾਮ ਚਲਾਏ ਸਾਚਾ ਰਾਥ, ਰਥ ਰਥਵਾਹੀ ਆਪ ਅਖਵਾਇੰਦਾ । ਆਪੇ ਜਾਣੇ ਆਪਣੀ ਗਾਥ, ਵੇਦ ਪੁਰਾਨਾਂ ਭੇਵ ਨਾ ਪਾਇੰਦਾ । ਭਗਤਨ ਟਿੱਕਾ ਲਹਿਣਾ ਮਸਤਕ ਮਾਥ, ਪੂਰਬ ਗਹਿਣਾ ਤਨ ਪਹਿਨਾਇੰਦਾ । ਮੇਟ ਮਿਟਾਏ ਤ੍ਰੈਲੋਕੀ ਨਾਥ, ਤ੍ਰੈਗੁਣ ਮਾਇਆ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਆਪ ਅਖਵਾਇੰਦਾ । ਆਦਿ ਪੁਰਖ ਜੋਤ ਅਕਾਲ, ਸ਼ਬਦੀ ਸ਼ਬਦ ਜਣਾਈਆ । ਹੱਡ ਨਾੜੀ ਨਾ ਕੋਈ ਖਾਲ, ਦਮ ਚੰਮ ਨਾ ਕੋਈ ਰਖਾਈਆ । ਧਨ ਦੌਲਤ ਨਾ ਪੱਲੇ ਮਾਲ, ਵਸਤ ਦਸਤ ਨਾ ਕੋਈ ਵਖਾਈਆ । ਸੰਗ ਦਿਸੇ ਨਾ ਕਾਲ ਮਹਾਂਕਾਲ, ਬ੍ਰਹਮਾ ਸ਼ਿਵ ਵਿਸ਼ਨ ਦਿਸ ਨਾ ਆਈਆ । ਤ੍ਰੈਗੁਣ ਮਾਇਆ ਨਾ ਜਗਤ ਜੰਜਾਲ, ਲੱਖ ਚੁਰਾਸੀ ਨਾ ਕੋਈ ਉਪਾਈਆ । ਰਵ ਸਸ ਨਾ ਗਗਨ ਪਾਤਾਲ, ਲੋਅ ਪੁਰੀਆਂ ਨਾ ਰਚਨ ਰਚਾਈਆ । ਨਾ ਕੋਈ

ਦੀਪਕ ਨਾ ਕੋਈ ਬਾਲ, ਨਾ ਕੋਈ ਆਰਤੀ ਹਵਨ ਕਰਾਈਆ । ਨਾ ਕੋਈ ਮੰਦਰ ਮਸਜਿਦ ਗੁਰੂਦਵਾਰ, ਗ੍ਰੰਥ ਪੰਥ ਨਾ ਕੋਈ ਉਪਾਈਆ । ਨਾ ਕੋਈ ਬਿਰਖ ਨਾ ਕੋਈ ਡਾਲ, ਫਲ ਫੁਲਵਾੜੀ ਕੋਈ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪ ਅਖਵਾਈਆ । ਆਦਿ ਪੁਰਖ ਅਪਰੰਪਰਾ, ਆਪ ਅਪਣੇ ਵਿਚ ਸਮਾਇਆ । ਨਾ ਕੋਈ ਬਣਾਏ ਬਣਤਰਾ, ਮਾਤ ਪਿਤ ਨਾ ਕੋਈ ਬਣਾਇਆ । ਅਗਨੀ ਹਵਨ ਪਵਣ ਨਾ ਕੋਈ ਬਸੰਤਰਾ, ਸਤਿ ਸਤਿ ਨਾ ਕੋਈ ਰਖਾਇਆ । ਨਾ ਕੋਈ ਦੇਵਤ ਸੁਰ ਦੇਵਤਰਾ, ਸੁਰਪਤ ਨਾ ਦਿਸੇ ਕੋਈ ਸਹਾਇਆ । ਸਾਧ ਸੰਤ ਜੀਵ ਜੰਤ ਨਾ ਕੋਈ ਜਪਾਏ ਗੁਰਮੰਤਰਾ, ਪੀਰ ਦਸਤਗੀਰ ਨਾ ਕੋਇ ਰਖਾਇਆ । ਤੇਜ ਕਟਾਰ ਨਾ ਕੋਈ ਖੰਡਾ ਨਾ ਕੋਈ ਸ਼ਸਤਰਾ, ਬਸਤਰ ਤਨ ਨਾ ਕੋਈ ਰਖਾਇਆ । ਨਾ ਕੋਈ ਜ਼ਾਤ ਪਾਤ ਊਚ ਨੀਚ ਨਾ ਕੋਈ ਗਣੇ ਗਣਤਰਾ, ਲੇਖਾ ਲੇਖ ਨਾ ਕਿਸੇ ਲਿਖਾਇਆ । ਆਪੇ ਜਾਣੇ ਆਪਣੀ ਅੰਤਰਾ, ਆਦਿ ਆਦਿ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਆਦਿ ਪੁਰਖ ਅਗੰਮ, ਨਾ ਕੋਈ ਪਵਣ ਸਵਾਸੀ ਲਏ ਦਮ, ਰਸਨਾ ਜਿਹਵਾ ਨਾ ਕੋਈ ਗਾਇਆ । ਨਾ ਕੋਈ ਮਰੇ ਨਾ ਪਏ ਜੰਮ, ਆਲਸ ਨਿੰਦਰਾ ਵਿਚ ਨਾ ਆਇਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਤਮ, ਨਾ ਕੋਈ ਭੁੱਖ ਰਖਾਇਆ । ਨਾ ਕੋਈ ਗਗਨ ਪਤਾਲ ਦਿਸੇ ਥੰਮ੍ਹ, ਨਾ ਕੋਈ ਨੇਤਰ ਨੀਰ ਵਹਾਏ ਛੰਮ ਛੰਮ, ਜਲ ਥਲ ਨਾ ਕੋਈ ਰਖਾਇਆ । ਨਾ ਕੋਈ ਗੰਧਰਬ ਨਾ ਕੋਈ ਗਨ, ਜ਼ਾਤ ਪਾਤ ਨਾ ਕੋਈ ਅਖਵਾਇਆ । ਨਾ ਕੋਈ ਛੱਪਰ ਨਾ ਕੋਈ ਛੰਨ, ਚਾਰ ਦਿਵਾਰ ਨਾ ਕੋਈ ਰਖਾਇਆ । ਨਾ ਕੋਈ ਦਾਨ ਨਾ ਕੋਈ ਗੁਣ, ਨਾ ਕੋਈ ਧਾਰ ਤਲਵਾੜ ਵਜਾਇਆ । ਨਾ ਕੋਈ ਰਾਏ ਧਰਮ ਦੇਵੇ ਡੰਨ, ਚਿਤਰ ਗੁਪਤ ਨਾ ਲੇਖ ਲਿਖਾਇਆ । ਆਪ ਆਪਣਾ ਪ੍ਰਭ ਜਾਣੇ ਕੰਮ, ਨਾ ਕੋਈ ਦੂਸਰ ਸੰਗ ਰਲਾਇਆ । ਨਾ ਕੋਈ ਸੂਰਜ ਨਾ ਕੋਈ ਚੰਨ, ਤਾਰਾ ਮੰਡਲ ਦਿਸ ਨਾ ਆਇਆ । ਧਰੂ ਭਗਤ ਨਾ ਕਹੇ ਧੰਨ ਧੰਨ, ਕਬੀਰ ਨਾਨਕ ਨਾ ਕੋਈ ਉਪਾਇਆ । ਤ੍ਰੈਗੁਣ ਮਾਇਆ ਨਾ ਲਾਏ ਸੰਨ੍ਹ, ਪੰਚਮ ਚੋਰ ਨਾ ਕੋਈ ਰਖਾਇਆ । ਆਪ ਆਪਣਾ ਬੇੜਾ ਬੰਨ੍ਹ, ਪ੍ਰਭ ਆਪਣੇ ਕੰਧ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਪੁਰਖ ਆਪ ਅਖਵਾਇਆ । ਆਦਿ ਪੁਰਖ ਦਿਆਲ, ਦਇਆਵਾਨਿਆ । ਨਾ ਕੋਈ ਕਰੇ ਕਿਸੇ ਪ੍ਰਿਤਪਾਲ, ਨਾ ਦੱਸੇ ਹੋਰ ਨਿਸ਼ਾਨਿਆ । ਨਾ ਕੋਈ ਤੀਰ ਕਮਾਨ ਨਾ ਦਿਸੇ ਜਵਾਨ, ਨਾ ਕੋਈ ਚਿਲ੍ਹਾ ਹੱਥ ਉਠਾਨਿਆ । ਨਾ ਕੋਈ ਗੋਪੀ ਨਾ ਕੋਈ ਕਾਹਨ, ਨਾ ਕੋਈ ਦਸਰਥ ਸੀਤਾ ਰਾਮ, ਨਾ ਕੋਈ ਪੜ੍ਹੇ ਬਾਣੀਆ । ਨਾ ਕੋਈ ਮੰਦਰ ਨਾ ਕੋਈ ਮਕਾਨ, ਨਾ ਕੋਈ ਦੀਪਕ ਦੀਪ ਜਗਾਨਿਆ । ਆਪੇ ਜਾਣੇ ਨਾ ਕੋਈ ਜਪੇ ਜਗਤ ਨਾਮ, ਨਾ ਕੋਈ ਗਾਏ ਖਾਣੀ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣਾ ਆਪ ਕਰੇ ਪਛਾਨਿਆ । ਆਦਿ ਪੁਰਖ ਅਨੰਤ, ਅਕਲ ਕਲਾ ਸਮਾਇਆ । ਆਪੇ ਸਾਧ ਆਪੇ ਸੰਤ, ਆਪੇ ਨਾਰੀ ਆਪੇ ਕੰਤ, ਆਪੇ ਪਿਤਾ ਪੂਤ ਹੋ ਜਾਇਆ । ਆਪੇ ਵਸੇ ਰੁੱਤ ਬਸੰਤ, ਫਲ ਫੁਲਵਾੜੀ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਦਿ ਪੁਰਖ ਸਮਾਇਆ । ਆਦਿ ਪੁਰਖ ਗਹਿਰ ਗੰਭੀਰ ਏਕਾ ਏਕ, ਨਾ ਕੋਈ ਮਨ ਮਤ ਬੁਧ ਦਿਸੇ ਸਰੀਰ, ਨਾ ਕੋਈ ਤਤ ਜਣਾਇੰਦਾ । ਨਾ ਕੋਈ ਆਤਮ ਅੰਮ੍ਰਿਤ ਪਿਆਏ ਸੀਰ, ਨਿਝਰ ਧਾਰ ਮੁਖ ਨਾ ਕੋਇ ਚੁਆਇੰਦਾ । ਨਾ ਕੋਈ ਬਸਤਰ ਨਾ ਕੋਈ ਚੀਰ, ਤਨ ਗਹਿਣਾ ਨਾ ਕੋਈ

ਪਹਿਨਾਇੰਦਾ । ਨਾ ਕੋਈ ਗੁਰੂ ਨਾ ਕੋਈ ਪੀਰ, ਰਾਜ ਰਾਜਾਨ ਦਿਸ ਨਾ ਆਇੰਦਾ । ਨਾ ਕੋਈ ਚੋਟੀ ਚੜ੍ਹੇ ਅਖ਼ੀਰ, ਜੋਤੀ ਜੋਤ ਸਰੂਪ ਹਰਿ, ਆਦਿ ਪੁਰਖ ਆਪ ਅਖਵਾਇੰਦਾ । ਆਦਿ ਪੁਰਖ ਅਬਿਨਾਸ਼, ਏਕਾ ਏਕ ਸਮਾਇਆ । ਆਪਣੇ ਅੰਦਰ ਆਪੇ ਕੀਆ ਵਾਸ, ਆਪ ਆਪਣਾ ਦਰਸ ਦਿਖਾਇਆ । ਆਪੇ ਜੰਗਲ ਜੂਹ ਉਜਾੜ ਪਹਾੜ ਪ੍ਰਭਾਸ, ਜਲ ਥਲ ਆਪ ਅਖਵਾਇਆ । ਆਪੇ ਸਾਸ ਆਪੇ ਗਰਾਸ, ਆਪੇ ਹੱਡ ਨਾੜੀ ਮਾਸ ਬਣ ਜਾਇਆ । ਆਪੇ ਪ੍ਰਿਥਮੀ ਆਪੇ ਆਕਾਸ਼, ਗਗਨ ਪਾਤਾਲ ਆਪ ਰਚਾਇਆ । ਆਪੇ ਪਵਣ ਪਾਣੀ ਸਵਾਸ, ਆਪੇ ਜੋਤੀ ਨੂਰ ਸਵਾਇਆ । ਆਦਿ ਅੰਤ ਨਾ ਹੋਏ ਕਦੇ ਵਿਨਾਸ, ਆਦਿ ਆਦਿ ਆਦਿ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇਆ । ਆਦਿ ਪੁਰਖ ਹਰਿ ਦੇਵ, ਗੁਰਦੇਵ ਆਪ ਅਖਵਾਇੰਦਾ । ਆਪੇ ਰਸਨਾ ਆਪੇ ਜਿਹਵ, ਆਪੇ ਗੀਤ ਸੁਹਾਗੀ ਗਾਇੰਦਾ । ਆਪੇ ਹੋਏ ਸਦਾ ਨਿਹਕੇਵ, ਕੇਵਲ ਏਕਾ ਰੂਪ ਆਪ ਅਖਵਾਇੰਦਾ । ਆਪੇ ਕੌਸਤਕ ਮਣੀਆ ਮਸਤਕ ਲਾਏ ਥੇਵ, ਆਪੇ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਦਿ ਆਪ ਅਖਵਾਇੰਦਾ । ਆਦਿ ਪੁਰਖ ਅਨਾਦ, ਆਪਣਾ ਨਾਦ ਵਜਾਇਆ । ਸੁਣੇ ਸੁਣਾਏ ਆਪ ਫਰਿਆਦ, ਸੁਣਾਵਣਹਾਰ ਆਪ ਅਖਵਾਇਆ । ਆਪ ਜਣਾਈ ਕਰੇ ਬੋਧ ਅਗਾਧ, ਲੇਖਾ ਲਿਖਣ ਵਿਚ ਨਾ ਆਇਆ । ਆਪ ਆਪਣਾ ਰਿਹਾ ਅਰਾਧ, ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਰ ਨਰਾਇਣ ਆਦਿ ਆਦਿ ਆਦਿ ਪੁਰਖ ਆਪ ਅਖਵਾਇਆ । ਆਦਿ ਪੁਰਖ ਅਪਾਰ, ਅਪਰ ਅਪਾਰਿਆ । ਜੋਤ ਸਰੂਪੀ ਇਕ ਆਕਾਰ, ਖੇਲ ਨਿਆਰਿਆ । ਆਪੇ ਬੰਨ੍ਹੇ ਆਪਣੀ ਧਾਰ, ਆਪ ਆਪਣਾ ਰਾਹ ਚਲਾ ਰਿਹਾ । ਨਿਰਗੁਣ ਰੂਪ ਆਪ ਕਰਤਾਰ, ਕਰਨੀ ਕਰਤੇ ਵਿਚ ਸਮਾ ਰਿਹਾ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਿਰ ਆਪ ਸਮਾ ਰਿਹਾ । ਆਪੇ ਆਪਣੀ ਕਿਰਪਾ ਧਾਰ, ਆਪ ਆਪਣਾ ਘਰ ਬਣਾ ਰਿਹਾ । ਥਿਰ ਘਰ ਪੁਰਖ ਨਿਆਰ, ਆਪ ਆਪਣਾ ਬੰਦ ਕਰਾ ਰਿਹਾ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਸੁਹਾ ਰਿਹਾ । ਨਜ਼ਰ ਨਾ ਆਏ ਨੌਂ ਦਰ, ਨਾ ਕੋਈ ਨੇਤਰ ਨੈਣ ਵਿਖਾ ਰਿਹਾ । ਸਾਚੇ ਮੰਦਰ ਆਪੇ ਚੜ੍ਹ, ਆਪ ਆਪਣਾ ਰਾਹ ਤਕਾ ਲਿਆ । ਨਾ ਕੋਈ ਸੀਸ ਨਾ ਕੋਈ ਧੜ, ਹਰਿ ਜੋਤੀ ਜੋਤ ਜਗਾ ਲਿਆ । ਆਪ ਆਪਣਾ ਘਾੜਨ ਘੜ, ਆਪ ਆਪਣੀ ਬਣਤ ਬਣਾ ਲਿਆ । ਆਪਣੇ ਮੰਦਰ ਆਪੇ ਚੜ੍ਹ, ਆਪਣਾ ਧਾਮ ਸੁਹਾ ਲਿਆ । ਆਪਣੇ ਅੱਗੇ ਆਪੇ ਖੜ੍ਹ, ਆਪਣਾ ਹੁਕਮ ਜਣਾ ਲਿਆ । ਜੋਤੀ ਜੋਤ ਆਪੇ ਫੜ, ਜੋਤੀ ਵਿਚ ਸਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਅਪਾਰ ਆਪਣੀ ਕਿਰਪਾ ਧਾਰ, ਘਰ ਸਾਚੇ ਡੇਰਾ ਲਾ ਲਿਆ । ਸਾਚਾ ਘਰ ਹਰਿ ਦਾਤਾਰ, ਆਪਣਾ ਆਪ ਉਪਾਇੰਦਾ । ਖੇਲੇ ਖੇਲ ਅਪਰ ਅਪਾਰ, ਆਪ ਆਪਣੀ ਦਇਆ ਕਮਾਇੰਦਾ । ਸਚ ਸਿੰਘਾਸਣ ਕਰ ਤਿਆਰ, ਉਪਰ ਆਸਣ ਲਾਇੰਦਾ । ਥਿਰ ਘਰ ਖੋਲ੍ਹੇ ਇਕ ਕਿਵਾੜ, ਦਿਸ ਕਿਸੇ ਨਾ ਆਇੰਦਾ । ਆਪੇ ਬਣਿਆ ਸਾਚਾ ਲਾੜ, ਆਪ ਆਪਣਾ ਚਰਨ ਟਿਕਾਇੰਦਾ । ਆਪੇ ਜੋਤੀ ਕਰ ਪਿਆਰ, ਨਾਰੀ ਰੂਪ ਅਖਵਾਇੰਦਾ । ਏਕਾ ਸੇਜਾ ਆਦਿ ਨਿਰੰਜਣ ਜੋਤ ਸ਼ਬਦ ਜੋਤੀ ਸੁਰਤੀ ਏਕਾ ਧਾਮ ਸੁਹਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤੀ, ਨਾ ਕੋਈ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਡੇਰਾ ਲਾਇੰਦਾ । ਸਚ ਸਿੰਘਾਸਣ ਹਰਿ ਕੰਤੂਹਲ, ਨਾ

੯੦੨
੦੬

ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਡੀ ਬਣਤ ਬਣਾਇਆ । ਨਾ ਕੋਈ ਸੇਜਾ ਨਾ ਕੋਈ ਫੂਲ, ਨਾ ਕੋਈ ਅੰਮ੍ਰਿਤ ਰਿਹਾ ਛਿੜਕਾਇਆ । ਨਾ ਕੋਈ ਸ਼ਸਤਰ ਨਾ ਕੋਈ ਤ੍ਰਿਸੂਲ, ਨਾ ਕੋਈ ਸਚ ਕਟਾਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸਿੰਘਾਸਣ ਡੇਰਾ ਲਾਇਆ । ਹਰਿ ਸਿੰਘਾਸਣ ਕਰ ਤਿਆਰ, ਆਪਣੀ ਜੋਤ ਜਗਾਈਆ । ਆਪੇ ਕੰਤ ਬਣ ਭਤਾਰ, ਨਰ ਨਰਾਇਣ ਅਖਵਾਈਆ । ਪੂਤ ਸਪੂਤਾ ਕਰ ਤਿਆਰ, ਜੋਤੀ ਮਾਤ ਬਣਾਈਆ । ਜੋਤੀ ਮਾਤ ਕਰ ਪਿਆਰ, ਸਾਚਾ ਪੂਤ ਹਰਿ ਦੁਲਾਰ ਏਕਾ ਸ਼ਬਦ ਉਪਾਈਆ । ਏਕਾ ਨਾਉਂ ਹਰਿ ਨਿਰੰਕਾਰ, ਨਿਰਗੁਣ ਖੇਲ ਖਿਲਾਈਆ । ਆਪੇ ਵੇਖੇ ਵੇਖਣਹਾਰ, ਥਿਰ ਘਰ ਬੈਠਾ ਆਸਣ ਲਾਈਆ । ਸ਼ਬਦ ਸਿੰਘਾਸਣ ਕਰ ਤਿਆਰ, ਪ੍ਰਭ ਸਾਚਾ ਆਸਣ ਲਾਈਆ । ਸ਼ਬਦ ਸੁਤ ਕਰ ਤਿਆਰ, ਜੋਤੀ ਮਾਤਾ ਖ਼ੁਸ਼ੀ ਮਨਾਈਆ । ਆਪਣੇ ਅੱਗੇ ਆਪੇ ਕਰ ਨਿਮਸਕਾਰ, ਆਪ ਆਪਣਾ ਰੂਪ ਵਖਾਈਆ । ਆਪੇ ਬੋਲੇ ਸ਼ਬਦ ਜੈਕਾਰ, ਸਚ ਸੱਚੀ ਸਰਕਾਰ ਭੁੱਲ ਰਹੇ ਨਾ ਰਾਈਆ । ਆਪ ਆਪਣਾ ਮਹੱਲ ਉਸਾਰ, ਆਪਣੀ ਰਚਨ ਰਚਾਈਆ । ਆਤਮ ਅੰਤਰ ਮਾਰ ਧਿਆਨ, ਕਵਲ ਨਾਭੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੁਤ ਸ਼ਬਦ ਦਿਤਾ ਵਰ, ਬ੍ਰਹਿਮੰਡ ਵੰਡ ਵੰਡਾਈਆ । ਹਰਿ ਸਾਜਨ ਜਗ ਮੀਤ, ਏਕਾ ਏਕ ਅਖਵਾਇਆ । ਜੁਗ ਜੁਗ ਚਲਾਏ ਆਪਣੀ ਰੀਤ, ਜੁਗ ਜੁਗ ਚਲਦਾ ਆਇਆ । ਆਪੇ ਬੈਠਾ ਸਦਾ ਅਤੀਤ, ਨਿਰਗੁਣ ਰੂਪ ਸਮਾਇਆ । ਸ਼ਬਦ ਸੁਹਾਗੀ ਸਾਚਾ ਮੀਤ, ਲੋਆਂ ਪੁਰੀਆਂ ਆਪ ਸੁਣਾਇਆ । ਲੋਕਮਾਤ ਚਲਾਏ ਸਾਚੀ ਰੀਤ, ਏਕਾ ਡੰਕਾ ਨਾਦ ਵਜਾਇਆ । ਵੇਖ ਵਖਾਏ ਹਸਤ ਕੀਟ, ਊਚਾਂ ਨੀਚਾਂ ਵਿਚ ਸਮਾਇਆ । ਨਾਮ ਨਿਧਾਨਾ ਸਦਾ ਅਤੀਤ, ਅਤੁੱਟ ਭੰਡਾਰ ਰਖਾਇਆ । ਮਿੱਠੇ ਕਰੇ ਕੌੜੇ ਰੀਠ, ਜੋ ਜਨ ਹਰਿ ਸਰਨਾਈ ਆਇਆ । ਪੰਚ ਵਿਕਾਰਾ ਦੇਵੇ ਪੀਠ, ਨਾਮ ਚੱਕੀ ਇਕ ਚਲਾਇਆ । ਲੇਖੇ ਲਾਏ ਦੰਦ ਬਤੀਸ, ਰਸਨਾ ਜਿਹਵਾ ਜਿਸ ਜਨ ਗਾਇਆ । ਭਾਗ ਲਗਾਏ ਰਾਗ ਛਤੀਸ, ਧਿਆਏ ਅਠਾਰਾਂ ਭਾਗ ਲਗਾਇਆ । ਵੇਖ ਵਖਾਏ ਕੁਰਾਨ ਹਦੀਸ, ਇਕ ਆਦੇਸ ਦਇਆ ਕਮਾਇਆ । ਪਾਰਬ੍ਰਹਮ ਤੇਰੀ ਕੋਈ ਨਾ ਕਰੇ ਰੀਸ, ਅਗੰਮ ਅਗੰਮੜੇ ਧਾਮ ਸੁਹਾਇਆ । ਜਨ ਭਗਤਾਂ ਲੇਖੇ ਲਾਏ ਸਾਚਾ ਸੀਸ, ਜੋ ਜਨ ਚਰਨ ਰਹੇ ਝੁਕਾਇਆ । ਮਿਲਿਆ ਮੇਲ ਹਰਿ ਜਗਦੀਸ, ਵਿਛੜ ਕਦੇ ਨਾ ਜਾਇਆ । ਖੇਲੇ ਖੇਲ ਬੀਸ ਇਕੀਸ, ਲਹਿਣਾ ਦੇਣਾ ਚੁਕਾਏ ਉਨੀਸ, ਅੱਲਾ ਹੂ ਹੂ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਆਤਮ ਘਰ, ਤੂੰ ਤੂੰ ਮੈਂ ਮੈਂ ਭੇਵ ਚੁਕਾਇਆ । ਹਰਿ ਨੇਤਰ ਜਗ ਖੋਲ੍ਹ, ਸਾਚੀ ਜੋਤ ਜਗਾਈਆ । ਏਕਾ ਸ਼ਬਦ ਅਨਾਦੀ ਬੋਲ, ਵਰਨ ਗੋਤ ਮਿਟਾਈਆ । ਸਾਚੇ ਕੰਡੇ ਰਿਹਾ ਤੋਲ, ਤੋਲਣਹਾਰ ਆਪ ਅਖਵਾਈਆ । ਥਿਰ ਘਰ ਬੈਠਾ ਸਦਾ ਅਡੋਲ, ਅਡੁੱਲ ਕਦੇ ਨਾ ਜਾਈਆ । ਲੱਖ ਚੁਰਾਸੀ ਰਿਹਾ ਮੌਲ, ਮੰਦਰ ਅੰਦਰ ਸੇਜ ਵਿਛਾਈਆ । ਗੁਰਮੁਖਾਂ ਅੰਮ੍ਰਿਤ ਆਤਮ ਬਖ਼ਸ਼ੇ ਨਾਭ ਕੌਲ, ਕਵਲ ਕਵਲ ਆਪ ਖਿਲਾਈਆ । ਦਰਸ ਦਿਖਾਏ ਕਲਾ ਸੋਲ, ਅਕਲ ਕਲਾ ਹੋ ਜਾਈਆ । ਗੁਰਮੁਖ ਪੜਦਾ ਆਪੇ ਫੋਲ, ਦਸਤ ਵਸਤ ਨਾਮ ਫੜਾਈਆ । ਅਨਹਦ ਮਰਦੰਗ ਵਜਾਏ ਸਾਚਾ ਢੋਲ, ਪੰਚਮ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਸਾਚੇ ਸੱਜਣਾ, ਹਰਿ ਦੇਵੇ ਸਚ ਸੰਦੇਸਿਆ । ਕਾਇਆ ਭਾਂਡਾ ਅੰਤਮ ਭੱਜਣਾ, ਨਾ ਕੋਈ ਦਿਸੇ ਨਰ ਨਰੇਸ਼ਿਆ । ਲੋਕਮਾਤ ਪੜਦਾ ਕਿਸੇ ਨਾ

੮੯੩
੦੬

ਕੱਜਣਾ, ਸ਼ਾਹ ਸੁਲਤਾਨਾ ਖਾਲੀ ਖੀਸਿਆ । ਏਕਾ ਢੋਲ ਨਗਾਰਾ ਵੱਜਣਾ, ਜਗਤ ਵਜਾਏ ਆਪ ਜਗਦੀਸਿਆ । ਮਦਿਰਾ ਮਾਸ ਸਭ ਨੇ ਤੱਜਣਾ, ਰਾਹ ਟਿਕਾਨਾ ਬੀਸ ਇਕੀਸਿਆ । ਨਾ ਕੋਈ ਮੱਕਾ ਕਾਅਬਾ ਹਾਜੀ ਹੱਜਣਾ, ਮੁਖ ਛੁਪਾਏ ਅੱਲਾ ਰਾਣੀ ਵਿਚ ਉਨੀਸਿਆ । ਜਲ ਧਾਰਾ ਵਹਿਣ ਏਕਾ ਵਗਣਾ, ਅੱਠ ਅਠਾਰਾਂ ਤੇਰੀ ਕੋਈ ਨਾ ਕਰੇ ਰੀਸਿਆ । ਸੱਤ ਸਤਾਰਾਂ ਲਾੜੀ ਮੌਤ ਘਰ ਘਰ ਜਾ ਜਾ ਨੱਚਣਾ, ਕਿਸੇ ਛਤਰ ਨਾ ਦਿਸੇ ਸੀਸਿਆ । ਸੰਮਤ ਸੋਲਾਂ ਦਵਾਰ ਬੰਕ ਛੱਡ ਛੱਡ ਭੱਜਣਾ, ਨਾ ਕੋਈ ਗਾਏ ਰਾਗ ਛਤੀਸਿਆ । ਸੰਮਤ ਪੰਦਰਾਂ ਮਾਤ ਨਗਾਰਾ ਏਕਾ ਵੱਜਣਾ, ਆਪ ਵਜਾਏ ਹਰਿ ਜਗਦੀਸਿਆ । ਸੰਮਤ ਚੌਦਾਂ ਗੁਰਮੁਖ ਸਾਚੇ ਸੰਤ ਜਨਾਂ ਹਰਿ ਚਰਨ ਬਹਿ ਬਹਿ ਸੱਜਣਾ, ਲੇਖ ਲਿਖਾਏ ਇਕ ਇਕੀਸਿਆ । ਗੁਰ ਗੋਬਿੰਦ ਸ਼ਬਦ ਧਾਰਾ ਏਕਾ ਗੱਜਣਾ, ਵੇਖ ਵਖਾਏ ਬ੍ਰਹਮਾ ਵਿਸ਼ਨ ਮਹੇਸਿਆ । ਅੰਮ੍ਰਿਤ ਆਤਮ ਗੁਰਮੁਖ ਪੂਰੇ ਪੀ ਪੀ ਰੱਜਣਾ, ਆਪ ਪਿਆਏ ਦਇਆ ਕਮਾਏ ਮੂੰਡ ਮੁੰਡਾਏ ਨਾ ਜਾਣੇ ਧਾਰੀ ਕੇਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜੋਤੀ ਆਪੇ ਸ਼ਬਦ ਆਪੇ ਗੁਰ ਦਸ ਦਸਮੇਸਿਆ । ਮੂੰਡ ਮੁੰਡਾਏ ਰੰਗ ਕਰਤਾਰ, ਆਪਣੀ ਬਣਤ ਬਣਾਈਆ । ਕੇਸਾ ਧਾਰ ਹਰਿ ਵੇਖ ਵਿਚਾਰ, ਕੇਸਗੜ੍ਹ ਰਚਨ ਰਚਾਈਆ । ਆਪੇ ਵਸਿਆ ਸਭ ਤੋਂ ਬਾਹਰ, ਭੇਵ ਕੋਈ ਨਾ ਪਾਈਆ । ਸ਼ਬਦ ਖੰਡਾ ਤੇਜ ਕਟਾਰ, ਸੋਲਾਂ ਕਲੀਆਂ ਆਸਣ ਲਾਈਆ । ਬ੍ਰਹਮਾ ਵਿਸ਼ਨ ਸ਼ਿਵ ਸੇਵਾਦਾਰ, ਰਵ ਸਸ ਰਿਹਾ ਜਗਾਈਆ । ਨੀਲੀ ਛੱਤੋਂ ਆਇਆ ਬਾਹਰ, ਵਾਗਾਂ ਆਪੇ ਰਿਹਾ ਉਠਾਈਆ । ਨੌ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਵੇਖ ਵਖਾਈਆ । ਚਾਰੇ ਖਾਣੀ ਰਹੀ ਵਿਚਾਰ, ਕਲਜੁਗ ਝੂਠਾ ਦਏ ਦੁਹਾਈਆ । ਅੱਲਾ ਰਾਣੀ ਸੁਣ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਬ੍ਰਹਮਾ ਵੇਖੇ ਅੱਖ ਉਘਾੜ, ਕਵਣ ਕੂਟੇ ਹਰਿ ਜੋਤ ਜਗਾਈਆ । ਸ਼ਿਵ ਸ਼ੰਕਰ ਹੋਇਆ ਖ਼ਬਰਦਾਰ, ਹੱਥ ਆਪਣੀ ਤ੍ਰਿਸੂਲ ਉਠਾਈਆ । ਵਿਸ਼ਨੂੰ ਵੰਸੀ ਸਾਂਝਾ ਯਾਰ, ਬ੍ਰਹਿਮੰਡ ਖੰਡ ਵੇਖ ਵਖਾਈਆ । ਇਕ ਇਕੱਲਾ ਮੁਹੰਮਦੀ ਯਾਰ, ਸਗਲਾ ਸੰਗ ਰਿਹਾ ਤਜਾਈਆ । ਧਰਤ ਮਾਤ ਰੋ ਰੋ ਕਰੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਰਾਏ ਧਰਮ ਬਣ ਭਿਖਾਰ, ਅੱਗੇ ਝੋਲੀ ਡਾਹੀਆ । ਚਿਤਰ ਗੁਪਤ ਲੇਖ ਲਿਖਾਰ, ਲੇਖਾ ਅੱਗੇ ਵੇਖ ਵਖਾਈਆ । ਲਾੜੀ ਮੌਤ ਕਰ ਸ਼ਿੰਗਾਰ, ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮੈਂ ਜਾਵਾਂ ਚਾਈਂ ਚਾਈਆ । ਸੰਮਤ ਪੰਦਰਾਂ ਕਰ ਪਿਆਰ, ਸਾਚਾ ਸਗਨ ਝੋਲੀ ਇਕ ਵਖਾਈਆ । ਈਸਾ ਮੂਸਾ ਹੋ ਤਿਆਰ, ਮੱਕਾ ਮਦੀਨਾ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਵਿਚ ਸਮਾਈਆ । ਸੰਬਲ ਨਗਰ ਸਾਚਾ ਖੇੜਾ, ਆਪਣਾ ਆਪ ਬਣਾਇੰਦਾ । ਭਗਤ ਜਨਾਂ ਹਰਿ ਬੰਨ੍ਹੇ ਬੇੜਾ, ਸਚ ਮਲਾਹ ਆਪ ਅਖਵਾਇੰਦਾ । ਕਲਜੁਗ ਹੱਕੋ ਹੱਕ ਕਰੇ ਨਿਬੇੜਾ, ਲੋਕਮਾਤੀ ਜੋਤ ਜਗਾਇੰਦਾ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ, ਪ੍ਰਭ ਸਾਚਾ ਆਪ ਕਰਾਇੰਦਾ । ਲੱਖ ਚੁਰਾਸੀ ਏਕਾ ਗੇੜਾ, ਆਪਣੀ ਹੱਥੀਂ ਆਪ ਦਵਾਇੰਦਾ । ਗੁਰਮੁਖਾਂ ਵਸੇ ਕਾਇਆ ਖੇੜਾ, ਪ੍ਰਭ ਜੋਤੀ ਜੋਤ ਜਗਾਇੰਦਾ । ਸ਼ਬਦ ਸਰੂਪੀ ਪਾਏ ਘੇਰਾ, ਦਿਵਸ ਰੈਣ ਵੇਖ ਵਖਾਇੰਦਾ । ਭੇਵ ਚੁਕਾਏ ਮੇਰਾ ਤੇਰਾ, ਏਕਾ ਦੂਜਾ ਭਉ ਚੁਕਾਇੰਦਾ । ਪਰਗਟ ਹੋਏ ਸਿੰਘ ਸ਼ੇਰ ਸ਼ੇਰ ਦਲੇਰਾ, ਕਲਜੁਗ ਤੇਰਾ ਏਕਾ ਡੰਕ ਵਜਾਇੰਦਾ । ਆਪੇ ਹੋਇਆ ਦਾਤਾ ਦਾਨੀ ਕਰਨੀ ਕਰਨਾ, ਕਰਤਾ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣੇ ਅੰਕ ਸਮਾਇੰਦਾ । ਪੁਰਖ ਅਬਿਨਾਸ਼ੀ

੯੦੫
੦੬

ਏਕਾ ਅੰਕ, ਆਦਿ ਅੰਤ ਰਖਾਇਆ । ਆਪ ਸੁਹਾਏ ਦਵਾਰ ਬੰਕ, ਬੰਕ ਦਵਾਰ ਆਪ ਅਖਵਾਇਆ । ਆਪੇ ਜਾਣੇ ਰਾਓ ਰੰਕ, ਰਾਓ ਰੰਕਾਂ ਵਿਚ ਸਮਾਇਆ । ਸੋਹੰ ਸ਼ਬਦ ਸੁਹਾਏ ਸਾਚਾ ਧਨਖ, ਰਸਨਾ ਚਿੱਲੇ ਆਪ ਚੜ੍ਹਾਇਆ । ਸਤਿਜੁਗ ਉਪਜਾਏ ਸਾਚਾ ਬੰਕ, ਗੁਰਮੁਖਾਂ ਸੁਰਤੀ ਸਚ ਸੀਤਾ ਰਾਮ ਰਾਮਾ ਲਏ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੂਰੀ ਘਨਕ ਘਨਸ਼ਾਮ ਆਪ ਅਖਵਾਇਆ । ਹਰਿ ਸੰਗਤ ਵਡ ਵਡਿਆਈਆ, ਹਰਿ ਰਸਨਾ ਗਾਇਆ । ਹੋਏ ਸ਼ਬਦ ਸੱਚੀ ਕੁੜਮਾਈਆ, ਸਾਚਾ ਕਰਮ ਕਮਾਇਆ । ਦਿਵਸ ਰੈਣ ਰੈਣ ਦਿਵਸ ਅੱਠੇ ਪਹਿਰ ਏਕਾ ਰੰਗ ਰੰਗਾਇਆ । ਜੂਠਾ ਝੂਠਾ ਨਾਤਾ ਮਾਈ ਭੈਣ ਭਾਈ, ਸਾਕ ਸੱਜਣ ਸੈਣ ਕੋਈ ਦਿਸ ਨਾ ਆਇਆ । ਨਾ ਕੋਈ ਧੀ ਨਾ ਕੋਈ ਜਵਾਈ, ਗੁਰਮੁਖ ਪਾਏ ਅਮਰਾਪਦ, ਆਤਮ ਦਰਸੀ ਦਰ ਘਰ ਸਾਚੇ ਪਾਇਆ । ਮਨਮੁਖ ਜੀਵ ਆਪਣਾ ਆਪ ਗਏ ਹਰ, ਵੇਲੇ ਅੰਤਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਨਾਮ ਵਰ, ਜੋ ਜਨ ਨੇਤਰ ਨੈਣ ਲੋਚਨ ਦਰਸ਼ਨ ਪਾਇਆ । ਨੇਤਰ ਲੋਚਨ ਨੈਣ ਦਰਸ ਅਪਾਰਿਆ । ਰਸਨਾ ਕਿਸੇ ਨਾ ਸਕੇ ਕਹਿਣ, ਪਾਇਆ ਸੁਖ ਕੰਤ ਭਤਾਰਿਆ । ਮਨਮੁਖ ਡੁੱਬੇ ਡੂੰਘੇ ਵਹਿਣ, ਨਾ ਕੋਈ ਦਿਸੇ ਪਾਰ ਕਿਨਾਰਿਆ । ਗੁਰਮੁਖ ਚੁਕਾਏ ਲਹਿਣ ਦੇਣ, ਦੇਣਾ ਲੈਣਾ ਮੂਲ ਚੁਕਾ ਰਿਹਾ । ਤਨ ਬਸਤਰ ਪਹਿਨਾਏ ਏਕਾ ਸ਼ਬਦ ਗਹਿਣ, ਕਾਇਆ ਚੋਲੀ ਰੰਗਣ ਰੰਗ ਰੰਗਾ ਰਿਹਾ । ਹਰਿਜਨ ਭਾਣਾ ਜੋ ਜਨ ਸਹਿਣ, ਗੁਰ ਚਰਨ ਸਰਨ ਸੱਚੀ ਮਿਲ ਮਿਲ ਬਹਿਣ, ਹਰਿ ਸੰਗਤ ਰੂਪ ਸਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਦਰ, ਲੋਕਮਾਤ ਆਪ ਖੁਲ੍ਹਾ ਰਿਹਾ । ਸਤਿਜੁਗ ਦਰ ਏਕਾ ਖੋਲ੍ਹ, ਏਕਾ ਦਰ ਸੁਹਾਇਆ । ਸ਼ਬਦ ਦੋ ਅੱਖਰ ਆਪੇ ਬੋਲ, ਆਪ ਆਪਣਾ ਰਾਗ ਅਲਾਇਆ । ਨਾ ਕੋਈ ਵਜਾਏ ਢੋਲਕ ਢੋਲ, ਸਾਰੰਗ ਕਿੰਗ ਨਾ ਕੋਈ ਵਜਾਇਆ । ਜਨ ਭਗਤਾਂ ਬਜਰ ਕਪਾਟੀ ਖੋਲ੍ਹ, ਆਪ ਆਪਣਾ ਰੂਪ ਦਰਸਾਇਆ । ਧੁਨ ਸ਼ਬਦ ਵਜਾਏ ਢੋਲ, ਅੰਦਰ ਮੰਦਰ ਸੇਵਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਆਤਮ ਘਰ, ਘਰ ਸਾਚਾ ਇਕ ਸੁਹਾਇਆ । ਗੁਰਮੁਖ ਸਾਚਾ ਧੰਨ, ਰਸਨਾ ਗੋਬਿੰਦ ਗਾਇਆ । ਗੋਬਿੰਦ ਭਾਗ ਲਗਾਏ ਕਾਇਆ ਤਨ, ਹਉਮੇ ਰੋਗ ਜਲਾਇਆ । ਦੂਤਾਂ ਦੁਸ਼ਟਾਂ ਦੇਵੇ ਡੰਨ, ਨਾਮ ਖੰਡਾ ਹੱਥ ਫੜਾਇਆ । ਗੀਤ ਸੁਹਾਗੀ ਰਾਗ ਅਨਾਦੀ ਸੁਣਾਏ ਕੰਨ, ਰਾਗ ਰਾਗਨੀ ਭੇਵ ਨਾ ਰਾਇਆ । ਜੋਤ ਨਿਰੰਜਣ ਚਾੜ੍ਹੇ ਚੰਨ, ਅੰਧ ਅੰਧੇਰ ਮਿਟਾਇਆ । ਪ੍ਰਭ ਕਾ ਧਾਮ ਨਾ ਛੱਪਰ ਨਾ ਦਿਸੇ ਛੰਨ, ਚਰਨ ਕਵਲ ਇਕ ਸੱਚੀ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਹਰਿਜਨ ਸਾਚੇ ਸੰਤ ਜਨਾਂ ਦੇ ਮਤ ਆਪ ਸਮਝਾਇਆ । ਪੰਜ ਤਤ ਹੋਏ ਜੁਦਾਈ, ਮਿਲੇ ਮੇਲ ਸ੍ਰੀ ਭਗਵਾਨਿਆ । ਅੰਤਮ ਨਾਮ ਬੀਜੇ ਸਾਚੇ ਵੱਤ, ਹਰਿ ਵੱਡਾ ਵੱਡ ਨਿਧਾਨਿਆ । ਬਹੱਤਰ ਨਾੜ ਨਾ ਉਬਲੇ ਰੱਤ, ਅੰਮ੍ਰਿਤ ਮੇਘ ਆਪ ਬਰਸਾਨਿਆ । ਸਗਲ ਵਸੂਰੇ ਜਾਣ ਲੱਥ, ਜੋ ਜਨ ਸੋਹੰ ਸ਼ਬਦ ਕਰੇ ਪਰਵਾਨਿਆ । ਪੁਰਖ ਅਬਿਨਾਸ਼ੀ ਆਪ ਆਪਣੀ ਪਾਏ ਨੱਥ, ਮੇਟ ਮਿਟਾਏ ਪੰਜ ਸ਼ੈਤਾਨਿਆ । ਜੁਗ ਜੁਗ ਦੇਵੇ ਜੀਆ ਨਾਮ ਦਾਨਿਆ । ਸ਼ਬਦ ਜਣਾਏ ਅਕਥਨਾ ਅਕਥ, ਰਸਨਾ ਜਿਹਵਾ ਨਾ ਕਿਸੇ ਵਖਾਨਿਆ । ਅੰਤਮ ਲਹਿਣਾ ਦੇਣਾ ਚੁੱਕਣਾ ਸੀਆ ਸਾਢੇ ਤਿੰਨ ਤਿੰਨ ਹੱਥ, ਕਾਇਆ ਕੂੜ ਕੁੜਿਆਰਾ ਦਿਸੇ ਜੀਵ ਜਹਾਨਿਆ । ਚਰਨ ਸਰਨ ਸਰਨ ਚਰਨ ਆਵਣ ਜਾਵਣ ਫੰਦ ਕਟਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਦਾਨ, ਮਨਮੁਖਾਂ ਹੱਥ ਨਾ ਆਏ ਦੋ ਜਹਾਨਿਆ । ਪਾਰਬ੍ਰਹਮ ਪ੍ਰਭ ਏਕਾ ਏਕ, ਏਕ ਅਖਵਾਇਆ । ਸ੍ਰਿਸ਼ਟ ਸਬਾਈ ਰਿਹਾ ਵੇਖ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਲਿਖਣਹਾਰਾ ਲੇਖ ਲੇਖਾ ਆਪਣੇ ਹੱਥ ਰਖਾਇਆ । ਆਪ ਧਾਰੇ ਆਪਣਾ ਭੇਸ, ਆਪ ਆਪਣਾ ਰੂਪ ਵਟਾਇਆ । ਆਪੇ ਦਾਤਾ ਨਰ ਨਰੇਸ਼, ਨਿਰਗੁਣ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਅੰਗ ਲਗਾਇਆ । ਆਪ ਆਪਣੇ ਅੰਗ ਲਗਾ, ਬੈਠਾ ਜੋਤ ਜਗਾਈਆ । ਜੋਤ ਸਰੂਪੀ ਬਣਤ ਬਣਾ, ਸ਼ਬਦੀ ਧੁਨ ਉਪਜਾਈਆ । ਸ਼ਬਦ ਧੁਨ ਹਰਿ ਆਪ, ਬ੍ਰਹਿਮੰਡ ਵਿਚ ਸਮਾਈਆ । ਬ੍ਰਹਿਮੰਡਾਂ ਫੇਰਾ ਆਪੇ ਪਾ, ਜੇਰਜ ਅੰਡਾਂ ਬਣਤ ਬਣਾਈਆ । ਜੇਰਜ ਅੰਡਾਂ ਵੇਖ ਵਖਾ, ਉਤਭੁਜ ਸੇਤਜ ਵੇਖ ਵਖਾਈਆ । ਤ੍ਰੈਗੁਣ ਮਾਇਆ ਰੰਗ ਰੰਗਾ, ਬ੍ਰਹਮੇ ਝੋਲੀ ਪਾਈਆ । ਬ੍ਰਹਮਾ ਵਿਸ਼ਨ ਲਏ ਉਠਾ, ਸ਼ਿਵ ਸ਼ੰਕਰ ਮੇਲ ਮਿਲਾਈਆ । ਕਰੋੜ ਤੇਤੀਸਾ ਆਪ ਜਗਾ, ਸੁਰਪਤ ਰਾਜਾ ਇੰਦ ਰਿਹਾ ਮਿਲਾਈਆ । ਕਲਜੁਗ ਅੰਤਮ ਵੇਖ ਵਖਾ, ਆਪ ਆਪਣੀ ਕਲ ਵਰਤਾਈਆ । ਨੌ ਖੰਡ ਪ੍ਰਿਥਮੀ ਰਿਹਾ ਹਿਲਾ, ਥਿਰ ਕੋਈ ਰਹਿਣ ਨਾ ਪਾਈਆ । ਸੱਤਾਂ ਦੀਪਾਂ ਰਿਹਾ ਸੁਣਾ, ਏਕਾ ਸ਼ਬਦ ਜਣਾਈਆ । ਜੀਵਾਂ ਜੰਤਾਂ ਰਿਹਾ ਸਮਝਾ, ਅੱਖਰ ਵੱਖਰ ਇਕ ਪੜ੍ਹਾਈਆ । ਜਨ ਭਗਤਾਂ ਨਾਮ ਝੋਲੀ ਪਾ, ਬਜਰ ਕਪਾਟੀ ਆਪ ਤੁੜਾਈਆ । ਕਾਇਆ ਮੰਦਰ ਅੰਦਰ ਪਾਏ ਸਾਚਾ ਥਾਂ, ਦਿਸ ਕਿਸੇ ਨਾ ਆਈਆ । ਹੰਸ ਬਣਾਏ ਫੜ ਫੜ ਕਾਂ, ਸੋਹੰ ਚੋਗ ਚੁਗਾਈਆ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਚਰਨ ਸਰਨ ਸੱਚੀ ਸਰਨਾਈਆ । ਦਾਤਾ ਦਾਨੀ ਬੇਪਰਵਾਹ, ਅਲਖ ਨਾ ਲਖਿਆ ਜਾਈਆ । ਚਾਰ ਵਰਨ ਵਖਾਏ ਏਕਾ ਰਾਹ, ਊਚਾਂ ਨੀਚਾਂ ਭੇਵ ਖੁਲ੍ਹਾਈਆ । ਰਾਜ ਰਾਜਾਨਾਂ ਤਖ਼ਤ ਸੁਲਤਾਨਾਂ ਇਕ ਵਖਾ, ਏਕਾ ਮੁਕਟ ਸੁਹਾਈਆ । ਨਾਮ ਖੰਡਾ ਤੀਰ ਇਕ ਉਠਾ, ਰਸਨਾ ਚਿੱਲੇ ਆਪ ਚੜ੍ਹਾਈਆ । ਪੰਚ ਵਿਕਾਰਾ ਰੋਏ ਮਾਰੇ ਧਾਹ, ਦਿਵਸ ਰੈਣ ਦਏ ਦੁਹਾਈਆ । ਕਲਜੁਗ ਬੈਠਾ ਮੁਖ ਛੁਪਾ, ਹਰਿ ਸਾਚੇ ਜੋਤ ਜਗਾਈਆ । ਸੰਗ ਮੁਹੰਮਦ ਚਾਰ ਯਾਰ ਇਕ ਦੂਜੇ ਦਾ ਤੱਕਣ ਰਾਹ, ਦਰ ਦਵਾਰੇ ਵੇਖ ਵਖਾਈਆ । ਲੱਖ ਚੁਰਾਸੀ ਰਾਏ ਧਰਮ ਦੇਵੇ ਫਾਹ, ਲਾੜੀ ਮੌਤ ਰਿਹਾ ਉਠਾਈਆ । ਨੌ ਖੰਡ ਪ੍ਰਿਥਮੀ ਵੇਖੇ ਥਾਂ ਥਾਂ, ਲੁਕਿਆ ਕੋਈ ਰਹਿਣ ਨਾ ਪਾਈਆ । ਗੁਰਮੁਖਾਂ ਸਦ ਬਲ ਬਲ ਜਾਂ, ਜਿਸ ਜਨ ਗੁਰ ਪੂਰਾ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਜੋਤ ਜਗਾਈਆ । ਹਰਿ ਸ਼ਬਦ ਅਮੋਲ, ਜਗਤ ਵਡਿਆਈਆ । ਆਤਮ ਅੰਤਮ ਪੜਦਾ ਖੋਲ੍ਹ, ਨਿਰਮਲ ਜੋਤੀ ਦਏ ਜਗਾਈਆ । ਉਲਟੀ ਕਰੇ ਨਾਭ ਕਵਲ, ਅੰਮ੍ਰਿਤ ਮੁਖ ਚੁਆਈਆ । ਕਾਇਆ ਕਵਲੀ ਜਾਏ ਮਵਲ, ਮੌਲਾ ਰੂਪ ਸਮਾਈਆ । ਭਾਗ ਲਗਾਏ ਉਪਰ ਧਵਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵਿਚ ਸਮਾਈਆ । ਹਰਿਜਨ ਸਾਚਾ ਸਚ ਨਿਸ਼ਾਨ, ਹਰਿ ਏਕਾ ਏਕ ਰਖਾਇਆ । ਆਤਮ ਜੋਤੀ ਬ੍ਰਹਮ ਗਿਆਨ, ਇਕ ਧਿਆਨ ਲਗਾਇਆ । ਦੋ ਜਹਾਨਾਂ ਮਾਣ ਤਾਨ, ਸਰਨ ਸਰਨਾਈ ਆਇਆ । ਦਰ ਦਵਾਰੇ ਕਰ ਪਰਵਾਨ, ਘਰ ਬਾਹਰ ਵੇਖ ਵਖਾਇਆ । ਮਨਮੁਖ ਜੀਵ ਸਰਬ ਪਛਤਾਨ, ਵੇਲੇ ਅੰਤ ਨਾ ਕੋਈ ਸਹਾਇਆ । ਰਸਨਾ ਬਹਿ ਬਹਿ ਸਾਰੇ ਗਾਣ, ਪ੍ਰਭ ਹੱਥ ਕਿਸੇ ਨਾ ਆਇਆ । ਗੁਰਮੁਖ ਸਾਚੇ ਚਤੁਰ ਸੁਜਾਨ, ਰਸ ਰਸਨਾ ਜਿਹਵਾ ਲਾਇਆ । ਕਰੇ ਕਰਾਏ ਹਰਿ ਪਛਾਣ, ਜੁਗ ਜੁਗ ਆਪਣਾ ਭੇਖ

੮੯੬
੦੬

ਵਟਾਇਆ । ਹਰਿਜਨ ਦੇਵੇ ਜੀਆ ਦਾਨ, ਆਪਣੀ ਦਇਆ ਕਮਾਇਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਚਾਰੋਂ ਕੁੰਟ ਅੰਧੇਰਾ ਛਾਇਆ । ਖਾਣੀ ਬਾਣੀ ਹੋਏ ਹੈਰਾਨ, ਬੈਠੀ ਮੁਖ ਛੁਪਾਇਆ । ਵੇਦ ਪੁਰਾਨਾਂ ਤੁਟਾ ਮਾਨ, ਅੰਜ਼ੀਲ ਕੁਰਾਨ ਹਾਹਾਕਾਰ ਕਰਾਇਆ । ਪੰਡਤ ਪਾਂਧੇ ਸਰਬ ਕੁਰਲਾਨ, ਪੰਜ ਸ਼ੈਤਾਨਾ ਮਗਰ ਲਗਾਇਆ । ਸਾਧ ਸੰਤ ਜੀਵ ਜੰਤ ਸੁੱਤੇ ਵਿਚ ਬੀਆਬਾਨ, ਹਰਿ ਮੰਦਰ ਕਿਸੇ ਦਿਸ ਨਾ ਆਇਆ । ਗੁਰਮੁਖ ਸਾਚੇ ਬਾਲ ਅੰਞਾਣ, ਪ੍ਰਭ ਆਪਣੀ ਗੋਦ ਉਠਾਇਆ । ਅੰਮ੍ਰਿਤ ਆਤਮ ਪੀਣ ਖਾਣ, ਦਰ ਦਵਾਰੇ ਕਰ ਪਰਵਾਨ, ਆਵਣ ਜਾਵਣ ਫੰਦ ਕਟਾਇਆ । ਸਾਚੇ ਸੰਤਾਂ ਕਰ ਪਛਾਨ, ਆਦਿ ਅੰਤ ਆਪ ਅਖਵਾਇਆ । ਜੁਗ ਜੁਗ ਬਣਾਏ ਮਾਤ ਬਣਤਾ, ਆਪ ਆਪਣਾ ਬੇੜਾ ਬੰਨ੍ਹ ਚਲਾਇਆ । ਆਪੇ ਅੰਦਰ ਆਪੇ ਬਾਹਰ, ਲੱਖ ਚੁਰਾਸੀ ਵਿਚ ਸਮਾਇਆ । ਆਪੇ ਤੋੜੇ ਮਾਣ ਹੰਕਾਰ, ਸਾਚੀ ਸੰਗਤਾ ਵਿਚ ਰਲਾਇਆ । ਜਨ ਭਗਤਾਂ ਸਦਾ ਮਿਹਰਵਾਨ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਹਰਿ ਹਰਿ ਸ਼ਬਦੀ ਜੋੜ ਜੁੜਾਇਆ । ਸ਼ਬਦ ਨਾਮ ਸੱਚਾ ਮਰਦੰਗ, ਜੁਗ ਜੁਗ ਆਪ ਵਜਾਇੰਦਾ । ਅੰਮ੍ਰਿਤ ਧਾਰਾ ਚਾਰੋਂ ਕੁੰਟ ਵਹਾਏ ਗੰਗ, ਜਨ ਭਗਤਾਂ ਆਪ ਪਿਲਾਇੰਦਾ । ਗੁਰਮੁਖ ਸਦਾ ਸੁਹੇਲਾ ਸਾਚਾ ਸੰਗ, ਆਪਣਾ ਆਪ ਨਿਭਾਇੰਦਾ । ਮਨਮੁਖ ਜੀਵ ਕਾਚੀ ਮਾਟੀ ਵੰਗ, ਮਾਨਸ ਦੇਹੀ ਹੋਈ ਭੰਗ, ਬਿਨ ਹਰਿ ਕੋਈ ਨਾ ਪਾਰ ਕਰਾਇੰਦਾ । ਪੰਜ ਸ਼ਬਦ ਹੱਥ ਫੜ ਅਨਹਦ ਧਰਮ ਦਵਾਰੇ ਦੇਵੇ ਟੰਗ, ਜਿਸ ਜਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਬਣਾਇੰਦਾ । ਸੋਹੰ ਸ਼ਬਦ ਭਗਤ ਦਲਾਲੀ, ਦੋ ਲੋਕਾਂ ਪਾਰ ਕਰਾਈਆ । ਮਨਮੁਖਾਂ ਖਾਏ ਅੰਤਮ ਕਾਲੀ, ਸਚ ਵਸਤ ਕਿਸੇ ਹੱਥ ਨਾ ਆਈਆ । ਜਨ ਭਗਤਾਂ ਵੇਖੇ ਫਲ ਲੱਗਾ ਕਾਇਆ ਡਾਲ੍ਹੀ, ਅੰਮ੍ਰਿਤ ਮੇਵਾ ਇਕ ਰਖਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲੀ, ਪੰਜ ਸ਼ਬਦ ਆਪ ਉਪਜਾਏ ਸਾਚਾ ਤਾਲ ਆਪਣੀ ਹੱਥੀਂ ਆਪੇ ਲਾਈਆ । ਪਾਰਬ੍ਰਹਮ ਪ੍ਰਭ ਬਣਿਆ ਮਾਲੀ, ਏਕਾ ਜੋਤ ਜਗਾਈਆ । ਦਰਸ ਦਿਖਾਏ ਦਇਆ ਕਮਾਏ ਨਾਲ ਰਖਾਏ ਭੂਸ਼ਨ ਲਾਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਕਰੇ ਕੁੜਮਾਈਆ । ਹਰਿ ਸ਼ਬਦ ਜਗਤ ਜਲਾਲ, ਏਕਾ ਏਕ ਰਖਾਇਆ । ਰੰਗ ਰੰਗਾਏ ਕੰਚਨ ਸਾਰ, ਸੂਹਾ ਵੇਸ ਨਰ ਨਰੇਸ਼ ਸੁਨ ਅਗੰਮੇ ਪਾਰ ਕਰਾਇਆ । ਦਸਮ ਦਵਾਰੀ ਹੋ ਪਰਵੇਸ਼, ਚਿੱਟੀ ਧਾਰਾ ਰਿਹਾ ਚਲਾਇਆ । ਆਪੇ ਲਾਉਣ ਆਇਆ ਵੇਸ, ਤ੍ਰੈ ਕੂਟਾਂ ਫੇਰਾ ਪਾਇਆ । ਪੀਲੀ ਧਾਰ ਵਿਚ ਸੰਸਾਰ, ਆਪ ਆਪਣਾ ਰੰਗ ਰੰਗਾਇਆ । ਨੀਲਾ ਨੀਲੀ ਧਾਰੋਂ ਆਇਆ ਬਾਹਰ, ਪੁਰੀਆਂ ਲੋਆਂ ਵੇਖ ਵਖਾਇਆ । ਕਾਇਆ ਕਵਲਾ ਕਰ ਪਸਾਰ, ਕੰਤ ਕੰਤੂਹਲ ਵਿਚ ਸਮਾਇਆ । ਆਪ ਆਪਣਾ ਰੱਖਿਆ ਬਾਹਰ, ਭੇਵ ਕਿਸੇ ਨਾ ਪਾਇਆ । ਸਾਚਾ ਵਰ ਸੱਚੀ ਸਰਕਾਰ, ਨਿਰਗੁਣ ਸਰਗੁਣ ਜੋਤ ਜਗਾਇਆ । ਸ਼ਬਦ ਸਰੂਪੀ ਬਖ਼ਸ਼ੇ ਧਾਰ, ਪੂਤ ਸਪੂਤਾ ਆਪ ਅਖਵਾਇਆ । ਬ੍ਰਹਿਮੰਡਾਂ ਵੇਖ ਵਿਚਾਰ, ਨੌ ਖੰਡ ਪ੍ਰਿਥਮੀ ਡੇਰਾ ਲਾਇਆ । ਸਾਧਾਂ ਸੰਤਾਂ ਕਰੇ ਪਿਆਰ, ਮਨਮੁਖਾਂ ਦਏ ਸਜ਼ਾਇਆ । ਵਲੀਆ ਛਲੀਆ ਵਿਚ ਸੰਸਾਰ, ਅਛਲ ਅਛੱਲ ਕਰਦਾ ਆਇਆ । ਕਲਜੁਗ ਤੇਰੀ ਕਾਲੀ ਧਾਰ, ਚਾਰੋਂ ਕੁੰਟ ਦਏ ਦੁਹਾਇਆ । ਸਾਧ ਸੰਤ ਹੋਏ ਵਿਭਚਾਰ, ਨਾਰ ਦੁਹਾਗਣ ਦਏ ਦੁਹਾਇਆ । ਪਰਗਟ ਹੋਏ ਪੂਤ ਸਪੂਤਾ ਬ੍ਰਹਿਮਣ ਗੌੜਾ ਆਪ ਅਖਵਾਇਆ । ਧੁਰਦਰਗਾਹੀ ਆਇਆ ਦੌੜਾ, ਜੋਤੀ ਜੋੜਾ ਮੇਲ ਮਿਲਾਇਆ । ਸ਼ਬਦ ਗੁਰ ਆਪੇ ਬਹੁੜਾ, ਸੋਹੰ ਘੋੜਾ ਇਕ ਰਖਾਇਆ ।

੮੯੮
੦੬

ਜਨ ਭਗਤਾਂ ਮੰਦਰ ਅੰਦਰ ਫਿਰੇ ਦੌੜਾ, ਆਪ ਆਪਣਾ ਵੇਖ ਵਖਾਇਆ । ਸਾਚਾ ਮੰਦਰ ਸਾਢੇ ਤਿੰਨ ਹੱਥ ਲੰਬਾ ਚੌੜਾ, ਲੋਕਮਾਤ ਆਪ ਬਣਾਇਆ । ਵੇਖੇ ਫਲ ਮਿੱਠਾ ਕੌੜਾ, ਕੌੜਾ ਰੀਠਾ ਭੰਨ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਉਪਾਇਆ । ਸ਼ਬਦ ਸੁਤ ਕਰ ਸਲਾਹ, ਏਕਾ ਮਤਾ ਪਕਾਇਆ । ਜੁਗ ਜੁਗ ਚਲਾਏ ਆਪਣਾ ਰਾਹ, ਏਕਾ ਮਾਰਗ ਲਾਇਆ । ਜੁਗ ਜੁਗ ਆਪਣਾ ਜਾਪ ਜਪਾ, ਸ਼ਬਦ ਸਰੂਪੀ ਦਰਸ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਅਖਵਾਇਆ । ਸਤਿਗੁਰ ਸ਼ਬਦ ਜਣਾ, ਸ਼ਬਦ ਰੂਪ ਸਮਾਇਆ । ਗੁਰਮੁਖ ਸਾਚੇ ਲਏ ਜਗਾ, ਏਕਾ ਮੰਤਰ ਨਾਮ ਦ੍ਰਿੜਾਇਆ । ਊਚ ਨੀਚ ਭੇਵ ਮਿਟਾ, ਰਾਓ ਰੰਕਾਂ ਏਕਾ ਧਾਮ ਸੁਹਾਇਆ । ਆਤਮ ਸੇਜਾ ਇਕ ਵਿਛਾ, ਆਪ ਆਪਣਾ ਆਸਣ ਲਾਇਆ । ਅੰਦਰ ਮੰਦਰ ਮੇਲ ਮਿਲਾ, ਹਉਮੇ ਰੋਗ ਗਵਾਇਆ । ਅਨਹਦ ਤਾਲ ਇਕ ਵਜਾ, ਰਾਗ ਅਨਾਦੀ ਰਿਹਾ ਸੁਣਾਇਆ । ਅੰਮ੍ਰਿਤ ਆਤਮ ਜਾਮ ਪਿਆ, ਤ੍ਰਿਸ਼ਨਾ ਭੁੱਖ ਮਿਟਾਇਆ । ਸੋਹੰ ਸੋਹਲਾ ਏਕਾ ਗਾ, ਆਲਸ ਨਿੰਦਰਾ ਲਾਹਿਆ । ਪ੍ਰਭ ਦਰ ਗੋਲਾ ਦਏ ਬਣਾ, ਦੂਸਰ ਦਰ ਨਾ ਕੋਇ ਬਣਾਇਆ । ਕਾਇਆ ਚੋਲਾ ਦਏ ਬਦਲਾ, ਜਿਸ ਜਨ ਆਪਣੀ ਦਇਆ ਕਮਾਇਆ । ਆਪ ਆਪਣਾ ਰੰਗ ਵਖਾ, ਨੇਤਰ ਨੈਣ ਦਏ ਖੁਲ੍ਹਾਇਆ । ਤੀਜਾ ਨੈਣ ਆਪ ਖੁਲ੍ਹਾ, ਆਤਮ ਦਰਸੀ ਦਰਸ ਦਿਖਾਇਆ । ਜੋਤੀ ਜੋਤ ਗੁਰ ਸ਼ਬਦ ਮਿਲਾ, ਪਾਰਬ੍ਰਹਮ ਵਿਚ ਸਮਾਇਆ । ਬ੍ਰਹਮ ਵੇਤਾ ਨਾ ਕੋਈ ਅਖਵਾ, ਏਕਾ ਨਾਦ ਆਪ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਸ਼ਬਦ ਰਿਹਾ ਉਪਾਇਆ । ਏਕਾ ਸ਼ਬਦ ਹਰਿ ਬਲਵਾਨ, ਜੁਗ ਜੁਗ ਮਾਤ ਅਖਵਾਇਆ । ਏਕਾ ਚਿੱਲਾ ਏਕਾ ਤੀਰ, ਇਕ ਨਿਸ਼ਾਨ ਰਿਹਾ ਲਗਾਇਆ । ਏਕਾ ਗੀਤਾ ਇਕ ਗਿਆਨ, ਏਕਾ ਮੰਤਰ ਦ੍ਰਿੜਾਇਆ । ਏਕਾ ਮੀਤ ਏਕਾ ਮੀਤਾ, ਪਤਤ ਪੁਨੀਤਾ ਆਪ ਅਖਵਾਇਆ । ਏਕਾ ਸ਼ਬਦ ਗੁਰ ਕਾ ਲਾਗਾ ਮੀਠਾ, ਗੁਰਮੁਖ ਰਸਨਾ ਜਿਹਵਾ ਗਾਇਆ । ਮਨਮੁਖ ਜੀਵ ਜੂਠਾ ਝੂਠਾ, ਬੈਠਾ ਮੁਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਸ਼ਬਦ ਜਣਾਇਆ । ਸ਼ਬਦ ਜਣਾਏ ਹਰਿ ਨਿਰੰਕਾਰ, ਲੋਆਂ ਪੁਰੀਆਂ ਪਾਏ ਸਾਰ, ਬ੍ਰਹਿਮੰਡਾਂ ਡੇਰਾ ਲਾਇੰਦਾ । ਗੁਰਮੁਖ ਸਾਚੇ ਸੰਤ ਦੁਲਾਰ, ਆਪ ਆਪਣੇ ਰੰਗ ਰੰਗਾਇੰਦਾ । ਉਤਰ ਨਾ ਜਾਏ ਵਿਚ ਸੰਸਾਰ, ਆਪ ਆਪਣੀ ਦਇਆ ਕਮਾਇੰਦਾ । ਜੋ ਜਨ ਮੰਗੇ ਬਣ ਭਿਖਾਰ, ਆਤਮ ਝੋਲੀ ਆਪ ਭਰਾਇੰਦਾ । ਪੰਚਮ ਕਰਾਏ ਚਰਨ ਕਵਲ ਪਿਆਰ, ਸਾਚਾ ਧਾਮ ਸੁਹਾਇੰਦਾ । ਧਰਮ ਰਾਏ ਨਾ ਕਰੇ ਖੁਆਰ, ਚਿਤਰ ਗੁਪਤ ਨਾ ਮੁਖ ਭਵਾਇੰਦਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਗੁਰਮੁਖ ਸਾਚੇ ਗੋਦ ਉਠਾਇੰਦਾ । ਏਕਾ ਦੇਵੇ ਨਾਮ ਅਧਾਰ, ਸਾਧ ਸੰਤ ਆਪਣੀ ਸੇਵਾ ਲਾਇੰਦਾ । ਸ਼ਬਦ ਘੋੜੇ ਕਰ ਅਸਵਾਰ, ਵਾਗਾਂ ਆਪਣੇ ਹੱਥ ਰਖਾਇੰਦਾ । ਲੋਆਂ ਪੁਰੀਆਂ ਕਰੇ ਪਾਰ, ਥਿਰ ਘਰ ਇਕ ਵਖਾਇੰਦਾ । ਆਪੇ ਹੋਏ ਸੇਵਾਦਾਰ, ਚਾਰੋਂ ਕੁੰਟ ਫੇਰਾ ਪਾਇੰਦਾ । ਸਤਿ ਪੁਰਖ ਨਿਰੰਜਣ ਕਰ ਪਿਆਰ, ਆਪ ਆਪਣਾ ਵੇਖ ਵਖਾਇੰਦਾ । ਸਤਿਗੁਰ ਗੁਰ ਸਤਿਗੁਰ ਸਚ ਕਰੇ ਨਿਮਸਕਾਰ, ਦੋਏ ਜੋੜ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਦਇਆ ਕਮਾਇੰਦਾ । ਸਤਿਗੁਰ ਪੁਰਖ ਦਿਆਲ, ਸਦ ਮਿਹਰਬਾਨਿਆ । ਗੁਰਮੁਖਾਂ ਦੇਵੇ ਨਾਮ ਧਨ ਮਾਲ, ਵਡ ਦਾਤਾ ਦਾਨੀ ਦਾਨਿਆ । ਤੋੜ ਤੁੜਾਏ ਜਗਤ ਜੰਜਾਲ, ਲੇਖੇ ਲਾਏ ਪਰਾਨ ਪਰਾਨੀਆ । ਸੁਰਤ ਸਵਾਣੀ

ਸੁਰਤ ਸੰਭਾਲ, ਸ਼ਬਦ ਮਿਲਾਏ ਸਾਚੇ ਹਾਣੀਆ । ਜੋਤ ਨਿਰੰਜਣ ਦੀਪਕ ਥਾਲ, ਗਗਨ ਮਸਤਕ ਆਪ ਜਗਾ ਲਿਆ । ਸੰਤ ਸੁਹੇਲੇ ਸਾਚੇ ਭਾਲ, ਅਨਹਦ ਰਾਗ ਸੁਣਾਏ ਸਾਚੀ ਬਾਣੀਆ । ਨਾਮ ਪਰਦਾ ਇਕ ਦੁਸ਼ਾਲ, ਦਿਵਸ ਰੈਣ ਆਪਣਾ ਤਾਣੀਆ । ਲੇਖ ਚੁਕਾਏ ਸ਼ਾਹ ਕੰਗਾਲ, ਏਕਾ ਰੰਗ ਰੰਗਾਨਿਆ । ਭਾਗ ਲਗਾਏ ਕਾਇਆ ਖਾਲ, ਸੁਣਾਏ ਅਕੱਥ ਕਥਾ ਕਹਾਣੀਆ । ਮੇਲ ਮਿਲਾਏ ਆਪਣੇ ਨਾਲ, ਮੇਲ ਮਿਲਾਏ ਧੁਰ ਦੀਬਾਨਿਆ । ਆਤਮ ਸੇਜਾ ਇਕ ਵਿਖਾਲ, ਹਰਿਜਨ ਸਾਚਾ ਆਪ ਬਹਾਨਿਆ । ਗੁਰਮੁਖ ਸਾਚੇ ਵੇਖ ਵਿਖਾਲ, ਅੰਮ੍ਰਿਤ ਤਾਲ ਸਚ ਸੁਹਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭਗਤਾਂ ਮੇਲਾ ਕਰਨਹਾਰ ਆਪ ਅਖਵਾਨਿਆ । ਭਗਤ ਮੇਲਾ ਹਰਿ ਗੋਬਿੰਦ, ਗੋਬਿੰਦ ਮੇਲ ਮਿਲਾਇੰਦਾ । ਮਨਮੁਖ ਜੀਵ ਮੁਖ ਲਾਏ ਗੰਦ, ਕਾਗੀ ਕਾਗ ਕੁਰਲਾਇੰਦਾ । ਭਗਤ ਜਨਾਂ ਹਰਿ ਆਪ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਹੋ ਜਾਇੰਦਾ । ਗੁਰਮੁਖ ਸਾਜਣ ਸਾਚੀ ਬਿੰਦ, ਪੂਤ ਸਪੂਤਾ ਆਪ ਕਹਾਇੰਦਾ । ਦਾਤਾ ਸੂਰਾ ਹਰਿ ਮਰਗਿੰਦ, ਗੁਣ ਅਵਗੁਣ ਨਾ ਕੋਈ ਜਣਾਇੰਦਾ । ਧਾਰ ਚਲਾਏ ਸਾਗਰ ਸਿੰਧ, ਨਿਝਰ ਰਸ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਆਪ ਤਰਾਇੰਦਾ ।

## ❊ ਪਹਿਲੀ ਅੱਸੂ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

੮੯੯ ੦੬ ਕਾਲ ਦਿਆਲ ਪ੍ਰਭ ਆਪ, ਸਰਬ ਕਲਾ ਸਮਾਇਆ । ਆਪ ਜਪਾਏ ਆਪਣਾ ਜਾਪ, ਜਪਣਹਾਰ ਆਪ ਅਖਵਾਇਆ । ਨਾ ਕੋਈ ਪੁੰਨ ੮੯੯ ੦੬
ਨਾ ਕੋਈ ਪਾਪ, ਵਰ ਸਰਾਫ ਨਾ ਕੋਈ ਰਖਾਇਆ । ਨਾ ਕੋਈ ਮਾਈ ਬਾਪ, ਪਿਤਾ ਪੁਤ ਨਾ ਕੋਈ ਅਖਵਾਇਆ । ਤ੍ਰੈਗੁਣ ਮਾਇਆ ਨਾ ਥਾਪਨ ਥਾਪ, ਪੰਜ ਤਤ ਨਾ ਰੂਪ ਵਟਾਇਆ । ਆਪੇ ਜਾਣੇ ਆਪਣਾ ਆਪ, ਹਰਿ ਆਪਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਨਿਹਕਲੰਕ ਨਿਹਕਾਮੀ । ਗੁਰ ਪੀਰ ਅਵਤਾਰ ਸਾਧ ਸੰਤ ਨਾ ਪਾਏ ਸਾਰਾ, ਬ੍ਰਹਮਾ ਵੇਦ ਨਾ ਜਾਣੇ ਵੇਦ ਵਿਆਸ ਨਾ ਅਠਾਰਾਂ ਪੁਰਾਨੀ । ਆਪ ਆਪਣੇ ਰੰਗ ਸਮਾਏ, ਆਪ ਜਾਣੇ ਆਪਣੀ ਬਾਣੀ । ਆਪ ਆਪਣਾ ਰਾਗ ਅਲ੍ਹਾਏ, ਆਪੇ ਸੁਣੇ ਆਪਣੀ ਕਾਨੀ । ਰਸਨਾ ਜਿਹਵਾ ਨਾ ਕੋਈ ਗਾਏ, ਨਾ ਕੋਈ ਖਾਣੀ ਵੇਖ ਵਖਾਨੀ । ਇਕ ਇਕੱਲਾ ਹਰਿ ਰਘੁਰਾਏ, ਕਾਲ ਮਹਾਂਕਾਲ ਦਰ ਦਵਾਰ ਰਖਾਏ, ਖੇਲੇ ਖੇਲ ਦੋ ਜਹਾਨੀ । ਕਾਲ ਦਿਆਲ ਪਰਤੱਖ, ਹਰਿ ਆਦਿ ਅੰਤ ਸਮਾਇਆ । ਗੁਰਮੁਖ ਸਾਚੇ ਲਏ ਰੱਖ, ਦੁਰਮਤ ਮੁਖ ਦਏ ਸਜ਼ਾਇਆ । ਜੁਗ ਜੁਗ ਕੀਨੇ ਵੱਖ, ਘਰ ਦਰ ਮੰਦਰ ਇਕ ਸੁਹਾਇਆ । ਇਕ ਜਗਾਏ ਇਕ ਅਲੱਖ ਨਰ, ਵੇਸ ਰੂਪਾ ਆਪ ਵਟਾਇਆ । ਅੰਮ੍ਰਿਤ ਨੁਹਾਏ ਸਚ ਸਰ, ਸਰ ਸਰੋਵਰ ਤਾਲ ਸੁਹਾਇਆ । ਦੀਪਕ ਜੋਤੀ ਨੂਰ ਕਰ, ਅੰਧ ਅੰਧੇਰ ਮਿਟਾਇਆ । ਏਕਾ ਸ਼ਬਦ ਤੂਰ ਦਰ, ਅਨਹਦ ਤਾਲ ਰਿਹਾ ਵਜਾਇਆ । ਪੰਚਮ ਵਿਕਾਰਾ ਚੂਰ ਕਰ, ਹਉਮੇ ਰੋਗ ਜਲਾਇਆ । ਆਸਾ ਮਨਸਾ ਪੂਰ ਹਰਿ, ਆਪ ਆਪਣਾ ਬਿਰਧ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖਣਹਾਰ ਸ੍ਰਿਸ਼ਟ ਸਬਾਇਆ । ਕਾਲ ਦਿਆਲ ਆਪ ਪ੍ਰਭ, ਸਤਿ ਪੁਰਖ ਸਮਾਇਆ । ਗੁਰਮੁਖ ਸਾਚੇ ਲਏ ਰੱਖ, ਆਪ ਆਪਣੀ ਗੋਦ ਉਠਾਇਆ । ਉਲਟ ਕਰਾਏ ਕਵਲ ਨਭ, ਅੰਮ੍ਰਿਤ ਧਾਰਾ

ਮੁਖ ਚੁਆਇਆ । ਪੰਚ ਵਿਕਾਰਾ ਦੇਵੇ ਮੱਥ, ਮਾਇਆ ਮਮਤਾ ਮੋਹ ਚੁਕਾਇਆ । ਦਰਸ ਦਿਖਾਏ ਪਰਗਟ ਝੱਬ, ਅੰਦਰ ਮੰਦਰ ਕੁੰਡਾ ਲਾਹਿਆ । ਜਗਤ ਵਿਛੋੜਾ ਮਿਟੇ ਸਭ, ਨੇਤਰ ਨੈਣਾ ਦਰਸਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਇਆਨਿਧ ਆਪ ਅਖਵਾਇਆ । ਦਇਆ ਨਿਧ ਹਰਿ ਦੀਨ ਦਿਆਲਾ, ਆਪਣੀ ਕਲ ਵਰਤਾਇੰਦਾ । ਗੋਬਿੰਦ ਗੁਰ ਹਰਿ ਗੋਪਾਲਾ, ਹਰ ਘਟ ਆਪ ਸਮਾਇੰਦਾ । ਗੁਰਮੁਖ ਵੇਖੇ ਸਾਚੇ ਲਾਲਾ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਅਗਨੀ ਜੋਤੀ ਵੇਖ ਜਵਾਲਾ, ਦੀਪ ਲਿਲਾਟ ਲਿਲਾਟੀ ਇਕ ਵਖਾਇੰਦਾ । ਜੋਤ ਨਿਰੰਜਣ ਆਪ ਬਿਠਾਏ ਸੱਚੀ ਧਰਮਸਾਲਾ, ਸਾਚੀ ਸੇਵਾ ਲਾਇੰਦਾ । ਭਾਗ ਲਗਾਏ ਕਾਇਆ ਡਾਲ੍ਹਾ, ਅੰਮ੍ਰਿਤ ਫਲ ਖਵਾਇੰਦਾ । ਹੱਥ ਰਖਾਏ ਕਾਲ ਮਹਾਂਕਾਲਾ, ਆਪ ਆਪਣੇ ਭਾਣੇ ਵਿਚ ਸਮਾਇੰਦਾ । ਗੁਰਮੁਖਾਂ ਤੋੜੇ ਬਜਰ ਕਪਾਟੀ ਤਾਲਾ, ਦੂਈ ਦਵੈਤੀ ਪੜਦਾ ਲਾਹਿੰਦਾ । ਸ਼ਬਦ ਪਾਏ ਗਲ ਸਾਚੀ ਮਾਲਾ, ਮਨ ਕਾ ਮਣਕਾ ਆਪ ਫਿਰਾਇੰਦਾ । ਸੁਰਤ ਸਵਾਣੀ ਹੋਏ ਬੇਹਾਲਾ, ਗੁਰ ਸ਼ਬਦੀ ਤੀਰ ਚਲਾਇੰਦਾ । ਜੁਗ ਜੁਗ ਚਲੇ ਅਵਲੜੀ ਚਾਲਾ, ਚਾਲ ਬੇਹੰਗਮ ਇਕ ਰਖਾਇੰਦਾ । ਚੌਥੇ ਘਰ ਚੌਥਾ ਪਦ ਇਕ ਰਖਾਇਆ ਸ਼ਬਦ ਦਲਾਲਾ, ਸੋਹੰ ਪੱਲਾ ਆਪ ਫੜਾਇੰਦਾ । ਦੋ ਜਹਾਨਾਂ ਹੋਏ ਰਖਵਾਲਾ, ਰਾਹ ਵਿਚ ਨਾ ਕੋਈ ਅਟਕਾਇੰਦਾ । ਧਰਮ ਰਾਏ ਕੱਢੇ ਦਵਾਲਾ, ਚਿਤਰ ਗੁਪਤ ਨਾ ਹਿਸਾਬ ਵਖਾਇੰਦਾ । ਆਪੇ ਚਲੇ ਨਾਲ ਨਾਲਾ, ਡੂੰਘੀ ਕਵਰੀ ਭਵਰੀ ਪਾਰ ਕਰਾਇੰਦਾ । ਅਨਹਦ ਸ਼ਬਦ ਵਜਾਏ ਏਕਾ ਤਾਲਾ, ਪੰਚਮ ਸੇਵਾ ਲਾਇੰਦਾ । ਆਤਮ ਸੇਜਾ ਖੇਲ ਨਿਰਾਲਾ, ਦਸਮ ਦਵਾਰੀ ਵੇਖ ਵਖਾਇੰਦਾ । ਆਪੇ ਬੈਠਾ ਦੀਨ ਦਿਆਲਾ, ਜੋਤ ਅਕਾਲਾ ਸਰਬ ਪ੍ਰਿਤਪਾਲਾ, ਨਾ ਕੋਈ ਦੂਸਰ ਸੰਗ ਰਖਾਇੰਦਾ । ਗੁਰਮੁਖਾਂ ਆਤਮਕ ਝੋਲੀ ਕਰੇ ਮਾਲ ਮਾਲਾ, ਧਨ ਨਾਮ ਏਕਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਦਿਆਲ ਆਪ ਅਖਵਾਇੰਦਾ । ਦੀਨ ਦਿਆਲ ਦਇਆ ਨਿਧ ਸਾਗਰ, ਹਰਿ ਆਪੇ ਆਪ ਅਖਵਾਇਆ । ਗੁਰਸਿਖ ਭਾਗ ਲਗਾਏ ਕਾਇਆ ਗਾਗਰ, ਅੰਮ੍ਰਿਤ ਆਤਮ ਜਲ ਭਰਾਇਆ । ਦੇਵੇ ਨਾਮ ਰੱਤੀ ਰਤਨਾਗਰ, ਰੱਤ ਰੱਤੀ ਰਹਿਣ ਨਾ ਪਾਇਆ । ਸੋਹੰ ਤੇਰਾ ਸਚ ਸੌਦਾਗਰ, ਪੁਰਖ ਅਬਿਨਾਸ਼ੀ ਆਪ ਅਖਵਾਇਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਲਹਿਣਾ ਦੇਣਾ ਰਿਹਾ ਪਿਛਲਾ ਮੂਲ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਦਿਆਲ ਆਪ ਅਖਵਾਇਆ । ਦੀਨ ਦਿਆਲ ਸਰਬ ਘਟ ਦਾਤਾ, ਹਰ ਘਟ ਆਪ ਸਮਾਇਆ । ਦੋ ਜਹਾਨਾਂ ਪੁਰਖ ਬਿਧਾਤਾ, ਗੁਰਮੁਖ ਸਾਚੇ ਲਏ ਤਰਾਇਆ । ਮੇਟ ਮਿਟਾਏ ਅੰਧੇਰੀ ਰਾਤਾ, ਦੀਪਕ ਸਾਚਾ ਚੰਦ ਚੜ੍ਹਾਇਆ । ਦਰਸ ਦਿਖਾਏ ਇਕ ਇਕਾਂਤਾ, ਆਪ ਆਪਣਾ ਰੂਪ ਵਟਾਇਆ । ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤਾ, ਦੂਈ ਦਵੈਤੀ ਰੋਗ ਗਵਾਇਆ । ਅੰਦਰ ਮੰਦਰ ਬਹਿ ਬਹਿ ਖੋਲ੍ਹੇ ਤਾਕਾ, ਆਪਣੀ ਹੱਥੀਂ ਆਪੇ ਲਾਹਿਆ । ਸਤਿ ਸਰੂਪੀ ਦੇਵੇ ਦਾਤਾ, ਏਕਾ ਨਾਉਂ ਝੋਲੀ ਪਾਇਆ । ਗੁਰਮੁਖ ਗੁਰਸਿੱਖ ਅੱਠੇ ਪਹਿਰ ਰਹੇ ਪ੍ਰਭਾਤਾ, ਦਿਵਸ ਰੈਣ ਭੇਵ ਨਾ ਰਾਇਆ । ਮਨਮੁਖ ਨਾਰ ਕੁਲੱਖਣੀ ਕਮਜ਼ਾਤਾ, ਹਰਿ ਕੰਤ ਨਾ ਸੰਤ ਹੰਢਾਇਆ । ਮਿਲਿਆ ਮੇਲ ਨਾ ਕਮਲਾਪਾਤਾ, ਕੰਤ ਕੰਤੂਹਲ ਨਾ ਵੇਖ ਵਖਾਇਆ । ਗੁਰਮੁਖਾਂ ਦੇਵੇ ਆਪਣੀ ਦਾਤਾ, ਧੁਰ ਦਰਗਾਹੀ ਲੈ ਕੇ ਆਇਆ । ਆਪੇ ਪਿਤਾ ਆਪੇ ਮਾਤਾ, ਗੁਰਮੁਖ ਬਾਲ ਅੰਞਾਣੇ ਗੋਦ ਉਠਾਇਆ । ਵੇਖ ਵਖਾਣੇ ਦੀਪ ਸਾਤਾ, ਨੌਂ ਖੰਡ ਚਰਨਾਂ ਹੇਠ ਝਸਾਇਆ । ਬ੍ਰਹਮਾ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਮੰਗੇ ਬੂੰਦ ਸਵਾਂਤਾ, ਦਰ ਦਰ ਬੈਠੇ ਸੀਸ ਝੁਕਾਇਆ ।

ਪੁਰਖ ਅਬਿਨਾਸ਼ੀ ਪਾਰਬ੍ਰਹਮ ਅਚੁੱਤ ਇਕ ਇਕੱਲਾ ਨਾ ਕਿਸੇ ਪਛਾਤਾ, ਸਚ ਮਹੱਲਾ ਵੇਖ ਵਖਾਇਆ । ਉਚ ਅਟੱਲਾ ਉਤਮ ਜ਼ਾਤਾ, ਨਿਰਗੁਣ ਰੂਪ ਸਮਾਇਆ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦੀ ਆਪਾ, ਆਪ ਆਪਣਾ ਰਿਹਾ ਛੁਪਾਇਆ । ਜਨ ਭਗਤਾਂ ਕਰੇ ਵਡ ਪਰਤਾਪਾ, ਜੁਗ ਜੁਗ ਲੇਖ ਲਿਖਾਇਆ । ਸਤਿਜੁਗ ਤ੍ਰੇਤਾ ਦੁਆਪਰ ਥਾਪਨ ਥਾਪਾ, ਕਲਜੁਗ ਸੇਵਾ ਲਾਇਆ । ਹੰਸਾ ਬਾਵਨ ਭੇਵ ਨਾ ਕੋਈ ਜਾਪਾ, ਰਾਮਾ ਰਾਵਣ ਵੇਖ ਵਖਾਇਆ । ਕਾਹਨਾ ਕ੍ਰਿਸ਼ਨਾ ਤ੍ਰੈਲੋਕੀ ਨਾਥਾ, ਦੁਆਪਰ ਤ੍ਰੇਤਾ ਸੰਗ ਨਿਭਾਇਆ । ਕਲਜੁਗ ਮੰਗੇ ਦੋਏ ਦੋਏ ਹਾਥਾ, ਪ੍ਰਭ ਅੱਗੇ ਝੋਲੀ ਡਾਹਿਆ । ਸਰਬ ਕਲਾ ਆਪੇ ਸਮਰਾਥਾ, ਜੁਗ ਜੁਗ ਵੇਖੇ ਖੇਲ ਸੁਭਾਇਆ । ਗਾ ਗਾ ਥੱਕੇ ਨੌਂ ਨੌਂ ਨਾਥਾ, ਸਿਧ ਚੁਰਾਸੀ ਰਸਨ ਹਲਕਾਇਆ । ਸੰਗ ਮੁਹੰਮਦ ਚਾਰ ਯਾਰ ਬਣਿਆ ਰਾਥਾ, ਐਲੀ ਅੱਲਾ ਰਾਹ ਚਲਾਇਆ । ਕਲਮਾ ਅਮਾਮ ਮਿਲੀ ਸਾਚੀ ਗਾਥਾ, ਕਾਇਨਾਤ ਆਪ ਸਮਾਇਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਐਹਨਲ ਹੱਕ ਏਕਾ ਨਾਅਰਾ ਲਾਇਆ । ਆਬ ਹਯਾਤ ਮਾਰੇ ਠਾਠਾ, ਮੁਕਾਮੇ ਹੱਕ ਇਕ ਖ਼ੁਦਾਇਆ । ਦਰ ਮੁਹੰਮਦ ਆਏ ਨਾਠਾ, ਦੋਏ ਜੋੜ ਸੀਸ ਝੁਕਾਇਆ । ਲੇਖੇ ਲਾਏ ਹੱਡੀ ਤਿੰਨ ਸੌ ਸਾਠਾ, ਬਹੱਤਰ ਨਾੜੀ ਸੇਵ ਕਮਾਇਆ । ਭੇਵ ਨਾ ਪਾਏ ਤਤ ਆਠਾ, ਨੌਂ ਦਵਾਰ ਨਾ ਵੇਖ ਵਖਾਇਆ । ਨੂਰ ਅਲਾਹੀ ਬੇਪਰਵਾਹੀ ਏਕਾ ਏਕ ਵਖਾਏ ਸਾਚੀ ਗਾਠਾ, ਪੱਲੇ ਗੰਢ ਬੰਧਾਇਆ । ਆਪੇ ਗੇੜਨਹਾਰਾ ਉਲਟੀ ਲਾਠਾ, ਗੇੜਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹੋ ਦਿਆਲ ਕਰਤਾ ਕਿਰਪਾਲ ਆਪ ਕਰਤਾਰਾ, ਕਰਤਾ ਪੁਰਖ ਅਖਵਾਇਆ । ਜੁਗ ਜੁਗ ਖੇਲ ਖੇਲਣਹਾਰਾ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਮੇਲ ਵਿਛੋੜੇ ਵਿਛੋੜਨਹਾਰਾ, ਜੁਗ ਜੁਗ ਵਿਛੜੇ ਮੇਲ ਮਿਲਾਈਆ । ਆਪੇ ਤੋਲੇ ਤੋਲਣਹਾਰਾ, ਨਾਮ ਕੰਡਾ ਏਕਾ ਲਾਈਆ । ਨਾਨਕ ਬੋਲੇ ਬੋਲਣਹਾਰਾ, ਸੋਹੰ ਰਸਨਾ ਗਾਈਆ । ਤੇਰਾਂ ਤੋਲੇ ਵਿਚ ਸੰਸਾਰਾ, ਮੋਦੀਖਾਨਾ ਇਕ ਰਲਾਈਆ । ਏਕਾ ਬੋਲੀ ਬੋਲੇ ਬੋਲਣਹਾਰਾ, ਤ੍ਰੈ ਲੋਕਾਂ ਰਿਹਾ ਸੁਣਾਈਆ । ਹਰਿ ਭਗਤ ਭੰਡਾਰਾ ਖੋਲ੍ਹੇ ਖੋਲਣਹਾਰਾ, ਕਲਜੁਗ ਅੰਤਮ ਦਏ ਦੁਹਾਈਆ । ਨਿਹਕਲੰਕ ਨਰਾਇਣ ਨਰ ਲਏ ਅਵਤਾਰਾ, ਨਾਨਕ ਬੈਠਾ ਸੀਸ ਝੁਕਾਈਆ । ਅੰਤ ਨਾ ਪਾਏ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਰਸਨਾ ਗਾਈਆ । ਪਾਰਬ੍ਰਹਮ ਪ੍ਰਭ ਪੁਰਖ ਅਗੰਮ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਈਆ । ਉਚ ਮਹੱਲ ਅਟੱਲ ਮੁਨਾਰਾ, ਏਕਾ ਏਕ ਰਖਾਈਆ । ਨਾ ਕੋਈ ਸ਼ਬਦ ਨਾ ਕੋਈ ਧੁਨ ਨਾ ਕੋਈ ਗਾਵਣਹਾਰਾ, ਨਾ ਕੋਈ ਤਾਲ ਵਜਾਈਆ । ਨਾ ਕੋਈ ਸੂਰਜ ਚੰਦ ਤਾਰਾ, ਮੰਡਲ ਮੰਡਪ ਨਾ ਕੋਇ ਦਿਸਾਈਆ । ਨਾ ਕੋਈ ਪਵਣ ਦਏ ਹੁਲਾਰਾ, ਅਵਣ ਗਵਣ ਨਾ ਕੋਈ ਜਣਾਈਆ । ਨਾ ਕੋਈ ਮੇਘ ਬਰਸੇ ਸਵਣ, ਇੰਦ ਇੰਦਰਾਸਣ ਨਾ ਵੇਖ ਵਖਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਨਾ ਕੋਈ ਕਰੇ ਕਾਰਾ, ਨਾ ਕੋਈ ਮਾਰੇ ਨਾ ਲਏ ਜਵਾਈਆ । ਨਾ ਕੋਈ ਭਰੇ ਕਿਸੇ ਭੰਡਾਰਾ, ਨਾ ਖਾਲੀ ਕੋਈ ਕਰਾਈਆ । ਲੋਆਂ ਪੁਰੀਆਂ ਨਾ ਬਣੇ ਕੋਈ ਵਰਤਾਰਾ, ਨਾ ਕੋਈ ਝੋਲੀ ਅੱਗੇ ਡਾਹੀਆ । ਦਰ ਦਰਵੇਸ਼ ਨਾ ਕੋਈ ਭਿਖਾਰਾ, ਨਾ ਕੋਈ ਭਿਛਿਆ ਝੋਲੀ ਪਾਈਆ । ਤ੍ਰੈਗੁਣ ਮਾਇਆ ਨਾ ਕੋਈ ਅਵਤਾਰਾ, ਪੰਜ ਪੰਛੀ ਨਾ ਰੂਪ ਵਟਾਈਆ । ਰਕਤ ਬੂੰਦ ਨਾ ਲਾਏ ਗਾਰਾ, ਨਾ ਕੋਈ ਬਣਤ ਬਣਾਈਆ । ਮਨ ਮਤ ਬੁਧ ਨਾ ਪਾਏ ਸਾਰਾ, ਨਾ ਕੋਈ ਅੰਗ ਕਟਾਈਆ । ਨਾਰੀ ਕੰਤ ਨਾ ਕੋਈ ਭਤਾਰਾ, ਨਾ ਕੋਈ ਸੇਜ ਹੰਢਾਈਆ । ਪਿਤਾ ਪੂਤ ਨਾ ਕੋਈ ਪਿਆਰਾ, ਮਾਤ ਪਿਤ ਨਾ ਕੋਈ ਅਖਵਾਈਆ । ਸਾਕ ਸੱਜਣ ਸੈਣ ਨਾ ਕੋਈ ਦੁਲਾਰਾ, ਨਾ ਕੋਈ

ਬੰਧਪ ਬੰਧ ਬੰਧਾਈਆ । ਲੱਖ ਚੁਰਾਸੀ ਨਾ ਕੋਈ ਸਹਾਰਾ, ਮਾਨਸ ਮਾਨੁਖ ਨਾ ਕੋਈ ਉਪਾਈਆ । ਪੰਚ ਸ਼ਬਦ ਨਾ ਕੋਈ ਉਪਜਾਏ ਧੁਨਕਾਰਾ, ਧੁਨ ਆਤਮ ਨਾ ਕੋਈ ਜਣਾਈਆ । ਦਸਮ ਦਵਾਰ ਨਾ ਕੋਈ ਘਰ ਬਾਹਰਾ, ਸਚਖੰਡ ਨਾ ਕੋਈ ਵਸਾਈਆ । ਅਲਖ ਅਲਖ ਨਾ ਕੋਈ ਨਾਅਰਾ, ਅਲੱਖਣਾ ਲੇਖ ਨਾ ਕੋਈ ਲਿਖਾਈਆ । ਲੋਆਂ ਪੁਰੀਆਂ ਨਾ ਕੋਈ ਸਹਾਰਾ, ਨਾ ਕੋਈ ਰਚਨ ਰਚਾਈਆ । ਨਾ ਕੋਈ ਖੰਡਾ ਨਾ ਤੇਜ ਕਟਾਰਾ, ਨਾ ਕੋਈ ਗੋਬਿੰਦ ਨਾਉਂ ਉਪਾਈਆ । ਰਾਮ ਕ੍ਰਿਸ਼ਨ ਨਾ ਕੋਈ ਅਵਤਾਰਾ, ਨਾ ਕੋਈ ਬਾਵਨ ਭੇਖ ਵਟਾਈਆ । ਬੰਸ ਸਹੰਸ ਨਾ ਕੋਈ ਮਾਰਾ, ਨਾ ਕੋਈ ਰਾਵਣ ਰਿਹਾ ਘਾਈਆ । ਸ਼ਿਵ ਸ਼ੰਕਰ ਸ਼ੰਭੂ ਨਾ ਕੋਈ ਪੁਕਾਰਾ, ਨਾ ਕੋਈ ਤ੍ਰੈਸੂਲ ਰਖਾਈਆ । ਨਾ ਕੋਈ ਬ੍ਰਹਮਾ ਲੇਖ ਲਿਖਾਰਾ, ਨਾ ਕੋਈ ਵੇਦ ਵਿਦਾਂਤ ਬਣਾਈਆ । ਨਾ ਕੋਈ ਰਸਨਾ ਮੁਖ ਨਾ ਬੋਲੇ ਬੋਲਣਹਾਰਾ, ਨੇਤਰ ਨੈਣ ਨਾ ਕੋਈ ਖੁਲ੍ਹਾਈਆ । ਕਾਇਆ ਚੋਲਾ ਨਾ ਹੱਟ ਪਸਾਰਾ, ਚੌਦਾਂ ਲੋਕ ਨਾ ਕੋਈ ਉਪਾਈਆ । ਚੌਦਾਂ ਤਬਕਾਂ ਨਾ ਹਾਹਾਕਾਰਾ, ਨਾ ਕੋਈ ਰੋ ਰੋ ਦਏ ਦੁਹਾਈਆ । ਈਸਾ ਮੂਸਾ ਨਾ ਕੋਈ ਦਵਾਰਾ, ਕੁਰਾਨ ਅੰਜੀਲ ਨਾ ਕੋਈ ਅਲਾਈਆ । ਸੰਗ ਮੁਹੰਮਦ ਨਾ ਕੋਈ ਚਾਰ ਯਾਰਾ, ਅੱਲਾ ਰਾਣੀ ਨਾ ਕੋਈ ਜੋਬਨ ਰਹੀ ਵਖਾਈਆ । ਪੀਰ ਫ਼ਕੀਰ ਨਾ ਕੋਈ ਦਸਤਗੀਰ, ਸ਼ਾਹ ਹਕੀਰ ਕੁਤਬ ਗੌਂਸ ਨਾ ਕੋਈ ਅਖਵਾਈਆ । ਸਤਿ ਸੰਤੋਖ ਨਾ ਕੋਈ ਧੀਰਜ ਧੀਰ, ਸਾਂਤਕ ਸਤਿ ਨਾ ਕੋਇ ਜਣਾਈਆ । ਤਾਮਸ ਤਤ ਨਾ ਕੋਈ ਅਖ਼ੀਰ, ਰਾਜਸ ਰਜੋ ਨਾ ਕੋਈ ਸਮਾਈਆ । ਨਾ ਕੋਈ ਹਉਮੇ ਹੰਗਤਾ ਦਿਸੇ ਪੀੜ, ਦੂਈ ਦਵੈਤ ਨਾ ਕੋਈ ਵਖਾਈਆ । ਨਾ ਕੋਈ ਬੰਨ੍ਹੇ ਕਿਸੇ ਬੀੜ, ਖਾਣੀ ਬਾਣੀ ਨਾ ਰਚਨ ਰਚਾਈਆ । ਨਾ ਕੋਈ ਬਸਤਰ ਨਾ ਕੋਈ ਚੀਰ, ਨਾ ਕੋਈ ਸੀਸ ਦਸਤਾਰ ਬੰਧਾਈਆ । ਨਾ ਕੋਈ ਸੁਰਤ ਸਵਾਣੀ ਬਣੇ ਸਾਚੀ ਹੀਰ, ਨਾ ਕੋਈ ਸ਼ਬਦ ਰਾਂਝਾ ਸਾਚੀ ਵੰਝਲੀ ਰਿਹਾ ਵਜਾਈਆ । ਨਾ ਕੋਈ ਚੋਟੀ ਚੜ੍ਹੇ ਅਖ਼ੀਰ, ਅੱਧ ਵਿਚ ਨਾ ਕੋਈ ਅਟਕਾਈਆ । ਨਾ ਕੋਈ ਜਲ ਥਲ ਦਿਸੇ ਨੀਰ, ਅੱਠ ਸੱਠ ਨਾ ਵੇਖ ਵਖਾਈਆ । ਨਾ ਕੋਈ ਜੰਗਲ ਜੂਹ ਉਜਾੜ ਪਹਾੜ ਦਿਸੇ ਬੀੜ, ਡੂੰਘੀ ਗਾਰ ਨਾ ਵੇਖ ਵਖਾਈਆ । ਨਾ ਕੋਈ ਹਸਤ ਨਾ ਕੋਈ ਕੀੜ, ਰਾਜ ਰਾਜਾਨ ਨਾ ਕੋਈ ਅਖਵਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਆਪ ਆਪਣੀ ਰੱਖੇ ਧੀਰ, ਆਵੇ ਜਾਵੇ ਮਰੇ ਨਾ ਜਾਈਆ । ਆਦਿਨ ਅੰਤਾ ਹਰਿ ਕਰਤਾਰ, ਏਕ ਏਕ ਅਖਵਾਇੰਦਾ । ਜੁਗਾ ਜੁਗੰਤ ਲਏ ਅਵਤਾਰ, ਆਪ ਆਪਣੀ ਬਣਤ ਬਣਾਇੰਦਾ । ਸਾਧਾਂ ਸੰਤਾਂ ਦਏ ਪਿਆਰ, ਏਕਾ ਸ਼ਬਦ ਜਣਾਇੰਦਾ । ਸ਼ਬਦ ਡੋਰੀ ਅਪਰ ਅਪਾਰ, ਕਾਇਆ ਮੰਦਰ ਅੰਦਰ ਆਪ ਰਖਾਇੰਦਾ । ਆਪੇ ਪਾਵਣਹਾਰਾ ਸਾਰ, ਲੱਖ ਚੁਰਾਸੀ ਭਰਮ ਭੁਲਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਆਪ ਆਪਣਾ ਵੇਸ ਵਟਾਇੰਦਾ । ਨਾਨਕ ਗੋਬਿੰਦ ਬਣ ਲਿਖਾਰ, ਸੇਵਕ ਸੇਵਾ ਸਚ ਕਮਾਇੰਦਾ । ਪੁਰਖ ਅਬਿਨਾਸ਼ੀ ਕਰਮ ਵਿਚਾਰ, ਪੂਰਬ ਲਹਿਣਾ ਝੋਲੀ ਪਾਇੰਦਾ । ਗੁਰ ਗੋਬਿੰਦ ਕਰ ਤਿਆਰ, ਸਾਚਾ ਸੰਗ ਨਿਭਾਇੰਦਾ । ਚਿੱਟੇ ਅਸਵ ਕਰ ਅਸਵਾਰ, ਸਾਚੇ ਰਾਹੇ ਆਪੇ ਪਾਇੰਦਾ । ਸੰਬਲ ਨਗਰੀ ਵਿਚ ਸੰਸਾਰ, ਸਚ ਸਿੰਘਾਸਣ ਇਕ ਵਖਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਭਰਮੇ ਭੁੱਲੇ ਜੀਵ ਗਵਾਰ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਮਾਨਸ ਜਨਮ ਗਏ ਹਾਰ, ਅੰਦਰ ਮੰਦਰ ਉਪਰ ਚੜ੍ਹ ਦਰਸ ਕੋਈ ਨਾ ਪਾਇੰਦਾ । ਪੰਚ ਵਿਕਾਰਾ ਗਏ ਸੜ, ਸ਼ਬਦ ਲੜ ਹੱਥ ਨਾ ਆਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਭ ਦੇ ਅੰਦਰ ਬੈਠਾ ਵੜ, ਨਾ ਕੋਈ ਸੀਸ ਨਾ ਕੋਈ ਧੜ,

ਗੁਰਮੁਖ ਵਿਰਲਾ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਗਈ ਸੜ, ਪ੍ਰਭ ਸਾਚਾ ਲੰਬੂ ਲਾਇੰਦਾ । ਤ੍ਰੈ ਲੋਕਾਂ ਉਖੇੜੇ ਆਪੇ ਜੜ੍ਹ, ਆਪੇ ਆਪ ਉਪਾਇੰਦਾ । ਗੁਰਮੁਖ ਸੰਤ ਸੁਹੇਲੇ ਏਕਾ ਅੱਖਰ ਜਾਇਣ ਪੜ੍ਹ, ਹਰਿ ਏਕਾ ਰਾਗ ਅਲਾਇੰਦਾ । ਚੌਥੇ ਘਰ ਜਾਇਣ ਵੜ, ਸੁਖਮਨ ਨਾੜੀ ਟੇਢੀ ਬੰਕ ਰਾਹ ਵਿਚ ਨਾ ਕੋਈ ਅਟਕਾਇੰਦਾ । ਆਪੇ ਤੋੜੇ ਹੰਕਾਰੀ ਗੜ੍ਹ, ਤੀਰ ਨਿਰਾਲਾ ਇਕ ਚਲਾਇੰਦਾ । ਕੋਈ ਨਾ ਸਕੇ ਅੱਗੇ ਅੜ, ਕਾਲ ਦਵਾਰੇ ਬੈਠਾ ਸ਼ਰਮਾਇੰਦਾ । ਮਹਾਂਕਾਲ ਪ੍ਰਭ ਲਿਆ ਫੜ, ਗੁਰਮੁਖਾਂ ਸੇਵਾ ਲਾਇੰਦਾ । ਆਪੇ ਜਾਣੇ ਚੋਟੀ ਜੜ੍ਹ, ਭਾਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਪੁਰਖ ਦੀਨ ਦਿਆਲ, ਦਇਆ ਨਿਧ ਆਪ ਅਖਵਾਇੰਦਾ । ਆਪ ਦਿਆਲ ਕਿਰਪਾਲ ਪੁਰਖ ਅਬਿਨਾਸ਼ਿਆ, ਜੁਗ ਜੁਗ ਵੇਸ ਕਰਾਇਆ । ਵੇਖੇ ਖੇਲ ਸ਼ਾਹੋ ਸ਼ਾਬਾਸਿਆ, ਹਰਿਜਨ ਸਾਚੇ ਮੇਲ ਮਿਲਾਇਆ । ਦਰ ਦੁਰਕਾਰੇ ਮਦਿਰਾ ਮਾਸੀਆ, ਘਰ ਸਾਚੇ ਰਹਿਣ ਨਾ ਪਾਇਆ । ਗੁਰਮੁਖਾਂ ਹੋਏ ਦਾਸੀ ਦਾਸਿਆ, ਸੇਵਕ ਸੇਵ ਰਿਹਾ ਕਮਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼ਿਆ, ਆਕਾਸ਼ ਆਕਾਸ਼ਾਂ ਵਿਚ ਸਮਾਇਆ । ਹਰਿਜਨ ਤਰਾਏ ਰਸਨ ਸਵਾਸਿਆ, ਜੁਗ ਜੁਗ ਲਹਿਣਾ ਝੋਲੀ ਪਾਇਆ । ਪਰਗਟ ਹੋਏ ਘਨਕਪੁਰ ਵਾਸੀਆ, ਕਲਜੁਗ ਵੇਲਾ ਅੰਤਮ ਆਇਆ । ਰਾਜ ਰਾਜਾਨਾਂ ਹੋਏ ਉਦਾਸਿਆ, ਸ਼ਾਹ ਸੁਲਤਾਨਾ ਦਏ ਹਿਲਾਇਆ । ਕਲਜੁਗ ਉਲਟਾ ਹੋਇਆ ਪਾਸਿਆ, ਅੰਤਮ ਦੇਵੇ ਕੰਡਾਂ ਦਰ ਵਢਾਇਆ । ਗੁਰ ਪੂਰੇ ਸਾਚੇ ਸਤਿਗੁਰ ਪੂਰੇ ਸਦ ਬਲ ਬਲ ਜਾਸਿਆ, ਜਿਸ ਰਸਨਾ ਸੋਹੰ ਗਾਇਆ । ਰਸਨਾ ਸੋਹੰ ਸੋ ਪੁਰਖ ਸਤਿ ਪੁਰਖ, ਸਤਿਗੁਰ ਆਪ ਹਿਲਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਰੋਗ ਨਾ ਕੋਈ ਲਗਾਇੰਦਾ । ਕਲਜੁਗ ਤੇਰੀ ਅੰਤਮ ਕਰਨ ਆਇਆ ਪਰਖ, ਜੋਤੀ ਜਾਮਾ ਭੇਖ ਵਟਾਇੰਦਾ । ਸਾਧਾਂ ਸੰਤਾਂ ਦਵਾਰੇ ਕਲਜੁਗ ਮਾਇਆ ਰਹੀ ਵਰਖ, ਮਨਮੁਖ ਝੂਠੇ ਸੇਵਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੀਨ ਦਿਆਲਾ ਹਰਿ ਗੋਪਾਲਾ ਗੋਬਿੰਦ ਕਾਇਆ ਵੇਖ ਵਖਾਇੰਦਾ । ਗੋਬਿੰਦ ਕਾਇਆ ਸਚ ਟਿਕਾਣਾ, ਹਰਿ ਸਾਚੇ ਜੋਤ ਜਗਾਈਆ । ਸ਼ਬਦ ਸਰੂਪੀ ਇਕ ਬਿਬਾਣਾ, ਹਰਿ ਆਪਣਾ ਆਪ ਰਖਾਈਆ । ਵੇਖ ਵਖਾਏ ਦੋ ਜਹਾਨਾਂ, ਆਵਣ ਜਾਵਣ ਰਚਨ ਰਚਾਈਆ । ਸੋਹੰ ਸ਼ਬਦ ਲਿਆਏ ਧੁਰ ਫ਼ਰਮਾਣਾ, ਲੋਕਮਾਤ ਆਪ ਟਿਕਾਈਆ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਹਾੜ ਸਤਾਰਾਂ ਸਗਨ ਮਨਾਈਆ । ਮੇਟ ਮਿਟਾਏ ਰਾਜ ਰਾਜਾਨਾ, ਸ਼ਾਹ ਸੁਲਤਾਨਾ ਰਿਹਾ ਖਪਾਈਆ । ਸਾਧਾਂ ਸੰਤਾਂ ਧਨ ਵੈਰਾਨਾ, ਨਾਮ ਧਨ ਨਾ ਕੋਈ ਰਖਾਈਆ । ਜੂਠਾ ਝੂਠਾ ਕਾਇਆ ਮੰਦਰ ਟਿਕਾਣਾ, ਮਨ ਮੂਰਖ ਥਿਰ ਰਹਿਣ ਨਾ ਪਾਈਆ । ਰਸਨ ਵਿਕਾਰਾ ਪੀਣਾ ਖਾਣਾ, ਰਸਨਾ ਜਿਹਵਾ ਹੋਈ ਹਲਕਾਈਆ । ਮਾਇਆ ਕਾਰਨ ਗੁਰ ਮੰਦਰ ਅੰਦਰ ਬਹਿ ਬਹਿ ਗਾਣਾ, ਗ੍ਰੰਥੀ ਪੰਥੀ ਨਾ ਧੀਰ ਧਰਾਈਆ । ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ, ਵੇਦ ਪੁਰਾਨੀ ਦਿਸ ਨਾ ਆਈਆ । ਹਉਮੇ ਰੋਗ ਇਕ ਲਗਾਨਾ, ਤੀਜਾ ਤਿਲ ਨਾ ਵੇਖ ਵਖਾਈਆ । ਜੂਠ ਝੂਠ ਖੇਲ ਜਹਾਨਾ, ਗਲ ਬੈਠੇ ਜੰਞੂ ਪਾਈਆ । ਮਿਲਿਆ ਮੇਲ ਨਾ ਸ੍ਰੀ ਭਗਵਾਨਾ, ਰਾਮ ਕ੍ਰਿਸ਼ਨਾ ਰਹੇ ਧਿਆਈਆ । ਪਾਇਆ ਪਦ ਨਾ ਇਕ ਨਿਰਬਾਣਾ, ਆਦਿ ਸ਼ਕਤ ਨਾ ਘਰ ਮਨਾਈਆ । ਦੀਵਾ ਬੱਤੀ ਨਾ ਕੋਈ ਜਗਾਨਾ, ਸਾਚੀ ਵਸਤ ਨਾ ਕੋਈ ਰਖਾਈਆ । ਲੇਖੇ ਲੱਗੇ ਨਾ ਅੱਠ ਸੱਠ ਤੇਰਾ ਇਸ਼ਨਾਨਾ, ਅੰਮ੍ਰਿਤ ਆਤਮ ਮੁਖ ਨਾ ਕੋਈ ਚੁਆਈਆ । ਅੰਤਮ ਚੁਕਣਾ ਪੀਣਾ ਖਾਣਾ, ਨਾ ਕੋਈ ਧੀਰ ਧਰਾਈਆ । ਮੁੱਲਾ ਸ਼ੇਖ਼ ਹੋਏ ਹੈਰਾਨਾ, ਗਲ ਮਾਲਾ ਸਚ ਲਟਕਾਈਆ । ਬਗਲੇ

ਰੱਖ ਕਿਤੇਬ ਕੁਰਾਨਾ, ਮੁਸਲਾ ਹੱਥ ਰਖਾਈਆ । ਕੂਜਾ ਬਾਂਗ ਉਚਾ ਕੂਕੇ ਦਏ ਦੁਹਾਈਆ । ਹੱਕ ਹਲਾਲ ਨਾ ਕਿਸੇ ਪਛਾਨਾ, ਅਹਿਨਲ ਹੱਕ ਨਾ ਕੋਈ ਮਿਲਾਈਆ । ਧੁਰ ਦਰਗਾਹੇ ਨਾ ਕੋਈ ਤਲਬਾਨਾ, ਨਾ ਕੋਈ ਤਲਬ ਕਰਾਈਆ । ਕਲਮਾ ਅਮਾਮ ਨਾ ਕੋਈ ਗਾਣਾ, ਹੱਕ ਹਕੀਕਤ ਦਏ ਦਿਖਾਈਆ । ਮੁਹੰਮਦ ਨਾ ਮਿਲਿਆ ਧੁਰ ਦੀਬਾਨਾ, ਰਾਹ ਬੈਠਾ ਰਿਹਾ ਤਕਾਈਆ । ਸਦੀ ਚੌਧਵੀਂ ਕਰੇ ਪਰਵਾਨਾ, ਪ੍ਰਭ ਅੱਗੇ ਬੈਠਾ ਸੀਸ ਝੁਕਾਈਆ । ਅਮਾਮ ਮਹਿੰਦੀ ਨਾਉਂ ਰਖਾਨਾ, ਅੰਤ ਨਬੀ ਰਸੂਲਾਂ ਤੇਰੀ ਲਹੂ ਮਿਝ ਧਾਰ ਹੱਥੀਂ ਰੰਗ ਚੜ੍ਹਾਈਆ । ਆਪੇ ਹੋਏ ਬੇਪਛਾਨਾ, ਕਾਲਾ ਬਸਤਰ ਤਨ ਛੁਹਾਈਆ । ਵੇਖ ਵਖਾਏ ਮੁਗਲ ਪਠਾਨਾ, ਸ਼ਾਹ ਈਰਾਨਾ ਲਏ ਜਗਾਈਆ । ਮੱਕਾ ਮਦੀਨਾ ਚਰਨਾਂ ਹੇਠ ਦਬਾਨਾ, ਮੁਖ ਇਕ ਨਕਾਬ ਰਖਾਈਆ । ਅੱਲਾ ਹੂ ਤੇਰਾ ਮੁੱਕੇ ਗਾਣਾ, ਨਾ ਕੋਈ ਰਸਨਾ ਗਾਈਆ । ਪੀਰ ਫ਼ਕੀਰਾਂ ਆਪ ਸਮਝਾਨਾ, ਏਕਾ ਜੋਤ ਕਰੇ ਰੁਸ਼ਨਾਈਆ । ਸਭ ਘਟ ਥਾਂ ਆਪਣਾ ਰੂਪ ਵਟਾਨਾ, ਮੁਹੰਮਦ ਅਹਿਮਦ ਆਪੇ ਵੇਖ ਵਖਾਈਆ । ਸ਼ਰਅ ਸ਼ਰਾਇਤ ਆਪ ਕਰਾਨਾ, ਇਕ ਸ਼ਰੀਅਤ ਰਿਹਾ ਜਲਾਈਆ । ਏਕਾ ਅੱਖਰ ਆਪ ਪੜ੍ਹਾਨਾ, ਬਜਰ ਕਪਾਟੀ ਪੱਥਰ ਤੁੜਾਈਆ । ਦੂਈ ਦਵੈਤੀ ਸਥ ਕਰਾਨਾ, ਚਰਨ ਦਵਾਰਾ ਇਕ ਸੁਹਾਈਆ । ਨੇਤਰ ਨੈਣ ਨੀਰ ਅੱਥਰ ਨਾ ਕਿਸੇ ਵਹਾਨਾ, ਅੱਲਾ ਰਾਣੀ ਗਲ ਬੈਠੀ ਪਲਾ ਪਾਈਆ । ਪੁਰਖ ਅਬਿਨਾਸ਼ੀ ਤੇਰੇ ਚਰਨ ਧਿਆਨ, ਰੋ ਰੋ ਰਹੀ ਸ਼ਰਮਾਈਆ । ਪੁਰਖ ਅਬਿਨਾਸ਼ੀ ਮਿਹਰਵਾਨਾ, ਫੜ ਬਾਂਹੋਂ ਗਲੇ ਲਗਾਈਆ । ਉਠ ਸਪੁੱਤਰੀ ਬਾਲ ਨਾਦਾਨਾ, ਪ੍ਰਭ ਪੜਦਾ ਉਪਰ ਪਾਈਆ । ਲਜ ਪਤ ਰੱਖੇ ਤੇਰੀ ਦੋ ਜਹਾਨਾ, ਗੁਰਸਿਖ ਤੇਰੀ ਸੇਵਾ ਆਪ ਕਮਾਈਆ । ਸੁਰਤ ਸਵਾਣੀ ਗੁਰਸਿਖ ਤੇਰੀ ਅੱਲਾ ਰਾਣੀ, ਸੋਹੰ ਸ਼ਬਦ ਕਰੇ ਕੁੜਮਾਈਆ । ਕਾਲ ਮਹਾਂਕਾਲ ਦੋਵੇਂ ਦਰ ਫਿਰਨ ਭਰਨ ਪਾਣੀ, ਪ੍ਰਭ ਖੰਡਾ ਹੱਥ ਰਖਾਈਆ । ਗੁਰ ਪੂਰਾ ਮਿਲਿਆ ਸਾਚਾ ਹਾਣੀ, ਵਿਛੜ ਕਦੇ ਨਾ ਜਾਈਆ । ਚੌਥੇ ਘਰ ਏਕਾ ਬਾਣੀ, ਨਾਨਕ ਸੋਹੰ ਰਸਨਾ ਗਾਈਆ । ਪਾਇਆ ਪੁਰਖ ਹਰਿ ਸੁਲਤਾਨੀ, ਦਰ ਦਵਾਰੇ ਬੈਠਾ ਅਲੱਖ ਜਗਾਈਆ । ਪੁਰਖ ਅਬਿਨਾਸ਼ੀ ਜੋਤ ਨੁਰਾਨੀ, ਅੱਠੇ ਪਹਿਰ ਡਗਮਗਾਈਆ । ਭੇਵ ਨਾ ਪਾਏ ਛੱਤੀ ਰਾਗ ਬਾਣੀ, ਸਾਧ ਸੰਤ ਗਏ ਰਸਨਾ ਗਾਈਆ । ਅਰਜਨ ਲਿਖਿਆ ਲੇਖ ਅਪਾਰ ਮਹਾਨੀ, ਆਪਣਾ ਮੁਖ ਸੁਹਾਈਆ । ਪਾਰਬ੍ਰਹਮ ਤੇਰੇ ਚਰਨ ਦੇ ਕੁਰਬਾਨੀ, ਬੈਠਾ ਦਰ ਆਪਣਾ ਸੀਸ ਝੁਕਾਈਆ । ਸਾਧ ਸੰਗਤ ਹਰਿ ਦਰ ਕਰ ਪਰਵਾਨੀ, ਕਲਜੁਗ ਅੰਤਮ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕਾ ਨਾਉਂ ਰਖਾਈਆ । ਨਿਹਕਲੰਕ ਹਰਿ ਨਾਉਂ ਰਖਾ, ਆਪਣੀ ਕਲ ਵਰਤਾਇੰਦਾ । ਰਾਮ ਕ੍ਰਿਸ਼ਨ ਲਏ ਉਠਾ, ਆਪਣਾ ਸੰਗ ਰਖਾਇੰਦਾ । ਪਤਵੰਤ ਦਇਆਵੰਤ ਲਏ ਜਗਾ, ਜਾਮਾਵੰਤ ਵੇਖ ਵਖਾਇੰਦਾ । ਕਾਹਨਾ ਕ੍ਰਿਸ਼ਨਾ ਆਪ ਬਣਾ, ਆਪੇ ਮੁਖ ਛੁਪਾਇੰਦਾ । ਅਰਜਨ ਅਰਜਨ ਅਰਜਨ ਆਪ ਅਖਵਾ, ਆਪ ਆਪਣੀ ਭਗਤੀ ਲਾਇੰਦਾ । ਸੰਗ ਮੁਹੰਮਦ ਚਾਰ ਯਾਰ ਲਏ ਉਪਾ, ਕਲਜੁਗ ਝੋਲੀ ਪਾਇੰਦਾ । ਜੂਠ ਝੂਠ ਲਏ ਪਰਨਾ, ਪੰਜ ਤਤ ਸੰਗ ਨਿਭਾਇੰਦਾ । ਈਸਾ ਮੂਸਾ ਦਏ ਜਣਾ, ਕਾਲਾ ਸੂਸਾ ਤਨ ਛੁਹਾਇੰਦਾ । ਚੀਨਾ ਰੂਸਾ ਸਰਨ ਲਗਾ, ਉਨੀ ਉਨੀਸਾ ਚਰਨ ਛੁਹਾਇੰਦਾ । ਬੀਸ ਬੀਸਾ ਵੇਖ ਵਖਾ, ਆਪਣੀ ਦਇਆ ਕਮਾਇੰਦਾ । ਇਕ ਇਕੀਸਾ ਆਪਣੀ ਬਣਤ ਬਣਾ, ਨੌਂ ਖੰਡ ਪ੍ਰਿਥਮੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕਾ ਨਾਉਂ ਰਖਾਇਆ, ਹਰਿ ਸਾਚੀ ਜੋਤ ਜਗਾਈਆ । ਸਤਿ ਪੁਰਖ

ਨਿਰੰਜਣ ਭੇਵ ਨਾ ਰਾਇਆ, ਅਗੰਮ ਅਗੰਮੜੇ ਧਾਮ ਸੁਹਾਈਆ । ਨਾਨਕ ਗੋਬਿੰਦ ਸੇਵਾ ਲਾਇਆ, ਸੇਵਕ ਸੇਵਾ ਗਏ ਕਮਾਈਆ । ਆਪਣਾ ਲੇਖਾ ਆਪਣੇ ਹੱਥ ਰਖਾਈਆ । ਭਰਮ ਭੁਲੇਖਾ ਜਗਤ ਲਾਹਿਆ, ਗੁਰ ਪੂਰਾ ਨਾ ਮਰੇ ਨਾ ਜਾਈਆ । ਦੇਸ ਪਰਦੇਸਾਂ ਹੋਏ ਸਹਾਇਆ, ਤ੍ਰੈ ਲੋਕਾਂ ਪਾਰ ਕਰਾਈਆ । ਗਣਪਤ ਗਣੇਸ਼ ਨਾ ਕੋਈ ਮਨਾਇਆ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨ ਰਚਾਈਆ ।

ਕਾਲ ਨਗਾਰਾ ਡੰਕ ਹੈ, ਜੁਗ ਜੁਗ ਰਿਹਾ ਵਜਾਏ । ਨਾ ਕੋਈ ਰਾਓ ਨਾ ਕੋਈ ਰੰਕ ਹੈ, ਰਾਜ ਰਾਜਾਨਾ ਨਾ ਵੇਖ ਵਖਾਏ । ਨਾ ਕੋਈ ਦਵਾਰ ਬੰਕ ਹੈ, ਮੰਦਰ ਅੰਦਰ ਨਾ ਕੋਈ ਛੁਪਾਏ । ਗੁਰਮੁਖ ਵਿਰਲਾ ਰਾਜਾ ਜਨਕ ਹੈ, ਨਾਮ ਰਤਨ ਤਨ ਰਖਾਏ । ਪ੍ਰਭ ਖੇਲੇ ਖੇਲ ਬਾਰ ਅਨਕ ਹੈ, ਅਨਕ ਕਲਾ ਵਰਤਾਏ । ਕਲਜੁਗ ਵਾਸੀ ਪੁਰੀ ਘਨਕ ਹੈ, ਹਰਿਜਨ ਸਾਚੇ ਲਏ ਤਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਕਲੰਦਰ ਵੇਖ ਵਖਾਏ । ਕਾਲ ਨਗਾਰਾ ਵੱਜਣਾ, ਚਾਰੋਂ ਕੁੰਟ ਜਣਾਈਆ । ਜੋ ਘੜਿਆ ਸੋ ਭੱਜਣਾ, ਥਿਰ ਰਹਿਣ ਨਾ ਪਾਈਆ । ਬਿਨ ਗੁਰ ਪੂਰੇ ਕੋਇ ਨਾ ਰੱਖੇ ਲਜਣਾ, ਮਨਮੁਖ ਜੀਵ ਦੇਣ ਦੁਹਾਈਆ । ਧਰਮ ਦਵਾਰੇ ਗੁਰਮੁਖ ਵਿਰਲੇ ਬਹਿ ਬਹਿ ਸਜਣਾ, ਜਿਸ ਜਨ ਆਪਣੀ ਦਇਆ ਕਮਾਈਆ । ਮਦਿਰਾ ਮਾਸ ਜਿਸ ਜਨ ਤਜਣਾ, ਦਰਗਾਹ ਸਾਚੀ ਦਏ ਬਹਾਈਆ । ਵੇਲੇ ਅੰਤਮ ਰੱਖੇ ਲਜਣਾ, ਜੋ ਜਨ ਆਏ ਸਰਨਾਈਆ । ਹਰਿਜਨ ਪੜਦਾ ਆਪਣਾ ਕੱਜਣਾ, ਗੁਰ ਚਰਨ ਪ੍ਰੀਤ ਰਖਾਈਆ । ਨਾਮ ਚੜ੍ਹਾਏ ਸਚ ਜਹਾਜਣਾ, ਸਾਚੀ ਨਈਆ ਰਿਹਾ ਚਲਾਈਆ । ਮਨਮੁਖ ਮਾਇਆ ਮਮਤਾ ਅਗਨੀ ਦਝਣਾ, ਨਾ ਸਕੇ ਕੋਈ ਬਚਾਈਆ । ਨੌਂ ਦਵਾਰੇ ਫਿਰਿਆ ਭੱਜਣਾ, ਮਨ ਮਤ ਹੋਏ ਹਲਕਾਈਆ । ਪੰਚ ਵਿਕਾਰਾ ਝੂਠਾ ਗੱਜਣਾ, ਲੋਭ ਹੰਕਾਰਾ ਨਾਲ ਰਲਾਈਆ । ਬਜਰ ਕਪਾਟੀ ਜਿੰਦਾ ਵੱਜਣਾ, ਨਾ ਸਕੇ ਕੋਈ ਤੁੜਾਈਆ । ਵੇਲੇ ਅੰਤ ਲਾਉਣ ਨਾ ਦੇਵੇ ਅਜ ਪੱਜਣਾ, ਕਾਲ ਦਵਾਰੇ ਆਵੇ ਜਾਈਆ । ਬਹੱਤਰ ਨਾੜੀ ਲਹੂ ਪੀ ਪੀ ਰੱਜਣਾ, ਆਪ ਆਪਣੀ ਤ੍ਰਿਸ਼ਨ ਬੁਝਾਈਆ । ਧਰਮ ਰਾਏ ਦਵਾਰੇ ਬਹਿ ਬਹਿ ਹੱਸਣਾ, ਲਾੜੀ ਮੌਤ ਖ਼ੁਸ਼ੀ ਮਨਾਈਆ । ਕੁੰਭੀ ਨਰਕ ਅੰਤਮ ਦਝਣਾ, ਕਰਮਾਂ ਭਾਹ ਰਹੀ ਜਲਾਈਆ । ਗੁਰਮੁਖ ਗੁਰ ਚਰਨ ਦਵਾਰੇ ਬਹਿ ਬਹਿ ਹੱਸਣਾ, ਮਿਲੀ ਸਚ ਸੱਚੀ ਸਰਨਾਈਆ । ਮੇਟੇ ਰੈਣ ਅੰਧੇਰੀ ਮੱਸਿਆ, ਜੋਤ ਨਿਰੰਜਣ ਚੰਦ ਚੜ੍ਹਾਈਆ । ਮਾਇਆ ਮਮਤਾ ਮੂਲ ਨਾ ਡੱਸਿਆ, ਕਲਜੁਗ ਨਾਗਨ ਨੇੜ ਨਾ ਆਈਆ । ਤੀਰ ਨਿਰਾਲਾ ਏਕਾ ਕਸਿਆ, ਰਸਨਾ ਚਿੱਲਾ ਇਕ ਚੜ੍ਹਾਈਆ । ਜਨ ਭਗਤਾਂ ਹਿਰਦੇ ਅੰਦਰ ਆਪੇ ਵਸਿਆ, ਸੁਰਤ ਸ਼ਬਦੀ ਮੇਲ ਮਿਲਾਈਆ । ਕੋਟਨ ਕੋਟ ਪਰਕਾਸ਼ ਕਰੇ ਰਵ ਸੱਸਿਆ, ਅੰਧ ਅੰਧੇਰ ਮਿਟਾਈਆ । ਹਰਿਜਨ ਹਰਿ ਹਰਿ ਏਕਾ ਰਾਹ ਸਾਚਾ ਦੱਸਿਆ, ਆਪ ਆਪਣਾ ਪੰਥ ਦਿਸਾਈਆ । ਸਾਚਾ ਨਾਮ ਸ਼ਬਦ ਲਟਕਾਏ ਰੱਸਿਆ, ਗੁਰਮੁਖ ਸਾਚੇ ਲਏ ਚੜ੍ਹਾਈਆ । ਆਤਮ ਸੇਜਾ ਆਏ ਨੱਸਿਆ, ਦਸਮ ਦਵਾਰੀ ਵੇਖ ਵਖਾਈਆ । ਅੰਮ੍ਰਿਤ ਆਤਮ ਦੇਵੇ ਰਸ ਰਸਿਆ, ਨਿਝਰ ਧਾਰਾ ਇਕ ਵਹਾਈਆ । ਸਗਲ ਵਸੂਰਾ ਹਰਿਜਨ ਸਾਚੇ ਅੰਤਮ ਵਾਰੀ ਲੱਥਿਆ, ਗੁਰ ਸ਼ਬਦੀ ਦਰਸ਼ਨ ਪਾਈਆ । ਲਹਿਣਾ ਦੇਣਾ ਚੁੱਕੇ ਸੀਆਂ ਸਾਢੇ ਤਿੰਨ ਤਿੰਨ ਹੱਥਿਆ, ਸਮਰਥ

ਹੱਥ ਵਡਿਆਈਆ । ਬੋਧ ਜਣਾਈ ਅਗਾਧ ਅਕਥਨਾ ਅਕਥਿਆ, ਅਕੱਥ ਕਥਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਦਿਆਲ ਰੰਗ ਸਮਾਈਆ । ਕਾਲ ਭਗਵਾਨ ਕਾਲੀ ਧਾਰ, ਕਾਲਾ ਰੰਗ ਚੜ੍ਹਾਇੰਦਾ । ਵੇਖ ਵਖਾਣੇ ਸਰਬ ਸੰਸਾਰ, ਜੂਠੀ ਝੂਠੀ ਗੰਗ ਵਹਾਇੰਦਾ । ਲੱਖ ਚੁਰਾਸੀ ਨਰ ਨਾਰ, ਮਾਇਆ ਰਾਣੀ ਪਲੰਘ ਸਵਾਇੰਦਾ । ਕਾਮ ਕਰੋਧ ਕਰ ਪਿਆਰ, ਲੋਭ ਮੋਹ ਤਨ ਪਹਿਨਾਇੰਦਾ । ਖਾਲੀ ਠੂਠਾ ਵਿਚ ਸੰਸਾਰ, ਤ੍ਰੈਗੁਣ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਕਾਲਾ ਰੂਪ, ਕਾਲ ਦਿਆਲ ਆਪ ਅਖਵਾਇੰਦਾ । ਕਲਜੁਗ ਕਾਲ ਅਕਲ ਕਲ ਧਾਰੀ, ਏਕਾ ਏਕ ਅਖਵਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ, ਸ਼ਬਦ ਖੰਡਾ ਹੱਥ ਉਠਾਇਆ । ਬ੍ਰਹਮਾ ਸ਼ਿਵ ਕਰੇ ਖ਼ਬਰਦਾਰੀ, ਸੁਰਪਤ ਰਾਜਾ ਇੰਦ ਰਿਹਾ ਹਿਲਾਇਆ । ਕਰੋੜ ਤੇਤੀਸਾ ਹਾਹਾਕਾਰੀ, ਗਣਪਤ ਗਣੇਸ਼ ਰਿਹਾ ਕੁਰਲਾਇਆ । ਰਾਮਾ ਕ੍ਰਿਸ਼ਨ ਵੇਖ ਵਿਚਾਰੀ, ਨੇਤਰ ਨਰਾਇਣ ਰਿਹਾ ਵਖਾਇਆ । ਕਲਜੁਗ ਤੇਰੀ ਅੰਤਮ ਯਾਰੀ, ਸੰਗ ਮੁਹੰਮਦ ਰਿਹਾ ਨਿਭਾਇਆ । ਨਾਨਕ ਬਣਿਆ ਦਰ ਭਿਖਾਰੀ, ਨਾਮ ਸਤਿ ਝੋਲੀ ਪਾਇਆ । ਅਰਜਨ ਲਿਖਿਆ ਲੇਖ ਅਪਾਰੀ, ਹਰਿ ਲੇਖਾ ਲੇਖ ਲਿਖਾਇਆ । ਗੋਬਿੰਦ ਮੰਗੀ ਤਨ ਕਟਾਰੀ, ਹਰਿ ਪੰਚਮ ਪੰਚਮ ਸੁਹਾਇਆ । ਦਰਸ ਦਿਖਾਏ ਦਰ ਦਰਬਾਰੀ, ਦਰ ਘਰ ਸਾਚਾ ਇਕ ਵਖਾਇਆ । ਪੂਤ ਸਪੂਤਾ ਕਰ ਪਿਆਰੀ, ਚਾਰੇ ਕੁੰਟਾਂ ਹੋਏ ਸਹਾਇਆ । ਗੋਬਿੰਦ ਗੋਬਿੰਦ ਗੋਬਿੰਦ ਅੰਤਮ ਗਿਆ ਹਾਰੀ, ਕਲਜੁਗ ਜੂਠਾ ਝੂਠਾ ਵੇਖ ਵਖਾਇਆ । ਰਸਨਾ ਗਾਏ ਵਾਰੋ ਵਾਰੀ, ਕਲਜੁਗ ਅੰਤਮ ਹੋਏ ਸਹਾਇਆ । ਸ਼ਬਦ ਖੰਡਾ ਤੇਜ ਕਟਾਰੀ, ਹਰਿ ਏਕਾ ਲਏ ਉਪਾਇਆ । ਪਰਗਟ ਹੋਏ ਵਡ ਬਲਕਾਰੀ, ਸੂਰਬੀਰ ਅਖਵਾਇਆ । ਦੋ ਜਹਾਨਾਂ ਸ਼ਾਹ ਅਸਵਾਰੀ, ਸਾਚਾ ਘੋੜਾ ਇਕ ਰਖਾਇਆ । ਸਤਿ ਪੁਰਖ ਨਿਰੰਜਣ ਖੇਲ ਅਪਾਰੀ, ਜੋਤੀ ਨੂਰ ਸਵਾਇਆ । ਪੰਜ ਤਤ ਨਾ ਮੀਤ ਮੁਰਾਰੀ, ਤ੍ਰੈਗੁਣ ਵਿਚ ਨਾ ਆਇਆ । ਛੱਪਰ ਛੰਨ ਨਾ ਕੋਈ ਅਟਾਰੀ, ਕਿਲਾ ਕੋਟ ਨਾ ਕੋਈ ਸੁਹਾਇਆ । ਅਨੰਦਪੁਰ ਨਾ ਗੜ੍ਹੀ ਅਪਾਰੀ, ਤੀਰ ਕਮਾਨ ਨਾ ਕੋਇ ਚਲਾਇਆ । ਕਲਗੀ ਤੋੜਾ ਨਾ ਸੀਸ ਦਸਤਾਰੀ, ਨੀਲਾ ਘੋੜਾ ਨਾ ਵਾਗ ਉਠਾਇਆ । ਸਰਸਾ ਨੀਰ ਵਹਾਏ ਨਾ ਵਾਰੋ ਵਾਰੀ, ਸਗਲਾ ਸੰਗ ਨਾ ਕੋਈ ਡੁਬਾਇਆ । ਸਿੱਖ ਸਾਜਣ ਨਾ ਹੋਏ ਕੋਇ ਇਨਕਾਰੀ, ਨਾ ਕੋਈ ਭਾਣਾ ਮੇਟ ਮਿਟਾਇਆ । ਪਰਗਟ ਹੋਏ ਨਿਹਕਲੰਕਾ ਨਰਾਇਣ ਨਰ ਅਵਤਾਰੀ, ਦਿਸ ਕਿਸੇ ਨਾ ਆਇਆ । ਕਾਲ ਨਗਾਰੇ ਲੱਗੇ ਚੋਟ ਭਾਰੀ, ਏਕਾ ਧੌਂਸਾ ਰਿਹਾ ਵਜਾਇਆ । ਸ਼ਬਦ ਸਰੂਪੀ ਲਸ਼ਕਰ ਭਾਰੀ, ਰਾਮ ਰਈਅਤ ਰਿਹਾ ਬਣਾਇਆ । ਸਹੰਸ ਸਹੰਸਰ ਕਰੇ ਖ਼ੁਆਰੀ, ਲੇਖਾ ਲਿਖਤ ਵਿਚ ਨਾ ਆਇਆ । ਲਾੜੀ ਮੌਤ ਧਰਮ ਰਾਏ ਦੀ ਧੀ ਕਵਾਰੀ, ਲੱਖ ਚੁਰਾਸੀ ਨਾਲ ਲਏ ਪਰਨਾਇਆ । ਦਰ ਦਰ ਘਰ ਘਰ ਵੇਖੇ ਵਾਰੋ ਵਾਰੀ, ਨੌਂ ਖੰਡ ਪ੍ਰਿਥਮੀ ਫੇਰਾ ਪਾਇਆ । ਸੱਤਾਂ ਦੀਪਾਂ ਪਾਰ ਕਿਨਾਰੀ, ਉਚੇ ਟਿੱਲੇ ਡੇਰਾ ਲਾਇਆ । ਗੁਰ ਦਰ ਮੰਦਰ ਮਸਜਿਦ ਦਏ ਬਹਾਰੀ, ਧਰਤ ਧਵਲ ਆਕਾਸ਼ ਵੇਖ ਵਖਾਇਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਤੋੜੇ ਗੜ੍ਹ ਹੰਕਾਰੀ, ਕਿਲਾ ਕੋਟ ਰਹਿਣ ਨਾ ਪਾਇਆ । ਸਾਧ ਸੰਤ ਹੋਏ ਪ੍ਰਭ ਤੇਰੇ ਨਾਉਂ ਜਗਤ ਵਪਾਰੀ, ਮਾਇਆ ਵਣਜ ਨਾ ਕੋਈ ਕਰਾਇਆ । ਮਨਮੁਖ ਜੀਵ ਮਾਨਸ ਜਨਮ ਗਏ ਹਾਰੀ, ਸਤਿਗੁਰ ਪੂਰਾ ਦਿਸ ਨਾ ਆਇਆ । ਜੂਠੀ ਝੂਠੀ ਕਲਜੁਗ ਤੇਰੀ ਤਾਰੀ, ਤਾਰਨਹਾਰ ਨਾ ਹੋਏ ਸਹਾਇਆ । ਕਲਜੁਗ ਕਾਲ ਕਰੇ ਕਾਰੀ, ਪ੍ਰਭ ਸਾਚੇ ਹੁਕਮ

੯੦੬
੦੬

੯੦੭
੦੬

ਸੁਣਾਇਆ । ਸੰਮਤ ਚੌਦਾਂ ਕਰੇ ਖ਼ਬਰਦਾਰੀ, ਵੀਹ ਸਦ ਤੇਰਾ ਲੇਖਾ ਆਪਣੇ ਹੱਥ ਰਖਾਇਆ । ਗੁਰਮੁਖਾਂ ਕਰੇ ਚਰਨ ਪਿਆਰੀ, ਚਰਨ ਧੂੜ ਮਸਤਕ ਟਿੱਕਾ ਲਾਇਆ । ਇਕ ਸੁਹਾਏ ਬੰਕ ਦਵਾਰੀ, ਦਵਾਰ ਬੰਕਾ ਇਕ ਵਖਾਇਆ । ਲਾੜੀ ਮੌਤ ਹੋਏ ਪਨਿਹਾਰੀ, ਗੁਰ ਦਰ ਬੈਠੀ ਸੇਵ ਕਮਾਇਆ । ਗੁਰਸਿਖਾਂ ਦੂਰੋਂ ਨਿਉਂ ਨਿਉਂ ਕਰੇ ਨਿਮਸਕਾਰੀ, ਨੇਤਰ ਨੈਣ ਰਹੀ ਛੁਪਾਇਆ । ਨਿਹਕਲੰਕ ਤੇਰੀ ਸੱਚੀ ਸਿਕਦਾਰੀ, ਦੂਸਰ ਕੋਈ ਰਹਿਣ ਨਾ ਪਾਇਆ । ਸੋਹੰ ਸ਼ਬਦ ਵਡ ਬਲਕਾਰੀ, ਘਰ ਚੌਥਾ ਇਕ ਵਖਾਇਆ । ਤੀਜੇ ਨੇਤਰ ਅੱਖ ਉਘਾੜੀ, ਪ੍ਰਭ ਏਕਾ ਸੁਰਮਾ ਪਾਇਆ । ਗੁਰਸਿਖਾਂ ਰੱਖੇ ਲਾਜ ਚਰਨ ਛੁਹਾਈ ਦਾਹੜੀ, ਵੇਲਾ ਅੰਤਮ ਆਇਆ । ਆਪੇ ਹੋਏ ਪਿੱਛੇ ਅਗਾੜੀ, ਦਿਵਸ ਰੈਣ ਸੇਵ ਕਮਾਇਆ । ਉਚੇ ਟਿੱਲੇ ਮੱਲੇ ਜੰਗਲ ਜੂਹ ਉਜਾੜ ਪਹਾੜੀ, ਧਰਤ ਧਵਲ ਵੇਖ ਵਖਾਇਆ । ਤ੍ਰੈਗੁਣ ਮਾਇਆ ਅੰਤਮ ਆਪੇ ਸਾੜੀ, ਜੋਤੀ ਲੰਬੂ ਏਕਾ ਲਾਇਆ । ਬ੍ਰਹਮਾ ਵਿਸ਼ਨ ਸ਼ਿਵ ਕੱਢਣ ਹਾੜੀ, ਪ੍ਰਭ ਦਰ ਰੋ ਰੋ ਰਹੇ ਕੁਰਲਾਇਆ । ਲੇਖਾ ਮੁਕਾਵੇ ਸਤਾਰਾਂ ਹਾੜੀ, ਜੋ ਸਿੱਖਾਂ ਲੇਖ ਲਿਖਾਇਆ । ਪ੍ਰਭ ਅਬਿਨਾਸ਼ੀ ਸ਼ਬਦ ਡੰਡੇ ਰਿਹਾ ਝਾੜੀ, ਦਰ ਦਵਾਰਾ ਰਿਹਾ ਦੁਰਕਾਇਆ । ਪ੍ਰਭ ਜੋਤ ਜਗਾਏ ਗੁਰਮੁਖਾਂ ਬਹੱਤਰ ਨਾੜੀ, ਆਪ ਆਪਣੀ ਦਇਆ ਕਮਾਇਆ । ਬਜਰ ਕਪਾਟੀ ਪੜਦਾ ਦੇਵੇ ਪਾੜੀ, ਸਵੱਛ ਸਰੂਪੀ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਦਿਆਲ ਹਰਿ ਗੋਬਿੰਦ ਲਾਲ, ਸ਼ਬਦ ਪਹਿਨ ਇਕ ਦੁਸ਼ਾਲ, ਗੁਰਮੁਖਾਂ ਰਿਹਾ ਸਮਝਾਇਆ । ਕਾਲ ਨਗਾਰਾ ਰਿਹਾ ਕੂਕ, ਚਾਰ ਕੁੰਟ ਜੈਕਾਰਿਆ । ਤ੍ਰੈਗੁਣ ਮਾਇਆ ਰਹੀ ਫੂਕ, ਪ੍ਰਭ ਸਾਚੇ ਇਕ ਫੁੰਕਾਰਾ ਮਾਰਿਆ । ਬ੍ਰਹਮਾ ਤੇਰੀ ਚੁੱਕੇ ਚੂਕ, ਨਾ ਦੇਵੇ ਕੋਈ ਸਹਾਰਿਆ । ਸ਼ਿਵ ਜੀ ਰੋਵੇ ਆਪਣਾ ਦੂਖ, ਬਾਸ਼ਕ ਤਸ਼ਕਾ ਲੱਗੇ ਭਾਰਿਆ । ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਲੱਗੀ ਭੂਖ, ਅੰਮ੍ਰਿਤ ਧਾਰਾ ਮਿਲੇ ਅਪਰ ਅਪਾਰਿਆ । ਪੁਰਖ ਅਬਿਨਾਸ਼ੀ ਅੰਤਮ ਤੂਠ, ਕਲਜੁਗ ਆਇਆ ਪਾਸਾ ਹਾਰਿਆ । ਸਾਧਾਂ ਸੰਤਾਂ ਪੱਲੇ ਬੰਨ੍ਹੀ ਨਾਮ ਗੰਢ ਜੂਠ ਝੂਠ, ਸਚ ਸੁੱਚ ਨਾ ਕੋਈ ਵਣਜਾਰਿਆ । ਧਰਮ ਸਤਿ ਗਿਆ ਰੂਠ, ਤੀਰਥ ਤੱਟਾਂ ਗੁਰ ਦਰ ਮੰਦਰ ਅੰਦਰ ਵਿਸ਼ੇ ਵਿਕਾਰਿਆ । ਪੰਚ ਵਿਕਾਰਾ ਰਿਹਾ ਲੁੱਟ, ਕਾਮ ਕਰੋਧ ਲੋਭ ਮੋਹ ਹੰਕਾਰਿਆ । ਮਨਮੁਖ ਜੀਵਾਂ ਭਾਗ ਗਏ ਨਿਖੁੱਟ, ਸਾਚੀ ਚੋਗ ਨਾ ਕੋਈ ਚੁਗਾ ਰਿਹਾ । ਤਨ ਨਗਾਰੇ ਨਾ ਲੱਗੇ ਸਾਚੀ ਚੋਟ, ਸ਼ਬਦ ਤਾਲ ਨਾ ਕੋਈ ਵਜਾ ਰਿਹਾ । ਕਲਜੁਗ ਜੀਵ ਆਲ੍ਹਣਿਓ ਡਿੱਗੇ ਬੋਟ, ਨਾ ਅੰਤਮ ਕੋਈ ਉਠਾ ਰਿਹਾ । ਮਾਇਆ ਰਾਣੀ ਨਾ ਭਰੀ ਪੋਟ, ਤ੍ਰਿਸ਼ਨਾ ਭੁੱਖ ਨਾ ਕੋਈ ਮਿਟਾ ਰਿਹਾ । ਗੁਰਮੁਖ ਵਿਰਲੇ ਪ੍ਰਭ ਚਰਨ ਰੱਖੀ ਏਕਾ ਓਟ, ਇਕ ਧਿਆਨ ਲਗਾ ਰਿਹਾ । ਲੱਖ ਚੁਰਾਸੀ ਵਿਚੋਂ ਕੱਢੇ ਇਕ ਭਰਮੇ ਭੁੱਲੇ ਕੋਟੀ ਕੋਟ, ਕੋਟ ਕੋਟਾਂ ਭਰਮ ਭੁਲਾ ਲਿਆ । ਗੁਰਮੁਖ ਤੇਰਾ ਤਨ ਬਸਤਰ ਇਕ ਲੰਗੋਟ, ਧੀਰਜ ਯਤ ਸਤਿ ਪ੍ਰਭ ਆਪਣੇ ਹੱਥ ਰਖਾ ਲਿਆ । ਮੋਹ ਵਿਕਾਰਾ ਜਗਤ ਕੱਢੇ ਖੋਟ, ਨਾਮ ਖੰਡਾ ਇਕ ਚਮਕਾ ਰਿਹਾ । ਮਾਇਆ ਰਾਣੀ ਖਾਲੀ ਠੂਠ, ਚਾਰੋਂ ਕੁੰਟਾਂ ਆਪ ਵਖਾ ਰਿਹਾ । ਸਤਿਜੁਗ ਦੁਆਪਰ ਤ੍ਰੇਤਾ ਜੋ ਗਏ ਰੂਠ, ਕਲਜੁਗ ਅੰਤਮ ਮੇਲ ਮਿਲਾ ਰਿਹਾ । ਆਪ ਕਰਾਏ ਏਕਾ ਮੁੱਠ, ਸਾਚੀ ਬਣਤ ਬਣਾ ਰਿਹਾ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠ, ਨੌਂ ਖੰਡ ਪ੍ਰਿਥਮੀ ਵੇਖ ਵਖਾ ਰਿਹਾ । ਅੰਮ੍ਰਿਤ ਆਤਮ ਦੇਵੇ ਸਾਚਾ ਘੁੱਟ, ਤ੍ਰਿਸਨਾ ਭੁੱਖ ਮਿਟਾ ਰਿਹਾ । ਜੂਠ ਝੂਠ ਜੜ੍ਹ ਦੇਵੇ ਪੁੱਟ, ਸਚ ਸੁੱਚ ਬੀਜ ਬਿਜਾ ਲਿਆ । ਸੋਹੰ ਸ਼ਬਦ ਲਾਹਾ ਲੈਣਾ ਲੁੱਟ, ਵੇਲਾ ਗਿਆ ਹੱਥ ਨਾ ਆ

ਰਿਹਾ । ਸੰਮਤ ਚੌਦਾਂ ਸ੍ਰਿਸ਼ਟੀ ਪੈਣੀ ਫੁੱਟ, ਪ੍ਰਭ ਸਾਚਾ ਖੇਲ ਖਿਲਾ ਰਿਹਾ । ਦਿਨ ਦਿਹਾੜੇ ਪੈਣੀ ਲੁੱਟ, ਲੁੱਟਣਹਾਰਾ ਦਿਸ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਕਾਲਖ ਟਿੱਕਾ ਮਸਤਕ ਸ਼ਾਹੀ ਮਨਮੁਖਾਂ ਆਪ ਲਗਾ ਰਿਹਾ । ਕਾਲਖ ਟਿੱਕਾ ਕਾਲਾ ਦਾਗ਼, ਮਨਮੁਖਾਂ ਆਪ ਟਿਕਾਇੰਦਾ । ਦੀਪਕ ਜੋਤੀ ਬੁਝੇ ਚਿਰਾਗ਼, ਦੀਵਾ ਬੱਤੀ ਨਾ ਕੋਈ ਜਗਾਇੰਦਾ । ਕਿਸੇ ਨਾ ਮਿਲੇ ਕੰਤ ਸੁਹਾਗ, ਨਾਰ ਦੁਹਾਗਣ ਸਰਬ ਵਖਾਇੰਦਾ । ਕੋਇ ਨਾ ਗਾਏ ਸਾਚਾ ਰਾਗ, ਅਨਹਦ ਤਾਲ ਨਾ ਕੋਈ ਵਜਾਇੰਦਾ । ਗੁਰ ਚਰਨ ਧੂੜ ਮਿਲੇ ਨਾ ਮਜਨ ਮਾਘ, ਅਠ ਸਠ ਜੂਠਾ ਝੂਠਾ ਨਾਹਵਣ ਨਹਾਇੰਦਾ । ਗੁਰ ਚਰਨ ਸਰੋਵਰ ਸਚ ਪਰਾਗ, ਤ੍ਰਿਬੈਣੀ ਨੈਣੀ ਦਰਸ ਦਿਖਾਇੰਦਾ । ਹੰਸ ਬਣਾਏ ਫੜ ਫੜ ਕਾਗ, ਸੋਹੰ ਸਾਚੀ ਚੋਗ ਚੁਗਾਇੰਦਾ । ਦੋ ਜਹਾਨੀ ਪਕੜੇ ਵਾਗ, ਸਾਚਾ ਜੋਗੀ ਜੋਗ ਕਮਾਇੰਦਾ । ਆਤਮ ਤ੍ਰਿਸ਼ਨਾ ਮਿਟੇ ਆਗ, ਕਾਮ ਕਾਮਨੀ ਨੇੜ ਨਾ ਆਇੰਦਾ । ਗੁਰਮੁਖ ਹੋਏ ਵਡ ਵਡ ਭਾਗ, ਧੁਰ ਜਾਮਨ ਏਕਾ ਨਾਮ ਦਵਾਇੰਦਾ । ਚਰਨ ਕਵਲ ਜੋ ਗਏ ਲਾਗ, ਅੰਧੇਰੀ ਸ਼ਾਮ ਆਪ ਮਿਟਾਇੰਦਾ । ਕਲਜੁਗ ਸੋਏ ਗਏ ਜਾਗ, ਜਿਸ ਜਨ ਦਾਮਨੀ ਦਾਮਨ ਆਪਣਾ ਆਪ ਫੜਾਇੰਦਾ । ਆਤਮ ਦੇਵੇ ਇਕ ਵੈਰਾਗ, ਰਾਮ ਰਾਮਨੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਦਿਆਲ ਸਰਬ ਕੁਲਵੰਤ ਜੀਵ ਜੰਤ ਵੇਖ ਵਖਾਇੰਦਾ । ਕਾਲ ਕਰਤਾਰ ਕਰਮ ਕਮਾਇਆ, ਕਲਜੁਗ ਅੰਤਮ ਆਇੰਦਾ । ਕਰਮ ਧਰਮ ਜਗ ਵੇਖ ਵਖਾਇਆ, ਭਰਮੀ ਭਰਮ ਨਾ ਕੋਈ ਭੁਲਾਇੰਦਾ । ਵਰਨ ਬਰਨ ਨਾ ਕੋਈ ਛੁਪਾਇਆ, ਨਾ ਕੋਈ ਪੜਦਾ ਪਾਇੰਦਾ । ਹਰਨ ਫਰਨ ਨਾ ਕੋਈ ਖੁਲ੍ਹਾਇਆ, ਨੇਤਰ ਨੈਣ ਨਾ ਕੋਈ ਦਰਸਾਇੰਦਾ । ਕਰਮੀ ਕਰਮ ਨਾ ਕੋਈ ਕਮਾਇਆ, ਸਾਚਾ ਧਰਮ ਨਾ ਕੋਈ ਜਣਾਇੰਦਾ । ਮਰਨੀ ਮਰਨ ਜਗ ਧੰਦੇ ਲਾਇਆ, ਲੱਖ ਚੁਰਾਸੀ ਬਣਤ ਬਣਾਇੰਦਾ । ਆਤਮ ਅੰਧੇ ਜਨਮ ਗਵਾਇਆ, ਖ਼ਾਕੀ ਬੰਦੇ ਖ਼ਾਕ ਰਲਾਇੰਦਾ । ਹਰਿ ਬਖ਼ਸ਼ਿੰਦੇ ਕਰਮ ਕਮਾਇਆ, ਗੁਰਮੁਖ ਸਾਚੇ ਲਏ ਜਗਾਇਆ, ਆਪ ਆਪਣੀ ਸਰਨ ਲਗਾਇੰਦਾ । ਕਲਜੁਗ ਅੰਤਮ ਲਏ ਤਰਾਇਆ, ਸਤਿਜੁਗ ਸਾਚਾ ਮਾਰਗ ਲਾਇੰਦਾ । ਸੋਹੰ ਸ਼ਬਦ ਨਾਮ ਵਰਤਾਇਆ, ਵਸਤ ਅਨਮੋਲ ਝੋਲੀ ਪਾਇੰਦਾ । ਅਜਪਾ ਜਾਪ ਜਪਤ ਜਪਾਇਆ, ਜਾਗਰਤ ਜੋਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਦਿਆਲ ਏਕਾ ਹਰਿ, ਏਕਾ ਨਾਉਂ ਰਖਾਇੰਦਾ । ਕਾਲ ਦਿਆਲ ਏਕੰਕਾਰਾ, ਏਕਾ ਰੰਗ ਪਸਾਰਿਆ । ਏਕਾ ਘਰ ਇਕ ਘਰ ਬਾਹਰਾ, ਦਵਾਰਾ ਏਕਾ ਏਕ ਕਰੇ ਉਜਿਆਰਿਆ । ਏਕਾ ਵੇਖੇ ਵੇਖਣਹਾਰਾ, ਇਕ ਇਕੱਲਾ ਏਕੰਕਾਰਿਆ । ਜੁਗ ਜੁਗ ਲਏ ਮਾਤ ਅਵਤਾਰਾ, ਸਾਧਾਂ ਸੰਤਾਂ ਸੰਗ ਨਿਭਾ ਰਿਹਾ । ਨਾਥ ਤ੍ਰੈਲੋਕੀ ਦਏ ਸਹਾਰਾ, ਆਪ ਆਪਣਾ ਦਰ ਵਖਾ ਰਿਹਾ । ਸਤਿ ਪੁਰਖ ਨਿਰੰਜਣ ਖੇਲ ਅਪਾਰਾ, ਸਤਿ ਸਤਿਵਾਦੀ ਬਣਤ ਬਣਾ ਰਿਹਾ । ਮਰੇ ਨਾ ਜਨਮੇ ਵਿਚ ਸੰਸਾਰਾ, ਭੇਖਾਧਾਰੀ ਭੇਖ ਵਟਾ ਰਿਹਾ । ਸ਼ਬਦ ਕਰਾਏ ਜਗਤ ਜੈਕਾਰਾ, ਆਪ ਆਪਣਾ ਨਾਉਂ ਧਰਾ ਲਿਆ । ਕਲਜੁਗ ਤੇਰੀ ਅੰਤਮ ਵਾਰਾ, ਪੁਰਖ ਅਬਿਨਾਸ਼ੀ ਦਇਆ ਕਮਾ ਲਿਆ । ਜੋਤ ਸਰੂਪੀ ਜੋਤ ਅਕਾਰਾ, ਜੋਤੀ ਨੂਰ ਧਰਾ ਲਿਆ । ਨਿਹਕਲੰਕ ਨਰਾਇਣ ਨਰ ਅਵਤਾਰਾ, ਆਦਿ ਅੰਤ ਆਪ ਅਖਵਾ ਲਿਆ । ਖਾਣੀ ਬਾਣੀ ਨਾ ਪਾਵੇ ਸਾਰਾ, ਰਸਨਾ ਜਿਹਵਾ ਨਾ ਕੋਈ ਗਾ ਲਿਆ । ਅਛਲ ਛਲ ਕਰੇ ਵਿਚ ਸੰਸਾਰਾ, ਵਡ ਛਲ ਰੂਪ ਵਟਾ ਲਿਆ । ਕਲਜੁਗ

੯੦੮
੦੬

ਅੰਤਮ ਢਹਿ ਪਿਆ ਦਵਾਰਾ, ਰੋ ਰੋ ਦਰ ਕੁਰਲਾ ਰਿਹਾ । ਧਰਤ ਮਾਤ ਕਰੇ ਹਾਹਾਕਾਰਾ, ਆਪ ਆਪਣਾ ਪੇਟ ਵਖਾ ਲਿਆ । ਸਾਚਾ ਸੁਤ ਨਾ ਕੋਈ ਦੁਲਾਰਾ, ਖਾਲੀ ਗੋਦ ਹਿਲਾ ਰਿਹਾ । ਪੁਰਖ ਅਬਿਨਾਸ਼ੀ ਕਰ ਵਿਚਾਰਾ, ਦੇ ਮਤ ਆਪ ਸਮਝਾ ਲਿਆ । ਸਤਿਜੁਗ ਸਾਚਾ ਤੇਰਾ ਸੁਤ ਦੁਲਾਰਾ, ਧਰਤ ਮਾਤ ਤੇਰੀ ਗੋਦ ਬਹਾ ਲਿਆ । ਸੋਹੰ ਸ਼ਬਦ ਵਣਜ ਵਪਾਰਾ, ਪ੍ਰਭ ਸਾਚੇ ਇਕ ਕਰਾ ਲਿਆ । ਚਾਰ ਵਰਨ ਬਹਾਏ ਇਕ ਦਵਾਰਾ, ਊਚਾਂ ਨੀਚਾਂ ਭੇਵ ਮਿਟਾ ਰਿਹਾ । ਹਿੰਦੂ ਮੁਸਲਮ ਸਿੱਖ ਈਸਾਈ ਨਾ ਕੋਈ ਅੰਜੀਲ ਕੁਰਾਨ ਵੇਦ ਪੁਰਾਨ ਖਾਣੀ ਬਾਣੀ ਗਾਏ ਵਾਰੋ ਵਾਰਾ, ਨਾ ਕੋਈ ਵੰਡ ਵੰਡਾ ਲਿਆ । ਏਕਾ ਸ਼ਬਦ ਇਕ ਜੈਕਾਰਾ, ਇਕ ਇਕੱਲਾ ਏਕੰਕਾਰਾ, ਏਕਾ ਨਾਅਰਾ ਲਾ ਲਿਆ । ਲੋਆਂ ਪੁਰੀਆਂ ਕਰ ਪਸਾਰਾ, ਆਦਿ ਪੁਰਖ ਅਗੰਮ ਅਪਾਰਾ, ਸ਼ਬਦੀ ਸ਼ਬਦ ਜਣਾ ਰਿਹਾ । ਗੁਰਮੁਖ ਸਾਚੇ ਕਰ ਤਿਆਰਾ, ਲੋਕਮਾਤ ਆਪ ਸਮਝਾ ਰਿਹਾ । ਬ੍ਰਹਮਾ ਛੱਡਣਾ ਪਏ ਦਵਾਰਾ, ਵੀਹ ਸੌ ਵੀਹ ਬਿਕ੍ਰਮੀ ਆਪ ਸਮਝਾ ਲਿਆ । ਸ਼ਿਵ ਸ਼ੰਕਰ ਦਰ ਬਣੇ ਭਿਖਾਰਾ, ਪ੍ਰਭ ਭਿਛਿਆ ਕੋਈ ਨਾ ਪਾ ਰਿਹਾ । ਸਿੰਘ ਜਗਦੀਸ਼ ਸਾਚਾ ਲਾੜਾ, ਸਾਚੀ ਘੋੜੀ ਆਪ ਚੜ੍ਹਾ ਰਿਹਾ । ਇਕ ਵਖਾਏ ਸਚ ਅਖਾੜਾ, ਸਾਚੇ ਧਾਮ ਬਹਾ ਲਿਆ । ਕਰੋੜ ਤੇਤੀਸਾ ਪੁਰੀ ਇੰਦਰ ਵੇਖੇ ਹੋਈ ਉਜਾੜਾ, ਫਲ ਫੁਲਵਾੜੀ ਨਾ ਕੋਈ ਲਗਾ ਰਿਹਾ । ਪੱਲੇ ਦਿਸੇ ਨਾ ਕੋਈ ਨਾਮ ਭੰਡਾਰਾ, ਅਰੰਬਾ ਕੋਈ ਨਾ ਨਾਚ ਕਰਾ ਰਿਹਾ । ਸਚ ਧਾਮ ਨਾ ਕੋਈ ਅਖਾੜਾ, ਮੰਡਲ ਰਾਸ ਨਾ ਕੋਈ ਪਾ ਰਿਹਾ । ਲੱਗੇ ਅੱਗ ਬਹੱਤਰ ਨਾੜਾ, ਪ੍ਰਭ ਲੋਕਮਾਤੀ ਜਨਮ ਦਵਾ ਰਿਹਾ । ਵੀਹ ਸੌ ਇਕੀ ਪੰਦਰਾਂ ਕੱਤਕ ਸਚ ਦਿਹਾੜਾ, ਕਰੋੜ ਤੇਤੀਸਾ ਮੇਟ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਕਾਲ ਦਿਆਲ ਆਪ ਅਖਵਾ ਰਿਹਾ । ਕਾਲ ਦਿਆਲ ਨਰ ਨਰਾਇਣ, ਨਿਹਕਲੰਕ ਅਖਵਾਇਆ । ਨਾ ਕੋਈ ਸਾਕ ਸੱਜਣ ਦਿਸੇ ਸੈਣ, ਭਾਈ ਭੈਣ ਨਾ ਕੋਈ ਬਣਾਇਆ । ਨਾ ਕੋਈ ਲਹਿਣਾ ਨਾ ਕੋਈ ਦੇਣ, ਦੇਣਾ ਲਹਿਣਾ ਨਾ ਕੋਈ ਚੁਕਾਇਆ । ਨਾ ਕੋਈ ਸ਼ਬਦ ਨਾ ਕੋਈ ਗਹਿਣ, ਤਨ ਸ਼ਿੰਗਾਰ ਨਾ ਕੋਈ ਕਰਾਇਆ । ਨਾ ਕੋਈ ਅੰਮਾ ਅੰਮੜੀ ਪਾਏ ਵੈਣ, ਪਿਤਾ ਪੂਤ ਨਾ ਕੋਈ ਕੁਰਲਾਇਆ । ਦਮ ਦਮੜੀ ਨਾ ਕੋਈ ਮਾਇਆ ਡੈਣ, ਵਿਕਾਰ ਆਕਾਰ ਨਾ ਕੋਈ ਦਿਸਾਇਆ । ਗੁਰਮੁਖਾਂ ਵੇਖੇ ਏਕਾ ਨੈਣ, ਦੋਏ ਨੈਣਾਂ ਬੰਦ ਕਰਾਇਆ । ਲੱਖ ਚੁਰਾਸੀ ਡੁੱਬੀ ਡੂੰਘੇ ਵਹਿਣ, ਕਲਜੁਗ ਸਾਗਰ ਇਕ ਬਣਾਇਆ । ਕਾਲ ਭਗਵਾਨ ਲੈਣ ਨਾ ਦੇਵੇ ਕਿਸੇ ਚੈਨ, ਸੀਸ ਤਾਜ ਰਾਜਨ ਰਾਜ ਸ਼ਾਹ ਨਵਾਬ ਕੋਈ ਰਹਿਣ ਨਾ ਪਾਇਆ । ਗੁਰਮੁਖਾਂ ਨੁਕਤਾ ਮਿਟਾਏ ਇਕ ਗੈਨ, ਵਖਾਏ ਐਨ ਨਿਰਗੁਣ ਸਮਾਇਆ । ਸੰਤ ਸੁਹੇਲੇ ਕਰ ਕਰ ਮੇਲੇ ਗੁਰੂ ਗੁਰ ਚੇਲੇ ਆਪ ਚੁਕਾਏ ਲਹਿਣ ਦੇਣ, ਦੇਵਣਹਾਰ ਆਪ ਅਖਵਾਇਆ । ਰਸਨਾ ਕਿਸੇ ਨਾ ਸਕੇ ਗੌਣ ਕੋਈ ਕਹਿਣ, ਪ੍ਰਭ ਅਬਿਨਾਸ਼ੀ ਜਿਸ ਜਨ ਦਰਸ਼ਨ ਪਾਇਆ । ਚੌਥੇ ਘਰ ਚੌਥੇ ਪਦ ਸਦਾ ਸੁੱਖ ਲੈਣ, ਆਵਣ ਜਾਵਣ ਫੰਦ ਕਟਾਇਆ । ਗੁਰ ਸਤਿਗੁਰ ਪੂਰਾ ਅੱਗੋਂ ਆਵੇ ਲੈਣ, ਆਪ ਆਪਣਾ ਧਾਮ ਸੁਹਾਇਆ । ਸਚਖੰਡ ਕੋਟਨ ਕੋਟ ਬੈਠੇ ਰਹਿਣ, ਆਲਸ ਨਿੰਦਰਾ ਦਏ ਗਵਾਇਆ । ਧੁਰ ਧਾਮ ਮਿਟਾਏ ਤ੍ਰਿਸ਼ਨਾ ਤਾਮ, ਜਿਸ ਜਨ ਆਪਣਾ ਲੜ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਘਰ ਜਾਏ ਵੜ, ਗੁਰਮੁਖ ਸਾਚੇ ਲਏ ਫੜ, ਤੋੜ ਤੁੜਾਏ ਕਿਲ੍ਹਾ ਗੜ੍ਹ, ਸਾਚੇ ਪੌੜੇ ਜਾਏ ਚੜ੍ਹ, ਪੰਚਮ ਅੰਦਰ ਨਾ ਕੋਈ ਸੀਸ ਨਾ ਕੋਈ ਧੜ, ਛੇਵੇਂ ਸ਼ਬਦ ਸਰੂਪੀ ਜਾਏ ਖੜ੍ਹ, ਸੱਤਵੇਂ ਸਤਿ ਪੁਰਖ ਨਿਰੰਜਣ ਜੋਤੀ

ਜੋਤ ਸਮਾਈਆ । ਜੋਤੀ ਜੋਤ ਆਪ ਸਮਾ, ਆਪਣਾ ਆਪ ਮਿਟਾਇਆ । ਗੁਰਮੁਖ ਆਪਣੇ ਸੀਨੇ ਲਾ, ਏਕਾ ਦੂਜਾ ਭੌ ਚੁਕਾਇਆ । ਤੀਜੇ ਲਹਿਣਾ ਦੇਣਾ ਦਏ ਮੁਕਾ, ਲੱਖ ਚੁਰਾਸੀ ਨਾ ਫੇਰਾ ਪਾਇਆ । ਚੌਥਾ ਘਰ ਦਏ ਤਜਾ, ਜਿਸ ਜਨ ਰਸਨਾ ਲਿਆ ਗਾ, ਸਚ ਧਾਮ ਵਖਾਏ ਏਕਾ ਥਾਂ, ਸਤਿ ਪੁਰਖ ਨਿਰੰਜਣ ਰਾਹ ਰਿਹਾ ਤਕਾਇਆ । ਜੋਤ ਸਰੂਪੀ ਦੇਵੇ ਠੰਡੀ ਛਾਂ, ਅਗਨੀ ਅੱਗ ਨਾ ਕੋਇ ਸਤਾਇਆ । ਗੁਰਮੁਖ ਸਾਚੇ ਜੁਗ ਜੁਗ ਬਲ ਬਲ ਜਾ, ਬਲਿਹਾਰੀ ਜਿਸ ਗੁਰ ਪੂਰੇ ਦਰਸ਼ਨ ਪਾਇਆ । ਗੁਰ ਪੂਰਾ ਏਕਾ ਪਾਰਬ੍ਰਹਮ, ਸਰਬ ਓਟ ਰਖਾਈਆ । ਨਾਨਕ ਗੁਰ ਗਿਆ ਮੰਨ, ਪ੍ਰਭ ਤੇਰੀ ਸਚ ਸਰਨਾਈਆ । ਨਾ ਕੋਈ ਮਾਲ ਨਾ ਕੋਈ ਧਨ, ਸਚ ਖ਼ਜੀਨਾ ਇਕ ਵਖਾਈਆ । ਨਾ ਕੋਈ ਸੂਰਜ ਨਾ ਕੋਈ ਚੰਨ, ਤਾਰਾ ਮੰਡਲ ਨਾ ਕੋਈ ਲਟਕਾਈਆ । ਨਾ ਕੋਈ ਘੜੇ ਨਾ ਦੇਵੇ ਤੈਨੂੰ ਭੰਨ, ਨਾ ਕੋਈ ਬਣਤ ਬਣਾਈਆ । ਨਾ ਕੋਈ ਛੱਪਰੀ ਨਾ ਕੋਈ ਛੰਨ, ਚਾਰ ਦਿਵਾਰ ਨਾ ਕੋਈ ਰਖਾਈਆ । ਹੱਥ ਮੂੰਹ ਨੱਕ ਨਾ ਦਿਸੇ ਕੰਨ, ਨਾ ਕੋਈ ਰਸਨਾ ਤੇਰੀ ਰਹੀ ਗਾਈਆ । ਪੁਰਖ ਨਿਰੰਜਣ ਤੂਹੀ ਧੰਨ ਧੰਨ, ਰਸਨਾ ਰਿਹਾ ਗਾਈਆ । ਨਾਨਕ ਮੰਗਣ ਆਇਆ ਨਾਮ ਧਨ, ਪੰਚਾਂ ਤਤਾਂ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਬੈਠਾ ਆਸਣ ਲਾਈਆ । ਥਿਰ ਘਰ ਅਗੰਮ ਅਥਾਹ, ਬੇਪਰਵਾਹ ਸਮਾਇਆ । ਆਪੇ ਜਾਣੇ ਆਪਣਾ ਨਾਂ, ਆਪੇ ਰਿਹਾ ਜਪਾਇਆ । ਪਰਗਟ ਹੋਏ ਥਾਉਂ ਥਾਂ, ਦਿਸ ਕਿਸੇ ਨਾ ਆਇਆ । ਨਾ ਕੋਈ ਜਾਣੇ ਹਾਂ ਨਾ, ਪ੍ਰਭ ਕਾ ਭੇਵ ਕਿਸੇ ਨਾ ਪਾਇਆ । ਜਿਸ ਜਨ ਸ਼ਬਦ ਸਰੂਪੀ ਦਏ ਜਣਾ, ਜਨ ਜਨਕਾ ਦਏ ਕਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਦ ਕਿਤੇਬ ਖਾਣੀ ਬਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਭੇਵ ਕਿਸੇ ਨਾ ਪਾਇਆ ।

੯੧੦
੦੬

### ❊ ੩ ਅੱਸੂ ੨੦੧੪ ਬਿਕ੍ਰਮੀ ੧, ਰਾਸ਼ਟਰਪਤੀ ਰਾਜਿੰਦਰ ਪ੍ਰਸਾਦਿ, ੨, ਪੰਡਤ ਜਵਾਹਰ ਲਾਲ ਨਹਿਰੂ, ੩, ਮੌਲਾਨਾ ਅਬਦੁਲ ਕਲਾਮ ਅਜ਼ਾਦ, ੪, ਕ੍ਰਿਸ਼ਨਾ ਮੈਨਨ, ੫, ਗੋਬਿੰਦ ਵਲਬ ਪੰਤ ਨੂੰ ਸ਼ਬਦ ਭੇਜੇ ਗਏ ਦਰਬਾਰ ਵਿਚ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਹਰਿ ਕਰਤਾਰ, ਲੋਕਮਾਤ ਜੋਤ ਜਗਾਈਆ । ਪਰਗਟ ਹੋ ਚਵੀਆਂ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਵੇਦ ਵਿਆਸਾ ਬਣ ਲਿਖਾਰ, ਲੇਖਾ ਗਿਆ ਲਿਖਾਈਆ । ਕਲਜੁਗ ਅੰਤਮ ਵਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਾਮ ਖੰਡਾ ਤੇਜ ਕਟਾਰ, ਸ਼ਬਦੀ ਬਣਤ ਬਣਾਈਆ । ਰਾਜ ਰਾਜਾਨਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਉਠਾਈਆ । ਦੋ ਜਹਾਨਾਂ ਮਾਰੇ ਮਾਰ, ਪੁਰੀਆਂ ਲੋਆਂ ਵੇਖ ਵਖਾਈਆ । ਤੀਰ ਨਿਸ਼ਾਨਾ ਅਪਰ ਅਪਾਰ, ਰਸਨਾ ਚਿੱਲਾ ਇਕ ਚੜ੍ਹਾਈਆ । ਨੌਂ ਖੰਡ ਪ੍ਰਿਥਮੀ ਆਰ ਪਾਰ, ਸੱਤਾਂ ਦੀਪਾਂ ਫੇਰਾ ਪਾਈਆ । ਜੰਬੂ ਦੀਪ ਅਧਵਿਚਕਾਰ, ਪ੍ਰਭ ਸਾਚੀ ਕਰੇ ਰੁਸ਼ਨਾਈਆ । ਭਾਰਤ ਖੰਡ ਵੇਖ ਵਿਚਾਰ, ਬ੍ਰਹਿਮੰਡ ਵੰਡ ਵੰਡਾਈਆ । ਜੇਰਜ ਅੰਡ ਵੇਖ ਵਿਚਾਰ, ਉਤਭੁਜ ਸੇਤਜ ਰਿਹਾ ਹਿਲਾਈਆ । ਭੇਖ ਪਖੰਡਾ ਦਏ ਨਿਵਾਰ, ਜੂਠ ਝੂਠ ਮੇਟ ਮਿਟਾਈਆ । ਪੰਜ ਤਤ ਮਤ ਵਿਕਾਰ, ਮਨ ਮਤ ਦਏ ਸਜ਼ਾਈਆ । ਨੂਰ ਅਲਾਹੀ ਬੇਐਬ ਪਰਵਰਦਿਗਾਰ,

ਨੂਰ ਜ਼ਹੂਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਰਿਹਾ ਸੁਣਾਈਆ । ਸ੍ਰਿਸ਼ਟ ਸਬਾਈ ਆਪ ਜਣਾਏ, ਦੇਵੇ ਸ਼ਬਦ ਨਿਸ਼ਾਨਾ । ਰਾਸ਼ਟਰਪਤ ਮਾਤ ਉਠਾਏ, ਦੇਵੇ ਧੁਰ ਫ਼ਰਮਾਣਾ । ਅੱਠ ਸੱਠ ਤੀਰਥ ਰਹਿਣ ਨਾ ਪਾਏ, ਪੂਜਾ ਚੁੱਕੇ ਵੇਦ ਪੁਰਾਨਾ । ਮੰਦਰ ਮੱਠ ਨਾ ਕੋਈ ਡੇਰਾ ਲਾਏ, ਛੱਤੀ ਰਾਗ ਨਾ ਗਾਏ ਬਾਣੀ ਗਾਣਾ । ਅੰਜ਼ੀਲ ਕੁਰਾਨ ਨਾ ਕੋਈ ਪੜ੍ਹਾਏ, ਮੁੱਲਾ ਸ਼ੇਖ਼ ਨਾ ਕੋਈ ਵਿਦਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਵੇਖ ਵਖਾਨਾ । ਰਾਸ਼ਟਰਪਤ ਜਗਤ ਨਾਦਾਨਾ, ਆਪਣਾ ਆਪ ਵਿਚਾਰਨਾ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ, ਤੋੜੇ ਗੜ੍ਹ ਹੰਕਾਰਨਾ । ਸ੍ਰਿਸ਼ਟ ਸਬਾਈ ਵੇਖੇ ਇਕ ਮੈਦਾਨ, ਮਨ ਮਤ ਬੁਧ ਕਰੇ ਲਲਕਾਰਨਾ । ਸਿਆਸਤ ਵਿਰਾਸਤ ਆਏ ਹਾਨ, ਨਾ ਕੋਈ ਜਾਣੇ ਬ੍ਰਹਮ ਗਿਆਨਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨੌਂ ਖੰਡ ਝੁਲਾਏ ਇਕ ਨਿਸ਼ਾਨਨਾ । ਰਾਸ਼ਟਰਪਤ ਰਾਜਿੰਦਰ ਪ੍ਰਸਾਦਿ, ਹਰਿ ਸਾਚੇ ਸ਼ਬਦ ਜਣਾਈਆ । ਅੱਸੂ ਪੰਜ ਰੱਖਣਾ ਯਾਦ, ਵੀਹ ਸੌ ਤੇਰਾਂ ਬਿਕ੍ਰਮੀ ਰੁੱਤ ਸੁਹਾਈਆ । ਸੱਤ ਰੰਗ ਨਿਸ਼ਾਨਾ ਦੇਵੇ ਦਾਦ, ਪੰਚਮ ਤਾਜ ਮੁਖ ਰਖਾਈਆ । ਖੇਲੇ ਖੇਲ ਆਦਿ ਜੁਗਾਦਿ, ਸ਼ਬਦ ਸੋਟੀ ਇਕ ਵਖਾਈਆ । ਪੰਚਮ ਮੀਤਾ ਇਕ ਵਜਾਏ ਸਾਚਾ ਨਾਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਸੰਦੇਸ਼ ਰਿਹਾ ਦਵਾਈਆ । ਉਠਣਾ ਜਾਗ ਨੇਤਰ ਖੋਲ੍ਹ, ਹਰਿ ਸਾਚਾ ਆਪ ਜਗਾਇੰਦਾ । ਸੋਹੰ ਸ਼ਬਦ ਵੱਜੇ ਮਰਦੰਗਾ ਢੋਲ, ਸ੍ਰਿਸ਼ਟ ਸਬਾਈ ਆਪ ਸੁਣਾਇੰਦਾ । ਚਾਰ ਵਰਨ ਦਵਾਰਾ ਏਕਾ ਖੋਲ੍ਹ, ਏਕਾ ਮਾਰਗ ਲਾਇੰਦਾ । ਜਗਤ ਵਿਦਿਆ ਪਿਆ ਘੋਲ, ਨਾ ਕੋਈ ਬੇੜਾ ਪਾਰ ਕਰਾਇੰਦਾ । ਪੰਜ ਤਤ ਰੱਤ ਰਹੀ ਖੌਲ, ਇਕ ਉਬਾਲ ਰਖਾਇੰਦਾ । ਰੱਖਣਾ ਯਾਦ ਕੀਤਾ ਕੌਲ, ਪ੍ਰਭ ਸਾਚਾ ਆਪ ਸੁਣਾਇੰਦਾ । ਰਹਿਣਾ ਸੌਂ ਨਾ ਮਾਤ ਅਨਭੋਲ, ਵੇਲਾ ਅੰਤਮ ਆਇੰਦਾ । ਹਰਿ ਕਾ ਸ਼ਬਦ ਨਾ ਜਾਣ ਮਖੌਲ, ਮਨ ਮਤ ਬੁਧ ਮੇਟ ਮਿਟਾਇੰਦਾ । ਪੰਡਤ ਪਾਂਧਾ ਨਾ ਕੋਈ ਜਾਣੇ ਰੌਲ, ਹਿਸਾਬ ਕਿਤਾਬ ਨਾ ਕੋਈ ਜਣਾਇੰਦਾ । ਪੁਰਖ ਅਬਿਨਾਸ਼ੀ ਹੌਲਾ ਕਰੇ ਭਾਰ ਉਪਰ ਧੌਲ, ਮਨਮੁਖ ਜੀਵ ਸਰਬ ਮਿਟਾਇੰਦਾ । ਲਿਖਿਆ ਲੇਖ ਨਾ ਮਿਟੇ ਰੱਤੀ ਚੌਲ, ਹਰਿ ਸਾਚਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਗੀ ਸਾਥੀ ਸੰਗ ਰਲਾਇੰਦਾ । ਸਾਚਾ ਸੰਗ ਕਰ ਤਿਆਰ, ਪੰਡਤ ਨਹਿਰੂ ਨਾਲ ਰਲਾਈਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਭੁੱਲ ਰਹੇ ਨਾ ਰਾਈਆ । ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪ ਅਖਵਾਈਆ । ਆਵੇ ਜਾਵੇ ਵਿਚ ਸੰਸਾਰ, ਰਾਮਾ ਕ੍ਰਿਸ਼ਨਾ ਰੂਪ ਵਟਾਈਆ । ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਈਆ । ਸ਼ਾਹ ਭਬੀਖਨ ਕਰ ਵਿਚਾਰ, ਲੰਕਾ ਗੜ੍ਹ ਕਵਣ ਤੁੜਾਈਆ । ਪ੍ਰਧਾਨ ਮੰਤਰੀ ਅੰਤਮ ਰੋਣਾ ਜ਼ਾਰੋ ਜ਼ਾਰ, ਬਿਨ ਹਰਿ ਹੋਏ ਨਾ ਕੋਇ ਸਹਾਈਆ । ਜ਼ੋਰੂ ਜ਼ਰ ਦਿਵਸ ਚਾਰ, ਅੰਤ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਛੱਡਣਾ ਪਏ ਘਰ ਬਾਰ, ਰਾਜ ਬਣਤ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮਤ ਰਿਹਾ ਸਮਝਾਈਆ । ਦੇਵੇ ਮਤ ਸ੍ਰੀ ਭਗਵਾਨਾ, ਏਕਾ ਨਾਮ ਅਲ੍ਹਾਇਆ । ਨੌਂ ਖੰਡ ਪ੍ਰਿਥਮੀ ਹੋਏ ਵੈਰਾਨਾ, ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਇਆ । ਨਾ ਕੋਈ ਬੈਠੇ ਵਿਚ ਦਵਾਨਖਾਨਾ, ਸੀਸ ਤਾਜ ਨਾ ਕੋਈ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ

੯੧੧ ੦੬

ਚੌਦਾਂ ਰਿਹਾ ਜਣਾਇਆ । ਰਾਜ ਮੰਤਰੀ ਜਗਤ ਬਲਵਾਨ, ਹਰਿ ਸਾਚੇ ਹੱਥ ਵਡਿਆਈਆ । ਸੱਤ ਰੰਗ ਵੇਖਣਾ ਇਕ ਨਿਸ਼ਾਨ, ਰਾਸ਼ਟਰਪਤ ਸੇਵਾ ਲਾਈਆ । ਉਪਰ ਲਿਖਿਆ ਲੇਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਇਕ ਪੜ੍ਹਾਈਆ । ਭਰਮ ਨਾ ਭੁੱਲਣਾ ਜੀਵ ਨਾਦਾਨਾ, ਸੰਮਤ ਸੰਮਤੀ ਦਏ ਜਣਾਈਆ । ਸਾਚਾ ਮੇਲਾ ਵਿਚ ਜਹਾਨ, ਹਰਿ ਸਾਜਣ ਮੀਤ ਅਖਵਾਈਆ । ਬਵੰਜਾ ਦੇਸਾਂ ਕਰ ਪਹਿਚਾਨ, ਸਚ ਸੰਦੇਸ਼ ਇਕ ਸੁਣਾਈਆ । ਪਰਗਟ ਹੋਏ ਹਰਿ ਭਗਵਾਨ, ਨਰ ਨਰੇਸ਼ਾ ਆਪ ਅਖਵਾਈਆ । ਆਪੇ ਗੋਪੀ ਆਪੇ ਕਾਹਨ, ਸੀਤਾ ਰਾਮ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨੌਂ ਖੰਡ ਪ੍ਰਿਥਮੀ ਜਗਤ ਲੜਾਈਆ । ਨੌਂ ਖੰਡ ਪ੍ਰਿਥਮੀ ਜਗਤ ਅਖਾੜਾ, ਪ੍ਰਭ ਸਾਚਾ ਰਚਨ ਰਚਾਇੰਦਾ । ਲਿਖਿਆ ਲੇਖ ਸਤਾਰਾਂ ਹਾੜਾ, ਨਾ ਕੋਈ ਮੇਟ ਮਿਟਾਇੰਦਾ । ਸ਼ਬਦ ਅਗੰਮੀ ਉਠੇ ਧਾੜਾ, ਚਾਰੋਂ ਕੁੰਟ ਦੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪ੍ਰਧਾਨ ਮੰਤਰੀ ਆਪ ਸਮਝਾਇੰਦਾ । ਬਵੰਜਾ ਦੇਸਾਂ ਸ਼ਬਦ ਜਣਾ, ਹਰਿ ਸਾਚਾ ਕਲ ਵਰਤਾਇੰਦਾ । ਗਣਪਤ ਗਣੇਸ਼ ਨਾ ਕੋਈ ਲਏ ਮਨਾ, ਸ਼ਿਵ ਸ਼ੰਕਰ ਨਾ ਧਿਆਨ ਲਗਾਇੰਦਾ । ਸੰਸਕ੍ਰਿਤ ਨਾ ਸਕੇ ਕੋਈ ਪੜ੍ਹਾ, ਹਿੰਦੀ ਬਿੰਦੀ ਨਾ ਕੋਈ ਵਖਾਇੰਦਾ । ਇਕ ਦੂਜੇ ਦਾ ਲੜ ਨਾ ਕੋਈ ਸਕੇ ਛੁੜਾ, ਪ੍ਰਭ ਮਾਇਆ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਤ੍ਰੈਲੋਕੀ ਨੰਦਨ ਆਪ ਅਖਵਾਇੰਦਾ । ਤ੍ਰੈਲੋਕੀ ਨੰਦਨ ਆਪ ਅਖਵਾ, ਹਰਿ ਸਾਚੇ ਜੋਤ ਜਗਾਈਆ । ਗੋਬਿੰਦ ਪੰਤ ਲਏ ਜਗਾ, ਦੇ ਮਤ ਰਿਹਾ ਸਮਝਾਈਆ । ਕਲਜੁਗ ਵੇਲਾ ਅੰਤਮ ਗਿਆ ਆ, ਵੇਦ ਪੁਰਾਨ ਭੇਵ ਨਾ ਰਾਈਆ । ਸਾਧ ਸੰਤ ਨਾ ਸਕੇ ਜਣਾ, ਦਹਿ ਦਿਸ਼ਾ ਬੈਠੇ ਧੂਣੀਆਂ ਤਾਈਆ । ਲੇਖਾ ਸਕੇ ਨਾ ਕੋਈ ਗਿਣਾ, ਕਰੋੜ ਤੇਤੀਸਾ ਰਹੇ ਮਨਾਈਆ । ਪ੍ਰਭ ਕਾ ਭਾਣਾ ਨਾ ਸਕੇ ਕੋਈ ਮਿਟਾ, ਮੇਟਣਹਾਰ ਨਾ ਕੋਈ ਅਖਵਾਈਆ । ਸ੍ਰਿਸ਼ਟ ਸਬਾਈ ਸੱਥ ਦਏ ਵਛਾ, ਧਰਤ ਮਾਤ ਝੋਲੀ ਡਾਹੀਆ । ਲਿਖਿਆ ਲੇਖ ਪੱਥਰ ਉਪਰ ਦਏ ਲਿਖਾ, ਲਕੀਰ ਤਕਦੀਰ ਨਾ ਕੋਈ ਮਿਟਾਈਆ । ਸਾਚੀ ਸਿਖਿਆ ਇਕ ਸਿਖਾ, ਸੋਹੰ ਮੰਤਰ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਮੰਤਰੀ ਰਿਹਾ ਸਮਝਾਈਆ । ਜਗਤ ਮੰਤਰੀ ਆਪ ਸਮਝਾਏ, ਆਪਣੀ ਕਲ ਵਰਤਾਇੰਦਾ । ਕ੍ਰਿਸ਼ਨਾ ਮੈਨਨ ਭੁੱਲ ਨਾ ਰਾਏ, ਰਾਹ ਖਹਿੜਾ ਦਿਸ ਨਾ ਆਇੰਦਾ । ਨੌਂ ਖੰਡ ਪ੍ਰਿਥਮੀ ਪ੍ਰਭ ਆਪ ਲੜਾਏ, ਨਾ ਕੋਈ ਦੂਸਰ ਬਣਤ ਬਣਾਏ, ਰਾਜ ਰਾਜਾਨਾ ਸ਼ਾਹ ਸੁਲਤਾਨਾ ਛੇੜਾਂ ਰਿਹਾ ਛਿੜਾਏ, ਸਾਚੀ ਸੀਮਾਂ ਵੰਡ ਵੰਡਾਇੰਦਾ । ਉਲਟਾ ਗੇੜਾ ਆਪ ਗਿੜਾਏ, ਗੇੜਨਹਾਰ ਆਪ ਅਖਵਾਇੰਦਾ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਸ੍ਰਿਸ਼ਟ ਸਬਾਈ ਨਬੇੜਾ ਆਪ ਕਰਾਏ, ਦੂਸਰ ਕੋਈ ਨਾ ਸੰਗ ਰਖਾਇੰਦਾ । ਨਗਰ ਖੇੜਾ ਕੋਈ ਰਹਿਣ ਨਾ ਪਾਏ, ਸ਼ਹਿਰ ਗਰਾਂ ਕੋਈ ਰਹਿਣ ਨਾ ਪਾਇੰਦਾ । ਖੁੱਲ੍ਹਾ ਵਿਹੜਾ ਧਰਤ ਮਾਤ ਕਰਾਏ, ਉਲਟਾ ਗੇੜਾ ਆਪ ਦਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਧਾਮ ਇਕ ਸੁਹਾਇੰਦਾ । ਸਾਚਾ ਧਾਮ ਹਰਿ ਅਵੱਲਾ, ਏਕਾ ਏਕ ਰਖਾਇਆ । ਏਕਾ ਏਕ ਹਰਿ ਇਕੱਲਾ, ਏਕਾ ਰੂਪ ਵਟਾਇਆ । ਸੋਹੰ ਫੜਿਆ ਹੱਥ ਵਿਚ ਭੱਲਾ, ਸ਼ਾਹੋ ਭੂਪ ਮੇਟ ਮਿਟਾਇਆ । ਵੇਖ ਵਖਾਣੇ ਰਾਣੀ ਅੱਲਾ, ਅੱਲਾ ਅਲਾਹੀ ਨੂਰ ਸਮਾਈਆ । ਅਬਦੁਲ ਕਲਾਮ ਅਜ਼ਾਦ ਪ੍ਰਭ ਸੁਣ ਫਰਿਆਦ, ਕਰੇ ਵੇਖ ਵਿਚਾਰਿਆ । ਚਾਰ ਯਾਰ ਰੱਖਿਆ ਯਾਦ, ਸੰਗ ਮੁਹੰਮਦ

ਮੀਤ ਮੁਰਾਰਿਆ । ਧੁਰ ਦਰਗਾਹੀ ਮਿਲੀ ਦਾਦ, ਵੇਲੇ ਅੰਤਮ ਹੋਏ ਖ਼ੁਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਨੇਹੜਾ ਦੇਵੇ ਘਰ, ਉਮਤ ਨਬੀ ਰਸੂਲ ਆਪਣੀ ਆਪ ਉਠਾ ਰਿਹਾ । ਨਬੀ ਰਸੂਲਾਂ ਦਏ ਜਣਾ, ਏਕਾ ਸ਼ਬਦ ਜਣਾਈਆ । ਉਨੀ ਉਨੀਸਾ ਦਏ ਮਿਟਾ, ਨਾ ਹੋਵੇ ਕੋਈ ਸਹਾਈਆ । ਮੱਕਾ ਮਦੀਨਾ ਲੱਗੇ ਢਾਹ, ਨਾ ਸਕੇ ਕੋਈ ਬਚਾਈਆ । ਪੁਰਖ ਅਬਿਨਾਸ਼ੀ ਏਕਾ ਦੱਸੇ ਰਾਹ, ਸਾਚਾ ਕਲਮਾ ਰਿਹਾ ਸੁਣਾਈਆ । ਜਗਤ ਵਿਦਿਆ ਮਿਲੇ ਨਾ ਕੋਈ ਥਾਂ, ਅੰਤ ਰਹਿਣ ਨਾ ਪਾਈਆ । ਅੰਜੀਲ ਕੁਰਾਨ ਨਾ ਪਕੜੇ ਕੋਈ ਬਾਂਹ, ਪੀਰ ਦਸਤਗੀਰ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਪੰਚਮ ਰਿਹਾ ਪੰਚਮ ਜਣਾਈਆ । ਪੰਚਮ ਪੰਚਮ ਸ਼ਬਦ ਜਣਾਏ, ਭਾਰਤ ਖੰਡ ਸਰਕਾਰਾ । ਰਾਸ਼ਟਰਪਤ ਆਪ ਉਠਾਏ, ਪੰਡਤ ਨਹਿਰੂ ਮੀਤ ਮੁਰਾਰਾ । ਗੋਬਿੰਦ ਪੰਤ ਨਾਲ ਰਲਾਏ, ਸਚ ਸਲਾਹੀ ਸਲਾਹਕਾਰਾ । ਕ੍ਰਿਸ਼ਨਾ ਮੈਨਨ ਵੇਖ ਵਖਾਏ, ਤੋੜੇ ਗੜ੍ਹ ਆਤਮ ਹੰਕਾਰਾ । ਮੌਲਾਨਾ ਆਜ਼ਾਦ ਫਰਿਆਦ ਹਰਿ ਇਕ ਵਖਾਏ, ਨੂਰ ਨੁਰਾਨੀ ਅੰਧ ਅੰਧਿਆਰਾ । ਖ਼ੁਦੀ ਖ਼ੁਦਾਏ ਨਾ ਕੋਈ ਜਣਾਏ, ਹੱਕ ਬਹੱਕ ਨਾ ਪਾਵੇ ਸਾਰਾ । ਪੀਰ ਫ਼ਕੀਰ ਦਸਤਗੀਰ ਨਾ ਕੋਈ ਮਨਾਏ, ਅੱਲਾ ਹੂ ਹੂ ਝੂਠਾ ਨਾਅਰਾ । ਅਮਾਮ ਮਹਿੰਦੀ ਜੋਤ ਜਗਾਏ, ਖ਼ਾਕੀ ਖ਼ਾਕ ਨਾ ਕੋਇ ਰਮਾਏ, ਆਪੇ ਹੋਏ ਬੇਐਬ ਪਰਵਰਦਿਵਗਾਰਾ । ਮੱਕਾ ਮਦੀਨਾ ਚਰਨ ਛੁਹਾਏ, ਮੁਖ ਨਕਾਬ ਇਕ ਰਖਾਏ, ਕਾਲਾ ਸੂਸਾ ਤਨ ਸ਼ਿੰਗਾਰਾ । ਹੱਕ ਜ਼ਨਾਬ ਦੋ ਦੋ ਆਬ ਵੇਖ ਵਖਾਏ, ਸੰਗ ਮੁਹੰਮਦ ਚਾਰ ਯਾਰਾ । ਸ਼ਾਹ ਨਵਾਬ ਕੋਈ ਰਹਿਣ ਨਾ ਪਾਏ, ਉਚ ਖਤਾਬ ਨਾ ਕੋਈ ਹੰਢਾਏ, ਨਾ ਕੋਈ ਸੋਹੇ ਦਰ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਜਗਤ ਅੱਖਰ ਏਕਾ ਵੱਖਰ ਆਪ ਚਲਾਏ, ਸੋਹੰ ਜੈ ਜੈਕਾਰਾ । ਪੰਚਮ ਪਰਧਾਨ ਉਠਣਾ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਮਾਝੇ ਦੇਸ ਲੱਗਾ ਭਾਗ, ਸੰਬਲ ਨਗਰੀ ਨਾਉਂ ਧਰਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਨਾ ਕੋਈ ਮਾਤ ਬੁਝਾਇੰਦਾ । ਤ੍ਰੈਗੁਣ ਮਾਇਆ ਲਾਏ ਆਗ, ਪੰਜ ਤਤ ਰਹਿਣ ਨਾ ਪਾਇੰਦਾ । ਸਵਾਂਗੀ ਵਰਤੇ ਆਪਣਾ ਸਵਾਂਗ, ਅਛਲ ਅਛੱਲ ਕਰਾਇੰਦਾ । ਜੂਠ ਝੂਠ ਚੜ੍ਹੀ ਕਾਂਗ, ਪ੍ਰਭ ਸਾਚਾ ਆਪ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਵੇਖ ਵਖਾਇੰਦਾ । ਸੰਮਤ ਚੌਦਾਂ ਛੇੜਾਂ ਛੇੜ, ਨੌਂ ਖੰਡ ਪ੍ਰਿਥਮੀ ਰਿਹਾ ਜਗਾਈਆ । ਸੰਮਤ ਪੰਦਰਾਂ ਭੇੜ ਦੇਵੇ ਭੇੜ, ਦੋ ਧੜ ਰਿਹਾ ਕਰਾਈਆ । ਸੰਮਤ ਸੋਲਾਂ ਜੜ੍ਹ ਉਖੇੜ, ਥਾਨ ਨਿਥਾਵੇਂ ਦਏ ਕਰਾਈਆ । ਸੰਮਤ ਸਤਾਰਾਂ ਤੇਰਾ ਗੇੜ, ਜੀਵ ਜੰਤ ਭੁੱਲ ਨਾ ਸਕੇ ਰਾਈਆ । ਸੰਮਤ ਅਠਾਰਾਂ ਲਹਿਣਾ ਦੇਣਾ ਦਏ ਨਿਬੇੜ, ਜੂਠੇ ਝੂਠੇ ਮਾਤ ਰੁੜ੍ਹਾਈਆ । ਉਨੀ ਉਨੀਸਾ ਵੇਖੇ ਤੇਰਾ ਖੇੜ, ਅੱਲਾ ਹੂ ਹੂ ਨਾਅਰਾ ਕੋਈ ਨਾ ਲਾਈਆ । ਬੀਸ ਬੀਸਾ ਹੋਏ ਖੁਲ੍ਹਾ ਵਿਹੜ, ਹਰਿ ਜਗਦੀਸਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜਾਪ ਜਪਾਈਆ ।



੯੧੩
੦੬

❊ ੩ ਅੱਸੂ ੨੦੧੪ ਬਿਕ੍ਰਮੀ ੧, ਬਾਗ ਦਿਆਲ ਮਹਿਤਾ ਜੀ ਰਾਧਾ ਸਵਾਮੀ ਡੇਰੇ, ੨, ਡੇਰਾ ਬਾਬਾ ਜੈਮਲ ਸਿੰਘ ਚਰਨ ਸਿੰਘ ਨੂੰ ਸ਼ਬਦ ਭੇਜਿਆ ਗਿਆ ਦਰਬਾਰ ਵਿਚ ਜੇਠੂਵਾਲ ❊

ਬਾਗ ਦਿਆਲ ਪੰਜ ਤਤ, ਦਿਵਸ ਰੈਣ ਲੜਾਈਆ । ਸ਼ਬਦ ਸਵਾਮੀ ਭੁੱਲੀ ਮਤ, ਮਨ ਮਤ ਹੋਈ ਹਲਕਾਈਆ । ਨਾ ਕੋਈ ਜਾਣੇ ਮਿਤ ਗਤ, ਗਤ ਮਿਤ ਨਾ ਕੋਈ ਜਣਾਈਆ । ਸਾਚੀ ਦਿਸੇ ਨਾ ਕੋਈ ਵਥ, ਨਾ ਮਿਲਿਆ ਰਥ ਰਥਵਾਹੀਆ । ਪੰਚ ਵਿਕਾਰਾ ਪਾਈ ਨੱਥ, ਜਗਤ ਸਿੰਘਾਸਣ ਆਸਣ ਬੈਠਾ ਲਾਈਆ । ਕਲਜੁਗ ਕਾਲ ਚਲਾਏ ਰਥ, ਦਿਵਸ ਰੈਣ ਭਵਾਈਆ । ਅੰਤਮ ਲਹਿਣਾ ਲੈਣਾ ਸੀਆਂ ਸਾਢੇ ਤਿੰਨ ਹੱਥ, ਸਾਚੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਦਿਤਾ ਵਰ, ਤੁਲਸੀ ਬੂਟਾ ਆਪਣੇ ਘਰ ਲਾਈਆ । ਤੁਲਸੀ ਬੂਟਾ ਗਿਆ ਫੁਲ, ਪ੍ਰਭ ਸਾਚੇ ਆਪ ਮਹਿਕਾਇਆ । ਜੈਮਲ ਘਰ ਪਾਇਆ ਮੁੱਲ, ਸਾਵਣ ਹੱਟ ਵਿਕਾਇਆ । ਦਰ ਦਵਾਰੇ ਜੋ ਆਇਆ ਭੁੱਲ, ਪੰਚਮ ਮੇਲ ਮਿਲਾਇਆ । ਪਾਣੀ ਪਿਆ ਕਾਇਆ ਚੁਲ੍ਹ, ਅੰਮ੍ਰਿਤ ਆਤਮ ਰਸ ਗਵਾਇਆ । ਭਾਗ ਨਾ ਲੱਗਾ ਸਾਚੀ ਕੁੱਲ, ਕਲ ਕਲਜੁਗ ਕਾਲਾ ਟਿੱਕਾ ਮਸਤਕ ਲਾਇਆ । ਸਚ ਦਵਾਰਾ ਗਿਆ ਖੁਲ੍ਹ, ਸੋਹੰ ਸਿੱਕਾ ਇਕ ਚਲਾਇਆ । ਵੱਡਾ ਨਿੱਕਾ ਵੇਚੇ ਏਕਾ ਮੁੱਲ, ਵਰਨ ਗੋਤ ਨਾ ਵੇਖ ਵਖਾਇਆ । ਕਲਜੁਗ ਮਾਇਆ ਨਾ ਜਾਏ ਰੁਲ, ਨਾ ਕੋਈ ਭਰਮ ਭੁਲਾਇਆ । ਨਾ ਕੋਈ ਤੋਲੇ ਜਗਤ ਕੰਡੇ ਤੋਲ, ਨਾ ਕੋਈ ਸਕੇ ਤੋਲ ਤੁਲਾਇਆ । ਪੁਰਖ ਅਬਿਨਾਸ਼ੀ ਜਨ ਭਗਤਾਂ ਦੇਵੇ ਨਾਮ ਅਨਮੁਲ, ਅਨਮੁਲੜੇ ਲਾਲ ਆਪ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਵਿਚ ਬਨਾਰਸ ਬੰਨ੍ਹੇ ਪਾਰਸ, ਤੁਲਸੀ ਤੁਲਸੀ ਜਨਮ ਦਵਾਇਆ । ਤੁਲਸੀ ਰਾਮ ਕਰ ਪਰਨਾਮ, ਪ੍ਰਭ ਅੱਗੇ ਸੀਸ ਝੁਕਾਈਆ । ਚਰਨ ਧੂੜੀ ਸਾਚਾ ਦਾਮ, ਪੱਲੇ ਗੰਢ ਬੰਧਾਈਆ । ਲੇਖੇ ਲੱਗੇ ਕਾਇਆ ਚਾਮ, ਰਸਨਾ ਜਿਹਵਾ ਗਿਆ ਗਾਈਆ । ਏਕਾ ਮਿਲਿਆ ਨਾਮ ਤਾਮ, ਤ੍ਰਿਸ਼ਨਾ ਭੁੱਖ ਮਿਟਾਈਆ । ਅੰਮ੍ਰਿਤ ਆਤਮ ਪੀਆ ਜਾਮ, ਸਾਂਤਕ ਸਤਿ ਵਰਤਾਈਆ । ਮਿਟੀ ਰੈਣ ਅੰਧੇਰੀ ਸ਼ਾਮ, ਦੀਪਕ ਜੋਤ ਕਰੇ ਰੁਸ਼ਨਾਈਆ । ਆਪੇ ਜਾਣੇ ਆਪਣਾ ਕਾਮ, ਜੁਗ ਜੁਗ ਆਪੇ ਰਿਹਾ ਕਰਾਈਆ । ਲੇਖਾ ਲਿਖਿਆ ਰਮਈਆ ਰਾਮ, ਸਾਚੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਵਾਰ ਦਿਤਾ ਵਰ, ਸਾਲਗਰਾਮ ਏਕਾ ਕਾਮ ਕਰਾਈਆ । ਏਕਾ ਸਾਲਗ ਏਕਾ ਰਾਮ, ਏਕਾ ਮਾਲਾ ਤਨ ਪਹਿਨਾਈਆ । ਇਕ ਜਪਾਇਆ ਸਾਚਾ ਨਾਮ, ਆਤਮ ਤਾਲਾ ਬੰਦ ਖੁਲ੍ਹਾਈਆ । ਕਾਇਆ ਮੰਦਰ ਵੇਖ ਗਰਾਮ, ਦਰ ਦਵਾਰੇ ਸੋਭਾ ਪਾਈਆ । ਅੰਮ੍ਰਿਤ ਆਤਮ ਪੀਆ ਜਾਮ, ਦਿਵਸ ਰੈਣ ਖ਼ੁਮਾਰ ਕਰਾਈਆ । ਏਕਾ ਏਕ ਹਰਿ ਹਰਿ ਨਾਮ, ਬਿਨ ਹਰਿ ਨਾਮੇ ਕੋਇ ਨਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵਣਜ ਆਪ ਕਰਾਈਆ । ਵਣਜ ਕਰਾਏ ਹਰਿ ਵਣਜਾਰਾ, ਏਕਾ ਨਾਮ ਅਤੋਲਾ । ਖੇਲੇ ਖੇਲ ਵਿਚ ਸੰਸਾਰਾ, ਆਦਿ ਅੰਤ ਸਦਾ ਅਡੋਲਾ । ਕਲਜੁਗ ਤੇਰਾ ਕੂੜ ਪਸਾਰਾ, ਸਚ ਸ਼ਬਦ ਜੈਕਾਰਾ ਏਕਾ ਬੋਲਾ । ਬਣੇ ਬਣਾਏ ਆਪ ਵਰਤਾਰਾ, ਨਾਮ ਭੰਡਾਰਾ ਏਕਾ ਖੋਲ੍ਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਕਾਇਆ ਚੋਲਾ । ਕਾਇਆ ਚੋਲਾ ਬੰਦਾ ਖ਼ਾਕ, ਪੰਜ ਤਤ ਰਚਾਇਆ । ਆਪੇ ਕੀਆ ਬੰਦ ਤਾਕ, ਖੋਲ੍ਹਣਹਾਰ ਆਪ ਹੋ ਆਇਆ ।

ਆਪੇ ਜਾਣੇ ਭਵਿਖਤ ਵਾਕ, ਆਪ ਆਪਣਾ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸੁਹੇਲੇ ਲਏ ਵਰ, ਪੂਤ ਸਪੂਤਾ ਚਾਰੇ ਕੂਟਾਂ ਵੇਖ ਵਖਾਇਆ । ਆਪ ਉਠਾਏ ਬਾਲ ਨਾਦਾਨਾ, ਸੁਰਤੀ ਸੁਰਤ ਦਵਾਈਆ । ਗੁਰ ਮੰਤਰ ਵਖਾਏ ਜਗਤ ਨਿਸ਼ਾਨ, ਏਕਾ ਦੂਜਾ ਸਹਿਜ ਸੁਭਾਈਆ । ਚੌਥਾ ਮਿਲੇ ਨਾ ਧੁਰ ਫ਼ਰਮਾਣ, ਪੰਚਮ ਜਾਏ ਕਰ ਕਰ ਧਾਈਆ । ਦੇਵਣਹਾਰਾ ਦਾਨੀ ਦਾਨ, ਦਿਸ ਕਿਸੇ ਨਾ ਆਈਆ । ਪੂਰਬ ਲਹਿਣਾ ਕਰ ਪਛਾਨ, ਤਨ ਗਹਿਣਾ ਬਸਤਰ ਪਾਈਆ । ਸੇਵਕ ਸੇਵਾ ਲਾਏ ਗੁਣ ਨਿਧਾਨ, ਸਾਚੀ ਸੇਵ ਕਮਾਈਆ । ਅੰਮ੍ਰਿਤ ਆਤਮ ਮੇਵਾ ਖ਼ਵਾਏ ਬੇਪਛਾਨ, ਲੋਕਮਾਤ ਹੱਥ ਨਾ ਆਈਆ । ਆਪੇ ਬਖ਼ਸ਼ੇ ਆਪਣਾ ਚਰਨ ਧਿਆਨ, ਚਰਨ ਧੂੜੀ ਮਸਤਕ ਰਿਹਾ ਰਮਾਈਆ । ਚਰਨ ਧੂੜੀ ਇਕ ਧਿਆਨ, ਏਕਾ ਜੋਗ ਸਿਖਾਇਆ । ਪੁਰਖ ਅਬਿਨਾਸ਼ੀ ਕਰ ਪਰਵਾਨ, ਸਾਚੇ ਮਾਰਗ ਲਾਇਆ । ਨਾਮ ਸਵਾਮੀ ਇਕ ਨਿਸ਼ਾਨ, ਰਾਹੇ ਫੜ ਕੇ ਪਾਇਆ । ਦੋਹਾਂ ਮੇਲਾ ਵਿਚ ਜਹਾਨ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਸੇਵਕ ਸੇਵਾ ਲਾਇਆ । ਸੇਵਕ ਸੇਵਾ ਦਰ ਪਰਵਾਨ, ਪ੍ਰਭ ਆਪਣਾ ਆਪ ਕਰਾਇੰਦਾ । ਪੰਜ ਸ਼ਬਦ ਧੁਰ ਫ਼ਰਮਾਨ, ਆਪੇ ਆਪ ਜਣਾਇੰਦਾ । ਮਿਲ ਮਿਲ ਸਖੀਆਂ ਸਾਰੇ ਗਾਣ, ਸੰਗੀ ਸਾਥੀ ਨਜ਼ਰ ਨਾ ਆਇੰਦਾ । ਇਕ ਇਕੇਲਾ ਗੁਣ ਨਿਧਾਨ, ਗੁਣਵੰਤਾ ਨਜ਼ਰ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੈਮਲ ਸਾਵਣ ਮੇਲ ਮਿਲਾਇੰਦਾ । ਜੈਮਲ ਸਾਵਣ ਮੇਲ ਮਿਲਾ, ਏਕਾ ਰਚਨ ਰਚਾਈਆ । ਆਪੇ ਅੰਦਰ ਦਏ ਬਹਾ, ਆਪੇ ਬਾਹਰ ਕਢਾਈਆ । ਆਪੇ ਜੋਤੀ ਦਏ ਬੁਝਾ, ਆਪੇ ਜੋਤ ਜਗਾਈਆ । ਆਪੇ ਸ਼ਬਦ ਰਿਹਾ ਜਣਾ, ਆਪੇ ਬੰਦ ਕਰਾਈਆ । ਆਪੇ ਮਾਰਗ ਰਿਹਾ ਪਾ, ਆਪੇ ਵੇਖ ਵਖਾਈਆ । ਡੂੰਘੇ ਸਾਗਰ ਰਿਹਾ ਤਰਾ, ਕਾਇਆ ਗਾਗਰ ਇਕ ਸੁਹਾਈਆ । ਸਾਚੇ ਪੌੜੇ ਰਿਹਾ ਚੜ੍ਹਾ, ਪੱਲਾ ਏਕਾ ਨਾਮ ਫੜਾਈਆ । ਸੁਰਤੀ ਸ਼ਬਦੀ ਮੇਲ ਮਿਲਾ, ਮੇਲਣਹਾਰ ਆਪ ਅਖਵਾਈਆ । ਬਜਰ ਕਪਾਟੀ ਕਿਲਾ ਤੁੜਾ, ਹੰ ਹੰਗਤਾ ਰਿਹਾ ਮਿਟਾਈਆ । ਦਸਮ ਦਵਾਰੀ ਚਰਨ ਟਿਕਾ, ਸੁੰਨ ਅਗੰਮੋ ਪਾਰ ਕਰਾਈਆ । ਸੋਹੰ ਦੇਸ਼ ਦਏ ਵਸਾ, ਹਰਿ ਸਾਚੀ ਰਚਨ ਰਚਾਈਆ । ਫੜ ਫੜ ਬਾਂਹੋਂ ਰਾਹੇ ਪਾ, ਸਚਖੰਡ ਧਾਮ ਸੁਹਾਈਆ । ਆਪ ਆਪਣਾ ਦਏ ਮਿਟਾ, ਏਕਾ ਦੂਜਾ ਰਹਿਣ ਨਾ ਪਾਈਆ । ਗੁਰ ਮੰਤਰ ਏਕਾ ਦਏ ਸੁਣਾ, ਸਤਿ ਪੁਰਖ ਨਿਰੰਜਣ ਅੱਗੇ ਬੈਠਾ ਬੇਪਰਵਾਹੀਆ । ਆਪਣਾ ਆਪ ਆਪੇ ਲੈਣਾ ਜਗਾ, ਭੁੱਲ ਰਹੇ ਨਾ ਰਾਈਆ । ਮੇਲਣਹਾਰਾ ਮੇਲ ਲਏ ਮਿਲਾ, ਦਿਵਸ ਰੈਣ ਵੇਖ ਵਖਾਈਆ । ਸਾਚੇ ਘਰ ਜੋਤ ਜਗਾ, ਦੀਪਕ ਸਚ ਕਰੇ ਰੁਸ਼ਨਾਈਆ । ਬਾਲ ਅੰਵਾਣੇ ਰਾਹੇ ਪਾ, ਗਊ ਗਰੀਬਾਂ ਗਲੇ ਲਗਾਈਆ । ਏਕਾ ਲੇਖਾ ਲਿਆ ਲਿਖਾ, ਭੇਵ ਨਾ ਜਾਣੇ ਕੋਈ ਰਾਈਆ । ਸਿੰਘ ਸਾਵਣ ਹੱਥ ਕਲਮ ਉਠਾ, ਨਿਹਕਲੰਕਾ ਵੇਖ ਵਖਾਈਆ । ਉਚੇ ਮੰਦਰ ਬੰਕ ਦਵਾਰੇ ਢਾਹ, ਥਿਰ ਕੋਇ ਰਹਿਣ ਨਾ ਪਾਈਆ । ਸਿੰਘ ਚਰਨ ਕਿਉਂ ਕੀਤੀ ਨਾਹ, ਮਿਲਿਆ ਮੇਲ ਨਾ ਸਾਚੇ ਮਾਹੀਆ । ਜਗਤ ਵਿਦਿਆ ਇਕ ਪੜ੍ਹਾ, ਮਨ ਮਤ ਕਰੇ ਕੁੜਮਾਈਆ । ਗ੍ਰੰਥ ਪੰਥ ਰਿਹਾ ਸੁਣਾ, ਆਤਮ ਬ੍ਰਹਮ ਨਾ ਕੋਈ ਜਣਾਈਆ । ਸਤਿਗੁਰ ਪੂਰਾ ਨਾ ਦਿਤਾ ਕਿਸੇ ਮਿਲਾ, ਵਿਚ ਵਿਚੋਲਾ ਨਾ ਆਪ ਹੋ ਜਾਈਆ । ਇੱਟਾਂ ਗਾਰਾ ਲਿਆ ਲਗਾ, ਚਾਰ ਦਿਵਾਰੀ ਮਾਤ ਬਣਾਈਆ । ਦਸਮ ਦਵਾਰੀ ਨਾ ਮਿਲਿਆ ਰਾਹ, ਬੰਦ ਦਰਵਾਜ਼ਾ ਨਾ ਕੋਈ ਖੁਲ੍ਹਾਈਆ । ਫੁਲ ਫੁਲਵਾੜੀ ਲਈ ਲਗਾ, ਹਰੀ ਸਿੰਚ ਕਿਆਰੀ ਨਾ ਕੋਈ ਕਰਾਈਆ । ਮੁੱਛ ਦਾਹੜੀ ਲਈ

ਵਧਾ, ਪ੍ਰਭ ਚਰਨ ਨਾ ਧੂੜ ਰਮਾਈਆ । ਅੰਤਮ ਵੇਖੇ ਹਰਿ ਥਾਉਂ ਥਾਂ, ਲੇਖਾ ਕੋਈ ਰਹਿਣ ਨਾ ਪਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬੈਠਾ ਜੋਤ ਜਗਾ, ਮਾਝੇ ਦੇਸ ਕਰੇ ਰੁਸ਼ਨਾਈਆ । ਗੁਰ ਗੋਬਿੰਦ ਸੰਗ ਰਲਾ, ਨੌਂ ਖੰਡ ਪ੍ਰਿਥਮੀ ਕਰੇ ਕੁੜਮਾਈਆ । ਸਾਧਾਂ ਸੰਤਾਂ ਰਿਹਾ ਹਿਲਾ, ਸੋਇਆ ਕੋਈ ਰਹਿਣ ਨਾ ਪਾਈਆ । ਸਿੰਘ ਪਰਤਾਪ ਤੇਰੀ ਜਾਗ ਦਏ ਖੁਲ੍ਹਾ, ਨੇਤਰ ਨੈਣ ਨੀਂਦ ਨਾ ਆਈਆ । ਅੰਤਮ ਮੁੱਲ ਦਏ ਪਵਾ, ਕੌਡੀ ਕੌਡੀ ਹੱਟ ਵਿਕਾਈਆ । ਭਾਂਡਾ ਖਾਲੀ ਦਏ ਵਖਾ, ਨਾਮ ਵਸਤ ਨਾ ਕੋਇ ਟਿਕਾਈਆ । ਵਾਹਿਗੁਰੂ ਵਾਹਿਗੁਰੂ ਰਸਨਾ ਗਾ, ਆਪਣੀ ਬਣਤ ਰਿਹਾ ਬਣਾਈਆ । ਗੁਰ ਸੰਗਤ ਕੋਲੋਂ ਮੱਥਾ ਟਿਕਾ, ਲਹਿਣਾ ਗਿਆ ਰੁੜ੍ਹਾਈਆ । ਸਿੰਘ ਰਾਮ ਨਾ ਹੋਏ ਅੰਤ ਸਹਾ, ਪ੍ਰਭ ਚਰਨਾਂ ਵਿਚ ਸੁਹਾਈਆ । ਪ੍ਰਭ ਅਬਿਨਾਸ਼ੀ ਬੇਪਰਵਾਹ, ਭੇਵ ਕੋਈ ਨਾ ਪਾਈਆ । ਨਿਹਕਲੰਕਾ ਨਾਉਂ ਰਖਾ, ਲੋਕਮਾਤ ਜੋਤ ਕਰੇ ਰੁਸ਼ਨਾਈਆ । ਦਿੱਲੀ ਨਾ ਮਿਲਣਾ ਕੋਈ ਥਾਂ, ਵੇਲੇ ਅੰਤ ਨਾ ਕੋਈ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਬਾਗ ਦਿਆਲਾ ਵੇਖ ਗੁਰ ਗੋਪਾਲਾ, ਜੈਮਲ ਘਰ ਸਿੰਘ ਗੁਰਚਰਨ ਨਾ ਜਾਣਾ ਡਰ, ਪਰਗਟ ਹੋਇਆ ਹਰੀ ਹਰਿ, ਸਿੰਘ ਪਰਤਾਪ ਜਾਣ ਆਪਣਾ ਆਪ, ਪੁਰਖ ਅਬਿਨਾਸ਼ ਜਾਣੇ ਪੁੰਨ ਪਾਪ, ਪੜਦਾ ਉਹਲਾ ਕੋਈ ਰਹਿਣ ਨਾ ਪਾਈਆ । ਨਾ ਕੋਈ ਪੜਦਾ ਨਾ ਕੋਈ ਉਹਲਾ, ਨਾ ਕੋਈ ਭੇਵ ਛੁਪਾਇੰਦਾ । ਜਿਸ ਜਨ ਬਖ਼ਸ਼ਿਆ ਕਾਇਆ ਚੋਲਾ, ਹਰ ਘਟ ਆਸਣ ਲਾਇੰਦਾ । ਕਲਜੁਗ ਅੰਤਮ ਬਣਿਆ ਤੋਲਾ, ਨਾਨਕ ਤੇਰਾਂ ਧਾਰ ਚਲਾਇੰਦਾ । ਸੰਮਤ ਚੌਦਾਂ ਲਿਖਿਆ ਬੋਲਾ, ਲਿਖਿਆ ਲੇਖ ਦਰ ਪੁਚਾਇੰਦਾ । ਸੰਮਤ ਪੰਦਰਾਂ ਸਾਧ ਸੰਤ ਨਾਮ ਵਸਤ ਨਾ ਕੋਈ ਰੱਖੇ ਕੋਲਾ, ਪ੍ਰਭ ਸਾਚਾ ਖਿਚ ਵਖਾਇੰਦਾ । ਸੰਮਤ ਸੋਲਾਂ ਪੰਜ ਤਤ ਖਾਲੀ ਦਿਸੇ ਡੋਲਾ, ਨਾ ਕੋਈ ਸੀਸ ਝੁਕਾਇੰਦਾ । ਚੌਦਾਂ ਕੱਤਕ ਅੰਤਮ ਖੇਲੇ ਹੋਲਾ, ਸਰ ਸਰੋਵਰ ਚਰਨ ਟਿਕਾਇੰਦਾ । ਗੁਰ ਗੋਬਿੰਦੇ ਤੇਰਾ ਬਣਿਆ ਬੋਲਾ, ਪੁਰਖ ਅਬਿਨਾਸ਼ੀ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਜਗਤ ਅਣਭੋਲਾ, ਸ੍ਰਿਸ਼ਟ ਸਬਾਈ ਆਪ ਭੁਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਿਆ ਲੇਖ ਗੁਰ ਧਾਮ, ਗੁਰ ਗੱਦੀ ਜਗਤ ਮਾਇਆ ਬਦੀ, ਅੰਤਮ ਵੇਖ ਵਖਾਇੰਦਾ ।



### ✻ ੧੫ ਅੱਸੂ ੨੦੧੪ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✻

ਹਰਿ ਮੰਦਰ ਅਪਾਰ, ਤਖ਼ਤ ਸੁਹਾਇਆ । ਜੋਤ ਸਰੂਪੀ ਕਰ ਆਕਾਰ, ਸ਼ਾਹੋ ਭੂਪ ਅਖਵਾਇਆ । ਰੂਪ ਰੰਗ ਅਪਰ ਅਪਾਰ, ਭੇਵ ਕਿਸੇ ਨਾ ਪਾਇਆ । ਕੋਟਨ ਕੋਟ ਖੜ੍ਹੇ ਦਵਾਰ, ਦੋਏ ਜੋੜ ਸੀਸ ਝੁਕਾਇਆ । ਮੰਗਣ ਮੰਗ ਬਣ ਭਿਖਾਰ, ਦੇਵਣਹਾਰ ਰਘੁਰਾਇਆ । ਸ਼ਬਦ ਦੇਵੇ ਕਿਰਪਾ ਧਾਰ, ਧੁਨ ਆਤਮਕ ਦਏ ਜਣਾਇਆ । ਹਰਿਜਨ ਸਾਚੇ ਲਏ ਉਭਾਰ, ਜੁਗ ਜੁਗ ਮੇਲਾ ਮੇਲ ਮਿਲਾਇਆ । ਸਤਿਜੁਗ ਤ੍ਰੇਤਾ ਵੇਖ ਵਿਚਾਰ, ਦੁਆਪਰ ਕਲਜੁਗ ਖੇਲ ਖਿਲਾਇਆ । ਰਾਮ ਕ੍ਰਿਸ਼ਨਾ ਲੈ ਅਵਤਾਰ, ਆਪ ਆਪਣਾ ਰੂਪ ਵਟਾਇਆ । ਦੁਸ਼ਟ ਸੰਘਾਰੇ ਵਿਚ ਸੰਸਾਰ, ਮਹਾਂਸਾਰਥੀ ਆਪ ਅਖਵਾਇਆ । ਜੋਧਾ ਸੂਰ ਬਲੀ ਬਲਕਾਰ, ਚਾਰੋਂ ਕੁੰਟ ਵੇਖ ਵਖਾਇਆ । ਲੋਆਂ ਪੁਰੀਆਂ ਪਾਵੇ ਸਾਰ, ਬ੍ਰਹਿਮੰਡ ਖੰਡ ਖੋਜ ਖੁਜਾਇਆ ।

ਜੇਰਜ ਅੰਡ ਵੇਖ ਵਿਚਾਰ, ਉਤਭੁਜ ਸੇਤਜ ਰਾਇਆ । ਆਪ ਕਰਾਏ ਆਪਣੀ ਵੰਡ, ਵੰਡਣਹਾਰ ਆਪ ਅਖਵਾਇਆ । ਮਨ ਮਤ ਤੋੜੇ ਜਗਤ ਘਮੰਡ, ਗੁਰ ਮੰਤਰ ਅੰਤਰ ਨਾਮ ਜਪਾਇਆ । ਲੱਖ ਚੁਰਾਸੀ ਨਾਰ ਦੁਹਾਗਣ ਰੰਡ, ਪੁਰਖ ਅਬਿਨਾਸ਼ੀ ਕੰਤ ਨਾ ਕੋਈ ਹੰਢਾਇਆ । ਖੋਜਤ ਖੋਜਤ ਹਰਿ ਬ੍ਰਹਿਮੰਡ, ਕਲਜੁਗ ਅੰਤਮ ਵੇਖ ਵਖਾਇਆ । ਨਾਮ ਸ਼ਬਦ ਚੰਡ ਪਰਚੰਡ, ਏਕਾ ਖੰਡਾ ਰਿਹਾ ਉਠਾਇਆ । ਮਨਮੁਖਾਂ ਸੁੱਤਾ ਦੇ ਕਰ ਕੰਡ, ਆਤਮ ਸੇਜਾ ਦਿਸ ਨਾ ਆਇਆ । ਹਰਿਜਨ ਬਖ਼ਸ਼ੇ ਆਤਮ ਧਾਰਾ ਸਾਚੀ ਠੰਡ, ਸੀਤਲ ਸਾਂਤਕ ਸਚ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਜਗ ਮੇਲ ਕਰ, ਮੇਲ ਵਿਛੋੜਾ ਆਪਣੇ ਹੱਥ ਰਖਾਇਆ । ਜੁਗ ਵਿਛੜੇ ਜਗ ਮੇਲਿਆ, ਜੁਗ ਜੁਗ ਕਾਰ ਕਮਾਏ । ਆਪੇ ਗੁਰ ਸਤਿਗੁਰ ਸਾਚਾ ਚੇਲਿਆ, ਅੱਖਰ ਵੱਖਰ ਨਾਮ ਪੜ੍ਹਾਏ । ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਿਆ, ਆਦਿ ਜੁਗਾਦਿ ਸਮਾਏ । ਸਦ ਵਸੇ ਰੰਗ ਨਵੇਲਿਆ, ਦਿਸ ਕਿਸੇ ਨਾ ਆਏ । ਹਰਿ ਸ਼ਾਹ ਸੱਜਣ ਸੁਹੇਲਿਆ, ਸਾਜਣ ਮੀਤ ਆਪ ਹੋ ਜਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਤਮ ਘਰ, ਕਲਜੁਗ ਅਗਨੀ ਅਗਨ ਬੁਝਾਏ । ਕਲਜੁਗ ਅਗਨੀ ਪੰਜ ਤਤ, ਦਿਵਸ ਰੈਣ ਰਹੀ ਜਲਾਇਆ । ਨਾੜ ਬਹੱਤਰ ਉਬਲੇ ਰੱਤ, ਧੀਰਜ ਧੀਰ ਨਾ ਕੋਇ ਧਰਾਇਆ । ਸਤਿ ਸੰਤੋਖੀ ਗਿਆ ਸਤਿ, ਸਾਂਤਕ ਸਤਿ ਨਾ ਕੋਈ ਵਰਤਾਇਆ । ਜੁਗਤ ਜਗਤ ਨਾ ਆਏ ਹੱਥ, ਝੂਠਾ ਜੋਗ ਕਮਾਇਆ । ਪ੍ਰਭ ਅਬਿਨਾਸ਼ੀ ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਅਖਵਾਇਆ । ਜਿਸ ਜਨ ਰਾਖੇ ਦੇ ਕਰ ਹੱਥ, ਤਤੀ ਵਾਓ ਨੇੜ ਨਾ ਆਇਆ । ਰੋਗ ਸੋਗ ਦੇਵੇ ਮੱਥ, ਚਿੰਤਾ ਤ੍ਰਿਸਨਾ ਰਹਿਣ ਨਾ ਪਾਇਆ । ਮਿਲਿਆ ਮੇਲ ਅਲੱਖਣਾ ਅਲੱਖ, ਲਿਖਿਆ ਲੇਖ ਦਏ ਮਿਟਾਇਆ । ਹਰਿਜਨ ਨਾ ਜਾਣੇ ਜਿਸ ਦਿਤਾ ਸੁੱਖ, ਆਸਾ ਮਨਸਾ ਪੂਰ ਕਰਾਇਆ । ਧੁਰ ਦਰਗਾਹੀ ਦੇਵੇ ਸਾਚੀ ਵੱਥ, ਵਸਤ ਅਮੋਲਕ ਝੋਲੀ ਪਾਇਆ । ਸੋਹੰ ਸ਼ਬਦ ਚੜ੍ਹਾਏ ਰਥ, ਦੋ ਜਹਾਨਾਂ ਆਪ ਚਲਾਇਆ । ਜਗਤ ਵਸੂਰਾ ਦਏ ਮਥ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਬਖ਼ਸ਼ੇ ਚਰਨ ਵਰ, ਚਰਨ ਦਵਾਰਾ ਇਕ ਵਖਾਇਆ । ਦਰ ਦਵਾਰਾ ਏਕਾ ਘਰ, ਹਰਿ ਹਰਿ ਸਾਚਾ ਪਾਇਆ । ਨਾ ਜਨਮੇ ਨਾ ਜਾਏ ਮਰ, ਨਾ ਮਰੇ ਨਾ ਜਾਇਆ । ਲੱਖ ਚੁਰਾਸੀ ਘਾੜਨ ਘੜ, ਹਰ ਘਟ ਬੈਠਾ ਆਸਣ ਲਾਇਆ । ਦਸਮ ਦਵਾਰੀ ਚੋਟੀ ਚੜ੍ਹ, ਮਹੱਲ ਅਟੱਲ ਇਕ ਸੁਹਾਇਆ । ਜੋਤ ਸਰੂਪੀ ਅੰਦਰ ਵੜ, ਸ਼ਬਦ ਸਰੂਪੀ ਕਿਲਾ ਬਣਾਇਆ । ਮਨ ਮਤ ਬੁਧ ਨਾ ਸਕੇ ਫੜ, ਜੀਵ ਜੰਤ ਹੋਏ ਹਲਕਾਇਆ । ਨਾ ਕੋਈ ਸੀਸ ਨਾ ਕੋਈ ਧੜ, ਅਗੰਮ ਅਗੰਮੜਾ ਭੇਖ ਵਟਾਇਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਧਰਤ ਧਵਲ ਨਾ ਕੋਈ ਉਗਾਇਆ । ਅਗਨੀ ਹਵਨ ਨਾ ਜਾਏ ਸੜ, ਖ਼ਾਕੀ ਖ਼ਾਕ ਨਾ ਕੋਇ ਤਪਾਇਆ । ਜਗਤ ਵਿਦਿਆ ਨਾ ਜਾਏ ਪੜ੍ਹ, ਏਕਾ ਅੱਖਰ ਵੱਖਰ ਨਾਮ ਰਖਾਇਆ । ਗੁਰਮੁਖਾਂ ਲਗਾਏ ਆਪਣੇ ਲੜ, ਏਕਾ ਦੂਜਾ ਭਓ ਚੁਕਾਇਆ । ਤੀਜੇ ਲੋਇਣ ਅੱਗੇ ਖੜ, ਘਰ ਚੌਥੇ ਮੇਲ ਮਿਲਾਇਆ । ਪੰਚਮ ਮੇਲਾ ਹਰੀ ਹਰਿ, ਹਰਿ ਹਰਿ ਰੂਪ ਸਮਾਇਆ । ਛੇਵੇਂ ਨੇਤਰ ਪੇਖ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇਆ । ਸੱਤਵੇਂ ਸਤਿ ਪੁਰਖ ਨਿਰੰਜਣ ਵਸਿਆ ਸਾਚੇ ਘਰ, ਆਪ ਆਪਣਾ ਘਰ ਸੁਹਾਇਆ । ਜੋਤੀ ਨੂਰ ਅਪਾਰ ਅਪਰ, ਰਵ ਸਸ ਨਜ਼ਰ ਨਾ ਆਇਆ । ਆਪਣੀ ਸ਼ਕਤੀ ਆਪੇ ਧਰ, ਆਦਿ ਸ਼ਕਤ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ

੯੧੮
੦੬

ਆਪਣੀ ਕਿਰਪਾ ਕਰ, ਹਰਿਜਨ ਸਾਜਨ ਜਗਤ ਜੁਗ ਮੇਲਾ, ਆਪ ਆਪਣਾ ਮੇਲ ਮਿਲਾਇਆ । ਮੇਲ ਮਿਲਾਵਾ ਹਰਿ ਬੇਅੰਤ, ਅੰਤ ਕੋਈ ਨਾ ਪਾਇਆ । ਰਸਨਾ ਗਾ ਗਾ ਥੱਕੇ ਸਾਧ ਸੰਤ, ਦਿਵਸ ਰੈਣ ਸੇਵ ਕਮਾਇਆ । ਲੱਖ ਚੁਰਾਸੀ ਜੀਵ ਜੰਤ, ਮਾਇਆ ਭਰਮੇ ਭਰਮ ਭੁਲਾਇਆ । ਗੁਰਮੁਖ ਮੇਲਾ ਮੇਲੇ ਸਾਚੇ ਕੰਤ, ਕੰਤ ਕੰਤੂਹਲਾ ਹਰਿ ਰੰਗਾਇਆ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਭੇਖ ਵਟਾਇਆ । ਕੋਟਨ ਕੋਟ ਸੰਘਾਰੇ ਦੇਵ ਦੰਤ, ਹਰਨਾਕਸ਼ ਨਾਕਸ਼ ਰਹਿਣ ਨਾ ਪਾਇਆ । ਹਰਿਜਨ ਰੁੱਤ ਸੁਹਾਏ ਇਕ ਬਸੰਤ, ਫਲ ਫੁਲਵਾੜੀ ਵੇਖ ਵਖਾਇਆ । ਮਿਲੇ ਨਾਮ ਧੰਨ ਹੋਏ ਧਨਵੰਤ, ਸਚ ਖ਼ਜ਼ੀਨਾ ਇਕ ਵਖਾਇਆ । ਮਾਇਆ ਮਮਤਾ ਹੋਏ ਭਸਮੰਤ, ਭਰਮ ਗੜ੍ਹ ਹਰਿ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਹਰਿ ਸਾਜਣ ਵੇਖ ਵਖਾਇਆ । ਹਰਿ ਸਾਜਣ ਜਗ ਮੀਤੜਾ, ਹਰਿਜਨ ਰਿਹਾ ਤਰਾਏ । ਕਾਇਆ ਚੋਲੀ ਰੰਗੇ ਚੀਥੜਾ, ਦੁਰਮਤ ਮੈਲ ਗਵਾਏ । ਕਾਇਆ ਏਕਾ ਚਾੜ੍ਹੇ ਰੰਗ ਮਜੀਠੜਾ, ਉਤਰ ਕਦੇ ਨਾ ਜਾਏ । ਪੰਚਮ ਤਤ ਕਾਇਆ ਕੌੜਾ ਰੀਠੜਾ, ਅੰਮ੍ਰਿਤ ਆਤਮ ਮੁਖ ਚੁਆਏ । ਦੇਵੇ ਨਾਮ ਜਗਤ ਅਨਡੀਠੜਾ, ਨਾ ਕੋਈ ਵੇਖੇ ਵੇਖ ਵਖਾਏ । ਸੋਹੰ ਸ਼ਬਦ ਸਾਚਾ ਲਾਗਾ ਮੀਠੜਾ, ਪ੍ਰਭ ਅਬਿਨਾਸ਼ੀ ਝੋਲੀ ਪਾਏ । ਮਨਮੁਖ ਭਰਨ ਆਪਣਾ ਕੀਤੜਾ, ਕਲਜੁਗ ਵੇਲਾ ਅੰਤਮ ਆਏ । ਨਾ ਕੋਈ ਦਿਹੁਰਾ ਮੰਦਰ ਮਸੀਤੜਾ, ਗੁਰਦਵਾਰਾ ਰਹਿਣ ਨਾ ਪਾਏ । ਗੁਰਮੁਖ ਵਿਰਲੇ ਮਨ ਤਨ ਆਪਣਾ ਜੀਤੜਾ, ਚਰਨ ਕਵਲ ਕਵਲ ਚਰਨ ਧਿਆਨ ਲਗਾਏ । ਪਾਰਬ੍ਰਹਮ ਪ੍ਰਭ ਅਬਿਨਾਸ਼ੀ ਕਰਤਾ ਆਪੇ ਜਾਣੇ ਆਪਣੀ ਰੀਤੜਾ, ਨਿਤ ਨਵਿਤ ਭੇਖ ਵਟਾਏ । ਇਕ ਸੁਣਾਏ ਸੁਹਾਗੀ ਗੀਤੜਾ, ਸੋ ਪੁਰਖ ਨਿਰੰਜਣ ਦਇਆ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਿਸ ਜਨ ਦੇਵੇ ਨਾਮ ਪੂਰਬ ਲਹਿਣਾ ਝੋਲੀ ਪਾਏ ।

ਹਰਿਜਨ ਹਰਿ ਰੰਗ ਰਤਿਆ, ਰਾਮ ਨਾਮ ਮਜੀਠ । ਆਪੇ ਦੇਵੇ ਚੇਤਨ ਸਤਿਆ, ਸੁਰਤ ਸ਼ਬਦ ਅਨਡੀਠ । ਆਤਮ ਬੀਜ ਬੀਜੇ ਸਾਚੇ ਵੱਤਿਆ, ਅੰਮ੍ਰਿਤ ਆਤਮ ਫਲ ਮੀਠ । ਭਾਗ ਲਗਾਏ ਡਾਲ੍ਹੀ ਪੱਤਿਆ, ਕੌੜਾ ਭੰਨੇ ਕਾਇਆ ਰੀਠ । ਚਰਨ ਕਵਲ ਬੰਧਾਏ ਸਾਚਾ ਨੱਤਿਆ, ਨਰ ਨਰਾਇਣ ਨਰ ਹਰਿ ਜਗਦੀਸ਼ । ਆਕਾਸ਼ ਪਰਕਾਸ਼ ਸੁਹਾਏ ਬਿਨ ਦੀਵਾ ਬੱਤੀਆ, ਛਤਰ ਝੁਲਾਏ ਸਾਚਾ ਸੀਸ । ਜੁਗ ਜੁਗ ਸਮਝਾਵੇ ਦੇ ਮੱਤਿਆ, ਸੁਹਾਗੀ ਸ਼ਬਦ ਇਕ ਹਦੀਸ । ਸਤਿ ਸੰਤੋਖੀ ਧੀਰਜ ਜਤਿਆ, ਚਰਨ ਕਵਲ ਜਨ ਪ੍ਰੀਤ । ਆਲਸ ਨਿੰਦਰਾ ਮਨ ਮਤ ਲੱਥਿਆ, ਕਾਇਆ ਚੋਲੀ ਠਾਂਡੀ ਸੀਤ । ਸੋਹੰ ਸ਼ਬਦ ਚੜ੍ਹਾਏ ਸਾਚੇ ਰਥਿਆ, ਰਥ ਰਥਵਾਹੀ ਬੀਠਲਾ ਬੀਠ । ਪੰਜ ਤਤ ਮੂਲ ਚੁਕਾਏ ਅੱਠ ਸੱਠਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਇਕ ਦਰ, ਦੇਵੇ ਨਾਮ ਖੁਮਾਰੀ ਸਾਚੀ ਵੱਥਿਆ । ਨਾਮ ਖੁਮਾਰ ਜਗਤ ਅਨਮੁਲ, ਗੁਰ ਮਤ ਗੁਰ ਹੱਥ ਰਖਾਈਆ । ਜੁਗਤ ਜਗਤ ਜੋਗ ਨਾ ਸਕੇ ਤੁਲ, ਗਿਆਨ ਧਿਆਨ ਨਿਸ਼ਾਨ ਨਾ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਖੇਲ ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਈਆ । ਗੁਰਮੁਖ ਉਪਜਾਏ ਲਾਲ ਅਨਮੁਲੜੇ ਸਾਚੀ ਕੁਲ, ਰਾਮ ਰਾਮਾ ਰੂਪ ਸਮਾਈਆ । ਮਨਮੁਖ ਕਾਇਆ ਬੂਟਾ ਗਿਆ ਹੁਲ, ਪਤ ਪਤੀਆਂ ਰਹਿਣ ਨਾ ਪਾਈਆ । ਹਰਿਜਨ ਹਰਿ ਸ਼ਬਦ ਕੰਡੇ ਗਿਆ ਤੁਲ, ਸੋਹੰ ਰਤੀਆ ਨਾਮ ਪਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਇਕ ਦਰ, ਬ੍ਰਹਿਮੰਡੇ ਮੇਲ ਮਿਲਾਈਆ । ਬ੍ਰਹਿਮੰਡ ਮੇਲਾ ਹਰਿ ਨਿਰੰਜਣ, ਏਕਾ ਅਲਖ ਜਗਾਇੰਦਾ । ਨੇਤਰ ਨੈਣ ਨਾਮ ਅੰਜਨ, ਪ੍ਰਤੱਖ ਸਵੱਛ ਦਰਸ ਦਿਖਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਮਛ ਕਛ ਰੂਪ ਵਟਾਇੰਦਾ । ਚਰਨ ਧੂੜ ਕਰਾਏ ਸਾਚਾ ਮਜਨ, ਨੱਸ ਨੱਸ ਪੰਧ ਮੁਕਾਇੰਦਾ । ਕਾਲ ਨਗਾਰੇ ਸਿਰ ਤੇ ਵੱਜਣ, ਦਸ ਦਸ ਭਗਤ ਤਰਾਇੰਦਾ । ਜੋ ਘੜੇ ਸੋ ਅੰਤਮ ਭੱਜਣ, ਅੰਤਮ ਦੁੱਖ ਨਾ ਕੋਈ ਵਖਾਇੰਦਾ । ਜਨ ਭਗਤਾਂ ਪੜਦੇ ਕੱਜਣ, ਸਮਰਥ ਜੋਤ ਪਰਗਟਾਇੰਦਾ । ਦੋ ਜਹਾਨੀ ਰੱਖੇ ਲਜਣ, ਲਾਜਾਵੰਤ ਆਪ ਅਖਵਾਇੰਦਾ । ਅੰਮ੍ਰਿਤ ਆਤਮ ਪੀ ਪੀ ਰੱਜਣ, ਪੰਚਮ ਝਿਰਨਾ ਆਪ ਝਿਰਾਇੰਦਾ । ਅਨਹਦ ਤਾਲ ਤਲਵਾੜੇ ਅਗੰਮ ਅਗੰਮੜੇ ਧਾਮ ਵੱਜਣ, ਸੁਰ ਸਿਤਾਰ ਆਪ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਇਕ ਦਰ, ਦਰ ਦਵਾਰਾ ਇਕ ਸੁਹਾਇੰਦਾ । ਦਰ ਦਵਾਰ ਹਰਿ ਅਥਾਹ, ਥਿਰ ਘਰ ਨਾਉਂ ਰਖਾਇਆ । ਪੁਰਖ ਅਬਿਨਾਸ਼ੀ ਬੈਠ ਬੇਪਰਵਾਹ, ਜਨ ਭਗਤਾਂ ਰਿਹਾ ਜਣਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਮੰਗ ਵਖਾਈਆ । ਸਤਿ ਪੁਰਖ ਨਿਰੰਜਣ ਏਕਾ ਨਾਉਂ, ਦੋ ਜਹਾਨਾਂ ਧੰਨ ਕਮਾਈਆ । ਜੋਤੀ ਸ਼ਬਦੀ ਪਕੜੇ ਬਾਂਹੋਂ, ਮਨ ਮਤ ਨਜ਼ਰ ਨਾ ਆਈਆ । ਦਰਗਹਿ ਸਾਚੀ ਦੇਵੇ ਥਾਉਂ, ਛੱਪਰ ਛੰਨ ਨਾ ਕੋਈ ਰਖਾਈਆ । ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਈਆ । ਸੋਹੰ ਸੋ ਜਪਾਏ ਸਾਚਾ ਨਾਉਂ, ਨਿਰਗੁਣ ਵਿਚ ਸਮਾਈਆ । ਨਿਰਗੁਣ ਵੇਖੇ ਥਾਉਂ ਥਾਂ, ਸਰਗੁਣ ਪੈਜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵਿਛੜੇ ਮੇਲ ਕਰ, ਜੁਗ ਮੇਲਾ ਜਗਤ ਜੋਗ ਹਰਿ ਸ਼ਬਦ ਕਮਾਈਆ । ਜਗਤ ਜੋਗ ਜੁਗਤ ਜਗ ਅੰਤਰ, ਆਤਮ ਧੂਣੀ ਤਾਈਆ । ਜੋਤ ਨਿਰੰਜਣ ਇਕ ਬਸੰਤਰ, ਜੋਤੀ ਹਵਨ ਕਰਾਈਆ । ਅਨਹਦ ਤਾਲ ਨਗਾਰਾ ਆਤਮ ਅੰਤਰ, ਅਨਾਦੀ ਧੁਨ ਉਪਜਾਈਆ । ਇਸ਼ਟ ਦੇਵ ਨਮੋ ਗੁਰ ਮੰਤਰ, ਸੋਹੰ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲ ਕਰ, ਅੰਦਰ ਮੰਦਰ ਇਕ ਵਖਾਈਆ । ਅੰਦਰ ਮੰਦਰ ਘਰ ਮਹੱਲਾ, ਏਕਾ ਏਕ ਵਖਾਇਆ । ਊਚੋ ਊਚ ਅਟੱਲਾ, ਨਿਹਚਲ ਧਾਮ ਸੁਹਾਇਆ । ਕਿਸੇ ਹੱਥ ਨਾ ਆਏ ਜਲ ਥਲਾ, ਜੰਗਲ ਜੂਹ ਉਜਾੜ ਪਹਾੜ ਕੋਟਨ ਕੋਟ ਜੋਗੀ ਯਤੀਏ ਰਿਹਾ ਫਿਰਾਇਆ । ਆਕਾਸ਼ ਪਰਕਾਸ਼ ਦੀਪਕ ਜੋਤੀ ਏਕਾ ਬਲਾ, ਸਚ ਸਿੰਘਾਸਣ ਆਸਣ ਡੇਰਾ ਲਾਇਆ । ਰਾਮ ਧਾਮ ਨਾਮ ਏਕਾ ਮੱਲਾ, ਏਕਾ ਦਰ ਸੁਹਾਇਆ । ਦੂਈ ਦਵੈਤੀ ਹਉਮੇ ਹੰਗਤਾ ਮਿਟੇ ਸੱਲਾ, ਸਾਚੀ ਸੰਗਤ ਰੰਗ ਚੜ੍ਹਾਇਆ । ਆਦਿ ਅੰਤ ਜੁਗਾ ਜੁਗੰਤ ਹਰਿ ਭਗਵੰਤ, ਸਾਚੇ ਸੰਤ ਮੇਲ ਮਿਲਾਇਆ । ਇਕ ਇਕੱਲਾ ਅਕਲ ਕਲਾ, ਅਕਲ ਕਲ ਸਮਾਇਆ । ਆਵਣ ਜਾਵਣ ਪਵਣੀ ਪਵਣ ਜੋਤੀ ਸ਼ਬਦੀ ਆਪੇ ਰਲਾ, ਪੁਰੀ ਲੋਅ ਬ੍ਰਹਿਮੰਡ ਖੰਡ ਜੇਰਜ ਅੰਡ ਖਾਣੀ ਬਾਣੀ ਵੇਖ ਵਖਾਇਆ । ਗੁਰਮੁਖ ਦਰ ਦਵਾਰ ਦਰ ਦਰਵੇਸ਼ ਨਰ ਨਰੇਸ਼ ਏਕ ਮੱਲਾ, ਗਣਪਤ ਗਣੇਸ਼ ਸਹੰਸਰ ਮੁਖ ਗਾਏ ਸ਼ੇਸ਼, ਸਾਂਗੋਪਾਂਗ ਸੇਜਾ ਕਾਂਗ, ਧਰਤ ਧਵਲ ਉਪਰ ਮਵਲ, ਅੰਮ੍ਰਿਤ ਆਤਮ ਨਾਭ ਕਵਲ, ਸਾਵਲ ਸੁੰਦਰ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮਖ ਸਾਜਣ ਸਾਚੇ ਮੀਤ, ਪਤਤ ਪੁਨੀਤ ਆਪ ਕਰਾਇਆ ।

## ❊ ਪਹਿਲੀ ਕੱਤਕ ੨੦੧੪ ਬਿਕ੍ਰਮੀ ਦਰਬਾਰ ਵਿਚ ਜੇਠੂਵਾਲ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਮਿਹਰਵਾਨ, ਹਰਿ ਨਿਰੰਕਾਰਿਆ । ਖੇਲੇ ਖੇਲ ਦੋ ਜਹਾਨ, ਖੇਲਣਹਾਰ ਆਪ ਅਖਵਾ ਰਿਹਾ । ਜੋਤੀ ਨੂਰ ਇਕ ਮਹਾਨ, ਹਰਿ ਜੋਤੀ ਜੋਤ ਜਗਾ ਰਿਹਾ । ਜਾਣੇ ਜਣਾਏ ਧੁਰ ਫ਼ਰਮਾਣ, ਜਾਨਣਹਾਰ ਆਪ ਅਖਵਾ ਰਿਹਾ । ਦਾਤਾ ਦਾਨੀ ਗੁਣ ਨਿਧਾਨ, ਗੁਣਵੰਤ ਵੇਖ ਵਖਾ ਰਿਹਾ । ਜੋਧਾ ਸੂਰ ਬਲੀ ਬਲਵਾਨ, ਏਕਾ ਏਕ ਆਪ ਅਖਵਾ ਰਿਹਾ । ਜੋਤੀ ਨੂਰ ਇਕ ਮਹਾਨ, ਹਰਿ ਜੋਤੀ ਜੋਤ ਜਗਾ ਰਿਹਾ । ਨਾ ਕੋਈ ਚਿੱਲਾ ਤੀਰ ਕਮਾਨ, ਨਾ ਕੋਈ ਖੰਡਾ ਹੱਥ ਉਠਾ ਰਿਹਾ । ਨਾ ਕੋਈ ਵੇਖੇ ਵਿਚ ਮੈਦਾਨ, ਸਨਮੁਖ ਨਾ ਕੋਈ ਉਚਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾ ਰਿਹਾ । ਹਰਿ ਰੰਗ ਅਪਾਰ, ਭੇਵ ਨਾ ਭੇਵਿਆ । ਬ੍ਰਹਮਾ ਸ਼ਿਵ ਨਾ ਕੋਈ ਵਿਚਾਰ, ਨਾ ਕੋਈ ਦੇਵੀ ਦੇਵਿਆ । ਵਿਸ਼ਨੂੰ ਵੰਸੀ ਨਾ ਕਰ ਆਕਾਰ, ਰਸਨਾ ਜਿਹਵਾ ਨਾ ਕੋਈ ਸੇਵਿਆ । ਤ੍ਰੈਗੁਣ ਮਾਇਆ ਨਾ ਖੇਲ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਅਲੱਖ ਅਭੇਵਿਆ । ਅਲੱਖ ਅਭੇਵ ਹਰਿ ਭਗਵੰਤਾ, ਏਕਾ ਏਕ ਅਖਵਾਇੰਦਾ । ਆਪ ਬਣਾਏ ਆਪਣੀ ਬਣਤਾ, ਨਾ ਕੋਈ ਸੰਗ ਰਖਾਇੰਦਾ । ਨਾ ਕੋਈ ਲੱਖ ਚੁਰਾਸੀ ਜੀਵ ਜੰਤਾ, ਸਾਧ ਸੰਤ ਨਾ ਕੋਈ ਗਿਣਤੀ ਗਣਤ ਗਿਣਾਇੰਦਾ । ਆਦਿ ਨਿਰੰਜਣ ਏਕਾ ਏਕ ਆਦਿਨ ਅੰਤਾ, ਆਦਿ ਸ਼ਕਤ ਰੂਪ ਸਮਾਇੰਦਾ । ਪਾਰਬ੍ਰਹਮ ਪੁਰਖ ਬੇਅੰਤ ਬੇਅੰਤ ਬੇਅੰਤਾ, ਏਕਾ ਏਕ ਅਖਵਾਇੰਦਾ । ਆਪੇ ਨਾਰੀ ਆਪੇ ਕੰਤਾ, ਆਪ ਆਪਣੀ ਸੇਜ ਹੰਢਾਇੰਦਾ । ਆਪੇ ਭੂਸ਼ਨ ਬਸਤਰ ਪਹਿਨ ਰੰਗ ਚਾੜ੍ਹੇ ਬਸੰਤਾ, ਫੁਲ ਫੁਲਵਾੜੀ ਆਪ ਲਗਾਇੰਦਾ । ਆਪੇ ਰਾਮਾ ਰਾਮ ਰੂਪ ਹੋਏ ਹਨਵੰਤਾ, ਆਪੇ ਰਾਵਣ ਵੇਖ ਵਖਾਇੰਦਾ । ਆਪੇ ਗੋਪੀ ਕਾਹਨਾ ਕੰਸਾ, ਆਪੇ ਕ੍ਰਿਸ਼ਨ ਦੇਵ ਅਖਵਾਇੰਦਾ । ਆਪੇ ਜੋਤੀ ਖੇਲ ਸਹੰਸਾ, ਹਰਿ ਭਗਤਨ ਰੂਪ ਸਮਾਇੰਦਾ । ਹਰਿ ਭਗਤ ਬਣਾਏ ਸਾਚੀ ਬਣਤਾ, ਜੁਗ ਜੁਗ ਮਾਤ ਬਣਾਇੰਦਾ । ਏਕਾ ਸ਼ਬਦ ਸੁਤ ਸਾਚੀ ਅੰਸਾ, ਆਪ ਆਪਣੀ ਗੋਦ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਨੂਰ ਉਪਾਇੰਦਾ । ਜੋਤੀ ਨੂਰ ਹਰਿ ਉਪਾ, ਅਕਲ ਕਲਾ ਵਰਤਾਈਆ । ਗੁਰ ਪੀਰ ਸਾਧ ਸੰਤ ਨਾ ਜਾਣੇ ਕੋਈ ਥਾਂ, ਪਾਰਬ੍ਰਹਮ ਵਡ ਵਡਿਆਈਆ । ਜਿਸ ਜਨ ਕਿਰਪਾ ਕਰ ਸਾਚਾ ਹਰਿ ਹੰਸ ਬਣਾਏ ਕਾਂ, ਦੇਵੇ ਨਾਮ ਜਗਤ ਵਡਿਆਈਆ । ਸਖਾ ਸੁਹੇਲਾ ਦੇਵੇ ਠੰਡੀ ਛਾਂ, ਨਾ ਜਪੇ ਜਪਾਏ ਕਿਸੇ ਦਾ ਨਾਂ, ਹਰਿ ਸੰਤ ਸੁਹੇਲੇ ਪਕੜ ਉਠਾਏ ਬਾਂਹ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੇ ਹੱਥ ਰੱਖੇ ਵਡਿਆਈਆ । ਸਚ ਵਡਿਆਈ ਹੱਥ ਕਰਤਾਰ, ਏਕਾ ਏਕ ਜਣਾਈਆ । ਗੋਬਿੰਦ ਨਾਨਕ ਬਣ ਭਿਖਾਰ, ਬੈਠੇ ਸੀਸ ਝੁਕਾਈਆ । ਰਾਮ ਕ੍ਰਿਸ਼ਨ ਲੈ ਅਵਤਾਰ, ਲੋਕਮਾਤ ਰਾਸ ਮੰਡਲ ਗਏ ਰਚਾਈਆ । ਵੇਦ ਵਿਆਸਾ ਬਣ ਭਿਖਾਰ, ਇਕ ਲੱਖ ਹਜ਼ਾਰ ਸਤਾਰਾਂ ਸਲੋਕ ਲਿਖਾਈਆ । ਬ੍ਰਹਮਾ ਅੱਠੇ ਨੇਤਰ ਰਿਹਾ ਉਘਾੜ, ਚਾਰੇ ਮੁਖ ਭਵਾਈਆ । ਦਹਿ ਦਿਸ਼ਾ ਕਰੇ ਵਿਚਾਰ, ਪਾਰਬ੍ਰਹਮ ਦਿਸ ਨਾ ਆਈਆ । ਸ਼ਬਦ ਧੁਨ ਅਪਰ ਅਪਾਰ, ਸਤਿ ਪੁਰਖਾ ਰਿਹਾ ਜਣਾਈਆ । ਝਿਰਨਾ ਝਿਰ ਝਿਰ ਰਿਹਾ ਡੁੱਲ, ਬੂੰਦ ਸਵਾਂਤੀ ਰਿਹਾ ਪਿਆਈਆ । ਅਬਿਨਾਸ਼ੀ ਕਰਤਾ ਪਾਏ ਮੁੱਲ, ਜੁਗ ਜੁਗ ਆਪਣਾ ਭੇਖ ਵਟਾਈਆ । ਕਲਜੁਗ ਤੇਰੀ ਵੇਖੇ ਕੁਲ, ਜੂਠ ਝੂਠ ਹੋਈ ਕੁੜਮਾਈਆ । ਪੰਚ ਵਿਕਾਰਾ ਭੰਡਾਰਾ ਰਿਹਾ ਖੁਲ੍ਹ, ਸਾਧ ਸੰਤਾਂ ਘਰ ਲੜਾਈਆ ।

ਸ਼ਬਦ ਪੰਘੂੜਾ ਨਾ ਕੋਈ ਹੁਲਾਰ, ਜੂਠ ਝੂਠ ਬੈਠੇ ਧੂਣੀਆਂ ਤਾਈਆ । ਅੰਤਮ ਕਾਇਆ ਬੂਟਾ ਜਾਣਾ ਹੁਲ, ਫਲ ਕੋਈ ਦਿਸ ਨਾ ਆਈਆ । ਗੁਰ ਗੋਬਿੰਦਾ ਭਾਗ ਲਗਾਏ ਸਾਚੀ ਕੁਲ, ਪੂਤ ਸਪੂਤਾ ਆਪ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਵਰ, ਕਲਜੁਗ ਤੇਰੀ ਅੰਤ ਕਰੇ ਕੁੜਮਾਈਆ । ਸ਼ਬਦ ਭੰਡਾਰ ਭਰਪੂਰ, ਹਰਿ ਏਕਾ ਏਕ ਅਖਵਾਇਆ । ਬ੍ਰਹਮੇ ਤੇਰੀ ਵੇਖ ਦੁਕਾਨ, ਪ੍ਰਭ ਸਾਚਾ ਵੇਖ ਵਖਾਇਆ । ਪੰਚਮ ਮੀਤਾ ਵੇਖੇ ਮਾਰ ਧਿਆਨ, ਆਪ ਆਪਣੀ ਦਇਆ ਰਖਾਇਆ । ਮਾਇਆ ਰਾਣੀ ਹੋਈ ਪ੍ਰਧਾਨ, ਸਚ ਸੁੱਚ ਨਜ਼ਰ ਨਾ ਆਇਆ । ਸੁਰਤ ਸਵਾਣੀ ਸੀਤਾ ਸੁਰਤੀ ਨਾ ਹੱਥ ਫੜੇ ਨਾਮ ਸੋਟੀ, ਰਾਮ ਰਾਮਾ ਨਾ ਪਾਰ ਲੰਘਾਇਆ । ਸਾਧ ਸੰਤ ਹਉਮੇ ਹੰਗਤਾ ਤੇੜ ਲੰਗੋਟੀ, ਜੂਠ ਝੂਠ ਪੱਲੇ ਗੰਢ ਬੰਨ੍ਹਾਇਆ । ਫਿਰ ਫਿਰ ਥੱਕੇ ਕੋਟਨ ਕੋਟੀ, ਅੱਠ ਸੱਠ ਬੈਠੇ ਡੇਰਾ ਲਾਇਆ । ਪੁਰਖ ਅਬਿਨਾਸ਼ੀ ਅੰਤਮ ਕਟੇ ਸਭ ਦੀ ਬੋਟੀ ਬੋਟੀ, ਕਲਜੁਗ ਤੇਰਾ ਭੇਖ ਮਿਟਾਇਆ । ਕਿਸੇ ਹੱਥ ਨਾ ਆਏ ਅੰਨ ਰੋਟੀ, ਦਰ ਦਰ ਫਿਰੇ ਹਲਕਾਇਆ । ਕਲਜੁਗ ਮਾਇਆ ਜੂਠੀ ਝੂਠੀ ਭੰਗ ਘੋਟੀ, ਅੰਤ ਨਸ਼ਾ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਰਿਹਾ ਵਜਾਇਆ । ਕਲਜੁਗ ਮਾਇਆ ਪਾਏ ਬੇਅੰਤਾ, ਆਪ ਆਪਣੀ ਕਲ ਵਰਤਾਈਆ । ਏਕਾ ਮਾਣ ਰਖਾਇਆ ਹਉਮੇ ਹੰਗਤਾ, ਮੰਗਣ ਮੰਗ ਨਾ ਕੋਈ ਮੰਗਾਈਆ । ਮਾਨਸ ਮਾਨੁਖ ਹੋਇਆ ਨੰਗਤਾ, ਤਨ ਬਸਤਰ ਸ਼ਬਦ ਨਾ ਕੋਈ ਪਹਿਨਾਈਆ । ਮਿਲਿਆ ਮੇਲ ਨਾ ਸਾਚੀ ਸੰਗਤਾ, ਧੁਰ ਧਾਮ ਨਾ ਕੋਈ ਵਖਾਈਆ । ਨਾਨਕ ਅੰਗਦ ਨਾ ਲਾਏ ਆਪਣੇ ਅੰਗਤਾ, ਨਾ ਕੋਈ ਕਰੇ ਸਚ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਖੇਲ ਖਿਲਾਰਾ, ਹਰਿ ਹਰਿ ਆਪ ਅਖਵਾਇਆ । ਗੁਰ ਗੋਬਿੰਦ ਸਪੂਤ ਦੁਲਾਰਾ, ਸਾਚੇ ਧਾਮ ਸੁਹਾਇਆ । ਏਕਾ ਰੂਪ ਸਤਿ ਸਰੂਪ ਨਿਰੰਕਾਰਾ, ਏਕਾ ਓਟ ਰਖਾਇਆ । ਏਕਾ ਸ਼ਬਦ ਏਕਾ ਧੁਨਕਾਰਾ, ਏਕਾ ਰਾਗ ਅਲਾਇਆ । ਛਾਨ ਪੁਨ ਸਰਬ ਸੰਸਾਰਾ, ਲੱਖ ਚੁਰਾਸੀ ਵੇਖ ਵਖਾਇਆ । ਸੰਬਲ ਨਗਰ ਧਾਮ ਨਿਆਰਾ, ਆਪ ਆਪਣਾ ਆਸਣ ਲਾਇਆ । ਮਹੱਲ ਅਟੱਲ ਉਚ ਮੁਨਾਰਾ, ਚਾਰ ਦਵਾਰ ਨਾ ਕੋਈ ਰਖਾਇਆ । ਜੋਤੀ ਨੂਰ ਅਪਰ ਅਪਾਰਾ, ਆਪ ਆਪਣਾ ਰਿਹਾ ਕਰਾਇਆ । ਸੋਹੰ ਸ਼ਬਦ ਤੇਜ਼ ਕਟਾਰਾ, ਪੁਰਖ ਅਬਿਨਾਸ਼ੀ ਪਹਿਲੀ ਵਾਰਾ, ਲੋਕਮਾਤ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖ ਲਿਖਾਰਾ ਸ੍ਰਿਸ਼ਟ ਸਬਾਈ ਆਪ ਹੋ ਆਇਆ । ਨਾ ਕੋਈ ਗੁਰ ਨਾ ਕੋਈ ਚੇਲਾ, ਨਾ ਤਤ ਬਣਾਇਆ । ਜੋਤੀ ਸ਼ਬਦੀ ਸਾਚਾ ਮੇਲਾ, ਸਤਿਗੁਰ ਰੂਪ ਸਮਾਇਆ । ਖੇਲੇ ਖੇਲ ਇਕ ਇਕੇਲਾ, ਅਕਲ ਕਲਾ ਅਖਵਾਇਆ । ਕਲਜੁਗ ਤੇਰਾ ਅੰਤਮ ਮੇਲਾ, ਚਾਰੋਂ ਕੁੰਟ ਪਏ ਦੁਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇਆ ।

ਹਰਿ ਸਾਜਣ ਜਗ ਮੀਤ, ਏਕਾ ਏਕ ਅਖਵਾਇਆ । ਜੁਗ ਜੁਗ ਚਲੇ ਅਵਲੜੀ ਰੀਤ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਸਤਿਜੁਗ

ਤ੍ਰੇਤਾ ਦੁਆਪਰ ਗਿਆ ਬੀਤ, ਕਲਜੁਗ ਅੰਤਮ ਆਇਆ । ਗੁਰਦਵਾਰਾ ਦਿਹੁਰਾ ਮੰਦਰ ਮਸੀਤ, ਸ਼ਿਵਦਵਾਲਾ ਮਠ ਬਣਾਇਆ । ਦਿਵਸ ਰੈਣ ਗੌਂਦੇ ਗੀਤ, ਰਸਨਾ ਜਿਹਵਾ ਰਹੇ ਧਿਆਇਆ । ਜੂਠ ਝੂਠ ਕਰ ਪ੍ਰੀਤ, ਜੀਵਾਂ ਜੰਤਾਂ ਆਪਣਾ ਮੂਲ ਗਵਾਇਆ । ਇਕ ਇਕੱਲਾ ਨਾ ਵੱਸਿਆ ਚੀਤ, ਵਰਨ ਬਰਨੀ ਮਾਰਗ ਲਾਇਆ । ਪਾਇਆ ਪੁਰਖ ਨਾ ਹਰਿ ਅਤੀਤ, ਦਰ ਘਰ ਸਾਚਾ ਨਾ ਵੇਖ ਵਖਾਇਆ । ਚੇਤਨ ਚਿਤ ਨਾ ਆਇਆ ਚੀਤ, ਹਉਮੇ ਹੰਗਤਾ ਰੋਗ ਵਧਾਇਆ । ਕਾਇਆ ਹੋਈ ਨਾ ਠੰਡੀ ਸੀਤ, ਅੰਮ੍ਰਿਤ ਜਾਮ ਨਾ ਕੋਈ ਪਿਆਇਆ । ਕਲਜੁਗ ਕਾਇਆ ਕੌੜੀ ਰੀਠ, ਨਿਝਰ ਰਸ ਨਾ ਕੋਈ ਵਖਾਇਆ । ਗੁਰਮੁਖ ਵਿਰਲੇ ਹਰਿ ਹਰਿ ਭਾਣਾ ਲਾਗੇ ਮੀਠ, ਚਰਨ ਕਵਲ ਧਿਆਨ ਲਗਾਇਆ । ਦੇਵੇ ਸ਼ਬਦ ਨਾਮ ਅਨਡੀਠ, ਲੇਖਾ ਲਿਖਤ ਵਿਚ ਨਾ ਆਇਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਰੰਗਣਹਾਰ ਆਪ ਅਖਵਾਇਆ । ਤ੍ਰੈਗੁਣ ਮਾਇਆ ਆਪਣਾ ਪੀਸਣ ਪੀਠ, ਪੰਚਮ ਤਤ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜੁਗ ਵੇਖਣ ਆਇਆ । ਜੁਗ ਜੁਗ ਜਗਤ ਜਗਤਾਰ, ਪ੍ਰਭ ਸਾਚੇ ਆਪ ਚਲਾਈਆ । ਲੋਕਮਾਤ ਕਰ ਪਸਾਰ, ਪੁਰੀਆਂ ਲੋਆਂ ਵੇਖ ਵਖਾਈਆ । ਧਰਤ ਧਵਲ ਕਰ ਕਰ ਆਕਾਰ, ਆਕਾਸ਼ ਪ੍ਰਕਾਸ਼ ਵਿਚ ਸਮਾਈਆ । ਅਵਣ ਗਵਣ ਪਾਏ ਸਾਰ, ਸਾਰੰਗ ਧਰ ਆਪ ਅਖਵਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਦਏ ਹੁਲਾਰ, ਕਰੋੜ ਤੇਤੀਸਾ ਆਪ ਜਗਾਈਆ । ਵਿਸ਼ਨੂੰ ਵੰਸੀ ਕਰ ਖ਼ਬਰਦਾਰ, ਆਪ ਆਪਣੀ ਕਰੇ ਜਣਾਈਆ । ਲੱਖ ਚੁਰਾਸੀ ਕਰਮ ਵਿਚਾਰ, ਪੂਰਬ ਲਹਿਣਾ ਝੋਲੀ ਪਾਈਆ । ਧਰਮ ਰਾਏ ਲੇਖ ਦਵਾਰ, ਨੇਤਰ ਨੈਣ ਰਿਹਾ ਖੁਲ੍ਹਾਈਆ । ਚਿਤਰ ਗੁਪਤ ਲੇਖ ਲਿਖਾਰ, ਲੇਖਾ ਆਪਣਾ ਰਿਹਾ ਲਿਖਾਈਆ । ਲਾੜੀ ਮੌਤ ਕਰ ਸ਼ਿੰਗਾਰ, ਹੱਥੀ ਮਹਿੰਦੀ ਰਹੀ ਲਾਈਆ । ਸਚ ਸਪੁੱਤਰੀ ਹੋ ਤਿਆਰ, ਮੁਖ ਘੁੰਗਟ ਰਹੀ ਵਖਾਈਆ । ਮੰਗੇ ਮੰਗ ਦਰ ਭਿਖਾਰ, ਲੋਕਮਾਤ ਰਾਹ ਤਕਾਈਆ । ਕਾਲ ਮਹਾਂਕਾਲ ਰਹੇ ਪੁਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਵੇਖੇ ਖੇਲ ਦੀਨ ਦਿਆਲ, ਦਇਆ ਨਿਧ ਆਪ ਅਖਵਾਈਆ । ਫਲ ਲਗਾਇਆ ਆਪੇ ਡਾਲ੍ਹ, ਅੰਤਮ ਆਪੇ ਦਏ ਚੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਚਲੀ ਚਾਲ, ਆਪ ਆਪਣਾ ਰੂਪ ਵਖਾਈਆ । ਕਲਜੁਗ ਖੇਲੇ ਖੇਲ ਅਕਾਲ, ਅਕਲ ਕਲ ਵਰਤਾਈਆ । ਸਾਧ ਸੰਤ ਥੱਕੇ ਭਾਲ, ਦਿਸ ਕਿਸੇ ਨਾ ਆਈਆ । ਸੁਰਤ ਸਵਾਣੀ ਹੋਈ ਹਾਲ ਬੇਹਾਲ, ਸੁਖਮਨ ਪਾਈ ਗਲ ਵਿਚ ਫਾਹੀਆ । ਨਾ ਕੋਈ ਚਲੇ ਬੇਹੰਗਮ ਚਾਲ, ਮਿਲਿਆ ਮੇਲ ਨਾ ਸਾਚੇ ਮਾਹੀਆ । ਹਰਿ ਸ਼ਬਦ ਗੁਰ ਮੰਤਰ ਨਾ ਕਰੇ ਅੰਦਰ ਸੰਭਾਲ, ਮੰਦਰ ਅੰਦਰ ਬੈਠੇ ਡੇਰਾ ਢਾਹੀਆ । ਮਿਲਿਆ ਨਾਮ ਨਾ ਸਚ ਧਨ ਮਾਲ, ਤਨ ਖਜ਼ਾਨਾ ਨਾ ਕੋਈ ਭਰਾਈਆ । ਅੰਤਮ ਅੰਤ ਕਲ ਖਾਏ ਕਾਲ, ਕਲਜੁਗ ਕੂਕੇ ਦਏ ਦੁਹਾਈਆ । ਚਾਰ ਯਾਰ ਸੰਗ ਮੁਹੰਮਦ ਨਾਲ ਨਾਲ, ਈਸਾ ਮੂਸਾ ਰਾਹ ਵਖਾਈਆ । ਗੋਬਿੰਦ ਮਾਰੇ ਇਕ ਉਛਾਲ, ਨੇਤਰ ਨੈਣ ਰਿਹਾ ਵਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਸਚ ਸਿੰਘਾਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਮੇਲਾ ਮੇਲ ਮਿਲਾਈਆ । ਹਰਿਜਨ ਮੇਲਾ ਧੁਰ ਦਰਗਾਹ, ਹਰਿ ਸਾਚਾ ਆਪ ਮਿਲਾਇੰਦਾ । ਇਕ ਜਪਾਏ ਸਾਚਾ ਨਾਂ, ਸਤਿ ਪੁਰਖੇ ਵਿਚ ਸਮਾਇੰਦਾ । ਪਕੜ ਉਠਾਏ ਥਾਉਂ ਥਾਂ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਫੜ ਫੜ ਹੰਸ ਬਣਾਏ ਕਾਂ, ਸੋਹੰ ਸਾਚੀ ਚੋਗ ਚੁਗਾਇੰਦਾ । ਥਿਰ ਘਰ ਵਖਾਏ ਸਾਚਾ ਥਾਂ, ਆਪ ਆਪਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਆਪ ਆਪਣਾ ਰੰਗ ਰੰਗਾਏ, ਅਕਲ ਕਲਾ ਗਿਰਧਾਰੀ । ਜੋਤੀ ਜਾਮਾ ਭੇਖ ਵਟਾਏ, ਸ਼ਬਦ ਖੰਡਾ ਤੇਜ ਕਟਾਰੀ । ਨਿਹਕਲੰਕਾ ਨਾਉਂ ਰਖਾਏ, ਲੋਆਂ ਪੁਰੀਆਂ ਕਰੇ ਖ਼ਬਰਦਾਰੀ । ਸ਼ਬਦ ਡੰਕਾ ਇਕ ਵਜਾਏ, ਗੁਰ ਗੋਬਿੰਦਾ ਸ਼ਾਹ ਅਸਵਾਰੀ । ਰਾਓ ਰੰਕਾਂ ਆਪ ਉਠਾਏ, ਗਊ ਗਰੀਬਾਂ ਇਕ ਵਖਾਏ ਸਚ ਸੱਚਾ ਦਰਬਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਅਪਰ ਅਪਾਰੀ । ਅਪਰ ਅਪਾਰੀ ਹਰਿ ਹਰਿ ਖੇਲ, ਭੇਵ ਕੋਈ ਨਾ ਪਾਇੰਦਾ । ਸੰਤ ਸੁਹੇਲੇ ਆਪੇ ਮੇਲ, ਜਗਤ ਵਿਛੋੜਾ ਆਪ ਕਟਾਇੰਦਾ । ਆਪੇ ਗੁਰ ਗੁਰੂ ਗੁਰ ਚੇਲ, ਗੁਰ ਗੋਬਿੰਦ ਆਪ ਸਮਾਇੰਦਾ । ਆਪੇ ਵਸਿਆ ਰੰਗ ਨਵੇਲ, ਹਰ ਘਟ ਆਪੇ ਆਸਣ ਲਾਇੰਦਾ । ਆਪੇ ਹੋਏ ਸੱਜਣ ਸੁਹੇਲ, ਆਪ ਆਪਣਾ ਬੰਧ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਗੀਤ ਸੁਹਾਗੀ ਛੰਦ, ਨੌਂ ਖੰਡ ਪ੍ਰਿਥਮੀ ਆਪ ਜਣਾਇੰਦਾ । ਨੌਂ ਖੰਡ ਪ੍ਰਿਥਮੀ ਏਕਾ ਗੀਤ, ਪ੍ਰਭ ਸਾਚੇ ਆਪ ਸੁਣਾਇਆ । ਨਾ ਕੋਈ ਦਿਹੁਰਾ ਮੰਦਰ ਮਸੀਤ, ਗੁਰੂਦਵਾਰ ਦਿਸ ਨਾ ਆਇਆ । ਸਤਿਜੁਗ ਤੇਰੀ ਸਾਚੀ ਰੀਤ, ਪ੍ਰਭ ਆਪਣੇ ਹੱਥ ਰਖਾਇਆ । ਸੋਹੰ ਅੱਖਰ ਸਾਚਾ ਰੱਖਣਾ ਚੀਤ, ਚਿਤ ਵਿਤ ਠਗੋਰੀ ਕੋਇ ਨਾ ਪਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਰਾਜ ਰਾਜਾਨਾ ਸ਼ਾਹ ਸੁਲਤਾਨਾ ਦਰ ਦਰ ਫਿਰਾਇਆ । ਮਨਮੁਖਾਂ ਸੁੱਤਾ ਦੇ ਕਰ ਪੀਠ, ਆਪ ਆਪਣਾ ਮੁਖ ਛੁਪਾਇਆ । ਮਨ ਮਤ ਕਾਇਆ ਕਰੇ ਕੌੜਾ ਰੀਠ, ਫਲ ਅੰਮ੍ਰਿਤ ਹੱਥ ਨਾ ਆਇਆ । ਗੁਰਮੁਖਾਂ ਹਰਿ ਭਾਣਾ ਲਾਗੇ ਮੀਠ, ਸਦ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਲੇਖੇ ਲਏ ਲਾਇਆ । ਹਰਿਜਨ ਲੇਖਾ ਸਚ ਦਰਬਾਰ, ਆਪਣਾ ਆਪ ਲਿਖਾਇੰਦਾ । ਲਿਖਣਹਾਰਾ ਏਕਾ ਏਕੰਕਾਰ, ਇਕ ਇਕੱਲਾ ਸੇਵ ਕਮਾਇੰਦਾ । ਲੱਖ ਚੁਰਾਸੀ ਦਰ ਭਿਖਾਰ, ਭਿੱਖਕ ਭਿਛਿਆ ਏਕਾ ਪਾਇੰਦਾ । ਆਵੇ ਜਾਵੇ ਵਾਰੋ ਵਾਰ, ਆਪ ਆਪਣੀ ਰਚਨ ਰਚਾਇੰਦਾ । ਨਾਨਕ ਗੋਬਿੰਦ ਸੇਵਾਦਾਰ, ਸੇਵਕ ਸੇਵਾ ਆਪ ਕਰਾਇੰਦਾ । ਲੇਖਾ ਲਿਖੇ ਗੁਣ ਵਿਚਾਰ, ਗੁਣਵੰਤਾ ਆਪ ਹੋ ਜਾਇੰਦਾ । ਅੰਤਮ ਮੇਲਾ ਮੇਲ ਵਿਚ ਸੰਸਾਰ, ਮਸਤਕ ਟਿੱਕਾ ਇਕ ਲਗਾਇੰਦਾ । ਨੌਂ ਖੰਡ ਪ੍ਰਿਥਮੀ ਰਹੀ ਹਾਰ, ਲੱਖ ਚੁਰਾਸੀ ਮੂਲ ਚੁਕਾਇੰਦਾ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਇੰਦਾ । ਬਾਸ਼ਕ ਤਸ਼ਕਾ ਗਲ ਵਿਚ ਹਾਰ, ਸ਼ਿਵ ਸ਼ੰਕਰ ਧੀਰ ਨਾ ਕੋਈ ਧਰਾਇੰਦਾ । ਵਿਸ਼ਨੂੰ ਵੰਸੀ ਕਰ ਪੁਕਾਰ, ਪ੍ਰਭ ਦਰ ਆਪ ਕੁਰਲਾਇੰਦਾ । ਸੁਰਪਤ ਰਾਜਾ ਇੰਦ ਹੋਏ ਖ਼ਬਰਦਾਰ, ਕਰੋੜ ਤੇਤੀਸਾ ਨਾਲ ਰਖਾਇੰਦਾ । ਪ੍ਰਗਟ ਹੋਏ ਵਿਚ ਸੰਸਾਰ, ਜਗਤ ਜਗਦੀਸਾ ਜੋਤ ਜਗਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਨਿਹਕਲੰਕਾ ਲਏ ਅਵਤਾਰ, ਵੇਦ ਵਿਆਸਾ ਆਪ ਲਿਖਾਇੰਦਾ । ਜਨ ਭਗਤਾਂ ਕਰੇ ਇਕ ਪਿਆਰ, ਆਪ ਆਪਣੀ ਦਇਆ ਕਮਾਇੰਦਾ । ਸਾਚਾ ਮੇਲਾ ਕੰਤ ਭਤਾਰ, ਨਾਰੀ ਕੰਤਾ ਆਪ ਅਖਵਾਇੰਦਾ । ਆਤਮ ਸੇਜਾ ਕਰ ਸ਼ਿੰਗਾਰ, ਫੂਲਨ ਬਰਖਾ ਲਾਇੰਦਾ । ਜੋਤ ਸਰੂਪੀ ਕਰ ਆਕਾਰ, ਸ਼ਬਦੀ ਮੇਲ ਮਿਲਾਇੰਦਾ । ਆਪੇ ਬੈਠਾ ਅਧ ਵਿਚਕਾਰ, ਦਸਮ ਦਵਾਰ ਡੇਰਾ ਲਾਇੰਦਾ । ਚਾਰੋਂ ਕੁੰਟ ਬੰਦ ਕਿਵਾੜ, ਨਾ ਕੋਈ ਤਾਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਚਾਰ ਵਰਨ ਏਕਾ ਸਰਨ ਏਕਾ ਧਾਰ ਵਹਾਇੰਦਾ । ਚਾਰ


੯੨੩
੦੬

ਵਰਨ ਇਕ ਦਵਾਰਾ, ਏਕਾ ਰੰਗ ਰੰਗਾਈਆ । ਖਾਣੀ ਬਾਣੀ ਨਾ ਕੋਈ ਕਰੇ ਪਿਆਰਾ, ਅੰਜੀਲ ਕੁਰਾਨਾ ਹਾਹਾਕਾਰਾ, ਰਸਨਾ ਜਿਹਵਾ ਕੋਈ ਨਾ ਗਾਈਆ । ਮੁੱਲਾ ਸ਼ੇਖ਼ ਮੁਸਾਇਕ ਪੀਰ ਰੋਵਣ ਜ਼ਾਰੋ ਜ਼ਾਰਾ, ਨੇਤਰ ਨੀਰ ਵਹਾਈਆ । ਅੱਲਾ ਹੂ ਹੂ ਤੇਰਾ ਕੋਈ ਨਾ ਲਾਏ ਨਾਅਰਾ, ਅਹਿਨਲ ਹੱਕ ਨਾ ਕੋਈ ਸੁਣਾਈਆ । ਏਕਾ ਏਕ ਬੇਐਬ ਪਰਵਰਦਿਗਾਰਾ, ਖ਼ੁਦੀ ਖ਼ੁਦਾਈ ਦਏ ਮਿਟਾਈਆ । ਨਿਹਕਲੰਕ ਲਏ ਅਵਤਾਰਾ, ਅਮਾਮ ਮਹਿੰਦੀ ਨਾਉਂ ਰਖਾਈਆ । ਪੀਲੇ ਬਸਤਰ ਤਨ ਕਰ ਸ਼ਿੰਗਾਰਾ, ਮੱਕਾ ਮਦੀਨਾ ਫੇਰਾ ਪਾਈਆ । ਕੂਜਾ ਬਾਂਗ ਹੱਥ ਮੁਸੱਲਾ ਅਪਰ ਅਪਾਰਾ, ਏਕਾ ਵਾਹਿਜ਼ ਰਿਹਾ ਸੁਣਾਈਆ । ਸੋਹੰ ਸ਼ਬਦ ਤੇਰੀ ਜੈ ਜੈ ਕਾਰਾ, ਉਮਤ ਨਬੀ ਰਸੂਲ ਦੀ ਆਪੇ ਰਿਹਾ ਪੜ੍ਹਾਈਆ । ਅਰਬ ਅਰਬਾਨੀਆਂ ਢਹਿ ਪਏ ਦਵਾਰਾ, ਸ਼ਾਹ ਅਫਗਾਨਾ ਰਹਿਣ ਨਾ ਪਾਈਆ । ਏਕਾ ਝੁੱਲੇ ਨਾਮ ਨਿਸ਼ਾਨਾ ਅਪਰ ਅਪਾਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਉਪਰ ਨਾਮ ਰਖਾਈਆ । ਏਕਾ ਵਾਹਿਦ ਗਾਡ ਖ਼ੁਦਾ, ਏਕਾ ਨੂਰ ਅਲਾਹੀਆ । ਏਕਾ ਜੁਦਾ ਦਏ ਕਰਾ, ਏਕਾ ਮੇਲ ਮਿਲਾਈਆ । ਏਕਾ ਸਦਾ ਰਿਹਾ ਜਗਾ, ਏਕਾ ਛੰਦ ਸੁਣਾਈਆ । ਆਪਣੀ ਗਦਾ ਆਪ ਕਰਾ, ਚਾਕਰ ਚਾਕਰੀ ਰਿਹਾ ਕਮਾਈਆ । ਆਤਮ ਮਧ ਜਾਮ ਪਿਲਾ, ਏਕਾ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਨਾਅਰਾ ਹਰਿ ਨਿਰੰਕਾਰਾ ਆਪਣਾ ਆਪ ਕਰਾਇੰਦਾ । ਆਪੇ ਕਰੇ ਜਗਤ ਪਿਆਰਾ, ਆਪੇ ਭਰਮ ਭੁਲਾਇੰਦਾ । ਆਪੇ ਕਰੇ ਤਨ ਸ਼ਿੰਗਾਰਾ, ਆਪੇ ਖ਼ਾਕ ਰੁਲਾਇੰਦਾ । ਆਪੇ ਵਿਗਸੇ ਕਰ ਵਿਚਾਰਾ, ਵੇਖਣਹਾਰ ਆਪ ਰਖਾਇੰਦਾ । ਬਸਤਰ ਦਿਸੇ ਨਾ ਕਿਸੇ ਚੀਰ ਸੰਸਾਰਾ, ਰੂਪ ਅਨੂਪ ਸਤਿ ਸਰੂਪ ਆਪ ਸਮਾਇੰਦਾ । ਵੰਡਨ ਵੰਡੇ ਅਪਰ ਅਪਾਰਾ, ਖੰਡ ਬ੍ਰਹਿਮੰਡ ਜੇਰਜ ਅੰਡ ਖੋਜ ਖੁਜਾਇੰਦਾ । ਸੂਰਜ ਚੰਨ ਵੇਖੇ ਧਾਰਾ, ਤਾਰਾ ਮੰਡਲ ਨਾ ਕੋਈ ਚੜ੍ਹਾਇੰਦਾ । ਏਕਾ ਏਕ ਅਬਿਨਾਸ਼ੀ ਕਰਤਾ ਆਦਿ ਸ਼ਕਤ ਜੋਤ ਸਰੂਪ ਦਿਸੇ, ਅਨਭਵ ਪਰਕਾਸ਼ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਏਕ ਭਉ ਚੁਕਾਇੰਦਾ । ਏਕਾ ਦੂਜਾ ਭਉ ਚੁਕਾਉਣਾ, ਪ੍ਰਭ ਆਪਣੀ ਕਲ ਵਰਤਾਈਆ । ਰਾਗ ਛਤੀਸਾ ਕਿਸੇ ਨਾ ਗਾਉਣਾ, ਨਾ ਕੋਈ ਜਗਤ ਵਿਦਿਆ ਕਰੇ ਪੜ੍ਹਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਪੰਡਤ ਪਾਧਾਂ ਨਾ ਕੋਈ ਰਖਾਉਣਾ, ਤਿਲਕ ਮਸਤਕ ਨਾ ਕੋਈ ਲਗਾਈਆ । ਮੁੱਲਾ ਸ਼ੇਖ਼ ਨਾ ਕਿਸੇ ਮਤ ਰਖਾਉਣਾ, ਤਸਬੀ ਗਾਨੀ ਨਾ ਗਲ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਅੱਖਰ ਜਗਤ ਵੱਖਰ, ਲੋਕਮਾਤ ਨਾਮ ਜਪਾਉਣਾ, ਸੋਹੰ ਸੋ ਮਾਤ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਏਕਾ ਮਾਰਗ ਲਾਉਣਾ, ਏਕਾ ਰਾਹ ਚਲਾਈਆ । ਸ਼ਬਦ ਦਸਤਾਰ ਸੀਸ ਬੰਧਾਉਣਾ, ਨੀਲਾ ਕਾਲਾ ਪੀਲਾ ਚੀਰ ਨਾ ਕੋਈ ਰਖਾਈਆ । ਆਤਮ ਦਰਸੀ ਦਰਸ ਦਿਖਾਉਣਾ, ਹਰ ਘਟ ਅੰਦਰ ਵੇਖ ਵਖਾਈਆ । ਦਰ ਦਵਾਰਾ ਇਕ ਖੁਲ੍ਹਾਉਣਾ, ਸਤਿਜੁਗ ਸਾਚਾ ਰਾਗ ਅਲਾਈਆ । ਜੂਠ ਝੂਠ ਨਜ਼ਰ ਨਾ ਆਉਣਾ, ਮਦਿਰਾ ਜਾਮ ਨਾ ਕੋਈ ਪਿਲਾਈਆ । ਕੇਸਾਧਾਰੀ ਨਾ ਮਾਣ ਰਖਾਉਣਾ, ਮੂੰਡ ਮੁੰਡਾਏ ਰਹੇ ਸ਼ਰਮਾਈਆ । ਊਚ ਨੀਚ ਪ੍ਰਭ ਭੇਵ ਚੁਕਾਉਣਾ, ਰਾਓ ਰੰਕ ਨਾ ਕੋਈ ਅਖਵਾਈਆ । ਏਕਾ ਸ਼ਬਦ ਰਾਗ ਅਨਾਦੀ ਸ੍ਰਿਸ਼ਟ ਸਬਾਈ ਗਾਉਣਾ, ਨੌਂ ਖੰਡ ਹਰਿਜਨ ਵੱਜੇ ਵਧਾਈਆ । ਸੱਤਾਂ ਦੀਪਾਂ ਲੱਖ ਚੁਰਾਸੀ ਪ੍ਰਭ ਅਬਿਨਾਸ਼ੀ ਪਾਰਬ੍ਰਹਮ ਕਰਤਾ ਏਕਾ ਪਾਉਣਾ, ਨਾ ਕੋਈ ਦੂਸਰ ਓਟ ਰਖਾਈਆ । ਅਕਾਲ ਮੂਰਤ ਪ੍ਰਭ ਨਜ਼ਰੀ ਆਉਣਾ, ਏਕਾ ਰੰਗ ਚੜ੍ਹਾਈਆ ।

੯੨੪
੦੬

ਗੁਰਮੁਖ ਸਾਚੇ ਦਰ ਬਹਾਉਣਾ, ਬਜਰ ਕਪਾਟੀ ਤੋੜ ਤੁੜਾਈਆ । ਸਰ ਸਰੋਵਰ ਇਕ ਨੁਹਾਉਣਾ, ਚਰਨ ਧੂੜ ਖ਼ਾਕ ਰਮਾਈਆ । ਅੱਠ ਸੱਠ ਤੀਰਥ ਮੇਟ ਮਿਟਾਉਣਾ, ਗੰਗਾ ਗੋਦਾਵਰੀ ਰਹੀ ਸ਼ਰਮਾਈਆ । ਮੱਕਾ ਮਦੀਨਾ ਪਹਿਲੇ ਢਾਉਣਾ, ਚੌਦਾਂ ਕੱਤਕ ਲੇਖ ਲਿਖਾਈਆ । ਈਸਾ ਮੂਸਾ ਸੰਗ ਰਲਾਉਣਾ, ਉਨੀ ਉਨੀਸਾ ਦਏ ਦੁਹਾਈਆ । ਅੱਲਾ ਰਾਣੀ ਗਲ ਵਿਚ ਪੱਲਾ ਪਾਉਣਾ, ਨੇਤਰ ਨੈਣਾ ਨੀਰ ਰਹੀ ਵਹਾਈਆ । ਸੰਗ ਮੁਹੰਮਦ ਚਾਰ ਯਾਰ ਸਦੀ ਚੌਧਵੀ ਮਿਲੇ ਨਾ ਸੌਣਾ, ਚੌਦਾਂ ਤਬਕਾਂ ਰਿਹਾ ਹਿਲਾਈਆ । ਸੇਵਾ ਲਾਏ ਪਵਣੀ ਪਵਣਾ, ਏਕਾ ਸ਼ਬਦ ਕਰੇ ਜਣਾਈਆ । ਜਾਗਰਤ ਜੋਤ ਜਵਾਲਾ ਇਕ ਜਗਾਉਣਾ, ਅਗਨੀ ਲਾਟ ਨਾ ਕੋਈ ਵਖਾਈਆ । ਕੀਰਤਨ ਸੋਹਲਾ ਪੌੜੀ ਕਿਸੇ ਨਾ ਗਾਉਣਾ, ਨਾਮ ਸਤਿ ਗਿਆ ਮਤ ਸਮਝਾਈਆ । ਨਾਨਕ ਗੋਬਿੰਦ ਇਹ ਸਮਝਾਉਣਾ, ਲੱਖ ਚੁਰਾਸੀ ਗਿਆ ਸਮਝਾਈਆ । ਕਲਜੁਗ ਅੰਤਮ ਨਿਹਕਲੰਕ ਪ੍ਰਭ ਸਾਚਾ ਆਉਣਾ, ਜੀਵ ਜੰਤ ਭੇਵ ਨਾ ਰਾਈਆ । ਜੂਠਾ ਝੂਠਾ ਜਗਤ ਪਸਾਰ ਮਿਟਾਉਣਾ, ਸਾਧਾਂ ਸੰਤਾਂ ਅੰਦਰ ਖੋਜ ਖੁਜਾਈਆ । ਗੜ੍ਹ ਹੰਕਾਰੀ ਰਹਿਣ ਨਾ ਪਾਉਣਾ, ਨੌਂ ਦਰ ਵੇਖੇ ਪਈ ਦੁਹਾਈਆ । ਆਪ ਆਪਣਾ ਡੰਕ ਵਜਾਉਣਾ, ਏਕਾ ਅੰਕ ਰਖਾਈਆ । ਨਿਰਗੁਣ ਸਰਗੁਣ ਵੇਖ ਵਖਾਉਣਾ, ਨਿਰਗੁਣ ਰੂਪ ਅਲਾਹੀਆ । ਗੁਰਮੁਖ ਹਰਿਜਨ ਜਨ ਭਗਤ ਜੁਗ ਵਿਛੜੇ ਜਗ ਮੇਲ ਮਿਲਾਉਣਾ, ਆਪਣੇ ਹੱਥ ਰੱਖੀ ਵਡਿਆਈਆ । ਵੇਦ ਕਿਤੇਬ ਭੇਵ ਕਿਸੇ ਨਾ ਪਾਉਣਾ, ਲਿਖ ਲਿਖ ਪੜ੍ਹ ਪੜ੍ਹ ਦੇਂਦੇਂ ਮਾਤ ਦੁਹਾਈਆ । ਅਛਲ ਛਲ ਪ੍ਰਭ ਆਪ ਕਰਾਉਣਾ, ਬਲ ਬਾਵਨ ਭੇਖ ਵਟਾਈਆ । ਕਲਜੁਗ ਰਾਵਣ ਮੇਟ ਮਿਟਾਉਣਾ,
੯੨੫ ਰਾਮ ਰਾਮਾ ਰੂਪ ਸਮਾਈਆ । ਹਰਿਜਨ ਤੇਰਾ ਸਤਿ ਸਤਿਵਾਦੀ ਰਾਹ ਚਲਾਉਣਾ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਅਰਜਨ ਲੇਖਾ ਲੇਖ ਲਿਖਾਉਣਾ, ੯੨੫
੦੬ ਅਠਾਰਾਂ ਧਿਆਏ ਕਰੇ ਜਣਾਈਆ । ਗੀਤਾ ਗਿਆਨ ਮੇਲ ਮਿਲਾਉਣਾ, ਕਲਜੁਗ ਅੰਤਮ ਔਧ ਮਿਟਾਈਆ । ਈਸਾ ਮੂਸਾ ਆਪ ਸਮਝਾਉਣਾ, ਆਪ ੦੬
ਆਪਣੀ ਦਇਆ ਕਮਾਈਆ । ਕਲਜੁਗ ਤੇਰਾ ਵਕਤ ਸੁਹਾਉਣਾ, ਹਰਿ ਸ਼ਬਦ ਵੱਜੇ ਵਧਾਈਆ । ਹਰਿ ਸੰਗਤ ਹਰਿ ਹਰਿ ਸਾਚਾ ਪਾਉਣਾ, ਹਰਿ ਨਾਮੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਰਮੀ ਨਿਹਕਰਮ ਕਮਾਉਣਾ, ਜਰਮ ਕਰਮ ਧਰਮ ਬਰਨ ਮਰਨ ਚਰਨ ਹਰਿ ਸਰਨਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਆਪ ਆਪਣੀ ਜੋਤ ਧਰ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਸਤਿ ਪੁਰਖ ਸਤਿ ਸਤਿਵੰਤ, ਸਤਿ ਸਰੂਪ ਸਮਾਇਆ । ਭੇਵ ਨਾ ਪਾਇਣ ਜੀਵ ਜੰਤ, ਸਾਧ ਸੰਤ ਚੌਥੇ ਪਦ ਸਮਾਇਆ । ਚੌਥਾ ਪਦ ਮਹਿੰਮਾ ਅਗਣਤ, ਪੰਚਮ ਰਾਹ ਤਕਾਇਆ । ਪੰਚਮ ਰੂਪ ਹਰਿ ਬੇਅੰਤ, ਬੇਅੰਤ ਬੇਅੰਤ ਆਪ ਅਖਵਾਇਆ । ਛੇਵੇਂ ਮੇਲਾ ਨਾਰੀ ਕੰਤ, ਜੋਤੀ ਨਾਰੀ ਸੇਜ ਹੰਢਾਇਆ । ਦੇਵੇ ਮਤ ਅਲੱਖ ਨਿਰੰਜਣ ਆਦਿ ਅੰਤ, ਏਕਾ ਰੰਗ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਹਰਿ ਆਪਣਾ ਆਪ ਸੁਹਾਇਆ । ਕਰਨਹਾਰ ਸਮਰਥ, ਹਰਿ ਰਘੁਨਾਥਿਆ । ਸ਼ਬਦ ਜਣਾਏ ਅਕਥਨਾ ਅਕੱਥ, ਪੁਰਖ ਸਮਰਾਥਿਆ । ਧੁਰ ਦਰਗਾਹੀ ਸਾਚੀ ਵੱਥ, ਜਨ ਭਗਤਾਂ ਦੇਵੇ ਹੱਥੋ ਹਾਥਿਆ । ਪੰਚਮ ਪੰਚਾਂ ਦੇਵੇ ਮਥ, ਪੰਚਮ ਪਾਏ ਸਾਚੀ ਨਾਥਿਆ । ਹਰਿਜਨ ਸਗਲ ਵਸੂਰੇ ਜਾਇਣ ਲੱਥ, ਮਿਲੇ ਮੇਲ ਰਾਮਾ ਦਸਰਾਥਿਆ, ਖੇਲੇ ਖੇਲ ਤ੍ਰੈਲੋਕੀ ਨਾਥ, ਅਨਾਥ ਅਨਾਥਾਂ ਹੋਏ ਸਾਥਿਆ । ਲਹਿਣਾ ਦੇਣਾ ਮਸਤਕ ਮਾਥ, ਆਪ ਰਖਾਏ ਆਪਣੇ ਹਾਥਿਆ । ਹਰਿਜਨ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵੰਤਿਆ । ਸਚ ਜਣਾਈ ਏਕਾ ਗਾਥ, ਸੋਹੰ ਸੋ ਭਗਤ ਭਗਵੰਤਿਆ ।

ਅਬਿਨਾਸ਼ੀ ਕਰਤਾ ਆਪੇ ਹੋ, ਆਪੇ ਹੋਏ ਕਮਲਾਪਾਤਿਆ। ਬੀਜ ਆਤਮ ਸਾਚਾ ਬੋ, ਫਲ ਲਗਾਏ ਕਾਇਆ ਡਾਲ੍ਹੀ ਸਾਚੀ ਪਾਤੀਆ। ਮਨਮੁਖ ਜੀਵ ਰਹੇ ਰੋ, ਧਰਤ ਮਾਤ ਵਿਛਾਈ ਬੈਠੀ ਸਥਿਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਜਣਾਏ ਆਪਣੀ ਗਾਥਿਆ। ਏਕਾ ਗਾਥਾ ਏਕਾ ਅੱਖਰ, ਏਕਾ ਜਗਤ ਪੜ੍ਹਾਈਆ। ਬਜਰ ਕਪਾਟੀ ਪਾੜੇ ਪੱਥਰ, ਸੱਥਰ ਹੇਠ ਵਿਛਾਈਆ। ਨੇਤਰ ਨੀਰ ਵਰੋਲੇ ਅੰਬਰ, ਨੈਣੀ ਨੀਰ ਸਮਾਈਆ। ਗੁਰਮੁਖ ਸਚ ਵਰੋਲੇ ਮੱਖਣ, ਨਾਮ ਮਧਾਣਾ ਏਕਾ ਪਾਈਆ। ਕਲਜੁਗ ਅੰਤਮ ਆਇਆ ਰੱਖਣ, ਆਪਣੇ ਹੱਥ ਰੱਖੀ ਵਡਿਆਈਆ। ਮਨਮੁਖ ਜੀਵਾਂ ਭਾਂਡੇ ਸੱਖਣ, ਆਤਮ ਝੋਲੀ ਨਾ ਕੋਈ ਭਰਾਈਆ। ਵੇਖ ਵਖਾਏ ਚਾਰੇ ਦਿਸ਼ਾ ਉਤਰ ਪੂਰਬ ਪੱਛਮ ਦੱਖਣ, ਲੁਕਿਆ ਕੋਈ ਰਹਿਣ ਨਾ ਪਾਈਆ। ਜੂਠ ਝੂਠ ਅੰਗਿਆਰੇ ਭਖਣ, ਕਲਜੁਗ ਲੰਬੂ ਰਿਹਾ ਲਾਈਆ। ਜੀਵ ਜੰਤ ਸਾਰੇ ਤੱਕਣ, ਰਾਹ ਖਹਿੜਾ ਦਿਸ ਨਾ ਆਈਆ। ਗੌਂਸ ਮਜ਼ੌਰ ਮੱਕਾ ਮਦੀਨਾ ਤਜਣ, ਹੋਏ ਨਾ ਕੋਈ ਸਹਾਈਆ। ਪੰਥ ਖਾਲਸਾ ਸਰ ਅੰਮ੍ਰਿਤ ਛੱਡ ਛੱਡ ਭੱਜਣ, ਜਾਵਣ ਵਾਹੋ ਦਾਹੀਆ। ਕਾਸ਼ੀ ਪੰਡਤ ਕੋਈ ਨਾ ਪੜਦਾ ਕੱਜਣ, ਚੰਦਨ ਤਿਲਕ ਨਾ ਕੋਈ ਲਗਾਈਆ। ਅਠਸਠ ਨਾ ਮਿਲੇ ਕਿਸੇ ਮਜਨ, ਸਰ ਸਰੋਵਰ ਨਾ ਕੋਈ ਨੁਹਾਈਆ। ਨਾ ਕੋਈ ਹਾਜ਼ੀ ਕਰੇ ਹੱਜਨ, ਜਗਤ ਯਾਤਰਾ ਪੂਰ ਕਰਾਈਆ। ਨਾ ਕੋਈ ਸ਼ਾਹ ਸੁਲਤਾਨ ਰਾਜ ਰਾਜਨ, ਦਰ ਦਰਬਾਨ ਨਾ ਕੋਈ ਅਖਵਾਈਆ। ਨਾ ਕੋਈ ਮਾਰੇ ਕਿਸੇ ਆਵਾਜ਼ਨ, ਚਵਰ ਸੀਸ ਨਾ ਕੋਈ ਕਰਾਈਆ। ਲੱਖ ਚੁਰਾਸੀ ਰਚਿਆ ਕਾਜਨ, ਕਰਮ ਧਰਮ ਕਰਨ ਕੁੜਮਾਈਆ। ਧਾਮ ਅਵੱਲਾ ਦੇਸ ਮਾਝਨ, ਪ੍ਰਭ ਸਾਚਾ ਸਗਨ ਮਨਾਈਆ। ਜਨ ਭਗਤਾਂ ਆਤਮ ਰੱਖੇ ਲਾਜਨ, ਲਾਜਾਵੰਤ ਆਪ ਅਖਵਾਈਆ। ਨਾਮ ਚੜ੍ਹਾਏ ਸਚ ਜਹਾਜ਼ਨ, ਸੋਹੰ ਚੱਪੂ ਲਾਈਆ। ਮਨਮੁਖ ਜੀਵਾਂ ਖੋਲ੍ਹੇ ਪਾਜਨ, ਭਰਮ ਗੜ੍ਹ ਤੁੜਾਈਆ। ਗੁਰਮੁਖ ਨਾਰੀ ਕੰਤ ਸੁਹਾਗਨ, ਘਰ ਸਾਚੇ ਮੇਲ ਮਿਲਾਈਆ। ਆਪ ਕਰਾਏ ਜਗਤ ਵੈਰਾਗਨ, ਖੁਲ੍ਹੜੇ ਕੇਸ ਗਲ ਲਟਕਾਈਆ। ਚਰਨ ਧੂੜ ਕਰਾਏ ਮਜਨ ਮਾਘਨ, ਚਵਰ ਚਵਰਾ ਇਕ ਕਰਾਈਆ। ਪੁਰਖ ਅਬਿਨਾਸ਼ੀ ਸਾਚਾ ਸਾਜਨ, ਹਰਿਜਨ ਸਾਚੇ ਲਏ ਤਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਹਰ ਘਟ ਥਾਈਆ। ਵੇਖਣਹਾਰਾ ਹਰਿ ਰਘੁਨਾਥਾ, ਸੇਵਕ ਸੇਵਾ ਕਮਾਇੰਦਾ। ਦੋ ਜਹਾਨੀ ਸਗਲਾ ਸਾਥਾ, ਸਗਲਾ ਸੰਗ ਨਿਭਾਇੰਦਾ। ਗੁਰਮੁਖ ਰੱਖੇ ਦੇ ਕਰ ਹਾਥਾ, ਆਪ ਆਪਣੇ ਅੰਗ ਲਗਾਇੰਦਾ। ਲੇਖੇ ਲਾਏ ਚਰਨ ਛੁਹਾਇਆ ਮਸਤਕ ਮਾਥਾ, ਨੂਰ ਨੂਰੀ ਰੂਪ ਦਰਸਾਇੰਦਾ। ਅੰਮ੍ਰਿਤ ਆਤਮ ਮਾਰੇ ਠਾਠਾ, ਏਕਾ ਧਾਰ ਵਹਾਇੰਦਾ। ਨਾ ਕੋਈ ਪੂਜਾ ਨਾ ਕੋਈ ਪਾਠਾ, ਭਾਗ ਲਗਾਏ ਕਾਇਆ ਬਾਟਾ, ਅੰਮ੍ਰਿਤ ਆਤਮ ਜਾਮ ਪਿਆਇੰਦਾ। ਨਾ ਕੋਈ ਤੀਰਥ ਨਾ ਕੋਈ ਤਾਟਾ, ਸਾਚਾ ਮਜਨ ਇਕ ਕਰਾਇੰਦਾ। ਆਪੇ ਗੇੜਨਹਾਰਾ ਉਲਟੀ ਲਾਠਾ, ਕਲਜੁਗ ਗੇੜਾ ਆਪ ਦਵਾਇੰਦਾ। ਧੁਰ ਦਰਗਾਹੀ ਆਇਆ ਨਾਠਾ, ਭੇਖਾਧਾਰੀ ਭੇਖ ਵਟਾਇੰਦਾ। ਹਰਿਜਨ ਲੇਖੇ ਲਾਏ ਹਾਡੀ ਤਿੰਨ ਸੌ ਸਾਠਾ, ਨਾੜ ਬਹੱਤਰ ਜੋਤ ਜਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਹਰਿ ਰੰਗਣ ਰੰਗ ਰੰਗਾਇੰਦਾ। ਹਰਿ ਸੰਗਤ ਵਰ ਸਾਚਾ ਪਾ, ਆਤਮ ਚਿੰਤ ਮਿਟਾਈਆ। ਇਕ ਧਿਆਨ ਗੁਰ ਚਰਨ ਲਗਾ, ਰੋਗ ਸੋਗ ਗਵਾਈਆ। ਸੋਹੰ ਸੋ ਰਸਨਾ ਗਾ, ਸਤਿ ਪੁਰਖੇ ਵਿਚ ਸਮਾਈਆ। ਸਦਾ ਸੁਹੇਲਾ ਦੇਵੇ ਠੰਡੀ ਛਾਂ, ਆਪ ਆਪਣਾ ਹੱਥ ਟਿਕਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਬਖ਼ਸ਼ੇ ਨਾਮ ਵਰ,

ਵਡ ਦਾਤਾ ਬੇਪਰਵਾਹੀਆ । ਹਰਿ ਕਾ ਨਾਮ ਜਗਤ ਅਨਮੁਲਾ, ਗੁਰਮੁਖ ਵਿਰਲਾ ਪਾਇੰਦਾ । ਸਚ ਭੰਡਾਰਾ ਮਾਤ ਖੁਲ੍ਹਾ, ਕਰਨੀ ਕਰਤਾ ਆਪ ਵਰਤਾਇੰਦਾ । ਦਰ ਦਵਾਰੇ ਨਾ ਕੋਈ ਲਾਏ ਮੁੱਲਾ, ਚਰਨ ਪ੍ਰੀਤੀ ਇਕ ਸਿਖਾਇੰਦਾ । ਗੁਰਮੁਖ ਜੋ ਜਨ ਆਏ ਭੁੱਲਾ, ਭੁੱਲਿਆਂ ਮਾਰਗ ਪਾਇੰਦਾ । ਆਪੇ ਫੁਲਿਆ ਆਪੇ ਫੁਲਾ, ਫੁਲ ਫੁਲਵਾੜੀ ਮਾਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਦੇਵੇ ਨਾਮ, ਜੋ ਜਨ ਸਾਚੀ ਮੰਗ ਮੰਗਾਇੰਦਾ ।



### ❋ ੧੦ ਕੱਤਕ ੨੦੧੪ ਬਿਕ੍ਰਮੀ ਚਰਨ ਸਿੰਘ ਦੇ ਗ੍ਰਿਹਿ ਪਿੰਡ ਹਮਰਾਜਪੁਰ ਜ਼ਿਲਾ ਗੁਰਦਾਸਪੁਰ ❋

ਗੁਰਮੁਖ ਦਵਾਰਾ ਸਚ ਘਰ, ਮੇਲਾ ਪੁਰਖ ਅਗੰਮ । ਦੋ ਜਹਾਨੀ ਏਕਾ ਵਰ, ਨਾ ਮਰੇ ਨਾ ਪਏ ਜੰਮ । ਆਵਣ ਜਾਵਣ ਚੁੱਕੇ ਡਰ, ਲੇਖੇ ਲੱਗੇ ਕਾਇਆ ਚੰਮ । ਮੇਲ ਮਿਲਾਇਆ ਹਰਿ ਦਇਆ ਕਮਾਇਆ ਹਰੀ ਹਰਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਜਨ ਭਗਤਾਂ ਆਪ ਸਵਾਰੇ ਦਰ ਦਰ ਘਰ ਘਰ ਆਏ ਕੰਮ ।

ਹਰਿ ਦਾਤਾ ਦਾਤਾਰ, ਜੁਗ ਜੁਗ ਆਪ ਅਖਵਾਇੰਦਾ । ਜੋਤੀ ਨੂਰ ਹਰਿ ਅਪਾਰ, ਸ਼ਬਦੀ ਸ਼ਬਦ ਸਮਾਇੰਦਾ । ਖੇਲੇ ਖੇਲ ਖੇਲਣਹਾਰ, ਦਿਸ ਕਿਸੇ ਨਾ ਆਇੰਦਾ । ਆਦਿ ਅੰਤ ਜੁਗਾ ਜੁਗੰਤ ਲੋਕਮਾਤ ਲਏ ਅਵਤਾਰ, ਆਪ ਆਪਣੀ ਬਣਤ ਬਣਾਇੰਦਾ । ਸਾਧ ਸੰਤ ਲਾਏ ਸੇਵਕ ਸੇਵਾਦਾਰ, ਸਾਚੀ ਸੇਵਕ ਸੇਵ ਕਮਾਇੰਦਾ । ਭਗਤ ਭਗਤੀ ਕਰੇ ਖ਼ਬਰਦਾਰ, ਪੂਤ ਸਪੂਤੇ ਸੋਏ ਆਪ ਜਗਾਇੰਦਾ । ਜੁਗ ਜੁਗ ਲਹਿਣਾ ਦੇਣਾ ਕਰਜ਼ ਉਤਾਰ, ਸਾਚੀ ਭਿਛਿਆ ਝੋਲੀ ਪਾਇੰਦਾ । ਨਾਮ ਗਹਿਣਾ ਤਨ ਸ਼ਿੰਗਾਰ, ਏਕਾ ਬਸਤਰ ਵੇਖ ਵਖਾਇੰਦਾ । ਦਰਸ਼ਨ ਨੈਣਾਂ ਅੰਤਮ ਵਾਰ, ਏਕਾ ਦੂਜਾ ਭੇਵ ਚੁਕਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਚੌਥਾ ਘਰ ਸੁਹਾਇੰਦਾ । ਪੰਚਮ ਮੇਲਾ ਮੀਤ ਮੁਰਾਰ, ਵਿਛੜ ਕਦੇ ਨਾ ਜਾਇੰਦਾ । ਛੇਵੇਂ ਛਪੱਰ ਛੰਨ ਨਾ ਕੋਈ ਪਸਾਰ, ਚਾਰ ਦਿਵਾਰ ਨਾ ਕੋਈ ਜਣਾਇੰਦਾ । ਸੱਤਵੇਂ ਸਤਿ ਪੁਰਖ ਨਿਰੰਜਣ ਅਪਰ ਅਪਾਰ, ਥਿਰ ਘਰ ਆਪਣਾ ਆਸਣ ਲਾਇੰਦਾ । ਦੀਪਕ ਜੋਤੀ ਕਰ ਉਜਿਆਰ, ਅੱਠੇ ਪਹਿਰ ਡਗਮਗਾਇੰਦਾ । ਅੱਠ ਤਤ ਨਾ ਪਾਇਣ ਸਾਰ, ਭੇਵ ਅਭੇਦਾ ਨਾ ਕੋਈ ਭੇਵ ਜਣਾਇੰਦਾ । ਨੌਂ ਦਰ ਦਵਾਰ ਲੱਖ ਚੁਰਾਸੀ ਕਰ ਖ਼ੁਆਰ, ਆਪ ਆਪਣਾ ਮੁਖ ਛੁਪਾਇੰਦਾ । ਦਸਵੇਂ ਘਰ ਸਤਿ ਆਕਾਰ, ਆਪ ਆਪਣਾ ਰੰਗ ਰੰਗਾਇੰਦਾ । ਜਨ ਭਗਤਾਂ ਮੇਲਾ ਵਿਚ ਸੰਸਾਰ, ਅੰਤਰ ਮੰਤਰ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਉਤਰਿਆ ਪਾਰ, ਕਲਜੁਗ ਅੰਤਮ ਅੰਤ ਕਰਾਇੰਦਾ । ਗੋਬਿੰਦ ਲੇਖਾ ਲੇਖ ਲਿਖਾਰ, ਲੋਕਮਾਤੀ ਰਾਹ ਚਲਾਇੰਦਾ । ਭਰਮੇ ਭੁੱਲੇ ਜੀਵ ਗਵਾਰ, ਭਰਮ ਗੜ੍ਹ ਨਾ ਕੋਈ ਤੁੜਾਇੰਦਾ । ਹਉਮੇ ਹੰਗਤਾ ਕਰ ਪਿਆਰ, ਸਾਚੀ ਸੰਗਤਾ ਨਾ ਕੋਈ ਰਲਾਇੰਦਾ । ਭੁੱਖਾ ਨੰਗਤਾ ਜੀਵ ਜੰਤ ਨਾ ਦੇਵੇ ਕੋਈ ਸਹਾਰ, ਨਾ ਕੋਈ ਧੀਰ ਧਰਾਇੰਦਾ । ਪੁਰਖ ਅਬਿਨਾਸ਼ੀ ਕਰ ਪਸਾਰ, ਆਪ ਆਪਣੀ ਕਲ ਵਰਤਾਇੰਦਾ । ਨਿਹਕਲੰਕਾ ਲਏ ਅਵਤਾਰ, ਸ਼ਬਦ ਡੰਕਾ ਇਕ ਵਜਾਇੰਦਾ । ਰਾਓ ਰੰਕਾਂ ਕਰੇ

੯੨੭
੦੬

ਖ਼ਬਰਦਾਰ, ਸ਼ਾਹ ਸੁਲਤਾਨ ਸੋਇਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਸਚ ਦਵਾਰ, ਪ੍ਰਭ ਸਾਚਾ ਆਪ ਕਰਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਆਪੇ ਕੁੰਡਾ ਲਾਹਿੰਦਾ । ਮੰਦਰ ਅੰਦਰ ਸਾਚੇ ਵਾੜ, ਉਚ ਮਹੱਲ ਅਟੱਲ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਇਕ ਘਰ, ਘਰ ਸਾਚਾ ਆਪ ਸੁਹਾਇੰਦਾ । ਚਰਨ ਨਾਤਾ ਚਰਨ ਧੂੜ, ਗੁਰਸਿਖ ਮਾਤ ਵਡਿਆਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਦੇ ਮਤ ਆਪ ਸਮਝਾਈਆ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਜਗਤ ਨਾਤਾ ਤੋੜੇ ਕੂੜੋ ਕੂੜ, ਏਕਾ ਪੱਲੂ ਨਾਮ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਚਰਨ ਨਾਤਾ ਜਗਤ ਜਗਦੀਸ, ਜੁਗ ਜੁਗ ਆਪ ਕਰਾਇਆ । ਹਰਿਜਨ ਛਤਰ ਝੁਲਾਏ ਸਾਚੇ ਸੀਸ, ਦਿਸ ਕਿਸੇ ਨਾ ਆਇਆ । ਮਨਮੁਖ ਜੀਵ ਜੂਠਾ ਝੂਠਾ ਪੀਸਣ ਰਹੇ ਪੀਸ, ਸਚ ਵਸਤ ਨਾ ਕੋਈ ਝੋਲੀ ਪਾਇਆ । ਪੜ੍ਹ ਪੜ੍ਹ ਥੱਕੇ ਰਾਗ ਛਤੀਸ, ਰਾਗ ਰਾਗਨੀ ਸੇਵਾ ਲਾਇਆ । ਭੇਵ ਨਾ ਪਾਏ ਬੀਸ ਇਕੀਸ, ਹਰਿ ਗੋਬਿੰਦ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਵਿਛੜੇ ਜੁਗ ਮੇਲ ਮਿਲਾਇਆ । ਜਗ ਮੇਲਾ ਜਗਤ ਵਰ, ਹਰਿ ਸਾਚਾ ਆਪ ਮਿਲਾਇੰਦਾ । ਸ਼ਬਦ ਭੰਡਾਰਾ ਆਤਮ ਭਰ, ਤ੍ਰਿਸਨਾ ਭੁੱਖ ਮਿਟਾਇੰਦਾ । ਧੁਰ ਦਰਗਾਹੀ ਦੇਵੇ ਏਕਾ ਵਰ, ਏਕਾ ਅੱਖਰ ਜਾਪ ਜਪਾਇੰਦਾ । ਅੰਮ੍ਰਿਤ ਆਤਮ ਨੁਹਾਏ ਸਾਚੇ ਸਰ, ਤੀਰਥ ਤਟ ਨਾ ਕੋਈ ਰਖਾਇੰਦਾ । ਕਰਨੀ ਕਿਰਤ ਕਰਤਾ ਪੁਰਖ ਆਪੇ ਕਰ, ਕਰਨਹਾਰ ਆਪ ਅਖਵਾਇੰਦਾ । ਸੰਤ ਸੁਹੇਲੇ ਕਰ ਕਰ ਮੇਲੇ ਬਾਂਹੋਂ ਫੜ, ਜੁਗ ਜੁਗ ਵਿਛੜੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਸਰਨ ਸਰਨ ਚਰਨ ਸਚ ਸਰਨਾਈ ਇਕ ਵਖਾਇੰਦਾ । ਸਚ ਸਰਨਾਈ ਹਰਿ ਚਰਨ ਦਵਾਰ, ਏਕਾ ਓਟ ਰਖਾਈਆ । ਮਿਲਿਆ ਮੇਲ ਕੰਤ ਭਤਾਰ, ਆਤਮ ਸੇਜਾ ਰਿਹਾ ਉਠਾਈਆ । ਫੂਲਨ ਬਰਖਾ ਅਪਰ ਅਪਾਰ, ਅਨਹਦ ਰਾਗ ਅਲਾਈਆ । ਪੰਚਮ ਗਾਇਣ ਵਾਰੋ ਵਾਰ, ਦਿਵਸ ਰੈਣ ਮਰਦੰਗ ਵਜਾਈਆ । ਪ੍ਰਭ ਅਬਿਨਾਸ਼ੀ ਵੇਖੇ ਵੇਖਣਹਾਰ, ਦਰ ਘਰ ਸਾਚਾ ਰਿਹਾ ਸੁਹਾਈਆ । ਸ਼ਬਦ ਰੰਗੀਲਾ ਪਲੰਘ ਅਪਾਰ, ਪਾਵਾ ਚੂਲ ਨਾ ਕੋਈ ਰਖਾਈਆ । ਦਸਮ ਦਵਾਰੀ ਅਧਵਿਚਕਾਰ, ਬੈਠਾ ਆਸਣ ਲਾਈਆ । ਗੁਰਮੁਖ ਸਾਚੇ ਕਰ ਕਰ ਪਿਆਰ, ਆਪ ਆਪਣੀ ਗੋਦੀ ਰਿਹਾ ਉਠਾਈਆ । ਅੱਠੇ ਪਹਿਰ ਦਿਵਸ ਰੈਣ ਵਾਜਾਂ ਰਿਹਾ ਮਾਰ, ਸੇਵਕ ਸੇਵ ਰਿਹਾ ਕਮਾਈਆ । ਗਰੀਬ ਨਿਵਾਜ਼ਾ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਜੁਗ ਜੁਗ ਜਨ ਹਰਿ ਤੇਰੀ ਰੱਖੇ ਲਾਜਾ ਲੋਕਮਾਤ ਮਾਰ ਝਾਤ, ਆਪਣੀ ਕਰੇ ਆਪ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਮੇਲੇ ਸਾਚੇ ਘਰ, ਚਰਨ ਸਰਨ ਇਕ ਸਰਨਾਈਆ । ਚਰਨ ਚਰਨੋਦਕ ਅੰਤਮ ਮੁਖ, ਪ੍ਰਭ ਸਾਚਾ ਆਪ ਚੁਆਇੰਦਾ । ਹਉਮੇ ਹੰਗਤਾ ਮਿਟੇ ਦੁੱਖ, ਸਹਿੰਸਾ ਰੋਗ ਮਿਟਾਇੰਦਾ । ਸੁਫਲ ਕਰਾਏ ਮਾਤ ਕੁੱਖ, ਆਵਣ ਜਾਵਣ ਗੇੜ ਮਿਟਾਇੰਦਾ । ਗਰਭ ਵਾਸ ਨਾ ਉਲਟਾ ਰੁੱਖ, ਧਰਮ ਰਾਏ ਨਾ ਮੁਖ ਵਖਾਇੰਦਾ । ਲੇਖੇ ਲੱਗੇ ਮਾਨਸ ਦੇਹੀ ਮਨੁੱਖ, ਹਰਿ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਸਾਚੇ ਘਰ, ਘਰ ਸਾਚਾ ਆਪ ਸੁਹਾਇੰਦਾ । ਗੋਬਿੰਦ ਮੇਲਾ ਸ਼ਬਦ ਸਲਾਹ, ਪ੍ਰਭ


੯੨੮
੦੬

ਸਾਚਾ ਆਪ ਕਰਾਇੰਦਾ । ਜੋਤ ਸਰੂਪੀ ਬਣ ਮਲਾਹ, ਕਲਜੁਗ ਬੇੜਾ ਆਪ ਚਲਾਇੰਦਾ । ਫੜ ਫੜ ਬਾਂਹੋਂ ਰਾਹੇ ਰਿਹਾ ਪਾ, ਏਕਾ ਮਾਰਗ ਲਾਇੰਦਾ । ਲੱਖ ਚੁਰਾਸੀ ਕਟੇ ਫਾਹ, ਆਪਣੀ ਦਇਆ ਕਮਾਇੰਦਾ । ਇਕ ਜਪਾਏ ਸਾਚਾ ਨਾਂ, ਨਾਨਕ ਗੋਬਿੰਦ ਰਸਨਾ ਗਾਇੰਦਾ । ਆਪੇ ਬਣੇ ਪਿਤਾ ਮਾਂ, ਗੁਰਮੁਖ ਸਾਚੇ ਬਾਲ ਅੰਞਾਣੇ ਆਪਣੀ ਗੋਦ ਉਠਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਘਰ ਘਰ ਉਡਣੇ ਕਾਂ, ਨਾ ਕੋਈ ਕਿਸੇ ਬਚਾਇੰਦਾ । ਹੋਏ ਵਿਛੋੜਾ ਪੁੱਤਰਾਂ ਮਾਂ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦ ਸਾਚਾ ਮੇਲ ਦਰ, ਦਰ ਦਵਾਰਾ ਇਕ ਵਖਾਇੰਦਾ । ਦਰ ਦਰਵਾਜ਼ਾ ਖੋਲ੍ਹ ਕਿਵਾੜ, ਪ੍ਰਭ ਆਪਣੀ ਦਇਆ ਕਮਾਈਆ । ਦਿਵਸ ਸੁਹਾਏ ਸਤਾਰਾਂ ਹਾੜ, ਹਰਿ ਸੰਗਤ ਮੇਲ ਮਿਲਾਈਆ । ਮਨਮੁਖਾਂ ਅਗਨ ਲਗਾਏ ਬਹੱਤਰ ਨਾੜ, ਹੱਡ ਮਾਸ ਨਾੜੀ ਰੱਤ ਰਿਹਾ ਜਲਾਈਆ । ਮਗਰ ਲਗਾਏ ਪੰਚਮ ਧਾੜ, ਦਿਵਸ ਰੈਣ ਚੈਨ ਨਾ ਪਾਈਆ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹ, ਲੋਆਂ ਪੁਰੀਆਂ ਫੇਰਾ ਪਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਰੋਵਣ ਜ਼ਾਰੋ ਜ਼ਾਰ, ਅੱਠੇ ਪਹਿਰ ਦੇਣ ਦੁਹਾਈਆ । ਪਰਗਟ ਹੋ ਹਰਿ ਨਿਰੰਕਾਰ, ਕਲਜੁਗ ਆਪਣੀ ਖੇਲ ਵਰਤਾਈਆ । ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣੇ ਹੱਥ ਉਠਾਈਆ । ਸਾਧ ਸੰਤ ਰਹੇ ਵਿਚਾਰ, ਜਗਤ ਵਿਦਿਆ ਮਾਤ ਪੜ੍ਹਾਈਆ । ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ, ਰਸਨਾ ਜਿਹਵਾ ਹੋਈ ਹਲਕਾਈਆ । ਅਬਿਨਾਸ਼ੀ ਕਰਤਾ ਅਪਰ ਅਪਾਰ, ਆਪਣੇ ਹੱਥ ਰੱਖੇ ਵਡਿਆਈਆ । ਗੁਰਮੁਖ ਸਾਚੇ ਲਏ ਉਭਾਰ, ਮੇਲਣਹਾਰ ਸਹਿਜ ਸੁਖਦਾਈਆ । ਚਰਨ ਪ੍ਰੀਤੀ ਇਕ ਪਿਆਰ, ਸਾਚੀ ਰੀਤੀ ਮਾਤ ਵਖਾਈਆ । ਚਾਰ ਵਰਨ ਪ੍ਰਭ ਸਾਂਝਾ ਯਾਰ, ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਸਰਨ ਸਰਨ ਚਰਨ ਮਿਲੀ ਨਾਮ ਜਗਤ ਭਗਤ ਬੂੰਦ ਰਕਤ ਨਾਮ ਵਡਿਆਈਆ । ਹਰਿ ਸੰਗਤ ਹਰਿ ਰੰਗ ਮਾਣਿਆ, ਮੇਲਾ ਗੋਬਿੰਦ ਰਾਏ । ਪਾਰਬ੍ਰਹਮ ਅਬਿਨਾਸ਼ੀ ਕਰਤਾ ਏਕਾ ਜਾਣਿਆ, ਹਉਮੇ ਸਹਿੰਸਾ ਰੋਗ ਗਵਾਏ । ਜੁਗ ਜੁਗ ਚਲੇ ਚਲਾਏ ਆਪਣੇ ਭਾਣਿਆ, ਹਰਿ ਭਾਣਾ ਹੱਥ ਕਿਸੇ ਨਾ ਆਏ । ਭਰਮ ਭੁਲਾਏ ਰਾਜੇ ਰਾਣਿਆ, ਸ਼ਾਹ ਸੁਲਤਾਨਾਂ ਖ਼ਾਕ ਮਿਲਾਏ । ਗੁਰਸਿਖ ਗੁਰਮੁਖ ਸਾਚਾ ਚਤੁਰ ਸੁਘੜ ਸਿਆਣਿਆ, ਆਪ ਆਪਣੇ ਰੰਗ ਸਮਾਏ । ਸੁਣੇ ਸੁਣਾਏ ਅਨਹਦ ਸਾਚੀ ਬਾਣੀਆ, ਆਤਮ ਅੰਤਰ ਤਾਲ ਵਜਾਏ । ਆਪੇ ਜਾਣੇ ਅਕੱਥ ਕਹਾਣੀਆ, ਕਥਨੀ ਕਥ ਨਾ ਸਕੇ ਰਾਏ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀਆ, ਤਾਲ ਸੁਹਾਵਾ ਇਕ ਵਖਾਏ । ਲੱਖ ਚੁਰਾਸੀ ਪੁਣੀ ਛਾਣੀਆ, ਗੁਰਮੁਖ ਸਾਚੇ ਲਏ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਨਾਮ ਵਰ, ਏਕਾ ਦੂਜਾ ਭਓ ਚੁਕਾਏ । ਹਰਿ ਸੰਗਤ ਨਾਉਂ ਸੱਚ, ਸੁੱਚ ਸਚ ਸੱਚੀ ਸਰਨਾਈਆ । ਕਾਇਆ ਮਾਟੀ ਭਾਂਡਾ ਕੱਚ, ਥਿਰ ਰਹਿਣ ਨਾ ਪਾਈਆ । ਪੰਚ ਪੰਚਾਇਣ ਦਰ ਰਹੀ ਨੱਚ, ਅੱਠੇ ਪਹਿਰ ਘੁੰਗਟ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰ, ਹਰਿ ਸੰਗਤ ਦੇਵੇ ਏਕਾ ਵਰ, ਏਕਾ ਅੱਖਰ ਜਗਤ ਵੱਖਰ ਕਰੇ ਪੜ੍ਹਾਈਆ । ਏਕਾ ਅੱਖਰ ਓਅੰਕਾਰਾ, ਏਕੰਕਾਰਾ ਰੂਪ ਸਮਾਇਆ । ਬਜਰ ਕਪਾਟੀ ਪਾੜੇ ਪੱਥਰ, ਦੂਈ ਦਵੈਤੀ ਸਿਲਾ ਹਟਾਇਆ । ਤੀਜੇ ਨੈਣ ਵਰੋਲੇ ਅੱਥਰ, ਆਕਾਸ਼ ਪ੍ਰਕਾਸ਼ ਸਮਾਇਆ । ਪੰਚ ਵਿਕਾਰਾ ਲੱਭੇ ਸੱਥਰ, ਚੌਥੇ ਘਰ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਜੋਤ ਧਰ, ਹਰਿ ਸੰਗਤ ਮੇਲਾ ਸਚ ਦਰ, ਦਰ ਦਵਾਰਾ ਇਕ ਵਖਾਇਆ । ਦਰ ਦਵਾਰ ਆਪੇ ਖੋਲ੍ਹ, ਏਕਾ ਕਲ ਵਰਤਾਈਆ । ਅਨਹਦ ਸ਼ਬਦ ਅਨਾਦੀ ਬੋਲ, ਆਪ ਆਪਣਾ ਰਾਗ ਅਲਾਈਆ । ਸੋਹੰ ਕੰਡੇ ਸਾਚਾ ਤੋਲ, ਤੋਲਣਹਾਰਾ ਹਰ ਘਟ ਥਾਈਆ । ਆਦਿ ਅੰਤ ਜੁਗਾ ਜੁਗੰਤ, ਥਿਰ ਘਰ ਵਾਸੀ ਸਦਾ ਅਡੋਲ, ਨਾ ਡੋਲੇ ਨਾ ਕੋਈ ਡੁਲਾਈਆ । ਜਨ ਭਗਤਾਂ ਕਰੇ ਨਿਤ ਨਵਿਤ ਚੋਲ੍ਹ, ਲੋਕਮਾਤ ਆਵੇ ਜਾਵੇ ਫੇਰਾ ਪਾਈਆ । ਮਨਮੁਖ ਜੀਵ ਮਨ ਮਤ ਬੁਧ ਕਰੇ ਲੜਾਈ ਪੰਜਾਂ ਤਤਾਂ ਘੋਲ, ਦਿਵਸ ਰੈਣ ਰਹੀ ਸੁਣਾਈਆ । ਕਲਜੁਗ ਕਾਇਆ ਖੇਲੇ ਹੋਲੀ ਹੋਲ, ਚਾਰੋਂ ਕੁੰਟ ਵੇਖ ਵਖਾਈਆ । ਲੱਖ ਚੁਰਾਸੀ ਆਪਣਾ ਅੰਦਰ ਆਪੇ ਰਹੀ ਫੋਲ, ਸਚ ਵਸਤ ਕਿਸੇ ਹੱਥ ਨਾ ਆਈਆ । ਸਾਧ ਸੰਤ ਰਹੇ ਅਨਭੋਲ, ਮਾਇਆ ਮਮਤਾ ਪੜਦਾ ਪਾਈਆ । ਪੁਰਖ ਅਗੰਮਾ ਵਸਿਆ ਕੋਲ, ਨਾ ਮਿਲਿਆ ਸਾਚਾ ਮਾਹੀਆ । ਜੂਠ ਝੂਠ ਜੀਵ ਜੰਤ ਖ਼ਾਕ ਰਹੇ ਵਰੋਲ, ਖ਼ਾਕੀ ਖ਼ਾਕ ਨਾ ਕੋਈ ਸਮਾਈਆ । ਆਤਮ ਅੰਤਰ ਨਾ ਗਿਆ ਮੌਲ, ਫੁਲ ਫੁਲਵਾੜੀ ਨਾ ਕੋਈ ਵਖਾਈਆ । ਉਲਟਾ ਹੋਇਆ ਨਾ ਨਾਭ ਕੌਲ, ਅੰਮ੍ਰਿਤ ਧਾਰ ਨਾ ਮੁਖ ਚੁਆਈਆ । ਦਰ ਦਵਾਰ ਨਾ ਮੇਲਾ ਉਪਰ ਧਰਤ ਧੌਲ, ਧਰਤ ਧਵਲ ਰਹੀ ਕੁਰਲਾਈਆ । ਗਾ ਗਾ ਥੱਕੇ ਸੋਲਾਂ ਸੋਲ, ਸਾਵਲ ਸੁੰਦਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਦਰ, ਹਰਿ ਸੰਗਤ ਦੇਵੇ ਸਾਚਾ ਵਰ, ਵਰ ਦਾਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲੋਕਮਾਤ ਦਏ ਵਡਿਆਈਆ ।



ਭਗਤ ਵਣਜਾਰਾ ਖੋਲ੍ਹ ਹੱਟ, ਸਾਚਾ ਵਣਜ ਕਰਾਏ । ਗੁਰਮੁਖ ਲਾਹਾ ਰਹੇ ਖੱਟ, ਮਨਮੁਖਾਂ ਮੁਖ ਭਵਾਏ । ਨਾ ਕੋਈ ਮੰਦਰ ਤੀਰਥ ਕਿਨਾਰਾ ਤਟ, ਨਾ ਕੋਈ ਧਾਮ ਵਖਾਏ । ਮਨ ਹਿਰਦੇ ਜੋਤੀ ਲਟ ਲਟ, ਦਿਵਸ ਰੈਣ ਡਗਮਗਾਏ । ਕਾਲ ਅੰਧੇਰਾ ਕੱਟ ਕੱਟ, ਜਗਤ ਜੰਜਾਲ ਤੁੜਾਏ । ਭਾਗ ਲਗਾਏ ਕਾਇਆ ਮਟ, ਤ੍ਰਿਸ਼ਨਾ ਭੁੱਖ ਮਿਟਾਏ । ਅੰਮ੍ਰਿਤ ਰਸ ਏਕਾ ਚੱਟ, ਨਿਝਰ ਧਾਰ ਸਮਾਏ । ਲੇਖਾ ਚੁੱਕੇ ਆਨ ਬਾਟ, ਫੰਦਨ ਫੰਦ ਕਟਾਏ । ਚਰਨ ਕਵਲ ਕਵਲ ਚਰਨ ਜਨ ਰਹੇ ਢੱਠ, ਆਪ ਆਪਣੇ ਗਲੇ ਲਗਾਏ । ਮਾਇਆ ਮਮਤਾ ਪਾਏ ਭੱਠ, ਥਿਰ ਰਹਿਣ ਨਾ ਪਾਏ । ਗੁਰਸਿਖ ਬਾਲ ਅੰਞਾਣਾ ਪ੍ਰਭ ਚਰਨ ਰਖਾਏ ਇਕ ਹਠ, ਅੰਤਮ ਬੇੜਾ ਪਾਰ ਕਰਾਏ । ਆਪੇ ਗੇੜਨਹਾਰਾ ਲੱਠ, ਆਪ ਵਿਛੋੜੇ ਆਪੇ ਮੇਲ ਮਿਲਾਏ । ਮਾਣ ਗਵਾਏ ਤਿੰਨ ਸੌ ਸੱਠ, ਅਠਸਠ ਬੈਠੇ ਮੁਖ ਭਵਾਏ । ਗੁਰਮੁਖਾਂ ਮੇਲ ਮਿਲਾਏ ਨੱਠ ਨੱਠ, ਗਰੀਬ ਨਿਮਾਣੇ ਆਪਣੀ ਗੋਦ ਉਠਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਹਰਿ ਆਪਣੇ ਰੰਗ ਰੰਗਾਏ ।

### ❋ ੧੦ ਕੱਤਕ ੨੦੧੪ ਬਿਕ੍ਰਮੀ ਬਚਨ ਸਿੰਘ ਦੇ ਗ੍ਰਹਿ ਪਿੰਡ ਕਾਣਾ ਕੌਟਾ ਜ਼ਿਲਾ ਗੁਰਦਾਸਪੁਰ ❋

ਆਦਿ ਪੁਰਖ ਅਨੰਤ, ਅਕਲ ਕਲਾ ਸਮਾਇਆ । ਪਾਰਬ੍ਰਹਮ ਬੇਅੰਤ ਬੇਅੰਤ, ਭੇਵ ਕਿਸੇ ਨਾ ਪਾਇਆ । ਗਾ ਗਾ ਥੱਕੇ ਜੀਵ ਜੰਤ ਸਾਧ ਸੰਤ, ਜੁਗ ਜੁਗ ਸਾਚੀ ਸੇਵ ਕਮਾਇਆ । ਗੁਰਮੁਖ ਵਿਰਲੇ ਇਕ ਇਕੇਲੇ ਸਾਚਾ ਮੇਲਾ ਹਰਿ ਹਰਿ ਕੰਤ, ਨਾਰੀ ਕੰਤਾ ਰੂਪ ਸਮਾਇਆ । ਆਪ ਬਣਾਏ ਬਣਾਵਣਹਾਰਾ ਸਾਚੀ ਬਣਤ, ਦੂਸਰ ਨਾ ਕੋਈ ਸੰਗ ਰਖਾਇਆ । ਏਕਾ ਏਕ ਸੁਣਾਏ ਸੁਹਾਗੀ ਛੰਤ, ਆਦਿ ਅਨਾਦੀ ਨਾਉਂ ਰਖਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਭੇਖੀ ਭੇਖ ਵਟਾਇਆ । ਜੁਗ ਜੁਗ ਭੇਖ ਹਰਿ ਨਿਰੰਕਾਰ, ਆਪਣਾ ਆਪ ਕਰਾਇੰਦਾ । ਸੰਤ ਸੁਹੇਲੇ ਲਾਏ ਪਾਰ, ਗੁਰ ਮਾਤ ਤਰਾਇੰਦਾ । ਭਗਤ ਜਨ ਪ੍ਰਭ ਪਾਵੇ ਸਾਰ, ਦੂਰ ਦੁਰਾਡੇ ਖੋਜ ਖੁਜਾਇੰਦਾ । ਲੱਖ ਚੁਰਾਸੀ ਵਿਚੋਂ ਕੱਢੇ ਬਾਹਰ, ਸੀਸ ਆਪਣਾ ਹੱਥ ਟਿਕਾਇੰਦਾ । ਅਠਸਠ ਤੀਰਥ ਨਹਾਵਣ ਜੀਵ ਨਦਾਨ, ਹਉਮੇ ਹੰਗਤਾ ਨਾ ਕੋਈ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਤੇਰਾ ਸਾਚਾ ਰੂਪ, ਹਰਿ ਸਾਚੇ ਆਪ ਪਛਾਨਿਆ । ਵੇਖ ਵਖਾਣੇ ਦਹਿ ਦਿਸ਼ਾ ਚਾਰੇ ਕੂਟ, ਲੋਆਂ ਪੁਰੀਆਂ ਫੋਲ ਫੋਲਾਨਿਆ । ਬ੍ਰਹਮਾ ਸ਼ਿਵ ਦੇਵਤ ਸੁਰ ਹੁਲਾਰਾ ਰਹੇ ਝੂਟ, ਲੱਖ ਚੁਰਾਸੀ ਆਵਣ ਜਾਨਿਆ । ਤੀਰ ਨਿਰਾਲਾ ਰਿਹਾ ਛੂਟ, ਏਕਾ ਸ਼ਬਦ ਧੁਰ ਫ਼ਰਮਾਨਿਆ । ਗੁਰਮੁਖ ਵਿਰਲਾ ਲਾਹਾ ਰਿਹਾ ਲੂਟ, ਹਰਿ ਪਾਇਆ ਪੁਰਖ ਸੁਲਤਾਨਿਆ । ਅਬਿਨਾਸ਼ੀ ਕਰਤਾ ਆਪੇ ਜਾਏ ਤੂਠ, ਮੇਲ ਮਿਲਾਏ ਦੋ ਜਹਾਨਿਆ । ਮੇਟ ਮਿਟਾਏ ਜੂਠ ਝੂਠ, ਨੇੜ ਨਾ ਆਏ ਪੰਜ ਸ਼ੈਤਾਨਿਆ । ਏਕਾ ਅੱਖਰ ਨਾਮ ਵੱਖਰ ਬੰਨ੍ਹੇ ਸਾਚੀ ਮੁੱਠ, ਆਪੇ ਹੋਏ ਜਾਣੀ ਜਾਣਿਆ । ਸੰਤ ਸਾਜਨ ਮੀਤ ਮੁਰਾਰ ਲੁਕਿਆ ਰਹੇ ਨਾ ਕਿਸੇ ਗੁਠ, ਮਿਲਿਆ ਮੇਲ ਖੇਲੇ ਖੇਲ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਵਿਛੜੇ ਜੁਗ ਮੇਲ ਕਰ, ਸਿੰਘ ਬਚਨ ਆਪ ਤਰਾਨਿਆ । ਗੁਰਮੁਖ ਸਾਚਾ ਸਚ ਦੁਲਾਰ, ਗੋਬਿੰਦ ਅੰਗ ਲਗਾਈਆ । ਮੇਲ ਮਿਲਾਏ ਮੇਲਣਹਾਰ, ਪਾਰਬ੍ਰਹਮ ਆਪ ਅਖਵਾਈਆ । ਖੇਲੇ ਖੇਲ ਵਿਚ ਸੰਸਾਰ, ਮਨਮੁਖ ਜੀਵਾਂ ਦਿਸ ਨਾ ਆਈਆ । ਜਨ ਭਗਤਾਂ ਮੇਲਾ ਇਕ ਘਰ ਬਾਹਰ, ਬਜਰ ਕਪਾਟੀ ਕੁੰਡਾ ਲਾਹੀਆ । ਆਤਮ ਸੇਜਾ ਕਰ ਤਿਆਰ, ਬੈਠਾ ਆਸਣ ਲਾਈਆ । ਸਤਿ ਸਰੂਪੀ ਇਕ ਨਗਾਰ, ਆਪ ਆਪਣੀ ਤਾਲ ਵਜਾਈਆ । ਆਪੇ ਹੋਏ ਸੁਣਨੇਹਾਰ, ਆਪੇ ਰਿਹਾ ਸੁਣਾਈਆ । ਪਵਣ ਉਨੰਜਾ ਦਏ ਹੁਲਾਰ, ਨਾ ਕੋਈ ਦੂਸਰ ਵੇਖ ਵਖਾਈਆ । ਦੀਪਕ ਜੋਤੀ ਕਰ ਉਜਿਆਰ, ਆਕਾਸ਼ ਪ੍ਰਕਾਸ਼ ਸਮਾਈਆ । ਸੰਤਨ ਮੇਲਾ ਸਚ ਦਵਾਰ, ਹਰਿ ਸਾਚਾ ਆਪ ਕਰਾਈਆ । ਆਪੇ ਨਾਰੀ ਹੋਏ ਕੰਤ ਭਤਾਰ, ਆਪੇ ਸਾਚੀ ਸੇਜ ਰਿਹਾ ਹੰਢਾਈਆ । ਵੇਖ ਵਖਾਣੇ ਸਚ ਸੱਚਾ ਦਰਬਾਰ, ਦਰ ਦਰਬਾਨ ਆਪ ਹੋ ਜਾਈਆ । ਸਤਿ ਪੁਰਖ ਨਿਰੰਜਣ ਖੇਲ ਅਪਾਰ, ਥਿਰ ਘਰ ਬੈਠਾ ਆਸਣ ਲਾਈਆ । ਥਿਰ ਘਰ ਮਹੱਲ ਅਟੱਲ ਮੁਨਾਰ, ਚਾਰ ਦਵਾਰਾ ਨਾ ਕੋਈ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ, ਦਰ ਸਾਚਾ ਇਕ ਵਖਾਈਆ । ਸਾਚਾ ਦਰ ਘਰ ਸੁਹੰਜਣਾ, ਪ੍ਰਭ ਏਕਾ ਏਕ ਰਖਾਇਆ । ਜਗਾਏ ਜੋਤ ਆਦਿ ਨਿਰੰਜਣਾ ਨਿਰਗੁਣ ਰੂਪ ਸਮਾਇਆ । ਆਪੇ ਹੋਏ ਦਰਦ ਦੁੱਖ ਭੈ ਭੰਜਣਾ, ਕਰਤਾ ਪੁਰਖ ਆਪ ਅਖਵਾਇਆ । ਜਨ ਭਗਤਾਂ ਲੋਕਮਾਤ ਜੁਗ ਜੁਗ ਰੱਖੇ ਲਜਣਾ, ਨਿਤ ਨਵਿਤ ਫੇਰਾ ਪਾਇਆ । ਲੱਖ ਚੁਰਾਸੀ ਜੋ ਘੜਿਆ ਸੋ ਭੱਜਣਾ, ਥਿਰ ਕੋਇ ਰਹਿਣ ਨਾ ਪਾਇਆ । ਗੁਰਸਿਖ ਮੀਤ ਮੁਰਾਰੇ ਸੱਜਣਾ, ਗੋਬਿੰਦ ਮੇਲਾ ਵਿਛੜ ਨਾ ਜਾਇਆ । ਕਲਜੁਗ ਲਹਿਣਾ ਦੇਣਾ ਵੇਖੇ ਕਲ ਕਿ ਅੱਜਣਾ, ਧਰਮ ਰਾਏ ਦਏ ਸਜਾਇਆ । ਮਾਤਲੋਕ ਪੜਦਾ ਕਿਸੇ ਨਾ ਕੱਜਣਾ, ਨਾ ਕੋਈ ਦੀਸੇ ਮਾਤ ਸਹਾਇਆ । ਕਾਲ ਨਗਾਰਾ ਸਿਰ ਤੇ ਸਭ ਦੇ ਵੱਜਣਾ, ਗੁਰ ਗੋਬਿੰਦ ਲੇਖ ਲਿਖਾਇਆ । ਨਿਹਕਲੰਕ ਨਰਾਇਣ ਨਰ ਪੜਦਾ ਜਨ ਭਗਤਾਂ ਆਪੇ ਕੱਜਣਾ, ਏਕਾ ਪੱਲੂ ਨਾਮ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਮੇਲ ਕਰ, ਜਗ ਵਿਛੜੇ ਮੇਲ ਮਿਲਾਇਆ । ਜੁਗ ਜੁਗ ਮੇਲਣਹਾਰ

੯੩੧
੦੬

ਦਾਤਾਰ, ਏਕਾ ਏਕ ਅਖਵਾਇੰਦਾ । ਆਪ ਉਪਾਏ ਆਪੇ ਮਿਟਾਏ, ਆਪੇ ਦਏ ਅਧਾਰ, ਆਪੇ ਮੁਖ ਭਵਾਇੰਦਾ । ਆਪ ਜਗਾਏ ਬ੍ਰਹਮਾ ਵਿਸ਼ਨ ਸ਼ਿਵ ਪਾਏ ਸਾਰ, ਭਰਮ ਭੁਲੇਖਾ ਮੂਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੇਲ ਕਰ, ਘਰ ਸਾਚਾ ਇਕ ਸੁਹਾਇੰਦਾ । ਸਾਚਾ ਘਰ ਸ਼ਬਦ ਗਿਆਨ, ਹਰਿ ਏਕਾ ਏਕ ਰਖਾਇਆ । ਅੱਠੇ ਪਹਿਰ ਨਿਗਹਬਾਨ, ਆਲਸ ਨਿੰਦਰਾ ਵਿਚ ਨਾ ਆਇਆ । ਜੋਧਾ ਸੂਰ ਬਲੀ ਬਲਵਾਨ, ਸ਼ਬਦ ਖੰਡਾ ਰਿਹਾ ਉਠਾਇਆ । ਰਸਨਾ ਚਿੱਲਾ ਤੀਰ ਕਮਾਨ, ਚਾਰੋਂ ਕੁੰਟ ਰਿਹਾ ਚਲਾਇਆ । ਮੇਟ ਮਿਟਾਏ ਸ਼ਾਹ ਸੁਲਤਾਨ, ਰਾਜ ਰਾਜਾਨ ਰਹਿਣ ਨਾ ਪਾਇਆ । ਭਗਤ ਸੁਹੇਲੇ ਕਰ ਪਛਾਨ, ਦਹਿ ਦਿਸ਼ਾ ਵੇਖ ਵਖਾਇਆ । ਆਤਮ ਜੋਤੀ ਬਖ਼ਸ਼ੇ ਬ੍ਰਹਮ ਗਿਆਨ, ਨੇਤਰ ਨੈਣਾ ਦਰਸ਼ਨ ਪਾਇਆ । ਏਕਾ ਰਾਗ ਸੁਣਾਏ ਸਾਚੇ ਕਾਨ, ਧੁਨ ਆਤਮਕ ਨਾਦ ਵਜਾਇਆ । ਆਤਮ ਅੰਤਮ ਸਾਚਾ ਮਾਹੀ ਬੇਪਰਵਾਹੀ, ਘਰ ਸਾਚੇ ਬੈਠਾ ਦੀਪਕ ਜੋਤ ਜਗਾਇਆ । ਸਚ ਵਸਤ ਨਾਮ ਵਣਜਾਰਾ ਵਖਾਏ ਇਕ ਮਕਾਨ, ਏਕਾ ਵਣਜ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਕਰ, ਘਰ ਸਾਚਾ ਇਕ ਸੁਹਾਇਆ । ਸਾਚਾ ਘਰ ਦੀਪਕ ਪਰਕਾਸ਼, ਅਗਨੀ ਤਤ ਨਾ ਰਾਇਆ । ਨਿਜ ਘਰ ਆਤਮ ਰੱਖੇ ਵਾਸ, ਅੱਠੇ ਪਹਿਰ ਸੇਵ ਕਮਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਗਗਨ ਪਤਾਲਾਂ ਡੇਰਾ ਲਾਇਆ । ਆਦਿ ਅੰਤ ਨਾ ਹੋਏ ਵਿਨਾਸ, ਜੁਗ ਜੁਗ ਆਪਣਾ ਭੇਖ ਵਟਾਇਆ । ਸਾਚੇ ਮੰਡਲ ਪਾਏ ਰਾਸ, ਆਪ ਆਪਣੀ ਰਚਨ ਰਚਾਇਆ । ਗੁਰਮੁਖ ਲੇਖੇ ਲਾਏ ਦਸ ਦਸ ਮਾਸ, ਲੱਖ ਚੁਰਾਸੀ ਫੰਦ ਕਟਾਇਆ । ਹਰਿਜਨ ਹਰਿ ਭਗਤ ਹਰਿ ਹੋਇਆ ਦਾਸ, ਦਿਵਸ ਰੈਣ ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਮੇਲ ਆਪਣਾ ਮੇਲ ਮਿਲਾਇਆ । ਹਰਿ ਸਾਜਨ ਜਗ ਮੀਤ, ਹਰਿਜਨ ਦਇਆ ਕਮਾਇੰਦਾ । ਜੁਗ ਜੁਗ ਆਪੇ ਜਾਣੇ ਆਪਣੀ ਰੀਤ, ਆਪ ਆਪਣਾ ਵੇਸ ਵਟਾਇੰਦਾ । ਵੇਖ ਵਖਾਣੇ ਦਿਹੁਰਾ ਮੰਦਰ ਗੁਰੂਦਵਾਰਾ ਮਸੀਤ, ਹਰ ਘਟ ਅੰਦਰ ਆਸਣ ਲਾਇੰਦਾ । ਬੈਠਾ ਰਹੇ ਸਦਾ ਅਤੀਤ, ਪੁਰਖ ਅਬਿਨਾਸ਼ੀ ਆਪ ਅਖਵਾਇੰਦਾ । ਆਪ ਬਣਾਏ ਆਪਣਾ ਗੀਤ, ਆਪਣੀ ਰਸਨਾ ਆਪ ਅਲਾਇੰਦਾ । ਏਕਾ ਰੰਗ ਰੰਗਾਏ ਹਸਤ ਕੀਟ, ਵਰਨ ਬਰਨ ਨਾ ਕੋਈ ਮਿਟਾਇੰਦਾ । ਨਾਮ ਵਸਤ ਜਗਤ ਅਨਡੀਠ, ਜਨ ਭਗਤਾਂ ਆਪ ਵਰਤਾਇੰਦਾ । ਮਨਮੁਖਾਂ ਸੁੱਤਾ ਦੇ ਕਰ ਪੀਠ, ਆਪ ਆਪਣਾ ਮੁਖ ਛੁਪਾਇੰਦਾ । ਕਲਜੁਗ ਕਾਇਆ ਕੌੜਾ ਰੀਠ, ਅੰਤਮ ਭੰਨ ਵਖਾਇੰਦਾ । ਪਾਰਬ੍ਰਹਮ ਪ੍ਰਭ ਬੀਠਲਾ ਬੀਠ, ਹਰਿਜਨ ਸਾਚੇ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਰਚਨਾ ਜੁਗ ਆਪ ਰਚਾਇੰਦਾ । ਜੁਗ ਜੁਗ ਕਰਨਹਾਰ ਸਮਰਥ, ਸਰਬ ਕਲਾ ਸਮਾਇਆ । ਹਰਿਜਨ ਰਾਖੇ ਦੇ ਕਰ ਹੱਥ, ਦਿਵਸ ਰੈਣ ਸੇਵ ਕਮਾਇਆ । ਸ਼ਬਦ ਜਣਾਈ ਬੋਧ ਅਗਾਧ, ਕਥਾ ਕਥਨੀ ਭੇਵ ਨਾ ਰਾਇਆ । ਪੰਚ ਵਿਕਾਰਾ ਪਾਏ ਨਾਥਾ, ਦੂਤ ਦੁਸ਼ਟ ਨੇੜ ਨਾ ਆਇਆ । ਗੁਰਮੁਖ ਵਿਰਲੇ ਆਤਮ ਸਹਿੰਸਾ ਸਾਰਾ ਲਾਥਾ, ਜਿਸ ਜਨ ਦਰਸੀ ਦਰਸ਼ਨ ਪਾਇਆ । ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਹਾਥਾ, ਕਾਲ ਮਹਾਂਕਾਲ ਨੇੜ ਨਾ ਆਇਆ । ਆਪ ਚਲਾਏ ਸਤਿਜੁਗ ਤੇਰੀ ਸਾਚੀ ਗਾਥਾ, ਸੋਹੰ ਸਾਚਾ ਨਾਉਂ ਉਪਾਇਆ । ਚਾਰ ਵਰਨ ਚੜ੍ਹਾਏ ਏਕਾ ਰਾਥਾ, ਏਕਾ ਮਾਰਗ ਲਾਇਆ । ਖੇਲੇ ਖੇਲ ਤ੍ਰੈਲੋਕੀ ਨਾਥਾ, ਨਾਥ ਅਨਾਥਾਂ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਗਲਾ ਸਾਥ ਆਪ ਨਿਭਾਇਆ । ਸਗਲਾ ਸੰਗੀ ਹਰਿ ਭਗਵੰਤਾ, ਏਕਾ ਏਕ ਅਖਵਾਇੰਦਾ । ਰਸਨਾ ਗਾਏ ਜਿਹਵਾ, ਮਣੀਆ ਮੰਤ ਚਲਾਇੰਦਾ । ਵੇਸ ਅਨੇਕਾ ਕਰੇ ਅਨੰਤਾ, ਅਕਾਲ ਕਲਾ ਸਮਾਇੰਦਾ । ਸਤਿਜੁਗ ਚੋਲੀ ਰੰਗ ਬਸੰਤਾ, ਸਾਚਾ ਰੰਗ ਚੜ੍ਹਾਇੰਦਾ । ਆਪੇ ਵੇਖਣਹਾਰਾ ਆਦਿਨ ਅੰਤਾ, ਜੁਗ ਜੁਗ ਵੇਖ ਵਖਾਇੰਦਾ । ਆਪੇ ਨਾਰੀ ਆਪੇ ਕੰਤਾ, ਪੂਤ ਸਪੂਤਾ ਆਪ ਉਪਾਇੰਦਾ । ਆਪੇ ਜਾਣੇ ਜੀਵ ਜੰਤਾ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇੰਦਾ । ਕਰੋੜ ਤੇਤੀਸਾ ਬਣਾਏ ਬਣਤਾ, ਸੁਰਪਤ ਰਾਜਾ ਇੰਦ ਸੰਗ ਨਿਭਾਇੰਦਾ । ਆਪਣੀ ਮਹਿੰਮਾ ਆਪੇ ਜਾਣੇ ਵੇਦ ਕਿਤੇਬ ਕੋਈ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਵਖਾਇੰਦਾ । ਗੁਰਮੁਖ ਸਾਚੇ ਧੁਰ ਸੰਜੋਗ, ਸਾਚਾ ਮੇਲ ਮਿਲਾਈਆ । ਆਤਮ ਅੰਦਰ ਦਰਸ ਅਮੋਘ, ਹਉਮੇ ਰੋਗ ਗਵਾਈਆ । ਸਤਿ ਸਰੂਪੀ ਦੇਵੇ ਸਾਚੀ ਚੋਗ, ਤ੍ਰਿਸ਼ਨਾ ਭੁੱਖ ਮਿਟਾਈਆ । ਪਾਰ ਕਰਾਏ ਤੀਨਾ ਲੋਕ, ਲੋਕ ਪਰਲੋਕ ਨਾ ਕੋਈ ਉਠਾਈਆ । ਇਕ ਸੁਣਾਏ ਸਚ ਸਲੋਕ, ਲਿਖਣ ਪੜ੍ਹਨ ਵਿਚ ਨਾ ਆਈਆ । ਚਰਨ ਪ੍ਰੀਤੀ ਸਾਚੀ ਮੋਖ, ਆਦਿ ਅੰਤ ਹੋਏ ਸਹਾਈਆ । ਪੰਜ ਤਤ ਵਿਕਾਰਾ ਮੰਗੇ ਵਰ, ਅੱਠੇ ਤਤ ਰਹੇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਲਏ ਮਿਲਾਈਆ । ਹਰਿਜਨ ਸਾਚਾ ਮੇਲ ਮਿਲਾ, ਆਪਣੀ ਦਇਆ ਕਮਾਇੰਦਾ । ਨੌਂ ਦਰ ਦਵਾਰੇ ਬੰਦ ਕਰਾ, ਜੁਗ ਤ੍ਰਿਸ਼ਨਾ ਭੁੱਖ ਮਿਟਾਇੰਦਾ । ਦੂਈ ਦਵੈਤੀ ਪੜਦਾ ਲਾਹ, ਤੀਜੇ ਨੇਤਰ ਨੈਣ ਦਰਸ ਦਿਖਾਇੰਦਾ । ਚੌਥਾ ਘਰ ਦਏ ਸੁਹਾ, ਪਦ ਨਿਰਬਾਣਾ ਇਕ ਜਣਾਇੰਦਾ । ਪੰਚਮ ਮੇਲਾ ਸਹਿਜ ਸੁਭਾ, ਸਤਿ ਪੁਰਖ ਨਿਰੰਜਣ ਆਪ ਮਿਲਾਇੰਦਾ । ਛੇਵੇਂ ਘਰ ਆਪ ਆਪਣਾ ਰਾਗ ਅਲ੍ਹਾ, ਆਪ ਆਪਣੇ ਵਿਚ ਸਮਾਇੰਦਾ । ਸਤਿ ਪੁਰਖ ਨਿਰੰਜਣ ਸਤਿ ਸਤਿਵਾਦ ਆਪ ਅਖਵਾ, ਰੰਗ ਮਹੱਲ ਅਟੱਲ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਦਰ, ਆਪ ਆਪਣਾ ਕਰਮ ਕਮਾਇੰਦਾ । ਜੁਗ ਜੁਗ ਕਰਮ ਕਮਾਵਣਹਾਰਾ, ਆਦਿ ਪੁਰਖ ਅਬਿਨਾਸ਼ਾ । ਸਾਧ ਸੰਤ ਰਸਨਾ ਗਾਵਣਹਾਰਾ, ਹਰਿ ਹੋਏ ਦਾਸੀ ਦਾਸਾ । ਮਹੱਲ ਅਟੱਲ ਉਚ ਮੁਨਾਰਾ ਪਾਵਣਹਾਰਾ, ਪਾਰ ਕਰਾਏ ਪ੍ਰਿਥਮੀ ਆਕਾਸ਼ਾ । ਰਸਨਾ ਪਵਣ ਸਵਾਮੀ ਸੋਹੰ ਗਾਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਘਰ, ਇਕ ਵਖਾਏ ਸਚ ਸੱਚਾ ਦਰਬਾਰਾ । ਸਚ ਦਰਬਾਰਾ ਸਚ ਘਰ, ਗੁਰ ਸਾਚੇ ਵਡ ਵਡਿਆਈਆ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਨਾ ਬਣਤ ਬਣਾਈਆ । ਨਾ ਕੋਈ ਦਿਸੇ ਨੌਂ ਦਵਾਰ, ਪੰਜ ਤਤ ਨਾ ਵੇਖ ਵਖਾਈਆ । ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੌਰ ਨਾ ਡੇਰਾ ਲਾਈਆ । ਨਾ ਕੋਈ ਸੀਸ ਨਾ ਕੋਈ ਧੜ, ਹੱਡ ਮਾਸ ਨਾੜੀ ਰਕਤ ਬੂੰਦ ਨਾ ਕੋਈ ਉਪਾਈਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਬੀਜ ਬਿਜਾਈਆ । ਹਰਿ ਕਾ ਸ਼ਬਦ ਏਕਾ ਅੱਖਰ ਗੁਰਮੁਖ ਸਾਚਾ ਜਾਏ ਪੜ੍ਹ, ਦੋ ਜਹਾਨਾਂ ਪਾਰ ਕਰਾਈਆ । ਸ਼ਬਦ ਸਰੂਪੀ ਆਪ ਫੜਾਏ ਆਪਣਾ ਲੜ, ਅੱਠੇ ਪਹਿਰ ਹੋਏ ਸਹਾਈਆ । ਆਤਮ ਅੰਦਰ ਦਸਮ ਅੱਗੇ ਖੜ, ਦੇਵੇ ਦਰਸ਼ਨ ਹਰਿ ਰਘੁਰਾਈਆ । ਸਾਚੇ ਪੌੜੇ ਜਾਣਾ ਚੜ੍ਹ, ਚਾੜ੍ਹਨਹਾਰ ਰਿਹਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਬਾਲ ਅੰਵਾਣੇ, ਆਪ ਆਪਣੀ ਗੋਦ ਉਠਾਈਆ । ਆਪੇ ਬਖ਼ਸ਼ੇ ਚਰਨ ਧਿਆਨਾ, ਆਪ ਆਪਣੀ ਸੇਵਾ ਲਾਈਆ । ਆਪ ਬਿਠਾਏ ਸਾਚੇ ਸ਼ਬਦ ਬਿਬਾਨਾ, ਲੋਆਂ ਪੁਰੀਆਂ ਪਾਰ ਕਰਾਈਆ । ਬ੍ਰਹਮਾ ਸ਼ਿਵ ਦੇਵਤ ਸੁਰ

੯੩੩
੦੬

ਵੇਖਣ ਮਾਰ ਧਿਆਨਾ, ਗੁਰਮੁਖ ਤੇਰਾ ਰਾਹ ਤਕਾਈਆ । ਧਰਮ ਰਾਏ ਮੁਖ ਸ਼ਰਮਾਣਾ, ਚਿਤਰ ਗੁਪਤ ਨਾ ਵੇਖ ਵਖਾਇੰਦਾ । ਪਾਇਆ ਪੁਰਖ ਇਕ ਸੁਲਤਾਨਾ, ਏਕਾ ਦੂਜਾ ਭੇਵ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਸਾਚਾ ਮੇਲਾ ਹਰਿ ਗੋਬਿੰਦ, ਗੁਰ ਸਤਿਗੁਰ ਆਪ ਕਰਾਇੰਦਾ । ਆਪ ਮਿਟਾਏ ਸਗਲੀ ਚਿੰਦ, ਹਉਮੇ ਗੜ੍ਹ ਤੁੜਾਇੰਦਾ । ਜਨ ਭਗਤ ਉਪਜਾਏ ਸਾਚੀ ਬਿੰਦ, ਆਪ ਆਪਣੇ ਲੜ ਬੰਧਾਇੰਦਾ । ਮਨਮੁਖ ਲਗਾਏ ਨਿੰਦਿਆ ਨਿੰਦ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਦਾਤੀ ਦਾਨੀ ਵਡ ਦਾਤਾ ਹਰਿ ਗੁਣੀ ਗਹਿੰਦ, ਗੁਣ ਏਕਾ ਆਪ ਅਖਵਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਗੁਰਮੁਖ ਸਾਚੇ ਆਪ ਨੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਸਾਚਾ ਦਰ, ਦਰ ਦਵਾਰਾ ਬੰਕ ਸੁਹਾਇੰਦਾ । ਬੰਕ ਦਵਾਰਾ ਸਚ ਦਰਵਾਜ਼ਾ, ਪ੍ਰਭ ਸਾਚੇ ਜੋਤ ਜਗਾਈਆ । ਗੁਰਮੁਖ ਮੇਲਾ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣਾ ਗਲੇ ਲਗਾਈਆ । ਅੰਤਮ ਵੇਲੇ ਰੱਖੇ ਲਾਜਾ, ਲਾਜਾਵੰਤ ਆਪ ਅਖਵਾਈਆ । ਨੌਂ ਖੰਡ ਸੱਤ ਦੀਪ ਲੋਆਂ ਪੁਰੀਆਂ ਬ੍ਰਹਿਮੰਡਾਂ ਜੇਰਜ ਅੰਡਾਂ ਪ੍ਰਭ ਰਚਿਆ ਕਾਜਾ, ਸਾਚੀ ਬਣਤ ਬਣਾਈਆ । ਜੋਤ ਜਗਾਏ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਈਆ । ਅਨਹਦ ਵਜਾਏ ਏਕਾ ਵਾਜਾ, ਰਾਗ ਤਾਲ ਨਾ ਕੋਈ ਰਖਾਈਆ । ਦਿਵਸ ਰੈਣ ਅੱਠੇ ਪਹਿਰ ਜਨ ਭਗਤਾਂ ਦਰ ਦਵਾਰੇ ਫਿਰਿਆ ਭਾਜਾ, ਸੁੱਤਿਆਂ ਦਰਸ ਦਿਖਾਈਆ । ਏਕਾ ਰੂਪ ਸਤਿ ਸਰੂਪ ਸ਼ਾਹੋ ਭੂਪ ਦਰਸ ਦਿਖਾਏ ਦਇਆ ਕਮਾਏ ਭੇਵ ਚੁਕਾਏ ਮੱਕਾ ਕਾਅਬਾ, ਹਾਜੀ ਹਾਜਾ ਅੱਠ ਸੱਠ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਸੁਹਾਏ ਦਰ, ਸੇਵਕ ਸੇਵਾ ਰਿਹਾ ਕਮਾਈਆ । ਹਰਿ ਸੇਵਕ ਮਿਹਰਵਾਨ, ਜੁਗ ਜੁਗ ਸੇਵ ਕਮਾਇੰਦਾ । ਹਰਿ ਭਗਤਾਂ ਦੇਵੇ ਭਗਤੀ ਦਾਨ, ਆਤਮ ਬ੍ਰਹਮ ਜਣਾਇੰਦਾ । ਚਰਨ ਧੂੜ ਸਚ ਇਸ਼ਨਾਨ, ਦੁਰਮਤ ਮੈਲ ਗਵਾਇੰਦਾ । ਦੀਪਕ ਜੋਤੀ ਨੂਰ ਮਹਾਨ, ਅੰਧ ਅੰਧੇਰ ਮਿਟਾਇੰਦਾ । ਆਤਮ ਅੰਤਰ ਪੀਣ ਖਾਣ, ਅੰਮ੍ਰਿਤ ਜਾਮ ਪਿਆਇੰਦਾ । ਮਨਮੁਖ ਭੁੱਲੇ ਜੀਵ ਨਾਦਾਨ, ਮਾਇਆ ਪੜਦਾ ਪਾਇੰਦਾ । ਗੁਰਮੁਖ ਸਾਚੇ ਰਸਨਾ ਗਾਣ, ਜਿਹਵਾ ਰਸਨਾ ਆਪ ਚਲਾਇੰਦਾ । ਸਿੰਘ ਬਚਨ ਤੇਰਾ ਦਰ ਪਰਵਾਨ, ਹਰਿ ਸੰਗਤ ਮੇਲ ਮਿਲਾਇੰਦਾ । ਹਰਿ ਸੰਗਤ ਸਚ ਰੰਗ, ਸਾਚੇ ਸਚ ਵਰਤਾਇਆ । ਸ਼ਬਦ ਸਰੂਪੀ ਬੈਠ ਪਲੰਘ, ਲੋਆਂ ਪੁਰੀਆਂ ਵੇਖ ਵਖਾਇਆ । ਅੰਮ੍ਰਿਤ ਆਤਮ ਧਾਰ ਵਹਾਏ ਗੰਗ, ਸਰ ਸਰੋਵਰ ਕਿਸੇ ਹੱਥ ਨਾ ਆਇਆ । ਸਾਧ ਸੰਤ ਕਲਜੁਗ ਮਾਇਆ ਕੀਨੇ ਨੰਗ, ਪਾਰਬ੍ਰਹਮ ਅਬਿਨਾਸ਼ੀ ਕਰਤਾ ਦਰਸ ਕਿਸੇ ਨਾ ਪਾਇਆ । ਮਾਨਸ ਜਨਮ ਹੋਇਆ ਭੰਗ, ਜਗਤ ਤ੍ਰਿਸ਼ਨਾ ਹਰਸ ਨਾ ਕੋਈ ਵਖਾਇਆ । ਗੁਰਸਿਖ ਗ਼ਰੀਬ ਨਿਮਾਣੇ ਪ੍ਰਭ ਆਪ ਲਗਾਏ ਆਪਣੇ ਅੰਗ, ਅੰਗੀਕਾਰ ਆਪ ਅਖਵਾਇਆ । ਜੁਗ ਜੁਗ ਜਨ ਭਗਤਾਂ ਕਟੇ ਭੁੱਖ ਨੰਗ, ਨਾਮ ਧਨ ਪੱਲੇ ਗੰਢ ਬੰਧਾਇਆ । ਪੰਚ ਵਿਕਾਰਾ ਲੱਗਾ ਜੰਗ, ਮਨ ਮਤ ਬੁਧ ਘੇਰਾ ਪਾਇਆ । ਬਹੱਤਰ ਨਾੜੀ ਕਾਚੀ ਵੰਗ, ਤਿੰਨ ਸੌ ਸੱਠ ਹਾਡੀ ਸਤਾਰ ਰਿਹਾ ਖੜਕਾਇਆ । ਗੁਰਮੁਖ ਤੇਰਾ ਸਾਚਾ ਸੰਗ, ਗੁਰ ਸ਼ਬਦੀ ਅੰਤ ਨਿਭਾਇਆ । ਦਰ ਦਵਾਰ ਮੰਗੀ ਏਕਾ ਮੰਗ, ਨੇਤਰ ਨੈਣ ਲੋਚਨ ਦਰਸ਼ਨ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿ ਗੋਬਿੰਦ ਰੂਪ ਸਮਾਇਆ ।


੬੩੪
੦੬

## ❋ ੧੦ ਕੱਤਕ ੨੦੧੪ ਬਿਕ੍ਰਮੀ ਕਿਸ਼ਨ ਸਿੰਘ ਦੇ ਗ੍ਰਿਹ ਪਿੰਡ ਅੱਲੜਪਿੰਡੀ ਜ਼ਿਲਾ ਗੁਰਦਾਸ ਪੁਰ ❋

ਗੁਰਸਿੱਖ ਲਾਲ ਅਨਮੁਲੜਾ, ਸਤਿਗੁਰ ਹੱਟ ਵਿਕਾਏ । ਲੋਕਮਾਤ ਫਲਿਆ ਫੁਲੜਾ, ਫਲ ਫੁਲਵਾੜੀ ਵੇਖ ਵਖਾਏ । ਤ੍ਰੈਗੁਣ ਮਾਇਆ ਵਿਚ ਨਾ ਰੁਲੜਾ, ਪੰਜ ਤਤ ਨਾ ਅਗਨ ਸਤਾਏ । ਦਰ ਵੇਖੇ ਇਕ ਅਨਭੁਲੜਾ, ਪਾਰਬ੍ਰਹਮ ਸਰਨਾਏ । ਭਾਗ ਲਗਾਏ ਸਾਚੀ ਕੁਲੜਾ, ਕੁਲਵੰਤਾ ਦਇਆ ਕਮਾਏ । ਜਗਤ ਦਵਾਰਾ ਏਕਾ ਖੁਲ੍ਹੜਾ, ਪੁਰਖ ਅਬਿਨਾਸ਼ੀ ਆਪ ਖੁਲ੍ਹਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਤੇਰਾ ਲਿਖਿਆ ਲੇਖ, ਧੁਰ ਮਸਤਕ ਵੇਖੀ ਸਾਚੀ ਮੇਖ, ਹਰਿ ਸੋਇਆ ਮਾਤ ਜਗਾਏ । ਲਿਖਿਆ ਲੇਖ ਨਾਨਕ ਰਾਏ, ਆਪਣੀ ਦਇਆ ਕਮਾਈਆ । ਭਾਈ ਲਾਲੋ ਗਿਆ ਤੇਰਾ ਲੇਖਾ ਵੇਖ ਵਖਾਈਆ । ਸਚ ਭੰਡਾਰਾ ਇਕ ਵਰਤਾ, ਅਤੋਟ ਅਤੁਟ ਰਖਾਈਆ । ਹੰਕਾਰੀਆਂ ਵਿਕਾਰੀਆਂ ਮਾਣ ਗਵਾ, ਹਉਮੇ ਗੜ੍ਹ ਤੁੜਾਈਆ । ਏਕਾ ਅੱਖਰ ਆਪਣਾ ਆਪ ਪੜ੍ਹਾ, ਸਾਚੀ ਬੂਝ ਬੁਝਾਈਆ । ਦਾਸੀ ਦਾਸ ਢਹਿ ਪਿਆ ਸਰਨਾ, ਦੋਏ ਜੋੜ ਸੀਸ ਝੁਕਾਈਆ । ਮੰਗੇ ਮੰਗ ਅੱਗੇ ਬੇਪਰਵਾਹ, ਗੁਰ ਪੂਰਾ ਝੋਲੀ ਪਾਈਆ । ਬੇੜਾ ਅੰਤਮ ਬੰਨੇ ਦੇਵੇ ਲਾ, ਕੁਲਾਵੰਤ ਆਪ ਹੋ ਜਾਈਆ । ਸਾਚੀ ਸੇਵਕ ਸੇਵਾ ਰਿਹਾ ਕਮਾ, ਦਸ ਜਾਮੇ ਸੰਗ ਨਿਭਾਈਆ । ਸੰਗ ਅੰਗ ਆਪਣੇ ਆਪ ਲਗਾ, ਏਕਾ ਲੇਖਾ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਘਟ ਘਟ ਵੇਖੇ ਥਾਉਂ ਥਾਈਆ । ਭਾਈ ਲਾਲੋ ਸਾਚਾ ਲਾਲ, ਅਨਮੁਲੜਾ ਆਪ ਰਖਾਇਆ । ਪਾਇਆ ਵਰ ਗੋਬਿੰਦ ਗੋਪਾਲ, ਭੁੱਲ ਰਹੇ ਨਾ ਰਾਇਆ । ਨਾਮ ਸਤਿ ਵਿਚ ਦਲਾਲ, ਪੰਚਮ ਤਤ ਤਰਾਇਆ । ਦੇ ਮਤ ਆਪ ਅਕਾਲ, ਅਕਲ ਕਲਾ ਸਮਝਾਇਆ । ਜੁਗ ਰੁਲੜਾ ਜਗ ਲਏ ਭਾਲ, ਵੇਖਣਹਾਰ ਅਖਵਾਇਆ । ਫਲ ਲਗਾਏ ਸਾਚੇ ਡਾਲ੍ਹ, ਅੰਮ੍ਰਿਤ ਆਤਮ ਫਲ ਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੇਵਾ ਲਾਇਆ । ਸੇਵਕ ਸੇਵਾ ਕਰ ਪਰਵਾਨ, ਏਕਾ ਰਾਹ ਚਲਾਈਆ । ਦੀਨਾ ਬੰਧਪ ਦਇਆਵਾਨ, ਦੀਨਾ ਨਾਥ ਆਪ ਹੋ ਜਾਈਆ । ਦੋ ਜਹਾਨੀ ਦੇਵੇ ਮਾਣ, ਏਕਾ ਚਰਨ ਧਿਆਨ ਲਗਾਈਆ । ਏਕਾ ਨਾਮ ਨਿਧਾਨ ਸਾਚਾ ਗਾਣ, ਜਿਸ ਮਿਲਿਆ ਬੇਪਰਵਾਹੀਆ । ਕਲਜੁਗ ਤੇਰੀ ਵੇਖ ਦੁਕਾਨ, ਜੂਠ ਝੂਠ ਰਹੀ ਸ਼ਰਮਾਈਆ । ਪੰਚ ਵਿਕਾਰਾ ਨਾਲ ਸ਼ੈਤਾਨ, ਏਕਾ ਕੰਡੇ ਰਿਹਾ ਤੁਲਾਈਆ । ਮਾਇਆ ਰਾਣੀ ਹੋ ਪਰਧਾਨ, ਅੱਗੇ ਬੈਠੀ ਪੱਲੂ ਡਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਨਿਧਾਨ, ਗਲ ਬੈਠੇ ਵਕੜੀ ਪਾਈਆ । ਗੁਰਮੁਖ ਸਾਚਾ ਚਤੁਰ ਸੁਜਾਨ, ਪ੍ਰਭ ਚਰਨ ਧਿਆਨ ਲਗਾਈਆ । ਗੁਰ ਸਤਿਗੁਰ ਪੂਰਾ ਮਿਹਰਵਾਨ, ਨਿਜ ਆਤਮ ਵੇਖ ਵਖਾਈਆ । ਆਤਮ ਅੰਤਰ ਦੇਵੇ ਇਕ ਗਿਆਨ, ਸਚ ਸੁੱਚ ਮਤ ਸਮਝਾਈਆ । ਗੁਰਮਤ ਕਰ ਸ਼ਬਦ ਪਰਧਾਨ, ਨਾਮ ਨਾਮੇ ਕਰ ਕੁੜਮਾਈਆ । ਦਸਵੇਂ ਜਾਮੇ ਮੇਲ ਗੋਬਿੰਦ ਗੋਬਿੰਦ ਜਾਣੀ ਜਾਣ, ਆਪ ਅਖਵਾਈਆ । ਮਿਲਿਆ ਵਰ ਦੇਵੇ ਦਾਨੀ ਦਾਨ, ਆਤਮ ਝੋਲੀ ਗਿਆ ਭਰਾਈਆ । ਅੰਤਮ ਮੇਲਾ ਵਿਚ ਜਹਾਨ, ਨਿਹਕਲੰਕ ਸਚ ਸਰਨਾਈਆ । ਆਤਮ ਦੇਵੇ ਜੀਆ ਦਾਨ, ਜੋਤੀ ਨੂਰ ਸਵਾਈਆ । ਤੀਰ ਨਿਰਾਲਾ ਮਾਰੇ ਬਾਣ, ਏਕਾ ਸ਼ਬਦ ਰਖਾਈਆ । ਰਸਨਾ ਚਿੱਲਾ ਤੀਰ ਕਮਾਨ, ਆਪ ਆਪਣਾ ਰਿਹਾ ਚੜ੍ਹਾਈਆ । ਜੋਧਾ ਸੂਰ ਬਲੀ ਬਲਵਾਨ, ਨਰ ਨਰੇਸ਼ ਆਪ ਅਖਵਾਈਆ । ਉਪਰ ਬੈਠ ਸਚ ਸੱਚਾ ਸੁਲਤਾਨ, ਸ਼ਾਹੋ ਭੂਪ ਰੂਪ ਵਟਾਈਆ । ਦਰ ਦਵਾਰੇ ਦੇਵੇ ਮਾਣ, ਸਿਰ ਆਪਣਾ ਹੱਥ ਰਖਾਈਆ । ਨਾਤਾ ਤੁਟੇ ਪੀਣ


੯੩੫
੦੬

ਖਾਣ, ਜਗਤ ਲੱਜਿਆ ਨੇੜ ਨਾ ਆਈਆ । ਭਾਈ ਭੈਣ ਸਾਕ ਸੱਜਣ ਸੈਣ ਸਰਬ ਤਜ ਜਾਣ, ਨਾਤਾ ਛੁੱਟੇ ਨਾ ਹਰਿ ਰਘੁਰਾਈਆ । ਆਪੇ ਮੇਲੇ ਮੇਲਣਹਾਰ, ਆਪੇ ਭਗਤਾਂ ਜਗਤ ਵਿਛੋੜਾ ਫੰਦ ਕਟਾਈਆ । ਦਰ ਦਵਾਰੇ ਕਰੇ ਪਰਵਾਨ, ਪਰਮ ਪੁਰਖ ਵਡ ਵਡਿਆਈਆ । ਏਕਾ ਪਾਇਆ ਲਾਲੋ ਲਾਲ ਗਿਆਨ, ਲਾਲ ਅਨਮੁਲੜਾ ਗੁਰ ਚਰਨ ਸੱਚੀ ਸਰਨਾਈਆ । ਚਰਨ ਚਰਨੋਦਕ ਸਾਚਾ ਮੁਖ, ਨਾਨਕ ਰਸਨ ਲਗਾਇਆ । ਆਤਮ ਇਛਿਆ ਸਾਚਾ ਸੁੱਖ, ਹਉਮੇ ਰੋਗ ਚਲਾਇਆ । ਸੁਫਲ ਕਰਾਈ ਮਾਤ ਕੁੱਖ, ਆਪ ਆਪਣਾ ਸ਼ਬਦ ਸੁਣਾਇਆ । ਉਜਲ ਹੋਏ ਜਗਤ ਮੁਖ, ਗੋਬਿੰਦ ਸੇਵਾ ਲਾਇਆ । ਗੋਬਿੰਦ ਸੁੱਖਣਾ ਰਿਹਾ ਸੁੱਖ, ਨਿਹਕਲੰਕਾ ਰਾਹ ਤਕਾਇਆ । ਨਿਹਕਲੰਕ ਗੁਰਮੁਖ ਸਾਚੇ ਆਪਣੀ ਗੋਦੀ ਲਏ ਚੁੱਕ, ਜੋਤੀ ਜਾਮਾ ਭੇਖ ਵਟਾਇਆ । ਕਲਜੁਗ ਅੰਤਮ ਰਿਹਾ ਢੁੱਕ, ਨਾ ਸਕੇ ਕੋਈ ਬਚਾਇਆ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਰੋਕੇ ਸ੍ਰਿਸ਼ਟ ਸਬਾਇਆ । ਮਨਮੁਖਾਂ ਮੁਖ ਪੈਣਾ ਥੁੱਕ, ਰਾਏ ਧਰਮ ਦਏ ਸਜ਼ਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਸਿੱਖ ਤੇਰਾ ਵੇਖ ਦਰ, ਪੂਰਬ ਲਹਿਣਾ ਦਏ ਚੁਕਾਇਆ ।

ਜਗ ਜਨਣੀ ਜੁਗ ਏਕ ਹੈ, ਏਕਾ ਏਕ ਅਖਵਾਏ । ਸ੍ਰਿਸ਼ਟ ਸਬਾਈ ਦੇਵੇ ਸਾਚੀ ਟੇਕ ਹੈ, ਸਾਚਾ ਲੇਖਾ ਲੇਖ ਲਿਖਾਏ । ਨਿਜ ਨੇਤਰ ਆਪੇ ਰਿਹਾ ਵੇਖ ਹੈ, ਜਗ ਲੋਚਨ ਵੇਖ ਨਾ ਪਾਏ । ਆਪ ਆਪਣਾ ਕਰ ਪਰਵੇਸ਼ ਹੈ, ਪੂਤ ਸਪੂਤਾ ਸੁਤ ਜਗਾਏ । ਆਪੇ ਹੋਏ ਦਰ ਦਰਵੇਸ਼ ਹੈ, ਘਰ ਘਰ ਬੈਠੀ ਅਲਖ ਜਗਾਏ । ਸੇਵਕ ਸੇਵਾਦਾਰ ਬ੍ਰਹਮਾ ਵਿਸ਼ਨ ਮਹੇਸ਼ ਹੈ, ਦੋਏ ਦੋਏ ਬੈਠੇ ਸੀਸ ਝੁਕਾਏ । ਜਨ ਭਗਤਾਂ ਸੰਗ ਹਮੇਸ਼ ਹੈ, ਅੰਗੀਕਾਰ ਅਖਵਾਏ । ਆਪੇ ਮੇਲ ਮਿਲਾਇਆ ਦਾਤਾ ਦਸ ਦਸਮੇਸ਼ ਹੈ, ਨੈਣੀ ਨੈਣਾ ਦਰਸ ਦਿਖਾਏ । ਰੂਪ ਵਟਾਇਆ ਧਾਰੀ ਕੇਸ ਹੈ, ਧਾਰਾ ਸ਼ਸਤਰ ਇਕ ਜਣਾਏ । ਜਗਤ ਅਗੰਮਾ ਅਵੱਲੜਾ ਭੇਸ ਹੈ, ਲੇਖਾ ਲਿਖ ਨਾ ਸਕੇ ਰਾਏ । ਮਸਤਕ ਲਾਏ ਸਾਚੀ ਮੇਖ ਹੈ, ਜੋਤ ਲਿਲਾਟੀ ਆਪ ਟਿਕਾਏ । ਹਰਿਜਨ ਸਾਚਾ ਬੁਧ ਬਿਬੇਕ ਹੈ, ਗੁਰਮਤ ਇਕ ਸਰਨਾਏ । ਜਗ ਮਾਇਆ ਨਾ ਲਾਏ ਸੇਕ ਹੈ, ਸਤਿ ਤਤ ਰਹੇ ਨਾ ਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਜਨਣੀ ਸੇਵਾ ਲਾਏ । ਜਨ ਜਨਣੀ ਜਗ ਜਾਣਿਆ, ਲੱਖ ਚੁਰਾਸੀ ਸੁੱਤ । ਕੰਤ ਭਤਾਰੀ ਏਕਾ ਮਾਣਿਆ, ਪਾਰਬ੍ਰਹਮ ਅਬਿਨਾਸ਼ੀ ਅਚੁਤ । ਸਾਚੀ ਸੇਜਾ ਇਕ ਹੰਢਾਣਿਆ, ਇਕ ਸੁਹਾਏ ਸਾਚੀ ਰੁੱਤ । ਆਪੇ ਚਲੇ ਆਪਣੇ ਭਾਣਿਆ, ਆਪਣੇ ਭਾਣੇ ਆਪੇ ਰਿਹਾ ਛੁੱਟ । ਆਪਣਾ ਨਾਉਂ ਆਪ ਵਖਾਣਿਆ, ਆਪੇ ਲਾਹਾ ਰਿਹਾ ਲੁੱਟ । ਆਪੇ ਜੋਧਾ ਸੂਰਬੀਰ ਬਲਵਾਨਿਆ, ਆਪੇ ਜੜ੍ਹਾਂ ਰਿਹਾ ਪੁੱਟ । ਆਪੇ ਸ਼ਬਦ ਤੀਰ ਨਿਸ਼ਾਨਿਆ, ਆਪੇ ਫੜ ਫੜ ਰਿਹਾ ਕੁੱਟ । ਆਪੇ ਗਾਏ ਅਨਹਦ ਬਾਣੀਆ, ਆਪ ਪਿਆਏ ਅੰਮ੍ਰਿਤ ਘੁੱਟ । ਆਪੇ ਦਾਤਾ ਹੋਏ ਦਾਨੀਆ, ਆਪੇ ਮੁਖ ਭਵਾਏ ਬੈਠਾ ਰੁੱਠ । ਆਪੇ ਦੇਵਣਹਾਰ ਧੁਰ ਨਿਸ਼ਾਨਿਆ, ਨਾਮ ਨਿਧਾਨਾ ਏਕਾ ਮੁੱਠ । ਆਪੇ ਮਾਰੇ ਅੰਤਰ ਕਾਨੀਆ, ਆਪੇ ਖੋਲ੍ਹੇ ਦ੍ਰਿਸ਼ਟ ਕੂਟ । ਆਪੇ ਦੀਪਕ ਜੋਤ ਜਗਾਏ ਮਹਾਨਿਆ, ਬਜਰ ਕਪਾਟੀ ਜਾਏ ਤੁਟ । ਆਪੇ ਤਖ਼ਤ ਬਿਰਾਜੇ ਸਚ ਸੁਲਤਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਣੀ ਜਨ ਹਰਿ ਸੇਵਾ ਲਾਏ, ਹਰਿ ਸਾਚੇ ਦਇਆ ਕਮਾਨਿਆ । ਆਪੇ ਅੰਗਨ ਲਿਆ

੯੩੬
੦੬

ਵਖਾ, ਆਪ ਆਪਣੇ ਰੰਗ ਰੰਗਾਈਆ । ਸਾਚਾ ਸਗਨ ਲਿਆ ਮਨਾ, ਏਕਾ ਮੰਗਲ ਰਾਗ ਅਲਾਈਆ । ਗਗਨ ਪਾਤਾਲਾਂ ਖੇਲ ਖਿਲਾ, ਬ੍ਰਹਿਮੰਡਾਂ ਖੋਜ ਖੁਜਾਈਆ । ਆਕਾਸ਼ ਪਰਕਾਸ਼ ਗਿਆ ਸਮਾ, ਦਿਸ ਕਿਸੇ ਨਾ ਆਈਆ । ਆਪਣੀ ਰਾਸਾ ਆਪੇ ਪਾ, ਆਪੇ ਨਾਚ ਕਰਾਈਆ । ਗੋਪੀ ਕਾਹਨ ਖੇਲ ਖਿਲਾ, ਖੇਲਣਹਾਰ ਹਰ ਘਟ ਥਾਈਆ । ਸੰਤ ਸੁਹੇਲੇ ਮਾਤ ਜਗਾ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਇਕ ਵਖਾ, ਨਿਰਮਲ ਬਾਤੀ ਰਿਹਾ ਜਗਾਈਆ । ਵਰਨ ਗੋਤੀ ਨਾ ਕੋਈ ਜਣਾ, ਊਚ ਨੀਚ ਨਾ ਕੋਈ ਜਣਾਈਆ । ਮਾਤ ਪਿਤ ਨਾ ਕੋਈ ਭੈਣ ਭਰਾ, ਸਾਕ ਸੈਣ ਨਾ ਕੋਈ ਅਖਵਾਈਆ । ਮਹੱਲ ਅਟੱਲ ਨਾ ਕੋਈ ਥਾਂ, ਨਗਰ ਗਰਾਂ ਨਾ ਕੋਈ ਦਿਸਾਈਆ । ਮਾਨਸ ਬਿਰਖ ਨਾ ਦੇਵੇ ਠੰਡੀ ਛਾਂ, ਪਵਣੀ ਪਵਣ ਨਾ ਸੇਵ ਕਮਾਈਆ । ਗੁਰ ਪੀਰ ਨਾ ਜਪਾਏ ਕੋਈ ਨਾਂ, ਨਾ ਕੋਈ ਵਿਦਿਆ ਰਿਹਾ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਣੀ ਜਨ ਦਿਤਾ ਵਰ, ਏਕਾ ਸੁਤ ਲਿਆ ਉਪਾਈਆ । ਜਨਣੀ ਜਨ ਸੁਤ ਉਪਾਇਆ, ਹਰਿ ਸਾਚੀ ਖ਼ੁਸ਼ੀ ਮਨਾਈਆ । ਥਿਰ ਘਰ ਬੈਠ ਆਪ ਖੁਲ੍ਹਾਇਆ, ਦੇ ਮਤ ਰਿਹਾ ਸਮਝਾਈਆ । ਨਾ ਕੋਈ ਦੂਸਰ ਸੰਗ ਰਲਾਇਆ, ਨਾ ਕੋਈ ਤੀਜਾ ਵੇਖ ਵਖਾਈਆ । ਚੌਥੇ ਘਰ ਨਾ ਆਸਣ ਲਾਇਆ, ਨਾ ਆਤਮ ਸੇਜ ਵਿਛਾਈਆ । ਸ਼ਬਦ ਧੁਨ ਨਾ ਕੋਈ ਅਲਾਇਆ, ਨਾ ਕੋਈ ਰਾਗ ਸੁਣਾਈਆ । ਤਾਲ ਤਲਵਾੜਾ ਨਾ ਕੋਈ ਵਜਾਇਆ, ਨਾ ਕੋਈ ਕੀਰਤ ਕਰਾਈਆ । ਸ਼ਬਦ ਸਿੰਘਾਸਣ ਇਕ ਵਛਾਇਆ, ਹਰਿ ਬੈਠਾ ਬੇਪਰਵਾਹੀਆ । ਜਨਣੀ ਜਨ ਪੂਤ ਸਪੂਤਾ ਗੋਦ ਉਠਾਇਆ, ਅੱਗੇ ਬੈਠੀ ਝੋਲੀ ਡਾਹੀਆ । ਨੇਤਰ ਨੈਣ ਨਾ ਕੋਈ ਵਖਾਇਆ, ਨਾ ਕੋਈ ਬਣਤ ਬਣਾਈਆ । ਨੱਕ ਮੂੰਹ ਹੱਥ ਨਾ ਕੰਨ ਲਗਾਇਆ, ਪੰਜ ਤਤ ਨਾ ਰਕਤ ਰਖਾਈਆ । ਸ਼ਬਦ ਗਹਿਣਾ ਨਾ ਤਨ ਪਹਿਨਾਇਆ, ਨਾ ਕੋਈ ਛੱਪਰ ਛਾਈਆ । ਪੁਰਖ ਅਬਿਨਾਸ਼ੀ ਵੇਖ ਵਖਾਇਆ, ਆਪ ਆਪਣੀ ਜੋਤ ਜਗਾਈਆ । ਅੰਧ ਅੰਧੇਰ ਕੋਈ ਦਿਸ ਨਾ ਆਇਆ, ਸਾਚਾ ਦੀਪ ਕਰੇ ਰੁਸ਼ਨਾਈਆ । ਥਿਰ ਘਰ ਸਾਚਾ ਧਾਮ ਸੁਹਾਇਆ, ਪ੍ਰਭ ਸਾਚੇ ਖ਼ੁਸ਼ੀ ਮਨਾਈਆ । ਪੂਤ ਸਪੂਤਾ ਵੇਖ ਵਖਾਇਆ, ਸੋਹਣੀ ਬਣਤ ਬਣਾਈਆ । ਚਾਰੇ ਕੂਟਾਂ ਆਪ ਦੁੜਾਇਆ, ਦਹਿ ਦਿਸ਼ਾ ਰਿਹਾ ਭਵਾਈਆ । ਲੋਆਂ ਪੁਰੀਆਂ ਲਏ ਉਪਾਇਆ, ਗਗਨ ਪਾਤਾਲਾਂ ਰਚਨ ਰਚਾਈਆ । ਆਪ ਆਪਣਾ ਹੁਕਮ ਜਣਾਇਆ, ਅੱਠੇ ਪਹਿਰ ਸੇਵਾ ਲਾਈਆ । ਬ੍ਰਹਿਮੰਡ ਖੰਡ ਹਰਿ ਵੰਡ ਵੰਡਾਇਆ, ਵੰਡਣਹਾਰ ਆਪ ਹੋ ਜਾਈਆ । ਤੇਜ ਪ੍ਰਚੰਡ ਹੱਥ ਫੜਾਇਆ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਵੇਖ ਘਰ, ਪੂਤ ਸਪੂਤਾ ਸਾਚੇ ਦਰ, ਘਰ ਸਾਚਾ ਇਕ ਸੁਹਾਈਆ । ਪੂਤ ਸਪੂਤਾ ਮੰਨ ਸਲਾਹ, ਪ੍ਰਭ ਅੱਗੇ ਕਰੇ ਨਿਮਸਕਾਰਿਆ । ਪਾਰਬ੍ਰਹਮ ਬੇਪਰਵਾਹ, ਤੇਰਾ ਅੰਤ ਨਾ ਪਾਰਾਵਾਰਿਆ । ਏਕਾ ਹੁਕਮ ਦਿਤਾ ਜਣਾ, ਅੱਠੇ ਪਹਿਰ ਖ਼ਬਰਦਾਰਿਆ । ਲੋਆਂ ਪੁਰੀਆਂ ਰਿਹਾ ਰਾਹ ਤਕਾ, ਆਵਾਂ ਜਾਵਾਂ ਵਾਰੋ ਵਾਰਿਆ । ਤੇਰਾ ਦਰ ਏਕਾ ਲਿਆ ਖੁਲ੍ਹਾ, ਨਾ ਹੋਏ ਬੰਦ ਭੰਡਾਰਿਆ । ਜੋਤੀ ਮਾਤਾ ਤੱਕੇ ਰਾਹ, ਨੇਤਰ ਨੈਣ ਉਘਾੜਿਆ । ਸਾਚਾ ਸੁਤ ਪਕੜ ਉਠਾਏ ਬਾਂਹ, ਹਰਿ ਸ਼ਬਦੀ ਨਾਉਂ ਉਚਾਰਿਆ । ਵੇਖ ਵਖਾਏ ਥਾਉਂ ਥਾਂ, ਨਰ ਨਰਾਇਣ ਹਰਿ ਨਿਰੰਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤਾ ਦਿਤਾ ਵਰ, ਆਪ ਆਪਣੀ ਕਿਰਪਾ ਧਾਰਿਆ । ਪੂਤ ਸਪੂਤੇ ਚੜ੍ਹਿਆ ਚਾਅ, ਘਰ ਸਾਚੇ ਵੱਜੀ ਵਧਾਈਆ । ਥਿਰ ਘਰ ਮੰਗਲ ਰਿਹਾ ਗਾ, ਏਕਾ ਖ਼ੁਸ਼ੀ ਮਨਾਈਆ । ਏਕਾ ਮਿਲੀ ਸੱਚੀ ਸਰਨਾ,


੯੩੭
੦੬

ਸਰਨਗਤ ਇਕ ਹੋ ਜਾਈਆ । ਦੋ ਜਹਾਨਾਂ ਹਰਿ ਮਲਾਹ, ਬੇੜਾ ਆਪਣਾ ਆਪ ਚਲਾਈਆ । ਗਲ ਵਿਚ ਪੱਲੂ ਬੈਠਾ ਪਾ, ਪ੍ਰਭ ਅੱਗੇ ਸੀਸ ਝੁਕਾਈਆ । ਸੰਗੀ ਸਾਥੀ ਲਏ ਉਪਾ, ਰਚਨ ਆਪਣੀ ਆਪ ਰਚਾਈਆ । ਬ੍ਰਹਮਾ ਵਿਸ਼ਨ ਮਾਤ ਟਿਕਾ, ਤ੍ਰੈਗੁਣ ਮਾਇਆ ਝੋਲੀ ਪਾਈਆ । ਪੰਜ ਤਤ ਬਣਤ ਬਣਾ, ਨਿਰਗੁਣ ਆਪੇ ਵੇਖ ਵਖਾਈਆ । ਸਰਗੁਣ ਸਾਚਾ ਰਥ ਚਲਾ, ਰਥ ਰਥਵਾਹੀ ਬੇਪਰਵਾਹੀਆ । ਸੰਤ ਦੁਲਾਰੇ ਸੇਵਾ ਲਾ, ਸਾਚੀ ਰਾਸਾ ਹੱਥ ਫੜਾਈਆ । ਆਤਮ ਬ੍ਰਹਮ ਬ੍ਰਹਮ ਜਣਾ, ਏਕਾ ਮਾਰਗ ਰਿਹਾ ਵਖਾਈਆ । ਅੱਠੇ ਨੇਤਰ ਰਿਹਾ ਉਠਾ, ਚਾਰੇ ਮੁਖ ਚਲਾਈਆ । ਪ੍ਰਭ ਅਬਿਨਾਸ਼ੀ ਬੇਪਰਵਾਹ, ਏਕਾ ਸ਼ਬਦ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਸੁਤ ਦੁਲਾਰਾ ਕਰ ਪਿਆਰਾ ਸੇਵਕ ਸੇਵਾ ਸਾਚੀ ਲਾਈਆ । ਸਾਚਾ ਸੁਤ ਹੋ ਤਿਆਰ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰ, ਲੋਕਮਾਤੀ ਰਾਹ ਤਕਾਇੰਦਾ । ਲੱਖ ਚੁਰਾਸੀ ਮੀਤ ਮੁਰਾਰ, ਆਤਮ ਸੇਜਾ ਇਕ ਵਿਛਾਇੰਦਾ । ਮਹੱਲ ਅਟੱਲ ਉਚ ਮਿਨਾਰ, ਦਸਮ ਦਵਾਰੀ ਆਪ ਬਣਾਇੰਦਾ । ਨਾ ਕੋਈ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਸਿਲ੍ਹਾ ਲਾਇੰਦਾ । ਪੰਚਮ ਰੱਖੇ ਮਗਰ ਧਾੜ, ਅੱਠੇ ਪਹਿਰ ਡਰਾਇੰਦਾ । ਵਾ ਲੱਗੇ ਤਤੀ ਹਾੜ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਲੱਗੇ ਅੱਗ ਬਹੱਤਰ ਨਾੜ, ਨਾੜੀ ਨਾੜੀ ਆਪ ਜਲਾਇੰਦਾ । ਸੁਤ ਸ਼ਬਦ ਵੇਖੇ ਸਚ ਅਖਾੜ, ਦਰ ਸਾਚਾ ਇਕ ਸੁਹਾਇੰਦਾ । ਪੁਰਖ ਅਬਿਨਾਸ਼ੀ ਅੰਦਰ ਵਾੜ, ਆਪੇ ਕੁੰਡਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਦਿਤਾ ਵਰ, ਸਾਚਾ ਮਾਰਗ ਇਕ ਜਣਾਇੰਦਾ । ਸੁਤ ਦੁਲਾਰੇ ਸੁਣ ਫਰਿਆਦ, ਹਰਿ ਸਾਚਾ ਕਰੇ ਜਣਾਈਆ । ਏਕਾ ਦੇਵੇ ਜਗਤ ਦਾਦ, ਚੋਰ ਯਾਰ ਕੋਇ ਲੁੱਟ ਨਾ ਜਾਈਆ । ਜਨ ਭਗਤਾਂ ਦੇਵੇ ਏਕਾ ਦਾਦ, ਨਾਮ ਵਸਤ ਝੋਲੀ ਪਾਈਆ । ਸਦਾ ਅਟੱਲ ਅਡੋਲ ਰਹੇ ਆਦਿ ਜੁਗਾਦਿ, ਜੁਗ ਜੁਗ ਭੰਡਾਰ ਚਲਾਈਆ । ਖੋਜੇ ਖੋਜ ਹਰਿ ਬ੍ਰਹਿਮਾਦ, ਖੋਜਣਹਾਰ ਸ੍ਰਿਸ਼ਟ ਸਬਾਈਆ । ਧੁਨ ਆਤਮਕ ਵਜਾਏ ਨਾਦ, ਸਾਚਾ ਨਾਦ ਸੁਰਤ ਸਵਾਣੀ ਲਏ ਜਗਾਈਆ । ਹਰਿ ਜਣਾਈ ਬੋਧ ਅਗਾਧ, ਬੋਧ ਅਗਾਧਾ ਭੇਵ ਖੁਲ੍ਹਾਈਆ । ਜੋ ਜਨ ਲੋਕਮਾਤ ਪਾਰਬ੍ਰਹਮ ਰਹੇ ਰਸਨਾ ਅਰਾਧ, ਤਿਨ੍ਹਾਂ ਸੇਵਕ ਸੇਵਾ ਰਿਹਾ ਕਮਾਈਆ । ਨਾਮ ਉਪਾਏ ਸੰਤ ਸਾਧ, ਏਕਾ ਦੂਜਾ ਗਏ ਤਜਾਈਆ । ਤੀਜੇ ਨੇਤਰ ਲਿਆ ਲਾਧ, ਪਰਦਾ ਮਾਇਆ ਪਰ੍ਹੇ ਹਟਾਈਆ । ਚੌਥਾ ਘਰ ਸੁਣ ਫਰਿਆਦ, ਮੋਹਣ ਮਾਧਵ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਿਤਾ ਵਰ, ਹਰਿ ਸ਼ਬਦ ਪੜੇ ਸਰਨਾਈਆ । ਹਰਿ ਸ਼ਬਦ ਕਰ ਪਰਵਾਨ, ਨੇਤਰ ਨੀਰ ਵਹਾਇੰਦਾ । ਭਗਤਾਂ ਦੀਨਾ ਭਗਤੀ ਦਾਨ, ਦਾਨੀ ਦਾਨ ਆਪ ਕਰਾਇੰਦਾ । ਚਰਨ ਮਜਨ ਧੂੜ ਸਚ ਇਸ਼ਨਾਨ, ਦੁਰਮਤ ਮੈਲ ਗਵਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਸਰ ਸਰੋਵਰ ਇਕ ਨੁਹਾਇੰਦਾ । ਹੰਸ ਕਾਗ ਕਾਗ ਹੰਸ ਸਰਬ ਬਣ ਜਾਣ, ਜੋ ਰਸਨਾ ਗਾਇੰਦਾ । ਮਿਲੇ ਮੇਲ ਸ੍ਰੀ ਭਗਵਾਨ, ਵਿਛੜ ਕਦੇ ਨਾ ਜਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨ, ਖੇਲਣਹਾਰ ਆਪ ਹੋ ਆਇੰਦਾ । ਸਤਿਜੁਗ ਤ੍ਰੇਤਾ ਲਿਆ ਮਾਣ, ਦੁਆਪਰ ਰਸਨ ਰਚਾਇੰਦਾ । ਵੇਖੇ ਮਾਰ ਧਿਆਨ, ਗੋਬਿੰਦ ਨਾਨਕ ਸੇਵਾ ਲਾਇੰਦਾ । ਸੰਗ ਮੁਹੰਮਦ ਚਾਰ ਯਾਰ ਨੌਜਵਾਨ, ਈਸਾ ਮੂਸਾ ਵੇਖ ਵਖਾਇੰਦਾ । ਗੁਰਮੁਖ ਸਾਚੇ ਚਤੁਰ ਸੁਜਾਨ, ਘਰ ਸਾਚੇ ਆਪ ਜਗਾਇੰਦਾ । ਜਗਤ ਭਗਤੀ ਜੀਆ ਦਾਨ, ਜੋਗ ਜੁਗਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੯੩੮
੦੬

ਸਾਚੇ ਸ਼ਬਦ ਲਿਆ ਵਰ, ਵਰ ਆਪਣਾ ਆਪ ਹੰਢਾਇੰਦਾ । ਸਾਚਾ ਸ਼ਬਦ ਕਰ ਤਿਆਰੀ, ਆਦਿ ਅੰਤ ਸਮਾਇਆ । ਜਨ ਭਗਤਾਂ ਮੇਲੇ ਮੇਲ ਵਿਚ ਸੰਸਾਰੀ, ਮੇਲਣਹਾਰ ਆਪ ਅਖਵਾਇਆ । ਲਾਲੋ ਲਾਲਨ ਪੈਜ ਸਵਾਰੀ, ਲਾਲ ਅਨਮੁਲੜਾ ਇਕ ਰਖਾਇਆ । ਇਕ ਕਰਾਇਆ ਵਣਜ ਵਪਾਰੀ, ਏਕਾ ਹੱਟ ਵਖਾਇਆ । ਰੋ ਰੋ ਨੇਤਰ ਨੈਣ ਨੀਰ ਵਹਾਇਆ ਰੋਵਣ ਜ਼ਾਰੋ ਜ਼ਾਰੀ, ਦਰ ਘਰ ਸਾਚੇ ਦਰਸ਼ਨ ਪਾਇਆ । ਗਲ ਪਲੜਾ ਚਰਨ ਸਰਨ ਜਾਏ ਬਲਿਹਾਰੀ, ਆਵਣ ਜਾਵਣ ਵੇਖ ਵਖਾਇਆ । ਨਾਨਕ ਬੋਲੇ ਸ਼ਬਦ ਨਿਰੰਕਾਰੀ, ਨਿਰਗੁਣ ਤਾਰ ਰਿਹਾ ਹਿਲਾਇਆ । ਸਰਗੁਣ ਜਾਏ ਪੈਜ ਸਵਾਰੀ, ਭੇਵ ਕਿਸੇ ਨਾ ਪਾਇਆ । ਲੋਕਮਾਤ ਤੇਰਾ ਸਚ ਪਿਆਰੀ, ਸੇਵਕ ਸੇਵਾ ਕਰਦਾ ਆਇਆ । ਅੰਤਮ ਮੇਲਾ ਵਡ ਜੋਧਾ ਸੂਰਬੀਰ ਬਲਕਾਰੀ, ਸ਼ਹਿਨਸ਼ਾਹ ਆਪ ਹੋ ਆਇਆ । ਦੇਵੇ ਨਾਮ ਸ਼ਬਦ ਅਪਰ ਅਪਾਰੀ, ਸੋ ਪੁਰਖ ਨਿਰੰਜਣ ਮੇਲ ਮਿਲਾਇਆ । ਹੰ ਹੰਗਤਾ ਦਏ ਨਿਵਾਰੀ, ਸਾਚੀ ਸੰਗਤਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬਾਲ ਅੰਵਾਣਾ ਮਾਤ ਉਪਾਇਆ । ਬਾਲ ਅੰਵਾਣੇ ਜੋਤ ਜਗਾ, ਜੋਤੀ ਨੂਰ ਸਵਾਈਆ । ਸ਼ਬਦ ਅਨਾਦੀ ਧੁਨ ਵਜਾ, ਆਪ ਆਪਣੀ ਬੂਝ ਬੁਝਾਈਆ । ਨੇਤਰ ਨੈਣਾ ਦਰਸ ਦਿਖਾ, ਤ੍ਰਿਸ਼ਨਾ ਭੁੱਖ ਮਿਟਾਈਆ । ਸਾਚੀ ਸਿਖਿਆ ਇਕ ਸਿਖਾ, ਸਾਚੇ ਮਾਰਗ ਲਾਈਆ । ਜੋ ਲਿਖਿਆ ਧੁਰ ਸੋ ਦਏ ਫ਼ਰਮਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਜੁਗ ਲਹਿਣਾ ਦੇਣਾ ਰਿਹਾ ਚੁਕਾ, ਜਨ ਭਗਤਾਂ ਵੇਖ ਵਖਾਈਆ । ਬਸਤਰ ਗਹਿਣਾ ਤਨ ਪਹਿਨਾ, ਨੇਤਰ ਨੈਣਾ ਨਾਮ ਰਖਾਈਆ । ਭਾਣਾ ਸਹਿਣਾ ਆਪ ਜਣਾ, ਆਪਣੇ ਹੱਥ ਰੱਖੇ ਵਡਿਆਈਆ । ਮਨ ਕਾ ਮਣਕਾ ਦਏ ਭੁਆ, ਗੜ੍ਹ ਹੰਕਾਰ ਤੁੜਾਈਆ । ਜਨਣੀ ਜਨ ਜਨਕਾ ਦਏ ਮਿਟਾ, ਸੀਤਾ ਸੁਰਤੀ ਲਏ ਪਰਨਾਈਆ । ਰਾਮ ਰਾਮਾ ਆਪ ਅਖਵਾ, ਕਲਜੁਗ ਧਨੁਖ ਕਰੇ ਲੜਾਈਆ । ਕਾਹਨਾ ਕ੍ਰਿਸ਼ਨਾ ਰੂਪ ਵਟਾ, ਆਪੇ ਹੋਏ ਰਥ ਰਥਵਾਹੀਆ । ਅਰਜਨ ਗੀਤਾ ਗਿਆਨ ਸੁਣਾ, ਅਠਾਰਾਂ ਧਿਆਏ ਦਿਵਸ ਅਠਾਰਾਂ ਮਾਰਗ ਪਾਈਆ । ਆਪ ਆਪਣਾ ਭੇਖ ਵਟਾ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਈਸਾ ਮੂਸਾ ਕਾਰੇ ਲਾ, ਸੰਗ ਮੁਹੰਮਦ ਚਾਰ ਯਾਰ ਮਸਤਕ ਲਾਈ ਸ਼ਾਹੀਆ । ਅੱਲਾ ਰਾਣੀ ਸੰਗ ਉਪਾ, ਏਕਾ ਨੂਰ ਸਰੂਰ ਵਖਾਈਆ । ਨਾਨਕ ਗੋਬਿੰਦ ਜੋਤ ਜਗਾ, ਜੋਗ ਜੁਗੀਸ਼ਰ ਦਇਆ ਕਮਾਈਆ । ਸਾਚਾ ਖੰਡਾ ਹੱਥ ਫੜਾ, ਤੇਜ ਪਰਚੰਡਾ ਰਿਹਾ ਚਮਕਾਈਆ । ਅੰਤਮ ਪੁਰੀ ਅਨੰਦ ਗਿਆ ਤਜਾ, ਗੁਰਮੁਖ ਸਾਚੇ ਸਰਸੇ ਭੇਟ ਚੜ੍ਹਾਈਆ । ਏਕਾ ਸਿਖਿਆ ਗਿਆ ਸਿਖਾ, ਵੇਲਾ ਅੰਤਮ ਦਏ ਦੁਹਾਈਆ । ਪ੍ਰਭ ਨਿਹਕਲੰਕਾ ਜੋਤੀ ਜਾਮਾ ਪਾ, ਗੁਰ ਗੋਬਿੰਦ ਸੰਗ ਰਖਾਈਆ । ਗੁਰਮੁਖ ਸਾਚੇ ਲਏ ਉਪਾ, ਜੋ ਸਰਸੇ ਗਿਆ ਰੁੜ੍ਹਾਈਆ । ਲੋਕਮਾਤੀ ਜਨਮ ਦਵਾ, ਗ਼ਰੀਬ ਨਿਮਾਣੇ ਲਏ ਤਰਾਈਆ । ਤਨ ਗਾਤਰਾ ਇਕ ਵਖਾ, ਸ਼ਬਦ ਖੰਡਾ ਇਕ ਵਖਾਈਆ । ਲੇਖਾ ਆਪਣੇ ਹੱਥ ਰਖਾ, ਨਾ ਦੂਸਰ ਕਿਸੇ ਵਖਾਈਆ । ਦੋ ਜਹਾਨੀ ਰਿਹਾ ਆਪ ਚਮਕਾ, ਏਕਾ ਚਮਕ ਚਮਕਾਈਆ । ਸਾਚੀ ਦਮਕ ਰਿਹਾ ਦਮਕਾ, ਜ਼ਿਮੀ ਅਸਮਾਨਾਂ ਰਿਹਾ ਹਿਲਾਈਆ । ਗਗਨ ਪਤਾਲ ਰੋਵਣ ਮਾਰਨ ਧਾਹ, ਰਵ ਸਸ ਦੇਣ ਦੁਹਾਈਆ । ਬ੍ਰਹਮਾ ਸ਼ਿਵ ਬੈਠੇ ਮੁਖ ਛੁਪਾ, ਨੇਤਰ ਨੀਰ ਰਹੇ ਵਹਾਈਆ । ਕਰੋੜ ਤੇਤੀਸਾ ਰਿਹਾ ਕੁਰਲਾ, ਸੁਰਪਤ ਰਾਜਾ ਇੰਦ ਚਾਰੋਂ ਕੁੰਟ ਫਿਰਦਾ ਵਾਹੋ ਦਾਹੀਆ । ਨੌਂ ਖੰਡ ਪ੍ਰਿਥਮੀ ਪ੍ਰਭ ਵੇਖ ਵਖਾ, ਲੱਖ ਚੁਰਾਸੀ ਫੇਰਾ ਪਾਈਆ । ਲੱਖ ਚੁਰਾਸੀ ਹੋਈ ਹਲਕਾ, ਮਨ ਮਤ ਬੁਧ ਨਾ ਧੀਰ ਧਰਾਈਆ । ਵੇਲੇ ਅੰਤ ਨਾ ਹੋਏ ਕੋਈ ਸਹਾ, ਅਠਸਠ ਨਾ ਨੀਰ ਕੋਈ ਪਿਲਾਈਆ ।

੯੩੯ ੦੬

ਮੰਦਰ ਮਸਜਿਦ ਗੁਰੂਦਵਾਰਾ ਨਾ ਪਕੜੇ ਕੋਈ ਬਾਂਹ, ਇੱਟ ਗਾਰਾ ਰਹਿਣ ਨਾ ਪਾਈਆ । ਅਕਾਲ ਪੁਰਖ ਤੇਰਾ ਏਕਾ ਏਕ ਸੱਚਾ ਨਾਂ, ਜਨ ਭਗਤਾਂ ਲਏ ਤਰਾਈਆ । ਚਾਰੋਂ ਕੁੰਟ ਏਕਾ ਏਕ ਵਖਾਏ ਫੜ ਫੜ ਬਾਂਹ, ਆਪ ਆਪਣੀ ਸੇਵਾ ਲਾਈਆ । ਆਪੇ ਪਿਤਾ ਆਪੇ ਮਾਂ, ਭਾਈ ਭੈਣ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲਾ ਸਾਚੇ ਘਰ, ਘਰ ਸਾਚਾ ਸਹਿਜ ਸੁਭਾਈਆ । ਗੁਰਮੁਖ ਸਾਚਾ ਸੰਤ ਦੁਲਾਰ, ਦਰ ਘਰ ਸਚ ਕਰੇ ਪਰਵਾਨਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵੇ ਨਾਮ ਨਿਸ਼ਾਨੀਆ । ਗੁਰ ਗੋਬਿੰਦਾ ਸ਼ਾਹ ਅਸਵਾਰ, ਮਾਰੇ ਕਲਜੁਗ ਪੰਚ ਦੁਰਾਨੀਆ । ਨੇਜਾ ਸ਼ਸਤਰ ਤੇਜ ਕਟਾਰ, ਬ੍ਰਹਿਮੰਡਾਂ ਖੰਡਾਂ ਵੇਖ ਵਖਾਨੀਆ । ਅਸਤਰ ਬਸਤਰ ਸ਼ਸਤਰ ਅਪਾਰ, ਸੋਲਾਂ ਕਲੀਆਂ ਆਸਣ ਇਕ ਰਖਾਨੀਆ । ਚਰਨ ਰਕਾਬੇ ਹੋ ਤਿਆਰ, ਨੀਲੀ ਛੱਤੋਂ ਆਏ ਬਾਹਰ, ਹਰਿ ਵਾਲੀ ਦੋ ਜਹਾਨਿਆ । ਲੋਕਮਾਤ ਲਏ ਅਵਤਾਰ, ਸੰਬਲ ਨਗਰੀ ਧਾਮ ਸੁਹਾਨਿਆ । ਕਿਸੇ ਹੱਥ ਨਾ ਆਏ ਵਿਚ ਸੰਸਾਰ, ਪੜ੍ਹ ਪੜ੍ਹ ਥੱਕੇ ਜਗਤ ਵਿਦਵਾਨਿਆ । ਨਾ ਕੋਈ ਜਾਣੇ ਆਰ ਪਾਰ ਕਿਨਾਰ, ਬੇੜਾ ਡੁੱਬਾ ਜਗਤ ਮੰਝਧਾਰ, ਨਾ ਕੋਈ ਵੇਖੇ ਵੰਞ ਮੁਹਾਨਿਆ । ਗੁਰਮੁਖ ਸਾਚੇ ਕਰ ਪਿਆਰ, ਆਪ ਆਪਣੀ ਕਿਰਪਾ ਧਾਰ, ਦੇਵੇ ਦਰਸ ਅਗੰਮ ਅਪਾਰ, ਅੱਠੇ ਪਹਿਰ ਕਰੇ ਮਿਹਰਬਾਨੀਆ । ਆਵਣ ਜਾਵਣ ਭੇਖ ਨਿਆਰ, ਖੇਲੇ ਖੇਲ ਹਰਿ ਨਿਰੰਕਾਰ, ਗੁਰ ਸ਼ਬਦ ਮੇਲ ਵਿਚ ਸੰਸਾਰ, ਮੇਲਣਹਾਰ ਆਪ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਮੇਲ ਦਰ, ਦਰ ਦਵਾਰ ਕਰੇ ਪਰਵਾਨਿਆ । ਗੁਰਮੁਖ ਸਾਚੇ ਸਚਖੰਡ, ਹਰਿ ਸਾਚੇ ਜੋਤ ਜਗਾਈਆ । ਕਿਸੇ ਹੱਥ ਨਾ ਆਏ ਵਿਚ ਬ੍ਰਹਿਮੰਡ, ਸਾਧ ਸੰਤ ਬੈਠੇ ਧੂਣੀਆਂ ਤਾਈਆ । ਆਤਮ ਸਭ ਦੀ ਹੋਈ ਰੰਡ, ਕੰਤ ਸੁਹਾਗ ਨਾ ਕੋਈ ਹੰਢਾਈਆ । ਮਾਇਆ ਰਾਣੀ ਸਿਰ ਚੁੱਕੀ ਪੰਡ, ਗੁਰ ਅਰਜਨ ਤੇਰਾ ਹੱਟੋ ਹੱਟ ਹੱਟ ਵਿਕਾਈਆ । ਅੰਤਮ ਹੋਣਾ ਖੰਡ ਖੰਡ, ਪ੍ਰਭ ਸਾਚਾ ਰਿਹਾ ਕਰਾਈਆ । ਸ਼ਬਦ ਫੜ ਤੇਜ ਚੰਡ ਪਰਚੰਡ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਮੇਟ ਮਿਟਾਏ ਭੇਖ ਪਖੰਡ, ਜੂਠ ਝੂਠ ਰਹਿਣ ਨਾ ਪਾਈਆ । ਜਨ ਭਗਤਾਂ ਨਾਮ ਏਕਾ ਵੰਡ, ਏਕਾ ਬਖ਼ਸ਼ੇ ਸਚ ਸੱਚੀ ਸਰਨਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਦੰਡ, ਗਊ ਗਰੀਬਾਂ ਗਲੇ ਲਗਾਈਆ । ਵੇਖ ਵਖਾਣੇ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਹਾਏ ਇਕ ਘਰ, ਘਰ ਸਾਚਾ ਨਾਉਂ ਰਖਾਈਆ । ਗੁਰਮੁਖ ਸਾਚੇ ਸਚ ਦਲੀਲ, ਰਸਨਾ ਰਸ ਪੁਕਾਰਿਆ । ਹਰਿ ਕਾ ਸ਼ਬਦ ਜਗਤ ਵਕੀਲ, ਲਾਏ ਪਾਰ ਕਿਨਾਰਿਆ । ਮੇਲ ਮਿਲਾਏ ਸ਼ਾਹੋ ਛੈਲ ਛਬੀਲ, ਚਿੱਟੇ ਅਸਵ ਹਰਿ ਅਸਵਾਰਿਆ । ਤਨ ਵਖਾਏ ਬਸਤਰ ਨੀਲ, ਰੁੱਤ ਬਸੰਤੀ ਇਕ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਾਚਾ ਦਰ, ਹਰਿ ਸੰਗਤ ਮੇਲ ਮਿਲਾ ਲਿਆ । ਗੁਰਸਿਖ ਜਗ ਜੋਤ ਜਗਾ, ਜਾਗਰਤ ਦਿਸ਼ਾ ਵਖਾਈਆ । ਨੇਤਰ ਅੰਜਨ ਏਕਾ ਪਾ, ਅਗਿਆਨ ਅੰਧੇਰ ਮਿਟਾਈਆ । ਧੂੜ ਮਜਨ ਇਸ਼ਨਾਨ ਇਕ ਕਰਾ, ਦੁਰਮਤ ਮੈਲ ਗਵਾਈਆ । ਸਾਚਾ ਸੱਜਣ ਆਪ ਅਖਵਾ, ਦੋ ਜਹਾਨਾਂ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਚ ਦਰ, ਦਰ ਦਹਿਲੀਜ ਸੁਹਾਇਆ । ਹਰਿ ਮੰਦਰ ਹਰ ਘਟ, ਹਰ ਘਟ ਆਪ ਸਮਾਇਆ । ਦੀਪਕ ਜੋਤੀ ਕਾਇਆ ਮਟ, ਗੁਰ ਗੋਪਾਲਾ ਰਿਹਾ ਜਗਾਇਆ । ਚੌਦਾਂ ਲੋਕ ਵਖਾਏ ਏਕਾ ਹੱਟ, ਹੱਟ ਹਟਵਾਣਾ ਆਪ ਅਖਵਾਇਆ । ਲੇਖ

ਚੁਕਾਏ ਅੱਠ ਸੱਠ, ਤਟ ਕਿਨਾਰ ਫੇਰਾ ਪਾਇਆ । ਕਾਇਆ ਮੰਦਰ ਅੰਦਰ ਆਪ ਸੁਹਾਏ ਸੱਚ, ਦਰ ਦਵਾਰਾ ਗੁਰ ਸਾਚਾ ਬੈਠਾ ਆਸਣ ਲਾਇਆ । ਗੁਰਮੁਖ ਮੇਲਾ ਮੇਲਾ ਨੱਠ ਨੱਠ, ਕਲਜੁਗ ਅੰਤਮ ਰਿਹਾ ਕਰਾਇਆ । ਪੰਜ ਤਤ ਮੁਨਾਰਾ ਜਾਏ ਢੱਠ, ਥਿਰ ਕੋਈ ਰਹਿਣ ਨਾ ਪਾਇਆ । ਪ੍ਰਭ ਚਰਨ ਦਵਾਰੇ ਇਕ ਇਕੱਠ, ਏਕਾ ਧਾਮ ਸੁਹਾਇਆ । ਕਲਜੁਗ ਗੇੜੇ ਉਲਟੀ ਲੱਠ, ਏਕਾ ਗੇੜ ਚਲਾਇਆ । ਲੱਖ ਚੁਰਾਸੀ ਪਾਏ ਭੱਠ, ਰਾਏ ਧਰਮ ਕੁੰਡਾ ਲਾਹਿਆ । ਸੰਤ ਸੁਹੇਲੇ ਲਏ ਰੱਖ, ਆਪ ਆਪਣੀ ਦਇਆ ਕਮਾਇਆ । ਜਨ ਭਗਤਾਂ ਦਰਸ ਦਿਖਾਏ ਹੋਏ ਪਰਤੱਖ, ਜਗਤ ਪਰੀਖਿਆ ਵਿਚ ਨਾ ਆਇਆ । ਚਾਰੋਂ ਕੁੰਟ ਫਿਰ ਫਿਰ ਥੱਕੇ ਮੁਨ ਰਿਖ, ਰਿਖੀ ਕੇਸ਼ ਗਵਰਧਨ ਧਾਰ ਨਾ ਵੇਖ ਵਖਾਇਆ । ਸਾਧ ਸੰਤ ਦਰ ਦਰ ਮੰਗਣ ਭਿਖ, ਤ੍ਰਿਸ਼ਨਾ ਭੁੱਖ ਨਾ ਕੋਈ ਮਿਟਾਇਆ । ਪੰਡਤ ਪਾਂਧੇ ਬਹਿ ਬਹਿ ਲੇਖਾ ਰਹੇ ਲਿਖ, ਲੇਖਾ ਆਪਣਾ ਨਾ ਮੂਲ ਚੁਕਾਇਆ । ਗੁਰਮੁਖ ਸਾਚੇ ਸਾਚੀ ਸਿਖਿਆ ਲੈਣ ਸਿਖ, ਪ੍ਰਭ ਸਾਚਾ ਰਿਹਾ ਸਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਹਰ ਘਟ ਆਪ ਮਿਲਾਇਆ । ਹਰ ਘਟ ਮੇਲਾ ਮੇਲਣਹਾਰ, ਮੇਲੇ ਧੁਰ ਸੰਜੋਗਿਆ । ਚੇਲਾ ਗੁਰ ਸੋਹਿਣ ਇਕ ਦਵਾਰ, ਰਸ ਏਕਾ ਆਤਮ ਭੋਗਿਆ । ਏਕਾ ਪੁਰਖ ਏਕਾ ਨਾਰ, ਏਕਾ ਜੋਗ ਕਮਾਇਆ ਜੋਗਿਆ । ਏਕਾ ਕੰਤ ਏਕ ਭਤਾਰ, ਰੰਗ ਬਸੰਤ ਸਾਚੀ ਚੋਗਿਆ । ਹਰਿਜਨ ਮੇਲਾ ਵਿਚ ਸੰਸਾਰ, ਦੇਵੇ ਦਰਸ ਅਮੋਘਿਆ । ਆਦਿ ਅੰਤ ਏਕੰਕਾਰ, ਜਗਤ ਵਿਛੋੜਾ ਕਟੇ ਜਗਤ ਵਿਜੋਗਿਆ । ਦੇਵੇ ਦਰਸ ਅਗੰਮ ਅਪਾਰ, ਹਉਮੇ ਕਟੇ ਰੋਗਿਆ । ਜੋ ਜਨ ਢਹਿ ਪਏ ਪ੍ਰਭ ਚਰਨ ਦਵਾਰ, ਆਤਮ ਸੇਜਾ ਏਕਾ ਭੋਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਇਕ ਦਰ, ਦਰ ਸਾਚਾ ਏਕਾ ਖੋਜਿਆ । ਸਾਚਾ ਦਰ ਹਰਿ ਖੁਜੰਤਾ, ਖੋਜਣਹਾਰ ਹਰਿ ਨਿਰੰਕਾਰਾ । ਗੁਰਮੁਖ ਸਾਚੇ ਬੂਝ ਬੁਝੰਤਾ, ਖੋਲ੍ਹੇ ਬੰਦ ਕਿਵਾੜਾ । ਅਨਹਦ ਤਾਲ ਇਕ ਵਜੰਤਾ, ਆਪ ਵਜਾਏ ਬਹੱਤਰ ਤਾੜਾ । ਧੁਨੀ ਧੁਨ ਆਪ ਸੁਨੰਤਾ, ਸੁਣੇ ਸੁਣਾਏ ਸੁਣਨੇਹਾਰਾ । ਸਾਚਾ ਧਾਮ ਹਰਿ ਸੁਹੰਤਾ, ਨਾ ਕੋਈ ਦਿਸੇ ਚਾਰ ਦਿਵਾਰਾ । ਮਹੱਲ ਅਟੱਲ ਉਚ ਰਖੰਤਾ, ਜਲ ਥਲ ਨਾ ਪਾਏ ਸਾਰਾ । ਪੁਰਖ ਅਬਿਨਾਸ਼ੀ ਬੈਠ ਸਾਚਾ ਕੰਤਾ, ਮੇਲ ਮਿਲਾਏ ਗੁਰਮੁਖ ਸਾਚੀ ਨਾਰਾ । ਜੁਗ ਜੁਗ ਮੇਲਾ ਆਦਿਨ ਅੰਤਾ, ਆਦਿ ਅੰਤ ਕਰ ਪਸਾਰਾ । ਪੂਰਨ ਜੋਤ ਸ੍ਰੀ ਭਗਵੰਤਾ, ਭਗਵਨ ਖੇਲੇ ਖੇਲ ਅਪਾਰਾ । ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਰੰਗਣਹਾਰ ਹਰਿ ਨਿਰੰਕਾਰਾ । ਲੇਖਾ ਲੇਖ ਧੁਰ ਮਸਤਕ ਆਪ ਲਿਖੰਤਾ, ਲੱਖ ਚੁਰਾਸੀ ਬਣ ਲਿਖਾਰਾ । ਵੇਖ ਵਖਾਏ ਜੀਵ ਜੰਤਾ, ਬ੍ਰਹਮਾ ਵਿਸ਼ਨ ਸ਼ਿਵ ਦਏ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਸਿਖ ਸੁਹਾਏ ਸਚ ਦਵਾਰਾ । ਗੁਰਸਿਖ ਸਚ ਦਵਾਰ, ਹਰਿ ਸ਼ਬਦ ਵੱਜੀ ਵਧਾਈਆ । ਕਰੋੜ ਤੇਤੀਸਾ ਦਰ ਫਿਰੇ ਭਿਖਾਰ, ਸਚ ਭਿਛਿਆ ਹੱਥ ਨਾ ਆਈਆ । ਬ੍ਰਹਮਾ ਨੇਤਰ ਰੋਵੇ ਜ਼ਾਰੋ ਜ਼ਾਰ, ਚਾਰੇ ਕੁੰਟਾਂ ਨੀਰ ਵਹਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਪਾਏ ਹਾਰ, ਜਟਾ ਜੂਟ ਰਿਹਾ ਵਖਾਈਆ । ਲਾੜੀ ਮੌਤ ਕਰ ਸ਼ਿੰਗਾਰ, ਹੱਥੀ ਮਹਿੰਦੀ ਰਹੀ ਲਾਈਆ । ਕਰੋੜ ਤੇਤੀਸਾ ਗਿਰਿਆਜ਼ਾਰ, ਸੁਰਪਤ ਰਾਜਾ ਇੰਦ ਨਾ ਦਏ ਦੁਹਾਈਆ । ਲੋਕਮਾਤ ਹਰਿ ਰਿਹਾ ਵਿਚਾਰ, ਰਾਏ ਧਰਮ ਖ਼ੁਸ਼ੀ ਮਨਾਈਆ । ਚਿਤਰ ਗੁਪਤ ਵਡ ਸਿਕਦਾਰ, ਲਹਿਣਾ ਦੇਣਾ ਰਿਹਾ ਵਖਾਈਆ । ਲਾੜੀ ਮੌਤ ਕਰ ਸ਼ਿੰਗਾਰ, ਹੱਥੀਂ ਮਹਿੰਦੀ ਰਹੀ ਲਾਈਆ । ਧਰਮ ਰਾਏ ਦਾ ਇਕ ਪਿਆਰ, ਸਚ ਸਪੁੱਤਰੀ ਰਹੀ


੯੪੧ ੦੬

ਜਣਾਈਆ । ਲੱਖ ਚੁਰਾਸੀ ਵੇਖੇ ਵਿਚ ਸੰਸਾਰ, ਕਲਜੁਗ ਅੰਤਮ ਫੇਰੀ ਪਾਈਆ । ਮੇਲ ਮਿਲਾਏ ਸੰਗ ਮੁਹੰਮਦ ਚਾਰ ਯਾਰ, ਅੱਲਾ ਰਾਣੀ ਲੜ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਸਾਚਾ ਦਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਸਹਿਜ ਸੁੱਖ ਪਾਇਆ, ਆਤਮ ਵੱਜੀ ਵਧਾਈਆ । ਮਿਲਿਆ ਮੇਲ ਗੋਬਿੰਦ ਰਾਇਆ, ਹਰਿ ਗੋਬਿੰਦ ਵਿਚ ਸਮਾਈਆ । ਜੋਤੀ ਨੂਰ ਇਕ ਉਪਾਇਆ, ਸ਼ਬਦ ਕਰੀ ਕੁੜਮਾਈਆ । ਗੁਰਮੁਖ ਸਾਚੇ ਰਿਹਾ ਜਗਾਇਆ, ਪੂਤ ਸਪੂਤਾ ਦਏ ਵਡਿਆਈਆ । ਅੱਖਰ ਦੋ ਅੱਖਰ ਜਾਪ ਜਪਾਇਆ, ਸੋਹੰ ਨਾਉਂ ਧਰਾਈਆ । ਸੋ ਪੁਰਖ ਨਿਰੰਜਣ ਦਇਆ ਕਮਾਇਆ, ਸਤਿਗੁਰ ਸਾਚੀ ਸੇਵਾ ਲਾਈਆ । ਹੰ ਹੰਗਤਾ ਰੋਗ ਮਿਟਾਇਆ, ਆਪ ਆਪਣੇ ਅੰਕ ਲਗਾਈਆ । ਦਰ ਦਵਾਰੇ ਜੋ ਮੰਗਤਾ ਮੰਗਣ ਆਇਆ, ਦੇਵੇ ਨਾਮ ਵੱਡੀ ਵਡਿਆਈਆ । ਸਾਚੀ ਸੰਗਤ ਦਏ ਰਲਾਇਆ, ਆਤਮ ਜੋਤੀ ਨੂਰ ਸਵਾਈਆ । ਜਗਤ ਗਿਆਨੀ ਕਿਸੇ ਭੇਵ ਨਾ ਪਾਇਆ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਆਤਮ ਅੰਤਰ ਕੁੰਡਾ ਕਿਸੇ ਨਾ ਲਾਹਿਆ, ਪ੍ਰਭ ਬੈਠਾ ਮੁਖ ਛੁਪਾਈਆ । ਜਗਤ ਵਿਵਾਦ ਰਸਨ ਰਸਨ ਵਧਾਇਆ, ਆਤਮ ਰਸ ਨਾ ਕੋਈ ਵਖਾਈਆ । ਸਾਧ ਸੰਤ ਹੋਏ ਹਲਕਾਇਆ, ਤ੍ਰਿਖਾ ਤ੍ਰਿਸ਼ਨਾ ਨਾ ਕੋਇ ਬੁਝਾਈਆ । ਚਾਰੋਂ ਕੁੰਟ ਫੇਰਾ ਪਾਇਆ, ਕਲਜੁਗ ਮਾਇਆ ਵਡ ਵਡਿਆਈਆ । ਤ੍ਰੈਗੁਣ ਤੇਰਾ ਲੇਖ ਲਿਖਾਇਆ, ਪ੍ਰਭ ਤੇਰੀ ਝੋਲੀ ਪਾਈਆ । ਆਤਮ ਅੰਤ ਵੇਖ ਵਖਾਇਆ, ਸੰਮਤ ਚੌਦਾਂ ਥਿਤ ਸੁਹਾਈਆ । ਗੁਰਮੁਖ ਸਾਚੇ ਸੰਤ ਜਗਾਇਆ, ਏਕਾ ਸ਼ਬਦ ਕਰੇ ਜਣਾਈਆ । ਨਾਰੀ ਕੰਤ ਮੇਲ ਮਿਲਾਇਆ, ਆਤਮ ਸੇਜਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰਾ ਵੇਖ ਘਰ, ਗ਼ਰੀਬ ਨਿਵਾਜਾ ਬੈਠਾ ਆਸਣ ਲਾਈਆ । ਗ਼ਰੀਬ ਨਿਵਾਜਾ ਪੜਦਾ ਖੋਲ੍ਹ, ਆਪਣੀ ਜੋਤ ਜਗਾਇੰਦਾ । ਸ਼ਬਦ ਅਨਾਦੀ ਏਕਾ ਬੋਲ, ਏਕਾ ਮਰਦੰਗਾ ਢੋਲ ਵਜਾਇੰਦਾ । ਆਦਿਨ ਅੰਤਾ ਵਸੇ ਕੋਲ, ਦੂਰ ਨੇੜਾ ਨਾ ਕੋਈ ਰਖਾਇੰਦਾ । ਕਰੇ ਜਣਾਈ ਹੌਲੀ ਹੌਲ, ਜੋ ਜਨ ਰਸਨ ਧਿਆਇੰਦਾ । ਕਾਇਆ ਧਰਤੀ ਜਾਏ ਮਵਲ, ਫਲ ਫੁਲਵਾੜੀ ਆਪ ਸੁਹਾਇੰਦਾ । ਅੰਮ੍ਰਿਤ ਆਤਮ ਭਰੇ ਕਵਲ, ਨਾਭੀ ਕਵਲ ਆਪ ਉਲਟਾਇੰਦਾ । ਬੂੰਦ ਸਵਾਂਤੀ ਦੇਵੇ ਸਾਚੀ ਪੌਲ, ਨਾਮ ਖੰਡਾ ਵਿਚ ਫਿਰਾਇੰਦਾ । ਗੁਰਮੁਖ ਸਦਾ ਰਹਿਣ ਅਡੋਲ, ਨਾ ਡੋਲੇ ਨਾ ਡੋਲ ਡੁਲਾਇੰਦਾ । ਭਾਗ ਲਗਾਏ ਕਾਇਆ ਚੋਲ, ਏਕਾ ਬਸਤਰ ਤਨ ਸੁਹਾਇੰਦਾ । ਬਜਰ ਕਪਾਟੀ ਪੜਦਾ ਖੋਲ੍ਹ, ਆਪ ਆਪਣਾ ਰੂਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਕਿਸ਼ਨ ਕੇਸ਼ਵ ਰੂਪ ਵਟਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਭਗਵੰਤ ਸੰਤ ਕੰਤ ਅੰਤ ਬਣਤ ਬਣਾਇੰਦਾ । ਬਣਤ ਬਣਾਏ ਧੁਰ ਦਰਗਾਹ, ਦੋ ਜਹਾਨਾਂ ਵਾਲੀ । ਆਵਣ ਜਾਵਣ ਲੱਖ ਚੁਰਾਸੀ ਕਟੇ ਫਾਹ, ਬੰਸ ਸਰਬੰਸਾ ਪੈਜ ਰਖਾਲੀ । ਅਗੰਮ ਅਗੰਮੜਾ ਪਕੜੇ ਬਾਂਹ, ਜੁਗ ਜੁਗ ਚਲੇ ਚਾਲ ਨਿਰਾਲੀ । ਹੋਏ ਸਹਾਈ ਸਭਨੀ ਥਾਂ, ਜਨ ਭਗਤਾਂ ਬਣਿਆ ਰਹੇ ਪਾਲੀ । ਜੋਤੀ ਜੋਤ ਸਰੂਪ ਹਰਿ, (ਆਪ ਆਪਣੀ ਕਿਰਪਾ ਕਰ,) ਹਰਿ ਭਗਤ ਹਰਿ ਸੰਗਤ ਸਾਚਾ ਥਾਂ, ਗੁਰਸਿਖ ਆਤਮਕ ਦੀਪਕ ਜੋਤ ਜਗੇ ਦੀਵਾਲੀ ।

### ✻ ੧੧ ਕੱਤਕ ੨੦੧੪ ਬਿਕ੍ਰਮੀ ਤੇਜ ਭਾਨ ਦੇ ਗ੍ਰਿਹ ਪਿੰਡ ਸ਼ੇਖ਼ਸਰ ਤਹਿਸੀਲ ਅਖਨੂਰ ਜ਼ਿਲਾ ਜੰਮੂ ✻

ਨਿਰਗੁਣ ਰੂਪ ਨਿਰੰਕਾਰ, ਏਕਾ ਏਕ ਅਖਵਾਇਆ । ਜੋਤ ਸਰੂਪੀ ਕਰ ਆਕਾਰ, ਜੋਤੀ ਨੂਰ ਸਵਾਇਆ । ਸ਼ਬਦ ਸਰੂਪ ਸ਼ਬਦ ਧੁਨਕਾਰ, ਸ਼ਬਦੀ ਮੇਲ ਮਿਲਾਇਆ । ਬ੍ਰਹਿਮੰਡ ਖੰਡ ਪਾਏ ਸਾਰ, ਆਪ ਆਪਣਾ ਵਿਚ ਟਿਕਾਇਆ । ਜੇਰਜ ਅੰਡਜ ਉਤਭੁਜ ਸੇਤਜ ਲਏ ਉਭਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵਾ ਲਾਇਆ । ਪੰਜ ਤਤ ਤਨ ਕਰ ਪਿਆਰ, ਰਕਤ ਬੂੰਦ ਮੇਲ ਮਿਲਾਇਆ । ਮਨ ਮਤ ਬੁਧ ਕਰ ਖ਼ਬਰਦਾਰ, ਆਪ ਆਪਣਾ ਹੁਕਮ ਜਣਾਇਆ । ਆਪੇ ਵਸਿਆ ਸਭ ਤੋਂ ਬਾਹਰ, ਹਰ ਘਟ ਬੈਠਾ ਆਸਣ ਲਾਇਆ । ਹਰਿਜਨ ਸਾਚੇ ਵੇਖ ਵਿਚਾਰ, ਜੁਗ ਜੁਗ ਮੇਲ ਮਿਲਾਇਆ । ਜੁਗ ਮੇਲਾ ਜਗ ਵਿਚ ਸੰਸਾਰ, ਆਪ ਆਪਣਾ ਰਿਹਾ ਕਰਾਇਆ । ਸ਼ਬਦ ਅਨਾਦੀ ਬੋਲ ਜੈਕਾਰ, ਅੰਦਰ ਮੰਦਰ ਖੋਜ ਖੁਜਾਇਆ । ਮੇਟ ਮਿਟਾਏ ਧੁੰਦੂਕਾਰ, ਅੰਧ ਅੰਧੇਰ ਗਵਾਇਆ । ਅੰਮ੍ਰਿਤ ਆਤਮ ਪਿਆਏ ਸਾਚੀ ਧਾਰ, ਨਿਝਰ ਧਾਰਾ ਮੁਖ ਚੁਆਇਆ । ਬੰਦ ਕਿਵਾੜੀ ਖੋਲ੍ਹ ਦਵਾਰ, ਦਰ ਦਰਵਾਜ਼ਾ ਵੇਖ ਵਖਾਇਆ । ਸ਼ਬਦ ਪੌੜੀ ਅਪਰ ਅਪਾਰ, ਆਪ ਆਪਣੀ ਰਿਹਾ ਲਗਾਇਆ । ਅਨਹਦ ਵੇਖੇ ਵਾਰੋ ਵਾਰ, ਪੰਚਮ ਪੰਚਮ ਗਾਇਆ । ਪੰਚਮ ਮੇਲਾ ਕੰਤ ਭਤਾਰ, ਆਤਮ ਸੇਜਾ ਆਪ ਕਰਾਇਆ । ਹਰਿਜਨ ਸਾਚਾ ਮੀਤ ਮੁਰਾਰ, ਦਰ ਘਰ ਸਾਚੇ ਆਪ ਬਹਾਇਆ । ਇਕ ਇਕੱਲਾ ਏਕੰਕਾਰ, ਕਲ ਕਲ ਆਪਣੀ ਰਿਹਾ ਵਰਤਾਇਆ । ਜਲਾਂ ਥਲਾਂ ਪਾਵੇ ਸਾਰ, ਉਚੇ ਟਿੱਲੇ ਪਰਬਤ ਡੂੰਘੀ ਕੰਦਰ ਫੋਲ ਫੁਲਾਇਆ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਰਵ ਸਸ ਰਹੇ ਪਹਿਰੇਦਾਰ, ਸੇਵਕ ਸੇਵਾ ਰਿਹਾ ਕਮਾਇਆ । ਆਕਾਸ਼ ਪਰਕਾਸ਼ਾਂ ਕਰ ਪਿਆਰ, ਧਰਤ ਧਵਲ ਸੁਹਾਇਆ । ਬ੍ਰਹਿਮੰਡ ਖੰਡ ਦਏ ਅਧਾਰ, ਆਪ ਆਪਣਾ ਰੰਗ ਚੜ੍ਹਾਇਆ । ਸਤਿ ਪੁਰਖ ਨਿਰੰਜਣ ਅਪਰ ਅਪਾਰ, ਖੇਲੇ ਖੇਲ ਸ੍ਰਿਸ਼ਟ ਸਬਾਇਆ । ਸਤਿਜੁਗ ਦੁਆਪਰ ਤ੍ਰੇਤਾ ਉਤਰਿਆ ਪਾਰ, ਕਲਜੁਗ ਵੇਲਾ ਅੰਤਮ ਆਇਆ । ਨਿਹਕਲੰਕਾ ਲਏ ਅਵਤਾਰ, ਸ਼ਬਦ ਡੰਕਾ ਰਿਹਾ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰ, ਏਕਾ ਅੰਕਾ ਨਾਮ ਜਪਾਇਆ । ਦਵਾਰ ਬੰਕਾ ਵੇਖ ਸੰਸਾਰ, ਜਨ ਭਗਤਾਂ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਖੇਲ ਕਰ, ਖੇਲਣਹਾਰ ਸ੍ਰਿਸ਼ਟ ਸਬਾਇਆ । ਨਿਰਗੁਣ ਖੇਲ ਹਰਿ ਅਗੰਮ, ਅਗੰਮੜੀ ਜੋਤ ਜਗਾਈਆ । ਹੱਡ ਮਾਸ ਨਾੜੀ ਨਾ ਦਿਸੇ ਚੰਮ, ਨਾ ਕੋਈ ਬਣਤ ਬਣਾਈਆ । ਪਵਣ ਸਵਾਸੀ ਨਾ ਲਏ ਦਮ, ਰਸਨਾ ਜਿਹਵਾ ਨਾ ਕੋਈ ਗਾਈਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਰੋਗ ਸੋਗ ਚਿੰਤ ਨੇੜ ਨਾ ਆਈਆ । ਆਪੇ ਜਾਣੇ ਆਪਣਾ ਕੰਮ, ਆਪਣੀ ਕਰੇ ਆਪ ਵਡਿਆਈਆ । ਗਗਨ ਪਤਾਲ ਰਹਾਏ ਬਿਨ ਬਿਨ ਥੰਮ, ਕੋਈ ਭੇਵ ਨਾ ਜਾਣੇ ਰਾਈਆ । ਆਪ ਜਪਾਏ ਆਪਣਾ ਨਾਮ, ਆਪ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਸਾਚੇ ਦਰ, ਘਰ ਸਾਚਾ ਇਕ ਸੁਹਾਈਆ । ਹਰਿਜਨ ਮੇਲਾ ਸਚ ਦਵਾਰ, ਹਰਿ ਪਾਇਆ ਪੁਰਖ ਸੁਲਤਾਨ । ਏਕਾ ਦੂਜਾ ਭੌ ਨਿਵਾਰ, ਤੀਜੇ ਨੇਤਰ ਇਕ ਗਿਆਨ । ਚੌਥਾ ਘਰ ਪਦ ਨਿਰਬਾਨ, ਸੰਤ ਸੁਹੇਲੇ ਵਿਰਲੇ ਪਾਣ । ਪੰਚਮ ਮੇਲ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤ ਜਣਾਈ ਬੋਧ ਅਗਾਧ । ਅਗਾਧ ਬੋਧ ਆਤਮ ਅੰਤਰ ਬ੍ਰਹਮ ਗਿਆਨ, ਨਰ ਨਰਾਇਣ ਹਰਿ ਭਗਤ ਭਗਵਨ ਰੂਪ ਸਮਾਈਆ । ਭੇਵ ਨਾ ਪਾਇਣ ਜੀਵ ਜੰਤਾ, ਲਿਖਿਆ

੯੪੩
੦੬

ਲੇਖ ਨਾ ਕੋਈ ਜਣਾਈਆ । ਹਰਿਜਨ ਮੇਲਾ ਸਾਚੇ ਕੰਤਾ, ਨਾਰੀ ਕੰਤਾ ਰੂਪ ਸਮਾਈਆ । ਕਾਇਆ ਚੋਲੀ ਚਾੜ੍ਹੇ ਰੰਗ ਇਕ ਬਸੰਤਾ, ਉਤਰ ਕਦੇ ਨਾ ਜਾਈਆ । ਜੁਗ ਜੁਗ ਬਣਾਏ ਆਪ ਬਣਤਾ, ਲੋਕਮਾਤ ਦਏ ਵਡਿਆਈਆ । ਸੇਵਕ ਸੇਵਾ ਲਾਏ ਸਾਧ ਸੰਤਾ, ਸਚ ਸੁਰਤੀ ਆਪ ਦਵਾਈਆ । ਅਬਿਨਾਸ਼ੀ ਕਰਤਾ ਹੋਏ ਬੇਅੰਤਾ, ਬੇਅੰਤ ਬੇਅੰਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਜਗ ਅੰਤਮ ਮੇਲ ਮਿਲਾਈਆ । ਮੇਲ ਵਿਛੋੜਾ ਹੱਥ, ਜੁਗ ਜੁਗ ਆਪ ਰਖਾਇਆ । ਲੱਖ ਚੁਰਾਸੀ ਵਿਚੋਂ ਲਏ ਲੱਭ, ਵੇਖਣਹਾਰ ਸ੍ਰਿਸ਼ਟ ਸਬਾਇਆ । ਅੰਮ੍ਰਿਤ ਆਤਮ ਧਾਰ ਚੁਆਏ ਨਭ, ਕਵਲੀ ਕਵਲ ਫਿਰਾਇਆ । ਸਾਚਾ ਜਾਮ ਪਿਆਏ ਮਦਿ, ਉਤਰ ਕਦੇ ਨਾ ਜਾਇਆ । ਨੌਂ ਦਵਾਰ ਤੇਰੀ ਮਾਤ ਹੱਦ, ਗੁਰਮੁਖ ਚਰਨਾਂ ਹੇਠ ਦਬਾਇਆ । ਸ਼ਬਦ ਅਨਾਦੀ ਆਪੇ ਸੱਦ, ਬ੍ਰਹਿਮਾਦੀ ਖੋਜ ਖੁਜਾਇਆ । ਵਿਸ਼ਨੂੰ ਵੰਸੀ ਸਾਚੀ ਬਿਧ, ਬੰਸ ਸਰਬੰਸ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭੇਖਧਾਰੀ ਭੇਖ ਵਟਾਇਆ । ਭੇਖਾਧਾਰੀ ਭੇਖ ਵਟਾਏ, ਅਕਲ ਕਲਾ ਕਲ ਧਾਰਾ । ਵੇਦ ਕਤੇਬ ਪੁਰਾਨ ਕੋਈ ਭੇਵ ਨਾ ਪਾਏ, ਨਾ ਕੋਈ ਲਿਖੇ ਲੇਖ ਲਿਖਾਰਾ । ਰਾਗ ਛੱਤੀ ਰਹੇ ਗਾਏ, ਨਾਨਕ ਬਣ ਲਿਖਾਰਾ । ਅੰਜੀਲ ਕੁਰਾਨ ਰਹੇ ਬੁਲਾਏ, ਹਰਿ ਵਸਿਆ ਸਭ ਤੋਂ ਬਾਹਰਾ । ਹਰਿਜਨ ਸਾਚੇ ਅੰਤਰ ਮੰਤਰ ਰਹੇ ਧਿਆਏ, ਗਾਇਆ ਪੁਰਖ ਅਪਾਰਾ । ਪਰਗਟ ਹੋਏ ਦਰਸ ਦਿਖਾਏ, ਜੁਗ ਜੁਗ ਖੇਲ ਨਿਆਰਾ । ਦੀਪਕ ਜੋਤੀ ਜੋਤ ਜਗਾਏ, ਮੇਟੇ ਅੰਧ ਅੰਧਿਆਰਾ । ਕਾਇਆ ਮੰਦਰ ਠਾਕਰ ਇਕ ਵਖਾਏ, ਦੋਏ ਜੋੜ ਕਰੇ ਨਿਮਸਕਾਰਾ । ਹਵਨ ਪੂਜਾ ਸਾਚੀ ਲੇਖੇ ਲਾਏ, ਸਚ ਸੁਗੰਧੀ ਸਚ ਦਵਾਰਾ । ਤਾਲ ਨਗਾਰਾ ਅਨਹਦ ਮਰਦੰਗ ਇਕ ਵਜਾਏ, ਵਜਾਵਣਹਾਰ ਆਪ ਕਰਤਾਰਾ । ਸ਼ਬਦ ਸਿੰਘਾਸਣ ਆਤਮ ਸੇਜਾ ਇਕ ਪਲੰਘ ਵਖਾਏ, ਨਿਰਗੁਣ ਸਰਗੁਣ ਖੇਲ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰਾ । ਦਾਤਾ ਹਰਿ ਭਗਵਾਨ, ਜੀਵਣ ਮੁਕਤ ਦਵਾਈਆ । ਦੇਵੇ ਨਾਮ ਧੁਰ ਫ਼ਰਮਾਣ, ਆਦਿ ਜੁਗਾਦਿ ਸਮਾਈਆ । ਖੇਲੇ ਖੇਲ ਦੋ ਜਹਾਨ, ਬ੍ਰਹਮਾ ਵੇਖ ਵਖਾਈਆ । ਜੋਤ ਸ਼ਬਦੀ ਖੇਲ ਮਹਾਨ, ਲੋਆਂ ਪੁਰੀਆਂ ਫੇਰਾ ਪਾਈਆ । ਲੋਕਮਾਤੀ ਮਾਰ ਧਿਆਨ, ਹਰਿਜਨ ਸੋਏ ਰਿਹਾ ਜਗਾਈਆ । ਗੁਰਸਿਖ ਉਠਾਏ ਬਾਲ ਨਿਧਾਨ, ਆਪ ਆਪਣੀ ਦਇਆ ਕਮਾਈਆ । ਆਤਮ ਦਾਨੀ ਦੇਵੇ ਬ੍ਰਹਮ ਗਿਆਨ, ਅੰਤਰ ਮੰਤਰ ਸ਼ਬਦ ਜਣਾਈਆ । ਏਕਾ ਧੁਨ ਸੁਣਾਏ ਸਾਚੇ ਕਾਨ, ਰਾਗ ਅਨਾਦੀ ਇਕ ਅਲਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਈਆ । ਸ਼ਬਦ ਨਿਰਾਲਾ ਮਾਰੇ ਬਾਣ, ਪੰਚ ਵਿਕਾਰਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਭਗਵੰਤ ਮੇਲ ਮਿਲਾਈਆ । ਭਗਤਨ ਮੀਤਾ ਹਰਿ ਭਗਵਾਨਾ, ਏਕਾ ਏਕ ਅਖਵਾਇਆ । ਏਕਾ ਦੇਵੇ ਨਾਮ ਦਾਨਾ, ਦਾਤਾ ਦਾਨੀ ਆਪ ਹੋ ਆਇਆ । ਧਰਮ ਝੁਲਾਏ ਸਚ ਨਿਸ਼ਾਨਾ, ਹਰਿਜਨ ਸਾਚੇ ਹੱਥ ਰਖਾਇਆ । ਨੌਂ ਖੰਡ ਪ੍ਰਿਥਮੀ ਵੇਖੇ ਮਾਰ ਧਿਆਨਾ, ਸੱਤਾਂ ਦੀਪਾਂ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵੇਖੇ ਖੇਲ ਸਬਾਇਆ । ਜੁਗ ਜੁਗ ਖੇਲ ਖਿਲਾਵਣਹਾਰਾ, ਪਾਰਬ੍ਰਹਮ ਬੇਅੰਤਾ । ਸਤਿਜੁਗ ਤ੍ਰੇਤਾ ਵੇਖ ਦਵਾਰਾ, ਮੇਲ ਮਿਲਾਏ ਰਾਮ ਰਘਵੰਸਾ । ਦੁਆਪਰ ਢਹਿ ਪਿਆ ਦਵਾਰਾ, ਦੁਸ਼ਟ ਸੰਘਾਰੇ ਕਾਹਨਾ ਕੰਸਾ । ਕਲਜੁਗ ਅੰਤ ਵੇਖ ਘਰ ਬਾਹਰਾ, ਖੇਲੇ ਖੇਲ ਸਹੰਸ ਸਹੰਸਾ । ਤੁੱਟਾ ਮੋਹ ਵਿਚ ਸੰਸਾਰਾ, ਗੁਰ ਗੋਬਿੰਦ ਬਣਾਏ ਸਾਚਾ ਬੰਸਾ । ਕਲਗੀ

੯੪੪
੦੬

ਤੋੜਾ ਸੀਸ ਅਪਾਰਾ, ਜੋਤੀ ਜੋੜਾ ਇਕ ਰਖੰਤਾ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਸੁਹੰਤਾ । ਦਹਿ ਦਿਸ਼ਾ ਚਾਰੇ ਕੁੰਟਾਂ ਵਾਰੋ ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕੰਤਾ । ਕਲਜੁਗ ਅੰਤਮ ਸਾਚਾ ਲਹਿਣਾ, ਗੋਬਿੰਦ ਲੇਖ ਲਿਖਾਇਆ । ਤੇਗ ਬਹਾਦਰ ਵੇਖੇ ਨੈਣਾ, ਪੰਡਤ ਕਾਸ਼ੀ ਆਇਆ । ਪੰਡਤ ਕਾਸ਼ੀ ਰੋ ਰੋ ਕਹਿਣਾ, ਧਰਮ ਕਰਮ ਰਹਿਣ ਨਾ ਪਾਇਆ । ਜੀਵ ਜਹਾਨਾਂ ਔਖਾ ਰਹਿਣਾ, ਨਾ ਕੋਈ ਫੰਦ ਕਟਾਇਆ । ਤੇਗ ਬਹਾਦਰ ਭਾਣਾ ਸਹਿਣਾ, ਸਾਚਾ ਗਹਿਣਾ ਤਨ ਪਹਿਨਾਇਆ । ਗੁਰ ਗੋਬਿੰਦਾ ਮੰਨੇ ਕਹਿਣਾ, ਗੁਰ ਪੂਰੇ ਸੇਵਾ ਲਾਇਆ । ਆਪ ਚੁਕਾਏ ਲਹਿਣਾ ਦੇਣਾ, ਲੇਖਾ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਖੇਲਣਹਾਰ ਆਪ ਅਖਵਾਇਆ । ਤੇਗ ਬਹਾਦਰ ਤੇਗ ਉਠਾ, ਆਪਣੀ ਆਪ ਚਲਾਈਆ । ਸੀਸ ਧੜ ਅੱਡ ਕਰਾ, ਜੂਠ ਝੂਠ ਜੜ ਉਖੜਾਈਆ । ਪਿਤਾ ਪੂਤ ਵੇਖੇ ਏਕਾ ਥਾਂ, ਨਾ ਕੋਈ ਦੂਸਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਿਤਾ ਅੰਤਮ ਵਰ, ਕਲਜੁਗ ਅੰਤਮ ਹੋਏ ਸਹਾਈਆ । ਤੇਗ ਬਹਾਦਰ ਨੇਤਰ ਖੋਲ੍ਹ, ਵੇਖੇ ਦੋ ਜਹਾਨਿਆ । ਪੁਰਖ ਅਬਿਨਾਸ਼ੀ ਆਤਮ ਅੰਤਰ ਰਿਹਾ ਬੋਲ, ਦੇਵੇ ਧੁਰ ਫ਼ਰਮਾਨਿਆ । ਅਨਹਦ ਵਜਾਏ ਸਾਚਾ ਢੋਲ, ਸੁਣੇ ਸੁਣਾਏ ਸਾਚੇ ਕਾਨਿਆ । ਸਚ ਵਸਤ ਨਾਮ ਅਨਮੋਲ, ਲੋਕਮਾਤ ਕਰੇ ਕੁਰਬਾਨਿਆ । ਕਲਜੁਗ ਤੁਲਨਾ ਅੰਤਮ ਪੂਰਾ ਤੋਲ, ਤੋਲਣਹਾਰ ਸ੍ਰੀ ਭਗਵਾਨਿਆ । ਸ੍ਰਿਸ਼ਟ ਸਬਾਈ ਜਾਏ ਡੋਲ, ਨਾ ਕੋਈ ਕਿਸੇ ਧੀਰ ਧਰਾਨਿਆ । ਨੌਂ ਖੰਡ ਪ੍ਰਿਥਮੀ ਪੈਣਾ ਘੋਲ, ਸੱਤਾਂ ਦੀਪਾਂ ਹੋਏ ਵੈਰਾਨਿਆ । ਲੱਖ ਚੁਰਾਸੀ ਕੋਈ ਨਾ ਪੈਣਾ ਮੁੱਲ, ਹੱਟੋ ਹੱਟ ਵਿਕਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਵੇ ਨਾਮ ਨਿਧਾਨਿਆ । ਨਾਮ ਨਿਧਾਨਾ ਝੋਲੀ ਪਾ, ਤੇਗੇ ਤੇਗ ਉਠਾਈਆ । ਪੁਰਖ ਅਬਿਨਾਸ਼ੀ ਲਿਆ ਮਨਾ, ਆਪਣਾ ਬਿਰਧ ਰਖਾਈਆ । ਏਕਾ ਓਟ ਚਰਨ ਟਿਕਾ, ਬੈਠਾ ਸੀਸ ਝੁਕਾਈਆ । ਆਪ ਆਪਣਾ ਵਿਦਾ ਕਰਾ, ਜੋਤੀ ਜੋਤ ਸਮਾਈਆ । ਜੋਤੀ ਸ਼ਬਦੀ ਖੇਲ ਕਰਾ, ਅਗੰਮ ਅਗੰਮੜਾ ਧਾਮ ਸੁਹਾਈਆ । ਨਾੜੀ ਚੰਮੜਾ ਗਿਆ ਛੁਡਾ, ਜਗਤ ਤਨ ਰਹਿਣ ਨਾ ਪਾਈਆ । ਮਾਇਆ ਦਮੜਾ ਨਾ ਲਿਆ ਚੁਰਾ, ਖਾਲੀ ਹੱਥ ਵਖਾਈਆ । ਪੱਲੇ ਗੰਢ ਨਾਮ ਬੰਧਾ, ਆਪਣਾ ਪੱਲੂ ਲਿਆ ਬੰਧਾਈਆ । ਗੁਰ ਗੋਬਿੰਦਾ ਮਾਤ ਟਿਕਾ, ਏਕਾ ਅੰਕ ਲਗਾਈਆ । ਪੁਰਖ ਅਬਿਨਾਸ਼ੀ ਤੇਰਾ ਨਾਂ, ਤੇਰੀ ਸਚ ਸਰਨਾਈਆ । ਆਪੇ ਪਕੜਨਹਾਰਾ ਬਾਂਹ, ਆਪੇ ਲਏ ਤਰਾਈਆ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਈਆ । ਦੇਵਣਹਾਰਾ ਠੰਡੀ ਛਾਂ, ਜੁਗ ਜੁਗ ਪੈਜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਆਪ ਆਪਣੀ ਬੂਝ ਬੁਝਾਏ, ਨੇਤਰ ਨੈਣ ਗਿਆਨਨਾ । ਤੇਗ ਬਹਾਦਰ ਝੂਜ ਵਖਾਏ, ਨੌਂ ਖੰਡ ਪ੍ਰਿਥਮੀ ਕਰੇ ਕਰਾਏ ਚਾਨਨਾ । ਏਕਾ ਭਾਓ ਦੂਜ ਚੁਕਾਏ, ਤੀਜੇ ਲੋਇਣ ਇਕ ਵਖਾਨਨਾ । ਚੌਥੇ ਘਰ ਡੇਰੇ ਲਾਏ, ਪਾਇਆ ਪਦ ਨਿਰਬਾਨਨਾ । ਪੰਚਮ ਮੇਲਾ ਸਹਿਜ ਸੁਭਾਏ, ਹਰਿ ਮੇਲ ਸ੍ਰੀ ਭਗਵਾਨਨਾ । ਛੇਵੇਂ ਛੱਪਰ ਛੰਨ ਨਾ ਕੋਈ ਰਖਾਏ, ਥਿਰ ਘਰ ਪਾਇਆ ਇਕ ਮਕਾਨਨਾ । ਸਤਿ ਪੁਰਖ ਨਿਰੰਜਣ ਜੋਤ ਮਿਲਾਏ, ਆਪੇ ਹੋਇਆ ਕਿਰਪਾ ਨਿਧਾਨਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਗਿਆਨਨਾ । ਨਾਮ ਗਿਆਨਾ ਗਿਆ ਸੁਝ, ਅੰਤਰ ਹਰਿ ਲਿਵ ਲਾਈਆ । ਆਪਣਾ

ਲਹਿਣਾ ਲਿਆ ਬੁਝ, ਬੈਠਾ ਭੇਟ ਚੜ੍ਹਾਈਆ । ਦੂਜੀ ਵਸਤ ਨਾ ਦਿਸੇ ਕੁਝ, ਜੋ ਦੀਸੇ ਸੋ ਪਰਾਈਆ । ਚਰਨ ਪ੍ਰੀਤੀ ਗਿਆ ਲੁਝ, ਚਰਨ ਸਰਨ ਪੜੇ ਸਰਨਾਈਆ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾਏ ਗੁਝ, ਆਪ ਆਪਣੀ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਲੇ ਖੇਲ ਥਾਉਂ ਥਾਈਂਆ । ਤੇਗ ਬਹਾਦਰ ਹਰਿ ਸਮਝਾ, ਏਕਾ ਸ਼ਬਦ ਅਲ੍ਹਾਇਆ । ਆਪ ਆਪਣਾ ਰੂਪ ਵਖਾ, ਆਪਣੇ ਰੰਗ ਸਮਾਇਆ । ਦੀਪਕ ਜੋਤੀ ਨੂਰ ਟਿਕਾ, ਨੂਰੋ ਨੂਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਨਿਧ ਆਪ ਹੋ ਆਇਆ । ਕਿਰਪਾ ਨਿਧ ਆਪ ਭਗਵੰਤਾ, ਹਰਿ ਹਰਿ ਰੰਗ ਸਮਾਇੰਦਾ । ਗੁਰ ਸਤਿਗੁਰ ਮੇਲਾ ਸਾਚੇ ਸੰਤਾਂ, ਸਤਿ ਪੁਰਖਾ ਆਪ ਚਲਾਇੰਦਾ । ਆਪੇ ਨਾਰੀ ਆਪੇ ਕੰਤਾ, ਆਪੇ ਸੇਜ ਹੰਢਾਇੰਦਾ । ਆਪ ਬਣਾਏ ਜੁਗ ਜੁਗ ਬਣਤਾ, ਗੁਰ ਪੀਰ ਆਪ ਉਪਾਇੰਦਾ । ਆਪੇ ਤੋੜੇ ਹਉਮੇ ਹੰਗਤਾ, ਗੜ੍ਹ ਹੰਕਾਰੀ ਰਹਿਣ ਨਾ ਪਾਇੰਦਾ । ਆਪੇ ਹੋਏ ਦਰ ਦਰ ਘਰ ਘਰ ਮੰਗਤਾ, ਭਗਤ ਭਿਖਾਰੀ ਆਪ ਹੋ ਜਾਇੰਦਾ । ਆਪੇ ਹੋਏ ਭੁੱਖਾ ਨੰਗਤਾ, ਜਗਤ ਜਗਦੀਸ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤੇਗ ਬਹਾਦਰ ਏਕਾ ਵਰ, ਵਰ ਘਰ ਆਪ ਸਮਝਾਇੰਦਾ । ਏਕਾ ਵਰ ਹਰਿ ਅਬਿਨਾਸ਼ਾ, ਹਰਿ ਜੋਤੀ ਨੂਰ ਅਕਾਲਿਆ । ਪਾਇਆ ਸ਼ਾਹੋ ਸਰਬ ਗੁਣਤਾਸਾ, ਦੂਸਰ ਦਰ ਨਾ ਹੋਏ ਸਵਾਲਿਆ । ਖੇਲੇ ਖੇਲ ਵੇਖੇ ਜਗਤ ਤਮਾਸ਼ਾ, ਕਲਜੁਗ ਰੈਣ ਅੰਧੇਰੀ ਘਟਾ ਕਾਲੀਆ । ਪਾਰ ਕਰਾਏ ਪ੍ਰਿਥਮੀ ਆਕਾਸ਼ਾ, ਫਲ ਲਗਾਏ ਕਾਇਆ ਸਾਚੀ ਡਾਲੀਆ । ਲੱਖ ਚੁਰਾਸੀ ਕਰੇ ਹਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਗੁਰ ਮੇਲ ਧੁਰ ਮੇਲਣਹਾਰ ਆਪ ਅਖਵਾ ਲਿਆ । ਤੇਗ ਬਹਾਦਰ ਕਰ ਪੁਕਾਰ, ਨੇਤਰ ਨੀਰ ਵਹਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੋਏ ਜੋੜ ਸੀਸ ਝੁਕਾਇੰਦਾ । ਪੰਡਤ ਕਾਸ਼ੀ ਹੋ ਖੁਆਰ, ਦਰ ਦਵਾਰੇ ਤੇਰੇ ਆਇੰਦਾ । ਲਜ ਪਤ ਰੱਖ ਵਿਚ ਸੰਸਾਰ, ਨਾ ਕੋਈ ਦੂਸਰ ਪਾਰ ਕਰਾਇੰਦਾ । ਗੁਰ ਗੋਬਿੰਦਾ ਵੇਖ ਵਿਚਾਰ, ਪਿਤਾ ਪੂਤ ਸਮਝਾਇੰਦਾ । ਪੂਤ ਸਪੂਤਾ ਖ਼ਬਰਦਾਰ, ਸ਼ਬਦੀ ਸ਼ਬਦ ਜਣਾਇੰਦਾ । ਚਾਰੇ ਕੂਟਾਂ ਆਈ ਹਾਰ, ਦਹਿ ਦਿਸ਼ਾ ਵੇਖ ਵਖਾਇੰਦਾ । ਬ੍ਰਹਮਾ ਸ਼ਿਵ ਗਏ ਹਾਰ, ਦੇਵਤ ਸੁਰ ਨਾ ਕੋਈ ਬਚਾਇੰਦਾ । ਵਿਸ਼ਨੂੰ ਵੰਸੀ ਰਿਹਾ ਪੁਕਾਰ, ਅੱਗੇ ਆਪਣੀ ਝੋਲੀ ਡਾਹਿੰਦਾ । ਗੋਬਿੰਦ ਦਰ ਬਣ ਭਿਖਾਰ, ਏਕਾ ਮੰਗਣ ਮੰਗ ਮੰਗਾਇੰਦਾ । ਕਲਜੁਗ ਕੂੜਾ ਰਿਹਾ ਲਲਕਾਰ, ਅੱਲਾ ਰਾਣੀ ਨਾਲ ਰਲਾਇੰਦਾ । ਸੰਗ ਮੁਹੰਮਦ ਚਾਰ ਯਾਰ, ਏਕਾ ਨਾਅਰਾ ਹੂ ਹੂ ਲਾਇੰਦਾ । ਐਹਨਲ ਹੱਕ ਰਿਹਾ ਪੁਕਾਰ, ਤੂੰ ਤੂੰ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਬੈਠਾ ਰਿਹਾ ਤੱਕ, ਦਿਸ ਕਿਸੇ ਨਾ ਆਇੰਦਾ । ਕਲਜੁਗ ਅੰਤਮ ਗਿਆ ਥੱਕ, ਸੰਮਤ ਚੌਦਾਂ ਸਦੀ ਚੌਧਵੀਂ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਢੱਕ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਢਾਹਿੰਦਾ । ਭਗਤ ਸੁਹੇਲੇ ਕਰੇ ਵੱਖ, ਆਪ ਆਪਣੀ ਦਇਆ ਕਮਾਇੰਦਾ । ਗੁਰ ਤੇਗ ਬਹਾਦਰ ਕਰ ਪਰਤੱਖ, ਲੋਕਮਾਤ ਫੇਰਾ ਪਾਇੰਦਾ । ਗੁਰ ਗੋਬਿੰਦਾ ਪਾਏ ਨੱਥ, ਸ਼ਬਦ ਡੋਰੀ ਇਕ ਰਖਾਇੰਦਾ । ਸੋ ਪੁਰਖ ਨਿਰੰਜਣ ਵੇਖੇ ਦੇ ਕਰ ਹੱਥ, ਆਪ ਆਪਣੇ ਰੰਗ ਰੰਗਾਇੰਦਾ । ਹੰ ਹੰਗਤਾ ਦਏ ਮਥ, ਨਾਮ ਮਧਾਣਾ ਇਕ ਚਲਾਇੰਦਾ । ਆਪ ਚਲਾਏ ਸਾਚਾ ਰਥ, ਰਥ ਰਥਵਾਹੀ ਆਪ ਅਖਵਾਇੰਦਾ । ਜੁਗ ਜੁਗ ਮਹਿੰਮਾ ਅਕਥਨਾ ਅਕੱਥ, ਕਥ ਕਥੀ ਨਾ ਕੋਈ ਸੁਣਾਇੰਦਾ । ਪਰਗਟ ਹੋ ਹਰਿ ਸਮਰਥ, ਆਪ ਆਪਣੀ ਰਚਨ ਰਚਾਇੰਦਾ । ਰਾਮ

੯੪੬
੦੬

ਰਾਮਾ ਘਰ ਦਸਰਥ, ਰਾਵਣ ਗੜ੍ਹ ਤੁੜਾਇੰਦਾ । ਕਾਹਨਾ ਕੰਸਾ ਦੇਵੇ ਮਥ, ਆਪ ਆਪਣਾ ਬਲ ਵਖਾਇੰਦਾ । ਕਲਜੁਗ ਤੇਰਾ ਲਹਿਣਾ ਦੇਣਾ ਸੀਆਂ ਸਾਢੇ ਤਿੰਨ ਤਿੰਨ ਹੱਥ, ਅੰਤਮ ਵੰਡ ਵੰਡਾਇੰਦਾ । ਪਰਗਟ ਹੋ ਤ੍ਰੈਲੋਕੀ ਨਾਥ, ਅਨਾਥ ਅਨਾਥਾਂ ਦਇਆ ਕਮਾਇੰਦਾ । ਤੇਗ ਬਹਾਦਰ ਤੇਰਾ ਸਾਥ, ਪ੍ਰਭ ਸਾਚਾ ਆਪ ਰਖਾਇੰਦਾ । ਲਹਿਣਾ ਦੇਣਾ ਮਸਤਕ ਮਾਥ, ਪੂਰਬ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਚਾਰੋਂ ਕੁੰਟ ਵੇਖ ਵਖਾਇੰਦਾ । ਚਾਰੇ ਕੁੰਟਾਂ ਵੇਖਣਹਾਰਾ, ਅਕਲ ਕਲਾ ਸਮਾਇਆ । ਜੁਗ ਜੁਗ ਲੈ ਮਾਤ ਅਵਤਾਰਾ, ਭੇਖਾਧਾਰੀ ਭੇਖ ਵਟਾਇਆ । ਖੇਲੇ ਖੇਲ ਵਿਚ ਸੰਸਾਰਾ, ਲੇਖਾ ਲੇਖ ਨਾ ਕੋਈ ਲਿਖਾਇਆ । ਕਲਜੁਗ ਤੇਰਾ ਅੰਤ ਕਿਨਾਰਾ, ਔਲੀਆ ਪੀਰ ਸ਼ੇਖ਼ ਮੁਸਾਇਕ ਦਸਤਗੀਰ ਹਕੀਰ ਸ਼ਾਹ ਫ਼ਕੀਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਲਿਖਣਹਾਰਾ ਲੇਖ, ਜੁਗ ਜੁਗ ਆਪੇ ਰਿਹਾ ਵਟਾਇਆ । ਆਪੇ ਲਿਖਣਹਾਰਾ ਲੇਖਾ, ਆਪੇ ਮੇਟ ਮਿਟਾਇੰਦਾ । ਆਪੇ ਨੇਤਰ ਪੇਖਣਹਾਰਾ, ਆਪੇ ਕਲਾ ਭਵਾਇੰਦਾ । ਧਾਰੀ ਕੇਸ ਪਾਏ ਸਾਰਾ, ਮੂੰਡ ਮੁੰਡਾਏ ਫੋਲ ਫੁਲਾਇੰਦਾ । ਬ੍ਰਹਿਮੰਡਾਂ ਅੰਦਰ ਕਰ ਪਸਾਰਾ, ਡੂੰਘੀ ਕੰਦਰ ਡੇਰਾ ਲਾਇੰਦਾ । ਉਚ ਮਹੱਲ ਅਟੱਲ ਮੁਨਾਰਾ, ਦਸਮ ਦਵਾਰੀ ਆਪ ਜਣਾਇੰਦਾ । ਆਪੇ ਬੈਠ ਨਿਰਗੁਣਹਾਰਾ, ਨਿਰਗੁਣ ਰੂਪ ਸਮਾਇੰਦਾ । ਜੋਤ ਸਰੂਪੀ ਕਰ ਆਕਾਰਾ, ਆਕਾਸ਼ ਪਰਕਾਸ਼ ਸਮਾਇੰਦਾ । ਮੇਟ ਮਿਟਾਏ ਧੁੰਦੂਕਾਰਾ, ਏਕਾ ਰੰਗ ਵਖਾਇੰਦਾ । ਹਰਿਜਨ ਸਾਚਾ ਕਰ ਪਿਆਰਾ, ਸਾਚੇ ਧਾਮ ਸੁਹਾਇੰਦਾ । ਗੁਰ ਪੀਰ ਸਾਧ ਸੰਤ ਸੋਹੇ ਇਕ ਦਵਾਰਾ, ਸੋ ਪੁਰਖ ਨਿਰੰਜਣ ਆਪ ਵਖਾਇੰਦਾ । ਚੌਥਾ ਖੋਲ੍ਹ ਇਕ ਕਿਵਾੜਾ, ਏਕਾ ਜਾਪ ਜਪਾਇੰਦਾ । ਪੰਚਮ ਤਤ ਨਾ ਕੋਈ ਨਾੜੀ ਨਾੜਾ, ਸੀਸ ਧੜ ਨਾ ਕੋਈ ਉਠਾਇੰਦਾ । ਖਾਣੀ ਬਾਣੀ ਨਾ ਕੋਈ ਸਾਰਾ, ਨਾ ਕੋਈ ਗੀਤਾ ਗਿਆਨ ਅਲ੍ਹਾਇੰਦਾ । ਪੁਰਾਨ ਅਠਾਰਾਂ ਕਰਨ ਵਿਚਾਰਾ, ਜਗਤ ਵਿਦਿਆ ਵੇਖ ਵਖਾਇੰਦਾ । ਬ੍ਰਹਮਾ ਚਾਰੇ ਵੇਦ ਚਾਰੇ ਮੁਖ ਗਾ ਗਾ ਥੱਕਾ ਹਾਰਾ, ਪਾਰਬ੍ਰਹਮ ਭੇਵ ਨਾ ਪਾਇੰਦਾ । ਅੰਜੀਲ ਕੁਰਾਨਾ ਕਰ ਪੁਕਾਰਾ, ਈਸਾ ਮੂਸਾ ਹਾਹਾਕਾਰ ਵਖਾਇੰਦਾ । ਸੰਗ ਮੁਹੰਮਦ ਚਾਰ ਯਾਰ ਮਾਰਨ ਨਾਅਰਾ, ਖ਼ੁਦ ਖ਼ੁਦਾ ਨਾ ਵੇਖ ਵਖਾਇੰਦਾ । ਕਲਜੁਗ ਕੂੜ ਹੋਵੇ ਖੁਆਰਾ, ਅੰਤਮ ਕੋਈ ਨਾ ਭਾਰ ਵੰਡਾਇੰਦਾ । ਪੁਰਖ ਅਬਿਨਾਸ਼ੀ ਕਰ ਵਿਚਾਰਾ, ਆਪ ਆਪਣਾ ਕਰਮ ਕਮਾਇੰਦਾ । ਤੇਗ ਬਹਾਦਰ ਦਰ ਪੁਕਾਰਾ, ਪ੍ਰਭ ਭਿਛਿਆ ਏਕਾ ਪਾਇੰਦਾ । ਕਲਜੁਗ ਅੰਤਮ ਸੁਣੇ ਪੁਕਾਰਾ, ਤੇਰਾ ਲਹਿਣਾ ਦੇਣ ਮੂਲ ਚੁਕਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਬਦ ਖੰਡਾ ਤੇਜ ਕਟਾਰਾ, ਰਾਜ ਰਾਜਾਨਾ ਸ਼ਾਹ ਸੁਲਤਾਨਾ ਵੇਖੇ ਮਾਰ ਧਿਆਨਾ, ਊਚ ਨੀਚ ਰਾਓ ਰੰਕ ਸ਼ਾਹ ਸੁਲਤਾਨ ਏਕਾ ਧਾਮ ਸੁਹਾਇੰਦਾ । ਏਕਾ ਦੇਵੇ ਨਾਮ ਸਹਾਰਾ ਸੋਹੰ ਸੋ, ਸਾਚਾ ਜਾਪ ਜਪਾਇੰਦਾ । ਏਕਾ ਧਾਗੇ ਲਏ ਪਰੋ, ਆਪ ਆਪਣੀ ਬਣਤ ਬਣਾਇੰਦਾ । ਦੁਰਮਤ ਮੈਲ ਜਨ ਭਗਤਾਂ ਧੋ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਹਰਿ ਬਿਨ ਅਵਰ ਨਾ ਜਾਣੇ ਕੋ, ਭਾਣਾ ਆਪਣੇ ਹੱਥ ਰਖਾਇੰਦਾ । ਸ੍ਰਿਸ਼ਟ ਸਬਾਈ ਰਹੀ ਰੋ, ਮਨ ਮਤ ਬੁਧ ਭੇਵ ਨਾ ਕੋਈ ਪਾਇੰਦਾ । ਕਰੇ ਕਰਾਏ ਸੋਈ ਜਗ ਹੋ, ਲੇਖਾ ਲਿਖਣਹਾਰ ਆਪ ਹੋ ਆਇੰਦਾ । ਸਤਿਜੁਗ ਢੋਆ ਰਿਹਾ ਢੋਅ, ਪ੍ਰਭ ਅੱਗੇ ਸੀਸ ਝੁਕਾਇੰਦਾ । ਕਲਜੁਗ ਕਾਲਾ ਨੇਤਰ ਨੀਰ ਵਹਾ ਮੁਖੜਾ ਰਿਹਾ ਧੋ, ਧੂੜੀ ਮਸਤਕ ਖ਼ਾਕ ਰਮਾਇੰਦਾ । ਲੋਕਮਾਤ ਮਾਰ ਝਾਤ ਇਕ ਇਕਾਂਤ ਮੇਟ ਮਿਟਾਏ ਏਕਾ ਦੋ, ਦੋ ਏਕਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ,

੬੪੭
੦੬

ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਇੰਦਾ । ਆਪ ਆਪਣਾ ਸੰਗ ਨਿਭਾਏ, ਹਰਿ ਹਰਿ ਤ੍ਰੈਲੋਕੀ ਨਾਥਾ । ਗੋਬਿੰਦ ਕਾਇਆ ਚੋਲੀ ਰੰਗ ਚੜ੍ਹਾਏ, ਲਹਿਣਾ ਦੇਣਾ ਮਸਤਕ ਮਾਥਾ । ਅੰਗੀਕਾਰ ਪ੍ਰਭ ਅੰਗ ਲਗਾਏ, ਆਪ ਚਲਾਏ ਕਾਇਆ ਰਾਥਾ । ਸ਼ਬਦ ਮਰਦੰਗ ਇਕ ਵਜਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਖੇਲ ਕਰਾਏ ਸਰਬ ਕਲਾ ਸਮਰਾਥਾ ।

ਜੋਤੀ ਨੂਰ ਹਰਿ ਆਕਾਰ, ਹਰਿ ਹਰਿ ਆਪ ਅਖਵਾਇਆ । ਹਰਿ ਹਰਿ ਆਪਣਾ ਕਰ ਪਸਾਰ, ਹਰਿ ਹਰਿ ਰੂਪ ਸਮਾਇਆ । ਹਰਿ ਹਰਿ ਵੇਖੇ ਕਰੇ ਵਿਚਾਰ, ਹਰਿ ਹਰਿ ਲੇਖ ਲਿਖਾਇਆ । ਹਰਿ ਹਰਿ ਖੇਲੇ ਖੇਲ ਸੰਸਾਰ, ਹਰਿ ਹਰਿ ਖੇਲ ਖਿਲਾਇਆ । ਹਰਿ ਹਰਿ ਲਏ ਮਾਤ ਅਵਤਾਰ, ਹਰਿ ਹਰਿ ਜੋਤ ਜਗਾਇਆ । ਹਰਿ ਹਰਿ ਖੋਲ੍ਹ ਸ਼ਬਦ ਭੰਡਾਰ, ਹਰਿ ਹਰਿ ਆਪ ਵਰਤਾਇਆ । ਹਰਿ ਹਰਿ ਭਗਤਨ ਲਏ ਉਧਾਰ, ਹਰਿ ਹਰਿ ਭਗਤੀ ਰੂਪ ਸਮਾਇਆ । ਹਰਿ ਹਰਿ ਦੇਵੇ ਨਾਮ ਅਧਾਰ, ਹਰਿ ਹਰਿ ਜਿਹਵਾ ਰਸਨ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਹਰਿ ਹਰਿ ਨਰ ਨਰਾਇਣ, ਹਰਿ ਹਰਿ ਆਪ ਅਖਵਾਇੰਦਾ । ਹਰਿ ਹਰਿ ਵੇਖੇ ਏਕਾ ਨੈਣ, ਏਕਾ ਰੂਪ ਸਮਾਇੰਦਾ । ਹਰਿ ਹਰਿ ਸਾਕ ਸੱਜਣ ਸਾਚਾ ਸੈਣ, ਹਰਿ ਹਰਿ ਅੰਗ ਲਗਾਇੰਦਾ । ਹਰਿ ਹਰਿ ਨਾਤਾ ਮਾਤ ਪਿਤ ਭਾਈ ਭੈਣ, ਪਿਤਾ ਪੂਤ ਆਪ ਅਖਵਾਇੰਦਾ । ਹਰਿ ਹਰਿ ਸੰਤ ਸੁਹੇਲੇ ਜੁਗ ਜੁਗ ਇਕੱਠੇ ਰਹਿਣ, ਮੇਲ ਵਿਛੋੜਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਸਮਾਇੰਦਾ । ਹਰਿ ਹਰਿ ਨੂਰ ਅਗੰਮ, ਅਗੰਮ ਸਮਾਇਆ । ਹਰਿ ਹਰਿ ਆਪੇ ਪਿਆ ਜੰਮ, ਹਰਿ ਆਪੇ ਮੁਖ ਛੁਪਾਇਆ । ਹਰਿ ਹਰਿ ਆਪ ਆਪਣਾ ਲਏ ਦਮ, ਹਰਿ ਹਰਿ ਮਾਰ ਜਵਾਇਆ । ਹਰਿ ਹਰਿ ਏਕਾ ਏਕ ਜਪਾਏ ਨਾਮ, ਹਰਿ ਹਰਿ ਨਾਮਾ ਰੂਪ ਅਖਵਾਇਆ । ਹਰਿ ਹਰਿ ਵੇਖ ਵਖਾਏ ਅੰਧੇਰੀ ਸ਼ਾਮ, ਹਰਿ ਹਰਿ ਆਕਾਸ਼ ਪਰਕਾਸ਼ ਰਖਾਇਆ । ਹਰਿ ਹਰਿ ਆਪ ਰਹਾਏ (ਬਿਨ ਬਿਨ) ਥੰਮ, ਹਰਿ ਹਰਿ ਗਗਨ ਪਾਤਾਲਾ ਡੇਰਾ ਲਾਇਆ । ਹਰਿ ਹਰਿ ਆਪੇ ਜਾਣੇ ਆਪਣਾ ਕੰਮ, ਹਰਿ ਹਰਿ ਜੁਗ ਜੁਗ ਬਣਤ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਨੂਰ ਸਵਾਇਆ । ਹਰਿ ਹਰਿ ਜੋਤੀ ਨੂਰ, ਹਰਿ ਜੋਤੀ ਆਪ ਉਪਾਇੰਦਾ । ਹਰਿ ਹਰਿ ਸਰਬ ਕਲਾ ਭਰਪੂਰ, ਕਰਤਾ ਪੁਰਖ ਆਪ ਅਖਵਾਇੰਦਾ । ਹਰਿ ਹਰਿ ਜੁਗ ਜੁਗ ਆਸਾ ਮਨਸਾ ਪੂਰ, ਜਨ ਭਗਤਾਂ ਪੂਰਨ ਆਸ ਕਰਾਇੰਦਾ । ਹਰਿ ਹਰਿ ਆਪੇ ਨਾਦ ਆਪੇ ਸ਼ਬਦ ਆਪੇ ਤੂਰ, ਆਪ ਆਪਣਾ ਰਾਗ ਅਲ੍ਹਾਇੰਦਾ । ਹਰਿ ਹਰਿ ਆਪੇ ਤੋੜੇ ਨਾਤਾ ਕੂੜ, ਆਪੇ ਜੋੜੀ ਜੋੜ ਜੁੜਾਇੰਦਾ । ਹਰਿ ਆਪੇ ਬਣਾਏ ਚਤੁਰ ਸੁਘੜ ਮੂੜ੍ਹ, ਗਿਆਨ ਧਿਆਨ ਇਕ ਵਖਾਇੰਦਾ । ਹਰਿ ਹਰਿ ਆਪੇ ਬਖ਼ਸ਼ੇ ਚਰਨ ਧੂੜ, ਜਿਸ ਜਨ ਆਪਣੀ ਦਇਆ ਕਮਾਇੰਦਾ । ਹਰਿ ਹਰਿ ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਨੂਰ ਉਪਾਇੰਦਾ । ਹਰਿ ਹਰਿ ਜੋਤੀ ਨੂਰ ਉਪਾਇਆ, ਅਕਲ ਕਲਾ ਸਮਾਈਆ । ਆਪ ਆਪਣਾ ਰੂਪ ਵਟਾਇਆ, ਸ਼ਬਦੀ ਸ਼ਬਦ ਜਣਾਈਆ । ਚਾਰੋਂ ਕੁੰਟ ਵੇਖ ਵਖਾਇਆ, ਦਹਿ ਦਿਸ਼ਾ ਫੇਰਾ ਪਾਈਆ । ਲੋਆਂ ਪੁਰੀਆਂ ਰਚਨ ਰਚਾਇਆ, ਧਰਤ ਧਵਲ ਸੁਹਾਈਆ । ਬ੍ਰਹਮਾ

ਵਿਸ਼ਨ ਵੇਸ ਵਟਾਇਆ, ਸ਼ਿਵ ਸ਼ੰਕਰ ਸੰਗ ਰਲਾਈਆ । ਤ੍ਰੈਗੁਣ ਮਾਇਆ ਤੋਲ ਤੁਲਾਇਆ, ਤੋਲਣਹਾਰ ਆਪ ਅਖਵਾਈਆ । ਲੱਖ ਚੁਰਾਸੀ ਬਣਤ ਬਣਾਇਆ, ਪੰਚਮ ਤਤ ਸਮਾਈਆ । ਮਨ ਮਤ ਬੁਧ ਸੰਗ ਰਲਾਇਆ, ਹੱਡ ਮਾਸ ਨਾੜੀ ਰੱਤ ਕਰੀ ਕੁੜਮਾਈਆ । ਨੌਂ ਦਰ ਦਵਾਰੇ ਖੋਲ੍ਹ ਵਖਾਇਆ, ਕਾਇਆ ਮੰਦਰ ਇਕ ਸੁਹਾਈਆ । ਆਪ ਆਪਣਾ ਮੁਖ ਛੁਪਾਇਆ, ਨਿਰਗੁਣ ਨਿਰਵੈਰ ਨਿਰੰਕਾਰ ਰੂਪ ਅਖਵਾਈਆ । ਦਸਮ ਦਵਾਰੀ ਡੇਰਾ ਲਾਇਆ, ਬੰਦ ਕਿਵਾੜੀ ਇਕ ਰਖਾਇਆ, ਨਾ ਕੋਈ ਖੋਜੇ ਖੋਜ ਖੁਜਾਈਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਉਪਾਈਆ । ਹਰਿ ਹਰਿ ਜੋਤੀ ਜੋਤ ਜਗਾ, ਆਪਣੀ ਕਲ ਵਰਤਾਇੰਦਾ । ਆਪ ਆਪਣਾ ਭੇਖ ਵਟਾ, ਲੋਕਮਾਤ ਫੇਰਾ ਪਾਇੰਦਾ । ਸਾਧ ਸੰਤ ਲਏ ਉਪਾ, ਸ਼ਬਦੀ ਸ਼ਬਦ ਜਣਾਇੰਦਾ । ਗੁਰ ਪੀਰ ਅਵਤਾਰ ਆਪ ਅਖਵਾ, ਆਪ ਆਪਣਾ ਅੰਗ ਕਟਾਇੰਦਾ । ਦੁਸ਼ਟ ਹੰਕਾਰੀ ਦਏ ਗਵਾ, ਧਰਤ ਧਵਲ ਸੁਹਾਇੰਦਾ । ਭਗਤਾਂ ਪੈਜ ਲਏ ਰਖਾ, ਭਗਤ ਵਛਲ ਆਪ ਅਖਵਾਇੰਦਾ । ਸ਼ਬਦ ਤ੍ਰਿਸੂਲ ਹੱਥ ਉਠਾ, ਗਦਾ ਚੱਕਰ ਆਪ ਭਵਾਇੰਦਾ । ਖੰਡਾ ਖੰਜਰ ਵੇਖ ਵਖਾ, ਸ਼ਸਤਰ ਬਸਤਰ ਤਨ ਸਜਾਇੰਦਾ । ਅਸਵ ਘੋੜਾ ਇਕ ਦੌੜਾ, ਤਾਜੀ ਗਾਜੀ ਮੇਟ ਮਿਟਾਇੰਦਾ । ਜੁਗ ਜੁਗ ਪੌੜਾ ਆਪੇ ਲਾ, ਆਪੇ ਮੇਟ ਮਿਟਾਇੰਦਾ । ਬ੍ਰਹਿਮਣ ਗੌੜਾ ਆਪ ਅਖਵਾ, ਪੂਤ ਸਪੂਤਾ ਆਪ ਅਖਵਾਇੰਦਾ । ਭਗਤ ਜਨਾਂ ਦੀ ਆਤਮ ਅੰਤਰ ਲੱਗੀ ਔੜਾ ਦਏ ਬੁਝਾ, ਨਿਝਰ ਧਾਰ ਇਕ ਪਿਆਇੰਦਾ । ਵੇਖੇ ਪਰਖੇ ਮਿੱਠਾ ਕੌੜਾ, ਦਿਵਸ ਰੈਣ ਫਿਰੇ ਦੌੜਾ, ਲੱਖ ਚੁਰਾਸੀ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਜੋਤੀ ਖੇਲ ਖਿਲਾਇੰਦਾ । ਹਰਿ ਹਰਿ ਜੋਤੀ ਖੇਲਾ, ਜੁਗ ਜੁਗ ਆਪ ਕਰਾਇਆ । ਆਪੇ ਵਸੇ ਰੰਗ ਨਵੇਲਾ, ਇਕ ਇਕੱਲਾ ਡੇਰਾ ਲਾਇਆ । ਸੰਤ ਸੁਹੇਲਾ ਗੁਰੂ ਗੁਰ ਚੇਲਾ, ਆਪੇ ਆਪ ਅਖਵਾਇਆ । ਅਚਰਜ ਖੇਲ ਹਰਿ ਹਰਿ ਖੇਲਾ, ਖੇਲਣਹਾਰ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰੀ ਨੂਰ ਉਪਾਇਆ । ਜੋਤੀ ਨੂਰ ਸਚ ਮਹੱਲਾ, ਅਕਲ ਕਲਾ ਵਰਤਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਖੇਲੇ ਖੇਲ ਹਰ ਘਟ ਥਾਈਆ । ਵੇਖ ਵਖਾਏ ਜਲ ਥਲਾਂ, ਡੂੰਘੀ ਡੱਲਾ ਫੇਰਾ ਪਾਈਆ । ਭਗਤ ਜਨਾਂ ਦਰ ਸਾਚਾ ਮੱਲਾ, ਗ਼ਰੀਬ ਨਿਮਾਣਾ ਗਲੇ ਲਗਾਈਆ । ਦਰਸ ਦਿਖਾਏ ਘੜੀ ਘੜੀ ਪੱਲ ਪੱਲਾ, ਆਵਣ ਜਾਵਣ ਰਚਨ ਰਚਾਈਆ । ਆਪੇ ਫਲਿਆ ਆਪੇ ਫੁਲਾ, ਫੁਲ ਫੁਲਵਾੜੀ ਮਾਤ ਲਗਾਈਆ । ਵੇਖ ਵਖਾਏ ਕਾਇਆ ਡਾਲ੍ਹਾ, ਗੁਰਮੁਖ ਵੱਡੀ ਵਡ ਵਡਿਆਈਆ । ਜੁਗ ਜੁਗ ਚਲੇ ਅਵਲੱੜੀ ਚਾਲਾ, ਚਾਲ ਬੇਹੰਗਮ ਇਕ ਰਖਾਈਆ । ਦਾਸੀ ਦਾਸ ਕਰੇ ਕਾਲ ਮਹਾਂਕਾਲਾ, ਦੋਵੇਂ ਬੈਠੇ ਸੀਸ ਝੁਕਾਈਆ । ਜੁਗ ਜੁਗ ਵੇਖੇ ਖੇਲ ਨਿਰਾਲਾ, ਸਤਿਜੁਗ ਸਾਚੀ ਸੇਵਾ ਲਾਈਆ । ਤ੍ਰੇਤਾ ਵੇਖੇ ਧਰਮ ਦਵਾਲਾ, ਰਾਮ ਰਾਮਾ ਆਪ ਅਖਵਾਈਆ । ਦੁਆਪਰ ਹੋਏ ਹਾਲ ਬੇਹਾਲਾ, ਕਾਹਨਾ ਕ੍ਰਿਸ਼ਨਾ ਰੂਪ ਵਟਾਈਆ । ਮਸਤਕ ਵੇਖੇ ਗਗਨ ਥਾਲਾ, ਦੀਪਕ ਜੋਤੀ ਇਕ ਜਗਾਈਆ । ਭਗਤ ਜਨਾਂ ਕਰੇ ਪ੍ਰਿਤਪਾਲਾ, ਬਾਲ ਅੰਞਾਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਸ੍ਰਿਸ਼ਟ ਸਬਾਈਆ । ਸ੍ਰਿਸ਼ਟ ਸਬਾਈ ਖੇਲ ਖਿਲਾਰੀ, ਖੇਲਣਹਾਰ ਕਰਤਾਰਾ । ਆਵੇ ਜਾਵੇ ਵਡ ਸੰਸਾਰੀ, ਲੋਕਮਾਤ ਲਏ ਅਵਤਾਰਾ । ਭਗਤਨ ਸੋਹਿਣ ਬੰਕ ਦਵਾਰੀ, ਮਨਮੁਖ ਰੋਵਣ ਜ਼ਾਰੋ ਜ਼ਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਨੂਰ ਕਰੇ ਉਜਿਆਰਾ । ਹਰਿ ਜਗਤ ਹਰਿ ਰੰਗ, ਹਰਿ

੯੪੯
੦੬

ਕਾਇਆ ਚੋਲੀ ਰਤੀਆ । ਇਕ ਵਖਾਏ ਸਚ ਪਲੰਘ, ਮੇਲ ਮਿਲਾਏ ਕਮਲਾਪਤੀਆ । ਤਨ ਸ਼ਬਦੀ ਪਹਿਨਾਏ ਸਾਚੀ ਵੰਗ, ਸ਼ਾਹੋ ਸੁਹੇਲਾ ਰੰਗਣ ਚਾੜ੍ਹੇ ਏਕਾ ਰੱਤੀਆ । ਅੰਮ੍ਰਿਤ ਆਤਮ ਧਾਰ ਵਹਾਏ ਸਾਚੀ ਗੰਗ, ਹਰਿਜਨ ਵਾ ਨਾ ਲੱਗੇ ਤਤੀਆ । ਮਾਨਸ ਜਨਮ ਨਾ ਹੋਏ ਭੰਗ, ਆਪੇ ਦੇ ਸਮਝਾਏ ਮਤੀਆ । ਸਦਾ ਸੁਹੇਲਾ ਕੱਟਣਹਾਰਾ ਭੁੱਖ ਨੰਗ, ਧੀਰਜ ਧੀਰ ਧਰਾਏ ਸਤਿ ਸੰਤੋਖੀ ਸਤੀਆ । ਆਪ ਲਗਾਏ ਆਪਣੇ ਅੰਗ, ਜਗਤ ਬਣਾਏ ਸਾਚੀ ਸਖੀਆ । ਸਾਚੇ ਅਸਵ ਕਸੇ ਤੰਗ, ਵੇਖ ਵਖਾਏ ਅਠ ਸਠੀਆ । ਕਲਜੁਗ ਮਾਇਆ ਮਾਰੇ ਡੰਗ, ਚਰਨ ਲਾਵੇ ਜੋ ਜਨ ਢੱਠੀਆ । ਸਦਾ ਸੁਹੇਲਾ ਵਸੇ ਸੰਗ, ਆਪੇ ਹੋਏ ਅੰਗ ਸੰਗੀਆ । ਏਕਾ ਮੰਗਣ ਦਰ ਦਵਾਰੇ ਹਰਿ ਭਗਤ ਜਨ ਲਏ ਮੰਗ, ਦੇਵਣਹਾਰ ਸੂਰਾ ਸਰਬੰਗੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤੀ ਜਨ ਦੇਵੇ ਵਰ, ਦਰ ਦਵਾਰੇ ਮੂਲ ਨਾ ਸੰਗੀਆ । ਹਰਿ ਭਗਤਨ ਮੇਲਾ ਸਚ ਦਵਾਰ, ਘਰ ਸਚ ਸੱਚੇ ਕੁੜਮਾਈਆ । ਜੋਤੀ ਸ਼ਬਦੀ ਇਕ ਪਿਆਰ, ਪਵਣੀ ਪਵਣ ਸਮਾਈਆ । ਅਵਣੀ ਗਵਣੀ ਵਸੇ ਬਾਹਰ, ਅਗਨੀ ਹਵਨ ਨਾ ਕੋਈ ਕਰਾਈਆ । ਰਸਨਾ ਕਥਨੀ ਨਾ ਕੋਈ ਵਿਚਾਰ, ਨਾ ਕੋਈ ਲੇਖਾ ਰਿਹਾ ਲਿਖਾਈਆ । ਜਨ ਭਗਤਾਂ ਜੁਗ ਜੁਗ ਵੱਖਰੀ ਚਾਲ, ਪ੍ਰਭ ਸਾਚੇ ਮਾਤ ਚਲਾਈਆ । ਪਰਗਟ ਕਰ ਵਿਚ ਸੰਸਾਰ, ਸੁਰਤੀ ਸੁਰਤ ਦਵਾਈਆ । ਆਤਮ ਅੰਤਰ ਇਕ ਪਿਆਰ, ਅੰਦਰ ਮੰਦਰ ਖੋਜ ਖੁਜਾਈਆ । ਜੋਤ ਨਿਰੰਜਣ ਕਰ ਉਜਿਆਰ, ਦੀਪਕ ਜੋਤ ਕਰੇ ਰੁਸ਼ਨਾਈਆ । ਅਨਹਦ ਲਾਏ ਸੇਵਾਦਾਰ, ਸੇਵਕ ਸੇਵਾ ਸਚ ਕਮਾਈਆ । ਅੱਠੇ ਪਹਿਰ ਖ਼ਬਰਦਾਰ, ਦਿਵਸ ਰੈਣ ਰਿਹਾ ਜਗਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਸਾਚਾ ਮੰਦਰ ਇਕ ਵਖਾਈਆ । ਜੋਤ ਸਰੂਪੀ ਕਰ ਆਕਾਰ, ਹਰਿ ਬੈਠਾ ਡਗਮਗਾਈਆ । ਭਗਤ ਜਨਾਂ ਇਕ ਅਧਾਰ, ਏਕਾ ਸ਼ਬਦ ਜਣਾਈਆ । ਅਠਾਰਾਂ ਧਿਆਏ ਗੀਤਾ ਅਰਜਨ ਦੁਲਾਰ, ਕਾਹਨਾ ਕ੍ਰਿਸ਼ਨਾ ਆਪ ਅਲ੍ਹਾਈਆ । ਸਾਚੀ ਮੀਤਾ ਕਰ ਪਿਆਰ, ਪਤਤ ਪੁਨੀਤਾ ਆਪ ਹੋ ਜਾਈਆ । ਰਾਮਾ ਸੀਤਾ ਕੰਤ ਭਤਾਰ, ਸੁਰਤੀ ਸ਼ਬਦ ਕੁੜਮਾਈਆ । ਰਾਧਾ ਕ੍ਰਿਸ਼ਨਾ ਜੈ ਜੈ ਜੈਕਾਰ, ਜੋਗ ਜੁਗੀਸ਼ਰ ਗਾਈਆ । ਤਪੀ ਤਪੀਸ਼ਰ ਕਰ ਵਿਚਾਰ, ਮੁਨੀ ਮੁਨੀਸ਼ਰ ਇਕ ਜਣਾਈਆ । ਰਿਖੀ ਕੇਸ਼ ਗਵਰਧਨ ਧਾਰ, ਆਪਣੀ ਆਪ ਉਠਾਈਆ । ਭਗਤ ਸੁਹੇਲਾ ਇਕ ਇਕੇਲਾ ਮੀਤ ਮੁਰਾਰ, ਮੁਰਾਰੀ ਰੂਪ ਵਟਾਈਆ । ਨਾਮ ਬੰਸਰੀ ਅਪਰ ਅਪਾਰ, ਤਨ ਮੰਦਰ ਅੰਦਰ ਰਿਹਾ ਵਜਾਈਆ । ਬਿਪਰ ਸੁਦਾਮਾ ਸਾਚਾ ਯਾਰ, ਵਿਛੜਿਆਂ ਮੇਲ ਮਿਲਾਈਆ । ਦਰੋਪਤ ਲੱਜਿਆ ਰੱਖੇ ਹਰਿ ਕਰਤਾਰ, ਗਿਰਵਰ ਰੂਪ ਸਮਾਈਆ । ਬਿਦਰ ਸੁਦਾਮਾ ਲਾਏ ਪਾਰ, ਦਿਵਸ ਰੈਣ ਕਰੇ ਕੁੜਮਾਈਆ । ਸ਼ਬਦ ਬਿਬਾਣਾ ਕਰ ਤਿਆਰ, ਆਪਣਾ ਆਪ ਚਲਾਈਆ । ਅਰਜਨ ਗਿਆਨਾ ਇਕ ਪਿਆਰ, ਤੀਰ ਨਿਸ਼ਾਨਾ ਰਿਹਾ ਚਲਾਈਆ । ਜੋਧਾ ਸੂਰ ਬਲੀ ਬਲਵਾਨ, ਹਰਿ ਭਗਵਾਨ ਆਪ ਅਖਵਾਈਆ । ਖਾਲੀ ਹੱਥ ਵਿਚ ਮੈਦਾਨ, ਰਥ ਰਥਵਾਹੀ ਬੈਠਾ ਮਾਹੀਆ । ਸ੍ਰਿਸ਼ਟ ਸਬਾਈ ਵੇਖੇ ਮਾਰ ਧਿਆਨ, ਹੰਕਾਰੀਆਂ ਗੜ੍ਹ ਤੁੜਾਈਆ । ਮੇਟ ਮਿਟਾਏ ਜਗਤ ਨਿਸ਼ਾਨ, ਥਿਰ ਕੋਇ ਰਹਿਣ ਨਾ ਪਾਈਆ । ਆਪੇ ਵੇਖੇ ਵੇਖਣਹਾਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਭਗਤੀ ਭਗਤਨ ਕਰ ਪਿਆਰ, ਜੁਗਤੀ ਜੁਗਤ ਬਣਾਈਆ । ਲੋਕਮਾਤ ਤੇਰੀ ਧਾਰ, ਜੁਗ ਜੁਗ ਰਿਹਾ ਚਲਾਈਆ । ਕਲਜੁਗ ਤੇਰੀ ਅੰਤਮ ਵਾਰ, ਸਤਿਜੁਗ ਆਪਣੇ ਹੱਥ ਰਖਾਈਆ । ਨਿਹਕਲੰਕਾ ਲਏ ਅਵਤਾਰ, ਏਕਾ ਡੰਕਾ ਰਿਹਾ ਵਜਾਈਆ । ਗੁਰਮੁਖ ਸਾਚੇ ਲਏ ਅਧਾਰ, ਆਪਣੀ ਕਿਰਤ ਕਰੀ ਕਮਾਈਆ । ਨੌਂ ਖੰਡ ਪ੍ਰਿਥਮੀ ਦਏ ਹੁਲਾਰ, ਸੱਤਾਂ ਦੀਪਾਂ

ਡੇਰਾ ਢਾਹੀਆ । ਬ੍ਰਹਮਾ ਰੋਵੇ ਜ਼ਾਰੋ ਜ਼ਾਰ, ਵੇਲਾ ਅੰਤਮ ਆਈਆ । ਸ਼ਿਵ ਸ਼ੰਕਰ ਰਿਹਾ ਕਰ ਪੁਕਾਰ, ਹੱਥ ਤ੍ਰਿਸੂਲ ਉਠਾਈਆ । ਕਰੋੜ ਤੇਤੀਸਾ ਵੇਖ ਵਿਚਾਰ, ਸੁਰਪਤ ਰਾਜਾ ਇੰਦ ਸੰਗ ਰਲਾਈਆ । ਵਿਸ਼ਨੂੰ ਵੰਸੀ ਖ਼ਬਰਦਾਰ, ਸ੍ਰਿਸ਼ਟ ਸਬਾਈ ਰਿਹਾ ਕਰਾਈਆ । ਕਲਜੁਗ ਕਾਲਾ ਕੱਪੜ ਦਏ ਉਤਾਰ, ਜੂਠ ਝੂਠ ਰਹਿਣ ਨਾ ਪਾਈਆ । ਪਰਗਟ ਹੋ ਵਿਚ ਸੰਸਾਰ, ਚਾਰ ਵਰਨ ਇਕ ਸਰਨ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖ ਸਚ ਘਰ, ਘਰ ਸਾਚਾ ਇਕ ਸੁਹਾਈਆ । ਹਰਿ ਭਗਤ ਹਰਿ ਰੰਗ ਰਤਿਆ, ਰਤਿਆ ਨਾਮ ਸਰੀਰ । ਲੇਖਾ ਚੁੱਕੇ ਤੀਰਥ ਤਟਿਆ, ਦੂਈ ਦਵੈਤੀ ਬੰਨ੍ਹੇ ਬੀੜ । ਦੀਪਕ ਜੋਤੀ ਜਗੇ ਲਟ ਲਟਿਆ, ਜਗ ਚੋਟੀ ਚੜ੍ਹੇ ਅਖ਼ੀਰ । ਨਾਮ ਵਣਜ ਕਰਾਏ ਸਾਚੇ ਹੱਟਿਆ, ਹਰਿ ਜੋਧਾ ਸੂਰਬੀਰ । ਏਕਾ ਲਾਹਾ ਹਰਿਜਨ ਸਾਚੇ ਖੱਟਿਆ, ਤਨ ਬਸਤਰ ਪਾਇਆ ਸਾਚਾ ਚੀਰ । ਦਿਵਸ ਰੈਣ ਹਰਿ ਹਰਿ ਰਸਨਾ ਰਟਿਆ, ਅੰਮ੍ਰਿਤ ਆਤਮ ਮਿਲਿਆ ਸੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਵੇਖ ਆਤਮ ਘਰ, ਹਰਿ ਸਾਚਾ ਏਕਾ ਵਤਿਆ । ਪ੍ਰਭ ਪੂਰਾ ਪੂਰ, ਪੂਰੀ ਆਸ ਕਰਾਈਆ । ਪ੍ਰਭ ਵਸੇ ਹਾਜ਼ਰ ਹਜ਼ੂਰ, ਸਹਿਜ ਸੁਖਦਾਈਆ । ਨਾਤਾ ਤੋੜੇ ਕੂੜੋ ਕੂੜ, ਗੁਰ ਸ਼ਬਦੀ ਜੋੜ ਜੁੜਾਈਆ । ਆਪਣੀ ਬਖ਼ਸ਼ੇ ਚਰਨ ਧੂੜ, ਮੂਰਖ ਮੂੜ੍ਹ ਸੁਘੜ ਬਣਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਵੇਖ ਵਖਾਈਆ । ਆਸਾ ਮਨਸਾ ਪੂਰ, ਹਰਿ ਅਖਵਾਇੰਦਾ । ਦੇਵੇ ਨਾਮ ਸਰੂਰ, ਉਤਰ ਨਾ ਜਾਇੰਦਾ । ਸਰਬ ਗੁਣਾ ਭਰਪੂਰ, ਭੁੱਖ ਮਿਟਾਇੰਦਾ । ਜੋਤ ਜਗਾਏ ਨੂਰ ਕੋਹਤੂਰ, ਅੰਧੇਰ ਮਿਟਾਇੰਦਾ । ਪੰਚ ਵਿਕਾਰਾ ਚੂਰੋ ਚੂਰ, ਢਹਿ ਢਹਿ ਸੀਸ ਨਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਆਸਾ ਮਨਸਾ ਜਗਤ ਪੁਜੰਦਾ, ਹਉਮੇ ਰੋਗ ਜਲਾਈਆ । ਏਕਾ ਦੇਵੇ ਨਾਮ ਸੁਗੰਧਾ, ਗੁਰਮੁਖ ਵਡ ਵਡਿਆਈਆ । ਆਪ ਉਪਜਾਏ ਆਤਮ ਪਰਮਾਨੰਦਾ, ਨਿਜਾਨੰਦ ਸਮਾਈਆ । ਰਵ ਸਸ ਸੀਸ ਨਿਵਾਇਣ ਨਿਉਂ ਨਿਉਂ ਚੰਦਾ, ਬੈਠੇ ਸੀਸ ਝੁਕਾਈਆ । ਤਾਰਾ ਮੰਡਲ ਗੁਰਮੁਖ ਕਾਇਆ ਹੇਠ ਰਖੰਦਾ, ਚਰਨਾਂ ਹੇਠ ਝਸਾਈਆ । ਹਰਿ ਸ਼ਬਦੀ ਮੇਲੀ ਮੇਲ ਮਿਲੰਦਾ, ਸ਼ਬਦੀ ਸ਼ਬਦ ਵਡਿਆਈਆ । ਬ੍ਰਹਿਮੰਡਾਂ ਖੰਡਾਂ ਖੋਜ ਖੁਜੰਦਾ, ਅੰਦਰ ਬਾਹਰ ਗੁਪਤ ਜਾਹਿਰ ਆਪ ਸਮਾਈਆ । ਜੁਗ ਜੁਗ ਵੰਡਣਹਾਰਾ ਵੰਡਾਂ, ਹਰਿਜਨ ਸਾਚੇ ਵੰਡ ਵੰਡਾਈਆ । ਮਨਮੁਖਾਂ ਸੁੱਤਾ ਦੇ ਕਰ ਕੰਡਾਂ, ਦਿਸ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਨੇਤਰ ਨੈਣ ਰਿਹਾ ਖੁਲ੍ਹਾਈਆ । ਹਰਿਜਨ ਨੇਤਰ ਨੈਣ ਖੁਲ੍ਹਾਏ, ਆਤਮ ਦਰ ਦਰਵਾਜ਼ਿਆ । ਦਿਵਸ ਰੈਣ ਹਰਿ ਦਰਸ ਦਿਖਾਏ, ਕਿਰਪਾ ਕਰ ਗ਼ਰੀਬ ਨਿਵਾਜਿਆ । ਰੂਪ ਅਨੂਪ ਸਤਿ ਸਰੂਪ ਆਪ ਹੋ ਜਾਏ, ਘਟ ਘਟ ਅੰਦਰ ਮੰਦਰ ਮਾਰੇ ਅਵਾਜ਼ਿਆ । ਚਾਰੋ ਕੁੰਟ ਵੇਖ ਵਖਾਏ, ਦਹਿ ਦਿਸ਼ਾ ਉਠ ਉਠ ਫਿਰੇ ਭਾਜਿਆ । ਗੁਰਮੁਖ ਸਾਚੇ ਮਸਤਕ ਰੇਖਾ ਲੇਖ ਮਿਟਾਏ, ਆਪ ਸਵਾਰੇ ਆਪਣਾ ਕਾਜਿਆ । ਲੱਖ ਚੁਰਾਸੀ ਵੇਖ ਵਖਾਏ, ਹਰਿਜਨ ਰੱਖੇ ਸਾਚੀ ਲਾਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਵੇਖ ਦਰ, ਇਕ ਚੜ੍ਹਾਏ ਸਾਚੇ ਤਾਜਿਆ । ਚਿੱਟਾ ਅਸਵ ਸਾਚਾ ਤਾਜਾ, ਹਰਿ ਸਾਚਾ ਸੰਗ ਰਖਾਇੰਦਾ । ਭਗਤ ਵਛਲ ਗ਼ਰੀਬ ਨਿਵਾਜ਼ਾ, ਜਨ ਭਗਤਾਂ ਮੇਲ ਮਿਲਾਇੰਦਾ । ਧੁਰ ਦਰਗਾਹੀ ਫਿਰੇ ਭਾਜਾ, ਜੁਗ ਜੁਗ

੯੫੨
੦੬

ਭੇਖ ਵਟਾਇੰਦਾ । ਕਲਜੁਗ ਅੰਤਮ ਰਚਿਆ ਕਾਜਾ, ਲੱਖ ਚੁਰਾਸੀ ਆਪ ਪਰਨਾਇੰਦਾ । ਲਾੜੀ ਮੌਤ ਦੇਵੇ ਦਾਜਾ, ਰਾਏ ਧਰਮ ਘਰ ਬਹਾਇੰਦਾ । ਜਨ ਭਗਤਾਂ ਅੰਤਮ ਰੱਖੇ ਲਾਜਾ, ਚਰਨ ਪ੍ਰੀਤੀ ਇਕ ਵਖਾਇੰਦਾ । ਪਰਗਟ ਹੋਏ ਦੇਸ ਮਾਝਾ, ਨਿਹਕਲੰਕਾ ਨਾਉਂ ਰਖਾਇੰਦਾ । ਗੁਰ ਗੋਬਿੰਦਾ ਰਾਜਨ ਰਾਜਾ, ਸ਼ਾਹੋ ਭੂਪ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸੇਵਕ ਸੇਵਾ ਲਾਇੰਦਾ । ਹਰਿਜਨ ਸੇਵਕ ਆਸ ਪੁਜਾਏ, ਪੂਜੇ ਗੁਰ ਗੋਬਿੰਦਾ । ਰਾਮ ਰਾਮਾ ਹਰਿ ਰੂਪ ਵਟਾਏ, ਮੇਟ ਮਿਟਾਏ ਸਗਲੀ ਚਿੰਦਾ । ਨੇਤਰ ਨੈਣਾਂ ਦਰਸ ਦਿਖਾਏ, ਅੰਮ੍ਰਿਤ ਆਤਮ ਧਾਰ ਵਹਾਏ ਗੰਗਾ । ਗੋਦਾਵਰੀ ਭੇਵ ਚੁਕਾਏ ਅੱਠ ਸਠ ਤੀਰਥ ਵੇਖ ਵਖਾਏ, ਵਡ ਦਾਤਾ ਗੁਣੀ ਗਹਿੰਦਾ । ਤਟ ਕਿਨਾਰਾ ਪਾਰ ਕਰਾਏ, ਹਟ ਹਟਵਾਣਾ ਇਕ ਖੁਲ੍ਹਾਏ, ਚਾਰ ਵਰਨਾਂ ਵੇਖ ਵਖਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਸਾ ਮਨਸਾ ਪੂਰ ਕਰ, ਆਤਮ ਤ੍ਰਿਸ਼ਨਾ ਭੁੱਖ ਮਿਟਾਏ । ਜਗਤ ਤ੍ਰਿਸ਼ਨਾ ਮਾਇਆ ਰੋਗ, ਹਉਮੇ ਚਿੰਤ ਮਿਟਾਈਆ । ਗੁਰਮੁਖ ਮੇਲਾ ਧੁਰ ਸੰਜੋਗ, ਧੁਰ ਦੀ ਬਾਣ ਬਣਾਈਆ । ਦਾਤਾ ਦਰਸੀ ਆਪ ਦਿਖਾਏ ਦਰਸ ਅਮੋਘ, ਨਰ ਨਰਾਇਣ ਆਪੇ ਆਪ ਹੋ ਜਾਈਆ । ਸੋਹੰ ਸ਼ਬਦ ਚੁਗਾਏ ਸਾਚੀ ਚੋਗ, ਸੋ ਪੁਰਖ ਨਿਰੰਜਣ ਹੱਥ ਰਖਾਈਆ । ਪਾਰ ਕਰਾਏ ਤੀਨਾ ਲੋਕ, ਲੋਕ ਪਰਲੋਕ ਹੋਏ ਸਹਾਈਆ । ਅਸੰਖ ਅਸੰਖਾ ਨਾ ਸਕੇ ਘੋਖ, ਪੜ੍ਹ ਪੜ੍ਹ ਵਿਦਿਆ ਗਏ ਥੱਕ, ਭੇਵ ਕੋਈ ਨਾ ਪਾਈਆ । ਬਿਨ ਸਤਿਗੁਰ ਪੂਰੇ ਨਾ ਮਿਲੇ ਸਾਚੀ ਮੋਖ, ਵੇਦ ਪੁਰਾਨ ਰਹੇ ਸੁਣਾਈਆ । ਦੂਈ ਦਵੈਤੀ ਲੱਗਾ ਦੋਖ, ਹਉਮੇ ਹੰਗਤਾ ਰਹੀ ਕੁਰਲਾਈਆ । ਘਰ ਘਰ ਦਰ ਦਰ ਮੰਦਰ ਅੰਦਰ ਪਿਆ ਸੋਗ, ਗੁਰ ਦਰ ਵੇਖੇ ਪਈ ਲੜਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਪੁਰਖ ਲੱਖ ਚੁਰਾਸੀ ਕਲਜੁਗ ਤੇਰੀ ਅੰਤਮ ਵਾਰ ਦੇਵੇ ਝੋਕ, ਆਪ ਆਪਣੀ ਬਣਤ ਬਣਾਈਆ । ਹਰਿ ਹਰਿ ਭਾਣਾ ਕੋਈ ਨਾ ਸਕੇ ਰੋਕ, ਬ੍ਰਹਮਾ ਵਿਸ਼ਨ ਸ਼ਿਵ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਆਸ ਪੁਜਾਈਆ । ਹਰਿ ਭਗਤਨ ਆਸਾ ਆਸ ਪੁਚੰਦਾ, ਪੂਰਨ ਇਛਿਆ ਧਾਰੀ । ਦਰ ਦਵਾਰਾ ਇਕ ਵਖੰਦਾ, ਤੋੜੇ ਗੜ੍ਹ ਹੰਕਾਰੀ । ਨਾਮ ਪਿਆਲਾ ਇਕ ਪਲੰਦਾ, ਅੱਠੇ ਪਹਿਰ ਖੁਮਾਰੀ । ਸ਼ਬਦ ਜਣਾਈ ਇਕ ਕਰੰਦਾ, ਸੋਹੰ ਜੈ ਜੈ ਜੈਕਾਰੀ । ਚਾਰ ਵਰਨਾਂ ਏਕਾ ਥਾਂ ਬਹੰਦਾ, ਊਚਾਂ ਨੀਚਾਂ ਭੇਵ ਨਿਵਾਰੀ । ਰਾਜ ਰਾਜਾਨਾ ਸੁਣਾਏ ਏਕਾ ਛੰਦਾ, ਗਊ ਗ਼ਰੀਬਾਂ ਪਾਵੇ ਸਾਰੀ । ਪਰਮਾਨੰਦ ਇਕ ਵਖੰਦਾ, ਨਿਜਾਨੰਦ ਸਿਕਦਾਰੀ । ਰਹਿਣ ਨਾ ਦੇਵੇ ਕੋਈ ਮਦਿਰਾ ਮਾਸੀ ਗੰਦਾ, ਕਲਜੁਗ ਤੇਰੀ ਅੰਤਮ ਵਾਰੀ । ਸ਼ਬਦ ਫੜਾਏ ਹਰਿ ਸਾਚਾ ਖੰਡਾ, ਜੋਧਾ ਸੂਰ ਬਲੀ ਬਲਕਾਰੀ । ਵੇਖ ਵਖਾਏ ਜੇਰਜ ਅੰਡਾ, ਉਤਭੁਜ ਸੇਤਜ ਕਰੇ ਖ਼ਬਰਦਾਰੀ । ਲੱਖ ਚੁਰਾਸੀ ਤੇਰਾ ਭਾਰ ਨਾ ਕੋਈ ਪਾਏ ਵੰਡਾ, ਜੂਠ ਝੂਠ ਹੋਈ ਪੰਡ ਭਾਰੀ । ਮਨਮੁਖ ਜੀਵਾਂ ਆਤਮ ਹੋਈ ਰੰਡਾ, ਹਰਿ ਸ਼ਾਹੋ ਨਾ ਮਿਲਿਆ ਕੰਤ ਭਤਾਰੀ । ਜਨ ਭਗਤਾਂ ਆਤਮ ਅੰਤਰ ਪਾਏ ਠੰਡਾ, ਦੇਵੇ ਦਰਸ ਨਰ ਨਰਾਇਣ ਨਿਰੰਕਾਰੀ । ਪੱਲੇ ਬੰਨ੍ਹੇ ਨਾਮ ਗੰਢਾ, ਨਾ ਕੋਈ ਲੁੱਟੇ ਠੱਗ ਚੋਰ ਯਾਰੀ । ਹੋਏ ਸਹਾਈ ਵਿਚ ਬ੍ਰਹਿਮੰਡਾਂ, ਲੋਆਂ ਪੁਰੀਆਂ ਪਾਰ ਕਿਨਾਰੀ । ਰਾਏ ਧਰਮ ਸੁੱਤਾ ਦੇ ਕਰ ਕੰਡਾ, ਚਿਤਰ ਗੁਪਤ ਨਾ ਬਣੇ ਲੇਖ ਲਿਖਾਰੀ । ਮੇਟ ਮਿਟਾਏ ਭੇਖ ਪਖੰਡਾ, ਸੰਗ ਮੁਹੰਮਦ ਚਾਰ ਯਾਰੀ । ਈਸਾ ਮੂਸਾ ਪਾਇਣ ਵੰਡਾ, ਅੱਲਾ ਰਾਣੀ ਹੂ ਹੂ ਕਰ ਪੁਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਹਿਤ ਨਵਿਤ ਖੇਲੇ ਖੇਲ ਵਡ

ਸੰਸਾਰੀ । ਆਸਾ ਮਨਸਾ ਪੂਰ, ਸਰਬ ਸੁਖਦਾਇਆ । ਜਗ ਨਾਤਾ ਤੋੜੇ ਕੂੜੋ ਕੂੜ, ਸਚ ਸੁੱਚ ਵਰਤਾਇਆ । ਜਨ ਭਗਤਾਂ ਕਟੇ ਤ੍ਰੈਗੁਣ ਮਾਇਆ ਜੂੜ, ਫੰਦਨ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਤ੍ਰੈਲੋਕੀ ਨੰਦਨ ਫੇਰਾ ਪਾਇਆ । ਤ੍ਰੈਲੋਕੀ ਨੰਦਨ ਮੁਕੰਦ ਮਨੋਹਰ, ਲਖਮੀ ਨਰਾਇਣ ਨਰਾਇਣਾ । ਸੰਤ ਸੁਹੇਲੇ ਕਰ ਕਰ ਮੇਲੇ ਮੇਲ ਮਿਲਾਏ ਅੰਧ ਘੋਰ, ਵੇਖ ਵਖਾਏ ਆਪਣੇ ਨੈਣਾ । ਪਕੜ ਉਠਾਏ ਮਨਮੁਖ ਜੀਵ ਠੱਗ ਚੋਰ, ਮਗਰ ਲਗਾਏ ਲਾੜੀ ਮੌਤ ਡੈਣਾ । ਸ਼ਬਦ ਅਗੰਮੇ ਚੜ੍ਹਿਆ ਘੋੜ, ਨੌਂ ਖੰਡ ਪ੍ਰਿਥਮੀ ਵਹਿਣ ਏਕਾ ਵਹਿਣਾ । ਪੂਤ ਸਪੂਤਾ ਬ੍ਰਹਿਮਣ ਗੌੜ, ਵੇਦ ਵਿਆਸਾ ਵੇਖੇ ਨੈਣਾਂ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜ, ਗੁਰਮੁਖ ਵਿਰਲਾ ਸੰਤ ਸੁਹੇਲਾ ਲੋਕਮਾਤ ਅੰਤਮ ਰਹਿਣਾ । ਆਪੇ ਮਾਰੇ ਪਹਿਲਾ ਪੌੜ, ਜੀਵ ਜੰਤ ਸਾਧ ਸੰਤ ਭਾਣਾ ਸਭ ਨੇ ਸਹਿਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਸਾ ਪੂਰ ਹਰਿ, ਹਰਿ ਦਰਸ਼ਨ ਸਾਚੇ ਨੈਣਾ । ਗੁਰਮੁਖ ਸਾਚੀ ਆਸ ਰੱਖ, ਏਕਾ ਓਟ ਤਕਾਈਆ । ਪੁਰਖ ਅਬਿਨਾਸ਼ੀ ਹੋ ਪਰਤੱਖ, ਦਰਸੀ ਦਰਸ ਦਿਖਾਈਆ । ਸ੍ਰਿਸ਼ਟ ਸਬਾਈ ਕਰੇ ਵੱਖ, ਕੱਖੋਂ ਹੱਟ ਵਿਕਾਈਆ । ਚਾਰੋਂ ਕੁੰਟ ਅੰਗਿਆਰੇ ਰਹੇ ਭਖ, ਅਗਨੀ ਲੰਬੂ ਲਾਈਆ । ਦਰ ਦਰ ਘਰ ਘਰ ਅੰਦਰ ਮੰਦਰ ਕਰੇ ਸੱਖ, ਨਾਤਾ ਤੁੱਟੇ ਭੈਣਾ ਭਾਈਆ । ਕਿਸੇ ਨਾ ਸਕੇ ਕੋਈ ਰੱਖ, ਨਾ ਕੋਈ ਵੇਖੇ ਧੀ ਜਵਾਈਆ । ਚਾਰੋਂ ਕੁੰਟ ਹੋਏ ਢੱਕ, ਖਾਲੀ ਹੱਟ ਦੇਣ ਦੁਹਾਈਆ । ਨਾ ਕੋਈ ਜਣਾਏ ਅੱਠ ਸੱਠ, ਤੀਰਥ ਤਟ ਨਾ ਕੋਈ ਜਣਾਈਆ । ਗੁਰਦਰ ਮੰਦਰ ਮਸਜਿਦ ਜਾਣੇ ਢੱਠ, ਇੱਟ ਗਾਰਾ ਨਾ ਕੋਈ ਲਗਾਈਆ । ਨਾ ਕੋਈ ਬੋਲੇ ਸ਼ਿਵਦਵਾਲੇ ਮੱਠ, ਗਣਪਤ ਗਣੇਸ਼ ਨਾ ਕੋਈ ਮਨਾਈਆ । ਬ੍ਰਹਮਾ ਵਿਸ਼ਨ ਨੱਠ ਨੱਠ, ਪੈਂਡਾ ਰਹੇ ਮੁਕਾਈਆ । ਪ੍ਰਭ ਚਰਨ ਦਵਾਰੇ ਜਾਣ ਢੱਠ, ਏਕਾ ਓਟ ਰਖਾਈਆ । ਤਿੰਨਾਂ ਮੇਲਾ ਇਕ ਇਕੱਠ, ਪ੍ਰਭ ਸਾਚਾ ਘਰ ਸੁਹਾਈਆ । ਆਪੇ ਗੇੜਨਹਾਰਾ ਲੱਠ, ਜੁਗ ਜੁਗ ਵੇਸ ਵਟਾਈਆ । ਹਰਿਜਨ ਤੇਰਾ ਰੱਖੇ ਯਤ, ਧੀਰਜ ਧੀਰ ਆਪ ਧਰਾਈਆ । ਤ੍ਰੈਗੁਣ ਮਾਇਆ ਬਣਿਆ ਮੱਠ, ਪ੍ਰਭ ਅਗਨੀ ਹਵਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰੀ ਪੂਰਨ ਆਸ ਇਛਿਆ ਆਪ ਪੁਜਾਈਆ । ਪੂਰਨ ਇਛਿਆ ਹਰਿ ਭਰਵਾਸਾ, ਹਰਿਜਨ ਆਪ ਦਵਾਇੰਦਾ । ਪਾਏ ਭਿਛਿਆ ਸਰਬ ਗੁਣਤਾਸਾ, ਏਕ ਨਾਮ ਜਣਾਇੰਦਾ । ਸਾਚੀ ਸਿਖਿਆ ਜਨਮ ਰਹਿਰਾਸਾ, ਸੋਹੰ ਜਾਪ ਜਪਾਇੰਦਾ । ਹੋਏ ਸਹਾਈ ਪ੍ਰਿਥਮੀ ਆਕਾਸ਼ਾ, ਦੋ ਜਹਾਨਾਂ ਪਾਰ ਕਰਾਇੰਦਾ । ਭਗਤ ਜਨਾਂ ਘਰ ਦਾਸੀ ਦਾਸਾ, ਸੇਵਕ ਸੇਵਾ ਆਪ ਕਮਾਇੰਦਾ । ਨਿਜ ਘਰ ਆਤਮ ਰੱਖੇ ਵਾਸਾ, ਨਿਵਾਸ ਨਿਵਾਸਾ ਆਪ ਹੋ ਜਾਇੰਦਾ । ਚਲੇ ਚਲਾਏ ਪ੍ਰਿਥਮੀ ਆਕਾਸ਼ਾ, ਰਸਨ ਸਵਾਸਾ ਜਿਹਵਾ ਮਣੀਆ ਮੰਤ ਬਣਾਇੰਦਾ । ਮੇਲ ਮਿਲਾਏ ਸਰਬ ਗੁਣਤਾਸਾ, ਗੁਣਵੰਤਾ ਆਪ ਅਖਵਾਇੰਦਾ । ਗੁਰਮੁਖ ਸਾਚੇ ਸਦ ਬਲ ਬਲ ਜਾਸਾ, ਪੂਰਨ ਆਸਾ ਜੋ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤਨ ਪੂਰੀ ਆਸ ਕਰ, ਘਰ ਸਾਚਾ ਇਕ ਵਖਾਇੰਦਾ । ਸਾਚਾ ਘਰ ਸ਼ਬਦ ਅਡੋਲ, ਗੁਰਮੁਖ ਇਕ ਵਖਾਨਿਆ । ਨਾ ਕੋਈ ਦੂਸਰ ਦਿਸੇ ਕੋਲ, ਭਾਈ ਭੈਣ ਨਾ ਕੋਈ ਸੁਹਾਨਿਆ । ਨਾ ਕੋਈ ਕਾਇਆ ਬਸਤਰ ਦਿਸੇ ਚੋਲ, ਜਲ ਅੰਨ ਨਾ ਕੋਈ ਦਾਨਿਆ । ਨਾ ਕੋਈ ਧਰਨੀ ਧੌਲ ਰਹੀ ਮੌਲ, ਨਾ ਦਿਸੇ ਜ਼ਿਮੀ ਅਸਮਾਨਿਆ । ਨਾ ਕੋਈ ਪੰਖੀ ਪੰਛੀ ਰਿਹਾ ਬੋਲ, ਰਾਗ ਅਨਾਦ ਨਾ ਗਾਏ ਕੋਈ ਗਾਨਿਆ । ਨਾ ਕੋਈ ਅੰਮ੍ਰਿਤ ਖੰਡਾ ਛਕੇ ਪੌਹਲ, ਨਾ ਕੋਈ



੯੫੩
੦੬

ਚੋਟੀ ਸੀਸ ਮੁਨਾਨਿਆ । ਨਾ ਕੋਈ ਮਰਦੰਗਾ ਵੱਜੇ ਢੋਲ, ਗੁਰ ਦਰ ਮੰਦਰ ਨਾ ਕੋਈ ਸੁਹਾਨਿਆ । ਨਾ ਕੋਈ ਅੰਮ੍ਰਿਤ ਆਤਮ ਵੇਖੇ ਕੌਲ, ਨਾਭੀ ਫੁੱਲ ਨਾ ਕੋਈ ਖਿੜਾਨਿਆ । ਗੁਰਮੁਖ ਸਾਚਾ ਚਰਨ ਪ੍ਰੀਤੀ ਰਿਹਾ ਘੋਲ, ਦਰ ਦਵਾਰ ਹੋਏ ਪਰਵਾਨਿਆ । ਏਕਾ ਨਾਮ ਸਦਾ ਅਡੋਲ, ਵੇਖ ਵਖਾਏ ਹਰਿ ਭਗਵਾਨਿਆ । ਜੋਤੀ ਜੋਤ ਨੂਰੀ ਨੂਰ ਜਾਏ ਮੌਲ, ਦਿਸ ਕਿਸੇ ਨਾ ਆਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਪੂਰਨ ਆਸ ਦਰ, ਦਰ ਦਵਾਰ ਹੋਏ ਪਰਵਾਨਿਆ । ਦਰ ਪਰਵਾਨ ਕਰ ਭਗਵਾਨ, ਆਪਣੀ ਦਇਆ ਕਮਾਈਆ । ਦੇਵੇ ਨਾਮ ਧੁਰ ਫ਼ਰਮਾਨ, ਦਿਸ ਕਿਸੇ ਨਾ ਆਈਆ । ਇਕ ਝੁਲਾਏ ਸਚ ਨਿਸ਼ਾਨ, ਨਿਸ਼ਅੱਖਰ ਵੱਖਰ ਲੇਖ ਲਿਖਾਈਆ । ਗੋਪੀਆਂ ਕਾਹਨ ਸਾਰੇ ਗਾਨ, ਕਰ ਧਿਆਨ ਚਤੁਰਭੁਜ ਰੂਪ ਵਟਾਈਆ । ਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਸਰਬ ਮੇਲ ਮਿਲਾਨ, ਪੁਰਖ ਪੁਰਖਾ ਆਪ ਅਖਵਾਈਆ । ਕਰਨੀ ਕਰਨ ਕਰਨ ਕਰਾਨ, ਖੇਵਟ ਖੇਟ ਵਿਚ ਜਹਾਨ, ਬੇਟੀ ਬੇਟ ਸਰਬ ਸੁਖਦਾਈਆ । ਗੁਰਮੁਖ ਸਾਜਣ ਮੀਤ ਚਤੁਰ ਸੁਜਾਨ, ਜੋ ਜਨ ਚਰਨੀ ਡਿੱਗੇ ਆਣ, ਮੇਲ ਮਿਲਾਏ ਦਇਆ ਕਮਾਏ ਵਿਛੜ ਕਦੇ ਨਾ ਜਾਈਆ । ਰਸਨਾ ਹਰਿ ਹਰਿ ਨਰ ਨਰ ਗਾਏ । ਦਰ ਦਰ ਘਰ ਘਰ ਫੇਰੀ ਪਾਏ । ਜਿਸ ਜਨ ਆਪੇ ਲਏ ਜਗਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਆਸਾ ਪੂਰ ਕਰ, ਆਲਸ ਨਿੰਦਰਾ ਵਿਚ ਨਾ ਆਏ । ਭਗਵਾਨ ਤਜ ਆਲਸ ਨਿੰਦਰਾ, ਆਪਣੀ ਜੋਤ ਜਗਾਈਆ । ਗੁਰਸਿਖ ਗੁਰਮੁਖ ਕਾਇਆ ਬਣਾਏ ਬਨ ਬਿੰਦਰਾ, ਦਿਵਸ ਰੈਣ ਮੰਡਲ ਰਾਸ ਰਚਾਈਆ । ਸੇਵਕ ਸੇਵਾ ਲਾਏ ਇੰਦਰ ਫੁਨਿੰਦਰ ਮੁਨਿੰਦਰਾ, ਆਪ ਆਪਣਾ ਵੇਖ ਵਖਾਈਆ । ਵਡ ਦਾਤਾ ਹਰਿ ਗੁਣੀ ਗਹਿੰਦੜਾ, ਗੋਬਿੰਦ ਗੋਬਿੰਦ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜੁਗ ਆਸਾ ਜਗ ਪੂਰ ਕਰਾਈਆ । ਜੁਗ ਆਸ ਦੇਵ ਨੇਤ, ਨੇਤਰ ਨੈਣ ਉਘਾੜਨਾ । ਵੇਖ ਵਖਾਏ ਕਾਇਆ ਖੇਤ, ਹਰਿ ਸਾਜਣ ਮੀਤ ਮੁਰਾਰਨਾ । ਮੇਲ ਮਿਲਾਏ ਨੇਤਨ ਨੇਤ, ਨੇਰਨ ਨੇਰ ਵਖਾਏ ਦਰ ਦਵਾਰਨਾ । ਭਾਗ ਲਗਾਏ ਮਹੀਨਾ ਚੇਤ, ਸੰਮਤ ਵੀਹ ਸੌ ਚੌਦਾਂ ਜਨ ਭਗਤ ਜੁਗ ਵਿਛੜੇ ਜਗ ਮਿਲਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤ ਪੜ੍ਹਾਇਆ ਸੋਹੰ ਸੋ, ਅੱਖਰ ਵੱਖਰ ਆਪਣਾ ਦਾਨਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਦੋ ਜਹਾਨ ਬਣਿਆ ਸਾਚਾ ਜਾਮਨਾ ।

ਜਗਦੀਸ਼ਵਰ ਜੁਗ ਚਾਰ, ਜੁਗ ਜੁਗ ਰਚਨ ਰਚਾਈਆ । ਆਪਣਾ ਆਪ ਲੈ ਅਵਤਾਰ, ਆਪਣੀ ਬਣਤ ਬਣਾਈਆ । ਲੱਖ ਚੁਰਾਸੀ ਪਸਰ ਪਸਾਰ, ਖਾਣੀ ਬਾਣੀ ਆਪ ਚਲਾਈਆ । ਜੀਵ ਜੰਤ ਦਏ ਉਧਾਰ, ਸਾਧ ਸੰਤ ਤਰਾਈਆ । ਦੂਤ ਦੁਸ਼ਟ ਦਏ ਸੰਘਾਰ, ਭਗਤਨ ਹੋਏ ਸਹਾਈਆ । ਵੇਖ ਵਖਾਣੇ ਕਰ ਵਿਚਾਰ, ਰਾਜੇ ਰਾਣੇ ਭੇਵ ਨਾ ਪਾਈਆ । ਚਤੁਰ ਸੁਘੜ ਸਿਆਣੇ ਗਏ ਹਾਰ, ਪੜ੍ਹ ਪੜ੍ਹ ਵਿਦਿਆ ਜਗਤ ਸਬਾਈਆ । ਸ੍ਰੀ ਭਗਵਾਨ ਭੇਵ ਨਿਵਾਰ, ਜਨ ਭਗਤਾਂ ਬੂਝ ਬੁਝਾਈਆ । ਬ੍ਰਹਮ ਗਿਆਨੇ ਇਕ ਪਿਆਰ, ਨੇਤਰ ਲੋਇਣ ਖੁਲ੍ਹਾਈਆ । ਲੋਚਨ ਖੋਲ੍ਹੇ ਬੰਦ ਕਿਵਾੜ, ਵਡ ਵੱਡੀ ਵਡਿਆਈਆ । ਦਰ ਘਰ ਸਾਚੇ ਦੇਵੇ ਵਾੜ, ਮੰਦਰ ਇਕ ਵਖਾਈਆ । ਜੋਤ ਜਗਾਏ ਬਹੱਤਰ ਨਾੜ, ਬਾਲਕ ਬਾਲੇ ਦੇ ਵਡਿਆਈਆ ।

੯੫੪
੦੬

ਧਰੂ ਪ੍ਰਹਿਲਾਦ ਉਤਰੇ ਪਾਰ, ਚਰਨ ਪ੍ਰੀਤੀ ਇਕ ਸਿਖਾਈਆ । ਬਲ ਦਵਾਰੇ ਬਣ ਭਿਖਾਰ, ਭੇਖੀ ਭੇਖ ਵਟਾਈਆ । ਅੰਬਰੀਕਾ ਜਨ ਲਾਇਆ ਪਾਰ, ਦੁਰਬਾਸਾ ਮਾਣ ਗਵਾਈਆ । ਜਨ ਜਨਕਾ ਲਏ ਉਧਾਰ, ਏਕਾ ਨਾਮ ਤੁਲਾਈਆ । ਗਨਕਾ ਪਾਪਣ ਉਤਰੀ ਪਾਰ, ਰਸਨਾ ਜਿਹਵਾ ਗਾਈਆ । ਰਾਜਾ ਰਾਣਾ ਕਰ ਪਿਆਰ, ਪਾਇਆ ਬੀਠਲਾ ਹਰਿ ਰਘੁਰਾਈਆ । ਕਬੀਰ ਕਬੀਰਾ ਉਧਰਿਆ ਪਾਰ, ਬਹਿ ਬਹਿ ਰਸਨਾ ਗਾਈਆ । ਸਧਨਾ ਤਰਲੋਚਨ ਕਰ ਪਿਆਰ, ਚਰਨ ਚਰਨੋਦਕ ਮੁਖ ਲਗਾਈਆ । ਧੰਨਾ ਸੇਵੇ ਅਧਵਿਚਕਾਰ, ਪੂਜਸ ਪੂਜਸ ਸਿਲਾ ਮਨਾਈਆ । ਭਗਵਨ ਬੀਠਲਾ ਕਿਰਪਾ ਧਾਰ, ਅਨਡੀਠਾ ਦਰਸ ਦਿਖਾਈਆ । ਸੈਣ ਨਾਈ ਕਰ ਪਿਆਰ, ਆਪਣੀ ਜੋਤ ਜਗਾਈਆ । ਰਾਣਾ ਵੇਖੇ ਦਰ ਦਰਬਾਰ, ਸੇਵਕ ਸੇਵ ਕਮਾਈਆ । ਅਜਾਮਲ ਪਾਪੀ ਉਤਰੇ ਪਾਰ, ਨਰ ਨਰਾਇਣ ਰਸਨਾ ਗਾਈਆ । ਜੈ ਦਿਓ ਹਰਿ ਬੰਨ੍ਹੇ ਧਾਰ, ਅੱਖਰ ਵਿਦਿਆ ਨਾ ਕੋਇ ਪੜ੍ਹਾਈਆ । ਦਰੋਪਦ ਲੱਜਿਆ ਵਿਚ ਸੰਸਾਰ, ਕੱਪੜ ਕੋਟਨ ਕੋਟ ਵਧਾਈਆ । ਬਿਪਰ ਸੁਦਾਮਾ ਲਾਇਆ ਪਾਰ, ਮਹੱਲ ਅਟੱਲ ਸੁਹਾਈਆ । ਬਿਦਰ ਨਿਮਾਣਾ ਸਾਂਝਾ ਯਾਰ, ਘਰ ਆਇਆ ਹਰਿ ਰਘੁਰਾਈਆ । ਦਰਯੋਧਨ ਛੱਡਿਆ ਮਹੱਲ ਮੁਨਾਰ, ਗੜ੍ਹ ਹੰਕਾਰ ਨਾ ਹਰਿ ਹਰਿ ਭਾਈਆ । ਜੁਗ ਜੁਗ ਖੇਲੇ ਖੇਲ ਸੰਸਾਰ, ਆਪ ਆਪਣੀ ਰਚਨ ਰਚਾਈਆ । ਬੱਧਕ ਲਾਇਆ ਕਰ ਪਿਆਰ, ਤੀਰ ਨਿਸ਼ਾਨਾ ਚਰਨ ਛੁਹਾਈਆ । ਪੂਤਨਾ ਪਾਪਣ ਪੈਜ ਸਵਾਰ, ਮੋਹਣ ਮੁੰਮੇ ਮੋਹਨ ਪਾਈਆ । ਵੇਖੇ ਵਿਗਸੇ ਵੇਖਣਹਾਰ, ਜੁਗ ਜੁਗ ਆਪਣੀ ਰਚਨ ਰਚਾਈਆ । ਕਲਜੁਗ ਅੰਤਮ ਤੇਰੀ ਧਾਰ, ਚਾਰੋਂ ਕੁੰਟ ਦਏ ਦੁਹਾਈਆ । ਜੂਠ ਝੂਠ ਕਰ ਪਸਾਰ, ਮਾਇਆ ਮਮਤਾ ਕਰੇ ਕੁੜਮਾਈਆ । ਹਉਮੇ ਹੰਗਤਾ ਤੇਜ਼ ਕਟਾਰ, ਈਸਾ ਮੂਸਾ ਹੱਥ ਫੜਾਈਆ । ਸੰਗ ਮੁਹੰਮਦ ਚਾਰ ਯਾਰ, ਅੱਠੇ ਪਹਿਰ ਕਰਨ ਲੜਾਈਆ । ਲੱਖ ਚੁਰਾਸੀ ਮਾਰੇ ਮਾਰ, ਵੇਲਾ ਅੰਤਮ ਦਏ ਦੁਹਾਈਆ । ਰੂਪ ਰੰਗ ਨਾ ਰੇਖ ਨਾ ਕੋਈ ਜਾਣੇ ਭੇਖ ਕਰਤਾਰ, ਲੇਖਾ ਲਿਖੇ ਸ੍ਰਿਸ਼ਟ ਸਬਾਈਆ । ਭਗਤ ਵਛਲ ਆਪ ਨਿਰੰਕਾਰ, ਨਿਰਗੁਣ ਰੂਪ ਸਮਾਈਆ । ਜੁਗ ਜੁਗ ਵਿਛੜੇ ਮੇਲੇ ਕੰਤ ਭਤਾਰ, ਨਾਰੀ ਕੰਤਾ ਮੇਲ ਮਿਲਾਈਆ । ਆਤਮ ਸੇਜਾ ਸਚ ਪਿਆਰ, ਫੂਲਨ ਬਰਖਾ ਏਕਾ ਲਾਈਆ । ਰਵ ਸਸ ਕਰਨ ਨਿਮਸਕਾਰ, ਸੂਰਜ ਚੰਨ ਮੁਖ ਸ਼ਰਮਾਈਆ । ਗੁਰਮੁਖ ਨੂਰੀ ਜੋਤ ਚਮਤਕਾਰ, ਅੱਠੇ ਪਹਿਰ ਡਗਮਗਾਈਆ । ਭਗਤਨ ਮੀਤਾ ਹਰਿ ਨਿਰੰਕਾਰ, ਚੇਤਨ ਚੀਤਾ ਆਪ ਹੋ ਜਾਈਆ । ਨੇਤਨ ਨੇਤਾ ਵਿਚ ਸੰਸਾਰ, ਦੇਵਤ ਦਿਉਤਾ ਇਕ ਵਖਾਈਆ । ਤੇਜ ਭਾਨ ਪ੍ਰਭ ਦੇਵੇ ਦਾਨ, ਚਰਨ ਧੂੜ ਧੁਰ ਇਸ਼ਨਾਨ, ਦੁਰਮਤ ਮੈਲ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਹਰਿ ਮੰਦਰ ਅੰਦਰ ਬੈਠਾ ਬੇਪਰਵਾਹੀਆ । ਕਾਇਆ ਮੰਦਰ ਸਚ ਟਿਕਾਨਾ, ਹਰਿਜਨ ਬਣਤ ਬਣਾਈਆ । ਦੀਪਕ ਜੋਤੀ ਇਕ ਮਹਾਨਾ, ਪ੍ਰਭ ਸਾਚਾ ਆਪ ਜਗਾਈਆ । ਗਾਵਤ ਗਾਏ ਨਾਮ ਨਿਧਾਨਾ, ਨਾ ਕੋਈ ਦੂਸਰ ਰਾਗ ਅਲਾਈਆ । ਛੱਤੀ ਰਾਗ ਭੇਵ ਨਾ ਪਾਣਾ, ਨਾਰਦ ਸੁਰਸਤੀ ਰਹੀ ਅਲਾਈਆ । ਪੜ੍ਹ ਪੜ੍ਹ ਵੇਦ ਪੁਰਾਨਾ, ਪਾਰਬ੍ਰਹਮ ਭੇਵ ਨਾ ਪਾਈਆ । ਅੰਜੀਲ ਕੁਰਾਨ ਨਾ ਕਰੇ ਪਛਾਨਾ, ਸਚ ਹਦੀਸ ਨਾ ਕੋਈ ਅਲਾਈਆ । ਖਾਣੀ ਬਾਣੀ ਹੋਏ ਹੈਰਾਨਾ, ਅਛਲ ਅਛੱਲ ਨਾ ਛਲਿਆ ਜਾਈਆ । ਕਲਜੁਗ ਖੇਲੇ ਖੇਲ ਮਹਾਨਾ, ਖੇਲਣਹਾਰਾ ਸ੍ਰਿਸ਼ਟ ਸਬਾਈਆ । ਬੇਮੁਖ ਭੁਲਾਏ ਜੀਵ ਨਿਧਾਨਾ, ਜੂਠੇ ਝੂਠੇ ਧੰਦੇ ਲਾਈਆ । ਦਿਸ ਨਾ ਆਏ ਵਡ ਵਿਦਵਾਨਾ, ਗ੍ਰੰਥੀ ਪੰਥੀ ਕਰਨ ਸਲਾਹੀਆ । ਮਥਰਾ ਬਿੰਦਰਾ ਵੇਖਣ ਕਾਹਨਾ, ਕਾਹਨਾ ਰੂਪ ਨਾ ਕੋਈ ਸਮਾਈਆ ।



੯੫੫ ੦੬

ਰਾਧਾ ਰਾਧਾ ਰਸਨਾ ਗਾਣਾ, ਦਰ ਸੀਸ ਨਾ ਕੋਈ ਝੁਕਾਈਆ । ਅੰਤਰ ਮੰਤਰ ਪਦ ਨਿਰਬਾਨਾ, ਨਿਰਗੁਣ ਦਰ ਨਾ ਕੋਇ ਭਵਾਈਆ । ਸਾਚਾ ਖੇਲ ਸ੍ਰੀ ਭਗਵਾਨਾ, ਭਗਤਨ ਸੰਗ ਖਿਲਾਈਆ । ਦਰ ਦਵਾਰ ਕਰੇ ਪਰਵਾਨਾ, ਜੁਗ ਜੁਗ ਆਪੇ ਵੇਖ ਵਖਾਈਆ । ਬੈਣੀ ਨੈਣੀ ਵੇਖ ਨਿਧਾਨਾ, ਨੇਤਰ ਨੈਣ ਰਿਹਾ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਵਛਲ ਅਛਲ ਕਰ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ ।

ਦੀਨ ਦਿਆਲਾ ਸਰਬ ਸੁਖ ਦਾਤਾ, ਸਰਬ ਕਲਾ ਭਰਪੂਰਾ । ਚਰਨ ਕਵਲ ਬੰਧਾਏ ਏਕਾ ਨਾਤਾ, ਗੁਰ ਸਤਿਗੁਰ ਸਾਚਾ ਪੂਰਾ । ਆਪੇ ਪਿਤਾ ਹੋਏ ਆਪੇ ਮਾਤਾ, ਆਪੇ ਨੇਰਨ ਦੂਰਾ । ਆਪੇ ਵੇਖੇ ਰੈਣ ਅੰਧੇਰੀ ਰਾਤਾ, ਆਪੇ ਚਰਨ ਸਰੂਰਾ । ਆਪੇ ਮੇਟੇ ਜ਼ਾਤਾ ਪਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਕਾਚਾ ਕੂੜਾ ਕਲਜੁਗ ਕਾਇਆ ਕੁੜਿਆਰ, ਕੂੜਾ ਰੰਗ ਚੜ੍ਹਾਇਆ । ਚਾਰੋਂ ਕੁੰਟ ਵੇਖ ਵਿਚਾਰ, ਨੇਤਰ ਨੈਣ ਉਠਾਇਆ । ਮਨਮੁਖ ਭੁੱਲੇ ਜੀਵ ਗਵਾਰ, ਹਰਿ ਗੋਬਿੰਦ ਕੋਇ ਨਾ ਗਾਇਆ । ਮੰਦਰ ਅੰਦਰ ਹਾਹਾਕਾਰ, ਧੂੰਆਂਧਾਰ ਸਰਬ ਦਿਸਾਇਆ । ਮਾਇਆ ਰਾਣੀ ਕਰੇ ਖੁਆਰ, ਤਤ ਵਿਕਾਰ ਰਿਹਾ ਜਲਾਇਆ । ਪੰਚਮ ਪੰਚਾਂ ਕਰ ਪਿਆਰ, ਜੂਠਾ ਝੂਠਾ ਜੋੜ ਜੁੜਾਇਆ । ਏਕਾ ਭੁੱਲਿਆ ਹਰਿ ਕਰਤਾਰ, ਨਰ ਨਰਾਇਣ ਦਿਸ ਨਾ ਆਇਆ । ਧਰਤ ਮਾਤ ਕਰੇ ਪੁਕਾਰ, ਰੋ ਰੋ ਨੇਤਰ ਨੀਰ ਵਹਾਇਆ । ਪੁਰਖ ਅਬਿਨਾਸ਼ੀ ਆਪਣੀ ਕਿਰਪਾ ਧਾਰ, ਆਪਣਾ ਪੱਲੂ ਅੱਗੇ ਡਾਹਿਆ । ਚਾਰੋਂ ਕੁੰਟ ਜੀਵ ਵਿਭਚਾਰ, ਨਾਰ ਦੁਹਾਗਣ ਸ੍ਰਿਸ਼ਟ ਸਬਾਇਆ । ਵਰ ਮਿਲੇ ਨਾ ਕੰਤ ਭਤਾਰ, ਆਤਮ ਸੇਜ ਨਾ ਕੋਇ ਹੰਢਾਇਆ । ਹਉਮੇ ਹੰਗਤਾ ਲਏ ਪੈਰ ਪਸਾਰ, ਅਕਲਮੰਦ ਗੂੜ੍ਹੀ ਨੀਂਦ ਸਵਾਇਆ । ਨੇਤਰ ਨੀਰ ਰੋਵਣ ਜ਼ਾਰੋ ਜ਼ਾਰ, ਅੱਥਰ ਸੱਥਰ ਹੇਠ ਵਿਛਾਇਆ । ਚਾਰੋਂ ਕੁੰਟ ਹੋਏ ਉਜਾੜ, ਸਾਚਾ ਸੰਗ ਨਾ ਕੋਇ ਨਿਭਾਇਆ । ਪੰਚਮ ਲੱਗੀ ਜਗਤ ਧਾੜ, ਚੋਰ ਯਾਰ ਰਹੇ ਸਤਾਇਆ । ਅਗਨੀ ਅੱਗ ਤਤੀ ਹਾੜ, ਜੀਵਾਂ ਜੰਤਾਂ ਤਨ ਤਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਤ ਮਾਤ ਦਏ ਦੁਹਾਇਆ । ਧਰਤ ਮਾਤ ਰਹੀ ਕੁਰਲਾ, ਪ੍ਰਭ ਅੱਗੇ ਸੀਸ ਨਿਵਾਂਵਦੀ । ਪੁਰਖ ਅਬਿਨਾਸ਼ੀ ਸੁਣ ਸੁਣ ਹਾਰ, ਆਪਣਾ ਵੇਸ ਵਟਾਂਵਦੀ । ਕਾਲੀ ਚੁੰਨੀ ਸਿਰ ਤੋਂ ਲਾਹ, ਖੁਲ੍ਹੜੇ ਕੇਸ ਵਖਾਂਵਦੀ । ਨੌਂ ਖੰਡ ਪ੍ਰਿਥਮੀ ਖ਼ਾਕ ਉਡਾ, ਸੱਤਾਂ ਦੀਪਾਂ ਧੂੜ ਰਮਾਂਵਦੀ । ਬ੍ਰਹਮਾ ਵਿਸ਼ਨ ਸ਼ਿਵ ਵੇਖਣ ਥਾਉਂ ਥਾ, ਨੇਤਰ ਨੈਣਾਂ ਆਪ ਦਰਸਾਂਵਦੀ । ਲੱਖ ਚੁਰਾਸੀ ਕਲਜੁਗ ਜੀਵਾਂ ਸਚ ਨਾ ਮਿਲਿਆ ਕੋਈ ਥਾਂ, ਘਰ ਘਰ ਵੰਡੀਆਂ ਬਹਿ ਬਹਿ ਪਾਂਵਦੀ । ਪੁੱਤਰ ਮਾਵਾਂ ਪੁੱਛਣ ਨਾ, ਨਾਮ ਨਾਮਾ ਨਾ ਕੋਈ ਜਣਾਂਵਦੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਪੁਕਾਰ ਹੋ ਤਿਆਰ, ਏਕਾ ਧਾਹ ਸੁਣਾਂਵਦੀ । ਧਰਤ ਮਾਤ ਦਰ ਮਾਰੇ ਧਾਹ, ਪ੍ਰਭ ਅੱਗੇ ਦਏ ਦੁਹਾਈਆ । ਜੁਗ ਜੁਗ ਉਠੇ ਬੇਪਰਵਾਹ, ਲੋਕਮਾਤ ਲਏ ਅੰਗੜਾਈਆ । ਰਾਮਾ ਕ੍ਰਿਸ਼ਨਾ ਆਪ ਅਖਵਾ, ਦੂਤਾਂ ਦੁਸ਼ਟਾਂ ਦਏ ਸਜ਼ਾਈਆ । ਗੋਬਿੰਦ ਚਿੱਲੇ ਤੀਰ ਚੜ੍ਹਾ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਕਲਜੁਗ ਅੰਤਮ ਗਿਆ ਆ, ਲੱਖ ਚੁਰਾਸੀ ਦਏ ਦੁਹਾਈਆ । ਵੇਦ ਵਿਆਸਾ ਗਿਆ ਲਿਖਾ, ਆਪ ਆਪਣੀ ਕਲਮ ਚਲਾਈਆ । ਨਾਨਕ ਲੇਖਾ ਰਿਹਾ ਮੁਕਾ,

ਤੇਰਾਂ ਤੇਰੀ ਧਾਰ ਵਹਾਈਆ । ਚੌਦਾਂ ਸੰਮਤ ਆਪ ਚੜ੍ਹਾ, ਵੀਹ ਸੌ ਲੇਖ ਲਿਖਾਈਆ । ਚੌਦਾਂ ਲੋਕਾਂ ਦਏ ਹਿਲਾ, ਏਕਾ ਰਚਨ ਰਚਾਈਆ । ਚੌਦਾਂ ਤਬਕਾਂ ਦੇਵੇ ਢਾਹ, ਸੰਗ ਮੁਹੰਮਦ ਚਾਰ ਯਾਰ ਦੇਵੇ ਦਰ ਦੁਹਾਈਆ । ਅੱਲਾ ਰਾਣੀ ਰਹੀ ਕੁਰਲਾ, ਮੁਖ ਘੁੰਗਟ ਅੰਤਮ ਪਾਈਆ । ਪ੍ਰਭ ਦਵਾਰ ਰਹੀ ਸ਼ਰਮਾ, ਨੇਤਰ ਨੈਣ ਮੂੰਧ ਮੁੰਧਾਈਆ । ਪੁਰਖ ਅਬਿਨਾਸ਼ੀ ਰਿਹਾ ਜਗਾ, ਸ਼ਬਦ ਸਰੂਪੀ ਰਿਹਾ ਆਪ ਹਿਲਾਈਆ । ਆਪ ਵਖਾਏ ਸਾਚਾ ਥਾਂ, ਉਚ ਮਹੱਲੇ ਫੇਰਾ ਪਾਈਆ । ਆਪ ਧਰਾਏ ਆਪਣਾ ਨਾਂ, ਆਪੇ ਲਏ ਮਿਟਾਈਆ । ਮੱਕਾ ਮਦੀਨਾ ਲਾਏ ਢਾਹ, ਅੰਤਮ ਲੇਖਾ ਰਿਹਾ ਲਿਖਾ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਾਹ ਸੁਲਤਾਨਾ ਖ਼ਾਕ ਰਲਾ, ਮੁਗਲ ਪਠਾਨਾਂ ਦਏ ਮਿਟਾ, ਅੰਤਮ ਰਹਿਣ ਨਾ ਪਾਈਆ । ਤੀਰ ਨਿਸ਼ਾਨਾ ਇਕ ਚਲਾ, ਚਾਰੋਂ ਕੁੰਟ ਵੇਖ ਵਖਾ, ਪ੍ਰਭ ਸਾਚਾ ਲੇਖ ਲਿਖਾਈਆ । ਤੇਜ ਭਾਨ ਦਰ ਫੇਰਾ ਪਾ, ਸ੍ਰਿਸ਼ਟ ਸਬਾਈ ਦਏ ਹਿਲਾ, ਵਾਲੀ ਹਿੰਦ ਦਏ ਜਗਾ, ਸੋਇਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਚਿੱਲਾ ਇਕ ਚੜ੍ਹਾਈਆ । ਰਸਨਾ ਚਿੱਲਾ ਤੀਰ ਕਮਾਨਾ, ਹਰਿ ਸਾਚਾ ਆਪ ਚੜ੍ਹਾਇੰਦਾ । ਨੌਂ ਖੰਡ ਪ੍ਰਿਥਮੀ ਮਾਰੇ ਇਕ ਨਿਸ਼ਾਨਾ, ਸੱਤਾਂ ਦੀਪਾਂ ਆਪ ਹਿਲਾਇੰਦਾ । ਵੇਖੇ ਖੇਲ ਜੋਧਾ ਸੂਰਬੀਰ ਬਲਵਾਨਾ, ਬ੍ਰਹਿਮੰਡਾਂ ਖੋਜ ਖੁਜਾਇੰਦਾ । ਕਲਜੁਗ ਵਰਤੇ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਇੰਦਾ । ਨਾ ਕੋਈ ਦਿਸੇ ਰਾਜਾ ਰਾਣਾ, ਤਖ਼ਤ ਤਾਜ ਨਾ ਕੋਈ ਹੰਢਾਇੰਦਾ । ਨਾ ਕੋਈ ਦੀਸੇ ਸ਼ਾਹ ਸੁਲਤਾਨਾ, ਦੋ ਜਹਾਨਾਂ ਨਾ ਕੋਈ ਵਖਾਇੰਦਾ । ਕਿਸੇ ਹੱਥ ਨਾ ਆਏ ਪੀਣਾ ਖਾਣਾ, ਬਾਲਕ ਸੀਰ ਨਾ ਕੋਇ ਪਿਆਇੰਦਾ । ਚਾਰ ਕੁੰਟ ਦਹਿ ਦਿਸ਼ਾ ਵਹੀਰ ਪ੍ਰਭ ਆਪ ਕਰਾਨਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤ ਸਰੂਪੀ ਪਹਰਿਆ ਬਾਣਾ, ਮਿਹਰਵਾਨ ਆਪ ਹੋ ਜਾਇੰਦਾ । ਜਨ ਭਗਤਾਂ ਹੱਥੀਂ ਬੰਨ੍ਹੇ ਗਾਨਾ, ਏਕਾ ਤੰਦਨ ਤੰਦ ਬੰਨ੍ਹਾਇੰਦਾ । ਲਾੜੀ ਮੌਤ ਮੰਗੇ ਦਾਨਾ, ਰਾਏ ਧਰਮ ਦਰ ਸੁਹਾਇੰਦਾ । ਰਾਏ ਧਰਮ ਖੋਲ੍ਹ ਦੂਕਾਨਾ, ਅਠਾਈ ਕੁੰਡਾਂ ਬੂਹਾ ਲਾਹਿੰਦਾ । ਚਿਤਰ ਗੁਪਤ ਵੇਖ ਜਹਾਨਾ, ਖੇਲ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਕਰ ਇਸ਼ਨਾਨਾ, ਪ੍ਰਭ ਸਾਚਾ ਸਗਨ ਮਨਾਇੰਦਾ । ਸੰਮਤ ਸੰਮਤੀ ਕਰ ਪਰਵਾਨਾ, ਸੰਮਤ ਸੋਲਾਂ ਸਾਥ ਦੇਵੇ ਸੁਨੇਹੜੇ ਪੰਚਮ ਜੇਠ ਦਿਵਸ ਵਖਾਨਾ, ਰਾਗ ਰੰਗ ਆਪ ਕਰਾਇੰਦਾ । ਹਾੜ ਸਤਾਰਾਂ ਚਲ ਆਏ ਵਿਚ ਮੈਦਾਨਾ, ਖ਼ਾਕੀ ਖ਼ਾਕ ਉਡਾਇੰਦਾ । ਏਕਾ ਵੱਜੇ ਜਗਤ ਨਿਸ਼ਾਨਾ, ਧੂੰਆਂਧਾਰ ਸ੍ਰਿਸ਼ਟ ਕਰਾਇੰਦਾ । ਚੰਦ ਸੂਰਜ ਕਿਸੇ ਦਰਸ ਨਾ ਪਾਨਾ, ਤਾਰਾ ਮੰਡਲ ਨਾ ਵੇਖ ਵਖਾਇੰਦਾ । ਗੁਰ ਪੀਰ ਨਾ ਦਿਸੇ ਟਿਕਾਨਾ, ਸਾਧ ਸੰਤ ਨਾ ਕੋਈ ਤਰਾਇੰਦਾ । ਅੱਠ ਸੱਠ ਤੀਰਥ ਕਿਸੇ ਨਾ ਨਹਾਵਣ ਨੁਹਾਨਾ, ਗੰਗਾ ਗੋਦਾਵਰੀ ਨਾ ਸੀਰ ਪਿਆਇੰਦਾ । ਵੇਦ ਪਾਠ ਨਾ ਪੜ੍ਹੇ ਪੁਰਾਨਾ, ਖਾਣੀ ਬਾਣੀ ਨਾ ਕੋਈ ਅਲਾਇੰਦਾ । ਨਾ ਕੋਈ ਸੁਣਾਏ ਹਦੀਸ ਅੰਜੀਲ ਕੁਰਾਨਾ, ਅਹਿਨਲ ਹੱਕ ਨਾ ਕੋਈ ਵਖਾਇੰਦਾ । ਖ਼ੁਦੀ ਖੁਦਾਏ ਕਰ ਕੁਰਬਾਨਾ, ਆਪ ਆਪਣੀ ਭੇਟ ਮਨਾਇੰਦਾ । ਪੰਡਤ ਪਾਂਧੇ ਵਡ ਵਿਦਵਾਨਾ, ਮਸਤਕ ਲਿਲਾਟੀ ਵੇਖ ਵਖਾਇੰਦਾ । ਜੋਧਾ ਸੂਰ ਹਰਿ ਵਡ ਬਲੀ ਬਲਵਾਨਾ, ਤੀਰ ਨਿਸ਼ਾਨਾ ਇਕ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਧਰਤ ਮਾਤ ਮਾਰੇ ਝਾਤ, ਇਕ ਇਕਾਂਤ ਅੰਮ੍ਰਿਤ ਦੇਵੇ ਬੂੰਦ ਸਵਾਂਤ, ਜਨ ਭਗਤਾਂ ਆਪ ਪਿਲਾਇੰਦਾ । ਅੰਮ੍ਰਿਤ ਦੇਵੇ ਬੂੰਦ ਸਵਾਂਤੀ, ਧੁਰ ਦਰਗਾਹੀ ਲੇਖਾ । ਜਨ ਭਗਤਾਂ ਦੇਵੇ ਲਹਿਣਾ ਦੇਣਾ ਬਾਕੀ, ਮੂੰਡ ਮੁੰਡਾਏ

ਨਾ ਜਾਣੇ ਧਾਰੀ ਕੇਸਾ । ਆਤਮ ਅੰਤਰ ਖੋਲ੍ਹੇ ਤਾਕੀ, ਜੋਤ ਸਰੂਪ ਦਸ ਦਸਮੇਸ਼ਾ । ਆਪੇ ਜਾਣੇ ਭਖਿਤ ਵਾਕੀ, ਸੇਵਕ ਸੇਵਾ ਬ੍ਰਹਮਾ ਵਿਸ਼ਨ ਮਹੇਸ਼ਾ । ਨਬੀ ਰਸੂਲ ਪੀਰ ਦਸਤਗੀਰ ਸ਼ਾਹ ਹਕੀਰ ਪਾਕਨ ਪਾਕੀ, ਆਪੇ ਜਾਣੇ ਆਪਣਾ ਵੇਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਜਨ ਘਰ ਸਾਚੇ ਆਪਣੇ ਨੇਤਰ ਪੇਖਾ । ਹਰਿਜਨ ਕਿਵਾੜ ਜਾਏ ਖੁਲ੍ਹ, ਅੰਤਮ ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਨਾ ਲਾਏ ਪਲ, ਜੋ ਜਨ ਢਹਿ ਪਏ ਸਰਨਾਈਆ । ਦੇਵੇ ਜੋਤੀ ਨੂਰ ਦਰਸ ਅਟੱਲ, ਨੂਰੋ ਨੂਰ ਕਰਾਈਆ । ਭਾਗ ਲਗਾਏ ਸਾਚੀ ਕੁੱਲ, ਕੁਲਾਵੰਤ ਇਕ ਅਖਵਾਈਆ । ਆਪ ਉਲਟਾਏ ਨਾਭ ਕਵਲ, ਨਿਝਰ ਧਾਰ ਮੁਖ ਚੁਆਈਆ । ਆਤਮ ਸੇਜਾ ਜਾਏ ਮਵਲ, ਫਲ ਫੁਲਵਾੜੀ ਇਕ ਵਖਾਈਆ । ਮੇਲ ਮਿਲਾਏ ਸਾਵਲ ਸਵਲ, ਸੁੰਦਰ ਮੁਖ ਦਰਸਾਈਆ । ਧਿਆਨ ਰਖਾਏ ਚਰਨ ਕਵਲ, ਕਵਲ ਕਵਲਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦ ਕਿਵਾੜਾ ਆਪ ਖੁਲ੍ਹਾਈਆ । ਬੰਦ ਕਿਵਾੜੀ ਆਪੇ ਖੋਲ੍ਹ, ਆਪਣੀ ਦਇਆ ਕਮਾਇੰਦਾ । ਅੰਦਰ ਮੰਦਰ ਆਪੇ ਬੋਲ, ਆਪੇ ਰਾਗ ਅਲਾਇੰਦਾ । ਡੂੰਘੀ ਕੰਦਰ ਆਪੇ ਫੋਲ, ਹਰਿਜਨ ਵੇਖ ਵਖਾਇੰਦਾ । ਸਾਚੇ ਕੰਡੇ ਰਿਹਾ ਤੋਲ, ਤੋਲਣਹਾਰਾ ਆਪ ਅਖਵਾਇੰਦਾ । ਜਨ ਭਗਤਾਂ ਕਰੇ ਸਾਚੇ ਚੋਹਲ, ਪ੍ਰੀਤੀ ਨੀਤੀ ਇਕ ਵਖਾਇੰਦਾ । ਕਾਇਆ ਧਰਤੀ ਜਾਏ ਮੌਲ, ਆਪ ਆਪਣਾ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੰਦ ਕਿਵਾੜੀ ਵੇਖ ਵਖਾਇੰਦਾ । ਬੰਦ ਕਿਵਾੜਾ ਬਜਰ ਕਪਾਟ, ਏਕਾ ਹੱਟ ਰਖਾਇਆ । ਕਿਸੇ ਹੱਥ ਨਾ ਆਏ ਤੀਰਥ ਤਾਟ, ਵੇਖੇ ਸ੍ਰਿਸ਼ਟ ਸਬਾਇਆ । ਗੁਰਮੁਖ ਸਾਚਾ ਲਾਹਾ ਰਿਹਾ ਖਾਟ, ਪ੍ਰਭ ਚਰਨ ਧਿਆਨ ਲਗਾਇਆ । ਏਕਾ ਰਸ ਰਸਨਾ ਸੋਹੰ ਰਸਨਾ ਰਹੇ ਚਾਟ, ਜੋਤ ਨਿਰਜੰਣ ਸੇਵਾ ਲਾਇਆ । ਜੋਤ ਨਿਰੰਜਣ ਕਦੇ ਨਾ ਆਏ ਆਨ ਬਾਟ, ਗਰਭ ਵਾਸ ਨਾ ਵੇਖ ਵਖਾਇਆ । ਆਪ ਚੜ੍ਹਾਏ ਔਖਾ ਘਾਟ, ਖੇਵਟ ਖੇਟ ਨਾਉਂ ਰਖਾਇਆ । ਚਰਨ ਪ੍ਰੀਤੀ ਮਾਰੇ ਠਾਠ, ਸਰ ਸਰੋਵਰ ਦਏ ਨੁਹਾਇਆ । ਨਾ ਕੋਈ ਪੂਜਾ ਨਾ ਕੋਈ ਪਾਠ, ਕਲਜੁਗ ਵੇਲਾ ਵਕਤ ਸੁਹਾਇਆ । ਧੂੜੀ ਮਜਨ ਇਕ ਵਖਾਏ ਤੀਰਥ ਅੱਠ ਸਾਠ, ਹਰਿਜਨ ਸਾਚਾ ਨਵਾਹਣ ਨਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਪਾਟ ਆਪੇ ਵੇਖਣ ਆਇਆ । ਬੰਦ ਕਿਵਾੜੀ ਬੰਦ ਦਰਵਾਜ਼ਾ, ਬੰਧੀ ਬੰਧਨ ਪਾਇਆ । ਪੁਰਖ ਅਬਿਨਾਸ਼ੀ ਸਾਚਾ ਸਾਜਣ ਸਾਜਾ, ਭੇਵ ਕਿਸੇ ਨਾ ਪਾਇਆ । ਸਾਧਾਂ ਸੰਤਾਂ ਮਾਰੇ ਆਵਾਜ਼ਾਂ, ਦਿਵਸ ਰੈਣ ਰਿਹਾ ਜਗਾਇਆ । ਅੰਦਰ ਮੰਦਰ ਏਕਾ ਰਚਿਆ ਕਾਜਾ, ਹਵਨੀ ਹਵਨ ਕਰਾਇਆ । ਨਾਲ ਰਖਾਏ ਅਨਹਦ ਵਾਜਾ, ਨਿਰਗੁਣ ਰਿਹਾ ਵਜਾਇਆ । ਭਗਤ ਦਵਾਰੇ ਆਏ ਭਾਜਾ, ਦੋ ਜਹਾਨੀ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਬਜਰ ਕਪਾਟੀ ਜਿੰਦਾ ਤੋੜ, ਆਪਣੀ ਦਇਆ ਕਮਾਇੰਦਾ । ਸ਼ਬਦ ਸਰੂਪੀ ਚਾੜ੍ਹੇ ਘੋੜ, ਜੋਤੀ ਜੋੜ ਜੁੜਾਇੰਦਾ । ਆਦਿਨ ਅੰਤਾ ਜਾਏ ਬਹੁੜ, ਜਨ ਭਗਤਾਂ ਜੁਗਾਂ ਜੁਗੰਤਾਂ ਮੇਲ ਮਿਲਾਇੰਦਾ । ਸਚ ਦਵਾਰੇ ਲਾਇਆ ਏਕਾ ਪੌੜ, ਘਰ ਚੌਥੇ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਜਨ ਵੇਖ ਵਖਾਇੰਦਾ । ਸਾਜਨ ਸਾਚਾ ਭਗਤਨ ਮੀਤਾ, ਗੋਬਿੰਦ ਰੂਪ ਗੋਪਾਲ । ਜੁਗ ਜੁਗ ਚਲਾਏ ਆਪਣੀ ਰੀਤਾ, ਸੰਤ ਸੁਹੇਲੇ ਵੇਖੇ ਸਾਚੇ ਲਾਲ । ਆਪ ਜਣਾਏ ਅਠਾਰਾਂ ਧਿਆਏ ਗੀਤਾ, ਆਪ ਚਲਾਏ ਅਰਜਨ ਬਾਣ । ਨਾਨਕ ਨਾਮ ਨਿਧਾਨਾ ਏਕਾ ਪੀਤਾ, ਕਾਇਆ ਮੰਦਰ

੯੫੮ ੦੬

ਵੇਖ ਸੱਚੀ ਧਰਮਸਾਲ । ਸ਼ਬਦ ਜੋਤ ਹੋਏ ਸਰਜੀਤਾ, ਅਕਾਲ ਮੂਰਤ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਖੋਲ੍ਹੇ ਬੰਦ ਕਿਵਾੜ, ਕਾਇਆ ਮੰਦਰ ਅੰਦਰ ਦੇਵੇ ਵਾੜ, ਨਾ ਕੋਈ ਰੱਖੇ ਮੰਦਰ ਮਸੀਤਾ ।

ਸਾਚਾ ਸੱਜਣ ਸਾਚਾ ਸ਼ਾਹ, ਹਰਿ ਸੱਜਣ ਬਨ ਬਨਵਾਰਿਆ । ਗੁਰਮੁਖ ਪਾਰ ਲਗਾਏ ਬਣ ਮਲਾਹ, ਜੁਗ ਜੁਗ ਲਏ ਅਵਤਾਰਿਆ । ਆਪ ਜਣਾਏ ਆਪਣਾ ਨਾਂ, ਨਿਰਗੁਣ ਨਾਉਂ ਨਿਰੰਕਾਰਿਆ । ਫੜ ਫੜ ਹੰਸ ਬਣਾਏ ਕਾਂ, ਏਕਾ ਸਾਚੀ ਚੋਗ ਚੁਗਾ ਰਿਹਾ । ਮੇਲ ਮਿਲਾਏ ਅਗੰਮ ਅਥਾਹ, ਬੇਪਰਵਾਹੀ ਆਪ ਅਖਵਾ ਰਿਹਾ । ਸੋਹੰ ਦੇਸ ਵਸਾਇਆ ਨਗਰ ਗਰਾਂ, ਚਾਰ ਦਿਵਾਰ ਨਾ ਕੋਈ ਦਿਸਾ ਰਿਹਾ । ਸੋ ਪੁਰਖ ਨਿਰੰਜਣ ਬਣੇ ਪਿਤਾ ਮਾਂ, ਪੂਤ ਸਪੂਤੇ ਗੋਦ ਉਠਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਨਗਰੀ ਸਚ ਸਮਗਰੀ ਏਕਾ ਏਕ ਵਖਾ ਰਿਹਾ । ਸਰਬ ਕਲਾ ਸਮਰਥ, ਹਰਿ ਅਖਵਾਇੰਦਾ । ਜਨ ਭਗਤਾਂ ਰੱਖੇ ਦੇ ਕਰ ਹੱਥ, ਜੁਗ ਜੁਗ ਬਣਤ ਬਣਾਇੰਦਾ । ਸਗਲ ਵਸੂਰੇ ਜਾਇਣ ਲੱਥ, ਨੇਤਰ ਨੈਣ ਜੋ ਦਰਸ਼ਨ ਪਾਇੰਦਾ । ਦਰਸ ਵਖਾਏ ਹੋ ਪਰਤੱਖ, ਬਾਲ ਅੰਞਾਣੇ ਦਇਆ ਕਮਾਇੰਦਾ । ਚਰਨ ਛੁਹਾਏ ਕੁੱਲੀ ਕੱਖ, ਕੱਖੋਂ ਲੱਖ ਕਰਾਇੰਦਾ । ਸ੍ਰਿਸ਼ਟ ਸਬਾਈ ਉਡਣੇ ਭੱਖ, ਜਨ ਭਗਤਾਂ ਗੋਦ ਉਠਾਇੰਦਾ । ਲੱਖ ਚੁਰਾਸੀ ਕਰੇ ਵੱਖ, ਘਰ ਏਕਾ ਏਕ ਟਿਕਾਇੰਦਾ । ਕਾਇਆ ਮੰਦਰ ਕਦੇ ਨਾ ਹੋਵੇ ਸੱਖ, ਪ੍ਰਭ ਜੋਤੀ ਨੂਰ ਟਿਕਾਇੰਦਾ । ਜਗਤ ਅਵੱਲਾ ਰਾਹ ਦੱਸ, ਏਕਾ ਸ਼ਬਦ ਪੜ੍ਹਾਇੰਦਾ । ਗੁਰਮੁਖ ਹਿਰਦੇ ਜਾਏ ਵਸ, ਦਿਸ ਕਿਸੇ ਨਾ ਆਇੰਦਾ । ਕਲਜੁਗ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਏਕਾ ਸ਼ਬਦ ਪੁਰਾਨ ਅਧਾਰੀ, ਏਕਾ ਜੋਤ ਜਗਾਈਆ । ਏਕਾ ਨਾਮ ਤੇਜ ਕਟਾਰੀ, ਗੁਰਮੁਖ ਹੱਥ ਫੜਾਈਆ । ਏਕਾ ਸ਼ਬਦ ਅਪਰ ਅਪਾਰੀ, ਬਸਤਰ ਚੀਰ ਸਜਾਈਆ । ਏਕਾ ਦੇਵੇ ਸ਼ਬਦ ਖ਼ੁਮਾਰੀ, ਅੱਠੇ ਪਹਿਰ ਉਠਾਈਆ । ਦੂਈ ਦਵੈਤੀ ਕੱਟ ਬਿਮਾਰੀ, ਏਕਾ ਰੰਗ ਰੰਗਾਈਆ । ਚਰਨ ਪ੍ਰੀਤੀ ਸਚ ਸਿਕਦਾਰੀ, ਨੀਚੋਂ ਊਚ ਬਣਾਈਆ । ਚਾੜ੍ਹੇ ਰੰਗ ਅਪਰ ਅਪਾਰੀ, ਉਤਰ ਕਦੇ ਨਾ ਜਾਈਆ । ਚੌਥੇ ਜੁਗ ਜਨ ਭਗਤ ਜੁਗ ਆਈ ਵਾਰੀ, ਤੇਜ ਭਾਨ ਹੋਈ ਕੁੜਮਾਈਆ । ਪਾਇਆ ਪੁਰਖ ਹਰਿ ਕੰਤ ਭਤਾਰੀ, ਸਾਚੀ ਨਾਰੀ ਆਪ ਸੁਹਾਈਆ । ਸ਼ਬਦ ਰੰਗੀਲਾ ਪਲੰਘ ਨਿਵਾਰੀ, ਆਤਮ ਸੇਜਾ ਆਪ ਵਿਛਾਈਆ । ਫੂਲਨ ਬਰਖਾ ਲਾਏ ਹਰਿ ਗਿਰਧਾਰੀ, ਮੋਹਣ ਮਾਧਵ ਰੂਪ ਵਟਾਈਆ । ਸੁੰਦਰ ਕੁੰਡਲ ਮੁਕਟ ਬੈਨ ਵੇਖ ਮੁਰਾਰੀ, ਨੇਤਰ ਨੈਣਾ ਦਰਸ਼ਨ ਪਾਈਆ । ਧੁਨ ਸੁਣਾਏ ਅਪਰ ਅਪਾਰੀ, ਸਾਚੀ ਬੰਸਰੀ ਇਕ ਵਜਾਈਆ । ਵੇਖੇ ਖੇਲ ਕਾਹਨਾ ਕ੍ਰਿਸ਼ਨ ਮੁਰਾਰੀ, ਆਪ ਆਪਣਾ ਰੂਪ ਵਟਾਈਆ । ਭਗਤ ਵਛਲ ਸਦ ਪਾਰ ਉਤਾਰੀ, ਭਗਤ ਭਗਵਾਨਾ ਰੂਪ ਸਮਾਈਆ । ਚਤੁਰਭੁਜ ਕਰ ਖੇਲ ਅਪਾਰੀ, ਕਲਜੁਗ ਵੇਖੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਲੇਖੇ ਲਾਏ ਕਾਇਆ ਚਾਮ, ਕਰਾਏ ਸੱਚਾ ਵਣਜ ਵਪਾਰੀਆ । ਗੁਰਮੁਖ ਲਾਲ ਅਨਮੁਲੜਾ, ਕੀਮਤ ਕੋਈ ਨਾ ਪਾਏ । ਲੱਖ ਕਰੋੜ ਅਰਬ ਖਰਬ ਕਿਸੇ ਤੋਲ ਨਾ ਤੁਲੜਾ, ਹੱਟੋ ਹੱਟ ਨਾ ਕਿਸੇ ਵਿਕਾਏ । ਜਗਤ ਕੰਡੇ ਕਿਸੇ ਨਾ ਤੁਲੜਾ, ਜਨਕ ਜਨਕੋ ਗਿਆ ਵਖਾਏ । ਚਰਨ ਦਵਾਰੇ

ਜੋ ਜਨ ਆਏ ਭੁੱਲੜਾ, ਪ੍ਰਭ ਲੇਖਾ ਲੇਖੇ ਲਾਏ । ਦੋ ਜਹਾਨੀ ਫਲਿਆ ਫੁਲੜਾ, ਫਲ ਅੰਮ੍ਰਿਤ ਇਕ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਨਾਮਾ ਇਕ ਦਵਾਏ । ਨਾਮ ਗਾਏ ਹਰਿ ਹਰਿ ਨਾਉਂ, ਪਾਇਆ ਗੋਬਿੰਦ ਲਾਲ । ਲੇਖਾ ਲਿਖੇ ਅਗੰਮ ਅਥਾਹੋ, ਬੈਠਾ ਸਚ ਸੱਚੀ ਧਰਮਸਾਲ । ਹਰਿ ਭਗਤ ਹਰਿਜਨ ਬਲ ਬਲ ਜਾਓ, ਸੇਵਕ ਸੇਵਾ ਦੀਨ ਦਿਆਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਗੁਰਮੁਖ ਗੁਰਮੁਖ ਜਗ ਲਏ ਅੰਤਮ ਭਾਲ । ਕਬੀਰ ਕਬੀਰਾ ਸਤਿ ਹੈ, ਸਤਿ ਸਰੂਪ ਸਮਾਏ । ਪ੍ਰਭ ਰੱਖਣਹਾਰਾ ਪਤ ਹੈ, ਦਿਵਸ ਰੈਣ ਰਿਹਾ ਧਿਆਏ । ਏਕਾ ਵਸਤ ਮਿਲੀ ਨਾਮ ਸਾਚੀ ਵੱਥ ਹੈ, ਰੱਤੀ ਰੱਤ ਰਹਿਣ ਨਾ ਪਾਏ । ਮਿਲਿਆ ਮੇਲ ਕਮਲਾਪਤ ਹੈ, ਦਰ ਦਵਾਰੇ ਮੰਗਣ ਭਿਛਿਆ ਪਾਏ । ਆਤਮ ਬੀਜੇ ਬੀਜ ਸਾਚੇ ਵੱਤ ਹੈ, ਆਪ ਆਪਣੀ ਦਇਆ ਕਮਾਏ । ਸਿੰਘ ਨਰਾਇਣ ਨਾ ਆਉਣਾ ਲੋਕਮਾਤ ਵੱਤ ਹੈ, ਪ੍ਰਭ ਜੋਤੀ ਜੋਤ ਮਿਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਜ ਭਾਨ ਤੇਰੀ ਸਚ ਦੁਕਾਨ, ਜੁਗ ਜੁਗ ਜਗ ਆਪ ਚਲਾਏ । ਨਾਮ ਦੁਕਾਨ ਜਗਤ ਵਣਜਾਰਾ, ਹਰਿ ਸਾਚਾ ਹੱਟ ਖੁਲ੍ਹਾਇੰਦਾ । ਚੌਦਾਂ ਲੋਕਾਂ ਦਏ ਹੁਲਾਰਾ, ਦੇਵਣਹਾਰ ਆਪ ਹੋ ਜਾਇੰਦਾ । ਸੱਤਾਂ ਦੀਪਾਂ ਕਰੇ ਖ਼ਬਰਦਾਰਾ, ਲੱਖਣ ਦੀਪ ਫੇਰਾ ਪਾਇੰਦਾ । ਕਰੌਂਚ ਖੇਲ ਅਪਰ ਅਪਾਰਾ, ਪੁਸ਼ਕਰ ਡੇਰਾ ਲਾਇੰਦਾ । ਜੰਬੂ ਦੀਪ ਅੱਧ ਵਿਚਕਾਰਾ, ਹਰਿ ਸਾਚੀ ਜੋਤ ਜਗਾਇੰਦਾ । ਸਲਮਲ ਤੇਰਾ ਪਾਰ ਕਿਨਾਰਾ, ਸਾਨ ਸਿਖਿਆ ਇਕ ਸਿਖਾਇੰਦਾ । ਕੁਸ਼ਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਵਹਾਇੰਦਾ । ਸੱਤ ਰੰਗ ਨਿਸ਼ਾਨਾ ਕਰ ਤਿਆਰਾ, ਹਰਿ ਸਾਚਾ ਵੇਖ ਵਖਾਇੰਦਾ । ਕੁਲਾ ਖੰਡ ਤੇਰੀ ਬੰਨ੍ਹੇ ਧਾਰਾ, ਜੋਤੀ ਨੂਰ ਉਪਾਇੰਦਾ । ਅਲਾਬੁਤ ਹਾਹਾਕਾਰਾ, ਨੇਤਰ ਨੀਰ ਵਹਾਇੰਦਾ । ਕਿੰ ਪੁਰਖ ਕਰੇ ਪੁਕਾਰਾ, ਧੀਰ ਨਾ ਕੋਈ ਧਰਾਇੰਦਾ । ਹਰਿਵਰਖ ਤੇਰਾ ਪਾਰ ਕਿਨਾਰਾ, ਕਲਜੁਗ ਅੰਤਮ ਆਇੰਦਾ । ਹਰਣਯਮਹ ਢਹਿ ਪਿਆ ਦਵਾਰਾ, ਦੋਏ ਜੋੜ ਸੀਸ ਝੁਕਾਇੰਦਾ । ਭਦਰ ਵੇਖੇ ਧੁੰਦੂਕਾਰਾ, ਰਵ ਸਸ ਮੁਖ ਛੁਪਾਇੰਦਾ । ਰਮਕ ਖੋਲ੍ਹੇ ਬੰਦ ਕਿਵਾੜਾ, ਰਾਮ ਰਹੀਮ ਆਪ ਹੋ ਆਇੰਦਾ । ਭਾਰਤ ਖੰਡ ਜਗ ਵੇਖ ਅਖਾੜਾ, ਧਰਤ ਧਵਲ ਆਪ ਸੁਹਾਇੰਦਾ । ਲੱਗੇ ਅੱਗ ਸਤਾਰਾਂ ਹਾੜਾ, ਨਾ ਕੋਈ ਮਾਤ ਬੁਝਾਇੰਦਾ । ਲੱਖ ਚੁਰਾਸੀ ਆਪ ਚਬਾਏ ਆਪਣੀ ਦਾੜ੍ਹਾ, ਆਪ ਆਪਣਾ ਰੂਪ ਵਟਾਇੰਦਾ । ਗੁਰਮੁਖ ਬਣਾਏ ਸਾਚਾ ਲਾੜਾ, ਸਾਚੇ ਘੋੜੇ ਆਪ ਚੜ੍ਹਾਇੰਦਾ । ਬਹੱਤਰ ਨਾੜਾ ਵੱਜੇ ਤਾੜਾ, ਰਾਗ ਅਨਾਦੀ ਇਕ ਅਲ੍ਹਾਇੰਦਾ । ਪੰਚਮ ਸਖੀਆਂ ਲਾਇਆ ਅਖਾੜਾ, ਬਹਿ ਬਹਿ ਮੰਗਲ ਗਾਇੰਦਾ । ਬੇਮੁਖ ਜੀਵਾਂ ਲੁੱਟੀ ਜਾਏ ਦਿਨ ਦਿਹਾੜਾ, ਦਿਸ ਕਿਸੇ ਨਾ ਆਇੰਦਾ । ਮਗਰ ਲੱਗੇ ਅਗੰਮੀ ਧਾੜਾ, ਅਗੰਮ ਅਗੰਮੜੀ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਘਰ ਵੇਖ ਵਖਾਇੰਦਾ ।


੯੬੦
੦੬

ਹਰਿਜਨ ਤੇਰਾ ਸਚ ਮਹੱਲਾ, ਸਾਚੇ ਘਰ ਸਮਾਇਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਅਕਲ ਕਲਾ ਅਖਵਾਇਆ । ਵੇਖ ਵਖਾਏ ਦਇਆ ਕਮਾਏ ਡੂੰਘੀ ਗਾਰ ਜਲਾਂ ਥਲਾਂ, ਉਚੇ ਟਿੱਲੇ ਪਰਬਤ ਫੋਲ ਫੁਲਾਇਆ । ਜਨ ਭਗਤਾਂ ਮੇਲ ਆਪੇ ਮੇਲਾ, ਜੁਗ ਜੁਗ ਵਿਛੜੇ ਰਿਹਾ ਮਿਲਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਛੁਹਾਏ ਭਗਤਨ ਦਰ, ਭਗਵਨ ਰੂਪ ਵਟਾਇਆ । ਭਗਤਨ ਦਰ ਸਚ ਦਵਾਰਾ, ਸ਼ਬਦ ਵੱਜੀ ਵਧਾਈਆ । ਲੱਖ ਚਾਲੀ ਜੀਵ ਗਵਾਰਾ, ਸਾਰ ਕਿਸੇ ਨਾ ਪਾਈਆ । ਅੰਤਮ ਹੋਏ ਮਾਤ ਖੁਆਰਾ, ਧੀਰਜ ਧੀਰ ਨਾ ਕੋਈ ਰਖਾਈਆ । ਉਚ ਮਹੱਲ ਅਟੱਲ ਨਾ ਰਹੇ ਕੋਈ ਮੁਨਾਰਾ, ਖ਼ਾਕੀ ਖ਼ਾਕ ਉਡਾਈਆ । ਸ਼ਾਹ ਸੁਲਤਾਨ ਨਾ ਕੋਈ ਸਿਕਦਾਰਾ, ਭੂਪਤ ਭੂਪ ਨਾ ਕੋਈ ਅਖਵਾਈਆ । ਤਖ਼ਤ ਤਾਜ ਨਾ ਸੀਸ ਦਸਤਾਰਾ, ਸ਼ਹਿਨਸ਼ਾਹ ਨਾ ਕੋਈ ਅਖਵਾਈਆ । ਜਨ ਭਗਤਾਂ ਸੁਹਾਏ ਦਵਾਰਾ, ਕਲਜੁਗ ਅੰਤਮ ਵੇਖ ਵਖਾਈਆ । ਸ੍ਰਿਸ਼ਟ ਸਬਾਈ ਕਰੇ ਨਿਮਸਕਾਰਾ, ਸਤਿਜੁਗ ਸਾਚੀ ਨੀਹ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਮੰਦਰ ਦਏ ਸੁਹਾਈਆ । ਘਰ ਮੰਦਰ ਕਰ ਪਸਾਰਾ, ਆਪਣੀ ਦਇਆ ਕਮਾਇੰਦਾ । ਤਖ਼ਤ ਤਾਜ ਵੇਖ ਦਿਲੀ ਦਰਬਾਰਾ, ਹਰਿਜਨ ਬਣਤ ਬਣਾਇੰਦਾ । ਲੇਖਾ ਲੱਗੇ ਇਕ ਲੱਖ ਹਜ਼ਾਰ ਗਿਆਰਾਂ, ਲੇਖ ਆਪਣੇ ਹੱਥ ਰਖਾਇੰਦਾ । ਧਾਮ ਸੁਹਾਏ ਇਕ ਦਵਾਰਾ, ਚਾਰ ਵਰਨਾਂ ਇਕ ਜਣਾਇੰਦਾ । ਸ਼ੇਖ਼ ਸਰ ਰਾਮ ਨਗਰ ਪਿਆਰਾ, ਨਰ ਨਰਾਇਣ ਨਾਉਂ ਧਰਾਇੰਦਾ । ਚਾਰ ਕੁੰਟ ਹੋਏ ਚਾਰ ਦਵਾਰਾ, ਸਰ ਸਰੋਵਰ ਆਪ ਸੁਹਾਇੰਦਾ । ਜਗੇ ਜੋਤ ਅਗੰਮ ਅਪਾਰਾ, ਲਾਲ ਲਿਲਾਟ ਇਕ ਰਖਾਇੰਦਾ । ਹਰਿਜਨ ਭਗਤ ਤੇਰਾ ਭਗਤੀ ਦਵਾਰਾ, ਪ੍ਰਭ ਸਾਚਾ ਮਾਤ ਉਪਾਇੰਦਾ । ਮਸਤਕ ਤਿਲਕ ਲਗਾਏ ਅਪਰ ਅਪਾਰਾ, ਲਾਲ ਲਿਲਾਟ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੇਵਕ ਸੇਵਕ ਸੇਵਾ ਲੇਖੇ ਲਾਇੰਦਾ ।



ਸੇਵਕ ਸੇਵਾ ਲੇਖੇ ਲਾਏ, ਹੋਏ ਦਰ ਪਰਵਾਨਿਆ । ਆਪ ਆਪਣਾ ਸੰਗ ਰਖਾਏ, ਮੇਲ ਮਿਲਾਏ ਦੋ ਜਹਾਨਿਆ । ਏਕਾ ਸਾਚੀ ਮੰਗ ਮੰਗਾਏ, ਚਰਨ ਪ੍ਰੀਤ ਸ੍ਰੀ ਭਗਵਾਨਿਆ । ਢੋਲ ਮਰਦੰਗ ਇਕ ਸੁਣਾਏ, ਅਨਹਦ ਆਤਮ ਬਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਗੁਰੂ ਗੁਰ ਚੇਲੇ, ਗੁਰ ਸਤਿਗੁਰ ਨੇਂਹ ਨਿਸ਼ਾਨੀਆ । ਧੁਰ ਸ਼ਬਦ ਸਤਿਗੁਰ ਨਿਸ਼ਾਨੀ, ਪ੍ਰਭ ਸਾਚੇ ਇਕ ਰਖਾਈਆ । ਭੇਵ ਨਾ ਪਾਏ ਕੋਈ ਖਾਣੀ ਬਾਣੀ, ਕਵਣ ਖੇਲੇ ਖੇਲ ਹਰਿ ਰਘੁਰਾਈਆ । ਕਲਜੁਗ ਮਾਇਆ ਤ੍ਰੈਗੁਣ ਜਾਲ ਬੈਠੀ ਤਾਣੀ, ਚਾਰੋਂ ਕੁੰਟ ਵਿਛਾਈਆ । ਅਹਿਮਦ ਮੁਹੰਮਦ ਭਰਨ ਪਾਣੀ, ਅੱਲਾ ਰਾਣੀ ਨਾਲ ਰਲਾਈਆ । ਅੰਜੀਲ ਕੁਰਾਨ ਕਥਾ ਕਹਾਣੀ, ਜਗਤ ਅੰਤ ਅੰਤ ਰਹਿਣ ਨਾ ਪਾਈਆ । ਵੇਦ ਪੁਰਾਨਾ ਆਈ ਹਾਨੀ, ਮਾਨ ਅਭਿਮਾਨੀ ਦਏ ਮਿਟਾਈਆ । ਸਾਧ ਸੰਤ ਪੜ੍ਹ ਪੜ੍ਹ ਥੱਕੇ ਬਾਣੀ, ਬਾਣ ਨਿਰਾਲਾ ਨਾ ਕੋਈ ਲਗਾਈਆ । ਜਨ ਭਗਤਾਂ ਮਿਲਿਆ ਪ੍ਰਭ ਸਾਚਾ ਹਾਣੀ, ਗੁਰਮੁਖ ਹਾਣੀਆਂ ਹਾਣ ਮਿਲਾਈਆ । ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਸਾਂਤਕ ਸਤਿ ਵਰਤਾਈਆ । ਹਰਿ ਸੰਗਤ ਪਾਏ ਪਦ ਨਿਰਬਾਨੀ, ਘਰ ਸਾਚੇ ਆਪ ਸੁਹਾਈਆ । ਆਪੇ ਹੋਏ ਜਾਣ ਜਾਣੀ, ਜਾਨਣਹਾਰ ਸ੍ਰਿਸ਼ਟ ਸਬਾਈਆ । ਦਾਤਾ ਜੋਧਾ ਸੂਰਬੀਰ ਵਡ ਦਾਤਾ ਦਾਨੀ, ਏਕਾ ਭਿਛਿਆ ਝੋਲੀ ਪਾਈਆ । ਸਤਿਜੁਗ ਤੇਰੀ ਸਚ ਨਿਸ਼ਾਨੀ, ਸੋਹੰ ਜਾਪ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ ।

੯੬੧
੦੬

ਚਰਨ ਕਵਲ ਜਨ ਰੱਖੇ ਆਸ, ਪ੍ਰਭ ਆਤਮ ਤ੍ਰਿਪਤ ਕਰਾਈਆ । ਸਰਬ ਵਸਤ ਗੁਰ ਸਾਚੇ ਪਾਸ, ਦੇਂਦਿਆਂ ਤੋਟ ਨਾ ਆਈਆ । ਲੇਖੇ ਲਾਏ ਸਾਸ ਗਰਾਸ, ਹਰਿਜਨ ਰਸਨਾ ਰਹੇ ਗਾਈਆ । ਨਿਜ ਘਰ ਆਤਮ ਰੱਖੇ ਵਾਸ, ਕਾਇਆ ਮੰਦਰ ਦਏ ਸੁਹਾਈਆ । ਸਾਚੇ ਮੰਡਲ ਪਾਵੇ ਰਾਸ, ਦੀਪਕ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਗੁਰਮੁਖ ਵਿਰਲੇ ਆਪ ਸਿਖਾਈਆ । ਚਰਨ ਪ੍ਰੀਤੀ ਸਾਚਾ ਨਾਤਾ, ਗੁਰਮੁਖ ਵਿਰਲੇ ਪਾਇਆ । ਪੁਰਖ ਅਬਿਨਾਸ਼ੀ ਇਕ ਬਿਧਾਤਾ, ਜ਼ਾਤਾਂ ਪਾਤਾਂ ਵਿਚ ਨਾ ਆਇਆ । ਭਗਤ ਜਨਾਂ ਹਰਿ ਪਿਤਾ ਮਾਤਾ, ਆਪ ਆਪਣੀ ਗੋਦ ਉਠਾਇਆ । ਦੇਵੇ ਨਾਮ ਸਚ ਸੁਗਾਤਾ, ਆਤਮ ਝੋਲੀ ਰਿਹਾ ਭਰਾਇਆ । ਨਾਤਾ ਤੋੜੇ ਭਾਈ ਭੈਣ ਭਰਾਤਾ, ਲਹਿਣਾ ਦੇਣਾ ਮੂਲ ਚੁਕਾਇਆ । ਗੁਰਮੁਖ ਗੁਰਸਿਖ ਹਰਿਜਨ ਚਰਨ ਧੂੜ ਗੁਰ ਪੂਰੇ ਨਹਾਤਾ, ਦੁਰਮਤ ਮੈਲ ਗਵਾਇਆ । ਲੇਖੇ ਲਾਏ ਪੂਜਾ ਪਾਠਾ, ਜੋ ਜਨ ਚਰਨ ਧਿਆਨ ਲਗਾਇਆ । ਅੰਮ੍ਰਿਤ ਆਤਮ ਮਾਰੇ ਠਾਠਾਂ, ਭਰ ਪਿਆਲਾ ਇਕ ਪਿਆਇਆ । ਲੇਖੇ ਲਾਏ ਹਾਡੀ ਤਿੰਨ ਸੌ ਸਾਠਾ, ਬਹੱਤਰ ਨਾੜ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੂਰਨ ਆਸ ਕਰਾਇਆ । ਚਰਨ ਕਵਲ ਜਨ ਰੱਖੇ ਓਟ, ਏਕਾ ਆਸ ਰਖਾਈਆ । ਪੁਰਖ ਅਬਿਨਾਸ਼ੀ ਕੱਢੇ ਖੋਟ, ਹਉਮੇ ਹੰਗਤਾ ਰੋਗ ਗਵਾਈਆ । ਕਾਇਆ ਤਨ ਨਗਾਰੇ ਲਾਏ ਸਾਚੀ ਚੋਟ, ਸੋਹੰ ਡੰਕਾ ਏਕਾ ਲਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁਟ, ਰਾਏ ਧਰਮ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਬਖ਼ਸ਼ੇ ਸਚ ਸਰਨਾਈਆ । ਚਰਨ ਆਸ ਸਚ ਸਰਨਾ, ਜਨ ਸਰਨਾਈ ਆਏ । ਮਰਨਾ ਡਰਨਾ ਦਏ ਚੁਕਾ, ਹਰਨਾ ਫਰਨਾ ਦਏ ਖੁਲ੍ਹਾਏ । ਕਰਨੀ ਕਰਨਾ ਰਾਹੇ ਪਾ, ਆਪ ਆਪਣਾ ਦਰਸ ਵਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਚਰਨ ਧਿਆਨ ਇਕ ਰਖਾਏ । ਚਰਨ ਧਿਆਨਾ ਡੂੰਘਾ ਸਾਗਰ, ਹੱਥ ਕਿਸੇ ਨਾ ਆਇਆ । ਪੁਰਖ ਅਬਿਨਾਸ਼ੀ ਆਪ ਟਿਕਾਇਆ ਕਾਇਆ ਗਾਗਰ, ਅੰਮ੍ਰਿਤ ਤਾਲ ਭਰਾਇਆ । ਜਿਸ ਜਨ ਨਿਰਮਲ ਕਰਮ ਕਰੇ ਉਜਾਗਰ, ਪ੍ਰਭ ਚਰਨ ਸਰਨ ਸੀਸ ਟਿਕਾਇਆ । ਮਿਲੇ ਨਾਮ ਰੱਤੀ ਰਤਨਾਗਰ, ਕਾਇਆ ਚੋਲੀ ਰੰਗ ਰੰਗਾਇਆ । ਦਰ ਦਵਾਰੇ ਬਣੇ ਸਚ ਸੌਦਾਗਰ, ਸਾਚਾ ਵਣਜ ਰਿਹਾ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਪ੍ਰੀਤੀ ਏਕਾ ਮਾਰਗ ਲਾਇਆ । ਚਰਨ ਪ੍ਰੀਤੀ ਸਚ ਸੁਲਤਾਨਾ, ਸਚ ਸੱਚੀ ਕਮਾਈਆ । ਅੱਠੇ ਪਹਿਰ ਇਕ ਧਿਆਨਾ, ਏਕਾ ਹਰਿ ਲਿਵ ਲਾਈਆ । ਏਕਾ ਸ਼ਬਦ ਇਕ ਨਿਸ਼ਾਨਾ, ਏਕਾ ਤੀਰ ਚਲਾਈਆ । ਆਤਮ ਅੰਤਰ ਦੇਵੇ ਬ੍ਰਹਮ ਗਿਆਨਾ, ਪਾਰਬ੍ਰਹਮ ਸਰਨਾਈਆ । ਸਾਚਾ ਦਾਨ ਇਕ ਰਖਾਨਾ, ਹਰਿ ਧਰਮ ਕਰੇ ਕੁੜਮਾਈਆ । ਹਰਿਜਨ ਸਾਚਾ ਚਤੁਰ ਸੁਜਾਨਾ, ਚਰਨ ਧਿਆਨ ਇਕ ਵਖਾਈਆ । ਖੇਲੇ ਖੇਲ ਗੋਪੀ ਕਾਹਨਾ, ਮੰਡਲ ਰਾਸ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਰਨ ਕਵਲ ਕਵਲ ਚਰਨ ਏਕਾ ਏਕ ਵਖਾਈਆ । ਚਰਨ ਕਵਲ ਸਚ ਦਰਗਾਹ, ਸਾਚਾ ਧਾਮ ਸੁਹਾਇਆ । ਦੂਸਰ ਦਿਸੇ ਨਾ ਕੋਈ ਰਾਹ, ਨਾ ਕੋਈ ਪਾਰ ਕਰਾਇਆ । ਪੁਰਖ ਅਬਿਨਾਸ਼ੀ ਸਚ ਮਲਾਹ, ਗੁਰਮੁਖਾਂ ਬੇੜਾ ਰਿਹਾ ਚਲਾਇਆ । ਫੜ ਫੜ ਬੰਨੇ ਦੇਵੇ ਲਾ, ਵੇਲਾ ਅੰਤਮ ਆਇਆ । ਛੱਪਰ ਛੰਨੇ ਕੋਈ ਰਹਿਣ ਨਾ ਪਾ, ਉਚੇ ਮੰਦਰ ਦੇਵੇ ਢਾਹਿਆ । ਘੜੇ ਛੰਨੇ ਪਾਣੀ ਪੀਏ ਨਾ ਕੋਈ ਪਾ, ਆਸਣ ਸੇਜ ਨਾ ਕੋਈ ਵਿਛਾਈਆ ।


੯੬੨
੦੬

ਲੱਖ ਚੁਰਾਸੀ ਦਰ ਦਰ ਘਰ ਘਰ ਦਏ ਰੁਲਾ, ਰਾਜ ਰਾਜਾਨਾਂ ਖ਼ਾਕ ਮਿਲਾਇਆ । ਤਖ਼ਤ ਤਾਜ ਸ੍ਰਿਸ਼ਟ ਸਬਾਈ ਦਏ ਮਿਟਾ, ਸਾਜ ਬਾਜ ਦਿਸ ਨਾ ਆਇਆ । ਅਸਤਰ ਸ਼ਸਤਰ ਇਕ ਦੂੜਾ, ਸ੍ਰਿਸ਼ਟ ਸਬਾਈ ਵੇਖ ਵਖਾਇਆ । ਨੌਂ ਖੰਡ ਪ੍ਰਿਥਮੀ ਫੇਰਾ ਪਾ, ਸੱਤਾਂ ਦੀਪਾਂ ਰਿਹਾ ਹਿਲਾਇਆ । ਲੱਖ ਚੁਰਾਸੀ ਦਏ ਜਗਾ, ਸੋਇਆ ਕੋਈ ਰਹਿਣ ਨਾ ਪਾਇਆ । ਗੁਰਮੁਖ ਸਾਚੇ ਵੇਖ ਵਖਾ, ਆਪ ਆਪਣਾ ਦਰਸ ਦਿਖਾਇਆ । ਚਰਨ ਪ੍ਰੀਤੀ ਇਕ ਸਿਖਾ, ਚਰਨ ਚਰਨੋਦਕ ਮੁਖ ਚੁਆਇਆ । ਲਹਿਣਾ ਦੇਣਾ ਦਏ ਮੁਕਾ, ਬਸਤਰ ਗਹਿਣਾ ਤਨ ਪਹਿਨਾਇਆ । ਭਾਣਾ ਸਹਿਣਾ ਹੁਕਮ ਜਣਾ, ਜਨਣੀ ਜਨ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜੋੜਾ ਮੇਲ ਦਰ, ਸ਼ਬਦੀ ਘੋੜਾ ਇਕ ਮੰਗਾਇਆ । ਸੋਹੰ ਤੋੜਾ ਸੀਸ ਲਟਕਾ, ਕਲਗੀ ਕਲਕੀ ਰਿਹਾ ਚਮਕਾਇਆ । ਲੋਆਂ ਪੁਰੀਆਂ ਲੇਖ ਲਿਖਾ, ਲੇਖਾ ਆਪਣੇ ਹੱਥ ਰਖਾਇਆ । ਕੇਸਾਧਾਰੀ ਵੇਖ ਵਖਾ, ਮੂੰਡ ਮੁੰਡਾਏ ਖੋਜ ਖੁਜਾਇਆ । ਕਿਸੇ ਹੱਥ ਨਾ ਆਏ ਬੇਪਰਵਾਹ, ਬੈਠੇ ਮੁਖ ਭਵਾਇਆ । ਜਨ ਭਗਤ ਹਰਿਜਨ ਘਟ ਮੰਦਰ ਅੰਦਰ ਬੈਠੇ ਰਹੇ ਧਿਆ, ਆਤਮ ਅੰਤਰ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਜੋਤ ਜਗਾ, ਆਪਣਾ ਆਪ ਦਏ ਵਖਾਇਆ । ਸ਼ਬਦ ਸਰੂਪੀ ਸ਼ਬਦ ਜਣਾ, ਸ਼ਬਦੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਏਕਾ ਵਰ, ਚਰਨ ਪ੍ਰੀਤ ਇਕ ਧਿਆਨ ਲਗਾਇਆ । ਚਰਨ ਪ੍ਰੀਤੀ ਮਸਤਕ ਧੂੜ, ਗੁਰਮੁਖ ਵਿਰਲੇ ਲਾਈ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਢਹਿ ਪਏ ਜੋ ਜਨ ਸਰਨਾਈ । ਜਗਤ ਨਾਤਾ ਤੋੜੇ ਕੂੜੋ ਕੂੜ, ਦੇਵੇ ਨਾਮ ਵਡ ਵੱਡੀ ਵਡਿਆਈ । ਰੰਗ ਮਜੀਠੀ ਚਾੜ੍ਹੇ ਗੂੜ੍ਹ, ਭੁੱਲ ਰਹੇ ਨਾ ਰਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਸਿਸ਼ਟ ਸਬਾਈ ।

ਸਤਿ ਪੁਰਖ ਨਿਰੰਜਣ ਸਤਿ ਸਤਿਵਾਦ, ਸਾਚੇ ਰੰਗ ਸਮਾਇਆ । ਸੰਤ ਸੁਹੇਲੇ ਜੁਗ ਜੁਗ ਲਾਧ, ਜੁਗ ਜੁਗ ਵੇਖ ਵਖਾਇਆ । ਧੁਰ ਦਰਗਾਹੀ ਦੇਵੇ ਦਾਦ, ਦਰ ਦਰ ਏਕਾ ਜਾਪ ਜਪਾਇਆ । ਮੇਲੇ ਮੇਲ ਆਦਿ ਜੁਗਾਦਿ, ਅਕਲ ਕਲਾ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਉਪਾਇਆ । ਹਰਿਜਨ ਸਾਚੇ ਕਰੇ ਪੁਕਾਰ, ਦਰ ਸਾਚੇ ਰਿਹਾ ਕੁਰਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਨੇਤਰ ਨੀਰ ਵਹਾਈਆ । ਕਾਇਆ ਚੋਲੀ ਰੰਗ ਲਲਾਰ, ਉਤਰ ਕਦੇ ਨਾ ਜਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਲੋਕਮਾਤ ਬਣਤ ਬਣਾਈਆ । ਨਿਹਕਲੰਕੀ ਜਾਮਾ ਧਾਰ, ਹਰਿਜਨ ਸਾਚੇ ਰਿਹਾ ਉਠਾਈਆ । ਅੰਤਮ ਕਰੇ ਤਨ ਸ਼ਿੰਗਾਰ, ਏਕਾ ਬਸਤਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗਣ ਰੰਗ ਰੰਗਾਈਆ । ਸਾਚਾ ਰੰਗ ਆਪ ਰੰਗਾਉਣਾ, ਆਪਣੀ ਬਣਤ ਬਣਾਇੰਦਾ । ਤ੍ਰੈਗੁਣ ਮਾਇਆ ਮਠ ਤਪਾਉਣਾ, ਏਕਾ ਲੰਬੂ ਲਾਇੰਦਾ । ਤਿੰਨ ਸੌ ਸੱਠ ਹਾਡੀ ਜਲਾਉਣਾ, ਆਪਣੀ ਬਣਤ ਬਣਾਇੰਦਾ । ਅੱਠ ਸਠ ਤੀਰਥ ਪਾਣੀ ਪਾਉਣਾ, ਗੰਗਾ ਗੋਦਾਵਰੀ ਸੇਵਾ ਲਾਇੰਦਾ । ਬ੍ਰਹਮਾ ਵਿਸ਼ਨ ਦਰ ਬਹਾਉਣਾ, ਸ਼ਿਵ ਸ਼ੰਕਰ ਵੇਖ ਵਖਾਇੰਦਾ । ਕਰੋੜ ਤੇਤੀਸਾ ਪ੍ਰਭ ਸੰਗ ਰਲਾਉਣਾ, ਸੁਰਪਤ ਰਾਜਾ ਇੰਦ ਵੇਖ ਵਖਾਇੰਦਾ । ਲੱਖ ਚੁਰਾਸੀ ਤੇਰਾ ਕਰਮ ਕਟਾਉਣਾ, ਜਰਮ ਕਰਮ ਧਰਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ,

੯੬੩
੦੬

ਆਪ ਆਪਣੀ ਕਿਰਪਾ ਕਰ, ਏਕਾ ਪੂਜਾ ਪਾਠ ਕਰਾ, ਏਕ ਹਵਨ ਏਕਾ ਮੱਠ ਬਣਾਇੰਦਾ । ਏਕਾ ਮਠ ਆਪ ਤਪਾ, ਏਕਾ ਬਲ ਵਖਾਈਆ । ਏਕਾ ਪੂਜਾ ਪਾਠ ਕਰਾ, ਏਕਾ ਹਵਨ ਵਖਾਈਆ । ਏਕਾ ਜੋਗੀ ਜੋਗ ਕਮਾ, ਏਕਾ ਰਾਹ ਚਲਾਈਆ । ਏਕਾ ਮਾਰਗ ਦਏ ਲਾ, ਏਕਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਏਕਾ ਰੰਗ ਕਰੇ ਤਿਆਰ, ਹਰਿ ਸਾਚਾ ਬਣਤ ਬਣਾਇੰਦਾ । ਈਸਾ ਮੂਸਾ ਸੰਗ ਮੁਹੰਮਦ ਚਾਰ ਯਾਰ, ਲਿਖਿਆ ਲੇਖ ਵਖਾਇੰਦਾ । ਅੰਜੀਲ ਕੁਰਾਨਾਂ ਪਾਵੇ ਸਾਰ, ਅੰਤਮ ਮੇਟ ਮਿਟਾਇੰਦਾ । ਵੇਦ ਪੁਰਾਨਾਂ ਕਰ ਅਧਾਰ, ਹਵਨੀ ਹਵਨ ਕਰਾਇੰਦਾ । ਖਾਣੀ ਬਾਣੀ ਦੇਵੇ ਡਾਰ, ਸਾਚਾ ਕੁੰਡ ਤਪਾਇੰਦਾ । ਵਰਨ ਬਰਨ ਨਾ ਕੋਈ ਪਿਆਰ, ਊਚ ਨੀਚ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਉਪਾਇੰਦਾ । ਏਕਾ ਰੰਗ ਕਰ ਤਿਆਰ, ਹਰਿ ਆਪਣੀ ਬਣਤ ਬਣਾਈਆ । ਸ਼ਬਦ ਸਰੂਪੀ ਕਰ ਅਧਾਰ, ਹਰਿਜਨ ਰਿਹਾ ਜਗਾਈਆ । ਦੇਵੇ ਦਰਸ ਅਗੰਮ ਅਪਾਰ, ਨੇਤਰ ਨੈਣ ਖੁਲ੍ਹਾਈਆ । ਇਕ ਵਖਾਏ ਦਰ ਦਵਾਰ, ਦੂਸਰ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰੀ ਕਾਇਆ ਚੋਲੀ ਆਪੇ ਵੇਖ ਵਖਾਈਆ । ਕਾਇਆ ਚੋਲੀ ਸਚ ਦੁਸ਼ਾਲਾ, ਹਰਿ ਸਾਚਾ ਤਨ ਰੰਗਾਇੰਦਾ । ਮੇਲ ਮਿਲਾਏ ਗੁਰ ਗੋਪਾਲਾ, ਹਰਿ ਗੋਬਿੰਦ ਰੂਪ ਸਮਾਇੰਦਾ । ਫਲ ਲਗਾਏ ਸਾਚੇ ਡਾਲ੍ਹਾ, ਅੰਮ੍ਰਿਤ ਮੇਵਾ ਇਕ ਵਖਾਇੰਦਾ । ਸਰ ਸਰੋਵਰ ਬਣਾਏ ਸਾਚਾ ਤਾਲਾ, ਚਰਨ ਧੂੜ ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਹੋ ਆਇੰਦਾ । ਕਾਇਆ ਚੋਲੀ ਰੰਗ ਚਲੂਲ, ਏਕਾ ਰੰਗ ਚੜ੍ਹਾਨਿਆ । ਹਰਿਜਨ ਨਾ ਜਾਏ ਮਾਤ ਭੂਲ, ਮਿਲੇ ਮੇਲ ਸ੍ਰੀ ਭਗਵਾਨਿਆ । ਸਚ ਸਿੰਘਾਸਣ ਇਕ ਵਖਾਏ ਨਾ ਪਾਵਾ ਨਾ ਦਿਸੇ ਚੂਲ, ਜੋਤੀ ਨੂਰ ਮਹਾਨਿਆ । ਮੇਲ ਮਿਲਾਏ ਕੰਤ ਕੰਤੂਹਲ, ਦਰ ਘਰ ਕਰੇ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਚਤੁਰ ਸੁਜਾਨਿਆ । ਕਾਇਆ ਚੋਲੀ ਰੰਗ ਮਜੀਠ, ਹਰਿ ਏਕਾ ਏਕ ਚੜ੍ਹਾਇੰਦਾ । ਦੇਵੇ ਵਸਤ ਸਚ ਅਨਡੀਠ, ਹਰਿਜਨ ਝੋਲੀ ਪਾਇੰਦਾ । ਆਤਮ ਰਸ ਸਾਚਾ ਮੀਠ, ਰਸਨਾ ਮੁਖ ਨਾ ਕੋਈ ਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਖਾਏ ਸਾਚਾ ਸੁਖ, ਨਿਜ ਘਰ ਡੇਰਾ ਲਾਇੰਦਾ । ਕਾਇਆ ਚੋਲੀ ਰੰਗ ਕਰਤਾਰ, ਆਪਣੀ ਦਇਆ ਕਮਾਈਆ । ਗੁਰਮੁਖ ਨਾਰੀ ਕਰ ਤਿਆਰ, ਫੂਲਨ ਬਰਖਾ ਲਾਈਆ । ਸੋਲਾਂ ਕਲੀਆਂ ਤਨ ਸ਼ਿੰਗਾਰ, ਸਾਚੀ ਬਣਤ ਬਣਾਈਆ । ਫੜ ਫੜ ਬਾਹੋਂ ਦਏ ਹੁਲਾਰ, ਸ਼ਬਦ ਪੰਘੂੜਾ ਇਕ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਜਗਾਈਆ । ਸਾਚਾ ਰੰਗ ਰੰਗ ਲਲਾਰਾ, ਆਪੇ ਵੇਖ ਵਖਾਇੰਦਾ । ਨਾਰੀ ਕੰਤ ਕਰ ਪਿਆਰਾ, ਕੰਤ ਭਤਾਰਾ ਆਪ ਹੋ ਜਾਇੰਦਾ । ਆਪ ਖੁਲ੍ਹਾਏ ਸਚ ਦਵਾਰਾ, ਦਰ ਦਵਾਰੇ ਫੋਲ ਫੁਲਾਇੰਦਾ । ਇਕ ਵਖਾਏ ਨਾਮ ਭੰਡਾਰਾ, ਗੁਣਵੰਤਾ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪਿਆਰਾ ਇਕ ਜਣਾਇੰਦਾ । ਸਚ ਪਿਆਰਾ ਕੰਤ ਭਤਾਰਾ, ਸੇਜਾ ਇਕ ਬਣਾਈਆ । ਆਤਮ ਸੇਜਾ ਕਰ ਤਿਆਰਾ, ਬੈਠਾ ਕੁੰਡਾ ਲਾਹੀਆ । ਦੀਪਕ ਜੋਤੀ ਕਰ ਉਜਿਆਰਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਸ਼ਬਦ ਧੁਨ ਅਪਰ ਅਪਾਰਾ, ਅਨਹਦ ਰਿਹਾ ਸੁਣਾਈਆ । ਗੁਰਸਿਖ ਨਾਰੀ ਹੋ ਤਿਆਰਾ, ਮੁਖ ਬੈਠੀ ਘੁੰਗਟ ਪਾਈਆ । ਪੁਰਖ ਅਬਿਨਾਸ਼ੀ ਵਾਜਾਂ ਰਿਹਾ ਮਾਰਾ,

ਦਰ ਦਵਾਰਾ ਇਕ ਵਖਾਈਆ । ਨੇਤਰ ਨੀਰ ਵਰੋਲੇ ਜ਼ਾਰੋ ਜ਼ਾਰਾ, ਰੈਣ ਸੁਹੰਦੜੀ ਅੰਤਮ ਆਈਆ । ਮਿਲੇ ਮੇਲ ਹਰਿ ਕੰਤ ਭਤਾਰਾ, ਨਾਰ ਸੁਹਾਗਣ ਸੁਹਾਗ ਹੰਢਾਈਆ । ਵਿਛੜ ਨਾ ਜਾਏ ਵਿਚ ਸੰਸਾਰਾ, ਅੱਠੇ ਪਹਿਰ ਦਰਸ ਵਖਾਈਆ । ਪਤ ਪਤਵੰਤ ਠਾਂਡਾ ਦਰ ਦਰਬਾਰਾ, ਤਤੀ ਵਾ ਨਾ ਲਾਗੇ ਰਾਈਆ । ਗੁਰਮੁਖ ਨਾਰੀ ਆਂਢ ਗਵਾਢਣਾਂ ਰਹੀ ਪੁਕਾਰਾ, ਮਿਲਿਆ ਮੇਲ ਸਾਚਾ ਮਾਹੀਆ । ਅੰਤਮ ਝੂਠਾ ਸਰਬ ਸੰਸਾਰਾ, ਥਿਰ ਕੋਈ ਰਹਿਣ ਨਾ ਪਾਈਆ । ਚੋਲੀ ਰੰਗੇ ਰੰਗ ਕਰਤਾਰਾ, ਘਰ ਚਲ ਆਏ ਵਾਹੋ ਦਾਹੀਆ । ਗੁਰਸਿਖ ਸੁਰਤ ਸਵਾਣੀ ਹੋਈ ਮੁਟਿਆਰਾ, ਵਰ ਲੋੜੇ ਸਾਚਾ ਮਾਹੀਆ । ਪਿੰਡ ਛੱਡਣਾ ਪੈਣਾ ਅੰਤਮ ਵਾਰਾ, ਸਚ ਸੌਹਰੇ ਡੇਰਾ ਲਾਈਆ । ਬਜਰ ਕਪਾਟੀ ਖੋਲ੍ਹ ਕਿਵਾੜਾ, ਘਰ ਆਸਣ ਇਕ ਵਛਾਈਆ । ਜੋਤ ਨਿਰੰਜਣ ਪਾਣੀ ਦੇਵੇ ਵਾਰਾ, ਮਾਤ ਸੁਲਖਣੀ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਕਾਇਆ ਚੋਲੀ ਦਏ ਰੰਗ, ਰੰਗਣ ਵਾਲਾ ਆਪ ਅਖਵਾਈਆ । ਕਾਇਆ ਚੋਲੀ ਰੰਗ ਅਨਡੀਠੜਾ, ਹਰਿ ਸਾਚਾ ਆਪ ਚੜ੍ਹਾਇੰਦਾ । ਗੁਰਮੁਖ ਦੇਵੇ ਨਾਮ ਅਨਡੀਠੜਾ, ਪੂਰਬ ਲਹਿਣਾ ਝੋਲੀ ਪਾਇੰਦਾ । ਕਾਇਆ ਮਿੱਠਾ ਕਰੇ ਕੌੜਾ ਰੀਠੜਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਅਬਿਨਾਸ਼ੀ ਕਰਤਾ ਬੀਠਲ ਬੀਠਲਾ, ਨਾਮ ਨਾਮਾ ਲੇਖੇ ਲਾਇੰਦਾ । ਮਾਇਆ ਮਮਤਾ ਜੂਠਾ ਝੂਠਾ ਮਨਮੁਖ ਜੀਵਾਂ ਪੀਸਣ ਪੀਸੜਾ, ਸਚ ਵਸਤ ਨਾ ਕੋਈ ਰਖਾਇੰਦਾ । ਗੁਰਮੁਖ ਰੰਗ ਕਾਇਆ ਚੋਲੀ ਚੀਥੜਾ, ਪ੍ਰਭ ਸਾਚਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੋਹੰ ਭੱਠਾ ਇਕ ਤਪਾਇੰਦਾ । ਸੋਹੰ ਭੱਠਾ ਹਰਿ ਨਿਰੰਕਾਰ, ਕਲਜੁਗ ਅੰਤ ਤਪਾਇੰਦਾ । ਗੁਰਮੁਖ ਸਾਜਨ ਕਰ ਇਕੱਠਾ, ਏਕਾ ਵਾਰ ਰੰਗਾਇੰਦਾ । ਕਾਇਆ ਚੋਲੀ ਰੰਗ ਚਾੜ੍ਹੇ ਮਜੀਠਾ, ਉਤਰ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਤਰਾਇੰਦਾ ।

ਭਗਤਨ ਮੇਲਾ ਹਰਿ ਭਗਵਾਨ, ਭਗਤੀ ਮੇਲ ਮਿਲਾਇਆ । ਗੁਰ ਚੇਲਾ ਸੋਹੇ ਇਕ ਬਿਬਾਣ, ਇਕ ਧਿਆਨ ਲਗਾਇਆ । ਦਰ ਦਵਾਰਾ ਹਰਿ ਦਰਬਾਨ, ਦਰ ਦਰਵੇਸ਼ ਅਖਵਾਇਆ । ਅੱਠੇ ਪਹਿਰ ਨਿਗਾਹਬਾਨ, ਸਾਂਗੋ ਪਾਂਗ ਸੇਜ ਤਜਾਇਆ । ਇਕ ਵਖਾਏ ਪਦ ਨਿਰਬਾਨ, ਨਿਰਭੈ ਰੂਪ ਸਮਾਇਆ । ਸੀਸ ਝੁਲਾਏ ਛਤਰ ਮਹਾਨ, ਜਗਤ ਜਗਦੀਸ ਅਖਵਾਇਆ । ਆਤਮ ਦੇਵੇ ਬ੍ਰਹਮ ਗਿਆਨ, ਪਾਰਬ੍ਰਹਮ ਸਰਨਾਇਆ । ਲੇਖਾ ਜਾਣੇ ਦੋ ਜਹਾਨ, ਲਿਖਣਹਾਰ ਆਪ ਅਖਵਾਇਆ । ਆਵਣ ਜਾਵਣ ਖੇਲ ਮਹਾਨ, ਜੁਗ ਜੁਗ ਖੇਲ ਖਿਲਾਇਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਚਾਰੋਂ ਕੁੰਟਾਂ ਡੇਰਾ ਲਾਇਆ । ਹਰਿਜਨ ਸਾਚਾ ਚਤੁਰ ਸੁਜਾਨ, ਆਪ ਆਪਣੀ ਦਇਆ ਕਮਾਇਆ । ਜਨ ਭਗਤੀ ਮੇਲਾ ਤੇਜ ਭਾਨ, ਤੇਜ ਧਾਰ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੰਗ ਕਰਤਾਰ ਕਰਤਾ ਇਕ ਕਰਾਇਆ । ਤੇਜ ਧਾਰਾ ਸ਼ਬਦ ਅਨਮੁਲ, ਆਤਮ ਅੰਤਰ ਲਾਈਆ । ਆਪੇ ਪਾਵਣਹਾਰਾ ਮੁੱਲ, ਆਪੇ ਮੂਲ ਚੁਕਾਈਆ । ਸਚ ਫੁਲਵਾੜੀ ਜਾਏ ਫੁੱਲ, ਰੁੱਤ ਬਸੰਤੀ ਇਕ ਸੁਹਾਈਆ । ਭਾਗ ਲਗਾਏ ਸਾਚੀ ਕੁਲ, ਕੁਲਵੰਤ ਅਖਵਾਈਆ । ਜਗਤ ਮਾਇਆ ਨਾ ਜਾਏ ਰੁਲ, ਤ੍ਰੈਗੁਣ ਮੇਟ ਮਿਟਾਈਆ । ਕਲਜੁਗ ਬੂਟਾ

ਰਿਹਾ ਹੁੱਲ, ਵੇਲਾ ਅੰਤਮ ਆਈਆ । ਲੱਖ ਚੁਰਾਸੀ ਰਹੀ ਭੁੱਲ, ਕਲਜੁਗ ਰਿਹਾ ਭੁਲਾਈਆ । ਚਾਰ ਵਰਨ ਦਵਾਰਾ ਗਿਆ ਖੁੱਲ੍ਹ, ਹਰਿ ਸਚ ਸੱਚੀ ਸਰਨਾਈਆ । ਏਕਾ ਤੋਲੇ ਸਾਚਾ ਤੋਲ, ਸੋਹੰ ਕੰਡਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਮੇਲਾ ਸਹਿਜ ਹਰਿ ਗੋਬਿੰਦਾ, ਸਗਲੀ ਚਿੰਦ ਮਿਟਾਇੰਦਾ । ਭਗਤ ਵਛਲ ਜਨ ਸਾਚੀ ਬਿੰਦਾ, ਏਕਾ ਏਕ ਉਪਾਇੰਦਾ । ਮੇਟਣਹਾਰਾ ਸਗਲੀ ਚਿੰਦਾ, ਸਹਿੰਸਾ ਰੋਗ ਚੁਕਾਇੰਦਾ । ਅੰਮ੍ਰਿਤ ਆਤਮ ਦੇਵੇ ਸਾਗਰ ਸਿੰਧਾ, ਨਿਝਰ ਧਾਰ ਵਹਾਇੰਦਾ । ਆਦਿ ਜੁਗਾਦਿ ਜੁਗ ਜੁਗ ਬਖ਼ਸ਼ਿੰਦਾ, ਜਗਤ ਜਗਦੀਸ਼ਰ ਆਪ ਅਖਵਾਇੰਦਾ । ਮਨਮੁਖ ਜੀਵ ਲਾਏ ਨਿੰਦਾ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਵਡ ਦਾਤਾ ਹਰਿ ਗੁਣੀ ਗਹਿੰਦਾ, ਗੁਰਮੁਖ ਸਾਚੇ ਆਪ ਤਰਾਇੰਦਾ । ਧੁਨ ਅਨਾਦੀ ਆਤਮਕ ਇਕ ਸੁਣੰਦਾ, ਘਰ ਮੰਦਰ ਆਪ ਅਲਾਇੰਦਾ । ਅਨਹਦ ਸ਼ਬਦ ਤਾਲ ਵਜੰਦਾ, ਵਾਜਾ ਪਵਣ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਜਨ ਹਰਿ ਰੰਗ ਰਤਾ, ਕਵਲਾਪਤਾ ਆਪ ਅਖਵਾਇੰਦਾ । ਕਵਲਾਪਤ ਹਰਿ ਭਗਵੰਤਾ, ਭਗਤਨ ਰੰਗ ਸਮਾਈਆ । ਮੇਲ ਮਿਲਾਵਾ ਸਾਚੇ ਕੰਤਾ, ਸਤਿਗੁਰ ਪੁਰਖ ਮਨਾਈਆ । ਆਪ ਬਣਾਏ ਸਾਚੀ ਬਣਤਾ, ਵੇਖ ਵਖਾਣੇ ਥਾਉਂ ਥਾਈਂਆ । ਜੁਗ ਜੁਗ ਉਧਾਰੇ ਜੀਆਂ ਜੰਤਾਂ, ਨੇਤਰ ਇਕ ਗਿਆਨ ਵਖਾਈਆ । ਮੇਲ ਮਿਲਾਏ ਸਾਚੇ ਕੰਤਾ, ਨਾਰੀ ਕੰਤਾ ਆਪ ਅਖਵਾਈਆ । ਹਰਿਜਨ ਮਹਿੰਮਾ ਅਗਣਤ ਅਗਣਤਾ, ਲੇਖਾ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਭਗਤੀ ਵਰ, ਜਗਤ ਵਿਦਿਆ ਨਾਮ ਪੜ੍ਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ੇ ਚਰਨ ਸਰਨ ਸਰਨ ਚਰਨ ਸਚ ਸੱਚੀ ਸਰਨਾਈਆ ।

੯੬੬ ੦੬

## ❊ ੧੧ ਕੱਤਕ ੨੦੧੪ ਬਿਕ੍ਰਮੀ ਸੰਸਾਰ ਸਿੰਘ ਦੇ ਗ੍ਰਿਹ ਪਿੰਡ ਛੰਬ ਜ਼ਿਲਾ ਜੰਮੂ ❊

ਸੰਤ ਸਤਿਗੁਰ ਹਰਿ ਵਸਿਆ, ਆਦਿ ਪੁਰਖ ਨਿਰੰਕਾਰ । ਰਾਹ ਸਾਚਾ ਏਕਾ ਦੱਸਿਆ, ਮਿਲੇ ਮੇਲ ਕੰਤ ਭਤਾਰ । ਮੇਟ ਮਿਟਾਏ ਰੈਣ ਅੰਧੇਰੀ ਮਸਿਆ, ਦੂਰ ਕਰਾਏ ਧੁੰਆਂਧਾਰ । ਕੋਟਨ ਕੋਟ ਕਰੇ ਪਰਕਾਸ਼ ਰਵ ਸੱਸਿਆ, ਆਪ ਆਪਣੀ ਕਿਰਪਾ ਧਾਰ । ਅੰਦਰ ਮੰਦਰ ਬਹਿ ਬਹਿ ਹੱਸਿਆ, ਹਰਿ ਸਾਜਨ ਮੀਤ ਮੁਰਾਰ । ਆਵੇ ਜਾਵੇ ਫਿਰੇ ਨੱਸਿਆ, ਖੇਲੇ ਖੇਲ ਵਾਰੋ ਵਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਜਨਾਂ ਮੇਲ ਦਰ, ਦਰ ਦਰਵਾਜ਼ਾ ਏਕਾ ਵਸਿਆ । ਸੰਤ ਜਨਾਂ ਹਰਿ ਮੇਲ ਮਿਲਾਇਆ, ਆਤਮ ਬ੍ਰਹਮ ਜਣਾਈਆ । ਚੇਲਾ ਗੁਰ ਰੂਪ ਸਮਾਇਆ, ਸੁਰਤੀ ਸ਼ਬਦ ਮਿਲਾਈਆ । ਅਨਹਦ ਸਾਚਾ ਤਾਲ ਵਜਾਇਆ, ਰਾਗੀ ਨਾਦ ਅਲਾਈਆ । ਮਨ ਬੈਰਾਗੀ ਨੇੜ ਨਾ ਆਇਆ, ਜਗਤ ਤਿਆਗੀ ਤ੍ਰਿਸ਼ਨ ਮਿਟਾਈਆ । ਸੋਈ ਜਾਗੀ ਵਰ ਘਰ ਪਾਇਆ, ਮਿਲਿਆ ਮੇਲ ਸਾਚੇ ਮਾਹੀਆ । ਬੁਝੀ ਆਗੀ ਵਿਕਾਰ ਮਿਟਾਇਆ, ਮੂਰਖ ਧੰਦੇ ਲਾਈਆ । ਹਰਿਜਨ ਸਾਚਾ ਸਚ ਸੁਭਾਗੀ, ਆਪ ਆਪਣਾ ਵੇਖ ਵਖਾਈਆ । ਮਿਲਿਆ ਮੇਲ ਸ਼ਾਹੋ ਸ਼ਾਬਾਸ਼ੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਵੇਖੇ ਸਾਚਾ ਦਰ, ਬੰਕ ਦਵਾਰਾ ਇਕ ਸੁਹਾਈਆ । ਬੰਕ ਦਵਾਰਾ ਸਚ ਮਹੱਲਾ ਏਕਾ ਏਕ ਵਸਾਇਆ ।

ਨਿਹਚਲ ਧਾਮ ਇਕ ਅਟੱਲਾ, ਜੁਗ ਜੁਗ ਆਪ ਰਖਾਇਆ । ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਹਰਿਜਨ ਸਾਚੇ ਲਏ ਤਰਾਇਆ । ਦੀਪਕ ਜੋਤੀ ਏਕਾ ਬਲਾ, ਅਗਿਆਨ ਅੰਧੇਰ ਮਿਟਾਇਆ । ਗਗਨ ਪਾਤਾਲਾਂ ਪਏ ਤਰਥੱਲਾ, ਨੌਂ ਖੰਡ ਪ੍ਰਿਥਮੀ ਦਏ ਹਿਲਾਇਆ । ਸੱਤਾਂ ਦੀਪਾਂ ਏਕਾ ਹੱਲਾ, ਏਕਾ ਸ਼ਬਦ ਕਰਾਇਆ । ਜਨ ਭਗਤ ਫੜਾਏ ਆਪਣਾ ਪੱਲਾ, ਏਕਾ ਆਪਣਾ ਲੜ ਫੜਾਇਆ । ਤੀਜੇ ਨੇਤਰ ਆਪੇ ਖੱਲਾ, ਦੇਵੇ ਦਰਸ ਹਰਿ ਰਘੁਰਾਇਆ । ਚੌਥਾ ਘਰ ਸਚ ਮਹੱਲਾ, ਹਰਿਜਨ ਸਾਚਾ ਵੇਖ ਵਖਾਇਆ । ਪੰਚਮ ਮੇਲਾ ਸਚ ਸੁਖੱਲਾ, ਹਰਿ ਆਪਣਾ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਸਰ, ਸਰ ਸਰੋਵਰ ਇਕ ਨੁਹਾਇਆ । ਸਰ ਸਰੋਵਰ ਆਤਮ ਅੰਤਰ, ਹਰਿਜਨ ਆਪ ਨੁਹਾਇੰਦਾ । ਆਪ ਬੁਝਾਏ ਲੱਗੀ ਬਸੰਤਰ, ਕਾਇਆ ਤ੍ਰਿਪਤ ਵਖਾਇੰਦਾ । ਖੇਲੇ ਖੇਲ ਜੁਗਾ ਜੁਗੰਤਰ, ਜੁਗ ਜੁਗ ਵੇਖ ਵਖਾਇੰਦਾ । ਸੰਤ ਭਗਤ ਬਣਾਏ ਬਣਤਰ, ਮੀਤ ਮੁਰਾਰ ਆਪ ਹੋ ਆਇੰਦਾ । ਵੇਖ ਵਖਾਏ ਗਗਨ ਗਗਨੰਤਰ, ਜਲ ਥਲ ਮਹੀਅਲ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਭਗਤਨ ਅੰਦਰ ਸਾਚਾ ਮੰਦਰ ਏਕਾ ਏਕ ਵਖਾਇੰਦਾ । ਕਾਇਆ ਮੰਦਰ ਸਚ ਟਿਕਾਨਾ, ਹਰਿ ਸਾਚੇ ਜੋਤ ਜਗਾਈਆ । ਉਤਰ ਪੂਰਬ ਪੱਛਮ ਦੱਖਣ ਵੇਖੇ ਮਾਰ ਧਿਆਨਾ, ਚਾਰੋਂ ਕੁੰਟ ਵੇਖ ਵਖਾਈਆ । ਦਹਿ ਦਿਸ਼ਾ ਹੋਏ ਨਿਗਾਹਬਾਨਾ, ਦਿਵਸ ਰੈਣ ਸੇਵ ਕਮਾਈਆ । ਦੀਪਕ ਜੋਤ ਜਗਾਏ ਇਕ ਮਹਾਨਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਧੁਨ ਆਤਮਕ ਸੁਣਾਏ ਅਨਾਦੀ ਗਾਨਾ, ਅਨਹਦ ਤਾਲ ਵਜਾਈਆ । ਅੰਮ੍ਰਿਤ ਆਤਮ ਦੇਵੇ ਸਾਚਾ ਖਾਣਾ, ਤ੍ਰਿਸ਼ਨਾ ਭੁੱਖ ਰਹਿਣ ਨਾ ਪਾਈਆ । ਆਤਮ ਸੇਜਾ ਸਚ ਪਲੰਘ ਇਕ ਵਿਛਾਨਾ, ਗੁਰਮੁਖ ਸਾਜਨ ਲਏ ਬਹਾਈਆ । ਆਪ ਆਪਣੇ ਦਰ ਘਰ ਕਰੇ ਪਰਵਾਨਾ, ਮੇਲ ਮਿਲਾਏ ਚਾਈਂ ਚਾਈਆ । ਇਕ ਦੂਜੇ ਦੀ ਹੋਏ ਸਹਾਰਨਾ, ਸੁਰਤੀ ਸ਼ਬਦ ਸਮਾਈਆ । ਸ਼ਬਦੀ ਸ਼ਬਦ ਹਰਿ ਭਗਵਾਨਾ, ਜੋਤ ਨਿਰੰਤਰ ਇਕ ਵਖਾਈਆ । ਆਪਣੀ ਹੱਥੀਂ ਬੰਨ੍ਹੇ ਗਾਨਾ, ਦਿਸ ਕਿਸੇ ਨਾ ਆਈਆ । ਦਸਮ ਦਵਾਰੀ ਸਚ ਮਕਾਨਾ, ਪ੍ਰਭ ਬੈਠਾ ਆਸਣ ਲਾਈਆ । ਸਤਿ ਪੁਰਖ ਨਿਰੰਜਣ ਵੇਖੇ ਮਾਰ ਧਿਆਨਾ, ਜਨ ਭਗਤਾਂ ਰਾਹ ਤਕਾਈਆ । ਦਰ ਦਵਾਰ ਸੁਹਾਏ ਪਦ ਨਿਰਬਾਨਾ, ਘਰ ਚੌਥਾ ਇਕ ਦਰਸਾਈਆ । ਹਰਿਜਨ ਸਾਚਾ ਵੇਖੇ ਨੇਤਰ ਨੈਣ ਦਰਸ਼ਨ ਪਾਏ ਸ਼ਾਹ ਸੁਲਤਾਨਾ, ਬੈਠਾ ਅੱਗੇ ਸਾਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲਾ ਸਾਚੇ ਦਰ, ਦਰ ਸਾਚਾ ਇਕ ਵਖਾਈਆ । ਸਾਚਾ ਘਰ ਹਰਿ ਸੁਹੰਤਾ, ਸਚ ਸਮਗਰੀ ਰਾਸ । ਜਨ ਭਗਤਾਂ ਦੇਵੇ ਨਾਮ ਸੁਗੰਤਾ, ਦਿਵਸ ਰੈਣ ਪਰਭਾਸ । ਨਿਜਾਨੰਦ ਹਰਿ ਮੇਲ ਮਿਲੰਤਾ, ਨਿਜ ਘਰ ਵੇਖੇ ਹਰਿ ਗੁਣਤਾਸ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਲੇਖੇ ਲਾਏ ਦਸ ਦਸ ਮਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲਾ ਸਾਚੇ ਘਰ, ਘਰ ਸਾਚੇ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤ । ਅੰਮ੍ਰਿਤ ਆਤਮ ਠਾਂਡਾ ਨੀਰ, ਗੁਰ ਪੂਰੇ ਹੱਥ ਵਡਿਆਈਆ । ਬਜਰ ਕਪਾਟੀ ਦੇਵੇ ਚੀਰ, ਏਕਾ ਤੀਰ ਲਗਾਈਆ । ਆਪ ਚੜ੍ਹਾਏ ਚੋਟੀ ਸਿਖਰ ਅਖ਼ੀਰ, ਨਾ ਕੋਈ ਦੂਸਰ ਸੰਗ ਰਲਾਈਆ । ਹਉਮੇ ਹੰਗਤਾ ਕੱਢੇ ਪੀੜ, ਏਕਾ ਅੱਖਰ ਜਾਪ ਜਪਾਈਆ । ਤਨ ਪਹਿਨਾਏ ਸਾਚਾ ਚੀਰ, ਬਸਤਰ ਉਤਰ ਕਦੇ ਨਾ ਜਾਈਆ । ਕਿਸੇ ਹੱਥ ਨਾ ਆਏ ਪੀਰ ਫ਼ਕੀਰ, ਜੀਵ ਜੰਤ ਸਾਧ ਸੰਤ ਚਾਰੋਂ ਕੁੰਟ ਬੈਠੇ ਧੂਣੀਆਂ ਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਤਨ ਮੇਲਾ ਸਚ

ਘਰ, ਹਰਿ ਸ਼ਬਦ ਕਰੇ ਕੁੜਮਾਈਆ । ਹਰਿ ਸ਼ਬਦ ਜਨ ਕਰ ਕੁੜਮਾਈ, ਪ੍ਰਭ ਸਾਚਾ ਸਗਨ ਮਨਾਇੰਦਾ । ਸਾਚੇ ਘਰ ਵੱਜੇ ਵਧਾਈ, ਸਾਚਾ ਮੰਗਲ ਗਾਇੰਦਾ । ਰਲ ਮਿਲ ਸਈਆਂ ਵੇਖਣ ਚਾਈਂ ਚਾਈਂ, ਪੰਚਮ ਮੇਲ ਮਿਲਾਇੰਦਾ । ਪੰਚਮ ਮੇਲਾ ਸਾਚੇ ਮਾਹੀ, ਵਿਛੜ ਕਦੇ ਨਾ ਜਾਇੰਦਾ । ਫੜ ਫੜ ਰਾਹੇ ਪਾਏ ਪਾਂਧੀ ਰਾਹੀ, ਹਰਿਜਨ ਸਾਚੇ ਵੇਖ ਵਖਾਇੰਦਾ । ਸਦਾ ਸੁਹੇਲਾ ਦੇਵੇ ਠੰਡੀਆਂ ਛਾਈਂ, ਜੁਗ ਜੁਗ ਦਇਆ ਕਮਾਇੰਦਾ । ਸੰਤ ਕੰਤ ਭਗਵੰਤ ਅੰਤ ਵਿਛੋੜਾ ਨਾਹੀਂ, ਜੁਗ ਵਿਛੜੇ ਜਗ ਮੇਲੇ ਅੰਤਮ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦਵਾਰਾ ਸਚ ਘਰ, ਘਰ ਸਾਚਾ ਇਕ ਸੁਹਾਇੰਦਾ । ਸੰਤਨ ਮੇਲਾ ਹਰਿ ਸੁਲਤਾਨ, ਸਤਿਗੁਰ ਸਤਿ ਸਮਾਇਆ । ਮੇਲ ਮਿਲਾਏ ਹਰਿ ਮਿਹਰਵਾਨ, ਏਕਾ ਨਾਤ ਬੁਝਾਇਆ । ਆਤਮ ਜੋਤੀ ਸ਼ਬਦ ਗਿਆਨ, ਏਕਾ ਨਾਮ ਪੜ੍ਹਾਇਆ । ਸਚ ਸਰੋਵਰ ਇਕ ਇਸ਼ਨਾਨ, ਚਰਨੋਦਕ ਮੁਖ ਚੁਆਇਆ । ਅੰਤਰ ਅੰਮ੍ਰਿਤ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਇਆ । ਪਾਰ ਕਰਾਏ ਦੋ ਜਹਾਨ, ਨਾਮ ਨਿਧਾਨ ਸੁਣਾਇਆ । ਮਿਲੇ ਮੇਲ ਸ੍ਰੀ ਭਗਵਾਨ, ਮੇਲਾ ਆਪਣੇ ਹੱਥ ਰਖਾਇਆ । ਜੁਗ ਜੁਗ ਵੇਖੇ ਮਾਰ ਧਿਆਨ, ਆਪ ਆਪਣਾ ਭੇਖ ਵਟਾਇਆ । ਸਤਿਜੁਗ ਤ੍ਰੇਤਾ ਦੁਆਪਰ ਖੋਲ੍ਹ ਦੁਕਾਨ, ਵਣਜ ਵਣਜਾਰਾ ਆਪ ਹੋ ਆਇਆ । ਕਲਜੁਗ ਅੰਤਮ ਖੇਲ ਮਹਾਨ, ਖੇਲੇ ਖੇਲ ਸ੍ਰਿਸ਼ਟ ਸਬਾਇਆ । ਜੂਠ ਝੂਠ ਹੋਈ ਪਰਧਾਨ, ਪੰਚ ਵਿਕਾਰਾ ਸਾਥ ਲਿਆਇਆ । ਬੁਧ ਮਤ ਹੋਈ ਪਰਧਾਨ, ਗੁਰਮਤ ਬੈਠੀ ਮੁਖ ਛੁਪਾਇਆ । ਸਾਧ ਸੰਤ ਜਗਤ ਗਿਆਨ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਇਆ । ਸੰਗ ਰਖਾਏ ਪੰਜ ਸ਼ੈਤਾਨ, ਮਾਇਆ ਮਮਤਾ ਮੋਹ ਵਧਾਇਆ । ਮਿਲੇ ਮੇਲ ਨਾ ਪ੍ਰਭ ਸਾਚੇ ਹਾਣੀਆਂ ਹਾਣ, ਸਾਚਾ ਕੰਤ ਨਾ ਕੋਇ ਹੰਢਾਇਆ । ਆਤਮ ਰੰਡੀ ਸੁੰਞ ਮਸਾਣ, ਅੱਠੇ ਪਹਿਰ ਰਹੀ ਕੁਰਲਾਇਆ । ਵਰਭੰਡੀ ਵੇਖੇ ਹਰਿ ਖੋਜਾਨ, ਖੋਜੀ ਖੋਜਤ ਦਿਵਸ ਰੈਣ ਸਬਾਇਆ । ਅਨਹਦ ਸ਼ਬਦ ਅਨਾਦੀ ਬੋਲ, ਬੋਲਤ ਜੈਕਾਰਾ ਇਕ ਰਖਾਇਆ । ਸਚ ਦਵਾਰਾ ਮੰਦਰ ਖੋਲ੍ਹਤ, ਕਾਇਆ ਖੇੜਾ ਇਕ ਵਸਾਇਆ । ਹਰਿਜਨ ਸਾਚਾ ਸਦਾ ਅਡੋਲਤ, ਦਿਵਸ ਰੈਣ ਰੈਣ ਦਿਵਸ ਹਰਿ ਚਰਨ ਕਵਲ ਚਿਤ ਲਾਇਆ । ਪੁਰਖ ਅਬਿਨਾਸ਼ੀ ਬੋਲੇ ਹੌਲੀ ਹੌਲਤ, ਆਪ ਆਪਣਾ ਨਾਮ ਅਲ੍ਹਾਇਆ । ਉਲਟਾ ਕਰੇ ਨਾਭ ਕੌਲਤ, ਕਵਲ ਕਵਲਾ ਆਪ ਫਿਰਾਇਆ । ਆਤਮ ਸੇਜਾ ਆਪੇ ਮੌਲਤ, ਮੌਲਾ ਮੌਲਾ ਰੂਪ ਸਮਾਇਆ । ਬਿਰਥਾ ਨਾ ਜਾਏ ਹਰਿ ਸੰਤ ਰਸ ਰਸਨਾ ਬੋਲਤ, ਪ੍ਰਭ ਲੇਖੇ ਲਏ ਲਗਾਇਆ । ਆਦਿ ਅੰਤ ਜੁਗਾਦਿ ਆਦਿ ਸਦਾ ਅਡੋਲਤ, ਡੁਲ ਕਦੇ ਨਾ ਜਾਇਆ । ਸਚ ਭੰਡਾਰਾ ਕਲਜੁਗ ਅੰਤਮ ਖੋਲ੍ਹਤ, ਜੂਠਾ ਝੂਠਾ ਭੇਖ ਰਿਹਾ ਮਿਟਾਇਆ । ਸੋਹੰ ਸੋ ਜੈਕਾਰਾ ਏਕਾ ਬੋਲਤ, ਸਤਿਜੁਗ ਸਾਚਾ ਮਾਰਗ ਲਗਾਇਆ । ਚਾਰ ਵਰਨ ਰਖਾਏ ਏਕਾ ਸਰਨ, ਏਕਾ ਦੂਜਾ ਭੌ ਚੁਕਾਇਆ । ਤੀਜਾ ਨੇਤਰ ਖੋਲ੍ਹੇ ਹਰਨ ਫਰਨ, ਘਰ ਚੌਥੇ ਮੇਲ ਮਿਲਾਇਆ । ਚੌਥੇ ਮੇਲਾ ਤਰਨੀ ਤਰਨ, ਤਾਰਨਹਾਰ ਸ੍ਰਿਸ਼ਟ ਸਬਾਇਆ । ਹਰਿ ਸੰਤਨ ਮੇਲ ਮਿਲਾਏ ਦਾਤਾ ਕਰਨੀ ਕਰਨ, ਕਰਤਾ ਪੁਰਖ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਵੇਖੇ ਸਾਚਾ ਘਰ, ਘਰ ਸਾਚਾ ਥਾਨ ਸੁਹਾਇਆ । ਘਰ ਸਾਚਾ ਹਰਿ ਸੁਹਾਏ ਥਾਨ, ਵੱਜੇ ਧਰਤ ਵਧਾਈਆ । ਬਖ਼ਸ਼ੇ ਚਰਨ ਧੂੜ ਸੱਚਾ ਇਸ਼ਨਾਨ, ਆਤਮ ਪੜਦਾ ਲਾਹੀਆ । ਸਾਚਾ ਨਾਮ ਸਚ ਗਿਆਨ, ਹਰਿ ਸ਼ਬਦੀ ਮੇਲ ਮਿਲਾਈਆ । ਅੰਤਰ ਮੇਲਾ ਹਰਿ ਭਗਵਾਨ, ਸਤਿ ਸੰਤੋਖ ਸਮਾਈਆ । ਪੰਜ ਤਤ ਨੇੜ ਨਾ ਆਏ ਜਗਤ ਸ਼ੈਤਾਨ, ਪ੍ਰਭ ਖੰਡਾ ਸ਼ਬਦ ਉਠਾਈਆ । ਦੇਵੇ ਦਾਤ


੯੬੮ ੦੬

ਦਾਨੀ ਦਾਨ, ਦਾਤਾ ਦਾਨੀ ਆਪ ਅਖਵਾਈਆ । ਆਤਮ ਜੋਤੀ ਨੂਰ ਤੇਜ ਪਰਕਾਸ਼ ਕੋਟਨ ਭਾਨ, ਰਵ ਸਸ ਬੈਠੇ ਮੁਖ ਸ਼ਰਮਾਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਅੱਠੇ ਪਹਿਰ ਕਰ ਧਿਆਨ, ਪ੍ਰਭ ਚਰਨ ਓਟ ਰਖਾਈਆ । ਦੇਵਣਹਾਰ ਜੀਆ ਦਾਨ, ਇਕ ਬਿਠਾਏ ਸ਼ਬਦ ਬਿਬਾਣ, ਲੋਆਂ ਪੁਰੀਆਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲਾ ਸਾਚੇ ਘਰ, ਥਿਰ ਘਰ ਸਾਚਾ ਇਕ ਸੁਹਾਈਆ । ਥਿਰ ਘਰ ਸਾਚੇ ਸਾਚਾ ਡੇਰਾ, ਹਰਿ ਸ਼ਬਦੀ ਮੇਲ ਮਿਲਾਇਆ । ਜਨ ਭਗਤਾਂ ਮਨ ਚਾਓ ਘਨੇਰਾ, ਦਿਵਸ ਰੈਣ ਖ਼ੁਸ਼ੀ ਮਨਾਇਆ । ਆਪ ਚੁਕਾਏ ਮੇਰਾ ਤੇਰਾ, ਹਉਮੇ ਹੰਗਤਾ ਰੋਗ ਗਵਾਇਆ । ਇਕ ਰਖਾਏ ਸੰਝ ਸਵੇਰਾ, ਰੈਣ ਅੰਧੇਰੀ ਰਹਿਣ ਨਾ ਪਾਇਆ । ਆਪੇ ਢਾਹੇ ਭਰਮਾ ਡੇਰਾ, ਗੜ੍ਹ ਹੰਕਾਰੀ ਤੋੜ ਤੁੜਾਇਆ । ਹਰਿਜਨ ਵਖਾਏ ਕਾਇਆ ਖੇੜਾ, ਸਾਚਾ ਮੰਦਰ ਅੰਦਰ ਦਏ ਸੁਹਾਇਆ । ਗੁਰਮੁਖ ਤੇਰਾ ਖੁਲ੍ਹਾ ਵਿਹੜਾ, ਭੇਵ ਕਿਸੇ ਨਾ ਪਾਇਆ । ਕਰੇ ਕਰਾਏ ਹੱਕ ਨਿਬੇੜਾ, ਜੁਗ ਜੁਗ ਬੇੜਾ ਬੰਨ੍ਹਦਾ ਆਇਆ । ਲੱਖ ਚੁਰਾਸੀ ਲੱਗੇ ਉਖੇੜਾ, ਕਲਜੁਗ ਅੰਤਮ ਦਏ ਦੁਹਾਇਆ । ਪੰਜ ਤਤ ਤਨ ਲੱਗਾ ਝੇੜਾ, ਮਨ ਮਤ ਬੁਧ ਰਿਹਾ ਲੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਦਰ, ਦਰ ਸਾਚਾ ਘਰ ਸਾਚਾ ਹਰਿ ਸਾਚਾ ਵਰ ਸਾਚਾ ਵਿਰਲੇ ਗੁਰਮੁਖ ਪਾਇਆ । ਹਰਿ ਕੰਤ ਕੰਤਹੂਲਾ, ਹਰਿਜਨ ਸੁਹਾਗਣ ਨਾਰੀ । ਤਨ ਬਰਸਾਏ ਸਾਚਾ ਫੂਲਾ, ਗਿਰਵਰ ਰੂਪ ਗਿਰਧਾਰੀ । ਆਪ ਚੁਕਾਏ ਅਗਲਾ ਪਿਛਲਾ ਲਹਿਣਾ ਦੇਣਾ ਮੂਲਾ, ਆਵੇ ਜਾਵੇ ਪੈਜ ਸਵਾਰੀ । ਸੋਹੰ ਸ਼ਬਦ ਝੁਲਾਏ ਸਾਚਾ ਝੂਲਾ, ਚਿੱਟੇ ਅਸਵ ਸਚ ਸਵਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿੰਘ ਸੰਸਾਰ ਜਗਤ ਅਧਾਰ, ਮਿਲਿਆ ਮੇਲ ਹਰਿ ਮੀਤ ਮੁਰਾਰ, ਆਦਿ ਜੁਗਾਦਿ ਜੁਗ ਜੁਗ ਜਨ ਭਗਤਾਂ ਕਦੇ ਨਾ ਭੂਲਾ ਆਪ ਨਿਰੰਕਾਰੀ ।

### ❊ ੧੪ ਕੱਤਕ ੨੦੧੪ ਬਿਕ੍ਰਮੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦਵਾਰੇ ਮੰਡੀ ਸ਼ਹਿਰ ਹਿਮਾਚਲ ਪਰਦੇਸ਼ ❊

ਨਿਰਗੁਣ ਖੇਲ ਹਰਿ ਨਿਰੰਕਾਰ, ਨਿਰਗੁਣ ਰੂਪ ਅਖਵਾਇੰਦਾ । ਜੁਗ ਜੁਗ ਖੇਲੇ ਵਿਚ ਸੰਸਾਰ, ਖੇਲਣਹਾਰ ਆਪ ਹੋ ਆਇੰਦਾ । ਲੋਆਂ ਪੁਰੀਆਂ ਪਾਵੇ ਸਾਰ, ਗਗਨ ਪਾਤਾਲਾਂ ਵੇਖ ਵਖਾਇੰਦਾ । ਧਰਤ ਧਵਲ ਦਏ ਸਹਾਰ, ਲੱਖ ਚੁਰਾਸੀ ਵਿਚ ਸਮਾਇੰਦਾ । ਸਤਿਜੁਗ ਤ੍ਰੇਤਾ ਬੰਨ੍ਹੇ ਧਾਰ, ਦੁਆਪਰ ਮੇਲ ਮਿਲਾਇੰਦਾ । ਜਗਤ ਕੂੜਾ ਕਰ ਪਸਾਰ, ਕੂੜਾ ਡੰਕ ਵਜਾਇੰਦਾ । ਈਸਾ ਮੂਸਾ ਮੀਤ ਮੁਰਾਰ, ਸਗਲਾ ਸੰਗ ਰਖਾਇੰਦਾ । ਸੰਗ ਮੁਹੰਮਦ ਚਾਰ ਯਾਰ, ਡੌਰੂ ਡੰਕਾ ਵਾਹਿੰਦਾ । ਅੱਲਾ ਰਾਣੀ ਕਰ ਸ਼ਿੰਗਾਰ, ਬਸਤਰ ਤਨ ਪਹਿਨਾਇੰਦਾ । ਵੰਡ ਵੰਡਾਏ ਅਪਰ ਅਪਾਰ, ਨੂਰ ਅਲਾਹੀ ਵੇਖ ਵਖਾਇੰਦਾ । ਨਾਨਕ ਗੋਬਿੰਦ ਭੇਖ ਅਪਾਰ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰਾ ਆਪ ਛੁਹਾਇੰਦਾ । ਪੰਚਮ ਮੀਤਾ ਕਰ ਪਿਆਰ, ਇਕ ਅਤੀਤਾ ਆਪ ਹੋ ਆਇੰਦਾ । ਸਾਚੀ ਰੀਤਾ ਵਿਚ ਸੰਸਾਰ, ਆਪਣੀ ਆਪ ਚਲਾਇੰਦਾ । ਨੇਤਰ ਵੇਖੇ ਹਰਿ ਕਰਤਾਰ, ਲੇਖਾ ਲਿਖਤ ਲਿਖਾਇੰਦਾ । ਭੇਵ ਨਾ ਪਾਏ ਕੋਈ ਜੀਵ ਗਵਾਰ, ਸਮਰਥ ਹੱਥ ਕਿਸੇ ਨਾ ਆਇੰਦਾ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਡੰਕਾ ਅਪਰ ਅਪਾਰ, ਰਾਜਾਨਾਂ ਰਾਜ ਆਪ ਜਗਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ

ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਸਾਧਾਂ ਸੰਤਾਂ ਦਏ ਹੁਲਾਰ, ਜੋਤੀ ਸ਼ਬਦੀ ਸ਼ਬਦ ਜਣਾਇੰਦਾ । ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਸੱਤਾਂ ਦੀਪਾਂ ਵੇਖ ਵਖਾਇੰਦਾ । ਬ੍ਰਹਮੇ ਧੱਕਾ ਦੇਵੇ ਮਾਰ, ਵੇਲਾ ਅੰਤਮ ਆਇੰਦਾ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰ, ਥਿਰ ਘਰ ਨਾ ਵੇਖ ਵਖਾਇੰਦਾ । ਕਰੋੜ ਤੇਤੀਸਾ ਕਰੇ ਪੁਕਾਰ, ਸੁਰਪਤ ਰਾਜ ਇੰਦ ਨਾਲ ਰਲਾਇੰਦਾ । ਲੱਖ ਚੁਰਾਸੀ ਹਾਹਾਕਾਰ, ਕੋਇ ਨਾ ਸੰਗ ਵਖਾਇੰਦਾ । ਜੀਵਾਂ ਜੰਤਾਂ ਆਈ ਹਾਰ, ਜੂਠ ਝੂਠ ਕੁਰਲਾਇੰਦਾ । ਮਾਇਆ ਮਮਤਾ ਭਰ ਭੰਡਾਰ, ਜਗਤ ਝੋਲੀ ਪਾਇੰਦਾ । ਗੁਰਮੁਖ ਸਾਚੇ ਗਏ ਹਾਰ, ਸਾਚਾ ਮਾਰਗ ਕੋਈ ਨਾ ਲਾਇੰਦਾ । ਖਾਣੀ ਬਾਣੀ ਕਰੇ ਵਿਚਾਰ, ਭੇਵ ਅਭੇਦ ਭੇਵ ਨਾ ਪਾਇੰਦਾ । ਅੰਜੀਲ ਕੁਰਾਨ ਰਹੀ ਲਲਕਾਰ, ਵੇਲਾ ਅੰਤਮ ਆਇੰਦਾ । ਵੇਦ ਪੁਰਾਨਾਂ ਆਈ ਹਾਰ, ਜਗਤ ਜਗਦੀਸ਼ ਦਿਸ ਨਾ ਆਇੰਦਾ । ਹਰਿਜਨ ਸਾਚੇ ਮੀਤ ਮੁਰਾਰ, ਏਕਾ ਰਾਹ ਤਕਾਇੰਦਾ । ਪਰਗਟ ਹੋ ਵਿਚ ਸੰਸਾਰ, ਹਰਿ ਜੋਤੀ ਨੂਰ ਉਪਾਇੰਦਾ । ਸ਼ਬਦ ਸਰੂਪੀ ਖੇਲ ਕਰਤਾਰ, ਜਨਕੀ ਬਣਤ ਬਣਾਇੰਦਾ । ਅੰਤਮ ਵੇਲਾ ਵਿਚ ਸੰਸਾਰ, ਸੰਬਲ ਨਗਰੀ ਧਾਮ ਸੁਹਾਇੰਦਾ । ਗੁਰ ਗੋਬਿੰਦ ਕਰ ਪਿਆਰ, ਹਰਿ ਗੋਬਿੰਦ ਰੂਪ ਸਮਾਇੰਦਾ । ਨਾਮ ਤੋੜਾ ਸੀਸ ਦਸਤਾਰ, ਸ਼ਬਦ ਘੋੜਾ ਇਕ ਰਖਾਇੰਦਾ । ਧੁਰ ਦਰਗਾਹੀ ਆਇਆ ਦੌੜਾ, ਵੇਖ ਵਖਾਏ ਮਿੱਠਾ ਕੌੜਾ, ਪਹਿਲਾ ਪੌੜ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਭੇਖਾਧਾਰੀ ਭੇਖ ਵਟਾਇੰਦਾ । ਭੇਖਾਧਾਰੀ ਹਰਿ ਭਗਵਾਨਾ, ਆਪਣੀ ਕਲ ਵਰਤਾਇੰਦਾ । ਸ਼ਬਦ ਖੰਡਾ ਤੀਰ ਕਮਾਨਾ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਨਾਲ ਰਲਾਏ ਗੁਰ ਗੋਬਿੰਦਾ ਵਡ ਬਲਵਾਨਾ, ਜੋਧਾ ਸੂਰਬੀਰ ਆਪ ਅਖਵਾਇੰਦਾ । ਏਕਾ ਮਾਰੇ ਤੀਰ ਨਿਸ਼ਾਨਾ, ਲੋਆਂ ਪੁਰੀਆਂ ਆਪ ਹਿਲਾਇੰਦਾ । ਸੰਮਤ ਚੌਦਾਂ ਵੇਖੇ ਮਾਰ ਧਿਆਨਾ, ਵੀਹ ਸੌ ਬਿਕ੍ਰਮੀ ਆਪ ਲਿਖਾਇੰਦਾ । ਚੌਦਾਂ ਕੱਤਕ ਵਿਚ ਜਹਾਨਾਂ, ਲਿਖਿਆ ਲੇਖ ਪੂਰ ਕਰਾਇੰਦਾ । ਪਰਗਟ ਹੋਏ ਵਾਲੀ ਦੋ ਜਹਾਨਾਂ, ਦੀਨਾਂ ਨਾਥਾ ਆਪ ਬਚਾਇੰਦਾ । ਆਪੇ ਗੋਪੀ ਆਪੇ ਕਾਹਨਾ, ਰਾਮ ਰਮਈਆ ਆਪ ਹੋ ਆਇੰਦਾ । ਜਨ ਭਗਤਾਂ ਬਖ਼ਸ਼ੇ ਚਰਨ ਧੂੜ ਸੱਚਾ ਇਸ਼ਨਾਨਾ, ਸਾਚਾ ਮਜਨ ਆਪ ਕਰਾਇੰਦਾ । ਆਤਮ ਅੰਤਰ ਬੰਨ੍ਹੇ ਗਾਨਾ, ਸ਼ਬਦੀ ਸਗਨ ਮਨਾਇੰਦਾ । ਦੀਪਕ ਜੋਤੀ ਜਗੇ ਮਹਾਨਾ, ਅੰਧ ਅੰਧੇਰ ਮਿਟਾਇੰਦਾ । ਦਰ ਘਰ ਸਾਚੇ ਕਰ ਪਰਵਾਨਾ, ਇਕ ਗਿਆਨ ਜਣਾਇੰਦਾ । ਇਕ ਦੇਵੇ ਨਾਮ ਨਿਧਾਨਾ, ਨਿਰਗੁਣ ਮੇਲ ਮਿਲਾਇੰਦਾ । ਮੇਟ ਮਿਟਾਏ ਪੰਜ ਸ਼ੈਤਾਨਾ, ਝੂਠਾ ਸੰਗ ਤੁੜਾਇੰਦਾ । ਸ਼ਬਦ ਬਿਠਾਏ ਇਕ ਬਿਬਾਣਾ, ਭਵ ਜਲ ਪਾਰ ਕਰਾਇੰਦਾ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਆਪ ਅਖਵਾਇੰਦਾ । ਮਨਮੁਖ ਭੁੱਲੇ ਜੀਵ ਨਿਧਾਨਾ, ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਸਾਚਾ ਮੇਲਾ, ਇਕ ਇਕੇਲਾ ਮੇਲ ਮਿਲਾਇੰਦਾ । ਸਾਚਾ ਮੇਲਾ ਦੋ ਜਹਾਨ, ਪ੍ਰਭ ਹੱਥ ਵੱਡੀ ਵਡਿਆਈਆ । ਖੇਲੇ ਖੇਲ ਸ੍ਰੀ ਭਗਵਾਨ, ਜੁਗ ਜੁਗ ਭੇਖ ਵਟਾਈਆ । ਕਲਜੁਗ ਅੰਤਮ ਵੇਖ ਨਿਧਾਨ, ਅਕਲ ਕਲਾ ਵਰਤਾਈਆ । ਚਾਰੋਂ ਕੁੰਟ ਜੀਵ ਸ਼ੈਤਾਨ, ਪੰਚਮ ਸੰਗ ਰਲਾਈਆ । ਹਰਿਜਨ ਬੈਠੇ ਕਰ ਧਿਆਨ, ਅੱਠੇ ਪਹਿਰ ਆਤਮ ਅੰਤਰ ਲਿਵ ਲਾਈਆ । ਅਗੰਮ ਅਗੰਮੜਾ ਹੋਏ ਜਾਣੀ ਜਾਣ, ਮੇਲ ਮਿਲਾਏ ਸਹਿਜ ਸੁਭਾਈਆ । ਲੇਖੇ ਲਾਏ ਕਾਇਆ ਚੰਮੜਾ ਗੁਰਮੁਖ ਸਾਚੇ ਬਾਲ ਅੰਞਾਣ, ਲੋਕਮਾਤ ਦਏ ਵਡਿਆਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ,

ਸੰਮਤ ਚੌਦਾਂ ਵੇਖ ਵਖਾਈਆ । ਸੰਮਤ ਚੌਦਾਂ ਹਰਿ ਸੁਲਤਾਨ, ਆਪਣੀ ਜੋਤ ਜਗਾਈਆ । ਖੇਲੇ ਖੇਲ ਦੋ ਜਹਾਨ, ਦਿਸ ਕਿਸੇ ਨਾ ਆਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਹਰਿਜਨ ਸਾਚੇ ਮੇਲ ਮਿਲਾਈਆ । ਉਠੇ ਜੋਧਾ ਸੂਰ ਬਲੀ ਬਲਵਾਨ, ਨਾਮ ਖੰਡਾ ਹੱਥ ਉਠਾਈਆ । ਚਾਰੇ ਕੁੰਟਾਂ ਦਹਿ ਦਿਸ਼ਾ ਵੇਖੇ ਮਾਰ ਧਿਆਨ, ਆਕਾਸ਼ ਆਕਾਸ਼ਾਂ ਫੇਰਾ ਪਾਈਆ । ਲੱਖ ਚੁਰਾਸੀ ਤੋੜੇ ਮਾਣ ਅਭਿਮਾਨ, ਮਾਣ ਕਿਸੇ ਰਹਿਣ ਨਾ ਪਾਈਆ । ਏਕਾ ਤੀਰ ਰਸਨਾ ਚਿੱਲੇ ਚੜ੍ਹੇ ਕਮਾਨ, ਗੋਬਿੰਦ ਕਾਇਆ ਰਿਹਾ ਚੜ੍ਹਾਈਆ । ਸ੍ਰਿਸ਼ਟ ਸਬਾਈ ਪੁਣ ਛਾਣ, ਵੇਲੇ ਅੰਤਮ ਰਿਹਾ ਕਰਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਏਕਾ ਓਟ ਰਖਾਈਆ । ਮੇਲ ਮਿਲਾਵਾ ਕਰੇ ਆਣ, ਭੁੱਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਗੋਬਿੰਦ ਸੰਗ ਨਿਭਾਈਆ । ਗੋਬਿੰਦ ਗੁਰ ਵਡ ਬਲਕਾਰਾ, ਏਕਾ ਏਕ ਅਖਵਾਇਆ । ਪ੍ਰਭ ਚਰਨ ਕਰ ਨਿਮਸਕਾਰਾ, ਦਰ ਬੈਠਾ ਸੀਸ ਝੁਕਾਇਆ । ਆਦਿ ਪੁਰਖ ਤੇਰਾ ਇਕ ਸਹਾਰਾ, ਨਾ ਕੋਈ ਦੂਸਰ ਓਟ ਰਖਾਇਆ । ਨਿਹਕਲੰਕਾ ਲਏ ਅਵਤਾਰਾ, ਆਪਣਾ ਪੱਲਾ ਆਪ ਫੜਾਇਆ । ਸ਼ਬਦ ਖੰਡਾ ਤੇਜ ਕਟਾਰਾ, ਏਕਾ ਸ਼ਬਦ ਰਖਾਇਆ । ਚਿੱਟੇ ਅਸਵ ਕਰ ਅਸਵਾਰਾ, ਜੋਤੀ ਜੋੜਾ ਮੇਲ ਮਿਲਾਇਆ । ਸਾਚਾ ਘੋੜਾ ਕਰ ਤਿਆਰਾ, ਲੋਕਮਾਤ ਫੇਰਾ ਪਾਇਆ । ਭਗਤ ਜਨਾਂ ਲਾਹੇ ਉਧਾਰਾ, ਜੁਗ ਜੁਗ ਜੋੜ ਜੁੜਾਇਆ । ਖੇਲੇ ਖੇਲ ਖੇਲਣਹਾਰਾ, ਭੇਵ ਕਿਸੇ ਨਾ ਪਾਇਆ । ਮੇਲੇ ਮੇਲ ਮੇਲਣਹਾਰਾ, ਮੇਲ ਵਿਛੋੜਾ ਆਪਣੇ ਹੱਥ ਰਖਾਇਆ । ਸੰਮਤ ਚੌਦਾਂ ਕਰ ਭੇਖ ਨਿਆਰਾ, ਚਾਰ ਕੁੰਟ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਮੇਲ ਹਰਿ, ਘਰ ਸਾਚਾ ਆਪ ਸੁਹਾਇਆ । ਗੋਬਿੰਦ ਦਰ ਹਰਿ ਸਿਕਦਾਰ, ਏਕਾ ਏਕ ਅਖਵਾਇੰਦਾ । ਅੱਠੇ ਪਹਿਰ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਜਨ ਭਗਤਾਂ ਬੰਨ੍ਹੇ ਧਾਰ, ਧੀਰਜ ਧੀਰ ਧਰਾਇੰਦਾ । ਕਲਜੁਗ ਅੰਤਮ ਵੇਖ ਵਿਚਾਰ, ਅੱਠ ਸੱਠ ਨੀਰ ਚੀਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਮੇਲਾ ਹਰਿ, ਹਰਿ ਮੇਲਾ ਆਪ ਕਰਾਇੰਦਾ । ਗੋਬਿੰਦ ਮੇਲ ਸਚ ਸੁਲਤਾਨ, ਘਰ ਸਚ ਵੱਜੀ ਵਧਾਈਆ । ਦਾਤਾ ਦਾਨੀ ਹਰਿ ਮਿਹਰਵਾਨ, ਆਤਮ ਇਛਿਆ ਪੂਰ ਕਰਾਈਆ । ਪੂਤ ਸਪੂਤਾ ਵਡ ਬਲਵਾਨ, ਸ਼ਸਤਰ ਬਸਤਰ ਇਕ ਸਜਾਈਆ । ਨਾਮ ਖੰਡਾ ਤੇਜ ਕਿਰਪਾਨ, ਤਨ ਗਾਤਰੇ ਆਪ ਲਟਕਾਈਆ । ਇਕ ਵਖਾਏ ਆਪਣੀ ਆਣ, ਦੂਸਰ ਓਟ ਨਾ ਕੋਇ ਜਣਾਈਆ । ਦਰ ਦਵਾਰੇ ਕਰ ਪਰਵਾਨ, ਦੇ ਮਤ ਰਿਹਾ ਸਮਝਾਈਆ । ਚਾਰ ਵਰਨ ਇਕ ਗਿਆਨ, ਏਕਾ ਜਗਤ ਪੜ੍ਹਾਈਆ । ਊਚ ਨੀਚ ਸਰਬ ਮਿਟ ਜਾਣ, ਰਾਓ ਰੰਕ ਏਕਾ ਧਾਮ ਬਹਾਈਆ । ਤਖ਼ਤ ਤਾਜ ਨਾ ਦਿਸੇ ਨਿਸ਼ਾਨ, ਰਾਜ ਰਾਜਾਨ ਨਾ ਕੋਈ ਅਖਵਾਈਆ । ਏਕਾ ਏਕ ਸ੍ਰੀ ਭਗਵਾਨ, ਦੋ ਜਹਾਨਾਂ ਹੋਏ ਸਹਾਈਆ । ਵੇਖੇ ਖੇਲ ਵਿਚ ਮੈਦਾਨ, ਸੰਮਤ ਚੌਦਾਂ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਮੇਲ ਦਰ, ਲੇਖਾ ਆਪਣਾ ਰਿਹਾ ਚੁਕਾਈਆ । ਹਰਿ ਸ਼ਬਦ ਮਲਾਹ, ਹਰਿ ਗੋਬਿੰਦ ਇਕ ਰਖਾਇਆ । ਹਰਿ ਦਾਤਾ ਬੇਪਰਵਾਹ, ਜੁਗ ਜੁਗ ਬਣ ਕੇ ਆਇਆ । ਜੁਗ ਜੁਗ ਦਏ ਸਲਾਹ, ਜੁਗ ਜੁਗ ਰਾਹ ਚਲਾਇਆ । ਗੁਰਮੁਖ ਵੇਖੇ ਥਾਉਂ ਥਾਂ, ਚਾਰੋਂ ਕੁੰਟ ਫੇਰਾ ਪਾਇਆ । ਸਤਿਗੁਰ ਪੂਰਾ ਪਕੜੇ ਬਾਂਹ, ਵੇਲੇ ਅੰਤਮ ਹੋਏ ਸਹਾਇਆ । ਆਪ ਜਪਾਏ ਆਪਣਾ ਨਾਂ, ਨਾਮ ਨਰਾਇਣਾ ਇਕ ਵਖਾਇਆ । ਫੜ ਫੜ ਹੰਸ ਬਣਾਏ ਕਾਂ, ਏਕਾ ਸਾਚੀ ਜੋਤ ਜਗਾਇਆ । ਚਰਨ ਦਵਾਰੇ

ਬਖ਼ਸ਼ੇ ਥਾਂ, ਦੋ ਜਹਾਨਾਂ ਪਾਰ ਕਰਾਇਆ । ਆਪੇ ਪਿਤਾ ਆਪੇ ਮਾਂ, ਗੁਰਮੁਖ ਬਾਲ ਅੰਞਾਣੇ ਗੋਦ ਉਠਾਇਆ । ਜੁਗ ਜੁਗ ਖੇਲੇ ਖੇਲ ਨਿਰੰਜਣ, ਆਦਿ ਅੰਤ ਅਵਤਾਰਾ । ਭਗਤ ਜਨਾਂ ਹਰਿ ਦਰਦ ਦੁੱਖ ਭੈ ਭੰਜਨ, ਮੇਲ ਮਿਲਾਏ ਵਿਚ ਸੰਸਾਰਾ । ਨੇਤਰ ਨੈਣ ਪਾਏ ਧੁੜੀ ਅੰਜਨ, ਦਰਸ ਦਿਖਾਏ ਅਗੰਮ ਅਪਾਰਾ । ਕਾਲ ਨਗਾਰੇ ਚਾਰੋਂ ਕੁੰਟ ਸਿਰ ਤੇ ਵੱਜਣ, ਨਾ ਦਿਸੇ ਕੋਈ ਸਹਾਰਾ । ਰਾਜ ਰਾਜਾਨ ਸ਼ਾਹ ਸੁਲਤਾਨ ਤਖ਼ਤ ਤਾਜ ਛੱਡ ਛੱਡ ਭੱਜਣ, ਦਹਿ ਦਿਸ਼ਾ ਹਾਹਾਕਾਰਾ । ਕੋਈ ਨਾ ਰੱਖੇ ਕਿਸੇ ਲਜਣ, ਸਾਧ ਸੰਤ ਨਾ ਸੁਣੇ ਕੋਈ ਪੁਕਾਰਾ । ਭਗਤ ਜਨਾਂ ਹਰਿ ਸਾਚਾ ਸੱਜਣ, ਲੋਕਮਾਤ ਲਏ ਅਵਤਾਰਾ । ਜੋ ਘੜੇ ਸੋ ਅੰਤਮ ਭੱਜਣ, ਭੰਨਣਹਾਰ ਆਪ ਕਰਤਾਰਾ । ਜਨ ਭਗਤਨ ਮੇਲਾ ਏਕਾ ਪਤਨ, ਏਕਾ ਦਰ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਏ ਸਹਾਰਾ । ਗੋਬਿੰਦ ਗੁਰ ਸਾਚਾ ਪੂਤ, ਹਰਿ ਸਾਚੀ ਜੋਤ ਜਗਾਈਆ । ਵੇਖ ਵਖਾਏ ਚਾਰੇ ਕੂਟ, ਨੇਤਰ ਨੈਣ ਇਕ ਉਠਾਈਆ । ਸ੍ਰਿਸ਼ਟ ਸਬਾਈ ਰਿਹਾ ਲੂਟ, ਦਿਸ ਕਿਸੇ ਨਾ ਆਈਆ । ਸਚ ਪਘੂੰੜਾ ਰਿਹਾ ਝੂਟ, ਜੋਤੀ ਮਾਤਾ ਰਹੀ ਝੁਲਾਈਆ । ਰਾਜ ਰਾਜਾਨਾ ਕਰੇ ਖਾਲੀ ਠੂਠ, ਏਕਾ ਡੰਕਾ ਰਿਹਾ ਵਜਾਈਆ । ਭਗਤ ਸੁਹੇਲਾ ਗਿਆ ਤੂਠ, ਜਨ ਭਗਤਾਂ ਦਇਆ ਕਮਾਈਆ । ਸੰਬਲ ਨਗਰ ਕਰਾਏ ਏਕਾ ਮੂਠ, ਸਾਚਾ ਧਾਮ ਸੁਹਾਈਆ । ਮੇਟ ਮਿਟਾਏ ਭੇਖ ਪਖੰਡਾ ਜਗਤ ਜੂਠ ਝੂਠ, ਕਲਜੁਗ ਅੰਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਲੇਖਾ ਵੇਖ ਵਖਾਈਆ । ਗੋਬਿੰਦ ਗੁਰ ਹਰਿ ਹਰਿ ਵੇਖ, ਆਪਣੀ ਦਇਆ ਕਮਾਇੰਦਾ । ਆਪੇ ਲਿਖਣਹਾਰਾ ਰੇਖ, ਆਪੇ ਅੰਤ ਮਿਟਾਇੰਦਾ । ਆਪੇ ਲਾਏ ਮਸਤਕ ਮੇਖ, ਆਪੇ ਵੇਖ ਵਖਾਇੰਦਾ । ਆਪ ਉਪਾਏ ਧਾਰੀ ਕੇਸ, ਮੂੰਡ ਮੁੰਡਾਏ ਆਪ ਜਣਾਇੰਦਾ । ਦਾਤਾ ਜੋਧਾ ਆਪ ਨਰ ਨਰੇਸ਼, ਨਿਰਗੁਣ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਸਤਿ ਸਤਿਵਾਦ ਹਰਿ ਸਾਚੀ ਖ਼ੁਸ਼ੀ ਮਨਾਇੰਦਾ । ਭਗਤ ਸੁਹੇਲੇ ਸਾਚੇ ਲਾਧ, ਆਪ ਆਪਣਾ ਮੇਲ ਮਿਲਾਈਆ । ਸ਼ਬਦ ਜਣਾਏ ਬੋਧ ਅਗਾਧ, ਭੇਵ ਅਭੇਦਾ ਭੇਵ ਖੁਲ੍ਹਾਈਆ । ਨਾਮ ਦੇਵੇ ਸਾਚੀ ਦਾਦ, ਧੁਰ ਦਰਗਾਹੀ ਲੈ ਕੇ ਆਈਆ । ਆਤਮ ਅੰਤਰ ਅਨਹਦ ਵਜਾਏ ਸਾਚਾ ਨਾਦ, ਧੁਨ ਆਤਮਕ ਕਰੇ ਜਣਾਈਆ । ਮੇਲ ਮਿਲਾਏ ਮੋਹਣ ਮਾਧਵ ਮਾਧ, ਵਿਛੜ ਕਦੇ ਨਾ ਜਾਈਆ । ਗੁਰ ਗੋਬਿੰਦੇ ਤੇਰੀ ਸੁਣ ਫਰਿਆਦ, ਚੌਦਾਂ ਕੱਤਕ ਰੁੱਤ ਸੁਹਾਈਆ । ਬੀਸ ਬੀਸੇ ਕਰਿਆ ਯਾਦ, ਵੇਲੇ ਅੰਤਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਣ ਸੇਜ ਦਏ ਸੁਹਾਈਆ । ਆਸਣ ਸੇਜਾ ਹਰਿ ਕਰਤਾਰ, ਏਕਾ ਏਕ ਸੁਹਾਈਆ । ਵੇਖ ਵਖਾਏ ਵਿਚ ਸੰਸਾਰ, ਕੋਈ ਭੇਵ ਨਾ ਜਾਣੇ ਰਾਈਆ । ਗੁਰ ਗੋਬਿੰਦਾ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਅੱਠੇ ਪਹਿਰ ਵਾਜਾਂ ਰਿਹਾ ਮਾਰ, ਪ੍ਰਭ ਚਰਨ ਧਿਆਨ ਲਗਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਲੋਕਮਾਤ ਦਏ ਵਡਿਆਈਆ । ਨਿਹਕਲੰਕਾ ਲਏ ਅਵਤਾਰ, ਆਪ ਆਪਣਾ ਵਿਚ ਸਮਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਰਾਜ ਰਾਜਾਨਾਂ ਰਿਹਾ ਜਗਾਈਆ । ਲੇਖਾ ਲਿਖੇ ਦਿੱਲੀ ਦਰਬਾਰ, ਸ਼ਾਹ ਭਬੀਖਨ ਆਪ ਉਠਾਈਆ । ਰਾਸ਼ਟਰਪਤ ਰਹਿਣਾ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਈਆ । ਪਰਗਟ ਹੋਇਆ ਨਰ ਨਿਰੰਕਾਰ, ਗੋਬਿੰਦ ਭੇਖ ਵਟਾਈਆ । ਸ਼ਬਦ ਖੰਡਾ ਤੇਜ਼ ਕਟਾਰ, ਹੱਥ ਆਪਣੇ ਰਿਹਾ ਵਖਾਈਆ । ਸੰਮਤ ਚੌਦਾਂ ਕਰ ਵਿਚਾਰ, ਥਿਤ ਵਾਰ ਇਕ ਜਣਾਈਆ ।

ਪੰਦਰਾਂ ਅੰਦਰੋਂ ਕੱਢੇ ਬਾਹਰ, ਰਾਜ ਰਾਜਾਨ ਕੋਈ ਛੁਪ ਨਾ ਪਾਈਆ । ਡੰਕਾ ਵੱਜੇ ਵਿਚ ਸੰਸਾਰ, ਜੈ ਜੈ ਜੈਕਾਰ ਇਕ ਕਰਾਈਆ । ਪੰਡਤ ਪਾਂਧੇ ਕਸ਼ਮੀਰ ਹੋ ਲਾਚਾਰ, ਆਇਨ ਹਰਿ ਸਰਨਾਈਆ । ਸਿਆਸਤ ਵਿਰਾਸਤ ਜਾਏ ਹਾਰ, ਨਾ ਕੋਈ ਬੰਨੇ ਲਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਪੰਚਮ ਜੇਠ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਾਏ ਲੇਖ ਮੰਡੀ ਸਕੇਤ, ਲਹਿਣਾ ਦੇਣਾ ਮਹੀਨਾ ਚੇਤ, ਚੇਤਨ ਚਿਤ ਰਿਹਾ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ ।

ਜਗਤ ਮੰਡੀ ਹਰਿ ਚਰਨ ਛੁਹਾ, ਗੋਬਿੰਦ ਮੂਲ ਚੁਕਾਇਆ । ਪੂਰਬ ਲਹਿਣਾ ਝੋਲੀ ਪਾ, ਨੇਤਰ ਨੈਣਾ ਦਰਸ ਦਿਖਾਇਆ । ਦਿਸ ਨਾ ਆਏ ਬੇਪਰਵਾਹ, ਕੇਸਾਧਾਰੀ ਸਰਬ ਭੁਲਾਇਆ । ਜੋਤੀ ਨੂਰ ਆਪ ਜਗਾ, ਨਰ ਨਿਰੰਕਾਰਾ ਫੇਰਾ ਪਾਇਆ । ਪੂਤ ਸਪੂਤਾ ਗਲੇ ਲਗਾ, ਅੰਦਰ ਵੜ ਆਪ ਸਮਝਾਇਆ । ਆਪ ਆਪਣੇ ਅੰਗ ਲਗਾ, ਆਪਣਾ ਲੜ ਫੜਾਇਆ । ਸ਼ਬਦ ਮਰਦੰਗ ਹੱਥ ਫੜਾ, ਡੌਰੂ ਡੰਕਾ ਰਿਹਾ ਵਜਾਇਆ । ਉਚੇ ਪਰਬਤ ਆਪ ਚੜ੍ਹਾ, ਦੋ ਜਹਾਨਾਂ ਰਿਹਾ ਸੁਣਾਇਆ । ਕਿਲ੍ਹਾ ਕੋਟ ਕੋਈ ਰਹਿਣਾ ਨਾ, ਨਾ ਦਿਸੇ ਕੋਈ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕੱਤਕ ਚੌਦਾਂ ਦਿਵਸ ਸੁਹਾਇਆ । ਗੁਰ ਗੋਬਿੰਦੇ ਰੱਖੀ ਆਸ, ਪ੍ਰਭ ਚਰਨ ਓਟ ਰਖਾਈਆ । ਪਾਰਬ੍ਰਹਮ ਬੁਝਾਈ ਆਤਮ ਪਿਆਸ, ਆਤਮ ਦਰਸ ਦਿਖਾਈਆ । ਚਰਨ ਕਵਲ ਦਵਾਰੇ ਪਾਏ ਰਾਸ, ਆਪਣੀ ਖੇਲ ਰਚਾਈਆ । ਰਸਨਾ ਗਾਏ ਸਵਾਸ ਸਵਾਸ, ਜਿਹਵਾ ਦਿਸ ਨਾ ਆਈਆ । ਨੇਤਰ ਵੇਖੇ ਪ੍ਰਿਥਮੀ ਆਕਾਸ਼, ਗਗਨ ਪਾਤਾਲਾਂ ਫੇਰਾ ਪਾਈਆ । ਦਰ ਦਵਾਰੇ ਹੋਇਆ ਦਾਸੀ ਦਾਸ, ਗਲ ਪੱਲੂ ਏਕਾ ਪਾਈਆ । ਸ੍ਰਿਸ਼ਟ ਸਬਾਈ ਲੇਖਾ ਚੁੱਕੇ ਦਸ ਦਸ ਮਾਸ, ਦਸ ਦਸ ਮਾਸ ਬਾਕੀ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਅੰਗ ਲਗਾਈਆ । ਗੁਰ ਗੋਬਿੰਦਾ ਅੰਗ ਲਗਾ, ਆਪਣੀ ਗੋਦ ਉਠਾਇਆ । ਦਵਾਰਾ ਬੰਕਾ ਇਕ ਸੁਹਾ, ਆਪਣਾ ਚਰਨ ਛੁਹਾਇਆ । ਸਾਧ ਸੰਤ ਸੰਗ ਰਲਾ, ਸਗਲਾ ਸੰਗ ਨਿਭਾਇਆ । ਬਵੰਜਾ ਦੇਸ਼ਾਂ ਲਏ ਜਗਾ, ਆਪ ਆਪਣਾ ਖੇਲ ਖਿਲਾਇਆ । ਰਾਜ ਬਵੰਜਾ ਇਕ ਕਰਾ, ਸ਼ਾਹ ਨਵਾਬ ਆਪ ਹੋ ਆਇਆ । ਲੇਖ ਬਵੰਜਾ ਇਕ ਕਰਾ, ਗੁਰੂ ਗ੍ਰੰਥ ਏਕਾ ਮਤ ਸਮਝਾਇਆ । ਬਵੰਜਾ ਅੱਖਰ ਆਪ ਜਣਾ, ਬਾਵਨ ਭੇਖ ਵਟਾਇਆ । ਬਾਵਨ ਖੇਲ ਆਪ ਰਚਾ, ਭੇਵ ਕਿਸੇ ਨਾ ਆਇਆ । ਕਲਜੁਗ ਲਹਿਣਾ ਦੇਣਾ ਦਏ ਚੁਕਾ, ਆਤਮ ਝੋਲੀ ਪਾਈਆ । ਸਾਚੀ ਸਿਖਿਆ ਇਕ ਸਿਖਾ, ਗੁਰ ਮੰਤਰ ਨਾਮ ਦ੍ਰਿੜਾਇਆ । ਗੁਰ ਗੋਬਿੰਦਾ ਭਿਛਿਆ ਦੇਵੇ ਪਾ, ਅੱਗੇ ਪੱਲੂ ਏਕਾ ਡਾਹਿਆ । ਜਗਤ ਇਛਿਆ ਆਪ ਕਰਾ, ਹਰਿਜਨ ਸਾਚੇ ਹੋਏ ਸਹਾ, ਸੰਮਤ ਅਠਾਰਾਂ ਮੁੜ ਕੇ ਫੇਰੀ ਪਾਇਆ । ਹਾੜ ਸਤਾਰਾਂ ਦਿਵਸ ਸੁਹਾ, ਸ੍ਰਿਸ਼ਟ ਸਬਾਈ ਦਏ ਰੁੜ੍ਹਾਇਆ । ਨਾ ਕੋਈ ਸਕੇ ਧੀਰ ਧਰਾ, ਸਾਚਾ ਗੜ੍ਹ ਦਏ ਸੁਹਾਇਆ । ਆਪ ਆਪਣੀ ਦਇਆ ਕਮਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮੰਡੀ ਤੇਰੀ ਪਾਏ ਵੰਡੀ, ਕਲਜੁਗ ਵੇਖੇ ਜਗਤ ਪਖੰਡੀ, ਨਾਰ ਰੰਡੀ ਕੋਈ ਰਹਿਣ ਨਾ ਪਾਇਆ । ਨਾਰ ਰੰਡੀ ਮਨਮੁਖ ਜੀਵ, ਹਰਿ ਹਰਿ ਦਿਸ ਨਾ ਆਇਆ । ਨਾ ਕੋਈ ਦਿਸੇ ਜਗਤ ਪਖੰਡਾ ਲੇਖਾ ਚੁਕੇ ਸਾਢੇ ਤਿੰਨ ਹੱਥ ਸੀਅ, ਧਰਤ ਮਾਤ ਗੋਦ ਸੁਹਾਇਆ । ਕਿਸੇ


੯੭੩ ੦੬

ਘਰ ਨਾ ਦਿਸੇ ਬੱਤੀ ਦੀਵ, ਦੀਵਾ ਉਚੇ ਮੰਦਰ ਕੋਈ ਨਾ ਕਰੇ ਰੁਸ਼ਨਾਈਆ । ਨਾ ਕੋਈ ਚਾਰ ਦਿਵਾਰੀ ਦਿਸੇ ਮਕਾਨ, ਰੱਖੇ ਨਾ ਕੋਈ ਪਲੰਘ, ਅੰਦਰ ਮੰਦਰ ਬਹਿ ਬਹਿ ਡਾਹਿਆ । ਨਾ ਕੋਈ ਖਾਣ ਪੀਣ, ਨਾ ਆਲਸ ਨਿੰਦਰਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਤੇਰਾ ਘਰ, ਤੇਰੀ ਸੇਜਾ ਦਏ ਵਿਛਾਇਆ । ਗੁਰ ਗੋਬਿੰਦੇ ਤੇਰੀ ਸੇਜ, ਪ੍ਰਭ ਅੰਤਮ ਮਾਤ ਵਿਛਾਵਣੀ । ਸ਼ਬਦ ਸੁਨੇਹੜਾ ਆਪਣਾ ਭੇਜ, ਜੋਤੀ ਜੋਤ ਜਗਾਵਣੀ । ਏਕਾ ਏਕ ਕਰਾਏ ਸਾਚਾ ਤੇਜ, ਪੂਰ ਕਰਾਏ ਭਾਵਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਮੰਦਰ ਵੇਖ ਸਚ ਘਰ, ਘਰ ਸਾਚੇ ਬਣਤ ਬਣਾਵਣੀ । ਤੇਰੀ ਸੇਜ ਹਰਿ ਵਿਛਾ, ਉਪਰ ਚਰਨ ਟਿਕਾਵਣਾ । ਸੰਮਤ ਅਠਾਰਾਂ ਆਪ ਸੁਹਾ, ਹਾੜ ਸਤਾਰਾਂ ਖ਼ੁਸ਼ੀ ਮਨਾਵਨਾ । ਸ੍ਰਿਸ਼ਟ ਸਬਾਈ ਮਿਟੇ ਨਿਸ਼ਾਂ, ਗੁਰਮੁਖ ਮਾਣ ਦਵਾਵਣਾ । ਗੁਰਮੁਖ ਸਾਚੇ ਮਸਤਕ ਟਿੱਕਾ ਤਿਲਕ ਲਗਾ, ਦੇ ਮਤ ਆਪ ਸਮਝਾਵਨਾ । ਸਾਚਾ ਸਿੱਕਾ ਮਾਤ ਚਲਾ, ਵੀਹ ਸੌ ਵੀਹ ਪੰਦਰਾਂ ਕੱਤਕ ਰੁੱਤ ਸੁਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਪੁਰਖ ਅਬਿਨਾਸ਼ਨ ਸਤਿਜੁਗ ਤੇਰਾ ਇਕ ਬਣਾਵਣਾ ।

ਸਚ ਸਿੰਘਾਸਣ ਆਪ ਵਿਛਾਏ, ਨਰ ਨਰਾਇਣ ਨਿਰੰਕਾਰਾ । ਗੋਬਿੰਦ ਗੁਰ ਚਰਨ ਛੁਹਾਏ, ਖੇਲੇ ਖੇਲ ਸੰਸਾਰਾ । ਪਾਰਬ੍ਰਹਮ ਪ੍ਰਭ ਮੇਲ ਮਿਲਾਏ, ਭੇਵ ਨਾ ਪਾਏ ਜੀਵ ਗਵਾਰਾ । ਜੋਤੀ ਸ਼ਬਦੀ ਖੇਲ ਖਿਲਾਏ, ਪੰਜਾਂ ਤਤਾਂ ਵਸੇ ਬਾਹਰਾ । ਆਦਿ ਅੰਤ ਨਾ ਮਰੇ ਨਾ ਜਾਏ, ਇਕ ਇਕੱਲਾ ਏਕੰਕਾਰਾ । ਹਰ ਘਟ ਅੰਦਰ ਡੇਰਾ ਲਾਏ, ਆਪੇ ਵਸੇ ਗੁਪਤ ਜਾਹਿਰਾ । ਗੁਰ ਗੋਬਿੰਦਾ ਮੰਗ ਮੰਗਾਏ, ਦੋਏ ਜੋੜ ਚਰਨ ਸਰਨ ਕਰੇ ਨਿਮਸਕਾਰਾ । ਕਲਜੁਗ ਵੇਲਾ ਅੰਤਮ ਆਏ, ਪ੍ਰਭ ਦੇਵੇ ਮਾਤ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਸੁਹਾਏ ਬੰਕ ਦਵਾਰਾ । ਬੰਕ ਦਵਾਰਾ ਲਾਏ ਜੜ੍ਹ, ਲੋਕਮਾਤ ਨਾ ਕੋਇ ਉਖੜਾਈਆ । ਸਚ ਸਿੰਘਾਸਣ ਉਪਰ ਆਪ ਜਾਏ ਚੜ੍ਹ, ਨਾ ਕੋਈ ਮੰਗੇ ਲੇਫ ਤਲਾਈਆ । ਜੀਵ ਹੰਕਾਰੀ ਲਏ ਫੜ, ਜਲ ਧਾਰਾ ਦਏ ਰੁੜ੍ਹਾਈਆ । ਸਚ ਕਿਨਾਰੇ ਆਪੇ ਖੜ੍ਹ, ਚੱਪੂ ਇਕ ਵਖਾਈਆ । ਸੰਤ ਸੁਹੇਲੇ ਜੁਗ ਜੁਗ ਫੜ, ਜੁਗ ਜੁਗ ਆਪੇ ਜੁਗਤ ਬਣਾਈਆ । ਮਨਮੁਖ ਰੁੜ੍ਹਾਏ ਵਹਿੰਦੇ ਹੜ੍ਹ, ਲਹਿੰਦੀ ਧਾਰ ਵਹਾਈਆ । ਲੱਖ ਚੁਰਾਸੀ ਆਪ ਸੁਹਾਏ ਗੋਰ ਮੜ੍ਹ, ਮੰਦਰ ਗੁਰਦਵਾਰੇ ਫੇਰਾ ਕੋਈ ਨਾ ਪਾਈਆ । ਤ੍ਰੈਗੁਣ ਮਾਇਆ ਜਾਏ ਸੜ, ਪੰਜ ਤਤ ਮਿਟੇ ਲੜਾਈਆ । ਨੌਂ ਖੰਡ ਪ੍ਰਿਥਮੀ ਏਕਾ ਅੱਖਰ ਜਾਏ ਪੜ੍ਹ, ਪ੍ਰਭ ਸਾਚੀ ਕਰੇ ਪੜ੍ਹਾਈਆ । ਸੀਸ ਤਾਜ ਸਾਚਾ ਧਰ, ਸੱਤਾਂ ਦੀਪਾਂ ਵੇਖ ਵਖਾਈਆ । ਸਤਿਜੁਗ ਸਾਚਾ ਮਾਤ ਧਰ, ਧਰਨੀ ਧਰਤ ਧਵਲ ਦਏ ਸੁਹਾਈਆ । ਰਾਜ ਜੋਗ ਤਖ਼ਤ ਤਾਜ ਸੁਲਤਾਨ ਇਕ ਕਰ, ਚਾਰ ਵਰਨ ਸੱਚੀ ਸਰਨਾਈਆ । ਆਤਮ ਸ਼ਬਦ ਬ੍ਰਹਮ ਗਿਆਨ, ਨਰ ਨਰਾਇਣ ਨੇਤਰ ਦਰਸ਼ਨ ਪਾਈਆ । ਅੰਮ੍ਰਿਤ ਭੰਡਾਰਾ ਸਾਚਾ ਭਰ, ਸਰ ਸਰੋਵਰ ਇਕ ਵਖਾਈਆ । ਗੁਰ ਗੋਬਿੰਦੇ ਮੰਗਿਆ ਵਰ, ਪ੍ਰਭ ਅੱਗੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਦੇਵੇ ਮਾਤ ਵਡਿਆਈਆ । ਮੇਲ ਮਿਲਾਵਾ ਸਾਚੇ ਘਰ, ਆਪਣਾ ਆਪ ਵਖਾਈਆ । ਸਚ ਸਰਨਾਈ ਜਾਏ ਪੜ੍ਹ, ਢਹਿ ਢਹਿ ਖ਼ੁਸ਼ੀ ਮਨਾਈਆ । ਅਗੰਮ ਅਗੰਮੜਾ ਅੱਗੇ ਖੜ੍ਹ, ਦੇਵੇ ਦਰਸ ਹਰ ਘਟ ਥਾਈਆ । ਸੰਮਤ ਚੌਦਾਂ ਚੌਦਾਂ ਕੱਤਕ ਵੇਖਿਆ ਘਰ, ਵੇਖਣਹਾਰ ਆਪ ਅਖਵਾਈਆ । ਨਾ ਜਨਮੇ ਨਾ ਜਾਏ ਮਰ,

੯੭੪
੦੬

ਗੋਬਿੰਦ ਤੇਰਾ ਸੰਗ ਨਿਭਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਜਾਇਣ ਹਰ, ਹਰਿ ਗੋਬਿੰਦ ਕਰੇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਦੇਵੇ ਮਾਣ ਵਡਿਆਈਆ ।

✻ ੧੪ ਕੱਤਕ ੨੦੧੪ ਬਿਕ੍ਰਮੀ ਮਹਾਰਾਜਾ ਜੁਗਿੰਦਰ ਸੈਨ ਨੂੰ ਸ਼ਬਦ ਭੇਜਿਆ ਮੰਡੀ ਸ਼ਹਿਰ ਹਿਮਾਚਲ ਪ੍ਰਦੇਸ਼ ✻

ਨਿਹਕਲੰਕ ਕਲ ਜੋਤ ਜਗਾਈ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਰਿਹਾ ਜਗਾਈ, ਸ਼ਬਦ ਡੰਕਾ ਇਕ ਵਜਾਈਆ । ਆਦਿਨ ਅੰਤਾ ਇਕ ਰਘੁਰਾਈ, ਦਵਾਰ ਬੰਕਾ ਇਕ ਸੁਹਾਈ, ਸਕੇਤ ਮੰਡੀ ਚਰਨ ਛੁਹਾਈਆ । ਚੌਦਾਂ ਕੱਤਕ ਦਿਵਸ ਸੁਹਾਈ, ਵੀਹ ਸੌ ਚੌਦਾਂ ਬਿਕ੍ਰਮੀ ਨਾਲ ਰਲਾਈ, ਦੇਵੇ ਵਡ ਵੱਡੀ ਵਡਿਆਈਆ । ਵੀਹ ਸੌ ਸੋਲਾਂ ਹਾੜੀ ਪਏ ਦੁਹਾਈ, ਸਤਾਰਾਂ ਪ੍ਰਵਿਸ਼ਟੇ ਲੇਖ ਲਿਖਾਈਆ । ਵੀਹ ਸਦ ਸਤਾਰਾਂ ਕੋਈ ਦਿਸੇ ਨਾਹੀਂ, ਰਾਣੀਆਂ ਰਾਜਿਆਂ ਸੰਗ ਛੁਡਾਈਆ । ਵੀਹ ਸੌ ਅਠਾਰਾਂ ਕੋਈ ਨਾ ਪਾਰ ਕਰਾਏ ਫੜ ਫੜ ਬਾਹੀਂ, ਜਲ ਧਾਰਾ ਦਏ ਰੁੜ੍ਹਾਈਆ । ਗੁਰਮੁਖ ਸਾਚੇ ਪ੍ਰਭ ਚਰਨ ਧਿਆਨ ਇਕ ਰਖਾਈ, ਫੜ ਬੇੜਾ ਬੰਨੇ ਲਾਈਆ । ਹਾੜ ਸਤਾਰਾਂ ਸੰਮਤ ਅਠਾਰਾਂ ਵੀਹ ਸੌ ਵੇਖ ਵਖਾਈ, ਪ੍ਰਭ ਆਏ ਫੇਰਾ ਪਾਈਆ । ਤਿੰਨ ਹਜ਼ਾਰ ਸੰਗ ਸੰਗ ਵੇਖ ਵਖਾਈ, ਕਲਜੁਗ ਅੰਤਮ ਵਾਰ । ਲਿਖਿਆ ਲੇਖ ਭੁੱਲਣਾ ਨਾਹੀ, ਭੁੱਲ ਜਾਏ ਸੰਸਾਰ । ਬਿਨ ਹਰਿ ਚਰਨ ਦਵਾਰੇ ਮੁੱਲ ਪੈਣਾ ਨਾਹੀ, ਕੌਡੀ ਕੌਡੀ ਜਗਤ ਹੱਟ ਪਸਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਮਤ ਚੌਦਾਂ ਕਰੇ ਖ਼ਬਰਦਾਰ । ਛੱਡਿਆ ਰਾਜ ਤਾਜ ਲੱਥਾ ਸੀਸ, ਪ੍ਰਭ ਹੱਥ ਵਡਿਆਈਆ । ਏਕਾ ਸਾਜਨ ਹਰਿ ਸ਼ਾਹੋ ਸ਼ਬੀਸ, ਆਦਿ ਅੰਤ ਹੋਏ ਸਹਾਈਆ । ਮੁਸਲਿਮ ਸੁੰਨੀ ਲੇਖਾ ਚੁੱਕੇ ਵਿਚ ਉਨੀਸ, ਅੱਲਾ ਰਾਣੀ ਮੁਖ ਛੁਪਾਈਆ । ਬੀਸ ਬੀਸਾ ਹਰਿ ਜਗਦੀਸ, ਛਤਰ ਸੀਸ ਇਕ ਝੁਲਾਈਆ । ਨੌਂ ਖੰਡ ਪ੍ਰਿਥਮੀ ਪੜ੍ਹਾਏ ਇਕ ਹਦੀਸ, ਵੀਹ ਸੌ ਇਕੀ ਵੇਖ ਵਖਾਈਆ । ਸ੍ਰਿਸ਼ਟ ਸਬਾਈ ਜਾਏ ਪੀਸ, ਨਾ ਕੋਈ ਸਕੇ ਬਚਾਈਆ । ਨਾ ਕੋਈ ਗਾਏ ਰਾਗ ਛਤੀਸ, ਵੇਦ (ਪੁਰਾਨ) ਨਾ ਕੋਈ ਸਮਝਾਈਆ । ਈਸਾ ਮੂਸਾ ਖਾਲੀ ਖੀਸ, ਅੰਜੀਲ ਕੁਰਾਨ ਬੈਠੇ ਮੁਖ ਛੁਪਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਚਾਰ ਵਰਨ ਪੜ੍ਹਾਈ ਹਰਿ ਜਗਦੀਸ, ਆਪਣੀ ਆਪ ਕਰਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰੋਂ ਕੁੰਟ ਜੈ ਜੈ ਜੈਕਾਰ, ਏਕਾ ਨਾਅਰਾ ਲਾਈਆ ।

✻ ੧੫ ਕੱਤਕ ੨੦੧੪ ਬਿਕ੍ਰਮੀ ਸਕੇਤ ਗੁਰੂਦਵਾਰੇ ਲਿਖਤ ਕਰਵਾਈ ✻

ਗੋਬਿੰਦ ਪੱਲਾ ਪਾ, ਏਕਾ ਰਾਹ ਵਖਾਨਿਆ । ਪੁਰਖ ਅਬਿਨਾਸ਼ੀ ਹੋ ਸਹਾ, ਮੰਗੇ ਵਰ ਹਰਿ ਪਰਧਾਨਿਆ । ਦਿਵਸ ਰੈਣ ਵੇਖਾਂ ਰਾਹ, ਏਕਾ ਓਟ ਰਖਾਨਿਆ । ਇਕਵੰਜਾ ਬਵੰਜਾ ਏਕਾ ਥਾਂ, ਮਿਲੇ ਮੇਲ ਗੁਣ ਨਿਧਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਵਰ ਸ੍ਰੀ ਭਗਵਾਨਿਆ । ਮਿਲਿਆ ਵਰ ਧੁਰ ਫ਼ਰਮਾਣਾ, ਅੰਤਮ ਵੱਜੇ ਵਧਾਈਆ । ਪਰਗਟ ਹੋਏ ਹਰਿ ਭਗਵਾਨਾ, ਲੋਕਮਾਤ ਜੋਤ ਜਗਾਈਆ ।

੯੭੫
੦੬

੯੭੬ ੦੬

ਸ੍ਰਿਸ਼ਟ ਸਬਾਈ ਖੇਲੇ ਖੇਲ ਮਹਾਨਾ, ਖੇਲੇ ਖੇਲ ਹਰਿ ਰਘੁਰਾਈਆ । ਗੁਰਮੁਖ ਸਾਚੇ ਚਤੁਰ ਸੁਜਾਨਾ, ਲੋਕਮਾਤ ਉਠਾਈਆ । ਸੰਮਤ ਚੌਦਾਂ ਮਾਰ ਧਿਆਨਾ, ਪਹਿਲੀ ਚੇਤਰ ਥਿਤ ਵਖਾਈਆ । ਪੰਦਰਾਂ ਕੱਤਕ ਗੁਣ ਨਿਧਾਨਾ, ਗੋਬਿੰਦ ਸੰਗ ਨਿਭਾਈਆ । ਸ਼ਬਦ ਖੰਡਾ ਤੀਰ ਕਮਾਨਾ, ਆਪਣੇ ਕੰਧ ਉਠਾਈਆ । ਦਿਸ ਨਾ ਆਏ ਨੌਜਵਾਨਾ, ਚੜ੍ਹਦੀ ਕਲਾ ਸਵਾਈਆ । ਗਣ ਗਧੰਰਬ ਉਠਾਏ ਪਵਣ ਮਸਾਣਾ, ਸੁੰਞ ਮਸਾਣਾ ਵੇਖ ਵਖਾਈਆ । ਤੋੜੇ ਮਾਣ ਜਗਤ ਅਭਿਮਾਨਾ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਏਕਾ ਚਿੱਲਾ ਤੀਰ ਕਮਾਨਾ, ਨਾਮ ਨਿਧਾਨਾ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਮੇਲ ਮਿਲਾਈਆ । ਗੋਬਿੰਦ ਗੁਰ ਨੈਣ ਉਠਾ, ਚਾਰੋਂ ਕੁੰਟ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਵੇਖੇ ਥਾਉਂ ਥਾਂ, ਹਰ ਘਟ ਰਿਹਾ ਸਮਾਈਆ । ਕਲਜੁਗ ਤੇਰਾ ਅੰਤਮ ਕਰੇ ਸਚ ਨਿਆਂ, ਵਡ ਦਾਤਾ ਬੇਪਰਵਾਹੀਆ । ਇਕ ਇਕੱਲਾ ਅਗੰਮ ਅਥਾਹ, ਅਗੰਮ ਅਗੰਮੜਾ ਭੇਖ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਗੁਰ ਗੋਬਿੰਦੇ ਕਰ ਅਰਦਾਸ, ਇਕ ਜੈਕਾਰਾ ਲਾਇਆ । ਪੁਰਖ ਅਬਿਨਾਸ਼ੀ ਵਸਿਆ ਪਾਸ, ਸ਼ਬਦ ਹੁਲਾਰਾ ਇਕ ਰਖਾਇਆ । ਸੋਹੰ ਸੋ ਸਵਾਸ ਸਵਾਸ, ਗੁਰ ਮੰਤਰ ਨਾਮ ਦ੍ਰਿੜਾਇਆ । ਹੋਏ ਸਹਾਈ ਪ੍ਰਿਥਮੀ ਆਕਾਸ਼, ਗਗਨ ਪਾਤਾਲਾਂ ਵੇਖ ਵਖਾਇਆ । ਸਤਿਜੁਗ ਸਾਚੀ ਪਾਵੇ ਰਾਸ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਦਿਤਾ ਵਰ, ਸੱਜਣ ਮੀਤਾ ਆਪ ਹੋ ਆਇਆ । ਗੁਰ ਗੋਬਿੰਦਾ ਵਰ ਘਰ ਪਾ, ਨੇਤਰ ਨੈਣ ਮੁੰਧਾਰਿਆ । ਅੰਤਰ ਮੰਤਰ ਏਕਾ ਗਾ, ਦਿਵਸ ਰੈਣ ਜੈ ਜੈ ਜੈਕਾਰਿਆ । ਆਪ ਆਪਣਾ ਭੇਟ ਚੜ੍ਹਾ, ਆਪਾ ਉਤੋਂ ਵਾਰਿਆ । ਏਕਾ ਪੱਲਾ ਹਰਿ ਫੜਾ, ਦੇਵੇ ਜਗਤ ਸਹਾਰਿਆ । ਵੇਲੇ ਅੰਤਮ ਪਕੜੇ ਬਾਂਹ, ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਕਾਇਆ ਸਾਚਾ ਵਰ, ਆਤਮ ਅੰਤਮ ਏਕਾ ਸੁਣਾ ਰਿਹਾ । ਗੋਬਿੰਦ ਗੁਰ ਸ਼ਬਦ ਸੁਣਿਆ ਰਾਗ, ਸਾਚੀ ਵੱਜੀ ਵਧਾਈਆ । ਪੁਰੀ ਅਨੰਦ ਜਾਣਾ ਤਿਆਗ, ਕੋਇ ਰਹਿਣ ਨਾ ਪਾਈਆ । ਕਾਇਆ ਸਕੇਤ ਜਗਤ ਸਕੇਤ ਲੱਗੇ ਭਾਗ, ਪ੍ਰਭ ਨੇਤਨ ਨੇਤ ਵੇਖ ਵਖਾਈਆ । ਸ਼ਬਦ ਜਣਾਈ ਜਿਨ ਪ੍ਰੇਤ, ਗਣ ਗਧੰਰਬ ਰਿਹਾ ਹਿਲਾਈਆ । ਦੋ ਜਹਾਨਾਂ ਖੇਵਟ ਖੇਟ, ਭਗਤਨ ਬੇੜਾ ਆਪ ਚਲਾਈਆ । ਗੁਰਮੁਖ ਸਾਚੇ ਕਲਜੁਗ ਅੰਤਮ ਲਏ ਲਪੇਟ, ਸ਼ਬਦ ਦੁਸ਼ਾਲਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੰਮਤ ਅਠਾਰਾਂ ਤੇਰੀ ਧਾਰ, ਆਪਣੇ ਹੱਥ ਰਖਾਈਆ । ਸੰਮਤ ਅਠਾਰਾਂ ਜਾਏ ਚੜ੍ਹ, ਚੜ੍ਹਦੀ ਧਾਰ ਵਹਾਈਆ । ਪੁਰਖ ਅਬਿਨਾਸ਼ੀ ਗਿਆ ਖੜ੍ਹ, ਆਪਣੀ ਦਇਆ ਕਮਾਈਆ । ਆਪ ਲਗਾਏ ਜਨ ਭਗਤਾਂ ਜੜ੍ਹ, ਚਰਨ ਸਾਚਾ ਇਕ ਟਿਕਾਈਆ । ਨਾ ਕੋਈ ਸੀਸ ਨਾ ਕੋਈ ਧੜ, ਵੇਖਣ ਵਿਚ ਕਿਸੇ ਨਾ ਆਈਆ । ਗੁਰਮੁਖ ਸਾਜਣ ਮੀਤ ਮੁਰਾਰ ਸਾਚੇ ਫੜ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਕੇਤ ਗੁਰ ਗੋਬਿੰਦੇ ਕਰਿਆ ਹੇਤ, ਪ੍ਰਭ ਸਾਚਾ ਲੇਖੇ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ ।

੯੭੬ ੦੬

### ❊ ੧੯ ਕੱਤਕ ੨੦੧੪ ਬਿਕ੍ਰਮੀ ਗੁਰੂਦਵਾਰਾ ਰਵਾਲ ਸਰ ਲਿਖਤ ਹੋਈ ❊

ਖੜਗ ਭੂਪ ਸਰਬ ਠੌਰ, ਕਰੇ ਭੇਖ ਅਕਾਲੰ । ਸਤਿ ਸਰੂਪ ਗਹਿਰ ਗਵਰ, ਦੀਨਾਂ ਨਾਥ ਦਿਆਲੰ । ਦਹਿ ਦਿਸ਼ਾ ਚਾਰੇ ਕੂਟ, ਵੇਖ ਵਖਾਣੇ ਓਅੰ । ਕਿਰਪਾ ਨਿਧ ਕਿਰਪਾਲੰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਦੋ ਜਹਾਨੰ । ਅਕਾਲੰ ਅਨੂਪਾ, ਸਰਬਗ ਸੂਰ ਦਾਤਾ । ਮਹਿੰਮਾ ਅਨੂਪਾ, ਜਗਤ ਪਿਤ ਮਾਤਾ । ਕਰੇ ਪਰਕਾਸ਼ ਅੰਧ ਕੂਪਾ, ਸਰਬ ਸ੍ਰਿਸ਼ਟ ਗਿਆਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਪੁਰਖ ਬਿਧਾਤਾ । ਦਿਆਲ ਕਰਤਾ ਦੁੱਖ ਰੋਗ ਬਿਦਾਰਨੰ, ਸਹਿਜ ਸੁੱਖ ਸਮਾਇਆ । ਸ੍ਰਿਸ਼ਟ ਹਰਤਾ ਗੁਰਮੁਖ ਅਧਾਰੰ, ਜੋਤੀ ਜੋਤ ਜਗਾਇਆ । ਦਰਵੇਸ਼ ਦਾਤਾ ਕਾਜ ਸਵਾਰਨੰ, ਲੋਕਮਾਤ ਆਇਆ । ਗੋਬਿੰਦ ਦਾਤਾ ਮਰਗਿੰਦ ਚਿੰਦ ਨਿਵਾਰਨੰ, ਪਾਰਬ੍ਰਹਮ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਮਾ ਨਾਮਾ ਏਕਾ ਪਾਇਆ । ਜਾਮਾ ਜਾਮਾ ਨਰ ਨਰਾਇਣ, ਨਰ ਹਰਿ ਨਿਰਗੁਣ ਜੋਤ ਜਗਾਈਆ । ਆਪੇ ਦੇਵਣਹਾਰਾ ਵਰ, ਦਰ ਦਵਾਰ ਖ਼ੁਸ਼ੀ ਮਨਾਈਆ । ਗੋਬਿੰਦ ਕਿਰਪਾ ਆਪੇ ਕਰ, ਨਿਹਕਰਮ ਰੂਪ ਵਖਾਈਆ । ਲੋਕਮਾਤੀ ਜਨਮ ਧਰ, ਪੂਤ ਸਪੂਤਾ ਉਪਾਈਆ । ਚਰਨ ਟੇਕ ਇਕ ਕਰ, ਅੰਮ੍ਰਿਤ ਆਤਮ ਮੁਖ ਚੁਆਈਆ । ਕਾਇਆ ਸਦਾ ਬਿਬੇਕ ਹਰਿ, ਗੋਬਿੰਦ ਗੁਰ ਵਖਾਈਆ । ਪੁਰਖ ਅਬਿਨਾਸ਼ੀ ਰਿਹਾ ਪੜ੍ਹ, ਏਕਾ ਅੱਖਰ ਜਗਤ ਵਿਦਿਆ ਸਚ ਪੜ੍ਹਾਈਆ । ਕਿਲ੍ਹਾ ਕੋਟ ਨਾ ਦਿਸੇ ਗੜ੍ਹ, ਤੀਰ ਤਲਵਾਰ ਦਿਸ ਨਾ ਆਈਆ । ਨੈਣਾਂ ਹਵਨ ਨਾ ਰਿਹਾ ਕਰ, ਜੋਤ ਜਵਾਲਾ ਲਲਾਟ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਵੇਖੇ ਗੋਬਿੰਦ ਸਾਈਆ । ਪੁਰੀ ਅਨੰਦ ਜਗਤ ਮਕਾਨਾ, ਗੋਬਿੰਦ ਹਰਿ ਸਮਝਾਇਆ । ਅੰਤਮ ਛੱਡਣਾ ਮਾਤ ਟਿਕਾਨਾ, ਥਿਰ ਰਹਿਣ ਨਾ ਪਾਇਆ । ਜੋਧਾ ਸੂਰ ਬਲੀ ਬਲਵਾਨਾ, ਬਲ ਵੇਖੇ ਸ੍ਰਿਸ਼ਟ ਸਬਾਇਆ । ਸਗਲਾ ਸੰਗ ਜਨ ਨੌਜਵਾਨਾ, ਸਗਲਾ ਸਾਥ ਨਾ ਕੋਈ ਨਿਭਾਇਆ । ਢਹਿ ਢਹਿ ਢੇਰੀ ਵਿਚ ਮੈਦਾਨਾ, ਇਕ ਨਿਸ਼ਾਨਾ ਰਿਹਾ ਕਰਾਇਆ । ਏਕਾ ਏਕ ਸ੍ਰੀ ਭਗਵਾਨਾ, ਖੇਲੇ ਖੇਲ ਖੇਲਣਹਾਰ ਆਪ ਅਖਵਾਇਆ । ਮਰਦ ਕਾ ਚੇਲਾ ਬਣ ਮਰਦਾਨਾ, ਏਕਾ ਮਰਦੰਗਾ ਨਾਮ ਵਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਗੁਰ ਦੇ ਮਤ ਆਪ ਸਮਝਾਇਆ । ਗੋਬਿੰਦ ਗੁਰ ਬਾਲ ਨਿਧਾਨ, ਹਰਿ ਸ਼ਬਦ ਕਰੇ ਜਣਾਈਆ । ਏਕਾ ਚਿੱਲਾ ਇਕ ਕਮਾਨ, ਪ੍ਰਭ ਏਕਾ ਤੀਰ ਚਲਾਈਆ । ਸੋਹੰ ਸੋ ਸਚ ਗਿਆਨ, ਸਮਰਥ ਸਮਰਥ ਸਮਰਥ ਸਮਾਈਆ । ਸਤਿਜੁਗ ਸਾਚੇ ਹੋ ਪਰਧਾਨ, ਸਤਿ ਸਤਿਵੰਤਾ ਜੋਗ ਕਮਾਈਆ । ਵਰਨ ਬਰਨ ਸਰਬ ਮਿਟ ਜਾਣ, ਆਪਣੀ ਨੀਤੀ ਤੇਰੀ ਜੜ੍ਹ ਟਿਕਾਈਆ । ਮੇਲ ਮਿਲਾਏ ਹਰਿ ਹਰਿ ਆਣ, ਅੰਤਮ ਖੋਜ ਖੁਜਾਈਆ । ਦੂਰ ਦੁਰਾਡਾ ਵੇਖੇ ਮਾਰ ਧਿਆਨ, ਘਰ ਸਾਚੇ ਆਸਣ ਲਾਈਆ । ਧਰਮ ਝੁਲਾਏ ਇਕ ਨਿਸ਼ਾਨ, ਸੱਤ ਰੰਗਾਂ ਵੇਖ ਵਖਾਈਆ । ਨਿਰਗੁਣ ਪਾਏ ਏਕਾ ਆਣ, ਸਰਗੁਣ ਸੀਸ ਝੁਕਾਈਆ । ਖੇਲੇ ਖੇਲ ਸ੍ਰੀ ਭਗਵਾਨ, ਅਚਰਜ ਰੀਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵੇਖੇ ਹਰਿ ਵਖਾਈਆ । ਗੋਬਿੰਦ ਗੁਰ ਕਰ ਧਿਆਨ, ਚਰਨੀ ਸੀਸ ਨਿਵਾਇਆ । ਪ੍ਰਭ ਅਬਿਨਾਸ਼ੀ ਤੇਰਾ ਧੁਰ ਫ਼ਰਮਾਣ, ਆਪ ਆਪਣਾ ਝੋਲੀ ਪਾਇਆ । ਅੱਠੇ ਪਹਿਰ ਹੋਣਾ ਨਿਗਹਬਾਨ, ਏਕਾ ਤੇਰੀ ਓਟ ਰਖਾਇਆ । ਪੁਰੀ ਅਨੰਦ ਜਗਤ ਮੈਦਾਨ, ਸ਼ਾਹ ਅਫਗਾਨ

੬੭੮
੦੬

ਬਣਾਇਆ । ਕਿਲ੍ਹਾ ਕੋਟ ਸਰਬ ਤਜ ਜਾਣ, ਅੰਨ ਦਾਤਾ ਹੱਥ ਨਾ ਆਇਆ । ਏਕਾ ਸੁਰਤ ਇਕ ਗਿਆਨ, ਏਕਾ ਨਾਮ ਦ੍ਰਿੜਾਇਆ । ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸਾਰੇ ਗਾਣ, ਵਾਹ ਵਾਹ ਗੁਰੂ ਕਿਸੇ ਨਾ ਪਾਇਆ । ਗੋਬਿੰਦ ਗੋਬਿੰਦ ਗੋਬਿੰਦ ਵੇਖਣ ਨੈਣ ਨਿਸ਼ਾਨ, ਗੋਬਿੰਦ ਹਿਰਦੇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਦੇਵੇ ਸਾਚਾ ਵਰ, ਸਚ ਗਿਆਨ ਦ੍ਰਿੜਾਇਆ । ਗੁਰ ਗੋਬਿੰਦ ਪੁਰਖ ਅਕਾਲ, ਏਕਾ ਜੋਤ ਸਮਾਈਆ । ਦੇਵਣਹਾਰਾ ਦੀਨ ਦਿਆਲ, ਦਇਆ ਰੂਪ ਅਖਵਾਈਆ । ਹਰਖ਼ ਸੋਗ ਤੇ ਰਹੇ ਨਿਰਾਲ, ਚਿੰਤਾ ਰੋਗ ਨੇੜ ਨਾ ਆਈਆ । ਪਿਤਾ ਪੂਤ ਬਣ ਸਾਚਾ ਬਾਲ, ਸਚ ਸਮਗਰੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਸੋ ਧੁਰ ਸੰਦੇਸ਼ ਹਰਿ ਦਸਮੇਸ਼, ਏਕਾ ਏਕ ਅਲਾਇਆ । ਗੁਰਮੁਖ ਉਧਾਰੇ ਧਾਰੀ ਕੇਸ, ਮੂੰਡ ਮੁੰਡਾਇਆ ਵੇਖ ਵਖਾਇਆ । ਅੰਤਮ ਮੇਲਾ ਮਾਝੇ ਦੇਸ, ਤੇਰਾ ਮੇਰਾ ਰੂਪ ਸਮਾਇਆ । ਆਦਿ ਪੁਰਖ ਹੋਏ ਨਰ ਨਰੇਸ਼, ਗੋਬਿੰਦ ਚੇਲਾ ਸਾਚਾ ਸਾਚੀ ਸੇਵਾ ਲਾਇਆ । ਆਪ ਵਟਾਏ ਆਪਣਾ ਵੇਸ, ਕਰਤਾ ਪੁਰਖ ਖੇਲ ਰਚਾਇਆ । ਸੇਵਕ ਸਿੱਖ ਉਧਾਰੇ ਜੋ ਲਾਏ ਤੇਰੀ ਸੇਵ, ਬੇੜਾ ਬੰਨੇ ਲਾਇਆ । ਨਾ ਕੋਈ ਜਾਪ ਜਪਾਏ ਰਸਨਾ ਜਿਹਵ, ਸ਼ਸਤਰ ਬਸਤਰ ਇਕ ਸਜਾਇਆ । ਪੁਰਖ ਨਿਰੰਜਣ ਅਲੱਖ ਅਭੇਵ, ਵਡ ਦੇਵੀ ਦੇਵ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਿਤਾ ਵਰ, ਏਕਾ ਮੰਤਰ ਨਾਮ ਦ੍ਰਿੜਾਇਆ । ਗੁਰ ਗੋਬਿੰਦ ਝੋਲੀ ਪਾ, ਏਕਾ ਓਟ ਰਖਾਈਆ । ਗੁਰਮੁਖ ਸਾਚੇ ਮਾਤ ਉਪਾ, ਸਾਚੇ ਸ਼ਬਦ ਜਣਾਈਆ । ਅਕਾਲ ਪੁਰਖ ਹੋਏ ਸਹਾ, ਸਾਚੀ ਚੋਟ ਨਗਾਰੇ ਲਾਈਆ । ਪੁਰੀ ਅਨੰਦ ਵੇਖ ਵਖਾ, ਗੋਬਿੰਦ ਗੜ੍ਹ ਸੁਹਾਈਆ । ਪਾਰਬ੍ਰਹਮ ਪ੍ਰਭ ਰਿਹਾ ਜਣਾ, ਅੱਠੇ ਪਹਿਰ ਜਗਾਈਆ । ਕਲਜੁਗ ਵੇਲਾ ਅੰਤਮ ਰਿਹਾ ਆ, ਪ੍ਰਭ ਸਾਚਾ ਕਰੇ ਲੜਾਈਆ । ਲੱਖ ਚੁਰਾਸੀ ਦਏ ਖਪਾ, ਆਪ ਆਪਣੀ ਬਣਤ ਬਣਾਈਆ । ਗੋਬਿੰਦ ਤੇਰੀ ਸੇਵਾ ਲਾ, ਆਪਣਾ ਨਾਉਂ ਧਰਾਈਆ । ਅੰਤਮ ਜੋਤੀ ਲਏ ਮਿਲਾ, ਗੋਦਾਵਰੀ ਕੰਢਾ ਇਕ ਸੁਹਾਈਆ । ਨਾਨਕ ਲਹਿਣਾ ਦੇਣਾ ਮੂਲ ਚੁਕਾ, ਨਦੇੜ ਨਬੇੜਾ ਹੱਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਸੰਦੇਸ਼ ਰਿਹਾ ਸੁਣਾਈਆ । ਗੁਰ ਗੋਬਿੰਦ ਸੁਣ ਸੰਦੇਸ਼, ਨੇਤਰ ਨੀਰ ਵਹਾਇੰਦਾ । ਜਾਮਾ ਜਾਏ ਦਸ ਦਸਮੇਸ਼, ਹਰਿ ਜੋਤੀ ਨੂਰ ਸਮਾਇੰਦਾ । ਅੰਤਮ ਆਉਣਾ ਮਾਝੇ ਦੇਸ, ਸੰਬਲ ਨਗਰੀ ਨਾਉਂ ਰਖਾਇੰਦਾ । ਬਾਲ ਜਵਾਨੀ ਅੱਲੜ੍ਹ ਵਰੇਸ, ਗੁਰ ਨਿਧਾਨੀ ਦਇਆ ਕਮਾਇੰਦਾ । ਭੇਖ ਅਵਲੜਾ ਕਰੇ ਵੇਸ, ਦਿਸ ਕਿਸੇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੂਪ ਵਟਾਇੰਦਾ । ਪੁਰਖ ਅਬਿਨਾਸ਼ੀ ਸ਼ਬਦ ਜਣਾਈ, ਗੋਬਿੰਦ ਵੇਖ ਵਖਾਇਆ । ਗੁਰ ਗੋਬਿੰਦਾ ਕਰੇ ਲੜਾਈ, ਅਸਤਰ ਸ਼ਸਤਰ ਬਸਤਰ ਤਨ ਪਹਿਨਾਇਆ । ਫਤਿਹ ਡੰਕ ਨਾ ਕੋਈ ਵਜਾਈ, ਹਰਿ ਭਾਣਾ ਆਪਣੇ ਹੱਥ ਰਖਾਇਆ । ਅੰਤ ਵਿਛੋੜਾ ਸਾਚੇ ਮਾਹੀ, ਘੋੜਾ ਜੋੜਾ ਦਿਸ ਨਾ ਆਇਆ । ਪੁਰਖ ਅਬਿਨਾਸ਼ੀ ਪਕੜੇ ਬਾਂਹੀ, ਜੋਤੀ ਜੋਤ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਲਸ਼ਕਰ ਸ਼ਾਹੀ ਫੌਜ ਸਾਚੇ ਕਿਲ੍ਹੇ ਰਿਹਾ ਵਖਾਇਆ । ਸਾਚਾ ਲਸ਼ਕਰ ਹਰਿ ਗੁਣ ਨਿਧਾਨ, ਏਕਾ ਏਕ ਵਖਾਇੰਦਾ । ਗੁਰ ਗੋਬਿੰਦੇ ਵੇਖੇ ਮਾਰ ਧਿਆਨ, ਪੁਰਖ ਅਬਿਨਾਸ਼ੀ ਆਪਣੇ ਹੱਥ ਰਖਾਇੰਦਾ । ਕਰੋੜ ਛਿਆਨਵੇ ਇਕ ਮਿਆਨ, ਏਕਾ ਗਾਤਰੇ ਪਾਇੰਦਾ । ਏਕਾ ਦੇਵੇ ਨਾਮ ਕਿਰਪਾਨ,

੯੭੯
੦੬

ਤਿੱਖੀ ਧਾਰ ਰਖਾਇੰਦਾ । ਲੱਖ ਚੁਰਾਸੀ ਪੀਣ ਖਾਣ, ਸਾਚਾ ਤਾਮ ਬਣਾਇੰਦਾ । ਜੁਗ ਜੁਗ ਮੇਟਣ ਜਗਤ ਨਿਸ਼ਾਨ, ਬਾਹੂ ਬਲ ਵਖਾਇੰਦਾ । ਏਕਾ ਫੜ ਤੀਰ ਨਿਸ਼ਾਨ, ਪੁਰਖ ਅਬਿਨਾਸ਼ੀ ਆਪਣਾ ਆਪ ਉਠਾਇੰਦਾ । ਥਿਰ ਘਰ ਵਾਸੀ ਗੁਣ ਨਿਧਾਨ, ਘਨਕਪੁਰ ਵਾਸੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਅੰਤਮ ਵਰ, ਆਪੇ ਵੇਖ ਵਖਾਇੰਦਾ । ਗੁਰ ਗੋਬਿੰਦਾ ਨੈਣ ਉਘਾੜੀ, ਚਾਰੋਂ ਕੁੰਟ ਵਖਾਨਿਆ । ਕਵਣ ਕੂਟ ਹਰਿ ਖੇਲ ਖਿਲਾੜੀ, ਕਲਜੁਗ ਅੰਤਮ ਵੇਖੇ ਮਾਰ ਧਿਆਨਿਆ । ਮੁੱਛ ਕੇਸ ਨਾ ਦਿਸੇ ਦਾਹੜੀ, ਹਰਿ ਦਾਤਾ ਗੁਣ ਨਿਧਾਨਿਆ । ਜੰਗਲ ਜੂਹ ਉਜਾੜ ਪਹਾੜੀ, ਉਚੇ ਟਿੱਲੇ ਵੇਖ ਵਖਾਨਿਆ । ਤ੍ਰੈਗੁਣ ਮਾਇਆ ਸ੍ਰਿਸ਼ਟ ਸਬਾਈ ਰਹੀ ਸਾੜੀ, ਨਾ ਕੋਈ ਹੋਏ ਦਰ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਮੇਲਾ ਹਰਿ ਭਗਵਾਨਿਆ । ਗੋਬਿੰਦ ਗੁਰ ਉਠ ਉਠ ਵੇਖ, ਨੇਤਰ ਨੀਰ ਵਹਾਈਆ । ਪਾਰਬ੍ਰਹਮ ਤੇਰਾ ਕੋਈ ਨਾ ਦਿਸੇ ਰੇਖ, ਰੂਪ ਰੰਗ ਦਿਸ ਨਾ ਆਈਆ । ਅਕਾਲ ਮੂਰਤ ਤੇਰਾ ਅਵਲੜਾ ਵੇਸ, ਨਾਦ ਤੁਰਤ ਰਿਹਾ ਸੁਣਾਈਆ । ਗੋਬਿੰਦ ਗਾਇਆ ਰਸਨਾ ਜਿਹਵਾ ਦਸ ਦਸਮੇਸ਼, ਗੁਣ ਰਸਨਾ ਆਖ ਵਖਾਈਆ । ਨਿਰਭੌ ਨਿਰਵੈਰ ਮੇਰੀ ਸਦਾ ਆਦੇਸ, ਅਜੂਨੀ ਰਹਿਤ ਵੇਖ ਵਖਾਈਆ । ਸੈਭੰ ਓਅੰ ਸੋਹੰ, ਸਤਿ ਪੁਰਖ ਆਪ ਅਖਵਾਈਆ । ਜਾਪ ਸਾਹਿਬ ਤੇਰਾ ਭੇਵ ਖੋਲੰ ਇਕ ਸੌ ਨੜ੍ਹਿਨਵੇ ਛੰਤ ਬੈਂਤ ਕਵੀਓ ਵਾਚ ਬੇਨੰਤੀ ਅਕਾਲ ਪਰਗਟ ਦੀਨ ਦਿਆਲੰ ਸਰਬ ਪ੍ਰਿਤਪਾਲੰ ਗੁਰਮੁਖ ਉਧਾਰਨੰ ਓਟ ਚੋਟ ਨਰ ਨਰਾਇਣੰ ਏਕਾ ਏਕ ਰਖਾਈਆ । ਹਰਿ ਸ਼ਬਦ ਸ਼ਬਦ ਗਿਆਨੰ, ਗੁਰ ਮੰਤਰੰ ਸਰਬ ਹਰਨੰ ਦੁੱਖ ਰੋਗ ਬਵਰਜਤਿਹ ਗੁਰ ਗੋਬਿੰਦ ਵਾਰਨੰ ਹਰਿ ਦਰਸ ਨੈਣੰ ਪਾਇਆ । ਨਰੈਣੰ ਸ਼ਬਦ ਖੰਡਾ ਤੇਜ ਕਟਾਰੰ, ਸਦਾ ਸਦਾ ਸਦਾ ਗਰਜਤਿਹ । ਬ੍ਰਹਿਮੰਡ ਖੋਜੰ ਤੇਜ ਪਰਚੰਡ ਲੋਚੰ ਜੇਰਜ ਅੰਡੰ ਕਰੇ ਖੰਡ ਖੰਡ ਕਰਤਾ ਪੁਰਖਤਿਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਿਤਾ ਵਰ, ਏਕਾ ਨਾਮ ਅੱਖਰ ਵੱਖਰ ਜਗ ਪੜ੍ਹਤੇ । ਗੁਰ ਗੋਬਿੰਦ ਸੁਨ ਅਗੰਮ, ਚਰਨ ਕਵਲ ਚਿਤ ਲਾਈਆ । ਪੁਰਖ ਅਬਿਨਾਸ਼ੀ ਤੇਰਾ ਕੰਮ, ਤੇਰੀ ਓਟ ਰਖਾਈਆ । ਗਗਨ ਰਹਾਏ ਬਿਨ ਬਿਨ ਥੰਮ, ਏਕਾ ਥੰਮ ਨਾਮ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਿਤਾ ਵਰ, ਏਕਾ ਧਾਮ ਵਖਾਈਆ । ਏਕਾ ਧਾਮ ਹਰਿ ਵਖਾ, ਆਪਣੀ ਕਲ ਵਰਤਾਈਆ । ਆਦਿ ਪੁਰਖ ਲੇਖਾ ਲੇਖ ਰਿਹਾ ਲਿਖਾ, ਲਿਖਣਹਾਰ ਰਿਹਾ ਸਮਝਾਈਆ । ਧਾਰੀ ਕੇਸਾ ਲਏ ਬਚਾ, ਮੂੰਡ ਮੁੰਡਾਏ ਜੋ ਸਰਨਾਈਆ । ਕਲਜੁਗ ਅੰਤਮ ਜੋਤ ਜਗਾ, ਨਿਹਕਲੰਕਾ ਨਾਉਂ ਰਖਾਈਆ । ਸੰਬਲ ਨਗਰੀ ਧਾਮ ਸੁਹਾ, ਪੂਤ ਸਪੂਤਾ ਲਏ ਉਪਾਈਆ । ਏਕਾ ਦੂਜਾ ਭੌ ਮਿਟਾ, ਤੇਰੇ ਅੰਦਰ ਜਾਏ ਸਮਾਈਆ । ਪੰਜ ਤਤ ਕਾਇਆ ਤੇਰਾ ਗਹਿਣਾ ਪਾ, ਆਪ ਆਪਣਾ ਲਏ ਛੁਪਾਈਆ । ਬਸਤਰ ਸ਼ਸਤਰ ਇਕ ਸਜਾ, ਏਕਾ ਖੰਡਾ ਹੱਥ ਉਠਾਈਆ । ਤਨ ਮਿਆਨ ਇਕ ਜਣਾ, ਸਚ ਗਾਤਰੇ ਲਏ ਲਟਕਾਈਆ । ਸ਼ਬਦ ਘੋੜਾ ਇਕ ਦੁੜਾ, ਲੋਆਂ ਪੁਰੀਆਂ ਵੇਖ ਵਖਾਈਆ । ਸੋਲਾਂ ਕਲੀਆਂ ਆਸਣ ਲਾ, ਨੌਂ ਸੱਤ ਕਰੇ ਰੁਸ਼ਨਾਈਆ । ਪਹਿਲਾ ਪੌੜਾ ਆਪ ਉਠਾ, ਲਹਿੰਦੀ ਦਿਸ਼ਾ ਵੇਖ ਵਖਾਈਆ । ਜੋਤੀ ਜੋੜਾ ਮੇਲ ਮਿਲਾ, ਆਪਣੀ ਰਚਨ ਰਚਾਈਆ । ਸੱਸੇ ਉਪਰ ਹੋੜਾ ਲਾ, ਸਾਚਾ ਕਿਲ੍ਹਾ ਦਏ ਬਣਾਈਆ । ਨਿਰਗੁਣ ਸਰਗੁਣ ਖੇਲ ਖਿਲਾ, ਲੱਖ ਚੁਰਾਸੀ ਖੇਲ ਖਿਲਾਈਆ । ਹੰ ਹੰਗਤਾ ਦਏ ਮਿਟਾ, ਗੁਰਮੁਖ ਸਾਚੇ ਸੰਗ ਰਲਾਈਆ । ਸਾਚੀ ਸੰਗਤਾ ਲਏ ਬਣਾ, ਏਕਾ ਇੱਕੀ ਪਾਈਆ । ਚੌਦਾਂ ਲੋਕਾਂ

ਦਏ ਸੁਣਾ, ਏਕਾ ਸ਼ਬਦ ਜਣਾਈਆ । ਚੌਦਾਂ ਤਬਕਾਂ ਦਏ ਮਿਟਾ, ਨਾ ਕੋਈ ਸਕੇ ਕਿਸੇ ਬਚਾਈਆ । ਸੰਮਤ ਚੌਦਾਂ ਵੇਖ ਵਖਾ, ਗੁਰਮੁਖਾਂ ਲਏ ਤਰਾਈਆ । ਘਰ ਘਰ ਜਾ ਜਾ ਫੇਰਾ ਪਾ, ਆਪ ਆਪਣਾ ਫਰਜ ਕਰਜ਼ ਸਿਰ ਤੋਂ ਲਾਹੀਆ । ਫਿਰ ਆਪਣੀ ਜੋਤ ਜਗਾ, ਉਚੇ ਟਿੱਲੇ ਪਰਬਤ ਵੇਖ ਵਖਾਈਆ । ਗੋਬਿੰਦੇ ਤੇਰਾ ਵੇਖਣਾ ਪਹਿਲਾ ਥਾਂ, ਪ੍ਰਭ ਸਾਚਾ ਕਰੇ ਜਣਾਈਆ । ਗੁਰ ਗੋਬਿੰਦੇ ਚੜ੍ਹਿਆ ਚਾਅ, ਸਤਾਰਾਂ ਸੌ ਬਿਕ੍ਰਮੀ ਖ਼ੁਸ਼ੀ ਮਨਾਈਆ । ਚਰਨ ਛੁਹਾਇਆ ਆਪਣਾ ਆ, ਲਹਿੰਦੀ ਦਿਸ਼ਾ ਮੁਖ ਰਖਾਈਆ । ਏਕਾ ਚਿਲਾ ਲਿਆ ਉਠਾ, ਇਕ ਕਮਾਨ ਖਿਚਾਈਆ । ਭੈ ਨਿਰਭੈ ਰੂਪ ਵਖਾ, ਨਿਰਗੁਣ ਵਿਚ ਸਮਾਈਆ । ਏਕਾ ਜੈ ਨਾਮ ਬੁਲਾ, ਜੈਕਾਰਾ ਸਾਚਾ ਲਾਈਆ । ਵਾਹਿਗੁਰੂ ਅੱਖਰ ਅੱਖਰ ਪੜ੍ਹਾ, ਵੱਖਰੀ ਬਣਤ ਬਣਾਈਆ । ਸੋਹੰ ਸੋ ਮਣੀਆ ਮੰਤ ਗਿਆ ਸਮਾ, ਸੋ ਪੁਰਖ ਨਿਰੰਜਣ ਚਰਨ ਕਵਲ ਇਕ ਦਰਸਾਈਆ । ਏਕਾ ਚਿੱਲਾ ਲਿਆ ਖਿਚਾ, ਚਾਰੋਂ ਕੁੰਟ ਪਰਬਤ ਦੇਣ ਦੁਹਾਈਆ । ਰਵਾਲ ਨਿਮਾਣਾ ਚਰਨੀ ਡਿੱਗੇ ਆ, ਘਰ ਸਾਚਾ ਵੇਖ ਵਖਾਈਆ । ਗੁਰੂ ਗੋਬਿੰਦੇ ਪਕੜੀ ਬਾਂਹ, ਦੇ ਮਤ ਆਪ ਉਠਾਈਆ । ਮੇਲ ਮਿਲਾਵਾ ਸਾਚੇ ਥਾਂ, ਜੋਧਿਆਂ ਸੂਰਬੀਰਾਂ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਵਰ ਗਿਆ ਸਮਝਾਈਆ । ਰਵਾਲ ਦਿਆਲ ਮੇਲ ਕਰ, ਸਤਿਜੁਗ ਪਾਰ ਕਰਾਇਆ । ਬਲ ਬਾਵਨ ਭੇਖ ਧਰ, ਅੰਗੀ ਅੰਗ ਲਗਾਇਆ । ਰਿਸ਼ੀ ਕੇਸ਼ ਵੇਸ ਕਰ, ਗਵਰਧਨ ਰੂਪ ਅਲਾਇਆ । ਅੰਤਮ ਮੇਲਾ ਦਸ ਦਸਮੇਸ਼ ਕਰ, ਦਰ ਦਰਵੇਸ਼ਾ ਇਕ ਸੁਹਾਇਆ । ਕਰੇ ਨਿਆਉਂ ਨਰ ਨਰੇਸ਼ ਹਰਿ, ਵੇਲਾ ਅੰਤਮ ਦਏ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸ੍ਰਿਸ਼ਟ ਸਬਾਇਆ । ਦੋਹਾਂ ਮੇਲਾ ਸਚ ਦਰ, ਗੁਰ ਗੋਬਿੰਦ ਦਿਤੀ ਵਡਿਆਈਆ । ਚਰਨ ਦਵਾਰੇ ਡਿੱਗਾ ਪਰ, ਪਰਮ ਪੁਰਖ ਉਠਾਈਆ । ਏਕਾ ਰੰਗ ਨਰ ਹਰਿ, ਨਿਰਵੈਰ ਸਦਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਏਕਾ ਸ਼ਬਦ ਸਿਤਾਰ ਵਖਾਈਆ । ਸ਼ਬਦ ਸਿਤਾਰ ਆਪ ਹਿਲਾ, ਪ੍ਰਭ ਆਪਣੀ ਤਾਰ ਵਜਾਇੰਦਾ । ਏਕਾ ਰਾਗ ਰਿਹਾ ਸੁਣਾ, ਏਕਾ ਰਾਗ ਅਲਾਇੰਦਾ । ਸੋਹੰ ਸੋ ਸੋ ਪੁਰਖ ਨਿਰੰਜਣ ਆਪ ਅਖਵਾ, ਸਤਿ ਸਰੂਪ ਸਮਾਇੰਦਾ । ਆਪ ਆਪਣਾ ਦਰਸ ਦਿਖਾ, ਇਕ ਨੇਤਰ ਨੈਣ ਦਰਸਾਇੰਦਾ । ਏਕਾ ਸ਼ਬਦ ਸ਼ਬਦੀ ਰਿਹਾ ਜਗਾ, ਮਹਿੰਮਾ ਅਗਣਤ ਨਾ ਕੋਈ ਗਿਣਾਇੰਦਾ । ਗੁਰ ਗੋਬਿੰਦਾ ਬੈਠ ਸਾਚੇ ਥਾਂ, ਚਰਨ ਕਵਲ ਧਿਆਨ ਲਗਾਇੰਦਾ । ਜਾਪ ਸਾਹਿਬ ਤੇਰੀ ਲਿਖਤ ਲਿਖਾ, ਸਰ ਰਵਾਲ ਧਾਮ ਸੁਹਾਇੰਦਾ । ਰੇਖ ਭੇਖ ਪ੍ਰਭ ਦਾ ਕੋਈ ਜਾਣੇ ਨਾ, ਕਲਜੁਗ ਅੰਤਮ ਵੇਖ ਵਖਾਇੰਦਾ । ਕੋਟਨ ਕੋਟ ਨਾਮ ਰਿਹਾ ਉਪਾ, ਲੇਖਾ ਲਿਖਤ ਵਿਚ ਨਾ ਕੋਈ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਮਿਲਿਆ ਹਰਿ, ਹਰਿ ਸਾਚਾ ਧਾਮ ਸੁਹਾਇੰਦਾ । ਗੁਰ ਗੋਬਿੰਦ ਗਾ ਗਾ ਗੋਬਿੰਦ, ਸਗਲੀ ਚਿੰਦ ਮਿਟਾਈਆ । ਆਪੇ ਬਣਿਆ ਸਾਚੀ ਬਿੰਦ, ਆਪ ਆਪਣਾ ਲੇਖੇ ਲਾਈਆ । ਦਾਤਾ ਦਾਨੀ ਹਰਿ ਮਰਗਿੰਦ, ਮਰਗੇਸ਼ ਨਰੇਸ਼ ਅਖਵਾਈਆ । ਧਾਰ ਅਣਮੁਲੀ ਅੰਮ੍ਰਿਤ ਸਿੰਧ, ਸਾਗਰ ਕਾਇਆ ਇਕ ਵਹਾਈਆ । ਸਦਾ ਸਦਾ ਜੁਗ ਜੁਗ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਰੂਪ ਰਿਹਾ ਦਰਸਾਈਆ । ਸਤਿ ਸਰੂਪ ਹਰਿ ਕਰਤਾਰ, ਗੁਰ ਗੋਬਿੰਦੇ ਆਪਣਾ ਆਪ ਵਖਾਇਆ । ਜੋਤੀ ਨੂਰ ਕਰ ਆਕਾਰ, ਨੂਰੋ ਨੂਰ ਦਰਸਾਇਆ । ਚੰਦ ਸੂਰਜ ਨਾ ਕੋਈ ਪਸਾਰ, ਧਰਤ

ਧਵਲ ਨਾ ਵੇਖ ਵਖਾਇਆ । ਇਕ ਇਕੱਲਾ ਏਕੰਕਾਰ, ਅਕਲ ਕਲਾ ਸਮਾਇਆ । ਅਕਾਲ ਪੁਰਖ ਨਾ ਪਾਵੇ ਸਾਰ, ਪਾਰਬ੍ਰਹਮ ਭੇਵ ਨਾ ਰਾਇਆ । ਗੁਰ ਗੋਬਿੰਦ ਕਰ ਵਿਚਾਰ, ਦੋਏ ਜੋੜ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਤੇਰਾ ਦਰ ਠਾਂਡਾ ਘਰ ਮਿਲਿਆ ਹਰਿ, ਸਾਂਤਕ ਸਤਿ ਵਰਤਾਇਆ । ਪਾਰਬ੍ਰਹਮ ਪ੍ਰਭ ਕਿਰਪਾ ਕਰ, ਏਕਾ ਸ਼ਬਦ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਕਾਲ ਮੂਰਤ ਸਾਚੀ ਸੂਰਤ ਏਕਾ ਵੇਖ ਵਖਾਇਆ । ਅਕਾਲ ਮੂਰਤ ਅਕਲ ਕਲਾ, ਸਰਬ ਘਟ ਰਿਹਾ ਸਮਾਈਆ । ਸਚ ਸੂਰਤ ਸਰਬ ਜਲ ਥਲਾ, ਜਲ ਥਲ ਡੇਰਾ ਲਾਈਆ । ਦੀਪਕ ਜੋਤੀ ਇਕ ਬਲਾ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਨਰ ਨਿਰੰਕਾਰ ਨਿਰਵੈਰ ਇਕ ਇਕੱਲਾ, ਰਾਮ ਰਚਨਾ ਰਿਹਾ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤਾ ਦਰ, ਹਰਿ ਸ਼ਬਦ ਸੱਚੀ ਸਰਨਾਈਆ । ਗੁਰ ਗੋਬਿੰਦਾ ਵਰ ਘਰ ਪਾ, ਵੇਖੇ ਸਚ ਟਿਕਾਨਿਆ । ਅਕਾਲ ਉਸਤਤ ਲੇਖ ਦਿਤਾ ਲਿਖਾ, ਪਾਇਆ ਪੁਰਖ ਸੁਲਤਾਨਿਆ । ਦੋਏ ਜੋੜ ਸੀਸ ਝੁਕਾ, ਮੰਗੇ ਵਰ ਦੋ ਜਹਾਨਿਆ । ਪੁਰਖ ਅਬਿਨਾਸ਼ੀ ਲਿਆ ਉਠਾ, ਲਾਏ ਗਲ ਗੁਣ ਨਿਧਾਨਿਆ । ਕਲਜੁਗ ਅੰਤਮ ਲਏ ਮਿਲਾ, ਲੋਕਮਾਤ ਖੇਲ ਮਹਾਨਿਆ । ਸੰਬਲ ਨਗਰੀ ਧਾਮ ਸੁਹਾ, ਜੋਤ ਜਗਾਏ ਸਚ ਨਿਸ਼ਾਨਿਆ । ਨਿਹਕਲੰਕਾ ਆਪ ਅਖਵਾ, ਏਕਾ ਡੰਕਾ ਵਜਾਏ ਤਾਲ ਆਪਣੇ ਹੱਥ ਰਖਾਨਿਆ । ਪੁਰੀ ਘਨਕਾ ਨਾਉਂ ਰਖਾ, ਸੁਹਾਏ ਦਰ ਦਰਬਾਨਿਆ । ਗੁਰਮੁਖ ਸਾਚੇ ਲਏ ਉਪਾ, ਤੇਰਾ ਤੇਰੇ ਲੜ ਫੜਾਨਿਆ । ਸੰਮਤ ਚੌਦਾਂ ਲਏ ਜਗਾ, ਸੋਇਆ ਕੋਈ ਰਹਿਣ ਨਾ ਪਾਨਿਆ । ਏਕਾ ਇੱਕੀ ਦੇਵੇ ਪਾ, ਸਿੱਖੀ ਤਿੱਖੀ ਧਾਰ ਰਖਾਨਿਆ । ਕੱਤਕ ਕਰਮਾਂ ਵੇਖ ਵਖਾ, ਆਏ ਦਰ ਸ਼ਾਹ ਸੁਲਤਾਨਿਆ । ਸ੍ਰਿਸ਼ਟ ਸਬਾਈ ਸ਼ਬਦ ਸਰੂਪੀ ਕਟਕ ਚੜ੍ਹਾ, ਰਸਨਾ ਚਿੱਲਾ ਖਿੱਚੇ ਤੀਰ ਕਮਾਨਿਆ । ਰਵਾਲ ਦਿਆਲ ਤੇਰੀ ਸੇਵਾ ਦੇਵੇ ਲਾ, ਦਿਸ ਨਾ ਆਏ ਵਿਚ ਜਹਾਨਿਆ । ਇੱਕੀ ਸੌ ਕੋਸ ਖੇਲ ਖਿਲਾ, ਖੇਲ ਖਿਲੰਤਾ ਆਪ ਅਖਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਮੇਲੇ ਮੇਲ ਮੇਲਣਹਾਰ ਸਰਬ ਘਟ ਜਾਣਿਆ । ਸੋਲਾਂ ਕੱਤਕ ਸੋਲਾਂ ਕਲ ਧਾਰ, ਵੀਹ ਸੌ ਚੌਦਾਂ ਬਿਕ੍ਰਮੀ ਰੰਗ ਰੰਗਾਇਆ । ਗੁਰ ਗੋਬਿੰਦ ਗੁਰ ਗੋਬਿੰਦਾ ਕਰ ਪਿਆਰ, ਪੁਰਖ ਅਬਿਨਾਸ਼ੀ ਕੰਤ ਭਤਾਰ, ਸਾਚੀ ਸੇਜਾ ਵੇਖ ਵਖਾਇਆ । ਮਿਲਿਆ ਮੇਲ ਹਰਿ ਮੀਤ ਮੁਰਾਰ, ਪਰਗਟ ਹੋਏ ਵਿਚ ਸੰਸਾਰ, ਨਿਹਕਲੰਕਾ ਨਾਉਂ ਰਖਾਇਆ । ਪੁਰੀ ਅਨੰਦ ਰਹਿਣਾ ਖ਼ਬਰਦਾਰ, ਪਰਗਟ ਹੋਇਆ ਸਾਚਾ ਚੰਦ ਸੁਹਾਗੀ ਛੰਦ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਮੇਲਾ ਹਰਿ, ਹਰਿ ਸਾਜਣ ਆਪ ਅਖਵਾਇਆ । ਪੁਰੀ ਅਨੰਦ ਪ੍ਰਭ ਆਪ ਜਗਾਏ, ਕਲਜੁਗ ਅੰਤਮ ਵਾਰਿਆ । ਗ੍ਰੰਥੀ ਪੰਥੀ ਸੋਇਆ ਕੋਈ ਰਹਿਣ ਨਾ ਪਾਏ, ਸ਼ਬਦ ਡੰਕਾ ਹਰਿ ਨਿਰੰਕਾਰਿਆ । ਸੰਬਲ ਨਗਰ ਹਰਿ ਭਾਗ ਲਗਾਏ, ਮਾਝਾ ਦੇਸ਼ ਇਕ ਵਿਚਾਰਿਆ । ਨੀਲੇ ਵਾਲਾ ਫੇਰੀ ਪਾਏ, ਕਲਗੀ ਤੋੜਾ ਸੀਸ ਜਗਦੀਸ਼ ਕਰੇ ਚਮਤਕਾਰਿਆ । ਕਲਜੁਗ ਨੈਣਾਂ ਦਿਸ ਨਾ ਆਏ, ਮਨਮੁਖ ਮੂਰਖ ਮੂੜ੍ਹ ਆਤਮ ਅੰਧ ਹੋਏ ਅੰਧਿਆਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜੋਧਾ ਸੂਰਬੀਰ ਵਡ ਬਲਕਾਰਿਆ । ਪੁਰੀ ਅਨੰਦ ਉਠਣਾ ਜਾਗ, ਗੋਬਿੰਦ ਜੋਤ ਜਗਾਈਆ । ਮਾਝੇ ਦੇਸ ਲੱਗਾ ਭਾਗ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਕਰੇ ਕੁੜਮਾਈਆ । ਗੁਰ ਦਰ ਮੰਦਰ ਅੰਦਰ ਬੁਝਣਾ ਅੰਤ ਚਿਰਾਗ, ਦੀਵਾ ਬੱਤੀ ਨਾ ਕੋਈ ਜਗਾਈਆ ।


੯੮੧
੦੬

ਰਸਨਾ ਗਾਏ ਨਾ ਕੋਈ ਰਾਗ, ਤਾਲ ਤਲਵਾੜਾ ਨਾ ਕੋਈ ਵਜਾਈਆ । ਚਾਰੋਂ ਕੁੰਟ ਲੱਗਣੀ ਆਗ, ਨਾ ਸਕੇ ਕੋਈ ਬੁਝਾਈਆ । ਏਕਾ ਏਕ ਹਰਿ ਹਰਿ ਗੁਰ ਗੋਬਿੰਦਾ ਪਕੜੇ ਵਾਗ, ਚਰਨ ਸਰਨ ਸਰਨ ਚਰਨ ਸੱਚੀ ਸਰਨਾਈਆ । ਕਲਜੁਗ ਜੂਠ ਝੂਠ ਮਸਤਕ ਲਾਇਆ ਦਾਗ, ਚਾਰ ਵਰਨ ਜਗਤ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੋਏ ਰਿਹਾ ਜਗਾਈਆ । ਪੁਰੀ ਅਨੰਦ ਉਠ ਉਠ ਵੇਖ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਕਵਣ ਲਿਖਣਹਾਰਾ ਤੇਰੇ ਲੇਖ, ਕਵਣ ਮੇਟ ਮਿਟਾਈਆ । ਕਵਣ ਦਾਤਾ ਜੋਧਾ ਸੂਰਾ ਦਸ ਦਸਮੇਸ਼, ਕਵਣ ਧਾਮ ਬੈਠਾ ਅਲਖ ਜਗਾਈਆ । ਕਲਜੁਗ ਜੋਤ ਸਰੂਪੀ ਕਰਿਆ ਵੇਸ, ਸੰਮਤ ਚੌਦਾਂ ਬੀਸ ਸਦ ਲੇਖਾ ਰਿਹਾ ਆਪ ਲਿਖਾਈਆ । ਕਿਸੇ ਨਾ ਚਲੇ ਕੋਈ ਮਾਤ ਪੇਸ਼, ਸ੍ਰਿਸ਼ਟ ਸਬਾਈ ਦਰ ਦਰ ਕਰੇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲਿਖਤ ਲੇਖ ਰਿਹਾ ਆਪ ਲਿਖਾਈਆ । ਸੋਲਾਂ ਕੱਤਕ ਅੰਮ੍ਰਿਤ ਵੇਲਾ, ਅਮਰ ਅਮਰ ਕਹਾਇਆ । ਆਪੇ ਗੁਰੂ ਆਪੇ ਚੇਲਾ, ਕਲਜੁਗ ਅੰਤਮ ਬਣ ਕੇ ਆਇਆ । ਦੋਹਾਂ ਕਰਾਏ ਰਵਾਲਸਰ ਮੇਲਾ, ਗੁਰ ਸੰਗਤ ਸੰਗ ਰਲਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਗ੍ਰੰਥੀ ਪੰਥੀ ਕਿਸੇ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਝੇ ਦੇਸ ਕਰ ਜੋਤ ਪਰਵੇਸ਼, ਗੁਰ ਗੋਬਿੰਦ ਮਿਟਾਏ ਸਗਲੀ ਚਿੰਦ ਦਾਤਾ ਗੁਣੀ ਗਹਿੰਦ ਸੰਬਲ ਨਗਰੀ ਬੈਠਾ ਆਸਣ ਲਾਇਆ ।



੯੮੨ ੦੬

✻ ੧੬ ਕੱਤਕ ੨੦੧੪ ਬਿਕ੍ਰਮੀ ਰਵਾਲ ਸਰ ਗੁਰਦਵਾਰੇ ਮੰਡੀ ਸਕੇਤ ਤੋਂ ਬਚਨ ਲਿਖਾਏ ਅਤੇ ਹਜ਼ੂਰ ਸਾਹਿਬ ਭੇਜੇ ਗਏ ✻

ਹਜ਼ੂਰ ਸਾਹਿਬ ਆਇਆ ਹਜ਼ੂਰ, ਹਾਜ਼ਰ ਜੋਤ ਜਗਾਈਆ । ਕਲਜੁਗ ਵੇਲਾ ਅੰਤਮ ਨੇੜ ਨਾ ਜਾਣੋ ਦੂਰ, ਗੋਬਿੰਦ ਰਿਹਾ ਡੰਕ ਵਜਾਈਆ । ਭੇਖ ਪਖੰਡਾ ਕਰੇ ਚੂਰੋ ਚੂਰ, ਠੱਗ ਚੋਰ ਯਾਰ ਗੁਰ ਦਰ ਅੰਦਰ ਮੰਦਰ ਰਹਿਣ ਨਾ ਪਾਈਆ । ਏਕਾ ਨੂਰ ਸਤਿ ਸਰੂਰ ਸਰਬ ਕਲਾ ਭਰਪੂਰ, ਦਿਵਸ ਰੈਣ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਥਾਉਂ ਥਾਈਂਆ । ਕਰੇ ਖੇਲ ਹੱਕ ਨਿਬੇੜਾ, ਹਰਿ ਗੋਬਿੰਦ ਜੋਤ ਜਗਾਈਆ । ਸੰਬਲ ਨਗਰ ਵਸੇ ਖੇੜਾ, ਹਰਿ ਸਾਚੇ ਬਣਤ ਬਣਾਈਆ । ਜੂਠਾ ਝੂਠਾ ਕਰੇ ਨਿਬੇੜਾ, ਚਾਰੋਂ ਕੁੰਟ ਵੇਖ ਵਖਾਈਆ । ਦੇਵਣ ਆਇਆ ਅੰਤਮ ਗੇੜਾ, ਸ੍ਰਿਸ਼ਟ ਸਬਾਈ ਦਏ ਦੁਹਾਈਆ । ਚਰਨ ਦਵਾਰ ਰੱਖੇ ਖੁਲ੍ਹਾ ਵਿਹੜਾ, ਗੁਰਮੁਖ ਸਾਚੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਸਾਚੇ ਹਰਿ, ਧਾਮ ਅਵੱਲਾ ਇਕ ਸੁਹਾਈਆ । ਧਾਮ ਅਵੱਲਾ ਉਚ ਮਹੱਲਾ, ਸੰਬਲ ਨਗਰ ਗਰਾਇਆ । ਗੁਰ ਗੋਬਿੰਦਾ ਇਕ ਇਕੱਲਾ, ਬੈਠਾ ਆਸਣ ਲਾਇਆ । ਕਿਸੇ ਹੱਥ ਨਾ ਆਏ ਜਲ ਥਲਾ, ਤੀਰਥ ਤੱਟਾਂ ਨਾ ਵੇਖ ਵਖਾਇਆ । ਗੁਰ ਦਰ ਮੰਦਰ ਅੰਦਰ ਪਏ ਤਰਥੱਲਾ, ਗੁਰ ਗੋਬਿੰਦ ਮੁਖ ਛੁਪਾਇਆ । ਦੀਪਕ ਜੋਤੀ ਕਿਸੇ ਘਰ ਨਾ ਬਲਾ, ਪਾਠ ਅਖੰਡ ਕੋਟੀ ਕੋਟ ਹਵਨ ਕਰਾਇਆ । ਦੂਈ ਦਵੈਤੀ ਨਾ ਮਿਟਿਆ ਸੱਲਾ, ਤੀਰ ਨਿਰਾਲਾ ਏਕਾ ਲਾਇਆ । ਕਲਜੁਗ ਅੰਤਮ ਜੋਤ ਪਰਗਟਾਏ ਸ੍ਰਿਸ਼ਟ ਸਬਾਈ ਭੁਲਾਏ ਕਰ ਕਰ ਵਲ ਛਲਾ, ਨਿਹਕਲੰਕਾ ਨਾਉਂ ਰਖਾਇਆ । ਸੰਮਤ ਚੌਦਾਂ ਸੋਲਾਂ ਕੱਤਕ ਸ੍ਰਿਸ਼ਟ ਸਬਾਈ ਬੋਲਣ ਵਾਲਾ ਹੱਲਾ, ਉਚੇ ਪਰਬਤ ਉਚੇ ਟਿੱਲੇ ਚੜ੍ਹ

ਚੜ੍ਹ ਵੇਖਣਹਾਰ ਪੰਥ ਖਾਲਸਾ ਹੋਇਆ ਝੱਲਾ, ਗੁਰ ਸਤਿਗੁਰ ਗੁਰ ਗੋਬਿੰਦ ਦਿਸ ਨਾ ਆਇਆ । ਮਨ ਮਤ ਮਨ ਮਤੀ ਰਲਾ, ਮਾਇਆ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੰਦੇੜ ਅੰਧੇਰ ਰਿਹਾ ਵਖਾਇਆ । ਆਪਣਾ ਆਪ ਅੰਤਮ ਤਜ, ਨੰਦੇੜ ਦਇਆ ਕਮਾਈਆ । ਸੰਬਲ ਨਗਰੀ ਆਇਆ ਭੱਜ, ਕਲਜੁਗ ਅੰਤਮ ਵੱਜੀ ਵਧਾਈਆ । ਸ੍ਰਿਸ਼ਟ ਸਬਾਈ ਇਕ ਨਗਾਰਾ ਰਿਹਾ ਵੱਜ, ਚਾਰੋਂ ਕੁੰਟ ਕਾਲ ਦੁਹਾਈਆ । ਗੁਰਮੁਖਾਂ ਪੜਦੇ ਲਏ ਕੱਜ, ਏਕਾ ਪੜਦਾ ਨਾਮ ਪਾਈਆ । ਅੰਮ੍ਰਿਤ ਆਤਮ ਪਿਆਏ ਰੱਜ, ਤ੍ਰਿਸਨਾ ਭੁੱਖ ਮਿਟਾਈਆ । ਅਗਨੀ ਹਵਨ ਨਾ ਗਿਆ ਦਝ, ਪੰਜ ਤਤ ਨਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਿਆ ਪਰਗਟਾਈਆ । ਆਪ ਆਪਣੀ ਜੋਤ ਜਗਾ, ਗੋਬਿੰਦ ਰੰਗ ਰੰਗਾਇਆ । ਸੰਬਲ ਨਗਰ ਭਾਗ ਲਗਾ, ਮਾਝਾ ਦੇਸ ਸੁਹਾਇਆ । ਅੰਮ੍ਰਿਤਸਰ ਲੇਖ ਲਿਖਾ, ਅਕਾਲ ਤਖ਼ਤ ਸੁਹਾਇਆ । ਪੁਰੀ ਅਨੰਦ ਰਿਹਾ ਬੁਲਾ, ਅਨੰਦ ਪੁਰ ਵਾਸੀ ਆਇਆ । ਨੰਦੇੜ ਨਿਬੇੜਾ ਰਿਹਾ ਕਰਾ, ਅੰਤਮ ਗਿਆ ਤਜਾਇਆ । ਆਦਿ ਪੁਰਖ ਨਿਰੰਜਣ ਖੇਲ ਰਚਾ, ਕਲਜੁਗ ਵੇਖਣ ਆਇਆ । ਸ਼ਬਦ ਘੋੜਾ ਰਿਹਾ ਨਠਾ, ਲੋਆਂ ਪੁਰੀਆਂ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਨਮੁਖਾਂ ਦਏ ਸਜ਼ਾ, ਜਿਨ੍ਹਾਂ ਅੰਗੀਠਾ ਫੋਲ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਕਾਇਆ ਮੰਦਰ ਅੰਦਰ ਸਚ ਸਿੰਘਾਸਣ ਡੇਰਾ ਲਾਇਆ ।



੯੮੩ ੦੬

## ✻ ੧੬ ਕੱਤਕ ੨੦੧੪ ਬਿਕ੍ਰਮੀ ਜੁਗਿੰਦਰ ਨਗਰ ਜ਼ਿਲਾ ਕਾਂਗੜਾ ✻

ਸਤਿਗੁਰ ਦੀਨ ਦਿਆਲ, ਦਇਆਨਿਧ ਅਖਵਾਇਆ । ਭਗਤ ਵਛਲ ਕਿਰਪਾਲ, ਕਾਰਜ ਸਿੱਧ ਰਖਾਇਆ । ਗੁਰਮੁਖ ਸਾਚੇ ਲਾਲ, ਜੁਗ ਜੁਗ ਵੇਖ ਵਖਾਇਆ । ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜੀਨਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਅੰਕ ਰਿਹਾ ਜਣਾਇਆ । ਕਲਜੁਗ ਅੰਤਮ ਹਰਿ ਨਿਰੰਕਾਰ, ਅਕਲ ਕਲਾ ਵਰਤਾਈਆ । ਨਿਹਕਲੰਕਾ ਲੈ ਅਵਤਾਰ, ਸ਼ਬਦ ਡੰਕਾ ਰਿਹਾ ਵਜਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾ ਰਿਹਾ ਉਠਾਈਆ । ਚਾਰੋਂ ਕੁੰਟ ਦਹਿ ਦਿਸ਼ਾ ਰਿਹਾ ਵਿਚਾਰ, ਲੋਆਂ ਪੁਰੀਆਂ ਫੇਰਾ ਪਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਲਏ ਉਭਾਰ, ਵੇਖ ਵਖਾਏ ਥਾਉਂ ਥਾਈਆ । ਗੁਰਮੁਖ ਸਾਚੇ ਸਚ ਦੁਲਾਰ, ਹਰਿ ਗੋਬਿੰਦ ਮੇਲ ਮਿਲਾਈਆ । ਗੋਬਿੰਦ ਮੇਲਾ ਵਿਚ ਸੰਸਾਰ, ਵਿਛੜ ਕਦੇ ਨਾ ਜਾਈਆ । ਏਕਾ ਦੂਜਾ ਭੌ ਨਿਵਾਰ, ਤੀਜੇ ਨੇਤਰ ਦਰਸ ਵਖਾਈਆ । ਚੌਥਾ ਘਰ ਅਪਰ ਅਪਾਰ, ਪਦ ਚੌਥਾ ਇਕ ਵਖਾਈਆ । ਪੰਚਮ ਮੇਲਾ ਮੀਤ ਮੁਰਾਰ, ਆਤਮ ਦਰਸੀ ਦਰਸ ਦਖਾਈਆ । ਸ਼ਬਦ ਅਨਾਦੀ ਧੁਨ ਅਨਾਹਦ ਵਜਾ ਏਕਾ ਤਾਰ, ਸੁਨ ਸਮਾਧ ਖੁਲ੍ਹਾਈਆ । ਆਤਮ ਸੇਜਾ ਕਰ ਪਿਆਰ, ਗੁਰਮੁਖ ਸਾਚੇ ਮੇਲ ਮਿਲਾਈਆ । ਜੋਤ ਸਰੂਪੀ ਇਕ ਆਕਾਰ, ਸਤਿ ਸਰੂਪ ਸਮਾਈਆ । ਸਤਿ ਸਰੂਪੀ ਹਰਿ ਨਿਰੰਕਾਰ, ਅਨਡਿਠਾ ਰਾਗ ਅਲਾਈਆ । ਸੁਣੇ ਸੁਣਾਏ ਸੁਨਣੇਹਾਰ, ਸਮਰਥ ਹੱਥ ਵਡਿਆਈਆ । ਭਗਤ ਸੁਹੇਲੇ ਲਏ ਉਧਾਰ, ਜੁਗ ਜੁਗ ਆਪਣੇ ਹੱਥ ਰੱਖੀ ਵਡਿਆਈਆ । ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕਾ

ਨਾਉਂ ਰਖਾਈਆ । ਗੁਰ ਗੋਬਿੰਦਾ ਮੀਤ ਮੁਰਾਰ, ਸੰਬਲ ਨਗਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਜੋਤੀ ਨੂਰ ਹਰਿ ਨਿਰੰਕਾਰ, ਅਕਲ ਕਲਾ ਸਮਾਇਆ । ਖੇਲੇ ਖੇਲ ਵਿਚ ਸੰਸਾਰ, ਜੁਗ ਜੁਗ ਵੇਸ ਵਟਾਇਆ । ਨਾਨਕ ਗੋਬਿੰਦ ਲੇਖ ਲਿਖਾਰ, ਸੇਵਕ ਸੇਵਾ ਸਾਚੀ ਲਾਇਆ । ਆਪ ਆਪਣੀ ਕਿਰਪਾ ਧਾਰ, ਅੰਮ੍ਰਿਤ ਮੇਵਾ ਇਕ ਖਵਾਇਆ । ਇਕ ਇਕੱਲਾ ਏਕੰਕਾਰ, ਓਅੰਕਾਰਾ ਵੇਖ ਵਖਾਇਆ । ਸਤਿ ਪੁਰਖ ਨਿਰੰਜਣ ਬੰਨ੍ਹੇ ਧਾਰ, ਸਤਿ ਪੁਰਖਾਂ ਮੇਲ ਮਿਲਾਇਆ । ਚਾਰੋ ਕੁੰਟ ਵੇਖ ਵਿਚਾਰ, ਕਲਜੁਗ ਬੇੜਾ ਰਿਹਾ ਡੁਬਾਇਆ । ਗੁਰਮੁਖ ਸਾਚੇ ਲਏ ਉਧਾਰ, ਆਪ ਆਪਣੀ ਦਇਆ ਕਮਾਇਆ । ਨੀਲੇ ਵਾਲਾ ਸ਼ਾਹ ਸਵਾਰ, ਸੋਲਾਂ ਕਲੀਆਂ ਆਸਣ ਲਾਇਆ । ਚਿੱਟੇ ਅਸਵ ਹੋ ਤਿਆਰ, ਨੌਂ ਖੰਡ ਪ੍ਰਿਥਮੀ ਵੇਖ ਵਖਾਇਆ । ਸੱਤਾਂ ਦੀਪਾਂ ਪਾਏ ਸਾਰ, ਆਪ ਆਪਣਾ ਰੰਗ ਰੰਗਾਇਆ । ਸੰਮਤ ਚੌਦਾਂ ਵੇਖ ਵਿਚਾਰ, ਬੀਸ ਸਦ ਰੁੱਤ ਸੁਹਾਇਆ । ਪਰਗਟ ਹੋ ਹਰਿ ਨਿਰੰਕਾਰ, ਬ੍ਰਹਿਮੰਡੀ ਖੋਜ ਖੁਜਾਇਆ । ਆਪ ਆਪਣੀ ਕਲ ਆਪੇ ਧਾਰ, ਗੁਰ ਗੋਬਿੰਦ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਚਰਜ ਖੇਲ ਲੋਕਮਾਤ ਰਿਹਾ ਵਰਤਾਇਆ । ਅਚਰਜ ਖੇਲ ਕਰ ਕਰ ਹਰਿ, ਹਰਿ ਹਰਿ ਜੋਤ ਜਗਾਈਆ । ਗੋਬਿੰਦ ਗੁਰ ਮਿਲਿਆ ਵਰ, ਆਤਮ ਵੱਜੀ ਵਧਾਈਆ । ਚਰਨ ਛੁਹਾਏ ਰਵਾਲ ਸਰ, ਵੇਖੇ ਸਹਿਜ ਸੁਭਾਈਆ । ਆਵਣ ਜਾਵਣ ਚੁੱਕੇ ਡਰ, ਜਨ ਭਗਤਾਂ ਲੇਖੇ ਲਏ ਲਾਈਆ । ਗੁਰਮੁਖ ਆਸ ਪਿਆਸ ਏਕਾ ਰਹੇ ਕਰ, ਨੇਤਰ ਨੈਣ ਰਹੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਦਰਸ ਨੇਤਰ ਨੈਣ ਵਖਾਈਆ । ਦੇਵੇ ਦਰਸ ਹਰਿ ਗੋਬਿੰਦਾ, ਆਪਣੀ ਦਇਆ ਕਮਾਇੰਦਾ । ਆਪ ਮਿਟਾਏ ਸਗਲੀ ਚਿੰਦਾ, ਚਿੰਤਾ ਦੁੱਖ ਰਹਿਣ ਨਾ ਪਾਇੰਦਾ । ਦਾਤਾ ਜੋਧਾ ਸੂਰ ਵਡ ਮਰਗਿੰਦਾ, ਸਦ ਬਖ਼ਸ਼ਿੰਦਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਆਸਾ ਪੂਰ, ਚਿੰਤ ਮਿਟਾਈਆ । ਦੇਵੇ ਦਰਸ ਹਾਜ਼ਰ ਹਜ਼ੂਰ, ਤ੍ਰਿਸਨਾ ਭੁੱਖ ਗਵਾਈਆ । ਜਗਤ ਨਾਤਾ ਤੋੜੇ ਕੂੜੇ ਕੂੜ, ਸ਼ਬਦ ਗੁਰ ਕਰੇ ਕੁੜਮਾਈਆ । ਬਖ਼ਸ਼ੇ ਚਰਨ ਸਾਚੀ ਧੂੜ, ਦੁਰਮਤ ਮੈਲ ਗਵਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਮੀਤ ਮੁਰਾਰ, ਦਰ ਘਰ ਸਾਚੇ ਮੇਲ ਮਿਲਾਈਆ । ਸਾਜਣ ਮੀਤ ਸੱਜਣਾ, ਹਰਿ ਹਰਿ ਆਪ ਅਖਵਾਏ । ਜਨ ਭਗਤਾਂ ਪੜਦਾ ਕੱਜਣਾ, ਏਕਾ ਪੱਲਾ ਨਾਮ ਪਾਏ । ਕਾਲ ਨਗਾਰਾ ਸ੍ਰਿਸ਼ਟ ਸਬਾਈ ਨੌਂ ਖੰਡ ਪ੍ਰਿਥਮੀ ਅੰਤਮ ਵੱਜਣਾ, ਨਾ ਹੋਏ ਕੋਈ ਕਿਸੇ ਸਹਾਏ । ਜੋ ਘੜਿਆ ਸੋ ਭੱਜਣਾ, ਥਿਰ ਕੋਈ ਰਹਿਣ ਨਾ ਪਾਏ । ਗੁਰਮੁਖਾਂ ਚਰਨ ਧੂੜ ਬਖ਼ਸ਼ੇ ਸਾਚਾ ਮਜਨਾ, ਜੁਗਿੰਦਰ ਨਗਰ ਫੇਰਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਦੇਵੇ ਵਰ, ਆਇਆ ਗਿਆ ਲੇਖੇ ਲਾਏ । ਰਸਨਾ ਭੋਗ ਹਰਿ ਭਗਵੰਤ, ਲੇਖੇ ਪੱਕ ਪਕਵਾਨ । ਗੁਰਮੁਖ ਸਾਚੇ ਸਾਜਨ ਸੰਤ, ਹਰਿ ਦੇਵੇ ਨਾਮ ਨਿਧਾਨ । ਜੁਗ ਜੁਗ ਬਣਾਏ ਜਗਤ ਬਣਤ, ਵਡ ਦਾਤਾ ਗੁਣੀ ਨਿਧਾਨ । ਮੇਲ ਮਿਲਾਵਾ ਸਾਚੇ ਕੰਤ, ਵਿਛੜ ਕਦੇ ਨਾ ਜਾਣ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਪਰਮ ਪੁਰਖ ਸੁਲਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਨਾਮ ਵਰ, ਏਕਾ ਸ਼ਬਦ ਆਤਮ ਜੋਤੀ ਬ੍ਰਹਮ ਗਿਆਨ ।


੯੮੪ ੦੬

## ❋ ਪਹਿਲੀ ਮੱਘਰ ੨੦੧੪ ਹਰਿ ਭਗਤ ਦਵਾਰ ਜੇਠੂਵਾਲ ❋

ਪੁਰਖ ਅਬਿਨਾਸ਼ੀ ਆਦਿ ਅੰਤ, ਆਪਣੀ ਰਚਨ ਰਚਾਈਆ । ਮੇਲ ਮਿਲਾਵਾ ਸਾਚੇ ਸੰਤ, ਆਪ ਆਪਣਾ ਰਿਹਾ ਕਰਾਈਆ । ਆਪੇ ਪੁਰਖ ਆਪੇ ਨਾਰੀ ਹੋਏ ਕੰਤ, ਸੇਜ ਸੁਹਾਵੀ ਆਪ ਸੁਹਾਈਆ । ਆਪੇ ਰਸਨ ਜਿਹਵਾ ਮਣੀਆ ਮੰਤ, ਨਾਮ ਨਾਮਾ ਆਪ ਅਖਵਾਈਆ । ਆਪੇ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਫੁਲ ਫੁਲਵਾੜੀ ਵੇਖ ਵਖਾਈਆ । ਆਪੇ ਮਾਇਆ ਪਾਏ ਜਗਤ ਬੇਅੰਤ, ਭਰਮ ਭੁਲੇਖੇ ਰਿਹਾ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਪੁਰਖ ਆਪ ਅਖਵਾਈਆ । ਕਰਤਾ ਪੁਰਖ ਆਪ ਨਿਰੰਜਣ, ਏਕਾ ਜੋਤ ਸਮਾਇਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਣ, ਹਰ ਘਟ ਬੈਠਾ ਆਸਣ ਲਾਇਆ । ਜਨ ਭਗਤਾਂ ਨੇਤਰ ਪਾਏ ਨਾਮ ਅੰਜਨ, ਅਗਿਆਨ ਅੰਧੇਰ ਮਿਟਾਇਆ । ਧੁਰ ਦਰਗਾਹੀ ਸਾਚਾ ਸੱਜਣ, ਹਰਿਜਨ ਸਾਚੇ ਮੇਲ ਮਿਲਾਇਆ । ਜਨ ਭਗਤਾਂ ਧੂੜ ਕਰਾਏ ਸਾਚਾ ਮਜਨ, ਦਰ ਦਵਾਰੇ ਫੇਰਾ ਪਾਇਆ । ਹਰਿਜਨ ਅੰਮ੍ਰਿਤ ਆਤਮ ਪੀ ਪੀ ਰੱਜਣ, ਹਰਿ ਨਿਝਰ ਧਾਰ ਵਹਾਇਆ । ਲੋਕਮਾਤ ਆਇਆ ਪੜਦੇ ਕੱਜਣ, ਆਪ ਆਪਣਾ ਭੇਖ ਵਟਾਇਆ । ਮੂਰਖ ਮੁਗਧ ਉਧਾਰੇ ਜਿਉਂ ਨਾਨਕ ਠੱਗ ਸੱਜਣ, ਜੋ ਜਨ ਸਰਨ ਸਰਨਾਈ ਆਇਆ । ਭਾਂਡੇ ਗੜ੍ਹ ਹੰਕਾਰੀ ਭੱਜਣ, ਥਿਰ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨਹਾਰ ਆਪ ਅਖਵਾਇਆ । ਕਰਨਹਾਰ ਆਪ ਕਰਤਾਰਾ, ਏਕਾ ਏਕ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਸੰਸਾਰਾ, ਆਪ ਆਪਣੀ ਬਣਤ ਬਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਰ ਪਸਾਰਾ, ਵੇਸ ਅਵੇਸਾ ਵੇਸ ਵਟਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਨਿਹਕਲੰਕਾ ਜਾਮ ਪਿਆਇੰਦਾ । ਗੁਰ ਗੋਬਿੰਦਾ ਦਰ ਭਿਖਾਰਾ, ਦੋਏ ਜੋੜ ਸੀਸ ਝੁਕਾਇੰਦਾ । ਪੁਰਖ ਅਬਿਨਾਸ਼ੀ ਕਰ ਪਿਆਰਾ, ਆਪ ਆਪਣੀ ਦਇਆ ਕਮਾਇੰਦਾ । ਏਕਾ ਦੇਵੇ ਨਾਮ ਹੁਲਾਰਾ, ਆਤਮ ਅੰਤਰ ਗਿਆਨ ਦ੍ਰਿੜਾਇੰਦਾ । ਅਕਾਲ ਮੂਰਤ ਅਜੂਨੀ ਜੂਨ ਰਹਿਤ ਨਾ ਕੋਈ ਪਾਵੇ ਸਾਰਾ, ਅਗੰਮ ਅਗੰਮਾ ਦੇਵੇ ਧਾਰਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਨਾਨਕ ਗੁਰ ਢਹਿ ਪਿਆ ਦਵਾਰਾ, ਪ੍ਰਭ ਆਪਣੀ ਗੋਦ ਉਠਾਇੰਦਾ । ਦੇਵੇ ਨਾਮ ਅਪਰ ਅਪਾਰਾ, ਨਾਮ ਸਤਿ ਮੰਤਰ ਦ੍ਰਿੜਾਇੰਦਾ । ਸੋ ਪੁਰਖ ਨਿਰੰਜਣ ਤੇਰਾ ਖੇਲ ਨਿਆਰਾ, ਹੰ ਹੰਗਤਾ ਮੇਟ ਮਿਟਾਇੰਦਾ । ਏਕਾ ਦੀਪਕ ਜੋਤ ਕਰ ਉਜਿਆਰਾ, ਅੰਧ ਅੰਧੇਰ ਮਿਟਾਇੰਦਾ । ਨਾ ਕੋਈ ਗੁਰੂਦਵਾਰਾ ਨਾ ਦਿਸੇ ਧਰਮਸਾਲਾ, ਨਾਨਕ ਕਾਇਆ ਇਕ ਸੁਹਾਇੰਦਾ । ਪਰਗਟ ਹੋਵੇ ਹਰਿ ਨਿਰੰਕਾਰਾ, ਨਿਰਗੁਣ ਖੇਲ ਖਿਲਾਇੰਦਾ । ਸਰਗੁਣ ਤੇਰਾ ਬਹੱਤਰ ਨਾੜੀ ਵੱਜੇ ਤਾੜਾ, ਛੱਤੀ ਰਾਗ ਅਲਾਇੰਦਾ । ਵੇਖੇ ਵਿਗਸੇ ਕਰ ਵਿਚਾਰਾ, ਕੀਰਤਨ ਕੀਰਤ ਕਰਤਾ ਆਪ ਕਰਾਇੰਦਾ । ਪੰਚਮ ਗਾਵਣ ਵਾਰੋ ਵਾਰਾ, ਸੇਵਕ ਸੇਵਾ ਆਪੇ ਲਾਇੰਦਾ । ਆਪੇ ਵਸਿਆ ਸਭ ਤੋਂ ਬਾਹਰਾ, ਹਰ ਘਟ ਆਪ ਸਮਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਗੁਰ ਗੋਬਿੰਦਾ ਸੁਤ ਦੁਲਾਰਾ, ਸਾਚੀ ਭਿਛਿਆ ਝੋਲੀ ਪਾਇੰਦਾ । ਲਹਿਣਾ ਦੇਣਾ ਵਿਚ ਸੰਸਾਰਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਲਟਕਾਇੰਦਾ । ਅਟੱਲ ਮਹੱਲ ਚੜ੍ਹ ਦਸਮ ਦਵਾਰਾ, ਚੋਟੀ ਸੋਟੀ ਏਕਾ ਸ਼ਬਦ ਫੜਾਇੰਦਾ । ਸੁੰਨ ਅਗੰਮੋ ਪਾਰ ਕਿਨਾਰਾ, ਸੋਹੰ ਦੇਸ ਸੁਹਾਇੰਦਾ । ਸੋ ਪੁਰਖ ਨਿਰੰਜਣ ਮੇਲ ਮਿਲਾਏ ਗੁਰ ਗੋਬਿੰਦ ਜਗਤ ਦੁਲਾਰਾ, ਏਕਾ ਨਾਮ ਦ੍ਰਿੜਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜਾ, ਭੇਵ ਅਭੇਦਾ ਆਪ ਜਣਾਇੰਦਾ ।

ਲਾਜ ਰਖਾਏ ਕੇਸ ਛੁਹਾਏ ਦਾਹੜਾ, ਪੰਜ ਤਤ ਰੱਤ ਮਤ ਮਨ ਬੁਧ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਤਾ ਪੁਰਖ ਆਪ ਹੋ ਆਇੰਦਾ । ਕਰਤਾ ਪੁਰਖ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਕਲਜੁਗ ਅੰਤਮ ਲਏ ਅਵਤਾਰ, ਜੋਤੀ ਜਾਮਾ ਭੇਖ ਵਟਾਇੰਦਾ । ਗੁਰਮੁਖ ਸਾਜਣ ਮੀਤ ਮੁਰਾਰ, ਆਪ ਆਪਣੇ ਰੰਗ ਰੰਗਾਇੰਦਾ । ਦੇਵੇ ਦਰਸ ਅਗੰਮ ਅਪਾਰ, ਆਤਮ ਦਰਸੀ ਆਪ ਅਖਵਾਇੰਦਾ । ਬਜਰ ਕਪਾਟੀ ਦੇਵੇ ਪਾੜ, ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਮਿਟਾਇੰਦਾ । ਇਕ ਵਖਾਏ ਸਚ ਅਖਾੜ, ਪੁਰਖ ਅਬਿਨਾਸ਼ੀ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਕੰਤ ਸੁਹਾਗ ਅਖਵਾਇੰਦਾ । ਸਾਚਾ ਕੰਤ ਹਰਿ ਸੁਹਾਗ, ਏਕਾ ਏਕ ਅਖਵਾਇਆ । ਗਾ ਗਾ ਥੱਕੇ ਛੱਤੀ ਰਾਗ, ਨਾਨਕ ਨਿਰਗੁਣ ਸੇਵਾ ਲਾਇਆ । ਤਾਲ ਤਲਵਾੜਾ ਵੱਜੇ ਸਾਚਾ ਨਾਦ, ਧੁਨ ਧੁਨਕਾਰਾ ਇਕ ਰਖਾਇਆ । ਜਾਣੇ ਜਣਾਏ ਬੋਧ ਅਗਾਧ, ਭੇਵ ਕਿਸੇ ਨਾ ਪਾਇਆ । ਪੁਰਖ ਅਬਿਨਾਸ਼ੀ ਦੇਵਣਹਾਰਾ ਆਪਣੀ ਦਾਦ, ਜੁਗ ਜੁਗ ਦੇਵਣਹਾਰ ਆਪ ਅਖਵਾਇਆ । ਸਾਧ ਸੰਤ ਕੋਟਨ ਕੋਟ ਰਹੇ ਅਰਾਧ, ਗੁਰਮੁਖ ਵਿਰਲੇ ਵਰ ਘਰ ਪਾਇਆ । ਜਿਸ ਜਨ ਮਿਲਿਆ ਮੋਹਣ ਮਾਧਵ ਮਾਧ, ਮੇਲ ਵਿਛੋੜਾ ਜਗਤ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਅੱਖਰ ਨਾਮ ਵੱਖਰ ਚਾਰ ਵਰਨ ਸ੍ਰਿਸ਼ਟ ਸਬਾਈ ਰਿਹਾ ਪੜ੍ਹਾਇਆ । ਏਕਾ ਅੱਖਰ ਹਰਿ ਸੁਲਤਾਨ, ਆਪਣਾ ਆਪ ਚਲਾਇੰਦਾ । ਸਤਿਜੁਗ ਸਾਚਾ ਕਰ ਪਰਵਾਨ, ਲੋਕਮਾਤ ਚਰਨ ਟਿਕਾਇੰਦਾ । ਪਰਗਟ ਹੋ ਵਿਚ ਜਹਾਨ, ਇਕ ਨਿਸ਼ਾਨ ਵਖਾਇੰਦਾ । ਏਕਾ ਸੁਰਤੀ ਇਕ ਗਿਆਨ, ਇਕ ਧਿਆਨ ਜਣਾਇੰਦਾ । ਵੇਦ ਪੁਰਾਨ ਅੰਜੀਲ ਕੁਰਾਨ ਸਰਬ ਮਿਟ ਜਾਣ, ਖਾਣੀ ਬਾਣੀ ਹੋਏ ਹੈਰਾਨ, ਨਾਰਦ ਮੁਨ ਰਾਹ ਤਕਾਇੰਦਾ । ਪੁਰਖ ਅਬਿਨਾਸ਼ੀ ਹਰਿ ਭਗਵਾਨ, ਜੁਗ ਜੁਗ ਆਪਣੀ ਜਾਣੇ ਆਣ, ਧਰਤ ਮਾਤ ਮੰਗੇ ਦਾਨ, ਭਗਤ ਸੁਹੇਲੇ ਕਰ ਪਛਾਨ, ਨਾਮ ਨਿਧਾਨ ਝੋਲੀ ਪਾਇੰਦਾ । ਕਲਜੁਗ ਅੰਤਮ ਮੇਟ ਮਿਟਾਏ ਜਗਤ ਸ਼ੈਤਾਨ, ਜੂਠ ਝੂਠ ਸਰਬ ਮਿਟ ਜਾਣ, ਸਚ ਸੁੱਚ ਕਰ ਬਲਵਾਨ, ਲੋਕਮਾਤ ਆਪ ਟਿਕਾਇੰਦਾ । ਸੋਹੰ ਸ਼ਬਦ ਸਚ ਨਿਸ਼ਾਨ, ਨੌਂ ਖੰਡ ਪ੍ਰਿਥਮੀ ਆਪ ਜਣਾਇੰਦਾ । ਸੱਤਾਂ ਦੀਪਾਂ ਇਕ ਗਿਆਨ, ਏਕਾ ਮਾਰਗ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਕਾਸ਼ ਪਰਕਾਸ਼ ਵੇਖ ਵਖਾਇੰਦਾ । ਆਕਾਸ਼ ਪਰਕਾਸ਼ ਹਰਿ ਜੋਤ ਜਗਾ, ਆਪਣੀ ਕਲ ਵਰਤਾਇੰਦਾ । ਸੁਰਪਤ ਰਾਜਾ ਇੰਦ ਦਏ ਹਿਲਾ, ਕਰੋੜ ਤੇਤੀਸਾ ਨਾਲ ਰਲਾਇੰਦਾ । ਲੋਕਮਾਤੀ ਫੇਰੀ ਪਾ, ਕਲਜੁਗ ਅੰਤਮ ਵੇਖ ਵਖਾਇੰਦਾ । ਰਾਜ ਰਾਜਾਨਾ ਦਏ ਜਗਾ, ਸ਼ਾਹ ਸੁਲਤਾਨਾ ਆਪ ਸਮਝਾਇੰਦਾ । ਮਰਦ ਮਰਦਾਨਾ ਆਪ ਹੋ ਜਾ, ਏਕਾ ਡੰਕਾ ਆਪ ਵਜਾਇੰਦਾ । ਤੀਰ ਨਿਸ਼ਾਨਾ ਇਕ ਰਖਾ, ਰਸਨਾ ਚਿੱਲੇ ਆਪ ਚੜ੍ਹਾਇੰਦਾ । ਗੁਰ ਗੋਬਿੰਦਾ ਸੰਗ ਰਲਾ, ਬਸਤਰ ਸ਼ਸ਼ਤਰ ਤਨ ਪਹਿਨਾ, ਸਾਚੇ ਅਸਵ ਆਪ ਚੜ੍ਹਾਇੰਦਾ । ਪਹਿਲਾ ਪੌੜਾ ਲਏ ਉਠਾ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਸੋਹੰ ਮੁੱਠਾ ਤਨ ਬੰਧਾ, ਆਪ ਆਪਣਾ ਭਾਰ ਚੁਕਾਇੰਦਾ । ਦੂਸਰ ਕੋਈ ਰਹਿਣ ਨਾ ਪਾ, ਤੀਰਥ ਅਠਸਠਾ ਦਏ ਮਿਟਾ, ਕਲਜੁਗ ਖੇਲ ਖਿਲਾਇੰਦਾ । ਸਤਿਜੁਗ ਤੇਰੀ ਸਾਚੀ ਚੱਠਾ ਰਿਹਾ ਕਰਾ, ਸੰਮਤ ਚੌਦਾਂ ਲੇਖ ਲਿਖਾਇੰਦਾ । ਸੰਮਤ ਪੰਦਰਾਂ ਭੱਠਾ ਦਏ ਤਪਾ, ਤ੍ਰੈਗੁਣ ਅਗਨੀ ਲਾਇੰਦਾ । ਸੰਮਤ ਸੋਲਾਂ ਜਗਤ ਵਿਕਾਰਾ ਇਕੱਠਾ ਦਏ ਕਰਾ, ਆਪਣੀ ਬਣਤ ਬਣਾਇੰਦਾ । ਸੰਮਤ ਸਤਾਰਾਂ ਉਲਟੀ ਲੱਠਾ ਦਏ ਗਿੜਾ, ਸਰ ਅੰਮ੍ਰਿਤ ਥੇਹ ਕਰਾਇੰਦਾ ।

ਸੰਮਤ ਅਠਾਰਾਂ ਦਏ ਰੁੜ੍ਹਾ, ਜਲ ਧਾਰਾ ਆਪ ਵਹਾਇੰਦਾ । ਉਨੀ ਉਨੀਸਾ ਤੇਰਾ ਕੋਈ ਨਾ ਸਕੇ ਨਾਅਰਾ ਲਾ, ਅੱਲਾ ਰਾਣੀ ਦਏ ਦੁਹਾਈ ਨਾ ਕੋਈ ਸੰਗ ਸੰਗ ਨਿਭਾਇੰਦਾ । ਬੀਸ ਬੀਸਾ ਹਰਿ ਜੋਤ ਜਗਾ, ਆਪ ਆਪਣਾ ਵੇਖ ਵਖਾਇੰਦਾ । ਨਿਹਕਲੰਕਾ ਡੰਕ ਵਜਾ, ਸ੍ਰਿਸ਼ਟ ਸਬਾਈ ਆਪ ਹਿਲਾਇੰਦਾ । ਰਾਜ ਰਾਜਾਨ ਕੋਈ ਦਿਸੇ ਨਾ, ਨਾ ਕੋਈ ਤਾਜ ਹੰਢਾਇੰਦਾ । ਦਰ ਦਰਬਾਨ ਨਾ ਕੋਈ ਲਏ ਬਹਾ, ਨਾ ਕੋਈ ਹੁਕਮ ਜਣਾਇੰਦਾ । ਪੁਰਖ ਅਬਿਨਾਸ਼ੀ ਏਕਾ ਏਕ ਵਖਾਏ ਆਪਣਾ ਨਾਂ, ਦੂਸਰ ਕੋਈ ਦਿਸ ਨਾ ਆਇੰਦਾ । ਗੁਰ ਗੋਬਿੰਦਾ ਦੇਵੇ ਠੰਡੀ ਛਾਂ, ਪੰਦਰਾਂ ਕੱਤਕ ਆਪ ਸੁਹਾਇੰਦਾ । ਸੱਤ ਰੰਗ ਨਿਸ਼ਾਨਾ ਦਏ ਚੜ੍ਹਾ, ਆਪ ਆਪਣੀ ਰਚਨ ਰਚਾਇੰਦਾ । ਸਤਿਜੁਗ ਤੇਰੀ ਸਾਚੀ ਨਈਆ ਦਏ ਚਲਾ, ਸੋਹੰ ਚੱਪੂ ਲਾਇੰਦਾ । ਮਨਮੁਖ ਜੀਵਾਂ ਅੰਤ ਮਿਟਾ, ਏਕਾ ਦੂਜਾ ਭਉ ਚੁਕਾਇੰਦਾ । ਜਨ ਭਗਤਾਂ ਤੀਜਾ ਨੇਤਰ ਆਪ ਖੁਲ੍ਹਾ, ਏਕਾ ਧਾਮ ਸੁਹਾਇੰਦਾ । ਨਿਜ ਘਰ ਆਤਮ ਵੇਖੇ ਥਾਉਂ ਥਾਂ, ਚੌਥਾ ਘਰ ਹਰਿ ਸੁਹਾ, ਏਕਾ ਪਦ ਸਮਾਇੰਦਾ । ਪੰਚਮ ਗੁਣ ਆਪਣਾ ਗਾ, ਗੋਬਿੰਦ ਮੇਲ ਮਿਲਾਇੰਦਾ । ਮਾਤਾ ਗੁਜਰੀ ਨਾ ਪੁਕਾਰੇ ਲੈ ਕੇ ਨਾਂ, ਤੇਗ ਬਹਾਦਰ ਨਾ ਗੋਦ ਉਠਾਇੰਦਾ । ਜੋਤ ਨਿਰੰਜਣ ਆਦਿ ਪੁਰਖ ਬਣੀ ਸਾਚੀ ਮਾਂ, ਸਤਿ ਪੁਰਖ ਸਾਚਾ ਪਿਤਾ ਆਪ ਹੋ ਜਾਇੰਦਾ । ਸੰਬਲ ਨਗਰੀ ਧਾਮ ਸੁਹਾ, ਆਪ ਆਪਣੀ ਜੋਤ ਪਰਗਟਾਇੰਦਾ । ਆਪ ਆਪਣਾ ਵਿਚ ਟਿਕਾ, ਗੋਬਿੰਦ ਗੜ੍ਹ ਸੁਹਾਇੰਦਾ । ਉਚਾ ਨੀਵਾਂ ਨਾ ਕੋਈ ਦਿਸੇ ਥਾਂ, ਏਕਾ ਰੰਗ ਰੰਗਾਇੰਦਾ । ਨੌਂ ਖੰਡ ਪ੍ਰਿਥਮੀ ਜਪਾਏ ਆਪਣਾ ਨਾਂ, ਸੋਹੰ ਸੋ ਰਸਨ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਨਰ ਨਰਾਇਣ ਹਰਿ ਆਪ ਕਰਤਾਰ, ਅਕਲ ਕਲ ਵਰਤਾਈਆ । ਜੋਤੀ ਨੂਰ ਕਰ ਆਕਾਰ, ਵੇਖ ਵਖਾਏ ਥਾਉਂ ਥਾਈਆ । ਸ਼ਬਦ ਖੰਡਾ ਤੇਜ ਕਟਾਰ, ਹਰਿ ਮਾਰੇ ਬੇਪਰਵਾਹੀਆ । ਲੋਆਂ ਪੁਰੀਆਂ ਪਾਰ ਕਿਨਾਰ ਪਾਵੇ ਸਾਰ, ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਉਭਾਰ, ਆਪ ਆਪਣੀ ਦਇਆ ਕਮਾਈਆ । ਖੇਲੇ ਖੇਲ ਵਿਚ ਸੰਸਾਰ, ਖੇਲਣਹਾਰ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਜਨਣੀ ਜਨ ਏਕ ਜਨ, ਪੂਤ ਸਪੂਤਾ ਇਕ ਉਪਾਈਆ । ਪੂਤ ਸਪੂਤਾ ਹਰਿ ਗੋਬਿੰਦ, ਹਰਿ ਹਰਿ ਚਿੰਤ ਮਿਟਾਈਆ । ਆਪ ਉਪਾਏ ਆਪਣੀ ਬਿੰਦ, ਆਪਣਾ ਰੰਗ ਰੰਗਾਈਆ । ਆਪ ਵਹਾਏ ਅੰਮ੍ਰਿਤ ਧਾਰਾ ਸਾਗਰ ਸਿੰਧ, ਆਪੇ ਰਿਹਾ ਰੁੜਾਈਆ । ਆਪੇ ਹੋਏ ਦਾਤਾ ਦਾਨੀ ਹਰਿ ਬਖ਼ਸ਼ਿੰਦ, ਆਪੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਮੇਲਾ ਸਹਿਜ ਸੁਭਾਈਆ । ਗੋਬਿੰਦ ਮੇਲਾ ਸਚ ਘਰ, ਮੇਲਣਹਾਰ ਕਰਤਾਰਾ । ਦੋ ਜਹਾਨਾਂ ਮਿਲਿਆ ਵਰ, ਪਾਇਆ ਪੁਰਖ ਅਗੰਮ ਅਪਾਰਾ । ਨਾ ਜਨਮੇ ਨਾ ਜਾਏ ਮਰ, ਆਵੇ ਜਾਵੇ ਵਾਰੋ ਵਾਰਾ । ਆਪਣੀ ਕਰਨੀ ਰਿਹਾ ਕਰ, ਕਰਨਹਾਰ ਕਰਤਾਰਾ । ਧਰਨੀ ਧਰਤ ਧਵਲ ਉਪਰ ਧਰ, ਆਕਾਸ਼ ਆਕਾਸ਼ ਕਰ ਪਸਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸੁਹਾਏ ਇਕ ਦਵਾਰਾ । ਗੋਬਿੰਦ ਰਾਗ ਸ਼ਬਦ ਜਣਾ, ਆਤਮ ਧੁਨ ਉਪਜਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਆਪਣੀ ਬੂਝ ਬੁਝਾਈਆ । ਅਕਾਲ ਮੂਰਤ ਇਕ ਵਖਾ, ਅਕਲ ਕਲਾ ਸਮਝਾਈਆ । ਨਾਦ ਤੂਰਤ ਰਿਹਾ ਸੁਣਾ, ਤੁਰੀਆ ਪਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਮੇਲਾ ਮੇਲ ਮਿਲਾਈਆ । ਗੋਬਿੰਦ ਮੇਲਾ ਹਰਿ ਦਵਾਰ, ਹਰਿ ਸਾਚਾ ਆਪ ਕਰਾਇੰਦਾ । ਦਾਤਾ ਦਾਨੀ ਪਾਵੇ ਸਾਰ, ਮਹਾਂਸਾਰਥੀ

ਆਪ ਅਖਵਾਇੰਦਾ । ਲਿਖਿਆ ਲੇਖ ਵਖਾਏ ਅਪਰ ਅਪਾਰ, ਕਾਗਦ ਕਲਮ ਆਪ ਹੋ ਜਾਇੰਦਾ । ਜਨਣੀ ਜਨ ਜਾਏ ਸੁਤ ਦੁਲਾਰ, ਸਤਿ ਸੰਤੋਖ ਸਮਾਇੰਦਾ । ਨੱਠ ਨੱਠ ਮੇਲਾ ਹਰਿ ਚਰਨ ਦਵਾਰ, ਇਕ ਇਕੱਠ ਸੁਹਾਇੰਦਾ । ਕਾਇਆ ਬੁਰਜ ਢੱਠ ਜਾਏ ਮਹੱਲ ਮੁਨਾਰ, ਕੋਈ ਰਹਿਣ ਨਾ ਪਾਇੰਦਾ । ਪਰਗਟ ਹੋ ਵਿਚ ਸੰਸਾਰ, ਭਰਮ ਭੁਲੇਖਾ ਸਰਬ ਭੁਲਾਇੰਦਾ । ਧਾਰੀ ਕੇਸਾ ਲਏ ਉਭਾਰ, ਜੋ ਜਨ ਚਰਨੀ ਸੀਸ ਝੁਕਾਇੰਦਾ । ਦਸ ਦਸਮੇਸ਼ਾ ਕਰ ਤਿਆਰ, ਸਾਚਾ ਧਾਮ ਸੁਹਾਇੰਦਾ । ਨਗਰ ਖੇੜਾ ਇਕ ਅਪਾਰ, ਚਾਰ ਦਿਵਾਰ ਨਾ ਕੋਈ ਬਣਾਇੰਦਾ । ਛੱਪਰ ਛੰਨ ਨਾ ਲਿਆ ਸਵਾਰ, ਨਾ ਕੋਈ ਬਾਡੀ ਬਣਤ ਬਣਾਇੰਦਾ । ਆਪ ਆਪਣੀ ਕਿਰਪਾ ਧਾਰ, ਗੁਰਮੁਖ ਸਾਚਾ ਰੰਗ ਚੜ੍ਹਾਇੰਦਾ । ਆਤਮ ਸੇਜਾ ਕਰ ਤਿਆਰ, ਆਪਣਾ ਆਸਣ ਲਾਇੰਦਾ । ਜੋਤੀ ਨੂਰ ਕਰ ਆਕਾਰ, ਸਾਚਾ ਸ਼ਬਦ ਸੱਚੀ ਧੁਨਕਾਰ, ਸਾਚਾ ਰਾਗ ਅਲਾਇੰਦਾ । ਸੁਣੇ ਸੁਣਾਏ ਸੁਣਨੇਹਾਰ, ਆਪ ਆਪਣਾ ਵੇਖ ਵਖਾਇੰਦਾ । ਨਾਰੀ ਕੰਤਾ ਸੰਤ ਭਤਾਰ, ਸਾਚੀ ਸੇਜ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਚੋਲੀ ਜਗਤ ਡੋਲੀ ਆਪਣੇ ਕੰਧ ਉਠਾਇੰਦਾ ।

ਨਿਹਕਲੰਕ ਹਰਿ ਨਾਉਂ ਹੈ, ਨਿਰਗੁਣ ਰੂਪ ਸਮਾਏ । ਵਸੇ ਹਰ ਘਟ ਥਾਉਂ ਹੈ, ਦਿਸ ਕਿਸੇ ਨਾ ਆਏ । ਸ਼ਬਦ ਅਨਾਦੀ ਬੇਪਰਵਾਹੋ ਹੈ, ਬੇਪਰਵਾਹ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕਾ ਨਾਉਂ ਧਰਾਏ । ਨਿਹਕਲੰਕਾ ਹਰਿ ਨਿਰੰਕਾਰ, ਏਕਾ ਏਕ ਅਖਵਾਇੰਦਾ । ਏਕਾ ਡੰਕ ਸ਼ਬਦ ਅਪਾਰ, ਜੁਗ ਜੁਗ ਆਪ ਵਜਾਇੰਦਾ । ਦੋ ਜਹਾਨਾਂ ਕਰੇ ਖ਼ਬਰਦਾਰ, ਪੁਰੀਆਂ ਲੋਆਂ ਆਪ ਉਠਾਇੰਦਾ । ਨਿਰਗੁਣ ਸਰਗੁਣ ਕਰ ਵਿਚਾਰ, ਆਪ ਆਪਣਾ ਕਰਮ ਕਮਾਇੰਦਾ । ਜਗ ਜੁਗਤ ਬੰਨ੍ਹੇ ਧਾਰ, ਜੋਗ ਜੁਗਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਉਂ ਧਰਾਇੰਦਾ । ਨਿਹਕਲੰਕਾ ਨਾਮ ਨਿਧਾਨ, ਨਰ ਹਰਿ ਆਪ ਅਖਵਾਇਆ । ਏਕਾ ਸ਼ਬਦ ਇਕ ਗਿਆਨ, ਇਕ ਧਿਆਨ ਲਗਾਇਆ । ਏਕਾ ਚਰਨ ਧੂੜ ਸੱਚਾ ਇਸ਼ਨਾਨ, ਸਰ ਸਰੋਵਰ ਇਕ ਵਖਾਇਆ । ਏਕਾ ਜੋਤੀ ਆਤਮ ਬ੍ਰਹਮ ਗਿਆਨ, ਅਗਿਆਨ ਅੰਧੇਰ ਮਿਟਾਇਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਗਵਾਇਆ । ਮੂਰਖ ਮੂੜ੍ਹ ਬਣਾਏ ਚਤੁਰ ਸੁਘੜ ਸਿਆਣ, ਆਪ ਆਪਣੀ ਦਇਆ ਕਮਾਇਆ । ਹਰਿ ਕਾ ਸ਼ਬਦ ਸਚ ਨਿਸ਼ਾਨ, ਜੁਗ ਜੁਗ ਆਪ ਚਲਾਇਆ । ਜੋਧਾ ਸੂਰ ਬਲੀ ਬਲਵਾਨ, ਨਿਹਕਲੰਕਾ ਆਪ ਅਖਵਾਇਆ । ਰਾਓ ਰੰਕਾਂ ਵੇਖੇ ਮਾਰ ਧਿਆਨ ਵਿਚ ਜਹਾਨ, ਦਵਾਰ ਬੰਕਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਨਿਹਕਲੰਕਾ ਨਰ ਨਿਰੰਜਣ, ਨਰ ਨਰਾਇਣ ਅਖਵਾਇਆ । ਨਾ ਕੋਈ ਘੜੇ ਨਾ ਮਾਤ ਭੱਜਣ, ਨਾ ਕੋਈ ਬਣਤ ਬਣਾਇਆ । ਨਾ ਕੋਈ ਤਾਲ ਤਲਵਾੜਾ ਦਰ ਦਵਾਰੇ ਵੱਜਣ, ਵਜਾਵਣਹਾਰ ਦਿਸ ਨਾ ਆਇਆ । ਆਪ ਆਪਣਾ ਬਣਿਆ ਸੱਜਣ, ਸ਼ਬਦ ਮੀਤ ਇਕ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਰਿਹਾ ਵਖਾਇਆ । ਏਕਾ ਅੰਕ ਏਕੰਕਾਰ, ਏਕਾ ਕਲ ਵਰਤਾਈਆ । ਏਕ ਤਨ ਕਰ ਸ਼ਿੰਗਾਰ, ਤਨ ਬਸਤਰ ਇਕ ਸਜਾਈਆ । ਏਕਾ ਖੰਡਾ ਇਕ ਕਟਾਰ, ਇਕ ਗਾਤਰੇ ਰਿਹਾ ਪਾਈਆ ।

ਏਕਾ ਸ਼ਬਦ ਏਕਾ ਧਾਰ, ਏਕ ਏਕ ਰਿਹਾ ਚਲਾਈਆ । ਏਕਾ ਗੁਰ ਏਕਾ ਅਵਤਾਰ, ਏਕਾ ਖੇਲ ਖਿਲਾਈਆ । ਏਕਾ ਸਾਜਣ ਮੀਤ ਮੁਰਾਰ, ਸਖਾ ਸੁਹੇਲਾ ਇਕ ਅਖਵਾਈਆ । ਏਕਾ ਗੁਰ ਏਕਾ ਚੇਲਾ ਇਕ ਦਵਾਰ, ਏਕਾ ਮੰਗ ਮੰਗਾਈਆ । ਏਕਾ ਦਾਤਾ ਦਾਨੀ ਭਰੇ ਭੰਡਾਰ, ਏਕਾ ਖਾਲੀ ਰਿਹਾ ਕਰਾਈਆ । ਏਕਾ ਗੁਣਵੰਤਾ ਗੁਣ ਰਿਹਾ ਵਿਚਾਰ, ਗੁਣ ਅਵਗੁਣ ਵੇਖ ਵਖਾਈਆ । ਏਕਾ ਰੰਗ ਬਸੰਤਾ ਰਿਹਾ ਚਾੜ੍ਹ, ਏਕਾ ਚੋਲੀ ਰਿਹਾ ਰੰਗਾਈਆ । ਏਕਾ ਹਉਮੇ ਹੰਗਤਾ ਦੇਵੇ ਸਾੜ, ਹਰਿਜਨ ਸਾਚੇ ਮੇਲ ਮਿਲਾਈਆ । ਏਕਾ ਨਾਨਕ ਏਕਾ ਅੰਗਦ ਮਿਲਿਆ ਮੇਲ ਕੰਤ ਭਤਾਰ, ਏਕਾ ਸੇਜ ਹੰਢਾਈਆ । ਏਕਾ ਮੰਗਤਾ ਬਣੇ ਭਿਖਾਰ, ਏਕਾ ਝੋਲੀ ਅੱਗੇ ਡਾਹੀਆ । ਏਕਾ ਪੈਜ ਦੇਵੇ ਸਵਾਰ, ਏਕਾ ਗੁਰ ਵੱਡੀ ਵਡਿਆਈਆ । ਏਕਾ ਸ਼ਬਦ ਏਕਾ ਧੁਨ ਧੁਨਕਾਰ, ਏਕਾ ਨਾਦ ਵਜਾਈਆ । ਏਕਾ ਸੁਨ ਇਕ ਸਮਾਧ, ਇਕ ਧਿਆਨ ਵਖਾਈਆ । ਏਕਾ ਬਾਣੀ ਬੋਧ ਅਗਾਧ, ਅਗਾਧ ਬੋਧ ਜਣਾਈਆ । ਏਕਾ ਏਕ ਰਸਨਾ ਰਹੇ ਅਰਾਧ, ਏਕਾ ਏਕ ਲਿਵ ਲਾਈਆ । ਏਕਾ ਏਕ ਮਾਧਵ ਮਾਧ, ਮੋਹਣ ਮੋਹਣੀ ਰੂਪ ਵਟਾਈਆ । ਏਕਾ ਏਕ ਸੰਤ ਸਾਧ, ਏਕਾ ਏਕ ਧੂਣੀਆਂ ਤਾਈਆ । ਏਕਾ ਏਕ ਹਰਿ ਸ਼ਬਦ ਹਰ ਰੱਖਣਾ ਯਾਦ, ਨਿਹਕਲੰਕਾ ਨਾਉਂ ਰਖਾਈਆ । ਜੁਗ ਜੁਗ ਸੁਣੇ ਲੱਖ ਚੁਰਾਸੀ ਤੇਰੀ ਫਰਿਆਦ, ਧਰਤ ਮਾਤ ਰਹੀ ਕੁਰਲਾਈਆ । ਜਨ ਭਗਤਾਂ ਦੇਵੇ ਸਾਚੀ ਦਾਦ, ਦੇਵਣਹਾਰ ਆਪ ਅਖਵਾਈਆ । ਹਰਿਜਨ ਸਾਚੇ ਲਏ ਲਾਧ, ਗੁਰ ਗੋਬਿੰਦਾ ਮੇਲ ਮਿਲਾਈਆ । ਸ਼ਬਦ ਡੋਰੀ ਲਏ ਬਾਂਧ, ਏਕਾ ਤੰਦਨ ਤੰਦ ਬੰਧਾਈਆ । ਖੇਲੇ ਖੇਲ ਆਦਿ ਜੁਗਾਦਿ, ਆਦਿ ਜੁਗਾਦੀ ਆਪ ਅਖਵਾਈਆ । ਕਲਜੁਗ ਅੰਤਮ ਦੇਵੇ ਦਾਦ, ਨਾਨਕ ਗੋਬਿੰਦ ਗਿਆ ਲਿਖਾਈਆ । ਖੇਲੇ ਖੇਲ ਹਰਿ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਈਆ । ਮੇਟ ਮਿਟਾਏ ਜਗਤ ਵਿਵਾਦ, ਵਿਕਾਰ ਹੰਕਾਰ ਰਹਿਣ ਨਾ ਪਾਈਆ । ਪਕੜ ਉਠਾਏ ਨੌਂ ਨੌਂ ਨਾਥ, ਸਿਧ ਚੁਰਾਸੀ ਰਿਹਾ ਹਿਲਾਈਆ । ਈਸਾ ਮੂਸਾ ਛੱਡਣਾ ਸਾਥ, ਚਾਰ ਯਾਰੀ ਸੰਗ ਤੁੜਾਈਆ । ਸੀਆਂ ਵੰਡ ਵੰਡਾਏ ਸਾਢੇ ਤਿੰਨ ਤਿੰਨ ਹਾਥ, ਰਵਦਾਸ ਚੁਮਾਰਾ ਗਿਆ ਲਿਖਾਈਆ । ਆਪ ਚਲਾਏ ਆਪਣੀ ਗਾਥ, ਸਤਿਜੁਗ ਸਾਚਾ ਮਾਰਗ ਲਾਈਆ । ਸੋਹੰ ਸੋ ਏਕਾ ਰਾਥ, ਰਥ ਰਥਵਾਹੀ ਆਪ ਅਖਵਾਈਆ । ਜਨ ਭਗਤਾਂ ਮਸਤਕ ਟਿੱਕਾ ਲਾਏ ਮਾਥ, ਜੋਤ ਨਿਰੰਜਣ ਲਿਲਾਟ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਮਾਰੇ ਠਾਠ, ਤਾਲ ਸੁਹਾਵਾ ਇਕ ਵਖਾਈਆ । ਲੇਖ ਚੁਕਾਏ ਤੀਰਥ ਅੱਠ ਸਾਠ, ਘਰ ਮੰਦਰ ਇਕ ਸੁਹਾਈਆ । ਸ਼ਬਦ ਘੋੜਾ ਦੇਵੇ ਸਾਚਾ ਰਾਠ, ਸੋਲਾਂ ਕਲੀਆਂ ਆਸਣ ਲਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਿਹਕਲੰਕ ਤੇਰੇ ਦਰਸ ਵੱਡੀ ਵਡਿਆਈਆ । ਲੇਖੇ ਲਾਏ ਹੱਡੀ ਤਿੰਨ ਸੌ ਸਾਠ, ਬਹੱਤਰ ਨਾੜ ਕਰੇ ਰੁਸ਼ਨਾਈਆ । ਆਪੇ ਗੇੜੇ ਕਾਇਆ ਉਲਟੀ ਲਾਠ, ਬਜਰ ਕਪਾਟੀ ਕੁੰਡਾ ਲਾਹੀਆ । ਚਰਨ ਦਵਾਰੇ ਇਕ ਇਕੱਠ, ਇਕ ਇਕੱਲਾ ਰਿਹਾ ਕਰਾਈਆ । ਅੰਤਮ ਮੇਲਾ ਨੱਠ ਨੱਠ, ਸਾਧਾਂ ਸੰਤਾਂ ਰਾਹ ਖਹਿੜਾ ਦਿਸ ਨਾ ਆਈਆ । ਤ੍ਰੈਗੁਣ ਮਾਇਆ ਪ੍ਰਭ ਤਪਾਏ ਮੱਠ, ਪੰਚ ਵਿਕਾਰਾ ਅਗਨੀ ਡਾਹੀਆ । ਸੰਮਤ ਚੌਦਾਂ ਕਰੇ ਚੱਠ, ਗੁਰਮੁਖ ਸਾਚੇ ਸੰਗ ਰਲਾਈਆ । ਆਪ ਤਪਾਇਆ ਜਗਤ ਵਖਾਇਆ ਏਕਾ ਮੱਠ, ਜੋਤੀ ਲੰਬੂ ਏਕਾ ਅਗਨੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ ਆਪ ਅਖਵਾਈਆ । ਨਿਹਕਲੰਕ ਸ਼ਬਦ ਸਿਤਾਰ, ਏਕਾ ਏਕ ਵਜਾਇੰਦਾ । ਨਾਨਕ ਗਾਏ ਨਿਰੰਕਾਰ ਨਿਰੰਕਾਰ ਨਿਰੰਕਾਰ, ਨਿਰਗੁਣ ਵੇਖ ਵਖਾਇੰਦਾ । ਗੋਬਿੰਦ ਪਾਇਆ ਪੁਰਖ ਅਪਾਰ, ਪਰਮ ਪੁਰਖ ਸਮਾਇੰਦਾ । ਦੋਏ

੯੮੯ ੦੬

੯੯੦
੦੬

ਜੋੜ ਢਹਿ ਪਏ ਦਵਾਰ, ਨੇਤਰ ਨੀਰ ਵਹਾਇੰਦਾ । ਸਿੱਖੀ ਸਿਖਿਆ ਕਰ ਵਿਚਾਰ, ਸਤਿਗੁਰ ਸਾਚਾ ਸੀਸ ਝੁਕਾਇੰਦਾ । ਲਿਖਿਆ ਲੇਖ ਧੁਰ ਕਰਤਾਰ, ਨਾ ਕੋਈ ਮੇਟ ਮਿਟਾਇੰਦਾ । ਪੁਰੀ ਅਨੰਦ ਨਾ ਕੋਈ ਘਰ ਬਾਹਰ, ਅਨੰਦ ਅਨੰਦ ਗੁਰ ਚਰਨਾਂ ਇਕ ਵਖਾਇੰਦਾ । ਸ਼ਬਦ ਛੰਦ ਨਾ ਕੋਈ ਸੰਸਾਰ, ਬੰਦ ਬੰਦ ਨਾ ਕੋਈ ਕਟਾਇੰਦਾ । ਮਦਿਰਾ ਮਾਸ ਨਾ ਰਸਨਾ ਬੱਤੀ ਦੰਦ, ਗੁਰ ਗੋਬਿੰਦਾ ਤੀਰ ਚਲਾਇੰਦਾ । ਤੇਗ ਬਹਾਦਰ ਵਰ ਪਾਇਆ ਪਰਮਾਨੰਦ, ਨਿਜ ਰੂਪ ਆਪ ਸਮਾਇੰਦਾ । ਹਰਿਕ੍ਰਿਸ਼ਨ ਚੜ੍ਹਿਆ ਜਗਤ ਚੰਦ, ਬਾਲ ਬਾਲਾ ਸੇਵ ਕਮਾਇੰਦਾ । ਹਰਿ ਹਰਿ ਰਾਏ ਪ੍ਰਭ ਆਪ ਬਖ਼ਸ਼ੰਦ, ਬਖ਼ਸ਼ਣਹਾਰ ਦਇਆ ਕਮਾਇੰਦਾ । ਹਰਿਗੋਬਿੰਦ ਜੋਧਾ ਸੂਰ ਮਰਗਿੰਦ, ਆਸਣ ਸਿੰਘਾਸਣ ਇਕ ਵਿਛਾਇੰਦਾ । ਅਰਜਨ ਗੁਰ ਸਾਗਰ ਸਿੰਧ, ਬਾਣੀ ਬੋਧ ਗਿਆਨ ਧਿਆਨ ਇਕ ਦ੍ਰਿੜਾਇੰਦਾ । ਰਾਮ ਦਾਸ ਸਾਚਾ ਸਰ, ਪੁਰਖ ਅਬਿਨਾਸ਼ੀ ਵਸਿਆ ਘਰ, ਏਕਾ ਤਰਨੀ ਗਿਆ ਤਰ, ਸਰ ਸਰੋਵਰ ਇਕ ਸੁਹਾਇੰਦਾ । ਅਮਰਦਾਸ ਪਾਇਆ ਵਰ, ਨਾਰ ਸੁਹਾਗਣ ਸੋਹੇ ਦਰ, ਕੰਤ ਕੰਤੂਹਲ ਸੇਜ ਹੰਢਾਇੰਦਾ । ਅੰਗਦ ਅੰਗ ਗਿਆ ਲੱਗ, ਮਿਲਿਆ ਮੇਲ ਸੂਰੇ ਸਰਬਗ, ਕਲਜੁਗ ਮਾਇਆ ਅਗਨੀ ਨਾ ਗਿਆ ਦਗ, ਏਕਾ ਰੰਗਣ ਰੰਗ ਚੜ੍ਹਾਇੰਦਾ । ਨਿਰਗੁਣ ਨਾਨਕ ਗਿਆ ਗਾ, ਆਪਣਾ ਆਪ ਮੇਟ ਮਿਟਾ, ਪੁਰਖ ਅਬਿਨਾਸ਼ੀ ਦਰਸ਼ਨ ਪਾ, ਚਾਰ ਵਰਨਾਂ ਇਕ ਜਣਾ, ਨਿਹਕਲੰਕ ਤੇਰੀ ਓਟ ਰਖਾ, ਏਕਾ ਡੰਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਉਂ ਧਰਾਇੰਦਾ । ਏਕਾ ਨਾਉਂ ਜਗਤ ਧਰਾ, ਆਪਣੀ ਕਲ ਵਰਤਾਈਆ । ਨੌਂ ਖੰਡ ਪ੍ਰਿਥਮੀ ਦਏ ਪੜ੍ਹਾ, ਸੱਤਾਂ ਦੀਪਾਂ ਇਕ ਵਡਿਆਈਆ । ਰਾਜ ਰਾਜਾਨਾਂ ਦਏ ਸੁਣਾ, ਦੂਈ ਦਵੈਤੀ ਪੜਦਾ ਲਾਹੀਆ । ਗੁਣ ਅਵਗੁਣ ਨਾ ਕੋਈ ਜਣਾ, ਮਹਿੰਮਾ ਅਗਣਤ ਨਾ ਕੋਈ ਜਣਾਈਆ । ਰਾਗ ਰਾਗਨੀ ਰਹੇ ਗਾ, ਦਿਵਸ ਰੈਣ ਸੇਵ ਕਮਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਥਿਰ ਘਰ ਬੈਠਾ ਆਸਣ ਲਾਈਆ । ਦੀਪਕ ਜੋਤੀ ਇਕ ਜਗਾ, ਅੱਠੇ ਪਹਿਰ ਡਗਮਗਾਈਆ । ਸ਼ਬਦ ਧੁਨ ਆਪਣੀ ਆਪ ਵਜਾ, ਘਰ ਆਪਣੇ ਰਿਹਾ ਅਲਾਈਆ । ਪੰਜ ਤਤ ਨਾ ਵੇਖ ਵਖਾ, ਮਨ ਮਤ ਬੁਧ ਨਾ ਕੋਈ ਚਤੁਰਾਈਆ । ਰਕਤ ਬੂੰਦ ਨਾ ਮੇਲ ਮਿਲਾ, ਹੱਡ ਮਾਸ ਨਾੜੀ ਦਿਸ ਨਾ ਆਈਆ । ਚਿਤਰ ਗੁਪਤ ਨਾ ਲੇਖਾ ਰਿਹਾ ਲਿਖਾ, ਧਰਮ ਰਾਏ ਨਾ ਦਏ ਸਜ਼ਾਈਆ । ਨਾ ਕੋਈ ਬ੍ਰਹਮਾ ਤ੍ਰੈਗੁਣ ਮਾਇਆ ਰਿਹਾ ਰਲਾ, ਵਿਸ਼ਨੂੰ ਵੰਸੀ ਨਾ ਵੇਸ ਵਟਾਈਆ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਨਾ ਬੈਠਾ ਗਲ ਲਟਕਾ, ਤਨ ਭਬੂਤ ਨਾ ਖ਼ਾਕ ਰਮਾਈਆ । ਨਾ ਕੋਈ ਤਾਰ ਸਿਤਾਰ ਰਿਹਾ ਵਜਾ, ਗਾਵਣਹਾਰ ਨਾ ਕੋਈ ਦਿਸਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਏਕਾ ਬੈਠਾ ਆਸਣ ਲਾਈਆ । ਆਦਿ ਜੁਗਾਦੀ ਆਪ ਅਖਵਾ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਜੁਗ ਜੁਗ ਮੇਲਾ ਮੇਲ ਮਿਲਾ, ਮੇਲ ਵਿਛੋੜੇ ਖੇਲ ਆਪਣੇ ਹੱਥ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਰਚਨ ਰਚਾ, ਰਾਮ ਕ੍ਰਿਸ਼ਨ ਕ੍ਰਿਸ਼ਨਾ ਰਾਮ ਅਖਵਾਈਆ । ਕਲਜੁਗ ਵੇਖੇ ਸਾਚਾ ਥਾਂ, ਸਚ ਸਮਗਰੀ ਇਕ ਟਿਕਾਈਆ । ਚਾਰ ਕੁੰਟ ਦਹਿ ਦਿਸ਼ਾ ਏਕਾ ਭੁੱਲਿਆ ਹਰਿ ਹਰਿ ਨਾਂ, ਗੀਤ ਸੰਗੀਤ ਨਾ ਕੋਈ ਗਾਈਆ । ਮਨਮੁਖ ਜੀਵ ਹੋਏ ਕਾਂ, ਰਸਨਾ ਕਾਗ ਵਾਂਗ ਕੁਰਲਾਈਆ । ਕੋਈ ਨਾ ਦੇਵੇ ਠੰਡੀ ਛਾਂ, ਸਾਧ ਸੰਤ ਬੈਠੇ ਮੁਖ ਛੁਪਾਈਆ । ਪੁਰਖ ਅਬਿਨਾਸ਼ੀ ਵੇਖੇ ਥਾਉਂ ਥਾਂ, ਹਰ ਘਟ ਆਪਣਾ ਫੇਰਾ ਪਾਈਆ । ਕਰਨਹਾਰਾ ਸਚ ਨਿਆਂ, ਸਾਚੇ ਕੰਡੇ ਤੋਲ ਤੁਲਾਈਆ । ਕਲਜੁਗ ਦਵਾਰੇ ਰਿਹਾ ਕੁਰਲਾ, ਜੂਠ ਝੂਠ ਨਾਲ ਰਲਾਈਆ । ਧਰਤ

ਮਾਤ ਵੈਣ ਰਹੀ ਪਾ, ਖੁਲ੍ਹੜੇ ਕੇਸ ਦਏ ਦੁਹਾਈਆ । ਲਾੜੀ ਮੌਤ ਖ਼ੁਸ਼ੀ ਰਹੀ ਮਨਾ, ਹੱਥੀਂ ਮਹਿੰਦੀ ਲਾਲ ਰੰਗਾਈਆ । ਸਗਣਾ ਚੂੜਾ ਸਾਚਾ ਪਾ, ਨੌਂ ਖੰਡ ਪ੍ਰਿਥਮੀ ਰਿਹਾ ਛਣਕਾਈਆ । ਰਾਏ ਧਰਮ ਰੰਗ ਗੂੜ੍ਹਾ ਦਏ ਚੜ੍ਹਾ, ਆਪ ਆਪਣਾ ਸੰਗ ਨਿਭਾਈਆ । ਚਿਤਰ ਗੁਪਤ ਲੇਖਾ ਰਿਹਾ ਵਖਾ, ਮਨਮੁਖ ਜੀਵਾਂ ਭੁੱਲ ਨਾ ਰਾਈਆ । ਪੁਰਖ ਅਬਿਨਾਸ਼ੀ ਦੇਵਣਹਾਰ ਸਜ਼ਾ, ਸ੍ਰਿਸ਼ਟ ਸਬਾਈ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਰਿਹਾ ਦੁੜਾ, ਪਵਣ ਪਵਣੀ ਰਿਹਾ ਸਮਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਵੇਖ ਵਖਾ, ਸੰਬਲ ਨਗਰ ਡੇਰਾ ਲਾਈਆ । ਗੁਰ ਗੋਬਿੰਦ ਲਿਆ ਜਗਾ, ਜਾਗਰਤ ਦਿਸ਼ਾ ਇਕ ਵਖਾਈਆ । ਰਸਨਾ ਚਿੱਲੇ ਤੀਰ ਚੜ੍ਹਾ, ਨਾਮ ਨਿਸ਼ਾਨਾ ਰਿਹਾ ਲਗਾਈਆ । ਬੂਰਾ ਕੱਕਾ ਬਿੱਲਾ ਦਏ ਹਿਲਾ, ਈਸਾ ਮੂਸਾ ਵੇਖ ਵਖਾਈਆ । ਪਹਿਲਾ ਨਿਸ਼ਾਨਾ ਰਿਹਾ ਲਗਾ, ਅੱਲਾ ਰਾਣੀ ਮੁਖ ਸ਼ਰਮਾਈਆ । ਸੰਗ ਮੁਹੰਮਦ ਚਾਰ ਯਾਰ ਨਾ ਕੋਈ ਬਣਿਆ ਸਕਾ, ਸਗਲਾ ਸੰਗ ਨਾ ਕੋਈ ਨਿਭਾਈਆ । ਸੰਮਤ ਚੌਦਾਂ ਲੇਖਾ ਰਿਹਾ ਲਿਖਾ, ਚੌਦਾਂ ਤਬਕਾਂ ਜੜ੍ਹ ਹਿਲਾਈਆ । ਚੌਦਾਂ ਲੋਕਾਂ ਆਪ ਸੁਣਾ, ਤ੍ਰੈਲੋਕ ਕਰੇ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਵੇਖੇ ਥਾਉਂ ਥਾਂ, ਆਵੇ ਜਾਵੇ ਫੇਰਾ ਪਾਈਆ । ਕਲਜੁਗ ਕਾਇਆ ਰਿਹਾ ਕੁਰਲਾ, ਧੀਰਜ ਧੀਰ ਨਾ ਕੋਈ ਧਰਾਈਆ । ਅੰਮ੍ਰਿਤ ਜਾਮ ਨਾ ਦੇਵੇ ਕੋਈ ਪਿਆ, ਅੱਠ ਸੱਠ ਤੀਰਥ ਫਿਰੇ ਹਲਕਾਈਆ । ਗੁਰ ਦਰ ਮੰਦਰ ਅੰਦਰ ਸਾਚਾ ਰਾਗ ਨਾ ਦਏ ਕੋਈ ਸੁਣਾ, ਮਾਇਆ ਰਾਣੀ ਨਿਤ ਲੜਾਈਆ । ਕੁਰਾਨ ਹਦੀਸ ਨਾ ਕੋਈ ਰਿਹਾ ਪੜ੍ਹਾ, ਸ਼ਰਅ ਸ਼ਰਾਇਤ ਨਾ ਕੋਈ ਵਖਾਈਆ । ਮੁਲਾਂ ਪੀਰ ਸ਼ੇਖ਼ ਦਸਤਗੀਰ ਰਾਣੀ ਅੱਲਾ ਤੇਰਾ ਕੋਈ ਨਾ ਕਰੇ ਨਿਕਾਹ, ਹੱਕ ਜ਼ਨਾਬ ਨਾ ਕੋਈ ਮਿਲਾਈਆ । ਮਿਲੇ ਨਾ ਪਾਕੀ ਪਾਕ ਇਕ ਖ਼ੁਦਾ, ਐਹਨਲ ਹੱਕ ਨਾ ਨਾਅਰਾ ਲਾਈਆ । ਅੰਤਮ ਹੋਣਾ ਮਾਤ ਜੁਦਾ, ਸੰਗ ਮੁਹੰਮਦ ਚਾਰ ਯਾਰ ਛਾਹੀਆ । ਪੁਰਖ ਅਬਿਨਾਸ਼ੀ ਏਕਾ ਸਦਾ ਰਿਹਾ ਲਗਾ, ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਏਕਾ ਸ਼ਬਦ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਨਾਉਂ ਰਖਾਈਆ । ਨਿਹਕਲੰਕ ਹਰਿ ਹਰਿ ਰੰਗ, ਰੰਗ ਰਤਾ ਕਰਤਾਰਾ । ਸ਼ਬਦ ਸਰੂਪੀ ਬੈਠ ਪਲੰਘ, ਖੇਲੇ ਖੇਲ ਵਿਚ ਸੰਸਾਰਾ । ਨਾਦੀ ਸ਼ਬਦ ਵਜਾਏ ਇਕ ਮਰਦੰਗ, ਅਨਹਦ ਵਜਾਏ ਸਾਚੀ ਤਾਰਾ । ਸਰ ਸਰੋਵਰ ਧਾਰਾ ਗੰਗ, ਪ੍ਰਭ ਰੱਖੇ ਚਰਨ ਦਵਾਰਾ । ਸ਼ਬਦ ਸੁਤ ਤੇਰਾ ਸਾਚਾ ਜੰਗ, ਕਲਜੁਗ ਵੇਖੇ ਅੰਤਮ ਵਾਰਾ । ਚਿੱਟੇ ਅਸਵ ਕਸਿਆ ਤੰਗ, ਪਰਗਟ ਹੋਏ ਪੁਰਖ ਅਪਾਰਾ । ਲੋਆਂ ਪੁਰੀਆਂ ਆਏ ਲੰਘ, ਲੋਕਮਾਤ ਵੇਖੇ ਇਕ ਦਵਾਰਾ । ਭਗਤ ਜਨਾਂ ਹਰਿ ਸਗਲਾ ਸੰਗ, ਦੋਏ ਜੋੜ ਕਰੇ ਨਿਮਸਕਾਰਾ । ਆਪ ਲਗਾਏ ਆਪਣੇ ਅੰਗ, ਆਪਣੀ ਗੋਦੀ ਦਏ ਹੁਲਾਰਾ । ਸੋਹੰ ਕੰਗਣ ਤਨ ਪਾਵੇ ਸਾਚੀ ਵੰਗ, ਉਤਰ ਨਾ ਜਾਏ ਦੂਜੀ ਵਾਰਾ । ਮਾਨਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਉਤਰੇ ਪਾਰਾ । ਧਰਮ ਰਾਏ ਨਾ ਦੇਵੇ ਡੰਨ, ਕਾਲ ਮਹਾਂਕਾਲ ਨਾ ਆਏ ਦਵਾਰਾ । ਦਰ ਦਵਾਰਾ ਪਾਰਬ੍ਰਹਮ ਅਬਿਨਾਸ਼ੀ ਕਰਤੇ ਜੋ ਜਨ ਤੇਰਾ ਰਿਹਾ ਮੰਗ, ਆਦਿ ਅੰਤ ਭਰੇ ਅਤੁਟ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਵਿਚ ਸੰਸਾਰਾ । ਖੇਲੇ ਖੇਲ ਵਿਚ ਸੰਸਾਰ, ਅਕਲ ਅਕਲ ਕਲਾ ਸਮਾਈਆ । ਜੋਤੀ ਨੂਰ ਕਰ ਆਕਾਰ, ਸ਼ਬਦੀ ਬਣਤ ਬਣਾਈਆ । ਸ਼ਬਦ ਸਰੂਪੀ ਇਕ ਜੈਕਾਰ, ਜੈ ਜੈ ਜੈਕਾਰ ਆਪ ਕਰਾਈਆ । ਮੇਟ ਮਿਟਾਏ ਅੰਧ ਅੰਧਿਆਰ, ਕਾਲੀ ਰੈਣ ਰਹਿਣ ਨਾ ਪਾਈਆ । ਗੁਰਮੁਖ ਸਾਜਣ ਮੀਤ ਮੁਰਾਰ, ਸਤਿ

੯੯੧
੦੬

ਪੁਰਖ ਮੇਲ ਮਿਲਾਈਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਇਕ ਸਿਖਾਈਆ । ਆਪੇ ਪੁਰਖ ਆਪੇ ਨਾਰ, ਆਪੇ ਨਾਰੀ ਕੰਤ ਭਤਾਰ, ਆਪ ਆਪਣੀ ਸੇਜ ਹੰਢਾਈਆ । ਪੂਤ ਸਪੂਤਾ ਕਰ ਉਜਿਆਰ, ਹਰਿ ਸ਼ਬਦੀ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਜੋਤੀ ਨੂਰ ਸ਼ਬਦ ਤੂਰ ਨਾਦ ਅਨਾਦੀ ਏਕਾ ਧੁਨ ਵਜਾਈਆ ।

### ❊ ਪਹਿਲੀ ਮੱਘਰ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ਤੋਂ ਪਟਨਾ ਸਾਹਿਬ ਸ਼ਬਦ ਭੇਜਿਆ ਗਿਆ ❊

ਪ : ਪੁਰਖ ਸੁਲਤਾਨ ਸੁਲਤਾਨ, ਸਤਿ ਸਰੂਪ ਅਖਵਾਇਆ । ਟ : ਟਿੱਲਾ ਉਚ ਮਕਾਨ, ਗੋਬਿੰਦ ਗੜ੍ਹ ਸੁਹਾਇਆ । ਨ : ਨਿਰਗੁਣ ਖੇਲ ਮਹਾਨ, ਨਿਜ ਘਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਟਨਾ ਲੇਖ ਲਿਖਾਇਆ । ਪ : ਪੁਸਤਕ ਪਾਠ, ਪੂਜਾ ਵੇਖ ਵਖਾਈਆ । ਟ : ਟੁੱਟਾ ਸਾਥ, ਨਾ ਕੋਈ ਸੰਗ ਰਖਾਈਆ । ਨ : ਨਿਰਗੁਣ ਖੇਲ ਤ੍ਰੈਲੋਕੀ ਨਾਥ, ਲੋਆਂ ਪੁਰੀਆਂ ਰਿਹਾ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਪਟਨਾ ਵੇਖ ਵਖਾਈਆ । ਪ : ਪਿਤਾ ਇਕ ਪਰਵਾਨ, ਪਰਮ ਪੁਰਖ ਸੁਲਤਾਨ । ਟ : ਟਿੱਕਾ ਮਸਤਕ ਮਹਾਨ ਆਪ ਲਗਾਏ ਸ੍ਰੀ ਭਗਵਾਨ । ਨ : ਨਿਰਗੁਣ ਬੈਠ ਸ਼ਬਦ ਬਿਬਾਣ, ਫਿਰੇ ਫਿਰਾਏ ਦੋ ਜਹਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਟਨਾ ਵੇਖੇ ਜਗਤ ਦੁਕਾਨ । ਪ : ਪ੍ਰਿਤਪਾਲ ਸਰਬ ਸੁਖਦਾਇਆ । ਆਪੇ ਸ਼ਾਹ ਆਪ ਕੰਗਾਲ, ਮੰਗਣਹਾਰ ਆਪ ਅਖਵਾਇਆ । ਆਪੇ ਜੋਤੀ ਨੂਰ ਅਕਾਲ, ਸ਼ਬਦ ਧੁਨ ਆਪ ਉਪਜਾਇਆ । ਆਪੇ ਦੀਨਾਂ ਬੰਧਪ ਦੀਨ ਦਿਆਲ, ਦਇਆ ਨਿਧ ਆਪ ਅਖਵਾਇਆ । ਆਪੇ ਕਾਲ ਹੋਏ ਮਹਾਂਕਾਲ, ਕੂੜ ਪਸਾਰਾ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਹੋਏ ਸਹਾਇਆ । ਪ : ਪੂਰਨ ਜੋਤ ਧਰ, ਨਿਰਮਲ ਨੂਰ ਕਰੇ ਰੁਸ਼ਨਾਈਆ । ਆਸਾ ਮਨਸਾ ਪੂਰ ਹਰਿ, ਹਰਿ ਗੋਬਿੰਦ ਵਿਚ ਸਮਾਈਆ । ਗੋਬਿੰਦ ਹਾਜ਼ਰ ਹਜ਼ੂਰ ਦਰ, ਦਰ ਦਰਵੇਸਾ ਆਪ ਅਖਵਾਈਆ । ਨਾਤਾ ਤੋੜੇ ਕੂੜੋ ਕੂੜ, ਗੜ੍ਹ ਹੰਕਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਅਲਖ ਜਗਾਈਆ । ਆਪ ਆਪਣੀ ਅਲਖ ਜਗਾ, ਗੁਰ ਗੋਬਿੰਦ ਉਠਾਇਆ । ਸੰਬਲ ਨਗਰੀ ਡੇਰਾ ਲਾ, ਸਾਚਾ ਧਾਮ ਸੁਹਾਇਆ । ਅੰਮ੍ਰਿਤ ਜਲ ਇਕ ਭਰਾ, ਸਾਚਾ ਤਾਲ ਸੁਹਾਇਆ । ਸ਼ਬਦੀ ਸ਼ਬਦ ਲਿਆ ਉਪਾ, ਸ਼ਬਦੀ ਜੋੜ ਜੁੜਾਇਆ । ਜੋਤੀ ਨੂਰ ਡਗਮਗਾ, ਦਿਵਸ ਰੈਣ ਕਰੇ ਰੁਸ਼ਨਾਈਆ । ਆਪ ਆਪਣਾ ਵੇਖ ਵਖਾ, ਆਪ ਆਪਣਾ ਰੂਪ ਵਟਾਇਆ । ਬਸਤਰ ਸ਼ਸਤਰ ਤਨ ਸਜਾ, ਏਕ ਅਸਤਰ ਰਿਹਾ ਦੌੜਾਇਆ । ਚਿੱਟੇ ਅਸਵ ਆਸਣ ਲਾ, ਸੋਲਾਂ ਕਲੀਆਂ ਵੇਖ ਵਖਾਇਆ । ਨੀਲੇ ਵਾਲਾ ਆਪ ਹੋ ਜਾ, ਜੋਤੀ ਸ਼ਬਦੀ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਬਲ ਨਗਰੀ ਡੇਰਾ ਲਾਇਆ । ਸੰਬਲ ਨਗਰ ਸਚ ਗਰਾਂ, ਗੋਬਿੰਦ ਮਿਲੀ ਵਡਿਆਈਆ । ਗੁਰ ਗੋਬਿੰਦਾ ਬੈਠਾ ਸਾਚੇ ਥਾਂ, ਹਰਿ ਸਾਚਾ ਹੋਏ ਸਹਾਈਆ । ਨਿਰਮਲ ਬਾਤੀ ਇਕ ਜਗਾ, ਚਾਰ ਕੁੰਟ ਕਰੇ ਰੁਸ਼ਨਾਈਆ । ਏਕਾ ਸ਼ਬਦ ਰਿਹਾ ਪੜ੍ਹਾ, ਚਾਰ ਵਰਨਾਂ ਇਕ ਪੜ੍ਹਾਈਆ । ਏਕਾ ਰੰਗ ਰਿਹਾ ਰੰਗਾ, ਰੰਗਣਹਾਰ ਆਪ ਅਖਵਾਈਆ ।


੯੯੨
੦੬

ਗੁਰਮੁਖ ਸਾਚੇ ਲਏ ਉਪਾ, ਆਪ ਆਪਣੀ ਬੂਝ ਬੁਝਾਈਆ । ਪ : ਪੌੜਾ ਪਹਿਲਾ ਲਾ, ਚੌਥੇ ਘਰ ਬਹਾਈਆ । ਸਾਚਾ ਪਦ ਇਕ ਵਖਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹੰ ਹੰਗਤਾ ਦਏ ਮਿਟਾ, ਹਉਮੇ ਰੋਗ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਵੇਖ ਵਖਾਈਆ । ਗੁਰ ਗੋਬਿੰਦ ਹਰਿ ਬਲਵਾਨ, ਏਕਾ ਏਕ ਰਖਾਇਆ । ਰਸਨਾ ਚਿੱਲਾ ਤੀਰ ਕਮਾਨ, ਸੋਹੰ ਖੰਡਾ ਹੱਥ ਫੜਾਇਆ । ਅਗੰਮ ਅਗੰਮਾ ਵੇਖ ਮਾਰ ਧਿਆਨ, ਨਾੜੀ ਚੰਮਾ ਦਿਸ ਨਾ ਆਇਆ । ਮਰਿਆ ਨਾ ਜੰਮਾ ਵਿਚ ਜਹਾਨ, ਆਵਣ ਜਾਵਣ ਖੇਲ ਰਚਾਇਆ । ਧਰਮ ਝੁਲਾਏ ਇਕ ਨਿਸ਼ਾਨ, ਆਪ ਆਪਣੇ ਹੱਥ ਰਖਾਇਆ । ਉਪਰ ਲਿਖਿਆ ਲੇਖ ਮਹਾਨ, ਨਾ ਕੋਈ ਮੇਟੇ ਮੇਟ ਮਿਟਾਇਆ । ਬ੍ਰਹਮਾ ਵਿਸ਼ਨ ਸ਼ਿਵ ਸਾਰੇ ਰਾਹ ਤਕਾਣ, ਕਲਜੁਗ ਵੇਲਾ ਅੰਤਮ ਆਇਆ । ਗੁਰ ਗੋਬਿੰਦਾ ਨਾ ਕਰੇ ਕੋਈ ਪਛਾਨ, ਪੰਥ ਖਾਲਸਾ ਬੈਠਾ ਮੁਖ ਛੁਪਾਇਆ । ਆਪੇ ਹੋਇਆ ਜਾਣੀ ਜਾਣ, ਜਾਨਣਹਾਰ ਸ੍ਰਿਸ਼ਟ ਸਬਾਇਆ । ਪ : ਪੁਰਖੇ ਗੁਣ ਨਿਧਾਨ, ਪਰਖਣ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਧਰਮ ਰਿਹਾ ਸੁਹਾਇਆ । ਸੰਬਲ ਨਗਰ ਸਾਚਾ ਪੌੜਾ, ਪ੍ਰਭ ਆਪਣਾ ਆਪ ਲਗਾਇਆ । ਸੱਸੇ ਉਪਰ ਇਕ ਹੋੜਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਜੋਤੀ ਸ਼ਬਦੀ ਜੋੜਿਆ ਜੋੜਾ, ਵਿਛੜ ਕਦੇ ਨਾ ਜਾਇਆ । ਹਰਿ ਕਾ ਸ਼ਬਦ ਸਾਚਾ ਘੋੜਾ, ਜੁਗ ਜੁਗ ਰਿਹਾ ਦੁੜਾਇਆ । ਪਰਗਟ ਹੋਇਆ ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਦ ਵਿਆਸਾ ਗਿਆ ਲਿਖਾਈਆ । ਸੰਬਲ ਨਗਰ ਸਾਢੇ ਤਿੰਨ ਹੱਥ ਲੰਮਾ ਚੌੜਾ, ਪੁਰਖ ਅਬਿਨਾਸ਼ੀ ਆਪ ਬਣਾਇਆ । ਗੁਰ ਗੋਬਿੰਦੇ ਆਤਮ ਅੰਤਰ ਲੱਗੀ ਔੜਾ, ਪਿਆਸ ਆਸ ਇਕ ਰਖਾਇਆ । ਪੁਰਖ ਅਬਿਨਾਸ਼ੀ ਆਇਆ ਦੌੜਾ, ਸਾਚੇ (ਮੰਦਰ) ਡੇਰਾ ਲਾਇਆ । ਲੱਖ ਚੁਰਾਸੀ ਵੇਖੇ ਪਰਖੇ ਜੀਵ ਜੰਤ ਸਾਧ ਸੰਤ ਮਿੱਠਾ ਕੌੜਾ, ਜੂਠ ਝੂਠ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਗੋਬਿੰਦ ਵੇਖ ਵਖਾਇਆ । ਟ : ਟੁੱਟੇ ਮਾਣ ਗੜ੍ਹ ਹੰਕਾਰਿਆ । ਮਨਮੁਖ ਭੁੱਲੇ ਜੀਵ ਨਾਦਾਨ, ਵਿਚ ਸੰਸਾਰਿਆ । ਗੋਬਿੰਦ ਗੁਰ ਨਾ ਕੋਈ ਮਾਤ ਪਛਾਨ, ਮਿਲਿਆ ਮੇਲ ਨਾ ਮੀਤ ਮੁਰਾਰਿਆ । ਵੇਲੇ ਅੰਤ ਸਰਬ ਪਛਤਾਨ, ਛੱਡਣਾ ਮੰਦਰ ਗੁਰੂਦਵਾਰਿਆ । ਪੁਰੀ ਅਨੰਦ ਸਰਬ ਤਜ ਜਾਣ, ਫਤਿਹ ਅਕਾਲ ਨਾ ਕੋਈ ਜੈਕਾਰਿਆ । ਸਰ ਅੰਮ੍ਰਿਤ ਨਾ ਦਿਸੇ ਕੋਈ ਨਿਸ਼ਾਨ, ਖੇਲੇ ਖੇਲ ਹਰਿ ਨਿਰੰਕਾਰਿਆ । ਪਟਨੇ ਵੇਖੇ ਮਾਰ ਧਿਆਨ, ਚੜ੍ਹਿਆ ਚੰਨ ਜਗਤ ਸਤਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਿਆ ਲੇਖ ਵੇਖ ਵਖਾਰਿਆ । ਨ : ਨਿਰਗੁਣ ਰੂਪ ਹਰਿ ਭਗਵੰਤ, ਜੁਗ ਜੁਗ ਜੋਤ ਜਗਾਇੰਦਾ । ਗੁਰਮੁਖ ਮੇਲਾ ਨਾਰੀ ਕੰਤ, ਸੰਤ ਸਾਜਣ ਮੇਲ ਮਿਲਾਇੰਦਾ । ਮਨਮੁਖਾਂ ਮਾਇਆ ਪਾਏ ਬੇਅੰਤ, ਅੰਤ ਨਾ ਗਣਤ ਗਿਣਾਇੰਦਾ । ਭਰਮ ਭੁਲਾਏ ਜੀਵ ਜੰਤ, ਹਉਮੇ ਰੋਗ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਸ਼ਬਦ ਸੰਦੇਸ਼ ਇਕ ਸੁਣਾਇੰਦਾ । ਗੁਰ ਗੋਬਿੰਦਾ ਜੋਤ ਜਗਾ, ਲੋਕਮਾਤ ਕਰੇ ਰੁਸ਼ਨਾਈਆ । ਸੰਬਲ ਨਗਰੀ ਡੇਰਾ ਲਾ, ਆਪਣੀ ਰਚਨ ਰਚਾਈਆ । ਸ਼ਬਦ ਸੁਨੇਹੜਾ ਰਿਹਾ ਸੁਣਾ, ਭੁੱਲ ਰਹੇ ਨਾ ਰਾਈਆ । ਸੰਮਤ ਪੰਦਰਾਂ ਚਰਨ ਦਏ ਟਿਕਾ, ਦਰ ਦਵਾਰੇ ਆਵੇ ਫੇਰਾ ਪਾਈਆ । ਕਲਗੀ ਤੋੜਾ ਸੀਸ ਇਕ ਚਮਕਾ, ਨਾਮ ਦਸਤਾਰ ਇਕ ਚਮਕਾਈਆ । ਬਸਤਰ ਸ਼ਸਤਰ ਇਕ ਸਜਾ, ਸ਼ਬਦ ਖੰਡਾ ਹੱਥ ਉਠਾਈਆ । ਤਨ ਗਾਤਰਾ ਇਕ ਵਖਾ, ਦਰ ਘਰ ਸਾਚਾ ਵੇਖ ਵਖਾਈਆ ।

੯੯੩ ੦੬

ਪਹਿਲੀ ਕੱਤਕ ਕਰਮ ਕਮਾ, ਕਿਰਤੀ ਕਰਮ ਕਮਾਈਆ । ਨਿਹਕਲੰਕਾ ਡੰਕਾ ਸ਼ਬਦ ਵਜਾ, ਕਲਜੁਗ ਸੋਏ ਰਿਹਾ ਉਠਾਈਆ । ਦਵਾਰ ਬੰਕਾ ਦਏ ਸੁਹਾ, ਦਰ ਠਾਂਡਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੋਬਿੰਦ ਮੇਲਾ ਸਹਿਜ ਸੁਭਾਈਆ ।

### ✻ ੨ ਮੱਘਰ ੨੦੧੪ ਮੋਹਣ ਸਿੰਘ ਦੇ ਗ੍ਰਿਹ ਪਿੰਡ ਤਾਰਾ ਚੱਕ ਜ਼ਿਲਾ ਗੁਰਦਾਸ ਪੁਰ ✻

ਤਨ ਹਰਿ ਰੰਗ ਰੱਤੜਾ, ਦਿਵਸ ਰੈਣ ਪਰਭਾਤ । ਆਪੇ ਦੇ ਸਮਝਾਵੇ ਮਤੜਾ, ਸ਼ਬਦ ਜਣਾਏ ਬੋਧ ਅਗਾਧ । ਧਾਮ ਅਵੱਲਾ ਇਕ ਵਖੰਦੜਾ, ਧੁਨ ਉਪਜਾਏ ਸਾਚਾ ਨਾਦ । ਜੋਤ ਜਗਾਏ ਹਰਿ ਅਗੰਮੜਾ, ਵੇਖ ਵਖਾਏ ਬ੍ਰਹਮ ਬ੍ਰਿਹਮਾਦ । ਸੰਤ ਦਵਾਰਾ ਆਪੇ ਮਲੜਾ, ਖੇਲੇ ਖੇਲ ਆਦਿ ਜੁਗਾਦਿ । ਅਬਿਨਾਸ਼ੀ ਕਰਤਾ ਇਕ ਇਕੱਲੜਾ, ਸੁਣੇ ਸੁਣਾਏ ਸਦ ਫਰਿਆਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਮੇਲਾ ਸਚ ਦਰ, ਦਰ ਦਰਵੇਸ਼ ਆਪੇ ਖਲੜਾ, ਦੇਵੇ ਦਰਸ ਸਤਿ ਸਤਿਵਾਦ । ਦਰ ਦਰਵੇਸ਼ ਹਰਿ ਨਿਰੰਕਾਰ, ਸੰਤਨ ਦਰ ਸੁਹਾਈਆ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਦੇਵੇ ਨਾਮ ਆਤਮ ਅੰਤਰ ਕਰ ਪਿਆਰ, ਨਿਰਗੁਣ ਮੇਲ ਮਿਲਾਈਆ । ਸਰਗੁਣ ਮੇਲਾ ਵਿਚ ਸੰਸਾਰ, ਆਪੇ ਖੋਲ੍ਹੇ ਬੰਦ ਕਿਵਾੜ, ਅੰਦਰ ਮੰਦਰ ਕੁੰਡਾ ਲਾਹੀਆ । ਮੇਟ ਮਿਟਾਏ ਪੰਚਮ ਧਾੜ, ਤਨ ਰਹਿਣ ਨਾ ਪਾਈਆ । ਸਾਚੇ ਪੌੜੇ ਦੇਵੇ ਚਾੜ੍ਹ, ਏਕਾ ਡੰਡਾ ਨਾਮ ਫੜਾਈਆ । ਆਪੇ ਹੋਏ ਪਿੱਛੇ ਅਗਾੜ, ਬ੍ਰਹਿਮੰਡਾਂ ਵੇਖ ਵਖਾਈਆ । ਮੇਲ ਮਿਲਾਏ ਪੁਰਖਾ ਨਾਰ, ਨਾਰੀ ਪੁਰਖ ਰੂਪ ਸਮਾਈਆ । ਅੱਠੇ ਪਹਿਰ ਨੇਤਰ ਨੈਣ ਰਿਹਾ ਉਘਾੜ, ਹਰਿ ਸੰਤਨ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਫੇਰਾ ਪਾਈਆ । ਗੁਰਮੁਖ ਸਾਚੇ ਸੰਤ ਦੁਲਾਰ, ਹਰਿਜਨ ਮੇਲ ਮਿਲਾਇੰਦਾ । ਸਾਚਾ ਮੇਲਾ ਕੰਤ ਭਤਾਰ, ਨਾਰੀ ਕੰਤਾ ਰੂਪ ਵਟਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ ਜੀਵਾਂ ਜੰਤਾਂ ਹਉਮੇ ਹੰਗਤਾ ਲਾਇਆ ਬੰਦ ਕਿਵਾੜ, ਨਾ ਕੋਈ ਖੋਲ੍ਹ ਖੁਲ੍ਹਾਇੰਦਾ । ਅਗੰਮ ਅਗੰਮੜੀ ਧਾਰ ਸੰਤ ਸੁਹੇਲੇ ਆਪ ਬਣਾਏ ਜੋਤ ਜਗਾਏ ਨਾੜ ਨਾੜ, ਬਹੱਤਰ ਨਾੜ ਤਾਲ ਵਜਾਇੰਦਾ । ਤ੍ਰੈਗੁਣ ਮਾਇਆ ਅਗਨੀ ਦੇਵੇ ਸਾੜ, ਪੰਜ ਤਤ ਆਕਾਸ਼ ਪਰਕਾਸ਼ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਤਨ ਵਸੇ ਸਾਚੇ ਘਰ, ਦਾਸੀ ਦਾਸ ਆਪ ਹੋ ਜਾਇੰਦਾ । ਦਰਸੀ ਦਰਸ ਹਰਿ ਨਰ ਨਰਾਇਣ, ਨਿਰਗੁਣ ਰੂਪ ਸਮਾਈਆ । ਸੰਤ ਸੁਹੇਲਾ ਵੇਖੇ ਤੀਜੇ ਨੈਣ, ਦੋਏ ਲੋਚਨ ਬੰਦ ਕਰਾਈਆ । ਏਕਾ ਸੇਜਾ ਸੁੱਤੇ ਇਕੱਠੇ ਰਹਿਣ, ਨਾ ਕੋਈ ਵੇਖ ਵਖਾਈਆ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣ, ਸਾਕ ਸੈਣ ਨਾ ਕੋਈ ਬਣਾਈਆ । ਮਾਇਆ ਮਮਤਾ ਨਾ ਵਹਾਏ ਡੂੰਘੇ ਵਹਿਣ, ਕਾਮ ਕਰੋਧ ਨੇੜ ਨਾ ਆਈਆ । ਦਾਤਾ ਦਾਨੀ ਮਿਲੇ ਸਾਕ ਸੱਜਣ ਸੈਣ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਚ ਘਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਗਰੀਬ ਨਿਵਾਜਾ, ਏਕਾ ਏਕ ਰਖਾਇਆ । ਆਪੇ ਖੋਲ੍ਹੇ ਬੰਦ ਦਰਵਾਜ਼ਾ, ਆਪੇ ਬੰਦ ਕਰਾਇਆ । ਆਪੇ ਮਾਰਨਹਾਰਾ ਆਵਾਜਾ, ਆਪੇ ਬੈਠਾ ਮੁਖ ਛੁਪਾਇਆ । ਆਪੇ


੯੯੪ ੦੬

ਰੱਖੇ ਅਸਤਰ ਸ਼ਸਤਰ ਆਪੇ ਕਰੇ ਕਰਾਏ ਮੱਕਾ ਕਾਅਬਾ, ਸਾਚਾ ਹਾਜੀ ਹਾਜਾ ਹੱਕ ਨਵਾਬ ਆਪ ਹੋ ਆਇਆ । ਆਪੇ ਜਾਣੇ ਪੁੰਨ ਸਵਾਬਾ, ਸਵਾਬ ਪੁੰਨ ਨਾ ਕੋਈ ਰਖਾਇਆ । ਜਨ ਭਗਤਾਂ ਅੰਦਰ ਮੰਦਰ ਆਪ ਵਜਾਏ ਅਨਹਦ ਵਾਜਾ, ਆਪਣਾ ਤਾਲ ਸੁਹਾਇਆ । ਦਸਮ ਦਵਾਰੀ ਰਚਿਆ ਕਾਜਾ, ਅੰਮ੍ਰਿਤ ਆਤਮ ਤਾਲ ਸੁਹਾਇਆ । ਧੁਰ ਦਰਗਾਹੀ ਆਇਆ ਭਾਜਾ, ਜਨ ਭਗਤਾਂ ਮੇਲ ਮਿਲਾਇਆ । ਆਪੇ ਰਚਣਹਾਰ ਕਾਜਾ, ਸੁਰਤ ਸਵਾਣੀ ਲਏ ਪਰਨਾਇਆ । ਜਿਸ ਜਨ ਦੇਵੇ ਸੋਹੰ ਸੋ ਸੱਚਾ ਦਾਜਾ, ਨਾਰ ਦੁਹਾਗਣ ਨਾ ਕੋਈ ਅਖਵਾਇਆ । ਕਲਜੁਗ ਅੰਤਮ ਪਰਗਟ ਜੋਤ ਦੇਸ ਮਾਝਾ, ਗੋਬਿੰਦ ਤੇਰੀ ਰੱਖੇ ਲਾਜਾ, ਲਾਜਾਵੰਤ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤਨ ਮੇਲਾ ਸਚ ਘਰ, ਘਰ ਸਾਚਾ ਬੰਕ ਸੁਹਾਇਆ । ਬੰਕ ਦਵਾਰ ਸਚ ਘਰ, ਹਰਿ ਸਾਚੇ ਜੋਤ ਜਗਾਈਆ । ਗੁਰਮੁਖ ਸਾਜਣ ਦੇਵੇ ਵਰ, ਆਪ ਆਪਣੀ ਬਣਤ ਬਣਾਈਆ । ਏਕਾ ਰੰਗ ਰੰਗਾਏ ਨਾਰੀ ਨਰ, ਨਰ ਨਰਾਇਣ ਵੇਖ ਵਖਾਈਆ । ਹਰਿਜਨ ਸਾਚਾ ਸਾਚੀ ਤਰਨੀ ਰਿਹਾ ਤਰ, ਸਰ ਸਰੋਵਰ ਇਕ ਨੁਹਾਈਆ । ਨਾ ਜਨਮੇ ਨਾ ਜਾਏ ਮਰ, ਆਵਣ ਜਾਵਣ ਫੰਦ ਕਟਾਈਆ । ਰਾਏ ਧਰਮ ਦਾ ਚੁੱਕੇ ਡਰ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਆਏ ਕਰ ਹਾਰ ਸ਼ਿੰਗਾਰ, ਵੇਸ ਅਵੇਸ ਨਾ ਕੋਈ ਵਟਾਈਆ । ਕਾਲ ਮਹਾਂਕਾਲ ਗੁਰਮੁਖ ਤੇਰੇ ਰੋਵਣ ਦਰ, ਦੂਰ ਦੁਰਾਡੇ ਬੈਠੇ ਰਾਹ ਤਕਾਈਆ । ਪਾਰਬ੍ਰਹਮ ਪ੍ਰਭ ਮਿਲਿਆ ਸਾਚਾ ਵਰ, ਕੰਤ ਕੰਤੂਹਲ ਇਕ ਸੁਹਾਈਆ । ਇਕ ਵਖਾਏ ਥਿਰ ਘਰ, ਏਕਾ ਦੂਜਾ ਭੌ ਚੁਕਾਈਆ । ਤਿੰਨਾਂ ਲੋਕਾਂ ਚੁੱਕੇ ਡਰ, ਘਰ ਚੌਥੇ ਆਪ ਬਹਾਈਆ । ਪੰਚਮ ਮੇਲਾ ਹਰੀ ਹਰਿ, ਹਰਿਜਨ ਸਾਚੇ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤਨ ਮੇਲਾ ਸਚੇ ਘਰ, ਘਰ ਸੁਹੰਜਣਾ ਇਕ ਸੁਹਾਈਆ । ਘਰ ਸੁਹੰਜਣਾ ਹਰਿ ਕਰਤਾਰ, ਏਕਾ ਏਕ ਰਖਾਇਆ । ਜੋਤ ਜਗਾਏ ਆਦਿ ਨਿਰੰਜਣ ਅਪਰ ਅਪਾਰ, ਅੰਧ ਅੰਧੇਰ ਮਿਟਾਇਆ । ਨਾ ਕੋਈ ਦਿਸੇ ਚਾਰ ਦਿਵਾਰ, ਛੱਪਰ ਛੰਨ ਨਾ ਕੋਈ ਰਖਾਇਆ । ਗੁਰ ਦਰ ਮੰਦਰ ਮਸਜਿਦ ਨਾ ਦਿਸੇ ਹੱਟ ਪਸਾਰ, ਲੋਆਂ ਪੁਰੀਆਂ ਨਾ ਵੇਖ ਵਖਾਇਆ । ਗੁਰ ਪੀਰ ਸਾਧ ਸੰਤ ਨਾ ਪਾਵੇ ਸਾਰ, ਨਾਮ ਨਿਧਾਨਾ ਨਾ ਕੋਈ ਝੋਲੀ ਪਾਇਆ । ਨਾ ਕੋਈ ਵੇਖੇ ਕਿਸੇ ਕਰੇ ਵਿਚਾਰ, ਬ੍ਰਹਮਾ ਵਿਸ਼ਨ ਸ਼ਿਵ ਨਾ ਕੋਇ ਰਖਾਇਆ । ਕਰੋੜ ਤੇਤੀਸਾ ਨਾ ਕਰੇ ਪੁਕਾਰ, ਸੁਰਪਤ ਰਾਜਾ ਇੰਦ ਨਾ ਨਾਲ ਰਲਾਇਆ । ਲੱਖ ਚੁਰਾਸੀ ਨਾ ਹੋਈ ਤਿਆਰ, ਪੰਜ ਤਤ ਨਾ ਕੋਈ ਪਸਾਰ, ਪੰਚਮ ਮੇਲ ਨਾ ਕੋਈ ਮਿਲਾਇਆ । ਪੁਰਖ ਅਗੰਮਾ ਆਪੇ ਜਾਣੇ ਅਗੰਮੜੀ ਕਾਰ, ਆਪ ਆਪਣੇ ਘਰ ਸੁਹਾਇਆ । ਹੱਡ ਮਾਸ ਨਾੜੀ ਚੰਮੜਾ ਨਾ ਕੋਈ ਆਕਾਰ, ਲੋਚਨ ਨੈਣ ਨਾ ਕੋਈ ਰਖਾਇਆ । ਆਪ ਆਪਣੀ ਜਾਣੇ ਧਾਰ, ਆਪ ਆਪਣੇ ਵਿਚ ਸਮਾਇਆ । ਆਪ ਆਪਣੀ ਕਰ ਵਿਚਾਰ, ਆਪ ਆਪਣਾ ਨਾਉਂ ਧਰਾਇਆ । ਸੋ ਪੁਰਖ ਨਿਰੰਜਣ ਖੇਲੇ ਖੇਲ ਅਪਾਰ, ਖੇਲਣਹਾਰ ਆਪ ਅਖਵਾਇਆ । ਨਿਹਕਲੰਕ ਨਰਾਇਣ ਨਰ ਨਾਉਂ ਇਕ ਉਚਾਰ, ਨਿਰਗੁਣ ਰੂਪ ਸਮਾਇਆ । ਸਰਗੁਣ ਬੰਨ੍ਹੇ ਮਾਤ ਧਾਰ, ਜੁਗ ਜੁਗ ਆਵੇ ਜਾਵੇ ਖੇਲੇ ਖੇਲ ਭਗਵਨ ਭਗਵੰਤ ਰੂਪ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮਾ ਸ਼ਿਵ ਦੇਵਤ ਸੁਰ ਸੇਵਕ ਸੇਵਾ ਕਰ ਪਰਵਾਨ, ਪ੍ਰਭ ਸਾਚੀ ਦਇਆ ਕਮਾਇਆ । ਕਲਜੁਗ ਅੰਤਮ ਵੇਖੇ ਮਾਰ ਧਿਆਨ, ਈਸਾ ਮੂਸਾ ਖ਼ਾਕ ਰਲਾਇੰਦਾ । ਸੰਗ ਮੁਹੰਮਦ ਚਾਰ ਯਾਰ ਹੋਏ ਹੈਰਾਨ, ਨਾ ਕੋਈ ਸੰਗ ਨਿਭਾਇੰਦਾ । ਨਾਨਕ ਗੋਬਿੰਦ ਲਿਖਿਆ ਲੇਖ ਅਪਾਰ, ਪ੍ਰਭ

੯੯੫
੦੬

ਲੇਖਾ ਪੂਰ ਕਰਾਇੰਦਾ । ਪਰਗਟ ਹੋ ਵਿਚ ਸੰਸਾਰ, ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੋਤ ਜਗਾਇੰਦਾ । ਸਾਚੇ ਘਰ ਜੋਤ ਜਗਾ, ਲੋਕਮਾਤ ਕਰੇ ਰੁਸ਼ਨਾਈਆ । ਸਾਧਾਂ ਸੰਤਾਂ ਰਿਹਾ ਉਠਾ, ਆਤਮ ਤਾਰ ਸਿਤਾਰ ਹਿਲਾਈਆ । ਭੇਖ ਪਖੰਡਾ ਦਏ ਮਿਟਾ, ਗ੍ਰੰਥ ਪੰਥ ਨਾ ਕੋਇ ਪੜ੍ਹਾਈਆ । ਵੇਦ ਪੁਰਾਨਾਂ ਅੰਤ ਕਰਾ, ਪੰਡਤ ਪਾਂਧੇ ਰਿਹਾ ਸਮਝਾਈਆ । ਅੰਜੀਲ ਕੁਰਾਨਾ ਰਹਿਣਾ ਨਾ, ਮੁੱਲਾ ਸ਼ੇਖਾਂ ਰਿਹਾ ਸੁਣਾਈਆ । ਅਹਿਨਲ ਹੱਕ ਨਾ ਕੋਈ ਦੇਵੇ ਨਾਅਰਾ ਲਾ, ਹੱਕ ਹਕੀਕਤ ਵੇਖ ਵਖਾਈਆ । ਲਾਸ਼ਰੀਕ ਇਕ ਖ਼ੁਦਾ, ਵਾਹਿਦ ਹਰਿ ਰਘੁਰਾਈਆ । ਪੰਡਤ ਪਾਂਧੇ ਕਰੇ ਜੁਦਾ, ਨਾ ਕੋਈ ਸੰਗ ਨਿਭਾਈਆ । ਸਾਧ ਸੰਤ ਨਾ ਸਕੇ ਭੇਵ ਗਣਾ, ਘਰ ਘਰ ਬੈਠੇ ਧੂਣੀਆਂ ਤਾਈਆ । ਕਿਸੇ ਨਾ ਦੱਸਣਾ ਸਾਚਾ ਰਾਹ, ਕਲਜੁਗ ਰੈਣ ਅੰਧੇਰੀ ਛਾਈਆ । ਬਿਨ ਹਰਿ ਸ਼ਬਦ ਨਾ ਹੋਏ ਕੋਈ ਸਹਾ, ਨਾ ਕੋਈ ਸਕੇ ਬਚਾਈਆ । ਸਤਿਜੁਗ ਸਾਚਾ ਆਪ ਲਗਾ, ਨਿਹਕਲੰਕ ਕਰੇ ਰੁਸ਼ਨਾਈਆ । ਰਾਜ ਰਾਜਾਨਾ ਦਏ ਮਿਟਾ, ਕੋਈ ਰਹਿਣ ਨਾ ਪਾਈਆ । ਨੌਂ ਖੰਡ ਪ੍ਰਿਥਮੀ ਲਿਆਏ ਇਕ ਸਰਨਾ, ਦੂਸਰ ਕੋਈ ਰਹਿਣ ਨਾ ਪਾਈਆ । ਏਕਾ ਅੱਖਰ ਦਏ ਪੜ੍ਹਾ, ਜਗਤ ਵਿਦਿਆ ਰਹਿਣ ਨਾ ਪਾਈਆ । ਆਪ ਨਿਭਾਏ ਸਗਲਾ ਸਾਥ, ਸੰਗੀ ਸਾਥ ਆਪ ਹੋ ਜਾਈਆ । ਪਰਗਟ ਹੋਏ ਜਿਉਂ ਰਾਮਾ ਰਾਮ ਘਰ ਦਸਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਮੇਲ ਮਿਲਾਈਆ । ਗੁਰਮੁਖ ਮੰਗ ਅਪਾਰ, ਪ੍ਰਭ ਸਾਚੇ ਚਰਨ ਦਵਾਰਿਆ । ਦੇਵੇ ਨਾਮ ਅਧਾਰ, ਅੱਠੇ ਪਹਿਰ ਖ਼ੁਮਾਰਿਆ । ਸੋਹੰ ਸ਼ਬਦ ਜੈ ਜੈ ਜੈਕਾਰ, ਅਨਹਦ ਸੇਵਾ ਸਾਚੀ ਲਾ ਰਿਹਾ । ਆਪ ਸੁਣਾਏ ਆਪਣੀ ਧੁਨ ਸੱਚੀ ਧੁਨਕਾਰ, ਸੁਨ ਮੁਨ ਤੁੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਗੁਣ ਅਵਗੁਣ ਨਾ ਵੇਖ ਵਖਾ ਰਿਹਾ । ਮੰਗੇ ਮੰਗ ਬਣ ਭਿਖਾਰ, ਹਰਿ ਨਾਮੇ ਚਿਤ ਲਾਇਆ । ਦੇਵਣਹਾਰਾ ਹਰਿ ਦਾਤਾਰ, ਜੁਗ ਜੁਗ ਦੇਂਦਾ ਆਇਆ । ਕਲਜੁਗ ਤੇਰੀ ਅੰਤਮ ਵਾਰ, ਲਹਿਣਾ ਦੇਣਾ ਰਿਹਾ ਚੁਕਾਇਆ । ਸ਼ਬਦ ਗਹਿਣਾ ਕਰੇ ਤਨ ਸ਼ਿੰਗਾਰ, ਸਾਚਾ ਬਸਤਰ ਇਕ ਬਣਾਇਆ । ਨੇਤਰ ਨੈਣਾਂ ਦਰਸ ਅਪਾਰ, ਧੁਰ ਸੰਜੋਗੀ ਮੇਲ ਮਿਲਾਇਆ । ਦੋ ਜਹਾਨਾ ਉਤਰੇ ਪਾਰ, ਪ੍ਰਭ ਬੇੜਾ ਬੰਨੇ ਲਾਇਆ । ਆਪੇ ਖੜ੍ਹਾ ਅੱਧਵਿਚਕਾਰ, ਦਸਮ ਦਵਾਰੀ ਡੇਰਾ ਲਾਇਆ । ਇਕ ਇਕੱਲਾ ਏਕੰਕਾਰ, ਨਿਰਗੁਣ ਖੇਲ ਖਿਲਾਇਆ । ਗੁਰਮੁਖ ਸਾਚੇ ਕਰ ਪਿਆਰ, ਗੁਰ ਸ਼ਬਦੀ ਸ਼ਬਦ ਜਣਾਇਆ । ਸ਼ਬਦ ਗੁਰ ਅਪਰ ਅਪਾਰ, ਦੀਪਕ ਜੋਤੀ ਦਏ ਜਗਾਇਆ । ਦੀਪਕ ਜੋਤੀ ਕਰ ਉਜਿਆਰ, ਅਗਿਆਨ ਅੰਧੇਰ ਮਿਟਾਇਆ । ਏਕਾ ਏਕ ਸਚ ਦਵਾਰ, ਗੁਰ ਚਰਨੀ ਚਿਤ ਲਾਇਆ । ਚਰਨ ਕਵਲ ਸੋਹੇ ਬੰਕ ਦਵਾਰ, ਮਰੇ ਨਾ ਜਨਮੇ ਵਾਰ ਵਾਰ, ਆਵਣ ਜਾਵਣ ਫੰਦ ਕਟਾਇਆ । ਜੋ ਜਨ ਮੰਗੇ ਦਰਸ ਅਪਾਰ, ਹਰਿ ਦਰਸੀ ਦਰਸ ਦਿਖਾਇਆ । ਗੁਰਮੁਖ ਸਾਚੇ ਰਸਨ ਸਵਾਸ, ਏਕਾ ਸ਼ਬਦ ਜਣਾਇਆ । ਪੁਰਖ ਅਗੰਮਾ ਵਸੇ ਪਾਸ, ਅੰਦਰ ਮੰਦਰ ਡੇਰਾ ਲਾਇਆ । ਆਦਿ ਅੰਤ ਨਾ ਹੋਏ ਵਿਨਾਸ, ਜੁਗ ਜੁਗ ਖੇਲੇ ਖੇਲ ਖੇਲਣਹਾਰ ਆਪ ਅਖਵਾਇਆ । ਸਗਲਾ ਸੁਹੇਲਾ ਦੇਵੇ ਸਾਥ, ਸੰਗੀ ਸਾਥੀ ਆਪ ਹੋ ਜਾਇਆ । ਜਿਉਂ ਅਰਜਨ ਮੇਲਾ ਤ੍ਰੈਲੋਕੀ ਨਾਥ, ਕਾਹਨਾ ਕ੍ਰਿਸ਼ਨਾ ਰੂਪ ਦਰਸਾਇਆ । ਸਗਲ ਵਸੂਰੇ ਜਾਇਣ ਲਾਥ, ਜਿਸ ਜਨ ਏਕਾ ਓਟ ਤਕਾਇਆ । ਨਾਮ ਜਣਾਈ ਅਕਥਨਾ ਅਕੱਥ, ਅਕੱਥ ਕਥਾ ਇਕ ਸੁਣਾਇਆ । ਸਰਬ ਕਲਾ ਹਰਿ ਆਪ ਸਮਰਥ, ਦੇਵੇ ਗੁਰਮੁਖ ਮਾਤ

ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਸਵਾਸੇ ਲੇਖੇ ਲਏ ਲਾਇਆ । ਰਸਨਾ ਜਿਹਵਾ ਸ਼ਬਦ ਸਵਾਸ, ਪਵਣੀ ਪਵਣ ਮਿਲਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਵੇਖਣਹਾਰ ਦਿਸ ਨਾ ਆਇਆ । ਗੁਰਮੁਖ ਕਾਇਆ ਮੰਡਲ ਤੇਰੀ ਪਾਏ ਰਾਸ, ਗੋਪੀ ਕਾਹਨਾ ਆਪ ਹੋ ਆਇਆ । ਨਿਜ ਘਰ ਆਤਮ ਰੱਖੇ ਵਾਸ, ਨਿਜਾਨੰਦ ਸਮਾਇਆ । ਸਤਿਗੁਰ ਪੂਰਾ ਸ਼ਾਹੋ ਸ਼ਾਬਾਸ਼, ਸਹਿੰਸਾ ਰੋਗ ਰਹੇ ਨਾ ਰਾਇਆ । ਬਿਰਥਾ ਜਾਏ ਨਾ ਇਕ ਸਵਾਸ, ਲੇਖੇ ਲਏ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਜਗਤ ਵਰ, ਜੁਗ ਜੁਗ ਦੇਂਦਾ ਆਇਆ । ਜੋਗ ਜੁਗਤ ਜਗ ਹੱਥ, ਜਨ ਭਗਤ ਵਡਿਆਈਆ । ਭਗਤ ਸੁਹੇਲੇ ਲਏ ਰੱਖ, ਸਿਰ ਹੱਥ ਸਮਰਥ ਰਖਾਈਆ । ਧੁਰ ਦਰਗਾਹੀ ਦੇਵੇ ਨਾਮ ਵੱਥ, ਅਮੋਲ ਅਮੁਲ ਵਖਾਈਆ । ਪੰਚ ਵਿਕਾਰਾ ਪਾਏ ਨੱਥ, ਸ਼ਬਦੀ ਸ਼ਬਦ ਬੰਧਾਈਆ । ਕਾਇਆ ਬੁਰਜ ਸ੍ਰਿਸ਼ਟ ਸਬਾਈ ਰਿਹਾ ਢੱਠ, ਥਿਰ ਕੋਈ ਰਹਿਣ ਨਾ ਪਾਈਆ । ਗੁਰ ਸ਼ਬਦ ਦਵਾਰੇ ਇਕ ਇਕੱਠ, ਗੁਰਮੁਖਾਂ ਮੇਲ ਮਿਲਾਈਆ । ਲੇਖਾ ਚੁੱਕੇ ਤੀਰਥ ਅੱਠ ਸੱਠ, ਚਰਨ ਧੂੜ ਜੋ ਜਨ ਗੁਰ ਪੂਰੇ ਦਰ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਏ ਸਾਚਾ ਰਥ, ਜੁਗ ਜੁਗ ਆਪ ਆਪਣਾ ਮੇਲ ਮਿਲਾਈਆ ।



ਭਗਤ ਵਛਲ ਗਿਰਧਾਰ, ਨਰ ਨਰਾਇਣ ਅਖਵਾਇਆ । ਅਛਲ ਅਛੱਲ ਵਿਚ ਸੰਸਾਰ, ਜੁਗ ਜੁਗ ਕਰਦਾ ਆਇਆ । ਨਾਮ ਅਟੱਲ ਅਪਰ ਅਪਾਰ, ਆਪ ਆਪਣਾ ਰਿਹਾ ਚਲਾਇਆ । ਜਲ ਥਲ ਡੂੰਘੀ ਕੰਦਰ ਪਾਵੇ ਸਾਰ, ਉਚੇ ਟਿੱਲੇ ਪਰਬਤ ਫੋਲ ਫੁਲਾਇਆ । ਬ੍ਰਹਿਮੰਡ ਖੰਡ ਵੇਖਣਹਾਰ, ਜੇਰਜ ਅੰਡ ਭੇਵ ਨਾ ਰਾਇਆ । ਵੰਡੇ ਵੰਡ ਨਰ ਨਿਰੰਕਾਰ, ਨੌਂ ਖੰਡ ਵੇਖ ਵਖਾਇਆ । ਦੀਪਾਂ ਲੋਆਂ ਇਕ ਅਕਾਲ, ਕਰਤਾ ਪੁਰਖ ਆਪ ਅਖਵਾਇਆ । ਸਰ ਸਰੋਵਰ ਦਏ ਉਛਾਲ, ਅੰਮ੍ਰਿਤ ਤਾਲ ਇਕ ਸੁਹਾਇਆ । ਹਰਿਜਨ ਉਪਾਏ ਸਾਚੇ ਲਾਲ, ਆਪ ਆਪਣੀ ਗੋਦ ਉਠਾਇਆ । ਦਿਵਸ ਰੈਣ ਕਰੇ ਸੰਭਾਲ, ਸੇਵਕ ਸੇਵਾ ਸਚ ਕਮਾਇਆ । ਕਾਇਆ ਮੰਦਰ ਵਖਾਏ ਸਚ ਸੱਚੀ ਧਰਮਸਾਲ, ਸਾਚਾ ਮੰਦਰ ਇਕ ਸੁਹਾਇਆ । ਜੋਤੀ ਨੂਰ ਪੁਰਖ ਅਕਾਲ, ਆਪ ਆਪਣਾ ਰਿਹਾ ਕਰਾਇਆ । ਦੀਪਕ ਮਸਤਕ ਸਾਚੇ ਬਾਲ, ਗਗਨ ਗਗਨੰਤਰ ਵੇਖ ਵਖਾਇਆ । ਰਵ ਸਸ ਕਰਨ ਭਾਲ, ਮੰਡਲ ਮੰਡਪ ਵੇਖ ਵਖਾਇਆ । ਧੁਨ ਅਨਾਦੀ ਵਜਾਏ ਸਾਚਾ ਤਾਲ, ਅਨਹਦ ਏਕਾ ਰਾਗ ਅਲਾਇਆ । ਭਾਗ ਲਗਾਏ ਕਾਇਆ ਮਾਟੀ ਸਾਚੀ ਖਾਲ, ਜਿਸ ਜਨ ਆਪਣੀ ਦਇਆ ਕਮਾਇਆ । ਚਲੇ ਚਲਾਏ ਜੁਗ ਜੁਗ ਅਵਲੱੜੀ ਚਾਲ, ਭੇਵ ਕੋਈ ਨਾ ਪਾਇਆ । ਲੱਖ ਚੁਰਾਸੀ ਹਾਲ ਬੇਹਾਲ, ਚਾਰੋਂ ਕੁੰਟ ਰਹੀ ਕੁਰਲਾਇਆ । ਰਾਏ ਧਰਮ ਦਵਾਰੇ ਹੋਈ ਦਾਸੀ ਖਾਏ ਕਾਲ ਮਹਾਂਕਾਲ, ਕਲਜੁਗ ਚੋਟ ਨਗਾਰੇ ਲਾਇਆ । ਸੰਤ ਸੁਹੇਲੇ ਗੁਰਮੁਖ ਸਾਚੇ ਸੱਜਣ ਪੁਰਖ ਅਬਿਨਾਸ਼ੀ ਆਪ ਆਪਣੇ ਭਾਲ, ਜੋਤੀ ਸ਼ਬਦੀ ਮੇਲ ਮਿਲਾਇਆ । ਸੋਹੰ ਸ਼ਬਦ ਇਕ ਦਲਾਲ, ਸੋ ਪੁਰਖ ਨਿਰੰਜਣ ਮਾਤ ਧਰਾਇਆ । ਏਕਾ ਚਾੜ੍ਹੇ ਕਾਇਆ ਚੋਲੀ ਰੰਗ ਗੁਲਾਲ, ਕੰਚਨ ਗੜ੍ਹ ਸੁਹਾਇਆ । ਸੂਹਾ ਵੇਸ ਸੁਰਤ ਸੰਭਾਲ, ਚਿੱਟੀ ਧਾਰੀ ਤੰਦ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਮੇਲ ਮਿਲਾਇਆ । ਗੁਰਮੁਖ ਸਾਜਣ ਸਾਚਾ ਮੀਤ,

੯੯੭
੦੬

ਹਰਿ ਸ਼ਬਦ ਕਰੀ ਕੁੜਮਾਈਆ । ਨਾ ਕੋਈ ਗੁਰੂਦਵਾਰਾ ਮੰਦਰ ਮਸੀਤ, ਕਾਇਆ ਕੱਪੜ ਇਕ ਸੁਹਾਈਆ । ਜਗਤ ਅਵਲੱੜੀ ਚਲੇ ਰੀਤ, ਚਾਲ ਨਿਰਾਲੀ ਰਿਹਾ ਚਲਾਈਆ । ਥਿਰ ਘਰ ਬੈਠ ਹਰਿ ਅਤੀਤ, ਲੋਆਂ ਪੁਰੀਆਂ ਵੇਖ ਵਖਾਈਆ । ਬ੍ਰਹਮਾ ਵੇਤਾ ਗਾਏ ਏਕਾ ਗੀਤ, ਚਾਰੇ ਵੇਦਾਂ ਲੇਖ ਲਿਖਾਈਆ । ਵੇਦ ਵਿਆਸਾ ਕਾਇਆ ਸੀਤ, ਵੇਦ ਵਿਆਸਾ ਇਕ ਪੜ੍ਹਾਈਆ । ਰਾਮ ਰਾਮਾ ਵਸਿਆ ਚੀਤ, ਲੰਕਾ ਗੜ੍ਹ ਦਹਿਸਰ ਤੁੜਾਈਆ । ਕਾਹਨਾ ਕ੍ਰਿਸ਼ਨਾ ਪਰਖੇ ਨੀਤ, ਦੁਸ਼ਟ ਹੰਕਾਰੀ ਰਹਿਣ ਨਾ ਪਾਈਆ । ਕਲਜੁਗ ਵੇਖੇ ਹਸਤ ਕੀਟ, ਊਚਾਂ ਨੀਚਾਂ ਮਾਤ ਲੜਾਈਆ । ਪੁਰਖ ਅਬਿਨਾਸ਼ੀ ਖੇਲ ਅਨਡੀਠ, ਨੇਤਰ ਨੈਣ ਨਾ ਕੋਈ ਦਰਸਾਈਆ । ਮਨਮੁਖ ਜੀਵ ਹੋਏ ਕੌੜੇ ਰੀਠ, ਅੰਮ੍ਰਿਤ ਫਲ ਨਾ ਕੋਈ ਖਵਾਈਆ । ਗੁਰ ਸਤਿਗੁਰ ਪੂਰਾ ਸੁੱਤਾ ਦੇ ਕਰ ਪੀਠ, ਦਿਵਸ ਰੈਣ ਨਾ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਈਆ । ਸਾਚਾ ਮੇਲਾ ਸਚ ਸੁਲਤਾਨ, ਕਾਇਆ ਚੋਲੀ ਰੰਗ ਚਲੂਲਿਆ । ਮਿਲੇ ਮੇਲ ਸ੍ਰੀ ਭਗਵਾਨ, ਖੇਲੇ ਖੇਲ ਕੰਤ ਕੰਤੂਹਲਿਆ । ਆਤਮ ਜੋਤੀ ਦੇਵੇ ਬ੍ਰਹਮ ਗਿਆਨ, ਆਪ ਚੁਕਾਏ ਲਹਿਣਾ ਦੇਣਾ ਪਿਛਲਾ ਮੂਲਿਆ । ਨਾਮ ਭਗਤੀ ਸਾਚਾ ਦਾਨ, ਲੋਕਮਾਤ ਫਲ ਫੁਲਵਾੜੀ ਏਕਾ ਫੁਲ ਅੰਤਮ ਫੂਲਿਆ । ਚਰਨ ਧੂੜ ਸੱਚਾ ਇਸ਼ਨਾਨ, ਦੁਰਮਤ ਮੈਲ ਗਵਾਏ ਦੂਲੋ ਦੂਲਿਆ । ਅੰਮ੍ਰਿਤ ਆਤਮ ਪੀਣ ਖਾਣ, ਉਲਟਾ ਕਰੇ ਨਾਭ ਕੌਲਿਆ । ਏਕਾ ਮੰਦਰ ਏਕਾ ਅੰਦਰ ਏਕਾ ਰਾਗ ਅਨਾਦੀ ਗਾਣ, ਪੰਚਮ ਮੇਲਾ ਸਖਾ ਸੁਹੇਲਿਆ । ਲੱਖ ਚੁਰਾਸੀ ਪੁਣ ਛਾਣ, ਸ਼ਬਦ ਸਰੂਪੀ ਬੈਠ ਬਿਬਾਨ, ਲੋਆਂ ਪੁਰੀਆਂ ਮਾਰ ਧਿਆਨ, ਹਰਿਜਨ ਸਾਚਾ ਇਕ ਵਰੋਲਿਆ । ਦਾਤਾ ਦਾਨੀ ਹਰਿ ਦਇਆਵਾਨ, ਦਇਆ ਨਿਧ ਵਿਚ ਜਹਾਨ, ਗੁਰਮੁਖ ਤੋਲੇ ਸਾਚਾ ਤੋਲਿਆ । ਪਾਰਬ੍ਰਹਮ ਬ੍ਰਹਮ ਸੁਲਤਾਨ, ਅੱਠੇ ਪਹਿਰ ਨਿਗਹਬਾਨ, ਆਦਿ ਅੰਤ ਕਦੇ ਨਾ ਡੋਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਹਰ ਘਟ ਅੰਦਰ ਰਿਹਾ ਬੋਲਿਆ । ਹਰ ਘਟ ਅੰਦਰ ਆਪੇ ਬੋਲ, ਆਪਣੀ ਰਚਨ ਰਚਾਈਆ । ਜਨ ਭਗਤਾਂ ਪੜਦਾ ਦੇਵੇ ਖੋਲ੍ਹ, ਦੂਈ ਦਵੈਤੀ ਮੇਟ ਮਿਟਾਈਆ । ਕਾਇਆ ਧਰਤੀ ਜਾਏ ਮੌਲ, ਰੁੱਤ ਬਸੰਤ ਇਕ ਸੁਹਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਨੇਤਰ ਨੈਣ ਦਰਸ ਪਰਸ ਬਿਗਸਾਈਆ । ਦਰਸ਼ਨ ਪੇਖਤ ਨੈਨਨ ਨੈਣਾਂ, ਨਿਜ ਘਰ ਆਤਮ ਵਸਿਆ । ਇਕ ਵਖਾਏ ਚਰਨ ਪ੍ਰੀਤ, ਰਾਹ ਸਾਚਾ ਏਕਾ ਦੱਸਿਆ । ਸ਼ਬਦ ਸੁਣਾਏ ਸੁਹਾਗੀ ਗੀਤ, ਕੋਟਨ ਕੋਟ ਕਰੇ ਪਰਕਾਸ਼ ਰਵ ਸੱਸਿਆ । ਅੱਠੇ ਪਹਿਰ ਦਿਵਸ ਰੈਣ ਪਰਖਣਹਾਰਾ ਨੀਤ, ਕਲਜੁਗ ਮੇਟ ਮਿਟਾਏ ਰੈਣ ਅੰਧੇਰੀ ਮੱਸਿਆ । ਹਰਿਜਨ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਆਤਮ ਅੰਤਰ ਗੁਰ ਪੂਰਾ ਸਾਚਾ ਵਸਿਆ । ਹਰਿ ਕਾ ਸ਼ਬਦ ਹਰਿਜਨ ਲੱਗੇ ਮੀਠ, ਬੇਮੁਖ ਜਾਏ ਦਰ ਤੋਂ ਨੱਸਿਆ । ਪੁਰਖ ਅਬਿਨਾਸ਼ੀ ਇਕ ਇਕੱਲਾ ਸਦਾ ਅਨਡੀਠ, ਗੁਰਮੁਖਾਂ ਅੰਦਰ ਮੰਦਰ ਵਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੁਹਾਏ ਇਕ ਘਰ, ਘਰ ਸਾਚੇ ਆਪੇ ਵਸਿਆ । ਸਾਚਾ ਘਰ ਉਚਾ ਮੰਦਰ, ਹਰਿ ਸਾਚੇ ਜੋਤ ਜਗਾਈਆ । ਭਾਗ ਲਗਾਏ ਡੂੰਘੀ ਕੰਦਰ, ਨਿਰਮਲ ਬਾਤੀ ਇਕ ਵਖਾਈਆ । ਬਜਰ ਕਪਾਟੀ ਤੋੜੇ ਜੰਦਰ, ਏਕਾ ਖੰਡਾ ਸ਼ਬਦ ਲਗਾਈਆ । ਚਾਰੋਂ ਕੁੰਟ ਜੀਵ ਜੰਤ ਸਾਧ ਸੰਤ ਭੌਂਦੇ ਬੰਦਰ, ਥਿਰ ਘਰ ਨਾ ਕੋਈ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੯੯੮ ੦੬

ਹਰਿਜਨ ਮੇਲਾ ਇਕ ਦਵਾਰ, ਦਵਾਰ ਬੰਕਾ ਇਕ ਵਖਾਈਆ । ਦਵਾਰ ਬੰਕ ਹਰਿ ਭਗਵੰਤ, ਏਕਾ ਏਕ ਰਖਾਇਆ । ਆਪ ਉਧਾਰੇ ਜੀਵ ਜੰਤ, ਸਾਧ ਸੰਤ ਹੋਏ ਸਹਾਇਆ । ਜੁਗ ਜੁਗ ਬਣਾਏ ਸਾਚੀ ਬਣਤ, ਬੇੜਾ ਅਪਣੇ ਹੱਥ ਰਖਾਇਆ । ਆਪੇ ਹੋਏ ਪਤ ਪਤਵੰਤ, ਪਤਿਪਰਮੇਸ਼ਵਰ ਆਪ ਅਖਵਾਇਆ । ਜੁਗ ਜੁਗ ਮਹਿੰਮਾ ਗਣਤ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇਆ । ਗੁਰਮੁਖ ਨਾਰੀ ਪੁਰਖ ਅਬਿਨਾਸ਼ੀ ਮਿਲਿਆ ਸਾਚਾ ਕੰਤ, ਕੰਤ ਸੁਹਾਗ ਇਕ ਹੰਢਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਮਜੀਠ ਇਕ ਰੰਗਾਇਆ । ਦਾਤਾ ਦਾਨੀ ਧੰਨ ਧੰਨਿਆ ਵਡ ਧਨਵੰਤ, ਨਾਮ ਖ਼ਜਾਨਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਆਤਮ ਅੰਤਰ ਰਿਹਾ ਭਰ, ਸਾਚੀ ਝੋਲੀ ਨਾਮ ਭਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸੇਵਕ ਸੇਵਾ ਰਿਹਾ ਕਰਾਇਆ ।

ਆਦਿ ਅੰਤ ਜੋਤੀ ਨੂਰ, ਹਰਿ ਆਪਣਾ ਆਪ ਕਰਾਈਆ । ਸ਼ਬਦ ਨਾਦ ਸਾਚੀ ਤੂਰ, ਆਦਿ ਜੁਗਾਦਿ ਰਿਹਾ ਸੁਣਾਈਆ । ਆਪੇ ਵਸੇ ਨੇੜੇ ਦੂਰ, ਹਰ ਘਟ ਬੈਠਾ ਆਸਣ ਲਾਈਆ । ਜਨ ਭਗਤਾਂ ਸਦਾ ਹਾਜ਼ਰ ਹਜ਼ੂਰ, ਨੇਤਰ ਨੈਣਾ ਦਰਸ ਦਿਖਾਈਆ । ਨਾਤਾ ਤੁੱਟੇ ਕੂੜੋ ਕੂੜ, ਸਚ ਸੁੱਚ ਸਮਾਈਆ । ਚਰਨ ਬਖ਼ਸ਼ੇ ਸਾਚੀ ਧੂੜ, ਮੂਰਖ ਮੂੜ੍ਹ ਦਏ ਵਡਿਆਈਆ । ਏਕਾ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਚੇਲਾ ਆਪ ਉਪਾਈਆ । ਏਕਾ ਗੁਰ ਹਰਿ ਕਰਤਾਰ, ਜੁਗ ਜੁਗ ਆਪ ਅਖਵਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਲੱਖ ਚੁਰਾਸੀ ਬਣਤ ਬਣਾਇੰਦਾ । ਸਾਧ ਸੰਤ ਲਏ ਉਭਾਰ, ਆਪ ਆਪਣਾ ਕਰਮ ਕਮਾਇੰਦਾ । ਏਕਾ ਦੇਵੇ ਨਾਮ ਅਧਾਰ, ਸਚ ਵਸਤ ਝੋਲੀ ਪਾਇੰਦਾ । ਪੂਰਬ ਕਰਮਾਂ ਰਿਹਾ ਵਿਚਾਰ, ਲਹਿਣਾ ਦੇਣਾ ਮੂਲ ਚੁਕਾਇੰਦਾ । ਸਾਚੇ ਨੈਣਾਂ ਦਰਸ ਅਪਾਰ, ਨਿਰਗੁਣ ਰੂਪ ਸਮਾਇੰਦਾ । ਸਰਗੁਣ ਮੇਲਾ ਵਿਚ ਸੰਸਾਰ, ਸਤਿ ਸੰਤੋਖੀ ਜਾਮ ਪਿਆਇੰਦਾ । ਜਨ ਭਗਤਾਂ ਉਠਾਏ ਭਾਰ, ਆਪ ਆਪਣੇ ਕੰਧ ਰਖਾਇੰਦਾ । ਸ਼ਬਦ ਪਹਿਨਾਏ ਸਾਚਾ ਹਾਰ, ਤਨ ਸ਼ਿੰਗਾਰ ਵਖਾਇੰਦਾ । ਲੋਕਮਾਤ ਕਰ ਪਿਆਰ, ਪਾਰਬ੍ਰਹਮ ਹਰਿ ਦਇਆ ਕਮਾਇੰਦਾ । ਚੇਲਾ ਮੇਲਾ ਅਪਰ ਅਪਾਰ, ਦਵਾਰ ਬੰਕਾ ਆਪ ਸੁਹਾਇੰਦਾ । ਖੇਲੇ ਖੇਲ ਖੇਲਣਹਾਰ, ਆਪ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚੇਲਾ ਚੇਤਨ ਰੂਪ ਰਖਾਇੰਦਾ । ਸਾਚਾ ਚੇਲਾ ਹਰਿ ਬਣਾ, ਆਪਣਾ ਰੰਗ ਰੰਗਾਇੰਦਾ । ਏਕਾ ਸ਼ਬਦ ਦਏ ਜਣਾ, ਏਕਾ ਧੁਨ ਉਪਜਾਇੰਦਾ । ਏਕਾ ਗੁਣ ਦਏ ਵਖਾ, ਅਵਗੁਣ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚੇਲਾ ਦਰ ਸੁਹਾਇੰਦਾ । ਗੁਰ ਗੋਬਿੰਦਾ ਸਾਚਾ ਚੇਲਾ, ਏਕਾ ਏਕ ਅਖਵਾਇਆ । ਪੁਰਖ ਅਬਿਨਾਸ਼ੀ ਕਰਿਆ ਮੇਲਾ, ਵਿਚ ਵਿਚੋਲਾ ਨਾਮ ਧਰਾਇਆ । ਕਲਜੁਗ ਅੰਤਮ ਖੇਲੇ ਹੋਲਾ, ਲਾਲ ਗੁਲਾਲਾ ਰੰਗ ਲਗਾਇਆ । ਏਕਾ ਸ਼ਬਦ ਸੁਣਾਏ ਸਾਚਾ ਢੋਲਾ, ਨੌਂ ਖੰਡ ਪ੍ਰਿਥਮੀ ਆਪ ਜਣਾਇਆ । ਸੱਤਾਂ ਦੀਪਾਂ ਏਕਾ ਬੋਲਾ, ਏਕਾ ਨਾਅਰਾ ਲਾਇਆ । ਜਨ ਭਗਤਾਂ ਰੰਗੇ ਕਾਇਆ ਚੋਲਾ, ਰੰਗਣਹਾਰ ਆਪ ਅਖਵਾਇਆ । ਕਲਜੁਗ ਅੰਤਮ ਬਣਿਆ ਤੋਲਾ, ਨਿਹਕਲੰਕੀ ਜਾਮਾ ਪਾਇਆ । ਲੱਖ ਚੁਰਾਸੀ ਤੇਰਾ ਕਾਇਆ ਮੰਦਰ ਹਰਿ ਹਰਿ ਆਪੇ ਫੋਲਾ, ਲੇਖਾ ਕੋਈ ਰਹਿਣ ਨਾ ਪਾਇਆ । ਸਾਧਾਂ ਸੰਤਾਂ ਰਹਿਣ ਨਾ


੯੯੯
੦੬

ਦੇਵੇ ਪੜਦਾ ਉਹਲਾ, ਨਾ ਕੋਈ ਸਕੇ ਭੇਵ ਛੁਪਾਇਆ । ਜਨ ਭਗਤਾਂ ਦੇਵੇ ਨਾਮ ਅਨਮੋਲਾ, ਮੁੱਲ ਕੋਈ ਨਾ ਲਾਇਆ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਪਾਏ ਰੌਲਾ, ਚਾਰੋਂ ਕੁੰਟਾਂ ਹੋਏ ਦੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਚੇਲਾ ਇਕ ਬਣਾਇਆ । ਗੋਬਿੰਦ ਚੇਲਾ ਸੁਣ ਪੁਕਾਰ, ਪ੍ਰਭ ਵੇਖ ਵੇਖ ਵਖਾਇੰਦਾ । ਵੇਖੇ ਖੇਲ ਵੇਖਣਹਾਰ, ਲੋਆਂ ਪੁਰੀਆਂ ਭਰਮ ਭੁਲਾਇੰਦਾ । ਧਰਤ ਮਾਤ ਰਹੀ ਪੁਕਾਰ, ਨਾ ਕੋਈ ਧੀਰਜ ਧੀਰ ਧਰਾਇੰਦਾ । ਮਨਮੁਖ ਜੀਵ ਹੋਏ ਵਿਭਚਾਰ, ਨਾਰ ਦੁਹਾਗਣ ਕੰਤ ਸੰਤ ਨਾ ਕੋਈ ਹੰਢਾਇੰਦਾ । ਮਦਿਰਾ ਮਾਸ ਕਰਨ ਆਹਾਰ, ਤਨ ਸ਼ਿੰਗਾਰ ਨਾ ਕੋਈ ਵਖਾਇੰਦਾ । ਫਿਰ ਫਿਰ ਥੱਕੇ ਨੌਂ ਦਵਾਰ, ਸਾਚਾ ਘਰ ਨਾ ਕੋਈ ਸੁਹਾਇੰਦਾ । ਗੋਬਿੰਦ ਚੇਲਾ ਕਰੇ ਪਿਆਰ, ਪ੍ਰਭ ਅੱਗੇ ਸੀਸ ਝੁਕਾਇੰਦਾ । ਪੁਰੀ ਅਨੰਦ ਨਾ ਕੋਈ ਦਵਾਰ, ਸਾਚਾ ਚੰਦ ਨਾ ਕੋਈ ਚੜ੍ਹਾਇੰਦਾ । ਬੰਦ ਬੰਦ ਨਾ ਤਨ ਕੋਈ ਕਟਾਰ, ਬਸਤਰ ਸ਼ਸਤਰ ਨਾ ਕੋਈ ਸਜਾਇੰਦਾ । ਇਕ ਇਕੱਲਾ ਵੇਖੇ ਪਿਆ ਦਵਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਸਚ ਮਹੱਲਾ ਅੰਤਮ ਦਏ ਉਸਾਰ, ਪ੍ਰਭ ਆਪਣੀ ਦਇਆ ਕਮਾਇੰਦਾ । ਸੰਬਲ ਨਗਰ ਕਰ ਉਜਿਆਰ, ਜੋਤੀ ਨੂਰ ਜਗਾਇੰਦਾ । ਸੋਹੰ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਰਖਾਇੰਦਾ । ਚਿੱਟੇ ਅਸਵ ਹੋ ਅਸਵਾਰ, ਦੋ ਜਹਾਨਾਂ ਫੇਰਾ ਪਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰੇ ਖ਼ਬਰਦਾਰ, ਏਕਾ ਡੰਕਾ ਆਪ ਵਜਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਲਲਕਾਰ, ਰਾਓ ਰੰਕਾਂ ਆਪ ਜਗਾਇੰਦਾ । ਵਾਸੀ ਪੁਰੀ ਘਨਕਾ, ਭਗਤ ਉਧਾਰੇ ਜਿਉਂ ਜਨਕਾ, ਆਪ ਆਪਣੀ ਦਇਆ ਕਮਾਇੰਦਾ । ਚਾਰ ਵਰਨ ਚਾਰ ਕੁੰਟ ਦਹਿ ਦਿਸ਼ਾ ਵਜਾਏ ਏਕਾ ਡੰਕਾ, ਏਕਾ ਤਾਲ ਤਲਵਾੜਾ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਚੇਲਾ ਆਪ ਰਖਾਇੰਦਾ । ਸਾਚਾ ਚੇਲਾ ਕਰ ਪਰਵਾਨ, ਪ੍ਰਭ ਸਾਚਾ ਖ਼ੁਸ਼ੀ ਮਨਾਈਆ । ਏਕਾ ਦੇਵੇ ਸੋਹੰ ਗਿਆਨ, ਸੋਹੰ ਸੋ ਸਚ ਪੜ੍ਹਾਈਆ । ਰਸਨਾ ਚਿੱਲਾ ਤੀਰ ਕਮਾਨ, ਸਾਚਾ ਖੰਡਾ ਹੱਥ ਫੜਾਈਆ । ਨੌਂ ਖੰਡ ਪ੍ਰਿਥਮੀ ਏਕਾ ਆਣ, ਸੱਤਾਂ ਦੀਪਾਂ ਕਰੇ ਜਣਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸਰਬ ਮਿਟ ਜਾਣ, ਥਿਰ ਕੋਈ ਰਹਿਣ ਨਾ ਪਾਈਆ । ਗੁਰਮੁਖ ਸਾਚੇ ਚਤੁਰ ਸੁਜਾਨ, ਪ੍ਰਭ ਪਕੜ ਉਠਾਏ ਫੜ ਫੜ ਬਾਂਹੀਂਆ । ਸ਼ਬਦ ਬਿਠਾਏ ਇਕ ਬਿਬਾਨ, ਆਪ ਆਪਣਾ ਰਿਹਾ ਉਡਾਈਆ । ਆਵਣ ਜਾਵਣ ਚੁੱਕੇ ਕਾਨ, ਜੋ ਜਨ ਰਹੇ ਸਰਨਾਈਆ । ਦੋ ਜਹਾਨੀ ਦੇਵੇ ਮਾਣ, ਥਿਰ ਘਰ ਸਾਚਾ ਇਕ ਸੁਹਾਈਆ । ਏਕਾ ਰਾਗ ਸੁਣਾਏ ਕਾਨ, ਸਾਚਾ ਤਾਲ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਚੇਲਾ ਇਕ ਵਖਾਈਆ । ਚੇਲਾ ਗੁਰ ਹਰਿ ਗੋਬਿੰਦ, ਗੋਬਿੰਦ ਰੂਪ ਸਮਾਇਆ । ਆਪ ਮਿਟਾਏ ਆਪਣੀ ਚਿੰਦ, ਆਪਣਾ ਭਰਮ ਮਿਟਾਇਆ । ਸ੍ਰਿਸ਼ਟ ਸ਼ਬਾਈ ਲਾਈ ਨਿੰਦ, ਮਾਨਸ ਜਨਮ ਨਾ ਵੇਖ ਵਖਾਇਆ । ਦਾਤਾ ਜੋਧਾ ਸੂਰਾ ਵਡ ਮਰਗਿੰਦ, ਗੁਣੀ ਗਹਿੰਦ ਆਪ ਹੋ ਆਇਆ । ਅੰਮ੍ਰਿਤ ਆਤਮ ਧਾਰ ਵਹਾਏ ਸਿੰਧ, ਸਾਚਾ ਸਾਗਰ ਇਕ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬੰਦ ਚੇਲਾ ਦਰ ਸੁਹਾਇਆ । ਗੋਬਿੰਦ ਨਾਮ ਏਕਾ ਦੁੜਾ, ਏਕਾ ਬੂਝ ਬੁਝਾਈਆ । ਏਕਾ ਪੌੜੇ ਰਿਹਾ ਚੜ੍ਹਾ, ਏਕਾ ਡੰਡਾ ਰਿਹਾ ਵਖਾਈਆ । ਬ੍ਰਹਿਮਣ ਗੌੜਾ ਆਪ ਅਖਵਾ, ਪੂਤ ਸਪੂਤਾ ਆਪ ਅਖਵਾਈਆ । ਉਚਾ ਟਿੱਲਾ ਵੇਖ ਵਖਾ, ਸਾਚੇ ਮੰਦਰ ਡੇਰਾ ਲਾਈਆ । ਸਾਚੀ ਸਿਲਾ ਅੱਗੇ ਟਿਕਾ, ਆਪੇ ਬੰਦ ਰਖਾਈਆ । ਲੇਖਾ ਨਾ ਸਕੇ ਕੋਈ ਲਿਖਾ, ਵੇਦ ਪੁਰਾਨ ਭੇਵ ਨਾ ਰਾਈਆ । ਖਾਣੀ ਬਾਣੀ ਰਹੇ ਗਾ,

ਗੁਣਵੰਤਾ ਦਿਸ ਨਾ ਆਈਆ । ਅੰਜੀਲ ਕੁਰਾਨ ਰਹੇ ਕੁਰਲਾ, ਅੱਲਾ ਹੂ ਹੂ ਨਾਅਰਾ ਲਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਵੇਖ ਵਖਾਣੇ ਹਰ ਘਟ ਥਾਈਂਆ । ਕਲਜੁਗ ਅੰਤਮ ਲਹਿਣਾ ਦੇਣਾ ਦਏ ਚੁੱਕਾ, ਪੂਰਬ ਲਹਿਣਾ ਝੋਲੀ ਪਾਈਆ । ਭਾਣਾ ਸਹਿਣਾ ਰਿਹਾ ਸੁਣਾ, ਚਾਰ ਯਾਰਾਂ ਵੇਖ ਵਖਾਈਆ । ਅੱਲਾ ਰਾਣੀ ਮਾਰੇ ਧਾਹ, ਨੇਤਰ ਰੋ ਰੋ ਨੀਰ ਵਹਾਈਆ । ਈਸਾ ਮੂਸਾ ਵੇਖ ਖ਼ੁਦਾ, ਖ਼ੁਦੀ ਖ਼ੁਦਾਈ ਰਿਹਾ ਜਣਾਈਆ । ਅੰਤਮ ਹੋਣਾ ਪਿਆ ਜੁਦਾ, ਜਗਤ ਵਿਛੋੜਾ ਆਪ ਕਰਾਈਆ । ਪੁਰਖ ਅਬਿਨਾਸ਼ੀ ਇਕ ਘੋੜਾ ਦੁੜਾ, ਵਾਗ ਆਪਣੇ ਹੱਥ ਰਖਾਈਆ । ਸੰਬਲ ਨਗਰੀ ਰਿਹਾ ਸੁਹਾ, ਸਾਢੇ ਤਿੰਨ ਹੱਥ ਲੰਬਾ ਚੌੜਾ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਰਿਹਾ ਸਖਾਈਆ । ਏਕਾ ਅੱਖਰ ਹਰਿ ਭਗਵਾਨ, ਕਲ ਅੰਤਮ ਵੇਖ ਵਖਾਨਿਆ । ਧੁਰ ਦਰਗਾਹੀ ਧੁਰ ਫ਼ਰਮਾਣ, ਆਪ ਜਣਾਏ ਦੋ ਜਹਾਨਿਆ । ਰਸਨਾ ਜਿਹਵਾ ਗੀਤ ਸੁਹਾਗੀ ਏਕਾ ਗਾਣ, ਪਾਇਣ ਪਦ ਨਿਰਬਾਨਿਆ । ਸੋ ਪੁਰਖ ਨਿਰੰਜਣ ਮਿਹਰਵਾਨ, ਵਡ ਦਾਤਾ ਦਾਨੀ ਦਾਨਿਆ । ਏਕਾ ਸ਼ਬਦ ਇਕ ਧਿਆਨ, ਏਕਾ ਰਾਗ ਅਲ੍ਹਾਨਿਆ । ਏਕਾ ਜੋਤੀ ਨੂਰ ਮਹਾਨ, ਅੰਧ ਅੰਧੇਰ ਮਿਟਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਬਖ਼ਸ਼ੇ ਸਚ ਗਿਆਨਿਆ । ਚਾਰ ਵਰਨ ਹਰਿ ਸ਼ਬਦ ਜਣਾਈ, ਏਕਾ ਏਕ ਜੈ ਜੈਕਾਰਾ । ਸੋਹੰ ਸੋ ਸਚ ਪੜ੍ਹਾਈ, ਲੋਆਂ ਪੁਰੀਆਂ ਕਰੇ ਪਸਾਰਾ । ਅੰਤ ਤ੍ਰੈਗੁਣ ਮਾਇਆ ਕਰੇ ਲੜਾਈ, ਕਲਜੁਗ ਅੰਤਮ ਵਾਰਾ । ਪਕੜ ਉਠਾਏ ਫੜ ਫੜ ਬਾਂਹੀ, ਰਾਜ ਰਾਜਾਨਾ ਸ਼ਾਹ ਸੁਲਤਾਨਾ ਵਡ ਸਿਕਦਾਰਾ । ਖੇਲੇ ਖੇਲ ਹਰਿ ਰਘੁਰਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਸ਼ਬਦ ਮਹੱਲਾ ਜਲਾਂ ਥਲਾਂ ਫੇਰਾ ਪਾਈਆ । ਏਕਾ ਸ਼ਬਦ ਹਰਿ ਜਣਾ, ਏਕਾ ਰਾਗ ਅਲਾਇੰਦਾ । ਚਾਰ ਵਰਨਾਂ ਇਕ ਸਰਨਾ, ਸਚ ਸਰਨਾਈ ਹਰਿ ਵਖਾਇੰਦਾ । ਊਚਾਂ ਨੀਚਾਂ ਭੇਵ ਮਿਟਾ, ਰਾਜ ਰਾਜਾਨਾਂ ਖ਼ਾਕ ਮਿਲਾਇੰਦਾ । ਗਊ ਗਰੀਬ ਨਿਮਾਣੇ ਗਲੇ ਲਗਾਇੰਦਾ । ਸੰਮਤ ਚੌਦਾਂ ਲੇਖ ਰਿਹਾ ਲਿਖਾ, ਲੇਖਾ ਆਪਣੇ ਹੱਥ ਰਖਾਇੰਦਾ । ਚੌਦਾਂ ਲੋਕਾਂ ਰਿਹਾ ਹਿਲਾ, ਇਕ ਹੁਲਾਰਾ ਆਪ ਲਗਾਇੰਦਾ । ਬ੍ਰਹਮਾ ਰੋਵੇ ਮਾਰੇ ਧਾਹ, ਅੱਠੇ ਨੇਤਰ ਨੀਰ ਵਹਾਇੰਦਾ । ਪੁਰੀ ਬ੍ਰਹਮ ਨਾ ਮਿਲੇ ਥਾਂ, ਵੇਲਾ ਅੰਤਮ ਆਇੰਦਾ । ਪੁਰਖ ਅਬਿਨਾਸ਼ੀ ਇਕ ਸੁਹਾਏ ਸਾਚਾ ਥਾਂ, ਵੇਲਾ ਅੰਤਮ ਆਇੰਦਾ । ਪੁਰਖ ਅਬਿਨਾਸ਼ੀ ਇਕ ਸੁਣਾਏ ਸਾਚਾ ਨਾਂ, ਸਾਚਾ ਜਾਮ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਅੱਖਰ ਵੇਖ ਵਖਾਇੰਦਾ । ਸਾਚਾ ਸ਼ਬਦ ਸੁਤ ਬਲਵਾਨਾ, ਹਰਿ ਸਾਚਾ ਮਾਤ ਉਪਾਇੰਦਾ । ਨਾਮ ਸ਼ਸਤਰ ਤੀਰ ਕਮਾਨਾ, ਸਾਚੇ ਚਿੱਲੇ ਆਪ ਚੜ੍ਹਾਇੰਦਾ । ਵੇਖੇ ਖੇਲ ਜੋਧਾ ਸੂਰ ਬਲੀ ਬਲਵਾਨਾ, ਦੋ ਜਹਾਨਾਂ ਪਾਰ ਫੇਰਾ ਪਾਇੰਦਾ । ਨੌਂ ਖੰਡ ਪ੍ਰਿਥਮੀ ਤੇਰਾ ਇਕ ਨਿਸ਼ਾਨਾ, ਲੱਖ ਚੁਰਾਸੀ ਪਾਰ ਕਰਾਇੰਦਾ । ਰਾਏ ਧਰਮ ਬੰਨ੍ਹੇ ਗਾਨਾ, ਪ੍ਰਭ ਸਾਚੀ ਸੇਵਾ ਲਾਇੰਦਾ । ਲਾੜੀ ਮੌਤ ਹੋ ਪਰਧਾਨਾ, ਘਰ ਘਰ ਨਾਚ ਵਖਾਇੰਦਾ । ਝੂਠ ਜੂਠ ਕਲ ਮਿਟੇ ਨਿਸ਼ਾਨਾ, ਅੰਤਮ ਰਹਿਣ ਨਾ ਪਾਇੰਦਾ । ਸਚ ਸੁੱਚ ਇਕ ਵਰਤਾਨਾ, ਏਕਾ ਰਾਹ ਚਲਾਇੰਦਾ । ਪਰਗਟ ਹੋਏ ਹਰਿ ਮਰਦ ਮਰਦਾਨਾ, ਆਪ ਆਪਣੀ ਜੋਤ ਜਗਾਇੰਦਾ । ਸੱਤਾਂ ਦੀਪਾਂ ਬ੍ਰਹਮ ਗਿਆਨਾ, ਇਕ ਸ਼ਬਦ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਮਾਰਗ ਸ੍ਰਿਸ਼ਟ ਸਬਾਈ ਵਖਾਇੰਦਾ । ਸ੍ਰਿਸ਼ਟ ਸਬਾਈ ਕਰ ਧਿਆਨ, ਹਰਿ ਸਾਚੇ ਜੋਤ ਜਗਾਈਆ । ਵਰਨਾ ਬਰਨਾ ਇਕ

ਗਿਆਨ, ਏਕਾ ਦੂਜਾ ਭੌ ਮਿਟਾਈਆ । ਤੀਜੇ ਦਰਸ ਹਰਿ ਭਗਵਾਨ, ਚੌਥੇ ਪਦ ਸਮਾਈਆ । ਪੰਚਮ ਬਹਿ ਬਹਿ ਸਾਰੇ ਗਾਣ, ਆਤਮ ਘਰ ਵੱਜੇ ਵਧਾਈਆ । ਛੇਵੇਂ ਛੱਪਰ ਛੰਨ ਨਾ ਕੋਈ ਮਕਾਨ, ਹਰਿ ਬੈਠਾ ਜੋਤ ਜਗਾਈਆ । ਸਤਿ ਪੁਰਖ ਨਿਰੰਜਣ ਹਰਿ ਮਿਹਰਵਾਨ, ਏਕਾ ਅਲਖ ਜਗਾਈਆ । ਅੱਠ ਤਤ ਨਾ ਦਰ ਪਰਵਾਨ, ਮਨ ਮਤ ਬੁਧ ਪਈ ਲੜਾਈਆ । ਨੌਂ ਦਰ ਤੇਰੀ ਝੂਠ ਦੁਕਾਨ, ਕਲਜੁਗ ਕੂੜਾ ਰਿਹਾ ਚਲਾਈਆ । ਮਾਇਆ ਮਮਤਾ ਪੀਣ ਖਾਣ, ਹਉਮੇ ਤ੍ਰਿਸ਼ਨਾ ਰੋਗ ਗਵਾਈਆ । ਮਿਲੇ ਨਾਮ ਨਾ ਸਚ ਨਿਸ਼ਾਨ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਗੁਰ ਦਰ ਮੰਦਰ ਮਸਜਿਦ ਹੋਏ ਵੈਰਾਨ, ਰਸਨਾ ਜਿਹਵਾ ਸਰਬ ਹਲਕਾਈਆ । ਅੰਦਰ ਬਹਿ ਬਹਿ ਸਾਰੇ ਗਾਣ, ਗੋਬਿੰਦ ਗੁਰ ਨਾ ਕੋਈ ਮਿਲਾਈਆ । ਨਾਤਾ ਤੁਟਾ ਪੀਣ ਖਾਣ, ਮਦਿਰਾ ਜਾਮ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਦੇਵੇ ਫਾਸੀ, ਰਾਏ ਧਰਮ ਹੱਥ ਫੜਾਈਆ । ਰਾਏ ਧਰਮ ਰਿਹਾ ਲਲਕਾਰ, ਲੋਕਮਾਤ ਲਏ ਅੰਗੜਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਵੇਲਾ ਅੰਤਮ ਆਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਨਾਨਕ ਗੋਬਿੰਦ ਬਣ ਲਿਖਾਰ, ਲੇਖਾ ਗਿਆ ਲਿਖਾਈਆ । ਵੇਦ ਵਿਆਸਾ ਹੋ ਤਿਆਰ, ਆਪਣੀ ਕਲਮ ਰਿਹਾ ਚਲਾਈਆ । ਬ੍ਰਹਿਮਣ ਗੌੜਾ ਪੂਤ ਸਪੂਤਾ ਹੋਏ ਉਜਿਆਰ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਨਿਹਕਲੰਕਾ ਲਏ ਅਵਤਾਰ, ਏਕਾ ਡੰਕਾ ਨਾਮ ਵਜਾਈਆ । ਰਾਓ ਰੰਕਾਂ ਕਰੇ ਖ਼ਬਰਦਾਰ, ਸ਼ਾਹ ਸੁਲਤਾਨਾਂ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਇਕੱਲਾ ਖੇਲ ਖਿਲਾਈਆ । ਇਕ ਇਕੱਲਾ ਹਰਿ ਗੋਬਿੰਦਾ, ਅਕਲ ਕਲਾ ਸਮਾਇਆ । ਗੁਰਮੁਖ ਉਪਾਏ ਸਾਚੀ ਬਿੰਦਾ, ਆਪ ਆਪਣੀ ਦਇਆ ਕਮਾਇਆ । ਅੰਦਰ ਮੰਦਰ ਬਜਰ ਕਪਾਟੀ ਤੋੜੇ ਜਿੰਦਾ, ਏਕਾ ਖੰਡਾ ਹੱਥ ਉਠਾਇਆ । ਮਨਮੁਖ ਜੀਵ ਆਪ ਲਗਾਏ ਆਪਣੀ ਨਿੰਦਾ, ਮੁਖ ਨਿੰਦਿਆ ਇਕ ਰਖਾਇਆ । ਜਨ ਭਗਤਾਂ ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧਾ, ਸਰ ਸਰੋਵਰ ਇਕ ਵਖਾਇਆ । ਪਰਗਟ ਹੋਏ ਨਰ ਹਰਿ ਹਰਿ ਵਡ ਮਰਗਿੰਦਾ, ਜੋਧਾ ਸੂਰਬੀਰ ਆਪ ਹੋ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਸਾਚਾ ਨਾਉਂ ਆਪ ਚਲਾਏ ਅਗੰਮ ਅਥਾਹੋ, ਬੇਪਰਵਾਹ ਫੇਰਾ ਪਾਇਆ । ਬੇਪਰਵਾਹ ਬੇਐਬ, ਹਰਿ ਏਕਾ ਏਕ ਅਖਵਾਇੰਦਾ । ਸ੍ਰਿਸ਼ਟ ਸਬਾਈ ਸਾਚਾ ਨਾਇਕ, ਸਾਚੀ ਸਿਖਿਆ ਆਪ ਸਮਝਾਇੰਦਾ । ਨਾ ਕੋਈ ਸ਼ਰਅ ਨਾ ਸ਼ਰਾਇਤ, ਹੱਕ ਹਕੀਕਤ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਮਤ ਚੌਦਾਂ ਰੰਗ ਰੰਗਾਇੰਦਾ । ਸੰਮਤ ਚੌਦਾਂ ਲੇਖ ਲਿਖਾ, ਈਸਾ ਮੂਸਾ ਰਿਹਾ ਉਠਾ, ਅੰਜੀਲ ਕੁਰਾਨ ਕਰੇ ਕੁੜਮਾਈਆ । ਮੱਕਾ ਮਦੀਨਾ ਲਾਏ ਢਾਹ, ਅੰਤ ਰਹਿਣ ਨਾ ਪਾਈਆ । ਸੰਗ ਮੁਹੰਮਦ ਚਾਰ ਯਾਰ ਰਿਹਾ ਸੁਣਾ, ਵੇਲਾ ਅੰਤਮ ਪਾਈਆ । ਦੂਸਰ ਨਾ ਕੋਈ ਜਾਣੇ ਨਾ ਸਕੇ ਭੇਵ ਜਣਾ, ਭੇਵ ਕੋਈ ਨਾ ਪਾਈਆ । ਗੁਰ ਗੋਬਿੰਦਾ ਵੇਖੇ ਥਾਉਂ ਥਾਂ, ਨਾਲ ਰਲਾਇਆ ਬੇਪਰਵਾਹੀਆ । ਗੁਰਮੁਖ ਉਧਾਰੇ ਜਿਉਂ ਜਨ ਜਨਕਾ, ਆਪ ਆਪਣੀ ਗੋਦ ਉਠਾਈਆ । ਚਾਰੋਂ ਕੁੰਟ ਸ਼ਬਦ ਜੈਕਾਰਾ ਏਕਾ ਲਾ, ਏਕਾ ਰਾਹ ਚਲਾਈਆ । ਨਾਮ ਨਿਰੰਜਣ ਨੇਤਰ ਪਾ, ਗੁਰਮੁਖ ਦਇਆ ਕਮਾਈਆ । ਦੂਈ ਦਵੈਤੀ ਪੜਦਾ ਲਾਹ, ਏਕਾ ਜੋਤ ਕਰੇ ਰੁਸ਼ਨਾਈਆ । ਸਾਚਾ ਸ਼ਬਦ ਇਕ ਸੁਣਾ, ਅਨਹਦ ਤਾਲ ਵਜਾਈਆ । ਆਤਮ ਸੇਜਾ ਦਏ ਸੁਹਾ, ਪ੍ਰਭ ਫੂਲਨ ਬਰਖਾ ਲਾਈਆ ।

੧੦੦੨
੦੬

ਜੋਤ ਨਿਰੰਜਣ ਸੰਗ ਰਲਾ, ਮੇਲ ਮਿਲਾਏ ਬੇਪਰਵਾਹੀਆ । ਆਪ ਆਪਣੇ ਅੰਗਣ ਲਏ ਉਠਾ, ਕਰ ਕਰ ਲੰਮੀਆਂ ਬਾਂਹੀਆ । ਇਕ ਮਰਦੰਗਾ ਰਿਹਾ ਵਜਾ, ਆਪ ਸੁਣਾਏ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਸਾਚੇ ਵਰ, ਦਰ ਮੇਲਾ ਸਹਿਜ ਸੁਭਾਈਆ । ਗੁਰਮੁਖ ਬਾਲ ਨਿਧਾਨ, ਗੁਰ ਪੂਰੇ ਹੱਥ ਵਡਿਆਈਆ । ਦੇਵੇ ਨਾਮ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਇਕ ਵਖਾਏ ਸਚ ਮਕਾਨ, ਥਿਰ ਘਰ ਨਾਉਂ ਉਪਾਈਆ । ਚੌਦਾਂ ਹੱਟਾਂ ਇਕ ਦੁਕਾਨ, ਕਾਇਆ ਮੰਦਰ ਇਕ ਟਿਕਾਈਆ । ਆਪੇ ਬੈਠੇ ਸ਼ਾਹ ਸੁਲਤਾਨ, ਸਾਚੇ ਕੰਡੇ ਤੋਲ ਤੁਲਾਈਆ । ਸਾਚਾ ਕੰਡਾ ਬ੍ਰਹਮ ਗਿਆਨ, ਆਪ ਆਪਣੇ ਹੱਥ ਰਖਾਈਆ । ਜਨ ਭਗਤਾਂ ਵੇਖੇ ਮਾਰ ਧਿਆਨ, ਅੱਠੇ ਪਹਿਰ ਸੇਵ ਕਮਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਤੀਰ ਨਿਰਾਲਾ ਮਾਰੇ ਬਾਣ, ਸਾਚੀ ਮੁਖੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸਾਚੀ ਸੇਵ ਲਗਾਈਆ । ਗੁਰਮੁਖ ਸਾਚਾ ਜਗਤ ਨਿਧਾਨ, ਗੁਰ ਪੂਰੇ ਵਡ ਵਡਿਆਈਆ । ਏਕਾ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਏਕਾ ਰਾਗ ਸੁਣਾਏ ਕਾਨ, ਛੱਤੀ ਰਾਗ ਭੇਵ ਨਾ ਰਾਈਆ । ਕਾਇਆ ਮੰਦਰ ਸਚ ਮਕਾਨ, ਗੁਰ ਬੈਠਾ ਆਸਣ ਲਾਈਆ । ਹਰਿਜਨ ਸਾਚੇ ਕਰ ਪਛਾਨ, ਚਾਰ ਕੁੰਟ ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਮੇਲ ਮਿਲਾਈਆ । ਗੁਰਮੁਖ ਸਾਜਨ ਮੇਲ ਮਿਲਾ, ਆਪਣੀ ਦਇਆ ਕਮਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਆਪ ਆਪਣਾ ਕਰਮ ਕਮਾਇੰਦਾ । ਹਰਿਜਨ ਬੈਠੇ ਥਾਉਂ ਥਾਂ, ਸ੍ਰਿਸ਼ਟ ਸਬਾਈ ਖੋਜ ਖੁਜਾਇੰਦਾ । ਫੜ ਫੜ ਹੰਸ ਬਣਾਏ ਕਾਂ, ਏਕਾ ਸਾਚੀ ਚੋਗ ਚੁਗਾਇੰਦਾ । ਆਦਿਨ ਅੰਤਾ ਦੇਵੇ ਠੰਡੀ ਛਾਂ, ਏਕਾ ਪੜਦਾ ਨਾਮ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਮੇਲ ਮਿਲਾਇੰਦਾ । ਹਰਿ ਸੱਜਣ ਮੇਲਾ ਸ਼ਾਹ ਸ਼ਾਬਾਸ਼, ਦਰ ਮੰਦਰ ਇਕ ਸੁਹਾਇਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਡੂੰਘੀ ਕੰਦਰ ਫੇਰਾ ਪਾਇਆ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਰਸਨਾ ਰਿਹਾ ਗਾਇਆ । ਕਾਇਆ ਮੰਡਲ ਪਾਵੇ ਰਾਸ, ਆਪ ਆਪਣਾ ਰੂਪ ਵਟਾਇਆ । ਹਰਿਜਨ ਹੋਏ ਦਾਸੀ ਦਾਸ, ਦਿਵਸ ਰੈਣ ਸੇਵ ਕਮਾਇਆ । ਆਦਿ ਅੰਤ ਨਾ ਹੋਏ ਵਿਨਾਸ, ਜੁਗ ਜੁਗ ਲੇਖਾ ਲੇਖ ਵਟਾਇਆ । ਜਨ ਭਗਤਾਂ ਹਿਰਦੇ ਅੰਦਰ ਰੱਖੇ ਵਾਸ, ਨਿਜ ਘਰ ਆਤਮ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਵਿਛੜੇ ਜਗ ਮੇਲ ਕਰ, ਕਲ ਲਹਿਣਾ ਰਿਹਾ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮੇਲਾ ਮੇਲ ਮਿਲਾਇਆ । ਸਾਚਾ ਮੇਲਾ ਹਰਿ ਭਗਵੰਤਾ, ਭਗਵਨ ਰੂਪ ਸਮਾਇਆ । ਗੁਰਮੁਖ ਉਧਾਰੇ ਸਾਚੇ ਸੰਤਾਂ, ਸਤਿਗੁਰ ਦਇਆ ਕਮਾਇਆ । ਜੁਗ ਜੁਗ ਬਣਾਏ ਬਣਤਾ, ਬੇੜਾ ਬੰਨ੍ਹਣਹਾਰ ਆਪ ਅਖਵਾਇਆ । ਮਨਮੁਖ ਜੀਵਾਂ ਮਾਇਆ ਪਾਏ ਬੇਅੰਤਾ, ਨਾ ਕੋਈ ਸਕੇ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਵੇਖ ਦਰ, ਦਰ ਦਰਵੇਸ਼ਾ ਫੇਰੀ ਪਾਇਆ । ਹਰਿ ਸ਼ਬਦ ਨਗਾਰਾ ਵੱਜਿਆ, ਮਨਮੁਖ ਰਹੇ ਡੋਲ । ਕਾਲ ਦਵਾਰੇ ਫਿਰੇ ਭੱਜਿਆ, ਗੁਰਦਰ ਮੰਦਰ ਰਿਹਾ ਫੋਲ । ਅੰਤ ਪੜਦਾ ਕਿਸੇ ਨਾ ਕੱਜਿਆ, ਭੁਲਿਆ ਧੁਰ ਦਰਗਾਹੀ ਕੀਤਾ ਕੌਲ । ਗੁਰਮੁਖ ਵਿਰਲਾ ਗੁਰ ਚਰਨ ਦਵਾਰੇ ਬਹਿ ਬਹਿ ਸਜਿਆ, ਕਾਇਆ

ਧਰਤੀ ਰਹੀ ਮੌਲ । ਲੱਖ ਚੁਰਾਸੀ ਜੋ ਘੜਿਆ ਸੋ ਭੱਜਿਆ, ਪ੍ਰਭ ਤੋਲਣਹਾਰਾ ਪੂਰੇ ਤੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਇਕ ਵਜਾਏ ਮਰਦੰਗਾ ਸਾਚਾ ਢੋਲ । ਨਾਮ ਮਰਦੰਗ ਹਰਿ ਵਜਾ, ਲੋਆਂ ਪੁਰੀਆਂ ਰਿਹਾ ਸੁਣਾਈਆ । ਮਨ ਮੁਗਧ ਗੂੜ੍ਹੀ ਨੀਂਦ ਰਹੇ ਸਵਾ, ਉਪਰ ਮਾਇਆ ਪੜਦਾ ਪਾਈਆ । ਗੁਰਮੁਖ ਸਾਚੇ ਲਏ ਜਗਾ, ਆਤਮ ਬ੍ਰਹਮ ਜਣਾਈਆ । ਜੋਤ ਨਿਰੰਜਣ ਇਕ ਟਿਕਾ, ਦੀਪਕ ਦੀਪ ਕਰੇ ਰੁਸ਼ਨਾਈਆ । ਨੇਤਰ ਨੈਣਾਂ ਵੇਖ ਵਖਾ, ਸਾਕ ਸੈਣ ਭੈਣਾ ਭਾਈਆ । ਸਾਚਾ ਗਹਿਣਾ ਤਨ ਪਹਿਨਾ, ਹਾਰ ਸ਼ਿੰਗਾਰ ਆਪ ਕਰਾਈਆ । ਦਰ ਘਰ ਸਾਚੇ ਬਹਿਣਾ ਇਕ ਸਿਖਾ, ਸਿੱਖੀ ਸਿਖਿਆ ਰਿਹਾ ਸਮਝਾਈਆ । ਗੋਬਿੰਦ ਮੇਲਾ ਦਏ ਮਿਲਾ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਕਲਗੀ ਤੋੜਾ ਦਏ ਦਿਖਾ, ਸੀਸ ਜਗਦੀਸ ਆਪ ਟਿਕਾਈਆ । ਸਾਚੇ ਘੋੜੇ ਦਏ ਚੜ੍ਹਾ, ਸੋਲਾਂ ਕਲੀਆਂ ਆਸਣ ਲਾਈਆ । ਪਹਿਲਾ ਪੌੜਾ ਆਪ ਵਖਾ, ਪਦ ਚੌਥੇ ਜਨ ਸਮਾਈਆ । ਮਿੱਠਾ ਕੌੜਾ ਵੇਖ ਵਖਾ, ਕਲਜੁਗ ਅੰਤਮ ਦਏ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਡੰਕ ਨਾਮ ਨਗਾਰਾ, ਚਾਰ ਕੁੰਟ ਰਿਹਾ ਵਜਾਈਆ । ਨਾਮ ਨਗਾਰਾ ਅਨਹਦ ਢੋਲ, ਅਨਾਦੀ ਪੁਰਖ ਵਜਾਇਆ । ਨੌਂ ਖੰਡ ਪ੍ਰਿਥਮੀ ਤੇਰਾ ਰਚਿਆ ਘੋਲ, ਸੱਤਾਂ ਦੀਪਾਂ ਅਖਾੜਾ ਇਕ ਬਣਾਇਆ । ਸੰਮਤ ਪੰਦਰਾਂ ਹੱਲਾ ਰਿਹਾ ਬੋਲ, ਅਲਖ ਨਿਰੰਜਣ ਏਕਾ ਅਲਖ ਜਗਾਇਆ । ਕਾਇਆ ਗਠੜੀ ਸਭ ਦੀ ਰਿਹਾ ਫੋਲ, ਨਾਮ ਵਸਤ ਕੋਈ ਨਾ ਕੋਲ ਰਖਾਇਆ । ਕਲਜੁਗ ਵਿਕਾਰਾ ਅੰਦਰੇ ਅੰਦਰ ਰਿਹਾ ਬੋਲ, ਪੰਜ ਤਤ ਰਿਹਾ ਸ਼ਰਮਾਇਆ । ਮਨਮੁਖ ਜੀਵ ਰਹੇ ਅਨਭੋਲ, ਕਲਜੁਗ ਵੇਲਾ ਅੰਤਮ ਆਇਆ । ਪੁਰਖ ਅਬਿਨਾਸ਼ੀ ਸਚ ਦਵਾਰਾ ਏਕਾ ਖੋਲ੍ਹ, ਏਕਾ ਰਿਹਾ ਵਣਜ ਕਰਾਇਆ । ਅੰਮ੍ਰਿਤ ਆਤਮ ਦੇਵੇ ਸਾਚੀ ਪੌਹਲ, ਏਕਾ ਸਾਚਾ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਮ ਮਰਦੰਗਾ ਹੱਥ ਫੜ, ਤ੍ਰੈ ਲੋਕਾਂ ਰਿਹਾ ਸੁਣਾਇਆ । ਤ੍ਰੈ ਲੋਕਾਂ ਹਰਿ ਜਣਾਈ, ਅਵਣ ਗਵਣ ਮਿਟਾਇਆ । ਚੌਦਾਂ ਲੋਕਾਂ ਰਿਹਾ ਉਠਾਈ, ਆਪ ਆਪਣਾ ਵੇਖ ਵਖਾਇਆ । ਚੌਦਾਂ ਤਬਕਾਂ ਰਿਹਾ ਹਿਲਾਈ, ਚਾਰ ਯਾਰ ਸੰਗ ਮੁਹੰਮਦ ਦਏ ਦੁਹਾਇਆ । ਲੋਕਮਾਤ ਲਏ ਅੰਗੜਾਈ, ਗੁਰ ਗੋਬਿੰਦ ਵੇਖ ਵਖਾਇਆ । ਨਾਨਕ ਸ਼ਬਦ ਕਰੀ ਕੁੜਮਾਈ, ਜੋਤ ਨਿਰੰਜਣ ਤੇਲ ਚੜ੍ਹਾਇਆ । ਪੰਚਮ ਸਖੀਆਂ ਗਾਇਣ ਚਾਈਂ ਚਾਈਂ, ਸਾਚੇ ਮੰਦਰ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਡੰਕਾ ਰਾਓ ਰੰਕਾਂ ਰਿਹਾ ਸੁਣਾਇਆ । ਏਕ ਡੰਕ ਸ਼ਬਦ ਜੈਕਾਰਾ, ਹਰਿ ਸਾਚਾ ਆਪ ਸੁਣਾਇੰਦਾ । ਮਾਨਸ ਮਾਨੁਖ ਗਏ ਹਾਰਾ, ਲੇਖਾ ਕੋਇ ਨਾ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਕਰ ਕਰ ਵੇਸ ਪੰਜ ਤਤ ਕਰੇ ਸ਼ਿੰਗਾਰਾ, ਅੱਠ ਤਤ ਰਹਿਣ ਨਾ ਪਾਇੰਦਾ । ਨੌਂ ਦਰ ਤੇਰਾ ਜਗਤ ਦਵਾਰਾ, ਮਨ ਮਤ ਘਰ ਸੁਹਾਇੰਦਾ । ਗੁਰਮੁਖ ਸੋਹੇ ਸਚ ਦਵਾਰਾ, ਨਰ ਨਿਰੰਕਾਰਾ ਵੇਖ ਵਖਾਇੰਦਾ । ਮਿਲੇ ਮੇਲ ਅਗੰਮ ਅਪਾਰਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਸੋਹੰ ਸ਼ਬਦ ਤੇਰਾ ਸਚ ਨਗਾਰਾ, ਸੋ ਪੁਰਖ ਆਪ ਵਜਾਇੰਦਾ । ਹੰ ਹੰਗਤਾ ਰੋਗ ਨਿਵਾਰਾ, ਸਾਚੀ ਸੰਗਤਾ ਮੇਲ ਮਿਲਾਇੰਦਾ । ਜੋ ਜਨ ਢਹਿ ਪਏ ਦਵਾਰਾ, ਕਾਲ ਮਹਾਂਕਾਲ ਨੇੜ ਨਾ ਆਇੰਦਾ । ਭਵ ਸਾਗਰ ਕਰਾਏ ਪਾਰ ਕਿਨਾਰਾ, ਕਾਇਆ ਗਾਗਰ ਵੇਖ ਵਖਾਇੰਦਾ । ਏਕਾ ਦੇਵੇ ਸ਼ਬਦ ਹੁਲਾਰਾ, ਦਸਮ ਦਵਾਰੀ ਡੇਰਾ ਲਾਇੰਦਾ । ਦਸਮ ਦਵਾਰੀ ਅਧਵਿਚਕਾਰਾ, ਪ੍ਰਭ ਸਾਚਾ ਖੇਲ ਖਿਲਾਇੰਦਾ । ਸੁਨ ਅਗੰਮੇ ਪਾਰ ਕਿਨਾਰਾ, ਸੋਹੰ ਦੇਸ ਸੁਹਾਇੰਦਾ ।

੧੦੦੪ ੦੬

ਨਾ ਕੋਈ ਪੁਰਖ ਨਾ ਕੋਈ ਨਾਰਾ, ਨਾ ਕੋਈ ਬਣਤ ਬਣਾਇੰਦਾ । ਮਿਲੇ ਮੇਲ ਇਕ ਏਕੰਕਾਰਾ, ਏਕਾ ਏਕ ਅਖਵਾਇੰਦਾ । ਆਪ ਸੁਹਾਏ ਸਚ ਦਵਾਰਾ, ਦਰ ਦਰਬਾਰੀ ਆਪ ਹੋ ਜਾਇੰਦਾ । ਸੰਤ ਸੁਹੇਲੇ ਕਰ ਪਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਡੰਕ ਸਚ ਨਗਾਰਾ, ਗੁਰਮੁਖ ਸਾਚੇ ਆਪ ਸੁਣਾਇੰਦਾ । ਕਲਜੁਗ ਮਾਇਆ ਰਹੀ ਜਾਗ, ਮਨਮੁਖਾਂ ਰਹੀ ਸਵਾਈਆ । ਘਰ ਘਰ ਅੰਦਰ ਲਾਏ ਆਗ, ਪੰਜ ਤਤ ਜੁਦਾਈਆ । ਅੱਠੇ ਪਹਿਰ ਰਹੀ ਭਾਗ, ਵੇਲਾ ਅੰਤਮ ਆਈਆ । ਅੰਦਰ ਮੰਦਰ ਦੀਪਕ ਜੋਤ ਨਾ ਜਗੇ ਚਿਰਾਗ, ਧੂੰਆਂਧਾਰ ਵਖਾਈਆ । ਮਾਨਸ ਹੋਏ ਹੰਸ ਕਾਗ, ਜਿਹਵਾ ਕਾਗ ਵਾਂਗ ਕੁਰਲਾਈਆ । ਕਾਇਆ ਚੋਲੀ ਲੱਗਾ ਦਾਗ਼, ਨਾ ਕੋਈ ਮਾਤ ਧੁਆਈਆ । ਗੁਰਸਿਖਾਂ ਕਰਾਏ ਚਰਨ ਧੂੜੀ ਮਜਨ ਮਾਘ, ਆਪ ਆਪਣੀ ਦਇਆ ਕਮਾਈਆ । ਸੋਹੰ ਸ਼ਬਦ ਤਨ ਬੰਨ੍ਹੇ ਸਾਚਾ ਤਾਗ, ਧੁਰ ਦਰਗਾਹੀ ਵੇਖ ਵਖਾਈਆ । ਮਨ ਉਪਜਾਏ ਇਕ ਵੈਰਾਗ, ਮਨ ਤਨ ਲੇਖੇ ਲਾਈਆ । ਆਪ ਆਪਣੇ ਹੱਥ ਰੱਖੇ ਵਾਗ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਧੁਨ ਆਤਮਕ ਮਾਰੇ ਏਕਾ ਅਨਾਦੀ ਆਵਾਜ਼, ਹਰਿਜਨ ਸੋਏ ਰਿਹਾ ਜਗਾਈਆ । ਸੰਬਲ ਦੇਸ ਲਾਉਣਾ ਭਾਗ, ਗੁਰ ਗੋਬਿੰਦ ਨੇਤਰ ਨੈਣਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਨਾਮ ਮਰਦੰਗਾ ਰਿਹਾ ਵਜਾਈਆ । ਤਨ ਮੰਦਰ ਜਨ ਸਚ ਗ੍ਰਿਹਿ, ਹਰਿ ਮੰਦਰ ਹਰਿ ਰਘੁਰਾਈਆ । ਪੁਰਖ ਅਬਿਨਾਸ਼ੀ ਏਕਾ ਰਹੈ, ਦਿਵਸ ਰੈਣ ਸੇਜ ਵਛਾਈਆ । ਅੰਮ੍ਰਿਤ ਆਤਮ ਵਹਾਏ ਸਾਚੀ ਨੈਂ, ਏਕਾ ਧਾਰਾ ਰਿਹਾ ਚਲਾਈਆ । ਸ਼ਬਦ ਅਨਾਦੀ ਏਕਾ ਕਹਿ, ਰਾਗ ਰਾਗਨੀ ਭੇਵ ਨਾ ਪਾਈਆ । ਦਰਸ ਅਮੋਘਾ ਏਕਾ ਦਏ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਇਕ ਸੁਹਾਈਆ । ਕਾਇਆ ਮੰਦਰ ਸਾਚਾ ਗ੍ਰਿਹਿ, ਸਾਚੀ ਪੂਜ ਪੁਜਾਈਆ । ਏਕਾ ਅੱਖਰ ਏਕਾ ਨਾਮ ਅਬਿਨਾਸ਼ੀ ਕਰਤਾ ਆਪਣਾ ਲਏ, ਏਕਾ ਦੂਜਾ ਭੇਵ ਮਿਟਾਈਆ । ਤੀਜੇ ਨੇਤਰ ਕਾਇਆ ਖੇਤਰ ਵੇਖਣਹਾਰ ਆਪੇ ਰਹੇ, ਘਰ ਚੌਥੇ ਬੂਝ ਬੁਝਾਈਆ । ਪੰਚਮ ਮੇਲਾ ਹਰਿ ਗੁਣ ਕਹੇ, ਸ਼ਬਦੀ ਸ਼ਬਦ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਤੇਰਾ ਸਾਚਾ ਘਰ, ਦਰ ਮੰਦਰ ਇਕ ਸੁਹਾਈਆ । ਸਾਚੇ ਮੰਦਰ ਸਾਚਾ ਹਵਨ, ਪ੍ਰਭ ਸਾਚਾ ਆਪ ਕਰਾਇੰਦਾ । ਆਹੂਤੀ ਪਾਏ ਅਵਣ ਗਵਣ, ਆਪ ਆਪਣੀ ਦਇਆ ਕਮਾਇੰਦਾ । ਸੇਵਾ ਲਾਏ ਪਵਣੀ ਪਵਣ, ਪਵਣ ਸਵਾਸੀ ਲੇਖੇ ਲਾਇੰਦਾ । ਦਾਤਾ ਦਾਨੀ ਦੁਸ਼ਟ ਦਮਨ, ਹੰਕਾਰ ਵਿਕਾਰਾ ਮੇਟ ਮਿਟਾਇੰਦਾ । ਜੂਠ ਝੂਠ ਰਾਮ ਰਵਣ, ਰਾਮ ਰਾਮਾ ਆਪ ਅਖਵਾਇੰਦਾ । ਏਕਾ ਏਕ ਨੁਹਾਏ ਸਾਚਾ ਨਹਾਵਣ, ਦੁਰਮਤ ਮੈਲ ਗਵਾਇੰਦਾ । ਬਿਨ ਹਰਿ ਸੰਤ ਨਾ ਜਾਣੇ ਕੋਇ ਕਵਣ, ਮੂਰਖ ਮੂੜ੍ਹ ਭੇਵ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰਾ ਸਾਚਾ ਗ੍ਰਿਹਿ ਧਾਮ ਅਵੱਲਾ, ਆਤਮ ਸੇਜਾ ਇਕ ਸੁਹਾਇੰਦਾ । ਕਾਇਆ ਮੰਦਰ ਸ਼ਬਦ ਬਿਬਾਣਾ, ਹਰਿ ਸਾਚਾ ਆਪ ਰਖਾਇੰਦਾ । ਜਨ ਭਗਤਾਂ ਦੇਵੇ ਧੁਰ ਫ਼ਰਮਾਣਾ, ਬੋਧ ਅਗਾਧਾ ਆਪ ਜਣਾਇੰਦਾ । ਭਰਮ ਭੁਲਾਏ ਰਾਜਾ ਰਾਣਾ, ਸ਼ਾਹ ਸੁਲਤਾਨਾਂ ਦਿਸ ਨਾ ਆਇੰਦਾ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਚਰਨ ਚਰਨੋਦਕ ਮੁਖ ਪਿਆਇੰਦਾ । ਅੰਮ੍ਰਿਤ ਆਤਮ ਦੇਵੇ ਨਾਮ ਨਿਧਾਨਾ, ਸਰਗੁਣ ਮੇਲ ਮਿਲਾਇੰਦਾ । ਪਾਰ ਕਰਾਏ ਦੋ ਜਹਾਨਾਂ, ਲੱਖ ਚੁਰਾਸੀ ਫੰਦ ਕਟਾਇੰਦਾ । ਨਾਮ ਨਿਰੰਜਣ ਦੇਵੇ ਸਚ ਨਿਸ਼ਾਨਾ, ਏਕਾ ਅਲਖ ਜਗਾਇੰਦਾ । ਵੇਖੇ ਖੇਲ ਗੋਪੀ

ਕਾਹਨਾ, ਮੰਡਲ ਮੰਡਪ ਰਾਸ ਰਚਾਇੰਦਾ । ਹਰਿਜਨ ਦੇਵੇ ਪਦ ਨਿਰਬਾਣਾ, ਪਰਮ ਪੁਰਖ ਸਮਾਇੰਦਾ । ਆਦਿ ਜੁਗਾਦੀ ਖੇਲ ਮਹਾਨਾ, ਖੇਲਣਹਾਰ ਦਿਸ ਨਾ ਆਇੰਦਾ । ਜਨ ਭਗਤਾਂ ਏਕਾ ਮੇਲਾ ਮੇਲ ਸ੍ਰੀ ਭਗਵਾਨਾ, ਏਕਾ ਦੂਜਾ ਭਓ ਮਿਟਾਇੰਦਾ । ਤੀਜੇ ਨੇਤਰ ਇਕ ਗਿਆਨਾ, ਘਰ ਚੌਥਾ ਆਪ ਸੁਹਾਇੰਦਾ । ਪੰਚਮ ਸੁਣਾਏ ਸਾਚਾ ਗਾਣਾ, ਅਨਹਦ ਸੇਵਾ ਲਾਇੰਦਾ । ਛੇਵੇਂ ਦਰ ਪੁਰਖ ਸੁਲਤਾਨਾ, ਆਪ ਆਪਣਾ ਰੂਪ ਵਟਾਇੰਦਾ । ਸੱਤਵੇਂ ਘਰ ਗੁਣ ਨਿਧਾਨਾ, ਸਤਿ ਪੁਰਖਾ ਨਾਉਂ ਧਰਾਇੰਦਾ । ਅੱਠਾਂ ਤਤਾਂ ਬੇਪਛਾਨਾ, ਭੇਵ ਕੋਈ ਨਾ ਪਾਇੰਦਾ । ਨੌਂ ਦਰ ਭੌਂਦੇ ਜੀਵ ਨਾਦਾਨਾ, ਸਾਧਾਂ ਸੰਤਾਂ ਵਿਚ ਫਿਰਾਇੰਦਾ । ਦਸਵੇਂ ਜੋਤ ਪਰਕਾਸ਼ ਏਕਾ ਏਕ ਖੇਲੇ ਖੇਲ ਮਹਾਨਾ, ਹਰਿ ਸਾਜਨ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਕਾਇਆ ਸਾਚਾ ਮੰਦਰ, ਗੁਰਦਵਾਰਾ ਇਕ ਸੁਹਾਇੰਦਾ । ਗੁਰੂਦਵਾਰਾ ਸਾਚਾ ਮੰਦਰ, ਪ੍ਰਭ ਸਾਚੇ ਜੋਤ ਜਗਾਈਆ । ਭਾਗ ਲਗਾਏ ਡੂੰਘੀ ਕੰਦਰ, ਦਿਵਸ ਰੈਣ ਕਰੇ ਰੁਸ਼ਨਾਈਆ । ਆਪੇ ਤੋੜਨਹਾਰਾ ਜੰਦਰ, ਆਪੇ ਬੰਦ ਕਰਾਈਆ । ਮੇਲ ਮਿਲਾਵਾ ਅੰਦਰੇ ਅੰਦਰ, ਆਤਮ ਤਾਕੀ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਜਗ ਮੇਲ ਹਰਿ, ਆਪ ਆਪਣੀ ਬੂਝ ਬੁਝਾਈਆ । ਜਗ ਮੇਲੇ ਜੋਗ ਜੁਗਤ ਹੈ, ਪਾਰਬ੍ਰਹਮ ਅਨਾਥਾ । ਜਨ ਭਗਤਾਂ ਦੇਵੇ ਸਾਚੀ ਮੁਕਤ ਹੈ, ਦੋ ਜਹਾਨਾਂ ਸਗਲਾ ਸਾਥਾ । ਬੇਮੁਖ ਨਾ ਜਾਣੇ ਮੂਰਖ ਮੁਗਧ ਹੈ, ਮਿਲੇ ਨਾਮ ਨਾ ਸੱਚਾ ਰਾਥਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਮੀਤ ਦਰ, ਦਰਸ ਦਿਖਾਏ ਦਇਆ ਕਮਾਏ ਸਗਲ ਵਸੂਰਾ ਲਾਥਾ । ਸਗਲ ਵਸੂਰਾ ਚਿੰਤ ਰੋਗ ਮਿਟਾਇੰਦਾ । ਦੇਵੇ ਦਰਸ ਇਕ ਅਮੋਘ, ਹਉਮੇ ਰੋਗ ਗਵਾਇੰਦਾ । ਨਾਮ ਚੁਗਾਏ ਸਾਚੀ ਚੋਗ, ਕਾਗ ਹੰਸ ਬਣਾਇੰਦਾ । ਮਿਲਿਆ ਮੇਲ ਧੁਰ ਸੰਜੋਗ, ਜਗਤ ਵਿਛੋੜਾ ਮਾਤ ਕਟਾਇੰਦਾ । ਆਤਮ ਸੇਜਾ ਸਾਚਾ ਰਸ ਏਕਾ ਭੋਗ, ਹਰਿ ਭੋਗੀ ਆਪ ਭੁਗਾਇੰਦਾ । ਸਤਿ ਪੁਰਖ ਆਪ ਜਣਾਏ ਆਪਣਾ ਜੋਗ, ਆਪ ਆਪਣੀ ਭਗਤੀ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਸਾਚਾ ਵਰ, ਦਰ ਸੁਹੰਜਣਾ ਇਕ ਵਖਾਇੰਦਾ । ਗੁਰਮੁਖ ਕਾਇਆ ਦਰ ਸੁਹੰਜਣਾ, ਹਰਿ ਸ਼ਬਦ ਵੱਜੇ ਵਧਾਈਆ । ਦੀਪਕ ਜੋਤੀ ਜਗੇ ਨਿਰੰਜਣਾ, ਅੰਧ ਅੰਧੇਰ ਮਿਟਾਈਆ । ਮਿਲੇ ਮੇਲ ਦਰਦ ਦੁੱਖ ਭੈ ਭੰਜਨਾ, ਸਹਿੰਸਾ ਰੋਗ ਰਹੇ ਨਾ ਰਾਈਆ । ਕਾਲ ਨਗਾਰਾ ਲੱਖ ਚੁਰਾਸੀ ਅੰਤਮ ਸਿਰ ਤੇ ਵੱਜਣਾ, ਥਿਰ ਕੋਈ ਰਹਿਣ ਨਾ ਪਾਈਆ । ਜੋ ਘੜਿਆ ਸੋ ਭੱਜਣਾ, ਰਾਏ ਧਰਮ ਦਏ ਸਜ਼ਾਈਆ । ਗੁਰਮੁਖ ਤੇਰਾ ਗੁਰ ਪੂਰੇ ਪੜਦਾ ਕੱਜਣਾ, ਨਾਮ ਦੋਸ਼ਾਲਾ ਉਪਰ ਪਾਈਆ । ਮਿਲਿਆ ਮੇਲ ਹਰਿ ਸਾਚੇ ਸੱਜਣਾ, ਨਰ ਨਰਾਇਣ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੰਦਰ ਬੈਠਾ ਵੜ, ਦਿਸ ਕਿਸੇ ਨਾ ਆਈਆ । ਹਰਿਜਨ ਮੰਦਰ ਸਚ ਮਹੱਲਾ, ਹਰਿ ਸਾਚੀ ਰਚਨ ਰਚਾਈਆ । ਆਪੇ ਬੈਠਾ ਇਕ ਇਕੱਲਾ, ਅਕਲ ਕਲਾ ਅਖਵਾਈਆ । ਕਿਸੇ ਹੱਥ ਨਾ ਆਵੇ ਜਲਾਂ ਥਲਾਂ, ਉਚੇ ਟਿੱਲੇ ਡੂੰਘੀ ਕੰਦਰ ਜੰਗਲ ਜੂਹ ਉਜਾੜ ਪਹਾੜੀ ਕੋਟਨ ਕੋਟ ਰਹੇ ਫੇਰੀਆਂ ਪਾਈਆ । ਜਨ ਭਗਤ ਦਵਾਰਾ ਆਪੇ ਮੱਲਾ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਸ਼ਬਦੀ ਪਵਣਾ ਰਲਾ, ਰੂਪ ਅਨੂਪਾ ਸਤਿ ਸਰੂਪਾ ਸ਼ਾਹੋ ਭੂਪਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੰਦਰ ਸਾਚਾ ਸਰ, ਸਰ ਸਰੋਵਰ ਇਕ ਸੁਹਾਈਆ । ਸਰ ਸਰੋਵਰ ਸਾਚਾ ਤਾਲ, ਕਾਇਆ

ਨਗਰ ਖੇੜਾ । ਮਾਣਕ ਮੋਤੀ ਰਿਹਾ ਉਛਾਲ, ਜਨ ਭਗਤਾਂ ਬੰਨ੍ਹੇ ਮਾਤ ਬੇੜਾ । ਏਕਾ ਦਏ ਨਾਮ ਦਲਾਲੀ ਵਡ ਕਿਰਪਾਲ, ਲੱਖ ਚੁਰਾਸੀ ਆਵਣ ਜਾਵਣ ਚੁੱਕੇ ਗੇੜਾ । ਜਗਤ ਵਿਛੜੇ ਜੁਗ ਲਏ ਭਾਲ, ਕਲਜੁਗ ਅੰਤਮ ਕਰੇ ਨਿਬੇੜਾ । ਫਲ ਲਗਾਏ ਕਾਇਆ ਡਾਲ੍ਹ, ਜੂਠ ਝੂਠ ਪੰਚਮ ਚੁਕਾਏ ਝੇੜਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਸਾਚਾ ਘਰ, ਸਾਚਾ ਮੰਦਰ ਅੰਦਰ ਨਰ ਨਰਾਇਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਦਵਾਰ ਹਰਿ ਨਿਰੰਕਾਰ ਇਕ ਵਖਾਏ ਖੁੱਲ੍ਹਾ ਵਿਹੜਾ ।

✻ ੧੧ ਮੱਘਰ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✻

ਜੁਗ ਕਰਤਾ ਜਗ ਆਪ ਹਰਿ, ਹਰਿ ਹਰਿ ਰਚਨ ਰਚਾਈਆ । ਸ੍ਰਿਸ਼ਟ ਸਬਾਈ ਖੋਲ੍ਹ ਦਰ, ਲੱਖ ਚੁਰਾਸੀ ਡੇਰਾ ਲਾਈਆ । ਵੇਖ ਵਖਾਏ ਨਾਰੀ ਨਰ, ਨਰ ਨਰਾਇਣ ਰੂਪ ਸਮਾਈਆ । ਆਪ ਆਪਣੀ ਕਰਨੀ ਰਿਹਾ ਕਰ, ਭੇਵ ਕੋਈ ਨਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਮੰਗਣ ਦਰ, ਦੋਏ ਜੋੜ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਨਾ ਜਨਮੇ ਨਾ ਜਾਏ ਮਰ, ਖੇਲੇ ਖੇਲ ਹਰ ਘਟ ਥਾਈਂਆ । ਜਗਤ ਜੋਗ ਜੁਗ ਆਪਣਾ ਕਰ, ਜਗ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਈਆ । ਜੁਗ ਦਾਤਾ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਇਆ । ਲੋਕਮਾਤ ਲੈ ਅਵਤਾਰ, ਆਪ ਆਪਣਾ ਕਰਮ ਕਮਾਇਆ । ਖੇਲੇ ਖੇਲ ਵਿਚ ਸੰਸਾਰ, ਖੇਲਣਹਾਰ ਦਿਸ ਨਾ ਆਇਆ । ਜੋਤ ਨਿਰੰਜਣ ਕਰ ਉਜਿਆਰ, ਅੰਦਰ ਮੰਦਰ ਡੇਰਾ ਲਾਇਆ । ਆਪੇ ਕਰੇ ਬੰਦ ਕਿਵਾੜ, ਖੋਲ੍ਹਣਹਾਰ ਆਪ ਹੋ ਆਇਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲਣਹਾਰ, ਜਗ ਆਪਣਾ ਖੇਲ ਖਲਾਇਆ । ਜਗ ਖੇਲਣਹਾਰ ਹਰਿ ਸਮਰਥਾ, ਸਰਬ ਕਲਾ ਸਮਾਈਆ । ਆਪ ਚਲਾਏ ਆਪਣਾ ਰਥਾ, ਰਥ ਰਥਵਾਹੀ ਹਰਿ ਰਘੁਰਾਈਆ । ਆਪੇ ਜਾਣੇ ਆਪਣੀ ਕਥਾ, ਵੇਦ ਕਿਤੇਬ ਖਾਣੀ ਬਾਣੀ ਸੇਵਾ ਲਾਈਆ । ਜੁਗ ਜੁਗ ਜਗਤ ਚਲਾਏ ਸਾਚੀ ਗਾਥਾ, ਨਾਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮੇਲਾ ਜਗ ਮੇਲ ਮਿਲਾਈਆ । ਮੇਲਣਹਾਰ ਹਰਿ ਨਿਹਕਰਮਾ, ਕਰਮੀ ਕਰਮ ਕਮਾਇਆ । ਜਾਣੇ ਜਣਾਏ ਧਰਮੀ ਧਰਮਾ, ਧਰਮ ਕਰਮ ਆਪਣੇ ਹੱਥ ਰਖਾਇਆ । ਆਪ ਵਟਾਏ ਵਰਨੀ ਵਰਨਾ, ਜ਼ਾਤ ਪਾਤ ਭੇਵ ਨਾ ਰਾਇਆ । ਲੱਖ ਚੁਰਾਸੀ ਏਕਾ ਸਰਨਾ, ਹਰਿ ਹਰਿ ਰੂਪ ਸਮਾਇਆ । ਇਕ ਖੁਲ੍ਹਾਏ ਸਾਚਾ ਦਰਨਾ, ਦੀਪ ਲੋਅ ਪਾਤਾਲ ਆਕਾਸ਼ ਏਕਾ ਰੰਗ ਰੰਗਾਇਆ । ਕਰੋੜ ਤੇਤੀਸਾ ਦਰ ਦਵਾਰੇ ਢਹਿ ਪਏ ਪ੍ਰਭ ਸਾਚੀ ਸਰਨਾ, ਨੇਤਰ ਨੈਣੀ ਨੀਰ ਵਹਾਇਆ । ਪੰਖੀ ਪੰਛੀ ਤਰਵਰ ਸਰਵਰ ਹਰਿ ਹਰਿ ਭਾਣਾ ਸਿਰ ਤੇ ਜਰਨਾ, ਹਰਿਜਨ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਜਗ ਆਪ ਪ੍ਰਭ, ਆਪ ਆਪਣਾ ਖੇਲ ਖਿਲਾਇਆ । ਜਗ ਜੀਵਣ ਜਗ ਜਾਗਿਆ, ਜਾਗਰਤ ਜੋਤ ਜਗਾਈਆ । ਨਾਮ ਸ਼ਬਦ ਇਕ ਅਨਰਾਗਿਆ, ਰਾਗ ਰਾਗਨੀ ਭੇਵ ਨਾ ਪਾਈਆ । ਏਕਾ ਮੰਦਰ ਏਕਾ ਅੰਦਰ ਏਕਾ ਧੁਨ ਏਕਾ ਸ਼ਬਦ ਵਜਾਏ ਸਾਚਾ ਵਾਜਿਆ, ਤਾਲ ਆਪਣੇ ਹੱਥ ਰਖਾਈਆ । ਏਕਾ ਨਾਦ ਇਕ ਬ੍ਰਹਿਮਾਦ ਏਕਾ


੧੦੦੭ ੦੬

ਹਰਿ ਹਰਿ ਗਾਜਿਆ, ਤ੍ਰੈਲੋਕ ਕਰੇ ਜਣਾਈਆ । ਦੋ ਜਹਾਨੀ ਦਰ ਦਰਵੇਸ਼ਾ ਦਿਵਸ ਰੈਣ ਫਿਰੇ ਭਾਜਿਆ, ਪਾਰਬ੍ਰਹਮ ਵਡ ਵਡਿਆਈਆ । ਚਾਰ ਜੁਗ ਤੇਰਾ ਰਚਿਆ ਕਾਜਿਆ, ਕਲਜੁਗ ਅੰਤ ਕਰੇ ਕੁੜਮਾਈਆ । ਲੱਖ ਚੁਰਾਸੀ ਦੇਵੇ ਦਾਜਿਆ, ਨੌਂ ਖੰਡ ਪ੍ਰਿਥਮੀ ਸਗਨ ਮਨਾਈਆ । ਬ੍ਰਹਮਾ ਵਿਸ਼ਨ ਸ਼ਿਵ ਮਾਰੇ ਆਵਾਜ਼ਿਆ, ਧਰਤ ਮਾਤ ਵੇਖ ਵਖਾਈਆ । ਕਰੋੜ ਤੇਤੀਸਾ ਬੈਠਾ ਇਕ ਜਹਾਜਿਆ, ਆਪ ਚਲਾਏ ਬੇਪਰਵਾਹੀਆ । ਭਗਤ ਜਨਾਂ ਹਰਿ ਰੱਖੇ ਲਾਜਿਆ, ਏਕਾ ਵਿਦਿਆ ਨਾਮ ਪੜ੍ਹਾਈਆ । ਆਪੇ ਸੋਇਆ ਆਪੇ ਜਾਗਿਆ, ਆਲਸ ਨਿੰਦਰਾ ਵਿਚ ਨਾ ਆਈਆ । ਹਰਿਜਨ ਹੰਸ ਬਣਾਏ ਕਾਗਿਆ, ਏਕਾ ਸਾਚੀ ਚੋਗ ਚੁਗਾਈਆ । ਮੇਟ ਮਿਟਾਏ ਰਾਜਨ ਰਾਜਿਆ, ਸ਼ਾਹ ਸੁਲਤਾਨ ਆਪ ਅਖਵਾਈਆ । ਭੇਖ ਵਟਾਏ ਦੇਸਨ ਮਾਝਿਆ, ਸੂਰਬੀਰ ਆਪ ਹੋ ਜਾਈਆ । ਕਲਜੁਗ ਤੇਰੀ ਅੰਤਮ ਰੱਖੇ ਲਾਜਿਆ, ਨਿਹਕਲੰਕਾ ਨਾਉਂ ਰਖਾਈਆ । ਗੁਰ ਗੋਬਿੰਦੇ ਪੜਦਾ ਕਾਜਿਆ, ਗੋਬਿੰਦ ਗੜ੍ਹ ਸੁਹਾਈਆ । ਸੰਗ ਮੁਹੰਮਦ ਚਾਰ ਯਾਰ ਕਰੇ ਏਕਾ ਹਾਜਿਆ, ਮੱਕਾ ਕਾਅਬਾ ਦਏ ਦੁਹਾਈਆ । ਅੰਦਰ ਮੰਦਰ ਫਿਰੇ ਭਾਜਿਆ, ਮਠ ਸ਼ਿਵਦਵਾਲਾ ਦਏ ਦੁਹਾਈਆ । ਵਰਨ ਬਰਨ ਹਰਿ ਸਾਚੇ ਸਾਜਨ ਸਾਜਿਆ, ਕਲਜੁਗ ਅੰਤਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਰਚਨਾ ਜਗ ਆਪ ਕਰ, ਵੇਖਣਹਾਰ ਆਪ ਅਖਵਾਈਆ । ਵੇਖਣਹਾਰ ਹਰਿ ਕਰਤਾਰ, ਹਰਿ ਹਰਿ ਰੰਗ ਸਮਾਇਆ । ਕਲਜੁਗ ਅੰਤਮ ਲਏ ਅਵਤਾਰ, ਵਰਨਾਂ ਬਰਨਾਂ ਮੇਟ ਮਿਟਾਇਆ । ਰਾਓ ਰੰਕਾਂ ਇਕ ਪਿਆਰ, ਏਕਾ ਨਾਮ ਜਪਾਇਆ । ਏਕਾ ਖੰਡਾ ਤੇਜ ਕਟਾਰ, ਏਕਾ ਤਨ ਪਹਿਨਾਇਆ । ਏਕਾ ਅੰਮ੍ਰਿਤ ਆਤਮ ਧਾਰ, ਨਿਝਰ ਰਸ ਮੁਖ ਚੁਆਇਆ । ਏਕਾ ਰੂਪ ਅਗੰਮ ਅਪਾਰ, ਏਕਾ ਰਾਮ ਅਖਵਾਇਆ । ਏਕਾ ਸ਼ਬਦ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਜਗ ਵੇਸ ਹਰਿ, ਹਰਿ ਹਰਿ ਆਪ ਕਰਾਇਆ । ਹਰਿ ਨਾਮਾ ਜਗ ਰੱਤੜਾ, ਜੁਗ ਜੁਗ ਖੇਲ ਖਿਲਾਏ । ਆਪੇ ਦੇ ਸਮਝਾਏ ਮਤੜਾ, ਗੁਰ ਸ਼ਬਦੀ ਸ਼ਬਦ ਜਣਾਏ । ਸਤਿਗੁਰ ਸਾਜਣ ਮੀਤ ਸਰਨ ਸਰਨਾਈ ਹਰਿ ਪ੍ਰਭ ਢੱਠੜਾ, ਮਾਰਗ ਏਕਾ ਏਕ ਵਖਾਏ । ਲੇਖਾ ਲੇਖ ਵਖਾਏ ਅੱਠ ਸਠੜਾ, ਲਹਿਣਾ ਦੇਣਾ ਮੂਲ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਨੈਣਾ ਜਗ ਮੁਖੜਾ ਰਸਨਾ ਹਰਿ ਹਰਿ ਨਾਮ ਧਿਆਏ । ਨਾਮ ਰਸ ਹਰਿ ਹਰਿ ਮੀਠਾ, ਏਕਾ ਏਕ ਰਖਾਇਆ । ਜਨ ਭਗਤਾਂ ਦੇਵੇ ਜਗਤ ਜੁਗ ਅਨਡੀਠਾ, ਦਿਸ ਕਿਸੇ ਨਾ ਆਇਆ । ਤ੍ਰੈਗੁਣ ਮਾਇਆ ਤਪੇ ਅੰਗੀਠਾ, ਪ੍ਰਭ ਸਾਚੇ ਆਪ ਤਪਾਇਆ । ਮਨਮੁਖ ਜੀਵ ਕੌੜਾ ਰੀਠਾ, ਅੰਤਮ ਭੰਨ ਵਖਾਇਆ । ਹਰਿਜਨ ਮੇਲਾ ਸਾਚੇ ਮੀਤਾ, ਮੇਲਣਹਾਰ ਆਪ ਅਖਵਾਇਆ । ਵੇਖ ਵਖਾਏ ਵੇਦੀ ਬੇਦੀ ਅਠਾਰਾਂ ਧਿਆਏ ਗੀਤਾ, ਨੇਤਨ ਨੇਤਾ ਭੇਵ ਵਟਾਇਆ । ਗਾਵਤ ਗਾਏ ਰਾਮ ਸੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੋਤੀ ਜਗ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇਆ । ਹਰਿ ਜੋਤੀ ਨੂਰ ਹਰਿ ਪਰਕਾਸ਼, ਹਰਿ ਹਰਿ ਜੋਤ ਜਗਾਈਆ । ਆਦਿ ਪੁਰਖ ਸਦਾ ਅਬਿਨਾਸ਼, ਪ੍ਰਭ ਆਪ ਅਖਵਾਈਆ । ਜੁਗ ਜੁਗ ਹੋਇਆ ਜਨ ਦਾਸ, ਦਾਸਨ ਦਾਸੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਰੱਖਿਆ ਵਾਸ, ਵਾਸ ਨਿਵਾਸਾ ਸਹਿਜ ਸੁਖਦਾਈਆ । ਰਾਮਾ ਰਾਮ ਵਿਚ ਪਰਭਾਸ, ਬੈਠਾ ਆਸਣ ਲਾਈਆ । ਕਾਹਨਾ ਕ੍ਰਿਸ਼ਨਾ ਪ੍ਰਿਥਮੀ ਆਕਾਸ਼, ਏਕਾ ਰੰਗ ਰੰਗਾਈਆ । ਕਲਜੁਗ ਅੰਤਮ ਕਰ ਪਰਕਾਸ਼, ਪਾਰਬ੍ਰਹਮ ਅਖਵਾਈਆ । ਲੱਖ ਚੁਰਾਸੀ ਵੇਖੇ ਸਾਸ ਗਰਾਸ, ਲੇਖਾ ਆਪਣੇ

ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੋਗ ਆਪ ਧਰ, ਆਪੇ ਮੇਟ ਮਿਟਾਈਆ । ਜਗ ਜਨਣੀ ਜਗ ਜਾਣ, ਹਰਿ ਹਰਿ ਹਰਿ ਆਪ ਉਪਾਇਆ । ਆਪੇ ਘੜੇ ਆਪੇ ਦਏ ਭੰਨ, ਘੜਨ ਭੰਨਣਹਾਰ ਆਪ ਅਖਵਾਇਆ । ਜੁਗ ਜੁਗ ਦੇਵਣਹਾਰਾ ਡੰਨ, ਲੇਖਾ ਲੇਖ ਵੇਖ ਵਖਾਇਆ । ਵੇਖ ਵਖਾਏ ਬੁਧ ਮਤ ਮਨ, ਬ੍ਰਹਮ ਪਾਰਬ੍ਰਹਮ ਭੇਵ ਨਾ ਰਾਇਆ । ਸੁਣੇ ਸੁਣਾਏ ਰਾਗ ਕੰਨ, ਰਾਗ ਅਨਾਦੀ ਭੇਵ ਛੁਪਾਇਆ । ਤਾਰਾ ਮੰਡਲ ਵੇਖੇ ਰਵ ਸਸ ਸੂਰਜ ਚੰਨ, ਧਰਤ ਧਵਲ ਸੁਹਾਇਆ । ਪੰਚ ਵਿਕਾਰਾ ਜਗਤ ਮਾਲ ਧੰਨ, ਜੂਠ ਝੂਠ ਭੰਡਾਰ ਭਰਾਇਆ । ਕਾਇਆ ਝੂਠੀ ਛਪਰੀ ਛੰਨ, ਥਿਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਹਰਿ ਨਿਰੰਕਾਰ, ਹਰਿ ਹਰਿ ਜੋਤ ਜਗਾਈਆ । ਹਰਿ ਹਰਿ ਜੋਤੀ ਰੂਪ ਅਪਾਰ, ਹਰਿ ਹਰਿ ਵੇਖ ਵਖਾਈਆ । ਸ਼ਬਦੀ ਸ਼ਬਦ ਜੈ ਜੈ ਜੈਕਾਰ, ਨਾਦੀ ਧੁਨ ਵਜਾਈਆ । ਆਦਿ ਜੁਗਾਦੀ ਏਕਾ ਕਾਰ, ਕਰਤਾ ਪੁਰਖ ਕਰਾਈਆ । ਬ੍ਰਹਮ ਬ੍ਰਹਿਮਾਦੀ ਵੇਖ ਵਿਚਾਰ, ਮੋਹਣ ਮਾਧਵ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣਾ ਵੇਖ ਵਖਾਈਆ । ਜੁਗ ਵੇਖਣਹਾਰਾ ਹਰਿ ਦਾਤਾਰਾ, ਹਰਿ ਹਰਿ ਰੰਗ ਸਮਾਇਆ । ਪਰਗਟ ਹੋਏ ਵਿਚ ਸੰਸਾਰਾ, ਆਪ ਆਪਣਾ ਨਾਉਂ ਉਪਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇਆ । ਨਿਹਕਲੰਕ ਲਏ ਅਵਤਾਰਾ, ਗੁਰ ਗੋਬਿੰਦ ਸੰਗ ਨਿਭਾਇਆ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਲਟਕਾਇਆ । ਅਸਵ ਘੋੜੇ ਹੋ ਅਸਵਾਰਾ, ਪਹਿਲਾ ਪੌੜਾ ਰਿਹਾ ਉਠਾਇਆ । ਵਰਨਾਂ ਬਰਨਾਂ ਮਾਰੇ ਮਾਰਾ, ਊਚ ਨੀਚ ਰਹਿਣ ਨਾ ਪਾਇਆ । ਸਾਚੀ ਸਰਨਾ ਇਕ ਨਿਰੰਕਾਰਾ, ਲੱਖ ਚੁਰਾਸੀ ਰਿਹਾ ਸਮਝਾਇਆ । ਚੌਦਾਂ ਲੋਕਾਂ ਇਕ ਹੁਲਾਰਾ, ਏਕਾ ਨਾਮ ਦ੍ਰਿੜਾਇਆ । ਲੋਕ ਪਰਲੋਕ ਦਏ ਸਹਾਰਾ, ਏਕਾ ਤਾਲ ਵਜਾਇਆ । ਇਕ ਇਕੱਲਾ ਏਕੰਕਾਰਾ, ਏਕਾ ਰੰਗਣ ਰੰਗ ਰੰਗਾਇਆ । ਜੂਠਾ ਝੂਠਾ ਮੇਟ ਪਸਾਰਾ, ਸਚ ਸੁੱਚ ਵਰਤਾਇਆ । ਚਾਰੇ ਵੇਦ ਕਰਨ ਪੁਕਾਰਾ, ਬ੍ਰਹਮਾ ਨੇਤਰ ਨੀਰ ਵਹਾਇਆ । ਵੇਦ ਵਿਆਸਾ ਬਣ ਲਿਖਾਰਾ, ਪੁਰਾਨ ਅਠਾਰਾਂ ਗਿਆ ਜਣਾਇਆ । ਅੰਜੀਲ ਕੁਰਾਨ ਹਾਹਾਕਾਰਾ, ਨਾ ਕੋਈ ਹੋਏ ਸਹਾਇਆ । ਖਾਣੀ ਬਾਣੀ ਕਰੇ ਵਿਚਾਰਾ, ਵਿਚ ਵਿਚੋਲਾ ਹਰਿ ਹਰਿ ਰਾਇਆ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕਾ ਡੰਕ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰਾ, ਏਕਾ ਏਕ ਸ਼ਬਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਦਾਤਾ ਆਪ ਅਖਵਾਇਆ । ਜੁਗ ਦਾਤਾ ਹਰਿ ਦਾਤਾਰ, ਜੁਗ ਜੁਗ ਬਣਤ ਬਣਾਈਆ । ਸਤਿਜੁਗ ਤ੍ਰੇਤਾ ਸਚ ਵਰਤਾਰ, ਸਮਰਥ ਹੱਥ ਵਡਿਆਈਆ । ਏਕਾ ਮਾਰਗ ਏਕਾ ਧਾਰ, ਏਕਾ ਰਾਹ ਚਲਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਦਰਸ ਇਕ ਪਿਆਰ, ਏਕਾ ਅੰਗ ਸਮਾਈਆ । ਏਕਾ ਮੇਘ ਬਰਸ ਵਿਚ ਸੰਸਾਰ, ਸੀਤਲ ਸਾਂਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੀਵਣ ਦਾਤਾ ਜੁਗ ਆਪ ਅਖਵਾਈਆ । ਅੰਮ੍ਰਿਤ ਮੇਘ ਬੂੰਦ ਸਵਾਂਤ, ਹਰਿ ਆਪਣੀ ਆਪ ਵਰਤਾਇੰਦਾ । ਖੇਲੇ ਖੇਲ ਇਕ ਇਕਾਂਤ, ਅਕਲ ਕਲਾ ਵਰਤਾਇੰਦਾ । ਕਲਜੁਗ ਅੰਤਮ ਮੇਟੇ ਰੈਣ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਗੁਰਮੁਖਾਂ ਬਣਾਏ ਸਚ ਬਰਾਤ, ਸਾਚਾ ਸਿਹਰਾ ਸੀਸ ਗੁੰਦਾਇੰਦਾ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਊਚਾਂ ਨੀਚਾਂ ਮੇਟ ਮਿਟਾਇੰਦਾ । ਆਤਮ ਅੰਤਰ ਵੇਖੇ ਮਾਰ ਝਾਤ,

ਸਾਚਾ ਮੰਦਰ ਇਕ ਸੁਹਾਇੰਦਾ । ਆਪੇ ਪੁੱਛਣਹਾਰਾ ਵਾਤ, ਹਰਿਜਨ ਮੇਲ ਮਿਲਾਇੰਦਾ । ਆਪੇ ਦੇਵਣਹਾਰਾ ਦਾਤ, ਹਰਿਜਨ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੱਤੜਾ ਹਰਿ ਚਲੂਲ, ਕਾਇਆ ਚੋਲੀ ਰਤੀਆ । ਗੁਰਮੁਖ ਆਤਮ ਸੇਜਾ ਬਰਖੇ ਫੂਲ, ਹਰਿ ਮੇਲਾ ਕਮਲਾਪਤੀਆ । ਸ਼ਬਦ ਸਿੰਘਾਸਣ ਨਾ ਕੋਈ ਪਾਵਾ ਦਿਸੇ ਚੂਲ, ਹਰਿ ਬੈਠਾ ਸ਼ਾਹੋ ਰੰਗ ਰਤੀਆ । ਨਾਰੀ ਮੇਲਾ ਕੰਤ ਕੰਤੂਹਲ, ਦਰ ਦਵਾਰੇ ਸਾਜਣ ਸਤੀਆ । ਜੁਗ ਜੁਗ ਜਾਣੇ ਲਹਿਣਾ ਦੇਣਾ ਪਿਛਲਾ ਮੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਤੇਰੀ ਹੱਟੀਆ । ਕਲਜੁਗ ਤੇਰਾ ਹੱਟ ਪਸਾਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਜੂਠ ਝੂਠ ਵਣਜ ਵਪਾਰ, ਲੱਖ ਚੁਰਾਸੀ ਰਿਹਾ ਕਰਾਈਆ । ਮਾਇਆ ਮਮਤਾ ਮੋਹ ਵਿਕਾਰ, ਹਉਮੇ ਹੰਗਤਾ ਸੰਗ ਰਖਾਈਆ । ਕੂੜ ਕੁੜਿਆਰਾ ਤਨ ਸ਼ਿੰਗਾਰ, ਕਾਇਆ ਕੱਪੜ ਤਨ ਹੰਢਾਈਆ । ਮਿਲੇ ਮੇਲ ਨਾ ਕੰਤ ਭਤਾਰ, ਜਗਤ ਦੁਹਾਗਣ ਰਹੀ ਕੁਰਲਾਈਆ । ਗੁਰਮੁਖ ਨਾਰੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇ ਮਤ ਰਿਹਾ ਸਮਝਾਈਆ । ਨੇਤਰ ਨੈਣਾਂ ਕੱਜਲ ਅਪਾਰ, ਨਾਮ ਨਾਮਾ ਰਿਹਾ ਪਾਈਆ । ਸ਼ਬਦ ਚੂੜਾ ਤਨ ਸ਼ਿੰਗਾਰ, ਗੂੜ੍ਹਾ ਰੰਗ ਲਾਲ ਰੰਗਾਈਆ । ਬਸਤਰ ਭੂਸ਼ਨ ਅਪਰ ਅਪਾਰ, ਕਾਇਆ ਚੋਲੀ ਆਪ ਸਜਾਈਆ । ਚਰਨ ਕਵਲ ਹਰਿ ਦੋਏ ਜੋੜ ਕਰੇ ਨਿਮਸਕਾਰ, ਨੇਤਰ ਨੈਣਾ ਦਰਸ਼ਨ ਪਾਈਆ । ਮਿਲੇ ਮੇਲ ਹਰਿ ਮੀਤ ਮੁਰਾਰ, ਜਗ ਜੋਬਨ ਲੇਖੇ ਲਾਈਆ । ਏਕਾ ਮੇਲਾ ਇਕ ਪਿਆਰ, ਏਕਾ ਅੰਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਨਰ ਵੇਖ ਵਖਾਈਆ । ਨਾਰੀ ਨਰ ਹਰਿ ਨਰਾਇਣ, ਨਿਜ ਘਰ ਆਤਮ ਵਸਿਆ । ਜਨ ਭਗਤਾਂ ਦਰਸ਼ਨ ਲੋਚਨ ਨੈਣ, ਮੇਟੇ ਰੈਣ ਅੰਧੇਰੀ ਮੱਸਿਆ । ਰਸਨਾ ਕਿਸੇ ਨਾ ਸਕੇ ਕਹਿਣ, ਜਿਸ ਜਨ ਹਿਰਦੇ ਹਰਿ ਰੰਗ ਵਸਿਆ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣ, ਪ੍ਰਭ ਚਰਨ ਦਵਾਰੇ ਆਏ ਨੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਦਰ ਦਵਾਰਾ ਏਕਾ ਵਸਿਆ । ਦਰ ਦਵਾਰਾ ਖੋਲ੍ਹ ਦਰ ਦਰਵਾਜ਼ਾ, ਸਾਚੀ ਜੋਤ ਜਗਾਈਆ । ਦੇਵੇ ਦਰਸ ਗ਼ਰੀਬ ਨਿਵਾਜਾ, ਅਨਹਦ ਤਾਲ ਵਜਾਈਆ । ਆਪ ਰਚਾਇਆ ਹਰਿਜਨ ਕਾਜਾ, ਸਚ ਸਖੀਆਂ ਮੰਗਲ ਗਾਈਆ । ਸ਼ਬਦ ਘੋੜੇ ਚਾੜ੍ਹੇ ਸਾਚੇ ਤਾਜਾ, ਹਰਿ ਸਾਚੀ ਵਾਗ ਗੁੰਦਾਈਆ । ਸ਼ਬਦ ਵਿਚੋਲਾ ਫਿਰੇ ਭਾਜਾ, ਆਵੇ ਜਾਵੇ ਫੇਰਾ ਪਾਈਆ । ਹਰਿਜਨ ਸਾਜਨ ਸਾਚਾ ਰਾਜਨ ਰਾਜਾ, ਤਖ਼ਤ ਸੁਲਤਾਨ ਬੈਠਾ ਬੇਪਰਵਾਹੀਆ । ਜੁਗ ਜੁਗ ਰਚਣਹਾਰ ਕਾਜਾ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਰੀਤੀ, ਨਾ ਕੋਈ ਜਾਣੇ ਮੰਦਰ ਮਸੀਤੀ, ਗੁਰ ਮੰਦਰ ਗੁਰ ਦਰ ਬੈਠੇ ਨਾ ਆਸਣ ਲਾਈਆ । ਸਤਿਜੁਗ ਤੇਰੀ ਸਾਚੀ ਰੀਤ, ਪ੍ਰਭ ਸਾਚਾ ਆਪ ਚਲਾਇੰਦਾ । ਨਾ ਕੋਈ ਦਿਹੁਰਾ ਮੰਦਰ ਮਸੀਤ, ਗੁਰੂਦਵਾਰਾ ਨਾ ਕੋਈ ਰਖਾਇੰਦਾ । ਛੱਤੀ ਰਾਗ ਨਾ ਗਾਏ ਗੀਤ, ਅੱਲਾ ਹੂ ਨਾ ਨਾਅਰਾ ਲਾਇੰਦਾ । ਰਾਧਾ ਕ੍ਰਿਸ਼ਨ ਨਾ ਰਾਮਾ ਸੀਤ, ਦੇਵ ਜਵਾਲਾ ਨਾ ਕੋਈ ਮਨਾਇੰਦਾ । ਆਪੇ ਜਾਣੇ ਆਪਣਾ ਮਾਰਗ ਹਰਿ ਮਿਹਰਵਾਨ ਅਨਡੀਠ, ਆਪ ਆਪਣੀ ਰਚਨ ਰਚਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬੀਠਲਾ ਬੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਰਾਹ, ਗੁਰ ਗੋਬਿੰਦ ਬਣ ਮਲਾਹ ਸ਼ਬਦੀ ਸ਼ਬਦ ਦਏ ਸਲਾਹ, ਜੋਤੀ ਜੋਤ ਜਗਾਇੰਦਾ । ਸ਼ਬਦੀ


੧੦੧੦ ੦੬

ਸ਼ਬਦ ਹਰਿ ਬਲਵਾਨਾ, ਏਕਾ ਕਲ ਵਰਤਾਇੰਦਾ । ਸੁਰਤ ਸਵਾਣੀ ਬੰਨ੍ਹੇ ਗਾਨਾ, ਏਕਾ ਸਗਨ ਮਨਾਇੰਦਾ । ਪਾਏ ਵਰ ਗੁਣ ਨਿਧਾਨਾ, ਵਿਛੜ ਕਦੇ ਨਾ ਜਾਇੰਦਾ । ਆਦਿ ਜੁਗਾਦੀ ਨੌਜਵਾਨਾ, ਬਿਰਧ ਬਾਲ ਨਾ ਕੋਈ ਉਪਾਇੰਦਾ । ਏਕਾ ਚਿੱਲਾ ਤੀਰ ਕਮਾਨਾ, ਜੋਧਾ ਸੂਰਬੀਰ ਆਪ ਅਖਵਾਇੰਦਾ । ਏਕਾ ਸ਼ਸਤਰ ਤਨ ਸਜਾਨਾ, ਏਕਾ ਬਸਤਰ ਆਪ ਹੰਢਾਇੰਦਾ । ਲੱਖ ਚੁਰਾਸੀ ਤੋੜੇ ਮਾਣ ਅਭਿਮਾਨਾ, ਗੜ੍ਹ ਹੰਕਾਰੀ ਰਹਿਣ ਨਾ ਪਾਇੰਦਾ । ਏਕਾ ਮਾਰੇ ਸਚ ਨਿਸ਼ਾਨਾ, ਤੀਰ ਨਿਰਾਲਾ ਆਪ ਚਲਾਇੰਦਾ । ਖੇਲੇ ਖੇਲ ਗੋਪੀ ਕਾਹਨਾ, ਰਾਮ ਰਮਈਆ ਆਪ ਹੋ ਜਾਇੰਦਾ । ਪੁਰਖ ਅਕਾਲਾ ਹਰਿ ਸੁਲਤਾਨਾ, ਸਾਚੇ ਤਖ਼ਤ ਸੁਹਾਇੰਦਾ । ਗੁਰਮੁਖਾਂ ਦੇਵੇ ਧੁਰ ਫ਼ਰਮਾਨਾ, ਬੋਧ ਅਗਾਧੀ ਸ਼ਬਦ ਜਣਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਵਜਾਇੰਦਾ । ਸਾਚਾ ਮੰਗਲ ਵਰ ਘਰ ਸਾਚੇ ਗਾਣਾ, ਹਰਿ ਸਾਚਾ ਆਪ ਸੁਣਾਇੰਦਾ । ਉਠੇ ਮਰਦ ਜਨ ਮਰਦਾਨਾ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਕਲਜੁਗ ਤੇਰਾ ਵਰਤੇ ਭਾਣਾ, ਲੋਕਮਾਤ ਨਾ ਕੋਈ ਸੁਣਾਇੰਦਾ । ਸਤਿਜੁਗ ਪਰਖੇ ਵਿਚ ਜਹਾਨਾਂ, ਹਰਿ ਸਾਚਾ ਮਾਤ ਧਰਾਇੰਦਾ । ਏਕਾ ਦੇਵੇ ਗੁਣ ਨਿਧਾਨਾ, ਗੁਣਵੰਤਾ ਝੋਲੀ ਪਾਇੰਦਾ । ਚਾਰ ਵਰਨ ਇਕ ਦਰ ਬਹਾਨਾ, ਏਕਾ ਰਾਹ ਵਖਾਇੰਦਾ । ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਦਿਸ ਨਾ ਆਣਾ, ਹੱਕ ਹਕੀਕਤ ਇਕ ਜਣਾਇੰਦਾ । ਰੋਜ਼ਾ ਬਾਂਗ ਨਾ ਕੋਈ ਅਲ੍ਹਾਣਾ, ਹੱਥ ਮੁਸੱਲਾ ਨਾ ਕੋਈ ਉਠਾਇੰਦਾ । ਜਗਤ ਨਕਾਹ ਨਾ ਕਿਸੇ ਕਰਾਣਾ, ਸ਼ਰਅ ਸ਼ਰਾਇਤ ਨਾ ਕੋਈ ਜਣਾਇੰਦਾ । ਪੰਡਤ ਪਾਧਾਂ ਵੇਖੇ ਮਾਰ ਧਿਆਨਾ, ਮੱਥੇ ਤਿਲਕ ਨਾ ਲਗਾਨਾ, ਵੇਦੀ ਨਾ ਗੱਡੇ ਕੋਈ ਕਾਨਾ, ਨਾ ਕੋਈ ਚਾਰ ਕੁੰਟ ਜਣਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਆਪੇ ਜਾਣੇ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਇੰਦਾ । ਗ੍ਰੰਥੀ ਪੰਥੀ ਹੋਏ ਹੈਰਾਨਾ, ਹਰਿ ਏਕਾ ਬਾਣ ਚਲਾਇੰਦਾ । ਚਾਰ ਕੁੰਟ ਚਾਰ ਚੌਫੇਰ ਨਾ ਕਿਸੇ ਫਿਰਾਨਾ, ਨਾ ਕੋਈ ਸੀਸ ਝੁਕਾਇੰਦਾ । ਚੌਥੇ ਘਰ ਪਾਇਆ ਪਦ ਨਿਰਬਾਨਾ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਸਾਚੀ ਲਾਂਵ ਕਰ ਪਰਵਾਨਾ, ਸਾਚੇ ਲੜ ਬੰਧਾਇੰਦਾ । ਮਨਮੁਖ ਭੁੱਲੇ ਜੀਵ ਨਾਦਾਨਾ, ਭੇਵ ਕੋਈ ਨਾ ਪਾਇੰਦਾ । ਮਿਲਿਆ ਪੁਰਖ ਨਾ ਹਰਿ ਸੁਲਤਾਨਾ, ਥਿਰ ਘਰ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਖੋਲ੍ਹੇ ਸਾਚਾ ਦਰ, ਸੋਲਾਂ ਸੋਲਾਂ ਸੋਲਾਂ ਧਾਰ ਵਹਾਇੰਦਾ । ਹਾੜ ਸਤਾਰਾਂ ਬੰਨ੍ਹੇ ਧਾਰ, ਸੰਮਤ ਸੋਲਾਂ ਹਰਿ ਰਘੁਨਾਥਿਆ । ਗੋਬਿੰਦ ਗੁਰਸਿਖ ਕਰਮ ਵਿਚਾਰ, ਆਪ ਨਿਭਾਏ ਸਗਲਾ ਸਾਥਿਆ । ਕਿਰਿਆ ਕਰਮ ਕਿਰਤ ਜਗ ਦਏ ਨਿਵਾਰ, ਸਾਚਾ ਤਿਲਕ ਲਗਾਏ ਮਸਤਕ ਮਾਥਿਆ । ਜੋੜੀ ਜੋੜ ਵਿਚ ਸੰਸਾਰ, ਨਾਮ ਚੜ੍ਹਾਏ ਸਾਚੇ ਰਾਥਿਆ । ਮਰੇ ਨਾ ਡੁੱਬੇ ਕਲਜੁਗ ਧਾਰ, ਪਾਰ ਕਰਾਏ ਹਰਿ ਰਘੁਨਾਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਜਣਾਈ ਅਕਥਨਾ ਅਕਾਥਿਆ । ਅਕੱਥ ਕਥਾ ਕਰਤਾਰ, ਜੁਗ ਜੁਗ ਆਪ ਕਰਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਕਲਜੁਗ ਮੇਟ ਮਿਟਾਈਆ । ਏਕਾ ਸ਼ਬਦ ਧੁਨ ਜੈ ਜੈ ਜੈਕਾਰ, ਨਾਦੀ ਕੰਤ ਸੁਣਾਈਆ । ਨਾਰੀ ਕੰਤਾ ਇਕ ਪਿਆਰ, ਕਾਇਆ ਚੋਲੀ ਰੰਗ ਬਸੰਤਾ ਇਕ ਚੜ੍ਹਾਈਆ । ਜੀਵ ਜੰਤਾਂ ਹੋਏ ਉਧਾਰ, ਜਗਤ ਵਿਛੋੜਾ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਜਗ ਜੋੜੇ ਨਾਤਾ, ਬਿਧਾਤਾ ਕਰਮ ਧਰਮ ਜਰਮ ਆਪਣੇ ਲੇਖੇ

੧੦੨੧
੦੬

ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਸਚ ਕੁੜਮਾਈਆ ।

✻ ੧੧ ਮੱਘਰ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਗੁਰਬਖ਼ਸ਼ ਸਿੰਘ ਦੀ ਸ਼ਾਦੀ ਦੇ ਵਿਹਾਰ ਵਾਸਤੇ ਸ਼ਬਦ ਲਿਖਾਏ ਪਿੰਡ ਭਲਾਈਪੁਰ ਡੋਗਰਾ ✻

ਸਤਿ ਪੁਰਖ ਨਿਰੰਜਣ ਆਪਣੀ ਧਾਰ, ਬ੍ਰਹਿਮੰਡ ਖੰਡ ਚਲਾਇੰਦਾ । ਜੋਤ ਸਰੂਪੀ ਕਰ ਆਕਾਰ, ਸ਼ਬਦੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਭੇਵ ਕੋਈ ਨਾ ਪਾਇੰਦਾ । ਲੋਆਂ ਪੁਰੀਆਂ ਪਸਰ ਪਸਾਰ, ਧਰਤ ਧਵਲ ਸੁਹਾਇੰਦਾ । ਆਕਾਸ਼ ਪਰਕਾਸ਼ ਕਰ ਵਿਹਾਰ, ਗਗਨ ਪਾਤਾਲ ਰਹਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਉਭਾਰ, ਰੂਪ ਅਨੂਪ ਵਖਾਇੰਦਾ । ਕਰੋੜ ਤੇਤੀਸਾ ਕਰ ਪੁਕਾਰ, ਸੁਰਪਤ ਸੰਗ ਰਲਾਇੰਦਾ । ਤ੍ਰੈਗੁਣ ਮਾਇਆ ਤਤ ਅਪਾਰ, ਬ੍ਰਹਮੇ ਝੋਲੀ ਪਾਇੰਦਾ । ਪੰਜ ਤਤ ਹਰਿ ਦੇ ਉਧਾਰ, ਰਕਤ ਬੂੰਦ ਅਖਵਾਇੰਦਾ । ਹੱਡ ਮਾਸ ਨਾੜੀ ਰੱਤ ਤਨ ਹਾਡੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਮੇਲ ਮਿਲਾਇੰਦਾ । ਮਨ ਮਤ ਬੁਧ ਦੇਵੇ ਵਰ, ਘਰ ਸਾਚਾ ਇਕ ਵਖਾਇੰਦਾ । ਲੋਕਮਾਤੀ ਨੌਂ ਦਰ, ਗ਼ਰੀਬ ਨਿਵਾਜਾ ਆਪ ਅਖਵਾਇੰਦਾ । ਦਸਵੇਂ ਬੈਠਾ ਹਰੀ ਹਰਿ, ਨਰ ਨਰਾਇਣ ਅਖਵਾਇੰਦਾ । ਆਪਣੀ ਕਰਨੀ ਰਿਹਾ ਕਰ, ਕਰਨਹਾਰ ਅਖਵਾਇੰਦਾ । ਸ਼ਬਦ ਗਿਆਨੀ ਸਾਚਾ ਵਰ, ਬ੍ਰਹਮੇ ਝੋਲੀ ਪਾਇੰਦਾ । ਨਾਮ ਜਣਾਈ ਆਪਣੀ ਕਰ, ਚਾਰੇ ਵੇਦ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਹਰਿ ਵੰਡ ਵੰਡਾ, ਆਪਣੀ ਕਲ ਵਰਤਾਈਆ । ਉਤਭੁਜ ਸੇਤਜ ਜੇਰਜ ਅੰਡ ਲਏ ਉਪਾ, ਆਪ ਆਪਣਾ ਵਿਚ ਟਿਕਾਈਆ । ਪਰਮਾਨੰਦ ਜਾਏ ਸਮਾ, ਨਿਜਾਨੰਦ ਦਰਸਾਈਆ । ਮਹੱਲ ਅਟੱਲ ਇਕ ਵਸਾ, ਥਿਰ ਘਰ ਨਾਉਂ ਵਸਾਈਆ । ਆਪੇ ਜਾਣੇ ਆਪਣਾ ਨਾਂ, ਆਪ ਆਪਣਾ ਨਾਉਂ ਉਪਾਈਆ । ਨਿਰਗੁਣ ਨਿਰਵੈਰ ਹਰਿ ਆਪ ਅਖਵਾ, ਨਰ ਹਰਿ ਦਇਆ ਕਮਾਈਆ । ਸਾਚੀ ਰਚਨਾ ਰਿਹਾ ਰਚਾ, ਰਚਨਹਾਰ ਆਪ ਹੋ ਜਾਈਆ । ਲੋਕਮਾਤੀ ਬਣਤ ਬਣਾ, ਵਰਭੰਡੀ ਦਏ ਵਡਿਆਈਆ । ਵਰਭੰਡੀ ਹਰਿ ਜੋਤ ਜਗਾ, ਲੱਖ ਚੁਰਾਸੀ ਦਏ ਵਧਾਈਆ । ਲੱਖ ਚੁਰਾਸੀ ਖੇਲ ਖਿਲਾ, ਹਰਿ ਬੈਠਾ ਭੇਵ ਛੁਪਾਈਆ । ਆਪ ਉਪਾਏ ਆਪੇ ਦਏ ਮਿਟਾ, ਹੱਥ ਕਿਸੇ ਨਾ ਆਈਆ । ਆਪੇ ਕਾਰਜ ਦਏ ਰਚਾ, ਸੰਞ ਸਵੇਰਾ ਇਕ ਬਣਾਈਆ । ਆਪੇ ਹਵਨੀ ਹਵਨ ਦਏ ਕਰਾ, ਆਪੇ ਵੇਦੀ ਰਿਹਾ ਗਡਾਈਆ । ਆਪੇ ਖਾਣੀ ਬਾਣੀ ਦਏ ਸੁਣਾ, ਗ੍ਰੰਥ ਪੰਥ ਰਚਾਈਆ । ਸਾਧ ਸੰਤ ਆਪੇ ਰਿਹਾ ਜਣਾ, ਆਤਮ ਸ਼ਬਦੀ ਵੱਜੇ ਵਧਾਈਆ । ਭੇਖ ਪਖੰਡਾ ਦਏ ਮਿਟਾ, ਜੁਗ ਜੁਗ ਹੱਥ ਰੱਖੇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਥਾਉਂ ਥਾਂ, ਆਪ ਆਪਣੀ ਕਰ ਰੁਸ਼ਨਾਈਆ । ਕਲਜੁਗ ਵੇਲਾ ਅੰਤਮ ਗਿਆ ਆ, ਹਰਿ ਸ਼ਬਦ ਵੱਜੇ ਵਧਾਈਆ । ਨਾਨਕ ਗੋਬਿੰਦ ਗਿਆ ਲਿਖਾ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਵੇਖੇ ਰਾਹ, ਲੋਕਮਾਤੀ ਫੇਰਾ ਪਾਈਆ । ਸ਼ਬਦ ਸਰੂਪੀ ਬਣ

ਮਲਾਹ, ਨਿਰਗੁਣ ਖੇਲ ਕਰੇ ਰਘੁਰਾਈਆ । ਸੰਬਲ ਨਗਰੀ ਭਾਗ ਲਗਾ, ਆਪ ਆਪਣੀ ਧਰਤ ਸੁਹਾਈਆ । ਚਾਰ ਵਰਨਾਂ ਰਿਹਾ ਜਣਾ, ਊਚਾਂ ਨੀਚਾਂ ਇਕ ਸਰਨਾਈਆ । ਰਾਜ ਰਾਜਾਨਾਂ ਗਲ ਪਾਏ ਫਾਹ, ਸ਼ਬਦੀ ਧਾਰੀ ਇਕ ਬੰਧਾਈਆ । ਮੁਸਲਿਮ ਹਿੰਦੂ ਸਿੱਖ ਈਸਾਈ ਏਕਾ ਧਾਮ ਦਏ ਬਹਾ, ਸ਼ਰਅ ਸ਼ਰਾਇਤ ਇਕ ਸੁਣਾਈਆ । ਕਲਮਾ ਨਬੀ ਨਾ ਦੇਵੇ ਕੋਈ ਸੁਣਾ, ਸ਼ਰਅ ਸ਼ਰਾਇਤ ਨਾ ਕੋਈ ਜਣਾਈਆ । ਹੱਕ ਹਕੀਕਤ ਇਕ ਵਖਾ, ਏਕਾ ਨਾਮ ਸੱਚੀ ਪੜ੍ਹਾਈਆ । ਪੰਡਤ ਪਾਂਧਾ ਮਸਤਕ ਤਿਲਕ ਨਾ ਸਕੇ ਕੋਈ ਲਗਾ, ਨਾ ਕੋਈ ਵਿਦਿਆ ਚਲੇ ਚਤੁਰਾਈਆ । ਗੁਣ ਅਵਗੁਣ ਹਰਿ ਜਾਣੇ ਥਾਂ ਥਾਂ, ਨੌਂ ਖੰਡ ਸੱਤ ਦੀਪ ਆਪ ਆਪਣੀ ਕਲ ਵਰਤਾਈਆ । ਬੇਦੀ ਵੇਦੀ ਆਪ ਸਮਝਾ, ਆਪ ਆਪਣਾ ਮਾਰਗ ਲਾਈਆ । ਨੇਤੀ ਧੋਤੀ ਦਏ ਖੁਲ੍ਹਾ, ਜੰਞੂ ਗਲ ਰਹਿਣ ਨਾ ਪਾਈਆ । ਪੰਥ ਖਾਲਸਾ ਦਏ ਹਿਲਾ, ਹਰਿ ਸਾਚੇ ਹੱਥ ਵਡਿਆਈਆ । ਗੁਰ ਗੋਬਿੰਦਾ ਸੰਗ ਰਲਾ, ਚਾਰੋਂ ਕੁੰਟ ਕਰੇ ਕੁੜਮਾਈਆ । ਏਕਾ ਸ਼ਬਦ ਦਏ ਜਣਾ, ਲੋਆਂ ਪੁਰੀਆਂ ਇਕ ਸੁਹਾਈਆ । ਏਕਾ ਡੰਕਾ ਰਿਹਾ ਵਜਾ, ਅਠਾਰਾਂ ਬਰਨਾਂ ਰਿਹਾ ਉਠਾਈਆ । ਘਰ ਮੰਦਰ ਅੰਦਰ ਇਕ ਸੁਹਾ, ਏਕਾ ਦੀਪ ਕਰੇ ਰੁਸ਼ਨਾਈਆ । ਆਤਮਕ ਧੁਨ ਇਕ ਵਜਾ, ਅਨਹਦ ਤਾਲ ਵਜਾਈਆ । ਆਤਮ ਸੇਜਾ ਰਿਹਾ ਵਿਛਾ, ਹਰਿ ਸਾਚੇ ਆਪ ਵਿਛਾਈਆ । ਸਚ ਸੁੱਚ ਫੂਲਨ ਬਰਖਾ ਰਿਹਾ ਲਗਾ, ਅੱਠੇ ਪਹਿਰ ਸੇਵਕ ਸੇਵ ਕਮਾਈਆ । ਗੁਰਮੁਖ ਨਾਰੀ ਰਿਹਾ ਜਗਾ, ਆਪ ਆਪਣੀ ਦਇਆ ਕਮਾਈਆ । ਪੰਜ ਤਤ ਤਨ ਅੱਗ ਬੁਝਾ, ਸਾਂਤਕ ਸਤਿ ਵਰਤਾਈਆ । ਸਰ ਸਰੋਵਰ ਅੰਮ੍ਰਿਤ ਆਤਮ ਦਏ ਨੁਹਾ, ਦੁਰਮਤ ਮੈਲ ਗਵਾਈਆ । ਆਪ ਆਪਣਾ ਲੜ ਦਏ ਫੜਾ, ਦਿਸ ਕਿਸੇ ਨਾ ਆਈਆ । ਸਾਚਾ ਮਾਰਗ ਇਕ ਲਗਾ, ਚਾਰ ਵਰਨ ਸੱਚੀ ਸਰਨਾਈਆ । ਅਕਾਲ ਪੁਰਖ ਤੇਰਾ ਏਕਾ ਨਾਂ, ਜੁਗ ਜੁਗ ਵੇਖ ਵਖਾਈਆ । ਸੰਤ ਸੁਹੇਲੇ ਜੁਗ ਜੁਗ ਮੇਲੇ ਆਪੇ ਹੋਏ ਪਿਤਾ ਮਾਂ, ਆਪ ਆਪਣੀ ਗੋਦ ਉਠਾਈਆ । ਦੋ ਜਹਾਨੀ ਪਕੜੇ ਬਾਂਹ, ਜਗਤ ਵਿਛੋੜਾ ਫੰਦ ਕਟਾਈਆ । ਚਰਨ ਕਵਲ ਹਰਿ ਸਾਚਾ ਥਾਂ, ਗੁਰ ਗੋਬਿੰਦਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਧਾਰ ਵਿਚ ਸੰਸਾਰ, ਏਕੰਕਾਰ ਆਪ ਆਪਣੀ ਰਿਹਾ ਚਲਾਈਆ । ਏਕਾ ਧਾਰ ਹਰਿ ਨਿਰੰਜਣ, ਆਦਿ ਪੁਰਖ ਚਲਾਈਆ । ਚਰਨ ਧੂੜ ਹਰਿ ਸਾਚਾ ਮਜਨ, ਤੀਰਥ ਤਟ ਨਾ ਕੋਈ ਵਖਾਈਆ । ਨੇਤਰ ਨੈਣ ਨਾਮ ਪਾਏ ਸਾਚਾ ਅੰਜਨ, ਅਗਿਆਨ ਅੰਧੇਰ ਮਿਟਾਈਆ । ਤਾਲ ਨਗਾਰੇ ਸਾਚੇ ਵੱਜਣ, ਮਰਦੰਗਾ ਆਪਣਾ ਆਪ ਹਿਲਾਈਆ । ਭਗਤ ਜਨਾਂ ਹਰਿ ਆਇਆ ਪੜਦੇ ਕੱਜਣ, ਨਾਮ ਦੋਸ਼ਾਲਾ ਇਕ ਰਖਾਈਆ । ਦੋ ਜਹਾਨੀ ਸਾਚਾ ਸੱਜਣ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਿਖਿਆ ਲੇਖ ਧੁਰ ਦਰਗਾਹੀ ਵੇਖ ਲੋਕਮਾਤ ਪੂਰ ਕਰਾਈਆ । ਲੋਕਮਾਤ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਮੰਗਣ ਮੰਗ ਚਰਨ ਦਵਾਰ, ਗੋਬਿੰਦ ਝੋਲੀ ਡਾਹੀਆ । ਏਕਾ ਇੱਕੀ ਏਕਾ ਵਾਰ, ਸਾਚੀ ਸਿੱਖੀ ਰਿਹਾ ਉਪਾਈਆ । ਧਾਰੋਂ ਤਿੱਖੀ ਵਿਚ ਸੰਸਾਰ, ਕੋਈ ਭੇਵ ਨਾ ਪਾਵੇ ਰਾਈਆ । ਨੇਤਰ ਪੇਖੀ ਹਰਿ ਨਿਰੰਕਾਰ, ਵੀਹ ਸੌ ਚੌਦਾਂ ਬਿਕ੍ਰਮੀ ਲੇਖ ਲਿਖਾਈਆ । ਸਤਿਜੁਗ ਸਾਚੀ ਬੰਨ੍ਹੇ ਤੇਰੀ ਧਾਰ, ਸਿੰਘ ਗੁਰਮੁਖ ਹੱਥ ਵਡਿਆਈਆ । ਗੋਬਿੰਦ ਪਾਇਆ ਪੁਰਖ ਅਪਾਰ, ਅਕਾਲ ਮੂਰਤ ਨਜ਼ਰੀ ਆਈਆ । ਏਕਾ ਨਾਰੀ ਏਕਾ ਮੇਲਾ ਕੰਤ ਭਤਾਰ, ਏਕਾ ਸੇਜ ਰਿਹਾ ਹੰਢਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਖੇਲ

੧੦੧੩
੦੬

ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਏਕਾ ਸਰਨਾ ਏਕਾ ਨਾਮ ਏਕਾ ਸ਼ਬਦ ਏਕਾ ਧੁਨ ਇਕ ਜੈਕਾਰ, ਏਕਾ ਵੱਜੇ ਵਧਾਈਆ । ਚਾਰ ਵਰਨ ਇਕ ਜੈਕਾਰਾ, ਹਰਿ ਸਾਚਾ ਆਪ ਕਰਾਇੰਦਾ । ਕਲਜੁਗ ਤੇਰਾ ਮੇਟ ਪਸਾਰਾ, ਸਤਿਜੁਗ ਸਾਚਾ ਮਾਰਗ ਲਾਇੰਦਾ । ਸ਼ਬਦ ਵਿਚੋਲਾ ਵਿਚ ਸੰਸਾਰਾ, ਸੋਹੰ ਸੋ ਕਰਾਇੰਦਾ । ਵੇਖ ਵਖਾਣੇ ਸੱਚਾ ਘਰ ਬਾਹਰਾ, ਥਿਰ ਘਰ ਫੇਰਾ ਪਾਇੰਦਾ । ਦਿਸ ਨਾ ਆਏ ਜੀਵ ਗਵਾਰਾ, ਮਨ ਮਤ ਭਰਮ ਭੁਲਾਇੰਦਾ । ਜਨ ਭਗਤਾਂ ਖੋਲ੍ਹ ਕਿਵਾੜਾ, ਆਤਮ ਦਰਸੀ ਦਰਸ ਦਿਖਾਇੰਦਾ । ਸਚ ਮੰਦਰ ਦਿਸੇ ਸਚ ਅਖਾੜਾ, ਪ੍ਰਭ ਸਾਚਾ ਆਪ ਲਗਾਇੰਦਾ । ਰਾਗ ਅਨਾਦੀ ਤਾਲ ਵੱਜੇ ਬਹੱਤਰ ਨਾੜਾ, ਅਨਹਦ ਸੁਰ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਿੱਖ ਵਿਚਾਰ, ਗੁਰ ਮੰਤਰ ਅੰਤਰ ਇਕ ਅਧਾਰ, ਏਕਾ ਰਾਗ ਅਲਾਇੰਦਾ । ਆਤਮ ਅੰਤਰ ਸ਼ਬਦ ਗਿਆਨਾ, ਘਰ ਸਾਚੇ ਵੱਜੇ ਵਧਾਈਆ । ਮਿਲਿਆ ਘਰ ਹਰਿ ਪਦ ਨਿਰਬਾਨਾ, ਏਕਾ ਦੂਜਾ ਭੌ ਚੁਕਾਈਆ । ਤੀਜੇ ਮੇਲ ਸ੍ਰੀ ਭਗਵਾਨਾ, ਨੇਤਰ ਨੈਣ ਖੁਲ੍ਹਾਈਆ । ਚੌਥੇ ਘਰ ਕਰ ਪਰਵਾਨਾ, ਗੁਰਮੁਖ ਸਾਚੇ ਦਏ ਜਣਾਈਆ । ਸ਼ਬਦ ਬੰਨ੍ਹੇ ਹਰਿ ਹੱਥੀਂ ਗਾਨਾ, ਨਾ ਕੋਈ ਤੋੜੇ ਤੋੜ ਤੁੜਾਈਆ । ਤਨ ਸ਼ਿੰਗਾਰ ਇਕ ਵਖਾਨਾ, ਨਾਮ ਬਸਤਰ ਇਕ ਪਹਿਨਾਈਆ । ਦੇਵੇ ਮਾਣ ਦੋ ਜਹਾਨਾ, ਲਜ ਪਤ ਆਪਣੇ ਹੱਥ ਰਖਾਈਆ । ਸ਼ਬਦ ਜਣਾਈ ਧੁਰ ਫ਼ਰਮਾਨਾ, ਪਾਰਬ੍ਰਹਮ ਸੱਚੀ ਸਰਨਾਈਆ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਰਚਨਾ ਜਗ ਆਪ ਕਰ, ਆਪਣੀ ਬਣਤ ਬਣਾਈਆ । ਗੁਰ ਨਾਮ ਜਗਤ ਉਜਾਗਰ, ਹਰਿ ਸਾਚਾ ਆਪ ਕਰਾਇੰਦਾ । ਭਾਗ ਲਗਾਏ ਕਾਇਆ ਗਾਗਰ, ਦੀਪਕ ਜੋਤ ਜਗਾਇੰਦਾ । ਦੇਵੇ ਨਾਮ ਰੱਤੀ ਰਤਨਾਗਰ, ਆਕਾਸ਼ ਪਰਕਾਸ਼ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਸ੍ਰਿਸ਼ਟ ਸਬਾਈ ਮਾਰਗ ਲਾਉਣਾ, ਹਰਿਜਨ ਵੱਡੀ ਵਡਿਆਈਆ । ਪੁਰਖ ਅਬਿਨਾਸ਼ੀ ਲੇਖ ਲਿਖਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਅਕਾਲ ਪੁਰਖ ਅਬਿਨਾਸ਼ੀ ਕਰਤਾ ਏਕਾ ਨਜ਼ਰੀ ਆਉਣਾ, ਨਾ ਕੋਈ ਦੂਸਰ ਸੀਸ ਝੁਕਾਈਆ । ਰਾਗ ਛਤੀਸ ਭੇਵ ਨਾ ਪਾਉਣਾ, ਪੁਰਾਨ ਅਠਾਰਾਂ ਹੋਏ ਜੁਦਾਈਆ । ਈਸਾ ਮੂਸਾ ਅੱਲਾ ਹੂ ਹੂ ਨਾਅਰਾ ਕਿਸੇ ਨਾ ਲਾਉਣਾ, ਕੁਰਾਨ ਅੰਜੀਲਾਂ ਕਰੇ ਸਫ਼ਾਈਆ । ਸੋਹੰ ਸ਼ਬਦ ਹਰਿ ਸਾਚੀ ਜੈ ਜੈ ਜੈਕਾਰ ਕਰਾਉਣਾ, ਲੋਆਂ ਪੁਰੀਆਂ ਗਗਨ ਪਾਤਾਲਾਂ ਏਕਾ ਸ਼ਬਦ ਪੜ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਹਰਿ ਸੇਵਾ ਲਾਉਣਾ, ਬ੍ਰਹਿਮੰਡ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਕਾਰਜ ਰਚਿਆ ਆਪ ਜਨ ਭਗਤ ਕਰੇ ਕੁੜਮਾਈਆ ।

ਥਿਰ ਘਰ ਬੈਠ ਹਰਿ ਸਮਰਥ, ਹਰਿਜਨ ਜੋੜ ਜੁੜਾਇਆ । ਸ਼ਬਦ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵਾਇਆ । ਨਾਮ ਦਵਾਰੇ ਕਰ ਇਕੱਠ, ਸਾਚਾ ਮੇਲ ਮਿਲਾਇਆ । ਧੁਰ ਦਰਗਾਹੀ ਦੇਵੇ ਸਾਚੀ ਵੱਥ, ਆਸਾ ਮਨਸਾ ਪੂਰ ਕਰਾਇਆ । ਪੰਚ ਵਿਕਾਰਾ ਦੇਵੇ ਮੱਥ, ਹਾਜ਼ਰ ਹਜ਼ੂਰ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਰਗ ਲਾਇਆ । ਥਿਰ ਘਰ ਬੈਠ ਸ਼ਬਦ ਸਿੰਘਾਸਣ,

ਗੁਰਮੁਖ ਮੇਲ ਮਿਲਾਇੰਦਾ । ਦੇਵੇ ਨਾਮ ਸਰਬ ਗੁਣ ਤਾਸਨ, ਆਤਮ ਝੋਲੀ ਪਾਇੰਦਾ । ਨਿਜ ਘਰ ਆਤਮ ਰੱਖੇ ਵਾਸਨ, ਪਰਮਾਨੰਦ ਸਮਾਇੰਦਾ । ਕਾਇਆ ਵੇਖ ਪ੍ਰਿਥਮੀ ਆਕਾਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਦਾਤਾ ਆਪ ਅਖਵਾਇੰਦਾ । ਥਿਰ ਘਰ ਬੈਠ ਹਰਿ ਭਗਵੰਤਾ, ਗੁਰਮੁਖ ਜੋੜ ਜੁੜਾਇੰਦਾ । ਗੁਰਮੁਖ ਨਾਰੀ ਸਾਚਾ ਕੰਤਾ, ਸਤਿਗੁਰ ਮੇਲ ਮਿਲਾਇੰਦਾ । ਦੇਵੇ ਨਾਮ ਜਿਹਵਾ ਮਣੀਆ ਮਨਤਾ, ਆਤਮ ਬ੍ਰਹਮ ਜਣਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਇੰਦਾ । ਇਕ ਸੁਣਾਏ ਸੁਹਾਗੀ ਛੰਤਾ, ਸੋਹੰ ਸੋ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਜ ਘਰ ਆਤਮ ਵੇਖ ਵਖਾਇੰਦਾ । ਥਿਰ ਘਰ ਬੈਠ ਹਰਿ ਸੁਲਤਾਨ, ਹਰਿ ਸ਼ਬਦ ਕਰੇ ਕੁੜਮਾਈਆ । ਗੁਰਮੁਖ ਸਾਚਾ ਬਾਲ ਅੰਞਾਣ, ਦੇ ਮਤ ਰਿਹਾ ਸਮਝਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਜੀਆ ਦਾਨ, ਏਕਾ ਭਿਛਿਆ ਝੋਲੀ ਪਾਈਆ । ਥਿਰ ਘਰ ਬੈਠ ਹਰਿ ਨਿਰੰਕਾਰ, ਨਿਜ ਘਰ ਆਤਮ ਵਸਿਆ । ਗੁਰਮੁਖ ਸਾਜਣ ਮੀਤ ਮੁਰਾਰ, ਰਾਹ ਸਾਚਾ ਸਤਿਜੁਗ ਦੱਸਿਆ । ਖੇਲੇ ਖੇਲ ਸਰਬ ਸੰਸਾਰ, ਕਲਜੁਗ ਮਿਟੇ ਰੈਣ ਅੰਧੇਰੀ ਮੱਸਿਆ । ਸੋਹੰ ਪਾਏ ਗਲ ਫੂਲਨ ਹਾਰ, ਭਗਤ ਦਵਾਰੇ ਫਿਰੇ ਨੱਸਿਆ । ਮੇਲ ਮਿਲਾਏ ਪੁਰਖਾ ਨਾਰੀ ਕੰਤ ਭਤਾਰ, ਘਰ ਮੰਦਰ ਬਹਿ ਬਹਿ ਹੱਸਿਆ । ਨਿਰਮਲ ਜੋਤੀ ਨੂਰ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਏਕਾ ਵਰ ਏਕਾ ਮਾਰਗ ਦੱਸਿਆ ।



੧੦੧੫ ੦੬

## ੧੧ ਮੱਘਰ ੨੦੧੪ ਬਿਕ੍ਰਮੀ ਗੁਰਮੁਖ ਸਿੰਘ ਦੀ ਸਪੁੱਤਰੀ ਜਗੀਰ ਕੌਰ ਦੀ ਗੁਰਬਖ਼ਸ਼ ਸਿੰਘ ਨਾਲ ਸ਼ਾਦੀ ਸਮੇਂ ਸ਼ਬਦ ਉਚਾਰਿਆ ਪਿੰਡ ਭਲਾਈ ਪੁਰ

ਹਰਿ ਮਾਰਗ ਸ਼ਬਦ ਸਲਾਹ, ਜੋਤੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਏਕਾ ਥਾਂ, ਹਰਿ ਸਾਜਨ ਮੇਲ ਮਿਲਾਈਆ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਈਆ । ਇਕ ਜਪਾਏ ਸਾਚਾ ਨਾਂ, ਚਾਰ ਵਰਨ ਕਰੇ ਕੁੜਮਾਈਆ । ਆਪੇ ਪਿਤਾ ਆਪੇ ਮਾਂ, ਪੁੱਤਰ ਧੀਆਂ ਆਪ ਉਪਾਈਆ । ਨਿਰਮਲ ਜੀਆ ਦੇਵੇ ਥਾਂ, ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਿਹਾ ਸਮਝਾਈਆ । ਸ਼ਬਦ ਵਿਚੋਲਾ ਸਚ ਵਿਹਾਰਾ, ਹਰਿ ਸਾਚਾ ਮਾਤ ਕਰਾਇੰਦਾ । ਨਾਰੀ ਕੰਤਾ ਇਕ ਪਿਆਰਾ, ਏਕਾ ਥਾਨ ਸੁਹਾਇੰਦਾ । ਇਕ ਸ਼ਬਦ ਇਕ ਜੈਕਾਰਾ, ਏਕਾ ਕਾਰ ਕਰਾਇੰਦਾ । ਇਕ ਇਕੱਲਾ ਏਕੰਕਾਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਮੇਟੇ ਕੂੜ ਪਸਾਰਾ, ਸਤਿਜੁਗ ਸਾਚਾ ਲਾਇੰਦਾ । ਗੁਰਮੁਖ ਸੋਹੇ ਬੰਕ ਦਵਾਰਾ, ਹਰਿ ਜੋੜੀ ਜੋੜ ਜੁੜਾਇੰਦਾ । ਵਰ ਘਰ ਪਾਇਆ ਇਕ ਅਪਾਰਾ, ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਵੇਖ ਵਖਾਇੰਦਾ । ਸ਼ਬਦ ਵਿਚੋਲਾ ਆਦਿ ਜੁਗਾਦਿ, ਪ੍ਰਭ ਸਾਚੇ ਆਪ ਰਖਾਇਆ । ਜਨ ਭਗਤਾਂ ਦੇਵੇ ਨਾਮ ਦਾਦ, ਕਾਇਆ ਝੋਲੀ ਦਏ ਟਿਕਾਇਆ । ਸ਼ਬਦ ਜਣਾਈ ਧੁਨ ਬ੍ਰਹਿਮਾਦ, ਏਕਾ ਤਾਲ ਵਜਾਇਆ । ਪਾਇਆ ਪੁਰਖ ਹਰਿ ਮਾਧਵ ਮਾਧ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਇਕ ਵਿਚੋਲਾ,

ਹਰਿ ਸ਼ਬਦੀ ਸ਼ਬਦ ਜਣਾਇਆ । ਨਾਮ ਵਿਚੋਲਾ ਨੌਂ ਖੰਡ, ਸੱਤ ਦੀਪ ਵੱਜੇ ਵਧਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਹਰਿ ਜੋਤੀ ਜੋਤ ਜਗਾਈਆ । ਕਲਜੁਗ ਸੁੱਤਾ ਦੇ ਕਰ ਕੰਡ, ਸਤਿਜੁਗ ਸਾਚਾ ਰਿਹਾ ਜਗਾਈਆ । ਭਗਤ ਜਨਾਂ ਵੰਡੇ ਸਾਚੀ ਵੰਡ, ਹਰਿ ਸਾਚਾ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸੁਰਤੀ ਰਿਹਾ ਜਗਾਈਆ । ਸਤਿਜੁਗ ਸੁਰਤੀ ਆਪ ਜਗਾ, ਗੁਰ ਸ਼ਬਦੀ ਮੇਲ ਮਿਲਾਈਆ । ਨਾਰੀ ਕੰਤਾ ਏਕਾ ਥਾਂ ਬਹਾ, ਸਤਿਗੁਰ ਦਇਆ ਕਮਾਈਆ । ਸੋਹੰ ਪੱਲਾ ਦਏ ਫੜਾ, ਨਾ ਕੋਈ ਛੋੜੇ ਛੋੜ ਛੁਡਾਈਆ । ਨਿਹਚਲ ਧਾਮ ਅਟੱਲਾ ਇਕ ਵਖਾ, ਹਰਿ ਸਰਨ ਸੱਚੀ ਸਰਨਾਈਆ । ਰਾਗ ਮਹੱਲਾ ਗੌੜੀ ਨਾ ਕੋਈ ਲਿਆ ਅਲ੍ਹਾ, ਨਾ ਕੋਈ ਵੇਖ ਵਖਾਈਆ । ਸੋਹੰ ਮੰਤਰ ਜਗਤ ਗਿਆਨ ਇਕ ਦ੍ਰਿੜਾ, ਹਰਿ ਭਗਤ ਕਰੇ ਕੁੜਮਾਈਆ । ਅੰਮ੍ਰਿਤ ਆਤਮ ਇਕ ਪਿਆ, ਅਮਰਾ ਪਦ ਸਮਾਈਆ । ਪੰਚਮ ਮੇਲਾ ਸਹਿਜ ਸੁਭਾ, ਮਿਲ ਸਖੀਆਂ ਮੰਗਲ ਗਾਈਆ । ਅਨੰਦ ਕਾਰਜ ਪ੍ਰਭ ਦਏ ਕਰਾ, ਬਖ਼ਸ਼ੇ ਸਚ ਸੱਚੀ ਸਰਨਾਈਆ । ਗੁਰਮੁਖ ਨਾਰੀ ਮੰਗਲ ਗਾ, ਥਿਰ ਘਰ ਵੱਜੇ ਵਧਾਈਆ । ਸਾਚੀ ਡੋਲੀ ਲਏ ਬਹਾ, ਆਪ ਆਪਣਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਹਿਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਤੇਰੀ ਧਾਰ ਏਕਾ ਇੱਕੀ ਏਕਾ ਵਾਰ, ਸਤਿਜੁਗ ਸਾਚਾ ਵੇਖ ਵਖਾਈਆ ।



ਹਰਿ ਸ਼ਬਦ ਧੁਰ ਸੰਦੇਸਾ, ਨਾਮੋ ਨਾਮ ਦ੍ਰਿੜਾਇਆ । ਲੇਖਾ ਚੁੱਕੇ ਸ਼ਿਵ ਸ਼ੰਕਰ ਗਨੇਸ਼ਾ, ਪੂਜਸ ਸਿਲਾ ਨਾ ਕੋਈ ਮਨਾਈਆ । ਜੋਗ ਜੁਗਤ ਜਗ ਦੇਸ਼ ਪਰਦੇਸ਼ਾ, ਇਕ ਸੰਦੇਸ਼ ਸੁਣਾਇਆ । ਵਰਨੀ ਬਰਨੀ ਆਪੇ ਵੇਸਾ, ਭੇਖੀ ਭੇਖ ਵਟਾਇਆ । ਨਰ ਨਰਾਇਣ ਹਰਿ ਨਰ ਨਰੇਸ਼ਾ, ਨਿਸ਼ ਅੱਖਰ ਵੱਖਰ ਹਰਿ ਗੁਣ ਗਾਇਆ । ਦੇ ਮਤ ਸਮਝਾਵੇ ਧਾਰੀ ਕੇਸਾ, ਮੂੰਡ ਮੁੰਡਾਏ ਭੇਵ ਚੁਕਾਇਆ । ਦਰ ਦਵਾਰ ਕੁਰਲਾਇਣ ਬ੍ਰਹਮਾ ਵਿਸ਼ਨ ਮਹੇਸ਼ਾ, ਕਲ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਮ ਸ਼ਬਦ ਗੁਰ ਮੰਤਰ ਇਕ ਗਿਆਨ ਵਖਾਇਆ । ਇਕ ਗਿਆਨ ਇਕ ਸੰਦੇਸ਼, ਇਕ ਧਿਆਨ ਜਣਾਈਆ । ਏਕਾ ਬ੍ਰਹਮ ਪਾਰਬ੍ਰਹਮ ਪਰਮੇਸ਼, ਪਰਮ ਪੁਰਖ ਅਖਵਾਈਆ । ਏਕਾ ਚਰਨ ਏਕਾ ਧੂੜ ਇਕ ਇਸ਼ਨਾਨ ਇਕ ਨਰੇਸ਼, ਏਕਾ ਏਕ ਸੱਚੀ ਸਰਨਾਈਆ । ਏਕਾ ਗੋਪੀ ਏਕਾ ਕਾਹਨ ਏਕਾ ਗੋਬਿੰਦ ਦਸ ਦਸਮੇਸ਼, ਏਕਾ ਨਾਨਕ ਰਸਨਾ ਗਾਈਆ । ਏਕਾ ਏਕ ਇਕ ਇਕੱਲਾ ਇਕ ਓਅੰਕਾਰ ਕਰੇ ਵੇਸ, ਅਕਲ ਕਲਾ ਵਰਤਾਈਆ । ਆਦਿ ਸ਼ਕਤ ਜੋਤ ਨਿਰੰਜਣ ਸੰਬਲ ਨਗਰ ਮਾਝੇ ਦੇਸ, ਚਾਰ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਈਆ । ਗੋਬਿੰਦ ਕਾਇਆ ਹਰਿ ਪਰਵੇਸ਼, ਜੋਤੀ ਜੋੜਾ ਸ਼ਬਦ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰਿਹਾ ਜਗਾਈਆ । ਹਰਿਜਨ ਸਾਚੇ ਆਪ ਜਗਾ, ਆਤਮ ਬ੍ਰਹਮ ਜਣਾਇਆ । ਏਕਾ ਅੱਖਰ ਨਾਮ ਪੜ੍ਹਾ, ਨਿਹਕਰਮੀ ਕਰਮ ਕਮਾਇਆ । ਸਾਚੇ ਪੌੜੇ ਆਪੇ ਆਪ ਚੜ੍ਹਾ, ਰਵ ਸਸ ਚਰਨਾ ਹੇਠ ਦਬਾਇਆ । ਥਿਰ ਘਰ ਵਖਾਣੇ ਸਾਚਾ ਥਾਂ, ਹਰਿਜਨ ਸਾਚੇ ਮੇਲ ਮਿਲਾਇਆ । ਪੁਰਖ ਅਗੰਮੜੇ ਕਰੇ ਸਚ ਨਿਆਂ, ਲੱਖ ਚੁਰਾਸੀ ਵੇਖ ਵਖਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਪਕੜੇ ਬਾਂਹ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਮਨ ਕਰਿਆ ਵੇਸ,

ਰੂਪ ਰੰਗ ਦਿਸ ਕਿਸੇ ਨਾ ਆਇਆ । ਨਿਹਕਲੰਕ ਨਰਾਇਣ ਨਰ, ਜਗਤ ਨਿਰੰਜਣ ਆਦਿ ਪੁਰਖ ਪੁਰਖ ਪਰਖੋਤਮ ਦਇਆ ਨਿਧ ਦੀਨ ਦਿਆਲਾ ਗੋਬਿੰਦ ਲਾਲਾ ਸੰਗ ਰਲਾਇਆ । ਗੋਬਿੰਦ ਲਾਲ ਸ਼ਬਦ ਦੁਲਾਰ, ਹਰਿ ਸਾਚਾ ਸੰਗ ਰਲਾਇੰਦਾ । ਆਪ ਆਪਣੀ ਕਿਰਪਾ ਧਾਰ, ਆਪਣੇ ਰੰਗ ਸਮਾਇੰਦਾ । ਅੱਠੇ ਪਹਿਰ ਇਕ ਪਿਆਰ, ਏਕਾ ਧਾਰ ਵਹਾਇੰਦਾ । ਇਕ ਸੁਹਾਏ ਬੰਕ ਦਵਾਰ, ਥਿਰ ਘਰ ਨਾਉਂ ਧਰਾਇੰਦਾ । ਚਰਨ ਕਵਲ ਜਨ ਸਚ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਚ ਘਰ, ਮੰਦਰ ਮਸੀਤੀ ਗੁਰ ਦਰ ਮੱਠ ਸ਼ਿਵਦਵਾਲਾ ਨਾ ਕੋਈ ਵਖਾਇੰਦਾ ।

☼ ੨੦ ਮੱਘਰ ੨੦੧੪ ਬਿਕ੍ਰਮੀ ਬਲਵੰਤ ਸਿੰਘ, ਹਰਬੰਸ ਸਿੰਘ ਦੇ ਗ੍ਰਿਹ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ☼

ਹਰਿ ਸਾਜਨ ਜਗ ਮੀਤੜਾ, ਆਦਿ ਪੁਰਖ ਅਬਿਨਾਸ਼ । ਕਾਇਆ ਚੋਲੀ ਰੰਗੇ ਚੀਥੜਾ, ਜਨ ਭਗਤਾਂ ਦਾਸੀ ਦਾਸ । ਮਿੱਠਾ ਕਰੇ ਕੌੜਾ ਰੀਠੜਾ, ਲੇਖੇ ਲਾਏ ਦਸ ਦਸ ਮਾਸ । ਏਕਾ ਚਾੜ੍ਹੇ ਰੰਗ ਬਸੀਠੜਾ, ਆਦਿ ਅੰਤ ਨਾ ਹੋਏ ਵਿਨਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਪ੍ਰਿਥਮੀ ਆਕਾਸ਼ । ਹਰਿਜਨ ਸਾਚਾ ਹਰਿ ਰੰਗ ਰੱਤਿਆ, ਹਰਿ ਸਾਜਨ ਮੇਲ ਮਿਲਾਏ । ਆਪੇ ਦੇ ਸਮਝਾਏ ਮੱਤਿਆ, ਏਕਾ ਨਾਮ ਗਿਆਨ ਦ੍ਰਿੜਾਏ । ਕਲਜੁਗ ਵਾ ਨਾ ਲੱਗੇ ਤਤੀਆ, ਨਾਮ ਦੁਸ਼ਾਲਾ ਉਪਰ ਪਾਏ । ਮਿਲਿਆ ਮੇਲ ਕਮਲਾਪਤੀਆ, ਨਾਰ ਸੁਹਾਗਣ ਇਕ ਅਖਵਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਮੇਲ ਮਿਲਾਏ । ਮਿਲਿਆ ਮੇਲ ਆਦਿ ਨਿਰੰਜਣ, ਘਰ ਸਾਚੇ ਵੱਜੇ ਵਧਾਈਆ । ਚਰਨ ਧੂੜ ਬਖ਼ਸ਼ੇ ਸਾਚਾ ਮਜਨ, ਦੁਰਮਤ ਮੈਲ ਰਿਹਾ ਗਵਾਈਆ । ਭਾਂਡੇ ਭਰਮ ਗੜ੍ਹ ਪ੍ਰਭ ਅਬਿਨਾਸ਼ੀ ਤੇਰੇ ਦਰ ਤੇ ਭੱਜਣ, ਜਨ ਭਗਤਾਂ ਆਇਆ ਪੜਦੇ ਕੱਜਣ, ਦੇ ਮਤ ਸਮਝਾਏ ਜਿਉਂ ਨਾਨਕ ਸੱਜਣ, ਠੱਗ ਚੋਰ ਰਹਿਣ ਨਾ ਪਾਈਆ । ਅਨਹਦ ਤਾਲ ਨਗਾਰੇ ਆਤਮ ਧੁਨੀ ਧੁਨ ਨਾਦੀ ਵੱਜਣ, ਵਜਾਵਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਪਤਿ ਪਤਿਵੰਤ, ਹਰਿ ਸਾਚੇ ਆਪ ਮਿਲਾਇਆ । ਆਪੇ ਨਾਰੀ ਆਪੇ ਕੰਤ, ਆਪ ਆਪਣੀ ਸੇਜ ਹੰਢਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਫੂਲਨ ਬਰਖਾ ਆਪੇ ਲਾਇਆ । ਜੀਵ ਜੰਤ ਉਧਾਰੇ ਸੰਘਾਰੇ ਦੂਤ ਦੁਸ਼ਟ, ਥਿਰ ਕੋਈ ਰਹਿਣ ਨਾ ਪਾਇਆ । ਕਲਜੁਗ ਮਾਇਆ ਪਾਏ ਬੇਅੰਤ, ਲੱਖ ਚੁਰਾਸੀ ਹੋਏ ਹਲਕਾਇਆ । ਗੁਰਮੁਖ ਵਿਰਲਾ ਜਾਗੇ ਸੰਤ, ਜਿਸ ਜਨ ਸਾਚੇ ਆਪ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚਾ ਲਾਲ ਅਨਮੁਲ, ਨੌਂ ਖੰਡ ਵਿਚਾਰਿਆ । ਲੱਖ ਚੁਰਾਸੀ ਕੋਈ ਨਾ ਮੁੱਲ, ਏਕਾ ਭੁੱਲਿਆ ਹਰਿ ਨਿਰੰਕਾਰਿਆ । ਅੰਤਮ ਫਲ ਸੁੱਕਣਾ ਟੁੱਟੇ ਡਾਲ੍ਹ, ਪਤਝੜ ਵੇਲਾ ਅੰਤਮ ਆ ਗਿਆ । ਲਾਲ ਅਨਮੁਲੜਾ ਮਾਨਸ ਮਾਨੁਖ ਜਾਣਾ ਰੁਲ, ਨਾ ਕੋਈ ਸਾਚਾ ਵਣਜ ਕਰਾ ਰਿਹਾ । ਗੁਰਮੁਖ ਵਿਰਲੇ ਭਾਗ ਲਗਾਏ ਆਪਣੀ ਕੁਲ, ਗੁਰ ਗੋਬਿੰਦ ਮੇਲ ਮਿਲਾ ਰਿਹਾ । ਸਚ ਦਵਾਰਾ ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਗਿਆ ਖੁਲ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

ਤੇਰੀ ਅੰਤਮ ਵਰ, ਨਿਹਕਲੰਕ ਡੰਕ ਵਜਾ ਰਿਹਾ । ਨਿਹਕਲੰਕਾ ਹਰਿ ਕਰਤਾਰ, ਅਕਲ ਕਲਾ ਅਖਵਾਇੰਦਾ । ਗੁਰਮੁਖ ਸਾਜਨ ਲਏ ਉਭਾਰ, ਚਾਰੋਂ ਕੁੰਟ ਵੇਖ ਵਖਾਇੰਦਾ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇੰਦਾ । ਸਤਿ ਪੁਰਖ ਨਿਰੰਜਣ ਸਾਚੀ ਕਾਰ, ਜੁਗ ਜੁਗ ਆਪ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਹੋਇਆ ਪਾਰ, ਕਲਜੁਗ ਵੇਲਾ ਅੰਤਮ ਆਇੰਦਾ । ਨਾਨਕ ਗੋਬਿੰਦ ਬਣ ਲਿਖਾਰ, ਵੇਦ ਵਿਆਸਾ ਸੰਗ ਰਖਾਇੰਦਾ । ਪਰਗਟ ਜੋਤ ਹਰਿ ਨਿਰੰਕਾਰ, ਆਪ ਆਪਣੀ ਬਣਤ ਬਣਾਇੰਦਾ । ਸ਼ਬਦ ਖੰਡਾ ਤੇਜ਼ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਲੱਖ ਚੁਰਾਸੀ ਕਰੇ ਖ਼ਬਰਦਾਰ, ਏਕਾ ਡੰਡਾ ਹੱਥ ਉਠਾਇੰਦਾ । ਚਾਰ ਵਰਨ ਸੁਹਾਏ ਇਕ ਦਵਾਰ, ਊਚਾਂ ਨੀਚਾਂ ਭੇਵ ਮਿਟਾਇੰਦਾ । ਦੇਵੇ ਦਰਸ ਅਗੰਮ ਅਪਾਰ, ਆਤਮ ਜੋਤੀ ਜੋਤ ਜਗਾਇੰਦਾ । ਪੰਚਮ ਗਾਵਣ ਵਾਰੋ ਵਾਰ, ਸੇਵਕ ਸਾਚੀ ਸੇਵ ਕਮਾਇੰਦਾ । ਹਰਿਜਨ ਮੇਲ ਪ੍ਰਭ ਚਰਨ ਦਵਾਰ, ਚਰਨ ਚਰਨੋਦਕ ਮੁਖ ਪਿਆਇੰਦਾ । ਅਠ ਸਠ ਤੀਰਥ ਹੋਇਆ ਛਾਰ, ਨਾ ਕੋਈ ਧੀਰ ਧਰਾਇੰਦਾ । ਮਾਇਆ ਮੋਹ ਲੋਭ ਹੰਕਾਰ, ਕਾਮ ਕਰੋਧ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਮੇਲ ਮਿਲਾਇੰਦਾ ।



ਘਰ ਮੰਦਰ ਸਚ ਸੁਲਤਾਨ, ਨਿਰਗੁਣ ਜੋਤ ਜਗਾਈਆ । ਦੀਵਾ ਬਾਤੀ ਇਕ ਮਹਾਨ, ਆਪ ਆਪਣੇ ਹੱਥ ਰਖਾਈਆ । ਸੁਰਤ ਸ਼ਬਦ ਇਕ ਗਿਆਨ, ਏਕਾ ਬ੍ਰਹਮ ਜਣਾਈਆ । ਪਾਰਬ੍ਰਹਮ ਚਤੁਰ ਸੁਜਾਨ, ਜਗਤ ਵਿਦਿਆ ਭੇਵ ਨਾ ਰਾਈਆ । ਖੇਲੇ ਖੇਲ ਦੋ ਜਹਾਨ, ਜੁਗ ਜੁਗ ਆਪਣੀ ਰਚਨ ਰਚਾਈਆ । ਗੁਰੂਆਂ ਪੀਰਾਂ ਦੇਵੇ ਦਾਨ, ਨਾਮ ਵਸਤ ਝੋਲੀ ਪਾਈਆ । ਰਸਨਾ ਬਹਿ ਬਹਿ ਸਾਰੇ ਗਾਣ, ਦਿਸ ਕਿਸੇ ਨਾ ਆਈਆ । ਅੰਤਮ ਝੁਲਣਾ ਸਚ ਨਿਸ਼ਾਨ, ਨੌਂ ਖੰਡ ਪ੍ਰਿਥਮੀ ਆਪ ਝੁਲਾਈਆ । ਸਤਿਜੁਗ ਦੇਵੇ ਸਾਚਾ ਦਾਨ, ਆਪ ਆਪਣੀ ਦਇਆ ਕਮਾਈਆ । ਗੁਰਮੁਖ ਮੇਲਾ ਵਿਚ ਜਹਾਨ, ਸਤਿਜੁਗ ਸਾਚਾ ਰਿਹਾ ਕਰਾਈਆ । ਆਵਣ ਜਾਵਣ ਚੁੱਕੇ ਕਾਨ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਮੁਖ ਸ਼ਰਮਾਨ, ਚਿਤਰ ਗੁਪਤ ਨਾ ਵੇਖ ਵਖਾਈਆ । ਬ੍ਰਹਮਾ ਵੇਖੇ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਜਗਤ ਵਡਿਆਈਆ । ਜਗਤ ਵਡਿਆਈ ਹਰਿਜਨ ਪਾਈ, ਪ੍ਰਭ ਸਾਚਾ ਦਇਆ ਕਮਾਇਆ । ਕਾਗੋਂ ਹੰਸ ਰਿਹਾ ਬਣਾਈ, ਹਰਿ ਸਾਚੀ ਚੋਗ ਚੁਗਾਇਆ । ਜੋ ਜਨ ਚਰਨ ਸਰਨ ਢਹਿ ਪਏ ਸਰਨਾਈ, ਮਾਤ ਗਰਭ ਫੇਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨਹਾਰ ਆਪ ਅਖਵਾਇਆ । ਕਰਨਹਾਰ ਆਪ ਕਰਤਾਰਾ, ਆਪਣੀ ਕਲ ਵਰਤਾਇੰਦਾ । ਜਨ ਭਗਤਾਂ ਦੇਵੇ ਨਾਮ ਅਧਾਰਾ, ਆਪਣਾ ਨਾਮ ਦ੍ਰਿੜਾਇੰਦਾ । ਅੰਦਰ ਮੰਦਰ ਖੋਲ੍ਹੇ ਬੰਦ ਕਿਵਾੜਾ, ਬਜਰ ਕਪਾਟੀ ਕੁੰਡਾ ਲਾਹਿੰਦਾ । ਨੇੜ ਨਾ ਆਏ ਪੰਚਮ ਧਾੜਾ, ਸ਼ਬਦ ਖੰਡਾ ਇਕ ਵਖਾਇੰਦਾ । ਗੁਰਮੁਖ ਸਾਜਨ ਸਾਚਾ ਲਾੜਾ, ਏਕਾ ਏਕ ਬਣਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਚੰਗਾ ਮਾੜਾ, ਕਲਜੁਗ ਤੇਰਾ ਰੰਗ ਚੜ੍ਹਾਇਆ ਗਾੜ੍ਹਾ, ਨਾ ਕੋਈ ਮਾਤ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਖ ਵਟਾਇੰਦਾ । ਆਪਣਾ ਲੜ ਹਰਿ ਫੜਾ, ਆਪਣਾ ਦਰ ਵਖਾਇੰਦਾ । ਪੌੜੇ ਪੌੜੇ ਲਏ ਚੜ੍ਹਾ, ਏਕਾ ਮਾਰਗ ਲਾਇੰਦਾ । ਏਕਾ ਦੂਜਾ ਭਉ ਚੁਕਾ, ਤੀਜੇ ਨੈਣ

ਦਰਸ ਦਿਖਾਇੰਦਾ । ਚੌਥੇ ਘਰ ਦਏ ਸੁਹਾ, ਪੰਚਮ ਸ਼ਬਦ ਅਲਾਇੰਦਾ । ਛੇਵੇਂ ਛੱਪਰ ਛੰਨ ਨਾ ਕੋਈ ਰਖਾ, ਸੱਤਵੇਂ ਸਤਿ ਪੁਰਖ ਸਮਾਇੰਦਾ । ਦਸਮ ਦਵਾਰੀ ਗੁਰਮੁਖ ਬੈਠਾ ਬੇਪਰਵਾਹ, ਨਿਤ ਤੇਰਾ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਦਰ, ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਕਾਇਆ ਮੰਦਰ ਸਚ ਮਹੱਲ, ਹਰਿ ਸਾਚੀ ਜੋਤ ਜਗਾਈਆ । ਦਰਸ ਦਿਖਾਏ ਘੜੀ ਘੜੀ ਪਲ ਪਲ, ਵਿਛੜ ਕਦੇ ਨਾ ਜਾਈਆ । ਸੁਰਤ ਸਵਾਣੀ ਹਾਲ ਬੇਹਾਲ, ਰੋ ਰੋ ਰਹੀ ਕੁਰਲਾਈਆ । ਪੁਰਖ ਅਬਿਨਾਸ਼ੀ ਅਵਲੱੜੀ ਚਾਲ, ਜਨ ਭਗਤਾਂ ਇਕ ਸਿਖਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਦਰ ਦਵਾਰੇ ਬੈਠੇ ਮੁਖ ਛੁਪਾਈਆ । ਜਨ ਭਗਤਾਂ ਕਰੇ ਅੰਤਮ ਅੰਤ ਸੰਭਾਲ, ਧੁਰਦਰਗਾਹੀ ਸ਼ਬਦ ਦਲਾਲ, ਜਗਤ ਦਲਾਲੀ ਰਿਹਾ ਚੁਕਾਈਆ । ਜੋਤ ਜਗਾਏ ਜਗਤ ਅਕਾਲ, ਅਕਲ ਕਲਾ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਾਚੇ ਘਰ, ਦਰ ਦਰਵਾਜ਼ਾ ਗਰੀਬ ਨਿਵਾਜਾ ਜਨ ਹਰਿ ਹਰਿ ਜਨ ਆਪ ਸੁਹਾਈਆ । ਗ੍ਰਿਹਿ ਮੰਦਰ ਸਚ ਸਿੰਘਾਸਣ, ਹਰਿ ਸਾਚੀ ਸੇਜ ਵਿਛਾਈਆ । ਜੋਤੀ ਨੂਰ ਪੁਰਖ ਅਬਿਨਾਸ਼ਨ, ਘਟ ਘਟ ਬੈਠਾ ਆਸਣ ਲਾਈਆ । ਜਨ ਭਗਤਾਂ ਦਾਸੀ ਦਾਸਨ, ਦਾਸੀ ਦਾਸ ਆਪ ਅਖਵਾਈਆ । ਕਾਇਆ ਮੰਡਲ ਪਾਵੇ ਰਾਸਨ, ਆਪ ਆਪਣੀ ਰਚਨ ਰਚਾਈਆ । ਨਾਮ ਜਪਾਏ ਰਸਨ ਸਵਾਸਨ, ਜਿਸ ਜਨ ਬੂਝ ਬੁਝਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼ਨ, ਗਗਨ ਪਾਤਾਲਾਂ ਫੇਰਾ ਪਾਈਆ । ਪਰਗਟ ਹੋਏ ਘਨਕਪੁਰ ਵਾਸਨ, ਘਨੀ ਸ਼ਾਮ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਰਿਹਾ ਸੁਹਾਈਆ । ਗ੍ਰਿਹਿ ਮੰਦਰ ਸਾਚਾ ਹਰਿ ਹਰਿ ਪਾਇਆ, ਘਰ ਸਾਚੇ ਵੱਜੀ ਵਧਾਈਆ । ਹਉਮੇ ਹੰਗਤਾ ਰੋਗ ਗਵਾਇਆ, ਮਾਇਆ ਮਮਤਾ ਮੋਹ ਚੁਕਾਈਆ । ਸਾਚੀ ਸੰਗਤਾ ਮੇਲ ਮਿਲਾਇਆ, ਦਰ ਦਵਾਰਾ ਇਕ ਵਖਾਈਆ । ਭੁੱਖਾ ਨੰਗਤਾ ਕੋਈ ਰਹਿਣ ਨਾ ਪਾਇਆ, ਨਾਮ ਖ਼ਜ਼ਾਨਾ ਇਕ ਟਿਕਾਈਆ । ਜਿਉਂ ਨਾਨਕ ਅੰਗਦ ਅੰਗ ਲਗਾਇਆ, ਗੁਰਮੁਖ ਮਿਲੀ ਵਡਿਆਈਆ । ਦਾਤਾ ਸੂਰਾ ਸਰਬੰਗ ਹਰਿ ਆਪ ਅਖਵਾਇਆ, ਦੇਵਣਹਾਰ ਸ੍ਰਿਸ਼ਟ ਸਬਾਈਆ । ਜੁਗ ਜੁਗ ਜਨ ਭਗਤਾਂ ਦਵਾਰੇ ਮੰਗਦਾ ਆਇਆ, ਆਪ ਆਪਣੀ ਝੋਲੀ ਅੱਗੇ ਡਾਹੀਆ । ਹਰਿ ਜਨ ਕਾਇਆ ਚੋਲੀ ਰੰਗਦਾ ਆਇਆ, ਏਕਾ ਰੰਗਣ ਰੰਗ ਚੜ੍ਹਾਈਆ । ਸ਼ਬਦ ਘੋੜੇ ਚਿੱਟੇ ਅਸਵ ਤੰਗ ਕਸਦਾ ਆਇਆ, ਸੋਲਾਂ ਕਲੀਆਂ ਆਸਣ ਲਾਈਆ । ਦੂਈ ਦਵੈਤੀ ਹਉਮੇ ਹੰਗਤਾ ਕਲਜੁਗ ਅੰਤਮ ਭੰਨਦਾ ਆਇਆ, ਨਾਮ ਖੰਡਾ ਇਕ ਚਮਕਾਈਆ । ਲੋਆਂ ਪੁਰੀਆਂ ਲੰਘਦਾ ਆਇਆ, ਲੋਕਮਾਤ ਕਰੇ ਜੋਤ ਰੁਸ਼ਨਾਈਆ । ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਵੰਡਾਂ ਵੰਡਦਾ ਆਇਆ, ਉਤਭੁਜ ਸੇਤਜ ਬੈਠਾ ਆਸਣ ਲਾਈਆ । ਭੇਖ ਪਖੰਡਾ ਜੁਗ ਜੁਗ ਡੰਨਦਾ ਆਇਆ, ਆਪ ਆਪਣਾ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਸੁਹਾਈਆ । ਘਰ ਮੰਦਰ ਸਚ ਹਰਿ ਰੰਗ ਰੂਪ, ਹਰਿ ਏਕਾ ਰੰਗ ਰੰਗਾਇਆ । ਸ਼ਾਹ ਸੁਲਤਾਨ ਵੱਡਾ ਭੂਪ, ਬੈਠਾ ਆਸਣ ਲਾਇਆ । ਮਨਮੁਖ ਕਾਇਆ ਅੰਧ ਕੂਪ, ਦੀਪਕ ਜੋਤ ਨਾ ਕੋਈ ਜਗਾਇਆ । ਦਰ ਦਰ ਘਰ ਘਰ ਮੰਦਰ ਅੰਦਰ ਧੁੱਖਦੇ ਧੂਪ, ਕੋਟੀ ਕੋਟਨ ਹਵਨ ਕਰਾਇਆ । ਕਿਸੇ ਨਾ ਮਿਲਿਆ ਸਤਿ ਸਰੂਪ, ਸਤਿ ਪੁਰਖ ਨਿਰੰਜਣ ਨਜ਼ਰ ਨਾ ਆਇਆ । ਹਾਹਾਕਾਰ ਚਾਰੋਂ ਕੂਟ, ਦਹਿ ਦਿਸ਼ਾ ਰਿਹਾ ਕੁਰਲਾਇਆ । ਜਗਤ ਨਾਤਾ ਕਿਸੇ ਨਾ ਗਿਆ ਛੂਟ, ਨਾ ਕੋਈ ਬੰਧਨ ਬੰਧ ਬੰਧਾਇਆ । ਵਰਨ ਬਰਨ ਪਈ

੧੦੧੯
੦੬

ਛੂਟ, ਸਾਚੀ ਸਰਨ ਨਾ ਕੋਈ ਰਖਾਇਆ । ਪੰਚ ਵਿਕਾਰਾ ਰਿਹਾ ਕੂਟ, ਦਿਵਸ ਰੈਣ ਰਿਹਾ ਕੁਰਲਾਇਆ । ਗੁਰ ਗੋਬਿੰਦੇ ਤੇਰਾ ਤੀਰ ਨਿਰਾਲਾ ਏਕਾ ਜਾਏ ਛੂਟ, ਰਸਨਾ ਚਿੱਲੇ ਆਪ ਚੜ੍ਹਾਇਆ । ਨੌਂ ਖੰਡ ਨਾ ਦਿਸੇ ਜੂਠ ਝੂਠ, ਬੀਸ ਸਦ ਬੀਸ ਦਏ ਰੁੜ੍ਹਾਇਆ । ਮਨਮੁਖ ਜੀਵਾਂ ਟੰਗੇ ਪੁੱਠ, ਰਾਏ ਧਰਮ ਹੱਥ ਫੜਾਇਆ । ਗੁਰਮੁਖ ਲੁਕਿਆ ਰਹੇ ਨਾ ਕੋਈ ਗੁੱਠ, ਆਪੇ ਆਪ ਲਏ ਉਠਾਇਆ । ਹਰਬੰਸ ਬਲਵੰਤ ਪ੍ਰਭ ਗਿਆ ਤੁਠ, ਘਰ ਸਾਚੇ ਡੇਰਾ ਲਾਇਆ । ਜੁਗਾਂ ਜੁਗਾਂ ਦੇ ਵਿਛੜੇ ਗਏ ਰੁਠ, ਕਲਜੁਗ ਵੇਲਾ ਅੰਤਮ ਮੇਲ ਮਿਲਾਇਆ । ਮਨਮੁਖਾਂ ਹੱਥ ਫੜਾਏ ਖਾਲੀ ਠੂਠ, ਨਾਮ ਭਿਛਿਆ ਨਾ ਕੋਈ ਪਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗਏ ਤੁਠ, ਪਾਰਬ੍ਰਹਮ ਸਰਨਾਇਆ । ਏਕਾ ਲਾਹਾ ਰਹੇ ਲੁੱਟ, ਅੰਮ੍ਰਿਤ ਆਤਮ ਜਾਮ ਪਿਆਇਆ । ਨਾਮ ਨਿਧਾਨਾ ਪਿਆਏ ਏਕਾ ਘੁੱਟ, ਅੱਠੇ ਪਹਿਰ ਖੁਮਾਰ ਰਖਾਇਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜਿਸ ਜਨ ਆਪਣਾ ਲੜ ਫੜਾਇਆ । ਪੰਚਮ ਪੰਚਾਂ ਜੜ੍ਹ ਦੇਵੇ ਪੁੱਟ, ਪੰਚਮ ਸ਼ਬਦ ਕਰੇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੇ ਕਾਇਆ ਘਰ, ਏਕਾ ਅਨਹਦ ਤਾਲ ਵਜਾਇਆ । ਅਨਹਦ ਤਾਲ ਸ਼ਬਦ ਵੈਰਾਗ, ਪ੍ਰਭ ਸਾਚਾ ਆਪ ਵਜਾਇੰਦਾ । ਗੁਰਮੁਖ ਨਾਰੀ ਮਿਲਿਆ ਕੰਤ ਸੁਹਾਗ, ਕੰਤ ਕੰਤਹੂਲਾ ਮੇਲ ਮਿਲਾਇੰਦਾ । ਦੀਪਕ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇੰਦਾ । ਕੂੜ ਕੁੜਿਆਰਾ ਧੋਵੇ ਦਾਗ਼, ਸਚ ਸੁੱਖ ਰਖਾਇੰਦਾ । ਸਾਚਾ ਮਜਨ ਏਕਾ ਮਾਘ, ਆਤਮ ਸਰ ਸਰੋਵਰ ਆਪ ਕਰਾਇੰਦਾ । ਮਾਇਆ ਡੱਸੇ ਨਾ ਡੱਸਣੀ ਨਾਗ, ਤ੍ਰਿਸਨਾ ਤ੍ਰਿਪਤ ਕਰਾਇੰਦਾ । ਦੋ ਜਹਾਨੀ ਆਪੇ ਪਕੜੇ ਵਾਗ, ਨਾਮ ਘੋੜੇ ਆਪ ਚੜ੍ਹਾਇੰਦਾ । ਗੁਰ ਪੂਰਾ ਨਾ ਸੋਇਆ ਨਾ ਗਿਆ ਜਾਗ, ਅੱਠੇ ਪਹਿਰ ਏਕਾ ਰੰਗ ਰੰਗਾਇੰਦਾ । ਹਰਬੰਸ ਬਲਵੰਤ ਹੋਏ ਵਡ ਵਡ ਭਾਗ, ਵਡ ਭਾਗੀ ਹਰਿ ਹਰਿ ਪਾਇੰਦਾ । ਵਡਭਾਗੀ ਵਡ ਭਾਗ, ਹਰਿ ਹਰਿ ਪਾਇਆ । ਦੀਪਕ ਦੀਪ ਜਗੇ ਚਿਰਾਗ, ਦੀਪਕ ਦੀਪ ਕਰੇ ਰੁਸ਼ਨਾਇਆ । ਪੰਚ ਵਿਕਾਰਾ ਲੱਗੀ ਆਗ, ਤ੍ਰੈਗੁਣ ਮਾਇਆ ਲਹਿਣਾ ਰਿਹਾ ਚੁਕਾਇਆ । ਧੁਨ ਆਤਮਕ ਉਪਜੇ ਸਾਚਾ ਰਾਗ, ਅਨਾਦੀ ਧੁਨ ਰਿਹਾ ਸੁਣਾਇਆ । ਚਰਨ ਕਵਲ ਜਨ ਗਿਆ ਲਾਗ, ਧੰਨ ਧੰਨ ਜਣੇਂਦੀ ਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗ੍ਰਿਹ ਮੰਦਰ ਸਾਚੇ ਅੰਦਰ ਆਪ ਆਪਣਾ ਡੇਰਾ ਲਾਇਆ ।

### * ੨੦ ਮੱਘਰ ੨੦੧੪ ਬਿਕ੍ਰਮੀ ਖ਼ੁਸ਼ਹਾਲ ਸਿੰਘ ਦੇ ਗ੍ਰਿਹ ਪਿੰਡ ਮਾਨਾ ਵਾਲਾ ਜ਼ਿਲਾ ਅੰਮ੍ਰਿਤਸਰ *

ਪਾਰਬ੍ਰਹਮ ਪੁਰਖ ਸੁਲਤਾਨਾ, ਥਿਰ ਘਰ ਰਿਹਾ ਸੁਹਾਈਆ । ਜੋਤੀ ਨੂਰ ਹਰਿ ਮਹਾਨਾ, ਹਰਿ ਹਰਿ ਰਿਹਾ ਜਗਾਈਆ । ਸ਼ਬਦੀ ਸ਼ਬਦ ਇਕ ਤਰਾਨਾ, ਆਪਣਾ ਆਪ ਅਲਾਈਆ । ਆਪੇ ਗਾਏ ਆਪਣਾ ਗਾਣਾ, ਗਾਵਣਹਾਰ ਆਪ ਅਖਵਾਈਆ । ਪਾਰਬ੍ਰਹਮ ਪ੍ਰਭ ਹਰਿ ਭਗਵਾਨਾ, ਨੂਰੋ ਨੂਰ ਸਮਾਈਆ । ਅਕਲ ਕਲਾ ਕਲ ਖੇਲ ਮਹਾਨਾ, ਭੇਵ ਅਭੇਦਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਰਿਹਾ ਸੁਹਾਈਆ । ਸਾਚਾ ਘਰ ਹਰਿ ਭਗਵੰਤ, ਏਕਾ ਏਕ ਸੁਹਾਇਆ । ਆਪੇ ਜਾਣੇ ਆਦਿ ਅੰਤ, ਭੇਵ ਕਿਸੇ ਨਾ ਰਾਇਆ ।

ਜੁਗ ਜੁਗ ਉਪਾਏ ਸਾਧ ਸੰਤ, ਦੇ ਮਤ ਆਪ ਸਮਝਾਇਆ । ਗੁਰ ਪੀਰ ਬਣਾਏ ਬਣਤ, ਏਕਾ ਮੰਤਰ ਨਾਮ ਦ੍ਰਿੜਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਜਗਤ ਮਹਿੰਮਾ ਗਣਤ ਅਗਣਤ, ਲੇਖਾ ਲੇਖ ਨਾ ਕੋਈ ਲਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਸੇਜ ਹੰਢਾਇਆ । ਆਪ ਆਪਣੀ ਸੇਜ ਹੰਢਾ, ਆਪਣਾ ਰੰਗ ਰੰਗਾਇੰਦਾ । ਨਿਰਗੁਣ ਨਿਰਗੁਣ ਵਿਚ ਸਮਾ, ਨਿਰਗੁਣ ਰੂਪ ਉਪਾਇੰਦਾ । ਜੋਤੀ ਜੋਤ ਜੋਤ ਜਗਾ, ਜਾਗਰਤ ਜੋਤ ਵਖਾਇੰਦਾ । ਸ਼ਬਦੀ ਸ਼ਬਦ ਸ਼ਬਦ ਜਣਾ, ਸ਼ਬਦੀ ਬਣਤ ਬਣਾਇੰਦਾ । ਆਪ ਆਪਣਾ ਵਿਚ ਟਿਕਾ, ਆਪ ਆਪਣਾ ਮੁਖ ਛੁਪਾਇੰਦਾ । ਆਪ ਆਪਣਾ ਲਏ ਉਪਾ, ਦਿਸ ਕਿਸੇ ਨਾ ਆਇੰਦਾ । ਜੁਗ ਜੁਗ ਭੇਖ ਰਿਹਾ ਵਟਾ, ਭੇਖਾਧਾਰੀ ਨਾਉਂ ਧਰਾਇੰਦਾ । ਸਤਿ ਪੁਰਖ ਨਿਰੰਜਣ ਆਪ ਅਖਵਾ, ਸਤਿ ਪੁਰਖ ਮੇਲ ਮਿਲਾਇੰਦਾ । ਕਾਇਆ ਕੰਚਨ ਗੜ੍ਹ ਸੁਹਾ, ਨਾਮ ਸੁਹਾਗਾ ਉਪਰ ਲਾਇੰਦਾ । ਏਕਾ ਅੱਖਰ ਨਾਮ ਜਪਾ, ਜਿਹਵਾ ਮਣੀਆ ਆਪ ਹਿਲਾਇੰਦਾ । ਗਾਵਤ ਗਾਵਤ ਸਾਰੇ ਰਹੇ ਗਾ, ਗਾਵਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਥਿਰ ਘਰ ਸਾਚਾ ਇਕ ਸੁਹਾਇੰਦਾ । ਹਰਿ ਸ਼ਬਦ ਤਖ਼ਤ ਸੁਲਤਾਨ, ਬੈਠਾ ਨਰ ਨਿਰੰਕਾਰਿਆ । ਸ਼ਾਹੋ ਭੂਪ ਰਾਜ ਰਾਜਾਨ, ਦੋ ਜਹਾਨੀ ਪਾਵੇ ਸਾਰਿਆ । ਆਪੇ ਦਾਤਾ ਦਾਨੀ ਦੇਵੇ ਦਾਨ, ਆਪੇ ਮੰਗੇ ਮੰਗ ਢਹਿ ਦਵਾਰਿਆ । ਆਪੇ ਬਖ਼ਸ਼ੇ ਚਰਨ ਧੂੜ ਇਸ਼ਨਾਨ, ਸਰ ਸਰੋਵਰ ਆਪ ਨੁਹਾ ਰਿਹਾ । ਆਪੇ ਹੋਵੇ ਜਾਣੀ ਜਾਣ, ਜਾਨਣਹਾਰ ਆਪ ਅਖਵਾ ਰਿਹਾ । ਆਪੇ ਹੋਏ ਚਤੁਰ ਸੁਜਾਨ, ਮੂਰਖ ਮੂੜ੍ਹ ਆਪ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਸਾਚਾ ਇਕ ਸੁਹਾ ਰਿਹਾ । ਸਾਚਾ ਹਰਿ ਸਚ ਵਡਿਆਈ, ਘਰ ਸਾਚੇ ਜੋਤ ਜਗਾਈਆ । ਆਦਿ ਪੁਰਖ ਭੇਵ ਨਾ ਰਾਈ, ਅਗੰਮ ਅਗੰਮੜਾ ਧਾਮ ਸੁਹਾਈਆ । ਆਪਣੇ ਹੱਥ ਸਮਰਥ ਸ਼ਬਦ ਅਕੱਥ ਰਿਹਾ ਜਣਾਈ, ਅਗਾਧ ਬੋਧ ਨਾਮ ਰਖਾਈਆ । ਆਪ ਆਪਣਾ ਰਥ ਰਿਹਾ ਚਲਾਈ, ਜੁਗ ਜੁਗ ਸਾਚਾ ਰਥਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਬੈਠਾ ਬੇਪਰਵਾਹੀਆ । ਥਿਰ ਘਰ ਸਾਚਾ ਸ਼ਬਦ ਬਿਬਾਣਾ, ਹਰਿ ਏਕਾ ਏਕ ਰਖਾਇਆ । ਭੇਵ ਨਾ ਜਾਣੇ ਰਾਜਾ ਰਾਣਾ, ਸ਼ਾਹ ਸੁਲਤਾਨਾ ਭੇਵ ਨਾ ਪਾਇਆ । ਜੁਗ ਜੁਗ ਚਲੇ ਚਲਾਏ ਆਪਣੇ ਭਾਣਾ, ਹਰਿ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਇਆ । ਆਪ ਆਪਣੀ ਬਣਤ ਬਣਾ, ਹਰਿ ਸਾਚੇ ਜੋਤ ਜਗਾਈਆ । ਜੋਤੀ ਜੋਤ ਗਿਆ ਸਮਾ, ਜੋਤੀ ਜੋਤ ਲਏ ਉਪਾਈਆ । ਰਕਤ ਬੂੰਦ ਕੋਈ ਦਿਸੇ ਨਾ, ਪਿਤਾ ਮਾਤ ਨਾ ਕੋਈ ਅਖਵਾਈਆ । ਸਾਚਾ ਸੁਤ ਆਪ ਜਣਾ, ਹਰਿ ਸ਼ਬਦੀ ਨਾਉਂ ਰਖਾਈਆ । ਸ਼ਬਦੀ ਸ਼ਬਦ ਹਰਿ ਵੰਡ ਵੰਡਾ, ਬ੍ਰਹਿਮੰਡ ਰਚਨ ਰਚਾਈਆ । ਬ੍ਰਹਿਮੰਡ ਹਰਿ ਵੇਖ ਵਖਾ, ਆਪ ਆਪਣਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਲੇਖੇ ਲਾ, ਬ੍ਰਹਮੇ ਝੋਲੀ ਪਾਈਆ । ਬ੍ਰਹਮਾ ਸੇਵਕ ਸੇਵਾ ਲਾ, ਪੰਜ ਤਤ ਦਏ ਵਡਿਆਈਆ । ਪੰਜ ਤਤ ਹਰਿ ਬਣਤ ਬਣਾ, ਸਰਗੁਣ ਵੇਖ ਵਖਾਈਆ । ਮਨ ਮਤ ਬੁਧ ਵਿਚ ਦਏ ਟਿਕਾ, ਨਿਰਗੁਣ ਖੇਲ ਖਿਲਾਈਆ । ਆਪ ਆਪਣਾ ਰਿਹਾ ਛੁਪਾ, ਦਿਸ ਕਿਸੇ ਨਾ ਆਈਆ । ਏਕਾ ਮੰਤਰ ਨਾਮ ਦ੍ਰਿੜਾ, ਬ੍ਰਹਮੇ ਬੂਝ ਬੁਝਾਈਆ । ਚਾਰੇ ਵੇਦਾਂ ਰਿਹਾ ਲਿਖਾ, ਲੇਖਾ ਅੰਤ ਨਾ ਕੋਈ ਗਿਣਾਈਆ । ਪੁਰਖ ਅਬਿਨਾਸ਼ੀ ਬੈਠਾ ਆਪਣੇ ਥਾਂ, ਥਿਰ ਘਰ ਸਾਚਾ ਥਾਂ ਸੁਹਾਈਆ । ਜੀਵ ਜੰਤ ਲਏ ਉਪਾ, ਸਾਧ ਸੰਤ ਦਏ ਵਡਿਆਈਆ । ਮਾਨਸ ਮਾਨੁਖ

ਲੇਖੇ ਲਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਆਤਮ ਬ੍ਰਹਮ ਦਏ ਜਣਾ, ਪਾਰਬ੍ਰਹਮ ਭੇਵ ਨਾ ਰਾਈਆ । ਲੋਕਮਾਤੀ ਮਾਰਗ ਲਾ, ਏਕਾ ਰਾਹ ਵਖਾਈਆ । ਸਤਿਜੁਗ ਤ੍ਰੇਤਾ ਵੇਖ ਵਖਾ, ਦੁਆਪਰ ਧਾਰ ਬੰਧਾਈਆ । ਕਲਜੁਗ ਅੰਤਮ ਗਿਆ ਆ, ਪ੍ਰਭ ਆਪਣੇ ਹੱਥ ਰੱਖੀ ਵਡਿਆਈਆ । ਨਾਨਕ ਗੋਬਿੰਦ ਗਿਆ ਲਿਖਾ, ਨਾ ਕੋਈ ਸਕੇ ਮੇਟ ਮਿਟਾਈਆ । ਨਿਹਕਲੰਕ ਕਲ ਜਾਮਾ ਪਾ, ਹਰਿ ਸਾਚੀ ਜੋਤ ਕਰੇ ਰੁਸ਼ਨਾਈਆ । ਰਾਓ ਰੰਕਾਂ ਲਏ ਜਗਾ, ਰਾਜ ਰਾਜਾਨਾਂ ਦਏ ਹਿਲਾਈਆ । ਸ਼ਾਹ ਸੁਲਤਾਨਾਂ ਦਏ ਉਠਾ, ਸੋਇਆ ਕੋਈ ਰਹਿਣ ਨਾ ਪਾਈਆ । ਬ੍ਰਹਮਾ ਸ਼ਿਵ ਵਿਸ਼ਨ ਵੇਖੇ ਥਾਉਂ ਥਾਂ, ਪੁਰੀਆਂ ਲੋਆਂ ਫੇਰਾ ਪਾਈਆ । ਕਰੋੜ ਤੇਤੀਸਾ ਸੁਰਪਤ ਰਾਜਾ ਇੰਦ ਲੁਕਿਆ ਰਹਿਣਾ ਨਾ, ਪ੍ਰਭ ਸਾਚਾ ਲਏ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਵੰਡ ਵੰਡਾ, ਵੰਡਣਹਾਰ ਆਪ ਹੋ ਜਾਈਆ । ਜੇਰਜ ਅੰਡ ਉਤਭੁਜ ਸੇਤਜ ਗਿਆ ਸਮਾ, ਦਿਸ ਕਿਸੇ ਨਾ ਆਈਆ । ਵੇਦ ਪੁਰਾਨਾਂ ਆਪ ਲਿਖਾ, ਗੀਤਾ ਗਿਆਨ ਜਣਾਈਆ । ਅੰਜੀਲ ਕੁਰਾਨਾਂ ਲੇਖਾ ਜਾਣੇ ਆਪ ਅਲ੍ਹਾ, ਅਲਾਹੀ ਰੂਪ ਸਮਾਈਆ । ਨਾਨਕ ਅੰਗਦ ਅਮਰਦਾਸ ਗੁਰ ਵੇਖ ਵਖਾ, ਰਾਮਦਾਸ ਰਾਮਾ ਰੂਪ ਸਮਾਈਆ । ਅਰਜਨ ਲੇਖਾ ਹੱਥ ਫੜਾ, ਲੋਕਮਾਤ ਦਏ ਵਡਿਆਈਆ । ਹਰਿ ਗੋਬਿੰਦ ਰੂਪ ਵਟਾ, ਦਰ ਸਾਚੇ ਬੂਝ ਬੁਝਾਈਆ । ਹਰਿ ਰਾਏ ਹਰਿ ਇਕ ਸਰਨਾ, ਸਰਨਗਤ ਇਕ ਸਮਝਾਈਆ । ਬਾਲ ਅਵਸਥਾ ਲੇਖੇ ਲਾ, ਕ੍ਰਿਸ਼ਨ ਕ੍ਰਿਸ਼ਨਾ ਵੇਖ ਵਖਾਈਆ । ਤੇਗ ਬਹਾਦਰ ਤੇਰਾ ਨਾਂ, ਚਾਰ ਵਰਨ ਕਰੇ ਜਣਾਈਆ । ਗੁਰ ਗੋਬਿੰਦੇ ਦੇਵੇ ਠੰਡੀ ਛਾਂ, ਗਊ ਗਰੀਬਾਂ ਗਲੇ ਲਗਾਈਆ । ਵੇਲੇ ਅੰਤਮ ਪਕੜੇ ਬਾਂਹ, ਜੋ ਸਰਸੇ ਗਿਆ ਰੁੜ੍ਹਾਈਆ । ਲੋਕਮਾਤ ਜਨਮ ਦਵਾ, ਪੁਰਖ ਬਿਧਾਤੀ ਮੇਲ ਮਿਲਾਈਆ । ਅੰਮ੍ਰਿਤ ਬੂੰਦ ਸਵਾਂਤੀ ਇਕ ਪਿਆ, ਸਾਂਤਕ ਸਤਿ ਵਰਤਾਈਆ । ਇਕ ਇਕਾਂਤੀ ਦਰਸ ਦਿਖਾ, ਨਿਰਗੁਣ ਜੋਤ ਦਰਸਾਈਆ । ਕਲਜੁਗ ਰੈਣ ਰੈਣ ਅੰਧੇਰੀ ਰਾਤੀ ਮੇਟ ਮਿਟਾ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਏਕਾ ਅੱਖਰ ਜਾਪ ਜਪਾ, ਵਾਹ ਵਾਹ ਗੁਰੂ ਹੱਥ ਵਡਿਆਈਆ । ਚਾਰ ਵਰਨਾਂ ਏਕਾ ਥਾਂ ਦਏ ਬਹਾ, ਊਚ ਨੀਚ ਭੇਵ ਨਾ ਰਾਈਆ । ਸ਼ਾਹ ਸੁਲਤਾਨਾਂ ਦਰ ਦਰ ਰਿਹਾ ਫਿਰਾ, ਕੋਈ ਭਿਖਿਆ ਨਾਮ ਨਾ ਪਾਈਆ । ਸੰਮਤ ਚੌਦਾਂ ਵੀਹ ਸਦ ਤੇਰਾਂ ਲੇਖਾ ਗਿਆ ਲਿਖਾ, ਚੌਦਾਂ ਲੋਕ ਦਏ ਦੁਹਾਈਆ । ਨਿਹਕਲੰਕਾ ਖੇਲ ਰਚਾ, ਏਕਾ ਡੰਕਾ ਰਿਹਾ ਵਜਾਈਆ । ਦਵਾਰ ਬੰਕਾ ਦਏ ਸੁਹਾ, ਘਰ ਸਾਚੇ ਆਸਣ ਲਾਈਆ । ਗੁਰਮੁਖ ਉਧਾਰੇ ਜਿਉਂ ਜਨ ਜਨਕਾ, ਧੰਨ ਧੰਨ ਜਣੇਂਦੀ ਮਾਈਆ । ਮੇਲ ਮਿਲਾਵਾ ਬਾਰ ਅਨਕਾ, ਕਲਜੁਗ ਅੰਤਮ ਮੇਲ ਮਿਲਾਈਆ । ਪਰਗਟ ਹੋਏ ਵਾਸੀ ਪੁਰੀ ਘਨਕਾ, ਸੰਬਲ ਨਗਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਸੰਬਲ ਨਗਰ ਸਾਚਾ ਖੇੜਾ, ਹਰਿ ਗੋਬਿੰਦ ਜੋਤ ਜਗਾਈਆ । ਆਤਮ ਅੰਤਰ ਖੁਲ੍ਹਾ ਵਿਹੜਾ, ਬੈਠਾ ਸੇਜ ਵਿਛਾਈਆ । ਕਰੇ ਕਰਾਏ ਹੱਕ ਨਿਬੇੜਾ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਤੇਰਾ ਅੰਤਮ ਚੁੱਕੇ ਝੇੜਾ, ਸਤਿਜੁਗ ਸਾਚਾ ਲਏ ਅੰਗੜਾਈਆ । ਜੂਠ ਝੂਠ ਡੁੱਬੇ ਬੇੜਾ, ਮਾਇਆ ਮਮਤਾ ਨਾਲ ਰੁੜ੍ਹਾਈਆ । ਸੰਮਤ ਪੰਦਰਾਂ ਲੱਗੇ ਉਖੇੜਾ, ਨਾ ਕੋਈ ਧੀਰ ਧਰਾਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਗੇੜਾ, ਗੇੜਨਹਾਰ ਆਪ ਰਘੁਰਾਈਆ । ਬਿਨ ਗੁਰ ਪੂਰੇ ਪਾਰ ਲੰਘਾਏ ਕਿਹੜਾ, ਲੱਖ ਚੁਰਾਸੀ ਦਏ ਦੁਹਾਈਆ । ਤ੍ਰੈਗੁਣ ਮਾਇਆ ਪਾਇਆ ਝੇੜਾ, ਨਾ ਸਕੇ ਕੋਈ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਈਆ । ਸਚ


੧੦੨੨ ੦੬

ਘਰ ਸਚ ਦਰਬਾਰਾ, ਹਰਿ ਸਾਚੀ ਜੋਤ ਜਗਾਈਆ । ਖੇਲੇ ਖੇਲ ਵਿਚ ਸੰਸਾਰਾ, ਐੜਾ ਅੱਖਰ ਲੇਖੇ ਲਾਈਆ । ਅਥਰਬਣ ਰੋਵੇ ਹਾਹਾਕਾਰਾ, ਅੱਲਾ ਰਾਣੀ ਦਏ ਦੁਹਾਈਆ । ਸੰਗ ਮੁਹੰਮਦ ਚਾਰ ਯਾਰਾ, ਈਸਾ ਮੂਸਾ ਰਿਹਾ ਕੁਰਲਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰਾ, ਕਰਨਹਾਰ ਆਪ ਅਖਵਾਈਆ । ਚੌਦਾਂ ਤਬਕਾਂ ਦਏ ਹੁਲਾਰਾ, ਏਕਾ ਧੱਕਾ ਲਾਈਆ । ਨੌਂ ਸੱਤ ਵੇਖ ਦਵਾਰਾ, ਪਾਰ ਕਿਨਾਰ ਨਾ ਕੋਈ ਜਣਾਈਆ । ਮਨਮੁਖ ਡੋਬੇ ਵਹਿੰਦੀ ਧਾਰਾ, ਕਲਜੁਗ ਮਾਇਆ ਵਹਿਣ ਵਹਾਈਆ । ਗੁਰ ਗੋਬਿੰਦ ਗੋਬਿੰਦ ਗੋਬਿੰਦ ਸ਼ਬਦ ਗੁਰ ਲੈ ਅਵਤਾਰਾ, ਸ਼ਬਦੀ ਬਣਤ ਬਣਾਈਆ । ਨਿਰਮਲ ਜੋਤੀ ਕਰ ਆਕਾਰਾ, ਅਕਲ ਕਲਾ ਸਮਾਈਆ । ਕਲਜੁਗ ਮੇਟੇ ਕੂੜ ਪਸਾਰਾ, ਅੰਤ ਰਹਿਣ ਨਾ ਪਾਈਆ । ਜੂਠ ਝੂਠ ਰੋਵੇ ਜ਼ਾਰੋ ਜ਼ਾਰਾ, ਚਾਰੋਂ ਕੁੰਟ ਦਏ ਦੁਹਾਈਆ । ਸਤਿਜੁਗ ਸਾਚਾ ਮਾਰੇ ਇਕ ਲਲਕਾਰਾ, ਸੋਹੰ ਸੋ ਕਰੇ ਲੜਾਈਆ । ਸੋ ਪੁਰਖ ਨਿਰੰਜਣ ਆਪ ਕਰਤਾਰਾ, ਹੰ ਹੰਗਤਾ ਦਏ ਮਿਟਾਈਆ । ਨਾਮ ਖੰਡਾ ਤੇਜ ਕਟਾਰਾ, ਗੁਰ ਗੋਬਿੰਦ ਰਿਹਾ ਉਠਾਈਆ । ਬ੍ਰਹਿਮੰਡ ਖੰਡ ਪਾਵੇ ਸਾਰਾ, ਜੇਰਜ ਅੰਡ ਭੁੱਲ ਨਾ ਰਾਈਆ । ਮਨਮੁਖਾਂ ਸੁੱਤਾਂ ਦੇ ਕਰ ਕੰਡ, ਲੋਕਮਾਤ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਵਖਾਈਆ । ਸਾਚਾ ਘਰ ਹਰਿ ਨਿਰੰਜਣ, ਏਕਾ ਅਲਖ ਜਗਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਜੁਗ ਜੁਗ ਭੇਖ ਵਟਾਇੰਦਾ । ਜਨ ਭਗਤਾਂ ਦੇਵੇ ਨੇਤਰ ਨਾਮ ਅੰਜਨ, ਅੰਧ ਅੰਧੇਰ ਮਿਟਾਇੰਦਾ । ਚਰਨ ਧੂੜ ਬਖ਼ਸ਼ੇ ਸਾਚਾ ਮਜਨ, ਅੱਠ ਸੱਠ ਮਾਣ ਗਵਾਇੰਦਾ । ਅਨਹਦ ਤਾਲ ਤਲਵਾੜੇ ਕਾਇਆ ਮੰਦਰ ਵੱਜਣ, ਪ੍ਰਭ ਸਾਚਾ ਆਪ ਵਜਾਇੰਦਾ । ਗੜ੍ਹ ਹੰਕਾਰੀ ਘਰ ਸਾਚੇ ਭੱਜਣ, ਭਾਂਡਾ ਕਾਚਾ ਰਹਿਣ ਨਾ ਪਾਇੰਦਾ । ਜਨ ਭਗਤਾਂ ਰੱਖੇ ਜੁਗ ਜੁਗ ਲਜਣ, ਲਾਜਾਵੰਤ ਆਪ ਹੋ ਆਇੰਦਾ । ਗੁਰਸਿਖਾਂ ਆਇਆ ਪੜਦੇ ਕੱਜਣ, ਨਾਮ ਦੋਸ਼ਾਲਾ ਏਕਾ ਪਾਇੰਦਾ । ਗੁਰਮੁਖ ਵਿਰਲੇ ਅੰਮ੍ਰਿਤ ਆਤਮ ਪੀ ਪੀ ਰੱਜਣ, ਸਰ ਸਰੋਵਰ ਇਕ ਵਖਾਇੰਦਾ । ਦਸਮ ਦਵਾਰੀ ਸਾਚਾ ਹਾਜੀ ਹੱਜ ਕਰਾਏ ਹਜਨ, ਮੱਕਾ ਕਾਅਬਾ ਇਕ ਵਖਾਇੰਦਾ । ਆਤਮ ਸੇਜਾ ਗੁਰਮੁਖ ਸੰਤ ਸੁਹੇਲੇ ਬਹਿ ਬਹਿ ਸਜਣ, ਪ੍ਰਭ ਸਾਚਾ ਆਪ ਬਹਾਇੰਦਾ । ਪੰਚ ਵਿਕਾਰਾ ਲੋਕ ਲੱਜਿਆ ਤੱਜਣ, ਥਿਰ ਘਰ ਸਾਚਾ ਆਪ ਵਖਾਇੰਦਾ । ਇਕ ਚੜ੍ਹਾਏ ਨਾਮ ਜਹਾਜ਼ਨ, ਦੋ ਜਹਾਨਾਂ ਪਾਰ ਕਰਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਇੰਦਾ । ਕਲਜੁਗ ਸਤਿਜੁਗ ਰਚਿਆ ਕਾਜਨ, ਲਹਿਣਾ ਦੇਣਾ ਮੂਲ ਚੁਕਾਇੰਦਾ । ਪਰਗਟ ਜੋਤ ਦੇਸ ਮਾਝਨ, ਸੰਬਲ ਨਗਰੀ ਆਸਣ ਲਾਇੰਦਾ । ਜਨ ਭਗਤਾਂ ਅੰਤਰ ਆਤਮ ਮਾਰੇ ਆਵਾਜਨ, ਦਿਸ ਕਿਸੇ ਨਾ ਆਇੰਦਾ । ਨਾਥ ਤ੍ਰੈਲੋਕੀ ਗਰੀਬ ਨਿਵਾਜਨ, ਗਊ ਗਰੀਬਾਂ ਗਲੇ ਲਗਾਇੰਦਾ । ਆਪੇ ਸਾਜਣਹਾਰਾ ਸਾਜਣ, ਆਪਣੀ ਰਚਨਾ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਵਖਾਇੰਦਾ । ਸਾਚਾ ਘਰ ਹਰਿ ਨਰਾਇਣ, ਨਿਰਗੁਣ ਆਪ ਉਪਾਇਆ । ਆਪੇ ਵੇਖੇ ਆਪਣੇ ਨੈਣ, ਜਗਤ ਨੇਤਰ ਦਿਸ ਨਾ ਆਇਆ । ਰਸਨਾ ਕਿਸੇ ਨਾ ਸਕੇ ਕਹਿਣ, ਗੁਣ ਅਵਗੁਣ ਨਾ ਕੋਇ ਜਣਾਇਆ । ਜੁਗ ਜੁਗ ਆਪੇ ਜਾਣੇ ਲਹਿਣਾ ਦੇਣ, ਲਹਿਣਾ ਦੇਣਾ ਆਪ ਮੁਕਾਇਆ । ਕਲਜੁਗ ਕਾਲੀ ਖਾਏ ਲਾੜੀ ਮੌਤ ਡੈਣ, ਵੇਲਾ ਅੰਤਮ ਦਏ ਦੁਹਾਇਆ । ਨਾਤਾ ਤੁਟੇ ਸਾਕ ਸੱਜਣ ਮਾਤ ਪਿਤ ਭਾਈ ਭੈਣ, ਬੰਧਨ ਬੰਧ ਨਾ ਕੋਈ ਬੰਧਾਇਆ । ਮਨਮੁਖ ਜੀਵ ਵਹਿਣ ਝੂਠੇ ਵਹਿਣ, ਝੂਠੇ ਧੰਦੇ ਵਕ਼ਤ ਗਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ

੧੦੨੩ ੦੬

ਸਾਚਾ ਇਕ ਸੁਹਾਇਆ । ਸਾਚਾ ਘਰ ਹਰਿ ਮਿਹਰਵਾਨ, ਆਪਣਾ ਆਪ ਉਪਾਇੰਦਾ । ਨਾ ਕੋਈ ਮੰਦਰ ਮਸਜਿਦ ਦਿਸੇ ਮਕਾਨ, ਚਾਰ ਦਿਵਾਰ ਨਾ ਕੋਈ ਰਖਾਇੰਦਾ । ਉਚਾ ਨੀਚਾ ਨਾ ਝੁੱਲੇ ਕੋਈ ਨਿਸ਼ਾਨ, ਸੰਖ ਨਾਦ ਨਾ ਕੋਈ ਵਜਾਇੰਦਾ । ਨਾ ਕੋਈ ਵੇਦ ਪਾਠ ਪੁਰਾਨ, ਪੂਜਾ ਸੰਧਿਆ ਨਾ ਕੋਈ ਕਰਾਇੰਦਾ । ਨਾ ਕੋਈ ਹਦੀਸ ਅੰਜੀਲ ਕੁਰਾਨ, ਸ਼ਰਅ ਸ਼ਰਾਇਤ ਨਾ ਕੋਈ ਜਣਾਇੰਦਾ । ਛੱਤੀ ਰਾਗ ਨਾ ਕੋਈ ਵਖਿਆਨ, ਖਾਣੀ ਬਾਣੀ ਨਾ ਕੋਈ ਅਲਾਇੰਦਾ । ਇਕ ਇਕੱਲਾ ਸ੍ਰੀ ਭਗਵਾਨ, ਥਿਰ ਘਰ ਬੈਠਾ ਆਸਣ ਲਾਇੰਦਾ । ਨਾ ਕੋਈ ਖਾਣ ਨਾ ਕੋਈ ਪੀਣ, ਨਾ ਕੋਈ ਬਸਤਰ ਤਨ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਘਰ ਸਾਚਾ ਇਕ ਦਰਸਾਇੰਦਾ । ਸਾਚਾ ਘਰ ਦਰਸ ਅਮੋਘ, ਹਰਿ ਜੋਤੀ ਨੂਰ ਸਵਾਈਆ । ਨਾ ਕੋਈ ਚਿੰਤਾ ਨਾ ਕੋਈ ਸੋਗ, ਨਾ ਕੋਈ ਭੋਗ ਭੁਗਾਈਆ । ਨਾ ਕੋਈ ਜੋਗ ਨਾ ਵਿਜੋਗ, ਨਾ ਕੋਈ ਰੋਗ ਰਿਹਾ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲਾ ਰਿਹਾ ਵਸਾਈਆ । ਸਚ ਮਹੱਲਾ ਆਪ ਵਸਾ, ਆਪਣੀ ਕਲ ਵਰਤਾਈਆ । ਆਪ ਆਪਣੀ ਜੋਤ ਜਗਾ, ਅੱਠੇ ਪਹਿਰ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵਿਚ ਗਿਆ ਸਮਾ, ਹਰ ਘਟ ਬੈਠਾ ਆਸਣ ਲਾਈਆ । ਸੰਤ ਸੁਹੇਲੇ ਲਏ ਮਿਲਾ, ਜੁਗ ਜੁਗ ਹੱਥ ਰੱਖੇ ਵਡਿਆਈਆ । ਸ਼ਬਦੀ ਸ਼ਬਦ ਰਿਹਾ ਜਣਾ, ਹਰਿ ਸ਼ਬਦੀ ਤਾਲ ਵਜਾਈਆ । ਅੰਧ ਅੰਧੇਰਾ ਰਿਹਾ ਮਿਟਾ, ਸਤਿਗੁਰ ਸਾਚਾ ਚੰਦ ਰਿਹਾ ਚੜ੍ਹਾਈਆ । ਏਕਾ ਰਾਗ ਰਿਹਾ ਅਲਾ, ਰਾਗ ਨਾਦ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚਾ ਧਾਮ ਸੁਹਾਈਆ । ਸਾਚਾ ਧਾਮ ਹਰਿ ਸੁਹਾ, ਸਗਲੀ ਚਿੰਤ ਮਿਟਾਇੰਦਾ । ਦਰਸ ਦਿਖਾਏ ਬੇਪਰਵਾਹ, ਗੁਰਮੁਖ ਸੋਏ ਮਾਤ ਜਗਾਇੰਦਾ । ਅੱਖਰ ਵੱਖਰ ਨਾਮ ਪੜ੍ਹਾ, ਸਾਚੀ ਵਿਦਿਆ ਆਪ ਜਣਾਇੰਦਾ । ਬਜਰ ਕਪਾਟੀ ਦਏ ਤੁੜਾ, ਅੰਦਰ ਮੰਦਰ ਕੁੰਡਾ ਲਾਹਿੰਦਾ । ਸਾਚੇ ਪੌੜੇ ਲਏ ਚੜ੍ਹਾ, ਆਪ ਆਪਣੀ ਦਇਆ ਕਮਾਇੰਦਾ । ਸਾਚਾ ਪੱਲਾ ਨਾਮ ਫੜਾ, ਆਪ ਆਪਣੀ ਸੇਵ ਕਮਾਇੰਦਾ । ਆਤਮ ਸੇਜਾ ਇਕ ਵਿਛਾ, ਆਸਣ ਸਿੰਘਾਸਣ ਇਕ ਸੁਹਾਇੰਦਾ । ਗੁਰਮੁਖ ਸਾਜਨ ਮੇਲ ਮਿਲਾ, ਨਾਰੀ ਕੰਤਾ ਰੂਪ ਸਮਾਇੰਦਾ । ਏਕਾ ਦੂਜਾ ਭੇਵ ਚੁਕਾ, ਤੀਜਾ ਨੇਤਰ ਇਕ ਖੁਲ੍ਹਾਇੰਦਾ । ਚੌਥੇ ਘਰ ਦਏ ਬਹਾ, ਅਮਰਾਪਦ ਵਖਾਇੰਦਾ । ਪੰਚਮ ਮੇਲਾ ਸਹਿਜ ਸੁਭਾ, ਗੁਰ ਪੂਰਾ ਆਪ ਕਰਾਇੰਦਾ । ਅੰਮ੍ਰਿਤ ਆਤਮ ਜਾਮ ਪਿਆ, ਦੁਰਮਤ ਮੈਲ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਫੋਲ ਫੁਲਾਇੰਦਾ । ਦਸਮ ਦਵਾਰੀ ਸਚ ਦਵਾਰ, ਹਰਿ ਸਾਚੀ ਜੋਤ ਜਗਾਈਆ । ਨਿਰਮਲ ਬਾਤੀ ਕਰ ਆਕਾਰ, ਨਿਰਗੁਣ ਰਚਨ ਰਚਾਈਆ । ਗੁਰਮੁਖ ਸਾਜਨ ਪਾਏ ਸਾਰ, ਆਪ ਆਪਣੇ ਵਿਚ ਸਮਾਈਆ । ਆਪ ਆਪਣੇ ਅੰਦਰੋਂ ਹੋਏ ਬਾਹਰ, ਆਤਮ ਕੁੰਡਾ ਲਾਹੀਆ । ਸੁੰਨ ਅਗੰਮੋਂ ਪਾਰ ਕਿਨਾਰ, ਦੂਰ ਦੁਰਾਡਾ ਵੇਖ ਵਖਾਈਆ । ਚੌਥੇ ਘਰ ਖੋਲ੍ਹ ਕਿਵਾੜ, ਭਗਤ ਦਵਾਰਾ ਇਕ ਖੁਲ੍ਹਾਈਆ । ਸੋਹੰ ਸੋ ਜੈ ਜੈ ਜੈਕਾਰ, ਸੋ ਪੁਰਖ ਨਿਰੰਜਣ ਰਿਹਾ ਕਰਾਈਆ । ਹੰ ਹੰਗਤਾ ਨਾ ਕੋਈ ਪਸਾਰ, ਪੰਜ ਤਤ ਦਿਸ ਨਾ ਆਈਆ । ਏਕਾ ਅੰਗੀਕਾਰ ਕਰ ਤਿਆਰ, ਆਪ ਆਪਣੇ ਅੰਗ ਲਗਾਈਆ । ਸਾਚਾ ਸੰਗੀ ਧੁਰ ਦਰਬਾਰ, ਗੁਰਮੁਖ ਸਾਚੇ ਲਏ ਉਠਾਈਆ । ਚੌਥੇ ਘਰੋਂ ਹੋਇਆ ਬਾਹਰ, ਪੰਚਮ ਵੇਖੇ ਸਹਿਜ ਸੁਭਾਈਆ । ਪਵਣ ਸਵਾਸੀ ਲਏ ਉਧਾਰ, ਜੋਤ ਪਰਕਾਸ਼ ਇਕ ਕਰਾਈਆ । ਆਦਿ ਅੰਤ ਨਾ ਕਦੇ ਵਿਨਾਸੀ, ਮਰੇ ਜੰਮੇ ਜੰਮੇ ਮਰੇ ਨਾ ਰਾਈਆ । ਛੇਵੇਂ

੧੦੨੪
੦੬

੧੦੨੫
੦੬

ਛੱਪਰ ਨਾ ਕੋਈ ਵੇਖੇ ਖੇਲ ਤਮਾਸੀ, ਆਪ ਆਪਣਾ ਘਰ ਸੁਹਾਈਆ । ਸਾਚਾ ਮੰਡਲ ਸਾਚੀ ਰਾਸੀ, ਆਪ ਆਪਣੀ ਰਿਹਾ ਪਾਈਆ । ਜੋਤ ਨਿਰੰਜਣ ਹੋਏ ਦਾਸੀ, ਸੇਵਾ ਰਹੀ ਕਮਾਈਆ । ਆਦਿ ਪੁਰਖ ਇਕ ਅਬਿਨਾਸ਼ੀ, ਕਰਤਾ ਪੁਰਖ ਅਖਵਾਈਆ । ਸਤਵੇਂ ਘਰ ਸਤਿ ਪੁਰਖ ਨਿਰੰਜਣ ਦੀਪਕ ਜੋਤ ਕਰੇ ਪਰਕਾਸ਼ੀ, ਇਕ ਪਰਕਾਸ਼ ਕਰਾਈਆ । ਦਿਵਸ ਰੈਣ ਨਾ ਕੋਈ ਬਰਸ ਮਾਸੀ, ਘੜੀ ਪਲ ਨਾ ਕੋਈ ਜਣਾਈਆ । ਸੂਰਜ ਚੰਨ ਤਾਰਾ ਮੰਡਲ ਨਾ ਦਿਸੇ ਪ੍ਰਿਥਮੀ ਆਕਾਸ਼ੀ, ਗਗਨ ਮੰਡਲ ਨਾ ਕੋਈ ਦਿਸਾਈਆ । ਬ੍ਰਹਮਾ ਵਿਸ਼ਨ ਸ਼ਿਵ ਨਾ ਕੋਈ ਦਿਸੇ ਵਾਸੀ, ਨਾ ਕੋਈ ਸੰਗ ਜਣਾਈਆ । ਲੱਖ ਚੁਰਾਸੀ ਨਾ ਪਵਣ ਸਵਾਸੀ, ਰਸਨਾ ਜਿਹਵਾ ਨਾ ਕੋਈ ਹਿਲਾਈਆ । ਸਾਚੇ ਘਰ ਹਰਿ ਹਰਿ ਅਬਿਨਾਸ਼ੀ, ਹਰਿ ਸਾਚਾ ਥਾਉਂ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਖੇਲਣਹਾਰ ਆਪ ਅਖਵਾਈਆ । ਆਪ ਆਪਣਾ ਖੇਲੇ ਖੇਲ, ਘਰ ਸਾਚੇ ਜੋਤ ਜਗਾਇੰਦਾ । ਸ਼ਬਦੀ ਜੋਤੀ ਸਾਚਾ ਮੇਲ, ਛੇ ਘਰ ਆਪ ਕਰਾਇੰਦਾ । ਪੰਚਮ ਹੋਇਆ ਸੱਜਣ ਸੁਹੇਲ, ਸਚ ਸਮਗਰੀ ਇਕ ਵਖਾਇੰਦਾ । ਚੌਥੇ ਘਰ ਚਾੜ੍ਹੇ ਤੇਲ, ਜਨ ਭਗਤਾਂ ਸਗਨ ਮਨਾਇੰਦਾ । ਦਸਮ ਦਵਾਰੀ ਵਸਿਆ ਰੰਗ ਨਵੇਲ, ਦਿਸ ਕਿਸੇ ਨਾ ਆਇੰਦਾ । ਆਪੇ ਗੁਰ ਆਪੇ ਚੇਲ, ਆਪੇ ਗੋਬਿੰਦ ਰੂਪ ਸਮਾਇੰਦਾ । ਜੁਗ ਜੁਗ ਵਿਛੜੇ ਕਲਜੁਗ ਲਏ ਮੇਲ, ਸੱਜਣ ਸੁਹੇਲ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਵੇਖ ਵਖਾਇੰਦਾ । ਸੰਮਤ ਚੌਦਾਂ ਰਿਹਾ ਰੋ, ਚਾਰੋਂ ਕੁੰਟ ਦੁਹਾਈਆ । ਕਲਜੁਗ ਕਾਲਾ ਦਾਗ਼ ਰਿਹਾ ਧੋ, ਨੇਤਰ ਨੈਣ ਰਹੇ ਸ਼ਰਮਾਈਆ । ਮਨਮੁਖ ਜੀਵ ਜੂਠ ਝੂਠ ਬੀਜ ਰਹੇ ਬੋ, ਫਲ ਵੇਲੇ ਅੰਤਮ ਖਾਈਆ । ਜਗਤ ਨਾਤਾ ਤੁੱਟੇ ਮੋਹ, ਨਾ ਕੋਈ ਧੀਰ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਲਹਿਣਾ ਜਗ ਝੋਲੀ ਪਾਈਆ । ਕਲਜੁਗ ਲਹਿਣਾ ਜਾਣਾ ਚੁੱਕ, ਹਰਿ ਸਾਚਾ ਆਪ ਚੁਕਾਇੰਦਾ । ਮਨਮੁਖਾਂ ਮੁਖ ਪੈਣਾ ਥੁੱਕ, ਨਾ ਕੋਈ ਮੇਟ ਮਿਟਾਇੰਦਾ । ਹਰਿਆ ਬੂਟਾ ਜਾਣਾ ਸੁੱਕ, ਅੰਮ੍ਰਿਤ ਨਿਰਮਲ ਨਾ ਕੋਈ ਮੁਖ ਚੁਆਇੰਦਾ । ਸਤਿਜੁਗ ਸਾਚਾ ਧਰਤ ਮਾਤ ਦੀ ਪਿਆ ਕੁੱਖ, ਵੀਹ ਸੌ ਵੀਹ ਬਿਕ੍ਰਮੀ ਪੰਦਰਾ ਕੱਤਕ ਜਨਮ ਦਵਾਇੰਦਾ । ਕਲਜੁਗ ਪੈਂਡਾ ਗਿਆ ਮੁੱਕ, ਸਤਿਗੁਰ ਪਾਂਧੀ ਆਪਣਾ ਪੰਧ ਮੁਕਾਇੰਦਾ । ਹਰਿ ਹਰਿ ਭਾਣਾ ਨਾ ਜਾਏ ਰੁਕ, ਗੁਰ ਗੋਬਿੰਦ ਲੇਖ ਲਿਖਾਇੰਦਾ । ਰਾਏ ਧਰਮ ਚੁੱਕ ਚੁੱਕ ਵੇਖੇ ਮੁਖ, ਨੇਤਰ ਨੈਣ ਖੁਲ੍ਹਾਇੰਦਾ । ਲਾੜੀ ਮੌਤ ਸੁਖਣਾ ਰਹੀ ਸੁੱਖ, ਹੱਥੀਂ ਮਹਿੰਦੀ ਸਗਨ ਲਗਾਇੰਦਾ । ਗੁਰਮੁਖ ਸਾਜਣ ਸੰਤ ਸੁਹੇਲੇ ਕਰ ਕਰ ਮੇਲੇ ਗੁਰ ਸਤਿਗੁਰ ਆਪ ਆਪਣੀ ਗੋਦੀ ਲਏ ਚੁੱਕ, ਆਪ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਖਿਲਾਇੰਦਾ ।

ਗੁਰਮੁਖ ਸਾਚੀ ਘਾਲ, ਘਾਲੇ ਚਰਨ ਦਵਾਰਿਆ । ਮਿਲੇ ਵਸਤ ਨਾਮ ਧੰਨ ਮਾਲ, ਦੇਵਣਹਾਰ ਆਪ ਕਰਤਾਰਿਆ । ਗੁਰਮੁਖ ਸੁਰਤੀ ਲਏ ਸੰਭਾਲ, ਗੁਰ ਸ਼ਬਦੀ ਸ਼ਬਦ ਕਰੇ ਪਿਆਰਿਆ । ਸਦਾ ਸੁਹੇਲਾ ਚਲੇ ਨਾਲ, ਆਦਿ ਜੁਗਾਦੀ ਏਕੰਕਾਰਿਆ । ਨੇੜ ਨਾ ਆਏ ਕਾਲ ਮਹਾਂਕਾਲ, ਦਰ ਦਵਾਰ ਰਿਹਾ ਦੁਰਕਾਰਿਆ । ਦਰ ਦਵਾਰ ਕਰੇ ਸੰਭਾਲ, ਸੇਵਕ ਸੇਵਾ ਸਚ ਕਮਾ ਰਿਹਾ । ਜੁਗ ਜੁਗ ਚਲੇ ਅਵੱਲੜੀ ਚਾਲ, ਭੇਖਾਧਾਰੀ

ਭੇਖ ਵਟਾ ਰਿਹਾ । ਆਪੇ ਸ਼ਾਹ ਆਪੇ ਕੰਗਾਲ, ਦੀਨਾ ਬੰਧਪ ਦੀਨ ਦਿਆਲ ਆਪ ਅਖਵਾ ਰਿਹਾ । ਸੰਤ ਸੁਹੇਲੇ ਸਾਚੇ ਭਾਲ, ਆਪ ਆਪਣਾ ਰੰਗ ਚੜ੍ਹਾ ਰਿਹਾ । ਫਲ ਲਗਾਏ ਕਾਇਆ ਡਾਲ੍ਹ, ਸਿੰਘ ਖੁਸ਼ਹਾਲ ਆਪ ਤਰਾ ਰਿਹਾ । ਕਾਇਆ ਵੇਖ ਸੱਚੀ ਧਰਮਸਾਲ, ਸਾਚੀ ਜੋਤ ਨਿਰਜੰਣ ਦੀਪ ਜਗਾ ਰਿਹਾ । ਕਰੇ ਕਰਾਏ ਆਪ ਪ੍ਰਿਤਪਾਲ, ਪ੍ਰਿਤਪਾਲਕ ਨਾਮ ਰਖਾ ਲਿਆ । ਹਰਿਜਨ ਸਾਚਾ ਬਾਲ ਨਿਧਾਨ, ਗੁਣ ਨਿਧਾਨਾ ਆਪ ਉਠਾ ਲਿਆ । ਅੰਮ੍ਰਿਤ ਦੇਵੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾ ਰਿਹਾ । ਸੋਹੰ ਚੜ੍ਹਾਏ ਸਚ ਬਿਬਾਨ, ਲੋਆਂ ਪੁਰੀਆਂ ਪਾਰ ਕਰਾ ਰਿਹਾ । ਆਪ ਜਣਾਏ ਧੁਰ ਫ਼ਰਮਾਣ, ਬੋਧ ਅਗਾਧੀ ਸ਼ਬਦ ਜਣਾ ਲਿਆ । ਆਵਣ ਜਾਵਣ ਚੁੱਕੇ ਕਾਨ, ਲੱਖ ਚੁਰਾਸੀ ਗੇੜ ਕਟਾ ਲਿਆ । ਪਾਇਆ ਪੁਰਖ ਹਰਿ ਸੁਲਤਾਨ, ਬ੍ਰਹਮ ਪਾਰਬ੍ਰਹਮ ਸਮਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਥਾਏਂ ਪਾਏ ਘਾਲ, ਪੂਤ ਸਪੂਤਾ ਲੇਖੇ ਲਾ ਲਿਆ । ਗੁਰਮੁਖ ਘਾਲ ਸਾਚੀ ਸੇਵਾ, ਸਤਿਗੁਰ ਲੇਖੇ ਲਾਇੰਦਾ । ਧੁਰ ਦਰਗਾਹੀ ਸਾਚਾ ਮੇਵਾ, ਏਕਾ ਨਾਮ ਖਵਾਇੰਦਾ । ਹਰਿ ਹਰਿ ਗਾਇਆ ਰਸਨਾ ਜਿਹਵਾ, ਜਾਗਰਤ ਜੋਤ ਜਗਾਇੰਦਾ । ਕੌਸਤਕ ਮਣੀਆ ਮਸਤਕ ਲਾਏ ਥੇਵਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਮੇਲ ਮਿਲਾਏ ਅਲਖ ਅਭੇਵਾ, ਭੇਵ ਅਭੇਦਾ ਭੇਵ ਛੁਪਾਇੰਦਾ । ਕਿਸੇ ਹੱਥ ਨਾ ਆਏ ਦੇਵੀ ਦੇਵਾ, ਦੇਵਤ ਸੁਰ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਸਾਚੀ ਸੇਵਾ ਸੇਵਕ ਲੇਖੇ ਲਾਇੰਦਾ । ਸਾਚੀ ਸੇਵਾ ਦਰ ਪਰਵਾਨਾ, ਪਰਮ ਪੁਰਖ ਕਮਾਈਆ । ਹੱਥੀਂ ਬੰਨ੍ਹੇ ਨਾਮ ਗਾਨਾ, ਏਕਾ ਤੰਦਨ ਤੰਦ ਬੰਧਾਈਆ । ਸ਼ਬਦ ਬਿਠਾਏ ਸਚ ਬਿਬਾਨਾ, ਪੁਰਖ ਸੁਲਤਾਨਾ ਆਪ ਉਠਾਈਆ । ਏਕਾ ਰਾਗ ਸੁਣਾਏ ਕਾਨਾ, ਧੁਨ ਆਤਮਕ ਵੱਜੇ ਵਧਾਈਆ । ਏਕਾ ਪਾਇਆ ਪਦ ਨਿਰਬਾਨਾ, ਘਰ ਸਾਚੇ ਮੰਗਲ ਗਾਈਆ । ਮੂਰਖ ਮੂੜ੍ਹ ਬਣਾਏ ਚਤੁਰ ਸੁਜਾਨਾ, ਜਿਸ ਪਰ ਆਪਣਾ ਹੱਥ ਟਿਕਾਈਆ । ਆਤਮ ਦਰਸੀ ਦੇਵੇ ਬ੍ਰਹਮ ਗਿਆਨਾ, ਜੋਤੀ ਨੂਰੋ ਨੂਰ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਮੇਲ ਹਰਿ, ਦਰ ਦਵਾਰਾ ਵੇਖ ਵਖਾਈਆ । ਸਾਚਾ ਮੇਲਾ ਹਰਿ ਕਰਤਾਰਾ, ਅਗੰਮ ਅਗੰਮੜਾ ਪਾਇਆ । ਲੇਖਾ ਚੁੱਕੇ ਵਿਚ ਸੰਸਾਰਾ, ਨਾੜੀ ਚਮੜਾ ਲੇਖੇ ਲਾਇਆ । ਪਾਈ ਵਸਤ ਨਾਮ ਹਰਿ ਥਾਰਾ, ਥਿਰ ਘਰ ਸਾਚੇ ਮੇਲ ਮਿਲਾਇਆ । ਉਚ ਮਹੱਲ ਅਟੱਲ ਮੁਨਾਰਾ, ਹਰਿਜਨ ਸਾਚੇ ਲਏ ਬਹਾਇਆ । ਨਾ ਕੋਈ ਦੀਸੇ ਚਾਰ ਦਿਵਾਰਾ, ਛੱਪਰ ਛੰਨ ਨਾ ਕੋਈ ਛਾਇਆ । ਇਕ ਇਕੱਲਾ ਏਕੰਕਾਰਾ, ਓਅੰਕਾਰਾ ਸੇਵਾ ਲਾਇਆ । ਆਪੇ ਜਾਣੇ ਆਪਣੀ ਧਾਰਾ, ਜੁਗ ਜੁਗ ਕਰਦਾ ਆਇਆ । ਕਲਜੁਗ ਤੇਰੀ ਅੰਤਮ ਵਾਰਾ, ਸਤਿਜੁਗ ਸਾਚਾ ਚੰਦ ਚੜ੍ਹਾਇਆ । ਸਤਿਜੁਗ ਸਾਚਾ ਲੈ ਅਵਤਾਰਾ, ਧਰਤ ਮਾਤ ਦਏ ਸੁਹਾਇਆ । ਧਰਤ ਮਾਤ ਕਰੇ ਪਿਆਰਾ, ਆਪ ਆਪਣੀ ਗੋਦ ਉਠਾਇਆ । ਪ੍ਰਭ ਦਰ ਦਵਾਰੇ ਦੋਏ ਜੋੜ ਕਰੇ ਨਿਮਸਕਾਰਾ, ਸਚ ਸਪੂਤਾ ਵੇਖ ਵਖਾਇਆ । ਇਕ ਖੁਲ੍ਹਾਏ ਧਰਮ ਦਵਾਰਾ, ਸਾਚਾ ਮਾਰਗ ਲਾਇਆ । ਸਤਿ ਪੁਰਖ ਨਿਰੰਜਣ ਤੇਰਾ ਜੈ ਜੈ ਜੈਕਾਰਾ, ਜੋਗ ਜੁਗਤ ਇਕ ਜਣਾਇਆ । ਭਗਤ ਭਗਤੀ ਦਏ ਹੁਲਾਰਾ, ਭਗਵਨ ਰੂਪ ਅਖਵਾਇਆ । ਆਦਿ ਸ਼ਕਤ ਢਹਿ ਪਏ ਦਵਾਰਾ, ਸਰਨ ਸਰਨਾਈ ਇਕ ਜਣਾਇਆ । ਅਕਾਲ ਪੁਰਖ ਕਰਤਾ ਕਰਨਹਾਰ ਕਰਤਾਰਾ, ਜੁਗ ਜੁਗ ਕਾਰਜ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਵੇਖ ਹਰਿ, ਬੰਕ ਦਵਾਰਾ ਇਕ ਸੁਹਾਇਆ । ਬੰਕ ਦਵਾਰਾ ਸਚ ਭੂਮਿਕਾ

੧੦੨੭
੦੬

ਵਿਚ ਵਰਭੰਡ, ਸਤਿਜੁਗ ਵੰਡ ਵੰਡਾਈਆ । ਸ਼ਬਦ ਗੁਰ ਖੋਜ ਬ੍ਰਹਿਮੰਡ, ਬ੍ਰਹਿਮੰਡੀ ਵੰਡ ਵੰਡਾਈਆ । ਨਾਮ ਖੰਡਾ ਤੇਜ ਚੰਡ ਪਰਚੰਡ, ਏਕਾ ਚੰਡੀ ਰਿਹਾ ਚਮਕਾਈਆ । ਕੂੜ ਕੁੜਿਆਰਾ ਤੋੜ ਘਮੰਡ, ਭੇਖ ਪਖੰਡਾ ਦਏ ਮਿਟਾਈਆ । ਨਾ ਕੋਈ ਦੀਸੇ ਨਾਰ ਦੁਹਾਗਣ ਰੰਡ, ਖੁਲ੍ਹੜੇ ਕੇਸ ਨਾ ਕੋਇ ਵਖਾਈਆ । ਮਾਇਆ ਮਮਤਾ ਨਾ ਚੁੱਕੇ ਕੋਈ ਪੰਡ, ਰਸਨਾ ਤ੍ਰਿਸਨਾ ਨਾ ਕੋਈ ਹਲਕਾਈਆ । ਸਤਿਜੁਗ ਸਾਚਾ ਵੰਡੀ ਵੰਡ, ਸਚ ਸੁੱਚ ਕਰੇ ਕੁੜਮਾਈਆ । ਪੰਚ ਵਿਕਾਰਾ ਦੇਵੇ ਦੰਡ, ਨਾਮ ਜੈਕਾਰਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਸੱਜਣ, ਜੁਗ ਮੇਲਾ ਜਗ ਮੇਲ ਮਿਲਾਈਆ । ਜਗ ਮੇਲਾ ਜੁਗ ਮੇਲਿਆ, ਜੁਗ ਜੁਗ ਵੱਡੀ ਵਡਿਆਈਆ । ਅਚਰਜ ਖੇਲ ਪਾਰਬ੍ਰਹਮ ਪੁਰਖ ਅਬਿਨਾਸ਼ੀ ਖੇਲਿਆ, ਅਛਲ ਅਛੱਲ ਕਰਾਈਆ । ਮੇਲੇ ਮੇਲ ਗੁਰੂ ਗੁਰ ਚੇਲਿਆ, ਗੋਬਿੰਦ ਚੇਲਾ ਰੂਪ ਸਮਾਈਆ । ਸੰਤ ਸਾਜਨ ਸੱਜਣ ਸੁਹੇਲਿਆ, ਪਾਰਬ੍ਰਹਮ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਟ ਮੰਦਰ ਮੇਲਿਆ ਮੇਲ ਬੇਪਰਵਾਹੀਆ । ਘਟ ਮੰਦਰ ਹਰਿ ਹਰਿ ਜੋਤੀ ਨੂਰ, ਦਿਵਸ ਰੈਣ ਡਗਮਗਾਇਆ । ਸ਼ਬਦ ਅਨਾਦੀ ਵੱਜੇ ਤੂਰ, ਅਨਹਦ ਸੇਵਾ ਲਾਇਆ । ਆਤਮ ਸੇਜਾ ਬੈਠਾ ਹਰਿ ਦਾਤਾ ਜੋਧਾ ਸੂਰ, ਸੂਰਬੀਰ ਆਪ ਅਖਵਾਇਆ । ਸਰਬ ਘਟਾ ਆਪੇ ਭਰਪੂਰ, ਗੁਣਵੰਤਾ ਨਾਉਂ ਰਖਾਇਆ । ਜਨ ਭਗਤਾਂ ਆਸਾ ਮਨਸਾ ਪੂਰ, ਪੂਰਨ ਆਸਾ ਕਰਦਾ ਆਇਆ । ਸਦਾ ਸੁਹੇਲਾ ਵਸੇ ਹਾਜ਼ਰ ਹਜ਼ੂਰ, ਨੇੜਾ ਦੂਰ ਨਾ ਕੋਈ ਜਣਾਇਆ । ਨਾਤਾ ਤੋੜੇ ਕੂੜੋ ਕੂੜ, ਕੂੜੀ ਕਿਰਿਆ ਦਏ ਮਿਟਾਇਆ । ਜਿਸ ਜਨ ਬਖ਼ਸ਼ੇ ਚਰਨ ਧੂੜ, ਚਰਨ ਚਰਨੋਦਕ ਮੁਖ ਚੁਆਇਆ । ਕਾਇਆ ਚੋਲੀ ਰੰਗਣ ਚਾੜ੍ਹੇ ਗੂੜ੍ਹ, ਸ਼ਬਦ ਮਜੀਠੀ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵੇ ਨਾਮ ਵਰ, ਵਸਤ ਅਨਡੀਠੀ ਹਰਿਜਨ ਝੋਲੀ ਪਾਇਆ । ਵਸਤ ਅਨਡੀਠ ਨਾਮ ਰਤਨ, ਗੁਰਮੁਖ ਤਨ ਟਿਕਾਇੰਦਾ । ਮਨਮੁਖ ਜੀਵ ਵੇਖ ਨਾ ਸਕਣ, ਨੇਤਰ ਲੋਚਨ ਨੈਣ ਨਾ ਕੋਈ ਖੁਲ੍ਹਾਇੰਦਾ । ਨੌਂ ਦਵਾਰੇ ਬਹਿ ਬਹਿ ਤੱਕਣ, ਦਸਮ ਦਵਾਰੀ ਨਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚਾ ਮੇਲ ਦਰ, ਨਾਮ ਨਿਧਾਨਾ ਝੋਲੀ ਪਾਇੰਦਾ । ਨਾਮ ਨਿਧਾਨਾ ਹਰਿ ਗੁਣਵੰਤਾ, ਗੁਰਮੁਖ ਝੋਲੀ ਪਾਇਆ । ਮਿਲੇ ਵਡਿਆਈ ਜੀਵ ਜੰਤਾ, ਜੋਤੀ ਨੂਰ ਕਰੇ ਰੁਸ਼ਨਾਇਆ । ਮਿਲਿਆ ਮੇਲ ਨਾਰੀ ਕੰਤਾ, ਆਤਮ ਸੇਜਾ ਵੇਖ ਵਖਾਇਆ । ਗੁਰਮੁਖ ਮੇਲ ਪੂਰਨ ਭਗਵੰਤਾ, ਪਾਰਬ੍ਰਹਮ ਪਰਮੇਸ਼ਵਰ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਆਦਿਨ ਅੰਤਾ, ਗੁਰਮੁਖ ਉਧਾਰੇ ਸਾਚੇ ਸੰਤਾਂ, ਸਤਿ ਸੰਤੋਖੀ ਧੀਰਜ ਨਾਮ ਧਰਾਇਆ ।

ਅੰਮ੍ਰਿਤ ਆਤਮ ਨਾਮ ਪਿਆਲਾ, ਗੁਰਮੁਖਾਂ ਆਪ ਪਿਆਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਦਇਆ ਨਿਧ ਅਖਵਾਇੰਦਾ । ਦੀਪਕ ਜੋਤ ਜਗਾਏ ਕਾਇਆ ਸੱਚੀ ਧਰਮਸਾਲਾ, ਅੰਧ ਅਗਿਆਨ ਮਿਟਾਇੰਦਾ । ਅਨਹਦ ਸ਼ਬਦ ਵਜਾਏ ਸਾਚਾ ਤਾਲਾ, ਤਾਲ ਤਲਵਾੜਾ ਇਕ ਰਖਾਇੰਦਾ । ਇਕ ਜਪਾਏ ਨਾਮ ਸੁਖਾਲਾ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਤੋੜ ਤੁੜਾਏ ਜਗਤ ਜੰਜਾਲਾ, ਪੰਚਮ ਮੋਹ ਮਿਟਾਇੰਦਾ । ਤਨ ਪਹਿਨਾਏ

ਸਾਚੀ ਮਾਲਾ, ਹਰਿ ਸ਼ਬਦੀ ਸ਼ਬਦ ਰਖਾਇੰਦਾ । ਫਲ ਲਗਾਏ ਕਾਇਆ ਡਾਲ੍ਹਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲਾ, ਨਾਨਕ ਗੋਬਿੰਦ ਲੇਖ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਵਰ, ਆਤਮ ਅੰਤਰ ਮੇਲ ਮਿਲਾਇੰਦਾ । ਅੰਮ੍ਰਿਤ ਆਤਮ ਨਾਮ ਨਿਧਾਨ, ਗੁਰਮੁਖ ਵਿਰਲਾ ਪਾਇੰਦਾ । ਜਿਸ ਜਨ ਹੋਏ ਆਪ ਮਿਹਰਵਾਨ, ਆਪ ਆਪਣੀ ਬੂਝ ਬੁਝਾਇੰਦਾ । ਏਕਾ ਦੇਵੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾਇੰਦਾ । ਚਰਨ ਧੂੜ ਬਖ਼ਸ਼ੇ ਸਚ ਇਸ਼ਨਾਨ, ਸਾਚੇ ਮਜਨ ਮਾਘ ਨੁਹਾਇੰਦਾ । ਆਤਮ ਜੋਤੀ ਬ੍ਰਹਮ ਗਿਆਨ, ਹਰਿ ਸ਼ਬਦੀ ਸ਼ਬਦ ਦ੍ਰਿੜਾਇੰਦਾ । ਇਕ ਵਖਾਏ ਸਚ ਨਿਸ਼ਾਨ, ਨਾਮ ਨਿਸ਼ਾਨਾ ਆਪ ਝੁਲਾਇੰਦਾ । ਗੁਰਮੁਖ ਵੇਖੇ ਮਾਰ ਧਿਆਨ, ਗੁਰ ਪੂਰਾ ਸੇਵ ਕਮਾਇੰਦਾ । ਆਦਿ ਅੰਤ ਜੁਗਾ ਜੁਗੰਤ ਖੇਲੇ ਖੇਲ ਵਿਚ ਜਹਾਨ, ਖੇਲਣਹਾਰ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਏਕਾ ਵਸਤ ਝੋਲੀ ਪਾਇੰਦਾ । ਨਾਮ ਵਸਤ ਸਚ ਭੰਡਾਰਾ, ਹਰਿ ਸਾਚਾ ਆਪ ਵਰਤਾਇੰਦਾ । ਜੁਗ ਜੁਗ ਲਏ ਮਾਤ ਅਵਤਾਰਾ, ਲੋਕਮਾਤੀ ਬਣਤ ਬਣਾਇੰਦਾ । ਸਾਧਾਂ ਸੰਤਾਂ ਪਾਵੇ ਸਾਰਾ, ਏਕਾ ਧਰਮ ਜਣਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਅਖਵਾਇੰਦਾ । ਭੇਵ ਨਾ ਪਾਇਣ ਵੇਦ ਚਾਰਾ, ਲੇਖਾ ਲਿਖਤ ਨਾ ਕੋਈ ਵਖਾਇੰਦਾ । ਅਗੰਮ ਅਗੰਮੜਾ ਆਪੇ ਜਾਣੇ ਅਗੰਮੜੀ ਧਾਰਾ, ਅਗੰਮ ਅਗੰਮੜੇ ਧਾਮ ਸੁਹਾਇੰਦਾ । ਹੱਡ ਮਾਸ ਨਾੜੀ ਨਾ ਦਿਸੇ ਚੰਮੜਾ, ਪੰਜ ਤਤ ਨਜ਼ਰ ਨਾ ਆਇੰਦਾ । ਜਗਤ ਮਾਇਆ ਨਾ ਪੱਲੇ ਦਮੜਾ, ਨਾ ਕੋਈ ਗੰਢ ਰਖਾਇੰਦਾ । ਮਾਤ ਪਿਤ ਨਾ ਮਾਈ ਅੰਮੜਾ, ਪਿਤਾ ਪੂਤ ਨਾ ਕੋਈ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪ ਆਪਣਾ ਮੇਲ ਮਿਲਾਇੰਦਾ । ਹਰਿਜਨ ਸਾਚੇ ਮੇਲ ਮਿਲਾਏ, ਆਪਣੀ ਦਇਆ ਕਮਾਇੰਦਾ । ਜੋਤ ਨਿਰੰਜਣ ਤੇਲ ਚੜ੍ਹਾਏ, ਸਾਚਾ ਸਗਨ ਮਨਾਇੰਦਾ । ਅਨਹਦ ਰਾਗੀ ਨਾਦ ਅਲਾਏ, ਪੰਚਮ ਸੇਵਾ ਲਾਇੰਦਾ । ਸਾਚਾ ਮੰਗਲ ਬਹਿ ਬਹਿ ਗਾਏ, ਮਿਲ ਸਖੀਆਂ ਆਪ ਸੁਣਾਇੰਦਾ । ਨਾਮ ਤੰਦਨ ਤੰਦ ਬੰਧਾਏ, ਸਾਚਾ ਗਾਨਾ ਇਕ ਰਖਾਇੰਦਾ । ਕੰਤ ਸੁਹਾਗੀ ਏਕਾ ਸਾਚਾ ਛੰਤ ਸੁਣਾਏ, ਰਾਗ ਨਾਦ ਭੇਵ ਨਾ ਪਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਮੇਲ ਮਿਲਾਏ, ਘਰ ਸਾਚਾ ਇਕ ਸੁਹਾਇੰਦਾ । ਸੱਜਣ ਸੁਹੇਲ ਆਪ ਹੋ ਜਾਏ, ਜਗਤ ਨਾਤਾ ਪੁਰਖ ਬਿਧਾਤਾ ਗੁਰਮੁਖ ਸਾਚੇ ਆਪ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਘਰ ਸਾਚਾ ਇਕ ਸੁਹਾਇੰਦਾ । ਸਾਚੇ ਘਰ ਮੰਗਲਾਚਾਰ, ਦਿਵਸ ਰੈਣ ਵੱਜੇ ਵਧਾਈਆ । ਆਤਮ ਧੁਨ ਅਪਰ ਅਪਾਰ, ਆਪ ਆਪਣੀ ਰਿਹਾ ਸੁਣਾਈਆ । ਗਾਵਤ ਗਾਵੇ ਵਾਰੋ ਵਾਰ, ਗਾਵਣਹਾਰ ਦਿਸ ਨਾ ਆਈਆ । ਗੁਰਮੁਖ ਸਾਜਣ ਢਹਿ ਪਏ ਦਵਾਰ, ਨੇਤਰ ਲੋਚਣ ਦਰਸ਼ਨ ਪਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਮੇਟ ਮਿਟਾਏ ਪੰਚਮ ਧਾੜ, ਕੂੜ ਕਿਰਿਆ ਰਹਿਣ ਨਾ ਪਾਈਆ । ਸਾਚੇ ਘੋੜੇ ਦੇਵੇ ਚਾੜ੍ਹ, ਹਰਿ ਸਾਚਾ ਰਥ ਰਥਵਾਹੀਆ । ਦਸਮ ਦਵਾਰੀ ਦੇਵੇ ਵਾੜ, ਆਪ ਆਪਣਾ ਘਰ ਸੁਹਾਈਆ । ਆਪੇ ਹੋਏ ਪਿੱਛੇ ਅਗਾੜ, ਗੁਰ ਸ਼ਬਦੀ ਰੂਪ ਵਟਾਈਆ । ਜੋਤ ਜਗਾਏ ਬਹੱਤਰ ਨਾੜ, ਰਵ ਸਸ ਰਹੇ ਸ਼ਰਮਾਈਆ । ਕਾਇਆ ਸਚ ਵਖਾਏ ਇਕ ਅਖਾੜ, ਹਰਿ ਬੈਠਾ ਇਕ ਅਕਾਲਾ ਸਚ ਮਹੱਲਾ ਆਪ ਆਪਣੀ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਘਰ ਸੁਹੰਜਣਾ ਇਕ

ਦਰਸਾਈਆ । ਘਰ ਸੁਹੰਜਣਾ ਹਰਿ ਭਗਵੰਤ, ਏਕਾ ਏਕ ਰਖਾਇਆ । ਖੇਲੇ ਖੇਲ ਆਦਿ ਅੰਤ, ਜੁਗ ਜੁਗ ਵੇਖ ਵਖਾਇਆ । ਆਪ ਉਠਾਏ ਸਾਚੇ ਸੰਤ, ਆਪ ਆਪਣੀ ਦਇਆ ਕਮਾਇਆ । ਨਾਮ ਜਪਾਏ ਰਸਨਾ ਜਿਹਵਾ ਮਣੀਆ ਮੰਤ, ਮਤ ਬੁਧ ਭੇਵ ਨਾ ਰਾਇਆ । ਗੁਰਮੁਖ ਨਾਰੀ ਮੇਲਾ ਸਾਚੇ ਕੰਤ, ਦਰ ਘਰ ਸਾਚਾ ਆਪ ਸੁਹਾਇਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇਆ । ਮਿਲੇ ਮੇਲ ਪਤੀ ਪਤਵੰਤ, ਸਤਿ ਸਤਿਵੰਤੀ ਨਾਰ ਸੁਹਾਇਆ । ਏਕਾ ਗਾਏ ਧੁਰ ਦਰਗਾਹੀ ਸਾਚਾ ਛੰਤ, ਆਪ ਆਪਣਾ ਰਿਹਾ ਅਲਾਇਆ । ਗੁਰਮੁਖ ਸੁਰਤ ਸਵਾਣੀ ਤੇਰੀ ਬਣਾਏ ਬਣਤ, ਆਪ ਆਪਣੇ ਵਿਚ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਘਰ ਸਾਚਾ ਇਕ ਸੁਹਾਇਆ । ਸਾਚੇ ਘਰ ਹਰਿ ਭਗਵਾਨਾ, ਏਕਾ ਅਲਖ ਜਗਾਇੰਦਾ । ਗੁਰਮੁਖਾਂ ਦੇਵੇ ਸ਼ਬਦ ਬਿਬਾਨਾ, ਜੁਗ ਜੁਗ ਆਪ ਚੜ੍ਹਾਇੰਦਾ । ਏਕਾ ਰਾਗ ਏਕ ਤਰਾਨਾ, ਏਕਾ ਤਾਲ ਵਜਾਇੰਦਾ । ਏਕਾ ਮੇਲ ਹਰਿ ਸ਼ਾਹ ਸੁਲਤਾਨਾ, ਸ਼ਾਹੋ ਭੂਪ ਇਕ ਵਖਾਇੰਦਾ । ਜਨ ਭਗਤਾਂ ਚੁਕਾਏ ਆਵਣ ਜਾਣਾ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪ ਆਪਣੇ ਅੰਗ ਲਗਾਇੰਦਾ । ਅੰਗੀਕਾਰ ਹਰਿ ਕਰਤਾਰ, ਏਕਾ ਏਕ ਅਖਵਾਇਆ । ਗੁਰਮੁਖ ਸਾਚੇ ਕਰ ਪਿਆਰ, ਆਪ ਆਪਣੀ ਗੋਦ ਉਠਾਇਆ । ਦੋ ਜਹਾਨੀ ਵਸਿਆ ਬਾਹਰ, ਦਿਸ ਕਿਸੇ ਨਾ ਆਇਆ । ਸਾਧਾਂ ਸੰਤਾਂ ਹੋਇਆ ਸੇਵਾਦਾਰ, ਜੁਗ ਜੁਗ ਕਰਦਾ ਆਇਆ । ਅੰਮ੍ਰਿਤ ਆਤਮ ਮੇਵਾ ਫਲ ਅਪਰ ਅਪਾਰ, ਗੁਰ ਗੋਬਿੰਦ ਮੁਖ ਲਗਾਇਆ । ਨਾਨਕ ਰਸਨਾ ਗਾਏ ਨਿਰੰਕਾਰ ਨਿਰੰਕਾਰ ਨਿਰੰਕਾਰ, ਨਿਰਗੁਣ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਦਰ ਦਰਵਾਜ਼ਾ ਇਕ ਖੁਲ੍ਹਾਇਆ । ਆਤਮ ਦਰ ਖੋਲ੍ਹ ਦਰਵਾਜ਼ਾ, ਗੁਰਮੁਖ ਸਾਚੇ ਆਪ ਜਗਾਇੰਦਾ । ਪਰਗਟ ਹੋ ਗਰੀਬ ਨਿਵਾਜਾ, ਜੋਤੀ ਸ਼ਬਦੀ ਬਣਤ ਬਣਾਇੰਦਾ । ਆਪ ਵਜਾਏ ਸਾਚਾ ਵਾਜਾ, ਤਾਰ ਸਿਤਾਰ ਆਪ ਹਿਲਾਇੰਦਾ । ਜਨ ਭਗਤਾਂ ਰਚਿਆ ਹਰਿ ਕਾਜਾ, ਮੁਖ ਸਾਚਾ ਸਗਨ ਲਗਾਇੰਦਾ । ਸਤਿ ਪੁਰਖ ਨਿਰੰਜਣ ਏਕਾ ਦੇਵੇ ਸਾਚੀ ਦਾਤਾ, ਦੋ ਜਹਾਨੀ ਗੰਢ ਬੰਨ੍ਹਾਇੰਦਾ । ਕਲਜੁਗ ਅੰਤਮ ਵੇਖ ਧਰੇ ਜੋਤ ਹਰਿ ਦੇਸ ਮਾਝਾ, ਸੰਬਲ ਨਗਰ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਮਿਲਿਆ ਘਰ, ਘਰ ਸੁਹੰਜਣਾ ਜਗੇ ਜੋਤ ਨਿਰੰਜਣਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖ ਵਖਾਇੰਦਾ । ਨਿਰਗੁਣ ਸਰਗੁਣ ਸਾਚਾ ਮੇਲਾ, ਹਰਿ ਹਰਿ ਆਪ ਕਰਾਇਆ । ਆਪੇ ਗੁਰ ਆਪੇ ਚੇਲਾ, ਗੋਬਿੰਦ ਦਰ ਖੁਲ੍ਹਾਇਆ । ਪਾਰਬ੍ਰਹਮ ਪ੍ਰਭ ਸੱਜਣ ਸੁਹੇਲਾ, ਦੋ ਜਹਾਨਾਂ ਆਪ ਅਖਵਾਇਆ । ਆਪੇ ਵਸੇ ਸਦ ਰੰਗ ਨਵੇਲਾ, ਹਰ ਘਟ ਅੰਦਰ ਬੈਠਾ ਡੇਰਾ ਲਾਇਆ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਨਿਹਕਲੰਕ ਡੰਕ ਵਜਾਇਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੱਖ ਚੁਰਾਸੀ ਚਾੜ੍ਹੇ ਤੇਲਾ, ਜੂਠ ਝੂਠ ਡੰਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਵਖਾਏ ਸਚ ਘਰ, ਘਰ ਸਾਚਾ ਇਕ ਸੁਹਾਇਆ ।

## ❈ ੨੧ ਮੱਘਰ ੨੦੧੪ ਬਿਕ੍ਰਮੀ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ❈

ਸੋ ਪੁਰਖ ਨਿਰੰਜਣ ਆਪ ਕਰਤਾਰ, ਅਕਲ ਕਲਾ ਸਮਾਇਆ । ਭੇਵ ਨਾ ਪਾਇਣ ਵੇਦ ਚਾਰ, ਬ੍ਰਹਮਾ ਲਿਖ ਲਿਖ ਲੇਖ ਮੁਕਾਇਆ । ਵੇਦ ਵਿਆਸਾ ਬਣ ਲਿਖਾਰ, ਪੁਰਾਨ ਅਠਾਰਾਂ ਗਿਆ ਜਣਾਇਆ । ਗੀਤਾ ਗਿਆਨ ਕਰੇ ਵਿਚਾਰ, ਆਦਿ ਅੰਤ ਭੇਵ ਨਾ ਰਾਇਆ । ਅੰਜੀਲ ਕੁਰਾਨ ਰਹੀ ਪੁਕਾਰ, ਆਪ ਆਪਣਾ ਨਾਅਰਾ ਲਾਇਆ । ਖਾਣੀ ਬਾਣੀ ਵੇਖ ਵਿਚਾਰ, ਸੇਵਕ ਸੇਵਾ ਰਿਹਾ ਕਮਾਇਆ । ਪਾਰਬ੍ਰਹਮ ਪ੍ਰਭ ਗੁਰ ਅਵਤਾਰ, ਗੋਬਿੰਦ ਰੂਪ ਸਮਾਇਆ । ਨਾਮ ਜਪਾਏ ਅਪਰ ਅਪਾਰ, ਲੇਖਾ ਲੇਖ ਨਾ ਕੋਈ ਵਖਾਇਆ । ਜੁਗ ਜੁਗ ਲਏ ਮਾਤ ਅਵਤਾਰ, ਸਤਿਜੁਗ ਤ੍ਰੇਤਾ ਵੇਖ ਵਖਾਇਆ । ਦੁਆਪਰ ਬੰਨ੍ਹਣਹਾਰਾ ਧਾਰ, ਆਪਣੀ ਧਾਰਾ ਇਕ ਵਖਾਇਆ । ਕਲਜੁਗ ਖੇਲ ਕਰੇ ਕਰਤਾਰ, ਵੇਲਾ ਅੰਤਮ ਨੇੜੇ ਆਇਆ । ਨਾਨਕ ਗੋਬਿੰਦ ਮੰਗੇ ਮੰਗ ਭਿਖਾਰ, ਪ੍ਰਭ ਅੱਗੇ ਝੋਲੀ ਡਾਹਿਆ । ਦੋਏ ਜੋੜ ਕਰੇ ਨਿਮਸਕਾਰ, ਨੇਤਰ ਨੈਣਾਂ ਨੀਰ ਵਹਾਇਆ । ਆਪ ਆਪਣੀ ਕਿਰਪਾ ਧਾਰ, ਹਰਿ ਸਾਚੇ ਸ਼ਬਦ ਜਣਾਇਆ । ਇਕ ਇਕੱਲਾ ਏਕੰਕਾਰ, ਵੇਲੇ ਅੰਤਮ ਹੋਏ ਸਹਾਇਆ । ਨਿਹਕਲੰਕ ਚਵੀਆਂ ਅਵਤਾਰ, ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਖੰਡਾ ਤੇਜ ਕਟਾਰ, ਗੋਬਿੰਦ ਗਾਤਰੇ ਤਨ ਪਹਿਨਾਇਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਜੋੜ ਜੁੜਾਇਆ । ਨਾਮ ਘੋੜਾ ਅਪਰ ਅਪਾਰ, ਲੋਆਂ ਪੁਰੀਆਂ ਰਿਹਾ ਫਿਰਾਇਆ । ਪੂਤ ਸਪੂਤਾ ਬ੍ਰਹਿਮਣ ਗੌੜਾ ਵੇਖ ਵਿਚਾਰ, ਆਪ ਆਪਣਾ ਰੰਗ ਰੰਗਾਇਆ । ਦਹਿ ਦਿਸ਼ਾ ਚਾਰੇ ਕੂਟਾਂ ਪਾਵੇ ਸਾਰ, ਬ੍ਰਹਿਮੰਡ ਖੰਡ ਵੰਡ ਵੰਡਾਇਆ । ਖੇਲੇ ਖੇਲ ਖੇਲਣਹਾਰ, ਆਪ ਆਪਣੀ ਰਚਨ ਰਚਾਇਆ । ਗੁਰਮੁਖ ਮੇਲੇ ਵਿਚ ਸੰਸਾਰ, ਜੁਗ ਜੁਗ ਵਿਛੜੇ ਮੇਲ ਮਿਲਾਇਆ । ਲਹਿਣਾ ਦੇਣਾ ਕਰਜ਼ ਉਤਾਰ, ਨਾਮ ਗਹਿਣਾ ਤਨ ਪਹਿਨਾਇਆ । ਨੇਤਰ ਦਰਸ ਸਾਚੇ ਨੈਣਾ, ਬੰਦ ਕਿਵਾੜ ਆਪ ਖੁਲ੍ਹਾਇਆ । ਥਿਰ ਘਰ ਬਹਿਣਾ ਸੋਹੰ ਸ਼ਬਦ ਰਸਨਾ ਕਹਿਣਾ, ਘਰ ਚੌਥਾ ਪਦ ਇਕ ਵਖਾਇਆ । ਅਨਹਦ ਤਾਲ ਵਜਾਇਆ ਸਾਚਾ ਨਾਦ, ਬ੍ਰਹਿਮਾਦ ਸੇਵਾ ਲਾਇਆ । ਸ਼ਬਦ ਜਣਾਈ ਬੋਧ ਅਗਾਧ, ਅਗਾਧ ਬੋਧ ਆਪ ਹੋ ਆਇਆ । ਜਨ ਭਗਤਾਂ ਦੇਵੇ ਸਾਚੀ ਦਾਦ, ਧੁਰ ਦਰਗਾਹੀ ਲੈ ਕੇ ਆਇਆ । ਮੇਲ ਮਿਲਾਏ ਮੋਹਣ ਮਾਧਵ ਮਾਧ, ਵਿਛੜ ਕਦੇ ਨਾ ਜਾਇਆ । ਪਕੜ ਉਠਾਏ ਸੰਤ ਸਾਧ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਟਾਇਆ । ਆਦਿ ਪੁਰਖ ਹਰਿ ਨਿਰੰਜਣ, ਜੋਤੀ ਜੋਤ ਜਗਾਇੰਦਾ । ਭਗਤ ਸੁਹੇਲਾ ਸਾਚਾ ਸੱਜਣ, ਏਕਾ ਮਾਰਗ ਲਾਇੰਦਾ । ਕਲਜੁਗ ਠੂਠੇ ਅੰਤਮ ਭੱਜਣ, ਥਿਰ ਕੋਈ ਰਹਿਣ ਨਾ ਪਾਇੰਦਾ । ਗੁਰਮੁਖ ਅੰਮ੍ਰਿਤ ਆਤਮ ਪੀ ਪੀ ਰੱਜਣ, ਸਰ ਸਰੋਵਰ ਇਕ ਵਖਾਇੰਦਾ । ਨਾਮ ਦੋਸ਼ਾਲਾ ਲੈ ਆਇਆ ਪੜਦੇ ਕੱਜਣ, ਜਨ ਭਗਤਾਂ ਉਪਰ ਪਾਇੰਦਾ । ਮਦਿਰਾ ਮਾਸ ਜੋ ਜਨ ਤਜਣ, ਗੁਰ ਗੋਬਿੰਦ ਮੇਲ ਮਿਲਾਇੰਦਾ । ਏਕਾ ਹੱਜ ਕਰਾਏ ਮੱਕਾ ਕਾਅਬਾ ਸਾਚਾ ਹਾਜੀ ਹੱਜਨ, ਦੋ ਦੋ ਆਬਾ ਵੇਖ ਵਖਾਇੰਦਾ । ਚਰਨ ਘੋੜੇ ਦੇ ਰਕਾਬਾ, ਸੋਲਾਂ ਕਲੀਆਂ ਆਸਣ ਲਾਇੰਦਾ । ਪਰਗਟ ਹੋਏ ਸ਼ਾਹ ਨਵਾਬਾ, ਆਪ ਆਪਣੀ ਕਲ ਵਰਤਾਇੰਦਾ । ਲੱਖ ਚੁਰਾਸੀ ਨੌਂ ਖੰਡ ਤੇਰਾ ਲੇਖਾ ਲੇਖ ਚੁਕਾਏ ਹਿਸਾਬਾ, ਆਪ ਪਿਛਲਾ ਮੂਲ ਚੁਕਾਇੰਦਾ । ਜਨ ਭਗਤਾਂ ਉਲਟੀ ਕਰੇ ਕਵਲ ਨਾਭਾ, ਅੰਮ੍ਰਿਤ ਆਤਮ ਮੁਖ ਚੁਆਇੰਦਾ । ਮਨਮੁਖ ਜੀਵਾਂ ਦਏ ਅਜਾਬਾ, ਸੰਮਤ ਸੋਲਾਂ ਰਾਹ ਤਕਾਇੰਦਾ । ਜੋਤੀ ਜੋਤ ਸਰੂਪ ਹਰਿ,


੧੦੩੦ ੦੬

ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਖੇਲ ਖਿਲਾਇੰਦਾ । ਨਿਰਗੁਣ ਰੂਪ ਹਰਿ ਉਤਮ, ਆਪਣੀ ਕਲ ਵਰਤਾਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਕੋਈ ਰਖਾਈਆ । ਨਾ ਕੋਈ ਆਲਸ ਨਿੰਦਰਾ ਨਾ ਕੋਈ ਖਾਏ ਪੀਏ ਤਮ, ਤ੍ਰਿਸ਼ਨਾ ਭੁੱਖ ਨਾ ਕੋਈ ਸਤਾਈਆ । ਨੇਤਰ ਨੀਰ ਨਾ ਵਹਾਏ ਛੰਮ ਛੰਮ, ਰੋ ਰੋ ਨਾ ਕੋਇ ਸੁਣਾਈਆ । ਆਪ ਆਪਣਾ ਜਾਣੇ ਕੰਮ, ਨਾ ਕੋਈ ਦੂਸਰ ਦਏ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਜੋਤ ਕਰੇ ਰੁਸ਼ਨਾਈਆ । ਜੋਤੀ ਨੂਰ ਹਰਿ ਆਕਾਰ, ਏਕਾ ਏਕ ਕਰਾਇਆ । ਕਲਜੁਗ ਤੇਰੀ ਅੰਤਮ ਵਾਰ, ਨਿਹਕਲੰਕਾ ਜਾਮਾ ਪਾਇਆ । ਗੋਬਿੰਦ ਮੇਲਾ ਵਿਚ ਸੰਸਾਰ, ਸੰਬਲ ਨਗਰੀ ਧਾਮ ਸੁਹਾਇਆ । ਮਹੱਲ ਅਟੱਲ ਉਚ ਮੁਨਾਰ, ਆਪ ਆਪਣਾ ਆਸਣ ਲਾਇਆ । ਏਕਾ ਸ਼ਬਦ ਏਕਾ ਧੁਨ ਇਕ ਜੈਕਾਰ, ਗਾਵਣਹਾਰ ਇਕ ਅਖਵਾਇਆ । ਲੱਖ ਚੁਰਾਸੀ ਸੁਣੇ ਪੁਕਾਰ, ਹਰ ਘਟ ਮੰਦਰ ਅੰਦਰ ਬੈਠਾ ਡੇਰਾ ਲਾਇਆ । ਕਲਜੁਗ ਕਾਇਆ ਕੂੜ ਹੋਈ ਕੁੜਿਆਰ, ਝੂਠੇ ਧੰਦੇ ਸ੍ਰਿਸ਼ਟ ਸਬਾਇਆ । ਕਾਮ ਕਰੋਧ ਲੋਭ ਮੋਹ ਹੰਕਾਰ, ਸਾਂਤਕ ਸਤਿ ਨਾ ਕੋਈ ਵਰਤਾਇਆ । ਮਨਮੁਖ ਭੁੱਲੇ ਜੀਵ ਗਵਾਰ, ਆਪ ਆਪਣਾ ਮੂਲ ਗਵਾਇਆ । ਚਾਰ ਵਰਨ ਨਾ ਕੋਈ ਦੇਵੇ ਮਾਤ ਸਹਾਰ, ਦਹਿ ਦਿਸ਼ਾ ਰਹੇ ਕੁਰਲਾਇਆ । ਪੁਰਖ ਅਬਿਨਾਸ਼ੀ ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਕਰਦਾ ਆਇਆ । ਬ੍ਰਹਮੇ ਦੇਵੇ ਸ਼ਬਦ ਹੁਲਾਰ, ਕਲਜੁਗ ਵੇਲਾ ਅੰਤਮ ਆਇਆ । ਅੱਠੇ ਨੇਤਰ ਖੋਲ੍ਹ ਉਘਾੜ, ਪੁਰਖ ਅਬਿਨਾਸ਼ੀ ਜਾਮਾ ਪਾਇਆ । ਲੁੱਟੀ ਜਾਏ ਦਿਨ ਦਿਹਾੜ, ਭੇਖਾਧਾਰੀ ਭੇਖ ਵਟਾਇਆ । ਤ੍ਰੈਗੁਣ ਮਾਇਆ ਦੇਵੇ ਸਾੜ, ਪੰਜ ਤਤ ਰਹਿਣ ਨਾ ਪਾਇਆ । ਗੁਰਮੁਖ ਉਪਜਾਏ ਸਾਚੇ ਲਾੜ, ਸਿਰ ਆਪਣਾ ਹੱਥ ਟਿਕਾਇਆ । ਸਾਚੇ ਪੌੜੇ ਦੇਵੇ ਚਾੜ੍ਹ, ਹੱਥ ਕਿਸੇ ਨਾ ਆਇਆ । ਜੋਤ ਜਗਾਏ ਬਹੱਤਰ ਨਾੜ, ਅੱਠੇ ਪਹਿਰ ਕਰੇ ਰੁਸ਼ਨਾਇਆ । ਵਾ ਨਾ ਲੱਗੇ ਤਤੀ ਹਾੜ, ਅੰਮ੍ਰਿਤ ਆਤਮ ਇਕ ਪਿਆਇਆ । ਨੇੜ ਨਾ ਆਏ ਪੰਚਮ ਧਾੜ, ਦਰ ਦਵਾਰ ਰਹੇ ਦੁਰਕਾਇਆ । ਆਤਮ ਅੰਦਰ ਸਾਚੇ ਮੰਦਰ ਇਕ ਵਖਾਏ ਸਚ ਅਖਾੜ, ਮੰਡਲ ਰਾਸੀ ਰਾਸ ਰਚਾਇਆ । ਬਜਰ ਕਪਾਟੀ ਤੋੜੇ ਜੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੇਖਾ ਲੇਖ ਰਿਹਾ ਚੁਕਾਇਆ । ਲੇਖਾ ਲੇਖ ਹਰਿ ਆਪ ਚੁਕਾਉਣਾ, ਕਲਜੁਗ ਅੰਤਮ ਹੋਏ ਜੁਦਾਈਆ । ਧਰਮ ਰਾਏ ਦਾ ਦਰ ਖੁਲ੍ਹਾਉਣਾ, ਰਾਜੇ ਜਨਕ ਮਿਲੀ ਵਡਿਆਈਆ । ਲੱਖ ਚੁਰਾਸੀ ਲਾੜੀ ਮੌਤ ਨਾਲ ਪਰਨਾਉਣਾ, ਸੰਮਤ ਪੰਦਰਾਂ ਸਗਨ ਮਨਾਈਆ । ਹਾੜ ਸਤਾਰਾਂ ਤੇਲ ਚੜ੍ਹਾਉਣਾ, ਜੋਤ ਨਿਰੰਜਣ ਸੇਵਾ ਲਾਈਆ । ਅਕਾਲ ਪੁਰਖ ਇਹ ਖੇਲ ਰਚਾਉਣਾ, ਗੁਰ ਗੋਬਿੰਦ ਤੇਗ ਉਠਾਈਆ । ਸਚ ਸਿੰਘਾਸਣ ਕਿਸੇ ਨਾ ਸੌਣਾ, ਰਾਜ ਰਾਜਾਨਾਂ ਪਏ ਦੁਹਾਈਆ । ਸ਼ਾਹ ਸੁਲਤਾਨਾਂ ਖ਼ਾਕ ਮਿਲਾਉਣਾ, ਸੀਸ ਤਾਜ ਨਾ ਕੋਈ ਹੰਢਾਈਆ । ਪਹਿਲੀ ਕੱਤਕ ਵੀਹ ਸੌ ਪੰਦਰਾਂ ਬਿਕ੍ਰਮੀ ਪਟਨੇ ਹਰਿ ਚਰਨ ਛੁਹਾਉਣਾ, ਪਰਗਟ ਹੋਏ ਧੁਰ ਦਰਗਾਹੀਆ । ਪੁਰੀ ਅਨੰਦ ਆਪ ਉਠਾਉਣਾ, ਸੋਇਆ ਕੋਈ ਰਹਿਣ ਨਾ ਪਾਈਆ । ਦੇਵੇ ਸੁਨੇਹੜਾ ਪਵਣੀ ਪਵਣਾ, ਮਾਛੂਵਾੜਾ ਯਾਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਜੀਵ ਜੰਤ ਕੋਈ ਜਾਣੇ ਨਾ, ਸਾਧ ਸੰਤ ਭੇਵ ਨਾ ਪਾਇੰਦਾ । ਹਰਿ ਕਾ ਭਾਣਾ ਕੋਈ ਪਛਾਣੇ ਨਾ, ਨਾਨਕ ਗੋਬਿੰਦ ਲੇਖ ਲਿਖਾਇੰਦਾ । ਰਾਜਾ ਰਾਣਾ ਕੋਈ ਰਹਿਣਾ ਨਾ, ਊਚਾਂ ਨੀਚਾਂ ਆਪ ਮਿਟਾਇੰਦਾ । ਰਸਨਾ ਰਾਮ ਰਹੀਮ ਕਰੀਮ ਕਿਸੇ ਕਹਿਣਾ ਨਾ,

੧੦੩੧
੦੬

ਬੇਐਬ ਪਰਵਰਦਿਗਾਰ ਆਪ ਅਖਵਾਇੰਦਾ । ਨੇਤਰ ਲੋਚਨ ਦਰਸ਼ਨ ਕੋਈ ਪੇਖੇ ਨਾ, ਭਰਮ ਭੁਲੇਖੇ ਜਗਤ ਭੁਲਾਇੰਦਾ । ਅਕਾਲ ਤਖ਼ਤ ਨਾ ਕੋਈ ਬੂੰਦ ਨਾ ਕੋਈ ਰਕਤ ਪ੍ਰਭ ਅਬਿਨਾਸ਼ੀ ਆਦਿ ਸ਼ਕਤ ਕਿਸੇ ਆਏ ਲੇਖੇ ਨਾ, ਲੇਖਾ ਲੇਖ ਨਾ ਕੋਈ ਲਿਖਾਇੰਦਾ । ਧਾਰੀ ਕੇਸ ਗੁਰ ਦਸਮੇਸ਼ ਕੋਈ ਵੇਖੇ ਨਾ, ਮੁੰਡ ਮੁੰਡਾਏ ਭੇਵ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਡੰਕ ਵਜਾਇੰਦਾ । ਨਿਹਕਲੰਕ ਹਰਿ ਨਿਰੰਕਾਰ, ਸ਼ਬਦੀ ਸ਼ਬਦ ਸਮਾਇਆ । ਜੋਤੀ ਸ਼ਬਦੀ ਕਰ ਪਿਆਰ, ਜੋਤੀ ਜੋਤ ਜਗਾਇਆ । ਪੰਜ ਤਤ ਨਾ ਕੋਈ ਆਕਾਰ, ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸਾਇਆ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣਾ ਮਾਰਗ ਲਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰ, ਕਲਜੁਗ ਵੇਲਾ ਅੰਤਮ ਆਇਆ । ਅਬਿਨਾਸ਼ੀ ਕਰਤਾ ਲੈ ਅਵਤਾਰ, ਧਰਨੀ ਧਰਤਾ ਵੇਖ ਵਖਾਇਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਅਰਾ ਰਿਹਾ ਲਾਇਆ । ਸਤਿਜੁਗ ਸਾਚੇ ਕਰ ਤਿਆਰ, ਲੋਕਮਾਤੀ ਰਾਹ ਵਖਾਇਆ । ਧਰਤ ਮਾਤ ਕਰੇ ਪਿਆਰ, ਆਪ ਆਪਣੀ ਗੋਦ ਉਠਾਇਆ । ਦੇਵੇ ਮਤ ਸੱਚੀ ਸਰਕਾਰ, ਸ਼ਬਦ ਸਿੰਘਾਸਣ ਡੇਰਾ ਲਾਇਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਦਿਵਸ ਦਿਵਾਰ, ਤੇਰਾ ਲੇਖਾ ਲੇਖ ਲਿਖਾਇਆ । ਚਾਰ ਵਰਨਾਂ ਹੋਏ ਇਕ ਪਿਆਰ, ਹਿੰਦੂ ਮੁਸਲਿਮ ਸਿੱਖ ਈਸਾਈ ਕੋਈ ਰਹਿਣ ਨਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰਨ ਜੈ ਜੈ ਜੈਕਾਰ, ਸੋਹੰ ਤੇਰਾ ਇਕ ਜੈਕਾਰਾ ਰਸਨਾ ਗਾਇਆ । ਵਰਭੰਡ ਖੰਡ ਪ੍ਰਭ ਪਾਵੇ ਸਾਰ, ਜੇਰਜ ਅੰਡ ਦਏ ਤਰਾਇਆ । ਸਤਿਜੁਗ ਸਾਚੀ ਵੰਡ ਆਪ ਕਰੇ ਸੰਸਾਰ, ਨਾ ਕੋਈ ਦੂਸਰ ਸੰਗ ਰਖਾਇਆ । ਲੱਖਣ ਦੀਪ ਕਰੇ ਪੁਕਾਰ, ਨੇਤਰ ਨੀਰ ਰਿਹਾ ਵਹਾਇਆ । ਕਰੌਚ ਤੇਰੀ ਕੋਈ ਨਾ ਸੁਣੇ ਹਾਹਾਕਾਰ, ਦਿਵਸ ਰੈਣ ਰਿਹਾ ਕੁਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰਚਨ ਰਚਾਇਆ । ਕਲਜੁਗ ਅੰਤਮ ਵਾਰ, ਹਰਿ ਸਾਚਾ ਕਲ ਵਰਤਾਇੰਦਾ । ਸਤਿਜੁਗ ਸਾਚੇ ਕਰ ਪਿਆਰ, ਏਕਾ ਮੰਤਰ ਨਾਮ ਦ੍ਰਿੜਾਇੰਦਾ । ਅੱਖਰ ਵੱਖਰ ਲੇਖ ਲਿਖਾਰ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਬਵੰਜਾ ਅੱਖਰ ਕਰੇ ਵਿਚਾਰ, ਹਰਿ ਬਾਵਨ ਭੇਖ ਵਟਾਇੰਦਾ । ਰੋੜੀ ਸੱਖਰ ਦਏ ਅਧਾਰ, ਸੰਗ ਮੁਹੰਮਦ ਚਾਰ ਯਾਰ ਅੱਲਾ ਰਾਣੀ ਆਪ ਹਿਲਾਇੰਦਾ । ਈਸਾ ਮੂਸਾ ਖ਼ਬਰਦਾਰ, ਕਾਲਾ ਸੂਸਾ ਤਨ ਸ਼ਿੰਗਾਰ, ਦਰ ਦਰਵੇਸ਼ ਆਪ ਅਖਵਾਇੰਦਾ । ਚੀਨਾ ਰੂਸਾ ਇਕ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਤੀਰ ਕਮਾਨ ਉਠਾਇੰਦਾ । ਏਕਾ ਤੀਰ ਇਕ ਕਮਾਨਾ, ਹਰਿ ਏਕਾ ਏਕ ਉਠਾਇੰਦਾ । ਏਕਾ ਜੋਧਾ ਸੂਰਬੀਰ ਬਲੀ ਬਲਵਾਨਾ, ਦੋ ਜਹਾਨਾਂ ਵੇਖ ਵਖਾਇੰਦਾ । ਏਕਾ ਗੋਬਿੰਦ ਗੁਰ ਹੋਏ ਜਰਵਾਣਾ, ਸਾਚਾ ਚਿੱਲਾ ਆਪ ਖਿਚਾਇੰਦਾ । ਭੇਵ ਨਾ ਪਾਏ ਕੋਈ ਵਿਦਵਾਨਾ, ਗਿਆਨ ਧਿਆਨ ਨਾ ਵੇਖ ਵਖਾਇੰਦਾ । ਖੇਲੇ ਖੇਲ ਜਿਉਂ ਕ੍ਰਿਸ਼ਨਾ ਕਾਹਨਾ, ਰਥ ਰਥਵਾਹੀ ਆਪ ਹੋ ਜਾਇੰਦਾ । ਰਾਮ ਰਾਮਾ ਵਿਚ ਮੈਦਾਨਾ, ਦਹਿਸਰ ਅੰਤਮ ਮੇਟ ਮਿਟਾਇੰਦਾ । ਕਲਜੁਗ ਤੇਰਾ ਇਕ ਨਿਸ਼ਾਨਾ, ਹਰਿ ਭਗਵਾਨਾ ਆਪ ਕਰਾਇੰਦਾ । ਰਸਨਾ ਚਿੱਲਾ ਸਾਚਾ ਤੀਰ ਕਮਾਨਾ, ਸੋਹੰ ਮੁਖੀ ਅੱਗੇ ਲਾਇੰਦਾ । ਮੁਖ ਛੁਪਾਇਨ ਰਵ ਸਸ ਸੂਰਜ ਭਾਨਾ, ਆਕਾਸ਼ ਪਰਕਾਸ਼ ਮਿਟਾਇੰਦਾ । ਜੀਵ ਜੰਤ ਛੁੱਟੇ ਪੀਣਾ ਖਾਣਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਤੀਰ ਚਲਾਇੰਦਾ । ਏਕਾ ਤੀਰ ਸ਼ਬਦ ਤ੍ਰਿਸੂਲ, ਹਰਿ

ਆਪਣੀ ਆਪ ਚਲਾਈਆ । ਲੱਖ ਚੁਰਾਸੀ ਗਈ ਭੂਲ, ਸਾਚੇ ਘਰ ਨਾ ਵੱਜੇ ਵਧਾਈਆ । ਕਲਜੁਗ ਆਪ ਚੁਕਾਏ ਤੇਰਾ ਮੂਲ, ਬਾਕੀ ਕੋਈ ਰਹਿਣ ਨਾ ਪਾਈਆ । ਨਾ ਕੋਈ ਦਿਸੇ ਫਲ ਫੁਲਵਾੜੀ ਪੱਤ ਡਾਲ੍ਹੀ ਫੂਲ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਗੁਰਮੁਖ ਵਿਰਲਾ ਹਰਿ ਸ਼ਬਦ ਪੰਘੂੜਾ ਰਿਹਾ ਝੂਲ, ਪ੍ਰਭ ਸਾਚਾ ਰਿਹਾ ਝੁਲਾਈਆ । ਮਿਲਿਆ ਮੇਲ ਕੰਤ ਕੰਤਹੂਲ, ਦਰ ਘਰ ਸਾਚਾ ਇਕ ਸੁਹਾਈਆ । ਸ਼ਬਦ ਸਿੰਘਾਸਣ ਆਪ ਬਿਰਾਜੇ ਨਾ ਕੋਈ ਪਾਵਾ ਨਾ ਕੋਈ ਚੂਲ, ਨਾ ਕੋਈ ਬਾਡੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੇਖ ਵਖਾਈਆ । ਕਲਜੁਗ ਤੇਰਾ ਅੰਤਮ ਰੰਗ, ਹਰਿ ਸਾਚਾ ਵੇਖ ਵਖਾਇੰਦਾ । ਚਾਰ ਯਾਰੀ ਹੋਈ ਨੰਗ, ਨਾ ਕੋਈ ਸੰਗ ਰਲਾਇੰਦਾ । ਸਦੀ ਚੌਧਵੀਂ ਹੋਣਾ ਭੰਗ, ਐਹਨਲ ਹੱਕ ਅੱਲਾ ਹੂ ਕੋਈ ਨਾ ਨਾਅਰਾ ਲਾਇੰਦਾ । ਇਕ ਵਜਾਏ ਹਰਿ ਮਰਦੰਗ, ਸੋਹੰ ਨਾਉਂ ਉਪਾਇੰਦਾ । ਜੂਠ ਝੂਠ ਭੰਨੇ ਕਾਚੀ ਵੰਗ, ਨਾਮ ਖੰਡਾ ਏਕਾ ਵਾਹਿੰਦਾ । ਚਿੱਟੇ ਅਸਵ ਕਸਿਆ ਤੰਗ, ਸਚ ਸਿੰਘਾਸਣ ਆਸਣ ਲਾਇੰਦਾ । ਲੋਆਂ ਪੁਰੀਆਂ ਰਿਹਾ ਲੰਘ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਸੰਬਲ ਨਗਰੀ ਆਪ ਸੁਹਾਏ ਸ਼ਬਦ ਰੰਗੀਲੇ ਸਚ ਪਲੰਘ, ਜੋਤੀ ਨੂਰ ਚਮਕਾਇੰਦਾ । ਕੋਟਨ ਕੋਟ ਗੰਗਾ ਚਰਨ ਧੂੜ ਵਹਾਏ ਗੰਗ, ਅਠ ਸਠ ਤੀਰਥ ਮੇਟ ਮਿਟਾਇੰਦਾ । ਸਤਿਜੁਗ ਸਾਚਾ ਮੰਗ ਰਿਹਾ ਮੰਗ, ਪ੍ਰਭ ਅੱਗੇ ਝੋਲੀ ਡਾਹਿੰਦਾ । ਕਲਜੁਗ ਔਧ ਰਹੀ ਲੰਘ, ਗੁਰ ਗੋਬਿੰਦਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਧਾਰ, ਆਪ ਰੁੜ੍ਹਾਏ ਵਿਚ ਸੰਸਾਰ, ਸਾਗਰ ਸਿੰਧ ਸ਼ਬਦ ਵਖਾਇੰਦਾ । ਸਾਗਰ ਸਿੰਧ ਸ਼ਬਦ ਗੁਰ ਧਾਰ, ਏਕਾ ਏਕ ਵਡਿਆਈਆ । ਮਨਮੁਖ ਜੀਵ ਨਾ ਪਾਇਣ ਸਾਰ, ਕਲਜੁਗ ਸੋਇਆ ਰਹਿਣ ਨਾ ਪਾਈਆ । ਮਾਇਆ ਮਮਤਾ ਮੋਹ ਵਿਕਾਰ, ਕਾਮ ਕਰੋਧ ਕਰੀ ਕੁੜਮਾਈਆ । ਜੂਠ ਝੂਠ ਤਨ ਸ਼ਿੰਗਾਰ, ਮਨ ਮਤ ਵੇਸ ਰਹੀ ਵਟਾਈਆ । ਗੁਰਮੁਖ ਵਿਰਲਾ ਪਾਏ ਗੁਰ ਪੂਰੇ ਸਾਰ, ਜਿਸ ਜਨ ਆਪਣੀ ਦਇਆ ਕਮਾਈਆ । ਏਕਾ ਦੂਜਾ ਭੌ ਨਿਵਾਰ, ਤੀਜੇ ਦਰਸ਼ਨ ਸਾਚੇ ਮਾਹੀਆ । ਚੌਥੇ ਘਰ ਹਰਿ ਕਰਤਾਰ, ਆਪ ਆਪਣਾ ਰੰਗ ਰੰਗਾਈਆ । ਪੰਚਮ ਮੇਲਾ ਕੰਤ ਭਤਾਰ, ਨਾਰੀ ਕੰਤ ਆਪ ਅਖਵਾਈਆ । ਛੇਵੇਂ ਵੇਸ ਅਪਰ ਅਪਾਰ, ਹਰਿ ਕਰਤਾਰ ਆਪਣਾ ਆਪ ਵਟਾਈਆ । ਛੱਪਰ ਛੰਨ ਨਾ ਲਿਆ ਉਸਾਰ, ਥਿਰ ਘਰ ਬੈਠਾ ਆਸਣ ਲਾਈਆ । ਜਗੇ ਜੋਤ ਅਗੰਮ ਅਪਾਰ, ਦਿਵਸ ਰੈਣ ਕਰੇ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਇਕ ਆਕਾਰ, ਆਪ ਆਪਣਾ ਰਿਹਾ ਵਖਾਈਆ । ਲੇਖਾ ਲਿਖ ਨਾ ਸਕੇ ਵਿਚ ਸੰਸਾਰ, ਭੇਵ ਅਭੇਦਾ ਬੈਠਾ ਮੁਖ ਛੁਪਾਈਆ । ਜੁਗ ਜੁਗ ਲਏ ਮਾਤ ਅਵਤਾਰ, ਆਪ ਆਪਣੀ ਬਣਤ ਬਣਾਈਆ । ਰਾਮਾ ਕ੍ਰਿਸ਼ਨਾ ਪਾਵੇ ਸਾਰ, ਤਨ ਸਾਰਥੀ ਹਰਿ ਰਘੁਰਾਈਆ । ਈਸਾ ਮੂਸਾ ਦਏ ਧਾਰ, ਐੜਾ ਅੱਲਾ ਨੂਰ ਅਲਾਹੀਆ । ਨਾਨਕ ਪਾਇਆ ਵਰ ਹਰਿ ਕੰਤ ਭਤਾਰ, ਏਕਾ ਸੇਜਾ ਰਿਹਾ ਹੰਢਾਈਆ । ਮਿਲਿਆ ਨਾਮ ਸਤਿ ਦਵਾਰ, ਮੰਗੇ ਭਿਛਿਆ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੀ ਕਰੇ ਜਣਾਈਆ । ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਈਆ । ਚਾਰੋਂ ਕੁੰਟ ਦਏ ਹੁਲਾਰ, ਇਕ ਹੁਲਾਰਾ ਨਾਮ ਰਖਾਈਆ । ਭਰਮੇ ਭੁੱਲੇ ਜੀਵ ਗਵਾਰ, ਬੈਠੇ ਮੁਖ ਸ਼ਰਮਾਈਆ । ਪੁਰਖ ਅਬਿਨਾਸ਼ੀ ਅੱਗੇ ਵਰ ਨਾਨਕ ਨਿਰਗੁਣ ਕਰੇ ਨਿਮਸਕਾਰ, ਤੇਰਾ ਲੇਖਾ ਬੇਪਰਵਾਹੀਆ । ਸਤਿ ਪੁਰਖ ਨਿਰੰਜਣ ਦੇ ਪਿਆਰ, ਆਪ ਆਪਣਾ ਹੱਥ ਉਠਾਈਆ । ਨਾਨਕ ਤੇਰਾਂ ਤੇਰਾਂ ਪਾਵੇ

੧੦੩੩ ੦੬

ਸਾਰ, ਤੋਲ ਬੋਲ ਇਕ ਕਰਾਈਆ । ਕਲਜੁਗ ਅੰਤਮ ਲਏ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਪੰਜ ਤਤ ਨਾ ਕੋਈ ਪਿਆਰ, ਨਾ ਕੋਈ ਦਿਸੇ ਬਣਤ ਰਘੁਰਾਈਆ । ਸ਼ਬਦ ਧੁਨ ਅਪਰ ਅਪਾਰ, ਆਪ ਆਪਣਾ ਮਰਦੰਗ ਵਜਾਈਆ । ਚਾਰ ਵਰਨ ਅਠਾਰਾਂ ਬਰਨ ਕਰੇ ਖ਼ਬਰਦਾਰ, ਰਾਓ ਰੰਕਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੁਰ ਦਏ ਵਡਿਆਈਆ । ਨਾਨਕ ਗੁਰ ਅੰਤਰ ਧਿਆਨ, ਆਤਮ ਲਿਵ ਲਾਈਆ । ਪੁਰਖ ਅਬਿਨਾਸ਼ੀ ਦੇਵੇ ਸ਼ਬਦ ਗਿਆਨ, ਅੱਠੇ ਪਹਿਰ ਜਣਾਈਆ । ਸੋਹੰ ਸੋ ਧੁਰ ਫ਼ਰਮਾਣ, ਨਾਨਕ ਗਾਇਆ ਚਾਈਂ ਚਾਈਂਆ । ਪੁਰਖ ਅਬਿਨਾਸ਼ੀ ਇਕ ਵਖਾਏ ਪਦ ਨਿਰਬਾਨ, ਨਿਰਭੈ ਰੂਪ ਸਮਾਈਆ । ਆਪੇ ਜਾਣੇ ਆਵਣ ਜਾਣ, ਜੁਗ ਜੁਗ ਗੇੜਾ ਆਪਣੇ ਹੱਥ ਰਖਾਈਆ । ਅੰਤਮ ਪਰਗਟੇ ਜੋਤ ਵਿਚ ਜਹਾਨ, ਨਿਹਕਲੰਕ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਏਕਾ ਅੱਖਰ ਜਗਤ ਵੱਖਰ ਸ਼ਬਦ ਜੈਕਾਰ ਸਾਰੇ ਗਾਣ, ਹਰਿ ਸਾਚਾ ਰਿਹਾ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਨਕ ਨਾਮ ਅੰਮ੍ਰਿਤ ਨਿਧਾਨ, ਏਕਾ ਜਾਮ ਪਿਆਈਆ । ਨਾਨਕ ਗੁਰ ਕਰੇ ਪਰਵਾਨ, ਦੋਏ ਜੋੜ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਜਾਣੀ ਜਾਣ, ਵੇਖੇ ਵਿਗਸੇ ਕਰੇ ਵਿਚਾਰਿਆ । ਆਪ ਰਖਾਏ ਆਪਣੀ ਆਣ, ਆਪਣੇ ਭਾਣੇ ਆਪ ਸਮਾ ਰਿਹਾ । ਜਨ ਭਗਤਾਂ ਦੇਵੇ ਸ਼ਬਦ ਬਿਬਾਨ, ਜੁਗ ਜੁਗ ਖੇਲੇ ਖੇਲ ਖੇਲ ਖਿਲਾ ਰਿਹਾ । ਆਵਣ ਜਾਵਣ ਚੁੱਕੇ ਕਾਣ, ਪਤਤ ਪਾਵਨ ਦਇਆ ਕਮਾ ਰਿਹਾ । ਵੇਖ ਵਖਾਏ ਕਾਇਆ ਮੰਦਰ ਸਚ ਮਕਾਨ, ਗੁਰਮੁਖ ਸਾਚੀ ਜੋਤ ਜਗਾ ਰਿਹਾ । ਚੌਦਾਂ ਲੋਕ ਚੌਦਾਂ ਹੱਟ ਇਕ ਦੁਕਾਨ, ਨਾਮ ਵਸਤੂ ਸਾਚੀ ਪਾ ਰਿਹਾ । ਤੀਰਥ ਤਟ ਕਰੇ ਪਰਵਾਨ, ਆਤਮ ਸਰ ਸਰੋਵਰ ਆਪ ਨੁਹਾ ਰਿਹਾ । ਦੁਰਮਤ ਮੈਲ ਹਰਿਜਨ ਕੱਟ, ਅਗਿਆਨ ਅੰਧੇਰ ਮਿਟਾ ਰਿਹਾ । ਤਨ ਨਗਾਰੇ ਲਾਏ ਸੱਟ, ਅਨਹਦ ਤਾਲ ਵਜਾ ਰਿਹਾ । ਭਾਗ ਲਗਾਏ ਕਾਇਆ ਮਟ, ਨਿਰਮਲ ਦੀਪਕ ਜੋਤ ਜਗਾ ਰਿਹਾ । ਜੂਠਾ ਝੂਠਾ ਬੁਰਜ ਸ੍ਰਿਸ਼ਟ ਸਬਾਈ ਜਾਣਾ ਢੱਠ, ਥਿਰ ਕੋਈ ਰਹਿਣ ਨਾ ਪਾ ਰਿਹਾ । ਨਾ ਕੋਈ ਪੂਜੇ ਸ਼ਿਵਦਵਾਲਾ ਮੱਠ, ਗੁਰ ਦਰ ਮੰਦਰ ਅੰਦਰ ਮਸਜਿਦ ਡੇਰਾ ਕੋਈ ਨਾ ਲਾ ਰਿਹਾ । ਕਲਜੁਗ ਖੇਲ ਬਾਜੀਗਰ ਨਟ, ਅੰਤਮ ਝੂਠੇ ਹੱਟ ਵਿਕਾ ਰਿਹਾ । ਗੁਰਮੁਖ ਵਿਰਲਾ ਹਰਿ ਹਰਿ ਨਾਉਂ ਰਸਨਾ ਰਿਹਾ ਰਟ, ਜਿਸ ਜਨ ਸਾਚੇ ਧੰਦੇ ਲਾ ਰਿਹਾ । ਅੰਤਰ ਆਤਮ ਰਸਨਾ ਜਿਹਵਾ ਰਿਹਾ ਚਟ, ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਇਕ ਗਿਆਨ, ਏਕਾ ਧੁਰ ਫ਼ਰਮਾਣ ਜਣਾ ਰਿਹਾ । ਚਾਰ ਵਰਨ ਇਕ ਗਿਆਨਾ, ਏਕਾ ਏਕ ਪੜ੍ਹਾਈਆ । ਏਕਾ ਤੀਰਥ ਇਕ ਇਸ਼ਨਾਨਾ, ਏਕਾ ਮਜਨ ਰਿਹਾ ਵਖਾਈਆ । ਏਕਾ ਪੂਜਾ ਪਾਠ ਪੁਰਾਨਾ, ਪੁਰਾਨ ਪੁਰਾਨੀ ਲੇਖੇ ਲਾਈਆ । ਏਕਾ ਰਾਗ ਏਕਾ ਗਾਣਾ, ਏਕਾ ਨਾਦ ਵਜਾਈਆ । ਇਕ ਪੁਰਖ ਇਕ ਸੁਲਤਾਨਾ, ਇਕ ਸੀਸ ਹੰਢਾਈਆ । ਲੋਆਂ ਪੁਰੀਆਂ ਆਪਣੀ ਹੱਥੀਂ ਬੰਨ੍ਹੇ ਗਾਨਾ, ਸਤਿਜੁਗ ਸਾਚੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਤ੍ਰੈਗੁਣ ਮਾਇਆ ਰਿਹਾ ਲੁਟਾਈਆ ।

✲ ੨੧ ਮੱਘਰ ੨੦੧੪ ਬਿਕ੍ਰਮੀ ਪੰਡਤ ਸੁਖਦੇਵ ਰਾਮ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✲

ਭਗਤ ਵਛਲ ਗਿਰਧਾਰ, ਭਗਵਨ ਰੂਪ ਸਮਾਇੰਦਾ । ਅਛਲ ਅਛੱਲ ਵਿਚ ਸੰਸਾਰ, ਮਨਮੁਖਾਂ ਆਪ ਭੁਲਾਇੰਦਾ । ਭੇਖਾ ਬਾਵਨ ਧਰ ਅਪਰ ਅਪਾਰ, ਦਰ ਦਵਾਰੇ ਫੇਰਾ ਪਾਇੰਦਾ । ਦੁਸ਼ਟ ਹੰਕਾਰੀ ਰਾਵਣ ਦਏ ਸੰਘਾਰ, ਰਾਮ ਰਾਮਾ ਰੂਪ ਵਟਾਇੰਦਾ । ਕਾਹਨਾ ਕ੍ਰਿਸ਼ਨਾ ਲਏ ਅਵਤਾਰ, ਬਿਦਰ ਸੁਦਾਮਾ ਗਲੇ ਲਗਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਹਰਿ ਜੋਤੀ ਨੂਰ ਦਰਸਾਇੰਦਾ । ਆਦਿ ਨਿਰੰਜਣ ਖੇਲ ਅਪਾਰ, ਜੋਤ ਨਿਰੰਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਰ ਸੁਹਾਇੰਦਾ । ਭਗਤਨ ਮੇਲਾ ਹਰਿ ਭਗਵੰਤ, ਆਤਮ ਬ੍ਰਹਮ ਜਣਾਈਆ । ਮਿਲਿਆ ਮੇਲ ਸਾਚਾ ਕੰਤ, ਜਗਤ ਦਵਾਰਾ ਇਕ ਸੁਹਾਈਆ । ਜੁਗ ਜੁਗ ਮਹਿੰਮਾ ਗਣਤ ਅਗਣਤ, ਲੇਖਾ ਲੇਖ ਨਾ ਕੋਈ ਲਿਖਾਈਆ । ਕਲਜੁਗ ਜੀਵਾਂ ਮਾਇਆ ਪਾਏ ਬੇਅੰਤ, ਅੰਤਮ ਗੂੜ੍ਹੀ ਨੀਂਦ ਸਵਾਈਆ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਨਾਮ ਰੰਗਣ ਇਕ ਰੰਗਾਈਆ । ਪੰਚ ਵਿਕਾਰ ਕਰੇ ਭਸਮੰਤ, ਤ੍ਰਿਸ਼ਨਾ ਮੋਹ ਚੁਕਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਪਾਰਬ੍ਰਹਮ ਸੱਚੀ ਸਰਨਾਈਆ । ਰਾਗ ਸੁਣਾਏ ਇਕ ਸੁਹਾਗੀ ਛੰਤ, ਵਰਨ ਬਰਨ ਭੇਵ ਨਾ ਰਾਈਆ । ਸਾਚਾ ਮੇਲਾ ਆਦਿ ਅੰਤ, ਆਪ ਆਪਣਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲਾ ਸਹਿਜ ਸੁਖਦਾਈਆ । ਭਗਤ ਸੁਹੇਲਾ ਸਾਚਾ ਮੀਤਾ, ਹਰਿ ਹਰਿ ਰਘੁਨਾਥਾ । ਏਕਾ ਸ਼ਬਦ ਮਾਣ ਰਖਾਏ ਅਠਾਰਾਂ ਧਿਆਏ ਗੀਤਾ, । ਦੋ ਜਹਾਨੀ ਸਗਲਾ ਸਾਥਾ । ਆਪ ਚਲਾਏ ਜੁਗ ਜੁਗ ਆਪਣੀ ਰੀਤਾ, ਪਰਗਟ ਹੋਏ ਤ੍ਰੈਲੋਕੀ ਨਾਥਾ । ਨਾ ਕੋਈ ਦਿਹੁਰਾ ਦਿਸੇ ਗੁਰੂਦਵਾਰਾ ਮੰਦਰ ਮਸੀਤਾ, ਗੁਰਮੁਖ ਕਾਇਆ ਮੰਦਰ ਅੰਦਰ ਬੈਠਾ ਇਕ ਅਤੀਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਾਚੇ ਘਰ, ਸੁਰਤ ਸਵਾਣੀ ਵਰੇ ਕਿਰਪਾ ਕਰੇ ਆਪਣੀ ਹਰੇ, ਮੇਲ ਮਿਲਾਏ ਰਾਮ ਸੀਤਾ । ਰਾਮ ਰਾਵਣ ਹਰਿ ਕਰਤਾਰ, ਸੀਤਾ ਸੁਰਤ ਜਗਾਈਆ । ਆਪ ਆਪਣਾ ਕਰ ਪਿਆਰ, ਆਪਣੀ ਰੀਤਾ ਰਿਹਾ ਜਣਾਈਆ । ਅੰਦਰ ਮੰਦਰ ਵੇਖ ਵਿਚਾਰ, ਡੂੰਘੀ ਕੰਦਰ ਫੇਰਾ ਪਾਈਆ । ਹਰਿਜਨ ਵੇਖੇ ਨੇਤਰ ਪੇਖੇ ਮੇਲ ਮਿਲਾਏ ਹਰਿ ਗਿਰਧਾਰ, ਗਿਰਵਰ ਰੂਪ ਅਖਵਾਈਆ । ਨਿਜ ਘਰ ਵਾਸੀ ਨਿਜ ਆਤਮ ਬੈਠਾ ਆਪਣਾ ਕਰ ਆਕਾਰ, ਦਿਸ ਕਿਸੇ ਨਾ ਆਈਆ । ਭਗਤਨ ਕਰੇ ਤਨ ਸ਼ਿੰਗਾਰ, ਤਨ ਬਸਤਰ ਇਕ ਪਹਿਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਦਰ, ਮਿਲਿਆ ਮੇਲ ਸਹਿਜ ਸੁਖਦਾਈਆ । ਮਿਲਿਆ ਮੇਲ ਜਾਮਾ ਵੰਤ, ਪੂਰਬ ਲਹਿਣਾ ਕਰਮ ਵਿਚਾਰਿਆ । ਭੇਵ ਨਾ ਪਾਇਣ ਜੀਵ ਜੰਤ, ਕਲਜੁਗ ਗੜ੍ਹ ਹੋਇਆ ਹੰਕਾਰਿਆ । ਨਾ ਕੋਈ ਬਣਾਏ ਮਾਤ ਬਣਤ, ਜੂਠੇ ਝੂਠੇ ਮੀਤ ਮੁਰਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਤੀ ਇਕ ਜਣਾ ਰਿਹਾ । ਏਕਾ ਭਗਤੀ ਹਰਿ ਭਗਵਾਨਾ, ਆਪਣੀ ਆਪ ਜਣਾਇੰਦਾ । ਸਾਚਾ ਸ਼ਬਦ ਸਚ ਤਰਾਨਾ, ਸਾਚਾ ਰਾਗ ਅਲ੍ਹਾਇੰਦਾ । ਗੁਰਮੁਖ ਹੱਥੀਂ ਬੰਨ੍ਹੇ ਗਾਨਾ, ਦਰ ਘਰ ਸਗਨ ਮਨਾਇੰਦਾ । ਚਰਨ ਧੂੜੀ ਸਚ ਇਸ਼ਨਾਨਾ, ਪੀਤ ਪੀਤੰਬਰ ਸਿਰ ਛੁਹਾਇੰਦਾ । ਮੇਲ ਮਿਲਾਏ ਗੋਪੀ ਕਾਹਨਾ, ਨਾਮ ਬੰਸਰੀ ਇਕ ਵਜਾਇੰਦਾ । ਜੋਤ ਸਰੂਪ ਘਨਈਆ ਸ਼ਾਮਾ, ਕਵਲ ਨੈਣ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਭਗਤਾਂ ਵੇਖ ਵਖਾਇੰਦਾ ।

੧੦੩੫
੦੬

ਭਗਤਨ ਦਰ ਸਚ ਮਹੱਲਾ, ਹਰਿ ਸਾਚੇ ਆਪ ਵਿਚਾਰਿਆ । ਜੋਤ ਸਰੂਪੀ ਇਕ ਇਕੱਲਾ, ਵੇਖ ਵਖਾਏ ਸਰਬ ਸੰਸਾਰਿਆ । ਫੇਰਾ ਪਾਏ ਜੰਗਲ ਜੂਹ ਉਜਾੜ ਪਹਾੜ ਡੂੰਘੀ ਡੱਲਾ, ਜਲਾਂ ਥਲਾਂ ਪਾਰ ਕਿਨਾਰਿਆ । ਜਨ ਭਗਤ ਦਵਾਰੇ ਦੀਪਕ ਜੋਤੀ ਏਕਾ ਬੱਲਾ, ਮਿਟੇ ਰੈਣ ਅੰਧੇਰੀ ਅੰਧ ਅੰਧਿਆਰਿਆ । ਦੂਈ ਦਵੈਤੀ ਮੇਟੇ ਸੱਲਾ, ਏਕਾ ਦੂਜਾ ਭੌ ਨਿਵਾਰਿਆ । ਸਚ ਦਵਾਰ ਹਰਿਜਨ ਮੱਲਾ, ਮਿਲਿਆ ਮੇਲ ਏਕੰਕਾਰਿਆ । ਦਰ ਦਰਵੇਸ਼ਾ ਅੱਗੇ ਖੱਲਾ, ਦਰ ਦਰਬਾਨ ਆਪ ਅਖਵਾ ਰਿਹਾ । ਆਪ ਉਪਾਏ ਦਇਆ ਕਮਾਏ ਨਿਹਚਲ ਧਾਮ ਅਟੱਲਾ, ਥਿਰ ਘਰ ਸਾਚੀ ਬਣਤ ਬਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਅਛਲ ਅਛੱਲਾ, ਅਛਲ ਛਲ ਆਪ ਕਰਾ ਰਿਹਾ । ਅਛਲ ਅਛੇਦੀ ਹਰਿ ਨਿਰੰਕਾਰਾ, ਨਿਰਗੁਣ ਰੂਪ ਅਖਵਾਇੰਦਾ । ਭੇਵ ਨਾ ਪਾਇਣ ਵੇਦ ਕਿਤੇਬੀ, ਲੇਖਾ ਲਿਖਤ ਨਾ ਕੋਈ ਲਿਖਾਇੰਦਾ । ਗਾ ਗਾ ਥੱਕੇ ਦੇਵ ਦੇਵੀ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਇੰਦਾ । ਪਾਰਬ੍ਰਹਮ ਪ੍ਰਭ ਅਲੱਖ ਅਭੇਵੀ, ਅਲਖਣਾ ਅਲੱਖ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਵੇਖ ਵਖਾਇੰਦਾ । ਅਲੱਖ ਅਲੱਖਣਾ ਹਰਿ ਕਰਤਾਰ, ਹਰ ਘਟ ਰਿਹਾ ਸਮਾਇਆ । ਆਪੇ ਭਾਂਡਾ ਕਰੇ ਸੱਖਨਾ, ਆਪੇ ਰਿਹਾ ਭਰਾਇਆ । ਆਪੇ ਬਾਲੀ ਬਾਲਾ ਖਾਏ ਮੱਖਨਾ, ਸ਼ਬਦ ਗੋਕਲ ਫੇਰਾ ਪਾਇਆ । ਆਪੇ ਦੇਵੇ ਦਰਸ ਹੋਏ ਪਰਤੱਖਣਾ, ਦਰੋਪਦ ਲੱਜਿਆ ਲਾਜ ਰਖਾਇਆ । ਆਪ ਭਾਗ ਲਗਾਏ ਕੁਲੀ ਕੱਖਣਾ, ਬਿਦਰ ਸੁਦਾਮਾ ਗਲੇ ਲਗਾਇਆ । ਆਪੇ ਹੋਏ ਤੰਦਲ ਚੱਖਨਾ, ਪੈਰੀਂ ਪੈ ਪੈ ਭਗਤ ਮਨਾਇਆ । ਹਰਿ ਭਗਤ ਸੁਖਦੇਵ ਨਾ ਰਹੇ ਸੱਖਣਾ, ਪ੍ਰਭ ਜੋਤੀ ਦਏ ਜਗਾਇਆ । ਕੱਖੋਂ ਕਰੇ ਲੱਖਣਾ, ਜਗਤ ਖ਼ਜ਼ਾਨਾ ਮੁੱਲ ਕੋਈ ਨਾ ਪਾਇਆ । ਕਰੋੜ ਤੇਤੀਸ ਤੇਰੇ ਦਰ ਕਰੇ ਪਰਦੱਖਣਾ, ਪ੍ਰਭ ਸਾਚੀ ਸੇਵਾ ਲਾਇਆ । ਕਲਜੁਗ ਅੰਗਿਆਰ ਏਕਾ ਭਖਣਾ, ਪ੍ਰਭ ਸਾਚਾ ਰਿਹਾ ਤਪਾਇਆ । ਖੇਲੇ ਖੇਲ ਉਤਰ ਪੂਰਬ ਪੱਛਮ ਦੱਖਣਾ, ਦਹਿ ਦਿਸ਼ਾ ਵੇਖ ਵਖਾਇਆ । ਮਨਮੁਖ ਜੀਵਾਂ ਕਿਸੇ ਨਾ ਪੜਦਾ ਢਕਨਾ, ਰਾਏ ਧਰਮ ਦਏ ਸਜ਼ਾਇਆ । ਲਾੜੀ ਮੌਤ ਘਰ ਘਰ ਦਰ ਦਰ ਬਹਿ ਬਹਿ ਨੱਚਨਾ, ਮੁਖ ਆਪਣਾ ਘੁੰਗਟ ਲਾਹਿਆ । ਗੁਰਮੁਖ ਸਾਚੇ ਪ੍ਰਭ ਚਰਨ ਦਵਾਰੇ ਬਹਿ ਬਹਿ ਹੱਸਣਾ, ਚਾਰੋਂ ਕੁੰਟ ਨੈਣ ਉਠਾਇਆ । ਪ੍ਰਭ ਸਾਚੇ ਪਾਰਬ੍ਰਹਮ ਅਬਿਨਾਸ਼ੀ ਕਰਤੇ ਆਪਣੀ ਗੋਦੀ ਰੱਖਣਾ, ਆਦਿ ਸ਼ਕਤੀ ਮਾਂ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਬੂੰਦ ਰਕਤੀ ਸਾਚੇ ਲੇਖੇ ਲਏ ਲਾਇਆ । ਸਾਚੇ ਲੇਖੇ ਜਾਏ ਲੱਗ, ਮਿਲਿਆ ਮੇਲ ਬਨਵਾਰੀ । ਪਰਗਟ ਹੋਏ ਦਾਤਾ ਸੂਰਾ ਸਰਬੱਗ, ਕਲਜੁਗ ਤੋੜੇ ਝੂਠੀ ਯਾਰੀ । ਤ੍ਰੈਗੁਣ ਮਾਇਆ ਆਪ ਬੁਝਾਏ ਅੱਗ, ਕਾਇਆ ਕਰੇ ਠੰਡੀ ਠਾਰੀ । ਦਰਸ ਦਿਖਾਏ ਉਪਰ ਸ਼ਾਹ ਰਗ, ਪੈਂਡਾ ਚੁੱਕੇ ਨੌਂ ਦਵਾਰੀ । ਦੀਪਕ ਜੋਤੀ ਜਾਏ ਜਗ, ਉਪਜੇ ਸ਼ਬਦ ਸੱਚੀ ਧੁਨਕਾਰੀ । ਫੜ ਫੜ ਹੰਸ ਬਣਾਏ ਕਗ, ਦੇਵੇ ਨਾਮ ਸੱਚੀ ਖੁਮਾਰੀ । ਦੁਰਮਤ ਮੈਲ ਧੋਇਆ ਦਾਗ਼, ਘਰ ਆਏ ਕ੍ਰਿਸ਼ਨ ਮੁਰਾਰੀ । ਮਨਮੁਖ ਕੋਈ ਨਾ ਪਕੜੇ ਵਾਗ, ਪ੍ਰਭ ਦੇਵੇ ਦਰ ਦੁਰਕਾਰੀ । ਅੰਤਮ ਜੋਤੀ ਬੁਝੇ ਚਿਰਾਗ, ਕਾਇਆ ਹੋਈ ਅੰਧ ਅੰਧਿਆਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਸੁਹੇਲੇ ਰਿਹਾ ਉਭਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪੂਰਨ ਗੁਰ ਅਵਤਾਰੀ ।

ਗੁਰ ਕਿਰਪਾ ਗੁਰ ਜਾਨਿਆ, ਮਿਲਿਆ ਨਾਮ ਪਰਸਾਦਿ । ਗੁਰਮੁਖ ਗੁਰ ਰੰਗ ਮਾਨਿਆ, ਧੁਰ ਦਰਗਾਹੀ ਦੇਵੇ ਦਾਦ । ਜਨ ਮੰਨੇ ਗੁਰ ਕਾ ਭਾਨਿਆ, ਰਸਨਾ ਛੋੜੇ ਜਗਤ ਸਵਾਦ । ਮਿਲੇ ਮੇਲ ਸ਼ਬਦ ਗੁਰ ਹਾਣੀਆ, ਖੋਜੇ ਜੀਓ ਪਿੰਡ ਬ੍ਰਹਿਮਾਦ । ਦਰ ਦਵਾਰੇ ਬਣੇ ਕੰਤ ਸਵਾਣੀਆ, ਘਰ ਸਾਜਨ ਸਾਚਾ ਲਾਧ । ਅਨਹਦ ਸੁਣੇ ਆਤਮ ਬਾਣੀਆ, ਗਾਵਣਹਾਰਾ ਮਾਧਵ ਮਾਧ । ਆਵਣ ਜਾਵਣ ਚੁੱਕੇ ਕਾਣੀਆ, ਜਿਸ ਜਨ ਰਸਨਾ ਲਿਆ ਅਰਾਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੁਰਤੀ ਸ਼ਬਦ ਡੋਰੀ ਲਏ ਬਾਂਧ । ਸ਼ਬਦ ਡੋਰੀ ਬੰਧਨ ਪਾ, ਹਰਿਜਨ ਬੰਧ ਬੰਧਾਇਆ । ਇਕ ਜਪਾਏ ਸਾਚਾ ਨਾਂ, ਸੋ ਮੰਤਰ ਨਾਮ ਦ੍ਰਿੜਾਇਆ । ਹੰ ਹੰਗਤਾ ਦਏ ਮਿਟਾ, ਆਪ ਆਪਣੇ ਅੰਗਣ ਲਾਇਆ । ਮੰਗਤੇ ਮੰਗ ਦਏ ਵਖਾ, ਨਾਮ ਵਸਤ ਅਨਡੀਠੀ ਝੋਲੀ ਪਾਇਆ । ਲੇਖਾ ਮੰਗੇ ਜੋ ਜਨ ਰਹੇ ਕੁਰਲਾ, ਦੇ ਦਰਸ ਕਰੇ ਤ੍ਰਿਪਤਾਇਆ । ਆਪੇ ਬਣੇ ਪਿਤਾ ਮਾਂ, ਹਰਿਜਨ ਗੋਦੀ ਲਏ ਉਠਾਇਆ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇਆ । ਹੰਸ ਬਣਾਏ ਫੜ ਫੜ ਕਾਂ, ਸਰ ਸਰੋਵਰ ਇਕ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਇਕ ਵਰਤਾਇਆ । ਗੁਰ ਪਰਸਾਦੀ ਗੁਰ ਬੁਝਿਆ, ਗੁਰ ਮੰਤਰ ਗਿਆਨ । ਗੁਰ ਚਰਨ ਗੁਰਮੁਖ ਝੁਜਿਆ, ਦਰਗਾਹ ਹੋਏ ਪਰਵਾਨ । ਚਰਨ ਕਵਲ ਜੋ ਜਨ ਲੁਝਿਆ, ਨੇੜ ਨਾ ਆਇਣ ਪੰਜ ਸ਼ੈਤਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰਾ ਸ਼ਬਦੀ ਸ਼ਬਦ ਜਣਾਈ, ਨਾਮ ਨਾਮਾ ਬ੍ਰਹਮ ਗਿਆਨ । ਨਾਮ ਗਿਆਨ ਗੁਰ ਪਰਸਾਦੀ, ਪਰਮ ਪੁਰਖ ਵਰਤਾਇਆ । ਜਨ ਭਗਤਾਂ ਦੇਵੇ ਆਦਿ ਜੁਗਾਦੀ, ਜੁਗ ਜੁਗ ਦੇਂਦਾ ਆਇਆ । ਹਰਿਜਨ ਹਰਿ ਹਰਿ ਸਦਾ ਰਹੇ ਵਿਸਮਾਦੀ, ਵਿਸਮਾਦ ਰੂਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਰ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਸਾਚਾ ਨਾਅਰਾ ਲਾਇਆ । ਸਚ ਨਾਮ ਨਾਮ ਦ੍ਰਿੜੌਣਾ, ਏਕਾ ਅਲੱਖ ਜਗਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲੌਣਾ, ਸਵੱਛ ਸਰੂਪ ਪਰਤੱਖ ਦਰਸ ਦਿਖਾਈਆ । ਨੇਤਰ ਤੀਜਾ ਹਰਿ ਆਪ ਖੁਲ੍ਹਾਉਣਾ, ਬੰਦ ਕਿਵਾੜੀ ਕੁੰਡਾ ਲਾਹੀਆ । ਆਤਮ ਸੇਜਾ ਧਾਮ ਸੁਹੌਣਾ, ਸਤਿਗੁਰ ਬੈਠਾ ਜੋਤ ਜਗਾਈਆ । ਇਕ ਧਿਆਨ ਹਰਿ ਚਰਨ ਰਖਾਉਣਾ, ਜਗਤ ਵਿਛੋੜਾ ਦਏ ਕਟਾਈਆ । ਕਲਜੁਗ ਮਾਇਆ ਭੁੱਲ ਨਾ ਹਰਿ ਭੁਲਾਉਣਾ, ਅਣਭੁਲ ਆਪ ਅਖਵਾਈਆ । ਕਲਜੁਗ ਅੰਤਮ ਸੰਮਤ ਸੋਲਾਂ ਹਾੜ ਸਤਾਰਾਂ ਗੁਰਮੁਖਾਂ ਕਲ ਹਰਿ ਹਰਿ ਪਾਉਣਾ, ਸੋਹੰ ਕੰਡੇ ਆਪ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਨ ਸ਼ਿੰਗਾਰ ਇਕ ਕਰਾਈਆ ।

## ❊ ੨੨ ਮੱਘਰ ੨੦੧੪ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ❊

ਗ੍ਰਹਿ ਕੋਟ ਸਚ ਗੜ੍ਹ, ਘਰ ਸੁਹੰਜਣਾ ਨਰਾਇਣ । ਪੁਰਖ ਅਬਿਨਾਸ਼ੀ ਵੇਖੇ ਉਪਰ ਚੜ੍ਹ, ਦਰਦ ਦੁੱਖ ਭੰਜਨ ਸਾਕ ਸੈਣ । ਨਾ ਕੋਈ ਸੀਸ ਨਾ ਕੋਈ ਧੜ, ਰਸਨਾ ਗੁਣ ਨਾ ਸਕੇ ਕੋਈ ਕਹਿਣ । ਨਾ ਕੋਈ ਵਿਦਿਆ ਅੱਖਰ ਗਿਆ ਪੜ੍ਹ, ਮੰਦਰ ਅੰਦਰ ਕਿਸੇ ਨਾ ਦਿਸੇ ਬੈਠਾ ਨੈਣ । ਗੁਰਮੁਖਾਂ ਦਰ ਦਵਾਰੇ ਅੱਗੇ ਖੜ੍ਹ, ਆਪ ਚੁਕਾਏ ਲਹਿਣ ਦੇਣ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਰੰਗ

ਰੰਗਾਇਣ । ਰੰਗ ਰੰਗਾਏ ਨਾਮ ਨਰਾਇਣ, ਏਕਾ ਨਾਮ ਚਲੂਲਿਆ । ਨਾਤਾ ਤੋੜੇ ਜਗਤ ਮਾਤ ਪਿਤ ਭਾਈ ਭੈਣ, ਮੇਲ ਮਿਲਾਵਾ ਕੰਤ ਕੰਤੂਹਲਿਆ । ਆਤਮ ਸੇਜਾ ਸਾਚੇ ਮੰਦਰ ਸੰਤ ਸਤਿਗੁਰ ਇਕੱਠੇ ਰਹਿਣ, ਖੇਲੇ ਖੇਲ ਦੂਲੋ ਦੂਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਫਲਿਆ ਆਪੇ ਫੂਲਿਆ । ਨਾਮ ਨਿਰੰਜਣ ਪੁਰਖ ਅਥਾਹ, ਬੇਐਬ ਹਰਿ ਨਿਰੰਕਾਰਿਆ । ਸਿਫ਼ਤੀ ਸ਼ਬਦ ਸਚ ਸਲਾਹ, ਗਾਏ ਰਾਗ ਅਪਰ ਅਪਾਰਿਆ । ਆਦਿ ਜੁਗਾਦੀ ਸਚ ਮਲਾਹ, ਜਨ ਭਗਤਾਂ ਕਰੇ ਪਿਆਰਿਆ । ਨਾਮ ਜਣਾਈ ਏਕਾ ਨਾਂ, ਇਕ ਓਅੰਕਾਰਾ ਆਪ ਕਰਾ ਰਿਹਾ । ਵੇਖ ਵਖਾਏ ਸਾਚੇ ਥਾਂ, ਸ਼ਬਦ ਬਿਬਾਣਾ ਇਕ ਉਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੰਤ ਸਾਜਨ ਲਏ ਵਰ, ਘਰ ਸੁਹੰਜਣਾ ਇਕ ਵਖਾ ਰਿਹਾ । ਘਰ ਸੁਹੰਜਣਾ ਹਰਿ ਮੁਕੰਦਾ, ਪਾਰਬ੍ਰਹਮ ਉਚਿਤਾ । ਰਾਗ ਅਨਾਦੀ ਏਕਾ ਛੰਦ, ਗੁਰਮੁਖ ਉਠਾਏ ਸੁੱਤਾ । ਰਸਨ ਜਣਾਏ ਬੱਤੀ ਦੰਦ, ਏਕਾ ਇਕ ਸੁਹਾਏ ਸਾਚੀ ਰੁੱਤਾ । ਆਤਮ ਬਖ਼ਸ਼ੇ ਪਰਮਾਨੰਦ, ਲੋਕਮਾਤ ਮੰਨਾਏ ਰੁੱਠਾ । ਖ਼ੁਸ਼ੀ ਕਰਾਏ ਬੰਦ ਬੰਦ, ਗੁਰ ਸਤਿਗੁਰ ਪੂਰਾ ਤੁਠਾ । ਸਤਿਜੁਗ ਸਚ ਚੜ੍ਹਾਏ ਚੰਦ, ਮੇਟ ਮਿਟਾਏ ਨਾਤਾ ਜੂਠਾ ਝੂਠਾ । ਮਦਿਰਾ ਮਾਸ ਤਜਾਏ ਰਸਨਾ ਗੰਦ, ਮਾਤ ਗਰਭ ਨਾ ਹੋਏ ਪੁੱਠਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਬੰਧਾਏ ਸਾਚਾ ਮੁੱਠਾ । ਸਾਚਾ ਸ਼ਬਦ ਹਰਿ , ਨਿਰਗੁਣ ਤੋਲ ਤੁਲਾਇਆ । ਸਰਗੁਣ ਵੇਖੇ ਕਾਇਆ ਡੋਲਾ, ਆਪ ਆਪਣਾ ਪੜਦਾ ਲਾਹਿਆ । ਨਾਮ ਵਣਜਾਰਾ ਸ਼ਬਦੀ ਤੋਲਾ, ਏਕਾ ਕੰਡਾ ਰਿਹਾ ਵਖਾਇਆ । ਪਰਗਟ ਹੋਏ ਕਲਾ ਸੋਲਾਂ, ਸੋਲਾਂ ਧਾਰ ਚਲਾਇਆ । ਗੁਰਮੁਖ ਆਤਮ ਸੇਜਾ ਮੌਲਾ, ਕਾਇਆ ਕਮਲੀ ਤਨ ਛੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰ ਆਪ ਅਖਵਾਇਆ । ਸਤਿਗੁਰ ਬੋਧ ਸ਼ਬਦ ਗਿਆਨਨ, ਅੰਤਰ ਨਾਮ ਜਣਾਈਆ । ਚਰਨ ਧੂੜ ਇਕ ਇਸ਼ਨਾਨਨ, ਗੁਰਮੁਖ ਸਾਚੇ ਆਪ ਕਰਾਈਆ । ਨੇਤਰ ਤੀਜੇ ਦੇਵੇ ਚਾਨਨ, ਅੰਧ ਅੰਧੇਰ ਮਿਟਾਈਆ । ਪੰਜ ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਨ, ਲੰਕਾ ਗੜ੍ਹ ਤਨ ਤੁੜਾਈਆ । ਮਨ ਸ਼ਾਹ ਭਬੀਖਨ ਫੜਾਏ ਅਪਣਾ ਦਾਮਨ, ਤਖ਼ਤ ਤਾਜ ਸੀਸ ਟਿਕਾਈਆ । ਦਇਆ ਕਮਾਏ ਧੁਰ ਦਰਗਾਹੀ ਜਾਮਨ, ਹਾਜ਼ਰ ਹਜ਼ੂਰ ਜੋਤ ਜਗਾਈਆ । ਨੇੜ ਨਾ ਆਏ ਕਾਮਨੀ ਕਾਮਨ, ਕਾਇਆ ਕਿਰਤੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਹੰਸ ਜੋਗ ਦਰਸ ਅਮੋਘ ਆਪ ਆਪਣਾ ਇਕ ਵਖਾਈਆ । ਕੋਟਨ ਕੋਟ ਦਾਨ ਪੁੰਨ ਇਸ਼ਨਾਨ, ਕੋਟਨ ਜੋਗ ਅਭਿਆਸਿਆ । ਪੁਰਖ ਅਬਿਨਾਸ਼ੀ ਚਰਨ ਧਿਆਨ, ਥਿਰ ਘਰ ਦਏ ਇਕ ਭਰਵਾਸਿਆ । ਮੇਲ ਮਿਲਾਏ ਸ੍ਰੀ ਭਗਵਾਨ, ਸ਼ਾਹ ਸੁਲਤਾਨ ਘਨਕਪੁਰ ਵਾਸਿਆ । ਚਰਨ ਧੂੜ ਮੰਗਨ ਰਾਜ ਰਾਜਾਨ, ਮਿਲੇ ਮੇਲ ਨਾ ਸ਼ਾਹੋ ਸ਼ਾਬਾਸ਼ਿਆ । ਗੁਰਮੁਖਾਂ ਕਰੇ ਦਰ ਪਰਵਾਨ, ਮੇਲ ਮਿਲਾਏ ਕਾਇਆ ਜੰਗਲ ਜੂਹ ਉਜਾੜ ਵਿਚ ਪਰਭਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਵੇਖੇ ਰੰਗ ਤਮਾਸਿਆ । ਸਾਚਾ ਰੰਗ ਰੰਗ ਮਹੱਲ, ਪ੍ਰਭ ਸਾਚੀ ਰਚਨ ਰਚਾਈਆ । ਊਚੋ ਊਚ ਅਗੰਮ ਅਥਾਹ ਬੇਪਰਵਾਹ ਉਚ ਅਟੱਲ, ਬੈਠਾ ਆਸਣ ਲਾਈਆ । ਗੁਰਮੁਖ ਦਵਾਰਾ ਲੋਕਮਾਤ ਤੇਰਾ ਲਿਆ ਮੱਲ, ਆਪ ਆਪਣੀ ਸੇਵਾ ਲਾਈਆ । ਸ਼ਬਦੀ ਜੋਤੀ ਆਏ ਚਲ, ਪੰਜ ਤਤ ਕਰੇ ਕੁੜਮਾਈਆ । ਪਰਕਾਸ਼ ਆਕਾਸ਼ ਕਾਇਆ ਖਲ, ਅਵਣ ਗਵਣ ਭੇਵ ਨਾ ਰਾਈਆ । ਦੂਈ ਦਵੈਤੀ ਮੇਟੇ ਸੱਲ, ਸਤਿ ਸੰਤੋਖ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਜਨ ਹਰਿ ਸਾਚਾ ਸਚ ਕਰਮ, ਸਾਚੋ ਸਚ ਸਮਾਇਆ । ਪਾਰਬ੍ਰਹਮ ਸਰਨਾਈ ਸਾਚਾ ਧਰਮ, ਕੂੜ ਕਿਰਿਆ ਜਗਤ ਤਜਾਇਆ । ਨਾ ਕੋਈ ਗੋਤ ਨਾ ਕੋਈ ਵਰਨ, ਨਾ ਕੋਈ ਬੰਧਨ ਜਗ ਬੰਧਾਇਆ । ਏਕਾ ਮੇਲਾ ਹਰਿ ਕਰਨੀ ਕਰਨ, ਪੁਰਖ ਕਰਤੇ ਵਿਚ ਸਮਾਇਆ । ਨੌਂ ਅਠਾਰਾਂ ਦਰ ਦਰ ਪਾਣੀ ਭਰਨ, ਨੌਂ ਸੱਤ ਕਰੇ ਰੁਸ਼ਨਾਈਆ । ਹਰਿਜਨ ਖੋਲ੍ਹੇ ਹਰਨ ਫਰਨ, ਨੇਤਰ ਨੈਣ ਪੜਦਾ ਲਾਹਿਆ । ਆਪ ਚੁਕਾਏ ਮਰਨ ਡਰਨ, ਆਵਣ ਜਾਵਣ ਗੇੜ ਕਟਾਇਆ । ਦਾਤਾ ਦਾਨੀ ਹਰਿ ਤਰਨੀ ਤਰਨ, ਤਾਰਨਹਾਰ ਸ੍ਰਿਸ਼ਟ ਸਬਾਇਆ । ਗੁਰਮੁਖ ਵਿਰਲੇ ਸਰਨੀ ਪੜ੍ਹਨ, ਮਨਮੁਖਾਂ ਰਿਹਾ ਦੁਰਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਜੁਗ ਵਿਛੜੇ ਆਪ ਕਰਾਇਆ । ਮੇਲ ਮਿਲਾ ਨਾ ਹਰਿ ਭਗਵੰਤਾ, ਏਕਾ ਏਕ ਅਕਾਲੀਆ । ਸਚ ਦਵਾਰਾ ਇਕ ਖੁਲੰਤਾ, ਲੱਖ ਚੁਰਾਸੀ ਬਣੇ ਸਵਾਲੀਆ । ਸਾਚੀ ਵਸਤ ਇਕ ਰਖੰਤਾ, ਨਾਮ ਧੰਨ ਦੋ ਜਹਾਨਾਂ ਵਾਲੀਆ । ਗੁਰਮੁਖ ਸਾਜਨ ਸੰਗ ਰਖੰਤਾ, ਖੇਲੇ ਖੇਲ ਜਗਤ ਨਿਰਾਲੀਆ । ਏਕਾ ਤਾਲ ਹਰਿ ਵਜੰਤਾ, ਏਕਾ ਧੁਨ ਉਪਾ ਲਿਆ । ਏਕਾ ਰਾਗ ਜਨ ਸੁਣੰਤਾ, ਰਾਗ ਰਾਗਨੀ ਸੇਵਾ ਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਘਰ, ਘਰ ਸਾਚਾ ਇਕ ਸੁਹਾ ਲਿਆ ।


੧੦੩੯ ੦੬

ਅਨੁਭਵ ਮੂਰਤ ਸ਼ਬਦ ਗੁਰ ਦਾਤਾ, ਸਤਿਗੁਰ ਪੁਰਖ ਸਮਾਇਆ । ਨਾਦ ਤੂਰਤ ਸਰਬ ਗੁਣ ਗਿਆਤਾ, ਅਕਲ ਕਲ ਅਖਵਾਇਆ । ਆਸਾ ਮਨਸਾ ਪੂਰਤ ਸਦਾ ਪਿਤ ਮਾਤਾ, ਜਲ ਥਲ ਹੋਏ ਸਹਾਇਆ । ਬਖ਼ਸ਼ੇ ਚਰਨ ਧੂੜ ਜਗਤ ਜੁਗ ਨਾਤਾ, ਦੁਰਮਤ ਮੈਲ ਗਵਾਇਆ । ਨਾਤਾ ਤੋੜੇ ਜਗਤ ਕੂੜ ਅੰਮ੍ਰਿਤ ਆਤਮ ਦੇਵੇ ਬੂੰਦ ਸਵਾਂਤਾ, ਸਾਂਤਕ ਸਤਿ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਮਜਨ ਇਕ ਕਰਾਇਆ । ਜਗ ਮੋਹਨ ਹਰਿ ਪੀਤੰਬਰ, ਪਰਮ ਪੁਰਖ ਸੁਲਤਾਨਾ । ਜਗ ਰਚਿਆ ਹਰਿ ਸਵੰਬਰ, ਭਗਤਾਂ ਬੰਨ੍ਹੇ ਭਗਤੀ ਗਾਨਾ । ਕਲਜੁਗ ਮੇਟੇ ਕੂੜਾ ਅਡੰਬਰ, ਸਤਿਜੁਗ ਸਚ ਹੋਏ ਪਰਧਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਖ਼ਸ਼ੇ ਚਰਨ ਧਿਆਨਾ । ਲੱਖਮੀ ਨਰਾਇਣ ਨਰ ਮੋਹਨ ਮਦ ਸੂਧਨ, ਸਾਰੰਗ ਧਰ ਅਖਵਾਇਓ । ਬਲੀ ਬਲਵਾਨ ਨਰਾਇਣ ਨਰ ਜੋਧਨ, ਸੂਰਬੀਰ ਜਗ ਧਾਇਓ । ਜਨ ਭਗਤਾਂ ਕਰੇ ਨਾਮ ਸਮਬੋਧਨ, ਰਸਨਾ ਰਸ ਰਖਾਇਓ । ਅਕਾਲ ਮੂਰਤ ਅਗਾਧ ਬੋਧਨ, ਪਾਰਬ੍ਰਹਮ ਭੇਵ ਨਾ ਰਾਇਓ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇਓ । ਚਤੁਰਭੁਜ ਸ਼ਬਦ ਗੁਣਵੰਤਾ, ਤ੍ਰੈ ਕਾਲ ਭੇਵ ਨਾ ਵੇਦਾ । ਜੋਤੀ ਨੂਰ ਆਦਿ ਜੁਗੰਤਾ, ਆਦਿ ਪੁਰਖ ਨਿਰੰਜਣ ਅਛਲ ਅਛੇਦਾ । ਹਰਿਜਨ ਮੇਲੇ ਸਾਚੇ ਸੰਤਾਂ, ਆਪ ਖੁਲ੍ਹਾਏ ਆਪਣਾ ਭੇਦਾ । ਗੀਤ ਸੁਹਾਗੀ ਨਾਮ ਸੁਣਾਏ ਏਕਾ ਛੰਤਾ, ਜਨ ਭਗਤਾਂ ਜੁਗ ਜੁਗ ਦੇਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲੇਖ ਲਿਖੰਦਾ । ਕਵਲ ਨੈਣ ਸ਼ਬਦ ਧਨ ਖੁਮਾਰੀ, ਪਾਰਬ੍ਰਹਮ ਸੁਲਤਾਨਾ । ਭਗਤ ਵਛਲ ਆਪ ਗਿਰਧਾਰੀ, ਰੂਪ ਅਨੂਪ ਸਤਿ ਸਰੂਪ ਸ਼ਾਹੋ ਭੂਪ ਆਪ ਅਖਵਾਨਾ । ਅਕਲ ਕਰ ਹਰਿ ਨਾਮ ਸਵਾਰੀ, ਖੇਲੇ ਖੇਲ ਦੋ ਜਹਾਨਾਂ । ਨੇਤਰ ਲੋਚਨ ਨੈਣ ਮੁੰਧਾਰੀ, ਭਗਤੀ ਭਗਵਨ ਮੇਲ ਭਗਵਾਨਾ । ਰਾਧਾ ਸੀਤਾ ਚਰਨ ਦਵਾਰੀ,

ਗੁਰਮੁਖ ਸੁਰਤੀ ਮੇਲ ਮਿਲਾਨਾ । ਸਾਚਾ ਸ਼ਾਹੋ ਦਸਮ ਦਵਾਰੀ, ਆਤਮ ਸੇਜਾ ਇਕ ਸੁਹਾਨਾ । ਨਿਹਚਲ ਜੋਤੀ ਕਰ ਉਜਿਆਰੀ, ਉਪਜਾਏ ਸ਼ਬਦ ਤਰਾਨਾ । ਅਨਹਦ ਸੇਵਕ ਸੇਵਾਦਾਰੀ, ਧੁਨ ਮਰਦੰਗ ਵਜਾਏ ਧੁਰ ਨਿਸ਼ਾਨਾ । ਹਰਿਜਨ ਸਾਚੇ ਪੈਜ ਸਵਾਰੀ, ਦਰ ਘਰ ਕਰੇ ਪਰਵਾਨਾ । ਮਿਲਿਆ ਮੇਲ ਨਰ ਨਿਰੰਕਾਰੀ, ਨਿਜ ਆਤਮ ਸੁੱਖ ਮਹਾਨਾ । ਪਾਇਆ ਦਰਸ ਅਗੰਮ ਅਪਾਰੀ, ਹਉਮੇ ਰੋਗ ਚਲਾਨਾ । ਤੁੱਟੇ ਗੜ੍ਹ ਜਗਤ ਹੰਕਾਰੀ, ਰਸਨਾ ਚਿੱਲਾ ਤੀਰ ਕਮਾਨਾ । ਚਾਰ ਵਰਨ ਇਕ ਸਿਕਦਾਰੀ, ਸੋਹੰ ਸ਼ਬਦ ਸ਼ਾਹ ਸੁਲਤਾਨਾ । ਸਤਿਜੁਗ ਸਾਚੇ ਪੈਜ ਸਵਾਰੀ, ਮਿਲਿਆ ਮੇਲ ਨਾਮ ਨਿਧਾਨਾ । ਵਰਭੰਡੀ ਹੋਏ ਜੈ ਜੈਕਾਰੀ, ਬ੍ਰਹਿਮੰਡੀ ਕਰ ਪਰਵਾਨਾ । ਭੇਖ ਪਖੰਡੀ ਰੋਵਣ ਜ਼ਾਰੋ ਜ਼ਾਰੀ, ਵੇਲੇ ਅੰਤਮ ਹੋਏ ਹੈਰਾਨਾ । ਨਾਰ ਦੁਹਾਗਣ ਰੰਡੀ ਜੀਵ ਹੰਕਾਰੀ, ਨਾ ਦਿਸੇ ਕੋਈ ਟਿਕਾਨਾ । ਜੇਰਜ ਅੰਡੀ ਪਾਵੇ ਸਾਰੀ, ਗੁਰ ਪੂਰਾ ਹਰਿ ਮਿਹਰਵਾਨਾ । ਹਰਿਜਨ ਸਾਚੇ ਰਿਹਾ ਉਧਾਰੀ, ਦੇਵੇ ਨਾਮ ਧੁਰ ਫ਼ਰਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਜੀਆ ਜਨ ਦਾਨਾ । ਜੀਆ ਦਾਨ ਜਗਤ ਪ੍ਰਭ ਦੀਨਾ, ਨਿਰਗੁਣ ਰੂਪ ਸਮਾਇਆ । ਅੰਮ੍ਰਿਤ ਆਤਮ ਪੀਣਾ ਖਾਣਾ, ਪੀਆ ਪ੍ਰੀਤਮ ਸੁਹਾਇਆ । ਮਿਲੇ ਵਡਿਆਈ ਲੋਕ ਤੀਨਾ, ਚੌਦਾਂ ਹਟ ਨਾ ਮਾਤ ਵਿਕਾਇਆ । ਪੁਰਖ ਅਬਿਨਾਸ਼ੀ ਦਾਨਾ ਬੀਨਾ, ਦੇਵਣਹਾਰ ਸਰਬ ਸੁਖਾਇਆ । ਗੁਰਮੁਖ ਗੁਰਸਿਖ ਹਰਿਜਨ ਸਾਜਨ ਰਸਨਾ ਚੀਨਾ, ਹਰਿ ਮੰਦਰ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਜਪਾਇਆ । ਸ਼ਬਦ ਤੁਰੰਗ ਰਿਹਾ ਕੁੱਦ, ਹਰਿਜਨ ਰਿਹਾ ਚੜ੍ਹਾਏ । ਦੋ ਜਹਾਨੀ ਪਾਵੇ ਸੁਦ, ਫੜ ਫੜ ਪਾਰ ਕਰਾਏ । ਨਿਰਮਲ ਕਰੇ ਜਗਤ ਬੁਧ, ਬੁਧ ਬਿਬੇਕੀ ਇਕ ਵਖਾਏ । ਕਾਰਜ ਕਰੇ ਸੁਧ, ਜੋ ਜਨ ਏਕਾ ਟੇਕ ਧਰਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵਿਚ ਸਮਾਏ । ਹਰਿ ਸੰਗਤ ਹਰਿ ਰੰਗ ਰਤਿਆ, ਰਾਮ ਰਤ ਅਪਾਰ । ਬੀਜ ਬੀਜੇ ਸਾਚੇ ਵੱਤਿਆ, ਸ਼ਬਦ ਗਾਇਣ ਜੈਕਾਰ । ਮਿਲੇ ਮੇਲ ਕਮਲਾਪਤੀਆ, ਕੰਤ ਸੁਹਾਗਣ ਹੋਏ ਨਾਰ । ਤਨ ਰਹੇ ਰੱਤ ਨਾ ਰੱਤੀਆ, ਜੋ ਜਨ ਮੰਗੇ ਦਰਸ ਅਪਾਰ । ਏਕਾ ਸ਼ਬਦ ਜਣਾਏ ਰਾਗ ਛੱਤੀਆ, ਮਿਲੇ ਮੇਲ ਹਰਿ ਨਿਰੰਕਾਰ । ਜਨ ਗੋਬਿੰਦ ਗਾਇਆ ਦੰਦੀ ਬੱਤੀਆ, ਵਾ ਤਤੀ ਨਾ ਵਿਚ ਸੰਸਾਰ । ਚਰਨ ਕਵਲ ਉਪਰ ਧਵਲ ਜੋ ਜਨ ਢੱਠੀਆ, ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਗੁਰਮੁਖ ਤੇਰੇ ਚਰਨ ਕਰਨ ਨਿਮਸਕਾਰ । ਪਤ ਪਤਵੰਤ ਗੁਰਮੁਖ ਗੁਰ ਪੂਰੇ ਅੰਤਮ ਰੱਖੀਆ, ਕਰੇ ਕਰਾਏ ਪਾਰ ਉਤਾਰ । ਦੀਪਕ ਜੋਤੀ ਜਗੇ ਸਾਚੇ ਬੱਤੀਆ, ਨਿਰਮਲ ਜੋਤ ਆਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਹਰ ਘਟ ਅੰਦਰ ਹਰਿ ਮੰਦਰ ਹਰਿ ਸੰਗਤ ਬਖ਼ਸ਼ੇ ਚਰਨ ਪਿਆਰ । ਹਰਿ ਸੰਗਤ ਹਰਿ ਮੀਤੜਾ, ਦਿਵਸ ਰੈਣ ਪਰਭਾਤ । ਗੁਰਮੁਖਾਂ ਰੰਗੇ ਕਾਇਆ ਚੋਲੀ ਚੀਥੜਾ, ਮਿਲੇ ਮੇਲ ਪ੍ਰਭ ਸਗਲਾ ਸਾਥ । ਹਰਿ ਸ਼ਬਦ ਗੁਣ ਵਖਾਏ ਇਕ ਅਨਡੀਠੜਾ, ਲੇਖਾ ਲੇਖ ਮੁਕਾਏ ਸੀਆਂ ਸਾਢੇ ਤਿੰਨ ਤਿੰਨ ਹਾਥ । ਕਾਇਆ ਕੌੜਾ ਮਿੱਠਾ ਕਰੇ ਰੀਠੜਾ, ਜੋ ਜਨ ਰਸਨਾ ਗਾਏ ਗੁਰੂ ਗੁਰ ਗਾਥ । ਜੁਗ ਜਾਣੇ ਜਣਾਏ ਆਪਣੀ ਰੀਤੜਾ, ਸਰਬ ਕਲਾ ਹਰਿ ਸਮਰਾਥ । ਜਨ ਭਗਤਾਂ ਆਦਿ ਜੁਗਾਦੀ ਨੀਤੜਾ, ਆਪ ਨਿਭਾਏ ਆਪਣਾ ਸਾਥ । ਗੁਰਸਿਖ ਕਾਇਆ ਦਿਹੁਰਾ ਮੰਦਰ ਗੁਰੂਦਵਾਰਾ ਸਚ ਮੀਤੜਾ, ਹਰਿ ਬੈਠਾ ਤ੍ਰੈਲੋਕੀ ਨਾਥ । ਮਿਲੇ ਮੇਲ ਸ਼ਾਹੋ ਭੂਪ ਹਰਿ ਬੀਠਲ ਬੀਠਲਾ, ਨਾਮਾ ਧੰਨਾ ਲਹਿਣਾ

੧੦੪੦
੦੬

ਦੇਣ ਚੁਕਾਇਆ ਮਸਤਕ ਮਾਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਇਕ ਵਰ, ਆਤਮ ਸੇਜਾ ਸਾਚਾ ਕੰਤ ਸੋਇਆ ਸਾਚੀ ਖਾਟ । ਹਰਿ ਭਗਤ ਜਗ ਵਡਿਆਈਆ, ਜੁਗ ਜੁਗ ਅਵਲੱੜੀ ਰੀਤ । ਗੁਰ ਮੰਤਰ ਇਕ ਦ੍ਰਿੜਾਈਆ, ਨਾਮ ਨਿਧਾਨਾ ਪਤਤ ਪੁਨੀਤ । ਆਤਮ ਘਰ ਵੱਜੇ ਵਧਾਈਆ, ਪੰਚਮ ਗਾਇਣ ਸਾਚਾ ਗੀਤ । ਮਿਲਿਆ ਮੇਲ ਸਾਚੇ ਮਾਹੀਆ, ਦਰਸ ਵਖਾਏ ਇਕ ਅਤੀਤ । ਆਵਣ ਜਾਵਣ ਫੰਦ ਕਟਾਈਆ, ਲੱਖ ਚੁਰਾਸੀ ਜਾਏ ਜੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਸੰਗਤ ਵੇਖੇ ਏਕਾ ਘਰ, ਘਰ ਸਾਚਾ ਠਾਂਡਾ ਸੀਤ । ਠਾਂਡਾ ਦਰ ਹਰਿ ਗੋਬਿੰਦ, ਗੋਬਿੰਦ ਘਰ ਸੁਹਾਇਆ । ਗੁਰਮੁਖ ਮੇਟੇ ਸਗਲੀ ਚਿੰਦ, ਮਨ ਚਿੰਦਿਆ ਫਲ ਪਾਇਆ । ਅੰਮ੍ਰਿਤ ਆਤਮ ਧਾਰ ਦੇਵੇ ਸਾਗਰ ਸਿੰਧ, ਸਰ ਸਰੋਵਰ ਇਕ ਨੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਬਣਾਏ ਨਾਦੀ ਬਿੰਦ, ਨਾਦ ਅਨਾਦੀ ਆਪ ਅਖਵਾਇਆ । ਗੁਰਮੁਖਾਂ ਕਾਇਆ ਰੰਗ ਗੂੜ੍ਹ, ਗੋਬਿੰਦ ਆਪ ਰੰਗਾਇੰਦਾ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਜਿਸ ਜਨ ਆਪਣੀ ਦਇਆ ਕਮਾਇੰਦਾ । ਏਕਾ ਬਖ਼ਸ਼ੇ ਚਰਨ ਧੂੜ, ਜੋਤ ਲਿਲਾਟੀ ਆਪ ਜਗਾਇੰਦਾ । ਜਗਤ ਨਾਤਾ ਤੋੜੇ ਕੂੜੋ ਕੂੜ, ਔਖੀ ਘਾਟੀ ਆਪ ਚੜ੍ਹਾਇੰਦਾ । ਮਿਲਿਆ ਮੇਲ ਸਿੰਘ ਬੂੜ, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਝੋਲੀ ਪਾਇੰਦਾ । ਆਪ ਆਪਣਾ ਝੋਲੀ ਪਾ, ਆਪਣਾ ਆਪ ਗਵਾਇਆ । ਗੁਰਮੁਖਾਂ ਵਿਚ ਗਿਆ ਸਮਾ, ਗੁਰਮੁਖ ਆਪ ਬਣਾਇਆ । ਆਪ ਆਪਣਾ ਰੱਖਿਆ ਨਾਂ, ਨਾਮ ਆਪਣਾ ਆਪ ਜਪਾਇਆ । ਆਪ ਆਪਣਾ ਵੇਖਿਆ ਥਾਂ, ਦੂਸਰ ਕਿਸੇ ਦਿਸ ਨਾ ਆਇਆ । ਜਨ ਭਗਤਾਂ ਬਣਿਆ ਪਿਤਾ ਮਾਂ, ਆਪ ਆਪਣੀ ਗੋਦ ਬਿਠਾਇਆ । ਨਿਥਾਵਿਆਂ ਦੇਵੇ ਹਰਿ ਚਰਨੀ ਥਾਂ, ਚਰਨ ਚਰਨੋਦਕ ਮੁਖ ਚੁਆਇਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਸਾਚੀ ਚੋਗ ਚੁਗਾਇਆ । ਵੇਲੇ ਅੰਤਮ ਪਕੜੇ ਬਾਂਹ, ਰਾਏ ਧਰਮ ਨੇੜ ਨਾ ਆਇਆ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਛੱਪਰ ਛੰਨ ਏਕਾ ਨਾਉਂ ਰਖਾਇਆ । ਗੁਰਮੁਖ ਪੂਰੇ ਸਦ ਬਲ ਬਲ ਜਾਂ, ਜਿਸ ਰਸਨਾ ਹਰਿ ਹਰਿ ਗਾਇਆ । ਜੁਗ ਜੁਗ ਕਰੇ ਕਰਾਏ ਸਚ ਨਿਆਂ, ਹੱਕ ਹਕੀਕਤ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰੂਪ ਸਮਾਇਆ । ਭਗਤਨ ਰੈਣ ਲਾਏ ਹਰਿ ਮਾਥੇ, ਮਸਤਕ ਧੂੜ ਲਿਲਾਟੀ । ਚਰਨ ਸੀਸ ਜਗਦੀਸ ਹਰ ਘਟ ਸਾਥੇ, ਪੂਰਨ ਪੂਰ ਕਰਾਏ ਘਾਟੇ । ਜੁਗ ਜੁਗ ਸ਼ਬਦ ਚੜ੍ਹਾਏ ਸਾਚੇ ਰਾਥੇ, ਪਾਰ ਕਰਾਏ ਔਖੀ ਵਾਟੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਤਨ ਚੀਰ ਬਸਤਰ ਸ਼ਬਦ ਪਹਿਨਾਏ ਆਪਣੇ ਬਸਤਰ ਰੱਖੇ ਪਾਟੇ ।

### ✻ ੨੩ ਮੱਘਰ ੨੦੧੪ ਬਿਕ੍ਰਮੀ ਗੁਲਜਾਰ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲ ਜ਼ਿਲਾ ਫਿਰੋਜ਼ਪੁਰ ✻

ਨਿਰਗੁਣ ਸ਼ਬਦ ਬਿਬਾਨ, ਭੇਵ ਨਾ ਭੇਦਿਆ । ਨਿਰਗੁਣ ਖੇਲ ਮਹਾਨ, ਅਛਲ ਅਛੇਦਿਆ । ਨਿਰਗੁਣ ਪਦ ਨਿਰਬਾਨ, ਲੇਖ ਨਾ ਜਾਣੇ ਵੇਦ ਕਿਤੇਬਿਆ । ਨਿਰਗੁਣ ਗੁਣ ਨਿਧਾਨ, ਜਾਣੇ ਗੁਣ ਨਾ ਰਸਨਾ ਜਿਹਵਿਆ । ਨਿਰਗੁਣ ਖੇਲ ਦੋ ਜਹਾਨ, ਭੇਵ ਨਾ ਪਾਇਣ ਦੇਵੀ ਦੇਵਿਆ ।

ਨਿਰਗੁਣ ਆਪ ਭਗਵਾਨ, ਆਪ ਆਪਣਾ ਆਪੇ ਸੇਵਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਹੋਏ ਅਲਖ ਅਭੇਵਿਆ । ਨਿਰਗੁਣ ਰੂਪ ਅਨ ਰੰਗ ਰਾਤਾ, ਹਰਿ ਹਰਿ ਆਪ ਅਖਵਾਇਆ । ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਪੂਰਨ ਜੋਤ ਸਮਾਇਆ । ਦਿਵਸ ਰੈਣ ਇਕ ਇਕਾਂਤਾ, ਏਕਾ ਧਾਮ ਸੁਹਾਇਆ । ਨਾ ਕੋਈ ਪਿਤਾ ਨਾ ਕੋਈ ਮਾਤਾ, ਭੈਣ ਭਰਾਤਾ ਨਾ ਕੋਈ ਜਣਾਇਆ । ਨਾ ਕੋਈ ਜ਼ਾਤ ਨਾ ਕੋਈ ਪਾਤਾ, ਗ੍ਰੰਥ ਪੰਥ ਨਾ ਕੋਈ ਰਖਾਇਆ । ਸਰਬ ਜੀਆਂ ਪ੍ਰਭ ਆਪੇ ਦਾਤਾ, ਆਪ ਆਪਣਾ ਰਿਹਾ ਜਣਾਇਆ । ਜੁਗ ਜੁਗ ਜਾਣੇ ਆਪਣੀ ਗਾਥਾ, ਗਾਵਣਹਾਰ ਆਪ ਅਖਵਾਇਆ । ਸ਼ਬਦ ਚਲਾਏ ਸਾਚਾ ਰਾਥਾ, ਰਥ ਰਥਵਾਹੀ ਹਰਿ ਰਘੁਰਾਇਆ । ਭਗਤ ਜਨਾਂ ਹਰਿ ਸਗਲਾ ਸਾਥਾ, ਸਾਚਾ ਸੰਗ ਨਿਭਾਇਆ । ਲਹਿਣ ਦੇਣ ਚੁਕਾਏ ਮਸਤਕ ਮਾਥਾ, ਧੁਰ ਮਸਤਕ ਲੇਖ ਲਿਖਾਇਆ । ਲੇਖ ਚੁਕਾਏ ਅੱਠ ਸਾਠਾ, ਤਿੰਨ ਸੌ ਸੱਠ ਵੇਖ ਵਖਾਇਆ । ਸਰ ਸਰੋਵਰ ਮਾਰੇ ਠਾਠਾਂ, ਹਰਿ ਅੰਮ੍ਰਿਤ ਜਲ ਭਰਾਇਆ । ਏਕਾ ਮੰਤਰ ਪੂਜਾ ਪਾਠਾ, ਏਕਾ ਨਾਮ ਦ੍ਰਿੜਾਇਆ । ਜੁਗ ਜੁਗ ਗੇੜੇ ਉਲਟੀ ਲਾਠਾ, ਗੇੜਨਹਾਰ ਆਪ ਅਖਵਾਇਆ । ਸਰਬ ਕਲ ਆਪੇ ਸਮਰਾਥਾ, ਸਤਿ ਪੁਰਖ ਨਿਰੰਜਣ ਆਇਆ । ਵੇਖ ਵਖਾਏ ਰਾਮਾ ਘਰ ਦਸਰਾਥਾ, ਰਾਵਣ ਲੰਕਾ ਗੜ੍ਹ ਤੁੜਾਇਆ । ਕਾਹਨਾ ਕ੍ਰਿਸ਼ਨਾ ਸਗਲਾ ਸਾਥਾ, ਤ੍ਰੈਲੋਕੀ ਨਾਥ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਸਮਾਇਆ । ਨਿਰਗੁਣ ਹਰਿ ਨਿਰੰਕਾਰ, ਥਿਰ ਘਰ ਡੇਰਾ ਲਾਇਆ । ਨਾ ਕੋਈ ਮੰਦਰ ਗੁਰੂਦਵਾਰ, ਮਸਜਿਦ ਕਾਅਬਾ ਨਾ ਕੋਈ ਰਖਾਇਆ । ਮਠ ਭਠ ਨਾ ਕਰ ਤਿਆਰ, ਦਰ ਦਰਵਾਜ਼ਾ ਨਾ ਕੋਈ ਖੁਲ੍ਹਾਇਆ । ਵੇਦ ਪਾਠ ਨਾ ਕੋਈ ਪੁਰਾਨ, ਗੀਤਾ ਗਿਆਨ ਨਾ ਕੋਈ ਜਣਾਇਆ । ਸ਼ਰਅ ਹਦੀਸ ਅੰਜੀਲ ਕੁਰਾਨ, ਮੁਸੱਲਾ ਹੱਥ ਨਾ ਕੋਈ ਰਖਾਇਆ । ਖਾਣੀ ਬਾਣੀ ਨਾ ਕੋਇ ਗਿਆਨ, ਰਾਗ ਛਤੀਸ ਨਾ ਕੋਇ ਅਲਾਇਆ । ਨਿਰਗੁਣ ਰੂਪ ਸ੍ਰੀ ਭਗਵਾਨ, ਹਰਿ ਆਪਣੇ ਵਿਚ ਸਮਾਇਆ । ਨਿਰਗੁਣ ਰੂਪ ਅਪਰ ਅਪਾਰਾ, ਆਪੇ ਕਲ ਵਰਤਾਈਆ । ਆਪੇ ਦੀਪਕ ਜੋਤੀ ਕਰ ਉਜਿਆਰਾ, ਆਪ ਆਪਣਾ ਅੰਧੇਰ ਮਿਟਾਈਆ । ਆਪੇ ਸੁਹਾਏ ਬੰਕ ਦਵਾਰਾ, ਆਪ ਆਪਣਾ ਦਰ ਵਖਾਈਆ । ਆਪੇ ਹੋਏ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਸਿਕਦਾਰਾ, ਤਖ਼ਤ ਤਾਜ ਨਾ ਆਪ ਹੰਢਾਈਆ । ਆਪੇ ਹੋਏ ਬੇਐਬ ਪਰਵਰਦਿਗਾਰਾ, ਆਪ ਆਪਣਾ ਨਾਅਰਾ ਲਾਈਆ । ਆਪ ਆਪਣਾ ਕਰੇ ਤਨ ਸ਼ਿੰਗਾਰਾ, ਬਸਤਰ ਆਪਣਾ ਤਨ ਹੰਢਾਈਆ । ਆਪ ਆਪਣਾ ਬਣੇ ਮੀਤ ਮੁਰਾਰਾ, ਆਪ ਆਪਣਾ ਸੰਗ ਨਿਭਾਈਆ । ਆਪ ਆਪਣਾ ਕਰੇ ਬੰਦ ਕਿਵਾੜਾ, ਆਪ ਆਪਣਾ ਰਿਹਾ ਖੁਲ੍ਹਾਈਆ । ਆਪ ਆਪਣਾ ਵੇਖੇ ਸਚ ਅਖਾੜਾ, ਆਪ ਆਪਣਾ ਰਾਗ ਅਲਾਈਆ । ਆਪ ਆਪਣਾ ਸੁਹਾਏ ਗੜ੍ਹ ਅਪਰ ਅਪਾਰਾ, ਉਪਰ ਚੜ੍ਹ ਆਸਣ ਲਾਈਆ । ਨਾ ਕੋਈ ਸੀਸ ਨਾ ਕੋਈ ਧੜ ਨਾ ਬੰਨ੍ਹੇ ਦਸਤਾਰਾ, ਕਲਗੀ ਤੋੜਾ ਨਾ ਵੇਖ ਵਖਾਈਆ । ਨਾ ਕੋਈ ਘੋੜਾ ਨਾ ਕੋਈ ਜੋੜਾ, ਦਰ ਦਰਬਾਨ ਨਾ ਕੋਈ ਸਹਾਈਆ । ਸੱਸੇ ਉਪਰ ਏਕਾ ਹੋੜਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਸਾਚੇ ਮੰਦਰ ਆਪੇ ਲਾਇਆ ਪੌੜਾ, ਥਿਰ ਘਰ ਬੈਠਾ ਸੇਜ ਵਿਛਾਈਆ । ਦਰ ਦਵਾਰੇ ਆਪਣੇ ਆਪੇ ਬਹੁੜਾ, ਆਪ ਆਪਣਾ ਵੇਖ ਵਖਾਈਆ । ਆਪੇ ਹੋਏ ਮਿੱਠਾ ਕੌੜਾ, ਰਸ ਰਸੀਆ ਹਰਿ ਰਘੁਰਾਈਆ । ਆਪੇ ਹੋਏ ਲੰਮਾ ਚੌੜਾ, ਆਪਣਾ ਲੇਖਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਨਰਾਇਣ

ਨਰ ਹਰਿ ਖੇਲ ਅਵੱਲਾ, ਆਪਣਾ ਆਪ ਕਰਾਇਆ । ਥਿਰ ਘਰ ਵਸਾਏ ਸਚ ਮਹੱਲਾ, ਸਚ ਸਮਗਰੀ ਇਕ ਰਖਾਇਆ । ਦਰ ਦਵਾਰ ਆਪਣਾ ਆਪੇ ਮੱਲਾ, ਆਪ ਆਪਣਾ ਵੇਖ ਵਖਾਇਆ । ਆਦਿ ਜੁਗਾਦੀ ਇਕ ਇਕੱਲਾ, ਅਕਲ ਕਲਾ ਅਖਵਾਇਆ । ਨਾ ਕੋਈ ਦੂਈ ਦਵੈਤੀ ਮੇਟੇ ਸੱਲਾ, ਵਰਨ ਬਰਨ ਨਾ ਕੋਈ ਜਣਾਇਆ । ਆਪਣੀ ਜੋਤੀ ਆਪੇ ਰਲਾ, ਆਪ ਆਪਣਾ ਦਏ ਉਪਾਇਆ । ਆਪੇ ਫਲਿਆ ਆਪੇ ਫੁਲਾ, ਆਪ ਆਪਣੀ ਫੁਲ ਫੁਲਵਾੜੀ ਵੇਖ ਵਖਾਇਆ । ਆਪ ਆਪਣਾ ਪਾਏ ਮੁੱਲਾ, ਆਪ ਆਪਣਾ ਤੋਲ ਤੁਲਾਇਆ । ਆਪੇ ਹੋਏ ਭੁਲ ਅਨਭੁਲਾ, ਅਨਭੁਲ ਅਨਭੁਲ ਆਪ ਅਖਵਾਇਆ । ਆਪੇ ਜਾਣੇ ਆਪਣੀ ਕੁੱਲਾ, ਕੁਲਾਵੰਤ ਹਰਿ ਰਘੁਰਾਇਆ । ਆਪ ਆਪਣੀ ਪ੍ਰੀਤੀ ਘੋਲ ਘੁਲਾ, ਆਪ ਆਪਣੀ ਸੇਵ ਕਮਾਇਆ । ਆਪੇ ਫਲਿਆ ਆਪੇ ਫੁੱਲਾ, ਆਪ ਆਪਣਾ ਦਏ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵਿਚ ਸਮਾਇਆ । ਨਿਰਗੁਣ ਰੂਪ ਆਦਿ ਨਿਰੰਜਣ, ਆਦਿ ਪੁਰਖ ਅਬਿਨਾਸ਼ਾ । ਆਪੇ ਜਾਣੇ ਆਪਣਾ ਮਜਨ, ਆਪ ਆਪਣਾ ਦਏ ਭਰਵਾਸਾ । ਆਪ ਆਪਣਾ ਹੋਇਆ ਸੱਜਣ, ਆਪ ਆਪਣਾ ਦਾਸੀ ਦਾਸਾ । ਆਪ ਆਪਣਾ ਪੜਦਾ ਆਪੇ ਕੱਜਣ, ਆਪੇ ਪਾਏ ਮੰਡਲ ਰਾਸਾ । ਆਪਣੇ ਤਾਲ ਘਰ ਆਪਣੇ ਵੱਜਣ, ਸੁਣੇ ਸੁਣਾਏ ਸ਼ਾਹੋ ਸ਼ਾਬਾਸ਼ਾ । ਆਪ ਆਪਣੀ ਰੱਖੇ ਲਜਣ, ਗੁਣਵੰਤ ਹਰਿ ਗੁਣਤਾਸਾ । ਨਾ ਘੜਿਆ ਨਾ ਕਦੇ ਭੱਜਣ, ਮਾਤ ਗਰਭ ਨਾ ਹੋਏ ਵਾਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਵੇਖੇ ਖੇਲ ਤਮਾਸ਼ਾ । ਨਿਰਗੁਣ ਰੂਪ ਹਰਿ ਅਗੰਮ, ਆਦਿ ਅੰਤ ਏਕੰਕਾਰਾ । ਨਾ ਮਰੇ ਨਾ ਪਏ ਜੰਮ, ਨਿਰਮਲ ਜੋਤੀ ਜੋਤ ਉਜਿਆਰਾ । ਆਪ ਸਵਾਰੇ ਆਪਣਾ ਕੰਮ, ਨਾ ਕੋਈ ਮੰਗੇ ਹੋਰ ਸਹਾਰਾ । ਆਪੇ ਜਾਣੇ ਆਪਣਾ ਦਮ, ਆਪੇ ਦੇਵੇ ਪਵਣ ਹੁਲਾਰਾ । ਆਪੇ ਜਾਣੇ ਆਪਣਾ ਚੰਮ, ਪੰਜ ਤਤ ਨਾ ਕੋਈ ਆਕਾਰਾ । ਆਪ ਆਪਣਾ ਬੇੜਾ ਬੰਨ੍ਹ, ਆਪ ਆਪਣਾ ਵੇਖੇ ਮੰਝਧਾਰਾ । ਆਪ ਆਪਣੀ ਵਸਿਆ ਛਪਰ ਛੰਨ, ਨਾ ਕੋਈ ਮੰਦਰ ਗੁਰੂਦਵਾਰਾ । ਨਿਰਗੁਣ ਰੂਪ ਤੇਰਾ ਖੇਲ ਧੰਨ, ਥਿਰ ਘਰ ਕੋਈ ਨਾ ਲਾਇਆ ਇੱਟਾਂ ਗਾਰਾ । ਨਾ ਕੋਈ ਸੂਰਜ ਨਾ ਕੋਈ ਚੰਨ, ਨਾ ਕੋਈ ਚੰਦ ਸਿਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਨਿਆਰਾ । ਨਿਰਗੁਣ ਰੂਪ ਹਰਿ ਅਕਾਲ, ਆਪਣੇ ਰੂਪ ਸਮਾਇਆ । ਆਪੇ ਦੀਨਾ ਬੰਧਪ ਦੀਨ ਦਿਆਲ, ਸ਼ਾਹੋ ਭੂਪ ਅਖਵਾਇਆ । ਆਪੇ ਹੋਏ ਅਨਮੁਲੜਾ ਲਾਲ, ਆਪ ਆਪਣੀ ਗੋਦ ਉਠਾਇਆ । ਆਪ ਆਪਣਾ ਲਏ ਭਾਲ, ਆਪ ਆਪਣਾ ਬਾਹਰ ਕਢਾਇਆ । ਆਪ ਆਪਣਾ ਮਾਰ ਉਛਾਲ, ਆਪ ਆਪਣੀ ਬਣਤ ਬਣਾਇਆ । ਆਪ ਆਪਣਾ ਹੋਏ ਦਲਾਲ, ਆਪ ਆਪਣੀ ਰਚਨ ਰਚਾਇਆ । ਆਪ ਆਪਣਾ ਪਾਏ ਜੰਜਾਲ, ਤੋੜਨਹਾਰ ਆਪ ਅਖਵਾਇਆ । ਆਪੇ ਸ਼ਾਹ ਆਪੇ ਕੰਗਾਲ, ਧਨ ਧਨਵੰਤ ਆਪ ਹੋ ਜਾਇਆ । ਆਪੇ ਚਲੇ ਆਪਣੇ ਨਾਲ, ਆਪ ਆਪਣਾ ਬੈਠਾ ਮੁਖ ਛੁਪਾਇਆ । ਆਪ ਆਪਣੀ ਕਰੇ ਸੰਭਾਲ, ਅੱਠੇ ਪਹਿਰ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵਿਚ ਸਮਾਇਆ । ਨਿਰਗੁਣ ਰੂਪ ਸਤਿ ਕਰਤਾਰ, ਸਤਿ ਸਤਿ ਸਮਾਇਆ । ਅਠ ਸਠ ਨਾ ਕਰੇ ਵਿਚਾਰ, ਗੰਗਾ ਗੋਦਾਵਰੀ ਦਿਸ ਨਾ ਆਇਆ । ਪਾਰਬ੍ਰਹਮ ਪੁਰਖ ਅਪਾਰ, ਆਪ ਆਪਣੀ ਧਾਰ ਚਲਾਇਆ । ਆਪ ਆਪਣੀ ਜਾਣੇ ਸਾਰ, ਸਚ ਸਾਰਥੀ ਆਪ ਅਖਵਾਇਆ । ਆਪੇ ਜਾਣੇ ਆਪਣੀ ਕਾਰ, ਕਰਨਹਾਰ ਹਰਿ ਰਘੁਰਾਇਆ । ਆਪੇ ਬੈਠ ਸਚ ਤਖ਼ਤ

੧੦੪੪ ੦੬

ਸੱਚੇ ਦਰਬਾਰ, ਆਪ ਆਪਣਾ ਹੁਕਮ ਚਲਾਇਆ । ਆਪੇ ਹੋਏ ਚੋਬਦਾਰ, ਆਪੇ ਸ਼ਾਹੋ ਭੂਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਹਰਿ ਨਿਰੰਕਾਰ, ਨਿਰਗੁਣ ਵਿਚ ਸਮਾਇਆ । ਨਿਰਗੁਣ ਰੂਪ ਹਰਿ ਭਗਵੰਤਾ, ਭੇਵ ਨਾ ਕੋਈ ਭੇਦਿਆ । ਆਪੇ ਜਾਣੇ ਆਦਿਨ ਅੰਤਾ, ਆਪ ਆਪਣੀ ਕਰੇ ਸੇਵਿਆ । ਖੇਲੇ ਖੇਲ ਜੁਗਾ ਜੁਗੰਤਾ, ਵਡ ਦਾਤਾ ਦੇਵੀ ਦੇਵਿਆ । ਆਪ ਬਣਾਏ ਆਪਣੀ ਬਣਤਾ, ਆਪੇ ਖਾਏ ਆਪਣਾ ਫਲ ਸਾਚਾ ਮੇਵਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਨਾ ਕੋਈ ਰਸਨਾ ਨਾ ਕੋਈ ਜਿਹਵਿਆ । ਨਿਰਗੁਣ ਰੂਪ ਹਰਿ ਨਿਧਾਨਾ, ਆਦਿ ਪੁਰਖ ਅਖਵਾਇਆ । ਆਪ ਆਪਣਾ ਕਰ ਪਰਵਾਨਾ, ਆਪਣਾ ਘਰ ਸੁਹਾਇਆ । ਆਪ ਆਪਣਾ ਬਣ ਮਰਦਾਨਾ, ਪਰਮ ਪੁਰਖ ਆਪ ਹੋ ਜਾਇਆ । ਆਪ ਆਪਣਾ ਕਰੇ ਖੇਲ ਮਹਾਨਾ, ਆਪ ਆਪਣਾ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਰੂਪ ਉਪਾਇਆ । ਨਿਰਗੁਣ ਰੂਪ ਸਚ ਤਖ਼ਤ ਸੁਲਤਾਨ, ਹਰਿ ਸਾਚਾ ਆਪ ਬਰਾਜਿਆ । ਆਪੇ ਹੋਏ ਮਿਹਰਵਾਨ, ਆਪ ਆਪਣਾ ਰਚਿਆ ਕਾਜਿਆ । ਆਪ ਆਪਣਾ ਵੇਖੇ ਮਾਰ ਧਿਆਨ, ਨਾ ਕੋਈ ਦੂਸਰ ਸਾਜਨ ਸਾਜਿਆ । ਨਾ ਕੋਈ ਦੀਸੇ ਹੋਰ ਨਿਸ਼ਾਨ, ਨਾ ਕੋਈ ਮਾਰੇ ਆਵਾਜ਼ਿਆ । ਇਕ ਇਕੱਲਾ ਹਰਿ ਭਗਵਾਨ, ਆਪ ਆਪਣੀ ਰੱਖੇ ਲੱਜਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸਾਜਨ ਸਾਜਿਆ । ਆਪ ਆਪਣਾ ਸਾਜਨ ਸਾਜ, ਹਰਿ ਸਾਚੇ ਰਚਨ ਰਚਾਈਆ । ਆਪੇ ਹੋਇਆ ਗਰੀਬ ਨਿਵਾਜ, ਆਪ ਆਪਣੀ ਦਇਆ ਕਮਾਈਆ । ਆਦਿ ਸ਼ਕਤ ਪ੍ਰਭ ਮਾਰੇ ਆਵਾਜ਼, ਆਪ ਆਪਣੇ ਅੰਗ ਸਮਾਈਆ । ਥਿਰ ਘਰ ਰਚਿਆ ਸਾਚਾ ਕਾਜ, ਏਕਾ ਸੇਜ ਸੁਹਾਈਆ । ਪੁਰਖ ਅਬਿਨਾਸ਼ੀ ਆਪ ਆਪਣਾ ਦੇਵੇ ਤਾਜ, ਸੀਸ ਆਪਣੇ ਹੱਥ ਰਖਾਈਆ । ਏਕਾ ਸ਼ਬਦ ਸੁਤ ਮਾਰ ਆਵਾਜ਼, ਆਪ ਆਪਣਾ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਅੰਗ ਕਟਾਈਆ । ਨਿਰਗੁਣ ਆਪਣਾ ਆਪ ਉਪਾ, ਸ਼ਬਦੀ ਸੁਤ ਉਪਾਇਆ । ਆਪ ਆਪਣਾ ਦਏ ਜਣਾ, ਅਬਿਨਾਸ਼ੀ ਅਚੁੱਤ ਆਪ ਅਖਵਾਇਆ । ਆਪ ਆਪਣਾ ਰਾਗ ਅਲਾ, ਅਨਾਦੀ ਧੁਨ ਉਪਜਾਇਆ । ਬ੍ਰਹਿਮਾਦੀ ਸਾਚੀ ਖੋਜ ਖੁਜਾ, ਏਕਾ ਵੰਡਨ ਵੰਡ ਵੰਡਾਇਆ । ਆਦਿ ਜੁਗਾਦੀ ਝੋਲੀ ਪਾ, ਸਾਚਾ ਪੱਲਾ ਆਪ ਫਿਰਾਇਆ । ਆਪੇ ਦਾਤਾ ਰਿਹਾ ਵਰਤਾ, ਨਿਖੁੱਟ ਕਦੇ ਨਾ ਜਾਇਆ । ਉਤਮ ਜ਼ਾਤਾ ਇਕ ਰਖਾ, ਪਿਤਾ ਮਾਤ ਨਾ ਮੋਹ ਵਧਾਇਆ । ਸਾਚੀ ਸਿਖਿਆ ਇਕ ਸੁਣਾ, ਸਾਚਾ ਸੁਤ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਿਤਾ ਵਰ, ਸਾਚਾ ਘਰ ਆਪ ਸੁਹਾਇਆ । ਸਾਚਾ ਘਰ ਹਰਿ ਸੁਹਜੰਣਾ, ਆਪਣਾ ਆਪ ਉਪਾਇਆ । ਜਗੇ ਜੋਤ ਇਕ ਨਿਰੰਜਣਾ, ਅੱਠੇ ਪਹਿਰ ਰੁਸ਼ਨਾਇਆ । ਆਪੇ ਹੋਏ ਦਰਦ ਦੁੱਖ ਭੈ ਭੰਜਣਾ, ਆਪ ਆਪਣਾ ਸੰਗ ਨਿਭਾਇਆ । ਆਪ ਆਪਣਾ ਬਖ਼ਸ਼ੇ ਸਾਚਾ ਮਜਨਾ, ਆਪ ਆਪਣਾ ਰੰਗ ਚੜ੍ਹਾਇਆ । ਆਪੇ ਹੋਇਆ ਪੜਦੇ ਕੱਜਨਾ, ਆਪ ਆਪਣੀ ਗੋਦ ਉਠਾਇਆ । ਆਪੇ ਬਣਿਆ ਸਾਚਾ ਸੱਜਣਾ, ਦੇ ਮਤ ਰਿਹਾ ਸਮਝਾਇਆ । ਬ੍ਰਹਿਮੰਡ ਖੰਡ ਤੇਰਾ ਤਾਲ ਨਗਾਰਾ ਵੱਜਣਾ, ਪ੍ਰਭ ਸਾਚਾ ਰਿਹਾ ਵਜਾਇਆ । ਹਰਿ ਘੜਿਆ ਫਿਰ ਨਾ ਭੱਜਣਾ, ਜੁਗ ਜੁਗ ਵੇਸ ਵਟਾਇਆ । ਤ੍ਰੈਲੋਕ ਤੇਰਾ ਆਪ ਚਲਾਏ ਜਹਾਜ਼ਨਾ, ਲੋਆਂ ਪੁਰੀਆਂ ਫੇਰਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਏ ਮਾਰ ਮਾਰ ਆਵਾਜ਼ਨਾ, ਪ੍ਰਭ ਸਾਚਾ

ਸੇਵਾ ਲਾਇਆ । ਲੱਖ ਚੁਰਾਸੀ ਰਚਿਆ ਕਾਜਨਾ, ਤ੍ਰੈਗੁਣ ਮਾਇਆ ਬਣਤ ਬਣਾਇਆ । ਪੰਜ ਤਤ ਧਾਰੇ ਸਾਜਨਾ, ਤ੍ਰੈਗੁਣ ਵੇਖ ਵਖਾਇਆ । ਨਿਰਗੁਣ ਰੂਪ ਗਰੀਬ ਨਿਵਾਜਨਾ, ਆਪ ਆਪਣਾ ਲਏ ਉਪਾਇਆ । ਸ਼ਬਦ ਸੁਤ ਦੇਵੇ ਵਰ ਹਰਿ ਸ਼ਾਹੋ ਸ਼ਬਾਸ਼ਨਾ, ਆਪ ਆਪਣਾ ਵਿਚ ਟਿਕਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼ਨਾ, ਪਾਰਬ੍ਰਹਮ ਇਕ ਸਰਨਾਇਆ । ਆਪੇ ਜਾਣੇ ਆਪਣੀ ਵਾਸ਼ਨਾ, ਆਪ ਆਪਣੇ ਫੁਰਨੇ ਵਿਚ ਸਮਾਇਆ । ਆਪ ਉਪਾਏ ਸ਼ੇਸ਼ ਬਾਸ਼ਕ, ਸਾਂਗੋ ਪਾਂਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਤ ਸਪੂਤੇ ਦਿਤਾ ਵਰ, ਆਪ ਆਪਣੀ ਦਇਆ ਕਮਾਇਆ । ਸਾਚਾ ਸੁਤ ਹੋ ਤਿਆਰ, ਦਰ ਕਰੇ ਹਰਿ ਨਿਮਸਕਾਰਿਆ । ਪੁਰਖ ਅਬਿਨਾਸ਼ੀ ਕਿਰਪਾ ਕਰ, ਢਹਿ ਪਏ ਚਰਨ ਦਵਾਰਿਆ । ਛੱਡਣਾ ਨਾ ਪਏ ਤੇਰਾ ਥਿਰ ਘਰ, ਆਵਾਂ ਜਾਵਾਂ ਵਾਰੋ ਵਾਰਿਆ । ਆਪਣੀ ਕਿਰਪਾ ਆਪੇ ਕਰ, ਮੇਰਾ ਤੇਰਾ ਭੇਵ ਨਿਵਾਰਿਆ । ਸੋ ਪੁਰਖ ਨਿਰੰਜਣ ਸਿਰ ਹੱਥ ਧਰ, ਆਪ ਆਪਣਾ ਦਏ ਸਹਾਰਿਆ । ਆਪ ਆਪਣਾ ਅੰਗ ਵੱਖ ਕਰ, ਸੁਤ ਸ਼ਬਦ ਝੋਲੀ ਪਾ ਰਿਹਾ । ਲੱਖ ਚੁਰਾਸੀ ਦਏ ਵਰ, ਆਪ ਆਪਣਾ ਵਿਚ ਧਰ, ਹੰ ਹੰਗਤਾ ਨਾਮ ਉਪਾ ਲਿਆ । ਭੇਵ ਨਾ ਜਾਣੇ ਸੁਰ ਨਰ, ਵੇਦ ਕਿਤੇਬ ਨਾ ਕਿਸੇ ਲਿਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਸਾਚਾ ਸੁਤ ਪਰਗਟ ਕਰ ਅਬਿਨਾਸ਼ੀ ਅਚੁੱਤ, ਬ੍ਰਹਿਮੰਡ ਖੰਡ ਰਚਨ ਰਚਾ ਲਿਆ । ਸ਼ਬਦ ਸੁਤ ਵੱਡ ਸਿਕਦਾਰ, ਤ੍ਰੈਲੋਕ ਕਰੇ ਧਿਆਨਿਆ । ਪੁਰਖ ਅਬਿਨਾਸ਼ੀ ਕਰੇ ਖ਼ਬਰਦਾਰ, ਸੋ ਪੁਰਖ ਨਿਰੰਜਣ ਦੇਵੇ ਧੁਰ ਫ਼ਰਮਾਨਿਆ । ਲੋਆਂ ਪੁਰੀਆਂ ਪਾਵੇ ਸਾਰ, ਗਗਨ ਪਾਤਾਲਾਂ ਦੋ ਜਹਾਨਿਆ । ਲੱਖ ਚੁਰਾਸੀ ਦਏ ਅਧਾਰ, ਆਪ ਆਪਣਾ ਅੰਗ ਕਟਾਨਿਆ । ਦਿਸ ਨਾ ਆਏ ਵਿਚ ਸੰਸਾਰ, ਮਨ ਮਤ ਬੁਧ ਹੋਈ ਹੈਰਾਨਿਆ । ਆਪ ਉਪਾਏ ਆਪੇ ਲਏ ਸੰਘਾਰ, ਆਪ ਵਿਛੋੜੇ ਆਪੇ ਮੇਲ ਮਿਲਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਆਪ ਵਖਾਨਿਆ । ਆਪ ਆਪਣਾ ਵੇਖ ਵਖਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸਤਿਗੁਰ ਸ਼ਬਦ ਇਕ ਸੁਣਾ, ਲੋਆਂ ਪੁਰੀਆਂ ਰਿਹਾ ਜਗਾਈਆ । ਲੇਖਾ ਲਿਖਿਆ ਨਾ ਸਕੇ ਕੋਈ ਮਿਟਾ, ਬ੍ਰਹਮਾ ਵੇਤਾ ਮੁਖ ਸ਼ਰਮਾਈਆ । ਆਪੇ ਜਾਣੇ ਆਪਣਾ ਥਾਂ, ਹਰ ਘਟ ਵਸਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੰ ਹੰ ਰੂਪ ਅਖਵਾਈਆ । ਹੰ ਰੂਪ ਆਪ ਅਖਵਾ, ਆਪਣਾ ਅੰਗ ਕਟਾਇੰਦਾ । ਲੱਖ ਚੁਰਾਸੀ ਵਿਚ ਸਮਾ, ਆਪ ਆਪਣਾ ਮੁਖ ਛੁਪਾਇੰਦਾ । ਜੋਗ ਜੁਗਤ ਜਗਤ ਬਣਾ, ਵੇਦ ਕਿਤੇਬ ਅਲਾਇੰਦਾ । ਭਗਤ ਸ਼ਕਤ ਇਕ ਵਖਾ, ਅਕਲ ਕਲਾ ਦਰਸਾਇੰਦਾ । ਸਾਧ ਸੰਤ ਲਏ ਉਪਾ, ਆਪ ਆਪਣਾ ਨਾਮ ਜਣਾਇੰਦਾ । ਗੁਰ ਪੀਰ ਅਵਤਾਰ ਧਰਾ, ਲਹਿਣਾ ਦੇਣਾ ਜਗਤ ਚੁਕਾਇੰਦਾ । ਆਪ ਆਪਣੀ ਵੰਡ ਵੰਡਾ, ਸਤਿਜੁਗ ਤ੍ਰੇਤਾ ਰੂਪ ਵਟਾਇੰਦਾ । ਦੁਆਪਰ ਵੇਖੇ ਸਾਚਾ ਥਾਂ, ਰਾਮਾ ਕ੍ਰਿਸ਼ਨਾ ਭੇਵ ਨਾ ਪਾਇੰਦਾ । ਕਲਜੁਗ ਸਾਚੇ ਬਲ ਬਲ ਜਾਂ, ਆਪਣੀ ਵਿਦਿਆ ਆਪ ਪੜ੍ਹਾਇੰਦਾ । ਐੜਾ ਅੱਖ ਇਕ ਖੁਲ੍ਹਾ, ਅੱਲਾ ਰਾਣੀ ਸੰਗ ਰਲਾਇੰਦਾ । ਏਕਾ ਨਾਅਰਾ ਨਾਉਂ ਲਗਾ, ਲਾਸ਼ਰੀਕ ਆਪ ਹੋ ਜਾਇੰਦਾ । ਅਗੈਬ ਅਗੈਬੀ ਹਰਿ ਖ਼ੁਦਾ, ਖ਼ੁਦੀ ਤਕਬਰੀ ਵਿਚ ਸਮਾਇੰਦਾ । ਆਪੇ ਅੰਦਰ ਆਪੇ ਹੋਏ ਜੁਦਾ, ਆਪੇ ਦਿਸ ਨਾ ਆਇੰਦਾ । ਆਪ ਆਪਣਾ ਕਰੇ ਫਿਦਾ, ਆਪ ਆਪਣਾ ਮੂਲ ਚੁਕਾਇੰਦਾ । ਕਲਜੁਗ ਅੰਤਮ ਗਹਿਣਾ ਪਾ, ਸਚ ਸ਼ਿੰਗਾਰ ਕਰਾਇੰਦਾ । ਨਾਨਕ ਗੁਰ ਲਿਆ ਉਪਾ, ਨਾਮ ਸਤਿ ਝੋਲੀ ਪਾਇੰਦਾ । ਦੋਏ ਜੋੜ ਬੈਠਾ ਸੀਸ ਝੁਕਾ, ਨੇਤਰ

੧੦੪੫ ੦੬

੧੦੪੬

ਨੀਰ ਵਹਾਇੰਦਾ । ਪ੍ਰਭ ਅਬਿਨਾਸ਼ੀ ਬੇਪਰਵਾਹ, ਆਪ ਆਪਣੇ ਗਲੇ ਲਗਾਇੰਦਾ । ਏਕਾ ਦੇਵੇ ਸਿਫ਼ਤ ਸਲਾਹ, ਨਿਰਗੁਣ ਨਿਰਗੁਣ ਵਿਚ ਸਮਾਇੰਦਾ । ਇਕ ਉਪਾਏ ਸਾਚਾ ਨਾਂ, ਏਕਾ ਰਸਨ ਚਲਾਇੰਦਾ । ਨਾਨਕ ਨਿਰਗੁਣ ਕਰੇ ਸਚ ਨਿਆਂ, ਲੋਕਮਾਤੀ ਫੇਰਾ ਪਾਇੰਦਾ । ਦਹਿ ਦਿਸ਼ਾ ਵਖਾਣੇ ਸਾਚਾ ਥਾਂ, ਗਊ ਗਰੀਬਾਂ ਗਲੇ ਲਗਾਇੰਦਾ । ਆਪਣਾ ਲੇਖਾ ਆਪ ਜਣਾ, ਆਪ ਆਪਣਾ ਰਾਗ ਸੁਣਾਇੰਦਾ । ਸਾਰੰਗ ਹੱਥ ਮਰਦਾਨੇ ਫੜਾ, ਏਕਾ ਤਾਲ ਵਜਾਇੰਦਾ । ਆਪ ਆਪਣਾ ਥਿਰ ਘਰ ਬਹਾ, ਸਚ ਮਹੱਲ ਅਟੱਲ ਸੁਹਾਇੰਦਾ । ਏਕਾ ਏਕ ਜਣਾਏ ਸਾਚਾ ਨਾਂ, ਸਾਚਾ ਲੇਖਾ ਇਕ ਜਣਾਇੰਦਾ । ਨਿਰਗੁਣ ਨਾਨਕ ਰਸਨਾ ਰਿਹਾ ਗਾ, ਨਿਰੰਕਾਰ ਨਿਰੰਕਾਰ ਨਿਰੰਕਾਰ ਅਲਾਇੰਦਾ । ਏਕਾ ਦੂਜਾ ਭਓ ਮਿਟਾ, ਪ੍ਰਭ ਸਾਚਾ ਦਰ ਸੁਹਾਇੰਦਾ । ਪ੍ਰਭ ਅਬਿਨਾਸ਼ੀ ਦਇਆ ਕਮਾ, ਲੋਕਮਾਤੀ ਸੇਵਾ ਲਾਇੰਦਾ । ਨਾਨਕ ਸਾਚੀ ਸੇਵ ਕਮਾ, ਸਾਚਾ ਮਾਰਗ ਇਕ ਵਖਾਇੰਦਾ । ਜੀਵ ਜੰਤ ਕੋਈ ਜਾਣੇ ਨਾ, ਭੁੱਲ ਭੁੱਲ ਵਕਤ ਗਵਾਇੰਦਾ । ਆਪ ਆਪਣਾ ਦਏ ਤਜਾ, ਅੰਗਣ ਅੰਗ ਲਗਾਇੰਦਾ । ਪੁਰਖ ਅਬਿਨਾਸ਼ੀ ਅੱਗੇ ਏਕਾ ਏਕ ਰਿਹਾ ਜਣਾ, ਤੇਰਾ ਭੇਵ ਕੋਈ ਨਾ ਪਾਇੰਦਾ । ਪਾਰਬ੍ਰਹਮ ਪ੍ਰਭ ਦਏ ਸੁਣਾ, ਨਾਨਕ ਗੁਰ ਜਣਾਇੰਦਾ । ਕਲਜੁਗ ਵੇਲਾ ਅੰਤਮ ਜਾਏ ਆ, ਤੇਰਾਂ ਤੇਰਾਂ ਪੂਰਾ ਤੋਲ ਕਰਾਇੰਦਾ । ਨਿਹਕਲੰਕਾ ਜਾਮਾ ਪਾ, ਸ਼ਬਦੀ ਡੰਕ ਇਕ ਵਜਾਇੰਦਾ । ਸੋਹੰ ਸੋ ਸਤਿਗੁਰ ਨਾਨਕ ਆਪਣੀ ਰਸਨਾ ਗਿਆ ਗਾ, ਜੀਵਾਂ ਜੰਤਾਂ ਭੇਵ ਛੁਪਾਇੰਦਾ । ਬਿਨ ਗੁਰ ਪੂਰੇ ਜੁਗ ਜੁਗ ਕੋਈ ਨਾ ਪਕੜੇ ਬਾਂਹ, ਆਪ ਆਪਣਾ ਭੇਖ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਰੂਪ ਨਰ ਨਿਰੰਕਾਰ, ਨਿਰਗੁਣ ਨਿਰਗੁਣ ਨਿਰਗੁਣ ਵਿਚ ਸਮਾਇੰਦਾ ।

੦੬

### ✵ ੨੩ ਮੱਘਰ ੨੦੧੪ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਹਿ ਪਿੰਡ ਨਾਭੇਵਾਲ ਜ਼ਿਲਾ ਫਿਰੋਜ਼ਪੁਰ ✵ ੦੬

ਨਿਰਗੁਣ ਸਤਿ ਸਮਾ, ਸਤਿ ਸਤਿ ਸਮਾਈਆ । ਸਤਿ ਸਤਿ ਗੁਣ ਆਪ ਜਣਾ, ਤਤ ਤਤ ਸਮਝਾਈਆ । ਤਤ ਤਤ ਪ੍ਰਭ ਇਕ ਰਖਾ, ਏਕਾ ਗੁਣ ਅਲ੍ਹਾਈਆ । ਧੀਰਜ ਯਤ ਦਏ ਬੰਧਾ, ਸਤਿ ਸੰਤੋਖ ਸਮਾਈਆ । ਦੇ ਮਤ ਰਿਹਾ ਸਮਝਾ, ਸਗਲੀ ਚਿੰਦ ਮਿਟਾਈਆ । ਸੋ ਪੁਰਖ ਨਿਰੰਜਣ ਜਾਪ ਜਪਾ, ਹੰ ਹੰਗਤਾ ਰਿਹਾ ਗਵਾਈਆ । ਸਤਿਗੁਰ ਇਕ ਬਣਾ, ਸਾਜਨ ਮੀਤ ਆਪ ਅਖਵਾਈਆ । ਨਿਰਗੁਣ ਨਿਰਧਨ ਵੇਖੇ ਥਾਂ, ਦਰ ਦਵਾਰਾ ਰਿਹਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤ ਜੋਤੀ ਨੂਰ ਉਪਾਈਆ । ਜੋਤੀ ਨੂਰ ਦੀਪਕ ਬਾਲ, ਸਤਿ ਸਤਿ ਕਰੇ ਰੁਸ਼ਨਾਈਆ । ਵੇਖ ਵਖਾਏ ਗਗਨ ਪਾਤਾਲ, ਗਤ ਮਿਤ ਨਾ ਕੋਈ ਜਣਾਈਆ । ਆਪ ਆਪਣੀ ਚਲੇ ਚਾਲ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਲੱਖ ਚੁਰਾਸੀ ਜੀਵ ਜੰਤ ਸੁਰਤ ਰਿਹਾ ਸੰਭਾਲ, ਹਰ ਘਟ ਬੈਠਾ ਆਸਣ ਲਾਈਆ । ਵੇਖਣਹਾਰਾ ਫਲ ਕਾਇਆ ਡਾਲ੍ਹ, ਰਸ ਮਿੱਠਾ ਕੌਣ ਰਖਾਈਆ । ਇਕ ਵਿਚੋਲਾ ਸ਼ਬਦ ਦਲਾਲ, ਧੁਰ ਦਰਗਾਹੀ ਆਪ ਬਣਾਈਆ । ਏਕਾ ਏਕ ਸਚ ਸੱਚੀ ਧਰਮਸਾਲ, ਹਰਿ ਮੰਦਰ ਦਏ ਸੁਹਾਈਆ । ਆਪ ਆਪਣਾ ਰੰਗ ਚਾੜ੍ਹੇ ਲਾਲ ਗੁਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਤਿਗੁਰ ਸਤਿ ਸਰੂਪ ਅਖਵਾਈਆ । ਸਤਿ ਸਤਿ ਹਰਿ ਸਤਿਗੁਰ ਪੂਰਾ, ਸਚ ਸੁੱਚ ਵਡਿਆਈਆ । ਆਪੇ ਹੋਏ ਹਾਜ਼ਰ ਹਜ਼ੂਰਾ, ਆਪ ਆਪਣਾ ਦਰਸ ਦਿਖਾਈਆ ।

ਆਪੇ ਨਾਦ ਆਪੇ ਤੂਰਾ, ਆਪੇ ਤਾਰ ਹਿਲਾਈਆ । ਸਰਬ ਗੁਣ ਆਪ ਭਰਪੂਰਾ, ਸਮਰਥ ਹੱਥ ਵਡਿਆਈਆ । ਨਾ ਕੋਈ ਜਾਣੇ ਨੇੜੇ ਦੂਰਾ, ਦੂਰ ਨੇੜ ਨਾ ਕੋਈ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਂਤਕ ਸਤਿ ਰਿਹਾ ਕਰਾਈਆ । ਸਤਿ ਸਤਿ ਹਰਿ ਦੀਨ ਦਿਆਲਾ, ਸਤਿ ਸਤਿਵਾਦ ਅਖਵਾਇਆ । ਨਿਰਮਲ ਜੋਤ ਇਕ ਅਕਾਲਾ, ਆਦਿ ਜੁਗਾਦਿ ਸਮਾਇਆ । ਜਨ ਭਗਤਾਂ ਚਲੇ ਨਾਲ ਨਾਲਾ, ਦਿਸ ਕਿਸੇ ਨਾ ਆਇਆ । ਜੁਗ ਜੁਗ ਵਜਾਏ ਆਪਣਾ ਤਾਲਾ, ਤਾਲ ਤਲਵਾੜਾ ਇਕ ਰਖਾਇਆ । ਨਾਮ ਉਪਾਏ ਦਇਆ ਕਮਾਏ ਸਾਚੀ ਮਾਲਾ, ਜਨ ਭਗਤਾਂ ਹੱਥ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਹਰਿ ਨਾਮੋ ਨਾਮ ਮੰਤਰ ਦ੍ਰਿੜਾਇਆ । ਨਾਮ ਮੰਤਰ ਸਤਿ ਕਰਤਾਰ, ਸਤਿਜੁਗ ਸਤਿ ਵਰਤਾਈਆ । ਸਤਿਜੁਗ ਸਾਚੇ ਕਰ ਪਿਆਰ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਸਾਲਸ ਬਣੇ ਵਿਚ ਸੰਸਾਰ, ਸਹਿਸਾ ਰੋਗ ਗਵਾਈਆ । ਆਲਸ ਨਿੰਦਰਾ ਦਏ ਉਤਾਰ, ਸੋਇਆ ਰਹਿਣ ਕੋਈ ਨਾ ਪਾਈਆ । ਕਾਲਖ ਟਿੱਕਾ ਨਾ ਕੋਈ ਮਸਤਕ ਦਾਗ਼, ਜੂਠ ਝੂਠ ਨਾ ਵੇਖ ਵਖਾਈਆ । ਕੂੜ ਕੁੜਿਆਰਾ ਨਾ ਦਿਸੇ ਕਾਗ, ਮਾਇਆ ਮੋਹ ਵਿਸ਼ਟਾ ਨਾ ਕੋਈ ਮੁਖ ਰਖਾਈਆ । ਮਾਨੁਸ ਮਾਨੁਖ ਲਾਏ ਜਾਗ, ਆਪ ਆਪਣਾ ਰੰਗ ਚੜ੍ਹਾਈਆ । ਘਰ ਘਰ ਨਾਰੀ ਕੰਤ ਸੁਹਾਗ, ਆਪ ਆਪਣਾ ਰਹੀ ਹੰਢਾਈਆ । ਭਗਤ ਜਨਾਂ ਜਨ ਵਡ ਵਡ ਭਾਗ, ਜਨ ਜਨਣੀ ਖ਼ੁਸ਼ੀ ਮਨਾਈਆ । ਮੰਦਰ ਅੰਦਰ ਦੀਪਕ ਜੋਤੀ ਜਗੇ ਚਿਰਾਗ, ਚੰਨ ਚਾਨਣੀ ਰਹੀ ਸ਼ਰਮਾਈਆ । ਸਰ ਸਰੋਵਰ ਮਜਨ ਮਾਘ, ਨੇਤਰ ਨੈਣਾ ਦਰਸ ਦਿਖਾਈਆ । ਆਪ ਬੁਝਾਏ ਦਇਆ ਕਮਾਏ ਸ੍ਰਿਸ਼ਟ ਸਬਾਈ ਤੇਰੀ ਆਗ, ਨੌਂ ਸੱਤ ਕਰੇ ਕੁੜਮਾਈਆ । ਤ੍ਰੈਲੋਕ ਤਤ ਕਾਲ ਪ੍ਰਭ ਪਕੜੇ ਵਾਗ, ਬਣੇ ਹਰਿ ਸੱਚਾ ਰਥਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦ ਸਦਾ ਸਦਾ ਅਖਵਾਈਆ । ਸਤਿ ਸਤਿ ਹਰਿ ਸਤਿ ਕਰਤਾਰਾ, ਸਾਚੀ ਧਾਰ ਚਲਾਇੰਦਾ । ਪਰਮ ਪੁਰਖ ਅਗੰਮ ਅਪਾਰਾ, ਪਾਰ ਕਿਨਾਰਾ ਇਕ ਵਖਾਇੰਦਾ । ਲੱਖ ਚੁਰਾਸੀ ਤੇਰਾ ਏਕਾ ਨਾਅਰਾ, ਇਕ ਜੈਕਾਰਾ ਲਾਇੰਦਾ । ਸਤਿ ਪੁਰਖ ਨਿਰੰਜਣ ਬੰਨ੍ਹੇ ਧਾਰਾ, ਸੱਸਾ ਹਾਹਾ ਮੇਲ ਮਿਲਾਇੰਦਾ । ਉਪਰ ਹੋੜਾ ਵਡ ਬਲਕਾਰਾ, ਟਿੱਪੀ ਬਿੰਦੀ ਇਕ ਵਖਾਇੰਦਾ । ਆਵੇ ਜਾਵੇ ਵਿਚ ਸੰਸਾਰਾ, ਭੇਵ ਕੋਈ ਨਾ ਪਾਇੰਦਾ । ਸਤਿਜੁਗ ਤੇਰਾ ਸਤਿ ਪਸਾਰਾ, ਪ੍ਰਭ ਸਾਚਾ ਆਪ ਕਰਾਇੰਦਾ । ਆਪੇ ਹੋਏ ਮਾਤ ਸਿਕਦਾਰਾ, ਸੋਹੰ ਮਸਤਕ ਤਿਲਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿਵਾਦ ਵਿਚ ਬ੍ਰਹਿਮਾਦ ਏਕਾ ਸ਼ਬਦ ਜਣਾਇੰਦਾ । ਸਤਿ ਸ਼ਬਦ ਸਤਿ ਸਮਾਇਆ, ਸਤਿਗੁਰ ਹੱਥ ਵਡਿਆਈਆ । ਆਪ ਆਪਣੀ ਦਇਆ ਕਮਾਇਆ, ਆਪ ਆਪਣਾ ਜੋਗ ਕਮਾਈਆ । ਏਕਾ ਆਸਣ ਸ਼ਬਦ ਸਿੰਘਾਸਣ ਹਰਿ ਜੀ ਲਾਇਆ, ਏਕ ਘਰ ਵੱਜੇ ਵਧਾਈਆ । ਦਾਸੀ ਦਾਸਨ ਸਰਬ ਕਰਾਇਆ, ਮੰਡਲ ਰਾਸਨ ਕਰੇ ਸਫ਼ਾਈਆ । ਪ੍ਰਿਥਮੀ ਆਕਾਸ਼ਨ ਵੇਖ ਵਖਾਇਆ, ਨਾਮ ਸਵਾਸੀ ਇਕ ਚਲਾਈਆ । ਮਦਿਰਾ ਮਾਸੀ ਕੋਈ ਦਿਸ ਨਾ ਆਇਆ, ਸਤਿਜੁਗ ਤੇਰੀ ਵਡ ਵਡਿਆਈਆ । ਪੰਡਤ ਕਾਸ਼ੀ ਨਾ ਕੋਈ ਰਿਹਾ ਪੜ੍ਹਾਇਆ, ਵੇਦ ਪੁਰਾਨ ਨਾ ਕੋਈ ਗਾਈਆ । ਛੱਤੀ ਰਾਗ ਨਾ ਕੋਈ ਅਲਾਇਆ, ਅੰਜੀਲ ਕੁਰਾਨ ਨਾ ਰਿਹਾ ਲਿਖਾਈਆ । ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਦਿਸ ਨਾ ਆਇਆ, ਸ਼ਾਹ ਹਕੀਰ ਨਾ ਕੋਈ ਜਣਾਈਆ । ਮੁਸਲਿਮ ਹਿੰਦੂ ਸਿੱਖ ਨਾ ਕੋਈ ਬਣਾਇਆ, ਸ਼ੂਦਰ ਬ੍ਰਹਿਮਣ ਵੈਸ਼ ਨਾ ਕੋਈ ਸ਼ੱਤਰੀ ਕਰੇ ਲੜਾਈਆ । ਦੂਈ

ਦਵੈਤੀ ਨਾ ਕੋਈ ਦਿਸੇ ਦੋਖ, ਹਰਖ ਸੋਗ ਨੇੜ ਨਾ ਆਈਆ । ਨਾ ਕੋਈ ਤ੍ਰਿਸ਼ਨਾ ਨਾ ਕੋਈ ਭੁੱਖ, ਕਾਮ ਕਰੋਧ ਨਾ ਕੋਈ ਵਧਾਈਆ । ਨਾ ਕੋਈ ਮੰਗੇ ਕਿਸੇ ਦਵਾਰੇ ਮੋਖ, ਪ੍ਰਭ ਚਰਨ ਧਿਆਨ ਲਗਾਈਆ । ਲੋਆਂ ਪੁਰੀਆਂ ਬਖ਼ਸ਼ੇ ਏਕਾ ਆਪਣਾ ਸੁੱਖ, ਸੋਹੰ ਸ਼ਬਦ ਜੈਕਾਰਾ ਲਾਈਆ । ਧਰਤ ਮਾਤ ਤੇਰੀ ਸੁਫਲੀ ਕਰੇ ਕੁੱਖ, ਜਨ ਭਗਤਾਂ ਲਏ ਉਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਪੁਰਖ ਨਿਰੰਜਣ ਆਪ ਅਖਵਾਈਆ । ਸਤਿ ਸਤਿ ਤੇਰੀ ਸਾਚੀ ਧਾਰਾ, ਸਤਿਗੁਰ ਆਪ ਮਿਲਾਇੰਦਾ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਹਕਲੰਕੀ ਜਾਮਾ ਪਾਇੰਦਾ । ਗੁਰ ਗੋਬਿੰਦਾ ਕਰ ਪਿਆਰਾ, ਆਪ ਆਪਣਾ ਸੰਗ ਨਿਭਾਇੰਦਾ । ਚਿੱਟੇ ਅਸਵ ਹੋ ਅਸਵਾਰਾ, ਨੀਲੇ ਵਾਲਾ ਨਾਲ ਰਲਾਇੰਦਾ । ਜੁਗਾ ਜੁਗੰਤਰ ਪਾਵੇ ਸਾਰਾ, ਆਦਿਨ ਅੰਤਾ ਆਪ ਅਖਵਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਬੰਕ ਦਵਾਰਾ ਇਕ ਸੁਹਾਇੰਦਾ । ਕਲਗੀ ਤੋੜਾ ਸੀਸ ਅਪਾਰਾ, ਜੋਤੀ ਜੋੜੇ ਜੋੜ ਜੁੜਾਇੰਦਾ । ਮੇਲ ਮਿਲਾਏ ਨਾਰੀ ਕੰਤ ਕੰਤ ਭਤਾਰਾ, ਆਪ ਆਪਣੀ ਗੋਦ ਉਠਾਇੰਦਾ । ਏਕਾ ਦੇਵੇ ਸ਼ਬਦ ਹੁਲਾਰਾ, ਲੋਆਂ ਪੁਰੀਆਂ ਪਾਰ ਕਰਾਇੰਦਾ । ਸਤਿਜੁਗ ਤੇਰਾ ਸਤਿ ਦਵਾਰਾ, ਪ੍ਰਭ ਸਾਚਾ ਮਾਤ ਖੁਲ੍ਹਾਇੰਦਾ । ਚਾਰ ਵਰਨਾਂ ਬਖ਼ਸ਼ੇ ਇਕ ਭੰਡਾਰਾ, ਦਾਤਾ ਦਾਨੀ ਆਪ ਹੋ ਜਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਢਹਿ ਪਏ ਦਵਾਰਾ, ਨਾ ਕੋਈ ਮੁਖ ਭਵਾਇੰਦਾ । ਏਕਾ ਅੱਖਰ ਜਗਤ ਚਲਾਏ ਵੱਖਰ ਸੋਹੰ ਤੇਰੀ ਜੈ ਜੈਕਾਰਾ, ਏਕਾ ਨਾਅਰਾ ਲਾਇੰਦਾ । ਅਲਖ ਨਿਰੰਜਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਸਤਿ ਵਰਤਾਇੰਦਾ । ਸਤਿ ਸਤਿ ਪ੍ਰਭ ਝੋਲੀ ਪਾ, ਸਤਿਜੁਗ ਭਰੇ ਭੰਡਾਰਾ । ਏਕਾ ਤਤ ਰਿਹਾ ਸਮਝਾ, ਏਕਾ ਚਰਨ ਪਿਆਰਾ । ਏਕਾ ਚਿਤ ਰਿਹਾ ਧਰਾ, ਨਾਤਾ ਤੋੜੇ ਮੋਹ ਵਿਕਾਰਾ । ਏਕਾ ਗੱਤ ਮਿਤ ਰਿਹਾ ਜਣਾ, ਇਕ ਇਕੱਲਾ ਏਕੰਕਾਰਾ । ਏਕਾ ਰੱਤ ਰਿਹਾ ਉਪਾ, ਹਰਿਜਨ ਸਾਚਾ ਮਾਤ ਦੁਲਾਰਾ । ਏਕਾ ਤੀਰਥ ਰਿਹਾ ਨੁਹਾ, ਪ੍ਰਭ ਸਾਚਾ ਚਰਨ ਦਵਾਰਾ । ਏਕਾ ਸਿਖਿਆ ਰਿਹਾ ਪੜ੍ਹਾ, ਸੋਹੰ ਸਾਚਾ ਜੈਕਾਰਾ । ਏਕਾ ਲੇਖਾ ਰਿਹਾ ਵਖਾ, ਲੇਖਾ ਲਿਖਣਹਾਰ ਕਰਤਾਰਾ । ਏਕਾ ਭਿਛਿਆ ਰਿਹਾ ਪਾ, ਕਰਾਏ ਵਣਜ ਸੱਚਾ ਵਣਜਾਰਾ । ਪੂਰਨ ਇਛਿਆ ਰਿਹਾ ਕਰਾ, ਸਤਿਜੁਗ ਮੰਗੇ ਸਤਿ ਦਵਾਰਾ । ਦਹਿ ਦਿਸ਼ਾ ਪ੍ਰਭ ਫੇਰੀ ਪਾ, ਚਾਰ ਕੁੰਟ ਕਰਾਏ ਜੈ ਜੈਕਾਰਾ । ਅਕਾਲ ਤਖ਼ਤ ਅਕਾਲ ਮੂਰਤ ਏਕਾ ਦਏ ਸੁਹਾ, ਸ਼ਬਦ ਸਿੰਘਾਸਣ ਅਪਰ ਅਪਾਰਾ । ਏਕਾ ਤਾਲ ਦਏ ਸੁਹਾ, ਅੰਮ੍ਰਿਤ ਵਹਾਏ ਸਾਚੀ ਧਾਰਾ । ਸਚ ਉਛਾਲ ਦਏ ਲਗਾ, ਦੁਰਮਤ ਆਪ ਕਰਾਏ ਪਾਰ ਕਿਨਾਰਾ । ਸ਼ਾਹ ਕੰਗਾਲ ਕੋਈ ਰਹਿਣ ਨਾ ਪਾ, ਨਾ ਕੋਈ ਮੰਗੇ ਭੇਖ ਕਿਸੇ ਦਵਾਰਾ । ਪ੍ਰਭ ਏਕਾ ਰੰਗਣ ਰੰਗ ਦਏ ਰੰਗਾ, ਰੰਗਣਹਾਰ ਵਿਚ ਸੰਸਾਰਾ । ਏਕਾ ਪੌੜੇ ਦਏ ਚੜ੍ਹਾ, ਨਾ ਡੁੱਬੇ ਵਿਚ ਮੰਝਧਾਰਾ । ਗੌੜ ਬ੍ਰਹਿਮਣ ਦਏ ਮਿਲਾ, ਪੂਤ ਸਪੂਤਾ ਕਰ ਪਿਆਰਾ । ਸੰਬਲ ਨਗਰੀ ਦਏ ਵਖਾ, ਗੁਰ ਗੋਬਿੰਦ ਲਿਆ ਅਵਤਾਰਾ । ਤਨ ਗਾਤਰਾ ਇਕ ਲਟਕਾ, ਆਪ ਆਪਣਾ ਕਰੇ ਸ਼ਿੰਗਾਰਾ । ਬਸਤਰ ਸਾਚਾ ਤਨ ਛੁਹਾ, ਗੁਰਮੁਖਾਂ ਕਰੇ ਪਿਆਰਾ । ਆਪ ਆਪਣਾ ਲਿਆ ਕੁਹਾ, ਗੁਰਸਿਖਾਂ ਉਤੋਂ ਆਪਾ ਵਾਰਾ । ਗੁਰਮੁਖ ਸਾਚੇ ਲਏ ਬਚਾ, ਕਲਜੁਗ ਤੇਰੀ ਅੰਤਮ ਵਾਰਾ । ਲੱਖ ਚੁਰਾਸੀ ਰਿਹਾ ਨਚਾ, ਨਾ ਦੇਵੇ ਕੋਈ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਤਿ ਕਰੇ ਵਰਤਾਰਾ । ਸਤਿਜੁਗ ਸਾਚਾ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਆਪੇ ਦੇਵਣਹਾਰਾ ਦਾਦ, ਆਪੇ ਬਣਤ ਬਣਾਇੰਦਾ । ਆਪ ਆਪਣਾ

ਰੱਖਿਆ ਯਾਦ, ਆਪੇ ਭਰਮ ਭੁਲਾਇੰਦਾ । ਆਪੇ ਸੁਣੇ ਸੁਣਾਏ ਸਰਬ ਫਰਿਆਦ, ਆਪੇ ਮੋਹ ਚੁਕਾਇੰਦਾ । ਆਪ ਵਜਾਏ ਆਪਣਾ ਨਾਦ, ਹਰਿ ਆਪੇ ਆਪ ਸੁਣਾਇੰਦਾ । ਆਪ ਉਪਾਏ ਦਇਆ ਕਮਾਏ ਸ਼ਬਦ ਜਣਾਈ ਬੋਧ ਅਗਾਧ, ਅਗਾਧ ਬੋਧਾ ਆਪ ਅਖਵਾਇੰਦਾ । ਸਤਿਜੁਗ ਮੇਲਾ ਹਰਿ ਸਾਚੇ ਮਾਧਵ ਮਾਧ, ਦਵਾਰ ਬੰਕ ਇਕ ਸੁਹਾਇੰਦਾ । ਖੇਲੇ ਖੇਲ ਆਦਿ ਜੁਗਾਦਿ, ਜੁਗ ਜੁਗ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਸਤਿ ਇਕ ਤਤ ਵਰਤਾਇੰਦਾ ।

✻ ੨੪ ਮੱਘਰ ੨੦੧੪ ਬਿਕ੍ਰਮੀ ਕਰਮ ਸਿੰਘ ਦੇ ਗ੍ਰਿਹ ਪਿੰਡ ਪਿਪਲੀ ਜ਼ਿਲਾ ਫ਼ਿਰੋਜ਼ਪੁਰ ✻



ਸਤਿ ਸੰਤੋਖ ਗਿਆਨ ਨਾਮ, ਨਾਮਾ ਮੰਤਰ ਦ੍ਰਿੜਾਇਆ । ਆਤਮ ਅੰਤਰ ਇਕ ਧਿਆਨ, ਏਕਾ ਏਕ ਏਕ ਲਿਵ ਲਾਇਆ । ਏਕਾ ਸ਼ਬਦ ਇਕ ਧੁਨਕਾਨ, ਧੁਨ ਅਨਾਦੀ ਇਕ ਵਜਾਇਆ । ਏਕਾ ਰੂਪ ਸ੍ਰੀ ਭਗਵਾਨ, ਏਕੰਕਾਰਾ ਇਕ ਅਖਵਾਇਆ । ਗੁਰਮੁਖ ਮੇਲਾ ਵਿਚ ਜਹਾਨ, ਜੁਗ ਜੁਗ ਆਪ ਆਪਣਾ ਕਰਦਾ ਆਇਆ । ਜਾਣੇ ਜਣਾਏ ਧੁਰ ਫ਼ਰਮਾਣ, ਦਰ ਦਰਵੇਸ਼ਾ ਆਪ ਅਖਵਾਇਆ । ਭਰਮੇ ਭੁੱਲੇ ਜੀਵ ਨਾਦਾਨਾ, ਮਾਇਆ ਪੜਦਾ ਏਕਾ ਪਾਇਆ । ਕਲਜੁਗ ਕਾਇਆ ਕੂੜ ਸ਼ੈਤਾਨ, ਕਰਮ ਧਰਮ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਚਲਾਇਆ । ਸਤਿਜੁਗ ਸਾਚੇ ਸਚ ਜਣਾਈ, ਏਕਾ ਨਾਮ ਜੈਕਾਰਿਆ । ਨੌਂ ਖੰਡ ਪ੍ਰਿਥਮੀ ਵੱਜੇ ਵਧਾਈ, ਦੀਪਕ ਜੋਤੀ ਇਕ ਉਜਿਆਰਿਆ । ਚਾਰ ਵਰਨ ਇਕ ਸਰਨਾਈ, ਇਕ ਵਖਾਏ ਦਰ ਦਰਬਾਰਿਆ । ਏਕਾ ਨਾਮ ਇਕ ਪੜ੍ਹਾਈ, ਏਕਾ ਲੇਖਾ ਹਰਿ ਲਿਖਾ ਰਿਹਾ । ਏਕਾ ਸ਼ਬਦ ਜਗਤ ਕੁੜਮਾਈ, ਕਲਜੁਗ ਅੰਤਮ ਸਗਨ ਮਨਾ ਰਿਹਾ । ਲੋਆਂ ਪੁਰੀਆਂ ਵੇਖ ਵਖਾਏ ਥਾਉਂ ਥਾਈਂ, ਆਪ ਆਪਣੀ ਦਇਆ ਕਮਾ ਰਿਹਾ । ਜਨ ਭਗਤ ਉਠਾਏ ਫੜ ਫੜ ਬਾਹੀਂ, ਪੂਰਬ ਲਹਿਣਾ ਝੋਲੀ ਪਾ ਰਿਹਾ । ਸਦਾ ਸੁਹੇਲਾ ਦੇਵੇ ਠੰਡੀ ਛਾਈਂ, ਆਪ ਆਪਣਾ ਰੰਗ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਚਲਾ ਰਿਹਾ । ਸਤਿਜੁਗ ਸਾਚਾ ਦਰ ਪਰਵਾਨ, ਹਰਿ ਆਪਣਾ ਆਪ ਕਰਾਇੰਦਾ । ਆਪੇ ਹੋਇਆ ਮਿਹਰਵਾਨ, ਦੇ ਮਤ ਆਪ ਸਮਝਾਇੰਦਾ । ਲੋਕਮਾਤ ਝੁਲਾਏ ਧਰਮ ਨਿਸ਼ਾਨ, ਸਚ ਸੁੱਚ ਵਰਤਾਇੰਦਾ । ਜੂਠਾ ਝੂਠਾ ਮੇਟ ਨਿਸ਼ਾਨ, ਸਾਂਤਕ ਸਤਿ ਕਰਾਇੰਦਾ । ਏਕਾ ਸ਼ਬਦ ਇਕ ਬਿਬਾਨ, ਇਕ ਚਰਨ ਇਕ ਧਿਆਨ, ਏਕਾ ਬ੍ਰਹਮ ਗਿਆਨ ਜਣਾਇੰਦਾ । ਲੱਖ ਚੁਰਾਸੀ ਪੁਣ ਛਾਣ, ਸਾਧਾਂ ਸੰਤਾਂ ਦੇਵੇ ਮਾਣ, ਆਪ ਆਪਣਾ ਮੇਲ ਮਿਲਾਇੰਦਾ । ਜੋਗ ਜੁਗਤ ਹੱਥ ਭਗਵਾਨ, ਜੁਗ ਜੁਗ ਆਪਣੀ ਆਪ ਚਲਾਇੰਦਾ । ਸਰਬ ਕਲਾ ਸਮਰਥ ਵਾਲੀ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਅਖਵਾਇੰਦਾ । ਆਪੇ ਗੋਪੀ ਆਪੇ ਕਾਹਨ, ਰਾਮ ਰਮਈਆ ਰੂਪ ਵਟਾਇੰਦਾ । ਨਾਨਕ ਗੋਬਿੰਦ ਵੇਖ ਨਿਸ਼ਾਨ, ਨਿਜ ਘਰ ਆਸਣ ਸਾਚੇ ਲਾਇੰਦਾ । ਥਿਰ ਘਰ ਵਸਾਏ ਸਚ ਮਕਾਨ, ਸਚ ਸਮਗਰੀ ਇਕ ਰਖਾਇੰਦਾ । ਗੁਰੂਆਂ ਪੀਰਾਂ ਸਾਧਾਂ ਸੰਤਾਂ ਦੇਵੇ ਦਾਨ, ਪੂਰਨ ਇਛਿਆ ਆਪ ਕਰਾਇੰਦਾ । ਜੁਗਾ ਜੁਗੰਤ ਖੇਲ ਮਹਾਨ, ਆਦਿ ਅੰਤ ਭੇਵ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ,

੧੦੫੯
੦੬

ਸਤਿਜੁਗ ਸਾਚਾ ਮਾਰਗ ਲਾਇੰਦਾ । ਸਤਿਜੁਗ ਸਾਚਾ ਧਰਮ ਜੈਕਾਰ, ਏਕਾ ਏਕ ਕਰਾਵਣਾ । ਚਾਰ ਵਰਨ ਹੋਏ ਇਕ ਦਵਾਰ, ਊਚਾਂ ਨੀਚਾਂ ਭੇਵ ਮਿਟਾਵਣਾ । ਏਕਾ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਵਣਾ । ਨਾਮ ਬਸਤਰ ਤਨ ਸ਼ਿੰਗਾਰ, ਸ਼ਬਦ ਸੀਸ ਦਸਤਾਰ ਬੰਧਾਵਣਾ । ਆਪ ਆਪਣਾ ਬਖ਼ਸ਼ੇ ਚਰਨ ਪਿਆਰ, ਚਰਨੋਦਕ ਮੁਖ ਚੁਆਵਣਾ । ਕਾਇਆ ਤੋੜ ਗੜ੍ਹ ਹੰਕਾਰ, ਆਪ ਆਪਣਾ ਮੂਲ ਵਖਾਵਣਾ । ਆਤਮ ਚੋਟੀ ਚੜ੍ਹ ਨਿਰੰਕਾਰ, ਕੋਟੀ ਕੋਟ ਜੀਵ ਤਰਾਵਣਾ । ਹਉਮੇ ਹੰਗਤਾ ਦੁਰਮਤ ਮੈਲ ਕੱਢੇ ਵਾਸ਼ਨਾ ਖੋਟੀ, ਏਕਾ ਏਕ ਜਾਪ ਜਪਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦਰ ਸਾਚਾ ਇਕ ਸੁਹਾਵਣਾ । ਸਤਿਜੁਗ ਸਾਚਾ ਦਰ ਖੁਲ੍ਹਾਏ, ਪਾਰਬ੍ਰਹਮ ਅਬਿਨਾਸ਼ੀ । ਏਕਾ ਵਸਤ ਵਿਚ ਟਿਕਾਏ, ਚੌਦਾਂ ਲੋਕ ਕਰੇ ਦਾਸਨ ਦਾਸੀ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਫਿਰਨ ਤਿਹਾਏ, ਥਾਉਂ ਥਾਈਂ ਵੇਖਣ ਘਨਕ ਪੁਰ ਵਾਸੀ । ਗੁਰਮੁਖ ਸਾਚੇ ਲਏ ਜਗਾਏ, ਕਿਸੇ ਦਿਸ ਨਾ ਆਏ ਪੰਡਤ ਕਾਸ਼ੀ । ਅਗੰਮ ਅਗੰਮੜਾ ਧਾਮ ਸੁਹਾਏ, ਸਾਚੇ ਮੰਡਲ ਪਾਵੇ ਰਾਸੀ । ਨਾੜੀ ਚੰਮੜਾ ਕੋਈ ਦਿਸ ਨਾ ਆਏ, ਨਿਰਮਲ ਜੋਤ ਹਰਿ ਸਾਜਨ ਸ਼ਾਹੋ ਸ਼ਾਬਾਸ਼ੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਕਰੇ ਬੰਦ ਖੁਲਾਸੀ । ਸਤਿਜੁਗ ਸਾਚਾ ਰਿਹਾ ਪੁਕਾਰ, ਪ੍ਰਭ ਅੱਗੇ ਝੋਲੀ ਡਾਹੀਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇ ਮਤ ਰਿਹਾ ਸਮਝਾਈਆ । ਲੋਕਮਾਤ ਰਹਿਣਾ ਖ਼ਬਰਦਾਰ, ਤ੍ਰੈਗੁਣ ਤੇਰਾ ਸੰਗ ਨਿਭਾਈਆ । ਕਲਜੁਗ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਅਬਿਨਾਸ਼ੀ ਕਰਤਾ ਮਾਰੇ ਮਾਰ, ਨਾ ਕੋਈ ਹੋਏ ਸਹਾਈਆ । ਕੂੜ ਕਿਰਿਆ ਕਰਮ ਵਿਚਾਰ, ਦੇਵਣਹਾਰ ਜਗਤ ਸਜ਼ਾਈਆ । ਦੋਹਾਂ ਮੇਲਾ ਵਿਚ ਸੰਸਾਰ, ਬੀਸ ਬੀਸਾ ਦਏ ਕਰਾਈਆ । ਸ਼ਬਦ ਘੋੜੇ ਹੋ ਅਸਵਾਰ, ਚਾਰੋਂ ਕੁੰਟਾਂ ਰਿਹਾ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਰਿਹਾ ਉਠਾਈਆ । ਸਤਿਜੁਗ ਤੇਰਾ ਸਾਚਾ ਰੰਗ, ਪ੍ਰਭ ਸਾਚੇ ਆਪ ਚੜ੍ਹਾਵਣਾ । ਇਕ ਵਜਾ ਨਾਮ ਮਰਦੰਗ, ਏਕਾ ਰਾਗ ਅਲਾਵਣਾ । ਏਕਾ ਅੰਮ੍ਰਿਤ ਧਾਰਾ ਵਗੇ ਗੰਗ, ਗੁਰਮੁਖ ਸਾਚੇ ਆਪ ਨੁਹਾਵਣਾ । ਇਕ ਵਖਾਏ ਸ਼ਬਦ ਰੰਗੀਲਾ ਸਚ ਪਲੰਘ, ਗੁਰਮੁਖ ਆਤਮ ਸੇਜਾ ਆਪੇ ਡਾਹਵਣਾ । ਆਪ ਆਪਣੀ ਚਰਨ ਪ੍ਰੀਤੀ ਲਏ ਮੰਗ, ਦਰ ਦਵਾਰੇ ਫੇਰਾ ਪਾਵਣਾ । ਮਾਨਸ ਜਨਮ ਨਾ ਹੋਏ ਭੰਗ, ਜਿਸ ਜਨ ਰਸਨਾ ਗਾਵਣਾ । ਆਪ ਲਗਾਵੇ ਆਪਣੇ ਅੰਗ, ਅੰਗੀਕਾਰ ਆਪ ਅਖਵਾਵਣਾ । ਕੱਟਣਹਾਰਾ ਭੁੱਖ ਨੰਗ, ਆਦਿ ਜੁਗਾਦੀ ਮੇਲ ਮਿਲਾਵਣਾ । ਮਿਲੇ ਮੇਲ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਵਣਾ । ਜਾਣੇ ਜਣਾਏ ਜੇਰਜ ਅੰਡ, ਉਤਭੁਜ ਸੇਤਜ ਫੋਲ ਫੁਲਾਵਣਾ । ਨਾ ਕੋਈ ਦਿਸੇ ਨਾਰ ਦੁਹਾਗਣ ਰੰਡ, ਸਾਚਾ ਕੰਤ ਸਰਬ ਹੰਢਾਵਣਾ । ਪੰਚ ਵਿਕਾਰਾ ਖੰਡ ਖੰਡ, ਏਕਾ ਖੰਡਾ ਨਾਮ ਲਾਵਣਾ । ਸਚ ਸ਼ਬਦ ਧੁਰ ਦਰਗਾਹੀ ਦਾਤ ਜਨ ਭਗਤਾਂ ਰਿਹਾ ਵੰਡ, ਆਪ ਆਪਣੀ ਸੇਵ ਕਮਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੇ ਪਕੜੇ ਦਾਮਨਾ । ਸਤਿਜੁਗ ਸਾਚੇ ਸਚ ਸਲਾਹ, ਹਰਿ ਸਾਚਾ ਸਚ ਵਰਤਾਇੰਦਾ । ਸ਼ਬਦ ਸਰੂਪੀ ਬਣ ਮਲਾਹ, ਲੋਕਮਾਤੀ ਫੇਰਾ ਪਾਇੰਦਾ । ਏਕਾ ਏਕ ਵਖਾਏ ਜਗ ਸਾਚਾ ਨਾਂ, ਏਕਾ ਧਾਮ ਸੁਹਾਇੰਦਾ । ਏਕਾ ਪਿਤਾ ਏਕਾ ਮਾਂ, ਪੂਤ ਸਪੂਤਾ ਆਪ ਅਖਵਾਇੰਦਾ । ਇਕ ਇਕੱਲਾ ਪਕੜੇ ਬਾਂਹ, ਏਕਾ ਏਕ ਆਪ ਹੋ ਜਾਇੰਦਾ । ਜੋਤੀ


੧੦੫੦
੦੬

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਸੰਗ ਨਿਭਾਇੰਦਾ । ਸਤਿਜੁਗ ਤੇਰਾ ਸਾਚਾ ਸੰਗ, ਹਰਿ ਸਾਚੇ ਆਪ ਨਿਭਾਵਣਾ । ਧਰਤ ਮਾਤ ਦਰ ਮੰਗੀ ਮੰਗ, ਰੋ ਰੋ ਨੇਤਰ ਨੀਰ ਵਹਾਵਣਾ । ਨੌਂ ਖੰਡ ਪ੍ਰਿਥਮੀ ਹੋਏ ਭੰਗ, ਸੱਤਾਂ ਦੀਪਾਂ ਪੜਦਾ ਕਿਸੇ ਨਾ ਪਾਵਣਾ । ਲੱਖ ਚੁਰਾਸੀ ਹੋਏ ਨੰਗ, ਕਲਜੁਗ ਕੋਇ ਨਾ ਦਿਸੇ ਜਾਮਣਾ । ਤ੍ਰੈਗੁਣ ਮਾਇਆ ਮਾਰੇ ਡੰਗ, ਪੰਜ ਸ਼ੈਤਾਨਾ ਆਪ ਕੁਰਲਾਵਣਾ । ਪੰਚ ਪੰਚਾਂ ਲਾਇਆ ਜੰਗ, ਪੰਚਮ ਮੋਹ ਚੁਕਾਵਣਾ । ਪੰਚਮ ਮੰਗ ਰਹੇ ਮੰਗ, ਆਪ ਆਪਣਾ ਭੇਟ ਚੜ੍ਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਖੇਵਟ ਖੇਟ ਆਪ ਹੋ ਜਾਵਣਾ । ਗੁਰਮੁਖ ਆਤਮ ਸਤਿ, ਸਤਿਗੁਰ ਪੁਰਖ ਮਨਾਇਆ । ਏਕਾ ਏਕ ਰਖਾਈ ਮਤ, ਏਕਾ ਦੂਜਾ ਭੌ ਚੁਕਾਇਆ । ਏਕਾ ਧੀਰਜ ਏਕਾ ਯਤ, ਏਕਾ ਸਤਿ ਸੰਤੋਖ ਸਮਾਇਆ । ਏਕਾ ਨਾਮ ਏਕਾ ਰਥ, ਰਥ ਰਥਵਾਹੀ ਇਕ ਚਲਾਇਆ । ਏਕਾ ਸ਼ਬਦ ਕਹਾਣੀ ਅਕੱਥ, ਅਕੱਥ ਕਥਾ ਅਖਵਾਇਆ । ਏਕਾ ਹਰਿ ਸਦਾ ਸਮਰਥ, ਹਰ ਘਟ ਬੈਠਾ ਆਸਣ ਲਾਇਆ । ਜਨ ਭਗਤਾਂ ਦੇਵੇ ਨਾਮ ਵੱਥ, ਆਪ ਆਪਣੀ ਦਇਆ ਕਮਾਇਆ । ਜਗਤ ਵਿਕਾਰਾ ਦੇਵੇ ਮਥ, ਏਕਾ ਤਤ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਵੇਖ ਵਖਾਇਆ । ਹਰਿਜਨ ਸਾਚਾ ਸਚ ਸੱਜਣ, ਸਚ ਸੁੱਚ ਵਡਿਆਈਆ । ਇਕ ਕਰਾਇਆ ਸਾਚਾ ਮਜਨ, ਅੱਠ ਸੱਠ ਲਹਿਣਾ ਦੇਣ ਚੁਕਾਈਆ । ਆਪੇ ਹੋਇਆ ਪੜਦੇ ਕੱਜਣ, ਨਾਮ ਦੋਸ਼ਾਲਾ ਇਕ ਪਾਈਆ । ਗੜ੍ਹ ਹੰਕਾਰੀ ਦਰ ਦਵਾਰੇ ਭੱਜਣ, ਗੜ੍ਹ ਭਰਮੀ ਤੋੜ ਤੁੜਾਈਆ । ਅਨਹਦ ਤਾਲ ਨਗਾਰੇ ਕਾਇਆ ਮੰਦਰ ਅੰਦਰ ਵੱਜਣ, ਸੁਣੇ ਸੁਣਾਏ ਹਰਿ ਰਘੁਰਾਈਆ । ਗੁਰਮੁਖ ਉਧਾਰੇ ਜਿਉਂ ਨਾਨਕ ਠੱਗ ਸੱਜਣ, ਆਪ ਆਪਣੇ ਅੰਗ ਲਗਾਈਆ । ਅੰਮ੍ਰਿਤ ਆਤਮ ਸਰ ਸਰੋਵਰ ਦਰ ਦਵਾਰੇ ਪੀ ਪੀ ਰੱਜਣ, ਤ੍ਰਿਸਨਾ ਭੁੱਖ ਮਿਟਾਈਆ । ਇਕ ਚੜ੍ਹਾਏ ਨਾਮ ਜਹਾਜ਼ਨ, ਸੋਹੰ ਚੱਪੂ ਲਾਈਆ । ਸਤਿਜੁਗ ਮੇਲਾ ਗਰੀਬ ਨਿਵਾਜਨ, ਲੋਆਂ ਪੁਰੀਆਂ ਆਪ ਸੁਣਾਈਆ । ਦੋ ਜਹਾਨੀ ਰਚਿਆ ਕਾਜਨ, ਆਪਣੀ ਆਪ ਕੁੜਮਾਈਆ । ਚਿੱਟਾ ਅਸਵ ਸਾਚਾ ਤਾਜਨ, ਸੋਲਾਂ ਕਲੀਆਂ ਆਸਣ ਲਾਈਆ । ਪਰਗਟ ਹੋਏ ਦੇਸ ਮਾਝਨ, ਸੰਬਲ ਨਗਰੀ ਡੇਰਾ ਲਾਈਆ । ਸ਼ਾਹੋ ਭੂਪ ਵਡ ਰਾਜ ਰਾਜਨ, ਸ਼ਾਹ ਸੁਲਤਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਸੰਬਲ ਨਗਰ ਸਚ ਟਿਕਾਣਾ, ਗੁਰ ਗੋਬਿੰਦ ਜੋਤ ਜਗਾਈਆ । ਮਿਲਿਆ ਮੇਲ ਹਰਿ ਭਗਵਾਨਾ, ਵਿਛੜ ਕਦੇ ਨਾ ਜਾਈਆ । ਏਕਾ ਚਿੱਲਾ ਏਕਾ ਤੀਰ ਕਮਾਨਾ, ਏਕਾ ਖੰਡਾ ਰਿਹਾ ਚਮਕਾਈਆ । ਏਕਾ ਜੋਧਾ ਸੂਰ ਬਲੀ ਬਲਵਾਨਾ, ਏਕਾ ਤੁਰੰਗ ਰਿਹਾ ਦੌੜਾਈਆ । ਏਕਾ ਮਰਦ ਹੋਏ ਵਡ ਮਰਦਾਨਾ, ਪਾਰਬ੍ਰਹਮ ਵਡ ਵਡਿਆਈਆ । ਏਕਾ ਸ਼ਬਦ ਇਕ ਨਿਸ਼ਾਨਾ, ਨੌਂ ਖੰਡ ਪ੍ਰਿਥਮੀ ਰਿਹਾ ਕਰਾਈਆ । ਏਕਾ ਰਾਗ ਏਕਾ ਗਾਣਾ, ਏਕਾ ਰਿਹਾ ਸੁਣਾਈਆ । ਏਕਾ ਪਦ ਹੋਏ ਨਿਰਬਾਣਾ, ਪਰਮ ਪੁਰਖ ਚਰਨ ਸਰਨਾਈਆ । ਨਾ ਕੋਈ ਜਾਣੇ ਚਤੁਰ ਸੁਘੜ ਸਿਆਣਾ, ਜਗਤ ਵਿਦਿਆ ਹੋਈ ਹਲਕਾਈਆ । ਜਨ ਭਗਤਾਂ ਦੇਵੇ ਨਾਮ ਬਿਬਾਣਾ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਸੰਬਲ ਨਗਰ ਸਚ ਸੁਹਾਗ, ਗੋਬਿੰਦ ਕੰਤ ਮਨਾਇਆ । ਏਕਾ ਜੋਤੀ ਜਗੇ ਚਿਰਾਗ, ਅੰਧ ਅੰਧੇਰ ਮਿਟਾਇਆ । ਏਕਾ ਧੁਨ ਏਕਾ ਰਾਗ, ਏਕਾ ਤਾਲ ਵਜਾਇਆ । ਅਬਿਨਾਸ਼ੀ ਕਰਤਾ

ਆਪੇ ਰਿਹਾ ਜਾਗ, ਜਨ ਭਗਤਾਂ ਰਿਹਾ ਜਗਾਇਆ । ਆਦਿ ਜੁਗਾਦੀ ਪਕੜੇ ਵਾਗ, ਵਰਭੰਡੀ ਖੋਜ ਖੁਜਾਇਆ । ਧੁਰ ਦਰਗਾਹੀ ਦੇਵੇ ਸਾਚੀ ਦਾਦ, ਸੋਹੰ ਸਾਚਾ ਨਾਮ ਦ੍ਰਿੜਾਇਆ । ਜੋ ਜਨ ਰਸਨਾ ਰਹੇ ਅਰਾਧ, ਅਨੁਭਵ ਪਰਕਾਸ਼ ਕਰਾਇਆ । ਮੇਲ ਮਿਲਾਏ ਮਾਧਵ ਮਾਧ, ਅਜੂਨੀ ਰਹਿਤ ਆਪ ਅਖਵਾਇਆ । ਸੰਤ ਦੁਲਾਰੇ ਸਾਚੇ ਸਾਧ, ਸਿਦਕ ਸਬੂਰੀ ਇਕ ਰਖਾਇਆ । ਕਲਜੁਗ ਅੰਤਮ ਵੇਲਾ ਲੱਖ ਚੁਰਾਸੀ ਸੁਣੇ ਸੁਣਾਏ ਫਰਿਆਦ, ਅੰਦਰ ਮੰਦਰ ਡੇਰਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਮੰਦਰ ਸਚ ਵਸੇਰਾ, ਹਰਿ ਸਾਚੀ ਜੋਤ ਜਗਾਈਆ । ਮੇਟ ਮਿਟਾਏ ਅੰਧ ਅੰਧੇਰਾ, ਅਗਿਆਨ ਅੰਧੇਰ ਗਵਾਈਆ । ਆਪ ਚੁਕਾਏ ਮੇਰਾ ਤੇਰਾ, ਹਉਮੇ ਰੋਗ ਜਲਾਈਆ । ਭਰਮਾਂ ਢਾਹੇ ਝੂਠਾ ਡੇਰਾ, ਸਾਚਾ ਚੰਦ ਚੜ੍ਹਾਈਆ । ਕਰੇ ਕਰਾਏ ਹੱਕ ਨਿਬੇੜਾ, ਸੁਰਤ ਸਵਾਣੀ ਲਏ ਪਰਨਾਈਆ । ਡੂੰਘੀ ਕੰਦਰ ਬੰਨ੍ਹੇ ਬੇੜਾ, ਜੋਤ ਨਿਰੰਜਣ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰਿਹਾ ਹਿਲਾਈਆ । ਸਾਚੇ ਮੰਦਰ ਹਰਿ ਭਗਵਾਨਾ, ਹਰਿ ਹਰਿ ਜੋਤ ਜਗਾਈਆ । ਏਕਾ ਸ਼ਬਦ ਇਕ ਤਰਾਨਾ, ਏਕਾ ਰਾਗ ਅਲਾਈਆ । ਅਨਹਦ ਗਾਵੇ ਸਾਚਾ ਗਾਣਾ, ਪੰਚਮ ਰਿਹਾ ਸੁਣਾਈਆ । ਪਰਮ ਪੁਰਖ ਹਰਿ ਸ਼ਾਹ ਸੁਲਤਾਨਾ, ਨਿਜ ਘਰ ਬੈਠਾ ਆਸਣ ਲਾਈਆ । ਦਿਸ ਨਾ ਆਏ ਜੀਵਨ ਦਾਨਾ, ਬਜਰ ਕਪਾਟ ਨਾ ਕੋਈ ਤੁੜਾਈਆ । ਘਰ ਵਿਚ ਘਰ ਨਾ ਕਿਸੇ ਵਖਾਨਾ, ਦੀਵਾ ਬੱਤੀ ਨਾ ਕੋਈ ਟਿਕਾਈਆ । ਜਿਸ ਜਨ ਮਿਲਿਆ ਸ਼ਬਦ ਬਿਬਾਨਾ, ਦਰ ਸਾਚਾ ਇਕ ਸੁਹਾਈਆ । ਆਪੇ ਕਰੇ ਕਰਨਹਾਰ ਪਰਵਾਨਾ, ਦਸਮ ਦਵਾਰੀ ਕੁੰਡਾ ਲਾਹੀਆ । ਜਗੇ ਜੋਤ ਅਗੰਮ ਅਪਾਰਾ, ਰੂਪ ਰੰਗ ਨਾ ਕੋਈ ਜਣਾਈਆ । ਚਿੱਟੀ ਧਾਰ ਹਰਿ ਨਿਰੰਕਾਰਾ, ਆਪਣੀ ਆਪ ਵਰਤਾਈਆ । ਆਤਮ ਸੇਜਾ ਸੁੱਤਾ ਪੈਰ ਪਸਾਰਾ, ਜਨ ਭਗਤਾਂ ਰਾਹ ਤਕਾਈਆ । ਆਪੇ ਨਾਰੀ ਕੰਤ ਭਤਾਰ, ਆਪ ਆਪਣਾ ਮੇਲ ਮਿਲਾਈਆ । ਆਪੇ ਕਰੇ ਸਚ ਸ਼ਿੰਗਾਰ, ਆਪ ਆਪਣੀ ਬਰਖਾ ਲਾਈਆ । ਆਪ ਆਪਣਾ ਦਏ ਅਧਾਰ, ਆਪ ਆਪਣੇ ਵਿਚ ਸਮਾਈਆ । ਏਕਾ ਦੂਜਾ ਭੌ ਨਿਵਾਰ, ਤੀਜੇ ਲੋਇਣ ਮੇਲਾ ਸਹਿਜ ਸੁਭਾਈਆ । ਚੌਥੇ ਘਰ ਦੇਵੇ ਵਾੜ, ਅਮਰਾਪਦ ਇਕ ਵਖਾਈਆ । ਨਾ ਕੋਈ ਦਿਸੇ ਬਹੱਤਰ ਨਾੜ, ਪੰਜ ਤਤ ਨਾ ਕੋਈ ਜਣਾਈਆ । ਰਕਤ ਬੂੰਦ ਨਾ ਦਿਸੇ ਸੀਸ ਧੜ, ਨਾ ਕੋਈ ਰਚਨਾ ਹੋਰ ਰਚਾਈਆ । ਨਾ ਕੋਈ ਅੱਖਰ ਵਿਦਿਆ ਰਿਹਾ ਪੜ੍ਹ, ਨਾ ਕੋਈ ਕਰੇ ਮਾਤ ਪੜ੍ਹਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤਾ ਸੰਤ ਜਨਾਂ ਫੜਾਏ ਆਪਣਾ ਲੜ, ਆਪ ਆਪਣੀ ਬੂਝ ਬੁਝਾਈਆ । ਆਪਣੇ ਅੰਦਰ ਆਪਣੇ ਪੌੜੇ ਆਪੇ ਜਾਏ ਚੜ੍ਹ, ਦਿਸ ਕਿਸੇ ਨਾ ਆਈਆ । ਜਨ ਭਗਤਾਂ ਦਰ ਦਵਾਰੇ ਅੱਗੇ ਖੜ੍ਹ, ਨਿਰਗੁਣ ਰੂਪ ਵਟਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਆਕਾਰ ਜਣਾਈਆ । ਹਰ ਘਟ ਅੰਦਰ ਬੈਠਾ ਵੜ, ਆਪ ਆਪਣਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਵਰ, ਦੇਵੇ ਮਾਤ ਜਗਤ ਵਡਿਆਈਆ । ਗੁਰਮੁਖ ਮੇਲਾ ਹਰਿ ਹਰਿ ਨਿਰੰਜਣ, ਆਪਣਾ ਆਪ ਕਰਾਇੰਦਾ । ਨੇਤਰ ਪਾਏ ਏਕਾ ਅੰਜਨ, ਲੋਚਨ ਆਪ ਖੁਲ੍ਹਾਇੰਦਾ । ਚਰਨ ਧੂੜ ਬਖ਼ਸ਼ੇ ਸਾਚਾ ਮਜਨ, ਦੁਰਮਤ ਮੈਲ ਗਵਾਇੰਦਾ । ਮਦਿਰਾ ਮਾਸ ਜੋ ਜਨ ਤਜਨ, ਗੁਰ ਗੋਬਿੰਦ ਦਰਸ ਦਿਖਾਇੰਦਾ । ਜੂਠੇ ਝੂਠੇ ਅੰਤਮ ਭੱਜਣ, ਕਾਲ ਨਗਾਰਾ ਇਕ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਹਰਿਜਨ ਸਾਚੇ ਮੇਲ ਮਿਲਾਇੰਦਾ । ਹਰਿਜਨ ਮੇਲਾ ਧੁਰ ਦਰਗਾਹ, ਹਰਿ ਆਪਣਾ ਆਪ ਕਰਾਇਆ । ਗੋਬਿੰਦ ਗੁਰ ਬਣ ਮਲਾਹ, ਨਾਮ ਪੱਲਾ ਇਕ ਫੜਾਇਆ । ਏਕਾ ਦੇਵੇ ਸਚ ਸਲਾਹ, ਨਿਹਕਲੰਕਾ ਜਾਮਾ ਪਾਇਆ । ਨਿਥਾਵਿਆਂ ਘਰ ਦੇਵੇ ਸਾਚਾ ਥਾਂ, ਥਿਰ ਘਰ ਸਾਚਾ ਇਕ ਸੁਹਾਇਆ । ਆਪੇ ਪਿਤਾ ਆਪੇ ਮਾਂ, ਹਰਿਜਨ ਸਾਚੇ ਗੋਦ ਉਠਾਇਆ । ਚਾਰ ਵਰਨ ਜਪਾਏ ਏਕਾ ਨਾਂ, ਊਚਾਂ ਨੀਚਾਂ ਭੇਵ ਮਿਟਾਇਆ । ਫੜ ਫੜ ਹੰਸ ਬਣਾਏ ਕਾਂ, ਆਪ ਆਪਣੀ ਚੋਗ ਚੁਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਵੇਖੇ ਇਕ ਇਕੱਲਾ, ਜਗ ਵੱਡੀ ਵਡਿਆਈਆ । ਗੁਰਮੁਖ ਕਾਇਆ ਸਚ ਮਹੱਲਾ, ਪ੍ਰਭ ਸਾਚਾ ਫੇਰੀ ਪਾਈਆ । ਵੇਖ ਵਖਾਏ ਕਾਇਆ ਡੱਲਾ, ਅੰਦਰ ਮੰਦਰ ਖੋਜ ਖੁਜਾਈਆ । ਦੀਪਕ ਜੋਤੀ ਵਿਰਲੇ ਗੁਰਮੁਖ ਬਲਾ, ਦਿਵਸ ਰੈਣ ਕਰੇ ਰੁਸ਼ਨਾਈਆ । ਇਕ ਵਖਾਏ ਨਿਹਚਲ ਧਾਮ ਅਟੱਲਾ, ਉਚ ਮਹੱਲ ਅਟੱਲ ਹਰਿ ਰਘੁਰਾਈਆ । ਆਪੇ ਹੋਏ ਅਛਲ ਅਛੱਲਾ, ਅਛਲ ਛਲ ਕਰਾਈਆ । ਜਿਸ ਜਨ ਫੜਾਏ ਆਪਣਾ ਪੱਲਾ, ਵਿਛੜ ਕਦੇ ਨਾ ਜਾਈਆ । ਕਲਜੁਗ ਅੰਤਮ ਬੋਲੇ ਹੱਲਾ, ਪੁਰਖ ਅਗੰਮੜਾ ਅਗੰਮੜੀ ਕਰੇ ਚੜ੍ਹਾਈਆ । ਲੇਖੇ ਲਾਏ ਜੱਟ ਡੱਲਾ, ਦੇਸ ਮਾਲਵਾ ਦਏ ਤਰਾਈਆ । ਅੰਤਮ ਫਲਿਆ ਆਪੇ ਫੁੱਲਾ, ਫਲ ਫੁਲਵਾੜੀ ਇਕ ਲਗਾਈਆ । ਕਲਜੁਗ ਬੂਟਾ ਅੰਤਮ ਹੁੱਲਾ, ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਫਲ ਕੋਈ ਰਹਿਣ ਨਾ ਪਾਈਆ । ਲੱਖ ਚੁਰਾਸੀ ਤੇਰਾ ਕੋਈ ਨਾ ਪੈਣਾ ਮੁੱਲਾ, ਧਰਮ ਰਾਏ ਦਏ ਸਜ਼ਾਈਆ । ਗੁਰਮੁਖ ਵਿਰਲਾ ਭਾਗ ਲਗਾਏ ਆਪਣੀ ਕੁਲਾ, ਜਿਸ ਮਿਲਿਆ ਗੋਬਿੰਦ ਮਾਹੀਆ । ਚਰਨ ਦਵਾਰੇ ਜੋ ਜਨ ਆਇਆ ਭੁੱਲਾ, ਨੀਲੇ ਵਾਲਾ ਦਰਸ ਦਿਖਾਈਆ । ਦੋ ਜਹਾਨ ਕਲਜੁਗ ਅੰਤਮ ਤੇਰੀ ਕੋਈ ਨਾ ਕਰਾਏ ਸੁਲ੍ਹਾ, ਕਲਜੁਗ ਸਤਿਜੁਗ ਕਰੇ ਲੜਾਈਆ । ਜਗਤ ਵਿਕਾਰਾ ਅੰਤਮ ਰੁਲਾ, ਜੂਠ ਝੂਠ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਵੇਖ ਘਰ, ਘਰ ਸਾਚਾ ਇਕ ਸੁਹਾਈਆ । ਗੁਰਮੁਖ ਸਾਜਣ ਸਾਚਾ ਮੀਤਾ, ਹਰਿ ਏਕਾ ਏਕ ਰਖਾਇਆ । ਨਾਮ ਨਿਧਾਨ ਹਰਿ ਹਰਿਜਨ ਸਾਚੇ ਪੀਤਾ, ਹਰਿ ਹਰਿ ਵਿਚ ਸਮਾਇਆ । ਹਰਿ ਹਰਿ ਸ਼ਬਦ ਲਾਗਾ ਮੀਠਾ, ਰਸਨਾ ਜਿਹਵਾ ਗਾਇਆ । ਧਾਮ ਵਖਾਏ ਇਕ ਅਨਡੀਠਾ, ਜਗਤ ਨੈਣਾ ਦਿਸ ਨਾ ਆਇਆ । ਮਿੱਠਾ ਕਰੇ ਕਾਇਆ ਕੌੜਾ ਰੀਠਾ, ਅੰਮ੍ਰਿਤ ਮੁਖ ਆਤਮ ਚੁਆਇਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠਾ, ਉਤਰ ਕਦੇ ਨਾ ਜਾਇਆ । ਮਾਤ ਗਰਭ ਨਾ ਤਪੇ ਜਗਤ ਅੰਗੀਠਾ, ਆਵਣ ਜਾਵਣ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਥਾਉਂ ਥਾਂਇਆ । ਹਰਿਜਨ ਸਾਚਾ ਸਾਚਾ ਮੇਲਾ, ਜਗ ਆਪ ਕਰਾਇੰਦਾ । ਆਪੇ ਗੁਰ ਗੁਰੂ ਗੁਰ ਚੇਲਾ, ਗੁਰ ਗੋਬਿੰਦ ਰੂਪ ਸਮਾਇੰਦਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ, ਸੰਬਲ ਨਗਰੀ ਡੇਰਾ ਲਾਇੰਦਾ । ਆਪੇ ਵਸਿਆ ਰੰਗ ਨਵੇਲਾ, ਹਰ ਘਟ ਆਸਣ ਲਾਇੰਦਾ । ਸ੍ਰਿਸ਼ਟ ਸਬਾਈ ਸੱਜਣ ਸੁਹੇਲਾ, ਸਗਲਾ ਸੰਗ ਨਿਭਾਇੰਦਾ । ਜੋਤ ਨਿਰੰਜਣ ਚਾੜ੍ਹੇ ਤੇਲਾ, ਚੌਦਾਂ ਚੌਦਾਂ ਸਗਨ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਜਗ ਮੇਲ ਮਿਲਾਇੰਦਾ । ਜੁਗ ਵਿਛੜੇ ਜਗ ਮੇਲਿਆ, ਆਪਣੀ ਕਿਰਪਾ ਧਾਰ । ਆਪੇ ਹੋਏ ਸੱਜਣ ਸੁਹੇਲਿਆ, ਸਖਾ ਸਹਾਈ ਸਾਚਾ ਯਾਰ । ਦਰ ਘਰ ਮੰਦਰ ਅੰਦਰ ਇਕ ਅਕੇਲਿਆ, ਇਕ ਇਕੱਲਾ ਏਕੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ


੧੦੫੩
੦੬

ਜਰਮ ਕਰਮ ਧਰਮ ਪੂਰਬ ਰਿਹਾ ਵਿਚਾਰ । ਪੂਰਬ ਲਹਿਣਾ ਸਚ ਘਰ, ਘਰ ਸਚ ਵੱਜੇ ਵਧਾਈਆ । ਨੇਤਰ ਨੈਣਾ ਦਰਸ ਕਰ, ਤ੍ਰਿਸਨਾ ਭੁੱਖ ਮਿਟਾਈਆ । ਸ਼ਬਦ ਗਹਿਣਾ ਅਪਰ ਅਪਾਰ, ਤਨ ਬਸਤਰ ਇਕ ਸੁਹਾਈਆ । ਕਲਜੁਗ ਵਹਿਣ ਜਗਤ ਨਾ ਵਹਿਣਾ, ਜੋ ਜਨ ਰਹੇ ਸਰਨਾਈਆ । ਜੂਠ ਝੂਠ ਨਾਤ ਮਾਤ ਪਿਤ ਸਾਕ ਸੈਣਾ ਭਾਈ ਭੈਣਾ, ਥਿਰ ਕੋਈ ਰਹਿਣ ਨਾ ਪਾਈਆ । ਜਿਸ ਜਨ ਮਿਲੇ ਪੁਰਖ ਬਿਧਾਤਾ ਆਪ ਚੁਕਾਏ ਲਹਿਣਾ ਦੇਣਾ, ਕਰਮ ਕਰਮਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਮੇਲ ਕਰ, ਘਰ ਸੁਹੰਜਣਾ ਜੋਤ ਨਿਰੰਜਣਾ ਅੱਠੇ ਪਹਿਰ ਕਰੇ ਰੁਸ਼ਨਾਈਆ । ਘਰ ਪਵਿਤ ਗ੍ਰਿਹਿ ਪਵਿਤ, ਗੁਰਮੁਖ ਵੱਡੀ ਵਡਿਆਈਆ । ਹਰਿ ਸੰਗਤ ਹਰਿ ਸਾਚਾ ਮਿਤ, ਜੁਗ ਜੁਗ ਬਣਤ ਬਣਾਈਆ । ਵੇਖ ਵਖਾਏ ਨਿਤ ਨਵਿਤ, ਅਕਲ ਕਲਾ ਸਮਾਈਆ । ਨਾ ਕੋਈ ਵਾਰ ਨਾ ਕੋਈ ਥਿਤ, ਅੱਠੇ ਪਹਿਰ ਰੰਗ ਰੰਗਾਈਆ । ਇਕ ਅਬਿਨਾਸ਼ੀ ਵਸਿਆ ਚਿਤ, ਚਿਤ ਠਗੋਰੀ ਰਹਿਣ ਨਾ ਪਾਈਆ । ਅੰਮ੍ਰਿਤ ਆਤਮ ਕਾਇਆ ਦਏ ਸਿਤ, ਸਿੰਚ ਹਰੀ ਕਿਆਰੀ ਆਪ ਕਰਾਈਆ । ਕਾਇਆ ਰਹੇ ਨਾ ਜਗਤ ਰਿਤ, ਰਕਤ ਬੂੰਦ ਲੇਖੇ ਲਾਈਆ । ਸਾਚੀ ਸਿਖਿਆ ਏਕਾ ਸਿਖ, ਸਿੱਖੀ ਸਿਖਿਆ ਇਕ ਨਿਭਾਈਆ । ਦੋ ਜਹਾਨੀ ਆਪੇ ਲੇਖਾ ਰਿਹਾ ਲਿਖ, ਲੇਖਾ ਆਪਣੇ ਹੱਥ ਰਖਾਈਆ । ਜਨ ਭਗਤਾਂ ਦੇਵੇ ਨਾਮ ਭਿਖ, ਭਿਛਿਆ ਝੋਲੀ ਪਾਈਆ । ਕਿਸੇ ਹੱਥ ਨਾ ਆਏ ਮੁਨ ਰਿਖ, ਜੰਗਲ ਜੂਹ ਉਜਾੜ ਪਹਾੜਾਂ ਬੈਠੇ ਧੂਣੀਆਂ ਤਾਈਆ । ਜਗਤ ਵਿਕਾਰਾ ਮਿਟੇ ਤ੍ਰਿਖ, ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਨਿਹਕਰਮੀ ਕਰਮ ਜਨ ਰਿਹਾ ਲਿਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਕਰਮ ਲੇਖੇ ਲਾਈਆ ।



## ❊ ੨੪ ਮੱਘਰ ੨੦੧੪ ਬਿਕ੍ਰਮੀ ਰਾਮ ਸਿੰਘ ਦੇ ਗ੍ਰਿਹਿ ਮਕਾਨ ਨੰਬਰ ੩੮੬ ਫਿਰੋਜ਼ਪੁਰ ਛਾਉਣੀ ❊

ਹਰਿ ਹਰਿ ਅਪਾਰ, ਹਰਿ ਹਰਿ ਆਪ ਉਪਾਇਆ । ਹਰਿ ਹਰਿ ਸੱਚਾ ਦਰਬਾਰ, ਹਰਿ ਹਰਿ ਬੈਠਾ ਆਸਣ ਲਾਇਆ । ਹਰਿ ਹਰਿ ਸੱਚਾ ਸਿਕਦਾਰ, ਹਰਿ ਹਰਿ ਆਪਣਾ ਹੁਕਮ ਸੁਣਾਇਆ । ਹਰਿ ਹਰਿ ਵੇਖੇ ਕਰ ਵਿਚਾਰ, ਵੇਖਣਹਾਰ ਆਪ ਅਖਵਾਇਆ । ਹਰਿ ਹਰਿ ਰੂਪ ਅਗੰਮ ਅਪਾਰ, ਅਗੰਮੜੇ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਰੰਗ ਰੰਗਾਇਆ । ਹਰਿ ਕਾ ਰੰਗ ਅਪਰ ਅਪਾਰ, ਹਰਿ ਹਰਿ ਸਾਚੇ ਜਾਣਿਆ । ਆਪ ਆਪਣਾ ਲਏ ਮੰਗ, ਆਪ ਆਪਣੀ ਸੁਣੇ ਪੁਕਾਰਿਆ । ਆਪ ਆਪਣੇ ਵਸਿਆ ਸੰਗ, ਆਪ ਆਪਣਾ ਕਰੇ ਪਾਰ ਉਤਾਰਿਆ । ਆਪ ਆਪਣਾ ਵਜਾਏ ਮਰਦੰਗ, ਸੁਣਨੇਹਾਰ ਆਪ ਅਖਵਾ ਰਿਹਾ । ਆਪ ਆਪਣਾ ਦਰਵਾਜ਼ਾ ਜਾਏ ਲੰਘ, ਆਪ ਆਪਣਾ ਮੇਲ ਮਿਲਾ ਰਿਹਾ । ਆਪ ਆਪਣੇ ਬੈਠ ਪਲੰਘ, ਆਪ ਆਪਣੀ ਸੇਜ ਸੁਹਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾ ਰਿਹਾ । ਆਪ ਆਪਣਾ ਰੰਗ ਰੰਗਾ, ਆਪਣੀ ਕਲ ਵਰਤਾਈਆ । ਨਾ ਕੋਈ ਦੂਸਰ ਸੰਗ ਰਲਾ, ਨਾ ਕੋਈ ਦੂਸਰ ਸੰਗ ਰਲਾਈਆ । ਨਿਰਮਲ ਜੋਤੀ ਇਕ ਜਗਾ, ਆਪ ਆਪਣੀ ਕਰੇ ਰੁਸ਼ਨਾਈਆ । ਸਤਿ ਪੁਰਖ ਨਿਰੰਜਣ ਆਪ ਅਖਵਾ, ਆਪ

੧੦੫੫ ੦੬

ਆਪਣਾ ਨਾਉਂ ਧਰਾਈਆ । ਆਦਿ ਜੁਗਾਦੀ ਗਿਆ ਸਮਾ, ਭੇਵ ਨਾ ਕੋਈ ਰਾਈਆ । ਮੋਹਣ ਮਾਧਵ ਮਾਧੀ ਲੇਖ ਲਿਖਾ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰੀ ਹਰਿ ਆਪ ਉਪਾਈਆ । ਆਪਣਾ ਆਪ ਹਰਿ ਆਪ ਉਪਾ, ਆਪਣੀ ਜੋਤ ਜਗਾਈਆ । ਆਪ ਆਪਣਾ ਨਾਂ ਰਖਾ, ਆਪ ਆਪਣੀ ਬਣਤ ਬਣਾਈਆ । ਆਪੇ ਹੋਇਆ ਪਿਤਾ ਮਾਂ, ਆਪ ਆਪਣੀ ਗੋਦ ਉਠਾਈਆ । ਆਪੇ ਦੇਵਣਹਾਰਾ ਠੰਡੀ ਛਾਂ, ਆਪ ਆਪਣਾ ਸਿਰ ਹੱਥ ਟਿਕਾਈਆ । ਆਪ ਆਪਣੀ ਫੜੇ ਬਾਂਹ, ਆਪ ਆਪਣਾ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਜਾਣੇ ਆਪੇ ਵਡਿਆਈਆ । ਆਪ ਆਪਣਾ ਨਾਉਂ ਰੱਖ, ਆਪਣਾ ਆਪ ਉਪਾਇਆ । ਜੋਤੀ ਨੂਰ ਕਰ ਪਰਤੱਖ, ਸਤਿ ਸਰੂਪ ਸਮਾਇਆ । ਆਪ ਆਪਣੀ ਕੀਮਤ ਪਾਏ ਲੱਖ, ਆਪ ਆਪਣਾ ਮੂਲ ਚੁਕਾਇਆ । ਆਪ ਆਪਣਾ ਕਰੇ ਸੱਖ, ਆਪ ਆਪਣਾ ਰਿਹਾ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇਆ । ਆਪ ਆਪਣੀ ਹਰਿ ਕਲ ਧਾਰ, ਅਚਰਜ ਬਣਤ ਬਣਾਈਆ । ਰੂਪ ਅਗੰਮ ਅਪਰ ਅਪਾਰ, ਪੁਰਖ ਅਕਾਲ ਅਖਵਾਈਆ । ਨਾ ਕੋਈ ਨਰ ਨਾ ਕੋਈ ਨਾਰ, ਨਾ ਕੋਈ ਕੰਤਾ ਨਾਰ ਵਖਾਈਆ । ਪੁੱਤਰ ਧੀ ਨਾ ਕੋਈ ਪਿਆਰ, ਬੰਧਨ ਬੰਧ ਨਾ ਕੋਈ ਰਖਾਈਆ । ਇਕ ਇਕੱਲਾ ਏਕੰਕਾਰ, ਆਪ ਆਪਣਾ ਲਏ ਉਪਾਈਆ । ਆਪ ਆਪਣੀ ਕਰੇ ਵਿਚਾਰ, ਆਪ ਆਪਣਾ ਮਤਾ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਵੇਖ ਵਖਾ, ਹਰਿ ਆਪਣਾ ਆਪ ਜਣਾ ਰਿਹਾ । ਆਪ ਆਪਣਾ ਲੇਖਾ ਰਿਹਾ ਲਿਖਾ, ਆਪੇ ਹੋਏ ਮੇਟਣਹਾਰਿਆ । ਆਪ ਆਪਣਾ ਸਿੱਕਾ ਰਿਹਾ ਚਲਾ, ਆਪ ਆਪਣੀ ਮੋਹਰ ਲਗਾ ਰਿਹਾ । ਨਿੱਕਾ ਵੱਡਾ ਹਰਿ ਆਪ ਅਖਵਾ, ਬਿਰਧ ਬਾਲੀ ਰੂਪ ਨਾ ਕੋਈ ਜਣਾ ਰਿਹਾ । ਆਪ ਆਪਣੀ ਭਿਛਿਆ ਪਾ, ਆਪ ਆਪਣੀ ਝੋਲੀ ਅੱਗੇ ਡਾਹ ਰਿਹਾ । ਆਪ ਆਪਣੀ ਮਹਿੰਮਾ ਰਿਹਾ ਜਣਾ, ਅਕਲ ਕਲ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਜੋਤ ਜਗਾ ਰਿਹਾ । ਆਪ ਆਪਣੀ ਜੋਤ ਜਗਾ, ਆਪਣੀ ਦਇਆ ਕਮਾਈਆ । ਆਪ ਆਪਣਾ ਰੰਗ ਰੰਗਾ, ਰੰਗ ਰੰਗੀਲਾ ਵੇਖ ਵਖਾਈਆ । ਆਪ ਆਪਣਾ ਸੰਗ ਨਿਭਾ, ਸਗਲਾ ਸੰਗ ਆਪ ਹੋ ਜਾਈਆ । ਆਪ ਆਪਣਾ ਮਰਦੰਗ ਵਜਾ, ਆਪ ਆਪਣਾ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੇਲ ਖਿਲਾਈਆ । ਸਰਗੁਣ ਖੇਲ ਹਰਿ ਕਰਤਾਰ, ਕਰਨਹਾਰ ਅਖਵਾਇਆ । ਇਕ ਇਕੱਲਾ ਏਕੰਕਾਰ, ਇਕ ਸਹਾਰਾ ਰਿਹਾ ਜਣਾਇਆ । ਆਪ ਆਪਣੀ ਪਾਵੇ ਸਾਰ, ਭੇਵ ਅਭੇਦ ਆਪ ਹੋ ਜਾਇਆ । ਆਪੇ ਲੇਖਾ ਲਿਖਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਆਪੇ ਰਿਹਾ ਉਪਾਇਆ । ਆਪਣੀ ਇਛਿਆ ਹਰਿ ਉਪਾਈ, ਘਰ ਸਾਚੇ ਵੱਜੀ ਵਧਾਈਆ । ਆਪ ਆਪਣੀ ਕਰੇ ਕੁੜਮਾਈ, ਆਪ ਆਪਣਾ ਸਗਨ ਮਨਾਈਆ । ਆਪ ਆਪਣੀ ਸੇਜ ਹੰਢਾਈ, ਆਪੇ ਬਣਿਆ ਸਾਚਾ ਮਾਹੀਆ । ਆਪ ਆਪਣੀ ਕੁੱਖ ਭਰਾਈ, ਆਪ ਆਪਣਾ ਪੜਦਾ ਪਾਈਆ । ਆਪ ਆਪਣੀ ਜੋਤ ਰਿਹਾ ਜਗਾਈ, ਹਰਿ ਸ਼ਬਦੀ ਨਾਉਂ ਧਰਾਈਆ । ਸ਼ਬਦ ਸੁਤ ਵੱਡੀ ਵਡਿਆਈ, ਪਾਰਬ੍ਰਹਮ ਇਕ ਜਣਾਈਆ । ਅਬਿਨਾਸ਼ੀ ਅਚੁੱਤ ਦਇਆ ਕਮਾਈ, ਸਤਿ ਪੁਰਖ ਨਿਰੰਜਣ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ

ਨਿਰਗੁਣ ਖੇਲ ਕਰ ਨਿਰਗੁਣ ਜੋਤ ਇਕ ਅਖਵਾਈਆ । ਨਿਰਗੁਣ ਪੂਤ ਸਾਚਾ ਸੁੱਤ, ਹਰਿ ਸਾਚੇ ਆਪ ਉਪਾਇਆ । ਆਪ ਸੁਹਾਈ ਆਪਣੀ
ਰੁੱਤ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਸੋਮਾ ਪਿਆ ਫੁਟ, ਅੰਮ੍ਰਿਤ ਸੀਰ ਮੁਖ ਚੁਆਇਆ । ਆਪ ਆਪਣਾ ਲਿਆ ਲੁੱਟ, ਆਪ
ਆਪਣਾ ਦਏ ਭਰਾਇਆ । ਆਪ ਲਗਾਏ ਆਪਣੀ ਚੋਟ, ਆਪ ਆਪਣਾ ਡੰਕ ਵਜਾਇਆ । ਸ਼ਬਦ ਸੁਤ ਪ੍ਰਭ ਭਰੀ ਪੋਟ, ਤੋਟ ਰਹੇ ਨਾ ਰਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਇਕ ਧਰ, ਸਾਚਾ ਸੁਤ ਜਣਾਇਆ । ਸਾਚੇ ਸੁਤ ਜਨਮ ਦਵਾ, ਹਰਿ
ਸਾਚੇ ਖ਼ੁਸ਼ੀ ਮਨਾਈਆ । ਆਪ ਆਪਣਾ ਅੰਗ ਕਟਾ, ਆਪਣੇ ਹੱਥ ਰੱਖੇ ਵਡਿਆਈਆ । ਏਕਾ ਸਿਖਿਆ ਰਿਹਾ ਸਿਖਾ, ਭੁੱਲ ਰਹੇ ਨਾ ਰਾਈਆ ।
ਬ੍ਰਹਿਮੰਡ ਖੰਡ ਰਿਹਾ ਰਚਾ, ਗਗਨ ਪਾਤਾਲ ਆਕਾਸ਼ ਪ੍ਰਕਾਸ਼ ਦਏ ਕਰਾਈਆ । ਏਕਾ ਅੱਖਰ ਦਏ ਪੜ੍ਹਾ, ਨਾ ਕੋਈ ਦੂਜੀ ਹੋਰ ਪੜ੍ਹਾਈਆ ।
ਸਤਿ ਸਰੂਪ ਨਾਉਂ ਰਖਾ, ਸਾਂਤਕ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਪਕੜਨਹਾਰਾ ਬਾਂਹ, ਆਪ
ਆਪਣਾ ਸੀਸ ਹੱਥ ਟਿਕਾਈਆ । ਸ਼ਬਦ ਸੁਤ ਹਰਿ ਬਲਵਾਨ, ਏਕਾ ਏਕ ਉਪਾਇਆ । ਆਪ ਆਪਣੀ ਕਰੇ ਪਛਾਨ, ਆਪ ਆਪਣਾ ਮੂਲ ਰਖਾਇਆ ।
ਪੁਰਖ ਅਬਿਨਾਸ਼ੀ ਮਿਹਰਵਾਨ, ਦਇਆ ਨਿਧ ਆਪ ਹੋ ਆਇਆ । ਇਕ ਫੜਾਏ ਸਚ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇਆ । ਨਾ ਕੋਈ
ਵੇਖੇ ਹੋਰ ਮਕਾਨ, ਦਰ ਦਰਵਾਜ਼ਾ ਨਾ ਕੋਈ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਇਕ ਧਰ, ਸਾਚਾ
ਸੁਤ ਉਪਾਇਆ । ਸਾਚਾ ਸੁਤ ਸਿਫ਼ਤ ਸਲਾਹ, ਦੋਏ ਜੋੜ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਬੇਪਰਵਾਹ, ਏਕਾ ਬਖ਼ਸ਼ੇ ਚਰਨ ਪਿਆਰਿਆ ।
੧੦੫੬ ੦੬
ਲੋਆਂ ਪੁਰੀਆਂ ਰਚਨ ਰਚਾ, ਬ੍ਰਹਿਮੰਡ ਲਏ ਉਧਾਰਿਆ । ਆਪ ਆਪਣਾ ਵਿਚ ਲਏ ਟਿਕਾ, ਆਪ ਆਪਣਾ ਕਰ ਪਸਾਰਿਆ । ਸ਼ਬਦੀ ਸ਼ਬਦ
੧੦੫੬ ੦੬
ਜਾਏ ਸਮਾ, ਸ਼ਬਦੀ ਸ਼ਬਦ ਹੋਏ ਆਕਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮਾਰਗ ਲਾ ਰਿਹਾ ।
ਆਪ ਆਪਣਾ ਮਾਰਗ ਲਾ, ਹਰਿ ਸਾਚੀ ਰਚਨ ਰਚਾਈਆ । ਸਾਚਾ ਸੁਤ ਆਪ ਉਪਾ, ਸਾਚੀ ਸੇਵਾ ਲਾਈਆ । ਸਰਬ ਘਟ ਗਿਆ ਆਪ
ਸਮਾ, ਦਿਸ ਕਿਸੇ ਨਾ ਆਈਆ । ਬ੍ਰਹਮਾ ਵਿਸ਼ਨ ਸ਼ਿਵ ਲਏ ਉਠਾ, ਆਪ ਆਪਣਾ ਰੂਪ ਵਟਾਈਆ । ਤ੍ਰੈਗੁਣ ਮਾਇਆ ਤਤ ਸੁਹਾ, ਪੰਜ ਤਤ
ਕਰੇ ਵਡਿਆਈਆ । ਮਨ ਮਤ ਬੁਧ ਵਿਚ ਟਿਕਾ, ਰਕਤ ਬੂੰਦ ਲੇਖੇ ਲਾਈਆ । ਆਪ ਆਪਣਾ ਰਿਹਾ ਛੁਪਾ, ਨਿਰਗੁਣ ਖੇਲ ਕਰੇ ਰਘੁਰਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੁਤ ਸ਼ਬਦ ਦੁਲਾਰ ਕਰ ਪਿਆਰ, ਆਪ ਆਪਣਾ ਝੋਲੀ ਪਾਈਆ । ਸੁਤ ਦੁਲਾਰਾ
ਕਰ ਪਿਆਰਾ, ਆਪਣਾ ਰੰਗ ਰੰਗਾਇਆ । ਏਕਾ ਦੇਵੇ ਸਚ ਹੁਲਾਰਾ, ਲੋਆਂ ਪੁਰੀਆਂ ਵਿਚ ਸਮਾਇਆ । ਇਕ ਇਕੱਲਾ ਏਕੰਕਾਰਾ, ਅਕਲ
ਕਲਾ ਸਮਾਇਆ । ਖੇਲੇ ਖੇਲ ਹਰਿ ਗਿਰਧਾਰਾ, ਖੇਲਣਹਾਰ ਦਿਸ ਨਾ ਆਇਆ । ਜੋਤ ਸਰੂਪੀ ਕਰ ਉਜਿਆਰਾ, ਲੱਖ ਚੁਰਾਸੀ ਲਏ ਉਪਾਇਆ ।
ਲੱਖ ਚੁਰਾਸੀ ਭੇਵ ਨਿਆਰਾ, ਲੇਖਾ ਲੇਖ ਨਾ ਕੋਈ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦਿਤਾ ਵਰ,
ਇਕ ਗਿਆਨ ਇਕ ਧਿਆਨ, ਏਕਾ ਨਾਮ ਦ੍ਰਿੜਾਇਆ । ਸ਼ਬਦ ਸੁਤ ਕਰ ਪਿਆਰ, ਬ੍ਰਹਮੇ ਬ੍ਰਹਮ ਸਮਾਈਆ । ਆਪੇ ਜਾਣੇ ਆਪਣੀ ਧੁਨਕਾਰ,
ਆਪਣਾ ਨਾਦ ਵਜਾਈਆ । ਆਪੇ ਬਣੇ ਲੇਖਾ ਲੇਖ ਲਿਖਾਰ, ਆਪੇ ਵੇਦਾਂ ਰਿਹਾ ਉਚਾਰ, ਅਛਲ ਅਛੇਦਾ ਛਲ ਕਰਾਈਆ । ਲੇਖਾ ਲਿਖੇ ਹਰਿ

ਨਿਰੰਕਾਰ, ਨਿਰਗੁਣ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੁਤ ਦਿਤਾ ਵਰ, ਆਪ ਆਪਣਾ ਝੋਲੀ ਪਾਈਆ । ਆਪ ਆਪਣਾ ਝੋਲੀ ਪਾ, ਹਰਿ ਸਾਚਾ ਦਏ ਵਡਿਆਈਆ । ਸੋ ਪੁਰਖ ਨਿਰੰਜਣ ਆਪ ਅਖਵਾ, ਆਪ ਆਪਣਾ ਨਾਉਂ ਧਰਾਈਆ । ਹੰ ਹੰਗਤਾ ਹਰ ਘਟ ਰਿਹਾ ਟਿਕਾ, ਬੈਠਾ ਮੁਖ ਛੁਪਾਈਆ । ਆਦਿ ਅਨਾਦੀ ਆਪ ਅਖਵਾ, ਬ੍ਰਹਿਮਾਦੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਸੁਤ ਦੇਵੇ ਵਰ, ਦੋ ਜਹਾਨਾਂ ਇਕ ਘਰ, ਸੋਹੰ ਵਡ ਵੱਡੀ ਵਡਿਆਈਆ । ਆਪ ਆਪਣਾ ਕਰ ਉਜਿਆਰਾ, ਹਰ ਘਟ ਬੈਠਾ ਆਸਣ ਲਾਇਆ । ਆਪੇ ਜਾਣੇ ਆਪਣਾ ਸਚ ਜੈਕਾਰਾ, ਆਪਣੇ ਅੰਦਰ ਆਪੇ ਰਿਹਾ ਸੁਣਾਇਆ । ਆਪੇ ਗੁਪਤ ਆਪੇ ਜ਼ਾਹਿਰਾ, ਆਪ ਆਪਣਾ ਪੜਦਾ ਲਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਵੇਖਣਹਾਰਾ, ਹਰਿ ਹਰਿ ਹਰਿ ਭਗਵੰਤਾ । ਲੋਕਮਾਤ ਖੇਲੇ ਖੇਲ ਅਪਾਰਾ, ਆਪ ਬਣਾਏ ਆਪਣੀ ਬਣਤਾ । ਆਪ ਆਪਣਾ ਕਰ ਚਮਤਕਾਰਾ, ਹਰਿਜਨ ਉਠਾਏ ਸਾਚੇ ਸੰਤਾ । ਏਕਾ ਦੇਵੇ ਸ਼ਬਦ ਧੁਨ ਸੱਚੀ ਧੁਨਕਾਰਾ, ਅਨਹਦ ਸਾਚਾ ਤਾਲ ਵਜੰਤਾ । ਇਕ ਵਖਾਏ ਸਚ ਸੱਚਾ ਦਰਬਾਰਾ, ਪੂਰਨ ਜੋਤ ਸ੍ਰੀ ਭਗਵੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਦਿ ਜੁਗੰਤਾ । ਆਪ ਆਪਣਾ ਹਰਿ ਟਿਕਾ, ਲੋਕਮਾਤ ਕਰੇ ਕੁੜਮਾਈਆ । ਆਪ ਆਪਣਾ ਭੇਖ ਵਟਾ, ਆਪ ਆਪਣੀ ਜੋਤ ਜਗਾਈਆ । ਪੰਜ ਤਤ ਆਪ ਸਮਾ, ਆਪ ਆਪਣਾ ਮੁਖ ਛੁਪਾਈਆ । ਆਪ ਆਪਣਾ ਪੜਦਾ ਲਾਹ, ਆਪ ਆਪਣੀ ਦਏ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਖੇਲ ਖੇਲਣਹਾਰ ਆਪ ਅਖਵਾਈਆ । ਨਿਰਗੁਣ ਖੇਲ ਵਿਚ ਸੰਸਾਰਾ, ਆਪਣਾ ਆਪ ਕਰਾਇਆ । ਆਪ ਆਪਣਾ ਲੈ ਅਵਤਾਰਾ, ਆਪ ਆਪਣਾ ਡੰਕ ਵਜਾਇਆ । ਆਪੇ ਹੋਏ ਭੇਖੀ ਭੇਖ ਕਰੇ ਨਿਆਰਾ, ਏਕਾ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰ ਘਟ ਕਰੇ ਆਪ ਪਸਾਰਾ । ਆਪ ਆਪਣਾ ਮਾਤ ਜਗਾ, ਆਪਣੀ ਕਰੇ ਆਪ ਕੁੜਮਾਈਆ । ਸਾਚੇ ਮੰਡਲ ਰਾਸ ਰਚਾ, ਸਾਚਾ ਮੰਗਲ ਏਕਾ ਗਾਈਆ । ਰੂਪ ਅਨੂਪਾ ਆਪ ਵਟਾ, ਸਤਿ ਸਰੂਪਾ ਆਪ ਹੋ ਜਾਈਆ । ਸ਼ਾਹੋ ਭੂਪਾ ਹਰ ਘਟ ਥਾਂ, ਸ਼ਬਦ ਸਿੰਘਾਸਣ ਬੈਠਾ ਆਸਣ ਲਾਈਆ । ਆਪ ਜਪਾਏ ਆਪਣਾ ਨਾਂ, ਜੁਗ ਜੁਗ ਨਾਉਂ ਧਰਾਈਆ । ਆਪਣੀ ਵੰਡ ਆਪ ਵੰਡਾ, ਆਪਣੇ ਹਿੱਸੇ ਰਿਹਾ ਪਾਈਆ । ਆਪਣੇ ਕੰਡੇ ਆਪ ਤੁਲਾ, ਤੋਲਣਹਾਰ ਆਪ ਅਖਵਾਈਆ । ਬ੍ਰਹਿਮੰਡ ਖੰਡਾਂ ਆਪੇ ਰਿਹਾ ਹਿਲਾ, ਆਪੇ ਰਿਹਾ ਟਿਕਾਈਆ । ਜੇਰਜ ਅੰਡਾਂ ਬਣਤ ਬਣਾ, ਉਤਭੁਜ ਸੇਤਜ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਹਰਿ ਵਖਾਨ, ਆਪਣੀ ਕਲ ਧਾਰੀਆ । ਪਰਗਟ ਜੋਤ ਵਿਚ ਜਹਾਨ, ਖੇਲੇ ਖੇਲ ਵਡ ਸੰਸਾਰੀਆ । ਕਾਇਆ ਮੰਦਰ ਸਚ ਮਕਾਨ, ਹਰਿ ਸ਼ਬਦ ਲਏ ਅਵਤਾਰੀਆ । ਲੇਖਾ ਲਿਖੇ ਜਗਤ ਮਹਾਨ, ਆਪ ਆਪਣਾ ਗੁਣ ਵਿਚਾਰੀਆ । ਨਾ ਕੋਈ ਸਕੇ ਮਾਤ ਪਛਾਨ, ਜੀਵ ਜੰਤ ਨਾ ਪਾਇਣ ਸਾਰੀਆ । ਆਪ ਆਪਣੀ ਕਰੇ ਕਲਿਆਨ, ਆਪ ਆਪਣਾ ਪਾਰ ਉਤਾਰੀਆ । ਆਪੇ ਦੇਵੇ ਆਪਣਾ ਦਾਨ, ਆਪਣਾ ਆਪ ਬਣੇ ਭੰਡਾਰੀਆ । ਆਪੇ ਬਖ਼ਸ਼ੇ ਆਪਣਾ ਇਸ਼ਨਾਨ, ਚਰਨ ਕਵਲ ਆਪ ਅਖਵਾ ਰਿਹਾ । ਆਪ ਆਪਣਾ ਰੱਖੇ ਮਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਜੋਗ

ਕਮਾ ਰਿਹਾ । ਆਪ ਆਪਣਾ ਜੋਗ ਕਮਾਵੇ, ਅਕਲ ਕਲਾ ਕਲ ਧਾਰ । ਸਚ ਸੰਜੋਗ ਆਪ ਹੰਢਾਏ, ਏਕਾ ਸ਼ਬਦ ਸ਼ਿੰਗਾਰ । ਆਪ ਆਪਣੇ ਅੰਗ ਲਗਾਏ, ਆਪ ਆਪਣੀ ਕਿਰਪਾ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਲਏ ਅਵਤਾਰ । ਲੋਕਮਾਤ ਹਰਿ ਲੈ ਅਵਤਾਰਾ, ਆਪਣਾ ਆਪ ਉਪਾਇੰਦਾ । ਜਨ ਭਗਤਾਂ ਦੇਵੇ ਨਾਮ ਅਧਾਰਾ, ਸਾਚੀ ਸਿਖਿਆ ਆਪ ਦਵਾਇੰਦਾ । ਮਹੱਲ ਅਟੱਲ ਵਖਾਏ ਉਚ ਮੁਨਾਰਾ, ਕਾਇਆ ਮੰਦਰ ਫੋਲ ਫੁਲਾਇੰਦਾ । ਦੀਪਕ ਜੋਤੀ ਜਗੇ ਅਗੰਮ ਅਪਾਰਾ, ਨਿਰਮਲ ਬਾਤੀ ਇਕ ਵਖਾਇੰਦਾ । ਸ਼ਬਦ ਧੁਨ ਅਪਰ ਅਪਾਰਾ, ਤਾਲ ਅਨਾਦੀ ਇਕ ਵਜਾਇੰਦਾ । ਸਰ ਸਰੋਵਰ ਭਰਿਆ ਅੰਮ੍ਰਿਤ ਭੰਡਾਰਾ, ਹਰਿ ਭਗਤਾਂ ਆਪ ਨੁਹਾਇੰਦਾ । ਆਪੇ ਮੰਗੇ ਬਣ ਭਿਖਾਰਾ, ਆਪ ਆਪਣੀ ਝੋਲੀ ਪਾਇੰਦਾ । ਆਦਿ ਪੁਰਖ ਅਬਿਨਾਸ਼ੀ ਕਰਤਾ ਇਕ ਇਕੱਲਾ ਏਕੰਕਾਰਾ, ਜੁਗ ਜੁਗ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇੰਦਾ । ਆਪਣੀ ਵੰਡਨ ਰਿਹਾ ਵੰਡਾ, ਆਪਣੀ ਕਲ ਵਰਤਾਇੰਦਾ । ਸਤਿਜੁਗ ਸਾਚਾ ਨਾਂ ਰਖਾ, ਏਕਾ ਭਿਛਿਆ ਝੋਲੀ ਪਾਇੰਦਾ । ਸੋ ਪੁਰਖ ਨਿਰੰਜਣ ਆਪ ਅਖਵਾ, ਹੰ ਹੰਗਤਾ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮਾਰਗ ਲਾਇੰਦਾ । ਸਤਿਜੁਗ ਸਾਚਾ ਸਤਿ ਸਤਿਵਾਦ, ਘਰ ਸਾਚੇ ਵੱਜੀ ਵਧਾਈਆ । ਖੋਜੇ ਖੋਜ ਹਰਿ ਬ੍ਰਿਹਿਮਾਦ, ਖੋਜਣਹਾਰ ਸ੍ਰਿਸ਼ਟ ਸਬਾਈਆ । ਭਗਤ ਸੁਹੇਲੇ ਆਪਣੇ ਲਾਧ, ਆਪ ਆਪਣੀ ਬੂਝ ਬੁਝਾਈਆ । ਸ਼ਬਦ ਜਣਾਈ ਬੋਧ ਅਗਾਧ, ਲੇਖਾ ਕੋਇ ਨਾ ਸਕੇ ਲਿਖਾਈਆ । ਆਤਮ ਅੰਤਰ ਰਹੇ ਅਰਾਧ, ਏਕਾ ਨਿਰਗੁਣ ਹਰਿ ਲਿਵ ਲਾਈਆ । ਹਰਿਜਨ ਵੇਖੇ ਸਾਚੇ ਸਾਧ, ਜੋ ਪੜੇ ਹਰਿ ਸਰਨਾਈਆ । ਅਗੰਮ ਅਗੰਮੜਾ ਦੇਵੇ ਦਾਦ, ਨਾੜੀ ਚੰਮੜੇ ਆਪ ਟਿਕਾਈਆ । ਥਿਰ ਘਰ ਬੈਠ ਸੁਣੇ ਫਰਿਆਦ, ਸ਼ਬਦ ਸਿੰਘਾਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਜੋਤ ਧਰ, ਆਪ ਆਪਣਾ ਰੰਗ ਵਟਾਈਆ । ਰੇਖ ਭੇਖ ਪ੍ਰਭ ਆਪ ਵਟਾ, ਆਪ ਆਪਣੇ ਰੂਪ ਸਮਾਇਆ । ਆਪ ਆਪਣਾ ਲਏ ਮਿਟਾ, ਆਪ ਆਪਣਾ ਲਏ ਉਪਾਇਆ । ਹਰਿਜਨ ਸਾਚੇ ਲਏ ਉਠਾ, ਜੋਗ ਜੁਗਤ ਇਕ ਸਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵੰਡਣ ਆਪ ਵੰਡਾਇਆ । ਸਤਿਜੁਗ ਸਾਚਾ ਉਤਰੇ ਪਾਰ, ਲੋਕਮਾਤ ਵੱਜੇ ਵਧਾਈਆ । ਤ੍ਰੈ ਤ੍ਰੈ ਵੇਤਾ ਆਏ ਬਾਹਰ, ਤ੍ਰੈਗੁਣ ਸੰਗ ਰਲਾਈਆ । ਨੇਤਨ ਨੇਤਾ ਵਿਚ ਸੰਸਾਰ, ਖੇਲੇ ਖੇਲ ਸ੍ਰਿਸ਼ਟ ਸਬਾਈਆ । ਨਾਲ ਲਿਆਇਆ ਕਾਮ ਕਰੋਧ ਹੰਕਾਰ, ਲੰਕਾ ਗੜ੍ਹ ਸੁਹਾਈਆ । ਪੁਰਖ ਅਬਿਨਾਸ਼ੀ ਲੈ ਅਵਤਾਰ, ਰਾਮ ਰਾਮਾ ਰੂਪ ਅਖਵਾਈਆ । ਖੇਲੇ ਖੇਲ ਅਪਰ ਅਪਾਰ, ਖੇਲਣਹਾਰ ਆਪ ਅਖਵਾਈਆ । ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਆਪ ਆਪਣੀ ਦਇਆ ਕਮਾਈਆ । ਰਾਵਣ ਗੜ੍ਹ ਤੋੜੇ ਹੰਕਾਰ, ਥਿਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਹੱਥ ਰੱਖੇ ਵਡਿਆਈਆ । ਹੱਥ ਵਡਿਆਈ ਹਰਿ ਸਾਚੇ ਸ਼ਾਹ, ਸੱਚੋ ਸਚ ਕਮਾਇਆ । ਆਪੇ ਹੋਇਆ ਬੇਪਰਵਾਹ, ਭੇਵ ਨਾ ਕੋਈ ਰਾਇਆ । ਆਪ ਆਪਣੀ ਲਏ ਸਲਾਹ, ਆਪ ਆਪਣੇ ਧੰਦੇ ਲਾਇਆ । ਦੁਆਪਰ ਹਰਿ ਮਾਤ ਧਰਾ, ਦੋ ਜਹਾਨਾਂ ਵੇਖ ਵਖਾਇਆ । ਭੇਖਾਧਾਰੀ ਭੇਖ ਵਟਾ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਦੁਸ਼ਟ ਹੰਕਾਰੀ ਮੇਟ ਮਿਟਾ, ਧਰਮੀ ਧਰਮ ਕਮਾਇਆ । ਏਕਾ ਗੁਰਮੁਖ ਰੂਪ ਵਟਾ, ਏਕਾ ਭਗਤੀ ਭਗਤ ਜਗਾਇਆ । ਅਠਾਰਾਂ ਧਿਆਏ ਆਪ ਸੁਣਾ,

ਏਕਾ ਮੰਤਰ ਮੂਲ ਦ੍ਰਿੜਾਇਆ । ਸ੍ਰਿਸ਼ਟ ਸਬਾਈ ਗਿਆ ਜਣਾ, ਭੁੱਲ ਰਹੇ ਨਾ ਰਾਇਆ । ਆਪ ਆਪਣਾ ਮੇਟ ਮਿਟਾ, ਬੰਸਾ ਬੰਸੀ ਦਏ ਖਪਾਇਆ । ਵੇਖ ਵਖਾਣੇ ਆਪਣਾ ਥਾਂ, ਦਿਸ ਕਿਸੇ ਨਾ ਆਇਆ । ਕਲਜੁਗ ਪਕੜੇ ਲੋਕਮਾਤ ਬਾਂਹ, ਲੋਕਮਾਤੀ ਜਨਮ ਦਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇਆ । ਕਲਜੁਗ ਸਾਚਾ ਸੁਤ ਦੁਲਾਰ, ਉਠ ਲੈ ਮਾਤ ਅੰਗੜਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਮੰਗੇ ਮੰਗ ਝੋਲੀ ਡਾਹੀਆ । ਜੂਠ ਝੂਠ ਕਰ ਪਿਆਰ, ਮਾਇਆ ਮਮਤਾ ਨਾਲ ਪਰਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਤਨ ਸ਼ਿੰਗਾਰ, ਏਕਾ ਸ਼ਬਦ ਤਨ ਛੁਹਾਈਆ । ਏਕਾ ਅੱਖ ਦਏ ਉਘਾੜ, ਐੜਾ ਅਲਖ ਜਗਾਈਆ । ਅੱਲਾ ਰਾਣੀ ਹੋ ਤਿਆਰ, ਮੁਖ ਬੈਠੀ ਘੁੰਗਟ ਪਾਈਆ । ਚਰਨ ਦਵਾਰੇ ਕਰ ਨਿਮਸਕਾਰ, ਨੇਤਰ ਨੈਣ ਰਹੀ ਸ਼ਰਮਾਈਆ । ਮੇਲੇ ਮੇਲ ਵਿਚ ਸੰਸਾਰ, ਕਲਜੁਗ ਮੀਤਾ ਰਿਹਾ ਮਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦੇਵੇ ਸਚ ਸੱਚੀ ਸਲਾਹੀਆ । ਲੋਕਮਾਤ ਜਾਣਾ ਰਹਿਣਾ ਖ਼ਬਰਦਾਰ, ਤੇਰੀ ਹੋਏ ਜਗਤ ਕੁੜਮਾਈਆ । ਮਿਲੇ ਮੇਲ ਮੁਹੰਮਦ ਯਾਰ, ਅੰਦਰ ਮੰਦਰ ਡੇਰਾ ਲਾਈਆ । ਚਾਰ ਯਾਰੀ ਸੁਣੇ ਪੁਕਾਰ, ਦਿਵਸ ਰੈਣ ਰਹੀ ਕੁਰਲਾਈਆ ਕਰੇ ਖੇਲ ਹਰਿ ਕਰਨੇਹਾਰ, ਏਕਾ ਨਾਅਰਾ ਰਿਹਾ ਵਖਾਈਆ । ਐਹਨਲ ਹੱਕ ਤੇਰੀ ਧਾਰ, ਅੱਲਾ ਹੂ ਜਣਾਈਆ । ਏਕਾ ਏਕ ਖ਼ੁਦਾ ਬੇਐਬ ਪਰਵਰਦਿਗਾਰ, ਲਾ ਫਾਨੀ ਆਪ ਅਖਵਾਈਆ । ਲੋਕਮਾਤ ਕਰ ਸਿਕਦਾਰ, ਇਛਿਆ ਭਿਛਿਆ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਾਚਾ ਸੰਗ ਨਿਭਾਈਆ । ਕਲਜੁਗ ਮੇਲਾ ਸਾਚਾ ਸੰਗ, ਘਰ ਸਾਚੇ ਖ਼ੁਸ਼ੀ ਮਨਾਈਆ । ਏਕਾ ਮੁਹੰਮਦ ਮੰਗੇ ਮੰਗ, ਦੋਏ ਜੋੜ ਸੀਸ ਝੁਕਾਈਆ । ਲੋਕਮਾਤ ਵਜਾਏ ਆਪਣਾ ਮਰਦੰਗ, ਆਪਣਾ ਰੂਪ ਵਟਾਈਆ । ਅੱਲਾ ਰਾਣੀ ਹੋਈ ਸੰਗ, ਹੱਥੀਂ ਮਹਿੰਦੀ ਏਕਾ ਲਾਈਆ । ਪੁਰਖ ਅਬਿਨਾਸ਼ੀ ਕਰਤਾ ਚਿੱਟੇ ਅਸਵ ਘੋੜੇ ਕਸ ਤੰਗ, ਵੇਖਣ ਆਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਵੇਖੇ ਵਡ ਵੱਡੀ ਵਡਿਆਈਆ । ਕਲਜੁਗ ਸਾਚਾ ਸਚ ਸਿਕਦਾਰ, ਸਾਚਾ ਕਰਮ ਕਮਾਇਆ । ਜੂਠ ਝੂਠ ਕਰ ਖ਼ਬਰਦਾਰ, ਸ੍ਰਿਸ਼ਟ ਸਬਾਈ ਮੇਲ ਮਿਲਾਇਆ । ਪੰਜ ਤਤ ਕਰ ਸ਼ਿੰਗਾਰ, ਮਾਇਆ ਮੋਹ ਸੀਸ ਦਸਤਾਰ ਬੰਧਾਇਆ । ਕੋਈ ਨਾ ਪਾਵੇ ਕਿਸੇ ਸਾਰ, ਏਕਾ ਦੂਜਾ ਮੋਹ ਚੁਕਾਇਆ । ਵਰਨ ਬਰਨੀ ਹਾਹਾਕਾਰ, ਦੂਈ ਦਵੈਤੀ ਬੀਜ ਬਿਜਾਇਆ । ਚਾਰੋਂ ਕੁੰਟ ਧੂੰਆਂਧਾਰ, ਸਚ ਚੰਦ ਨਾ ਕੋਇ ਚੜ੍ਹਾਇਆ । ਰਵ ਸਸ ਰੋਵਣ ਜ਼ਾਰੋ ਜ਼ਾਰ, ਨੇਤਰ ਨੀਰ ਰਹੇ ਵਹਾਇਆ । ਧਰਤ ਮਾਤ ਕਰੇ ਪੁਕਾਰ, ਖੁਲ੍ਹੜੇ ਕੇਸ ਗਲ ਵਿਚ ਪਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣਾ ਭੇਖ ਵਟਾਇਆ । ਨਾਨਕ ਗੁਰ ਦੇ ਅਵਤਾਰ, ਇਕ ਮਰਦੰਗ ਵਜਾਇਆ । ਆਪ ਸੁਣਾਏ ਸੁਣਨੇਹਾਰ, ਸਾਚਾ ਸ਼ਬਦ ਇਕ ਜਣਾਇਆ । ਮੰਗ ਮੰਗਤਾ ਦਰ ਦਰਬਾਰ, ਇਕ ਦਵਾਰਾ ਰਿਹਾ ਵਖਾਇਆ । ਭਿੱਖਕ ਭਿਛਿਆ ਪਾਏ ਅਪਾਰ, ਆਪ ਆਪਣਾ ਦਏ ਵਟਾਇਆ । ਨਾਨਕ ਨਿਰਗੁਣ ਢਹਿ ਪਏ ਦਵਾਰ, ਥਿਰ ਘਰ ਵੇਖੇ ਖੇਲ ਰਘੁਰਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਆਪ ਆਪਣੇ ਗਲੇ ਲਗਾਇਆ । ਨਾਮ ਸਤਿ ਮੰਤਰ ਅਪਰ ਅਪਾਰ, ਹਰਿ ਸਾਚੇ ਆਪ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਾਨਕ ਗੁਰ ਇਹ ਸਮਝਾਇਆ । ਨ : ਨਿਰਗੁਣ ਰੂਪ ਨਰ ਨਰਾਇਣਾ, ਹਰ ਘਟ ਆਪ ਸਮਾਇਆ । ਨ : ਨਿਰਗੁਣ ਰੂਪ ਮੰਨੇ ਕਹਿਣਾ, ਭੁੱਲ ਕਦੇ ਨਾ ਜਾਇਆ । ਕ : ਕਰਮਾਂ

ਪਾਇਆ ਗਹਿਣਾ, ਪ੍ਰਭ ਸਾਚੇ ਦਰ ਬਹਾਇਆ । ਆਪ ਚੁਕਾਏ ਤੇਰਾ ਦੇਣਾ ਲਹਿਣਾ, ਨਾਮ ਸਤਿ ਝੋਲੀ ਪਾਇਆ । ਲੋਕਮਾਤ ਭਾਣਾ ਸਹਿਣਾ ਪੈਣਾ, ਇਕ ਓਟ ਅਕਾਲ ਰਖਾਇਆ । ਪੁਰਖ ਅਬਿਨਾਸ਼ੀ ਦਰਸ ਦਿਖਾਏ ਅੱਠੇ ਪਹਿਰ ਲੋਚਨ ਨੈਣਾਂ, ਵਿਛੜ ਕਦੇ ਨਾ ਜਾਇਆ । ਨਾਤਾ ਤੁੱਟੇ ਮਾਤ ਪਿਤ ਸਾਕ ਸੱਜਣ ਸੈਣਾ, ਸਤਿ ਪੁਰਖ ਨਿਰੰਜਣ ਸਤਿਗੁਰ ਪੂਰਾ ਏਕਾ ਨਜ਼ਰੀ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਾਨਕ ਵਿਚ ਸਮਾਇਆ । ਨਾਨਕ ਗੁਰ ਨਰ ਨਿਰੰਕਾਰ, ਏਕਾ ਅਲਖ ਜਗਾਈਆ । ਏਕਾ ਸ਼ਬਦ ਏਕਾ ਸੁਰ ਏਕਾ ਸਿਤਾਰ, ਏਕਾ ਲਿਵ ਲਾਈਆ । ਏਕਾ ਘਰ ਏਕਾ ਦਰ ਏਕਾ ਹਰਿ ਏਕਾ ਵਰ, ਏਕਾ ਮਹੱਲ ਸੁਹਾਈਆ । ਹਰਿ ਹਰਿ ਭਾਣਾ ਰਿਹਾ ਜਰ, ਭਾਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਰਖ ਅਬਿਨਾਸ਼ੀ ਦੇਵੇ ਵਰ, ਨਾਨਕ ਨਾਨਕ ਨਾਨਕ ਇਹ ਸਮਝਾਈਆ । ਨਾਨਕ ਗੁਰ ਹਰਿ ਆਪ ਜਣਾ, ਆਪਣਾ ਆਪ ਬੁਝਾਇਆ । ਸੋ ਪੁਰਖ ਨਿਰੰਜਣ ਆਪ ਅਖਵਾ, ਸਤਿ ਪੁਰਖਾ ਨਾਉਂ ਧਰਾਇਆ । ਹਰ ਘਟ ਅੰਦਰ ਗਿਆ ਸਮਾ, ਹੰ ਹੰ ਆਪ ਅਖਵਾਇਆ । ਨਾਨਕ ਚੋਲੀ ਰੰਗ ਰੰਗਾ, ਰੰਗ ਅਨਡੀਠਾ ਇਕ ਰੰਗਾਇਆ । ਆਪਣਾ ਭੇਵ ਪ੍ਰਭ ਆਪ ਖੁਲ੍ਹਾ, ਆਪ ਆਪਣਾ ਪੜਦਾ ਲਾਹਿਆ । ਸੋਹੰ ਸੋਹੰ ਨਾਨਕ ਗੁਰ ਰਿਹਾ ਗਾ, ਹਰਿ ਗੋਬਿੰਦ ਮੇਲ ਮਿਲਾਇਆ । ਸ੍ਰਿਸ਼ਟ ਸਬਾਈ ਸਤਿਨਾਮ ਮੰਤਰ ਦ੍ਰਿੜਾ, ਜਗਤ ਮਾਰਗ ਇਕ ਵਖਾਇਆ । ਚਾਰੇ ਕੁੰਟਾਂ ਫੇਰੀ ਪਾ, ਵਰਨਾਂ ਬਰਨਾਂ ਰਿਹਾ ਜਗਾਇਆ । ਕਲਜੁਗ ਕੂੜਾ ਰਿਹਾ ਕੁਰਲਾ, ਪ੍ਰਭ ਅੱਗੇ ਦਏ ਦੁਹਾਇਆ । ਸੰਗ ਮੁਹੰਮਦ ਨਾਲ ਰਲਾ, ਮੰਗਣ ਮੰਗ ਇਕ ਮੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਏ ਥਾਉਂ ਥਾਂਇਆ । ਮੰਗੀ ਮੰਗ ਹਰਿ ਦਰਗਾਹ, ਮੁਹੰਮਦ ਮੁਖ ਉਚਾਰਿਆ । ਚੌਦਾਂ ਲੋਕ ਬੇਪਰਵਾਹ, ਤੇਰਾ ਰੂਪ ਹੋਏ ਸਿਕਦਾਰਿਆ । ਚੌਦਾਂ ਹੱਟ ਵੇਖ ਵਖਾ, ਚੌਦਾਂ ਚੌਦਾਂ ਪਾਰ ਕਿਨਾਰਿਆ । ਪੁਰਖ ਅਬਿਨਾਸ਼ੀ ਰਿਹਾ ਜਣਾ, ਸੁਣ ਸਾਚੇ ਸੁਤ ਦੁਲਾਰਿਆ । ਤੇਰੇ ਮਸਤਕ ਟਿੱਕਾ ਦਿਤਾ ਲਾ, ਚੌਦਾਂ ਤਬਕਾਂ ਇਕ ਹੁਲਾਰਿਆ । ਸਦ ਚੌਦਾਂ ਤੇਰਾ ਲੇਖਾ ਤੇਰੀ ਝੋਲੀ ਪਾ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਆਪੇ ਵੇਖ ਵਖਾ ਰਿਹਾ । ਕਲਜੁਗ ਤੇਰੀ ਸੁਣ ਪੁਕਾਰ, ਪ੍ਰਭ ਸਾਚੇ ਦਇਆ ਕਮਾਈਆ । ਮੁਹੰਮਦ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਨਾਨਕ ਬੇੜਾ ਡੋਬੇ ਮੇਰਾ ਅਧਵਿਚਕਾਰ, ਨਾਮ ਚੱਪੂ ਰਿਹਾ ਦਬਾਈਆ । ਪੁਰਖ ਅਬਿਨਾਸ਼ੀ ਕਰ ਵਿਚਾਰ, ਲੇਖਾ ਲੇਖਾ ਅੱਗੇ ਰਖਾਈਆ । ਅਭੁੱਲ ਅਭੁੱਲ ਆਪ ਕਰਤਾਰ, ਭੁੱਲ ਕਿਉਂ ਮੇਰਾ ਵਕਤ ਗਵਾਈਆ । ਪੁਰਖ ਅਬਿਨਾਸ਼ੀ ਆਦਿ ਜੁਗਾਦੀ ਸਦਾ ਅਤੁਲ, ਪੂਰਾ ਤੋਲ ਤੁਲਾਈਆ । ਕਲਜੁਗ ਸੁਣਾਏ ਆਪਣਾ ਬੋਲ, ਤੇਰਾਂ ਪੂਰਾ ਤੋਲ ਤੁਲਾਈਆ । ਨਾਨਕ ਜੋਤੀ ਜਾਏ ਮੌਲ, ਹਰਿ ਸ਼ਬਦ ਕਰੇ ਜਣਾਈਆ । ਨਾਨਕ ਜੈਕਾਰਾ ਏਕਾ ਬੋਲ, ਲੱਖ ਚੁਰਾਸੀ ਗਿਆ ਸੁਣਾਈਆ । ਨਿਹਕਲੰਕ ਲੈ ਅਵਤਾਰਾ ਵਜਾਏ ਢੋਲ, ਮਰਦੰਗਾ ਆਪਣੇ ਹੱਥ ਰਖਾਈਆ । ਲੋਆਂ ਪੁਰੀਆਂ ਪੜਦਾ ਦਏ ਫੋਲ, ਬ੍ਰਹਮਾ ਵਿਸ਼ਨ ਸ਼ਿਵ ਦਏ ਹਿਲਾਈਆ । ਲੇਖਾ ਜਾਣੇ ਨਾ ਕੋਈ ਪਾਂਧਾ ਰੌਲ, ਜਗਤ ਜੀਵ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਵੇਖ ਵਖਾਈਆ । ਨਾਨਕ ਨਿਰਗੁਣ ਵੱਖ ਕਰ, ਘਰ ਸਾਚਾ ਆਪ ਸਮਾਇਆ । ਸਾਚੀ ਜੋਤ ਧਰ, ਅੰਗਦ ਅੰਗ ਲਗਾਇਆ । ਆਪ ਆਪਣਾ ਦਿਤਾ ਵਰ, ਅਮਰ ਅਮਰਾ ਪਦ ਸਮਾਇਆ । ਆਪਣਾ ਭਾਣਾ ਆਪੇ ਜ਼ਰ, ਰਾਮ

੧੦੯੦
੦੬

ਦਾਸ ਹੋਏ ਸਹਾਇਆ । ਰਾਮ ਦਾਸ ਤੇਰਾ ਸਾਚਾ ਸਰ, ਗੁਰ ਅਰਜਨ ਸੇਵ ਕਮਾਇਆ । ਅਰਜਨ ਜੋਤੀ ਹਰਿ ਜੀ ਹਰਿ, ਹਰਿ ਸ਼ਬਦੀ ਬਣਤ ਬਣਾਇਆ । ਹਰਿ ਗੋਬਿੰਦਾ ਸਾਚੇ ਘੋੜੇ ਚੜ੍ਹ, ਨਾਮ ਖੰਡਾ ਰਿਹਾ ਚਮਕਾਇਆ । ਹਰਿ ਰਾਏ ਪ੍ਰਭ ਸਰਨ ਪੜ੍ਹ, ਸਰਨ ਸਰਨਾਈ ਸਾਚੀ ਆਇਆ । ਹਰਿ ਕ੍ਰਿਸ਼ਨ ਏਕਾ ਅੱਖਰ ਗਿਆ ਪੜ੍ਹ, ਜਗਤ ਵਿਦਿਆ ਮਾਣ ਗਵਾਇਆ । ਤੇਗ ਬਹਾਦਰ ਸਾਚੇ ਘੋੜੇ ਪੌੜੇ ਗਿਆ ਚੜ੍ਹ, ਪ੍ਰਭ ਸਾਚੇ ਆਪ ਚੜ੍ਹਾਇਆ । ਗਊ ਗਰੀਬਾਂ ਫੜਾਇਆ ਏਕਾ ਲੜ, ਆਪ ਆਪਣਾ ਪਲੜਾ ਡਾਹਿਆ । ਲੇਖੇ ਲਾਏ ਸੀਸ ਧੜ, ਕਿਲ੍ਹਾ ਗੜ੍ਹ ਤੁੜਾਇਆ । ਗੁਰ ਗੋਬਿੰਦੇ ਹਰਿ ਅੰਦਰ ਵੜ, ਦੇ ਮਤ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਭੇਖ ਵਟਾਇਆ । ਗੁਰ ਗੋਬਿੰਦੇ ਆਪ ਸਮਾ, ਹਰਿ ਆਪਣੀ ਜੋਤ ਜਗਾਈਆ । ਬਾਲ ਅਵਸਥਾ ਬਾਲ ਨਾਦਾਨਾ ਗਲੇ ਲਗਾ, ਬਾਲੀ ਬਾਲ ਆਪ ਅਖਵਾਈਆ । ਸ਼ਬਦ ਨਿਸ਼ਾਨਾ ਤੀਰ ਚਲਾ, ਏਕਾ ਚਿੱਲਾ ਰਿਹਾ ਚੜ੍ਹਾਈਆ । ਤਨ ਗਾਤਰੇ ਸਚ ਨਾਮ ਖੰਡਾ ਇਕ ਵਖਾ, ਆਪ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਭਿਛਿਆ ਝੋਲੀ ਪਾਈਆ । ਗੋਬਿੰਦ ਗੁਰ ਹਰਿ ਹਰਿ ਸਾਥਾ, ਸਗਲਾ ਸੰਗ ਨਿਭਾਇਆ । ਆਪ ਚਲਾਏ ਆਪਣਾ ਰਾਥਾ, ਰਥਵਾਹੀ ਆਪ ਅਖਵਾਇਆ । ਇਕ ਨਿਭਾਏ ਆਪਣਾ ਸਾਥਾ, ਸਗਲਾ ਸਾਥੀ ਆਪ ਹੋ ਜਾਇਆ । ਆਪੇ ਜਾਣੇ ਆਪਣੀ ਗਾਥਾ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਕਾਇਆ ਲਈ ਵਰ, ਵਰ ਦਾਤਾ ਆਪ ਹੋ ਜਾਇਆ । ਗੋਬਿੰਦ ਦਰ ਸਾਚੀ ਨਾਰੀ, ਹਰਿ ਕੰਤ ਕਰੇ ਪਿਆਰਾ । ਪਿਤਾ ਪੂਤ ਇਕ ਸਿਕਦਾਰੀ, ਏਕਾ ਏਕ ਰਾਜ ਦਰਬਾਰਾ । ਏਕਾ ਜੋਧਾ ਸੂਰ ਵਡ ਬਲਕਾਰੀ, ਏਕਾ ਤੇਜ ਕਟਾਰਾ । ਏਕਾ ਤੋੜੇ ਗੜ੍ਹ ਹੰਕਾਰੀ, ਏਕਾ ਕਰੇ ਸਚ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦਾ ਆਪ ਉਪਜਾਏ ਸਾਚੀ ਬਿੰਦਾ, ਵੇਖ ਵਖਾਏ ਸਗਲ ਪਸਾਰਾ । ਗੁਰ ਗੋਬਿੰਦਾ ਆਪ ਉਪਾ, ਆਪੇ ਦਏ ਵਡਿਆਈਆ । ਪੰਥ ਪੰਥੀ ਪੰਥ ਬਣਾ, ਚਾਰ ਵਰਨ ਇਕ ਸਰਨਾਈਆ । ਸਾਚੇ ਮੰਦਰ ਡੇਰਾ ਲਾ, ਅਨੰਦ ਅਨੰਦ ਅਨੰਦ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਰਿਹਾ ਸਮਾਈਆ । ਆਪਣਾ ਭਾਣਾ ਆਪ ਜਣਾ, ਗੁਰ ਗੋਬਿੰਦ ਆਪ ਜਣਾਇਆ । ਆਪਣਾ ਪੂਤ ਆਪ ਉਪਾ, ਆਪਣੀ ਸੇਵਾ ਲਾਇਆ । ਸ਼ਬਦ ਦੂਤ ਰਿਹਾ ਦੁੜਾ, ਦੋ ਜਹਾਨੀ ਫੇਰਾ ਪਾਇਆ । ਮਸਤੂਆਣਾ ਵੇਖ ਵਖਾ, ਦਹਿ ਦਿਸ਼ਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਇਹ ਸਮਝਾਇਆ । ਗੁਰ ਗੋਬਿੰਦੇ ਸ਼ਬਦ ਜਣਾਈ, ਪ੍ਰਭ ਸਾਚਾ ਆਪ ਸੁਣਾਇੰਦਾ । ਪੁਰੀ ਅਨੰਦ ਹੋਏ ਜੁਦਾਈ, ਵੇਲਾ ਅੰਤਮ ਆਇੰਦਾ । ਗੁਰ ਗੋਬਿੰਦਾ ਵੇਖੇ ਚਾਈਂ ਚਾਈਂ, ਅੱਠੇ ਪਹਿਰ ਖ਼ੁਸ਼ੀ ਮਨਾਇੰਦਾ । ਗੁਰਮੁਖ ਗੁਰਸਿਖ ਜਾਨਣ ਨਾਹੀ, ਹਰਿ ਭਾਣੇ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵਕ਼ਤ ਸੁਹਾਇੰਦਾ । ਆਪੇ ਜਾਣੇ ਆਪਣਾ ਵੇਲਾ, ਆਪਣੀ ਕਾਰ ਕਮਾਈਆ । ਆਪੇ ਗੁਰ ਆਪੇ ਚੇਲਾ, ਆਪ ਆਪਣੀ ਸੇਵ ਕਮਾਈਆ । ਸਦਾ ਸਹਾਈ ਇਕ ਇਕੇਲਾ, ਇਕ ਇਕੱਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਸੇਵਾ ਲਾਈਆ । ਗੁਰ ਗੋਬਿੰਦ ਸਾਚੀ ਸੇਵ ਕਮਾ, ਚਲਿਆ ਕਰ ਕਰ ਧਾਈਆ । ਪੁਰੀ ਅਨੰਦ ਦਏ ਤਜਾ, ਆਪਣਾ ਚਰਨ ਟਿਕਾਈਆ । ਆਪਣਾ ਲੇਖਾ ਆਪ

੧੦੬੧
੦੬

ਉਠਾ, ਆਪਣੇ ਸੀਸ ਟਿਕਾਈਆ । ਸਰਸਾ ਤੇਰੀ ਭੇਟ ਚੜ੍ਹਾ, ਗੁਰ ਪੂਰੇ ਖ਼ੁਸ਼ੀ ਮਨਾਈਆ । ਆਪ ਆਪਣਾ ਪਾਰ ਕਰਾ, ਖੇਲੇ ਖੇਲ ਵੇਖੇ ਥਾਉਂ ਥਾਈਂਆ । ਬੀਸ ਬੀਸਾ ਵਿਚ ਗਿਆ ਸਮਾ, ਸਾਚੀ ਅੰਸਾ ਆਪ ਅਖਵਾਈਆ । ਗੁਣ ਅਵਗੁਣ ਬਾਸ਼ਕ ਮੁਖ ਸਹੰਸਾ ਨਾ ਸਕੇ ਗਾ, ਗੋਬਿੰਦ ਗੋਬਿੰਦ ਇਹ ਵਡਿਆਈਆ । ਜੰਗਲ ਜੂਹ ਉਜਾੜ ਬੈਠਾ ਡੇਰਾ ਲਾ, ਇਕ ਓਟ ਅਕਾਲ ਰਖਾਈਆ । ਸਚ ਸੁਨੇਹੜਾ ਰਿਹਾ ਘਲਾ, ਪ੍ਰਭ ਤੇਰੀ ਬੇਪਰਵਾਹੀਆ । ਮਾਛੂਵਾੜੇ ਵਾਲੇ ਮਿਲਿਆ ਥਾਂ, ਪੁਰੀ ਅਨੰਦ ਦਿਸ ਨਾ ਆਈਆ । ਜਿਉਂ ਭਾਵੇ ਤਿਉਂ ਰਿਹਾ ਕਰਾ, ਨਾਨਕ ਸਿਖਿਆ ਇਕ ਸਿਖਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਆਪ ਆਪਣੀ ਲੈ ਅੰਗੜਾਈਆ । ਗੁਰ ਗੋਬਿੰਦੇ ਮਿਲਿਆ ਆ, ਲੋਕਮਾਤ ਜੋਤ ਜਗਾਈਆ । ਆਪੇ ਆਪਣੇ ਅੰਗ ਲਗਾ, ਸਾਚੀ ਸਿਖਿਆ ਇਕ ਸਮਝਾਈਆ । ਵੇਲਾ ਵਕਤ ਤੇਰਾ ਦਏ ਸੁਹਾ, ਪ੍ਰਭ ਸਾਚੇ ਹੱਥ ਵਡਿਆਈਆ । ਮੁਹੰਮਦ ਲਹਿਣਾ ਆਪ ਚੁਕਾ, ਚੌਦਾਂ ਲੋਕਾਂ ਦਏ ਮਿਟਾਈਆ । ਤੇਰੀ ਜੈ ਇਕ ਕਰਾ, ਏਕਾ ਨਾਅਰਾ ਲਾਈਆ । ਸਚ ਮਹੱਲਾ ਦਏ ਵਸਾ, ਸਾਚਾ ਧਾਮ ਸੁਹਾਈਆ । ਕਿਸੇ ਦਿਸ ਨਾ ਆਏ ਸ਼ਹਿਰ ਨਗਰ ਗਰਾਂ, ਗੁਰ ਦਰ ਮੰਦਰ ਨਾ ਡੇਰਾ ਲਾਈਆ । ਤੇਰੀ ਕਾਇਆ ਮੰਦਰ ਜੋਤੀ ਦਏ ਜਗਾ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਲੇਖਾ ਦਏ ਮਿਟਾ, ਜੂਠੀ ਝੂਠੀ ਮਿਟੇ ਸ਼ਾਹੀਆ । ਸਤਿਜੁਗ ਸਾਚਾ ਚੰਦ ਚੜ੍ਹਾ, ਗੋਬਿੰਦ ਤੇਰਾ ਤਾਜ ਤੇਰੇ ਸੀਸ ਟਿਕਾਈਆ । ਖ਼ੁਸ਼ੀ ਬੰਦ ਬੰਦ ਕਰਾ, ਗੁਰਸਿਖੀ ਦਏ ਵਡਿਆਈਆ । ਪੰਚਮ ਠੱਗਾਂ ਤੋਂ ਲਏ ਬਚਾ, ਪੰਚਮ ਦਿਤੀ ਇਕ ਪੜ੍ਹਾਈਆ । ਪੁਰਖ ਅਬਿਨਾਸ਼ੀ ਕਲਜੁਗ ਅੰਤਮ ਜੋਤ ਜਗਾ, ਏਕਾ ਇੱਕੀ ਦੇਵੇ ਪਾਈਆ । ਸਾਚੀ ਸਿੱਖੀ ਆਪ ਬਣਾ, ਚਾਰ ਵਰਨ ਦਏ ਸਰਨਾਈਆ । ਰਿਖੀ ਮੁਨੀ ਕੋਈ ਜਾਣੇ ਨਾ, ਤਿੱਖੀ ਧਾਰ ਆਪ ਚਲਾਈਆ । ਮੁਸਲਿਮ ਸੁੰਨੀ ਕੋਈ ਦਿਸੇ ਨਾ, ਪੰਡਤ ਪਾਂਧਾ ਮਸਤਕ ਤਿਲਕ ਨਾ ਕੋਈ ਲਗਾਈਆ । ਹਿੰਦੂ ਸਿੱਖ ਈਸਾਈ ਕੋਈ ਉਠੇ ਨਾ, ਜ਼ਾਤ ਪਾਤ ਰਹਿਣ ਨਾ ਪਾਈਆ । ਵੇਦ ਪੁਰਾਨ ਅੰਜੀਲ ਕੁਰਾਨ ਨਾ ਸਕੇ ਕੋਈ ਪੜ੍ਹਾ, ਨਾ ਕੋਈ ਮੁੱਲਾ ਸਬਕ ਸਿਖਾਈਆ । ਹੋਮ ਯਗ ਯਾਤਰੀ ਹਵਨ ਨਾ ਸਕੇ ਕੋਈ ਕਰਾ, ਦੁਰਗਾ ਮੰਤਰ ਨਾ ਕੋਈ ਅਲਾਈਆ । ਰਾਗ ਛੱਤੀ ਨਾ ਸਕੇ ਕੋਈ ਗਾ, ਪ੍ਰਭ ਵੱਡੇ ਹੱਥ ਵਡਿਆਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਮਾਰਗ ਦਏ ਪਾ, ਏਕਾ ਏਕ ਕਰੇ ਜਣਾਈਆ । ਬ੍ਰਹਮਾ ਸ਼ਿਵ ਵਿਸ਼ਨ ਸੇਵਾ ਲਾ, ਸੇਵਕ ਸੇਵਾ ਇਕ ਵਖਾਈਆ । ਕਰੋੜ ਤੇਤੀਸਾ ਦਏ ਜਣਾ, ਸ਼ਬਦ ਹੁਲਾਰਾ ਇਕ ਜਣਾਈਆ । ਗੁਰਮੁਖ ਸਾਜਣ ਸਾਚੇ ਤੇਰੇ ਸੰਗ ਰਲਾ, ਲੋਕਮਾਤ ਕਰੇ ਕੁੜਮਾਈਆ । ਪੁਰੀ ਅਨੰਦ ਛੱਡ ਜੋ ਸਰਸੇ ਦਿਤਾ ਰੁੜ੍ਹਾ, ਲੋਕਮਾਤ ਜਨਮ ਦਵਾਈਆ । ਸੰਮਤ ਚੌਦਾਂ ਵੀਹ ਸਦ ਤੇਰਾਂ ਲੜ ਦਏ ਫੜਾ, ਜੋਤੀ ਸ਼ਬਦ ਕਰੇ ਕੁੜਮਾਈਆ । ਸਾਚੇ ਪੌੜੇ ਦਏ ਚੜ੍ਹਾ, ਉਚਾ ਡੰਡਾ ਏਕਾ ਲਾਈਆ । ਬਜਰ ਕਪਾਟੀ ਕਿਲ੍ਹਾ ਦਏ ਤੁੜਾ, ਦਸਮ ਦਵਾਰੀ ਜੋਤ ਜਗਾਈਆ । ਏਕਾ ਅੱਖਰ ਆਪ ਪੜ੍ਹਾ, ਏਕਾ ਮੇਲ ਮਿਲਾਈਆ । ਏਕਾ ਦੂਜਾ ਭੌ ਚੁਕਾ, ਤੀਜੇ ਨੇਤਰ ਦਰਸ ਦਿਖਾਈਆ । ਚੌਥੇ ਘਰ ਦਏ ਬਹਾ, ਅਮਰਾਪਦ ਵੱਡੀ ਵਡਿਆਈਆ । ਪੰਚਮ ਮੇਲਾ ਸਹਿਜ ਸੁਭਾ, ਗੁਰ ਪੂਰੇ ਹੱਥ ਵਡਿਆਈਆ । ਛੇਵਾਂ ਛੱਪਰ ਛੰਨ ਪ੍ਰਭ ਇਕ ਰਖਾ, ਸ਼ਬਦੀ ਰਚਨ ਰਚਾਈਆ । ਸੱਤਵੇਂ ਸਤਿ ਪੁਰਖ ਨਿਰੰਜਣ ਤੇਰੇ ਦਰ ਜਾਏ ਸਮਾ, ਤੇਰਾ ਕਾਇਆ ਰਥ ਚਲਾਈਆ । ਆਪ ਆਪਣਾ ਭੇਖ ਵਟਾ, ਏਕਾ ਡੰਕ ਨਾਉਂ ਵਜਾਈਆ । ਨਿਹਕਲੰਕ ਨਾਉਂ ਧਰਾ, ਗੋਬਿੰਦ ਮੇਲ ਮਿਲਾਈਆ । ਸਗਲੀ ਚਿੰਤਾ ਦਏ ਮਿਟਾ, ਸਗਲੀ ਸ੍ਰਿਸ਼ਟ ਸਹਾਈਆ । ਨਿੰਦਕ ਦੁਸ਼ਟ ਦੁਰਾਚਾਰ ਕੋਈ ਰਹਿਣਾ ਨਾ, ਕਲਜੁਗ

੧੦੬੨
੦੬

ਅੰਤਮ ਦਏ ਖਪਾਈਆ । ਝੂਠੇ ਵਹਿਣ ਕਿਸੇ ਵਹਿਣਾ ਨਾ, ਮਦਿਰਾ ਮਾਸ ਨਾ ਕੋਈ ਖਾਈਆ । ਵੇਸਵਾ ਘਰ ਕਿਸੇ ਬਹਿਣਾ ਨਾ, ਕਾਮ ਕਰੋਧ ਨਾ ਹੋਏ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦੇ ਦਿਤੀ ਆਪ ਵਡਿਆਈਆ । ਗੁਰ ਗੋਬਿੰਦਾ ਸੁਣ ਪਰਨਾਮ, ਕਰੇ ਚਰਨ ਦਵਾਰਿਆ । ਪੁਰਖ ਅਬਿਨਾਸ਼ੀ ਕਾਇਆ ਤੇਰਾ ਚਾਮ, ਤੇਰੇ ਚਰਨਾਂ ਉਤੋਂ ਵਾਰਿਆ । ਸਾਚੀ ਸਿੱਖੀ ਮੇਰਾ ਸਾਚਾ ਦਾਮ, ਫਲੇ ਫੁਲੇ ਵਿਚ ਸੰਸਾਰਿਆ । ਏਕਾ ਜਪੇ ਤੇਰਾ ਨਾਮ, ਦੂਜੇ ਜਾਏ ਨਾ ਕਿਸੇ ਦਵਾਰਿਆ । ਏਕ ਏਕ ਦੇਣਾ ਤਾਮ, ਤ੍ਰਿਸਨਾ ਭੁੱਖ ਨਿਵਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦ ਦਏ ਪਿਆਰਿਆ । ਗੋਬਿੰਦ ਦੇਵੇ ਹਰਿ ਪਿਆਰਾ, ਆਪਣਾ ਹੱਥ ਉਠਾਇਆ । ਵੇਖੇ ਖੇਲ ਵਿਚ ਸੰਸਾਰਾ, ਹਰਿ ਜੋਤੀ ਜੋਤ ਜਗਾਇਆ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਾਚਾ ਧਾਮ ਆਪ ਸੁਹਾਇਆ । ਗੁਰ ਗੋਬਿੰਦ ਉਠ ਉਠ ਵੇਖੇ ਕਰ ਵਿਚਾਰਾ, ਕਵਣ ਕੂਟੇ ਹਰਿ ਹਰਿ ਡੇਰਾ ਲਾਇਆ । ਪੁਰਖ ਅਬਿਨਾਸ਼ੀ ਭੇਵ ਖੁਲ੍ਹਾਏ ਦਇਆ ਕਮਾਏ ਸਭ ਤੋਂ ਵਸਿਆ ਬਾਹਰਾ, ਜੋਤ ਨਿਰੰਜਣ ਸੇਵਾਦਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵਖਾਏ ਸਚ ਸੱਚਾ ਦਰਬਾਰਾ । ਸਚ ਦਰਬਾਰ ਹਰਿ ਸੁਲਤਾਨ, ਆਪਣਾ ਆਪ ਵਖਾਇਆ । ਗੁਰ ਗੋਬਿੰਦਾ ਕਰ ਪਰਵਾਨ, ਚਰਨ ਧਿਆਨ ਲਗਾਇਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪ ਆਪਣੇ ਰੰਗ ਰੰਗਾਇਆ । ਲੇਖਾ ਲਿਖੇ ਜਗਤ ਮਹਾਨ, ਆਪ ਆਪਣਾ ਵੇਖ ਵਖਾਇਆ । ਸੰਬਲ ਨਗਰ ਸਚ ਮਕਾਨ, ਹਰਿ ਗੋਬਿੰਦ ਜੋਤ ਜਗਾਇਆ । ਚੌਦਾਂ ਲੋਕ ਚੌਦਾਂ ਹੱਟ ਚੌਦਾਂ ਤਬਕ ਰਖਾਏ ਇਕ ਮਕਾਨ, ਏਕਾ ਵਣਜ ਨਾਮ ਕਰਾਇਆ । ਗੁਰਮੁਖ ਸਾਚੇ ਚਤੁਰ ਸੁਜਾਨ, ਅੰਤਮ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਅੰਕ ਵਖਾਇਆ । ਹਰਿ ਹਰਿ ਅੰਕ ਅੰਕ ਅਵੱਲਾ, ਭੇਵ ਨਾ ਕੋਈ ਭੇਦਿਆ । ਆਪੇ ਜਾਣੇ ਇਕ ਇਕੱਲਾ, ਲੇਖਾ ਲਿਖੇ ਨਾ ਚਾਰੇ ਵੇਦਿਆ । ਆਪਣੀ ਜੋਤੀ ਆਪੇ ਰਲਾ, ਹਰਿ ਸ਼ਬਦੀ ਵੇਦ ਕਿਤੇਬਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਾਣੇ ਜਣਾਏ ਬੋਧ ਅਗਾਧਿਆ । ਰਾਮ ਸਿੰਘ ਹਰਿ ਰਾਮ ਭੰਡਾਰਾ, ਰਾਮ ਰਾਮ ਵਰਤਾਇਆ । ਆਪੇ ਬਣੇ ਜਗਤ ਵਰਤਾਰਾ, ਜੁਗ ਜੁਗ ਆਪ ਵਰਤਾਇਆ । ਭਗਤ ਦਵਾਰੇ ਬਣ ਭਿਖਾਰਾ, ਭੇਖਾਧਾਰੀ ਭੇਖ ਵਟਾਇਆ । ਜਨਮ ਕਰਮ ਨਾ ਜਾਣੇ ਜੀਵ ਗਵਾਰਾ, ਗੁਰਮੁਖਾਂ ਮੇਲ ਮਿਲਾਇਆ । ਮਿਲਿਆ ਮੇਲ ਗੁਰ ਕਰਤਾਰਾ, ਗੁਰ ਮੰਤਰ ਨਾਮ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੜੇ ਜਗ ਮਿਲਾਇਆ । ਰਾਮ ਨਾਮ ਸ਼ਬਦ ਭੰਡਾਰਾ, ਏਕਾ ਏਕ ਰਖਾਇਆ । ਅਤੋਟ ਅਤੁਟ ਵਿਚ ਸੰਸਾਰਾ, ਨਿਖੁੱਟ ਕਦੇ ਨਾ ਜਾਇਆ । ਗੁਰਮੁਖਾਂ ਦੇਵੇ ਕਰ ਪਿਆਰਾ, ਆਪ ਆਪਣੀ ਸੇਵਾ ਲਾਇਆ । ਪੂਰਾ ਕੀਤਾ ਕੌਲ ਇਕਰਾਰਾ, ਭੁੱਲ ਕਦੇ ਨਾ ਜਾਇਆ । ਪਾਏ ਮੁੱਲ ਵਿਚ ਸੰਸਾਰਾ, ਅਮੋਲਕ ਸਿਹਰਾ ਇਕ ਰਖਾਇਆ । ਫਲ ਲਗਾਏ ਕਾਇਆ ਸਾਚੀ ਡਾਲ੍ਹਾ, ਫੁਲ ਫੁਲਵਾੜੀ ਵੇਖ ਵਖਾਇਆ । ਆਤਮ ਅੰਤਮ ਦੀਪਕ ਜੋਤੀ ਕਰੇ ਉਜਾਲਾ, ਅੰਧ ਅੰਧੇਰ ਮਿਟਾਇਆ । ਸਵੱਛ ਸਰੂਪੀ ਦਰਸ ਦਿਖਾਏ ਗੁਰ ਗੋਪਾਲਾ, ਗੋਬਿੰਦ ਰੂਪ ਵਟਾਇਆ । ਅਜੂਨੀ ਰਹਿਤ ਰਸਨ ਨਾ ਕਹਿਤ ਵੇਖ ਵਖਾਏ ਨੂਰੀ ਨੂਰਾ, ਨੂਰੋ ਨੂਰ ਸਮਾਇਆ । ਕਾਇਆ ਮੰਦਰ ਆਪਣਾ ਆਪ ਉਪਾਏ, ਸੁਹਾਏ ਸਚ ਸੱਚੀ ਧਰਮਸਾਲਾ । ਅੱਠੇ ਪਹਿਰ ਡਗਮਗਾਏ, ਤੋੜ ਤੁੜਾਏ

੧੦੬੩
੦੬

ਜਗਤ ਜੰਜਾਲਾ । ਕਾਲ ਮਹਾਂਕਾਲ ਨੇੜ ਨਾ ਆਏ, ਧਰਮ ਰਾਏ ਨਾ ਕੱਢੇ ਦਵਾਲਾ । ਚਰਨ ਸਰਨ ਇਕ ਵਖਾਏ, ਦੇਵੇ ਨਾਮ ਸੱਚਾ ਧਨ ਮਾਲਾ । ਆਤਮ ਝੋਲੀ ਆਪ ਭਰਾਏ, ਆਪੇ ਸ਼ਾਹ ਆਪੇ ਕੰਗਾਲਾ । ਸ਼ਬਦ ਫੂਲਨ ਗਲ ਹਾਰ ਪਵਾਏ, ਆਪੇ ਹੋਏ ਦੋ ਜਹਾਨ ਰਖਵਾਲਾ । ਪੂਰਬ ਲਹਿਣਾ ਭੇਵ ਖੁਲ੍ਹਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਿਆ ਬਾਣ ਇਕ ਨਿਰਾਲਾ । ਮਾਰਿਆ ਬਾਣ ਮਿਰਗ ਨੈਣ, ਨੈਣ ਮੁਧਾਰੀ ਦਿਸ ਨਾ ਆਇਆ । ਨੈਣ ਮੁੰਧਾਰੀ ਸਾਚਾ ਸਾਕ ਸੱਜਣ ਸੈਣ, ਬੱਧਕ ਗਲੇ ਲਗਾਇਆ । ਧੰਨ ਧੰਨ ਮੁਖ ਮੁਖ ਰਸਨਾ ਕਹਿਣ, ਵਾਹ ਵਾਹ ਤੇਰੀ ਏਹ ਵਡਿਆਇਆ । ਜੁਗ ਜੁਗ ਚੁੱਕਿਆ ਤੇਰਾ ਦੇਣ, ਤੇਰਾ ਤੇਰੀ ਝੋਲੀ ਪਾਇਆ । ਦਰ ਦਵਾਰੇ ਗੁਰਮੁਖ ਤੇਰੀ ਪ੍ਰੇਮ ਭਿਛਿਆ ਆਇਆ ਲੈਣ, ਦਰ ਦਹਿਲੀਜੋਂ ਬਾਹਰ ਚਰਨ ਟਿਕਾਇਆ । ਬਲ ਦਵਾਰ ਜਿਉਂ ਬਣਿਆ ਸਾਚਾ ਸੈਣ, ਉਪਰ ਚਰਨ ਟਿਕਾਇਆ । ਆਕਾਸ਼ ਪਰਕਾਸ਼ ਸਰਬ ਸ਼ਰਮਾਇਣ, ਗੁਰਮੁਖ ਤੇਰਾ ਦਰਸ਼ਨ ਦਿਸ ਕਿਸੇ ਨਾ ਆਇਆ । ਲੱਖਮੀ ਨਰਾਇਣ ਮੁਕੰਦ ਮਨੋਹਰ ਮੁਕਟ ਬੈਨ ਸਾਚੇ ਕੁੰਡਲ ਸਾਚੀ ਸਿੱਖੀ ਸਾਚੇ ਕਾਹਨ ਵੇਖੇ ਸਾਚੇ ਨੈਣ, ਨੈਣ ਨੈਣਾਂ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਗੁਰਮੁਖ ਵੇਖ ਵਖਾਇਆ । ਬੱਧਕ ਮਾਰ ਤੀਰ, ਚੀਰ ਬੰਧਾਇਆ । ਕਾਹਨਾ ਕ੍ਰਿਸ਼ਨਾ ਕਰੇ ਅੰਤ ਅਖ਼ੀਰ, ਜਗਤ ਤਜਾਇਆ । ਤੇਰੀ ਕਟੇ ਜੁਗ ਜੁਗ ਭੀੜ, ਰਸਨਾ ਬਚਨ ਅਲਾਇਆ । ਲੋਕਮਾਤ ਅੰਤਮ ਬੰਨ੍ਹੇ ਬੀੜ, ਨਿਹਕਲੰਕ ਜਾਮਾ ਪਾਇਆ । ਏਕਾ ਰੰਗ ਰੰਗਾਏ ਹਸਤ ਕੀਟ, ਕੀਟ ਕੀਟਾ ਆਪ ਅਖਵਾਇਆ । ਦਰਸ ਦਿਖਾਏ ਸਦਾ ਅਨਡੀਠ, ਲੇਖਾ ਲਿਖ ਨਾ ਸਕੇ ਕੋਈ ਰਾਇਆ । ਭਗਤਨ ਘਰ ਸਾਚਾ ਦਰ ਹਰਿ ਹਰਿ ਲਾਗੇ ਮੀਠ, ਜੁਗ ਜੁਗ ਫੇਰੀ ਪਾਇਆ । ਆਦਿ ਜੁਗਾਦਿ ਨਾ ਦੇਵੇ ਕਦੀ ਪੀਠ, ਹਰਿਜਨ ਸਾਚੇ ਗਲੇ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਆਪਰ ਵਿਛੜੇ ਕਲਜੁਗ ਮੇਲ ਮਿਲਾਇਆ ।



੧੦੬੪
੦੬

### ✳ ੨੫ ਮੱਘਰ ੨੦੧੪ ਬਿਕ੍ਰਮੀ ਸੀਤਲ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫਿਰੋਜ਼ਪੁਰ ✳

ਸਤਿਗੁਰ ਸ਼ਬਦ ਦਿਆਲ, ਸਤਿ ਸਤਿ ਅਖਵਾਇਆ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਆਪ ਅਖਵਾਇਆ । ਦੇਵੇ ਨਾਮ ਸੱਚਾ ਧਨ ਮਾਲ, ਸਚ ਭੰਡਾਰਾ ਇਕ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸ਼ਬਦ ਅਲਾਇਆ । ਹਰਿ ਸ਼ਬਦ ਮਿਹਰਵਾਨ, ਏਕਾ ਏਕ ਰਖਾਇਆ । ਇਕ ਵਖਾਏ ਸਚ ਨਿਸ਼ਾਨ, ਧੁਰ ਦਰਗਾਹੀ ਇਕ ਕਰਾਇਆ । ਲੇਖਾ ਲਿਖੇ ਨਾ ਵੇਦ ਪੁਰਾਨ, ਰਸਨਾ ਜਿਹਵਾ ਕੋਈ ਨਾ ਗਾਇਆ । ਭੇਵ ਅਭੇਦਾ ਹਰਿ ਭਗਵਾਨ, ਅਕਲ ਕਲ ਅਖਵਾਇਆ । ਲੇਖਾ ਲਿਖ ਨਾ ਸਕੇ ਜਗਤ ਕਿਤੇਬਾ, ਗੁਣ ਅਵਗੁਣ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਉਪਾਇਆ । ਸ਼ਬਦ ਗੁਰ ਸਚ ਸੁਲਤਾਨਾ, ਏਕਾ ਏਕ ਅਖਵਾਇਆ । ਖੇਲੇ ਖੇਲ ਦੋ ਜਹਾਨਾਂ, ਆਪ ਆਪਣਾ ਵੇਸ ਵਟਾਇਆ । ਰੂਪ ਰੰਗ ਰੇਖ ਭੇਖ ਨਾ ਕੋਈ ਜਾਣੇ ਜੀਵ ਨਾਦਾਨਾ, ਲੇਖਾ ਲਿਖਤ ਵਿਚ ਨਾ ਆਇਆ । ਆਪੇ ਜਾਣੇ ਆਪਣਾ ਧੁਰ ਫ਼ਰਮਾਣਾ, ਜੁਗ ਜੁਗ ਆਪੇ ਰਿਹਾ ਸੁਣਾਇਆ । ਆਪੇ ਨਾਦ ਤੂਰ

ਆਪੇ ਹੋਏ ਤਰਾਨਾ, ਆਪੇ ਅਨਹਦ ਤਾਲ ਵਜਾਇਆ । ਆਪੇ ਗਾਵੇ ਸੁਣੇ ਸੁਣਾਏ ਸਾਚਾ ਗਾਣਾ, ਗਾਵਣਹਾਰ ਆਪ ਅਖਵਾਇਆ । ਆਪੇ ਜਾਣੇ ਆਪਣਾ ਪਦ ਨਿਰਬਾਨਾ, ਨਿਰਗੁਣ ਰੂਪ ਸਮਾਇਆ । ਨਿਰਗੁਣ ਖੇਲ ਹਰਿ ਮਹਾਨਾ, ਹਰ ਘਟ ਬੈਠਾ ਆਸਣ ਲਾਇਆ । ਗੁਰਮੁਖ ਉਠਾਏ ਦਇਆ ਕਮਾਏ ਵਿਚ ਜਹਾਨਾਂ, ਲੋਕਮਾਤ ਵੇਖ ਵਖਾਇਆ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਸ੍ਰਿਸ਼ਟ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਰੰਗ ਰੰਗਾਇਆ । ਸ਼ਬਦ ਰੰਗ ਹਰਿ ਕਰਤਾਰ, ਆਪਣਾ ਆਪ ਚੜ੍ਹਾਇਆ । ਪੁਰੀਆਂ ਲੋਆਂ ਬੰਨ੍ਹੇ ਧਾਰ, ਮਾਤ ਪਾਤਾਲ ਆਕਾਸ਼ ਫੇਰਾ ਪਾਇਆ । ਧਰਤ ਧਵਲ ਦਏ ਸਹਾਰ, ਮੰਡਲ ਮੰਡਪ ਆਪ ਉਪਾਇਆ । ਬ੍ਰਹਿਮੰਡ ਖੰਡ ਏਕਾ ਕਾਰ, ਜੇਰਜ ਅੰਡ ਡੇਰਾ ਲਾਇਆ । ਉਤਭੁਜ ਸੇਤਜ ਕਰ ਪਿਆਰ, ਆਪ ਆਪਣਾ ਵਿਚ ਛੁਪਾਇਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਲਏ ਉਭਾਰ, ਸ਼ਿਵ ਸ਼ੰਕਰ ਰਚਨ ਰਚਾਇਆ । ਲੱਖ ਚੁਰਾਸੀ ਕਰ ਆਕਾਰ, ਲੋਕਮਾਤੀ ਤੇਰਾ ਪੰਜ ਤਤ ਪਸਾਰ, ਤ੍ਰੈਗੁਣ ਮਾਇਆ ਬਣਤ ਬਣਾਇਆ । ਮਨ ਮਤ ਬੁਧ ਦਏ ਸਹਾਰ, ਆਪ ਆਪਣੀ ਦਇਆ ਕਮਾਇਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਾਇਆ ਮੰਦਰ ਸਾਚੇ ਅੰਦਰ ਆਪ ਆਪਣਾ ਮਹੱਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦੇਵੇ ਏਕਾ ਵਰ, ਹਰ ਘਟ ਵੇਖ ਵਖਾਇਆ । ਸ਼ਬਦ ਗੁਰ ਸਾਚਾ ਭੂਪ, ਚਾਰੋਂ ਕੁੰਟ ਕਰੇ ਪਸਾਰਿਆ । ਨਾ ਕੋਈ ਰੰਗ ਨਾ ਕੋਈ ਰੂਪ, ਨਾ ਕੋਈ ਵੇਖੇ ਵਿਗਸੇ ਕਰੇ ਵਿਚਾਰਿਆ । ਨਾ ਕੋਈ ਹਵਨ ਨਾ ਕੋਈ ਧੂਪ, ਸੁਗੰਧ ਅੰਧ ਨਾ ਕੋਈ ਜਣਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸਾਚਾ ਵਰ, ਏਕਾ ਏਕ ਰਖਾ ਰਿਹਾ । ਸਾਚਾ ਦਰ ਹਰਿ ਭਗਵੰਤਾ, ਏਕਾ ਏਕ ਰਖਾਏ । ਆਪ ਵਖਾਏ ਸਾਚੇ ਸੰਤਾ, ਆਪਣੀ ਦਇਆ ਕਮਾਏ । ਜੁਗ ਜੁਗ ਬਣਾਏ ਆਪਣੀ ਬਣਤਾ, ਆਪ ਆਪਣਾ ਰੰਗ ਰੰਗਾਏ । ਆਪੇ ਨਾਰੀ ਆਪੇ ਕੰਤਾ, ਗੁਰਮੁਖ ਸਾਚੀ ਸੇਜ ਹੰਢਾਏ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਏ । ਦੇਵੇ ਵਡਿਆਈ ਵਿਚ ਜੀਵ ਜੰਤਾ, ਜਿਸ ਜਨ ਆਪਣੀ ਬੂਝ ਬੁਝਾਏ । ਇਕ ਸੁਣਾਏ ਸੁਹਾਗੀ ਛੰਤਾ, ਆਪ ਆਪਣਾ ਰਾਗ ਅਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਇਹ ਸਮਝਾਏ । ਗੁਰ ਸ਼ਬਦ ਸਾਚੀ ਮਤ, ਏਕਾ ਏਕ ਜਣਾਈਆ । ਆਦਿ ਜੁਗਾਦੀ ਮੇਲਾ ਕਮਲਾਪਤ, ਵਿਛੜ ਕਦੇ ਨਾ ਜਾਈਆ । ਸਤਿ ਸੰਤੋਖੀ ਧੀਰਜ ਯਤ, ਏਕਾ ਹੱਠ ਨਾਮ ਰਖਾਈਆ । ਆਪ ਆਪਣੀ ਮੈਲ ਆਪੇ ਕੱਟ, ਉਜਲ ਮੁਖ ਆਪ ਕਰਾਈਆ । ਆਪੇ ਜੋਤੀ ਜਗਾਏ ਲਟ ਲਟ, ਆਪੇ ਨੂਰੋ ਨੂਰ ਸਮਾਈਆ । ਗੁਰਮੁਖ ਤੇਰੀ ਕਾਇਆ ਹੱਟ, ਹਰਿ ਚੌਦਾਂ ਹੱਟ ਵਖਾਈਆ । ਨਾ ਕੋਈ ਤੀਰਥ ਨਾ ਕੋਈ ਤਟ, ਅਠ ਸਠ ਦਿਸ ਨਾ ਆਈਆ । ਸਰ ਸਰੋਵਰ ਕਾਇਆ ਮੱਠ, ਅੰਮ੍ਰਿਤ ਆਤਮ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਦਏ ਵਡਿਆਈਆ । ਗੁਰ ਸ਼ਬਦ ਹਰਿ ਦਏ ਵਡਿਆਈ, ਆਪਣਾ ਆਪ ਜਣਾਇਆ । ਬ੍ਰਹਿਮੰਡ ਖੰਡ ਰਚਨ ਰਚਾਈ, ਏਕਾ ਬੰਧਨ ਨਾਮ ਪਾਇਆ । ਆਦਿ ਅੰਤਾ ਵਿਚ ਗਿਆ ਸਮਾਈ, ਦਿਸ ਕਿਸੇ ਨਾ ਆਇਆ । ਜੁਗ ਜੁਗ ਖੇਲੇ ਖੇਲ ਵਿਚ ਸ੍ਰਿਸ਼ਟ ਸਬਾਈ, ਆਪ ਆਪਣੀ ਕਾਰੇ ਲਾਇਆ । ਜਨ ਭਗਤਾਂ ਫੜਾਏ ਆਪਣੀ ਬਾਂਹੀ, ਲੱਖ ਚੁਰਾਸੀ ਵਿਚੋਂ ਲਏ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਹਰਿ ਏਕਾ ਵਰ, ਏਕਾ ਨਾਮ ਜਪਾਇਆ ।



੧੦੬੫
੦੬

ਇਕ ਦਰ ਏਕਾ ਦਾਤਾਰ, ਏਕਾ ਘਰ ਮੰਗ ਮੰਗਾਇੰਦਾ । ਏਕਾ ਪੁਰਖ ਏਕਾ ਨਾਰ, ਇਕ ਬਹਾਰ ਜਣਾਇੰਦਾ । ਏਕਾ ਸੇਜਾ ਕਰ ਤਿਆਰ, ਏਕਾ ਆਸਣ ਲਾਇੰਦਾ । ਇਕ ਇਕੱਲਾ ਏਕੰਕਾਰ, ਅਕਲ ਕਲਾ ਅਖਵਾਇੰਦਾ । ਸ਼ਬਦੀ ਸੁਤ ਸਚ ਦੁਲਾਰ, ਸਚ ਮਾਰਗ ਇਕ ਵਖਾਇੰਦਾ । ਲੋਆਂ ਪੁਰੀਆਂ ਦਏ ਅਧਾਰ, ਆਪ ਆਪਣਾ ਬੰਧਨ ਪਾਇੰਦਾ । ਲੋਕਮਾਤੀ ਵੇਖ ਵਿਚਾਰ, ਗੁਰਮੁਖ ਸਾਚੇ ਆਪ ਜਗਾਇੰਦਾ । ਆਤਮ ਜੋਤੀ ਸ਼ਬਦ ਅਪਾਰ, ਏਕਾ ਧੁਨ ਵਜਾਇੰਦਾ । ਅਗੰਮ ਅਗੰਮੜਾ ਆਪੇ ਜਾਣੇ ਆਪਣੀ ਕਾਰ, ਜੁਗ ਜੁਗ ਆਪੇ ਆਪ ਕਰਾਇੰਦਾ । ਨਾ ਕੋਈ ਪੱਲੇ ਪੈਸਾ ਦਮੜਾ, ਨਾਮ ਧਨ ਇਕ ਰਖਾਇੰਦਾ । ਗੁਰਮੁਖਾਂ ਕਾਇਆ ਲੇਖੇ ਲਾਏ ਚੰਮੜਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਲਏ ਵਰ, ਹਰਿ ਸ਼ਬਦੀ ਸੰਗ ਨਿਭਾਇੰਦਾ । ਸ਼ਬਦ ਗੁਰ ਸਾਚਾ ਤੋਲਾ, ਹਰਿ ਜੁਗ ਜੁਗ ਆਪ ਕਰਾਇਆ । ਆਦਿ ਅੰਤ ਕਦੇ ਨਾ ਡੋਲਾ, ਅਡੁਲ ਆਪ ਹੋ ਜਾਇਆ । ਲੋਕਮਾਤ ਮਾਰ ਝਾਤ ਨਾਮ ਭੰਡਾਰਾ ਏਕਾ ਖੋਲ੍ਹਾ, ਚਾਰ ਵਰਨ ਰਿਹਾ ਵਰਤਾਇਆ । ਜਨ ਭਗਤਾਂ ਦੇਵੇ ਨਾਮ ਅਨਮੋਲਾ, ਅਨਮੁਲੜੇ ਲਾਲ ਬਣਾਇਆ । ਕਾਇਆ ਚੀਥੜਾ ਆਪੇ ਫੋਲਾ, ਆਤਮ ਅੰਤਰ ਪੜਦਾ ਲਾਹਿਆ । ਆਪੇ ਬਣਿਆ ਸਾਚਾ ਮੀਤੜਾ, ਹਰਿ ਸਾਚਾ ਘਰ ਸੁਹਾਇਆ । ਮਿੱਠਾ ਕਰੇ ਕਾਇਆ ਕੌੜਾ ਰੀਠੜਾ, ਅੰਮ੍ਰਿਤ ਆਤਮ ਜਾਮ ਪਿਆਇਆ । ਇਕ ਸ਼ਬਦ ਜਣਾਏ ਅਨਡੀਠੜਾ, ਦਿਸ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਕਰ ਬਲਵਾਨ, ਧਰਮ ਨਿਸ਼ਾਨ ਇਕ ਉਠਾਇਆ । ਸ਼ਬਦ ਸੁਤ ਕਰ ਪਰਵੇਸ਼, ਬ੍ਰਹਿਮੰਡ ਵੰਡ ਵੰਡਾਇੰਦਾ । ਆਪ ਆਪਣਾ ਜਾਣੇ ਵੇਸ, ਜੁਗ ਜੁਗ ਭੇਖ ਵਟਾਇੰਦਾ । ਆਪੇ ਹੋਏ ਦਰ ਦਰਵੇਸ, ਆਪੇ ਭਿਖਿਆ ਪਾਇੰਦਾ । ਆਪੇ ਹੋਏ ਧਾਰੀ ਕੇਸ, ਆਪੇ ਮੂੰਡ ਮੁੰਡਾਇੰਦਾ । ਆਪੇ ਹੋਏ ਨਰ ਨਰੇਸ਼, ਸ਼ਾਹ ਕੰਗਾਲ ਆਪ ਹੋ ਜਾਇੰਦਾ । ਆਪ ਉਪਾਏ ਦਇਆ ਕਮਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਆਪ ਆਪਣੀ ਬਣਤ ਬਣਾਇੰਦਾ । ਆਪੇ ਸੇਜਾ ਲਾਏ ਬਾਸ਼ਕ ਸ਼ੇਸ਼, ਸਾਗੋਂ ਪਾਂਗ ਹੰਢਾਇੰਦਾ । ਆਪ ਆਪਣਾ ਕਰੇ ਵੇਸ, ਆਪ ਆਪਣਾ ਸੀਸ ਝੁਕਾਇੰਦਾ । ਹਰਿ ਭਗਤ ਸੁਹੇਲੇ ਜੁਗ ਜੁਗ ਲਏ ਵੇਖ, ਗਿਆਨ ਨੇਤਰ ਇਕ ਰਖਾਇੰਦਾ । ਭਾਗ ਲਗਾਏ ਕਾਇਆ ਖੇਤ, ਫੁਲ ਫੁਲਵਾੜੀ ਇਕ ਜਣਾਇੰਦਾ । ਕਰੇ ਕਰਾਏ ਸਾਚਾ ਹੇਤ, ਨਿਤ ਨਵਿਤ ਜੋਤ ਜਗਾਇੰਦਾ । ਦਰਸ ਦਿਖਾਏ ਨੇਤਨ ਨੇਤ, ਨਿਜ ਘਰ ਬੈਠਾ ਆਸਣ ਲਾਇੰਦਾ । ਆਪੇ ਹੋਇਆ ਖੇਵਟ ਖੇਟ, ਜਨ ਭਗਤਾਂ ਬੇੜਾ ਆਪ ਚਲਾਇੰਦਾ । ਆਪੇ ਮਾਤ ਪਿਤ ਹੋਇਆ ਬੇਟੀ ਬੇਟ, ਪੂਤ ਸਪੂਤਾ ਗੋਦ ਉਠਾਇੰਦਾ । ਆਪੇ ਰੱਖੇ ਸਾਇਆ ਹੇਠ, ਨਾਮ ਪੜਦਾ ਏਕਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਜਣਾਇੰਦਾ । ਹਰਿ ਸ਼ਬਦ ਸਚ ਸਲਾਹ, ਏਕਾ ਏਕ ਜਣਾਈਆ । ਦੋ ਜਹਾਨਾਂ ਬਣ ਮਲਾਹ, ਲੋਕਮਾਤ ਵੇਖ ਵਖਾਈਆ । ਜਨ ਭਗਤਾਂ ਦੱਸੇ ਸਾਚਾ ਰਾਹ, ਏਕਾ ਮਾਰਗ ਲਾਈਆ । ਏਕਾ ਮੰਤਰ ਨਾਮ ਦ੍ਰਿੜਾ, ਅਗਿਆਨ ਅੰਧੇਰ ਮਿਟਾਈਆ । ਏਕਾ ਪੌੜੇ ਦਏ ਚੜ੍ਹਾ, ਦੂਜਾ ਦਰ ਰਹਿਣ ਨਾ ਪਾਈਆ । ਤੀਜਾ ਨੇਤਰ ਦਏ ਖੁਲ੍ਹਾ, ਆਤਮ ਦਰਸੀ ਦਰਸ ਦਿਖਾਈਆ । ਚੌਥੇ ਘਰ ਦਏ ਬਹਾ, ਅਮਰਾ ਪਦ ਸਮਾਈਆ । ਪੰਚਮ ਮੇਲਾ ਸਹਿਜ ਸੁਭਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਗੁਰ ਪੂਰਾ ਹਰਿ ਸ਼ਬਦ ਕਰੇ ਸਚ ਨਿਆਂ, ਜੁਗ ਜੁਗ ਹੱਥ ਰੱਖੇ ਵਡਿਆਈਆ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਈਆ । ਇਕ ਵਖਾਏ ਸਾਚਾ ਥਾਂ, ਥਿਰ


੧੦੬੬ ੦੬

ਘਰ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਿਤੀ ਵਡਿਆਈਆ । ਗੁਰ ਸ਼ਬਦ ਸੱਚਾ ਸਿਕਦਾਰ, ਪ੍ਰਭ ਸਾਚੇ ਆਪ ਕਰਾਇਆ । ਦਿਵਸ ਰੈਣ ਅੱਠੇ ਪਹਿਰ ਖ਼ਬਰਦਾਰ, ਆਲਸ ਨਿੰਦਰਾ ਵਿਚ ਨਾ ਆਇਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣਾ ਮੇਲ ਮਿਲਾਇਆ । ਹਉਮੇ ਰੋਗ ਦਏ ਨਿਵਾਰ, ਦੂਈ ਦਵੈਤੀ ਮੇਟ ਮਿਟਾਇਆ । ਅੰਮ੍ਰਿਤ ਆਤਮ ਬਖ਼ਸ਼ੇ ਧਾਰ, ਨਿਝਰ ਮੁਖ ਚੁਆਇਆ । ਦੀਪਕ ਜੋਤੀ ਕਰ ਉਜਿਆਰ, ਆਕਾਸ਼ ਪਰਕਾਸ਼ ਵਖਾਇਆ । ਆਤਮ ਸੇਜਾ ਮੇਲਾ ਕੰਤ ਭਤਾਰ, ਆਪਣਾ ਆਪ ਕਰਾਇਆ । ਆਪੇ ਭੁਜਾ ਰਿਹਾ ਪਸਾਰ, ਆਪ ਆਪਣੀ ਗੋਦ ਉਠਾਇਆ । ਆਪੇ ਕਰੇ ਕਰਾਏ ਸਚ ਪਿਆਰ, ਸਚ ਸਿੰਘਾਸਣ ਇਕ ਵਿਛਾਇਆ । ਨਿਰਮਲ ਜੋਤ ਅਗੰਮ ਅਪਾਰ, ਪੁਰਖ ਅਬਿਨਾਸ਼ੀ ਰਿਹਾ ਜਗਾਇਆ । ਦਸਮ ਦਵਾਰੀ ਤੇਰੀ ਧਾਰ, ਚਿੱਟੀ ਚਾਦਰ ਪੜਦਾ ਪਾਇਆ । ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰ ਹਰਿ ਆਪ ਅਖਵਾਇਆ । ਸੰਤ ਸੁਹੇਲੇ ਮੀਤ ਮੁਰਾਰ, ਆਪ ਆਪਣੇ ਅੰਗ ਲਗਾਇਆ । ਪੰਜ ਤਤ ਨਾ ਕੋਈ ਪਿਆਰ, ਸੁਰਤ ਸਵਾਣੀ ਲਏ ਪਰਨਾਇਆ । ਸ਼ਬਦ ਸੁਰਤ ਏਕਾ ਧਾਰ, ਏਕਾ ਏਕ ਅਖਵਾਇਆ । ਆਪੇ ਖੋਲ੍ਹੇ ਬੰਦ ਕਿਵਾੜ, ਬੰਦ ਦਰਵਾਜ਼ਾ ਆਪ ਕਰਾਇਆ । ਆਪੇ ਤੋੜੇ ਗੜ੍ਹ ਹੰਕਾਰ, ਕਿਲ੍ਹਾ ਕੋਟ ਰਹਿਣ ਨਾ ਪਾਇਆ । ਗੁਰਮੁਖ ਸਾਜਨ ਸਾਚੇ ਫੜ ਲਾਏ ਪਾਰ, ਬੇੜਾ ਆਪਣੇ ਹੱਥ ਰਖਾਇਆ । ਨਾ ਕੋਈ ਸੀਸ ਨਾ ਕੋਈ ਧੜ ਹਰਿ ਨਿਰੰਕਾਰ, ਆਪ ਆਪਣਾ ਭੇਖ ਵਟਾਇਆ । ਨਾ ਕੋਈ ਚੋਟੀ ਨਾ ਕੋਈ ਜੜ੍ਹ, ਅਗਨੀ ਹਵਨ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਈ ਦਬਾਇਆ । ਆਪਣਾ ਅੱਖਰ ਆਪੇ ਪੜ੍ਹ, ਜਗਤ ਵਿਦਿਆ ਭੇਵ ਨਾ ਰਾਇਆ । ਜਨ ਭਗਤਾਂ ਦਰ ਦਵਾਰੇ ਅੱਗੇ ਖੜ੍ਹ, ਆਤਮ ਦਰਸੀ ਦਰਸ ਦਿਖਾਇਆ । ਜੋਤ ਜਗਾਏ ਬਹੱਤਰ ਨੜ, ਨਾੜੀ ਨਾੜ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਸਚ ਸਤਾਰਾ ਏਕਾ ਏਕ ਚਮਕਾਇਆ । ਸਤਿਗੁਰ ਸ਼ਬਦ ਸ਼ਬਦ ਨਿਸ਼ਾਨਾ, ਏਕਾ ਏਕ ਰਖਾਇੰਦਾ । ਆਪੇ ਹੋਇਆ ਰਮਈਆ ਰਾਮਾ, ਤੀਰ ਕਮਾਨਾ ਆਪ ਉਠਾਇੰਦਾ । ਆਪੇ ਹੋਏ ਘਨਈਆ ਸ਼ਾਮਾ, ਰਾਸ ਮੰਡਲ ਆਪ ਰਚਾਇੰਦਾ । ਈਸਾ ਮੂਸਾ ਦਰ ਪਰਵਾਨਾ, ਆਪ ਆਪਣੀ ਭਿਛਿਆ ਪਾਇੰਦਾ । ਅੱਲਾ ਰਾਣੀ ਨੌਜਵਾਨਾ, ਸੰਗ ਮੁਹੰਮਦ ਆਪ ਪਰਨਾਇੰਦਾ । ਨਾਨਕ ਪਾਇਆ ਪਦ ਨਿਰਬਾਨਾ, ਨਿਰਗੁਣ ਰੂਪ ਸਮਾਇੰਦਾ । ਗੋਬਿੰਦ ਮੇਲਾ ਦੋ ਜਹਾਨਾਂ, ਪੂਤ ਸਪੂਤਾ ਆਪ ਉਠਾਇੰਦਾ । ਆਪਣੀ ਹੱਥੀਂ ਬੰਨ੍ਹੇ ਗਾਨਾ, ਦੇ ਮਤ ਆਪ ਸਮਝਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਏਕਾ ਸ਼ਬਦ ਗੁਰ ਅਖਵਾਇੰਦਾ । ਆਪੇ ਚਿੱਲਾ ਆਪੇ ਤੀਰ ਕਮਾਨਾ, ਆਪੇ ਖੰਡਾ ਵਾਹਿੰਦਾ । ਆਪੇ ਵੇਖੇ ਵਿਚ ਮੈਦਾਨਾ, ਪੰਜ ਸ਼ੈਤਾਨਾ ਮੇਟ ਮਿਟਾਇੰਦਾ । ਆਪੇ ਕਰੇ ਦਰ ਪਰਵਾਨਾ, ਮਰਦ ਮਰਦਾਨਾ ਆਪ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਮਹਾਨਾ, ਸਤਿਜੁਗ ਤ੍ਰੇਤਾ ਦੁਆਪਰ ਵੇਖ ਵਖਾਇੰਦਾ । ਕਲਜੁਗ ਵਰਤੇ ਆਪਣਾ ਭਾਣਾ, ਭੇਵ ਕੋਈ ਨਾ ਪਾਇੰਦਾ । ਪਰਗਟ ਹੋਏ ਸ਼ਾਹ ਸੁਲਤਾਨਾ, ਨਿਹਕਲੰਕਾ ਡੰਕ ਵਜਾਇੰਦਾ । ਚਾਰ ਵਰਨਾਂ ਇਕ ਬਿਬਾਨਾ, ਏਕਾ ਨਾਮ ਰਖਾਇੰਦਾ । ਊਚ ਨੀਚ ਕੋਈ ਰਹਿਣ ਨਾ ਪਾਣਾ, ਰਾਓ ਰੰਕਾਂ ਮੇਟ ਮਿਟਾਇੰਦਾ । ਏਕਾ ਰਾਗ ਏਕਾ ਨਾਦ ਏਕਾ ਗਾਣਾ, ਏਕਾ ਤਾਲ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਘਰ ਕਰ ਪਰਵਾਨਾ, ਆਪ ਆਪਣਾ ਵੇਖ ਵਖਾਇੰਦਾ । ਸਤਿਗੁਰ ਸ਼ਬਦ ਅਪਾਰ, ਗੁਰਮੁਖ ਵਿਰਲੇ ਪਾਇਆ । ਲੋਕਮਾਤੀ ਦਏ ਅਧਾਰ, ਪੁਰਖ ਬਿਧਾਤੀ

ਮੇਲ ਮਿਲਾਇਆ । ਉਤਮ ਜ਼ਾਤੀ ਵਿਚ ਸੰਸਾਰ, ਜਿਸ ਹਰਿ ਹਰਿ ਸਾਚਾ ਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਜਣਾਇਆ । ਏਕਾ ਸ਼ਬਦ ਮਾਤ ਧਰ, ਆਪਣੀ ਕਲ ਵਰਤਾਈਆ । ਚਾਰ ਵਰਨ ਬਣਾਏ ਭੈਣ ਭਰਾ, ਊਚ ਨੀਚ ਰਹਿਣ ਨਾ ਪਾਈਆ । ਏਕਾ ਸਿਖਿਆ ਦਏ ਪੜ੍ਹਾ, ਸੋਹੰ ਸ਼ਬਦ ਸੱਚੀ ਪੜ੍ਹਾਈਆ । ਸਤਿਜੁਗ ਸਾਚਾ ਚੰਦ ਚੜ੍ਹਾ, ਤ੍ਰੈ ਲੋਕ ਕਰੇ ਰੁਸ਼ਨਾਈਆ । ਚੌਦਾਂ ਲੋਕਾਂ ਆਪ ਜਣਾ, ਆਪ ਆਪਣੀ ਬੂਝ ਬੁਝਾਈਆ । ਅਵਣ ਗਵਣ ਹਰਿ ਜਾਏ ਸਮਾ, ਪਵਣੀ ਪਵਣ ਸਮਾਈਆ । ਭੇਖਾਧਾਰੀ ਭੇਖ ਬਾਵਨ ਵਟਾ, ਨਿਹਕਲੰਕ ਨਾਉਂ ਰਖਾਈਆ । ਜਨ ਭਗਤਾਂ ਦਾਮਨ ਆਪਣਾ ਫੜਾ, ਫੜ ਬਾਂਹੋਂ ਪਾਰ ਕਰਾਈਆ । ਸਾਚੇ ਪੌੜੇ ਦਏ ਚੜ੍ਹਾ, ਅੰਦਰ ਮੰਦਰ ਖੋਜ ਖੁਜਾਈਆ । ਸੁਖਮਨ ਨਾੜੀ ਪਾਰ ਕਰਾ, ਟੇਡੀ ਬੰਕ ਵਖਾਈਆ । ਜੋਤ ਨਿਰੰਜਣ ਸੇਵਾ ਲਾ, ਸਚ ਕਰੇ ਰੁਸ਼ਨਾਈਆ । ਅਨਹਦ ਤਾਲ ਦਏ ਵਜਾ, ਧੁਨ ਆਤਮਕ ਇਕ ਉਪਜਾਈਆ । ਨਾਦੀ ਰਾਗ ਦਏ ਅਲਾ, ਨਿਰਗੁਣ ਹੱਥ ਵਡਿਆਈਆ । ਗੁਰਮੁਖ ਸਾਜਣ ਮੀਤ ਆਪ ਆਪਣਾ ਦਏ ਮਨਾ, ਗੁਰ ਸ਼ਬਦੀ ਵਿਚ ਸਮਾਈਆ । ਸਾਚਾ ਘਰ ਇਕ ਵਖਾ, ਬਜਰ ਕਪਾਟੀ ਕੁੰਡਾ ਲਾਹੀਆ । ਆਤਮ ਸੇਜਾ ਦਏ ਬਹਾ, ਫੂਲਨ ਬਰਖਾ ਲਾਈਆ । ਕੰਤ ਮੇਲਾ ਸਹਿਜ ਸੁਭਾ, ਹਰਿਜਨ ਨਾਰੀ ਆਪ ਕਰਾਈਆ । ਏਕਾ ਸੇਜਾ ਰਿਹਾ ਹੰਢਾ, ਏਕਾ ਗੁਣ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖਾਂ ਬੂਝ ਬੁਝਾਈਆ । ਗੁਰਮੁਖ ਦੇਵੇ ਨਾਮ ਨਿਧਾਨਾ, ਅੰਮ੍ਰਿਤ ਜਾਮ ਪਿਆਇਆ । ਏਕਾ ਏਕ ਧੁਰ ਫ਼ਰਮਾਣਾ, ਸੋਹੰ ਸ਼ਬਦ ਜਣਾਇਆ । ਚਾਰ ਵਰਨ ਗਾਇਨ ਏਕਾ ਗਾਣਾ, ਸਤਿਜੁਗ ਸਾਚਾ ਮਾਰਗ ਲਾਇਆ । ਮੇਟ ਮਿਟਾਏ ਰਾਜ ਰਾਜਾਨਾ, ਸ਼ਾਹ ਸੁਲਤਾਨ ਸੀਸ ਤਾਜ ਨਾ ਕੋਈ ਹੰਢਾਇਆ । ਜਨ ਭਗਤਾਂ ਹੱਥੀਂ ਬੰਨ੍ਹੇ ਨਾਮ ਗਾਨਾ, ਏਕਾ ਸਾਚਾ ਤੰਦ ਹੱਥ ਬੰਧਾਇਆ । ਆਪੇ ਹੋਇਆ ਬੀਨਾ ਦਾਨਾ, ਦਾਨਾ ਬੀਨਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਹਰਿਜਨ ਵਿਚ ਸਮਾਇਆ । ਹਰਿਜਨ ਸਾਚੇ ਸਾਚਾ ਮੇਲਾ, ਆਪਣਾ ਆਪ ਕਰਾਇੰਦਾ । ਆਪੇ ਗੁਰੂ ਆਪੇ ਚੇਲਾ, ਆਪੇ ਵੇਸ ਵਟਾਇੰਦਾ । ਆਪੇ ਹੋਏ ਸੱਜਣ ਸੁਹੇਲਾ, ਦਰ ਦਰਵੇਸ਼ ਆਪ ਅਖਵਾਇੰਦਾ । ਆਪੇ ਵਸੇ ਇਕ ਇਕੇਲਾ, ਹਰ ਘਟ ਅੰਦਰ ਆਪੇ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਵੇਖ ਦਰ, ਘਰ ਸੁਹੰਜਣਾ ਜਗੇ ਜੋਤ ਇਕ ਨਿਰੰਜਣਾ, ਕਾਇਆ ਮਾਟੀ ਵੇਖ ਵਖਾਇੰਦਾ । ਜੋਤ ਨਿਰੰਜਣ ਕਰ ਉਜਿਆਰ, ਪ੍ਰਭ ਸਾਚਾ ਦਇਆ ਕਮਾਇੰਦਾ । ਅੰਦਰ ਮੰਦਰ ਖੇਲ ਅਪਾਰ, ਆਪ ਆਪਣਾ ਰੰਗ ਚੜ੍ਹਾਇੰਦਾ । ਲੱਖ ਚੁਰਾਸੀ ਨੌਂ ਦਵਾਰੇ ਭੌਂਦੀ ਬੰਦਰ, ਦਸਮ ਦਵਾਰੀ ਮੇਲ ਮਿਲਾਇੰਦਾ । ਮਾਇਆ ਮੋਹ ਵਿਕਾਰ ਝੂਠੇ ਧੰਦੇ ਮਾਨਸ ਮਾਨਸ ਜਨਮ ਗਵਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਕੋਈ ਨਾ ਤੋੜੇ ਕੰਦਰ, ਗੜ੍ਹ ਹੰਕਾਰ ਨਾ ਕੋਈ ਤੁੜਾਇੰਦਾ । ਦੋ ਜਹਾਨੀ ਆਵਣ ਜਾਵਣ ਲੱਖ ਚੁਰਾਸੀ ਬਿਨ ਹਰਿ ਕੋਈ ਨਾ ਤੋੜੇ ਬੰਧਨ, ਨਾ ਕੋਈ ਪਾਰ ਕਰਾਇੰਦਾ । ਜੋਤ ਲਿਲਾਟੀ ਕੌਸਤਕ ਮਣੀਆ ਕੋਈ ਨਾ ਲਾਏ ਟਿੱਕਾ ਚੰਦਨ, ਸਾਚਾ ਤਿਲਕ ਨਾ ਕੋਈ ਲਗਾਇੰਦਾ । ਨਾ ਕੋਈ ਸਮਾਏ ਪਰਮਾਨੰਦਨ, ਪਰਮਾਨੰਦ ਨਾ ਕੋਈ ਸਮਾਇੰਦਾ । ਕਲਜੁਗ ਭਰਮੇ ਭੁੱਲੇ ਮਦਿਰਾ ਮਾਸੀ ਗੰਦਨ, ਬੱਤੀ ਦੰਦ ਨਾ ਕੋਈ ਧਿਆਇੰਦਾ । ਪੁਰਖ ਅਬਿਨਾਸ਼ੀ ਇਕ ਸੁਣਾਏ ਸੁਹਾਗੀ ਛੰਦਨ, ਜਨ ਭਗਤਾਂ ਝੋਲੀ ਪਾਇੰਦਾ ।

੧੦੬੮
੦੬

ਲੱਖ ਚੁਰਾਸੀ ਆਤਮ ਅੰਦਰ ਹੋਈ ਅੰਧਨ, ਅਗਿਆਨ ਅੰਧੇਰ ਨਾ ਕੋਈ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਾਚੇ ਦਰ, ਦਰ ਦਵਾਰਾ ਇਕ ਖੁਲ੍ਹਾਇੰਦਾ । ਗੁਰਮੁਖ ਸਾਚੇ ਖੋਲ੍ਹ ਦਰਵਾਜਾ, ਪ੍ਰਭ ਆਪਣੀ ਅਲਖ ਜਗਾਈਆ । ਆਪੇ ਹੋਇਆ ਗਰੀਬ ਨਿਵਾਜਾ, ਗਊ ਗਰੀਬਾਂ ਗਲੇ ਲਗਾਈਆ । ਨਾਮ ਪਹਿਨਾਏ ਸੀਸ ਸਾਚਾ ਤਾਜਾ, ਅਟੱਲ ਅਟੱਲ ਅਖਵਾਈਆ । ਸੋਹੰ ਸ਼ਬਦ ਦੇਵੇ ਸਾਚਾ ਦਾਜਾ, ਸਤਿਜੁਗ ਸਚ ਮਿਲੇ ਵਡਿਆਈਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਲੋਆਂ ਪੁਰੀਆਂ ਪ੍ਰਭ ਰਚਿਆ ਕਾਜਾ, ਲੋਕਮਾਤ ਜੋਤ ਜਗਾਈਆ । ਪਰਗਟ ਹੋਏ ਦੇਸ ਮਾਝਾ, ਸੰਬਲ ਨਗਰੀ ਧਾਮ ਸੁਹਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਾਹ ਸੁਲਤਾਨ ਆਪ ਅਖਵਾਈਆ । ਜੁਗ ਜੁਗ ਜਨ ਭਗਤਾਂ ਰੱਖਣਹਾਰਾ ਲਾਜਾ, ਚਾਰ ਵਰਨਾਂ ਦੁਸ਼ਟਾਂ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸਾਚਾ ਘਰ, ਬੰਕ ਦਵਾਰਾ ਇਕ ਰਖਾਈਆ । ਸਾਚਾ ਘਰ ਬੰਕ ਦਵਾਰ, ਘਰ ਸਾਚੇ ਵੱਜੇ ਵਧਾਈਆ । ਪੁਰਖ ਨਿਰੰਜਣ ਕਿਰਪਾ ਧਾਰ, ਜੋਤ ਨਿਰੰਜਣ ਸੇਵਾ ਲਾਈਆ । ਆਪ ਆਪਣੀ ਜਾਣੇ ਕਾਰ, ਕਰਨਹਾਰ ਆਪ ਅਖਵਾਈਆ । ਕਲਜੁਗ ਤੇਰੀ ਅੰਤਮ ਵਾਰ, ਵੇਖ ਵਖਾਏ ਸ੍ਰਿਸ਼ਟ ਸਬਾਈਆ । ਜੂਠ ਝੂਠ ਹਾਹਾਕਾਰ, ਮਨਮਤ ਰਹੀ ਕੁਰਲਾਈਆ । ਮਾਇਆ ਮਮਤਾ ਮੋਹ ਵਿਕਾਰ, ਜੀਆਂ ਜੰਤਾਂ ਰਿਹਾ ਚਲਾਈਆ । ਹਉਮੇ ਹੰਗਤਾ ਕਰੇ ਖੁਆਰ, ਭੁੱਖਾ ਨੰਗਤਾ ਦਏ ਦੁਹਾਈਆ । ਪੁਰਖ ਅਬਿਨਾਸ਼ੀ ਏਕਾ ਏਕ ਲਾਏ ਅੰਗਤਾ, ਅੰਗੀਕਾਰ ਆਪ ਅਖਵਾਈਆ । ਚਾਰ ਵਰਨ ਬਣਾਏ ਏਕਾ ਸੰਗਤਾ, ਸਾਚਾ ਸੰਗ ਨਿਭਾਈਆ । ਬਿਨ ਹਰਿ ਦਵਾਰ ਨਾ ਹੋਵੇ ਕੋਈ ਮੰਗਤਾ, ਨਾ ਕੋਈ ਭਿਛਿਆ ਪਾਈਆ । ਕਾਇਆ ਚੋਲੀ ਹਰਿ ਹਰਿਜਨ ਰੰਗਤਾ, ਜੁਗ ਜੁਗ ਰੰਗਣਹਾਰ ਆਪ ਅਖਵਾਈਆ । ਸਾਚੇ ਮੰਦਰ ਗੁਰਮੁਖ ਅੰਦਰ ਜੋਤ ਸਰੂਪੀ ਆਪੇ ਲੰਘਦਾ, ਸ਼ਬਦ ਧੁਨ ਕਰੇ ਜਣਾਈਆ । ਪੰਚ ਵਿਕਾਰਾ ਕਾਚੀ ਵੰਗ ਭੰਨਦਾ, ਸ਼ਬਦ ਖੰਡਾ ਏਕਾ ਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੇ ਸਾਚਾ ਦਰ, ਦਰ ਦਵਾਰ ਇਕ ਸੁਹਾਈਆ । ਦਰ ਦਵਾਰ ਸੱਚਾ ਘਰ ਬਾਹਰ, ਹਰਿ ਸਾਚੇ ਆਪ ਵਸਾਇਆ । ਕਰਤਾ ਪੁਰਖ ਕਰ ਆਕਾਰ, ਜੁਗ ਜੁਗ ਭੇਖ ਵਟਾਇਆ । ਕਲਜੁਗ ਤੇਰੀ ਅੰਤਮ ਵਾਰ, ਸਤਿਜੁਗ ਲੇਖਾ ਰਿਹਾ ਲਿਖਾਇਆ । ਹਰਿਜਨ ਸਾਚੇ ਲਏ ਉਭਾਰ, ਮਸਤਕ ਰੇਖਾ ਵੇਖ ਵਖਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਇਕ ਸਿਖਾਇਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਇਆ । ਏਕਾ ਖੰਡਾ ਤੇਜ ਕਟਾਰ, ਗੁਰਮੁਖ ਤਨ ਗਾਤਰੇ ਆਪ ਪਵਾਇਆ । ਸੀਸ ਬੰਨ੍ਹੇ ਸੱਚੀ ਦਸਤਾਰ, ਨਾਮ ਚੀਰਾ ਇਕ ਸੁਹਾਇਆ । ਤਨ ਬਸਤਰ ਗਹਿਣਾ ਅਪਰ ਅਪਾਰ, ਨੇਤਰ ਨੈਣਾਂ ਦਰਸ ਦਿਖਾਇਆ । ਚਿੱਟੇ ਅਸਵ ਹੋ ਅਸਵਾਰ, ਗੁਰਮੁਖ ਸਾਚੇ ਵੇਖਣ ਆਇਆ । ਸੋਲਾਂ ਕਲੀਆਂ ਕਲ ਵਰਤੇ ਵਿਚ ਸੰਸਾਰ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪ ਆਪਣਾ ਬਿਰਧ ਰਖਾਇਆ । ਹਰਿਜਨ ਸਾਚਾ ਦਰ ਘਰ ਪਾ, ਘਰ ਸਾਚੇ ਖ਼ੁਸ਼ੀ ਮਨਾਇੰਦਾ । ਮਿਲਿਆ ਮੇਲ ਹਰਿ ਬੇਪਰਵਾਹ, ਬੇਪਰਵਾਹ ਸਮਾਇੰਦਾ । ਏਕਾ ਵੇਖੇ ਸਾਚਾ ਥਾਂ, ਛੱਪਰ ਛੰਨ ਨਾ ਕੋਈ ਜਣਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਂ, ਭੈਣ ਭਾਈ ਨਾ ਕੋਈ ਵਖਾਇੰਦਾ । ਸਤਿਗੁਰ ਸ਼ਬਦ ਸਾਚਾ ਸਚ ਮਲਾਹ, ਅੰਤਮ ਬੇੜਾ ਬੰਨੇ ਲਾਇੰਦਾ । ਫੜ ਫੜ ਹੰਸ ਬਣਾਏ ਕਾਂ, ਸਰ ਸਰੋਵਰ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ

ਤੇਰੀ ਅੰਤਮ ਵਰ, ਜੁਗ ਵਿਛੜੇ ਜਗ ਮੇਲ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵੰਤ ਸੰਤ ਕੰਤ ਅੰਤ ਬਣਤ ਆਪ ਬਣਾਇੰਦਾ । ਗ੍ਰਿਹ ਮੰਦਰ ਘਰ ਵਸਿਆ, ਪਾਇਆ ਪੁਰਖ ਅਪਾਰ । ਕੋਟਨ ਕੋਟ ਕਰੇ ਪਰਕਾਸ਼ ਰਵ ਸਸਿਆ, ਮੇਟ ਮਿਟਾਏ ਅੰਧ ਅੰਧਿਆਰ । ਮਿਟੇ ਰੈਣ ਅੰਧੇਰੀ ਮੱਸਿਆ, ਜੂਠਾ ਝੂਠਾ ਧੂੰਆਂਧਾਰ । ਤੀਰ ਨਿਰਾਲਾ ਏਕਾ ਕਸਿਆ, ਮਾਰਨਹਾਰਾ ਮਾਰੇ ਮਾਰ । ਜਨ ਭਗਤਾਂ ਰਾਹ ਏਕਾ ਦੱਸਿਆ, ਜਨ ਭਗਤਾਂ ਸਿੰਚੇ ਤਨ ਕਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਾਏ ਪਾਰ । ਗ੍ਰਿਹ ਮੰਦਰ ਹਰਿ ਸਚ ਟਿਕਾਣਾ, ਏਕਾ ਜੋਤ ਜਗਾਈਆ । ਏਕਾ ਸ਼ਬਦ ਇਕ ਬਿਬਾਣਾ, ਏਕਾ ਰਿਹਾ ਚੜ੍ਹਾਈਆ । ਏਕਾ ਗੁਰ ਏਕਾ ਚਰਨ ਇਕ ਧਿਆਨਾ, ਏਕਾ ਏਕ ਏਕ ਲਿਵ ਲਾਈਆ । ਏਕਾ ਬ੍ਰਹਮ ਪਾਰਬ੍ਰਹਮ ਮੇਲ ਮਿਲਾਨਾ, ਬ੍ਰਹਮ ਬ੍ਰਹਮ ਆਪ ਸਮਾਈਆ । ਰੂਪ ਰੰਗ ਨਾ ਕੋਇ ਵਖਾਨਾ, ਆਕਾਰ ਸਾਕਾਰ ਨਾ ਕੋਈ ਜਣਾਈਆ । ਨਾ ਕੋਈ ਬਸਤਰ ਤਨ ਪਹਿਰੇ ਬਾਣਾ, ਨਾ ਕੋਈ ਸ਼ਸਤਰ ਆਪ ਸਜਾਈਆ । ਨਾ ਕੋਈ ਗਾਏ ਰਸਨਾ ਗਾਣਾ, ਨਾ ਕੋਈ ਤਾਲ ਵਜਾਈਆ । ਨਾ ਕੋਈ ਦਿਸੇ ਸੰਗ ਮਰਦਾਨਾ, ਨਾ ਕੋਈ ਰਬਾਬ ਹਿਲਾਈਆ । ਇਕ ਇਕੱਲਾ ਸ੍ਰੀ ਭਗਵਾਨਾ, ਆਪ ਆਪਣੇ ਘਰ ਸੁਹਾਈਆ । ਜਨ ਭਗਤਾਂ ਦੇਵੇ ਧੁਰ ਫ਼ਰਮਾਣਾ, ਸ਼ਬਦੀ ਸ਼ਬਦ ਕਰੇ ਜਣਾਈਆ । ਖੇਲੇ ਖੇਲ ਦੋ ਜਹਾਨਾਂ, ਆਵਣ ਜਾਵਣ ਰਚਨ ਰਚਾਈਆ । ਆਪੇ ਹੋਇਆ ਮਿਹਰਵਾਨਾ, ਮਿਹਰਵਾਨ ਦਇਆ ਕਮਾਈਆ । ਕਲਜੁਗ ਮੇਟੇ ਝੂਠ ਨਿਸ਼ਾਨਾ, ਗੁਰ ਗੋਬਿੰਦਾ ਗਿਆ ਲਿਖਾਈਆ । ਵੇਦ ਵਿਆਸਾ ਵੇਖੇ ਮਾਰ ਧਿਆਨਾ, ਆਪ ਆਪਣਾ ਦਏ ਜਣਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਨੌਜਵਾਨਾ, ਹਰਿ ਸਾਚਾ ਦਏ ਜਗਾਈਆ । ਸੰਬਲ ਨਗਰੀ ਧਾਮ ਸੁਹਾਨਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਸਾਢੇ ਤਿੰਨ ਹੱਥ ਮੰਦਰ ਇਕ ਬਣਾਨਾ ਗੁਰ ਗੋਬਿੰਦ ਰਚਨ ਰਚਾਈਆ । ਅੰਮ੍ਰਿਤ ਆਤਮ ਦੇਵੇ ਪੀਣਾ ਖਾਣ, ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਬੈਠਾ ਸੇਜ ਵਿਛਾਈਆ । ਹਰਿ ਮੰਦਰ ਹਰਿ ਆਪ ਉਪਾਇਆ, ਆਪਣੀ ਦਇਆ ਕਮਾਈਆ । ਛੱਪਰ ਛੰਨ ਕੋਈ ਦਿਸ ਨਾ ਆਇਆ, ਚਾਰ ਦਿਵਾਰ ਨਾ ਕੋਈ ਜਣਾਈਆ । ਨਾ ਕੋਈ ਬਾਡੀ ਸੰਗ ਰਖਾਇਆ, ਨਾ ਕੋਈ ਵੇਖ ਵਖਾਈਆ । ਆਪ ਆਪਣਾ ਰੰਗ ਮਹੱਲ ਰਚਾਇਆ, ਥਿਰ ਘਰ ਇਕ ਸੁਹਾਈਆ । ਉਚ ਅਟੱਲ ਭੇਵ ਨਾ ਰਾਇਆ, ਹਰਿ ਬੈਠਾ ਬੇਪਰਵਾਹੀਆ । ਡਗਮਗ ਜੋਤੀ ਨੂਰ ਸਵਾਇਆ, ਨਿਰਮਲ ਆਕਾਰ ਇਕ ਵਖਾਈਆ । ਅਕਲ ਕਲਾ ਆਪ ਸਮਾਇਆ, ਭੇਵ ਨਾ ਜਾਣੇ ਰਾਈਆ । ਆਕਾਸ਼ ਪਤਾਲ ਕੋਈ ਦਿਸ ਨਾ ਆਇਆ, ਨਾ ਕੋਈ ਪੁਰੀਆਂ ਰਚਨ ਰਚਾਈਆ । ਬ੍ਰਹਮਾ ਵੇਦ ਨਾ ਕੋਈ ਅਲ੍ਹਾਇਆ, ਨਾ ਕੋਈ ਰਸਨਾ ਮੁਖ ਹਿਲਾਈਆ । ਵਿਸ਼ਨੂੰ ਵੰਸੀ ਨਾ ਕੋਈ ਬਣਾਇਆ, ਨਾ ਕੋਈ ਰਿਜਕ ਸਬਾਈਆ । ਸ਼ਿਵ ਸ਼ੰਕਰ ਨਾ ਬਾਸ਼ਕ ਤਸ਼ਕਾ ਗਲ ਲਟਕਾਇਆ, ਹੱਥ ਤ੍ਰਿਸੂਲ ਨਾ ਕੋਈ ਰਖਾਈਆ । ਰਾਮ ਰਘੁਵੰਸ ਨਾ ਕੋਈ ਜਣਾਇਆ, ਲੰਕਾ ਗੜ੍ਹ ਨਾ ਕੋਈ ਤੁੜਾਈਆ । ਕਾਹਨਾ ਕ੍ਰਿਸ਼ਨਾ ਨਾ ਕੋਈ ਰਖਾਇਆ, ਨਾ ਕੋਈ ਬਣੇ ਰਥ ਰਥਵਾਹੀਆ । ਵੇਦ ਵਿਆਸਾ ਨਾ ਕਵਾਰੀ ਜਾਇਆ, ਪੁਰਾਨ ਅਠਾਰਾਂ ਨਾ ਕੋਈ ਜਣਾਈਆ । ਗੀਤਾ ਗਿਆਨ ਨਾ ਕੋਈ ਦ੍ਰਿੜਾਇਆ, ਦੇ ਮਤ ਨਾ ਕੋਈ ਸਮਝਾਈਆ । ਈਸਾ ਮੂਸਾ ਨਾ ਕੋਈ ਜਣਾਇਆ, ਅੱਲਾ ਰਾਣੀ ਨਾ ਕਿਸੇ ਵਿਆਹੀਆ । ਅੰਜੀਲ ਕੁਰਾਨ ਭੇਵ ਨਾ ਪਾਇਆ, ਲੇਖਾ ਜਾਣੇ ਨਾ ਬੇਪਰਵਾਹੀਆ । ਨਾਨਕ ਅੰਗਦ ਨਾ ਅੰਗ ਲਗਾਇਆ, ਅਮਰੂ ਅਮਰਾਪਦ ਨਾ ਕੋਈ ਵਖਾਈਆ ।

ਰਾਮ ਦਾਸ ਨਾ ਕੋਈ ਸਹਾਇਆ, ਅਰਜਨ ਸ਼ਬਦ ਨਾ ਕੋਈ ਜਣਾਈਆ । ਗੁਰ ਗੋਬਿੰਦ ਨਾ ਤੇਗ ਉਠਾਇਆ, ਹਰਿਰਾਏ ਨਾ ਲੇਖ ਵਖਾਈਆ । ਹਰਿਕ੍ਰਿਸ਼ਨ ਨਾ ਮੋਏ ਜਵਾਇਆ, ਸੀਸ ਭੇਟ ਨਾ ਕੋਈ ਚੜ੍ਹਾਈਆ । ਗ੍ਰੰਥ ਪੰਥ ਨਾ ਵੇਖ ਵਖਾਇਆ, ਕਲਗੀ ਤੋੜਾ ਨਾ ਕੋਈ ਟਿਕਾਈਆ । ਘੋੜਾ ਜੋੜਾ ਨਾ ਕੋਈ ਰਖਾਇਆ, ਤਲਵਾਰ ਤੇਜ ਨਾ ਕੋਈ ਚਮਕਾਈਆ । ਜੋਤੀ ਜੋੜਾ ਪ੍ਰਭ ਆਪਣਾ ਆਪ ਉਪਾਇਆ, ਨਿਰਗੁਣ ਰੂਪ ਸਮਾਈਆ । ਆਪਣਾ ਖੇੜਾ ਆਪ ਵਸਾਇਆ, ਆਪੇ ਹੋਇਆ ਬੇਪਰਵਾਹੀਆ । ਏਕਾ ਬੇੜਾ ਆਪ ਚਲਾਇਆ, ਏਕਾ ਚੱਪੂ ਲਾਈਆ । ਆਪ ਆਪਣਾ ਨਾਉਂ ਧਰਾਇਆ, ਨਿਰੰਕਾਰ ਆਪ ਅਖਵਾਈਆ । ਨਰ ਨਿਰੰਕਾਰ ਡੰਕ ਰਿਹਾ ਵਜਾਇਆ, ਨਿਹਕਲੰਕ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਅੰਤ ਏਕਾ ਏਕ ਅਖਵਾਈਆ ।

## ❊ ੨੫ ਮੱਘਰ ੨੦੧੪ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹਿ ਪਿੰਡ ਸਦਾ ਸਿੰਘ ਵਾਲਾ ਜ਼ਿਲਾ ਫਿਰੋਜ਼ਪੁਰ ❊

ਹਰਿ ਸ਼ਬਦ ਹਰਿ ਰਾਗ, ਹਰਿ ਹਰਿ ਆਪ ਅਲ੍ਹਾਇਆ । ਆਪੇ ਸੋਇਆ ਆਪੇ ਗਿਆ ਜਾਗ, ਆਪ ਆਪਣੀ ਦਇਆ ਕਮਾਇਆ । ਆਪ ਆਪਣਾ ਬਣੇ ਕੰਤ ਸੁਹਾਗ, ਆਪ ਆਪਣੀ ਸੇਜ ਹੰਢਾਇਆ । ਆਪ ਆਪਣੇ ਅੰਗ ਸਾਚੇ ਲਾਗ, ਆਪ ਆਪਣਾ ਭੋਗ ਭੁਗਾਇਆ । ਆਪ ਆਪਣਾ ਜਗਾਏ ਇਕ ਚਿਰਾਗ, ਦੀਪਕ ਜੋਤ ਘਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ ।
ਆਪ ਆਪਣਾ ਬਲ ਧਾਰ, ਹਰਿ ਆਪਣੀ ਕਲ ਵਰਤਾਇੰਦਾ । ਅਛਲ ਅਛੱਲ ਖੇਲ ਅਪਰ ਅਪਾਰ, ਵਲ ਛਲ ਆਪ ਕਰਾਇੰਦਾ । ਸ਼ਬਦ ਸ਼ਬਦੀ ਕਰ ਪਿਆਰ, ਹਰਿ ਸ਼ਬਦੀ ਰਚਨ ਰਚਾਇੰਦਾ । ਆਦਿ ਜੁਗਾਦੀ ਬੰਨ੍ਹੇ ਧਾਰ, ਬ੍ਰਹਿਮਾਦੀ ਵੇਖ ਵਖਾਇੰਦਾ । ਧੁਨ ਅਨਾਦੀ ਅਪਰ ਅਪਾਰ, ਨਿਰਗੁਣ ਆਪ ਵਜਾਇੰਦਾ । ਬੋਧ ਅਗਾਧੀ ਸ਼ਬਦ ਅਧਾਰ, ਸ਼ਬਦੀ ਸ਼ਬਦ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਮੰਗਲ ਕਰਾਇੰਦਾ । ਮੰਗਲਾਚਾਰ ਹਰਿ ਨਿਰੰਕਾਰ, ਆਪਣਾ ਆਪ ਅਲ੍ਹਾਇਆ । ਵੇਦ ਕਿਤੇਬ ਨਾ ਪਾਇਣ ਸਾਰ, ਨਾ ਕੋਈ ਸਕੇ ਭੇਵ ਖੁਲ੍ਹਾਇਆ । ਰਸਨਾ ਜਿਹਵਾ ਨਾ ਸਕੇ ਕੋਈ ਉਚਾਰ, ਹਰਿ ਗੋਬਿੰਦ ਗੋਬਿੰਦ ਰੂਪ ਸਮਾਇਆ । ਅਲੱਖ ਅਭੇਵ ਆਪ ਨਿਰੰਕਾਰ, ਲੇਖਾ ਲੇਖ ਲਿਖ ਨਾ ਸਕੇ ਕੋਈ ਰਾਇਆ । ਆਪੇ ਹੋ ਪਰਤੱਖ ਵਿਚ ਸੰਸਾਰ, ਜੁਗ ਜੁਗ ਭੇਖੀ ਭੇਖ ਵਟਾਇਆ । ਭਗਤ ਸੁਹੇਲੇ ਲਏ ਰੱਖ, ਆਪ ਆਪਣੀ ਗੋਦ ਉਠਾਇਆ । ਲੱਖ ਚੁਰਾਸੀ ਵਿਚੋਂ ਕਰੇ ਵੱਖ, ਏਕਾ ਅੱਖਰ ਨਾਮ ਦ੍ਰਿੜਾਇਆ । ਨਾਮ ਵਸਤ ਕਿਸੇ ਨਾ ਮਿਲੇ ਹੱਟ, ਚੌਦਾਂ ਲੋਕ ਵੇਖ ਵਖਾਇਆ । ਖਾਲੀ ਦਿਸਣ ਤੀਰਥ ਤਟ ਅਠ ਸਠ, ਗੁਰ ਦਰ ਮੰਦਰ ਵੇਖ ਵਖਾਇਆ । ਸ਼ਿਵਦਵਾਲਾ ਵੇਖੇ ਮੱਠ, ਮੂਰਤ ਅਕਾਲ ਨਾ ਕੋਈ ਦਰਸਾਇਆ । ਸ਼ਬਦ ਗੁਰ ਲੋਆਂ ਪੁਰੀਆਂ ਬ੍ਰਹਿਮੰਡ ਵਰਭੰਡ ਜੇਰਜ ਅੰਡ ਰਿਹਾ ਨੱਠ, ਗਗਨ ਪਾਤਾਲਾਂ ਫੇਰਾ ਪਾਇਆ । ਤ੍ਰੈਗੁਣ ਮਾਇਆ ਤਪਿਆ ਮੱਠ, ਪੰਚ ਵਿਕਾਰਾ ਲੰਬੂ ਲਾਇਆ । ਸਾਧਾਂ ਸੰਤਾਂ ਜੀਵਾਂ ਜੰਤਾਂ ਏਕਾ ਹੱਟ, ਜਗਤ ਵਿਕਾਰ ਵਿਕਾਇਆ । ਮਾਇਆ ਰਾਣੀ ਕਰ ਇਕੱਠ, ਜਗਤ ਨਾਤਾ ਇਕ ਬੰਧਾਇਆ । ਕਾਇਆ ਰਾਣੀ ਬੁਰਜ ਲੱਖ ਚੁਰਾਸੀ ਜਾਣਾ ਢੱਠ, ਥਿਰ ਕੋਈ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਗੁਰ ਸ਼ਬਦੀ ਵੇਖ ਵਖਾਇਆ । ਸ਼ਬਦ ਗੁਰ ਸਚ ਸੁਹੇਲ, ਏਕਾ ਏਕ ਰਖਾਇਆ । ਆਪੇ ਵਸਿਆ ਜਲ ਥਲ ਹਰਿ, ਆਪੇ ਹਰ ਘਟ ਡੇਰਾ ਲਾਇਆ । ਆਪਣੇ ਦੀਪਕ ਜੋਤੀ ਆਪੇ ਬਲ, ਆਪ ਆਪਣਾ ਤੇਜ ਕਰਾਇਆ । ਆਪ ਆਪਣਾ ਲਏ ਮੱਲ, ਨਾ ਕੋਈ ਦੂਸਰ ਸੰਗ ਰਲਾਇਆ । ਆਪ ਆਪਣਾ ਫੜਿਆ ਪੱਲਾ, ਆਪ ਆਪਣਾ ਘਰ ਸੁਹਾਇਆ । ਆਪੇ ਵਸਿਆ ਨਿਹਚਲ ਧਾਮ ਅਟੱਲਾ, ਦਿਸ ਕਿਸੇ ਨਾ ਆਇਆ । ਜੋਤੀ ਸ਼ਬਦੀ ਹਰਿ ਹਰਿ ਰਲਾ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਉਪਾਇਆ । ਸ਼ਬਦ ਗੁਰ ਹਰਿ ਉਪਾ, ਆਪਣੀ ਦਇਆ ਕਮਾਈਆ । ਏਕਾ ਧੁਨ ਰਿਹਾ ਜਣਾ, ਨਾਦ ਅਨਾਦਾ ਆਪ ਵਜਾਈਆ । ਏਕਾ ਰਾਗ ਰਿਹਾ ਅਲ੍ਹਾ, ਰਾਗ ਰਾਗਨੀ ਭੇਵ ਨਾ ਰਾਈਆ । ਏਕਾ ਕੰਤ ਸੁਹਾਗ ਰਿਹਾ ਹੰਢਾ, ਪਤ ਪਤਵੰਤ ਆਪ ਹੋ ਜਾਈਆ । ਏਕਾ ਵੰਡਨ ਰਿਹਾ ਵੰਡਾ, ਬ੍ਰਹਿਮੰਡੀ ਵੰਡ ਵੰਡਾਈਆ । ਉਤਭੁਜ ਸੇਤਜ ਡੇਰਾ ਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਰੂਪ ਨਿਰਗੁਣ ਹਰਿ, ਨਿਰਗੁਣ ਰਚਨ ਰਚਾਈਆ । ਨਿਰਗੁਣ ਰੂਪ ਹਰਿ ਨਿਰੰਕਾਰਾ, ਏਕਾ ਏਕ ਅਖਵਾਇਆ । ਆਪ ਆਪਣਾ ਕਰ ਆਕਾਰਾ, ਆਪ ਆਪਣਾ ਵੇਖਣ ਆਇਆ । ਆਪ ਆਪਣਾ ਖੋਲ੍ਹ ਦਵਾਰਾ, ਆਪ ਆਪਣਾ ਆਸਣ ਲਾਇਆ । ਆਪੇ ਬਣ ਸੱਚੀ ਸਰਕਾਰਾ, ਸ਼ਾਹੋ ਭੂਪ ਆਪ ਅਖਵਾਇਆ । ਆਪੇ ਸ਼ਾਹੋ ਭੂਪ ਰਾਜ ਰਾਜਾਨ ਹੋਏ ਦਵਾਰਾ, ਆਪ ਆਪਣਾ ਤਾਜ ਸੀਸ ਟਿਕਾਇਆ । ਆਪੇ ਮੰਗੇ ਬਣ ਭਿਖਾਰਾ, ਆਪੇ ਭਿਛਿਆ ਝੋਲੀ ਪਾਇਆ । ਆਪ ਆਪਣਾ ਹਰਿ ਬਣ ਵਰਤਾਰਾ, ਆਪੇ ਭਰੇ ਭੰਡਾਰਾ, ਇਕ ਇਕੱਲਾ ਏਕੰਕਾਰਾ, ਖੇਲੇ ਖੇਲ ਅਪਰ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਦਏ ਉਤਾਰਾ । ਸ਼ਬਦ ਗੁਰ ਧਰ ਅਵਤਾਰ, ਆਪਣਾ ਆਪ ਵਿਚਾਰਿਆ । ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾ ਰਿਹਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇ ਮਤ ਆਪ ਸਮਝਾ ਰਿਹਾ । ਅੱਠੇ ਪਹਿਰ ਖ਼ਬਰਦਾਰ, ਏਕਾ ਤਤ ਵਖਾ ਰਿਹਾ । ਆਦਿ ਜੁਗਾਦੀ ਤੇਰੀ ਕਾਰ, ਤੇਰੀ ਧਾਰ ਬੰਨ੍ਹਾ ਰਿਹਾ । ਮਰੇ ਨਾ ਜੰਮੇ ਵਿਚ ਸੰਸਾਰ, ਮੜ੍ਹੀ ਗੋਰ ਨਾ ਕੋਈ ਦਬਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦੇਵੇ ਵਰ, ਸਾਚੀ ਦਾਤ ਝੋਲੀ ਪਾ ਰਿਹਾ । ਸਤਿਗੁਰ ਮਾਰ ਧਿਆਨ, ਨੇਤਰ ਨੈਣ ਉਘਾੜਿਆ । ਪੁਰਖ ਅਬਿਨਾਸ਼ੀ ਇਕ ਭਗਵਾਨ, ਵੇਖੇ ਸਚ ਅਖਾੜਿਆ । ਲੋਆਂ ਪੁਰੀਆਂ ਵੰਡ ਵੰਡਾਨ, ਆਪ ਆਪਣਾ ਆਪੇ ਪਾੜਿਆ । ਬ੍ਰਹਿਮੰਡ ਹਰਿ ਤੇਜ ਮਹਾਨ, ਏਕਾ ਏਕ ਵੰਡ ਵੰਡਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦੇਵੇ ਵਰ, ਵਰ ਦਾਤਾ ਆਪ ਅਖਵਾ ਰਿਹਾ । ਸਚ ਵਰ ਹਰਿ ਝੋਲੀ ਪਾ, ਸ਼ਬਦ ਗੁਰ ਉਠਾਇਆ । ਆਪ ਆਪਣਾ ਦਰ ਖੁਲ੍ਹਾ, ਆਪੇ ਬਾਹਰ ਕਰਾਇਆ । ਆਪਣੇ ਨੇਤਰ ਵੇਖ ਵਖਾ, ਵੇਖਣਹਾਰ ਆਪ ਅਖਵਾਇਆ । ਏਕਾ ਹੁਕਮ ਰਿਹਾ ਜਣਾ, ਆਦਿ ਸ਼ਕਤ ਜਣੇਂਦੀ ਮਾਇਆ । ਬ੍ਰਹਿਮੰਡਾਂ ਵਿਚ ਗਿਆ ਸਮਾ, ਦਿਸ ਕਿਸੇ ਨਾ ਆਇਆ । ਪਾਰ ਕੰਢਾ ਨਾ ਸਕੇ ਜਣਾ, ਗੁਰ ਪੀਰ ਅਵਤਾਰ ਸਾਧ ਸੰਤ ਜੀਵ ਜੰਤ ਨਾ ਕੋਈ ਸਕੇ ਲੇਖ ਲਿਖਾਇਆ । ਪੰਥ ਗ੍ਰੰਥ ਨਾ ਕੋਈ ਰਿਹਾ ਪੜ੍ਹਾ, ਵੇਦ ਪੁਰਾਨ ਨਾ ਕੋਈ ਰਿਹਾ ਅਲ੍ਹਾਇਆ । ਅੰਜੀਲ ਕੁਰਾਨ ਨਾ ਕੋਈ ਰਿਹਾ ਸੁਣਾ, ਅਹਿਨਲ ਹੱਕ ਅੱਨਾ ਹੂ ਕੋਈ ਨਾ ਨਾਅਰਾ ਲਾਇਆ । ਹੱਕ ਹਕੀਕਤ ਇਕ ਜਣਾ, ਏਕਾ ਰੂਪ ਸਮਾਇਆ । ਲਾਸ਼ਰੀਕ ਇਕ ਖ਼ੁਦਾ, ਪਰਵਰਦਿਗਾਰ ਆਪ ਅਖਵਾਇਆ ।



੧੦੭੨ ੦੬

ਜੋਤੀ ਨੂਰ ਦਏ ਜਗਾ, ਆਪ ਆਪਣੀ ਜੋਤ ਜਗਾਇਆ । ਸ਼ਬਦ ਸ਼ਬਦੀ ਆਪ ਰਿਹਾ ਉਪਾ, ਸ਼ਬਦੀ ਸ਼ਬਦ ਕਰੇ ਜਣਾਇਆ । ਲੋਕਮਾਤੀ ਦਏ ਟਿਕਾ, ਆਪ ਆਪਣਾ ਭੇਖ ਵਟਾਇਆ । ਪੰਜ ਤਤ ਤਨ ਚੋਲਾ ਪਾ, ਆਪ ਆਪਣੀ ਰਚਨ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਸ਼ਬਦ ਵਸਾਏ ਸਾਚਾ ਘਰ, ਸਚ ਟਿਕਾਣਾ ਇਕ ਰਖਾਇਆ । ਪੰਜ ਤਤ ਕਰ ਆਕਾਰ, ਪ੍ਰਭ ਆਪਣੇ ਹੱਥ ਰੱਖੀ ਵਡਿਆਈਆ । ਸ਼ਬਦ ਗੁਰ ਦੇਵੇ ਸਾਚੀ ਧਾਰ, ਮਨ ਮਤ ਬੁਧ ਨਾ ਚਲੇ ਕੋਈ ਚਤੁਰਾਈਆ । ਆਪੇ ਹੋਏ ਪਹਿਰੇਦਾਰ, ਅੱਠੇ ਪਹਿਰ ਸੇਵ ਕਮਾਈਆ । ਧੁਨ ਅਨਾਦੀ ਅਪਰ ਅਪਾਰ, ਕਾਇਆ ਮੰਦਰ ਅੰਦਰ ਆਪ ਸੁਣਾਈਆ । ਅਨਹਦ ਗਾਏ ਵਾਰੋ ਵਾਰ, ਪੰਚਮ ਰਹੇ ਸੇਵ ਕਮਾਈਆ । ਜਨ ਭਗਤਾਂ ਸੁਣਾਏ ਹਰਿਜਨ ਹੋਏ ਸੁਣਨੇਹਾਰ, ਬੰਦ ਕਿਵਾੜੀ ਕੁੰਡਾ ਲਾਹੀਆ । ਏਕਾ ਰੰਗ ਰੰਗਾਏ ਹਰਿ ਕਰਤਾਰ, ਏਕਾ ਦੂਜਾ ਭੌ ਚੁਕਾਈਆ । ਤੀਜਾ ਨੇਤਰ ਦਏ ਉਘਾੜ, ਆਪ ਆਪਣੀ ਅੱਖ ਖੁਲ੍ਹਾਈਆ । ਚੌਥੇ ਘਰ ਦੇਵੇ ਵਾੜ, ਹਰਿ ਪਰਤੱਖ ਦਰਸ ਰਘੁਰਾਈਆ । ਸਚ ਵਖਾਏ ਸਚ ਅਖਾੜ, ਸਾਚੀ ਧਾਰਾ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਮਾਤ ਧਰ, ਆਪ ਆਪਣੀ ਬੂਝ ਬੁਝਾਈਆ । ਗੁਰ ਸ਼ਬਦ ਜਗ ਲੈ ਅਵਤਾਰਾ, ਜੁਗ ਜੁਗ ਵੇਖ ਵਖਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਵੇ ਸਾਰਾ, ਆਵੇ ਜਾਵੇ ਵਾਰੋ ਵਾਰਿਆ । ਅਗੰਮ ਅਗੰਮ ਅਗੰਮ ਹਰਿ ਖੇਲ ਨਿਆਰਾ, ਅਲਖ ਅਲਖ ਅਲਖ ਇਕ ਜੈਕਾਰਿਆ । ਹੱਡ ਮਾਸ ਨਾੜੀ ਚੰਮ ਨਾ ਕੋਈ ਆਕਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲੇ ਖੇਲ ਹਰਿ ਸਾਚਾ ਖੇਲਣ ਹਾਰਿਆ । ਗੁਰ ਸ਼ਬਦ ਮਾਤ ਪਰਧਾਨ, ਵਡ ਵੱਡੀ ਵਡਿਆਈਆ । ਆਦਿਨ ਅੰਤਾ ਦੇਵੇ ਧੁਰ ਫ਼ਰਮਾਣ, ਏਕਾ ਸ਼ਬਦ ਜਣਾਈਆ । ਦਰ ਦਵਾਰੇ ਸਾਚੇ ਮੰਦਰ ਬਹਿ ਬਹਿ ਗਾਣ, ਸਾਚੀ ਸਖੀਆਂ ਮੰਗਲ ਗਾਈਆ । ਏਕਾ ਰਾਗ ਸੁਣਾਏ ਕਾਨ, ਧੁਨ ਅਨਾਦੀ ਆਪ ਵਜਾਈਆ । ਬ੍ਰਹਮਾ ਸ਼ਿਵ ਦੇਵਤ ਸੁਰ ਹੋਏ ਹੈਰਾਨ, ਵਿਸ਼ਨੂੰ ਬੰਸੀ ਬੈਠਾ ਸ਼ਰਮਾਈਆ । ਪੁਰਖ ਅਬਿਨਾਸ਼ੀ ਖੇਲੇ ਖੇਲ ਵਾਲੀ ਦੋ ਜਹਾਨ, ਜੁਗ ਜੁਗ ਖੇਲਣਹਾਰ ਆਪ ਅਖਵਾਈਆ । ਕਲਜੁਗ ਤੇਰੀ ਜੂਠ ਝੂਠ ਵੇਖ ਵਖਾਨ, ਚਾਰ ਕੁੰਟ ਪਈ ਦੁਹਾਈਆ । ਜੀਵ ਜੰਤ ਸਰਬ ਕੁਰਲਾਨ, ਧੀਰਜ ਧੀਰ ਨਾ ਕੋਈ ਧਰਾਈਆ । ਚਾਰ ਵਰਨ ਨਾ ਦੇਵੇ ਕੋਈ ਇਕ ਗਿਆਨ, ਜਗਤ ਵਿਦਿਆ ਮਾਤ ਪੜ੍ਹਾਈਆ । ਦਰ ਦਰ ਘਰ ਘਰ ਮੰਦਰ ਅੰਦਰ ਝੁਲਦੇ ਜਗਤ ਨਿਸ਼ਾਨ, ਸਚ ਨਿਸ਼ਾਨਾ ਨਾ ਕੋਈ ਝੁਲਾਈਆ । ਇਕ ਇਕੱਲਾ ਨਿਗਾਹਬਾਨ, ਨੌਂ ਖੰਡ ਪ੍ਰਿਥਮੀ ਵੇਖ ਵਖਾਈਆ । ਲੱਖ ਚੁਰਾਸੀ ਜੀਵ ਸ਼ੈਤਾਨ, ਮਾਇਆ ਮੋਹ ਕਰੀ ਕੁੜਮਾਈਆ । ਰਸਨਾ ਭੁੱਲਿਆ ਇਕ ਭਗਵਾਨ, ਭਗਤੀ ਭਗਤ ਨਾ ਕੋਈ ਕਮਾਈਆ । ਪੜ੍ਹ ਪੜ੍ਹ ਪੋਥੀਆਂ ਮੰਗਨ ਦਾਨ, ਲੋਕ ਲੱਜਿਆ ਮਾਤ ਤਜਾਈਆ । ਸੇਵਕ ਸੇਵਕ ਸੇਵਕ ਗੁਰਮੁਖ ਹੋਏ ਦਰ ਪਰਵਾਨ, ਜੋ ਆਪਣਾ ਆਪ ਭੇਟ ਚੜ੍ਹਾਈਆ । ਸਤਿਗੁਰ ਸ਼ਬਦ ਵਿਟਹੁ ਕੁਰਬਾਨ, ਆਪ ਆਪਾ ਘੋਲ ਘੁੰਮਾਈਆ । ਨਾਤਾ ਤੁੱਟੇ ਪੀਣ ਖਾਣ, ਸਤਿ ਸੰਤੋਖ ਸਮਾਈਆ । ਆਤਮ ਜੋਤੀ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸਚ ਦਵਾਰਾ ਏਕਾ ਪਾਣ, ਵਿਛੜ ਕਦੇ ਨਾ ਜਾਈਆ । ਦੀਪਕ ਜੋਤੀ ਜਗੇ ਮਹਾਨ, ਦਿਵਸ ਰੈਣ ਰਹੇ ਰੁਸ਼ਨਾਈਆ । ਮੁਖ ਛੁਪਾਇਨ ਕੋਟਨ ਕੋਟ ਰਵ ਸਸ ਭਾਨ, ਨੇਤਰ ਨੈਣ ਨਾ ਕੋਈ ਉਠਾਈਆ । ਰਾਗ ਛਤੀਸਾ ਹੋਏ ਹੈਰਾਨ, ਹਰਿ ਕਾ ਭੇਵ ਨਾ ਪਾਇਆ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਦੇਵੇ ਵਰ,

ਸਤਿਗੁਰ ਸਾਚਾ ਆਪ ਸਹਾਈਆ । ਸਤਿਗੁਰ ਸਾਚਾ ਦੀਨ ਦਿਆਲਾ, ਏਕਾ ਏਕ ਅਖਵਾਇਆ । ਗੋਬਿੰਦ ਹਰਿ ਗੋਪਾਲਾ, ਗੋਬਿੰਦ ਗੜ੍ਹ ਸੁਹਾਇਆ । ਜਨ ਭਗਤਾਂ ਸਦਾ ਸਦ ਕਰੇ ਪ੍ਰਿਤਪਾਲਾ, ਦਿਵਸ ਰੈਣ ਸੇਵ ਕਮਾਇਆ । ਫਲ ਲਗਾਏ ਕਾਇਆ ਡਾਲ੍ਹਾ, ਫਲ ਫੁਲਵਾੜੀ ਇਕ ਵਖਾਇਆ । ਏਕਾ ਸ਼ਬਦ ਵਜਾਏ ਸਾਚਾ ਤਾਲਾ, ਬਹੱਤਰ ਨਾੜੀ ਤਾਲ ਤਲਵਾੜਾ ਆਪ ਹਿਲਾਇਆ । ਜੋਤ ਪਰਗਟਾਏ ਹਰਿ ਕਾਲ ਅਕਾਲਾ, ਨੂਰ ਨੂਰੋ ਨੂਰ ਸਵਾਇਆ । ਕਾਇਆ ਮੰਦਰ ਅੰਦਰ ਬੈਠ ਸੱਚੀ ਧਰਮਸਾਲਾ, ਗੁਰਮੁਖ ਸਾਚੇ ਲਏ ਮਿਲਾਇਆ । ਸੁਰਤ ਸਵਾਣੀ ਹੋਏ ਹਾਲ ਬੇਹਾਲਾ, ਗੁਰ ਸ਼ਬਦੀ ਦਰਸ਼ਨ ਪਾਇਆ । ਗੁਰ ਸ਼ਬਦੀ ਹੋਏ ਆਪ ਰਖਵਾਲਾ, ਪੱਲਾ ਆਪਣਾ ਆਪ ਫੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਸਚ ਸਪੂਤਾ ਹਰਿ ਆਪਣਾ ਆਪ ਉਪਾਇਆ । ਆਪ ਵਖਾਣੇ ਚਾਰੇ ਕੂਟਾਂ, ਦਹਿ ਦਿਸ਼ਾ ਆਪ ਫਿਰਾਇਆ । ਆਪੇ ਦੇਵੇ ਆਪਣਾ ਹੁਲਾਰਾ ਦੋ ਜਹਾਨੀ ਝੂਟਾ, ਇਕ ਹੁਲਾਰ ਰਖਾਇਆ । ਆਪ ਆਪਣੇ ਉਪਰ ਆਪੇ ਤੁਠਾ, ਆਪ ਆਪਣੀ ਦਇਆ ਕਮਾਇਆ । ਕਲਜੁਗ ਤੇਰਾ ਮੇਟ ਮਿਟਾਏ ਪਸਾਰਾ ਝੂਠਾ, ਅੰਤ ਰਹਿਣ ਨਾ ਪਾਇਆ । ਮਨਮੁਖਾਂ ਹੱਥ ਫੜਾਏ ਖਾਲੀ ਠੂਠਾ, ਦਰ ਦਰ ਹੋਏ ਹਲਕਾਇਆ । ਭਗਤ ਭਗਵੰਤ ਹਰਿ ਸਾਜਨ ਸੰਤ ਗੁਰਮੁਖ ਸਾਚਾ ਜੁਗ ਜੁਗ ਰੁਠਾ, ਆਪੇ ਲਏ ਮਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਵੇਖ ਦਰ, ਹਰਿ ਸ਼ਬਦੀ ਡੰਕ ਵਜਾਇਆ । ਸ਼ਬਦ ਡੰਕਾ ਹਰਿ ਨਿਰੰਕਾਰ, ਏਕਾ ਏਕ ਵਜਾਇੰਦਾ । ਰਾਓ ਰੰਕਾਂ ਕਰੇ ਖ਼ਬਰਦਾਰ, ਸੋਇਆ ਕੋਈ ਰਹਿਣ ਨਾ ਪਾਇੰਦਾ । ਗੁਰਸਿਖ ਉਧਾਰੇ ਜਿਉਂ ਜਨ ਜਨਕਾ, ਆਪ ਆਪਣੀ ਬੂਝ ਬੁਝਾਇੰਦਾ । ਏਕਾ ਲਾਏ ਜੋਤੀ ਤਨਕਾ, ਤਨ ਮੰਦਰ ਵੇਖ ਵਖਾਇੰਦਾ । ਪਰਗਟ ਹੋ ਵਾਸੀ ਪੁਰੀ ਘਨਕਾ, ਅਕਲ ਕਲਾ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਰਿਹਾ ਚੜ੍ਹ, ਗੁਰ ਸ਼ਬਦੀ ਆਪ ਚੜ੍ਹਾਇੰਦਾ । ਸ਼ਬਦ ਗੁਰ ਕਰ ਤਿਆਰਾ, ਆਪ ਆਪਣਾ ਵੇਖ ਵਖਾਇੰਦਾ । ਆਪ ਆਪਣੀ ਬੰਨ੍ਹ ਦਸਤਾਰਾ, ਕਮਰ ਕਸਾ ਆਪ ਕਰਾਇੰਦਾ । ਆਪ ਆਪਣੇ ਅਸਵ ਕਰ ਅਸਵਾਰਾ, ਆਪ ਆਪਣਾ ਆਸਣ ਲਾਇੰਦਾ । ਆਪ ਟਪਾਏ ਲੋਆਂ ਪੁਰੀਆਂ ਚਾਰ ਦਿਵਾਰਾ, ਨਿਰਗੁਣ ਖੇਲ ਖਿਲਾਇੰਦਾ । ਸਚ ਦਵਾਰਿਉਂ ਆਏ ਬਾਹਰਾ, ਸਰਗੁਣ ਭੇਖ ਵਟਾਇੰਦਾ । ਸਰਗੁਣ ਜਾਣੇ ਸਾਚੀ ਧਾਰਾ, ਪੰਜ ਤਤ ਸਮਾਇੰਦਾ । ਪੰਜ ਤਤ ਹਰਿ ਕਰ ਪਿਆਰਾ, ਸ਼ਬਦ ਗੁਰ ਬਹਾਇੰਦਾ । ਸ਼ਬਦ ਗੁਰ ਫੜ ਤੇਜ ਕਟਾਰਾ, ਏਕਾ ਖੰਡਾ ਵਾਹਿੰਦਾ । ਲੱਖ ਚੁਰਾਸੀ ਜੀਵ ਜੰਤ ਤੇਰੀ ਪਾਵੇ ਸਾਰਾ, ਆਪ ਆਪਣਾ ਵੇਖ ਵਖਾਇੰਦਾ । ਜੁਗ ਜੁਗ ਬੰਨ੍ਹੇ ਮਾਤ ਧਾਰਾ, ਆਪ ਆਪਣੀ ਕਲ ਵਰਤਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਹਰਿ ਸਾਚਾ ਭੇਖ ਵਟਾਇੰਦਾ । ਸ਼ਬਦ ਗੁਰ ਖੇਲ ਅਪਾਰਾ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਨੂਰ ਕਰੇ ਚਮਤਕਾਰਾ, ਅਗਿਆਨ ਅੰਧੇਰ ਮਿਟਾਇੰਦਾ । ਆਪ ਆਪਣਾ ਕਰ ਪਸਾਰਾ, ਆਪੇ ਮੇਟ ਮਿਟਾਇੰਦਾ । ਆਪੇ ਹੋਏ ਜੀਆ ਅਧਾਰਾ, ਆਪੇ ਜੀਆ ਖ਼ਾਕ ਮਿਲਾਇੰਦਾ । ਆਪ ਦਿਸਾਏ ਲੋਕਮਾਤ ਤੇਰਾ ਘਰ ਬਾਹਰਾ, ਅੰਤਮ ਆਪੇ ਢਾਹਿੰਦਾ । ਆਪ ਕਰਾਏ ਲੱਖ ਚੁਰਾਸੀ ਤੇਰਾ ਪਸਰ ਪਸਾਰਾ, ਆਪੇ ਮੇਟ ਮਿਟਾਇੰਦਾ । ਆਪ ਬਹਾਏ ਬ੍ਰਹਮਾ ਵਿਸ਼ਨ ਸ਼ਿਵ ਦਰ ਦਵਾਰਾ, ਸਾਚੀ ਸੇਵਕ ਸੇਵਾ ਲਾਇੰਦਾ । ਆਪ ਕਰਾਏ ਆਪਣਾ ਪਾਰ ਕਿਨਾਰਾ, ਆਪ ਆਪਣੀ ਧਾਰ ਚਲਾਇੰਦਾ । ਆਪ ਆਪਣਾ ਲੈ ਅਵਤਾਰਾ, ਆਪ ਆਪਣਾ ਵੇਖ ਵਖਾਇੰਦਾ । ਗੁਰ ਸ਼ਬਦ ਹਰਿ ਕਰ ਤਿਆਰਾ, ਕਲਜੁਗ



੧੦੭੪
੦੬

ਅੰਤਮ ਝੋਲੀ ਪਾਇੰਦਾ । ਸਚ ਸੁੱਚ ਦਏ ਭੰਡਾਰਾ, ਸਤਿਜੁਗ ਸੰਗ ਰਲਾਇੰਦਾ । ਏਕਾ ਸ਼ਬਦ ਏਕਾ ਧੁਨ ਏਕਾ ਜੈ ਜੈ ਕਾਰਾ, ਨੌਂ ਸਤ ਆਪ ਕਰਾਇੰਦਾ । ਚਾਰ ਵਰਨ ਬਣੇ ਭਿਖਾਰਾ, ਆਪ ਆਪਣੀ ਭਿਛਿਆ ਪਾਇੰਦਾ । ਹਰਿਜਨ ਢਹਿ ਪਏ ਦਵਾਰਾ, ਪੂਰਨ ਇਛਿਆ ਆਪ ਕਰਾਇੰਦਾ । ਗੁਰਮੁਖ ਮੇਲਾ ਕੰਤ ਭਤਾਰਾ, ਸਾਚੀ ਨਾਰੀ ਆਪ ਸੁਹਾਇੰਦਾ । ਆਪੇ ਕਰੇ ਤਨ ਸ਼ਿੰਗਾਰਾ, ਸੋਲਾਂ ਸ਼ਿੰਗਾਰ ਰਖਾਇੰਦਾ । ਥਿਰ ਘਰ ਵਖਾਏ ਸੱਚਾ ਘਰ ਬਾਹਰਾ, ਛੱਪਰ ਛੰਨ ਨਾ ਕੋਈ ਰਖਾਇੰਦਾ । ਆਦਿ ਪੁਰਖ ਨਿਰੰਜਣ ਬੈਠਾ ਕਰ ਆਕਾਰਾ, ਆਪ ਆਪਣੀ ਜੋਤ ਜਗਾਇੰਦਾ । ਸ਼ਬਦ ਗੁਰ ਗੁਰ ਸ਼ਬਦ ਦੇਵੇ ਇਕ ਅਧਾਰਾ, ਆਪ ਆਪਣੀ ਝੋਲੀ ਪਾਇੰਦਾ । ਜੁਗ ਜੁਗ ਖੇਲ ਖੇਲਣਹਾਰਾ, ਕਰਤਾ ਪੁਰਖ ਆਪ ਅਖਵਾਇੰਦਾ । ਕਲਜੁਗ ਤੇਰੀ ਅੰਤਮ ਵਾਰਾ, ਖੁਲ੍ਹੇ ਕੇਸ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਨਿਹਕਲੰਕ ਸ਼ਬਦ ਗੁਰ ਦਾਤਾ, ਪੰਜ ਤਤ ਪਸਾਰਿਆ । ਮੇਟ ਮਿਟਾਏ ਜ਼ਾਤਾਂ ਪਾਤਾਂ, ਊਚਾਂ ਨੀਚਾਂ ਭੇਵ ਚੁਕਾ ਰਿਹਾ । ਚਾਰ ਵਰਨ ਬਣਾਏ ਇਕ ਭਰਾਤਾ, ਏਕਾ ਮਾਰਗ ਲਾ ਰਿਹਾ । ਕਲਜੁਗ ਮਿਟੇ ਰੈਣ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚੜ੍ਹਾ ਰਿਹਾ । ਨਾਰ ਦੁਹਾਗਣ ਦਿਸੇ ਨਾ ਕੋਈ ਕਮਜ਼ਾਤਾ, ਕੰਤ ਸੁਹਾਗਾ ਇਕ ਵਖਾ ਰਿਹਾ । ਇਕ ਇਕੱਲਾ ਬੈਠ ਇਕਾਂਤਾ, ਆਪ ਆਪਣੀ ਰਚਨ ਰਚਾ ਰਿਹਾ । ਆਪੇ ਹੋਇਆ ਕਮਲਾਪਾਤਾ, ਪਤਿਪਰਮੇਸ਼ਵਰ ਰੂਪ ਵਟਾ ਰਿਹਾ । ਸ੍ਰਿਸ਼ਟ ਸਬਾਈ ਆਪੇ ਹੋਏ ਪਿਤਾ ਮਾਤਾ, ਆਪ ਆਪਣੀ ਗੋਦ ਉਠਾ ਰਿਹਾ । ਗੁਰਮੁਖ ਤੇਰੀ ਉਤਮ ਜ਼ਾਤਾ, ਜ਼ਾਤ ਅਜ਼ਾਤੀ ਨਾ ਕੋਈ ਜਣਾ ਰਿਹਾ । ਹਰਿ ਚਰਨ ਦਵਾਰੇ ਆਤਮ ਅੰਮ੍ਰਿਤ ਪੀਏ ਬੂੰਦ ਸਵਾਂਤਾ, ਹਉਮੇ ਰੋਗ ਗਵਾ ਰਿਹਾ । ਦਰਸ ਦਿਖਾਏ ਬਹੁ ਬਹੁ ਭਾਂਤਾ, ਸਵੱਛ ਸਰੂਪ ਆਪਣਾ ਆਪ ਪਰਗਟਾ ਰਿਹਾ । ਦੋ ਜਹਾਨੀ ਪੁੱਛੇ ਵਾਤਾ, ਜਿਸ ਜਨ ਆਪਣਾ ਲੜ ਫੜਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਵਸਾਇਆ ਘਰ, ਲੋਕਮਾਤ ਇਕ ਵਸਾ ਲਿਆ । ਸਤਿਗੁਰ ਸ਼ਬਦ ਘਰ ਬਣਾ, ਆਪਣਾ ਆਪ ਉਪਾਇਆ । ਦੀਪਕ ਜੋਤੀ ਇਕ ਟਿਕਾ, ਆਕਾਸ਼ ਪਰਕਾਸ਼ ਵਖਾਇਆ । ਹਰਿ ਗੋਬਿੰਦ ਗੋਬਿੰਦ ਵਿਚ ਸਮਾ, ਹਰਿ ਹਰਿ ਰੂਪ ਅਖਵਾਇਆ । ਆਪ ਆਪਣੀ ਬਿੰਦ ਉਪਾ, ਨਾਦੀ ਸੁਤ ਉਪਜਾਇਆ । ਸਗਲੀ ਚਿੰਦਾ ਦਏ ਮਿਟਾ, ਭਰਮ ਗੜ੍ਹ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਲੋਕਮਾਤ ਧਰ, ਗੁਰ ਮੰਤਰ ਇਕ ਜਣਾਇਆ । ਗੁਰ ਮੰਤਰ ਹਰਿ ਨਾਮ ਦ੍ਰਿੜਾ, ਹਰਿ ਨਾਮੇ ਵੱਜੀ ਵਧਾਈਆ । ਸਤਿਜੁਗ ਸਾਚਾ ਮਾਰਗ ਲਾ, ਸਤਿ ਪੁਰਖਾ ਕਰੇ ਪੜ੍ਹਾਈਆ । ਸਾਚਾ ਲੇਖਾ ਆਪ ਲਿਖਾ, ਜਗ ਲੇਖਾ ਦਏ ਮਿਟਾਈਆ । ਧਾਰੀ ਕੇਸਾ ਲਏ ਬਚਾ, ਜੋ ਜਨ ਆਏ ਸਰਨਾਈਆ । ਮੂੰਡ ਮੁੰਡਾਏ ਗਲੇ ਲਗਾ, ਦੇ ਮਤ ਆਪ ਸਮਝਾਈਆ । ਮਨਮੁਖ ਜੀਵ ਦਏ ਖਪਾ, ਕਲਜੁਗ ਅੰਤਮ ਦਏ ਦੁਹਾਈਆ । ਚਾਰ ਯਾਰ ਰਹੇ ਕੁਰਲਾ, ਸੰਗ ਮੁਹੰਮਦ ਨੀਰ ਵਹਾਈਆ । ਅੱਲਾ ਰਾਣੀ ਪੱਲਾ ਪਾ, ਮੁਖ ਨੈਣ ਰਹੀ ਸ਼ਰਮਾਈਆ । ਪੁਰਖ ਅਬਿਨਾਸ਼ੀ ਦਇਆ ਕਮਾ, ਦੋਏ ਬੈਠੀ ਸੀਸ ਝੁਕਾਈਆ । ਚੌਦਾਂ ਤਬਕਾਂ ਕਰੇ ਨਿਕਾਹ, ਏਕਾ ਏਕ ਕੁੜਮਾਈਆ । ਵੇਲੇ ਅੰਤ ਨਾ ਫੜੇ ਕੋਈ ਬਾਂਹ, ਹਰਿ ਸਾਚਾ ਦਏ ਸਜ਼ਾਈਆ । ਨਾ ਕੋਈ ਪਿਤਾ ਨਾ ਕੋਈ ਮਾਂ, ਨਾ ਕੋਈ ਭੈਣ ਭਰਾਤਾ ਸੰਗ ਨਿਭਾਈਆ । ਅੰਤ ਨਬੀ ਰਸੂਲਾਂ ਨਾ ਮਿਲਣਾ ਕੋਈ ਥਾਂ, ਕਾਗ ਵਾਂਗ ਰਹੀ ਕੁਰਲਾਈਆ । ਚੌਦਾਂ ਚੌਦਾਂ ਲੇਖਾ ਰਿਹਾ ਮੁਕਾ, ਮੁਹੰਮਦ ਭਿਛਿਆ ਝੋਲੀ ਪਾਈਆ । ਕਲਜੁਗ ਰੋਵੇ ਮਾਰੇ ਧਾਹ, ਆਪ ਆਪਣੀ ਬਾਂਹ ਉਠਾਈਆ । ਜੂਠ ਝੂਠ

੧੦੭੫
੦੬

ਕਿਰਿਆ ਕਰਮ ਪੰਜ ਤਤ ਕਰ ਗਏ ਨਾਂਹ, ਨਾ ਕੋਈ ਪੱਲਾ ਇਕ ਫੜਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਂ ਥਾਂ, ਮਾਇਆ ਰਾਣੀ ਪਈ ਲੜਾਈਆ । ਸਚ ਦਵਾਰੇ ਉਡਦੇ ਕਾਂ, ਸਚ ਵਸਤ ਨਾ ਕੋਈ ਦਿਸਾਈਆ । ਪਾਰਬ੍ਰਹਮ ਅਬਿਨਾਸ਼ੀ ਕਰਤੇ ਦਰ ਦਰ ਵੇਚਣ ਨਾਂ, ਤੇਰਾ ਅੰਤਮ ਮੁੱਲ ਪਵਾਈਆ । ਨਿਥਾਵਿਆਂ ਮਿਲੇ ਨਾ ਕੋਈ ਥਾਂ, ਜੋ ਜਨ ਗੁਰ ਸ਼ਬਦ ਹੱਟੋ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਲਜੁਗ ਦੇਵੇ ਮਾਤ ਵਡਿਆਈਆ । ਕਲਜੁਗ ਸਿਰ ਪ੍ਰਭ ਹੱਥ ਰੱਖ, ਆਪਣੀ ਦਇਆ ਕਮਾਇਆ । ਸੰਮਤ ਚੌਦਾਂ ਹੋ ਪਰਤੱਖ, ਚਾਰੋਂ ਕੁੰਟ ਵੇਖ ਵਖਾਇਆ । ਲੱਖ ਚੁਰਾਸੀ ਕਾਇਆ ਫੋਲੀ ਕੱਖ, ਤ੍ਰੈਗੁਣ ਮਾਇਆ ਸੰਗ ਰਲਾਇਆ । ਪੰਜ ਵਿਕਾਰਾ ਕਰ ਵੱਖ, ਤੇਰਾ ਵੇਲਾ ਅੰਤਮ ਆਇਆ । ਚਾਰੋਂ ਕੁੰਟ ਲੌਂਦੇ ਭੱਖ, ਅੰਮ੍ਰਿਤ ਮੇਘ ਨਾ ਕੋਈ ਬਰਸਾਇਆ । ਗੁਰਮੁਖ ਸਾਜਣ ਲਏ ਰੱਖ, ਜੋ ਹਰਿਜਨ ਰਹੇ ਧਿਆਇਆ । ਨੌਂ ਖੰਡ ਪ੍ਰਿਥਮੀ ਕਰੇ ਸੱਖ, ਦਰ ਦਵਾਰ ਫੇਰੀ ਪਾਇਆ । ਨਾ ਕੋਈ ਦਿਸੇ ਕਰੋੜੀ ਲੱਖ, ਸ਼ਾਹ ਸੁਲਤਾਨ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਵਸਾਏ ਇਕ ਘਰ, ਏਕਾ ਝੰਡਾ ਨਾਮ ਝੁਲਾਇਆ । ਕਲਜੁਗ ਉਠ ਬਲ ਧਾਰ, ਆਪ ਆਪਣੀ ਲਏ ਅੰਗੜਾਈਆ । ਚਾਰੋਂ ਕੁੰਟ ਜਾਏ ਵਾਰੋ ਵਾਰ, ਮਨਮੁਖ ਜੀਵਾਂ ਰਿਹਾ ਜਗਾਈਆ । ਬੁੱਧੀ ਬੁਧ ਨਾ ਪਾਵੇ ਕੋਈ ਸਾਰ, ਮਨ ਮਤ ਚਲੀ ਚਤੁਰਾਈਆ । ਜੂਠ ਝੂਠ ਕਰ ਸ਼ਿੰਗਾਰ, ਕੂੜ ਕੁੜਿਆਰਾ ਮੰਡੀ ਲਾਈਆ । ਨੇਤਰ ਨੈਣ ਕੱਜਲ ਪਾਇਆ ਮਾਇਆ ਮੋਹ ਪਿਆਰ, ਕਾਮ ਕਰੋਧ ਧਾਰ ਬੰਧਾਈਆ । ਸੀਸ ਪੱਟੀ ਰਿਹਾ ਸ਼ਿੰਗਾਰ, ਜਗਤ ਵਿਕਾਰਾ ਸੀਸ ਟਿਕਾਈਆ । ਆਪੇ ਵੇਖੇ ਹੋ ਤਿਆਰ, ਮਨਮੁਖ ਨਾਰੀ ਝੂਠ ਯਾਰੀ ਅੰਤਮ ਲਏ ਪਰਨਾਈਆ । ਪੰਚ ਵਿਕਾਰਾ ਉਠ ਉਠ ਜਾਗੇ, ਕਲਜੁਗ ਅੰਤ ਜਗਾਇਆ । ਦਰ ਦਰ ਘਰ ਘਰ ਲਾਏ ਆਗੇ, ਨਾਤਾ ਮੋਹ ਤੁੜਾਇਆ । ਹੰਸ ਬਣਾਏ ਜੀਵ ਕਾਗੇ, ਮਦਿਰਾ ਮਾਸ ਵਿਸ਼ਟਾ ਮੁਖ ਰਖਾਇਆ । ਮਿਲਿਆ ਮੇਲ ਨਾ ਹਰਿ ਸਰਬਗ ਸਰਬਾਗੇ, ਅਲਪਗ ਜੀਵ ਨਾ ਕੋਇ ਤਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦਿਤਾ ਵਰ, ਕਲਜੁਗ ਅੰਤਮ ਵੇਖ ਘਰ, ਸਤਿਜੁਗ ਸਾਚਾ ਵੇਖ ਵਖਾਇਆ । ਨਮੋ ਦੇਵ ਸ਼ਬਦ ਗੁਰ ਮੰਤਰਾ, ਪਾਰਬ੍ਰਹਮ ਸਰਨਾਈਆ । ਆਪ ਜਣਾਏ ਜੁਗਾ ਜੁਗੰਤਰਾ, ਹਰਿ ਜੁਗ ਜੁਗ ਪੈਜ ਰਖਾਈਆ । ਆਪ ਕਰਾਏ ਆਤਮ ਅੰਤਰਾ, ਅੰਤਰ ਬੂਝ ਬੁਝਾਈਆ । ਹਰਿ ਨਾਮ ਜਣਾਈ ਸਾਚੇ ਧਾਮ ਸੁਹੰਤਰਾ, ਅਟੱਲ ਮਹੱਲ ਸੁਹਾਈਆ । ਵੇਖ ਵਖਾਏ ਗਗਨ ਗਗਨੰਤਰਾ, ਆਕਾਸ਼ ਪਰਕਾਸ਼ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਾਈਆ । ਨਾਮ ਮੰਤਰ ਸਚ ਸਰਦੂਲ, ਸਚ ਸਚ ਸਮਾਇਆ । ਆਪੇ ਫਲਿਆ ਆਪੇ ਗਿਆ ਫੂਲ, ਆਪ ਆਪਣੀ ਫਲ ਫੁਲਵਾੜੀ ਵੇਖ ਵਖਾਇਆ । ਆਪ ਆਪਣਾ ਰਿਹਾ ਹੁਲਾਰਾ ਝੂਲ, ਆਪ ਆਪਣਾ ਦਏ ਹਿਲਾਇਆ । ਆਪ ਹੋਏ ਕੰਤ ਕੰਤੂਹਲ, ਕਰਤਾ ਕਰਨਹਾਰ ਆਪ ਅਖਵਾਇਆ । ਆਪ ਚੁਕਾਏ ਆਪਣਾ ਮੂਲ, ਜੁਗ ਜੁਗ ਦੇਂਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਸਾਚਾ ਨਾਉਂ ਇਕ ਗਿਆਨ ਦ੍ਰਿੜਾਇਆ । ਨਾਮ ਗਿਆਨ ਸ਼ਬਦ ਗੁਰਦੇਵ, ਏਕਾ ਏਕ ਬੁਝਾਈਆ । ਪਾਰਬ੍ਰਹਮ ਪ੍ਰਭ ਸਾਚੀ ਸੇਵ, ਬਿਰਥਾ ਕਦੇ ਨਾ ਜਾਈਆ । ਦਾਤਾ ਦਾਨੀ ਅਲਖ ਨਿਰੰਜਣ ਅਲੱਖ ਅਭੇਵ, ਅਲਖ ਅਲਖ ਆਪ ਅਖਵਾਈਆ । ਗਾ ਨਾ ਸਕੇ ਕੋਈ ਰਸਨਾ ਜਿਹਵ, ਗੁਣ

ਵਿਦਿਆ ਨਾ ਕੋਈ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸ਼ਬਦ ਚਲਾਈਆ । ਸ਼ਬਦ ਗੁਰ ਸੱਜਣ ਜਗ ਮੀਤਾ, ਏਕਾ ਏਕ ਉਪਾਇਆ । ਜੁਗ ਜੁਗ ਚਲੇ ਅਵੱਲੜੀ ਰੀਤਾ, ਆਪ ਆਪਣਾ ਭੇਖ ਵਟਾਇਆ । ਨਾ ਕੋਈ ਜਾਣੇ ਜਣਾਏ ਦਿਹੁਰਾ ਮੰਦਰ ਮਸੀਤਾ, ਗੁਰਦਵਾਰਾ ਨਾ ਕੋਈ ਰਖਾਇਆ । ਬੈਠਾ ਰਹੇ ਇਕ ਅਤੀਤਾ, ਆਪ ਆਪਣਾ ਧਾਮ ਸੁਹਾਇਆ । ਆਪੇ ਹੋਏ ਪਤਤ ਪੁਨੀਤਾ, ਪਤਤ ਪਵਨ ਹਰਿ ਰਘੁਰਾਇਆ । ਆਪੇ ਮਰਿਆ ਆਪੇ ਜੀਤਾ, ਜੀਵਣ ਮੁਕਤ ਆਪ ਅਖਵਾਇਆ । ਆਪੇ ਰਾਮਾ ਆਪੇ ਸੀਤਾ, ਆਪੇ ਲੰਕਾ ਗੜ੍ਹ ਤੁੜਾਇਆ । ਆਪੇ ਕ੍ਰਿਸ਼ਨਾ ਹੋਏ ਨਾਮ ਅਨਡੀਠਾ, ਆਪੇ ਅਰਜਨ ਰਥ ਚਲਾਇਆ । ਆਪੇ ਨਾਨਕ ਨਾਮ ਨਿਧਾਨ ਪੀਤਾ, ਆਪ ਆਪਣੇ ਵਿਚ ਸਮਾਇਆ । ਆਪੇ ਗੁਰ ਗੋਬਿੰਦ ਜੀਤਾ, ਪੂਤ ਸਪੂਤਾ ਆਪ ਅਖਵਾਇਆ । ਆਪੇ ਜਾਣੇ ਆਪਣੀ ਰੀਤਾ, ਜੁਗ ਜੁਗ ਕਰਦਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸ਼ਬਦ ਇਕ ਗਿਆਨ, ਇਕ ਧਿਆਨ ਏਕਾ ਏਕ ਵਖਾਇਆ । ਨਾਮ ਰੂਪ ਹਰਿ ਨਰਾਇਣ, ਰੂਪ ਰੰਗ ਨਾ ਰੇਖਿਆ । ਰਸਨਾ ਕਿਸੇ ਨਾ ਸਕੇ ਕਹਿਣ, ਹਰਿ ਭੇਖਾਧਾਰੀ ਵਡ ਵਡ ਭੇਖਿਆ । ਦਿਸ ਨਾ ਆਏ ਕਿਸੇ ਨੈਣ, ਨਾ ਕੋਈ ਸਕੇ ਮੁਖ ਵੇਖਿਆ । ਜੋਤੀ ਸ਼ਬਦੀ ਧਾਮ ਇਕੱਠੇ ਏਕਾ ਰਹਿਣ, ਭੇਵ ਨਾ ਪਾਏ ਬ੍ਰਹਮਾ ਵੇਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਆਪੇ ਵੇਖਿਆ । ਸ਼ਬਦ ਨਾਮ ਹਰਿ ਨੇਤਰ ਪੇਖ, ਨਿਰਗੁਣ ਵੇਖ ਵਖਾਈਆ । ਨਾ ਕੋਈ ਰੂਪ ਨਾ ਕੋਈ ਰੇਖ, ਨਾ ਕੋਈ ਬਣਤ ਬਣਾਈਆ । ਨਾ ਕੋਈ ਜਾਣੇ ਕਰੇ ਕਰਾਏ ਵੇਸ, ਦਰ ਦਰਵੇਸ਼ੀ ਨਾ ਕੋਈ ਜਣਾਈਆ । ਨਾ ਕੋਈ ਜਾਣੇ ਰਿਖੀ ਕੇਸ਼, ਨਾ ਗਵਰਧਨ ਰੂਪ ਵਟਾਈਆ । ਦਿਸ ਨਾ ਆਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਕਰੋੜ ਤੇਤੀਸਾ ਸੁਰਪਤ ਰਾਜਾ ਸਾਰ ਨਾ ਪਾਈਆ । ਆਦਿ ਜੁਗਾਦਿ ਜੁਗਾ ਜੁਗੰਤ ਹਰਿ ਸ਼ਬਦ ਰਹੇ ਹਮੇਸ਼, ਆਪਣੀ ਰਚਨਾ ਆਪ ਰਚਾਈਆ । ਆਪੇ ਨਾਨਕ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਆਪੇ ਸ਼ਾਹ ਸੁਲਤਾਨ ਹਰਿ ਨਰ ਨਰੇਸ਼, ਸਚ ਸਿੰਘਾਸਣ ਆਸਣ ਲਾਈਆ । ਆਪ ਆਪਣਾ ਆਪੇ ਵੇਖ, ਆਪੇ ਜਾਣੇ ਆਪਣੀ ਵਡਿਆਈਆ । ਸ਼ਬਦ ਨਾਮ ਜਗਤ ਜਗ ਮੰਤਰ ਲਿਖਿਆ ਲੇਖ, ਲੋਕਮਾਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਆਪਣੀ ਪੈਜ ਆਪ ਰਖਾਈਆ । ਜੁਗ ਜੁਗ ਆਪਣਾ ਨਾਮ ਉਪਾ, ਆਪਣੀ ਕਲ ਵਰਤਾਇੰਦਾ । ਸਤਿਜੁਗ ਸਾਚਾ ਲਏ ਜਗਾ, ਅੰਤਰ ਮੇਟ ਮਿਟਾਇੰਦਾ । ਤ੍ਰੇਤਾ ਦੇਵੇ ਸਾਚਾ ਥਾਂ, ਥਿਰ ਰਹਿਣ ਕੋਇ ਨਾ ਪਾਇੰਦਾ । ਦੁਆਪਰ ਮਾਤ ਰਖਾਇਆ ਨਾਂ, ਅੰਤ ਨਿਸ਼ਾਨ ਮਿਟਾਇੰਦਾ । ਕਲਜੁਗ ਸਾਚੇ ਪਕੜੀ ਬਾਂਹ, ਧਰਤ ਮਾਤ ਗੋਦ ਬਿਠਾਇੰਦਾ । ਆਪ ਆਪਣਾ ਭੇਖ ਵਟਾ, ਆਪਣੀ ਕਲ ਵਰਤਾਇੰਦਾ । ਈਸਾ ਮੂਸਾ ਜੋਤ ਜਗਾ, ਸੰਗ ਮੁਹੰਮਦ ਨਾਲ ਰਲਾਇੰਦਾ । ਆਪ ਆਪਣੇ ਰਾਹੇ ਪਾ, ਅਹਿਨਲ ਹੱਕ ਨਾਅਰਾ ਲਾਇੰਦਾ । ਖ਼ੁਦੀ ਖ਼ੁਦਾਏ ਦਏ ਵਸਾ, ਖ਼ੁਦ ਖ਼ੁਦਾਏ ਦਇਆ ਕਮਾਇੰਦਾ । ਬੇਐਬ ਪਰਵਰਦਿਗਾਰ ਹਰਿ ਬੇਪਰਵਾਹ, ਆਪ ਆਪਣਾ ਰੂਪ ਵਟਾਇੰਦਾ । ਪੀਰ ਫ਼ਕੀਰ ਸ਼ਾਹ ਹਕੀਰ ਦਸਤਗੀਰ ਆਪ ਆਪਣੇ ਧੰਦੇ ਲਾ, ਆਪ ਆਪਣਾ ਮਾਰਗ ਲਾਇੰਦਾ । ਕੁਰਾਨ ਇਕ ਹਦੀਸਾ ਇਕ ਸੁਣਾ, ਤੀਸ ਬਤੀਸਾ ਸੰਗ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਏਕਾ ਗੁਰਮੰਤਰ ਜੁਗ ਜੁਗ ਆਪ ਜਪਾਇੰਦਾ । ਜੁਗ ਜੁਗ ਨਾਮ ਜੀਆ ਦਾਨ, ਦੇਵਣਹਾਰਾ ਏਕ ਏਕ ਓਅੰਕਾਰਾ । ਸਤਿਜੁਗ

ਭਰੇ ਸਤਿ ਭੰਡਾਰਾ । ਹਰਿ ਬਣੇ ਆਪ ਵਰਤਾਰਾ । ਤ੍ਰੇਤਾ ਤੇਰਾ ਧਾਰ ਕਿਨਾਰਾ । ਰਾਮ ਰਾਮਾ ਹੋਏ ਸਹਾਰਾ । ਦੁਆਪਰ ਤੇਰਾ ਕਰਮ ਵਿਚਾਰਾ । ਕਾਹਨਾ ਕ੍ਰਿਸ਼ਨਾ ਮੀਤ ਮੁਰਾਰਾ । ਵੇਦ ਵਿਆਸਾ ਬਣ ਲਿਖਾਰਾ । ਪੁਰਾਨ ਅਠਾਰਾਂ ਬੰਨ੍ਹੇ ਧਾਰਾ । ਅਰਜਨ ਤੇਰਾ ਇਕ ਪਿਆਰਾ । ਅਠਾਰਾਂ ਧਿਆਏ ਗੀਤਾ ਨਾਅਰਾ । ਕਲਜੁਗ ਤੇਰਾ ਵੇਖ ਪਸਾਰਾ । ਗੁਰ ਨਾਨਕ ਲਏ ਅਵਤਾਰਾ । ਮੰਗੇ ਮੰਗ ਪ੍ਰਭ ਚਰਨ ਦਵਾਰਾ । ਨੇਤਰ ਰੋਵੇ ਜ਼ਾਰੋ ਜ਼ਾਰਾ । ਪੁਰਖ ਅਬਿਨਾਸ਼ੀ ਕਰਤਾ ਆਦਿ ਸ਼ਕਤ ਆਦਿ ਨਿਰੰਜਣ ਅਕਾਲ ਪੁਰਖ ਪਾਵੇ ਸਾਰਾ, ਦੇਵੇ ਨਾਮ ਅਧਾਰਾ । ਸਤਿਨਾਮ ਨਮੋ ਗੁਰ ਮੰਤਰ, ਏਕਾ ਸ਼ਬਦ ਉਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਵੇਸ ਆਪ ਕਰ, ਕਰਾਏ ਨਾਮ ਸੱਚੀ ਜੈਕਾਰਾ । ਨਾਨਕ ਗੁਰ ਦਰ ਦਵਾਰ, ਹਰਿ ਸਾਚਾ ਵੇਖ ਵਖਾਈਆ । ਰੂਪ ਅਗੰਮ ਅਗੰਮ ਅਪਾਰ, ਨਿਰਮਲ ਜੋਤ ਕਰੇ ਰੁਸ਼ਨਾਈਆ । ਨਾ ਕੋਈ ਮੰਦਰ ਚਾਰ ਦਿਵਾਰ, ਗ੍ਰੰਥ ਪੰਥ ਨਾ ਕੋਈ ਪੜ੍ਹਾਈਆ । ਨਾ ਕੋਈ ਵਿਦਿਆ ਰਿਹਾ ਵਿਚਾਰ, ਨਾ ਕੋਈ ਅੱਖਰ ਲੇਖ ਲਿਖਾਈਆ । ਬ੍ਰਹਮਾ ਸ਼ਿਵ ਨਾ ਦਿਸੇ ਕੋਈ ਪਸਾਰ, ਨਾ ਕੋਈ ਸੰਗ ਰਖਾਈਆ । ਇਕ ਕਬੀਰਾ ਕਰੇ ਨਿਮਸਕਾਰ, ਦੋਏ ਬੈਠਾ ਸੀਸ ਝੁਕਾਈਆ । ਨਿਰਗੁਣ ਨਿਰਗੁਣ ਪਾਵੇ ਸਾਰ, ਨਿਰਗੁਣ ਧਾਮ ਸੁਹਾਈਆ । ਇਕ ਇਕੱਲਾ ਏਕੰਕਾਰ, ਸਚ ਘਰ ਬੈਠਾ ਆਸਣ ਲਾਈਆ । ਆਪ ਆਪਣਾ ਸੀਸ ਛਤਰ ਝੁਲਾਰ, ਆਪ ਆਪਣਾ ਮੁਕਟ ਟਿਕਾਈਆ । ਆਪੇ ਹੋਇਆ ਵੇਖਣਹਾਰ, ਆਪ ਆਪਣੀ ਸੇਵਾ ਲਾਈਆ । ਕੋਟਨ ਕੋਟ ਕੋਟ ਰੂਪ ਕਰਤਾਰ, ਨਾਨਕ ਵੇਖ ਵੇਖ ਬਿਗਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਰਵੇਸ਼ ਦਏ ਵਡਿਆਈਆ । ਦਰ ਦਰਵੇਸ਼ ਸ਼ਾਹ ਸੁਲਤਾਨਾ, ਮੰਗੇ ਮੰਗ ਭਿਖਾਰੀ । ਦੇਵਣਹਾਰ ਸ੍ਰੀ ਭਗਵਾਨਾ, ਦੇਵੇ ਨਾਮ ਸਚ ਭੰਡਾਰੀ । ਸ : ਸਤਿਗੁਰ ਇਕ ਤਰਾਨਾ, ਤ : ਤ੍ਰੈਲੋਕ ਮਿਲੇ ਸਰਦਾਰੀ । ਨ : ਨਿਰਗੁਣ ਆਪ ਵਖਾਏ, ਮ : ਮੋਹ ਚੁੱਕੇ ਪੰਚਮ ਪੰਚਾ ਲਾਏ ਯਾਰੀ । ਸਤਿਨਾਮ ਦਰ ਘਰ ਪਰਵਾਨਾ, ਗੁਰ ਸਤਿਗੁਰ ਕਰੇ ਨਿਮਸਕਾਰੀ । ਪੁਰਖ ਅਬਿਨਾਸ਼ੀ ਵਾਲੀ ਦੋ ਜਹਾਨਾਂ, ਏਕਾ ਭਰੇ ਨਾਮ ਭੰਡਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਰਸਨਾ ਗੁਣ ਰਿਹਾ ਵਿਚਾਰੀ । ਨ : ਨਿਰਗੁਣ ਬਾਣ, ਹਰਿ ਏਕਾ ਏਕ ਚਲਾਇਆ । ਨ : ਨਾਨਾ ਰੂਪ ਭਗਵਾਨ, ਨਾਨਕ ਵੇਖ ਵੇਖ ਬਿਗਸਾਇਆ । ਕ : ਕਿਰਿਆ ਇਕ ਵਖਾਨ, ਬਿਨ ਹਰਿ ਹੋਰ ਕੋਈ ਨਾ ਥਾਈਂਆ । ਨਾਨਕ ਹੋਇਆ ਦਰ ਪਰਵਾਨ, ਮਿਲਿਆ ਮੇਲ ਹਰਿ ਰਘੁਰਾਇਆ । ਪੁਰਖ ਅਬਿਨਾਸ਼ੀ ਵਡ ਮਿਹਰਵਾਨ, ਜੀਆ ਦਾਨ ਝੋਲੀ ਪਾਇਆ । ਆਪ ਆਪਣਾ ਦੇਵੇ ਧੁਰ ਫ਼ਰਮਾਣ, ਇਕ ਇਕੱਲਾ ਵੇਖ ਵਖਾਇਆ । ਲੱਖ ਚੁਰਾਸੀ ਨਾ ਕੋਈ ਨਿਸ਼ਾਨ, ਲੋਆਂ ਪੁਰੀਆਂ ਗਗਨ ਪਾਤਾਲ ਨਾ ਕੋਈ ਰਖਾਇਆ । ਇਕ ਇਕੱਲਾ ਨੌਜਵਾਨ, ਨਾਨਕ ਨਿਰਗੁਣ ਰੂਪ ਸਮਾਇਆ । ਏਕਾ ਨੇਤਰ ਵੇਖੇ ਮਾਰ ਧਿਆਨ, ਦੋਏ ਨੇਤਰ ਦਿਸ ਨਾ ਆਇਆ । ਅੱਠੇ ਪਹਿਰ ਦਿਵਸ ਰੈਣ ਦਰਸ ਮਹਾਨ, ਏਕਾ ਮੰਗ ਮੰਗਾਇਆ । ਪੁਰਖ ਅਬਿਨਾਸ਼ੀ ਚਤੁਰ ਸੁਜਾਨ, ਦੇ ਮਤ ਰਿਹਾ ਸਮਝਾਇਆ । ਹਰਿ ਵਿਛੜ ਨਾ ਜਾਏ ਦੋ ਜਹਾਨ, ਹਰਿ ਨਾਨਕ ਵਿਚ ਸਮਾਇਆ । ਏਕਾ ਗੌਣਾ ਗੁਣ ਨਿਧਾਨ, ਆਪ ਆਪਣਾ ਜਾਪ ਜਪਾਇਆ । ਨਾਨਕ ਗੁਰ ਕਰ ਪਰਨਾਮ, ਦੋਏ ਜੋੜ ਚਰਨ ਸੀਸ ਝੁਕਾਇਆ । ਪੁਰਖ ਅਬਿਨਾਸ਼ੀ ਦੇਵੇ ਸਚ ਫ਼ਰਮਾਣ, ਸੋਹੰ ਨਾਮ ਵਡਿਆਇਆ । ਨਾਨਕ ਗੁਰ ਹੋ ਪਰਧਾਨ, ਲੋਕਮਾਤ ਆਇਆ । ਏਕਾ ਮੰਤਰ ਸਤਿਨਾਮ ਜਗਤ ਮਹਾਨ, ਪ੍ਰਭ ਸਾਚੇ ਝੋਲੀ ਪਾਇਆ ।


੧੦੭੮ ੦੬

ਜੀਵਾਂ ਜੰਤਾਂ ਦਏ ਗਿਆਨ, ਚਾਰ ਵਰਨ ਇਹ ਸਮਝਾਇਆ । ਹਿੰਦੂ ਮੁਸਲਿਮ ਸਿੱਖ ਈਸਾਈ ਵੇਖ ਵਖਾਨ, ਸ਼ੂਦਰ ਬ੍ਰਹਿਮਣ ਵੈਸ਼ ਨਾ ਕੋਈ ਜਣਾਇਆ । ਚਾਰੇ ਕੁੰਟਾਂ ਮਾਰ ਧਿਆਨ, ਆਪ ਆਪਣਾ ਫੇਰਾ ਪਾਇਆ । ਮੂਰਖ ਮੂੜ੍ਹ ਬਣਾਏ ਚਤੁਰ ਸੁਜਾਨ, ਜਿਸ ਜਨ ਆਪਣੀ ਦਇਆ ਕਮਾਇਆ । ਏਕਾ ਬਖ਼ਸ਼ੇ ਚਰਨ ਧਿਆਨ, ਵਾਹ ਵਾਹ ਸਤਿਗੁਰ ਸਾਚਾ ਸੇਵਾ ਲਾਇਆ । ਸਾਧਾਂ ਸੰਤਾਂ ਮੇਲ ਮਹਾਨ, ਆਤਮ ਅੰਤਰ ਗਤ ਜਣਾਇਆ । ਅੰਦਰ ਮੰਦਰ ਬੈਠ ਸੱਚੇ ਮਕਾਨ, ਬ੍ਰਹਿਮੰਡ ਖੰਡ ਵੇਖ ਵਖਾਇਆ । ਗਾਏ ਸੁਣਾਏ ਏਕਾ ਗਾਣ, ਗਾਵਤ ਗਾਵਤ ਹਰਿ ਹਰਿ ਪਾਇਆ । ਆਪ ਆਪਣਾ ਘਰ ਪਛਾਨ, ਜੀਵਾਂ ਜੰਤਾਂ ਇਹ ਸਮਝਾਇਆ । ਜੂਠਾ ਝੂਠਾ ਦਿਸੇ ਜਹਾਨ, ਥਿਰ ਕੋਈ ਰਹਿਣ ਨਾ ਪਾਇਆ । ਮੱਕਾ ਕਾਅਬਾ ਨਾ ਕੋਈ ਅੰਜੀਲ ਕੁਰਾਨ, ਪੁੰਨ ਸਵਾਬ ਨਾ ਕੋਈ ਜਣਾਇਆ । ਦੋ ਦੋਆਬਾ ਮੇਲ ਭਗਵਾਨ, ਮੁਖ ਨਕਾਬਾ ਆਪਣਾ ਲਾਹਿਆ । ਏਕਾ ਸੁਰ ਏਕਾ ਤਾਲ, ਗੁਰਮੁਖ ਸਾਚੇ ਤਨ ਉਪਾਇਆ । ਇਕ ਵਜਾਇਆ ਅਨਹਦ ਬਹਿ ਬਹਿ ਮੰਗਲ ਗਾਣ, ਪੰਚਮ ਸੇਵਕ ਸੇਵ ਕਮਾਇਆ । ਹਰਿਜਨ ਮੇਲਾ ਸਚ ਮਕਾਨ, ਛੱਪਰ ਛੰਨ ਨਾ ਕੋਈ ਰਖਾਇਆ । ਏਕਾ ਬੈਠਾ ਹਰਿ ਭਗਵਾਨ, ਨਿਰਮਲ ਜੋਤੀ ਨੂਰ ਸਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਦ੍ਰਿੜਾਇਆ । ਨਾਨਕ ਗੁਰ ਨਾਮ ਦ੍ਰਿੜਾ, ਚਾਰੋਂ ਕੁੰਟ ਦਏ ਦੁਹਾਈਆ । ਜੀਵਾਂ ਜੰਤਾਂ ਰਾਹੇ ਪਾ, ਏਕਾ ਲੇਖਾ ਰਿਹਾ ਲਿਖਾਈਆ । ਵਰਨ ਗੋਤ ਕੋਈ ਦਿਸੇ ਨਾ, ਊਚ ਨੀਚ ਨਾ ਕੋਈ ਚਤੁਰਾਈਆ । ਬਿਨ ਹਰਿ ਨਾਮੇ ਕੋਈ ਨਾ ਥਾਂ, ਦੋ ਜਹਾਨਾਂ ਮਿਲੇ ਸਜ਼ਾਈਆ । ਬਿਨ ਸਤਿਗੁਰ ਪਕੜੇ ਨਾ ਕੋਈ ਬਾਂਹ, ਭਵ ਸਾਗਰ ਨਾ ਕੋਈ ਪਾਰ ਕਰਾਈਆ । ਹਉਮੇ ਹੰਗਤਾ ਦੂਈ ਦਵੈਤੀ ਉਡਣੇ ਕਾਂ, ਜੂਠ ਝੂਠ ਰਹੀ ਕੁਰਲਾਈਆ । ਏਕਾ ਅੱਖਰ ਸਤਿਨਾਮ ਰਿਹਾ ਜਣਾ, ਸਤਿ ਪੁਰਖ ਵੱਡੀ ਵਡਿਆਈਆ । ਏਕਾ ਲੇਖਾ ਰਿਹਾ ਗਿਣਾ, ਗੁਣਵੰਤਾ ਹਰਿ ਰਘੁਰਾਈਆ । ਏਕਾ ਤਾਣਾ ਰਿਹਾ ਤਣਾ, ਨਾਮ ਸੂਤਰ ਤੰਦ ਵਟਾਈਆ । ਆਪਣਾ ਭਾਣਾ ਆਪੇ ਰਿਹਾ ਜਣਾ, ਨਾਨਕ ਗੁਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਦਾਤ ਵਡ ਕਰਾਮਾਤ, ਲੋਕਮਾਤ ਕਰੇ ਰੁਸ਼ਨਾਈਆ । ਨਾਮ ਸਤਿ ਹਰਿ ਸਾਚਾ ਜੋਗ, ਲੋਕਮਾਤ ਵਖਾਇਆ । ਕਲਜੁਗ ਜੀਵਾਂ ਕਟੇ ਰੋਗ, ਜਿਸ ਜਨ ਰਸਨਾ ਗਾਇਆ । ਮੇਲ ਮਿਲਾਏ ਧੁਰ ਸੰਜੋਗ, ਪਿਛਲਾ ਮੂਲ ਚੁਕਾਇਆ । ਦਰਸ ਵਖਾਏ ਹਰਿ ਅਮੋਘ, ਜੋ ਜਨ ਘੋਲੀ ਘੋਲ ਘੁੰਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੁਰ ਦਿਤਾ ਵਰ, ਦਰ ਘਰ ਸਾਚਾ ਇਕ ਸੁਹਾਇਆ । ਦਰ ਘਰ ਨਰ ਹਰਿ ਸਾਚਾ ਪਾ, ਗੁਰ ਨਾਨਕ ਖ਼ੁਸ਼ੀ ਮਨਾਈਆ । ਲੋਕਮਾਤ ਆਪ ਆਪਣਾ ਨਾਮ ਧਰਾ, ਨਾਮ ਨਾਮੇ ਗਿਆ ਸਮਾਈਆ । ਪਾਰਬ੍ਰਹਮ ਤੇਰੀ ਅਗਣਤ ਮਹਿੰਮਾ ਰਿਹਾ ਲਿਖਾ, ਭੇਵ ਨਾ ਜਾਣੇ ਰਾਈਆ । ਸਾਧਾਂ ਸੰਤਾਂ ਰਿਹਾ ਜਣਾ, ਇਕ ਇਕੱਲਾ ਬੇਪਰਵਾਹੀਆ । ਰਸਨਾ ਜਿਹਵਾ ਮਣੀਆ ਮੰਤ ਬਣਾ, ਆਪ ਆਪਣਾ ਨਾਉਂ ਜਪਾਈਆ । ਸਾਚਾ ਕੰਤ ਲਿਆ ਮਨਾ, ਨਾਰ ਸੁਹਾਗਣ ਆਪ ਅਖਵਾਈਆ । ਆਤਮ ਸੇਜਾ ਲਿਆ ਬਹਾ, ਸਾਚੀ ਖ਼ੁਸ਼ੀ ਮਨਾਈਆ । ਆਪ ਆਪਣਾ ਲਿਆ ਰੰਗਾ, ਰੰਗ ਉਤਰ ਕਦੇ ਨਾ ਜਾਈਆ । ਆਪਣੇ ਅੰਗ ਲਿਆ ਲਗਾ, ਅੰਗੀਕਾਰ ਵਿਚ ਸਮਾਈਆ । ਇਕ ਮਰਦੰਗ ਲਿਆ ਵਜਾ, ਲੋਕਮਾਤ ਸੱਚੀ ਪੜ੍ਹਾਈਆ । ਸਾਚਾ ਜਾਪ ਨਾਮ ਸਤਿ ਜਪਾ, ਅਜਪਾ ਜਾਪ ਅਖਵਾਈਆ । ਤੀਨੋਂ ਤਾਪ ਦਏ ਮਿਟਾ, ਤ੍ਰੈਗੁਣ ਮੇਟੇ ਸ਼ਾਹੀਆ । ਪੰਚਮ ਫੜ ਫੜ ਰਾਹੇ ਪਾ, ਪੰਚਮ

੧੦੭੯
੦੬

ਦਏ ਸਜ਼ਾਈਆ । ਪੰਚਮ ਮੇਲਾ ਸਹਿਜ ਸੁਭਾ, ਪੰਚਮ ਘਰ ਵੱਜੇ ਵਧਾਈਆ । ਪੰਚਮ ਹਰਿ ਹਰਿ ਰਹੇ ਗਾ, ਪੰਚਮ ਬੈਠੇ ਮੁਖ ਸ਼ਰਮਾਈਆ । ਪੰਚਮ ਗਲ ਵਿਚ ਪੱਲਾ ਪਾ, ਨੇਤਰ ਰੋ ਰੋ ਨੀਰ ਵਹਾਈਆ । ਪੰਚਾਂ ਮਿਲੇ ਨਾ ਕੋਈ ਥਾਂ, ਦੇਵਣਹਾਰ ਆਪ ਸਜ਼ਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਗੁਰ ਨਾਨਕ ਪਕੜੀ ਬਾਂਹ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸੁਹੇਲਾ ਦੇਵੇ ਠੰਡੀ ਛਾਂ, ਅੱਠੇ ਪਹਿਰ ਹੋਏ ਸਹਾਈਆ । ਸਾਚਾ ਮੀਤਾ ਹਰਿ ਨਿਰੰਕਾਰਾ, ਅਕਲ ਕਲ ਸਵਾਇਆ । ਅੱਠੇ ਪਹਿਰ ਖੜ੍ਹਾ ਰਹੇ ਦਵਾਰਾ, ਨਾਨਕ ਨਾਨਕ ਨਾਨਕ ਤੇਰਾ ਰੂਪ ਵਟਾਇਆ । ਆਪੇ ਭਰਿਆ ਨਾਮ ਸਤਿ ਭੰਡਾਰਾ, ਆਪੇ ਰਿਹਾ ਵਰਤਾਇਆ । ਖੇਲੇ ਖੇਲ ਵਿਚ ਸੰਸਾਰਾ, ਖੇਲਣਹਾਰ ਆਪ ਅਖਵਾਇਆ । ਆਪੇ ਮੇਟੇ ਕੂੜ ਪਸਾਰਾ, ਕੂੜੀ ਕਿਰਿਆ ਆਪ ਕਰਾਇਆ । ਆਪ ਰਖਾਏ ਧੁੰਦੂਕਾਰਾ, ਪਰਕਾਸ਼ ਪਰਕਾਸ਼ ਆਪ ਕਰਾਇਆ । ਆਪਣੇ ਰੰਗ ਰਵੇ ਕਰਤਾਰਾ, ਕਰਨਹਾਰ ਆਪ ਹੋ ਜਾਇਆ । ਨਾਨਕ ਪਾਇਆ ਪੁਰਖ ਅਗੰਮ ਅਪਾਰਾ, ਵੇਦ ਕਿਤੇਬ ਨਾ ਕੋਈ ਵਿਚਾਰਾ । ਨਾ ਮਰੇ ਪਏ ਜੰਮ, ਆਦਿ ਅੰਤ ਇਕ ਅਵਤਾਰਾ । ਜੁਗ ਜੁਗ ਸਵਾਰੇ ਆਪਣਾ ਕੰਮ, ਕਾਰਜ ਕਰਨੇਹਾਰਾ । ਨਾਨਕ ਦਿਤਾ ਏਕਾ ਨਾਮ, ਸੋਹੰ ਜੈ ਜੈ ਜੈਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਇਆ ਸਚ ਦਵਾਰਾ । ਸਚ ਦਵਾਰਾ ਨੇਤਰ ਪੇਖ, ਨਾਨਕ ਵੱਜੀ ਵਧਾਈਆ । ਨਾ ਕੋਈ ਰੂਪ ਨਾ ਕੋਈ ਰੇਖ, ਹਰਿ ਨਿਰਗੁਣ ਰੂਪ ਸਮਾਈਆ । ਨਾ ਕੋਈ ਮੁੱਛ ਦਾਹੜੀ ਨਾ ਦਿਸੇ ਕੇਸ, ਨਾ ਕੋਈ ਮੂੰਡ ਮੁੰਡਾਈਆ । ਆਪ ਆਪਣਾ ਆਪੇ ਵੇਖ, ਆਪ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੁਰ ਦਏ ਜਣਾਈਆ । ਚਾਰ ਵਰਨ ਗੁਰ ਆਪ ਜਣਾ, ਇਕ ਜੈਕਾਰਾ ਲਾਇਆ । ਕਲਜੁਗ ਜੀਵ ਕੋਈ ਭੁੱਲੇ ਨਾ, ਬੋਧ ਅਗਾਧਾ ਸ਼ਬਦ ਜਣਾਇਆ । ਮਾਇਆ ਮਮਤਾ ਕੋਈ ਰੁੱਲੇ ਨਾ, ਜੂਠ ਝੂਠ ਰਹਿਣ ਨਾ ਪਾਇਆ । ਬਿਨ ਹਰਿ ਨਾਮੇ ਦੀਵਾ ਬੱਤੀ ਕਾਇਆ ਕੁੱਲੇ ਦਿਸਾ ਨਾ, ਅੰਧ ਅੰਧੇਰ ਸਵਾਇਆ । ਅੰਤਮ ਵੇਲੇ ਪਏ ਕੋਈ ਮੁੱਲੇ ਨਾ, ਰਾਏ ਧਰਮ ਦਏ ਸਜਾਇਆ । ਸਚ ਦਵਾਰਾ ਕਿਸੇ ਖੁਲ੍ਹੇ ਨਾ, ਨਾ ਕੋਈ ਮੇਲ ਮਿਲਾਇਆ । ਪੂਰੇ ਕੰਡੇ ਕੋਈ ਤੋਲੇ ਨਾ, ਜੋ ਜਨ ਬੈਠੇ ਮੁਖ ਭਵਾਇਆ । ਤੇਰਾਂ ਤੇਰਾਂ ਤੇਰਾ ਵੇਲਾ ਕੋਈ ਭੁੱਲੇ ਨਾ, ਨਾ ਮੋਦੀਖਾਨਾ ਵੇਖ ਵਖਾਇਆ । ਗੁਰਮੁਖ ਸਾਚਾ ਲੋਕਮਾਤ ਕਦੇ ਹੁੱਲੇ ਨਾ, ਗੁਰ ਪੂਰੇ ਅੰਮ੍ਰਿਤ ਫਲ ਤਨ ਲਗਾਇਆ । ਅੰਮ੍ਰਿਤ ਆਤਮ ਕਦੀ ਡੁੱਲੇ ਨਾ, ਜਿਸ ਜਨ ਚਰਨ ਧਿਆਨ ਲਗਾਇਆ । ਜਗਤ ਵਿਕਾਰੇ ਕਦੀ ਰੁੱਲੇ ਨਾ, ਅਨਮੁਲੜਾ ਲਾਲ ਆਪ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਏਕਾ ਗੁਰਦੇਵ ਏਕਾ ਸੇਵਾ ਲਾਇਆ । ਨਾਨਕ ਗੁਰ ਸੇਵ ਕਮਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਸਾਚਾ ਨਾਮ ਇਕ ਜਪਾ, ਜੀਆਂ ਜੰਤਾਂ ਗਿਆ ਸਮਝਾਈਆ । ਧੁਰ ਫ਼ਰਮਾਣਾ ਗਿਆ ਆ, ਵੇਲਾ ਅੰਤ ਕਰਾਈਆ । ਪੰਜ ਤਤ ਤਨ ਰਹਿਣਾ ਨਾ, ਝੂਠੀ ਜੂਠੀ ਖ਼ਾਕ ਮਿਲਾਈਆ । ਆਪ ਆਪਣਾ ਰੰਗ ਰੰਗਾ, ਪ੍ਰਭ ਦੇ ਰਿਹਾ ਵਡਿਆਈਆ । ਨਾਨਕ ਗੁਰ ਦਇਆ ਕਮਾ, ਆਪ ਆਪਣਾ ਵੇਖ ਵਖਾਈਆ । ਗਊ ਗਰੀਬ ਨਿਮਾਣਿਆਂ ਲਿਆ ਉਠਾ, ਆਪ ਆਪਣੇ ਗਲੇ ਲਗਾਈਆ । ਲਹਿਣਾ ਲਹਿਣੇ ਝੋਲੀ ਪਾ, ਅੰਗਦ ਅੰਗੀਕਾਰ ਕਰਾਈਆ । ਜੋਤ ਸ਼ਬਦ ਹਰਿ ਵਿਚ ਟਿਕਾ, ਆਪ ਆਪਣਾ ਸੀਸ ਝੁਕਾਈਆ । ਆਪ ਆਪਣਾ ਕਰ ਜੁਦਾ, ਆਪ ਆਪਣਾ ਘਰ ਸੁਹਾਈਆ । ਪ੍ਰਭ ਚਰਨ ਧਿਆਨ ਇਕ ਲਗਾ, ਮੰਗੇ ਮੰਗ ਸੱਚੀ ਸਰਨਾਈਆ ।

ਪੁਰਖ ਅਬਿਨਾਸ਼ੀ ਵੇਖੇ ਥਾਂ ਥਾਂ, ਲੁਕਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਮੇਲਾ ਰਿਹਾ ਮਿਲਾਈਆ । ਨਾਨਕ ਗੁਰ ਕਰ ਅਰਦਾਸ, ਵੇਲੇ ਅੰਤ ਚਿਤਾਰਿਆ । ਪੁਰਖ ਅਬਿਨਾਸ਼ੀ ਦਾਸੀ ਦਾਸ, ਆਏ ਚਲ ਦਵਾਰਿਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਅਪ ਤੇਜ ਵਾਏ ਦਏ ਸਹਾਰਿਆ । ਮਿਲੇ ਮੇਲ ਹਰਿ ਸ਼ਾਹੋ ਸ਼ਾਬਾਸ਼, ਨਾਨਕ ਨਿਰਗੁਣ ਢਹਿ ਦਵਾਰਿਆ । ਲੋਕਮਾਤ ਪ੍ਰਭ ਤੇਰੀ ਸਾਚੀ ਰਾਸ, ਲੱਖ ਚੁਰਾਸੀ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾ ਲਿਆ । ਪਾਰਬ੍ਰਹਮ ਪ੍ਰਭ ਰਿਹਾ ਸੁਣਾ, ਗੁਰ ਨਾਨਕ ਇਹ ਜਣਾਈਆ । ਜੁਗ ਜੁਗ ਰਚਨਾ ਰਿਹਾ ਰਚਾ, ਵਡ ਵੱਡੀ ਵਡਿਆਈਆ । ਸਾਧ ਸੰਤ ਗੁਰ ਪੀਰ ਅਵਤਾਰ ਲੋਕਮਾਤ ਟਿਕਾ, ਆਪ ਆਪਣਾ ਸ਼ਬਦ ਜਣਾਈਆ । ਆਪ ਆਪੇ ਲਏ ਉਪਾ, ਆਪ ਆਪਣਾ ਮਾਰਗ ਲਾਈਆ । ਆਪੇ ਅੰਤਮ ਦਏ ਸਜ਼ਾ, ਦੇਵਣਹਾਰ ਆਪ ਅਖਵਾਈਆ । ਨਾਨਕ ਮੰਨੇ ਇਕ ਰਜਾ, ਰਾਜਕ ਰਹੀਮ ਰਿਜਕ ਸ੍ਰਿਸ਼ਟ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਧਿਆਨ ਰਖਾਈਆ । ਨਾਨਕ ਗੁਰ ਚਰਨ ਧਿਆਨਾ, ਏਕਾ ਏਕ ਰਖਾਇਆ । ਪੁਰਖ ਅਬਿਨਾਸ਼ੀ ਗੁਣ ਨਿਧਾਨਾ, ਦਰ ਘਰ ਤੇਰਾ ਪਾਇਆ । ਆਪੇ ਹੋਇਆ ਦਰ ਦਰਬਾਨਾ, ਦਰ ਦਰਵੇਸ਼ ਕਹਾਇਆ । ਧੁਰ ਦਰਗਾਹੀ ਤੇਰਾ ਸ਼ਬਦ ਤਰਾਨਾ, ਤੇਰੀ ਮਹਿੰਮਾ ਨਾਨਕ ਰਸਨਾ ਗਾਇਆ । ਦਰ ਘਰ ਸਾਚੇ ਕਰ ਪਰਵਾਨਾ, ਅੰਗਦ ਅੰਗ ਲਗਾਇਆ । ਦੀਆ ਨਾਮ ਧੁਰ ਨਿਸ਼ਾਨਾ, ਆਪ ਆਪਣੀ ਬਣਤ ਬਣਾਇਆ । ਦਸ ਦਸ ਹਰਿ ਕਰ ਪਰਵਾਨਾ, ਪੰਜ ਦਸ ਹੋਏ ਸਹਾਇਆ । ਪੈਂਤੀਸ ਪੈਂਤੀਸ ਇਕ ਨਿਸ਼ਾਨਾ, ਲੋਕਮਾਤ ਦਏ ਰਖਾਇਆ । ਬਾਵਨ ਬਾਵਨ ਖੇਲ ਮਹਾਨਾ, ਆਪ ਆਪਣੇ ਵਿਚ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਵੇਖ ਵਖਾਇਆ । ਨਾਨਕ ਗੁਰ ਕਰ ਵਿਚਾਰ, ਮੰਗੇ ਮੰਗ ਅਪਰ ਅਪਾਰਾ । ਕਲਜੁਗ ਕਾਇਆ ਕੂੜ ਕੁੜਿਆਰ, ਚਾਰੋਂ ਕੁੰਟ ਧੁੰਧੂਕਾਰਾ । ਸਚ ਸੁੱਚ ਨਾ ਕਰੇ ਕੋਈ ਪਿਆਰ, ਨਾ ਕੋਈ ਪਾਵੇ ਤੇਰੀ ਸਾਰਾ । ਸੰਗ ਮੁਹੰਮਦ ਚਾਰ ਯਾਰ, ਲਾਵਣ ਤੇਰਾ ਨਾਅਰਾ । ਕਲਜੁਗ ਕਰਮ ਆਪਣਾ ਰਿਹਾ ਵਿਚਾਰ, ਲੋਕਮਾਤ ਕਰ ਪਸਾਰਾ । ਹਰਿ ਭਗਤ ਰੋਵਣ ਜ਼ਾਰੋ ਜ਼ਾਰ, ਦਿਵਸ ਰੈਣ ਕਰਨ ਪੁਕਾਰਾ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਧਰਤ ਮਾਤ ਮੰਗੇ ਮੰਗ ਅਪਰ ਅਪਾਰਾ । ਨਾਨਕ ਪਾਈ ਸਾਚੀ ਸਾਰ, ਬਿਨ ਹਰਿ ਤੇਰੇ ਕੋਈ ਨਾ ਕਰੇ ਪਾਰ ਉਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਾਨਕ ਨਾਨਕ ਦਏ ਸਹਾਰਾ । ਸਤਿ ਪੁਰਖ ਨਿਰੰਜਣ ਜੋਤ ਜਗਾ, ਨਾਨਕ ਨਾਮ ਸਮਝਾਇਆ । ਕਲਜੁਗ ਅੰਤਮ ਵੇਖੇ ਆ, ਆਪ ਆਪਣੀ ਦਇਆ ਕਮਾਇਆ । ਜੁਗ ਜੁਗ ਭੇਖੀ ਰਿਹਾ ਭੇਖ ਵਟਾ, ਭੇਖਾਧਾਰੀ ਹਰਿ ਰਘੁਰਾਇਆ । ਆਪਣਾ ਲੇਖਾ ਆਪੇ ਰਿਹਾ ਲਿਖਾ, ਹਰਿਜਨ ਸਾਚੇ ਸੇਵਾ ਲਾਇਆ । ਦਸ ਦਸਮੇਸ਼ਾ ਲਏ ਉਪਾ, ਪੂਤ ਸਪੂਤਾ ਗਲੇ ਲਗਾਇਆ । ਕਲਜੁਗ ਅੰਤਮ ਮਾਰਗ ਲਾ, ਏਕਾ ਰੰਗ ਦਏ ਰੰਗਾਇਆ । ਚਰਨ ਪ੍ਰੀਤੀ ਇਕ ਸਿਖਾ, ਏਕਾ ਘਰ ਵਖਾਇਆ । ਇਕ ਕਟਾਰ ਤਨ ਪਹਿਨਾ, ਏਕਾ ਤਾਜ ਸੀਸ ਟਿਕਾਇਆ । ਕਲਗੀ ਤੋੜਾ ਇਕ ਲਗਾ, ਆਪ ਆਪਣਾ ਰੂਪ ਵਟਾਇਆ । ਪੀਲਾ ਬਸਤਰ ਤਨ ਛੁਹਾ, ਰੰਗ ਬਸੰਤੀ ਇਕ ਚੜ੍ਹਾਇਆ । ਆਦਿਨ ਅੰਤੀ ਮੇਲ ਮਿਲਾ, ਜੁਗਾ ਜੁਗੰਤੀ ਵਿਚ ਸਮਾਇਆ । ਕਲਜੁਗ ਅੰਤਮ ਵੇਖੇ ਤੇਰਾ ਥਾਂ, ਹਰਿ ਜੋਤੀ ਨੂਰ ਉਪਾਇਆ । ਸ਼ਬਦ ਡੰਕਾ ਦਏ ਵਜਾ, ਆਪ

੧੦੮੧
੦੬

ਆਪਣਾ ਨਾਅਰਾ ਲਾਇਆ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਦਏ ਉਠਾ, ਸੋਇਆ ਕੋਈ ਰਹਿਣ ਨਾ ਪਾਇਆ । ਬ੍ਰਹਮਾ ਵਿਸ਼ਨ ਸ਼ਿਵ ਦਏ ਹਿਲਾ, ਸੁਰਪਤ ਰਾਜਾ ਨਾ ਧੀਰ ਧਰਾਇਆ । ਕਰੋੜ ਤੇਤੀਸਾ ਮਾਰੇ ਧਾਹ, ਨਾ ਦੀਸੇ ਕੋਈ ਸਹਾਇਆ । ਲੱਖ ਚੁਰਾਸੀ ਦੇਵੇ ਫਾਹ, ਮਨਮੁਖ ਕੋਈ ਰਹਿਣ ਨਾ ਪਾਇਆ । ਇਕ ਜਪਾਏ ਆਪਣਾ ਨਾ, ਨਾਨਕ ਤੇਰੀ ਰਸਨਾ ਚਿੱਲੇ ਤੀਰ ਚੜ੍ਹਾਇਆ । ਕਲਜੁਗ ਅੰਤਮ ਜੋਤ ਜਗਾ, ਵੇਖੇ ਖੇਲ ਸ੍ਰਿਸ਼ਟ ਸਬਾਇਆ । ਆਪ ਆਪਣਾ ਨਾਉਂ ਧਰਾ, ਮੇਰਾ ਤੇਰਾ ਮੇਟ ਮਿਟਾਇਆ । ਏਕਾ ਦੂਜਾ ਦਏ ਗਵਾ, ਘਰ ਤੀਜਾ ਇਕ ਸੁਹਾਇਆ । ਚੌਥੇ ਘਰ ਲਏ ਬਹਾ, ਆਪ ਆਪਣੀ ਦਇਆ ਕਮਾਇਆ । ਪੰਚਮ ਮੇਲਾ ਮੇਲ ਮਿਲਾ, ਪੰਚ ਪੰਚਾਇਣ ਮਨਾਇਆ । ਏਕਾ ਰਾਗ ਆਪ ਅਲਾ, ਧੁਨ ਅਨਾਦੀ ਰਿਹਾ ਵਜਾਇਆ । ਵਰਭੰਡ ਬ੍ਰਹਿਮੰਡ ਦਏ ਸੁਣਾ, ਜੇਰਜ ਅੰਡ ਭੁੱਲ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦਿਤਾ ਸਾਚਾ ਵਰ, ਆਪ ਆਪਣਾ ਆਪ ਵਖਾਇਆ । ਆਪਣਾ ਆਪ ਹਰਿ ਆਪ ਉਪਾ, ਆਪਣੀ ਜੋਤ ਜਗਾਈਆ । ਆਪਣਾ ਸ਼ਸਤਰ ਲਿਆ ਉਠਾ, ਆਪ ਆਪਣਾ ਰਿਹਾ ਚਮਕਾਈਆ । ਨਾਨਕ ਵੇਖ ਵੇਖ ਚੜ੍ਹਿਆ ਚਾ, ਸ਼ਬਦ ਖੰਡਾ ਹੱਥ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬੂਝ ਬੁਝਾਈਆ । ਸ਼ਬਦ ਖੰਡਾ ਹਰਿ ਚਮਕਾ, ਹਰਿ ਸਾਚੇ ਆਪ ਫਿਰਾਇਆ । ਲੱਖ ਚੁਰਾਸੀ ਕੋਈ ਦਿਸੇ ਨਾ, ਮੁਰਛਾਗਤ ਸਰਬ ਸਮਝਾਇਆ । ਗਗਨ ਪਾਤਾਲ ਆਕਾਸ਼ ਪਰਕਾਸ਼ ਧਰਤ ਧਵਲ ਕੋਈ ਨਾ ਪਕੜੇ ਬਾਂਹ, ਨਾ ਹੋਏ ਕੋਈ ਸਹਾਇਆ । ਇਕ ਇਕੱਲਾ ਬੈਠਾ ਆਪਣੇ ਥਾਂ, ਆਪ ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੧੦੮੨ ੦੬ ਹਰਿ ਸ਼ਬਦ ਸਾਚਾ ਸ਼ਸਤਰ ਏਕਾ ਏਕ ਵਖਾਇਆ । ਹਰਿ ਸ਼ਸਤਰ ਸ਼ਬਦ ਬਲਕਾਰ, ਰੱਖੇ ਹਰਿ ਅਕਾਲਿਆ । ਜੁਗ ਜੁਗ ਆਪੇ ਲਏ ਉਭਾਰ, ੧੦੮੨ ੦੬
ਆਪ ਆਪਣਾ ਲਏ ਸੰਭਾਲਿਆ । ਆਪ ਆਪਣਾ ਕਰੇ ਵਾਰ, ਮਾਰਨਹਾਰ ਆਪ ਅਖਵਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਨਿਰਗੁਣ ਦਿਤਾ ਵਰ, ਭਰਿਆ ਘਰ ਦਰ ਸਵਾਲਿਆ । ਹਰਿ ਹਰਿ ਆਪਣੀ ਕਰ ਜਣਾ, ਆਪਣਾ ਰੰਗ ਚੜ੍ਹਾਇਆ । ਕਲਜੁਗ ਅੰਤਮ ਜਾਏ ਮੁਰਝਾ, ਪ੍ਰਭ ਭੇਖੀ ਲਏ ਭੇਖ ਵਟਾਇਆ । ਜੋਤੀ ਜੋਤ ਲਏ ਜਗਾ, ਜੋਤੀ ਨੂਰ ਸਵਾਇਆ । ਆਪ ਆਪਣਾ ਨਾਉਂ ਧਰਾ, ਆਪੇ ਬੈਠਾ ਮੁਖ ਛੁਪਾਇਆ । ਆਪਣਾ ਡੰਕ ਲਏ ਵਜਾ, ਵਜਾਵਣਹਾਰਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਏਕ ਰਿਹਾ ਦਰਸਾਇਆ । ਏਕਾ ਏਕ ਹਰਿ ਅਪਾਰ, ਪਾਰਬ੍ਰਹਮ ਬੇਅੰਤਾ । ਆਪ ਆਪਣਾ ਕਰ ਆਕਾਰ, ਵੇਖੇ ਸਤਿਗੁਰ ਸਾਜਨ ਸੰਤਾ । ਆਪ ਆਪਣਾ ਕਰ ਜੈਕਾਰ, ਆਪ ਬਣਾਏ ਆਪਣੀ ਬਣਤਾ । ਕਲਜੁਗ ਤੇਰੀ ਅੰਤਮ ਵਾਰ, ਹਰਿ ਖੇਲੇ ਖੇਲ ਅਨੰਤਾ । ਨਿਹਕਲੰਕ ਲਏ ਅਵਤਾਰ, ਵੇਖ ਵਖਾਏ ਜੀਆਂ ਜੰਤਾਂ । ਪੰਜ ਤਤ ਨਾ ਕੋਈ ਆਕਾਰ, ਮਾਤ ਪਿਤ ਨਾ ਕੋਈ ਬਣੰਤਾ । ਜੋਤੀ ਸ਼ਬਦ ਹਰਿ ਭੰਡਾਰ, ਤੇਜ ਕਟਾਰ ਨਾ ਕੋਈ ਰਖੰਤਾ । ਮਾਰੀ ਜਾਏ ਵਾਰੋ ਵਾਰ, ਜੁਗ ਜੁਗ ਵੇਸ ਵਟੰਤਾ । ਕਲਜੁਗ ਮੇਟੇ ਕੂੜ ਕੁੜਿਆਰ, ਪੂਰਨ ਜੋਤ ਸ੍ਰੀ ਭਗਵੰਤਾ । ਹਰਿਜਨ ਸਾਚੇ ਲਏ ਉਭਾਰ, ਮੇਲ ਵਿਛੋੜਾ ਜੁਗਾ ਜੁਗੰਤਾ । ਨਾਨਕ ਤੇਰਾ ਗਾਇਆ ਇਕ ਜੈਕਾਰ, ਸੋਹੰ ਹੋਏ ਮਣੀਆ ਮੰਤਾ । ਚਾਰ ਵਰਨ ਸੋਹੇ ਇਕ ਦਵਾਰ, ਭੇਵ ਚੁਕਾਏ ਜੀਵਾਂ ਜੰਤਾਂ । ਰਾਜ ਰਾਜਾਨ ਸ਼ਾਹ ਸੁਲਤਾਨ ਮੰਗਣ ਮੰਗ ਭਿਖਾਰ, ਦੇਵਣਹਾਰ ਸਾਚਾ ਕੰਤਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ

ਸ਼ਬਦ ਅਧਾਰ, ਏਕਾ ਦਰ ਦਰਬਾਰ ਸੁਹੰਤਾ । ਏਕਾ ਪੁਰਖ ਏਕਾ ਨਾਰ, ਨਾਰੀ ਕੰਤਾ ਆਪ ਅਖਵੰਤਾ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਹਰਿ ਜੋਤੀ ਨੂਰ ਹਰਿ ਭਗਵੰਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਦੇਵੇ ਨਾਮ ਵਰ, ਵਰ ਦਾਤਾ ਆਪ ਅਖਵੰਤਾ । ਨਾਨਕ ਗੁਰ ਜਗਤ ਸਮਝਾ, ਏਕਾ ਨਾਅਰਾ ਲਾਇਆ । ਪੁਰਖ ਅਬਿਨਾਸ਼ੀ ਓਟ ਤਕਾ, ਤੇਰਾ ਭੇਵ ਕਿਸੇ ਨਾ ਪਾਇਆ । ਕਲਜੁਗ ਅੰਤਮ ਜਾਏ ਆ, ਚਾਰੋਂ ਕੁੰਟ ਹੋਏ ਹਲਕਾਇਆ । ਵਰਨ ਬਰਨ ਰਹੇ ਕੁਰਲਾ, ਧੀਰਜ ਧੀਰ ਨਾ ਕੋਈ ਧਰਾਇਆ । ਨਾ ਕੋਈ ਦੀਸੇ ਸਚ ਸਹਾ, ਸਚ ਸੁਲਤਾਨ ਦਿਸ ਨਾ ਆਇਆ । ਆਪ ਆਪਣਾ ਰਾਗ ਰਹੇ ਗਾ, ਧੁਨ ਅਨਾਦੀ ਨਾ ਕੋਇ ਵਜਾਇਆ । ਬ੍ਰਹਮ ਬ੍ਰਹਮ ਬ੍ਰਹਮ ਰਹੇ ਅਲ੍ਹਾ, ਬ੍ਰਹਮ ਬ੍ਰਹਮ ਨਾ ਵੇਖ ਵਖਾਇਆ । ਹੰ ਹੰਗਤਾ ਵਿਚ ਗਏ ਸਮਾ, ਹੰ ਨਾ ਕੋਈ ਮਿਟਾਇਆ । ਸੋ ਪੁਰਖ ਨਿਰੰਜਣ ਆਪਣੀ ਦਇਆ ਕਮਾ, ਸੱਜਣ ਸਾਚੇ ਲਏ ਜਗਾਇਆ । ਆਪ ਆਪਣਾ ਨਾਮ ਦ੍ਰਿੜ੍ਹਾ, ਆਪ ਆਪਣੀ ਬੂਝ ਬੁਝਾਇਆ । ਕਿਲ੍ਹਾ ਕੋਟ ਇਕ ਵਖਾ, ਗੜ੍ਹ ਹੰਕਾਰ ਤੁੜਾਇਆ । ਕਾਇਆ ਨਗਾਰੇ ਚੋਟ ਆਪੇ ਲਾ, ਅਨਹਦ ਧੁਨ ਆਪ ਵਜਾਇਆ । ਮਾਇਆ ਮਮਤਾ ਖੋਟ ਗਵਾ, ਸਾਚਾ ਸੰਗ ਨਿਭਾਇਆ । ਅਤੁਟ ਅਤੋਟ ਹਰਿ ਆਪ ਅਖਵਾ, ਇਕ ਭੰਡਾਰ ਵਰਤਾਇਆ । ਜੋਤੀ ਜੋਤ ਹਰਿ ਜੋਤ ਜਗਾ, ਜਾਗਰਤ ਜੋਤ ਰਿਹਾ ਸਮਝਾਇਆ । ਸ਼ਬਦੀ ਸ਼ਬਦ ਹਰਿ ਸ਼ਬਦ ਉਪਾ, ਸ਼ਬਦੀ ਸ਼ਬਦ ਲੇਖ ਲਿਖਾਇਆ । ਸੋਹੰ ਸਾਚਾ ਮਾਰਗ ਲਾ, ਸਤਿ ਪੁਰਖ ਨਿਰੰਜਣ ਵੇਖ ਵਖਾਇਆ । ਆਦਿ ਸ਼ਕਤ ਬਣਾਈ ਸਾਚੀ ਮਾਂ, ਚਤੁਰਭੁਜ ਆਪ ਅਖਵਾਇਆ । ਅਗੰਮ ਅਗੰਮੜਾ ਵਸੇ ਅਗੰਮੜੇ ਥਾਂ, ਦਿਸ ਕਿਸੇ ਨਾ ਆਇਆ । ਹੱਡ ਮਾਸ ਨਾੜੀ ਚਮੜੇ ਜੋਤ ਜਗਾ, ਨਿਰਗੁਣ ਸਰਗੁਣ ਮੇਲ ਮਿਲਾਇਆ । ਫੜ ਫੜ ਹੰਸ ਬਣਾਏ ਕਾਂ, ਮਾਣਕ ਮੋਤੀ ਚੋਗ ਚੁਗਾਇਆ । ਸਤਿਜੁਗ ਤੇਰਾ ਸਾਚਾ ਨਾਂ, ਸਤਿਗੁਰ ਸਾਚੇ ਆਪ ਧਰਾਇਆ । ਅਕਾਲ ਮੂਰਤ ਹਰਿ ਦਇਆ ਕਮਾ, ਨਾਦ ਤੂਰਤ ਰਿਹਾ ਵਜਾਇਆ । ਜਗਤ ਜੀਆਂ ਸੂਰਤ ਕਿਸੇ ਦਿਸੇ ਨਾ, ਪੰਜ ਤਤ ਡੇਰਾ ਲਾਇਆ । ਰੱਤੀ ਰੱਤ ਕੋਈ ਰਹੇ ਨਾ, ਮਨ ਮਤ ਬੁਧ ਦਏ ਸਜ਼ਾਇਆ । ਕਮਲਾਪਤੀ ਕਦੇ ਵਿਛੜੇ ਨਾ, ਨਾਰ ਸੁਹਾਗੀ ਸਦਾ ਹੰਢਾਇਆ । ਦੀਵਾ ਬੱਤੀ ਕਦੇ ਬੁਝੇ ਨਾ, ਤੇਲ ਬਾਤੀ ਨਾ ਕੋਈ ਰਖਾਇਆ । ਪ੍ਰਭ ਕਾ ਭੇਵ ਰਹਿਣਾ ਗੁੱਝਾ ਨਾ, ਆਪ ਆਪਣਾ ਪੜਦਾ ਲਾਹਿਆ । ਕਲਜੁਗ ਅੰਤਮ ਸਚ ਦਵਾਰਾ ਸੁੱਝਾ ਨਾ, ਗੁਰੂ ਨਾਨਕ ਲੇਖ ਲਿਖਾਇਆ । ਪ੍ਰਭ ਚਰਨ ਦਵਾਰੇ ਕੋਈ ਝੂਜੇ ਨਾ, ਸਾਧ ਸੰਤ ਸੀਸ ਭੇਟ ਨਾ ਕਰਾਇਆ । ਅੰਤਰ ਆਤਮ ਲਿਵ ਕੋਈ ਇੱਛਾ ਨਾ, ਘਰ ਸਾਚਾ ਨਾ ਵੇਖ ਵਖਾਇਆ । ਭੇਵ ਚੁਕਾਏ ਏਕਾ ਦੂਜਾ ਨਾ, ਵਰਨਾਂ ਬਰਨਾਂ ਵਿਚ ਫਸਾਇਆ । ਨੇਤਰ ਤੀਜਾ ਕਿਸੇ ਖੁੱਲ੍ਹੇ ਨਾ, ਮੰਤਰ ਗਿਆਨ ਨਾ ਕੋਈ ਦ੍ਰਿੜ੍ਹਾਇਆ । ਬਜਰ ਕਪਾਟੀ ਤਾਲਾ ਤੁੱਟਾ ਨਾ, ਬੰਧਨ ਬੰਧ ਨਾ ਕੋਈ ਕਟਾਇਆ । ਪੰਚ ਪਿਆਰ ਜਗਤ ਜਗ ਛੁੱਟਾ ਨਾ, ਪੰਚਮ ਸ਼ਬਦ ਨਾ ਮੇਲ ਮਿਲਾਇਆ । ਅੰਮ੍ਰਿਤ ਆਤਮ ਸੋਮਾ ਫੁੱਟਾ ਨਾ, ਜੂਠਾ ਝੂਠਾ ਤੀਰਥ ਨੁਹਾਇਆ । ਕਾਇਆ ਮੰਦਰ ਸਤਿਗੁਰ ਸਾਚਾ ਤੁੱਠਾ ਨਾ, ਗੁਰ ਦਰ ਮੰਦਰ ਡੇਰਾ ਲਾਇਆ । ਆਪ ਮਨਾਇਆ ਕਿਸੇ ਰੁੱਠਾ ਨਾ, ਨੇਤਰ ਰੋ ਰੋ ਨੀਰ ਵਹਾਇਆ । ਦਰਸ ਦਿਖਾਏ ਲੁਕਿਆ ਗੁੱਠਾ ਨਾ, ਆਪ ਆਪਣਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੁਰ ਤੇਰਾ ਵਰ, ਕਲਜੁਗ ਅੰਤਮ ਪੂਰ ਕਰਾਇਆ । ਸਤਿਗੁਰ ਨਾਨਕ ਸੁਣ ਸੰਦੇਸ਼, ਰਸਨਾ ਜੈ ਜੈ ਜੈਕਾਰਿਆ । ਪਾਰਬ੍ਰਹਮ ਸਦਾ ਆਦੇਸ, ਢਹਿ ਢਹਿ


੧੦੮੩
੦੬

ਪਏ ਦਵਾਰਿਆ । ਜੁਗ ਜੁਗ ਜਾਣੇ ਆਪਣੇ ਵੇਸ, ਤੇਰਾ ਭੇਖ ਅਪਰ ਅਪਾਰਿਆ । ਆਪੇ ਬਾਲ ਜਵਾਨੀ ਹੋਏ ਅਲ੍ਹੜ ਵਰੇਸ, ਬਿਰਧ ਬੁਢੇਪਾ ਨਾ ਕੋਈ ਜਣਾ ਰਿਹਾ । ਆਪੇ ਉਪਾਏ ਮੁੱਛ ਦਾਹੜੀ ਕੇਸ, ਮੂੰਡ ਮੁੰਡਾਇਆ ਆਪ ਸਮਾ ਰਿਹਾ । ਆਪੇ ਦਾਤਾ ਨਰ ਨਰੇਸ਼, ਆਪ ਰਾਜ ਜੋਗ ਕਮਾ ਰਿਹਾ । ਆਪਣੇ ਨੇਤਰ ਆਪੇ ਵੇਖ, ਆਪੇ ਨੈਣ ਮੂੰਦ ਮੁੰਦਾ ਰਿਹਾ । ਆਪੇ ਲਿਖਣਹਾਰਾ ਲੇਖ, ਆਪੇ ਅੰਤ ਮਨਾ ਰਿਹਾ । ਕਿਸੇ ਨਾ ਚਲੇ ਕੋਈ ਪੇਸ਼, ਜੋ ਤੇਰਾ ਸੋ ਤੇਰਾ ਗੁਣ ਗਾ ਰਿਹਾ । ਨਾਨਕ ਮੰਗੇ ਦਰ ਦਰਵੇਸ਼, ਪ੍ਰਭ ਅੱਗੇ ਝੋਲੀ ਡਾਹ ਰਿਹਾ । ਪੁਰਖ ਅਬਿਨਾਸ਼ੀ ਕਰ ਵੇਸ, ਜੋਤੀ ਜੋਤ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾ ਲਿਆ । ਆਪ ਆਪਣਾ ਰੰਗ ਕਰਤਾਰਾ, ਆਪਣਾ ਆਪ ਜਣਾਈਆ । ਆਪੇ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਨਿਰਗੁਣ ਰੂਪ ਸਮਾਈਆ । ਸਰਗੁਣ ਮੇਲਾ ਵਿਚ ਸੰਸਾਰਾ, ਮਹਾਂਸਾਰਥੀ ਆਪ ਅਖਵਾਈਆ । ਸ਼ਬਦ ਸ਼ਬਦੀ ਕਰ ਪਿਆਰਾ, ਸ਼ਬਦ ਗੁਰ ਨਾਅਰਾ ਲਾਈਆ । ਏਕਾ ਵਰਨ ਏਕਾ ਸਰਨ ਏਕਾ ਜੈਕਾਰਾ, ਜੈ ਜੈਕਾਰ ਆਪ ਕਰਾਈਆ । ਨਾ ਕੋਈ ਦੀਸੇ ਹੋਰ ਦਵਾਰਾ, ਕਲਜੁਗ ਅੰਤਮ ਹੋਏ ਜੁਦਾਈਆ । ਗੁਰਮੁਖ ਮੇਲਾ ਵਿਚ ਸੰਸਾਰਾ, ਹਰਿ ਸਾਚਾ ਆਪ ਕਰਾਈਆ । ਕਲਜੁਗ ਤੇਰੀ ਅੰਤਮ ਵਾਰਾ, ਇਕ ਲੱਖ ਹਜ਼ਾਰ ਗਿਆਰਾਂ ਗੁਰਮੁਖ ਸਾਚੇ ਲਏ ਤਰਾਈਆ । ਬ੍ਰਹਮਾ ਰੋਵੇ ਧਾਹਾਂ ਮਾਰਾ, ਅੱਠੇ ਨੇਤਰ ਰਿਹਾ ਖੁਲ੍ਹਾਈਆ । ਕਲਜੁਗ ਤੇਰਾ ਅੰਤ ਨਾ ਪਾਰਾਵਾਰਾ, ਤੇਰੀ ਵਡ ਵੱਡੀ ਵਡਿਆਈਆ । ਵਿਸ਼ਨੂੰ ਵੰਸੀ ਕਰੇ ਵਿਚਾਰਾ, ਵੇਖੇ ਖੇਲ ਥਾਉਂ ਥਾਈਂਆ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਬਾਸ਼ਕ ਤਸ਼ਕਾ ਗਲ ਲਟਕਾਈਆ । ਇੰਦਰ ਦੇਵੇ ਨਾ ਕੋਈ ਸਹਾਰਾ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਵਰਭੰਡ ਤੇਰਾ ਕੂੜ ਪਸਾਰਾ, ਪ੍ਰਭ ਸਾਚਾ ਮੇਟ ਮਿਟਾਈਆ । ਨੌਂ ਸੱਤ ਦੇਵੇ ਇਕ ਹੁਲਾਰਾ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਗਵਾਰਾ, ਅੰਤਮ ਮੇਟ ਮਿਟਾਈਆ । ਕਲਜੁਗ ਤੇਰਾ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਉਠਾਏ ਸੰਤ ਦੁਲਾਰਾ, ਧਰਤ ਮਾਤ ਗੋਦੀ ਪਾਈਆ । ਅੰਮ੍ਰਿਤ ਰਸ ਸਾਚਾ ਸੀਰ ਦੇਵੇ ਹਰਿ ਨਿਰੰਕਾਰਾ, ਸੱਸੇ ਕਿਲ੍ਹੇ ਵਿਚ ਬਹਾਈਆ । ਹੋੜਾ ਉਪਰ ਕਰੇ ਪੁਕਾਰਾ, ਦੋਵੇਂ ਮੁਖ ਉਠਾਈਆ । ਨਿਰਗੁਣ ਸਰਗੁਣ ਖੇਲ ਵਿਚ ਸੰਸਾਰਾ, ਸਾਚਾ ਕੋਟ ਇਕ ਸੁਹਾਈਆ । ਆਪ ਆਪਣਾ ਕਰ ਉਜਿਆਰਾ, ਲੋਕਮਾਤ ਕਰੇ ਰੁਸ਼ਨਾਈਆ । ਸੋਹੰ ਸ਼ਬਦ ਤੇਰਾ ਜੈ ਜੈਕਾਰਾ, ਚਾਰ ਵਰਨ ਇਕ ਪੜ੍ਹਾਈਆ । ਸੋਹੰ ਜੈਕਾਰਾ ਹਰਿ ਹਰਿ ਲਾਇਆ, ਸਤਿਜੁਗ ਨੀਂਹ ਰਖਾਈਆ । ਆਪ ਆਪਣਾ ਅੰਗ ਕਟਾਇਆ, ਲੱਖ ਚੁਰਾਸੀ ਵਿਚ ਗਿਆ ਸਮਾਈਆ । ਆਪ ਆਪਣਾ ਮਰਦੰਗ ਵਜਾਇਆ, ਡੌਰੂ ਡੰਕਾ ਏਕਾ ਵਾਹੀਆ । ਸਚ ਸਿੰਘਾਸਣ ਸ਼ਬਦ ਰੰਗੀਲਾ ਨਾਮ ਇਕ ਪਲੰਘ ਵਛਾਇਆ, ਜੋਤੀ ਨੂਰ ਕਰੇ ਰੁਸ਼ਨਾਈਆ । ਨੌਂ ਦਵਾਰ ਖੋਲ੍ਹ ਕਿਵਾੜ ਹਰਿਜਨ ਅੰਦਰ ਲੰਘ ਵਖਾਇਆ, ਆਪ ਆਪਣਾ ਕੁੰਡਾ ਲਾਹੀਆ । ਚਰਨ ਧੂੜ ਕੋਟਨ ਕੋਟ ਧਾਰ ਗੰਗ ਵਹਾਇਆ, ਤੀਰਥ ਤਟ ਰਹੇ ਸ਼ਰਮਾਈਆ । ਹਰਿਜਨ ਸਾਚੀ ਮੰਗ ਮੰਗਾਇਆ, ਏਕਾ ਮੇਲਾ ਹਰਿ ਰਘੁਰਾਈਆ । ਆਦਿ ਜੁਗਾਦੀ ਲਏ ਅੰਗ ਲਗਾਇਆ, ਜੁਗ ਜੁਗ ਆਪਣੀ ਪੈਜ ਰਖਾਈਆ । ਚਿੱਟੇ ਅਸਵ ਸਾਚੇ ਘੋੜੇ ਤੰਗ ਕਸਾਇਆ, ਸੋਲਾਂ ਕਲੀਆਂ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਲੀਆ ਛਲੀਆ ਆਪ ਅਖਵਾਈਆ । ਵਲ ਛਲ ਹਰਿ ਭੇਖ ਬਾਵਨ, ਕਰੇ ਅਛਲ ਅਛੇਦਾ । ਜਨ ਭਗਤਾਂ ਫੜਾਏ ਆਪਣਾ ਦਾਮਨ, ਭੇਵ ਨਾ ਪਾਇਣ

੧੦੮੪
੦੬

ਚਾਰੇ ਵੇਦਾ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਹਨਵੰਤ ਉਧਾਰੇ ਗਾਇਆ ਜਿਹਵਾ । ਚੰਡੀ ਚਮਕੇ ਦਾਮਨੀ ਦਾਮਨ, ਰਬ ਰਬਵਾਹੀ ਬੇਐਬ ਬੇਐਬਾ । ਏਕਾ ਸ਼ਬਦ ਨਾਨਕ ਗੁਰ ਧੁਰ ਦਰਗਾਹੀ ਜਾਮਨ, ਮਹਿੰਮਾ ਲਿਖੇ ਜਗਤ ਕਿਤੇਬਾ । ਗੁਰਮੁਖ ਵਿਰਲੇ ਦਰ ਘਰ ਸਾਚਾ ਪਾਵਣ, ਲਹਿਣਾ ਦੇਣਾ ਚੁੱਕੇ ਹਿਸੇਬਾ । ਨੇੜ ਨਾ ਆਏ ਕਾਮਨੀ ਕਾਮਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਖੋਲ੍ਹੇ ਸਚ ਦਰ, ਗੁਰਮੁਖ ਮੇਲਾ ਹਰੀ ਹਰਿ, ਆਪ ਆਪਣੇ ਘਰ ਆਪੇ ਕਰੇ ਵਸੇਬਾ ।

ਸਤਿਗੁਰ ਪੁਰਖ ਸ਼ਾਹ ਸੁਲਤਾਨਾ, ਸਤਿ ਸਤਿਵਾਦ ਸਮਾਇਆ । ਕਲਜੁਗ ਮੇਟੇ ਝੂਠ ਦੁਕਾਨਾ, ਤੀਰ ਨਿਸ਼ਾਨਾ ਏਕਾ ਲਾਇਆ । ਸਤਿਜੁਗ ਖੇਲੇ ਖੇਲ ਮਹਾਨਾ, ਸਤਿ ਸਰੂਪ ਸਮਾਇਆ । ਏਕਾ ਉਪਜੇ ਨਾਮ ਨਿਧਾਨਾ, ਨਿਰਗੁਣ ਵੇਖ ਵਖਾਇਆ । ਇਕ ਚਲਾਏ ਤੀਰ ਨਿਸ਼ਾਨਾ, ਹਰਿਜਨ ਲਏ ਚੜ੍ਹਾਇਆ । ਇਕ ਜਣਾਈ ਇਕ ਗਿਆਨਾ, ਏਕਾ ਧਰਮ ਧਰਾਇਆ । ਏਕਾ ਬਾਣੀ ਏਕਾ ਗਾਣਾ, ਏਕਾ ਰਾਗ ਅਲਾਇਆ । ਏਕਾ ਰੂਪ ਸ਼ਾਹੋ ਭੂਪ ਹਰਿ ਭਗਵਾਨਾ, ਏਕਾ ਕੂਟ ਦਰਸਾਇਆ । ਏਕਾ ਮੰਦਰ ਸਚ ਮਕਾਨਾ, ਏਕਾ ਧੂਪ ਧੁਖਾਇਆ । ਏਕਾ ਬਰਨ ਆਪ ਕਰਾਨਾ, ਇਕ ਸਮਗਰੀ ਪਾਇਆ । ਏਕਾ ਜਾਪ ਆਪ ਜਪਾਨਾ, ਅਜੱਪਾ ਜਾਪ ਸਮਝਾਇਆ । ਏਕਾ ਬੰਦ ਦਵਾਰ ਵਖਾਨਾ, ਏਕਾ ਘਰ ਰਖਾਇਆ । ਏਕਾ ਡੰਕ ਆਪ ਵਜਾਨਾ, ਏਕਾ ਤਾਲ ਵਜਾਇਆ । ਏਕਾ ਰੰਗ ਰਾਓ ਰੰਕ ਕਰਾਨਾ, ਏਕਾ ਧਾਮ ਬਹਾਇਆ । ਏਕਾ ਮਰਦ ਇਕ ਮਰਦਾਨਾ, ਏਕਾ ਚੇਲਾ ਰੂਪ ਅਖਵਾਇਆ । ਏਕਾ ਪੀਣਾ ਏਕਾ ਖਾਣਾ, ਏਕਾ ਬਸਤਰ ਤਨ ਪਹਿਨਾਇਆ । ਏਕਾ ਸ਼ਸਤਰ ਏਕਾ ਤੀਰ ਕਮਾਨਾ, ਏਕਾ ਚਿੱਲੇ ਆਪ ਚੜ੍ਹਾਇਆ । ਏਕਾ ਪਵਣ ਇਕ ਮਸਾਣਾ, ਏਕਾ ਅਵਣ ਗਵਣ ਅਖਵਾਇਆ । ਏਕਾ ਮੇਘ ਏਕਾ ਬਰਖੇ ਸਵਣ, ਏਕਾ ਸੀਤਲ ਧਾਰ ਚਲਾਇਆ । ਏਕਾ ਰਾਮਾ ਏਕਾ ਰਾਵਣ, ਏਕਾ ਹੰਕਾਰ ਮਿਟਾਇਆ । ਏਕਾ ਭੇਖੀ ਏਕਾ ਬਾਵਨ, ਏਕਾ ਬਲ ਤਰਾਇਆ । ਏਕਾ ਕ੍ਰਿਸ਼ਨਾ ਏਕਾ ਸਵਲ, ਏਕਾ ਰਬ ਰਬਵਾਹੀ ਆਇਆ । ਏਕਾ ਧਰਨੀ ਏਕਾ ਧਰਤੀ ਏਕਾ ਧਵਲ, ਏਕਾ ਧਰਮੀ ਧਰਮ ਕਮਾਇਆ । ਏਕਾ ਕਰਨੀ ਏਕਾ ਕਵਲ, ਕਰਤਾ ਪੁਰਖ ਆਪ ਅਖਵਾਇਆ । ਏਕਾ ਮਰਨੀ ਏਕਾ ਮਵਲ, ਮਰੇ ਮਰ ਮਰ ਜੰਮੇ ਜੀਵ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮਾਰਗ ਲਾਇਆ । ਸਚ ਦਰਵਾਜ਼ਾ ਇਕ ਖੁਲ੍ਹਾ, ਲੋਕਮਾਤ ਕਰੇ ਰੁਸ਼ਨਾਈਆ । ਰਵ ਸਸ ਰਹੇ ਸ਼ਰਮਾ, ਮੁਖ ਰਿਹਾ ਪੜਦਾ ਪਾਈਆ । ਤਾਰਾ ਮੰਡਲ ਆਪਣਾ ਮੰਡਪ ਰਿਹਾ ਢਾਹ, ਨੂਰ ਚਮਕ ਕਰੇ ਚਮਕਾਈਆ । ਬ੍ਰਹਮਾ ਵੇਖੇ ਬੇਪਰਵਾਹ ਤੇਰਾ ਰਾਹ, ਲੋਕਮਾਤ ਨੈਣ ਉਠਾਈਆ । ਕਵਣ ਕੂਟੇ ਬੈਠਾ ਜੋਤ ਜਗਾ, ਆਪ ਆਪਣੀ ਕਲ ਵਰਤਾਈਆ । ਗੁਰਮੁਖ ਸਾਜਨ ਰਿਹਾ ਤਰਾ, ਏਕਾ ਪ੍ਰੇਮ ਪੜ੍ਹਾਈਆ । ਆਤਮ ਵਿਦਿਆ ਇਕ ਸਿਖਾ, ਜਗਤ ਵਿਦਿਆ ਦੂਰ ਕਰਾਈਆ । ਲੇਖਾ ਲਿਖਿਆ ਲੇਖੇ ਲਏ ਲਾ, ਲੇਖਾ ਲੇਖੇ ਵਿਚ ਸਮਾਈਆ । ਆਪ ਆਪਣਾ ਪੱਲਾ ਲਏ ਫੜਾ, ਜਨ ਭਗਤਾਂ ਬੇਪਰਵਾਹੀਆ । ਸਾਚੇ ਮੰਦਰ ਲਏ ਚੜ੍ਹਾ, ਡੂੰਘੀ ਕੰਦਰ ਪਾਰ ਕਰਾਈਆ । ਬਹੱਤਰ ਨਾੜ ਕਰੇ ਰੁਸ਼ਨਾ, ਜੋਤ ਨਿਰੰਜਣ ਡਗਮਗਾਈਆ । ਅਨਹਦ ਤਾਲ ਆਪ ਵਜਾ, ਸਾਚਾ ਰਾਗ ਅਲਾਈਆ । ਆਤਮ ਸੇਜਾ ਆਸਣ ਲਾ, ਬਜਰ ਕਪਾਟੀ ਕੁੰਡਾ ਲਾਹੀਆ । ਜਨ

ਭਗਤਾਂ ਮੇਲੇ ਫੜ ਫੜ ਬਾਂਹ, ਦਰ ਦਵਾਰੇ ਫੇਰੀ ਪਾਈਆ । ਹੰਸ ਬਣਾਏ ਫੜ ਫੜ ਕਾਂ, ਕਾਗੋਂ ਹੰਸ ਬਣਾਈਆ । ਇਕ ਜਪਾਏ ਸਾਚਾ ਨਾਂ, ਦੋ ਜਹਾਨਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਗੁਰਬਚਨ ਗੁਰ ਕਾ ਬਚਨ ਪੂਰ ਕਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਗ੍ਰਿਹ ਮੰਦਰ ਪੂਜਾ ਏਕਾ ਆਪਣੀ ਆਪ ਵਖਾਈਆ ।

### ✻ ੨੬ ਮੱਘਰ ੨੦੧੪ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਮਨਾਵਾ ਜ਼ਿਲਾ ਫਿਰੋਜ਼ਪੁਰ ✻

ਆਪਣਾ ਨਾਉਂ ਹਰਿ ਆਪ ਰੱਖ, ਆਪਣਾ ਆਪ ਉਪਾਇਆ । ਆਪ ਆਪਣਾ ਕਰ ਪਰਤੱਖ, ਆਪ ਆਪਣਾ ਵੇਸ ਵਟਾਇਆ । ਆਪ ਆਪਣਾ ਲਏ ਰੱਖ, ਆਪ ਆਪਣਾ ਦਏ ਮਿਟਾਇਆ । ਆਪ ਆਪਣਾ ਕਰੇ ਸੱਖ, ਆਪ ਆਪਣਾ ਦਏ ਭਰਾਇਆ । ਆਪ ਆਪਣਾ ਕਰੇ ਵੱਖ, ਆਪ ਆਪਣਾ ਸਰਬ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਾਇਆ । ਆਪ ਆਪਣਾ ਨਾਮ ਉਚਾਰ, ਆਪ ਆਪਣੀ ਆਵਾਜ਼ ਲਗਾਈਆ । ਆਪ ਆਪਣਾ ਲਏ ਉਭਾਰ, ਆਪ ਆਪਣਾ ਸਾਜ ਸਜਾਈਆ । ਆਪ ਆਪਣਾ ਲਏ ਵਿਚਾਰ, ਆਪ ਆਪਣਾ ਆਸਣ ਲਾਈਆ । ਆਪ ਆਪਣਾ ਵਸਾਏ ਘਰ ਬਾਹਰ, ਆਪ ਆਪਣਾ ਡੇਰਾ ਲਾਈਆ । ਆਪ ਆਪਣਾ ਹੋਏ ਪਹਿਰੇਦਾਰ, ਆਪ ਆਪਣੀ ਸੇਵਾ ਲਾਈਆ । ਆਪ ਆਪਣਾ ਕਾਰਜ ਲਏ ਸਵਾਰ, ਆਪ ਆਪਣਾ ਕਾਜ ਰਚਾਈਆ । ਆਪ ਆਪਣਾ ਕਰ ਪਿਆਰ, ਆਪ ਆਪਣਾ ਲਏ ਮਨਾਈਆ । ਆਪ ਆਪਣਾ ਕਰ ਸ਼ਿੰਗਾਰ, ਆਪ ਆਪਣਾ ਵੇਖ ਵਖਾਈਆ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣੀ ਧਾਰ ਚਲਾਈਆ । ਆਪ ਆਪਣੀ ਵੇਖ ਰੰਗ ਕਰਤਾਰ, ਆਪ ਆਪਣਾ ਰੰਗ ਚੜ੍ਹਾਈਆ । ਆਪ ਆਪਣਾ ਮੰਗ ਦਵਾਰ, ਆਪ ਆਪਣੀ ਝੋਲੀ ਭਿਛਿਆ ਪਾਈਆ । ਆਪ ਆਪਣਾ ਲੇਖਾ ਲੇਖ ਅਪਰ ਅਪਾਰ, ਆਪ ਆਪਣੇ ਅੱਗੇ ਰਿਹਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਚਲਾਈਆ । ਆਪ ਆਪਣਾ ਆਪ ਉਪਾ, ਆਪ ਆਪਣੀ ਕਲ ਵਰਤਾਈਆ । ਆਪ ਆਪਣਾ ਵੇਖ ਵਖਾ, ਆਪ ਆਪਣਾ ਰੰਗ ਰੰਗਾਈਆ । ਆਪ ਆਪਣੀ ਮੰਗ ਮੰਗਾ, ਆਪ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਕਰੇ ਜਣਾਈਆ । ਆਪ ਆਪਣਾ ਦਏ ਜਣਾ, ਆਪ ਆਪਣਾ ਪੜਦਾ ਲਾਹਿਆ । ਆਪ ਆਪਣਾ ਲੇਖਾ ਦਏ ਲਿਖਾ, ਆਪ ਆਪਣਾ ਰਾਗ ਅਲਾਇਆ । ਆਪ ਆਪਣਾ ਮਾਰਗ ਲਾ, ਆਪ ਆਪਣਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਖ ਵਖਾਇਆ । ਆਪ ਆਪਣਾ ਕਰ ਤਿਆਰ, ਆਪ ਆਪਣਾ ਕਰਮ ਕਮਾਇਆ । ਆਪੇ ਹੋਏ ਸ਼ਾਹ ਅਸਵਾਰ, ਆਪ ਆਪਣਾ ਆਸਣ ਲਾਇਆ । ਆਪ ਆਪਣਾ ਹੋਇਆ ਪਹਿਰੇਦਾਰ, ਪੁਰਖ ਅਬਿਨਾਸ਼ੀ ਸੇਵ ਕਮਾਇਆ । ਆਪ ਆਪਣਾ ਕਰੇ ਖ਼ਬਰਦਾਰ, ਆਪ ਆਪਣਾ ਰਿਹਾ ਜਗਾਇਆ । ਆਪ ਆਪਣਾ ਕਰ ਮੇਲ ਅਪਾਰ, ਆਪ ਆਪਣਾ ਮੇਲ ਮਿਲਾਇਆ । ਆਪ ਆਪਣੀ ਬੰਨ੍ਹੇ ਧਾਰ, ਆਪ ਆਪਣਾ ਰੂਪ ਵਟਾਇਆ । ਆਪ ਆਪਣਾ ਸ਼ਬਦ ਉਚਾਰ, ਆਪ ਸ਼ਬਦੀ ਸ਼ਬਦ ਸਮਾਇਆ । ਆਪ ਆਪਣਾ ਮਹੱਲ ਉਸਾਰ, ਆਪ ਆਪਣਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੦੯੭
੦੬

ਜੋਤ ਧਰ, ਆਪ ਆਪਣਾ ਨਾਉਂ ਬੁਲਾਇਆ । ਆਪ ਆਪਣਾ ਨਾਉਂ ਪੁਕਾਰ, ਆਪ ਆਪਣਾ ਰਿਹਾ ਮਨਾਈਆ । ਆਪ ਆਪਣੀ ਪਾਵਣਹਾਰਾ ਸਾਰ, ਆਪ ਆਪਾ ਵੇਖ ਵਖਾਈਆ । ਆਪ ਆਪਣਾ ਗਾਏ ਗਾਵਣਹਾਰ, ਗਾਵਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਆਪ ਆਪਣਾ ਨਾਮ, ਹਰਿ ਸਾਚੇ ਆਪ ਧਰਾਇਆ । ਇਕ ਪਿਆਇਆ ਆਪਣਾ ਜਾਮ, ਏਕਾ ਰੰਗ ਰੰਗਾਇਆ । ਆਪ ਬੰਧਾਏ ਪੱਲੇ ਸਾਚਾ ਦਾਮ, ਨਿਖੁੱਟ ਕਦੇ ਨਾ ਜਾਇਆ । ਆਪ ਮਿਟਾਏ ਅੰਧੇਰੀ ਸ਼ਾਮ, ਇਕ ਗਿਆਨ ਦ੍ਰਿੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਅੰਗਨ ਆਪ ਕਰਾਇਆ । ਆਪਣੇ ਅੰਗਨ ਆਪੇ ਵੜ, ਆਪੇ ਅਲਖ ਜਗਾਈਆ । ਆਪਣੇ ਅੰਦਰ ਆਪੇ ਖੜ੍ਹ, ਆਪੇ ਵੇਖ ਵਖਾਈਆ । ਆਪ ਆਪਣਾ ਵੇਖ ਗੜ੍ਹ, ਆਪ ਆਪਣਾ ਦਏ ਸੁਹਾਈਆ । ਆਪ ਆਪਣਾ ਫੜਿਆ ਲੜ, ਆਪ ਆਪਣੇ ਹੱਥ ਰਖਾਈਆ । ਆਪ ਆਪਣਾ ਘਾੜਨ ਘੜ, ਘੜਨਹਾਰ ਆਪ ਹੋ ਜਾਈਆ । ਆਪ ਆਪਣਾ ਅੱਖਰ ਪੜ੍ਹ, ਆਪ ਆਪਣੇ ਵਿਚ ਟਿਕਾਈਆ । ਆਪ ਆਪਣੀ ਅਗਨੀ ਸੜ, ਆਪ ਆਪਣੀ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਘਰ ਸੁਹਾਈਆ । ਆਪ ਆਪਣਾ ਘਰ ਸੁਹਾਏ, ਆਪ ਆਪਣਾ ਆਸਣ ਲਾਇਆ । ਆਪ ਆਪਣਾ ਦਰ ਖੁਲ੍ਹਾਏ, ਆਪੇ ਵੇਖਣ ਆਇਆ । ਆਪ ਆਪਣਾ ਸਰ ਉਪਾਏ, ਆਪੇ ਨਹਾਵਣ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਾਇਆ । ਨਾਉਂ ਉਪਾਏ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਏ । ਆਪ ਆਪਣਾ ਕਰ ਉਜਿਆਰਾ, ਲੋਆਂ ਪੁਰੀਆਂ ਬਣਤ ਬਣਾਏ । ਆਪ ਆਪਣਾ ਕਰ ਪਸਾਰਾ, ਲੱਖ ਚੁਰਾਸੀ ਵਿਚ ਸਮਾਏ । ਆਪ ਆਪਣਾ ਦਏ ਹੁਲਾਰਾ, ਹਰ ਘਟ ਬੈਠਾ ਆਸਣ ਲਾਏ । ਆਪ ਆਪਣਾ ਬਣ ਵਰਤਾਰਾ, ਬ੍ਰਹਮਾ ਵਿਸ਼ਨ ਸ਼ਿਵ ਝੋਲੀ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਏ । ਨਾਮ ਧਰਾਏ ਹਰਿ, ਨਿਰਗੁਣ ਰੂਪ ਸਮਾਇਆ । ਆਪਣਾ ਭਾਣਾ ਆਪੇ ਰਿਹਾ ਜਰ, ਆਪਣੇ ਭਾਣੇ ਵਿਚ ਸਮਾਇਆ । ਆਪਣੀ ਤਰਨੀ ਆਪੇ ਤਰ, ਤਾਰਨਹਾਰ ਆਪ ਅਖਵਾਇਆ । ਆਪਣੀ ਕਰਨੀ ਆਪੇ ਕਰ, ਕਰਤਾ ਪੁਰਖ ਸ੍ਰਿਸ਼ਟ ਰਖਾਇਆ । ਆਪਣੀ ਮਰਨੀ ਆਪੇ ਮਰ, ਆਪ ਆਪਣਾ ਲਏ ਜਿਵਾਇਆ । ਆਪ ਆਪਣੀ ਸਰਨੀ ਪੜ੍ਹ, ਆਪ ਆਪਣਾ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਉਪਾਇਆ । ਨਾਉਂ ਉਪਾਏ ਹਰਿ ਭਗਵਾਨਾ, ਭਗਵਨ ਰੂਪ ਸਮਾਇਆ । ਆਦਿ ਅੰਤ ਇਕ ਨਿਸ਼ਾਨਾ, ਏਕਾ ਤੀਰ ਚਲਾਇਆ । ਏਕਾ ਤੰਦਨ ਏਕਾ ਗਾਨਾ, ਏਕਾ ਤਨ ਬੰਧਾਇਆ । ਏਕਾ ਬੰਧਨ ਦੋ ਜਹਾਨਾਂ, ਬੰਦੀ ਛੋੜ ਆਪ ਅਖਵਾਇਆ । ਏਕਾ ਨੰਦਨ ਵਿਚ ਜਹਾਨਾ, ਪਰਮਾਨੰਦ ਵਖਾਇਆ । ਏਕਾ ਚੰਦਨ ਕੋਟਨ ਭਾਨਾ, ਜੋਤੀ ਨੂਰ ਸਮਾਇਆ । ਏਕਾ ਅਨੰਦਨ ਰਾਗ ਅਲਾਨਾ, ਨਾਮ ਤਰਾਨਾ ਏਕਾ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਉਪਾਇਆ । ਨਾਉਂ ਉਪਾਏ ਹਰਿ ਗਿਰਧਾਰੀ, ਗਿਰਵਰ ਰੂਪ ਵਟਾਇਆ । ਪਾਰਬ੍ਰਹਮ ਖੇਲ ਨਿਆਰੀ, ਖੇਲਣਹਾਰ ਦਿਸ ਨਾ ਆਇਆ । ਕਰੇ ਕਰਾਏ ਆਪਣੀ ਕਾਰੀ, ਕਾਰਜ ਆਪਣਾ ਆਪ ਰਚਾਇਆ । ਏਕਾ ਨਾਉਂ ਜੋਧਾ ਸੂਰ ਵਡ ਬਲਕਾਰੀ, ਹਰਿ ਆਪਣਾ ਆਪ ਉਪਾਇਆ । ਸਚ ਸੁੱਚ ਦੇਵੇ ਸ਼ਬਦ ਕਟਾਰੀ, ਸ਼ਸਤਰ ਬਸਤਰ ਇਕ ਸਜਾਇਆ । ਨਾਮ ਘੋੜੇ ਕਰ ਅਸਵਾਰੀ, ਲੋਆਂ ਪੁਰੀਆਂ

ਰਿਹਾ ਫਿਰਾਇਆ । ਲੱਖ ਚੁਰਾਸੀ ਪਾਵੇ ਸਾਰੀ, ਦਹਿ ਦਿਸ਼ਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਧਰਾਇਆ । ਨਾਉਂ ਧਰਾਏ ਨਿਹਕਲੰਕ, ਨਿਹਕਰਮੀ ਕਰਮ ਕਮਾਇਆ । ਆਪ ਸੁਹਾਇਆ ਆਪਣਾ ਬੰਕ, ਬੰਕ ਦਵਾਰੀ ਆਪ ਅਖਵਾਇਆ । ਖੇਲੇ ਖੇਲ ਬਾਰ ਅਨਕ, ਅਨਕ ਕਲ ਸੁਹਾਇਆ । ਆਪ ਵਜਾਏ ਆਪਣਾ ਡੰਕ, ਨਾ ਕੋਈ ਡੌਰੂ ਡੰਕ ਰਖਾਇਆ । ਆਪ ਆਪਣੀ ਲਾਏ ਤਨਕ, ਡੋਰੀ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਦ੍ਰਿੜਾਇਆ । ਆਪੇ ਵਸਿਆ ਪੁਰੀ ਘਨਕ, ਸਚ ਸੁੱਚ ਵੇਖ ਵਖਾਇਆ । ਗੁਰਮੁਖ ਉਧਾਰੇ ਜਿਉਂ ਜਨ ਜਨਕ, ਮਨ ਮਤੀ ਲੇਖੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਹੋਏ ਸਹਾਇਆ । ਆਪ ਆਪਣਾ ਹੋਏ ਸਹਾ, ਨਿਹਕਲੰਕ ਬਲੀ ਬਲਵਾਨਾ । ਆਪ ਆਪਣਾ ਲਏ ਉਪਾ, ਆਪ ਆਪਣਾ ਹੱਥੀਂ ਬੰਨ੍ਹੇ ਗਾਨਾ । ਆਪ ਆਪਣਾ ਖੰਡਾ ਲਏ ਉਠਾ, ਆਪ ਆਏ ਵਿਚ ਮੈਦਾਨਾ । ਆਪ ਆਪਣਾ ਪਖੰਡਾ ਭੇਖ ਦਏ ਮਿਟਾ, ਆਪ ਆਪਣਾ ਅੰਤ ਮਿਟਾਨਾ । ਆਪ ਆਪਣਾ ਬ੍ਰਹਿਮੰਡਾਂ ਵਿਚ ਗਿਆ ਸਮਾ, ਆਪ ਆਪਣਾ ਭੇਵ ਛੁਪਾਨਾ । ਆਪ ਆਪਣੀ ਵੰਡਾ ਦਏ ਕਰਾ, ਉਤਭੁਜ ਸੇਤਜ ਜੇਰਜ ਅੰਡ ਵਖਾਨਾ । ਆਪ ਆਪਣਾ ਡੰਡਾ ਲਾ, ਲੱਖ ਚੁਰਾਸੀ ਵੇਖੇ ਮਾਰ ਧਿਆਨਾ । ਆਪ ਆਪਣਾ ਰੰਡਾ ਦਏ ਕਰਾ, ਆਪੇ ਹੋਏ ਸੁਹਾਗੀ ਬਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਮ ਵਖਾਨਾ । ਨਾਮ ਵਖਾਏ ਹਰਿ ਭਗਵਾਨਾ, ਜੋਤੀ ਜੋਤ ਜਗਾਈਆ । ਸ਼ਬਦ ਤਰਾਨਾ ਦੋ ਜਹਾਨਾ, ਆਪਣਾ ਨਾਦ ਵਜਾਈਆ । ਭਗਤ ਭਗਵਾਨਾ ਪਾਰ ਕਰਾਨਾ, ਬ੍ਰਹਿਮਾਦੀ ਖੋਜ ਕਰਾਈਆ । ਖੇਲ ਮਹਾਨਾ ਦੋ ਜਹਾਨਾਂ, ਦਿਸ ਕਿਸੇ ਨਾ ਆਈਆ । ਸ਼ਾਹ ਸੁਲਤਾਨਾ ਵਡ ਮਿਹਰਵਾਨਾ, ਥਿਰ ਘਰ ਬੈਠਾ ਆਸਣ ਲਾਈਆ । ਸ਼ਬਦ ਬਿਬਾਣਾ ਇਕ ਮਹਾਨਾ, ਆਪ ਆਪਣਾ ਰਿਹਾ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਮਨਾਈਆ । ਨਾਮ ਮਨਾਏ ਦਇਆ ਕਮਾਏ ਗੁਰਮੁਖ ਚੁਕਾਏ, ਹਰਿ ਵਡ ਵੱਡੀ ਵਡਿਆਈਆ । ਰੋਗ ਮਿਟਾਏ ਸੋਗ ਗਵਾਏ ਜੋਗ ਕਮਾਏ, ਏਕਾ ਏਕ ਸੱਚੀ ਸਰਨਾਈਆ । ਸੰਜੋਗ ਵਖਾਏ ਗੁਰਸਿਖ ਸਾਚੇ ਬਾਲ ਅੰਞਾਣੇ ਗਲੇ ਲਗਾਏ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਨਾਉਂ ਚਲਾਈਆ । ਆਪ ਆਪਣਾ ਨਾਉਂ ਚਲਾ, ਸਚ ਮਹੱਲਾ ਦਏ ਵਖਾ, ਇਕ ਇਕੱਲਾ ਵੇਖੇ ਥਾਂ, ਲੋਕਮਾਤ ਵੱਡੀ ਵਡਿਆਈਆ । ਹਰਿਜਨ ਸਾਚੇ ਰਾਹੇ ਪਾ, ਆਪ ਆਪਣਾ ਮੇਲ ਮਿਲਾ, ਦੂਈ ਦਵੈਤੀ ਪੜਦਾ ਲਾਹ, ਏਕਾ ਬੂਝ ਬੁਝਾਈਆ । ਕਾਇਆ ਚੋਲੀ ਰੰਗ ਰੰਗਾ, ਆਪ ਆਪਣੇ ਅੰਗ ਲਗਾ, ਹਉਮੇ ਹੰਗਤਾ ਰੋਗ ਗਵਾ, ਏਕਾ ਅੱਖਰ ਬੂਝ ਬੁਝਾਈਆ । ਕਾਇਆ ਮੰਦਰ ਧੁਨ ਆਤਮਕ ਇਕ ਵਜਾ, ਸ਼ਬਦ ਰਾਗ ਦਏ ਸੁਣਾ, ਤਾਲ ਤਲਵਾੜਾ ਇਕ ਵਜਾ, ਛੱਤੀ ਰਾਗ ਭੇਵ ਨਾ ਪਾਈਆ । ਬਜਰ ਕਪਾਟੀ ਦਏ ਖੁਲ੍ਹਾ, ਆਪ ਆਪਣਾ ਦਏ ਵਖਾ, ਆਤਮ ਸੇਜਾ ਰਿਹਾ ਸੁਹਾ, ਹਰਿ ਸਾਚੀ ਜੋਤ ਜਗਾਈਆ । ਗੁਰਮੁਖ ਸਾਚੇ ਪਕੜੇ ਬਾਂਹ, ਇਕ ਵਖਾਏ ਸਾਚਾ ਥਾਂ, ਜਪੇ ਜਪਾਏ ਆਪਣਾ ਨਾਂ, ਨਾ ਕੋਈ ਦੂਸਰ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਲਏ ਉਪਾਈਆ । ਆਪ ਉਪਾਇਆ ਆਪ ਹਿਲਾਇਆ ਆਪ ਜਗਾਇਆ, ਆਪੇ ਜੋਗ ਕਮਾਇੰਦਾ । ਆਪ ਉਠਾਇਆ ਆਪ ਖਪਾਇਆ ਆਪ ਵਖਾਇਆ ਭਰਮ ਗਵਾਇਆ,

ਏਕਾ ਧਾਮ ਸੁਹਾਇੰਦਾ । ਆਪ ਚਲਾਇਆ ਆਪ ਫਿਰਾਇਆ ਆਪ ਤਰਾਇਆ ਆਪ ਵਡਿਆਇਆ, ਆਪੇ ਬੇੜਾ ਬੰਨ੍ਹੇ ਲਾਇੰਦਾ । ਆਪ ਗਾਇਆ ਆਪ ਪਾਇਆ ਆਪ ਬਣਾਇਆ ਸਹਿਜ ਸੁੱਖ ਪਾਇਆ, ਘਰ ਸਾਚੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਆਪਣਾ ਨਾਉਂ ਰਖਾਇੰਦਾ । ਨਾਮ ਨਿਰੰਕਾਰ ਅਪਰ ਅਪਾਰਾ, ਏਕਾ ਜੋਤ ਜਗਾਈਆ । ਨਿਹਕਲੰਕਾ ਖੇਲ ਅਪਾਰਾ, ਵਰਨ ਗੋਤ ਨਾ ਕੋਈ ਰਖਾਈਆ । ਏਕਾ ਅੰਕਾ ਇਕ ਸਹਾਰਾ, ਰਾਓ ਰੰਕਾਂ ਏਕਾ ਰੰਗ ਰੰਗਾਈਆ । ਪਰਗਟ ਹੋਵੇ ਵਾਸੀ ਪੁਰੀ ਘਨਕਾ, ਹਰਿਜਨ ਸਾਚੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਜੁਗਾਦਿ ਜੁਗ ਜੁਗ ਜੋਗ ਜਗਤ ਭਗਤ ਆਪਣੇ ਹੱਥ ਰੱਖੇ ਵਡਿਆਈਆ । ਨਾਮ ਨੇਤਰ ਗਿਆਨ ਅੰਜਨ, ਪ੍ਰਭ ਸਾਜਨ ਸਾਚੇ ਪਾਇਆ । ਕਾਇਆ ਕੰਦਰ ਮਿਲੇ ਸੱਜਣ, ਭਾਂਡੇ ਕਾਚੇ ਭਾਗ ਲਗਾਇਆ । ਦੁਰਮਤ ਧਵਾਏ ਕਰਾਏ ਸਾਚਾ ਮਜਨ, ਧੂੜੀ ਮਸਤਕ ਟਿੱਕਾ ਲਾਇਆ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਰਮੀ ਭਰਮ ਭੌ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਜਨ ਸਾਚੇ ਲਏ ਤਰਾਇਆ । ਮਜਨ ਧੂੜ ਚਰਨ ਇਸ਼ਨਾਨਾ, ਚਰਨ ਚਰਨੋਦਕ ਮੁਖ ਚੁਆਇਆ । ਮੂਰਖ ਮੁਗਧ ਕਰਾਏ ਚਤੁਰ ਸੁਜਾਨਾ, ਨਾਮ ਨਿਧਾਨਾ ਦਇਆ ਕਮਾਇਆ । ਮੇਲ ਮਿਲਾਏ ਪੁਰਖ ਸੁਲਤਾਨਾ, ਰਾਜ ਰਾਜਾਨਾ ਵੇਖ ਵਖਾਇਆ । ਹਰਿਜਨ ਗੋਪੀ ਹਰਿ ਹਰਿ ਕਾਹਨਾ, ਹਰਿ ਸਾਚਾ ਥਾਨ ਸੁਹਾਇਆ । ਬਸਤਰ ਭੂਸ਼ਨ ਇਕ ਵਖਾਨਾ, ਤਨ ਸ਼ਿੰਗਾਰ ਵਖਾਇਆ । ਨੇਤਰ ਨੈਣ ਕੱਜਲ ਇਕ ਮਹਾਨਾ, ਨੂਰੀ ਦਰਸ ਸੁਹਾਇਆ । ਨਾਮ ਮਹਿੰਦੀ ਰੰਗ ਰੰਗਾਨਾ, ਉਤਰ ਕਦੇ ਨਾ ਜਾਇਆ । ਸੀਸ ਮੈਂਡੀ ਇਕ ਰਖਾਨਾ, ਆਪ ਆਪਣਾ ਮੇਲ ਮਿਲਾਇਆ । ਰਸਨਾ ਕਹਿੰਦੀ ਗੁਣ ਨਿਧਾਨਾ, ਗੁਣ ਨਿਧਾਨਾ ਦੰਦ ਬਤੀਸਾ ਗਾਇਆ । ਕਾਨ ਸੁਣੇ ਸਾਚਾ ਗਾਨਾ, ਹਰਿ ਹਰਿ ਨਾਮ ਅਲਾਇਆ । ਨੇਤਰ ਪੇਖੇ ਦਰਸ ਭਗਵਾਨਾ, ਦਰ ਦਰ ਫੇਰਾ ਪਾਇਆ । ਮਸਤਕ ਮੰਗੇ ਧੂੜੀ ਦਾਨਾ, ਆਪ ਆਪਣਾ ਰਿਹਾ ਚੁਕਾਇਆ । ਸੀਸ ਜਗਦੀਸ ਕਰੇ ਪਰਵਾਨਾ, ਹਰਿਜਨ ਭੇਟ ਚੜ੍ਹਾਇਆ । ਕੇਸ ਦਰਵੇਸ ਹੋਏ ਹੈਰਾਨਾ, ਚਵਰੀ ਚਵਰ ਫਿਰਾਇਆ । ਨੱਕ ਵਾਸਨਾ ਇਕ ਵਖਾਨਾ, ਨਾਮ ਸੁਗੰਧ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਜਪਾਇਆ । ਨਾਮ ਜਪੇ ਜਗ ਸਾਚਾ ਸੱਜਣ, ਜਿਸ ਜਨ ਦਇਆ ਕਮਾਈਆ । ਆਪ ਬੁਝਾਏ ਲੱਗੀ ਅਗਨ, ਅਗਨੀ ਤਤ ਮਿਟਾਈਆ । ਮੁਖ ਲਗਾਏ ਸਾਚਾ ਸਗਨ, ਹਰਿ ਸ਼ਬਦ ਕਰੇ ਕੁੜਮਾਈਆ । ਲੱਖ ਚੁਰਾਸੀ ਫਿਰੇ ਨਗਨ, ਸਚ ਪੜਦਾ ਕੋਈ ਨਾ ਪਾਈਆ । ਮਾਨਸ ਜਨਮ ਹੋਏ ਭੰਗਨ, ਰਾਏ ਧਰਮ ਦਏ ਸਜ਼ਾਈਆ । ਗੁਰਮੁਖ ਸਾਜਨ ਦਰ ਦਵਾਰਾ ਏਕਾ ਮੰਗਨ, ਪ੍ਰਭ ਚਰਨ ਸੱਚੀ ਸਰਨਾਈਆ । ਆਪੇ ਹਰਿਜਨ ਚੋਲੀ ਰੰਗਣ, ਨਾਮ ਲਲਾਰੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਡ ਦਾਤਾ ਬੇਪਰਵਾਹੀਆ । ਬੇਪਰਵਾਹ ਹਰਿ ਹਾਜ਼ਰ ਹਜ਼ੂਰ, ਹਰਿ ਹਾਜ਼ਰ ਜੋਤ ਜਗਾਈਆ । ਆਪੇ ਵਸਿਆ ਨੇੜੇ ਦੂਰ, ਦੂਰ ਦੁਰਾਡਾ ਫੇਰਾ ਪਾਈਆ । ਨਾਤਾ ਤੋੜੇ ਕੂੜੇ ਕੂੜ, ਸਚ ਸੁੱਚ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਲਿਖਿਆ ਲੇਖ ਧੁਰ ਮਸਤਕ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿ ਨਰ ਆਪ ਹੋ ਜਾਈਆ ।

ਸ਼ਬਦ ਗੁਰ ਸਰਬ ਭਰਪੂਰਾ, ਹਰਿ ਹਰਿ ਆਪ ਉਪਾਇਆ । ਆਪੇ ਬਖ਼ਸ਼ੇ ਨਾਦੀ ਤੂਰਾ, ਆਪੇ ਧੁਨ ਉਪਜਾਇਆ । ਆਪੇ ਹੋਏ ਹਾਜ਼ਰ ਹਜ਼ੂਰਾ, ਆਪ ਆਪਣਾ ਦਰਸ ਦਿਖਾਇਆ । ਆਪੇ ਹੋਏ ਨੂਰੀ ਨੂਰਾ, ਨੂਰੋ ਨੂਰ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦੀ ਸ਼ਬਦ ਉਪਾਇਆ । ਸ਼ਬਦ ਗੁਰ ਸਦਾ ਅਨੰਦ, ਅਨੰਦ ਅਨੰਦ ਮੰਗਲ ਗਾਏ । ਆਦਿ ਜੁਗਾਦੀ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਆਪ ਅਖਵਾਏ । ਆਪ ਸਮਾਏ ਪਰਮਾਨੰਦ, ਪਰਮ ਪੁਰਖ ਅਖਵਾਏ । ਆਪ ਆਪਣਾ ਗਾਏ ਛੰਦ, ਆਪ ਆਪਣਾ ਰਾਗ ਅਲਾਏ । ਆਪ ਆਪਣਾ ਵੇਖੇ ਪੰਧ, ਦੋ ਜਹਾਨਾਂ ਫੇਰਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਉਪਾਏ । ਸ਼ਬਦ ਗੁਰ ਸਾਚਾ ਕੰਤਾ, ਆਪੇ ਬਖ਼ਸ਼ੇ ਸਾਚੇ ਸੰਤਾ, ਸਤਿਗੁਰ ਸੇਵਾ ਲਾਇਆ । ਜੁਗਾ ਜੁਗੰਤ ਵੇਖ ਵਖਾਇਆ । ਮੇਲ ਮਿਲਾਏ ਨਾਰੀ ਕੰਤਾ, ਕੰਤ ਕੰਤੂਹਲ ਇਕ ਆਪ ਅਖਵਾਇਆ । ਜਗਤ ਬਣਾਏ ਸਾਚੀ ਬਣਤਾ, ਆਪ ਆਪਣਾ ਰੂਪ ਦਿਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਏ ਵਡਿਆਇਆ । ਸ਼ਬਦ ਗੁਰ ਸ਼ਾਹ ਸੁਲਤਾਨਾ, ਹਰਿ ਹਰਿ ਆਪ ਉਪਾਇਆ । ਆਪ ਉਪਾਏ ਹਰਿ ਭਗਵਾਨਾ, ਆਪ ਆਪਣੇ ਧੰਦੇ ਲਾਇਆ । ਆਪੇ ਦੇਵੇ ਨਾਦ ਤਰਾਨਾ, ਸਾਚਾ ਤਾਲ ਵਜਾਇਆ । ਆਪ ਸੁਣਾਏ ਸਾਚਾ ਗਾਣਾ, ਸੁਨਣਹਾਰ ਆਪ ਅਖਵਾਇਆ । ਆਪ ਵਖਾਏ ਪਦ ਨਿਰਬਾਨਾ, ਨਿਰਗੁਣ ਰੂਪ ਸਮਾਇਆ । ਆਪੇ ਖੇਲੇ ਖੇਲ ਮਹਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਮੇਲ ਮਿਲਾਇਆ । ਸ਼ਬਦ ਦਵਾਰੇ ਸਾਚੀ ਮੰਗ, ਸਗਲੀ ਚਿੰਤ ਮਿਟਾਈਆ । ਆਪ ਰੰਗਾਏ ਆਪਣਾ ਰੰਗ, ਏਕਾ ਏਕ ਰੰਗਾਈਆ । ਆਪੇ ਮੇਟਣਹਾਰਾ ਭੁੱਖ ਨੰਗ, ਤ੍ਰਿਸਨਾ ਤ੍ਰਿਪਤ ਕਰਾਈਆ । ਆਪ ਆਪਣੇ ਵਸਿਆ ਸੰਗ, ਵਸਣਹਾਰ ਆਪ ਅਖਵਾਈਆ । ਆਪੇ ਖੇਲੇ ਖੇਲ ਸੂਰਾ ਸਰਬੰਗ, ਜੁਗ ਜੁਗ ਆਪਣੇ ਹੱਥ ਰੱਖੇ ਵਡਿਆਈਆ । ਸੰਤ ਸੁਹੇਲੇ ਗੁਰੂ ਗੁਰੂ ਗੁਰ ਚੇਲੇ ਏਕਾ ਦਾਨ ਰਹੇ ਮੰਗ, ਦਰ ਦਵਾਰੇ ਝੋਲੀ ਡਾਹੀਆ । ਆਪੇ ਵੇਖੇ ਸ਼ਬਦ ਤਰੰਗ, ਸ਼ਾਹ ਅਸਵਾਰ ਵੇਖ ਵਖਾਈਆ । ਦੋ ਜਹਾਨੀ ਵੇਖੇ ਪੰਧ, ਸਤਿ ਪੁਰਖ ਨਿਰੰਜਣ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਏ ਵਡਿਆਈਆ । ਗੁਰ ਸ਼ਬਦ ਹਰਿ ਆਪ ਵਡਿਆ, ਲੋਕਮਾਤ ਉਪਾਇਆ । ਆਪ ਆਪਣਾ ਹੁਕਮ ਜਣਾ, ਆਪਣੇ ਮਾਰਗ ਲਾਇਆ । ਆਪ ਆਪਣਾ ਨਾਉਂ ਧਰਾ, ਨਿਰਗੁਣ ਸਰਗੁਣ ਖੇਲ ਕਰਾਇਆ । ਸਰਗੁਣ ਮੇਲਾ ਬੇਪਰਵਾਹ, ਨਰ ਨਰਾਇਣ ਅਖਵਾਇਆ । ਮੇਲ ਮਿਲਾਏ ਅਗੰਮ ਅਥਾਹ, ਅਗੰਮੜਾ ਥਾਨ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਆਪ ਉਪਾਇਆ । ਏਕਾ ਨਾਉਂ ਹਰਿ ਹਰਿ ਧਰ, ਸ਼ਬਦੀ ਜੋਗ ਕਮਾਇੰਦਾ । ਆਪ ਆਪਣਾ ਦੇਵੇ ਵਰ, ਆਪ ਆਪਣੀ ਝੋਲੀ ਪਾਇੰਦਾ । ਆਪ ਆਪਣੀ ਕਰਨੀ ਰਿਹਾ ਕਰ, ਕਰਤਾ ਪੁਰਖ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪੇ ਆਪ ਵੇਖ ਵਖਾਇੰਦਾ । ਜੁਗ ਜੁਗ ਵੇਖਣਹਾਰ ਭਗਵੰਤਾ, ਆਪਣੀ ਕਲ ਵਰਤਾਇੰਦਾ । ਭੇਵ ਖੁਲ੍ਹਾਏ ਸਾਚੇ ਸੰਤਾ, ਆਤਮ ਬ੍ਰਹਮ ਜਣਾਇੰਦਾ । ਧੁਨ ਅਨਾਦੀ ਆਤਮਕ ਇਕ ਵਜੰਤਾ, ਅਨਹਦ ਰਾਗ ਵਜਾਇੰਦਾ । ਆਤਮ ਜੋਤੀ ਇਕ ਜਗੰਤਾ, ਆਕਾਸ਼ ਆਕਾਸ਼ ਵੇਖ ਵਖਾਇੰਦਾ । ਸਾਚੀ ਸੇਜਾ ਇਕ ਸੁਹੰਤਾ, ਨਿਰਗੁਣ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਚਲਾਇੰਦਾ ।

੧੦੯੦
੦੬

ਆਪ ਆਪਣਾ ਨਾਉਂ ਜਪਾਏ, ਜੁਗ ਜੁਗ ਹਰਿ ਭਗਵਾਨਾ । ਸਤਿਜੁਗ ਤ੍ਰੇਤਾ ਵੇਖ ਵਖਾਏ, ਦੁਆਪਰ ਦਰ ਕਰੇ ਪਰਵਾਨਾ । ਮਿਹਰਵਾਨ ਆਪ ਹੋ ਜਾਏ, ਰਘੁਪਤ ਵੇਖੇ ਰਾਮ ਰਾਮਾ । ਕਾਹਨਾ ਕ੍ਰਿਸ਼ਨਾ ਰੂਪ ਵਟਾਏ, ਆਪ ਆਪਣਾ ਵੇਖ ਵਖਾਨਾ । ਕਲਜੁਗ ਅੰਤਮ ਮੇਲ ਮਿਲਾਏ, ਮੰਗੇ ਮੰਗ ਏਕਾ ਦਾਨਾ । ਨਾਨਕ ਗੋਬਿੰਦ ਲੇਖ ਲਿਖਾਏ, ਧੁਰ ਦਰਗਾਹੀ ਪਰਵਾਨਾ । ਪੁਰਖ ਅਬਿਨਾਸ਼ੀ ਦਇਆ ਕਮਾਏ, ਪਰਗਟ ਹੋਏ ਵਾਲੀ ਦੋ ਜਹਾਨਾ । ਕਲਜੁਗ ਲਹਿਣਾ ਦੇਣ ਚੁਕਾਏ, ਨਿਹਕਲੰਕ ਬਲੀ ਬਲਵਾਨਾ । ਸ਼ਬਦ ਡੰਕ ਵਜਾਏ, ਆਪ ਉਠਾਏ ਰੰਕ ਰਾਜਾਨਾ । ਦਵਾਰ ਬੰਕ ਇਕ ਸੁਹਾਏ, ਨਾ ਕੋਈ ਦੂਸਰ ਦਰ ਵਖਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਆਪਣੀ ਆਨਾ । ਆਪ ਆਪਣੀ ਜੋਤ ਜਗਾ, ਆਪਣੀ ਕਲ ਵਰਤਾਈਆ । ਨਿਹਕਲੰਕ ਨਾਮ ਧਰਾ, ਨਿਰਗੁਣ ਰੂਪ ਅਖਵਾਈਆ । ਸ਼ਬਦੀ ਸ਼ਬਦ ਰਿਹਾ ਅਖਵਾ, ਗੁਰ ਸ਼ਬਦੀ ਭੇਵ ਨਾ ਰਾਈਆ । ਧੁਨ ਅਨਾਦੀ ਰਿਹਾ ਵਜਾ, ਦਿਸ ਕਿਸੇ ਨਾ ਆਈਆ । ਬ੍ਰਹਿਮਾਦੀ ਖੋਜ ਰਿਹਾ ਖੁਜਾ, ਬ੍ਰਹਿਮਾਦੀ ਖੋਜ ਖੁਜਾਈਆ । ਆਦਿ ਜੁਗਾਦਿ ਭੇਖ ਵਟਾ, ਲੋਆਂ ਪੁਰੀਆਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਘਰ ਦਏ ਸੁਹਾਈਆ । ਆਪ ਆਪਣਾ ਘਰ ਸੁਹਾਏ, ਹਰਿ ਸਾਚਾ ਦਇਆ ਕਮਾਇੰਦਾ । ਸ਼ਬਦ ਸਿੰਘਾਸਣ ਡੇਰਾ ਲਾਏ, ਪ੍ਰਿਥਮੀ ਆਕਾਸ਼ ਵੇਖ ਵਖਾਏ, ਲੋਆਂ ਪੁਰੀਆਂ ਆਪ ਸੁਹਾਇੰਦਾ । ਸ਼ਬਦ ਸਿੰਘਾਸਣ ਗੁਰਮੁਖ ਜਗਾਏ, ਆਪ ਆਪਣੀ ਦਇਆ ਕਮਾਇੰਦਾ । ਕਾਇਆ ਮੰਡਲ ਸਾਚੀ ਰਾਸਨ ਆਪੇ ਪਾਏ, ਹਰਿ ਕਾਹਨਾ ਗੋਪੀ ਰੂਪ ਵਟਾਇੰਦਾ । ਦਾਸੀ ਦਾਸਨ ਆਪ ਅਖਵਾਏ, ਸੇਵਕ ਸੇਵ ਕਮਾਇੰਦਾ । ਨਿਜ ਘਰ ਵਾਸਨ ਡੇਰਾ ਲਾਏ, ਹਰ ਘਟ ਆਪਣਾ ਆਪ ਟਿਕਾਇੰਦਾ । ਗੁਰਮੁਖ ਵਿਰਲੇ ਅੰਧ ਅੰਧੇਰ ਮਿਟਾਏ, ਆਪ ਆਪਣਾ ਰੂਪ ਦਰਸਾਇੰਦਾ । ਦੂਈ ਦਵੈਤੀ ਹਉਮੇ ਹੰਗਤਾ ਪੜਦਾ ਦੇਵੇ ਲਾਹੇ, ਆਪ ਆਪਣੀ ਬਣਤ ਬਣਾਇੰਦਾ । ਨਾਮ ਭੰਡਾਰੀ ਹਰਿਜਨ ਮੰਗਤਾ ਏਕਾ ਏਕ ਮੰਗ ਮੰਗਾਏ, ਆਤਮ ਝੋਲੀ ਆਪ ਭਰਾਇੰਦਾ । ਨਾਨਕ ਅੰਗਦ ਅੰਗ ਲਗਾਏ, ਕਾਗੋਂ ਹੰਸ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਚਲਾਇੰਦਾ । ਸਤਿਜੁਗ ਸਾਚਾ ਨਾਮ ਧਰਾ, ਹਰਿ ਸਚ ਕਰੇ ਕੁੜਮਾਈਆ । ਅੱਖਰ ਵੱਖਰ ਦਏ ਪੜ੍ਹਾ, ਏਕਾ ਵਿਦਿਆ ਹਰਿ ਜਣਾਈਆ । ਸਾਚਾ ਪੌੜਾ ਆਪ ਰਖਾ, ਹਰਿਜਨ ਸਾਚੇ ਦਏ ਚੜ੍ਹਾਈਆ । ਪੂਤ ਸਪੂਤਾ ਬ੍ਰਹਿਮਣ ਗੌੜਾ ਆਪ ਅਖਵਾ, ਮਿੱਠਾ ਕੌੜਾ ਵੇਖ ਵਖਾਈਆ । ਸੰਬਲ ਨਗਰ ਆਏ ਦੌੜਾ ਡੇਰਾ ਲਾ, ਲੰਮਾ ਚੌੜਾ ਵੇਖ ਵਖਾ, ਸਾਢੇ ਤਿੰਨ ਹੱਥ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਚੇ ਟਿੱਲੇ ਆਪੇ ਬੈਠ ਆਪੇ ਹੱਸੇ ਕੂਕੇ ਦਏ ਦੁਹਾਈਆ । ਉਚ ਮਹੱਲਾ ਸਚ ਮੁਨਾਰਾ, ਹਰਿ ਜੋਤ ਕਰੇ ਰੁਸ਼ਨਾਈਆ । ਸ਼ਬਦ ਸੁਹੇਲੇ ਸਚ ਜੈਕਾਰਾ, ਆਪਣਾ ਆਪ ਸੁਣਾਈਆ । ਦੋ ਜਹਾਨੀ ਪਾਵੇ ਸਾਰਾ, ਹਰਿ ਵਡ ਵੱਡੀ ਵਡਿਆਈਆ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਅਖਵਾਈਆ । ਜੁਗ ਜੁਗ ਬੰਨ੍ਹੇ ਧਾਰਾ, ਧਾਰ ਆਪਣੇ ਹੱਥ ਰਖਾਈਆ । ਸਾਧਾਂ ਸੰਤਾਂ ਦਏ ਹੁਲਾਰਾ, ਏਕਾ ਸ਼ਬਦ ਨਾਮ ਜਣਾਈਆ । ਗੁਰ ਪੀਰ ਲਏ ਅਵਤਾਰਾ, ਪ੍ਰਭ ਅੱਗੇ ਮੰਗਣ ਝੋਲੀ ਡਾਹੀਆ । ਦੇਵਣਹਾਰ ਆਪ ਸਰਬ ਸੰਸਾਰਾ, ਜੁਗ ਜੁਗ ਆਪਣਾ ਕਰੇ ਵਰਤਾਰਾ, ਕਰਨਹਾਰ ਆਪ ਅਖਵਾਈਆ । ਕਲਜੁਗ ਤੇਰੀ ਅੰਤਮ ਵਾਰਾ, ਜੋਤੀ ਸ਼ਬਦੀ ਮੇਲ ਮਿਲਾਈਆ । ਪਰਗਟ ਹੋ ਵਿਚ ਸੰਸਾਰਾ, ਨਿਹਕਲੰਕਾ ਨਾਉਂ ਧਰਾਈਆ । ਸ਼ਬਦ ਖੰਡਾ ਤੇਜ ਕਟਾਰਾ,

ਆਪ ਆਪਣੇ ਹੱਥ ਰਖਾਈਆ । ਸੋ ਪੁਰਖ ਨਿਰੰਜਣ ਖੇਲ ਅਪਾਰਾ, ਗਤ ਮਿਤ ਨਾ ਕੋਈ ਜਣਾਈਆ । ਹੰ ਹੰ ਪ੍ਰਭ ਪਾਵੇ ਸਾਰਾ, ਹੰ ਹੰਗਤਾ ਮੇਟ ਮਿਟਾਈਆ । ਏਕਾ ਦੂਜਾ ਭੌ ਨਿਆਰਾ, ਤੀਜਾ ਨੈਣ ਖੁਲ੍ਹਾਈਆ । ਚੌਥਾ ਸੁਹਾਏ ਬੰਕ ਦਵਾਰਾ, ਜਨ ਭਗਤਾਂ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਨਾਉਂ ਧਰਾਈਆ । ਆਪ ਆਪਣਾ ਨਾਉਂ ਉਪਾ, ਆਪ ਜੈਕਾਰਾ ਲਾਇਆ । ਆਪ ਆਪਣੇ ਵਿਚ ਗਿਆ ਸਮਾ, ਆਪ ਆਪਣਾ ਲਏ ਉਪਾਇਆ । ਆਪ ਆਪਣਾ ਰਾਗ ਅਲਾ, ਆਪ ਆਪਣਾ ਰਿਹਾ ਸੁਣਾਇਆ । ਆਪ ਆਪਣਾ ਸੁਹਾਗ ਹੰਢਾ, ਆਪ ਆਪਣਾ ਕੰਤ ਮਿਲਾਇਆ । ਆਪ ਆਪਣਾ ਰਿਹਾ ਜਗਾ, ਆਪ ਆਪਣਾ ਰਾਗ ਰਿਹਾ ਗਾਇਆ । ਆਪ ਆਪਣਾ ਹੁਕਮ ਵਰਤਾ, ਕਲਜੁਗ ਕੂੜਾ ਰਹਿਣ ਨਾ ਪਾਇਆ । ਸਤਿਜੁਗ ਸਾਚਾ ਮਾਤ ਧਰਾ, ਲੋਕਮਾਤ ਦਏ ਵਡਿਆਇਆ । ਸੰਤ ਸੁਹੇਲੇ ਸੰਗ ਰਲਾ, ਇਕ ਗਿਆਨ ਦ੍ਰਿੜਾਇਆ । ਏਕਾ ਅੱਖਰ ਜਾਪ ਜਪਾ, ਸੋ ਪੁਰਖੇ ਵਿਚ ਮਿਲਾਇਆ । ਸੋ ਪੁਰਖ ਨਿਰੰਜਣ ਵੇਖ ਵਖਾ, ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਸਾਚੇ ਚੜ੍ਹਿਆ ਚਾਅ, ਹਰਿ ਸਾਜਨ ਸਾਚਾ ਪਾਇਆ । ਆਪ ਸੁਹਾਏ ਸਾਚਾ ਥਾਂ, ਥਿਰ ਘਰ ਨਾਉਂ ਰਖਾਇਆ । ਹਰਿਜਨ ਬਿਠਾਏ ਫੜ ਫੜ ਬਾਂਹ, ਆਪ ਆਪਣਾ ਸੰਗ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਮ ਜਪਾਇਆ । ਆਪ ਜਪਾਏ ਆਪਣਾ ਜਾਪ, ਹਰਿ ਵਡ ਵੱਡੀ ਵਡਿਆਈਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਅਗਨ ਬੁਝਾਈਆ । ਨਾ ਕੋਈ ਪੁੰਨ ਨਾ ਕੋਈ ਪਾਪ, ਜੋ ਜਨ ਰਹੇ ਸਰਨਾਈਆ । ਆਪ ਬੁਝਾਏ ਆਪਣਾ ਆਪ, ਆਪ ਆਪਣੀ ਦਇਆ ਕਮਾਈਆ । ਆਪੇ ਹੋਇਆ ਮਾਈ ਬਾਪ, ਹਰਿਜਨ ਝੋਲੀ ਪਾਈਆ । ਕਲਜੁਗ ਕਾਇਆ ਰਹੀ ਕਾਂਪ, ਚਾਰੋਂ ਕੁੰਟ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਈਆ । ਨਾਉਂ ਧਰ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਵੇਖ ਵਿਚਾਰ, ਆਪਣਾ ਮੇਲ ਮਿਲਾਈਆ । ਭਰਮੇ ਭੁੱਲੇ ਜੀਵ ਗਵਾਰ, ਭਰਮ ਗੜ੍ਹ ਨਾ ਕੋਈ ਤੁੜਾਈਆ । ਹਉਮੇ ਹੰਗਤਾ ਕਰ ਪਿਆਰ, ਮਾਇਆ ਮਮਤਾ ਇਕ ਪਰਨਾਈਆ । ਜੂਠ ਝੂਠ ਸੰਗ ਸ਼ਿੰਗਾਰ, ਸਚ ਬਸਤਰ ਨਾ ਕੋਈ ਹੰਢਾਈਆ । ਨਾਨਕ ਗੋਬਿੰਦ ਲੇਖ ਲਿਖਾਰ, ਕਲਜੁਗ ਮੇਟੇ ਝੂਠੀ ਸ਼ਾਹੀਆ । ਲੱਖ ਚੁਰਾਸੀ ਨੌਂ ਖੰਡ ਪਾਵੇ ਸਾਰ, ਸੱਤਾਂ ਦੀਪਾਂ ਵੇਖ ਵਖਾਈਆ । ਆਪ ਆਪਣੀ ਬੰਨ੍ਹੇ ਧਾਰ, ਲੋਆਂ ਪੁਰੀਆਂ ਇਕ ਜਣਾਈਆ । ਚਾਰ ਵਰਨ ਸੁਹਾਏ ਇਕ ਦਵਾਰ, ਊਚ ਨੀਚ ਰਹਿਣ ਨਾ ਪਾਈਆ । ਇਕ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਦਰ ਸੱਚਾ ਦਰਬਾਰ, ਇਕ ਇਕੱਲਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੋਕਮਾਤ ਹਰਿ ਨਾਉਂ ਧਰ, ਨਾਮ ਨਾਮਾ ਇਕ ਉਪਾਈਆ । ਕਲਜੁਗ ਅੰਤਮ ਨਾਮ ਧਰਾ, ਆਪਣਾ ਆਪ ਉਪਾਇਆ । ਭੇਵ ਨਾ ਕੋਈ ਰਿਹਾ ਪਾ, ਨੇਤਰ ਲੋਚਨ ਦਿਸ ਨਾ ਆਇਆ । ਗੁਰਮੁਖ ਵਿਰਲੇ ਅੰਤਮ ਸਗਲੀ ਚਿੰਤ ਦਏ ਮਿਟਾ, ਜਿਸ ਜਨ ਆਪਣੀ ਦਇਆ ਕਮਾਇਆ । ਮਨਮੁਖਾਂ ਦੀਪਕ ਜੋਤ ਨਾ ਦਏ ਕੋਇ ਜਗਾ, ਅਗਿਆਨ ਅੰਧੇਰ ਨਾ ਮਿਟਾਇਆ । ਕਾਗ ਹੰਸ ਨਾ ਕੋਈ ਦਏ ਬਣਾ, ਸਾਚੀ ਚੋਗ ਨਾ ਕੋਇ ਚੁਗਾਇਆ । ਮਾਨਸ ਜਨਮ ਨਾ ਲੇਖੇ ਦੇਵੇ ਕੋਈ ਲਾ, ਲੱਖ ਚੁਰਾਸੀ ਨਾ ਫੰਦ ਕਟਾਇਆ । ਬਿਨ ਹਰਿ ਨਾਮੇ ਨਾ ਕੋਈ ਥਾਂ, ਰਾਏ ਧਰਮ ਦਏ ਸਜ਼ਾਇਆ । ਗੁਰ ਪੂਰੇ ਹਰਦਮ ਪਕੜੀ ਬਾਂਹ, ਵੇਲੇ ਅੰਤ ਲਏ ਤਰਾਇਆ । ਦੋ ਜਹਾਨੀ

ਦੇਵੇ ਠੰਡੀ ਛਾਂ, ਸਦਾ ਸੁਹੇਲਾ ਆਪ ਅਖਵਾਇਆ । ਆਪ ਜਪਾਏ ਆਪਣਾ ਨਾਂ, ਹਰਿ ਜੁਗ ਜੁਗ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਨਰੇਸ਼ ਦਰ ਦਰਵੇਸ਼ ਆਪਣਾ ਰੂਪ ਵਖਾਇਆ । ਨਰ ਨਰੇਸ਼ ਸਚ ਸੁਲਤਾਨ, ਥਿਰ ਘਰ ਸਾਚੇ ਵਸਿਆ । ਦਰ ਦਰਵੇਸ਼ ਹਰਿ ਭਗਵਾਨ, ਜਨ ਭਗਤ ਦਵਾਰੇ ਫਿਰੇ ਨੱਸਿਆ । ਆਪੇ ਜਾਣੇ ਆਪਣਾ ਨਾਂ, ਲੇਖਾ ਲੇਖ ਨਾ ਕਿਸੇ ਲਿਖਿਆ । ਆਪ ਚਲਾਏ ਆਪਣਾ ਬਾਨ, ਆਪ ਆਪਣੇ ਹੱਥੀਂ ਰੱਖਿਆ । ਆਪ ਕਰੇ ਪੁਣ ਛਾਨ, ਲੱਖ ਚੁਰਾਸੀ ਦੇਵੇ ਮੱਥਿਆ । ਆਪੇ ਪਾਏ ਆਪਣੀ ਆਣ, ਆਪ ਚਲਾਏ ਸਾਚੀ ਗਾਥਿਆ । ਆਪ ਸੁਣਾਏ ਧੁਰ ਫ਼ਰਮਾਣ, ਸਰਬ ਕਲ ਹਰਿ ਸਮਰਾਥਿਆ । ਕਲਜੁਗ ਅੰਤਮ ਹਰ ਘਟ ਖੇਲੇ ਖੇਲ ਦੋ ਜਹਾਨ, ਹਰਿ ਤ੍ਰੈਲਕੀ ਨਾਥਿਆ । ਸਾਚਾ ਚਿੱਲਾ ਤੀਰ ਕਮਾਨ, ਜੋਧਾ ਸੂਰਬੀਰ ਬਲੀ ਬਲਵਾਨ, ਸ਼ਬਦ ਚਲਾਏ ਸਾਚਾ ਰਾਥਿਆ । ਬ੍ਰਹਮਾ ਵਿਸ਼ਨ ਸ਼ਿਵ ਸੁਰ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਏ, ਆਪੇ ਹੋਏ ਸਗਲਾ ਸਾਥਿਆ । ਸਗਲਾ ਸੰਗ ਆਪ ਨਿਭਾਉਣਾ, ਹਰਿ ਕਰਤੇ ਖੇਲ ਰਚਾਇਆ । ਸਤਿਜੁਗ ਸਾਚਾ ਮਾਰਗ ਲਾਉਣਾ, ਜਗਤ ਲਹਿਣਾ ਮੂਲ ਚੁਕਾਉਣਾ, ਨੌਂ ਖੰਡ ਸੱਤ ਦੀਪ ਏਕਾ ਧਾਮ ਬਣਾਉਣਾ, ਏਕਾ ਧਾਮ ਸੁਹਾਇਆ । ਚਾਰ ਵਰਨ ਹਰਿ ਇਕ ਕਰਾਉਣਾ, ਊਚ ਨੀਚ ਰਹਿਣ ਨਾ ਪਾਇਆ । ਏਕਾ ਮੰਤਰ ਨਾਮ ਜਪਾਉਣਾ, ਏਕਾ ਨਾਅਰਾ ਲਾਇਆ । ਰਾਜ ਰਾਜਾਨ ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਉਣਾ, ਸੀਸ ਤਾਜ ਨਾ ਕੋਈ ਰਖਾਉਣਾ, ਬੀਸ ਬੀਸਾ ਹਰਿ ਜਗਦੀਸਾ ਏਕਾ ਏਕ ਅਖਵਾਇਆ । ਸਾਚਾ ਸੀਸ ਛਤਰ ਝੁਲਾਉਣਾ, ਪੰਚਮ ਪੰਚਮ ਮੇਲ ਮਿਲਾਉਣਾ, ਸਤਿਜੁਗ ਤੇਰੀ ਸਾਚੀ ਧਾਰ ਬੰਧਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸੋਹੰ ਜੈ ਜੈ ਜੈਕਾਰ ਜੁਗ ਆਪ ਕਰਾਈਆ ।

੧੦੯੩
੦੬

### ✻ ੨੭ ਮੱਘਰ ੨੦੧੪ ਬਿਕ੍ਰਮੀ ਹੀਰਾ ਨੰਦ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✻

ਹਰਿ ਸ਼ਬਦ ਹਰਿ ਗਿਆਨ, ਹਰਿ ਹਰਿ ਆਪ ਉਪਾਇਆ । ਹਰਿ ਸ਼ਬਦ ਬਿਬਾਣ, ਹਰਿ ਹਰਿ ਆਪ ਉਡਾਇਆ । ਹਰਿ ਸ਼ਬਦ ਨਿਸ਼ਾਨ, ਹਰਿ ਹਰਿ ਆਪ ਵਖਾਇਆ । ਹਰਿ ਸ਼ਬਦ ਮਿਹਰਵਾਨ, ਹਰਿ ਹਰਿ ਆਪ ਉਪਾਇਆ । ਹਰਿ ਸ਼ਬਦ ਪਰਧਾਨ, ਹਰਿ ਹਰਿ ਆਪ ਕਰਾਇਆ । ਹਰਿ ਸ਼ਬਦ ਜੀਆ ਜਹਾਨ, ਹਰਿ ਹਰਿ ਆਪ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਜੋੜ ਜੁੜਾਇਆ । ਹਰਿ ਸ਼ਬਦ ਸੰਗ ਸੁਹੇਲਾ, ਹਰਿ ਹਰਿ ਆਪ ਕਰਾਇਆ । ਹਰਿ ਸ਼ਬਦ ਲੱਖ ਚੁਰਾਸੀ ਮੇਲਾ, ਹਰਿ ਹਰਿ ਮੇਲ ਮਿਲਾਇਆ । ਹਰਿ ਸ਼ਬਦ ਹਰੀ ਗੁਰ ਚੇਲਾ, ਚੇਲਾ ਗੁਰ ਹਰਿ ਆਪ ਅਖਵਾਇਆ । ਹਰਿ ਸ਼ਬਦ ਇਕ ਇਕੇਲਾ, ਇਕ ਇਕੇਲੇ ਧਾਮ ਸੁਹਾਇਆ । ਹਰਿ ਸ਼ਬਦ ਸਦ ਨਵੇਲਾ, ਭੇਵ ਕਿਸੇ ਨਾ ਪਾਇਆ । ਹਰਿ ਸ਼ਬਦ ਸ੍ਰਿਸ਼ਟ ਸਬਾਈ ਸੱਜਣ ਸੁਹੇਲਾ, ਹਰ ਘਟ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਤਰਾਇਆ । ਹਰਿ ਸ਼ਬਦ ਹਰਿ ਆਪ ਤਰਾ, ਆਪਣਾ ਨਾਉਂ ਉਜਾਰਿਆ । ਇਕ ਜੈਕਾਰਾ ਆਪੇ ਲਾ, ਲੋਆਂ ਪੁਰੀਆਂ ਆਪ ਸੁਣਾ ਰਿਹਾ । ਵੇਖ ਵਖਾਏ ਥਾਉਂ ਥਾਂ, ਵੇਖਣਹਾਰ ਆਪ ਅਖਵਾ ਰਿਹਾ । ਲੋਕਮਾਤੀ ਹਰਿ ਆਪ ਟਿਕਾ, ਪੁਰਖ

ਬਿਧਾਤੀ ਦਇਆ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਜੋਗ ਕਮਾ ਰਿਹਾ । ਹਰਿ ਸ਼ਬਦ ਹਰਿ ਸਾਚਾ ਜੋਗ, ਏਕਾ ਏਕ ਰਖਾਇਆ । ਹਰਿਜਨ ਸਾਚਾ ਆਤਮ ਭੋਗ, ਸਾਚੀ ਸੇਜਾ ਇਕ ਸੁਹਾਇਆ । ਹਰਿ ਸਾਜਨ ਕਰਨਾ ਸਚ ਸੰਜੋਗ, ਹਰਿ ਹਰਿ ਆਪ ਸਮਝਾਇਆ । ਹਰਿਜਨ ਦੇਣਾ ਦਰਸ ਅਮੋਘ, ਹਰਿ ਹਰਿ ਰੂਪ ਵਟਾਇਆ । ਜਨ ਭਗਤਾਂ ਕੱਟਣਾ ਹਉਮੇ ਰੋਗ, ਸਾਚੀ ਸਿਖਿਆ ਇਕ ਰਖਾਇਆ । ਵੇਖ ਵਖਾਏ ਤੀਨੋ ਲੋਕ, ਦੋ ਜਹਾਨਾਂ ਫੇਰਾ ਪਾਇਆ । ਆਪਣੀ ਕਰੇ ਜਣਾਈ ਸਚ ਸਲੋਕ, ਜੁਗ ਜੁਗ ਆਪਣਾ ਨਾਮ ਉਪਾਇਆ । ਲੱਖ ਚੁਰਾਸੀ ਦੇਵੇ ਮੋਖ, ਮੁਕਤ ਦਾਤਾ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗ ਜੁਗਤ ਇਕ ਜਣਾਇਆ । ਹਰਿ ਸ਼ਬਦ ਸਚ ਸਚ ਸੁਲਤਾਨਾ, ਹਰਿ ਸਾਚੇ ਤਖ਼ਤ ਬਿਰਾਜਿਆ । ਸ੍ਰਿਸ਼ਟ ਸਬਾਈ ਖੇਲ ਮਹਾਨਾ, ਖੇਲੇ ਖੇਲ ਰਾਜਨ ਰਾਜਿਆ । ਲੋਆਂ ਪੁਰੀਆਂ ਇਕ ਤਰਾਨਾ, ਏਕਾ ਮਾਰੇ ਆਵਾਜ਼ਿਆ । ਗੁਰ ਪੀਰ ਸਾਧ ਸੰਤ ਮੰਗਣ ਦਰ ਦਰਬਾਨਾ, ਦੇਵਣਹਾਰ ਹਰਿ ਭਗਵਾਨਿਆ । ਆਪ ਸੁਣਾਏ ਆਪਣਾ ਗਾਨਾ, ਏਕਾ ਨਾਦੀ ਧੁਨ ਉਪਜਾਨਿਆ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਨਾ, ਹਰਿਜਨ ਸਾਚੇ ਵੇਖ ਵਖਾਨਿਆ । ਅੰਦਰ ਮੰਦਰ ਮੇਲ ਮਿਲਾਨਾ, ਆਪ ਆਪਣਾ ਰੰਗ ਚੜ੍ਹਾਨਿਆ । ਜੋਤੀ ਨੂਰ ਹਰਿ ਮਹਾਨਾ, ਕੋਟਨ ਭਾਨਾ ਕਰੇ ਰੁਸ਼ਨਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਖੇਲ ਖਿਲਾਨਿਆ । ਸ਼ਬਦ ਖਿਲਾੜੀ ਹਰਿ ਆਪ ਪ੍ਰਭ, ਜੁਗ ਜੁਗ ਖੇਲ ਖਿਲਾਇਆ । ਸੰਤ ਸੁਹੇਲੇ ਸਾਚੇ ਮੀਤ ਆਪੇ ਲੱਭ, ਆਪ ਆਪਣਾ ਮੇਲ ਮਿਲਾਇਆ । ਅੰਮ੍ਰਿਤ ਆਤਮ ਮੁਖ ਚਵਾਏ ਕਵਲ ਨਭ, ਏਕਾ ਝਿਰਨਾ ਨਿਝਰ ਝਿਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸ਼ਬਦੀ ਜੋੜ ਜੁੜਾਇਆ । ਹਰਿ ਸ਼ਬਦ ਹਰਿ ਨਾਤਾ ਜੋੜ, ਆਪਣੇ ਅੰਗ ਲਗਾਇੰਦਾ । ਇਕ ਚੜ੍ਹਾਏ ਸਾਚੇ ਘੋੜ, ਦਿਸ ਕਿਸੇ ਨਾ ਆਇੰਦਾ । ਦੋ ਜਹਾਨੀ ਰਿਹਾ ਦੌੜ, ਜੁਗ ਜਗ ਵੇਸ ਵਟਾਇੰਦਾ । ਲੱਖ ਚੁਰਾਸੀ ਵੇਖੇ ਪਰਖੇ ਮਿੱਠਾ ਕੌੜ, ਹਰ ਘਟ ਬੈਠਾ ਵੇਖ ਵਖਾਇੰਦਾ । ਕਲਜੁਗ ਅੰਤਮ ਲਾਇਆ ਆਪਣਾ ਪੌੜ, ਆਪ ਆਪਣਾ ਨਾਉਂ ਉਪਾਇੰਦਾ । ਪੂਤ ਸਪੂਤਾ ਬ੍ਰਹਿਮਣ ਗੌੜ, ਏਕਾ ਧਾਮ ਸੁਹਾਇੰਦਾ । ਧੁਰਦਰਗਾਹੀ ਆਇਆ ਦੌੜ, ਭੇਵ ਕੋਈ ਨਾ ਪਾਇੰਦਾ । ਹਰਿਜਨ ਸਾਚੇ ਜਾਏ ਬਹੁੜ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਅਲ੍ਹਾਇੰਦਾ । ਹਰਿ ਸ਼ਬਦ ਹਰਿ ਆਪ ਅਲ੍ਹਾ, ਏਕਾ ਨਾਦ ਵਜਾਇਆ । ਸਚ ਤਖ਼ਤ ਸੁਲਤਾਨ ਬੈਠ ਬੇਪਰਵਾਹ, ਆਦਿ ਜੁਗਾਦੀ ਖੇਲ ਖਿਲਾਇਆ । ਸਾਧਾਂ ਸੰਤਾਂ ਜੁਗ ਜੁਗ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਇਆ । ਗੁਰਸਿਖ ਬਾਲ ਅੰਞਾਣੇ ਫੜ ਫੜ ਹੰਸ ਬਣਾਏ ਕਾਂ, ਏਕਾ ਸਾਚੀ ਚੋਗ ਚੁਗਾਇਆ । ਆਪ ਜਪਾਏ ਆਪਣਾ ਨਾਂ, ਏਕਾ ਅੱਖਰ ਆਪ ਪੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਹਰਿ ਸ਼ਬਦ ਗੁਰ ਸਾਚਾ ਵੇਸ ਵਟਾਇਆ । ਸ਼ਬਦ ਗੁਰ ਗੁਰ ਸਾਚਾ ਵੇਸਾ, ਆਪਣਾ ਆਪ ਕਰਾਇੰਦਾ । ਆਪੇ ਦਾਤਾ ਨਰ ਨਰੇਸ਼ਾ, ਨਰ ਨਰਾਇਣ ਆਪ ਅਖਵਾਇੰਦਾ । ਵੇਖ ਵਖਾਣੇ ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ ਗਨੇਸ਼ਾ, ਦਰ ਦਰਵੇਸ਼ਾ ਫੇਰੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਸ਼ਬਦ ਨਾਉਂ, ਲੋਕਮਾਤੀ ਆਪ ਧਰਾਇੰਦਾ । ਲੋਕਮਾਤ ਸ਼ਬਦ ਬਲਕਾਰੀ, ਏਕਾ ਗੁਰ ਅਖਵਾਇਆ । ਆਵੇ ਜਾਵੇ ਵਾਰੋ ਵਾਰੀ, ਦਿਸ ਕਿਸੇ ਨਾ ਆਇਆ । ਸਤਿਜੁਗ ਤ੍ਰੇਤਾ ਦੁਆਪਰ ਬੰਨ੍ਹੇ

ਧਾਰੀ, ਕਲਜੁਗ ਵੇਲਾ ਅੰਤਮ ਆਇਆ । ਪੁਰਖ ਅਬਿਨਾਸ਼ੀ ਕਰੇ ਕਰਾਏ ਆਪਣੀ ਕਾਰੀ, ਜੁਗ ਜੁਗ ਕਰਦਾ ਆਇਆ । ਲੱਖ ਚੁਰਾਸੀ ਤੇਰੀ ਪਾਵੇ ਸਾਰੀ, ਨਾ ਕੋਈ ਸਕੇ ਭੇਵ ਛੁਪਾਇਆ । ਕਾਇਆ ਮੰਦਰ ਅੰਦਰ ਬੈਠਾ ਸਚ ਮਹੱਲ ਅਟਾਰੀ, ਉਚੇ ਟਿੱਲੇ ਡੇਰਾ ਲਾਇਆ । ਆਪੇ ਵੇਖੇ ਕਾਇਆ ਗੜ੍ਹ ਹੰਕਾਰੀ, ਚਾਰ ਦਿਵਾਰੀ ਵੇਖ ਵਖਾਇਆ । ਨਿਰਮਲ ਜੋਤੀ ਨੂਰੋ ਨੂਰ ਕਰ ਉਜਿਆਰੀ, ਦਸਮ ਦਵਾਰੀ ਧਾਮ ਸੁਹਾਇਆ । ਅਨਹਦ ਤਾਲ ਵਜਾਏ ਵਾਰੋ ਵਾਰੀ, ਪੰਚਮ ਸੇਵਾ ਰਿਹਾ ਕਮਾਇਆ । ਅਗੰਮ ਅਗੰਮੜਾ ਆਪਣੀ ਸੇਜਾ ਬੈਠਾ ਨਰ ਨਿਰੰਕਾਰੀ, ਸ਼ਬਦ ਸਿੰਘਾਸਣ ਇਕ ਵਛਾਇਆ । ਗੁਰਮੁਖਾਂ ਵੇਖੇ ਮਾਰ ਧਿਆਨ ਦੋ ਜਹਾਨਾਂ ਵਾਰੋ ਵਾਰੀ, ਨਿਜ ਘਰ ਆਤਮ ਮੇਲ ਮਿਲਾਇਆ । ਪਾਰਬ੍ਰਹਮ ਬ੍ਰਹਮ ਦੇਵੇ ਸਿਕਦਾਰੀ, ਆਪ ਆਪਣੇ ਵਿਚ ਸਮਾਇਆ । ਏਕਾ ਸ਼ਬਦ ਇਕ ਜੈਕਾਰੀ, ਏਕਾ ਨਾਅਰਾ ਦੇਵੇ ਲਾਇਆ । ਇਕ ਇਕੱਲਾ ਏਕੰਕਾਰੀ, ਓਅੰਕਾਰ ਰੂਪ ਸਮਾਇਆ । ਅਲਖ ਨਿਰੰਜਣ ਆਦਿ ਪੁਰਖ ਜੋਧਾ ਸੂਰ ਵਡ ਬਲਕਾਰੀ, ਦਾਤਾ ਦਾਨੀ ਆਪ ਅਖਵਾਇਆ । ਕਲਜੁਗ ਤੇਰੀ ਅੰਤਮ ਵਾਰੀ, ਸਤਿਜੁਗ ਦੇਵੇ ਸਚ ਨਿਸ਼ਾਨੀ, ਸੋਹੰ ਸਾਚਾ ਜਾਪ ਜਪਾਇਆ । ਜਨ ਭਗਤਾਂ ਦੇਵੇ ਪਦ ਨਿਰਬਾਨੀ, ਆਵਣ ਜਾਵਣ ਚੁੱਕੇ ਕਾਨੀ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਖੇਲ ਖਿਲਾਇਆ । ਸ਼ਬਦੀ ਖੇਲ ਜੁਗੋ ਜੁਗ ਮੇਲਾ, ਆਦਿ ਪੁਰਖ ਅਵਤਾਰਾ । ਆਪੇ ਵਸੇ ਰੰਗ ਨਵੇਲਾ, ਹਰ ਘਟ ਕਰਿਆ ਆਪ ਪਸਾਰਾ । ਆਪੇ ਗੁਰ ਗੁਰੂ ਗੁਰ ਚੇਲਾ, ਆਪੇ ਦੋਏ ਜੋੜ ਕਰੇ ਨਿਮਸਕਾਰਾ । ਆਪੇ ਸਾਜਣ ਸੱਜਣ ਸੁਹੇਲਾ, ਆਪੇ ਢਹਿ ਪਏ ਦਵਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਸ਼ਬਦ ਭਰੇ ਭੰਡਾਰਾ । ਸ਼ਬਦ ਭੰਡਾਰਾ ਹਰਿ ਭਰਪੂਰਾ, ਆਪਣਾ ਆਪ ਕਰਾਇਆ । ਆਪ ਉਪਜਾਏ ਦਇਆ ਕਮਾਏ ਅਨਹਦ ਸਾਚੀ ਤੂਰਾ, ਏਕਾ ਰਾਗ ਅਲਾਇਆ । ਹਰਿਜਨ ਸਾਚੇ ਆਪ ਉਠਾਏ ਨਾਤਾ ਤੋੜੇ ਕੂੜੋ ਕੂੜਾ, ਦਰ ਦਵਾਰਾ ਇਕ ਸੁਹਾਇਆ । ਮੂਰਖ ਮੁਗਧ ਅੰਞਾਣ ਕਾਇਆ ਚੋਲੀ ਰੰਗ ਚੜ੍ਹਾਏ ਗੂੜ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਬਣਾਏ ਸਾਚਾ ਸੂਰਾ । ਹਰਿ ਸ਼ਬਦ ਵਡ ਬਲਵਾਨ, ਲੋਕਮਾਤ ਵੱਡੀ ਵਡਿਆਈਆ । ਜੁਗ ਜੁਗ ਉਠੇ ਨੌਜਵਾਨ, ਜਗਤ ਕਰੇ ਲੜਾਈਆ । ਭਗਤਾਂ ਕਰੇ ਦਰ ਪਰਵਾਨ, ਮਨਮੁਖਾਂ ਕਰੇ ਜੁਦਾਈਆ । ਮਾਰੇ ਤੀਰ ਇਕ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਲੋਆਂ ਪੁਰੀਆਂ ਸਰਬ ਕੁਰਲਾਨ, ਚੌਦਾਂ ਲੋਕ ਪਏ ਦੁਹਾਈਆ । ਧਰਤ ਧਵਲ ਹੋਏ ਹੈਰਾਨ, ਆਕਾਸ਼ ਆਕਾਸ਼ਾ ਵੇਖ ਵਖਾਈਆ । ਲੱਖ ਚੁਰਾਸੀ ਪੁਣ ਛਾਣ, ਇਕ ਬਿਬਾਣ ਲਗਾਈਆ । ਜਿਸ ਜਨ ਬਖ਼ਸ਼ੇ ਚਰਨ ਧਿਆਨ, ਚਰਨ ਪ੍ਰੀਤੀ ਇਕ ਸਿਖਾਈਆ । ਦੋ ਜਹਾਨਾਂ ਦੇਵੇ ਮਾਣ, ਦਰਗਾਹ ਸਾਚੀ ਲਏ ਸੁਹਾਈਆ । ਅੰਮ੍ਰਿਤ ਆਤਮ ਪੀਣ ਖਾਣ, ਤ੍ਰਿਸ਼ਨਾ ਭੁੱਖ ਮਿਟਾਈਆ । ਦਰ ਘਰ ਸਾਚਾ ਏਕਾ ਪਾਣ, ਵਿਛੜ ਕਦੇ ਨਾ ਜਾਈਆ । ਹਰਿਜਨ ਮੇਲਾ ਹਰਿ ਹਰਿ ਮਿਹਰਵਾਨ, ਮਿਹਰਵਾਨਾ ਦਇਆ ਕਮਾਈਆ । ਧਰਮ ਵਖਾਏ ਇਕ ਨਿਸ਼ਾਨ, ਸਾਚੇ ਮੰਦਰ ਆਪ ਝੁਲਾਈਆ । ਨੌਂ ਖੰਡ ਪ੍ਰਿਥਮੀ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਵਸੇ ਬੀਆਬਾਨ, ਸਤਿ ਵਸਤ ਨਾ ਕੋਈ ਦਿਸਾਈਆ । ਕਲਜੁਗ ਵੇਖੇ ਉਠੇ ਮਾਰ ਧਿਆਨ, ਚਾਰੋਂ ਕੁੰਟ ਪਏ ਦੁਹਾਈਆ । ਜੀਵ ਜੰਤ ਸਰਬ ਕੁਰਲਾਨ, ਸਾਧਾਂ ਸੰਤਾਂ ਪਤ ਗਵਾਈਆ । ਪੁਰਖ ਅਬਿਨਾਸ਼ੀ ਹਰਿ ਭਗਵਾਨ, ਇਕ ਇਕੱਲਾ ਲੈ ਅੰਗੜਾਈਆ । ਸ਼ਬਦ ਗੁਰ ਵਡ ਬਲਵਾਨ, ਵਿਚ ਮੈਦਾਨ ਆਪ ਲਿਆਈਆ । ਰਸਨਾ ਚਿੱਲੇ ਚਾੜ੍ਹੇ ਤੀਰ

੧੦੯੫
੦੬

ਕਮਾਨ, ਸੋਹੰ ਮੁਖੀ ਉਪਰ ਲਾਈਆ । ਲੋਆਂ ਪੁਰੀਆਂ ਤੋੜੇ ਮਾਣ ਅਭਿਮਾਨ, ਵਰਭੰਡੀ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਹਰਿ ਹਰਿ ਨਾਉਂ ਉਪਾਈਆ । ਨਾਮ ਸ਼ਬਦ ਸਚ ਜਗ ਪੂਜਾ, ਹਰਿ ਏਕਾ ਏਕ ਜਣਾਈਆ । ਭੌ ਚੁਕਾਏ ਏਕਾ ਦੂਜਾ, ਏਕਾ ਘਰ ਸੁਹਾਈਆ । ਨੇਤਰ ਖੋਲ੍ਹੇ ਨੈਣ ਤੀਜਾ, ਅਗਿਆਨ ਅੰਧੇਰ ਮਿਟਾਈਆ । ਚੌਥੇ ਘਰ ਇਕ ਵਖਾਏ ਸਚ ਦਹਿਲੀਜ਼ਾ, ਮਿਲੇ ਮੇਲ ਹਰਿ ਰਘੁਰਾਈਆ । ਪੰਚਮ ਕਰੇ ਆਪੇ ਰੀਝਾ, ਦਰ ਘਰ ਸਾਚਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੇ ਸ਼ਬਦ ਚਲਾਈਆ । ਸ਼ਬਦ ਚਲਾਏ ਸ਼ਬਦ ਗੁਣਵੰਤਾ, ਸ਼ਬਦੇ ਸ਼ਬਦ ਸਮਾਈਆ । ਸ਼ਬਦੀ ਸ਼ਬਦ ਸ਼ਬਦ ਹੋਏ ਸੰਤਾ, ਹਰਿ ਸੰਤਾ ਸ਼ਬਦ ਅਖਵਾਈਆ । ਸ਼ਬਦੀ ਸ਼ਬਦ ਹਰਿ ਸੱਚਾ ਕੰਤਾ, ਹਰਿ ਸ਼ਬਦੀ ਨਾਰ ਪਰਨਾਈਆ । ਸ਼ਬਦੀ ਸ਼ਬਦ ਹਰਿ ਜੀਆਂ ਜੰਤਾਂ, ਜੀਆਂ ਜੰਤਾਂ ਸ਼ਬਦ ਟਿਕਾਈਆ । ਸ਼ਬਦੀ ਸ਼ਬਦ ਹਰਿ ਬੇਅੰਤ ਬੇਅੰਤਾ, ਬੇਅੰਤ ਸ਼ਬਦ ਵਡਿਆਈਆ । ਸ਼ਬਦ ਸ਼ਬਦ ਹਰਿ ਦਾਤਾ ਗੁਣੀ ਗੁਣਵੰਤਾ, ਗੁਣਵੰਤ ਸ਼ਬਦ ਅਖਵਾਈਆ । ਸ਼ਬਦੀ ਸ਼ਬਦ ਹਰਿ ਸਾਚਾ ਧਾਮ ਸੁਹੰਤਾ, ਹਰਿ ਸ਼ਬਦੀ ਸ਼ਬਦ ਮਰਦੰਗ ਵਜਾਈਆ । ਸ਼ਬਦੀ ਸ਼ਬਦ ਮਹਿੰਮਾ ਗਣਤ ਅਗਣਤਾ, ਲੇਖਾ ਕੋਈ ਨਾ ਕਿਸੇ ਵਖਾਈਆ । ਸ਼ਬਦੀ ਸ਼ਬਦ ਗੁਰ ਆਦਿਨ ਅੰਤਾ, ਜੁਗ ਜੁਗ ਲੋਕਮਾਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਖੇਲ ਖਿਲੰਤਾ, ਹਰਿ ਸ਼ਬਦੀ ਸ਼ਬਦ ਉਪਾਈਆ । ਨਿਹਕਲੰਕਾ ਨਾਉਂ ਰਖੰਤਾ, ਦਿਸ ਕਿਸੇ ਨਾ ਆਈਆ । ਪੂਰਨ ਜੋਤ ਹਰਿ ਭਗਵੰਤਾ, ਨਿਰਗੁਣ ਰੂਪ ਸਮਾਈਆ । ਗੁਰਮੁਖ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ ਜਾਈਆ । ਮਨਮੁਖ ਜੀਆਂ ਤੋੜੇ ਹਉਮੇ ਹੰਗਤਾ, ਗੜ੍ਹ ਹੰਕਾਰ ਰਹਿਣ ਨਾ ਪਾਈਆ ।



ਹਰਿਜਨ ਦਵਾਰੇ ਹੋਏ ਮੰਗਤਾ, ਬਲ ਬਾਵਨ ਭੇਖ ਵਟਾਈਆ । ਆਪੇ ਹੋਏ ਨਾਨਕ ਅੰਗਦਾ, ਆਪੇ ਰਾਮ ਰਾਮਾ ਰਾਵਣ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਪੌੜੇ ਚੜ੍ਹ, ਦੋ ਜਹਾਨੀ ਵੇਖੇ ਘਰ, ਮਹੱਲ ਅਟੱਲਾ ਏਕਾ ਧਾਮ ਸੁਹਾਈਆ । ਸ਼ਬਦ ਗੁਰ ਸਚ ਪੌੜੇ ਚੜ੍ਹਿਆ, ਉਚ ਮਹੱਲ ਮੁਨਾਰਾ । ਲੋਕਮਾਤ ਨਾ ਮਰਿਆ ਨਾ ਕਦੇ ਸੜਿਆ, ਆਵਣ ਜਾਵਣ ਖੇਲ ਨਿਆਰਾ । ਨਾ ਕੋਈ ਸੀਸ ਨਾ ਕੋਈ ਧੜਿਆ, ਪੰਜ ਤਤ ਨਾ ਕੋਈ ਆਕਾਰਾ । ਨਾ ਕੋਈ ਦੂਜਾ ਅੱਖਰ ਪੜ੍ਹਿਆ, ਆਪਣਾ ਆਪ ਕਰੇ ਜੈਕਾਰਾ । ਨਾ ਭੰਨੇ ਨਾ ਕੋਈ ਘੜਿਆ, ਨਾ ਕੋਈ ਪੰਚ ਘੁਮਾਰਾ । ਨਾ ਕੋਈ ਚੋਟੀ ਨਾ ਕੋਈ ਜੜ੍ਹਿਆ, ਦਿਸ ਨਾ ਆਏ ਅਧਵਿਚਕਾਰਾ । ਨਾ ਕੋਈ ਖੰਡਾ ਤੇਜ਼ ਕਟਾਰ ਸ਼ਸਤਰ ਹੱਥੀਂ ਫੜਿਆ, ਨਾ ਕੋਈ ਰਸਨਾ ਤੀਰ ਅਪਾਰਾ । ਸਾਗਰ ਨੀਰ ਧਾਰ ਕਦੇ ਨਾ ਹੜ੍ਹਿਆ, ਨਾ ਕੋਈ ਸੁਟਾਏ ਡੂੰਘੀ ਗਾਰਾ । ਆਪਣੇ ਮੰਦਰ ਸਾਚੇ ਅੰਦਰ ਆਪੇ ਵੜ੍ਹਿਆ, ਨਾ ਕੋਈ ਦੀਸੇ ਚਾਰ ਦਿਵਾਰਾ । ਜੁਗ ਜੁਗ ਲੱਖ ਚੁਰਾਸੀ ਨਾਲ ਆਪੇ ਲੜਿਆ, ਆਪੇ ਕਰੇ ਪਿਆਰਾ । ਕਲਜੁਗ ਆਪਣਾ ਘਾੜਨ ਹਰਿ ਹਰਿ ਆਪੇ ਘੜਿਆ, ਸੋ ਪੁਰਖ ਨਿਰੰਜਣ ਅਪਰ ਅਪਾਰਾ । ਆਪਣਾ ਰਾਗ ਆਪਣਾ ਵੇਦ ਆਪੇ ਪੜ੍ਹਿਆ, ਸੋਹੰ ਸ਼ਬਦ ਜੈ ਜੈਕਾਰਾ । ਜਨ ਭਗਤਾਂ ਦਵਾਰੇ ਅੱਗੇ ਖੜ੍ਹਿਆ, ਮੇਟ ਮਿਟਾਏ ਧੁੰਦੂਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਲੋਕਮਾਤ ਲਏ ਅਵਤਾਰਾ । ਹਰਿ ਸ਼ਬਦ ਸਚ ਜੈਕਾਰਾ, ਹਰਿ ਹਰਿ ਆਪ ਲਗਾਇਆ । ਨਿਰਗੁਣ ਰੂਪ ਲਏ ਅਵਤਾਰਾ, ਸਰਗੁਣ ਮੇਲ ਮਿਲਾਇਆ । ਸਾਜਣ ਮੀਤ ਇਕ ਨਿਰੰਕਾਰਾ, ਸਖਾ ਸੁਹੇਲ ਅਖਵਾਇਆ । ਕਲਜੁਗ ਤੇਰਾ ਕਰਮ ਵਿਚਾਰਾ, ਕਰਮੀ ਕਰਮ ਵੇਖ ਵਖਾਇਆ ।

ਧਰਤ ਮਾਤ ਦੀ ਸੁਣ ਪੁਕਾਰਾ, ਧੀਰਜ ਧੀਰ ਆਪ ਧਰਾਇਆ । ਲਹਿਣਾ ਦੇਣਾ ਮੁਕਾਏ ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਨੀਰ ਵਹਾਇਆ । ਵੇਦ ਵਿਆਸਾ ਲੇਖ ਅਪਾਰਾ, ਪੂਤ ਸਪੂਤਾ ਆਪ ਕਰਾਇਆ । ਸੰਬਲ ਨਗਰੀ ਧਾਮ ਨਿਆਰਾ, ਹਰਿ ਸਾਚੀ ਜੋਤ ਜਗਾਇਆ । ਗੁਰ ਗੋਬਿੰਦ ਖੇਲ ਅਪਾਰਾ, ਲੋਕਮਾਤੀ ਆਪ ਕਰਾਇਆ । ਗੁਣੀ ਗਹਿੰਦਾ ਹਰਿ ਨਿਰੰਕਾਰਾ, ਹਰਿਜਨ ਸਾਚੇ ਵੇਖ ਵਖਾਇਆ । ਨਾਮ ਵਸਤ ਹਰਿ ਸਾਚੀ ਏਕਾ ਦਿੰਦਾ, ਦੇਵਣਹਾਰ ਸ੍ਰਿਸ਼ਟ ਸਬਾਇਆ । ਇਕ ਜੈਕਾਰ ਸੋਹੰ ਰਸਨਾ ਕਹਿੰਦਾ, ਲੋਆਂ ਪੁਰੀਆਂ ਆਪ ਸੁਣਾਇਆ । ਥਿਰ ਘਰ ਵਾਸੀ ਥਿਰ ਘਰ ਆਪੇ ਬਹਿੰਦਾ, ਸਚ ਸਿੰਘਾਸਣ ਆਸਣ ਲਾਇਆ । ਆਪਣਾ ਭਾਣਾ ਜੁਗ ਜੁਗ ਆਪੇ ਸਹਿੰਦਾ, ਆਪਣੇ ਭਾਣੇ ਆਪ ਸਮਾਇਆ । ਇਕ ਇਕੱਲਾ ਆਪੇ ਰਹਿੰਦਾ, ਅਕਲ ਕਲ ਵਰਤਾਇਆ । ਲੱਖ ਚੁਰਾਸੀ ਰਸਨਾ ਕਹਿੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਜਨ ਲਏ ਤਰਾਇਆ । ਹਰਿ ਸਾਜਨ ਹਰਿ ਮੇਲ ਮਿਲਾਵਾ, ਆਦਿ ਅੰਤ ਕਰਾਇਆ । ਦੇਵੇ ਮਾਣ ਨਿਮਾਣਿਆਂ ਥਾਵਾਂ, ਗਰੀਬ ਨਿਮਾਣੇ ਗਲੇ ਲਗਾਇਆ । ਹਰਿਜਨ ਉਠਾਏ ਪਕੜ ਉਠਾਵੇ ਬਾਹਵਾਂ, ਆਪ ਆਪਣੀ ਦਇਆ ਕਮਾਇਆ । ਆਪੇ ਦੇਵਣਹਾਰਾ ਠੰਡੀਆਂ ਛਾਵਾਂ, ਜੁਗ ਜੁਗ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਜੂਨੀ ਰਹਿਤ ਅਖਵਾਇਆ । ਹਰਿਜਨ ਸਾਜਨ ਸੱਜਣ ਸੁਹੇਲਾ, ਸਤਿ ਸਤਿਵਾਦ ਅਖਵਾਇਆ । ਪਾਰਬ੍ਰਹਮ ਪ੍ਰਭ ਰੰਗ ਨਵੇਲਾ, ਏਕਾ ਏਕ ਹੋ ਜਾਇਆ । ਸਾਚੇ ਸ਼ਬਦ ਹਰਿ ਆਪ ਬਣਾਏ ਆਪਣਾ ਚੇਲਾ, ਚੇਲਾ ਗੁਰ ਆਪ ਅਖਵਾਇਆ । ਜੋਤ ਨਿਰਗੁਣ ਚਾੜ੍ਹੇ ਤੇਲਾ, ਘਰ ਸਾਚੇ ਸਗਨ ਮਨਾਇਆ । ਪੰਚਮ ਸਖੀਆਂ ਮਿਲ ਮਿਲ ਪਾਇਣ ਵੇਲਾ, ਕੰਤ ਸੁਹਾਗੀ ਏਕਾ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਕਲਜੁਗ ਅੰਤਮ ਆਪਣਾ ਨਾਉਂ ਧਰਾ, ਨਿਹਕਲੰਕਾ ਡੰਕ ਵਜਾਈਆ । ਰਾਓ ਰੰਕਾਂ ਰਿਹਾ ਜਗਾ, ਸ਼ਾਹ ਸੁਲਤਾਨ ਰਿਹਾ ਉਠਾਈਆ । ਸਾਧਾਂ ਸੰਤਾਂ ਰਿਹਾ ਹਿਲਾ, ਏਕਾ ਨਾਮ ਹਲੂਣਾ ਲਾਈਆ । ਜੂਠ ਝੂਠ ਹਰਿ ਆਪ ਮਿਟਾ, ਭੇਖ ਪਖੰਡ ਮੇਟ ਮਿਟਾਈਆ । ਖੇਵਟ ਖੇਟਾ ਬਣ ਮਲਾਹ, ਹਰਿਜਨ ਸਾਚੇ ਰਿਹਾ ਤਰਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਨੈਨਣ ਨੈਣਾ ਦਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਨਾਮ ਦਏ ਵਡਿਆਈਆ । ਨਾਮ ਸ਼ਬਦ ਸਚ ਜੈਕਾਰਾ, ਸੋਹੰ ਸੋ ਲਗਾਇਆ । ਪਾਰਬ੍ਰਹਮ ਪ੍ਰਭ ਲਏ ਅਵਤਾਰਾ, ਜੋਤੀ ਜਾਮਾ ਭੇਖ ਵਟਾਇਆ । ਸ਼ਬਦ ਡੰਕ ਅਪਰ ਅਪਾਰਾ, ਚਾਰੋਂ ਕੁੰਟ ਰਿਹਾ ਵਜਾਇਆ । ਕਲਜੁਗ ਕਾਲ ਫੜ ਨਗਾਰਾ, ਆਪਣਾ ਡੌਰੂ ਰਿਹਾ ਵਾਹਿਆ । ਧਰਤ ਮਾਤ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣ ਨੀਰ ਵਹਾਇਆ । ਧਰਮ ਰਾਏ ਮੰਗ ਮੰਗੇ ਦਵਾਰਾ, ਦੋਏ ਬੈਠਾ ਸੀਸ ਝੁਕਾਇਆ । ਲਾੜੀ ਮੌਤ ਕਰੇ ਸ਼ਿੰਗਾਰਾ, ਨੇਤਰ ਕੱਜਲ ਏਕਾ ਪਾਇਆ । ਲੱਖ ਚੁਰਾਸੀ ਮੰਗੇ ਵਰ ਏਕਾ ਕੰਤ ਭਤਾਰਾ, ਜੂਠ ਝੂਠ ਲਏ ਪਰਨਾਇਆ । ਪੁਰਖ ਅਬਿਨਾਸ਼ੀ ਆਦਿ ਨਿਰੰਜਣ ਜੁਗ ਜੁਗ ਖੇਲ ਖੇਲਣਹਾਰਾ, ਦੇ ਮਤ ਰਿਹਾ ਸਮਝਾਇਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪੇ ਜਾਣੇ ਆਪਣੀ ਧਾਰਾ, ਧਾਰ ਆਪਣੀ ਆਪ ਚਲਾਇਆ । ਬ੍ਰਹਮਾ ਨੇਤਰ ਰਿਹਾ ਉਘਾੜਾ, ਅੱਠੇ ਨੈਣ ਵੇਖ ਵਖਾਇਆ । ਸ਼ਿਵ ਸ਼ੰਕਰ ਰੋਵੇ ਜ਼ਾਰੋ ਜ਼ਾਰਾ, ਬਾਸਕ ਤਸ਼ਕਾ ਗਲ ਲਟਕਾਇਆ । ਇੰਦ ਇੰਦਰਾਸਨ ਪਾਰ ਕਿਨਾਰਾ, ਕਰੋੜ ਤੇਤੀਸਾ ਦਏ ਦੁਹਾਇਆ । ਸ਼ਿਵ ਸ਼ੰਕਰ ਵੇਖੇ ਕਰ ਆਕਾਰਾ, ਵਿਸ਼ਨੂੰ ਵੰਸੀ ਰੂਪ ਸਮਾਇਆ । ਕਲਜੁਗ ਤੇਰੀ ਅੰਤਮ ਵਾਰਾ,

੧੦੯੭
੦੬

੧੦੯੮
੦੬

ਹਰਿ ਜੋਤੀ ਜਾਮਾ ਪਾਇਆ । ਨਿਹਕਲੰਕ ਨਰਾਇਣ ਨਰ ਇਕ ਇਕੱਲਾ ਏਕੰਕਾਰਾ, ਲੇਖਾ ਲੇਖ ਨਾ ਕੋਈ ਲਿਖਾਇਆ । ਸ਼ਬਦ ਮਹੱਲਾ ਸਚ ਉਸਾਰਾ, ਆਪ ਆਪਣਾ ਆਸਣ ਲਾਇਆ । ਕਿਸੇ ਹੱਥ ਨਾ ਆਏ ਜਲ ਥਲਾ ਡੂੰਘੀ ਗਾਰਾ, ਗੁਰਮੁਖ ਹਿਰਦੇ ਵਿਚ ਵਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿ ਪੁਰਖ ਨਿਰੰਜਣ ਏਕਾ ਨਾਅਰਾ ਲਾਇਆ । ਏਕਾ ਨਾਅਰਾ ਹਰਿ ਜੈ ਦੇਵਾ, ਹਰਿ ਜੂ ਆਪ ਲਗਾਇਆ । ਲੱਖ ਚੁਰਾਸੀ ਅੰਮ੍ਰਿਤ ਆਤਮ ਦੇਵੇ ਏਕਾ ਮੇਵਾ, ਸਤਿ ਸਤਿਵਾਦੀ ਫਲ ਖਵਾਇਆ । ਸੇਵ ਲਗਾਏ ਦੇਵੀ ਦੇਵਾ, ਅਲਖ ਅਭੇਵ ਦਇਆ ਕਮਾਇਆ । ਚਾਰ ਵਰਨ ਨੌਂ ਖੰਡ ਸੱਤ ਦੀਪ ਲੱਖ ਚੁਰਾਸੀ ਰਸਨਾ ਗਾਏ ਜੇਹਵਾ, ਜੇਹਵਾ ਗੁਣ ਹਰਿ ਜਣਾਇਆ । ਕੌਸਤਕ ਮਣੀਆ ਮਸਤਕ ਲਾਏ ਥੇਵਾ, ਲਾਟ ਲਿਲਾਟੀ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਤਰ ਸਚ ਨਾਮ ਦ੍ਰਿੜਾਇਆ । ਸਾਚਾ ਮੰਤਰ ਨਾਮ ਨਿਧਾਨਾ, ਨਿਰਗੁਣ ਆਪ ਉਪਾਇਆ । ਸਤਿਜੁਗ ਦੇਵੇ ਧੁਰ ਫ਼ਰਮਾਣਾ, ਧੁਰ ਦਰਗਾਹੀ ਲੈ ਕੇ ਆਇਆ । ਚਾਰ ਵਰਨਾਂ ਇਕ ਗਿਆਨਾ, ਏਕਾ ਮਾਰਗ ਲਾਇਆ । ਏਕਾ ਸ਼ਬਦ ਇਕ ਬਿਬਾਨਾ, ਏਕਾ ਰਿਹਾ ਉਡਾਇਆ । ਏਕਾ ਰਾਗ ਇਕ ਤਰਾਨਾ, ਏਕਾ ਤਾਲ ਵਜਾਇਆ । ਏਕਾ ਮੰਦਰ ਏਕਾ ਗਾਣਾ, ਏਕਾ ਰਿਹਾ ਸੁਣਾਇਆ । ਏਕਾ ਦਰ ਏਕਾ ਘਰ ਏਕਾ ਹਰਿ, ਏਕਾ ਨਰ ਨਰਾਇਣ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸ਼ਬਦ ਲਏ ਵਰ, ਸੋਹੰ ਸੋ ਨਾਮ ਦ੍ਰਿੜਾਇਆ । ਸੋਹੰ ਨਾਮ ਸ਼ਬਦ ਸਹੰਸਾ, ਸਤਿਜੁਗ ਝੋਲੀ ਪਾਇੰਦਾ । ਚਾਰ ਵਰਨ ਬਣਾਏ ਏਕਾ ਬੰਸਾ, ਏਕਾ ਰੰਗ ਰੰਗਾਇੰਦਾ । ਪੰਜ ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸਾ, ਦੂਈ ਦੁਸ਼ਟ ਰਹਿਣ ਨਾ ਪਾਇੰਦਾ । ਹਰਿਜਨ ਸਾਚੇ ਆਪ ਮਿਟਾਏ ਆਤਮ ਸਹਿੰਸਾ, ਸਹਿੰਸਾ ਰੋਗ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਜਪਾਇੰਦਾ । ਨਾਮ ਜਪਾਏ ਆਪਣਾ ਆਪ, ਆਪਣੇ ਹੱਥ ਰੱਖੇ ਵਡਿਆਈਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਮਾਇਆ ਮੁਖ ਸ਼ਰਮਾਈਆ । ਮੇਲ ਮਿਲਾਵਾ ਸੰਤ ਸਾਧ, ਸਾਜਨ ਮੀਤ ਆਪ ਅਖਵਾਈਆ । ਦਿਵਸ ਰੈਣ ਜਨ ਰਹੇ ਅਰਾਧ, ਘਰ ਸਾਚੇ ਵੇਖ ਵਖਾਈਆ । ਮੇਲ ਮਿਲਾਏ ਮੋਹਣ ਮਾਧਵ ਮਾਧ, ਮਨ ਮਨਸਾ ਪੂਰ ਕਰਾਈਆ । ਧੁਰ ਦਰਬਾਰੀ ਦੇਵੇ ਸਾਚੀ ਦਾਦ, ਨਾਮ ਖ਼ਜ਼ਾਨਾ ਝੋਲੀ ਪਾਈਆ । ਮੇਲ ਮਿਲਾਵਾ ਆਦਿ ਜੁਗਾਦਿ, ਹਰਿ ਦਾਤਾ ਬੇਪਰਵਾਹੀਆ । ਸ਼ਬਦ ਜਣਾਈ ਬੋਧ ਅਗਾਧ, ਲੇਖਾ ਲੇਖ ਨਾ ਜਾਣੇ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਨੂਰ ਕਰੇ ਰੁਸ਼ਨਾਈਆ । ਨੂਰ ਉਜਾਲਾ ਗੁਰ ਗੋਪਾਲਾ, ਆਪਣਾ ਆਪ ਕਰਾਇੰਦਾ । ਦੀਨਾਂ ਬੰਧਪ ਦੀਨ ਦਿਆਲਾ, ਦਇਆ ਨਿਧ ਅਖਵਾਇੰਦਾ । ਨੌਂ ਖੰਡ ਪ੍ਰਿਥਮੀ ਇਕ ਵਖਾਏ ਸਚ ਸੱਚੀ ਧਰਮਸਾਲਾ, ਸਤਿਗੁਰ ਪੂਰਾ ਆਪ ਬਣਾਇੰਦਾ । ਨੇੜ ਨਾ ਆਏ ਕਾਲ ਮਹਾਂਕਾਲਾ, ਰਾਏ ਧਰਮ ਨਾ ਫੇਰਾ ਪਾਇੰਦਾ । ਜਨ ਭਗਤਾਂ ਜੁਗ ਜੁਗ ਤੋੜੇ ਜਗਤ ਜ਼ੰਜਾਲਾ, ਆਪ ਆਪਣਾ ਬਿਰਧ ਰਖਾਇੰਦਾ । ਦੇਵੇ ਨਾਮ ਸੱਚਾ ਧੰਨ ਮਾਲਾ, ਠੱਗ ਚੋਰ ਯਾਰ ਲੁੱਟ ਨਾ ਕੋਈ ਲਿਜਾਇੰਦਾ । ਤਨ ਪਹਿਨਾਏ ਸੋਹੰ ਸ਼ਬਦ ਸਾਚੀ ਮਾਲਾ, ਸੋ ਮਣੀਆ ਮਣਤ ਆਪ ਕਰਾਇੰਦਾ । ਭਗਤ ਵਛਲ ਆਪ ਕਿਰਪਾਲਾ, ਅਛਲ ਅਛੱਲ ਕਰਾਇੰਦਾ । ਹਰਿਜਨ ਉਠਾਏ ਅੰਞਾਣੇ ਅਨਮੁਲੜੇ ਲਾਲਾ, ਜਗਤ ਹੱਟ ਨਾ ਕੋਈ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜੋਗ ਜੁਗਤ ਜਗ ਮੇਲ ਆਪ ਮਿਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਨਿਸ਼ਾਨ ਦੋ ਜਹਾਨ ਇਕ ਝੁਲਾਇੰਦਾ ।

### ✻ ੨੮ ਮੱਘਰ ੨੦੧੪ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✻

ਹਰਿ ਹਰਿ ਸ਼ਬਦ ਨਿਧਾਨ, ਹਰਿ ਹਰਿ ਆਪ ਉਪਾਇਆ । ਹਰਿ ਹਰਿ ਕਰ ਪਰਵਾਨ, ਹਰਿ ਹਰਿ ਆਪ ਚਲਾਇਆ । ਹਰਿ ਹਰਿ ਦੇਵੇ ਦਾਨ, ਹਰਿ ਹਰਿ ਝੋਲੀ ਪਾਇਆ । ਹਰਿ ਹਰਿ ਦੇਵੇ ਸਚ ਨਿਸ਼ਾਨ, ਹਰਿ ਹਰਿ ਆਪਣਾ ਆਪ ਸਲਾਹਿਆ । ਹਰਿ ਹਰਿ ਵੇਖੇ ਦੋ ਜਹਾਨ, ਹਰਿ ਹਰਿ ਵੇਖਣਹਾਰ ਆਪ ਅਖਵਾਇਆ । ਹਰਿ ਹਰਿ ਆਪ ਉਡਾਏ ਆਪਣਾ ਬਿਬਾਣ, ਹਰਿ ਹਰਿ ਰਥ ਰਥਵਾਹੀ ਆਪ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਬਣਤ ਬਣਾਇਆ । ਹਰਿ ਹਰਿ ਸ਼ਬਦੀ ਸ਼ਬਦ ਬਣਾ, ਆਪਣਾ ਅੰਗ ਕਟਾਇਆ । ਆਪ ਆਪਣਾ ਸੰਗ ਰਖਾ, ਸਗਲਾ ਸੰਗ ਨਿਭਾਇਆ । ਮਹਿੰਮਾ ਅਗਣਤ ਨਾ ਸਕੇ ਕੋਈ ਗਿਣਾ, ਵੇਦ ਪੁਰਾਨਾ ਭੇਵ ਨਾ ਆਇਆ । ਖਾਣੀ ਬਾਣੀ ਪਾਏ ਰਾਹ, ਹਰਿ ਸਾਚਾ ਸ਼ਬਦ ਅਲਾਇਆ । ਸ਼ਬਦ ਸਰੂਪੀ ਬਣ ਮਲਾਹ, ਜੁਗ ਜੁਗ ਫੇਰਾ ਪਾਇਆ । ਆਪ ਆਪਣਾ ਰਿਹਾ ਛੁਪਾ, ਹਰ ਘਟ ਬੈਠਾ ਆਸਣ ਲਾਇਆ । ਸੰਤ ਸੁਹੇਲੇ ਲਏ ਜਗਾ, ਆਪ ਆਪਣੀ ਦਇਆ ਕਮਾਇਆ । ਆਤਮ ਅੰਤਰ ਪੜਦਾ ਲਾਹ, ਏਕਾ ਦਰ ਖੁਲ੍ਹਾਇਆ । ਨਿਰਮਲ ਦੀਪਕ ਜੋਤ ਜਗਾ, ਅੰਧ ਅੰਧੇਰ ਮਿਟਾਇਆ । ਅਨਹਦ ਸਾਚਾ ਰਾਗ ਸੁਣਾ, ਆਪਣਾ ਭੇਵ ਖੁਲ੍ਹਾਇਆ । ਦਸਮ ਦਵਾਰੀ ਕੁੰਡਾ ਲਾਹ, ਸਚ ਸਿੰਘਾਸਣ ਇਕ ਸੁਹਾਇਆ । ਆਤਮ ਸੇਜਾ ਰਿਹਾ ਵਿਛਾ, ਆਪ ਆਪਣੀ ਦਇਆ ਕਮਾਇਆ । ਜੋਤੀ ਨੂਰ ਕਰ ਰੁਸ਼ਨਾ, ਹਰਿਜਨ ਵੇਖੇ ਵੇਖ ਵਖਾਇਆ । ਸੰਤ ਸੁਹੇਲੇ ਲਏ ਉਪਾ, ਆਪ ਆਪਣਾ ਰੰਗ ਚੜ੍ਹਾਇਆ । ਸਚ ਮਹੱਲਾ ਦਏ ਵਖਾ, ਛੱਪਰ ਛੰਨ ਨਾ ਕੋਈ ਢਾਇਆ । ਇਕ ਇਕੱਲਾ ਬੈਠਾ ਬੇਪਰਵਾਹ, ਰੂਪ ਰੰਗ ਨਾ ਕੋਈ ਜਣਾਇਆ । ਦੋ ਜਹਾਨੀ ਪਕੜੇ ਬਾਂਹ, ਜਿਸ ਜਨ ਆਪਣਾ ਹੱਥ ਟਿਕਾਇਆ । ਦਰ ਘਰ ਸਾਚੇ ਦੇਵੇ ਥਾਂ, ਚਰਨ ਧੂੜੀ ਮਸਤਕ ਟਿੱਕਾ ਲਾਇਆ । ਫੜ ਫੜ ਹੰਸ ਬਣਾਏ ਕਾਂ, ਕਾਗੋਂ ਹੰਸ ਬਣਾਇਆ । ਗੁਰਮੁਖ ਸਾਚੇ ਬਾਲ ਅੰਵਾਣੇ ਆਪਣੀ ਗੋਦੀ ਲਏ ਉਠਾ, ਅੰਦਰ ਮੰਦਰ ਖੋਜ ਖੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ ਰੰਗ ਚੜ੍ਹਾਇਆ । ਸ਼ਬਦ ਰੰਗ ਹਰਿ ਕਰਤਾਰਾ, ਏਕਾ ਰੰਗ ਰੰਗਾਇੰਦਾ । ਜੁਗ ਜੁਗ ਬਣੇ ਆਪ ਵਰਤਾਰਾ, ਜਨ ਭਗਤਾਂ ਆਪ ਵਰਤਾਇੰਦਾ । ਸਚ ਸਮਗਰੀ ਖੋਲ੍ਹ ਦਵਾਰਾ, ਸਚ ਵਸਤੂ ਇਕ ਟਿਕਾਇੰਦਾ । ਜੁਗਾ ਜੁਗੰਤਰ ਪਾਵੇ ਸਾਰਾ, ਆਦਿਨ ਅੰਤਾ ਇਕ ਅਖਵਾਇੰਦਾ । ਇਕ ਇਕੱਲਾ ਏਕੰਕਾਰਾ, ਅਕਲ ਕਲਾ ਸਮਾਇੰਦਾ । ਆਪੇ ਜਾਣੇ ਆਪਣੀ ਧਾਰਾ, ਹਰਿ ਆਪਣੀ ਆਪ ਬੰਧਾਇੰਦਾ । ਲੋਕਮਾਤ ਹਰਿ ਲੈ ਅਵਤਾਰਾ, ਪੰਚਮ ਤਤ ਸਮਾਇੰਦਾ । ਭੇਵ ਨਾ ਪਾਇਣ ਜੀਵ ਗਵਾਰਾ, ਮੂਰਖ ਧੰਦੇ ਲਾਇੰਦਾ । ਇਕ ਵਖਾਏ ਗੜ੍ਹ ਹੰਕਾਰਾ, ਹਉਮੇ ਹੰਗਤਾ ਰੋਗ ਲਗਾਇੰਦਾ । ਜੂਠਾ ਝੂਠਾ ਕਰ ਪਿਆਰਾ, ਮਾਇਆ ਮੋਹ ਵਧਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰਾ, ਆਪ ਆਪਣੀ ਬੂਝ ਬੁਝਾਇੰਦਾ । ਆਪੇ ਖੋਲ੍ਹੇ ਬੰਦ

੧੧੦੦
੦੬

ਕਿਵਾੜਾ, ਆਪੇ ਮੁਖ ਭਵਾਇੰਦਾ । ਮਨਮੁਖਾਂ ਮਗਰ ਲਗਾਏ ਪੰਚਮ ਧਾੜਾ, ਸਾਰ ਕੋਈ ਨਾ ਪਾਇੰਦਾ । ਗੁਰਸਿਖ ਵਖਾਏ ਸਚ ਅਖਾੜਾ, ਹਰਿ ਸਾਚੀ ਰਾਸ ਪਵਾਇੰਦਾ । ਮੰਡਲ ਮੰਡਪ ਵੇਖੇ ਕੂੜ ਪਸਾਰਾ, ਕੂੜੋ ਕੂੜ ਸਦਾ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਵਾਰੋ ਵਾਰਾ, ਕਲਜੁਗ ਅੰਤਮ ਆਇੰਦਾ । ਚਾਰੋਂ ਕੁੰਟ ਹਾਹਾਕਾਰਾ, ਜੀਵ ਜੰਤ ਸਰਬ ਕੁਰਲਾਇੰਦਾ । ਸਾਧ ਸੰਤ ਨਾ ਕੋਈ ਪਾਵੇ ਸਾਰਾ, ਥਿਰ ਘਰ ਨਾ ਕੋਈ ਵਖਾਇੰਦਾ । ਧਰਤ ਮਾਤ ਦਰ ਕਰੇ ਪੁਕਾਰਾ, ਕਲਜੁਗ ਵੇਲਾ ਅੰਤਮ ਆਇੰਦਾ । ਕਲਜੁਗ ਰੋਵੇ ਜ਼ਾਰੋ ਜ਼ਾਰਾ, ਨੇਤਰ ਨੀਰ ਵਹਾਇੰਦਾ । ਸੰਗ ਮੁਹੰਮਦ ਚਾਰ ਯਾਰਾ, ਅੱਲਾ ਰਾਣੀ ਮੁਖ ਸ਼ਰਮਾਇੰਦਾ । ਈਸਾ ਮੂਸਾ ਲਾਏ ਨਾਅਰਾ, ਖ਼ੁਦੀ ਖ਼ੁਦਾਈ ਇਕ ਵਖਾਇੰਦਾ । ਅਹਿਨਲ ਹੱਕ ਨਾ ਕਰੇ ਕੋਈ ਪਿਆਰਾ, ਹੱਕ ਹਕੀਕਤ ਨਾ ਕੋਈ ਜਣਾਇੰਦਾ । ਪਰਗਟ ਹੋਏ ਬੇਐਬ ਪਰਵਰਦਿਗਾਰਾ, ਆਪ ਆਪਣੀ ਜੋਤ ਜਗਾਇੰਦਾ । ਨਾਨਕ ਗੋਬਿੰਦ ਬਣ ਲਿਖਾਰਾ, ਲੋਕਮਾਤੀ ਲੇਖ ਲਿਖਾਇੰਦਾ । ਗੋਬਿੰਦ ਮੰਗੇ ਦਰ ਦਵਾਰਾ, ਆਪ ਆਪਣੀ ਝੋਲੀ ਡਾਹਿੰਦਾ । ਦੋਏ ਜੋੜ ਕਰੇ ਨਿਮਸਕਾਰਾ, ਗਲ ਪੱਲਾ ਏਕਾ ਪਾਇੰਦਾ । ਪੁਰਖ ਅਬਿਨਾਸ਼ੀ ਵੇਖੇ ਵਿਗਸੇ ਕਰ ਵਿਚਾਰਾ, ਆਪ ਆਪਣੀ ਦਇਆ ਕਮਾਇੰਦਾ । ਏਕਾ ਬਖ਼ਸ਼ੇ ਚਰਨ ਅਧਾਰਾ, ਦੇ ਮਤ ਆਪ ਸਮਝਾਇੰਦਾ । ਕਰੇ ਕਰਾਏ ਕਰਨੇਹਾਰਾ, ਜੁਗ ਜੁਗ ਆਪ ਕਰਾਇੰਦਾ । ਪੂਤ ਸਪੂਤਾ ਸੰਤ ਦੁਲਾਰਾ, ਹਰਿ ਗੋਬਿੰਦ ਗੋਬਿੰਦ ਵਿਚ ਸਮਾਇੰਦਾ । ਇਕ ਲਗਾਏ ਸਾਚਾ ਨਾਅਰਾ, ਜੈ ਜੈ ਜੈਕਾਰ ਇਕ ਕਰਾਇੰਦਾ । ਪੁਰਖ ਅਗੰਮ ਅਗੰਮੜਾ ਖੇਲੇ ਖੇਲ ਨਿਆਰਾ, ਦਿਸ ਕਿਸੇ ਨਾ ਆਇੰਦਾ । ਹੱਡ ਮਾਸ ਨਾੜੀ ਨਾ ਦੀਸੇ ਚੰਮੜਾ, ਰੱਤੀ ਰੱਤ ਨਾ ਕੋਇ ਉਪਾਇੰਦਾ । ਵੇਦ ਵਿਆਸਾ ਕਰੇ ਵਿਚਾਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਲਜੁਗ ਤੇਰੀ ਬੰਨ੍ਹੇ ਧਾਰਾ, ਲੇਖਾ ਲਿਖਤ ਨਾ ਕੋਈ ਮਿਟਾਇੰਦਾ । ਲੋਆਂ ਪੁਰੀਆਂ ਪਾਵੇ ਸਾਰਾ, ਹਰਿ ਆਪਣੀ ਕਲ ਵਰਤਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਦਏ ਹੁਲਾਰਾ, ਇਕ ਹੁਲਾਰਾ ਆਪ ਹੁਲਾਇੰਦਾ । ਨੌਂ ਖੰਡ ਪ੍ਰਿਥਮੀ ਸੱਤਾਂ ਦੀਪਾਂ ਮੇਟ ਮਿਟਾਏ ਅੰਧ ਅੰਧਿਆਰਾ, ਕੂੜ ਪਸਾਰਾ ਮੇਟ ਮਿਟਾਇੰਦਾ । ਸਚ ਪਰਕਾਸ਼ਨ ਪੁਰਖ ਅਬਿਨਾਸ਼ਨ ਕਰੇ ਉਜਿਆਰਾ, ਏਕਾ ਜੋਤ ਜਗਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਪਾਵੇ ਸਾਰਾ, ਖਾਣੀ ਬਾਣੀ ਵੇਖ ਵਖਾਇੰਦਾ । ਵੇਦ ਪੁਰਾਨਾ ਦਏ ਅਧਾਰਾ, ਅੰਜੀਲ ਕੁਰਾਨਾ ਪਾਰ ਕਿਨਾਰਾ, ਬਾਣੀ ਬੋਧ ਗਿਆਨ ਜਣਾਇੰਦਾ । ਚਾਰ ਵਰਨ ਨਾ ਕਰੇ ਮੀਤ ਮੁਰਾਰਾ, ਨਾ ਕੋਈ ਪੜ੍ਹੇ ਸੁਣਾਏ ਨਾ ਕੋਈ ਸੁਨਣੇਹਾਰ ਅਖਵਾਇੰਦਾ । ਅਕਥਾ ਕਥਨੀ ਰਾਗ ਰਾਗਨੀ ਨਾ ਕੋਈ ਗਾਏ ਵਾਰਾ, ਤਾਲ ਤਲਵਾੜਾ ਨਾ ਕੋਈ ਵਜਾਇੰਦਾ । ਸ਼ਾਹੋ ਭੂਪ ਚਾਰੇ ਕੂਟਾਂ ਪਰਗਟ ਹੋਏ ਬ੍ਰਹਿਮਣ ਗੌੜਾ, ਗਊ ਗਰੀਬਾਂ ਗਲੇ ਲਗਾਇੰਦਾ । ਦੋ ਜਹਾਨਾਂ ਹਰਿ ਸ਼ਬਦ ਏਕਾ ਲਾੜਾ, ਆਪ ਆਪਣੀ ਦਇਆ ਕਮਾਇੰਦਾ । ਨਾ ਕੋਈ ਜਾਣੇ ਲੰਮਾ ਚੌੜਾ, ਨੇਤਰ ਲੋਚਨ ਨੈਣ ਨਾ ਕੋਈ ਵੇਖ ਵਖਾਇੰਦਾ । ਕਲਜੁਗ ਅੰਤਮ ਮਾਰੇ ਪਹਿਲਾ ਪੌੜਾ, ਸ਼ਬਦ ਘੋੜਾ ਇਕ ਦੁੜਾਇੰਦਾ । ਧੁਰ ਦਰਗਾਹੀ ਆਇਆ ਦੌੜਾ, ਸੰਬਲ ਨਗਰੀ ਧਾਮ ਸੁਹਾਇੰਦਾ । ਸ਼ਬਦ ਗੁਰ ਗਹਿਰ ਵਡ ਸਾਗਰ, ਭੇਵ ਕਿਸੇ ਨਾ ਪਾਇਆ । ਜੁਗ ਜੁਗ ਕਰੇ ਕਰਮ ਉਜਾਗਰ, ਜੁਗ ਜੁਗ ਮੇਟ ਮਿਟਾਇਆ । ਜੁਗ ਜੁਗ ਬਣੇ ਬਣਾਏ ਨਾਮ ਸੌਦਾਗਰ, ਜੁਗ ਜੁਗ ਵਣਜ ਕਰਾਇਆ । ਜੁਗ ਜੁਗ ਭਾਗ ਲਗਾਏ ਜਨ ਭਗਤਾਂ ਕਾਇਆ ਗਾਗਰ, ਅੰਮ੍ਰਿਤ ਆਤਮ ਤਾਲ ਸੁਹਾਇਆ । ਜੁਗ ਜੁਗ ਦੇਵੇ ਨਾਮ ਰੱਤੀ ਰਤਨਾਗਰ, ਰੱਤੀ ਰੱਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦੀ

ਸ਼ਬਦ ਜਣਾਇਆ । ਸ਼ਬਦ ਜਣਾਈ ਹਰਿ ਗੋਬਿੰਦ, ਅਕਲ ਕਲਾ ਕਲ ਧਾਰੀ । ਪਰਗਟ ਹੋਏ ਅੰਤਮ ਹਿੰਦ, ਵਡ ਜੋਧਾ ਸੂਰਬੀਰ ਬਲੀ ਬਲਕਾਰੀ । ਸ਼ਾਹ ਸੁਲਤਾਨਾ ਦੋ ਜਹਾਨਾਂ ਵਡ ਮਰਗਿੰਦ, ਨਾਮ ਖੰਡਾ ਹੱਥ ਫੜੇ ਤੇਜ ਕਟਾਰੀ । ਮਨਮੁਖ ਜੀਵ ਲਗਾਏ ਆਪਣੀ ਨਿੰਦ, ਆਪ ਵਸਿਆ ਸਭ ਤੋਂ ਬਾਹਰੀ । ਗੁਰਮੁਖ ਉਪਾਏ ਸਾਚੀ ਬਿੰਦ, ਹਰਿ ਮੇਲਾ ਦਸਮ ਦਵਾਰੀ । ਅੰਮ੍ਰਿਤ ਆਤਮ ਧਾਰ ਵਹਾਏ ਸਾਗਰ ਸਿੰਧ, ਨਿਝਰ ਝਿਰਨਾ ਝਿਰੇ ਅਪਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਕਰੇ ਅਸਵਾਰੀ । ਸ਼ਬਦ ਘੋੜਾ ਹਰਿ ਸਿੰਘਾਸਣ, ਹਰਿ ਆਪਣਾ ਆਪ ਲਗਾਇਆ । ਪਰਗਟ ਹੋਏ ਪੁਰਖ ਅਬਿਨਾਸ਼ਣ, ਜੋਤੀ ਜੋੜੇ ਮੇਲ ਮਿਲਾਇਆ । ਸ਼ਾਹੋ ਭੂਪ ਹਰਿ ਸ਼ਾਹੋ ਸ਼ਾਬਾਸ਼ਨ, ਸਾਚੇ ਤਖ਼ਤ ਸੁਹਾਇਆ । ਵੇਖ ਵਖਾਏ ਪ੍ਰਿਥਮੀ ਆਕਾਸ਼ਨ, ਗਗਨ ਪਤਾਲਾਂ ਫੇਰਾ ਪਾਇਆ । ਭਗਤ ਜਨਾਂ ਦਰ ਦਾਸੀ ਦਾਸਨ, ਦਰ ਦਵਾਰੇ ਸੇਵਾ ਸਚ ਕਮਾਇਆ । ਲੇਖੇ ਲਾਏ ਦਸ ਦਸ ਮਾਸਨ, ਲੱਖ ਚੁਰਾਸੀ ਫੰਦ ਕਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸ਼ਬਦ ਸਚ ਧਿਆਨ, ਸਾਚਾ ਮਾਰਗ ਲਾਇਆ । ਸਾਚਾ ਮਾਰਗ ਆਪੇ ਲਾ, ਆਪਣੀ ਕਲ ਵਰਤਾਈਆ । ਕਲਜੁਗ ਅੰਤਮ ਵੇਖ ਵਖਾ, ਚਾਰੋਂ ਕੁੰਟ ਫੇਰਾ ਪਾਈਆ । ਸੱਤਾਂ ਦੀਪਾਂ ਲਏ ਜਗਾ, ਲੱਖਣ ਆਪ ਉਠਾਈਆ । ਕਰੋਚ ਵੇਖੇ ਆਪਣਾ ਨਾਂ, ਪੁਸ਼ਕਰ ਦਏ ਦੁਹਾਈਆ । ਜੰਬੂ ਦੀਪ ਪ੍ਰਭ ਡੇਰਾ ਲਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਸਲਮਲ ਵੇਖੇ ਆਪਣਾ ਰਾਹ, ਨੇਤਰ ਨੈਣ ਉਠਾਈਆ । ਸਾਨ ਰੋਵੇ ਮਾਰੇ ਧਾਹ, ਸੰਮਤ ਚੌਦਾਂ ਦਏ ਦੁਹਾਈਆ । ਕੁਸ਼ਾ ਮੇਲਾ ਬੇਪਰਵਾਹ, ਹਰਿ ਸਾਚਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਕਰੇ ਵਡਿਆਈਆ ।



ਸ਼ਬਦ ਸ਼ਾਹ ਹਰਿ ਸੁਲਤਾਨਾ, ਹਰਿ ਹਰਿ ਆਪ ਉਪਾਇਆ । ਥਿਰ ਘਰ ਮੇਲ ਸ੍ਰੀ ਭਗਵਾਨਾ, ਵਿਛੜ ਕਦੇ ਨਾ ਜਾਇਆ । ਆਵਣ ਜਾਵਣ ਖੇਲ ਮਹਾਨਾ, ਜੁਗ ਜੁਗ ਆਪ ਕਰਾਇਆ । ਜੁਗ ਜੁਗ ਦੇਵੇ ਜਗ ਜਗ ਦਾਨਾ, ਜੁਗ ਜੁਗ ਝੋਲੀ ਰਿਹਾ ਭਰਾਇਆ । ਕਲਜੁਗ ਅੰਤਮ ਵੇਖ ਨਿਸ਼ਾਨਾ, ਹਰਿ ਭੇਖੀ ਭੇਖ ਉਪਾਇਆ । ਜੂਠ ਝੂਠ ਹੋਈ ਪਰਧਾਨਾ, ਚਾਰੋਂ ਕੁੰਟ ਫਿਰੇ ਹਲਕਾਇਆ । ਵਰਨ ਬਰਨ ਨਾ ਕੋਈ ਸੰਗ ਨਿਭਾਨਾ, ਦੇ ਮਤ ਨਾ ਕੋਇ ਸਮਝਾਇਆ । ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਹੋਏ ਬੇਈਮਾਨਾ, ਗਊ ਗਰੀਬ ਨਿਮਾਣੇ ਕੋਈ ਨਾ ਗਲੇ ਲਗਾਇਆ । ਗੁਰਮੁਖ ਮੰਗਣ ਮੰਗ ਏਕਾ ਦਰਸ ਚਰਨ ਕਵਲ ਹਰਿ ਭਗਵਾਨਾ, ਨੇਤਰ ਰੋ ਰੋ ਨੀਰ ਵਹਾਇਆ । ਕਿਰਪਾ ਕਰੇ ਗੁਣ ਨਿਧਾਨਾ, ਆਪ ਆਪਣਾ ਵੇਖ ਵਖਾਇਆ । ਲੋਕਮਾਤ ਕਰ ਪਰਵਾਨਾ, ਜੋਤੀ ਨੂਰ ਕਰੇ ਸਵਾਇਆ । ਸਤਿਜੁਗ ਸਾਚਾ ਆਪ ਉਠਾਨਾ, ਆਪ ਆਪਣੀ ਬੂਝ ਬੁਝਾਇਆ । ਏਕਾ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਆਪ ਪੜ੍ਹਾਇਆ । ਚਾਰ ਵਰਨਾਂ ਇਕ ਧਿਆਨਾ, ਇਕ ਦਵਾਰ ਸੁਹਾਇਆ । ਅਕਾਲ ਪੁਰਖ ਅਬਿਨਾਸ਼ੀ ਕਰਤਾ ਆਦਿ ਨਿਰੰਜਣ ਇਕ ਅਖਵਾਨਾ, ਏਕਾ ਗੁਰੂ ਬਣਾਇਆ । ਦੂਸਰ ਕੋਈ ਰਹਿਣ ਨਾ ਪਾਣਾ, ਨਾ ਕੋਈ ਸੰਗ ਰਖਾਇਆ । ਕੂੜ ਕੂੜਾ ਮਿਟੇ ਨਿਸ਼ਾਨਾ, ਥਿਰ ਕੋਈ ਦਿਸ ਨਾ ਆਇਆ । ਸਤਿਜੁਗ ਸਾਚਾ ਹੋਏ ਪਰਧਾਨਾ, ਪ੍ਰਭ ਸਾਚਾ ਲਏ ਕਰਾਇਆ । ਸੋਹੰ ਸ਼ਬਦ ਦੇਵੇ ਧੁਰ ਫ਼ਰਮਾਣਾ, ਆਪ ਆਪਣੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸ਼ਬਦੀ ਵੇਸ ਕਰ, ਲੋਕਮਾਤ ਫੇਰਾ ਪਾਇਆ । ਸ਼ਬਦ ਵੇਸ ਹਰਿ ਅਵੱਲਾ, ਆਪਣਾ ਆਪ ਕਰਾਇੰਦਾ । ਆਪ ਵਸਾਏ ਸਚ ਮਹੱਲਾ, ਦਰ ਘਰ ਸਾਚਾ ਆਪ ਸੁਹਾਇੰਦਾ ।

੧੧੦੧
੦੬

ਆਪੇ ਵਸਿਆ ਜਲਾਂ ਬਲਾਂ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਡੇਰਾ ਲਾਇੰਦਾ । ਆਪਣੀ ਜੋਤੀ ਆਪੇ ਰਲਾ, ਆਪਣਾ ਪਰਕਾਸ਼ ਆਪ ਵਖਾਇੰਦਾ । ਜਨ ਭਗਤਾਂ ਆਤਮ ਦਰ ਦਵਾਰੇ ਖਲਾ, ਆਤਮ ਦਰਸ ਵਖਾਇੰਦਾ । ਇਕ ਵਖਾਏ ਨਿਹਚਲ ਧਾਮ ਅਟੱਲਾ, ਉਚ ਮਹੱਲ ਅਟੱਲ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਸ਼ਬਦ ਦਵਾਰਾ ਇਕ ਹੁਲਾਰਾ ਏਕਾ ਰਾਹ ਵਖਾਇੰਦਾ । ਏਕਾ ਰਾਹ ਸਚ ਟਿਕਾਣਾ, ਲੋਕਮਾਤ ਵੱਜੀ ਵਧਾਈਆ । ਸਤਿਜੁਗ ਮਿਲੇ ਸਚ ਬਿਬਾਣਾ, ਪ੍ਰਭ ਸਾਚਾ ਰਿਹਾ ਚੜ੍ਹਾਈਆ । ਏਕਾ ਦੇਵੇ ਧੁਰ ਫ਼ਰਮਾਣਾ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹੰ ਹੰਗਤਾ ਵਿਚ ਆਪ ਸਮਾਣਾ, ਹੰਗਤਾ ਰੋਗ ਗਵਾਈਆ । ਫੜ ਫੜ ਬ੍ਰਹਮਾ ਵੇਤਾ ਆਪ ਜਗਾਣਾ, ਵੇਲਾ ਅੰਤਮ ਦਏ ਸੁਹਾਈਆ । ਗੁਰਮੁਖ ਸਾਚੇ ਦੇਵੇ ਮਾਣਾ, ਆਪ ਆਪਣੀ ਦਇਆ ਕਮਾਈਆ । ਸੋਹੰ ਸ਼ਬਦ ਇਕ ਗਿਆਨਾ, ਏਕਾ ਕਰੇ ਪੜ੍ਹਾਈਆ । ਬਾਸ਼ਕ ਤਸ਼ਕਾ ਸ਼ਿਵ ਸ਼ੰਕਰ ਗਲੋਂ ਆਪੇ ਲਾਹੁਣਾ, ਆਪ ਆਪਣੀ ਤ੍ਰਿਸੂਲ ਲਏ ਉਠਾਈਆ । ਇਕ ਵਖਾਏ ਸਚ ਟਿਕਾਨਾ, ਅੰਤਮ ਮੇਲਾ ਸਹਿਜ ਸੁਭਾਈਆ । ਗੁਰਮੁਖ ਸਾਚੇ ਕਰ ਪਰਵਾਨਾ, ਦੇਵੇ ਨਾਮ ਵੱਡੀ ਵਡਿਆਈਆ । ਇਕ ਜੈਕਾਰਾ ਸੋਹੰ ਸ਼ਬਦ ਲਗਾਨਾ, ਪੁਰੀ ਸ਼ਿਵ ਖ਼ੁਸ਼ੀ ਮਨਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਆਦਿ ਜੁਗਾਦੀ ਭੇਵ ਨਾ ਰਾਈਆ । ਸ਼ਬਦ ਗੁਰ ਹੋਏ ਬਲਵਾਨਾ, ਉਠ ਆਵੇ ਕਰ ਕਰ ਧਾਈਆ । ਕਰੋੜ ਤੇਤੀਸਾ ਬਾਲ ਨਿਧਾਨਾ, ਆਪੇ ਲਏ ਜਗਾਈਆ । ਸੁਰਪਤ ਦੇਵੇ ਇਕ ਨਿਸ਼ਾਨਾ, ਇੰਦ ਇੰਦਰਾਸਨ ਦਏ ਤਜਾਈਆ । ਗੁਰਮੁਖ ਸਾਚਾ ਚਤੁਰ ਸੁਜਾਨਾ, ਆਪਣੀ ਹੱਥੀਂ ਟਿੱਕਾ ਲਾਈਆ । ਏਕਾ ਰਾਗ ਏਕਾ ਗਾਨਾ, ਏਕਾ ਨਾਦ ਸੁਣਾਈਆ । ਆਪੇ ਹੋਇਆ ਜਾਣੀ ਜਾਣਾ, ਜਾਨਣਹਾਰ ਖੇਲ ਰਚਾਈਆ । ਲੋਕਮਾਤ ਮਾਰ ਝਾਤ ਇਕ ਇਕਾਂਤ, ਹਰਿ ਖੇਲੇ ਖੇਲ ਬੇਪਰਵਾਹੀਆ । ਕਲਜੁਗ ਵੇਖੇ ਅੰਧੇਰੀ ਰਾਤ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਲੱਖ ਚੁਰਾਸੀ ਭਰਮੇ ਭੁੱਲੀ ਜ਼ਾਤ ਪਾਤ, ਉਚਾਂ ਨੀਚਾਂ ਪਈ ਲੜਾਈਆ । ਮਨ ਮਤ ਨਾਰ ਦੁਹਾਗਣ ਹੋਏ ਕਮਜ਼ਾਤ, ਸਤਿਗੁਰ ਕੰਤ ਨਾ ਕੋਈ ਹੰਢਾਈਆ । ਸ਼ਬਦ ਗੁਰ ਨਾ ਪੁੱਛੇ ਕੋਈ ਵਾਤ, ਮਸਤਕ ਟਿੱਕਾ ਕਾਲੀ ਸ਼ਾਹੀਆ । ਜੀਵਾਂ ਜੰਤਾਂ ਜੂਠ ਝੂਠ ਬਣੀ ਬਰਾਤ, ਲਾੜੀ ਮੌਤ ਕਰੇ ਕੁੜਮਾਈਆ । ਨਾਤਾ ਤੁੱਟੇ ਭਾਈ ਭੈਣ ਸਾਕ, ਸੱਜਣ ਸੈਣ ਕੋਈ ਨਾ ਹੋਏ ਸਹਾਈਆ । ਧਰਮ ਰਾਏ ਬੈਠਾ ਰਿਹਾ ਝਾਕ, ਅਠਾਈ ਕੁੰਢਾਂ ਬੂਹਾ ਲਾਹੀਆ । ਚਿਤਰ ਗੁਪਤ ਰਿਹਾ ਵੇਖ ਹਿਸਾਬ, ਸੰਮਤ ਚੌਦਾਂ ਭੇਵ ਖੁਲ੍ਹਾਈਆ । ਸਤਿਜੁਗ ਮੰਗੇ ਸਾਚੀ ਦਾਤ, ਆਪਣੀ ਝੋਲੀ ਅੱਗੇ ਡਾਹੀਆ । ਕਲਜੁਗ ਕਾਲੇ ਤੁੱਟਾ ਨਾਤ, ਦਹਿ ਦਿਸ਼ਾ ਉਠ ਉਠ ਵੇਖੇ ਕਰ ਕਰ ਧਾਹੀਆ । ਸੰਗ ਮੁਹੰਮਦ ਚਾਰ ਯਾਰ ਨਾ ਕੋਈ ਪੁੱਛੇ ਵਾਤ, ਅੱਲਾ ਹੂ ਕੋਈ ਨਾ ਨਾਅਰਾ ਲਾਈਆ । ਕਿਸੇ ਫਲ ਨਾ ਦਿਸੇ ਡਾਲ੍ਹੀ ਪਾਤ, ਫਲ ਫੁਲਵਾੜੀ ਝੂਠੀ ਵੇਖ ਵਖਾਈਆ । ਲਹਿਣਾ ਦੇਣਾ ਪਿਆ ਡੂੰਘੇ ਖਾਤ, ਨਾ ਕੋਈ ਬਾਹਰ ਕਢਾਈਆ । ਚੌਦਾਂ ਲੋਕ ਮਿਲੇ ਨਾ ਆਬੇ ਹਯਾਤ, ਚੌਦਾਂ ਤਬਕ ਰਹੇ ਕੁਰਲਾਈਆ । ਤੀਨ ਲੋਕ ਨਾ ਪੁੱਛੇ ਕੋਈ ਵਾਤ, ਤ੍ਰੈਗੁਣ ਮਾਇਆ ਰਹੀ ਸ਼ਰਮਾਈਆ । ਪੰਜ ਤਤ ਤੇਰਾ ਕੋਈ ਨਾ ਦਿਸੇ ਧੀਰਜ ਯਤ, ਸਤਿ ਸੰਤੋਖ ਨਾ ਕੋਈ ਵਖਾਈਆ । ਗੁਰਮੁਖ ਵਿਰਲੇ ਮੇਲਾ ਹਰਿ ਕਮਲਾਪਾਤ, ਹਰਿ ਸਾਚਾ ਆਪ ਕਰਾਈਆ । ਨਾਮ ਚੜ੍ਹਾਏ ਸਾਚੇ ਰਾਥ, ਜੁਗ ਜੁਗ ਬਣੇ ਰਥਵਾਹੀਆ । ਸਰਬ ਕਲਾ ਆਪੇ ਸਮਰਥ, ਸਮਰਥ ਪੁਰਖ ਆਪ ਅਖਵਾਈਆ । ਲੱਖ ਚੁਰਾਸੀ ਦੇਵੇ ਮਥ, ਏਕਾ ਨਾਮ ਮਧਾਣਾ ਪਾਈਆ । ਮਹਿਮਾ ਜਗਤ ਚਲਾਏ ਅਕਥਨਾ ਅਕੱਥ, ਰਸਨਾ

ਜਿਹਵਾ ਕਥ ਨਾ ਸਕੇ ਰਾਈਆ । ਅੰਤਮ ਲਹਿਣਾ ਦੇਣਾ ਚੁਕਾਏ ਸੀਆਂ ਸਾਢੇ ਤਿੰਨ ਤਿੰਨ ਹੱਥ, ਕਲਜੁਗ ਤੇਰੀ ਵੰਡ ਵੰਡਾਈਆ । ਉਚੇ ਮੰਦਰ ਜਾਣ ਢੱਠ, ਥਿਰ ਕੋਈ ਰਹਿਣ ਨਾ ਪਾਈਆ । ਨਾ ਕੋਈ ਨੁਹਾਏ ਤੀਰਥ ਅਠ ਸਠ, ਗੰਗਾ ਗੋਦਾਵਰੀ ਨਾ ਫੇਰਾ ਪਾਈਆ । ਜਗਤ ਵਿਕਾਰਾ ਬਣਿਆ ਮੱਠ, ਮਾਇਆ ਮਮਤਾ ਅਗਨੀ ਲਾਈਆ । ਆਪੇ ਸਾੜੇ ਹਾਡੀ ਤਿੰਨ ਸੌ ਸੱਠ, ਨਾੜ ਬਹੱਤਰ ਦਿਸ ਨਾ ਆਈਆ । ਗੁਰਮੁਖਾਂ ਆਪ ਕਰਾਏ ਸਚ ਦਵਾਰੇ ਇਕੱਠ, ਹਰਿ ਮੰਦਰ ਜੋਤ ਜਗਾਈਆ । ਆਪੇ ਗੇੜਨਹਾਰਾ ਉਲਟੀ ਲੱਠ, ਜੁਗ ਜੁਗ ਆਪਣੀ ਬਣਤ ਬਣਾਈਆ । ਕਲਜੁਗ ਤੇਰਾ ਕੋਈ ਨਾ ਰੱਖੇ ਹਠ, ਸੰਗੀ ਸਾਥੀ ਜਾਣ ਤਜਾਈਆ । ਈਸਾ ਮੂਸਾ ਜਾਇਣ ਨੱਠ, ਬੀਸ ਬੀਸਾ ਦਏ ਦੁਹਾਈਆ । ਗੁਰ ਗੋਬਿੰਦ ਵਾਲੀ ਦੋ ਜਹਾਨਾ ਸਾਗਰ ਸਿੰਧਾ ਆਪੇ ਜਾਏ ਤੁੱਠ, ਗੁਰਮੁਖਾਂ ਲਏ ਗਲ ਲਾਈਆ । ਏਕਾ ਇਕੀ ਏਕਾ ਇਕੱਠ, ਸਾਚੀ ਸਿੱਖੀ ਆਪ ਤਰਾਈਆ । ਲੁਕਿਆ ਰਹਿਣ ਨਾ ਦੇਵੇ ਕੋਈ ਗੁੱਠ, ਨੌਂ ਖੰਡ ਪ੍ਰਿਥਮੀ ਫੇਰਾ ਪਾਈਆ । ਜੁਗਾਂ ਜੁਗਾਂ ਦੇ ਵਿਛੜੇ ਜੋ ਗਏ ਰੁਠ, ਕਲਜੁਗ ਅੰਤਮ ਮੇਲ ਮਿਲਾਈਆ । ਮਨਮੁਖ ਜੀਵ ਧਰਮ ਰਾਏ ਦਰ ਟੰਗੇ ਪੁੱਠ, ਵੇਲੇ ਅੰਤਮ ਦਏ ਸਜਾਈਆ । ਸੰਗ ਨਾ ਜਾਏ ਜੂਠ ਝੂਠ, ਨਾਤਾ ਤੋੜ ਨਾ ਕੋਈ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸ਼ਬਦ ਦਏ ਵਡਿਆਈਆ । ਸਤਿਗੁਰ ਨਾਤਾ ਜੋੜ, ਜੁਗ ਜੁਗ ਵੇਖ ਵਖਾਇਆ । ਆਪੇ ਅਸਵ ਚੜ੍ਹਿਆ ਘੋੜ, ਸੋਲਾਂ ਕਲੀਆਂ ਆਸਣ ਲਾਇਆ । ਪਾਰਬ੍ਰਹਮ ਪ੍ਰਭ ਰਿਹਾ ਦੌੜ, ਜੋਤੀ ਜੋਤ ਖੇਲ ਖਿਲਾਇਆ । ਹਰਿਜਨ ਆਤਮ ਲੱਗੀ

੧੧੦੩ ਔੜ, ਅੱਠੇ ਪਹਿਰ ਰਿਹਾ ਕੁਰਲਾਇਆ । ਸਤਿਗੁਰ ਸਾਚਾ ਜਾਏ ਬਹੁੜ, ਤ੍ਰਿਸਨਾ ਭੁੱਖ ਦਏ ਮਿਟਾਇਆ । ਚਰਨ ਕਵਲ ਇਕ ਨਾਤਾ ਜੋੜ, ੧੧੦੩

੦੬ ਪੁਰਖ ਬਿਧਾਤਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਦੇਵੇ ਵਰ, ਨਿਰਗੁਣ ਨਿਰਗੁਣ ਸਰਗੁਣ ੦੬

ਸਰਗੁਣ ਵਿਚ ਸਮਾਇਆ । ਨਿਰਗੁਣ ਸਿਫ਼ਤ ਸਲਾਹ, ਸਰਗੁਣ ਵਿਚ ਸਮਾਈਆ । ਨਿਰਗੁਣ ਬੇਪਰਵਾਹ, ਸਰਗੁਣ ਜੋਤ ਜਗਾਈਆ । ਨਿਰਗੁਣ ਪੁਰਖ ਅਥਾਹ, ਸਰਗੁਣ ਸ਼ਬਦ ਜਣਾਈਆ । ਨਿਰਗੁਣ ਦੀਸੇ ਨਾ, ਸਰਗੁਣ ਬਣਤ ਬਣਾਈਆ । ਦੋਹਾਂ ਮੇਲਾ ਏਕਾ ਥਾਂ, ਏਕਾ ਏਕ ਕਰਾਈਆ । ਗੁਰ ਚੇਲਾ ਸਾਚੇ ਥਾਂ ਬਹਾ, ਗੁਰ ਗੋਬਿੰਦ ਦਏ ਵਡਿਆਈਆ । ਆਪਣਾ ਮੇਲਾ ਆਪ ਕਰਾ, ਹਰਿ ਆਪਣੀ ਬੂਝ ਬੁਝਾਈਆ । ਸਾਚਾ ਤੇਲਾ ਆਪ ਚੜ੍ਹਾ, ਸਾਚਾ ਸਗਨ ਮਨਾਈਆ । ਸਾਚਾ ਖੇੜਾ ਦਏ ਵਸਾ, ਅਨਹਦ ਅਨਹਦ ਮੰਗਲ ਗਾਈਆ । ਸਾਚਾ ਬੇੜਾ ਦਏ ਚਲਾ, ਆਪੇ ਬਣਿਆ ਹਰਿ ਰਥਵਾਹੀਆ । ਸਾਚਾ ਗੇੜਾ ਦਏ ਦੁਆ, ਸ਼ਬਦ ਸੁਨੇਹੜਾ ਸਾਚੇ ਮਾਹੀਆ । ਸੁਣੇ ਸੁਣਾਏ ਆਪਣੀ ਥਾਂ, ਮਾਛੂਵਾੜਾ ਵੇਖ ਵਖਾਈਆ । ਵੇਲੇ ਅੰਤਮ ਪਕੜੇ ਬਾਂਹ, ਪ੍ਰਭ ਜੋਤੀ ਜੋਤ ਜਗਾਈਆ । ਕਲਜੁਗ ਅੰਤਮ ਵੇਖੇ ਥਾਉਂ ਥਾਂ, ਗੁਰਮੁਖ ਗੁਰਸਿਖ ਜੋ ਸਰਸੇ ਰਿਹਾ ਰੁੜ੍ਹਾਈਆ । ਨਿਹਕਲੰਕਾ ਜਾਮਾ ਪਾ, ਤੇਰੇ ਮੰਦਰ ਅੰਦਰ ਡੰਕਾ ਰਿਹਾ ਵਜਾਈਆ । ਸੰਬਲ ਨਗਰੀ ਵੇਖੇ ਸਾਚਾ ਥਾਂ, ਭੇਵ ਨਾ ਪਾਵੇ ਕੋਈ ਰਾਈਆ । ਚਾਰ ਕੁੰਟ ਦਹਿ ਦਿਸ਼ਾ ਉਡਣੇ ਕਾਂ, ਬੀਸ ਬੀਸਾ ਲੇਖ ਲਿਖਾਈਆ । ਇਕ ਇਕੱਲਾ ਅਕਾਲ ਪੁਰਖ ਤੇਰਾ ਸਾਚਾ ਨਾ, ਲੋਕਮਾਤ ਅੰਤ ਰਹਿ ਜਾਈਆ । ਕੁਰਾਨ ਅੰਜੀਲ ਵੇਦ ਪੁਰਾਨ ਕੋਈ ਜਾਣੇ ਨਾ, ਮੁੱਲਾ ਮੁਸਾਇਕ ਸ਼ੇਖ਼ ਪੀਰ ਦਸਤਗੀਰ ਸ਼ਾਹ ਹਕੀਰ ਕੋਈ ਅਖਵਾਏ ਨਾ, ਮਸਤਕ ਤਿਲਕ ਨਾ ਕੋਈ ਸਕੇ ਲਗਾ, ਨੇਤੀ ਧੋਤੀ ਨਾ ਰਿਹਾ ਪੁਆ, ਨਾ ਕੋਈ ਦੂਸਰ ਰਚਨ ਰਚਾਈਆ । ਗ੍ਰੰਥ ਪੰਥ ਨਾ ਸਕੇ ਕੋਈ ਪੜ੍ਹਾ, ਗੁਰ ਗੋਬਿੰਦ ਏਕਾ ਆਪਣਾ ਲੜ

੧੧੦੪
੦੬

ਦਏ ਫੜਾ, ਸਾਚੇ ਪੌੜੇ ਗੁਰਮੁਖ ਲਏ ਚੜ੍ਹਾ, ਏਕਾ ਦੂਜਾ ਭੌ ਚੁਕਾਈਆ । ਤੀਜਾ ਨੇਤਰ ਦਏ ਖੁਲ੍ਹਾ, ਚੌਥੇ ਘਰ ਰਿਹਾ ਸਮਾ, ਪੰਚਮ ਮੇਲਾ ਸਹਿਜ ਸੁਭਾਈਆ । ਪੰਚਮ ਮੇਲਾ ਬੇਪਰਵਾਹ, ਆਪ ਆਪਣਾ ਦਏ ਜਣਾ, ਜੋਤ ਲਿਲਾਟੀ ਇਕ ਵਖਾ, ਔਖੀ ਘਾਟੀ ਪਾਰ ਕਰਾ, ਬਜਰ ਕਪਾਟੀ ਕਿਲਾ ਤੁੜਾ, ਦਸਮ ਦਵਾਰੀ ਕੁੰਡਾ ਲਾਹ, ਆਤਮ ਸੇਜਾ ਇਕ ਵਿਛਾਈਆ । ਅਨਹਦ ਰਾਗ ਇਕ ਅਲਾ, ਇਕ ਤਲਵਾੜਾ ਆਪ ਵਜਾ, ਧਰਮ ਅਖਾੜਾ ਇਕ ਵਖਾ, ਗੁਰਮੁਖ ਸਾਜਨ ਮੇਲ ਮਿਲਾਈਆ । ਜੋਤੀ ਜੋਤ ਲਏ ਸਮਾ, ਆਪ ਆਪਣੀ ਕਰੇ ਰੁਸ਼ਨਾਈਆ । ਜੋਤੀ ਮੇਲ ਸ਼ਬਦ ਗੁਰ ਪੂਰੇ, ਹਰਿਜਨ ਆਪਣਾ ਆਪ ਕਰਾਇਆ । ਅੱਠੇ ਪਹਿਰ ਹਾਜ਼ਰ ਹਜ਼ੂਰੇ, ਦਿਵਸ ਰੈਣ ਦਰਸ ਦਿਖਾਇਆ । ਅਨਹਦ ਵਜਾਏ ਸਾਚੀ ਤੂਰੇ, ਰਾਗ ਰਾਗਨੀ ਭੇਵ ਨਾ ਰਾਇਆ । ਨਾਤਾ ਤੋੜੇ ਕੂੜੋ ਕੂੜੇ, ਪੰਚਮ ਮੋਹ ਚੁਕਾਇਆ । ਜਨ ਭਗਤਾਂ ਬਖ਼ਸ਼ੇ ਚਰਨ ਧੂੜੇ, ਮਸਤਕ ਟਿੱਕਾ ਏਕਾ ਲਾਇਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹੇ, ਉਤਰ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਰੂਪ ਸਮਾਇਆ । ਗੋਬਿੰਦ ਰੂਪ ਹਰਿ ਕਰਤਾਰਾ, ਏਕਾ ਏਕ ਅਖਵਾਇੰਦਾ । ਆਪੇ ਸ਼ਬਦ ਆਪੇ ਧੁਨਕਾਰਾ, ਆਪੇ ਤਾਲ ਵਜਾਇੰਦਾ । ਆਪੇ ਜੋਤੀ ਨੂਰ ਕਰੇ ਚਮਤਕਾਰਾ, ਨੂਰੋ ਨੂਰ ਸਮਾਇੰਦਾ । ਆਪੇ ਖੰਡਾ ਤੇਜ ਕਟਾਰਾ, ਆਪ ਆਪਣੇ ਗਲ ਲਟਕਾਇੰਦਾ । ਆਪੇ ਕਰੇ ਪੰਚਾਂ ਆਪ ਪਿਆਰਾ, ਪੰਚਾਂ ਵਿਚ ਆਪ ਸਮਾਇੰਦਾ । ਆਪੇ ਬੰਨ੍ਹੇ ਆਪਣੀ ਧਾਰਾ, ਅੰਮ੍ਰਿਤ ਆਤਮ ਆਪ ਪਿਆਇੰਦਾ । ਆਪੇ ਜੋਧਾ ਸੂਰਬੀਰ ਬਲੀ ਬਲਕਾਰਾ, ਸ਼ਾਹ ਅਸਵਾਰ ਆਪ ਅਖਵਾਇੰਦਾ । ਆਪੇ ਵੇਖੇ ਨੌਂ ਖੰਡ ਪ੍ਰਿਥਮੀ ਤੇਰਾ ਇਕ ਅਖਾੜਾ, ਗੁਰ ਗੋਬਿੰਦਾ ਫੇਰੀ ਪਾਇੰਦਾ । ਆਪ ਉਠਾਏ ਅਗੰਮੀ ਧਾੜਾ, ਦਿਸ ਕਿਸੇ ਨਾ ਆਇੰਦਾ । ਕਲਜੁਗ ਤੇਰਾ ਅੰਤਮ ਕਾਮ ਕਰੋਧ ਲੋਭ ਮੋਹ ਹੰਕਾਰ ਮਾਇਆ ਮਮਤਾ ਰਿਹਾ ਸਾੜਾ, ਕੂੜ ਕਿਰਿਆ ਮੇਟ ਮਿਟਾਇੰਦਾ । ਸਾਧ ਸੰਤ ਜੀਵ ਜੰਤ ਮਗਰ ਲੱਗੀ ਅਗੰਮੀ ਧਾੜਾ, ਧੀਰਜ ਧੀਰ ਨਾ ਕੋਈ ਧਰਾਇੰਦਾ । ਲੱਗੀ ਅੱਗ ਬਹੱਤਰ ਨਾੜਾ, ਲੋਕਮਾਤ ਨਾ ਕੋਈ ਬੁਝਾਇੰਦਾ । ਹਰਿ ਗੋਬਿੰਦ ਮੇਲਾ ਵਿਚ ਸੰਸਾਰਾ, ਗੋਬਿੰਦ ਰੂਪ ਸਮਾਇੰਦਾ । ਆਦਿ ਅੰਤ ਇਕ ਅਵਤਾਰਾ, ਏਕਾ ਗੁਰ ਅਖਵਾਇੰਦਾ । ਪਰਗਟ ਹੋਏ ਵਿਚ ਸੰਸਾਰਾ, ਨਿਹਕਲੰਕਾ ਨਾਉਂ ਰਖਾਇੰਦਾ । ਸ਼ਬਦ ਸ਼ਬਦੀ ਡੰਕ ਅਪਾਰਾ, ਆਪਣਾ ਆਪ ਵਜਾਇੰਦਾ । ਨਾ ਕੋਈ ਮੰਗੇ ਹੋਰ ਸਹਾਰਾ, ਨਾ ਕੋਈ ਸੰਗ ਰਖਾਇੰਦਾ । ਲਸ਼ਕਰ ਸ਼ਾਹੀ ਫੌਜ਼ ਨਾ ਦਿਸੇ ਕੋਈ ਅਸਵਾਰਾ, ਨਾ ਕੋਈ ਮਰਦੰਗ ਵਜਾਇੰਦਾ । ਇਕ ਇਕੱਲਾ ਏਕੰਕਾਰਾ, ਕਲਜੁਗ ਅੰਤਮ ਖੇਲ ਖਿਲਾਇੰਦਾ । ਬ੍ਰਹਿਮੰਡ ਖੰਡ ਜੇਰਜ ਅੰਡ ਲੋਆਂ ਪੁਰੀਆਂ ਦਏ ਹੁਲਾਰਾ, ਸ਼ਬਦ ਹਲੂਣਾ ਏਕਾ ਲਾਇੰਦਾ । ਆਪੇ ਜਾਣੇ ਪਾਰ ਕਿਨਾਰਾ, ਅੱਧ ਵਿਚਕਾਰੇ ਆਪ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹਰਿ ਸ਼ਬਦ ਹਰਿ ਰੂਪ ਆਪ ਸਮਾਇੰਦਾ । ਨਿਰਗੁਣ ਰੂਪ ਅਪਾਰ, ਆਪ ਉਪਾਇਆ । ਆਪੇ ਜਾਣੇ ਆਪਣੀ ਸਾਰ, ਆਪ ਆਪਣੇ ਵਿਚ ਸਮਾਇਆ । ਆਪ ਆਪਣੀ ਇਛਿਆ ਧਾਰ, ਆਪ ਆਪਣੀ ਰਚਨ ਰਚਾਇਆ । ਆਪ ਆਪਣਾ ਲਏ ਉਚਾਰ, ਆਪ ਆਪਣੇ ਗਲੇ ਲਗਾਇਆ । ਆਪ ਆਪਣਾ ਕਰ ਆਕਾਰ, ਆਪ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਨੁਹਾਏ ਆਪ ਆਪਣਾ ਰੂਪ ਵਖਾਇਆ । ਆਪ ਆਪਣੀ ਇਛਿਆ ਧਾਰ, ਆਪੇ ਬਣਤ ਬਣਾਈਆ । ਆਪ ਆਪਣਾ ਲਏ ਉਭਾਰ, ਜੋਤੀ ਸੇਜ ਹੰਢਾਈਆ । ਜੋਤੀ ਸੇਜਾ ਅਪਰ ਅਪਾਰ, ਨੂਰੋ ਨੂਰ ਸਵਾਈਆ ।

ਨੂਰੀ ਨੂਰ ਹਰਿ ਕਰਤਾਰ, ਆਪਣਾ ਵੇਖ ਵਖਾਈਆ । ਆਪਣਾ ਆਪ ਆਪੇ ਕਰੇ ਅੰਗੀਕਾਰ, ਆਪ ਆਪਣੇ ਗਲੇ ਲਗਾਈਆ । ਆਪ ਆਪਣਾ ਲਏ ਉਭਾਰ, ਆਪ ਆਪਣਾ ਅੰਗ ਕਟਾਈਆ । ਸਾਚਾ ਸ਼ਬਦ ਕਰ ਤਿਆਰ, ਹਰਿ ਆਪਣਾ ਵੇਖ ਵਖਾਈਆ । ਬ੍ਰਹਿਮੰਡ ਖੰਡ ਲਏ ਉਸਾਰ, ਲੋਆਂ ਪੁਰੀਆਂ ਗਗਨ ਪਾਤਾਲਾਂ ਰਚਨ ਰਚਾਈਆ । ਜੋਤ ਸਰੂਪੀ ਜੋਤੀ ਨੂਰ ਕਰ ਆਕਾਰ, ਸ਼ਬਦੀ ਸੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੇ ਵਸਿਆ ਘਰ, ਆਪ ਆਪਣਾ ਲਿਆ ਵਰ, ਆਪਣੀ ਸੇਜਾ ਆਪ ਹੰਢਾਈਆ । ਆਪਣੀ ਸੇਜਾ ਆਪ ਹੰਢਾ, ਆਪਣਾ ਰੰਗ ਚੜ੍ਹਾਇਆ । ਆਪ ਆਪਣਾ ਵਿਚ ਟਿਕਾ, ਆਪੇ ਦਏ ਉਪਾਇਆ । ਆਪ ਆਪਣਾ ਨਾਉਂ ਉਪਾ, ਆਪ ਆਪਣਾ ਨਾਉਂ ਧਰਾਇਆ । ਸ਼ਬਦੀ ਸ਼ਬਦ ਹਰਿ ਸੁਤ ਜਣਾ, ਆਪ ਆਪਣਾ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਦਸਤ ਆਪਣੇ ਹੱਥ ਰਖਾਇਆ । ਆਪ ਆਪਣੀ ਰਚਨ ਰਚਾ, ਆਪਣੀ ਕਲ ਵਰਤਾਈਆ । ਆਪ ਆਪਣਾ ਆਸਣ ਲਾ, ਆਪਣਾ ਜੋਗ ਕਮਾਈਆ । ਪੁਰਖ ਅਬਿਨਾਸ਼ੀ ਆਪ ਅਖਵਾ, ਅਕਲ ਕਲਾ ਵਰਤਾਈਆ । ਮਦਿ ਕੈਟੰਬ ਦੈਂਤ ਅਖਵਾ, ਆਪਣਾ ਰੂਪ ਵਟਾਈਆ । ਵਿਸ਼ਨੂੰ ਵੰਸੀ ਆਪ ਅਖਵਾ, ਬ੍ਰਹਮਾ ਸੇਵਕ ਸੇਵਾ ਰਿਹਾ ਕਮਾਈਆ । ਅਲਖ ਅਭੇਵਾ ਆਪ ਅਖਵਾ, ਏਕਾ ਏਕ ਹਰਿ ਰਘੁਰਾਈਆ । ਰਸਨਾ ਜਿਹਵਾ ਕੋਈ ਨਾ ਸਕੇ ਗਾ, ਬੇਅੰਤ ਬੇਅੰਤ ਬੇਅੰਤ ਹਰਿ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਖ ਵਟਾਈਆ । ਮਦਿ ਕੈਟੰਬ ਦੈਂਤ ਸੰਘਾਰਾ, ਆਪਣੀ ਕਲ ਵਰਤਾਈਆ । ਆਪਣਾ ਖੰਡਾ ਆਪ ਉਭਾਰਾ, ਆਪਣੇ ਹੱਥ ਰਖਾਈਆ । ਨਾ ਕੋਈ ਲੇਖ ਲਿਖ ਸਕੇ ਵਿਚ ਸੰਸਾਰਾ, ਲੇਖਾ ਆਪਣੇ ਹੱਥ ਰਖਾਈਆ । ਗੁਰ ਗੋਬਿੰਦਾ ਵੇਖ ਇਕ ਦਵਾਰਾ, ਪ੍ਰਭ ਚਰਨ ਸੱਚੀ ਸਰਨਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰਾ, ਆਪ ਆਪਣੀ ਬੂਝ ਬੁਝਾਈਆ । ਕਰੇ ਕਰਾਏ ਕਰਨਹਾਰਾ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਹੋਏ ਜਲ ਬਿੰਬ ਧਾਰਾ, ਜਲ ਬਿੰਬ ਆਪ ਸੁਹਾਈਆ । ਆਪੇ ਧਰਨੀ ਧਰਤ ਕਰ ਆਕਾਰਾ, ਧਰਤ ਧਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਨਕ ਗੋਬਿੰਦ ਨੂਰ ਹਰਿ, ਨੂਰੋ ਨੂਰ ਉਪਾਈਆ । ਕੱਟਿਆ ਸੀਸ ਹਰਿ ਜਗਦੀਸ, ਆਪਣੀ ਕਲ ਵਰਤਾਈਆ । ਭੇਵ ਨਾ ਪਾਇਣ ਰਾਗ ਛਤੀਸ, ਪਾਰਬ੍ਰਹਮ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਬਣਤ ਬਣਾਈਆ । ਆਪ ਆਪਣੀ ਰਚਨ ਰਚਾ, ਆਪਣਾ ਰੰਗ ਰੰਗਾਇਆ । ਨਾਭੀ ਨਾਭ ਕਵਲ ਉਪਾ, ਕਵਲ ਮੁਖ ਖਿਲਾਇਆ । ਪੰਜ ਤਤ ਨਾ ਲਿਆ ਜਣਾ, ਰਕਤ ਬੂੰਦ ਨਾ ਕੋਈ ਰਖਾਇਆ । ਆਪ ਆਪਣਾ ਲਏ ਉਪਾ, ਆਪ ਆਪਣੇ ਵਿਚੋਂ ਬਾਹਰ ਕਢਾਇਆ । ਪਾਰਬ੍ਰਹਮ ਬ੍ਰਹਮ ਰਿਹਾ ਉਪਾ, ਬ੍ਰਹਮ ਬ੍ਰਹਮ ਅਖਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਤਤ ਉਪਾਇਆ । ਪੁਰੀ ਅਨੰਦ ਗੋਬਿੰਦ ਤਜ, ਆਪਣੀ ਕਰੀ ਚੜ੍ਹਾਈਆ । ਗੁਰਮੁਖ ਸਾਜਣ ਨਾਲ ਰਹੇ ਸਜ, ਬਸਤਰ ਸ਼ਸਤਰ ਤਨ ਸਜਾਈਆ । ਰਣਜੀਤ ਨਗਾਰਾ ਰਿਹਾ ਵੱਜ, ਆਪਣੀ ਧੁਨ ਸੁਣਾਈਆ । ਪੰਚਮ ਰਖਾਇਆ ਇਕ ਜਹਾਜ਼, ਗੋਬਿੰਦ ਰਿਹਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਦਏ ਵਡਿਆਈਆ । ਗੁਰ ਗੋਬਿੰਦਾ ਛੱਡ ਮਕਾਨਾ, ਹੋਇਆ ਸ਼ਾਹ ਅਸਵਾਰੀ । ਗੁਰਮੁਖ ਸਾਜਣ ਨੌਜਵਾਨਾ, ਸੰਗ ਰਖਾਏ ਜੋਧਾ ਬਲਕਾਰੀ । ਖੰਡਾ ਸ਼ਸਤਰ ਤੀਰ ਵੇਖੇ ਚਿੱਲਾ ਕਮਾਨਾ, ਤੋੜੇ ਗੜ੍ਹ ਹੰਕਾਰੀ । ਮੇਟ ਮਿਟਾਏ ਮੁਗਲ

੧੧੦੫
੦੬

ਪਠਾਨਾ, ਚਾਰੋਂ ਕੁੰਟ ਹਾਹਾਕਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸ਼ਬਦ ਸੱਚੀ ਧੁਨਕਾਰੀ । ਗੁਰ ਗੋਬਿੰਦਾ ਕਰ ਤਿਆਰਾ, ਆਪਣਾ ਰਾਹ ਵਖਾਇਆ । ਸਰਸਾ ਆਏ ਜਲ ਕਿਨਾਰਾ, ਗੁਰਮੁਖਾਂ ਇਹ ਸੁਣਾਇਆ । ਲਹਿਣਾ ਦੇਣਾ ਮੇਰਾ ਅਪਰ ਅਪਾਰਾ, ਵਿਚ ਸਰਸਾ ਰਿਹਾ ਟਿਕਾਇਆ । ਸਿੰਘ ਸੱਤ ਸੌ ਰਹਿਣਾ ਪਹਿਰੇਦਾਰਾ, ਗੁਰ ਪੂਰਾ ਸੇਵਾ ਲਾਇਆ । ਗੁਰ ਪੂਰੇ ਦੀ ਨਾ ਪਾਇਣ ਸਾਰਾ, ਭੇਵ ਨਾ ਜਾਨਣ ਰਾਇਆ । ਆਪ ਕਰਾਇਆ ਆਪਣਾ ਸਚ ਵਿਹਾਰਾ, ਆਪ ਆਪਣਾ ਵੇਸ ਵਟਾਇਆ । ਸੀਸ ਰਖਾਇਆ ਨਾਮ ਦਸਤਾਰਾ, ਕਲਗੀ ਤੋੜਾ ਇਕ ਟਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਇਆ । ਸਾਚੇ ਸਿੱਖਾਂ ਆਪ ਸੁਣਾ, ਆਪਣੀ ਦਇਆ ਕਮਾਈਆ । ਤੁਹਾਡੀ ਸੇਵਾ ਰਿਹਾ ਲਗਾ, ਸ਼ਬਦੀ ਸ਼ਬਦ ਬਣਾਈਆ । ਸ਼ਬਦ ਸ਼ਬਦ ਰੱਖਣਾ ਗੋਦ ਉਠਾ, ਆਪਣੀ ਝੋਲੀ ਰਿਹਾ ਭਰਾਈਆ । ਆਪ ਆਪਣਾ ਰੰਗ ਰੰਗਾ, ਆਪੇ ਰਿਹਾ ਵਿਚ ਸਮਾਈਆ । ਸਾਚਾ ਹਿੱਸਾ ਅੰਤ ਵੰਡਾ, ਫਤਹਿ ਜੈਕਾਰਾ ਏਕਾ ਲਾਈਆ । ਆਪਣਾ ਖੰਡਾ ਹੱਥ ਉਠਾ, ਦੋਏ ਜੋੜ ਕਰਨ ਸਰਨਾਈਆ । ਗੁਰਮੁਖ ਦਰ ਕਰਨ ਪੁਕਾਰ, ਨੇਤਰ ਨੀਰ ਵਹਾਇਆ । ਝੱਲਿਆ ਨਾ ਜਾਏ ਤੇਰਾ ਪਿਆਰ, ਜਗਤ ਵਿਛੋੜਾ ਰਿਹਾ ਸਤਾਇਆ । ਖਾਲੀ ਦਿਸੇ ਨਾ ਤੇਰਾ ਦਵਾਰ, ਜਗਤ ਜੁਗਤ ਵੇਖ ਵਖਾਇਆ । ਅੱਠੇ ਪਹਿਰ ਰਹੇ ਤੇਰੇ ਚਰਨ ਦਵਾਰ, ਨੇਤਰ ਰੋ ਰੋ ਨੀਰ ਵਹਾਇਆ । ਕਿਉਂ ਸਰਸੇ ਰੱਖਿਆ ਅਧਵਿਚਕਾਰ, ਨਾ ਸਾਚਾ ਸੰਗ ਨਿਭਾਈਆ । ਗੁਰ ਗੋਬਿੰਦਾ ਰਿਹਾ ਪੁਕਾਰ, ਅੰਤਮ ਛੱਡਣਾ ਪੈਣਾ ਸੰਸਾਰ, ਥਿਰ ਕੋਈ ਰਹਿਣ ਨਾ ਪਾਇਆ । ਮਿਲਿਆ ਮੇਲਾ ਹਰਿ ਕੰਤ ਭਤਾਰ, ਦੁੱਖ ਸੁਨੇਹੜਾ ਦਿਆਂ ਸੁਣਾਇਆ । ਸੰਗ ਰਲਾਵਾਂ ਸਾਚਾ ਯਾਰ, ਆਪ ਆਪਣਾ ਦੁੱਖ ਵੰਡਾਇਆ । ਪਰਗਟ ਹੋਏ ਅੰਤਮ ਕਲ ਚਵੀਆਂ ਅਵਤਾਰ, ਨਿਹਕਲੰਕ ਜਾਮਾ ਪਾਇਆ । ਸ਼ਬਦ ਗੁਰ ਹੋਏ ਸਹਾਰ, ਗੁਰ ਗੋਬਿੰਦ ਨਾਮ ਰਖਾਇਆ । ਸੰਮਤ ਸੋਲਾਂ ਪਾਵੇ ਸਾਰ, ਸਰਸਾ ਤੇਰਾ ਲਹਿਣਾ ਦੇਣਾ ਦਏ ਚੁਕਾਇਆ । ਆਵੇ ਜਾਵੇ ਨਾ ਮਰੇ ਵਿਚ ਸੰਸਾਰ, ਮੜ੍ਹੀ ਗੋਰ ਨਾ ਕੋਈ ਦਬਾਇਆ । ਗੁਰਮੁਖਾਂ ਬਖ਼ਸ਼ੇ ਚਰਨ ਪਿਆਰ, ਸ਼ਬਦ ਸ਼ਬਦੀ ਵਿਚ ਸਮਾਇਆ । ਸ਼ਬਦੀ ਲੇਖ ਕਰਾਏ ਹਰਿ ਨਿਰੰਕਾਰ, ਗੁਰਮੁਖ ਸਾਚੇ ਲਏ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਏਕ ਸਮਾਇਆ ।

### ❊ ਪਹਿਲੀ ਪੋਹ ੨੦੧੪ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ ❊

ਗੋਬਿੰਦ ਹੱਟ ਅਪਾਰ, ਭਗਤ ਭੰਡਾਰਿਆ । ਦੇਵਣਹਾਰ ਸਰਬ ਸੰਸਾਰ, ਹਰਿ ਨਿਰੰਕਾਰਿਆ । ਗੁਰਮੁਖ ਸਾਜਨ ਲਏ ਉਭਾਰ, ਢਹਿ ਪਏ ਜੋ ਜਨ ਦਵਾਰਿਆ । ਭਵ ਸਾਗਰ ਕਰੇ ਪਾਰ, ਖੇਵਟ ਖੇਟ ਆਪ ਅਖਵਾ ਰਿਹਾ । ਕਾਇਆ ਗਾਗਰ ਨਿਰਮਲ ਜੋਤੀ ਇਕ ਆਕਾਰ, ਪੂਤ ਸਪੂਤ ਆਪ ਬਣਾ ਰਿਹਾ । ਸ਼ਬਦੀ ਸ਼ਬਦ ਰੰਗ ਅਪਾਰ, ਚੇਤਨ ਚੀਤ ਆਪ ਚੜ੍ਹਾ ਰਿਹਾ । ਬੀਸ ਸਦ ਚੌਦਾਂ ਬੰਨ੍ਹੀ ਧਾਰ, ਗੋਬਿੰਦ ਬੇੜਾ ਬੰਨੇ ਲਾ ਰਿਹਾ । ਕਲਜੁਗ ਅੰਤਮ ਲੈ ਅਵਤਾਰ, ਸੰਤ ਸੁਹੇਲੇ ਮੇਲ ਮਿਲਾ ਰਿਹਾ । ਨਿਹਕਲੰਕੀ ਜਾਮਾ ਧਾਰ, ਆਦਿ ਅੰਤੀ ਭੇਵ ਖੁਲ੍ਹਾ ਰਿਹਾ । ਨਰਾਇਣ ਨੈਣ ਦਰਸ ਕਰ ਕੰਤ ਭਤਾਰ, ਸਾਚੀ ਨਾਰੀ ਸ਼ਾਹੋ ਮਿਲਾ ਰਿਹਾ । ਦੇਵੇ ਦਰਸ ਅਗੰਮ ਅਪਾਰ, ਅਗੰਮ ਅਗੰਮੜਾ ਧਾਮ ਸੁਹਾ ਰਿਹਾ । ਦੋ

ਜਹਾਨੀ ਕਰ ਪਿਆਰ, ਲੋਕਮਾਤੀ ਵੇਖ ਵਖਾ ਰਿਹਾ । ਸ਼ਬਦ ਨਿਸ਼ਾਨੀ ਸਤਿ ਕਰਤਾਰ, ਨਾਨਕ ਜਿਹਵਾ ਰਸਨਾ ਗਾ ਰਿਹਾ । ਅੰਮ੍ਰਿਤ ਆਤਮ ਠੰਡਾ ਪਾਣੀ ਗੁਰ ਗੋਬਿੰਦੇ ਮੰਗੀ ਮੰਗ ਪ੍ਰਭ ਚਰਨ ਦਵਾਰ, ਦੇਵਣਹਾਰ ਸ੍ਰੀ ਭਗਵਾਨ (ਆਪ ਅਖਵਾ ਰਿਹਾ) । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਬਾਲ ਅੰਞਾਣੇ ਆਪ ਆਪਣੀ ਗੋਦ ਉਠਾ ਰਿਹਾ । ਉਠ ਬਾਲ ਬਾਲ ਨਾਦਾਨਾ, ਗੁਰ ਪੂਰਾ ਆਪ ਜਗਾਇੰਦਾ । ਪਰਗਟ ਹੋਇਆ ਵਾਲੀ ਦੋ ਜਹਾਨ, ਕਲਜੁਗ ਅੰਤਮ ਫੇਰਾ ਪਾਇੰਦਾ । ਸ਼ਬਦ ਲਿਆਏ ਸਚ ਬਿਬਾਨ, ਗੁਰਮੁਖ ਸਾਚੇ ਆਪ ਚੜ੍ਹਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਨੌਂ ਖੰਡ ਪ੍ਰਿਥਮੀ ਫੇਰਾ ਪਾਇੰਦਾ । ਲੱਖ ਚੁਰਾਸੀ ਪੁਣ ਛਾਣ, ਸੋਇਆ ਪੂਤ ਆਪ ਜਗਾਇੰਦਾ । ਦੇਵੇ ਨਾਮ ਆਪ ਨਿਧਾਨ, ਚਾਰੇ ਕੂਟਾਂ ਵੇਖ ਵਖਾਇੰਦਾ । ਸ਼ਬਦ ਖੰਡਾ ਤੀਰ ਕਮਾਨ, ਰਸਨਾ ਚਿੱਲਾ ਇਕ ਵਖਾਇੰਦਾ । ਤਨ ਗਾਤਰਾ ਹਰਿ ਮਿਆਨ, ਗੋਬਿੰਦ ਗੜ੍ਹ ਸੁਹਾਇੰਦਾ । ਉਪਰ ਚੜ੍ਹ ਸ੍ਰੀ ਭਗਵਾਨ, ਨੇਤਰ ਆਪਣਾ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਵਰ, ਆਪ ਆਪਣੇ ਲੜ ਬੰਨ੍ਹਾਇੰਦਾ । ਏਕਾ ਇਕੀ ਇਕ ਮਲਾਹ, ਏਕਾ ਏਕ ਦਵਾਰਿਆ । ਏਕਾ ਸਿੱਖੀ ਇਕ ਸਲਾਹ, ਏਕਾ ਏਕੰਕਾਰਿਆ । ਏਕਾ ਤਿੱਖੀ ਵਾਲੋਂ ਨਿੱਕੀ ਧਾਰ ਬਣਾ, ਆਪ ਆਪਣੀ ਆਪ ਚਲਾ ਰਿਹਾ । ਮੁਨੀ ਰਿਖੀ ਕੋਈ ਜਾਣੇ ਨਾ, ਪੰਡਤ ਪਾਂਧੇ ਭੇਵ ਨਾ ਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਆਪ ਉਠਾ ਰਿਹਾ । ਇਕ ਗੋਬਿੰਦ ਇਕ ਆਕਾਰ, ਏਕਾ ਜੋਤ ਜਗਾਈਆ । ਇਕ ਸ਼ਬਦ ਇਕ ਧੁਨਕਾਰ, ਏਕਾ ਤਾਲ ਵਜਾਈਆ । ਏਕਾ ਖੰਡਾ ਤੇਜ ਕਟਾਰ, ਏਕਾ ਗਾਤਰੇ ਰਿਹਾ ਲਟਕਾਈਆ । ਏਕਾ ਅੰਮ੍ਰਿਤ ਠੰਡੀ ਠਾਰ, ਸਰ ਸਰੋਵਰ ਇਕ ਭਰਾਈਆ । ਏਕਾ ਕੰਤ ਸੁਹਾਗੀ ਨਾਰ, ਹਰਿ ਕੰਤਾ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਅੰਗ ਲਗਾਈਆ । ਭਵ ਸਾਗਰ ਗੁਰਮੁਖ ਉਤਰੇ ਪਾਰ, ਜੋ ਜਨ ਰਹੇ ਸਰਨਾਈਆ । ਪਾਰਬ੍ਰਹਮ ਪ੍ਰਭ ਆਪ ਕਰਤਾਰ, ਕਰਤਾ ਪੁਰਖ ਰੂਪ ਵਟਾਈਆ । ਇਕ ਜੈਕਾਰਾ ਗੁਰਮੁਖ ਸੁਣਾਏ ਆਪ ਆਪਣੀ ਕਿਰਪਾ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਵਰ, ਆਪਣੇ ਹੱਥ ਰੱਖੀ ਵਡਿਆਈਆ । ਸਾਚਾ ਤਟ ਸਚ ਕਿਨਾਰਾ, ਹਰਿ ਸਾਚਾ ਵੇਖ ਵਖਾਇੰਦਾ । ਗੁਰਮੁਖਾਂ ਮੈਲ ਦੁਰਮਤ ਕੱਟ, ਏਕਾ ਹੱਟ ਬਹਾਇੰਦਾ । ਲਹਿਣਾ ਦੇਣ ਚੁਕਾਏ ਅੱਠ ਸੱਠ, ਪੂਜਾ ਪਾਠ ਨਾ ਕੋਈ ਕਰਾਇੰਦਾ । ਆਵਣ ਜਾਵਣ ਚੁੱਕੇ ਗੁਰ ਦਰ ਮੰਦਰ ਮਸਜਿਦ ਮੱਠ, ਸ਼ਿਵਦਵਾਲੇ ਨਾ ਡੇਰਾ ਲਾਇੰਦਾ । ਦਰ ਦਵਾਰ ਇਕ ਇਕੱਠ, ਧੁਰ ਦਰਗਾਹੀ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰ ਗੋਬਿੰਦ ਸੰਗ ਰਲਾਇੰਦਾ । ਗੁਰ ਗੋਬਿੰਦਾ ਬਾਲ ਨਿਧਾਨਾ, ਹਰਿ ਸਾਚੇ ਆਪ ਉਠਾਇਆ । ਆਪੇ ਵੇਖੇ ਸੰਬਲ ਨਗਰ ਸਚ ਟਿਕਾਨਾ, ਜੋਗ ਜੁਗੀਸ਼ਰ ਭੇਵ ਨਾ ਰਾਇਆ । ਪੰਡਤ ਪਾਂਧੇ ਹੋਏ ਹੈਰਾਨਾ, ਪੂਤ ਸਪੂਤਾ ਬ੍ਰਹਿਮਣ ਗੌੜਾ ਦਿਸ ਕਿਸੇ ਨਾ ਆਇਆ । ਪੰਥੀ ਗ੍ਰੰਥੀ ਵਡ ਵਿਦਵਾਨਾ, ਚਤੁਰ ਸੁਜਾਨਾ ਮੁਖ ਛੁਪਾਇਆ । ਹਰਿ ਗੋਬਿੰਦ ਖੇਲੇ ਖੇਲ ਮਹਾਨਾ, ਕਿਲ੍ਹਾ ਕੋਟ ਇਕ ਬਣਾਇਆ । ਸ਼ਬਦ ਖੰਡਾ ਹਰਿ ਤੀਰ ਨਿਸ਼ਾਨਾ, ਬ੍ਰਹਿਮੰਡਾਂ ਮਾਰ ਵਖਾਇਆ । ਜੇਰਜ ਅੰਡਾਂ ਉਤਭੁਜ ਸੇਤਜ ਹੋਏ ਵੈਰਾਨਾ, ਥਿਰ ਕੋਈ ਰਹਿਣ ਨਾ ਪਾਇਆ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਏਕਾ ਤੰਦਨ ਤੰਦ ਬੰਧਾਇਆ । ਸੋਹੰ ਦੇਵੇ

੧੧੦੭
੦੬

ਧੁਰ ਫ਼ਰਮਾਣਾ, ਧੁਰ ਦਰਗਾਹੀ ਲੈ ਕੇ ਆਇਆ । ਧੰਨ ਗੁਰਮੁਖ ਧੰਨ ਗੁਰਸਿਖ ਧੰਨ ਸਾਚੇ ਸੰਤ ਜਨਾਂ, ਜਗਤ ਵਿਛੋੜਾ ਫੰਦ ਕਟਾਇਆ । ਖੇਲੇ ਖੇਲ ਆਦਿ ਜੁਗਾਦਿ ਜੁਗਾ ਜੁਗੰਤਾ, ਜੁਗ ਜੁਗ ਆਪਣਾ ਭੇਖ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਸਾਚੇ ਮੀਤ, ਆਪ ਆਪਣੇ ਗਲੇ ਲਏ ਲਗਾਇਆ । ਗੁਰ ਗੋਬਿੰਦਾ ਜਗਤ ਮਲਾਹ, ਪ੍ਰਭ ਦਰ ਕਰੇ ਨਿਮਸਕਾਰਿਆ । ਪੁਰਖ ਅਬਿਨਾਸ਼ੀ ਦਏ ਸਲਾਹ, ਆਪ ਉਠਾਏ ਕਰੇ ਖ਼ਬਰਦਾਰਿਆ । ਇਕ ਨਿਸ਼ਾਨਾ ਦਏ ਵਖਾ, ਮਾਤਲੋਕ ਨਾ ਕੋਈ ਜਣਾ ਰਿਹਾ । ਇਕ ਤਰਾਨਾ ਦਏ ਸੁਣਾ, ਸੋਹੰ ਢੋਲਾ ਆਪੇ ਗਾ ਰਿਹਾ । ਇਕ ਬਿਬਾਣੇ ਦਏ ਬਿਠਾ, ਦੋ ਜਹਾਨਾਂ ਫੇਰੀ ਪਾ ਰਿਹਾ । ਇਕ ਮਕਾਨਾ ਦਏ ਵਸਾ, ਸੰਬਲ ਨਗਰੀ ਨਾਮ ਧਰਾ ਰਿਹਾ । ਵੇਖ ਵਖਾਣੇ ਸਾਚਾ ਥਾਂ, ਨਿਹਕਲੰਕਾ ਜਾਮਾ ਪਾ ਲਿਆ । ਜੋਤੀ ਜੋਤ ਇਕ ਜਗਾ, ਸ਼ਬਦੀ ਡੰਕ ਵਜਾ ਰਿਹਾ । ਰਾਓ ਰੰਕਾਂ ਰਿਹਾ ਸੁਣਾ, ਸਾਧਾਂ ਸੰਤਾਂ ਆਪ ਹਿਲਾ । ਦਵਾਰ ਬੰਕਾ ਇਕ ਸੁਹਾ, ਗੁਰਮੁਖ ਸਾਜਨ ਆਪ ਜਗਾ ਲਿਆ । ਵਾਸੀ ਪੁਰੀ ਘਨਕ ਵਡ ਦਇਆ ਕਮਾ, ਦਿਸ ਕਿਸੇ ਨਾ ਆ ਰਿਹਾ । ਸਾਚੀ ਸਈਆਂ ਸਾਚਾ ਮੰਗਲ ਦਏ ਸੁਣਾ, ਏਕਾ ਰਾਗ ਅਲਾ ਰਿਹਾ । ਛੱਤੀ ਰਾਗ ਬੈਠਣ ਮੁਖ ਛੁਪਾ, ਸੋਹੰ ਲੇਖ ਨਾ ਕੋਈ ਲਿਖਾ ਰਿਹਾ । ਤ੍ਰੈਗੁਣ ਮਾਇਆ ਨਾ ਵੇਖੇ ਤੇਰਾ ਥਾਂ, ਨਾ ਕੋਈ ਆਪਣਾ ਰੰਗ ਵਟਾ ਲਿਆ । ਪੰਜ ਤਤ ਨਾ ਪਕੜੇ ਕੋਈ ਬਾਂਹ, ਸਾਚਾ ਸੰਗ ਨਾ ਕੋਈ ਰਖਾ ਲਿਆ । ਗੁਰਮੁਖ ਵੇਖੇ ਏਕਾ ਥਾਂ, ਗੁਰ ਚਰਨ ਦਵਾਰਾ ਇਕ ਵਖਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਬਾਲ ਨਾਦਾਨਾ ਗਲੇ ਲਗਾ ਰਿਹਾ । ਬਾਲ ਨਾਦਾਨਾ ਕਰ ਪਰਵਾਨਾ, ਹਰਿ ਸਾਚੀ ਦਇਆ ਕਮਾਈਆ । ਏਕਾ ਦਾਨਾ ਧੁਰ ਫ਼ਰਮਾਣਾ, ਆਪਣਾ ਆਪ ਜਣਾਈਆ । ਮੇਲ ਮਿਲਾਏ ਹਰਿ ਭਗਵਾਨਾ, ਏਕਾ ਦੇਵੇ ਨਾਮ ਨਿਸ਼ਾਨਾ, ਪੂਰਨ ਬੂਝ ਬੁਝਾਈਆ । ਇਕ ਬਿਬਾਨਾ ਖੇਲ ਮਹਾਨਾ, ਲੋਆਂ ਪੁਰੀਆਂ ਆਪ ਉਠਾਈਆ । ਇਕ ਤਰਾਨਾ ਹਰਿ ਸੁਣਾਨਾ, ਸੁਨਣੇਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸੰਗ ਨਿਭਾਈਆ । ਬਾਲ ਜਵਾਨੀ ਅਲ੍ਹੜ ਵਰੇਸਾ, ਹਰਿ ਗੋਬਿੰਦ ਦਇਆ ਕਮਾਈਆ । ਦਰ ਦਵਾਰੇ ਮੰਗਣ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ਾ, ਦੋਏ ਜੋੜ ਸੀਸ ਝੁਕਾਈਆ । ਗ੍ਰੰਥੀ ਪੰਥੀ ਫਿਰਦੇ ਧਾਰੀ ਕੇਸਾ, ਧਾਰੀ ਕੇਸਾ ਦਿਸ ਨਾ ਆਈਆ । ਪੰਡਤ ਪਾਂਧੇ ਕਰਨ ਵੇਸਾ, ਪੂਤ ਸਪੂਤਾ ਨਾ ਵੇਖ ਵਖਾਈਆ । ਪਾਰਬ੍ਰਹਮ ਪ੍ਰਭ ਨਰ ਨਰੇਸ਼ਾ, ਆਪ ਆਪਣੀ ਕਲ ਰਿਹਾ ਵਰਤਾਈਆ । ਨਾਲ ਰਖਾਇਆ ਦਸ ਦਸਮੇਸ਼ਾ, ਦਸ ਮਾਸ ਗਰਭ ਨਾ ਆਈਆ । ਆਪਣੇ ਨੇਤਰ ਆਪੇ ਪੇਖਾ, ਜਗਤ ਨੇਤਰ ਦਿਸ ਨਾ ਆਈਆ । ਕਲਜੁਗ ਤੇਰਾ ਅੰਤਮ ਲੇਖਾ, ਹਰਿ ਸਾਚਾ ਰਿਹਾ ਚੁਕਾਈਆ । ਸੰਬਲ ਨਗਰ ਜਗਤ ਭੁਲੇਖਾ, ਧਰਤ ਮਾਤ ਹੱਥ ਨਾ ਆਈਆ । ਪੂਜਾ ਕਰ ਕਰ ਥੱਕੇ ਸ਼ਿਵ ਸ਼ੰਕਰ ਗਣੇਸ਼ਾ, ਸ਼ੰਕਰ ਬਰਨ ਨਾ ਕੋਈ ਜਣਾਈਆ । ਰਸਨਾ ਗਾ ਗਾ ਥੱਕੇ ਦਸ ਦਸਮੇਸ਼ਾ, ਦਸਵੇਂ ਘਰ ਨਾ ਕੋਈ ਬਹਾਈਆ । ਕੂੜ ਕਿਰਿਆ ਕਰਿਆ ਵੇਸਾ, ਗੁਰ ਹੱਟੋ ਹੱਟ ਵਿਕਾਈਆ । ਅੰਤਮ ਪਰਗਟ ਹੋ ਹਰਿ ਨਰ ਨਰੇਸ਼ਾ, ਲਹਿਣਾ ਦੇਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਵਖਾਈਆ । ਗੁਰ ਗੋਬਿੰਦ ਬਾਲੀ ਬੁੱਧ, ਹਰਿ ਜੋਤੀ ਜੋਤ ਜਗਾਈਆ । ਆਪੇ ਕਾਰਜ ਕਰੇ ਸੁੱਧ, ਵਰਨ ਗੋਤੀ ਨਾ ਵੇਖ ਵਖਾਈਆ । ਪੰਥ ਖਾਲਸਾ ਨਾ ਸਕਿਆ ਬੁੱਝ, ਨੇਤੀ ਧੋਤੀ ਪਈ ਦੁਹਾਈਆ । ਪੁਰਖ ਅਗੰਮੜਾ

੧੧੦੮
੦੬

ਚਿੱਟੇ ਅਸਵ ਚੜ੍ਹਿਆ ਕੁੱਦ, ਚਾਰੋਂ ਕੁੰਟ ਰਿਹਾ ਦੁੜਾਈਆ। ਮਨ ਮਤ ਤੇਰਾ ਏਕਾ ਯੁੱਧ, ਨਾ ਕੋਈ ਸਕੇ ਮੇਟ ਮਿਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਖ਼ਲਕ ਖ਼ੁਦਾਈਆ। ਖ਼ਲਕ ਖ਼ੁਦਾਈ ਆਪ ਵੇਖ, ਆਪਣਾ ਰੰਗ ਰੰਗਾਇੰਦਾ। ਹੋਏ ਜੁਦਾਈ ਅੰਤ ਔਲੀਏ ਪੀਰ ਸ਼ੇਖ਼, ਮੁੱਲਾ ਮੁਸਾਇਕ ਨਾ ਕੋਈ ਅਖਵਾਇੰਦਾ। ਅੱਲਾ ਰਾਣੀ ਰਹੀ ਵੇਖ, ਪੀਰ ਦਸਤਗੀਰ ਕੋਈ ਦਿਸ ਨਾ ਆਇੰਦਾ। ਅਹਿਮਦ ਮੁਹੰਮਦ ਲਿਖੇ ਲੇਖ, ਤੀਸ ਬਤੀਸ ਰਸਨਾ ਗਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਇਕ ਹਦੀਸ ਜਣਾਇੰਦਾ। ਇਕ ਹਦੀਸ ਐਹਨਲ ਹੱਕ, ਹਕੀਕਤ ਜਾਣਿਆ। ਮੇਲ ਮਿਲਾਵਾ ਮੁਕਾਮੇ ਹੱਕ, ਖ਼ੁਦੀ ਖ਼ੁਦਾਈ ਰਹਿਣ ਨਾ ਪਾਣਿਆ। ਚਾਰ ਯਾਰੀ ਗਈ ਥੱਕ, ਨਾ ਕੋਈ ਦੀਸੇ ਪਾਰ ਕਿਨਾਰਿਆ। ਇਕ ਮੁਹੰਮਦ ਰਿਹਾ ਤੱਕ, ਅਧਵਿਚਕਾਰੇ ਡੇਰਾ ਲਾ ਲਿਆ। ਅੱਲਾ ਰਾਣੀ ਆਪਣਾ ਘੁੰਗਟ ਰਹੀ ਚੁੱਕ, ਨੇਤਰ ਨੈਣ ਨੀਰ ਵਹਾ ਲਿਆ। ਘਰ ਬੈਠੇ ਸਦਾ ਨਾ ਸਕੇ ਕੋਈ ਰੱਖ, ਕਲਜੁਗ ਅੰਤਮ ਸਗਨ ਮਨਾ ਲਿਆ। ਅੰਤਮ ਮੇਲਾ ਵਿਚ ਜੰਗਲ ਜੂਹ ਉਜਾੜ ਢੱਕ, ਖ਼ੁਦਾ ਖ਼ੁਦਾਵੰਦ ਮੁਖ ਛੁਪਾ ਲਿਆ। ਨਿਉਂ ਨਿਉਂ ਲਕੀਰਾਂ ਕੱਢੇ ਨੱਕ, ਕੰਤ ਸੁਹਾਗ ਦਿਸ ਨਾ ਆ ਰਿਹਾ। ਕਲਜੁਗ ਬਾਬਲ ਮਾਤ ਲੋਕੋਂ ਕੱਢੇ ਢਕ, ਲੱਜਿਆ ਆਪਣੀ ਆਪਣੇ ਹੱਥ ਰਖਾ ਰਿਹਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਖ ਵਟਾ ਰਿਹਾ। ਐਹਨਲ ਹੱਕ, ਅੰਨਾ ਹੂ ਏਕਾ ਨਾਅਰਾ ਲਾਇਆ। ਬੇਐਬ ਪਰਵਰਦਿਗਾਰ ਲੈਣਾ ਰੱਖ, ਅੱਲਾ ਹੂ ਤੂੰ ਤੂੰ ਗਾਇਆ। ਸੱਥਰ ਤੇਰਾ ਵਸੇਰਾ ਕੁਲੀ ਕੱਖ, ਮੰਦਰ ਮਹੱਲ ਅਟੱਲ ਦਏ ਤਜਾਇਆ। ਅੰਤਮ ਅੰਤ ਦਵਾਰ ਬੰਕ ਸਭ ਹੋਏ ਸੱਖ, ਥਿਰ ਕੋਈ ਰਹਿਣ ਨਾ ਪਾਇਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਲਏ ਉਪਾਇਆ। ਆਪ ਆਪਣਾ ਨੂਰ ਉਪਾ, ਹਰਿ ਜੋਤੀ ਜੋਤ ਜਗਾਈਆ। ਏਕਾ ਨਾਅਰਾ ਦੇਵੇ ਲਾ, ਉਮਤ ਉਮਤੀ ਲਏ ਉਠਾਈਆ। ਸੰਮਤ ਸੋਲਾਂ ਪਹਿਲੀ ਚੇਤਰ ਕਿਲ੍ਹੇ ਸ਼ਾਹੀ ਚਰਨ ਟਿਕਾ, ਲਾਹੌਰ ਸ਼ਹਿਰ ਕਹਿਰ ਵਰਤਾਈਆ। ਛੱਬੀ ਪੋਹ ਲੇਖਾ ਦਏ ਲਿਖਾ, ਸ਼ਾਹ ਪਾਕ ਲਏ ਉਠਾਈਆ। ਅਮਾਮ ਮਹਿੰਦੀ ਭੇਖ ਵਟਾ, ਮੁਖ ਨਕਾਬ ਇਕ ਰਖਾਈਆ। ਕਾਲਾ ਸੂਸਾ ਤਨ ਛੁਹਾ, ਈਸਾ ਮੂਸਾ ਵੇਖ ਵਖਾਈਆ। ਸ਼ਾਹ ਅਬਨੂਸਾ ਸੰਗ ਰਲਾ, ਆਪ ਆਪਣਾ ਪੜਦਾ ਲਾਹੀਆ। ਇਕ ਹਦੀਸਾ ਦਏ ਪੜ੍ਹਾ, ਲੇਖਾ ਲੇਖ ਨਾ ਕੋਈ ਲਿਖਾਈਆ। ਮੁਸਲਿਮ ਸੁਨੀ ਕੋਈ ਰਹਿਣਾ ਨਾ, ਮੁਗਲ ਪਠਾਨ ਨਾ ਕੋਈ ਅਖਵਾਈਆ। ਇਕ ਜੈਕਾਰਾ ਹਰਿ ਨਿਰੰਕਾਰਾ ਸੋਹੰ ਸ਼ਬਦ ਦਏ ਲਗਾ, ਨੌਂ ਖੰਡ ਪ੍ਰਿਥਮੀ ਇਕ ਪੜ੍ਹਾਈਆ। ਸੱਤਾਂ ਦੀਪਾਂ ਚਰਨ ਟਿਕਾ, ਚਾਰ ਵਰਨ ਇਕ ਸਰਨਾਈਆ। ਏਕਾ ਤਾਜ ਸੀਸ ਟਿਕਾ, ਗੁਰ ਗੋਬਿੰਦ ਦਏ ਵਡਿਆਈਆ। ਪੰਚਮ ਪੰਚਾਂ ਮੇਲ ਮਿਲਾ, ਪੰਚਮ ਸੀਸ ਗੁੰਦਾਈਆ। ਸੱਤ ਰੰਗ ਨਿਸ਼ਾਨਾ ਦਏ ਚੜ੍ਹਾ, ਸੋਹੰ ਸਾਚਾ ਲੇਖ ਲਿਖਾਈਆ। ਸ਼ਬਦ ਸੋਟੀ ਹੱਥ ਉਠਾ, ਪੁਰੀਆਂ ਲੋਆਂ ਆਪ ਉਡਾਈਆ। ਬ੍ਰਹਮਾ ਸ਼ਿਵ ਦੇਵਤ ਸੁਰ ਸੁਰਪਤ ਰਾਜਾ ਇੰਦ ਰੋਵੇ ਮਾਰੇ ਧਾਹ, ਅੰਤ ਰਹਿਣ ਨਾ ਪਾਈਆ। ਅਲ੍ਹਾ ਰਾਣੀ ਕਰ ਨਕਾਹ, ਅੰਤਮ ਕਰੇ ਜੁਦਾਈਆ। ਪੰਡਤ ਪਾਂਧਿਆਂ ਪ੍ਰਭ ਰਿਹਾ ਸੁਣਾ, ਲੋਕ ਵਿਦਿਆ ਰਹੇ ਨਾ ਜਗਤ ਪੜ੍ਹਾਈਆ। ਗ੍ਰੰਥੀ ਪੰਥੀ ਰਿਹਾ ਉਠਾ, ਸੋਇਆ ਕੋਈ ਰਹਿਣ ਨਾ ਪਾਈਆ। ਪਟਨਾ ਅਨੰਦ ਪੁਰ ਲਏ ਜਗਾ, ਆਪ ਆਪਣੀ ਕਰੇ ਰੁਸ਼ਨਾਈਆ। ਸਰ ਅੰਮ੍ਰਿਤ ਤਖ਼ਤ ਅਕਾਲ ਦਏ ਹਿਲਾ, ਅਕਲ ਕਲਾ ਵਰਤਾਈਆ। ਗੁਰ ਗੋਪਾਲਾ ਦਇਆ ਕਮਾ, ਗੁਰ


੧੧੦੯ ੦੬

ਗੋਬਿੰਦ ਮੇਲ ਮਿਲਾਈਆ । ਗੁਰ ਗੋਬਿੰਦ ਹੋਏ ਸਚ ਸਹਾ, ਆਪਣਾ ਖੰਡਾ ਹੱਥ ਉਠਾਈਆ । ਗੁਰਮੁਖ ਵੇਖੇ ਥਾਉਂ ਥਾਂ, ਲੇਖਾ ਕੋਈ ਰਹਿਣ ਨਾ ਪਾਈਆ । ਇਕ ਜਪਾਏ ਸਾਚਾ ਨਾਂ, ਨਾਨਕ ਰਸਨਾ ਗਿਆ ਗਾਈਆ । ਵਰਨ ਬਰਨ ਊਚ ਨੀਚ ਰਾਜ ਰਾਜਾਨ ਸ਼ਾਹ ਸੁਲਤਾਨ ਕੋਈ ਰਹਿਣਾ ਨਾ, ਹਰਿ ਏਕਾ ਰੰਗ ਰੰਗਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਅੱਠ ਸੱਠ ਤੀਰਥ ਕਿਸੇ ਬਹਿਣਾ ਨਾ, ਪ੍ਰਭ ਚਰਨ ਸੱਚੀ ਸਰਨਾਈਆ । ਤਨ ਭੂਸ਼ਨ ਕੰਚਨ ਦਿਸੇ ਗਹਿਣਾ ਨਾ, ਹਰਿ ਨਾਮੇ ਰੰਗ ਰੰਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਨ ਮਤ ਜਗ ਰਹਿਣਾ ਨਾ, ਸਚ ਸੁੱਚ ਦਏ ਵਰਤਾਈਆ । ਦੋਏ ਨੇਤਰ ਮੂੰਧ ਆਤਮ ਅੰਦਰ ਕਿਸੇ ਬਹਿਣਾ ਨਾ, ਤੀਜਾ ਨੈਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੱਖ ਚੁਰਾਸੀ ਰਿਹਾ ਜਗਾਈਆ । ਲੱਖ ਚੁਰਾਸੀ ਆਪ ਜਗਾਏ, ਹਰਿ ਗੋਬਿੰਦ ਸੰਗ ਨਿਭਾਇਆ । ਨਾਮ ਖੰਡਾ ਇਕ ਰਖਾਏ, ਬ੍ਰਹਿਮੰਡਾਂ ਵੇਖ ਵਖਾਇਆ । ਭੇਖ ਪਖੰਡਾ ਮੇਟ ਮਿਟਾਏ, ਚਾਰੋਂ ਕੁੰਟ ਫੇਰਾ ਪਾਇਆ । ਆਤਮ ਰੰਡਾ ਜੀਵ ਜੰਤ ਕੋਈ ਰਹਿਣ ਨਾ ਪਾਏ, ਰਾਏ ਧਰਮ ਦਏ ਸਜ਼ਾਇਆ । ਕਲਜੁਗ ਅੰਤਮ ਵੇਖ ਵਖਾਏ, ਹਰਿ ਜੋਤੀ ਜੋਤ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਮਿਲਾਇਆ । ਜੋਤੀ ਨੂਰ ਹਰਿ ਉਪਾ, ਹਰਿ ਜੋਤ ਕਰੇ ਰੁਸ਼ਨਾਈਆ । ਸ਼ਬਦੀ ਧੁਨ ਇਕ ਉਪਜਾ, ਅਨਾਦੀ ਤਾਲ ਵਜਾਈਆ । ਬ੍ਰਹਿਮੰਡਾਂ ਖੰਡਾਂ ਰਿਹਾ ਸੁਣਾ, ਏਕਾ ਢੋਲ ਮਰਦੰਗ ਵਜਾਈਆ । ਈਸਾ ਮੂਸਾ ਦਏ ਹਿਲਾ, ਏਕਾ ਏਕ ਨਾਅਰਾ ਲਾਈਆ । ਮੱਕਾ ਮਦੀਨਾ ਚਰਨ ਛੁਹਾ, ਉਨੀ ਉਨੀਸਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਲੇਖਾ ਲੇਖ ਹਰਿ ਭਗਵਾਨ, ਕਲਜੁਗ ਬਣਤ ਬਣਾਈਆ । ਗੁਰ ਗੋਬਿੰਦਾ ਦੇਵੇ ਧੁਰ ਫ਼ਰਮਾਣ, ਸਾਧ ਸੰਤ ਭੇਵ ਨਾ ਰਾਈਆ । ਰਸਨਾ ਚਿੱਲਾ ਇਕ ਕਮਾਨ, ਸੋਹੰ ਮੁਖੀ ਅੱਗੇ ਲਾਈਆ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਹੰ ਹੰਗਤਾ ਦਏ ਮਿਟਾਈਆ । ਮਿਲੇ ਮੇਲ ਜੋਧੇ ਸੂਰੇ ਬਲਵਾਨ, ਸਾਚੀ ਨਗਰੀ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੰਦੇਸ਼ ਨਰ ਨਰੇਸ਼ ਚਾਰੋਂ ਕੁੰਟ ਰਿਹਾ ਸੁਣਾਈਆ । ਪੰਥ ਖਾਲਸਾ ਉਠ ਜਾਗ, ਪ੍ਰਭ ਸਾਚਾ ਆਪ ਜਗਾਇੰਦਾ । ਮਾਝੇ ਦੇਸ ਲੱਗਾ ਭਾਗ, ਸੰਬਲ ਨਗਰ ਧਾਮ ਸੁਹਾਇੰਦਾ । ਦੀਪਕ ਜਗੇ ਇਕ ਚਿਰਾਗ, ਅਨਹਦ ਏਕਾ ਤਾਲ ਵਜਾਇੰਦਾ । ਗੁਰਮੁਖ ਨਾਰੀ ਮੇਲਾ ਕੰਤ ਸੁਹਾਗ, ਪੀਤ ਪੀਤੰਬਰ ਸੀਸ ਟਿਕਾਇੰਦਾ । ਫੜ ਫੜ ਹੰਸ ਬਣਾਏ ਕਾਗ, ਜੋ ਜਨ ਸਰਨਾਈ ਆਇੰਦਾ । ਜਨਮ ਜਨਮ ਦਾ ਧੋਵੇ ਦਾਗ਼, ਗੁਰ ਗੋਬਿੰਦਾ ਦਇਆ ਕਮਾਇੰਦਾ । ਆਪ ਆਪਣੇ ਹੱਥ ਰੱਖੇ ਵਾਗ, ਦੋ ਜਹਾਨੀ ਆਪ ਫਿਰਾਇੰਦਾ । ਚਰਨ ਧੂੜ ਬਖ਼ਸ਼ੇ ਸਾਚਾ ਮਜਨ ਮਾਘ, ਨੇਤਰ ਨੈਣਾ ਦਰਸ ਦਿਖਾਇੰਦਾ । ਤ੍ਰੈਗੁਣ ਮਾਇਆ ਬੁਝੇ ਆਗ, ਪੰਜ ਤਤ ਆਪ ਸਮਾਇੰਦਾ । ਇਕ ਉਪਜਾਏ ਸਚ ਵੈਰਾਗ, ਜੂਠ ਝੂਠ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪ ਅਖਵਾਇੰਦਾ । ਪੰਡਤ ਪਾਂਧੇ ਰੱਖਣਾ ਯਾਦ, ਹਰਿ ਸਾਚੇ ਜੋਤ ਜਗਾਈਆ । ਵੇਲੇ ਅੰਤ ਨਾ ਸੁਣੇ ਕੋਈ ਫ਼ਰਿਆਦ, ਨਾ ਕੋਈ ਸੰਗ ਰਖਾਈਆ । ਵੇਦ ਪੁਰਾਨ ਨਾ ਦੇਵੇ ਕੋਈ ਦਾਦ, ਨਾ ਕੋਈ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸ਼ਬਦ ਕਰੇ ਜਣਾਈਆ । ਸ਼ਬਦ ਜਣਾਈ ਹੱਕ ਬਹੱਕ, ਉਮਤ ਨਬੀ ਰਸੂਲਾ । ਚਾਰ

ਯਾਰੀ ਗਈ ਥੱਕ, ਸ਼ੌਹ ਦਰਿਆਏ ਡੁੱਬਾ ਤੁਲਾ । ਅਮਾਮ ਮਹਿੰਦੀ ਰਾਹ ਰਹੇ ਤੱਕ, ਗਲ ਵੇਖਣ ਮਾਲਾ ਫੁਲਾ । ਅੰਤਮ ਫਲ ਗਿਆ ਪੱਕ, ਕਲਜੁਗ ਸੱਜਣ ਦੇਵੇ ਝੂਲਾ । ਪਾਰਬ੍ਰਹਮ ਪ੍ਰਭ ਪਾਏ ਨਕੇਲ ਨੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਅਮੋਲਾ । ਨਾਮ ਅਨਮੁਲਾ ਦੋ ਜਹਾਨ, ਜੁਗ ਜੁਗ ਆਪ ਰਖਾਇਆ । ਆਪੇ ਤੋਲਣਹਾਰਾ ਸਾਚੇ ਤੋਲ, ਨਾਮ ਕੰਡਾ ਇਕ ਰਖਾਇਆ । ਜੁਗਾ ਜੁਗੰਤਰ ਨਾ ਜਾਏ ਡੋਲ, ਅਡੁਲ ਆਪ ਅਖਵਾਇਆ । ਆਪੇ ਫੁਲਿਆ ਆਪੇ ਗਿਆ ਮੌਲ ਫੁੱਲ, ਆਪੇ ਪਤਝੜ ਵੇਖ ਵਖਾਇਆ । ਕਲਜੁਗ ਕਾਇਆ ਬੂਟਾ ਗਿਆ ਹੁਲ, ਅੰਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਮੇਲਾ ਸਾਚੇ ਘਰ, ਸਾਚਾ ਧਾਮ ਇਕ ਸੁਹਾਇਆ । ਸਾਚਾ ਧਾਮ ਇਕ ਭਗਵਾਨਾ, ਏਕਾ ਏਕ ਸੁਹਾਇੰਦਾ । ਜੋਤੀ ਨੂਰ ਜਗੇ ਮਹਾਨਾ, ਆਪ ਆਪਣਾ ਵੇਖ ਵਖਾਇੰਦਾ । ਧੁਨ ਅਨਾਦੀ ਆਤਮਕ ਇਕ ਵਜਾਏ ਸਚ ਤਰਾਨਾ, ਬ੍ਰਹਿਮਾਦੀ ਆਪ ਸੁਣਾਇੰਦਾ । ਜਨ ਭਗਤਾਂ ਬੰਨ੍ਹੇ ਜੁਗ ਜੁਗ ਗਾਨਾ, ਆਪ ਆਪਣਾ ਸਗਨ ਮਨਾਇੰਦਾ । ਲੋਕਮਾਤ ਵੇਖੇ ਮਾਰ ਧਿਆਨਾ, ਸੰਮਤ ਵੀਹ ਸਦ ਚੌਦਾਂ ਬਿਕ੍ਰਮੀ ਨਾਲ ਰਲਾਇੰਦਾ । ਆਪੇ ਗੋਪੀ ਆਪੇ ਕਾਹਨਾ, ਮੰਡਲ ਰਾਸ ਆਪ ਰਚਾਇੰਦਾ । ਆਪੇ ਰਾਮ ਸੀਤਾ ਰਾਵਣ ਰਾਮਾ, ਲੰਕਾ ਗੜ੍ਹ ਆਪ ਤੁੜਾਇੰਦਾ । ਆਪੇ ਹੋਇਆ ਅੰਤਰ ਜਾਮਾ, ਹਰ ਘਟ ਬੈਠਾ ਆਸਣ ਲਾਇੰਦਾ । ਆਪ ਵਜਾਏ ਸ਼ਬਦ ਦਮਾਮਾ, ਚੋਟ ਇਕ ਨਗਾਰੇ ਲਾਇੰਦਾ । ਬ੍ਰਹਮਾ ਵੇਖੇ ਮਾਰ ਧਿਆਨਾ, ਅੱਠੇ ਨੇਤਰ ਨੈਣ ਉਠਾਇੰਦਾ । ਵਿਸ਼ਨੂੰ ਵੰਸੀ ਹੋਏ ਹੈਰਾਨਾ, ਹਰਿ ਜੋਤੀ ਨੂਰ ਉਪਾਇੰਦਾ । ਸ਼ਿਵ ਸ਼ੰਕਰ ਬਾਸ਼ਕ ਤਸ਼ਕਾ ਗਲ ਸੁਹਾਨਾ, ਹੱਥ ਤ੍ਰਿਸੂਲ ਉਠਾਇੰਦਾ । ਸੁਰਪਤ ਰਾਜਾ ਇੰਦ ਬਾਲ ਨਾਦਾਨਾ, ਨੇਤਰ ਰੋ ਰੋ ਨੀਰ ਵਹਾਇੰਦਾ । ਕਰੋੜ ਤੇਤੀਸਾ ਮੰਗੇ ਦਾਨਾ, ਆਪਣੀ ਝੋਲੀ ਅੱਗੇ ਡਾਹਿੰਦਾ । ਪੁਰਖ ਅਬਿਨਾਸ਼ੀ ਦੇਵੇ ਧੁਰ ਫ਼ਰਮਾਣਾ, ਲੋਆਂ ਪੁਰੀਆਂ ਆਪ ਸੁਣਾਇੰਦਾ । ਸੋ ਪੁਰਖ ਨਿਰੰਜਣ ਹਰਿ ਭਗਵਾਨਾ, ਸਾਂਤਕ ਸਤਿ ਵਰਤਾਇੰਦਾ । ਖੇਲੇ ਖੇਲ ਹਰਿ ਮਹਾਨਾ, ਖੇਲ ਖਿਲਾਰੀ ਆਪ ਅਖਵਾਇੰਦਾ । ਆਪ ਆਪਣਾ ਭੇਖ ਵਟਾਨਾ, ਭੇਖਾਧਾਰੀ ਵੇਸ ਕਰਾਇੰਦਾ । ਲੋਕਮਾਤ ਹਰਿ ਜੋਤ ਜਗਾਨਾ, ਨਿਹਕਲੰਕਾ ਨਾਉਂ ਰਖਾਇੰਦਾ । ਗੁਰ ਗੋਬਿੰਦਾ ਨੌਜਵਾਨਾ, ਸੋਇਆ ਪੂਤ ਆਪ ਉਠਾਇੰਦਾ । ਸੰਬਲ ਨਗਰੀ ਮੇਲ ਮਿਲਾਨਾ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਸਾਚਾ ਖੰਡਾ ਇਕ ਚਮਕਾਨਾ, ਹਰਿ ਸ਼ਬਦੀ ਦਿਸ ਨਾ ਆਇੰਦਾ । ਬ੍ਰਹਿਮੰਡਾਂ ਵੇਖੇ ਮਾਰ ਧਿਆਨਾ, ਆਪ ਆਪਣਾ ਮੁਖ ਛੁਪਾਇੰਦਾ । ਕਿਸੇ ਹੱਥ ਨਾ ਆਏ ਜਗਤ ਵਿਦਵਾਨਾ, ਗਿਆਨੀ ਧਿਆਨੀ ਨਾ ਦਰਸ਼ਨ ਪਾਇੰਦਾ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨਾ, ਅੰਜੀਲ ਕੁਰਾਨਾ ਕਰਤਾ ਕਾਦਰ ਦਿਸ ਨਾ ਆਇੰਦਾ । ਜਿਸ ਜਨ ਬਖ਼ਸ਼ੇ ਚਰਨ ਧਿਆਨਾ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਦੇਵੇ ਦਰਸ ਹਰਿ ਭਗਵਾਨਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਆਤਮ ਸੇਜਾ ਕਰ ਪਰਵਾਨਾ, ਨਾਰੀ ਕੰਤਾ ਰੂਪ ਸਮਾਇੰਦਾ । ਆਪ ਆਪਣੇ ਗਲੇ ਲਗਾਨਾ, ਏਕਾ ਸੇਜ ਹੰਢਾਇੰਦਾ । ਸੁਰਤੀ ਸ਼ਬਦ ਇਕ ਬਬਾਣਾ, ਏਕਾ ਮਾਰਗ ਲਾਇੰਦਾ । ਏਕਾ ਦੂਜਾ ਭੌ ਚੁਕਾਨਾ, ਦੂਸਰ ਦਰ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਗੋਬਿੰਦ ਸੰਗ ਵਖਾਇੰਦਾ । ਸਗਲਾ ਸੰਗ ਹਰਿ ਰਘੁਨਾਥ, ਅੰਗੀਕਾਰ ਅਖਵਾਇਆ । ਪਰਗਟ ਹੋ ਤ੍ਰੈਲੋਕੀ ਨਾਥ, ਮੰਗੀ ਮੰਗ ਪੂਰ ਕਰਾਇਆ । ਏਕਾ ਦੇਵੇ ਸਾਚੀ ਵੱਥ, ਧੁਰ ਦਰਗਾਹੀ ਲੈ ਕੇ ਆਇਆ । ਸੋਹੰ ਸ਼ਬਦ ਸਾਚਾ ਰਥ, ਚਾਰ ਵਰਨਾ ਲਏ

੧੧੧੨
੦੬

ਚੜ੍ਹਾਇਆ । ਕਲਜੁਗ ਬੁਰਜ ਜਾਣਾ ਢੱਠ, ਅੰਤ ਰਹਿਣ ਨਾ ਪਾਇਆ । ਤ੍ਰੈਗੁਣ ਮਾਇਆ ਤੇਰਾ ਮੱਠ, ਪ੍ਰਭ ਸਾਚੇ ਆਪ ਤਪਾਇਆ । ਸਤਿਜੁਗ ਤੇਰੀ ਸਾਚੀ ਚੱਠ, ਬੀਸ ਬੀਸਾ ਦਏ ਕਰਾਇਆ । ਹਰਿਜਨ ਮੇਲਾ ਮੇਲ ਮਿਲਾਏ ਨੱਠ ਨੱਠ, ਵੀਹ ਸੌ ਚੌਦਾਂ ਬਿਕ੍ਰਮੀ ਰੁੱਤ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਾਇਆ ਮੰਦਰ ਵੇਖ ਵਖਾਇਆ । ਕਾਇਆ ਮੰਦਰ ਸਚ ਦਵਾਰਾ, ਨਾਨਕ ਵੱਜੀ ਵਧਾਈਆ । ਰਸਨਾ ਗਾਏ ਨਰ ਨਿਰੰਕਾਰਾ, ਅਜਪਾ ਜਾਪ ਕਰਾਈਆ । ਓਅੰ ਸੋਹੰ ਇਕ ਪਿਆਰਾ, ਏਕਾ ਦੂਜਾ ਭੌ ਚੁਕਾਈਆ । ਮਿਲੇ ਹਰਿ ਕੰਤ ਪਿਆਰਾ, ਨਾਰ ਸੁਹਾਗਣ ਇਕ ਅਖਵਾਈਆ । ਆਪਣੀ ਗੋਦੀ ਦਏ ਹੁਲਾਰਾ, ਆਪ ਆਪਣੇ ਗਲੇ ਲਗਾਈਆ । ਆਪੇ ਬਖ਼ਸ਼ੇ ਚਰਨ ਪਿਆਰਾ, ਚਰਨ ਚਰਨੋਦਕ ਮੁਖ ਚੁਆਈਆ । ਅੰਮ੍ਰਿਤ ਆਤਮ ਠੰਡੀ ਠਾਰਾ, ਗੁਰ ਗੋਬਿੰਦ ਝੋਲੀ ਪਾਈਆ । ਆਪੇ ਬਣਿਆ ਜਗ ਵਰਤਾਰਾ, ਆਪੇ ਮੁਖ ਚੁਆਈਆ । ਆਪੇ ਖੋਲ੍ਹਣਹਾਰ ਭੰਡਾਰਾ, ਆਪੇ ਬੰਦ ਕਰਾਈਆ । ਜੁਗ ਜੁਗ ਖੇਲੇ ਖੇਲ ਵਿਚ ਸੰਸਾਰਾ, ਖੇਲਣਹਾਰ ਆਪ ਅਖਵਾਈਆ । ਆਦਿ ਪੁਰਖ ਨਿਰੰਜਣ ਅਗੰਮ ਅਪਾਰਾ, ਅਲੱਖ ਅਗੋਚਰ ਅਲੱਖ ਨਾ ਅਲਖਿਆ ਜਾਈਆ । ਅਗਾਧ ਬੋਧ ਸ਼ਬਦ ਜੈਕਾਰਾ, ਹਰਿ ਸਾਚਾ ਆਪਣਾ ਲਾਈਆ । ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਨਾ ਪਾਵੇ ਸਾਰਾ, ਹਰਿ ਵੱਡਾ ਵਡ ਵਡਿਆਈਆ । ਆਵੇ ਜਾਵੇ ਵਿਚ ਸੰਸਾਰਾ, ਨਿਰਗੁਣ ਸਰਗੁਣ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਹਰਿ ਖੇਲ ਨਿਆਰਾ, ਕਲਜੁਗ ਬੈਠਾ ਮੁਖ ਛੁਪਾਈਆ । ਗੁਰ ਗੋਬਿੰਦਾ ਬਣ ਲਿਖਾਰਾ, ਹਰਿ ਲੇਖਾ ਗਿਆ ਲਿਖਾਈਆ । ਨਿਹਕਲੰਕ ਲਏ ਅਵਤਾਰਾ, ਜੋਤੀ ਸ਼ਬਦ ਕੁੜਮਾਈਆ । ਖੋਜੇ ਸ਼ਬਦ ਸੋ ਸਿੱਖ ਹਮਾਰਾ, ਗੁਰੂ ਗ੍ਰੰਥ ਦੇ ਬੁਝਾਈਆ । ਮਿਲੇ ਮੇਲ ਨਰ ਨਿਰੰਕਾਰਾ, ਵਿਛੜ ਕਦੇ ਨਾ ਜਾਈਆ । ਹਰਿ ਕਾ ਭੇਵ ਖੇਲ ਨਿਆਰਾ, ਕੋਈ ਭੇਵ ਨਾ ਜਾਣੇ ਰਾਈਆ । ਅੰਦਰ ਮੰਦਰ ਕਿਸੇ ਨਾ ਪਾਇਆ ਗੁਰ ਸ਼ਬਦ ਦੁਆਰਾ, ਗੁਰੂਦਵਾਰੇ ਬੈਠੇ ਸੀਸ ਝੁਕਾਈਆ । ਨਾਨਕ ਮਿਲਿਆ ਨਾ ਮੀਤ ਮੁਰਾਰਾ, ਨਾਨਕ ਨਾਨਕ ਨਾਨਕ ਰਹੇ ਗਾਈਆ । ਗੋਬਿੰਦ ਨਾ ਤੋੜੇ ਗੜ੍ਹ ਹੰਕਾਰਾ, ਗਾਤਰੇ ਕਿਰਪਾਨ ਰਹੇ ਲਟਕਾਈਆ । ਚੜ੍ਹਿਆ ਕੋਈ ਨਾ ਮਹੱਲ ਮੁਨਾਰਾ, ਬਾਬੇ ਟੱਲ ਪੌੜੀਆਂ ਲਾਈਆ । ਸਾਚਾ ਘਾਟ ਜੀਵ ਜੰਤ ਤੇਰਾ ਨੌਂ ਦਵਾਰਾ, ਕੋਈ ਨਾ ਪਾਰ ਕਰਾਈਆ । ਕਿਸੇ ਕੰਮ ਨਾ ਆਉਣਾ ਪੂਜਾ ਪਾਠ, ਕਾਮ ਕਰੋਧ ਲੋਭ ਮੋਹ ਹੰਕਾਰ ਰਸਨਾ ਹੋਈ ਹਲਕਾਈਆ । ਜੂਠ ਝੂਠ ਮਾਰੇ ਠਾਠ, ਮਾਇਆ ਮਮਤਾ ਲਹਿਰ ਚੜ੍ਹਾਈਆ । ਫਿਰ ਫਿਰ ਥੱਕੇ ਅੱਠ ਸਾਠ, ਗੰਗਾ ਗੋਦਾਵਰੀ ਫੇਰਾ ਪਾਈਆ । ਲੇਖਾ ਚੁੱਕੇ ਨਾ ਆਨ ਬਾਟ, ਮਾਤ ਗਰਭ ਨਾ ਕੋਈ ਛੁਡਾਈਆ । ਬਿਨ ਗੁਰ ਪੂਰੇ ਦੀਪਕ ਜੋਤੀ ਨਾ ਜਗੇ ਚਿਰਾਗ, ਜੋਤ ਨਿਰੰਜਣ ਨਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਾਰੀ, ਹਰਿਜਨ ਸਾਚੇ ਰਿਹਾ ਮਿਲਾਈਆ । ਸਾਚਾ ਮੇਲਾ ਹਰਿ ਭਗਵੰਤਾ, ਜਨ ਭਗਤਾਂ ਆਪ ਕਰਾਇੰਦਾ । ਦੇਵੇ ਨਾਮ ਫੂਲਨ ਮਾਲਾ ਸਚ ਸੁਗੰਧਾ, ਦਿਵਸ ਰੈਣ ਸੁੰਘਾਇੰਦਾ । ਧੰਨ ਵਡਿਆਈ ਸਾਚੇ ਸੰਤਾ, ਸੰਤ ਸਤਿਗੁਰ ਵਿਚ ਸਮਾਇੰਦਾ । ਸਤਿਗੁਰ ਮਹਿੰਮਾ ਬੇਅੰਤ ਬੇਅੰਤ ਬੇਅੰਤਾ, ਨਾਨਕ ਸਤਿਗੁਰ ਆਪਣਾ ਇਕ ਧਿਆਇੰਦਾ । ਦਿਵਸ ਰੈਣ ਉਡੀਕੇ ਕਰੇ ਪਿਆਰ ਸਾਚੇ ਕੰਤਾ, ਨਾਰੀ ਰੂਪ (ਆਪ) ਅਖਵਾਇੰਦਾ । ਸੋਲਾਂ ਕਰ ਸ਼ਿੰਗਾਰ ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਸਤਿਨਾਮ ਕੱਜਲ ਧਾਰ ਨੈਣਾ ਪਾਇੰਦਾ । ਸੋਹੰ ਸ਼ਬਦ ਸੁਹਾਗੀ ਛੰਤ ਇਕ ਗਵੰਤਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਪੇ ਜਿਹਵਾ ਆਪੇ ਮਣੀਆ ਆਪੇ ਮਣਤਾ, ਮਨ ਕਾ ਮਣਕਾ

ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਕ ਬਦੇਹ ਤੇਰਾ ਲੱਗਾ ਨੇਂਹੁ, ਹਰਿ ਸਾਚਾ ਪੂਰ ਕਰਾਇੰਦਾ । ਜਗਤ ਨਾਤਾ ਬੰਧੀ ਤੋੜ, ਆਪਣਾ ਆਪ ਕਰਾਇਆ । ਨਾਨਕ ਗੋਬਿੰਦ ਏਕਾ ਘੋੜ, ਏਕਾ ਪੌੜਾ ਲਗਾਇਆ । ਅੰਤਮ ਵੇਲੇ ਜਾਏ ਬੌਹੜ, ਗੋਬਿੰਦ ਗੋਬਿੰਦ ਮੰਗ ਮੰਗਾਇਆ । ਸੰਬਲ ਨਗਰੀ ਆਪੇ ਜਾਣੇ ਲੰਮਾ ਚੌੜ, ਵੇਦ ਕਿਤੇਬ ਨਾ ਕਿਸੇ ਜਣਾਇਆ । ਲੱਖ ਚੁਰਾਸੀ ਵੇਖੇ ਫਲ ਮਿੱਠਾ ਕੌੜ, ਘਟ ਘਟ ਅੰਦਰ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਚਰਨ ਦਵਾਰ ਤੀਰਥ ਤਟ ਗੁਰ ਦਰ ਮੰਦਰ ਇਕ ਵਖਾਇਆ ।

ਚਰਨ ਦਵਾਰਾ ਸਾਚਾ ਹੱਟ, ਪ੍ਰਭ ਸਾਚਾ ਆਪ ਵਖਾਇੰਦਾ । ਦੁਰਮਤ ਮੈਲ ਦੇਵੇ ਕੱਟ, ਜੋ ਜਨ ਧੂੜੀ ਧੂੜ ਰਮਾਇੰਦਾ । ਤਨ ਲਪੇਟੇ ਸਾਚਾ ਪਟ, ਏਕਾ ਪੜਦਾ ਨਾਮ ਪਾਇੰਦਾ । ਦੂਈ ਦਵੈਤੀ ਕੱਢੇ ਵਟ, ਪੰਚਮ ਤਤ ਨਾ ਕੋਈ ਨਚਾਇੰਦਾ । ਦੀਪਕ ਜੋਤੀ ਲਟ ਲਟ, ਅਗਿਆਨ ਅੰਧੇਰ ਮਿਟਾਇੰਦਾ । ਨਾ ਕੋਈ ਪੂਜਾ ਨਾ ਕੋਈ ਪਾਠ, ਏਕਾ ਚਰਨ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਵਰ, ਨਰਾਇਣ ਆਪ ਅਖਵਾਇੰਦਾ । ਗੁਰਮੁਖ ਸਾਜਣ ਸਚ ਨਰਾਇਣ, ਨਿਰਗੁਣ ਆਪ ਅਖਵਾਇਆ । ਰਸਨਾ ਸਕੇ ਨਾ ਕਿਸੇ ਕਹਿਣ, ਜਿਸ ਜਨ ਦਰਸ਼ਨ ਪਾਇਆ । ਮੇਲ ਮਿਲਾਵਾ ਲੋਚਨ ਨੈਣ, ਨੈਣਾ ਹਵਨ ਇਕ ਕਰਾਇਆ । ਨਾਤਾ ਤੁਟੇ ਸਾਕ ਸੱਜਣ ਮਾਤ ਪਿਤ ਭਾਈ ਭੈਣ, ਬੰਧਪ ਬੰਧ ਨਾ ਕੋਈ ਬੰਧਾਇਆ । ਗੁਰਮੁਖ ਤੇਰਾ ਆਪ ਚੁਕਾਏ ਲਹਿਣ ਦੇਣ, ਕਲਜੁਗ ਅੰਤਮ ਮੇਲ ਮਿਲਾਇਆ । ਤਨ ਪਹਿਨਾਏ ਸਾਚਾ ਬਸਤਰ ਗਹਿਣ, ਇਕ ਸ਼ਿੰਗਾਰ ਰਖਾਇਆ । ਗੁਰਮੁਖ ਗੁਰਮੁਖ ਸਤਿਗੁਰ ਸੰਤ ਸਾਜਣ ਏਕਾ ਧਾਮ ਇਕੱਠੇ ਰਹਿਣ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਨੂਰੋ ਨੂਰ ਉਪਾਇਆ । ਪਾਰਬ੍ਰਹਮ ਪ੍ਰਭ ਜੋਤ ਜਗਾ, ਆਪਣਾ ਆਪ ਉਪਾਇੰਦਾ । ਆਪ ਆਪਣੀ ਦਇਆ ਕਮਾ, ਸਤਿਗੁਰ ਪੂਰਾ ਮਾਤ ਧਰਾਇੰਦਾ । ਸਤਿਗੁਰ ਪੂਰਾ ਸ਼ਬਦ ਜਣਾ, ਸਾਚੀ ਸਿਖਿਆ ਇਕ ਸੁਣਾਇੰਦਾ । ਸਾਚੀ ਸਿਖਿਆ ਇਕ ਜਣਾ, ਦੇ ਮਤ ਆਪ ਸਮਝਾਇੰਦਾ । ਸਾਚੀ ਮਤ ਹਰਿ ਹਰਿ ਉਪਾ, ਏਕਾ ਤਤ ਰਖਾਇੰਦਾ । ਏਕਾ ਤਤ ਵੇਖ ਵਖਾ, ਆਪਣਾ ਵੇਸ ਵਟਾਇੰਦਾ । ਆਪ ਆਪਣਾ ਵੇਸ ਵਟਾ, ਹਰ ਘਟ ਵੇਖ ਵਖਾਇੰਦਾ । ਹਰ ਘਟ ਆਪੇ ਆਸਣ ਲਾ, ਆਪਣਾ ਮੁਖ ਛੁਪਾਇੰਦਾ । ਆਪਣਾ ਮੁਖ ਆਪ ਛੁਪਾ, ਆਪਣੀ ਕਲ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇੰਦਾ । ਜੋਤੀ ਨੂਰ ਹਰਿ ਨਿਰੰਕਾਰ, ਜੋਤੀ ਜੋਤ ਸਵਾਈਆ । ਸਤਿਗੁਰ ਪੂਰਾ ਕਰ ਤਿਆਰ, ਲੋਕਮਾਤ ਦਏ ਵਡਿਆਈਆ । ਸਤਿਗੁਰ ਪੂਰਾ ਖ਼ਬਰਦਾਰ, ਏਕਾ ਸ਼ਬਦ ਜਣਾਈਆ । ਏਕਾ ਸ਼ਬਦ ਅਪਰ ਅਪਾਰ, ਹਰਿ ਆਪਣਾ ਆਪ ਉਪਾਈਆ । ਆਪ ਆਪਣਾ ਕਰ ਤਿਆਰ, ਆਪ ਆਪਣੇ ਵਿਚ ਟਿਕਾਈਆ । ਆਪ ਆਪਣਾ ਕਰ ਉਜਿਆਰ, ਆਪ ਆਪਣਾ ਵੇਖ ਵਖਾਈਆ । ਆਪ ਆਪਣਾ ਵੇਖ ਵਿਚਾਰ, ਆਪ ਆਪਣਾ ਰੰਗ ਰੰਗਾਈਆ । ਆਪ ਆਪਣਾ ਰੰਗ ਲਲਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਦਰ ਸੁਹਾਈਆ । ਜੋਤੀ

ਨੂਰ ਹਰਿ ਉਜਿਆਰਾ, ਹਰਿ ਹਰਿ ਰੂਪ ਸਮਾਇਆ । ਸਤਿਗੁਰ ਪੂਰੇ ਕਰ ਪਿਆਰਾ, ਸਾਚਾ ਸ਼ਬਦ ਸੁਣਾਇਆ । ਸਾਚਾ ਸ਼ਬਦ ਸੱਚੀ ਧੁਨਕਾਰਾ, ਘਰ ਸਾਚੇ ਆਪ ਵਜਾਇਆ । ਆਪ ਸੁਣਾਏ ਹਰਿ ਕਰਤਾਰਾ, ਆਪਣਾ ਰਾਗ ਅਲਾਇਆ । ਗੁਰ ਪੂਰੇ ਦੇਵੇ ਇਕ ਅਧਾਰਾ, ਏਕਾ ਮਾਰਗ ਲਾਇਆ । ਲੋਕਮਾਤ ਲੈ ਅਵਤਾਰਾ, ਆਪ ਆਪਣਾ ਮਾਤ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਜੋਤ ਧਰ, ਗੁਰ ਮਤ ਗੁਰ ਆਪ ਅਖਵਾਇਆ । ਸਤਿਗੁਰ ਦੀਨ ਦਿਆਲ ਹਰਿ, ਆਪਣੀ ਕਲ ਵਰਤਾਇੰਦਾ । ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਬਣਾਇੰਦਾ । ਪੰਚ ਵਿਕਾਰਾ ਦੂਰ ਕਰ, ਮਾਇਆ ਮੋਹ ਤੁੜਾਇੰਦਾ । ਜੂਠ ਝੂਠ ਨਾ ਸੋਹੇ ਦਰ, ਪੰਚ ਵਿਕਾਰ ਰਹਿਣ ਨਾ ਪਾਇੰਦਾ । ਘਰ ਵਿਚ ਵਖਾਏ ਆਪਣਾ ਘਰ, ਰੰਗ ਮਹੱਲ ਇਕ ਸੁਹਾਇੰਦਾ । ਨਾ ਕੋਈ ਦੀਸੇ ਚਾਰ ਦਿਵਾਰ, ਦਰ ਦਰਵਾਜ਼ਾ ਨਾ ਕੋਈ ਰਖਾਇੰਦਾ । ਨਾ ਕੋਈ ਬਾਡੀ ਸਕੇ ਘੜ, ਨਾ ਕੋਈ ਬਣਤ ਬਣਾਇੰਦਾ । ਨਾ ਕੋਈ ਦਿਸੇ ਕਿਲ੍ਹਾ ਕੋਟ ਗੜ੍ਹ, ਨਾ ਕੋਈ ਨਿਸ਼ਾਨ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਸਾਚੇ ਆਪ ਮਿਲਾਇੰਦਾ । ਸਾਚੇ ਘਰ ਸਚ ਪਰਕਾਸ਼, ਘਰ ਆਪਣੇ ਆਪ ਕਰਾਈਆ । ਪਾਰਬ੍ਰਹਮ ਪੁਰਖ ਅਬਿਨਾਸ਼, ਦਰ ਦਵਾਰਾ ਇਕ ਸੁਹਾਈਆ । ਗੁਰਮੁਖਾਂ ਹਿਰਦੇ ਕਰ ਕਰ ਵਾਸ, ਸਾਚੇ ਸਰ ਆਪ ਨੁਹਾਈਆ । ਸਾਚੇ ਮੰਡਲ ਪਾਏ ਰਾਸ, ਗੋਪੀ ਕਾਹਨ ਰੂਪ ਵਟਾਈਆ । ਵੇਖ ਵਖਾਏ ਪ੍ਰਿਥਮੀ ਆਕਾਸ਼, ਇਕ ਧਿਆਨ ਲਗਾਈਆ । ਜਨ ਭਗਤਾਂ ਹਿਰਦੇ ਰੱਖਿਆ ਵਾਸ, ਆਤਮ ਬ੍ਰਹਮ ਜਣਾਈਆ । ਇਕ ਵਸਤ ਗੁਰ ਸਾਚੇ ਪਾਸ, ਹਰਿਜਨ ਕਾਇਆ ਝੋਲੀ ਆਪ ਭਰਾਈਆ । ਘਰ ਵਿਚ ਘਰ ਕਰੇ ਪਰਕਾਸ਼, ਘਟ ਘਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਜੋਤ ਜਗਾਈਆ । ਘਰ ਵਿਚ ਘਰ ਆਪ ਟਿਕਾ, ਆਪਣਾ ਘਰ ਸੁਹਾਇਆ । ਦੀਪਕ ਜੋਤੀ ਇਕ ਜਗਾ, ਅਗਿਆਨ ਅੰਧੇਰ ਮਿਟਾਇਆ । ਧੁਨ ਅਨਾਦੀ ਇਕ ਵਜਾ, ਅਨਹਦ ਤਾਲ ਸੁਣਾਇਆ । ਪੰਚਮ ਮੀਤਾ ਮੇਲ ਮਿਲਾ, ਸਾਚਾ ਸਗਨ ਮਨਾਇਆ । ਸਾਚੇ ਘਰ ਡੇਰਾ ਲਾ, ਆਪ ਆਪਣਾ ਪੜਦਾ ਲਾਹਿਆ । ਚਾਓ ਘਨੇਰਾ ਦਰਸ਼ਨ ਪਾ, ਮੇਰਾ ਤੇਰਾ ਦਏ ਚੁਕਾਇਆ । ਸੰਞ ਸਵੇਰਾ ਦਏ ਮਿਟਾ, ਦਿਵਸ ਰੈਣ ਨਾ ਕੋਈ ਜਣਾਇਆ । ਘਰ ਅੰਦਰ ਘਰ ਦਏ ਵਸਾ, ਘਰ ਬਾਹਰੀ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਲਏ ਤਰਾਇਆ । ਘਰ ਸੁਹੰਜਣਾ ਘਰ ਨਿਰੰਜਣਾ, ਘਰ ਜੋਤ ਜਗਾਇਆ । ਘਰ ਮਜਨਾ ਘਰ ਅੰਜਣਾ, ਘਰ ਸੱਜਣਾ ਚਾਈਂ ਚਾਈਆ । ਘਰ ਤਜਣਾ ਘਰ ਘਰ ਵਿਚ ਸਜਣਾ, ਘਰ ਭੱਜਣਾ ਘਰ ਥਿਰ ਵਖਾਈਆ । ਘਰ ਕੱਜਣਾ ਘਰ ਗੱਜਣਾ ਘਰ ਵੱਜਣਾ, ਤਾਲ ਨਗਾਰਾ ਇਕ ਵਜਾਈਆ । ਘਰ ਜਹਾਜ਼ਨਾ ਘਰ ਤਾਜਨਾ ਘਰ ਰਾਜਨਾ, ਸ਼ਾਹੋ ਭੂਪ ਬੈਠਾ ਆਸਣ ਲਾਈਆ । ਘਰ ਆਵਾਜ਼ਨਾ ਘਰ ਗਰੀਬ ਨਿਵਾਜ਼ਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਜਣ ਵੇਖ ਵਖਾਈਆ । ਘਰ ਅੰਧੇਰਾ ਘਰ ਘਰ ਬੱਤੀ, ਘਟ ਜੋਤੀ ਨੂਰ ਸਵਾਈਆ । ਘਰ ਫੇਰਾ ਘਰ ਵਾ ਨਾ ਲਗੇ ਤਤੀ, ਘਰ ਏਕਾ ਦਰ ਸੁਹਾਈਆ । ਘਰ ਘਨੇਰਾ ਘਰ ਕਮਲਾਪਤੀ, ਘਰ ਮੇਲਾ ਸਹਿਜ ਸੁਭਾਈਆ । ਘਰ ਡੇਰਾ ਘਰ ਸਮਰਥੀ, ਘਰ ਸਦਾ ਸੰਗ ਨਿਭਾਈਆ । ਘਰ ਝੇੜਾ ਘਰ ਸ਼ਬਦ ਅਕੱਥੀ, ਘਰ ਧੁਨੋ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰ ਘਟ ਬੈਠਾ ਆਸਣ ਲਾਈਆ । ਘਰ

ਬੰਦਨਾ ਘਰ ਸੀਸ, ਘਰ ਜਗਦੀਸ ਅਲਖ ਜਗਾਈਆ । ਘਰ ਚੰਦਨਾ ਘਰ ਛਤੀਸ, ਘਰ ਬੀਸ ਘਰ ਇਕੀਸ ਵੇਖ ਵਖਾਈਆ । ਘਰ ਅਨੰਦਨਾ ਘਰ ਬੀਸ, ਘਰ ਸੀਸ ਛਤਰ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਮੇਂ ਰਿਹਾ ਟਿਕਾਈਆ । ਘਰ ਅੰਦਰ ਘਰ ਮੰਦਰ, ਘਰ ਹਵਨੀ ਹਵਨ ਕਰਾਇਆ । ਘਰ ਕੰਦਰ ਘਰ ਤ੍ਰੈਲੋਕੀ ਨੰਦਨ, ਘਰ ਬੰਧਨ ਤੋੜ ਤੁੜਾਇਆ । ਘਰ ਫੰਦਨ ਘਰ ਰਵ ਸਸ ਤਾਰ ਸੂਰਜ ਚੰਦਨ, ਘਰ ਆਕਾਸ਼ ਪਰਕਾਸ਼ ਰਖਾਇਆ । ਘਰ ਅਨੰਦਨ ਘਰ ਬਖ਼ਸ਼ੰਦਨ, ਘਰ ਪਰਮਾਨੰਦ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਘਰ ਘਰ ਮੇਲ ਮਿਲਾਇਆ । ਘਰ ਸੁਤ ਘਰ ਦੁਲਾਰਾ, ਘਰ ਘੋੜ ਚੜ੍ਹਾਈਆ । ਘਰ ਰੁੱਤ ਘਰ ਹੁਲਾਰਾ, ਘਰ ਜੋੜ ਜੁੜਾਈਆ । ਘਰ ਲੁੱਟ ਘਰ ਪਿਆਰਾ, ਘਰ ਲੱਗੀ ਤੋੜ ਨਿਭਾਈਆ । ਘਰ ਰੁਠ ਘਰ ਵਣਜਾਰਾ, ਘਰ ਸਹਿਜ ਭੰਡਾਰ ਵਰਤਾਈਆ । ਘਰ ਇਕੱਠ ਘਰ ਜੈਕਾਰਾ, ਘਰ ਨਿਰੰਕਾਰਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਘਰ ਵਸਾਈਆ । ਘਰ ਗੜ੍ਹ ਘਰ ਗ੍ਰਿਹ, ਘਰ ਘਰ ਵੱਜੇ ਵਧਾਈਆ । ਘਰ ਧੜ ਘਰ ਸਾਚਾ ਰਹੇ, ਘਰ ਘਰ ਕਰੇ ਰੁਸ਼ਨਾਈਆ । ਘਰ ਚੜ੍ਹ ਘਰ ਸਾਚਾ ਬਹਿ, ਘਰ ਘਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਘਰ ਰਿਹਾ ਸਮਾਈਆ । ਘਰ ਗੋਬਿੰਦ ਘਰ ਬਖ਼ਸ਼ਿੰਦ, ਘਰ ਹਰਿ ਹਰਿ ਨਾਮ ਅਪਾਰਾ । ਘਰ ਅੰਮ੍ਰਿਤ ਘਰ ਧਾਰਾ ਸਿੰਧ, ਘਰ ਘਰ ਰਿਹਾ ਵਹਾਈਆ । ਘਰ ਕੂੜ ਕਿਰਿਆ ਨਿੰਦ, ਘਰ ਮੂਰਖ ਸਾਚੀ ਬਿੰਦ, ਘਰ ਘਰ ਰਿਹਾ ਉਪਜਾਈਆ । ਘਰ ਚਿੰਦ ਘਰ ਦਾਤਾ ਗੁਣੀ ਗਹਿੰਦ, ਘਰ ਗਹਿਰ ਗਵਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਮਨਾਈਆ । ਪਾਰਬ੍ਰਹਮ ਗੁਰ ਵਡਿਆਈ, ਸਤਿਗੁਰ ਪੁਰਖ ਉਪਾਇਆ । ਸਤਿਗੁਰ ਪੂਰੇ ਘਰ ਵੱਜੇ ਵਧਾਈ, ਅਨਹਦ ਤਾਲ ਵਜਾਇਆ । ਗੁਰਮੁਖ ਸਾਚੇ ਲਏ ਜਗਾਈ, ਜਾਗਰਤ ਜੋਤ ਆਪ ਜਗਾਇਆ । ਅਵਣ ਗਵਣ ਭੇਵ ਮਿਟਾਈ, ਊਚ ਨੀਚ ਨਾ ਵੇਖ ਵਖਾਇਆ । ਕੋਟੀ ਕੋਟ ਕੋਟ ਹਰਿ ਜੀਵ ਭੁਲਾਈ, ਗੁਰਸਿਖ ਵਿਰਲਾ ਇਕ ਉਠਾਇਆ । ਘਟ ਘਟ ਘਰ ਘਰ ਚੋਟੀ ਉਪਰ ਬਹਿ ਬਹਿ ਵੇਖ ਵਖਾਈ, ਉਚੇ ਮੰਦਰ ਡੇਰਾ ਲਾਇਆ । ਸੋਹੰ ਸੋਟੀ ਪ੍ਰਭ ਹੱਥ ਉਠਾਈ, ਨਾਮ ਲੰਗੋਟੀ ਤੇੜ ਬੰਧਾਇਆ । ਘਰ ਘਰ ਵਿਚ ਅਲਖ ਰਿਹਾ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਬਣਤ ਬਣਾਇਆ । ਗੁਰਮੁਖ ਸਾਚੇ ਬਣਤ ਬਣਾਏ, ਸਮ ਸਮਗਰੀ ਹੱਥ ਰਖਾਈਆ । ਆਪ ਆਪਣੀ ਦਇਆ ਕਮਾਏ, ਆਤਮ ਅੰਤਰ ਮੈਲ ਗਵਾਈਆ । ਮਨ ਮਤ ਬੁਧ ਆਪ ਸਮਝਾਏ, ਸਾਚੀ ਸਿਖਿਆ ਇਕ ਪੜ੍ਹਾਈਆ । ਆਪ ਆਪਣਾ ਜਾਪ ਜਪਾਏ, ਅਜਪਾ ਜਾਪ ਆਪ ਚਲਾਈਆ । ਰਸਨਾ ਜਿਹਵਾ ਆਪ ਹਿਲਾਏ, ਮਣੀਆ ਮਣਤ ਆਪ ਸਮਾਈਆ । ਗੁਣ ਅਵਗੁਣ ਨਾ ਵੇਖ ਵਖਾਏ, ਦਇਆਨਿਧ ਦਇਆ ਕਮਾਈਆ । ਸਰਗੁਣ ਨਿਰਗੁਣ ਮੇਲ ਮਿਲਾਏ, ਸਚ ਸਮਾਧੀ ਵਿਚ ਸਮਾਈਆ । ਬੋਧ ਅਗਾਧੀ ਸ਼ਬਦ ਜਣਾਏ, ਧੁਰ ਦੀ ਵਾਦੀ ਬਾਣ ਰਖਾਈਆ । ਵਿਸਮਾਦ ਵਿਸਮਾਦ ਵਿਸਮਾਦੀ ਆਪ ਅਖਵਾਏ, ਗੁਰਮੁਖ ਸਾਚੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਤੋੜੇ ਪੰਚਮ ਜੋੜੇ ਪੰਚਮ ਮੇਲ ਮਿਲਾਈਆ । ਗੁਰਮੁਖ ਸਾਚਾ ਆਪ ਬਣਾਉਣਾ, ਆਪਣੇ ਹੱਥ ਰੱਖੇ ਵਡਿਆਈਆ । ਕੰਚਨ ਕਾਇਆ

ਗੜ੍ਹ ਸੁਹਾਉਣਾ, ਹੱਡ ਮਾਸ ਨਾੜੀ ਰੱਤ ਲੇਖੇ ਲਾਈਆ । ਹਾਡੀ ਨਾੜੀ ਜੋੜ ਜੁੜਾਉਣਾ, ਨੌਂ ਦਰ ਵੇਖ ਵਖਾਈਆ । ਨੌਂ ਦਵਾਰ ਬੰਕ ਸੁਹਾਉਣਾ, ਲੋਕਮਾਤ ਰਚਨ ਰਚਾਈਆ । ਮਾਟੀ ਪੋਚ ਘੁਮਿਆਰ ਇਕ ਅਖਵਾਉਣਾ, ਘਟ ਭਾਂਡੇ ਆਪ ਬਣਾਈਆ । ਆਪਣਾ ਮੰਦਰ ਆਪ ਸੁਹਾਉਣਾ, ਆਪ ਆਪਣਾ ਦਰ ਖੁਲ੍ਹਾਈਆ । ਆਪਣਾ ਦੀਪਕ ਆਪ ਜਗਾਉਣਾ, ਆਪਣੇ ਘਰ ਕਰੇ ਰੁਸ਼ਨਾਈਆ । ਆਪਣਾ ਘਰ ਆਪ ਸੁਹਾਉਣਾ, ਆਪਣਾ ਰਾਗ ਅਲਾਈਆ । ਆਪਣਾ ਰਾਗ ਆਪ ਅਲਾਉਣਾ, ਅਨਹਦ ਤਾਲ ਵਜਾਈਆ । ਅਨਹਦ ਤਾਲ ਆਪ ਵਜਾਉਣਾ, ਪੰਚਮ ਵੇਖ ਵਖਾਈਆ । ਪੰਚਮ ਬਹਿ ਬਹਿ ਖ਼ੁਸ਼ੀ ਮਨਾਉਣਾ, ਘਰ ਸਾਚੇ ਵੱਜੇ ਵਧਾਈਆ । ਸਾਚਾ ਘਰ ਇਕ ਸੁਹਾਉਣਾ, ਘਰ ਘਰ ਮੇਂ ਵੇਖ ਵਖਾਈਆ । ਦਸਮ ਦਵਾਰੀ ਨਾਉਂ ਧਰਾਉਣਾ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਸਾਚੀ ਸੇਜਾ ਇਕ ਵਿਛਾਉਣਾ, ਸ਼ਬਦ ਸਿੰਘਾਸਣ ਆਸਣ ਲਾਈਆ । ਆਪ ਆਪਣਾ ਉਪਰ ਲਗਾਉਣਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਪੰਜ ਤਤ ਕੋਈ ਦਿਸ ਨਾ ਆਉਣਾ, ਨਾ ਕੋਈ ਵੇਖ ਵਖਾਈਆ । ਸੁਰਤ ਸਵਾਣੀ ਗੁਰਮੁਖ ਨਾਰੀ ਆਪਣੇ ਅੰਗ ਲਗਾਉਣਾ, ਆਪ ਆਪਣੀ ਖ਼ੁਸ਼ੀ ਮਨਾਈਆ । ਨਾਰੀ ਕੰਤਾ ਭੇਵ ਖੁਲ੍ਹਾਉਣਾ, ਸਈਆਂ ਮੰਗਲ ਸਾਚਾ ਗਾਈਆ । ਆਦਿ ਸ਼ਕਤ ਇਕ ਸਗਨ ਮਨਾਉਣਾ, ਅੰਮ੍ਰਿਤ ਆਤਮ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਿਚ ਵਖਾਏ ਸਾਚਾ ਘਰ, ਗੁਰਮੁਖ ਸਾਚੇ ਬਣਤ ਬਣਾਈਆ । ਗੁਰਮੁਖ ਸਾਚੇ ਆਪ ਬਣਾ, ਆਪਣਾ ਸੰਗ ਉਠਾਇੰਦਾ । ਪੰਜ ਤਤ ਵਿਕਾਰ ਵਟਾ, ਏਕਾ ਰਾਹ ਜਣਾਇੰਦਾ । ਹੰਕਾਰ ਵਿਕਾਰਾ ਕੋਈ ਦਿਸੇ ਨਾ, ਸਚ ਸੁੱਚ ਸਮਾਇੰਦਾ । ਘਰ ਵਿਚ ਵਖਾਏ ਸਾਚਾ ਥਾਂ, ਘਰ ਘਰ ਮੇਂ ਆਪ ਟਿਕਾਇੰਦਾ । ਘਰ ਮੇਂ ਵੇਖੇ ਪਿਤਾ ਮਾਂ, ਪੂਤ ਸਪੂਤਾ ਘਰ ਵਸਾਇੰਦਾ । ਘਰ ਵਿਚ ਦੇਵੇ ਠੰਡੀ ਛਾਂ, ਘਰ ਅੰਮ੍ਰਿਤ ਇਕ ਪਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਸਾਚੇ ਸੱਜਣ ਲੋਕਮਾਤ ਉਪਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਹਰਿਜਨ ਤੇਰੇ ਘਰ ਤੇਰਾ ਘਰ ਸੁਹਾਇੰਦਾ ।



ਤੇਰੇ ਘਰ ਤੇਰਾ ਘਰ, ਹਰਿ ਹਰਿ ਆਪ ਸੁਹਾਇਆ । ਤੇਰੇ ਦਰ ਤੇਰਾ ਦਰ, ਹਰਿ ਹਰਿ ਆਪ ਖੁਲ੍ਹਾਇਆ । ਤੇਰੇ ਸਰ ਤੇਰਾ ਸਰ, ਹਰਿ ਹਰਿ ਆਪ ਬਣਾਇਆ । ਤੇਰੇ ਦਰ ਤੇਰਾ ਦਰ, ਹਰਿ ਹਰਿ ਆਪ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਮ ਜੁਗ ਜੁਗ ਆਪ ਵਡਿਆਇਆ । ਗੁਰਸਿਖ ਹਰਿ ਰੰਗ ਰੱਤਿਆ, ਸਤਿਗੁਰ ਸਚ ਸਰਨਾਏ । ਆਪ ਆਪਣਾ ਮੂਲ ਪਛਾਨਿਆ, ਭਰਮੀ ਭਰਮ ਗਵਾਏ । ਏਕਾ ਲਿਵ ਇਕ ਧਿਆਨਿਆ, ਏਕਾ ਮੰਤਰ ਨਾਮ ਦ੍ਰਿੜਾਏ । ਏਕਾ ਜਿਹਵਾ ਏਕਾ ਗਾਨਿਆ, ਏਕਾ ਰਸਨਾ ਆਪ ਹਿਲਾਏ । ਏਕ ਦਾਨ ਏਕਾ ਦਾਨਿਆ, ਏਕਾ ਝੋਲੀ ਆਪ ਭਰਾਏ । ਏਕਾ ਸ਼ਬਦ ਇਕ ਨਿਸ਼ਾਨਿਆ, ਤੀਰ ਨਿਰਾਲਾ ਇਕ ਲਗਾਏ । ਏਕਾ ਧੁਨ ਏਕਾ ਬਾਣੀਆ, ਏਕਾ ਏਕ ਹਰਿ ਸੁਣਾਏ । ਏਕਾ ਰੰਗ ਹਰਿ ਸੁਲਤਾਨਿਆ, ਹਰਿਜਨ ਸਾਚੇ ਆਪ ਰੰਗਾਏ । ਏਕਾ ਬਖ਼ਸ਼ੇ ਚਰਨ ਧਿਆਨਿਆ, ਚਰਨ ਧੂੜੀ ਮਸਤਕ ਟਿੱਕਾ ਲਾਏ । ਏਕਾ ਬ੍ਰਹਮ ਇਕ ਗਿਆਨਿਆ, ਏਕਾ ਧਰਮ ਰਖਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਗੁਰਮੁਖ ਲੇਖੇ ਲਏ ਲਾਏ । ਗੁਰਮੁਖ ਝੂਠਾ ਨਾਤਾ ਤੋੜ, ਸਚ ਸਚ ਸਮਾਇਆ । ਚਰਨ ਪ੍ਰੀਤੀ ਨਿਭੇ ਤੋੜ, ਹਰਿ ਜੋਤੀ ਜੋੜ ਜੁੜਾਇਆ । ਸ਼ਬਦ ਚਾੜ੍ਹੇ ਸਾਚੇ ਘੋੜ, ਸਾਚਾ ਘੋੜਾ ਇਕ ਦੌੜਾਇਆ । ਚੌਦਾਂ ਚੌਦਸ ਚੌਦਾਂ ਜਾਏ ਬਹੁੜ, ਬੀਸ ਬੀਸ ਸੰਗ ਰਖਾਇਆ । ਆਪਣੇ ਅੰਦਰ ਆਪੇ ਦੌੜ, ਆਪ ਆਪਣਾ ਲੜ ਫੜਾਇਆ । ਭਗਤਾਂ ਭਗਤੀ ਮੇਲਾ ਇਕ ਇਕੇਲਾ ਜਾਏ ਬਹੁੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਇਆ । ਤਰਨੀ ਤਰਨ ਵਿਚ ਸੰਸਾਰ, ਗੁਰ ਪੂਰੇ ਚਰਨ ਧਿਆਨਿਆ । ਏਕਾ ਨਾਮ ਇਕ ਜੈਕਾਰ, ਏਕਾ ਦੇਵੇ ਧੁਰ ਮਾਨਿਆ । ਏਕਾ ਖੰਡਾ ਏਕਾ ਧਾਰ, ਇਕ ਮਿਆਨ ਟਿਕਾਨਿਆ । ਏਕਾ ਕੰਢਾ ਇਕ ਕਿਨਾਰ, ਏਕਾ ਪਾਰ ਕਰਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸ਼ਾਹ ਸੁਲਤਾਨਿਆ । ਹਰਿਜਨ ਮੇਲਾ ਸ਼ਾਹ ਸੁਲਤਾਨ, ਸ਼ਾਹ ਸ਼ਹਾਨਾ ਰੂਪ ਸਮਾਈਆ । ਆਪ ਆਪਣੀ ਕਿਰਪਾ ਧਾਰ, ਗੁਣ ਨਿਧਾਨਾ ਸੰਗ ਨਿਭਾਈਆ । ਚੌਦਾਂ ਚੌਦਾਂ ਕਰ ਪਿਆਰ, ਘਰ ਸਚ ਕਰੇ ਰੁਸ਼ਨਾਈਆ । ਬੀਸ ਬੀਸਾ ਦਏ ਆਧਾਰ, ਆਪ ਆਪਣੀ ਖ਼ੁਸ਼ੀ ਮਨਾਈਆ । ਜਗਤ ਜਗਦੀਸ਼ ਨਰ ਨਿਰੰਕਾਰ, ਨਿਰਗੁਣ ਹੋਏ ਸਹਾਈਆ । ਕਲ ਕਲਕੀ ਲੈ ਅਵਤਾਰ, ਕਲ ਕਲ ਮੇਂ ਖੇਲ ਖਿਲਾਈਆ । ਕਲ ਕਲਕੀ ਪਾਵੇ ਸਾਰ, ਕਾਲ ਨਗਾਰਾ ਇਕ ਵਜਾਈਆ । ਕਲ ਕਲਕੀ ਅਵਤਾਰ, ਕਲ ਕੂੜੀ ਕਿਰਿਆ ਦਏ ਮਿਟਾਈਆ । ਕਲ ਕਲਕੀ ਦੁਹਾਗਣ ਨਾਰ, ਕਲਗੀ ਕਲ ਲਏ ਪਰਨਾਈਆ । ਦੋਹਾਂ ਮੇਲਾ ਅੰਤਮ ਵਾਰ, ਜਗਤ ਦਵਾਰ ਰਿਹਾ ਕਰਾਈਆ । ਤਨ ਪਹਿਨਾਏ ਤ੍ਰੈਗੁਣ ਹਾਰ, ਪੰਜ ਤਤ ਸ਼ਿੰਗਾਰ ਵਖਾਈਆ । ਮਨ ਮਤ ਬੁਧ ਕਰੇ ਪਿਆਰ, ਦਾਸੀ ਦਾਸ ਨਾਲ ਰਲਾਈਆ । ਆਪੇ ਵਸਿਆ ਸਭ ਤੋਂ ਬਾਹਰ, ਦਿਸ ਕਿਸੇ ਨਾ ਆਈਆ । ਗੁਰਮੁਖ ਸਾਚੇ ਲਏ ਉਭਾਰ, ਆਪ ਆਪਣੀ ਬੂਝ ਬੁਝਾਈਆ । ਅੰਮ੍ਰਿਤ ਆਤਮ ਬਖ਼ਸ਼ੇ ਧਾਰ, ਕਾਇਆ ਬਾਟਾ ਇਕ ਸੁਹਾਈਆ । ਸੋਹੰ ਖੰਡਾ ਫਿਰੇ ਤਿੱਖੀ ਧਾਰ, ਸਚ ਸੁੱਚ ਮਿਠਾਸ ਰਖਾਈਆ । ਬ੍ਰਹਿਮੰਡਾਂ ਵੰਡੇ ਹਰਿ ਵੰਡਣਹਾਰ, ਆਪਣੀ ਭਿਛਿਆ ਆਪੇ ਪਾਈਆ । ਸੰਤ ਸਤਿਗੁਰ ਸਾਜਨ ਮੀਤ ਮੁਰਾਰ, ਹਰਿ ਹਰਿਜਨ ਲਏ ਉਠਾਈਆ । ਆਤਮ ਦਰਸੀ ਦਰਸ ਅਪਾਰ, ਦਰ ਦਵਾਰੇ ਆਪ ਵਖਾਈਆ । ਸਾਚਾ ਕਲਸ ਹੱਥ ਕਰਤਾਰ, ਅੰਮ੍ਰਿਤ ਅੰਮ੍ਰਿਤ ਮੁਖ ਚੁਆਈਆ । ਨਾਮ ਸਾਲਸ ਅੰਤਮ ਵਾਰ, ਕਲਜੁਗ ਦਏ ਕਰਾਈਆ । ਖਾਲਸਾ ਖਾਲਸ ਕਰ ਤਿਆਰ, ਚਾਰ ਵਰਨ ਇਕ ਸਰਨਾਈਆ । ਨਾਮ ਲਾਲਸਾ ਅਪਰ ਅਪਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਆਲਸ ਨਿੰਦਰਾ ਦਏ ਉਤਾਰ, ਚਿਤ ਵਿਤ ਨਾ ਠਗੋਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪਣੀ ਓਟ ਰਖਾਈਆ । ਖਾਲਸਾ ਖਾਲਸ ਗੁਰਮੁਖ, ਗੁਰ ਪੂਰਾ ਘੋੜ ਚੜ੍ਹਾਇੰਦੇ । ਦੋ ਜਹਾਨਾਂ ਲੇਖਾ ਲਿਖ, ਸਾਚਾ ਪੌੜਾ ਆਪ ਵਖਾਇੰਦੇ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪ ਆਪਣਾ ਮੁਖ ਛੁਪਾਇੰਦੇ । ਭਰਮੇ ਭੁੱਲੇ ਧਾਰੀ ਕੇਸ, ਧਰਮ ਸਤਿ ਨਾ ਕੋਈ ਜਣਾਇੰਦੇ । ਗੁਰ ਮੰਦਰ ਅੰਦਰ ਲੱਭਦੇ ਦਸ ਦਸਮੇਸ਼, ਨੌਂ ਦਰ ਖੋਜ ਖੁਜਾਇੰਦੇ । ਪੁਰਖ ਅਬਿਨਾਸ਼ੀ ਅਵੱਲੜਾ ਭੇਸ, ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼ ਮੁਖ ਸ਼ਰਮਾਇੰਦੇ । ਜਨ ਭਗਤਾਂ ਦਰ ਦਵਾਰੇ ਦਰ ਦਰਵੇਸ਼, ਭੇਖਾ ਧਾਰੀ ਭੇਖ ਵਟਾਇੰਦੇ । ਨਿਰਗੁਣ ਰੂਪ ਸਦਾ ਆਦੇਸ, ਸਰਗੁਣ ਸਚ ਸਮਾਇੰਦੇ । ਬਾਲ ਅਵਸਥਾ ਅੱਲ੍ਹੜ ਵਰੇਸ, ਚੌਦਾਂ ਚੌਦਾਂ ਵਿਚ ਫਿਰਾਇੰਦੇ । ਆਪੇ ਆਪਣੇ ਲਿਖੇ ਲੇਖ, ਗੁਰਮੁਖ ਸਾਜਣ ਵੇਖ ਵਖਾਇੰਦੇ । ਸ਼ਬਦ ਗੁਰ ਮੁੱਛ ਦਾਹੜੀ ਨਾ ਦਿਸੇ ਕੇਸ, ਮੂੰਡ ਮੁੰਡਾਇਆ ਨਾ

ਕੋਈ ਸੁਹਾਇੰਦੇ । ਆਦਿ ਜੁਗਾਦੀ ਜੁਗ ਜੁਗ ਜਾਣੇ ਆਪਣਾ ਵੇਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਸੰਤ ਸਤਿਗੁਰ ਏਕਾ ਧਾਮ ਸੁਹਾਇੰਦੇ । ।

❊ ❊ ❊ ❊ ❊











